ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ



## ਸੋਲਵਾਂ ਭਾਗ









http://nehklankharshabad.com/




## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੧੨ ਮੱਘਰ ੨੦੨੦ ਬਿਕ੍ਰਮੀ | ਕਰਤਾਰਾ ਸਿੰਘ ਦੇ ਘਰ | ਪੰਜ ਢੇਰਾ | ਹੁਸ਼ਿਆਰਪੁਰ | ੦੧ |
| ੧੨ ਮੱਘਰ ੨੦੨੦ ਬਿਕ੍ਰਮੀ | ਹਜਾਰਾ ਸਿੰਘ ਦੇ ਗ੍ਰਿਹਿ | ਪੰਜ ਢੇਰਾ | ਹੁਸ਼ਿਆਰਪੁਰ | ੦੬ |
| ੧੨ ਮੱਘਰ ੨੦੨੦ ਬਿਕ੍ਰਮੀ | ਉਸਮਾਨ ਸ਼ਹੀਦ ਸੜਕ | ਪੰਜ ਢੇਰਾ | ਹੁਸ਼ਿਆਰਪੁਰ | ੦੮ |
| ੧੨ ਮੱਘਰ ੨੦੨੦ ਬਿਕ੍ਰਮੀ | ਅਰਜਨ ਸਿੰਘ ਦੇ ਗ੍ਰਿਹਿ | ਸਲੀਮ ਪੁਰ | ਹੁਸ਼ਿਆਰਪੁਰ | ੧੦ |
| ੧੩ ਮੱਘਰ ੨੦੨੦ ਬਿਕ੍ਰਮੀ | ਜੋਗਿੰਦਰ ਸਿੰਘ ਦੇ ਗ੍ਰਿਹਿ | ਫ਼ਤਿਹ ਗੜ੍ਹ | ਹੁਸ਼ਿਆਰਪੁਰ | ੧੫ |
| ੧੩ ਮੱਘਰ ੨੦੨੦ ਬਿਕ੍ਰਮੀ | ਭਗਵਾਨ ਸਿੰਘ ਦੇ ਗ੍ਰਿਹਿ | ਉਰਮੁੜ | ਹੁਸ਼ਿਆਰਪੁਰ | ੨੦ |
| ੧੪ ਮੱਘਰ ੨੦੨੦ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਰੂਪੋਵਾਲ | ਹੁਸ਼ਿਆਰਪੁਰ | ੨੮ |
| ੧੪ ਮੱਘਰ ੨੦੨੦ ਬਿਕ੍ਰਮੀ | ਅਮਰੀਕ ਸਿੰਘ ਦੇ ਗ੍ਰਿਹਿ | ਸਰਾਈ | ਹੁਸ਼ਿਆਰਪੁਰ | ੩੪ |
| ੧੫ ਮੱਘਰ ੨੦੨੦ ਬਿਕ੍ਰਮੀ | ਪਿਆਰਾ ਸਿੰਘ ਦੇ ਨਵਿਤ | ਭੋਗਪੁਰ ਮਿਲ | ਹੁਸ਼ਿਆਰਪੁਰ | ੪੩ |
| ੧੬ ਮੱਘਰ ੨੦੨੦ ਬਿਕ੍ਰਮੀ | ਪਿਆਰਾ ਸਿੰਘ ਦ ਗ੍ਰਿਹਿ | ਕਿਸ਼ਨ ਪੁਰਾ ਮਹੱਲਾ | ਜਲੰਧਰ | ੪੫ |
| ੧੬ ਮੱਘਰ ੨੦੨੦ ਬਿਕ੍ਰਮੀ | ਹਰਦਿਆਲ ਸਿੰਘ ਦੇ ਗ੍ਰਿਹਿ | ਕਿਸ਼ਨ ਪੁਰਾ ਮਹੱਲਾ | ਜਲੰਧਰ | ੫੨ |
| ੧੭ ਮੱਘਰ ੨੦੨੦ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੬੧ |
| ੧ ਪੋਹ ੨੦੨੦ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੨ |
| ੨ ਪੋਹ ੨੦੨੦ ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੭੧ |
| ੩ ਪੋਹ ੨੦੨੦ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੭੭ |
| ੩ ਪੋਹ ੨੦੨੦ ਬਿਕ੍ਰਮੀ | ਨਰਾਇਣ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੭੮ |
| ੩ ਪੋਹ ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੮੦ |
| ੩ ਪੋਹ ੨੦੨੦ ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਿਹਿ | ਗੁਮਾਨ ਪੁਰਾ | ਅੰਮ੍ਰਿਤਸਰ | ੮੦ |
| ੩ ਪੋਹ ੨੦੨੦ ਬਿਕ੍ਰਮੀ | ਦਰਸ਼ਨ ਸਿੰਘ ਦੇ ਗ੍ਰਿਹਿ | ਦਰਗਾ ਪੁਰ | | ੮੩ |
| ੩ ਪੋਹ ੨੦੨੦ ਬਿਕ੍ਰਮੀ | ਰਾਮ ਸਿੰਘ ਦੇ ਗ੍ਰਿਹਿ | ਫ਼ਿਰੋਜ਼ਪੁਰ | ਛਾਉਣੀ | ੮੫ |






1 ੧੬




2

੧੬

2

੧੬


| | | | |
|---|---|---|---|
| ੪ ਪੋਹ ੨੦੨੦ ਬਿਕ੍ਰਮੀ ਸੁਰਜਣ ਸਿੰਘ ਦੇ ਗ੍ਰਹਿ | ਫਿਰੋਜਪੁਰ | | ੯੬ |
| ੪ ਪੋਹ ੨੦੨੦ ਬਿਕ੍ਰਮੀ ਰਾਮ ਸਿੰਘ ਦੇ ਗ੍ਰਹਿ | ਫਿਰੋਜਪੁਰ | ਛਾਉਣੀ | ੧੦੧ |
| ੫ ਪੋਹ ੨੦੨੦ ਬਿਕ੍ਰਮੀ ਹਰੀ ਸਿੰਘ ਦੇ ਗ੍ਰਹਿ | ਬਸਤੀ ਖ਼ਲੀਲ | ਫਿਰੋਜ਼ਪੁਰ | ੧੧੨ |
| ੫ ਪੋਹ ੨੦੨੦ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਹਿ | ਮੋਗਾ | ਫਿਰੋਜ਼ਪੁਰ | ੧੧੪ |
| ੫ ਪੋਹ ੨੦੨੦ ਬਿਕ੍ਰਮੀ ਲਛਮਣ ਸਿੰਘ ਦੇ ਖੂਹ ਤੇ | ਰੁੜਕਾ ਕਲਾਂ | ਜਲੰਧਰ | ੧੧੬ |
| ੬ ਪੋਹ ੨੦੨੦ ਬਿਕ੍ਰਮੀ ਲਛਮਣ ਸਿੰਘ ਦੇ ਖੂਹ ਤੇ | ਰੁੜਕਾ ਕਲਾਂ | ਜਲੰਧਰ | ੧੨੭ |
| ੭ ਪੋਹ ੨੦੨੦ ਬਿਕ੍ਰਮੀ ਗਰਦਵਾਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੪੨ |
| ੭ ਪੋਹ ੨੦੨੦ ਬਿਕ੍ਰਮੀ ਸੰਸਾਰਾ ਸਿੰਘ ਦੇ ਗ੍ਰਹਿ | ਡਵਿਡਾ ਰਿਹਾਣਾ | ਹੁਸ਼ਿਆਰਪੁਰ | ੧੪੪ |
| ੮ ਪੋਹ ੨੦੨੦ ਬਿਕ੍ਰਮੀ ਨਸੀਬ ਕੌਰ ਦੇ ਗ੍ਰਹਿ | ਡਵਿਡਾ ਰਿਹਾਣਾ | ਹੁਸ਼ਿਆਰਪੁਰ | ੧੫੩ |
| ੮ ਪੋਹ ੨੦੨੦ ਬਿਕ੍ਰਮੀ | ਮੰਡੀ ਅਹਿਮਦ ਗੜ੍ਹ | | ੧੫੭ |
| ੨੫ ਪੋਹ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੬੮ |
| ੨੬ ਪੋਹ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੭੪ |
| ੨੭ ਪੋਹ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੦੧ |
| ੨੭ ਪੋਹ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੧੪ |
| ੧ ਮਾਘ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੨੪ |
| ੩ ਮਾਘ ੨੦੨੦ ਬਿਕ੍ਰਮੀ ਗਿਰਧਾਰੀ ਲਾਲ ਦੇ ਗ੍ਰਹਿ | ਭੋਲੇ ਕੇ | ਗੁਰਦਾਸ ਪੁਰ | ੨੩੦ |
| ੩ ਮਾਘ ੨੦੨੦ ਬਿਕ੍ਰਮੀ ਜਸਬੀਰ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸ ਪੁਰ | ੨੩੩ |
| ੩ ਮਾਘ ੨੦੨੦ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸ ਪੁਰ | ੨੩੫ |
| ੪ ਮਾਘ ੨੦੨੦ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸ ਪੁਰ | ੨੪੩ |
| ੪ ਮਾਘ ੨੦੨੦ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ | ਵਹੀਲਾ | ਗੁਰਦਾਸ ਪੁਰ | ੨੪੬ |
| ੪ ਮਾਘ ੨੦੨੦ ਬਿਕ੍ਰਮੀ ਬੀਬੀ ਗੁਰੋ ਦੇ ਗ੍ਰਹਿ | ਚੁਮਿਆਰੀ | ਗੁਰਦਾਸ ਪੁਰ | ੨੫੫ |
| ੪ ਮਾਘ ੨੦੨੦ ਬਿਕ੍ਰਮੀ ਪ੍ਰੀਤਮ ਕੌਰ ਦੇ ਗ੍ਰਹਿ | ਜਟਾਂ | ਗੁਰਦਾਸ ਪੁਰ | ੨੫੬ |








੫ ਮਾਘ ੨੦੨੦ ਬਿਕ੍ਰਮੀ ਸਮਾਧਾਂ ਪਰ ਸੰਤਾਂ ਨਾਲ ਬਚਨ ਹੋਏ ਰਮਦਾਸ ੨੬੧
੫ ਮਾਘ ੨੦੨੦ ਬਿਕ੍ਰਮੀ ਬੀਬੀ ਜੀਤੋ ਦੇ ਗ੍ਰਹਿ ਸਰਜਾ ਚੌਕ ਗੁਰਦਾਸ ਪੁਰ ੨੬੬
੫ ਮਾਘ ੨੦੨੦ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ ਛੋਹਣ ਗੁਰਦਾਸ ਪੁਰ ੨੭੦
੬ ਮਾਘ ੨੦੨੦ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਸੋਨ ਗੁਰਦਾਸ ਪੁਰ ੨੭੭
੬ ਮਾਘ ੨੦੨੦ ਬਿਕ੍ਰਮੀ ਭਜਨ ਸਿੰਘ ਦੇ ਗ੍ਰਹਿ ਜੀਉ ਜੁਲਾਈ ਗੁਰਦਾਸ ਪੁਰ ੨੮੨
੬ ਮਾਘ ੨੦੨੦ ਬਿਕ੍ਰਮੀ ਭਜਨ ਸਿੰਘ ਦੇ ਗ੍ਰਹਿ ਦੋਸਤ ਪੁਰਾ ਗੁਰਦਾਸ ਪੁਰ ੨੮੪
੭ ਮਾਘ ੨੦੨੦ ਬਿਕ੍ਰਮੀ ਬੰਤਾ ਸਿੰਘ ਦੇ ਗ੍ਰਹਿ ਗੱਡੀਆਂ ਗੁਰਦਾਸ ਪੁਰ ੨੮੯
੭ ਮਾਘ ੨੦੨੦ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੨੯੪
੮ ਮਾਘ ੨੦੨੦ ਬਿਕ੍ਰਮੀ ਅੱਛਰ ਸਿੰਘ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੨੯੯
੮ ਮਾਘ ੨੦੨੦ ਬਿਕ੍ਰਮੀ ਬੀਬੀ ਲਾਜੀ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੦੧



੯ ਮਾਘ ੨੦੨੦ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੦੪
੯ ਮਾਘ ੨੦੨੦ ਬਿਕ੍ਰਮੀ ਸਾਈਂ ਦਾਸ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੦੮
੯ ਮਾਘ ੨੦੨੦ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੦੯
੯ ਮਾਘ ੨੦੨੦ ਬਿਕ੍ਰਮੀ ਸਾਂਝੀ ਰਾਮ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੧੦
੯ ਮਾਘ ੨੦੨੦ ਬਿਕ੍ਰਮੀ ਪੂਰਨ ਸਿੰਘ ਖੜਗ ਸਿੰਘ ਦੇ ਗ੍ਰਹਿ ਅਲ੍ਹੜ ਪਿੰਡੀ ਗੁਰਦਾਸ ਪੁਰ ੩੧੦




੧੦ ਮਾਘ ੨੦੨੦ ਬਿਕ੍ਰਮੀ ਸੰਤ ਸਿੰਘ ਦੇ ਘਰ ਬਾਬੂ ਪੁਰ ਗੁਰਦਾਸ ਪੁਰ ੩੧੭
੧੦ ਮਾਘ ੨੦੨੦ ਬਿਕ੍ਰਮੀ ਭਾਗ ਸਿੰਘ ਦੇ ਘਰ ਬਾਬੂ ਪੁਰ ਗੁਰਦਾਸ ਪੁਰ ੩੨੨
੧੦ ਮਾਘ ੨੦੨੦ ਬਿਕ੍ਰਮੀ ਮੇਲਾ ਸਿੰਘ ਮੁਨਸ਼ਾ ਸਿੰਘ ਦੇ ਘਰ ਬਾਬੂ ਪੁਰ ਗੁਰਦਾਸ ਪੁਰ ੩੨੫
੧੧ ਮਾਘ ੨੦੨੦ ਬਿਕ੍ਰਮੀ ਮੁਨਸ਼ਾ ਸਿੰਘ ਦੇ ਗ੍ਰਹਿ ਬਾਬੂ ਪੁਰ ਗੁਰਦਾਸ ਪੁਰ ੩੨੮
੧੧ ਮਾਘ ੨੦੨੦ ਬਿਕ੍ਰਮੀ ਗੰਢਾ ਸਿੰਘ ਤੇ ਬਲਵੰਤ ਕੌਰ ਦੇ ਘਰ ਬਾਬੂਪੁਰ ਗੁਰਦਾਸਪੁਰ ੩੩੧
੧੧ ਮਾਘ ੨੦੨੦ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਘਰ ਬਾਬੂ ਪੁਰ ਗੁਰਦਾਸ ਪੁਰ ੩੩੩
੧੨ ਮਾਘ ੨੦੨੦ ਬਿਕ੍ਰਮੀ ਵਰਖਾ ਸਿੰਘ ਵਿਰਸਾ ਸਿੰਘ ਦੇ ਘਰ ਬਾਬੂ ਪੁਰ ਗੁਰਦਾਸਪੁਰ ੩੪੨

3
੧੬




| | | | | |
|---|---|---|---|---|
| ੧੨ ਮਾਘ ੨੦੨੦ ਬਿਕ੍ਰਮੀ | ਦਲੀਪ ਸਿੰਘ ਦੇ ਘਰ | ਬਾਬੂ ਪੁਰ | ਗੁਰਦਾਸ ਪੁਰ | ੩੪੪ |
| ੧੩ ਮਾਘ ੨੦੨੦ ਬਿਕ੍ਰਮੀ | ਮੱਖਣ ਸਿੰਘ ਦੇ ਘਰ | ਬਾਬੂ ਪੁਰ | ਗੁਰਦਾਸ ਪੁਰ | ੩੪੯ |
| ੧੩ ਮਾਘ ੨੦੨੦ ਬਿਕ੍ਰਮੀ | ਬੰਤਾ ਸਿੰਘ ਦੇ ਗ੍ਰਿਹਿ | ਛੰਨਾਂ | ਗੁਰਦਾਸ ਪੁਰ | ੩੫੩ |
| ੧੩ ਮਾਘ ੨੦੨੦ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਿਹਿ | ਅਲੂੜ ਪਿੰਡੀ | ਗੁਰਦਾਸ ਪੁਰ | ੩੫੪ |
| ੧੩ ਮਾਘ ੨੦੨੦ ਬਿਕ੍ਰਮੀ | ਦੀਦਾਰ ਸਿੰਘ ਦੇ ਗ੍ਰਿਹਿ | ਬਾਬੂ ਪੁਰਾ | ਗੁਰਦਾਸ ਪੁਰ | ੩੫੫ |
| ੧੪ ਮਾਘ ੨੦੨੦ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸ ਪੁਰ | ੩੫੮ |
| ੧੪ ਮਾਘ ੨੦੨੦ ਬਿਕ੍ਰਮੀ | ਖੇੜਾ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸ ਪੁਰ | ੩੬੩ |
| ੧੪ ਮਾਘ ੨੦੨੦ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸ ਪੁਰ | ੩੬੪ |
| ੧੪ ਮਾਘ ੨੦੨੦ ਬਿਕ੍ਰਮੀ | ਆਸਾ ਸਿੰਘ ਬਲਾਕਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੩੭੧ |
| ੧੫ ਮਾਘ ੨੦੨੦ ਬਿਕ੍ਰਮੀ | ਹਜਾਰਾ ਸਿੰਘ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੩੭੭ |
| ੧੫ ਮਾਘ ੨੦੨੦ ਬਿਕ੍ਰਮੀ | ਗੁਰਬਚਨ ਸਿੰਘ ਦੇ ਘਰ | ਨੌਸ਼ੈਹਰਾ | ਗੁਰਦਾਸ ਪੁਰ | ੩੮੨ |
| ੧੬ ਮਾਘ ੨੦੨੦ ਬਿਕ੍ਰਮੀ | | | | ੩੮੭ |
| ੧੬ ਮਾਘ ੨੦੨੦ ਬਿਕ੍ਰਮੀ | ਹਰਦੀਪ ਸਿੰਘ ਦੇ ਘਰ | ਉਗਰਾ | ਗੁਰਦਾਸ ਪੁਰ | ੩੮੯ |
| ੧੭ ਮਾਘ ੨੦੨੦ ਬਿਕ੍ਰਮੀ | ਅਤਰ ਸਿੰਘ ਚਤਰ ਸਿੰਘ | ਉਗਰਾ | ਗੁਰਦਾਸ ਪੁਰ | ੩੯੪ |
| ੧੭ ਮਾਘ ੨੦੨੦ ਬਿਕ੍ਰਮੀ | ਤ੍ਰਲੋਕ ਸਿੰਘ ਦੇ ਘਰ | ਉਗਰਾ | ਗੁਰਦਾਸ ਪੁਰ | ੩੯੮ |
| ੧੭ ਮਾਘ ੨੦੨੦ ਬਿਕ੍ਰਮੀ | ਸਵਰਨ ਸਿੰਘ ਦੇ ਘਰ | ਉਗਰਾ | ਗੁਰਦਾਸ ਪੁਰ | ੪੦੧ |
| ੧੮ ਮਾਘ ੨੦੨੦ ਬਿਕ੍ਰਮੀ | ਮੁਨਸ਼ਾ ਸਿੰਘ ਗਿਆਨ ਸਿੰਘ | ਉਗਰਾ | ਗੁਰਦਾਸ ਪੁਰ | ੪੦੩ |
| ੧੮ ਮਾਘ ੨੦੨੦ ਬਿਕ੍ਰਮੀ | ਉਜਾਗਰ ਸਿੰਘ ਦੇ ਨਵਿਤ | ਚੇਬੇ | ਗੁਰਦਾਸ ਪੁਰ | ੪੦੮ |
| ੧੮ ਮਾਘ ੨੦੨੦ ਬਿਕ੍ਰਮੀ | ਸਿਮਲ ਸਕੋਰ ਨੂੰ ਜਾਂਦਿਆ | ਰਾਵੀ ਦੇ ਕੰਡੇ | ਗੁਰਦਾਸ ਪੁਰ | ੪੧੦ |
| ੧੮ ਮਾਘ ੨੦੨੦ ਬਿਕ੍ਰਮੀ | ਬਚਨ ਸਿੰਘ ਦੇ ਘਰ | ਸਿੰਮਲ ਸਕੋਰ | ਗੁਰਦਾਸ ਪੁਰ | ੪੧੧ |
| ੧੯ ਮਾਘ ੨੦੨੦ ਬਿਕ੍ਰਮੀ | ਚਰਨ ਸਿੰਘ ਦੇ ਘਰ | ਸਿੰਮਲ ਸਕੋਰ | ਗੁਰਦਾਸ ਪੁਰ | ੪੨੧ |
| ੧੯ ਮਾਘ ੨੦੨੦ ਬਿਕ੍ਰਮੀ | ਬੀਬੀ ਬਚਨੀ ਦੇ ਘਰ | ਸਿੰਮਲ ਸਕੋਰ | ਗੁਰਦਾਸ ਪੁਰ | ੪੨੪ |




4
੧੬
4
੧੬





| | | | | | |
|---|---|---|---|---|---|
| ੧੯ ਮਾਘ | 2020 ਬਿਕ੍ਰਮੀ | ਰਾਵੀ ਵਿਚੋਂ ਲੰਘਣ ਸਮੇਂ ਗੱਡੇ ਉਤੇ ਸੰਡਿਆਂ ਦੇ ਪ੍ਰਥਾਏ | | | ੪੨੭ |
| ੧੯ ਮਾਘ | 2020 ਬਿਕ੍ਰਮੀ | ਚਰਨ ਸਿੰਘ ਦੇ ਘਰ | ਅਨਤੋਰ | ਗੁਰਦਾਸ ਪੁਰ | ੪੩੦ |
| ੨੦ ਮਾਘ | 2020 ਬਿਕ੍ਰਮੀ | ਸੜਕ ਦੇ ਉਤੇ ਮਹਾਤਮਾ ਨਾਲ | | | ੪੩੮ |
| ੨੦ ਮਾਘ | 2020 ਬਿਕ੍ਰਮੀ | ਬੀਬੀ ਪਰਕਾਸ਼ ਕੌਰ ਦੇ ਘਰ | ਸਾਹਲੇਵਾਲ | ਗੁਰਦਾਸ ਪੁਰ | ੪੪੦ |
| ੨੦ ਮਾਘ | 2020 ਬਿਕ੍ਰਮੀ | ਬੀਬੀ ਬੰਤੀ ਦੇ ਘਰ | ਸਾਹਲੇਵਾਲ | ਗੁਰਦਾਸ ਪੁਰ | ੪੪੨ |
| ੨੦ ਮਾਘ | 2020 ਬਿਕ੍ਰਮੀ | ਬਾਹਰ ਸੜਕ ਉਤੇ | | ਗੁਰਦਾਸ ਪੁਰ | ੪੪੩ |
| ੨੦ ਮਾਘ | 2020 ਬਿਕ੍ਰਮੀ | ਲਾਲ ਚੰਦ ਦੇ ਗ੍ਰਿਹ | ਗੁਜਰਾਤ | ਗੁਰਦਾਸ ਪੁਰ | ੪੪੩ |
| ੨੧ ਮਾਘ | 2020 ਬਿਕ੍ਰਮੀ | ਦੁਰਗਾ ਦੇਵੀ ਦੇ ਗ੍ਰਿਹ | ਗੁਜਰਾਤ | ਗੁਰਦਾਸ ਪੁਰ | ੪੫੦ |
| ੨੧ ਮਾਘ | 2020 ਬਿਕ੍ਰਮੀ | ਮਹਿੰਗਾ ਸਿੰਘ ਗ੍ਰਿਹ | ਸੱਦਾ | ਗੁਰਦਾਸ ਪੁਰ | ੪੫੩ |
| ੨੧ ਮਾਘ | 2020 ਬਿਕ੍ਰਮੀ | | ਹੇਮਰਾਜ ਪੁਰਾ | ਗੁਰਦਾਸ ਪੁਰ | ੪੫੭ |
| ੨੨ ਮਾਘ | 2020 ਬਿਕ੍ਰਮੀ | ਖੇੜਾ ਸਿੰਘ ਦੇ ਘਰ | ਹੇਮਰਾਜ ਪੁਰਾ | ਗੁਰਦਾਸ ਪੁਰ | ੪੬੭ |
| ੨੨ ਮਾਘ | 2020 ਬਿਕ੍ਰਮੀ | ਸਵਰਨ ਸਿੰਘ ਦੇ ਘਰ | ਹਯਾਤ ਨਗਰ | ਗੁਰਦਾਸ ਪੁਰ | ੪੭੦ |
| ੨੨ ਮਾਘ | 2020 ਬਿਕ੍ਰਮੀ | ਬੀਬੀ ਹਰਬੰਸ ਕੌਰ ਦੇ ਘਰ | ਗਜ਼ਰੀ ਪੁਰ | ਗੁਰਦਾਸ ਪੁਰ | ੪੭੫ |
| ੨੩ ਮਾਘ | 2020 ਬਿਕ੍ਰਮੀ | ਕੁੰਦਨ ਸਿੰਘ ਦੇ ਘਰ | ਗਜ਼ਰੀ ਪੁਰ | ਗੁਰਦਾਸ ਪੁਰ | ੪੮੨ |
| ੨੩ ਮਾਘ | 2020 ਬਿਕ੍ਰਮੀ | ਪਿਰਤਾ ਸਿੰਘ ਦੇ ਘਰ | ਕਲਾ ਨੋਰ | ਗੁਰਦਾਸ ਪੁਰ | ੪੮੭ |
| ੨੪ ਮਾਘ | 2020 ਬਿਕ੍ਰਮੀ | ਸਰਦਾਰਾ ਸਿੰਘ ਦੇ ਘਰ | ਕਲਾ ਨੋਰ | ਗੁਰਦਾਸ ਪੁਰ | ੪੯੪ |
| ੨੪ ਮਾਘ | 2020 ਬਿਕ੍ਰਮੀ | ਬੀਬੀ ਜੀਤੋ ਦੇ ਘਰ | ਰਾਮ ਪੁਰਾ | ਗੁਰਦਾਸ ਪੁਰ | ੪੯੭ |
| ੨੪ ਮਾਘ | 2020 ਬਿਕ੍ਰਮੀ | ਤੇਜਾ ਸਿੰਘ ਸਰੀਰ ਛਡੌਣ ਦੇ ਸਮੇਂ | ਅਲ੍ਹੜ ਪਿੰਡੀ | ਗੁਰਦਾਸਪੁਰ | ੪੯੯ |
| | | ਕਿਸ਼ਨ ਸਿੰਘ ਨੇ ਫੇਰ ਕਹਿਣਾ ਚੌਧਰੀ ਤੇਜਾ ਸਿੰਘ ਦਾ ਨਾਮ | ਅਵਾਜ ਮਾਰੀ | | ੫੦੭ |
| ੨੪ ਮਾਘ | 2020 ਬਿਕ੍ਰਮੀ | ਤੇਜਾ ਸਿੰਘ ਦੀ ਸਿੜੀ ਉਤੇ | ਅਲ੍ਹੜ ਪਿੰਡੀ | ਗੁਰਦਾਸਪੁਰ | ੫੧੦ |
| ੨੪ ਮਾਘ | 2020 ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਿਹ | ਅੱਲ੍ਹੜ ਪਿੰਡੀ | ਗੁਰਦਾਸਪੁਰ | ੫੧੨ |
| ੨੪ ਮਾਘ | 2020 ਬਿਕ੍ਰਮੀ | ਦੀਦਾਰ ਸਿੰਘ ਦੇ ਘਰ ਤਾਰਾ ਸਿੰਘ ਦੇ ਕਪੜੇ ਉਤਾਰ ਕੇ | | | ੫੧੭ |






5
੧੬




੨੫ ਮਾਘ ੨੦੨੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਬਾਬੂ ਪੁਰ ਗੁਰਦਾਸ ਪੁਰ ੫੨੫

੨੫ ਮਾਘ ੨੦੨੦ ਬਿਕ੍ਰਮੀ ਮੇਲਾ ਸਿੰਘ ਦੇ ਕਮਾਦ ਵਿਚ ਬਾਬੂ ਪੁਰ ਗੁਰਦਾਸ ਪੁਰ ੫੪੨

੨੫ ਮਾਘ ੨੦੨੦ ਬਿਕ੍ਰਮੀ ਬੀਬੀ ਸੁਲਖਣੀ ਦੇ ਗ੍ਰਿਹਿ ਅਲੂੜ ਪਿੰਡੀ ਗੁਰਦਾਸ ਪੁਰ ੫੪੭

੨੬ ਮਾਘ ੨੦੨੦ ਬਿਕ੍ਰਮੀ ਚਰਨ ਕੌਰ ਦੇ ਗ੍ਰਿਹਿ ਅਲੂੜ ਪਿੰਡੀ ਗੁਰਦਾਸ ਪੁਰ ੫੬੨

੨੭ ਮਾਘ ੨੦੨੦ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹਿ ਅਲੂੜ ਪਿੰਡੀ ਗੁਰਦਾਸ ਪੁਰ ੬੦੧

੨੮ ਮਾਘ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਵਿਚ ਅਜੀਤ ਸਿੰਘ ਦੇ ਨਵਿਤ ਜੇਠੂਵਾਲ ੬੦੨

੨੯ ਮਾਘ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੬੦੮

੧ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੬੧੧

੧੧ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੬੩੦

੧੨ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੬੩੨

੧੩ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ ਜਲੰਧਰ ੬੩੪

੧੩ ਫੱਗਣ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪੰਨੋਵਾਲੀ ਜਲੰਧਰ ੬੩੬

੧੩ ਫੱਗਣ ੨੦੨੦ ਬਿਕ੍ਰਮੀ ਥਾਨ ਸਿੰਘ ਮੱਸਾ ਸਿੰਘ ਕੋਟਲੀ ਜਲੰਧਰ ੬੪੦

੧੪ ਫੱਗਣ ੨੦੨੦ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜਲੰਧਰ ੬੪੫

੧੫ ਫੱਗਣ ੨੦੨੦ ਬਿਕ੍ਰਮੀ ਮਨਸਾ ਸਿੰਘ, ਰਾਮ ਸਿੰਘ ਹਰਦੋ ਫਰਾਲਾ ਜਲੰਧਰ ੬੫੩

੧੫ ਫੱਗਣ ੨੦੨੦ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜਲੰਧਰ ੬੫੭

੧੫ ਫੱਗਣ ੨੦੨੦ ਬਿਕ੍ਰਮੀ ਬੀਬੀ ਚਰਨ ਕੌਰ ਦੇ ਗ੍ਰਿਹਿ ਹਰਦੋ ਫਰਾਲਾ ਜਲੰਧਰ ੬੫੯

੧੫ ਫੱਗਣ ੨੦੨੦ ਬਿਕ੍ਰਮੀ ਬੀਬੀ ਹਰਬੰਸ ਕੌਰ ਦੇ ਗ੍ਰਿਹਿ ਆਰੀਆ ਮਹੱਲਾ ਲੁਧਿਆਣਾ ੬੬੦

੧੫ ਫੱਗਣ ੨੦੨੦ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹਿ ਦੋਰਾਹਾ ਲੁਧਿਆਣਾ ੬੬੩

੧੫ ਫੱਗਣ ੨੦੨੦ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ ਬਰਕਤ ਪੁਰਾ ਪਟਿਆਲਾ ੬੬੭

੧੫ ਫੱਗਣ ੨੦੨੦ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ ਠੀਕਰੀ ਛੰਨਾਂ ਕਰਨਾਲ ੬੬੮

੧੫ ਫੱਗਣ ੨੦੨੦ ਬਿਕ੍ਰਮੀ ਜੱਸਾ ਸਿੰਘ ਦੇ ਗ੍ਰਿਹਿ ਪਹੇਵਾ ਨਹਿਰ ਕਲੋਨੀ ਕਰਨਾਲ ੬੭੫





6
੧੬




੧੬ ਫੱਗਣ ੨੦੨੦ ਬਿਕ੍ਰਮੀ ਮੋਹਣ ਸਿੰਘ ਦੇ ਗ੍ਰਹਿ ਗੜੀ ਲਾਂਗਰੀ ਕਰਨਾਲ ੬੮੧
੧੬ ਫੱਗਣ ੨੦੨੦ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ ਗੜੀ ਲਾਂਗਰੀ ਕਰਨਾਲ ੬੮੪
੧੬ ਫੱਗਣ ੨੦੨੦ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ ਕੌਮੀ ਫ਼ਾਰਮ ਕਰਨਾਲ ੬੯੩
੧੭ ਫੱਗਣ ੨੦੨੦ ਬਿਕ੍ਰਮੀ ਗੁਰਮੇਜ ਸਿੰਘ ਦੇ ਗ੍ਰਹਿ ਖਰਕਾ ਕਰਨਾਲ ੬੯੯
੧੭ ਫੱਗਣ ੨੦੨੦ ਬਿਕ੍ਰਮੀ ਕਰਨੈਲ ਸਿੰਘ, ਜਰਨੈਲ ਸਿੰਘ ਖਰਕਾ ਕਰਨਾਲ ੭੦੩
੧੭ ਫੱਗਣ ੨੦੨੦ ਬਿਕ੍ਰਮੀ ਚਾਨਣ ਸਿੰਘ ਦੇ ਗ੍ਰਹਿ ਹੰਡੋਲਾ ਕਰਨਾਲ ੭੦੬
੧੮ ਫੱਗਣ ੨੦੨੦ ਬਿਕ੍ਰਮੀ ਅਰਜਣ ਸਿੰਘ ਗੁਰਦੀਪ ਸਿੰਘ ਬਲੋਚ ਪੁਰ ਕਰਨਾਲ ੭੧੨
੧੭ ਫੱਗਣ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ ਨਾਨਕ ਪੁਰਾ ਕਰਨਾਲ ੭੨੦
੧੯ ਫੱਗਣ ੨੦੨੦ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ ਨਾਨਕ ਪੁਰਾ ਕਰਨਾਲ ੭੨੬
੧੯ ਫੱਗਣ ੨੦੨੦ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਹਿ ਗੁਰੂਕੁਲ ਫਾਰਮ ਕਰਨਾਲ ੭੨੯
੧੯ ਫੱਗਣ ੨੦੨੦ ਬਿਕ੍ਰਮੀ ਮਾਨ ਸਿੰਘ ਦੇ ਗ੍ਰਹਿ ਬੋਡੀ ਕਰਨਾਲ ੭੩੫

7 ੧੬

੨੧ ਫੱਗਣ ੨੦੨੦ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਹਿ ਮੇਰਠ ਛਾਉਣੀ ਉਤਰ ਪ੍ਰਦੇਸ਼ ੭੪੬
੨੨ ਫੱਗਣ ੨੦੨੦ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਹਿ ਮੇਰਠ ਛਾਉਣੀ ਉਤਰ ਪ੍ਰਦੇਸ਼ ੭੫੪
੨੨ ਫੱਗਣ ੨੦੨੦ ਬਿਕ੍ਰਮੀ ਵਿਸ਼ਵਾ ਮਿਤਰ ਦੇ ਗ੍ਰਹਿ ਮੇਰਠ ਛਾਉਣੀ ਉਤਰ ਪ੍ਰਦੇਸ਼ ੭੫੭
੨੨ ਫੱਗਣ ੨੦੨੦ ਬਿਕ੍ਰਮੀ ਦਿੱਲੀ ਦਰਬਾਰ ਵਿਚ ਦਿੱਲੀ ਦਿੱਲੀ ੭੫੯
੨੪ ਫੱਗਣ ੨੦੨੦ ਬਿਕ੍ਰਮੀ ਭਗਤ ਸਿੰਘ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ੭੬੮
੨੬ ਫੱਗਣ ੨੦੨੦ ਬਿਕ੍ਰਮੀ ਔਰੰਗਾਬਾਦ, ਇਟਾਰਸੀ ਸੰਗਤ ਦੇ ਨਵਿਤ ਇਟਾਰਸੀ ੭੭੮
੨੭ ਫੱਗਣ ੨੦੨੦ ਬਿਕ੍ਰਮੀ ਸੰਤ ਸਿੰਘ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ੭੮੪
੨੭ ਫੱਗਣ ੨੦੨੦ ਬਿਕ੍ਰਮੀ ਹਰੀਦਤ ਸਿੰਘ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ੭੮੪
੨੭ ਫੱਗਣ ੨੦੨੦ ਬਿਕ੍ਰਮੀ ਸਵਿੰਦਰ ਸਿੰਘ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ੭੮੭
੨੭ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਹਿ ਇਟਾਰਸੀ ਮਧਪ੍ਰਦੇਸ਼ ੭੮੮
੨੭ ਫੱਗਣ ੨੦੨੦ ਬਿਕ੍ਰਮੀ ਟੋਪਨ ਲਾਲ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ੭੮੮




7 ੧੬

| | | | |
|---|---|---|---|
| ੨੭ ਫੱਗਣ ੨੦੨੦ ਬਿਕ੍ਰਮੀ ਕਲਾ ਬਾਈ, ਪਟੋਲਾ ਬਾਈ | ਇਟਾਰਸੀ ਮਧ ਪ੍ਰਦੇਸ਼ | | ੭੮੯ |
| ੨੭ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਹਿ | ਇਟਾਰਸੀ ਮਧ ਪ੍ਰਦੇਸ਼ | | ੭੯੦ |
| ੧ ਚੇਤ ੨੦੨੧ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੯੪ |
| ੨ ਚੇਤ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੨੦ |
| ੨ ਚੇਤ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੨੭ |
| ੨ ਚੇਤ ੨੦੨੧ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੩੮ |
| ੩ ਚੇਤ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੪੨ |
| ੩ ਚੇਤ ੨੦੨੧ ਬਿਕ੍ਰਮੀ ਪਸ਼ੌਰਾ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੪੪ |
| ੩ ਚੇਤ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੮੪੯ |
| ੫ ਚੇਤ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੮੫੨ |
| ੬ ਚੇਤ ੨੦੨੧ ਬਿਕ੍ਰਮੀ ਆਸਾ ਸਿੰਘ, ਬਲਾਕਾ ਸਿੰਘ, ਹਜ਼ਾਰਾ ਸਿੰਘ ਪਿਆਰਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੮੬੫ |
| ੬ ਚੇਤ ੨੦੨੧ ਬਿਕ੍ਰਮੀ ਸੰਤ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੮੭੨ |
| ੬ ਚੇਤ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਹਿ | ਅਲ੍ਹੜ ਪਿੰਡੀ | ਗੁਰਦਾਸਪੁਰ | ੮੭੫ |
| ੬ ਚੇਤ ੨੦੨੧ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੮੭੮ |
| ੭ ਚੇਤ ੨੦੨੧ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੮੮੧ |
| ੧੨ ਚੇਤ ੨੦੨੧ ਬਿਕ੍ਰਮੀ ਨਾਜ਼ਰ ਸਿੰਘ, ਅਜੀਤ ਸਿੰਘ ਜੇਠੂਵਾਲ ਦਰਬਾਰ ਵਿਚ | | | ੮੮੨ |
| ੨੧ ਚੇਤ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਗ੍ਰਹਿ | ਮੂਸਲਾ ਪੁਰ ਹਾਟ ਪਟਨਾ ਬਿਹਾਰ | | ੮੮੬ |
| ੨੨ ਚੇਤ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਗ੍ਰਹਿ | ਮੂਸਲਾ ਪੁਰ ਹਾਟ ਪਟਨਾ ਬਿਹਾਰ | | ੮੮੯ |
| ੨੨ ਚੇਤ ੨੦੨੧ ਬਿਕ੍ਰਮੀ ਪਟਣਾ ਸਾਹਿਬ | ਗੋਬਿੰਦ ਘਾਟ | ਬਿਹਾਰ | ੮੯੫ |
| ੨੨ ਚੇਤ ੨੦੨੧ ਬਿਕ੍ਰਮੀ ਪਟਣਾ ਸਾਹਿਬ | ਗੁਰੂ ਕਾ ਬਾਗ | ਬਿਹਾਰ | ੮੯੭ |
| ੨੨ ਚੇਤ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਗ੍ਰਹਿ | ਮੂਸਲਾ ਪੁਰ ਹਾਟ | ਪਟਨਾ | ੮੯੭ |


8
੧੬




੨੩ ਚੇਤ ੨੦੨੦ ਬਿਕ੍ਰਮੀ ਲਛਮਣ ਪਾਂਡੇ ਦੇ ਗ੍ਰਿਹਿ ਪਟਨਾ ਸਾਹਿਬ ਬਿਹਾਰ ੯੦੯

੨੩ ਚੇਤ ੨੦੨੧ ਬਿਕ੍ਰਮੀ ਸੁੰਦਰ ਦਾਸ ਦੇ ਗ੍ਰਿਹਿ ਮੁਸਲ ਪੁਰ ਹਾਟ ਪਟਨਾ ਸਾਹਿਬ ਬਿਹਾਰ ੯੧੫

੨੪ ਚੇਤ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੨੪

੨੫ ਚੇਤ ੨੦੨੧ ਬਿਕ੍ਰਮੀ ਬਾਲਮੀਕ ਦੀ ਕੁਟੀਆ ਉਤੇ ਬਿਠੂਰ ਕਾਨਪੁਰ ਉਤਰ ਪ੍ਰਦੇਸ਼ ੯੨੮

੨੫ ਚੇਤ ੨੦੨੧ ਬਿਕ੍ਰਮੀ ਸਤਵੰਤ ਕੌਰ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੩੨

੨੫ ਚੇਤ ੨੦੨੧ ਬਿਕ੍ਰਮੀ ਬੀਬੀ ਭਗਵੰਤੀ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੩੫

੨੫ ਚੇਤ ੨੦੨੧ ਬਿਕ੍ਰਮੀ ਕਿਰਪਾ ਸਿੰਘ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੩੮

੨੫ ਚੇਤ ੨੦੨੧ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੩੯

੨੫ ਚੇਤ ੨੦੨੧ ਬਿਕ੍ਰਮੀ ਗੋਵਿੰਦ ਸਰਨ ਸ੍ਰੀਵਾਸਤਵ ੯੪੧

੨੫ ਚੇਤ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ੯੪੨



9

੨੬ ਚੇਤ ੨੦੨੧ ਬਿਕ੍ਰਮੀ ਦਿੱਲੀ ਦਰਬਾਰ ਪਹਾੜ ਗੰਜ ਦਿੱਲੀ ੯੫੩



੧੬

੧ ਵਸਾਖ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੯੫੬

੨ ਵਸਾਖ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਕਾਦਰਾਬਾਦ ਅੰਮ੍ਰਿਤਸਰ ੯੬੮

੩ ਵਸਾਖ ੨੦੨੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ ਕਾਦਰਾਬਾਦ ਅੰਮ੍ਰਿਤਸਰ ੯੭੭

੩ ਵਸਾਖ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ ਕਾਦਰਾਬਾਦ ਅੰਮ੍ਰਿਤਸਰ ੯੮੦

੪ ਵਸਾਖ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਕਾਦਰਾਬਾਦ ਅੰਮ੍ਰਿਤਸਰ ੯੮੨




੪ ਵਸਾਖ ੨੦੨੧ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਬਲ ਗੁਰਦਾਸ ਪੁਰ ੯੮੪

੪ ਵਸਾਖ ੨੦੨੧ ਬਿਕ੍ਰਮੀ ਅਮਰਾਓ ਸਿੰਘ ਦੇ ਗ੍ਰਿਹਿ ਬਲ ਗੁਰਦਾਸ ਪੁਰ ੯੯੩

੪ ਵਸਾਖ ੨੦੨੧ ਬਿਕ੍ਰਮੀ ਸੜਕ ਉਤੇ ੯੯੬

੪ ਵਸਾਖ ੨੦੨੧ ਬਿਕ੍ਰਮੀ ਕਿਰਪਾਲ ਸਿੰਘ ਨਾਲ ਅੰਮ੍ਰਿਤਸਰ ੯੯੭

੧੪ ਵਸਾਖ ੨੦੨੧ ਬਿਕ੍ਰਮੀ ਡਾ੦ ਪਾਲ ਸਿੰਘ ਦੇ ਗ੍ਰਿਹਿ ਭਲਾਈ ਪੁਰ ਡੋਗਰਾਂ ਅੰਮ੍ਰਿਤਸਰ ੯੯੯

੧ ਜੇਠ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੦੦੬





| | | | |
|---|---|---|---|
| ੨ ਜੇਠ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੧੯ |
| ੨ ਜੇਠ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੨੩ |
| ੫ ਜੇਠ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਮੁੰਡੀ ਜੁਮਾਲ | ਫਿਰੋਜ਼ ਪੁਰ | ੧੦੨੮ |
| ੬ ਜੇਠ ੨੦੨੧ ਬਿਕ੍ਰਮੀ ਬਗੀਚਾ ਸਿੰਘ ਦੇ ਗ੍ਰਹਿ | ਮੁੰਡੀ ਜੁਮਾਲ | ਫਿਰੋਜ਼ ਪੁਰ | ੧੦੩੫ |
| ੬ ਜੇਠ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਹਿ | ਮੋਗਾ | ਫਿਰੋਜ਼ ਪੁਰ | ੧੦੩੮ |
| ੬ ਜੇਠ ੨੦੨੧ ਬਿਕ੍ਰਮੀ ਸਾਈਂ ਫ਼ੈਜ਼ ਮੁਹੰਮਦ ਤੋਂ ਪੁਣ | ਗਿਛ ਤਖਾਣ ਵਧ | ਫਿਰੋਜ਼ ਪੁਰ | ੧੦੪੨ |
| ੬ ਜੇਠ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ | ਨਿਧਾਂ ਵਾਲੀ | ਫਿਰੋਜ਼ ਪੁਰ | ੧੦੪੬ |
| ੮ ਜੇਠ ੨੦੨੧ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਹਿ | ਗੁਮਾਨ ਪੁਰਾ | ਅੰਮ੍ਰਿਤਸਰ | ੧੦੪੮ |
| ੮ ਜੇਠ ੨੦੨੧ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਹਿ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੧ |
| ੮ ਜੇਠ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਹਿ | ਕਾਉਂ ਕੇ | ਅੰਮ੍ਰਿਤਸਰ | ੧੦੫੨ |
| ੯ ਜੇਠ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਖੂਹ ਤੇ | ਕਾਉਂ ਕੇ | ਅੰਮ੍ਰਿਤਸਰ | ੧੦੬੦ |
| ੯ ਜੇਠ ੨੦੨੧ ਬਿਕ੍ਰਮੀ ਹਜਾਰਾ ਸਿੰਘ ਦੇ ਗ੍ਰਹਿ | ਕਾਉਂ ਕੇ | ਅੰਮ੍ਰਿਤਸਰ | ੧੦੬੧ |
| ੯ ਜੇਠ ੨੦੨੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ | ਲੇਲੀਆਂ | ਅੰਮ੍ਰਿਤਸਰ | ੧੦੬੩ |
| ੯ ਜੇਠ ੨੦੨੧ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੧੦੬੭ |
| ੧੦ ਜੇਠ ੨੦੨੧ ਬਿਕ੍ਰਮੀ ਗੁਰਬਚਨ ਸਿੰਘ, ਨਵਤੇਜ ਸਿੰਘ | ਪ੍ਰੀਤ ਲੜੀ | ਅੰਮ੍ਰਿਤਸਰ | ੧੦੭੪ |
| ੧੦ ਜੇਠ ੨੦੨੧ ਬਿਕ੍ਰਮੀ ਸਵਿੰਦਰ ਸਿੰਘ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੧੦੭੭ |
| ੧੦ ਜੇਠ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੧੦੮੪ |
| ੧੦ ਜੇਠ ੨੦੨੧ ਬਿਕ੍ਰਮੀ ਨਾਜਰ ਸਿੰਘ ਦੇ ਗ੍ਰਹਿ | ਮਾਨਾਂਵਾਲਾ | ਅੰਮ੍ਰਿਤਸਰ | ੧੦੮੬ |
| ੧੧ ਜੇਠ ੨੦੨੧ ਬਿਕ੍ਰਮੀ ਚਰਨ ਸਿੰਘ ਦੇ ਗ੍ਰਹਿ | ਮਾਨਾਂਵਾਲਾ | ਅੰਮ੍ਰਿਤਸਰ | ੧੦੯੩ |
| ੧੧ ਜੇਠ ੨੦੨੧ ਬਿਕ੍ਰਮੀ ਹਜਾਰਾ ਸਿੰਘ ਦੇ ਗ੍ਰਹਿ | ਛੀਨੇ ਜਸਤਰਵਾਲ | ਅੰਮ੍ਰਿਤਸਰ | ੧੦੯੩ |
| ੧੧ ਜੇਠ ੨੦੨੧ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਹਿ | ਜਸਰਾਊਰ | ਅੰਮ੍ਰਿਤਸਰ | ੧੧੦੦ |
| ੧੩ ਜੇਠ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸ ਪੁਰ | ੧੧੦੮ |





10
੧੬

| | | | |
|---|---|---|---|
| ੧੩ ਜੇਠ ੨੦੨੧ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਿਹਿ | ਸੱਦਾ | ਗੁਰਦਾਸ ਪੁਰ | ੧੧੦੯ |
| ੧੩ ਜੇਠ ੨੦੨੧ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹਿ | ਵਜਾਰਤ ਰੋਡ | ਜੰਮੂ | ੧੧੧੨ |
| ੧੪ ਜੇਠ ੨੦੨੧ ਬਿਕ੍ਰਮੀ ਬੀਬੀ ਅਮਰੋ ਦੇਵੀ, ਸਧਰੋ ਦੇਵੀ ਦੇ ਗ੍ਰਿਹਿ | | ਜੰਮੂ | ੧੧੨੦ |
| ੧੪ ਜੇਠ ੨੦੨੧ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹਿ | ਜੰਮੂ | ਜੰਮੂ | ੧੧੨੧ |
| ੧੫ ਜੇਠ ੨੦੨੧ ਬਿਕ੍ਰਮੀ ਲਾਲ ਚੰਦ ਦੇ ਗ੍ਰਿਹਿ | ਜੰਮੂ | ਜੰਮੂ | ੧੧੨੫ |
| ੧੫ ਜੇਠ ੨੦੨੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੧੧੨੮ |
| ੧੬ ਜੇਠ ੨੦੨੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੧੧੩੩ |
| ੧੬ ਜੇਠ ੨੦੨੧ ਬਿਕ੍ਰਮੀ ਰਾਮ ਚੰਦ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੧੧੩੮ |
| ੧੭ ਜੇਠ ੨੦੨੧ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੧੧੪੨ |
| ੧੭ ਜੇਠ ੨੦੨੧ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੧੧੪੬ |
| ੧੭ ਜੇਠ ੨੦੨੧ ਬਿਕ੍ਰਮੀ ਗੂੜਾ ਰਾਮ ਦੇ ਗ੍ਰਿਹਿ | ਛੰਬ | ਜੰਮੂ | ੧੧੪੯ |
| ੧੭ ਜੇਠ ੨੦੨੧ ਬਿਕ੍ਰਮੀ ਗੁਰਾ ਰਾਮ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੦ |
| ੧੮ ਜੇਠ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੩ |
| ੧੮ ਜੇਠ ੨੦੨੧ ਬਿਕ੍ਰਮੀ ਬਸੋ ਦੇਵੀ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੫ |
| ੧੮ ਜੇਠ ੨੦੨੧ ਬਿਕ੍ਰਮੀ ਨਾਨਕ ਚੰਦ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੭ |
| ੧੮ ਜੇਠ ੨੦੨੧ ਬਿਕ੍ਰਮੀ ਰਾਮ ਲਾਲ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੮ |
| ੧੮ ਜੇਠ ੨੦੨੧ ਬਿਕ੍ਰਮੀ ਬੇਲੂ ਰਾਮ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੫੯ |
| ੧੮ ਜੇਠ ੨੦੨੧ ਬਿਕ੍ਰਮੀ ਨੰਦੂ ਰਾਮ ਦੇ ਗ੍ਰਿਹਿ | ਸਰਦਾਰੀ | ਜੰਮੂ | ੧੧੬੦ |
| ੧੮ ਜੇਠ ੨੦੨੧ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੧੧੬੧ |
| ੧੮ ਜੇਠ ੨੦੨੧ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੧੧੬੫ |
| ੧੮ ਜੇਠ ੨੦੨੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੧੧੬੬ |
| ੧੮ ਜੇਠ ੨੦੨੧ ਬਿਕ੍ਰਮੀ ਖੋਮੋ ਦੇਵੀ ਦੇ ਗ੍ਰਿਹਿ | ਪੰਗਾਲੀ | ਜੰਮੂ | ੧੧੬੬ |


11
੧੬




| | | | | | | | |
|---|---|---|---|---|---|---|---|
| ੧੮ | ਜੇਠ | ੨੦੨੧ | ਬਿਕ੍ਰਮੀ | ਵਕੀਲ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੬੭ |
| ੧੯ | ਜੇਠ | ੨੦੨੧ | ਬਿਕ੍ਰਮੀ | ਫੱਗਾ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੧ |
| ੧੯ | ਜੇਠ | ੨੦੨੧ | ਬਿਕ੍ਰਮੀ | ਚੂੜ੍ਹ ਸਿੰਘ ਦੇ ਗ੍ਰਿਹਿ | ਧਿੰਗਾਲੀ | ਜੰਮੂ | ੧੧੭੨ |
| ੧੯ | ਜੇਠ | ੨੦੨੧ | ਬਿਕ੍ਰਮੀ | ਦੇਵਾ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੩ |
| ੧੯ | ਜੇਠ | ੨੦੨੧ | ਬਿਕ੍ਰਮੀ | ਰੂੜ ਸਿੰਘ ਦੇ ਨਵਿਤ | ਧੰਗਾਲੀ | ਜੰਮੂ | ੧੧੭੪ |
| ੧੯ | ਜੇਠ | ੨੦੨੧ | ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੫ |
| ੧੯ | ਜੇਠ | ੨੦੨੧ | ਬਿਕ੍ਰਮੀ | ਇੰਦਰ ਰਾਮ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੭ |
| ੧੯ | ਜੇਠ | ੨੦੨੧ | ਬਿਕ੍ਰਮੀ | ਮੇਲਾ ਰਾਮ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੭ |
| ੧੯ | ਜੇਠ | ੨੦੨੧ | ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੭੮ |
| ੧੯ | ਜੇਠ | ੨੦੨੧ | ਬਿਕ੍ਰਮੀ | ਕੁਲਵੰਤ ਸਿੰਘ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੮੧ |
| ੨੦ | ਜੇਠ | ੨੦੨੧ | ਬਿਕ੍ਰਮੀ | ਬੀਬੀ ਪ੍ਰੇਮੀ ਦੇਵੀ ਦੇ ਗ੍ਰਿਹਿ | ਧੰਗਾਲੀ | ਜੰਮੂ | ੧੧੮੫ |
| ੨੦ | ਜੇਠ | ੨੦੨੧ | ਬਿਕ੍ਰਮੀ | ਫਰੰਗੀ ਰਾਮ ਦੇ ਗ੍ਰਿਹਿ | ਤੂਤਾਂ ਵਾਲੀ | ਜੰਮੂ | ੧੧੮੬ |





12
੧੬



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



★ ੧੨ ਮੱਘਰ ੨੦੨੦ ਬਿਕਰਮੀ ਕਰਤਾਰ ਸਿੰਘ ਦੇ ਘਰ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ★

ਪੁਰਖ ਅਕਾਲ ਤੇਰਾ ਵਡ ਪ੍ਰਤਾਪ, ਬੇਪਰਵਾਹ ਬੇਅੰਤ ਤੇਰੀ ਵਡਿਆਈਆ । ਸਚਖੰਡ ਦਵਾਰੇ ਤੇਰਾ ਨਿਵਾਸ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਨਿਰਗੁਣ ਨੂਰ ਤੇਰਾ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਨਿਰਵੈਰ ਤੇਰਾ ਖੇਲ ਤਮਾਸ਼, ਖ਼ਾਲਕ ਸਮਝ ਕਿਸੇ ਨਾ ਆਈਆ । ਧੁਰ ਦਰਗਾਹੀ ਬੇਐਬ ਪਾਕ, ਪੁਨੀਤ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਾਸ, ਨਿਉਂ ਨਿਉਂ ਬੈਠਣ ਸੀਸ ਝੁਕਾਈਆ । ਤ੍ਰੈਗੁਣ ਮਾਇਆ ਤੇਰੀ ਗਾਥ, ਪੰਜ ਤਤ ਤੇਰਾ ਰੰਗ ਸਮਾਈਆ । ਗੁਰ ਅਵਤਾਰ ਤੇਰਾ ਸਾਕ, ਨਿਰਗੁਣ ਸਰਗੁਣ ਸੋਭਾ ਪਾਈਆ । ਪੀਰ ਪੈਗ਼ੰਬਰ ਤੇਰਾ ਹਾਥ, ਦਸਤ ਬਦਸਤ ਆਪ ਮਿਲਾਈਆ । ਜੁਗ ਚੌਕੜੀ ਤੇਰਾ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਈਆ । ਨਿਤ ਨਵਿਤ ਤੇਰਾ ਭੋਗ ਬਿਲਾਸ, ਲੱਖ ਚੁਰਾਸੀ ਚਾਰੇ ਖਾਣੀ ਜੇਰਜ ਅੰਡਜ ਉਤਭੁਜ ਸੇਤਜ ਬਣਤ ਬਣਾਈਆ । ਚਾਰੇ ਬਾਣੀ ਤੇਰੀ ਸਿਫ਼ਤ ਅਵਾਜ਼, ਪਰਾ ਪਸੰਤੀ ਮਧਮ ਬੈਖਰੀ ਬੈਠੀ ਢੋਲਾ ਗਾਈਆ । ਦੋ ਜਹਾਨਾਂ ਤੇਰਾ ਰਾਜ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਪੁਰੀ ਲੋਅ ਬ੍ਰਹਿਮੰਡ ਖੰਡ ਤੇਰਾ ਸਾਜ, ਸਾਜਨਹਾਰੇ ਹੱਥ ਤੇਰੇ ਚਤੁਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਤਮ ਪਰਮਾਤਮ ਤੇਰਾ ਕਾਜ, ਪਾਰਬ੍ਰਹਮ ਬ੍ਰਹਮ ਆਪਣਾ ਅੰਗ ਵਖਾਈਆ । ਸ਼ਬਦ ਸਵਾਮੀ ਸਦਾ ਨਿਹਕਾਮੀ ਜੁਗ ਚੌਕੜੀ ਰਿਹਾ ਭਾਜ, ਬਣ ਪਾਂਧੀ ਪੰਧ ਮੁਕਾਈਆ । ਸਤਿ ਧਰਮ ਪ੍ਰਭ ਤੇਰਾ ਸਮਾਜ, ਸਮਝ ਸਕੇ ਕੋਈ ਨਾ ਰਾਈਆ । ਸਮੁੰਦ ਸਾਗਰ ਤੇਰਾ ਜਹਾਜ, ਧਰਨੀ ਧਰਤ ਧਵਲ ਆਪ ਤਰਾਈਆ । ਸੇਵਾ ਕਰੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੀਸ ਨਿਵਾਈਆ । ਪਵਣ ਪਵਣੀ ਤੇਰਾ ਸਵਾਸ, ਘਟ ਘਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪੁਰਖ ਅਕਾਲ ਤੇਰੀ ਸਰਨਾਈਆ । ਪੁਰਖ ਅਕਾਲ ਤੇਰਾ ਖੇਲ ਅਵੱਲਾ, ਬ੍ਰਹਿਮੰਡ ਤੇਰੀ ਸ਼ਰਨਾਈਆ । ਆਦਿ ਜੁਗਾਦੀ ਇਕ ਇਕੱਲਾ, ਜੁਗ ਚੌਕੜੀ ਰਾਹ ਵਖਾਈਆ । ਸਚ ਸਿੰਘਾਸਣ ਧੁਰ ਦਾ ਮੱਲਾ, ਦਰ ਘਰ ਸਾਚੀ ਸੋਭਾ ਪਾਈਆ । ਨਿਰਗੁਣ ਸਰਗੁਣ ਫੜਾ ਪੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਦਿਤੀ ਵਡਿਆਈਆ । ਧਾਮ ਵਖਾ ਨਿਹਚਲ ਇਕ ਅਕੱਲਾ, ਮਹਲ ਉਚ ਕਰੀ ਰੁਸ਼ਨਾਈਆ । ਭੇਵ ਚੁਕਾ ਜਲਾ ਥਲਾ, ਡੂੰਘੇ ਸਾਗਰ ਦਿਤਾ ਸਮਝਾਈਆ । ਦੀਪਕ ਜੋਤੀ ਆਪੇ ਬਲਾ, ਨਿਰਗੁਣ ਨੂਰ

ਕਰ ਰੁਸ਼ਨਾਈਆ । ਧੁਰ ਸੰਦੇਸ਼ ਸਭ ਨੂੰ ਘੱਲਾ, ਬੋਧ ਅਗਾਧ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਭੇਵ ਕੋਇ ਨਾ ਆਈਆ । ਪੁਰਖ ਅਕਾਲ ਸਰਬ ਗੁਣ ਦਾਤੇ, ਗੁਣਵੰਤ ਤੇਰੀ ਸਰਨਾਈਆ । ਆਦਿ ਜੁਗਾਦਿ ਪਿਤਾ ਮਾਤੇ, ਬਾਲਕ ਤੇਰੇ ਨਜ਼ਰੀ ਸਾਰੇ ਆਈਆ । ਜੁਗ ਚੌਕੜੀ ਖੇਲ ਤਮਾਸ਼ੇ, ਵੇਖੀ ਖੇਲ ਹਰ ਘਟ ਥਾਈਆ । ਮੰਡਲ ਮੰਡਪ ਪੈਂਦੀ ਵੇਖੀ ਰਾਸੇ, ਗੋਪੀ ਕਾਹਨ ਨਾਚ ਨਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਦਾਸੀ ਦਾਸੇ, ਤੇਰੀ ਸੇਵਾ ਗਏ ਕਮਾਈਆ । ਸ਼ਬਦ ਅਨਾਦੀ ਨਾਦ ਖੋਲ੍ਹ ਭੇਵ ਬੋਧ ਅਗਾਧੇ, ਤੇਰਾ ਮੰਤਰ ਗਏ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਮਾਰ ਅਵਾਜ਼ੇ, ਧੁਰ ਸੰਦੇਸ਼ਾ ਰਹੇ ਸੁਣਾਈਆ । ਅੰਜੀਲ ਕੁਰਾਨ ਰਚ ਰਚ ਕਾਜੇ, ਤੇਰੀ ਕਰਨੀ ਗਏ ਦ੍ਰਿੜਾਈਆ । ਖਾਣੀ ਬਾਣੀ ਤੇਰਾ ਖੇਲ ਭੂਪਤ ਰਾਜੇ, ਰਈਅਤ ਸਮਝ ਸਕੇ ਨਾ ਰਾਈਆ । ਘਟ ਘਟ ਅੰਦਰ ਤੇਰੇ ਵੱਜਦੇ ਅਨਹਦ ਵਾਜੇ, ਧੁਨ ਆਤਮਕ ਰਾਗ ਅਲਾਈਆ । ਜੋਤ ਨਿਰੰਜਣ ਲੱਖ ਚੁਰਾਸੀ ਅੰਦਰ ਪਰਕਾਸ਼ੇ, ਪਰਕਾਸ਼ਵਾਨ ਤੇਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪ੍ਰਭ ਤੇਰਾ ਸੰਗ ਇਕੋ ਨਜ਼ਰੀ ਆਈਆ । ਪੁਰਖ ਅਕਾਲ ਦੀਨਾਂ ਨਾਥ, ਦੀਨਨ ਓਟ ਇਕ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਪੜ੍ਹ ਪੜ੍ਹ ਥੱਕੇ ਤੇਰੀ ਗਾਥ, ਚਾਰੇ ਵੇਦ ਸਮਝ ਕੋਇ ਨਾ ਪਾਈਆ । ਪੁਰਾਨ ਅਠਾਰਾਂ ਮਾਰਨ ਆਵਾਜ਼, ਉਚੀ ਕੂਕ ਕੂਕ ਅਲਾਈਆ । ਗੀਤਾ ਗਿਆਨ ਹੋ ਹੋ ਦਾਸ, ਦਸ ਅੱਠ ਦਏ ਦੁਹਾਈਆ । ਅੰਜੀਲ ਕੁਰਾਨ ਪੜ੍ਹਨ ਨਿਮਾਜ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਧੁਰ ਦੀ ਬਾਣੀ ਤੇਰਾ ਵਜਾਏ ਨਾਦ, ਨਾਦੀ ਰਾਗ ਇਕ ਅਲਾਹੀਆ । ਗੁਰ ਅਵਤਾਰ ਹੋਏ ਵਿਸਮਾਦ, ਪੀਰ ਪੈਗ਼ੰਬਰ ਬਿਸਮਲ ਰੂਪ ਵਟਾਈਆ । ਤੇਰਾ ਕੋਈ ਨਾ ਜਾਣੇ ਭੇਵ ਪੁਰਖ ਸਮਰਾਥ, ਸਮਰਥ ਤੇਰੇ ਹੱਥ ਵਡਿਆਈਆ । ਰਸਨਾ ਜਿਹਵਾ ਕਥਨੀ ਕਥ ਕਥ ਗਈ ਥੱਕ, ਤੇਰਾ ਅੰਤ ਕਹਿਣ ਨਾ ਪਾਈਆ । ਤੇਰੇ ਹੱਥ ਹਕੀਕਤ ਹੱਕ, ਲਾਸ਼ਰੀਕ ਤੇਰੀ ਸ਼ਰਨਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਮਾਰਗ ਧੁਰ ਦਾ ਦੱਸ, ਸਾਚਾ ਪੜਦਾ ਦੇ ਉਠਾਈਆ । ਤੇਰੇ ਚਰਨ ਕਵਲ ਜਾਈਏ ਵਸ, ਦੂਜੀ ਓਟ ਨਾ ਕੋਇ ਤਕਾਈਆ । ਤੇਰਾ ਲਈਏ ਸੱਚਾ ਰਸ, ਅੰਮ੍ਰਿਤ ਇਕੋ ਜਾਮ ਪਿਆਈਆ । ਬਿਨ ਰਸਨਾ ਜਿਹਵਾ ਤੇਰਾ ਗਾਈਏ ਜਸ, ਸਾਚਾ ਢੋਲਾ ਸਿਫ਼ਤ ਸਲਾਹੀਆ । ਜੁਗ ਚੌਕੜੀ ਪੈਂਡਾ ਮੁੱਕਿਆ ਨੱਸ ਨੱਸ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੈਠੇ ਪੰਧ ਮੁਕਾਈਆ । ਨਿਰਵੈਰ ਪੁਰਖ ਬਣ ਪਰਧਾਨ ਹੋ ਪ੍ਰਗਟ, ਪ੍ਰਗਟ ਆਪਣਾ ਨੂਰ ਦਰਸਾਈਆ । ਸਚ ਦਵਾਰਾ ਖੋਲ੍ਹ ਹੱਟ, ਇਕੋ ਸੌਦਾ ਨਾਮ ਵਿਕਾਈਆ । ਲਹਿਣਾ ਦੇਣਾ ਚੁੱਕੇ ਜਾਤ ਪਾਤ, ਊਚ ਨੀਚ ਨਾ ਕੋਇ ਵਖਾਈਆ । ਰਾਓ ਰੰਕਾਂ ਦੇ ਇਕੋ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਗੁਪਤ ਜਾਹਰ ਬਾਤਣ ਕਰ ਬਾਤ, ਆਪ ਆਪਣਾ ਰਾਹ ਜਣਾਈਆ । ਨਜ਼ਰੀ ਆ ਸਾਖਿਆਤ, ਕਿਉਂ ਬੈਠਾ ਮੁਖ ਛੁਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਕਹਾਣੀ ਦੱਸਦੇ ਆਏ ਬਾਤ, ਤੇਰਾ ਲੇਖਾ ਸਰਬ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖਿਆ ਨਾਲ ਕਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਤੇਰੇ ਭੇਟ ਚੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਅੰਤਮ ਆਵੇ ਮਾਤ, ਨਿਰਗੁਣ ਆਪਣਾ ਫੇਰਾ ਪਾਈਆ । ਜਿਸ ਦਾ ਰਾਹ ਤੱਕਣ ਪ੍ਰਿਥਮੀ ਆਕਾਸ਼, ਦੋ ਜਹਾਨ ਬੈਠੇ ਧਿਆਨ ਲਗਾਈਆ ।

ਵਿਸ਼ਨ ਬ੍ਰਹਮਾ ਸ਼ਿਵ ਰੱਖਣ ਆਸ, ਨੇਤਰ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਧਿਆਇਣ ਸੁਆਸ ਸੁਆਸ, ਰਸਨਾ ਜਿਹਵਾ ਸੇਵ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਭਾਗ ਲਗਾਏ ਜੰਗਲ ਜੂਹ ਪਹਾੜ ਵਿਚ ਭਰਵਾਸ, ਡੂੰਘੇ ਸਮੁੰਦ ਸਾਗਰ ਵੇਖ ਵਖਾਈਆ । ਲੱਖ ਚੁਰਾਸੀ ਦਰ ਦਰ ਘਰ ਘਰ ਕਾਇਆ ਮੰਦਰ ਅੰਦਰ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਵੇਖੇ ਆਪ, ਆਪ ਆਪਣਾ ਪੜਦਾ ਲਾਹੀਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਸੁਰਤ ਸੁਆਣੀ ਫੜਕੇ ਦੱਸੇ ਆਪਣਾ ਜਾਪ, ਅਨਰਾਗੀ ਆਪਣਾ ਰਾਗ ਸਮਝਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਸਾਕ, ਕੂੜਾ ਬੰਧਨ ਦਏ ਕਟਾਈਆ । ਚਾਰ ਵਰਨ ਮੇਟੇ ਅੰਧੇਰੀ ਰਾਤ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨੂਰ ਨਜ਼ਰੀ ਆਈਆ । ਅਠਾਰਾਂ ਬਰਨ ਸੁਟੇ ਮੂੰਹ ਦੇ ਖਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਰਬ ਜੀਆਂ ਦਾ ਪੁਰਖ ਸਮਰਾਥ, ਅਬਿਨਾਸ਼ੀ ਕਰਤਾ ਦਏ ਸਮਝਾਈਆ । ਹਰ ਘਟ ਅੰਦਰ ਰੱਖੇ ਵਾਸ, ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮੀ ਵਰ, ਸ਼ਾਹ ਪਾਤਸ਼ਾਹ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਪ੍ਰਭੂ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਵੇਖ ਭੇਖ, ਚਾਰੋਂ ਕੁੰਟ ਅੰਧੇਰਾ ਛਾਈਆ । ਭਰਮੇ ਭੁੱਲੇ ਮੁਲਾਂ ਸ਼ੇਖ਼, ਪੰਡਤ ਪਾਂਧੇ ਸਾਰ ਕੋਇ ਨਾ ਆਈਆ । ਨਿਰਗੁਣ ਤੇਰਾ ਨਾਉਂ ਕੋਈ ਨਾ ਲਏ ਚੇਤ, ਚੇਤਨ ਸੁਰਤੀ ਨਾ ਕੋਇ ਕਰਾਈਆ । ਮਾਇਆ ਮਮਤਾ ਕੂੜੀ ਕਿਰਿਆ ਹਉਮੇ ਹੰਗਤਾ ਕਰਨ ਸਾਰੇ ਹੇਤ, ਹਿਤਕਾਰੀ ਸਤਿਗੁਰ ਨਜ਼ਰ ਕੋਇ ਨਾ ਆਈਆ । ਆਤਮ ਤਾਕੀ ਖੋਲ੍ਹ ਤੇਰਾ ਦਰਸ ਸਕੇ ਨਾ ਕੋਈ ਪੇਖ, ਦੋਏ ਦੋਏ ਲੋਚਣ ਲੱਭਣ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਵਰ ਦਾਤੇ ਤੇਰੇ ਹੱਥ ਸੱਚੀ ਸਰਨਾਈਆ । ਪੁਰਖ ਅਕਾਲ ਪ੍ਰਭੂ ਪ੍ਰਭ ਮਾਹੀ, ਮਹਾਂਬਲੀ ਤੇਰੀ ਵਡਿਆਈਆ । ਕਲਜੁਗ ਜੀਵ ਭੁੱਲੇ ਰਾਹੀ, ਪਾਂਧੀ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਨਾ ਰਿਹਾ ਕੋਈ ਵਖਾਈ, ਚਾਰੋਂ ਕੁੰਟ ਸਗਲਾ ਸੰਗ ਨਾ ਕੋਇ ਨਿਭਾਈਆ । ਕੂੜ ਕੁੜਿਆਰਾ ਗਲ ਪਾ ਕੇ ਬੈਠਾ ਫਾਹੀ, ਹਉਮੇ ਹੰਗਤਾ ਗੜ੍ਹ ਸਕੇ ਨਾ ਕੋਇ ਤੁੜਾਈਆ । ਜਨਮ ਕਰਮ ਦੀ ਲੱਗੀ ਸ਼ਾਹੀ, ਤੁਧ ਬਿਨ ਦੁਰਮਤ ਮੈਲ ਨਾ ਕੋਇ ਧਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਜੀਵ ਸਾਰੇ ਰਹੇ ਭੁਲਾਈ, ਸਾਹਿਬ ਸਵਾਮੀ ਨਜ਼ਰ ਕਿਸੇ ਨਾ ਆਈਆ । ਤੀਰਥ ਤੱਟ ਜਗਤ ਕਿਨਾਰ ਹੋਏ ਹੈਰਾਨੀ, ਧੀਰਜ ਧੀਰ ਨਾ ਕੋਇ ਵਖਾਈਆ । ਪਾਰਬ੍ਰਹਮ ਪ੍ਰਭ ਵੇਖ ਆਦਿ ਜੁਗਾਦਿ ਅੰਤਰਜਾਮੀ, ਅੰਤਰਗਤ ਤੇਰੇ ਹੱਥ ਨਜ਼ਰੀ ਆਈਆ । ਸਭ ਨੂੰ ਭੁੱਲੀ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਕੂੜ ਕੁੜਿਆਰਾ ਖਾਏ ਚਾਰੇ ਖਾਣੀ, ਚਾਰੋਂ ਕੁੰਟ ਫਿਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਪਈ ਦੁਹਾਈਆ । ਲੋਕਮਾਤ ਆ ਪ੍ਰਭ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਆਪਣਾ ਖੇਲ ਵੇਖ ਝੱਬ, ਬੇਪਰਵਾਹ ਅੱਖ ਖੁਲ੍ਹਾਈਆ । ਜਗਤ ਵਿਕਾਰਾ ਸਭ ਨੂੰ ਰਿਹਾ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਜਾਮ ਪਿਆਲਾ ਪੀਤਾ ਮਦਿ, ਅੰਮ੍ਰਿਤ ਰਸ ਰਸਨਾ ਨਾ ਕੋਇ ਲਗਾਈਆ । ਨੌ ਦਵਾਰੇ ਪਾਰ ਕਰੇ ਨਾ ਕੋਈ ਹੱਦ, ਸੁਖਮਨ ਟੇਡੀ ਬੰਕ ਪੰਧ ਨਾ ਕੋਇ ਮੁਕਾਈਆ । ਤੇਰਾ ਦਰਸ

ਕਰੇ ਨਾ ਕੋਈ ਅੰਦਰ ਲੰਘ, ਕਾਇਆ ਮੰਦਰ ਨਾ ਕੋਇ ਵਡਿਆਈਆ । ਸੇਜ ਸੁਹੰਜਣੀ ਸੋਹੇ ਨਾ ਆਤਮ ਪਲੰਘ, ਜੋਤੀ ਦੀਪਕ ਨੂਰ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਨਿਜ ਮਿਲੇ ਨਾ ਕਿਸੇ ਅਨੰਦ, ਸਾਚਾ ਅਨੰਦ ਨਾ ਕੋਇ ਵਖਾਈਆ । ਭਾਂਡਾ ਭਰਮ ਦੂਈ ਦਵੈਤ ਕੋਈ ਨਾ ਢਾਹਵੇ ਕੰਧ, ਕੰਢੀ ਮਿਲੇ ਨਾ ਬੇਪਰਵਾਹੀਆ । ਤੇਰਾ ਸੋਹਲਾ ਗੀਤ ਗੋਬਿੰਦ ਕੋਈ ਨਾ ਗਾਵੇ ਛੰਦ, ਸੰਸਾ ਰੋਗ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਬੈਠੇ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਮੰਗ, ਦਰ ਸੱਚੇ ਅਲਖ ਜਗਾਈਆ । ਗੁਰ ਅਵਤਾਰ ਕਹਿਣ ਸੂਰੇ ਸਰਬੰਗ, ਪਾਰਬ੍ਰਹਮ ਤੇਰੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਚਾੜ੍ਹ ਰੰਗ, ਚੋਲੀ ਇਕੋ ਕਫਨੀ ਰੂਪ ਵਟਾਈਆ । ਅਲਫ਼ੀ ਵੇਖ ਸਰਬ ਮਲੰਗ, ਹਰਫ਼ੀ ਤੇਰੀ ਸਿਫ਼ਤ ਨਾ ਕੋਇ ਸਾਲਾਹੀਆ । ਅਲਫ਼ ਯੇ ਹੋਈ ਨੰਗ, ਪੜਦਾ ਸਕੇ ਨਾ ਕੋਇ ਪਾਈਆ । ਚੌਦਾਂ ਤਬਕ ਦਿਸਣ ਭੰਗ, ਚੌਦਾਂ ਲੋਕ ਰਹੇ ਕੁਰਲਾਈਆ । ਚੌਦਾਂ ਵਿਦਿਆ ਕਿਸੇ ਨਾ ਪਾਵੇ ਠੰਡ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਭੇਖ ਪਖੰਡ, ਸੱਤ ਦੀਪ ਅੰਧੇਰਾ ਨਜ਼ਰੀ ਆਈਆ । ਆਤਮ ਸਭ ਦੀ ਹੋਈ ਰੰਡ, ਪਰਮਾਤਮ ਕੰਤ ਨਾ ਕੋਇ ਹੰਢਾਈਆ । ਚਾਰ ਵਰਨੋਂ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਵਰਨਾਂ ਬਰਨਾਂ ਪਾ ਠੰਡ, ਕਲਜੁਗ ਜੀਵ ਕਰੇ ਨਾ ਕੋਇ ਲੜਾਈਆ । ਰੂਪ ਨਜ਼ਰ ਆਏ ਇਕੋ ਹੰ, ਹੰ ਬ੍ਰਹਮ ਦੇ ਜਣਾਈਆ । ਪਿਛਲਾ ਪੈਂਡਾ ਮੁੱਕੇ ਪੰਧ, ਅੱਗੇ ਮਾਰਗ ਇਕ ਵਖਾਈਆ । ਤੇਰਾ ਖੇਲ ਸਦਾ ਸਚਖੰਡ, ਲੋਕਮਾਤ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵਖਾ ਸੱਚਾ ਘਰ, ਜਿਸ ਘਰ, ਮਿਲਿਆਂ ਦੂਜਾ ਨਜ਼ਰ ਕੋਇ ਨਾ ਆਈਆ । ਵਿਸ਼ਨ ਕਹੇ ਦੇ ਵਿਸ਼ਵ ਧਾਰ, ਵਾਸਤਕ ਆਪਣਾ ਜੋੜ ਜੁੜਾਈਆ । ਬ੍ਰਹਮਾ ਕਹੇ ਪਾਰਬ੍ਰਹਮ ਪ੍ਰਭ ਕਰ ਪਿਆਰ, ਬ੍ਰਹਮ ਆਪਣੇ ਲੇਖੇ ਲਾਈਆ । ਸ਼ੰਕਰ ਕਹੇ ਮੇਰੀ ਤ੍ਰਿਸੂਲ ਕਰੇ ਨਿਮਸਕਾਰ, ਨਿਉਂ ਨਿਉਂ ਲਾਗੇ ਪਾਈਆ । ਤ੍ਰੈਗੁਣ ਮਾਇਆ ਮੰਗੇ ਚਰਨ ਛਾਰ, ਧੂੜੀ ਟਿੱਕਾ ਇਕੋ ਲਾਈਆ । ਪੰਜ ਤਤ ਕਰਨ ਨਿਮਸਕਾਰ, ਸਜਦਾ ਸੀਸ ਝੁਕਾਈਆ । ਤੇਰਾ ਨੂਰ ਜੁਗ ਜੁਗ ਅੰਦਰ ਵਾੜ, ਸਾਚੀ ਸੇਵ ਕਮਾਈਆ । ਤੇਰਾ ਖੇਲ ਗੁਰ ਅਵਤਾਰ, ਪੀਰ ਪੈਗ਼ੰਬਰ ਤੇਰੀ ਰੁਸ਼ਨਾਈਆ । ਤੇਰਾ ਮਹਲ ਉਚ ਅਟੱਲ ਮਨਾਰ, ਤੇਰੀ ਮਹਿਫ਼ਲ ਇਕੋ ਨਜ਼ਰੀ ਆਈਆ । ਤੂੰ ਸਾਹਿਬ ਸੁਲਤਾਨ ਪ੍ਰਭ ਸਭ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਸਦੀ ਚੌਧਵੀਂ ਵੇਖ ਹਾਲ, ਇਕ ਚਾਰ ਡੇਰਾ ਢਾਹੀਆ । ਬੀਸ ਬੀਸੇ ਬਣ ਦਲਾਲ, ਨਿਰਗੁਣ ਸਰਗੁਣ ਤੇਰਾ ਧਿਆਨ ਲਗਾਈਆ । ਚਾਰੋਂ ਕੁੰਟ ਕੂਕਦਾ ਕਾਲ, ਸੀਸ ਨਗਾਰਾ ਸਰਬ ਵਜਾਈਆ । ਸੰਤ ਸੁਹੇਲੇ ਪ੍ਰਭ ਆ ਕੇ ਭਾਲ, ਗੁਰ ਚੇਲੇ ਲੈ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਨਿਰਗੁਣ ਸਰਗੁਣ ਤੇਰੀ ਓਟ ਤਕਾਈਆ । ਨਿਰਗੁਣ ਸਰਗੁਣ ਬੇਪ੍ਰਵਾਹ, ਪਾਰਬ੍ਰਹਮ ਪ੍ਰਭ ਇਕੋ ਠਾਕਰ ਨਜ਼ਰੀ ਆਈਆ । ਕਲਜੁਗ ਅੰਤਮ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਸਚ ਮਲਾਹ, ਏਥੇ ਓਥੇ ਬੇੜਾ ਦੋ ਜਹਾਨਾਂ ਪਾਰ ਕਰਾਈਆ । ਇਸ਼ਟ ਦੇਵ ਤੇਰਾ ਰਹੇ ਮਨਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ



੪ ੧੯

ਗੀਤਾ ਗਿਆਨ ਅੰਜੀਲ ਕੁਰਾਨ ਤੇਰੀ ਸਿਫ਼ਤ ਰਹੇ ਗਾ, ਸਿਫ਼ਤੀ ਸਿਫ਼ਤ ਸਿਫ਼ਤ ਅਲਾਈਆ । ਤੇਰੇ ਮਿਲਣ ਦਾ ਜਨ ਭਗਤਾਂ ਸਦਾ ਚਾਅ, ਚਾਉ ਘਨੇਰਾ ਇਕ ਵਖਾਈਆ । ਕਲਜੁਗ ਭਵਰੀ ਵਿਚੋਂ ਬਾਹਰ ਕਢਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਤੇਰੇ ਅੱਗੇ ਇਕ ਸਦਾ, ਸੱਦਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵਖਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪੁਰਖ ਅਕਾਲ ਖੋਲ੍ਹ ਦਰਵਾਜ਼ਾ, ਚਾਰ ਅਠਾਰਾਂ ਤੇਰਾ ਧਿਆਨ ਲਗਾਈਆ । ਗ਼ਰੀਬ ਨਿਮਾਣਿਆਂ ਮੇਲ ਗ਼ਰੀਬ ਨਿਵਾਜ਼ਾ, ਕੂੜੀ ਗੁਰਬਤ ਡੇਰਾ ਢਾਹੀਆ । ਸਾਚੇ ਕਾਅਬੇ ਕਰਾ ਹਾਜਾ, ਹਜਰਤ ਤੇਰਾ ਸਜਦਾ ਇਕੋ ਭਾਈਆ । ਨਾਮ ਅਗੰਮੀ ਵਜਾ ਵਾਜਾ, ਰਾਗ ਧੁਨ ਇਕ ਸ਼ਨਵਾਈਆ । ਸਾਚਾ ਰਾਮ ਦਿਸੇ ਸਾਥਾ, ਸਗਲਾ ਸੰਗ ਨਿਭਾਈਆ । ਨਾਨਕ ਗੋਬਿੰਦ ਮੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਤੇਰਾ ਨੂਰ ਨਜ਼ਰੀ ਆਈਆ । ਤੇਰਾ ਭੇਵ ਕਿਸੇ ਨਾ ਜਾਤਾ, ਤੇਰੀ ਸਮਝ ਕੋਇ ਨਾ ਪਾਈਆ । ਸਾਹਿਬ ਸਤਿਗੁਰ ਜਨ ਭਗਤਾਂ ਬਣ ਪਿਤਾ ਮਾਤਾ, ਪੂਤ ਸਪੂਤੇ ਗੋਦ ਉਠਾਈਆ । ਚਰਨ ਕਵਲ ਜੋੜ ਨਾਤਾ, ਧਰਤ ਧਵਲ ਦੇ ਵਡਿਆਈਆ । ਹੋ ਸਹਾਈ ਅਨਾਥ ਅਨਾਥਾ, ਦੀਨਨ ਤੇਰੀ ਓਟ ਤਕਾਈਆ । ਲਹਿਣਾ ਦੇਣਾ ਚੁਕਾ ਮਸਤਕ ਮਾਥਾ, ਪੂਰਬ ਸਭ ਦੀ ਝੋਲੀ ਪਾਈਆ । ਬਿਨ ਤੇਰੇ ਕਾਇਆ ਦਿਸੇ ਖ਼ਾਲੀ ਕਾਸਾ, ਵਸਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਘਰ, ਜਿਸ ਘਰ ਬਹਿ ਕੇ ਧੁਰ ਦਾ ਹੁਕਮ ਜਣਾਈਆ । ਪੁਰਖ ਅਕਾਲ ਪ੍ਰਭ ਕਿਰਪਾ ਕਰ, ਕਰਨਹਾਰ ਕਰਤਾਰੇ । ਕੂੜੀ ਕਿਰਿਆ ਮਾਤ ਹਰ, ਸਚ ਸੋਹੇ ਤੇਰਾ ਇਕ ਦਰਬਾਰੇ । ਚਾਰ ਵਰਨਾਂ ਚੁੱਕੇ ਡਰ, ਭਾਂਡਾ ਭਰਮ ਭੌ ਨਵਾਰੇ । ਬੰਕ ਸੁਹਾ ਸੱਚਾ ਗੜ੍ਹ, ਜਿਸ ਗ੍ਰਿਹਿ ਤੇਰਾ ਨੂਰ ਉਜਿਆਰੇ । ਕਾਇਆ ਪੌੜੇ ਸੱਚੇ ਚੜ੍ਹ, ਪਾ ਸਾਰ ਡੂੰਘੀ ਗਾਰੇ । ਸਾਚਾ ਨਾਮ ਇਕੋ ਪੜ੍ਹ, ਸ਼ਬਦ ਅਨਾਦੀ ਬੋਲ ਜੈਕਾਰੇ । ਗ਼ਰੀਬ ਨਿਮਾਣੇ ਆਪੇ ਫੜ, ਡੁਬਦੇ ਲਾ ਪਾਰ ਕਿਨਾਰੇ । ਕਲਜੁਗ ਅਗਨੀ ਰਹੇ ਸੜ, ਤੁਧ ਬਿਨ ਅੰਤ ਨਾ ਕੋਈ ਠਾਰੇ । ਕਿਰਪਾ ਕਰ ਨਰਾਇਣ ਨਰ, ਦਰ ਤੇਰੇ ਸਰਬ ਪਨਹਾਰੇ । ਆਦਿ ਜੁਗਾਦੀ ਤੇਰਾ ਲੇਖਾ ਚੋਟੀ ਜੜ੍ਹ, ਸਦ ਤੇਰਾ ਰੂਪ ਅਪਾਰੇ । ਭਗਤ ਭਗਵਾਨ ਲਗਾ ਲੜ, ਜੁਗ ਦੇ ਵਿਛੜੇ ਮੇਲ ਪਿਆਰੇ । ਦਰਸ ਦਿਖਾ ਉਪਰ ਸ਼ਾਹ ਰਗ, ਨਿਰਮਲ ਨੂਰ ਕਰ ਉਜਿਆਰੇ । ਜੋਤੀ ਦੀਪਕ ਜਾਏ ਜਗ, ਮਿਟੇ ਅਮਾਵਸ ਕੂੜ ਰੈਣ ਅੰਧਿਆਰੇ । ਕਲਜੁਗ ਲੇਖਾ ਚੁੱਕੇ ਕੂੜੀ ਹੱਦ, ਸਤਿਜੁਗ ਵੱਜਣੇ ਤੇਰੇ ਨਾਮ ਨਗਾਰੇ । ਪ੍ਰੇਮ ਪ੍ਰੀਤੀ ਦੇ ਮਦ, ਸਦਾ ਚੜ੍ਹੇ ਰਹਿਣ ਖੁਮਾਰੇ । ਲੋਕਮਾਤ ਰੱਖ ਲੱਜ, ਲਜਿਆਵੰਤ ਸਿਰਜਣਹਾਰੇ । ਠਾਕਰ ਹੋ ਕੇ ਪਰਦਾ ਕੱਜ, ਓਢਣ ਦੇ ਆਪ ਕਰਤਾਰੇ । ਸ਼ਬਦ ਗੁਰੂ ਗੁਰਦੇਵ ਹੋ ਕੇ ਗੱਜ, ਦੋ ਜਹਾਨ ਤੇਰੇ ਪਨਿਹਾਰੇ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਜੁਗ ਚੌਕੜੀ ਤੈਨੂੰ ਰਹੇ ਸੱਦ, ਭਗਤ ਭਗਵਾਨ ਰਾਹ ਤੱਕਣ ਤੇਰੇ ਦੁਲਾਰੇ । ਪੁਰੀ ਲੋਅ ਬ੍ਰਹਿਮੰਡ ਖੰਡ ਚਰਨਾਂ ਹੇਠਾਂ ਦੱਬ, ਕਿਰਪਾ ਕਰ ਏਕੰਕਾਰੇ । ਲੋਕਮਾਤ ਆ ਕੇ ਸਜ, ਸਾਚਾ ਧਾਮ ਕਰ ਉਜਿਆਰੇ । ਸੰਬਲ ਨਗਰ ਆ ਕੇ ਵਸ, ਗੋਬਿੰਦ ਮਿਲ ਮੀਤ ਮੁਰਾਰੇ । ਨਾਮ ਨਗਾਰਾ ਹੋ ਕੇ ਵੱਜ, ਨੌ ਖੰਡ ਤੇਰੇ ਸਹਾਰੇ । ਜਨ ਭਗਤਾਂ ਅੰਤਰ ਆ ਕੇ ਵਸ, ਭਾਗ ਲਗਾ ਕਾਇਆ ਮਹਲ ਮੁਨਾਰੇ । ਸਭ ਦੀ ਪੂਰੀ ਕਰ ਆਸ, ਆਸਾਵੰਤ ਸੱਚੀ ਸਰਕਾਰੇ । ਤੇਰੇ ਮਿਲਣ ਦੀ ਰੱਖੀ ਪਿਆਸ, ਤ੍ਰਿਖਾ ਕੋਈ ਨਾ ਅਵਰ ਉਤਾਰੇ । ਪੁਰਖ ਅਕਾਲ ਦੀਨ

ਦਿਆਲ ਸਦਾ ਸੁਹੇਲੇ ਵਸ ਪਾਸ, ਜਗਤ ਵਿਛੋੜਾ ਪੰਧ ਨਿਵਾਰੇ । ਤੇਰਾ ਸਿਮਰਨ ਤੇਰਾ ਪਾਠ, ਤੇਰੀ ਪੂਜਾ ਤੇਰੇ ਸ਼ਿਵਦੁਆਲੇ ਮੱਠ ਗੁਰੂਦਵਾਰੇ । ਕਲਜੁਗ ਅੰਤਮ ਆ ਕੇ ਰੱਖ, ਪ੍ਰਤੱਖ ਰੂਪ ਨਿਸਤਾਰੇ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਨੈਣ ਉਘਾੜੇ । ਤੇਰੀ ਸਰਨ ਜਾਈਏ ਢੱਠ, ਦੋਏ ਜੋੜ ਜੋੜ ਨਿਮਸਕਾਰੇ । ਸਦੀ ਬੀਸਵੀਂ ਰਹੀ ਨੱਠ, ਆਪ ਆਪਣਾ ਪੰਧ ਵਿਚਾਰੇ । ਕਿਰਪਾ ਕਰ ਪੁਰਖ ਸਮਰਥ, ਅਲਖ ਨਿਰੰਜਣ ਸ਼ਹਿਨਸ਼ਾਹ ਵਡ ਬਲਕਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇ ਧੁਰ ਦਾ ਵਰ, ਦਰ ਮੰਗਣ ਭੀਖ ਭਿਖਾਰੇ । ਦਰ ਮੰਗਣ ਭੀਖ ਪਾ ਪ੍ਰਭ ਭਿਛਿਆ, ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਕਰ ਰੱਛਿਆ, ਰੱਛਕ ਪਾਲਕ ਇਕੋ ਨਜ਼ਰੀ ਆਈਆ । ਨਾਨਕ ਗੋਬਿੰਦ ਲੇਖ ਜੋ ਲਿਖਿਆ, ਨਾ ਸਕੇ ਕੋਇ ਮਿਟਾਈਆ । ਚਾਰ ਵਰਨਾਂ ਅੰਦਰ ਤੇਰਾ ਨੂਰ ਦਿਸਿਆ, ਜੋਤੀ ਜੋਤ ਜੋਤ ਰੁਸ਼ਨਾਈਆ । ਤੁਧ ਬਿਨ ਕੋਈ ਨਾ ਦੇਵੇ ਧੁਰ ਦੀ ਸਿਖਿਆ, ਸਾਚੀ ਕਰੇ ਨਾ ਕੋਇ ਪੜ੍ਹਾਈਆ । ਨੌ ਰਸ ਹੋਏ ਫਿਕਿਆ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਸਾਹਿਬ ਸਤਿਗੁਰ ਤੇਰਾ ਨੂਰ ਕਦੇ ਨਾ ਜਾਏ ਭਿਟਿਆ, ਦੀਨ ਮਜ਼੍ਹਬ ਜਾਤ ਪਾਤ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਸਦਾ ਅਨਡਿਠਿਆ, ਜਗਤ ਜੀਵ ਬਿਨ ਤੇਰੇ ਸਮਝ ਕੋਇ ਨਾ ਪਾਈਆ । ਜਨ ਭਗਤਾਂ ਬਣ ਮਾਈ ਪਿਤਿਆ, ਪਿਤਾ ਪੁਰਖ ਤੇਰੀ ਸਰਨਾਈਆ । ਕਾਇਆ ਮੰਦਰ ਅੰਦਰ ਆ ਕੇ ਕਰ ਹਿਤਿਆ, ਹਿਤ ਆਪਣਾ ਦੇ ਜਣਾਈਆ । ਵੱਡੇ ਵੱਡੇ ਵਡ ਅਤਿ ਨੀਕਣ ਨਿਕਿਆ, ਨਿਰਗੁਣ ਸਰਗੁਣ ਤੇਰੀ ਧਾਰ ਤੇਰੇ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਤੇਰੀ ਆਸਾ ਹਰਿਜਨ ਜਨਹਰਿ ਇਕੋ ਇਕ ਰਖਾਈਆ ।

★ ੧੨ ਮੱਘਰ ੨੦੨੦ ਬਿਕਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ★

ਜਨ ਭਗਤਾਂ ਪ੍ਰਭ ਸੱਚਾ ਮੀਤ, ਸੋ ਪੁਰਖ ਨਿਰੰਜਣ ਨਜ਼ਰੀ ਆਇੰਦਾ । ਚਰਨ ਕਵਲ ਬੰਧਾਏ ਸਚ ਪ੍ਰੀਤ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਘਰ ਵਖਾਏ ਇਕ ਅਨਡੀਠ, ਏਕੰਕਾਰਾ ਪੜ੍ਹਦਾ ਲਾਹਿੰਦਾ । ਇਕ ਇਕੱਲਾ ਵਸੇ ਚੀਤ, ਆਦਿ ਨਿਰੰਜਣ ਨੂਰ ਰੁਸ਼ਨਾਇੰਦਾ । ਸਚ ਸਤਿ ਸੁਣਾਏ ਗੀਤ, ਅਬਿਨਾਸ਼ੀ ਕਰਤਾ ਰਾਗ ਅਲਾਇੰਦਾ । ਕਾਇਆ ਕਰੇ ਠਾਂਡੀ ਸੀਤ, ਸ੍ਰੀ ਭਗਵਾਨ ਮੇਘ ਬਰਸਾਇੰਦਾ । ਆਤਮ ਪੂਰੀ ਕਰੇ ਉਡੀਕ, ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਇੰਦਾ । ਦੂਰ ਦੁਰਾਡਾ ਨਜ਼ਰ ਆਏ ਨਜ਼ਦੀਕ, ਘਰ ਸੱਚਾ ਇਕ ਸੁਹਾਇੰਦਾ । ਜੁਗ ਚੌਕੜੀ ਦੱਸੇ ਅਵੱਲੜੀ ਰੀਤ, ਮਾਰਗ ਪਾਂਧੀ ਆਪ ਬਣਾਇੰਦਾ । ਨਾਤਾ ਤੋੜ ਮੰਦਰ ਮਸੀਤ, ਘਰ ਘਰ ਵਿਚ ਆਪ ਵਖਾਇੰਦਾ । ਕਰਨਹਾਰਾ ਨੀਚੋਂ ਊਚ, ਊਚੋਂ ਨੀਚ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਆਪ ਪ੍ਰਗਟਾਇੰਦਾ । ਜੁਗ ਜੁਗ ਜਨ ਭਗਤਾਂ ਜੋਗ, ਜਗ ਜੀਵਨ ਦਾਤਾ ਆਪ ਜਣਾਈਆ । ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਸਾਚਾ ਮੇਲਾ ਲਏ ਮਿਲਾਈਆ । ਭਾਗ ਲਗਾ ਕਾਇਆ ਕੋਟ, ਬੰਕ ਦਵਾਰਾ ਦਏ ਸੁਹਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਚੁਕਾਈਆ । ਲੇਖਾ ਚੁੱਕੇ ਹਰਖ

ਸੋਗ, ਚਿੰਤਾ ਗ਼ਮ ਨਾ ਕੋਇ ਵਖਾਈਆ । ਨਾਮ ਸੁਣਾਏ ਇਕ ਸਲੋਕ, ਸੋਹੰ ਢੋਲਾ ਰਾਗ ਅਲਾਈਆ । ਆਸਾ ਕਰੇ ਪੂਰੀ ਲੋਚਣ ਲੋਚ, ਨਿਜ ਨੇਤਰ ਦਰਸ ਦਿਖਾਈਆ । ਵੱਜੇ ਵਧਾਈ ਲੋਕ ਪਰਲੋਕ, ਦੋ ਜਹਾਨ ਰਹੇ ਜਸ ਗਾਈਆ । ਸਚ ਪ੍ਰੀਤੀ ਦੱਸੇ ਇਕੋ ਓਟ, ਦੂਜਾ ਇਸ਼ਟ ਨਾ ਕੋਇ ਵਖਾਈਆ । ਕਾਮ ਕਾਮਨੀ ਕੱਢੇ ਵਿਚੋਂ ਖੋਟ, ਮਾਇਆ ਮਮਤਾ ਦਏ ਗਵਾਈਆ । ਜਨਮ ਕਰਮ ਦਾ ਕੱਟੇ ਰੋਸ, ਮੇਲ ਮਿਲਾਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਭੰਡਾਰ ਅਤੋਟ, ਨਿਖੁਟ ਕਦੇ ਨਾ ਜਾਈਆ । ਭਗਤਾਂ ਦੇਵੇ ਪ੍ਰਭ ਧੁਰ ਦੀ ਰਾਸ, ਵਸਤ ਅਮੋਲਕ ਨਾਮ ਝੋਲੀ ਪਾਈਆ । ਨਿਰਗੁਣ ਹੋ ਕੇ ਵਸੇ ਪਾਸ, ਨਿਰਾਕਾਰ ਨਜ਼ਰੀ ਆਈਆ । ਕਾਹਨ ਹੋ ਕੇ ਪਾਵੇ ਰਾਸ, ਮੰਡਲ ਨਾਚ ਨਚਾਈਆ । ਸੇਵਕ ਹੋ ਕੇ ਬਣੇ ਦਾਸ, ਸਾਚੀ ਸੇਵ ਕਮਾਈਆ । ਠਾਕਰ ਹੋ ਕੇ ਪੂਰੀ ਕਰੇ ਆਸ, ਤ੍ਰਿਸਨਾ ਆਪਣੀ ਝੋਲੀ ਪਾਈਆ । ਪ੍ਰੀਤਮ ਹੋ ਕੇ ਅੰਦਰ ਕਰੇ ਵਾਸ, ਪ੍ਰੇਮ ਪ੍ਰੀਤੀ ਆਪਣੇ ਨਾਲ ਰਖਾਈਆ । ਸ਼ਹਿਨਸ਼ਾਹ ਹੋ ਕੇ ਦੇਵੇ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਲਏ ਤਰਾਈਆ । ਜੁਗ ਜੁਗ ਭਗਤਾਂ ਦੇਵੇ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਬੁੱਧੀ ਕਰੇ ਆਪ ਬਿਬੇਕ, ਮਨ ਮਤ ਨਾ ਕੋਇ ਜਣਾਇੰਦਾ । ਪੂਰਬ ਲੇਖਾ ਜਾਣੇ ਲੇਖ, ਜਨਮ ਕਰਮ ਆਪ ਬਣਾਇੰਦਾ । ਖੇਲ ਖਿਲਾਏ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਇੰਦਾ । ਭੇਵ ਖੁਲ੍ਹਾਏ ਆਪਣਾ ਭੇਤ, ਭੇਖ ਆਪਣਾ ਆਪ ਜਣਾਇੰਦਾ । ਬਿਨ ਅੱਖਾਂ ਲਵੇ ਵੇਖ, ਬਿਨ ਰਸਨਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਦਇਆ ਕਮਾਏ ਠਾਕਰ, ਸਤਿਗੁਰ ਪੂਰਾ ਵਡ ਵਡਿਆਈਆ । ਪਾਰ ਕਰਾਏ ਕਾਇਆ ਕਵਰੀ ਡੂੰਘਾ ਸਾਗਰ, ਚੱਪੂ ਇਕੋ ਨਾਮ ਵਖਾਈਆ । ਲੇਖਾ ਜਾਣੇ ਮਾਟੀ ਗਾਗਰ, ਕਾਚੀ ਗਗਰੀਆ ਖੋਜ ਖੁਜਾਈਆ । ਵਣਜ ਕਰਾਏ ਬਣ ਸੌਦਾਗਰ, ਸੌਦਾ ਆਪਣੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤ ਵੇਖੇ ਪ੍ਰਭ ਠਾਕਰ ਆਪ, ਹਰਿ ਆਪਣੀ ਦਇਆ ਕਮਾਈਆ । ਜਿਨ੍ਹਾਂ ਦੱਸੇ ਧੁਰ ਦਾ ਜਾਪ, ਸੋਹੰ ਢੋਲਾ ਦਏ ਜਣਾਈਆ । ਰਸਨਾ ਕਹਿਣ ਤੂੰ ਮੇਰਾ ਮੈਂ ਤੇਰਾ ਸਾਕ, ਹੰ ਬ੍ਰਹਮ ਵਿਛੜ ਕਦੇ ਨਾ ਜਾਈਆ । ਸੋ ਪੁਰਖ ਨਿਰੰਜਣ ਅਨਾਥਾਂ ਨਾਥ, ਦੀਨ ਦਿਆਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਗੋਦ ਸੁਹਾਈਆ । ਜਨ ਭਗਤ ਬਹਾਏ ਆਪਣੀ ਗੋਦੀ, ਕੁੱਖ ਜਨਨੀ ਲੇਖੇ ਲਾਇੰਦਾ । ਕੋਈ ਨਾ ਜਾਣੇ ਗਿਆਨੀ ਧਿਆਨੀ ਬੋਧੀ, ਬੁੱਧੀ ਵਿਚਾਰ ਵਿਚ ਕਦੇ ਨਾ ਆਇੰਦਾ । ਜਿਨ੍ਹਾਂ ਬਖਸ਼ੇ ਆਪਣੀ ਸੋਝੀ, ਸੋ ਗੁਰਮੁਖ ਚਤੁਰ ਸੁਘੜ ਸੁਜਾਨ ਮੂਰਖ ਮੂੜ੍ਹੇ ਧੰਦੇ ਲਾਇੰਦਾ । ਫੜ ਚੜ੍ਹਾਵੇ ਧੁਰ ਦੀ ਚੋਟੀ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਕਰੇ ਪਰਕਾਸ਼ ਆਪਣੀ ਜੋਤੀ, ਜੋਤੀ ਜਾਤਾ ਨੂਰ ਚਮਕਾਇੰਦਾ । ਹਰਿ ਕਾ ਭੇਵ ਸਮਝੇ ਨਾ ਕੋਈ ਜੀਵ ਜੰਤ ਲੋਕੀ, ਅਲੋਕਕ ਆਪਣੀ ਖੇਲ ਰਚਾਇੰਦਾ । ਭਾਗ ਲਗਾਏ ਜਿਉਂ ਰਵਦਾਸ ਚਮਿਆਰੇ ਮੋਚੀ, ਮੁਸ਼ਕਲ ਆਪਣੀ ਹੱਥੀਂ ਹੱਲ ਕਰਾਇੰਦਾ । ਤਿਸ ਸਾਹਿਬ ਦੀ ਸੋਚ ਕਿਸੇ ਨਾ ਸੋਚੀ, ਸੋਚਿਆਂ ਸੋਚ ਵਿਚ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕੋ ਸੋਟੀ, ਨਾਮ ਧਾਰਾ ਹੱਥ ਫੜਾਇੰਦਾ ।

ਜਨ ਭਗਤ ਜਨਾਂ ਪ੍ਰਭ ਚਾੜ੍ਹੇ ਰੰਗ, ਰੰਗ ਗੁਲਾਲਾ ਆਪ ਰੰਗਾਈਆ । ਸਾਚੀ ਸੇਜਾ ਵੇਖ ਪਲੰਘ, ਬਿਨ ਪਾਵਾ ਚੂਲ ਸੁਹਾਈਆ । ਉਤੇ ਬੈਠ ਸੂਰਾ ਸਰਬੰਗ, ਨਿਰਗੁਣ ਆਪਣਾ ਆਸਣ ਲਾਈਆ । ਅਨਹਦ ਨਾਦ ਵੱਜੇ ਮਰਦੰਗ, ਤੁਰੀਆ ਤੁਰਤ ਰਾਗ ਸੁਣਾਈਆ । ਜੋਤ ਨਿਰੰਜਣ ਚਮਕੇ ਚੰਦ, ਰਵਸਸ ਨਜ਼ਰ ਕੋਇ ਨਾ ਆਈਆ । ਨਿਜ਼ ਆਤਮ ਮਿਲੇ ਇਕ ਅਨੰਦ, ਰਸਨਾ ਰਸ ਨਾ ਕੋਇ ਰਖਾਈਆ । ਕੂੜੀ ਕਿਰਿਆ ਨਾ ਕੋਈ ਗੰਦ, ਮਦਿਰਾ ਪਾਨ ਨਾ ਕੋਇ ਜਣਾਈਆ । ਗੁਰਮੁਖ ਨਾਰ ਨਾ ਹੋਏ ਰੰਡ, ਦੁਹਾਗਣ ਰੂਪ ਨਾ ਕੋਇ ਵਟਾਈਆ । ਜਨਮ ਕਰਮ ਦੀ ਟੁੱਟੀ ਗੰਢ, ਬੰਧਨ ਆਪਣਾ ਨਾਮ ਰਖਾਈਆ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਦਸਮ ਦਵਾਰੀ ਖੜ ਕੇ ਸੋਹੰ ਢੋਲਾ ਸੁਣਾਏ ਛੰਦ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਨਜ਼ਰੀ ਆਈਆ । ਅੱਗੇ ਪਿਛੇ ਦੋ ਜਹਾਨਾਂ ਮੁੱਕੇ ਪੰਧ, ਪ੍ਰਭ ਚਰਨ ਮਿਲੇ ਸਰਨਾਈਆ । ਭਗਤ ਭਗਵਾਨ ਰਲ ਮਿਲ ਇਕ ਦੂਜੇ ਦੇ ਵਸਣ ਸੰਗ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਦਏ ਵਡਿਆਈਆ । ਜੁਗ ਜੁਗ ਪ੍ਰਭ ਭਗਤ ਸੁਹੇਲਾ, ਸਾਲਸ ਆਪਣਾ ਖੇਲ ਰਚਾਇੰਦਾ । ਦਰ ਦਰ ਘਰ ਘਰ ਕਰੇ ਮੇਲਾ, ਜਨਮ ਵਿਛੋੜਾ ਪੰਧ ਮੁਕਾਇੰਦਾ । ਕਿਰਪਾ ਕਰ ਸੱਜਣ ਸੁਹੇਲਾ, ਸਹੀ ਸਲਾਮਤ ਇਕੋ ਨਜ਼ਰੀ ਆਇੰਦਾ । ਕਲਜੁਗ ਅੰਤ ਸੁਹਾਏ ਆਪਣਾ ਵੇਲਾ, ਵਾਰ ਥਿਤ ਵੰਡ ਨਾ ਕੋਇ ਵੰਡਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਮਝ ਨਾ ਕੋਇ ਰਖਾਇੰਦਾ । ਜਨ ਭਗਤਾਂ ਚਾੜ੍ਹੇ ਧੁਰ ਦਾ ਤੇਲਾ, ਜੋਤ ਨਿਰੰਜਣ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚੇ ਲਾਏ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਅੰਤਰ ਉਪਜਾਏ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਕੂੜੀ ਕਿਰਿਆ ਕਰ ਤਿਆਗ, ਸਚ ਸੁੱਚ ਝੋਲੀ ਪਾਈਆ । ਜਨਮ ਜਨਮ ਦਾ ਧੋ ਦਾਗ, ਨਿਰਮਲ ਰੂਪ ਵਟਾਈਆ । ਫੜ ਕੇ ਹੰਸ ਬਣਾ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਦੀਪਕ ਜੋਤ ਜਗਾ ਚਿਰਾਗ, ਅਗਿਆਨ ਅੰਧੇਰ ਮਿਟਾਈਆ । ਦੇਵੇ ਵਡਿਆਈ ਵਡ ਵਡ ਭਾਗ, ਭਗਵਨ ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਮਿਲਿਆ ਪ੍ਰਭ ਸਾਹਿਬ ਸਤਿਗੁਰ ਆਜ, ਸੋ ਕਲ ਲੱਭਣ ਕਿਤੇ ਨਾ ਜਾਈਆ । ਤਿਨ੍ਹਾਂ ਸੁਆਰੇ ਧੁਰ ਦੇ ਕਾਜ, ਏਥੇ ਓਥੇ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਪਿਆਰ ਦੇਵੇ ਸਾਥ, ਹਰਿ ਰਘੁਨਾਥ ਟੇਕ ਏਕ ਅਨਕ ਕਲਧਾਰੀ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਅੰਤਰ ਮਾਣੇ ਸਾਚੀ ਸੇਜ, ਤਿਸ ਆਪਣੇ ਅੰਗ ਲਗਾਈਆ ।

★ ੧੨ ਮੱਘਰ ੨੦੨੦ ਬਿਕਰਮੀ ਉਸਮਾਨ ਸ਼ਹੀਦ ਸੜਕ ਉਤੇ ਸੰਤ ਨਾਲ ਜ਼ਿਲਾ ਹੁਸ਼ਿਆਰ ਪੁਰ ★

ਧੰਨ ਭਾਗ ਹੋਵਣ ਧੰਨ ਭਾਗ, ਹਰਿ ਵਡਭਾਗੀ ਸਤਿਗੁਰ ਪਾਇਆ । ਦੁਰਮਤ ਮੈਲ ਧੋਵੇ ਦਾਗ, ਨਿਰਮਲ ਰੂਪ ਵਟਾਇਆ । ਦੀਪਕ ਜੋਤ ਜਗਾਏ ਚਰਾਗ, ਅੰਧ ਅੰਧੇਰ ਗਵਾਇਆ । ਸੁਰਤ ਸਵਾਣੀ ਸ਼ਬਦ ਬਣਾਏ ਸਾਕ, ਸੱਜਣ ਇਕ ਵਖਾਇਆ । ਘਰ ਘਰ ਵਿਚ ਮੇਲ

ਮਿਲਾਏ ਕੰਤ ਸੁਹਾਗ, ਦੁਹਾਗਣ ਆਪਣੇ ਗਲੇ ਲਗਾਇਆ । ਚਰਨ ਪ੍ਰੀਤੀ ਬਖ਼ਸ਼ ਦਾਤ, ਦੁਤਰ ਪਾਰ ਕਰਾਇਆ । ਮਹਲ ਅਟੱਲ ਖੋਲ੍ਹ ਕੇ ਵੇਖੇ ਤਾਕ, ਬੰਦ ਕਿਵਾੜੀ ਕੁੰਡਾ ਲਾਹਿਆ । ਦੀਨ ਦਿਆਲ ਹੋ ਕੇ ਵਸੇ ਸਾਥ, ਅੰਦਰ ਬਾਹਰ ਗੁਪਤ ਜਾਹਰ ਆਪਣਾ ਸੰਗ ਨਿਭਾਇਆ । ਓਸ ਵੇਲੇ ਗੁਰਸਿਖ ਕਹੇ ਮੇਰੇ ਧੰਨ ਭਾਗ, ਜਿਸ ਵੇਲੇ ਸਤਿਗੁਰ ਦਰਸ਼ਨ ਪਾਇਆ । ਸਤਿਗੁਰ ਮਿਲੇ ਸਤਿ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਭਾਗ ਲੱਗਾ ਕਾਇਆ ਮੰਦਰ ਮਸੀਤ, ਗ੍ਰਹਿ ਸਾਚਾ ਹੱਜ ਕਰਾਈਆ । ਕੂੜੀ ਕਿਰਿਆ ਕਰ ਕਰ ਠੰਡੀ ਸੀਤ, ਨਿਝਰ ਝਿਰਨਾ ਅੰਮ੍ਰਿਤ ਧਾਰ ਮੁਖ ਚੁਆਈਆ । ਆਤਮ ਪਰਮਾਤਮ ਮਿਲਣ ਦੀ ਆਪਣੀ ਦੱਸੇ ਰੀਤ, ਦੂਈ ਦਵੈਤੀ ਦੂਰ ਕਰਾਈਆ । ਇਕੋ ਕਲਮਾ ਇਕੋ ਨਾਮ ਪੜ੍ਹਾਏ ਹਦੀਸ, ਹਜ਼ਰਤ ਰਾਮ ਇਕੋ ਰੂਪ ਨਜ਼ਰੀ ਆਈਆ । ਖੇਲੇ ਖੇਲ ਜਗਤ ਜਗਦੀਸ਼, ਜਗਦੀਸ਼ਰ ਆਪਣਾ ਰੰਗ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪਾਰਬ੍ਰਹਮ ਬ੍ਰਹਮ ਬੰਨ੍ਹਾਏ ਸਚ ਪ੍ਰੀਤ, ਸੁਰਤੀ ਸ਼ਬਦੀ ਜੋੜਾ ਜੋੜ ਜੁੜਾਈਆ । ਗੁਰਸਿਖ ਓਸ ਵੇਲੇ ਕਹੇ ਮੇਰੇ ਵਡਭਾਗ ਠੀਕ, ਪ੍ਰਭ ਠਾਕਰ ਇਕੋ ਨਜ਼ਰੀ ਆਈਆ । ਧੰਨ ਭਾਗ ਹੋਵੇ ਕਾਇਆ ਤਨ, ਪੰਜ ਤਤ ਵੱਜੇ ਨਾਮ ਵਧਾਈਆ । ਭਰਮ ਭੁਲੇਖਾ ਨਿਕਲੇ ਜਨ, ਭੈ ਭੌ ਨਜ਼ਰ ਕੋਇ ਨਾ ਆਈਆ । ਨਿਰਮਲ ਜੋਤ ਚੜ੍ਹੇ ਚੰਨ, ਚੌਦਸ ਚੰਦ ਨੈਣ ਸ਼ਰਮਾਈਆ । ਮਨ ਕੀ ਵਾਸਨਾ ਮੇਟੇ ਮਨ, ਮਨ ਮਣਕਾ ਆਪ ਭਵਾਈਆ । ਸਾਚਾ ਦੇ ਨਾਮ ਧੰਨ, ਖ਼ਾਲੀ ਝੋਲੀ ਦਏ ਭਰਾਈਆ । ਓਸ ਵੇਲੇ ਗੁਰਮੁਖ ਕਹੇ ਮੇਰੇ ਵਡ ਭਾਗ ਧੰਨ, ਪ੍ਰਭ ਮਿਲਿਆ ਬੇਪਰਵਾਹੀਆ । ਧੰਨ ਭਾਗ ਕਹੇ ਕਿਹੜਾ, ਗੁਰਮੁਖ ਵਿਰਲਾ ਨਜ਼ਰੀ ਆਈਆ । ਜਿਸ ਦਾ ਸਤਿਗੁਰ ਬੰਨ੍ਹਿਆ ਬੇੜਾ, ਬਣ ਖੇਵਟ ਖੇਟਾ ਆਪਣੇ ਕੰਧ ਉਠਾਈਆ । ਭੇਵ ਚੁਕਾਇਆ ਤੇਰਾ ਮੇਰਾ, ਮੈਂ ਤੂੰ ਰਹਿਣ ਕੋਇ ਨਾ ਪਾਈਆ । ਨਜ਼ਰੀ ਆਇਆ ਨੇਰਨ ਨੇਰਾ, ਘਰ ਘਰ ਵਿਚ ਵੇਖ ਵਖਾਈਆ । ਕਾਇਆ ਮੰਦਰ ਵਸੇ ਖੇੜਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਇੰਡ ਪਿੰਡ ਬ੍ਰਹਿਮੰਡ ਜਿਸ ਦਾ ਡੇਰਾ, ਸੋ ਵੇਖਣਹਾਰਾ ਥਾਉਂ ਥਾਈਂਆ । ਲੱਖ ਚੁਰਾਸੀ ਮੁਕਾਏ ਗੇੜਾ, ਆਵਣ ਜਾਵਣ ਪੰਧ ਕਟਾਈਆ । ਚਰਨ ਕਵਲ ਕਰਾਏ ਇਕ ਵਸੇਰਾ, ਬਿਸਤਰ ਸੋਹਣੀ ਸੇਜ ਸੁਹਾਈਆ । ਅੱਠੇ ਪਹਿਰ ਰੱਖੇ ਸੰਝ ਸਵੇਰਾ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਓਸ ਵੇਲੇ ਜਨ ਭਗਤ ਕਹੇ ਧੰਨ ਭਾਗ ਪ੍ਰਭ ਮਹਲ ਵਖਾਇਆ ਉਚ ਉਚੇਰਾ, ਜਿਸ ਘਰ ਆਪਣਾ ਆਸਣ ਲਾਈਆ । ਧੰਨ ਭਾਗ ਕਹੇ ਜਨ ਸਾਧ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਸਤਿਗੁਰ ਪੂਰਾ ਦੇਵੇ ਦਾਦ, ਦੌਲਤ ਆਪਣਾ ਨਾਮ ਵਰਤਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਦਰਸਾਈਆ । ਕੋਟ ਜਨਮ ਦੇ ਮੇਟ ਅਪਰਾਧ, ਪਤਤ ਪਾਪੀ ਆਪਣੇ ਰੰਗ ਰੰਗਾਈਆ । ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਸ਼ਬਦ ਅਗੰਮੀ ਸੁਣਾਏ ਆਵਾਜ਼, ਧੁਨ ਆਤਮਕ ਰਾਗ ਅਲਾਈਆ । ਓਸ ਵੇਲੇ ਸੰਤ ਜੀ ਸੰਤ ਕਹਿਣ ਵਡ ਭਾਗ, ਹਰਿ ਦਾਤਾ ਦਾਨੀ ਗਹਿਰ ਗੰਭੀਰ ਬਿਨ ਕਾਇਆ ਤਤ ਸਰੀਰ ਬੇਨਜ਼ੀਰ ਨੂਰ ਨੁਰਾਨਾ ਨਜ਼ਰੀ ਆਈਆ । ਧੰਨ ਭਾਗ ਕਹੇ ਤਤ ਕਾਇਆ ਚੋਲੀ, ਪੰਚਮ ਪੰਚ ਮਿਲੇ ਵਡਿਆਈਆ । ਸਦਕੇ ਵਾਰੀ ਘੋਲ ਘੋਲੀ, ਪੀਸਨ ਪੀਸ ਸੇਵ ਕਮਾਈਆ । ਜਿਸ ਸਤਿਗੁਰ ਚੁੱਕੀ ਮੇਰੀ ਡੋਲੀ, ਬਣ ਕਹਾਰ ਕੰਧ ਉਠਾਈਆ । ਪ੍ਰੇਮ ਪਿਆਰ ਕਰ ਕੇ ਦੱਸੀ ਆਪਣੀ ਬੋਲੀ, ਬਿਨ ਰਸਨਾ ਜਿਹਵਾ ਗਾਈਆ । ਤਿਸ ਪ੍ਰੇਮ ਪ੍ਰੀਤੀ ਅੰਦਰ ਮੌਲੀ, ਸੋ ਮੌਲਾ ਇਕੋ ਰੂਪ ਦਰਸਾਈਆ । ਜਿਨ ਉਲਟੀ ਕੀਤੀ ਨਾਭ ਕੌਲੀ,



੯ ੧੯

ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਜਿਸ ਦੀ ਜੋਤ ਨੂਰ ਨੁਰਾਨੀ ਇਕੋ ਅਵਲੀ, ਆਲਮੀਨ ਰਿਹਾ ਸਮਾਈਆ । ਉਸ ਪਿਛੇ ਵੈਰਾਗਣ ਹੋਈ ਬਵਲੀ, ਭੱਜਾਂ ਵਾਹੋ ਦਾਹੀਆ । ਧੰਨ ਭਾਗ ਓਸ ਧਰਨੀ ਧਰਤ ਧਵਲੀ, ਜਿਸ ਗ੍ਰਿਹਿ ਸੰਤ ਸਤਿਗੁਰ ਬੈਠੇ ਡੇਰਾ ਲਾਈਆ । ਧੰਨ ਭਾਗ ਕਹੇ ਧਰਨੀ ਧਰਤ, ਘਰ ਵੱਜੇ ਮੇਰੇ ਵਧਾਈਆ । ਸੋਭਾਵੰਤ ਪ੍ਰਭ ਨਜ਼ਰੀ ਆਇਆ ਕੰਤ, ਕੰਤ ਕੰਤੂਲ ਵੱਡੀ ਵਡਿਆਈਆ । ਜਿਸ ਨੇ ਸੇਵਾ ਲਾਏ ਗੁਰਮੁਖ ਸੰਤ, ਦਿਵਸ ਰੈਣ ਇਕੋ ਨਾਮ ਧਿਆਈਆ । ਤਿਨ੍ਹਾਂ ਮਿਲ ਕੇ ਮੇਰੀ ਚੋਲੀ ਚੜ੍ਹੇ ਰੰਗ ਬਸੰਤ, ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਧੂੜੀ ਮਸਤਕ ਟਿੱਕਾ ਲਾ ਕਰਾਂ ਮਿੰਨਤ, ਦੋਏ ਦੋਏ ਜੋੜ ਲਾਗਾਂ ਪਾਈਆਂ । ਕਲਜੁਗ ਅੰਤਮ ਕਿਸੇ ਵਿਚ ਨਾ ਵੇਖੀ ਹਿੰਮਤ, ਜੋ ਹਰਿ ਜੂ ਰੁਸਿਆਂ ਲਏ ਮਨਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਕਰਦੇ ਇਲਤ, ਆਲਮ ਉਲਮਾ ਬਣੀ ਲੋਕਾਈਆ । ਬਿਨ ਭਗਤਾਂ ਗੁਰਮੁਖਾਂ ਹਰਿ ਮਿਲਣ ਦੀ ਕੋਈ ਨਾ ਕਰੇ ਮਿਹਨਤ, ਮਜ਼ਦੂਰੀ ਸਚ ਨਾ ਕੋਇ ਕਮਾਈਆ । ਧੰਨ ਭਾਗ ਗੁਰਮੁਖਾਂ ਪ੍ਰਭ ਨਾਮ ਸ਼ੀਸ਼ਾ ਦਿਤੀ ਐਨਕ, ਪਰਦਾ ਦੂਈ ਦਵੈਤ ਉਠਾਈਆ । ਸੰਤ ਜੀ ਸਾਹਿਬ ਸਤਿਗੁਰ ਮਾਰੇ ਇਕੋ ਸੈਨਤ, ਘਰ ਇਸ਼ਾਰੇ ਨਾਲ ਆਈਆ ।

★ ੧੨ ਮੱਘਰ ੨੦੨੦ ਬਿਕਰਮੀ ਅਰਜਣ ਸਿੰਘ ਦੇ ਗ੍ਰਿਹਿ ਸਲੀਮ ਪੁਰ ਜ਼ਿਲਾ ਹੁਸ਼ਿਆਰ ਪੁਰ ★



ਕਿਰਪਾ ਕਰ ਪੁਰਖ ਸਮਰਥ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਵਿਸ਼ਨੂੰ ਦੋਏ ਜੋੜ ਰਿਹਾ ਹੱਥ, ਨਿਮਸਕਾਰ ਸੀਸ ਝੁਕਾਈਆ । ਬ੍ਰਹਮਾ ਨੇਤਰ ਰੋ ਰੋ ਰਿਹਾ ਦੱਸ, ਬ੍ਰਹਮ ਆਪਣਾ ਭੇਵ ਜਣਾਈਆ । ਸ਼ੰਕਰ ਕਹੇ ਮੇਰੀ ਹੋਈ ਬੱਸ, ਬਲਹੀਣ ਦਏ ਦੁਹਾਈਆ । ਤ੍ਰੈਗੁਣ ਮਾਇਆ ਰਹੀ ਨੱਚ, ਮੁਖ ਘੁੰਗਟ ਰਹੀ ਉਠਾਈਆ । ਪੰਜ ਤਤ ਕਹਿਣ ਅਸੀਂ ਰਹੇ ਤਪ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ਼ਾਸਤਰ ਸਿਮਰਤ ਵੇਦ ਕਹਿਣ ਸਾਡੀ ਕੋਈ ਨਾ ਲਏ ਮਤ, ਮਨਮਤ ਬੈਠੀ ਡੇਰਾ ਲਾਈਆ । ਅੰਜੀਲ ਕੁਰਾਨ ਕਹੇ ਕੋਈ ਨਾ ਵੇਖੇ ਧੁਰ ਦੀ ਅੱਖ, ਜਗਤ ਨੇਤਰ ਨੈਣ ਉਠਾਈਆ । ਬਾਣੀ ਕਹੇ ਕੂੜੀ ਕਿਰਿਆ ਵਿਛਿਆ ਸੱਥ, ਸੱਥਰ ਯਾਰੜਾ ਨਾ ਕੋਇ ਹੰਢਾਈਆ । ਗੁਰ ਅਵਤਾਰ ਕਹਿਣ ਸਾਚਾ ਲਏ ਨਾ ਕੋਈ ਰਸ, ਅਨਰਸ ਭਰੀ ਜਗਤ ਲੋਕਾਈਆ । ਪੀਰ ਪੈਗ਼ੰਬਰ ਸਰਨ ਸਰਨਾਈ ਰਹੇ ਢਠ, ਸਜਦਾ ਸੀਸ ਇਕ ਨਿਵਾਈਆ । ਧਾਈਂ ਮਾਰਨ ਅਠਸਠ, ਤੀਰਥ ਤਟ ਰਹੇ ਕੁਰਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦਵਾਰ ਧੀਰ ਨਾ ਕੋਇ ਧਰਾਈਆ । ਸਤਿਜੁਗ ਤ੍ਰੇਤਾ ਦਵਾਪਰ ਲੋਕਮਾਤ ਵਿਚੋਂ ਗਿਆ ਨੱਠ, ਕਲਜੁਗ ਬੈਠਾ ਡੇਰਾ ਲਾਈਆ । ਸਾਰ ਨਾ ਜਾਣੇ ਕੋਈ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਪਰਦਾ ਨਾ ਕੋਇ ਉਠਾਈਆ । ਜਗਤ ਵਾਸਨਾ ਕੂੜੀ ਕਿਰਿਆ ਸਾਰੇ ਰਹੇ ਭੱਖ, ਭਾਖਿਆ ਧੁਰ ਦੀ ਸਕੇ ਨਾ ਕੋਇ ਜਣਾਈਆ । ਲੱਖ ਚੁਰਾਸੀ ਕਾਇਆ ਮੰਦਰ ਨਾਦ ਸੁਣੇ ਨਾ ਕੋਈ ਅਨਹਦ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਰਸਨਾ ਅੰਮ੍ਰਿਤ ਜਾਮ ਪੀਏ ਨਾ ਕੋਈ ਮਦਿ, ਮਦਿਰਾ ਪਾਨ ਕਰੇ ਲੋਕਾਈਆ । ਸਚ ਦਵਾਰਾ ਕੋਈ ਨਾ ਵੇਖੇ ਲੰਘ, ਬਜਰ ਕਪਾਟੀ ਪਰਦਾ ਨਾ ਕੋਇ ਉਠਾਈਆ । ਸਾਚੀ ਸੇਜਾ ਕੋਈ ਨਾ ਬਹੇ ਸਜ, ਆਤਮ ਅੰਤਰ ਸੋਭਾ ਕੋਇ ਨਾ ਪਾਈਆ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਹੰਸ ਹੋਏ ਕੱਗ, ਮਾਣਕ

ਮੋਤੀ ਚੋਗ ਨਾ ਕੋਇ ਚੁਗਾਈਆ । ਕਿਸੇ ਦਰਸ ਨਾ ਮਿਲੇ ਉਪਰ ਸ਼ਾਹ ਰਗ, ਸ੍ਰੀ ਭਗਵਾਨ ਨਜ਼ਰ ਕੋਇ ਨਾ ਆਈਆ । ਦੀਨ ਮਜ਼ਬ ਪਾਰ ਕਰੇ ਨਾ ਕੋਈ ਹੱਦ, ਜਾਤ ਪਾਤ ਝਗੜਾ ਨਾ ਕੋਇ ਮੁਕਾਈਆ । ਪਾਰਬ੍ਰਹਮ ਪ੍ਰਭ ਨਿਰਗੁਣ ਤੇਰੇ ਨਾਲੋਂ ਹੋਏ ਅੱਡ, ਨਾਤਾ ਸਕੇ ਨਾ ਕੋਇ ਜੁੜਾਈਆ । ਸਾਢੇ ਤਿੰਨ ਹੱਥ ਡਿਗੇ ਡੂੰਘੀ ਖੱਡ, ਭਵਰੀ ਪਾਰ ਨਾ ਕੋਇ ਕਰਾਈਆ । ਪਤਿਪਰਮੇਸ਼ਵਰ ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਤਿੰਨ ਸੌ ਸੱਠ ਹਾਡੀ ਰਹੀ ਕੁਰਲਾਈਆ । ਬਹੱਤਰ ਨਾੜੀ ਉਬਲੇ ਰਤ, ਰਤੀ ਰਤ ਨਾ ਕੋਇ ਵਖਾਈਆ । ਤੇਰੀ ਜਾਣੇ ਨਾ ਕੋਈ ਮਿਤ ਗਤ, ਗਤਮਿਤ ਸਮਝ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰਾ ਚਲੇ ਰਥ, ਚਾਰੋਂ ਕੁੰਟ ਅਗਨ ਲਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਾਧਾਂ ਸੰਤਾਂ ਪਾਈ ਨੱਥ, ਦਹਿ ਦਿਸ਼ਾ ਰਹੀ ਭਵਾਈਆ । ਰਵਸਸ ਸੂਰਜ ਚੰਨ ਕੋਹ ਕਰੋੜੀ ਚਲ ਚਲ ਗਏ ਥੱਕ, ਤੇਰਾ ਆਰ ਪਾਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਰਪਾ ਕਰ ਪੁਰਖ ਸਮਰਥ, ਬੇਅੰਤ ਤੇਰੀ ਵਡਿਆਈਆ । ਸਾਚਾ ਮਾਰਗ ਧੁਰਦਰਗਾਹੀ ਇਕੋ ਦੱਸ, ਰਹਿਬਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਤੇਰਾ ਧਿਆਨ ਸ੍ਰੀ ਭਗਵੰਤ, ਚਾਰੇ ਜੁਗ ਰਹੇ ਲਗਾਈਆ । ਤੇਰਾ ਮਾਣ ਸਾਚੇ ਕੰਤ, ਚਾਰੇ ਵਰਨ ਰਹੇ ਰਖਾਈਆ । ਤੇਰਾ ਗਾਣ ਮਹਿਮਾ ਅਗਣਤ, ਚਾਰੇ ਵੇਦ ਕਰਨ ਪੜ੍ਹਾਈਆ । ਤੇਰਾ ਨਿਸ਼ਾਨ ਚਾਰੇ ਕੁੰਟ, ਉਤਰ ਪੂਰਬ ਪੱਛਮ ਦੱਖਣ ਸੋਭਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨ ਨਿਵਾਸੀ ਸਚਖੰਡ ਬੈਕੁੰਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲਜੁਗ ਸਾਰੇ ਝੋਲੀ ਖ਼ਾਲੀ ਰਹੇ ਵਖਾਈਆ । ਖ਼ਾਲੀ ਵੇਖ ਸਭ ਦੀ ਝੋਲੀ, ਪਾਰਬ੍ਰਹਮ ਪ੍ਰਭ ਆਪਣੀ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਬਣ ਕੇ ਗਏ ਗੋਲੀ, ਜੁਗ ਜੁਗ ਆਪਣੀ ਸੇਵ ਕਮਾਈਆ । ਤੇਰੇ ਨਾਮ ਦੀ ਦੱਸਦੇ ਗਏ ਅਗੰਮੀ ਬੋਲੀ, ਧੁਰ ਦਾ ਸਾਚਾ ਰਾਗ ਸੁਣਾਈਆ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਨਈਆ ਡੋਲੀ, ਕਿਨਾਰਾ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਘਰ ਘਰ ਖੇਲੇ ਹੋਲੀ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਪੰਡਤ ਪਾਧੇ ਮੁਲਾਂ ਸ਼ੇਖ਼ ਮੁਸਾਇਕ ਅੰਜੀਲ ਕੁਰਾਨਾ ਵੇਦ ਪੁਰਾਨਾ ਪਤਰੇ ਰਹੇ ਫੋਲੀ, ਤੇਰਾ ਪੜਦਾ ਸਕੇ ਨਾ ਕੋਇ ਉਠਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਸਾਚੇ ਕੰਡੇ ਆਪੇ ਤੋਲੀ, ਨਾਮ ਕੰਡਾ ਇਕ ਵਖਾਈਆ । ਤੇਰੀ ਜੋਤ ਨਿਰੰਕਾਰ ਨਿਰਾਕਾਰ ਨਿਰਗੁਣ ਸਰਗੁਣ ਬਣੇ ਵਿਚੋਲੀ, ਦੋ ਜਹਾਨਾਂ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਆਸ ਰਖਾਈਆ । ਚਾਰ ਜੁਗ ਮੰਗਣ ਦਾਤ, ਦਾਤੇ ਦਾਨੀ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਡਾ ਦੇ ਦੇ ਗਏ ਸਾਥ, ਸਗਲਾ ਸੰਗ ਨਿਭਾਈਆ । ਕਲਮ ਛਾਹੀ ਦਵਾਤ ਲਿਖ ਕੇ ਗਏ ਤੇਰਾ ਨਾਮ ਅਨਾਥਾਂ ਨਾਥ, ਕਾਗ਼ਜ਼ ਵੰਡਣ ਵੰਡ ਵੰਡਾਈਆ । ਪੁਰਖ ਅਕਾਲ ਸਰਬ ਸਵਾਮੀ ਪਰਵਰਦਿਗਾਰ ਰੱਖਣਾ ਯਾਦ, ਬੇਪਰਵਾਹ ਫੇਰਾ ਪਾਈਆ । ਜਿਸ ਨੇ ਰਚਨਾ ਰਚੀ ਆਦਿ, ਜੋ ਖੇਲ ਕਰੇ ਬ੍ਰਹਿਮਾਦ, ਜਿਸ ਦਾ ਵੱਜੇ ਧੁਰ ਦਾ ਨਾਦ, ਸ਼ਬਦ ਅਨਾਦੀ ਰਾਗ ਸੁਣਾਈਆ । ਜੋ ਦੋ ਜਹਾਨ ਸਦਾ ਵਿਸਮਾਦ, ਪੁਰੀਆਂ ਲੋਆਂ ਦੇਵੇ ਦਾਦ, ਬ੍ਰਹਿਮੰਡ

ਖੰਡ ਰਚੇ ਕਾਜ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਤੇਰਾ ਨੂਰ ਨਜ਼ਰੀ ਆਈਆ । ਚਾਰ ਜੁਗ ਕਹਿਣ ਪ੍ਰਭ ਤੇਰੇ ਗੋਲੇ, ਜੁਗ ਜੁਗ ਤੇਰੀ ਸੇਵ ਕਮਾਈਆ । ਕਲਜੁਗ ਅੰਤਮ ਸਾਰੇ ਹੋਏ ਪੋਲੇ, ਵਸਤ ਹੱਥ ਨਜ਼ਰ ਕੋਇ ਨਾ ਆਈਆ । ਬਿਨ ਤੇਰੇ ਲੋਕਮਾਤ ਰਹੇ ਡੋਲੇ, ਧੀਰਜ ਧੀਰ ਨਾ ਕੋਇ ਧਰਾਈਆ । ਨਾ ਕੋਈ ਚੁਕਾਵੇ ਪੜਦੇ ਉਹਲੇ, ਨੂਰੀ ਮੁਖ ਨਾ ਕੋਇ ਵਖਾਈਆ । ਗੁਰ ਅਵਤਾਰ ਕਰ ਕਰ ਗਏ ਕੌਲੇ, ਲੇਖਾ ਲਿਖਤ ਭਵਿਖਤ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਅੰਤਮ ਪਰਗਟ ਹੋਵੇ ਉਪਰ ਧੌਲੇ, ਧਰਨੀ ਧਰਤ ਦਏ ਵਡਿਆਈਆ । ਕੂੜੀ ਕਿਰਿਆ ਜਗਤ ਵਿਕਾਰਾ ਭਾਰ ਕਰੇ ਹੌਲੇ, ਸਾਚਾ ਮਾਰਗ ਇਕ ਸਮਝਾਈਆ । ਭਾਗ ਲਗਾਏ ਸਚ ਮਨਾਰੇ ਕਾਇਆ ਚੋਲੇ, ਚੋਲੀ ਕਾਇਆ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਠਾਂਡਾ ਨਜ਼ਰੀ ਆਈਆ । ਚਾਰ ਜੁਗ ਤੈਨੂੰ ਰਹੇ ਉਡੀਕ, ਬੇਅੰਤ ਬੇਅੰਤ ਗੋਸਾਈਆਂ । ਕਲਜੁਗ ਅੰਤਮ ਆਈ ਤਾਰੀਖ, ਤਰੀਕਾ ਆਪਣਾ ਦੇ ਸਮਝਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਮੰਗਦੇ ਗਏ ਭੀਖ, ਅਲਖ ਨਿਰੰਜਣ ਅਲੱਖ ਜਗਾਇਆ । ਤੇਰੇ ਨਾਮ ਦਾ ਗੌਂਦੇ ਗਏ ਗੀਤ, ਜਗਤ ਸੰਦੇਸ਼ਾ ਰਾਗ ਅਲਾਇਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਚਲੌਂਦੇ ਗਏ ਰੀਤ, ਧੁਰ ਦਾ ਹੁਕਮ ਸੀਸ ਟਿਕਾਇਆ । ਨਿਰਗੁਣ ਸਰਗੁਣ ਬਣਦੇ ਗਏ ਮੀਤ, ਸੱਜਣ ਸੁਹੇਲਾ ਨਾਉਂ ਪਰਗਟਾਇਆ । ਅੰਤਮ ਤੇਰੀ ਰੱਖਦੇ ਗਏ ਉਡੀਕ, ਜੁਗ ਜੁਗ ਇਕੋ ਆਸ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਵਸਤ ਅਮੋਲਕ ਝੋਲੀ ਪਾਇਆ । ਚਾਰ ਜੁਗ ਕਹਿਣ ਪ੍ਰਭ ਚੌਕੜੀ ਰਹੀ ਲੰਘ, ਨਵ ਨੌ ਚਾਰ ਦਏ ਦੁਹਾਈਆ । ਸੁਹੰਜਣੀ ਦਿਸੇ ਨਾ ਸੇਜ ਪਲੰਘ, ਸਿੰਘਾਸਣ ਸੋਭਾ ਕੋਇ ਨਾ ਪਾਈਆ । ਲੱਖ ਚੁਰਾਸੀ ਹੋਈ ਰੰਡ, ਕੰਤ ਸੁਹਾਗ ਨਾ ਕੋਇ ਹੰਢਾਈਆ । ਗੀਤ ਨਾ ਗਾਏ ਕੋਈ ਛੰਦ, ਸੋਹਲਾ ਰਾਗ ਨਾ ਕੋਇ ਅਲਾਈਆ । ਮੰਜ਼ਲ ਮੁੱਕੇ ਨਾ ਕਿਸੇ ਪੰਧ, ਚੋਟੀ ਚੜ੍ਹ ਤੇਰਾ ਦਰਸ ਕੋਇ ਨਾ ਪਾਈਆ । ਜਗਤ ਅੰਧੇਰਾ ਹੋਇਆ ਅੰਧ, ਜਲਵਾ ਨੂਰ ਨਾ ਕੋਇ ਦਰਸਾਈਆ । ਤੇਰੇ ਦਰ ਤੇ ਇਕੋ ਮੰਗ, ਭਿਖਕ ਭਿਛਿਆ ਦੇ ਵਰਤਾਈਆ । ਦਇਆ ਕਰ ਸੂਰੇ ਸਰਬੰਗ, ਮਿਹਰਵਾਨ ਹੋ ਸਹਾਈਆ । ਕਲਜੁਗ ਅੰਤ ਵੇਖ ਭੁੱਖ ਨੰਗ, ਗ਼ਰੀਬ ਨਿਮਾਣਿਆਂ ਰਹੀ ਸਤਾਈਆ । ਰਾਜ ਰਾਜਾਨ ਦੇਵਣ ਡੰਨ, ਡੰਕਾ ਸਚ ਨਾ ਕੋਇ ਸੁਣਾਈਆ । ਦੀਨ ਮਜ਼੍ਹਬ ਜਾਤ ਪਾਤ ਕੋਈ ਨਾ ਢਾਵੇ ਕੰਧ, ਸ਼ਰਅ ਸ਼ਰੀਅਤ ਕਰੇ ਜਗਤ ਲੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਕਹਿ ਕੇ ਗਏ ਬੱਤੀ ਦੰਦ, ਕਲਮਾ ਨਬੀ ਰਸੂਲ ਸੁਣਾਈਆ । ਕਲਜੁਗ ਅੰਤਮ ਪਰਗਟ ਹੋਵੇ ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਦੇਵੇ ਇਕ ਅਨੰਦ, ਅਨੰਦ ਆਤਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਭ ਦਾ ਲੇਖਾ ਦੇ ਮੁਕਾਈਆ । ਸਭ ਦਾ ਲੇਖਾ ਕਰਦੇ ਪੂਰ, ਪ੍ਰਭ ਤੇਰੀ ਪੂਰੀ ਆਸ ਰਖਾਈਆ । ਕਲਜੁਗ ਅੰਤਮ ਵੇਖ ਜ਼ਰੂਰ, ਜ਼ਰੂਰਤ ਤੇਰੀ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਚਲੇ ਗਏ ਦੂਰ, ਪਿਛਾ ਤੱਕਣ ਕੋਇ ਨਾ ਆਈਆ । ਕਲਜੁਗ ਪਾਇਆ ਕੂੜ ਫ਼ਤੂਰ, ਫ਼ਤਵਾ ਸਭ ਦੇ ਉਤੇ ਲਗਾਈਆ ।

ਤੇਰੇ ਭਗਤ ਹੋਏ ਮਜ਼ਬੂਰ, ਮਜ਼ਬੂਰੀ ਸਕੇ ਨਾ ਕੋਇ ਕਟਾਈਆ । ਸ੍ਰੀ ਭਗਵਾਨ ਕਿਉਂ ਲੁੱਕਿਉਂ ਬਣ ਮਫ਼ਰੂਰ, ਸਚਖੰਡ ਆਪਣਾ ਮੁਖ ਛੁਪਾਈਆ । ਨਜ਼ਰੀ ਆ ਹਾਜ਼ਰ ਹਜ਼ੂਰ, ਹਜ਼ਰਤ ਤੇਰਾ ਨੂਰ ਨਜ਼ਰੀ ਆਈਆ । ਦਰ ਦਰਵੇਸ਼ ਖੜੇ ਮਜ਼ਦੂਰ, ਦੋਏ ਜੋੜ ਮੰਗਣ ਚਾਈਂ ਚਾਈਂਆ । ਤੂੰ ਸਾਹਿਬ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਕਲਜੁਗ ਨਾਤਾ ਤੋੜ ਕੂੜੋ ਕੂੜ, ਜੂਠ ਝੂਠ ਪੰਧ ਮੁਕਾਈਆ । ਤ੍ਰੈਗੁਣ ਅਗਨੀ ਤਪੇ ਵੇਖ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਅੰਤਮ ਆ ਕੇ ਹੋ ਸਹਾਈਆ । ਅੰਤਮ ਆ ਕੇ ਹੋ ਸਹਾਇਕ, ਹਰਿ ਜੂ ਸਾਹਿਬ ਸੱਚੇ ਸੁਲਤਾਨਾ । ਆਦਿ ਜੁਗਾਦੀ ਧੁਰ ਦੇ ਨਾਇਕ, ਲੇਖ ਚੁਕਾ ਦੋ ਜਹਾਨਾਂ । ਨਿਤ ਨਵਿਤ ਸਦਾ ਸੁਖਦਾਇਕ, ਆਤਮ ਪਰਮਾਤਮ ਦੇ ਬ੍ਰਹਮ ਗਿਆਨਾ । ਸ਼ਬਦ ਸੰਦੇਸ਼ਾ ਦੇ ਹਦਾਇਤ, ਕਲਮਾ ਇਲਾਹੀ ਸੁਣਾ ਤਰਾਨਾ । ਇਕੋ ਤੇਰੇ ਦਰ ਤੇਰੀ ਹਮਾਇਤ, ਨਾਤਾ ਛੁਟਿਆ ਜੀਵ ਜਹਾਨਾਂ । ਆਪਣੇ ਨਾਂ ਦੀ ਕਰ ਨਾ ਕੋਇ ਕਫ਼ਾਇਤ, ਮਿਹਰਵਾਨ ਮਿਹਰਵਾਨ ਮਿਹਰਵਾਨ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਮਹਾਂਬਲੀ ਨੌਜਵਾਨਾ । ਮਹਾਂਬਲੀ ਪ੍ਰਭ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਸਚ ਸੰਦੇਸ਼ਾ ਦੇ ਸ੍ਰੀ ਭਗਵਾਨ, ਧੁਰਦਰਗਾਹੀ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਤਿੰਨ ਪੰਜ ਪ੍ਰਭ ਵੇਖੇ ਆਣ, ਲਹਿਣਾ ਦੇਣਾ ਜਾਣੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਫੋਲ ਫੁਲਾਈਆ । ਲੱਖ ਚੁਰਾਸੀ ਜੀਵ ਜੰਤ ਸਿਦਕ ਸਬੂਰੀ ਵੇਖੇ ਸਰਬ ਈਮਾਨ, ਧਰਮ ਅਧਰਮ ਪੜਦਾ ਦਏ ਉਠਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਦੇਵੇ ਆਣ, ਬੋਧ ਅਗਾਧ ਕਰੇ ਪੜ੍ਹਾਈਆ । ਵਰਨ ਬਰਨ ਊਚ ਨੀਚ ਰਾਉ ਰੰਕ ਇਕ ਹੋ ਜਾਣ, ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵੇ ਦਾਨ, ਸਾਚੀ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਸਤਿਜੁਗ ਦੇਵੇ ਦਾਤ, ਸਤਿ ਸਤਿਵਾਦੀ ਰਾਹ ਵਖਾਇੰਦਾ । ਸ੍ਰਿਸ਼ਟ ਸਬਾਈ ਕਰੇ ਇਕੋ ਜਾਪ, ਸਾਚਾ ਮੰਤਰ ਇਕ ਸਮਝਾਇੰਦਾ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਅਗਨੀ ਤਤ ਬੁਝਾਇੰਦਾ । ਪਤਤ ਪੁਨੀਤ ਕਰੇ ਪਾਕ, ਦੁਰਮਤ ਮੈਲ ਧਵਾਇੰਦਾ । ਪਾਰਬ੍ਰਹਮ ਬ੍ਰਹਮ ਖੋਲ੍ਹ ਵਖਾਏ ਤਾਕ, ਬਜਰ ਕਪਾਟੀ ਪੜਦਾ ਲਾਹਿੰਦਾ । ਆਤਮ ਪਰਮਾਤਮ ਦੇਵੇ ਸਾਥ, ਘਰ ਮੰਦਰ ਸੋਭਾ ਪਾਇੰਦਾ । ਨਿਰਗੁਣ ਜੋਤ ਜਗਾਏ ਲਲਾਟ, ਜੋਤੀ ਨੂਰ ਨੂਰ ਰੁਸ਼ਨਾਇੰਦਾ । ਨਾਮ ਸੁਣਾਏ ਅਨਹਦ ਨਾਦ, ਧੁਰ ਦਾ ਰਾਗੀ ਰਾਗ ਅਲਾਇੰਦਾ । ਸੁਰਤੀ ਸ਼ਬਦ ਕਰ ਵਿਸਮਾਦ, ਬਿਸਮਲ ਆਪਣੀ ਖੇਲ ਕਰਾਇੰਦਾ । ਲੇਖਾ ਜਾਣ ਬੋਧ ਅਗਾਧ, ਸਾਚਾ ਪੰਡਤ ਇਕ ਹੋ ਜਾਇੰਦਾ । ਮੇਲ ਮਿਲਾਵਾ ਮਾਧਵ ਮਾਧ, ਮੋਹਣੀ ਆਪਣਾ ਰੰਗ ਰੰਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸ੍ਰੀ ਭਗਵਾਨ ਸੁਣੇ ਫ਼ਰਿਆਦ, ਲੇਖਾ ਸਭ ਦਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ

ਅੰਤਮ ਧੁਰ ਦੀ ਧਾਰ ਆਪ ਪਰਗਟਾਇੰਦਾ । ਧੁਰ ਦੀ ਧਾਰ ਦੱਸੇ ਏਕ, ਏਕੰਕਾਰਾ ਦਇਆ ਕਮਾਈਆ । ਪੁਰਖ ਅਕਾਲ ਸਾਚੀ ਟੇਕ, ਸਤਿ ਪੁਰਖ ਨਿਰੰਜਣ ਇਕੋ ਨਜ਼ਰੀ ਆਈਆ । ਕੂੜੀ ਕਿਰਿਆ ਮੇਟੇ ਭੇਖ, ਜੂਠ ਝੂਠ ਦਏ ਖਪਾਈਆ । ਸਤਿਜੁਗ ਲਿਖੇ ਤੇਰਾ ਲੇਖ, ਕਲਜੁਗ ਲੇਖਾ ਝੋਲੀ ਪਾਈਆ । ਆਤਮ ਪਰਮਾਤਮ ਕਰੇ ਹੇਤ, ਮੇਲ ਮਿਲਾਵਾ ਸਹਿਜ ਸੁਭਾਈਆ । ਰੁੱਤ ਬਸੰਤੀ ਮੌਲੇ ਚੇਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਜਨ ਭਗਤਾਂ ਨਾਲ ਖੇਲੇ ਖੇਡ, ਵਡ ਖਿਲਾਰੀ ਬੇਪਰਵਾਹੀਆ । ਧੁਰ ਸੰਦੇਸ਼ਾ ਇਕੋ ਭੇਜ, ਭਜਨ ਬੰਦਗੀ ਇਕ ਜਣਾਈਆ । ਰਲ ਮਿਲ ਮਾਣੇ ਸਾਚੀ ਸੇਜ, ਸਖੀ ਸਹੇਲੀ ਆਪਣੇ ਅੰਗ ਲਗਾਈਆ । ਜੋਤੀ ਜਲਵਾ ਦੇਵੇ ਤੇਜ, ਜਾਹਰ ਜਹੂਰ ਨਜ਼ਰੀ ਆਈਆ । ਜਿਸ ਦਾ ਭੇਤ ਨਾ ਪਾਇਆ ਚਾਰ ਵੇਦ, ਸ਼ਾਸਤਰ ਸਿਮਰਤ ਕਹਿਣ ਕੁਛ ਨਾ ਪਾਈਆ । ਜਿਸ ਦੀ ਮਹਿਮਾ ਕਰੇ ਜਗਤ ਕਤੇਬ, ਕੁਤਬਖ਼ਾਨਾ ਸਿਫ਼ਤ ਸਾਲਾਹੀਆ । ਸੋ ਕਲਜੁਗ ਅੰਤ ਮੇਟੇ ਕੂੜ ਫ਼ਰੇਬ, ਫ਼ੈਸਲਾ ਇਕੋ ਵਾਰ ਕਰਾਈਆ । ਸਤਿਜੁਗ ਸਾਚੇ ਕਰੇ ਸਚ ਬੰਧੇਜ, ਬੰਦਗੀ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੀ ਸਾਚੀ ਧਾਰਾ, ਆਪ ਚਲਾਏ ਹਰਿ ਨਿਰੰਕਾਰਾ, ਸਤਿਜੁਗ ਉਪਜਾਏ ਸੁਤ ਦੁਲਾਰਾ, ਕਲਜੁਗ ਕਰੇ ਪਾਰ ਕਿਨਾਰਾ, ਮੰਝਧਾਰਾ ਆਪ ਰੁੜ੍ਹਾਈਆ । ਸੁਣ ਸੰਦੇਸ਼ਾ ਧੁਰ ਫ਼ਰਮਾਣ, ਘਰ ਘਰ ਖ਼ੁਸ਼ੀ ਮਨਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪੇ ਹੋਏ ਸਹਾਈਆ । ਨਿਰਗੁਣ ਨੂਰ ਕਰੇ ਪਰਧਾਨ, ਜੋਤੀ ਜਾਤਾ ਰੂਪ ਵਟਾਈਆ । ਲੱਖ ਚੁਰਾਸੀ ਬਣ ਕੇ ਕਾਹਨ, ਘਨਈਆ ਆਪਣਾ ਵੇਸ ਵਟਾਈਆ । ਸੁਰਤੀ ਸ਼ਬਦੀ ਦੇਵੇ ਦਾਨ, ਭਗਤ ਭਗਵੰਤ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਕੋਝੇ ਕਮਲਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਭੇਵ ਚੁਕਾਈਆ । ਜੁਗ ਜੁਗ ਭੇਵ ਚੁਕਾਏ ਨਰ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਖੋਲ੍ਹੇ ਦਰ, ਸਤਿਜੁਗ ਸਾਚਾ ਮਾਤ ਟਿਕਾਈਆ । ਸ੍ਰਿਸ਼ਟ ਸਬਾਈ ਇਕੋ ਘਰ, ਗ਼ਰੀਬ ਨਿਵਾਜਾ ਦਏ ਵਖਾਈਆ । ਵਰਨ ਬਰਨ ਨਹਾਵੇ ਇਕੋ ਸਰ, ਸਰੋਵਰ ਇਕੋ ਸੋਭਾ ਪਾਈਆ । ਆਤਮ ਪਰਮਾਤਮ ਢੋਲਾ ਸਾਰੇ ਲੈਣ ਪੜ੍ਹ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵਖਾਈਆ । ਭਾਗ ਲਗਾਏ ਕਾਇਆ ਗੜ੍ਹ, ਮਿਲੇ ਮਾਣ ਬੰਕ ਮੰਦਰ ਸੋਭਾ ਪਾਈਆ । ਸਤਿਗੁਰ ਪੂਰਾ ਸਚ ਮਹੱਲੇ ਚੜ੍ਹ, ਸਚ ਸੰਦੇਸ਼ਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਹੁਕਮਰਾਨ, ਹਰਿ ਕਰਤਾ ਆਪ ਜਣਾਈਆ । ਕਲਜੁਗ ਕੂੜੀ ਮਿਟੇ ਦੁਕਾਨ, ਮਾਇਆ ਮਮਤਾ ਮੋਹ ਚੁਕਾਈਆ । ਸ੍ਰਿਸ਼ਟ ਸਬਾਈ ਪਾਏ ਏਕਾ ਆਣ, ਧੁਰ ਦਾ ਹੁਕਮ ਆਪ ਮਨਾਈਆ । ਨਵ ਨੌ ਦਿਸੇ ਨਾ ਕੋਈ ਬੇਈਮਾਨ, ਬੇਵਾ ਰੂਪ ਨਾ ਰਹੇ ਲੋਕਾਈਆ । ਸਚ ਦਸਾਏ ਇਕ ਈਮਾਨ, ਧਰਮ ਇਕੋ ਇਕ ਦ੍ਰਿੜਾਈਆ । ਸ਼ਬਦ ਚੜ੍ਹਾ ਧੁਰ ਬਬਾਣ, ਬ੍ਰਹਿਮੰਡ ਖੰਡ ਫਿਰਾਈਆ । ਆਪਣੀ ਦੇਵੇ ਆਪ ਪਹਿਚਾਨ, ਮੂਰਖ ਮੁਗਧ ਅਵਾਣ ਆਪਣੇ ਗਲੇ ਲਗਾਈਆ । ਨਾਤਾ ਤੋੜ ਜਗਤ ਸ਼ੈਤਾਨ, ਪੰਚ ਵਿਕਾਰਾ ਦਏ ਰੁੜ੍ਹਾਈਆ । ਭਾਗ ਲਗਾਏ ਕਾਇਆ ਮੰਦਰ ਮਕਾਨ, ਘਰ ਮੱਕਾ ਕਾਅਬਾ ਮੰਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਕਲਜੁਗ


੧੪
੧੬

ਅੰਤਮ ਭਗਤਨ ਭੇਵ, ਅਭੇਦਾ ਆਪ ਜਣਾਈਆ । ਦਾਤਾ ਦਾਤਾਰ ਵਡ ਦੇਵੀ ਦੇਵ, ਦੇਵਤ ਸੁਰ ਆਪ ਸਮਝਾਈਆ । ਸਚਖੰਡ ਨਿਵਾਸੀ ਸਦਾ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਨਿਤ ਨਵਿਤ ਜਨ ਭਗਤਾਂ ਕਰੇ ਸਾਚੀ ਸੇਵ, ਬਣ ਸੇਵਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਏ ਜਾਗਰਤ ਜੁਗਤ, ਹਰਿ ਕਰਤਾ ਆਪ ਜਗਾਈਆ । ਸ੍ਰਿਸ਼ਟ ਸਬਾਈ ਆਪਣੀ ਕਰਨੀ ਰਹੀ ਭੁਗਤ, ਲੇਖਾ ਸਕੇ ਨਾ ਕੋਇ ਮੁਕਾਈਆ । ਨਜ਼ਰ ਨਾ ਆਏ ਅਕਾਲ ਮੂਰਤ, ਸੂਰਤ ਸਚ ਨਾ ਕੋਇ ਵਖਾਈਆ । ਸੁਣੇ ਨਾਮ ਨਾ ਕੋਇ ਤੁਰਤ, ਨਾਦ ਧੁਨ ਨਾ ਕੋਇ ਜਣਾਈਆ । ਨਾਤਾ ਜੁੜਿਆ ਕਿਰਿਆ ਕੂੜੀ ਕੂੜਤ, ਮੂਰਖ ਮੂੜ ਰੂਪ ਵਟਾਈਆ । ਬਿਨ ਸਤਿਗੁਰ ਪੂਰੇ ਸ਼ਬਦ ਸਵਾਮੀ ਆਸਾ ਕਰੇ ਨਾ ਕੋਈ ਪੂਰਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਕਾਲ ਸ਼ਬਦੀ ਸ਼ਬਦ ਸਤਿ ਸਤਿ ਕਰੇ ਮਹੂਰਤ, ਮਹਿਮਾ ਅਕੱਥ ਕਥ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਬ ਕਲਾ ਭਰਪੂਰਤ, ਭਰਪੂਰੀ ਭਾਂਡੇ ਖ਼ਾਲੀ ਆਪ ਭਰਾਈਆ ।

## ★ ੧੩ ਮੱਘਰ ੨੦੨੦ ਬਿਕਰਮੀ ਜੋਗਿੰਦਰ ਸਿੰਘ ਦੇ ਗ੍ਰਿਹਿ ਫ਼ਤਹਿ ਗੜ੍ਹ ਜ਼ਿਲਾ ਹੁਸ਼ਿਆਰ ਪੁਰ ★



ਪੁਰਖ ਅਕਾਲ ਧੁਰ ਦੀ ਰੀਤ, ਸ੍ਰੀ ਭਗਵਾਨ ਖੇਲ ਕਰਾਇੰਦਾ । ਸ਼ਬਦ ਸਵਾਮੀ ਸਤਿਗੁਰ ਅਤੀਤ, ਨਿਰਗੁਣ ਨਿਰਵੈਰ ਧਾਰ ਚਲਾਇੰਦਾ । ਕਰੇ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਦੱਸੇ ਅਵਲੜੀ ਪ੍ਰੀਤ, ਪ੍ਰੀਤਮ ਆਪਣਾ ਮੇਲ ਮਿਲਾਇੰਦਾ । ਨਾਮ ਸੁਣਾਏ ਸੁਹਾਗੀ ਗੀਤ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਨਾਤਾ ਤੋੜ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਇੰਦਾ । ਸਾਚੀ ਦੇਵੇ ਸਤਿ ਬਖ਼ਸ਼ੀਸ਼, ਬਖ਼ਸ਼ਸ਼ ਇਕੋ ਝੋਲੀ ਪਾਇੰਦਾ । ਗੁਰਮੁਖਾਂ ਭੰਡਾਰਾ ਦੇ ਕੇ ਧੁਰ ਦੀ ਭੀਖ, ਭਿਛਿਆ ਆਪਣੀ ਆਪ ਵਰਤਾਇੰਦਾ । ਮਨ ਵਾਸਨਾ ਬਦਲੇ ਨੀਤ, ਬੁੱਧ ਬਬੇਕ ਆਪ ਕਰਾਇੰਦਾ । ਘਰ ਮੰਦਰ ਵਖਾਏ ਠਾਕਰ ਦਵਾਰ ਮਸੀਤ, ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਇੰਦਾ । ਦੂਰ ਦੁਰਾਡਾ ਨਜ਼ਰ ਆਏ ਨਜ਼ਦੀਕ, ਨੇਤਰ ਨੈਣ ਅੱਖ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਪੁਰਖ ਅਕਾਲ ਵੇਸ ਅਵੱਲੜਾ, ਨਿਤ ਨਵਿਤ ਲਏ ਪਰਗਟਾਈਆ । ਆਦਿ ਪੁਰਖ ਇਕ ਇਕੱਲੜਾ, ਜੁਗ ਚੌਕੜੀ ਖੇਲ ਖਿਲਾਈਆ । ਜੋਤੀ ਦੀਪਕ ਆਪੇ ਬਲੜਾ, ਨਿਰਗੁਨ ਨੂਰ ਕਰੇ ਰੁਸ਼ਨਾਈਆ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਸਚਖੰਡ ਸਾਚੇ ਸੋਭਾ ਪਾਈਆ । ਸ਼ਬਦ ਸੰਦੇਸ਼ ਜਨ ਭਗਤਾਂ ਘੱਲੜਾ, ਧੁਰ ਦੀ ਧਾਰ ਆਪ ਜਣਾਈਆ । ਨਿਰਵੈਰ ਹੋ ਫੜਾਏ ਪਲੜਾ, ਪੱਲੂ ਆਪਣੀ ਗੰਢ ਬੰਨ੍ਹਾਈਆ । ਸਚ ਸਿੰਘਾਸਣ ਆਤਮ ਸੇਜਾ ਮਲੜਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਭਾਗ ਲਗਾਏ ਕਾਇਆ ਮਾਟੀ ਚੰਮੜਾ, ਪੰਜ ਤਤ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਲਏ ਜਗਾਈਆ । ਪੁਰਖ ਅਕਾਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੱਡਾ ਸ਼ਹਿਨਸ਼ਾਹੀਆ । ਜੁਗ ਚੌਕੜੀ ਨਾਮ ਨਿਧਾਨ ਵਜਾਏ ਮਰਦੰਗ, ਦੋ ਜਹਾਨਾਂ

ਰਾਗ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੰਘ, ਨਿਰਗੁਣ ਸਰਗੁਣ ਵੇਖ ਵਖਾਈਆ । ਲੱਖ ਚੁਰਾਸੀ ਆਤਮ ਸੇਜਾ ਵੇਖ ਪਲੰਘ, ਦਰ ਦਰ ਘਰ ਘਰ ਫੋਲ ਫੁਲਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਪ੍ਰਭ ਚਰਨ ਪ੍ਰੀਤੀ ਰਹੇ ਮੰਗ, ਭਰਮੇ ਭੁੱਲੀ ਸਰਬ ਲੋਕਾਈਆ । ਦੂਈ ਦਵੈਤੀ ਘਰ ਘਰ ਦਿਸੇ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਆਤਮ ਪਰਮਾਤਮ ਮਿਲ ਕੇ ਕੋਈ ਨਾ ਗਾਏ ਛੰਦ, ਸੋਹੰ ਰੂਪ ਨਾ ਕੋਇ ਵਟਾਈਆ । ਗੁਰਮੁਖ ਮੰਗਣ ਇਕ ਅਨੰਦ, ਅਨੰਦ ਆਤਮ ਵਿਚ ਰਸਾਈਆ । ਖ਼ੁਸ਼ੀ ਕਰੇ ਬੰਦ ਬੰਦ, ਸ੍ਰੀ ਭਗਵਾਨ ਜਿਸ ਆਪਣੀ ਬੰਦਗੀ ਦਏ ਜਣਾਈਆ । ਜਗਤ ਰੰਡੇਪਾ ਤੋੜ ਰੰਡ, ਕੰਤ ਸੁਹਾਗੀ ਮੇਲ ਮਿਲਾਈਆ । ਅੰਗੀਕਾਰ ਲਗਾਏ ਅੰਗ, ਅੰਗਣ ਆਪਣੇ ਲਏ ਬਹਾਈਆ । ਗੁਰਸਿਖ ਲੋਕਮਾਤ ਚਾੜ੍ਹੇ ਚੰਦ, ਰਵਸਸ ਦੋਵੇਂ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਹਰਿ ਭਗਤਾਂ ਲਏ ਮਿਲਾਈਆ । ਪੁਰਖ ਅਕਾਲ ਚੌਕੜੀ ਜੁਗ, ਜੁਗ ਕਰਤਾ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਔਧ ਜਾਏ ਮੁੱਕ, ਥਿਰ ਕੋਈ ਰਹਿਣ ਨਾ ਪਾਇੰਦਾ । ਨਿਰਗੁਣ ਨਿਰਵੈਰ ਦੀਨ ਦਿਆਲ ਸਤਿ ਸਵਾਮੀ ਪਰਗਟ ਹੋਵੇ ਜੋ ਬੈਠਾ ਲੁਕ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਕਿਰਪਾ ਕਰ ਪ੍ਰੇਮ ਪ੍ਰੀਤੀ ਅੰਦਰ ਭਗਤ ਸੁਹੇਲੇ ਲਏ ਚੁੱਕ, ਸ਼ਬਦੀ ਗੋਦ ਆਪ ਬਠਾਇੰਦਾ । ਉਜਲ ਕਰੇ ਮਾਤ ਮੁੱਖ, ਮੁਖ ਮੁਖੜਾ ਆਪ ਸੁਹਾਇੰਦਾ । ਜਨਮ ਕਰਮ ਦਾ ਮੇਟ ਦੁੱਖ, ਪੂਰਬ ਲਹਿਣਾ ਝੋਲੀ ਪਾਇੰਦਾ । ਅੰਦਰ ਵੜ ਕੇ ਲਏ ਪੁੱਛ, ਸਾਢੇ ਤਿੰਨ ਹੱਥ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਦਇਆ ਕਮਾਏ ਏਕ, ਏਕੰਕਾਰ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲਏ ਵੇਖ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸ਼ਬਦ ਅਗੰਮੀ ਦੇਵੇ ਭੇਤ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਦੱਸੇ ਹੇਤ, ਸਾਚੀ ਰੀਤੀ ਇਕ ਜਣਾਈਆ । ਹਰਿਜਨ ਸੁੰਞਾ ਹੋਵੇ ਕਦੀ ਨਾ ਖੇਤ, ਮਿਹਰਬਾਨ ਵੇਖੇ ਨਜ਼ਰ ਉਠਾਈਆ । ਰੁਤ ਸੁਹੰਜਣੀ ਮੌਲੇ ਚੇਤ, ਪਤਝੜ ਨਜ਼ਰ ਕੋਇ ਨਾ ਆਈਆ । ਹਰਿ ਸੰਤ ਸੁਹੇਲੇ ਪ੍ਰਭ ਸਰਨ ਸਰਨਾਈ ਰਹੇ ਖੇਡ, ਦੂਜਾ ਦਰ ਨਾ ਕੋਇ ਵਖਾਈਆ । ਹੁਕਮੇ ਅੰਦਰ ਦੇਵੇ ਭੇਜ, ਮਾਣਸ ਵਿਚੋਂ ਮਾਣਸ ਰੂਪ ਵਟਾਈਆ । ਆਤਮ ਪਰਮਾਤਮ ਸੇਜਾ ਮਾਣੇ ਆਪ ਸੁਹੰਜਣੀ ਸੇਜ, ਸੋਭਾਵੰਤ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਪ੍ਰੀਤੀ ਇਕ ਦਰਸਾਈਆ । ਜਨ ਭਗਤ ਪ੍ਰੀਤੀ ਆਤਮ ਨਾਤਾ, ਅੰਤਰ ਆਪਣੀ ਬੂਝ ਬੁਝਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਧਾਰ ਚਲਾਇੰਦਾ । ਹੋ ਸਹਾਈ ਨਾਥ ਅਨਾਥਾਂ, ਦੀਨ ਦਿਆਲ ਦੀਨਨ ਆਪਣੇ ਗਲੇ ਲਗਾਇੰਦਾ । ਨਾਮ ਨਿਧਾਨ ਦੇਵੇ ਦਾਤਾ, ਵਸਤ ਅਮੋਲਕ ਝੋਲੀ ਪਾਇੰਦਾ । ਕਲਜੁਗ ਅੰਤਮ ਮੇਟ ਅੰਧੇਰੀ ਰਾਤਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਉਤਮ ਕਰੇ ਗੁਰਮੁਖ ਜਾਤਾ, ਜਾਤ ਪਾਤ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਆਪਣਾ ਰੰਗ ਵਖਾਇੰਦਾ । ਭਗਤ ਭਗਵਾਨ ਚਾੜ੍ਹੇ ਰੰਗ, ਰੰਗ ਰੰਗੀਲਾ ਵਡ ਵਡਿਆਈਆ । ਸਤਿ ਸਤਿਵਾਦੀ ਦੇਵੇ ਸਤਿ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੁਗ ਜਨਮ ਦੀ ਟੁੱਟੀ ਗੰਢ, ਨਿਹਕਰਮੀ ਆਪਣੇ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਸੁਣਾਏ ਸੱਚਾ

ਛੰਦ, ਸੰਸਾ ਰੋਗ ਲੈਣਾ ਮਿਟਾਈਆ । ਕੂੜੀ ਕਿਰਿਆ ਮੇਟੇ ਤ੍ਰਿਸਨਾ ਗੰਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਜਨ ਭਗਤ ਦਵਾਰ ਜਨ
ਭਗਤਾਂ ਅੰਦਰ ਲੰਘ, ਦਸਮ ਦਵਾਰੀ ਕੁੰਡਾ ਲਾਹੀਆ । ਸਾਖਿਆਤ ਹੋ ਕੇ ਕਹੇ ਆਤਮ ਪਰਮਾਤਮ ਦਾਨ ਮੰਗ, ਦੇਵਣਹਾਰ ਬੇਪਰਵਾਹੀਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਜੁਗ ਚੌਕੜੀ ਦੇਵਣਹਾਰ
ਦਾਤਾਰ, ਦਇਆਨਿਧ ਠਾਕਰ ਇਕ ਅਖਵਾਇੰਦਾ । ਜੁਗ ਚੌਕੜੀ ਵੇਖੇ ਚਾਰ, ਚਾਰੋਂ ਕੁੰਟ ਫੋਲ ਫੁਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ
ਦੀ ਕਾਰ ਆਪ ਕਮਾਇੰਦਾ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਇੰਦਾ । ਕਲਮਾ ਨਬੀ ਰਸੂਲ ਬੋਲ ਜੈਕਾਰ, ਸ਼ਾਸਤਰ
ਸਿਮਰਤ ਵੇਦ ਪੁਰਾਨ ਆਪ ਪੜ੍ਹਾਇੰਦਾ । ਕਲਮ ਸ਼ਾਹੀ ਕਰ ਕੇ ਖ਼ਬਰਦਾਰ, ਕਾਗ਼ਜ਼ ਆਪਣੇ ਗੰਢ ਪਵਾਇੰਦਾ । ਰਸਨਾ ਜਿਹਵਾ ਦੇ ਆਧਾਰ,
ਬੱਤੀ ਦੰਦ ਸਿਫ਼ਤ ਅਲਾਇੰਦਾ । ਨਿਰਗੁਣ ਸਰਗੁਣ ਖੋਲ੍ਹ ਕਿਵਾੜ, ਭੇਦ ਅਭੇਦਾ ਆਪ ਜਣਾਇੰਦਾ । ਜਨ ਭਗਤਾਂ ਕਰ ਇਕ ਪਿਆਰ, ਪ੍ਰੀਤੀ
ਆਪਣੀ ਨਾਲ ਬੰਧਾਇੰਦਾ । ਤਿਸ ਭਗਤ ਦੀ ਸਿਫ਼ਤ ਕਰੇ ਸੰਸਾਰ, ਜਿਸ ਹਰਿ ਜੂ ਆਪਣਾ ਮੇਲ ਮਿਲਾਇੰਦਾ । ਖਾਣੀ ਬਾਣੀ ਜਿਸ ਦੀ ਕਰੇ
ਪੁਕਾਰ, ਜੋ ਹਰਿਮੰਦਰ ਬਹਿ ਬਹਿ ਹਰਿ ਹਰਿ ਦਰਸ਼ਨ ਪਾਇੰਦਾ । ਗੁਰਮੁਖ ਗੁਰਸਿਖ ਮੌਕਾ ਮਿਲਿਆ ਅੰਤਮ ਵਾਰ, ਲੋਕਮਾਤ ਦਇਆ ਕਮਾਇੰਦਾ ।
ਕਲ ਕਲਕੀ ਲਏ ਅਵਤਾਰ, ਨਰ ਨਿਰੰਕਾਰ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਕਰੇ ਪਾਰ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਸਚ ਦਵਾਰਾ
ਦਏ ਵਖਾਲ, ਜਿਸ ਘਰ ਆਪਣਾ ਆਸਣ ਲਾਇੰਦਾ । ਨਿਰਮਲ ਦੀਪ ਜੋਤ ਜਗੇ ਬੇਮਿਸਾਲ, ਕੋਟਨ ਕੋਟ ਸ਼ਮਾ ਨੈਣ ਸ਼ਰਮਾਇੰਦਾ । ਸਚ
੧੭ ਦੁਆਰ ਨਜ਼ਰੀ ਆਏ ਇਕ ਸੁਲਤਾਨ, ਸ਼ਾਹ ਪਾਤਸ਼ਾਹ ਇਕੋ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ੧੭
੧੯ ਵਿਖਾਇਆ ਆਪਣਾ ਘਰ, ਸੋ ਗੁਰਮੁਖ ਮਿਲ ਮਿਲ ਖ਼ੁਸ਼ੀ ਮਨਾਇੰਦਾ । ਭਗਤਾਂ ਉਪਰ ਦਇਆ ਕਰ, ਦੀਨ ਦਿਆਲ ਦਇਆ ਕਮਾਈਆ । ੧੯
ਕਿਲਾ ਤੋੜ ਹੰਕਾਰੀ ਗੜ੍ਹ, ਮਨ ਵਾਸਨਾ ਦਿਤੀ ਮਿਟਾਈਆ । ਸੁਰਤ ਸੁਆਣੀ ਸ਼ਬਦੀ ਪੜ੍ਹ, ਸਾਚਾ ਰਾਹ ਜਣਾਈਆ । ਪੰਚ ਵਿਕਾਰਾ ਜਾਏ
ਝੜ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਤ੍ਰੈਗੁਣ ਅਗਨੀ ਜਾਏ ਸੜ, ਪੰਜ ਤਤ ਨਾ ਕੋਇ ਲੜਾਈਆ । ਗੁਰਮੁਖ ਵੇਖੇ
ਪਰਤ ਆਪਣਾ ਘਰ, ਘਰ ਘਰ ਵਿਚੋਂ ਨਜ਼ਰੀ ਆਈਆ । ਜਿਸ ਸੇਜਾ ਪੁਰਖ ਅਕਾਲ ਬੈਠਾ ਚੜ੍ਹ, ਸੋ ਸੋਭਾਵੰਤ ਸੁਹਾਗਣ ਆਪਣੇ ਦਰ ਖ਼ੁਸ਼ੀ
ਮਨਾਈਆ । ਇਕੋ ਢੋਲਾ ਰਹੀ ਪੜ੍ਹ, ਤੂੰ ਮੇਰਾ ਮੈਂ ਤੇਰਾ ਦੂਜਾ ਮਾਹੀ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਪੱਲੂ ਲਿਆ ਫੜ, ਦਰਗਾਹ
ਸਾਚੀ ਖ਼ੁਸ਼ੀ ਮਨਾਈਆ । ਜੀਉਂਦਿਆਂ ਜਗ ਨਾ ਜਾਏ ਮਰ, ਮਰਿਆਂ ਜਨਮ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਜਿਨ੍ਹਾਂ ਦੇਵੇ ਨਾਮ ਵਰ, ਤਿਨ੍ਹਾ ਲੇਖੇ ਦਏ ਚੁਕਾਈਆ । ਗੁਰਮੁਖ ਮਿਲਿਆ ਪਾਰਬ੍ਰਹਮ, ਘਰ ਵੱਜੇ ਨਾਮ ਵਧਾਈਆ । ਲਹਿਣਾ
ਚੁਕਿਆ ਜਨਮ ਕਰਮ, ਵਰਨ ਬਰਨ ਡੇਰਾ ਢਾਹੀਆ । ਦੋ ਜਹਾਨਾਂ ਦੇਵੇ ਸਾਚੀ ਸਰਨ, ਏਥੇ ਓਥੇ ਹੋਵੇ ਸਹਾਈਆ । ਧੁਰਦਰਗਾਹੀ ਆਇਆ
ਫੜਨ, ਨੀਕਨ ਨੀਕਾ ਫੇਰਾ ਪਾਈਆ । ਭਗਤਾਂ ਦਵਾਰੇ ਸਾਚੇ ਪੌੜੇ ਆਇਆ ਚੜ੍ਹਨ, ਕਾਇਆ ਮੰਦਰ ਵੇਖ ਵਖਾਈਆ । ਸੋਹੰ ਢੋਲਾ ਆਇਆ
ਪੜ੍ਹਨ, ਆਦਿ ਜੁਗਾਦਿ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ

ਪ੍ਰੀਤੀ ਇਕ ਲਗਾਈਆ । ਗੁਰਮੁਖ ਪ੍ਰੀਤੀ ਜਾਏ ਲੱਗ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਕਿਰਪਾ ਕਰ ਸੂਰਾ ਸਰਬੱਗ, ਸੋ ਸਾਹਿਬ ਆਪਣਾ ਮੇਲ ਮਿਲਾਇੰਦਾ । ਕੂੜੀ ਕਿਰਿਆ ਬੁਝਾ ਅੱਗ, ਅੰਮ੍ਰਿਤ ਮੇਘ ਨਾਮ ਬਰਸਾਇੰਦਾ । ਘਰ ਕਾਇਆ ਕਾਅਬਾ ਕਰਾ ਹੱਜ, ਹੁਜਰਾ ਇਕੋ ਇਕ ਸੁਹਾਇੰਦਾ । ਸ਼ਬਦ ਨਾਮ ਸੁਣਾਏ ਅਨਹਦ, ਧੁਰ ਦਾ ਰਾਗੀ ਰਾਗ ਅਲਾਇੰਦਾ । ਅੰਮ੍ਰਿਤ ਪਿਆ ਅਗੰਮੀ ਮਦਿ, ਸਚ ਸਰੂਰ ਇਕ ਬਣਾਇੰਦਾ । ਜਗਤ ਦਵਾਰਾ ਪਾਰ ਕਰਾ ਹੱਦ, ਗ੍ਰਿਹ ਆਪਣਾ ਮੇਲ ਮਿਲਾਇੰਦਾ । ਜਨ ਭਗਤ ਕੂੜੀ ਸ੍ਰਿਸ਼ਟੀ ਜਾਏ ਛੱਡ, ਸਤਿਗੁਰ ਇਕੋ ਨਜ਼ਰੀ ਆਇੰਦਾ । ਲੱਖ ਚੁਰਾਸੀ ਨਾਲੋਂ ਹੋਵੇ ਅੱਡ, ਹਰਿ ਮੰਦਰ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜਿਸ ਦੀ ਖਾਣੀ ਬਾਣੀ ਗਾਵੇ ਛੰਦ, ਸੋ ਗੁਰਮੁਖ ਹਰਿ ਜੂ ਇਕੋ ਭਾਇੰਦਾ । ਜਿਸ ਦੇ ਮਿਲਿਆਂ ਧੁਰ ਅਨੰਦ, ਸੱਚਾ ਰਸ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਜਣਾਇੰਦਾ । ਸਚ ਪ੍ਰੀਤੀ ਜੋੜ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਾਚਾ ਮੰਤਰ ਦੱਸ ਮਕਾਨ, ਘਰ ਘਰ ਵਿਚ ਕਰੇ ਰੁਸ਼ਨਾਈਆ । ਅੰਮ੍ਰਿਤ ਦੇਵੇ ਪੀਣ ਖਾਣ, ਜਾਮ ਇਕੋ ਵਾਰ ਪਿਆਈਆ । ਆਵਣ ਜਾਵਣ ਜਮ ਕੀ ਚੁਕਾਏ ਕਾਨ, ਰਾਏ ਧਰਮ ਨਾ ਦਏ ਸਜਾਈਆ । ਸ਼ਬਦ ਸਰੂਪੀ ਦਏ ਬਬਾਨ, ਗੁਰਮੁਖ ਸੱਜਣ ਆਪ ਚੜ੍ਹਾਈਆ । ਲੈ ਕੇ ਜਾਏ ਸਚਖੰਡ ਦਵਾਰ ਨੌਜਵਾਨ, ਅੱਧਵਿਚਕਾਰ ਨਾ ਕੋਇ ਅਟਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਸੁਰਪਤ ਇੰਦ ਸੀਸ ਸਰਬ ਝੁਕਾਣ, ਨਿਉਂ ਨਿਉਂ ਲਾਗੇ ਪਾਈਆਂ ।

੧੮ ਜਿਸ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਮਿਲਿਆ ਆਣ, ਤਿਸ ਮੁਕਾਮੇ ਹੱਕ ਇਕ ਤੌਫ਼ੀਕ ੧੮

ਨਜ਼ਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਜਨ ਭਗਤਾਂ ਦੇਵੇ ਪਿਛਲਾ ਹੱਕ, ਚਾਰ ਜੁਗ

੧੯ ਦਾ ਲੇਖਾ ਵੇਖ ਪੁਰਖ ਸਮਰਥ, ਸਮਰਥ ਆਪਣੀ ਦਇਆ ਕਮਾਈਆ । ਭਗਤ ਜਨਾਂ ਪ੍ਰਭ ਮੇਲ ਸਵਾਮੀ, ਹਰਿ ਸੱਜਣ ਆਪ ਮਿਲਾਈਆ । ੧੯

ਕਲਜੁਗ ਅੰਤਮ ਖੇਲ ਮਹਾਨੀ, ਖ਼ਾਲਕ ਖ਼ਲਕ ਸਮਝ ਕਿਸੇ ਨਾ ਆਈਆ । ਲੱਖ ਚੁਰਾਸੀ ਬੀਤੀ ਚਾਰ ਜੁਗ ਦੀ ਪੜ੍ਹੋ ਕਹਾਣੀ, ਗੁਰਮੁਖ ਹਾਜ਼ਰ ਹਜ਼ੂਰ ਵੇਖ ਖ਼ੁਸ਼ੀ ਮਨਾਈਆ । ਜਿਸ ਦੀ ਮਹਿਮਾ ਬੋਧ ਅਗਾਧ ਸਿਫ਼ਤ ਕਰੇ ਅਗੰਮੀ ਬਾਣੀ, ਸੋ ਸਤਿਗੁਰ ਬਾਣ ਨਿਰਾਲਾ ਤੀਰ ਇਕ ਚਲਾਈਆ । ਜਿਸ ਨੂੰ ਸਜਦਾ ਕਰਦੇ ਨੇਤਰ ਰੋ ਰੋ ਅਠਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਨੈਣ ਸ਼ਰਮਾਈਆ । ਜਿਸ ਦਰ ਭਿਛਿਆ ਮੰਗਦੇ ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਵਿਟੋਂ ਜਾਣ ਕੁਰਬਾਨੀ, ਤਨ ਮਾਟੀ ਕਾਇਆ ਖ਼ਾਕੀ ਭੇਟ ਚੜ੍ਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦੀ ਦੱਸਦੇ ਗਏ ਨਿਸ਼ਾਨੀ, ਵਾਕ ਭਵਿਖਤ ਜਗਤ ਸੁਣਾਈਆ । ਜਿਸ ਦੇ ਦਰ ਮਿਲੇ ਪਦ ਨਿਰਬਾਨੀ, ਨਿਰਬਾਣ ਪਦ ਇਕੋ ਚਰਨ ਕਵਲ ਵਡਿਆਈਆ । ਸੋ ਪੁਰਖ ਅਕਾਲ ਸਾਹਿਬ ਸਤਿਗੁਰ ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਭਗਤ ਕਰੇ ਕੁਰਬਾਨੀ, ਪਰਵਾਨਾ ਆਪਣਾ ਨਾਮ ਫੜਾਈਆ । ਕੋਈ ਸਮਝ ਨਾ ਸਕੇ ਪੰਡਤ ਪਾਂਧਾ ਮੁਲਾਂ ਸ਼ੇਖ਼ ਜਗਤ ਵਿਦਵਾਨੀ, ਆਕਲ ਅਕਲ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲਾ ਏਕਾ ਥਾਈਂਆ । ਹਰਿਜਨ ਮੇਲਾ ਥਾਨ ਥਨੰਤਰ, ਕਾਇਆ ਬੰਕ ਦਏ ਵਡਿਆਈਆ । ਘਰ ਵਖਾਏ ਗਗਨ ਗਗਨੰਤਰ, ਗਹਿ੍ ਮੰਦਰ ਖੋਜ ਖੁਜਾਈਆ । ਜਨਮ ਕਰਮ ਬੁਝਾ ਬਸੰਤਰ, ਕਰਮ

ਕਾਂਡ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਸਚ ਸੁਣਾ ਮੰਤਰ, ਸੋਹੰ ਕਰੇ ਨਾਮ ਪੜ੍ਹਾਈਆ । ਮਾਨਸ ਜਨਮ ਬਣਾ ਬਣਤਰ, ਆਪ ਆਪਣੀ ਗੋਦ ਉਠਾਈਆ । ਜਿਸ ਦਾ ਰੂਪ ਹੱਥ ਨਾ ਆਇਆ ਧਨਵੰਤਰ, ਸੋ ਰੋਗ ਸੋਗ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਪ੍ਰੀਤੀ ਆਪ ਬੰਧਾਈਆ । ਬਿਨ ਸਤਿਗੁਰ ਕਿਰਪਾ ਨਾ ਉਪਜੇ ਪ੍ਰੀਤ, ਪ੍ਰੇਮ ਨਜ਼ਰ ਕਿਤੇ ਨਾ ਆਈਆ । ਡੂੰਘਾ ਰਾਜ ਗਹਿਰ ਗੰਭੀਰ ਹਰ ਘਟ ਭੀਤਰ ਭੀਤ, ਪਰਦਾ ਸਕੇ ਨਾ ਕੋਇ ਉਠਾਈਆ । ਗੁਰਮੁਖ ਵਿਰਲੇ ਪ੍ਰਭ ਚਰਨੀ ਝੁਕੇ ਸੀਸ, ਲੱਖ ਚੁਰਾਸੀ ਬੈਠੀ ਮੁਖ ਭਵਾਈਆ । ਹਰਿਜਨ ਵਿਰਲਾ ਜਾਣੇ ਸਚ ਹਦੀਸ, ਜਿਸ ਕਲਮਾ ਨਬੀ ਆਪ ਸਮਝਾਈਆ । ਸੋ ਸੰਤ ਸੁਹੇਲਾ ਹੋਏ ਅਤੀਤ, ਜਿਸ ਮੇਲਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਗੁਰਸਿਖ ਲਏ ਤਰਾਈਆ । ਗੁਰਮੁਖ ਗੁਰਸਿਖ ਤਾਰੇ ਆਪ, ਹਰਿ ਸਤਿਗੁਰ ਦਇਆ ਕਮਾਈਆ । ਜਨਮ ਕਰਮ ਦਾ ਮੇਟ ਪਾਪ, ਪਤਿਤ ਪੁਨੀਤ ਬਣਾਈਆ । ਸਚ ਸੁੱਚ ਦਾ ਇਕੋ ਜਾਪ, ਧੁਰ ਦਾ ਰਾਗ ਸਮਝਾਈਆ । ਕਾਇਆ ਮਾਟੀ ਕਰ ਕੇ ਪਾਕ, ਆਪਣਾ ਰੰਗ ਰੰਗਾਈਆ । ਨਾਤਾ ਤੋੜ ਜਾਤ ਪਾਤ, ਊਚ ਨੀਚ ਦਏ ਵਡਿਆਈਆ । ਆਤਮ ਪਰਮਾਤਮ ਦੱਸੇ ਸੱਜਣ ਸਾਕ, ਸਗਲਾ ਸੰਗ ਵਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਘਰ ਦੀਪਕ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਪਿਆਏ ਸਵਾਂਤ, ਠਾਂਡੀ ਠਾਰ ਆਪ ਵਹਾਈਆ । ਅਨਹਦ ਨਾਦ ਵਜਾਏ ਸਾਜ, ਹਰਿ ਸੱਜਣ ਬੇਪਰਵਾਹੀਆ । ਕਰ ਕਿਰਪਾ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਸ੍ਰਿਸ਼ਟੀ ਸੁੱਤੀ ਗੁਰਮੁਖ ਆਪ ਉਠਾਏ ਮਾਰ ਆਵਾਜ, ਬਿਨ ਕੰਨਾਂ ਅੰਦਰੇ ਅੰਦਰ ਸੁਣਾਈਆ । ਸਾਚੇ ਬੇੜੇ ਚਾੜ੍ਹ ਜਹਾਜ, ਚੱਪੂ ਆਪਣਾ ਨਾਮ ਲਗਾਈਆ । ਕਲਜੁਗ ਅੰਤਮ ਸਤਿਜੁਗ ਕਾਜ, ਹਰਿ ਕਰਤਾ ਆਪ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰਾ ਸਿਮਰਨ ਪੂਜਾ ਇਕੋ ਪਾਠ, ਪ੍ਰਭ ਸਰਨ ਸੱਚੀ ਸਰਨਾਈਆ । ਸਜਦਾ ਸੀਸ ਝੁਕੇ ਨਿਮਾਜ, ਪਰਵਰਦਿਗਾਰ ਨਜ਼ਰੀ ਆਈਆ । ਤੇਰਾ ਖੇੜਾ ਰਹੇ ਅਬਾਦ, ਪ੍ਰਭ ਦੇਵਣਹਾਰ ਵਡਿਆਈਆ । ਜੁਗ ਜਨਮ ਦੀ ਪਿਛਲੀ ਯਾਦ, ਬੇਪਰਵਾਹ ਭੁੱਲ ਨਾ ਜਾਈਆ । ਕੂੜੀ ਕਿਰਿਆ ਵਿਚੋਂ ਕਾਢ, ਸਾਚੀ ਮਾਲਾ ਮਣਕਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਆਤਮ ਪ੍ਰੀਤੀ ਸਾਚਾ ਦਾਨ, ਸੋ ਗੁਰਮੁਖ ਪ੍ਰੀਤੀ ਜਗਤ ਨਾਲੋਂ ਬਦਲਾਈਆ ।

ਗਾਏ ਬੈਲ ਨਾ ਮਰੇ ਮੱਝ, ਮਜ਼ਬੂਰੀ ਸਭ ਦੀ ਪੂਰ ਕਰਾਈਆ । ਘਰ ਘਰ ਸੀਰ ਦੁੱਧ ਪੀਓ ਰੱਜ, ਤ੍ਰਿਸਨਾ ਭੁੱਖ ਮਿਟਾਈਆ । ਖੁਰਲੀ ਕਿੱਲਾ ਜਾਏ ਸਜ, ਖ਼ਾਲੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਰੱਖੇ ਦੇ ਕਰ ਹੱਥ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸੁਣ ਪੁਕਾਰ ਦੇਵੇ ਵੱਥ, ਝੋਲੀ ਇਕ ਭਰਾਈਆ । ਖ਼ਾਲੀ ਹੋਵੇ ਨਾ ਕਿਸੇ ਦਾ ਹੱਥ, ਦਰ ਦਰ ਘਰ ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੁਖੀਆਂ ਦੁੱਖ ਦਲਿਦਰੀਆਂ ਦਲਿਦਰ ਦੋਵੇਂ ਦਏ ਮਿਟਾਈਆ ।

★ ੧੩ ਮੱਘਰ ੨੦੨੦ ਬਿਕਰਮੀ ਭਗਵਾਨ ਸਿੰਘ ਦੇ ਗ੍ਰਿਹ ਉਰਮੁੜ ਜ਼ਿਲਾ ਹੁਸ਼ਿਆਰਪੁਰ ★

ਸ਼ਾਹ ਪਾਤਸ਼ਾਹ ਸ਼ਾਹ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਬੇਪਰਵਾਹ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਹੁਕਮਰਾਨ, ਧੁਰ ਫ਼ਰਮਾਨਾ ਤੇਰਾ ਇਕੋ ਨਜ਼ਰੀ ਆਈਆ । ਏਕੰਕਾਰ ਰਾਜ ਰਾਜਾਨ, ਭੂਪਤ ਭੂਪ ਨੂਰ ਇਲਾਹੀਆ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜਾਤਾ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤੇ ਤੇਰਾ ਖੇਲ ਮਹਾਨ, ਸਮਝ ਸਕੇ ਕੋਇ ਨਾ ਰਾਈਆ । ਸ੍ਰੀ ਭਗਵਾਨ ਤੇਰਾ ਉਚ ਮਕਾਨ, ਨੇਤਰ ਨਜ਼ਰ ਕੋਇ ਨਾ ਪਾਈਆ । ਪਾਰਬ੍ਰਹਮ ਤੇਰਾ ਬੋਧ ਅਗਾਧ ਗਿਆਨ, ਕਰ ਸਕੇ ਨਾ ਕੋਇ ਪੜ੍ਹਾਈਆ । ਸਚਖੰਡ ਨਿਵਾਸੀ ਨੌਜਵਾਨ, ਯੋਧਾ ਸੂਰਬੀਰ ਅਖਵਾਈਆ । ਆਦਿ ਜੁਗਾਦਿ ਖੇਲੇ ਖੇਲ ਵਡ ਬਲਵਾਨ, ਬੇਅੰਤ ਆਪਣੀ ਧਾਰ ਚਲਾਈਆ । ਧੁਰ ਦੀ ਇਛਿਆ ਕਰ ਬਲਵਾਨ, ਸਾਚੀ ਭਿਛਿਆ ਝੋਲੀ ਪਾਈਆ । ਨਿਰਗੁਣ ਨਿਰਗੁਣ ਕਰੇ ਖੇਲ ਆਪ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਪਰਗਟਾਈਆ । ਸਾਚੀ ਧਾਰ ਸ੍ਰੀ ਭਗਵੰਤ, ਸੋ ਸਤਿਗੁਰ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਖੇਲ ਬੇਅੰਤ, ਮਹਿਮਾ ਕਥ ਸਕੇ ਨਾ ਕੋਇ ਰਾਈਆ । ਏਕੰਕਾਰ ਆਦਿ ਜੁਗਾਦਿ ਧੁਰ ਦਾ ਕੰਤ, ਸਤਿ ਸਤਿਵਾਦੀ ਨਜ਼ਰੀ ਆਈਆ । ਆਦਿ ਨਿਰੰਜਣ ਨੂਰ ਮਹੰਤ, ਦੋ ਜਹਾਨ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬੋਧ ਅਗਾਧਾ ਬਣ ਕੇ ਪੰਡਤ, ਧੁਰ ਦਾ ਲੇਖਾ ਦਏ ਜਣਾਈਆ । ਸ੍ਰੀ ਭਗਵਾਨ ਵੇਸ ਧਰੇ ਅਨੰਤ, ਅਕਲ ਕਲਧਾਰੀ ਆਪਣੀ ਕਲ ਜਣਾਈਆ । ਪਾਰਬ੍ਰਹਮ ਪ੍ਰਭ ਸੋਭਾਵੰਤ, ਸਚ ਦਵਾਰੇ ਬੈਠਾ ਆਸਣ ਲਾਈਆ । ਆਪਣੀ ਇਛਿਆ ਖੇਲੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਨਿਰਗੁਣ ਨਿਰਗੁਣ ਬਣਾਏ ਬਣਤ, ਨਾਰ ਕੰਤ ਰੂਪ ਵਟਾਈਆ । ਸੇਜ ਸੁਹੰਜਣੀ ਚਾੜ੍ਹੇ ਰੰਗ ਬਸੰਤ, ਰੂਪ ਰੇਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰਾ ਸ੍ਰੀ ਭਗਵਾਨ, ਸਤਿਪੁਰਖ ਨਿਰੰਜਣ ਆਪ ਸੁਹਾਇੰਦਾ । ਜੋਤੀ ਜਾਤਾ ਖੇਲ ਮਹਾਨ, ਹਰਿ ਕਰਤਾ ਆਪ ਵਖਾਇੰਦਾ । ਮਹਲ ਅਟੱਲ ਉਚ ਮਕਾਨ, ਦਰਗਾਹ ਸਾਚੀ ਸੋਭਾ ਪਾਇੰਦਾ । ਮੁਕਾਮੇ ਹੱਕ ਹੱਕ ਨਿਸ਼ਾਨ ਲਾਸ਼ਰੀਕ ਆਪ ਝੁਲਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਭੂਪਤ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਧੁਰ ਸੰਦੇਸ਼ਾ ਪਾਏ ਆਣ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਇਕੋ ਡੇਰਾ ਲਾਇੰਦਾ । ਸਚਖੰਡ ਦਵਾਰੇ ਸਚ ਸਿੰਘਾਸਣ, ਸੋ ਸਤਿਗੁਰ ਆਪ ਲਗਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਖੇਲੇ ਖੇਲ ਆਪ ਅਬਿਨਾਸ਼ਨ, ਅਬਿਨਾਸ਼ੀ ਆਪਣੀ ਕਲ ਜਣਾਈਆ । ਨਿਰਗੁਣ ਨਿਰਗੁਣ ਬਣ ਕੇ ਸਾਥਨ, ਸਗਲਾ ਸੰਗ ਆਪ ਰਖਾਈਆ । ਦਰਗਾਹ ਸਾਚੀ ਵੇਖੇ ਖੇਲ ਤਮਾਸ਼ਨ, ਮੰਡਲ ਆਪਣੀ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਉਚ ਮਹੱਲੇ ਇਕੋ ਨੂਰ ਕਰੇ ਰੁਸ਼ਨਾਈਆ । ਸਚ ਮਹਲ ਨੂਰ ਉਜਿਆਰਾ, ਸਚਖੰਡ ਸਾਚੇ ਵੱਜੇ ਵਧਾਈਆ । ਇਕ ਇਕੱਲਾ ਏਕੰਕਾਰਾ, ਅਕਲ ਕਲਧਾਰੀ ਬੈਠਾ ਸੋਭਾ ਪਾਈਆ । ਦੋ ਜਹਾਨਾਂ ਬਣ ਵਣਜਾਰਾ, ਤ੍ਰੈ ਪੰਜ

ਬੈਠਾ ਹੱਟ ਚਲਾਈਆ । ਲੱਖ ਚੁਰਾਸੀ ਖੇਲ ਨਿਆਰਾ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਰੰਗ ਰੰਗਾਈਆ । ਸ਼ਬਦ ਅਨਾਦਿ ਬੋਲ ਜੈਕਾਰਾ, ਧੁਰ ਦੀ ਧਾਰਾ ਆਪ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਚਰਨ ਕਵਲ ਦਏ ਸਰਨਾਈਆ । ਨਾਮ ਨਿਧਾਨ ਕਰ ਪਿਆਰਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਆਪਣਾ ਡੇਰਾ ਲਾਈਆ । ਘਟ ਘਟ ਆਪਣਾ ਡੇਰਾ ਲਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਪ੍ਰਗਟਾ, ਸਿਰ ਆਪਣਾ ਹੱਥ ਟਿਕਾਇੰਦਾ । ਤ੍ਰੈਗੁਣ ਮਾਇਆ ਝੋਲੀ ਪਾ, ਪੰਚਮ ਨਾਤਾ ਤੋੜ ਤੁੜਾਇੰਦਾ । ਪਾਰਬ੍ਰਹਮ ਬ੍ਰਹਮ ਵੰਡ ਵੰਡਾ, ਲੇਖਾ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਘਾੜਤ ਲਏ ਘੜਾ, ਬਣ ਠਠਿਆਰਾ ਖੇਲ ਖਿਲਾਇੰਦਾ । ਭੇਦ ਅਭੇਦਾ ਆਪ ਜਣਾ, ਅਨੁਭਵ ਆਪਣੀ ਧਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਮੰਦਰ ਚੜ੍ਹ, ਦਰ ਘਰ ਸਾਚੇ ਸੋਭਾ ਪਾਇੰਦਾ । ਸਚਖੰਡ ਦਵਾਰੇ ਏਕੰਕਾਰ, ਸੋ ਸਾਹਿਬ ਆਸਣ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਸ਼ਬਦੀ ਸ਼ਬਦ ਦਏ ਵਡਿਆਈਆ । ਧੁਰ ਸੰਦੇਸ਼ਾ ਇਕੋ ਵਾਰ, ਆਦਿ ਪੁਰਖ ਆਪ ਜਣਾਈਆ । ਰਚਨਾ ਰਚ ਰਚ ਸੰਸਾਰ, ਸਾਚੀ ਸੇਵਾ ਇਕ ਦ੍ਰਿੜਾਈਆ । ਨਿਰਗੁਣ ਸਰਗੁਣ ਦੇ ਅਧਾਰ, ਪੰਜ ਤਤ ਮੇਲਾ ਸਹਿਜ ਸੁਭਾਈਆ । ਜੁਗ ਚੌਕੜੀ ਖੇਲ ਕਰਤਾਰ, ਸਤਿਜੁਗ ਤ੍ਰੇਤਾ ਦਵਾਪਰ ਵੰਡ ਕਲਜੁਗ ਨਾਲ ਮਿਲਾਈਆ । ਧੁਰ ਦਾ ਲੇਖਾ ਕਰ ਤਿਆਰ, ਬ੍ਰਹਮਾ ਵੇਤਾ ਕਰ ਪੜ੍ਹਾਈਆ । ਚਾਰੇ ਵੇਦਾਂ ਦੇ ਅਧਾਰ, ਚਾਰੇ ਜੁਗ ਕਰੇ ਰੁਸ਼ਨਾਈਆ । ਚਾਰੇ ਖਾਣੀ ਬੋਲ ਜੈਕਾਰ, ਚਾਰੇ ਬਾਣੀ ਲਏ ਸਮਝਾਈਆ । ਚਾਰੇ ਕੁੰਟ ਕਰ ਕੇ ਖ਼ਬਰਦਾਰ, ਚਾਰ ਵਰਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਹਰਿ ਨਿਰੰਕਾਰਾ, ਹਰਿ ਕਰਤਾ ਆਪ ਕਰਾਇੰਦਾ । ਜੁਗ ਚੌਕੜੀ ਖੇਲ ਨਿਆਰਾ, ਨਿਰਗੁਣ ਸਰਗੁਣ ਆਪ ਰਖਾਇੰਦਾ । ਪੰਜ ਤਤ ਅੰਦਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਨਾਉਂ ਰੱਖ ਗੁਰ ਅਵਤਾਰਾ, ਧੁਰ ਸੰਦੇਸ਼ਾ ਰਾਗ ਅਲਾਹਿੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਰਸਨਾ ਜਿਹਵਾ ਬੱਤੀ ਦੰਦ ਸਲਾਹਿੰਦਾ । ਲੇਖ ਲੇਖ ਲਿਖਤ ਅਪਾਰਾ, ਕਲਮ ਸ਼ਾਹੀ ਅੰਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਸਚਖੰਡ ਨਿਵਾਸੀ ਭੇਵ ਅਵੱਲਾ, ਸਮਝ ਕਿਸੇ ਨਾ ਆਈਆ । ਨਰ ਨਿਰੰਕਾਰ ਇਕ ਅਕੱਲਾ, ਏਕੰਕਾਰ ਖੇਲ ਰਚਾਈਆ । ਸਚਖੰਡ ਵਸਾਏ ਧੁਰ ਮਹੱਲਾ, ਦਰਗਾਹ ਸਾਚੀ ਡੇਰਾ ਲਾਈਆ । ਜੋਤ ਦੀਪਕ ਆਪੇ ਬਲਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਸ਼ਬਦੀ ਸੁਤ ਫੜਾਇਆ ਪੱਲਾ, ਵਿਸ਼ਨ ਬ੍ਰਹਮਾ ਸ਼ਿਵ ਕਰੀ ਕੁੜਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਘੱਲਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਧਾਮ ਵਖਾਇਆ ਉਚ ਅਟੱਲਾ, ਨਿਰਵੈਰ ਨਿਰੰਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕੋ ਇਕ ਸਹਾਈਆ । ਸਚਖੰਡ ਦਵਾਰੇ ਚੜ੍ਹ ਭਗਵਾਨ, ਧੁਰ ਫ਼ਰਮਾਨਾ ਹੁਕਮ ਜਣਾਈਆ । ਜੁਗ ਚੌਕੜੀ ਖੇਲ ਮਹਾਨ, ਖ਼ਾਲਕ ਖ਼ਲਕ ਆਪ ਵਖਾਈਆ । ਦਾਤ ਦੇ ਦੇ ਧੁਰ ਦਾ ਦਾਨ, ਤੇਈ ਅਵਤਾਰ ਹੁਕਮ ਮਨਾਈਆ । ਅਠਾਰਾਂ ਭਗਤ ਕਰ ਪਰਧਾਨ, ਨਾਮ ਅਮੋਲਕ ਇਕ

ਸਮਝਾਈਆ । ਈਸਾ ਮੂਸਾ ਮੁਹੰਮਦ ਦੇ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਨਾਨਕ ਗੋਬਿੰਦ ਕਰ ਪਰਵਾਨ, ਮੰਤਰ ਸਤਿ ਸਤਿ ਜਣਾਈਆ । ਡੰਕਾ ਵੱਜੇ ਦੋ ਜਹਾਨ, ਫ਼ਤਿਹ ਆਪਣੇ ਹੱਥ ਰਖਾਈਆ । ਲੇਖ ਲਿਖਾ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਗੰਢ ਪਵਾਈਆ । ਅੰਜੀਲ ਕੁਰਾਨ ਦੱਸ ਈਮਾਨ, ਸਿਦਕ ਸਬੂਰੀ ਇਕ ਸਮਝਾਈਆ । ਧੁਰ ਦੀ ਬਾਣੀ ਲਾ ਕੇ ਬਾਣ, ਲੱਖ ਚੁਰਾਸੀ ਅਣਿਆਲਾ ਤੀਰ ਚਲਾਈਆ । ਆਤਮ ਪਰਮਾਤਮ ਦੇ ਕੇ ਬ੍ਰਹਮ ਗਿਆਨ, ਲੱਖ ਚੁਰਾਸੀ ਕਰੀ ਪੜ੍ਹਾਈਆ । ਘਟ ਘਟ ਅੰਦਰ ਨਜ਼ਰੀ ਆਏ ਏਕੰਕਾਰਾ ਨੌਜਵਾਨ, ਸਤਿ ਸਰੂਪੀ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵੜ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਜੁਗ ਚਾਰ, ਹਰਿ ਕਰਤਾ ਵਡ ਵਡਿਆਈਆ । ਨਾਮ ਸੰਦੇਸ਼ ਦੇ ਗੁਰੂ ਅਵਤਾਰ, ਲੋਕਮਾਤ ਦਿਤੀ ਵਡਿਆਈਆ । ਲਿਖ ਲਿਖ ਗਏ ਧੁਰ ਦੀ ਧਾਰ, ਨਾਤਾ ਜੋੜ ਕਲਮ ਸ਼ਾਹੀਆ । ਉਚੀ ਕੂਕ ਗਏ ਪੁਕਾਰ, ਜੀਵ ਜੰਤ ਜਗਤ ਸਮਝਾਈਆ । ਆਤਮ ਪਰਮਾਤਮ ਕਰੋ ਪਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਬ੍ਰਹਮ ਦਏ ਅਧਾਰ, ਘਰ ਮੇਲਾ ਸਹਿਜ ਸੁਭਾਈਆ । ਕੂੜੀ ਕਿਰਿਆ ਕੋਈ ਨਾ ਹੋਏ ਖਵਾਰ, ਪੰਚ ਵਿਕਾਰ ਡੇਰਾ ਢਾਹੀਆ । ਇਕੋ ਬੋਲੋ ਨਾਮ ਜੈਕਾਰ, ਜੈ ਜੈ ਕਾਰ ਘਰ ਸਾਚੇ ਰਾਗ ਅਲਾਹੀਆ । ਸੁਰਤ ਸੁਆਣੀ ਸ਼ਬਦ ਹਾਣੀ ਮਿਲ ਕੇ ਗਾਏ ਮੰਗਲਾਚਾਰ, ਗੀਤ ਗੋਬਿੰਦ ਇਕ ਅਲਾਹੀਆ । ਮੁਰੀਦ ਮੁਰਸ਼ਦ ਕਰੇ ਦੀਦਾਰ, ਦੀਦ ਈਦ ਚੰਦ ਚਮਕਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਲਾਸ਼ਰੀਕ ਨੂਰ ਖ਼ੁਦਾਈਆ । ਆਦਿ ਜੁਗਾਦੀ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਰਸਨਾ ਜਿਹਵਾ ਬੁੱਧੀ ਕਰੋ ਵਿਚਾਰ, ਮਤ ਆਪਣੀ ਆਪਣੇ ਨਾਲ ਰਲਾਈਆ । ਮਨ ਵਾਸਨਾ ਦੇਵੇ ਮਾਰ, ਨੌ ਦਵਾਰੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਧੁਰ ਦਾ ਹੁਕਮ ਆਪ ਵਰਤਾਈਆ । ਧੁਰ ਦਾ ਹੁਕਮ ਗੁਰੂ ਅਵਤਾਰ, ਪੀਰ ਪੈਗ਼ੰਬਰ ਗਏ ਮਾਤ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਅੱਠ ਦਸ ਭੇਵ ਝੁਕਾਈਆ । ਤੀਸ ਬਤੀਸ ਕਰੇ ਹਾਹਾਕਾਰ, ਰਾਗ ਛਤੀਸ ਰਹੇ ਕੁਰਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਗੁਰ ਕਾ ਸ਼ਬਦ ਕਰੇ ਖ਼ਬਰਦਾਰ, ਧੁਰ ਸੰਦੇਸ਼ਾ ਇਕ ਸੁਣਾਈਆ । ਗ਼ਫ਼ਲਤ ਵਿਚ ਨਾ ਸੌਂ ਹੋਵੋ ਬੇਦਾਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਕਾਇਆ ਮੰਦਰ ਵੇਖੋ ਘਰ ਵਿਚ ਘਰ ਸੱਚੀ ਧਰਮਸਾਲ, ਬਾਹਰ ਖੋਜਣ ਕੋਇ ਨਾ ਜਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਕਰੋ ਦੀਦਾਰ, ਦੀਦ ਈਦ ਚੰਦ ਚਮਕਾਈਆ । ਮਾਣਸ ਜਨਮ ਨਾ ਆਏ ਹਾਰ, ਕੂੜੀ ਕਿਰਿਆ ਡੇਰਾ ਢਾਹੀਆ । ਭਰਮੇ ਭੁਲੋ ਨਾ ਜੀਵ ਗਵਾਰ, ਨਾਨਕ ਗੋਬਿੰਦ ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਲਿਖ ਲਿਖ ਕਲਮਾ ਗਏ ਸਮਝਾਈਆ । ਨੌ ਖੰਡ ਪ੍ਰਿਥਮੀ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਪਾਵੇ ਸਾਰ, ਟਿੱਲੇ ਪਰਬਤ ਸਮੁੰਦ ਸਾਗਰ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਇਕੋ ਹੁਕਮ ਵਰਤਾਈਆ । ਜੁਗ ਚੌਕੜੀ ਦੇ ਫ਼ਰਮਾਨ, ਲੋਕਮਾਤ ਰਾਹ ਚਲਾਇਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਕਰ ਮਹਾਨ, ਮਹਿਮਾ ਅਕੱਥ ਕਥ ਦ੍ਰਿੜਾਇਆ । ਨਾਮ ਸੰਦੇਸ਼ਾ ਦੇ ਗਿਆਨ, ਅਗਿਆਨ ਅੰਧੇਰ ਚੁਕਾਇਆ । ਬੋਧ ਅਗਾਧ ਸ਼ਬਦ

ਨਾਦ ਆਤਮ ਧੁਨਕਾਨ, ਅਨਹਦ ਨਾਦੀ ਨਾਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਧੁਰ ਦੇ ਘਰ, ਲੱਖ ਚੁਰਾਸੀ ਘਰ ਘਰ ਫੋਲ ਫੁਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਸੰਦੇਸ਼ਾ ਦੇ ਦੇ ਗਏ ਥੱਕ, ਕਲਜੁਗ ਵੇਲਾ ਅੰਤਮ ਆਈਆ । ਮੂਰਖ ਮੁਗਧ ਅੰਞਾਣਾ ਕੋਲੋਂ ਗਏ ਅੱਕ, ਆਪ ਆਪਣਾ ਪੱਲੂ ਗਏ ਛੁੜਾਈਆ । ਇਕੋ ਇਕ ਸਚ ਸੰਦੇਸ਼ਾ ਗਏ ਦੱਸ, ਧੁਰ ਫ਼ਰਮਾਨ ਆਪ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਏ ਪੁਰਖ ਸਮਰਥ, ਨਿਹਕਲੰਕ ਨਾਉਂ ਰਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ਼ਬਦ ਡੋਰੀ ਪਾਏ ਨੱਥ, ਤੰਦੀ ਤਾਰ ਆਪਣੇ ਹੱਥ ਰਖਾਈਆ । ਸਾਢੇ ਤਿੰਨ ਹੱਥ ਕਾਇਆ ਵਿਚੋਂ ਕੋਈ ਬਾਹਰ ਨਾ ਸਕੇ ਨੱਸ, ਅੰਦਰੇ ਅੰਦਰ ਬੰਦ ਕਰਾਈਆ । ਵੇਖਣਹਾਰਾ ਘਟ ਘਟ, ਗ੍ਰਿਹ ਗ੍ਰਿਹ ਪੜਦਾ ਦਏ ਉਠਾਈਆ । ਹਕੀਕਤ ਜਾਣੇ ਆਪ ਹੱਕ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਮੰਗੇ ਥਾਉਂ ਥਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਗਏ ਪੁਕਾਰ, ਲੋਕਮਾਤ ਡੰਕ ਵਜਾਈਆ । ਕਲਜੁਗ ਅੰਤ ਕਲ ਕਲਕੀ ਲਏ ਅਵਤਾਰ, ਕਲ ਆਪਣੇ ਹੱਥ ਰਖਾਈਆ । ਲਹਿਣਾ ਦੇਣਾ ਮੰਗੇ ਜੁਗ ਚੌਕੜੀ ਚਾਰ, ਨੌਂ ਸੌ ਚੁਰਾਨਵੇਂ ਜੁਗ ਚੌਕੜੀ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਨੇਤਰ ਲੋਚਣ ਨੈਣ ਅੱਖ ਸਰਬ ਖੁਲ੍ਹਾਈਆ । ਗੁਰ ਅਵਤਾਰ ਦਰਸ ਦੇ ਸੱਦੇ ਆਪਣੀ ਵਾਰ, ਹੁਕਮ ਇਕੋ ਇਕ ਜਣਾਈਆ । ਲੇਖਾ ਮੰਗੇ ਧੁਰ ਦਰਬਾਰ, ਪਰਦਾ ਓਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ ।



ਸ਼ਹਿਨਸ਼ਾਹ ਹਰਿ ਸ਼ਾਹ ਸੁਲਤਾਨਾ, ਹੁਕਮਰਾਨ ਇਕ ਅਖਵਾਇੰਦਾ । ਆਦਿ ਜੁਗਾਦੀ ਪਹਿਰੇ ਬਾਨਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸ਼ਬਦ ਅਗੰਮੀ ਇਕ ਤਰਾਨਾ, ਧੁਰ ਦਾ ਰਾਗ ਆਪ ਅਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਵਿਚ ਜਹਾਨਾ, ਨਵ ਨੌ ਆਪਣਾ ਖੇਲ ਰਚਾਇੰਦਾ । ਲੱਖ ਚੁਰਾਸੀ ਵਿਚੋਂ ਭਗਤ ਭਗਵੰਤ ਕੱਢੇ ਬਾਲ ਨਿਧਾਨਾ, ਬਚਪਨ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਇਕੋ ਆਪਣੀ ਕਾਰ ਕਮਾਇੰਦਾ । ਸਚਖੰਡ ਦਵਾਰੇ ਹੋ ਪ੍ਰਤੱਖ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖੋਲ੍ਹੇ ਅੱਖ, ਨੇਤਰ ਲੋਚਣ ਪਰਦਾ ਰਿਹਾ ਉਠਾਈਆ । ਉਠੋ ਵੇਖੋ ਲੋਕਮਾਤ ਲਓ ਤੱਕ, ਚਾਰੋਂ ਕੁੰਟ ਧਿਆਨ ਲਗਾਈਆ । ਕਲਜੁਗ ਜੀਵ ਮਾਇਆ ਮਮਤਾ ਕੂੜੀ ਕਿਰਿਆ ਗਏ ਫਸ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨੌਂ ਦਵਾਰੇ ਮਾਨਣ ਰਸ, ਆਤਮ ਰਸ ਹੱਥ ਕਿਸੇ ਨਾ ਆਈਆ । ਰਸਨਾ ਜਿਹਵਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੁਰੂ ਗ੍ਰੰਥ ਸਾਧ ਸੰਤ ਗਾਉਂਦੇ ਜਸ, ਅੰਦਰ ਵੜ ਕੇ ਪ੍ਰਭ ਤੇਰਾ ਦਰਸ ਕੋਇ ਨਾ ਪਾਈਆ । ਮਾਇਆ ਕਾਰਨ ਕਰਨ ਤੇਰਾ ਪਾਠ, ਪੂਜਾ ਲੈ ਲੈ ਥੱਕੀ ਜਗਤ ਲੋਕਾਈਆ । ਨੇਤਰ ਰੋਵੇ ਤੀਰਥ ਤਟ, ਜਮਨਾ ਸੁਰਸਤੀ ਗੰਗਾ ਗੁਦਾਵਰੀ ਨੈਣਾ ਨੀਰ ਵਹਾਈਆ । ਪਾਰਬ੍ਰਹਮ ਪ੍ਰਭ ਸਾਡੀ ਰੱਖੇ ਕੋਈ ਨਾ ਪਤ, ਨਾਰੀ ਪੁਰਸ਼ ਨੰਗੇ ਤਾਰੀਆਂ ਲਾਈਆ । ਮਾਂ ਪੁੱਤਰ ਇਕ ਦੂਜੇ ਵਲ ਰਹੇ ਤੱਕ, ਨੇਤਰ ਅੱਖ ਨਾ ਕਿਸੇ ਸ਼ਰਮਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਗਏ ਦੱਸ, ਸੋ ਭੁੱਲੇ ਜੀਵ ਸ਼ਦਾਈਆ । ਸੱਜਣ ਸੱਜਣਾ ਰਹੇ

ਠੱਗ, ਨਾਰ ਕੰਤ ਪਈ ਜੁਦਾਈਆ । ਕਿਸੇ ਨਜ਼ਰ ਨਾ ਆਇਆ ਨਿਰਗੁਣ ਨਿਰਾਕਾਰ ਉਪਰ ਸ਼ਾਹ ਰਗ, ਘਰ ਸਾਚੇ ਵੱਜੀ ਨਾ ਕੋਈ ਵਧਾਈਆ ।
ਰਾਜ ਰਾਜਾਨਾ ਸ਼ਾਹ ਸੁਲਤਾਨਾ ਕੂੜੀ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਾਇਆ ਹੁਜਰੇ ਸਚ ਮਹਿਰਾਬੇ ਤੇਰਾ ਕੋਈ ਨਾ
ਕਰੇ ਹੱਜ, ਮੱਕੇ ਕਾਅਬੇ ਫਿਰਨ ਵਾਹੋ ਦਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੈਨੂੰ ਰਹੇ ਲੱਭ, ਘਰ ਵਿਚ ਘਰ ਖੋਜਣ ਕੋਇ ਨਾ ਆਈਆ ।
ਸਚ ਦਵਾਰਾ ਪ੍ਰਭ ਤੇਰਾ ਗਏ ਛੱਡ, ਨਾਤਾ ਜੁੜਿਆ ਜਗਤ ਲੋਕਾਈਆ । ਪ੍ਰੇਮ ਕਰਨ ਮਾਟੀ ਚਾਮ ਕਾਇਆ ਹੱਡ, ਪਰਮਾਤਮ ਆਤਮ ਤੇਰੇ
ਨਾਲ ਨਾ ਕੋਇ ਪਰਨਾਈਆ । ਤੇਰੀ ਕੋਈ ਨਾ ਬਣੇ ਯੱਦ, ਪੁਰਖ ਅਕਾਲ ਪਿਤਾ ਨਾ ਕੋਇ ਮਿਲਾਈਆ । ਸ੍ਰਿਸ਼ਟ ਸਬਾਈ ਚਾਰ ਕੁੰਟ ਦਹਿ
ਦਿਸ਼ਾ ਤੇਰੇ ਨਾਲੋਂ ਹੋਈ ਅੱਡ, ਕਲਜੁਗ ਆਪਣਾ ਕੂੜ ਮਹਲ ਰਹੀ ਵਸਾਈਆ । ਕਿਰਪਾ ਕਰ ਪੁਰਖ ਸਮਰਥ, ਗੁਰ ਅਵਤਾਰ ਪੀਰ ਪੈਗ਼ੰਬਰ
ਜੋੜਨ ਹੱਥ, ਸਜਦਾ ਕਰ ਸਰਨ ਸਰਨਾਈ ਗਏ ਢੱਠ, ਖ਼ਾਲੀ ਝੋਲੀ ਅੱਡ ਇਕੋ ਮੰਗ ਰਹੇ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ
ਮੰਗ, ਕਲਜੁਗ ਅੰਤ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸਰਨਾਈਆ । ਗੁਰ ਕਾ ਸ਼ਬਦ ਸਭ ਨੂੰ ਭੁਲਿਆ
ਅਨੰਦ, ਰਸ ਰਸਨਾ ਹੋਏ ਹਲਕਾਈਆ । ਬੱਤੀ ਦੰਦ ਖਾ ਖਾ ਗੰਦ, ਤੇਰਾ ਢੋਲਾ ਰਾਗ ਨਾ ਕੋਇ ਸੁਣਾਈਆ । ਬਿਨ ਤੇਰੇ ਪ੍ਰਭੂ ਸ੍ਰਿਸ਼ਟ
ਸਬਾਈ ਹੋਈ ਰੰਡ, ਜਗਤ ਦੁਹਾਗਣ ਦਏ ਦੁਹਾਈਆ । ਸਤਿਗੁਰੂ ਦਵਾਰੇ ਕੋਈ ਨਾ ਗਾਵੇ ਛੰਦ, ਸੰਸਾ ਰੋਗ ਨਾ ਕੋਇ ਚੁਕਾਈਆ । ਜੋਤੀ
 ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਇਕੋ ਦੇ ਵਰ, ਆਪ ਆਪਣੇ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਆ ਕੇ ੨੪
ਵੇਖ, ਤੇਰੀ ਇਕੋ ਓਟ ਤਕਾਈਆ । ਕਲਜੁਗ ਕੂੜਾ ਵਧਿਆ ਭੇਖ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਤੇਰਾ ਸਾਧ ਸੰਤ ਦੱਸੇ ਕੋਈ ਨਾ
 ਭੇਤ, ਤੇਰਾ ਮੇਲ ਨਾ ਕੋਇ ਮਿਲਾਈਆ । ਜਗਤ ਵਾਸਨਾ ਹੋਇਆ ਹੇਤ, ਕੂੜੀ ਕਿਰਿਆ ਰਹੇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ੧੯
ਆਪਣੀ ਕਿਰਪਾ ਕਰ, ਤੇਰੇ ਅੱਗੇ ਇਕ ਅਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਨਿਉਂ ਨਿਉਂ ਸੀਸ ਝੁਕਾਏ ਗੁਰ ਅਵਤਾਰ ਧਿਆਨ
ਲਗਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ ਬੌਹੜ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਲੱਖ ਚੁਰਾਸੀ ਤੇਰਾ ਫਲ ਹੋਇਆ ਕੌੜ,
ਤੁਧ ਬਿਨ ਮਿੱਠਾ ਰਸ ਨਾ ਕੋਇ ਭਰਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਸਾਚੇ ਮੰਦਰ ਕੋਈ ਨਾ ਲਾਏ ਪੌੜ, ਮੰਜ਼ਲ ਚੜ੍ਹ ਕੇ ਤੇਰਾ ਦਰਸ
ਕੋਇ ਨਾ ਪਾਈਆ । ਦੀਨ ਮਜ਼੍ਹਬ ਜਾਤ ਪਾਤ ਝਗੜੇ ਅੰਦਰ ਰਹੇ ਦੌੜ, ਬਣ ਕੇ ਪਾਂਧੀ ਰਾਹੀਆ । ਮਿਹਰਵਾਨ ਵੇਖ ਕਰ ਕੇ ਗੌਰ, ਗਹਿਰ
ਗੰਭੀਰ ਤੇਰੇ ਹੱਥ ਸਰਬ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਨਜ਼ਰੀ
ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਖਣ ਬੋਲ, ਇਕ ਆਵਾਜ਼ ਉਠਾਈਆ । ਅਬਿਨਾਸ਼ੀ ਕਰਤੇ ਲੱਖ ਚੁਰਾਸੀ ਆ ਕੇ ਤੋਲ, ਨਾਮ
ਕੰਡਾ ਹੱਥ ਉਠਾਈਆ । ਖਾਣੀ ਬਾਣੀ ਵੱਜਦਾ ਸੁਣੇ ਨਾ ਕੋਈ ਢੋਲ, ਪੜ੍ਹ ਪੜ੍ਹ ਭਰਮੇ ਭੁੱਲੀ ਸਰਬ ਲੋਕਾਈਆ । ਬਿਨ ਤੇਰੀ ਕਿਰਪਾ ਅੰਦਰ
ਕੋਈ ਨਾ ਜਾਏ ਮੌਲ, ਮੌਲਾ ਰੂਪ ਨਜ਼ਰ ਕਿਸੇ ਨਾ ਆਈਆ । ਕਰ ਪਰਕਾਸ਼ ਉਪਰ ਧੌਲ, ਧਰਨੀ ਧਰਤ ਧਵਲ ਦਏ ਦੁਹਾਈਆ । ਨਾਨਕ
ਗੋਬਿੰਦ ਨਾਲ ਕੀਤਾ ਕੌਲ, ਮੁਹੰਮਦ ਬੈਠਾ ਅੱਖ ਉਠਾਈਆ । ਈਸਾ ਕਹੇ ਮੇਰਾ ਪਰਵਰਦਿਗਾਰ ਸਦ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ ।

ਵੇਦ ਵਿਆਸ ਦੱਸ ਕੇ ਗਿਆ ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਚੜ੍ਹ ਵਜਾਵੇ ਢੋਲ, ਮਰਦੰਗਾ ਆਪਣੇ ਹੱਥ ਰਖਾਇੰਦਾ । ਆ ਸਵਾਮੀ ਸਾਹਿਬ ਸਤਿਗੁਰ ਪੁਰਖ ਅਕਾਲ ਅਡੋਲ, ਤੇਰੀ ਓਟ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲ ਅਲੱਖ, ਅਲਖ ਅਲੱਖਣੇ ਰਹੇ ਦ੍ਰਿੜਾਈਆ । ਪੁਰਖ ਅਕਾਲ ਨਜ਼ਰੀ ਆ ਸਰਬ ਪਰਤੱਖ, ਕਿਉਂ ਬੈਠਾ ਮੁਖ ਛੁਪਾਈਆ । ਕਲਜੁਗ ਦੇ ਸਤਿਜੁਗ ਹੱਕ, ਕਲਜੁਗ ਜੀਵਾਂ ਲਹਿਣਾ ਦੇਣਾ ਝੋਲੀ ਪਾਈਆ । ਸਤਿਜੁਗ ਸੱਚਾ ਧਰਨੀ ਰੱਖ, ਧਰਤ ਗੋਦ ਸੁਹਾਈਆ । ਭਗਤ ਸੁਹੇਲੇ ਕਰ ਪਰਗਟ, ਆਪ ਆਪਣਾ ਨਾਮ ਜਪਾਈਆ । ਸਤਿ ਧਰਮ ਦਾ ਖੋਲ੍ਹ ਹੱਟ, ਵਣਜ ਇਕੋ ਇਕ ਵਖਾਈਆ । ਧੁਰਦਰਗਾਹੀ ਚਲਾ ਰਥ, ਬਣ ਰਥਵਾਹੀ ਸੇਵ ਕਮਾਈਆ । ਚੌਥੇ ਜੁਗ ਸਦੀ ਚੌਧਵੀਂ ਬੀਸ ਬੀਸੇ ਸਭ ਦੀ ਹੋਈ ਬੱਸ, ਪਿਛਲੇ ਬਸਤੇ ਰਹੇ ਬੰਧਾਈਆ । ਅੱਗੇ ਦਿਤਾ ਤੈਨੂੰ ਹੱਕ, ਤੇਰੀ ਹਕੀਕਤ ਤੇਰੇ ਹੱਥ ਫੜਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਕ ਤੇਰੀ ਇਕ ਸਰਨਾਈਆ । ਸੱਚਾ ਮਾਰਗ ਧੁਰ ਦਾ ਦੱਸ, ਚਾਰ ਵਰਨ ਅਠਾਰਾਂ ਬਰਨ ਕਰ ਇਕੋ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਤੁਧ ਬਿਨ ਦਾਤਾ ਨਜ਼ਰ ਕੋਇ ਨਾ ਆਈਆ । ਦੇ ਦਾਤ ਹਰਿ ਦਾਤਾਰ, ਦਇਆਵਾਨ ਤੇਰੀ ਸਰਨਾਈਆ । ਦਰ ਦਰਵੇਸ਼ ਖੜੇ ਭਿਖਾਰ, ਦੋਏ ਜੋੜ ਮੰਗਣ ਚਾਈਂ ਚਾਈਂਆ । ਸਤਿ ਪੁਰਖ ਨਿਰੰਜਣ ਹੋ ਉਜਿਆਰ, ਜੋਤੀ ਜਾਤੇ ਨੂਰ ਧਰਾਈਆ । ਸਤਿਜੁਗ ਸਾਚਾ ਮਾਰਗ ਦੇ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਾਚੇ ਭਗਤ ਲੈ ਉਠਾਲ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਤੇਰਾ ਨਾਉਂ ਦੀਨ ਦਿਆਲ, ਦੀਨਾਂ ਅਨਾਥਾਂ ਗਲੇ ਲਗਾਈਆ । ਮੁਰਸ਼ਦ ਆ ਕੇ ਵੇਖ ਹਾਲ, ਮੁਰੀਦ ਰਹੇ ਕੁਰਲਾਈਆ । ਜਲਵਾ ਨੂਰ ਦੇ ਜਲਾਲ, ਜਾਹਰ ਜਹੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਠਾਂਡੇ ਖ਼ੁਸ਼ੀ ਮਨਾਈਆ । ਘਰ ਠਾਂਡਾ ਤੇਰਾ ਦਰਬਾਰਾ, ਉਚ ਅਥਾਹ ਨਜ਼ਰੀ ਆਈਆ । ਦੀਆ ਬਾਤੀ ਇਕ ਉਜਿਆਰਾ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰਾ, ਸੋ ਸਾਹਿਬ ਸੋਭਾ ਪਾਈਆ । ਸ਼ਬਦ ਅਨਾਦਿ ਧੁਰ ਜੈਕਾਰਾ, ਅਨਰਾਗੀ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ, ਸਾਚਾ ਮਾਰਗ ਇਕ ਸਮਝਾਈਆ । ਗੁਰ ਅਵਤਾਰ ਕਰ ਵਣਜਾਰਾ, ਹੱਟ ਲੋਕਮਾਤ ਚਲਾਈਆ । ਪੀਰ ਪੈਗ਼ੰਬਰ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਬਣ ਲਿਖਾਰਾ, ਕਾਤਬ ਆਪਣੀ ਕਲਮ ਆਪਣੇ ਰੰਗ ਰੰਗਾਈਆ । ਜੁਗ ਚੌਕੜੀ ਕਰਨਹਾਰਾ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ, ਡੇਰਾ ਢਾਹੀਆ । ਸਚਖੰਡ ਸੁਹਾਵਣਹਾਰ ਦਵਾਰਾ, ਦਰਗਾਹ ਸਾਚੀ ਸੋਭਾ ਪਾਈਆ । ਨਿਰਗੁਣ ਨਿਰਗੁਣ ਕਰਨਹਾਰ ਪਿਆਰਾ, ਆਪ ਆਪਣਾ ਭੇਵ ਖੁਲ੍ਹਾਈਆ । ਦਰ ਸੱਦ ਗੁਰ ਅਵਤਾਰਾ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਕਲਜੁਗ ਵੇਖ ਕੀ ਵਰਤੇ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਧੂਅੰਧਾਰ ਸਰਬ ਸੰਸਾਰਾ, ਚੌਦਸ ਚੰਦ ਨਾ ਕੋਇ ਚਮਕਾਈਆ । ਰਾਉ ਰੰਕ ਕਰਨ ਹਾਹਾਕਾਰਾ, ਸਾਧ ਸੰਤ ਦੇਣ ਦੁਹਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਗਤ ਸਿਆਸਤ ਬਣਿਆ ਅਖਾੜਾ, ਮਨਮਤ ਬੈਠੀ ਨਾਚ ਨਚਾਈਆ । ਚਾਰੋਂ ਕੁੰਟ ਆਈ ਹਾਰਾ, ਜਿਤ ਬੈਠੀ ਮੁਖ ਛੁਪਾਈਆ । ਕਿਰਪਾ

ਕਰ ਪਰਵਰਦਿਗਾਰਾ, ਬੇਪਰਵਾਹ ਤੇਰੀ ਆਸ ਰਖਾਈਆ । ਕਲ ਕਲਕੀ ਲੈ ਅਵਤਾਰਾ, ਮਹਾਂਬਲੀ ਤੇਰੇ ਹੱਥ ਵਡਿਆਈਆ । ਬਿਨ ਮਾਤ ਪਿਤ ਹੋ ਉਜਿਆਰਾ, ਬੂੰਦ ਰਕਤ ਮੇਲ ਨਾ ਕੋਇ ਮਿਲਾਈਆ । ਜੋਤੀ ਨੂਰ ਤੇਰਾ ਚਮਤਕਾਰਾ, ਦੋ ਜਹਾਨ ਕਰੇ ਰੁਸ਼ਨਾਈਆ । ਤੇਰਾ ਵੱਜੇ ਨਾਮ ਨਗ਼ਾਰਾ, ਲੱਖ ਚੁਰਾਸੀ ਸੋਈ ਸੁਰਤੀ ਦਏ ਜਗਾਈਆ । ਸਾਚਾ ਨਾਮ ਦੱਸ ਅਗੰਮ ਅਪਾਰਾ, ਅਗੰਮ ਅਗੰਮੜੇ ਅਗੰਮੜੀ ਕਾਰ ਕਮਾਈਆ । ਹੱਡ ਮਾਸ ਨਾੜੀ ਚਮੜੇ ਵਸੇਂ ਬਾਹਰਾ, ਸਚ ਦਵਾਰੇ ਸੋਭਾ ਪਾਈਆ । ਕਲਜੁਗ ਅੰਤਮ ਤੁਧ ਬਿਨ ਦਿਸੇ ਨਾ ਕੋਇ ਸਹਾਰਾ, ਸਿਰ ਹੱਥ ਸਮਰਥ ਨਾ ਕੋਇ ਟਿਕਾਈਆ । ਸਦੀ ਚੌਧਵੀਂ ਪਾਰ ਕਿਨਾਰਾ, ਚੌਦਾਂ ਵਿਦਿਆ ਦਏ ਦੁਹਾਈਆ । ਚੌਦਾਂ ਵਿਦਿਆ ਕਰਨ ਪੁਕਾਰਾ, ਚੌਦਾਂ ਲੋਕ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਪਾਰ ਨਾ ਕੋਇ ਕਰਾਈਆ । ਤੁਧ ਬਿਨ ਪਾਰ ਨਾ ਹੋਏ ਬੇੜਾ, ਕਲਜੁਗ ਸਾਗਰ ਰਿਹਾ ਰੁੜ੍ਹਾਈਆ । ਜੀਵ ਜੰਤ ਕਹੇ ਮੇਰਾ ਮੇਰਾ, ਤੇਰਾ ਨਾਮ ਨਾ ਕੋਇ ਧਿਆਈਆ । ਕੂੜ ਕੁੜਿਆਰੇ ਪਾਇਆ ਘੇਰਾ, ਪੱਲੂ ਸਕੇ ਨਾ ਕੋਇ ਛੁਡਾਈਆ । ਪੰਚ ਵਿਕਾਰੇ ਲਾਇਆ ਡੇਰਾ, ਘਰ ਘਰ ਧੂਣੀ ਤਾਈਆ । ਆਤਮ ਪਰਮਾਤਮ ਕਰੇ ਨਾ ਕੋਇ ਨਬੇੜਾ, ਸੁਰਤੀ ਸ਼ਬਦੀ ਜੋੜ ਨਾ ਕੋਇ ਜੁੜਾਈਆ । ਬਿਨ ਤੇਰੇ ਪੁਰਖ ਅਕਾਲ ਉਜੜਿਆ ਖੇੜਾ, ਵਸਦਾ ਘਰ ਨਜ਼ਰ ਕੋਇ ਨਾ ਆਈਆ । ਮਨ ਕਹੇ ਮੈਂ ਸਤਿਗੁਰ ਤੇਰਾ, ਸਤਿ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਰ ਦਾਤੇ ਬੇਪਰਵਾਹੀਆ । ਦੇ ਵਰ ਮੇਰੇ ਭਗਵੰਤ, ਭਗਵਨ ਤੇਰੀ ਆਸ ਰਖਾਈਆ । ਆ ਕੇ ਵੇਖ ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤੀ ਸਾਰੇ ਗਏ ਭੁਲਾਈਆ । ਬਿਨ ਗੁਰਮੁਖ ਨਾਰੀ ਕਿਸੇ ਨਾ ਮਿਲੇ ਹਰਿ ਜੂ ਕੰਤ, ਸੁਹੰਜਣੀ ਸੇਜ ਜਗਤ ਲੋਕਾਈਆ । ਭੇਵ ਕੋਈ ਨਾ ਜਾਣੇ ਬੋਧ ਅਗਾਧਾ ਪੰਡਤ, ਤੇਰਾ ਪਰਦਾ ਸਕੇ ਨਾ ਕੋਇ ਉਠਾਈਆ । ਦਰ ਦਰਵੇਸ਼ ਭਿਖਾਰੀ ਦਰ ਦੇ ਮੰਗਤ, ਇਕੋ ਓਟ ਇਕੋ ਆਸ ਇਕੋ ਧਿਆਨ ਲਗਾਈਆ । ਸ੍ਰੀ ਭਗਵਾਨ ਮੰਨ ਲੈ ਮਿੰਨਤ, ਮਿਹਰਵਾਨ ਮਿਹਰ ਅੱਖ ਉਠਾਈਆ । ਸਾਡੀ ਕੋਈ ਨਾ ਰਹੀ ਹਿੰਮਤ, ਤੇਰਾ ਵੇਲਾ ਅੰਤਮ ਆਈਆ । ਤੇਰੇ ਨਾਮ ਦੀ ਕੋਈ ਨਾ ਪਾਵੇ ਕੀਮਤ, ਸੌਦੇ ਹੱਟੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਲਜੁਗ ਅੰਤਮ ਲੇਖ ਚੁਕਾਈਆ । ਕਲਜੁਗ ਲੇਖਾ ਜਾਏ ਚੁਕ, ਪ੍ਰਭ ਤੇਰੇ ਅੱਗੇ ਅਰਜੋਈਆ । ਕੂੜਾ ਪੈਂਡਾ ਜਾਏ ਮੁਕ, ਸਚ ਸੁੱਚ ਮਿਲੇ ਢੋਈਆ । ਮਾਇਆ ਮਮਤਾ ਮਿਟੇ ਭੁੱਖ, ਤ੍ਰਿਸਨਾ ਕੋਇ ਰਹਿਣ ਨਾ ਪਾਈਆ । ਸਫ਼ਲ ਕਰਾ ਜਨਨੀ ਕੁੱਖ, ਗੁਰਮੁਖ ਆਪਣੇ ਰੰਗ ਰੰਗਾਈਆ । ਭਗਤ ਭਗਵਾਨ ਗੋਦੀ ਚੁੱਕ, ਮਾਤ ਪਿਤ ਹੋ ਕੇ ਨਜ਼ਰੀ ਆਈਆ । ਹਰਿਜਨ ਬੂਟਾ ਜਾਏ ਨਾ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਈਆ । ਆਪਣੀ ਧਾਰੋਂ ਨਿਰਗੁਣ ਉਠ, ਤੈਨੂੰ ਜਨਮੇ ਕੋਇ ਨਾ ਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਪੁੱਤ, ਪੋਤਰੇ ਗੁਰਸਿਖ ਗੋਦ ਸੁਹਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਕਲਜੁਗ ਅੰਤਮ ਆ ਕੇ ਪੁਛ, ਜੋ ਤੇਰਾ ਬੈਠੇ ਧਿਆਨ ਲਗਾਈਆ । ਅੰਤਮ ਵੇਲਾ ਗਿਆ ਢੁਕ, ਰੁੱਤ ਸੁਹੰਜਣੀ ਨੈਣ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਕਾਇਆ ਬੁੱਤ ਦਏ ਦੁਹਾਈਆ । ਤੁਧ ਬਿਨ ਪੰਜ ਤਤ ਕੋਈ ਨਾ ਮੌਲੇ ਰੁੱਤ, ਕਵਲ ਫੁਲ ਨਾਭ ਨਾ ਕੋਇ ਵਡਿਆਈਆ । ਆਵਣ ਜਾਵਣ ਪਤਤ ਪਾਵਣ ਗੇੜਾ

ਮੁਕਾ ਉਲਟਾ ਰੁਖ਼, ਮਾਤ ਗਰਭ ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀਆਂ ਸੁਖਣਾ ਰਹੇ ਸੁਖ, ਆਪਣੀ ਪ੍ਰੇਮ ਪ੍ਰੀਤੀ ਭੇਟ ਚੜ੍ਹਾਈਆ । ਸਚਖੰਡ ਦਵਾਰੇ ਹਰਿ ਨਿਰੰਕਾਰੇ ਚੜ੍ਹ ਕੇ ਬੈਠੋਂ ਉਚੀ ਚੋਟ, ਤੇਰੀ ਚੋਟੀ ਨਜ਼ਰ ਕਿਸੇ ਨਾ ਆਈਆ । ਤੇਰੇ ਭਗਤ ਸ੍ਰੀ ਭਗਵਾਨ ਆਹਲਣਿਉਂ ਡਿਗੇ ਬੋਟ, ਤੁਧ ਬਿਨ ਗਲੇ ਨਾ ਕੋਇ ਲਗਾਈਆ । ਕਰ ਕਿਰਪਾ ਆ ਕੇ ਕਲਜੁਗ ਜੀਵਾਂ ਵਿਚੋਂ ਕੱਢ ਖੋਟ, ਖੋਟੀ ਵਾਸਨਾ ਦੇ ਗਵਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਸ਼ਬਦ ਰਾਗ ਸੁਣਾਈਆ । ਬੰਦ ਕਿਵਾੜੇ ਖੋਲ੍ਹ ਸੋਤ, ਸੁਰਤੀ ਆਪਣੇ ਨਾਲ ਰਲਾਈਆ । ਆਤਮ ਉਤੇ ਹੋ ਮੋਹਤ, ਪਰਮਾਤਮ ਮੁਹੱਬਤ ਆਪਣੀ ਇਕ ਸਮਝਾਈਆ । ਤੇਰੀ ਕੋਈ ਸੋਚ ਨਾ ਸਕੇ ਸੋਚ, ਕਰ ਕਰ ਮਿੰਨਤ ਸਾਰੇ ਬੈਠੇ ਧਿਆਨ ਲਗਾਈਆ । ਸਚਖੰਡ ਦਵਾਰੇ ਵੇਖੀਏ ਤੇਰੀ ਮੌਜ, ਕਿਸ ਬਿਧ ਆਪਣਾ ਘਰ ਵਸਾਈਆ । ਕਲਜੁਗ ਕਿਸੇ ਹੱਥ ਨਾ ਆਇਉਂ ਕੀਤਿਆਂ ਖੋਜ, ਲੱਭ ਲੱਭ ਥੱਕੀ ਸਰਬ ਲੋਕਾਈਆ । ਪਾਰਬ੍ਰਹਮ ਤੇਰੇ ਅਚਰਜ ਚੋਜ, ਚੋਜੀ ਪ੍ਰੀਤਮ ਤੇਰੀ ਬੇਪਰਵਾਹੀਆ । ਤੇਰੇ ਭਗਤ ਤੇਰਾ ਦਰਸ਼ਨ ਮੰਗਣ ਰੋਜ਼, ਅੱਠੇ ਪਹਿਰ ਤੇਰੇ ਵਿਚ ਸਮਾਈਆ । ਤੇਰੇ ਪਿਆਰ ਦਾ ਖਾਣਾ ਪੀਣਾ ਮੰਗਣ ਭੋਜ, ਤੇਰੀ ਪ੍ਰੀਤੀ ਬਸਤਰ ਓਢਣ ਨਜ਼ਰੀ ਆਈਆ । ਤੇਰੇ ਦਰਸ਼ਨ ਨੂੰ ਅੰਤਰ ਅੱਖ ਰਹੀ ਲੋਚ, ਬਾਹਰ ਦੋ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਮੇਲ ਮਿਲਾਈਆ । ਭਗਤ ਜਨ ਜਨ ਰਹੇ ਕੂਕ, ਹਾਹਾਕਾਰ ਮਚਾਈਆ । ਫਿਰੀ ਦਰੋਹੀ ਚਾਰ ਕੂਟ, ਯਾਮੁਬੀਨ ਤੇਰੀ ਸਰਨਾਈਆ । ਲੱਗੀ ਅੱਗ ਤਨ ਕਲਬੂਤ, ਕਾਇਆ ਕਬਰਸਤਾਨ ਨਜ਼ਰੀ ਆਈਆ । ਤੇਰਾ ਦੇਵੇ ਨਾ ਕੋਈ ਸਬੂਤ, ਸਾਖਿਆਤ ਮੇਲ ਨਾ ਕੋਇ ਮਿਲਾਈਆ । ਸਾਰੇ ਕਹਿਣ ਵਸੇ ਕਾਇਆ ਪੰਜ ਤਤ ਭੂਤ, ਭੇਦ ਸਕੇ ਨਾ ਕੋਇ ਖੁਲ੍ਹਾਈਆ । ਕਲਜੁਗ ਸਾਰੇ ਹੋਏ ਊਤ, ਉਤਰ ਪੂਰਬ ਪੱਛਮ ਦੱਖਣ ਤੇਰਾ ਰਾਹ ਨਜ਼ਰ ਕਿਸੇ ਨਾ ਆਈਆ । ਸਤਿਗੁਰ ਸਵਾਮੀ ਕਿਰਪਾ ਕਰ ਆਪ ਮਹਿਬੂਬ, ਮੁਹੱਬਤ ਆਪਣੇ ਨਾਲ ਜੁੜਾਈਆ । ਦੂਰ ਦੁਰਾਡੇ ਹਾਜ਼ਰ ਹੋ ਮੌਜੂਦ, ਨਿਰਗੁਣ ਪਾਂਧੀ ਪੰਧ ਮੁਕਾਈਆ । ਤੇਰਾ ਵੇਖੀਏ ਸਚ ਅਰੂਜ਼, ਅਰਸ਼ ਕੁਰਸ਼ ਡੇਰਾ ਢਾਹੀਆ । ਆਪਣੇ ਚਰਨ ਰੱਖ ਮਹਿਫ਼ੂਜ਼, ਮਹਿਫਲ ਆਪਣੀ ਦੇ ਵਖਾਈਆ । ਤੇਰਾ ਜਲਵਾ ਵੇਖੀਏ ਵਿਚ ਮਖ਼ਲੂਕ, ਖ਼ਾਲਕ ਤੇਰਾ ਰੰਗ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਸਾਰੇ ਸਦੀ ਚੌਧਵੀਂ ਛੱਡ ਗਏ ਹਕੂਕ, ਤੇਰਾ ਹੱਕ ਤੇਰੇ ਚਰਨ ਟਿਕਾਈਆ । ਇਕੋ ਵਾਰ ਸਾਰੇ ਕਰ ਮੌਕੂਫ਼, ਮੁਕੰਮਲ ਹੁਕਮ ਸੁਣਾਈਆ । ਦੀਨ ਮਜ਼੍ਹਬ ਸਾਰੇ ਹੋਏ ਮਾਅਰੂਫ਼, ਸਗਲਾ ਸੰਗ ਨਜ਼ਰ ਕੋਇ ਨਾ ਆਈਆ । ਮੁਰੀਦ ਮੁਰਸ਼ਦ ਦੇ ਦੀਦਾਰ ਆਪਣਾ ਘਰ ਵਖਾ ਸਬੂਤ, ਸਾਬਤ ਸੂਰਤ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਮੰਗ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰ ਸ੍ਰੀ ਭਗਵਨ, ਭਗਵਨ ਆਪਣੀ ਵਸਤ ਵਰਤਾਈਆ । ਨਾਮ ਨਿਧਾਨ ਦੇ ਧਨ, ਅਤੋਟ ਅਤੁਟ ਝੋਲੀ ਪਾਈਆ । ਪੂਤ ਸਪੂਤੇ ਬਣਾ ਆਪਣੇ ਜਨ, ਧੰਨ ਜਣੇਂਦੀ ਬਣ ਮਾਈਆ । ਇਕੋ ਰਾਗ ਸੁਣਾ ਕੰਨ, ਧੁਰ ਦਾ ਢੋਲਾ ਆਪ ਅਲਾਈਆ । ਮਨ ਵਾਸਨਾ ਮੇਟ ਮਨ, ਮਨ ਕਾ ਮਣਕਾ ਦੇ ਭਵਾਈਆ । ਤੇਰੇ ਲੇਖੇ ਲੱਗੇ ਭਗਤਾਂ ਤਨ, ਤੇਰੇ ਚਰਨਾਂ ਭੇਟ ਚੜ੍ਹਾਈਆ । ਜੇ ਹਉਂ ਬਾਲਕ


੨੧
੧੯

ਮੂਰਖ ਅੰਧ, ਦੇ ਮਤ ਆਪ ਸਮਝਾਈਆ । ਕਰ ਕਿਰਪਾ ਮਿਟਾ ਕੂੜਾ ਗੰਦ, ਤੇਰੀ ਸੁਗੰਧ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਸੂਰਾ ਸਰਬੰਗ, ਦੋ ਜਹਾਨਾਂ ਹੁਕਮ ਮਨਾਈਆ । ਕਲਜੁਗ ਅੰਤ ਸਾਰੇ ਰਲ ਮਿਲ ਗਾਓ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦਵਾਰੇ ਚੜ੍ਹੇ ਚੰਦ, ਰਵ ਸਸ ਬੈਠਣ ਨੈਣ ਸ਼ਰਮਾਈਆ । ਮਾਣਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਏਥੇ ਓਥੇ ਦੋ ਜਹਾਨ ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਨਾਰ ਸੁਹਾਗਣ ਚਾਰ ਜੁਗ ਕਦੇ ਨਾ ਹੋਵੇ ਰੰਡ, ਰੰਡੇਪਾ ਰਹਿਣ ਕੋਇ ਨਾ ਪਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕੋ ਨਜ਼ਰੀ ਆਈਆ । ਪੁਰਖ ਅਕਾਲ ਮਿਲ ਕੇ ਦੂਜਾ ਦਰ ਕੋਈ ਨਾ ਲਏ ਮੰਗ, ਦੇਵਣਹਾਰ ਇਕੋ ਇਕ ਗੋਸਾਈਆ । ਜਿਸ ਦਾ ਲੇਖਾ ਹੰ ਬ੍ਰਹਮ, ਪਾਰਬ੍ਰਹਮ ਭੇਵ ਚੁਕਾਈਆ । ਗੁਰਸਿਖ ਗੁਰਮੁਖ ਘਰ ਸਤਿਗੁਰ ਜਾਣਾ ਜੰਮ, ਮਾਤ ਪਿਤਾ ਲੇਖਾ ਪਿਛਲਾ ਮੂਲ ਚੁਕਾਈਆ । ਅੱਗੇ ਬੇੜਾ ਸਤਿਗੁਰ ਸ਼ਬਦ ਦੇਵੇ ਬੰਨ੍ਹ, ਖੇਵਟ ਖੇਟਾ ਆਪਣੇ ਕੰਧ ਉਠਾਈਆ । ਮਾਰਗ ਦੱਸ ਇਕੋ ਸਤਿ ਧਰਮ, ਕਰਮ ਕਾਂਡ ਡੇਰਾ ਢਾਹੀਆ । ਕਲਜੁਗ ਅੰਤ ਤਿਨ੍ਹਾਂ ਲੇਖੇ ਲੱਗਾ ਜਨਮ, ਜਿਨ੍ਹਾਂ ਪ੍ਰਭ ਮਿਲਿਆ ਬੇਪਰਵਾਹੀਆ । ਲੱਖ ਚੁਰਾਸੀ ਭਰਮੀ ਵਿਚ ਭਰਮ, ਬਿਨ ਸਤਿਗੁਰ ਪੂਰੇ ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰੱਖੇ ਆਪਣੀ ਸਰਨ, ਸਰਨਗਤ ਇਕੋ ਇਕ ਜਣਾਈਆ ।


੨੮


੧੯

### ★ ੧੪ ਮੱਘਰ ੨੦੨੦ ਬਿਕਰਮੀ ਪੂਰਨ ਸਿੰਘ ਦੇ ਗ੍ਰਹਿ ਪਿੰਡ ਰੁਪੋਵਾਲ ਜ਼ਿਲਾ ਹੁਸ਼ਿਆਰਪੁਰ ★

ਸੋ ਪੁਰਖ ਨਿਰੰਜਣ ਤੇਰਾ ਦਰਬਾਰ, ਆਦਿ ਜੁਗਾਦਿ ਇਕੋ ਨਜ਼ਰੀ ਆਈਆ । ਹਰਿ ਪੁਰਖ ਨਿਰੰਜਣ ਸਿਰਜਣਹਾਰ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਏਕੰਕਾਰ ਵੇਖਣਹਾਰ, ਅਨੁਭਵ ਤੇਰੀ ਧਾਰ ਬੇਪਰਵਾਹੀਆ । ਆਦਿ ਨਿਰੰਜਣ ਜੋਤ ਉਜਿਆਰ, ਜੋਤੀ ਜਾਤੇ ਲੱਖ ਚਰਾਸੀ ਤੇਰੀ ਰੁਸ਼ਨਾਈਆ । ਅਬਿਨਾਸ਼ੀ ਕਰਤੇ ਦੇਵਣਹਾਰ, ਅਤੋਟ ਅਤੁਟ ਨਾਮ ਵਰਤਾਈਆ । ਸ੍ਰੀ ਭਗਵਾਨ ਸਾਂਝੇ ਯਾਰ, ਦੂਈ ਦਵੈਤੀ ਡੇਰਾ ਢਾਹੀਆ । ਪਾਰਬ੍ਰਹਮ ਪ੍ਰਭ ਕਰ ਪਿਆਰ, ਬ੍ਰਹਮ ਨੇਤਰ ਨੈਣ ਉਠਾਈਆ । ਸਚਖੰਡ ਨਿਵਾਸੀ ਕਿਰਪਾ ਧਾਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਰ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਪੰਜ ਤਤ ਦਏ ਦੁਹਾਈਆ । ਕਲਜੁਗ ਧਾਹਾਂ ਰਿਹਾ ਮਾਰ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਦਰ ਠਾਂਡੇ ਸੀਸ ਨਿਵਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਲਾਸ਼ਰੀਕ ਤੇਰੀ ਸਰਨਾਈਆ । ਜਨ ਭਗਤ ਕਹਿਣ ਪ੍ਰਭ ਦੇ ਦੀਦਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਸੰਤ ਸੁਹੇਲੇ ਚਰਨ ਧੂੜ ਮੰਗਣ ਛਾਰ, ਖ਼ਾਕ ਮਸਤਕ ਟਿੱਕਾ ਇਕ ਲਗਾਈਆ । ਗੁਰਮੁਖ ਗੁਰ ਸਤਿਗੁਰ ਚਰਨ ਕਵਲ ਜਾਣ ਬਲਿਹਾਰ, ਬਲਹਾਰੀ ਪ੍ਰਭ ਆਪਣਾ ਫੇਰਾ ਪਾਈਆ । ਗੁਰਸਿਖ ਨੇਤਰ ਨੈਣ ਅੱਖ ਰਹੇ ਉਠਾਲ, ਪਰਤਖ ਆਪਣਾ ਨੂਰ ਦਰਸਾਈਆ । ਮੁਰੀਦ ਮੁਰਸ਼ਦ ਤੇਰੀ ਕਰਨ

ਭਾਲ, ਦਹਿ ਦਿਸ਼ਾ ਵੇਖ ਵਖਾਈਆ । ਸੂਫ਼ੀ ਰਾਹ ਤੱਕਣ ਡੂੰਘੀ ਗਾਰ, ਕਾਇਆ ਕਾਅਬਾ ਪੜਦਾ ਇਕ ਉਠਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਚਾਰ ਕੁੰਟਾਂ ਦਿਸੇ ਧੂਅੰਧਾਰ, ਉਤਰ ਪੂਰਬ ਪੱਛਮ ਦੱਖਣ ਜਗਤ ਅੰਧੇਰਾ ਛਾਈਆ । ਜੂਠ ਝੂਠ ਘਰ ਘਰ ਗਿਆ ਪਸਾਰ, ਮਾਇਆ ਮਮਤਾ ਬੈਠੀ ਡੇਰਾ ਲਾਈਆ । ਲੱਖ ਚੁਰਾਸੀ ਹੋਈ ਨਾਰ ਵਿਭਚਾਰ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਕਿਰਪਾ ਕਰ ਪੁਰਖ ਅਕਾਲ ਦੀਨ ਦਿਆਲ ਸਾਹਿਬ ਸਵਾਮੀ ਸਾਂਝੇ ਯਾਰ, ਬੇਐਬ ਤੇਰਾ ਰੂਪ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਸਾਚੀ ਦੱਸ ਇਕ ਗ਼ੁਫ਼ਤਾਰ, ਧੁਰ ਸੰਦੇਸ਼ਾ ਰਾਗ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਹਾਰ, ਜਗਤ ਜੀਵਾਂ ਕਰ ਪੜ੍ਹਾਈਆ । ਗੀਤਾ ਗਿਆਨ ਕਰੇ ਨਾ ਕੋਇ ਪਿਆਰ, ਅੱਠ ਦਸ ਬੈਠੀ ਡੇਰਾ ਢਾਹੀਆ । ਅੰਜੀਲ ਕੁਰਾਨ ਨੇਤਰ ਰੋਵੇ ਜ਼ਾਰੋ ਜ਼ਾਰ, ਸਚ ਹਦੀਸ਼ ਕਲਮਾ ਨਬੀ ਨਾ ਕੋਇ ਸਮਝਾਈਆ । ਖਾਣੀ ਬਾਣੀ ਸਮੁੰਦ ਸਾਗਰ ਵੇਖੇ ਡੂੰਘੀ ਗਾਰ, ਤੇਰੀ ਸਾਰ ਸਾਹਿਬ ਕੋਇ ਨਾ ਪਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਕਲਜੁਗ ਅੰਤ ਹੋਏ ਖ਼ਵਾਰ, ਸਾਚਾ ਰੰਗ ਨਾ ਕੋਇ ਰੰਗਾਈਆ । ਕਾਗ਼ਜ਼ ਕਲਮ ਛਾਹੀ ਡਿਗੀ ਮੂੰਹ ਦੇ ਭਾਰ, ਤੇਰੀ ਸਿਫ਼ਤ ਸਾਲਾਹ ਸਕੇ ਨਾ ਕੋਇ ਲਿਖਾਈਆ । ਨਵ ਨੌ ਚਾਰ ਲੇਖਾ ਬੀਤਿਆ ਵਿਚ ਜਹਾਨ, ਦੋ ਜਹਾਨਾਂ ਵਾਲੀ ਪ੍ਰਭ ਤੇਰਾ ਧਿਆਨ ਇਕ ਲਗਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸੁਲਤਾਨ ਤੇਰਾ ਇਕੋ ਨਾਮ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਤੇਰਾ ਲੱਭੇ ਕਿਸੇ ਨਾ ਧਾਮ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰੇ ਤੇਰਾ ਰੂਪ ਨਜ਼ਰ ਨਾ ਆਈਆ । ਕਿਰਪਾ ਕਰ ਸ੍ਰੀ ਭਗਵਾਨ, ਤੁਧ ਬਿਨ ਦੂਜਾ ਨਾ ਕੋਇ ਸਹਾਈਆ । ਸਤਿ ਧਰਮ ਦਾ ਦਿਸੇ ਨਾ ਕੋਈ ਨਿਸ਼ਾਨ, ਰਾਜ ਰਾਜਾਨ ਬੈਠੇ ਮੁਖ ਭਵਾਈਆ । ਅਨਹਦ ਨਾਦ ਸੁਣੇ ਨਾ ਕੋਈ ਸੱਚੀ ਧੁਨਕਾਨ, ਸਾਧ ਸੰਤ ਅੰਤਰ ਆਤਮ ਜੋਤ ਨਾ ਕੋਇ ਜਗਾਈਆ । ਸ਼ਬਦ ਅਣਿਆਲਾ ਮਾਰੇ ਨਾ ਕੋਇ ਬਾਣ, ਬਜਰ ਕਪਾਟੀ ਤੋੜ ਤੁੜਾਈਆ । ਤੇਰਾ ਮੰਦਰ ਸਕੇ ਨਾ ਕੋਈ ਪਹਿਚਾਨ, ਘਰ ਵਿਚ ਘਰ ਸਮਝ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅੰਤ ਹੋਇਆ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਦੀਨ ਮਜ਼੍ਹਬ ਸਰਬ ਕੁਰਲਾਣ, ਜਾਤ ਪਾਤ ਕਰੇ ਲੜਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਧਰਮੀ ਧਰਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਦਰ ਸਾਚੇ ਆਸ ਰਖਾਈਆ । ਸਾਹਿਬ ਸਵਾਮੀ ਠਾਕਰ ਏਕ, ਆਦਿ ਪੁਰਖ ਤੇਰੀ ਸਰਨਾਈਆ । ਜੁਗ ਚੌਕੜੀ ਤੇਰਾ ਖੇਲ ਲਿਆ ਵੇਖ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਹੰਢਾਈਆ । ਤੇਈ ਅਵਤਾਰ ਕਰਨ ਆਦੇਸ, ਭਗਤ ਅਠਾਰਾਂ ਸੀਸ ਝੁਕਾਈਆ । ਸਜਦਾ ਕਰਨ ਈਸਾ ਮੂਸਾ ਮੁਹੰਮਦ ਔਲੀਏ ਸ਼ੇਖ਼, ਨਿਊਂ ਨਿਊਂ ਲਾਗਣ ਪਾਈਆ । ਕੂੜੀ ਕਿਰਿਆ ਕਲਜੁਗ ਅੰਤ ਮੇਟ ਰੇਖ, ਰੇਖਾ ਸਭ ਦੀ ਦੇ ਬਦਲਾਈਆ । ਤੇਰੇ ਘਰ ਇਕ ਆਦੇਸ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਗੁਰ ਅਵਤਾਰ ਕਹਿਣ ਪ੍ਰਭ ਨਿਰਗੁਣ ਆ ਕੇ ਵੇਖ, ਸਰਗੁਣ ਭੁਲਿਆ ਤੇਰਾ ਨਾਉਂ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਸਾਚੇ ਆਸ ਰਖਾਈਆ । ਦੋਏ ਜੋੜ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਨਿਵਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲਧਾਰੀ ਤੇਰੀ ਵਡਿਆਈਆ । ਜੁਗ ਬੀਤੇ ਚੌਕੜੀ ਨਵ ਨੌ ਚਾਰ, ਤੇਰੀ ਸਮਝ ਕਿਸੇ ਨਾ ਆਈਆ । ਸੇਵਾ ਕਰ ਕਰ

ਥੱਕੇ ਗੁਰ ਅਵਤਾਰ, ਪੀਰ ਪੈਗ਼ੰਬਰ ਬਣ ਬਰਦੇ ਮਾਤ ਫੇਰਾ ਪਾਈਆ । ਕਲਮ ਛਾਹੀ ਬਣ ਲਿਖਾਰ, ਤੇਰਾ ਸੰਦੇਸ਼ ਗਏ ਸੁਣਾਈਆ । ਸ੍ਰਿਸ਼ਟ ਸਬਾਈ ਕਰ ਖ਼ਬਰਦਾਰ, ਤੇਰੇ ਨਾਮ ਵੱਜੇ ਵਧਾਈਆ । ਕਲਜੁਗ ਅੰਤਮ ਗ਼ਫ਼ਲਤ ਭਰਿਆ ਸਰਬ ਸੰਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਘਰ ਘਰ ਦਰ ਦਰ ਮੰਦਰ ਅੰਦਰ ਦਿਸੇ ਧੂਅੰਧਾਰ, ਦੀਆ ਬਾਤੀ ਕਮਲਾਪਾਤੀ ਜੋਤ ਨੂਰ ਨਾ ਕੋਇ ਜਗਾਈਆ । ਮਦਿ ਪਿਆਲਾ ਅੰਮ੍ਰਿਤ ਰਸ ਪਿਆਏ ਨਾ ਕੋਈ ਸਾਕੀ, ਨਾਮ ਖ਼ੁਮਾਰ ਨਾ ਕੋਇ ਚੜ੍ਹਾਈਆ । ਅੰਦਰ ਵੜ ਕਾਇਆ ਮੰਦਰ ਚੜ੍ਹ ਬੰਦ ਕਿਵਾੜੀ ਖੋਲ੍ਹੇ ਕੋਈ ਨਾ ਤਾਕੀ, ਪਰਦਾ ਸਕੇ ਨਾ ਕੋਇ ਉਠਾਈਆ । ਚਾਰ ਜੁਗ ਦੀ ਪਿਛਲੀ ਪੜ੍ਹਨ ਸਾਰੇ ਸਾਖੀ, ਅਗਲਾ ਲੇਖਾ ਨਾ ਕੋਇ ਸਮਝਾਈਆ । ਤੁਧ ਬਿਨ ਚੁਕਾਏ ਕੋਈ ਨਾ ਬਾਕੀ, ਪੂਰਬ ਲਹਿਣਾ ਝੋਲੀ ਕੋਇ ਨਾ ਪਾਈਆ । ਕਲਜੁਗ ਵੇਖ ਅੰਧੇਰੀ ਰਾਤੀ, ਚਾਰ ਵਰਨ ਸਾਚਾ ਚੰਦ ਨਜ਼ਰ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਤੇਰੇ ਬਣੇ ਪਾਠੀ, ਅੰਤਰ ਆਤਮ ਪਰਮਾਤਮ ਤੇਰਾ ਮੇਲ ਨਾ ਕੋਇ ਮਿਲਾਈਆ । ਦਰ ਦਰ ਘਰ ਘਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸੰਧਿਆ ਕਰਨ ਦੀਵਾ ਬਾਤੀ, ਘਰ ਜੋਤ ਨਿਰੰਜਣ ਨਜ਼ਰ ਕਿਸੇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਰਾਤੀਂ ਸੋਵਣ ਸੇਜ ਉਪਰ ਖਾਟੀ, ਆਤਮ ਸੇਜਾ ਸਚ ਦਵਾਰੇ ਡੇਰਾ ਕੋਇ ਨਾ ਲਾਈਆ । ਸੱਜਣ ਸਾਕ ਸੈਣ ਮਿਲ ਮਿਲ ਕਰਨ ਬਾਤੀ, ਤੇਰੀ ਗ਼ੁਫ਼ਤਾਰ ਬੇਪਰਵਾਹ ਸੁਣਨ ਕੋਇ ਨਾ ਪਾਈਆ । ਦੋਏ ਲੋਚਣ ਚੰਮ ਦ੍ਰਿਸ਼ਟੀ ਰਹੇ ਝਾਕੀ, ਤੀਜੇ ਲੋਚਣ ਤੇਰਾ ਦਰਸ ਕੋਇ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਈ ਨਾ ਮੰਨੇ ਆਖੀ, ਕਲਜੁਗ ਅੰਤਮ ਭਰਮੇ ਭੁੱਲੀ ਸਰਬ ਲੋਕਾਈਆ । ਕਿਰਪਾ ਕਰ ਪੁਰਖ ਅਬਿਨਾਸ਼ੀ, ਪਾਰਬ੍ਰਹਮ ਤੇਰੀ ਸਰਨਾਈਆ । ਲੇਖਾ ਚੁਕਾ ਜਾਤ ਪਾਤੀ, ਕਮਲਾਪਤ ਇਕੋ ਨਜ਼ਰੀ ਆਈਆ । ਪਰਦਾ ਖੋਲ੍ਹ ਕਾਇਆ ਤਨ ਖ਼ਾਕੀ, ਖ਼ਾਲਸ ਆਪਣਾ ਰੂਪ ਵਖਾਈਆ । ਸਰਬ ਜੀਆਂ ਬਣ ਪਿਤਾ ਮਾਤੀ, ਪੂਤ ਸਪੂਤੇ ਗੋਦ ਬਹਾਈਆ । ਜਨਮ ਕਰਮ ਦੇ ਵਿਛੜਿਆਂ ਆ ਕੇ ਪੁਛ ਵਾਤੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਮੰਗਣ ਦਰ ਦਰਵੇਸ਼, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਨੇਤਰ ਰੋਵੇ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣਾ ਹਾਲ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਕਰਨ ਆਦੇਸ, ਦੋਏ ਦੋਏ ਵਾਸਤਾ ਪਾਈਆ । ਪੁਰਖ ਅਕਾਲ ਦੀਨ ਦਿਆਲ ਜੁਗ ਚੌਕੜੀ ਆਦਿ ਜੁਗਾਦਿ ਨਿਤ ਨਵਿਤ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਕਲਜੁਗ ਅੰਤ ਜਗਤ ਅੰਧੇਰਾ ਆ ਕੇ ਪੇਖ, ਆਪਣਾ ਨੂਰ ਕਰ ਰੁਸ਼ਨਾਈਆ । ਤੇਰੇ ਭਗਤ ਤੇਰੇ ਸੰਤ ਤੇਰੇ ਗੁਰਮੁਖ ਤੇਰੇ ਗੁਰਸਿਖ ਤੈਨੂੰ ਰਹੇ ਚੇਤ, ਚੇਤਨ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਹਰਿ ਸਵਾਮੀ ਬੇਪਰਵਾਹੀਆ । ਆ ਕੇ ਵੇਖ ਭਗਤ ਭਗਵਾਨ, ਕਲਜੁਗ ਅੰਤਮ ਫੇਰਾ ਪਾਈਆ । ਅੰਦਰ ਵੜ ਤੇਰਾ ਕਰਨ ਧਿਆਨ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਮਿਲ ਕੇ ਢੋਲਾ ਗਾਣ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਕਲਜੁਗ ਜੀਵ ਹੋਣ ਹੈਰਾਨ, ਭੇਵ ਅਭੇਦਾ ਸਕੇ ਨਾ ਕੋਇ ਖੁਲ੍ਹਾਈਆ । ਕਿਰਪਾ ਕਰ ਨੌਜਵਾਨ, ਨਰ ਹਰਿ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਲਜੁਗ ਅੰਤਮ ਤੇਰੀ ਆਸ ਰਖਾਈਆ ।

ਕਲਜੁਗ ਅੰਤਮ ਕਰ ਆਸਾ ਪੂਰ, ਪਾਰਬ੍ਰਹਮ ਤੇਰੀ ਵਡਿਆਈਆ । ਆਦਿ ਜੁਗਾਦੀ ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਘਰ ਮੰਦਰ ਦਰਸ਼ਨ ਦੇ ਹਾਜ਼ਰ ਹਜ਼ੂਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਨਾਤਾ ਤੋੜ ਕੂੜੋ ਕੂੜ, ਅੰਤਰ ਆਤਮ ਮੇਲ ਮਿਲਾਈਆ । ਜੋਤੀ ਬਖ਼ਸ਼ ਸਾਚਾ ਨੂਰ, ਨੂਰ ਆਪਣੇ ਵਿਚ ਮਿਲਾਈਆ । ਭੇਵ ਖੁਲ੍ਹੇ ਜਾਹਰ ਜਹੂਰ, ਬੇਨਜ਼ੀਰ ਤੇਰੀ ਸਿਫ਼ਤ ਸਾਲਾਹੀਆ । ਕੋਟ ਜਨਮ ਦੇ ਬਖ਼ਸ਼ ਕਸੂਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਤੇਰੇ ਭਗਤ ਹੋਏ ਮਜ਼ਬੂਰ, ਅੰਦਰੇ ਅੰਦਰ ਰਹੇ ਹਾਲ ਸੁਣਾਈਆ । ਲੇਖਾ ਜਾਣ ਚਤੁਰ ਸੁਘੜ ਮੂੜ੍ਹ, ਮੂਰਖ ਆਪਣੇ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਤਮ ਪਰਮਾਤਮ ਤੇਰਾ ਰਾਹ ਤਕਾਈਆ । ਆਤਮ ਪਰਮਾਤਮ ਤੱਕੇ ਰਾਹ, ਘਰ ਘਰ ਵਿਚ ਨੈਣ ਉਠਾਈਆ । ਪੁਰਖ ਅਬਿਨਾਸ਼ੀ ਮਿਲ ਆ, ਅਨਡਿਠ ਆਪਣਾ ਫੇਰਾ ਪਾਈਆ । ਸਾਢੇ ਤਿੰਨ ਹੱਥ ਅੰਦਰ ਬਣ ਮਲਾਹ, ਕਾਇਆ ਗਾਗਰ ਡੂੰਘਾ ਸਾਗਰ ਪਾਰ ਕਰਾਈਆ । ਅਨਹਦ ਨਾਦੀ ਨਾਦ ਸੁਣਾ, ਰਸਨਾ ਜਿਹਵਾ ਛੁਟੇ ਪੜ੍ਹਾਈਆ । ਬ੍ਰਹਮ ਬ੍ਰਹਿਮਾਦੀ ਦਰਸ ਦਿਖਾ, ਜੋਤੀ ਨੂਰ ਕਰ ਰੁਸ਼ਨਾਈਆ । ਆਤਮ ਸੇਜ ਸੁਹੰਜਣੀ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਸੁਰਤ ਸੁਆਣੀ ਕੋਝੀ ਕਮਲੀ ਪਕੜ ਬਾਂਹ, ਆਪ ਆਪਣੇ ਗਲੇ ਲਗਾਈਆ । ਸਾਚਾ ਮੰਦਰ ਇਕ ਵਖਾ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਤੂੰ ਮੇਰਾ ਮੈਂ ਤੇਰਾ ਦੂਜਾ ਦਿਸੇ ਕੋਈ ਨਾ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਖਾਉਣਾ ਸਾਚਾ ਘਰ, ਹਰਿਜਨ ਬੈਠੇ ਧਿਆਨ ਲਗਾਈਆ । ਭਗਤ ਕਹੇ ਮੇਰੇ ਭਗਵਾਨ, ਮੈ ਤੇਰੀ ਓਟ ਤਕਾਈਆ । ਨਿਰਗੁਣ ਹੋ ਕੇ ਦੇ ਦਾਨ, ਸਰਗੁਣ ਆਸਾ ਪੂਰ ਕਰਾਈਆ । ਨਾਤਾ ਤੁਟੇ ਜਗਤ ਜਹਾਨ, ਜੀਵਣ ਜੁਗਤ ਦੇ ਜਣਾਈਆ । ਮਨ ਵਾਸਨਾ ਮਿਟੇ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਇਕੋ ਸੁਣਾਂ ਤੇਰਾ ਫ਼ਰਮਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਦੇਣਾ ਪੀਣ ਖਾਣ, ਨੌ ਰਸ ਡੇਰਾ ਦੇਣਾ ਢਾਹੀਆ । ਸਾਚਾ ਵੇਖਣਾ ਮੰਦਰ ਮਕਾਨ, ਜਿਸ ਘਰ ਵਸੇਂ ਨੂਰ ਖ਼ੁਦਾਈਆ । ਲੋਕਮਾਤ ਮੈਂ ਆਇਆ ਤੇਰਾ ਮਹਿਮਾਨ, ਅੰਤਮ ਤੇਰੇ ਲੇਖੇ ਆਪਣਾ ਲੇਖਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਦੇ ਕੇ ਗਏ ਬਿਆਨ, ਧੁਰ ਸੰਦੇਸ਼ਾ ਰਾਗ ਅਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਯੋਧਾ ਸੂਰਬੀਰ ਬਲਵਾਨ, ਨਿਹਕਲੰਕ ਆਪਣਾ ਨਾਮ ਰਖਾਈਆ । ਰੂਪ ਰੰਗ ਜਿਸ ਦਾ ਲੱਭੇ ਨਾ ਕੋਇ ਨਿਸ਼ਾਨ, ਮਾਤ ਪਿਤ ਸਮਝ ਕੋਇ ਨਾ ਪਾਈਆ । ਧੁਰ ਸੰਦੇਸ਼ਾ ਸੁਣਾਏ ਆਣ, ਦੋ ਜਹਾਨ ਕਰੇ ਸ਼ਨਵਾਈਆ । ਜੁਗ ਚੌਕੜੀ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤਾਂ ਵੇਖੇ ਆਣ, ਆਤਮ ਪਰਮਾਤਮ ਕੁੰਡਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਦੇ ਵਰ ਪ੍ਰਭੂ ਭਗਵੰਤ, ਹਰਿ ਵਡੇ ਵਡ ਵਡਿਆਈਆ । ਸਚ ਸਵਾਮੀ ਧੁਰ ਦੇ ਕੰਤ, ਤੇਰੇ ਚਰਨ ਮਿਲੇ ਸਰਨਾਈਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਤੇਰਾ ਭੇਵ ਨਾ ਪਾਵੇ ਕੋਈ ਪੰਡਤ, ਚੌਦਾਂ ਵਿਦਿਆ ਤੇਰਾ ਨਾਮ ਸਿਫ਼ਤ ਸਾਲਾਹੀਆ । ਦਰ ਦਰਵੇਸ਼ ਦਰ ਤੇ ਮੰਗਤ, ਖ਼ਾਲੀ ਝੋਲੀ ਰਹੇ ਵਖਾਈਆ । ਮੇਲ ਮਿਲਾ ਅਗੰਮੀ ਸੰਗਤ, ਨਿਰਗੁਣ

ਸ਼ਬਦੀ ਧਾਰ ਬੰਧਾਈਆ । ਲੇਖਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਬੰਧਨ ਰਹਿਣ ਕੋਇ ਨਾ ਪਾਈਆ । ਨਿਹਕਰਮੀ ਲਾ ਆਪਣੇ ਅੰਗਣ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਮੇਲਾ ਮੇਲ ਮਿਲਾਈਆ । ਦਰ ਘਰ ਮੇਲਾ ਕਰ ਮਿਲਾਪ, ਹਰਿ ਪਰਮ ਪੁਰਖ ਸੁਲਤਾਨਾ । ਚਾਰ ਵਰਨ ਦੇ ਇਕੋ ਜਾਪ, ਆਤਮ ਪਰਮਾਤਮ ਉਪਜੇ ਬ੍ਰਹਮ ਗਿਆਨਾ । ਤ੍ਰੈਗੁਣ ਮਾਇਆ ਮਿਟੇ ਤਾਪ, ਪੰਜ ਤਤ ਨਾ ਰਹੇ ਸ਼ੈਤਾਨਾ । ਸਚ ਸੰਦੇਸ਼ਾ ਧੁਰ ਦਾ ਆਖ, ਉਚੀ ਬੋਲ ਬਿਨ ਰਸਨਾ ਜਿਹਵਾ ਜ਼ਬਾਨਾ । ਤੇਰਾ ਖੇਲ ਇਲਾਹੀ ਪਾਕ, ਪਰਵਰਦਿਗਾਰ ਨੌਜਵਾਨਾ । ਵਸਤ ਅਮੋਲਕ ਦੇ ਦੇ ਹਾਥ, ਨਿਰਗੁਣ ਨਿਰਵੈਰ ਵਾਲੀ ਦੋ ਜਹਾਨਾਂ । ਪਾਰਬ੍ਰਹਮ ਬ੍ਰਹਮ ਦੇ ਦੇ ਸਾਥ, ਸਗਲਾ ਸੰਗ ਨਿਭਾਨਾ । ਹੋ ਸਹਾਈ ਅਨਾਥਾਂ ਨਾਥ, ਦੀਨਨ ਦੇ ਅਗੰਮੀ ਦਾਨਾ । ਲਹਿਣਾ ਦੇਣਾ ਚੁਕਾ ਜਾਤ ਪਾਤ, ਊਚ ਨੀਚ ਇਕੋ ਘਰ ਵਿਖਾਨਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਵੇਖੇ ਤੇਰਾ ਭਾਣਾ । ਕੂੜੀ ਕਿਰਿਆ ਸੁੱਟੇ ਡੂੰਘੇ ਖਾਤ, ਸਚ ਸੁੱਚ ਹੋਏ ਪਰਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਪਿਆ ਆਬੇਹਯਾਤ, ਅੰਮ੍ਰਿਤ ਰਸ ਇਕੋ ਮੁਖ ਲਗਾਨਾ । ਅੰਮ੍ਰਿਤ ਰਸ ਦੇ ਸੁਆਮੀ, ਮੁਰੀਦ ਮੁਰਸ਼ਦ ਤੇਰਾ ਧਿਆਨ ਲਗਾਈਆ । ਧੁਰਦਰਗਾਹੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਦੱਸਦੀ ਗਈ ਨਿਸ਼ਾਨੀ, ਨਿਸ਼ਾਨਾ ਤੇਰਾ ਨਾਮ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਤੇਰੀ ਕਰਦੇ ਗਏ ਅਕੱਥ ਕਹਾਣੀ, ਕਹਿ ਕਹਿ ਜਗਤ ਸੁਣਾਈਆ । ਕਿਰਪਾ ਕਰ ਵਡ ਮਿਹਰਵਾਨ ਕਲਜੁਗ ਅੰਤਮ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੇ ਚਰਨ ਸੀਸ ਨਿਵਾਈਆ । ਮੇਲ ਮਿਲਾਵਾ ਕਰ ਸੁਰਤੀ ਸ਼ਬਦੀ ਧੁਰ ਦੇ ਹਾਣੀ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਸਾ ਤ੍ਰਿਸਨਾ ਦੇ ਮਿਟਾਈਆ । ਜਨ ਭਗਤ ਆਸਾ ਤ੍ਰਿਸਨਾ ਜਾਏ ਲਥ, ਮਾਇਆ ਮਮਤਾ ਰਹਿਣ ਨਾ ਪਾਈਆ । ਕਰ ਕਿਰਪਾ ਜਿਸ ਦਿਤੀ ਵਥ, ਨਾਮ ਅਮੋਲਕ ਇਕ ਵਰਤਾਈਆ । ਸਗਲ ਵਸੂਰੇ ਗਏ ਲਥ, ਦੁਰਮਤ ਮੈਲ ਧਵਾਈਆ । ਨਿਝਰ ਦਿਤਾ ਅੰਮ੍ਰਿਤ ਰਸ, ਕਵਲ ਨਾਭ ਉਲਟਾਈਆ । ਸਨਮੁਖ ਹੋ ਕੇ ਸਤਿਗੁਰ ਹੱਸ, ਸੋਹੰ ਹੰਸਾ ਜਾਪ ਜਪਾਈਆ । ਪਦ ਨਿਰਬਾਣ ਚੌਥਾ ਪਦ, ਘਰ ਸਾਚਾ ਦੇ ਵਖਾਈਆ । ਨੌ ਦਵਾਰੇ ਪਾਰ ਹੱਦ, ਕੂੜੀ ਕਿਰਿਆ ਡੇਰਾ ਢਾਹੀਆ । ਨਾਮ ਸੁਣਾਏ ਅਨਾਦੀ ਨਦ, ਅਨਹਦ ਨਾਦ ਅਲਾਹੀਆ । ਅੰਮ੍ਰਿਤ ਆਤਮ ਦੇਵੇ ਮਦਿ, ਬਿਨ ਰਸਨਾ ਜਿਹਵਾ ਰਸ ਚਖਾਈਆ । ਘਰ ਵਿਚ ਘਰ ਮੰਦਰ ਲਏ ਸੱਦ, ਮਹਲ ਅਟੱਲ ਦਏ ਵਡਿਆਈਆ । ਨਿਰਗੁਣ ਨਿਰਗੁਣ ਕਰੇ ਲਾਡ, ਸਰਗੁਣ ਲੇਖਾ ਆਪਣੀ ਝੋਲੀ ਪਾਈਆ । ਉਚੀ ਕੂਕ ਸੁਣਾਏ ਅਵਾਜ਼, ਦਰਗਾਹ ਸਾਚੀ ਨਾਦ ਵਜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਘਰ ਮੇਲਾ ਕੰਤ ਸੁਹਾਗ, ਸੁਹੰਝਣੀ ਸੇਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸੱਚੇ ਆਪ ਉਠਾਈਆ । ਸੰਤ ਸੁਹੇਲੇ ਲਏ ਉਠਾਲ, ਹਰਿ ਸਤਿਗੁਰ ਦਇਆ ਕਮਾਇੰਦਾ । ਕਿਰਪਾ ਕਰ ਦੀਨ ਦਿਆਲ, ਮਿਹਰ ਨਜ਼ਰ ਨੈਣ ਉਠਾਇੰਦਾ । ਲੱਖ ਚੁਰਾਸੀ ਵਿਚੋਂ ਵੇਖ ਅਮੁਲੜੇ ਲਾਲ, ਕਰਤਾ ਕੀਮਤ ਆਪੇ ਪਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰਬ ਜਨਮ ਜੋ ਘਾਲਣ ਆਏ ਘਾਲ, ਤਿਨਾਂ

ਮਸਤਕ ਲੇਖ ਵੇਖ ਵਖਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਹੱਟ ਚਲਾਇੰਦਾ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਧੁਰ ਦਵਾਰਾ ਇਕ ਜਣਾਇੰਦਾ । ਜਿਥੇ ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਰਹਿਣ ਕੋਇ ਨਾ ਪਾਇੰਦਾ । ਸਤਿਗੁਰ ਪੂਰਾ ਨਿਰਗੁਣ ਰੂਪ ਚਲੇ ਨਾਲ ਨਾਲ, ਜੋਤੀ ਜਾਤਾ ਪੁਰਖ ਬਿਧਾਤਾ ਸਦ ਆਪਣਾ ਸੰਗ ਰਖਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਘੜੀ ਪਲ ਵੰਡ ਨਾ ਕੋਇ ਵੰਡਾਇੰਦਾ । ਲੇਖਾ ਤੋੜ ਕਾਲ ਮਹਾਂਕਾਲ, ਆਪ ਆਪਣੀ ਗੋਦ ਬਹਾਇੰਦਾ । ਤ੍ਰੈਗੁਣ ਮਾਇਆ ਰਹੇ ਨਾ ਕੋਈ ਜੰਜਾਲ, ਪੰਜ ਤਤ ਅਗਨ ਨਾ ਕੋਇ ਤਪਾਇੰਦਾ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਆਪ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਗੋਦ ਉਠਾਇੰਦਾ । ਭਗਤ ਭਗਵਾਨ ਗੋਦ ਚੁਕ, ਸਚਖੰਡ ਦੇਵੇ ਮਾਣ ਵਡਿਆਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਲੱਖ ਚੁਰਾਸੀ ਗੇੜ ਨਾ ਕੋਇ ਭਵਾਈਆ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਨਮ ਕਰਮ ਦੀ ਮੇਟੇ ਭੁੱਖ, ਤ੍ਰਿਸ਼ਨਾ ਪੋਹ ਨਾ ਸਕੇ ਰਾਈਆ । ਲੇਖੇ ਲਾਏ ਜਨਨੀ ਕੁੱਖ, ਵੇਖੇ ਧੰਨ ਜਣੇਂਦੀ ਮਾਈਆ । ਸ਼ਬਦ ਨਗਾਰੇ ਲਾਏ ਚੋਟ, ਤਨ ਨੌਬਤ ਇਕ ਵਜਾਈਆ । ਕੂੜੀ ਕਿਰਿਆ ਕੱਢੇ ਖੋਟ, ਸਚ ਸੁੱਚ ਸਾਚੇ ਮੰਦਰ ਦਏ ਟਿਕਾਈਆ । ਕਰ ਪਰਕਾਸ਼ ਨਿਰਮਲ ਜੋਤ, ਭਗਤ ਭਗਵਾਨ ਆਪਣਾ ਦਰਸ ਦਿਖਾਈਆ । ਜੁਗ ਚੌਕੜੀ ਜਨ ਭਗਤਾਂ ਮਿਲਣ ਦਾ ਰੱਖੇ ਸ਼ੌਕ, ਨਿਰਗੁਣ ਵੱਡਾ ਵਡ ਵਡਿਆਈਆ । ਬਿਨ ਭਗਤਾਂ ਪ੍ਰਭ ਜੀ ਜਾਏ ਔਂਤ, ਲੋਕਮਾਤ ਨਾਮ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਲੋਕਮਾਤ, ਨਿਰਗੁਣ ਸਰਗੁਣ ਭੇਵ ਚੁਕਾਈਆ । ਠਾਕਰ ਹੋ ਕੇ ਦੇਵੇ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਪ੍ਰੀਤਮ ਹੋ ਕੇ ਪੁੱਛੇ ਵਾਤ, ਪਰਮ ਪੁਰਖ ਬੇਪਰਵਾਹੀਆ । ਸੱਜਣ ਹੋ ਕੇ ਬਣੇ ਸਾਕ, ਸਗਲਾ ਸੰਗ ਨਿਭਾਈਆ । ਚਾਕਰ ਹੋ ਕੇ ਖੋਲ੍ਹੇ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਦਰਵੇਸ਼ ਹੋ ਕੇ ਮਾਰੇ ਆਵਾਜ਼, ਧੁਰ ਦਾ ਨਾਦ ਸੁਣਾਈਆ । ਕਰਤਾ ਹੋ ਕੇ ਕਰੇ ਕਾਜ, ਕਰਨੀ ਆਪਣੇ ਹੱਥ ਰਖਾਈਆ । ਸ਼ਹਿਨਸ਼ਾਹ ਹੋ ਕੇ ਰੱਖੇ ਲਾਜ, ਸਿਰ ਭਗਤਾਂ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬਿਨ ਭਗਤ ਭਗਵਾਨ ਸਾਚਾ ਬਣੇ ਨਾ ਕੋਇ ਸਮਾਜ, ਸਮੱਗਰੀ ਸਚ ਹੱਥ ਕਿਸੇ ਨਾ ਆਈਆ । ਨਿਤ ਨਵਿਤ ਕਰ ਕਰ ਹਿਤ ਮਾਤ ਪਿਤ ਪਿਤਾ ਪੂਤ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਰੂਪ ਸਤਿ ਸਰੂਪ ਸੰਤ ਸੁਹੇਲੇ ਘਰ ਸਾਚੇ ਮੇਲ ਮਿਲਾਈਆ । ਭਗਤ ਭਗਵਾਨ ਮੇਲਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਨਿਰਭਉ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਘਰ ਮੰਦਰ ਦਏ ਵਡਿਆਈਆ । ਸਾਚੇ ਪੌੜੇ ਆਪੇ ਚੜ੍ਹ, ਮਹਲ ਅਟੱਲ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹ, ਸੋਹੰ ਰੂਪ ਦਏ ਸਮਝਾਈਆ । ਨਾਤਾ ਜੁੜੇ ਨਾਰੀ ਨਰ, ਨਰ ਨਰਾਇਣ ਇਕੋ ਨਜ਼ਰੀ ਆਈਆ । ਜੁਗ ਜਨਮ ਵਿਛੜੇ ਲੈ ਕੇ ਜਾਏ ਆਪਣੇ ਦਰ, ਆਪ ਆਪਣੀ ਗੋਦ ਬਹਾਈਆ । ਭਗਤ ਭਗਵਾਨ ਦੋਵੇਂ ਮਿਲ ਕੇ ਨਾ ਜਨਮੇ ਨਾ ਜਾਏ ਮਰ, ਮਰਨ ਜਨਮ ਵਿਚ ਕਦੇ ਨਾ ਆਈਆ । ਏਥੇ ਓਥੇ ਦੋ ਜਹਾਨ ਦੇਵੇ ਧੁਰ ਦਾ

ਵਰ, ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਘਰ ਵਸਾਈਆ । ਜਿਨ੍ਹਾਂ ਫੜਾਏ ਸ਼ਬਦੀ ਲੜ, ਤਿਨ੍ਹਾਂ ਬਿਨ ਪੌੜੀ ਡੰਡੇ ਆਪਣੇ ਘਰ ਚੜ੍ਹਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਤਿ ਸਰੂਪ ਦਰਸ਼ਨ ਕਰ, ਬਿਨ ਰੰਗ ਰੂਪ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਸੇਵ ਕਮਾਈਆ ।

★ ੧੪ ਮੱਘਰ ੨੦੨੦ ਬਿਕਰਮੀ ਅਮਰੀਕ ਸਿੰਘ ਦੇ ਗ੍ਰਹਿ ਪਿੰਡ ਸਰਾਈਂ ਜ਼ਿਲਾ ਹੁਸ਼ਿਆਰ ਪੁਰ ★

ਸੋ ਪੁਰਖ ਨਿਰੰਜਣ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਏਕੰਕਾਰ ਧੁਰ ਮਲਾਹ, ਖੇਵਟ ਖੇਟ ਤੇਰੀ ਓਟ ਤਕਾਈਆ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤੇ ਤੇਰਾ ਨੂਰ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਆਦਿ ਜੁਗਾਦੀ ਹੁਕਮਰਾਨ, ਭੂਪਤ ਭੂਪ ਤੇਰੀ ਇਕ ਸਰਨਾਈਆ । ਅਬਿਨਾਸ਼ੀ ਕਰਤੇ ਤੇਰਾ ਖੇਲ ਮਹਾਨ, ਸਮਝ ਸਕੇ ਕੋਇ ਨਾ ਰਾਈਆ । ਪਾਰਬ੍ਰਹਮ ਤੇਰਾ ਸਚ ਨਿਸ਼ਾਨ, ਨਿਰਗੁਣ ਇਕੋ ਨਜ਼ਰੀ ਆਈਆ । ਸਚਖੰਡ ਸੋਹੇ ਇਕ ਮਕਾਨ, ਛੱਪਰ ਛੰਨ ਨਾ ਕੋਇ ਸੁਹਾਈਆ । ਦਰਗਾਹ ਸਾਚੀ ਨੂਰ ਮਹਾਨ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਲਾਸ਼ਰੀਕ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਨਿਰਗੁਣ ਨਿਰਗੁਣ ਖੇਲੇ ਖੇਲ ਆਪ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਕਿਰਪਾ ਕਰ ਵਡ ਮਿਹਰਵਾਨ, ਮਿਹਰ ਨਜ਼ਰ ਨਾਲ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਚਰਨ ਮੰਗਣ ਪਨਾਹ, ਦੋਏ ਜੋੜ ਸੀਸ ਝੁਕਾਈਆ । ਤ੍ਰੈਗੁਣ ਨੇਤਰ ਰੋ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਪੰਜ ਤਤ ਰਿਹਾ ਕੁਰਲਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਧੀਰ ਨਾ ਕੋਇ ਧਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਤੇਰਾ ਰਾਹ ਰਹੇ ਤਕਾ, ਰਹਿਬਰ ਨਜ਼ਰ ਕੋਇ ਨਾ ਆਈਆ । ਨਿਰਗੁਣ ਸਰਗੁਣ ਤੇਰੀ ਧੂੜੀ ਖ਼ਾਕ ਮੰਗਣ ਦੋਏ ਜੋੜ ਕਰਨ ਦੁਆ, ਅੰਤਰ ਆਤਮ ਵੇਖ ਵਖਾਈਆ । ਗੁਰ ਅਵਤਾਰ ਕਹਿਣ ਕਿਰਪਾ ਕਰ ਸੱਚੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਓਟ ਰਖਾਈਆ । ਪੀਰ ਪੈਗ਼ੰਬਰ ਸਜਦਾ ਸੀਸ ਰਹੇ ਝੁਕਾ, ਨਿਉਂ ਨਿਉਂ ਲਾਗਣ ਪਾਈਆ । ਚਾਰੇ ਵੇਦ ਤੇਰੇ ਦਰ ਅਲਖ ਰਹੇ ਜਗਾ, ਅਲੱਖ ਅਗੋਚਰ ਤੇਰੀ ਵਡ ਵਡਿਆਈਆ । ਪੁਰਾਨ ਅਠਾਰਾਂ ਕੋਈ ਨਾ ਲੱਭੇ ਰਾਹ, ਮਾਰਗ ਸਮਝ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਲੇਖਾ ਰਹੇ ਮੁਕਾ, ਵਸਤ ਅਮੋਲਕ ਝੋਲੀ ਕੋਈ ਨਾ ਪਾਈਆ । ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਬਣੇ ਨਾ ਕੋਈ ਗਵਾਹ, ਸ਼ਹਾਦਤ ਦੇਵੇ ਨਾ ਕੋਈ ਬੇਪਰਵਾਹੀਆ । ਚਾਰ ਵਰਨ ਅਠਾਰਾਂ ਬਰਨ ਰਾਓ ਰੰਕ ਰਾਜ ਰਾਜਾਨ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਘਟ ਘਟ ਅੰਦਰ ਵੜਿਆ ਕਲ ਸ਼ੈਤਾਨ, ਆਪ ਆਪਣਾ ਬਲ ਧਰਾਈਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵੇਖੇ ਆਣ, ਸਮੁੰਦ ਸਾਗਰ ਫੋਲ ਫੁਲਾਈਆ । ਤੇਰੇ ਭਗਤਾਂ ਮਿਲੇ ਨਾ ਕੋਈ ਮਾਣ, ਸਿਰ ਹੱਥ ਨਾ ਕੋਈ ਟਿਕਾਈਆ । ਸੰਤ ਸਾਜਣ ਹੋਏ ਅੰਞਾਣ, ਬਾਲੀ ਬੁੱਧ ਬੈਠੇ ਨੈਣ ਉਠਾਈਆ । ਗੁਰਮੁਖਾਂ ਨੈਣ ਜਗਤ ਸ਼ਰਮਾਣ, ਅੱਖ ਪ੍ਰਤੱਖ ਨਾ ਕੋਇ ਖੁਲ੍ਹਾਈਆ । ਗੁਰਮੁਖ ਤੇਰੀ ਚਰਨ ਪ੍ਰੀਤੀ ਮੰਗਣ ਦਾਨ,

ਗੁਰਸਿਖ ਇਕੋ ਓਟ ਰਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਿਆ ਵਿਚ ਜਹਾਨ, ਪਾਂਧੀ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਤਿ ਸੰਤੋਖੀ ਭੁੱਲਿਆ ਸਰਬ ਗਿਆਨ, ਆਤਮ ਪਰਮਾਤਮ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਅਬਿਨਾਸ਼ੀ ਕਰਤੇ ਤੇਰੀ ਓਟ ਰਖਾਈਆ । ਤੇਰੀ ਓਟ ਲਈ ਰੱਖ, ਸ਼ਾਹ ਪਾਤਸ਼ਾਹ ਸੱਚੇ ਸੁਲਤਾਨਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਮਾਰਗ ਗਏ ਦੱਸ, ਸ਼ਬਦ ਅਗੰਮੀ ਤੇਰਾ ਨਾਮ ਦੇ ਬਿਆਨਾ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਹੋਏ ਪ੍ਰਤੱਖ, ਜੋਤ ਸਰੂਪੀ ਪਹਿਰੇ ਬਾਨਾ । ਵਿਸ਼ਨ ਬ੍ਰਹਮਾ ਸ਼ਿਵ ਦੋ ਜਹਾਨਾਂ ਵਖਾਏ ਹੱਟ, ਬ੍ਰਹਿਮੰਡ ਖੰਡ ਫੋਲਣਹਾਰ ਦੁਕਾਨਾ । ਸਾਚਾ ਮਾਰਗ ਇਕੋ ਦੇਵੇ ਦੱਸ, ਚਾਰ ਵਰਨ ਇਕ ਗਿਆਨਾ । ਜਨ ਭਗਤਾਂ ਅੰਦਰ ਜਾਏ ਵਸ, ਪ੍ਰੇਮ ਪ੍ਰੀਤ ਕਰੇ ਮਹਾਨਾ । ਧੁਰ ਦਾ ਅੰਮ੍ਰਿਤ ਦੇਵੇ ਰਸ, ਨਿਝਰ ਝਿਰਨਾ ਇਕ ਝਰਾਨਾ । ਸਚ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਨਾ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਰੂਪ ਵਿਖਾਨਾ । ਪੀਰ ਪੈਗ਼ੰਬਰ ਕਰੇ ਦਾਸ, ਧੁਰ ਸੰਦੇਸ਼ਾ ਦੇ ਪਰਵਾਨਾ । ਗੁਰ ਅਵਤਾਰਾਂ ਭੇਵ ਖੁਲਾਏ ਖ਼ਾਸ, ਖਾਲਸ ਆਪਣਾ ਰੰਗ ਰੰਗਾਨਾ । ਨਵ ਨੌ ਚਾਰ ਪੂਰੀ ਕਰੇ ਆਸ, ਨਿਰਗੁਣ ਰੂਪ ਹੋਏ ਪਰਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਦਰ ਇਕੋ ਇਕ ਸੁਹਾਨਾ । ਸੋਹੇ ਦਰ ਪ੍ਰਭੂ ਤੇਰਾ ਭਗਤ, ਸਚਖੰਡ ਵੱਜੇ ਸਚ ਵਧਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਮੰਨ ਕੇ ਗਏ ਸਾਚਾ ਕੰਤ, ਬਣ ਨਾਰੀ ਸੇਵ ਕਮਾਈਆ । ਤੇਰਾ ਬੋਧ ਅਗਾਧਾ ਨਾਮ ਮੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰਾ ਅੰਤ ਕਹਿਣ ਨਾ ਪਾਈਆ । ਤੇਰਾ ਲੇਖਾ ਕੋਈ ਨਾ ਜਾਣੇ ਪੰਡਤ, ਮੁਲਾਂ ਸ਼ੇਖ਼ ਮੁਸਾਇਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਝੁਕੇ ਚਾਰ ਜੁਗ, ਜੁਗ ਚੌਕੜੀ ਸੀਸ ਨਿਵਾਈਆ । ਪੁਰਖ ਅਕਾਲ ਆ ਕੇ ਪੁਛ, ਬੇਪਰਵਾਹ ਫੇਰਾ ਪਾਈਆ । ਨਿਰਗੁਣ ਨਿਰਵੈਰ ਕਿਉਂ ਬੈਠਾ ਲੁਕ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਗਤ ਵਿਕਾਰਾ ਰਿਹਾ ਕੁਠ, ਕੂੜੀ ਕਿਰਿਆ ਘਰ ਘਰ ਨਜ਼ਰੀ ਆਈਆ । ਤੇਰਾ ਕੋਈ ਨਾ ਦਿਸੇ ਸਾਚਾ ਸੁਤ, ਸੁਤ ਅਪਰਾਧੀ ਰੂਪ ਵਟਾਈਆ । ਬਿਨ ਹਰਿ ਨਾਮੇ ਖ਼ਾਲੀ ਬੁੱਤ, ਲੱਖ ਚੁਰਾਸੀ ਨਜ਼ਰੀ ਆਈਆ । ਮਾਤ ਗਰਭ ਦੇ ਉਲਟੇ ਰੁੱਖ, ਤੇਰਾ ਮੁਖ ਵੇਖ ਕੋਇ ਨਾ ਪਾਈਆ । ਤੇਰੇ ਨਾਲੋਂ ਤੇਰੇ ਗਏ ਰੁੱਸ, ਸਾਚਾ ਮੇਲ ਨਾ ਕੋਇ ਵਖਾਈਆ । ਨਿਰਗੁਣ ਧਾਰੋਂ ਨਿਰਵੈਰ ਪੁਰਖ ਅਕਾਲ ਉਠ, ਅਨੁਭਵ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡਾ ਨਜ਼ਰੀ ਆਈਆ । ਕਲਜੁਗ ਅੰਤਮ ਕਰਨ ਪੁਕਾਰ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਜੁਗ ਚੌਕੜੀ ਲੇਖਾ ਲਿਖ ਕੇ ਗਏ ਵਿਚ ਸੰਸਾਰ, ਨਾਤਾ ਜੋੜ ਕਲਮ ਸ਼ਾਹੀਆ । ਸ਼ਬਦ ਅਗੰਮੀ ਦੇ ਕੇ ਗਏ ਧਾਰ, ਧੁਰ ਦੀ ਬਾਣੀ ਬਾਣ ਲਗਾਈਆ । ਚਾਰੋਂ ਕੁੰਟ ਸ੍ਰਿਸ਼ਟ ਸਬਾਈ ਹੋਈ ਖੁਆਰ, ਖ਼ਾਲਸ ਰੂਪ ਨਜ਼ਰ ਕੋਇ ਨਾ ਆਈਆ । ਤੇਰਾ ਨੂਰ ਨਜ਼ਰ ਨਾ ਆਏ ਸਿਰਜਣਹਾਰ, ਸਚ ਤੌਫ਼ੀਕ ਨਾ ਕੋਇ ਖ਼ੁਦਾਈਆ । ਮਿਹਬਾਨ ਬੀਦੋ ਬੀਖੈਰ ਯਾ ਅੱਲਾ ਨੂਰ ਇਲਾਹੀ ਪਰਵਰਦਿਗਾਰ,

ਬੇਐਬ ਤੇਰੀ ਵਡ ਵਡਿਆਈਆ । ਰਾਮ ਰਹੀਮ ਸਿਰਜਣਹਾਰ, ਵਡ ਕਾਹਨ ਵੇਸ ਵਟਾਈਆ । ਤੇਰੀ ਬੰਸਰੀ ਵੱਜੇ ਦੋ ਜਹਾਨ, ਨਾਦ ਧੁਨ ਇਕ ਸ਼ਨਵਾਈਆ । ਤੇਰਾ ਮੰਤਰ ਸਤਿਨਾਮ, ਸਤਿ ਸਤਿਵਾਦੀ ਦੇ ਸਮਝਾਈਆ । ਤੇਰਾ ਡੰਕਾ ਇਕ ਮਹਾਨ, ਰਾਉ ਰੰਕਾਂ ਲਏ ਜਗਾਈਆ । ਘਰ ਘਰ ਵਿਚੋਂ ਕੱਢੇ ਕੂੜ ਸ਼ੈਤਾਨ, ਮਾਇਆ ਮਮਤਾ ਡੇਰਾ ਢਾਹੀਆ । ਮੰਦਰ ਵਖਾਏ ਇਕ ਮਕਾਨ, ਕਾਇਆ ਕਾਅਬਾ ਨਜ਼ਰੀ ਆਈਆ । ਸਚ ਮਹਿਰਾਬੇ ਨਜ਼ਰੀ ਆਏ ਤੇਰਾ ਨੂਰ ਮਹਾਨ, ਮਹਿਬੂਬ ਤੇਰੀ ਵਡ ਵਡਿਆਈਆ । ਚੌਦਾਂ ਲੋਕ ਹੋਏ ਹੈਰਾਨ, ਚੌਦਾਂ ਤਬਕ ਤੇਰੀ ਸਮਝ ਕਿਸੇ ਨਾ ਪਾਈਆ । ਚੌਦਾਂ ਵਿਦਿਆ ਜੀਵ ਜੰਤ ਕਰਨੀ ਪਰਧਾਨ, ਸਤਿ ਪਰਧਾਨਗੀ ਹੱਥ ਨਾ ਕੋਇ ਰਖਾਈਆ । ਕਰ ਕਿਰਪਾ ਸ੍ਰੀ ਭਗਵਾਨ, ਕਲਜੁਗ ਅੰਤਮ ਵੇਖ ਲੱਖ ਚੁਰਾਸੀ ਧਰ ਕੇ ਭੇਖ, ਨਵ ਨੌ ਚਾਰ ਰੋਵੇ ਮਾਰੇ ਧਾਈਆ । ਨਵ ਨੌ ਚਾਰ ਰਹੀ ਰੋ, ਧੀਰਜ ਧੀਰ ਨਾ ਕੋਇ ਧਰਾਈਆ । ਆਤਮ ਪਰਮਾਤਮ ਕਿਸੇ ਸਕੇ ਨਾ ਛੋਹ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਧੁਰ ਦਾ ਢੋਆ ਦੇਵੇ ਕੋਈ ਨਾ ਢੋਅ, ਢੋਲਕ ਛੈਣੇ ਘਰ ਘਰ ਦਰ ਦਰ ਰਹੇ ਖੜਕਾਈਆ । ਸੋ ਪੁਰਖ ਨਿਰੰਜਣ ਤੇਰੀ ਕੋਈ ਨਾ ਦੇਵੇ ਸੋ, ਸਤਿ ਸੰਦੇਸ਼ ਨਾ ਕੋਇ ਸੁਣਾਈਆ । ਤੇਰੇ ਜਿਹਾ ਦੂਜਾ ਕੋਈ ਨਾ ਜਾਏ ਹੋ, ਹੋਕਾ ਦੇਵੇ ਸਰਬ ਲੋਕਾਈਆ । ਜੀਵ ਜੰਤ ਸਾਧ ਸੰਤ ਕੂੜੀ ਮਮਤਾ ਲੱਗੇ ਮੋਹ, ਮੁਹੱਬਤ ਤੇਰੇ ਨਾਲ ਨਾ ਕੋਇ ਰਖਾਈਆ । ਨਿਝਰ ਝਿਰਨਾ ਦਰ ਸਾਚੇ ਆ ਕੇ ਚੋਅ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਫੇਰਾ ਪਾਈਆ । ਆਪਣਾ ਫੇਰਾ ਪਾ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਜੁਗ ਚੌਕੜੀ ਤੇਰੀ ਟੇਕ, ਮਿਹਰਵਾਨ ਤੇਰੀ ਓਟ ਰਖਾਈਆ । ਕਲਜੁਗ ਅੰਤਮ ਤ੍ਰੈਗੁਣ ਮਾਇਆ ਲੱਖ ਚੁਰਾਸੀ ਲਾਏ ਸੇਕ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨ ਤੇਰੀ ਕਿਰਪਾ ਬੁੱਧੀ ਹੋਵੇ ਨਾ ਕੋਈ ਬਿਬੇਕ, ਮਨਮਤ ਘਰ ਘਰ ਡੇਰਾ ਲਾਈਆ । ਤੇਰੇ ਚਰਨ ਕਵਲ ਮਨ ਵਾਸਨਾ ਕਰੇ ਕੋਈ ਨਾ ਭੇਟ, ਖੰਡਾ ਖੜਗ ਨਾਮ ਸਿਰੀ ਨਾ ਕੋਇ ਵਖਾਈਆ । ਸੰਤ ਸਾਧ ਤੇਰਾ ਅੰਦਰ ਵੜ ਕੇ ਦੱਸੇ ਕੋਈ ਨਾ ਭੇਤ, ਰਸਨਾ ਜਿਹਵਾ ਬੱਤੀ ਦੰਦ ਢੋਲੇ ਰਹੇ ਸੁਣਾਈਆ । ਆਤਮ ਪਰਮਾਤਮ ਮਿਲ ਕੇ ਦੱਸ ਆਪਣਾ ਹੇਤ, ਹਿਤਕਾਰੀ ਆਪਣਾ ਰੰਗ ਰੰਗਾਈਆ । ਰੁੱਤ ਸੁਹੰਜਣੀ ਮੌਲੇ ਚੇਤ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਚਾਰ ਵਰਨ ਅਠਾਰਾਂ ਬਰਨ ਤੇਰਾ ਬੈਠੇ ਰਾਹ ਤਕਾਈਆ । ਚਾਰ ਵਰਨ ਤੇਰਾ ਤੱਕਣ ਰਾਹ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਨਿਰਗੁਣ ਸਰਗੁਣ ਲਏ ਉਠਾਈਆ । ਸਚ ਸੰਦੇਸ਼ਾ ਦੇਵੇ ਆ, ਧੁਰ ਦੀ ਬਾਣੀ ਆਪ ਪੜ੍ਹਾਈਆ । ਦੂਈ ਦਵੈਤੀ ਪੜਦਾ ਦੇਵੇ ਲਾਹ, ਬਜਰ ਕਪਾਟੀ ਤੋੜ ਤੁੜਾਈਆ । ਆਤਮ ਸੇਜਾ ਸਚ ਸੁਹੰਜਣੀ ਦਏ ਸੁਹਾ, ਸਚ ਸਿੰਘਾਸਣ ਸੋਭਾ ਪਾਈਆ । ਅਨਹਦ ਨਾਦੀ ਨਾਦ ਧੁਨ ਦਏ ਵਜਾ, ਆਤਮਕ ਰਾਗ ਇਕ ਅਲਾਈਆ । ਸਾਚੇ ਮੰਦਰ ਦਏ ਵਸਾ, ਖੇੜਾ ਇਕੋ ਇਕ ਵਡਿਆਈਆ । ਜੁਗ ਜਨਮ ਦਾ ਵਿਛੋੜਾ ਪੰਧ ਦਏ ਗਵਾ, ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਮੰਗੇ ਮੰਗ ਧਰਨੀ ਧਰਤ ਧਵਲ, ਦੋਏ ਜੋੜ ਸੀਸ ਝੁਕਾਈਆ ।

ਤੇਰੇ ਨਾਉਂ ਨੂਰ ਖ਼ੁਦਾਈ ਅਵਲ, ਆਲਮੀਨ ਤੇਰੀ ਸਰਨਾਈਆ । ਬਿਰਹੋਂ ਵੈਰਾਗਣ ਹੋਈ ਬਵਲ, ਚਾਰੋਂ ਕੁੰਟ ਨੈਣ ਉਠਾਈਆ । ਨਜ਼ਰ ਨਾ ਆਏ ਸਾਵਲ ਸਵਲ, ਮੁਕੰਦ ਮਨੋਹਰ ਤੇਰਾ ਰੂਪ ਲਖਮੀ ਨਰਾਇਣ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡੇ ਫੇਰਾ ਪਾਈਆ । ਦਰ ਠਾਂਡਾ ਤੇਰਾ ਦਿਸੇ ਇਕ, ਏਕੰਕਾਰ ਤੇਰੀ ਸਰਨਾਈਆ । ਦਾਤੇ ਦਾਨੀ ਪਾ ਭਿੱਖ, ਭਗਤ ਬੈਠੇ ਝੋਲੀ ਡਾਹੀਆ । ਕਲਜੁਗ ਅੰਤਮ ਸਤਿਜੁਗ ਲੇਖਾ ਲਿਖ, ਲਿਖਣਹਾਰ ਗੋਪਾਲ ਗੋਸਾਈਆਂ । ਤੇਰਾ ਕੋਈ ਨਾ ਜਾਣੇ ਪਿਤ, ਪਾਰਬ੍ਰਹਮ ਪ੍ਰਭ ਤੇਰੇ ਹੱਥ ਸਰਬ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਸੰਦੇਸ਼ਾ ਦੇ ਸੁਣਾਈਆ । ਸਚ ਸੰਦੇਸ਼ਾ ਹਰਿ ਜਣਾਉਂਦਾ ਏ । ਸਚਖੰਡ ਨਿਵਾਸੀ ਸਚਖੰਡ ਤਖ਼ਤ ਸੋਭਾ ਪਾਉਂਦਾ ਏ । ਧੁਰ ਫ਼ਰਮਾਨਾ ਆਪ ਅਲਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਮੰਗਾਉਂਦਾ ਏ । ਜੁਗ ਚੌਕੜੀ ਵੇਖ ਘਰ, ਲੋਕਮਾਤ ਪੜਦਾ ਲਾਹੁੰਦਾ ਏ । ਲੇਖਾ ਜਾਣ ਨਾਰੀ ਨਰ, ਲੱਖ ਚੁਰਾਸੀ ਫੋਲ ਫੁਲਾਉਂਦਾ ਏ । ਸਾਚੀ ਵਿਦਿਆ ਜੋ ਰਹੇ ਪੜ੍ਹ, ਤਿਨ੍ਹਾਂ ਆਪਣੇ ਰੰਗ ਰੰਗਾਉਂਦਾ ਏ । ਦੂਰ ਦੁਰਾਡੇ ਜੋ ਰਹੇ ਖੜ, ਤਿਨ੍ਹਾਂ ਪੱਲੂ ਲੜ ਛੁੜਾਉਂਦਾ ਏ । ਚਾਰ ਵਰਨ ਅਠਾਰਾਂ ਬਰਨ ਕਲਜੁਗ ਅੰਤਮ ਦੇਵੇ ਵਰ, ਸਚ ਸੁਨੇਹੜਾ ਇਕ ਘਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਹੁਕਮ ਸਚ ਸੱਚ ਸਮਝਾਉਂਦਾ ਏ । ਹੁਕਮ ਦੇਵੇ ਧੁਰ ਫ਼ਰਮਾਨਾ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤ ਪਹਿਰੇ ਬਾਨਾ, ਮਿਹਰਬਾਨ ਦਇਆ ਕਮਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਲੱਭਦੇ ਗਏ ਟਿਕਾਣਾ, ਸੋ ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਜਿਸ ਦਾ ਰੱਖਦੇ ਗਏ ਮਾਣਾ, ਸੋ ਅਭਿਮਾਨ ਮੇਟੇ ਥਾਉਂ ਥਾਈਂਆ । ਕਲਜੁਗ ਅੰਤਮ ਸਤਿ ਧਰਮ ਝੁਲਾਏ ਇਕ ਨਿਸ਼ਾਨਾ, ਸਾਚੀ ਧਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਜਣਾਈਆ । ਸਚ ਸੰਦੇਸ਼ਾ ਹਰਿ ਜਣਾਉਂਦਾ ਏ । ਧੁਰ ਦਾ ਲੇਖਾ ਆਪ ਸਮਝਾਉਂਦਾ ਏ । ਨਿਰਗੁਣ ਨਿਰਵੈਰ ਧਰੇ ਭੇਸਾ, ਵੇਸ ਅਗੰਮਾ ਆਪ ਵਟਾਉਂਦਾ ਏ । ਨਾ ਕੋਈ ਰੂਪ ਰੰਗ ਨਾ ਰੇਖਾ, ਜਾਤ ਪਾਤ ਨਾ ਵੰਡ ਵੰਡਾਉਂਦਾ ਏ । ਦੀਨ ਮਜ਼੍ਹਬ ਨਾ ਕੋਈ ਚੇਤਾ, ਜੋਤੀ ਨੂਰ ਡਗਮਗਾਉਂਦਾ ਏ । ਜਨ ਭਗਤਾਂ ਕਰੇ ਅੰਤਰ ਹੇਤਾ, ਬਾਹਰੋਂ ਨਜ਼ਰ ਕਿਸੇ ਨਾ ਆਉਂਦਾ ਏ । ਜੁਗ ਜਨਮ ਦਾ ਵੇਖੇ ਲੇਖਾ, ਪੂਰਬ ਲਹਿਣਾ ਝੋਲੀ ਪਾਉਂਦਾ ਏ । ਨਾਤਾ ਜੋੜੇ ਮਾਤ ਪਿਤ ਪਿਤਾ ਪੂਤ ਬੇਟੀ ਬੇਟਾ, ਪੁਰਖ ਅਕਾਲ ਬੰਧਨ ਪਾਉਂਦਾ ਏ । ਇਕ ਸੁਹਾਏ ਸੁਹੰਜਣੀ ਸੇਜਾ, ਸੋਭਾਵੰਤ ਆਸਣ ਲਾਉਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਸੁਨੇਹੜਾ ਧੁਰ ਦਾ ਭੇਜਾ, ਵਾਕ ਭਵਿਖ ਆਪ ਦ੍ਰਿੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਉਂਦਾ ਏ । ਸਾਚੀ ਕਰਨੀ ਆਪ ਕਮਾਵੇਗਾ । ਨਿਰਗੁਣ ਨਿਰਵੈਰ ਪੁਰਖ ਵੇਸ ਵਟਾਵੇਗਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਈ ਜਣਾਵੇਗਾ । ਲੱਖ ਚੁਰਾਸੀ ਕਰ ਕੇ ਪਰਖ, ਗੁਰਮੁਖ ਸਾਚੇ ਬਾਹਰ ਕਢਾਵੇਗਾ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਕਰ ਕੇ ਤਰਸ, ਨਾਥ ਅਨਾਥਾਂ ਗੋਦ ਬਹਾਵੇਗਾ । ਅੰਮ੍ਰਿਤ ਮੇਘ ਇਕੋ ਬਰਸ, ਜਨਮ ਜਨਮ ਦੀ ਤ੍ਰਿਖਾ ਅੱਗ ਬੁਝਾਵੇਗਾ ।

ਜੋ ਬਿਰਹੋਂ ਵਿਛੋੜੇ ਵਿਚ ਰਹੇ ਤੜਫ, ਤਿਨ੍ਹਾਂ ਆਪਣਾ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਕਾਰ ਕਮਾਵੇਗਾ । ਨਿਰਗੁਣ ਆਪਣੀ ਕਾਰ ਕਮਾਏਗਾ । ਪੁਰਖ ਅਕਾਲ ਫੇਰਾ ਪਾਏਗਾ । ਪਰਵਰਦਿਗਾਰ ਨਜ਼ਰੀ ਆਏਗਾ । ਤੇਈ ਅਵਤਾਰ ਖੇੜਾ ਵਖਾਏਗਾ । ਭਗਤ ਅਠਾਰਾਂ ਭੇਵ ਚੁਕਾਏਗਾ । ਈਸਾ ਮੂਸਾ ਮੁਹੰਮਦ ਅੱਖ ਖੁਲ੍ਹਾਏਗਾ । ਨਾਨਕ ਗੋਬਿੰਦ ਜੋਤ ਜਗਾਏਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜਦਾ ਲਾਹੇਗਾ । ਸ਼ਬਦ ਅਗੰਮੀ ਦੇ ਗਿਆਨ, ਨਿਹਕਰਮੀ ਆਪਣਾ ਕਰਮ ਕਮਾਏਗਾ । ਕਲਜੁਗ ਅੰਤ ਹੋਏ ਪਰਧਾਨ, ਦੋ ਜਹਾਨਾਂ ਰਾਗ ਜੋਗ ਕਮਾਏਗਾ । ਜਨ ਭਗਤਾਂ ਦੇ ਧਰਮ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਏਗਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੂਫ਼ੀ ਕਰ ਚਤੁਰ ਸੁਜਾਣ, ਬੁੱਧ ਬਬੇਕੀ ਰੂਪ ਵਟਾਏਗਾ । ਮੁਰੀਦਾਂ ਮੁਰਸ਼ਦ ਮਿਲੇ ਆਣ, ਦੀਦ ਈਦ ਚੰਦ ਚਮਕਾਏਗਾ । ਸਾਚਾ ਕਲਮਾ ਬੋਲੇ ਬੇਜ਼ਬਾਨ, ਸ਼ਰੀਅਤ ਆਪਣੀ ਵੰਡ ਵਖਾਏਗਾ । ਸਾਚਾ ਧਰਮ ਕਰ ਪਰਧਾਨ, ਚਾਰੇ ਵਰਨ ਗੰਢ ਪੁਆਏਗਾ । ਨੌ ਖੰਡ ਪ੍ਰਿਥਮੀ ਸਤ ਦੀਪ ਰਲ ਮਿਲ ਇਕੋ ਢੋਲਾ ਗਾਣ, ਦੂਜਾ ਰਾਗ ਨਾ ਕੋਇ ਅਲਾਏਗਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮੰਦਰ ਇਕ ਮਕਾਨ ਮਹਿਫਲ ਇਕੋ ਇਕ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਕਲ ਵਰਤਾਏਗਾ । ਨਿਰਗੁਣ ਵਰਤਾਏ ਆਪਣੀ ਕਲ, ਕਲਧਾਰੀ ਫੇਰਾ ਪਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲ, ਵਲ ਛਲਧਾਰੀ ਆਪਣੀ ਧਾਰ ਜਣਾਈਆ । ਜੋਤੀ ਸ਼ਬਦੀ ਬੈਠਾ ਰਲ, ਜਗਤ ਨੇਤਰ ਦਿਸ ਕਿਸੇ ਨਾ ਆਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਲੋਕਮਾਤ ਫੇਰਾ ਪਾਈਆ । ਪਾਏ ਸਾਰ ਜਲ ਥਲ, ਮਹੀਅਲ ਆਪੇ ਖੋਜ ਖੁਜਾਈਆ । ਸਚ ਪਰਕਾਸ਼ ਦੀਪਕ ਜਾਏ ਬਲ, ਤੇਲ ਬਾਤੀ ਸੰਗ ਨਾ ਕੋਇ ਲਿਆਈਆ । ਜਨ ਭਗਤਾਂ ਅੰਦਰ ਦੂਈ ਦਵੈਤੀ ਮੇਟੇ ਸਲ, ਹਉਮੇ ਹੰਗਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਧਰਮ ਦਾ ਇਕ ਦਰਵਾਜ਼ਾ, ਆਪੇ ਖੋਲ੍ਹੇ ਗ਼ਰੀਬ ਨਿਵਾਜ਼ਾ, ਸਤਿਜੁਗ ਸਾਚਾ ਰਾਹ ਜਣਾਈਆ । ਸਚ ਦਰਵਾਜ਼ਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਧੁਰ ਸੰਦੇਸ਼ਾ ਦੇਵੇ ਬੋਲ, ਅਨਬੋਲਤ ਰਾਗ ਅਲਾਈਆ । ਨਾਮ ਨਿਧਾਨ ਵਜਾਏ ਢੋਲ, ਪੁਰੀ ਲੋਅ ਬ੍ਰਹਿਮੰਡ ਖੰਡ ਦੋ ਜਹਾਨ ਸੁਣਾਈਆ । ਸਚ ਵਸਤ ਪ੍ਰਭ ਲੈ ਕੇ ਆਏ ਕੋਲ, ਲੱਖ ਚਰਾਸੀ ਜੀਵ ਜੰਤ ਦਏ ਵਰਤਾਈਆ । ਹਰ ਘਟ ਅੰਦਰ ਜਾਏ ਮੌਲ, ਮੌਲਾ ਰੂਪ ਨਜ਼ਰੀ ਆਈਆ । ਉਲਟਾ ਕਰੇ ਨਾਭ ਕੌਲ, ਝਿਰਨਾ ਬੂੰਦੋ ਬੂੰਦ ਝਿਰਾਈਆ । ਭਾਗ ਲਗਾਏ ਧਰਨੀ ਧਰਤ ਧੌਲ, ਧਵਲਾ ਹੌਲਾ ਭਾਰ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਜਾਏ ਡੋਲ, ਅਡੁਲ ਬੈਠਾ ਬੇਪਰਵਾਹੀਆ । ਆਤਮ ਪਰਮਾਤਮ ਆਬੇ ਹਯਾਤ ਸਚ ਪਿਆਏ ਅੰਮ੍ਰਿਤ ਸਾਚੀ ਪੌਹਲ, ਜਗਤ ਵਿਕਾਰਾ ਮੇਟ ਮਿਟਾਈਆ । ਹਰਿ ਕਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਗ੍ਰੰਥੀ ਪੰਥੀ ਸਮਝ ਕਿਸੇ ਨਾ ਆਈਆ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਵੇਦ ਵਿਆਸ ਕੀਤਾ ਕੌਲ, ਪੁਰਾਨ ਅਠਾਰਾਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦੇ ਘਰ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਸਚਖੰਡ ਪ੍ਰਭ ਚਾਉ ਘਨੇਰਾ, ਘਰ ਵੱਜੇ ਨਾਮ ਵਧਾਈਆ । ਕਲਜੁਗ ਅੰਤਮ ਬੰਨ੍ਹੇ ਬੇੜਾ, ਕਲ ਕਲਕੀ ਫੇਰਾ ਪਾਈਆ । ਸੰਬਲ

ਨਗਰ ਲਾਏ ਡੇਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਦੋ ਜਹਾਨਾਂ ਖੁਲ੍ਹਾ ਕਰੇ ਵਿਹੜਾ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਸ਼ਬਦ ਸਰੂਪੀ ਪਾਏ ਘੇਰਾ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਅੰਦਰ ਵੜ ਕੇ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਦਇਆ ਕਮਾਈਆ । ਕਲਜੁਗ ਦਇਆ ਕਮਾਏ ਠਾਕਰ, ਹਰਿ ਕਰਤਾ ਹੋਏ ਸਹਾਈਆ । ਲੱਖ ਚੁਰਾਸੀ ਵੇਖੇ ਕਾਇਆ ਗਾਗਰ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਡੂੰਘੀ ਧਾਰ ਕੱਢੇ ਬਾਹਰ ਸਮੁੰਦ ਸਾਗਰ, ਜਲਧਾਰ ਨਾ ਕੋਇ ਵਹਾਈਆ । ਜਨ ਭਗਤਾਂ ਦੇਵੇ ਇਕੋ ਆਦਰ, ਆਦਰਸ਼ ਆਪਣਾ ਦਏ ਸਮਝਾਈਆ । ਮਿਹਰਵਾਨ ਕਰਤਾ ਕਰੀਮ ਕਾਦਰ, ਕੁਦਰਤ ਹੋ ਕੇ ਰੰਗ ਵਖਾਈਆ । ਦੋ ਜਹਾਨਾਂ ਵਡ ਬਹਾਦਰ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਜ਼ਬਰ ਜ਼ਾਬਰ, ਜ਼ਬਰਦਸਤ ਬੇਪਰਵਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਸੁਣੋ ਪ੍ਰਭ ਅੰਤ, ਨਿਰਗੁਣ ਨਿਰਵੈਰ ਆਪ ਜਣਾਈਆ । ਸ੍ਰਿਸ਼ਟ ਸਬਾਈ ਭੁੱਲੀ ਗੁਰ ਕਾ ਮੰਤ, ਮੰਤਰ ਸਚ ਨਾ ਕੋਇ ਦ੍ਰਿੜਾਈਆ । ਜਗਤ ਵਿਕਾਰੀ ਹੋਏ ਕਲਜੁਗ ਸਾਧ ਸੰਤ, ਅੰਤਸ਼ਕਰਨ ਸ਼ੁੱਧ ਨਾ ਕੋਇ ਕਰਾਈਆ । ਝਗੜਾ ਪਿਆ ਹਉਮੇ ਹੰਗਤ, ਕੂੜਾ ਗੜ੍ਹ ਨਾ ਕੋਇ ਤੁੜਾਈਆ । ਦਰ ਦਰ ਘਰ ਘਰ ਫਿਰਦੇ ਮੰਗਤ, ਝੋਲੀ ਖ਼ਾਲੀ ਰਹੇ ਵਖਾਈਆ । ਚਾਰ ਵਰਨ ਬਣੀ ਨਾ ਸਾਚੀ ਸੰਗਤ, ਜਾਤ ਪਾਤ ਭੇਵ ਨਾ ਕੋਇ ਚੁਕਾਈਆ । ਲੇਖਾ ਚੁਕਿਆ ਕਿਸੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਚਰਨ ਕਵਲ ਕੋਈ ਨਾ ਕਰੇ ਬੰਦਨ, ਬੰਦਗੀ ਡੰਡੋਤ ਸਮਝ ਕਿਸੇ ਨਾ ਆਈਆ । ਮਸਤਕ ਲਾਉਂਦੇ ਪੰਡਤ ਚੰਦਨ, ਜੋਤ ਲਲਾਟ ਕਰੇ ਨਾ ਕੋਇ ਰੁਸ਼ਨਾਈਆ । ਅੰਤਰ ਆਤਮ ਮਿਲੇ ਨਾ ਕਿਸੇ ਅਨੰਦ ਅਨੰਦਨ, ਨਿਜਾ ਨੰਦ ਨਾ ਕੋਇ ਰਸਾਈਆ । ਦੂਈ ਦਵੈਤੀ ਸ਼ਰਅ ਸ਼ਰੈਤੀ ਢਾਹੇ ਕੋਈ ਨਾ ਕੰਧਨ, ਪੜਦਾ ਸਕੇ ਨਾ ਕੋਇ ਉਠਾਈਆ । ਸਤਿਗੁਰ ਗੋਦੀ ਕੋਈ ਨਾ ਬਹੇ ਅੰਗਣ, ਨੌਂ ਦਵਾਰੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਇਕੋ ਗੁਣ ਗੁਣਵੰਤਾ ਦਏ ਜਣਾਈਆ । ਗੁਣਵੰਤਾ ਗੁਣ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਅਮਾਵਸ ਰਹਿਣ ਕੋਇ ਨਾ ਪਾਈਆ । ਸਤਿਜੁਗ ਮੌਲੇ ਸਚ ਪ੍ਰਭਾਤ, ਪ੍ਰਭਾਤੀ ਆਪਣਾ ਰੂਪ ਵਟਾਈਆ । ਪੁਰਖ ਅਬਿਨਾਸ਼ੀ ਨਾਤਾ ਤੋੜੇ ਜਾਤ ਪਾਤ, ਵਰਨ ਗੋਤ ਇਕੋ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਲਗਾਈਆ । ਸਾਚਾ ਮਾਰਗ ਲਾਏ ਜਗ, ਹਰਿ ਕਰਤਾ ਦਇਆ ਕਮਾਈਆ । ਜੁਗ ਚੌਕੜੀ ਜਾਏ ਲੰਘ, ਕਲਜੁਗ ਅੰਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਚਮਕੇ ਚੰਦ, ਨੌਂ ਖੰਡ ਕਰੇ ਰੁਸ਼ਨਾਈਆ । ਗੀਤ ਗੋਬਿੰਦ ਸੁਣਾਏ ਸੁਹਾਗੀ ਛੰਦ, ਸਾਚਾ ਢੋਲਾ ਰਾਗ ਅਲਾਈਆ । ਆਤਮ ਪਰਮਾਤਮ ਵਸੇ ਸੰਗ, ਸਗਲਾ ਸੰਗ ਨਿਭਾਈਆ । ਹਰਿਜਨ ਹਰਿਭਗਤ ਆਵਣ ਜਾਵਣ ਚੁੱਕੇ ਪੰਧ, ਲੱਖ ਚੁਰਾਸੀ ਡੇਰਾ ਢਾਹੀਆ । ਸੁਰਤ ਸੁਹਾਗਣ ਹੋਵੇ ਕਦੇ ਨਾ ਰੰਡ, ਕੰਤ ਇਕੋ ਨਜ਼ਰੀ ਆਈਆ । ਲੇਖਾ ਚੁਕੇ ਭੇਖ ਪਖੰਡ, ਸਚ ਸੁੱਚ ਸੋਭਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਜਨ ਭਗਤਾਂ ਰੰਗ ਰੰਗੇ ਚਲੂਲ, ਹਰਿ ਕਰਤਾ ਆਪ ਰੰਗਾਈਆ । ਅਬਿਨਾਸ਼ੀ ਕਰਤਾ ਕਦੇ ਨਾ ਜਾਏ ਭੂਲ, ਧੁਰ ਦਾ ਲੇਖਾ ਲੇਖ ਚੁਕਾਈਆ । ਪਿਛਲਾ ਲਹਿਣਾ ਚੁਕਾਏ ਮੂਲ, ਅੱਗੇ ਮਾਰਗ ਇਕੋ ਲਾਈਆ । ਚਰਨ ਧੂੜੀ ਮਸਤਕ ਲਾਏ ਧੂਲ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਸੀ ਵਿਚੋਂ ਭਗਤ ਸੁਹੇਲੇ ਆਪ ਜਗਾਈਆ । ਭਗਤ ਸੁਹੇਲਾ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੂੜੀ ਕਿਰਿਆ ਕਰੇ ਤਿਆਗ, ਸਚ ਸੁੱਚ ਇਕ ਅਪਨਾਈਆ । ਪ੍ਰਭ ਮਿਲਣ ਦਾ ਉਪਜੇ ਇਕ ਵੈਰਾਗ, ਮਨ ਵਾਸਨਾ ਡੇਰਾ ਢਾਹਿਆ । ਦਿਵਸ ਰੈਣ ਰੱਖੇ ਤਾਂਘ, ਅੱਠੇ ਪਹਿਰ ਇਕੋ ਲਿਵ ਰਖਾਈਆ । ਕਵਣ ਵੇਲਾ ਪ੍ਰਭ ਮਿਲੇ ਕੰਤ ਸੁਹਾਗ, ਸੁਹੰਜਣੀ ਸੇਜ ਦਏ ਵਡਿਆਈਆ । ਘਰ ਦੀਪ ਜਗਾਏ ਚਿਰਾਗ਼, ਅਗਿਆਨ ਅੰਧੇਰ ਮਿਟਾਈਆ । ਨਾਮ ਨਿਧਾਨ ਸੁਣਾਏ ਰਾਗ, ਅਨਹਦ ਧੁਨ ਉਪਜਾਈਆ । ਬਿਨ ਰਸਨਾ ਜਿਹਵਾ ਮਾਰੇ ਆਵਾਜ਼, ਆਪਣਾ ਹੁਕਮ ਸੁਣਾਈਆ । ਜਿਸ ਆਦਿ ਸਾਜਣ ਲਿਆ ਸਾਜ, ਸੋ ਅੰਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਪ੍ਰਭ, ਹਰਿ ਜੂ ਆਪਣੀ ਦਇਆ ਕਮਾਈਆ । ਜੁਗ ਜੁਗ ਸੰਤ ਸੁਹੇਲੇ ਲੱਭ, ਪਰਦਾ ਦੂਈ ਦਏ ਉਠਾਈਆ । ਅੰਮ੍ਰਿਤ ਝਿਰਾਏ ਆਪਣੀ ਨਭ, ਕਵਲ ਕਵਲਾ ਮੁਖ ਭਵਾਈਆ । ਜਗਤ ਦਵਾਰਾ ਪਾਰ ਹੱਦ, ਨੌ ਦਰ ਡੇਰਾ ਢਾਹੀਆ । ਦਰਸ ਵਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅਗਨੀ ਤਤ ਰਹਿਣ ਨਾ ਪਾਈਆ । ਏਥੇ ਓਥੇ ਪਰਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਸਦੀ ਬੀਸਵੀਂ ਸ਼ਬਦ ਨਗਾਰਾ ਦੋ ਜਹਾਨਾਂ ਰਿਹਾ ਵੱਜ, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਭੱਜ ਭੱਜ, ਨਿਰਗੁਣ ਆਪਣਾ ਪੰਧ ਮੁਕਾਈਆ । ਕਰੇ ਕੀ ਖੇਲ ਪੁਰਖ ਸਮਰਥ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਚੌਥੇ ਜੁਗ ਕਿਸੇ ਦਾ ਚਲੇ ਕੋਈ ਨਾ ਵਸ, ਸਾਰੇ ਬੈਠੇ ਢੇਰੀਆਂ ਢਾਹੀਆ । ਨੇਤਰ ਰੋਵਣ ਤੀਰਥ ਅੱਠਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਖ ਨਾ ਕੋਇ ਖੁਲ੍ਹਾਈਆ । ਘਰ ਸਾਚੇ ਸੱਥਰ ਬੈਠੇ ਸਾਰੇ ਘਤ, ਯਾਰੜਾ ਇਕੋ ਮੰਗ ਮੰਗਾਈਆ । ਤੇਰੇ ਪ੍ਰੇਮ ਪਿਆਰ ਅੰਦਰ ਸੁੱਕੀ ਰਤ, ਨਾੜੀ ਨਾੜੀ ਦਏ ਦੁਹਾਈਆ । ਕਲਜੁਗ ਅੰਤਮ ਪਰਵਰਦਿਗਾਰ ਦੀਨ ਦਿਆਲ ਪੁਰਖ ਅਕਾਲ ਸਰਬ ਸਵਾਮੀ ਪਤ ਰੱਖ, ਰੱਖਕ ਹੋ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਨ ਭਗਤਾਂ ਪੜਦਾ ਦੇ ਚੁਕਾਈਆ । ਜਨ ਭਗਤਾਂ ਚੁੱਕੇ ਪੜਦਾ ਉਹਲਾ, ਦਵੈਤ ਨਜ਼ਰ ਕੋਇ ਨਾ ਆਈਆ । ਭਾਗ ਲੱਗੇ ਕਾਇਆ ਚੋਲਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਤੇਰੇ ਦਰ ਦਾ ਹੋਵੇ ਗੋਲਾ, ਦੂਜੇ ਦਰ ਨਾ ਸੇਵ ਕਮਾਈਆ । ਤੇਰੇ ਨਾਮ ਦਾ ਪਾਵੇ ਰੌਲਾ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਆਪਣਾ ਘਰ, ਜਿਸ ਘਰ ਬਹਿ ਕੇ ਸੋਭਾ ਪਾਈਆ । ਭਗਤ ਕਹਿਣ ਦੱਸ ਭਗਵਾਨ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਜੁਗ ਜੁਗ ਤੇਰਾ ਧਿਆਨ ਲਗਾਈਆ । ਕਲਜੁਗ ਅੰਤਮ ਹੋਏ ਹੈਰਾਨ, ਸਾਰ

ਕੋਇ ਨਾ ਪਾਈਆ । ਦਰ ਦਰਵੇਸ਼ ਮੰਗਦੇ ਦਾਨ, ਚਰਨ ਕਵਲ ਸੀਸ ਝੁਕਾਈਆ । ਰਹਿਮਤ ਕਰ ਵਡ ਮਹਿਬਾਨ, ਮਹਿਬਾਨ ਬੀਦੋ ਤੇਰੀ ਇਕ ਸਰਨਾਈਆ । ਸਿਦਕ ਸਬੂਰੀ ਸਬਰ ਨਾ ਆਏ ਕਿਸੇ ਈਮਾਨ, ਹਕੀਕਤ ਹੱਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਉਂ ਬੈਠਾ ਮੁਖ ਛੁਪਾਈਆ । ਕਿਉਂ ਮੁਖ ਛੁਪਾਇਆ ਵਿਚ ਪਰਦਾ, ਪ੍ਰਭ ਆਪਣਾ ਘਰ ਰਿਹਾ ਦਸਾਈਆ । ਕਲਜੁਗ ਅੰਤਮ ਵੇਖ ਤੇਰਾ ਜੀਵ ਜੰਤ ਸੜਦਾ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਥੋਂ ਡਰਦਾ, ਅੰਤਮ ਤੇਰਾ ਢੋਲਾ ਗਏ ਸੁਣਾਈਆ । ਸਦੀ ਚੌਧਵੀਂ ਖੇਲ ਹੋਵੇ ਨਰ ਹਰਿ ਦਾ, ਈਸਾ ਮੂਸਾ ਮੁਹੰਮਦ ਚਲੇ ਨਾ ਕੋਇ ਚਤੁਰਾਈਆ । ਦੋ ਜਹਾਨ ਤੇਰਾ ਕਲਮਾ ਪੜ੍ਹਦਾ, ਇਸ਼ਟ ਦੇਵ ਸਵਾਮੀ ਇਕੋ ਇਕ ਮਨਾਈਆ । ਗੁਰ ਅਵਤਾਰ ਭਿਖਾਰੀ ਤੇਰੇ ਦਰ ਦਾ, ਅਲਖ ਨਿਰੰਜਣ ਇਕੋ ਅਲੱਖ ਜਗਾਈਆ । ਕਲਜੁਗ ਅੰਤਮ ਵੇਸ ਨਿਹਕਲੰਕ ਨਰਾਇਣ ਨਰ ਦਾ, ਜੋਤੀ ਜਾਮਾ ਸਾਰੇ ਗਏ ਗਾਈਆ । ਨਾ ਜੀਉਂਦਾ ਨਾ ਕਦੇ ਮਰਦਾ, ਜਨਮ ਮਰਨ ਵਿਚ ਨਾ ਆਈਆ । ਆਪਣੀ ਤਰਨੀ ਦੋ ਜਹਾਨਾਂ ਤਰਦਾ, ਲੱਖ ਚੁਰਾਸੀ ਜੀਵ ਜੰਤ ਤਰਾਈਆ । ਜਿਉਂ ਭਾਵੇ ਤਿਉਂ ਕਰਨੀ ਕਰਦਾ, ਕਰਤਾ ਪੁਰਖ ਆਪ ਅਖਵਾਈਆ । ਲੋਕਮਾਤ ਲੇਖਾ ਜਾਣੇ ਨਿੱਕੇ ਜਿਹੇ ਘਰ ਦਾ, ਜਿਸ ਵਿਚ ਲੱਖ ਚੁਰਾਸੀ ਰਿਹਾ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਸੁੰਞੀ ਦਿਸੇ ਲੋਕਾਈਆ । ਪੁਰਖ ਅਬਿਨਾਸ਼ੀ ਕਿਉਂ ਬੈਠਾ ਲੁਕ, ਪ੍ਰਭ ਆਪਣਾ ਨੈਣ ਛੁਪਾਈਆ । ਕਲਜੁਗ ਜੀਵ ਗ਼ਰੀਬ ਨਿਮਾਣੇ ਮਰਦੇ ਭੁੱਖ, ਭੁਖਿਆਂ ਭੁੱਖ ਨਾ ਕੋਇ ਮਿਟਾਈਆ । ਰਾਜ ਰਾਜਾਨ ਦੇਵਣ ਦੁੱਖ, ਰਈਅਤ ਰਹੀ ਕੁਰਲਾਈਆ । ਕੋਝੇ ਕਮਲਿਆਂ ਕੋਈ ਨਾ ਗੋਦੀ ਲਏ ਚੁੱਕ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤਮ ਵੇਲਾ ਸਦੀ ਬੀਸਵੀਂ ਗਿਆ ਢੁੱਕ, ਤੇਰਾ ਲੇਖਾ ਲੇਖੇ ਵਿਚ ਸਮਾਈਆ । ਕਿਰਪਾ ਨਿਧਾਨ ਸਤਿਗੁਰ ਪੂਰੇ ਠਾਕਰ ਆਪੇ ਉਠ, ਪਰਵਰਦਿਗਾਰ ਫੇਰਾ ਪਾਈਆ । ਦੂਰ ਦੁਰਾਡੇ ਨੇਰਨ ਨੇਰੇ ਨੇੜੇ ਆ ਕੇ ਪੁੱਛ, ਪਸਚਾਤਾਪ ਕਰੇ ਲੋਕਾਈਆ । ਨਾਤਾ ਤੁਟਾ ਪਿਤਾ ਪੁੱਤ, ਮਾਤ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਦਰ, ਘਰ ਸਾਚੇ ਫੇਰਾ ਪਾਈਆ । ਦਰ ਘਰ ਆ ਕੇ ਵੇਖ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਸਤਿ ਧਰਮ ਨਾ ਕੋਇ ਪਿਆਰ, ਕੂੜੀ ਕਿਰਿਆ ਜਗਤ ਰਿਹਾ ਪਰਨਾਈਆ । ਦਰ ਦਰ ਘਰ ਘਰ ਦਿਸੇ ਹਾਹਾਕਾਰ, ਹਰਿ ਮੰਦਰ ਬਹਿ ਕੇ ਤੇਰਾ ਗੀਤ ਕੋਇ ਨਾ ਗਾਈਆ । ਨਵ ਨੌ ਚਾਰ ਦਿਸੇ ਖ਼ਵਾਰ, ਅੱਠ ਦਸ ਨਾ ਕੋਇ ਆਧਾਰ, ਤਿੰਨ ਪੰਜ ਕਰੇ ਲੜਾਈਆ । ਨੌ ਦਸ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਪਿਛਲਾ ਘਰ, ਮਿਹਰਵਾਨ ਫੇਰਾ ਪਾਈਆ । ਮਿਹਰਵਾਨ ਵੇਖ ਪਿਛਲਾ ਲੇਖਾ, ਤੇਰੇ ਲੇਖੇ ਵਿਚ ਲੋਕਾਈਆ । ਸ੍ਰਿਸ਼ਟ ਸਬਾਈ ਮੇਟ ਭਰਮ ਭੁਲੇਖਾ, ਭਾਂਡਾ ਭੌ ਭੰਨਾਈਆ । ਮਾਤ ਗਰਭ ਦਾ ਸਭ ਨੂੰ ਭੁੱਲਿਆ ਚੇਤਾ, ਤੇਰਾ ਨਾਉਂ ਨਾ ਕੋਇ ਧਿਆਈਆ । ਬਿਨ ਤੇਰੇ ਸੁੰਞਾ ਹੋਇਆ ਖੇਤਾ, ਰਾਖਾ ਨਜ਼ਰ ਕੋਇ ਨਾ ਆਈਆ । ਨਿਰਵੈਰ ਪੁਰਖ ਪੁਰਖ ਅਕਾਲ ਸਤਿ ਸਰੂਪੀ ਧਾਰ ਭੇਖਾ, ਵੇਸ ਅਵੇਸ ਰੂਪ ਵਟਾਈਆ । ਕਲਜੁਗ ਕੂੜੀ ਜੜ ਉਖੜੇ ਮੇਖਾ, ਸਤਿਜੁਗ ਸਾਚਾ ਬੂਟਾ ਲਾਈਆ । ਕਲਜੁਗ ਨੀਂਹਾਂ ਹੇਠਾਂ ਗੋਬਿੰਦ ਭੇਟ ਚੜ੍ਹਾਇਆ ਬੇਟਾ, ਬੇਟੇ ਬੇਟੇ ਨਾਲ ਕਰ ਕੁੜਮਾਈਆ ।

ਅੰਤਮ ਸਭ ਦਾ ਪੂਰਾ ਕਰ ਠੇਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਕਲਜੁਗ ਘਰ, ਘਰ ਸਾਚਾ ਰੰਗ ਨਾ ਕੋਇ ਰੰਗਾਈਆ । ਕਲਜੁਗ ਵੇਖ ਰੰਗ ਕਾਲਾ, ਕਾਲੀ ਧਾਰ ਰਿਹਾ ਜਣਾਈਆ । ਜਗਤ ਸਿਆਸਤ ਨਾਚ ਨਚਾਏ ਮੰਦਰ ਮਸਜਿਦ ਗੁਰੂਦਵਾਰਾ ਸ਼ਿਵਦਵਾਲਾ, ਮਸੀਤ ਮੱਠ ਸੋਭਾ ਕੋਇ ਨਾ ਪਾਈਆ । ਅੰਤਰ ਆਤਮ ਮਿਲੇ ਨਾ ਕਿਸੇ ਗੁਰ ਗੋਪਾਲਾ, ਗਹਿਰ ਗੰਭੀਰ ਸੰਗ ਨਾ ਕੋਇ ਰਖਾਈਆ । ਬਜਰ ਕਪਾਟੀ ਕੋਈ ਨਾ ਖੋਲ੍ਹੇ ਤਾਲਾ, ਤਾਲਬ ਤੁਲਬਾ ਕਰੇ ਜਗਤ ਪੜ੍ਹਾਈਆ । ਮਣਕਾ ਮਣਕਾ ਸਾਧ ਸੰਤ ਇਕੋ ਤੇਰੀ ਫੇਰਦੇ ਮਾਲਾ, ਅੱਠ ਤਤ ਤੇਰੇ ਰੰਗ ਨਾ ਕੋਇ ਰੰਗਾਈਆ । ਚੌਂਕੜਾ ਮਾਰਦੇ ਉਪਰ ਮਿਰਗਛਾਲਾ, ਆਤਮ ਸੇਜਾ ਸੋਭਾ ਕੋਇ ਨਾ ਪਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਤੇਰੇ ਨਾਮ ਦਾ ਦੱਸਦੇ ਹਾਲਾ, ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਅਗਨੀ ਧੂਅੰਧਾਰ ਬੈਠੇ ਸੜਦੇ, ਡੂੰਘੀ ਧਾਰ ਵੇਖੇ ਹੜਦੇ, ਅੱਖਰ ਅੱਖਰ ਪਾਠ ਪੜ੍ਹਦੇ, ਤੇਰਾ ਨਿਰਅੱਖਰ ਰੂਪ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਦੇ ਪੱਤਰ, ਪਾਤੀ ਕਮਲਾਪਾਤੀ ਇਕੋ ਨਾਮ ਜਣਾਈਆ । ਸਾਚੀ ਪਾਤੀ ਦੇ ਦੇ ਪੱਤਰ, ਪਤਤ ਪਾਪੀ ਪਾਰ ਕਰਾਨਾ । ਸਚਖੰਡ ਦਵਾਰਿਉਂ ਆਈ ਉਤਰ, ਉਤਰ ਪੂਰਬ ਪੱਛਮ ਦੱਖਣ ਤੇਰਾ ਦਿਸੇ ਨਾ ਕੋਈ ਟਿਕਾਣਾ, ਲੱਖ ਚੁਰਾਸੀ ਜੀਵ ਜੰਤ ਤੇਰਾ ਮਨਾਏ ਸ਼ੁਕਰ, ਸ਼ਹਿਨਸ਼ਾਹ ਤੇਰੇ ਚਰਨ ਧਿਆਨ ਲਗਾਨਾ । ਨਾਨਕ ਗੋਬਿੰਦ ਕੀਤਾ ਕੌਲ ਨਾ ਜਾਈਂ ਮੁੱਕਰ, ਵੇਦ ਵਿਆਸਾ ਦਏ ਬਿਆਨਾ । ਜਨ ਭਗਤਾਂ ਕਰ ਮੁਖ ਉਜਲ, ਕੂੜੀ ਕਿਰਿਆ ਮੇਟ ਮਿਟਾਨਾ । ਅੰਦਰ ਵੜ ਕੇ ਖੋਲ੍ਹ ਆਪਣੀ ਗੁੰਝਲ, ਭੇਵ ਖੁਲ੍ਹੇ ਸ੍ਰੀ ਭਗਵਾਨਾ । ਨਾਲ ਇਸ਼ਾਰੇ ਸਮਝਾ ਉਂਗਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਨਿੱਕਾ ਘਰ, ਲੱਖ ਚੁਰਾਸੀ ਕਰ ਧਿਆਨਾ । ਲੋਕਮਾਤ ਤੇਰਾ ਘਰ ਨਿੱਕਾ, ਨਿੱਕੀ ਜਿਹੀ ਵਡਿਆਈਆ । ਪੁਰਖ ਅਕਾਲ ਬਣ ਕੇ ਸਭ ਦਾ ਪਿਤਾ, ਕਿਉਂ ਬੈਠਾ ਮੁਖ ਛੁਪਾਈਆ । ਹਰ ਘਟ ਅੰਦਰ ਵਸੇ ਚਿਤਾ, ਚੇਤਨ ਰੂਪ ਵਖਾਈਆ । ਕਲਜੁਗ ਆ ਕੇ ਵੇਖ ਰੰਗ ਝੂਠਾ ਹੋਇਆ ਫਿਕਾ, ਰਸ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਵੇਖੀਏ ਸਦਾ ਅਨਡਿਠਾ, ਜਗ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅੰਤਮ ਵਰ, ਆਪ ਆਪਣੇ ਘਰ ਵਸਾਈਆ । ਭਗਤ ਕਹੇ ਭਗਵਾਨ ਤੇਰੇ ਦਰ ਵਸੇਰਾ, ਸੇਜ ਸੁਹੰਜਣੀ ਸੋਭਾ ਪਾਈਆ । ਵੱਜੇ ਵਧਾਈ ਚਾਉ ਘਨੇਰਾ, ਘਨਈਆ ਮਿਲੇ ਇਕ ਗੋਸਾਈਆ । ਸਚ ਦਵਾਰੇ ਲੱਗੇ ਡੇਰਾ, ਦੂਜਾ ਮੰਦਰ ਨਜ਼ਰ ਕੋਇ ਨਾ ਆਈਆ । ਦੋਹਾਂ ਮਿਲ ਕੇ ਨਾਤਾ ਜੁੜੇ ਤੂੰ ਮੇਰਾ ਮੈਂ ਤੇਰਾ, ਬੰਧਨ ਇਕੋ ਇਕ ਰਖਾਈਆ । ਨਿਰਗੁਣ ਸਰਗੁਣ ਉਤੇ ਕਰ ਮਿਹਰਾ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤਮ ਚੁੱਕੇ ਝੇੜਾ, ਨਾਤਾ ਛੁਟੇ ਮਾਤ ਲੋਕਾਈਆ । ਡੁੱਬਦੇ ਸਾਗਰ ਤਾਰ ਬੇੜਾ, ਪਾਰ ਕਿਨਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਤੇਰੇ ਹੱਥ ਗੇੜਾ, ਨਿਤ ਨਵਿਤ ਆਪਣੇ ਹੁਕਮ ਰਿਹਾ ਫਿਰਾਈਆ ।

★ ੧੫ ਮੱਘਰ ੨੦੨੦ ਬਿਕਰਮੀ ਪਿਆਰਾ ਸਿੰਘ ਦੇ ਨਵਿਤ ਭੋਗਪੁਰ ਮਿਲ ਵਿਚ ★

ਅਨੁਭਵ ਅੰਦਰ ਨਾ ਅੰਧ ਵਿਸ਼ਵਾਸ਼, ਝੂਠ ਸਚ ਨਾ ਰੂਪ ਵਟਾਈਆ । ਅਨੁਭਵ ਅੰਦਰ ਇਕੋ ਨੂਰ ਜੋਤ ਪਰਕਾਸ਼, ਸਤਿ ਸਰੂਪ ਨਜ਼ਰੀ ਆਈਆ । ਅਨੁਭਵ ਅੰਦਰ ਕੋਟਨ ਕੋਟ ਚਰਨਾਂ ਹੇਠ ਵਸਨ ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼, ਮੰਡਲ ਮੰਡਪ ਬੈਠੇ ਸੀਸ ਨਿਵਾਈਆ । ਅਨੁਭਵ ਅੰਦਰ ਰਵ ਸਸ ਸੂਰਜ ਚੰਦਰ ਬਣ ਬਣ ਦਾਸੀ ਦਾਸ, ਭੱਜਣ ਵਾਹੋ ਦਾਹੀਆ । ਅਨੁਭਵ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਨਿਉਂ ਨਿਉਂ ਮੰਗੇ ਦਾਤ, ਖ਼ਾਲੀ ਝੋਲੀ ਰਹੀ ਵਖਾਈਆ । ਅਨੁਭਵ ਅੰਦਰ ਨਜ਼ਰੀ ਆਏ ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਇਕੋ ਬੇਪਰਵਾਹੀਆ । ਜਿਸ ਜਨ ਅਨੁਭਵ ਸਤਿਗੁਰ ਕੋਲੋਂ ਮਿਲੇ ਦਾਤ, ਸੋ ਗੁਰਮੁਖ ਭਰਮ ਭੁਲੇਖੇ ਵਿਚ ਕਦੇ ਨਾ ਆਈਆ । ਸੁਰਤੀ ਸ਼ਬਦੀ ਘਰ ਪਏ ਸਾਚੀ ਰਾਸ, ਗੋਪੀ ਕਾਹਨ ਰੂਪ ਵਟਾਈਆ । ਮਨ ਵਾਸਨਾ ਮਨ ਖ਼ਾਹਿਸ਼, ਮਨ ਰੂਪ ਅਨੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਅਗੰਮੀ ਵਰ, ਤਿਸ ਅਨੁਭਵ ਅੰਦਰ ਕਾਇਆ ਮੰਦਰ ਮਹਲ ਅਟੱਲ ਇਕੋ ਇਕ ਬੂਝ ਬੁਝਾਈਆ । ਅਨੁਭਵ ਅੰਦਰ ਨਾ ਕੋਈ ਭੁਲੇਖਾ, ਭਰਮ ਰੂਪ ਨਾ ਕੋਈ ਵਟਾਈਆ । ਨਿਝ ਨੇਤਰ ਜਿਸ ਨਰ ਹਰਿ ਪੇਖਾ, ਨਰ ਨਰਾਇਣ ਬੇਪਰਵਾਹੀਆ । ਸੋ ਏਥੇ ਓਥੇ ਦੋ ਜਹਾਨ ਸੰਤ ਸੁਹੇਲੇ ਰੱਖੇ ਚੇਤਾ, ਚੇਤਨ ਸੁਰਤੀ ਆਪਣੀ ਆਪ ਬਣਾਈਆ । ਮਨ ਵਾਸਨਾ ਕਦੇ ਨਾ ਖੇਡਾ, ਮਤ ਬੁੱਧ ਨਾ ਕੋਈ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੇਵੇ ਅਨੁਭਵ ਪਰਕਾਸ਼, ਸੋ ਦੋ ਜਹਾਨਾਂ ਇਕੋ ਘਰ ਵੇਖ ਵਖਾਈਆ । ਅਨੁਭਵ ਅੰਦਰ ਦੋ ਜਹਾਨ, ਨਿਰਗੁਣ ਸਰਗੁਣ ਦਇਆ ਕਮਾਈਆ । ਅਨੁਭਵ ਅੰਦਰ ਜ਼ਿਮੀ ਅਸਮਾਨ, ਬ੍ਰਹਿਮੰਡ ਖੰਡ ਵੇਖ ਵਖਾਈਆ । ਅਨੁਭਵ ਅੰਦਰ ਭਾਗ ਲੱਗੇ ਕਾਇਆ ਸਾਢੇ ਤਿੰਨ ਹੱਥ ਮਕਾਨ, ਘਰ ਵਿਚ ਘਰ ਪਰਦਾ ਲਏ ਉਠਾਈਆ । ਅਨੁਭਵ ਅੰਦਰ ਲੱਖ ਚੁਰਾਸੀ ਜੀਵ ਜੰਤ ਵੇਖੇ ਖੇਲ ਮਹਾਨ, ਘਟ ਘਟ ਅੰਦਰ ਇਕੋ ਨੂਰ ਨਜ਼ਰੀ ਆਈਆ । ਅਨੁਭਵ ਅੰਦਰ ਮਨ ਵਾਸਨਾ ਨਾ ਫਿਰੇ ਸ਼ੈਤਾਨ, ਪੰਚ ਵਿਕਾਰ ਨਾ ਕੋਈ ਲੜਾਈਆ । ਅਨੁਭਵ ਅੰਦਰ ਇਕੋ ਸਚ ਗਿਆਨ, ਅਗਿਆਨ ਰੂਪ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਜਣਾਏ ਆਪਣਾ ਘਰ, ਤਿਸ ਅੰਦਰ ਪੜਦਾ ਦਏ ਉਠਾਈਆ । ਅਨੁਭਵ ਅੰਦਰ ਵੇਖੇ ਸਾਗਰ, ਜੰਗਲ ਜੂਹ ਉਜਾੜ ਪਹਾੜ ਫੋਲ ਫੁਲਾਈਆ । ਅਨੁਭਵ ਅੰਦਰ ਕਾਇਆ ਮਾਟੀ ਲੇਖਾ ਜਾਣੇ ਡੂੰਘੀ ਗਾਗਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਚੁਕਾਈਆ । ਅਨੁਭਵ ਅੰਦਰ ਨਿਰਮਲ ਕਰਮ ਕਰ ਉਜਾਗਰ, ਜੋਤੀ ਜੋਤ ਜੋਤ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅਨੁਭਵ ਖੋਲ੍ਹੇ ਧੁਰ ਦਾ ਦਰ, ਤਿਸ ਮੰਜ਼ਲ ਵਿਚ ਮੰਜ਼ਲ ਨਾ ਕੋਈ ਅਟਕਾਈਆ । ਅਨੁਭਵ ਮੰਜ਼ਲ ਵੱਡ ਦੂਰਨ ਦੂਰ, ਜਗ ਨੇਤਰ ਨਜ਼ਰ ਨਾ ਆਈਆ । ਹਰਿ ਭਗਤ ਸੁਹੇਲਾ ਵੇਖੇ ਸਾਚੇ ਪੌੜੇ ਚੜ੍ਹ ਹਾਜ਼ਰ ਹਜ਼ੂਰ, ਹਜ਼ਰਤ ਇਕੋ ਬੇਪਰਵਾਹੀਆ । ਜੋ ਗੁਰਮੁਖ ਸਤਿਗੁਰ ਦਵਾਰੇ ਹੋਣ ਮਨਜ਼ੂਰ, ਤਿਨ੍ਹਾਂ ਪੜਦਾ ਦਏ ਚੁਕਾਈਆ । ਅਨੁਭਵ ਅੰਦਰ ਨਾ ਕੋਈ ਸ਼ਰਅ ਨਾ ਕੋਈ ਕਸੂਰ, ਭਰਮ ਭੁਲੇਖਾ ਰੰਗ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਅਨੁਭਵ

ਪਰਕਾਸ਼, ਤਿਸ ਸੇਵਾ ਕਰੇ ਬਣ ਦਾਸੀ ਦਾਸ, ਦਰ ਘਰ ਗ੍ਰਿਹ ਮੰਦਰ ਰੂਪ ਅਨੂਪ ਸਤਿ ਸਰੂਪ ਸ਼ਬਦ ਸਵਾਮੀ ਅੰਤਰਜਾਮੀ ਇਕੋ ਇਕ ਵਖਾਈਆ । ਦਇਆ ਕਿਰਪਾ ਕਰੇ ਕਿਰਪਾਨਿਧ, ਹਰਿ ਸਤਿਗੁਰ ਵਡ ਵਡਿਆਈਆ । ਜਨਮ ਕਰਮ ਦਾ ਕਾਰਜ ਸਿਧ, ਬਿਧ ਆਪਣੀ ਨਾਲ ਲੇਖੇ ਲਾਈਆ । ਆਤਮ ਪਰਮਾਤਮ ਮਿਲਣ ਦੀ ਬਿਧ, ਅੰਤਰਗਤ ਦਏ ਜਣਾਈਆ । ਦਰਸ ਦਿਖਾਏ ਘਰ ਨਿਝ, ਪਰਦਾ ਦੂਈ ਦਵੈਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਸਿਰ ਆਪਣਾ ਹੱਥ ਟਿਕਾਈਆ । ਦਇਆਵਾਨ ਠਾਕਰ ਗਹਿਰ ਗੰਭੀਰ, ਗੁਰ ਸਤਿਗੁਰ ਦਇਆ ਕਮਾਇੰਦਾ । ਪੰਜ ਤਤ ਕਾਇਆ ਮਾਟੀ ਠਾਂਡਾ ਕਰ ਸਰੀਰ, ਤ੍ਰੈਗੁਣ ਅਗਨੀ ਤਤ ਬੁਝਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਨੀਰ, ਨਿਝਰ ਝਿਰਨਾ ਆਪ ਝਿਰਾਇੰਦਾ । ਹਉਮੇ ਹੰਗਤਾ ਕੱਢ ਪੀੜ, ਮਾਇਆ ਮਮਤਾ ਮੋਹ ਕਟਾਇੰਦਾ । ਦਰਸ ਦਖਾਏ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਇਆਵਾਨ ਦਾਤਾਰ ਸਵਾਮੀ ਨਾਮ ਨਿਧਾਨ ਕਾਇਆ ਚੋਲੀ ਆਪ ਟਿਕਾਇੰਦਾ । ਗੁਰਮੁਖ ਕਦੇ ਨਾ ਕਹੇ ਬੱਸ, ਅੰਤਰ ਆਤਮ ਪਿਆਰ ਵਧਾਈਆ । ਦੋਹਾਂ ਮਿਲ ਕੇ ਆਏ ਰਸ, ਜਿਹਵਾ ਕਹਿਣ ਕਿਛ ਨਾ ਪਾਈਆ । ਜਗਤ ਵਿਖਾਵਣ ਖ਼ਾਲੀ ਹੱਥ, ਅੰਦਰ ਨਾਮ ਖ਼ਜ਼ਾਨਾ ਅਤੋਟ ਅਤੁਟ ਭੰਡਾਰ ਨਜ਼ਰੀ ਆਈਆ । ਸਤਿਗੁਰ ਪੂਰਾ ਜਿਸ ਚਲਾਏ ਸਾਢੇ ਤਿੰਨ ਹੱਥ ਹੱਟ, ਤਿਸ ਵੱਜੇ ਘਰ ਵਧਾਈਆ । ਵਸਤ ਅਮੋਲਕ ਕਾਇਆ ਗੋਲਕ ਦੇਵੇ ਰੱਖ, ਸਚ ਸਲੋਕ ਇਕ ਸਮਝਾਈਆ । ਲੱਖ ਚੁਰਾਸੀ ਜਮ ਕੀ ਫਾਸੀ ਦੇਵੇ ਕੱਟ, ਰਾਏ ਧਰਮ ਨਾ ਦਏ ਸਜਾਈਆ । ਮਾਤ ਗਰਭ ਉਲਟਾ ਰੁਖ਼ ਨਾ ਦਿਸੇ ਮਾਸ ਦਸ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਗੁਰਮੁਖ ਨਾਲ ਅੰਦਰ ਵੜ ਕੇ ਨਿਝ ਨੇਤਰ ਅੱਖ ਨਾਲ ਮਿਲਾਏ ਅੱਖ, ਆਖਰ ਆਪਣਾ ਰੰਗ ਰੰਗਾਈਆ । ਬੱਸ ਕਹਿਣ ਵਿਚ ਬਸਤੀ, ਕਾਇਆ ਮੰਦਰ ਮਿਲੇ ਵਡਿਆਈਆ । ਜਿਸ ਦੇ ਅੰਦਰ ਗੁਰਮੁਖ ਹਸਤੀ, ਸਤਿ ਸਰੂਪ ਡੇਰਾ ਲਾਈਆ । ਦਿਵਸ ਰੈਣ ਨਾਮ ਮਸਤੀ, ਸਚ ਖ਼ੁਮਾਰੀ ਇਕ ਚੜ੍ਹਾਈਆ । ਕੂੜ ਵਿਕਾਰਾ ਹੋਇਆ ਨਸ਼ਟੀ, ਸਚ ਸੁੱਚ ਵੱਜੇ ਵਧਾਈਆ । ਸਤਿਗੁਰ ਮਿਲਿਆ ਇਕੋ ਇਸ਼ਟੀ, ਇਸ਼ਟ ਦ੍ਰਿਸ਼ਟ ਦੇਵੇ ਖੁਲ੍ਹਾਈਆ । ਲੇਖਾ ਚੁੱਕੇ ਕੂੜੀ ਸ੍ਰਿਸ਼ਟੀ, ਆਤਮ ਪਰਮਾਤਮ ਜੋੜ ਜੁੜਾਈਆ । ਲਹਿਣਾ ਮੁਕੇ ਸਵਰਗ ਬਹਿਸ਼ਤੀ, ਚਰਨ ਕਵਲ ਦਏ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਲੱਭੇ ਲਿਖੀ ਲੇਖ ਲਿਖਤੀ, ਸਾਖਿਆਤ ਗੁਰਮੁਖ ਵਿਰਲੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰ ਕਰਾਏ ਵੈਰਾਗੀ ਗਰਿਸਤੀ, ਗ੍ਰਿਹਿ ਆਪਣਾ ਇਕ ਵਖਾਈਆ ।



ਰੋਟੀ ਅੰਦਰ ਜਗਤ ਧੰਦਾ, ਸ੍ਰੀ ਭਗਵਾਨ ਖੇਲ ਰਚਾਈਆ । ਧੰਦੇ ਅੰਦਰ ਗੁਰਮੁਖ ਬੰਦਾ, ਪ੍ਰਭ ਬੰਦਗੀ ਰਿਹਾ ਕਮਾਈਆ । ਬੰਦਗੀ ਅੰਦਰ ਸਤਿਗੁਰ ਬਖ਼ਸ਼ੰਦਾ, ਬਖ਼ਸ਼ਿਸ਼ ਆਪਣਾ ਨਾਮ ਵਰਤਾਈਆ । ਕਰ ਪਰਕਾਸ਼ ਚਾੜ੍ਹੇ ਚੰਦਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਲੇਖ ਚੁਕਾਏ ਜੇਰਜ ਅੰਡਾ, ਉਤਭੁਜ ਸੇਤਜ ਪੰਧ ਮੁਕਾਈਆ । ਪਾਰ ਕਰਾਏ ਡੂੰਘੀ ਕੰਧਾ, ਸਮੁੰਦ ਸਾਗਰ ਤਾਰਨਹਾਰ ਅਖਵਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੋਟੀ ਰਿਜ਼ਕ ਰਹੀਮ ਕਰੀਮ ਦਾਤਾ ਦਾਨੀ ਆਪਣਾ ਹੁਕਮ ਵਖਾਈਆ । ਰੋਟੀ ਕਾਰਨ ਫਿਰੇ ਸੰਸਾਰ, ਪ੍ਰਭ ਸਾਚੀ ਖੇਲ ਖਿਲਾਈਆ । ਜਿਸ ਰੋਟੀ ਪਿਛੇ ਦਰਸ਼ਨ ਦਿਤੇ ਧੰਨੇ ਜੱਟ ਗਵਾਰ, ਨਿਰਗੁਣ ਸਰਗੁਣ ਆਪਣਾ ਰੂਪ ਵਟਾਈਆ । ਸੇਵਾ ਕਰੇ ਨਰ ਨਿਰੰਕਾਰ, ਬਾਲ ਬਾਲਾ ਰੂਪ ਵਖਾਈਆ । ਸੋ ਰੋਟੀ ਲੱਖ ਚੁਰਾਸੀ ਜੀਵ ਜੰਤ ਰੁਜ਼ਗਾਰ, ਅਬਿਨਾਸ਼ੀ ਕਰਤੇ ਧਾਰ ਬੰਧਾਈਆ । ਰੋਟੀ ਕਮੌਂਦਿਆਂ ਲੱਭੇ ਹਰਿ ਕਰਤਾਰ, ਹਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਵੇ ਆਪਣਾ ਦਰ, ਕਾਇਆ ਮੰਦਰ ਅੰਦਰ ਦਰ ਦਰਵਾਜ਼ਾ ਗ਼ਰੀਬ ਨਿਵਾਜਾਂ ਕਰਨੀ ਕਾਰ ਵਿਚ ਖੁਲ੍ਹਾਈਆ ।

★ ੧੬ ਮੱਘਰ ੨੦੨੦ ਬਿਕਰਮੀ ਪਿਆਰਾ ਸਿੰਘ ਦੇ ਘਰ ਕਿਸ਼ਨ ਪੁਰਾ ਮਹੱਲਾ ਜਲੰਧਰ ★

ਕਿਰਪਾ ਕਰ ਪੁਰਖ ਸਮਰਥ, ਅਦਿ ਜੁਗਾਦਿ ਤੇਰੀ ਵਡਿਆਈਆ । ਸੱਚਖੰਡ ਦਵਾਰੇ ਰਿਹੋਂ ਵਸ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦਾਸੀ ਦਾਸ, ਸੇਵਕ ਸੇਵਕ ਰੂਪ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਨਾਥਾਂ ਨਾਥ, ਦੀਨਾ ਨਾਥ ਤੇਰੀ ਵਡਿਆਈਆ । ਜਨ ਭਗਤ ਕਹਿਣ ਪ੍ਰਭ ਨਿਰਗੁਣ ਸਰਗੁਣ ਦੇ ਸਾਥ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਨੌ ਖੰਡ ਪ੍ਰਿਥਮੀ ਵਧਿਆ ਪਾਪ, ਸਤ ਦੀਪ ਰਿਹਾ ਕੁਰਲਾਈਆ । ਆਤਮ ਸਭ ਨੂੰ ਭੁਲਿਆ ਜਾਪ, ਭਰਮੇ ਭੁੱਲੀ ਜਗਤ ਲੋਕਾਈਆ । ਸਾਚੇ ਪਤਨ ਕੋਈ ਨਾ ਜਾਏ ਘਾਟ, ਪਾਰ ਕਿਨਾਰਾ ਨਾ ਕਿਸੇ ਦਸਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਅੰਧ ਅੰਧੇਰ ਨਾ ਕੋਈ ਚੁਕਾਈਆ । ਰਸਨਾ ਜਿਹਵਾ ਬੱਤੀ ਦੰਦ ਕਰਦੇ ਤੇਰਾ ਪਾਠ, ਅੰਤਰ ਲਿਵ ਨਾ ਕੋਇ ਲਗਾਈਆ । ਕਾਮ ਕਰੋਧ ਲੋਭ ਮੋਹ ਜਗਤ ਤ੍ਰਿਸਨਾ ਕੋਈ ਨਾ ਕਰੇ ਘਾਤ, ਜੀਵਾਂ ਜੰਤਾਂ ਘਾਓ ਰਹੀ ਲਗਾਈਆ । ਘਰ ਸੁਹਾਗਣ ਨਾਰ ਮਿਲੇ ਨਾ ਕੰਤ ਸੁਹਾਗ, ਲੱਖ ਚੁਰਾਸੀ ਖ਼ੁਸ਼ੀਆਂ ਜਗਤ ਮਨਾਈਆ । ਕਲਜੁਗ ਅੰਤਮ ਮਾਇਆ ਪਾਈ ਬੇਅੰਤ, ਤ੍ਰੈਗੁਣ ਸਕੇ ਨਾ ਕੋਈ ਮਿਟਾਈਆ । ਸਾਡੇ ਤਿੰਨ ਹੱਥ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਤੇਰਾ ਭੇਵ ਨਾ ਪਾਏ ਕੋਈ ਬਣ ਕੇ ਬੋਧ ਅਗਾਧਾ ਪੰਡਤ, ਅਨੁਭਵ ਧਾਰ ਨਜ਼ਰ ਕਿਸੇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਚੀ ਬਣੇ ਨਾ ਕੋਈ ਸੰਗਤ, ਜਾਤ ਪਾਤ ਕਰੇ ਲੜਾਈਆ । ਸਾਧ ਸੰਤ ਦਰ ਦਰ ਘਰ ਘਰ ਫਿਰਦੇ ਮੰਗਤ, ਤੇਰੇ ਦਰ ਭਿਖਾਰੀ ਫੇਰਾ ਕੋਈ ਨਾ ਪਾਈਆ । ਜਗਤ ਖ਼ਾਹਿਸ਼ ਬਹਿਸਤ ਜੰਨਤ, ਤੇਰੇ ਚਰਨ ਕਵਲ ਮਿਲੇ ਨਾ ਕੋਈ ਸਰਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੀਨ ਦਿਆਲ ਕਲਜੁਗ ਵੇਖ ਅੰਤਮ, ਨਿਝ ਨੇਤਰ ਨੈਣ ਉਠਾਈਆ । ਦਰ ਦਰ ਘਰ ਘਰ ਨਾਰੀ ਨਰ ਦਿਸੇ ਨਾਰ ਕਮਜਾਤਨ, ਸੁਹਾਗਨ ਰੂਪ ਨਾ ਕੋਈ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਦੇ ਧੁਰ ਦਾ ਵਰ, ਆਤਮ ਪਰਮਾਤਮ ਭੇਵ ਚੁਕਾਈਆ । ਆਤਮ ਪਰਮਾਤਮ ਪ੍ਰਭ ਪਰਦਾ ਖੋਲ੍ਹ, ਬੇਅੰਤ ਤੇਰੀ ਵਡਿਆਈਆ । ਸ਼ਬਦ ਅਗੰਮੀ ਨਾਦ ਸੁਣ ਧੁਰਦਾ ਢੋਲ, ਢੋਲਕ ਛੈਣਾ ਕੰਮ ਕਿਸੇ ਨਾ ਆਈਆ । ਸਚ ਸਿੰਘਾਸਣ ਆਤਮ ਸੇਜਾ ਵਸਣਾ ਕੋਲ, ਦੂਰ ਦੁਰਾਡਾ

ਪੰਧ ਮੁਕਾਈਆ । ਸੁਰਤੀ ਸ਼ਬਦ ਜਾਏ ਮੌਲ, ਤੇਰੇ ਰੰਗ ਸਮਾਈਆ । ਮਾਤ ਗਰਭ ਦਾ ਪੂਰਾ ਕਰ ਕੀਤਾ ਕੌਲ, ਭੇਵ ਅਭੇਦਾ ਦੇ ਖੁਲ੍ਹਾਈਆ । ਸਾਚੇ ਕੰਡੇ ਅਗੰਮੀ ਤੋਲ, ਤਰਾਜ਼ੂ ਨਾਮ ਹੱਥ ਉਠਾਈਆ । ਕਲਜੁਗ ਜੀਵ ਜਗਤ ਰੈਣ ਅੰਧੇਰੀ ਸੁੱਤੇ ਅਨਭੋਲ, ਅੱਖ ਨੈਣ ਨਾ ਕੋਈ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਸਾਚਾ ਮਾਰਗ ਇਕ ਜਣਾਈਆ । ਸਾਚਾ ਮਾਰਗ ਦੱਸ ਭਗਵੰਤ, ਜਨ ਭਗਤ ਬੈਠੇ ਧਿਆਨ ਲਗਾਈਆ । ਲੇਖਾ ਚੁਕੇ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਕੂੜ ਕੁੜਿਆਰੇ ਕਰ ਅੰਤ, ਜੂਠ ਝੂਠ ਡੇਰਾ ਢਾਹੀਆ । ਸ੍ਰਿਸ਼ਟ ਸਬਾਈ ਪਾਰਬ੍ਰਹਮ ਬ੍ਰਹਮ ਇਕੋ ਦੇ ਆਪਣਾ ਮੰਤ, ਮੰਤਰ ਸਚ ਸੱਚ ਸਮਝਾਈਆ । ਲਹਿਣਾ ਦੇਣਾ ਚੁੱਕੇ ਲੱਖ ਚੁਰਾਸੀ ਜੀਵ ਜੰਤ, ਤੇਰੇ ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਅਲਖ ਅਲੱਖ ਨਿਰੰਜਣ, ਆਦਿ ਪੁਰਖ ਤੇਰੀ ਸਰਨਾਈਆ । ਦਾਤੇ ਦਾਨੀ ਦਰਦ ਦੁੱਖ ਭੈ ਭੰਜਨ, ਬੇਪਰਵਾਹ ਤੇਰੀ ਵਡਿਆਈਆ । ਸ਼ਬਦ ਨਿਧਾਨ ਨੇਤਰ ਗਿਆਨ ਪਾ ਅੰਜਨ, ਨਿਝ ਨੇਤਰ ਨੈਣ ਖੁਲ੍ਹਾਈਆ । ਤੇਰੇ ਨਾਮ ਦੀ ਚੜ੍ਹੇ ਰੰਗਨ, ਕਸੁੰਬੜਾ ਰੂਪ ਨਜ਼ਰ ਕੋਈ ਨਾ ਆਈਆ । ਆਤਮ ਪਰਮਾਤਮ ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਸਚ ਦਵਾਰਾ ਸੁਣਾ ਸੁਹਾਗੀ ਛੰਦਨ, ਸੋਹੰ ਆਪਣਾ ਰਾਗ ਅਲਾਈਆ । ਦਰ ਦਰ ਵੇਖ ਨਰ ਨਰੇਸ਼ ਦਰ ਤੇਰੇ ਆਏ ਮੰਗਨ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਦ ਵੱਜੇ ਤੇਰੇ ਘਰ ਵਧਾਈਆ । ਸਦ ਵੱਜੇ ਘਰ ਤੇਰੇ ਨਾਦ, ਅਨਾਦੀ ਤੇਰੇ ਹੱਥ ਵਡਿਆਈਆ । ਲੇਖਾ ਚੁੱਕੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਤੇਰੀ ਸਰਨਾਈਆ । ਕਲਜੁਗ ਵੇਖ ਅੰਧੇਰੀ ਰਾਤ, ਤੇਰੇ ਭਗਤ ਤੇਰੇ ਜਨ ਤੇਰੇ ਸੰਤ ਤੇਰੀ ਓਟ ਤਕਾਈਆ । ਧੁਰਦਰਗਾਹੀ ਅਗੰਮ ਅਥਾਹ ਬੇਪਰਵਾਹ ਦੇ ਦਾਤ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਮਨ ਵਾਸਨਾ ਮਿਟੇ ਨਾਰ ਕਮਜਾਤ, ਸੁਰਤ ਸਵਾਣੀ ਸੁਹਾਗਣ ਇਕੋ ਰੂਪ ਨਜ਼ਰੀ ਆਈਆ । ਅੰਮ੍ਰਿਤ ਆਤਮ ਪਿਆ ਆਬੇ ਹਯਾਤ, ਹਯਾਤੀ ਵਿਚੋਂ ਹਯਾਤੀ ਦੇ ਬਦਲਾਈਆ । ਸਜਦਾ ਝੁਕੇ ਸੀਸ ਤੈਨੂੰ ਕਰੇ ਅਦਾਬ, ਨਮੋਂ ਨਮੋਂ ਤੇਰੀ ਸਰਨਾਈਆ । ਤੇਰਾ ਨੂਰ ਚਮਕੇ ਮਹਾਨ ਮਹਿਤਾਬ, ਜਲਵਾ ਇਕੋ ਨਜ਼ਰੀ ਆਈਆ । ਤੈਨੂੰ ਸਜਦਾ ਕਰੇ ਕੋਟਨ ਆਫਤਾਬ, ਪਰਦਾਨਸ਼ੀਨ ਆਪਣਾ ਪਰਦਾ ਦੇ ਚੁਕਾਈਆ । ਮਹਲ ਨਜ਼ਰੀ ਆਏ ਤੇਰੀ ਇਕ ਮਹਿਰਾਬ, ਮਹਿਬੂਬ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਿਸ ਘਰ ਵੱਜੇ ਤੇਰੇ ਨਾਮ ਵਧਾਈਆ । ਭਗਤ ਕਹਿਣ ਪ੍ਰਭ ਠਾਕਰ ਮੀਤੇ, ਮਿੱਤਰ ਪਿਆਰੇ ਮਿਹਰ ਨਜ਼ਰ ਨੈਣ ਉਠਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰੇ ਪਿਛਲੇ ਬੀਤੇ, ਬੀਤੀ ਕਹਾਣੀ ਸੁਣਨ ਕੋਈ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਦੱਸ ਦੱਸ ਗਏ ਰੀਤੇ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੋਕਮਾਤ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਏ ਹਦੀਸੇ, ਖਾਣੀ ਬਾਣੀ ਧੁਰ ਫ਼ਰਮਾਣ ਸੁਣਾਈਆ । ਭਗਤ ਭਗਵਾਨ ਇਕੋ ਮੰਗਣ ਤੇਰੀ ਚਰਨ ਪ੍ਰੀਤੇ, ਦੂਜੀ ਓਟ ਨਾ ਕੋਈ ਤਕਾਈਆ । ਤੈਨੂੰ ਮਿਲ ਕੇ ਹੋਣ ਠਾਂਡੇ ਸੀਤੇ, ਅਗਨੀ ਤਤ ਪੋਹ ਸਕੇ ਨਾ ਰਾਈਆ । ਲੇਖਾ ਚੁੱਕੇ ਹਸਤ ਕੀਟੇ, ਊਚ ਨੀਚ ਇਕੋ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਲਾਸ਼ਰੀਕ ਨੌਜਵਾਨ, ਮਰਦ ਮਰਦਾਨੇ ਫੇਰਾ ਪਾਈਆ । ਮੁਰੀਦ ਮੁਰਸ਼ਦ ਵੇਖ ਆਣ, ਦੀਦ ਈਦ ਕਰ ਰੁਸ਼ਨਾਈਆ । ਭਗਤ ਭਗਵਾਨ ਮੰਗਣ ਦਾਨ, ਦੋਵੇ ਜੋੜ ਸੀਸ ਝੁਕਾਈਆ । ਠਾਂਡੇ ਦਰ ਕਰ ਪਰਵਾਨ, ਮਿਹਰ ਨਜ਼ਰ ਨੈਣ ਤਕਾਈਆ । ਚੌਦਾਂ ਲੋਕ ਦਿਸਣ ਵੈਰਾਨ, ਚੌਦਾਂ ਤਬਕ ਫੁਲ ਫੁਲਵਾੜੀ ਨਾ ਕੋਈ ਮਹਿਕਾਈਆ । ਚੌਦਾਂ ਵਿਦਿਆ ਹੋਈ ਸ਼ੈਤਾਨ, ਸ਼ਰਅ ਨਾਲ ਮਿਲ ਕੇ ਕਰੇ ਲੜਾਈਆ । ਗੁਰਦਰ ਮੰਦਰ ਸ਼ਿਵਦਵਾਲੇ ਮੱਠ ਸਾਚਾ ਦਿਸੇ ਨਾ ਧਰਮ ਨਿਸ਼ਾਨ, ਜਗਤ ਸਿਆਸਤ ਬੈਠੀ ਡੇਰਾ ਲਾਈਆ । ਤੀਰਥ ਤਟ ਨੇਤਰ ਨੈਣਾਂ ਨੀਰ ਵਹਾਣ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧੀਰਜ ਧੀਰ ਨਾ ਕੋਇ ਧਰਾਈਆ । ਜੀਆਂ ਜੰਤਾਂ ਸਾਧਾਂ ਸੰਤਾਂ ਕਲਜੁਗ ਅੰਤ ਸਾਬਤ ਰਿਹਾ ਨਾ ਕੋਈ ਈਮਾਨ, ਸਿਦਕ ਸਬੂਰੀ ਸੰਗ ਨਾ ਕੋਈ ਰਖਾਈਆ । ਕੂੜੀ ਕਿਰਿਆ ਲੋਕਮਾਤ ਚੜ੍ਹਿਆ ਤੇਰਾ ਤੁਫਾਨ, ਡੂੰਘੇ ਸਾਗਰ ਰਿਹਾ ਵਹਾਈਆ । ਤੁਧ ਬਿਨ ਚਰਨ ਕਵਲ ਕੋਈ ਨਾ ਕਰੇ ਪਰਵਾਨ, ਸਿਰ ਹੱਥ ਨਾ ਕੋਈ ਟਿਕਾਈਆ । ਪੜ੍ਹਿਆਂ ਕਿਸੇ ਹੱਥ ਨਾ ਆਇਆ ਗਿਆਨ, ਅੰਦਰ ਵੜ ਕੇ ਨਿਰਗੁਣ ਤੇਰੀ ਧਾਰ ਨਾ ਕੋਈ ਸਮਝਾਈਆ । ਕੋਟਨ ਕੋਟ ਅਗਨੀ ਅੱਗ ਬੈਠੇ ਸੜ ਕੇ, ਜਲ ਜਲ ਧਾਰਾ ਬੈਠੇ ਤਨ ਸੀਤਲ ਰੂਪ ਵਟਾਈਆ । ਤੇਰਾ ਨਗਰ ਸਚ ਮਹਲ ਅਟੱਲ ਮੁਨਾਰ ਪੁਰਖ ਅਕਾਲ ਦੀਨ ਦਿਆਲ ਸਰਬ ਸਵਾਮੀ ਕੋਈ ਨਾ ਵੇਖੇ ਚੜ੍ਹ ਕੇ, ਦਰ ਘਰ ਸਾਚੇ ਦਰਸ ਕੋਈ ਨਾ ਪਾਈਆ । ਤੇਰੇ ਭਗਤ ਕਲਜੁਗ ਕੋਲੋਂ ਫਿਰਦੇ ਡਰਦੇ, ਕਾਇਆ ਮੰਦਰ ਅੰਦਰ ਵੜ ਵੜ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਹਰਿਜਨ ਸਾਚੇ ਰੰਗ ਰੰਗਾਈਆ । ਕਿਰਪਾ ਕਰ ਠਾਕਰ ਸਵਾਮੀ, ਸੋ ਪੁਰਖ ਨਿਰੰਜਣ ਵਡ ਮਿਹਰਵਾਨਾ । ਆਦਿ ਜੁਗਾਦੀ ਅੰਤਰਜਾਮੀ, ਹਰਿ ਪੁਰਖ ਨਿਰੰਜਣ ਨੌਜਵਾਨਾ । ਏਕੰਕਾਰ ਦੇ ਪਦ ਨਿਰਬਾਣੀ, ਸ਼ਾਹ ਪਾਤਸ਼ਾਹ ਸੱਚੇ ਸੁਲਤਾਨਾ । ਆਦਿ ਨਿਰੰਜਣ ਤੇਰਾ ਨੂਰ ਮਹਾਨੀ, ਜੋਤੀ ਜੋਤ ਡਗਮਗਾਨਾ । ਸ੍ਰੀ ਭਗਵਾਨ ਤੇਰੀ ਸਚ ਨਿਸ਼ਾਨੀ, ਨਿਸ਼ਾਨਾ ਝੁੱਲੇ ਦੋ ਜਹਾਨਾਂ । ਅਬਿਨਾਸ਼ੀ ਕਰਤੇ ਤੇਰਾ ਖੇਲ ਮਹਾਨੀ, ਸਮਝ ਸਕੇ ਨਾ ਕੋਈ ਬਾਲ ਅਵਾਣਾ । ਪਾਰਬ੍ਰਹਮ ਪ੍ਰਭ ਬਣ ਪਰਧਾਨੀ, ਬ੍ਰਹਮ ਦੇਵੇ ਇਕ ਗਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚਾ ਮੰਗ ਮੰਗਾਨਾ । ਦਰ ਸਾਚਾ ਮੰਗਣ ਜਨ ਭਗਤ, ਪ੍ਰਭ ਤੇਰਾ ਧਿਆਨ ਲਗਾਈਆ । ਕੂੜੀ ਕਿਰਿਆ ਨਾਤਾ ਤੁੱਟੇ ਜਗਤ, ਜਗਜੀਵਣ ਦਾਤੇ ਆਪਣੇ ਚਰਨ ਦੇ ਵਡਿਆਈਆ । ਲੇਖੇ ਲੱਗੇ ਬੂੰਦ ਰਕਤ, ਕਾਇਆ ਮਾਟੀ ਹੱਡ ਮਾਸ ਨਾੜੀ ਚਮੜੀ ਤੇਰੀ ਝੋਲੀ ਪਾਈਆ । ਆਤਮ ਪਰਮਾਤਮ ਘਰ ਵਿਚ ਘਰ ਦੇ ਬ੍ਰਹਮ ਮਤ, ਕੂੜੀ ਕਿਰਿਆ ਛੁੱਟੇ ਪੜ੍ਹਾਈਆ । ਅੰਮ੍ਰਿਤ ਝਿਰਨਾ ਮਿਲੇ ਰਸ, ਨਿਝਰ ਆਪਣੀ ਧਾਰ ਵਹਾਈਆ । ਸ਼ਬਦ ਸੁਣਾ ਅਨਾਦੀ ਅਨਹਦ, ਅਨਰਾਗੀ ਰਾਗ ਅਲਾਈਆ । ਆਤਮ ਸੇਜਾ ਕਰ ਪਰਕਾਸ਼, ਤੇਰਾ ਨੂਰ ਨਜ਼ਰੀ ਆਈਆ । ਤੂੰ ਠਾਕਰ ਹਉਂ ਸੇਵਕ ਦਾਸ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਪੁਰਖ ਨਿਰੰਜਣ ਸਦਾ ਸਵਾਮੀ ਵਸ ਸਾਥ, ਵਿਛੋੜਾ ਤੇਰਾ ਜਨ ਭਗਤ ਸਹਿ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਆਪ ਆਪਣਾ ਮੇਲ ਮਿਲਾਈਆ ।


੪੭
੧੯

ਆਪਣਾ ਮੇਲ ਪ੍ਰਭ ਮੇਲ ਆਪ, ਤੇਰੇ ਹੱਥ ਵਡਿਆਈਆ । ਧੁਰਦਰਗਾਹੀ ਧੁਰ ਦਾ ਦੇ ਜਾਪ, ਅਜੱਪਾ ਜਾਪ ਇਕ ਸਮਝਾਈਆ । ਹਉਂ ਬਾਲਕ ਸੇਵਕ ਚਾਕਰ ਤੂੰ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਚਰਨ ਕਵਲ ਬੰਧਾ ਨਾਤ, ਨਾਤਾ ਬਿਧਾਤਾ ਇਕ ਵਖਾਈਆ । ਦਰਸ ਦਿਖਾ ਇਕ ਇਕਾਂਤ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਪੜਦਾ ਦੇ ਉਠਾਈਆ । ਕਲਜੁਗ ਮੇਟ ਅੰਧੇਰੀ ਰਾਤ, ਆਪਣਾ ਨੂਰ ਕਰ ਰੁਸ਼ਨਾਈਆ । ਜਾਹਰ ਬਾਤਨ ਕਰ ਬਾਤ, ਗੁਫ਼ਤ ਸ਼ੁਨੀਦ ਤੇਰੀ ਸੁਣਾਂ ਸ਼ਨਵਾਈਆ । ਖੋਲ੍ਹ ਵਖਾ ਡੂੰਘਾ ਖਾਤ, ਅਖੁਟ ਤੇਰਾ ਭੰਡਾਰ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਜਾਤ ਪਾਤ, ਪਾਰਬ੍ਰਹਮ ਬ੍ਰਹਮ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੈ ਤਰਾਈਆ । ਜਨ ਭਗਤ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਕਿਰਪਾ ਧਾਰ, ਕਿਰਪਾ ਨਿਧ ਬੇਪਰਵਾਹੀਆ । ਕਾਇਆ ਮੰਦਰ ਅੰਦਰ ਦੀਪਕ ਬਾਲ, ਜੋਤੀ ਜੋਤ ਕਰ ਰੁਸ਼ਨਾਈਆ । ਘਰ ਵਿਚ ਘਰ ਵਖਾ ਸੱਚੀ ਧਰਮਸਾਲ, ਬਾਹਰ ਖੋਜਣ ਕੋਇ ਨਾ ਜਾਈਆ । ਨਾਮ ਅਨਮੁਲੜਾ ਦੇ ਲਾਲ, ਸਚਖੰਡ ਭੰਡਾਰਾ ਝੋਲੀ ਪਾਈਆ । ਭਾਗ ਲੱਗੇ ਕਾਇਆ ਮਾਟੀ ਖਾਲ, ਘਰ ਵੱਜੇ ਨਾਮ ਵਧਾਈਆ । ਸ਼ਬਦ ਸਰੂਪੀ ਬਣ ਦਲਾਲ, ਹੱਕ ਹਕੀਕਤ ਦੇ ਜਣਾਈਆ । ਮਿਸਲ ਬਣਾਏ ਬੇਮਿਸਾਲ, ਲੇਖਾ ਲਿਖੇ ਨਾ ਕਲਮ ਛਾਹੀਆ । ਜਨ ਭਗਤਾਂ ਮਿਲੇ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਨਾ ਜਾਣੇ ਬਾਲ ਨਾਦਾਨ, ਮਨਮਤ ਸਮਝ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਪੁਰਖ ਸੁਲਤਾਨ, ਹਰਿਜਨ ਸਾਚੇ ਆਪ ਉਠਾਈਆ । ਅੰਦਰ ਵੜ ਕੇ ਦੇ ਗਿਆਨ, ਪਰਦਾ ਦੂਈ ਦਵੈਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਨਾਲ ਮਿਲਾਈਆ । ਹਰਿਜਨ ਮੇਲਾ ਕਰ ਭਗਵੰਤ, ਹਰਿ ਭਗਵਨ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਲੱਭ ਲੱਭ ਸਾਚੇ ਸੰਤ, ਹਰਿ ਸੱਜਣ ਮੇਲ ਮਿਲਾਇੰਦਾ । ਜਨਮ ਜਨਮ ਦੀ ਬਣਾਏ ਬਣਤ, ਕਰਮ ਕਰਮ ਦਾ ਗੇੜ ਮੁਕਾਇੰਦਾ । ਮਾਣਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਸਮਰਥ ਸਵਾਮੀ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਆਪ ਪ੍ਰਭ, ਹਰਿ ਸਤਿਗੁਰ ਦਇਆ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਲੱਭ, ਮੇਲ ਮਿਲਾਵੇ ਹਰ ਘਟ ਥਾਈਆ । ਅੰਮ੍ਰਿਤ ਨਾਭ ਕਵਲ ਚਵਾਏ ਝੱਬ, ਝਿਰਨਾ ਆਪਣਾ ਆਪ ਬਰਸਾਈਆ । ਜਗਤ ਦਵਾਰਾ ਪਾਰ ਹੱਦ, ਘਰ ਮੰਦਰ ਦਏ ਬਹਾਈਆ । ਕਰ ਪਰਕਾਸ਼ ਨਿਰਮਲ ਜੋਤ ਘਰ ਸੱਜਣ ਲਏ ਸੱਦ, ਸੱਦਾ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰੰਗ ਰੰਗਾਈਆ । ਹਰਿਜਨ ਚਾੜ੍ਹੇ ਸਾਚਾ ਰੰਗ, ਕਲਜੁਗ ਵੱਜੇ ਨਾਮ ਵਧਾਈਆ । ਕਿਰਪਾ ਕਰ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਆਤਮ ਸੇਜਾ ਸਚ ਪਲੰਘ, ਬਿਨ ਪਾਵਾ ਚੂਲ ਸੁਹਾਈਆ । ਉਤੇ ਬੈਠ ਵਜਾਏ ਮਰਦੰਗ, ਅਨਰਾਗੀ ਰਾਗ ਅਲਾਈਆ । ਕਰ ਪਰਕਾਸ਼ ਨਿਰਗੁਣ ਜੋਤ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਆਤਮ ਪਰਮਾਤਮ ਜੁਗ ਜਨਮ ਦੀ ਵਿਛੜੀ ਆਪਣੇ ਨਾਲ ਲਏ ਗੰਢ, ਗੰਢਣਹਾਰ ਗੋਪਾਲ ਸਵਾਮੀ ਨਿਰਗੁਣ ਆਪਣੀ ਦਇਆ ਕਮਾਈਆ । ਅਗਲਾ ਪਿਛਲਾ ਮੇਟ ਪੰਧ, ਸਾਚਾ

ਘਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਗੋਦ ਉਠਾਈਆ । ਜਨ ਭਗਤ ਸੁਹੇਲੇ ਕਲਜੁਗ ਆਪ, ਆਪਣੀ ਗੋਦ ਉਠਾਇੰਦਾ । ਤ੍ਰੈਗੁਣ ਮਾਇਆ ਮੇਟ ਤਾਪ, ਤ੍ਰੈਗੁਣ ਅਤੀਤਾ ਦਇਆ ਕਮਾਇੰਦਾ । ਸਾਚੀ ਥਾਪਣਾ ਧੁਰ ਦੀ ਥਾਪ, ਪਿਛਲਾ ਲੇਖਾ ਮੂਲ ਚੁਕਾਇੰਦਾ । ਪਤਤ ਪਾਪੀ ਕਰ ਕੇ ਪਾਕ, ਪੁਨੀਤ ਆਪਣਾ ਰੂਪ ਵਖਾਇੰਦਾ । ਆਤਮ ਪਰਮਾਤਮ ਲੇਖਾ ਸੱਜਣ ਸਾਕ, ਧੁਰ ਦਾ ਨਾਤਾ ਜੋੜ ਜੁੜਾਇੰਦਾ । ਸ਼ਬਦ ਅਗੰਮੀ ਦੇ ਦਾਤ, ਸਰਬ ਸਵਾਮੀ ਝੋਲੀ ਆਪ ਭਰਾਇੰਦਾ । ਪਾਰ ਉਤਾਰ ਆਪਣੇ ਘਾਟ, ਪੱਤਣ ਮਾਹੀ ਇਕੋ ਨਜ਼ਰੀ ਆਇੰਦਾ । ਹੋ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਸਤਿ ਸਰੂਪ ਸੋਹੰ ਜਣਾਏ ਸੱਚਾ ਜਾਪ, ਕੋਟ ਜਨਮ ਦੇ ਪਾਪ ਆਪ ਧਵਾਇੰਦਾ । ਸੇਜ ਸੁਹੰਜਣੀ ਸਹਾਏ ਖਾਟ, ਖਟੀਆ ਇਕੋ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਉਪਾਇੰਦਾ । ਜਨ ਭਗਤ ਉਪਾਏ ਸਤਿਗੁਰ ਮੀਤ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਦਰ ਸਤਿਜੁਗ ਚਲਾਏ ਰੀਤ, ਸਤਿ ਸਤਿਵਾਦੀ ਫੇਰਾ ਪਾਈਆ । ਜਨ ਭਗਤਾਂ ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਕਾਇਆ ਕਾਅਬਾ ਵਖਾਏ ਮੰਦਰ ਮਸੀਤ, ਸ਼ਿਵਦਵਾਲਾ ਮੱਠ ਗੁਰ ਦਰ ਇਕੋ ਨਜ਼ਰੀ ਆਈਆ । ਇਕੋ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਆਤਮ ਪਰਮਾਤਮ ਸਰਬ ਜੀਆਂ ਦਾ ਸਾਂਝਾ ਦੱਸੇ ਗੀਤ, ਨਵ ਨੌ ਚਾਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਖੇਲ ਖਿਲਾਈਆ । ਜਨ ਭਗਤਾਂ ਖੇਲ ਖਿਲਾਏ ਅਨੋਖਾ, ਅਕਲ ਕਲ ਆਪਣੀ ਧਾਰ ਜਣਾਇੰਦਾ । ਗੁਰਮੁਖਾਂ ਨਾਲ ਕਦੇ ਨਾ ਕਰੇ ਧੋਖਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਹਰਿਜਨ ਹਰਿਭਗਤ ਤੇਰੀ ਕਾਇਆ ਅੰਦਰ ਪਾਰਬ੍ਰਹਮ ਦਾ ਵੱਡਾ ਪੋਥਾ, ਜਿਸ ਦਾ ਪੜ੍ਹਿਆਂ ਅੰਤ ਕੋਇ ਨਾ ਆਇੰਦਾ । ਕਰ ਕਿਰਪਾ ਜਿਸ ਮਾਰਗ ਦੇਵੇ ਸੌਖਾ, ਸੋ ਹਰਿਜਨ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਖੋਜਣ ਕੋਇ ਨਾ ਜਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਘਰ ਵਿਚ ਘਰ ਵਖਾਏ ਉਚਾ, ਮਹਲ ਅਟੱਲ ਇਕੋ ਸੋਭਾ ਪਾਇੰਦਾ । ਜਿਸ ਅੰਦਰ ਸਾਚਾ ਨਾਮ ਦਿਸੇ ਸੁੱਚਾ, ਝੂਠੀ ਵਸਤ ਨਾ ਕੋਇ ਵਖਾਇੰਦਾ । ਅੱਗੇ ਰਾਏ ਧਰਮ ਕਦੇ ਨਾ ਟੰਗੇ ਪੁੱਠਾ, ਚਿਤਰ ਗੁਪਤ ਨਾ ਲੇਖ ਜਣਾਇੰਦਾ । ਮਾਤ ਗਰਭ ਕਦੇ ਨਾ ਹੋਵੇ ਉਲਟਾ ਰੁਖ਼ਾ, ਦਸ ਦਸ ਮਾਸ ਅਗਨ ਨਾ ਕੋਇ ਤਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਕਹੇ ਆ ਮੇਰੇ ਲਾਡਲੇ ਪੁੱਤਾ, ਬਿਨਾਂ ਭਗਤਾਂ ਭਗਵਾਨ ਸੋਭਾ ਕੋਇ ਨਾ ਪਾਇੰਦਾ । ਤਿਸ ਗੁਰਮੁਖ ਸੋਹੇ ਸੁਹੰਜਣੀ ਰੁੱਤਾ, ਘਰ ਸਤਿਗੁਰ ਨਜ਼ਰੀ ਆਇੰਦਾ । ਸੋ ਹਰਿਜਨ ਜਾਗੇ ਜਿਸ ਉਪਰ ਪ੍ਰਭੂ ਤੁਠਾ, ਮਿਹਰ ਨਜ਼ਰ ਨੈਣ ਉਠਾਇੰਦਾ । ਪ੍ਰਭ ਦਾ ਮੀਤ ਲੁਕਿਆ ਰਹੇ ਨਾ ਕਿਸੇ ਗੁੱਠਾ, ਨੌ ਖੰਡ ਸਤ ਦੀਪ ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰਬ ਜਨਮ ਜੋ ਰੁੱਸਾ, ਤਿਸ ਅੰਤਮ ਮੇਲਾ ਆਪਣੇ ਨਾਲ ਕਰਾਇੰਦਾ । ਭਗਤਾਂ ਉਤੇ ਸ੍ਰੀ ਭਗਵਾਨ ਕਦੇ ਨਾ ਕਰੇ ਗੁਸਾ, ਕੋਝੇ ਕਮਲੇ ਆਪਣੇ ਗਲੇ ਲਗਾਇੰਦਾ । ਖ਼ੁਸ਼ੀ ਮਨਾਏ ਘਰ ਖਾ ਕੇ ਟੁੱਕਰ ਰੁੱਖਾ, ਮਿਹਰਵਾਨ ਨਿਰਗੁਣ ਸਰਗੁਣ ਸਾਚੀ ਸੇਵ ਕਮਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤਾ, ਚੇਤਨ ਧਾਰ ਆਪ ਸਮਝਾਇੰਦਾ । ਉਜਲ ਕਰੇ ਲੋਕਮਾਤ ਮੁੱਖਾ, ਜਿਸ

ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕੋਈ ਨਾ ਖਾਵੇ ਜਗਤ ਹਿਲਾਲੀ ਝਟਕਾ ਕੁੱਠਾ, ਇਕੋ ਅੰਮ੍ਰਿਤ ਆਤਮ ਰਸ ਸਤਿਗੁਰ ਪੂਰਾ ਮੁਖ ਚਵਾਇੰਦਾ । ਏਥੇ ਓਥੇ ਦੋ ਜਹਾਨ ਤਿਨ੍ਹਾਂ ਪੈਂਡਾ ਮੁੱਕਾ, ਜਿਸ ਆਪਣਾ ਮੁਖ ਵਖਾਇੰਦਾ । ਭਗਤ ਪ੍ਰੀਤੀ ਸ੍ਰੀ ਭਗਵਾਨ ਸਦਾ ਭੁੱਖਾ, ਜੁਗ ਜੁਗ ਲੋਕਮਾਤ ਵੇਖਣ ਆਇੰਦਾ । ਕਲਜੁਗ ਅੰਤ ਕਦੇ ਨਾ ਰਹੇ ਲੁਕਾ, ਨਿਰਗੁਣ ਨਿਰਵੈਰ ਨਿਰਾਕਾਰ ਅਕਾਲ ਮੂਰਤ ਅਜੂਨੀ ਰਹਿਤ ਅਨੁਭਵ ਪਰਕਾਸ਼ ਆਪ ਕਰਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਗੁਰ ਸ਼ਬਦੀ ਆਪੇ ਝੁਕਾ, ਨਿਉਂ ਨਿਉਂ ਸਜਦਾ ਸੀਸ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪਣੇ ਘਰ ਵਸਾਇੰਦਾ । ਹਰਿਜਨ ਵਸੇਰਾ ਪ੍ਰਭ ਚਰਨ ਕਵਲ, ਮਿਲੇ ਪਾਰਬ੍ਰਹਮ ਸੁਲਤਾਨਾ । ਸੋ ਸੁਹਾਏ ਧਰਨੀ ਧਵਲ, ਜਿਸ ਘਰ ਵੱਜੇ ਰਾਗ ਤਰਾਨਾ । ਨੂਰ ਇਲਾਹੀ ਖ਼ੁਦਾਏ ਅਵਲ, ਨੂਰ ਨੂਰਾਨੀ ਪਹਿਰੇ ਬਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨਾਂ । ਦੋ ਜਹਾਨਾ ਵਾਲੀ ਹਰਿ ਨਿਰੰਕਾਰ, ਪਾਰਬ੍ਰਹਮ ਵੱਡੀ ਵਡਿਆਈਆ । ਭਗਤ ਵਛਲ ਗਿਰਵਰ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਇਕੋ ਨਜ਼ਰੀ ਆਈਆ । ਸਰਬ ਸਵਾਮੀ ਰਮਤ ਰਮਿਆ ਅੰਤਰਜਾਮੀ ਵਡ ਬਲਕਾਰ, ਜੋਧਾ ਸੂਰ ਇਕੋ ਨਜ਼ਰੀ ਆਈਆ । ਪਰਵਰਦਿਗਾਰ ਲਾਸ਼ਰੀਕ ਦੇਵੇ ਇਕ ਨਿਸ਼ਾਨੀ, ਨੂਰ ਜਹੂਰ ਜਲਵਾ ਇਕ ਦਰਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਨਾਮ ਸਿਫ਼ਤ ਦੀ ਦੱਸਦੇ ਗਏ ਬਾਣੀ, ਧੁਰ ਸੰਦੇਸ਼ਾ ਜਗਤ ਸੁਣਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕੋਇ ਕਲਮ ਛਾਹੀ ਕਾਨੀ, ਕਾਤਬ ਬੈਠੇ ਮੁਖ ਭਵਾਈਆ । ਜਿਸ ਦਾ ਭੇਦ ਕਿਸੇ ਹੱਥ ਨਾ ਆਇਆ ਵਿਦਵਾਨੀ, ਲਿਖ ਲਿਖ ਖੋਜ ਖੋਜ ਥੱਕੀ ਸਰਬ ਲੋਕਾਈਆ । ਸੋ ਸ਼ਾਹ ਸੁਲਤਾਨ ਪੁਰਖ ਇਕੋ ਇਕ ਨੌਜਵਾਨੀ, ਜੋਬਨ ਆਪਣਾ ਆਪ ਹੰਢਾਈਆ । ਕਲਜੁਗ ਅੰਤ ਕਰੇ ਮਿਹਰਵਾਨੀ, ਜਨ ਭਗਤਾਂ ਲਏ ਜਗਾਈਆ । ਤਿਖੀ ਮੁੱਖੀ ਮਾਰੇ ਤੀਰ ਕਾਨੀ, ਸੋਹੰ ਚਿੱਲੇ ਆਪ ਚੜ੍ਹਾਈਆ । ਪ੍ਰੇਮ ਪ੍ਰੀਤ ਦੀ ਦੱਸੇ ਕਹਾਣੀ, ਆਤਮ ਪਰਮਾਤਮ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਅੰਗ ਲਗਾਈਆ । ਹਰਿਜਨ ਲਗਾਏ ਅੰਗ ਅੰਗੀਕਾਰ, ਅਗਲਾ ਪਿਛਲਾ ਪੰਧ ਮੁਕਾਈਆ । ਪੰਜ ਤਤ ਕਾਇਆ ਚੋਲੀ ਕਰੇ ਸਵੀਕਾਰ, ਸਾਢੇ ਤਿੰਨ ਹੱਥ ਆਪਣੀ ਗੰਢ ਰਖਾਈਆ । ਅੰਤਰ ਆਤਮ ਦੇ ਆਧਾਰ, ਲੇਖਾ ਉਦਰ ਦਏ ਮੁਕਾਈਆ । ਸੁਰਤੀ ਸ਼ਬਦੀ ਕਰ ਕੇ ਖ਼ਬਰਦਾਰ, ਬੇਖ਼ਬਰ ਆਪਣੀ ਖ਼ਬਰ ਦਏ ਸੁਣਾਈਆ । ਉਠ ਸਖੀ ਵੇਖ ਸਾਂਝਾ ਯਾਰ, ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਜਿਸ ਦੇ ਨਾਲ ਗੁਰੂ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਦੇ ਗਏ ਪਿਆਰ, ਮੁਹੱਬਤ ਨਾਤਾ ਜੋੜ ਜੁੜਾਈਆ । ਨਿਉਂ ਨਿਉਂ ਕਰਦੇ ਗਏ ਨਿਮਸਕਾਰ, ਸਜਦਾ ਸੀਸ ਜਗਦੀਸ਼ ਝੁਕਾਈਆ । ਸੋ ਸਾਹਿਬ ਸਤਿਗੁਰ ਜਨ ਭਗਤਾਂ ਰਿਹਾ ਉਠਾਲ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਆਪਣੇ ਲੇਖੇ ਲਾਏ ਅਨਮੁਲੜੇ ਲਾਲ, ਹਰਿ ਕਰਤਾ ਕੀਮਤ ਪਾਈਆ । ਨਾਮ ਕੁਠਾਲੀ ਲਏ ਡਾਲ, ਕੰਚਨ ਆਪਣਾ ਰੰਗ ਵਖਾਈਆ । ਦੀਨ ਦਿਆਲ ਪ੍ਰਭ ਹੋਏ ਦਿਆਲ, ਦਇਆਨਿਧ ਸਦਾ ਸਹਾਈਆ । ਲੇਖ ਚੁਕਾ ਸ਼ਾਹ ਕੰਗਾਲ, ਨੀਚੋਂ ਊਚ ਰਿਹਾ ਬਣਾਈਆ । ਜਿਸ ਜਨ ਆਪਣਾ ਦਰਸ ਦਏ ਦਿਖਾਲ, ਸੋ ਗੁਰਮੁਖ ਸਤਿ ਸਰੂਪ ਸਮਾਈਆ । ਨਾਤਾ ਤੋੜ ਜਗਤ ਜੰਜਾਲ, ਹਰਿ ਚਰਨ ਇਕੋ ਇਕ ਧਿਆਨ

ਰਖਾਈਆ । ਸ੍ਰਿਸ਼ਟ ਸਬਾਈ ਦਿਸੇ ਗੁਰਮੁਖ ਸਦਾ ਕੰਗਾਲ, ਗੁਰਮੁਖ ਕਹੇ ਪ੍ਰਭ ਅਤੋਟ ਅਤੁਟ ਖ਼ਜ਼ਾਨਾ ਮੇਰੀ ਝੋਲੀ ਦਿਤਾ ਪਾਈਆ । ਬਿਨ ਸਤਿਗੁਰ ਪੂਰੇ ਏਥੇ ਓਥੇ ਦੋ ਜਹਾਨ ਕੋਈ ਨਾ ਕਰੇ ਸੰਭਾਲ, ਅੱਗੇ ਲਾ ਕੇ ਘਰ ਲੈ ਕੇ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪਣੇ ਗ੍ਰਿਹਿ ਵਸਾਈਆ । ਹਰਿਜਨ ਵਸੇ ਗ੍ਰਿਹਿ ਸਾਚੇ ਖੇੜਾ, ਹਰਿਮੰਦਰ ਆਪ ਜਣਾਈਆ । ਅਗਲਾ ਪਿਛਲਾ ਚੁੱਕੇ ਝੇੜਾ, ਝੇੜਾ ਜਗਤ ਨਾ ਰਹੇ ਲੋਕਾਈਆ । ਜਨਮ ਜਨਮ ਦਾ ਬੰਨ੍ਹੇ ਬੇੜਾ, ਬੰਧਨ ਦੂਈ ਦਵੈਤ ਕਟਾਈਆ । ਕੂੜੀ ਕਿਰਿਆ ਮੇਟ ਅੰਧੇਰਾ, ਸਾਚੇ ਮੰਦਰ ਦਏ ਵਸਾਈਆ । ਜਿਥੇ ਨਾਦ ਵੱਜੇ ਇਕੋ ਤੂੰ ਮੇਰਾ ਮੈਂ ਤੇਰਾ, ਦੂਜਾ ਰਾਗ ਨਾ ਕੋਇ ਸੁਣਾਈਆ । ਸਤਿ ਦਵਾਰਾ ਖੁਲ੍ਹਾ ਦਿਸੇ ਵਿਹੜਾ, ਦੂਜੀ ਵੰਡ ਨਾ ਕੋਇ ਵਖਾਈਆ । ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਜਮ ਕੀ ਫਾਸੀ ਕਟਾਏ ਜੇੜਾ, ਡੋਰ ਨਾਮ ਆਪਣੇ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤ ਸੁਹੇਲੇ ਆਪਣੇ ਗਲੇ ਲਗਾਈਆ । ਹਰਿ ਭਗਤ ਸੁਹੇਲਾ ਗਲੇ ਜਾਏ ਲੱਗ, ਹਰਿ ਆਪਣਾ ਮੇਲ ਮਿਲਾਈਆ । ਕਲਜੁਗ ਅਗਨ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚਾ ਮਾਰਗ ਧੁਰ ਦਾ ਦੱਸ, ਦੋ ਜਹਾਨਾਂ ਪੰਧ ਮੁਕਾਈਆ । ਕਿਰਪਾ ਕਰ ਪੁਰਖ ਸਮਰਥ, ਆਪ ਆਪਣੇ ਘਰ ਬਹਾਈਆ । ਰੱਖੇ ਸਿਰ ਦੇ ਕਰ ਹੱਥ, ਬਖ਼ਸ਼ੇ ਸਚ ਸਰਨਾਈਆ । ਹਰਿ ਕਾ ਮੰਦਰ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਜਾਏ ਢੱਠ, ਬਾਢੀ ਬਣਤ ਨਾ ਕੋਇ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸਾਚੇ ਸੰਤ ਜਿਸ ਮੰਦਰ ਰਹੇ ਵਸ, ਸੋ ਮੰਦਰ ਸੋਭਾ ਪਾਈਆ । ਚਰਨ ਕਵਲ ਪ੍ਰੀਤੀ ਮਾਨਣ ਰਸ, ਅਨਰਸ ਬੈਠੇ ਸਰਬ ਤਜਾਈਆ । ਨਿਰਗੁਣ ਵੇਖ ਨਿਰਗੁਣ ਰਹੇ ਹੱਸ, ਸਰਗੁਣ ਨਾਤਾ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵੰਤ ਨਾਤਾ ਜੋੜ ਨਾਰ ਕੰਤ, ਆਤਮ ਸੇਜ ਸੇਜ ਸੁਹੰਜਣੀ ਇਕੋ ਇਕ ਸੁਹਾਈਆ । ਆਤਮ ਸੇਜਾ ਕਰ ਪਰਕਾਸ਼, ਦੀਪਕ ਲੋ ਉਜਿਆਰਾ । ਸ਼ਬਦ ਸਵਾਮੀ ਵਸੇ ਪਾਸ, ਨਿਰਗੁਣ ਨਿਰਵੈਰ ਨਿਰਾਕਾਰਾ । ਘਰ ਮੰਡਲ ਪਾਵੇ ਰਾਸ, ਗੋਪੀ ਕਾਹਨ ਖੇਲ ਨਿਆਰਾ । ਸੀਤਾ ਸੁਰਤੀ ਰਾਮ ਕਦੇ ਹੋਣ ਨਾ ਦੇਵੇ ਉਦਾਸ, ਮਿਲ ਸਾਚੀ ਸਖੀ ਮੰਗਲਾਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦ ਵਸੇ ਪਾਸ, ਜਗਤ ਵਿਛੋੜਾ ਪਾਰ ਕਿਨਾਰਾ । ਜਗਤ ਵਿਛੋੜਾ ਤੁਟੇ ਨਾਤਾ, ਹਰਸ ਹਵਸ ਨਾ ਕੋਇ ਰਖਾਈਆ । ਪਰਮ ਪੁਰਖ ਪ੍ਰਭ ਸਰਬ ਸੁਖਦਾਤਾ, ਹਰਿਜਨ ਸਾਚੇ ਆਪਣੀ ਗੋਦ ਬਹਾਈਆ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਮਿਹਰ ਨਜ਼ਰ ਨੈਣ ਉਠਾਈਆ । ਅੰਤਰ ਆਤਮ ਪੂਰੀ ਕਰੇ ਖ਼ਾਹਸ਼ਾ, ਖ਼ਾਲਸ ਆਪਣਾ ਰੂਪ ਵਟਾਈਆ । ਏਥੇ ਓਥੇ ਮਾਨਸ ਜਨਮ ਹਾਰ ਨਾ ਆਏ ਪਾਸਾ, ਜੀਵਣ ਵਿਚੋਂ ਜੀਵਣ ਦਏ ਬਦਲਾਈਆ । ਘਰ ਨੂਰ ਦੀਪਕ ਪਰਕਾਸ਼ਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਨਹਦ ਸ਼ਬਦ ਸੁਣਾਏ ਅਗੰਮੀ ਵਾਜਾ, ਸੁਰ ਤਾਲ ਨਜ਼ਰ ਕਿਸੇ ਨਾ ਆਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਭਗਤ ਭਗਵਾਨ ਚੜ੍ਹਾਏ ਆਪ ਜਹਾਜਾ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਕਲਜੁਗ ਅੰਤਮ ਰਚ ਕੇ ਕਾਜਾ, ਕਰਨੀ ਕਰਤਾ ਆਪ ਕਮਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪਿਆਰਾ ਸਿੰਘ ਆਇਆ ਭਾਜਾ, ਅੱਗਾ ਪਿਛਾ ਨਜ਼ਰ ਕੋਈ

ਨਾ ਆਈਆ । ਸਾਕ ਸੱਜਣ ਸੈਣ ਸਨਬੰਧੀ ਮਾਰਦੇ ਰਹੇ ਆਵਾਜਾਂ, ਉਚੀ ਕੂਕ ਕੂਕ ਸੁਣਾਈਆ । ਕਿਉਂ ਫਿਰਦਾ ਭੁਲਿਆ ਪਿਛੇ ਸਾਧਾਂ, ਸਾਧਨਾ ਸਮਝ ਕਿਸੇ ਨਾ ਪਾਈਆ । ਕਰ ਕਿਰਪਾ ਜਿਸ ਪ੍ਰਭ ਸ਼ਬਦ ਸੁਣਾਵੇ ਬੋਧ ਅਗਾਧਾ, ਸੋ ਦੂਜੀ ਸੁਣੇ ਨਾ ਕੋਇ ਪੜ੍ਹਾਈਆ । ਪੂਰਨ ਅੰਦਰ ਪਰਕਾਸ਼ ਲਾਧਾ, ਪਰਕਾਸ਼ ਵਿਚੋਂ ਪੂਰਨ ਰੂਪ ਨਜ਼ਰੀ ਆਈਆ । ਸੋ ਪੂਤ ਜਿਸ ਪਿਤਾ ਨਾਲ ਮਿਲਾਇਆ ਧੁਰ ਦੇ ਦਾਦਾ, ਨਾਨਕ ਦਾਦਕ ਦੋਵੇਂ ਛੁਟੇ ਜਗਤ ਲੋਕਾਈਆ । ਦੋਹਾਂ ਬੁੱਝਿਆ ਆਪਣਾ ਆਪਾ, ਘਰ ਵਿਚ ਘਰ ਪ੍ਰਭ ਸੱਚਾ ਨਜ਼ਰੀ ਆਈਆ । ਏਥੇ ਓਥੇ ਮਾਈ ਬਾਪਾ, ਬੈਠਾ ਗੋਦ ਉਠਾਈਆ । ਜਿਸ ਦਾ ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਪਦੇ ਗਏ ਜਾਪਾ, ਸੋ ਸੋਹੰ ਰੂਪ ਸਮਾਈਆ । ਰੋਗ ਸੋਗ ਚਿੰਤਾ ਦੁੱਖ ਨਾ ਕੋਈ ਤਾਪਾ, ਮੜੀ ਗੋਰ ਦਫ਼ਨ ਕਰ ਕਫ਼ਨ ਨਾ ਕੋਇ ਟਿਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਤੇਰਾ ਅੰਤ ਕਰੇ ਨਾ ਕੋਈ ਸਿਆਪਾ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਹਰਿਭਗਤ ਆਪਣੀ ਗੋਦ ਉਠਾਏ ਨਿੱਕਾ ਜਿਹਾ ਕਾਕਾ, ਵੱਡਾ ਛੋਟਾ ਛੋਟਾ ਵੱਡਾ ਇਕੋ ਰੰਗ ਵਖਾਈਆ । ਗੁਰਸਿਖ ਸਚਖੰਡ ਪ੍ਰਭ ਚਰਨ ਦਵਾਰ ਜਾ ਬਿਨ ਤਤ ਤੂੰ ਕਹੀਂ ਮੇਰਾ ਪਾਪਾ, ਪਿਤਾ ਪੁਰਖ ਤੇਰੀ ਸਰਨਾਈਆ । ਨਿਰਗੁਣ ਤੇਰੀ ਧਾਰ ਤੇਰੇ ਨਾਲ ਜੁੜਿਆ ਨਾਤਾ, ਤੇਰੇ ਨਾਲੋਂ ਵਿਛੜ ਅੰਤ ਤੇਰੇ ਵਿਚ ਸਮਾਈਆ । ਭਗਤ ਭਗਵਾਨ ਦਾ ਇਕੋ ਸਾਕਾ, ਬਿਨ ਭਗਤ ਬਿਨ ਭਗਵਾਨ ਦੋਵੇਂ ਵਿਚ ਜਗਤ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਤਤ ਆਠਾ, ਨੌ ਦਰ ਵੇਖੇ ਖੇਲ ਤਮਾਸ਼ਾ, ਦਸਵੇਂ ਘਰ ਗੁਰਮੁਖ ਵਾਸਾ, ਕਰ ਕਿਰਪਾ ਆਪ ਕਰਾਈਆ ।





★ ੧੯ ਮੱਘਰ ੨੦੨੦ ਬਿਕਰਮੀ ਹਰਦਿਆਲ ਸਿੰਘ ਦੇ ਗ੍ਰਿਹ ਮਹੱਲਾ ਕਿਸ਼ਨ ਪੁਰਾ ਜਲੰਧਰ ★

ਸੋ ਪੁਰਖ ਨਿਰੰਜਣ ਕਰ ਤਰਸ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੇ ਦਰਸ, ਹਰਿ ਪੁਰਖ ਨਿਰੰਜਣ ਤੇਰੀ ਸਰਨਾਈਆ । ਏਕੰਕਾਰ ਵਾਲੀ ਦੋ ਜਹਾਨ ਜੁਗ ਜੁਗ ਦੀ ਮਿਟਾ ਤੜਪ, ਬਿਹਬਲ ਹੋ ਹੋ ਦੇਣ ਦੁਹਾਈਆ । ਨਿਰਗੁਣ ਜੋਤ ਨੂਰ ਪਰਕਾਸ਼ ਕਰ ਸਾਚੀ ਦੇ ਪਰਖ, ਆਦਿ ਨਿਰੰਜਣ ਤੇਰਾ ਜਲਵਾ ਇਕੋ ਨਜ਼ਰੀ ਆਈਆ । ਦੀਨ ਦਿਆਲ ਠਾਕਰ ਸਵਾਮੀ ਦਰਸ ਦਿਖਾ ਘਰ ਘਰ ਵਿਚ ਪਰਤ, ਅਬਿਨਾਸ਼ੀ ਕਰਤੇ ਫੇਰਾ ਪਾਈਆ । ਜਨਮ ਜਨਮ ਦਾ ਰੋਗ ਸੋਗ ਚਿੰਤਾ ਦੁੱਖ ਮਿਟਾ ਹਰਖ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰੀ ਕਰਾ ਲਿਖਤ ਪੜ੍ਹਤ, ਸ਼ਾਸਤਰ ਸਿਮਰਤ ਵੇਦ ਪੁਰਾਨ ਕੁਰਾਨ ਅੰਜੀਲ ਨੇਤਰ ਨੈਣ ਰਹੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਹਰਿ ਠਾਕਰ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭੀਖ, ਦਰ ਭਿਖਕ ਰੂਪ ਵਟਾਈਆ । ਜੁਗ ਚੌਕੜੀ ਤੇਰੀ ਮੰਨਦੇ ਰਹੇ ਹਦੀਸ, ਹਜ਼ਰਤ ਤੇਰੀ ਸਚ ਪੜ੍ਹਾਈਆ । ਲੇਖਾ ਲਿਖ ਸ਼ਾਸਤਰ ਸਿਮਰਤ ਸਿਫ਼ਤ ਕਰ ਕਰ ਰਾਗ ਛਤੀਸ, ਦੰਦ ਬਤੀਸ ਢੋਲਾ ਗਾਈਆ । ਨਿਰਗੁਣ ਸਰਗੁਣ ਚਲੌਂਦੇ ਰਹੇ ਰੀਤ, ਆਤਮ ਪਰਮਾਤਮ ਨਾਤਾ ਪੰਜ ਤਤ ਜੁੜਾਈਆ । ਸਚ ਸੰਦੇਸ਼ਾ ਧੁਰ ਦਾ ਗੌਂਦੇ ਰਹੇ

ਤੇਰਾ ਗੀਤ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰ ਦਰ ਤੇਰਾ ਨਾਦ ਸੁਣਾਈਆ । ਹਰ ਘਟ ਵਸਿਆ ਦੱਸਦੇ ਰਹੇ ਅਤੀਤ, ਤ੍ਰੈਗੁਣ ਅਤੀਤਾ ਬੇਪਰਵਾਹੀਆ । ਏਕਾ ਰੰਗ ਵਖੌਂਦੇ ਰਹੇ ਹਸਤ ਕੀਟ, ਰਾਉ ਰੰਕ ਊਚ ਨੀਚ ਨਾ ਕੋਇ ਵਡਿਆਈਆ । ਜੁਗ ਚੌਕੜੀ ਗਏ ਬੀਤ, ਕਲਜੁਗ ਵੇਲਾ ਅੰਤਮ ਆਈਆ । ਸ੍ਰਿਸ਼ਟ ਸਬਾਈ ਭੁੱਲੀ ਤੇਰੀ ਹਦੀਸ, ਸਾਚਾ ਕਲਮਾ ਨਾ ਕੋਇ ਸੁਣਾਈਆ । ਮਨ ਵਾਸਨਾ ਕੋਈ ਨਾ ਸਕੇ ਜੀਤ, ਜਗਤ ਤ੍ਰਿਸਨਾ ਫਿਰੇ ਹਲਕਾਈਆ । ਮਿਠਾ ਕੌੜਾ ਕੋਈ ਨਾ ਕਰੇ ਰੀਠ, ਵਿਖ ਅੰਮ੍ਰਿਤ ਰੂਪ ਨਾ ਕੋਇ ਵਟਾਈਆ । ਕਾਇਆ ਕਰੇ ਨਾ ਕੋਈ ਠਾਂਡੀ ਸੀਤ, ਅਠਸਠ ਤੀਰਥ ਤਾਰੀਆਂ ਰਹੇ ਜਗਤ ਲਾਈਆ । ਤੇਰੇ ਚਰਨ ਕੋਈ ਨਾ ਬੰਨ੍ਹੇ ਪ੍ਰੀਤ, ਪ੍ਰੀਤੀਵਾਨ ਨਜ਼ਰ ਕੋਇ ਨਾ ਆਈਆ । ਛਤਰ ਝੁਲੇ ਨਾ ਕਿਸੇ ਸੀਸ, ਰਾਜ ਰਾਜਾਨ ਸ਼ਾਹ ਸੁਲਤਾਨ ਬੈਠੇ ਢੇਰੀਆਂ ਢਾਹੀਆ । ਕਰ ਖੇਲ ਆਪ ਅਨਡੀਠ, ਸਾਹਿਬ ਸਤਿਗੁਰ ਤੇਰੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪੁਰਖ ਅਕਾਲ ਤੇਰੀ ਸਰਨਾਈਆ । ਪੁਰਖ ਅਕਾਲ ਤੇਰੀ ਓਟ, ਦੋ ਜਹਾਨ ਧਿਆਨ ਲਗਾਇੰਦਾ । ਬ੍ਰਹਿਮੰਡ ਖੰਡ ਰੱਖਣ ਤੇਰੀ ਓਟ, ਲੋਕ ਪਰਲੋਕ ਤੇਰਾ ਰਾਹ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਚ ਨਗਾਰੇ ਲਾ ਚੋਟ, ਨਾਮ ਡੰਕਾ ਇਕ ਸੁਣਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਘਰ ਘਰ ਅੰਦਰ ਭਰਿਆ ਕੂੜਾ ਖੋਟ, ਸਚ ਸੁੱਚ ਰੂਪ ਨਾ ਕੋਇ ਵਖਾਇੰਦਾ । ਕਾਇਆ ਮੰਦਰ ਕਿਸੇ ਨਜ਼ਰ ਨਾ ਆਏ ਜਗਦੀ ਜੋਤ, ਜੋਤੀ ਜਾਤਾ ਰੂਪ ਨਾ ਕੋਇ ਵਖਾਇੰਦਾ । ਕੂੜੀ ਵਾਸਨਾ ਸਾਰੇ ਭੋਗਣ ਭੋਗ, ਆਤਮ ਸੇਜਾ ਕੋਈ ਨਾ ਸੋਭਾ ਪਾਇੰਦਾ । ਮਦਿ ਪਿਆਲੇ ਕੀਤੇ ਮਧਹੋਸ਼, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਤੇਰਾ ਲੇਖਾ ਕੋਈ ਨਾ ਸਕੇ ਸੋਚ, ਸੋਚਿਆਂ ਹੱਥ ਕਿਸੇ ਨਾ ਆਇੰਦਾ । ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਕਿਉਂ ਬੈਠਾ ਖ਼ਾਮੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਦਰ ਮੰਗੇ ਮੰਗ ਪ੍ਰਿਥਮੀ ਆਕਾਸ਼, ਮੰਡਲ ਮੰਡਪ ਧਿਆਨ ਲਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਸਾਚੇ ਮੰਡਲ ਪਾਵੇ ਕੋਈ ਨਾ ਰਾਸ, ਗੋਪੀ ਕਾਹਨ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਖੇਲ ਤਮਾਸ, ਨਾਰੀ ਨਰ ਰਹੇ ਵਖਾਈਆ । ਸਚ ਘਰ ਨਾ ਦਿਸੇ ਕੋਈ ਵਾਸ, ਮੰਡਲ ਮੰਡਪ ਬੈਠੇ ਡੇਰਾ ਲਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸਾਚੀ ਪਟੀ ਪੜ੍ਹੇ ਨਾ ਕੋਈ ਕਿਤਾਬ, ਚੌਦਾਂ ਵਿਦਿਆ ਹੋਈ ਹਲਕਾਈਆ । ਕਲਮਾ ਹੱਕ ਨਾ ਜਾਣੇ ਕਾਇਨਾਤ, ਨਬੀ ਰਸੂਲ ਪੜਦਾ ਸਕੇ ਨਾ ਕੋਇ ਉਠਾਈਆ । ਮੁਖ ਪਰਦਾ ਵੇਖ ਨਕਾਬ, ਪਰਵਰਦਿਗਾਰ ਫੇਰਾ ਪਾਈਆ । ਸਚ ਰਬਾਬ ਵਜਾਏ ਨਾ ਕੋਇ ਅਹਿਬਾਬ, ਤਾਰ ਸਤਾਰ ਨਾ ਕੋਇ ਹਿਲਾਈਆ । ਸਾਚੇ ਸਜਦੇ ਕਰੇ ਨਾ ਕੋਇ ਆਦਾਬ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਹੁਜਰਾ ਦਿਸੇ ਨਾ ਕਿਸੇ ਮਹਿਰਾਬ, ਮਹਿਬੂਬ ਦਰਸ ਕੋਇ ਨਾ ਪਾਈਆ । ਖ਼ਾਲਕ ਖ਼ਲਕ ਵੇਖ ਆਪ, ਮਖ਼ਲੂਕ ਆਪਣਾ ਵੇਸ ਵਟਾਈਆ । ਪੀਰ ਪੈਗ਼ੰਬਰ ਤੇਰੇ ਦਾਸ, ਬਣ ਬਰਦੇ ਸੇਵ ਕਮਾਈਆ । ਕਲਜੁਗ ਅੰਤਮ ਰੱਖੀ ਆਸ, ਸਦੀ ਚੌਧਵੀਂ ਧਿਆਨ ਲਗਾਈਆ । ਚੌਦਾਂ ਤਬਕ ਬੁਝਾ ਪਿਆਸ, ਆਬੇ ਹਯਾਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਧੁਰਦਰਗਾਹੀ ਵੇਖ ਵਖਾਈਆ । ਧੁਰਦਰਗਾਹੀ ਪੁਰਖ ਅਕਾਲ,

੫੪
੧੯

ਅਕਲ ਕਲ ਤੇਰੀ ਸਰਨਾਈਆ । ਸਤਿ ਸੁਆਮੀ ਹੋ ਦਿਆਲ, ਦੀਨਾਂ ਨਾਥ ਵੇਖ ਵਖਾਈਆ । ਨਵ ਨੌ ਚਾਰ ਦਿਸੇ ਬੇਹਾਲ, ਧੀਰਜ ਧੀਰ ਨਾ ਕੋਇ ਧਰਾਈਆ । ਲੱਗੀ ਅੱਗ ਕਾਇਆ ਮਾਟੀ ਖਾਲ, ਪੰਜ ਤਤ ਸੀਤਲ ਧਾਰ ਨਾ ਕੋਇ ਵਹਾਈਆ । ਨਿਰਗੁਣ ਸਰਗੁਣ ਦਿਸੇ ਨਾ ਕਿਸੇ ਨਾਲ, ਪੜਦਾ ਉਹਲਾ ਸਾਰੇ ਬੈਠੇ ਪਾਈਆ । ਬਿਨ ਤੇਰੇ ਨਾਮ ਹੋਏ ਕੰਗਾਲ, ਸ਼ਾਹ ਪਾਤਸ਼ਾਹ ਦੇਣ ਦੁਹਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਈਆ । ਚਾਰੋਂ ਕੁੰਟ ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਾਚੀ ਘਾਲਣ ਕੋਈ ਨਾ ਰਿਹਾ ਘਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਰ ਦਾਤੇ ਬੇਪਰਵਾਹੀਆ । ਧਰਨੀ ਧਰਤ ਧਵਲ ਰਹੀ ਕੂਕ, ਨਾਅਰਾ ਇਕੋ ਇਕ ਜਣਾਈਆ । ਕਲਜੁਗ ਅਗਨੀ ਰਹੀ ਕੂਕ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਿਸੇ ਘਰ ਨਾ ਦਿਸੇ ਕੋਈ ਸੁਖ, ਦੁੱਖਾਂ ਭਰੀ ਲੋਕਾਈਆ । ਚਾਰ ਵਰਨ ਉਜਲ ਦਿਸੇ ਨਾ ਕੋਈ ਮੁਖ, ਬਰਨ ਅਠਾਰਾਂ ਕਾਲਖ ਟਿੱਕਾ ਸ਼ਾਹੀ ਨਾ ਕੋਇ ਧੁਆਈਆ । ਸ੍ਰੀ ਭਗਵਾਨ ਤੇਰੇ ਨਾਲੋਂ ਤੇਰੇ ਬੈਠੇ ਰੁੱਠ, ਗੁਰ ਕਾ ਸ਼ਬਦ ਸਾਰੇ ਰਹੇ ਭੁਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਭ ਨੇ ਕੀਤਾ ਰੁਖ਼, ਮਨ ਵਾਸਨਾ ਚਾਰੋਂ ਕੁੰਟ ਭਵਾਈਆ । ਕਿਸੇ ਮੰਦਰ ਗ੍ਰਿਹਿ ਘਰ ਖੇੜੇ ਦਿਸੇ ਨਾ ਸਚ ਸੁੱਚ, ਜੂਠ ਝੂਠ ਕਰੇ ਲੜਾਈਆ । ਪਰਵਰਦਿਗਾਰ ਸਾਂਝੇ ਯਾਰ ਖ਼ਾਲਕ ਖ਼ਲਕ ਆ ਕੇ ਪੁੱਛ, ਬੇਨਜ਼ੀਰ ਸ਼ਾਹ ਹਕੀਰ ਸ਼ਹਿਨਸ਼ਾਹ ਉਠਾਈਆ । ਜਗਤ ਵਿਕਾਰ ਵਡ ਹੰਕਾਰ ਆ ਕੇ ਕੁੱਟ, ਨਾਮ ਖੰਡਾ ਤੇਜ ਕਟਾਰਾ ਹੱਥ ਚਮਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਮ ਪੁਰਖ ਪੈਂਡਾ ਰਿਹਾ ਮੁੱਕ, ਦੂਰ ਦੁਰਾਡੀ ਵਾਟ ਅੰਤਮ ਨੇੜੇ ਆਈਆ । ਭਗਤ ਭਗਵਾਨ ਸੰਤ ਸੁਹੇਲੇ ਗੁਰਮੁਖ ਸੱਜਣ ਆਪਣੀ ਗੋਦੀ ਚੁੱਕ, ਫੜ ਬਾਹੋਂ ਗਲੇ ਲਗਾਈਆ । ਤੇਰਾ ਬੂਟਾ ਕਦੇ ਨਾ ਜਾਏ ਸੁੱਕ, ਅੰਮ੍ਰਿਤ ਮੇਘ ਸਿੰਚ ਹਰਾ ਕਰਾਈਆ । ਸਚਖੰਡ ਦਵਾਰੇ ਗਿਰਵਰ ਗਿਰਧਾਰੇ ਕਿਉਂ ਬੈਠਾ ਲੁਕ, ਮੁਖ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਜਣ ਫੇਰਾ ਪਾਈਆ । ਘਰ ਸੱਜਣ ਆ ਪ੍ਰਭ ਮੇਰੇ, ਨੇਤਰ ਨੈਣ ਨੈਣ ਧਿਆਨ ਲਗਾਈਆ । ਤੁਧ ਬਿਨ ਵਸਦੇ ਉਜੜੇ ਖੇੜੇ, ਖ਼ਾਲੀ ਬੁੱਤ ਦੇਣ ਦੁਹਾਈਆ । ਤੇਰੇ ਨਾਮ ਦੇ ਪਏ ਝੇੜੇ, ਝਗੜਾ ਸਕੇ ਨਾ ਕੋਇ ਮੁਕਾਈਆ । ਕਲਜੁਗ ਵੇਖ ਕੂੜੇ ਗੇੜੇ, ਲੱਖ ਚੁਰਾਸੀ ਰਿਹਾ ਭਵਾਈਆ । ਕੋਈ ਨਾ ਵਸੇ ਤੇਰੇ ਨੇੜੇ, ਦੂਰ ਦੁਰਾਡੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਵੇਸ ਵਟਾਈਆ । ਲੋਕਮਾਤ ਖੋਲ੍ਹ ਤਾਕੀ, ਤਾਕਤਵਰ ਤੇਰੀ ਓਟ ਤਕਾਈਆ । ਸਮਰਥ ਪੁਰਖ ਮਾਰ ਝਾਤੀ, ਬੰਦ ਕਿਵਾੜੀ ਕੁੰਡਾ ਲਾਹੀਆ । ਲੇਖਾ ਵੇਖ ਮਾਨਸ ਖ਼ਾਕੀ, ਖ਼ਾਕ ਵਿਚ ਰੁਲੀ ਤੇਰੀ ਲੋਕਾਈਆ । ਤੇਰੇ ਨਾਮ ਤੋਂ ਸਾਰੇ ਹੋਏ ਆਕੀ, ਅਕਲ ਕੰਮ ਕਿਸੇ ਨਾ ਆਈਆ । ਕੂੜੀ ਕਿਰਿਆ ਮਾਇਆ ਮਮਤਾ ਵਿਕੇ ਹਾਟੀ, ਕਲਜੁਗ ਬਣ ਵਣਜਾਰਾ ਹੱਟ ਵਿਕਾਈਆ । ਸਾਚਾ ਮਿਲੇ ਨਾ ਕੋਇ ਸਾਥੀ, ਸਗਲਾ ਸੰਗ ਨਾ ਕੋਇ ਰਖਾਈਆ । ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪਾਠੀ, ਅੰਤਰ ਆਤਮ ਤੇਰਾ ਨਾਉਂ ਨਜ਼ਰ ਕਿਸੇ ਨਾ ਆਈਆ । ਭਰਮੇ ਭੁਲੇ ਜਾਤ ਪਾਤੀ, ਤੇਰਾ ਰੂਪ ਨਾ ਕੋਇ ਦਰਸਾਈਆ । ਕਿਰਪਾ ਕਰ ਕਮਲਾਪਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ

ਸਾਚਾ ਵਰ, ਸਚ ਤੇਰੀ ਓਟ ਤਕਾਈਆ । ਤੇਰੀ ਓਟ ਰਹੇ ਤੱਕ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਇੰਦਾ । ਗੁਰ ਅਵਤਾਰ ਰਹੇ ਥੱਕ, ਜੁਗ ਚੌਕੜੀ ਪੰਧ ਨਾ ਕੋਇ ਮੁਕਾਇੰਦਾ । ਪੀਰ ਪੈਗ਼ੰਬਰ ਦਰ ਮੰਗਣ ਹਕੀਕਤ ਹੱਕ, ਦੋਏ ਜੋੜ ਸੀਸ ਨਿਵਾਇੰਦਾ । ਤ੍ਰੈਗੁਣ ਮਾਇਆ ਰਹੀ ਢੱਠ, ਪੰਜ ਤਤ ਵੇਖ ਕੁਰਲਾਇੰਦਾ । ਲੱਖ ਚੁਰਾਸੀ ਕੂੜੀ ਕਿਰਿਆ ਕਲਜੁਗ ਅੰਤਮ ਗਈ ਫਸ, ਫੈਸਲਾ ਸਚ ਨਾ ਕੋਇ ਸੁਣਾਇੰਦਾ । ਤੇਰੇ ਨਾਮ ਦਾ ਮਿਲੇ ਨਾ ਕਿਸੇ ਰਸ, ਰਸਨਾ ਜਿਹਵਾ ਜਗਤ ਹਲਕਾਇੰਦਾ । ਆ ਕੇ ਵੇਖ ਖੇੜਾ ਅੱਠ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਤੇਰਾ ਰਾਹ ਤਕਾਇੰਦਾ । ਆਤਮ ਪਰਮਾਤਮ ਤੇਰਾ ਸੱਥਰ ਰਹੀ ਘੱਤ, ਤੁਧ ਬਿਨ ਯਾਰੜੇ ਸੱਥਰ ਨਾ ਕੋਇ ਹੰਢਾਇੰਦਾ । ਨਾੜ ਬਹੱਤਰ ਉਬਲੇ ਰੱਤ, ਰੱਤੀ ਰਤ ਨਾ ਕੋਇ ਵਖਾਇੰਦਾ । ਕਿਰਪਾ ਕਰ ਪੁਰਖ ਸਮਰਥ, ਨੈਤਰ ਨੈਣ ਸਰਬ ਬਿਲਲਾਇੰਦਾ । ਆ ਕੇ ਖੋਲ੍ਹ ਆਪਣੀ ਅੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਨੈਤਰ ਨੈਣ ਸਰਬ ਉਠਾਇੰਦਾ । ਨੈਤਰ ਨੈਣ ਰਹੇ ਖੋਲ੍ਹ, ਅੱਖ ਪ੍ਰਤੱਖ ਜਣਾਈਆ । ਪਾਰਬ੍ਰਹਮ ਪ੍ਰਭ ਸਚ ਵਜਾ ਢੋਲ, ਢੋਲ ਦੋ ਜਹਾਨਾਂ ਨਾਦ ਸੁਣਾਈਆ । ਧਰਮ ਦਵਾਰਾ ਇਕੋ ਖੋਲ੍ਹ, ਜਨ ਭਗਤ ਲੈ ਜਗਾਈਆ । ਹਰ ਘਟ ਅੰਦਰ ਜਾ ਮੌਲ, ਮੌਲਾ ਆਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰਾਂ ਨਾਲ ਜੋ ਕੀਤਾ ਕੌਲ, ਅੰਤਮ ਪੂਰਾ ਦੇ ਕਰਾਈਆ । ਕਰ ਪਰਕਾਸ਼ ਉਪਰ ਧੌਲ, ਧਰਨੀ ਧਰਤ ਧਵਲ ਆਪਣਾ ਰੰਗ ਰੰਗਾਈਆ । ਜੋਤੀ
੫੫ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਦਰ ਰੱਖੀ ਆਸ ਸ੍ਰੀ ਭਗਵੰਤ, ੫੫
੧੯ ਚਾਰ ਜੁਗ ਨੈਣ ਉਠਾਈਆ । ਕਲਜੁਗ ਅੰਤਮ ਖੇਲ ਕਰੇ ਬੇਅੰਤ, ਮਹਿਮਾ ਅਕੱਥ ਕਥ ਸਕੇ ਕੋਇ ਨਾ ਰਾਈਆ । ਭੇਦ ਨਾ ਜਾਣੇ ਕੋਈ ੧੯
ਸੰਤ, ਰੂਪ ਰੇਖ ਸਕੇ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਬੇਅੰਤ, ਬੇਅੰਤ ਬੇਅੰਤ ਕਹਿ ਕਹਿ ਪੱਲੂ ਸਰਬ ਛੁਡਾਈਆ । ਬਿਨ ਤੇਰੇ ਤੇਰਾ ਕੋਈ ਨਾ ਜਾਣੇ ਮੰਤ, ਮੰਤਵ ਹੱਥ ਕਿਸੇ ਨਾ ਆਈਆ । ਤੇਰਾ ਖੇਲ ਜੁਗੋ ਜੁਗੰਤ, ਜੁਗ ਚੌਕੜੀ ਧਾਰ ਬੰਧਾਈਆ । ਬੋਧ ਅਗਾਧਾ ਬਣੇ ਪੰਡਤ, ਸਾਚੀ ਸਿਖਿਆ ਸਚ ਸਮਝਾਈਆ । ਦੇਵੇ ਦਾਤ ਜੇਰਜ ਅੰਡਜ, ਉਤਭੁਜ ਸੇਤਜ ਰੂਪ ਵਖਾਈਆ । ਦੂਜੇ ਦਰ ਕਦੇ ਨਾ ਜਾਵੇ ਮੰਗਤ, ਦੇਵਣਹਾਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਸੋਭਾ ਪਾਈਆ । ਦਰ ਮੰਗਣ ਅਠਾਰਾਂ ਭਗਤ, ਕਬੀਰ ਜੁਲਾਹਾ ਨਾਲ ਰਲਾਈਆ । ਪਾਰਬ੍ਰਹਮ ਤੇਰਾ ਸਾਚਾ ਵਕਤ, ਗੁਰ ਅਵਤਾਰ ਲੇਖਾ ਦੇਵੇ ਲਿਖਾਈਆ । ਨਿਰਗੁਣ ਹੋ ਕੇ ਮਾਤ ਪਰਤ, ਸਰਗੁਣ ਤਤ ਨਾ ਕੋਇ ਜਣਾਈਆ । ਗ਼ਰੀਬ ਨਿਮਾਣੇ ਉਤੇ ਕਰ ਤਰਸ, ਕੋਝੇ ਕਮਲੇ ਗਲੇ ਲਗਾਈਆ । ਲੱਖ ਚੁਰਾਸੀ ਵਿਚੋਂ ਪਰਖ, ਨਾਮ ਕਸਵਟੀ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਅੱਗੇ ਇਕੋ ਆਸ ਰਖਾਈਆ । ਕਬੀਰ ਕਹੇ ਪ੍ਰਭ ਠਾਕਰ ਸੁਆਮੀ, ਸੋਭਾਵੰਤ ਤੇਰੀ ਵਡਿਆਈਆ । ਕਲਜੁਗ ਅੰਤਮ ਦੇ ਨਿਸ਼ਾਨੀ, ਸਤਿ ਸਰੂਪ ਇਕ ਸਮਝਾਈਆ । ਪੜ੍ਹ ਪੜ੍ਹ ਸਾਰੇ ਥੱਕੇ ਤੇਰੀ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਤੇਰੀ ਕਿਰਪਾ ਕਿਸੇ ਨਾ ਮਿਲੇ ਪਦ ਨਿਰਬਾਣੀ, ਚੌਥੇ ਘਰ ਨਾ ਕੋਇ ਸਮਾਈਆ । ਸ਼ਾਸਤਰ ਸਿਮਰਤ ਵੇਦ

ਪੁਰਾਨ ਤੇਰੀ ਮਹਿਮਾ ਦੀ ਅਕੱਥ ਕਹਾਣੀ, ਅੱਖਰ ਅੱਖਰ ਜੋੜ ਜੁੜਾਈਆ । ਕਲਮ ਸ਼ਾਹੀ ਜਗਤ ਬਣੀ ਬਾਲ ਅਵਾਣੀ, ਤੇਰੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਨ ਭਗਤਾਂ ਹੋ ਆਪ ਸਹਾਈਆ । ਭਗਤ ਕਹਿਣ ਪ੍ਰਭ ਭਗਤ ਜਨ, ਆਪਣੇ ਰੰਗ ਰੰਗਾਈਆ । ਲੇਖਾ ਚੁੱਕੇ ਵਾਸਨਾ ਮਨ, ਮਨ ਮਨਸਾ ਰਹਿਣ ਨਾ ਪਾਈਆ । ਲੱਗੇ ਭਾਗ ਪੰਜ ਤਤ ਤਨ, ਤਤਵ ਤਤ ਦੇ ਸਮਝਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਅਗਿਆਨ ਅੰਧੇਰ ਮਿਟਾਈਆ । ਧੁਰ ਦਾ ਰਾਗ ਸੁਣਾ ਕੰਨ, ਸ਼ਬਦ ਅਨਾਦੀ ਨਾਦ ਵਜਾਈਆ । ਭਾਂਡਾ ਭਰਮ ਭੌ ਦੇ ਭੰਨ, ਘੜਨ ਭੰਨਣਹਾਰ ਤੇਰੇ ਹੱਥ ਤੇਰੀ ਵਡਿਆਈਆ । ਵਸਤ ਅਮੋਲਕ ਦੇ ਧਨ, ਸਚ ਭੰਡਾਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਸੱਚਾ ਘਰ, ਜਿਸ ਘਰ ਤੇਰਾ ਖੇਲ ਨਜ਼ਰੀ ਆਈਆ । ਸੱਚਾ ਖੇਲ ਦੱਸ ਭਗਵਾਨ, ਚੌਥੇ ਜੁਗ ਸਾਰੇ ਧਿਆਨ ਲਗਾਈਆ । ਜਿਸ ਦਾ ਲੇਖਾ ਲਿਖ ਲਿਖ ਦਿਤਾ ਬਿਆਨ, ਕਲਮ ਸ਼ਾਹੀ ਬੰਦ ਕਰਾਈਆ । ਢੋਲਾ ਗਾਇਆ ਰਸਨਾ ਜ਼ਬਾਨ, ਬੇਜ਼ਬਾਨ ਤੇਰੀ ਕਰੀ ਪੜ੍ਹਾਈਆ । ਕਲਮਾ ਨਬੀ ਰਸੂਲ ਜਣਾਇਆ ਕਲਾਮ, ਕਾਇਨਾਤ ਕਰ ਸ਼ਨਵਾਈਆ । ਕਿਰਪਾ ਕਰ ਵਡ ਅਮਾਮ, ਮੁਹੰਮਦ ਤੇਰੀ ਓਟ ਤਕਾਈਆ । ਈਸਾ ਮੂਸਾ ਬਰਦੇ ਬਣ ਗ਼ੁਲਾਮ, ਧੂੜੀ ਖ਼ਾਕ ਰਹੇ ਰਮਾਈਆ । ਪਰਵਰਦਿਗਾਰ ਕਰ ਪਹਿਚਾਨ, ਵੇਲਾ ਵਕਤ ਆਪ ਸੁਹਾਈਆ । ਸਾਡੀ ਤੇਰੇ ਅੱਗੇ ਸਲਾਮ, ਦੂਜਾ ਕਾਅਬਾ ਨਜ਼ਰ ਕੋਇ ਨਾ ਆਈਆ । ਕਲਜੁਗ ਵੇਖ ਅੰਤ ਹੈਰਾਨ, ਉਮਤ ਨਬੀ ਰਸੂਲ ਗਈ ਭੁਲਾਈਆ । ਤੇਰਾ ਜਾਣੇ ਨਾ ਕੋਈ ਪੈਗ਼ਾਮ, ਆਇਤ ਸ਼ਰਾਇਤ ਨਾ ਕੋਈ ਵਡਿਆਈਆ । ਹਉਂ ਬਾਲੇ ਤੇਰੇ ਅੰਞਾਣ, ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਬਣ ਪੇਸ਼ਵਾ ਮੰਗਦੇ ਗਏ ਦਾਨ, ਤੇਰੇ ਅੱਗੇ ਝੋਲੀ ਡਾਹੀਆ । ਕਲਜੁਗ ਅੰਤਮ ਵੇਖੇ ਆਣ, ਵਡ ਪੀਰਨ ਪੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਦਰ, ਦਰ ਬਦਰ ਆਪਣਾ ਫੇਰਾ ਪਾਈਆ । ਦਰ ਬਦਰ ਵੇਖ ਪ੍ਰਭ ਖ਼ਾਲਕ, ਖਲੀਲ ਤੇਰੀ ਸਰਨਾਈਆ । ਚਾਰੋਂ ਕੁੰਟ ਦਿਸੇ ਨਾ ਕੋਈ ਪਾਲਕ, ਪ੍ਰਿਤਪਾਲਕ ਕਰੇ ਨਾ ਕੋਇ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੋਕਮਾਤ ਬਣਾਏ ਸਾਲਸ, ਸਾਰੇ ਪੱਲੂ ਗਏ ਛੁਡਾਈਆ । ਤੁਧ ਬਿਨ ਲੱਖ ਚੁਰਾਸੀ ਕਰੇ ਨਾ ਕੋਈ ਖ਼ਾਲਸ, ਸਤਿ ਸਰੂਪ ਨਾ ਕੋਇ ਵਟਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕੂੜੀ ਨਿੰਦਰਾ ਲਾਹ ਆਲਸ, ਸਚ ਹੁਲਾਰਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਖਾਉਣਾ ਧੁਰ ਦਾ ਦਰ, ਜਿਸ ਗ੍ਰਿਹ ਬਹਿ ਕੇ ਆਪਣਾ ਕਾਜ ਰਚਾਈਆ । ਜਿਸ ਘਰ ਬਹਿ ਕੇ ਕਰੇ ਕਾਜ, ਸੋ ਮੰਦਰ ਦੇਣਾ ਵਖਾਈਆ । ਜਿਸ ਮੰਦਰ ਬਹਿ ਕੇ ਮਾਰੇ ਆਵਾਜ, ਧੁਰ ਸੰਦੇਸ਼ਾ ਇਕ ਸੁਣਾਈਆ । ਜਿਸ ਸੰਦੇਸ਼ੇ ਅੰਦਰ ਤੇਰਾ ਰਾਗ, ਕੋਈ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਇਕ ਘਰ, ਜਿਸ ਗ੍ਰਿਹ ਬਹਿ ਕੇ ਆਪਣਾ ਰਾਗ ਇਲਾਹੀਆ । ਜਿਸ ਮੰਦਰ ਬਹਿ ਸੁਣਾਵੇਂ ਰਾਗ, ਤਿਸ ਮਿਲੇ ਮਾਣ ਵਡਿਆਈਆ । ਜਿਸ ਘਰ ਜਗੇ ਚਰਾਗ, ਬਿਨ ਤੇਲ ਬਾਤੀ ਰੁਸ਼ਨਾਈਆ । ਜਿਸ ਦਰ ਰੱਖੇਂ ਲਾਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਆਪਣਾ ਦਰ, ਦਰ ਦਰਵੇਸ਼ ਬੈਠੇ ਧਿਆਨ ਲਗਾਈਆ । ਦਰ ਵਖਾਉਣਾ



੫੬ ੧੯

ਪ੍ਰਭ ਠਾਕਰ ਏਕ, ਏਕੰਕਾਰ ਤੇਰੇ ਅੱਗੇ ਮੰਗ ਮੰਗਾਈਆ । ਕਲਜੁਗ ਅੰਤਮ ਜਿਸ ਬਿਧ ਭਗਤਾਂ ਦੇਵੇਂ ਟੇਕ, ਸਿਰ ਆਪਣਾ ਹੱਥ ਟਿਕਾਈਆ । ਮਨ ਮਤ ਬੁਧ ਇਕੋ ਵਾਰ ਕਰੇਂ ਬਿਬੇਕ, ਨਾਮ ਰੰਗ ਸਚ ਰੰਗਾਈਆ । ਕੂੜੀ ਕਿਰਿਆ ਆਪਣੇ ਚਾੜ੍ਹੇਂ ਭੇਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮੀ ਵਰ, ਮਿਹਰਵਾਨ ਆਪਣਾ ਰੰਗ ਵਖਾਈਆ । ਮਿਹਰਵਾਨ ਵਖਾਉਣਾ ਰੰਗ, ਸਭ ਬੈਠੇ ਧਿਆਨ ਲਗਾਈਆ । ਸਦੀ ਬੀਸਵੀਂ ਰਹੀ ਲੰਘ, ਘੜੀ ਪਲ ਨਾ ਵੰਡ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੁਣਨਾ ਚਾਹੁੰਦੇ ਛੰਦ, ਸ਼ਹਿਨਸ਼ਾਹ ਸਾਚਾ ਰਾਗ ਅਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਿਸ ਬਿਧ ਦੇਵੇਂ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨਮ ਜਨਮ ਦੀ ਟੁੱਟੀ ਦੇਵੇਂ ਗੰਢ, ਡੋਰੀ ਨਾਮ ਤੰਦ ਬੰਧਾਈਆ । ਤੇਰੀ ਆਤਮ ਪਰਮਾਤਮ ਕਦੇ ਨਾ ਹੋਵੇ ਰੰਡ, ਬਣ ਸੁਹਾਗਣ ਖ਼ੁਸ਼ੀ ਮਨਾਈਆ । ਸਾਚੇ ਮੰਦਰ ਲਾਵੇਂ ਅੰਗ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਘਰ ਸਾਚਾ ਵੇਖੋ ਵਸੇ ਭਗਵਾਨ, ਹਰਿ ਭਗਵਨ ਦਇਆ ਕਮਾਈਆ । ਵੀਹ ਦਸ ਦਾ ਖੇਲ ਮਹਾਨ, ਹਰਿ ਕਰਤਾ ਦਏ ਜਣਾਈਆ । ਨਿਰਗੁਣ ਸਰਗੁਣ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਸੰਤ ਸੁਹੇਲੇ ਲਏ ਪਹਿਚਾਨ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਸਚ ਦਵਾਰੇ ਬਹਿ ਬਹਿ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਗੁਰਮੁਖ ਬਣਾਏ ਸੱਚਾ ਕਾਹਨ, ਮੁਖ ਬੰਸਰੀ ਨਾਮ ਵਜਾਈਆ । ਧੁਰ ਦਵਾਰ ਵਖਾਏ ਇਕ ਮਕਾਨ, ਸਚਖੰਡ ਸਾਚੇ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਗ਼ਰੀਬ ਨਿਮਾਣੇ, ਰਹਿਮਤ ਆਪਣੀ ਸਚ ਕਮਾਈਆ । ਤਖ਼ਤੋਂ ਲਾਹੇ ਰਾਜੇ ਰਾਣੇ, ਸ਼ਾਹ ਸੁਲਤਾਨਾ ਖ਼ਾਕ ਮਿਲਾਈਆ । ਜਨ ਭਗਤਾਂ ਬੰਨ੍ਹੇ ਧਰਮੀ ਗਾਨੇ, ਡੋਰੀ ਤੰਦ ਨਜ਼ਰ ਕਿਸੇ ਨਾ ਆਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਦੇਵੇ ਮਾਣੇ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਚੀ ਵਾਰ ਸਾਚੀ ਥਿਤ, ਪੁਰਖ ਅਬਿਨਾਸ਼ੀ ਕਰ ਕੇ ਹਿੱਤ, ਦੀਨ ਦਿਆਲ ਸਾਚਾ ਮਿੱਤ, ਮਿੱਤਰ ਪਿਆਰਾ ਦਏ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਅੱਗੇ, ਦੂਰ ਦੁਰਾਡੇ ਲਿਆ ਬੁਲਾਈਆ । ਕਰੇ ਖੇਲ ਸੂਰਾ ਸਰਬੱਗੇ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਹਰਿਜਨ ਵੇਖੇ ਆਪਣੇ ਰੰਗ ਰੰਗੇ, ਰੰਗ ਰੰਗੀਲਾ ਇਕੋ ਨਜ਼ਰੀ ਆਈਆ । ਗ਼ਰੀਬ ਨਿਮਾਣੇ ਆਪੇ ਜਾਣੇ ਚੰਗੇ ਮੰਦੇ, ਵਡ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਵਲ ਤੱਕਣ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਵੇਖੋ ਪਾਰਬ੍ਰਹਮ ਪ੍ਰਭ ਭਗਤਾਂ ਆਇਆ ਰੱਖਣ, ਨਿਰਗੁਣ ਆਪਣਾ ਵੇਸ ਵਟਾਈਆ । ਕੂੜੀ ਕਿਰਿਆ ਜੜ੍ਹ ਆਇਆ ਪੁੱਟਣ, ਲੋਕਮਾਤ ਰਹਿਣ ਨਾ ਪਾਈਆ । ਸੰਤ ਸੁਹੇਲੇ ਮਾਰਗ ਸਾਚਾ ਆਇਆ ਦੱਸਣ, ਧੁਰ ਦੀ ਕਰੇ ਪੜ੍ਹਾਈਆ । ਹਿਰਦੇ ਅੰਦਰ ਆਇਆ ਵਸਣ, ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣ, ਸਚ ਮਧਾਣਾ ਨਾਮ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਵੇਖਣ ਉਠ, ਲੋਕਮਾਤ ਧਿਆਨ ਲਗਾਈਆ । ਪਰਮ ਪੁਰਖ ਪ੍ਰਭ ਗਿਆ

ਤੁਠ, ਦੀਨ ਦਿਆਲ ਦਇਆ ਕਮਾਈਆ । ਜਨ ਭਗਤਾਂ ਦੁਆਰੇ ਰਿਹਾ ਝੁਕ, ਸੀਸ ਜਗਦੀਸ਼ ਰਿਹਾ ਨਿਵਾਈਆ । ਨਿਰਧਨਾਂ ਨਿਮਾਣਿਆਂ ਰਿਹਾ ਪੁਛ, ਘਰ ਘਰ ਸੱਦਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਕਹਿਣ ਵੇਖੋ ਥਿਤ ਆਈ ਸੋਲਾਂ ਮੱਘਰ, ਦੋ ਜਹਾਨਾਂ ਵੱਜੇ ਵਧਾਈਆ । ਵੀਹ ਸੌ ਦਸ ਬਿਕਰਮੀ ਜਿਸ ਪੂਰੀ ਕੀਤੀ ਸਧਰ, ਆਸਾ ਤ੍ਰਿਸਨਾ ਮੇਟ ਮਿਟਾਈਆ । ਸੋ ਨਿਰਵੈਰ ਪੁਰਖ ਨਿਰਗੁਣ ਰੂਪ ਆਇਆ ਬਦਲ, ਜੋਤੀ ਜਾਤਾ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਕਰੇ ਸਾਚਾ ਅਦਲ, ਅਦਾਲਤ ਇਕੋ ਇਕ ਰਖਾਈਆ । ਜਨ ਭਗਤ ਚੜ੍ਹਾਏ ਆਪਣੀ ਮੰਜ਼ਲ, ਸਚ ਦਵਾਰੇ ਦਏ ਪੁਚਾਈਆ । ਆਪੇ ਹੋਏ ਜਨ ਭਗਤਾਂ ਹਰਦਿਲ, ਅਜੀਜ਼ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁਤੜੀ ਇਕ ਸੁਹਾਈਆ । ਆਓ ਵੇਖੋ ਰੁਤ ਸੁਹੰਦੀ, ਗੁਰ ਅਵਤਾਰ ਰਹੇ ਜਸ ਗਾਈਆ । ਦੀਨ ਦਿਆਲ ਬਣ ਬਖ਼ਸ਼ੰਦੀ, ਬਖ਼ਸ਼ਿਸ਼ ਆਪਣੀ ਰਿਹਾ ਕਮਾਈਆ । ਜਨ ਭਗਤਾਂ ਫੂਲਨ ਦੇਵੇ ਨਾਮ ਸੁਗੰਧੀ, ਧੁਰ ਦੀ ਵਸਤ ਇਕ ਵਰਤਾਈਆ । ਕਰ ਕਿਰਪਾ ਕੱਢੇ ਵਿਚੋਂ ਵਾਸਨਾ ਗੰਦੀ, ਦੁਰਮਤ ਮੈਲ ਧੁਆਈਆ । ਸਤਿ ਧਰਮ ਦੀ ਦੱਸੇ ਇਕੋ ਡੰਡੀ, ਆਤਮ ਪਰਮਾਤਮ ਰਾਹ ਚਲਾਈਆ । ਕਰੇ ਸੁਹਾਗਣ ਆਤਮ ਰੰਡੀ, ਹਰਿ ਕੰਤ ਮੇਲ ਮਿਲਾਈਆ । ਦਰ ਤੇ ਰਹਿਣ ਨਾ ਦੇਵੇ ਕੋਈ ਭੇਖ ਭਖੰਡੀ, ਕੂੜੀ ਕਿਰਿਆ ਡੇਰਾ ਢਾਹੀਆ । ਇਕੋ ਢੋਲਾ ਸੁਣਾਏ ਸੱਚਾ ਛੰਦੀ, ਸ਼ਹਿਨਸ਼ਾਹ ਆਪਣਾ ਰਾਗ ਅਲਾਈਆ । ਤੋੜਨਹਾਰਾ ਖ਼ਾਨਾ ਬੰਦੀ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਰਿਹਾ ਵਡਿਆਈਆ । ਆਓ ਵੇਖੋ ਪ੍ਰਭ ਖੇਲ ਕਰੇ ਅਨਮੁਲ, ਹਰਿ ਕਰਤਾ ਭੇਵ ਚੁਕਾਈਆ । ਲੋਕਮਾਤ ਦਾ ਗੁਲਸ਼ਨ ਵੇਖੋ ਸੱਚਾ ਗੁੱਲ, ਗੁਰਮੁਖ ਰਿਹਾ ਮਹਿਕਾਈਆ । ਪ੍ਰਭ ਗੁੰਨਚੇ ਵਿਚੋਂ ਪਰਗਟ ਹੋਇਆ ਫੁੱਲ, ਵਾਸਨਾ ਆਪਣਾ ਪ੍ਰੇਮ ਰਖਾਈਆ । ਸਚ ਪ੍ਰੀਤੀ ਗਿਆ ਭੁੱਲ, ਹਰਿ ਘੋਲੀ ਘੋਲ ਘਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਲੋਕਮਾਤ ਨਾ ਜਾਣ ਰੁੱਲ, ਫੜ ਬਾਹੋਂ ਲਏ ਉਠਾਈਆ । ਸਾਚੇ ਕੰਡੇ ਤੋਲੇ ਤੋਲ, ਤੋਲਣਹਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਚਾਈਂ ਚਾਈਆ । ਜਨ ਭਗਤਾਂ ਵੇਖ ਪ੍ਰਭ ਹਰਿ ਠਾਕਰ, ਨਿਰਗੁਣ ਨਿਰਵੈਰ ਫੇਰਾ ਪਾਈਆ । ਕਲਜੁਗ ਪਾਰ ਕਰਾਏ ਡੂੰਘਾ ਸਾਗਰ, ਨਈਆ ਨੌਕਾ ਨਾਮ ਇਕ ਚੜ੍ਹਾਈਆ । ਮਿਹਰਵਾਨ ਹਰਿ ਕਰਤਾ ਕਾਦਰ, ਜਾਹਰ ਜਹੂਰ ਨਜ਼ਰੀ ਆਈਆ । ਸਬਰ ਪਿਆਲਾ ਦੇਵੇ ਇਕੋ ਸਾਗਰ, ਸਿਦਕ ਸਬੂਰੀ ਆਪਣੇ ਚਰਨ ਰਖਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਸਾਚਾ ਵਣਜ ਇਕ ਵਖਾਏ ਬਣ ਸੁਦਾਗਰ, ਸੌਦਾ ਆਪਣੇ ਹੱਟ ਵਕਾਈਆ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਮੱਘਰ ਥਿਤ, ਵਦੀ ਸੁਦੀ ਨਾ ਨਾਲ ਰਲਾਇੰਦਾ । ਗ਼ਰੀਬ ਨਿਮਾਣਿਆਂ ਕਰ ਕਰ ਹਿੱਤ, ਜੁਗ ਵਿਛੜੇ ਮੇਲ ਮਿਲਾਇੰਦਾ । ਜਿਸ ਨੂੰ ਜੁਗ ਚੌਕੜੀ ਸਾਰੇ ਲੱਭਦੇ ਨਿੱਤ, ਸੋ ਨਵਿਤ ਭਗਤਾਂ ਆਪਣੀ ਕਾਰ ਕਮਾਇੰਦਾ । ਨਿਰਗੁਣ ਹੋ ਕੇ ਬਣਿਆਂ ਪਿਤ, ਸਰਗੁਣ ਰੂਪ ਰੰਗ ਨਾ ਕੋਇ ਵਖਾਇੰਦਾ । ਸੰਤ ਸੁਹੇਲੇ ਪ੍ਰੇਮ ਪ੍ਰੀਤੀ ਨਾਲ ਲਏ ਖਿਚ, ਰਸਨਾ ਜਿਹਵਾ ਨਾ ਬੋਲ ਸੁਣਾਇੰਦਾ । ਕਾਇਆ

ਮੰਦਰ ਅੰਦਰ ਡੂੰਘੀ ਭਵਰੀ ਵੜੇ ਵਿਚ, ਆਪ ਆਪਣਾ ਮੁਖ ਛੁਪਾਇੰਦਾ । ਭੇਵ ਚੁਕਾਏ ਘਰ ਨਿਜ, ਨਿਜ ਆਤਮ ਅੰਮ੍ਰਿਤ ਰਸ ਚੁਆਇੰਦਾ । ਸੱਚੇ ਮਿਲਣ ਦੀ ਧੁਰ ਦੀ ਬਿਧ, ਸ਼ਬਦੀ ਸ਼ਬਦੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਇੰਦਾ । ਧੁਰ ਦਾ ਲੇਖਾ ਰਿਹਾ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਕਰੇ ਸੱਚਾ ਹੇਤ, ਹਿਤਕਾਰੀ ਫੇਰਾ ਪਾਈਆ । ਹਰਿ ਭਗਤ ਫੁਲਵਾੜੀ ਮੌਲੇ ਰੁੱਤ ਬਸੰਤੀ ਚੇਤ, ਖ਼ਿਜ਼ਾਂ ਰੂਪ ਨਾ ਕੋਇ ਵਟਾਈਆ । ਪਰਮ ਪੁਰਖ ਦਾ ਆਦਿ ਜੁਗਾਦਿ ਜੁਗਾ ਜੁਗੰਤਰ ਖੇਡ, ਕੋਈ ਸਮਝ ਸਕੇ ਨਾ ਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌ ਸੌ ਚੁਰਾਨਵੇਂ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਭੇਜ, ਅੰਤਮ ਆਪਣਾ ਫੇਰਾ ਪਾਈਆ । ਸ਼ਾਸਤਰ ਸਿਮਰਤ ਦੇ ਦੇ ਗਏ ਸੰਦੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਵਾਕ ਭਵਿਖਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਿਆ ਠਾਕਰ ਇਕੋ, ਪ੍ਰਭ ਏਕਾ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵੇ ਧੁਰ ਦੀ ਟੇਕੋ, ਟਿੱਕਾ ਧੂੜੀ ਮਸਤਕ ਨਾਮ ਇਕ ਲਗਾਈਆ । ਪਤਿਤ ਪੁਨੀਤ ਕਰੇ ਬੁੱਧ ਬਬੇਕੋ, ਵਿਵੇਕੀ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਹਰਿਜਨ ਸੰਤ ਸੁਹੇਲੇ ਸਦਾ ਚੇਤੇ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਅੰਤਰ ਆਤਮ ਪਰਮਾਤਮ ਨਿਜ ਨੇਤਰ ਪੇਖੋ, ਬਾਹਰ ਦੋਏ ਲੋਚਣ ਲੱਭਣ ਕੋਇ ਨਾ ਜਾਈਆ । ਸਾਹਿਬ ਸਤਿਗੁਰ ਗੋਦੀ ਬਹਿ ਬਹਿ ਖੇਡੋ, ਸਚ ਹੁਲਾਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਆਪਣੇ ਰੰਗ ਰੰਗਾਈਆ । ਨਿਰਗੁਣ ਰੰਗ ਰੰਗਾਏ ਆਤਮ ਚੰਮ, ਮਾਟੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਰੇ ਆਪਣਾ ਕੰਮ, ਨਿਹਕਰਨੀ ਆਪਣੀ ਕਾਰ ਕਮਾਈਆ । ਜਿਸ ਦੇ ਹੱਥ ਮਰਨ ਜਨਮ, ਜਨਮ ਮਰਨ ਦੋਵੇਂ ਆਪਣੀ ਝੋਲੀ ਪਾਈਆ । ਸੋ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਬਖ਼ਸ਼ੇ ਇਕੋ ਸਰਨ, ਸਰਨਗਤ ਇਕ ਸਮਝਾਈਆ । ਭੈ ਭਿਆਨਕ ਭੌ ਚੁੱਕੇ ਮਰਨ ਡਰਨ, ਡਰਨ ਮਰਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਘਰ ਇਕੋ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਵੇਖੋ ਸੱਚ, ਹਰਿ ਸਾਚਾ ਸਚ ਬੁਝਾਇੰਦਾ । ਸ੍ਰੀ ਭਗਵਾਨ ਨੌ ਜਵਾਨ ਮਰਦ ਮਰਦਾਨ ਜਨਮ ਭਗਤਾਂ ਮਿਲੇ ਹੱਸ ਹੱਸ, ਰੁੱਤ ਸੁਹੰਜਣੀ ਆਪ ਸੁਹਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮਾਰਗ ਦੱਸ, ਰਹਿਬਰ ਇਕੋ ਰਾਹ ਚਲਾਇੰਦਾ । ਜੋਤ ਪਰਕਾਸ਼ ਘਰ ਘਰ ਨਿਵਾਸ, ਬਣ ਦਾਸੀ ਦਾਸ ਸੇਵਕ ਸੇਵ ਕਮਾਇੰਦਾ । ਦੂਰ ਦੁਰਾਡੇ ਸੱਦੇ ਪਾਸ, ਜਨਮ ਜਨਮ ਦੀ ਪੂਰੀ ਕਰੇ ਆਸ, ਕਰਮ ਕਰਮ ਦਾ ਰੋਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਪ੍ਰਭ ਆਪਣੀ ਕੁਲ, ਕੁਲਵੰਤਾ ਵੇਖ ਵਖਾਈਆ । ਜਨ ਭਗਤਾਂ ਪਾਏ ਕੀਮਤ ਮੁੱਲ, ਹਰਿ ਕਰਤਾ ਆਪ ਚੁਕਾਈਆ । ਵੀਹ ਸਦ ਉਨੀਂ ਪੰਜ ਅੱਸੂ ਜੋ ਗਏ ਭੁੱਲ, ਸੋ ਭੁੱਲ ਲੇਖੇ ਰਿਹਾ ਲਗਾਈਆ । ਦੁਆਬਾ ਸੰਗਤ ਦੇਵੇ ਇਕ ਇਕ ਫੁੱਲ, ਪੰਜ ਪੋਹ ਵੇਖ ਵਖਾਈਆ । ਸਚ ਦਵਾਰੇ ਫੁਲਵਾੜੀ ਜਾਏ ਫੁੱਲ, ਨਾਮ ਮਹਿਕ ਇਕ ਮਹਿਕਾਈਆ । ਕਰੇ ਖੇਲ ਆਪ ਅਭੁੱਲ,

ਭੁੱਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਪੰਜ ਪੋਹ ਦਾ ਵਿਹਾਰਾ ਸਤਿ, ਸਤਿ ਸਤਿ ਵਡਿਆਇੰਦਾ । ਜਾਂਦਾ ਜਾਂਦਾ ਦਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਹਰਿਸੰਗਤ ਆਪਣੇ ਨਾਲ ਲੈ ਕੇ ਆਉਣੀ ਫੁੱਲ ਵੱਥ, ਧੁਰ ਸੰਦੇਸ਼ਾ ਆਪ ਅਲਾਇੰਦਾ । ਕਿਰਪਾ ਕਰੇ ਪੁਰਖ ਸਮਰਥ, ਸਮਰਥ ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਪੰਜ ਆਪ ਵਡਿਆਇੰਦਾ । ਤਿੰਨ ਪੋਹ ਬੱਧਕ ਲੇਖਾ, ਹਰਿ ਸਤਿਗੁਰ ਪੂਰ ਕਰਾਈਆ । ਪੰਜ ਪੋਹ ਆਸ਼ਕ ਭੁਲੇਖਾ, ਮਾਸ਼ੂਕ ਦਏ ਸਮਝਾਈਆ । ਦੋਹਾਂ ਰੱਖਿਆ ਧੁਰ ਦਾ ਚੇਤਾ, ਸ੍ਰੀ ਭਗਵਾਨ ਹੋਏ ਸਹਾਈਆ । ਪੰਜ ਸਿਖ ਨਾਲ ਬਣਾਏ ਨੇਤਾ, ਨਿਰਗੁਣ ਆਪਣਾ ਹੁਕਮ ਵਰਤਾਈਆ । ਜਨਮ ਵਿਚੋਂ ਜਨਮ ਦੀ ਫੇਰ ਬਦਲੇ ਰੇਖਾ, ਮਾਨਸ ਮਾਨਸ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਾਰਨ ਆਇਆ ਪੈਜ ਸਵਾਰਨ, ਬਣਾਏ ਸਾਚੀ ਧਾਰਨ, ਧਰਨੀ ਦੇਵਣਹਾਰ ਵਡਿਆਈਆ । ਤਿੰਨ ਪੋਹ ਬੱਧਕ ਮੁੱਕਣ ਵਾਲਾ ਪੰਧ, ਲੋਕਮਾਤ ਪੈਂਡਾ ਨਜ਼ਰ ਨਾ ਆਈਆ । ਪੰਜ ਪੋਹ ਡੁੱਬਣ ਵਾਲਾ ਚੰਦ, ਆਪ ਆਪਣਾ ਮੁਖ ਛੁਪਾਈਆ । ਹਰਿਸੰਗਤ ਤੇਰੇ ਨਾਲ ਮਿਲ ਕੇ ਦੋਹਾਂ ਬੇੜਾ ਦੇਵੇ ਬੰਨ੍ਹ, ਆਪ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਸਦਾ ਸੁਖਦਾਇਕ, ਸੁਖ ਸਾਗਰ ਵੇਖ ਵਖਾਈਆ । ਪਰਮ ਪੁਰਖ ਪ੍ਰਭ ਸਾਚਾ ਨਾਇਕ, ਨਿਰਗੁਣ ਦਾਤਾ ਵਡ ਵਡਿਆਈਆ । ਹਰਿਸੰਗਤ ਕਰੇ ਇਕ ਹਦਾਇਤ, ਹਾਜ਼ਰ ਹੋ ਸਮਝਾਈਆ । ਬਖ਼ਸ਼ਿਸ਼ ਰਹਿਮਤ ਜਨ ਭਗਤਾਂ ਉਤੇ ਅਨਾਇਤ, ਪਰਵਰਦਿਗਾਰ ਆਪ ਜਣਾਈਆ । ਪੰਜ ਪੋਹ ਦਰ ਆਉਣ ਦੀ ਕਰੇ ਨਾ ਕੋਇ ਕਫ਼ਾਇਤ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਅੱਠ ਲੇਖਾ ਲਿਖੇ ਥਾਉਂ ਥਾਈਂਆ । ਚਾਰ ਅੱਠ ਅੰਕ ਜੋੜ ਅਠਤਾਲੀ, ਸੋਲਾਂ ਪਹਿਰ ਸੋਲਾਂ ਮੱਘਰ ਦਏ ਵਡਿਆਈਆ । ਜਨ ਭਗਤਾਂ ਪਿਛੇ ਬਣੇ ਪਾਲੀ, ਪ੍ਰਿਤਪਾਲਕ ਫੇਰਾ ਪਾਈਆ । ਲੇਖੇ ਲਾਏ ਪਤ ਡਾਲੀ, ਫੁੱਲ ਪਾਤੀ ਵੇਖ ਵਖਾਈਆ । ਪੂਰਬ ਜਨਮ ਜਿਨ੍ਹਾਂ ਘਾਲ ਘਾਲੀ, ਤਿਨ੍ਹਾਂ ਲੇਖਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਇਕ ਇਕ ਫੁੱਲ ਦਿਉ ਵੰਡ, ਹਰਿ ਵੰਡਣ ਵੰਡ ਵੰਡਾਈਆ । ਜਿਸ ਵਿਚ ਭਰੀ ਨਾਮ ਸੁਗੰਧ, ਖ਼ੁਸ਼ੀਆਂ ਰੂਪ ਵਟਾਈਆ । ਸੋ ਭਗਤਾਂ ਨਾਲ ਘਰ ਜਾਏ ਨਸੰਗ, ਬਣ ਕੇ ਪਾਂਧੀ ਰਾਹੀਆ । ਰਾਤੀਂ ਸੁੱਤਿਆਂ ਦਏ ਅਨੰਦ, ਦਿਨੇਂ ਖ਼ੁਮਾਰ ਚੜ੍ਹਾਈਆ । ਤਿੰਨ ਦਿਨ ਸਾਰੇ ਘਰ ਵਿਚ ਮੰਗਣੀ ਮੰਗ, ਦੋਏ ਜੋੜ ਧਿਆਨ ਲਗਾਈਆ । ਕਿਰਪਾ ਕਰ ਪ੍ਰਭੂ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਵਡਿਆਈਆ । ਗੁਰਮੁਖਾਂ ਨਾਲੋਂ ਨਾ ਟੁੱਟੇ ਸਾਡਾ ਸੰਗ, ਸਦੀ ਬੀਸਵੀਂ ਨਾ ਹੋਏ ਜੁਦਾਈਆ । ਅੱਗੇ ਵੇਖੀਏ ਤੇਰਾ ਰੰਗ, ਕੀ ਵੱਜੇ ਸਚ ਵਧਾਈਆ । ਆਸ਼ਕ ਛੁਪੇ ਨਾ ਤੇਰਾ ਚੰਦ, ਬਧਕ ਘਾਉ ਨਾ ਕੋਇ ਲਗਾਈਆ । ਹਰਿਸੰਗਤ ਤੇਰੇ ਪਿਛੇ ਟੁੱਟੀ ਦਏ ਗੰਢ, ਜਨਮ ਕਰਮ ਕਰਮ ਜਨਮ ਫੇਰ ਬਣਾਈਆ । ਕਿਰਪਾ ਕਰੇ ਸੂਰਾ ਸਰਬੰਗ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਫੂਲਨ ਬਰਖਾ ਲਾਇਣ ਫੁੱਲ, ਕਲੀ ਕਲੀ ਮਹਿਕਾਈਆ ।

ਤੇਰੇ ਨਾਲੋਂ ਵਿਛੜੇ ਗਏ ਭੁੱਲ, ਭਰਮ ਪਿਆ ਲੋਕਾਈਆ । ਜੁਗ ਚੌਕੜੀ ਮਾਇਆ ਮਮਤਾ ਗਏ ਰੁੱਲ, ਕਰਤੇ ਕੀਮਤ ਕੋਇ ਨਾ ਪਾਈਆ । ਧੰਨ ਭਾਗ ਤੂੰ ਬਣਾਈਂ ਆਪਣੀ ਕੁਲ, ਕੁਲਵੰਤ ਤੇਰੀ ਸ਼ਰਨਾਈਆ । ਤੇਰਾ ਬੂਟਾ ਕਦੇ ਨਾ ਜਾਏ ਹੁੱਲ, ਸਿਮਲ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿਜਨ ਸਾਚੇ ਫੇਰ ਜਵਾਈਆ ।

★ ੧੭ ਮੱਘਰ ੨੦੨੦ ਬਿਕਰਮੀ ਜਸਵੰਤ ਸਿੰਘ ਦੇ ਗ੍ਰਹਿ ਕਰਤਾਰ ਪੁਰ ਜ਼ਿਲਾ ਜਲੰਧਰ ★

ਸਾਚੀ ਭਗਤੀ ਭਗਵਨ ਪ੍ਰੀਤ, ਸ੍ਰੀ ਭਗਵਾਨ ਆਪ ਬਣਾਈਆ । ਜਿਸ ਦੀ ਕਰੇ ਨਾ ਕੋਈ ਰੀਸ, ਕੋਟਨ ਕੋਟ ਧਿਆਨ ਲਗਾਈਆ । ਹਰਿ ਸਰਨਾਈ ਜਗਤ ਵਾਸਨਾ ਲਏ ਜੀਤ, ਸਤਿ ਸਰੂਪ ਸਮਾਈਆ । ਮਿੱਠਾ ਕਰੇ ਕਾਇਆ ਕੌੜਾ ਰੀਠ, ਅੰਮ੍ਰਿਤ ਰਸ ਸਚ ਭਰਾਈਆ । ਸਦਾ ਸੁਹੇਲਾ ਵਸੇ ਚੀਤ, ਸਗਲਾ ਸੰਗ ਨਿਭਾਈਆ । ਲੋਕਮਾਤ ਸਾਚੀ ਰੀਤ, ਸੋ ਸਾਹਿਬ ਸਤਿਗੁਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਚੀ ਭਗਤੀ ਸਤਿਗੁਰ ਚਰਨ ਪਿਆਰ, ਲੋਕਮਾਤ ਇਕ ਜਣਾਈਆ । ਗੁਰਮੁਖ ਗੁਰਸਿਖ ਦੇਵੇ ਆਧਾਰ, ਸੰਤ ਸੁਹੇਲੇ ਧੀਰ ਧਰਾਈਆ । ਭਗਤ ਭਗਵਾਨ ਲਏ ਉਠਾਲ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਣਜ ਆਪ ਕਰਾਈਆ । ਲੇਖੇ ਲਾਏ ਹਰਿਜਨ ਘਾਲ, ਕਰਤਾ ਕੀਮਤ ਆਪੇ ਪਾਈਆ । ਸਚ ਪ੍ਰੀਤੀ ਜੋ ਜਨ ਰਹੇ ਭਾਲ, ਤਿਨ੍ਹਾਂ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਇਕੋ ਬੂਝ ਬੁਝਾਈਆ । ਸਾਚੀ ਭਗਤੀ ਸਤਿਗੁਰ ਹਿੱਤ, ਹਿਤਕਾਰੀ ਇਕੋ ਨਜ਼ਰੀ ਆਇੰਦਾ । ਲੇਖ ਅਲੇਖਾ ਦਏ ਲਿਖ, ਲਿਖਿਆ ਲੇਖ ਆਪ ਮਿਟਾਇੰਦਾ । ਅੰਦਰ ਵੜ ਕੇ ਖੋਲ੍ਹੇ ਭੇਤ, ਭੇਦ ਅਭੇਦ ਚੁਕਾਇੰਦਾ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਦਰਸ ਦਿਖਾਇੰਦਾ । ਜਗਤ ਮਾਇਆ ਨਾ ਲਾਏ ਸੇਕ, ਤਤ ਅਗਨੀ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਾਚੀ ਭਗਤੀ ਸਤਿਗੁਰ ਸੰਗ, ਹਰਿ ਕਰਤਾ ਆਪ ਜਣਾਇੰਦਾ । ਕਾਇਆ ਚੋਲੀ ਚੜ੍ਹੇ ਰੰਗ, ਸਤਿ ਸਰੂਪ ਵਖਾਇੰਦਾ । ਘਰ ਸੁਣਾਏ ਆਪਣਾ ਛੰਦ, ਸਾਚਾ ਰਾਗ ਅਲਾਇੰਦਾ । ਅਗਲਾ ਪਿਛਲਾ ਮੇਟ ਪੰਧ, ਠਾਂਡੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਭਗਤੀ ਲਾਇੰਦਾ । ਜਿਸ ਜਨ ਭਗਤੀ ਲਾਏ ਆਪ ਭਗਵੰਤ, ਆਪਣੀ ਦਇਆ ਕਮਾਈਆ । ਤਿਸ ਲੇਖਾ ਲਿਖੇ ਬੋਧ ਅਗਾਧਾ ਮਹਿਮਾ ਅਗਣਤ, ਪਰਦਾ ਦੂਈ ਦਵੈਤ ਉਠਾਈਆ । ਮਾਣਸ ਜਨਮ ਬਣਾਏ ਬਣਤ, ਲੱਖ ਚੁਰਾਸੀ ਵਿਚੋਂ ਦਏ ਵਡਿਆਈਆ । ਨਾਉਂ ਧਰਾਏ ਹਰਿ ਸੱਜਣ ਸੰਤ, ਸੰਤ ਸਤਿਗੁਰ ਰੂਪ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੇ ਰਾਹ ਚਲਾਈਆ । ਭਗਤੀ ਮਾਰਗ ਦੱਸੇ ਆਪ, ਨਾਤਾ ਆਪਣੇ ਨਾਲ ਜੁੜਾਈਆ । ਘਰ ਮਿਲਾਵਾ ਹਰਿ ਸਤਿਗੁਰ ਸੱਜਣ ਸਾਕ, ਬਾਹਰ ਟੋਲਣ ਕੋਇ ਨਾ ਜਾਈਆ । ਗ੍ਰਹਿ ਮੰਦਰ ਖੋਲ੍ਹੇ ਬੰਦ ਕਿਆੜੀ ਤਾਕ, ਪਰਦਾ ਆਪਣਾ ਆਪ ਪਰੇ ਹਟਾਈਆ । ਸਾਚਾ ਦੇ ਨਾਮ

ਨਿਧਾਨ ਜਾਪ, ਇਸ਼ਨਾਨ ਚਰਨ ਧੂੜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦੇਵੇ ਪਾਠ, ਪੁਸਤਕ ਹੱਥ ਨਾ ਕੋਇ ਫੜਾਈਆ । ਪੁਸਤਕ ਪਾਠ ਨਾ ਕੋਇ ਕਿਤਾਬ, ਅੱਖਰ ਅੱਖਰ ਨਾ ਕੋਇ ਸਮਝਾਈਆ । ਹਰਿਭਗਤ ਅੰਦਰੇ ਅੰਦਰ ਕਰਾਏ ਆਪਣਾ ਜਾਪ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਆਤਮ ਪਰਮਾਤਮ ਸੁਣਾਏ ਗਾਥ, ਧੁਰ ਸੰਦੇਸ਼ਾ ਇਕ ਜਣਾਈਆ । ਪੱਤਣ ਵੇਖ ਪ੍ਰਭ ਬੈਠਾ ਘਾਟ, ਬਣ ਖੇਵਟ ਖੇਟ ਮਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਪਾਈਆ । ਜਨ ਭਗਤ ਭਗਤੀ ਰੰਗ ਰਤਾ, ਰਤੀ ਰਤ ਰਤ ਸੁਕਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰੇ ਟੇਕੋ ਇਕੋ ਮੱਥਾ, ਦੂਜੇ ਸੀਸ ਨਾ ਕਿਸੇ ਨਿਵਾਈਆ । ਜਗਤ ਵਿਕਾਰ ਕਰੇ ਹੱਤਾ, ਹੱਤਿਆ ਬਿਨ ਛੁਰੀ ਕਟਾਰ ਹਲਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਲੇਖਾ ਲੇਖੇ ਵਿਚੋਂ ਸਮਝਾਈਆ । ਭਗਤੀ ਲੇਖਾ ਅਗੰਮ ਅਥਾਹ, ਬਿਨ ਸਤਿਗੁਰ ਹੱਥ ਕਿਸੇ ਨਾ ਆਇੰਦਾ । ਲੱਭ ਲੱਭ ਥੱਕੇ ਜੰਗਲ ਜੂਹ ਉਜਾੜ ਪਹਾੜ ਥਲ ਅਸਗਾਹ, ਸਮੁੰਦ ਸਾਗਰ ਖੋਜ ਖੁਜਾਈਆ । ਅੱਗੇ ਹੋ ਕੋਈ ਨਾ ਪਕੜੇ ਬਾਂਹ, ਬਾਹੋਂ ਪਕੜ ਪਾਰ ਨਾ ਕੋਇ ਕਰਾਈਆ । ਦੂਰ ਦੁਰਾਡੇ ਸਾਰੇ ਕਰਨ ਨਾ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਤਾ ਤੁਟੇ ਪੁਤਰਾਂ ਮਾਂ, ਪਿਤਾ ਪੂਤ ਗੋਦ ਨਾ ਕੋਇ ਉਠਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰਾ ਜਨ ਭਗਤਾਂ ਇਕੋ ਕਰੇ ਹਾਂ, ਆਪ ਆਪਣੇ ਅੰਗ ਲਗਾਈਆ । ਸਚ ਵਸਾਏ ਧੁਰ ਮਕਾਨ, ਸਚਖੰਡ ਦਵਾਰਾ ਇਕ ਸੁਹਾਈਆ । ਸਾਚੀ ਭਗਤੀ ਪ੍ਰਭ ਚਰਨ ਧਿਆਨ, ਸਚ ਗਿਆਨ ਇਕ ਦ੍ਰਿੜਾਈਆ । ਕਲਜੁਗ ਅੰਤ ਹੋ ਮਿਹਰਵਾਨ, ਮੁਹੱਬਤ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇਵੇ ਸਚ ਪ੍ਰੀਤੀ ਭਗਤੀ ਦਾਨ, ਭਗਵਨ ਆਪਣੇ ਦਰ ਰਖਾਈਆ ।



### ★ ੧ ਪੋਹ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸੋ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਨਿਰਵੈਰ ਨਿਰੰਕਾਰ ਪ੍ਰਭ ਆਪੇ ਹੋ, ਸਾਕਾਰ ਖੇਲ ਵਖਾਈਆ । ਅਨੁਭਵ ਪਰਕਾਸ਼ ਅਗੰਮੀ ਲੋ, ਜੋਤੀ ਜਾਤਾ ਵਡ ਵਡਿਆਈਆ । ਆਦਿ ਜੁਗਾਦੀ ਧੁਰ ਦਾ ਮੋਹ, ਸਤਿ ਸਤਿਵਾਦੀ ਆਪ ਬੰਧਾਈਆ । ਬ੍ਰਹਮ ਬ੍ਰਹਿਮਾਦੀ ਆਪੇ ਛੋਹ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਦੋ ਜਹਾਨਾਂ ਦੇਵੇ ਢੋਆ ਢੋ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਮ੍ਰਿਤ ਰਸ ਇਕੋ ਚੋ, ਧੁਰ ਦੀ ਧਾਰ ਸਤਿ ਵਹਾਈਆ । ਨਰ ਨਰੇਸ਼ ਸਚ ਸੰਦੇਸ਼ ਸ਼ਬਦ ਅਗੰਮ ਆਪੇ ਹੋ, ਹੋਕਾ ਸਤਿ ਸਤਿ ਦ੍ਰਿੜਾਈਆ । ਜੁਗਾ ਜੁਗੰਤਰ ਭੇਵ ਨਾ ਜਾਣੇ ਕੋ, ਅਲੱਖ ਅਲੱਖਣਾ ਲੱਖ ਸਕੇ ਕੋਈ ਨਾ ਰਾਈਆ । ਜੁਗ ਚੌਕੜੀ ਬਣਿਆ ਰਿਹਾ ਨਿਰਮੋਹ, ਮੁਹੱਬਤ ਹੱਥ ਨਾ ਕਿਸੇ ਫੜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਿਹਾ ਟੋਹ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਸਰਗੁਣ ਖੇਲ ਅਪਾਰ, ਹਰਿ

ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਧੁਰ ਦੀ ਧਾਰ ਆਪ ਬੰਧਾਇੰਦਾ । ਨਿਤ ਨਵਿਤ ਖੇਲ ਨਿਰੰਕਾਰ, ਨਰ ਨਿਰੰਕਾਰਾ ਆਪ ਕਰਾਇੰਦਾ । ਜੁਗ ਚੌਕੜੀ ਵੇਖਣਹਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਬੋਧ ਅਗਾਧਾ ਬੋਲ ਜੈਕਾਰ, ਨਾਮ ਨਾਅਰਾ ਇਕ ਲਗਾਇੰਦਾ । ਕਾਤਬ ਬਣ ਵਡ ਲਿਖਾਰ, ਕਲਮ ਛਾਹੀ ਰੰਗ ਚੜ੍ਹਾਇੰਦਾ । ਸੰਦੇਸ਼ਾ ਦੇ ਸਰਬ ਸੰਸਾਰ, ਸਾਖੀ ਸਚ ਆਪ ਸਮਝਾਇੰਦਾ । ਕੁਦਰਤ ਕਾਦਰ ਦੇ ਆਧਾਰ, ਕਲਮਾ ਆਪਣਾ ਆਪ ਸਮਝਾਇੰਦਾ । ਮਹਿਬੂਬ ਮੁਹੱਬਤ ਕਰੇ ਸਚ ਦਰਬਾਰ, ਦਰਗਾਹ ਸਾਚੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਨਿਰਗੁਣ ਸਰਗੁਣ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਵਸਣਹਾਰ ਸਚ ਦਵਾਰ, ਸਚਖੰਡ ਸਾਚੇ ਸੋਭਾ ਪਾਈਆ । ਮਹਲ ਅਟੱਲ ਉਚ ਮਨਾਰ, ਨਿਰਗੁਣ ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਨਿਰਗੁਣ ਸਰਗੁਣ ਬਣ ਕੇ ਆਪ, ਪ੍ਰਭ ਆਪਣੀ ਖੇਲ ਖਿਲਾਇੰਦਾ । ਸਰਗੁਣ ਦੇ ਕੇ ਨਿਰਗੁਣ ਜਾਪ, ਧੁਰ ਸੰਦੇਸ਼ਾ ਰਾਗ ਸੁਣਾਇੰਦਾ । ਨਿਰਵੈਰ ਹੋ ਕੇ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਪਵਿਤਰ ਹੋ ਕੇ ਖੋਲ੍ਹੇ ਤਾਕ, ਪਤਿਤ ਪਾਰ ਕਰਾਇੰਦਾ । ਅੰਦਰ ਵੜ ਕੇ ਦੱਸੇ ਬਾਤ, ਹਰਿ ਬਾਤਨ ਆਪ ਸਮਝਾਇੰਦਾ । ਮੰਦਰ ਚੜ੍ਹ ਕੇ ਮਾਰੇ ਝਾਤ, ਦਰ ਘਰ ਸਾਚੇ ਸੋਭਾ ਪਾਇੰਦਾ । ਮਾਹੀ ਬਣ ਕੇ ਵੇਖੇ ਪੱਤਣ ਘਾਟ, ਕਿਨਾਰਾ ਆਪਣੇ ਹੱਥ ਰਖਾਇੰਦਾ । ਪਾਂਧੀ ਬਣ ਕੇ ਮੇਟੇ ਵਾਟ, ਦੋ ਜਹਾਨਾਂ ਪੰਧ ਚੁਕਾਇੰਦਾ । ਪਰਕਾਸ਼ ਹੋ ਮਿਟਾਏ ਅੰਧੇਰੀ ਰਾਤ, ਜੋਤੀ ਚੰਦ ਇਕ ਚਮਕਾਇੰਦਾ । ਸਤਿਗੁਰ ਹੋ ਸੁਣਾਵੇ ਗਾਥ, ਧੁਰ ਦਾ ਢੋਲਾ ਰਾਗ ਅਲਾਇੰਦਾ । ਕੰਤ ਹੋ ਕੇ ਬਣੇ ਕਮਲਾਪਾਤ, ਨਾਰੀ ਨਰ ਨਰਾਇਣ ਪਰਨਾਇੰਦਾ । ਦਾਤਾ ਹੋ ਕੇ ਖੋਲ੍ਹੇ ਡੂੰਘਾ ਖਾਤ, ਅਤੋਟ ਅਤੁਟ ਆਪ ਵਰਤਾਇੰਦਾ । ਨਿਰਗੁਣ ਹੋ ਕੇ ਲੇਖ ਚੁਕਾਏ ਆਪਣੀ ਜਾਤ, ਜਾਤ ਅਜਾਤੀ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਵੇਖੇ ਹਾਲਾਤ, ਹਾਲਤ ਸਭ ਦੀ ਆਪ ਬਣਾਇੰਦਾ । ਪੁਰਖ ਅਕਾਲਾ ਦੀਨ ਦਿਆਲਾ ਹਰਖ ਸੋਗ ਨਾ ਪਾਏ ਵਫ਼ਾਤ, ਮੜ੍ਹੀ ਗੋਰ ਨਾ ਆਸਣ ਲਾਇੰਦਾ । ਪਿਆਲਾ ਮਦਿ ਨਾ ਕੋਇ ਆਬੇ ਹਯਾਤ, ਅੰਮ੍ਰਿਤ ਰਸ ਮੁਖ ਨਾ ਕੋਇ ਰਖਾਇੰਦਾ । ਦੇਵਣਹਾਰਾ ਧੁਰ ਦੀ ਦਾਤ, ਵਡ ਭੰਡਾਰੀ ਆਪ ਵਰਤਾਇੰਦਾ । ਵੇਖਣਹਾਰਾ ਕਾਇਨਾਤ, ਲੋਕ ਪਰਲੋਕ ਖੋਜ ਖੁਜਾਇੰਦਾ । ਬਖ਼ਸ਼ਣਹਾਰਾ ਸਰਬ ਨਜਾਤ, ਮਿਹਰ ਨਜ਼ਰ ਨੈਣ ਉਠਾਇੰਦਾ । ਸੁਣਾਵਣਹਾਰਾ ਭਵਿਖਤ ਵਾਕ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਜਾਨਣਹਾਰਾ ਲੇਖਾ ਮਾਤ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਵਸਣਹਾਰਾ ਇਕ ਇਕਾਂਤ, ਨਰ ਹਰਿ ਨਜ਼ਰ ਕਿਸੇ ਨਾ ਆਇੰਦਾ । ਰਚਣਹਾਰਾ ਰਚਨਾ ਆਦਿ, ਅੰਤ ਆਪਣੇ ਵਿਚ ਛੁਪਾਇੰਦਾ । ਖੇਲਣਹਾਰਾ ਖੇਲ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਕਾਰ ਕਮਾਇੰਦਾ । ਉਪਜਾਵਣਹਾਰਾ ਸੰਤ ਸਾਧ, ਸਾਧਕ ਆਪਣੇ ਰੰਗ ਰੰਗਾਇੰਦਾ । ਮਾਰਨਹਾਰਾ ਧੁਰ ਆਵਾਜ਼, ਸ਼ਬਦੀ ਢੋਲਾ ਰਾਗ ਸੁਣਾਇੰਦਾ । ਰਚਣਹਾਰਾ ਸੱਚਾ ਕਾਜ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਲ ਧਰਾਇੰਦਾ । ਕਰਨਹਾਰਾ ਧੁਰ ਦਾ ਰਾਜ, ਦਰਗਾਹ ਸਾਚੀ ਸੋਭਾ ਪਾਇੰਦਾ । ਬੋਲਣਹਾਰਾ ਬੋਧ ਅਗਾਧ, ਬਿਨ ਰਸਨਾ ਜਿਹਵਾ ਰਾਗ ਸੁਣਾਇੰਦਾ । ਬਣਨਹਾਰਾ ਕੰਤ ਸੁਹਾਗ, ਜੁਗ ਚੌਕੜੀ ਨਾਰ ਆਪ ਪਰਨਾਇੰਦਾ । ਕਰਨਹਾਰਾ ਸਰਬ ਤਿਆਗ,

ਸਚ ਦਵਾਰੇ ਬਹਿ ਬਹਿ ਆਸਣ ਲਾਇੰਦਾ । ਬਣਾਵਣਹਾਰਾ ਸਚ ਸਮਾਜ, ਜੁਗ ਚੌਕੜੀ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇਵਣਹਾਰਾ ਆਪਣਾ ਦਾਜ, ਦੌਲਤ ਨਾਮ ਖ਼ਜ਼ਾਨਾ ਝੋਲੀ ਇਕ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣੀ ਖੇਲ ਵਖਾਇੰਦਾ । ਨਿਰਗੁਣ ਸਰਗੁਣ ਖੇਲ ਦੋ, ਦੋ ਜਹਾਨ ਵੱਜੇ ਵਧਾਈਆ । ਨਿਰਗੁਣ ਸਰਗੁਣ ਦਏ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਨਿਰਗੁਣ ਸਰਗੁਣ ਕਰੇ ਲੋ, ਸਚ ਪਰਕਾਸ਼ ਇਕ ਰੁਸ਼ਨਾਈਆ । ਨਿਰਗੁਣ ਸਰਗੁਣ ਅੰਮ੍ਰਿਤ ਦੇਵੇ ਚੋ, ਸਾਚੀ ਧਾਰ ਇਕ ਵਹਾਈਆ । ਨਿਰਗੁਣ ਸਰਗੁਣ ਧੁਰ ਦੀ ਦੇਵੇ ਸੋ, ਸਤਿ ਸੰਦੇਸ਼ਾ ਨਾਮ ਸੁਣਾਈਆ । ਨਿਰਗੁਣ ਸਰਗੁਣ ਢੋਆ ਦੇਵੇ ਢੋ, ਪੰਜ ਤਤ ਮਿਲੇ ਵਡਿਆਈਆ । ਨਿਰਗੁਣ ਸਰਗੁਣ ਭੇਵ ਨਾ ਜਾਣੇ ਕੋ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਿਰਗੁਣ ਸਰਗੁਣ ਬੇਪਰਵਾਹ, ਭੈ ਭੌ ਨਾ ਕੋਇ ਰਖਾਈਆ । ਆਦਿ ਜੁਗਾਦੀ ਸ਼ਹਿਨਸ਼ਾਹ, ਭੂਪਤ ਇਕੋ ਨਜ਼ਰੀ ਆਈਆ । ਲੇਖਾ ਜਾਣੇ ਦੋ ਜਹਾਨ, ਸਚਖੰਡ ਵਸੇ ਸੱਚਾ ਮਾਹੀਆ । ਧੁਰ ਸੰਦੇਸ਼ਾ ਦੇਵੇ ਅਲਾਹ, ਸ਼ਬਦੀ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦੇਵਣਹਾਰ ਵਡਿਆਈਆ । ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਦੇਵੇ ਪਹਿਚਾਨ, ਬੇਪਹਿਚਾਨ ਆਪਣੀ ਬੂਝ ਬੁਝਾਇੰਦਾ । ਨਿਰਗੁਣ ਸਰਗੁਣ ਦੇਵੇ ਮਾਣ, ਚਰਨ ਕਵਲ ਧਿਆਨ ਰਖਾਇੰਦਾ । ਨਿਰਗੁਣ ਸਰਗੁਣ ਦੇਵੇ ਗਿਆਨ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਕਰੇ ਕਲਿਆਣ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਿਰਗੁਣ ਸਰਗੁਣ ਹੋਇਆ ਏਕ, ਏਕੰਕਾਰ ਵੱਜੇ ਵਧਾਈਆ । ਸਰਗੁਣ ਕਹੇ ਪ੍ਰਭ ਤੇਰੀ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਕਹੇ ਮੈਂ ਤੇਰਾ ਭੇਤ, ਘਰ ਤੇਰੇ ਬੈਠਾ ਮੁਖ ਛੁਪਾਈਆ । ਸਰਗੁਣ ਕਹੇ ਤੇਰਾ ਰੂਪ ਨਾ ਦਿਸੇ ਕੋਈ ਰੇਖ, ਰੰਗ ਨਜ਼ਰ ਕੋਇ ਨਾ ਆਈਆ । ਨਿਰਗੁਣ ਕਹੇ ਮੈਂ ਕਰਾਂ ਹੇਤ, ਘਰ ਸਾਚੇ ਫੇਰਾ ਪਾਈਆ । ਰਲ ਕੇ ਖੇਲਾਂ ਅਗੰਮੀ ਖੇਡ, ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਨਿਰਗੁਣ ਕਹੇ ਸੁਣ ਸਰਗੁਣ ਮੀਤ, ਸਤਿ ਸਤਿ ਜਣਾਈਆ । ਸੋ ਪੁਰਖ ਨਿਰੰਜਣ ਚਲਾਈ ਆਪਣੀ ਰੀਤ, ਹਰਿ ਪੁਰਖ ਨਿਰੰਜਣ ਖੇਲ ਰਚਾਈਆ । ਏਕੰਕਾਰ ਹੋ ਅਨਡੀਠ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਗਾਏ ਗੀਤ, ਸ੍ਰੀ ਭਗਵਾਨ ਸਾਚਾ ਢੋਲਾ ਰਾਗ ਅਲਾਈਆ । ਪਾਰਬ੍ਰਹਮ ਪ੍ਰਭ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਰਗੁਣ ਤੇਰੀ ਚਲਾਈ ਅਗੰਮੀ ਰੀਤ, ਰੀਤੀਵਾਨ ਹੋਏ ਸਹਾਈਆ । ਜੁਗ ਚੌਕੜੀ ਸਰਗੁਣ ਨਿਰਗੁਣ ਖੇਲ ਖੇਲੀ ਠੀਕ, ਅੰਤਮ ਠੀਕਰ ਭੰਨ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਾਰੇ ਕਰਦੇ ਗਏ ਉਡੀਕ, ਬਿਨ ਨੇਤਰ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗੰਬਰ ਮੰਗਦੇ ਗਏ ਭੀਖ, ਦਰ ਦਰਵੇਸ਼ ਝੋਲੀ ਡਾਹੀਆ । ਲੋਕਮਾਤ ਮਾਰ ਝਾਤ ਸੁਣੌਂਦੇ ਗਏ ਗੀਤ, ਧੁਰ ਦਾ ਰਾਗ ਅਲਾਈਆ । ਲੇਖਾ ਦੱਸਦੇ ਗਏ ਸ਼ਿਵਦਵਾਲੇ ਮੰਦਰ ਮਸਜਿਦ ਮੱਠ


੬੪ ੧੯

ਮਸੀਤ, ਗੁਰੂਦਵਾਰੇ ਗੁਰ ਗੁਰ ਬੰਧਨ ਪਾਈਆ । ਸਰਗੁਣ ਕਰੇ ਸਰਗੁਣ ਪ੍ਰੀਤ, ਸਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਤਿਪਰਮੇਸ਼ਵਰ ਪਰਵਰਦਿਗਾਰ ਸਭ ਰੱਖਦੇ ਗਏ ਉਡੀਕ, ਨੇਤਰ ਲੋਚਣ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਰਗੁਣ ਸੁਣ ਸੱਚਾ ਸੋਹਲਾ, ਸੋ ਸਾਹਿਬ ਆਪ ਜਣਾਈਆ । ਜੁਗ ਚੌਕੜੀ ਰੱਖਿਆ ਉਹਲਾ, ਪੜਦਾ ਪੜਦੇ ਵਿਚ ਛੁਪਾਈਆ । ਸਤਿਨਾਮ ਦਾ ਦਿਤਾ ਸੋਹਲਾ, ਢੋਲਾ ਇਕ ਜਣਾਈਆ । ਕਲਮੇ ਅੰਦਰ ਗਾਇਆ ਮੌਲਾ, ਮੌਲਾ ਆਪਣਾ ਹੁਕਮ ਮਨਾਈਆ । ਨਿਰਗੁਣ ਹੋ ਕੇ ਸਰਗੁਣ ਨਜ਼ਰੀ ਆਇਆ ਉਪਰ ਧੌਲਾ, ਧਰਨੀ ਧਰਤ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਗਏ ਕੌਲਾ, ਕੀਤਾ ਇਕਰਾਰ ਮੰਗ ਮੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਖੇਲ ਬਿਨ ਕਾਇਆ ਚੋਲਾ, ਚੋਲੀ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਜਣਾਈਆ । ਸਾਚਾ ਲੇਖਾ ਸੁਣੇ ਅਕਾਲ, ਅਕਲ ਕਲਧਾਰੀ ਆਪ ਜਣਾਇੰਦਾ । ਸਰਗੁਣ ਹੋ ਕੇ ਮਿਲੇ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਖੇਲ ਕਮਾਲ, ਦੂਆ ਬੰਧਨ ਇਕੋ ਪਾਇੰਦਾ । ਸਰਗੁਣ ਨਾਤਾ ਤੁਟੇ ਕਾਇਆ ਮਾਟੀ ਖਾਲ, ਹੱਡ ਨਾੜੀ ਮਾਸ ਚੰਮ ਕੰਮ ਕਿਸੇ ਨਾ ਆਇੰਦਾ । ਲੋਕਮਾਤ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਹੱਥ ਨਾ ਕੋਇ ਉਠਾਇੰਦਾ । ਚਾਰੋਂ ਕੁੰਟ ਵੇਖ ਮਾਰ ਧਿਆਨ, ਨੇਤਰ ਨੈਣ ਰੂਪ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਅੰਤਮ ਸਿਫ਼ਰਾ ਹੋਇਆ ਅੰਕ ਬਣੇ ਨਾ ਕੋਇ ਜਹਾਨ, ਲੇਖਾ ਲੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਹਾਲ ਸਮਝਾਇੰਦਾ । ਸਰਗੁਣ ਤੇਰਾ ਅੰਤ ਸਿਫ਼ਰਾ, ਜ਼ੀਰੋ ਰੂਪ ਵਟਾਈਆ । ਇਕੋ ਰਹਿ ਜਾਏ ਅੱਖਰਾਂ ਵਾਲਾ ਫ਼ਿਕਰਾ, ਤਤ ਨਜ਼ਰ ਕੋਇ ਨਾ ਆਈਆ । ਨਾਤਾ ਟੁੱਟ ਜਾਏ ਸਜਣਾਂ ਮਿੱਤਰਾਂ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਚ ਦਏ ਦ੍ਰਿੜਾਈਆ । ਸਰਗੁਣ ਕਹੇ ਕੀ ਪ੍ਰਭ ਮੇਰਾ ਰੂਪ ਸਿਫ਼ਰ, ਨਿਸ਼ਾਨ ਨਜ਼ਰ ਕੋਇ ਨਾ ਆਈਆ । ਸੁਣ ਕੇ ਮੈਨੂੰ ਹੋਇਆ ਫ਼ਿਕਰ, ਗ਼ਮਗੀਨ ਦਏ ਦੁਹਾਈਆ । ਮੇਰੇ ਕੋਲ ਜੇ ਕੀਤਾ ਮੇਰਾ ਜ਼ਿਕਰ, ਸਚ ਭੇਵ ਦੇ ਸਮਝਾਈਆ । ਤੇਰੇ ਨਾਲੋਂ ਨਿਰਗੁਣ ਸਰਗੁਣ ਕਦੇ ਨਾ ਜਾਏ ਵਿਛੜ, ਵਿਛੋੜਾ ਸਹਿ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਸੁਣ ਸਿਫ਼ਰੇ ਧੁਰ ਦੀ ਬਾਤ, ਹਰਿ ਕਰਤਾ ਆਪ ਜਣਾਈਆ । ਸਰਗੁਣ ਦੇਵੇ ਨਾ ਕੋਈ ਸਾਥ, ਨਿਰਗੁਣ ਆਪਣਾ ਮੇਲ ਮਿਲਾਈਆ । ਸਿਫ਼ਰੇ ਪੁਛੇ ਨਾ ਕੋਈ ਵਾਤ, ਮਤਲਬ ਹੱਲ ਨਾ ਕੋਇ ਕਰਾਈਆ । ਸਿਫ਼ਰਾ ਹੋ ਕੇ ਇਕੋ ਮੰਗ ਸੱਚੀ ਦਾਤ, ਪੁਰਖ ਅਕਾਲ ਰਿਹਾ ਜਣਾਈਆ । ਇਕ ਇਕੱਲੇ ਪੁਛ ਮੇਰੀ ਵਾਤ, ਤੁਧ ਬਿਨ ਮੇਰੀ ਸਾਰ ਕੋਇ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੇ ਮਿਹਰ ਕਰ ਵੇਖੇ ਝਾਕ, ਬਿਨ ਅੱਖਾਂ ਨੈਣ ਉਠਾਈਆ । ਤੇਰੀ ਪੁਛੇ ਆਪ ਵਾਤ, ਨਿਰਵੈਰ ਹੋਏ ਸਹਾਈਆ । ਲੇਖਾ ਪੂਰਾ ਕਰੇ ਲਿਖਿਆ ਕਲਮ ਦਵਾਤ, ਛਾਹੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਿਫ਼ਰਾ ਕਹੇ ਮੈਂ ਹੋਇਆ ਨਿਹਾਲ,

ਮਿਲੀ ਮਾਣ ਵਡਿਆਈਆ । ਇਕੋ ਵਸਤ ਮੰਗਾਂ ਸਚ ਕਮਾਲ, ਖ਼ਾਲੀ ਝੋਲੀ ਅੱਗੇ ਡਾਹੀਆ । ਨਿਰਗੁਣ ਸਰਗੁਣ ਹੋ ਕੇ ਬਣਿਆ ਤੇਰਾ ਲਾਲ, ਲਾਲਨ ਤੇਰਾ ਰੂਪ ਵਖਾਈਆ । ਅੰਤਮ ਵਸਿਆ ਤੇਰੀ ਧਰਮਸਾਲ, ਦੂਜਾ ਘਰ ਨਾ ਕੋਇ ਬਣਾਈਆ । ਨਿਰਗੁਣ ਸਰਗੁਣ ਬਣੇ ਦੋ ਦੋਹਾਂ ਵੇਖ ਆਪਣਾ ਹਾਲ, ਹਾਲ ਆਪਣਾ ਦੇ ਜਣਾਈਆ । ਬਿਨ ਏਕੇ ਹੋਏ ਕੰਗਾਲ, ਸਿਫ਼ਰਾ ਕੂਕ ਕੂਕ ਸੁਣਾਈਆ । ਦੂਆ ਸਿਫ਼ਰਾ ਬੀਸ ਅੰਕ ਮਿਲਿਆ ਆਣ, ਜੋੜਾ ਧੁਰ ਦਾ ਸਚ ਮਿਲਾਈਆ । ਬਿਨ ਏਕ ਕੋਈ ਨਾ ਕਰੇ ਪਹਿਚਾਨ, ਟੇਕ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਸ੍ਰੀ ਭਗਵਾਨ, ਇਕੋ ਤੇਰੀ ਓਟ ਤਕਾਈਆ । ਸਾਹਿਬ ਸਤਿਗੁਰ ਹੋ ਦਿਆਲ, ਪੁਰਖ ਅਕਾਲ ਹੁਕਮ ਜਣਾਈਆ । ਜੁਗ ਚੌਕੜੀ ਅਵਲੜੀ ਚਾਲ, ਕੋ ਸਮਝ ਨਾ ਸਕੇ ਰਾਈਆ । ਕਲਜੁਗ ਅੰਤ ਵੇਖਾਂ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਇਕੋ ਆਪਣਾ ਰੂਪ ਦਸਾਈਆ । ਸਿਫ਼ਰੇ ਸੁਣ ਆਪਣੀ ਯਾਦ, ਹਰਿ ਕਰਤਾ ਆਪ ਜਣਾਇੰਦਾ । ਠਾਕਰ ਸਵਾਮੀ ਸੁਣੇ ਫ਼ਰਿਆਦ, ਬੇਪਰਵਾਹ ਫੇਰਾ ਪਾਇੰਦਾ । ਜਿਸ ਨਿਰਗੁਣ ਹੋ ਕੇ ਸਰਗੁਣ ਰਚਨਾ ਰਚੀ ਆਦਿ, ਸੋ ਮਧ ਜੁਗਾਦਿ ਆਪਣਾ ਹੁਕਮ ਵਰਤਾਇੰਦਾ । ਜਿਸ ਘਟ ਘਟ ਅੰਤਰ ਸਤਿ ਸੁਣਾਇਆ ਨਾਦ, ਧੁਰ ਅਨਾਦੀ ਨਾਦ ਅਲਾਇੰਦਾ । ਸੋ ਪੁਰਖ ਅਕਾਲ ਦੀਨ ਦਿਆਲ ਆਪਣਾ ਏਕ ਬਣਾਏ ਸਮਾਜ, ਸਮਗਰੀ ਤੇਰੀ ਝੋਲੀ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਵੇਖਣ ਰਚਿਆ ਕਾਜ, ਜੁਗ ਚੌਕੜੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜ਼ੀਰੋ ਤੇਰਾ ਅੰਕ ਏਕਾ ਦਏ ਬਦਲਾਈਆ । ਜ਼ੀਰੋ ਏਕਾ ਬਦਲੇ ਅੰਕ, ਅੰਗੀਕਾਰ ਆਪ ਕਰਾਈਆ । ਸਰਗੁਣ ਸੁਹਾਏ ਦੂਏ ਤੇਰਾ ਬੰਕ, ਬੰਕ ਦਵਾਰੀ ਵਡ ਵਡਿਆਈਆ । ਲੇਖ ਚੁਕਾ ਰਾਉ ਰੰਕ, ਰਾਜ ਰਾਜਾਨ ਹੁਕਮ ਵਰਤਾਈਆ । ਨਾਮ ਅਗੰਮ ਸੁਣਾ ਡੰਕ, ਦੋ ਜਹਾਨ ਕਰੇ ਸ਼ਨਵਾਈਆ । ਜੁਗ ਚੌਕੜੀ ਮੇਟ ਸ਼ੰਕ, ਸੰਸਾ ਸਭ ਦਾ ਦਏ ਗਵਾਈਆ । ਸਤਿ ਬਣਾਏ ਸਾਚੀ ਬਣਤ, ਘੜਨਹਾਰ ਬੇਪਰਵਾਹੀਆ । ਏਕੇ ਨਾਲ ਇਕ ਸੁਣਾਏ ਮੰਤ, ਮੰਤਵ ਇਕੋ ਇਕ ਜਣਾਈਆ । ਇਕੋ ਮਿਲੇ ਹਰਿ ਸੁਹਾਗੀ ਕੰਤ, ਕੰਤੂਲ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰੇ ਦੇਵੇ ਮਾਣ ਵਡਿਆਈਆ । ਜ਼ੀਰੋ ਕਹੇ ਆ ਇਕ, ਤੇਰੀ ਉਡੀਕ ਲਗਾਈਆ । ਗੁਰ ਅਵਤਾਰ ਤੇਰਾ ਲੇਖਾ ਗਏ ਲਿਖ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਆਦਿ ਜੁਗਾਦਿ ਧੁਰ ਦੇ ਪਿਤ, ਪਿਤਾ ਪਰਮੇਸ਼ਵਰ ਤੇਰੀ ਸਰਨਾਈਆ । ਨਿਰਗੁਣ ਸਰਗੁਣ ਕਰ ਹਿੱਤ, ਹਿਤਕਾਰੀ ਵੇਖ ਵਖਾਈਆ । ਧੁਰ ਦਾ ਲੇਖਾ ਦੇ ਲਿਖ, ਲਿਖਣਹਾਰ ਤੇਰੀ ਸਰਨਾਈਆ । ਜਨ ਭਗਤਾਂ ਪਾ ਭਿਖ, ਭਿਛਿਆ ਭਿਖਿਆ ਇਕੋ ਵਾਰ ਵਰਤਾਈਆ । ਲੇਖੇ ਲਾ ਆਪਣੇ ਰਿਤ, ਰਤੀ ਰਤ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦੇ ਉਠਾਈਆ । ਪੜਦਾ ਚੁੱਕ ਸਿਫ਼ਰਾ ਕਹੇ, ਪਾਰਬ੍ਰਹਮ ਤੇਰੀ ਸਰਨਾਈਆ । ਸਤਿ ਦਵਾਰੇ ਏਕਾ ਬਹੇ, ਆਪਣਾ ਬਲ ਧਰਾਈਆ । ਤੇਰਾ ਨਾਉਂ ਸਦਾ ਸਦ ਰਹੇ, ਜੁਗਾ ਜੁਗੰਤਰ ਤੇਰੀ ਵਡਿਆਈਆ । ਤੇਰਾ ਮਹਲ ਕਦੀ ਨਾ ਢਹੇ, ਜਿਸ ਘਰ ਵਸੇਂ ਆਸਣ ਲਾਈਆ । ਜੁਗ ਚੌਕੜੀ ਤੇਰਾ ਭੈ, ਭਉ ਵਿਚ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਸੰਦੇਸ਼ਾ ਗਏ ਕਹਿ, ਲੱਖ ਚੁਰਾਸੀ ਜੀਵ ਜੰਤ

ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਕਿਸੇ ਦੀ ਕਦੇ ਨਾ ਲਏ ਰਇ, ਜੋ ਕਰਨਾ ਕਰ ਵਖਾਈਆ । ਸਿਫ਼ਰਾ ਨੀਵਾਂ ਹੋ ਕੇ ਚਰਨੀਂ ਢਹਿ, ਬਿਨ ਏਕੇ ਤੇਰੀ ਕੁਲ ਨਜ਼ਰ ਕਿਸੇ ਨਾ ਆਈਆ । ਦੂਰ ਦੁਰਾਡੇ ਨੇੜੇ ਆ ਕੇ ਬਹਿ, ਹਰਿਜਨ ਤੇਰੇ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੂਆ ਕਹੇ ਆ ਮਿਲ ਇਕ, ਏਕੰਕਾਰ ਤੇਰੀ ਸਰਨਾਈਆ । ਮੇਰਾ ਲੇਖਾ ਫੇਰ ਲਿਖ, ਸਰਗੁਣ ਮਿਲੇ ਵਡਿਆਈਆ । ਕਰ ਪਿਆਰ ਸਾਚਾ ਹਿੱਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਦਵਾਰਿਉਂ ਮੰਗੀਏ ਭਿਖ, ਭਿਛਿਆ ਝੋਲੀ ਪਾਈਆ । ਤੂੰ ਸਾਹਿਬ ਆਦਿ ਜੁਗਾਦਿ ਜੁਗ ਚੌਕੜੀ ਸਰਗੁਣ ਸਾਰੇ ਲਏ ਜਿੱਤ, ਨਿਰਗੁਣ ਆਪਣਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਦੂਏ ਦੇਵੇ ਮਾਣ ਵਡਿਆਈਆ । ਦੂਏ ਦੇਵੇ ਮਾਣ ਸ੍ਰੀ ਭਗਵੰਤ, ਏਕੰਕਾਰ ਇਕ ਜਣਾਈਆ । ਦੂਏ ਤੇਰੇ ਅੱਗੇ ਬਣ ਕੇ ਬਣੇ ਅੰਕ, ਪੁਰਖ ਅਕਾਲ ਜੋੜ ਜੁੜਾਈਆ । ਵੀਹ ਤੋਂ ਇਕੀ ਬਣੇ ਬਣਤ, ਇਕੀਸ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਲੱਭ ਕੇ ਗੁਰਮੁਖ ਸੰਤ, ਸੱਜਣ ਸੁਹੇਲੇ ਅੰਗ ਰਖਾਈਆ । ਨਾਮ ਜਣਾਏ ਧੁਰ ਦਾ ਮੰਤ, ਮੰਤਰ ਇਕੋ ਇਕ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਇਕੀਆਂ ਬਣਾਏ ਸਾਚੀ ਸੰਗਤ, ਸੰਗ ਵਸੇ ਬੇਪਰਵਾਹੀਆ । ਸੰਗਤ ਚਾੜ੍ਹੇ ਸਾਚੀ ਰੰਗਤ, ਦੋ ਜਹਾਨ ਉਤਰ ਕਦੇ ਨਾ ਜਾਈਆ । ਦੂਜੇ ਦਰ ਜਾਣ ਨਾ ਦੇਵੇ ਮੰਗਤ, ਜਿਨ੍ਹਾਂ ਆਪਣਾ ਦਰਸ ਕਰਾਈਆ । ਹਰਿ ਕਾ ਭੇਵ ਕਿਸੇ ਨਾ ਪਾਇਆ ਪੰਡਤ, ਮੁਲਾਂ ਸ਼ੇਖ਼ ਕਹਿਣ ਕੋਇ ਨਾ ਪਾਈਆ । ਲੱਭ ਲੱਭ ਥੱਕੇ ਜੇਰਜ ਅੰਡਜ, ਉਤਭੁਜ ਸੇਤਜ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਏ ਏਕੇ ਏਕੇ ਦੂਏ ਦੋ ਇਕ ਕਰੇ ਕੁੜਮਾਈਆ । ਦੂਆ ਕਹੇ ਮੈਂ ਮੰਗੀ ਮੰਗ, ਏਕਾ ਨਜ਼ਰੀ ਆਇਆ । ਇਕ ਕਹੇ ਮੈਂ ਸੂਰਾ ਸਰਬੰਗ, ਦੂਏ ਤੇਰਾ ਜੋੜ ਜੁੜਾਇਆ । ਦੋਹਾਂ ਮਿਲ ਕੇ ਆਇਆ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਮਿਲ ਕੇ ਚੜ੍ਹਿਆ ਚੰਦ, ਬਿਨ ਚੰਦਾਂ ਜੋਤ ਚਮਕਾਇਆ । ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਆਪਣੇ ਨਾਮ ਸਮਝਾਇਆ । ਨਾਤਾ ਤੋੜ ਜਗਤ ਦੁਹਾਗਣ ਰੰਡ, ਕੰਤ ਕੰਤੂਹਲ ਮੇਲ ਮਿਲਾਇਆ । ਸਤਿ ਸੁਣਾ ਸੁਹਾਗੀ ਛੰਦ, ਸਾਚਾ ਢੋਲਾ ਰਾਗ ਅਲਾਇਆ । ਆਤਮ ਪਰਮਾਤਮ ਦੇ ਅਨੰਦ, ਮੰਗਲ ਇਕੋ ਇਕ ਸੁਣਾਇਆ । ਜੁਗ ਜਨਮ ਦੀ ਟੁੱਟੀ ਗੰਢ, ਧੁਰ ਦਾ ਮੇਲਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਇਆ । ਦੂਏ ਏਕੇ ਤੇਰੀ ਇਕੀ, ਵੀਹ ਸੌ ਚੌਦਾਂ ਬਿਕਰਮੀ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਬਣਾਏ ਸਾਚੀ ਸਿਖੀ, ਸਿਖਿਆ ਇਕੋ ਨਾਮ ਸਮਝਾਈਆ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਖੰਡਿਉਂ ਤਿਖੀ ਵਾਲੋਂ ਨਿੱਕੀ, ਆਪਣੇ ਵਿਚ ਛੁਪਾਈਆ । ਪੀਰ ਪੈਗ਼ੰਬਰ ਜਿਸ ਦੇ ਨਾਮ ਦੀ ਲਿਖ ਲਿਖ ਦੇਂਦੇ ਗਏ ਚਿਠੀ, ਬਣ ਚਿਠੀ ਰਸੈਣ ਫੇਰਾ ਪਾਈਆ । ਉਸ ਦੀ ਖੇਲ ਸਦਾ ਅਨਡਿਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਬਿਨ ਭਗਤਾਂ ਧਾਰ ਦਿਸੇ ਨਾ ਕਿਸੇ ਚਿਟੀ, ਕਾਲੀ ਕਮਲੀ ਸਭ ਦੇ ਸਿਰ ਤੇ ਓਢਣ ਨਜ਼ਰੀ ਆਈਆ । ਜਗਤ ਵਾਸਨਾ ਰਸ ਮਾਣੇ ਫਿੱਕੀ, ਅੰਮ੍ਰਿਤ ਧਾਰ ਨਾ ਕੋਇ ਜਣਾਈਆ । ਬਿਨ ਪੁਰਖ ਅਕਾਲ ਨਿਰਗੁਣ

ਸਰਗੁਣ ਹੋ ਕੋਈ ਨਾ ਬਣਾਏ ਧੁਰ ਦੀ ਇਕੀ, ਦੂਆ ਏਕਾ ਜੋੜ ਨਾ ਕੋਇ ਜੁੜਾਈਆ । ਸਾਹਿਬ ਸਤਿਗੁਰ ਦੀ ਸਾਚੀ ਇਕੀ, ਲੋਕਮਾਤ ਕਦੇ ਨਾ ਜਾਏ ਭਿੱਟੀ, ਜਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਕੀ ਤੇਰਾ ਸੁਣ ਕੇ ਹਾਲ, ਜਗਦੀਸ਼ ਤਾਜ ਅੱਖ ਖੁਲ੍ਹਾਈਆ । ਮੈਂ ਵੇਖਾਂ ਪ੍ਰਭ ਦਾ ਸਚ ਸਮਾਜ, ਜਿਸ ਦੀ ਬਣਤ ਆਪ ਬਣਾਈਆ । ਚਾਰ ਜੁਗ ਦਾ ਪਿਛਲਾ ਮੇਟ ਰਿਵਾਜ਼, ਮਾਰਗ ਇਕੋ ਇਕ ਸਮਝਾਈਆ । ਜਨ ਭਗਤਾਂ ਦੇ ਕੇ ਧੁਰ ਦਾ ਰਾਜ, ਖ਼ਾਲੀ ਝੋਲੀ ਨਾਮ ਧਰਾਈਆ । ਬਿਨ ਪੜਦਿਉਂ ਰੱਖ ਕੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਪ੍ਰਭ ਤੇਰੇ ਹੱਥ ਵਡਿਆਈਆ । ਤਾਜ ਕਹੇ ਪ੍ਰਭ ਮੈਂ ਸੋਹਾਂ ਤੇਰੇ ਸੀਸ, ਵਡ ਤੇਰੀ ਸ਼ਹਿਨਸ਼ਾਹੀਆ । ਤੇਰਾ ਨਾਉਂ ਆਦਿ ਜੁਗਾਦਿ ਜਗਦੀਸ਼, ਜਗਦੀਸ਼ਰ ਤੇਰੀ ਸਰਨਾਈਆ । ਤੇਰੀ ਕੋਈ ਨਾ ਕਰੇ ਰੀਸ, ਸਾਨੀ ਰੂਪ ਨਾ ਕੋਇ ਵਟਾਈਆ । ਤੇਰੇ ਦਰ ਤੇ ਮੰਗਾਂ ਭੀਖ, ਬਣ ਸੁਆਲੀ ਝੋਲੀ ਡਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਤੇਰੀ ਰੱਖੀ ਉਡੀਕ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਸੋ ਸਾਹਿਬ ਵਕਤ ਆਇਆ ਨਜ਼ਦੀਕ, ਦੂਆ ਸਿਫ਼ਰਾ ਵੇਖ ਵਖਾਈਆ । ਸਿਫ਼ਰੇ ਆਪਣੇ ਉਤੇ ਫੇਰ ਲੀਕ, ਤੇਰਾ ਏਕਾ ਲਿਆ ਬਣਾਈਆ । ਦੂਏ ਏਕੇ ਮਿਲ ਕੇ ਇਕੀ ਬਣੀ ਠੀਕ, ਜਿਸ ਇਕੀ ਵਿਚੋਂ ਠਾਕਰ ਨਜ਼ਰੀ ਆਈਆ । ਏਸ ਇਕੀ ਦੀ ਗੋਬਿੰਦ ਰੱਖ ਕੇ ਗਿਆ ਉਡੀਕ, ਦੂਰ ਦੁਰਾਡਾ ਨੈਣ ਉਠਾਈਆ । ਕਵਣ ਵੇਲਾ ਪ੍ਰਭ ਬੰਨ੍ਹੇ ਇਕ ਪ੍ਰੀਤ, ਸਚ ਪ੍ਰੀਤੀ ਲਏਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੀ ਲਾਜ ਅੰਤ ਰਖਾਈਆ । ਤਾਜ ਕਹੇ ਪ੍ਰਭ ਰੱਖੀਂ ਲਾਜ, ਤੇਰੇ ਅੱਗੇ ਅਰਜੋਈਆ । ਇਕ ਸੱਤ ਦਾ ਰਚ ਕੇ ਕਾਜ, ਵੀਹ ਸੌ ਸਤਾਰਾਂ ਬਿਕਰਮੀ ਤੇਰਾ ਧਿਆਨ ਲਗਾਈਆ । ਤਿੰਨ ਸਾਲ ਤਿੰਨਾਂ ਲੋਕਾਂ ਮਾਰਦਾ ਰਿਹਾ ਅਵਾਜ਼, ਚੌਥੇ ਸਾਲ ਚੌਥਾ ਪਦ ਵਖਾਈਆ । ਜਿਸ ਦਵਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਵਣ ਆਪਣੀ ਛੱਡ ਕੇ ਪਿਛਲੀ ਨਿਮਾਜ਼, ਸਜਦਾ ਸੀਸ ਇਕ ਝੁਕਾਈਆ । ਤੇਰਾ ਕਿਸੇ ਨਾ ਪਾਇਆ ਕੋਈ ਆਗਾਜ਼, ਤੇਰਾ ਭੇਵ ਕੋਇ ਨਾ ਪਾਈਆ । ਦੂਰੋਂ ਦੂਰੋਂ ਪ੍ਰਭ ਤੇਰੇ ਨਾਮ ਦੀ ਸੁਣਦੇ ਰਹੇ ਆਵਾਜ਼, ਸਚ ਸੰਦੇਸ਼ਾ ਇਕੋ ਇਕ ਜਣਾਈਆ । ਧੰਨ ਭਾਗ ਪਰਮ ਪੁਰਖ ਖੋਲ੍ਹੇ ਆਪਣਾ ਰਾਜ਼, ਪੜਦਾ ਉਹਲਾ ਇਕ ਚੁਕਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਭਗਤ ਭਗਵਾਨ ਸੱਦੇ ਆਪਣੇ ਪਾਸ, ਪਾਸਾ ਸਭ ਦਾ ਦਏ ਉਲਟਾਈਆ । ਦਰ ਤੇਰੇ ਰਲ ਮਿਲ ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਪੈਂਦੀ ਰਾਸ, ਕਵਣ ਬਿਧੇ ਭਗਤ ਭਗਵਾਨ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਝੋਲੀ ਡਾਹੀਆ । ਤਾਜ ਕਹੇ ਮੈਂ ਸਭ ਦਾ ਤਾਜ, ਬਿਨ ਮੇਰੇ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਇੰਦਾ । ਤਾਜ ਕਹੇ ਮੇਰੀ ਰਈਅਤ ਸਮਾਜ, ਸਮਗਰੀ ਇਕੋ ਇਕ ਵਖਾਇੰਦਾ । ਤਾਜ ਕਹੇ ਮੇਰੀ ਇਕ ਅਵਾਜ, ਦੋ ਜਹਾਨਾਂ ਸਾਹਿਬ ਸੁਣਾਇੰਦਾ । ਤਾਜ ਕਹੇ ਮੇਰਾ ਇਕੋ ਕਾਜ, ਹਰਿ ਕਰਤਾ ਆਪ ਕਰਾਇੰਦਾ । ਕਾਜ ਕਹੇ ਮੈਂ ਖੋਲ੍ਹਾਂ ਰਾਜ਼, ਪੜਦਾ ਉਹਲਾ ਆਪ ਉਠਾਇੰਦਾ । ਜਨ ਭਗਤੋ ਸਾਰੇ ਮੈਨੂੰ ਕਹੋ ਸ਼ਾਬਾਸ਼, ਜੋ ਤੁਹਾਡਾ ਸੰਗ ਨਿਭਾਇੰਦਾ । ਪੁਰਖ ਅਕਾਲ ਅੱਗੇ ਕਰਾਂ ਅਰਦਾਸ, ਅਰਜ਼ੋਈ ਇਕੋ ਇਕ ਸੁਣਾਇੰਦਾ । ਜਿਨ੍ਹਾਂ

ਦਾ ਲੇਖਾ ਮੇਰੇ ਉਤੇ ਲਿਖਿਆ ਖ਼ਾਸ, ਤੇਰੀ ਸ਼ਹਾਦਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਲ ਭੁਗਤਾਇੰਦਾ । ਮਾਝਾ ਮਾਲਵਾ ਦੁਆਬਾ ਜੰਮੂ ਵੇਖ ਵਸੇ ਆਸ ਪਾਸ, ਸਾਮ੍ਹਣੇ ਸਭ ਨੂੰ ਨਜ਼ਰੀ ਆਇੰਦਾ । ਇਕੋ ਇਕੀ ਤੇਰੀ ਖ਼ਾਸ, ਖ਼ਾਲਸ ਰੂਪ ਸਮਝਾਇੰਦਾ । ਪੰਜ ਪੰਜ ਇਨ੍ਹਾਂ ਵਿਚੋਂ ਕਰ ਦਾਸ, ਦਾਸੀ ਆਪਣਾ ਰਾਹ ਵਿਖਾਇੰਦਾ । ਛੱਬੀ ਪੋਹ ਤੇਰਾ ਵੇਖਾਂ ਖੇਲ ਤਮਾਸ਼, ਦਰ ਘਰ ਸਾਚਾ ਸੋਭਾ ਪਾਇੰਦਾ । ਇਕੀਵਾਂ ਰਲੇ ਇਕੋ ਸਾਥ, ਦੂਰ ਦੁਰਾਡਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਇਕੀ ਆਪ ਵਡਿਆਇੰਦਾ । ਸਾਚੀ ਇਕੀ ਪ੍ਰਭ ਤੇਰੀ ਏਕ, ਰਵਿਦਾਸ ਚਮਿਆਰ ਦਿੱਤੀ ਵਖਾਈਆ । ਛੱਬੀ ਪੋਹ ਖੋਲ੍ਹਣਾ ਭੇਤ, ਅਭੇਦ ਆਪ ਜਣਾਈਆ । ਇਕੀਆਂ ਕਰ ਕੇ ਸੱਚਾ ਹੇਤ, ਹਰਿਸੰਗਤ ਰੰਗ ਰੰਗਾਈਆ । ਸਭ ਦਾ ਦਾਤਾ ਨੇਤਨ ਨੇਤ, ਨੇਰਨ ਨੇਰ ਨਜ਼ਰੀ ਆਈਆ । ਇਕੋ ਮਿਹਰ ਨਜ਼ਰ ਸਭ ਨੂੰ ਲੈਣਾ ਵੇਖ, ਦੂਜੀ ਵੰਡ ਨਾ ਕੋਇ ਵੰਡਾਈਆ । ਪਰਮਾਤਮ ਪੁਰਖ ਦੱਸ ਅਗੰਮੀ ਖੇਡ, ਬਣ ਖਿਲਾਰੀ ਆਪ ਖਿਡਾਈਆ । ਜੇ ਕੋਈ ਲੱਭੇ ਹਰਿ ਦੀ ਰੇਖ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੀਸ ਤਾਜ ਦੇਵੇ ਮਾਣ ਵਡਿਆਈਆ । ਸੀਸ ਤਾਜ ਤੇਰਾ ਮੰਨਿਆ ਕਹਿਣਾ, ਸੋ ਸਾਹਿਬ ਆਪ ਜਣਾਈਆ । ਚੌਥੇ ਜੁਗ ਦੂਰ ਹੋ ਕੇ ਬਹਿਣਾ, ਨੇੜੇ ਰਹਿਣ ਕੋਇ ਨਾ ਪਾਈਆ । ਤੇਰੇ ਅੱਖਰਾਂ ਮੁੱਲ ਪੈਣਾ, ਕਰਤਾ ਕੀਮਤ ਆਪ ਚੁਕਾਈਆ । ਸੋਨਾ ਸਵਰਨ ਨਹੀਂ ਕੋਈ ਗਹਿਣਾ, ਜਨ ਭਗਤਾਂ ਬਣਤ ਬਣਾਈਆ । ਇਕੀਆਂ ਵਿਚੇ ਹਰਿ ਜੂ ਬਹਿਣਾ, ਬਹਿ ਬਹਿ ਖ਼ੁਸ਼ੀ ਮਨਾਈਆ । ਮਾਝਾ ਮਾਲਵਾ ਦੁਆਬਾ ਜੰਮੂ ਸਚ ਵਖਾਏ ਆਪਣੇ ਨੈਣਾਂ, ਨੈਣ ਆਪਣੇ ਨਾਲ ਮਿਲਾਈਆ । ਚਾਰ ਵਰਨ ਬਣਾਏ ਭਾਈ ਭੈਣਾਂ, ਸਚ ਸੈਣ ਇਕ ਸਮਝਾਈਆ । ਊਚ ਨੀਚ ਕੋਈ ਨਾ ਰਹਿਣਾ, ਰਾਉ ਰੰਕ ਨਾ ਕੋਇ ਵਡਿਆਈਆ । ਇਕੀਆਂ ਇਕੀਆਂ ਭਾਣਾ ਸਹਿਣਾ, ਭਾਵੀ ਦਰ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਇਕੀ ਕਰੇ ਪਰਵਾਨ, ਇਕੀ ਸਿਖੀ ਬਿਨ ਲੇਖ ਲਿਖੀ ਲੇਖੇ ਆਪਣੇ ਵਿਚ ਰਖਾਈਆ । ਦੋ ਇਕ ਜੁੜੀ ਜੋੜੀ, ਹਰਿ ਸਤਿਗੁਰ ਆਪ ਜੁੜਾਇੰਦਾ । ਆਪਣੇ ਹੱਥ ਪਕੜੀ ਡੋਰੀ, ਤੰਦ ਆਪਣੇ ਨਾਲ ਬੰਧਾਇੰਦਾ । ਵੇਖਣਹਾਰਾ ਅੰਧ ਘੋਰੀ, ਦੋ ਜਹਾਨਾਂ ਖੋਜ ਖੁਜਾਇੰਦਾ । ਜਿਨ੍ਹਾਂ ਗੋਬਿੰਦ ਚਾੜ੍ਹਿਆ ਮੌਤ ਘੋੜੀ, ਸੋ ਮੌਤ ਗੁਰਮੁਖਾਂ ਚਰਨਾਂ ਹੇਠ ਦਬਾਇੰਦਾ । ਖੇਲ ਕਰੇ ਆਪਣੀ ਦੋਹਰੀ, ਧਾਰ ਧਾਰ ਵਿਚੋਂ ਬਦਲਾਇੰਦਾ । ਗੋਬਿੰਦ ਸੁਤ ਕਰੇ ਮੋਹਰੀ, ਮੋਹਰ ਆਪਣਾ ਨਾਮ ਲਗਾਇੰਦਾ । ਅਮਰਜੀਤ ਸੁਰਜੀਤ ਜ਼ੋਰਾ ਜ਼ੋਰੀ, ਜ਼ਬਰਦਸਤ ਦਇਆ ਕਮਾਇੰਦਾ । ਬੰਤਾ ਸਿੰਘ ਵਸਤ ਦਿਤੀ ਕੋਰੀ, ਕਿਰਪਾਨਿਧ ਆਪ ਵਖਾਇੰਦਾ । ਬਚਨ ਸਿੰਘ ਨਾਲ ਨਾ ਕਰੇ ਚੋਰੀ, ਕੀਤੀ ਘਾਲ ਲੇਖੇ ਪਾਇੰਦਾ । ਮੰਗਲ ਸਿੰਘ ਪ੍ਰਭ ਗਿਆ ਬੌਹੜੀ, ਬੌਹੜ ਜਨਮ ਫੇਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣਾ ਰੰਗ ਰੰਗਾਇੰਦਾ । ਪੰਚਮ ਮਾਣ ਮਿਲੇ ਸਾਂਝਾ, ਹਰਿਸੰਗਤ ਅੱਗੇ ਅੱਗੇ ਰਖਾਈਆ । ਮਾਝੇ ਨਾਲ ਜੋੜ ਦੁਆਬਾ, ਦੁਆਬਾ ਮਾਝਾ ਰੂਪ ਵਟਾਈਆ । ਸਰਬ ਜੀਆਂ ਦਾ ਬਣ ਕੇ ਸਾਂਝਾ, ਸਾਂਝੀ ਵਾਰਤਾ ਇਕ ਵਖਾਈਆ । ਨਿਰਵੈਰ ਨਿਰੰਕਾਰ ਜਣਾਏ ਆਪਣਾ ਸਵਾਂਗਾ, ਸਵਾਂਗੀ ਆਪਣਾ ਸਵਾਂਗ ਰਚਾਈਆ ।


੬੯
੧੯

ਅਮਰੀਕ ਸਿੰਘ ਪੂਰੀ ਕਰੇ ਤਾਂਘਾ, ਪ੍ਰੀਤਮ ਸਿੰਘ ਗੋਦੀ ਗੋਦ ਸੁਹਾਈਆ । ਨਸੀਬ ਸਿੰਘ ਪਾਏ ਗਾਂਢਾ, ਲਾਲ ਸਿੰਘ ਚੰਦ ਚਮਕਾਈਆ । ਪਿਆਰਾ ਸਿੰਘ ਖੇਲ ਦੋਸਾਂਝਾ, ਲੇਖਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਦੇਵੇ ਮਾਣ ਵਡਿਆਈਆ । ਦੁਆਬੇ ਮਿਲੇ ਮਾਣ ਵਡਿਆਈ, ਹਰਿਸੰਗਤ ਖੇਲ ਖਿਲਾਇੰਦਾ । ਮਾਲਵੇ ਨਾਲ ਕਰੇ ਕੁੜਮਾਈ, ਭਗਤ ਭਗਵਾਨ ਨਾਤਾ ਜੋੜ ਜੁੜਾਇੰਦਾ । ਰਾਮ ਸਿੰਘ ਦਇਆ ਕਮਾਈ, ਕੇਹਰ ਸਿੰਘ ਅੰਗ ਲਗਾਇੰਦਾ । ਨਿਰੰਜਣ ਸਿੰਘ ਗਾਉਣਾ ਚਾਈਂ ਚਾਈਂ, ਜਾਗੀਰ ਸਿੰਘ ਜੋਗ ਵਖਾਇੰਦਾ । ਹਰਬੰਸ ਸਿੰਘ ਪਕੜੇ ਬਾਹੀਂ, ਕੁੱਲੀ ਕੱਖਾਂ ਸੋਭਾ ਪਾਇੰਦਾ । ਪੰਚ ਮਿਲਾਵਾ ਭਾਈ ਭਾਈ, ਦੂਈ ਦਵੈਤ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਮਾਲਵੇ ਮੇਲ ਕੀਤਾ ਕਰਤਾਰ, ਜੰਮੂ ਜੋੜ ਜੁੜਾਈਆ । ਬਾਲ ਅਵਸਥਾ ਦੇਵੇ ਤਾਰ, ਗੁਰਨਾਮ ਖ਼ੁਸ਼ੀ ਵਖਾਈਆ । ਦੇਵੀ ਸਿੰਘ ਦੇ ਆਧਾਰ, ਦੇਵਾ ਸਿੰਘ ਗੋਦ ਬਹਾਈਆ । ਪ੍ਰੇਮ ਸਿੰਘ ਕਰ ਪਿਆਰ, ਪੱਕੀ ਤਰਾਂ ਦਏ ਸਮਝਾਈਆ । ਰਾਮ ਚੰਦ ਸੇਵਾ ਲੱਗੀ ਵਿਚ ਸੰਸਾਰ, ਸਾਬਤ ਮਿਲਿਆ ਬੇਪਰਵਾਹੀਆ । ਪੰਜਾਂ ਦੇ ਇਕ ਆਧਾਰ, ਅੰਤਰ ਆਤਮ ਬੂਝ ਬੁਝਾਈਆ । ਹਰਿਸੰਗਤ ਸਾਚੀ ਦਏ ਵਖਾਲ, ਵਿਆਖਿਆ ਆਪਣੀ ਨਾਲ ਜਣਾਈਆ । ਇਕੀਆਂ ਏਕੋ ਲਏ ਭਾਲ, ਏਕੰਕਾਰ ਖੋਜ ਖੁਜਾਈਆ । ਜਸਵੰਤ ਸਿੰਘ ਲਏ ਉਠਾਲ, ਠੋਕਰ ਨਾਮ ਲਗਾਈਆ । ਨਿਰਗੁਣ ਸਰਗੁਣ ਬਣ ਦਲਾਲ, ਦਲਾਲੀ ਇਕੋ ਇਕ ਵਖਾਈਆ । ਸੰਮਤ ਪੰਦਰਾਂ ਦੇ ਸਾਚੇ ਲਾਲ, ਵੀਹ ਸੌ ਬਿਕਰਮੀ ਭੇਦ ਖੁਲ੍ਹਾਈਆ । ਪੰਦਰਾਂ ਕੱਤਕ ਜਿਨ੍ਹਾਂ ਨਿਭਾਈ ਨਾਲ, ਤਿਨ੍ਹਾਂ ਨਾਤਾ ਲਏ ਜੁੜਾਈਆ । ਸੀਸ ਦਸਤਾਰ ਬੰਨ੍ਹ ਲਾਲ, ਪੰਚਮ ਰੰਗ ਸੋਭਾ ਪਾਈਆ । ਸੂਹਾ ਵੇਖ ਵੇਖ ਹੋਏ ਨਿਹਾਲ, ਚਿੱਟੀ ਧਾਰ ਵੱਜੇ ਵਧਾਈਆ । ਪੀਲਾ ਕਰੇ ਆਪ ਪ੍ਰਿਤਪਾਲ, ਨੀਲਾ ਨੀਲ ਕੰਠ ਮਾਣ ਗੁਆਈਆ । ਕਾਲਾ ਸੂਸਾ ਮੇਟੇ ਕਾਲ, ਕਲਕਾਤੀ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੱਕੀ ਇੱਕੀ ਜੋੜ ਜੁੜਾਈਆ । ਇੱਕੀ ਅੱਗੇ ਇੱਕੀ ਪਿਛੇ, ਪਿਛਾ ਅੱਗਾ ਇਕੀਆਂ ਵਿਚ ਰਖਾਈਆ । ਇਕੀਆਂ ਅੰਦਰ ਆਪੇ ਭੱਜੇ, ਫਿਰੇ ਵਾਹੋ ਦਾਹੀਆ । ਜਿਧਰ ਵੇਖੋ ਗੁਰਮੁਖ ਸਜੇ, ਬੇਮੁਖ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਪੜਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਹਰਿਸੰਗਤ ਦਰਸ਼ਨ ਕਰ ਕਰ ਰੱਜੇ, ਵੇਖ ਹਰਿਸੰਗਤ ਸਤਿਗੁਰ ਖ਼ੁਸ਼ੀ ਮਨਾਈਆ । ਸ਼ਬਦ ਸਰੂਪੀ ਸਾਹਿਬ ਗੱਜੇ, ਗ਼ਜ਼ਲ ਢੋਲਾ ਰਾਗ ਤਰਜ਼ ਨਾਮ ਜਣਾਈਆ । ਮਾਝਾ ਮਾਲਵਾ ਦੁਆਬਾ ਜੰਮੂ ਬੱਧੇ, ਬੱਧੀ ਸਕੇ ਨਾ ਕੋਇ ਛੁਡਾਈਆ । ਬਿਨ ਮੱਕਿਉਂ ਕਾਅਬਿਉਂ ਕਰਾਏ ਹੱਜੇ, ਬਿਨ ਹੁਜਰਿਉਂ ਲਏ ਮਿਲਾਈਆ । ਮੰਦਰ ਮਸੀਤਾਂ ਵਿਚੋਂ ਬਾਹਰ ਕੱਢੇ, ਸਚ ਦਵਾਰਾ ਇਕ ਵਖਾਈਆ । ਸ਼ਿਵਦੁਆਲੇ ਮੱਠ ਛੱਡੇ, ਤੀਰਥ ਤੱਟ ਨਾ ਕੋਇ ਵਖਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਕੋਈ ਨਾ ਲੱਭੇ, ਸਤਿਗੁਰ ਸਾਖਿਆਤ ਆਪਣਾ ਦਰਸ ਕਰਾਈਆ । ਪ੍ਰੇਮ ਪ੍ਰੀਤੀ ਨਾਲ ਬੱਧੇ, ਮਧੁਰ ਰਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚੀ ਇੱਕੀ ਇੱਕੀ ਵਿਚ ਸਿੱਖੀ ਸਿੱਖੀ ਵਿਚ ਨਿੱਕੀ ਆਪਣੀ ਧਾਰ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਏ ਸੁਹੰਜਣੀ ਰੁੱਤ ਆਪਣੀ ਥਿਤੀ, ਜਿਸ ਥਿਤ ਸਰਗੁਣ ਨਿਰਗੁਣ ਨਜ਼ਰੀ ਆਈਆ ।

## ★ ੨ ਪੋਹ ੨੦੨੦ ਬਿਕਰਮੀ ਹਰਨਾਮ ਸਿੰਘ ਦੇ ਗ੍ਰਿਹਿ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ★

ਦੋ ਜਹਾਨ ਰਹੇ ਤੱਕ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਹੱਕ, ਝੋਲੀ ਨਿਰਗੁਣ ਅੱਗੇ ਡਾਹੀਆ । ਲੱਖ ਚੁਰਾਸੀ ਕਹੇ ਪੁਰਖ ਸਮਰਥ, ਜੀਵ ਜੰਤ ਰਹੇ ਦਿਲ ਲਾਈਆ । ਭਗਤ ਕਹਿਣ ਭਗਵਾਨ ਹਿਰਦੇ ਆ ਕੇ ਵਸ, ਦੂਰ ਦੁਰਾਡੇ ਸੱਚੇ ਮਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਰਹੇ ਨੱਸ, ਬਣ ਬਣ ਪਾਂਧੀ ਰਾਹੀਆ । ਸੰਤ ਸਾਜਣ ਚਰਨੀ ਰਹੇ ਢੱਠ, ਧੂੜੀ ਟਿੱਕਾ ਮਸਤਕ ਲਾਈਆ । ਮੁਰੀਦ ਮੁਰਸ਼ਦ ਹਾਲ ਰਹੇ ਦੱਸ, ਭੇਦ ਅਭੇਦਾ ਆਪ ਸਮਝਾਈਆ । ਗੁਰਮੁਖ ਗੁਰਸਿਖ ਨੇਤਰ ਖੋਲ੍ਹ ਵੇਖਣ ਅੱਖ, ਲੋਚਣ ਆਪਣਾ ਆਪ ਖੁਲ੍ਹਾਈਆ । ਧੁਰ ਦੀ ਦੇ ਵਸਤ ਸਾਡੇ ਹੱਥ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰੀ ਰੱਖ ਕੇ ਗਏ ਆਸ, ਆਸਾਵੰਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਧੁਰ ਦਾ ਵਰ, ਵਸਤ ਆਪਣੀ ਦਾਤ ਵਰਤਾਈਆ । ਦੋ ਜਹਾਨ ਰਹੇ ਝੁਕ, ਸਜਦਾ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਪੁਛ, ਦੋਏ ਜੋੜ ਵਾਸਤਾ ਪਾਈਆ । ਜੁਗ ਚੌਕੜੀ ਕਹਿਣ ਕਿਉਂ ਬੈਠਾ ਲੁਕ, ਨਿਰਗੁਣ ਆਪਣਾ ਮੁਖ ਛੁਪਾਈਆ । ਲੱਖ ਚੁਰਾਸੀ ਕਹੇ ਕਿਰਪਾ ਨਿਧਾਨ ਠਾਕਰ ਸੁਆਮੀ ਉਠ, ਬੇਨਜ਼ੀਰ ਆਪਣੀ ਦਇਆ ਕਮਾਈਆ । ਭਗਤ ਕਹਿਣ ਭਗਵਾਨ ਬਣਾ ਸਾਚੇ ਸੁਤ, ਪੂਤ ਸਪੂਤੇ ਗੋਦ ਬਹਾਈਆ । ਸੰਤ ਸਾਜਣ ਮੰਗਣ ਤੇਰੀ ਅਗੰਮੀ ਰੁੱਤ, ਰੁੱਤ ਬਸੰਤੀ ਇਕ ਮਹਿਕਾਈਆ । ਗੁਰਮੁਖ ਗੁਰਸਿਖ ਕਹਿਣ ਤੇਰੀ ਕਿਰਪਾ ਬਿਨ ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਜਗਤ ਵਖਾਈਆ । ਬਿਨ ਤੇਰੇ ਨਾਮ ਖ਼ਾਲੀ ਦਿਸੇ ਬੁੱਤ, ਪੰਜ ਤਤ ਨਾ ਕੋਇ ਵਡਿਆਈਆ । ਜਗਤ ਵਾਸਨਾ ਰਹੀ ਲੁੱਟ, ਲੁੱਟੀ ਸਰਬ ਲੋਕਾਈਆ । ਬੇਪਰਵਾਹ ਕਿਉਂ ਬੈਠਾ ਰੁੱਸ, ਘਰ ਘਰ ਵਿਚ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਧੁਰਦਰਗਾਹੀ ਆਪਣੀ ਦਇਆ ਕਮਾਈਆ । ਦੋ ਜਹਾਨ ਖੋਲ੍ਹਣ ਅੱਖ, ਚਰਨ ਕਵਲ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਧ ਮੁਕਾਵਣ ਨੱਸ ਨੱਸ, ਬਣ ਬਣ ਪਾਂਧੀ ਰਾਹੀਆ । ਲੱਖ ਚੁਰਾਸੀ ਜੀਵ ਜੰਤ ਇਕੋ ਮੰਗੇ ਤੇਰਾ ਰਸ, ਰਸ ਆਤਮ ਪਰਮਾਤਮ ਦੇ ਵਖਾਈਆ । ਭਗਤ ਭਗਵਾਨ ਗ੍ਰਿਹਿ ਮੰਦਰ ਮਹਲ ਅਟੱਲ ਨਿਹਚਲ ਜਾਣਾ ਵਸ, ਧਾਮ ਭੂਮਿਕਾ ਇਕੋ ਸੋਭਾ ਪਾਈਆ । ਸਚ ਸਰਨਾਈ ਠਾਕਰ ਰੱਖ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਸ੍ਰਿਸ਼ਟ ਸਬਾਈ ਦੇ ਇਕੋ ਮੱਤ, ਬ੍ਰਹਮ ਵਿਦਿਆ ਕਰ ਪੜ੍ਹਾਈਆ । ਬ੍ਰਹਿਮੰਡ ਖੰਡ ਲੋਕ ਪਰਲੋਕ ਪੁਰੀ ਲੋਅ ਆਕਾਸ਼ ਧਰਤ ਧਵਲ ਕੋਈ ਨਾ ਉਬਲੇ ਰੱਤ, ਰਤੀ ਰੱਤ ਨਾ ਕੋਇ ਤਪਾਈਆ । ਪਾਰਬ੍ਰਹਮ ਬ੍ਰਹਮ ਤੇਰਾ ਗਾਏ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਅਲਖ ਜਗਾਈਆ । ਦੋ ਜਹਾਨ ਕਹਿਣ ਪ੍ਰਭ ਠਾਕਰ ਸੁਆਮੀ, ਹੱਥ ਤੇਰੇ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਅੰਤਰਜਾਮੀ, ਘਟ ਘਟ ਵੇਖੇ ਬੇਪਰਵਾਹੀਆ । ਸੰਤ ਭਗਤ ਕਹਿਣ ਬੋਧ ਅਗਾਧ ਸ਼ਬਦ ਨਾਦ ਤੇਰੀ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਲੱਖ ਚੁਰਾਸੀ ਕਹੇ ਰਾਹ ਤੱਕੇ ਤੇਰਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਬੈਠੀ ਧਿਆਨ ਲਗਾਈਆ । ਪ੍ਰੇਮ ਪ੍ਰੀਤੀ ਕਹੇ ਤੇਰਾ ਅੰਮ੍ਰਿਤ



੭੧
੧੯

ਰਸ ਮਿਲੇ ਪਾਣੀ, ਸਰ ਸਰੋਵਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੱਥ ਤੇਰੇ ਵਡਿਆਈਆ । ਹੱਥ ਤੇਰੇ ਵਡਿਆਈ ਠਾਕਰ, ਪਾਰਬ੍ਰਹਮ ਤੇਰੀ ਸਰਨਾਈਆ । ਕਲਜੁਗ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਆਪਣਾ ਫੇਰਾ ਪਾਈਆ । ਸਚ ਕਰੇ ਨਾ ਕੋਈ ਆਦਲ, ਅਦਾਲਤ ਹੱਕ ਨਾ ਕੋਇ ਵਖਾਈਆ । ਚਾਰ ਕੁੰਟ ਅੰਧੇਰਾ ਬਾਦਲ, ਨੂਰੀ ਚੰਦ ਨਾ ਕੋਇ ਚਮਕਾਈਆ । ਸੰਤ ਸੁਹੇਲੇ ਬਿਨ ਤੇਰੇ ਹੋਏ ਪਾਗਲ, ਸਾਚੀ ਸੁੱਧ ਨਾ ਕੋਇ ਧਰਾਈਆ । ਤੇਰਾ ਲੇਖਾ ਪੜ੍ਹ ਪੜ੍ਹ ਥੱਕੇ ਉਤੇ ਕਾਗ਼ਜ਼, ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਸ੍ਰੀ ਭਗਵਾਨ ਜਿੰਨਾਂ ਚਿਰ ਨਾ ਹੋਇਓਂ ਹਾਜ਼ਰ, ਹਜ਼ਰਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਭ ਤੇਰਾ ਧਿਆਨ ਲਗਾਈਆ । ਹਾਜ਼ਰ ਹੋ ਹਰਿ ਮਿਹਰਵਾਨ, ਵਡ ਵੱਡੇ ਤੇਰੀ ਵਡਿਆਈਆ । ਜਨ ਭਗਤਾਂ ਦੇ ਦਰਸ ਦਾਨ, ਦੀਦ ਈਦ ਚੰਦ ਚਮਕਾਈਆ । ਮਹਿਬੂਬ ਮਿਲ ਸਚ ਘਰ ਆਣ, ਮੁਹੱਬਤ ਆਪਣੀ ਇਕ ਸਮਝਾਈਆ । ਮਹਲ ਅਟੱਲ ਸੋਹੇ ਮਕਾਨ, ਗ੍ਰਿਹ ਮੰਦਰ ਵੱਜੇ ਵਧਾਈਆ । ਦੀਪਕ ਜੋਤੀ ਜਗੇ ਸੱਚਾ ਭਾਨ, ਇਕੋ ਨੂਰ ਹੋਇ ਰੁਸ਼ਨਾਈਆ । ਸਚ ਸਿੰਘਾਸਣ ਬੈਠੇ ਆਣ, ਸੇਜ ਸੁਹੰਜਣੀ ਸੋਭਾ ਪਾਈਆ । ਨਜ਼ਰੀ ਆਏ ਇਕੋ ਕਾਹਨ, ਨੂਰ ਜਹੂਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਸੁਲਤਾਨ ਦਰ ਤੇਰਾ ਸੱਚਾ ਭਾਈਆ । ਸਾਹਿਬ ਸੁਲਤਾਨ ਠਾਕਰ ਮੀਤ, ਬੇਅੰਤ ਬੇਪਰਵਾਹੀਆ । ਬੋਧ ਅਗਾਧ ਸ਼ਬਦ ਅਨਾਦ ਧੁਰ ਸੁਣਾ ਇਕੋ ਗੀਤ, ਸੋਹਲਾ ਢੋਲਾ ਇਕੋ ਗਾਇਆ । ਚਰਨ ਕਵਲ ਉਪਰ ਧਵਲ ਆਤਮ ਮਵਲ ਦੇ ਪ੍ਰੀਤ, ਸਾਚੀ ਸਿਖਿਆ ਇਕ ਦ੍ਰਿੜਾਇਆ । ਦਿਵਸ ਰੈਣ ਘੜੀ ਪਲ ਅੱਠੇ ਪਹਿਰ ਵਸੇਂ ਚੀਤ, ਜਗਤ ਠਗੋਰੀ ਰੂਪ ਨਾ ਕੋਇ ਧਰਾਇਆ । ਮਿੱਤਰ ਪਿਆਰੇ ਠਾਂਡੇ ਦਰਬਾਰੇ ਨਜ਼ਰੀ ਆ ਹਸਤ ਕੀਟ, ਊਚ ਨੀਚ ਰਾਉ ਰੰਕ ਆਪਣਾ ਡੇਰਾ ਲਾਇਆ । ਦਰ ਦਰਵੇਸ਼ ਮੰਗਣ ਭੀਖ, ਭਿਛਿਆ ਭਿਖਤ ਝੋਲੀ ਦੇ ਭਰਾਇਆ । ਤ੍ਰੈਗੁਣ ਪੰਜ ਤਤ ਮਨ ਮੱਤ ਬੁੱਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਾਤੇ ਕਰ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਇਆ । ਸਤਿ ਦਰਬਾਰ ਹਰਿ ਨਿਰੰਕਾਰ ਕਿਰਪਾ ਧਾਰ ਜਨ ਭਗਤਾਂ ਕਰ ਆਪਣੀ ਰੀਝ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇਆ । ਆ ਵੇਖ ਕਾਇਆ ਮੰਦਰ ਅੰਦਰ ਲੰਘ ਦਲੀਜ, ਦਸਮ ਦੁਆਰੀ ਆਪਣਾ ਕੁੰਡਾ ਲਾਹਿਆ । ਤੇਰੀ ਉਡੀਕ ਰੱਖੀ ਠੀਕ, ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਗਏ ਸਮਝਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਸਹਿਜ ਸੁਆਮੀ ਦਿਆਲ ਵਸੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇਆ । ਕਰੇ ਖੇਲ ਸਦਾ ਅਨਡੀਠ, ਅਨਡਿਠੜੀ ਕਾਰ ਕਮਾਇਆ । ਜੁਗ ਚੌਕੜੀ ਸਦੀ ਸਦੀਵੀ ਗਈ ਬੀਤ, ਕਲਜੁਗ ਵੇਲਾ ਅੰਤਮ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਰੱਖਦੇ ਰਹੇ ਉਡੀਕ, ਸੰਮਤ ਸੰਮਤੀ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਨ ਭਗਤ ਤੇਰੀ ਓਟ ਤਕਾਇਆ । ਤੇਰੀ ਓਟ ਤੱਕੀ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਸੋ ਪੁਰਖ ਨਿਰੰਜਣ ਆ ਕੇ ਵੇਖ, ਹਰਿ ਪੁਰਖ ਨਿਰੰਜਣ ਫੇਰਾ ਪਾਈਆ । ਏਕੰਕਾਰ ਤੇਰੀ ਟੇਕ, ਆਦਿ ਨਿਰੰਜਣ ਤੇਰੀ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਲੇਖ, ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ

ਆਪਣਾ ਦੱਸ ਭੇਤ, ਕਾਇਆ ਮੰਦਰ ਅੰਦਰ ਵੜ ਆਪਣਾ ਪੜਦਾ ਲਾਹੀਆ । ਸਾਚੀ ਰੁੱਤ ਬਸੰਤੀ ਮੌਲੇ ਚੇਤ, ਫੁੱਲ ਫੁੱਲਵਾੜੀ ਇਕੋ ਇਕ ਮਹਿਕਾਈਆ । ਆਤਮ ਪਰਮਾਤਮ ਮਿਲ ਕੇ ਘਰ ਕਰ ਹੇਤ, ਚਿਰੀ ਵਿਛੁੰਨੇ ਆਪਣਾ ਮੇਲ ਮਿਲਾਈਆ । ਸੁਰਤ ਸੁਆਣੀ ਸ਼ਬਦ ਹਾਣੀ ਮਿਲ ਕੇ ਖੇਡ, ਘਰ ਸਾਚੇ ਵੱਜੇ ਵਧਾਈਆ । ਧੁਰ ਸੰਦੇਸ਼ਾ ਆਪਣਾ ਇਕੋ ਭੇਜ, ਜਗਤ ਵਿਕਾਰਾ ਭੱਜੇ ਵਾਹੋ ਦਾਹੀਆ । ਜੋਤੀ ਬਖ਼ਸ਼ ਨੂਰੀ ਤੇਜ, ਅੰਧ ਅੰਧੇਰ ਗੁਆਈਆ । ਬਣ ਸਖੀ ਗੁਰਮੁਖ ਮਾਨਣ ਤੇਰੀ ਸੇਜ, ਘਰ ਸਾਚੇ ਸੋਭਾ ਪਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਆ ਕੇ ਵੇਖ, ਬੇਪਹਿਚਾਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿਜਨ ਬੈਠੇ ਧਿਆਨ ਲਗਾਈਆ । ਧਿਆਨ ਲਗਾਇਣ ਤੇਰਾ ਪ੍ਰਭ, ਬੇਪਰਵਾਹ ਤੇਰੀ ਸਰਨਾਈਆ । ਬਿਨ ਤੇਰੀ ਕਿਰਪਾ ਕੋਈ ਨਾ ਸਕੇ ਲੱਭ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਲੱਭ ਲੱਭ ਥੱਕੀ ਲੋਕਾਈਆ । ਤੇਰੀ ਨਜ਼ਰ ਕਿਸੇ ਨਾ ਆਈ ਹੱਦ, ਹਦੂਦ ਸਕੇ ਨਾ ਕੋਇ ਸਮਝਾਈਆ । ਤੇਰਾ ਖੇਲ ਪੁਰਖ ਸਮਰਥ, ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਤੇਰਾ ਨਾਮ ਜਗਤ ਅੱਖਰਾਂ ਵਿਚ ਗਏ ਦੱਸ, ਨਿਸ਼ਅੱਖਰ ਦਰ ਤੇਰੇ ਝੋਲੀ ਪਾਈਆ । ਅੰਦਰ ਵੜ ਕੇ ਖੋਲ੍ਹ ਕੇ ਗਏ ਅੱਖ, ਨਿਜ ਨੇਤਰ ਪਰਦਾ ਲਾਹੀਆ । ਰਸਨਾ ਜਿਹਵਾ ਬੱਤੀ ਦੰਦ ਬੋਲ ਚਲਾਇਆ ਹੱਟ, ਬਣ ਵਣਜਾਰੇ ਜਗਤ ਕਾਰ ਕਮਾਈਆ । ਧੁਰ ਸੰਦੇਸ਼ਾ ਦੇ ਕੇ ਗਏ ਸੱਚ, ਸਤਿ ਸਤਿਵਾਦੀ ਤੇਰਾ ਰਾਹ ਜਣਾਈਆ । ਬਿਨ ਪੁਰਖ ਅਕਾਲ ਕੋਈ ਨਾ ਮਾਣੇ ਧੁਰ ਦਾ ਰਸ, ਰਸੀਆ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪੂਰੀ ਕਰ ਆਸ, ਆਸਾ ਤ੍ਰਿਸਨਾ ਤ੍ਰਿਖਾ ਦੇ ਬੁਝਾਈਆ । ਚਰਨ ਕਵਲ ਉਪਰ ਧਵਲ ਧਰਨੀ ਧਰਤ ਸਭ ਰੱਖ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਸਚ ਕਿਨਾਰਾ ਮਿਲੇ ਤੇਰਾ ਘਾਟ, ਪੱਤਣ ਮਿਲੇ ਸੱਚਾ ਮਾਹੀਆ । ਬੀਸ ਬੀਸੇ ਚੁੱਕੇ ਵਾਟ, ਪਾਂਧੀ ਆਪਣੇ ਪੰਧ ਮੁਕਾਈਆ । ਸ਼ਬਦ ਅਗੰਮੀ ਚਾੜ੍ਹ ਰਾਥ, ਬਣ ਰਥਵਾਹੀ ਸੇਵ ਕਮਾਈਆ । ਨਾਮ ਜੈਕਾਰਾ ਬੋਲ ਅਲੱਖ, ਅਲੱਖ ਅਲੱਖਣੇ ਇਕ ਅਲਖ ਜਗਾਈਆ । ਦਰ ਤੇਰੇ ਤੋਂ ਲੈਣਾ ਹੱਕ, ਹਕੀਕਤ ਆਪਣੀ ਮੰਗ ਮੰਗਾਈਆ । ਬੇਪਰਵਾਹ ਨਾ ਜਾਈਂ ਅੱਕ, ਖ਼ੁਸ਼ੀ ਗ਼ਮੀ ਵਿਚ ਵੰਡ ਨਾ ਕੋਇ ਵੰਡਾਈਆ । ਤੇਰਾ ਨਾਉਂ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਬੈਠੇ ਝੋਲੀ ਡਾਹੀਆ । ਝੋਲੀ ਡਾਹੀ ਕੰਨੀ ਖੋਲ੍ਹ, ਗੰਢ ਨਜ਼ਰ ਕੋਇ ਨਾ ਆਈਆ । ਕਿਰਪਾ ਕਰਕੇ ਤੋਲ ਤੋਲ, ਨਾਮ ਤਰਾਜੂ ਕੰਡਾ ਹੱਥ ਉਠਾਈਆ । ਹੱਬ ਵਸਤ ਤੇਰੇ ਕੋਲ, ਅਤੋਟ ਅਤੁਟ ਵਰਤਾਈਆ । ਤੇਰੇ ਸਦਕੇ ਰਹੀ ਅਡੋਲ, ਭਰਮੀ ਭਰਮ ਨਾ ਕੋਇ ਭੁਲਾਈਆ । ਦੂਰ ਦੁਰਾਡੇ ਵਸ ਕੋਲ, ਨੇਰਨ ਨੇਰਾ ਨਜ਼ਰੀ ਆਈਆ । ਨਾਨਕ ਗੋਬਿੰਦ ਕਰ ਕੇ ਗਿਆ ਕੌਲ, ਕਲਜੁਗ ਅੰਤਮ ਪੂਰਾ ਦੇ ਕਰਾਈਆ । ਕਲ ਕਲਕੀ ਆਵੇ ਉਪਰ ਧੌਲ, ਧਰਨੀ ਹੌਲਾ ਭਾਰ ਕਰਾਈਆ । ਆਤਮ ਪਰਮਾਤਮ ਨਿਝਰ ਰਸ ਅੰਮ੍ਰਿਤ ਜਨ ਭਗਤਾਂ ਦੇਵੇ ਸਾਚੀ ਪੌਲ, ਖੰਡਾ ਆਪਣਾ ਨਾਮ ਵਿਚ ਫਿਰਾਈਆ । ਸਚ ਪ੍ਰੀਤੀ ਮਿੱਠਾ ਰਸ ਦੇਵੇ ਵਿਚ ਘੋਲ, ਸ਼ੱਕਰ ਗੁੜ ਨਾ ਕੋਇ ਵਡਿਆਈਆ । ਕਾਇਆ ਅੰਦਰ ਜਾਏ ਮੌਲ, ਮੌਲਾ ਆਪਣੀ ਰੁੱਤ ਸੁਹਾਈਆ । ਉਲਟਾ ਕਰ ਕੇ ਨਾਭ ਕੌਲ, ਝਿਰਨਾ ਨਿਝਰ ਇਕ ਝਿਰਾਈਆ । ਸਚ ਸੰਦੇਸ਼ਾ

ਸੁਣਾਏ ਬੋਲ, ਅਨਹਦ ਨਾਦੀ ਰਾਗ ਅਲਾਈਆ । ਬੰਦ ਕਿਵਾੜਾ ਦੇਵੇ ਖੋਲ੍ਹ, ਪੜਦਾ ਉਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਬੀਸ ਬੀਸੇ ਤੇਰੀ ਆਸ ਰਖਾਈਆ । ਭਗਤ ਕਹਿਣ ਪ੍ਰਭ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਸਾਚੇ ਵਸ ਸਾਢੇ ਤਿੰਨ ਹੱਥ ਖੇੜੇ, ਪੰਜ ਤਤ ਮਿਲੇ ਵਡਿਆਈਆ । ਜਗਤ ਵਿਛੋੜਾ ਮਿਟਣ ਝੇੜੇ, ਝਗੜਾ ਰਹਿਣ ਕੋਇ ਨਾ ਪਾਈਆ । ਗੁਣ ਗਾਈਏ ਤੇਰੇ ਮੇਰੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਘਰ ਵਿਚ ਘਰ ਚਾਉ ਘਨੇਰੇ, ਵੱਜੇ ਤੇਰੇ ਨਾਮ ਵਧਾਈਆ । ਪ੍ਰੇਮ ਪ੍ਰੀਤੀ ਚੜ੍ਹੀਏ ਬੇੜੇ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਚ ਮਹਲ ਵਸੀਏ ਡੇਰੇ, ਜਿਥੇ ਸੂਰਜ ਚੰਦ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਕੋਈ ਨਾ ਘੇਰੇ, ਤ੍ਰੈਗੁਣ ਬੰਧਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਗੁਰਮੁਖ ਬੈਠੇ ਧਿਆਨ ਲਗਾਈਆ । ਗੁਰਮੁਖ ਧਿਆਨ ਲਗਾਇਣ ਤੇਰਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪ੍ਰਭ ਕਰ ਆਪਣੀ ਮਿਹਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਵਣ ਜਾਵਣ ਲੱਖ ਚੁਰਾਸੀ ਚੁੱਕੇ ਗੇੜਾ, ਜਮ ਕੀ ਫਾਸੀ ਰਹਿਣ ਨਾ ਪਾਈਆ । ਸਚ ਦਵਾਰ ਵੇਖੀਏ ਤੇਰਾ ਖੇੜਾ, ਜਿਸ ਦਵਾਰੇ ਬੈਠਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗ੍ਰਿਹ ਮੰਦਰ ਦੇ ਜਣਾਈਆ । ਗ੍ਰਿਹ ਮੰਦਰ ਦੱਸ ਭਗਵਾਨ, ਹਰਿ ਭਗਤ ਰਹੇ ਜਣਾਈਆ । ਕਵਣ ਝੁੱਲੇ ਸਚ ਨਿਸ਼ਾਨ, ਨਿਸ਼ਾਨਾ ਕਵਣ ਰੂਪ ਵਖਾਈਆ । ਕਵਣ ਮੰਦਰ ਸੋਹੇ ਮਕਾਨ, ਕਵਣ ਗ੍ਰਿਹ ਵੱਜੇ ਵਧਾਈਆ । ਕਵਣ ਸਿੰਘਾਸਣ ਬਹੇ ਆਣ, ਸੋਭਾਵੰਤ ਕਵਣ ਅਖਵਾਈਆ । ਕਵਣ ਅਬਿਨਾਸ਼ੀ ਪੁਰਖ ਨੌਜਵਾਨ, ਨਾ ਮਰੇ ਨਾ ਜਾਈਆ । ਕਵਣ ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਕਵਣ ਅਖਵਾਈਆ । ਕਵਣ ਹੁਕਮ ਦੇਵੇ ਹੁਕਮਰਾਨ, ਹੁਕਮੇ ਅੰਦਰ ਸਰਬ ਭਵਾਈਆ । ਕਵਣ ਨਿਰਗੁਣ ਸਰਗੁਣ ਕਰੇ ਪਰਵਾਨ, ਜੋਤੀ ਜਾਤਾ ਵਡ ਵਡਿਆਈਆ । ਕਵਣ ਭਗਤਾਂ ਦੇਵੇ ਦਾਨ, ਵਸਤ ਅਮੋਲਕ ਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਕਿਹਾ ਹੱਸ, ਜਨ ਭਗਤ ਆਪ ਜਣਾਈਆ । ਜੋ ਕੁਛ ਹੈ ਸੋ ਮੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਦੇਵਾਂ ਵਥ, ਨਿਤ ਨਵਿਤ ਵਰਤਾਈਆ । ਸਰਬ ਜੀਆਂ ਦਾ ਵੇਖਾਂ ਹੱਕ, ਹੱਕ ਹਕੀਕਤ ਖੋਜ ਖੁਜਾਈਆ । ਨਿਰਗੁਣ ਸਰਗੁਣ ਮਾਰਗ ਦੱਸ, ਗੁਰ ਅਵਤਾਰ ਕਰੀ ਪੜ੍ਹਾਈਆ । ਪੀਰ ਪੈਗ਼ੰਬਰ ਸਿਰ ਰੱਖ ਹੱਥ, ਕਲਮਾ ਨਬੀ ਰਸੂਲ ਜਣਾਈਆ । ਭਗਤ ਭਗਵਾਨ ਖੋਲ੍ਹ ਅੱਖ, ਆਖਰ ਆਪਣਾ ਮੇਲ ਮਿਲਾਈਆ । ਸੰਤ ਸੁਹੇਲੇ ਸੱਜਣ ਰੱਖ, ਰੱਛਿਆ ਕਰੇ ਥਾਉਂ ਥਾਈਂਆ । ਗੁਰਮੁਖਾਂ ਲੇਖੇ ਲਾਏ ਰਤ, ਰਤੀ ਰੱਤ ਆਪਣੇ ਰੰਗ ਰੰਗਾਈਆ । ਗੁਰਸਿਖ ਦੇਵੇ ਇਕੋ ਮਤ, ਗੁਰਮੱਤ ਸਚ ਦ੍ਰਿੜ੍ਹਾਈਆ । ਲੱਖ ਚੁਰਸੀ ਖੇੜਾ ਕਰੇ ਭੱਠ, ਜਗਤ ਭਠਿਆਰਾ ਰੂਪ ਵਟਾਈਆ । ਪਰਗਟ ਹੋ ਪੁਰਖ ਸਮਰਥ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਮਿਲਾਈਆ । ਜਨ ਭਗਤ ਮਿਲਾਵਾ ਕਰੇ ਆਪ, ਹੱਥ ਰੱਖੇ ਪ੍ਰਭੂ ਵਡਿਆਈਆ । ਜੁਗ ਜਨਮ ਦਾ ਮੇਟ ਸੰਤਾਪ, ਸੰਸਾ ਰੋਗ ਚੁਕਾਈਆ । ਆਤਮ ਪਰਮਾਤਮ ਦੱਸ ਕੇ ਜਾਪ, ਸੋਹੰ ਢੋਲਾ ਇਕ ਸਮਝਾਈਆ । ਪਤਤ ਪੁਨੀਤ

ਕਰ ਕੇ ਪਾਕ, ਪਵਿਤ ਆਪ ਸਮਝਾਈਆ । ਨਿਰਗੁਣ ਸਰਗੁਣ ਸੱਜਣ ਸਾਕ, ਸਗਲਾ ਸੰਗ ਵਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਦਏ ਤੁੜਾਈਆ । ਘਰ ਮੇਟ ਅੰਧੇਰੀ ਰਾਤ, ਨੂਰ ਚੰਦ ਜੋਤ ਕਰੇ ਰੁਸ਼ਨਾਈਆ । ਇਕੋ ਸਚ ਵਖਾਏ ਪਰਭਾਤ, ਸੰਧਿਆ ਨਜ਼ਰ ਕੋਇ ਨਾ ਆਈਆ । ਇਕੋ ਗੀਤ ਗੋਬਿੰਦ ਗਾਥ, ਰਾਗ ਇਕੋ ਇਕ ਸ਼ਨਵਾਈਆ । ਇਕ ਸੁਹੇਲਾ ਵਸੇ ਸਾਥ, ਨਰ ਨਰਾਇਣ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਪੁੱਛੇ ਵਾਤ, ਬੇਪਰਵਾਹ ਹੋਏ ਸਹਾਈਆ । ਜਨ ਭਗਤਾਂ ਮੇਲ ਮਿਲਾਏ ਖ਼ਾਸ, ਖ਼ਾਹਿਸ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਆਪਣੇ ਨਾਲ ਮਿਲਾਈਆ । ਹਰਿਜਨ ਮੇਲਾ ਸਚ ਦਰਬਾਰ, ਦਰ ਘਰ ਸਾਚਾ ਇਕ ਜਣਾਇੰਦਾ । ਕਲਜੁਗ ਅੰਤਮ ਕਰ ਪਿਆਰ, ਪਰੇਮ ਪ੍ਰੀਤੀ ਇਕ ਵਖਾਇੰਦਾ । ਸਾਚੀ ਰੀਤੀ ਸਿਰਜਣਹਾਰ, ਜਨ ਭਗਤਾਂ ਆਪ ਦ੍ਰਿੜਾਇੰਦਾ । ਮੰਦਰ ਮਸੀਤੀ ਨਜ਼ਰ ਨਾ ਆਏ ਹਰਿ ਨਿਰੰਕਾਰ, ਘਟ ਘਟ ਅੰਦਰ ਡੇਰਾ ਲਾਇੰਦਾ । ਨੇਤਰ ਖੋਲ੍ਹ ਵੇਖੋ ਕਿਵਾੜ, ਘਟ ਘਟ ਨਜ਼ਰੀ ਆਇੰਦਾ । ਗੁਰਮੁਖ ਲੱਭਣ ਨਾ ਜਾਏ ਕੋਈ ਵਿਚ ਉਜਾੜ, ਜੰਗਲ ਜੂਹ ਨਾ ਫੇਰਾ ਪਾਇੰਦਾ । ਕਰੇ ਪਰਕਾਸ਼ ਬਹੱਤਰ ਨਾੜ, ਕਾਇਆ ਬਾਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚੇ ਜਾਓ ਜਾਗ, ਹਰਿ ਜਾਗਰਤ ਜੋਤ ਜਗਾਈਆ । ਧੁਰਦਰਗਾਹੀ ਸੁਣ ਅਵਾਜ਼, ਨਿਰਗੁਣ ਆਪਣਾ ਵੇਸ ਵਟਾਈਆ । ਨਿਹਕਰਮੀ ਕਰੇ ਆਪਣਾ ਕਾਜ, ਸਚ ਕਰਨੀ ਦਏ ਸਮਝਾਈਆ । ਗ਼ਰੀਬ ਨਿਮਾਣਿਆਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਚਰਨ ਧੂੜ ਕਰਾਏ ੭੫
੧੬ ਮਜਨ ਮਾਘ, ਦੁਰਮਤ ਮੈਲ ਧਵਾਈਆ । ਸੁਰਤ ਸਵਾਣੀ ਸ਼ਬਦ ਮਿਲਾਵਾ ਕੰਤ ਸੁਹਾਗ, ਲਾਂਵ ਚੌਥੀ ਇਕੋ ਵਾਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਹੋਏ ਸਹਾਇਕ ਹਰਿ ਹਰਿ, ਹਰਿਜਨ ਦਇਆ ਕਮਾਇੰਦਾ । ਜਨਮ ਕਰਮ ਦਾ ਮੇਟ ਡਰ ਡਰ, ਭੈ ਭੌ ਸਰਬ ਚੁਕਾਇੰਦਾ । ਮਹਲ ਅਟੱਲ ਕਾਇਆ ਵੜ ਵੜ, ਸਚ ਸਿੰਘਾਸਣ ਵੇਖ ਵਖਾਇੰਦਾ । ਆਤਮ ਸੇਜਾ ਆਪਣੀ ਚੜ੍ਹ ਚੜ੍ਹ, ਸੋਭਾਵੰਤ ਸੋਭਾ ਪਾਇੰਦਾ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹ ਪੜ੍ਹ, ਸੋਹੰ ਰਾਗ ਇਕ ਸਮਝਾਇੰਦਾ । ਜਨ ਭਗਤਾਂ ਭਾਣਾ ਸਿਰ ਤੇ ਜਰ ਜਰ, ਸਾਚਾ ਮਾਰਗ ਇਕ ਵਖਾਇੰਦਾ । ਸੰਤਾਂ ਪਿਛੇ ਹਰਿ ਜੂ ਮਰ ਮਰ, ਮਰ ਜੀਵਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗੇ ਰੰਗ ਆਪ, ਰੰਗ ਚਲੂਲ ਇਕ ਚੜ੍ਹਾਈਆ । ਭਗਤ ਸੁਹੇਲਾ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਸਤਿ ਸੁਣਾਏ ਇਕੋ ਜਾਪ, ਪੂਜਾ ਸਿਮਰਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਦੇਵੇ ਮਾਣ, ਹਰਿ ਸਤਿਗੁਰ ਦਇਆ ਕਮਾਇੰਦਾ । ਕਲਜੁਗ ਅੰਤਮ ਲੱਭੇ ਆਣ, ਲੱਖ ਚੁਰਾਸੀ ਖੋਜ ਖੁਜਾਇੰਦਾ । ਸ਼ਬਦ ਅਗੰਮੀ ਮਾਰੇ ਬਾਣ, ਅਣਿਆਲਾ ਤੀਰ ਚਲਾਇੰਦਾ । ਆਤਮ ਪਰਮਾਤਮ ਦੇਵੇ ਪੀਣ ਖਾਣ, ਜਗਤ ਵਾਸਨਾ ਤ੍ਰਿਸਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨਜ਼ਰੀ ਆਇੰਦਾ । ਹਰਿਜਨ ਨਜ਼ਰੀ ਆਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਈਆ । ਕਰ ਕਿਰਪਾ

ਜਨਮ ਜਨਮ ਦਾ ਮੁਆਫ਼ ਕਰੇ ਕਸੂਰ, ਕਸਵੱਟੀ ਆਪਣਾ ਨਾਮ ਲਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮਿਹਰ ਨਜ਼ਰ ਨੈਣ ਉਠਾਈਆ । ਜਿਸ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਦਏ ਧੁਆਈਆ । ਆਤਮ ਦੇਵੇ ਇਕ ਸਰੂਰ, ਰਸ ਇਕੋ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਜਗਤ ਦਲਿਦਰ ਕਰੇ ਦੂਰ, ਦੁੱਖ ਨਜ਼ਰ ਕੋਇ ਨਾ ਆਈਆ । ਦੁੱਖ ਰੋਗ ਨਾ ਕੋਈ ਸੋਗ, ਚਿੰਤਾ ਰੰਗ ਨਾ ਕੋਇ ਵਖਾਈਆ । ਇਕੋ ਦੇਵੇ ਨਾਮ ਜੋਗ, ਸਾਚੀ ਜੁਗਤੀ ਆਪ ਸਮਝਾਈਆ । ਆਤਮ ਪਰਮਾਤਮ ਚੁਗਣੀ ਚੋਗ, ਸੋਹੰ ਹੰਸਾ ਮਾਣਕ ਮੋਤੀ ਆਪ ਸਮਝਾਈਆ । ਹੋ ਸੁਹੇਲਾ ਲੋਕ ਪਰਲੋਕ, ਦੋ ਜਹਾਨਾਂ ਸੰਗ ਨਿਭਾਈਆ । ਏਥੇ ਓਥੇ ਬਖ਼ਸ਼ੇ ਓਟ, ਓਟ ਅਕਾਲ ਇਕੋ ਆਪ ਜਣਾਈਆ । ਫੜ ਬਹਾਏ ਸਾਚੇ ਕੋਟ, ਸਚ ਦੁਆਰਾ ਦਏ ਵਖਾਈਆ । ਜਿਸ ਘਰ ਪਰਕਾਸ਼ ਇਕੋ ਨਿਰਮਲ ਜੋਤ, ਦੂਜਾ ਦੀਪ ਨਾ ਕੋਇ ਵਖਾਈਆ । ਜਨ ਭਗਤਾਂ ਨਾ ਜਣਾਏ ਕੋਈ ਮੁਕਤੀ ਮੋਖ, ਨਿਰਗੁਣ ਆਪਣੀ ਜੋਤ ਆਪਣੇ ਵਿਚ ਸਮਾਈਆ । ਜਿਸ ਦੁਆਰੇ ਕੋਈ ਨਾ ਸਕੇ ਪਹੁੰਚ, ਤਿਸ ਮੰਦਰ ਗੁਰਮੁਖ ਬੈਠਾ ਡੇਰਾ ਲਾਈਆ । ਜਗਤ ਵਿਦਿਆ ਕੋਈ ਨਾ ਸਕੇ ਸੋਚ, ਚੌਦਾਂ ਵਿਦਿਆ ਹੋਈ ਹਲਕਾਈਆ । ਪਾਰਬ੍ਰਹਮ ਪ੍ਰਭ ਜਨ ਭਗਤਾਂ ਮਿਲ ਕੇ ਮਾਣੇ ਮੌਜ, ਮੌਜੂਦਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਆਪ ਤਰਾਈਆ । ਡੁਬਦਾ ਬੇੜਾ ਦੇਵੇ ਤਾਰ, ਹਰਿ ਸਤਿਗੁਰ ਹੱਥ ਵਡਿਆਈਆ । ਪਾਰ ਕਿਨਾਰਾ ਸਤਿਗੁਰ ਵਿਚ ਸੰਸਾਰ, ਚਰਨ ਕਵਲ ਸਮਝਾਈਆ । ਸਾਹਿਬ ਸਤਿਗੁਰ ਨਿਮਸਕਾਰ, ਨਮੋ ਨਮੋ ਦ੍ਰਿੜਾਈਆ । ਭਰਮ ਭੁਲੇਖਾ ਕੂੜ ਨਿਵਾਰ, ਜਗਤ ਸੰਸਾ ਦਏ ਮਿਟਾਈਆ । ਸਦ ਹਮੇਸ਼ਾ ਪਾਸ ਰਹੇ ਸਿਰਜਣਹਾਰ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਪਾਈਆ । ਹਰਿਜਨ ਉਪਾਇਆ ਆਪ ਹਰਿ, ਹਰਿ ਮੰਦਰ ਦਏ ਵਡਿਆਈਆ । ਆਪਣੀ ਕਿਰਪਾ ਭਗਤ ਕਰ, ਭਗਤੀ ਰੰਗ ਚੜ੍ਹਾਈਆ । ਨਾਮ ਸ਼ਕਤੀ ਅੰਦਰ ਧਰ, ਕਾਇਆ ਬਸਤੀ ਆਪ ਵਖਾਈਆ । ਧੁਰ ਦਾ ਅੱਖਰ ਆਪੇ ਪੜ੍ਹ, ਢੋਲਾ ਰਾਗ ਸੁਣਾਈਆ । ਲੇਖਾ ਜਾਣ ਚੋਟੀ ਜੜ੍ਹ, ਮਧ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਉਤਰੇ ਪਾਰ ਕਿਨਾਰ, ਨਈਆ ਸਤਿਗੁਰ ਆਪ ਚਲਾਇੰਦਾ । ਸਚ ਦਵਾਰੇ ਦਏ ਬਹਾਲ, ਘਰ ਇਕੋ ਇਕ ਵਖਾਇੰਦਾ । ਲੱਗੀ ਪ੍ਰੀਤੀ ਨਿਭੇ ਨਾਲ, ਅੱਧ ਵਿਚਕਾਰ ਨਾ ਕੋਇ ਤੁੜਾਇੰਦਾ । ਇਕੋ ਲੇਖਾ ਸ਼ਾਹ ਕੰਗਾਲ, ਊਚ ਨੀਚ ਨਾ ਵੰਡ ਵੰਡਾਇੰਦਾ । ਕਲਜੁਗ ਅੰਤਮ ਆਪੇ ਭਾਲ, ਹਰਿਜਨ ਸਾਚੇ ਨਾਲ ਮਿਲਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਜਨਹਰਿ ਆਪਣੇ ਘਰ ਵਸਾਇੰਦਾ । ਹਰਿਜਨ ਵਸਣਾ ਘਰ ਇਕ, ਇਕੋ ਇਕ ਜਣਾਈਆ । ਹਰਿਜਨ ਮੰਦਰ ਵੇਖਣਾ ਇਕ, ਅੰਦਰੇ ਅੰਦਰ ਰੁਸ਼ਨਾਈਆ । ਹਰਿਜਨ ਮੰਨਣਾ ਪ੍ਰਭ ਇਕ, ਏਕੰਕਾਰ ਵੱਡੀ ਵਡਿਆਈਆ । ਹਰਿਜਨ ਮੰਗਣਾ ਦਾਨ ਇਕ, ਨਾਮ ਨਿਧਾਨਾ ਝੋਲੀ ਪਾਈਆ । ਹਰਿਜਨ ਮੰਗਣਾ ਗਿਆਨ ਇਕ, ਪ੍ਰਭ ਵੱਜੇ ਨਾਮ ਵਧਾਈਆ । ਹਰਿਜਨ ਮੰਗਣਾ ਇਸ਼ਨਾਨ ਇਕ, ਚਰਨ ਧੂੜੀ ਮਲ ਮਲ ਨੁਹਾਈਆ । ਹਰਿਜਨ ਮੰਗਣਾ ਧਿਆਨ ਇਕ, ਲਿਵ

ਅੰਤਰ ਆਤਮ ਲਾਈਆ । ਹਰਿਜਨ ਮੰਗਣਾ ਬਬਾਣ ਇਕ, ਗੁਰ ਸ਼ਬਦ ਲਏ ਚੜ੍ਹਾਈਆ । ਹਰਿਜਨ ਮੰਗਣਾ ਮਕਾਨ ਇਕ, ਪ੍ਰਭ ਚਰਨ ਮਿਲੇ ਸਰਨਾਈਆ । ਹਰਿਜਨ ਮਿਲਣਾ ਭਗਵਾਨ ਇਕ, ਜਿਸ ਮਿਲਿਆਂ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਅੰਗ ਲਗਾਈਆ । ਹਰਿਜਨ ਮੰਗਣ ਇਕੋ ਓਟ, ਦੂਜੀ ਆਸ ਨਾ ਕੋਇ ਰਖਾਈਆ । ਹਰਿਜਨ ਮੰਗਣ ਏਕਾ ਜੋਤ, ਜਿਸ ਜੋਤ ਜੋਤੀ ਨੂਰ ਦਿਤਾ ਉਪਾਈਆ । ਹਰਿਜਨ ਮੰਗਣ ਇਕੋ ਸੋਚ, ਸੋਚ ਪ੍ਰਭ ਧਿਆਨ ਲਗਾਈਆ । ਹਰਿਜਨ ਮੰਗਣ ਇਕੋ ਮੌਜ, ਸਤਿਗੁਰ ਗੋਦੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਰਿਜਨ ਮੰਗਣ ਏਕ ਭਿਖ, ਵਸਤ ਇਕ ਦ੍ਰਿੜਾਈਆ । ਹਰਿਜਨ ਮੰਗਣ ਇਕ ਸਿਖ, ਸਿਖਿਆ ਸਾਹਿਬ ਸਮਝਾਈਆ । ਹਰਿਜਨ ਮੰਗਣ ਇਕ ਦਿਸ, ਦਹਿ ਦਿਸ਼ਾ ਨਾ ਕੋਇ ਭਵਾਈਆ । ਹਰਿਜਨ ਮੰਗਣ ਇਕ ਥਿੱਤ, ਥਿੱਤੇ ਨਜ਼ਰ ਕਿਸੇ ਨਾ ਆਈਆ । ਹਰਿਜਨ ਮੰਗਣ ਪ੍ਰੀਤ ਨਿਤ, ਆਦਿ ਜੁਗਾਦਿ ਜੁਗ ਚੌਕੜੀ ਲੱਗੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਸੰਗ ਰਖਾਈਆ । ਹਰਿਜਨ ਮੰਗਣ ਇਕ ਆਸ, ਆਸਾ ਇਕ ਜਣਾਇੰਦਾ । ਹਰਿੰਜਨ ਮੰਗਣ ਇਕ ਪਿਆਸ, ਦਰਸ ਦਰਸੀ ਦਰਸ ਜਣਾਇੰਦਾ । ਹਰਿਜਨ ਮੰਗਣ ਇਕ ਰਾਸ, ਬਿਨ ਗੋਪੀ ਕਾਹਨ ਨਚਾਇੰਦਾ । ਹਰਿਜਨ ਮੰਗਣ ਇਕ ਜਾਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਹਰਿਜਨ ਮੰਗਣ ਇਕ ਪਰਭਾਤ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਹਰਿਜਨ ਮੰਗਣ ਇਕ ਸੁਗਾਤ, ਸੋ ਪੁਰਖ ਨਿਰੰਜਣ ਆਪਣੀ ਮਿਹਰ ਝੋਲੀ ਪਾਇੰਦਾ । ਹਰਿਜਨ ਮੰਗਣ ਚਰਨ ਪ੍ਰੀਤੀ ਸੱਚੀ ਦਾਤ, ਦਇਆਵਾਨ ਆਪ ਸਮਝਾਇੰਦਾ । ਜਿਸ ਮਿਲਿਆ ਏਥੇ ਓਥੇ ਬੱਝੇ ਨਾਤ, ਨਾਤਾ ਜਗਤ ਨਾ ਕੋਇ ਤੁੜਾਇੰਦਾ । ਕੋਝੀ ਕਮਲੀ ਕੁਲੱਖਣੀ ਲੇਖੇ ਲਾਏ ਨਾਰ ਕਮਜਾਤ, ਸੁਹਾਗਣ ਆਪਣੇ ਨਾਲ ਕਰਾਇੰਦਾ । ਉਤਮ ਕਰ ਕੇ ਮਾਤ ਜਾਤ, ਜਾਤ ਆਪਣੀ ਵਿਚ ਮਿਲਾਇੰਦਾ । ਜਿਸ ਦਾ ਲੇਖਾ ਲਿਖ ਲਿਖ ਦੱਸਦੀ ਰਹੀ ਕਲਮ ਦਵਾਤ, ਕਲਮਾ ਨਬੀ ਰਸੂਲ ਸਮਝਾਇੰਦਾ । ਸੋ ਸਾਹਿਬ ਕਿਰਪਾ ਕਰੇ ਆਪ, ਆਪ ਆਪਣੀ ਗੋਦ ਉਠਾਇੰਦਾ । ਹਰਿਜਨ ਬਣਾਏ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਚਾਰ ਜੁਗ ਦਾ ਭਵਿਖਤ ਵਾਕ, ਪ੍ਰਭ ਪੂਰਾ ਪੂਰ ਕਰਾਇੰਦਾ । ਜਨ ਭਗਤਾਂ ਦੇ ਕੇ ਸਾਥ, ਸੰਗੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੂਰੀ ਕਰੇ ਆਸ, ਆਪਣੀ ਆਸਾ ਜਨ ਭਗਤਾਂ ਵਿਚ ਟਿਕਾਇੰਦਾ ।

### ★ ੩ ਪੋਹ ੨੦੨੦ ਬਿਕਰਮੀ ਸਵਰਨ ਸਿੰਘ ਦੇ ਗ੍ਰਿਹਿ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ★

ਬੇਪਰਵਾਹ ਅਰਸ਼ੀ ਫ਼ਰਸ਼ੀ, ਬੇਪਹਿਚਾਨ ਦਇਆ ਕਮਾਇੰਦਾ । ਲੇਖਾ ਜਾਣੇ ਧਵਲ ਧਰਤੀ, ਧਰਨੀ ਧਰਮ ਵਖਾਇੰਦਾ । ਗੁਰਮੁਖ ਧਾਰ ਜੁਗ ਜੁਗ ਨਿਰਗੁਣ ਸਰਗੁਣ ਹੋ ਕੇ ਪਰਤੀ, ਪੁਤਲਾ ਪੰਜ ਤਤ ਵਖਾਇੰਦਾ । ਸਾਹਿਬ ਸਤਿਗੁਰ ਬਿਨ ਲੇਖੇ ਚੁੱਕਣ ਨਾ ਦੇਵੇ ਕਿਸੇ ਅਰਥੀ, ਅਥਵਾ ਆਪਣਾ ਰੰਗ ਰੰਗਾਇੰਦਾ । ਦੋ ਜਹਾਨ ਕਲਾ ਰੱਖੇ ਚੜ੍ਹਦੀ, ਕਲ ਆਪਣੀ ਨਾਲ ਰਲਾਇੰਦਾ । ਹਰਿਜਨ ਆਸਾ ਕਦੇ ਨਾ ਮਰਦੀ,

੭੮
੧੯

ਮਰ ਜੀਵਤ ਰੂਪ ਵਟਾਇੰਦਾ । ਸਚ ਦਵਾਰੇ ਘਰ ਸਾਹਿਬ ਵੜਦੀ, ਸਤਿ ਸਤਿਗੁਰ ਦਰਸ ਕਰਾਇੰਦਾ । ਜਿਨ੍ਹਾਂ ਠਾਕਰ ਬਣੇ ਦਰਦੀ, ਦਰਦੀਆਂ ਦਰਦ ਝੋਲੀ ਪਾਇੰਦਾ । ਨਾ ਕੋਈ ਜਾਣੇ ਆਰਜੂ ਅਰਜੀ, ਆਸ਼ਾ ਆਪਣੀ ਵੇਖ ਵਖਾਇੰਦਾ । ਪੁਰਖ ਅਕਾਲ ਖੇਲ ਨਹੀਂ ਫ਼ਰਜ਼ੀ, ਫ਼ਜ਼ਲ ਰਹਿਮਤ ਆਪ ਕਮਾਇੰਦਾ । ਪਾਟਾ ਚੀਥੜ ਸੀਵੇਂ ਦਰਜੀ, ਹੱਡ ਮਾਸ ਨਾੜੀ ਜੋੜ ਜੁੜਾਇੰਦਾ । ਨਾ ਮਕਰੂਜ ਨਾ ਦਿਸੇ ਕਰਜੀ, ਗਰਜ਼ ਆਪਣੀ ਭਗਤਾਂ ਨਾਲ ਰਖਾਇੰਦਾ । ਜਗਤ ਜਹਾਨ ਚਲੇ ਨਾ ਕਿਸੇ ਮਰਜ਼ੀ, ਰਾਹ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਗੁਰਮੁਖ ਆਸਾ ਰਹੀ ਕੂਕ, ਪੂਰਬ ਧਿਆਨ ਲਗਾਈਆ । ਤੁਧ ਬਿਨ ਚੁਕੇ ਨਾ ਕੋਇ ਚੂਕ, ਚੌਕੜੀ ਜੁਗ ਗਏ ਵਿਹਾਈਆ । ਕੋਟਨ ਵਾਰ ਤਨ ਕਾਇਆ ਮਾਟੀ ਦਿਤੀ ਫੂਕ, ਗੋਰ ਕਬਰ ਟਿਕਾਈਆ । ਕੋਟ ਵਾਰ ਜਨਮ ਅਜਨਮ ਖੇਲ ਖੇਲਿਆ ਪੰਜ ਭੂਤ, ਪੰਜ ਤਤ ਸੰਗ ਰਖਾਈਆ । ਤੁਧ ਬਿਨ ਕੋਇ ਨਾ ਬਣਾਏ ਸਾਚਾ ਪੂਤ, ਸਪੂਤ ਨਾਓਂ ਨਾ ਕੋਇ ਧਰਾਈਆ । ਆਸਾ ਤ੍ਰਿਸਨਾ ਮਿਟੇ ਨਾ ਕੋਈ ਭੂਖ, ਧੀਰਜ ਤ੍ਰਿਪਤ ਨਜ਼ਰ ਕੋਇ ਨਾ ਆਈਆ । ਫਿਰ ਫਿਰ ਵੇਖਿਆ ਚਾਰੇ ਕੂਟ, ਦਹਿ ਦਿਸ਼ਾ ਪੰਧ ਮੁਕਾਈਆ । ਬਿਨ ਸਤਿਗੁਰ ਨਾਤਾ ਦਿਸੇ ਝੂਠ, ਸਗਲਾ ਸੰਗ ਨਾ ਕੋਇ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰ ਗਏ ਕੂਚ, ਕੂਚਾ ਗਲੀ ਹੋਕਾ ਬ੍ਰਹਿਮੰਡ ਖੰਡ ਤੇਰਾ ਨਾਮ ਸੁਣਾਈਆ । ਬਿਨ ਤੇਰੀ ਕਿਰਪਾ ਸੂਚਮ ਮਿਲੀ ਨਾ ਕੋਈ ਸੂਚ, ਸੁੱਚੇ ਹੱਥ ਕਿਸੇ ਨਾ ਆਈਆ । ਜਗਤ ਹੰਕਾਰੀ ਉਚੇ ਲੰਮੇ ਅਧ ਮੂਚ, ਨਿਵਣ ਸੋ ਅੱਖਰ ਸਮਝ ਕੋਇ ਨਾ ਪਾਈਆ । ਚਰਨ ਕਵਲ ਧਰਨੀ ਧਵਲ ਤੇਰੇ ਕੋਇ ਨਾ ਜਾਏ ਝੁਕ, ਬਿਨ ਮਿਹਰ ਨਜ਼ਰ ਨਜ਼ਰ ਨਾ ਕੋਇ ਮਿਲਾਈਆ । ਕਰ ਕਿਰਪਾ ਪ੍ਰਭ ਲਿਆ ਪੁਛ, ਕਲਜੁਗ ਅੰਤਮ ਵੇਸ ਵਟਾਈਆ । ਜੁਗ ਦੁਆਪਰ ਜਿਸ ਲਿਆ ਚੁਕ, ਲੇਖਾ ਲੇਖ ਨਾ ਕੋਇ ਵਖਾਈਆ । ਤਿਸ ਦਾ ਦਾਣਾ ਪਾਣੀ ਜਗਤ ਰਿਹਾ ਮੁਕ, ਸਵਾਸ ਸਵਾਸ ਥੱਕੇ ਸੇਵ ਕਮਾਈਆ । ਤਿਸ ਉਪਰ ਕਿਰਪਾ ਕੀਤੀ ਤੁਠ, ਮਿਹਰ ਨਜ਼ਰ ਉਠਾਈਆ । ਫੜ ਬਾਹੋਂ ਉਜਲ ਕਰੇ ਮੁਖ, ਮੁਖ ਮੁਖ ਨਾਲ ਛੁਹਾਈਆ । ਪ੍ਰੇਮ ਪਿਆਰ ਦੀ ਸਾਚੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜਨਮ ਜਨਮ ਜਨਮ ਦਾ ਬੂਟਾ ਪਏ ਫੁਟ, ਪੱਤ ਡਾਲੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਹਿਬ ਸਤਿਗੁਰ ਪੋਹ ਤਿੰਨ ਲੋਕ ਤਿੰਨ ਸਲੋਕ ਤਿੰਨ ਬਿਨ ਤਿੰਨਾਂ ਤਿੰਨ ਵਡਿਆਈਆ ।

★ ੩ ਪੋਹ ੨੦੨੦ ਬਿਕਰਮੀ ਨਰਾਇਣ ਸਿੰਘ ਦੇ ਗ੍ਰਹਿ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ★

ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਉਪਰ ਧਰਤ ਦੇ ਵਡਿਆਈਆ । ਦਰ ਤੇਰੇ ਕੂਕ ਕਰਾਂ ਪੁਕਾਰ, ਸਚ ਸਚ ਸੁਣਾਈਆ । ਜੁਗ ਚੌਕੜੀ ਮਨਮੁਖਾਂ ਚੁੱਕਦੀ ਰਹੀ ਭਾਰ, ਆਪਣੇ ਕੰਧ ਉਠਾਈਆ । ਅਰਬੀ ਕਹੇ ਬਖ਼ਸ਼ਿਸ਼ ਕਰ ਬਖ਼ਸ਼ਣਹਾਰ, ਬਖ਼ਸ਼ੀਸ਼ ਤੇਰੇ ਹੱਥ ਨਜ਼ਰੀ ਆਈਆ । ਮੇਰਾ ਲੇਖਾ ਦੇ ਨਿਵਾਰ, ਬਿਨ ਲੇਖਿਓਂ ਲੇਖੇ ਪਾਈਆ । ਮੇਰਾ ਉਨ੍ਹਾਂ ਨਾਲ ਪਿਆਰ, ਜਿਹੜੇ ਤੈਨੂੰ ਗਏ ਭੁਲਾਈਆ । ਚੁੱਕ ਚੁੱਕ ਸੁੱਟਦੀ ਰਹੀ ਘਰੋਂ ਬਾਹਰ, ਮੜ੍ਹੀ ਗੋਰ ਟਿਕਾਈਆ । ਵੇਂਹਦੇ ਰਹਿਣ ਸੱਜਣ ਯਾਰ, ਭੈਣ ਭਾਈ ਸਰਬ ਲੋਕਾਈਆ । ਮੈਂ ਖੇਲ ਕਰਾਂ ਅਪਾਰ, ਆਪਣੀ

ਛਾਤੀ ਡਾਹੀਆ । ਜੋ ਮੇਰੀ ਛਾਤੀ ਉਤੇ ਮੇਰਾ ਚੜ੍ਹਿਆ ਯਾਰ, ਤਿਸ ਲੋਕਮਾਤ ਤਤ ਨਜ਼ਰ ਕੋਇ ਨਾ ਆਈਆ । ਗੋਬਿੰਦ ਕੋਲ ਮੈਂ ਕਰੀ ਪੁਕਾਰ, ਪਹਿਲੀ ਵਾਰ ਸੀਸ ਨਿਵਾਈਆ । ਜਿਸ ਵੇਲੇ ਉਚ ਪੀਰ ਬਣ ਕੇ ਚਾਰ ਬਣਾਏ ਕੁਹਾਰ, ਕੰਧ ਕੰਧ ਨਾਲ ਮਿਲਾਈਆ । ਮੈਂ ਕਿਹਾ ਤੂੰ ਸਾਂਝਾ ਯਾਰ, ਸਭ ਦਾ ਸਾਹਿਬ ਗੁਸਾਈਂਆ । ਮੇਰੇ ਉਤੇ ਸੁਤੋਂ ਪੈਰ ਪਸਾਰ, ਜੀਵਤ ਜੀਵਣ ਰੂਪ ਵਟਾਈਆ । ਮੇਰੇ ਔਗੁਣ ਅਵਗੁਣ ਬਖ਼ਸ਼ ਕਿਰਪਾ ਧਾਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮਿਹਰ ਨਜ਼ਰ ਉਠਾਈਆ । ਗੋਬਿੰਦ ਕਰ ਕੇ ਗਿਆ ਕੌਲ, ਇਕਰਾਰ ਮੇਰੇ ਨਾਲ ਰਖਾਈਆ । ਦੇਵਾਂ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਬੀਸ ਬੀਸੇ ਆਵਾਂ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਸਚ ਦੁਆਰਾ ਦੇਵਾਂ ਖੋਲ੍ਹ, ਦਰਵਾਜ਼ਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਭਗਤ ਵਿਰੋਲ, ਆਪ ਆਪਣੇ ਅੰਗ ਲਗਾਈਆ । ਤੇਰਾ ਪੂਰਾ ਕਰਾਂ ਬਚਨ ਬੋਲ, ਅਨਬੋਲਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਅਰਥੀ ਤੇਰਾ ਭਾਰ ਕਰੇ ਥੋੜਾ, ਥੋੜੀ ਥੋੜੀ ਵੰਡ ਵੰਡਾਇੰਦਾ । ਨੀਹਾਂ ਹੇਠ ਰੱਖ ਕੇ ਪੁੱਤਰ ਜੋੜਾ, ਜੋੜੀ ਆਪਣੇ ਰੰਗ ਰੰਗਾਇੰਦਾ । ਸ਼ਬਦ ਅਗੰਮੀ ਚੜ੍ਹ ਕੇ ਘੋੜਾ, ਧਰਤ ਧਵਲ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸੱਸੇ ਉਪਰ ਹੋੜਾ, ਹਾਹਾ ਟਿੱਪੀ ਮੇਲ ਮਿਲਾਇੰਦਾ । ਨਾਲ ਕਾਗ਼ਜ਼ ਰੱਖੇ ਕੋਰਾ, ਜਗਤ ਰੁਪਈਆ ਅੰਗ ਲਗਾਇੰਦਾ । ਕਰੇ ਖੇਲ ਅਵਰ ਕਾ ਹੋਰਾ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ,
੭੯ ਤੇਰਾ ਲੇਖਾ ਲੇਖੇ ਪਾਇੰਦਾ । ਸੁਣ ਅਰਥੀ ਕਰ ਧਿਆਨ, ਹਰਿ ਧਿਆਨੀ ਆਪ ਜਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਭਗਵਨ ੭੯
ਵੇਖ ਵਖਾਈਆ । ਤੇਰੇ ਉਤੇ ਬਾਲੇ ਸੌਣ ਨਿਧਾਨ, ਬਾਲੀ ਬੁੱਧ ਵੱਜੇ ਵਧਾਈਆ । ਜਿਸ ਗ੍ਰਿਹਿ ਤੇਰੀ ਅਰਥੀ ਪਹਿਲੀ ਵੇਰ ਰੱਖੇ ਆਣ, ਸਚ ਨਿਸ਼ਾਨ ਦਏ ਝੁਲਾਈਆ । ਸਾਢੇ ਤਿੰਨ ਹੱਥ ਮਕਾਨ, ਨੌ ਦਰ ਵੇਖੇ ਚਾਈਂ ਚਾਈਂਆ । ਜਨ ਭਗਤਾਂ ਕਰ ਪਰਵਾਨ, ਘਰ ਸਾਚੇ ਲਏ ਬਹਾਈਆ । ਖੇਲੇ ਖੇਲ ਨੌਜਵਾਨ, ਭੇਵ ਅਭੇਦਾ ਆਪ ਸਮਝਾਈਆ । ਬੀਸ ਬੀਸ ਕਰੇ ਪਰਵਾਨ, ਜਗਤ ਜਗਦੀਸ਼ ਖ਼ੁਸ਼ੀ ਮਨਾਈਆ । ਜਨ ਭਗਤਾਂ ਦੇ ਕੇ ਦਾਨ, ਜੀਵਣ ਜੀਵਣ ਵਿਚੋਂ ਬਦਲਾਈਆ । ਤੇਰੀ ਕਰੇ ਫੇਰ ਸੰਭਾਲ, ਸੰਬਲ ਤੇਰਾ ਪੰਧ ਕਰਾਈਆ । ਜੁਗ ਜੁਗ ਜੁਗ ਜੋ ਚੁੱਕਿਆ ਭਾਰ, ਜਨ ਭਗਤਾਂ ਨਾਲ ਹੌਲਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਤੇਰਾ ਲੇਖਾ ਲੇਖੇ ਲਾਈਆ । ਤੇਰਾ ਭਾਰ ਜਾਏ ਘਟ, ਘਾਟਾ ਸਤਿਗੁਰ ਪੂਰ ਕਰਾਇੰਦਾ । ਗੁਰਮੁਖ ਤੇਰੇ ਉਤੇ ਆਪਣਾ ਚਰਨ ਦਏ ਰੱਖ, ਖ਼ੁਸ਼ੀ ਖ਼ੁਸ਼ੀ ਨਾਲ ਟਿਕਾਇੰਦਾ । ਮਾਤ ਪਿਤ ਭਾਈ ਭੈਣ ਸੱਜਣ ਸੈਣ ਸਾਰੇ ਖ਼ੁਸ਼ੀ ਨਾਲ ਕਹਿਣ ਹੱਸ, ਵਾਹਵਾ ਗੁਰਮੁਖ ਆਪਣੇ ਘਰ ਜਾਇੰਦਾ । ਜਿਥੇ ਮਿਲੇ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਆਇੰਦਾ । ਪੰਜ ਤਤ ਲੱਤ ਬਾਂਹ ਨਾ ਕੋਈ ਹੱਥ, ਨੌ ਦਰ ਨਾ ਕੋਇ ਰਖਾਇੰਦਾ । ਬਿਨ ਅੱਖਾਂ ਮੇਲ ਕੇ ਆਪਣੇ ਅੱਖ, ਆਖਰ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਭ ਦਾ ਲਹਿਣਾ ਪੂਰ ਕਰਾਇੰਦਾ ।

★ ੩ ਪੋਹ ੨੦੨੦ ਬਿਕਰਮੀ ਅਜੀਤ ਸਿੰਘ ਦੇ ਗ੍ਰਿਹ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ★

ਧੰਨ ਭਾਗ ਪ੍ਰਭ ਦਿਤਾ ਦਿਲਾਸਾ, ਧੁਰ ਦੀ ਆਸ ਪੁਜਾਈਆ । ਖ਼ੁਸ਼ੀਆਂ ਨਾਲ ਮੇਰਾ ਨਿਕਲੇ ਹਾਸਾ, ਜਿਸ ਵੇਲੇ ਗੁਰਮੁਖ ਆਸਣ ਲਾਈਆ । ਉਤੇ ਸੌਂ ਬਦਲੇ ਕੋਈ ਨਾ ਪਾਸਾ, ਅੰਗੜਾਈ ਲਏ ਨਾ ਕੋਇ ਲੋਕਾਈਆ । ਸ੍ਰਿਸ਼ਟ ਸਬਾਈ ਸਦਾ ਮਨ ਰਹੇ ਉਦਾਸਾ, ਜੋ ਮੇਰੇ ਸੰਗ ਆਪਣਾ ਕਦਮ ਉਠਾਈਆ । ਸਾਰੇ ਕਹਿਣ ਪੈ ਗਿਆ ਘਾਟਾ, ਨੇਤਰ ਨੈਣਾਂ ਨੀਰ ਵਹਾਈਆ । ਸਨਬੰਧੀ ਕਹਿਣ ਟੁੱਟਾ ਸਾਕਾ, ਸੱਜਣ ਮੁਖ ਛੁਪਾਈਆ । ਧੀਆਂ ਪੁਤ ਕਹਿਣ ਵਿਛੜਿਆ ਮਾਪਾ, ਪਿਤਾ ਪੂਤ ਵੇਖ ਰਿਹਾ ਕੁਰਲਾਈਆ । ਸੁੰਞ ਮਸਾਣ ਧੂਅੰਧਾਰ ਮੇਰਾ ਅਹਾਤਾ, ਅਗਨ ਲਾਟ ਇਕੋ ਨਜ਼ਰੀ ਆਈਆ । ਮੈਂ ਕਹਿ ਕਹਿ ਥੱਕੀ ਮੇਰਾ ਕੋਈ ਨਾ ਸੁਣੇ ਸਾਕਾ, ਸਾਖੀ ਸਮਝੇ ਨਾ ਕੋਇ ਜੀਵ ਸ਼ੁਦਾਈਆ । ਜਿਸ ਉਪਜਾਈ ਸੋ ਲੈ ਕੇ ਚਲਿਆ ਦਾਤਾ, ਵਡ ਦਾਤਾਰ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾ ਪੀਰ ਪੈਗ਼ੰਬਰਾਂ ਦਾ ਕਿਸੇ ਨਾ ਮੰਨਿਆ ਆਖਾ, ਅਮਲ ਸਕੇ ਨਾ ਕੋਇ ਕਮਾਈਆ । ਗੋਬਿੰਦ ਆਪਣੇ ਅੰਗੀਠੇ ਉਤੇ ਮਾਰੀ ਝਾਕਾ, ਝਾਕੀ ਪੁਰਖ ਅਕਾਲ ਨਾਲ ਮਿਲਾਈਆ । ਹੱਡੀਆਂ ਬਾਲਣ ਨਾ ਕੋਈ ਸਾਥਾ, ਕਾਇਆ ਮਾਟੀ ਚੰਮ ਕੰਮ ਕਿਸੇ ਨਾ ਆਈਆ । ਕੋਈ ਹੂੰਝ ਨਾ ਸੁੱਟੇ ਤੀਰਥ ਤਾਟਾ, ਬਿਨ ਪੁਰਖ ਅਕਾਲ ਪਾਰ ਨਾ ਕੋਇ ਕਰਾਈਆ । ਜਿਸ ਗੁਰਮੁਖ ਅੰਮ੍ਰਿਤ ਪੀਤਾ ਮੇਰੇ ਬਾਟਾ, ਸੋ ਗੁਰਸਿਖ ਅੰਗੀਠਾ ਫੋਲ ਨਾ ਕੋਇ ਵਖਾਈਆ । ਸੁਣ ਕੇ ਬਚਨ ਜਗਤ ਅਰਥੀ ਨਿਕਲਿਆ ਹਾਸਾ, ਭੱਜੀ ਫਿਰੇ ਚਾਈਂ ਚਾਈਂਆ । ਸਾਹਿਬ ਸਤਿਗੁਰ ਦੱਸ ਅਗਲੀ ਬਾਤਾ, ਕਿਸ ਵੇਲੇ ਮਿਲੇ ਵਡਿਆਈਆ । ਗੋਬਿੰਦ ਕਹੇ ਪ੍ਰਭ ਆਏ ਮੇਰਾ ਪਿਤਾ ਮਾਤਾ, ਪਾਰਬ੍ਰਹਮ ਫੇਰਾ ਪਾਈਆ । ਜਨ ਭਗਤਾਂ ਮਨਾਵੇ ਆਪਣਾ ਆਖਾ, ਆਖਰ ਸਭ ਦਾ ਡੇਰਾ ਢਾਹੀਆ । ਹਰਿਜਨ ਹਰਿਭਗਤ ਹੋਏ ਨਾ ਕੋਇ ਉਦਾਸਾ, ਗ਼ਮੀ ਖ਼ੁਸ਼ੀ ਵਿਚ ਪਰਗਟਾਈਆ । ਤੇਰੀ ਵਸਤ ਪ੍ਰਭ ਤੇਰੇ ਪਾਸਾ, ਜਗਤ ਪਸਾਰਾ ਕੂੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਆਸਾ ਪੂਰ ਕਰਾਈਆ । ਅਰਥੀ ਕਹੇ ਦੱਸ ਸਾਚੀ ਰੀਤ, ਰੀਤੀਵਾਨ ਦਇਆ ਕਮਾਈਆ । ਕੀ ਮੇਰੇ ਨਾਲ ਚਲ ਗੌਣ ਤੇਰੇ ਗੀਤ, ਤੇਰਾ ਨਾਮ ਧਿਆਈਆ । ਮੈਨੂੰ ਤਸੱਲੀ ਨਾ ਆਵੇ ਠੀਕ, ਜੁਗ ਚੌਕੜੀ ਵੇਖੀ ਤੇਰੀ ਲੋਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਬੀਤ, ਵੇਲਾ ਅੰਤ ਰਿਹਾ ਕੁਰਲਾਈਆ । ਸ੍ਰੀ ਭਗਵਾਨ ਕਹੇ ਅਤੀਤ, ਸਤਿ ਸਤਿਗੁਰ ਆਪ ਜਣਾਈਆ । ਜਿਨ੍ਹਾਂ ਭਗਤਾਂ ਬਖ਼ਸ਼ਾਂ ਆਪਣੀ ਪ੍ਰੀਤ, ਸੋ ਮੇਰੇ ਦੁਆਰੇ ਆਵਣ ਚਾਈਂ ਚਾਈਂਆ । ਨੇਤਰ ਮੂੰਹੋਂ ਰਸਨਾ ਬੋਲ ਕੋਈ ਨਾ ਮਾਰੇ ਚੀਕ, ਬੌਹੜੀ ਬੌਹੜੀ ਨਾ ਕੋਇ ਸੁਣਾਈਆ । ਖ਼ੁਸ਼ੀਆਂ ਨਾਲ ਕਹਿਣ ਹਰਿ ਭਗਤ ਪ੍ਰਭ ਘਰ ਜਾਏ ਜਿਸ ਦੀ ਰੱਖੀ ਉਡੀਕ, ਸੋ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਸਭ ਦਾ ਲੇਖੇ ਲਾਈਆ ।

## ★ ੩ ਪੋਹ ੨੦੨੦ ਬਿਕਰਮੀ ਹਰਨਾਮ ਸਿੰਘ ਦੇ ਗ੍ਰਿਹ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ★

ਭਗਤ ਭਗਵਾਨ ਥਾਪਣ ਥਾਪ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਪਰਮਾਤਮ ਸੱਚਾ ਜਾਪ, ਬਿਨ ਰਸਨਾ ਜਿਹਵਾ ਬੱਤੀ ਦੰਦ ਸਮਝਾਇੰਦਾ । ਬੋਧ ਅਗਾਧਾ ਧੁਰ ਦਾ ਪਾਠ, ਸੋ ਸਾਹਿਬ ਆਪ ਸਮਝਾਇੰਦਾ । ਅੰਮ੍ਰਿਤ ਸਰੋਵਰ ਤੀਰਥ ਤਾਟ, ਘਰ ਕਿਨਾਰਾ ਇਕ ਦਰਸਾਇੰਦਾ । ਅੰਧ ਅੰਧੇਰ ਮਿਟਾਏ ਰਾਤ, ਜੋਤੀ ਨੂਰ ਚੰਦ ਚਮਕਾਇੰਦਾ । ਮੰਦਰ ਚੜ੍ਹ ਕੇ ਦੇਵੇ ਸਾਥ, ਘਰ ਘਰ ਵਿਚ ਵੇਖ ਵਖਾਇੰਦਾ । ਸਚ ਪ੍ਰੀਤੀ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੁਗ ਚੌਕੜੀ ਪੁਛੇ ਵਾਤ, ਨਿਤ ਨਵਿਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਇਕੋ ਰਾਹ ਦਰਸਾਇੰਦਾ । ਭਗਤ ਭਗਵਾਨ ਸਾਚਾ ਮੀਤ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਸਚ ਸੰਦੇਸ਼ ਸੁਣਾਏ ਗੀਤ, ਧੁਰ ਦਾ ਢੋਲਾ ਰਾਗ ਅਲਾਈਆ । ਧਾਮ ਵਖਾਏ ਇਕ ਅਣਡੀਠ, ਨਿਜ ਨੇਤਰ ਕਰ ਰੁਸ਼ਨਾਈਆ । ਤਤਵ ਤਤ ਕਰੇ ਸੀਤਲ ਸੀਤ, ਧਾਰ ਅੰਮ੍ਰਿਤ ਮੇਘ ਬਰਸਾਈਆ । ਲੇਖਾ ਤੋੜ ਮੰਦਰ ਮਸੀਤ, ਸਚ ਦੁਆਰ ਇਕੋ ਇਕ ਸਮਝਾਈਆ । ਜਿਸ ਗ੍ਰਿਹਿ ਸੁਆਮੀ ਸਤਿਗੁਰ ਮਿਲੇ ਸੱਜਣ ਅਤੀਤ, ਤ੍ਰੈਗੁਣ ਰੰਗ ਨਾ ਕੋਇ ਰੰਗਾਈਆ । ਆਦਿ ਜੁਗਾਦਿ ਨਾ ਹੋਏ ਪਲੀਤ, ਪਾਕ ਪਾਕੀ ਨਜ਼ਰੀ ਆਈਆ । ਕੌੜਾ ਕਰੇ ਮਿਠਾ ਰੀਠ, ਰਸ ਆਪਣਾ ਨਾਮ ਭਰਾਈਆ । ਸਚ ਦਵਾਰਿਉਂ ਦੇਵੇ ਭੀਖ, ਭਿਛਿਆ ਇਕੋ ਇਕ ਵਰਤਾਈਆ । ਜਨਮ ਜਨਮ ਜਿਸ ਦੀ ਰੱਖੀ ਉਡੀਕ, ਸੋ ਵੇਲਾ ਵਕਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤ ਸਦਾ ਸੁਹਾਈਆ । ਜਨ ਭਗਤ ਪ੍ਰਭ ਸਦਾ ਸੁਹੇਲਾ, ਆਦਿ ਜੁਗਾਦੀ ਦਇਆ ਕਮਾਇੰਦਾ । ਜੁਗ ਚੌਕੜੀ ਵੇਖੇ ਵੇਲਾ, ਥਿਤ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਖੇਲ ਖਿਲਾਇੰਦਾ । ਪੁਰਖ ਅਕਾਲ ਬਣ ਕੇ ਸੱਜਣ ਸੁਹੇਲਾ, ਸਤਿਗੁਰ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਮਿਹਰ ਨਜ਼ਰ ਕਰੇ ਕਰਤਾਰ, ਹਰਿ ਕਰਤਾ ਵੱਡ ਵਡਿਆਈਆ । ਧਰਨੀ ਧਰਤ ਧਵਲ ਪੈਜ ਦਏ ਸਵਾਰ, ਜਿਸ ਗ੍ਰਿਹਿ ਆਪਣਾ ਚਰਨ ਟਿਕਾਈਆ । ਮਾਨਸ ਮਾਨੁੱਖ ਮਾਨੁਸ਼ ਲਾਵੇ ਪਾਰ, ਮਾਨੁੱਖਤਾ ਆਪਣਾ ਭੇਵ ਸਮਝਾਈਆ । ਰੋਗ ਸੋਗ ਚਿੰਤਾ ਦੁੱਖ ਦਏ ਨਿਵਾਰ, ਭੂਤ ਪਰੇਤ ਜਿਨ੍ਹ ਖਬੀਸ ਡੇਰਾ ਢਾਹੀਆ । ਲੱਖ ਚੁਰਾਸੀ ਵਿਚੋਂ ਲਏਂ ਨਿਕਾਲ, ਫੜ ਬਾਹੋਂ ਗਲੇ ਲਗਾਈਆ । ਸਤਿਗੁਰ ਪੂਰਾ ਹੋਏ ਦਿਆਲ, ਦੀਨਨ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦੇਵੇ ਪਾਈਆ । ਭੂਤ ਪਰੇਤ ਨਾ ਕੋਈ ਜਿੰਨ, ਹਰਿ ਜਨਨੀ ਵੇਖ ਵਖਾਇੰਦਾ । ਲੇਖ ਚੁਕਾਏ ਲੋਕ ਤਿੰਨ, ਪਰਲੋਕ ਘਰ ਵਸਾਇੰਦਾ । ਕਿਰਪਾ ਕਰੇ ਠਾਕਰ ਛਿੰਨ, ਛਿੰਨ ਭੰਗਰ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਲਹਿਣਾ ਝੋਲੀ ਪਾਇੰਦਾ । ਲਹਿਣਾ ਝੋਲੀ ਪਾਏ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਅੰਤਰ ਆਤਮ ਨਾਮ ਬੀਜੇ ਸਾਚੇ ਵਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਨਾੜੀ ਨਾੜ ਨਾ ਉਬਲੇ ਰਤ, ਰਤੀ ਰਤ ਨਾ ਕੋਇ ਜਣਾਈਆ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੀ ਦਏ ਸਮਝਾਈਆ । ਲੇਖੇ

ਲਾਏ ਜਿਨ੍ਹਾਂ ਮਿਲੀ ਇਕੋ ਮੱਤ, ਸਤਿਗੁਰ ਮਤ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਸਗਲਾ ਸੰਗ ਵਖਾਈਆ । ਹਰਿਜਨ ਸੰਗ ਸਤਿਗੁਰ ਪਿਆਰਾ, ਦੂਜਾ ਨਜ਼ਰ ਕੋਇ ਨਾ ਆਈਆ । ਏਥੇ ਓਥੇ ਦਏ ਸਹਾਰਾ, ਸੀਸ ਜਗਦੀਸ਼ ਹੱਥ ਟਿਕਾਈਆ । ਸ਼ਬਦ ਗੁਰੂ ਯੋਧਾ ਸੂਰਬੀਰ ਬਲਕਾਰਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮਹਲ ਅਟੱਲ ਵਖਾਏ ਸਚਖੰਡ ਸੱਚਾ ਘਰ ਬਾਹਰਾ, ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਇਕੋ ਇਕ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਬਹੇ ਏਕੰਕਾਰਾ, ਅਕਲ ਕਲਧਾਰੀ ਆਪਣਾ ਡੇਰਾ ਲਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸਤਿ ਸਤਿ ਬੋਲ ਜੈਕਾਰਾ, ਸਤਿ ਸਤਿਵਾਦੀ ਹੁਕਮ ਵਰਤਾਈਆ । ਭਗਤ ਭਗਵੰਤ ਖੇਲ ਨਿਆਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਕੰਠ ਲਗਾਈਆ । ਹਰਿਜਨ ਕੰਠ ਲਗਾਏ ਠਾਕਰ, ਹਰਿ ਕਰਤਾ ਦਇਆ ਕਮਾਇੰਦਾ । ਪਾਰ ਕਰਾਏ ਜਗਤ ਸਾਗਰ, ਡੂੰਘੀ ਭਵਰ ਨਾ ਕੋਇ ਰੁੜ੍ਹਾਇੰਦਾ । ਦਰਗਾਹ ਸਾਚੀ ਦੇਵੇ ਆਦਰ, ਚਰਨ ਦੁਆਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੇ ਘਰ ਵਸਾਇੰਦਾ । ਸਾਚੇ ਘਰ ਵਸੇ ਜਨ ਸੱਜਣ, ਹਰਿ ਸਤਿਗੁਰ ਦਇਆ ਕਮਾਈਆ । ਪ੍ਰਭ ਮਿਲੇ ਦਰਦ ਦੁੱਖ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਏ ਅੰਜਣ, ਅਗਿਆਨ ਅੰਧੇਰ ਮਿਟਾਈਆ । ਸਾਚੇ ਤਾਲ ਸਚ ਦੁਆਰੇ ਵੱਜਣ, ਘਰ ਸਾਚੇ ਵੇਖੇ ਇਕ ਸ਼ਨਵਾਈਆ । ਦੀਨ ਦਿਆਲ ਪੜਦੇ ਕੱਜਣ, ਕਰਤਾ ਪੁਰਖ ਬੇਪਰਵਾਹੀਆ । ਪਿਛਲਾ ਲੇਖਾ ਗੁਰਮੁਖ ਛੱਡਣ, ਅੱਗੇ ਸਤਿਗੁਰ ਚਲਣ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਨ ਭਗਤਾਂ ਆਏ ਲੱਭਣ, ਰੂਪ ਅਨੂਪ ਆਪ ਧਰਾਈਆ । ਰੂਪ ਅਨੂਪ ਧਰੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਸੰਤ ਸੁਹੇਲੇ ਲੱਭੇ ਸੰਤ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਚ ਪਿਆਰ ਨਾਰ ਕੰਤ, ਆਤਮ ਪਰਮਾਤਮ ਆਪ ਬੰਧਾਇੰਦਾ । ਸੇਜ ਸੁਹੰਜਣੀ ਸੋਭਾਵੰਤ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਲੇਖ ਚੁਕਾਏ ਜਗਤ ਪੰਡਤ, ਬੋਧ ਅਗਾਧਾ ਹੁਕਮ ਸੁਣਾਇੰਦਾ । ਸਾਚੀ ਸਖੀਆਂ ਜਣਾਏ ਸਾਚੀ ਸੰਗਤ, ਸੰਗ ਸੋਹਣਾ ਆਪ ਵਖਾਇੰਦਾ । ਮਾਣਸ ਜਨਮ ਨਾ ਹੋਵੇ ਭੰਗਤ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਦਬਾਇੰਦਾ । ਭਗਤ ਭਗਵਾਨ ਅੰਤਮ ਮੇਲੇ ਆਪਣੇ ਨਾਲ ਅੰਤ, ਜੋਤੀ ਜੋਤ ਵਿਚ ਰਲਾਇੰਦਾ । ਸਚ ਧਾਮ ਸਚ ਦੁਆਰਾ ਸਚਖੰਡ ਸੋਭਾਵੰਤ, ਥਿਰ ਘਰ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਲੱਖ ਚੁਰਾਸੀ ਕੱਟੇ ਫਾਸੀ, ਭੂਤ ਪਰੇਤ ਕੁਲ ਵਿਨਾਸੀ, ਉਦਾਸੀ ਹਰਿਜਨ ਆਪ ਮਿਟਾਇੰਦਾ ।

## ★ ੩ ਪੋਹ ੨੦੨੦ ਬਿਕਰਮੀ ਦਰਸ਼ਨ ਸਿੰਘ ਦੇ ਗ੍ਰਿਹਿ ਦਰਗਾ ਪੁਰ ★

ਕਰੇ ਪੁਕਾਰ ਜੀਵ ਆਤਮ, ਬਿਨ ਨੈਣਾਂ ਨੀਰ ਵਹਾਈਆ । ਕਿਰਪਾ ਕਰ ਪਰਮ ਪਰਮਾਤਮ, ਪਾਰਬ੍ਰਹਮ ਤੇਰੀ ਸਰਨਾਈਆ । ਦਰਸ਼ਨ ਦੇ ਜਲਵਾ ਨੂਰ ਬਾਤਨ, ਬਾਹਰ ਮਿਲੇ ਨਾ ਕੋਇ ਵਡਿਆਈਆ । ਕਾਇਆ ਮੰਦਰ ਅੰਦਰ ਬਣ ਸਾਥਨ, ਨਿਰਗੁਣ ਸਗਲਾ ਸੰਗ ਨਿਭਾਈਆ । ਬੋਧ ਅਗਾਧ ਸ਼ਬਦ ਅਗੰਮੀ ਦੱਸ ਗਾਥਨ, ਕਲਮਾ ਇਕੋ ਇਕ ਸਮਝਾਈਆ । ਭੂਮਿਕਾ ਵਖਾ ਸਚ ਸਿੰਘਾਸਣ, ਧਾਮ ਸਾਚਾ ਨਜ਼ਰੀ ਆਈਆ । ਸਾਚੇ ਮੰਡਲ ਪਾ ਰਾਸਨ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਲੱਖ ਚੁਰਾਸੀ ਭਰੀ ਤੇਰੀ ਰੱਖ ਕੇ ਆਸਨ, ਅੰਡਜ ਜੇਰਜ ਉਤਭੁਜ ਸੇਤਜ ਫੇਰਾ ਪਾਈਆ । ਤੇਰੀ ਹੱਥ ਨਾ ਆਈ ਮੈਨੂੰ ਜਾਤਨ, ਜਾਤ ਪਾਤ ਵੇਖੀ ਜਗਤ ਲੜਾਈਆ । ਰਸਨਾ ਜਿਹਵਾ ਬੱਤੀ ਦੰਦ ਨਿਰਗੁਣ ਸਰਗੁਣ ਗੌਂਦੇ ਤੇਰਾ ਭਾਸ਼ਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਦਏ ਦੁਹਾਈਆ । ਭਗਤ ਸੰਤ ਗੁਰਮੁਖ ਸੱਜਣ ਸਾਰੇ ਆਖਣ, ਪਰਮ ਪੁਰਖ ਪ੍ਰਭ ਦਾਤਾ ਇਕੋ ਬੇਪਰਵਾਹੀਆ । ਚਰਨ ਕਵਲ ਬੰਨ੍ਹੇ ਆਪਣਾ ਨਾਤਨ, ਨਾਤਾ ਬਿਧਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਉਣਾ ਆਪਣਾ ਘਰ, ਘਰ ਘਰ ਵਿਚ ਪੜਦਾ ਲਾਹੀਆ । ਆਤਮ ਕਹੇ ਪਰਮਾਤਮ ਮੀਤ, ਪ੍ਰਭ ਤੇਰਾ ਰਾਹ ਤਕਾਈਆ । ਸਚ ਸੁਆਮੀ ਸਾਹਿਬ ਅਤੀਤ, ਘਰ ਆਉਣਾ ਚਾਈਂ ਚਾਈਂਆ । ਸੋਹੰ ਢੋਲਾ ਤੇਰਾ ਗਾਵਾਂ ਗੀਤ, ਮੰਦਰ ਮਸੀਤ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ ਧੁਰ ਦੀ ਰੀਤ, ਦੂਜਾ ਰਾਹ ਨਾ ਕੋਇ ਚਲਾਈਆ । ਮੰਦਰ ਦੱਸ ਇਕ ਅਣਡੀਠ, ਜਿਸ ਗ੍ਰਿਹਿ ਬੈਠਾ ਡੇਰਾ ਲਾਈਆ । ਕਰਵਟ ਲੈ ਬਦਲ ਲੈ ਪੀਠ, ਸਨਮੁਖ ਨੂਰ ਨੁਰਾਨਾ ਦੇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਹੋਂ ਵਿਛੁੰਨੀ ਦਏ ਦੁਹਾਈਆ । ਆਤਮ ਕਹੇ ਪ੍ਰਭ ਮੇਰੇ ਠਾਕਰ, ਹੱਥ ਤੇਰੇ ਵਡਿਆਈਆ । ਪਰਮਾਤਮ ਤੇਰਾ ਡੂੰਘਾ ਸਾਗਰ, ਗਹਿਰ ਗੰਭੀਰ ਭੇਵ ਕੋਇ ਨਾ ਪਾਈਆ । ਜੁਗ ਚੌਕੜੀ ਬਣੀ ਰਹੀ ਸੌਦਾਗਰ, ਲੱਖ ਚੁਰਾਸੀ ਵਣਜ ਹੱਟ ਚਲਾਈਆ । ਤੇਰਾ ਰੂਪ ਨਜ਼ਰ ਨਾ ਆਇਆ ਇਕ ਇਕਾਗਰ, ਸਤਿ ਸਰੂਪ ਨਾ ਕੋਇ ਦਰਸਾਈਆ । ਭੇਵ ਖੋਲ੍ਹੇ ਨਾ ਤੇਰਾ ਕੋਇ ਪੁਰਖ ਅਬਿਨਾਸ਼ਨ, ਅਬਿਨਾਸ਼ੀ ਤੇਰੀ ਧਾਰ ਨਾ ਕੋਇ ਜਣਾਈਆ । ਵੇਖ ਥੱਕੀ ਪ੍ਰਿਥਮੀ ਅਕਾਸ਼ਨ, ਗਗਨ ਮੰਡਲ ਪੁਰੀ ਲੋਅ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਸਮਲ ਹੋ ਕੇ ਸਾਰੇ ਆਖਣ, ਦਾਤਾ ਕਰਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਭੀਖ ਮੰਗ ਮੰਗਾਈਆ । ਮੰਗੇ ਭੀਖ ਆਤਮ ਗੁਰਮੁਖ, ਗੁਰ ਗੁਰ ਦਇਆ ਕਮਾਈਆ । ਜਨਮ ਕਰਮ ਦੀ ਮੇਟ ਭੁੱਖ, ਤ੍ਰਿਸਨਾ ਰੋਗ ਚੁਕਾਈਆ । ਦਰਸ ਦਿਖਾ ਨਿਰਗੁਣ ਸਨਮੁਖ, ਜੋਤੀ ਜੋਤ ਜੋਤ ਰੁਸ਼ਨਾਈਆ । ਜਗਤ ਵਿਕਾਰਾ ਫੜ ਕੇ ਕੁੱਟ, ਸ਼ਬਦ ਖੰਡਾ ਹੱਥ ਵਿਖਾਈਆ । ਦਰ ਦੁਆਰੇ ਆ ਕੇ ਪੁੱਛ, ਦੂਰ ਦੁਰਾਡੇ ਸੱਚੇ ਮਾਹੀਆ । ਤੇਰੇ ਚਰਨ ਕਵਲ ਜਾਵਾਂ ਝੁਕ, ਬੰਦਨਾ ਡੰਡੌਤ ਸੀਸ ਜਗਦੀਸ਼ ਇਕ ਨਿਵਾਈਆ । ਮਿਹਰਵਾਨ ਕਿਉਂ ਬੈਠਾ ਚੁੱਪ, ਨਿਰਗੁਣ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਬਿਨ ਮਸਤਕ ਲੇਖ ਲਿਖਾਈਆ । ਗੁਰਮੁਖ ਆਤਮ ਰਹੀ ਰੋ, ਬਿਨ ਨੈਣਾਂ ਨੀਰ ਵਹਾਈਆ ।

ਤੇਰੀ ਕੋਈ ਨਾ ਦੇਵੇ ਸੋ, ਕਲਜੁਗ ਭਰਮੇ ਭੁੱਲੀ ਸਰਬ ਲੋਕਾਈਆ । ਅੰਮ੍ਰਿਤ ਅੰਮਿਉਂ ਰਸ ਕੋਈ ਨਾ ਦੇਵੇ ਚੋਅ, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਸਚ ਪਰਕਾਸ਼ ਕਰੇ ਕੋਈ ਨਾ ਲੋਅ, ਚਾਰੋਂ ਕੁੰਟ ਅੰਧੇਰਾ ਛਾਈਆ । ਜੀਵ ਜੰਤ ਸਾਧ ਸੰਤ ਆਪਣੀ ਕਰਨੀ ਗਏ ਖੋਹ, ਖ਼ਾਲਸ ਰੂਪ ਨਾ ਕੋਇ ਵਖਾਈਆ । ਮਾਇਆ ਮਮਤਾ ਕੂੜੀ ਕਿਰਿਆ ਲੱਗਾ ਮੋਹ, ਕਾਮ ਕਰੋਧ ਹੰਕਾਰ ਕਰੇ ਲੜਾਈਆ । ਤੇਰੇ ਨਾਲ ਸਾਹਿਬ ਸਤਿਗੁਰ ਕੋਈ ਨਾ ਸਕੇ ਛੋਹ, ਅੰਗੀਕਾਰ ਨਾ ਕੋਇ ਅਖਵਾਈਆ । ਕਰ ਕਿਰਪਾ ਮਿਹਰਵਾਨ ਆਪਣਾ ਦੱਸ ਸਾਚਾ ਮੋਹ, ਮੁਹੱਬਤ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਆਤਮ ਕਹੇ ਪਰਮਾਤਮ ਮੇਲ, ਮਿਲਨੀ ਜਗਦੀਸ਼ ਕਰਾਈਆ । ਸਾਹਿਬ ਸੁਆਮੀ ਸੱਜਣ ਸੁਹੇਲ, ਸਤਿਗੁਰ ਤੇਰੇ ਹੱਥ ਵਡਿਆਈਆ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਗੋਬਿੰਦ ਗਿਆ ਸਮਝਾਈਆ । ਧਾਮ ਵਖਾ ਇਕ ਨਵੇਲ, ਜਿਸ ਘਰ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਨਿਹਕਰਮੀ ਕਰਮ ਕਮਾਈਆ । ਨਿਹਕਰਮੀ ਕਰ ਆਪਣਾ ਕਰਮ, ਕਰਮ ਕਾਂਡ ਰਹਿਣ ਨਾ ਪਾਈਆ । ਕੂੜੀ ਕਿਰਿਆ ਮੇਟ ਭਰਮ, ਮਨ ਕਾ ਮਣਕਾ ਆਪ ਭਵਾਈਆ । ਸਫ਼ਲ ਕਰ ਪੰਜ ਤਤ ਜਨਮ, ਕਾਇਆ ਤਤ ਵੱਜੇ ਵਧਾਈਆ । ਆਤਮ ਪਰਮਾਤਮ ਮਾਂਗੇ ਤੇਰੀ ਸਰਨ, ਸਰਨਗਤ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਵਰਨ ਬਰਨ, ਜਾਤ ਪਾਤ ਊਚ ਨੀਚ ਨਾ ਕੋਇ ਵਖਾਈਆ । ਮੈਂ ਤੇਰਾ ਨਾਉਂ ਢੋਲਾ ਆਈ ਪੜ੍ਹਨ, ਗੀਤ ਸੁਹਾਗੀ ਸਾਚਾ ਛੰਦ ਜਣਾਈਆ । ਹੱਕ ਮੰਜ਼ਲ ਮੰਜ਼ਲ ਤੇਰੇ ਪੌੜੇ ਆਈ ਚੜ੍ਹਨ, ਬਣ ਪਾਂਧੀ ਪੰਧ ਮੁਕਾਈਆ । ਨਿਤ ਉਡੀਕਾਂ ਤੇਰਾ ਦਰਸ਼ਨ ਕਰਨ, ਅੰਤਰ ਇਕੋ ਧਿਆਨ ਲਗਾਈਆ । ਮੇਰਾ ਲੇਖਾ ਚੁੱਕੇ ਆਵਣ ਜਾਵਣ ਮਰਨ ਡਰਨ, ਭੈ ਭੌ ਭਰਮ ਗੜ੍ਹ ਦੇ ਤੁੜਾਈਆ । ਤੇਰੀ ਧਾਰ ਤੇਰੀ ਮਾਂਗੇ ਸਰਨ, ਦੂਜੀ ਓਟ ਨਾ ਕੋਇ ਰਖਾਈਆ । ਤੂੰ ਸਾਹਿਬ ਦਿਆਲ ਕਰਤਾ ਪੁਰਖ ਕਰਨੀ ਕਰਨ, ਬੇਐਬ ਪਰਵਰਦਿਗਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖ ਆਤਮ ਦਰਸ ਪਿਆਸੀ, ਆਸਾਵੰਦ ਇਕ ਅਖਵਾਈਆ । ਜਨਮ ਜਨਮ ਦੀ ਸੇਵਕ ਦਾਸੀ, ਗੁਰ ਸਤਿਗੁਰ ਸੇਵ ਕਮਾਈਆ । ਘਰ ਮਿਲਾਵਾ ਪੁਰਖ ਅਬਿਨਾਸ਼ੀ, ਅਬਗਤ ਨਾਤਾ ਦੇ ਤੁੜਾਈਆ । ਗ੍ਰਿਹ ਮੰਦਰ ਅੰਦਰ ਪਾਏ ਰਾਸੀ, ਗੋਪੀ ਕਾਹਨ ਨਚਾਈਆ । ਉਤਮ ਕਰੇ ਮਾਤ ਜਾਤੀ, ਅਜਾਤੀ ਰੂਪ ਨਾ ਕੋਇ ਵਟਾਈਆ । ਨਾਮ ਨਿਧਾਨ ਦੇਵੇ ਦਾਤੀ, ਦਇਆਵਾਨ ਖ਼ਾਲੀ ਝੋਲੀ ਆਪ ਭਰਾਈਆ । ਬੰਦ ਕਿਵਾੜਾ ਖੋਲ੍ਹ ਤਾਕੀ, ਬਜਰ ਕਪਾਟੀ ਦਏ ਤੁੜਾਈਆ । ਜਾਮ ਪਿਆਲਾ ਮਧੁਰ ਸਾਕੀ, ਸਚ ਸੁਰਾਹੀ ਦਏ ਵਖਾਈਆ । ਤੀਰ ਨਿਸ਼ਾਨਾ ਮਾਰੇ ਕਾਤੀ, ਨਾਮ ਅਣਿਆਲਾ ਆਪ ਚਲਾਈਆ । ਪੂਰਬ ਜਨਮ ਦਾ ਲਹਿਣਾ ਬਾਕੀ, ਪੁਰਖ ਅਕਾਲ ਦੇਵਣਹਾਰਾ ਥਾਉਂ ਥਾਈਂਆ । ਨਾਤਾ ਜਾਣੇ ਪੰਜ ਤਤ ਖ਼ਾਕੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਅੰਮ੍ਰਿਤ ਆਤਮ ਪਰਮਾਤਮ ਦੇਵੇ ਕਾਇਆ ਬਾਟੀ, ਸਾਚਾ ਕਾਸਾ ਇਕ ਫੜਾਈਆ । ਨਿਰਮਲ ਜੋਤ ਜੋਤ ਪ੍ਰਕਾਸ਼ੀ, ਪਰਕਾਸ਼ਵਾਨ ਇਕੋ ਨਜ਼ਰੀ ਆਈਆ । ਅੱਠੇ ਪਹਿਰ ਰਹੇ ਪਰਭਾਤੀ, ਸੰਧਿਆ ਰੂਪ ਨਾ ਕੋਇ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਭਗਤ ਭਗਵੰਤ ਇਕੋ ਜਾਤੀ, ਗੁਰਸਿਖ ਗੁਰ ਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਲੇਖਾ ਦਏ ਮੁਕਾਈਆ । ਆਤਮ ਵਿਛੁੰਨੀ ਮੇਲਾ ਰਾਮ, ਹਰਿ ਰਮਿਆ ਆਪ ਕਰਾਇੰਦਾ । ਸ਼ਬਦ ਸੰਦੇਸ਼ਾ ਦੇ ਪੈਗ਼ਾਮ, ਹਜ਼ਰਤ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਦਰ ਬਰਦਾ ਸਜਦਾ ਇਕ ਸਲਾਮ, ਸਾਹਿਬ ਸਤਿਗੁਰ ਨਜ਼ਰੀ ਆਇੰਦਾ । ਕਲਮਾ ਕਾਇਨਾਤ ਕਲਾਮ, ਮਿਹਰਵਾਨ ਆਪ ਸਮਝਾਇੰਦਾ । ਸਚ ਮਹਿਰਾਬੇ ਇਕ ਅਮਾਮ, ਮਹਿਬੂਬ ਹਰਿ ਜੀ ਸੋਭਾ ਪਾਇੰਦਾ । ਸ਼ਹਿਨਸ਼ਾਹ ਨੌਜਵਾਨ, ਨਰ ਨਿਰੰਕਾਰ ਇਕ ਅਖਵਾਇੰਦਾ । ਸਤਿ ਸਤਿਵਾਦੀ ਖੇਲ ਦੋ ਜਹਾਨ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਭਗਤ ਭਗਵੰਤ ਵੇਖੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਕਲਜੁਗ ਅੰਤ ਹੋ ਪਰਧਾਨ, ਸਚ ਪਰਧਾਨਗੀ ਨਾਮ ਕਮਾਇੰਦਾ । ਗੁਰਮੁਖ ਸੱਜਣ ਲੱਭੇ ਆਣ, ਲੱਖ ਚੁਰਾਸੀ ਖੋਜ ਖੁਜਾਇੰਦਾ । ਚਰਨ ਧੂੜ ਬਖ਼ਸ਼ ਅਸ਼ਨਾਨ, ਦੁਰਮਤ ਮੈਲ ਧੁਆਇੰਦਾ । ਸਚ ਦੁਆਰੇ ਦੇਵੇ ਮਾਣ, ਦਰਗਾਹ ਸਾਚੀ ਇਕ ਵਖਾਇੰਦਾ । ਜਗਤ ਵਿਛੁੰਨੀ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਇੰਦਾ । ਜਿਸ ਪੰਜ ਤਤ ਦਿਤਾ ਦਾਨ, ਤ੍ਰੈਗੁਣ ਆਪਣੇ ਗੰਢ ਪੁਆਇੰਦਾ । ਸੋ ਪੁਰਖ ਸਾਹਿਬ ਸੁਲਤਾਨ, ਸੱਜਣ ਇਕੋ ਨਜ਼ਰੀ ਆਇੰਦਾ । ਗੁਰਮੁਖ ਆਤਮ ਮੇਲ ਮਿਲਾਵਾ ਸ੍ਰੀ ਭਗਵਾਨ, ਭਗਵਨ ਆਪਣੀ ਜੋਤ ਜੋਤੀ ਵਿਚ ਮਿਲਾਇੰਦਾ । ਲੇਖਾ ਚੁੱਕੇ ਦੋ ਜਹਾਨ, ਆਵਣ ਜਾਵਣ ਪੰਧ ਚੁਕਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਸਤਿ ਸਮਾਣ, ਸਤਿ ਸਤਿ ਸਤਿ ਵਿਚ ਮਿਲਾਇੰਦਾ ।



## ★ ੩ ਪੋਹ ੨੦੨੦ ਬਿਕਰਮੀ ਰਾਮ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ★

ਕਿਰਪਾ ਕਰ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਵਸ, ਬੰਧਨ ਤੇਰਾ ਨਜ਼ਰੀ ਆਈਆ । ਸੋਲਾਂ ਮੱਘਰ ਦਿਤੀ ਵੱਥ, ਵੀਹ ਸੌ ਦਸ ਬਿਕਰਮੀ ਵੱਜੀ ਵਧਾਈਆ । ਹਰਿਸੰਗਤ ਮਾਰਗ ਸੱਚਾ ਦੱਸ, ਜਗਤ ਜਹਾਨ ਸਮਝਾਈਆ । ਛੋਟਾ ਬਾਲਾ ਅੱਗੇ ਲਾਇਆ ਹੱਸ ਹੱਸ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਪੰਧ ਮੁਕਾਇਆ ਨੱਠ ਨੱਠ, ਦੋ ਜਹਾਨ ਚਰਨਾਂ ਹੇਠ ਦਬਾਈਆ । ਤੇਰਾ ਦਰਸ ਪਾਇਆ ਬਿਨ ਨੇਤਰ ਅੱਖ, ਨੈਣੀ ਰੂਪ ਨਾ ਕੋਇ ਵਟਾਈਆ । ਮਿਹਰਵਾਨ ਹੋ ਕੇ ਸਿਰ ਰੱਖਿਆ ਹੱਥ, ਦੀਨ ਦਿਆਲ ਦਇਆ ਕਮਾਈਆ । ਸਚ ਪ੍ਰੀਤੀ ਦਿਤੀ ਮੱਤ, ਧੁਰ ਦੀ ਧਾਰ ਸਮਝਾਈਆ । ਸਾਚੀ ਸੇਜਾ ਚੜ੍ਹਨਾ ਭੱਜ, ਸਿੰਘਾਸਣ ਇਕੋ ਇਕ ਵਖਾਈਆ । ਚਰਨ ਕਵਲ ਦੁਆਰ ਦਰਸ਼ਨ ਕੀਤਾ ਰੱਜ ਰੱਜ, ਤ੍ਰਿਸਨਾ ਤ੍ਰਿਖਾ ਬੁਝਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਿਆ ਤੇਰਾ ਹੱਟ, ਬੇਪਰਵਾਹ ਤੇਰੀ ਵੱਡੀ ਵਡ ਵਡਿਆਈਆ । ਬਿਨ ਰਸਨਾ ਜਿਹਵਾ ਗਾ ਜਸ, ਸਿਫ਼ਤੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਦਿਤਾ ਜਣਾਈਆ । ਧੁਰ ਦਾ ਮਾਰਗ ਦਿਤਾ ਏਕ, ਏਕੰਕਾਰ ਦਇਆ ਕਮਾਈਆ । ਗ੍ਰਿਹ ਮੰਦਰ ਤੇਰਾ ਲਿਆ ਵੇਖ, ਘਰ ਸੁਹੰਜਣਾ ਸੋਭਾ ਪਾਈਆ । ਅੰਦਰ ਵੜ ਕੇ ਆਇਆ ਭੇਤ, ਬਾਹਰੋਂ ਸਮਝ ਕੋਇ ਨਾ ਰਾਈਆ । ਮਿਹਰਵਾਨ ਪ੍ਰਭ ਨੇਤਨ ਨੇਤ, ਨੇਰਨ ਨੇਰਾ ਡੇਰਾ ਲਾਈਆ । ਬਾਲ ਅੰਜਾਣੇ ਕੀਤਾ ਹੇਤ, ਬਾਲੀ ਬੁੱਧ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਦਰ ਬਹਿ ਕੇ ਆਸ ਰਖਾਈਆ ।

ਤੇਰਾ ਦਰ ਵੇਖਿਆ ਆਣ, ਅਣਡਿਠੜਾ ਧਾਮ ਸੋਭਾ ਪਾਇੰਦਾ । ਜਿਸ ਘਰ ਵਸੇਂ ਸਾਹਿਬ ਭਗਵਾਨ, ਸੋ ਮੰਦਰ ਨਜ਼ਰੀ ਆਇੰਦਾ । ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਅਵਰ ਨਾ ਕੋਇ ਰਖਾਇੰਦਾ । ਮਹਲ ਅਟੱਲ ਸੋਹੇ ਮਕਾਨ, ਸਚਖੰਡ ਸਾਚਾ ਸੋਭਾ ਪਾਇੰਦਾ । ਮੈਂ ਬਾਲਾ ਨੱਢਾ ਅਵਾਣ, ਤੇਰਾ ਭੇਵ ਕੋਇ ਨਾ ਆਇੰਦਾ । ਤੇਰੇ ਹੁਕਮੇ ਅੰਦਰ ਆ ਸ੍ਰੀ ਭਗਵਾਨ, ਦਰ ਤੇਰਾ ਦਰਸ਼ਨ ਪਾਇੰਦਾ । ਸਿਖਿਆ ਦੇ ਸਰਬ ਜਹਾਨ, ਜੀਵ ਜੰਤ ਜਗਤ ਜਣਾਇੰਦਾ । ਏਕਾ ਸਿਮਰੇ ਸਾਚਾ ਨਾਮ, ਨਾਮ ਨਿਧਾਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕੀਤੀ ਸੋਲਾਂ ਮੱਘਰ, ਮਿਲੀ ਮਾਣ ਵਡਿਆਈਆ । ਬਾਲ ਅਵਸਥਾ ਪੂਰੀ ਹੋਈ ਸੱਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਪਿਛਲਾ ਲੇਖਾ ਦਿਤਾ ਬਦਲ, ਬਦਲੀ ਆਪਣੇ ਹੱਥ ਰਖਾਈਆ । ਸਚ ਦੁਆਰੇ ਬਹਿ ਕੇ ਕਰੇ ਅਦਲ, ਅਦਾਲਤ ਇਕੋ ਇਕ ਲਗਾਈਆ । ਸੋਹਲਾ ਢੋਲਾ ਨਾਮ ਸੁਣਾਏ ਗ਼ਜ਼ਲ, ਰਾਗ ਤਾਲ ਸਮਝ ਸਕੇ ਕੋਈ ਨਾ ਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੇ ਨੇੜ ਨਾ ਆਈ ਅਜ਼ਲ, ਕਿਆਮਤ ਰੂਪ ਨਾ ਕੋਇ ਵਟਾਈਆ । ਤੇਰੀ ਰਹਿਮਤ ਹੋਇਆ ਫ਼ਜ਼ਲ, ਮਿਹਰਵਾਨ ਤੇਰੀ ਸਰਨਾਈਆ । ਆਵਣ ਜਾਵਣ ਚੁੱਕੀ ਮੰਜ਼ਲ, ਮਹਿਬੂਬ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਘਰ ਵੱਜੇ ਸਤਿ ਵਧਾਈਆ । ਘਰ ਵਧਾਈ ਵੱਜੀ ਸਤਿ, ਹਰਿ ਸਤਿਗੁਰ ਦਰਸ਼ਨ ਪਾਇਆ । ਬਾਲ ਅਵਸਥਾ ਬ੍ਰਹਮਮੱਤ, ਪਾਰਬ੍ਰਹਮ ਪ੍ਰਭ ਭੇਵ ਚੁਕਾਇਆ । ਨਿਰਵੈਰ ਹੋ ਕੇ ਖੋਲ੍ਹੀ ਅੱਖ, ਨਿਰਗੁਣ ਨਿਰਗੁਣ ਦਰਸ ਦਿਖਾਇਆ । ਨਵ ਨੌ ਚਾਰ ਪਿਛੋਂ ਦਿਤਾ ਹੱਕ, ਖ਼ਾਲੀ ਝੋਲੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇਆ । ਸਾਚਾ ਖੇਲ ਸ੍ਰੀ ਭਗਵਾਨ, ਸੋਲਾਂ ਮੱਘਰ ਮਿਲੀ ਵਡਿਆਈਆ । ਬਾਲ ਅਵਾਣਾ ਮੰਗੇ ਦਾਨ, ਬਾਲੀ ਬੁੱਧ ਝੋਲੀ ਡਾਹੀਆ । ਦਸ ਸਾਲ ਬੀਤੇ ਵਿਚ ਜਹਾਨ, ਰਸਨਾ ਜਿਹਵਾ ਬੋਲ ਨਾ ਕੋਇ ਸੁਣਾਈਆ । ਤੇਰੇ ਚਰਨ ਬਹਿ ਕੇ ਵੇਂਹਦਾ ਰਿਹਾ ਮਾਰ ਧਿਆਨ, ਜ਼ਿਮੀ ਅਸਮਾਨ ਖੋਜ ਖੁਜਾਈਆ । ਕਵਣ ਖੇਲ ਕਰੇ ਭਗਵਾਨ, ਕਵਣ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਤੇਰੇ ਦਰ ਮੰਗਾਂ ਭਿੱਖ, ਬੀਸ ਬੀਸਾ ਵੱਜੇ ਵਧਾਈਆ । ਜਨ ਭਗਤਾਂ ਦੇ ਆਪਣਾ ਹਿੱਸ, ਹਿੱਸਾ ਸਭ ਦੀ ਝੋਲੀ ਪਾਈਆ । ਸਦ ਵਸੇ ਧਾਮ ਅਣਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖਾਂ ਵਲ ਕਰ ਨਾ ਪਿੱਠ, ਕਰਵਟ ਆਪਣੀ ਲੈ ਬਦਲਾਈਆ । ਪ੍ਰੇਮ ਪਿਆਰਾ ਹੋ ਕੇ ਕਰ ਹਿੱਤ, ਪ੍ਰੀਤੀ ਆਪਣੇ ਚਰਨ ਲਗਾਈਆ । ਅੰਦਰ ਵੜ ਕੇ ਦੱਸ ਭੇਤ, ਪੜਦਾ ਉਹਲਾ ਆਪ ਚੁਕਾਈਆ । ਕਾਤਬ ਹੋ ਕੇ ਲਿਖ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਮਾਣ ਵਡਿਆਈਆ । ਏਕਾ ਮਾਣ ਵਡਿਆਈ ਮੰਗੇ ਮਨਜੀਤਾ, ਜਗਜੀਵਣ ਦਾਤੇ ਤੇਰੇ ਅੱਗੇ ਝੋਲੀ ਡਾਹੀਆ । ਤੇਰਾ ਖੇਲ ਸਦਾ ਬੇਪਰਤੀਤਾ, ਵਲ ਛਲ ਤੇਰੀ ਧਾਰ ਨਜ਼ਰੀ ਆਈਆ । ਜੁਗ ਚੌਕੜੀ ਤੇਰੀ ਰੀਤਾ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਮਨਾਈਆ । ਲੱਖ ਚੁਰਾਸੀ ਜੀਵ ਜੰਤ ਪੰਜ ਤਤ ਕਾਇਆ ਤਪੇ ਅੰਗੀਠਾ, ਤ੍ਰੈਗੁਣ ਮਾਇਆ ਅਗਨੀ ਲੰਬੂ ਲਾਈਆ । ਕੋਈ ਨਾ ਕਰੇ ਠਾਂਡਾ ਸੀਤਾ, ਤਤਵ ਤਤ

ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਲ ਦਸਵੇਂ ਘਰ ਤੇਰੇ ਮੰਗ ਮੰਗਾਈਆ । ਦਸਵੇਂ ਸਾਲ ਮੰਗ ਅਗੰਮ, ਅਗੋਚਰ ਤੇਰੇ ਹੱਥ ਵਖਾਈਆ । ਗੁਰਮੁਖ ਲੇਖੇ ਲਾਉਣਾ ਦਮਾ ਦਮ, ਬਿਨ ਦਮੜੀ ਕੀਮਤ ਜਗ ਨੇਤਰ ਨਜ਼ਰ ਕੋਇ ਨਾ ਆਈਆ । ਜੋ ਤੇਰੀ ਧਾਰੋਂ ਪਿਆ ਜੰਮ, ਅੰਤਮ ਤੇਰੇ ਵਿਚ ਸਮਾਈਆ । ਉਨ੍ਹਾਂ ਬੇੜਾ ਦੇ ਬੰਨ੍ਹ, ਜਿਹੜੇ ਬੈਠੇ ਪੰਧ ਮੁਕਾਈਆ । ਛੱਬੀ ਪੋਹ ਵੀਹ ਸੌ ਵੀਹ ਬਿਕਰਮੀ ਜਿਨ੍ਹਾਂ ਮਿਲਣਾ ਨਾਮ ਧਨ, ਸੋ ਖ਼ਜ਼ਾਨਾ ਝੋਲੀ ਦੇ ਭਰਾਈਆ । ਸ੍ਰੀ ਭਗਵਾਨ ਸੁਣ ਲਾ ਕਰ ਕੰਨ, ਛੋਟਾ ਬਾਲਾ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਝੁਕਿਆ ਸੀਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਕਿਰਪਾ ਕਰ ਹਰਿ ਜਗਦੀਸ਼, ਮਿਹਰਵਾਨ ਵਡ ਮਿਹਰਵਾਨਾ । ਤੇਰਾ ਲੇਖਾ ਸਦਾ ਅਤੀਤ, ਤ੍ਰੈਭਵਨ ਧਨੀ ਤੇਰਾ ਖੇਲ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰ ਪਰਵਾਨਾ । ਸਾਚਾ ਵਰ ਦੇ ਭਗਵੰਤ, ਤੇਰੇ ਅੱਗੇ ਝੋਲੀ ਡਾਹੀਆ । ਤੇਰਾ ਖੇਲ ਜੁਗਾ ਜੁਗੰਤ, ਜੁਗ ਚੌਕੜੀ ਧਿਆਨ ਲਗਾਈਆ । ਤੇਰਾ ਨਾਮ ਸਾਚਾ ਮੰਤ, ਮੰਤਰ ਇਕ ਪੜ੍ਹਾਈਆ । ਤੇਰੀ ਮਹਿਮਾ ਸਦਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਤੂੰ ਆਦਿ ਜੁਗਾਦਿ ਸਭ ਦਾ ਕੰਤ, ਨਰ ਨਰਾਇਣ ਵੱਡੀ ਵਡਿਆਈਆ । ਦਰ ਦਰਵੇਸ਼ ਵੇਖ ਮੰਗਤ, ਬੈਠੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੇ ਅੱਗੇ ਅਰਜ਼ੋਈਆ । ਤੇਰੇ ਅੱਗੇ ਅਰਜ਼ੋਈ ਸਚ ਅਰਦਾਸ, ਦਰ ਤੇਰਾ ਆਦਲ ਨਜ਼ਰੀ ਆਇੰਦਾ । ਕਰ ਕਿਰਪਾ ਦੇ ਸਾਥ, ਸੱਜਣ ਸਾਹਿਬ ਇਕ ਅਖਵਾਇੰਦਾ । ਕਲਜੁਗ ਅੰਤਮ ਦੇ ਦਾਤ, ਦਾਨੀ ਤੇਰਾ ਰੂਪ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਸਾਚੇ ਆਸ ਰਖਾਇੰਦਾ । ਸਾਚੀ ਆਸ ਗੁਰਮੁਖ ਜੋੜ, ਜੋੜੀ ਜੁੜੇ ਜਗਤ ਜਹਾਨਿਆਂ । ਹਰਿਜਨ ਸਦਾ ਤੇਰੀ ਲੋੜ, ਗਹਿਰ ਗੰਭੀਰ ਸ਼ਾਹ ਸੁਲਤਾਨਿਆਂ । ਕੱਚੇ ਤੰਦ ਨਾ ਟੁੱਟੇ ਡੋਰ, ਗੁੱਡੀ ਚੜ੍ਹੀ ਵਿਚ ਅਸਮਾਨਿਆਂ । ਗੁਰਮੁਖ ਗੁਰਸਿਖ ਪੋਹ ਮਹੀਨਾ ਕੋਈ ਨਾ ਤੋਰ, ਕਿਰਪਾ ਕਰ ਸਾਹਿਬ ਸੁਲਤਾਨਿਆਂ । ਤੇਰੇ ਅੱਗੇ ਨਹੀਂ ਕੋਈ ਜ਼ੋਰ, ਚਰਨ ਕਵਲ ਮੰਗਾਂ ਬਣ ਨਿਮਾਣਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਭੂਪਤ ਭੂਪ ਰਾਜ ਰਜਾਨਿਆਂ । ਰਾਜਨ ਰਾਜ ਸ਼ਾਹੋ ਭੂਪ, ਭੂਪਤ ਤੇਰੀ ਵਡ ਵਡਿਆਈਆ । ਮੈਂ ਬਾਲਾ ਨੱਢਾ ਤੇਰਾ ਪੂਤ, ਸਪੂਤ ਤੇਰੀ ਸਰਨਾਈਆ । ਉਠ ਵੇਖ ਸਾਚੀ ਕੂਟ, ਦਿਸ਼ਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵੇਖ ਆਪਣਾ ਕੌਲ, ਕੀਤਾ ਇਕਰਾਰ ਭੁੱਲ ਨਾ ਜਾਈਆ । ਦਿਤਾ ਮਾਣ ਉਪਰ ਧੌਲ, ਧਰਤੀ ਦੇਵਣ ਆਈ ਗਵਾਹੀਆ । ਅਛਲ ਛਲਧਾਰੀ ਬਣ ਨਾ ਆਪ ਅਨਭੋਲ, ਅਨਭੁੱਲੜੀ ਕਾਰ ਕਮਾਈਆ । ਹੱਬ ਵਸਤ ਪ੍ਰਭ ਤੇਰੇ ਕੋਲ, ਵਡ ਖ਼ਜ਼ਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਲੇਖਾ ਲੇਖੇ ਵਿਚੋਂ ਬਦਲਾਈਆ । ਮਨਜੀਤ ਕਹੇ ਠਾਕਰ ਪ੍ਰਭ ਸੁਆਮੀ, ਸ਼ਹਿਨਸ਼ਾਹ ਤੇਰੀ ਵਡਿਆਈਆ । ਹਰ ਘਟ ਵੇਖੇਂ ਅੰਤਰਜਾਮੀ,

ਆਤਮ ਲੱਖ ਚੁਰਾਸੀ ਖੋਜ ਖੁਜਾਈਆ । ਜੁਗ ਚੌਕੜੀ ਤੇਰੀ ਨਿਸ਼ਾਨੀ, ਨਿਰਗੁਣ ਸਰਗੁਣ ਨਜ਼ਰੀ ਆਈਆ । ਛੋਟੇ ਬਾਲੇ ਨਹੀਂ ਬੁੱਧ ਅਵਾਣੀ, ਤੇਰੀ ਕਿਰਪਾ ਸੂਝ ਸਮਝ ਇਕੋ ਇਕ ਰਖਾਈਆ । ਜਨ ਭਗਤਾਂ ਵਲ ਕਰ ਧਿਆਨੀ, ਜੋ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਣੀ ਮਾਣ ਵਡਿਆਈਆ । ਮਨਜੀਤ ਕਹੇ ਮੈਂ ਵੇਖੀ ਦਲੀਲ, ਘਰ ਤੇਰੇ ਸੋਭਾ ਪਾਇੰਦਾ । ਜਨ ਭਗਤ ਕਰਨ ਮਾਤ ਅਪੀਲ, ਘਰ ਤੇਰਾ ਨਜ਼ਰੀ ਆਇੰਦਾ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਗੁਰਮੁਖ ਨਾ ਕਰ ਜ਼ਲੀਲ, ਦੋਏ ਜੋੜ ਅਰਜ਼ ਸੁਣਾਇੰਦਾ । ਜੋ ਲੇਖਾ ਕਰਨਾ ਬਸਤੀ ਖ਼ਲੀਲ, ਸੋ ਬਸਤਾ ਬੰਨ੍ਹ ਆਪਣੇ ਰੰਗ ਰੰਗਾਇੰਦਾ । ਜੋ ਲੇਖਾ ਜਾਣੇ ਜਗਤ ਭੀਲ, ਬੇਪਰਵਾਹ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਸਾਚੀ ਖੇਲ ਦੱਸੇ ਹਰਿ ਆਪ, ਆਪਣਾ ਭੇਵ ਜਣਾਈਆ । ਛੋਟੇ ਬਾਲੇ ਖੋਲ੍ਹ ਤਾਕ, ਹਰਿ ਪੜਦਾ ਰਿਹਾ ਖੁਲ੍ਹਾਈਆ । ਉਠ ਵੇਖ ਲਿਖਿਆ ਭਵਿਖਤ ਵਾਕ, ਬਿਨ ਕਲਮ ਛਾਹੀ ਕਾਗ਼ਜ਼ ਰਿਹਾ ਜਣਾਈਆ । ਨਿਰਗੁਣ ਦੇਵੇ ਸੱਚਾ ਸਾਥ, ਸਰਗੁਣ ਹੋਏ ਸਹਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਹੱਥ ਵੱਡੀ ਵਡਿਆਈਆ । ਜੰਗਲ ਜੂਹ ਲੇਖਾ ਜਾਣੇ ਪਰਭਾਸ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਅੰਤਮ ਬੱਧਕ ਗਿਆ ਆਖ, ਆਖਰ ਆਪਣਾ ਹੁਕਮ ਸੁਣਾਈਆ । ਤੇਰਾ ਤੀਰ ਨਿਸ਼ਾਨਾ ਰੱਖਾਂ ਯਾਦ, ਯਾਦਵ ਕੁਲ ਮਿਲੇ ਵਡਿਆਈਆ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੁਣ ਬੱਧਕ ਕਰੇ ਵਿਚਾਰ, ਮਨ ਮਨਸਾ ਵਿਚ ਸਮਾਈਆ । ਕਿਰਪਾ ਕਰ ਗਿਰਵਰ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਤੇਰੀ ਵਡਿਆਈਆ । ਠਾਕਰ ਸੁਆਮੀ ਮੀਤ ਮੁਰਾਰ, ਕਵਲ ਨੈਣ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਮੇਰਾ ਲੇਖਾ ਮਾਤ ਚੁਕਾਈਆ । ਤੇਰਾ ਲੇਖਾ ਤੀਰ ਨਿਸ਼ਾਨਾ, ਨਿਸ਼ਾਨੀ ਇਕੋ ਇਕ ਜਣਾਇੰਦਾ । ਭੇਵ ਚੁਕਾਏ ਕ੍ਰਿਸ਼ਨਾ ਕਾਹਨਾ, ਘਨਈਆ ਆਪਣਾ ਰਾਗ ਅਲਾਇੰਦਾ । ਸਾਚੀ ਥਿਤ ਦੇਵੇ ਮਾਣਾ, ਵਡ ਵਡਿਆਈ ਤੇਰੀ ਝੋਲੀ ਪਾਇੰਦਾ । ਜੀਵਦਿਆਂ ਜਗ ਦਏ ਦਾਨਾਂ, ਮਰਿਆਂ ਆਪਣੀ ਗੋਦ ਸੁਹਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪਹਿਰੇ ਬਾਣਾ, ਕਲ ਕਲਕੀ ਵੇਸ ਵਟਾਇੰਦਾ । ਵੇਦ ਵਿਆਸ ਲਿਖਿਆ ਰਾਗ ਤਰਾਨਾ, ਲੇਖਾ ਆਪਣੀ ਗੰਢ ਪੁਆਇੰਦਾ । ਨਿਰਗੁਣ ਸਰਗੁਣ ਦੂਆ ਜ਼ੀਰੋ ਸਿਫ਼ਰ ਨਾ ਕੋਈ ਨਿਸ਼ਾਨਾ, ਜਗਤ ਨਿਸ਼ਾਨੀ ਮੇਟ ਮਿਟਾਇੰਦਾ । ਸ਼ਬਦ ਅਗੰਮੀ ਖੇਲ ਮਹਾਨਾ, ਜੋਤੀ ਜਾਤਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਜੁਗ ਦੁਆਪਰ ਤਿੰਨ ਪੋਹ, ਬੱਧਕ ਤੀਰ ਅੰਦਾਜ ਬਣਾਈਆ । ਚਰਨ ਕਵਲ ਗਿਆ ਛੋਹ, ਸ਼ਹਿਨਸ਼ਾਹ ਖ਼ੁਸ਼ੀ ਵਖਾਈਆ । ਜਨਮ ਕਰਮ ਪ੍ਰਭ ਲਏ ਟੋਹ, ਭਾਂਡਾ ਭਰਮ ਭੰਨਾਈਆ । ਅੰਦਰ ਬਾਹਰ ਨਾ ਜਾਏ ਸੋ, ਸੋਵਤ ਜਾਗਤ ਲਏ ਉਠਾਈਆ । ਨਿਰਗੁਣ ਸਰਗੁਣ ਕਰੇ ਮੋਹ, ਨਿਰਮੋਹ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਅੰਮ੍ਰਿਤ ਰਸ ਚੋਅ, ਸਾਂਤਕ ਸਤਿ ਸਤਿ ਵਖਾਈਆ । ਬੱਧਕ ਨੇਤਰ ਨੈਣਾਂ ਰਿਹਾ ਰੋ, ਹੰਝੂਆਂ ਹਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੀ ਭੁੱਲ ਪ੍ਰਭੂ ਬਖ਼ਸ਼ਾਈਆ ।

੮੮ ੧੯

ਮੇਰੀ ਭੁੱਲ ਬਖ਼ਸ਼ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਤੁਧ ਬਿਨ ਨਜ਼ਰ ਨਾ ਆਏ ਟੇਕ, ਸਿਰ ਹੱਥ ਨਾ ਕੋਇ ਟਿਕਾਈਆ । ਮੇਰੀ ਬੁੱਧ ਕਰ ਬਿਬੇਕ, ਤੇਰਾ ਰੂਪ ਨਜ਼ਰੀ ਆਈਆ । ਤੇਰੇ ਚਰਨ ਕਰਾਂ ਹੇਤ, ਜਿਸ ਵਿਚ ਦਿਤਾ ਤੀਰ ਲਗਾਈਆ । ਇਹ ਵੀ ਪ੍ਰਭ ਤੇਰੀ ਖੇਡ, ਮੇਰੀ ਚਲੇ ਨਾ ਕੋਇ ਚਤੁਰਾਈਆ । ਸੋਹਣਾ ਸੱਥਰ ਤੇਰੀ ਚੰਗੀ ਲੱਗੇ ਸੇਜ, ਜਿਸ ਧਰਨੀ ਉਪਰ ਬੈਠਾ ਆਸਣ ਲਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਜਨਮ ਮਰਨ ਆਪਣਾ ਖੇਲ ਕਰਾਈਆ । ਕਿਰਪਾ ਕਰ ਕੇ ਦੱਸ ਆਪਣਾ ਭੇਤ, ਪੜਦਾ ਉਹਲਾ ਆਪ ਉਠਾਈਆ । ਜੇ ਪਹਿਲੋਂ ਦੇਂਦੋਂ ਮੈਨੂੰ ਆਪਣਾ ਹੇਤ, ਭਰਮ ਭੁਲੇਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਅੱਗੇ ਦੇਣੀ ਨਾ ਕੋਇ ਸਜਾਈਆ । ਅੱਗੇ ਸਜਾ ਨਾ ਦੇਵੀਂ ਬਾਦ ਮੌਤ, ਮਰਿਆਂ ਪ੍ਰਭੂ ਹੱਥ ਕਿਸੇ ਨਾ ਆਇੰਦਾ । ਮੈਂ ਤੇਰਾ ਨੂਰ ਤੇਰੀ ਜੋਤ, ਅੰਤ ਤੇਰੇ ਅੱਗੇ ਟਿਕਾਇੰਦਾ । ਮੈਂ ਤੇਰਾ ਬ੍ਰਹਮ ਤੇਰੀ ਗੋਤ, ਪਾਰਬ੍ਰਹਮ ਤੂੰਹੀ ਨਜ਼ਰੀ ਆਇੰਦਾ । ਮੈਨੂੰ ਤੇਰੀ ਗੋਦੀ ਬਹਿਣ ਦਾ ਸ਼ੌਕ, ਭੁੱਲ ਬਖ਼ਸ਼ਾਇੰਦਾ । ਮੇਰੀ ਅੱਗੇ ਚਲੇ ਨਾ ਕੋਈ ਸੋਚ, ਬਿਨ ਸੋਚ ਸਮਝ ਆਪਣਾ ਆਪ ਤੇਰੀ ਝੋਲੀ ਪਾਇੰਦਾ । ਏਥੇ ਉਥੇ ਜਾਵੀਂ ਪਹੁੰਚ, ਦੋ ਜਹਾਨ ਤੇਰੀ ਓਟ ਤਕਾਇੰਦਾ । ਤ੍ਰਿਲੋਕੀ ਨਾਥ ਕਹੇ ਮੇਰਾ ਖੇਲ ਕਰੌਚ, ਪੁਸ਼ਕਰ ਸਲਮਲ ਸਾਨ ਲੱਖਣ ਤੇਰੀ ਧਾਰ ਬੰਧਾਇੰਦਾ । ਅੰਤਮ ਜੰਬੂ ਮਾਨਣੀ ਮੌਜ, ਕੁਸ਼ਾ ਸਲਮਲ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਇੰਦਾ । ਬੱਧਕ ਸੁਣ ਧੁਰ ਦੀ ਧਾਰ, ਸੋ ਸਾਹਿਬ ਆਪ ਜਣਾਈਆ । ਬਿਨ ਪੁਰਖ ਅਕਾਲ ਮੇਲਾ ਮਿਲੇ ਨਾ ਸਚ ਦਰਬਾਰ, ਦਰਗਾਹ ਸਾਚੀ ਵੱਜੇ ਨਾ ਕੋਇ ਵਧਾਈਆ । ਤੂੰ ਜੀਵਦਿਆਂ ਆਪਣਾ ਆਪ ਝੋਲੀ ਦਿਤਾ ਡਾਲ, ਮੈਂ ਅਮਾਨਤ ਦਰ ਘਰ ਸਾਚੇ ਦਿਆਂ ਪੁਚਾਈਆ । ਤਿੰਨ ਪੋਹ ਰੱਖਣਾ ਯਾਦ, ਨਿਰਗੁਣ ਤੋਂ ਹੋਇਆ ਸਰਗੁਣ ਸਰਗੁਣ ਤੋਂ ਸਿਫ਼ਰਾ ਰੂਪ ਵਟਾਈਆ । ਬੀਸ ਅੰਕ ਕਹੇ ਸੰਸਾਰ, ਸ੍ਰੀ ਭਗਵਾਨ ਅੰਕ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਤੇਰਾ ਲੇਖਾ ਦਏ ਚੁਕਾਈਆ । ਤੇਰਾ ਲੇਖਾ ਰੱਖਿਆ ਯਾਦ, ਮਨਜੀਤਾ ਸੋਲਾਂ ਮੱਘਰ ਯਾਦ ਕਰਾਈਆ । ਵੀਹ ਸੌ ਵੀਹ ਬਿਕਰਮੀ ਕਵਣ ਵੇਲਾ ਤੇਰਾ ਬੁਝਿਆ ਜਗੇ ਚਰਾਗ, ਦੀਪਕ ਜੋਤ ਹੋਏ ਰੁਸ਼ਨਾਈਆ । ਤੇਰਾ ਸਾਚਾ ਬਣੇ ਸਮਾਜ, ਸਮਗਰੀ ਤੇਰੀ ਨਜ਼ਰੀ ਆਈਆ । ਤੇਰਾ ਭਗਤ ਤੇਰਾ ਵੇਖੇ ਧੁਰ ਦਾ ਕਾਜ, ਕਰਤਾ ਕੀ ਕੀ ਖੇਲ ਰਚਾਈਆ । ਡੁੱਬਦਾ ਬੇੜਾ ਤਰੇ ਜਹਾਜ਼, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸੰਤ ਸੁਹੇਲੇ ਰਾਏ ਧਰਮ ਨਾ ਮਾਰੇ ਅਵਾਜ਼, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਆਵੇ ਪਾਸ, ਮੁਖ ਘੁੰਘਟ ਸਕੇ ਨਾ ਕੋਇ ਉਠਾਈਆ । ਤੱਤਾਂ ਪਿਛੇ ਖੇਲੇ ਖੇਲ ਤਮਾਸ਼, ਤੱਤਾਂ ਵਿਚ ਤੱਤਾਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੇ ਹੱਥ ਡੋਰੀ ਨਜ਼ਰੀ ਆਈਆ । ਤੇਰੇ ਹੱਥ ਨਿਰਮਲ ਡੋਰੀ, ਤੰਦ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਵੇਖੇਂ ਚੜ੍ਹ ਕੇ ਅਗੰਮੀ ਘੋੜੀ, ਦੋ ਜਹਾਨਾਂ ਫੇਰਾ ਪਾਇੰਦਾ । ਕਲਜੁਗ ਅੰਤਮ ਵੀਹ ਸੌ ਵੀਹ ਬਿਕਰਮੀ ਗੁਰਮੁਖਾਂ ਨਾਲੋਂ ਵਿਛੜਨ ਵਾਲੀ ਜੋੜੀ, ਤਿੰਨ ਪੰਜ ਪੋਹ ਵੇਲਾ ਵਕਤ ਤੇਰੇ ਬਿਨਾਂ ਨਾ ਕੋਇ ਸੁਹਾਇੰਦਾ । ਜਿਨ੍ਹਾਂ ਦੀ ਵੀਹ ਸੌ ਵੀਹ ਬਿਕਰਮੀ ਪ੍ਰੇਮ ਪ੍ਰੀਤੀ ਨਾਲ ਵੰਡਣੀ ਲੋਹੜੀ, ਘਰ

ਸਤਿਗੁਰ ਜਨਮ ਦਵਾਇੰਦਾ । ਦੋ ਜਹਾਨਾਂ ਨਾਲੋਂ ਕਰ ਕੇ ਚੋਰੀ, ਗੁਰਮੁਖ ਆਪਣੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਸੋਲਾਂ ਮੱਘਰ ਧੁਰ ਸੰਦੇਸ਼ਾ, ਵੀਹ ਸੌ ਵੀਹ ਬਿਕਰਮੀ ਆਪ ਜਣਾਈਆ । ਤਿੰਨ ਦਿਨ ਸਾਰੀ ਸੰਗਤ ਪ੍ਰਭ ਦੇ ਕੋਲੋਂ ਪੂਰਾ ਕਰੋ ਲੇਖਾ, ਰਸਨਾ ਜਿਹਵਾ ਹਰਿ ਹਰਿ ਗਾਈਆ । ਜਨ ਭਗਤਾਂ ਪਿਛੇ ਆਪਣਾ ਕਰੇ ਹੇਤਾ, ਹਿਤਕਾਰੀ ਹੋਏ ਸਹਾਈਆ । ਦੁਆਪਰ ਜੁਗ ਦਾ ਰੱਖੇ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਨ ਤੀਰ ਨਿਸ਼ਾਨਾ ਮਾਰਿਆ ਨੇਜ਼ਾ, ਤਿਖੀ ਧਾਰ ਪਰਗਟਾਈਆ । ਤਿਸ ਆਪਣੀ ਪ੍ਰੇਮ ਪਿਆਰ ਦੀ ਦੇਵੇ ਸੇਜਾ, ਲਾੜੀ ਮੌਤ ਗੋਦ ਨਾ ਕੋਇ ਬਹਾਈਆ । ਸਚ ਸੰਦੇਸ਼ ਹਰਿਸੰਗਤ ਦੁਆਰੇ ਭੇਜਾ, ਧੁਰ ਸੰਦੇਸ਼ਾ ਆਪ ਸੁਣਾਈਆ । ਇਕ ਇਕ ਫੁੱਲ ਪ੍ਰੇਮ ਪ੍ਰੀਤੀ ਦੀ ਸਾਚੀ ਸੁਹੰਜਣੀ ਸੇਜਾ, ਲੋਕਮਾਤ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋਲਾਂ ਮੱਘਰ ਸੋਲਾਂ ਦਿਨ, ਸੋਲਾਂ ਸੋਲਾਂ ਵੰਡ ਵੰਡਾਈਆ । ਸੋਲਾਂ ਕਲਾ ਵੇਂਹਦੀ ਰਹੀ ਕ੍ਰਿਸ਼ਨ ਗਿਣ ਗਿਣ, ਕਿਸ਼ਨਾ ਸੁਖਲਾ ਪੱਖ ਜਣਾਈਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਚਿੰਨ, ਤਤ ਸਮਝ ਕੋਇ ਨਾ ਪਾਈਆ । ਸੋ ਕਰੇ ਖੇਲ ਸ੍ਰੀ ਭਗਵਨ, ਜਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋਲਾਂ ਦਿਨ ਤੱਕਦੇ ਰਹੇ ਰਾਹ, ਤ੍ਰੈ ਪੰਜ ਧਿਆਨ ਲਗਾਈਆ । ਅੱਠ ਤਤ ਕਰਨ ਗੁਨਾਹ, ਨੌ ਦਰ ਫਿਰੇ ਹਲਕਾਈਆ । ਸਮਝ ਸਕੇ ਕੋਈ ਨਾ ਰਾਹ, ਭੇਵ ਸਕੇ ਨਾ ਕੋਈ ਖੁਲ੍ਹਾਈਆ । ਅੰਤਮ ਲੇਖਾ ਸਕੇ ਨਾ ਕੋਈ ਚੁਕਾ, ਭਾਰ ਮਾਤ ਨਾ ਕੋਇ ਵੰਡਾਈਆ । ਦੁਆਪਰ ਵੇਲਾ ਕਲਜੁਗ ਅੰਤਮ ਰਿਹਾ ਸੁਹਾ, ਸੋਭਾਵੰਤ ਆਪਣੇ ਹੱਥ ਰੱਖੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਲਵੇਂ ਦਿਨ ਸੂਲੀ ਸਾਰ ਕਰ ਪਿਆਰ, ਆਪਣੇ ਚਰਨ ਬਹਾਈਆ । ਸੋਲਵਾਂ ਦਿਨ ਹੋਇਆ ਸਵੇਰਾ, ਪੋਹ ਤਿੰਨ ਰੁਤੜੀ ਸੁਹਾਈਆ । ਰਾਏ ਧਰਮ ਦੂਰ ਦੁਰਾਡਾ ਆਏ ਨੇੜਾ, ਨੇਰਨ ਨੇਰ ਹੋ ਸੀਸ ਝੁਕਾਈਆ । ਚਿਤਰ ਗੁਪਤ ਲੇਖਾ ਵਖਾਏ ਨਾ ਕਰੇ ਹੇਰਾ ਫੇਰਾ, ਪਤਰਾ ਪਤਰਾ ਅੰਕ ਉਲਟਾਈਆ । ਲਾੜੀ ਮੌਤ ਮਾਰੇ ਗੇੜਾ, ਭੱਜੀ ਫਿਰੇ ਚਾਈਂ ਚਾਈਆ । ਜਮਦੂਤ ਕਹਿਣ ਦਿਸੇ ਖੁਲ੍ਹਾ ਵਿਹੜਾ, ਦਰ ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਪਾਂਧੀ ਪੰਧ ਮੁਕਾ ਕੇ ਆਏ ਨੇੜਨ ਨੇੜਾ, ਘਰ ਸਾਚਾ ਵੇਖ ਵਖਾਈਆ । ਦੂਰ ਦੁਰਾਡਾ ਹੋ ਕੇ ਤੱਕਿਆ ਨਜ਼ਰੀ ਆਇਆ ਸ਼ਹਿਨਸ਼ਾਹ ਸ਼ੇਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅੱਗੇ ਕਿਸੇ ਨਾ ਪਏ ਜ਼ੇਰਾ, ਕਦਮ ਸਕੇ ਨਾ ਕੋਇ ਉਠਾਈਆ । ਰਾਏ ਧਰਮ ਕਹੇ ਚਿਤਰ ਗੁਪਤ ਇਹ ਭਗਤਾਂ ਵਿਹੜਾ, ਲਾੜੀ ਮੌਤ ਕਹੇ ਗੁਰਮੁਖ ਸਤਿਗੁਰ ਗੋਦ ਬਹਾਈਆ । ਏਥੇ ਲੇਖਾ ਨਹੀਂ ਤੇਰਾ ਮੇਰਾ, ਮੇਰਾ ਤੇਰਾ ਨਜ਼ਰੀ ਇਕੋ ਆਈਆ । ਦੁਆਪਰ ਵਿਛੜਿਆ ਕਲਜੁਗ ਅੰਤਮ ਬੈਠਾ ਰਿਹਾ ਕਰ ਕੇ ਜ਼ੇਰਾ, ਜ਼ੇਰ ਜ਼ਬਰ ਨਾ ਕੋਇ ਵਖਾਈਆ । ਪਰਮ ਪੁਰਖ ਪਰਮਾਤਮ ਆਪਣੇ ਹੱਥ ਰੱਖੇ ਨਿਬੇੜਾ, ਖੇਲ ਅਚਰਜ ਰਿਹਾ ਜਣਾਈਆ । ਅੱਗੇ ਹੋ ਕੇ ਫੜੇ ਕਿਹੜਾ, ਭੈ ਵਿਚ ਭੱਜਣ ਵਾਹੋ ਦਾਹੀਆ । ਮੁਲਾ ਕਹੇ ਬਿਨ ਮਸੀਤੋਂ ਬਿਨ ਸ਼ਰਅ ਰੀਤੋਂ ਛੱਤੋਂ ਮੈਨੂੰ ਪਾ ਲਓ ਜੇੜਾ, ਆਪਣੀ ਡੋਰ ਬੰਧਾਈਆ । ਯਾਰਾਂ ਸਦੀਆਂ ਵੇਂਹਦਾ ਰਿਹਾ ਕਦੋਂ ਮੁਰਸ਼ਦ ਆਵੇ ਮੇਰਾ, ਮਿਹਰਵਾਨ ਫੇਰਾ ਪਾਈਆ । ਜਿਸ ਵੇਲੇ ਆਪਣੇ ਭਗਤ ਉਤੇ

ਕਰੇ ਮਿਹਰਾ, ਮਿਹਰ ਨਾਲ ਮੇਰਾ ਪਰਦਾ ਦਏ ਤੁੜਾਈਆ । ਚੌਦਾਂ ਲੋਕ ਤਬਕ ਪਰਲੋਕ ਰਹੇ ਨਾ ਗੇੜਾ, ਦਰਗਾਹ ਸਾਚੀ ਲਏ ਮਿਲਾਈਆ । ਗੁਰਮੁਖ ਵਸਾ ਕਾਇਆ ਖੇੜਾ, ਗੁਲਸ਼ਨ ਆਪਣੇ ਲਏ ਮਹਿਕਾਈਆ । ਅਗਲਾ ਲੇਖਾ ਉਸ ਦੇ ਕੋਲ ਬਥੇਰਾ, ਪਿਛਲਾ ਲਹਿਣਾ ਦਏ ਚੁਕਾਈਆ । ਜ਼ਬਰਾਈਲ ਮੇਕਾਈਲ ਇਜ਼ਰਾਈਲ ਅਸਰਾਫ਼ੀਲ ਪਰਵਰਦਿਗਾਰ ਦੁਆਰੇ ਕੋਈ ਨਾ ਕਰੇ ਝੇੜਾ, ਝਗੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਪਿਛਲਾ ਕੌਲ ਇਕਰਾਰ ਰਿਹਾ ਨਿਭਾਈਆ । ਕੌਲ ਇਕਰਾਰ ਨਿਭੇ ਤੋੜ, ਹਰਿ ਕਰਤਾ ਆਪ ਨਿਭਾਈਆ । ਜਨਮ ਜਨਮ ਦਾ ਲੇਖਾ ਪਿਛੇ ਨਾ ਦੇਵੇ ਛੋੜ, ਲੇਖਾ ਅਗਲੇ ਲੇਖੇ ਨਾਲ ਮਿਲਾਈਆ । ਅਗਲਾ ਹਾਲ ਅਗੰਮੀ ਹੋਰ, ਅਵਰ ਹੋਰ ਸਮਝਾਈਆ । ਜੇ ਕੋਈ ਕਰ ਕੇ ਵੇਖੇ ਗੌਰ, ਵੇਂਹਦਿਆਂ ਨਜ਼ਰ ਕਿਸੇ ਨਾ ਆਈਆ । ਜਿਸ ਦਿਆਲ ਹੋ ਕੇ ਜਾਏ ਬੌਹੜ, ਬੌਹੜ ਲਏ ਗਲ ਲਾਈਆ । ਉਠੋ ਵੇਖੋ ਰਾਏ ਧਰਮ ਦੋਏ ਹੱਥ ਰਿਹਾ ਜੋੜ, ਵਾਸਤਾ ਇਕੋ ਪਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰ, ਜਾਬਰ ਤੇਰੀ ਇਕ ਸਰਨਾਈਆ । ਗੁਰਮੁਖ ਬਣੇ ਤੇਰੇ ਸਾਚੇ ਕੌਰ, ਸ਼ਹਿਨਸ਼ਾਹ ਤੇਰਾ ਬੰਸ ਨਜ਼ਰੀ ਆਈਆ । ਅਸੀਂ ਦਰਵੇਸ਼ ਦਰ ਮਜੌਰ, ਸਦ ਬੈਠੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਹੱਥ ਸਰਬ ਵਡਿਆਈਆ । ਸਭਨਾ ਵੇਖ ਅਰਥੀ ਆਈ ਨੱਠ, ਆਪਣਾ ਪੰਧ ਮੁਕਾਈਆ । ਪ੍ਰਭ ਚਰਨਾਂ ਗਈ ਢੱਠ, ਦੋਏ ਜੋੜ ਮਸਤੱਕ ਟਿੱਕਾ ਲਾਈਆ । ਪ੍ਰਭ ਮੇਰੇ ਵਲ ਇਕ ਵਾਰ ਤੱਕ, ਆਪਣਾ ਧਿਆਨ ਲਗਾਈਆ । ਮੇਰਾ ਦੇ ਮੈਨੂੰ ਹੱਕ, ਮੇਰੀ ਸੇਜ ਸੁੰਞੀ ਕੰਮ ਕਿਸੇ ਨਾ ਆਈਆ । ਚਾਰ ਜੁਗ ਮੈਂ ਜਗਤ ਜੀਵਾਂ ਢੋਂਹਦੀ ਅਜੇ ਨਾ ਗਈ ਥੱਕ, ਥਕਾਵਟ ਵਿਚ ਕਦੇ ਨਾ ਆਈਆ । ਘਰੋਂ ਕੱਢ ਪਰਭਾਸ ਦੇਵਾਂ ਧੱਕ, ਜਿਸ ਪਰਭਾਸ ਵਿਚ ਬੱਧਕ ਦਿਤਾ ਤਰਾਈਆ । ਖ਼ਾਲੀ ਹੋ ਹੋਈ ਬੇਵਸ, ਬਣ ਨਿਮਾਣੀ ਰਹੀ ਕੁਰਲਾਈਆ । ਮੈਨੂੰ ਦਿਤਾ ਮਾਣ ਤੂੰ ਦੋ ਫਟ, ਲਕੜੀ ਕਾਠ ਜੋੜ ਜੁੜਾਈਆ । ਸ਼ਾਹ ਸੁਲਤਾਨਾ ਰਾਜ ਰਜਾਨਾ ਮੈਂ ਆਪਣੇ ਉਤੇ ਦਿਤਾ ਰੱਖ, ਮੜ੍ਹੀ ਗੋਰ ਦਿਤਾ ਦਬਾਈਆ । ਨੌ ਸੌ ਚੁਰਾਨਵੇਂ ਚੌਕੜੀ ਪਿਛੋਂ ਪਹਿਲੀ ਵਾਰ ਜਨ ਭਗਤਾਂ ਕੋਲੋਂ ਦਿਤਾ ਡੱਕ, ਦਰ ਆਈ ਬਾਹਰ ਕਢਾਈਆ । ਮੇਰੇ ਖ਼ਾਲੀ ਦਿਸਣ ਹੱਥ, ਮੈਂਹਦੀ ਰੰਗ ਨਾ ਕੋਇ ਰੰਗਾਈਆ । ਮੈਨੂੰ ਹੋਰ ਵੀ ਪਿਆ ਸ਼ੱਕ, ਏਸੇ ਕਾਰਨ ਨੈਣਾਂ ਨੀਰ ਰਹੀ ਵਹਾਈਆ । ਵੇਖੀ ਕਿਤੇ ਸਾਰੇ ਭਗਤ ਆਪਣੀ ਗੋਦ ਨਾ ਲਈਂ ਚੱਕ, ਫੜ ਬਾਹੋਂ ਗਲੇ ਲਗਾਈਆ । ਕਿਉਂ ਬਿਨ ਭਗਤਾਂ ਮੇਰੀ ਕੌਣ ਰੱਖੂ ਪਤ, ਕੌਣ ਮੇਰਾ ਸੰਗ ਨਿਭਾਈਆ । ਗੋਬਿੰਦ ਇਕੋ ਵਾਰ ਗਿਆ ਦੱਸ, ਜੀਵਦਿਆਂ ਮੇਰੇ ਉਤੇ ਆਸਣ ਲਾਈਆ । ਮਰਿਆਂ ਖ਼ਾਕ ਜਗਤ ਛਾਰ ਗਿਆ ਸਿਰ ਘੱਤ, ਜੋ ਛਾਰ ਸਾਧਾਂ ਸੰਤਾਂ ਰਾਜ ਰਾਜਾਨਾ ਮਨਜੀਤਾ ਵੰਡ ਵੰਡਾਈਆ । ਹੋਈ ਹੈਰਾਨ ਸ੍ਰੀ ਭਗਵਾਨ ਤੇਰਿਆਂ ਭਗਤਾਂ ਬੁਰਜ ਨਾ ਜਾਵੇ ਢੱਠ, ਸਾਢੇ ਤਿੰਨ ਹੱਥ ਨਜ਼ਰੀ ਆਈਆ । ਜੇ ਨਾਤਾ ਛੁੱਟੇ ਤਤ ਅੱਠ, ਜੋਤੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਮੇਰੀ ਸੇਜ ਨਾ ਸੋਭਾ ਪਾਈਆ । ਅਰਥੀ ਕਹੇ ਮੇਰਾ ਵਸੇਰਾ ਮਸਾਣ, ਮਸਲਾ ਹੱਲ ਨਾ ਕੋਇ ਕਰਾਈਆ । ਮਰਿਆਂ ਪਿਛੋਂ ਮੇਰੀ ਕਰਨ ਪਹਿਚਾਨ, ਜੀਵਦਿਆਂ ਯਾਦ ਕਿਸੇ ਨਾ ਆਈਆ । ਤੇਰੇ ਦਰ ਤੋਂ ਮੰਗਾਂ ਦਾਨ, ਦੋਏ ਜੋੜ ਜੋੜ ਸਰਨਾਈਆ । ਕਰ ਕਿਰਪਾ ਸ੍ਰੀ ਭਗਵਾਨ, ਭਗਵਨ

ਆਪਣੀ ਦਇਆ ਕਮਾਈਆ । ਤੇਰੇ ਸੰਤ ਤੇਰੇ ਭਗਤ ਜਿਸ ਵੇਲੇ ਮੇਰੇ ਉਤੇ ਆਸਣ ਲਾਣ, ਮੈਂ ਖ਼ੁਸ਼ੀਆਂ ਨਾਲ ਗੀਤ ਗਾਵਾਂ ਚਾਈਂ ਚਾਈਆ । ਸਾਕ ਸੱਜਣ ਭਾਈ ਭੈਣ ਮਾਤ ਪਿਤ ਜੋ ਮੇਰੇ ਨਾਲ ਜਾਣ, ਖ਼ੁਸ਼ੀਆਂ ਵਿਚ ਤੇਰਾ ਨਾਉਂ ਧਿਆਈਆ । ਦੇ ਕੇ ਮੱਤ ਗਿਆ ਬਾਲ ਅਞਾਣ, ਵੀਹ ਸੌ ਦਸ ਬਿਕਰਮੀ ਜਗਤ ਸਮਝਾਈਆ । ਗੁਰਮੁਖੇ ਗੁਰਸਿਖੇ ਜਨ ਭਗਤੇ ਸਾਚੇ ਸੰਤੇ ਅੱਗੇ ਵੇਖੇ ਸ੍ਰੀ ਭਗਵਾਨ, ਫੜ ਭੁਜਾਂ ਗਲੇ ਰਿਹਾ ਲਗਾਈਆ । ਧੰਨ ਭਾਗ ਜਿਸ ਜੀਆਂ ਦਾਨ ਦੇਵੇ ਆਣ, ਪੁੱਤਰ ਧੀਆਂ ਰੂਪ ਵਟਾਈਆ । ਸੋ ਗੁਰਮੁਖ ਜਨਮ ਵਿਚੋਂ ਜਨਮ ਪਾਣ, ਜਨਮ ਜਨਮ ਨਾਲ ਬਦਲਾਈਆ । ਪੂਰਬ ਲਹਿਣਾ ਚੁੱਕੇ ਜਹਾਨ, ਅੱਗੇ ਲਹਿਣਾ ਸਤਿਗੁਰ ਹੱਥ ਵਖਾਈਆ । ਸੌਹਰੇ ਪੇਈਏ ਕੋਈ ਨਾ ਆਵੇ ਮਕਾਣ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਸਿਆਪਾ ਕਰੇ ਨਾ ਕੋਈ ਨੈਣ, ਅਲਾਹੁਣੀ ਦੇ ਨਾ ਕੋਇ ਸਮਝਾਈਆ । ਜਿਨ੍ਹਾਂ ਠਾਕਰ ਆਏ ਲੈਣ, ਅੰਤਮ ਆਪਣਾ ਮੇਲ ਮਿਲਾਈਆ । ਸੋ ਗੁਰਮੁਖ ਜੀਉਂਦੇ ਜੀਅ ਸਦਾ ਜਗ ਰਹਿਣ, ਮਰ ਜੀਵਤ ਰੂਪ ਵਟਾਈਆ । ਇਹ ਲੇਖਾ ਅਰਥੀ ਦੇਣਾ ਦੇਣ, ਸਾਰਥੀ ਆਪਣਾ ਸਾਰਥ ਪੂਰਾ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭਗਤ ਬਿਵਹਾਰ ਪਿਆਰ ਨਾਲ ਚਲਾਈਆ । ਤਿੰਨ ਪੋਹ ਕਹੇ ਖ਼ੁਸ਼ੀ ਨਾਲ ਰਲਾਈ ਗ਼ਮੀ, ਅਗੰਮਤਾ ਇਕੋ ਇਕ ਜਣਾਈਆ । ਭਗਵਨ ਘਰ ਭਗਤ ਆਤਮ ਜੰਮੀ, ਮਿਲੀ ਮਾਣ ਵਡਿਆਈਆ । ਨਾ ਕੋਈ ਪਾਪਾ ਨਾ ਕੋਈ ਮੰਮੀ, ਪਿਤਾ ਪੁਰਖ ਇਕ ਸਰਨਾਈਆ । ਨਾ ਕੋਈ ਅੰਮੜਾ ਨਾ ਕੋਈ ਅੰਮੀ, ਪੂਤ ਗੋਦ ਨਾ ਕੋਇ ਉਠਾਈਆ । ਨਾ ਕੋਈ ਚੋਲੀ ਨਾ ਕੋਈ ਕੰਨੀ, ਅੰਗੀ ਤਨ ਨਾ ਕੋਇ ਪਹਿਨਾਈਆ । ਨਾ ਕੋਈ ਦਾਤ ਨਾ ਕੋਈ ਦਾਨ ਨਾ ਕੋਈ ਧਨੀ, ਦੌਲਤ ਰਿਹਾ ਨਾ ਕੋਇ ਲੁਟਾਈਆ । ਨਾ ਕੋਈ ਛੱਪਰ ਨਾ ਕੋਈ ਛੰਨ ਨਾ ਦਿਸੇ ਛੰਨੀ, ਮਹਲ ਮਨਾਰ ਨਾ ਕੋਇ ਬਣਾਈਆ । ਨਾ ਕੋਈ ਨਾਰ ਖੌਂਤ ਸੁਘੜ ਸੁਆਣੀ ਦਿਸੇ ਰੰਨੀ, ਸੇਜ ਸੁਹੰਜਣੀ ਨਾ ਕੋਇ ਵਿਛਾਈਆ । ਨਾ ਕੋਈ ਨੇਤਰ ਨਾ ਕੋਈ ਖੇਤਰ ਨਾ ਕੋਈ ਅੰਧ ਅਗਿਆਨ ਅੰਨ੍ਹੀ, ਜੋਤੀ ਧਾਰ ਨਾ ਕੋਇ ਵਖਾਈਆ । ਸ੍ਰੀ ਭਗਵਾਨ ਜੁਗ ਜਨਮ ਦੀ ਵਿਛੜੀ ਆਪਣੇ ਘਰ ਆਪ ਕੀਤੀ ਮਤਬੰਨੀ, ਆਪਣਾ ਹੱਕ ਗੁਰਮੁਖ ਝੋਲੀ ਪਾਈਆ । ਲਾੜ੍ਹੀ ਮੌਤ ਫਿਰੇ ਭੰਨੀ, ਭਜੜਾ ਪਿੱਟੀ ਦਏ ਦੁਹਾਈਆ । ਮੈਂ ਧਰਮ ਰਾਏ ਦੀ ਆਈ ਘੱਲੀ, ਸੁਨੇਹੜਾ ਸਚ ਸੁਣਾਈਆ । ਖ਼ਾਲੀ ਹੱਥੀਂ ਮੁੜ ਕੇ ਚਲੀ, ਆਪਣਾ ਮੁਖ ਭਵਾਈਆ । ਜੁਗ ਚੌਕੜੀ ਗੁਰੂ ਅਵਤਾਰ ਪੀਰ ਪੈਗ਼ੰਬਰ ਮੇਰੀ ਮਾਰ ਕਿਸੇ ਨਾ ਝੱਲੀ, ਮੇਰਾ ਪਾਸਾ ਸਕਿਆ ਨਾ ਕੋਇ ਬਦਲਾਈਆ । ਕਿਥੋਂ ਆ ਗਿਆ ਧੁਰਦਰਗਾਹੀ ਵਲੀ ਛਲੀ, ਅਛਲ ਛਲਧਾਰੀ ਆਪਣੀ ਖੇਲ ਕਰਾਈਆ । ਜਿਸ ਨੇ ਦਰ ਆਈ ਕਰ ਦਿਤੀ ਝੱਲੀ, ਮੇਰੀ ਸੋਚ ਸਮਝ ਭੁਲਾਈਆ । ਗੁਰਮੁਖ ਬਣਾ ਕੇ ਆਪਣੇ ਪ੍ਰੇਮ ਪਿਆਰ ਦੀ ਕਲੀ, ਘਰ ਸਾਚੇ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਲਾੜ੍ਹੀ ਮੌਤ ਕਹੇ ਕੀ ਹੋਇਆ ਹਾਏ, ਹੌਕਾ ਭਰ ਸੁਣਾਈਆ । ਵਡ ਪੀਰ ਪੀਰਾ ਕਿਥੋਂ ਗਿਆ ਆਏ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜਿਸ ਭਗਤ ਸੁਹੇਲੇ ਆਪਣੇ ਲਏ ਛੁਡਾਏ, ਬਲਹੀਣ ਸਾਨੂੰ ਦਿਤਾ ਬਣਾਈਆ । ਰਾਏ ਧਰਮ ਨਾ ਨੇੜੇ ਆਏ, ਚਿਤਰ ਗੁਪਤ ਬੰਨ੍ਹ ਬਸਤਾ ਬੈਠਾ ਮੁਖ ਭਵਾਈਆ । ਇਹਨਾਂ ਕੋਈ ਨਾ ਦੇਵੇ ਫਾਹੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਮਰਨ ਤੋਂ ਪਹਿਲਾਂ ਜਨਮ ਦਿਵਾਏ, ਕਰਮ ਆਪਣਾ ਨਾਲ

ਬਣਾਈਆ । ਕੌਲ ਇਕਰਾਰ ਦਾ ਧਰਮ ਨਿਭਾਏ, ਅਧਰਮੀ ਰੂਪ ਨਾ ਕੋਇ ਵਖਾਈਆ । ਸਰਨ ਪੜ੍ਹੇ ਦੀ ਲਾਜ ਰਖਾਏ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਕਾਜ ਰਚਾਏ, ਮਾਤਮ ਨਜ਼ਰ ਕੋਇ ਨਾ ਆਈਆ । ਪੁੱਤਰ ਧੀ ਨਾਰ ਸੰਸਾਰ ਨਾ ਕੋਈ ਕੁਰਲਾਏ, ਹਾਹਾਕਾਰ ਨਾ ਕੋਇ ਵਖਾਈਆ । ਸਾਕ ਸੱਜਣ ਨਾ ਕੋਈ ਮੰਗਾਏ, ਮਿੱਤਰ ਪਿਆਰੇ ਦੇਣ ਨਾ ਕੋਇ ਦੁਹਾਈਆ । ਕੋਈ ਨਾ ਕਹੇ ਰਾਮ ਸਿੰਘ ਪੱਲਾ ਗਿਆ ਛੁਡਾਏ, ਨਾਤਾ ਜਗਤ ਮਾਤ ਚੁਕਾਈਆ । ਕੋਈ ਨਾ ਕਹੇ ਖਾਰੇ ਲਓ ਚੜ੍ਹਾਏ, ਅਸ਼ਨਾਨ ਅੰਤਮ ਵਾਰ ਕਰਾਈਆ । ਕੋਈ ਨਾ ਕਹੇ ਕੱਫਣ ਲਓ ਬਣਾਏ, ਸਾਢੇ ਤਿੰਨ ਹੱਥ ਪੜਦਾ ਪਾਈਆ । ਕੋਈ ਨਾ ਕਹੇ ਅਰਥੀ ਉਤੇ ਦਿਉ ਟਿਕਾਏ, ਮੁਖ ਘਿਰਤ ਘੀ ਪਵਾਈਆ । ਕੋਈ ਨਾ ਕਹੇ ਕਾਹਨੀ ਲਉ ਬੁਲਾਏ, ਜੋ ਆਪਣੇ ਕੰਧ ਉਠਾਈਆ । ਕੋਈ ਨਾ ਕਹੇ ਚਿਖਾ ਲਉ ਚਣਾਏ, ਬਾਲਣ ਮੜ੍ਹੀਆਂ ਵਿਚ ਸੁਟਾਈਆ । ਕੋਈ ਨਾ ਕਹੇ ਲਾਗੀ ਲਾਗਣਾ ਲਉ ਬੁਲਾਏ, ਵੇਲਾ ਅੰਤਮ ਦੇਣ ਸੁਹਾਈਆ । ਕੋਈ ਨਾ ਕਹੇ ਸਿਰ ਪੈਰ ਅੱਗੇ ਪਿੱਛੇ ਲਉ ਬਦਲਾਏ, ਭਾਂਡਾ ਪਾਣੀ ਗਾਗਰ ਜਗਤ ਰੁੜ੍ਹਾਈਆ । ਕੋਈ ਨਾ ਕਹੇ ਵੇਖੋ ਇਕੱਲਾ ਜਾਂਦਾ, ਸੰਗ ਨਜ਼ਰ ਕੋਇ ਨਾ ਆਈਆ । ਕੋਈ ਨਾ ਕਹੇ ਗੁਰਮੁਖ ਘਰ ਆਪਣੇ ਜਾਂਦਾ, ਸਾਰੇ ਦੇਣ ਦੁਹਾਈਆ । ਜਿਨ੍ਹਾਂ ਸਤਿਗੁਰ ਆਪ ਬਖ਼ਸ਼ਾਦਾ, ਬਖ਼ਸ਼ਿਸ਼ ਝੋਲੀ ਪਾਈਆ । ਤਿਨ੍ਹਾਂ ਪਿੱਛੇ ਫੇਰੇ ਪਾਂਦਾ, ਭੱਜਾ ਫਿਰੇ ਵਾਹੋ ਦਾਹੀਆ । ਸੋਲਾਂ ਦਿਵਸ ਪਹਿਲੋਂ ਗਾਂਦਾ, ਸੋਲਾਂ ਇਛਿਆ ਪੂਰ ਵਖਾਈਆ । ਬਿਨ ਭਗਤ ਘਰ ਨਾ ਦਿਸੇ ਠਾਂਡਾ, ਅਗਨੀ ਰੂਪ ਨਜ਼ਰੀ ਆਈਆ । ਜਨ ਭਗਤਾਂ ਜਨ ਭਗਤ ਆਂਡ ਗੁਆਂਡਾ, ਸੱਜਣ ਸੈਣ ਆਪ ਵਖਾਈਆ । ਭਗਤ ਜਨ ਜਨ ਭਗਤਾਂ ਮਿਲ ਕਹਿਣ ਔਹ ਗੁਰਮੁਖ ਜਾਂਦਾ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਤੇਰੀ ਦਇਆ ਵੇਖ ਨਿਰਾਲੀ, ਸਾਰੇ ਰਹੇ ਧਿਆਨ ਲਗਾਈਆ । ਜਿਸ ਗ਼ਮੀ ਵਿਚ ਦਿਤੀ ਖ਼ੁਸ਼ਹਾਲੀ, ਖ਼ੁਸ਼ੀ ਗ਼ਮੀ ਨਾਲ ਵਟਾਈਆ । ਬਣ ਵਿਚੋਲਾ ਕਰ ਦਲਾਲੀ, ਤਿੰਨ ਵੇਰ ਪਹਿਲੇ ਗਿਆ ਸਮਝਾਈਆ । ਬਿਨ ਸਮਝੋਂ ਸਾਰੇ ਰਹੇ ਖ਼ਾਲੀ, ਬੱਧਕ ਤੇਰੀ ਸਾਰ ਕਿਸੇ ਨਾ ਆਈਆ । ਅੰਤ ਕਰਨ ਆਇਆ ਰਖਵਾਲੀ, ਬਣ ਸੇਵਕ ਸੇਵ ਕਮਾਈਆ । ਬਿਨ ਮੁਢ ਤੋਂ ਕੋਈ ਨਾ ਟਹਿਕੇ ਪੱਤ ਡਾਲੀ, ਬੱਚੇ ਬਾਲੇ ਨਿੱਕੇ ਨਿੱਕੇ ਨਾਲ ਤਰਾਈਆ । ਰਾਮ ਸਿੰਘ ਬਿਨਾਂ ਘਰ ਦਿਸੇ ਖ਼ਾਲੀ, ਹਰਿਸੰਗਤ ਮਿਲੇ ਨਾ ਮਾਣ ਵਡਿਆਈਆ । ਜੁਗ ਦੁਆਪਰ ਘਾਲ ਘਾਲੀ, ਮੰਗੀ ਮੰਗ ਬਣ ਸੁਆਲੀ, ਝੋਲੀ ਖਾਲੀ ਦਏ ਭਰਾਈਆ । ਜਿਸ ਦਾ ਕੋਈ ਨਾ ਬਣੇ ਵਾਲੀ, ਤਿਸ ਆਪਣੀ ਗੋਦ ਬਹਾਈਆ । ਇਹੋ ਖੇਲ ਪ੍ਰਭੂ ਦੀ ਨਿਰਾਲੀ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਖ਼ੁਸ਼ੀ ਮਨਾਈਆ । ਖ਼ੁਸ਼ੀ ਕਹੇ ਮੈਂ ਕੀ ਕਰਾਂ ਤੇਰੀ ਖ਼ੁਸ਼ਾਮੰਦ, ਮਿਹਰਵਾਨ ਤੇਰੀ ਵਡਿਆਈਆ । ਧੰਨ ਭਾਗ ਤੇਰੀ ਹੋਈ ਆਮਦ, ਅਹਿਮਕ ਕਰਾਂ ਕੀ ਚਤੁਰਾਈਆ । ਲੇਖਾ ਯਾਦ ਵਿਚ ਬਨਵਾਸ ਬਾਨਰ, ਹਨਵੰਤ ਦਿਤਾ ਸਮਝਾਈਆ । ਕਲਜੁਗ ਅੰਤ ਇਕੋ ਰਾਮ ਕਰੇ ਚਾਨਣ, ਜਿਸ ਚਾਨਣ ਰਾਮ ਸੁਰਤੀ ਸੀਤਾ ਬਨਬਾਸ ਦਏ ਕਟਾਈਆ । ਉਹ ਖੇੜਾ ਗੁਰਮੁਖ ਵਿਰਲੇ ਮਾਤ ਪਹਿਚਾਨਣ, ਜਿਨ੍ਹਾਂ ਪੇਸ਼ਤਰ ਦਏ ਸਮਝਾਈਆ । ਪੁਰਖ ਅਕਾਲ ਬਣ ਕੇ ਜਾਮਨ, ਜਾਹਰ ਜਹੂਰ ਲਏ ਬਚਾਈਆ । ਕਿਸੇ ਹੱਥ ਨਾ ਆਵੇ ਛੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਪੱਲੂ ਨਾ ਕੋਇ ਫੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਵਰ, ਸਦਕਾ ਇਕੋ ਇਕ ਰਖਾਈਆ । ਗ਼ਮੀ ਕਹੇ ਮੈਨੂੰ ਆਵੇ ਹਾਸਾ, ਹਸਤੀ ਪ੍ਰਭ ਦੀ ਨਜ਼ਰੀ ਆਈਆ । ਜਿਸ ਦਾ ਵੇਖਿਆ ਅਜੀਬ ਤਮਾਸ਼ਾ, ਅਚਰਜ ਖੇਲ ਰਚਾਈਆ । ਸਚ ਸੱਚ ਪ੍ਰਭ ਨੂੰ ਕਹਿੰਦੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਲ ਧਰਾਈਆ । ਭਗਤ ਖੇੜਾ ਹੋਣ ਨਾ ਦਿਤਾ ਵਿਨਾਸਾ, ਢਹਿੰਦਾ ਢਹਿੰਦਾ ਲਿਆ ਬਚਾਈਆ । ਇਹ ਪ੍ਰਭੂ ਦੀ ਆਪਣੀ ਖਾਹਸ਼ਾ, ਪਿਛਲਾ ਲੇਖਾ ਆਪਣੇ ਵਿਚ ਰਖਾਈਆ । ਸੁਆਸਾਂ ਵਿਚੋਂ ਸੁਆਸਾਂ ਦਿਤਾ ਸਾਥਾ, ਸੁਆਰਥੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਕਾਵਣਹਾਰਾ ਪਿਛਲਾ ਵਾਟਾ, ਅਗਲਾ ਪੰਧ ਆਪਣੇ ਹੱਥ ਰਖਾਈਆ । ਖ਼ੁਸ਼ੀ ਕਹੇ ਸੁਣ ਗ਼ਮੀ ਭੈਣ, ਕੀ ਤੈਨੂੰ ਹਾਲ ਸੁਣਾਵਾਂ । ਉਠ ਵੇਖ ਮੇਰਾ ਸੱਜਣ ਸੈਣ, ਜਿਸ ਦੀਆਂ ਮੇਰੇ ਸਿਰ ਤੇ ਛਾਵਾਂ । ਉਹਨੂੰ ਲਾੜੀ ਮੌਤ ਕੀ ਆਵੇ ਲੈਣ, ਜਿਨ੍ਹਾਂ ਦੀਆਂ ਭਗਵਨ ਪਕੜੀਆਂ ਬਾਹਾਂ । ਉਥੇ ਕੋਈ ਨਾ ਪਾਵੇ ਵੈਣ, ਵਿਛੋੜਾ ਹੋਏ ਨਾ ਪੁੱਤਰਾਂ ਮਾਵਾਂ । ਜੁਗ ਜੁਗ ਲਹਿਣਾ ਦੇਵੇ ਦੇਣ, ਨਿਤ ਨਵਿਤ ਜਨ ਭਗਤਾਂ ਤੋਲ ਤੋਲੇ ਸਾਵਾਂ । ਆਪਣੀ ਚਰਨੀ ਦੇਵੇ ਬਹਿਣ, ਨਿਤ ਗੀਤ ਉਹਦੇ ਉਠ ਉਠ ਗਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਕਰੇ ਪਿਆਰ ਜਿਉਂ ਪ੍ਰੇਮ ਪ੍ਰੀਤੀ ਅੰਦਰ ਪੁੱਤਰਾਂ ਮਾਵਾਂ । ਗ਼ਮੀ ਕਹੇ ਖ਼ੁਸ਼ੀ ਸਹੇਲੀ ਮੈਂ ਕੀ ਦੱਸਾਂ, ਦੱਸਣ ਵਿਚ ਕਿੱਛ ਨਾ ਆਈਆ । ਨਾਲੇ ਰੋਵਾਂ ਨਾਲੇ ਹੱਸਾਂ, ਦੋਵੇਂ ਰੰਗ ਵਖਾਈਆ । ਮੈਂ ਵੇਖ ਕੇ ਆਈ ਅੱਖਾਂ, ਸ੍ਰੀ ਭਗਵਾਨ ਜਨ ਭਗਤਾਂ ਦਇਆ ਕਮਾਈਆ । ਜਿਸ ਦਾ ਵਿਛਣ ਨਾ ਦਿਤਾ ਸੱਥਰ ਸੱਥਾ, ਨਾਤਾ ਤੁਟਾ ਨਾ ਤਤ ਜੁਦਾਈਆ । ਅਗਨੀ ਤੱਪਣ ਨਾ ਦਿਤਾ ਭੱਠਾ, ਹੱਡੀਆਂ ਬਾਲਣ ਰੂਪ ਵਟਾਈਆ । ਭਸਮ ਰਲਣ ਨਾ ਦਿਤੀ ਵਿਚ ਘੱਟਾ, ਮਿੱਟੀ ਖ਼ਾਕ ਨਾ ਖੇਹ ਉਡਾਈਆ । ਇਕੋ ਪਿਆਰ ਆਪਣੇ ਵਿਚ ਰੱਤਾ, ਰੰਗ ਸੱਚਾ ਸਚ ਚੜ੍ਹਾਈਆ । ਫੜ ਬਾਹੋਂ ਕਿਹਾ ਮੈਂ ਤਾਰਿਆ ਆਪਣਾ ਬੱਚਾ, ਬੱਚਿਆਂ ਵਾਲਾ ਬੱਚਾ ਫੇਰ ਬਣਾਈਆ । ਇਹੋ ਖੇਲ ਪ੍ਰਭੂ ਦਾ ਸੱਚਾ, ਗ਼ਮੀ ਕਹੇ ਮੈਂ ਅੱਖੀਂ ਵੇਖ ਆਈਆ । ਜੋਤ ਅਕਾਲਣ ਤਿੰਨ ਪੋਹ ਆਪ ਮਾਂ ਬਣ ਗਈ ਜੱਚਾ, ਨੰਨ੍ਹਾ ਆਪਣੀ ਗੋਦ ਬਹਾਈਆ । ਪਿਛੇ ਕਾਇਆ ਮਾਟੀ ਭਾਂਡਾ ਦਿਸਿਆ ਕੱਚਾ, ਅੱਗੇ ਠਠਿਆਰ ਆਪਣੀ ਘਾੜਤ ਲਈ ਘੜਾਈਆ । ਜਿਸ ਦਾ ਕਿਸੇ ਨਾ ਵੇਖਿਆ ਸੰਚਾ, ਸੋ ਬਾਢੀ ਆਪਣੀ ਬਣਤ ਬਣਾਈਆ । ਜਿਸ ਦੇ ਭਾਣੇ ਨੂੰ ਮਰਿਆਂ ਪਿਛੋਂ ਸਾਰੇ ਕਹਿਣ ਅੱਛਾ, ਉਹਦੇ ਅੱਗੇ ਚਲੇ ਨਾ ਕੋਇ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਖਾ ਕਦੇ ਨਾ ਰੱਜਾ, ਸਰਬ ਭੁੱਖਾ ਕਹੇ ਲੋਕਾਈਆ । ਤਿਸ ਮਿਹਰਵਾਨ ਹੋ ਕੇ ਜਨ ਭਗਤਾਂ ਰੱਖੀ ਲੱਜਾ, ਸਿਰ ਆਪਣਾ ਹੱਥ ਟਿਕਾਈਆ । ਭੱਜਣ ਵਾਲਾ ਭਾਂਡਾ ਨਾ ਭੱਜਾ, ਸਾਢੇ ਤਿੰਨ ਹੱਥ ਹੱਥ ਦੇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਦੁਰਾਡਾ ਆਇਆ ਭੱਜਾ, ਬਣ ਪਾਂਧੀ ਪੰਧ ਮੁਕਾਈਆ । ਖ਼ੁਸ਼ੀ ਕਹੇ ਗ਼ਮੀ ਇਹ ਕੀ ਦੱਸਿਆ, ਪ੍ਰਭ ਅਚਰਜ ਖੇਲ ਰਚਾਈਆ । ਮੈਂ ਵੇਖਿਆ ਉਹ ਗੁਰਮੁਖਾਂ ਅੰਦਰ ਵਸਿਆ, ਬਾਹਰੋਂ ਨਜ਼ਰ ਕਿਤੇ ਨਾ ਆਈਆ । ਸਚ ਪ੍ਰੀਤੀ ਅੰਦਰ ਫਸਿਆ, ਡੋਰੀ ਆਪਣਾ ਨਾਮ ਬੰਧਾਈਆ । ਜੇ ਕੋਈ ਗੁਰਮੁਖ ਗੁੱਸੇ ਹੋ ਕੇ ਅੱਗੋਂ ਮਾਰੇ ਪਿੱਛੇ ਕਦੇ ਨਾ ਹਟਿਆ, ਵਾਂਗ ਬੱਚਿਆਂ ਗਲੇ ਲਗਾਈਆ । ਜੇ ਕੋਈ ਜਨ ਭਗਤਾਂ ਵਲ ਵੇਖੇ ਅੱਗੇ ਹੋ ਕੇ ਡਟਿਆ, ਔਹ ਵੇਖੋ ਰਾਏ ਧਰਮ ਦੇ ਸਕੇ ਨਾ ਕੋਇ ਸਜਾਈਆ । ਇਕੋ ਰੰਗ ਪ੍ਰੇਮ ਅਗੰਮੀ ਰੰਗਿਆ,


੯੪ ੧੬

ਲਲਾਰੀ ਆਪਣਾ ਰੂਪ ਵਟਾਈਆ । ਜਨ ਭਗਤਾਂ ਸੇਵਾ ਕਰਦਾ ਕਦੇ ਨਾ ਸੰਗਿਆ, ਸੇਵਕ ਆਪਣੀ ਕਾਰ ਕਮਾਈਆ । ਸਦਾ ਸਦਾ ਪ੍ਰਭ ਚੰਗੇ ਕਰੇ ਮੰਦਿਆਂ, ਮੰਦੇ ਚੰਗੇ ਆਪ ਬਣਾਈਆ । ਜੁਗ ਜਨਮ ਦੇ ਵਿਛੜੇ ਕੋਝੇ ਕਮਲੇ ਗੰਦਿਆਂ, ਲੱਖ ਚੁਰਾਸੀ ਗੰਦਗੀ ਵਿਚੋਂ ਬਾਹਰ ਕਢਾਈਆ । ਦੋਏ ਨੇਤਰ ਜਗਤਹੀਣ ਅੰਧਿਆਂ, ਆਪਣਾ ਦਰਸ ਦਏ ਕਰਾਈਆ । ਰਾਏ ਧਰਮ ਦੀ ਫਾਸੀ ਤੋੜ ਫੰਦਿਆਂ, ਬੱਧਕ ਫਾਂਦਕੀ ਦਏ ਤਰਾਈਆ । ਜਿਸ ਦੇ ਨਾਲ ਜੁਗ ਜੁਗ ਹੰਢਿਆ, ਸਗਲਾ ਸੰਗ ਬਣਾਈਆ । ਕਲਜੁਗ ਅੰਤਮ ਨਾਤਾ ਗੰਢਿਆ, ਆਤਮ ਪਰਮਾਤਮ ਮੇਲ ਮਿਲਾਈਆ । ਜਿਸ ਦੇ ਪਿੱਛੇ ਪਰਵਾਰ ਪਾਈ ਡੰਡਿਆ, ਅਗਨੀ ਅੱਗ ਨਾ ਕੋਇ ਲਗਾਈਆ । ਆਪ ਚੁੱਕਿਆ ਆਪਣੇ ਕੰਧਿਆ, ਕਾਹਨੀ ਨੇੜ ਕੋਇ ਨਾ ਆਈਆ । ਕੋਈ ਨਾ ਰੱਖੇ ਉਤੇ ਅਰਥੀ ਫੱਟੇ ਡੰਡਿਆ, ਡੰਕਾ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਲੇਖਾ ਦੇਵੇ ਥਾਉਂ ਥਾਈਆ । ਖ਼ੁਸ਼ੀ ਗ਼ਮੀ ਦੋਵੇਂ ਕਰ ਸਲੂਕ, ਸੁਲਾਕੁਲ ਵਲ ਧਿਆਨ ਲਗਾਈਆ । ਇਸ ਦਾ ਕੋਈ ਨਾ ਮਿਲੇ ਸਬੂਤ, ਸਾਹਿਬ ਵੱਡਾ ਵਡ ਵਡਿਆਈਆ । ਮਹਲ ਅਟੱਲ ਉਚ ਅਰੂਜ, ਅਰਸ਼ ਫ਼ਰਸ਼ ਵੇਖ ਵਖਾਈਆ । ਆਦਿ ਜੁਗਾਦਿ ਧੁਰ ਮਹਿਬੂਬ, ਮੁਹੱਬਤ ਸਚ ਸੱਚ ਸਮਝਾਈਆ । ਜਿਸ ਰਹਿਮਤ ਕੀਤੀ ਕਾਇਆ ਕਲਬੂਤ, ਰੂਹ ਬੁੱਤ ਨਾ ਹੋਈ ਜੁਦਾਈਆ । ਕਰ ਕਿਰਪਾ ਰੱਖੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਪਿਛਲੇ ਜੁਗ ਦਾ ਅਸਲ ਨਾਲ ਦਿਤਾ ਸੂਦ, ਕੁਲ ਜ਼ਰ ਅੰਕ ਦਿਤਾ ਬਣਾਈਆ । ਹਾਜ਼ਰ ਹੋ ਕੇ ਆਪ ਮੌਜੂਦ, ਪਿਛਲਾ ਲਿਖਿਆ ਨਾਵਾਂ ਦਿਤਾ ਚੁਕਾਈਆ । ਚਲ ਕੇ ਆਇਆ ਭਗਤ ਹਦੂਦ, ਹੱਦ ਆਪਣੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਰਤਾਈਆ । ਖ਼ੁਸ਼ੀ ਗ਼ਮੀ ਦੋਵੇਂ ਸਹੀਆਂ, ਸਾਹਿਬ ਵਲ ਧਿਆਨ ਲਗਾਈਆ । ਅੱਖੀਂ ਵੇਂਹਦੀਆਂ ਮੈਨੂੰ ਰਹੀਆਂ, ਨੇਤਰ ਨੈਣ ਉਠਾਈਆ । ਤੂੰ ਭਗਤਾਂ ਮਿਲਿਆ ਕਰ ਕੇ ਲੰਮੀਆਂ ਬਹੀਆਂ, ਗਲਵਕੜੀ ਆਪਣੀ ਪਾਈਆ । ਸਚ ਚੜ੍ਹਾਇਆ ਧੁਰ ਦੀ ਨਈਆ, ਨੌਕਾ ਆਪਣਾ ਨਾਮ ਵਖਾਈਆ । ਜਗਤ ਦੁਹਾਗਣਾਂ ਰੋਦੀਆਂ ਰਹੀਆਂ, ਸ਼ਾਹ ਮਿਲਿਆ ਨਾ ਬੇਪਰਵਾਹੀਆ । ਹਾਏ ਹਾਏ ਕਰਨ ਜਗਤ ਮਈਆ, ਮਾਤ ਪਿਤ ਸੰਗ ਨਾ ਕੋਇ ਨਿਭਾਈਆ । ਰਾਏ ਧਰਮ ਕੱਢ ਵਖਾਏ ਵਹੀਆ, ਜਿਨ੍ਹਾਂ ਸਾਹਿਬ ਸਤਿਗੁਰ ਵਿਛੜਿਆਂ ਨੂਰ ਇਲਾਹੀਆ । ਗੁਰਮੁਖ ਸਖੀਆਂ ਚਰਨੀਂ ਬਹੀਆਂ, ਮਾਣ ਅਭਿਮਾਣ ਜਗਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਰਿਹਾ ਕਮਾਈਆ । ਖ਼ੁਸ਼ੀ ਗ਼ਮੀ ਰਲ ਕੇ ਆਖਣ, ਇਕ ਆਵਾਜ ਲਗਾਈਆ । ਚਲ ਕੇ ਵੇਖੀਏ ਨਾਥ ਅਨਾਥਨ, ਦੀਨਨ ਹੋਏ ਸਹਾਈਆ । ਜਿਸ ਦਾ ਜੁਗ ਚੌਕੜੀ ਅਗੰਮ ਨਿਰਾਲਾ ਭਾਸ਼ਨ, ਜਗਤ ਭਾਸ਼ਾ ਭਾਖਿਆ ਵਿਚ ਜਣਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਬੇਪਰਵਾਹ ਆਖਣ, ਬੇਪਰਵਾਹੀ ਵਿਚ ਸਮਾਈਆ । ਸੋ ਸਾਹਿਬ ਜਨ ਭਗਤਾਂ ਆਇਆ ਪਾਤਣ, ਤਟ ਕਿਨਾਰੇ ਬੈਠਾ ਡੇਰਾ ਲਾਈਆ । ਸਚ ਦੁਆਰ ਕਰ ਕੇ ਵਾਸਨ, ਬਿਸਤਰ ਸੇਜ ਸੁਹੰਜਣੀ ਸੋਭਾ ਪਾਈਆ । ਘਰ ਦੀਪਕ ਜੋਤ ਕਰ ਪਰਕਾਸ਼ਨ, ਅਗਿਆਨ ਅੰਧੇਰ ਮਿਟਾਈਆ । ਜਲਵਾ ਦੇਵੇ ਜਾਹਰ ਬਾਤਨ, ਬੈਤਲ ਇਕੋ ਧਾਮ ਵਖਾਈਆ । ਮੁਕੱਦਸ ਰੂਪ ਆਲਮੀਨ ਸ਼ਾਹੋ ਸ਼ਬਾਸਨ, ਮਕਸਦ ਸਭ ਦਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖ਼ੁਸ਼ੀ

ਗ਼ਮੀ ਗ਼ਮੀ ਖ਼ੁਸ਼ੀ ਇਕੋ ਦਰ ਕਰੇ ਕੁੜਮਾਈਆ । ਖ਼ੁਸ਼ੀ ਗ਼ਮੀ ਪ੍ਰਭ ਜੋੜ ਨਾਤਾ, ਘਰ ਇਕੋ ਰੰਗ ਵਖਾਇੰਦਾ । ਜਿਸ ਮਿਲਿਆ ਪੁਰਖ ਅਬਿਨਾਸ਼ਾ, ਤਿੰਨ੍ਹਾਂ ਆਪਣੀ ਧਾਰ ਜਣਾਇੰਦਾ । ਹਰਖ ਸੋਗ ਨਾ ਰਹੇ ਪਾਸਾ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਮੰਨਿਆ ਆਖਾ, ਤਿਨ੍ਹਾਂ ਆਖਰ ਆਪਣੇ ਘਰ ਵਸਾਇੰਦਾ । ਖ਼ੁਸ਼ੀ ਗ਼ਮੀ ਜਨ ਭਗਤ ਦੁਆਰ ਇਕੋ ਜਿਹਾ ਸਾਥਾ, ਸਗਲਾ ਸੰਗ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਪੂਰਾ ਕਰੇ ਘਾਟਾ, ਤਿਨ੍ਹਾਂ ਘਾਟ ਨਾ ਕੋਇ ਵਖਾਇੰਦਾ । ਰੈਣ ਕਰ ਅੰਧੇਰੀ ਘੁੱਪ, ਤਿੰਨ ਦਿਨ ਦਾ ਲੇਖਾ ਪੂਰ ਕਰਾਈਆ । ਆਪਣੇ ਆਪਣੇ ਬਿਸਤਰ ਉਤੇ ਲੇਟਿਆ ਚੁੱਪ, ਅੰਦਰੇ ਅੰਦਰ ਹਰਿ ਜਸ ਗਾਈਆ । ਧੰਨ ਭਾਗ ਪ੍ਰਭ ਉਜਲ ਕੀਤਾ ਮੁੱਖ, ਮਿਲੀ ਮਾਣ ਵਡਿਆਈਆ । ਆਪਣੀ ਗੋਦੀ ਬਹਾਇਆ ਆਪਣਾ ਸੁਤ, ਅਬਿਨਾਸ਼ੀ ਅਚੁੱਤ ਹੋ ਸਹਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੇ ਕਹਿਣਾ ਨਾਲ ਮੁੱਖ, ਮੁਖਾਰਬਿੰਦ ਬਿੰਦ ਗੁਰਮੁਖ ਰੂਪ ਵਟਾਈਆ ।

## ★ ੪ ਪੋਹ ੨੦੨੦ ਬਿਕਰਮੀ ਸੁਰਜਣ ਸਿੰਘ ਦੇ ਗ੍ਰਹਿ ਫ਼ਿਰੋਜ਼ਪੁਰ ★

ਪੁਰਖ ਅਕਾਲ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਬਾਲਾ ਕਹੇ ਉਠ ਦੇਖ ਕਬੀਰ, ਜੁਲਾਹੇ ਤੇਰਾ ਧਿਆਨ ਵਖਾਇੰਦਾ । ਕਲਜੁਗ ਅੰਤਮ ਮਾਤ ਅਖ਼ੀਰ, ਅਕਲ ਕਲਧਾਰੀ ਵੇਸ ਵਟਾਇੰਦਾ । ਬਦਲਣਹਾਰ ਸਦਾ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਦੋ ਜਹਾਨਾਂ ਵੱਡਾ ਪੀਰ, ਪਰਵਰਦਿਗਾਰ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਬਾਲਾ ਕਹੇ ਉਠ ਵੇਖ ਭਗਤ, ਹਰਿ ਭਗਵਨ ਖੇਲ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣੇ ਬੂੰਦ ਰਕਤ, ਤਤਵ ਤਤ ਵੇਖ ਵਖਾਈਆ । ਜਿਨ੍ਹਾਂ ਦੇਵੇ ਨਾਮ ਸ਼ਕਤ, ਸ਼ਕਤੀ ਆਪਣਾ ਰੂਪ ਵਖਾਈਆ । ਮੇਲ ਮਿਲਾਵਾ ਕਰੇ ਫੇਰ ਪਰਤ, ਘਰ ਸਾਚੇ ਹੋਏ ਸਹਾਈਆ । ਜਨਮ ਜਨਮ ਜੋ ਰਹੇ ਭਟਕ, ਅੰਤਮ ਲੇਖੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੇਖ ਕਬੀਰ ਸਚਖੰਡ ਨਿਵਾਸੀ, ਲੋਕਮਾਤ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਪੁਰਖ ਅਬਿਨਾਸ਼ੀ, ਬੇਐਬ ਧਾਰ ਚਲਾਈਆ । ਸਾਚੇ ਮੰਡਲ ਪਾਵੇ ਰਾਸੀ, ਨਟੂਆ ਆਪਣਾ ਸਵਾਂਗ ਵਰਤਾਈਆ । ਜੁਗ ਜਨਮ ਦੀ ਪੂਰੀ ਕਰੇ ਆਸੀ, ਜਗਤ ਤ੍ਰਿਸਨਾ ਮੇਟ ਮਿਟਾਈਆ । ਭਗਤ ਸੁਹੇਲਾ ਇਕ ਅਕੇਲਾ ਬਣਿਆ ਸੱਚਾ ਸਾਥੀ, ਸਗਲਾ ਸੰਗ ਨਿਭਾਈਆ । ਵੇਖਣਹਾਰਾ ਡੂੰਘੀ ਭਵਰ ਉਚੀ ਘਾਟੀ, ਟਿੱਲੇ ਪਰਬਤ ਫੋਲ ਫੁਲਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਅਠਾਰਾਂ ਮਿਲ ਕੇ ਗੌਂਦੇ ਗਏ ਸਾਖੀ, ਸੋ ਸਾਖਿਆਤ ਆਪਣੀ ਕਾਰ ਕਮਾਈਆ । ਸੰਤਾਂ ਮੀਤ ਦੇਵਣਹਾਰਾ ਬਾਕੀ, ਲਹਿਣਾ ਦੇਣਾ ਰਿਹਾ ਚੁਕਾਈਆ । ਭਾਗ ਲਗਾਏ ਪੰਜ ਤਤ ਕਾਇਆ ਮਾਟੀ ਖ਼ਾਕੀ, ਖ਼ਾਲਕ ਖ਼ਲਕ ਹੋਏ ਸਹਾਈਆ । ਆਪਣੀ ਖੇਲ ਦੱਸੇ ਸਫ਼ਾਤੀ, ਜਾਤੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਉਠ ਕਬੀਰ ਕਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਈਆ ।

ਨੇਤਰ ਰੋਵੇ ਜਗਤ ਸ਼ਮਸ਼ਾਨ, ਭੂਮੀ ਰੋ ਰੋ ਦਏ ਦੁਹਾਈਆ । ਭਗਤ ਵਿਛੋੜਾ ਵਿਚ ਜਹਾਨ, ਸਾਚਾ ਮੇਲ ਨਾ ਕੋਇ ਮਿਲਾਈਆ । ਥੋੜਾ ਥੋੜਾ ਖੇਲ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਕਰਾਈਆ । ਅੰਤਮ ਸਕੇ ਨਾ ਕੋਈ ਪਹਿਚਾਨ, ਭੇਵ ਸਕੇ ਨਾ ਕੋਈ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਕੇ ਗਏ ਗੀਤਾ ਗਿਆਨ, ਅੰਜੀਲ ਕੁਰਾਨ ਬੰਧਨ ਪਾਈਆ । ਸਾਚੇ ਮੰਦਰ ਚੜ੍ਹ ਮੇਲ ਕਰੇ ਨਾ ਕੋਇ ਨੌਜਵਾਨ, ਨੌਬਤ ਨਾਮ ਨਾ ਕੋਇ ਵਜਾਈਆ । ਬਣ ਭਿਖਾਰੀ ਦਰ ਦਰਵੇਸ਼ ਮੰਗਦੇ ਗਏ ਦਾਨ, ਘਰ ਸਾਚੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਕਬੀਰ ਕਹੇ ਮੈਂ ਵੇਖਾਂ ਕੀ, ਚਾਰੋਂ ਕੁੰਟ ਧਿਆਨ ਲਗਾਈਆ । ਲੱਖ ਚੁਰਾਸੀ ਜੰਤ ਜੀਅ, ਹਰਿ ਕਾ ਰੂਪ ਨਜ਼ਰੀ ਆਈਆ । ਜਗਤ ਨਾਤਾ ਪੁੱਤਰ ਧੀਅ, ਮਾਤ ਪਿਤ ਕੁਟੰਬ ਰੂਪ ਵਖਾਈਆ । ਰਵਿਦਾਸ ਕਹੇ ਸਾਢੇ ਤਿੰਨ ਹੱਥ ਸੀਂ, ਲੇਖਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਕਰਨੀ ਰਿਹਾ ਕਮਾਈਆ । ਬਾਲਾ ਕਹੇ ਉਠ ਮਾਰ ਝਾਤ, ਸਾਹਿਬ ਸਤਿਗੁਰ ਦਿਆਂ ਵਖਾਈਆ । ਜਿਸ ਦਾ ਲੇਖਾ ਕਾਇਨਾਤ, ਚੌਦਾਂ ਲੋਕ ਚੌਦਾਂ ਤਬਕ ਰਿਹਾ ਸਮਾਈਆ । ਜਿਸ ਦਾ ਨੂਰ ਆਫ਼ਤਾਬ, ਸ਼ਮਾ ਜੋਤ ਕਰੇ ਰੁਸ਼ਨਾਈਆ । ਜਿਸ ਦਾ ਨਾਮ ਸਤਿ ਰਬਾਬ, ਅਹਿਬਾਬ ਰਿਹਾ ਵਜਾਈਆ । ਜਿਸ ਦਾ ਖੇਲ ਜੁਗ ਚੌਕੜੀ ਛਿਨ ਭੰਗਰ ਰੂਪ ਖ਼ੁਆਬ, ਖਾਹਿਸ਼ ਸਭ ਦੀ ਪੂਰ ਕਰਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਅੰਮ੍ਰਿਤ ਮੰਗਦੇ ਗਏ ਹਯਾਤ ਆਬ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਜਿਸ ਦੀ ਦੋ ਜਹਾਨ ਲਾ ਸਕੇ ਨਾ ਕੋਈ ਤਾਬ, ਸੋ ਤਾਬੇਦਾਰ ਹੋ ਕੇ ਸੇਵ ਕਮਾਈਆ । ਜਿਸ ਨੂੰ ਦੋ ਜਹਾਨ ਨਿਰਗੁਣ ਸਰਗੁਣ ਹੋ ਕੇ ਕਰਨ ਆਦਾਬ, ਸਜਦਾ ਸੀਸ ਜਗਦੀਸ਼ ਝੁਕਾਈਆ । ਸੋ ਸਾਹਿਬ ਬਣ ਹੱਕ ਜ਼ਨਾਬ, ਹਕੀਕਤ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਈਆ । ਕਬੀਰ ਕਹੇ ਕਵਣ ਥਾਨ ਥਨੰਤਰ, ਬ੍ਰਹਿਮੰਡ ਖੰਡ ਨਜ਼ਰ ਕੋਇ ਨਾ ਆਈਆ । ਕਵਣ ਖੇਲ ਕਰੇ ਪ੍ਰਭ ਸਾਚੇ ਮੰਦਰ, ਸ਼ਿਵਦਵਾਲੇ ਮਠ ਗੁਰਦਰ ਖ਼ਾਲੀ ਵੇਖੇ ਸੋਭਾਵੰਤ ਸੋਭਾ ਕੋਇ ਨਾ ਪਾਈਆ । ਦੁਆਰ ਬੰਕ ਵੱਜੇ ਜੰਦਰ, ਕੁੰਜੀ ਕੁਫ਼ਲ ਲਾ ਨਾ ਕੋਇ ਖੁਲ੍ਹਾਈਆ । ਨੇਤਰ ਰੋਵੇ ਸੂਰੀਆ ਚੰਦਰ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਲੱਖ ਚੁਰਾਸੀ ਮਨ ਵਾਸਨਾ ਭੌਂਦੀ ਬੰਦਰ, ਦਹਿ ਦਿਸ਼ਾ ਫਿਰੇ ਹਲਕਾਈਆ । ਸਾਢੇ ਤਿੰਨ ਹੱਥ ਕਾਇਆ ਦਿਸੇ ਖੰਡਰ, ਮਹਲ ਅਟੱਲ ਨਾ ਕੋਇ ਰੁਸ਼ਨਾਈਆ । ਸਚ ਦੁਆਰੇ ਕੋਈ ਨਾ ਜਾਵੇ ਮੰਗਣ, ਭਿਛਿਆ ਝੋਲੀ ਨਾ ਕੋਇ ਭਰਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਲਾਏ ਕੋਈ ਨਾ ਅੰਗਣ, ਕੂੜੀ ਕਿਰਿਆ ਸੇਜ ਹੰਢਾਈਆ । ਮਸਤਕ ਟਿੱਕਾ ਜੋਤ ਲਲਾਟ ਲਾਏ ਨਾ ਕੋਈ ਚੰਦਨ, ਜਗਤ ਸੰਧੂਰ ਤਰਸੂਲ ਰਹੇ ਬਣਾਈਆ । ਦੋਏ ਜੋੜ ਨਿਮਸਕਾਰ ਨਮੋ ਸੁਆਮੀ ਕੋਈ ਨਾ ਕਰੇ ਬੰਦਨ, ਬੰਦਗੀ ਸਚ ਨਾ ਕੋਇ ਸਮਝਾਈਆ । ਪੂਰਬ ਲੇਖਾ ਕੋਈ ਨਾ ਜਾਣੇ ਤਰਲੋਕੀ ਨੰਦਨ, ਨਾਥ ਅਨਾਥਾਂ ਗਿਆ ਜਣਾਈਆ । ਜਿਸ ਦਾ ਸਾਹਿਬ ਸੁਲਤਾਨ ਪੁਰਖ ਅਕਾਲ ਤੋੜੇ ਬੰਧਨ, ਬੰਦੀਖ਼ਾਨਾ ਆਪ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਕਬੀਰ ਕਹੇ ਕਵਣ ਮਹੱਲਾ, ਕਵਣ ਕੂਟ ਨਜ਼ਰੀ ਆਈਆ ।

ਮੈਂ ਵੇਖੇ ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਡੱਲਾ, ਜਲ ਥਲ ਆਪਣਾ ਧਿਆਨ ਲਗਾਈਆ । ਸਚ ਸੰਦੇਸ਼ ਨਰ ਨਰੇਸ਼ ਕਵਣ ਦੁਆਰ ਘੱਲਾ, ਬੋਧ ਅਗਾਧ ਸ਼ਬਦ ਅਨਾਦ ਜਣਾਈਆ । ਕਵਣ ਮੰਦਰ ਪਾਰਬ੍ਰਹਮ ਬੈਠ ਇਕੱਲਾ, ਏਕੰਕਾਰ ਆਪਣੀ ਕਾਰ ਕਮਾਈਆ । ਕਿਸ ਬਿਧ ਲੋਕਮਾਤ ਫੜਾਏ ਆਪਣਾ ਪੱਲਾ, ਪੱਲੂ ਆਪਣੇ ਗੰਢ ਪੁਆਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਨਿਰਗੁਣ ਨਿਰਵੈਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਬਾਲਾ ਕਹੇ ਵੇਖ ਜੁਲਾਹ, ਕਬੀਰ ਕਬਰ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਨਿਰਗੁਣ ਨਿਰਵੈਰ ਬਣ ਮਲਾਹ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਸੰਤ ਸੁਹੇਲਾ ਰਿਹਾ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਪੂਰਬ ਲਹਿਣਾ ਰਿਹਾ ਚੁਕਾ, ਲੇਖਾ ਆਪਣੇ ਹੱਥ ਵਰਤਾਈਆ । ਕਾਗਦ ਕਲਮ ਲੇਖਾ ਲਿਖੇ ਨਾ ਕੋਈ ਸ਼ਾਹ, ਗੁਰ ਅਵਤਾਰ ਪੀਰ ਪੈਗ਼ੰਬਰ ਬੇਅੰਤ ਕਹਿ ਕਹਿ ਗਏ ਸ਼ੁਕਰ ਮਨਾਈਆ । ਸੋ ਪੁਰਖ ਅਬਿਨਾਸ਼ੀ ਆਪਣੀ ਕਰਨੀ ਰਿਹਾ ਕਮਾ, ਕਾਮਲ ਪੁਰਖ ਇਕੋ ਨਜ਼ਰੀ ਆਈਆ । ਮਹਿਬੂਬ ਮੁਹੱਬਤ ਇਕੋ ਰਿਹਾ ਜਣਾ, ਸਚ ਸਬੂਤ ਇਕੋ ਇਕ ਸਮਝਾਈਆ । ਮਹਲ ਅਟੱਲ ਉਚ ਅਰੂਜ ਮੁਨਾਰ ਕਰ ਰੁਸ਼ਨਾ, ਦੀਵਾ ਬਾਤੀ ਕਮਲਾਪਾਤੀ ਜੋਤੀ ਨੂਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਕਬੀਰ ਕਹੇ ਮੈਂ ਵੇਖੇ ਲੋਕ, ਚਾਰੋਂ ਕੁੰਟ ਧਿਆਨ ਲਗਾਈਆ । ਲੱਖ ਚੁਰਾਸੀ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਏ ਸਲੋਕ, ਰਸਨਾ ਜਿਹਵਾ ਬੱਤੀ ਦੰਦ ਨਾਲ ਮਿਲਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਦੀ ਕੋਈ ਨਾ ਰੱਖੇ ਓਟ, ਪਰਵਰਦਿਗਾਰ ਸੰਗ ਨਾ ਕੋਈ ਨਿਭਾਈਆ । ਨਾਤਾ ਜੁੜੇ ਨਾ ਨਿਰਮਲ ਜੋਤ, ਘਰ ਮੰਦਰ ਨਾ ਕੋਇ ਰੁਸ਼ਨਾਈਆ । ਸਚ ਦੁਆਰੇ ਕੋਈ ਨਾ ਸਕੇ ਪਹੁੰਚ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਬੈਠੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਸਮਝ ਸਕੇ ਕੋਈ ਨਾ ਰਾਈਆ । ਵੇਖ ਜੁਲਾਹੇ ਖੋਲ੍ਹ ਅੱਖ, ਇਕੋ ਵਾਰ ਜਣਾਇੰਦਾ । ਜਿਸ ਮਾਰਗ ਮੈਨੂੰ ਦਿਤਾ ਦੱਸ, ਦਰ ਘਰ ਸਾਚੇ ਮੇਲ ਮਿਲਾਇੰਦਾ । ਸੋ ਪੁਰਖ ਹੋ ਪ੍ਰਤੱਖ, ਲੋਕਮਾਤ ਕਾਰ ਕਰਾਇੰਦਾ । ਆਦਿ ਜੁਗਾਦਿ ਜਿਸ ਨੂੰ ਕਹਿੰਦੇ ਸਮਰਥ, ਵਡ ਦਾਤਾ ਵੇਸ ਵਟਾਇੰਦਾ । ਭਗਤ ਭਗਵਾਨ ਰਿਹਾ ਰੱਖ, ਲੱਖ ਚੁਰਾਸੀ ਵਿਚੋਂ ਖੋਜ ਖੁਜਾਇੰਦਾ । ਜਿਸ ਮਾਰਿਆ ਤੀਰ ਮਿਰਗ ਵੇਖ ਅੱਖ, ਤਿਸ ਨਿਸ਼ਾਨਾ ਆਪਣਾ ਨਾਮ ਕਰਾਇੰਦਾ । ਅੰਤਮ ਗੋਦੀ ਲਏ ਚੱਕ, ਗਿਆਨੀ ਬੋਧੀ ਭੇਵ ਕੋਇ ਨਾ ਪਾਇੰਦਾ । ਤਪਣ ਨਾ ਦੇਵੇ ਅੰਗੀਠਾ ਭੱਠ, ਅਗਨੀ ਅੱਗ ਨਾ ਕੋਇ ਜਲਾਇੰਦਾ । ਲੇਖੇ ਲਾਵੇ ਰੱਤੀ ਰਤ, ਰਤ ਆਪਣੇ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਇੰਦਾ । ਕਬੀਰ ਵੇਖ ਹੋਇਆ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਕਰੇ ਕੀ ਖੇਲ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਜਨਮ ਦਾ ਦਿਤਾ ਦਾਨ, ਨਿਹਕਰਮੀ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਅੰਤਮ ਵੇਲੇ ਲੱਜਿਆ ਰੱਖੀ ਆਣ, ਸਿਰ ਆਪਣਾ ਹੱਥ ਟਿਕਾਈਆ । ਖ਼ਾਲੀ ਦਿਸੇ ਭੂਮਿਕਾ ਵਿਚ ਮਸਾਣ, ਗੁਰਮੁਖ ਸੇਜਾ ਆਪਣੀ ਗੋਦ ਬਣਾਈਆ ।

ਇਕੋ ਦੇਵੇ ਧੁਰ ਦਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਕੀਤਾ ਖੇਲ ਵਿਚ ਜਹਾਨ, ਕਲਜੁਗ ਅੰਤਮ ਹੋ ਸਹਾਈਆ । ਚਾਰ ਜੁਗ ਪਿਛੋਂ ਢੋਲੇ ਸਾਰੇ ਗਾਣ, ਪਾਰਬ੍ਰਹਮ ਪਤਿਪਰਮੇਸ਼ਵਰ ਹਰਿ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲਾ ਇਕ ਅਕੇਲਾ ਅਬਿਨਾਸ਼ੀ ਕਰਤਾ ਇਕੋ ਇਕ ਅਖਵਾਈਆ । ਕਬੀਰ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀ ਭਗਤਾਂ ਨਾਲ ਰਲਾਇੰਦਾ । ਸਾਹਿਬ ਸਤਿਗੁਰ ਵੇਖ ਦਿਆਲ, ਦਿਆਲਤਾ ਆਪਣੀ ਝੋਲੀ ਪਾਇੰਦਾ । ਜਿਨ੍ਹਾਂ ਮਿਲਿਆ ਹਰਿ ਗੋਪਾਲ, ਸੋ ਗੋਪਾਲਨ ਆਪਣੇ ਰੰਗ ਰੰਗਾਇੰਦਾ । ਤਿਨ੍ਹਾਂ ਨੇੜ ਨਾ ਆਵੇ ਕਾਲ, ਮਹਾਂਕਾਲ ਭੈ ਨਾ ਕੋਇ ਵਖਾਇੰਦਾ । ਸਚ ਦਵਾਰ ਵੇਖ ਧਰਮਸਾਲ, ਸਾਚੇ ਮੰਦਰ ਸੋਭਾ ਪਾਇੰਦਾ । ਜਿਸ ਗ੍ਰਿਹ ਜਿਸ ਦਵਾਰੇ ਪੁਰਖ ਅਬਿਨਾਸ਼ੀ ਮਿਲੇ ਆਣ, ਸੋ ਘਰ ਦੋ ਜਹਾਨ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਚਲਾਇੰਦਾ । ਕਬੀਰ ਕਹੇ ਵੇਖਿਆ ਖੇਲ ਅਨਡਿਠ, ਪ੍ਰਭ ਅਨਡਿਠੜੀ ਕਾਰ ਕਮਾਈਆ । ਬਿਨ ਸੱਦਿਆਂ ਪੁਛਿਆਂ ਘਰ ਜਾ ਕੇ ਕਰੇ ਹਿਤ, ਹਿਤਕਾਰੀ ਨਜ਼ਰ ਕਿਸੇ ਨਾ ਆਈਆ । ਹਰ ਘਟ ਵਸਿਆ ਅਬਿਨਾਸ਼ੀ ਚਿਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਆਦਿ ਜੁਗਾਦੀ ਧੁਰ ਦਾ ਪਿਤ, ਪਿਤਾ ਪੁਰਖ ਬੇਪਰਵਾਹੀਆ । ਜੀਂਵਦਿਆਂ ਜਗ ਲੇਖਾ ਦੇਵੇ ਲਿਖ, ਮਰਿਆਂ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਚਰਜ ਆਪਣੀ ਕਾਰ ਕਰਾਈਆ । ਕਬੀਰ ਕਹੇ ਖੇਲ ਕੀਆ ਅਚਰਜ, ਅਸਚਰਜ ਵੇਖ ਵਖਾਈਆ । ਸ੍ਰੀ ਭਗਵਾਨ ਆਪਣੀ ਰੱਖ ਕੇ ਗ਼ਰਜ਼, ਜਨ ਭਗਤ ਦਵਾਰੇ ਫੇਰਾ ਪਾਈਆ । ਦੁੱਖ ਰੋਗ ਸੰਤਾਪ ਮੇਟ ਮਰਜ਼, ਕਜ਼ਾ ਮੌਤ ਆਪਣੀ ਝੋਲੀ ਰਿਹਾ ਟਿਕਾਈਆ । ਦੀਨਾਂ ਨਾਥ ਦੀਨਨ ਕਰ ਦਰਦ, ਦਰਦੀਆਂ ਦਰਦ ਵੰਡਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਜ਼, ਹਰਜਾਨਾ ਆਪਣੇ ਹੱਥ ਰਖਾਈਆ । ਦਵਾਪਰ ਦਾ ਰਿਹਾ ਪਿਛਲਾ ਕਰਜ਼, ਕਲਜੁਗ ਅੰਤਮ ਪੂਰ ਕਰਾਈਆ । ਸੱਚਾ ਦੇ ਕੇ ਧੁਰ ਦਾ ਖ਼ਰਚ, ਖ਼ਜ਼ਾਨਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਦਏ ਵਡਿਆਈਆ । ਕਬੀਰ ਕਹੇ ਮੈਨੂੰ ਚੜ੍ਹਿਆ ਚਾ, ਘਰ ਵੱਜੀ ਇਕ ਵਧਾਈਆ । ਕਲਜੁਗ ਖੇਲ ਵੇਖਿਆ ਸ਼ਹਿਨਸ਼ਾਹ, ਪਾਤਸ਼ਾਹ ਆਪਣੀ ਧਾਰ ਬੰਧਾਈਆ । ਰਹਿਬਰ ਬਣ ਕੇ ਗਿਆ ਆ, ਦਰ ਘਰ ਸਾਚੇ ਫੇਰਾ ਪਾਈਆ । ਪਰਵਰਦਿਗਾਰ ਵੇਸ ਵਟਾ, ਜਾਹਰ ਜਹੂਰ ਨੂਰ ਕਰੇ ਰੁਸ਼ਨਾਈਆ । ਕਾਤਬ ਲੇਖਾ ਸਕੇ ਨਾ ਕੋਇ ਲਿਖਾ, ਮਕਤਬ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਬਾਲਾ ਕਹੇ ਕਬੀਰ ਨਹੀਂ ਇਹ ਬਾਤ, ਪ੍ਰਭ ਆਪਣੀ ਦਇਆ ਕਮਾਇੰਦਾ । ਮੇਰੇ ਨਾਲ ਭਗਤ ਮਿਲਾਏ ਸਚ ਜਮਾਤ, ਪੱਟੀ ਆਪਣਾ ਨਾਮ ਪੜ੍ਹਾਇੰਦਾ । ਔਹ ਵੇਖ ਰਵਦਾਸ ਲਿਖੇ ਨਾਲ ਕਲਮ ਦਵਾਤ, ਜਿਸ ਦਾ ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਪੂਰਬ ਜਨਮ ਦਾ ਪਿਛਲਾ ਸਾਕ, ਕਲਜੁਗ ਅੰਤਮ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਕਬੀਰ ਕਹੇ ਮੋਹੇ ਚਾਉ ਘਨੇਰਾ, ਮੇਰੇ ਅੰਤਰ ਵੱਜੇ ਵਧਾਈਆ । ਮੈਂ ਮੁੜ ਕੇ ਜਾਵਾਂ ਆਪਣੇ ਡੇਰਾ, ਘਰ ਸਾਚੇ ਫੇਰਾ ਪਾਈਆ । ਜਾ ਕੇ ਦੱਸਾਂ ਇਕੋ ਵੇਰਾ, ਸਚ ਸੁਨੇਹੜਾ

ਇਕ ਜਣਾਈਆ । ਉਠੋ ਵੇਖੋ ਪੁਰਖ ਅਕਾਲ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ੇਰਾ, ਸਾਚੀ ਖੇਲ ਰਿਹਾ ਕਰਾਈਆ । ਜਿਸ ਲੇਖ ਚੁਕਾਇਆ ਮੇਰਾ ਤੇਰਾ, ਤੇਰਾ ਮੇਰਾ ਇਕੋ ਰੰਗ ਵਖਾਈਆ । ਜੀਂਵਦਿਆਂ ਜਗ ਦੇਵੇ ਗੇੜਾ, ਗੇੜਾ ਆਪਣਾ ਆਪ ਭਵਾਈਆ । ਜਨਮ ਮਰਨ ਚੁਕਾਏ ਝੇੜਾ, ਮੜ੍ਹੀ ਗੋਰ ਡੇਰਾ ਢਾਹੀਆ । ਦਰਸ ਦਿਖਾਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਕਬੀਰ ਕਹੇ ਭਗਤ ਅਠਾਰਾਂ ਨਾਲ ਲਿਆਵਾਂਗਾ । ਅੱਠ ਦਸ ਰੁੱਤ ਸੁਹਾਵਾਂਗਾ । ਹੱਸ ਹੱਸ ਫੁੱਲ ਬਰਖਾਵਾਂਗਾ । ਰਸ ਰਸ ਇਕ ਚਵਾਵਾਂਗਾ । ਜਸ ਜਸ ਰਾਗ ਸੁਣਾਵਾਂਗਾ । ਕਸ ਕਸ ਤੀਰ ਲਗਾਵਾਂਗਾ । ਢੱਠ ਢੱਠ ਆਪਣਾ ਮਾਣ ਮਿਟਾਵਾਂਗਾ । ਖੇਲ ਵੇਖ ਪੁਰਖ ਸਮਰਥ, ਦੋਏ ਜੋੜ ਸੀਸ ਝੁਕਾਵਾਂਗਾ । ਅੱਠ ਦਸ ਜਨ ਭਗਤ ਸਾਥੀ ਆਉਣਗੇ । ਘਰ ਮੰਦਰ ਸਚ ਸੁਹਾਉਣਗੇ । ਅੰਦਰ ਵੜ੍ਹ ਕੇ ਦਰਸ਼ਨ ਪਾਉਣਗੇ । ਖ਼ੁਸ਼ੀ ਖ਼ੁਸ਼ੀ ਨਾਲ ਮਿਲਾਉਣਗੇ । ਰੁਚੀ ਇਕੋ ਧਿਆਨ ਲਗਾਉਣਗੇ । ਆਤਮ ਵੇਖ ਸੁੱਚੀ, ਸਚ ਸੁੱਚ ਸਾਹਿਬ ਗੁਣ ਪਾਉਣਗੇ । ਜਿਸ ਦੀ ਵਾਤ ਪੁਰਖ ਅਕਾਲ ਪੁਛੀ, ਤਿਸ ਨੂੰ ਆਪਣਾ ਸੀਸ ਝੁਕਾਉਣਗੇ । ਕਹਿਣ ਬਾਤ ਨਹੀਂ ਇਹ ਗੁੱਝੀ, ਪਰਦਾ ਸਭ ਉਠਾਉਣਗੇ । ਇਸ ਨੂੰ ਕੋਈ ਸਮਝ ਨਾ ਸਕੇ ਬੁੱਧੀ, ਬੁਧੀਵਾਨ ਸਰਬ ਸ਼ਰਮਾਉਣਗੇ । ਹਰਿ ਕਾ ਲੇਖਾ ਕਿਸੇ ਵਿਚ ਨਾ ਆਏ ਵਦੀ ਸੁਦੀ, ਥਿਤ ਵਾਰ ਨਾ ਵੰਡ ਵੰਡਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸੱਚਾ ਦਰ, ਦਰ ਤੇਰੇ ਸਾਰੇ ਦਰਸ਼ਨ ਪਾਉਣਗੇ । ਕਬੀਰ ਕਹੇ ਜਨ ਭਗਤਾਂ ਨਾਲ ਰਲਾਵਾਂਗਾ । ਸਾਚੇ ਸੰਤਾਂ ਫੜ ਉਠਾਵਾਂਗਾ । ਨਾਰੀ ਕੰਤਾ ਵੇਖ ਵਖਾਵਾਂਗਾ । ਜਿਸ ਭਗਤ ਬਣਾਏ ਬਣਤਾ, ਤਿਸ ਭਗਵਨ ਦਰਸ਼ਨ ਪਾਵਾਂਗਾ । ਜਿਸ ਦਾ ਭੇਵ ਕੋਈ ਨਾ ਜਾਣੇ ਪੰਡਤਾ, ਪੁਸਤਕ ਉਹਦੀ ਸਿਫ਼ਤ ਸਲਾਹ ਸਮਝਾਵਾਂਗਾ । ਜਿਸ ਦੇ ਦਰ ਤੇ ਲੇਖਾ ਕੋਈ ਬਹਿਸ਼ਤ ਨਾ ਜੱਨਤਾ, ਸਵਰਗ ਰੰਗ ਨਾ ਕੋਇ ਵਖਾਵਾਂਗਾ । ਜਿਸ ਮਿਲਿਆ ਪ੍ਰਭ ਗੁਣਵੰਤਾ, ਤਿਸ ਮਿਲ ਕੇ ਗੁਣ ਗਹਿਰ ਗੰਭੀਰ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਵੇਖਣ ਆਵਾਂਗਾ । ਸੰਤ ਸੁਹੇਲੇ ਸੱਜਣ ਆਉਣਗੇ । ਖ਼ੁਸ਼ੀਆਂ ਨਾਲ ਗੀਤ ਗਾਉਣਗੇ । ਵੇਖ ਵੇਖ ਖ਼ੁਸ਼ੀ ਮਨਾਉਣਗੇ । ਪ੍ਰਭ ਚਰਨ ਧਿਆਨ ਲਗਾਉਣਗੇ । ਗੁਰਮੁਖ ਨਾਲ ਗੁਰਮੁਖ ਹੋ ਕੇ ਹੱਥ ਮਿਲਾਉਣਗੇ । ਜੋ ਤੈਥੋਂ ਮਿਲਿਆ ਸੁਖ, ਇਹ ਸੁਖ ਸਭ ਤੇਰੇ ਕੋਲੋਂ ਮੰਗ ਮੰਗਾਉਣਗੇ । ਜੀਂਵਦਿਆਂ ਪ੍ਰਭ ਕੱਟਿਆ ਦੁੱਖ, ਦੁੱਖ ਤੇਰੇ ਨਾਲ ਵੰਡਾਉਣਗੇ । ਬੇਸ਼ਕ ਸ੍ਰੀ ਭਗਵਾਨ ਬੈਠਾ ਚੁੱਪ, ਚੁੱਪ ਕੀਤਾ ਬਿਨ ਰਸਨਾ ਜਿਹਵਾ ਸਾਰੇ ਗੀਤ ਸੁਣਾਉਣਗੇ । ਲੋਕਮਾਤ ਨਾ ਦਿਸੇ ਅੰਧੇਰਾ ਘੁੱਪ, ਚੰਦ ਚਾਂਦਨੀ ਇਕ ਰੁਸ਼ਨਾਉਣਗੇ । ਦਿਆਲ ਸਤਿਗੁਰ ਅਕਾਲ ਪੁਰਖ ਪਰਵਰਦਿਗਾਰ ਬੇਪਰਵਾਹ ਗਿਆ ਤੁੱਠ, ਟੁੱਟਿਆਂ ਛੁੱਟਿਆਂ ਜੋੜ ਜੁੜਾਉਣਗੇ । ਅਸੀਂ ਆ ਕੇ ਬਹੀਏ ਦੱਖਣ ਦਿਸ਼ਾ ਗੁੱਠ, ਸਾਢੇ ਤਿੰਨ ਹੱਥ ਦੂਰੋਂ ਸੀਸ ਨਿਵਾਉਣਗੇ । ਅਗਲਾ ਲੇਖਾ ਪ੍ਰਭ ਆਪੇ ਲਏ ਪੁੱਛ, ਹਾਲ ਬੇਹਾਲ ਬਿਆਨ ਆਪਣਾ ਸਰਬ ਸੁਣਾਉਣਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਸੀਸ ਜਾਏ ਝੁੱਕ, ਝੁਕਿਆ ਸੀਸ ਸੀਸ ਫੇਰ ਨਾ ਕਿਸੇ ਝੁਕਾਉਣਗੇ ।

## ★ ੪ ਪੋਹ ੨੦੨੦ ਬਿਕਰਮੀ ਰਾਮ ਸਿੰਘ ਦੇ ਗ੍ਰਿਹ ਫਿਰੋਜ਼ਪੁਰ ਛਾਉਣੀ ★

ਸੱਚ ਦੁਆਰ ਪੁਰਖ ਸਮਰਥ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਮਹਿੰਮਾ ਅਕੱਥ, ਭੇਵ ਅਭੇਦਾ ਆਪ ਜਣਾਇੰਦਾ । ਏਕੰਕਾਰ ਦੇਵਣਹਾਰਾ ਵੱਥ, ਵਸਤ ਅਗੰਮ ਆਪ ਵਰਤਾਇੰਦਾ । ਆਦਿ ਨਿਰੰਜਣ ਜੋਤ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੇਲ ਤਮਾਸ਼, ਹਰਿ ਖ਼ਾਲਕ ਆਪ ਵਖਾਇੰਦਾ । ਸ੍ਰੀ ਭਗਵਾਨ ਖੋਲ੍ਹ ਅੱਖ, ਬਿਨ ਨੇਤਰ ਨੈਣ ਉਠਾਇੰਦਾ । ਪਾਰਬ੍ਰਹਮ ਜਾਨਣਹਾਰਾ ਘਟ ਘਟ, ਗ੍ਰਿਹ ਮੰਦਰ ਫੋਲ ਫੁਲਾਇੰਦਾ । ਸਚਖੰਡ ਦੁਆਰੇ ਸਾਚੇ ਵਸ, ਮਹਲ ਅਟੱਲ ਇਕ ਸੁਹਾਇੰਦਾ । ਬੋਧ ਅਗਾਧਾ ਧੁਰ ਦਾ ਜਸ, ਸ਼ਬਦ ਅਨਾਦੀ ਰਾਗ ਅਲਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਰਿਹਾ ਵਸ, ਦੋ ਜਹਾਨਾਂ ਸੋਭਾ ਪਾਇੰਦਾ । ਜੁਗ ਚੌਕੜੀ ਵੇਖੇ ਨੱਠ ਨੱਠ, ਨਿਰਗੁਣ ਪਾਂਧੀ ਇਕ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮਾਰਗ ਦੱਸ, ਤ੍ਰੈ ਪੰਜ ਮੇਲਾ ਮੇਲ ਮਿਲਾਇੰਦਾ । ਗੁਰ ਅਵਤਾਰਾਂ ਦੇ ਹੱਕ, ਹਕੀਕਤ ਆਪਣੀ ਹੱਥ ਫੜਾਇੰਦਾ । ਪੀਰ ਪੈਗ਼ੰਬਰਾਂ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਲੱਖ ਚੁਰਾਸੀ ਜੀਵਨ ਦਾਤ, ਜਗ ਜੀਵਣ ਦਾਤਾ ਆਪ ਸਮਝਾਇੰਦਾ । ਆਤਮ ਪਰਮਾਤਮ ਜੋੜ ਜਮਾਤ, ਨਾਤਾ ਬਿਧਾਤਾ ਮੇਲ ਮਿਲਾਇੰਦਾ । ਜੁਗ ਚੌਕੜੀ ਗਾ ਗਾ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਇੰਦਾ । ਸਚ ਦੁਆਰਾ ਸੋਭਾਵੰਤ, ਸੋ ਸਾਹਿਬ ਆਪ ਸੁਹਾਈਆ । ਆਦਿ ਜੁਗਾਦਿ ਸ੍ਰੀ ਭਗਵੰਤ, ਹਰਿ ਕਰਤਾ ਕਾਰ ਕਮਾਈਆ । ਨਿਰਗੁਣ ਸਰਗੁਣ ਦੇ ਦੇ ਮੰਤ, ਮੰਤਰ ਆਪਣਾ ਨਾਮ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਸ਼ਅੱਖਰ ਅੱਖਰ ਦਏ ਸਮਝਾਈਆ । ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਰੰਗ ਰੰਗਾਈਆ । ਕਰ ਖੇਲ ਪੂਰਨ ਭਗਵੰਤ, ਭਗਵਨ ਆਪਣੀ ਗੋਦ ਬਹਾਈਆ । ਲੋਕਮਾਤ ਬਣਾਏ ਬਣਤ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸਚਖੰਡ ਦੁਆਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਖੋਲ ਕਿਵਾੜ, ਏਕੰਕਾਰਾ ਪੜਦਾ ਲਾਹਿੰਦਾ । ਆਦਿ ਨਿਰੰਜਣ ਦੀਪਕ ਬਾਲ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸੁਹਾਏ ਸਚ ਧਰਮਸਾਲ, ਧਰਮ ਦੁਆਰਾ ਇਕ ਵਡਿਆਇੰਦਾ । ਅਬਿਨਾਸ਼ੀ ਕਰਤਾ ਵਸੇ ਨਾਲ, ਵਿਛੜ ਕਦੇ ਨਾ ਜਾਇੰਦਾ । ਪਾਰਬ੍ਰਹਮ ਪ੍ਰਭ ਹੋ ਦਿਆਲ, ਦੀਨ ਦਿਆਲ ਖੇਲ ਕਰਾਇੰਦਾ । ਬ੍ਰਹਮਵੇਤਾ ਸਾਚਾ ਲਾਲ, ਲਾਲਨ ਆਪਣੇ ਗੋਦ ਉਠਾਇੰਦਾ । ਜੁਗ ਚੌਕੜੀ ਘਾਲਣ ਘਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਦਾਤਾ ਦਾਨੀ ਇਕ ਵਰਤਾਇੰਦਾ । ਲਿਖ ਲਿਖ ਲੇਖਾ ਜਗਤ ਗਿਆਨ, ਕਲਮ ਸ਼ਾਹੀ ਕਾਗ਼ਜ਼ ਬੰਦ ਕਰਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਸਾਹਿਬ ਸੁਲਤਾਨ ਹੁਕਮ ਵਰਤਾਇੰਦਾ । ਤੇਈ ਅਵਤਾਰਾਂ ਦੇ ਨਿਸ਼ਾਨ, ਈਸਾ ਮੂਸਾ ਮੁਹੰਮਦ ਜੋੜ ਜੁੜਾਇੰਦਾ । ਗੁਰ ਦਸ ਕਰ ਪਰਵਾਨ, ਨਾਨਕ ਗੋਬਿੰਦ ਜੋਤ ਜਗਾਇੰਦਾ । ਭਗਤ ਅਠਾਰਾਂ ਕਰ ਕਲਿਆਣ, ਕਲਮਾ ਨਬੀ ਰਸੂਲ ਸਮਝਾਇੰਦਾ । ਲੇਖਾ ਜਾਣ ਜ਼ਿਮੀ ਅਸਮਾਨ, ਲੋਕ ਪਰਲੋਕ ਸੋਭਾ ਪਾਇੰਦਾ । ਚੌਦਾਂ ਤਬਕ ਝੁਲਾ ਨਿਸ਼ਾਨ, ਚੌਦਾਂ ਲੋਕ ਹੁਕਮ ਵਰਤਾਇੰਦਾ । ਦਾਤਾ ਦਾਨੀ ਹੋ ਮਿਹਰਵਾਨ,

ਮਿਹਰ ਨਜ਼ਰ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਖੇਲ ਰਚਾਇੰਦਾ । ਸਚ ਦੁਆਰੇ ਖੇਲ ਅਵੱਲਾ, ਹਰਿ ਕਰਤਾ ਆਪ ਰਚਾਈਆ । ਆਦਿ ਜੁਗਾਦੀ ਇਕ ਅਕੱਲਾ, ਪੁਰਖ ਅਗੰਮ ਵੱਡੀ ਵਡਿਆਈਆ । ਨਿਹਚਲ ਧਾਮ ਇਕੋ ਮੱਲਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਗੁਣ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਜਿਸ ਨੇ ਘੱਲਾ, ਪੀਰ ਪੈਗ਼ੰਬਰ ਸੇਵ ਕਮਾਈਆ । ਸਤਿ ਸਰੂਪ ਫੜਾਏ ਪੱਲਾ, ਡੋਰੀ ਆਪਣੇ ਨਾਲ ਬੰਧਾਈਆ । ਆਦਿ ਜੁਗਾਦੀ ਬਣੇ ਅਛਲ ਅਛੱਲਾ, ਵਲ ਛਲਧਾਰੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਲੋਕਮਾਤ ਖੋਲ੍ਹ ਕਿਆੜ, ਠਾਂਡਾ ਦਰ ਇਕ ਵਡਿਆਈਆ । ਲੱਖ ਚੁਰਾਸੀ ਕਰ ਪਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਪੰਜ ਤਤ ਖੇਲ ਅਪਾਰ, ਤ੍ਰੈਗੁਣ ਨਾਤਾ ਜੋੜ ਜੁੜਾਈਆ । ਨੌਂ ਦੁਆਰੇ ਖੋਲ੍ਹ ਕਿਆੜ, ਦਹਿ ਦਿਸ਼ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਕਰ ਉਜਿਆਰ, ਜੋਤ ਨਿਰੰਜਣ ਦਏ ਰੁਸ਼ਨਾਈਆ । ਘਰ ਵਿਚ ਘਰ ਖੇਲ ਅਪਾਰ, ਹਰਿ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਜੁਗਾ ਜੁਗੰਤਰ, ਹਰਿ ਕਰਤਾ ਆਪ ਕਰਾਇੰਦਾ । ਲੱਖ ਚੁਰਾਸੀ ਬਣਾਏ ਬਣਤਰ, ਘੜਨ ਭੰਨਣਹਾਰ ਆਪ ਅਖਵਾਇੰਦਾ । ਸਰਬ ਜੀਆਂ ਦਾ ਇਕੋ ਮੰਤਰ, ਆਤਮ ਪਰਮਾਤਮ ਬੂਝ ਬੁਝਾਇੰਦਾ । ਜੀਓ ਪਿੰਡ ਖੋਲ੍ਹ ਗਗਨ ਗਗਨੰਤਰ, ਇੰਡ ਬ੍ਰਹਿਮੰਡ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਜੁਗੋ ਜੁਗ, ਹਰਿ ਕਰਤਾ ਆਪ ਕਰਾਈਆ । ਭਗਤ ਸੁਹੇਲੇ ਸਾਚੇ ਚੁਗ, ਸੰਤ ਸੱਜਣ ਲਏ ਮਿਲਾਈਆ । ਭੇਵ ਖੁਲ੍ਹਾਏ ਅੰਤਰ ਗੁੱਝ, ਰਮਜ਼ ਰਮਜ਼ ਨਾਲ ਮਿਲਾਈਆ । ਕਰਨੀ ਕਰਤਾ ਲਏ ਬੁੱਝ, ਭੇਵ ਅਭੇਦਾ ਆਪਣਾ ਪਰਦਾ ਦਏ ਉਠਾਈਆ । ਲੇਖਾ ਜਾਣੇ ਮਨ ਮਤ ਬੁੱਧ, ਅਨੁਭਵ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੰਡ ਵੰਡਾਈਆ । ਜੁਗ ਚੌਕੜੀ ਖੇਲ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਸ਼ਬਦ ਸੰਦੇਸ਼ਾ ਵਾਰੋ ਵਾਰ, ਨਿਰਗੁਣ ਸਰਗੁਣ ਆਪ ਜਣਾਇੰਦਾ । ਗੁਰ ਅਵਤਾਰ ਦੇ ਅਧਾਰ, ਪੀਰ ਪੈਗ਼ੰਬਰ ਸੀਸ ਹੱਥ ਟਿਕਾਇੰਦਾ । ਮਹਲ ਅਟੱਲ ਇਕ ਮਨਾਰ, ਹੁਜਰਾ ਹੱਕ ਹੱਕ ਵਖਾਇੰਦਾ । ਨੂਰ ਖ਼ੁਦਾਈ ਸਾਂਝਾ ਯਾਰ, ਬੇਐਬ ਨਜ਼ਰੀ ਆਇੰਦਾ । ਰਾਮ ਰਹੀਮ ਠਾਂਡਾ ਦਰਬਾਰ, ਦਰਗਾਹ ਸਾਚੀ ਇਕ ਪਰਗਟਾਇੰਦਾ । ਸੂਰਜ ਚੰਦ ਨਾ ਕੋਇ ਸਿਤਾਰ, ਜ਼ਿਮੀ ਅਸਮਾਨ ਵੰਡ ਨਾ ਕੋਇ ਵੰਡਾਇੰਦਾ । ਸ਼ਬਦ ਨਾਦ ਨਾ ਕੋਇ ਧੁਨਕਾਰ, ਰਾਗੀ ਰਾਗ ਨਾ ਕੋਇ ਸੁਣਾਇੰਦਾ । ਸਰਗੁਣ ਕਰੇ ਨਾ ਕੋਇ ਪਿਆਰ, ਤਤਵ ਵੰਡ ਨਾ ਕੋਇ ਵੰਡਾਇੰਦਾ । ਰਸਨਾ ਜਿਹਵਾ ਨਾ ਕੋਇ ਜੈਕਾਰ, ਬੱਤੀ ਦੰਦ ਨਾ ਸਿਫ਼ਤ ਸਲਾਹਿੰਦਾ । ਕਾਗਦ ਕਲਮ ਨਾ ਕੋਇ ਲਿਖਾਰ, ਕਾਤਬ ਰੂਪ ਨਾ ਕੋਇ ਵਟਾਇੰਦਾ । ਤੱਟ ਸਰੋਵਰ ਨਾ ਕੋਇ ਕਿਨਾਰ, ਜਲਧਾਰ ਨਾ ਕੋਇ ਵਹਾਇੰਦਾ । ਮੰਦਰ ਮਸਜਿਦ ਸ਼ਿਵਦਵਾਲਾ ਨਾ ਗੁਰੂਦਵਾਰ, ਇਸ਼ਟ ਦੇਵ ਨਜ਼ਰ ਕਿਸੇ ਨਾ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਨਾ ਕੋਇ ਵਿਚਾਰ, ਧਰਨੀ ਧਰਤ ਧਵਲ

ਨਾ ਕੋਇ ਸੁਹਾਇੰਦਾ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣੀ ਕਾਰ ਕਮਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵਸਣਹਾਰਾ ਧਾਮ ਨਿਆਰ, ਸਚ ਦਵਾਰਾ ਸੋਭਾ ਪਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰ, ਨਿਰਗੁਣ ਸਰਗੁਣ ਲਏ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਸਮਰਥ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਮਾਰਗ ਦੱਸ, ਜੀਵ ਜੰਤ ਜਹਾਨ ਕਰੇ ਪੜ੍ਹਾਈਆ । ਨਾਮ ਨਿਧਾਨ ਧੁਰ ਦੀ ਵੱਥ, ਨਿਤ ਨਵਿਤ ਆਪ ਵਰਤਾਈਆ । ਨਿਰਗੁਣ ਸਰਗੁਣ ਲੇਖਾ ਲਿਖ, ਅੱਖਰ ਅੱਖਰ ਦਏ ਜਣਾਈਆ । ਜੁਗ ਚੌਕੜੀ ਕਰੇ ਹਿੱਤ, ਹਿਤਕਾਰੀ ਵਡ ਵਡਿਆਈਆ । ਬਣ ਕੇ ਆਏ ਮਾਤ ਪਿਤ, ਪਿਤਾ ਪੂਤ ਗੋਦ ਉਠਾਈਆ । ਸਦਾ ਸੁਹੇਲਾ ਵਸੇ ਚਿੱਤ, ਮਨ ਚਿੰਦਿਆ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਸਹਾਈ ਹੋ ਪ੍ਰਭ, ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਵਿਚੋਂ ਲਏ ਲੱਭ, ਖੋਜਤ ਖੋਜਤ ਆਪਣਾ ਮੇਲ ਮਿਲਾਈਆ । ਜਗਤ ਵਿਕਾਰਾ ਪਾਰ ਹੱਦ, ਘਰ ਵਿਚ ਘਰ ਮੰਦਰ ਦਏ ਵਖਾਈਆ । ਸ਼ਬਦ ਅਨਾਦਿ ਸੁਣਾਏ ਛੰਦ, ਸਾਚਾ ਸੋਹਲਾ ਢੋਲਾ ਰਾਗ ਅਲਾਈਆ । ਪੰਚ ਵਿਕਾਰ ਖੰਡ ਖੰਡ, ਖੰਡਾ ਖੜਗ ਇਕ ਚਮਕਾਈਆ । ਸੁਰਤ ਸੁਆਣੀ ਨਾਰ ਸੁਹਾਗਣ ਨਾ ਹੋਵੇ ਰੰਡ, ਕੰਤ ਇਕੋ ਨਜ਼ਰੀ ਆਈਆ । ਕਰ ਪਰਕਾਸ਼ ਆਪਣੇ ਚੰਦ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਆਤਮ ਸੇਜਾ ਸਚ ਪਲੰਘ, ਸੁਹੰਜਣੀ ਰੁੱਤ ਦਏ ਵਖਾਈਆ । ਪਿਛਲਾ ਮੁਕਾਏ ਸਤਿਗੁਰ ਪੰਧ, ਅੱਗੇ ਆਪਣਾ ਰਾਹ ਚਲਾਈਆ । ਜੁਗ ਜਨਮ ਦੀ ਟੁੱਟੀ ਗੰਢ, ਘਰ ਮੇਲਾ ਸਹਿਜ ਸੁਭਾਈਆ । ਅਗਨੀ ਤਤ ਪਾਏ ਠੰਡ, ਸਾਂਤਕ ਸਤਿ ਸਤਿ ਵਰਤਾਈਆ । ਭਾਂਡਾ ਭਰਮ ਭੁਲੇਖਾ ਢਾਏ ਕੰਧ, ਕੂੜਾ ਗੜ੍ਹ ਤੁੜਾਈਆ । ਅੰਗੀਕਾਰ ਲਗਾ ਕੇ ਅੰਗ, ਅੰਗਣ ਆਪਣੇ ਲਏ ਬਹਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਜਨ ਭਗਤਾਂ ਦਏ ਵਡਿਆਈਆ । ਆਤਮ ਪਰਮਾਤਮ ਇਕ ਅਨੰਦ, ਨਿਜਾਨੰਦ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਪਾਏ ਦਾਨ ਗਹਿਰ ਗੰਭੀਰ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਧੁਰ ਦਾ ਪੀਰ, ਸਾਹਿਬ ਸੁਲਤਾਨ ਨਜ਼ਰੀ ਆਈਆ । ਕਰੇ ਖੇਲ ਬੇਨਜ਼ੀਰ, ਨੇਤਰ ਨੈਣ ਅੱਖ ਸਮਝ ਸਕੇ ਕੋਇ ਨਾ ਰਾਈਆ । ਜਗਤ ਤਤ ਕੱਟ ਜੰਜ਼ੀਰ, ਸ਼ਰਅ ਆਪਣੀ ਦਏ ਸਮਝਾਈਆ । ਜਾਨਣਹਾਰਾ ਇਕ ਅਕਸੀਰ, ਤਕਦੀਰ ਆਪਣੇ ਹੱਥ ਰਖਾਈਆ । ਦਾਤਾ ਦਾਨੀ ਗੁਣੀ ਗਹੀਰ, ਵਡ ਵੱਡਾ ਨਜ਼ਰੀ ਆਈਆ । ਜਨਮ ਕਰਮ ਦੀ ਕੱਟੇ ਭੀੜ, ਲੇਖਾ ਕੋਇ ਰਹਿਣ ਨਾ ਪਾਈਆ । ਮੇਟਣਹਾਰ ਲਿਖੀ ਤਕਦੀਰ, ਮਿਹਰ ਨਜ਼ਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਹੱਡ ਮਾਸ ਨਾੜੀ ਨਾ ਕੋਈ ਚੰਮ, ਚੰਮ ਦ੍ਰਿਸ਼ਟੀ ਨਾ ਕੋਇ ਵਖਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਰਖਾਇੰਦਾ । ਪਵਣ ਸੁਆਸ ਨਾ ਕੋਇ ਦਮ, ਬਿਨ ਅੱਖਾਂ ਅੱਖ ਮਿਲਾਇੰਦਾ । ਦੋ ਜਹਾਨ ਸੱਚਾ ਕੰਮ, ਹਰਿ ਕਰਨੀ ਕਰਤਾ ਕਾਰ ਕਮਾਇੰਦਾ । ਜਨ ਭਗਤਾਂ ਬੇੜਾ ਦਏ ਬੰਨ੍ਹ, ਸ਼ੌਹ ਦਰਿਆ ਨਾ ਕੋਇ ਡੁਬਾਇੰਦਾ । ਆਪ ਉਠਾਏ ਆਪਣੇ

ਕੰਧ, ਖੇਵਟ ਖੇਟਾ ਰੂਪ ਵਟਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਯੋਧਾ ਸੂਰਬੀਰ ਅਖਵਾਇੰਦਾ । ਸਦਾ ਸੁਹੇਲਾ ਘਰ ਵਸੇ ਸੰਗ, ਵਿਛੜ ਕਦੇ ਨਾ ਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੀ ਜਿਸ ਦੀ ਮੰਗਣ ਗਏ ਮੰਗ, ਸੋ ਪੁਰਖ ਅਕਾਲ ਆਪਣੀ ਕਾਰ ਕਮਾਇੰਦਾ । ਕਲਜੁਗ ਅੰਤਮ ਮੇਟ ਪੰਧ, ਸਦੀ ਬੀਸਵੀਂ ਵੇਖ ਵਖਾਇੰਦਾ । ਭਗਤਨ ਚੋਲੀ ਚਾੜ੍ਹੇ ਰੰਗ, ਰੰਗ ਇਕੋ ਇਕ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਗੁਰਮੁਖ ਗ੍ਰਹਿ, ਘਰ ਵੱਜੇ ਨਾਮ ਵਧਾਈਆ । ਜਿਸ ਦੁਆਰੇ ਸਤਿਗੁਰ ਬਹੇ, ਸੋ ਬੰਕ ਸੋਭਾ ਪਾਈਆ । ਨਾਮ ਸੰਦੇਸ਼ਾ ਇਕੋ ਕਹੇ, ਜੈ ਜੈਕਾਰ ਸੁਣਾਈਆ । ਏਥੇ ਓਥੇ ਸਦਾ ਰਹੇ, ਵਿਛੜ ਕਦੇ ਨਾ ਜਾਈਆ । ਸ਼ੰਕਰ ਅੰਤ ਕਰੇ ਨਾ ਖੈਹ, ਖਹਿੜਾ ਛੁਟੇ ਜਗਤ ਲੋਕਾਈਆ । ਪੂਰਬ ਲੇਖਾ ਦੇਣਾ ਦੇਵੇ ਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਵਡ ਵਡਿਆਈਆ । ਪੂਰਬ ਲਹਿਣਾ ਸਚਖੰਡ ਨਿਵਾਸੀ, ਦਇਆਵਾਨ ਦਇਆ ਕਮਾਇੰਦਾ । ਸਚ ਦੁਆਰੇ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਲੱਖ ਚੁਰਾਸੀ ਵਿਚੋਂ ਕਰ ਬੰਦ ਖ਼ੁਲਾਸੀ, ਬੰਧਨ ਆਪਣਾ ਇਕੋ ਪਾਇੰਦਾ । ਪਾਰ ਕਿਨਾਰਾ ਔਖੀ ਘਾਟੀ, ਫੜ ਬਾਹੋਂ ਆਪ ਚੜ੍ਹਾਇੰਦਾ । ਦੁਆਪਰ ਲੇਖਾ ਕਲਜੁਗ ਅੰਤਮ ਮੁੱਕੀ ਵਾਟੀ, ਪੰਧ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਹੋ ਕੇ ਕਰੇ ਰਾਖੀ, ਸੇਵਕ ਆਪਣੀ ਕਾਰ ਕਮਾਇੰਦਾ । ਬੱਧਕ ਤੇਰੀ ਕੂੜੀ ਆਖ਼ੀ, ਆਖਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਸਾਚੀ ਦਇਆ ਕਰੇ ਨਿਰੰਕਾਰ, ਹਰਿ ਵੱਡਾ ਵਡ ਵਡਿਆਈਆ । ਬਾਲੇ ਨਿੱਕੇ ਸੁਣ ਪੁਕਾਰ, ਘਰ ਖ਼ੁਸ਼ੀ ਖ਼ੁਸ਼ੀ ਵਿਚ ਪਰਗਟਾਈਆ । ਸਾਢੇ ਤਿੰਨ ਹੱਥ ਲੇਖਾ ਰਵਿਦਾਸ ਚੁਮਾਰ, ਕਲਜੁਗ ਗੰਢ ਪੁਆਈਆ । ਧਰਨੀ ਧਰਤ ਧਵਲ ਦੇ ਅਧਾਰ, ਮਿਹਰ ਨਜ਼ਰ ਨੈਣ ਉਠਾਈਆ । ਮਹਲ ਅਟੱਲ ਉਚ ਮਿਨਾਰ, ਮਹਿਫਲ ਆਪਣੀ ਇਕ ਦਰਸਾਈਆ । ਸਾਚਾ ਕਾਅਬਾ ਖੋਲ੍ਹ ਕਿਵਾੜ, ਕੁਦਰਤ ਨੂਰ ਨਜ਼ਰੀ ਆਈਆ । ਲੇਖਾ ਜਾਣ ਜੰਗਲ ਜੂਹ ਉਜਾੜ ਪਹਾੜ, ਪਰਭਾਸ ਆਪਣੇ ਲੇਖੇ ਲਾਈਆ । ਮੜ੍ਹੀ ਗੋਰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ਼ਮਸ਼ਾਨ ਭੂਮੀ ਕਹੇ ਮੇਰੇ ਕਰਤਾਰ, ਵਾਹਵਾ ਤੇਰੀ ਵਡ ਵਡਿਆਈਆ । ਮੈਂ ਤੱਕਦੀ ਰਹੀ ਕਵਣ ਵੇਲਾ ਜਨ ਭਗਤ ਆਵੇ ਮੇਰੇ ਦਵਾਰ, ਸੰਗੀ ਸਾਥੀ ਨਾਲ ਰਲਾਈਆ । ਖ਼ੁਸ਼ੀਆਂ ਨਾਲ ਹੋਵੇ ਸਸਕਾਰ, ਸਹਿਕੇ ਅੰਤਮ ਜਗਤ ਲੋਕਾਈਆ । ਮੈਂ ਗੀਤ ਗਾਵਾਂ ਉਚੀ ਕੂਕ ਪੁਕਾਰ, ਮੇਰੀ ਗੋਦ ਮਿਲੇ ਵਡਿਆਈਆ । ਲੈ ਕੇ ਆਵਾਂ ਤੇਰੇ ਦਰਬਾਰ, ਪੁਰਖ ਅਕਾਲ ਚਾਈਂ ਚਾਈਂਆ । ਬਿਨ ਭਗਤਾਂ ਮੈਂ ਹੋਈ ਬੇਹਾਲ, ਮੇਰੀ ਸਾਰ ਕਿਸੇ ਨਾ ਪਾਈਆ । ਕਲਜੁਗ ਜੀਅ ਦਿਸਣ ਕੰਗਾਲ, ਨਾਮ ਵਸਤ ਹੱਥ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਬਣੇ ਨਾ ਕੋਈ ਦਲਾਲ, ਖਹਿੜਾ ਸਾਰੇ ਗਏ ਛੁੜਾਈਆ । ਕੋਈ ਖਾਵੇ ਝਟਕਾ ਕੋਈ ਹਲਾਲ, ਛੁਰੀ ਕਸਾਈ ਹੱਥ ਉਠਾਈਆ । ਸਦੀ ਬੀਸਵੀਂ ਸਾਰੇ ਦੇ ਕੇ ਗਏ ਜੁਆਬ, ਲਾਜੁਆਬ ਕਰੇ ਲੋਕਾਈਆ । ਤੇਰੇ ਲੈਂਦੇ ਗਏ ਖ਼ੁਆਬ, ਨਿਜ ਨੇਤਰ ਧਿਆਨ ਲਗਾਈਆ । ਸਜਦਾ ਕਰਦੇ ਗਏ ਅਦਾਬ, ਨਮੋ ਨਮੋ ਸੁਣਾਈਆ । ਕਲਜੁਗ ਅੰਤਮ ਪ੍ਰਭ ਪਰਗਟ ਹੋਵੇ ਆਪ, ਨਿਰਗੁਣ ਆਪਣਾ ਰੂਪ ਵਟਾਈਆ । ਜੋਤੀ ਜੋਤ ਕਰੇ ਪਰਕਾਸ਼, ਪੰਜ ਤਤ ਨਾ ਕੋਇ ਰਖਾਈਆ ।

ਜਨ ਭਗਤਾਂ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਲੇਖਾ ਜਾਣੇ ਆਪਣਾ ਖ਼ਾਸ, ਖਾਹਿਸ਼ ਆਪਣੇ ਨਾਲ ਮਿਲਾਈਆ । ਅੰਤਮ ਵੇਲੇ ਪੁਛੇ ਵਾਤ, ਦਰ ਦਰ ਘਰ ਘਰ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾ ਏਕ, ਏਕੰਕਾਰਾ ਆਪ ਕਮਾਈਆ । ਗੁਰ ਅਵਤਾਰ ਰਹੇ ਵੇਖ, ਲੋਕਮਾਤ ਧਿਆਨ ਲਗਾਈਆ । ਸਿੰਘ ਮਨਜੀਤੇ ਦੱਸਿਆ ਭੇਤ, ਕਬੀਰ ਜੁਲਾਹੇ ਦਿਤਾ ਸਮਝਾਈਆ । ਉਠ ਆਪਣੇ ਨੇਤਰ ਪੇਖ, ਲੋਕਮਾਤ ਵੱਜੀ ਵਧਾਈਆ । ਜਿਸ ਬਾਲੇ ਨੀਹਾਂ ਹੇਠ ਕੀਤੇ ਭੇਟ, ਸੋ ਆਪਣੀ ਖੇਲ ਰਿਹਾ ਵਖਾਈਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਜਨਨੀ ਜਨ ਬਣ ਕੇ ਰੱਖੇ ਪੇਟ, ਕੁੱਖ ਸੁਲੱਖਣੀ ਆਪਣੀ ਆਪ ਪਰਗਟਾਈਆ । ਨਿਰਵੈਰ ਹੋ ਕੇ ਕਰੇ ਹੇਤ, ਪ੍ਰੇਮ ਪ੍ਰੀਤੀ ਤੋੜ ਨਿਭਾਈਆ । ਹੁਕਮੇ ਅੰਦਰ ਸੰਦੇਸਾ ਭੇਜ, ਸਚ ਦੁਆਰ ਦਿਤਾ ਸੁਣਾਈਆ । ਨੇਤਰ ਵੇਖੇ ਵਿਛੀ ਸੇਜ, ਸੁਹੰਜਣੀ ਰੁੱਤ ਵਖਾਈਆ । ਜੋਤੀ ਜਲਵਾ ਨੂਰੀ ਤੇਜ, ਲਾਸ਼ਰੀਕ ਬੇਐਬ ਇਕ ਖ਼ੁਦਾਈਆ । ਸਾਚੇ ਵਸਿਆ ਜਾ ਕੇ ਦੇਸ, ਸੰਬਲ ਆਪਣਾ ਡੇਰਾ ਲਾਈਆ । ਦੋ ਜਹਾਨਾਂ ਬਣ ਨਰੇਸ਼, ਨਰ ਨਿਰੰਕਾਰ ਹੁਕਮ ਵਰਤਾਈਆ । ਦਰ ਖਲੋਤੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਨਿਉਂ ਨਿਉਂ ਲਾਗਣ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਦਰਵੇਸ਼, ਦਰ ਬਰਦੇ ਸੀਸ ਝੁਕਾਈਆ । ਪੁਰਖ ਅਕਾਲ ਕਰੇ ਅਗੰਮੀ ਖੇਡ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਰਨੀ ਆਪ ਕਮਾਈਆ । ਛੋਟੇ ਬਾਲੇ ਤੇਰਾ ਸੁਣ ਸੰਦੇਸ਼ਾ, ਜਨ ਭਗਤਾਂ ਵੱਜੀ ਵਧਾਈਆ । ਕਬੀਰ ਕਹੇ ਮੈਂ ਆ ਕੇ ਵੇਖਾਂ, ਜਨ ਸਾਚੇ ਨਾਲ ਮਿਲਾਈਆ । ਧੰਨ ਭਾਗ ਤੂੰ ਦਿਤਾ ਭੇਟਾ, ਪਰਦਾ ਉਹਲਾ ਚੁਕਾਈਆ । ਸ੍ਰੀ ਭਗਵਾਨ ਵਸਿਆ ਸਾਚੇ ਦੇਸਾ, ਮਹਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਕਬੀਰ ਕਹੇ ਜਨ ਉਠੋ ਭਗਤ, ਭਗਵਨ ਦਇਆ ਕਮਾਈਆ । ਵੇਖੋ ਖੇਲ ਜਾ ਕੇ ਜਗਤ, ਜੁਗਤ ਅਗਲੀ ਰਿਹਾ ਸਮਝਾਈਆ । ਬੀਸ ਬੀਸ ਪੋਹ ਚਾਰ ਸੁਹੰਜਣਾ ਵਕਤ, ਵੇਲਾ ਇਕ ਦਰਸਾਈਆ । ਨਿਰਵੈਰ ਪੁਰਖ ਗਿਆ ਪਰਤ, ਪਾਰਬ੍ਰਹਮ ਵੇਸ ਵਟਾਈਆ । ਜਿਸ ਦੀ ਗੋਬਿੰਦ ਲਾ ਕੇ ਆਇਆ ਸ਼ਰਤ, ਜੀਵ ਜੰਤ ਜਗਤ ਸਮਝਾਈਆ । ਸੋ ਦੀਨ ਦਿਆਲ ਰਾਹ ਵਿਚ ਨਾ ਗਿਆ ਅਟਕ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਚਲ ਕਬੀਰ, ਤੇਰੇ ਨਾਲ ਸਾਡੀ ਵਡਿਆਈਆ । ਚਲ ਕੇ ਵੇਖੀਏ ਬੇਨਜ਼ੀਰ, ਨੇਤਰ ਨੈਣਾਂ ਦਰਸ਼ਨ ਪਾਈਆ । ਜਿਸ ਦੀ ਟੱਪ ਨਾ ਸਕੇ ਕੋਈ ਲਕੀਰ, ਹੱਦ ਹੱਥ ਕਿਸੇ ਨਾ ਆਈਆ । ਜਿਸ ਨੂੰ ਲੱਭਦੇ ਪੀਰ ਫ਼ਕੀਰ, ਸਾਧ ਸੰਤ ਧਿਆਨ ਲਗਾਈਆ । ਜਿਸ ਦੇ ਪਿਛੇ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜਿਸ ਦੇ ਹੁਕਮੇ ਅੰਦਰ ਚੋਟੀ ਚੜ੍ਹੇ ਅਖ਼ੀਰ, ਘਰ ਸਾਚੇ ਮਿਲੀ ਵਡਿਆਈਆ । ਸੋ ਸਾਹਿਬ ਕਲਜੁਗ ਅੰਤ ਜਨ ਭਗਤਾਂ ਕੱਟੇ ਭੀੜ, ਔਝੜ ਰਾਹ ਨਾ ਕੋਇ ਵਖਾਈਆ । ਲੇਖਾ ਜਾਣੇ ਹਸਤ ਕੀੜ, ਊਚ ਨੀਚ ਨਾ ਕੋਇ ਰਖਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਹਿ ਕੇ ਗਏ ਵਡ ਪੀਰਨ ਪੀਰ, ਸੋ ਦਸਤਗੀਰ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ

ਆਪ ਕਮਾਈਆ । ਕਬੀਰ ਕਹੇ ਉਠੋ ਬਣੋ ਪਾਂਧੀ, ਪੰਧ ਆਪਣਾ ਆਪ ਮੁਕਾਈਆ । ਗੀਤ ਗਾਓ ਇਕ ਸਾਹਿਬ ਸੁਲਤਾਨੀ, ਦੂਜਾ ਰਾਗ ਨਾ ਕੋਇ ਅਲਾਈਆ । ਨਾਲ ਰੱਖੇ ਪਿਛਲੀ ਨਿਸ਼ਾਨੀ, ਜੋ ਦੇ ਕੇ ਗਿਆ ਮਾਹੀਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਿੰਦਗਾਨੀ, ਜੀਵਣ ਮਰਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਪੜ੍ਹੋ ਬਾਣੀ, ਦੂਜਾ ਨਾਦ ਨਾ ਕੋਇ ਸੁਣਾਈਆ । ਜਾ ਕੇ ਵੇਖੋ ਲੋਕਮਾਤ ਖੇਲ ਮਹਾਨੀ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਜਨ ਭਗਤ ਆਏ ਨੱਠ, ਬਣ ਪਾਂਧੀ ਪੰਧ ਮੁਕਾਈਆ । ਭਗਤ ਦਵਾਰੇ ਕਰ ਇਕੱਠ, ਕਬੀਰ ਜੁਲਾਹੇ ਰਹੇ ਸੁਣਾਈਆ । ਅੰਦਰ ਵੜ ਕੇ ਅੱਗੇ ਹੋ ਕੇ ਦੱਸ, ਸੱਚਾ ਹਾਲ ਸੁਣਾਈਆ । ਤੈਨੂੰ ਲੱਭਦੇ ਲੱਭਦੇ ਗਏ ਥੱਕ, ਲੱਭਿਆਂ ਹੱਥ ਕਿਸੇ ਨਾ ਆਈਆ । ਸਾਡਾ ਦੇ ਪ੍ਰਭੂ ਹੱਕ, ਤੇਰੇ ਅੱਗੇ ਝੋਲੀ ਡਾਹੀਆ । ਮੱਥਾ ਟੇਕ ਲਕੀਰ ਕੱਢੀਏ ਨੱਕ, ਤਕਦੀਰ ਦੇ ਮਿਟਾਈਆ । ਅੱਗੋਂ ਹੱਸ ਕੇ ਕਹਿੰਦਾ ਧੰਨਾ ਜੱਟ, ਮੈਂ ਸਚ ਦਿਆਂ ਸਮਝਾਈਆ । ਪੁਰਖ ਅਕਾਲ ਬਿਨ ਮੇਰੇ ਕਿਸੇ ਨਾ ਆਇਆ ਵਸ, ਮੈਂ ਫੜ ਬਾਹੋਂ ਲਿਆ ਮਨਾਈਆ । ਨਾਮਾ ਕਹੇ ਮੈਂ ਦੱਸਾਂ ਸੱਚ, ਸਚ ਸੱਚ ਜਣਾਈਆ । ਸ੍ਰੀ ਭਗਵਾਨ ਮੈਂ ਸੇਵਕ ਲਿਆ ਰੱਖ, ਬਾਢੀ ਬਣ ਕੇ ਬਣਤ ਬਣਾਈਆ । ਕਬੀਰ ਕਹੇ ਉਸ ਦੀ ਖੇਲ ਅਕੱਥ, ਕੋਈ ਸਮਝ ਸਕੇ ਨਾ ਰਾਈਆ । ਸਾਰੇ ਖੋਲ੍ਹ ਕੇ ਵੇਖੋ ਅੱਖ, ਨੇਤਰ ਨੇਤਰ ਨਾਲ ਮਿਲਾਈਆ । ਸ੍ਰੀ ਭਗਵਾਨ ਪੁਰਖ ਸਮਰਥ, ਕਲਜੁਗ ਅੰਤ ਜਨ ਭਗਤ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਬੀਰ ਕਹੇ ਪ੍ਰਭ ਸੁਣ ਅਰਦਾਸ, ਦੋਏ ਜੋੜ ਮੇਰੀ ਬੇਨੰਤੀਆ । ਦੂਰ ਦੁਰਾਡਾ ਆਇਆ ਪਾਸ, ਤੇਰਾ ਸੋਹਣਾ ਧਾਮ ਸੋਭਾਵੰਤੀਆ । ਚਰਨ ਕਵਲ ਕਰਾਂ ਪਰਨਾਮ, ਵੇਖਾਂ ਖੇਲ ਆਦਿ ਅੰਤੀਆ । ਮੇਰੇ ਨਾਲ ਤੇਰੇ ਗੁਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੀਨ ਦਿਆਲ ਸਦਾ ਬਖ਼ਸ਼ੰਦੀਆ । ਬਖ਼ਸ਼ਿਸ਼ ਕਰ ਆਪ ਕਰਤਾਰ, ਹਰਿ ਕਰਤਾ ਦਇਆ ਕਮਾਈਆ । ਆ ਕਬੀਰ ਵੇਖ ਦਰਬਾਰ, ਪੁਰਖ ਅਕਾਲ ਰਿਹਾ ਲਗਾਈਆ । ਭਗਤ ਜਨ ਰੱਖੇ ਨਾਲ, ਜਨ ਭਗਤਾਂ ਭਗਤੀ ਆਪ ਕਮਾਈਆ । ਪੂਰਬ ਜਨਮ ਦੀ ਲੇਖੇ ਲਾਏ ਘਾਲ, ਘਾਲ ਆਪਣੀ ਝੋਲੀ ਪਾਈਆ । ਰਲ ਮਿਲ ਸਾਰੇ ਵੇਖੋ ਮੇਰਾ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਮੁਰਦੇ ਕੋਲੋਂ ਪੁਛੋ ਜੀਂਵਦਿਆਂ ਹਾਲ, ਜੀਵਣ ਵਿਚੋਂ ਜੀਵਣ ਦਿਤਾ ਬਦਲਾਈਆ । ਜਿਸ ਦਾ ਤਨ ਨਾ ਖਾਧਾ ਕਾਲ, ਅਗਨੀ ਸੇਵ ਨਾ ਕੋਇ ਕਮਾਈਆ । ਗ਼ਮੀ ਅੰਦਰ ਖ਼ੁਸ਼ੀ ਦਿਤੀ ਵਖਾਲ, ਖ਼ਾਲਸ ਆਪਣਾ ਮੇਲ ਮਿਲਾਈਆ । ਜਨ ਭਗਤ ਕਹਿਣ ਤੇਰੀ ਕਿਰਪਾ ਦੀਨ ਦਿਆਲ, ਆਦਿ ਜੁਗਾਦਿ ਤੋਹੇ ਬਣ ਆਈਆ । ਸਾਢੇ ਤਿੰਨ ਹੱਥ ਮੰਗ ਮੰਗੀ ਰਵਦਾਸ ਚੁਮਾਰ, ਇਕੋ ਚਮਿਆਰਾ ਤੇਰੇ ਨਾਲ ਨਜ਼ਰੀ ਆਈਆ । ਬੇ ਦਰ ਖੜਾ ਸੀਸ ਕੰਗਾਲ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕਰ ਕਿਰਪਾ ਜੇ ਚਰਨਾਂ ਵਿਚ ਲਏਂ ਬਹਾਲ, ਘਰ ਵੱਜੇ ਸਚ ਵਧਾਈਆ । ਉਹ ਤੇਰੀ ਸੱਚੀ ਧਰਮਸਾਲ, ਜਿਸ ਦਵਾਰੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਕਬੀਰ ਅੰਦਰ ਆ ਲੰਘ, ਸ਼ਬਦ ਇਸ਼ਾਰੇ ਨਾਲ ਜਣਾਈਆ । ਨਾਲ ਲਿਆਉਣਾ ਆਪਣਾ ਸੰਗ, ਪਿੱਛੇ ਰਹਿਣ ਕੋਇ ਨਾ ਪਾਈਆ । ਸਾਰੇ ਖ਼ੁਸ਼ੀਆਂ ਨਾਲ ਵਜਾਉਣ ਮਰਦੰਗ, ਸਾਰੰਗ ਸਾਰੰਗਾ ਇਕੋ ਨਾਮ ਹੱਥ ਰਖਾਈਆ ।

ਘਰ ਵੇਖਿਆ ਪਰਕਾਸ਼ ਨੂਰੀ ਚੰਦ, ਅਸਮਾਨੀ ਚੰਦ ਬੈਠਾ ਮੁਖ ਛੁਪਾਈਆ । ਗ੍ਰਿਹ ਮੰਦਰ ਮੰਗਲ ਸੁਣਨ ਆਇਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਬੀਰ ਕਹੇ ਜਨ ਭਗਤੋ ਵੇਖੋ ਰਾਮ ਸਿੰਘ ਦਵਾਰੇ ਪਈ ਠੰਡ, ਠੰਡਕ ਹਰਿ ਜੂ ਆਪ ਵਰਤਾਈਆ । ਜਿਸ ਦੀ ਟੁੱਟੀ ਦਿਤੀ ਗੰਢ, ਗੰਢਣਹਾਰ ਗੋਪਾਲ ਸੁਆਮੀ ਆਪੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਭਗਤ ਅਠਾਰਾਂ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੇਰੀ ਕਰਨੀ ਤੂੰ ਜਾਣੇ ਕਰਤਾਰ, ਕਰਤਾ ਪੁਰਖ ਤੇਰੀ ਵਡਿਆਈਆ । ਜੁਗ ਚੌਕੜੀ ਗਏ ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰੀ ਸਾਰ ਕਿਸੇ ਨਾ ਆਈਆ । ਗੁਰ ਅਵਤਾਰ ਮੰਗਦੇ ਗਏ ਦਾਨ, ਪੀਰ ਪੈਗ਼ੰਬਰ ਅੱਗੇ ਝੋਲੀ ਡਾਹੀਆ । ਅੰਤਮ ਕਹਿ ਕੇ ਗਏ ਨਾਲ ਜ਼ਬਾਨ, ਸ਼ਬਦ ਇਸ਼ਾਰੇ ਨਾਲ ਜਣਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਇਮਾਮਾਂ ਸਿਰ ਹੋਏ ਇਮਾਮ, ਅਦਲ ਅਦਾਲਤ ਇਕ ਕਰਾਈਆ । ਧੁਰ ਸੰਦੇਸ਼ਾ ਦਏ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਨਾਮ ਜਣਾਏ ਇਕੋ ਨਾਮ, ਸਤਿ ਸਤਿ ਸਮਝਾਈਆ । ਨਜ਼ਰੀ ਆਏ ਧੁਰ ਦਾ ਰਾਮ, ਰਮਿਆ ਆਪਣੀ ਕਾਰ ਕਮਾਈਆ । ਵੇਸ ਵਟਾਏ ਸੱਚਾ ਕਾਹਨ, ਬੰਸਰੀ ਇਕੋ ਗੀਤ ਸੁਣਾਈਆ । ਨਾਨਕ ਗੋਬਿੰਦ ਦੇ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਈਆ । ਜਨ ਭਗਤਾਂ ਰੱਛਿਆ ਕਰੇ ਆਣ, ਇਛਿਆ ਸਭ ਦੀ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਕਬੀਰ ਕਹੇ ਜਨ ਭਗਤੋ ਹੋਵੋ ਤਿਆਰ, ਤਿਆਰੀ ਇਕੋ ਵਾਰ ਸਮਝਾਇੰਦਾ । ਸਚ ਪਟਾਰੀ ਜੋ ਲਿਆਂਦੀ ਨਾਲ, ਧੁਰ ਇਸ਼ਾਰੇ ਨਾਲ ਸਮਝਾਇੰਦਾ । ਸ਼ਬਦ ਅਗੰਮੀ ਫੁੱਲ ਲਉ ਉਠਾਲ, ਪਤ ਡਾਲੀ ਨਜ਼ਰ ਕੋਇ ਨਾ ਆਇੰਦਾ । ਸਾਰੇ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ, ਜੈ ਜੈਕਾਰ ਸੁਣਾਇੰਦਾ । ਫੇਰ ਵੇਖੋ ਗੁਰਮੁਖ ਲਾਲ, ਰਾਮ ਸਿੰਘ ਵਡਿਆਇੰਦਾ । ਇਸ ਦੇ ਉਤੋਂ ਇਕ ਇਕ ਫੁੱਲ ਦੇਵੋ ਵਾਰ, ਵਾਰਤਾ ਪ੍ਰਭ ਦੀ ਭੇਟ ਚੜ੍ਹਾਇੰਦਾ । ਜਨਮ ਫੇਰ ਨਾ ਆਵੇ ਵਿਚ ਸੰਸਾਰ, ਸੰਸਾਰੀ ਸੰਗ ਤਜਾਇੰਦਾ । ਏਥੇ ਮਿਲਿਆ ਆਪ ਕਰਤਾਰ, ਅੱਗੇ ਤੁਹਾਡੇ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਭਗਤ ਅਠਾਰਾਂ ਫੁੱਲ ਬਰਸਾਉਂਦੇ ਨੇ । ਗੀਤ ਪੁਰਖ ਅਕਾਲ ਗਾਉਂਦੇ ਨੇ । ਧਿਆਨ ਇਕੋ ਚਰਨ ਲਗਾਉਂਦੇ ਨੇ । ਨੇਤਰ ਨੈਣ ਅੱਖ ਖੁਲਾਉਂਦੇ ਨੇ । ਸ੍ਰੀ ਭਗਵਾਨ ਦਰਸ਼ਨ ਪਾਉਂਦੇ ਨੇ । ਧੂੜੀ ਟਿੱਕਾ ਮਸਤਕ ਲਾਉਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਸਾਚੇ ਮੰਗ ਮੰਗਾਉਂਦੇ ਨੇ । ਮੰਗਣ ਮੰਗ ਦਰ ਖਲੋ, ਚਰਨ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਕਰ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਧੰਨ ਭਾਗ ਚਾਰ ਪੋਹ, ਬੀਸ ਬੀਸਾ ਖ਼ੁਸ਼ੀ ਵਖਾਈਆ । ਜਨ ਭਗਤ ਅੰਦਰ ਕੀਤੀ ਲੋਅ, ਪਰਕਾਸ਼ ਏਕਾ ਨਾਮ ਪਰਗਟਾਈਆ । ਰਾਏ ਧਰਮ ਕੋਲੋਂ ਖੋਹ, ਆਪਣੀ ਗੋਦੀ ਲਿਆ ਉਠਾਈਆ । ਅੱਗੇ ਕੋਈ ਨਾ ਸਕੇ ਛੋਹ, ਸ਼ਹਿਨਸ਼ਾਹ ਤੇਰੀ ਓਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤ ਅਠਾਰਾਂ ਬੋਲਣ ਬੋਲ, ਪ੍ਰਭ ਤੇਰਾ ਨਾਉਂ ਜਣਾਈਆ । ਵਾਹਵਾ ਤੋਲਿਆ ਸੱਚਾ ਤੋਲ, ਤਰਾਜੂ ਆਪਣਾ ਨਾਮ ਉਠਾਈਆ ।

ਦੂਰ ਦੁਰਾਡਾ ਹੋ ਕੇ ਕੋਲ, ਨੇਰਨ ਨੇਰਾ ਨਜ਼ਰੀ ਆਈਆ । ਦਿਤੀ ਵਡਿਆਈ ਉਪਰ ਧੌਲ, ਧਰਨੀ ਖ਼ੁਸ਼ੀ ਮਨਾਈਆ । ਪੂਰਬ ਭੁੱਲਿਆ ਨਾ ਪ੍ਰਭ ਜੂ ਕੌਲ, ਕਰਨੀ ਆਪਣੇ ਹੱਥ ਰਖਾਈਆ । ਭਗਤ ਜਨ ਸਚ ਦਮਾਮਾ ਵਜਾਵਣ ਢੋਲ, ਤਾਲ ਆਪਣਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਬੀਰ ਕਹੇ ਤੇਰੀ ਕੀ ਵਡਿਆਈ, ਵਡ ਵਡੇ ਬੇਪਰਵਾਹਿਆ । ਜੁਗ ਚੌਕੜੀ ਤੇਰੀ ਸਮਝ ਨਾ ਆਈ, ਸਭ ਬੈਠੇ ਧਿਆਨ ਲਗਾਇਆ । ਆਪਣਾ ਭੇਵ ਬੈਠੋਂ ਛੁਪਾਈ, ਵਡ ਸ਼ਹਿਨਸ਼ਾਹ ਬੇਪਰਵਾਹਿਆ । ਆਪਣਾ ਨੁਕਤਾ ਕਿਸੇ ਨਾ ਦਿਤਾ ਸਮਝਾਈ, ਆਦਿ ਅੰਤ ਨਾ ਕਿਸੇ ਵਖਾਇਆ । ਬੌਹੜੀ ਕਰੀਏ ਹਾਲ ਦੁਹਾਈ, ਉਚੀ ਕੂਕ ਕੂਕ ਅਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਢੋਲਾ ਗਏ ਗਾਈ, ਗਾ ਗਾ ਅੰਤ ਕਿਸੇ ਨਾ ਪਾਇਆ । ਕਲਜੁਗ ਅੰਤਮ ਨਿਰਗੁਣ ਆਪਣੀ ਖੇਲ ਰਚਾਈ, ਰੋਜ ਰੋਜ ਖੇਲ ਵੇਖ ਵਖਾਇਆ । ਛੋਟਾ ਬਾਲਾ ਭੇਟ ਚੜ੍ਹਾਈ, ਚੜ੍ਹ ਚੜ੍ਹ ਮੰਦਰ ਵੇਖੇ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਤੇਰਾ ਹੱਥ ਕਿਸੇ ਨਾ ਆਇਆ । ਭੇਵ ਅਭੇਦਾ ਮੇਰਾ ਅਨੋਖਾ, ਸ੍ਰੀ ਭਗਵਾਨ ਆਪ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਧਾਰ ਨਾਲ ਲਿਖਾਇਆ ਪੋਥਾ, ਬੁੱਧ ਬੋਧ ਕਰ ਪਰਗਟਾਈਆ । ਬਲ ਦੇ ਬਣਾਇਆ ਜੋਧਾ, ਸੂਰਬੀਰ ਅਖਵਾਈਆ । ਨਾਮ ਸੁਣਾ ਜਣਾਇਆ ਹੋਕਾ, ਉਚੀ ਕੂਕ ਕੂਕ ਅਲਾਈਆ । ਜੁਗ ਜੁਗ ਮਾਰਗ ਦੱਸਿਆ ਸੌਖਾ, ਰਹਿਬਰ ਰਾਹ ਚਲਾਈਆ । ਆਦਿ ਅੰਤ ਜੇ ਕੋਈ ਲੱਭੇ ਸਭ ਨਾਲ ਕਰੇ ਧੋਖਾ, ਲੱਭਿਆਂ ਹੱਥ ਕਿਸੇ ਨਾ ਆਈਆ । ਚਾਰ ਜੁਗ ਨੌਂ ਸੌ ਚੁਰਾਨਵੇਂ ਚੌਕੜੀ ਸਭ ਨੂੰ ਦੱਸਿਆ ਇਕੋ ਮੌਕਾ, ਕਲਜੁਗ ਅੰਤਮ ਪ੍ਰਭ ਆਵੇ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਪਰਖੇ ਖਰਾ ਖੋਟਾ, ਘਰ ਘਰ ਅੰਦਰ ਵੜ ਕੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਭਗਤ ਕਹਿਣ ਸੁਣ ਅਰਦਾਸ, ਅਰਜ਼ ਆਰਜ਼ੂ ਇਕ ਜਣਾਈਆ । ਧੰਨ ਭਾਗ ਪੂਰੀ ਕੀਤੀ ਆਸ, ਜਨ ਭਗਤਾਂ ਹੋ ਸਹਾਈਆ । ਏਥੇ ਵਿਛੜੇ ਓਥੇ ਤੇਰੇ ਪਾਸ, ਬਿਨ ਤੇਰੇ ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਜੁਗ ਸਾਰੇ ਕੂਕ ਗਏ ਆਖ, ਜੀਵ ਜਗਤ ਜਹਾਨ ਜਣਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਕਰ ਕਰ ਥੱਕੇ ਪਾਠ, ਸਰ ਸਰੋਵਰ ਤੀਰਥ ਤੱਟ ਨਹਾਵਣ ਨਹਾਈਆ । ਤੇਰੀ ਕਿਸੇ ਨਾ ਲੱਭੀ ਜਾਤ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਹੋ ਕੇ ਦਿਤੀ ਦਾਤ, ਦਇਆਵਾਨ ਦਇਆ ਕਮਾਈਆ । ਮੈਂ ਉਠ ਕੇ ਸਾਰਿਆਂ ਦੇਵਾਂ ਆਖ, ਸਚ ਸੁਣੋ ਜਨ ਭਗਤ ਮੇਰੇ ਭਾਈਆ । ਇਕੋ ਪੁਰਖ ਅਕਾਲ ਜੋ ਜੁਗ ਜੁਗ ਪੁਛੇ ਵਾਤ, ਵਾਸਤਾ ਆਪਣੇ ਨਾਲ ਰਖਾਈਆ । ਇਕੋ ਪਰਵਰਦਿਗਾਰ ਰਸੂਲ ਪਾਕ, ਪਾਕੀਜ਼ਾ ਰੂਪ ਨਜ਼ਰੀ ਆਈਆ । ਇਕੋ ਨਾਦ ਇਕੋ ਧੁਨ ਰਾਗ ਇਕੋ ਸ਼ਬਦ ਸੁਣਾਏ ਬਾਂਗ, ਕਲਮਾ ਕਲਾਮ ਸਾਂਤਕ ਸਤਿ ਇਕ ਦ੍ਰਿੜਾਈਆ । ਇਕੋ ਮਹਿਬੂਬ ਸਚ ਅਮਾਮ, ਇਕੋ ਅਰੂਜ਼ ਉਚ ਨਿਸ਼ਾਨ, ਇਕੋ ਮਹਿਫੂਜ਼ ਦੋ ਜਹਾਨ, ਚਾਰੋਂ ਕੁੰਟ ਨਜ਼ਰ ਕਿਸੇ ਨਾ ਆਈਆ । ਮੈਂ ਦਰਸ਼ਨ ਕੀਤਾ ਆਣ, ਪਾਇਆ ਪਰਮ ਪੁਰਖ ਸੁਲਤਾਨ, ਹਰਸ ਮਿਟੀ ਜੀਵ ਜਹਾਨ, ਜਗਤ ਲੇਖਾ ਰਿਹਾ ਨਾ ਰਾਈਆ । ਉਪਰ ਚੜ੍ਹ ਵੇਖਿਆ ਮਕਾਨ, ਗੜ੍ਹ ਬੰਕ ਛੁਟਾ ਸ਼ੈਤਾਨ, ਡੰਕਾ ਵੱਜਾ ਇਕ ਮਹਾਨ, ਤੂੰਹੀ ਤੂੰ ਰਾਗ ਅਲਾਈਆ । ਸੋ ਪੁਰਖ ਸੁਲਤਾਨ ਜਨ ਭਗਤਾਂ ਮਿਲਿਆ ਆਣ, ਜਿਸ

ਦੀ ਕਿਸੇ ਨਾ ਆਏ ਪਹਿਚਾਨ, ਅੰਤਰ ਆਤਮ ਸਮਝ ਕੋਇ ਨਾ ਪਾਈਆ । ਮੁਲਾਂ ਸ਼ੇਖ਼ ਮੁਸਾਇਕ ਸੂਫ਼ੀ ਸਾਰੇ ਕਰੋ ਸਲਾਮ, ਅਲੈਕਮ ਇਕੋ ਇਕ ਵਖਾਈਆ । ਪੀਰ ਪੈਗ਼ੰਬਰਾਂ ਦੇ ਪੈਗ਼ਾਮ, ਕਲਮਾ ਆਪਣਾ ਆਪ ਪੜ੍ਹਾਈਆ । ਚਾਰ ਜੁਗ ਜਿਸ ਦਾ ਨਾਮ, ਤਹਿਰੀਰੀ ਬਣਿਆ ਰਿਹਾ ਅਸ਼ਟਾਮ, ਨਾਨਕ ਨਿਰਗੁਣ ਮੋਹਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਗੁਰਮੁਖ ਰਿਹਾ ਤਰਾਈਆ । ਭਗਤ ਕਹਿਣ ਕਿਹੜਾ ਗੁਰਮੁਖ, ਜਿਸ ਮਿਲੇ ਮਾਣ ਵਡਿਆਈਆ । ਕਬੀਰ ਕਹੇ ਔਹ ਵੇਖੋ ਪ੍ਰਭ ਗੋਦੀ ਰਿਹਾ ਚੁੱਕ, ਫੜ ਬਾਹੋਂ ਗਲੇ ਲਗਾਈਆ । ਭਗਤ ਕਹਿਣ ਅਸੀਂ ਹੋਏ ਖ਼ੁਸ਼, ਸ੍ਰੀ ਭਗਵਾਨ ਅਚਰਜ ਖੇਲ ਰਚਾਈਆ । ਜਨਮ ਜਨਮ ਦੀ ਮਿਟੀ ਭੁੱਖ, ਕਰਮ ਕਰਮ ਦਾ ਰੋਗ ਮਿਟਾਈਆ । ਅਸੀਂ ਕਹਿੰਦੇ ਰਹੇ ਸਿਰਫ਼ ਅਸੀਂ ਪ੍ਰਭ ਦੇ ਪੁੱਤ, ਦੂਜਾ ਨਜ਼ਰ ਕੋਇ ਨਾ ਆਈਆ । ਸਾਡੀਆਂ ਸੁਣ ਕੇ ਬੈਠਾ ਰਿਹਾ ਚੁੱਪ, ਅੱਗੋਂ ਬੋਲ ਨਾ ਕੋਇ ਸੁਣਾਈਆ । ਚੁਪ ਕੀਤਾ ਸਚਖੰਡ ਦਵਾਰਿਉਂ ਆਇਆ ਉਠ, ਲੋਕਮਾਤ ਫੇਰਾ ਪਾਈਆ । ਉਹ ਸਾਥੋਂ ਚੰਗੇ ਜਿਨ੍ਹਾਂ ਲਿਆ ਪੁਛ, ਬਿਨ ਭਗਤੀਉਂ ਭਗਤ ਬਣਾਈਆ । ਕਲਜੁਗ ਵੇਖ ਅੰਧੇਰਾ ਘੁਪ, ਸਾਚਾ ਚੰਦ ਇਕ ਚਮਕਾਈਆ । ਤਿਨ੍ਹਾਂ ਗੁਰਮੁਖਾਂ ਅਗਲਾ ਪਿਛਲਾ ਲੇਖਾ ਗਿਆ ਛੁੱਟ, ਛੁੱਟੀ ਵਸਤ ਪਰਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਜਨ ਭਗਤ ਫੜ ਕੇ ਗੁਟ, ਕਹੇ ਤੇਰੀ ਮੇਰੀ ਹੋਏ ਕੁੜਮਾਈਆ । ਤੇਰੇ ਮੇਰੇ ਵਿਚ ਨਹੀਂ ਕੋਈ ਫੁੱਟ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਮਰਨ ਦਾ ਪੈਂਡਾ ਗਿਆ ਮੁੱਕ, ਲੱਖ ਚੁਰਾਸੀ ਗੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਕਬੀਰ ਕਹੇ ਤੇਰਾ ਦਰਸ਼ਨ ਪੇਖ, ਪ੍ਰਭ ਵੱਜੀ ਇਕ ਵਧਾਈਆ । ਘਰ ਸਾਚੇ ਲਿਆ ਵੇਖ, ਜਨ ਭਗਤਾਂ ਦਏ ਤਰਾਈਆ । ਪਿਛਲੀ ਮੇਟਣਹਾਰਾ ਰੇਖ, ਅੱਗੇ ਆਪਣੀ ਬਣਤ ਬਣਾਈਆ । ਧੰਨ ਭਾਗ ਤੂੰ ਕੋੜ੍ਹਿਆਂ ਕਮਲਿਆਂ ਦੱਸਿਆ ਹੇਤ, ਬਣ ਹਿਤਕਾਰੀ ਹੋਏਂ ਸਹਾਈਆ । ਸ੍ਰੀ ਭਗਵਾਨ ਸਾਨੂੰ ਓਸੇ ਥਾਂ ਦੇ ਭੇਜ, ਜਿਸ ਦਵਾਰਿਉਂ ਲਿਆ ਮੰਗਾਈਆ । ਜਾ ਕੇ ਮਾਣੀਏ ਤੇਰੀ ਪਿਛਲੀ ਸੇਜ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਿਹਰ ਨਜ਼ਰ ਉਠਾਈਆ । ਕਬੀਰ ਜੁਲਾਹੇ ਲੈ ਪ੍ਰੇਮ ਪਰਸ਼ਾਦ, ਜਨ ਭਗਤਾਂ ਨਾਲ ਵਰਤਾਈਆ । ਪਰਮ ਪੁਰਖ ਕੋਲ ਇਹੋ ਦਾਦ, ਜਿਹੜੀ ਹੱਥ ਕਿਸੇ ਨਾ ਆਈਆ । ਜਿਸ ਦਾ ਰਸਨਾ ਜਿਹਵਾ ਕੋਈ ਚੱਖ ਨਾ ਸਕੇ ਸਵਾਦ, ਰਸ ਸਮਝ ਕੋਈ ਨਾ ਪਾਈਆ । ਇਹੋ ਕਿਰਪਾ ਆਦਿ ਜੁਗਾਦਿ, ਜਨ ਭਗਤਾਂ ਉਤੇ ਕਮਾਈਆ । ਕਲਜੁਗ ਅੰਤ ਸੁਣ ਫ਼ਰਿਆਦ, ਫ਼ੈਸਲਾ ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਸੋਹੀ ਬਸਤੀ, ਹਰਿ ਬਿਸਮਿਲ ਰੂਪ ਨਜ਼ਰੀ ਆਈਆ । ਜਿਸ ਦੀ ਉਚ ਅਗੰਮ ਅਥਾਹ ਹਸਤੀ, ਸੋ ਹਸਤ ਕੀਟਾਂ ਵਿਚ ਡੇਰਾ ਲਾਈਆ । ਕਲਜੁਗ ਜੀਵਾਂ ਜਗਤ ਵੇਖੇ ਅਰਥੀ, ਦੋਏ ਲੋਚਣ ਨੀਰ ਵਹਾਈਆ । ਜਨ ਭਗਤਾਂ ਪ੍ਰਭ ਪੂਰੀ ਕੀਤੀ ਭਗਤੀ, ਜਿਨ੍ਹਾਂ ਭਗਤ ਦਰ ਬੁਲਾਈਆ । ਖ਼ੁਸ਼ੀ ਹੋਵੇ ਵਡ ਅਰਸ਼ ਅਰਸ਼ੀ, ਅਰਸ਼ੀ ਪ੍ਰੀਤਮ ਬੇਪਰਵਾਹੀਆ । ਧੁਰ ਦਾ ਖੇਲ ਨਾਟਕ ਨਹੀਂ ਫ਼ਰਜ਼ੀ, ਕੂੜੀ ਕਿਰਿਆ ਨਾ ਕੋਇ ਵਡਿਆਈਆ । ਤਨ ਕਪੜ ਸੀਂਵੇਂ ਬਣ ਕੇ ਦਰਜ਼ੀ, ਸੂਈ ਤੰਦ ਡੋਰ ਆਪ ਬੰਧਾਈਆ । ਜਨ ਭਗਤਾਂ ਨਾਲ ਰਲਾ ਕੇ ਆਪਣੀ

ਮਰਜ਼ੀ, ਮਰਜ਼ ਜੀਵਣ ਮਰਨ ਦੀ ਦਿਤੀ ਗਵਾਈਆ । ਸਾਹਿਬ ਸਤਿਗੁਰ ਮਕਰੂਜ਼ ਬਣ ਕਰਜ਼ੀ, ਕਰਜ਼ਾ ਪਿਛਲਾ ਅਦਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਕਬੀਰ ਕਹੇ ਪ੍ਰਭ ਸਾਨੂੰ ਤੋਰ, ਤੁਰਤ ਆਪਣਾ ਹੁਕਮ ਜਣਾਈਆ । ਪ੍ਰੇਮ ਪ੍ਰੀਤੀ ਖਿਚ ਡੋਰ, ਬਿਨ ਤੰਦੀ ਤੰਦ ਹਿਲਾਈਆ । ਦੂਰ ਦੁਰਾਡੇ ਆਏ ਦੌੜ, ਤੇਰਾ ਪੰਧ ਮੁਕਾਈਆ । ਅੱਗੇ ਵੇਖਿਆ ਆ ਕੇ ਬ੍ਰਾਹਮਣ ਗੌੜ, ਜਿਸ ਦੀ ਜਾਤ ਪਾਤ ਸਮਝ ਸਕੇ ਕੋਈ ਨਾ ਰਾਈਆ । ਆਪਣਿਆਂ ਭਗਤਾਂ ਰਿਹਾ ਬੌਹੜ, ਬੌਹੜੀ ਬੌਹੜੀ ਕਰੇ ਲੋਕਾਈਆ । ਕਰ ਕਿਰਪਾ ਲਾ ਕੇ ਦੇ ਉਹ ਪੌੜ, ਜਿਸ ਦਾ ਡੰਡਾ ਹੱਥ ਕਿਸੇ ਨਾ ਆਈਆ । ਕਬੀਰ ਕਹੇ ਮੈਂ ਚਾਰ ਕੁੰਟ ਦਹਿ ਦਿਸ਼ਾ ਨਵ ਨੌਂ ਚਾਰ ਵੇਖਿਆ ਕਰ ਕੇ ਗੌਰ, ਨਿਜ ਨੇਤਰ ਧਿਆਨ ਲਗਾਈਆ । ਇਕੋ ਬਾਲਾ ਨੱਢਾ ਨਜ਼ਰੀ ਆਇਆ ਤੇਰਾ ਛੋਹਰ, ਗੁਰਮੁਖ ਸੱਚਾ ਆਸਣ ਲਾਈਆ । ਸ੍ਰਿਸ਼ਟ ਸਬਾਈ ਦਿਸੀ ਠੱਗ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕਿਰਪਾ ਕਰ ਸਾਨੂੰ ਖ਼ੁਸ਼ੀਆਂ ਨਾਲ ਮੋੜ, ਹੁਕਮ ਆਪਣਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਜਨ ਭਗਤਾਂ ਦਇਆ ਕਮੌਂਦਾ ਏ । ਸਿਰ ਆਪਣਾ ਹੱਥ ਟਿਕੌਂਦਾ ਏ । ਮਿਹਰਵਾਨ ਹੁਕਮ ਸੁਣੌਂਦਾ ਏ । ਇਸ਼ਾਰੇ ਨਾਲ ਆਪ ਜਣੌਂਦਾ ਏ । ਰਾਮ ਸਿੰਘ ਇਕ ਵਖੌਂਦਾ ਏ । ਜਿਸ ਦਾ ਪੂਰਨ ਕੀਤਾ ਕਾਮ, ਭਗਤਾਂ ਦਰ ਮੰਗੌਂਦਾ ਏ । ਸਾਰੇ ਲੈ ਕੇ ਜਾਓ ਪੈਗ਼ਾਮ, ਸ੍ਰੀ ਭਗਵਾਨ ਆਪ ਸਮਝੌਂਦਾ ਏ । ਚਰਨ ਧੂੜੀ ਕਰ ਕੇ ਜਾਓ ਅਸ਼ਨਾਨ, ਸਰੋਵਰ ਇਕੋ ਇਕ ਨੁਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਵਡਿਔਂਦਾ ਏ । ੧੧੦
ਜਨ ਭਗਤ ਚਰਨ ਸਰੋਵਰ ਨਹੌਂਦੇ ਨੇ । ਪੁਰਖ ਅਕਾਲ ਗੀਤ ਗੌਂਦੇ ਨੇ । ਦੀਨ ਦਿਆਲ ਇਕ ਧਿਔਂਦੇ ਨੇ । ਇਕ ਦੂਜੇ ਦੇ ਚਲਣ ਨਾਲ ਨਾਲ, ਸੋਹਣੀ ਬਣਤ ਬਣੌਂਦੇ ਨੇ । ਸਚ ਦਵਾਰਾ ਵੇਖ ਧਰਮਸਾਲ, ਧਰਮ ਨਿਸ਼ਾਨ ਉਠੌਂਦੇ ਨੇ । ਜਿਸ ਸਾਡੀ ਕੀਤੀ ਪ੍ਰਿਤਪਾਲ, ਸੋ ਪ੍ਰਿਤਪਾਲਕ ਵੇਖ ਵਖੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਮੰਗ ਮੰਗੌਂਦੇ ਨੇ । ਜਨ ਭਗਤ ਪੰਧ ਮੁਕਾਇਆ ਏ । ਸਚ ਦਵਾਰੇ ਡੇਰਾ ਲਾਇਆ ਏ । ਨਰ ਨਿਰੰਕਾਰਾ ਵੇਖ ਵਖਾਇਆ ਏ । ਸਤਿ ਸਰੂਪ ਵਿਚ ਸਮਾਇਆ ਏ । ਰੂਪ ਰੰਗ ਰੇਖ ਨਾ ਕੋਇ ਰਖਾਇਆ ਏ । ਮੁਛ ਦਾੜ੍ਹੀ ਕੇਸ ਨਾ ਕੋਇ, ਸੀਸ ਜਗਦੀਸ਼ ਨਾ ਕੋਇ ਮੁੰਡਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਮਾਰਗ ਇਕ ਦਰਸਾਇਆ ਏ । ਪ੍ਰਭ ਸਾਚੇ ਮਾਰਗ ਜਾਵਾਂਗੇ । ਦੀਨ ਦਿਆਲ ਤੈਨੂੰ ਧਿਆਵਾਂਗੇ । ਜਨ ਭਗਤਾਂ ਆਖ ਸੁਣਾਵਾਂਗੇ । ਧੁਰ ਦੀ ਸੱਚੀ ਬਾਤ ਪਰਗਟਾਵਾਂਗੇ । ਕਲਜੁਗ ਵੇਖ ਅੰਧੇਰੀ ਰਾਤ, ਇਕੋ ਤੇਰੀ ਓਟ ਤਕਾਵਾਂਗੇ । ਤੁਧ ਬਿਨ ਵਸੇ ਨਾ ਕੋਈ ਪਾਸ, ਨਾਤਾ ਜਗਤ ਜਹਾਨ ਛੁਡਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਰਲ ਮਿਲ ਤੇਰਾ ਹੁਕਮ ਸੁਣਾਵਾਂਗੇ । ਤੇਰਾ ਹੁਕਮ ਸਚ ਜਣੌਣਾ ਏਂ । ਲਾੜੀ ਮੌਤ ਆਪ ਸਮਝੌਣਾ ਏਂ । ਚਿਤਰ ਗੁਪਤ ਆਪ ਉਠੌਣ ਏਂ । ਰਾਏ ਧਰਮ ਨੈਣ ਖੁਲਾਉਣਾ ਏਂ । ਤੇਰਾ ਲਿਖਿਆ ਲੇਖ ਵਖਾਉਣਾ ਏਂ । ਅਗਲਾ ਪਿਛਲਾ ਭੇਤ ਖੁਲਾਉਣਾ ਏਂ । ਜਿਨ੍ਹਾਂ ਸਾਹਿਬ ਸਤਿਗੁਰ ਕਰੇ ਹੇਤ, ਤਿਨ੍ਹਾਂ ਨੇੜ ਤੁਸਾਂ ਕਦੇ ਨਾ ਔਣਾ ਏਂ । ਪੁਰਖ ਅਕਾਲ ਦੀ ਸੱਚੀ ਖੇਡ, ਦੋ ਜਹਾਨ ਭੇਵ ਕਿਸੇ ਨਾ ਪੌਣਾ ਏਂ । ਜਨ ਭਗਤ

ਪਹਿਲੋਂ ਲਏ ਭੇਜ, ਪਿਛੇ ਆਪਣਾ ਫੇਰਾ ਪੌਣਾ ਏਂ । ਗੁਰਮੁਖਾਂ ਅੰਦਰ ਵੜ ਕੇ ਮਾਣੇ ਸੇਜ, ਸਚ ਸਿੰਘਾਸਣ ਡੇਰਾ ਲਾਉਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤੌਣਾ ਏਂ । ਕਬੀਰ ਕਹੇ ਮੈਂ ਦੋ ਜਹਾਨਾਂ ਦੱਸ ਕੇ ਜਾਵਾਂਗਾ । ਗ਼ਾਫ਼ਲ ਕੋਈ ਨਾ ਰਹੇ, ਆਲਸ ਸਭ ਦੀ ਮੇਟ ਮਿਟਾਵਾਂਗਾ । ਪਾਗਲ ਕੋਈ ਨਾ ਕਹੇ, ਸੁਰਤੀ ਸੁਰਤ ਸਰਬ ਖੁਲਾਵਾਂਗਾ । ਆਦਲ ਪੁਰਖ ਅਕਾਲ ਇਕੋ ਰਹੇ, ਦੂਜੀ ਅਦਾਲਤ ਨਾ ਕੋਈ ਵਡਿਆਵਾਂਗਾ । ਜੋ ਪ੍ਰਭ ਦੀ ਸਰਨੀ ਢਹੇ, ਤਿਨ੍ਹਾਂ ਆਪਣੇ ਨਾਲ ਰਲਾਵਾਂਗਾ । ਜੋ ਪ੍ਰਭ ਦੀ ਚਰਨੀ ਬਹੇ, ਤਿਨ੍ਹਾਂ ਭਗਤਾਂ ਰੂਪ ਵਖਾਵਾਂਗਾ । ਜੋ ਹਰਿ ਦਾ ਭਾਣਾ ਸਹੇ, ਤਿਨ੍ਹਾਂ ਸਭ ਕੁਛ ਭੇਟ ਚੜ੍ਹਾਵਾਂਗਾ । ਜੋ ਹਰਿਸੰਗਤ ਵਿਚ ਕਹੇ, ਮੈਂ ਹਰਿਸੰਗਤ ਰੂਪ ਪੁਰਖ ਅਕਾਲ ਵੇਖ ਵਖਾਵਾਂਗਾ । ਤਿਸ ਦਾ ਕਾਇਆ ਮਾਟੀ ਬੁਰਜ ਕਦੇ ਨਾ ਢਹੇ, ਰਾਏ ਧਰਮ ਨਾ ਹੱਥ ਫੜਾਵਾਂਗਾ । ਸੋ ਗੁਰਮੁਖ ਪ੍ਰਭ ਦੀ ਗੋਦੀ ਬਹੇ, ਜਗਤ ਜਹਾਨ ਪਾਰ ਕਰਾਵਾਂਗਾ । ਨਾ ਜਨਮੇ ਨਾ ਹੋਵੇ ਲੈ, ਆਵਣ ਜਾਵਣ ਗੇੜ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਇਕ ਕਮਾਵੇਗਾ । ਪ੍ਰਭ ਆਪਣੇ ਰੰਗ ਰੰਗਾਵੇਗਾ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੁਪਾਲ ਸੁਆਮੀ ਵੇਖ ਵਿਖਾਵੇਗਾ । ਕਰਮ ਕਰਮ ਦਾ ਕੱਟ ਕੇ ਨੰਗ, ਓਢਣ ਭੂਸ਼ਨ ਪਰਦਾ ਇਕੋ ਪਾਵੇਗਾ । ਨਾਤਾ ਤੋੜ ਭੇਖ ਪਖੰਡ, ਸਾਚਾ ਮਾਰਗ ਇਕ ਲਗਾਵੇਗਾ । ਲੇਖਾ ਜਾਣ ਦੁਹਾਗਣ ਰੰਡ, ਕੰਤ ਸੁਹਾਗ ਮੇਲ ਮਿਲਾਵੇਗਾ । ਜਿਨ੍ਹਾਂ ਗੁਰਮੁਖਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਛੰਦ, ਤਿਨ੍ਹਾਂ ਅੰਤਮ ਆਪਣੀ ਜੋਤ ਮਿਲਾਵਾਂਗਾ । ਸਚਖੰਡ ਦਾ ਸਚ ਅਨੰਦ, ਅਨੰਦ ਇਕੋ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸਚ ਬਹਾਵਾਂਗਾ । ਕਬੀਰ ਜੁਲਾਹਾ ਸਚ ਜਣਾਉਂਦਾ ਏ । ਉਚੀ ਕੂਕ ਆਖ ਅਲਾਉਂਦਾ ਏ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਵੇਖੋ ਮੇਰਾ ਤਾਣਾ ਪੇਟਾ ਸਾਚੀ ਤੰਦ, ਡੋਰ ਗੰਢਾਉਂਦਾ ਏ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਆਪਣੀ ਇਕ ਸਮਝਾਉਂਦਾ ਏ । ਸਚ ਪ੍ਰੀਤੀ ਚਾੜ੍ਹ ਚੰਦ, ਕਾਇਆ ਮਾਟੀ ਤਨ ਰੁਸ਼ਨਾਉਂਦਾ ਏ । ਸ੍ਰਿਸ਼ਟ ਸਬਾਈ ਵੇਖ ਹੰ, ਬ੍ਰਹਮ ਆਪਣਾ ਭੇਵ ਖੁਲ੍ਹਾਉਂਦਾ ਏ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸਾਹਿਬ ਸਤਿਗੁਰ ਖੇਲ ਰਚਾਉਂਦਾ ਏ । ਕਲਜੁਗ ਅੰਤ ਜਨ ਭਗਤਾਂ ਪੂਰੀ ਕਰੇ ਮੰਗ, ਬਿਨ ਮੰਗਿਆਂ ਦਾਤ ਵਰਤਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੁੱਬਦੇ ਪਾਹਨ ਆਪ ਤਰਾਉਂਦਾ ਏ । ਡੁੱਬਦੇ ਪਾਹਨ ਤਾਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਕਰੇ ਪ੍ਰੇਮ ਬਣ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਜਨ ਭਗਤਾਂ ਪੂਜਾ ਕਰੇ ਆਪ ਪਾਠ, ਪਾਠਸ਼ਾਲਾ ਗੁਰਮੁਖ ਕਾਇਆ ਰਿਹਾ ਬਣਾਈਆ । ਅੰਦਰ ਵੜ ਕੇ ਜੋੜੇ ਨਾਤ, ਬਾਹੋਂ ਨਜ਼ਰ ਕਿਸੇ ਨਾ ਆਈਆ । ਦਰਸ ਦੇਵੇ ਸਾਖਿਆਤ, ਜੋਤੀ ਜਾਤਾ ਵਡ ਵਡਿਆਈਆ । ਰਾਤੀਂ ਸੁਤਿਆਂ ਜੋ ਜਾਏ ਆਖ, ਦਿਨੇ ਜਾਗਦਿਆਂ ਪੂਰ ਕਰਾਈਆ । ਇਹੋ ਪ੍ਰਭੂ ਦੀ ਅਗੰਮੀ ਬਾਤ, ਜਿਹੜੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਮੰਗਦੇ ਗਏ ਦਾਤ, ਅਨੁਭਵ ਤੇਰਾ ਨੂਰ ਨਜ਼ਰੀ ਆਈਆ । ਮਨ ਵਾਸਨਾ ਘਰ ਰਹੇ ਨਾ ਨਾਰ ਕਮਜਾਤ, ਗੁਰਮਤ ਬੈਠੇ ਡੇਰਾ ਲਾਈਆ । ਜਿਧਰ ਵੇਖੀਏ ਖੋਲ੍ਹ ਤਾਕ, ਪ੍ਰਭ ਤੂੰਹੀ ਨਜ਼ਰੀ ਆਈਆ । ਬਿਨ ਤੇਰੇ ਦੂਜਾ ਦਿਸੇ ਨਾ ਕੋਈ ਸਾਥ, ਸਾਥ ਸਗਲਾ ਅੰਤ

ਜਾਣ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਮਾਣ ਵਡਿਆਈ ਜਗਤ ਨਾਤਾ, ਅੱਗੇ ਕੰਮ ਕਿਸੇ ਨਾ ਆਈਆ । ਜਿਨ੍ਹਾਂ ਮਿਲਿਆ ਪੁਰਖ ਬਿਧਾਤਾ, ਤਿਨ੍ਹਾਂ ਸਦਾ ਸਦਾ ਸਦ ਵੱਜਦੀ ਰਹੇ ਵਧਾਈਆ । ਪਿਛੋਂ ਸ੍ਰਿਸ਼ਟ ਸਬਾਈ ਉਨ੍ਹਾਂ ਦੀ ਗਾਏ ਗਾਥਾ, ਜਿਨ੍ਹਾਂ ਪ੍ਰਭ ਦਰਸ਼ਨ ਕੀਤਾ ਚਾਈਂ ਚਾਈਂਆ । ਮੰਦਰ ਮਸਜਿਦ ਠਾਕਰ ਦੁਆਰੇ ਮਸੀਤ ਸ਼ਿਵਦੁਆਲੇ ਟੇਕਣ ਮਾਥਾ, ਮਸਤਕ ਇੱਟਾਂ ਨਾਲ ਰਗੜਾਈਆ । ਜੇ ਵੇਖਣ ਸਭ ਦੇ ਖ਼ਾਲੀ ਹਾਥਾ, ਹੱਥ ਵਿਚ ਨਜ਼ਰ ਨਾ ਕੁਛ ਰਖਾਈਆ । ਜਿਨ੍ਹਾਂ ਉਪਰ ਪੁਰਖ ਅਕਾਲ ਸਤਿਗੁਰ ਹੋ ਕੇ ਤੁਠਾ, ਤਿਨ੍ਹਾਂ ਰੁਠਿਆਂ ਲਏ ਮਿਲਾਈਆ । ਉਨ੍ਹਾਂ ਰਾਏ ਧਰਮ ਨਾ ਟੰਗੇ ਪੁੱਠਾ, ਕੁੰਭੀ ਨਰਕ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਪ੍ਰੇਮ ਪ੍ਰੀਤੀ ਭੁੱਖਾ, ਦੂਜੀ ਤ੍ਰਿਸਨਾ ਤ੍ਰਿਖਾ ਨਾ ਕੋਇ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਉਤਮ ਸ੍ਰੇਸ਼ਟ ਵਿਸ਼ੇਸ਼ ਬਣਾਏ ਸੁੱਚਾ, ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਨੇਸ਼ ਦੇਵਤ ਸੁਰ ਸੀਸ ਝੁਕਾਈਆ ।

## ★ ੫ ਪੋਹ ੨੦੨੦ ਬਿਕਰਮੀ ਹਰੀ ਸਿੰਘ ਦੇ ਗ੍ਰਿਹਿ ਬਸਤੀ ਖਲੀਲ ਜ਼ਿਲਾ ਫਿਰੋਜ਼ਪੁਰ ★



ਭਗਤ ਪਿਆਸ ਭਗਵਨ ਸਿਕ, ਗੁਰਮੁਖ ਧਿਆਨ ਲਗਾਇੰਦਾ । ਦੋਹਾਂ ਮੀਤ ਸਦਾ ਅਨਡਿਠ, ਜਗਤ ਜੁਗ ਭੇਵ ਕੋਇ ਨਾ ਪਾਇੰਦਾ । ਸਾਹਿਬ ਸਤਿਗੁਰ ਗੁਰਮੁਖਾਂ ਕਾਇਆ ਮੰਦਰ ਵਸੇ ਵਿਚ, ਰੂਪ ਰੰਗ ਰੇਖ ਨਾ ਕੋਇ ਵਿਖਾਇੰਦਾ । ਨਿਰਗੁਣ ਹੋ ਕੇ ਕਰੇ ਹਿੱਤ, ਸਰਗੁਣ ਆਪਣਾ ਮੇਲ ਮਿਲਾਇੰਦਾ । ਕਰਵਟ ਲੈ ਬਦਲਾਏ ਪਿੱਠ, ਸਨਮੁਖ ਆਪਣਾ ਦਰਸ ਕਰਾਇੰਦਾ । ਜਗਤ ਵਾਸਨਾ ਕੂੜੀ ਜਿਤ, ਸਚ ਪ੍ਰੀਤ ਇਕ ਦ੍ਰਿੜਾਇੰਦਾ । ਖੇਲੇ ਖੇਲ ਨਿਤ ਨਵਿਤ, ਨਰ ਹਰਿ ਆਪਣੀ ਕਾਰ ਕਮਾਇੰਦਾ । ਮਿਹਰਵਾਨ ਹੋ ਪਾਏ ਭਿੱਖ, ਭਿਛਿਆ ਝੋਲੀ ਨਾਮ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਖਿਲਾਇੰਦਾ । ਭਗਤ ਵਿਚੋਲਾ ਸ਼ਬਦ ਗੁਰਦੇਵ, ਹਰਿ ਸੁਆਮੀ ਵਡ ਵਡਿਆਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਬੈਠਾ ਆਸਣ ਲਾਈਆ । ਅਲਖ ਅਗੋਚਰ ਅਗੰਮ ਅਭੇਵ, ਭੇਵ ਰਿਹਾ ਦਰਸਾਈਆ । ਸਾਚਾ ਰਸ ਅੰਮ੍ਰਿਤ ਮੇਵ, ਸੁਖ ਸਾਗਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਭਗਤ ਪਿਆਰ ਨਾਮ ਸੁਗੰਧੀ, ਸਤਿ ਵਾਸਨਾ ਵਿਚ ਟਿਕਾਇੰਦਾ । ਦੂਰ ਦੁਰਾਡਾ ਬਣ ਸਨਬੰਧੀ, ਸਾਹਿਬ ਸਤਿਗੁਰ ਨਾਤਾ ਜੋੜ ਜੋੜਾਇੰਦਾ । ਕੂੜੀ ਵਾਸਨਾ ਕੱਢ ਗੰਦੀ, ਅੰਮ੍ਰਿਤ ਰਸ ਰਸ ਚਖਾਇੰਦਾ । ਘਰ ਵਖਾਏ ਮਨ ਮਤ ਬੁਧ ਅੰਧੀ, ਆਤਮ ਪਰਮਾਤਮ ਪਰਦਾ ਲਾਹਿੰਦਾ । ਰਾਗ ਸੁਣਾਏ ਧੁਰ ਦਾ ਛੰਦੀ, ਅਨਹਦ ਨਾਦੀ ਨਾਦ ਸੁਣਾਇੰਦਾ । ਨਾਤਾ ਤੋੜ ਖ਼ਾਨਾਬੰਦੀ, ਮਹਲ ਅਟੱਲ ਇਕ ਬਹਾਇੰਦਾ । ਲੇਖਾ ਰਹੇ ਨਾ ਭੇਖ ਪਖੰਡੀ, ਸਚ ਸੁੱਚ ਮੇਲ ਮਿਲਾਇੰਦਾ । ਦੇਵਣਹਾਰਾ ਇਕ ਅਨੰਦੀ, ਅਨੰਦ ਆਤਮ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਭਗਤ ਸੱਜਣ ਭਗਵਨ ਪਿਆਰ, ਪ੍ਰੀਤੀ ਪਾਰਬ੍ਰਹਮ ਜਣਾਈਆ । ਜੁਗ ਚੌਕੜੀ ਵੇਖੇ ਚਾਰ, ਦੋ

ਜਹਾਨਾਂ ਖੋਜ ਖੁਜਾਈਆ । ਬ੍ਰਹਿਮੰਡ ਖੰਡ ਖੋਲ੍ਹ ਕਿਵਾੜ, ਪੁਰੀ ਲੋਅ ਪਰਦਾ ਦਏ ਉਠਾਈਆ । ਸੰਤ ਸੁਹੇਲੇ ਲੱਭੇ ਯਾਰ, ਲੱਖ ਚਰਾਸੀ ਖੋਜ ਖੁਜਾਈਆ । ਜਨਮ ਕਰਮ ਦਾ ਰੋਗ ਨਿਵਾਰ, ਸੰਜੋਗ ਆਪਣੇ ਨਾਲ ਕਰਾਈਆ । ਚੋਗ ਚੁਗਾਏ ਅੰਮ੍ਰਿਤ ਧਾਰ, ਤ੍ਰਿਸਨਾ ਭੁੱਖ ਗਵਾਈਆ । ਸ਼ਬਦ ਸੁਣਾਏ ਇਕ ਧੁਨਕਾਰ, ਅਨਰਾਗੀ ਰਾਗ ਅਲਾਈਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਮਹਲ ਅਟੱਲ ਠਾਂਡਾ ਦਰਬਾਰ, ਘਰ ਘਰ ਵਿਚ ਦਏ ਵਖਾਈਆ । ਸੇਜ ਸੁਹੰਜਣੀ ਮੀਤ ਮੁਰਾਰ, ਅੰਤਰ ਆਤਮ ਨਜ਼ਰੀ ਆਈਆ । ਸ਼ਾਹੋ ਭੂਪ ਵਡ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਮੇਲਾ ਇਕ ਦੁਆਰ, ਘਰ ਸੱਚਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਵਡ ਵਡਿਆਈਆ । ਭਗਤ ਸੁਹੇਲਾ ਸਾਹਿਬ ਸੁਲਤਾਨਾ, ਸਤਿ ਸਤਿਵਾਦੀ ਹਰਿ ਅਖਵਾਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਮੌਲੀ ਤੰਦ ਨਾ ਕੋਇ ਵਖਾਇੰਦਾ । ਆਤਮ ਅੰਤਰ ਸਚ ਤਰਾਨਾ, ਬਿਨ ਤੁਰੀਆ ਰਾਗ ਸੁਣਾਇੰਦਾ । ਕਰ ਪਰਕਾਸ਼ ਕੋਟਨ ਭਾਨਾ, ਨਿਰਮਲ ਨੂਰੀ ਜੋਤ ਜਗਾਇੰਦਾ । ਬੋਧ ਅਗਾਧੀ ਇਕੋ ਗਾਣਾ, ਬਿਨ ਰਸਨਾ ਜਿਹਵਾ ਸੁਣਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨਾ, ਆਪ ਆਪਣੇ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਦਇਆ ਕਮਾਇੰਦਾ । ਭਗਤ ਸੁਹੇਲਾ ਪ੍ਰਭ ਠਾਕਰ ਸੁਆਮੀ, ਪੁਰਖ ਅਕਾਲ ਬੇਪਰਵਾਹੀਆ । ਘਟ ਘਟ ਵੇਖੇ ਅੰਤਰਜਾਮੀ, ਬੇਪਹਿਚਾਨ ਖੇਲ ਕਰਾਈਆ । ਯੋਧਾ ਸੂਰਬੀਰ ਵਡ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਲਿਖੇ ਕਹਾਣੀ, ਜਿਸ ਸਿਰ ਆਪਣਾ ਹੱਥ ਰਖਾਈਆ । ਅਠਸਠ ਤੀਰਥ ਨਾ ਕੋਈ ਵਿਰੋਲੇ ਪਾਣੀ, ਜਿਸ ਅੰਮ੍ਰਿਤ ਜਾਮ ਪਿਆਈਆ । ਸੋ ਗੁਰਮੁਖ ਗੁਰਸਿਖ ਇਕੋ ਬੋਲੇ ਧੁਰ ਦੀ ਬਾਣੀ, ਸਚ ਤੇਰਾ ਰਾਗ ਅਲਾਈਆ । ਲੇਖਾ ਚੁਕੇ ਚਾਰੇ ਖਾਣੀ, ਚੌਥੇ ਜੁਗ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਸ੍ਰੀ ਭਗਵਾਨ ਭੇਵ ਖੁਲ੍ਹਾਈਆ । ਭਗਤ ਭਗਵਾਨ ਮੇਲਾ ਨਿੱਤ, ਜੁਗ ਜੁਗ ਖੇਲ ਕਰਾਇੰਦਾ । ਨਿਰਗੁਣ ਸਰਗੁਣ ਧੁਰ ਦਾ ਹਿੱਤ, ਲੋਕਮਾਤ ਵੇਖ ਵਖਾਇੰਦਾ । ਲੇਖੇ ਲਾ ਕਾਇਆ ਰਿਤ, ਪੰਜ ਤਤ ਆਪਣੀ ਗੰਢ ਪੁਆਇੰਦਾ । ਦਰ ਦਵਾਰਿਉਂ ਪਾਏ ਭਿੱਖ, ਭਿਛਿਆ ਆਪਣੀ ਇਕ ਵਰਤਾਇੰਦਾ । ਪੂਰਬ ਲੇਖਾ ਪਹਿਲੋਂ ਲਿਖ, ਅੱਗੇ ਮਾਰਗ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲਾ ਖੇਲ ਵਖਾਇੰਦਾ । ਭਗਤ ਸੁਹੇਲਾ ਸਾਹਿਬ ਗੁਣਵੰਤ, ਗੁਣਕਾਰ ਵੱਡੀ ਵਡਿਆਈਆ । ਲੇਖਾ ਜਾਣ ਜੀਵ ਜੰਤ, ਚਾਰੇ ਖਾਣੀ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਬਣਾਏ ਬਣਤ, ਮਿਹਰ ਨਜ਼ਰ ਆਪ ਉਠਾਈਆ । ਸੋ ਗੁਰਮੁਖ ਹੋਏ ਸੰਤ, ਜਿਸ ਮਿਲੇ ਬੇਪਰਵਾਹੀਆ । ਤਿਸ ਦਾ ਲੇਖਾ ਲਿਖ ਨਾ ਸਕੇ ਕੋਈ ਅੰਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਦੁਹਾਈਆ । ਸੋ ਭਗਤ ਭਗਵਾਨ ਦਾ ਇਕੋ ਗਾਏ ਮੰਤ, ਮੰਤਵ ਆਪਣਾ ਹੱਲ ਕਰਾਈਆ । ਤਿਸ ਦਾ ਲੇਖਾ ਕੋਈ ਨਾ ਜਾਣੇ ਪੰਡਤ, ਸ਼ੇਖ਼ ਮੁਸਾਇਕ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਭਗਤ ਭਗਵਾਨ ਇਕ ਦਰਵਾਜਾ, ਗ੍ਰਿਹਿ ਮੰਦਰ ਇਕ ਸੁਹਾਇੰਦਾ । ਆਦਿ ਜੁਗਾਦਿ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਾਢੇ ਤਿੰਨ ਹੱਥ ਅੰਦਰ

ਮਾਰੇ ਵਾਜਾਂ, ਸੋਈ ਸੁਰਤੀ ਸ਼ਬਦ ਜਗਾਇੰਦਾ । ਭੂਪਤ ਭੂਪ ਬਣ ਰਾਜਨ ਰਾਜਾ, ਸ਼ਹਿਨਸ਼ਾਹ ਸ਼ਾਹ ਆਪ ਅਖਵਾਇੰਦਾ । ਘਰ ਵਿਚ ਘਰ ਰਚ ਕੇ ਕਾਜਾ, ਗ੍ਰਿਹ ਗ੍ਰਿਹ ਆਪਣਾ ਰੰਗ ਵਖਾਇੰਦਾ । ਸੰਤ ਸੁਹੇਲਾ ਫਿਰੇ ਭਾਜਾ, ਪਾਂਧੀ ਆਪਣਾ ਪੰਧ ਮੁਕਾਇੰਦਾ । ਕਲਜੁਗ ਅੰਤਮ ਰੱਖੇ ਲਾਜਾ, ਲਾਜਾਵੰਤ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਖੇੜਾ ਇਕ ਸੁਹਾਇੰਦਾ । ਭਗਤ ਖੇੜਾ ਖੋਲ੍ਹ ਖਿੜਕੀ, ਕੁੰਡਾ ਆਪਣੀ ਹੱਥੀ ਲਾਹਿੰਦਾ । ਖੇਲ ਕਰੇ ਸਾਚੀ ਪਿਰਤੀ, ਪੀਆ ਪ੍ਰੀਤਮ ਦਇਆ ਕਮਾਇੰਦਾ । ਟੁੱਟੀ ਜੋੜੇ ਪ੍ਰੀਤ ਚਿਰਕੀ, ਚਿਰੀਂ ਵਿਛੁੰਨੇ ਮੇਲ ਮਿਲਾਇੰਦਾ । ਚਰਨ ਕਵਲ ਇਕੋ ਬਿਰਤੀ, ਮਨ ਵਾਸਨਾ ਡੇਰਾ ਢਾਹਿੰਦਾ । ਦੇਵੇ ਦਰਸ ਸਾਚਾ ਦਰਸੀ, ਆਦਰਸ਼ ਆਪਣਾ ਇਕ ਵਖਾਇੰਦਾ । ਖੇਲੇ ਖੇਲ ਅਰਸ਼ੀ ਫ਼ਰਸ਼ੀ, ਲੋਕ ਪਰਲੋਕ ਸੋਭਾ ਪਾਇੰਦਾ । ਜਨ ਭਗਤਾਂ ਦੇਵੇ ਨਾਮ ਨਿਧਾਨ ਬਿਨ ਅੱਖਰਾ ਪਰਚੀ, ਸਾਚਾ ਮੰਤਰ ਆਪ ਦ੍ਰਿੜਾਇੰਦਾ । ਸ੍ਰੀ ਭਗਵਾਨ ਸ਼ਬਦੀ ਸ਼ਬਦ ਵਡ ਵੱਡਾ ਚਰਚੀ, ਚਰਚਾ ਚਾਰ ਜੁਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਪਾਰ ਲੰਘਾਵਣਹਾਰਾ ਪ੍ਰਭ ਏਕ, ਅੰਤਸ਼ਕਰਨ ਵੇਖ ਵਖਾਈਆ । ਜੁਗ ਚੌਕੜੀ ਜਿਸ ਦੀ ਟੇਕ, ਗੁਰ ਅਵਤਾਰ ਧਿਆਨ ਲਗਾਈਆ । ਨਿਰਗੁਣ ਸਰਗੁਣ ਜਿਸ ਦਾ ਭੇਖ, ਕਾਇਆ ਚੋਲਾ ਸੋਭਾ ਪਾਈਆ । ਦੋ ਜਹਾਨ ਜਿਸ ਦੀ ਖੇਡ, ਬ੍ਰਹਿਮੰਡ ਖੰਡ ਨਾਚ ਨਚਾਈਆ । ਜਨ ਭਗਤਾਂ ਅੰਦਰ ਜਿਸ ਦਾ ਭੇਤ, ਰਾਜ਼ ਆਪਣਾ ਬੈਠਾ ਛੁਪਾਈਆ । ਸੋ ਪੁਰਖ ਅਕਾਲ ਕਰੇ ਹੇਤ, ਦੀਨ ਦਿਆਲ ਹੋਏ ਸਹਾਈਆ । ਹਰਿਜਨ ਮੇਲਾ ਅਚਨ ਅਚੇਤ, ਵਾਰ ਥਿਤ ਨਾ ਕੋਇ ਰਖਾਈਆ । ਨੇਤਰ ਲੋਚਣ ਭਗਤ ਭਗਵਾਨ ਨੈਣ ਲੈਣ ਪੇਖ, ਨੈਨਣ ਆਪਣਾ ਰੰਗ ਰੰਗਾਈਆ । ਦੋਹਾਂ ਮੇਲਾ ਵਾਰ ਏਕ, ਦੂਜੀ ਵਾਰ ਨਾ ਹੋਏ ਜੁਦਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਸਦ ਰੱਖੇ ਸਾਇਆ ਹੇਠ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ ।



### ★ ੫ ਪੋਹ ੨੦੨੦ ਬਿਕਰਮੀ ਕਪੂਰ ਸਿੰਘ ਦੇ ਗ੍ਰਿਹ ਮੋਗਾ ਜ਼ਿਲਾ ਫਿਰੋਜ਼ਪੁਰ ★

ਨਾਮ ਖ਼ੁਮਾਰੀ ਦਿਤੀ ਰੰਗ, ਸ਼ਬਦ ਰਾਗ ਸ਼ਨਵਾਈਆ । ਗੁਰਮੁਖ ਸੇਜ ਆਤਮ ਪਲੰਘ, ਮਹਲ ਅਟੱਲ ਸੁਹਾਈਆ । ਦੂਈ ਦਵੈਤ ਭਰਮਾਂ ਕੰਧ, ਭਾਂਡਾ ਭਰਮ ਭੰਨਾਈਆ । ਗੀਤ ਅਗੰਮੀ ਧੁਰ ਦਾ ਛੰਦ, ਸਚ ਸਲੋਕ ਸਮਝਾਈਆ । ਸਚ ਦੁਆਰੇ ਅਗੰਮੀ ਅਨੰਦ, ਰਸ ਅੰਮ੍ਰਿਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਸੱਚਾ ਮਾਹੀਆ । ਆਤਮ ਧੁਨ ਨਾਦ ਸ਼ਬਦ ਸੁਰ ਤਾਲ, ਤਲਵਾੜਾ ਇਕੋ ਇਕ ਵਜਾਈਆ । ਭਾਗ ਲਗਾਏ ਪੰਜ ਤਤ ਕਾਇਆ ਮਾਟੀ ਖਾਲ, ਨਾੜ ਬਹੱਤਰ ਤਨ ਰਬਾਬ ਵਖਾਈਆ । ਜੋਤੀ ਦੀਪਕ ਦੀਆ ਸਚ ਪਰਕਾਸ਼ੀ ਬਾਲ, ਪਰਕਾਸ਼ ਇਕੋ ਇਕ ਧਰਾਈਆ । ਪਵਣ ਸੁਆਸੀ ਲੇਖੇ ਲਾ ਸੁਆਸ, ਪਵਣ ਪਵਣਾਂ ਰਾਹ ਜਣਾਈਆ । ਜੁਗ ਜਨਮ ਦੀ ਪੂਰੀ ਕਰ ਕਰ ਆਸ, ਕਰਨੀ ਕਰਤਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਮ ਖੁਮਾਰੀ ਧੁਰ ਦਾ ਰਸ, ਹਰਿ ਸਤਿਗੁਰ ਆਪ ਪਰਗਟਾਇੰਦਾ । ਗਹਿਰ ਗੰਭੀਰ ਸਾਹਿਬ ਸੁਲਤਾਨ ਹੋ ਕੇ ਵਸ, ਬੇਪਹਿਚਾਨ

ਖੇਲ ਕਰਾਇੰਦਾ । ਵਸਤ ਅਮੋਲਕ ਦੇ ਦੇ ਹੱਥ, ਘਰ ਸਾਚਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ ਰਸ ਏਕਾ ਧਾਰ ਵਹਾਇੰਦਾ । ਰਸ ਧਾਰ ਅੰਮਿਉਂ ਅੰਮ੍ਰਿਤ, ਬੂੰਦ ਸਵਾਂਤੀ ਆਪ ਚੁਆਈਆ । ਲੇਖਾ ਛੋੜ ਸੋਗ ਹਰਖ, ਚਿੰਤਾ ਗ਼ਮ ਨਾ ਕੋਇ ਰਖਾਈਆ । ਨਾਮ ਕਸਵੱਟੀ ਗੁਰਮੁਖ ਪਰਖ, ਸਚ ਕੁਠਾਲੀ ਏਕਾ ਪਾਈਆ । ਕੀਮਤ ਕਰਤਾ ਪਾਏ ਲਾਏ ਨਾ ਕੋਈ ਧੜਤ, ਕੰਡੇ ਤਰਾਜੂ ਤੋਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਮ ਖ਼ੁਮਾਰੀ ਦੇਵੇ ਘਰ ਏਕ, ਗ੍ਰਿਹਿ ਮੰਦਰ ਖ਼ੁਸ਼ੀ ਵਖਾਇੰਦਾ । ਪੁਰਖ ਸੁਲਤਾਨ ਕਰਨਹਾਰਾ ਬੁੱਧ ਬਿਬੇਕ, ਦੁਰਮਤ ਮੈਲ ਆਪ ਧੁਆਇੰਦਾ । ਜਨਮ ਜਨਮ ਦਾ ਲੇਖਾ ਵੇਖ, ਕਰਮ ਕਰਮ ਦਾ ਭੇਵ ਮੁਕਾਇੰਦਾ । ਸਚ ਦੁਆਰ ਵਖਾਏ ਆਪਣਾ ਦੇਸ, ਘਰ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਨਾਮ ਖ਼ੁਮਾਰੀ ਕਾਇਆ ਬੰਕ, ਟੇਢੀ ਧਾਰ ਨਾ ਕੋਇ ਜਣਾਈਆ । ਸੋ ਗੁਰਮੁਖ ਜਾਣੇ ਧੁਰ ਦਾ ਸੰਤ, ਸਾਹਿਬ ਸਤਿਗੁਰ ਜਿਸ ਆਪਣਾ ਭੇਵ ਖੁਲ੍ਹਾਈਆ । ਹਰਿ ਨਾਮ ਸਮਝਾਏ ਧੁਰ ਦਾ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਮੇਲ ਮਿਲਾਵਾ ਨਰ ਨਰਾਇਣ ਕੰਤ, ਨਾਰ ਸੁਹੰਜਣੀ ਸੇਜ ਸੋਭਾ ਪਾਈਆ । ਰੰਗ ਰੰਗੀਲਾ ਚਾੜ੍ਹੇ ਰੰਗ ਬਸੰਤ, ਰੰਗਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਮ ਰੰਗ ਰੰਗ ਅਮੋਲਾ, ਸੋ ਸਤਿਗੁਰ ਆਪ ਰੰਗਾਈਆ । ਰੰਗਣਹਾਰਾ ਕਾਇਆ ਚੋਲਾ, ਤਨ ਮਾਟੀ ਵੇਖ ਵਖਾਈਆ । ਭੇਵ ਚੁਕਾ ਪਰਦਾ ਉਹਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਨਜ਼ਰੀ ਆਈਆ । ਨਾਮ ਸੰਦੇਸ਼ ਧੁਰ ਦਾ ਢੋਲਾ, ਸਾਚਾ ਰਾਗ ਅਲਾਈਆ । ਸ਼ਬਦ ਅਗੰਮੀ ਇਕੋ ਸੋਹਲਾ, ਸੋ ਪੁਰਖ ਨਿਰੰਜਣ ਗਾਈਆ । ਪਰਵਰਦਿਗਾਰ ਬਣ ਕੇ ਮੌਲਾ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਰੰਗਣ ਇਕ ਚੜ੍ਹਾਈਆ । ਨਾਮ ਰੰਗਣ ਸਤਿਗੁਰ ਖ਼ੁਮਾਰੀ, ਪ੍ਰੀਤੀਵਾਨ ਇਕੋ ਵਾਰ ਜਣਾਇੰਦਾ । ਆਤਮ ਪਰਮਾਤਮ ਧੁਰ ਦੀ ਯਾਰੀ, ਸੋ ਸਾਹਿਬ ਆਪਣੇ ਨਾਲ ਨਿਭਾਇੰਦਾ । ਖ਼ਾਲਕ ਖ਼ਲਕ ਖੇਲ ਕਰੇ ਨਿਆਰੀ, ਖ਼ਾਲਸ ਗੁਰਮੁਖ ਆਪ ਉਠਾਇੰਦਾ । ਚਰਨ ਕਵਲ ਕਵਲ ਚਰਨ ਦੇ ਸਹਾਰੀ, ਸਹਾਇਕ ਨਾਇਕ ਸਿਰ ਆਪਣਾ ਹੱਥ ਟਿਕਾਇੰਦਾ । ਦਰ ਦਰਵਾਜ਼ਾ ਖੋਲ੍ਹ ਬਾਰੀ, ਖਿੜਕੀ ਤਾਕੀ ਕੁੰਡਾ ਆਪੇ ਲਾਹਿੰਦਾ । ਦੀਆ ਬਾਤੀ ਕਮਲਾਪਾਤੀ ਬਿਨ ਤੇਲ ਬਾਤੀ ਕਰ ਉਜਿਆਰੀ, ਘਰ ਮੰਦਰ ਆਪ ਸੁਹਾਇੰਦਾ । ਜਗਮਗ ਜੋਤ ਜਗੇ ਨਿਰੰਕਾਰੀ, ਪਵਣ ਹੁਲਾਰਾ ਨਾ ਕੋਇ ਲਗਾਇੰਦਾ । ਤੂੰ ਵੇਖੇ ਵਿਗਸੇ ਵੇਖਣਹਾਰੀ, ਦੂਜਾ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵਾਨ ਦੋਵੇਂ ਮਿਲ ਕੇ ਵਸਣ ਸਚ ਦੁਆਰੀ, ਦਰ ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਘਰ ਵਸਾਇੰਦਾ । ਨਾਮ ਖ਼ੁਮਾਰੀ ਭਗਤ ਸੁਹੇਲਾ, ਭਗਵਨ ਭਾਉ ਭਗਤੀ ਆਪਣੇ ਲੇਖੇ ਲਾਈਆ । ਆਦਿ ਜੁਗਾਦਿ ਇਕ ਅਕੇਲਾ, ਜੁਗਾ ਜੁਗੰਤਰ ਵੇਖ ਵਖਾਈਆ । ਆਦਿ ਵਿਛੜੀ ਅੰਤਮ ਮੇਲਾ, ਮਿਲਣੀ ਜਗਦੀਸ਼ ਕਰਾਈਆ । ਸ਼ਬਦੀ ਗੁਰੂ ਨਾਦ ਧੁਨ ਚੇਲਾ, ਘਰ ਮੰਗਲਾਚਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਨਾਮ ਖ਼ੁਮਾਰੀ ਗਹਿਰ ਗੰਭੀਰ,



੧੧੫ ੧੯

ਸੋ ਸਤਿਗੁਰ ਆਪ ਕਰਾਇੰਦਾ । ਚੋਟੀ ਚਾੜ੍ਹ ਫੜ ਅਖ਼ੀਰ, ਬੇਨਜ਼ੀਰ ਦਰਸ ਦਿਖਾਇੰਦਾ । ਕੂੜੀ ਕਿਰਿਆ ਮੇਟ ਲਕੀਰ, ਅੱਖਸ਼ਰ ਇਕੋ ਨਾਮ ਸਮਝਾਇੰਦਾ । ਜਗਤ ਨਾਤਾ ਤੋੜ ਜੰਜ਼ੀਰ, ਸ਼ਰਅ ਆਪਣੀ ਵਿਚ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਤਦਬੀਰ, ਮਾਰਗ ਇਕੋ ਇਕ ਲਗਾਇੰਦਾ । ਨਾਮ ਖ਼ੁਮਾਰੀ ਮਾਰਗ ਏਕ, ਏਕੰਕਾਰ ਆਪ ਜਣਾਈਆ । ਨਿਰਗੁਣ ਸਰਗੁਣ ਲਏ ਪੇਖ, ਨਿਜ ਨੇਤਰ ਨਜ਼ਰੀ ਆਈਆ । ਪਿਤਾ ਪੂਤ ਬਣੇ ਹੇਤ, ਗੋਦ ਸੁਹੰਜਣੀ ਸੋਭਾ ਪਾਈਆ । ਰੁੱਤ ਬਸੰਤੀ ਮੌਲੇ ਚੇਤ, ਪਤ ਡਾਲੀ ਫੁੱਲ ਮਹਿਕਾਈਆ । ਭਗਤ ਭਗਵਾਨ ਮਿਲ ਕੇ ਖੇਲੇ ਖੇਡ, ਵਡ ਖਿਲਾੜੀ ਫੇਰਾ ਪਾਈਆ । ਸ਼ਬਦ ਸੰਦੇਸ਼ਾ ਇਕੋ ਭੇਜ, ਸੋਈ ਸੁਰਤੀ ਆਪ ਉਠਾਈਆ । ਜੋਤੀ ਜਲਵਾ ਨੂਰੀ ਤੇਜ, ਨਰ ਨਰਾਇਣ ਕਰੇ ਰੁਸ਼ਨਾਈਆ । ਧੰਨ ਭਾਗ ਪਾਰਬ੍ਰਹਮ ਪਤਿਪਰਮੇਸ਼ਵਰ ਘਰ ਆਤਮ ਪਰਮਾਤਮ ਫੂਲਣ ਸੁਹਾਏ ਸੁਹੰਜਣੀ ਸੇਜ, ਸੋਭਾਵੰਤ ਆਪਣਾ ਆਸਣ ਲਾਈਆ । ਤਿਸ ਸਾਹਿਬ ਠਾਕਰ ਅੱਗੇ ਕੋਈ ਨਾ ਚਲੇ ਪੇਸ਼, ਜੋ ਪੇਸ਼ਤਰ ਆਪਣਾ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਆਦਕ ਸਰਬ ਕਰਨ ਆਦੇਸ, ਸਾਰੇ ਬੈਠੇ ਸੀਸ ਨਿਵਾਈਆ । ਸੋ ਸੁਆਮੀ ਜਨ ਭਗਤਾਂ ਰਿਹਾ ਵੇਖ, ਆਪ ਆਪਣਾ ਧਿਆਨ ਲਗਾਈਆ । ਸਦਾ ਸਦਾ ਸਦ ਰੱਖੇ ਸਾਇਆ ਹੇਠ, ਅਗਨੀ ਤਤ ਨਾ ਲਾਗੇ ਰਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਦਰ ਵੜ ਕੇ ਦੇਵੇ ਭੇਤ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ ।

## ★ ੫ ਪੋਹ ੨੦੨੦ ਬਿਕਰਮੀ ਲਛਮਣ ਸਿੰਘ ਦੇ ਖੂਹ ਤੇ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ★

ਵੇਖੇ ਖੇਲ ਨਰ ਹਰਿ ਦਾ, ਹਿਰਦੇ ਹਾਰਦਿਕ ਦਏ ਵਧਾਈਆ । ਨਿਰਗੁਣ ਰੂਪ ਜੋਤੀ ਧਰਦਾ, ਅਜੂਨੀ ਰਹਿਤ ਵਡਿਆਈਆ । ਅਚਰਜ ਖੇਲ ਅਗੰਮੀ ਕਰਦਾ, ਕਰਤਾ ਪੁਰਖ ਬੇਪਰਵਾਹੀਆ । ਆਦਿ ਜੁਗਾਦਿ ਲੇਖਾ ਜਾਣ ਚੋਟੀ ਜੜ੍ਹ ਦਾ, ਮਧ ਆਪਣਾ ਪਰਦਾ ਲਾਹੀਆ । ਜੁਗਾ ਜੁਗੰਤ ਸ੍ਰੀ ਭਗਵੰਤ ਜਨ ਭਗਤਾਂ ਕੋਲੋਂ ਡਰਦਾ, ਭੈ ਆਪਣਾ ਆਪ ਰਖਾਈਆ । ਕਲਜੁਗ ਅੰਤਮ ਖੇਲ ਕਰਦਾ, ਕਰਨੀ ਆਪਣੀ ਆਪ ਪਰਗਟਾਈਆ । ਗੁਰਮੇਜ ਪਿੱਛੇ ਨਾ ਲਛਮਣ ਖੜਦਾ, ਲਾਸ਼ ਨਜ਼ਰ ਕੋਇ ਨਾ ਆਈਆ । ਇਹੋ ਵਡਿਆਈ ਜੋ ਬੇਸਮਝੋਂ ਕਰਦਾ, ਕੋਈ ਸਮਝ ਸੋਚ ਸਕੇ ਨਾ ਰਾਈਆ । ਸੰਮਤ ਉਨੀ ਲਿਖਿਆ ਲੇਖ ਕੋਈ ਨਾ ਪੜਦਾ, ਜੋ ਲਿਖ ਕੇ ਗਿਆ ਸਮਝਾਈਆ । ਹਰਿ ਕਾ ਮੰਤਰ ਬਿਨ ਹਰਿ ਕਿਰਪਾ ਕਿਸੇ ਨਾ ਫੁਰਦਾ, ਫੁਰਨੇ ਵਿਚ ਸਰਬ ਲੋਕਾਈਆ । ਮੁਰਸ਼ਦ ਮੁਰੀਦ ਹੋਣ ਨਾ ਦੇਵੇ ਮੁਰਦਾ, ਮੁਸ਼ਕਲ ਆਪ ਹੱਲ ਕਰਾਈਆ । ਜਿਸ ਵੇਲੇ ਜਨ ਭਗਤਾਂ ਬੇੜਾ ਵੇਖੇ ਰੁੜ੍ਹਦਾ, ਫੜ ਬਾਹੋਂ ਲਏ ਤਰਾਈਆ । ਇਹੋ ਖੇਲ ਪੁਰਖ ਅਕਾਲ ਸਤਿਗੁਰ ਦਾ, ਸੁਤਿਆਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਅੱਠ ਦਸ ਦਏ ਸਮਝਾਈਆ । ਪੁਰਖ ਅਕਾਲ ਤੇਰਾ ਦਰਬਾਰਾ, ਸਚ ਸਤਿ ਇਕੋ ਨਜ਼ਰੀ ਆਇੰਦਾ । ਦੀਨ ਦਿਆਲ ਤੇਰਾ ਪਸਾਰਾ, ਜੁਗ ਚੌਕੜੀ ਖੇਲ ਖਿਲਾਇੰਦਾ । ਪੁਰਖ ਅਕਾਲ ਤੇਰਾ ਵਿਹਾਰਾ, ਦੋ ਜਹਾਨਾਂ ਵੰਡ ਵੰਡਾਇੰਦਾ । ਸਾਹਿਬ ਸੁਲਤਾਨ ਤੇਰਾ ਸਹਾਰਾ, ਨਿਰਗੁਣ ਸਰਗੁਣ ਓਟ ਤਕਾਇੰਦਾ । ਪਰਮ ਪੁਰਖ ਤੇਰਾ ਪਿਆਰਾ, ਪ੍ਰੀਤਮ ਭੁੱਲ ਕਦੇ ਨਾ

ਜਾਇੰਦਾ । ਨਿਤ ਨਵਿਤ ਠਾਂਡਾ ਦਰਬਾਰਾ, ਇਕ ਇਕੱਲਾ ਆਪ ਸੁਹਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵਿਛੜੇ ਤੈਥੋਂ ਯਾਰਾ, ਸਗਲਾ ਸੰਗ ਤੇਰਾ ਨਜ਼ਰੀ ਆਇੰਦਾ । ਕੋਟਨ ਕੋਟ ਜਨਮ ਜਗ ਜੂਏ ਹਾਰਾ, ਲੇਖਾ ਲੇਖੇ ਕੋਈ ਨਾ ਪਾਇੰਦਾ । ਫਿਰ ਫਿਰ ਜੂਨੀ ਥੱਕਾ ਵਾਰੋ ਵਾਰਾ, ਅਗਨੀ ਗਰਭ ਤਤ ਜਲਾਇੰਦਾ । ਸਚ ਨਾ ਮਿਲਿਆ ਕੋਈ ਦਵਾਰਾ, ਦਰ ਦਰ ਘਰ ਘਰ ਵੇਖ ਵਖਾਇੰਦਾ । ਵੇਸ ਵਟਾਉਂਦਾ ਰਿਹਾ ਪੁਰਖ ਨਾਰਾ, ਨਾਰੀ ਪੁਰਖ ਕਾਰ ਕਮਾਇੰਦਾ । ਬਣਦਾ ਰਿਹਾ ਜਗਤ ਵਣਜਾਰਾ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹੱਟ ਚਲਾਇੰਦਾ । ਬਣਦਾ ਰਿਹਾ ਦਰਵੇਸ਼ ਭਿਖਾਰਾ, ਜਗਤ ਮਾਇਆ ਮੰਗ ਮੰਗਾਇੰਦਾ । ਗਾਉਂਦਾ ਰਿਹਾ ਸ੍ਰਿਸ਼ਟੀ ਨਾਅਰਾ, ਰਸਨਾ ਜਿਹਵਾ ਬੱਤੀ ਦੰਦ ਅਲਾਇੰਦਾ । ਵਸਾਉਂਦਾ ਰਿਹਾ ਘਰ ਮਿਟੀ ਇੱਟਾਂ ਗਾਰਾ, ਸਚ ਮਹਲ ਨਾ ਕੋਇ ਸੁਹਾਇੰਦਾ । ਵਖਾਉਂਦਾ ਰਿਹਾ ਪੁੱਤਰਾਂ ਧੀਆਂ ਨਾਲ ਇਸ਼ਾਰਾ, ਸਾਚਾ ਨਾਤਾ ਨਾ ਕੋਇ ਜੁੜਾਇੰਦਾ । ਜਣਾਉਂਦਾ ਰਿਹਾ ਆਪਣਾ ਬਲ ਵਿਚ ਸੰਸਾਰਾ, ਤੇਰਾ ਭੇਵ ਕੋਇ ਨਾ ਪਾਇੰਦਾ । ਤਜਾਉਂਦਾ ਰਿਹਾ ਰਾਜ ਭਾਗ ਵਡ ਦਰਬਾਰਾ, ਘਰ ਤੇਰਾ ਨਜ਼ਰ ਕੋਇ ਨਾ ਆਇੰਦਾ । ਸੇਵ ਕਮਾਉਂਦਾ ਰਿਹਾ ਬਣ ਚਾਕਰ ਖ਼ਾਕ ਗੁਆਰਾ, ਸਾਚੀ ਮੱਤ ਨਾ ਕੋਇ ਸਮਝਾਇੰਦਾ । ਲੱਭਦਾ ਰਿਹਾ ਜੰਗਲ ਜੂਹ ਉਜਾੜ ਪਹਾੜਾ, ਸਾਚੇ ਮੰਦਰ ਕੁੰਡਾ ਕੋਈ ਨਾ ਲਾਹਿੰਦਾ । ਨਾਤਾ ਜੋੜਦਾ ਰਿਹਾ ਅਪਰ ਅਪਾਰਾ, ਤੇਰਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲੱਖ ਜਗਾਇੰਦਾ । ਤੇਰੇ ਦੁਆਰੇ ਜਗਾਈ ਅਲਖ, ਅਲੱਖ ਅਲੱਖਣੇ ਤੇਰੀ ਓਟ ਤਕਾਈਆ । ਜਨ ਭਗਤਾਂ ਕਰੇ ਸਦਾ ਪੱਖ, ਨਿਤ ਨਵਿਤ ਵੇਖ ਵਖਾਈਆ । ਸਾਚਾ ਮਾਰਗ ਏਕੋ ਦੱਸ, ਆਸ਼ਕ ਮਾਸ਼ੂਕ, ਇਸ਼ਕ ਇਕੋ ਇਕ ਕਰਾਈਆ । ਸਿਫ਼ਤ ਸਾਲਾਹੀ ਲਿਖਤ ਹਰੂਫ਼, ਬਿਆਨ ਹਲਫੀਆ ਜਗਤ ਲਿਖਾਈਆ । ਆਦਿ ਜੁਗਾਦਿ ਰਹੇ ਮਸਰੂਫ਼, ਬਣ ਸੇਵਕ ਕਾਰ ਕਮਾਈਆ । ਵੇਖ ਵਖਾਏ ਦਿਸ਼ਾ ਕੂਟ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਤੇਰੇ ਆਸ ਦਰ, ਦਰਦੀ ਦਰਦ ਵੰਡਾਈਆ । ਇਕੋ ਭਉ ਆਵੇ ਡਰ, ਭਿਆਨਕ ਧਾਰ ਵਖਾਈਆ । ਤੇਰੀ ਪ੍ਰੇਮ ਪ੍ਰੀਤੀ ਅੰਦਰ ਰਿਹਾ ਮਰ, ਮਰਨਾ ਤੇਰੀ ਝੋਲੀ ਪਾਈਆ । ਸਾਚੀ ਰੀਤੀ ਜਗਤ ਧਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਸਾਚੀ ਕਿਰਪਾ ਆਪ ਕਰ, ਕਿਰਪਾਨਿਧ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਮਾਣ ਵਡਿਆਈਆ । ਦੇ ਮਾਣ ਸ੍ਰੀ ਭਗਵੰਤ, ਦਰ ਤੇਰੇ ਆਸ ਰਖਾਈਆ । ਬਲਿਹਾਰੀ ਸਾਹਿਬ ਸਾਚੇ ਕੰਤ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਭਿਖਾਰੀ ਦਰ ਠਾਂਡੇ ਮੰਗਤ, ਭਿਖਿਆ ਭਿਛਿਆ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਮਿਹਰ ਨਜ਼ਰ ਕਰ ਵੇਖ ਖੇਲ ਆਸ਼ਕ ਮਾਸ਼ੂਕ, ਮਸ਼ਵਰਾ ਸਾਡੇ ਨਾਲ ਕਰਾਈਆ । ਸਾਡਾ ਹੱਕ ਰੱਖ ਮਹਿਫ਼ੂਜ਼, ਮੁਫ਼ਲਸ ਹੋ ਕੇ ਰਹੇ ਜਣਾਈਆ । ਤੇਰੇ ਪ੍ਰੇਮ ਦੀ ਸਚ ਹਦੂਦ, ਲੰਘ ਕੇ ਵੇਖੀਏ ਚਾਈਂ ਚਾਈਂਆ । ਉਚ ਮਹਲ ਤੇਰਾ ਅਰੂਜ, ਬਿਨ ਪ੍ਰੇਮ ਪ੍ਰੀਤੀ ਨਜ਼ਰ ਕਿਸੇ ਨਾ ਆਈਆ । ਆਸ਼ਕ ਮਾਸ਼ੂਕ ਦੋਹਾਂ ਦਾ ਇਕੋ ਮੰਜ਼ਲੇ ਮਕਸੂਦ, ਮੁਕਾਮ ਇਕੋ ਇਕ ਸਮਝਾਈਆ । ਤੇਰੀ ਦੁਆ ਤੇਰਾ ਹਜਾਰਾ ਦਰੂਦ, ਤੇਰਾ ਇਸਮ ਆਜ਼ਮ ਇਕੋ ਵੇਖ ਵਖਾਈਆ । ਤੇਰਾ ਨਾਉਂ ਨਾ ਹੋਏ ਨੇਸਤੋ

ਨਾਬੂਦ, ਆਦਿ ਜੁਗਾਦਿ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਓਟ ਤਕਾਈਆ । ਪਰਵਰਦਿਗਾਰ ਸੁਣ ਮਿੱਤਰ ਮੀਤ, ਤੇਰੀ ਬਣਤ ਜਣਾਈਆ । ਭਗਤਾਂ ਨਾਲ ਕਰੇ ਪ੍ਰੀਤ, ਆਪ ਆਪਣਾ ਨਾਮ ਪਰਗਟਾਈਆ । ਤੇਰਾ ਨਿਸ਼ਾਨਾ ਦੱਸੀਏ ਠੀਕ, ਮਾਣਸ ਮਾਣਸ ਆਪਣਾ ਸੰਗ ਨਿਭਾਈਆ । ਆਸ਼ਕ ਮਾਸ਼ੂਕ ਦੋਹਾਂ ਇਕ ਤੌਫ਼ੀਕ, ਤੋਹਫ਼ਾ ਤੇਰਾ ਨਾਮ ਆਪਣੀ ਝੋਲੀ ਪਾਈਆ । ਇਕ ਦੂਜੇ ਨੂੰ ਮਿਲ ਕੇ ਪ੍ਰੇਮ ਪਿਆਰ ਦੀ ਕਰਨ ਹਦੀਸ, ਤੇਰਾ ਕਲਮਾ ਨਾ ਕੋਇ ਪੜ੍ਹਾਈਆ । ਬਿਨ ਕਲਮ ਸ਼ਾਹੀ ਖਿਚਣ ਲੀਕ, ਲਾਕੀਰ ਆਪਣੇ ਅੰਤਰ ਆਤਮ ਲਾਈਆ । ਇਹੋ ਪ੍ਰੀਤੀ ਧੁਰ ਦੀ ਠੀਕ, ਜਿਸ ਨੂੰ ਕੋਈ ਵੇਖ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਅਤੀਤ ਤੇਰੀ ਸਰਨਾਈਆ । ਆਸ਼ਕ ਮਾਸ਼ੂਕ ਦੋਵੇਂ ਕਹਿਣ, ਅੰਦਰੇ ਅੰਦਰ ਧਿਆਨ ਲਗਾਈਆ । ਵੇਖ ਪ੍ਰਭੂ ਸਾਡਾ ਸਾਕ ਸੱਜਣ ਸੈਣ, ਸਨਬੰਧੀ ਇਕੋ ਨਜ਼ਰੀ ਆਈਆ । ਨਾਤਾ ਤੁਟਾ ਭਾਈ ਭੈਣ, ਮਾਤ ਪਿਤ ਨਾ ਕੋਇ ਵਡਿਆਈਆ । ਦੋਵੇਂ ਇਕ ਦੂਜੇ ਪਿਛੇ ਜਗਤ ਤਾਅਨੇ ਸਹਿਣ, ਦੁੱਖ ਦਰਦ ਆਪਣੇ ਸਿਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਤੁਧ ਬਿਨ ਦੂਜਾ ਹੋਏ ਨਾ ਕੋਇ ਸਹਾਈਆ । ਨਾ ਕੋਇ ਸਹਾਇਕ ਦਿਸੇ ਦੂਜਾ, ਤੀਜਾ ਨਜ਼ਰ ਕੋਇ ਨਾ ਆਈਆ । ਚੌਥੇ ਘਰ ਤੇਰਾ ਪ੍ਰੇਮ ਪਤੀਜਾ, ਪੰਚਮ ਵੱਜੇ ਸਚ ਵਧਾਈਆ । ਉਠ ਵੇਖ ਲੰਘ ਅੰਦਰ ਦਲੀਜਾ, ਬੰਦ ਕਿਵਾੜੀ ਕੁੰਡਾ ਲਾਹੀਆ । ਤੇਰੀ ਪ੍ਰੇਮ ਪ੍ਰੀਤੀ ਅੰਦਰ ਤਨ ਮਨ ਭੀਜਾ, ਸੀਤਲ ਧਾਰ ਇਕ ਵਖਾਈਆ । ਆਸ਼ਕ ਮਾਸ਼ੂਕ ਦੋਹਾਂ ਦਾ ਇਕੋ ਗੁਲਸ਼ਨ ਇਕੋ ਬਗੀਚਾ, ਫੁੱਲ ਇਕੋ ਇਕ ਮਹਿਕਾਈਆ । ਤੁਧ ਬਿਨ ਕੋਈ ਨਾ ਕਰੇ ਸਾਚੀ ਰੀਝਾ, ਜੋੜੀ ਜੋੜ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਨਾਉਂ ਹਰਿ ਜੂ, ਫੁੱਲ ਆਪਣੀ ਖ਼ੁਸ਼ੀ ਜਣਾਈਆ । ਆਸ਼ਕ ਮਾਸ਼ੂਕ ਮੇਰੀ ਕੁੱਲ, ਭਗਤ ਭਗਵਾਨ ਮਿਲੇ ਵਡਿਆਈਆ । ਸਾਚੇ ਕੰਡੇ ਜਾਣ ਤੁਲ, ਤਰਾਜੂ ਇਕੋ ਦਏ ਵਖਾਈਆ । ਸਚ ਦੁਆਰਾ ਜਾਏ ਖੁਲ੍ਹ, ਪ੍ਰੀਤਮ ਇਕੋ ਨਜ਼ਰੀ ਆਈਆ । ਲੋਕਮਾਤ ਜਗਤ ਮਾਇਆ ਵਿਚ ਨਾ ਜਾਏ ਭੁੱਲ, ਜਿਸ ਪ੍ਰੇਮ ਰੀਤੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਮਾਸ਼ੂਕ ਆਸ਼ਕ, ਆਦਿ ਜੁਗਾਦਿ ਆਪ ਜਣਾਇੰਦਾ । ਜਗਤ ਵੇਖੋ ਲੱਗੀ ਆਤਸ਼, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਸ੍ਰਿਸ਼ਟ ਸਬਾਈ ਹੋਈ ਤਾਮਸ, ਸਤਿ ਸਰੂਪ ਨਾ ਕੋਇ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਫੁੱਲ ਭਗਤ ਭਗਵਾਨ ਨਜ਼ਰੀ ਆਇੰਦਾ । ਪ੍ਰੇਮ ਪ੍ਰੀਤੀ ਉਪਜਿਆ ਫੁੱਲ, ਫੁਲਵਾੜੀ ਆਪ ਮਹਿਕਾਈਆ । ਸ੍ਰੀ ਭਗਵਾਨ ਜਨ ਭਗਤਾਂ ਕਿਹਾ ਆਦਿ ਅੰਤ ਇਕੋ ਪਾਵਾਂ ਮੁੱਲ, ਕੀਮਤ ਦੂਜੇ ਹੱਥ ਨਾ ਕੋਇ ਰਖਾਈਆ । ਵਡਿਆਈ ਦੇਵਾਂ ਸਾਚੀ ਕੁੱਲ, ਕੁਲਵੰਤਾ ਬਣ ਕੇ ਹੋਵਾਂ ਸਹਾਈਆ । ਆਦਿ ਜੁਗਾਦਿ ਕਦੇ ਨਾ ਜਾਵਾਂ ਭੁੱਲ, ਅਭੁੱਲ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਸ਼ਕ ਮਾਸ਼ੂਕ ਸੁਣ ਕੇ ਬੋਲ, ਤਨ ਮਾਟੀ ਖ਼ੁਸ਼ੀ ਮਨਾਈਆ । ਸਾਹਿਬ ਸਤਿਗੁਰ ਵਸੇ ਕੋਲ, ਦੀਨ ਦਿਆਲ ਸਦਾ ਸਹਾਈਆ । ਅਸੀਂ ਰਹੀਏ

ਮਾਤ ਅਡੋਲ, ਡੁਲ ਕਦੇ ਨਾ ਜਾਈਆ । ਪ੍ਰੇਮ ਪ੍ਰੀਤੀ ਲਈਏ ਘੋਲ, ਘੋਲੀ ਘੋਲ ਘੁਮਾਈਆ । ਅੰਤਰ ਅੰਤਰ ਪੜਦੇ ਲਈਏ ਫੋਲ, ਦਵੈਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਸ਼ਕਾਂ ਇਸ਼ਕ ਹਕੀਕੀ ਮਜ਼ਾਜੀ ਵਿਚੋਂ ਬਾਹਰ ਕਢਾਈਆ । ਇਸ਼ਕ ਹਕੀਕੀ ਦੱਸੇ ਆਪ, ਆਪਣੀ ਦਇਆ ਕਮਾਇੰਦਾ । ਸੂਫ਼ੀ ਬਣ ਕੇ ਲੱਭੇ ਬਾਪ, ਪੜਦਾ ਦੂਈ ਦਵੈਤ ਚੁਕਾਇੰਦਾ । ਸਚ ਪ੍ਰੀਤੀ ਕੋਈ ਨਾ ਸਮਝੋ ਪਾਪ, ਪਤਿਤ ਪੁਨੀਤ ਆਪ ਸਮਝਾਇੰਦਾ । ਰੂਹ ਬੁੱਤ ਦੋਵੇਂ ਪਾਕ, ਪਾਕੀਜ਼ਾ ਇਕੋ ਘਰ ਵਖਾਇੰਦਾ । ਅੱਗੇ ਲੇਖਾ ਨਾ ਕੋਇ ਹਿਸਾਬ, ਲਹਿਣਾ ਦੇਣਾ ਮੂਲ ਚੁਕਾਇੰਦਾ । ਪੂਰਬ ਕਰ ਆਪ ਬੇਬਾਕ, ਬੇਹਤਰ ਆਪਣੀ ਕਾਰ ਕਮਾਇੰਦਾ । ਧੁਰ ਦੀ ਮਾਰ ਅੰਦਰ ਅਵਾਜ਼, ਸਚ ਸੰਦੇਸ਼ਾ ਇਕ ਸੁਣਾਇੰਦਾ । ਆਸ਼ਕ ਮਾਸ਼ੂਕ ਮੁਸ਼ਕਲ ਉਹ ਰਾਜ਼, ਬਿਨ ਰਹਿਬਰ ਹੱਥ ਕਿਸੇ ਨਾ ਆਇੰਦਾ । ਕੀ ਹੋਇਆ ਜੇ ਛੱਡਿਆ ਰਾਜ, ਸੀਸ ਤਾਜ ਨਾ ਕੋਇ ਟਿਕਾਇੰਦਾ । ਅੰਦਰ ਪ੍ਰੇਮ ਪ੍ਰੀਤੀ ਪੀਵੇ ਆਬ, ਹਯਾਤੀ ਹਯਾਤੀ ਵਿਚੋਂ ਬਦਲਾਇੰਦਾ । ਪਰਦਾ ਚੁੱਕ ਇਕ ਨਕ਼ਾਬ, ਨਕ਼ਾਬਪੋਸ਼ ਨਿਰਦੋਸ਼ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਆਰ ਅੰਦਰ ਰੱਖ ਪਿਆਰ, ਏਥੇ ਓਥੇ ਖੇਲ ਸੰਸਾਰ, ਦੋ ਜਹਾਨਾਂ ਕਾਰ ਆਪ ਕਮਾਇੰਦਾ । ਦੋ ਜਹਾਨਾਂ ਕਰ ਕੇ ਵੰਡ, ਹਰਿ ਆਪਣੀ ਖੇਲ ਰਚਾਈਆ । ਪ੍ਰੇਮ ਪ੍ਰੀਤੀ ਧੁਰ ਦੀ ਗੰਢ, ਸਾਚੇ ਤੰਦ ਬੰਧਾਈਆ । ਦੂਈ ਦਵੈਤੀ ਢਾਹ ਕੰਧ, ਮਾਰਗ ਇਕ ਸਮਝਾਈਆ । ਤੂੰਹੀ ਤੂੰਹੀ ਗਾਉਣਾ ਛੰਦ, ਦੂਜਾ ਰਾਗ ਨਾ ਕੋਇ ਅਲਾਈਆ । ਦੋਹਾਂ ਵਿਚੋਲਾ ਇਕ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਜਗਤ ਧਾਰਾ ਵੇਖ ਕੰਧ, ਕੰਢਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਗਾਗਰ ਦਏ ਵਡਿਆਈਆ । ਕਾਇਆ ਗਾਗਰ ਮਾਟੀ ਕੱਚ, ਲੋਕਮਾਤ ਤਤ ਜਣਾਈਆ । ਜਿਸ ਅੰਤਰ ਪ੍ਰੇਮ ਪ੍ਰੀਤੀ ਗਈ ਰਚ, ਰਚਨਾ ਵੇਖ ਵਖਾਈਆ । ਸੋ ਕਰ ਕੇ ਵੇਖੇ ਸਚ, ਜਿਨ੍ਹਾਂ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਕੰਢਾ ਇਕੋ ਇਕ ਵਖਾਈਆ । ਆਸ਼ਕ ਬਾਤਨ ਬਾਤ ਸੁਝੀ, ਸਮਝ ਸਮਝ ਵਿਚੋਂ ਉਪਜਾਈਆ । ਮਾਸ਼ੂਕ ਰਮਜ਼ ਰੱਖੇ ਗੁੱਝੀ, ਜਗਤ ਜਹਾਨ ਨਾ ਕੋਇ ਦਰਸਾਈਆ । ਪ੍ਰਭ ਦੀ ਧਾਰ ਕਿਸੇ ਨਾ ਬੁੱਝੀ, ਸਮਝ ਸਕੇ ਕੋਈ ਨਾ ਰਾਈਆ । ਜਗਤ ਵਿਛੋੜੇ ਸੰਸਾਰ ਪਵਾਈ ਝੁੱਗੀ, ਪਾਰ ਕਿਨਾਰਾ ਇਕ ਦਰਸਾਈਆ । ਬਿਰਹੋਂ ਅੰਦਰ ਸੋਹਣੀ ਡੁੱਬੀ, ਨੇਤਰ ਨੀਰ ਵਹਾਈਆ । ਕੱਚੇ ਨਾਲ ਕੱਚੀ ਹੋਈ ਬੁੱਧੀ, ਕੱਚਾ ਤਨ ਗਈ ਮਿਟਾਈਆ । ਮਹੀਵਾਲ ਦੂਰ ਦੁਰਾਡਾ ਪ੍ਰੇਮ ਪ੍ਰੀਤੀ ਅੰਦਰ ਪਾਵੇ ਲੁੱਡੀ, ਖ਼ੁਸ਼ੀਆਂ ਹਾਲ ਸੁਣਾਈਆ । ਕਵਣ ਵੇਲਾ ਭਾਗ ਲੱਗੇ ਮੇਰੀ ਸੁਧੀ, ਸੁਧ ਆਪਣੀ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇ ਵਡਿਆਈ ਹਰਿ ਕਰਤਾਰ, ਨੇਤਰ ਅੱਖ ਖੁਲਾਇੰਦਾ । ਉਠ ਯਾਰ ਵੇਖ ਪਿਆਰ, ਦਰ ਦੀਦਾਰ ਵਖਾਇੰਦਾ । ਗੁਲਸ਼ਨ ਫੁੱਲ ਨਾ ਕੋਇ ਬਹਾਰ, ਕਲੀ ਕਲੀ ਨਾ ਕੋਇ ਮਹਿਕਾਇੰਦਾ । ਪੰਖੜੀ ਰੋਵੇ ਜ਼ਾਰੋ ਜ਼ਾਰ, ਪਤ ਡਾਲੀ ਨਜ਼ਰ ਕੋਇ ਨਾ ਆਇੰਦਾ । ਜਿਸ ਫੁੱਲ ਦੀ ਮੰਗੇ ਤੂੰ ਬਹਾਰ, ਸੋ ਫੁੱਲ ਖ਼ਿਜ਼ਾਂ ਰੂਪ ਵਟਾਇੰਦਾ । ਉਚੀ ਕੂਕ ਕਰੇ ਪੁਕਾਰ, ਤੂੰਹੀ ਤੂੰਹੀ ਰਾਗ ਅਲਾਇੰਦਾ । ਨਾਲ ਇਸ਼ਾਰੇ ਲਿਆ ਉਠਾਲ, ਬੇਮਿਸਾਲ ਖੇਲ ਕਰਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਹੁਕਮ ਵਰਤਾਇੰਦਾ । ਮਹੀਵਾਲ ਵੇਖ ਖ਼ੁਸ਼ਨੂਦੀ, ਖ਼ੁਸ਼ਨੁਮਾ ਨਜ਼ਰ ਕੁਛ ਨਾ ਆਈਆ । ਸੁੱਕੀ ਹੋਈ ਸਿਰ ਤੋਂ ਡੋਡੀ, ਤਨ ਹਰਾ ਨਾ ਕੋਇ ਕਰਾਈਆ । ਮੇਰੀ ਪ੍ਰੇਮ ਪ੍ਰੀਤੀ ਹੋਈ ਬੋਡੀ, ਸੀਸ ਚੋਟੀ ਨਜ਼ਰ ਨਾ ਕੋਇ ਵਖਾਈਆ । ਜਿਸ ਪ੍ਰੇਮ ਪਿਆਰ ਦੀ ਮੈਂ ਪੜ੍ਹਦਾ ਰਿਹਾ ਪੋਥੀ, ਸੋ ਵਰਕਾ ਵਰਕਾ ਦਿਤਾ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਅੰਤਰ ਇਕ ਆਵਾਜ ਜਣਾਈਆ । ਅੰਤਰ ਆਈ ਇਕ ਆਵਾਜ, ਕੂਕ ਕੂਕ ਸੁਣਾਈਆ । ਉਠ ਵੇਖ ਆਪਣਾ ਰਾਜ, ਸ਼ਹਿਨਸ਼ਾਹ ਤੇਰੀ ਰਈਅਤ ਦਏ ਦੁਹਾਈਆ । ਜਿਸ ਦੇ ਪਿਛੇ ਛੱਡਿਆ ਘਰ ਦਾ ਕਾਜ, ਸੋ ਕਾਜ ਤੇਰਾ ਕਰ ਕੇ ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਗਤ ਵਿਛੋੜਾ ਦੇ ਮੁਕਾਈਆ । ਸੁਣੀ ਆਵਾਜ ਇਕੋ ਧੁਨ, ਪੰਜ ਤਤ ਲਏ ਅੰਗੜਾਈਆ । ਇਹ ਸੁਰੀਲੀ ਸੋਹਣੀ ਸੁਰ, ਦੂਜੀ ਤਾਰ ਨਾ ਕਿਸੇ ਹਿਲਾਈਆ । ਜਲਧਾਰਾ ਵੇਖਾਂ ਛਾਣ ਪੁਣ, ਲਹਿਰ ਲਹਿਰ ਖੋਜ ਖੁਜਾਈਆ । ਹੋਏ ਸੁਹੰਜਣਾ ਵੇਲਾ ਮਿਲੇ ਹੁਣ, ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਾਹਵਾ ਤੇਰੀ ਵਡ ਵਡਿਆਈਆ । ਮਹੀਵਾਲ ਅੰਦਰ ਸੋਚ, ਰਸਨਾ ਕਹਿਣ ਕਿਛ ਨਾ ਪਾਈਆ । ਇਸ਼ਾਰਾ ਹੋਇਆ ਇਹ ਪ੍ਰਭ ਦੀ ਮੌਜ, ਆਸ਼ਕ ਮਾਸ਼ੂਕ ਦੋਹਾਂ ਖੇਲ ਕਰਾਈਆ । ਜਗਤ ਵਿਛੋੜੇ ਦੋਹਾਂ ਕੋਈ ਨਾ ਸਕੇ ਪਹੁੰਚ, ਪਿਆਰ ਪਿਆਰ ਨਾਤਾ ਰਿਹਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਵੇਖ ਵਿਛੋੜਾ ਆਇਆ ਵੈਰਾਗ, ਝੁੱਗੀ ਕੰਢੇ ਦਏ ਦੁਹਾਈਆ । ਜਿਹਦੇ ਪਿਛੇ ਕੀਤਾ ਤਿਆਗ, ਸੋ ਮੈਨੂੰ ਤਿਆਗ ਪੱਲਾ ਗਿਆ ਛੁਡਾਈਆ । ਜਿਸ ਦੇ ਪਿਛੇ ਛੱਡਿਆ ਰਾਜ, ਸੋ ਰਈਅਤ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਬੁਝਿਆ ਚਿਰਾਗ, ਦੀਪਕ ਨੂਰ ਨਾ ਕੋਇ ਰੁਸ਼ਨਾਈਆ । ਜਿਸ ਦੇ ਹੱਥ ਫੜਾਈ ਆਪਣੀ ਵਾਗ, ਸੋ ਵਾਗਾਂ ਗਿਆ ਭਵਾਈਆ । ਕਿਸ ਨੂੰ ਮਿਲਾਂ ਆਜ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਖ਼ੁਸ਼ੀ ਹੋ ਕੇ ਮਾਰੀ ਇਕ ਆਵਾਜ਼, ਧੁਰ ਸੰਦੇਸ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਭੇਦ ਰਿਹਾ ਖੁਲ੍ਹਾਈਆ । ਆਈ ਆਵਾਜ਼ ਸ਼ਬਦ ਤਰਾਨਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਮਹੀਵਾਲ ਵੇਖ ਸ੍ਰੀ ਭਗਵਾਨਾ, ਜੋ ਆਦਿ ਜੁਗਾਦਿ ਸੰਗ ਨਿਭਾਇੰਦਾ । ਆਸ਼ਕ ਮਾਸ਼ੂਕ ਦੋਹਾਂ ਬੰਨ੍ਹੇ ਗਾਨਾ, ਆਪਣਾ ਤੰਦ ਆਪਣੇ ਹੱਥ ਉਠਾਇੰਦਾ । ਕਦੇ ਨਾ ਜਾਵੇ ਵਿਚ ਮੜ੍ਹੀ ਮਸਾਣਾ, ਜਲਧਾਰ ਨਾ ਕੋਇ ਰੁੜ੍ਹਾਇੰਦਾ । ਜੇ ਵੇਖਿਆ ਤੇ ਉਚਾ ਟਿਕਾਣਾ, ਸਚਖੰਡ ਸਾਚੇ ਸੋਭਾ ਪਾਇੰਦਾ । ਵੇਲੇ ਅੰਤ ਦੇਵੇ ਬਬਾਣਾ, ਮਹੀਵਾਲ ਸੋਹਣੀ ਵਾਂਗ ਨਾ ਮੁਖ ਭਵਾਇੰਦਾ । ਉਠ ਵੇਖ ਨਾ ਬਣ ਅਞਾਣਾ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਇੰਦਾ । ਮਹੀਵਾਲ ਹੋ ਚੁੱਪ, ਆਪ ਆਪਣਾ ਰਿਹਾ ਛੁਪਾਈਆ । ਜਿਧਰ ਵੇਖਾਂ ਅੰਧੇਰਾ ਘੁੱਪ, ਸਚ ਚੰਦ ਨਾ ਕੋਇ ਚਮਕਾਈਆ । ਮੇਰਾ ਨਾਤਾ ਗਿਆ ਛੁਟ, ਛੁੱਟੀ ਸਰਬ ਲੋਕਾਈਆ । ਸਚ ਸੁਹੰਜਣੀ ਗਈ ਰੁੱਤ, ਖ਼ਿਜ਼ਾਂ ਬੈਠੀ ਡੇਰਾ ਲਾਈਆ । ਕੀ ਮੈਨੂੰ ਰਿਹਾ ਪੁੱਛ, ਦੱਸਣ ਵਾਲੀ ਗੱਲ ਮੇਰੀ ਸਮਝ ਵਿਚ ਨਾ ਆਈਆ । ਮੇਰਾ ਪਿਆਰ ਮੇਰੇ

ਨਾਲੋਂ ਗਿਆ ਰੁੱਸ, ਲੱਭਿਆਂ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਸਤਿ ਸਰੂਪ, ਪ੍ਰਭ ਆਪਣੀ ਦਇਆ ਕਮਾਇੰਦਾ । ਪ੍ਰੇਮ ਪ੍ਰੀਤੀ ਅੰਦਰ ਸੋਹਣੀ ਰੂਪ, ਇਕੋ ਵਾਰ ਵਖਾਇੰਦਾ । ਇਹ ਵੀ ਤਤ ਮਾਟੀ ਕਾਇਆ ਝੂਠ, ਸਚ ਨਜ਼ਰ ਕੋਇ ਨਾ ਆਇੰਦਾ । ਚੋਲਾ ਵੇਖ ਪੰਜ ਭੂਤ, ਮਹਿਬੂਬ ਪ੍ਰੇਮ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਝੁੱਗੀ ਕਿਨਾਰ, ਸਾਹਿਬ ਸਤਿਗੁਰ ਆਪ ਜਣਾਈਆ । ਨਿਰਗੁਣ ਹੋ ਕੇ ਦੇ ਦੀਦਾਰ, ਸਿਰ ਆਪਣਾ ਹੱਥ ਟਿਕਾਈਆ । ਡੁੱਬਣ ਤੋਂ ਪਹਿਲੋਂ ਲਏ ਤਾਰ, ਫੜ ਬਾਹੋਂ ਆਪ ਉਠਾਈਆ । ਤੇਰੇ ਪਿਛੇ ਆਵੇ ਤੇਰਾ ਪਿਆਰ, ਭੱਜੇ ਵਾਹੋ ਦਾਹੀਆ । ਕਰ ਚਰਨ ਕਵਲ ਹਰਿ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਧੁਰ ਦਾ ਵਰ, ਵਸਤ ਇਕੋ ਝੋਲੀ ਪਾਈਆ । ਮਹੀਵਾਲ ਕਹੇ ਮੇਰੇ ਮਿਹਰਵਾਨ, ਵਾਹਵਾ ਤੇਰੀ ਵਡ ਵਡਿਆਈਆ । ਮੈਨੂੰ ਰੂਪ ਆਇਆ ਸੋਹਣਾ ਸੋਹਣੀ ਨਿਸ਼ਾਨ, ਨਿਸ਼ਾਨਾ ਇਕੋ ਇਕ ਜਣਾਈਆ । ਮਰਨ ਤੋਂ ਪਹਿਲੋਂ ਦੇ ਜਵਾਲ, ਜੀਵਤ ਮਰਨ ਨਾ ਰੂਪ ਵਟਾਈਆ । ਫੇਰ ਮੰਨਾਂ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਸਾਹਿਬ ਸਤਿਗੁਰ ਹੋ ਕਿਰਪਾਲ, ਪਰਮ ਪੁਰਖ ਆਪ ਸਮਝਾਈਆ । ਅੰਤਮ ਲੇਖਾ ਚੁਕਾਵਾਂ ਵਿਚ ਜਹਾਨ, ਦੀਨ ਦੁਨੀ ਦੋਵੇਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਅਗਲਾ ਲੇਖਾ ਆਪਣੇ ਹੱਥ ਰਖਾਈਆ । ਮਹੀਵਾਲ ਉਠ ਕਰ ਤਿਆਰੀ, ਤ੍ਰੈਭਵਨ ਧਨੀ ਆਪ ਜਣਾਇੰਦਾ । ਆਪੇ ਫੁੱਲ ਆਪਣੀ ਅੰਤ ਕਿਆਰੀ, ਤੇਰੀ ਤੇਰੇ ਨਾਲ ਪਰਨਾਇੰਦਾ । ਆਸ਼ਕ ਮਾਸ਼ੂਕ ਜਗਤ ਯਾਰੀ, ਭਗਤ ਧਾਰੀ ਭੇਵ ਖੁਲ੍ਹਾਇੰਦਾ । ਦੂਜੀ ਵਾਰ ਨਿਰਗੁਣ ਸਰਗੁਣ ਕਰ ਕੇ ਲਾਏ ਯਾਰੀ, ਯਾਰਾਨਾ ਆਪਣੇ ਨਾਲ ਰਖਾਇੰਦਾ । ਡੁੱਬੇ ਨਾ ਵੜ ਡੂੰਘੀ ਧਾਰੀ, ਸਮੁੰਦ ਸਾਗਰ ਚਰਨਾਂ ਹੇਠ ਦਬਾਇੰਦਾ । ਮਰਨ ਤੋਂ ਪਹਿਲੋਂ ਕਰੇ ਖ਼ਬਰਦਾਰੀ, ਬੇਖ਼ਬਰ ਖ਼ਬਰ ਸੁਣਾਇੰਦਾ । ਝੁੱਗੀ ਕੰਢੇ ਜੋਤ ਨਿਰੰਕਾਰੀ, ਨਿਰਵੈਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਆਸ਼ਕ ਕਹੇ ਦੱਸ ਕਵਣ ਵੇਲਾ, ਵਾਰ ਥਿਤ ਦੇ ਸਮਝਾਈਆ । ਪੁਰਖ ਅਕਾਲ ਕਹੇ ਮਹੀਵਾਲ ਪੰਜ ਪੋਹ ਤੇਰਾ ਅੱਜ ਵਕਤ ਦੁਹੇਲਾ, ਫੇਰ ਮੇਲਾ ਲਏ ਕਰਾਈਆ । ਖੇਲ ਕਰੇ ਗੁਰੂ ਗੁਰ ਚੇਲਾ, ਗੋਬਿੰਦ ਆਪਣੀ ਉਂਗਲੀ ਲਾਈਆ । ਹਰਿਸੰਗਤ ਸਚ ਫੁੱਲਵਾੜੀ ਕਰ ਕੇ ਮੇਲਾ, ਮਿਲਣੀ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਹਿਬ ਸਤਿਗੁਰ ਦਇਆ ਕਮਾਏਗਾ । ਮਾਣਸ ਮਾਣਸ ਫੇਰ ਬਣਾਏਗਾ । ਜੂਨੀ ਜੂਨ ਨਾ ਕੋਈ ਭਵਾਏਗਾ । ਆਸ਼ਕ ਆਪਣਾ ਇਸ਼ਕ ਵਖਾਏਗਾ । ਮਾਸ਼ੂਕ ਹੋ ਕੇ ਪ੍ਰੇਮ ਵਧਾਏਗਾ । ਹੱਕ ਹਕੂਕ ਇਕੋ ਇਕ ਰਖਾਏਗਾ । ਸੋਹਣਾ ਕੋਮਲ ਬਣ ਮਲੂਕ, ਜੋਬਨ ਇਕੋ ਇਕ ਹੰਢਾਏਗਾ । ਕਾਇਆ ਛੱਡ ਤਤ ਕਲਬੂਤ, ਤਨ ਮਾਟੀ ਵੇਖ ਵਖਾਏਗਾ । ਘਰ ਬਣ ਸਚ ਮਹਿਬੂਬ, ਮੁਹੱਬਤ ਆਪਣੇ ਨਾਲ ਵਖਾਏਗਾ । ਪ੍ਰੇਮ ਪ੍ਰੀਤੀ ਸਾਚੀ ਝੂਝ, ਨਛਾਵਰ ਇਕੋ ਵਾਰ ਕਰਾਏਗਾ । ਚੰਦ ਚੜ੍ਹੇ ਦੂਜ ਤੀਜ, ਚੌਥੇ ਆਪਣਾ ਰੰਗ ਵਖਾਏਗਾ । ਥਿਤ ਵਾਰ ਜਾਏ ਸੂਝ, ਪੰਚਮ ਪੋਹ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਤੋੜ ਨਿਭਾਏਗਾ । ਸਚ ਪ੍ਰੀਤੀ ਤੇਰਾ ਫੁੱਲ ਪ੍ਰੇਮ, ਸਾਹਿਬ ਸਤਿਗੁਰ ਝੋਲੀ ਪਾਏਗਾ । ਅੰਤ ਚੁਕੇ ਤੇਰੇ ਨਾਲ ਨੇਮ, ਧੋਖਾ ਦਗਾ ਨਾ ਕੋਇ ਕਮਾਏਗਾ । ਜਿਸ ਨੇ ਸੇਵ ਕਮਾਈ ਉਪਰ ਹੇਮ, ਕੁੰਟ ਤੇਰੀ ਫੋਲ ਫੁਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚਾ ਵਾਅਦਾ ਕਰ ਕੌਲ, ਇਕਰਾਰਨਾਮਾ ਦੇ ਲਿਖਾਈਆ । ਸਚ ਤੌਫ਼ੀਕ ਤੇਰੇ ਕੋਲ, ਵਾਹਦ ਤੇਰੇ ਹੱਥ ਵਡਿਆਈਆ । ਮੇਰੇ ਰਫ਼ੀਕ ਜਾਣਾ ਮੌਲ, ਤਬੀਬ ਬਣ ਕੇ ਫੇਰਾ ਪਾਈਆ । ਦੇਣੀ ਅਸੀਸ ਉਪਰ ਧੌਲ, ਜਗਦੀਸ਼ ਤੇਰੀ ਸਰਨਾਈਆ । ਮੇਰਾ ਧਰਮ ਰੱਖਣਾ ਅਡੋਲ, ਕਰਮ ਕਾਂਡ ਦੇਣਾ ਮਿਟਾਈਆ । ਆਸ਼ਕ ਹੋ ਕੇ ਵਾਰੀ ਘੋਲ, ਘੋਲੀ ਤੇਰੇ ਉਤੋਂ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਹਰਿ ਜੂ ਆਪ, ਬੇਪਰਵਾਹ ਦਇਆ ਕਮਾਇੰਦਾ । ਤੇਰਾ ਮੇਰਾ ਜੁੜਿਆ ਸਾਕ, ਨਾਤਾ ਇਕੋ ਵਾਰ ਬੰਧਾਇੰਦਾ । ਸਦਾ ਸੁਹੇਲਾ ਬਣ ਕੇ ਦੇਵਾਂ ਸਾਥ, ਸਗਲਾ ਸੰਗ ਨਿਭਾਇੰਦਾ । ਪੱਤਣ ਵੇਖਾਂ ਤੇਰਾ ਘਾਟ, ਮਾਹੀ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਦੱਸ ਭਗਵਾਨ, ਦਰ ਤੇਰੇ ਸੀਸ ਨਿਵਾਇਆ । ਤੂੰ ਪਹਿਲੋਂ ਕਿਉਂ ਨਾ ਮਿਲਿਆ ਆਣ, ਸੋਹਣੀ ਨਾਲ ਕਿਉਂ ਪਿਆਰ ਵਧਾਇਆ । ਜਿਹੜੀ ਵਿਛੋੜਾ ਦੇ ਗਈ ਵਿਚ ਜਹਾਨ, ਸਗਲਾ ਸੰਗ ਨਾ ਕੋਇ ਰਖਾਇਆ । ਮੇਰੇ ਵੇਂਹਿਦਆਂ ਰੁੜ੍ਹ ਗਈ ਵਿਚ ਤੂਫ਼ਾਨ, ਤੋਬਾ ਤੋਬਾ ਕਰ ਕੁਰਲਾਇਆ । ਮੈਂ ਰੋਂਦਾ ਉਹਦੇ ਪਿਛੇ ਮਹਾਨ, ਮੇਰੀ ਮੁਹੱਬਤ ਖ਼ਾਕ ਰੁਲਾਇਆ । ਜੇ ਜਾਣਾਂ ਪ੍ਰਭ ਤੇਰਾ ਸਚ ਈਮਾਨ, ਤੁਧ ਬਿਨ ਅੱਖ ਨਾ ਕੋਇ ਤਕਾਇਆ । ਕਰ ਕਿਰਪਾ ਦੇ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਇਆ । ਜੇ ਹੈਂ ਸੱਚਾ ਭਗਵਾਨ, ਕਿਉਂ ਵਿਛੋੜਾ ਮੇਰਾ ਪਾਇਆ । ਜਿਸ ਦੇ ਪਿਛੇ ਮੈਂ ਰੁਲਦਾ ਰਿਹਾ ਬੀਆਬਾਨ, ਝਨਾਬ ਕੰਢੇ ਡੇਰਾ ਲਾਇਆ । ਉਸ ਦਾ ਲੱਭੇ ਨਾ ਕੋਇ ਨਿਸ਼ਾਨ, ਨਿਸ਼ਾਨੀ ਹੱਥ ਨਾ ਕੋਇ ਰਖਾਇਆ । ਸ੍ਰੀ ਭਗਵਾਨ ਹੋ ਮਿਹਰਵਾਨ, ਸਿਰ ਆਪਣਾ ਹੱਥ ਟਿਕਾਇਆ । ਕਰ ਇਕ ਵਾਰ ਚਰਨ ਧਿਆਨ, ਚਰਨ ਵੇਂਹਦਿਆਂ ਸਦਕਾ ਨੂਰ ਇਕੋ ਗੁਲ ਨਜ਼ਰੀ ਆਇਆ । ਇਹ ਗੁਲ ਵੱਡਾ ਬਲਵਾਨ, ਜਿਸ ਦਾ ਰੂਪ ਰੇਖ ਕੋਈ ਸਮਝ ਨਾ ਸਕੇ ਰਾਇਆ । ਸੁਗੰਧੀ ਲੈ ਕੇ ਸੁਟ ਦਏ ਸਰਬ ਜਹਾਨ, ਅੰਤ ਖ਼ਾਕੀ ਖ਼ਾਕ ਮਿਲਾਇਆ । ਕੋਈ ਨਾ ਜਾਣੇ ਇਸ ਦੇ ਅੰਦਰ ਕੀ ਕੁਛ ਰੱਖਿਆ ਆਣ, ਜਿਸ ਦਾ ਰੂਪ ਰੇਖ ਨਜ਼ਰ ਕਿਸੇ ਨਾ ਆਇਆ । ਉਹ ਖ਼ੁਸ਼ਬੂ ਜੋ ਸਾਹਿਬ ਸੁਲਤਾਨ, ਘਟ ਘਟ ਅੰਦਰ ਦਿਤੀ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇਆ । ਮਹੀਵਾਲ ਦਇਆ ਕਮਾਵਾਂਗਾ । ਨਿਰਗੁਣ ਹੋ ਕੇ ਫੇਰ ਆਵਾਂਗਾ । ਸਰਗੁਣ ਤੇਰਾ ਰੂਪ ਬਣਾਵਾਂਗਾ । ਪ੍ਰੇਮ ਪ੍ਰੀਤੀ ਇਕ ਸਮਝਾਵਾਂਗਾ । ਸਾਚੀ ਰੀਤੀ ਮਾਤ ਚਲਾਵਾਂਗਾ । ਮਾਸ਼ੂਕ ਹਕੀਕੀ ਇਕ ਵਖਾਵਾਂਗਾ । ਜਿਸ ਦੀ ਸਿਫ਼ਤ ਹੋਏ ਨਾ ਵਿਚ ਹਰੂਫ਼ੀ, ਸਭ ਆਰਫ਼ ਮੂੰਹ ਦੇ ਭਾਰ ਸੁਟਾਵਾਂਗਾ । ਉਹ ਜੋਤ ਨਿਰੰਜਣ ਆਦਿ ਪੁਰਖ ਦੀ ਰੱਖੇ ਸਦ ਉਡੀਕੀ, ਉਡੀਕਦਿਆਂ ਉਡੀਕਦਿਆਂ ਉਡੀਕਦਿਆਂ ਕੋਟਨ ਕੋਟ ਜੁਗ ਚੌਕੜੀ ਬੀਤ ਬਿਤਾਵਾਂਗਾ । ਪ੍ਰੇਮ ਪ੍ਰੀਤੀ ਦਾ ਮੈਨੂੰ ਸ਼ੌਕ, ਬਣ ਸ਼ੌਕੀਨ ਗੋਦ ਬਹਾਵਾਂਗਾ । ਤੇਰੀ ਵਿਛੜ ਕੇ ਤੈਨੂੰ ਕਰ ਗਈ ਔਂਤ, ਤੂੰ ਔਂਤਰਾ ਅੰਤਮ ਆਪਣੇ ਨਾਲ ਪਰਨਾਵਾਂਗਾ ।

ਪਿਛਲਾ ਰਹਿਣ ਨਾ ਦੇਵਾਂ ਖੋਟ, ਸਾਚੀ ਚੋਟ ਨਾਮ ਲਗਾਵਾਂਗਾ । ਮਾਸ਼ੂਕ ਬਣਾ ਨਿਰਮਲ ਜੋਤ, ਜੋੜੀ ਸੋਹਣੀ ਜੋੜ ਜੋੜਾਵਾਂਗਾ । ਝੁੱਗੀ ਵਿਚ ਬਹਿ ਕੇ ਲਾਵੇਂ ਝੋਕ, ਮੌਲਾ ਹੋ ਕੇ ਦਰਸ ਦਿਖਾਵਾਂਗਾ । ਮਾਸ ਕੱਟੇਂ ਨਾ ਕੋਈ ਪੋਟ, ਛੁਰੀ ਕਰਦ ਨਾ ਹੱਥ ਫੜਾਵਾਂਗਾ । ਪ੍ਰੇਮ ਕਰੇਂ ਨਾ ਨਾਲ ਹੋਂਟ, ਅੰਦਰੇ ਅੰਦਰ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਜਣਾਵਾਂਗਾ । ਮਹੀਵਾਲ ਭਰੇ ਹੌਕਾ, ਹਾਏ ਹਾਏ ਜਣਾਈਆ । ਵੇਖੋ ਸੋਹਣੀ ਦੇ ਗਈ ਧੋਖਾ, ਹੱਡੀਆਂ ਬਾਲਣ ਗਈ ਜਲਾਈਆ । ਉਡੀਕਦਿਆਂ ਉਡੀਕਦਿਆਂ ਮਿਲਿਆ ਉਹ ਨਾ ਮੌਕਾ, ਮੁਕੰਮਲ ਆਪਣਾ ਪਤਾ ਦਏ ਜਣਾਈਆ । ਜਿਸ ਦੇ ਨਾਲ ਪ੍ਰੀਤ ਲਗਾਈ ਨਾਲ ਸ਼ੌਂਕਾ, ਸੋ ਸ਼ੌਹ ਦਰਿਆਏ ਡੁੱਬੀ ਨੈਂ ਦੀ ਧਾਰ ਨਜ਼ਰ ਨਾ ਆਈਆ । ਵੇਖੇ ਖ਼ਾਲੀ ਦਿਸੇ ਕੋਠਾ, ਝੁੱਗੀ ਮਾਰੇ ਉਚੀ ਧਾਈਆ । ਜਿਸ ਨੂੰ ਕਬਾਬ ਧਰਿਆ ਕੱਢ ਕੇ ਉਤੇ ਪੋਟਾ, ਸੋ ਆਪਣੀ ਜੜ੍ਹ ਰਿਹਾ ਪੁਟਾਈਆ । ਰੂਪ ਨਜ਼ਰ ਨਾ ਆਇਆ ਵੱਡਾ ਛੋਟਾ, ਅੱਖੀਆਂ ਸਾਰ ਕੋਇ ਨਾ ਪਾਈਆ । ਜਿਸ ਦੇ ਪ੍ਰੇਮ ਪਿਆਰ ਅੰਦਰ ਹੋਇਆ ਬੇਹੋਸ਼ਾ, ਸੋ ਹੋਛੀ ਮੱਤ ਕਰ ਕੇ ਗਈ ਵਖਾਈਆ । ਉਸੇ ਵੇਲੇ ਪੁਰਖ ਅਕਾਲ ਕਿਹਾ ਉਸ ਦੇ ਨਾਲ ਕਾਹਦਾ ਰੋਸਾ, ਜਿਸਨੂੰ ਸਾਹਿਬ ਸਤਿਗੁਰ ਧੱਕਾ ਲਾਈਆ । ਪੰਜ ਤਤ ਕਾਇਆ ਵੇਖ ਭਾਂਡਾ ਥੋਥਾ, ਬਿਨ ਪੁਰਖ ਅਕਾਲ ਸਾਚੀ ਵਸਤ ਨਾ ਕੋਇ ਟਿਕਾਈਆ । ਜਿਥੇ ਸੋਹਣੀ ਮਾਰਿਆ ਗੋਤਾ, ਉਥੇ ਤੇਰੀ ਧਾਰ ਪੰਜ ਤਤ ਦਏ ਰੁੜ੍ਹਾਈਆ । ਅੰਤਮ ਵਾਰ ਇਕੋ ਰੱਖ ਓਟਾ, ਪ੍ਰਭ ਮੇਲਾ ਲੈਣਾ ਮਿਲਾਈਆ । ਮਿਲੇ ਘਰ ਉਸ ਜਿਸ ਘਰ ਦਾਦੇ ਦੁਆਰੇ ਆਏ ਪੋਤਾ, ਪਿਤਾ ਗੋਬਿੰਦ ਨਜ਼ਰੀ ਆਈਆ । ਮੇਰੀ ਝੁੱਗੀ ਵਿਖਾਓਣਾ ਮੈਨੂੰ ਮੌਕਾ, ਮੁਫ਼ਤ ਮੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਸਮੇਂ ਰਿਹਾ ਜਣਾਈਆ । ਮਹੀਵਾਲ ਉਠ ਕਰ ਕਿਨਾਰਾ, ਕਾਇਆ ਕੱਪੜ ਦੇ ਤਜਾਈਆ । ਵਹਿੰਦੀ ਧਾਰ ਕਰ ਇਸ਼ਾਰਾ, ਸੋਹਣੀ ਪਿਛੇ ਦਿਤਾ ਰੁੜ੍ਹਾਈਆ । ਇਕੋ ਬੋਲ ਸਚ ਜੈਕਾਰਾ, ਉਚੀ ਕੂਕ ਕੂਕ ਸੁਣਾਈਆ । ਤੇਰਾ ਵੇਖਾਂ ਖੇਲ ਦੁਆਰਾ, ਪਾਰਬ੍ਰਹਮ ਤੇਰੀ ਸਰਨਾਈਆ । ਮਰਨ ਤੋਂ ਪਹਿਲੋਂ ਦਿਤਾ ਜਿਸ ਸਹਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਲੋਕਮਾਤ ਖੇਲ ਕਰੇ ਪਿਆਰਾ, ਪ੍ਰੇਮ ਆਪਣੇ ਨਾਲ ਰਖਾਈਆ । ਜੀਂਵਦਿਆਂ ਜੀਂਵਦਿਆਂ ਮਰਨ ਤੋਂ ਕਰੇ ਛੁਟਕਾਰਾ, ਆਵਣ ਜਾਵਣ ਫੰਦ ਕਟਾਈਆ । ਪੰਜ ਪੋਹ ਦਾ ਉਹ ਦਿਹਾੜਾ, ਦਿਹਾੜਾ ਫੇਰ ਦਏ ਪਰਗਟਾਈਆ । ਮਹੀਂਵਾਲ ਪਹਿਲੀ ਵਾਰ ਡੁੱਬਾ ਲਾੜਾ, ਦੂਜੀ ਵਾਰ ਆਪਣੀ ਗੋਦ ਬਹਾਈਆ । ਇਕ ਫੁੱਲ ਦਾ ਇਕ ਸਹਾਰਾ, ਸਾਹਿਬ ਸਤਿਗੁਰ ਫੁੱਲਾਂ ਸੇਜ ਹੇਠ ਵਿਛਾਈਆ । ਸੇਜ ਕਹੇ ਮੈਂ ਭਗਤਾਂ ਉਧਾਰਾ, ਗੁਰਮੁਖਾਂ ਮੇਰੀ ਬਣਤ ਬਣਾਈਆ । ਜੋ ਦੂਰ ਦੁਰਾਡੇ ਲੈ ਕੇ ਆਏ ਵਿਚ ਦੁਆਰਾ, ਬਣ ਕੇ ਪਾਂਧੀ ਰਾਹੀਆ । ਛੋਟੇ ਬਾਲੇ ਸੋਲਾਂ ਮੱਘਰ ਕੀਤਾ ਇਸ਼ਾਰਾ, ਹਰਿਸੰਗਤ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਫੁੱਲ ਕਹਿਣ ਸਾਡੇ ਜਾਗੇ ਭਾਗ, ਕਲਜੁਗ ਅੰਤ ਮਿਲੀ ਵਡਿਆਈਆ । ਸਾਡੀ ਕਰਤੇ ਰੱਖੀ ਲਾਜ, ਕੀਮਤ ਆਪਣੇ ਘਰ ਜਣਾਈਆ । ਜਨ ਭਗਤਾਂ ਦਿਤਾ ਦਾਜ, ਸੋਹਣੀ ਗੰਢ ਬਣਾਈਆ । ਘਰ ਆਪਣੇ ਰੱਖਣਾ ਸਾਂਭ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਫੁੱਲ ਕਹਿਣ ਸਾਡੀ ਆਈ ਬਹਾਰ, ਪਤ ਡਾਲੀ ਰਹੀ ਮਹਿਕਾਈਆ ।


੧੨੩ ੧੯

ਸ੍ਰੀ ਭਗਵਾਨ ਭਗਤਾਂ ਦਰ ਦਿਤਾ ਵਿਖਾਲ, ਘਰ ਗਏ ਚਾਈਂ ਚਾਈਂਆ । ਦਿਵਸ ਰੈਣ ਕਰਦੇ ਰਹੇ ਧਿਆਨ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪੋਹ ਪੰਜ ਪੁਰਖ ਅਬਿਨਾਸ਼ੀ ਸੱਦੇ ਵਿਚ ਜਹਾਨ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਪਿਛਲਾ ਲੇਖਾ ਪੂਰਾ ਕਰੇ ਆਣ, ਅੱਗੇ ਭਰਮ ਭੁਲੇਖਾ ਦਏ ਮਿਟਾਈਆ । ਸੋਹਣੀ ਸੇਜਾ ਬਣੇ ਇਕ ਮਹਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਛੋਟੇ ਵੱਡੇ ਬਾਲੇ ਨੱਢੇ ਬੁੱਢੇ ਖ਼ੁਸ਼ੀਆਂ ਨਾਲ ਵਰਤਾਈਆ । ਸਾਰੇ ਰਲ ਕੇ ਚਰਨਾਂ ਉਤੇ ਕਰੀਏ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਅਰਥੀ ਉਤੇ ਨਾ ਚੜ੍ਹੇ ਗੁਰਮੁਖ ਬਲਵਾਨ, ਫ਼ਰਸ਼ੀ ਖ਼ਾਕ ਸੋਹਣੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਸੰਗਤ ਇਕ ਇਕ ਇਕ ਫੁੱਲ ਦੇਣਾ ਬਰਸਾਈਆ । ਅਰਥੀ ਕਹੇ ਮੈਨੂੰ ਮਿਲਿਆ ਮਾਣ, ਪੁਰਖ ਅਕਾਲ ਦਇਆ ਕਮਾਈਆ । ਭਗਤ ਸੁਹੇਲੇ ਫੁੱਲ ਬਰਸਾਣ, ਨਿੰਮੀ ਨਿੰਮੀ ਧਾਰ ਵਹਾਈਆ । ਸੰਤ ਸੁਹੇਲੇ ਖ਼ੁਸ਼ੀ ਮਨਾਣ, ਗੀਤ ਗੋਬਿੰਦ ਅਲਾਈਆ । ਧਰਮ ਰਾਏ ਹੋਏ ਹੈਰਾਨ, ਚਾਰੋਂ ਕੁੰਟ ਨੈਣ ਉਠਾਈਆ । ਚਿਤਰ ਗੁਪਤ ਕਹੇ ਮੇਰਾ ਲੇਖਾ ਮਿਟਿਆ ਨਿਸ਼ਾਨ, ਹਿਸਾਬ ਕਿਤਾਬ ਨਾ ਕੋਇ ਵਡਿਆਈਆ । ਲਾੜੀ ਮੌਤ ਕਹੇ ਮੈਂ ਨਾਰ ਰਕਾਨ, ਜੋਬਨ ਮਤੀ ਭੱਜਾਂ ਵਾਹੋ ਦਾਹੀਆ । ਜਮਦੂਤ ਕਹਿਣ ਸਾਨੂੰ ਆਈ ਹਾਣ, ਬੌਹੜੀ ਬੌਹੜੀ ਰਹੇ ਸੁਣਾਈਆ । ਝੁਗੀ ਕਿਸ ਦੀ ਵੇਖੀਏ ਆਣ, ਕੁੱਲੀ ਕੱਖ ਮਿਲੀ ਵਡਿਆਈਆ । ਸਾਡੀ ਵਿਚ ਨਾ ਆਇਆ ਪਛਾਣ, ਪਹਿਚਾਨ ਸਕੇ ਨਾ ਕੋਇ ਰਾਈਆ । ਕਿਰਪਾ ਕੀਤੀ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਹੋ ਸਹਾਈਆ । ਜਿਸ ਘਰ ਪਰਗਟ ਉਸ ਘਰ ਦਿਸੇ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਸਹਾਈਆ । ਭਗਤ ਸੁਹੇਲੇ ਗੀਤ ਗੋਬਿੰਦ ਦਾ ਗਾਣ, ਹਾਹਾਕਾਰ ਨਾ ਕੋਇ ਜਣਾਈਆ । ਸਿਆਪਾ ਕਰੇ ਨਾ ਕੋਈ ਬਿਰਧ ਰਕਾਨ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਖ਼ਾਲੀ ਦਿਸੇ ਭੂਮੀ ਸ਼ਮਸ਼ਾਨ, ਅਗਨੀ ਭੇਟ ਨਾ ਕੋਇ ਚੜ੍ਹਾਈਆ । ਦਰੋਹੀ ਖ਼ੁਦਾਏ ਦੀ ਸਾਰੇ ਵੇਖ ਕਰਨ ਪਛਾਣ, ਧੀਰਜ ਧੀਰ ਨਾ ਕੋਇ ਧਰਾਈਆ । ਨਵੀ ਖੇਲ ਕੀਤੀ ਸ਼ਹਿਨਸ਼ਾਹ ਸੁਲਤਾਨ, ਬਲਵਾਨ ਆਪਣਾ ਹੁਕਮ ਵਰਤਾਈਆ । ਪਿਛਲੀ ਕੀਤੀ ਯਾਦ ਕੀਤੀ, ਭੁੱਲ ਗਿਆ ਨਾ ਬੇਪਰਵਾਹੀਆ । ਚਲੋ ਚਲੀਏ ਇਹ ਉਹਦੀ ਨਹੀਂ ਚਿੱਠੀ, ਜਿਸ ਚਿੱਠੀ ਉਤੇ ਲਛਮਣ ਵੇਖ ਵਖਾਈਆ । ਚਿੱਠੀ ਲੈ ਕੇ ਗਏ ਮੁੜ, ਆਪਣਾ ਪੰਧ ਮੁਕਾਈਆ । ਰਾਏ ਧਰਮ ਦੱਸਿਆ ਧੁਰ, ਨੇਤਰ ਨੀਰ ਵਹਾਈਆ । ਉਥੇ ਨਹੀਂ ਸਾਡੀ ਲੋੜ, ਗੁਰਮੁਖ ਬੈਠੇ ਡੇਰਾ ਲਾਈਆ । ਹੋਰ ਪਾਸੇ ਦੇ ਤੋਰ, ਚੌਦਾਂ ਕੋਸ ਦੱਖਣ ਦਿਸ਼ਾ ਵੇਖ ਵਖਾਈਆ । ਫੜ ਕੇ ਲਿਆਈਏ ਮਾਣਸ ਉਹ ਢੋਰ, ਜੋ ਬੈਠਾ ਪ੍ਰਭੂ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਧਰਮ ਰਾਏ ਕਹੇ ਮੈਂ ਪਹਿਲੋਂ ਵੇਖਾਂ ਆਪਣੀ ਅੱਖ, ਪ੍ਰਭ ਕੀ ਕੀ ਖੇਲ ਰਚਾਇੰਦਾ । ਜਾਂ ਤੱਕਿਆ ਭਗਤਾਂ ਦੇਵੇ ਪਿਛਲਾ ਹੱਕ, ਲਹਿਣਾ ਦੇਣਾ ਝੋਲੀ ਪਾਇੰਦਾ । ਮੈਂ ਡਰਦਾ ਪਿਛੇ ਗਿਆ ਹਟ, ਭੈ ਅੱਗੋਂ ਨਜ਼ਰੀ ਆਇੰਦਾ । ਕਿਤੇ ਗੁਰਮੁਖ ਮੈਨੂੰ ਪਾ ਨਾ ਲਏ ਨੱਥ, ਕਿਉਂ ਜੱਟ ਬਣ ਕੇ ਚੰਗੇ ਵੈਹੜੇ ਨੱਥ ਵਖਾਇੰਦਾ । ਜੇ ਮੈਂ ਆਵਾਂ ਉਹਦੇ ਹੱਥ, ਫੜ ਕੇ ਹਲਟ ਅੱਗੇ ਜੁੜਾਇੰਦਾ । ਉਥੇ ਸੰਗਤ ਆਵੇ ਨੱਸ ਨੱਸ, ਮੈਨੂੰ ਪੜਾਨੇ ਵਿਚ ਭਜਾਇੰਦਾ । ਜੇ ਮੈਂ ਜਾਵਾਂ ਥੱਕ, ਪਿਛੋਂ ਖਿਚ ਪ੍ਰਾਣੀ ਮੇਰੇ ਉਤੇ ਰਖਾਇੰਦਾ । ਸਾਰੇ ਕਹਿ ਦਿਓ ਇਹ ਨਹੀਂ ਉਹਦਾ ਖਤ, ਖਤਾ ਮੈਂ ਆਪਣੀ ਭੁੱਲ ਬਖ਼ਸ਼ਾਇੰਦਾ । ਉਹ ਪਰਮ ਪੁਰਖ ਦਾ

ਨੱਤ, ਜਿਸ ਦਾ ਅੰਤ ਕੋਈ ਨਾ ਪਾਇੰਦਾ । ਜਿਸ ਦੇ ਅੰਦਰ ਬ੍ਰਹਮ ਮੱਤ, ਪੁਰਖ ਅਕਾਲ ਇਕ ਧਿਆਇੰਦਾ । ਉਹਨੂੰ ਸਾਰੇ ਦਿਓ ਛੱਡ, ਸੰਸਾ ਸਭ ਦਾ ਆਪ ਮਿਟਾਇੰਦਾ । ਪੰਜ ਪੋਹ ਉਹਦੇ ਨਹੀਂ ਸੜਨੇ ਹੱਡ, ਹੱਡੀਆਂ ਬਾਲਣ ਨਾ ਕੋਇ ਬਣਾਇੰਦਾ । ਵੇਖੋ ਆਸ਼ਕ ਹੋ ਕੇ ਬੈਠਾ ਅੱਡ, ਮਾਸ਼ੂਕ ਨਿਰਗੁਣ ਜੋਤ ਬਣਾਇੰਦਾ । ਜੋਤ ਅਕਾਲਣ ਸੋਹਣੀ ਵਾਂਗ ਕਦੇ ਨਾ ਜਾਏ ਭੱਜ, ਭੱਜਿਆਂ ਜਾਂਦਿਆਂ ਆਪਣੇ ਗਲੇ ਲਗਾਇੰਦਾ । ਪ੍ਰੇਮ ਪ੍ਰੀਤੀ ਦਾ ਕਰਾ ਕੇ ਹੱਜ, ਹੁਜਰਾ ਇਕ ਦਸਾਇੰਦਾ । ਸਾਚੀ ਸੇਜਾ ਬਹੇ ਸਜ, ਸੱਜਣ ਮੀਤ ਇਕੋ ਨਜ਼ਰੀ ਆਇੰਦਾ । ਉਥੇ ਕੋਈ ਨਾ ਪੋਹੇ ਅਗਨੀ ਅੱਗ, ਲੱਗੀ ਅੱਗ ਆਪ ਬੁਝਾਇੰਦਾ । ਜਿਸ ਝੁੱਗੀ ਅੰਦਰ ਆਪ ਬੈਠੇ ਸਜ, ਸੋ ਝੁੱਗਾ ਚੌੜ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਤ ਜੀਵਤ ਜੀਵਣ ਰੰਗ ਰੰਗਾਇੰਦਾ । ਧਰਮ ਕਹੇ ਧਰਮ ਰਾਏ ਇਹ ਕੀ ਹੋਇਆ, ਸਾਚਾ ਭੇਵ ਦੇ ਜਣਾਈਆ । ਉਹ ਲਛਮਣ ਕਿਉਂ ਅੱਜ ਨਹੀਂ ਮੋਇਆ, ਜਿਸ ਦੀ ਲਿਖਤ ਤੇਰੇ ਦੂਤਾਂ ਤੈਨੂੰ ਵਖਾਈਆ । ਫ਼ਰਸ਼ ਖ਼ਾਕੀ ਉਤੇ ਕਿਉਂ ਨਹੀਂ ਸੋਇਆ, ਧਰਨੀ ਧਰਤ ਡੇਰਾ ਲਾਈਆ । ਕੀ ਤੇਰਾ ਹੱਕ ਕਿਸ ਨੇ ਖੋਹਿਆ, ਕਵਣ ਤੇਰੀ ਕੀਤੀ ਉਲਟਾਈਆ । ਰਾਏ ਧਰਮ ਨੇਤਰ ਹੰਝੂ ਭਰ ਭਰ ਰੋਇਆ, ਹੱਥ ਮੱਥੇ ਦਏ ਦੁਹਾਈਆ । ਉਸ ਦਾ ਪਿਓ ਦਾਦਾ ਉਹੋ ਹੋਇਆ, ਜਿਸ ਗੋਬਿੰਦ ਦਿਤੀ ਵਡਿਆਈਆ । ਮੈਂ ਵੇਖਣ ਗਿਆ ਗੁਰਮੁਖਾਂ ਨੂੰ ਲੈ ਕੇ ਆਏ ਢੋਆ, ਪੁਰਖ ਅਕਾਲ ਖ਼ੁਸ਼ੀਆਂ ਨਾਲ ਭੇਟ ਚੜ੍ਹਾਈਆ । ਪ੍ਰਭ ਦੀ ਕਿਰਪਾ ਉਹ ਨਵਾਂ ਨਰੋਆ, ਨਾ ਮਰਿਆ ਜਨਮ ਵਿਚ ਨਾ ਆਈਆ । ਜੋ ਲਛਮਣ ਸਿੰਘ ਅੱਜ ਮਰਿਆ, ਸੋ ਗੁਰਮੇਜ਼ ਸਿੰਘ ਘਰ ਪੈਦਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਹ ਖੇਲ ਅਚਰਜ ਕਰਿਆ, ਆਪਣੀ ਬਣਤ ਬਣਾਈਆ । ਸੁਣ ਕੇ ਬਾਤ ਬਾਤਨ ਬਾਤ ਤਰਤੀਬ, ਵਿਸ਼ਨ ਬ੍ਰਹਮਾ ਸ਼ਿਵ ਦੂਰੋਂ ਸੁਣਨ ਕੰਨ ਲਾਈਆ । ਸ਼ੰਕਰ ਕਹੇ ਇਹ ਕੀ ਹੋਇਆ ਅਜੀਬ, ਮੇਰੀ ਕੀਤੀ ਕਿਉਂ ਉਲਟਾਈਆ । ਤੁਸੀਂ ਕਿਉਂ ਨਹੀਂ ਲੰਘੇ ਉਹਦੀ ਦਹਿਲੀਜ, ਘਰ ਗਏ ਵਾਹੋ ਦਾਹੀਆ । ਫੜ ਕੇ ਲਿਆਉਣਾ ਸੀ ਘਸੀਟ, ਤਨ ਮਾਟੀ ਨਾਤਾ ਤੁੜਾਈਆ । ਭੈਣ ਭਾਈ ਸਾਕ ਸੱਜਣ ਰੋ ਕੇ ਲੈਂਦੇ ਪੀਟ, ਪਿੱਟਣਾ ਘਰ ਘਰ ਪਾਈਆ । ਕਿਉਂ ਬਦਲਾਈ ਮੇਰੀ ਰੀਤ, ਖ਼ਾਲੀ ਹੱਥ ਮੁੜ ਕੇ ਦਿਉ ਦੁਹਾਈਆ । ਸਾਰੇ ਕਹਿਣ ਸ਼ੰਕਰ ਜੋ ਕਹੀਏ ਸੋ ਠੀਕ, ਉਥੇ ਤੇਰੀ ਚਲੇ ਨਾ ਕੋਈ ਚਤੁਰਾਈਆ । ਭੋਲਾ ਨਾਥ ਕਹੇ ਮੈਂ ਲਾ ਕੇ ਵੇਖਾਂ ਨੀਝ, ਲੋਕਮਾਤ ਧਿਆਨ ਲਗਾਈਆ । ਜਾਂ ਵੇਖਿਆ ਪ੍ਰਭ ਚਰਨ ਲੱਗੀ ਪ੍ਰੀਤ, ਲੱਗੀ ਪ੍ਰੀਤ ਆਸ਼ਕ ਮਾਸ਼ੂਕ ਇਕੋ ਰੂਪ ਨਜ਼ਰੀ ਆਈਆ । ਵਿਸ਼ਨੂੰ ਖ਼ੁਸ਼ੀਆਂ ਨਾਲ ਕਰੇ ਤਰੀਫ਼, ਬ੍ਰਹਮੇ ਰਿਹਾ ਸੁਣਾਈਆ । ਉਠ ਬ੍ਰਹਮੇ ਵੇਖ ਖੇਲ ਅਨਡੀਠ, ਸ੍ਰੀ ਭਗਵਾਨ ਰੰਗ ਰੰਗਾਈਆ । ਸਾਡੇ ਵਲ ਕਰ ਕੇ ਆਪਣੀ ਪੀਠ, ਜਨ ਭਗਤਾਂ ਦਏ ਵਡਿਆਈਆ । ਅੰਦਰ ਵੜ੍ਹ ਗਿਆ ਕੁੰਡਾ ਖੋਲ੍ਹ ਦਹਿਲੀਜ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਦਾ ਸਦਾ ਨਿਤ ਨਵਿਤ ਜੁਗ ਜੁਗ ਉਹਨੂੰ ਭਗਤਾਂ ਮਿਲਣ ਦੀ ਰੀਝ, ਭੱਜਾ ਫਿਰੇ ਵਾਹੋ ਦਾਹੀਆ । ਗ਼ਰੀਬ ਨਿਮਾਣਿਆਂ ਘਰ ਮੰਗਦਾ ਫਿਰੇ ਭੀਖ, ਸ਼ਹਿਨਸ਼ਾਹ ਹੋ ਕੇ ਆਪਣੀ ਸ਼ਰਮ ਗਵਾਈਆ । ਇਸੇ ਕਰ ਕੇ ਸਭ ਨੂੰ ਲੈਂਦਾ ਜੀਤ, ਅਤੀਤ ਆਪਣੇ ਘਰ ਵਸਾਈਆ । ਸ਼ੰਕਰ ਕਹੇ ਹੁਣ ਮੈਂ ਉਸ ਲਛਮਣ ਦੀ ਰੱਖਾਂ ਉਡੀਕ, ਜੋ ਮੇਰੇ ਅੱਗੋਂ ਲੰਘ ਕੇ ਸਚਖੰਡ ਜਾਏ ਚਾਈਂ ਚਾਈਂਆ । ਵਿਸ਼ਨੂੰ ਕਹੇ ਸ਼ੰਕਰ ਇਹ ਖੇਲ ਬੀਸ ਬੀਸ, ਦੂਆ ਜ਼ੀਰੋ ਜ਼ੀਰੋ ਦੂਆ ਸਿਫਰਾ

੧੨੫ ੧੯

ਸਿਫਰਾ ਜ਼ੀਰੋ ਰੂਪ ਵਟਾਈਆ । ਪ੍ਰਭ ਦਾ ਕਿਸੇ ਨਾ ਸਮਝਿਆ ਅਲਜ਼ਬਰਾ, ਸਾਰੇ ਅੰਤ ਉਡਾ ਕੇ ਇਕੋ ਏਕ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਕੀਆਂ ਨਿਕੀਆਂ ਦੇਂਦੇ ਗਏ ਖ਼ਬਰਾਂ, ਅੱਖਰਾਂ ਨਾਲ ਜੁੜਾਈਆ । ਲੇਖਾ ਲਿਖਦੇ ਗਏ ਉਤੇ ਪੱਥਰਾਂ, ਪੱਥਰਾਂ ਨਾਲ ਲਕੀਰ ਖਿਚਾਈਆ । ਪ੍ਰੇਮ ਪ੍ਰੀਤੀ ਅੰਦਰ ਵਿਛਾਉਂਦੇ ਗਏ ਸਥਰਾਂ, ਸੱਥਰ ਆਪਣਾ ਆਪ ਬਣਾਈਆ । ਜੇ ਪਰਦਾ ਲਾਹ ਕੇ ਨੇਤਰ ਖੋਲ੍ਹ ਕੇ ਵੇਖਣ ਵੱਖਰਾ, ਵੱਖਰੀ ਕਾਰ ਕਮਾਈਆ । ਜੇ ਉਸ ਦਾ ਲੱਭਣ ਨਖਰਾ, ਨਖਰੇ ਕਰਦਾ ਨਜ਼ਰ ਕਿਸੇ ਨਾ ਆਈਆ । ਜਿਦ ਖੋਰਾ ਅੜੀਦਾਰ ਬੜਾ ਅੱਥਰਾ, ਆਪਣਾ ਹੁਕਮ ਆਪ ਮਨਾਈਆ । ਜੇ ਕੋਈ ਪ੍ਰੇਮ ਪ੍ਰੀਤੀ ਕਰੇ ਬੜਾ ਚੱਲੇ ਸਿਧਾ ਪੱਧਰਾ, ਵਲ ਛਲ ਛਲ ਵਲ ਨਾ ਕੋਇ ਰਖਾਈਆ । ਜੇ ਕੋਈ ਕਹੇ ਮੈਂ ਉਹਦਾ ਲਵਾਂ ਬਦਲਾ, ਬਦਲੀ ਸਭ ਦੀ ਲਏ ਕਰਾਈਆ । ਸਭ ਤੋਂ ਵੱਡਾ ਆਦਲ ਅਦਲਾ, ਅਦਾਲਤ ਇਕੋ ਇਕ ਰਖਾਈਆ । ਪੀਰ ਪੈਗ਼ੰਬਰ ਕਹਿਣ ਉਹਦਾ ਫ਼ਾਜ਼ਲ ਫ਼ਜ਼ਲਾ, ਫਜੂਲ ਵਕਤ ਨਾ ਕੋਇ ਲੰਘਾਈਆ । ਨਾਨਕ ਕਬੀਰ ਚੜ੍ਹ ਕੇ ਵੇਖਿਆ ਉਪਰ ਮੰਜ਼ਲਾ, ਮਹਿਬੂਬ ਇਕੋ ਨਜ਼ਰੀ ਆਈਆ । ਵੇਖ ਕੇ ਕਹਿਣ ਬੜਾ ਮਨਚਲਾ, ਚੰਚਲ ਬੁੱਧੀ ਸਭ ਦੀ ਰਿਹਾ ਵਖਾਈਆ । ਭਗਤ ਕਹਿਣ ਨਹੀਂ ਹਰ ਦਿਲਾ, ਹਰ ਦਿਲ ਅਜ਼ੀਜ਼ ਪ੍ਰੇਮ ਪ੍ਰੀਤੀ ਵਿਚ ਸਮਾਈਆ । ਗੁਰਮੁਖ ਕਹਿਣ ਨਹੀਂ ਉਹ ਫਲ ਫੁੱਲਾ, ਜਿਹੜਾ ਫੁੱਲ ਮਹੀਵਾਲ ਪ੍ਰੇਮ ਵਿਚੋਂ ਪਰਗਟਾਈਆ । ਜਿਸ ਪਿਛੇ ਲੇਖੇ ਲੱਗੀ ਭਗਤ ਕੁੱਲਾ, ਕੁਲਵੰਤਾ ਹੋਏ ਸਹਾਈਆ । ਸਾਰੇ ਕਹਿਣ ਇਨਸਾਨ ਪਾਣੀ ਬੁਲਬਲਾ, ਉਪਜੇ ਤਰੰਗ ਤਰੰਗ ਵਿਚ ਸਮਾਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਬੜਾ ਅਣਮੁਲਾ, ਜਿਸ ਦੀ ਕੀਮਤ ਕੋਇ ਨਾ ਪਾਈਆ । ਜਿਨ੍ਹਾਂ ਦੁਆਰੇ ਹਰਿ ਜੂ ਤੁਲਾ, ਕੰਡਾ ਗੁਰਮੁਖ ਧਾਰ ਰਖਾਈਆ । ਉਨ੍ਹਾਂ ਨਾਲ ਉਹਦੀ ਸੁਲਾਹ, ਜੋ ਬੈਠੇ ਧਿਆਨ ਲਗਾਈਆ । ਕਿਸੇ ਹੱਥ ਨਾ ਆਇਆ ਕਾਜ਼ੀ ਮੁਲਾ, ਜੋ ਸਿਰ ਤੇ ਕੁੱਲਾ ਰਹੇ ਟਿਕਾਈਆ । ਲੱਖ ਚੁਰਾਸੀ ਰੱਖੇ ਦੁਆਰਾ ਖੁਲ੍ਹਾ, ਦਰਵਾਜਾ ਬੰਦ ਨਾ ਕੋਇ ਕਰਾਈਆ । ਜੇ ਕੋਈ ਦਰ ਆਏ ਭੁੱਲਾ, ਅਭੁੱਲ ਲਏ ਬਖ਼ਸ਼ਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਸ਼ਕ ਮਾਸ਼ੂਕ ਮਾਸ਼ੂਕ ਆਸ਼ਕ ਹੋ ਕਦੀ ਨਾ ਰੁਲਾ, ਰੁਲਦਿਆਂ ਲਏ ਉਠਾਈਆ । ਆਸ਼ਕ ਮਾਸ਼ੂਕ ਨਾਲੋਂ ਨਾ ਜਾਏ ਵਿਛੜ, ਵਿਛੜਿਆਂ ਮੇਲ ਮਿਲਾਈਆ । ਆਸ਼ਕ ਗਲ ਲਾਵੇ ਭਰੀਆਂ ਚਿੱਕੜ, ਗੁਰਮੁਖ ਮੈਲ ਧੁਆਈਆ । ਆਸ਼ਕ ਕਦੇ ਨਾ ਹੋਵੇ ਭਿੱਟੜ, ਸਦਾ ਸਦਾ ਸਤਿ ਸਰੂਪ ਸਮਾਈਆ । ਆਸ਼ਕ ਮਾਸ਼ੂਕ ਦਾ ਮਿਟਾਏ ਫਿਕਰ, ਫਿਕਰਾ ਆਪਣਾ ਨਾਮ ਸੁਣਾਈਆ । ਮਾਸ਼ੂਕ ਆਸ਼ਕ ਦਾ ਚਿੱਤਰ ਲਏ ਚਿਤਰ, ਜਿਸਨੂੰ ਇਸ਼ਟ ਗੁਰਦੇਵ ਕਹਿ ਕੇ ਲੋਕ ਸੁਣਾਈਆ । ਦੋਵੇਂ ਆਦਿ ਜੁਗਾਦਿ ਜੁਗ ਚੌਕੜੀ ਇਕ ਦੂਜੇ ਦਾ ਕਰਨ ਜ਼ਿਕਰ, ਦੂਜੀ ਕਥਾ ਕਹਾਣੀ ਨਾ ਕੋਇ ਸੁਣਾਈਆ । ਭਗਤ ਭਗਵਾਨ ਸਦਾ ਮਿੱਤਰ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸ਼ਕ ਮਾਸ਼ੂਕ ਮਸ਼ਕ ਮੁਸ਼ੱਕਤ ਮੁਹੱਬਤ ਨਾਲ ਕਰਾਈਆ । ਸਾਢੇ ਤਿੰਨ ਮੁੱਠੀ ਲੈਣੀ ਖ਼ਾਕ, ਖਰ ਖ਼ਾਲਕ ਆਪ ਸਮਝਾਇੰਦਾ । ਦਰ ਦਰਵਾਜਾ ਬੰਦ ਤਾਕ, ਜਗਤ ਅੰਧੇਰ ਜਣਾਇੰਦਾ । ਲਛਮਣ ਰੱਖੇ ਆਪਣੇ ਪਾਸ, ਸਾਚੀ ਵੰਡ ਵੰਡਾਇੰਦਾ । ਪੰਜ ਤਿੰਨ ਕੁਟੰਬ ਸਾਥ, ਸਗਲਾ ਸੰਗ ਜਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਤੀਂ ਸੁਤਿਆਂ ਦੇਵੇ ਦਾਤ, ਦਿਨੇ ਲੇਖਾ ਫਿਰ ਲਿਖਾਇੰਦਾ ।

੧੨੬ ੧੯

## ★ ੬ ਪੋਹ ੨੦੨੦ ਬਿਕਰਮੀ ਲਛਮਣ ਸਿੰਘ ਦੇ ਖੂਹ ਤੇ ਜ਼ਿਲਾ ਜਲੰਧਰ ★

ਸੱਚ ਦੁਆਰ ਸੱਚੀ ਧਰਮਸਾਲ, ਘਰ ਇਕੋ ਮਿਲੇ ਵਡਿਆਈਆ । ਵੇਖ ਖੇਲ ਮਹੀਵਾਲ, ਆਸ਼ਕ ਮਾਸ਼ੂਕ ਸਾਰੇ ਲੈਣ ਅੰਗੜਾਈਆ । ਇਕ ਦੂਜੇ ਨੂੰ ਪੁੱਛਣ ਹਾਲ, ਬਿਨ ਰਸਨਾ ਜਿਹਵਾ ਬੋਲ ਸੁਣਾਈਆ । ਨੇਤਰ ਖੋਲ੍ਹ ਵੇਖੋ ਵਿਚ ਜਹਾਨ, ਲੋਕਮਾਤ ਧਿਆਨ ਲਗਾਈਆ । ਕਰਤਾ ਖੇਲ ਕਰੇ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਹੋ ਕੇ ਦੇਵੇ ਦਾਨ, ਸਰਗੁਣ ਝੋਲੀ ਆਪ ਭਰਾਈਆ । ਸਚ ਦੁਆਰੇ ਦੇਵੇ ਮਾਣ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਖਾਈਆ । ਆਸ਼ਕ ਮਾਸ਼ੂਕ ਕਰਨ ਸਾਲਾਹ, ਮਤਾ ਮਤੇ ਨਾਲ ਪਕਾਈਆ । ਵੇਖੋ ਪਰਵਰਦਿਗਾਰ ਇਕ ਮਲਾਹ, ਜੋ ਡੁੱਬਦੇ ਬੇੜੇ ਰਿਹਾ ਤਰਾਈਆ । ਜਿਸ ਨੂੰ ਮਿਲਿਆਂ ਰੁੜ੍ਹੇ ਨਾ ਕੋਇ ਝਨਾ, ਜਲਧਾਰ ਨਾ ਕੋਇ ਵਹਾਈਆ । ਥਲਾਂ ਵਿਚ ਨਾ ਲਏ ਕੋਇ ਕੁਰਲਾ, ਹੌਕਾ ਭਰੇ ਨਾ ਕੋਇ ਜੁਦਾਈਆ । ਵੰਜਲੀ ਦਏ ਨਾ ਕੋਇ ਸੁਣਾ, ਸੁਰ ਤਾਲ ਨਾ ਕੋਇ ਮਿਟਾਈਆ । ਤਨ ਸੁੱਕ ਕੇ ਕਰੇ ਨਾ ਕੋਈ ਸਵਾਹ, ਖ਼ਾਲੀ ਬੁੱਤ ਨਾ ਕੋਇ ਵਖਾਈਆ । ਸਚ ਹਕੀਕਤ ਦਏ ਸਮਝਾ, ਲਾਸ਼ਰੀਕ ਬੇਪਰਵਾਹੀਆ । ਮੁਹੱਬਤ ਇਕੋ ਦਏ ਜੁੜਾ, ਨਾਤਾ ਤੋੜ ਕੂੜ ਲੋਕਾਈਆ । ਰਹਿਮਤ ਆਪਣੀ ਦਏ ਕਮਾ, ਬੇਨਜ਼ੀਰ ਦਇਆ ਕਮਾਈਆ । ਸਹੀ ਸਲਾਮਤ ਲਏ ਬਚਾ, ਸਾਹਿਬ ਵੱਡਾ ਵੱਡ ਵਡਿਆਈਆ । ਕੂੜੀ ਅਲਾਮਤ ਦਏ ਮਿਟਾ, ਮਾਰਗ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਰ ਸੁਲਾਹ ਕਰਨ ਇਕੱਠ, ਅੱਧਵਿਚਕਾਰੇ ਮਤਾ ਪਕਾਈਆ । ਅੱਗੇ ਪਿੱਛੇ ਰਹੇ ਨੱਠ, ਰਾਹ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨਾਲੋਂ ਸਾਢੇ ਤਿੰਨ ਤਿੰਨ ਹੱਥ ਬੈਠੇ ਵੱਖ, ਅੰਗੀਕਾਰ ਅੰਗ ਨਾ ਕੋਇ ਲਗਾਈਆ । ਹਕੀਕਤ ਵਿਚੋਂ ਮਿਲਿਆ ਨਾ ਹਕੀਕੀ ਹੱਕ, ਹਾਸਲ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹੱਕ ਹਕੀਕਤ ਰਹੇ ਫੋਲ, ਚਾਰ ਕੁੰਟ ਧਿਆਨ ਲਗਾਈਆ । ਸਚ ਵਸਤ ਨਾ ਕਿਸੇ ਕੋਲ, ਪ੍ਰੀਤੀ ਪ੍ਰੀਤਮ ਨਜ਼ਰ ਕਿਸੇ ਨਾ ਆਈਆ । ਕਾਇਆ ਪਿਛੇ ਕਾਇਆ ਆਏ ਵਿਰੋਲ, ਤਨ ਪਿਛੇ ਤਨ ਭਸਮ ਕਰਾਈਆ । ਅੰਤਮ ਹੋ ਕੇ ਆਏ ਡਾਵਾਂ ਡੋਲ, ਸਿਦਕ ਸਬੂਰੀ ਮਾਤ ਛੁਡਾਈਆ । ਸ੍ਰਿਸ਼ਟ ਸਬਾਈ ਕੋਲ ਰਹਿ ਗਿਆ ਬੋਲ, ਅੱਗੇ ਸਾਡੀ ਹਾਲਤ ਵੇਖਣ ਕੋਇ ਨਾ ਪਾਈਆ । ਲੋਕਮਾਤ ਪ੍ਰਭ ਮਿਲਿਆ ਨਾ ਉਪਰ ਧੌਲ, ਅੱਗੇ ਸੰਗ ਨਾ ਕੋਇ ਰਖਾਈਆ । ਆਸ਼ਕ ਮਾਸ਼ੂਕ ਦੋਵੇਂ ਮਿਲ ਕੇ ਰੋਣ, ਨੇਤਰ ਨੈਣ ਦੇਣ ਦੁਹਾਈਆ । ਵਿਚ ਵਿਛੋੜੇ ਮਿਲੇ ਨਾ ਸੌਣ, ਸੁਹੰਜਣੀ ਸੇਜ ਨਾ ਕੋਇ ਵਡਿਆਈਆ । ਜਗਤ ਦੁੱਖੜਾ ਮੇਟੇ ਕੌਣ, ਅਗਲਾ ਪੰਧ ਕਵਣ ਚੁਕਾਈਆ । ਬ੍ਰਹਿਮੰਡ ਦੇ ਵਿਚੇ ਵਿਚ ਭੌਣ, ਆਰ ਪਾਰ ਕਿਨਾਰਾ ਸਕੇ ਨਾ ਕੋਇ ਵਖਾਈਆ । ਰਲ ਮਿਲ ਢੋਲੇ ਸਾਰੇ ਗੌਣ, ਪੀਰ ਪੈਗ਼ੰਬਰਾਂ ਤੇਰੀ ਓਟ ਤਕਾਈਆ । ਤੈਨੂੰ ਸਜਦਾ ਕਰੀਏ ਕਰ ਕਰ ਲੰਮੀ ਧੌਣ, ਨੇਤਰ ਨੈਣ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਆਸ਼ਕ ਮਾਸ਼ੂਕ ਦੋਵੇਂ ਤੱਕਣ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਸੱਜਣ, ਪਰਵਰਦਿਗਾਰ ਹੋਏ ਸਹਾਈਆ । ਦਰਸ ਦਿਖਾਏ ਮੂਰਤ ਅਕਾਲ ਮਦਨ, ਮੋਹਣੀ ਆਪਣਾ ਰੰਗ ਪਰਗਟਾਈਆ । ਚਰਨ

ਧੂੜ ਕਰਾਏ ਮਜਨ, ਸਰੋਵਰ ਇਕ ਇਸ਼ਨਾਨ ਜਣਾਈਆ । ਕਰ ਕਿਰਪਾ ਲਾਏ ਆਪਣੇ ਅੰਗਣ, ਗੋਦੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪ੍ਰੀਤੀ ਪਿਛੇ ਰਹੇ ਪਛਤਾਈਆ । ਹੀਰ ਕਹੇ ਉਠ ਵੇਖ ਰਾਂਝਾ, ਨੀਵੇਂ ਨੈਣ ਰਹੀ ਸਮਝਾਈਆ । ਪਰਮ ਪੁਰਖ ਪ੍ਰਭ ਏਕੋ ਸਾਂਝਾ, ਪਰਵਰਦਿਗਾਰ ਸਚ ਗੁਸਾਈਆ । ਲੋਕਮਾਤ ਖੇਲੇ ਖੇਲ ਵਰਤਿਆ ਸਵਾਂਗਾ, ਸਵਾਂਗੀ ਆਪਣਾ ਸਵਾਂਗ ਰਚਾਈਆ । ਜਿਸ ਦੇ ਪ੍ਰੇਮ ਨਾਮ ਦੀ ਵੱਡੀ ਕਾਂਗਾ, ਗਹਿਰ ਗੰਭੀਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਾਂਝਾ ਕਹੇ ਸੁਣ ਨੱਢੀ ਹੀਰ, ਮੈਂ ਸਚ ਸਚ ਜਣਾਈਆ । ਇਸ ਨੇ ਲਿਖੀ ਮੇਰੀ ਤਕਦੀਰ, ਹੁਕਮ ਆਪਣੇ ਵਿਚ ਭਵਾਈਆ । ਤੇਰੇ ਪ੍ਰੇਮ ਦੀ ਪਾ ਜੰਜ਼ੀਰ, ਆਪਣੇ ਨਾਲੋਂ ਤੋੜ ਤੁੜਾਈਆ । ਜਾਚਕ ਹੋ ਕੇ ਹੋਇਆ ਦਿਲਗੀਰ, ਦਰ ਤੇਰੇ ਕੂਕ ਸੁਣਾਈਆ । ਦਰਵੇਸ਼ ਹੋ ਬਣਿਆ ਫਕੀਰ, ਅਲਫ਼ੀ ਤਨ ਹੰਢਾਈਆ । ਤੇਰਾ ਜਲਵਾ ਤੱਕਦਾ ਰਿਹਾ ਬੇਨਜ਼ੀਰ, ਤੇਰੀ ਸੂਰਤ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਹੀਰ ਕਹੇ ਸੁਣ ਰਾਂਝਣ ਮੀਤ, ਮੈਂ ਸਚ ਸੰਦੇਸ਼ਾ ਦਿਆਂ ਸੁਣਾਈਆ । ਆਸ਼ਕ ਮਾਸ਼ੂਕ ਬਣ ਕੇ ਇਕ ਦੂਜੇ ਦਾ ਗਾਇਆ ਗੀਤ, ਪਰਵਰਦਿਗਾਰ ਨਾ ਕੋਇ ਧਿਆਈਆ । ਜਿਸ ਦਾ ਕਲਮਾ ਸਦਾ ਅਤੀਤ, ਸ਼ਰਅ ਨਜ਼ਰ ਕਿਸੇ ਨਾ ਆਈਆ । ਜੇ ਉਸ ਦੇ ਬਰਦੇ ਬਣਦੇ ਸਾਨੂੰ ਦਰਗਾਹ ਮਿਲੇ ਧਾਮ ਅਨਡੀਠ, ਘਰ ਸਾਚੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਰਾਂਝਣ ਕਹੇ ਸੁਣ ਹੀਰ ਸਿਆਲ, ਸਾਹਿਬ ਸਤਿ ਹੱਥ ਵਡਿਆਈਆ । ਤੇਰੇ ਪਿਛੇ ਹੋ ਕੰਗਾਲ, ਦਰ ਦਰ ਫੇਰਾ ਪਾਈਆ । ਵੇਖ ਮੇਰਾ ਤਨ ਮਨ ਬੇਹਾਲ, ਹਾਡੀ ਚੰਮ ਖੱਲ ਰੁਲਾਈਆ । ਜਨਮ ਜਨਮ ਦੀ ਘਾਲੀ ਘਾਲ, ਤੇਰੀ ਝੋਲੀ ਪਾਈਆ । ਅੱਗੇ ਪਿਛੇ ਦੋਜ਼ਕ ਬਹਿਸ਼ਤ ਦਰਗਾਹ ਦਿਸੇਂ ਤੂੰ ਦਲਾਲ, ਲਾਸਾਨੀ ਸਾਨੀ ਨਜ਼ਰ ਕੋਇ ਨਾ ਆਈਆ । ਬਿਨ ਛੁਰੀਉਂ ਕਰ ਹਲਾਲ, ਤਿੱਖੀ ਧਾਰ ਕਰਦ ਚਲਾਈਆ । ਆਸ਼ਕ ਇਸ਼ਕ ਮਾਸ਼ੂਕ ਬਹਿਸ਼ਤ, ਦੋਹਾਂ ਮਿਲ ਕੇ ਪ੍ਰੇਮੀ ਇਸ਼ਟ, ਦ੍ਰਿਸ਼ਟ ਦ੍ਰਿਸ਼ਟ ਨਾਲ ਮਿਲਾਈਆ । ਨਾਤਾ ਜੁੜਿਆ ਵਿਚ ਸ੍ਰਿਸ਼ਟ, ਅੱਗੇ ਕੋਈ ਨਾ ਲੱਭੀ ਲਿਖਤ, ਭਵਿਖਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਹੀਰ ਕਹੇ ਮੈਂ ਤੈਨੂੰ ਸਚ ਰਹੀ ਸੁਣਾਉਂਦੀ, ਇਕੋ ਇਕ ਵਡਿਆਈਆ । ਅੰਦਰੇ ਅੰਦਰ ਆਪਣਾ ਪੀਰ ਰਹੀ ਮਨਾਉਂਦੀ, ਜੋ ਪੰਜਾਂ ਪੀਰਾਂ ਦਏ ਵਡਿਆਈਆ । ਤੇਰਾ ਪਿਆਰ ਬਣਾਉਂਦੀ ਰਹੀ ਢਾਹੁੰਦੀ, ਢਾਹ ਬਣਾ ਤੇਰੇ ਨਾਲ ਚਲਾਈਆ । ਵੇਲੇ ਅੰਤ ਆਈ ਪਛਤਾਉਂਦੀ, ਤੇਰਾ ਰੂਪ ਨਜ਼ਰ ਨਾ ਆਈਆ । ਸਾਚੀ ਸੇਜ ਨਾ ਸੋਭਾ ਪਾਉਂਦੀ, ਵੰਜਲੀ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਰਾਂਝਾ ਕਹੇ ਸੁਣ ਹੀਰ ਨੱਢੀ, ਸਚ ਸੱਚ ਦ੍ਰਿੜਾਈਆ । ਤੇਰੇ ਪ੍ਰੇਮ ਦੀ ਧਾਰ ਬੱਧੀ, ਬੱਧੀ ਛੁੱਟੀ ਨਾ ਮੁਸ਼ਕਲ ਇਕੋ ਨਜ਼ਰੀ ਆਈਆ । ਮੈਂ ਖਾਹ ਖਾਹ ਰੋਟੀ ਅੱਧੀ, ਜੰਗਲ ਬੇਲੇ ਤੇਰੀ ਸੇਵ ਕਮਾਈਆ । ਤੂੰ ਪ੍ਰੇਮਣ ਇਕ ਸੱਚੀ, ਸੋਭਾਵੰਤ ਨਜ਼ਰੀ ਆਈਆ । ਮੇਰੀ ਸੁਰਤੀ ਜਿਸ ਨੇ ਬੱਧੀ, ਬੰਦਨਾ ਆਪਣੀ ਇਕ ਜਣਾਈਆ । ਜਗਤ ਪਿਛੋਂ ਮੇਰੀ ਕੰਮ ਕਿਸੇ ਨਾ ਆਈ ਹੱਡੀ, ਨਾੜੀ ਚੰਮੜਾ ਗੋਰ ਬੈਠੀ ਦਬਾਈਆ । ਰੂਹ



੧੨੮ ੧੯

ਨਿਮਾਣੀ ਬਣ ਵੈਰਾਗਣ ਫਿਰੇ ਭੱਜੀ, ਪੰਧ ਮੁਕੇ ਨਾ ਬਿਨ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੀਰ ਕਹੇ ਛੱਡ ਪਿਛਲਾ ਝੇੜਾ, ਆਸ਼ਕ ਮਾਸ਼ੂਕੀ ਮੁਸ਼ਕਲ ਰਾਹ ਵਖਾਈਆ । ਉਠ ਵੇਖ ਰਾਂਝਣ ਪ੍ਰਭ ਦਾ ਖੇੜਾ, ਜਿਸ ਘਰ ਵੱਜੇ ਨਾਮ ਵਧਾਈਆ । ਉਥੇ ਚਲ ਕੇ ਜਾਏ ਜਿਹੜਾ, ਤਿਨ੍ਹਾਂ ਪ੍ਰੀਤ ਇਕ ਸੁਹਾਈਆ । ਜਗਤ ਜਹਾਨ ਨਾ ਦੇਵੇ ਗੇੜਾ, ਅੱਗੇ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰਾਂਝਾ ਕਹੇ ਮੈਂ ਪੁਨੂੰ ਦੇਵਾਂ ਦੱਸ, ਸਚ ਸੰਦੇਸ਼ਾ ਇਕ ਜਣਾਈਆ । ਉਠ ਸੱਜਣ ਮੇਰੇ ਨਾਲ ਨੱਸ, ਭੱਜ ਵਾਹੋ ਦਾਹੀਆ । ਤੂੰ ਵੀ ਆਪਣਾ ਜਾ ਕੇ ਹਾਲ ਦੱਸ, ਕਿਉਂ ਹੋਈ ਅੰਤ ਜੁਦਾਈਆ । ਡਾਚੀ ਵਾਲੇ ਚਰਨੀ ਢੱਠ, ਥਲਾਂ ਪੰਧ ਮੁਕਾਈਆ । ਰਲ ਮਿਲ ਕਰੀਏ ਇਕ ਇਕੱਠ, ਮਹੀਵਾਲ ਦਾ ਲੱਭੀਏ ਸੱਚਾ ਮਾਹੀਆ । ਜਿਸ ਦੀ ਕਿਸੇ ਅੱਗੇ ਹੋ ਨਾ ਪਾਈ ਦੱਸ, ਇਸ਼ਾਰਿਆਂ ਨਾਲ ਸਰਬ ਸਮਝਾਈਆ । ਸੋ ਸੱਚੇ ਆਸ਼ਕਾਂ ਹੋਇਆ ਵਸ, ਬਣ ਮਾਸ਼ੂਕ ਜੋਤ ਅਕਾਲਣ ਰੂਪ ਵਟਾਈਆ । ਸਚ ਪ੍ਰੀਤੀ ਅੰਦਰ ਗਿਆ ਫਸ, ਜਿਸ ਦਾ ਜੰਜ਼ੀਰ ਨਜ਼ਰ ਕਿਸੇ ਨਾ ਆਈਆ । ਗ਼ਮੀ ਵਿਚ ਆ ਕਦੀ ਨਾ ਜਾਵੇ ਨੱਠ, ਪਿਛਾ ਦੇਵੇ ਨਾ ਵਿਚ ਲੋਕਾਈਆ । ਜਦ ਵੇਖੇ ਤੇ ਪਵੇ ਹੱਸ, ਖ਼ੁਸ਼ੀਆਂ ਰੰਗ ਰੰਗਾਈਆ । ਸਾਚਾ ਮਾਰਗ ਰਿਹਾ ਦੱਸ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹੀਰ ਕਹੇ ਮੈਂ ਦੱਸਾਂ ਸੱਸੀ ਭੈਣ, ਸਸੀਅਰ ਕਾਲੇ ਰਹੀ ਵਖਾਈਆ । ਉਠ ਪਿਆਰੀ ਵੇਖ ਨੈਣ, ਨੇਤਰ ਨੈਣ ਖੁਲ੍ਹਾਈਆ । ਜਿਸ ਦੇ ਹੁਕਮੇ ਅੰਦਰ ਥਲਾਂ ਵਿਚ ਪਾਏ ਵੈਣ, ਨੰਗੀ ਪੈਰੀਂ ਪੰਧ ਮੁਕਾਈਆ । ਜਿਸ ਦੇ ਹੁਕਮੇ ਅੰਦਰ ਤਨ ਮਾਟੀ ਖਾ ਗਈ ਲਾੜੀ ਮੌਤ ਡੈਣ, ਚੰਮ ਕੰਮ ਕਿਸੇ ਨਾ ਆਈਆ । ਜਿਸ ਦਾ ਖੇਲ ਨਜ਼ਰ ਨਾ ਆਇਆ ਐਨ, ਗ਼ੈਨ ਗ਼ਮ ਨਾ ਕੋਇ ਵਖਾਈਆ । ਉਸ ਦੁਆਰੇ ਆਸ਼ਕ ਮਾਸ਼ੂਕ ਰਲ ਕੇ ਸਾਰੇ ਬਹਿਣ, ਦੂਜੀ ਵਾਰ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਪੁਨੂੰ ਕਹੇ ਸਚ ਦੱਸ ਗ੍ਰਿਹਿ, ਜਿਸ ਘਰ ਵਸੇ ਬੇਪਰਵਾਹੀਆ । ਆਸ਼ਕ ਮਾਸ਼ੂਕ ਬਣ ਕੇ ਬਹੇ, ਮੁਹੱਬਤ ਇਕੋ ਇਕ ਸਮਝਾਈਆ । ਪ੍ਰੇਮ ਪ੍ਰੀਤੀ ਢੋਲਾ ਕਹੇ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਫੜ ਕੇ ਤਾਰੇ ਡੂੰਘੀ ਨੈਂ, ਥਲ ਸਕੇ ਨਾ ਕੋਇ ਰੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਕਵਣ ਧਾਮ ਵਡਿਆਈਆ । ਸੱਸੀ ਕਹੇ ਸੁਣ ਹੀਰ ਸੁਹੇਲੀ, ਸਚ ਸਈਆ ਦੇ ਸਮਝਾਈਆ । ਵੇਖੀਂ ਆਪ ਨਾ ਜਾਈਂ ਅਕੇਲੀ, ਦੋਏ ਜੋੜ ਵਾਸਤਾ ਪਾਈਆ । ਪ੍ਰਭ ਮਿਲਣ ਨੂੰ ਮੈਂ ਵੀ ਹੋ ਗਈ ਵਿਹਲੀ, ਛੱਡੀ ਪ੍ਰੀਤ ਪਰਾਈਆ । ਪੁਨੂੰ ਨਾਲੋਂ ਪੁਨੂੰ ਮਿਲੇ ਬੇਲੀ, ਬੇਲਿਆਂ ਵਿਚ ਨਾ ਫੇਰ ਰੁਲਾਈਆ । ਮੈਂ ਉਸ ਦੀ ਬਣਾਂ ਚੇਲੀ, ਜਿਹੜਾ ਚੰਮ ਮਾਟੀ ਕਾਇਆ ਖ਼ਾਕ ਆਪਣੀ ਝੋਲੀ ਪਾਈਆ । ਸਦ ਵਸਾਂ ਧਾਮ ਨਵੇਲੀ, ਜਿਸ ਘਰ ਵਸੇ ਮੇਰਾ ਮਾਹੀਆ । ਪੁਨੂੰ ਨਾਲ ਖੇਲ ਖੇਲੀ, ਪੁੰਨੀ ਆਸ ਪਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਮਾਣ ਵਡਿਆਈਆ । ਹੀਰ ਕਹੇ ਰਲ ਮਿਲ ਗਾਵਾਂਗੇ । ਜਾ ਕੇ ਪਿਛਲਾ ਹਾਲ ਸੁਣਾਵਾਂਗੇ । ਅਗਲਾ ਮਾਰਗ ਪੁੱਛ ਪੁਛਾਵਾਂਗੇ । ਪਿਛਲੀ ਭੁੱਲ ਬਖ਼ਸ਼ਾਵਾਂਗੇ । ਵਿਛੜੇ ਸਾਥੀ ਹੋਰ ਨਾਲ ਮਿਲਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕੋ ਦੇਵੇ ਸੱਚਾ ਵਰ, ਚਰਨ ਕਵਲ ਸੀਸ ਝੁਕਾਵਾਂਗੇ । ਪੁੰਨੂੰ ਕਹੇ ਮੈਂ ਦੱਸਾਂ ਸਭ ਨੂੰ, ਆਸ਼ਕ ਸੋਇਆ ਰਹਿਣ ਕੋਇ ਨਾ ਪਾਈਆ । ਫੜ ਉਠਾਵਾਂ ਸੁੱਤਾ ਮਜਨੂੰ, ਮਜਲਸ ਇਕ ਕਰਾਈਆ । ਉਠ ਵੇਖ ਉਸ ਇਲਾਹੀ ਰੱਬ ਨੂੰ, ਜਿਸ ਵਖਤ ਦਿਤਾ ਪਾਈਆ । ਆਸ਼ਕ ਮਾਸ਼ੂਕ ਪਿਆਰਾ ਸਭ ਨੂੰ, ਦੋਹਾਂ ਦਾ ਸਾਂਝਾ ਪੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਸੱਸੀ ਕਹੇ ਮੈਂ ਜਾ ਕੇ ਕਹਿਣਾ, ਸਾਚਾ ਹਾਲ ਜਣਾਈਆ । ਲੈਲਾ ਵੇਖ ਮੇਰੀ ਭੈਣਾਂ, ਭੇਵ ਅਭੇਦ ਖੁਲ੍ਹਾਈਆ । ਸਰਬ ਸੁਆਮੀ ਸਾਚਾ ਸੈਣਾ, ਸਾਕ ਇਕੋ ਨਜ਼ਰੀ ਆਈਆ । ਚਰਨ ਦੁਆਰੇ ਉਸ ਦੇ ਬਹਿਣਾ, ਘਰ ਸਾਚੇ ਵੱਜੇ ਵਧਾਈਆ । ਪਿਛਲਾ ਪਾਵੇ ਝੋਲੀ ਦੇਣਾ, ਅੱਗੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਜਨੂੰ ਕਹੇ ਮੈਂ ਕੀ ਵੇਖਾਂ ਉਹ ਮਲੂਕ, ਜਿਹੜਾ ਨਜ਼ਰ ਕਿਸੇ ਨਾ ਆਈਆ । ਜਿਸ ਮੈਨੂੰ ਮਾਰ ਸਾੜ ਦਿਤਾ ਫੂਕ, ਅਗਨੀ ਤਤ ਜਲਾਈਆ । ਜੇ ਮੇਰੀ ਓਦੋਂ ਸੁਣਦਾ ਕੂਕ, ਹੁੰਦੀ ਨਾ ਅੰਤ ਜੁਦਾਈਆ । ਫੜ ਬਣਾਉਂਦਾ ਆਪਣਾ ਪੂਤ, ਪਿਤਾ ਰੂਪ ਵਖਾਈਆ । ਉਤਰ ਜਾਂਦੀ ਮੇਰੀ ਭੂਖ, ਤ੍ਰਿਸਨਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੇ ਮਾਣ ਵਡਿਆਈਆ । ਲੈਲਾ ਕਹੇ ਕੀ ਵੇਖਾਂ ਲਹਿਰ, ਨੇਤਰ ਨੈਣ ਉਠਾਈਆ । ਪਰਵਰਦਿਗਾਰ ਖੇਲ ਗੰਭੀਰ ਗਹਿਰ, ਸਮਝ ਕੋਇ ਨਾ ਪਾਈਆ । ਵਿਛੋੜੇ ਵਿਚ ਵਰਤਿਆ ਇਕੋ ਕਹਿਰ, ਰੋ ਰੋ ਦਿਆਂ ਦੁਹਾਈਆ । ਜੇ ਕਿਰਪਾ ਕਰ ਕੇ ਕਰਦਾ ਮਿਹਰ, ਆਸ਼ਕ ਮਾਸ਼ੂਕ ਆਪਣੇ ਨਾਲ ਲੈਂਦਾ ਮਿਲਾਈਆ । ਕਿਉਂ ਖੇੜਾ ਉਜੜਦਾ ਸ਼ਹਿਰ, ਸ਼ਹਿਨਸ਼ਾਹ ਧੱਕਾ ਲਾਈਆ । ਕਿਉਂ ਕੋਈ ਅੱਖ ਤੱਕਦਾ ਐਰ ਗੈਰ, ਨੇਤਰ ਨੈਣ ਨੈਣ ਉਠਾਈਆ । ਪ੍ਰੇਮ ਪਿਆਰ ਮੁਹੱਬਤ ਦੀ ਛੇੜਾਂ ਛੇੜ, ਆਪ ਬੈਠੇ ਮੁਖ ਲੁਕਾਈਆ । ਤਤ ਨਾਲ ਤਤ ਕਰਦਾ ਰਹੇ ਭੇੜ, ਸਾਰ ਨਾਲ ਸਾਰ ਨਾ ਕਿਸੇ ਸਮਝਾਈਆ । ਹੁਕਮੇ ਅੰਦਰ ਲੋਕਮਾਤ ਸਾਰੇ ਆਪਣੇ ਚਾਲਿਉਂ ਦਏ ਉਖੇੜ, ਪੈਂਤੜਾ ਰਹਿਣ ਕੋਇ ਨਾ ਪਾਈਆ । ਇਹੋ ਪ੍ਰਭੂ ਦਾ ਹੇਰ ਫੇਰ, ਆਪਣਾ ਭੇਵ ਨਾ ਕਿਸੇ ਸਮਝਾਈਆ । ਮੈਂ ਸੁਣ ਕੇ ਹੋਈ ਸੱਸੀ ਤੈਥੋਂ ਦਲੇਰ, ਪ੍ਰਭ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਆਸ਼ਕ ਮਾਸ਼ੂਕ ਸਾਰੇ ਰਲ, ਵਹੀਰ ਇਕ ਬਣਾਇਆ ਏ । ਜਿਸ ਨੇ ਕਿਰਪਾ ਕੀਤੀ ਵਿਚ ਜਲ, ਸੋ ਥਲ ਵੇਖ ਵਖਾਇਆ ਏ । ਜਿਸ ਨੇ ਜੰਗਲ ਬੇਲੇ ਘੱਲੇ ਝੱਲ, ਸੋ ਆਪਣੀ ਝਲਕ ਜਣਾਇਆ ਏ । ਜਿਸ ਨੇ ਹੱਡ ਮਾਸ ਨਾੜੀ ਸੁਕਾਈ ਖੱਲ੍ਹ, ਸੋ ਖ਼ਾਲਕ ਵੇਖਣ ਆਇਆ ਏ । ਚਲੋ ਦੁਆਰਾ ਲਈਏ ਮੱਲ, ਘਰ ਸਾਚਾ ਵੇਖ ਵਖਾਇਆ ਏ । ਸਾਡੀ ਪ੍ਰੀਤੀ ਦਾ ਕੀ ਕੁਛ ਦੇਵੇ ਫਲ, ਰਾਹ ਤੱਕਦਿਆਂ ਤੱਕਦਿਆਂ ਵੇਲਾ ਵਕਤ ਲੰਘਾਇਆ ਏ । ਜੇ ਕੋਈ ਲੱਗਾ ਬੱਧਾ ਦੇਵੇ ਪਿਛੇ ਨਾ ਆਇਉਂ ਟਲ, ਅੱਗੇ ਹੋ ਹੋ ਸੀਸ ਝੁਕਾਇਆ ਏ । ਉਸ ਦਾ ਖੇਲ ਬੜਾ ਅਛੱਲ, ਵਲ ਛਲ ਆਪਣੀ ਕਾਰ ਕਮਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ ਏ । ਸਾਰੇ ਉਠ ਕੇ ਹੋਏ ਤਿਆਰ, ਆਪਣਾ ਰਾਹ ਤਕਾਈਆ । ਇਸ਼ਕ ਮਜ਼ਾਜੀ ਵਾਜ ਦਿਤੀ ਮਾਰ, ਤਕੜਾ ਹੋ ਕੇ ਅੱਗੋਂ ਸੁਣਾਈਆ । ਇਥੋਂ ਲੰਘੇ ਨਾ ਕੋਇ ਲਲਕਾਰ, ਅੱਗੇ ਕਦਮ ਨਾ ਕੋਇ ਉਠਾਈਆ । ਉਹ ਤੁਹਾਡਾ ਕਾਹਦਾ ਯਾਰ, ਜੋ ਜੰਗਲਾਂ ਵਿਚ ਰੁਲਾਈਆ । ਜਗਤ ਪ੍ਰੀਤੀ

ਪ੍ਰੇਮ ਪਿਆਰ, ਖ਼ੁਸ਼ੀਆਂ ਨਾਲ ਹੰਡਾਈਆ । ਦੂਜੇ ਪਾਸਿਉਂ ਉਠਿਆ ਇਸ਼ਕ ਹਕੀਕੀ ਖ਼ਬਰਦਾਰ, ਸਚ ਖ਼ਬਰ ਰਿਹਾ ਸੁਣਾਈਆ । ਉਹ ਸੂਫੀਆਂ ਨਾਲ ਕਰੇ ਪਿਆਰ, ਦੁਖੀਆਂ ਦਰਦ ਗਵਾਈਆ । ਉਸ ਦੀ ਲੰਘੇ ਦਰਗਾਹ ਜਾ ਸਚ ਦਰਬਾਰ, ਘਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਇਸ਼ਕ ਕਹੇ ਮਜ਼ਾਜ਼ੀ ਵੇਖੋ ਮੇਰਾ ਮਜ਼ਾ, ਮਜਲਸ ਮੇਰੇ ਨਾਲ ਕਰਾਈਆ । ਸਚ ਪੁਛੋ ਅੱਗੇ ਕੋਈ ਨਾ ਦੇਵੇ ਸਜਾ, ਏਥੇ ਰੰਗ ਰਲੀਆਂ ਮਾਣੋ ਚਾਈਂ ਚਾਈਂਆ । ਇਸ਼ਕ ਹਕੀਕੀ ਕਹੇ ਦੋ ਜਹਾਨ ਉਸ ਦੇ ਹੁਕਮੇ ਅੰਦਰ ਬੱਧਾ, ਸਕੇ ਨਾ ਕੋਇ ਛੁਡਾਈਆ । ਸਚ ਦਰਬਾਰ ਇਕੋ ਸਜਾ, ਜਿਸ ਘਰ ਵਸੇ ਨੂਰ ਅਲਾਹੀਆ । ਵੇਖੋ ਮੈਂ ਵੀ ਉਠ ਕੇ ਤੁਹਾਡੇ ਨਾਲ ਭੱਜਾ, ਅੱਗੇ ਹੋ ਕੇ ਜਾਵਾਂ ਚਾਈਂ ਚਾਈਂਆ । ਮੂੰਹ ਦੇ ਭਾਰ ਜਾ ਕੇ ਡਿੱਗਾ, ਮਸਤਕ ਟਿੱਕਾ ਚਰਨ ਧੂੜ ਲਗਾਈਆ । ਜੋ ਉਸ ਦੁਆਰੇ ਹੋਵੇ ਨਿੱਕਾ, ਨਿੱਕਿਉਂ ਵੱਡਾ ਦਏ ਕਰਾਈਆ । ਜੇ ਤੁਹਾਡਾ ਪ੍ਰੇਮ ਪਿਆਰ ਹੋ ਗਿਆ ਫਿਕਾ, ਰਸ ਅੰਮ੍ਰਿਤ ਦਏ ਭਰਾਈਆ । ਹੀਰ ਰਾਂਝੇ ਸੱਸੀ ਪੁਨੂੰ ਲੇਲਾ ਮਜਨੂੰ ਜੇ ਵੇਖੋ ਤੁਹਾਡਿਆਂ ਸਾਰਿਆਂ ਦਾ ਇਕੋ ਪਿਤਾ, ਪੁਰਖ ਅਕਾਲ ਨਜ਼ਰੀ ਆਈਆ । ਜਿਸ ਬਿਨ ਦਰਗਾਹ ਸਾਚੀ ਅੱਜ ਤੱਕ ਘਰ ਕਿਸੇ ਨਾ ਡਿਠਾ, ਸਾਰੇ ਰੋ ਰੋ ਮਾਰੋ ਧਾਈਆ । ਏਸੇ ਕਰ ਕੇ ਮਰਦਿਆਂ ਮਰਦਿਆਂ ਸਭ ਨੂੰ ਸ਼ਬਦ ਸਰੂਪੀ ਦੇ ਕੇ ਗਿਆ ਚਿੱਠਾ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਤੁਹਾਡੇ ਨਾਮ ਦਾ ਚਲੇ ਕਿਸਾ, ਜਗਤ ਕਹਾਣੀ ਕਹਿ ਸੁਣਾਈਆ । ਕਲਜੁਗ ਅੰਤਮ ਆਪ ਆ ਕੇ ਤੁਹਾਡਾ ਕੱਢੇ ਸਿੱਟਾ, ਚੋਟੀ ਗੋਦੀ ਵੇਖ ਵਖਾਈਆ । ਉਨਾਂ ਚਿਰ ਲੇਖਾ ਰਹੇ ਚਿੱਟਾ, ਚਿੱਟੇ ਉਤੇ ਕਾਲਾ ਲੇਖ ਲਿਖ ਕੇ ਪਿਛਲਾ ਲੇਖ ਨਾ ਕੋਇ ਮੁਕਾਈਆ । ਜਿਸ ਨੇ ਆਸ਼ਕ ਮਾਸ਼ੂਕ ਪਿਆਰ ਦਿਤਾ, ਸੋ ਪਿਆਰ ਵਿਚੋਂ ਆਪਣਾ ਪਿਆਰ ਲਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਪੂਰ ਕਰਾਈਆ । ਪੁਰਖ ਅਕਾਲ ਲੱਗਾ ਦਰਬਾਰ, ਸਚ ਦੁਆਰਾ ਸੋਭਾ ਪਾਇੰਦਾ । ਭਗਤ ਸੁਹੇਲੇ ਸੱਜਣ ਯਾਰ, ਗੁਰਮੁਖ ਗੁਰ ਗੁਰ ਕੋਲ ਬਹਾਇੰਦਾ । ਆਸ਼ਕ ਮਾਸ਼ੂਕ ਰਲ ਮਿਲ ਕਰਨ ਪਿਆਰ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਪਿਛੋਂ ਆ ਕੇ ਫ਼ਰਹਾਦ ਪੁਕਾਰ, ਨਾਅਰਾ ਇਕੋ ਇਕ ਸੁਣਾਇੰਦਾ । ਸਚ ਸੰਦੇਸ਼ਾ ਦੇਵਾਂ ਸਾਂਝੇ ਯਾਰ, ਸਚ ਕਹਾਣੀ ਆਖ ਸੁਣਾਇੰਦਾ । ਕੀ ਹੋਇਆ ਜੇ ਰਾਂਝਾ ਹੀਰ ਪਿਛੇ ਮੱਝੀ ਆਇਆ ਚਾਰ, ਜੰਗਲ ਬੇਲੇ ਆਪਣੀ ਕਾਰ ਕਮਾਇੰਦਾ । ਕੀ ਹੋਇਆ ਜੇ ਸੋਹਣੀ ਡੁੱਬੀ ਜਲਧਾਰ, ਮਹੀਵਾਲ ਆਪਣਾ ਅੰਗ ਕਟਾਇੰਦਾ । ਕੀ ਹੋਇਆ ਪੁਨੂੰ ਪਿਛੇ ਸਸੀ ਹੋਈ ਖ਼ਵਾਰ, ਡਾਚੀ ਵਾਲਾ ਬੇਮੁਹਾਰਾ ਨਜ਼ਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਮੇਰੇ ਵਲ ਕਰ ਖਿਆਲ, ਮੈਂ ਆਪਣੀ ਬੀਤੀ ਆਪ ਜਣਾਇੰਦਾ । ਨੇਤਰ ਵੇਖ ਮੈਂ ਕੱਟ ਦਿਤੇ ਪਹਾੜ, ਨਾਲ ਪੱਥਰਾਂ ਟੱਕਰ ਲਗਾਇੰਦਾ । ਜੇ ਓਸ ਵੇਲੇ ਮੇਰਾ ਅੰਦਰੋਂ ਪੱਥਰ ਦੇਂਦੋਂ ਪਾੜ, ਨਾਤਾ ਤੇਰੇ ਨਾਲ ਜੁੜਾਇੰਦਾ । ਤੇਰੇ ਪਿਛੇ ਸ਼ੀਰੀ ਲੱਭਦਾ ਮੇਰਾ ਯਾਰ, ਕਵਣ ਦੁਆਰੇ ਸੋਭਾ ਪਾਇੰਦਾ । ਲੋਕਮਾਤ ਨਾ ਹੁੰਦਾ ਖ਼ਵਾਰ, ਠੋਕਰ ਜਗਤ ਨਾ ਕੋਇ ਲਗਾਇੰਦਾ । ਏਸੇ ਕਰ ਕੇ ਮੈਂ ਪਿਛੋਂ ਆਇਆ ਤੇਰੇ ਦਵਾਰ, ਇਕ ਇਕੱਲਾ ਫੇਰਾ ਪਾਇੰਦਾ । ਨਾਲ ਸ਼ੀਰੀ ਨੇਤਰ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਆਸ਼ਕਾਂ ਮਾਸ਼ੂਕਾਂ ਮੈਂ ਸਭਨਾਂ ਦੱਸਾਂ ਕੂਕ ਪੁਕਾਰ, ਸਾਚਾ ਸੋਹਲਾ ਇਕ ਸੁਣਾਇੰਦਾ । ਰਲ ਮਿਲ ਸਾਰੇ ਮੰਗੋ ਘਰ ਸੱਚੇ ਦੁਆਰ, ਦਰ ਦਰਵਾਜਾ ਇਕੋ

ਨਜ਼ਰੀ ਆਇੰਦਾ । ਜਿਸ ਪ੍ਰੇਮ ਪ੍ਰੀਤੀ ਅੰਦਰ ਜਗਤ ਰੁਲੇ ਸੰਸਾਰ, ਸੋ ਲੇਖਾ ਤੇਰੀ ਝੋਲੀ ਪਾਇੰਦਾ । ਕਰ ਕਿਰਪਾ ਠਾਕਰ ਆਪਣਾ ਦੇ ਦੀਦਾਰ, ਦਰਸ ਤੇਰਾ ਇਕੋ ਸੋਭਾ ਪਾਇੰਦਾ । ਕਿਰਪਾ ਕਰੇ ਪਰਵਰਦਿਗਾਰ, ਮਿਹਰ ਨਜ਼ਰ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਆਸ਼ਕ ਮਾਸ਼ੂਕ ਸਾਰੇ ਬੋਲਣ, ਕੂਕ ਕੂਕ ਸੁਣਾਈਆ । ਫ਼ਰਹਾਦ ਸੁਣ ਫ਼ਰਿਆਦ ਪ੍ਰਭ ਤੋਲੇ ਆਪਣੇ ਤੋਲਣ, ਤਰਾਜ਼ੂ ਆਪਣਾ ਨਾਮ ਉਠਾਈਆ । ਪ੍ਰੇਮ ਪਿਆਰੇ ਕਦੀ ਨਾ ਡੋਲਣ, ਅਡੋਲ ਅਡੁਲ ਰਖਾਈਆ । ਅਸੀਂ ਸਿਖਿਆ ਪਿਆਰ ਪੰਜ ਤਤ ਉਤੋਂ ਪੰਜ ਤਤ ਘੋਲੀ ਘੋਲ ਘੋਲਣ, ਨਿਰਗੁਣ ਨੂਰ ਨਜ਼ਰ ਕਿਸੇ ਨਾ ਆਈਆ । ਜੇ ਮਾਸ਼ੂਕ ਬਣੇ ਵਿਚ ਵਿਚੋਲਣ, ਆਸ਼ਕ ਲੇਖਾ ਦਏ ਮੁਕਾਈਆ । ਓਨ੍ਹਾਂ ਦਾ ਨਜ਼ਰੀ ਆਏ ਇਕੋ ਓਢਣ, ਬਸਤਰ ਸੇਜਾ ਇਕੋ ਇਕ ਸੁਹਾਈਆ । ਓਥੇ ਦਿਸੇ ਵਿਛੋੜਾ ਬੀਮਾਰੀ ਨਾ ਕੋਈ ਰੋਗਣ, ਸੋਗ ਚਿੰਤਾ ਗ਼ਮ ਨਾ ਕੋਇ ਪਰਗਟਾਈਆ । ਪ੍ਰੇਮ ਪ੍ਰੀਤੀ ਭੋਗ ਭੋਗਣ, ਦੂਜੀ ਧਾਰ ਨਾ ਕੋਇ ਵਖਾਈਆ । ਆਦਿ ਜੁਗਾਦਿ ਰਹਿਣ ਸੰਜੋਗਣ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੇਵੇ ਮਾਣ ਵਡਿਆਈਆ । ਫ਼ਰਹਾਦ ਕਹੇ ਸਾਰੇ ਜੋੜੇ ਹੱਥ, ਨੇਤਰ ਨੈਣਾਂ ਧਿਆਨ ਲਗਾਈਆ । ਉਚੀ ਕੂਕ ਕਹੋ ਪੁਰਖ ਸਮਰਥ, ਤੇਰੇ ਹੱਥ ਵਡਿਆਈਆ । ਜੇ ਰਾਂਝਣ ਹੀਰ ਮਿਲਾਈ ਅੱਖ, ਪੁੰਨੂੰ ਸਸੀ ਗੰਢ ਪਵਾਈਆ । ਜੇ ਸੋਹਣੀ ਮਹੀਵਾਲ ਕੀਤਾ ਇਕੱਠ, ਫ਼ਰਹਾਦ ਸ਼ੀਰੀ ਦਿਤੇ ਦਰ ਭਵਾਈਆ । ਬਿਨ ਤੇਰੇ ਕੋਈ ਨਾ ਨਿਭਿਆ ਸਾਥ, ਸੰਗ ਨਜ਼ਰ ਕੋਇ ਨਾ ਆਈਆ । ਵੇਖ ਸਾਡੇ ਸਭ ਦੇ ਖ਼ਾਲੀ ਹੱਥ, ਮਹਿੰਦੀ ਰੰਗ ਨਾ ਕੋਇ ਰੰਗਾਈਆ ।

੧੩੨

ਕਾਇਆ ਮਾਟੀ ਤਨ ਤਤ ਪਿਆਰ ਲੋਕਮਾਤ ਗਏ ਛੱਡ, ਅੱਗੇ ਦੁਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਤੇਰੇ ਘਰ ਮਿਲੇ ਵਡਿਆਈਆ । ਆਸ਼ਕ ਮਾਸ਼ੂਕ ਰਲ ਰਲ ਝੁਕਦੇ, ਨਿਉਂ ਨਿਉਂ ਸੀਸ ਝੁਕਾਈਆ । ਬਿਨ ਤੇਰੇ ਪੈਂਡੇ ਕਿਤੇ ਨਾ ਮੁਕਦੇ, ਫਿਰ ਫਿਰ ਥੱਕੇ ਪਾਂਧੀ ਰਾਹੀਆ । ਕੋਟਨ ਕੋਟ ਮਜਨੂੰ ਸੁਕਦੇ, ਸੁਕਿਆਂ ਤੇਰੀ ਸਾਰ ਕੋਇ ਨਾ ਪਾਈਆ । ਕੋਟਨ ਕੋਟ ਸੋਹਣੀ ਮਹੀਵਾਲ ਡੁੱਬਦੇ, ਜਲਧਾਰਾ ਵਹਿੰਦੀ ਧਾਰ ਵਹਾਈਆ । ਕੋਟਨ ਕੋਟ ਸੱਸੀ ਪੁਨੂੰ ਥਲਾਂ ਵਿਚ ਰਾਹ ਪੁਛਦੇ, ਭੱਜਣ ਵਾਹੋ ਦਾਹੀਆ । ਕੋਟਨ ਕੋਟ ਸ਼ੀਰੀਂ ਫ਼ਰਹਾਦ ਪਹਾੜਾਂ ਪੁਟਦੇ, ਦਿਵਸ ਰੈਣ ਕਾਰ ਕਮਾਈਆ । ਕੋਟਨ ਕੋਟ ਆਸ਼ਕ ਮਾਸ਼ੂਕ ਜਗਤ ਖ਼ਵਾਰੀ ਰੁਲਦੇ, ਸੀਸ ਹੱਥ ਨਾ ਕੋਇ ਟਿਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਪ੍ਰੀਤੀ ਕਰਦੇ ਜਨ ਭਗਤ ਸਚ ਦੁਆਰਾ ਤੇਰਾ ਪੁਛਦੇ, ਦੂਜੇ ਦਰ ਕੋਈ ਨਾ ਜਾਈਆ । ਓਨ੍ਹਾਂ ਪੈਂਡੇ ਆਪੇ ਮੁਕਦੇ, ਮੰਜ਼ਲ ਤੇਰਾ ਦਵਾਰਾ ਨਜ਼ਰੀ ਆਈਆ । ਸੋਵਤ ਜਾਗਤ ਬਹਿੰਦੇ ਉਠਦੇ, ਸਦ ਖ਼ੁਸ਼ੀਆਂ ਮੰਗਲ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਆਸ਼ਕ ਕਹਿਣ ਪ੍ਰਭ ਵੇਖ ਹਾਲ, ਹਾਲਤ ਸਾਰੇ ਰਹੇ ਜਣਾਈਆ । ਭਗਤਾਂ ਪਿਛੇ ਹੋ ਦਿਆਲ, ਨਿਰਗੁਣ ਸਰਗੁਣ ਰੂਪ ਵਟਾਈਆ । ਸਾਡੇ ਉਤੇ ਤਰਸ ਨਾ ਕੀਤਾ ਆਣ, ਫੜ ਬਾਹੋਂ ਨਾ ਗਲੇ ਲਗਾਈਆ । ਬੇਸ਼ਕ ਸ੍ਰਿਸ਼ਟੀ ਸਾਡਾ ਗੌਂਦੀ ਗਾਨ, ਰਸਨਾ ਜਿਹਵਾ ਰਾਗ ਅਲਾਈਆ । ਜਲਧਾਰਾ ਰੁੜ੍ਹ ਗਏ ਵਿਚ ਤੂਫਾਨ, ਤੇਰਾ ਸਦਕਾ ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਅੰਦਰ ਜਗਤ ਵਾਸਨਾ ਸਾਬਤ ਰੱਖ ਕੇ ਗਏ ਈਮਾਨ, ਨਾਰ ਕੰਤ ਰੂਪ ਨਾ

ਕੋਇ ਵਟਾਈਆ । ਪ੍ਰੇਮ ਪ੍ਰੀਤੀ ਅੰਦਰ ਬਣੇ ਰਹੇ ਮਹਿਮਾਨ, ਮੁਹੱਬਤ ਮੁਹੱਬਤ ਨਾਲ ਜੁੜਾਈਆ । ਕਾਮ ਸ਼ਰਅ ਨਾ ਕੋਇ ਸ਼ੈਤਾਨ, ਸ਼ਰੀਅਤ ਰੂਪ ਨਾ ਕੋਇ ਵਖਾਈਆ । ਇਕ ਦੂਜੇ ਦਾ ਇਸ਼ਟ ਮੰਨਦੇ ਰਹੇ ਭਗਵਾਨ, ਦ੍ਰਿਸ਼ਟ ਆਪਣੀ ਨਾਲ ਮਿਲਾਈਆ । ਦੋਜ਼ਖ਼ ਬਹਿਸ਼ਤ ਵੇਂਹਦੇ ਰਹੇ ਵਿਚ ਜਹਾਨ, ਮੇਲ ਵਿਛੋੜਾ ਦੋਵੇਂ ਰੂਪ ਵਖਾਈਆ । ਅੰਤਮ ਮੰਗਦੇ ਗਏ ਦਾਨ, ਸਗਲਾ ਸੰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਆਸ਼ਕ ਮਾਸ਼ੂਕ ਮਿਲ ਮਿਲ ਕਹਿੰਦੇ, ਕਹਿ ਕਹਿ ਰਹੇ ਜਣਾਈਆ । ਰੂਹ ਬੁੱਤ ਇਕੱਠੇ ਬਹਿੰਦੇ, ਘਰ ਇਕੋ ਡੇਰਾ ਲਾਈਆ । ਇਕ ਦੂਜੇ ਦਾ ਭਾਰ ਸਹਿੰਦੇ, ਭੇਵ ਸਕੇ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਗਹਿਰ ਗੰਭੀਰ ਤੇਰੀ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣੋ ਸਾਚਾ ਇਸ਼ਕ, ਸਾਹਿਬ ਸਤਿਗੁਰ ਦਏ ਜਣਾਈਆ । ਜਿਨ੍ਹਾਂ ਮਸਤਕ ਲਾਏ ਆਪ ਤਿਲਕ, ਤਿਲਕਣਬਾਜੀ ਵਿਚੋਂ ਬਾਹਰ ਕਢਾਈਆ । ਸੋ ਭਗਤ ਸਵਰਗ ਧੱਕਾ ਲਾਵਣ ਬਹਿਸ਼ਤ, ਹੂਰ ਬਹਿਸ਼ਤੀ ਠੋਕਰ ਨਾਲ ਠੁਕਰਾਈਆ । ਪਰਮ ਪੁਰਖ ਦਾ ਇਕੋ ਇਸ਼ਟ, ਸ੍ਰੀ ਭਗਵਾਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸੁਣ ਕੇ ਬਾਤ ਆਇਆ ਇਸ਼ਕ ਮਿਜ਼ਾਜ਼ੀ, ਹੋਕਾ ਦੇ ਕੇ ਰਿਹਾ ਸੁਣਾਈਆ । ਮੈਂ ਵੀ ਵੱਡਾ ਮੁਲਾਂ ਕਾਜ਼ੀ, ਸ਼ਰਅ ਰੀਤ ਬਣਾਈਆ । ਮੈਂ ਵੀ ਬਰਦਾ ਦਰ ਨਿਮਾਜ਼ੀ, ਬੈਠਾ ਸੀਸ ਝੁਕਾਈਆ । ਮੈਂ ਵੀ ਪਾਂਧੀ ਸੱਚਾ ਹਾਜੀ, ਹਜ਼ਰਤ ਤੇਰਾ ਦਰਸ਼ਨ ਪਾਈਆ । ਕਿਉਂ ਪ੍ਰੇਮ ਪ੍ਰੀਤੀ ਜਗਤ ਸਾਜੀ, ਸਾਜਨਾ ਆਪਣੀ ਨਾਲ ਉਪਾਈਆ । ਇਸ ਦੇ ਵਿਚ ਕਿਉਂ ਰਾਜ਼ ਰੱਖਿਆ ਬਦਮਾਸ਼ੀ, ਮਹਿਸ਼ੇ ਹਸ਼ਰ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਇਹ ਖੇਲ ਦਿਸੇ ਸਾਰਾ ਫ਼ਾਸ਼ੀ, ਫ਼ਰਿਸ਼ਤੇ ਕੂਕਣ ਕੂਕ ਕੂਕ ਰਹੇ ਸੁਣਾਈਆ । ਬਿਨ ਤੇਰੀ ਕਿਰਪਾ ਥੱਲੇ ਥੱਲੇ ਤੈਥੋਂ ਸਾਰੇ ਹੋ ਜਾਣ ਬਾਗੀ, ਮੁਹੱਬਤ ਪੰਜ ਤਤ ਰਖਾਈਆ । ਕਵਣ ਜਾਣੇ ਕਿਥੇ ਵਸਦੀ ਤੇਰੀ ਅਬਾਦੀ, ਕਵਣ ਦਵਾਰਾ ਸੋਭਾ ਪਾਈਆ । ਕਵਣ ਵਖਾਣੇ ਕਿਸ ਦਰਗਾਹ ਤੇਰੀ ਹੁੰਦੀ ਸ਼ਾਦੀ, ਸ਼ਾਦਿਆਨਾ ਵੱਜੇ ਚਾਈਂ ਚਾਈਂਆ । ਸ੍ਰਿਸ਼ਟੀ ਫਸ ਗਈ ਵਿਚ ਇਸ਼ਕ ਮਿਜ਼ਾਜ਼ੀ, ਤਨ ਰਬਾਬੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਬਲ ਧਾਰ ਇਸ਼ਕ ਹਕੀਕੀ, ਹੋਕਾ ਦੇ ਸੁਣਾਈਆ । ਪ੍ਰਭ ਦਾ ਹਾਲ ਸਦਾ ਤਾਰੀਖੀ, ਤਹਿਰੀਰੀ ਦਏ ਵਡਿਆਈਆ । ਜਿਨ੍ਹਾਂ ਬਣੇ ਆਪ ਨਜ਼ਦੀਕੀ, ਦੂਰ ਦੁਰਾਡਾ ਪੰਧ ਮੁਕਾਈਆ । ਪਰਵਰਦਿਗਾਰ ਬਣ ਰਫ਼ੀਕੀ, ਰਫ਼ਾਕਤ ਆਪਣੇ ਨਾਲ ਰਖਾਈਆ । ਪਿਛਲੀ ਦੱਸਾਂ ਕੀ ਕਹਾਣੀ ਬੀਤੀ, ਆਸ਼ਕ ਮਾਸ਼ੂਕ ਦੋਵੇਂ ਦਿਤੇ ਰੁਲਾਈਆ । ਅਗਲੀ ਖੇਲ ਵੇਖ ਅਨਡਿਠੀ, ਨਿਰਗੁਣ ਨਿਰਵੈਰ ਰਿਹਾ ਕਰਾਈਆ । ਜਨ ਭਗਤਾਂ ਨਾਲ ਲਗਾ ਆਪਣੀ ਪ੍ਰੀਤੀ, ਮੁਹੱਬਤ ਇਕੋ ਇਕ ਸਮਝਾਈਆ । ਕਾਇਆ ਕਰ ਕੇ ਠਾਂਡੀ ਸੀਤੀ, ਅਗਨੀ ਤਤ ਰਿਹਾ ਗਵਾਈਆ । ਨਾਤਾ ਤੋੜ ਮੰਦਰ ਮਸੀਤੀ, ਮੁਸ਼ਕਲ ਸਾਚੀ ਹੱਲ ਕਰਾਈਆ । ਸੋਹਣੀ ਲਾ ਇਕ ਬਗ਼ੀਚੀ, ਪਤ ਡਾਲੀ ਰਿਹਾ ਮਹਿਕਾਈਆ । ਜਨ ਭਗਤਾਂ ਪ੍ਰੇਮ ਪਿਆਰ ਦੀ ਮਦਿ ਇਕੋ ਵਾਰ ਪੀਤੀ, ਨਸ਼ਾ ਉਤਰ ਕਦੇ ਨਾ ਜਾਈਆ । ਓਥੇ ਨਾ ਇਸ਼ਕ ਮਜ਼ਾਜ਼ੀ ਨਾ ਹਕੀਕੀ, ਹੱਕ ਸਭ ਦਾ ਝੋਲੀ ਪਾਈਆ । ਇਹੋ ਖੇਲ ਵਡ ਪੁਰਖ ਤੌਫੀਕੀ, ਤੌਫੀਕ ਇਕੋ ਨਜ਼ਰੀ ਆਈਆ । ਨੌਜਵਾਨ ਨਾ ਜ਼ਈਫ਼ੀ, ਬਿਰਧ ਬਾਲ ਨਾ ਰੂਪ ਵਟਾਈਆ ।


੧੩੩
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਸ਼ਕ ਮਾਸ਼ੂਕ ਬੋਲਣ ਛੰਦ, ਉਚੀ ਕੂਕ ਕੂਕ ਸੁਣਾਈਆ । ਮਜ਼ਾਜ਼ੀ ਹਕੀਕੀ ਤੁਹਾਡੀ ਵੇਖੀ ਹੱਦ, ਹੱਦ ਹਦੂਦ ਫੇਰਾ ਪਾਈਆ । ਨਾਤਾ ਜੋੜ ਪਿਛੇ ਜਾਓ ਛੱਡ, ਅੱਗੇ ਰਾਹ ਨਾ ਕੋਇ ਵਖਾਈਆ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਥ, ਫੜ ਬਾਹੋਂ ਪਾਰ ਨਾ ਕੋਇ ਕਰਾਈਆ । ਨੇਤਰ ਲੋਚਣ ਰੋਵਣ ਅੱਥ, ਅੱਖ ਨੈਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾਤਾ ਵਡ ਵਡਿਆਈਆ । ਆਸ਼ਕ ਮਾਸ਼ੂਕ ਕਹਿਣ ਪ੍ਰਭ ਆਏ ਤੇਰੇ ਦਵਾਰੇ, ਦਰ ਇਕੋ ਨਜ਼ਰੀ ਆਈਆ । ਜਗਤ ਜਹਾਨ ਵੇਖੇ ਲਾਰੇ, ਕੂੜੀ ਕਿਰਿਆ ਪੜਦਾ ਲਾਹੀਆ । ਅਸੀਂ ਨਾ ਵਿਆਹੇ ਨਾ ਕਵਾਰੇ, ਤੇਰੇ ਹੁਕਮ ਸਹਾਰੇ ਵਕਤ ਲੰਘਾਈਆ । ਇਕ ਦੂਜੇ ਨੂੰ ਪ੍ਰੇਮ ਕਰਦੇ ਰਹੇ ਨਾਲ ਇਸ਼ਾਰੇ, ਐਸ਼ੋ ਇਸ਼ਰਤ ਨੇੜ ਕੋਇ ਨਾ ਆਈਆ । ਤੈਥੋਂ ਡਰਦੇ ਡਰਦੇ ਸੇਜੇ ਚੜ੍ਹੇ ਨਾ ਬਣ ਕੇ ਲਾੜੇ, ਲਾੜੀ ਰੂਪ ਨਾ ਕੋਇ ਵਖਾਈਆ । ਤੁਧ ਬਿਨ ਫੜ ਕੇ ਬਾਹੋਂ ਨਾ ਕੋਈ ਉਤਾਰੇ ਉਤੋਂ ਖਾਰੇ, ਗਾਨਾਂ ਸਗਨ ਨਾ ਕੋਇ ਬੰਧਾਈਆ । ਸਿਰ ਉਤੋਂ ਮਾਤਾ ਪਾਣੀ ਕੋਈ ਨਾ ਵਾਰੇ, ਗੀਤ ਸੋਹਲਾ ਰਾਗ ਨਾ ਕੋਇ ਸੁਣਾਈਆ । ਤੱਕਦਿਆਂ ਤੱਕਦਿਆਂ ਵੇਂਹਦਿਆਂ ਵੇਂਹਦਿਆਂ ਸਾਡੇ ਆ ਗਏ ਉਹ ਦਿਹਾੜੇ, ਜਿਨ੍ਹਾਂ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਣੀ ਮਾਣ ਵਡਿਆਈਆ । ਆਸ਼ਕ ਮਾਸ਼ੂਕ ਦੋਵੇਂ ਅੱਗੇ ਕਰਨ ਹੱਥ, ਖ਼ਾਲੀ ਝੋਲੀ ਰਹੇ ਵਖਾਈਆ । ਚਰਨ ਕਵਲ ਗਏ ਢੱਠ, ਧੂੜੀ ਟਿੱਕਾ ਮਸਤਕ ਲਾਈਆ । ਪਿਆਰ ਅੰਦਰ ਬੈਠੇ ਰਹੇ ਕਰ ਕੇ ਹਠ, ਧੀਰਜ ਧੀਰ ਤੇਰਾ ਨਾਮ ਰਖਾਈਆ । ਸਤਿ ਸੰਤੋਖੀ ਰੱਖਿਆ ਜਤ, ਕੂੜੀ ਕਰੀ ਨਾ ਕੋਇ ਕਮਾਈਆ । ਵਾਸਨਾ ਅੰਦਰ ਨਾ ਉਬਲੀ ਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਤੁਧ ਬਿਨ ਘਰ ਨਜ਼ਰ ਕੋਇ ਨਾ ਆਈਆ । ਆਸ਼ਕ ਮਾਸ਼ੂਕ ਕਹਿਣ ਪ੍ਰਭ ਬਿਨ ਤੇਰੇ ਝੇੜੇ, ਝਗੜਾ ਸਕੇ ਨਾ ਕੋਇ ਮੁਕਾਈਆ । ਸਭ ਨੇ ਛੱਡੇ ਆਪਣੇ ਖੇੜੇ, ਅੱਗੇ ਖੇੜਾ ਨਾ ਕੋਇ ਵਖਾਈਆ । ਅੱਧ ਵਿਚਕਾਰ ਦੇਂਦੇ ਰਹੇ ਗੇੜੇ, ਵਾਸਨਾ ਰੂਪੀ ਪੰਖ ਉਡਾਰੀ ਲਾਈਆ । ਕਵਣ ਵੇਲਾ ਪ੍ਰਭ ਕਰੇ ਆਪਣੀ ਮਿਹਰੇ, ਮਿਹਰਵਾਨ ਹੋਏ ਸਹਾਈਆ । ਸੋ ਪੁਰਖ ਅਕਾਲ ਦੀਨ ਦਿਆਲ ਸਾਡੇ ਪੈਂਡੇ ਆ ਗਏ ਨੇੜੇ, ਦਰ ਮੁਕਿਆ ਪਾਂਧੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸਰਨਾਈਆ । ਆਸ਼ਕ ਮਾਸ਼ੂਕ ਮਾਰਨ ਹਾ, ਹੌਕਾ ਲੈ ਕੇ ਦੇਣ ਜਣਾਈਆ । ਵੇਖੇ ਜਲ ਥਲ ਅਸਗਾਹ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਸਾਚਾ ਮਿਲਿਆ ਨਾ ਕੋਇ ਮਲਾਹ, ਬੇੜਾ ਪਾਰ ਨਾ ਕੋਇ ਤਰਾਈਆ । ਅਸੀਂ ਸਮਝ ਨਾ ਸਕੇ ਆਪਣਾ ਕੋਈ ਗੁਨਾਹ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਤੁਧ ਬਿਨ ਮਦਦ ਕਰੇ ਨਾ ਕੋਈ ਖ਼ੁਦਾ, ਖ਼ਾਲੀ ਦਿਸੇ ਸਰਬ ਲੋਕਾਈਆ । ਤੇਰੀ ਫ਼ਿਤਰਤ ਅੰਦਰ ਹੋਏ ਫ਼ਿਦਾ, ਫ਼ੈਸਲਾ ਤੇਰੇ ਹੱਥ ਫੜਾਈਆ । ਸਾਡਾ ਨਾਤਾ ਲੈ ਜੁੜਾ, ਪ੍ਰੀਤੀ ਆਪਣੇ ਨਾਲ ਕਰਾਈਆ । ਬਿਨ ਤੇਰੇ ਆਸ਼ਕ ਮਾਸ਼ੂਕ ਦੋਹਾਂ ਦਾ ਕੋਈ ਨਾ ਕਰੇ ਨਕਾਹ, ਪੜਦਾ ਨਕਾਬ ਕੋਈ ਸਕੇ ਨਾ ਮੁਖ ਉਠਾਈਆ । ਮਿਹਰਵਾਨ ਕਰ ਕਿਰਪਾ ਸਾਚਾ ਪੱਲੂ ਦੇ ਫੜਾ, ਫੜਿਆ ਪੱਲੂ ਛੁੱਟ ਕਦੇ ਨਾ ਜਾਈਆ । ਤੇਰੇ ਦਵਾਰੇ ਹੋਵੇ ਇਕ ਵਿਵਾਹ, ਸਦਾ ਵੱਜਦੀ ਰਹੇ ਵਧਾਈਆ । ਹੁਣ ਤੱਕ ਬੇਘਰੇ ਫਿਰਦੇ ਰਹੇ ਬੇਗੁਨਾਹ, ਦਰਵਾਜ਼ਾ

ਨਜ਼ਰ ਕੋਇ ਨਾ ਆਈਆ । ਧੰਨ ਭਾਗ ਤੂੰ ਮਿਲਿਆ ਆ, ਭਗਤਾਂ ਪਿਛੇ ਫੇਰਾ ਪਾਈਆ । ਫੜ ਕੇ ਬਾਹੋਂ ਲੈ ਤਰਾ, ਤਾਰਨਹਾਰ ਤੇਰੀ ਸਰਨਾਈਆ । ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹ, ਸ਼ਾਨ ਤੇਰੀ ਆਲੀਸ਼ਾਨ, ਸ਼ਾਨਾਂ ਵਿਚੋਂ ਨਜ਼ਰੀ ਆਈਆ । ਹੁਣ ਸਮਝੇ ਰਲ ਮਿਲ ਤੇਰਾ ਇਸ਼ਟ ਤੇਰਾ ਈਮਾਨ, ਬਿਨ ਤੇਰੇ ਮੁਕਾਮ ਦਰ ਬਹਿਣ ਕੋਇ ਨਾ ਪਾਈਆ । ਜੀਵਣ ਵਿਚ ਨਹੀਂ ਕੀਤਾ ਹਰਾਮ, ਸਹੀ ਸਲਾਮਤ ਈਮਾਨ ਤੇਰੀ ਝੋਲੀ ਪਾਈਆ । ਅੱਗੇ ਬਰਦੇ ਤੇਰੇ ਗ਼ੁਲਾਮ, ਠਾਕਰ ਅਬਿਨਾਸ਼ੀ ਤੇਰੀ ਸੇਵ ਕਮਾਈਆ । ਕਿਰਪਾ ਕਰ ਸ੍ਰੀ ਭਗਵਾਨ, ਪਾਰਬ੍ਰਹਮ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਆਸ਼ਕ ਮਾਸ਼ੂਕ ਸੁਣੋ ਸਚ ਕਰੋ ਧਿਆਨ, ਹਰਿ ਕਰਤਾ ਆਖ ਸੁਣਾਈਆ । ਮੇਰਾ ਭਗਤਾਂ ਉਤੇ ਈਮਾਨ, ਈਮਾਨ ਮੇਰਾ ਭਗਤ ਨਜ਼ਰੀ ਆਈਆ । ਜਿਨ੍ਹਾਂ ਪਿਛੇ ਬਣ ਮਾਸ਼ੂਕ ਫਿਰਾ ਵਿਚ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਖੋਜ ਖੁਜਾਈਆ । ਜਿਨ੍ਹਾਂ ਪਿਛੇ ਨਿਰਗੁਣ ਰੂਪ ਧਰਿਆ ਆਣ, ਸਰਗੁਣ ਨਾਤਾ ਜਗਤ ਤੁੜਾਈਆ । ਓਨ੍ਹਾਂ ਨਾਲ ਸਾਰੇ ਮਿਲੋ ਆਣ, ਆਪ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਭਗਵਾਨ, ਹਰਿ ਕਰਤਾ ਆਖ ਸੁਣਾਇੰਦਾ । ਭਗਤਾਂ ਸੰਗ ਮਿਲ ਕੇ ਗਾਓ ਗਾਣ, ਭੇਵ ਅਭੇਦਾ ਆਪ ਖੁਲਾਇੰਦਾ । ਆਸ਼ਕ ਮਾਸ਼ੂਕ ਵੇਖੋ ਭਗਤ ਭਗਵਾਨ, ਭਗਵਾਨ ਭਗਤਾਂ ਸੰਗ ਪ੍ਰੀਤ ਨਿਭਾਇੰਦਾ । ਸੋਹੰ ਰੂਪ ਬਣੋ ਪਾਵੋ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਨਾਤਾ ਛੁਟੇ ਦੋ ਜਹਾਨ, ਪਿਛਲਾ ਜਹਾਨ ਪਿਛੇ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਸਮਝਾਇੰਦਾ । ਜਨ ਭਗਤਾਂ ਰਲ ਕੇ ਬੈਠਣਾ ਆਣ, ਆਲਮਗੀਰ ਰਿਹਾ ਜਣਾਈਆ । ਸਜਦਾ ਸੀਸ ਕਰੋ ਸਲਾਮ, ਨਿਮਸਕਾਰ ਇਕੋ ਇਕ ਜਣਾਈਆ । ਸਾਚਾ ਮੰਨੋ ਇਕ ਈਮਾਨ, ਅਮਲ ਆਮਲ ਦਏ ਕਰਾਈਆ । ਕਾਮਲ ਪੁਰਖ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਦੀਦਾ ਦਾਨਿਸਤਾ ਵੇਖੋ ਸ੍ਰੀ ਭਗਵਾਨ, ਫ਼ਰਿਸਤਾ ਰੂਪ ਨਾ ਕੋਇ ਵਖਾਈਆ । ਸਵਰਗ ਬਹਿਸ਼ਤਾਂ ਦੋਹਾਂ ਚੁਕੇ ਆਣ, ਦਰਗਾਹ ਸਾਚੀ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਨਿਭਾਈਆ । ਆਸ਼ਕ ਮਾਸ਼ੂਕ ਕਹਿਣ ਇਕ ਆਵਾਜ਼, ਸਾਚਾ ਰਾਗ ਅਲਾਈਆ । ਸਾਡਾ ਕਲਮਾ ਸਚ ਨਿਮਾਜ਼, ਰਹੀਮ ਰਹਿਮਾਨ ਇਕ ਖ਼ੁਦਾਈਆ । ਜਨ ਭਗਤਾਂ ਮਿਲ ਕੇ ਗਾਈਏ ਗਾਣ, ਸੋਹੰ ਢੋਲਾ ਰਾਗ ਸੁਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਸਿਰ ਆਪਣਾ ਹੱਥ ਟਿਕਾਈਆ । ਦਰਗਾਹ ਸਾਚੀ ਦੇਵੇ ਮਾਣ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਰਲ ਮਿਲ ਸੁਖ ਸਾਚਾ ਲਈਏ ਆਣ, ਦੁੱਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਆਸ਼ਕ ਮਾਸ਼ੂਕ ਆਏ ਚੌਂਹ ਜੁਗੀਂ, ਜੁਗ ਚੌਕੜੀ ਰਹੀ ਜਸ ਗਾਈਆ । ਇਹ ਰਮਜ਼ ਕਿਸੇ ਨਾ ਸੁਝੀ, ਬਿਨ ਪਰਮੇਸ਼ਵਰ ਪਾਰ ਨਾ ਕੋਇ ਲੰਘਾਈਆ । ਇਕ ਦੂਜੇ ਦੇ ਪ੍ਰੇਮ ਪਿਛੇ ਪੌਂਦੇ ਰਹੇ ਲੁਡੀ, ਖ਼ੁਸ਼ੀਆਂ ਨਾਚ ਨਚਾਈਆ । ਖ਼ਾਹਸ਼ਾਂ ਨਾਲ ਅਸਮਾਨੇ ਚੜ੍ਹੌਂਦੇ ਰਹੇ ਗੁੱਡੀ, ਪਤੰਗ ਟੁੱਟੀ ਡੋਰ ਹੱਥ ਕਿਸੇ ਨਾ ਆਈਆ । ਇਸ ਰਮਜ਼ ਨੂੰ ਸਮਝ ਸਕੀ ਕੋਈ ਨਾ ਬੁੱਧੀ, ਮਤ ਮਤਵਾਲੀ ਰਾਜ਼ ਸਮਝ ਸਕੀ ਨਾ ਰਾਈਆ । ਜਿਸ ਦੀ ਪ੍ਰੀਤੀ ਸਭ ਨਾਲੋਂ ਉਚੀ, ਆਸ਼ਕ ਮਾਸ਼ੂਕਾਂ ਇਸ਼ਾਰੇ ਰਹੀ ਦ੍ਰਿੜਾਈਆ । ਉਹ ਪ੍ਰੀਤੀ

ਸਭ ਨਾਲੋਂ ਸੁਚੀ, ਸਤਿਗੁਰ ਹੱਥ ਰਖਾਈਆ । ਜਗਤ ਪ੍ਰੀਤੀ ਦਰ ਦਰ ਦੀ ਕੁੱਤੀ, ਬਣ ਸੁਆਨ ਘਰ ਘਰ ਫਿਰੇ ਭੱਜੇ ਵਾਹੋ ਦਾਹੀਆ । ਬਿਨ ਸਤਿਗੁਰ ਕਿਰਪਾ ਹੋਵੇ ਲੁੱਚੀ, ਲੁੱਚੀ ਗੁੰਡਿਆਂ ਨਾਲ ਰਲਾਈਆ । ਬਿਨ ਭਗਤ ਤੋੜ ਪ੍ਰੀਤ ਕਿਸੇ ਨਾ ਪੁਜੀ, ਸਿਲ ਪੂਜਸ ਮਰ ਮਰ ਥੱਕੀ ਮਾਤ ਲੋਕਾਈਆ । ਕਬੀਰ ਕਿਹਾ ਇਹ ਗੱਲ ਨਹੀਂ ਗੁੱਝੀ, ਪਰਦਾ ਦਿਤਾ ਖੁਲ੍ਹਾਈਆ । ਨਾਨਕ ਕਿਹਾ ਮੇਰੀ ਨਿਰਗੁਣ ਨਾਲ ਰੁਚੀ, ਦਰ ਘਰ ਇਕੋ ਨਜ਼ਰੀ ਆਈਆ । ਜਿਸ ਦਵਾਰੇ ਆਸ਼ਕ ਮਾਸ਼ੂਕ ਅੱਖ ਖੋਲ੍ਹ ਸੁਰਤੀ ਵਿਚ ਕੋਈ ਨਾ ਰੁੱਠੀ, ਰੁੱਠ ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਆਸ਼ਕ ਮਾਸ਼ੂਕ ਕਹਿਣ ਖੇਲ ਅਪਾਰਾ, ਵੱਜਦੀ ਵੇਖੀ ਵਧਾਈਆ । ਪਾਰਬ੍ਰਹਮ ਪ੍ਰਭ ਨਿਰਗੁਣ ਧਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਭ ਨੂੰ ਦੇਂਦਾ ਰਿਹਾ ਲਾਰਾ, ਆਪ ਆਪਣਾ ਮੁਖ ਭਵਾਈਆ । ਆਪ ਵੀ ਬਣਿਆ ਰਹੇ ਕੁਆਰਾ, ਲਾੜੀ ਲੜ ਨਾ ਕੋਇ ਬੰਧਾਈਆ । ਪ੍ਰਭੂ ਦਾ ਮਾਂ ਪਿਓ ਬਣ ਕੇ ਕਿਸੇ ਨਾ ਪਾਇਆ ਛੁਹਾਰਾ, ਸਗਨ ਹੱਥ ਨਾ ਕੋਇ ਟਿਕਾਈਆ । ਬ੍ਰਹਮਣ ਨਾਈ ਮੁਖ ਕਿਸੇ ਨਾ ਲਾਇਆ ਛੁਹਾਰਾ, ਝੋਲੀ ਮਿਠੇ ਨਾ ਕੋਇ ਰੁੜ੍ਹਾਈਆ । ਸੌਹਰੇ ਪੇਈਏ ਨਗਰ ਖੇੜਾ ਦੱਸਿਆ ਨਾ ਕੋਈ ਘਰ ਉਜਿਆਰਾ, ਨੌ ਪੁਕਾਰ ਨਾ ਕੋਇ ਸੁਣਾਈਆ । ਆਸ਼ਕ ਮਾਸ਼ੂਕ ਵੇਖ ਖੇਲ ਦੋਵੇਂ ਕਰਨ ਨਿਮਸਕਾਰਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਖੇਲ ਵਿਚਾਰ ਦੱਸੇ ਪ੍ਰਭ ਮੀਤ, ਭੇਵ ਅਭੇਦ ਖੁਲ੍ਹਾਇੰਦਾ । ਆਸ਼ਕ ਮਾਸ਼ੂਕ ਵੇਖੋ ਰੀਤ, ਰੀਤੀਵਾਨ ਇਕ ਸਮਝਾਇੰਦਾ । ਜਿਨ੍ਹਾਂ ਗਾਇਆ ਤੂੰ ਮੇਰਾ ਮੈਂ ਤੇਰਾ ਗੀਤ, ਸੋ ਆਪਣੇ ਅੰਗ ਲਗਾਇੰਦਾ । ਤਿਸ ਪ੍ਰੀਤ ਪ੍ਰੀਤੀ ਅੰਦਰ ਕੋਈ ਨਾ ਦਿਸੇ ਝੀਤ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਜੇ ਤੁਹਾਨੂੰ ਨਕਾਹ ਕਰਾਉਣ ਦੀ ਰੀਝ, ਰੀਝ ਨਕਲ ਅਸਲ ਰੂਪ ਵਟਾਇੰਦਾ । ਸਾਰੇ ਅੱਗੇ ਆਓ ਲੰਘੋ ਦਲੀਜ, ਜਨ ਭਗਤਾਂ ਵਿਚ ਬਹਾਇੰਦਾ । ਹੁਣ ਮੰਗੋ ਕਰ ਕੇ ਝੋਲੀ ਭੀਖ, ਚਰਨ ਧੂੜੀ ਤੁਹਾਡੀ ਝੋਲੀ ਪਾਇੰਦਾ । ਜਿਸ ਦੀ ਮਹੀਵਾਲ ਰੱਖੀ ਉਡੀਕ, ਸੋ ਮਾਹੀ ਸੱਚਾ ਆਇੰਦਾ । ਝੁੱਗੀ ਬਹਿ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਆਪ ਵਰਤਾਇੰਦਾ । ਕਲਮਾ ਪੜ੍ਹੋ ਇਕ ਹਦੀਸ, ਹਜਰਤ ਆਪ ਸਮਝਾਇੰਦਾ । ਸਚ ਪ੍ਰੀਤੀ ਅੰਦਰ ਜਾਓ ਪਤੀਜ, ਪਤਿਪਰਮੇਸ਼ਵਰ ਆਪ ਕਮਾਇੰਦਾ । ਪਿਛਲੀ ਕੀਤੀ ਦਾ ਉਪਜਿਆ ਬੀਜ, ਪਤ ਡਾਲੀ ਫੁੱਲ ਆਪ ਮਹਿਕਾਇੰਦਾ । ਫੁੱਲ ਵਿਚੋਂ ਖ਼ੁਸ਼ਬੂ ਵੇਖੋ ਕਰ ਕੇ ਨੀਝ, ਜੋ ਹਰਿਸੰਗਤ ਹੱਥ ਫੜਾਇੰਦਾ । ਜਿਸ ਦੀ ਆਸ਼ਕ ਮਾਸ਼ੂਕ ਸਾਰੇ ਕਰਦੇ ਰਹੇ ਉਡੀਕ, ਬਿਨ ਦੱਸਿਆਂ ਭੇਵ ਕੋਇ ਨਾ ਪਾਇੰਦਾ । ਸੋ ਭੌਂਦੀ ਭੌਂਦੀ ਆ ਗਈ ਤਾਰੀਖ, ਜਿਸ ਦੀ ਤਵਾਰੀਖ ਨਾ ਕੋਇ ਲਿਖਾਇੰਦਾ । ਸਾਹਿਬ ਸਤਿਗੁਰ ਮਿਲਿਆ ਮੀਤ, ਮਤਲਬ ਸਭ ਦੇ ਹੱਲ ਕਰਾਇੰਦਾ । ਸਚ ਪਿਆਰ ਦੀ ਗੰਢ ਦੇਵੇ ਪੀਚ, ਪੀਚੀ ਗੰਢ ਨਾ ਕੋਇ ਖੁਲਾਇੰਦਾ । ਮਜ਼ਾਜ਼ੀ ਹਕੀਕੀ ਦੋਵੇਂ ਸ਼ਰੀਕ, ਸ਼ਿਰਕਤ ਸਭ ਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਇੰਦਾ । ਆ ਗਏ ਨੇੜੇ ਬੈਠੇ ਢੁੱਕ, ਨੈਣ ਨੈਣ ਸ਼ਰਮਾਈਆ । ਇਕ ਦੂਜੇ ਨੂੰ ਰਹੇ ਪੁੱਛ, ਆਸ਼ਕ ਮਾਸ਼ੂਕ ਮਤਾ ਪਕਾਈਆ । ਕਿਹੜਾ ਢੋਲਾ ਕਿਹੜੀ ਤੁਕ, ਕਿਹੜਾ ਨਾਮ ਸਲਾਹੀਆ । ਕਿਹੜਾ ਦੁਆਰ ਦਿਸੇ ਸੁੱਚ, ਮੰਦਰ ਕਵਣ ਕਵਣ ਵਡਿਆਈਆ । ਕਵਣ ਬੈਠਾ ਰਿਹਾ ਲੁੱਕ, ਕਵਣ ਪੜਦਾ ਰਿਹਾ ਖੁਲ੍ਹਾਈਆ । ਕਵਣ ਪ੍ਰੇਮ ਪ੍ਰੀਤੀ ਸਾਡੀ ਲੁੱਟ,

ਜੰਗਲ ਜੂਹਾਂ ਵਿਚ ਭਵਾਈਆ । ਕਵਣ ਵਹਿੰਦੀ ਧਾਰ ਦੇਵੇ ਸੁੱਟ, ਕੱਚੇ ਘੜੇ ਤਰ ਪਾਰ ਮਿਲਣ ਕੋਇ ਨਾ ਆਈਆ । ਕਵਣ ਰਾਂਝਣ ਜਾਏ ਰੁਠ, ਹੀਰ ਸਿਆਲ ਦਏ ਦੁਹਾਈਆ । ਕਵਣ ਪੁੰਨੂੰ ਪੁੱਛਾਂ ਰਹੀ ਪੁਛ, ਰਾਹ ਦੱਸੇ ਜਾਂਦੇ ਰਾਹੀਆ । ਕਵਣ ਮਜਨੂੰ ਗਿਆ ਸੁੱਕ, ਪਿੰਜਰ ਤਨ ਖ਼ਾਕ ਰਲਾਈਆ । ਕਵਣ ਫ਼ਰਿਹਾਦ ਪਹਾੜ ਰਿਹਾ ਕੁੱਟ, ਸ਼ੀਰੀ ਸਾਰ ਕੋਇ ਨਾ ਆਈਆ । ਕਵਣ ਸਭ ਨੂੰ ਰਿਹਾ ਪੁੱਛ, ਬੇਪਰਵਾਹ ਫੇਰਾ ਪਾਈਆ । ਕੋਲੋਂ ਭਗਤ ਕਹਿਣ ਨੇਤਰ ਖੋਲ੍ਹ ਕੇ ਵੇਖੋ ਮੁੱਖ, ਸਾਖਿਆਤ ਨਜ਼ਰੀ ਆਈਆ । ਜਿਸ ਮੇਟਣਾ ਤੁਹਾਡਾ ਦੁੱਖ, ਪਿਛਲਾ ਵਿਛੋੜਾ ਦਏ ਕਟਾਈਆ । ਆਪਣੀ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਆਸ਼ਕ ਮਾਸ਼ੂਕ ਖੋਲ੍ਹੀ ਅੱਖ, ਨੇਤਰ ਨੈਣ ਨੈਣ ਨਿਹਾਲਿਆ । ਨਜ਼ਰੀ ਆਇਆ ਪੁਰਖ ਸਮਰਥ, ਦਾਤਾ ਦਰਦੀ ਦੀਨ ਦਿਆਲਿਆ । ਚਰਨ ਕਵਲ ਸਾਰੇ ਗਏ ਢੱਠ, ਨਮੋ ਨਮੋ ਕਰਨ ਨਿਮਸਕਾਰਿਆ । ਸਾਡੇ ਲੇਖੇ ਲਾ ਰੱਤ, ਰੰਗ ਰੰਗੀਲੇ ਪਰਵਰਦਿਗਾਰਿਆ । ਸਾਡਾ ਪੂਰਾ ਕਰ ਦੇ ਹੱਕ, ਹੱਕ ਹਕੀਕਤ ਦੇ ਵਣਜਾਰਿਆ । ਸਾਡਾ ਖੇੜਾ ਹੋਇਆ ਭੱਠ, ਤੁਧ ਬਿਨ ਮਹਲ ਨਜ਼ਰ ਕੋਇ ਨਾ ਆ ਰਿਹਾ । ਮਿਹਰਵਾਨ ਹੋ ਕੇ ਵੱਟ ਕਰਵਟ, ਦੋਏ ਜੋੜ ਸਰਬ ਪੁਕਾਰਿਆ । ਦੂਈ ਦਵੈਤੀ ਮੇਟ ਫੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੇਰੀ ਓਟ ਰਖਾ ਲਿਆ । ਆਸ਼ਕ ਮਾਸ਼ੂਕ ਨੇਤਰ ਰੋਣ, ਨੈਣਾਂ ਨੀਰ ਵਹਾਈਆ । ਹੰਝੂਆਂ ਹਾਰ ਇਕ ਪਰੋਣ, ਲੜੀ ਲੜੀ ਨਾਲ ਬੰਧਾਈਆ । ਪ੍ਰਭ ਸੁਆਮੀ ਚਰਨ ਧੋਣ, ਦਰ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸੱਚੇ ਕਰ ਕੁੜਮਾਈਆ । ਸ੍ਰੀ ਭਗਵਾਨ ਸਾਹਿਬ ਸਤਿ ਠਾਕਰ, ਹਰਿ ਕਰਤਾ ਦਇਆ ਕਮਾਇੰਦਾ । ਜੁਗ ਜਨਮ ਦੇ ਵਿਛੜਿਆਂ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਕਿਨਾਰਾ ਪਾਰ ਸਾਗਰ, ਨਈਆ ਨੌਕਾ ਨਾਮ ਇਕ ਚੜ੍ਹਾਇੰਦਾ । ਵਣਜ ਕਰਾਏ ਬਣ ਸੁਦਾਗਰ, ਸਾਚਾ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਹੱਥ ਰੱਖ ਕਰਤਾਰ, ਕਰਨੀ ਆਪਣੀ ਦਏ ਜਣਾਈਆ । ਭਗਤਾਂ ਮਿਲ ਕਰੋ ਪਿਆਰ, ਰੀਤੀ ਇਕੋ ਇਕ ਦਰਸਾਈਆ । ਤੁਹਾਡੇ ਵਿਚੋਂ ਮਹੀਵਾਲ ਲਿਆ ਉਠਾਲ, ਮਾਹੀ ਆਪਣੇ ਰੰਗ ਰੰਗਾਈਆ । ਉਨ੍ਹਾਂ ਪਿਛੇ ਸਾਰੇ ਦੇਵੇ ਤਾਰ, ਤਾਰੀ ਇਕੋ ਵਾਰ ਲਗਾਈਆ । ਜੇ ਮਾਸ਼ੂਕਾਂ ਕਾਇਮ ਰੱਖਿਆ ਕੁਆਰ, ਆਸ਼ਕਾਂ ਨਾਤਾ ਦਏ ਜੁੜਾਈਆ । ਵਿਚੋਲਾ ਬਣ ਕੇ ਸਿਰਜਣਹਾਰ, ਸਾਚਾ ਸਗਨ ਲਏ ਮਨਾਈਆ । ਸੌਹਰੇ ਪੇਈਏ ਦੋਹਾਂ ਕਰੇ ਵਿਹਾਰ, ਨੈਣ ਨਾਈ ਰੂਪ ਵਟਾਈਆ । ਵਟਣਾ ਮਲੇ ਆਪ ਕਰਤਾਰ, ਅੰਮ੍ਰਿਤ ਧਾਰਾ ਸਚ ਇਸ਼ਨਾਨ ਕਰਾਈਆ । ਪ੍ਰੇਮ ਪ੍ਰੀਤੀ ਫੁਲਕਾਰੀ ਦੇਵੇ ਉਪਰ ਲਾਲ, ਸਾਲੂ ਇਕੋ ਇਕ ਵਖਾਈਆ । ਦਿਆਲੂ ਹੋਏ ਆਪ ਕਰਤਾਰ, ਸੀਸ ਪਟਕਾ ਦਏ ਬੰਧਾਈਆ । ਮੀਂਢੀ ਗੁੰਦੇ ਅਪਰ ਅਪਾਰ, ਚੂੰਡੀ ਸੀਸ ਸੋਭਾ ਪਾਈਆ । ਸਾਚੇ ਲਾੜੇ ਕਰ ਸ਼ਿੰਗਾਰ, ਨਾਮ ਸੋਟੀ ਹੱਥ ਟਿਕਾਈਆ । ਸਾਚੀ ਸਖ਼ੀ ਦੇ ਪਿਆਰ, ਬਸਤਰ ਭੂਸ਼ਨ ਇਕੋ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਗਹਿਣਾ ਕਰ ਤਿਆਰ, ਸਚ ਸ਼ਿੰਗਾਰ ਦਏ ਸੁਹਾਈਆ । ਨੇਤਰ ਨੈਣਾਂ ਕੱਜਲਾ ਧਾਰ, ਤਿੱਖੀ ਧਾਰ ਦਏ ਬੰਧਾਈਆ । ਦੰਦ ਦੰਦਾਸਾ ਅਪਰ ਅਪਾਰ, ਰੰਗ ਗੁਲਾਲਾ ਲਾਲ ਚੜ੍ਹਾਈਆ । ਜੋਬਨ ਡਲਕਾਂ ਲਏ ਮਾਰ, ਸੂਰਜ ਚੰਦ ਨੂਰ

ਸ਼ਰਮਾਈਆ । ਨੱਕ ਨੱਥ ਸੁਹਾਗ ਪਾਏ ਆਣ, ਸਾਹਿਬ ਸਤਿਗੁਰ ਹੋ ਸਹਾਈਆ । ਸੀਸ ਸੇਹਰਾ ਬੰਨ੍ਹੇ ਦਸਤਾਰ, ਲੜੀ ਲੜੀ ਨਾਲ ਗੁੰਦਾਈਆ । ਸਾਚੀ ਘੋੜੀ ਦੇਵੇ ਚਾੜ੍ਹ, ਸਾਹਿਬ ਸੱਜਣ ਬੇਪਰਵਾਹੀਆ । ਆਦਿ ਸ਼ਕਤ ਅੱਗੋਂ ਵਾਗ ਫੜੇ ਆਣ, ਭੈਣ ਭਈਆ ਨਾਤਾ ਜੋੜ ਵਖਾਈਆ । ਲਛਮੀ ਸੁਰਮਾ ਪਾਏ ਆਣ, ਸੋਹਣਾ ਵੇਲਾ ਵਕਤ ਸੁਹਾਈਆ । ਆਸ਼ਕ ਮਾਸ਼ੂਕ ਦੋਵੇਂ ਜਾਣ ਕੁਰਬਾਣ, ਕਲ ਕਰਤਾ ਕਾਜ ਰਚਾਈਆ । ਚੌਥੇ ਜੁਗ ਵਿਵਾਹ ਹੋਇਆ ਆਣ, ਬੇਨਕਾਹ ਰਹਿਣ ਕੋਇ ਨਾ ਪਾਈਆ । ਇਹ ਭਗਤਾਂ ਵਿਚੋਂ ਮਿਲਿਆ ਦਾਨ, ਮਿਲ ਸੰਗਤਾਂ ਖ਼ੁਸ਼ੀ ਮਨਾਈਆ । ਇਕ ਇਕ ਫੁੱਲ ਖ਼ੁਸ਼ੀ ਨਾਲ ਪੰਜ ਪੋਹ ਸਾਰੇ ਬਰਸਾਣ, ਜਿਸ ਫੁੱਲਾਂ ਸੇਜ ਆਸ਼ਕ ਮਾਸ਼ੂਕ ਦਿਤੇ ਬਹਾਈਆ । ਕਰਿਆ ਖੇਲ ਸ੍ਰੀ ਭਗਵਾਨ, ਪਿਛਲਾ ਲਹਿਣਾ ਰਿਹਾ ਚੁਕਾਈਆ । ਜਨ ਭਗਤੋ ਤੁਹਾਡੇ ਪਿਛੇ ਦਰਗਾਹ ਦਿਤਾ ਮਾਣ, ਸਚਖੰਡ ਸਰਨਾਈਆ । ਅੱਜ ਤੱਕ ਰੁਲਦੇ ਰਹੇ ਵਿਚ ਜਹਾਨ, ਹੀਰ ਰਾਂਝਾ ਸੱਸੀ ਪੁਨੂੰ ਸੋਹਣੀ ਮਹੀਵਾਲ ਸ਼ੀਰੀ ਫ਼ਰਿਹਾਦ ਲੇਲਾ ਮਜਨੂੰ ਬਿਨ ਸਤਿਗੁਰ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਹੋ ਕਿਰਪਾਲ ਬਣਾਏ ਲਾਲ, ਲਾਲਾਂ ਵਿਚ ਰਲਾਈਆ । ਜਿਸ ਦਾ ਕਿਸੇ ਕੋਲੋਂ ਲੱਭਿਆਂ ਲੱਭੇ ਨਾ ਹਾਲ, ਪੁਛਿਆਂ ਪੁੱਛ ਨਾ ਕੋਇ ਸਮਝਾਈਆ । ਲੇਖਾ ਲਿਖ ਲਿਖ ਥੱਕੇ ਹੋਏ ਕੰਗਾਲ, ਸ਼ਹਿਨਸ਼ਾਹ ਸ਼ਾਹ ਸਮਝ ਕੋਇ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਹੋ ਮਿਹਰਵਾਨ, ਆਸ਼ਕ ਮਾਸ਼ੂਕ ਪ੍ਰੇਮ ਮੁਹੱਬਤ ਕਰਦੇ ਲਏ ਸੰਭਾਲ, ਜਿਨ੍ਹਾਂ ਸਾਬਤ ਸੂਰਤ ਆਪਣੀ ਆਪ ਵਖਾਈਆ । ਤਿਨ੍ਹਾਂ ਟੁੱਟਣ ਨਾ ਦਿਤਾ ਮਾਣ, ਕਲਾਮ ਕਲਮਾ ਇਕ ਪੜ੍ਹਾਈਆ । ਉਨ੍ਹਾਂ ਦਾ ਜਨ ਭਗਤਾਂ ਭਰਿਆ ਜਮਾਨਤ ਦਾ ਅਸ਼ਟਾਮ, ਬਨਾਮ ਲੇਖਾ ਸਮਝ ਕੋਇ ਨਾ ਪਾਈਆ । ਜਿਸ ਵੇਲੇ ਮਿਲਿਆ ਵਡ ਅਮਾਮ, ਅਮਲ ਸਭ ਦੇ ਵੇਖ ਵਖਾਈਆ । ਸੋਲਾਂ ਮੱਘਰ ਸਭ ਨੂੰ ਦਿਤਾ ਪੈਗ਼ਾਮ, ਫੁੱਲ ਭਗਤਾਂ ਹੱਥ ਫੜਾਈਆ । ਆਪਣਾ ਵਿਗੜਨ ਨਾ ਦੇਵੇ ਨਜ਼ਾਮ, ਲੇਖਾ ਜਾਣੇ ਥਾਉਂ ਥਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਿੰਦਗੀ ਵਿਚੋਂ ਜੀਵਨ ਦਿਤਾ ਦਾਨ, ਬੰਦਗੀ ਵਿਚੋਂ ਬੰਦਾ ਲਿਆ ਪਰਗਟਾਈਆ । ਲਛਮਣ ਲਾਸ਼ ਹੋਣ ਨਾ ਦਿਤੀ ਹਰਾਮ, ਹਰਾਸਤਾ ਆਪਣੇ ਵਿਚ ਰਖਾਈਆ । ਬਰਖ਼ਾਸਤ ਕੀਤਾ ਸ਼ੰਕਰ ਦਾ ਲਿਖਿਆ ਕਲਾਮ, ਰਾਏ ਧਰਮ ਦਿਤਾ ਭਜਾਈਆ । ਕਿਰਪਾ ਕਰ ਉਠਾ ਜਵਾਨ, ਜੋਬਨ ਆਪਣੇ ਰੰਗ ਰੰਗਾਈਆ । ਪੂਰੇ ਸਤਿਗੁਰ ਦਾ ਇਹੋ ਵੱਡਾ ਕਾਮ, ਡੁੱਬਦਿਆਂ ਲਏ ਤਰਾਈਆ । ਜੀਂਵਦਿਆਂ ਸ਼ਬਦ ਬਣਾਏ ਨਿਸ਼ਾਨ, ਲੇਖਾ ਧੁਰਦਰਗਾਹ ਲਿਖਾਈਆ । ਮਰਿਆਂ ਪਿਛੋਂ ਗਾਥਾ ਗਾਏ ਜਹਾਨ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਜਿਨ੍ਹਾਂ ਸਾਹਿਬ ਮਿਲਿਆ ਭਗਵਾਨ, ਤਿਨ੍ਹਾਂ ਐਬ ਰਹਿਣ ਕੋਇ ਨਾ ਪਾਈਆ । ਭਗਤ ਨਾਇਬ ਸਦਾ ਅਖਵਾਣ, ਗਾਇਬ ਬੈਠੇ ਡੇਰਾ ਲਾਈਆ । ਲੋਕਮਾਤ ਪ੍ਰਭ ਹੋਏ ਆਪ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਨ੍ਹਾਂ ਦਾ ਕਾਰਜ ਕੀਤਾ ਆਣ, ਜੋ ਆਸ਼ਕ ਮਾਸ਼ੂਕ ਬੈਠੇ ਬੇਮਕਾਨ ਰਹੇ ਧਿਆਨ ਲਗਾਈਆ । ਸਤਿਗੁਰ ਪੂਰਾ ਸਦਾ ਮਿਹਰਵਾਨ, ਆਦਿ ਜੁਗਾਦਿ ਦਇਆ ਕਮਾਇੰਦਾ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਪੁਰੀ ਲੋਅ ਅਕਾਸ਼ ਪਰਕਾਸ਼ ਖੋਜ ਖੁਜਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਆਣ, ਨਿਰਗੁਣ ਸਰਗੁਣ ਆਪਣਾ ਭੇਵ ਚੁਕਾਇੰਦਾ । ਗੁਰਮੁਖ ਗੁਰਸਿਖ ਸੱਜਣ ਕਰ ਪਰਵਾਨ, ਪ੍ਰੇਮ ਪ੍ਰੀਤੀ ਝੋਲੀ ਪਾਇੰਦਾ । ਨਾਤਾ ਤੋੜ ਪੰਜ ਤਤ ਸ਼ੈਤਾਨ, ਸ਼ਰਅ ਸ਼ਰੀਅਤ ਇਕ ਸਮਝਾਇੰਦਾ । ਨੌ ਦਵਾਰੇ

ਕੂੜ ਦੁਕਾਨ, ਗ੍ਰਿਹ ਮੰਦਰ ਇਕ ਸਮਝਾਇੰਦਾ । ਵਸਤ ਅਮੋਲਕ ਪੀਣ ਖਾਣ, ਅੰਮ੍ਰਿਤ ਰਸ ਨਿਝਰ ਝਿਰਨਾ ਆਪ ਝਿਰਾਇੰਦਾ । ਅਨਹਦ ਸ਼ਬਦ ਨਾਦ ਸੱਚੀ ਧੁਨਕਾਨ, ਧੁਨ ਆਤਮਕ ਰਾਗ ਅਲਾਇੰਦਾ । ਆਤਮ ਸੇਜਾ ਕਰ ਪਰਧਾਨ, ਸਚ ਸਿੰਘਾਸਣ ਇਕ ਸੁਹਾਇੰਦਾ । ਸੁਰਤੀ ਸ਼ਬਦੀ ਮੇਲਾ ਕਰੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਗੁਰ ਸ਼ਬਦ ਦਿਆਲ, ਦੀਨਾ ਨਾਥ ਹੋਏ ਸਹਾਈਆ । ਸੰਤ ਸੁਹੇਲੇ ਬੈਠੇ ਲਾਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸਤਿ ਸਰੂਪੀ ਬਣ ਦਲਾਲ, ਸਾਚਾ ਵਣਜ ਇਕ ਕਰਾਈਆ । ਜਨਮ ਜਨਮ ਦੀ ਪੂਰੀ ਕਰੇ ਘਾਲ, ਕਰਮ ਕਰਮ ਦਾ ਲੇਖਾ ਦਏ ਮੁਕਾਈਆ । ਭਰਮ ਭਰਮ ਦਾ ਤੋੜ ਜੰਜਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਆਪਣੇ ਰੰਗ ਨਾਮ ਰੰਗਾਈਆ । ਸਤਿਗੁਰ ਪੂਰਾ ਦੇਵੇ ਨਾਮ ਧਨ, ਧਨ ਖ਼ਜ਼ੀਨਾ ਇਕ ਵਰਤਾਇੰਦਾ । ਸਾਚਾ ਰਾਗ ਸੁਣਾਏ ਬਿਨ ਸਰਵਣ ਕੰਨ, ਅਨਾਦਿ ਅਨਾਦੀ ਨਾਦ ਵਜਾਇੰਦਾ । ਵਸੇਰਾ ਕਰਾਏ ਬਿਨ ਛੱਪਰੀ ਛੰਨ, ਮਹਲ ਅਟੱਲ ਇਕ ਸੁਹਾਇੰਦਾ । ਤਨ ਵਾਸਨਾ ਬੰਨ੍ਹੇ ਮਨ, ਮਨ ਕਾ ਮਣਕਾ ਆਪ ਭਵਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਗੜ੍ਹ ਹੰਕਾਰੀ ਤੋੜ ਤੁੜਾਇੰਦਾ । ਕਰ ਪਰਕਾਸ਼ ਅੰਧੇਰੇ ਅੰਨ੍ਹ, ਅਗਿਆਨ ਅੰਧੇਰ ਚੁਕਾਇੰਦਾ । ਮਾਣਸ ਜਨਮ ਬੇੜਾ ਬੰਨ੍ਹ, ਸਾਹਿਬ ਸਤਿਗੁਰ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਆਪਣੇ ਘਰ ਵਸਾਇੰਦਾ । ਮਨ ਵਾਸਨਾ ਨਾ ਸਕੇ ਦੌੜ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅਬਿਨਾਸ਼ੀ ਕਰਤਾ ਜਿਸ ਦਵਾਰੇ ਜਾਏ ਬੌਹੜ, ਸ੍ਰੀ ਭਗਵਾਨ ਹੋਏ ਸਹਾਈਆ । ਤਨ ਕਾਇਆ ਮਾਟੀ ਰਸ ਮਿੱਠਾ ਕਰੇ ਕੌੜ, ਵਿਖ ਰੂਪ ਰਹਿਣ ਨਾ ਪਾਈਆ । ਘਰ ਵਿਚ ਘਰ ਲਗਾਏ ਪੌੜ, ਸਾਚਾ ਡੰਡਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਤਿਸ ਬੰਕ ਦੁਆਰੀ ਖੋਲ੍ਹ ਵਖਾਈਆ । ਮਨ ਵਾਸਨਾ ਕਰੇ ਚੂਰ, ਮਮਤਾ ਮੋਹ ਨਾ ਕੋਇ ਜਣਾਈਆ । ਸਰਬ ਕਲਾ ਪ੍ਰਭ ਹੋ ਭਰਪੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਕਰੇ ਦੂਰ, ਨਾਤਾ ਸਚ ਸੁੱਚ ਜੁੜਾਈਆ । ਆਤਮ ਅੰਤਰ ਇਕ ਸਰੂਰ, ਸਚ ਪ੍ਰੀਤੀ ਚਰਨ ਕਵਲ ਬੰਧਾਈਆ । ਨਜ਼ਰ ਆਏ ਜੋ ਵਸੇ ਦੂਰ, ਨੇਰਨ ਨੇਰਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਸਰ, ਦੁਰਮਤ ਮੈਲ ਰਹਿਣ ਨਾ ਪਾਈਆ । ਮਨ ਵਾਸਨਾ ਦੇਵੇ ਬੰਧ, ਬੰਧਨ ਆਪਣਾ ਨਾਮ ਰਖਾਇੰਦਾ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਜੋਤ ਨਿਰੰਜਣ ਚਾੜ੍ਹ ਚੰਦ, ਘਰ ਦੀਪਕ ਇਕ ਟਿਕਾਇੰਦਾ । ਆਤਮ ਪਰਮਾਤਮ ਸਾਚਾ ਛੰਦ, ਵਾਹਵਾ ਗੁਰੂ ਰਾਗ ਅਲਾਇੰਦਾ । ਸ਼ਬਦੀ ਸੁਰਤੀ ਜੋੜ ਪਾਏ ਗੰਢ, ਪਵਣ ਸੁਆਸ ਸੁਆਸ ਸੁਆਸਾਂ ਵਿਚੋਂ ਮੇਲ ਮਿਲਾਇੰਦਾ । ਨਿਜ ਆਤਮ ਨਿਜ ਘਰ ਨਿਜ ਗ੍ਰਿਹ ਦੇਵੇ ਇਕ ਅਨੰਦ, ਜਿਸ ਦਰ ਮਨ ਕਾ ਮੋਹ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਮਨ ਮਨੂਆ ਉਠ ਨਾ ਸਕੇ ਨੱਸ, ਪਾਂਧੀ ਬਣ ਨਾ ਪੰਧ ਮੁਕਾਈਆ । ਸਾਹਿਬ ਸਤਿਗੁਰ ਕਰੇ ਵਸ, ਸਿਰ ਆਪਣਾ ਹੱਥ ਟਿਕਾਈਆ । ਇਸ਼ਾਰੇ ਨਾਲ ਦੇਵੇ ਦੱਸ, ਸੈਨਤ ਨਾਲ ਸਮਝਾਈਆ । ਮੇਰਿਆਂ ਗੁਰਮੁਖਾਂ ਵਲ

੧੪੦
੧੯

ਤੱਕ ਨਾ ਵੇਖਣਾ ਅੱਖ, ਨੇਤਰ ਨੈਣ ਨਾ ਕੋਇ ਉਠਾਈਆ । ਸਾਚੇ ਭਗਤਾਂ ਚਰਨੀ ਡਿਗਣਾ ਢੱਠ, ਮਾਣ ਮੋਹ ਅਭਿਮਾਨ ਮਿਟਾਈਆ । ਜਿਨ੍ਹਾਂ ਸੰਤ ਸੁਆਮੀ ਦੇਵੇ ਗੁਰਮਤ, ਗੁਰਮੁਖ ਰੂਪ ਦਏ ਬਣਾਈਆ । ਓਥੇ ਮਨ ਵਾਸਨਾ ਨਾ ਹੋਏ ਪਰਗਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਨਾਮ ਵਰ, ਘਰ ਮੰਦਰ ਕਾਇਆ ਗੜ੍ਹ ਬੰਕ ਦੁਆਰ ਮਨ ਵਾਸਨਾ ਦੇਵੇ ਮਾਰ, ਸ਼ਬਦੀ ਜੋਤ ਕਰੇ ਪਿਆਰ, ਓਟ ਇਕੋ ਇਕ ਸੁਹਾਈਆ । ਮਨ ਵਾਸਨਾ ਬੰਨ੍ਹੇ ਮਾਲਕ, ਜਿਸ ਹੱਥ ਵੱਡੀ ਵਡਿਆਈਆ । ਪਰਮ ਪੁਰਖ ਪ੍ਰਭ ਸਾਚਾ ਖ਼ਾਲਕ, ਖ਼ਾਲਕ ਖ਼ਲਕ ਵੇਖ ਵਖਾਈਆ । ਨਿਰਗੁਣ ਸਰਗੁਣ ਬਣੇ ਸਾਲਸ, ਸਚ ਸਾਲਸੀ ਮਾਤ ਕਮਾਈਆ । ਅੰਦਰ ਵੜ ਕੇ ਕਾਇਆ ਮਹੱਲੇ ਚੜ੍ਹ ਕੇ ਸਚ ਸਿੰਘਾਸਣ ਬੈਠ ਕਰੇ ਅਦਾਲਤ, ਅਦਲੀ ਇਕੋ ਨਜ਼ਰੀ ਆਈਆ । ਉਸ ਦੁਆਰੇ ਮਨ ਕਰੇ ਨਾ ਕੋਈ ਬਗਾਵਤ, ਜਿਸ ਘਰ ਸਤਿਗੁਰ ਸੱਚਾ ਵਸੇ ਮਾਹੀਆ । ਮਿਹਰਵਾਨ ਗੁਰਦੇਵ ਕਰਨਹਾਰਾ ਸਖਾਵਤ, ਬਖ਼ਸ਼ਿਸ਼ ਆਪਣੀ ਆਪ ਵਰਤਾਈਆ । ਗੁਰਮੁਖ ਆਤਮ ਪਰਮਾਤਮ ਅਮਾਨਤ, ਆਪ ਆਪਣੇ ਹੱਥ ਵਖਾਈਆ । ਬਿਨ ਪੂਰੇ ਸਤਿਗੁਰ ਏਥੇ ਓਥੇ ਦੇਵੇ ਨਾ ਕੋਈ ਜ਼ਮਾਨਤ, ਬਰੀਖ਼ਾਨਾ ਨਾ ਕੋਇ ਜਣਾਈਆ । ਸੋ ਗੁਰਮੁਖ ਗੁਰਸਿਖ ਸਦਾ ਸਹੀ ਸਲਾਮਤ, ਜਿਨ੍ਹਾਂ ਸਤਿਗੁਰ ਮਿਲਿਆ ਫੜ ਬਾਹੋਂ ਲਏ ਤਰਾਈਆ । ਮਿਹਰਵਾਨ ਮਿਹਰ ਨਜ਼ਰ ਨਜ਼ਰ ਕਰੇ ਅੱਖ, ਆਖਰ ਆਪਣੀ ਦਇਆ ਕਮਾਇੰਦਾ । ਸਭ ਦਾ ਦੇਵਣਹਾਰਾ ਹੱਕ, ਹੱਕ ਹਕੀਕਤ ਖੋਜ ਖੁਜਾਇੰਦਾ । ਜਿਨ੍ਹਾਂ ਗੁਰਸਿਖਾਂ ਪਏ ਸ਼ੱਕ, ਤਿਨ੍ਹਾਂ ਸ਼ਿਕਵਾ ਸ਼ਕੂਕ ਸਰਬ ਚੁਕਾਇੰਦਾ । ਕਿਰਪਾ ਕਰ ਪੁਰਖ ਸਮਰਥ, ਅੰਤਰ ਆਤਮ ਬੂਝ ਬੁਝਾਇੰਦਾ । ਸ਼ਬਦ ਅਗੰਮੀ ਮਾਰ ਸੱਟ, ਸੋਈ ਸੁਰਤੀ ਆਪ ਉਠਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਦਿਵਸ ਰੈਣ ਅੱਠੇ ਪਹਿਰ ਹਰਿ ਕਾ ਨਾਮ ਲਏ ਰਟ, ਰੱਟਾ ਮਨ ਕਾ ਰਹਿਣ ਕੋਇ ਨਾ ਪਾਇੰਦਾ । ਘਰ ਘਰ ਵਿਚ ਵੇਖੇ ਖੁਲ੍ਹਿਆ ਹੱਟ, ਸਤਿਗੁਰ ਵਣਜਾਰਾ ਇਕੋ ਵਸਤ ਨਾਮ ਅਮੋਲਕ ਆਪ ਵਰਤਾਇੰਦਾ । ਜਿਨ੍ਹਾਂ ਮਿਲੇ ਬ੍ਰਹਮ ਮਤ, ਤਿਨ੍ਹਾਂ ਪਾਰਬ੍ਰਹਮ ਆਪਣਾ ਰੰਗ ਵਖਾਇੰਦਾ । ਬਿਨ ਗੁਰਮੁਖਾਂ ਕਿਸੇ ਹੱਥ ਨਾ ਆਈ ਗੁਰਮਤ, ਮਨਮਤ ਵਿਚ ਸਰਬ ਜਗਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਖੋਲ੍ਹੇ ਤੀਜੀ ਅੱਖ, ਤਿਨ੍ਹਾਂ ਤਤਵ ਤਤ ਸਮਝਾਇੰਦਾ । ਕਿਰਪਾ ਅੰਦਰ ਸਤਿਗੁਰ ਠਾਕਰ, ਨਿਤ ਨਵਿਤ ਦਇਆ ਕਮਾਈਆ । ਵੇਖਣਹਾਰਾ ਗਹਿਰ ਗੰਭੀਰ ਡੂੰਘਾ ਸਾਗਰ, ਕਾਇਆ ਕਵਰੀ ਫੋਲ ਫੁਲਾਈਆ । ਦਰ ਆਇਆਂ ਦਰ ਦੇਵੇ ਆਦਰ, ਆਦਰਸ਼ ਆਪਣਾ ਦਏ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧੁਆਈਆ । ਜੋ ਆਤਮ ਪਰਮਾਤਮ ਬਣੇ ਸੌਦਾਗਰ, ਤਿਸ ਸੌਦਾ ਬਿਨ ਕੀਮਤ ਦਏ ਕਰਾਈਆ । ਸਾਹਿਬ ਸਤਿਗੁਰ ਯੋਧਾ ਸੂਰਬੀਰ ਵਡ ਬਹਾਦਰ, ਤੇਗ ਧਨੀ ਨਾਮ ਦਾਤਾ ਸੁਖਮਨੀ ਇਕ ਉਪਜਾਈਆ । ਲੇਖਾ ਜਾਣੇ ਸਾਢੇ ਤਿੰਨ ਹੱਥ ਕਾਇਆ ਮਾਟੀ ਗਾਗਰ, ਘਰ ਘਰ ਵਿਚ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਧੁਰ ਦਾ ਵਰ, ਤਿਸ ਲੇਖਾ ਰਹਿਣ ਕੋਇ ਨਾ ਪਾਈਆ । ਸਤਿਗੁਰ ਸਾਚੇ ਚਰਨ ਧੂੜ, ਸਰੋਵਰ ਵਡ ਵਡਿਆਈਆ । ਜਿਸ ਵਿਚ ਨਹਾਤਿਆਂ ਚਤੁਰ ਸੁਘੜ ਬਣਨ ਮੂੜ੍ਹ, ਮੂਰਖ ਮੂੜ੍ਹੇ ਆਪਣੇ ਰੰਗ ਰੰਗਾਈਆ । ਜਗਤ ਨਾਤਾ ਤੁਟੇ ਕੂੜੋ ਕੂੜ, ਸਚ ਸੁੱਚ ਮੇਲਾ ਸਹਿਜ ਸੁਭਾਈਆ । ਅੰਤਰ ਆਤਮ ਵੱਜੇ ਨਾਦ ਧੁਨ ਤੂਰ, ਤੁਰੀਆ ਬੈਠੀ ਨੈਣ ਸ਼ਰਮਾਈਆ । ਸਤਿ ਸਰੋਵਰ ਵਿਚੋਂ

ਸਤਿ ਦਏ ਸਰੂਰ, ਖ਼ੁਮਾਰੀ ਉਤਰ ਕਦੇ ਨਾ ਜਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਭਰਪੂਰ, ਖ਼ਾਲੀ ਸਕੇ ਨਾ ਕੋਇ ਕਰਾਈਆ । ਗੁਰਮੁਖੋ ਗੁਰਸਿਖੋ ਸਤਿਗੁਰ ਸਰ ਨਹਾਉਣਾ ਜਰੂਰ, ਬਿਨ ਨਾਤਿਆਂ ਦੁਰਮਤ ਮੈਲ ਨਾ ਕੋਇ ਧੁਆਈਆ । ਓਥੇ ਮਾਣ ਅਭਿਮਾਨ ਨਾ ਰਹੇ ਗ਼ਰੂਰ, ਗੁਰਬਤ ਨਜ਼ਰ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ ਸਰੋਵਰ ਨੂੰ ਕਰਦੇ ਗਏ ਮਸ਼ਹੂਰ, ਭਗਤ ਸੰਤ ਰਸਨਾ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਰ ਇਕੋ ਇਕ ਵਡਿਆਈਆ । ਸਾਚਾ ਸਰ ਸਾਹਿਬ ਸੁਲਤਾਨ, ਪੁਰਖ ਅਕਾਲ ਇਕ ਉਪਾਇੰਦਾ । ਜਿਸ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਇਸ਼ਨਾਨ, ਸੀਤਲ ਧਾਰਾ ਇਕ ਚੁਆਇੰਦਾ । ਜਿਸ ਦਰ ਲੋਕਮਾਤ ਬਿਨਾ ਪੂਰੇ ਸਤਿਗੁਰ ਦਿਸੇ ਨਾ ਕੋਇ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਲੱਭਿਆਂ ਹੱਥ ਕਿਸੇ ਨਾ ਆਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਸਚ ਸਰੋਵਰ ਵੜ੍ਹ ਕੇ ਨਹਾਣ, ਨਹਾ ਨਹਾ ਧੁਰ ਦਾ ਸ਼ੁਕਰ ਮਨਾਇੰਦਾ । ਮਾਨ ਸਰੋਵਰ ਜਿਸ ਦਵਾਰਿਉਂ ਇਕੋ ਬੂੰਦ ਮਿਲੀ ਪਾਣ, ਜਿਸ ਦੀ ਸੋਭਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸਰਬ ਦ੍ਰਿੜਾਇੰਦਾ । ਸੋ ਸਰ ਉਤਮ ਸ੍ਰੇਸ਼ਟ ਵਿਸ਼ੇਸ਼ ਜਹਾਨ, ਬਿਨ ਗੁਰਮੁਖਾਂ ਵਿਸ਼ਨ ਬ੍ਰਹਮਾ ਸ਼ਿਵ ਨਹਾਵਣ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਰੱਖੇ ਆਪਣੇ ਦੇਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਆਪਣੇ ਆਪ ਟਕਾਇੰਦਾ । ਮਨੂਆ ਮਨ ਵਸ ਕਰੇ ਸ਼ਬਦੀ ਡੋਰ, ਤੰਦ ਆਪਣਾ ਨਾਮ ਬੰਧਾਈਆ । ਨਾਤਾ ਤੋੜੇ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਕਰ ਪਰਕਾਸ਼ ਅੰਧਘੋਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਲਿਵ ਛੁੱਟਕੀ ਫੇਰ ਦੇਵੇ ਜੋੜ, ਮਾਤ ਗਰਭ ਦਾ ਲੇਖਾ ਪੂਰ ਕਰਾਈਆ । ਸਤਿਗੁਰ ਆਪਣੇ ਨਾਲ ਲਏ ਤੋਰ, ਫੜ ਬਾਹੋਂ ਅੱਗੇ ਅੱਗੇ ਲਗਾਈਆ । ਅੱਗੇ ਸਕੇ ਕੋਈ ਨਾ ਹੋੜ, ਰੁਕਾਵਟ ਰਹਿਣ ਕੋਇ ਨਾ ਪਾਈਆ । ਓਥੇ ਮਨ ਦਾ ਚਲੇ ਕੋਈ ਨਾ ਜ਼ੋਰ, ਜਿਥੇ ਜ਼ਾਬਰ ਸਤਿਗੁਰ ਨਜ਼ਰੀ ਆਈਆ । ਸਾਹਿਬ ਸਤਿਗੁਰ ਦਾ ਮੰਤਰ ਫੋਰ, ਫੁਰਨੇ ਸਾਰੇ ਬੰਦ ਕਰਾਈਆ । ਗੁਰਮੁਖ ਫੜ ਕੇ ਚਾੜ੍ਹੇ ਘੋੜ, ਸ਼ਬਦੀ ਘੋੜਾ ਇਕ ਦ੍ਰਿੜਾਈਆ । ਜਿਸ ਵੇਲੇ ਘੋੜੇ ਦਾ ਵੱਜੇ ਪੌੜ, ਮਨ ਉਠ ਉਠ ਭੱਜੇ ਪਿਛੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਦਾ ਜਾਏ ਬੌਹੜ, ਪੌੜੀ ਆਪਣਾ ਡੰਡਾ ਲਾਈਆ । ਮਨ ਮਨੂਆ ਕੀ ਕਰੇ ਵਿਚਾਰਾ, ਮਨਸਾ ਕੰਮ ਕਿਸੇ ਨਾ ਆਈਆ । ਜਿਸ ਸਤਿਗੁਰ ਮਿਲਿਆ ਸਿਰਜਣਹਾਰਾ, ਸਿਰ ਆਪਣਾ ਹੱਥ ਟਿਕਾਈਆ । ਨਾਮ ਪਦਾਰਥ ਦਏ ਭੰਡਾਰਾ, ਅਤੋਟ ਅਤੁਟ ਵਰਤਾਈਆ । ਦਾਤਾ ਦਾਨੀ ਇਕ ਵਰਤਾਰਾ, ਦਇਆਵਾਨ ਹੋਏ ਸਹਾਈਆ । ਜਿਸ ਵੇਲੇ ਗੁਰਮੁਖ ਸਤਿਗੁਰ ਮਿਲ ਬੋਲੇ ਜੈਕਾਰਾ, ਵਾਹਵਾ ਗੁਰੂ ਤੇਰੀ ਵਡਿਆਈਆ । ਵਾਹਿਗੁਰੂ ਫ਼ਤਹਿ ਆਦਿ ਜਗਾਦਿ ਜੁਗ ਚੌਕੜੀ ਵਿਚ ਸੰਸਾਰਾ, ਡੰਕਾ ਇਕੋ ਨਾਮ ਵਜਾਈਆ । ਜਿਸ ਨੂੰ ਸਾਧ ਸੰਤ ਬਿਨ ਲੱਭਿਆਂ ਕਰਦੇ ਗਏ ਨਿਮਸਕਾਰਾ, ਦੋਏ ਜੋੜ ਵਾਸਤਾ ਪਾਈਆ । ਸੋ ਕਰਤਾ ਪੁਰਖ ਖੇਲ ਕਰੇ ਕਰਤਾਰਾ, ਕਰਨਹਾਰ ਸੱਚਾ ਸ਼ਹਿਨਸ਼ਾਹੀਆ । ਤਿਸ ਅੱਗੇ ਮਨ ਦਾ ਚਲੇ ਨਾ ਕੋਈ ਚਾਰਾ, ਮਨ ਮਤ ਬੁਧ ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਫੜਾਏ ਆਪਣਾ ਲੜ, ਤਿਸ ਪੱਲੂ ਸਕੇ ਨਾ ਕੋਇ ਛੁਡਾਈਆ । ਮਨ ਦੀ ਹੋਏ

ਉਸ ਵੇਲੇ ਨਿਸ਼ਾ, ਜਿਸ ਵੇਲੇ ਗੁਰਸਿਖ ਨਿਛਾਵਰ ਆਪਣਾ ਆਪ ਕਰਾਈਆ । ਕਥਾ ਕਹਾਣੀ ਨਹੀਂ ਇਹ ਕਿਸਾ, ਧੁਰ ਦੀ ਬਾਤ ਸੁਣਾਈਆ । ਸੱਜਣ ਮਿੱਤਰ ਦਾ ਨਹੀਂ ਇਹ ਚਿੱਠਾ, ਪੂਰੇ ਗੁਰ ਵਡਿਆਈਆ । ਸਤਿਗੁਰ ਗੁਰਸਿਖ ਆਪ ਡਿੱਠਾ, ਆਪ ਗੁਰਮੁਖ ਲਏ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਕਰ ਹਿੱਤਾ, ਦੂਜੀ ਲੋੜ ਨਾ ਕੋਇ ਰਖਾਈਆ । ਸਤਿਗੁਰ ਪੂਰਾ ਬਣਕੇ ਮਾਤਾ ਪਿਤਾ, ਗੁਰਸਿਖ ਆਪਣੀ ਗੋਦ ਬਹਾਈਆ । ਜੇ ਕੋਈ ਕਹੇ ਸਤਿਗੁਰੂ ਵੱਡਾ ਕਿ ਨਿੱਕਾ, ਵੇਖਣ ਵਿਚ ਕਦੇ ਨਾ ਆਈਆ । ਉਸ ਗੁਰਸਿਖ ਦਿਸਾ, ਜਿਸ ਆਪ ਦਏ ਬੁਝਾਈਆ । ਬਾਕੀ ਸਭ ਵਲ ਸੁੱਤਾ ਦੇ ਕਰ ਪਿੱਠਾ, ਕਰਵਟ ਸਕੇ ਨਾ ਕੋਈ ਬਦਲਾਈਆ । ਮਨ ਮਨੂਆ ਗੁਰਸਿਖ ਗੁਰ ਕਿਰਪਾ ਜਿੱਤਾ, ਜੀਵਣ ਜੁਗਤ ਸਤਿਗੁਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰਾਹ ਚਲਾਈਆ । ਤਨ ਮਨ ਨਾ ਹੋਵੇ ਦੂਰ, ਆਤਮ ਪਰਮਾਤਮ ਨੇਰਨ ਨੇਰ ਨਜ਼ਰੀ ਆਈਆ । ਕਿਰਪਾ ਕਰੇ ਹਾਜ਼ਰ ਹਜ਼ੂਰ, ਹਰਿ ਕਰਤਾ ਬੇਪਰਵਾਹੀਆ । ਜਨਮ ਜਨਮ ਦੇ ਕਰ ਮੁਆਫ ਕਸੂਰ, ਪਿਛਲੇ ਲੇਖੇ ਉਤੇ ਕਲਮ ਦਏ ਫਿਰਾਈਆ । ਅੱਗੇ ਲੇਖਾ ਲੇਖੇ ਲਾਏ ਜ਼ਰੂਰ, ਅੰਤ ਕੰਤ ਸ੍ਰੀ ਭਗਵੰਤ ਹੋ ਸਹਾਈਆ । ਆਵਣ ਜਾਵਣ ਲੱਖ ਚੁਰਾਸੀ ਨਾਤਾ ਤੋੜ ਕੂੜ, ਹਰਿਸੰਗਤ ਸੰਗ ਰਖਾਈਆ । ਜਿਸ ਦਾ ਪੈਂਡਾ ਦੱਸਦੇ ਦੂਰ, ਸੋ ਨੇਰਨ ਨੇਰਾ ਹੋਏ ਸਹਾਈਆ । ਆਪਣੇ ਘਰ ਲੈ ਕੇ ਜਾਏ ਜ਼ਰੂਰ, ਜੋ ਜਨ ਬੈਠੇ ਧਿਆਨ ਲਗਾਈਆ । ਅੰਤ ਮਿਲਾਏ ਆਪਣੇ ਨੂਰ, ਜੋਤੀ ਜੋਤ ਵਿਚ ਸਮਾਈਆ । ਸੰਤ ਸਤਿਗੁਰ ਭੰਡਾਰਾ ਸਦਾ ਭਰਪੂਰ, ਦੇਂਦਿਆਂ ਤੋਟ ਨਾ ਕੋਇ ਰਖਾਈਆ । ਜਿਸ ਦਾ ਨਾਨਕ ਨਿਰਗੁਣ ਬੰਨ੍ਹ ਕੇ ਗਿਆ ਦਸਤੂਰ, ਕਬੀਰ ਕਿਹਾ ਹੋ ਮਜ਼ਬੂਰ, ਬਿਨ ਸਤਿਗੁਰ ਪੂਰੇ ਏਥੇ ਓਥੇ ਹੋਏ ਨਾ ਕੋਇ ਸਹਾਈਆ ।



੧੪੨ ੧੯

★ ੭ ਪੋਹ ੨੦੨੦ ਬਿਕਰਮੀ ਗੁਰਦਾਵਰ ਸਿੰਘ ਦੇ ਗ੍ਰਿਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਜੀਵ ਕਹੇ ਜਗ ਤੇਰੀ ਆਸ, ਜੁਗਤ ਤੇਰੀ ਵਡਿਆਈਆ । ਈਸ਼ ਕਹੇ ਮੈਂ ਤੇਰਾ ਸਾਥ, ਆਦਿ ਜੁਗਾਦਿ ਸਦਾ ਸੁਖਦਾਈਆ । ਜੀਵ ਕਹੇ ਮੈਂ ਤੇਰਾ ਨਾਤ, ਨਾਤਾ ਸੱਚਾ ਜੋੜ ਜੁੜਾਈਆ । ਈਸ਼ ਕਹੇ ਮੈਂ ਤੇਰਾ ਬਾਪ, ਪਿਤਾ ਪੁਰਖ ਅਖਵਾਈਆ । ਜੀਵ ਕਹੇ ਮੈਂ ਤੇਰਾ ਪਾਠ, ਪੂਜਾ ਇਕ ਸਮਝਾਈਆ । ਈਸ਼ ਕਹੇ ਮੈਂ ਤੇਰਾ ਨਾਥ, ਅਨਾਥਾਂ ਸਦਾ ਸਹਾਈਆ । ਜੀਵ ਕਹੇ ਮੇਰੀ ਖੋਲ੍ਹ ਆਖ, ਨੇਤਰ ਨੈਣ ਰੁਸ਼ਨਾਈਆ । ਈਸ਼ ਕਹੇ ਮੈਂ ਮੇਟਾਂ ਅੰਧੇਰੀ ਰਾਤ, ਸਾਚਾ ਨੂਰ ਇਕ ਚਮਕਾਈਆ । ਜੀਵ ਕਹੇ ਮੈਂ ਪੜ੍ਹਾਂ ਗਾਥ, ਤੇਰਾ ਨਾਮ ਧਿਆਈਆ । ਈਸ਼ ਕਹੇ ਮੇਰੀ ਇਕ ਜਮਾਤ, ਦੂਜੀ ਪੱਟੀ ਨਾ ਕੋਇ ਬਣਾਈਆ । ਦੋਹਾਂ ਮਿਲ ਕੇ ਪੂਰੀ ਹੋਵੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੀਵ ਕਹੇ ਮੈਂ ਹਾਂ ਕੀ, ਕੀ ਮੇਰੀ ਬਣਤ ਬਣਾਈਆ । ਈਸ਼ ਕਹੇ ਤੂੰ ਮੇਰੀ ਨੀਂਹ, ਤੁਧ ਬਿਨ ਮੇਰਾ ਮਹਲ ਨਾ ਕੋਇ ਸੁਹਾਈਆ । ਜੀਵ ਕਹੇ ਕੀ ਮੈਂ ਤੇਰਾ ਜੀਅ, ਸਚ ਸੁੱਚ ਦ੍ਰਿੜਾਈਆ । ਈਸ਼

ਕਹੇ ਤੂੰ ਮੇਰਾ ਬੀ, ਤੁਧ ਬਿਨ ਬੂਟਾ ਫਲ ਫੁੱਲ ਨਾ ਕੋਇ ਲਹਿਰਾਈਆ । ਜੀਵ ਕਹੇ ਮੈਂ ਤੇਰਾ ਪੁੱਤਰ ਧੀਅ, ਪਿਤਾ ਤੂੰਹੀ ਨਜ਼ਰੀ ਆਈਆ । ਈਸ਼ ਕਹੇ ਮੈਂ ਤੇਰਾ ਤੂੰ ਮੇਰਾ ਦੋਹਾਂ ਦੀ ਸਾਚੀ ਸੀਂ, ਸੀਆਂ ਜਗਤ ਵੰਡ ਨਾ ਕੋਇ ਵੰਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਕੀ, ਕਰਨੀ ਆਪਣੀ ਆਪ ਪਰਗਟਾਈਆ । ਜੀਵ ਕਹੇ ਦੱਸ ਮੇਰਾ ਮੂਲ, ਕਵਣ ਬਿਧ ਬਣਤ ਬਣਾਈਆ । ਈਸ ਕਹੇ ਤੂੰ ਨਾ ਭੂਲ, ਅਭੁੱਲ ਦਏ ਸਮਝਾਈਆ । ਸਚ ਪ੍ਰੀਤੀ ਦਾ ਸਰਗੁਣ ਫੂਲ, ਨਿਰਗੁਣ ਲਿਆ ਉਪਜਾਈਆ । ਪ੍ਰੇਮ ਪਿਆਰ ਅੰਦਰ ਝੂਲਾ ਰਿਹਾ ਝੂਲ, ਝਲਕ ਲੋਕਮਾਤ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਦਏ ਸਮਝਾਈਆ । ਈਸ਼ ਕਹੇ ਸੁਣ ਜੀਵ ਜਨ, ਜਨ ਜਨਨੀ ਤੇਰੀ ਜਣਾਈਆ । ਜਿਸ ਉਪਾਇਆ ਤ੍ਰੈ ਪੰਜ ਤਨ, ਨੌ ਦਰ ਰਾਹ ਵਖਾਈਆ । ਜਿਸ ਸੁਣਾਇਆ ਰਾਗ ਕੰਨ, ਸੁਰ ਤਾਲ ਵਜਾਈਆ । ਜਿਸ ਵਸਾਇਆ ਗ੍ਰਿਹ ਮਨ, ਬੁੱਧ ਮਤ ਵਡਿਆਈਆ । ਸੋ ਸਾਹਿਬ ਬੇੜਾ ਰਿਹਾ ਬੰਨ, ਜੀਵ ਤੇਰਾ ਜਗਦੀਸ਼ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁਣ ਜੀਵ ਹਰਿ ਸਚ ਬਿਵਹਾਰ, ਬਿਵਹਾਰੀ ਦਇਆ ਕਮਾਇੰਦਾ । ਜੀਵ ਜੀਵ ਸਰਬ ਸੰਸਾਰ, ਜੀਵਣ ਹੱਥ ਕਿਸੇ ਨਾ ਆਇੰਦਾ । ਜੀਵਣ ਵਿਚੋਂ ਮਿਲੇ ਨਿਰੰਕਾਰ, ਨਿਰਾਕਾਰ ਆਪਣਾ ਮੇਲ ਮਿਲਾਇੰਦਾ । ਸੋ ਜੀਵ ਉਤਰੇ ਪਾਰ, ਜਿਸ ਈਸ਼ ਗਲੇ ਲਗਾਇੰਦਾ । ਜੀਵ ਕਹੇ ਮੇਰੇ ਸਿਰਜਣਹਾਰ, ਤੇਰੇ ਭੇਵ ਕੋਇ ਨਾ ਪਾਇੰਦਾ । ਈਸ ਕਹੇ ਮੇਰਾ ਖੇਲ ਅਪਾਰ, ਸਾਚੀ ਕਰਨੀ ਆਪ ਸਮਝਾਇੰਦਾ । ਜਨ ਭਗਤਾਂ ਦੇਵਾਂ ਇਕ ਅਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਕਵਲ ਦੇ ਸਹਾਰ, ਸਹਾਰਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਇੰਦਾ । ਜੀਵ ਸੁਣ ਸਾਹਿਬ ਧੁਨ ਰਾਗ, ਘਰ ਸੱਚਾ ਰਿਹਾ ਜਣਾਈਆ । ਈਸ਼ ਖੇਲ ਵੇਖ ਬ੍ਰਿਮਾਦ, ਤੇਰਾ ਪ੍ਰੇਮ ਵਧਾਈਆ । ਗ੍ਰਿਹ ਮੰਦਰ ਦੇਵੇ ਦਾਦ, ਬੰਕ ਦੁਆਰ ਸੁਹਾਈਆ । ਦੱਸ ਕੇ ਕਰੇ ਸੱਚਾ ਕਾਜ, ਹੱਸ ਕੇ ਮੇਲ ਮਿਲਾਈਆ । ਜੀਵਾਂ ਵਿਚੋਂ ਜੀਵ ਦੇਵੇ ਸਾਥ, ਜੀਵ ਜੀਵਾਂ ਵਿਚੋਂ ਉਪਾਈਆ । ਈਸ਼ ਰੂਪ ਪੁਰਖ ਅਬਿਨਾਸ਼, ਅਬਿਨਾਸ਼ੀ ਕਾਰ ਕਮਾਈਆ । ਈਸ਼ ਜੀਵ ਜੀਵ ਈਸ਼ ਸਾਰੇ ਗੌਂਦੇ ਗਏ ਗਾਥ, ਗਾ ਗਾ ਜਗਤ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੀਵ ਜਨ ਭਗਤਾਂ ਦੇਵੇ ਸਾਥ, ਈਸ਼ ਈਸ਼ਵਰ ਇਸ਼ਟ ਆਪਣਾ ਇਕ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਣ ਵਿਚੋਲਾ ਆਪ, ਸਾਚਾ ਮੇਲ ਮਿਲਾਈਆ । ਈਸ਼ ਜੀਵ ਕਰੇ ਮਿਲਾਪ, ਜੀਵ ਈਸ਼ ਦਏ ਵਡਿਆਈਆ । ਇਹ ਖੇਲ ਪ੍ਰਭ ਦੇ ਹਾਥ, ਦੂਸਰ ਹੱਥ ਨਾ ਕਿਸੇ ਫੜਾਈਆ । ਕਲਜੁਗ ਅੰਤ ਬਣ ਕੇ ਸਾਥ, ਸੱਜਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜਗਤ ਅਵਾਣਾ, ਸ੍ਰੀ ਭਗਵਾਨ ਧੁਰ ਦਾ ਸਿਆਣਾ, ਧੁਰ ਦੀ ਕਾਰ ਕਮਾਈਆ ।

★ ੭ ਪੋਹ ੨੦੨੦ ਬਿਕਰਮੀ ਸੰਸਾਰ ਸਿੰਘ ਦੇ ਗ੍ਰਿਹ ਡਵਿਡਾ ਰਿਹਾਣਾ ਜ਼ਿਲਾ ਹੁਸ਼ਿਆਪੁਰ ★

ਸੋ ਪੁਰਖ ਨਿਰੰਜਣ ਸਾਹਿਬ ਪ੍ਰਭ ਏਕ, ਇਕ ਇਕੱਲਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਅਭੇਦ, ਭੇਵ ਸਕੇ ਨਾ ਕੋਇ ਜਣਾਈਆ । ਏਕੰਕਾਰ ਵਸੇ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਰੂਪ ਰੰਗ ਨਾ ਕੋਈ ਰੇਖ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਨਰ ਨਰੇਸ਼, ਸ਼ਾਹ ਪਾਤਸ਼ਾਹ ਇਕ ਅਖਵਾਈਆ । ਅਬਿਨਾਸ਼ੀ ਕਰਤਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਪਾਰਬ੍ਰਹਮ ਪ੍ਰਭ ਆਪਣਾ ਜਾਣੇ ਆਪੇ ਭੇਤ, ਦੂਜੇ ਸਾਰ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਹੋ ਕੇ ਖੇਲੇ ਖੇਲ, ਅਜੂਨੀ ਰਹਿਤ ਬੇਪਰਵਾਹੀਆ । ਸੁਤ ਦੁਲਾਰਾ ਸ਼ਬਦੀ ਭੇਜ, ਥਿਰ ਘਰ ਸਾਚਾ ਆਪ ਸੁਹਾਈਆ । ਸਤਿ ਸਰੂਪ ਸੁਹੰਜਣੀ ਸੇਜ, ਸਤਿ ਸਤਿਵਾਦੀ ਆਪ ਹੰਢਾਈਆ । ਜੋਤੀ ਜਲਵਾ ਧੁਰ ਦਾ ਤੇਜ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਆਦਿ ਪੁਰਖ ਆਪ ਕਰਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰ, ਨਰ ਨਿਰੰਕਾਰ ਵੇਸ ਵਟਾਇੰਦਾ । ਮਹਲ ਅਟੱਲ ਉਚੇ ਮਨਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਾਹ ਪਾਤਸ਼ਾਹ ਹੁਕਮ ਵਰਤਾਇੰਦਾ । ਸੁਤ ਦੁਲਾਰਾ ਕਰ ਕੇ ਖ਼ਬਰਦਾਰ, ਥਿਰ ਘਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਰਚਾਈਆ । ਜਿਸ ਦਾ ਕਰੇ ਨਾ ਕੋਇ ਬਿਆਨ, ਲੇਖਾ ਸਕੇ ਨਾ ਕੋਇ ਸਮਝਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਨਿਸ਼ਾਨ, ਰੂਪ ਰੰਗ ਰੇਖ ਨਾ ਕੋਇ ਵਿਖਾਈਆ । ਜਿਸ ਦਾ ਕਰੇ ਨਾ ਕੋਈ ਧਿਆਨ, ਨੇਤਰ ਅੱਖ ਨਾ ਕੋਇ ਮਿਲਾਈਆ । ਜਿਸ ਦਾ ਖੇਲ ਬੇਮਹਾਨ, ਹਰਿ ਖ਼ਾਲਕ ਆਪ ਵਖਾਈਆ । ਸੁਤ ਯੋਧਾ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਈਆ । ਦਰ ਘਰ ਦੇਵੇ ਇਕੋ ਮਾਣ, ਚਰਨ ਕਵਲ ਕਵਲ ਸਰਨਾਈਆ । ਸਚ ਪ੍ਰੀਤ ਸ੍ਰੀ ਭਗਵਾਨ, ਹਰਿ ਕਰਤਾ ਆਪ ਸਮਝਾਈਆ । ਵਸਤ ਅਮੋਲਕ ਦੇ ਕੇ ਦਾਨ, ਸਤਿ ਸਤਿਵਾਦੀ ਝੋਲੀ ਆਪ ਭਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਸ਼ਾਕਰ ਆਪਣੇ ਨਾਲ ਕਰਾਈਆ । ਬਿਨ ਅੱਖਰਾਂ ਦੇ ਗਿਆਨ, ਨਿਰਅੱਖਰ ਦਏ ਸਮਝਾਈਆ । ਬਿਨ ਅੰਦਰ ਮੰਦਰ ਮਕਾਨ, ਬਿਨ ਛੱਪਰ ਛੰਨ ਛੁਹਾਈਆ । ਬਿਨ ਸੂਰਜ ਚੰਦ ਭਾਨ, ਬਿਨ ਰਵ ਸਸ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਚ ਵਡਿਆਈ ਸਾਹਿਬ ਗੁਣਵੰਤ, ਹਰਿ ਕਰਤਾ ਆਪ ਜਣਾਇੰਦਾ । ਖੇਲ ਖਿਲਾਏ ਆਦਿ ਅੰਤ, ਜੁਗਾ ਜੁਗੰਤ ਧਾਰ ਬੰਧਾਇੰਦਾ । ਧੁਰਦਰਗਾਹੀ ਇਕੋ ਮੰਤ, ਬੋਧ ਅਗਾਧਾ ਆਪ ਪੜ੍ਹਾਇੰਦਾ । ਸਚ ਮਿਲਾਵਾ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਇੰਦਾ । ਸਤਿ ਸਤਿਵਾਦੀ ਬਣ ਕੇ ਪੰਡਤ, ਪਾਰਬ੍ਰਹਮ ਪ੍ਰਭ ਆਪਣੀ ਵਿਦਿਆ ਇਕ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਸਮਝਾਇੰਦਾ । ਸ਼ਬਦ ਸੁਤ ਸੁਣ ਸਾਚੇ ਬਾਲ, ਹਰਿ ਸਤਿਗੁਰ ਆਪ ਜਣਾਈਆ । ਥਿਰ ਘਰ ਤੇਰਾ ਧਰਮਸਾਲ, ਦੇਵਣਹਾਰ ਪ੍ਰਭੂ ਇਕੋ ਇਕ ਨਜ਼ਰੀ ਆਈਆ । ਸਚਖੰਡ ਮੇਰਾ ਜਲਵਾ ਨੂਰ ਜਲਾਲ, ਜਹੂਰ ਇਕੋ ਇਕ ਪਰਗਟਾਈਆ । ਆਦਿ ਅਨਾਦੀ ਇਕੋ ਸੱਚਾ ਲਾਲ, ਲਾਲਨ ਤੋਹੇ ਦਿਤਾ ਬਣਾਈਆ ।

ਵਿਸ਼ਨ ਬ੍ਰਹਮਾ ਸ਼ਿਵ ਤੇਰੇ ਨਾਲ, ਬਣ ਸੇਵਕ ਸੇਵ ਕਮਾਈਆ । ਸਚ ਕੁਠਾਲੀ ਲਏ ਡਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਵਿਸ਼ਨ ਭਰਿਆ ਰੰਗ ਅਤੀਤ, ਹਰਿ ਕਰਤਾ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਖੇਲ ਅਨਡੀਠ, ਲੇਖਾ ਲਿਖਤ ਵਿਚ ਨਾ ਆਇੰਦਾ । ਆਦਿ ਜੁਗਾਦੀ ਧੁਰ ਦੀ ਰੀਤ, ਸਤਿ ਸਤਿਵਾਦੀ ਆਪ ਸਮਝਾਇੰਦਾ । ਨਿਰਗੁਣ ਸਰਗੁਣ ਕਰਨ ਪ੍ਰੀਤ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਪੁਰਖ ਅਕਾਲ, ਅਕਲ ਕਲਧਾਰੀ ਆਪ ਜਣਾਈਆ । ਆਦਿ ਕਰਿਆ ਖੇਲ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਰਜੋ ਤਮੋ ਸਤੋ ਵੰਡ ਵੰਡਾਈਆ । ਪੰਜ ਤਤ ਖੇਲ ਮਹਾਨ, ਹਰਿ ਕਰਤਾ ਕਾਰ ਕਮਾਈਆ । ਬਣ ਵਿਚੋਲਾ ਸ੍ਰੀ ਭਗਵਾਨ, ਸਾਚਾ ਨਾਤਾ ਦਏ ਜੁੜਾਈਆ । ਧੁਰ ਦਾ ਲੇਖਾ ਧੁਰ ਫ਼ਰਮਾਨ, ਧੁਰ ਦੀ ਧਾਰ ਆਪ ਉਪਜਾਈਆ । ਲੱਖ ਚੁਰਾਸੀ ਦੇ ਕੇ ਦਾਨ, ਬ੍ਰਹਮਾ ਝੋਲੀ ਆਪ ਭਰਾਈਆ । ਸ਼ੰਕਰ ਦੇ ਇਕ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਇਕੋ ਹੁਕਮ ਵਰਤਾਈਆ । ਸਾਚਾ ਹੁਕਮ ਸਚ ਸੰਦੇਸ਼ਾ, ਆਦਿ ਪੁਰਖ ਆਪ ਉਪਾਇਆ । ਸੇਵਾ ਲਾ ਬ੍ਰਹਮਾ ਵਿਸ਼ਨ ਸ਼ਿਵ ਨਰ ਨਰੇਸ਼ਾ, ਧੁਰ ਦਾ ਰਾਗ ਇਕ ਅਲਾਇਆ । ਨਜ਼ਰੀ ਆਏ ਸੱਚਾ ਨੇਤਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਕਰੇ ਹੇਤਾ, ਹਿਤਕਾਰੀ ਭੁੱਲ ਕਦੇ ਨਾ ਜਾਇਆ । ਸਚਖੰਡ ਦਵਾਰੇ ਸਾਚੇ ਬੈਠਾ, ਸਚ ਸਿੰਘਾਸਣ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤ ਇਕ ਦਰਸਾਇਆ । ਸਾਚੀ ਰੀਤ ਦੱਸੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਧੁਰ ਦਾ ਜਾਪ, ਨਿਰਗੁਣ ਨਿਰਵੈਰ ਆਪ ਸਮਝਾਈਆ । ਨਾਤਾ ਜੋੜ ਪਿਤਾ ਬਾਪ, ਪੂਤ ਸਪੂਤ ਗੋਦ ਉਠਾਈਆ । ਦੋਹਾਂ ਨਜ਼ਰੀ ਆਏ ਇਕੋ ਜਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਥਾਪਣ ਥਾਪ, ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਜਪਣਾ ਧੁਰ ਦਾ ਜਾਪ, ਸੋਹੰ ਸਤਿ ਸਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣ ਕੇ ਜਾਪ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਪਾਰਬ੍ਰਹਮ ਤੇਰਾ ਸਿਮਰਨ ਪਾਠ, ਪੂਜਾ ਇਕੋ ਨਜ਼ਰੀ ਆਈਆ । ਦਰਗਾਹ ਸਾਚੀ ਮਿਲੀ ਦਾਤ, ਪੁਰੀ ਲੋਅ ਰੁਸ਼ਨਾਈਆ । ਬਿਨ ਰਸਨਾ ਜਿਹਵਾ ਗਾਈਏ ਗਾਥ, ਬੱਤੀ ਦੰਦ ਨਾ ਕੋਇ ਵਡਿਆਈਆ । ਪ੍ਰੇਮ ਪ੍ਰੀਤੀ ਵੇਖੀਏ ਹਾਟ, ਤਨ ਤੇਰੀ ਭੇਟ ਚੜ੍ਹਾਈਆ । ਹਉਂ ਬਾਲਕ ਨੱਢੇ ਤੇਰੀ ਜਾਤ, ਤੂੰ ਪਿਤਾ ਪੁਰਖ ਸਹਿਜ ਸੁਖਦਾਈਆ । ਤੂੰ ਸਾਹਿਬ ਸੁਲਤਾਨ ਪਾਕੀ ਪਾਕ, ਪਰਵਰਦਿਗਾਰ ਤੇਰੀ ਸ਼ਰਨਾਈਆ । ਜੋ ਸਾਹਿਬ ਦਿਆਲ ਦਿਤਾ ਆਖ, ਸਚ ਸੱਚ ਸਚ ਸੁਣਾਈਆ । ਤੇਰਾ ਕਹਿਣਾ ਗਿਆ ਭਾਖ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਚ ਦੱਸ ਪੁਰਖ ਅਬਿਨਾਸ਼, ਦੋਏ ਜੋੜ ਪਏ ਸਰਨਾਈਆ । ਕਵਣ ਜੁਗ ਤੇਰੀ ਰੱਖੀਏ ਆਸ, ਆਪਣਾ ਮੇਲਾ ਲਏਂ ਮਿਲਾਈਆ । ਨਿਰਗੁਣ ਨਿਰਗੁਣ ਤੇਰੀ ਬਾਤ, ਸਰਗੁਣ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਦੱਸੇ ਨਿਰੰਕਾਰ, ਆਦਿ

ਆਪਣੀ ਧਾਰ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਈਆ । ਹੁਕਮੇ ਅੰਦਰ ਆਵਣ ਗੁਰੂ ਅਵਤਾਰ, ਪੀਰ ਪੈਗ਼ੰਬਰ ਸੇਵ ਕਮਾਈਆ । ਹੁਕਮੇ ਅੰਦਰ ਸ਼ਬਦ ਨਾਦ ਧੁਨਕਾਰ, ਸ਼ਾਸਤਰ ਸਿਮਰਤ ਵੇਦ ਭੇਵ ਖੁਲ੍ਹਾਈਆ । ਹੁਕਮੇ ਅੰਦਰ ਭਗਤਾਂ ਦੇਵੇ ਭਗਤੀ ਦਾਨ, ਭਗਵਨ ਆਪਣੀ ਕਾਰ ਕਮਾਈਆ । ਹੁਕਮੇ ਅੰਦਰ ਸੰਤ ਕਰ ਪਰਵਾਨ, ਸਚ ਸੰਦੇਸ਼ਾ ਦਏ ਸਮਝਾਈਆ । ਹੁਕਮੇ ਅੰਦਰ ਗੁਰਮੁਖਾਂ ਦੇਵੇ ਦਾਨ, ਆਤਮ ਪਰਮਾਤਮ ਝੋਲੀ ਆਪ ਭਰਾਈਆ । ਹੁਕਮੇ ਅੰਦਰ ਗੁਰਸਿਖਾਂ ਪ੍ਰੀਤੀ ਨਿਭੇ ਨਾਲ, ਸਾਚਾ ਨਾਤਾ ਜੋੜ ਜੁੜਾਈਆ । ਹੁਕਮੇ ਅੰਦਰ ਸਭ ਨੂੰ ਖਾਏ ਕਾਲ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪ ਜਣਾਈਆ । ਆਦਿ ਪੁਰਖ ਆਪ ਸਮਝਾਉਦਾ ਏ । ਵਿਸ਼ਨੂੰ ਏਕਾ ਕਾਰ ਲਗਾਉਦਾ ਏ । ਬ੍ਰਹਮੇ ਆਪਣਾ ਬੰਧ ਵਖਾਉਦਾ ਏ । ਸ਼ੰਕਰ ਹੱਥ ਤਰਸੂਲ ਉਠਾਉਦਾ ਏ । ਤ੍ਰੈਗੁਣ ਮਾਇਆ ਜੋੜ ਜੜਾਉਦਾ ਏ । ਪੰਜ ਤਤ ਗੰਢ ਪਵਾਉਦਾ ਏ । ਲੱਖ ਚੁਰਾਸੀ ਘਾੜਤ ਘੜ ਵਖਾਉਦਾ ਏ । ਚਾਰੇ ਖਾਣੀ ਵੰਡ ਵੰਡਾਉਦਾ ਏ । ਅੰਡਜ ਜੇਰਜ ਉਤਭੁਜ ਸੇਤਜ ਸਚ ਸਮਗਰੀ ਨਾਲ ਮਿਲਾਉਦਾ ਏ । ਚਾਰੇ ਬਾਣੀ ਰਾਗ ਅਲਾਉਦਾ ਏ । ਪਰਾ ਪਸੰਤੀ ਮਧਮ ਬੈਖਰੀ ਇਕੋ ਨਾਦ ਵਜਾਉਦਾ ਏ । ਬ੍ਰਹਮਾਵੇਤਾ ਸੁਤ ਪੜ੍ਹਾਉਦਾ ਏ । ਚਾਰੇ ਮੁਖ ਆਪ ਖੁਲਾਉਦਾ ਏ । ਧੁਰ ਸੰਦੇਸ਼ ਰਾਗ ਅਲਾਉਦਾ ਏ । ਸ਼ਾਸਤਰ ਸਿਮਰਤ ਵੰਡ ਵੰਡਾਉਦਾ ਏ । ਗੁਰ ਅਵਤਾਰ ਰਾਹ ਚਲਾਉਦਾ ਏ । ਪੀਰ ਪੈਗ਼ੰਬਰ ਹੁਕਮ ਵਰਤਾਉਦਾ ਏ । ਗੀਤਾ ਗਿਆਨ ਆਪ ਪਰਗਟਾਉਦਾ ਏ । ਅੰਜੀਲ ਕੁਰਾਨਾ ਮਸਲਾ ਹੱਕ ਸੁਣਾਉਦਾ ਏ । ਸਚ ਤੌਫ਼ੀਕ ਖ਼ੁਦਾਏ ਇਕੋ ਹੱਥ ਰਖਾਉਦਾ ਏ । ਲਾਸ਼ਰੀਕ ਵੇਖ ਵਖਾਉਦਾ ਏ । ਦੂਰ ਦੁਰਾਡਾ ਹੋ ਨਜ਼ਦੀਕ, ਨਿਰਗੁਣ ਸਰਗੁਣ ਧਾਰ ਚਲਾਉਦਾ ਏ । ਨਬੀ ਰਸੂਲਾਂ ਦੇ ਪ੍ਰੀਤ, ਪ੍ਰੀਤੀਵਾਨ ਪ੍ਰੀਤ ਜੁੜਾਉਦਾ ਏ । ਗੁਰ ਗੁਰ ਖੇਲ ਸਦਾ ਅਣਡੀਠ, ਅਣਡਿਠੜੀ ਕਾਰ ਕਮਾਉਦਾ ਏ । ਕਰਵਟ ਲੈ ਬਦਲੇ ਪੀਠ, ਸਨਮੁਖ ਆਪਣਾ ਮੁਖ ਵਖਾਉਦਾ ਏ । ਨਿਰਗੁਣ ਸਰਗੁਣ ਗਾਵੇ ਗੀਤ, ਸੋਹੰ ਢੋਲਾ ਰਾਗ ਜਣਾਉਦਾ ਏ । ਆਤਮ ਪਰਮਾਤਮ ਸੱਚੀ ਪ੍ਰੀਤ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਉਦਾ ਏ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਰਾਉ ਰੰਕਾਂ ਵਿਚ ਸਮਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਇਕੋ ਹੁਕਮ ਸਮਝਾਉਦਾ ਏ । ਸਾਚਾ ਹੁਕਮ ਆਪ ਜਣਾਉਦਾ ਏ । ਅਗਲਾ ਭੇਵ ਆਪ ਖੁਲ੍ਹਾਉਦਾ ਏ । ਦੇਵੀ ਦੇਵ ਨਾਲ ਰਲਾਉਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡਣ ਵੰਡ ਝੋਲੀ ਪਾਉਦਾ ਏ । ਤੇਈ ਅਵਤਾਰਾਂ ਦੇ ਦੇ ਗੰਢ, ਲੋਕਮਾਤ ਹੁਕਮ ਸੁਣਾਉਦਾ ਏ । ਅਠਾਰਾਂ ਭਗਤ ਪਾ ਠੰਡ, ਅੰਮ੍ਰਿਤ ਧਾਰ ਸੀਤਲ ਇਕ ਵਹਾਉਦਾ ਏ । ਈਸਾ ਮੂਸਾ ਮੁਹੰਮਦ ਚਾੜ੍ਹ ਚੰਦ, ਨੂਰੀ ਜਲਵਾ ਨੂਰ ਰੁਸ਼ਨਾਉਦਾ ਏ । ਨਾਨਕ ਗੋਬਿੰਦ ਹੋਵੇ ਸੰਗ, ਨਿਰਗੁਣ ਸਰਗੁਣ ਕਾਰ ਕਮਾਉਦਾ ਏ । ਬੋਧ ਅਗਾਧਾ ਧੁਰ ਦਾ ਛੰਦ, ਖਾਣੀ ਬਾਣੀ ਨਾਲ ਰਲਾਉਦਾ ਏ । ਦੋ ਜਹਾਨ ਸ਼ਬਦ ਮਰਦੰਗ, ਅਨਹਦ ਸਾਚਾ ਤਾਲ ਵਜਾਉਦਾ ਏ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪੇ ਲੰਘ, ਗ੍ਰਹਿ ਗ੍ਰਹਿ ਆਪਣਾ ਆਸਣ ਲਾਉਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸਭ ਦੀ ਪੂਰੀ ਕਰੇ ਮੰਗ, ਆਸਾ ਤ੍ਰਿਸਨਾ ਮੇਟ ਮਿਟਾਉਦਾ ਏ । ਜਿਸ ਵੇਲੇ ਨੌ ਸੌ ਚੁਰਾਨਵੇਂ ਚੌਕੜੀ ਜਾਏ ਲੰਘ, ਤਿਸ ਵੇਲੇ ਨਿਰਗੁਣ ਜੋਤੀ ਜਾਮਾ ਪਾਉਦਾ ਏ । ਸਤਿ

ਸਿੰਘਾਸਣ ਸਤਿ ਪਲੰਘ, ਧੁਰ ਦੀ ਧਰਮ ਸੇਜ ਹੰਢਾਉਦਾ ਏ । ਜਨ ਭਗਤਾਂ ਲਾਏ ਅੰਗ, ਅੰਗੀਕਾਰ ਆਪ ਅਖਵਾਉਦਾ ਏ । ਭਾਂਡਾ ਭਰਮ ਢਾਹ ਕੰਧ, ਦੂਈ ਦਵੈਤ ਮੇਟ ਮਿਟਾਉਦਾ ਏ । ਸੁਰਤ ਸੁਆਣੀ ਹੋਏ ਨਾ ਰੰਡ, ਹਰਿ ਸ਼ਬਦੀ ਕੰਤ ਮਿਲਾਉਦਾ ਏ । ਸਤਿ ਪਰਕਾਸ਼ ਚਾੜ੍ਹ ਚੰਦ, ਸੂਰਜ ਚੰਦ ਨੈਣ ਸ਼ਰਮਾਉਦਾ ਏ । ਜੁਗ ਚੌਕੜੀ ਮੇਟ ਕੇ ਪੰਧ, ਪਾਂਧੀ ਬਣ ਕੇ ਆਪੇ ਆਉਦਾ ਏ । ਸੰਤ ਸੁਹੇਲੇ ਪਾਏ ਠੰਡ, ਅਗਨੀ ਤਤ ਮਿਟਾਉਦਾ ਏ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਪਾਰ ਕਰਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਰਖਾਉਦਾ ਏ । ਸਚ ਪ੍ਰੀਤੀ ਪ੍ਰਭੂ ਜਣਾਉਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਖ ਸੁਣਾਉਦਾ ਏ । ਦੇਵਤ ਸੁਰ ਨਾਲ ਰਲਾਉਦਾ ਏ । ਗੁਰ ਅਵਤਾਰਾਂ ਭੇਵ ਖੁਲ੍ਹਾਉਦਾ ਏ । ਪੀਰ ਪੈਗ਼ੰਬਰਾਂ ਵੇਖ ਵਖਾਉਦਾ ਏ । ਦੋ ਜਹਾਨਾਂ ਰਚ ਸੁਅੰਬਰ, ਲੱਖ ਚੁਰਾਸੀ ਨਾਰ ਕੰਤ ਰੂਪ ਵਟਾਉਦਾ ਏ । ਲੇਖਾ ਜਾਣੇ ਬ੍ਰਹਿਮੰਡ ਖੰਡ ਉਚੇ ਟਿੱਲੇ ਮੰਦਰਾਂ, ਡੂੰਘੀ ਕੰਦਰ ਫੋਲ ਫੁਲਾਉਦਾ ਏ । ਲੇਖਾ ਜਾਣੇ ਸਭ ਦੇ ਅੰਦਰਾਂ, ਘਟ ਘਟ ਅੰਦਰ ਆਪਣਾ ਆਸਣ ਲਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਉਠਾਉਦਾ ਏ । ਵਿਸ਼ਨ ਬ੍ਰਹਮੇ ਸ਼ਿਵ ਆਪ ਜਣਾਇਆ ਏ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਇਆ ਏ । ਨੌ ਸੌ ਚੁਰਾਨਵੇਂ ਚੌਕੜੀ ਵੰਡ ਵੰਡਾਇਆ ਏ । ਨਿਰਗੁਣ ਸਰਗੁਣ ਰਾਹ ਸਮਝਾਇਆ ਏ । ਧੁਰ ਦਾ ਸ਼ਬਦ ਰਾਗ ਨਾਦ ਸੁਣਾਇਆ ਏ । ਬ੍ਰਹਮ ਬ੍ਰਹਿਮਾਦ ਖੋਜ ਖੁਜਾਇਆ ਏ । ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਸੰਦੇਸ਼ਾ ਰਾਗ ਅਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਦਰਸਾਇਆ ਏ । ਸਾਚਾ ਰਾਹ ਇਕ ਦਰਸਾਵਾਂਗਾ । ਦੋ ਜਹਾਨਾਂ ਮਾਰਗ ਪਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਵਰਤਾਵਾਂਗਾ । ਲੱਖ ਚੁਰਾਸੀ ਖੇਲ ਖਿਲਾਵਾਂਗਾ । ਗੁਰ ਅਵਤਾਰ ਬਣਾ ਕੇ ਦਾਸੀ, ਸਿਰ ਸਿਰ ਆਪਣਾ ਹੁਕਮ ਮਨਾਵਾਂਗਾ । ਰਾਸ ਪਾ ਮੰਡਲ ਰਾਸੀ, ਗੋਪੀ ਕਾਹਨ ਨਚਾਵਾਂਗਾ । ਆਪਣਾ ਨਾਉਂ ਰੱਖ ਪੁਰਖ ਅਬਿਨਾਸ਼ੀ, ਅਗੰਮੀ ਕਾਰ ਕਮਾਵਾਂਗਾ । ਜੁਗ ਚੌਕੜੀ ਬੀਤੇ ਜਗਤ ਪ੍ਰਭਾਤੀ, ਸੰਧਿਆ ਇਕੋ ਵਾਰ ਵਖਾਵਾਂਗਾ । ਜਨ ਭਗਤਾਂ ਦੇ ਕੇ ਅੰਮ੍ਰਿਤ ਬੂੰਦ ਸੁਆਂਤੀ, ਸਾਂਤਕ ਸਤਿ ਸਤਿ ਕਰਾਵਾਂਗਾ । ਲੱਖ ਚੁਰਾਸੀ ਵਿਚੋਂ ਸੁੱਤਿਆਂ ਫੜ ਉਠਾਵਾਂ ਰਾਤੀ, ਜਾਗਤ ਸੋਵਤ ਆਪਣਾ ਰੰਗ ਰੰਗਾਵਾਂਗਾ । ਪ੍ਰੇਮ ਪਿਆਰ ਦੀ ਦੇ ਕੇ ਪਾਤੀ, ਸ਼ਬਦ ਸੰਦੇਸ਼ਾ ਇਕ ਸੁਣਾਵਾਂਗਾ । ਉਤਮ ਕਰ ਕੇ ਸਭ ਤੋਂ ਜਾਤੀ, ਅੰਤਮ ਆਪਣੇ ਨਾਲ ਮਿਲਾਵਾਂਗਾ । ਦੋਜ਼ਖ਼ ਬਹਿਸ਼ਤ ਸਵਰਗ ਪਾਰ ਕਰਾ ਕੇ ਘਾਟੀ, ਸਚਖੰਡ ਦੁਆਰ ਬੈਠਾਵਾਂਗਾ । ਜਿਥੇ ਜੋਤ ਜਗੇ ਲਲਾਟੀ, ਨੂਰੋ ਨੂਰ ਨੂਰ ਰੁਸ਼ਨਾਵਾਂਗਾ । ਮੇਲ ਮਿਲਾਵਾਂ ਕਮਲਾਪਾਤੀ, ਪਰਮ ਪੁਰਖ ਇਕੋ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਵਕਤ ਸੁਹਾਵਾਂਗਾ । ਸਾਚਾ ਵੇਲਾ ਵਕਤ ਸੁਹਾਏਗਾ । ਪ੍ਰਭ ਆਪਣੀ ਖੇਲ ਰਚਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗ ਮੰਗਾਏਗਾ । ਦਰ ਬਰਦਾ ਸੀਸ ਝੁਕਾਏਗਾ । ਚਰਨ ਕਵਲ ਧਿਆਨ ਲਗਾਏਗਾ । ਧਰਤ ਧਵਲ ਖੇਲ ਖਿਲਾਏਗਾ । ਅਵਲ ਨੂਰ ਇਕੋ ਨਜ਼ਰੀ ਆਏਗਾ । ਜਾਹਰ ਜਹੂਰ ਵੇਸ ਵਟਾਏਗਾ । ਨਾਤਾ ਤੋੜ ਕੂੜੇ ਕੂੜ, ਸਚ ਸੁੱਚ ਇਕ ਸਮਝਾਏਗਾ । ਚਤੁਰ ਸੁਘੜ ਬਣਾ ਮੂੜ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਏਗਾ । ਜਿਨ੍ਹਾਂ ਦੇਵੇ ਧੁਰ ਦੀ ਧੂੜ, ਦੁਰਮਤ ਮੈਲ ਧੋ ਵਖਾਏਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਏਗਾ । ਸਾਚਾ ਰਾਹ ਪ੍ਰਭੂ ਚਲਾਵੇਗਾ । ਕਲ ਅੰਤਮ ਵੇਖਣ ਆਵੇਗਾ । ਜੁਗ ਚੌਕੜੀ ਵਾਸਤਾ ਪਾਵੇਗਾ । ਗੁਰ ਅਵਤਾਰ ਓਟ ਤਕਾਵੇਗਾ । ਪੀਰ ਪੈਗ਼ੰਬਰ ਸੀਸ ਨਿਵਾਵੇਗਾ । ਭਗਤ ਸੰਤ ਨੈਣ ਨੀਰ ਵਹਾ ਸਰਬ ਕੁਰਲਾਵੇਗਾ । ਸੁਰਤ ਸੁਆਣੀ ਵਿਛੜੀ ਰੋਵੇ ਕਵਣ ਵੇਲਾ ਮਿਲੇ ਕੰਤ, ਦੁਹਾਗਣ ਸੁਹਾਗਣ ਰੂਪ ਬਣਾਵੇਗਾ । ਜਨ ਭਗਤਾਂ ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਰੰਗ ਇਕੋ ਇਕ ਵਖਾਵੇਗਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਕਲਜੁਗ ਅੰਤਮ ਆਪਣਾ ਫੇਰਾ ਪਾਵੇਗਾ । ਕਲਜੁਗ ਅੰਤ ਪ੍ਰਭੂ ਪ੍ਰਭ ਆਏਗਾ । ਨਿਹਕਲੰਕ ਨਾਉਂ ਰਖਾਏਗਾ । ਨਾਮ ਡੰਕ ਸ਼ਬਦ ਵਜਾਏਗਾ । ਰਾਉ ਰੰਕ ਸਰਬ ਉਠਾਏਗਾ । ਦਵਾਰ ਬੰਕ ਇਕੋ ਸੋਭਾ ਪਾਏਗਾ । ਲੱਖ ਚੁਰਾਸੀ ਜੀਵ ਜੰਤ ਪੜਦਾ ਉਹਲਾ ਆਪ ਮੁਕਾਏਗਾ । ਅਗਲੀ ਮਹਿਮਾ ਦੱਸੇ ਅਗਣਤ, ਪਿਛਲਾ ਲੇਖਾ ਪੂਰ ਕਰਾਏਗਾ । ਗੁਰਮੁਖ ਆਪ ਉਠਾ ਸੰਤ, ਸਤਿਗੁਰ ਸੱਜਣ ਇਕੋ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਵਰਨ ਅਠਾਰਾਂ ਬਰਨ ਬਖ਼ਸ਼ਣਹਾਰਾ ਸੱਚੀ ਸਰਨ, ਸਚ ਪ੍ਰੀਤੀ ਇਕੋ ਇਕ ਲਗਾਏਗਾ । ਸਚ ਪ੍ਰੀਤੀ ਦੇਵੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਵੇਲਾ ਵੇਖੇ ਵਕਤ, ਬੀਸ ਬੀਸਾ ਵਡ ਵਡਿਆਈਆ । ਨਿਰਗੁਣ ਹੋ ਕੇ ਆਵੇ ਪਰਤ, ਸਰਗੁਣ ਰੂਪ ਨਾ ਕੋਇ ਰਖਾਈਆ । ਚਾਰ ਜੁਗ ਦਾ ਪਿਛਲਾ




ਲੇਖਾ ਕੱਢੇ ਫ਼ਰਕ, ਵਹੀ ਖ਼ਾਤਾ ਫੋਲ ਫੁਲਾਈਆ । ਨਾਨਕ ਗੋਬਿੰਦ ਜਿਸ ਦੀ ਲਾ ਕੇ ਗਿਆ ਸ਼ਰਤ, ਕਲ ਕਲਕੀ ਵੇਸ ਵਟਾਈਆ । ਬਾਂਕੀ ਚਾਲ ਨਿਰਾਲੀ ਮਟਕ, ਜੋਤੀ ਜਾਤਾ ਬੇਪਰਵਾਹੀਆ । ਦੋ ਜਹਾਨਾਂ ਅੱਧਵਿਚਕਾਰ ਨਾ ਜਾਵੇ ਅਟਕ, ਰਾਹ ਵਿਚ ਰੋਕ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰੇ ਖੇਲ ਮੌਲਾ, ਬੇਨਜ਼ੀਰ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪੂਰਾ ਕਰੇ ਕੌਲਾ, ਕੀਤਾ ਇਕਰਾਰ ਧੁਰਦਰਗਾਹੀਆ । ਪਰਗਟ ਹੋਇਆ ਉਪਰ ਧੌਲਾ, ਧਰਨੀ ਧਰਤ ਧਵਲ ਸੁਹਾਈਆ । ਆਦਿ ਜੁਗਾਦਿ ਰਹੇ ਅਡੋਲਾ, ਡੁਲ ਕਦੇ ਨਾ ਜਾਈਆ । ਜਨ ਭਗਤਾਂ ਅੰਤਰ ਜਾਏ ਮੌਲਾ, ਨਿਰਗੁਣ ਨਿਰਗੁਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪੁਰਖ ਅਕਾਲ, ਹਰਿ ਕਰਤਾ ਦਇਆ ਕਮਾਇੰਦਾ । ਲੱਖ ਚਰਾਸੀ ਵਿਚੋਂ ਗੁਰਮੁਖ ਭਾਲ, ਗੁਰਸਿਖ ਆਪਣੇ ਨਾਲ ਮਿਲਾਇੰਦਾ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਸ਼ਬਦ ਸਰੂਪੀ ਬਣ ਦਿਆਲ, ਸਤਿਗੁਰ ਸਾਚਾ ਸੰਗ ਨਿਭਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਚਰਨ ਪ੍ਰੀਤੀ ਇਕ ਵਖਾਇੰਦਾ । ਪੂਰਬ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਬਾਲ ਅਵਾਣੇ ਪਕੜੇ ਲਾਲ, ਹਰਿਜਨ ਆਪਣੀ ਗੋਦ ਟਿਕਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਘਰ ਘਰ ਵਿਚ ਆਪ ਵਖਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਅਨਹਦ ਨਾਦੀ ਰਾਗ ਅਲਾਇੰਦਾ । ਅੰਮ੍ਰਿਤ ਆਤਮ ਸਰੋਵਰ ਦਏ ਨੁਹਾਲ, ਦੁਰਮਤ ਮੈਲ ਧਵਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਅੰਤ ਪ੍ਰੀਤੀ ਨਿਭੇ ਨਾਲ, ਨਾਤਾ ਬਿਧਾਤਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਆਪ ਮਿਲਾਇੰਦਾ । ਸੰਤ ਸੁਹੇਲੇ ਮਿਲੇ ਪ੍ਰਭ, ਹਰਿ ਠਾਕਰ ਵਡ ਵਡਿਆਈਆ । ਕੂੜੀ ਕਿਰਿਆ ਵਿਚੋਂ ਲੱਭ, ਹਰਿਜਨ ਆਪਣੇ ਰੰਗ ਰੰਗਾਈਆ । ਕਰ ਪਰਕਾਸ਼ ਜੋਤ ਝੱਬ, ਸ਼ਬਦ ਕਰੇ ਸ਼ਨਵਾਈਆ । ਪੰਚ ਵਿਕਾਰਾ ਦੇਵੇ ਦੱਬ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਨੌ ਦਵਾਰੇ ਪਾਰ ਹੱਦ, ਸੁਖਮਨ ਟੇਢੀ ਬੰਕ ਪੰਧ ਦਏ ਮੁਕਾਈਆ । ਈੜਾ ਪਿੰਗਲ ਨਾ ਕੋਇ ਸ਼ੰਕ, ਡੂੰਘੀ ਭਵਰ ਨਾ ਕੋਇ ਭਵਾਈਆ । ਨਾਮ ਨਿਧਾਨ ਸੁਣਾਏ ਅਗੰਮੀ ਛੰਤ, ਅਨਰਾਗੀ ਆਪਣਾ ਰਾਗ ਸੁਣਾਈਆ । ਚਿਰੀ ਵਿਛੁੰਨੀ ਮੇਲੇ ਏਕਾ ਕੰਤ, ਦੁਹਾਗਣ ਸੁਹਾਗਣ ਰੂਪ ਵਟਾਈਆ । ਘਰ ਮੇਲਾ ਸ੍ਰੀ ਭਗਵੰਤ, ਸੱਜਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਪਾਰਬ੍ਰਹਮ, ਬ੍ਰਹਮ ਆਪਣੇ ਲੇਖੇ ਲਾਇੰਦਾ । ਨਿਹਕਰਮੀ ਕਰੇ ਸਾਚਾ ਕਰਮ, ਕਰਮ ਕਾਂਡ ਨਾ ਕੋਇ ਰਖਾਇੰਦਾ । ਧੁਰਦਰਗਾਹੀ ਜਾਣੇ ਸੱਚਾ ਧਰਮ, ਅਧਰਮ ਰੂਪ ਨਾ ਕੋਇ ਵਟਾਇੰਦਾ । ਨਾਤਾ ਤੋੜ ਵਰਨ ਬਰਨ, ਜਾਤ ਪਾਤ ਨਾ ਕੋਇ ਰਖਾਇੰਦਾ । ਊਚਾਂ ਨੀਚਾਂ ਇਕੋ ਸਰਨ, ਰਾਉ ਰੰਕਾਂ ਸੰਗ ਰਖਾਇੰਦਾ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਪੰਧ ਮੁਕਾਇੰਦਾ । ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਜੋ ਸਰਨੀ ਪੜਨ, ਤਿਨ੍ਹਾਂ ਜਮ ਕਾਲ ਕੋਇ ਨਾ ਖਾਇੰਦਾ । ਰਾਏ ਧਰਮ ਚਿਤਰ ਗੁਪਤ ਦੋਵੇਂ ਦੂਰ ਦੁਰਾਡੇ ਡਰਨ, ਅੱਗੇ ਹੋ ਬਾਹੋਂ ਪਕੜ ਹੱਥ ਨਾ ਕੋਇ ਉਠਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸ਼ਬਦ ਘੋੜੇ ਸਾਚੇ ਚੜ੍ਹਨ, ਸ਼ਾਹਸਵਾਰਾ ਇਕੋ ਨਜ਼ਰੀ ਆਇੰਦਾ । ਤੂੰ ਮੇਰਾ ਮੈਂ ਤੇਰਾ
੧੪੯ ਧੁਰ ਦਾ ਢੋਲਾ ਰਾਗ ਅਗੰਮੀ ਪੜ੍ਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ੧੪੯
੧੯ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਕਲਜੁਗ ਅੰਤਮ ਨੈਣ ਉਠਾਈਆ । ਪਾਰਬ੍ਰਹਮ ਤੇਰਾ ਵੇਲਾ ਪਹੁੰਚਿਆ ਆਣ, ਕੋਟਨ ੧੯
ਕੋਟ ਕਾਲ ਬਿਤਾਈਆ । ਸਤਿਜੁਗ ਤ੍ਰੇਤਾ ਦਵਾਪਰ ਮਿਟਿਆ ਨਿਸ਼ਾਨ, ਕਲਜੁਗ ਅੰਤ ਰਹਿਣ ਨਾ ਪਾਈਆ । ਅਸੀਂ ਸੁਣ ਕੇ ਆਏ ਤੇਰਾ ਫ਼ਰਮਾਣ, ਧੁਰ ਸੰਦੇਸ਼ਾ ਬੇਪਰਵਾਹੀਆ । ਕਵਣ ਬਿਧ ਜਨ ਭਗਤਾਂ ਮਿਲੇਂ ਆਣ, ਸੰਤ ਸੁਹੇਲੇ ਲਏਂ ਉਠਾਈਆ । ਗੁਰਮੁਖਾਂ ਅੰਦਰ ਵੜ ਕੇ ਦੇਵੇਂ ਦਾਨ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਗੁਰਸਿਖ ਲੱਖ ਚੁਰਾਸੀ ਵਿਚੋਂ ਲਏਂ ਪਹਿਚਾਨ, ਬੇਪਹਿਚਾਨ ਆਪਣੀ ਦਇਆ ਕਮਾਈਆ । ਬਿਨ ਅੱਖਰਾਂ ਦੇਵੇਂ ਗਿਆਨ, ਸ਼ਾਸਤਰ ਸਿਮਰਤ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸੱਚਾ ਘਰ, ਜਿਸ ਗ੍ਰਿਹਿ ਬਹਿ ਕੇ ਆਪਣੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਕਿਸ ਬਿਧ ਜਨ ਭਗਤਾਂ ਵਸੇਂ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਕਵਣ ਅਗੰਮੀ ਵਜਾਏਂ ਢੋਲ, ਡੰਕਾ ਆਪਣਾ ਨਾਮ ਸੁਣਾਈਆ । ਕਵਣ ਦਵਾਰਾ ਕੁੰਡਾ ਖਿੜਕੀ ਦੇਵੇਂ ਖੋਲ੍ਹ, ਬੰਦ ਤਾਕੀ ਕੁੰਡਾ ਲਾਹੀਆ । ਕਵਣ ਅੰਮ੍ਰਿਤ ਆਤਮ ਦੇਵੇਂ ਪੌਹਲ, ਨਿਝਰ ਝਿਰਨਾ ਸਚ ਝਿਰਾਈਆ । ਕਵਣ ਗ੍ਰਿਹਿ ਮੰਦਰ ਘਰ ਸਵਾਮੀ ਪ੍ਰੀਤੀ ਲਏਂ ਘੋਲੀ ਘੋਲ, ਘੋਲ ਘੁਮਾਈ ਰੂਪ ਵਟਾਈਆ । ਕਵਣ ਕੰਡੇ ਕਵਣ ਤਰਾਜੂ ਲਏਂ ਤੋਲ, ਤੱਕੜ ਕਵਣ ਹੱਥ ਉਠਾਈਆ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮਾਇਆ ਅੰਦਰ ਰਹੇ ਡੋਲ, ਪੰਜ ਤਤ ਕਰੇ ਲੜਾਈਆ ।

ਬ੍ਰਹਿਮੰਡ ਖੰਡ ਦਿਸਣ ਅਨਭੋਲ, ਤੇਰੀ ਸਾਰ ਕਿਸੇ ਨਾ ਪਾਈਆ । ਚੌਦਾਂ ਲੋਕ ਚੌਦਾਂ ਤਬਕ ਤੇਰਾ ਸੁਣਿਆ ਨਾ ਕਿਸੇ ਬੋਲ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੱਚਾ ਮਾਰਗ ਦੇ ਸਮਝਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਨਿਰਗੁਣ ਹੋ ਕੇ ਸਚ ਸਮਾਉਂਦਾ ਏ । ਭਗਤ ਭਗਵਾਨ ਆਪ ਵਖਾਉਂਦਾ ਏ । ਜਿਨ੍ਹਾਂ ਬਖ਼ਸ਼ੇ ਚਰਨ ਧਿਆਨ, ਪ੍ਰੀਤੀ ਸਚ ਦੁਆਰ ਲਗਾਉਂਦਾ ਏ । ਅੰਦਰ ਵੜ ਕੇ ਦੇਵੇ ਗਿਆਨ, ਆਤਮ ਪਰਮਾਤਮ ਆਪ ਸਮਝਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਭੇਵ ਅਭੇਦਾ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਨ੍ਹਾਂ ਗੁਰਮੁਖਾਂ ਦੇਵੇ ਸਾਥ, ਸਗਲਾ ਸੰਗ ਬਣਾਈਆ । ਲੱਖ ਚੁਰਾਸੀ ਵਿਚੋਂ ਕਰੇ ਪਾਕ, ਪਵਿਤ ਆਪਣੇ ਨਾਲ ਮਿਲਾਈਆ । ਧੂੜੀ ਟਿੱਕਾ ਮਸਤਕ ਲਾਏ ਖ਼ਾਕ, ਜੋਤੀ ਨੂਰ ਕਰੇ ਰੁਸ਼ਨਾਈਆ । ਬਜਰ ਕਪਾਟੀ ਖੋਲ੍ਹ ਤਾਕ, ਪੜਦਾ ਦੂਈ ਦਏ ਉਠਾਈਆ । ਗੁਰਸਿਖ ਅੰਦਰੇ ਅੰਦਰ ਲਏ ਝਾਕ, ਪ੍ਰਭ ਸਤਿਗੁਰ ਨਜ਼ਰੀ ਆਈਆ । ਰਸਨਾ ਜਿਹਵਾ ਬੱਤੀ ਦੰਦ ਮੁਖ ਕਰੇ ਕੋਈ ਨਾ ਬਾਤ, ਸੁਰਤੀ ਸ਼ਬਦ ਸ਼ਬਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਹਰਿਜਨ ਸੱਚੇ ਲਏ ਉਠਾਈਆ । ਹਰਿਜਨ ਸੱਚਾ ਜਾਏ ਉਠ, ਲੋਕਮਾਤ ਲਏ ਅੰਗੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਿਸ ਉਪਰ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਸੁਹੰਜਣੀ ਮੌਲੇ ਰੁੱਤ,
੧੫੦ ਪਤ ਡਾਲੀ ਆਪ ਮਹਿਕਾਈਆ । ਦੂਰ ਦੁਰਾਡਾ ਨੇੜੇ ਹੋ ਕੇ ਲਏ ਪੁੱਛ, ਜਨਮ ਜਨਮ ਦਾ ਲੇਖ ਚੁਕਾਈਆ । ਫੜ ਬਾਹੋਂ ਗਲੇ ਲਗਾਏ ਜਿਉਂ ੧੫੦
ਮਾਂ ਪੁੱਤ, ਪਿਤਾ ਪੂਤ ਗੋਦ ਉਠਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਈਆ । ਜਨਮ ਕਰਮ ਦਾ ਮੇਟ ਦੁੱਖ,
੧੯ ਸੁਖ ਆਤਮ ਇਕ ਸਮਝਾਈਆ । ਲੇਖਾ ਚੁੱਕੇ ਮਾਤ ਗਰਭ ਦਸ ਦਸ ਮਾਸ ਉਲਟਾ ਰੁਖ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ੧੯
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਕਾਇਆ ਗੜ੍ਹ, ਸਾਢੇ ਤਿੰਨ ਹੱਥ ਦਏ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਅੰਦਰ ਵੜ, ਮਹਲ ਅਟੱਲ ਕਰੇ ਰੁਸ਼ਨਾਈਆ । ਧੁਰ ਦੇ ਪੌੜੇ ਜਾਏ ਚੜ੍ਹ, ਚੌਥੇ ਡੰਡੇ ਹੱਥ ਲਗਾਈਆ । ਸਤਿ ਸਤਿਵਾਦੀ ਢੋਲਾ ਇਕੋ ਪੜ੍ਹ, ਸਾਚੀ ਕਰੇ ਨਾਮ ਪੜ੍ਹਾਈਆ । ਲੇਖਾ ਜਾਣ ਚੋਟੀ ਜੜ੍ਹ, ਨਿਰਗੁਣ ਸਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਲਏ ਬਣਾਈਆ । ਗੁਰਮੁਖ ਵੇਖੇ ਸੰਸਾਰ, ਵਡ ਸੰਸਾਰੀ ਦਇਆ ਕਮਾਇੰਦਾ । ਜਿਸ ਦਾ ਰਾਹ ਤੱਕਦੇ ਗਏ ਜੁਗ ਚਾਰ, ਜੁਗ ਚੌਕੜੀ ਧਿਆਨ ਲਗਾਇੰਦਾ । ਜਿਸ ਦਾ ਸੰਦੇਸ਼ਾ ਦੇਂਦੇ ਗਏ ਗੁਰ ਅਵਤਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸਿਫ਼ਤ ਸਾਲਾਹਿੰਦਾ । ਜਿਸ ਨੂੰ ਪੀਰ ਪੈਗ਼ੰਬਰ ਕਹਿੰਦੇ ਗਏ ਪਰਵਰਦਿਗਾਰ, ਲਾਸ਼ਰੀਕ ਆਪਣਾ ਵੇਸ ਵਟਾਇੰਦਾ । ਜਿਸ ਨੂੰ ਨਾਨਕ ਗੋਬਿੰਦ ਕਿਹਾ ਮਹਾਂਬਲੀ ਉਤਰੇ ਅਵਤਾਰ, ਕਲ ਕਲਕੀ ਫੇਰਾ ਪਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਵੰਡ ਨਾ ਕੋਇ ਵੰਡਾਇੰਦਾ । ਭਗਤ ਭਗਵਾਨ ਲਏ ਉਠਾਲ, ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਇੰਦਾ । ਸੰਤ ਸੁਹੇਲੇ ਵੇਖੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਗੁਰਮੁਖ ਗੁਰਸਿਖ ਲਏ

ਭਾਲ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਫੋਲ ਫੁਲਾਇੰਦਾ । ਕਲਜੁਗ ਅੰਤ ਹੋ ਕਿਰਪਾਲ, ਕਿਰਪਾਨਿਧ ਸੁਆਮੀ ਠਾਕਰ ਠੋਕਰ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਆਪ ਜਗਾਇੰਦਾ । ਹਰਿਜਨ ਜਾਗੇ ਨੇਤਰ ਖੋਲ੍ਹ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਦਰ ਦਰਵਾਜ਼ਾ ਡੂੰਘੀ ਕੰਦਰ ਵਜਾਏ ਢੋਲ, ਰਾਗ ਅਨਾਦਿ ਬ੍ਰਹਮ ਬ੍ਰਹਿਮਾਦ ਆਪ ਜਣਾਈਆ । ਆਤਮ ਪਰਮਾਤਮ ਨਿਜ ਘਰ ਵਸੇ ਕੋਲ, ਗ੍ਰਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਸਾਹਿਬ ਸਤਿਗੁਰ, ਹਰਿ ਵੱਡਾ ਵਡ ਵਡਿਆਈਆ । ਜਿਨ੍ਹਾਂ ਲੇਖਾ ਲਿਖਿਆ ਧੁਰ, ਤਿਨ੍ਹਾਂ ਮੇਲੇ ਸਹਿਜ ਸੁਭਾਈਆ । ਹਰਿ ਕਾ ਭੇਵ ਪਾਏ ਨਾ ਕੋਈ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਅੰਤ ਕਹਿਣ ਨਾ ਆਈਆ । ਜਿਨ੍ਹਾਂ ਠਾਕਰ ਜਾਏ ਬੌਹੜ, ਬੇਪਰਵਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤ ਇਕੋ ਰੰਗ ਰੰਗਾਈਆ । ਹਰਿ ਭਗਤ ਰੰਗ ਪ੍ਰਭ ਸਚ ਪ੍ਰੀਤ, ਚਰਨ ਕਵਲ ਸਰਨਾਈਆ । ਨਾਤਾ ਤੁਟੇ ਮੰਦਰ ਮਸੀਤ, ਘਰ ਠਾਕਰ ਵੇਖੋ ਚਾਈਂ ਚਾਈਂਆ । ਬਿਨ ਰਸਨਾ ਜਿਹਵਾ ਗਾਓ ਗੋਬਿੰਦ ਦੇ ਗੀਤ, ਆਤਮ ਪਰਮਾਤਮ ਰਾਗ ਅਲਾਈਆ । ਮਨ ਤਨ ਮੌਲੇ ਕਾਇਆ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਅੰਤਮ ਸਤਿਜੁਗ ਰੀਤ, ਸੋ ਸਾਹਿਬ ਆਪ ਚਲਾਈਆ । ਤੂੰ ਮੇਰਾ ਮੈਂ ਤੇਰਾ ਗੀਤ, ਸੋਹੰ ਢੋਲਾ ਰਾਗ ਅਲਾਈਆ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਖੇਲ ਖਿਲਾਈਆ । ਲੱਖ ਚੁਰਾਸੀ ਇਹ ਹਦੀਸ, ਕਲਮਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਦੋ ਜਹਾਨਾਂ ਪਾਵੇ ਸਾਰ, ਨਿਰਗੁਣ ਸਰਗੁਣ ਸੰਗ ਨਿਭਾਇੰਦਾ । ਸਚ ਦੁਆਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਸੋਭਾ ਪਾਇੰਦਾ । ਦਰ ਭਿੱਖਕ ਗੁਰੂ ਅਵਤਾਰ, ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਉਚੀ ਕੂਕ ਅਲਖ ਜਗਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸੱਚਾ ਕੋਈ ਨਾ ਸੱਜਣ ਸਾਕ, ਭੈਣ ਭਾਈ ਮਾਤ ਪਿਤ ਪਿਤਾ ਪੂਤ ਪ੍ਰੇਮ ਨਾ ਕੋਇ ਵਖਾਇੰਦਾ । ਨਾਰੀ ਕੰਤ ਕਰੇ ਘਾਤ, ਜਗਤ ਵਿਛੋੜਾ ਅੱਗ ਲਗਾਇੰਦਾ । ਸਭ ਨੂੰ ਭੁੱਲਿਆ ਪੂਜਾ ਪਾਠ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਇੰਦਾ । ਝਗੜਾ ਪਿਆ ਜਾਤ ਪਾਤ, ਸੱਚਾ ਧਰਮ ਹੱਥ ਨਾ ਕਿਸੇ ਆਇੰਦਾ । ਮਨ ਵਾਸਨਾ ਹੋਈ ਨਾਰ ਕਮਜਾਤ, ਗੁਰਮਤ ਘਰ ਨਾ ਕੋਇ ਵਸਾਇੰਦਾ । ਕਿਰਪਾ ਕਰ ਪੁਰਖ ਅਬਿਨਾਸ਼, ਦੋ ਜਹਾਨ ਤੇਰਾ ਧਿਆਨ ਲਗਾਇੰਦਾ । ਜਨ ਭਗਤ ਹੋਏ ਉਦਾਸ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਕਲਜੁਗ ਜੀਵ ਕੂੜੀ ਕਿਰਿਆ ਕੀਤੇ ਬਦਮੁਆਸ਼, ਮਾਇਆ ਮਮਤਾ ਮੋਹ ਸਰਬ ਵਧਾਇੰਦਾ । ਸਾਚਾ ਨੂਰ ਨਾ ਕੋਈ ਪਰਕਾਸ਼, ਦੀਵਾ ਬਾਤੀ ਘਰ ਘਰ ਸਰਬ ਜਗਾਇੰਦਾ । ਪੁਰਖ ਅਕਾਲ ਵਸੇ ਕਿਸੇ ਨਾ ਪਾਸ, ਸੁੰਞੀ ਸੇਜ ਜਗਤ ਨਜ਼ਰੀ ਆਇੰਦਾ । ਜਨ ਭਗਤਾਂ ਆ ਕੇ ਦੇ ਸਾਥ, ਤੁਧ ਬਿਨ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਦਰ ਮਾਂਗੇ ਭੀਖ ਦੋਏ ਜੋੜ, ਗੁਰਮੁਖ ਧਿਆਨ ਲਗਾਈਆ ।

ਸ੍ਰੀ ਭਗਵਾਨ ਪ੍ਰਭ ਤੇਰੀ ਲੋੜ, ਦੂਜੀ ਓਟ ਨਾ ਕੋਇ ਤਕਾਈਆ । ਜਨਮ ਕਰਮ ਦੀ ਵਿਛੜੀ ਜੋੜ, ਨਾਤਾ ਆਪਣੇ ਨਾਲ ਬੰਧਾਈਆ । ਕਲਜੁਗ ਵੇਖ ਅੰਧੇਰਾ ਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਠੱਗ ਚੋਰ ਯਾਰ ਮਚਾਵਣ ਸ਼ੋਰ, ਜਨ ਭਗਤ ਬੈਠੇ ਮੁਖ ਛੁਪਾਈਆ । ਬਿਨ ਤੇਰੇ ਹੋਰ ਕਿਸੇ ਉਤੇ ਨਹੀਂ ਜ਼ੋਰ, ਕੂਕ ਕੂਕ ਰਹੇ ਕੁਰਲਾਈਆ । ਨਿਰਗੁਣ ਸਰਗੁਣ ਆ ਕੇ ਬੌਹੜ, ਬੌਹੜੀ ਬੌਹੜੀ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਚੜ੍ਹ ਕੇ ਵੇਖ ਘੋੜ, ਸ਼ਬਦ ਅਗੰਮੀ ਆਪਣਾ ਫੇਰਾ ਪਾਈਆ । ਤੇਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋ ਗਈ ਹੋਰ, ਇਸ਼ਟੀ ਨਜ਼ਰ ਕੋਇ ਨਾ ਆਈਆ । ਲਿਖਤੀ ਲਿਖਤ ਸਾਰੇ ਰਹੇ ਫੋਲ, ਫੋਲਿਆਂ ਹੱਥ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰਮੁਖ ਆਤਮ ਰਹੀ ਕੁਰਲਾਈਆ । ਗੁਰਮੁਖ ਆਤਮ ਬਣ ਪਿਆਸੀ, ਦਰ ਕੂਕ ਕੂਕ ਸੁਣਾਈਆ । ਕਿਰਪਾ ਕਰ ਪੁਰਖ ਅਬਿਨਾਸ਼ੀ, ਅਬਿਨਾਸ਼ੀ ਤੇਰੇ ਹੱਥ ਵੱਡੀ ਵਡਿਆਈਆ । ਕਲਜੁਗ ਜੀਵ ਮੈਨੂੰ ਕਰਦੇ ਹਾਸੀ, ਤੇਰੀ ਸਮਝ ਕਿਸੇ ਨਾ ਆਈਆ । ਜਿਧਰ ਵੇਖਾਂ ਅੰਧੇਰੀ ਰਾਤੀ, ਗੁਰਮੁਖ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਦਏ ਜਣਾਈਆ । ਗੁਰਮੁਖ ਗੁਰਸਿਖ ਜਾਣਾ ਜਾਗ, ਸੋ ਸਤਿਗੁਰ ਆਪ ਜਣਾਈਆ । ਘਰ ਤੇਰੇ ਲੱਗਾ ਇਕੋ ਭਾਗ, ਨਾਤਾ ਤੋੜ ਜਗਤ ਜੁਦਾਈਆ । ਹੰਸ ਬਣ ਕਾਲੇ ਕਾਗ, ਦੁਰਮਤ ਮੈਲ ਧੁਆਈਆ । ਸਾਹਿਬ ਤੇਰੀ ਪਕੜੇ ਵਾਗ, ਸਤਿਗੁਰ ਆਪਣੇ ਹੱਥ ਉਠਾਈਆ । ਸੁੱਤੇ ਸੰਸਾਰ ਵਿਚੋਂ ਲੈਣਾ ਇਕ ਵੈਰਾਗ, ਵੈਰਾਗੀ ਆਪ ਉਪਜਾਈਆ । ਝੂਠਾ ਨਾਤਾ ਦੇਣਾ ਤਿਆਗ, ਕੁਟੰਬ ਮੋਹ ਨਾ ਕੋਇ ਵਖਾਈਆ । ਜਿਸ ਮਾਤ ਗਰਭ ਤੇਰੀ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਈਆ । ਸੰਸਾਰ ਸਾਗਰ ਝੂਠਾ ਸਾਕ, ਸੰਸਾਰ ਸਿੰਘ ਸੰਗ ਕੋਇ ਨਾ ਜਾਈਆ । ਜਿਸ ਅੰਦਰ ਵੜ੍ਹ ਕੇ ਖੋਲ੍ਹਿਆ ਤੇਰਾ ਤਾਕ, ਸੋ ਤੇਰਾ ਦਾਤਾ ਬੇਪਰਵਾਹੀਆ । ਜਿਸ ਦੀ ਲੱਭਿਆਂ ਹੱਥ ਨਾ ਆਵੇ ਜਾਤ, ਮਜ੍ਹਬ ਵੰਡ ਨਾ ਕੋਇ ਵੰਡਾਈਆ । ਸੋ ਮਾਹੀ ਪੱਤਣ ਬੈਠਾ ਉਤੇ ਘਾਟ, ਨਈਆ ਨੌਕਾ ਨਾਮ ਚਲਾਈਆ । ਫੜ ਫੜ ਬਾਹੋਂ ਹਰਿਸੰਗਤ ਬਣਾਏ ਸਾਥ, ਸਾਚਾ ਸੰਗ ਰਖਾਈਆ । ਲੇਖਾ ਲਿਖੇ ਕਲਮ ਦਵਾਤ, ਨਾ ਕੋਈ ਮੇਟੇ ਮੇਟ ਮਿਟਾਈਆ । ਸਚ ਪਿਆਲਾ ਦੇਵੇ ਆਬੇ ਹਯਾਤ, ਅੰਮ੍ਰਿਤ ਜਾਮ ਮੁਖ ਚੁਆਈਆ । ਸਚ ਖ਼ੁਮਾਰੀ ਕਾਇਆ ਖਾਟ, ਸਚ ਸਿੰਘਾਸਣ ਆਪ ਸੁਹਾਈਆ । ਜਨਮ ਜਨਮ ਦੀ ਅੱਗੇ ਮੁੱਕੇ ਵਾਟ, ਲੱਖ ਚੁਰਾਸੀ ਫੇਰ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਤਮ ਪਰਮਾਤਮ ਪਰਮਾਤਮ ਆਤਮ ਗੁਰਮੁਖ ਇਕੋ ਘਰ ਵਸਾਈਆ । ਇਕੋ ਘਰ ਸਦਾ ਵਸੇਰਾ, ਹਰਿ ਬਿਛਰਤ ਆਪ ਮਿਲਾਈਆ । ਨਾਤਾ ਜੁੜਿਆ ਤੇਰਾ ਮੇਰਾ, ਸਕੇ ਨਾ ਕੋਇ ਤੁੜਾਈਆ । ਆਵਣ ਜਾਵਣ ਚੁੱਕਿਆ ਝੇੜਾ, ਝਗੜਾ ਰਿਹਾ ਨਾ ਵਿਚ ਲੋਕਾਈਆ । ਮੰਦਰ ਦਿਸੇ ਨੇਰਨ ਨੇਰਾ, ਹਰਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਤ ਸੁਹੇਲੇ ਲੱਭੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹੇ ਇਕ, ਏਕੰਕਾਰ ਵੱਡੀ ਵਡਿਆਈਆ । ਜਿਸ ਮਾਤਾ ਕੀਤਾ ਤੇਰਾ ਹਿੱਤ, ਤਿਸ ਪੁਤਰ ਗੋਦ ਸੁਹਾਈਆ । ਮਾਣਸ ਜਨਮ ਨਾ ਆਵੇ ਨਿਤ, ਜੁਗ ਚੌਕੜੀ ਲੱਖ ਚਰਾਸੀ ਵਿਚ ਭਵਾਈਆ ।

ਧੰਨ ਭਾਗ ਹਰਿਸੰਗਤ ਕੀਤਾ ਹਿਤ, ਹਿਤਕਾਰੀ ਹੋਏ ਸਹਾਈਆ । ਬੀਸ ਬੀਸੇ ਸਾਚੀ ਥਿਤ, ਘੜੀ ਪਲ ਨਾ ਕੋਇ ਸਮਝਾਈਆ । ਜਿਸ ਉਪਜਾਈ ਤੇਰੀ ਰਿਤ, ਅੰਤ ਰਕਤ ਬੂੰਦ ਲੇਖੇ ਲਾਈਆ । ਏਥੇ ਓਥੇ ਨਾ ਦੇਵੇ ਪਿੱਠ, ਸਨਮੁਖ ਇਕੋ ਨਜ਼ਰੀ ਆਈਆ । ਵਸਤ ਅਮੋਲਕ ਪਾ ਕੇ ਜਾਏ ਭਿੱਖ, ਭਿਛਿਆ ਆਪਣਾ ਨਾਮ ਵਰਤਾਈਆ । ਸੋ ਗੁਰਮੁਖ ਸੋ ਕਹੀਏ ਗੁਰਸਿਖ, ਜਿਸ ਸਾਹਿਬ ਸਤਿਗੁਰ ਨਜ਼ਰੀ ਆਈਆ । ਲੱਖ ਚੁਰਾਸੀ ਭਰੀ ਦੁੱਖ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਜਗਤ ਤ੍ਰਿਸਨਾ ਕਿਸੇ ਨਾ ਮਿਟੇ ਭੁਖ, ਮਨ ਵਾਸਨਾ ਹੋਈ ਹਲਕਾਈਆ । ਜਿਨ੍ਹਾਂ ਦਿਆਲ ਠਾਕਰ ਗੁਰ ਸਤਿਗੁਰ ਹੋ ਕੇ ਲਏ ਪੁਛ, ਪੁਸ਼ਤ ਆਪਣਾ ਹੱਥ ਟਿਕਾਈਆ । ਸੋ ਗੁਰਮੁਖ ਉਚੀ ਕਹਿਣ ਸਾਡਾ ਉਜਲ ਮੁਖ, ਦੁਰਮਤ ਮੈਲ ਨਜ਼ਰ ਕੋਇ ਨਾ ਆਈਆ । ਜਨਨੀ ਵਿਰਲੀ ਜਣੇ ਉਹ ਸੁਤ, ਜੋ ਸੁਤ ਭਗਤ ਰੂਪ ਵਟਾਈਆ । ਜਗਤ ਮਾਇਆ ਜਗਤ ਜਹਾਨ ਰਹੀ ਲੁੱਟ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸਕੇ ਨਾ ਕੋਇ ਬਚਾਈਆ । ਅੰਤਮ ਤਤ ਨਾਤਾ ਜਾਣਾ ਛੁੱਟ, ਮਾਟੀ ਮੜ੍ਹੀ ਗੋਰ ਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਮਰਨ ਜੀਵਣ ਦੋਵੇਂ ਦਏ ਕਟਾਈਆ । ਮਰਨ ਜੀਵਣ ਦੋਵੇਂ ਜਾਵਣ ਮੁਕ, ਮੁਕਤੀ ਗੁਰਮੁਖਾਂ ਚਰਨਾਂ ਹੇਠ ਟਕਾਈਆ । ਜਿਨ੍ਹਾਂ ਸਤਿਗੁਰ ਗੋਦੀ ਲਏ ਚੁਕ, ਤਿਨ੍ਹਾਂ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜਨ ਭਗਤ ਕਹਿਣ ਭਗਤਾਂ ਵੇਖਿਆ ਮੁਖ, ਕਬੀਰ ਜੁਲਾਹਾ ਖ਼ੁਸ਼ੀ ਮਨਾਈਆ । ਸਤਿਗੁਰ ਨਾਨਕ ਆ ਕੇ ਅੱਗੇ ਹੋ ਕੇ ਲਏ ਪੁਛ, ਗੁਰਮੁਖ ਤੇਰੀ ਵਡ ਵਡਿਆਈਆ । ਜੋ ਲੋਕਮਾਤ ਵਿਚੋਂ ਆਪਣਾ ਬੂਟਾ ਪੁਟ, ਸਚਖੰਡ ਵਿਚ ਰਿਹਾ ਲਗਾਈਆ । ਅੰਤ ਮਿਲਾਵਾ ਨਿਰਮਲ ਜੋਤ, ਜੋਤ ਜੋਤੀ ਵਿਚ ਸਮਾਈਆ । ਜਿਸ ਮਾਣਸ ਜਨਮ ਵਿਚ ਨਾ ਆਈ ਹੋਸ਼, ਸੋ ਲੱਖ ਚੁਰਾਸੀ ਗੇੜਾ ਗੇੜੇ ਵਿਚ ਭਵਾਈਆ । ਹਰਿ ਕਾ ਖੇਲ ਕੋਈ ਨਾ ਸਕੇ ਸੋਚ, ਮਨ ਮਤ ਬੁਧ ਤਿੰਨਾਂ ਚਲੇ ਨਾ ਕੋਇ ਚਤੁਰਾਈਆ । ਜਿਨ੍ਹਾਂ ਮਿਹਰ ਕਰ ਕੇ ਘਰ ਆਪ ਜਾਏ ਪਹੁੰਚ, ਸੋ ਪੂਤ ਪਿਤਾ ਗੋਦ ਉਠਾਈਆ । ਜਨ ਭਗਤਾਂ ਨਾਲ ਕਾਹਦਾ ਰੋਸ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਬਾਹਰੋਂ ਰਹਿਣ ਖ਼ਾਮੋਸ਼, ਅੰਦਰੋਂ ਇਕੋ ਨਾਮ ਧਿਆਈਆ । ਜਿਨ੍ਹਾਂ ਦਾ ਖੁਲ੍ਹਿਆ ਲੋਚਣ ਲੋਚ, ਸੋ ਲੋਚਾ ਇਕੋ ਇਕ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਏਕੰਕਾਰ ਨਿਰਾਕਾਰ ਇਕੋ ਬਹੁਤ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਭਗਤ ਭਗਵੰਤ ਆਪਣਾ ਰੰਗ ਵਖਾਈਆ ।

### ★ ੮ ਪੋਹ ੨੦੨੦ ਬਿਕਰਮੀ ਨਸੀਬ ਕੌਰ ਦੇ ਗ੍ਰਿਹ ਡਵਿਡਾ ਰਿਹਾਣਾ ਜ਼ਿਲਾ ਹੁਸ਼ਿਆਰ ਪੁਰ ★

ਨਿਰਗੁਣ ਸਰਗੁਣ ਤੇਰੀ ਰਚਨ, ਬ੍ਰਹਿਮੰਡ ਪੁਰੀ ਲੋਅ ਅਕਾਸ਼ ਨਜ਼ਰੀ ਆਈਆ । ਬੋਧ ਅਗਾਧ ਸ਼ਬਦ ਨਾਦ ਧੁਨ ਅਨਾਦ ਤੇਰਾ ਬਚਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨਾਉਂ ਧਰਾਈਆ । ਲੱਖ ਚੁਰਾਸੀ ਪੰਜ ਤਤ ਕਾਇਆ ਮਾਟੀ ਕੰਚਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਨਾਮ ਨਿਧਾਨ ਸ੍ਰੀ ਭਗਵਾਨ ਤੇਰੀ ਰੰਗਣ, ਬੇਪਰਵਾਹੀ ਘੜ ਘੜ ਭਾਂਡੇ ਪੋਚ ਪੁਚਾਈਆ । ਅਗੰਮ

ਅਥਾਹ ਤੇਰਾ ਮਰਦੰਗਣ, ਦੋ ਜਹਾਨ ਕਰੇ ਸ਼ਨਵਾਈਆ । ਸਤਿ ਸਤਿਵਾਦੀ ਸਚ ਸੁੱਚ ਤੇਰਾ ਚੰਦਨ, ਜੋਤ ਲਲਾਟੀ ਟਿੱਕਾ ਇਕੋ ਇਕ ਵਖਾਈਆ । ਦਰ ਦਰਬਾਰ ਤੇਰਾ ਸੂਰੇ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਦਰ ਤੇ ਮੰਗਣ, ਪੀਰ ਪੈਗ਼ੰਬਰ ਧਿਆਨ ਲਗਾਈਆ । ਆਤਮ ਪਰਮਾਤਮ ਤੇਰਾ ਸਚ ਅਨੰਦਨ, ਪਾਰਬ੍ਰਹਮ ਬ੍ਰਹਮ ਤੇਰਾ ਨੂਰ ਨਜ਼ਰੀ ਆਈਆ । ਨਿਰਾਕਾਰ ਸਾਕਾਰ ਤੇਰਾ ਖੇਲ ਵਿਚ ਵਰਭੰਡਨ, ਨਵ ਸੱਤ ਵੱਜੇ ਵਧਾਈਆ । ਭਰਮ ਭੁਲੇਖਾ ਦੂਈ ਦਵੈਤ ਤੇਰੀ ਕੰਧਨ, ਹੱਦ ਹਦੂਦ ਸਮਝ ਕਿਸੇ ਨਾ ਆਈਆ । ਗ੍ਰਿਹ ਮੰਦਰ ਘਰ ਤੇਰਾ ਇਕੋ ਅੰਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਸ਼ਹਿਨਸ਼ਾਹ ਘਰ ਤੇਰਾ ਠਾਕਰ, ਆਦਿ ਜੁਗਾਦਿ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਗਹਿਰ ਗੰਭੀਰ ਗਵਰਾ ਸਾਗਰ, ਕੋਟਨ ਕੋਟ ਸਮੁੰਦ ਬੈਠੇ ਸੀਸ ਝੁਕਾਈਆ । ਬਲਧਾਰੀ ਯੋਧੇ ਸੂਰਬੀਰ ਬਹਾਦਰ, ਤੇਰਾ ਅੰਤ ਕੋਇ ਨਾ ਪਾਈਆ । ਆਦਿ ਜੁਗਾਦੀ ਧੁਰ ਦੇ ਆਦਲ, ਅਦਾਲਤ ਇਕੋ ਇਕ ਸੁਹਾਈਆ । ਲੇਖਾ ਜਾਣੇ ਮਕਤੂਲ ਕਾਤਲ, ਬੇਪਰਵਾਹ ਤੇਰੀ ਵਡਿਆਈਆ । ਭੇਵ ਚੁਕਾਏ ਸਭ ਦਾ ਬਾਤਨ, ਜਾਹਰ ਜਹੂਰ ਆਪਣੀ ਕਾਰ ਕਮਾਈਆ । ਪੁਰਖ ਅਕਾਲ ਦੀਨ ਦਿਆਲ ਅਬਿਨਾਸ਼ੀ ਕਰਤਾ ਤੈਨੂੰ ਸਾਰੇ ਆਖਣ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਸਨਾ ਜਿਹਵਾ ਢੋਲਾ ਗਾਈਆ । ਕਲਮ ਸ਼ਾਹੀ ਅੱਖਰਾਂ ਨਾਲ ਤੇਰਾ ਨਾਮ ਬਣਾਇਆ ਭਾਸ਼ਨ, ਜਗਤ ਭਾਸ਼ਾ ਵੰਡ ਵੰਡਾਈਆ । ਬਿਨ ਤੇਰੀ ਕਿਰਪਾ ਸੱਚਾ ਦਿਸੇ ਨਾ ਕੋਈ ਸਾਥਨ, ਸਗਲਾ ਸੰਗ ਨਾ ਕੋਇ ਨਿਭਾਈਆ । ਪੜਦਾ ਕੋਈ ਨਾ ਆਵੇ ਢਾਕਨ, ਓਢਣ ਸੀਸ ਨਾ ਕੋਇ ਟਿਕਾਈਆ । ਲੱਖ ਚੁਰਾਸੀ ਕਲਜੁਗ ਅੰਤਮ ਬਿਨ ਤੇਰੀ ਕਿਰਪਾ ਹੋਈ ਪਾਪਨ, ਪਤਤ ਪੁਨੀਤ ਨਾ ਕੋਇ ਕਰਾਈਆ । ਆਤਮ ਅੰਤਰ ਭੁੱਲਿਆ ਜਾਪਣ, ਰਸਨਾ ਜਿਹਵਾ ਬੱਤੀ ਦੰਦ ਸਰਬ ਕੁਰਲਾਈਆ । ਇਕ ਦੂਜੇ ਨੂੰ ਸਾਰੇ ਆਖਣ, ਸਿਖਿਆ ਦੇ ਦੇ ਸਮਝਾਈਆ । ਆਪਣਾ ਖੋਲ੍ਹੇ ਨਾ ਕੋਈ ਤਾਕਨ, ਕਪਾਟੀ ਬਜਰ ਨਾ ਕੋਇ ਤੁੜਾਈਆ । ਮੇਲ ਮਿਲੇ ਨਾ ਪੁਰਖ ਅਬਿਨਾਸ਼ਨ, ਘਰ ਵੱਜੇ ਨਾ ਨਾਮ ਵਧਾਈਆ । ਸਾਚੇ ਚੜ੍ਹੇ ਨਾ ਕੋਈ ਘਾਟਨ, ਪੱਤਣ ਵੇਖਣ ਕੋਇ ਨਾ ਪਾਈਆ । ਕੂੜੀ ਕਿਰਿਆ ਜਗਤ ਵਿਕਾਰ ਦੋਏ ਲੋਚਣ ਤਾਕਣ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੁਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਕਰਨ ਪਾਠਨ, ਪਾਰਬ੍ਰਹਮ ਤੇਰੀ ਪਾਠਸ਼ਾਲਾ ਪੜ੍ਹਨ ਕੋਇ ਨਾ ਜਾਈਆ । ਬਿਨ ਭਗਤਾਂ ਸਾਚਾ ਬਣੇ ਨਾ ਕੋਈ ਜਮਾਤਨ, ਅਲਫ਼ ਯੇ ਨੇਤਰ ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਲਫ਼ ਯੇ ਕਰੇ ਤਕਰੀਰ, ਨੁਕਤਾ ਨੂਨ ਨਾ ਕੋਇ ਸਮਝਾਈਆ । ਕਹਿ ਕਹਿ ਗਏ ਪੀਰ ਫ਼ਕੀਰ, ਪੈਗ਼ੰਬਰ ਆਪਣੀ ਧੁਨ ਸੁਣਾਈਆ । ਸਿਦਕ ਸਬੂਰੀ ਦੱਸਦੇ ਗਏ ਯਕੀਨ, ਧੀਰਜ ਧੀਰ ਇਕ ਵਖਾਈਆ । ਕਲਮਾ ਕਹਿੰਦੇ ਗਏ ਯਾਮਬੀਨ, ਲਾਸ਼ਰੀਕ ਤੌਫ਼ੀਕ ਖ਼ੁਦਾਈਆ । ਲੇਖਾ ਜਾਣੇ ਆਲਮੀਨ, ਕਾਇਨਾਤ ਖੋਜ ਖੁਜਾਈਆ । ਕਲਮਾ ਨਬੀ ਰਸੂਲ ਕਰੇ ਤਲਕੀਨ, ਧੁਰ ਸੰਦੇਸ਼ਾ ਰਾਗ ਸੁਣਾਈਆ । ਮੁਰੀਦ ਮੁਰਸ਼ਦ ਹੋ ਅਧੀਨ, ਤਾਲਬ ਤੁਲਬਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਅਲਫ਼ ਯੇ ਲੇਖਾ ਦੇਣਾ ਸਮਝਾਈਆ । ਅਲਫ਼ ਯੇ ਗਈ ਥੱਕ, ਲੋਕਮਾਤ ਕਰ ਪੜ੍ਹਾਈਆ । ਬਿਨ ਤੇਰੀ ਕਿਰਪਾ

ਮਿਲੇ ਨਾ ਕੋਈ ਹੱਕ, ਹਕੀਕਤ ਸਮਝ ਕੋਇ ਨਾ ਪਾਈਆ । ਜਗਤ ਸ਼ਰੀਅਤ ਸ਼ਰਅ ਨਕੇਲ ਨੱਕ, ਜੀਵਾਂ ਜੰਤਾਂ ਰਹੀ ਭਵਾਈਆ । ਤੇਰਾ ਨੂਰ ਜਹੂਰ ਕਿਸੇ ਨਾ ਆਇਆ ਹੱਥ, ਮਫ਼ਰੂਰ ਫੜਨ ਕੋਇ ਨਾ ਜਾਈਆ । ਦਹਿ ਦਿਸ਼ਾ ਕੂੜੀ ਵਾਸਨਾ (ਮੀਆਂ) ਬੀਵੀ ਰਹੇ ਨੱਠ, ਖਾਵੰਦ ਸੰਗ ਨਾ ਕੋਇ ਨਿਭਾਈਆ । ਨਾੜੀ ਨਾੜੀ ਉਬਲੇ ਰਤ, ਆਬੇ ਹਯਾਤ ਜਾਮ ਨਾ ਕੋਇ ਪਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਵਰਦਿਗਾਰ ਤੇਰੇ ਕਲਮੇ ਉਤੇ ਹੋਇਆ ਸ਼ੱਕ, ਸ਼ਾਕਰ ਨਜ਼ਰ ਕੋਇ ਨਾ ਆਈਆ । ਭਰਮੇ ਭੁੱਲਾ ਤਤ ਅੱਠ, ਤਸਬੀ ਮਾਲਾ ਤੰਦ ਨਾ ਕੋਇ ਵਖਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਮੁਰਸ਼ਦ ਹੋ ਮੁਰੀਦ ਖੋਲ੍ਹ ਅੱਖ, ਭਗਤ ਭਗਵਾਨ ਦਏ ਸਮਝਾਈਆ । ਆਤਮ ਪਰਮਾਤਮ ਮਿਲ ਕੇ ਗਾ ਜੱਸ, ਜਸ ਵੇਦ ਪੁਰਾਣ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਮਾਣ ਵਡਿਆਈਆ । ਅਲਫ਼ ਯੇ ਕਹੇ ਮਹਿਬੂਬ, ਉਚੀ ਕੂਕ ਕੂਕ ਸੁਣਾਈਆ । ਤੇਰਾ ਲੇਖਾ ਵੇਖਿਆ ਖ਼ੂਬ, ਖ਼ੂਬਸੂਰਤ ਤੇਰੀ ਜਗਤ ਲੋਕਾਈਆ । ਮਹਲ ਅਟੱਲ ਤੇਰਾ ਅਰੂਜ, ਅਰਸ਼ ਕੁਰਸ਼ ਤੇਰੀ ਸ਼ਨਵਾਈਆ । ਬੇਪਰਵਾਹ ਤੇਰੀ ਹਦੂਦ, ਚੌਂਦਾਂ ਤਬਕ ਸਮਝ ਸਕੇ ਨਾ ਰਾਈਆ । ਤੇਰੇ ਅੰਦਰ ਕੋਟਨ ਕੋਟ ਪੈਗ਼ੰਬਰ ਬੈਠੇ ਮਹਿਫ਼ੂਜ਼, ਮੁਫ਼ਲਸ ਹੋ ਕੇ ਝੋਲੀ ਡਾਹੀਆ । ਜਿਨ੍ਹਾਂ ਹੱਥ ਫੜਾਏਂ ਖ਼ਤੂਤ, ਧੁਰ ਸੰਦੇਸ਼ਾ ਇਕ ਜਣਾਈਆ । ਤਿਨ੍ਹਾਂ ਕਾਇਆ ਚੋਲੀ ਦੇਵੇਂ ਪੰਜ ਭੂਤ, ਤਤ ਮਾਟੀ ਜੋੜ ਜੁੜਾਈਆ । ਸੋ ਤੇਰਾ ਦੱਸਣ ਆਣ ਸਬੂਤ, ਕਲਮਾ ਹੱਕ ਹੱਕ ਪੜ੍ਹਾਈਆ । ਹਾਜ਼ਰ ਹਜ਼ੂਰ ਤੇਰਾ ਜਲਵਾ ਵੇਖੇ ਨਾ ਕੋਇ ਮੌਜੂਦ, ਨੇਰਨ ਨੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਲਫ਼ ਯੇ ਕਹੇ ਮੇਰੀ ਅੱਖਰ ਬਨਾਵਟ, ਕਲਮ ਸ਼ਾਹੀ ਨਾਲ ਬਣਾਈਆ । ਸਚ ਖ਼ੁਦਾਏ ਤੇਰੀ ਸਖਾਵਤ, ਮਿਹਰਵਾਨ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਪਈ ਬਗਾਵਤ, ਦਰ ਦਰ ਘਰ ਘਰ ਪਈ ਲੜਾਈਆ । ਕੂੜੀ ਕਿਰਿਆ ਲੱਗੀ ਅਲਾਮਤ, ਮੇਟ ਸਕੇ ਨਾ ਕੋਇ ਖ਼ੁਦਾਈਆ । ਆਦਿ ਜੁਗਾਦੀ ਤੇਰੀ ਅਮਾਨਤ, ਅੰਤਮ ਤੇਰੇ ਅੱਗੇ ਟਿਕਾਈਆ । ਨਿਰਗੁਣ ਹੋ ਦੇ ਜ਼ਮਾਨਤ, ਸਰਗੁਣ ਸਾਚਾ ਸੰਗ ਰਖਾਈਆ । ਵੇਲੇ ਅੰਤ ਕਰ ਮਮਾਨਤ, ਲੇਖਾ ਕੋਇ ਰਹਿਣ ਨਾ ਪਾਈਆ । ਨਜ਼ਰੀ ਆ ਸਹੀ ਸਲਾਮਤ, ਸਾਹਿਬ ਸਚ ਤੇਰੀ ਵਡਿਆਈਆ । ਬੇਰੂਪ ਬੇਪਛਾਣਤ, ਬਿਨ ਰੂਪ ਰੰਗ ਰੇਖ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਵਖਾਈਆ । ਅਲਫ਼ ਯੇ ਨੇਤਰ ਨੀਰ, ਬਿਨ ਅੱਖਾਂ ਰਹੀ ਵਖਾਈਆ । ਤੇਰਾ ਖੇਲ ਅੰਤ ਅਖ਼ੀਰ, ਹਉਂ ਠਾਕਰ ਵੇਖਣ ਆਈਆ । ਕਿਰਪਾ ਕਰ ਅਗੰਮੀ ਪੀਰ, ਬੇਨਜ਼ੀਰ ਤੇਰੀ ਸ਼ਰਨਾਈਆ । ਲੋਕਮਾਤ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜਗਤ ਸ਼ਰੀਅਤ ਪਾਇਆ ਜੰਜੀਰ, ਸ਼ਬਦੀ ਸ਼ਬਦ ਨਾ ਕੋਇ ਤੁੜਾਈਆ । ਅੰਗ ਅੰਗ ਕਰੇ ਪੀੜ, ਦੁਖੀ ਦਰਦ ਨਾ ਕੋਇ ਵੰਡਾਈਆ । ਦੋਜ਼ਕ ਬਹਿਸ਼ਤ ਦੋਹਾਂ ਦਿਸੇ ਭੀੜ, ਮਾਰਗ ਸਚ ਨਾ ਕੋਇ ਵਖਾਈਆ । ਚੋਟੀ ਚੜ੍ਹ ਵੇਖ ਅਖ਼ੀਰ, ਮੰਜ਼ਲ ਹੱਕ ਨੂਰ ਖ਼ੁਦਾਈਆ । ਤੇਰਾ ਬਸ਼ਰ ਕੌਣ ਬਸ਼ੀਰ, ਬਿਸਮਲ ਰੂਪ ਕੌਣ ਵਟਾਈਆ । ਰਾਹ ਤੱਕਦੇ ਗਏ ਪੀਰ ਫ਼ਕੀਰ, ਈਸਾ ਮੂਸਾ ਮੁਹੰਮਦ ਧਿਆਨ ਲਗਾਈਆ । ਮੁਰੀਦ ਮੁਰਸ਼ਦ ਪੰਧ ਵੇਖ ਚੀਰ, ਮੰਜ਼ਲ ਆਪਣੀ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਜਿਸ ਗ੍ਰਿਹਿ ਸਾਡੀ

ਚਲੇ ਨਾ ਕੋਇ ਚਤੁਰਾਈਆ । ਅਲਫ਼ ਯੇ ਸੁਣ ਕਰ ਧਿਆਨ, ਪਰਵਰਦਿਗਾਰ ਸਚ ਜਣਾਇੰਦਾ । ਅਬਿਨਾਸ਼ੀ ਕਰਤਾ ਦੇਵੇ ਦਾਨ, ਸ੍ਰੀ ਭਗਵਾਨ ਝੋਲੀ ਆਪ ਭਰਾਇੰਦਾ । ਜਿਨ੍ਹਾਂ ਉਪਰ ਹੋਏ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਇੰਦਾ । ਚਰਨ ਕਵਲ ਕਰੇ ਪਰਵਾਨ, ਧਰਤ ਧਵਲ ਸੋਭਾ ਪਾਇੰਦਾ । ਕਲਜੁਗ ਅੰਤ ਹੋ ਪਰਧਾਨ, ਸਚ ਪਰਧਾਨਗੀ ਨਾਮ ਕਮਾਇੰਦਾ । ਜਨ ਭਗਤਾਂ ਜਨਮ ਕਰਮ ਦੇ ਵਿਛੜਿਆਂ ਮੇਲੇ ਆਣ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਅਲਫ਼ ਯੇ ਤੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਇਕੋ ਢੋਲਾ ਗਾਵਣ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜਾ ਰਾਗ ਨਾ ਕੋਇ ਅਲਾਇੰਦਾ । ਉਥੇ ਤੇਰੀ ਕੋਈ ਨਾ ਕਰੇ ਪਹਿਚਾਨ, ਬੇਪਹਿਚਾਨ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਜਨ ਭਗਤਾਂ ਆਪ ਪੜ੍ਹਾਇੰਦਾ । ਜਨ ਭਗਤ ਪੜ੍ਹਾਏ ਸਾਚਾ ਲਫ਼ਜ਼, ਲੁਗਾਤ ਹੱਥ ਨਾ ਕੋਇ ਫੜਾਈਆ । ਜਿਸ ਦਾ ਸਮਝੇ ਨਾ ਕੋਈ ਤਲੱਫ਼ਜ਼, ਤੁਲਬਾ ਰੂਪ ਨਾ ਕੋਇ ਵਟਾਈਆ । ਕੋਈ ਭੇਵ ਨਾ ਪਾਏ ਮੀਆਂ ਹਾਫ਼ਜ਼, ਹਮਜ਼ਾ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਮੁਹੰਮਦ ਕਿਹਾ ਇਸਮ ਆਜ਼ਮ, ਸੋ ਇਸਮ ਆਅਜ਼ਮ ਜਨ ਭਗਤਾਂ ਅੰਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਲਫ਼ ਕਹੇ ਉਹ ਕਿਹੜੀ ਅਲਫ਼, ਬਿਨ ਅੱਖਰਾਂ ਦਏ ਬਣਾਈਆ । ਸ੍ਰੀ ਭਗਵਾਨ ਕਹੇ ਜੋ ਮੇਰੇ ਨਾਮ ਦਾ ਚੁੱਕੇ ਹਲਫ਼, ਤਿਨ੍ਹਾਂ ਤੇਰੀ ਲੋੜ ਰਹੇ ਨਾ ਰਾਈਆ । ਬਿਨ ਪੀਰ ਪੈਗ਼ੰਬਰ ਗੁਰੂ ਅਵਤਾਰ ਕਿਸੇ ਨਾ ਕੀਤੀ ਪਰਖ, ਲੱਖ ਚੁਰਾਸੀ ਸਾਰ ਕੋਇ ਨਾ ਆਈਆ । ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਇਕੋ ਆਦਰਸ਼, ਦਰ ਇਕੋ ਸੋਭਾ ਪਾਈਆ । ਉਨ੍ਹਾਂ ਉਤੇ ਕਰੀਂ ਕੋਈ ਨਾ ਹਰਖ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੇ ਤੇਰੇ ਉਤੇ ਕਰਨ ਤਰਸ, ਅੱਖ ਤੇਰੇ ਨਾਲ ਮਿਲਾਈਆ । ਉਨ੍ਹਾਂ ਵੇਖ ਤੂੰ ਵੀ ਪਈਂ ਤੜਫ਼, ਲੋਕਮਾਤ ਝੱਲੀ ਨਾ ਜਾਏ ਜੁਦਾਈਆ । ਅੱਖਰ ਅੱਖਰ ਪ੍ਰਭ ਮਿਲਣ ਨੂੰ ਸਾਰੇ ਰਹੇ ਭਟਕ, ਜਗਤ ਭਟਕਣਾ ਨਾ ਕੋਇ ਮਿਟਾਈਆ । ਜਨ ਭਗਤਾਂ ਇਕੋ ਦਿਤੀ ਸਿਧੀ ਸੜਕ, ਸਰਕ ਆਪਣੇ ਨਾਮ ਲਗਾਈਆ । ਏਥੇ ਓਥੇ ਦੋ ਜਹਾਨ ਆਉਂਦਿਆਂ ਜਾਂਦਿਆਂ ਕੋਈ ਨਾ ਲੱਗੇ ਖ਼ਰਚ, ਚਰਨ ਪ੍ਰੀਤੀ ਇਕ ਰਖਾਈਆ । ਦੀਨ ਦਿਆਲ ਠਾਕਰ ਸੁਆਮੀ ਸਾਹਿਬ ਸਤਿਗੁਰ ਦੀਨਾਂ ਨਾਥ ਵੰਡੇ ਦਰਦ, ਦੁਖੀਆਂ ਦੁੱਖ ਮੇਟ ਮਿਟਾਈਆ । ਮਾਣਸ ਜਨਮ ਅੱਗੇ ਪਿਛੇ ਹੋਣ ਨਾ ਦੇਵੇ ਹਰਜ, ਹਰਜਾਨਾ ਆਪਣੇ ਕੋਲੋਂ ਭਰਾਈਆ । ਧਰਮ ਰਾਏ ਦੀ ਫੜ ਕੇ ਪਾੜੇ ਫ਼ਰਦ, ਫ਼ਰਦ ਜ਼ੁਰਮ ਨਾ ਕੋਇ ਲਗਾਈਆ । ਜਮ ਜੰਡਾਰ ਹੱਥ ਫੜੇ ਨਾ ਕੋਈ ਕਰਦ, ਕਸਾਈ ਰੂਪ ਨਜ਼ਰ ਕੋਇ ਨਾ ਆਈਆ । ਕਿਰਪਾ ਕਰੇ ਮਰਦਾਨਾ ਮਰਦ, ਮਰਦ ਮਰਦਾਨਾ ਪਾਰਬ੍ਰਹਮ ਬੇਪਰਵਾਹੀਆ । ਅੱਗੇ ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਅਲਿਫ਼ ਯੇ ਚਲੇ ਨਾ ਕੋਈ ਚਤੁਰਾਈਆ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਤਿਨ੍ਹਾਂ ਲੇਖਾ ਚੁਕਿਆ ਸਵਰਗ ਨਰਕ, ਦੋਜ਼ਖ਼ ਬਹਿਸ਼ਤ ਡੇਰਾ ਦੇਵੇ ਢਾਹੀਆ । ਨਾਨਕ ਗੋਬਿੰਦ ਨਿਰਗੁਣ ਸਰਗੁਣ ਲਾ ਕੇ ਗਏ ਸ਼ਰਤ, ਸਚ ਸੰਦੇਸ਼ਾ ਲੋਕਮਾਤ ਸੁਣਾਈਆ । ਜਿਨ੍ਹਾਂ ਭਗਤਾਂ ਉਤੇ ਭਗਵਾਨ ਕਰੇ ਤਰਸ, ਤਿਨ੍ਹਾਂ ਜਨਮ ਜਨਮ ਦਾ ਰੋਗ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਧਾਰ ਅਗੰਮੀ ਇਕੋ ਬਰਸ, ਸਾਂਤਕ ਸਤਿ ਸਤਿ ਵਰਤਾਈਆ ।


੧੫੯
੧੯

## ★ ੮ ਪੋਹ ੨੦੨੦ ਬਿਕਰਮੀ ਮੰਡੀ ਅਹਿਮਦ ਗੜ੍ਹ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸਤਿ ਸਤਿਵਾਦੀ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨ, ਯੋਧਾ ਸੂਰਬੀਰ ਭੇਵ ਚੁਕਾਇੰਦਾ । ਏਕੰਕਾਰਾ ਹੁਕਮਰਾਨ, ਭੂਪਤ ਭੂਪ ਹੁਕਮ ਵਰਤਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਮਾਰ ਧਿਆਨ, ਨਿਰਗੁਣ ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਲੇਖਾ ਜਾਣੇ ਦੋ ਜਹਾਨ, ਨਿਰਵੈਰ ਨਿਰਾਕਾਰ ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਦੁਆਰੇ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਰਚਨਾ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਹਰਿ ਪੁਰਖ ਅਬਿਨਾਸ਼ਾ, ਬੇਅੰਤ ਵੱਡੀ ਵਡਿਆਈਆ । ਸਚਖੰਡ ਦੁਆਰੇ ਜੋਤ ਪਰਕਾਸ਼ਾ, ਨੂਰੋ ਨੂਰ ਨੂਰ ਰੁਸ਼ਨਾਈਆ । ਪਰਵਰਦਿਗਾਰ ਸ਼ਾਹੋ ਸ਼ਾਬਾਸ਼ਾ, ਮੁਕਾਮੇ ਹੱਕ ਖੇਲ ਰਚਾਈਆ । ਮੰਡਲ ਮੰਡਪ ਪਾਵੇ ਰਾਸਾ, ਬ੍ਰਹਿਮੰਡ ਖੰਡ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦੀ ਅਵਲੜੀ ਕਾਰ, ਅਕਲ ਕਲਧਾਰੀ ਵੇਸ ਵਟਾਈਆ । ਮਹਲ ਅਟੱਲ ਉਚ ਮਿਨਾਰ, ਦਰਗਾਹ ਸਾਚੀ ਸੋਭਾ ਪਾਈਆ । ਲਾਸ਼ਰੀਕ ਪਰਵਰਦਿਗਾਰ, ਬੇਐਬ ਨੂਰ ਖ਼ੁਦਾਈਆ । ਰਾਮ ਰਹੀਮ ਸਾਂਝਾ ਯਾਰ, ਸ਼ਿਰਕਤ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਪਾਵੇ ਸਾਰ, ਨਿਰਗੁਣ ਸਰਗੁਣ ਖੋਜ ਖੁਜਾਈਆ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਖ਼ਬਰਦਾਰ, ਸਤਿ ਸੰਦੇਸ਼ਾ ਨਾਮ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖਣਹਾਰ, ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਇੰਦਾ । ਜੁਗ ਚੌਕੜੀ ਵੇਖੇ ਆਣ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਨਾਮ ਸੰਦੇਸ਼ਾ ਦੋ ਜਹਾਨ, ਬੋਧ ਅਗਾਧਾ ਆਪ ਪੜ੍ਹਾਇੰਦਾ । ਲੇਖਾ ਲਿਖਤ ਲਿਖ ਸਕੇ ਨਾ ਕੋਇ ਜ਼ਬਾਨ, ਅੱਖਰ ਵੰਡ ਨਾ ਕੋਇ ਵੰਡਾਇੰਦਾ । ਕਾਗਦ ਕਲਮ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰਾ ਏਕੰਕਾਰਾ, ਦਰਗਾਹ ਸਾਚੀ ਧਾਮ ਨਿਆਰਾ, ਮਹਲ ਅਟੱਲ ਉਚ ਮਨਾਰਾ, ਬੇਨਜ਼ੀਰ ਇਕੋ ਇਕ ਸੁਹਾਇੰਦਾ । ਬੇਨਜ਼ੀਰ ਲਾਸ਼ਰੀਕ, ਸ਼ਹਿਨਸ਼ਾਹ ਵੱਡੀ ਵਡਿਆਈਆ । ਸਚ ਖ਼ੁਦਾਏ ਇਕ ਤੌਫ਼ੀਕ, ਸ੍ਰੀ ਭਗਵਾਨ ਸਮਝ ਕੋਇ ਨਾ ਪਾਈਆ । ਦੂਰ ਦੁਰਾਡਾ ਖੇਲ ਕਰੇ ਨਜ਼ਦੀਕ, ਨੇਰਨ ਨੇਰਾ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰੱਖਦੇ ਗਏ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਸੋ ਸਾਹਿਬ ਸਤਿਗੁਰ ਸਚ ਜਣਾਏ ਇਕ ਪ੍ਰੀਤ, ਪ੍ਰੀਤੀਵਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਲ ਵਰਤਾਈਆ । ਆਪਣੀ ਕਲ ਵਰਤੇ ਭਗਵੰਤ, ਭੇਵ ਅਭੇਦਾ ਆਪ ਜਣਾਇੰਦਾ ।

੧੫੮ ੧੯

ਕਲਜੁਗ ਖੇਲ ਕਰੇ ਅਗਣਤ, ਮਹਿਮਾ ਕਥ ਨਾ ਕੋਇ ਸੁਣਾਇੰਦਾ । ਜਿਸ ਨੂੰ ਲੱਭਦੇ ਸਾਧ ਸੰਤ, ਮੁਰੀਦ ਮੁਰਸ਼ਦ ਆਪਣਾ ਰੰਗ ਰੰਗਾਇੰਦਾ । ਲੱਖ ਚੁਰਾਸੀ ਜਾਣ ਜੀਵ ਜੰਤ, ਘਟ ਘਟ ਅੰਦਰ ਪੜਦਾ ਲਾਹਿੰਦਾ । ਧੁਰ ਸੰਦੇਸ਼ਾ ਧੁਰ ਦਾ ਮੰਤ, ਮੰਤਵ ਆਪਣਾ ਆਪ ਸਮਝਾਇੰਦਾ । ਆਤਮ ਪਰਮਾਤਮ ਮੇਲਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਇੰਦਾ । ਚਾਰ ਵਰਨਾਂ ਇਕੋ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਆਪਣਾ ਨਾਉਂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਇਕ ਜਣਾਈਆ । ਕਲਜੁਗ ਅੰਤ ਹੋ ਪਰਧਾਨ, ਭਰਮ ਭੁਲੇਖਾ ਦੂਰ ਕਰਾਈਆ । ਤਖ਼ਤ ਨਿਵਾਸੀ ਨੌਜਵਾਨ, ਬਲਧਾਰੀ ਇਕੋ ਬਲ ਪਰਗਟਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸ਼ਬਦ ਸੁੱਤ ਹੁਕਮਰਾਨ, ਸੀਸ ਜਗਦੀਸ਼ ਤਾਜ ਸੁਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਵੇਖੇ ਮਾਰ ਧਿਆਨ, ਗਗਨ ਮੰਡਲ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਪੜਦਾ ਲਾਹੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕ ਸੁਹਾਈਆ । ਸਚ ਦੁਆਰ ਸੁਹਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਕਿਰਪਾ ਕਰ, ਕਲ ਕਲਕੀ ਵੇਸ ਵਟਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸੱਦੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਭਗਤ ਭਗਵਾਨ ਜਣਾਏ ਡਰ, ਭੈ ਭਉ ਇਕ ਰਖਾਈਆ । ਸੰਤ ਸੱਜਣ ਚਰਨੀ ਰਹੇ ਪੜ, ਮਸਤਕ ਟਿੱਕਾ ਸੀਸ ਨਿਵਾਈਆ । ਗੁਰਮੁਖ ਗੁਰਸਿਖ ਦੋਏ ਜੋੜ ਰਹੇ ਖੜ, ਨੇਤਰ ਨੈਣ ਨੈਣ ਸ਼ਰਮਾਈਆ । ਮੁਰੀਦ ਮੁਰਸ਼ਦ ਕਹਿਣ ਪ੍ਰਭ ਕਿਰਪਾ ਕਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਸਮਝ ਸਕੇ ਕੋਇ ਨਾ ਰਾਈਆ । ਕਲਜੁਗ ਅੰਤਮ ਜਾਣੇ ਕੰਮ, ਨਿਹਕਰਮੀ ਕਾਰ ਕਮਾਈਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਸੰਤ ਸਾਜਣ ਸੰਗ ਨਿਭਾਈਆ । ਗੁਰਮੁਖਾਂ ਜੋਤ ਨਿਰੰਜਣ ਚਾੜ੍ਹ ਚੰਨ, ਘਰ ਘਰ ਵਿਚ ਕਰੇ ਰੁਸ਼ਨਾਈਆ । ਗੁਰਸਿਖਾਂ ਦੇਵੇ ਸਾਚਾ ਧਨ, ਵਸਤ ਅਮੋਲਕ ਝੋਲੀ ਪਾਈਆ । ਇਕੋ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਈਆ । ਭਰਮ ਭੁਲੇਖਾ ਮੇਟੇ ਜਨ, ਭਾਂਡਾ ਭਉ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਖਾਈਆ । ਸਚ ਦਰਬਾਰ ਇਕ ਵਖਾਉਂਦਾ ਏ । ਪੁਰਖ ਅਬਿਨਾਸ਼ੀ ਖੇਲ ਰਚਾਉਂਦਾ ਏ । ਸਚ ਸਿੰਘਾਸਣ ਸੋਭਾ ਪਾਉਂਦਾ ਏ । ਜੋਤੀ ਜਲਵਾ ਨੂਰ ਚਮਕਾਉਂਦਾ ਏ । ਪੰਜ ਤਤ ਨਾ ਕੋਇ ਰਖਾਉਂਦਾ ਏ । ਕਲਜੁਗ ਅੰਤਮ ਵੇਖ ਵਖਾਉਂਦਾ ਏ । ਧੁਰ ਫ਼ਰਮਾਣਾ ਹੁਕਮ ਸੁਣਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਉਠਾਉਂਦਾ ਏ । ਤ੍ਰੈਗੁਣ ਮਾਇਆ ਪਰਦਾ ਲਾਹੁੰਦਾ ਏ । ਪੰਜ ਤਤ ਡੰਕਾ ਇਕ ਵਜਾਉਂਦਾ ਏ । ਤੇਈ ਅਵਤਾਰ ਫੜ ਉਠਾਉਂਦਾ ਏ । ਭਗਤ ਅਠਾਰਾਂ ਖੇਲ ਰਚਾਉਂਦਾ ਏ । ਈਸਾ ਮੂਸਾ ਮੁਹੰਮਦ ਨੇਤਰ ਨੈਣ ਸਰਬ ਸ਼ਰਮਾਉਂਦਾ ਏ । ਨਾਨਕ ਗੋਬਿੰਦ ਕਰ ਪੁਕਾਰ, ਪੁਨਹ ਪੁਨਹ ਆਪਣੇ ਸੀਸ ਨਿਵਾਉਂਦਾ ਏ । ਲੱਖ ਚੁਰਾਸੀ ਰੋਵੇ ਜਾਰੋ ਜਾਰ, ਧੀਰਜ ਧੀਰ ਨਾ ਕੋਇ ਧਰਾਉਂਦਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਉਚੀ

ਕੂਕ ਕੂਕ ਸੁਣਾਉਂਦਾ ਏ । ਅੰਜੀਲ ਕੁਰਾਨ ਧਾਹਾਂ ਰਹੀ ਮਾਰ, ਖਾਣੀ ਬਾਣੀ ਰੰਗ ਨਾ ਕੋਇ ਰੰਗਾਉਂਦਾ ਏ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧੁਅੰਧਾਰ, ਨਿਰਮਲ ਜੋਤ ਨਾ ਕੋਇ ਜਗਾਉਂਦਾ ਏ । ਆਤਮ ਪਰਮਾਤਮ ਕਰੇ ਨਾ ਕੋਇ ਪਿਆਰ, ਬ੍ਰਹਮ ਪਾਰਬ੍ਰਹਮ ਨਾਤਾ ਜੋੜ ਨਾ ਕੋਇ ਜੁੜਾਉਂਦਾ ਏ । ਚਾਰੇ ਖਾਣੀ ਚਾਰੇ ਬਾਣੀ ਬੋਲੇ ਨਾ ਕੋਇ ਜੈਕਾਰ, ਪਰਾ ਪਸੰਤੀ ਮਧਮ ਬੈਖ਼ਰੀ ਰਾਗ ਨਾ ਕੋਇ ਅਲਾਉਂਦਾ ਏ । ਭਗਤ ਭਗਵੰਤ ਰਾਹ ਤੱਕਣ ਚਾਰ ਦੀਵਾਰ, ਬੰਦ ਕਿਵਾੜੀ ਕੁੰਡਾ ਕੋਇ ਨਾ ਲਾਹੁੰਦਾ ਏ । ਸੰਤ ਸੱਜਣ ਮੰਗਣ ਅੰਮ੍ਰਿਤ ਧਾਰ, ਨਿਝਰ ਝਿਰਨਾ ਬੂੰਦ ਨਾ ਕੋਇ ਟਪਕਾਉਂਦਾ ਏ । ਗੁਰਮੁਖ ਚਰਨ ਧੂੜੀ ਮੰਗਣ ਛਾਰ, ਮਸਤਕ ਲਲਾਟੀ ਟਿੱਕਾ ਜੋਤ ਨਾ ਕੋਇ ਲਗਾਉਂਦਾ ਏ । ਗੁਰਸਿਖ ਨੇਤਰ ਲੋਚਣ ਤੜਪਣ ਇਕ ਦੀਦਾਰ, ਅੱਖ ਅੱਖ ਪ੍ਰਤੱਖ ਨਾ ਕੋਇ ਵਖਾਉਂਦਾ ਏ । ਕਾਗਦ ਕਲਮ ਸ਼ਾਹੀ ਗਈ ਹਾਰ, ਹੱਕ ਹਕੀਕਤ ਪੜਦਾ ਨਾ ਕੋਇ ਉਠਾਉਂਦਾ ਏ । ਦੀਨ ਮਜ਼੍ਹਬ ਹੋਏ ਖੁਆਰ, ਜਾਤ ਪਾਤ ਭੇਦ ਨਾ ਕੋਇ ਚੁਕਾਉਂਦਾ ਏ । ਮੁਲਾਂ ਸ਼ੇਖ਼ ਮਸਾਇਕ ਵਾਅਜ਼ ਕਰਨ ਕਰ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ ਖੇਲ ਨਾ ਕੋਇ ਜਣਾਉਂਦਾ ਏ । ਸਾਚਾ ਕਲਮਾ ਨਬੀ ਨਾ ਮਾਰੇ ਕੋਈ ਅਵਾਜ਼, ਹੁਜਰਾ ਹੱਕ ਨਾ ਕੋਈ ਵਖਾਉਂਦਾ ਏ । ਚਾਰੋਂ ਕੁੰਟ ਦਿਸੇ ਅੰਧਿਆਰ, ਨੂਰੀ ਚੰਦ ਨਾ ਕੋਇ ਚਮਕਾਉਂਦਾ ਏ । ਧਰਨੀ ਡਿਗੀ ਮੂੰਹ ਦੇ ਭਾਰ, ਬਾਹੋਂ ਫੜ ਨਾ ਕੋਇ ਉਠਾਉਂਦਾ ਏ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਅਰਾ ਰਹੀ ਮਾਰ, ਮੇਰੀ ਲਜਪਤ ਮਾਤ ਨਾ ਕੋਇ ਰਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸ੍ਰੀ ਭਗਵਾਨ ਤੁਧ ਬਿਨ ਨਜ਼ਰ ਕੋਇ ਨਾ ਆਉਂਦਾ ਏ । ਦੋ ਜਹਾਨ ਮਾਰਨ ਧਾਹ, ਉਚੀ ਕੂਕ ਕੂਕ ਸੁਣਾਈਆ । ਬ੍ਰਹਿਮੰਡ ਖੰਡ ਰਹੇ ਕੁਰਲਾ, ਸੂਰਜ ਚੰਦ ਦੇਣ ਦੁਹਾਈਆ । ਜ਼ਿਮੀ ਅਸਮਾਨਾਂ ਬੇੜਾ ਸਕੇ ਨਾ ਕੋਈ ਤਰਾ, ਚੌਦਾਂ ਲੋਕ ਸਮਝ ਕੋਇ ਨਾ ਪਾਈਆ । ਚੌਦਾਂ ਤਬਕ ਭੇਵ ਨਾ ਆਏ ਖ਼ੁਦਾ, ਖ਼ੁਦੀ ਤਕੱਬਰ ਸਭ ਮੇਂ ਰਿਹਾ ਛਾਈਆ । ਪੜਦਾ ਸਕੇ ਕੋਈ ਨਾ ਲਾਹ, ਮੁਖ ਨਕ਼ਾਬ ਘਰ ਘਰ ਬੈਠੇ ਪਾਈਆ । ਘਰ ਸਜਦਾ ਸੀਸ ਸਕੇ ਨਾ ਕੋਈ ਝੁਕਾ, ਨਮੋ ਨਮੋ ਨਾ ਕੋਇ ਸੁਣਾਈਆ । ਕਲਜੁਗ ਅੰਤ ਇਕੋ ਭੁਲਿਆ ਬੇਪਰਵਾਹ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਹਸਤੀ ਨਾਲੋਂ ਹਸਤੀ ਹੋਈ ਜੁਦਾ, ਜੁਜ ਆਪਣਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਜ਼ਿਮੀਂ ਅਸਮਾਨ ਰੋਵਣ ਸੂਰਜ ਚੰਦ, ਪ੍ਰਭ ਅੱਗੇ ਦੇਣ ਦੁਹਾਈਆ । ਫਿਰੀ ਦਰੋਹੀ ਖ਼ੁਦਾਏ ਨਵ ਖੰਡ, ਸਤ ਦੀਪ ਨਾ ਕੋਇ ਵਡਿਆਈਆ । ਲੱਖ ਚੁਰਾਸੀ ਆਤਮ ਸਭ ਦੀ ਹੋਈ ਰੰਡ, ਜਗਤ ਦੁਹਾਗਣ ਸਾਰ ਕੋਇ ਨਾ ਪਾਈਆ । ਘਰ ਘਰ ਗ੍ਰਿਹਿ ਗ੍ਰਿਹਿ ਦਰ ਦਰ ਦਿਸੇ ਭੇਖ ਪਖੰਡ, ਸਚ ਸੁੱਚ ਨਾ ਕੋਇ ਵਰਤਾਈਆ । ਗੀਤ ਗੋਬਿੰਦ ਨਰ ਨਰਾਇਣ ਪਰਵਰਦਿਗਾਰ ਤੇਰਾ ਕੋਈ ਨਾ ਗਾਏ ਛੰਦ, ਸੰਸਾ ਰੋਗ ਨਾ ਕੋਇ ਚੁਕਾਈਆ । ਰਸਨਾ ਜਿਹਵਾ ਬੱਤੀ ਦੰਦ, ਮੁਖ ਲਗਾਇਆ ਗੰਦ, ਅੰਮ੍ਰਿਤ ਜਾਮ ਹੱਥ ਕਿਸੇ ਨਾ ਆਈਆ । ਆਬੇ ਹਯਾਤ ਦੇਵੇ ਨਾ ਕੋਈ ਵੰਡ, ਸੁਰਾਹੀ ਸਚ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕੂਕ ਪੁਕਾਰਨ ਦੀਨ ਮਜ਼੍ਹਬ, ਨਾਅਰਾ ਇਕੋ ਇਕ ਲਗਾਈਆ । ਤੇਰਾ ਪ੍ਰਭੂ ਕੋਈ ਨਾ ਕਰੇ ਅਦਬ, ਸਚ ਆਦਾਬ ਨਾ ਕੋਇ ਵਖਾਈਆ । ਘਰ ਘਰ ਦਿਸੇ

੧੫੯
੧੯

ਮਾਸ ਮਦਿਰ, ਤੇਰਾ ਨਾਮ ਰਸਨਾ ਪਾਨ ਨਾ ਕੋਇ ਵਖਾਈਆ । ਮਨ ਵਾਸਨਾ ਪਿਆ ਗ਼ਦਰ, ਅਦਲ ਅਦਾਲਤ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਪੂਰੀ ਕਰੇ ਕੋਈ ਨਾ ਸਧਰ, ਸਿਦਕ ਸਬੂਰੀ ਸਾਰੇ ਬੈਠੇ ਰੁੜ੍ਹਾਈਆ । ਤੇਰੇ ਮਿਲਣ ਦਾ ਕਰੇ ਕੋਈ ਨਾ ਫਿਕਰ, ਫਿਕਰਾ ਅਲਫ਼ ਯੇ ਪੜ੍ਹਾਈਆ । ਕੂੜੀ ਕਿਰਿਆ ਕਰਦੇ ਜ਼ਿਕਰ, ਜਾਹਰ ਜਹੂਰ ਨਜ਼ਰ ਕਿਸੇ ਨਾ ਆਈਆ । ਜਗਤ ਪਿਆਰ ਕੂੜੇ ਚਿਤਰ, ਤੇਰਾ ਇਸ਼ਟ ਧਿਆਨ ਨਾ ਕੋਇ ਰਖਾਈਆ । ਮਾਇਆ ਮਮਤਾ ਬਣਿਆ ਬਚਿਤਰ, ਨਾਟਕ ਭਰੀ ਜਗਤ ਲੋਕਾਈਆ । ਜਿਸ ਨੂੰ ਗੋਬਿੰਦ ਬਣਾਇਆ ਮਿੱਤਰ, ਸੋ ਮਿੱਤਰ ਪਿਆਰਾ ਸਮਝ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਠਾਂਡਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਇਕੱਠੇ, ਪ੍ਰਭ ਚਰਨ ਬੈਠੇ ਸਰਨਾਈਆ । ਬਿਨ ਵਜੂਦੋਂ ਸਰਨੀ ਢੱਠੇ, ਤਤ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਸਾਹਿਬ ਰੱਖੇ, ਪ੍ਰਭ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੋਕਮਾਤ ਤੇਰੇ ਦੇ ਕੇ ਆਏ ਪਤੇ, ਸਤਿ ਸੰਦੇਸ਼ਾ ਨਾਮ ਸੁਣਾਈਆ । ਬੋਧ ਅਗਾਧ ਲੇਖੇ ਲਿਖੇ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਪੜ੍ਹਾਈਆ । ਕਲਜੁਗ ਮਾਇਆ ਅੰਤਮ ਸਾਰੇ ਕੀਤੇ ਫਿਕੇ, ਰਸ ਹੱਥ ਕਿਸੇ ਨਾ ਆਈਆ । ਅਸੀਂ ਵੇਖ ਖੇਲ ਤੇਰਾ ਅਨਡਿਠੇ, ਬੈਠੇ ਮੁਖ ਭਵਾਈਆ । ਕਲਜੁਗ ਜੀਵਾਂ ਲੋਕਮਾਤ ਜਾ ਕੋਈ ਨਾ ਪੁੱਛੇ, ਗੁਰ ਅਵਤਾਰ ਪੀਰ ਪੈਗ਼ੰਬਰ ਭੌ ਨਾ ਕੋਇ ਰਖਾਈਆ । ਮਿਹਰਵਾਨ ਮਿਹਰ ਕਰ ਅਬਿਨਾਸ਼ੀ ਅਚੁਤੇ, ਚੇਤਨ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਤ ਵਡਿਆਈਆ । ਭਗਤ ਕਹਿਣ ਪ੍ਰਭ ਸੱਚੇ ਠਾਕਰ, ਇਕ ਤੇਰੀ ਓਟ ਤਕਾਈਆ । ਕਲਜੁਗ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਫੇਰਾ ਪਾਈਆ । ਤੇਰੇ ਭਗਤਾਂ ਕੋਈ ਨਾ ਮਿਲੇ ਆਦਰ, ਤੇਰੇ ਸੰਤਾਂ ਸੱਜਣ ਨਜ਼ਰ ਕੋਇ ਨਾ ਆਈਆ । ਸਾਚਾ ਬਣੇ ਨਾ ਕੋਈ ਸੌਦਾਗਰ, ਕੂੜਾ ਹੱਟ ਚਲਾਈਆ । ਨਿਰਮਲ ਕਰਮ ਕਿਸੇ ਨਾ ਹੋਵੇ ਉਜਾਗਰ, ਪਾਪਾਂ ਭਰੀ ਲੋਕਾਈਆ । ਦਰ ਦਰ ਘਰ ਘਰ ਸਾਰੇ ਬੈਠੇ ਬਣ ਕੇ ਚਾਤਰ, ਚਾਤਰਕ ਰੂਪ ਨਾ ਕੋਇ ਵਟਾਈਆ । ਤੇਰੇ ਮਿਲਣ ਦੀ ਰੱਖੇ ਖ਼ਾਹਸ਼ ਕੋਈ ਨਾ ਖ਼ਾਤਰ, ਜਗਤ ਵਾਸਨਾ ਫਿਰੇ ਹਲਕਾਈਆ । ਤੇਰਾ ਨਾਉਂ ਲੱਭੇ ਨਾ ਲਗ ਮਾਤਰ, ਅੱਖਰ ਵੱਖਰ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਨ ਭਗਤ ਤੇਰਾ ਧਿਆਨ ਲਗਾਈਆ । ਸੰਤ ਕਹਿਣ ਪ੍ਰਭ ਸੱਜਣ ਮੀਤ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਕਲਜੁਗ ਵੇਖ ਆਪਣੀ ਰੀਤ, ਮੰਦਰ ਮਸੀਤ ਰਿਹਾ ਕੁਰਲਾਈਆ । ਬਾਹਰੋਂ ਵੁਜ਼ੂ ਅੰਦਰੋਂ ਪਲੀਤ, ਪੁਨੀਤ ਰੂਪ ਨਾ ਕੋਇ ਵਖਾਈਆ । ਰਸਨਾ ਗੀਤ ਮਨ ਨੀਚ, ਸਚ ਸੁੱਚ ਨਾ ਕੋਇ ਰਖਾਈਆ । ਚਾਰੋਂ ਕੁੰਟ ਦਰ ਦਰਵੇਸ਼ ਮੰਗਣ ਭੀਖ, ਕਲਜੁਗ ਕੂੜ ਭੰਡਾਰਾ ਰਿਹਾ ਵਰਤਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਤੇਰੀ ਕਰਦੇ ਰਹੇ ਉਡੀਕ, ਬਿਨ ਅੱਖਾਂ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਆ ਕੇ ਨਿਰਗੁਣ ਸਰਗੁਣ ਦੱਸੇ ਇਕ ਪ੍ਰੀਤ, ਦੂਜੀ ਵੰਡ ਨਾ ਕੋਇ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਮਝਾਏ ਇਕੋ ਗੀਤ, ਆਤਮ ਪਰਮਾਤਮ ਰਾਗ ਅਲਾਈਆ । ਨਾਤਾ ਤੁਟੇ ਮੰਦਰ ਮਸੀਤ, ਕਾਇਆ ਗੁਰੂਦਵਾਰ ਮੱਠ ਸ਼ਿਵਦਵਾਲਾ ਇਕੋ ਨਜ਼ਰੀ ਆਈਆ । ਜਿਸ ਘਰ ਵਸੇਂ ਆਪ ਅਤੀਤ, ਤ੍ਰੈਗੁਣ ਦੇਵੇਂ ਡੇਰਾ ਢਾਹੀਆ । ਏਕਾ ਰੰਗ


੧੬੦
੧੬

ਰੰਗਾਏਂ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਲੱਖ ਚੁਰਾਸੀ ਲਏਂ ਜੀਤ, ਹਾਰ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਭ ਬੈਠੇ ਧਿਆਨ ਲਗਾਈਆ । ਚਾਰ ਵਰਨ ਅਠਾਰਾਂ ਬਰਨ ਚਾਰੋਂ ਕੁੰਟ ਰਾਹ ਤਕਾਈਆ । ਕਿਰਪਾ ਕਰ ਕਰਨੀ ਕਰਨ, ਕਰਤਾ ਪੁਰਖ ਤੇਰੀ ਸਰਨਾਈਆ । ਕਲਜੁਗ ਅੰਤਮ ਤੇਰਾ ਧੁਰ ਦਾ ਢੋਲਾ ਕੋਈ ਨਾ ਪੜ੍ਹਨ, ਰਸਨਾ ਜਿਹਵਾ ਹੋਈ ਹਲਕਾਈਆ । ਤ੍ਰੈਗੁਣ ਮਾਇਆ ਅਗਨੀ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚੇ ਪੌੜੇ ਕੋਈ ਨਾ ਚੜ੍ਹਨ, ਜਗਤ ਮਹਲ ਬੈਠੇ ਬਣਾਈਆ । ਸਾਚੇ ਘਰ ਮੂਲ ਨਾ ਵੜ੍ਹਨ, ਘਰ ਘਰ ਵਿਚ ਵੱਜੇ ਨਾ ਕੋਇ ਵਧਾਈਆ । ਦੀਪਕ ਜੋਤੀ ਦੀਪ ਨਾ ਜਲਨ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਤੇਰਾ ਦਰਸ ਨਾ ਪਾਇਣ ਮੂਰਤ ਗੋਪਾਲ ਮਦਨ, ਮੁਕੰਦ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਝੁਕਾਉਣ ਸੀਸ ਸਭ, ਚਾਰ ਜੁਗ ਪਏ ਸਰਨਾਈਆ । ਕਿਰਪਾ ਕਰ ਨਰ ਨਰਾਇਣ ਝੱਬ, ਕਲਜੁਗ ਝਗੜਾ ਦੇ ਚੁਕਾਈਆ । ਕੂੜ ਵਿਕਾਰਾ ਦੇ ਦੱਬ, ਉਪਰ ਆਪਣਾ ਭਾਰ ਰਖਾਈਆ । ਜਾਤ ਪਾਤ ਕੂੜ ਹੱਦ, ਹਦੂਦ ਆਪਣੀ ਇਕ ਸਮਝਾਈਆ । ਆਤਮ ਪਰਮਾਤਮ ਦਿਸੇ ਯਦ, ਵਿਸ਼ਵ ਇਕੋ ਰੰਗ ਰੰਗਾਈਆ । ਧਰਮ ਨਿਸ਼ਾਨਾ ਸਾਚਾ ਗੱਡ, ਲੱਖ ਚੁਰਾਸੀ ਸੀਸ ਝੁਕਾਈਆ । ਸੰਤ ਸੁਹੇਲੇ ਸੱਜਣ ਸੱਦ, ਸਦਾ ਇਕੋ ਨਾਮ ਸੁਣਾਈਆ । ਕੂੜੀ ਕਿਰਿਆ ਭਾਂਡਾ ਜਾਏ ਭੱਜ, ਸ਼ਬਦ ਨਿਸ਼ਾਨਾ ਤੀਰ ਚਲਾਈਆ । ਮੱਕਾ ਕਾਅਬਾ ਇਕੋ ਨਜ਼ਰੀ ਆਏ ਹੱਜ, ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਗੁਰਦਵਾਰਾ ਏਕਾ ਘਰ ਵਖਾਈਆ । ਪ੍ਰੇਮ ਪਿਆਰ ਦਾ ਪਿਆ ਮਦਿ, ਦਿਵਸ ਰੈਣ ਖ਼ੁਮਾਰ ਚੜ੍ਹਾਈਆ । ਤੇਰੇ ਦਵਾਰੇ ਬੈਠੇ ਸਜ, ਸਗਲਾ ਸੰਗ ਨਿਭਾਈਆ । ਦਰਸ਼ਨ ਕਰੀਏ ਰੱਜ ਰੱਜ, ਨੇਤਰ ਲੋਚਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧਰਮ ਦਵਾਰਾ ਲੈ ਪਰਗਟਾਈਆ । ਧਰਮ ਦਵਾਰਾ ਖੋਲ੍ਹ ਹੱਟ, ਦਰ ਤੇਰੇ ਕਰਨ ਬੇਨੰਤੀਆ । ਪੁਰਖ ਅਬਿਨਾਸ਼ੀ ਹੋ ਪਰਗਟ, ਨਿਹਕਰਮੀ ਸੋਭਾਵੰਤੀਆ । ਹਰ ਘਟ ਦੇ ਨਾਮ ਸਤਿ, ਸਤਿ ਸਰੂਪ ਮਹਿਮਾ ਅਗਣਤੀਆ । ਧੀਰਜ ਆਵੇ ਸੰਤੋਖ ਜਤ, ਪਾਰਬ੍ਰਹਮ ਬੇਅੰਤ ਬੇਅੰਤੀਆ । ਸ੍ਰਿਸ਼ਟ ਸਬਾਈ ਇਕੋ ਮਤ, ਮਨ ਕਾ ਮਣਕਾ ਆਪ ਭਵੰਤੀਆ । ਘਰ ਸਾਚਾ ਲਾਹਾ ਲਏ ਖੱਟ, ਨਾਤਾ ਕੂੜੋ ਕੂੜ ਤੁੜੰਤੀਆ । ਨਾੜ ਬਹੱਤਰ ਨਾ ਉਬਲੇ ਰਤ, ਤਿੰਨ ਸੌ ਸੱਠ ਹਾਡੀ ਖੋਜ ਖੁਜੰਤੀਆ । ਰਲ ਮਿਲ ਆਤਮ ਪਰਮਾਤਮ ਤੇਰਾ ਗਾਈਏ ਜਸ, ਸਾਚਾ ਢੋਲਾ ਰਾਗ ਸੁਣੰਤੀਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਦਿ ਜੁਗਾਦਿ ਤੇਰੇ ਵਸ, ਸ਼ਾਹੋ ਭੂਪ ਸ੍ਰੀ ਭਗਵੰਤੀਆ । ਕਲਜੁਗ ਅੰਤਮ ਦੇ ਵਰ, ਹਉਂ ਬਾਲਕ ਮੰਗ ਮਗੰਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣੰਤੀਆ । ਸਾਹਿਬ ਸਤਿਗੁਰ ਦਇਆ ਕਮੌਂਦਾ ਏ । ਸੋ ਪੁਰਖ ਨਿਰੰਜਣ ਹੁਕਮ ਅਲੌਂਦਾ ਏ । ਦੋ ਜਹਾਨਾਂ ਆਪ ਸੁਣੌਂਦਾ ਏ । ਬ੍ਰਹਿਮੰਡ ਖੰਡ ਉਠੌਂਦਾ ਏ । ਗੁਰ ਅਵਤਾਰ ਅੱਖ ਖੁਲੌਂਦਾ ਏ । ਪੀਰ ਪੈਗ਼ੰਬਰ ਸਗਲਾ ਸੰਗ ਆਪ ਬਣੌਂਦਾ ਏ । ਨਿਰਗੁਣ ਸਰਗੁਣ ਵਜਾ ਮਰਦੰਗ, ਰਾਗ ਰਾਗਨੀ ਭੇਵ ਚੁਕੌਂਦਾ ਏ । ਨਿਰਗੁਣ ਜੋਤ ਚਾੜ੍ਹ ਚੰਦ, ਅਗਿਆਨ ਅੰਧੇਰ ਮਿਟੌਂਦਾ ਏ । ਆਤਮ ਸੇਜਾ ਵੇਖ ਪਲੰਘ, ਲੱਖ ਚੁਰਾਸੀ ਆਪ ਹੰਢੌਂਦਾ ਏ । ਸਾਚਾ

ਦੇਵੇ ਸਤਿ ਅਨੰਦ, ਅਨੰਦ ਅਨੰਦ ਵਿਚੋਂ ਪਰਗਟੌਂਦਾ ਏ । ਵੀਹ ਸੌ ਵੀਹ ਬਿਕਰਮੀ ਜਾਏ ਲੰਘ, ਪਾਰ ਕਿਨਾਰਾ ਇਕ ਵਖੌਂਦਾ ਏ । ਨੌ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟ ਸਬਾਈ ਪਾਏ ਗੰਢ, ਗੰਢਣਹਾਰ ਗੋਪਾਲ ਸਵਾਮੀ ਦਇਆ ਕਮੌਂਦਾ ਏ । ਜਨ ਭਗਤਾਂ ਪਾਏ ਧੁਰ ਦੀ ਠੰਡ, ਠੰਡਕ ਇਕੋ ਇਕ ਵਖੌਂਦਾ ਏ । ਸੋਹੰ ਢੋਲਾ ਧੁਰ ਦਾ ਛੰਦ, ਸਤਿ ਸਤਿਵਾਦੀ ਆਪ ਜਣੌਂਦਾ ਏ । ਜਨਮ ਜਨਮ ਦਾ ਮੇਟ ਕੇ ਪੰਧ, ਕਰਮ ਕਰਮ ਦਾ ਰੋਗ ਗਵੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣੌਂਦਾ ਏ । ਸਚ ਸੰਦੇਸ਼ਾ ਸਚ ਜਣਾਵਾਂਗਾ । ਨਿਰਗੁਣ ਨਿਰਵੈਰ ਹੋ ਕੇ ਆਵਾਂਗਾ । ਗਹਿਰ ਗੰਭੀਰ ਖੇਲ ਖਿਲਾਵਾਂਗਾ । ਬਿਨ ਸਰੀਰ ਫੇਰਾ ਪਾਵਾਂਗਾ । ਬੇਨਜ਼ੀਰ ਜੋਤ ਜਗਾਵਾਂਗਾ । ਚੋਟੀ ਚੜ੍ਹ ਅਖ਼ੀਰ, ਪੜਦਾ ਸਭ ਦਾ ਫੋਲ ਫੁਲਾਵਾਂਗਾ । ਨਾਤਾ ਤੋੜ ਸ਼ਰਅ ਜੰਜੀਰ, ਦੀਨ ਮਜ਼੍ਹਬ ਪੰਧ ਮੁਕਾਵਾਂਗਾ । ਲੇਖਾ ਜਾਣ ਸ਼ਾਹ ਹਕੀਰ, ਊਚ ਨੀਚ ਇਕੋ ਘਰ ਵਸਾਵਾਂਗਾ । ਕਲਜੁਗ ਬਦਲ ਦਿਆਂ ਤਕਦੀਰ, ਤਦਬੀਰ ਆਪਣੇ ਹੱਥ ਰਖਾਵਾਂਗਾ । ਕੂੜੀ ਕਿਰਿਆ ਕੱਢਾਂ ਪੀੜ, ਮਾਇਆ ਮਮਤਾ ਮੋਹ ਚੁਕਾਵਾਂਗਾ । ਚਾਰ ਵਰਨ ਬਣਾਵਾਂ ਭਾਈ ਸੱਜਣ ਵੀਰ, ਸਾਕ ਸੱਜਣ ਇਕੋ ਘਰ ਦਸਾਵਾਂਗਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਸ਼ਬਦ ਖੰਡੇ ਕੱਟ ਸ਼ਮਸ਼ੀਰ, ਸਿਆਸਤ ਜਗਤ ਅਗਨ ਜਲਾਵਾਂਗਾ । ਦੋ ਜਹਾਨਾਂ ਪੈਂਡਾ ਚੀਰ, ਲੋਕਮਾਤ ਵੇਖ ਵਖਾਵਾਂਗਾ । ਜਿਸ ਨੂੰ ਲੱਭਦੇ ਪੀਰ ਫ਼ਕੀਰ, ਤਿਨ੍ਹਾਂ ਫ਼ਿਕਰਾ ਹੱਕ ਸੁਣਾਵਾਂਗਾ । ਅਲਫ਼ ਯੇ ਮੁਕੇ ਅੰਤ ਤਕਰੀਰ, ਤਹਿਰੀਰ ਆਪਣੀ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਵਾਂਗਾ । ਸਚ ਮਾਰਗ ਇਕ ਲਗਾਏਗਾ । ਬ੍ਰਹਿਮੰਡ ਖੰਡ ਵੇਖ ਵਖਾਏਗਾ । ਨਵ ਖੰਡ ਜੋਤ ਜਗਾਏਗਾ । ਚਾਰ ਕੁੰਟ ਫੋਲ ਫੁਲਾਏਗਾ । ਦਹਿ ਦਿਸ਼ਾ ਵੰਡ ਵੰਡਾਏਗਾ । ਲੱਖ ਚੁਰਾਸੀ ਖੋਜ ਖੁਜਾਏਗਾ । ਮੰਡਲ ਰਾਸੀ ਸੋਭਾ ਪਾਏਗਾ । ਜਗਤ ਉਦਾਸੀ ਦੂਰ ਕਰਾਏਗਾ । ਨਾ ਕੋਈ ਰਹੇ ਮਦਿਰਾ ਮਾਸੀ, ਮਧੁਰ ਆਪਣਾ ਨਾਮ ਜਾਮ ਪਿਆਏਗਾ । ਲੇਖਾ ਜਾਣੇ ਪੰਡਤ ਕਾਂਸੀ, ਮੁਲਾਂ ਸ਼ੇਖ਼ ਕੁਤਬ ਗ਼ੌਂਸ ਆਪ ਉਠਾਏਗਾ । ਨਿਰਗੁਣ ਸਰਗੁਣ ਬਣ ਕੇ ਪਾਂਧੀ, ਕਲਜੁਗ ਅੰਤਮ ਪੰਧ ਮੁਕਾਏਗਾ । ਕਿਸੇ ਕੰਮ ਨਾ ਆਵੇ ਸੋਨਾ ਰੂਪਾ ਚਾਂਦੀ, ਹਰਿ ਕਾ ਨਾਮ ਇਕੋ ਹੱਟ ਚਲਾਏਗਾ । ਭੇਵ ਖੁਲ੍ਹਾਏ ਬੋਧ ਅਗਾਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਪ੍ਰਭੂ ਕਮਾਵੇਗਾ । ਕਲਜੁਗ ਅੰਤਮ ਮੇਟ ਮਿਟਾਵੇਗਾ । ਪੂਰਬ ਲੇਖਾ ਲੇਖੇ ਲਾਵੇਗਾ । ਸ੍ਰਿਸ਼ਟ ਸਬਾਈ ਇਕੋ ਹੁਕਮ ਵਰਤਾਵੇਗਾ । ਲੱਖ ਚੁਰਾਸੀ ਬਣਾਏ ਤੁਖ਼ਮ, ਤਾਸੀਰ ਆਪਣੇ ਨਾਲ ਮਿਲਾਵੇਗਾ । ਸੰਤ ਸੁਹੇਲੇ ਕਰ ਕੇ ਉਤਮ, ਦ੍ਰਿਸ਼ਟ ਇਸ਼ਟ ਆਪ ਜਣਾਵੇਗਾ । ਭਗਤ ਭਗਵਾਨ ਬਣਾਏ ਪੁੱਤਰ, ਪਿਤਾ ਪੂਤ ਗੋਦ ਸੁਹਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਰਲ ਰਲ ਮਨਾਵਣ ਸ਼ੁਕਰ, ਸ਼ਹਿਨਸ਼ਾਹ ਸ਼ਾਕਰ ਆਪਣੇ ਘਰ ਕਰਾਵੇਗਾ । ਏਥੇ ਕੋਈ ਨਾ ਜਾਏ ਮੁੱਕਰ, ਮੁਕੱਦਮਾ ਇਕੋ ਇਕ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨਾਂ ਇਕੋ ਰੰਗ ਰੰਗਾਵੇਗਾ । ਚਾਰ ਵਰਨਾਂ ਰੰਗ ਰੰਗੌਣਾ ਏ । ਊਚ ਨੀਚ ਭੇਵ ਚੁਕਾਉਣਾ ਏਂ । ਰਾਉ ਰੰਕ ਇਕੋ ਘਰ ਸੁਹੌਣਾ ਏ । ਨਾਮ ਡੰਕ ਸ਼ਬਦ ਵਜੌਣਾ ਏਂ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਪੜ੍ਹੌਣਾ ਏਂ । ਆਤਮ ਪਰਮਾਤਮ ਆਦਿ


੧੬੨ ੧੯

ਜੁਗਾਦੀ ਮੰਤ, ਮੰਤਰ ਇਕੋ ਇਕ ਦਰਸੌਣਾ ਏਂ । ਚਿਰੀ ਵਿਛੁੰਨਾ ਮੇਲਾ ਨਾਰ ਸਵਾਣੀ ਸੁਰਤੀ ਕੰਤ, ਸ਼ਬਦੀ ਸ਼ਬਦ ਇਕ ਵਖਾਉਣਾ ਏਂ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਫੁਲ ਫੁਲਵਾੜੀ ਆਪ ਮਹਿਕਾਉਣਾ ਏਂ । ਸਤਿਜੁਗ ਬਣਾ ਸਾਚੀ ਬਣਤ, ਕਲਜੁਗ ਬਿਸਤਰਾ ਕੂੜ ਉਠੌਣਾ ਏਂ । ਕਰੇ ਖੇਲ ਸ੍ਰੀ ਭਗਵੰਤ, ਹਰਿ ਕਾ ਭੇਵ ਕਿਸੇ ਨਾ ਔਣਾ ਏਂ । ਕੋਈ ਸਮਝ ਨਾ ਸਕੇ ਪਾਂਧਾ ਪੰਡਤ, ਮੁਲਾਂ ਸ਼ੇਖ਼ ਮਸਲਾ ਹੱਲ ਨਾ ਕਿਸੇ ਕਰੌਣਾ ਏਂ । ਜਿਸ ਦਾ ਲੇਖਾ ਜੇਰਜ ਅੰਡਜ, ਉਤਭੁਜ ਸੇਤਜ ਆਪਣਾ ਹੁਕਮ ਵਰਤੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰਾਹ ਵਖਾਉਣਾ ਏਂ । ਸਤਿ ਸਤਿਵਾਦੀ ਵਖਾਏ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਸ਼ਬਦ ਸਰੂਪੀ ਬਣ ਮਲਾਹ, ਨਿਰਗੁਣ ਸਰਗੁਣ ਲਏ ਤਰਾਈਆ । ਆਤਮ ਪਰਮਾਤਮ ਦਏ ਸਲਾਹ, ਸਿਖਿਆ ਸਾਚੀ ਕਰੇ ਪੜ੍ਹਾਈਆ । ਡੁੱਬਦੇ ਪਾਹਨ ਲਏ ਤਰਾ, ਪਾਥਰ ਆਪਣੇ ਨਾਲ ਰਖਾਈਆ । ਆਤਮ ਪਰਮਾਤਮ ਲਏ ਮਿਲਾ, ਮਿਲਣੀ ਜਗਦੀਸ ਕਰਾਈਆ । ਜਗਤ ਵਿਛੋੜਾ ਪੰਧ ਮੁਕਾ, ਘਰ ਸਾਚੇ ਦਏ ਬਹਾਈਆ । ਇਕੋ ਨੂਰ ਖ਼ੁਦਾਏ ਨਜ਼ਰੀ ਜਾਏ ਆ, ਬੇਨਜ਼ੀਰ ਕਰੇ ਰੁਸ਼ਨਾਈਆ । ਬੀ ਮਿਹਰਬਾਂ ਮਿਹਬਾਨ ਬੀਦੋ ਹੋਏ ਸਹਾ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਹੱਥ ਸਰਬ ਸ਼ਫ਼ਾ, ਅਹਿਬਾਬ ਇਕੋ ਇਕ ਅਖਵਾਈਆ । ਤਬੀਬ ਬਣੇ ਦੋ ਜਹਾਨ, ਚੌਦਾਂ ਤਬਕ ਕਰੇ ਸਫ਼ਾਈਆ । ਲੇਖਾ ਜਾਣੇ ਅੰਜੀਲ ਕੁਰਾਨ, ਤੀਸ ਬਤੀਸਾ ਪਰਦਾ ਆਪ ਉਠਾਈਆ । ਜਿਸ ਦੇ ਉਤੇ ਮੁਹੰਮਦ ਰੱਖ ਕੇ ਗਿਆ ਈਮਾਨ, ਸੋ ਆਮਲ ਆਪਣਾ ਫੇਰਾ ਪਾਈਆ । ਕਾਮਲ ਪੁਰਖ ਨੌਜਵਾਨ, ਨਾ ਮਰੇ ਨਾ ਜਾਈਆ । ਚੌਧਵੀਂ ਸਦੀ ਵੇਖੇ ਸਰਬ ਗੁਨਾਹ, ਗੁਨਾਹ ਭਰੀ ਦਿਸੇ ਲੋਕਾਈਆ । ਮੱਕਾ ਕਾਅਬਾ ਕੋਈ ਦਿਸੇ ਨਾ ਧੁਰ ਦਾ ਥਾਂ, ਜਗਤ ਮਜੌਰ ਰਹੇ ਕੁਰਲਾਈਆ । ਮੂਸਾ ਈਸਾ ਕਹੇ ਮੇਰੇ ਖ਼ੁਦਾ, ਰਹਿਮਤ ਤੇਰੇ ਹੱਥ ਵਡਿਆਈਆ । ਪਿਤਾ ਪੁਰਖ ਫੇਰਾ ਪਾ, ਪਾਰਬ੍ਰਹਮ ਤੇਰੀ ਸਰਨਾਈਆ । ਵੇਦ ਵਿਆਸਾ ਰਿਹਾ ਗਾ, ਅਠ ਦਸ ਪੁਰਾਨੀ ਪੁਰਾਨ ਅੰਕ ਬਣਾਈਆ । ਨਾਨਕ ਗੋਬਿੰਦ ਸੀਸ ਰਹੇ ਝੁਕਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਕਲ ਕਲਕੀ ਫੇਰਾ ਪਾ, ਕਲਜੁਗ ਤੇਰੀ ਓਟ ਤਕਾਈਆ । ਜੁਗ ਚੌਕੜੀ ਗਏ ਵਿਹਾ, ਲੇਖਾ ਵੇਖ ਥਾਉਂ ਥਾਈਂਆ । ਜੀਵ ਜੰਤ ਤੇਰਾ ਨਾਉਂ ਗਏ ਭੁਲਾ, ਆਤਮ ਪਰਮਾਤਮ ਇਸ਼ਟ ਨਜ਼ਰ ਕਿਸੇ ਨਾ ਆਈਆ । ਜਗ ਭੁੱਲਿਆਂ ਫੇਰ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਮਾਰਗ ਦੱਸ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸ੍ਰੀ ਭਗਵਾਨ ਦਇਆ ਕਮਾ, ਅਬਿਨਾਸ਼ੀ ਕਰਤਾ ਰਿਹਾ ਸੁਣਾਈਆ । ਨੇਤਰ ਨੈਣ ਅੱਖ ਸਾਰੇ ਲਓ ਖੁਲ੍ਹਾ, ਆਲਸ ਨਿੰਦਰਾ ਰਿਹਾ ਮਿਟਾਈਆ । ਪਰਵਰਦਿਗਾਰ ਬੇਪਰਵਾਹ ਫੇਰਾ ਰਿਹਾ ਪਾ । ਅਲਫ਼ੀ ਚੋਲਾ ਤਨ ਨਾ ਕੋਇ ਹੰਢਾਈਆ । ਜਿਸ ਦੀ ਸਿਫ਼ਤ ਅਲਫ਼ ਯੇ ਗਈ ਲਿਖਾ, ਲਫ਼ਜ਼ ਲਫ਼ਜ਼ ਜੋੜ ਜੁੜਾਈਆ । ਤਿਸ ਦਾ ਹਰਫ਼ ਕੋਈ ਨਾ ਸਕੇ ਬੁਝਾ, ਹਜ਼ਰਤ ਬੈਠੇ ਸੀਸ ਨਿਵਾਈਆ । ਜੋ ਹਸਤੀ ਨਾਲੋਂ ਹੋਵੇ ਆਪ ਜੁਦਾ, ਜੁਦਾ ਹੋ ਕੇ ਹਸਤੀ ਵਿਚ ਸਮਾਈਆ । ਉਹ ਰਹਿਬਰ ਬਣੇ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਈਆ । ਨੌਬਤ ਇਕੋ ਦਏ ਵਜਾ, ਦੋ ਜਹਾਨਾਂ ਦਏ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਫੇਰਾ ਰਿਹਾ ਪਾ, ਅੰਤਰਜਾਮੀ ਸ਼ਬਦ ਨਿਹਕਾਮੀ, ਨਿਹਕਰਮੀ ਆਪਣੀ ਕਾਰ ਕਮਾਈਆ । ਕਲਜੁਗ ਕੂੜੇ ਕੋਲੋਂ ਸਭ ਦੀ ਕੱਟੇ ਆਪ ਗ਼ੁਲਾਮੀ, ਬਰੀਖ਼ਾਨਾ ਦਏ ਖੁਲ੍ਹਾਈਆ । ਚਾਰ ਜੁਗ ਦਾ ਮਸਲਾ ਹੱਲ

ਕਰੇ ਦੀਵਾਨੀ, ਅਪੀਲ ਅੱਗੇ ਨਾ ਕੋਇ ਰਖਾਈਆ । ਜਿਸ ਦੀ ਸਮਝ ਪਾਏ ਨਾ ਕੋਇ ਵਿਦਵਾਨੀ, ਚੌਦਾਂ ਵਿਦਿਆ ਹੋਈ ਹਲਕਾਈਆ । ਜਿਸ ਦਾ ਲੇਖਾ ਲਿਖਿਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਾਨੀ, ਸੋ ਕਲਮਾ ਕਾਇਨਾਤ ਪੜ੍ਹਾਈਆ । ਉਸ ਦਾ ਦਿਸੇ ਕੋਈ ਨਾ ਸਾਨੀ, ਆਸਾਨੀ ਸਭ ਨੂੰ ਦਏ ਜਣਾਈਆ । ਜਗਤ ਜਹਾਨ ਕਰਾਏ ਫ਼ਾਨੀ, ਫ਼ਾਤਿਹਾ ਇਕੋ ਵਾਰ ਪੜ੍ਹਾਈਆ । ਮੁਰੀਦ ਮੁਰਸ਼ਦ ਦੋਹਾਂ ਦੀ ਰਹੇ ਅੰਤ ਨਿਸ਼ਾਨੀ, ਨਿਸ਼ਾਨਾ ਇਕੋ ਇਕ ਲਗਾਈਆ । ਜਿਸ ਦਾ ਲੇਖ ਲਿਖਿਆ ਗੁਰ ਅਰਜਨ ਸੁਤ ਭਾਨੀ, ਸ਼ਬਦੀ ਧਾਰ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਕੂੜੀ ਕਿਰਿਆ ਸ਼ੌਹ ਦਰਿਆਏ ਦਏ ਰੁੜ੍ਹਾਈਆ । ਕਲਜੁਗ ਅੰਤਮ ਤੁਟੇ ਨਾਤਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰ ਵਰਨ ਬਣੇ ਇਕ ਜਮਾਤਾ, ਜੁਮਲਾ ਅੱਖਰ ਪੱਟੀ ਇਕੋ ਦਏ ਸਮਝਾਈਆ । ਵਰਨ ਬਰਨ ਦਾ ਧੁਰ ਦਾ ਖਾਤਾ, ਹਰਿ ਖ਼ਾਲਕ ਦਏ ਖੁਲ੍ਹਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਚੰਦ ਕਰੇ ਰੁਸ਼ਨਾਈਆ । ਸਰਬ ਜੀਆਂ ਦਾ ਇਕੋ ਪਿਤਾ ਮਾਤਾ, ਪਾਰਬ੍ਰਹਮ ਪ੍ਰਭ ਸੱਚਾ ਨਜ਼ਰੀ ਆਈਆ । ਜੁਗ ਚੌਕੜੀ ਦੇਵਣਹਾਰਾ ਦਾਤਾ, ਧੁਰ ਦੀ ਵਸਤ ਆਪ ਵਰਤਾਈਆ । ਜਿਸ ਦਾ ਸਿਮਰਨ ਪੂਜਾ ਸੰਧਿਆ ਪਾਠਾ, ਅਗਨੀ ਹਵਨ ਜਗਤ ਖੇਲ ਵਖਾਈਆ । ਜਿਸ ਦਾ ਨਹਾਵਣ ਤੀਰਥ ਤਾਟਾ, ਅਠਸਠ ਸਰੋਵਰ ਫੇਰਾ ਪਾਈਆ । ਜਿਸ ਦਾ ਨੂਰ ਜੋਤ ਲਲਾਟੀ ਮਾਥਾ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਜਿਸ ਦਾ ਨੂਰ ਮੱਕਾ ਕਾਅਬਾ, ਸੋ ਜਹੂਰ ਰਿਹਾ ਪਰਗਟਾਈਆ । ਜਿਸ ਦਾ ਮੇਲ ਦੋ ਦੋ ਆਬਾ, ਸੋ ਆਬੇ ਹਯਾਤ ਜਾਮ ਰਿਹਾ ਪਿਲਾਈਆ । ਜਿਸ ਦਾ ਪੀਰ ਪੈਗ਼ੰਬਰ ਹੁਜਰੇ ਅੰਦਰ ਲੈਂਦੇ ਰਹੇ ਖ਼ਵਾਬਾ, ਸੋ ਖ਼ਾਹਸ਼ ਸਭ ਦੀ ਪੂਰ ਕਰਾਈਆ । ਜਿਸ ਦਾ ਨੂਰ ਝੱਲੇ ਨਾ ਆਫ਼ਤਾਬਾ, ਆਫ਼ਤਾਬ ਕੋਟਨ ਬੈਠੇ ਮੁਖ ਸ਼ਰਮਾਈਆ । ਸੋ ਸਾਹਿਬ ਹੱਕ ਜਨਾਬਾ, ਹਕੀਕਤ ਵੇਖੇ ਥਾਉਂ ਥਾਈਂਆ । ਕਲਜੁਗ ਅੰਤ ਸਭ ਨੂੰ ਕਰੇ ਲਾਜਵਾਬਾ, ਜਵਾਬ ਦੇ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਰਾਮ ਰਹੀਮ ਆਪਣਾ ਫੇਰਾ ਪਾਈਆ । ਆਪਣਾ ਫੇਰਾ ਪ੍ਰਭੂ ਪ੍ਰਭ ਪੌਂਦਾ ਏ । ਸੰਤ ਸੁਹੇਲੇ ਲੱਭ, ਜਨ ਭਗਤ ਆਪ ਉਠੌਂਦਾ ਏ । ਅੰਮ੍ਰਿਤ ਝਿਰਨਾ ਝਿਰਾ ਕਵਲ ਨਭ, ਉਲਟਾ ਮੁਖ ਕਰੌਂਦਾ ਏ । ਨੌਂ ਦਵਾਰੇ ਮੁਕੇ ਹੱਦ, ਘਰ ਦਸਵੇਂ ਮੇਲ ਮਿਲੌਂਦਾ ਏ । ਆਤਮ ਜੋਤੀ ਦੀਪਕ ਜਾਏ ਜਗ, ਅਗਿਆਨ ਅੰਧੇਰ ਚੁਕੌਂਦਾ ਏ । ਅਨਹਦ ਨਾਦ ਸੁਣਾਏ ਛੰਦ, ਸੰਸਾ ਰੋਗ ਮਿਟੌਂਦਾ ਏ । ਡੂੰਘੀ ਭਵਰੀ ਵਿਚੋਂ ਕੱਢ, ਸੁਖਮਨ ਟੇਡੀ ਬੰਕ ਪਾਰ ਕਰੌਂਦਾ ਏ । ਈੜਾ ਪਿੰਗਲ ਥੱਲੇ ਛੱਡ, ਸਾਚੇ ਮਾਰਗ ਆਪੇ ਲੌਂਦਾ ਏ । ਆਤਮ ਸੇਜ ਚੜ੍ਹਾਏ ਭੱਜ, ਬਣ ਪਾਂਧੀ ਪੰਧ ਮੁਕੌਂਦਾ ਏ । ਸੁਰਤੀ ਸ਼ਬਦੀ ਪ੍ਰੀਤੀ ਜਾਏ ਬੱਝ, ਟੁੱਟੀ ਗੰਢ ਫੇਰ ਪਵੌਂਦਾ ਏ । ਆਤਮ ਪਰਮਾਤਮ ਕਰੇ ਹੱਜ, ਹੁਜਰਾ ਇਕੋ ਇਕ ਸੁਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਘਰ ਵਸੌਂਦਾ ਏ । ਹਰਿਜਨ ਸਾਚੇ ਘਰ ਵਸੌਂਦਾ ਏ । ਫੜ ਫੜ ਬਾਹੋਂ ਗਲੇ ਲਗੌਂਦਾ ਏ । ਕਾਇਆ ਮੰਦਰ ਅੰਦਰ ਰਾਹ ਵਖੌਂਦਾ ਏ । ਬਜਰ ਕਪਾਟੀ ਤੋੜ ਜੰਦਰ, ਪੜਦਾ ਦੂਈ ਦਵੈਤ ਚੁਕੌਂਦਾ ਏ । ਸੋਹਣਾ ਦਿਸੇ ਅਗੰਮੀ ਮੰਦਰ, ਛੱਪਰ ਛੰਨ ਨਾ ਕੋਇ ਛੁਹੌਂਦਾ ਏ । ਜੋਤ ਜਗੇ ਅੰਦਰੇ ਅੰਦਰ, ਤੇਲ ਬਾਤੀ ਨਾਲ

੧੬੪
੧੯

ਨਾ ਕੋਇ ਰਖੌਂਦਾ ਏ । ਮਨ ਵਾਸਨਾ ਦਿਸੇ ਨਾ ਕੋਈ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧੌਂਦਾ ਏ । ਸ਼ਰਅ ਸ਼ਰੀਅਤ ਤੋੜ ਸੰਗਲ, ਸੰਗਲ ਦੀਨ ਮਜ਼੍ਹਬ ਪੰਧ ਮੁਕੌਂਦਾ ਏ । ਘਰ ਵੜ ਕੇ ਪੌੜੇ ਚੜ੍ਹ ਕੇ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੁਣੇ ਅਗੰਮੀ ਮੰਗਲ, ਜਿਸ ਦਾ ਭੇਵ ਛੱਤੀ ਰਾਗ ਨਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕੂੜੀ ਕਿਰਿਆ ਨਾਤਾ ਆਪ ਤੁੜੌਂਦਾ ਏ । ਕੂੜੀ ਕਿਰਿਆ ਨਾਤਾ ਆਪ ਤੁੜੌਂਦਾ ਏ । ਪ੍ਰਭ ਸਤਿਗੁਰ ਦਇਆ ਕਮੌਂਦਾ ਏ । ਭਗਤ ਭਗਵਾਨ ਆਪ ਜਗੌਂਦਾ ਏ । ਸੋਈ ਸੁਰਤੀ ਆਪ ਉਠੌਂਦਾ ਏ । ਅਕਾਲ ਮੂਰਤੀ ਨਾਲ ਮਿਲੌਂਦਾ ਏ । ਨਾਦ ਤੂਰਤੀ ਇਕ ਸੁਣੌਂਦਾ ਏ । ਖ਼ੂਬਸੂਰਤੀ ਆਪਣੀ ਜੋਤ ਚਮਕੌਂਦਾ ਏ । ਆਸਾ ਮਨਸਾ ਪੂਰਤੀ, ਪੂਰੀ ਇਛਿਆ ਆਪ ਕਰੌਂਦਾ ਏ । ਕਲਜੁਗ ਕੂੜੀ ਖੇਲ ਦਿਸੇ ਕੂੜ ਦੀ, ਸਚ ਨਾਤਾ ਆਤਮ ਪਰਮਾਤਮ ਆਪ ਨਿਭੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਓਸੇ ਕੋਹਤੂਰ ਦੀ, ਜਿਥੇ ਮੂਸਾ ਮੂੰਹ ਦੇ ਭਾਰ ਸੁਟੌਂਦਾ ਏ । ਕੋਹਤੂਰ ਦਿਸੇ ਨੁਰਾਨਾ, ਨੂਰੀ ਜਲਵਾ ਇਕ ਜਣਾਈਆ । ਜਿਸ ਪਰਵਰਦਿਗਾਰ ਹੋਏ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਸੋ ਮੁਰੀਦ ਹੋਏ ਪਰਵਾਨਾ, ਮੁਰਸ਼ਦ ਆਪਣੇ ਗਲੇ ਲਗਾਈਆ । ਸਾਚਾ ਕਲਮਾ ਦਏ ਇਲਾਹੀ ਕਲਾਮਾ, ਬਿਨ ਰਸਨਾ ਜਿਹਵਾ ਪੜ੍ਹਾਈਆ । ਨਜ਼ਰੀ ਆਏ ਇਕ ਅਮਾਮਾ, ਆਮਦ ਸਮਝ ਸਕੇ ਕੋਇ ਨਾ ਰਾਈਆ । ਜਿਸ ਦਾ ਦਰਗਾਹ ਝੁਲੇ ਨਿਸ਼ਾਨਾ, ਸਚ ਨਿਸ਼ਾਨਾ ਇਕ ਵਖਾਈਆ । ਸੋ ਅੰਤਮ ਪਹਿਰੇ ਬਾਣਾ, ਅਮਾਮ ਆਪਣਾ ਫੇਰਾ ਪਾਈਆ । ਪੀਰ ਪੈਗ਼ਬਰ ਜਿਸ ਕਰੇ ਗ਼ੁਲਾਮਾ, ਬਰਦੇ ਦਰ ਰਿਹਾ ਬਹਾਈਆ । ਤਿਸ ਨੂੰ ਸਜਦਾ ਝੁਕ ਕਰਨ ਸਲਾਮਾ, ਅਲੈਕਮ ਇਕੋ ਇਕ ਸੁਣਾਈਆ । ਉਸ ਦਾ ਵੱਜੇ ਸਚ ਦਮਾਮਾ, ਦੋ ਜਹਾਨ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਸ਼ਦ ਵੇਖੇ ਆਪ ਮੁਰੀਦ, ਇਸਮ ਆਅਜ਼ਮ ਦੇਵੇ ਦੀਦ, ਸ਼ੁਨੀਦ ਆਪਣਾ ਭੇਵ ਚੁਕਾਈਆ । ਦੀਦ ਸ਼ੁਨੀਦ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਜੁਗ ਚੌਕੜੀ ਹੋ ਤਿਆਰ, ਨਿਤ ਨਵਿਤ ਵੇਸ ਵਟਾਇੰਦਾ । ਭਗਤ ਭਗਵੰਤ ਲਏ ਸੰਭਾਲ, ਸਿਰ ਆਪਣਾ ਹੱਥ ਟਿਕਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਰਾਉ ਰੰਕ ਨਾ ਕੋਇ ਵਡਿਆਇੰਦਾ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਪਰਗਟਾਇੰਦਾ । ਦੀਪਕ ਜੋਤ ਨੁਰਾਨੀ ਬਾਲ, ਰੋਸ਼ਨ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸ੍ਰਿਸ਼ਟੀ ਦਏ ਦ੍ਰਿਸ਼ਟੀ ਇਸ਼ਟ ਦੇਵ ਗੁਰ ਸਵਾਮੀ ਇਕੋ ਇਕ ਜਣਾਈਆ । ਇਕੋ ਇਕ ਏਕੰਕਾਰ, ਅਕਲ ਕਲਾ ਅਖਵਾਇੰਦਾ । ਇਕੋ ਇਕ ਪਰਵਰਦਿਗਾਰ, ਬੇਪਰਵਾਹ ਨਜ਼ਰੀ ਆਇੰਦਾ । ਇਕੋ ਇਕ ਰਾਮ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਇਕੋ ਇਕ ਮੀਤ ਮੁਰਾਰ, ਕਾਹਨ ਘਨਈਆ ਬੰਸਰੀ ਨਾਮ ਵਜਾਇੰਦਾ । ਇਕੋ ਇਕ ਭਗਤ ਭੰਡਾਰ, ਹਰਿ ਹਰਿ ਨਾਮਾ ਨਾਮ ਵਰਤਾਇੰਦਾ । ਇਕੋ ਇਕ ਮੰਦਰ ਦਵਾਰ, ਇਕੋ ਗ੍ਰਿਹਿ ਸੋਭਾ ਪਾਇੰਦਾ । ਇਕੋ ਇਕ ਚਰਨ ਹਰਿ ਕਰਤਾਰ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਇਕੋ ਇਕ ਪ੍ਰੇਮ ਪਿਆਰ, ਸਚ ਪ੍ਰੀਤੀ ਆਪ ਬੰਧਾਇੰਦਾ । ਇਕੋ ਨਾਮ ਸ਼ਬਦ ਧੁਨ ਜੈਕਾਰ, ਇਕੋ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਲੇਖਾ ਪੂਰ ਕਰਾਇੰਦਾ । ਕਲਜੁਗ ਲੇਖਾ

ਪੂਰ ਕਰੌਣਾ, ਹਰਿ ਵਡਾ ਵਡ ਜਣਾਈਆ । ਸਤਿ ਸਤਿਵਾਦੀ ਮਾਰਗ ਲਾਉਣਾ, ਸਚ ਸੁੱਚ ਕਰੇ ਕੁੜਮਾਈਆ । ਸ੍ਰਿਸ਼ਟ ਸਬਾਈ ਇਕੋ ਰਾਹ ਵਖਾਉਣਾ, ਦੂਜਾ ਦਰ ਨਾ ਕੋਇ ਦਰਸਾਈਆ । ਸਰਬ ਜੀਆਂ ਮਿਲ ਕੇ ਆਤਮ ਪਰਮਾਤਮ ਢੋਲਾ ਗੌਣਾ, ਧੁਰ ਦਾ ਨਾਦ ਵੱਜੇ ਸ਼ਨਵਾਈਆ । ਮਿਲ ਕੇ ਸਖੀਆਂ ਸਾਹਿਬ ਸਵਾਮੀ ਮੰਗਲ ਗੌਣਾ, ਗੀਤ ਗੋਬਿੰਦ ਅਲਾਈਆ । ਨਿਜ ਨੇਤਰ ਨਿਜ ਗ੍ਰਿਹ ਦਰਸ਼ਨ ਪੌਣਾ, ਬਾਹਰ ਢੂੰਡਣ ਕੋਇ ਨਾ ਜਾਈਆ । ਅੰਤਰ ਆਤਮ ਸਚ ਸਰੋਵਰ ਤੀਰਥ ਨਹੌਣਾ, ਅਠਸਠ ਵੰਡ ਨਾ ਕੋਇ ਵੰਡਾਈਆ । ਘਰ ਵਿਚ ਘਰ ਦੀਪਕ ਜੋਤੀ ਜੋਤ ਜਗੌਣਾ, ਕਾਇਆ ਮੰਦਰ ਹੋਏ ਰੁਸ਼ਨਾਈਆ । ਪਤਿਪਰਮੇਸ਼ਵਰ ਇਕੋ ਇਸ਼ਟ ਮਨੌਣਾ, ਇਕੋ ਨੂਰ ਨੂਰ ਖ਼ੁਦਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਆਤਮ ਸੇਜਾ ਮਿਲ ਕੇ ਗਰਿਸਤ ਹੰਢੌਣਾ, ਸਤਿ ਸਤਿਵਾਦੀ ਗਰਿਸਤੀ ਰੂਪ ਵਟਾਈਆ । ਸਵਰਗ ਬਹਿਸਤੀ ਡੇਰਾ ਢੌਣਾ, ਸਚਖੰਡ ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਧੁਰ ਦਾ ਵਰ, ਪੂਰਬ ਲੇਖਾ ਲੇਖੇ ਲਏ ਲਗਾਈਆ । ਪੂਰਬ ਲੇਖਾ ਜਾਣੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਮਿਹਰਵਾਨ ਪ੍ਰਭ ਕੋਟ ਜਨਮ ਦੇ ਮੇਟ ਪਾਪ, ਪਤਤ ਪੁਨੀਤ ਦਏ ਕਰਾਈਆ । ਆਤਮ ਪਰਮਾਤਮ ਬਣਾਏ ਸੱਚਾ ਸਾਕ, ਸੱਜਣ ਇਕੋ ਇਕ ਅਖਵਾਈਆ । ਤਨ ਕਾਇਆ ਮਾਟੀ ਨਾਤਾ ਝੂਠਾ ਸਾਕ, ਥਿਰ ਕੋਇ ਰਹਿਣ ਨਾ ਪਾਈਆ । ਪਰਮ ਪੁਰਖ ਪ੍ਰਭ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜਿਸ ਦਾ ਇਕੋ ਸਿਮਰਨ ਪੂਜਾ ਪਾਠ, ਇਕੋ ਨਾਮ ਵਡਿਆਈਆ । ਇਕੋ ਪੱਤਣ ਇਕੋ ਘਾਟ, ਇਕੋ ਬੈਠਾ ਸੱਚਾ ਮਾਹੀਆ । ਇਕੋ ਦੀਨ ਇਕੋ ਜਾਤ, ਮਜ਼੍ਹਬ ਇਕੋ ਇਕ ਵਖਾਈਆ । ਆਦਿ ਜੁਗਾਦਿ ਨਾ ਪਾਏ ਵਫ਼ਾਤ, ਮੜੀ ਗੋਰ ਨਾ ਕੋਇ ਸਮਾਈਆ । ਉਸ ਸਾਹਿਬ ਕੋਲੋਂ ਮੰਗੋ ਦਾਤ, ਜਿਸ ਦੇਂਦਿਆਂ ਤੋਟ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਦੱਸਦੇ ਗਏ ਖਾਤ, ਖਾਤਾ ਡੂੰਘਾ ਇਕ ਵਖਾਈਆ । ਕਾਇਆ ਮੰਦਰ ਅੰਦਰ ਵੜ ਕੇ ਵੇਖੋ ਮਾਰ ਝਾਤ, ਨਿਜ ਨੇਤਰ ਨੈਣ ਖੁਲ੍ਹਾਈਆ । ਸ੍ਰੀ ਭਗਵਾਨ ਸਤਿਗੁਰ ਪੂਰਾ ਨਿਰਗੁਣ ਰੂਪ ਨਜ਼ਰੀ ਆਏ ਸਾਖਿਆਤ, ਪੜਦਾ ਉਹਲਾ ਨਾ ਕੋਇ ਰਖਾਈਆ । ਓਸ ਨਾਲ ਮਿਲ ਕੇ ਕਰੋ ਬਾਤ, ਜਿਸ ਦੀ ਬਾਤ ਬਾਤਨ ਸਮਝ ਕੋਇ ਨਾ ਪਾਈਆ । ਮਾਣਸ ਜਨਮ ਦਾ ਇਹੋ ਲਾਹਾ ਖ਼ਾਸ, ਲੱਖ ਚੁਰਾਸੀ ਲੈਣਾ ਗੇੜ ਕਟਾਈਆ । ਮਾਤ ਗਰਭ ਫੇਰ ਨਾ ਹੋਵੇ ਵਾਸ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜਨ ਭਗਤ ਕਹਿਣ ਪ੍ਰਭ ਜੋ ਕਿਛ ਹੈ ਸਭ ਤੇਰੇ ਹਾਥ, ਸਾਡੀ ਚਲੇ ਨਾ ਕੋਇ ਵਡਿਆਈਆ । ਹਉਂ ਬਾਲਕ ਨੱਢੇ ਨੰਨ੍ਹੇ ਕੀ ਜਾਣੀਏ ਤੇਰਾ ਘਾਟ, ਅੰਤ ਕਹਿਣ ਕੋਇ ਨਾ ਪਾਈਆ । ਕਰ ਕਿਰਪਾ ਮੇਟ ਅਗਲੀ ਵਾਟ, ਪਿਛਲਾ ਪੰਧ ਦੇ ਮੁਕਾਈਆ । ਤੇਰੇ ਨਾਲੋਂ ਵਿਛੜੀ ਤੇਰੀ ਜਾਤ, ਅੰਤਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਦਇਆ ਕਮੌਂਦਾ ਏ । ਨਿਤ ਨਵਿਤ ਵੇਸ ਵਟੌਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣਾ ਫੇਰਾ ਪੌਂਦਾ ਏ । ਲੱਖ ਚੁਰਾਸੀ ਵਿਚੋਂ ਚੁਗ, ਆਪ ਆਪਣੀ ਗੋਦ ਬਿਠੌਂਦਾ ਏ । ਜਗਤ ਨੇਤਰਾਂ ਰਹੇ ਗੁੰਮ, ਬਿਨ ਨਿਜ ਨੇਤਰ ਨਜ਼ਰ ਕਿਸੇ ਨਾ ਔਂਦਾ ਏ । ਗੁਰਮੁਖਾਂ ਆਸਾ ਜਾਏ ਪੁੰਨ, ਪੂਰੀ ਇਛਿਆ ਪੂਰ ਕਰੌਂਦਾ ਏ । ਅੰਦਰ ਬਾਹਰ ਗੁਪਤ ਜਾਹਰ ਪੁਕਾਰ ਲਏ ਸੁਣ, ਅਨਡਿਠੜੀ ਖੇਲ ਵਖੌਂਦਾ ਏ । ਜਿਨ੍ਹਾਂ ਅੰਤਰ ਆਤਮ ਉਪਜਾਏ ਆਪਣੀ ਧੁਨ, ਤਿਨ੍ਹਾਂ ਕਾਇਆ

ਧੁਨੀ ਰਬਾਬ ਇਕ ਵਜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸੰਤ ਸੁਹੇਲੇ ਘਰ ਮੇਲੇ ਮੇਲ ਮਿਲੌਂਦਾ ਏ । ਘਰ ਮੇਲਾ ਮੇਲ ਮਿਲਾਇਆ ਏ । ਦੀਨ ਦਿਆਲ ਦਇਆ ਕਮਾਇਆ ਏ । ਜਗਤ ਵਿਛੋੜਾ ਦੂਰ ਕਰਾਇਆ ਏ । ਸੱਸੇ ਉਪਰ ਹੋੜਾ ਇਕ ਲਗਾਇਆ ਏ । ਹਾਹਾ ਟਿਪੀ ਨਾਲ ਸਜਾਇਆ ਏ । ਨਿਰਗੁਣ ਸਰਗੁਣ ਵੰਡ ਵੰਡਾਇਆ ਏ । ਸੋਹੰ ਸੋਹਣੀ ਧਾਰ ਚਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਨਾਤਾ ਆਪ ਬੰਧਾਇਆ ਏ । ਸਤਿ ਨਾਤਾ ਬੰਨ੍ਹੇ ਬੰਧਨ, ਬੰਦਗੀ ਆਪਣਾ ਨਾਮ ਜਣਾਈਆ । ਆਤਮ ਪਰਮਾਤਮ ਸੱਚਾ ਭਜਨ, ਹਰਿ ਸਤਿਗੁਰ ਕਰੇ ਪੜ੍ਹਾਈਆ । ਨਾਮ ਨਿਧਾਨ ਨੇਤਰ ਅੰਜਨ, ਨਿਰਗੁਣ ਨਿਰਵੈਰ ਆਪ ਪਾਈਆ । ਸਾਹਿਬ ਸੁਲਤਾਨ ਬਣ ਕੇ ਸੱਜਣ, ਜਨ ਭਗਤਾਂ ਸੰਗ ਨਿਭਾਈਆ । ਕਲਜੁਗ ਅੰਤਮ ਆਇਆ ਪੜਦੇ ਕੱਜਣ, ਸ਼ਬਦ ਦੁਸ਼ਾਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੇ ਰੰਗ ਰੰਗਾਈਆ । ਆਪਣਾ ਰੰਗ ਰੰਗਾਏ ਮਜੀਠ, ਲਲਾਰੀ ਹੱਥ ਨਾ ਕਿਸੇ ਫੜਾਈਆ । ਆਪਣਾ ਨਾਮ ਸੁਣਾਏ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਆਪਣਾ ਮੰਦਰ ਵਖਾਏ ਮਸੀਤ, ਮੁਲਾਂ ਕਾਜੀ ਪੰਡਤ ਨਜ਼ਰ ਕੋਇ ਨਾ ਆਈਆ । ਆਪਣਾ ਸੋਭਾਵੰਤ ਸੁਹਾਏ ਸੀਸ, ਸੀਸ ਜਗਦੀਸ਼ ਇਕੋ ਇਕ ਵਖਾਈਆ । ਆਪਣਾ ਕਲਮਾ ਦੱਸੇ ਹਦੀਸ, ਹਜ਼ਰਤ ਕਰੇ ਸਚ ਪੜ੍ਹਾਈਆ । ਜਿਸ ਦਾ ਲੇਖਾ ਬੀਸ ਇਕੀਸ, ਦੂਆ ਜ਼ੀਰੋ ਸਿਫ਼ਰਾ ਦੋ ਇਕ ਏਕੰਕਾਰ ਜੋੜ ਜੁੜਾਈਆ । ਤਿਸ ਦਾ ਖੇਲ ਅਗੰਮੀ ਠੀਕ, ਬੇਦਮੀ ਰਿਹਾ ਵਖਾਈਆ । ਸਿਸ਼ਟ ਸਬਾਈ ਦੱਸੇ ਇਕ ਪ੍ਰੀਤ, ਪ੍ਰੀਤੀ ਪਰਮਾਤਮ ਨਾਲ ਸਮਝਾਈਆ । ਲੱਖ ਚੁਰਾਸੀ ਹਰਿਜਨ ਜਾਏ ਜੀਤ, ਜਿਤੇ ਸਰਬ ਲੋਕਾਈਆ । ਮਿਠਾ ਹੋਵੇ ਕੌੜਾ ਰੀਠ, ਜੋ ਹਰਿ ਹਰਿ ਨਾਮ ਧਿਆਈਆ । ਘਰ ਸੱਜਣ ਸਤਿਗੁਰ ਮਿਲੇ ਮੀਤ, ਮਿੱਤਰ ਪਿਆਰਾ ਫੇਰਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤ ਭਗਵਾਨ ਦੀ ਸੱਚੀ ਰੀਤ, ਪ੍ਰੀਤਮ ਇਕੋ ਇਕ ਵਖਾਈਆ । ਰਲ ਮਿਲ ਜੀਵ ਜੰਤ ਸਾਧ ਸੰਤ ਮੁਰੀਦ ਮੁਰਸ਼ਦ ਸੂਫ਼ੀ ਗਾਓ ਇਕੋ ਗੀਤ, ਮਸਰੂਫ਼ੀ ਕੂੜੀ ਦਏ ਚੁਕਾਈਆ । ਹਰੂਫ਼ੀ ਜਿਸ ਦੀ ਸੁਣਦੇ ਤਾਅਰੀਫ਼, ਉਸ ਦਾ ਤੁਆਰਫ਼ ਕਰੋ ਨੇਤਰ ਨੈਣ ਉਠਾਈਆ । ਸੰਤ ਸਤਿਗੁਰ ਇਕ ਦੂਜੇ ਦੀ ਸਦਾ ਕਰਨ ਉਡੀਕ, ਦੋ ਜਹਾਨ ਵੇਖਣ ਚਾਈਂ ਚਾਈਂਆ । ਗੁਰਮੁਖ ਗੁਰਸਿਖ ਗੁਰ ਗੁਰ ਮੰਗਣ ਪ੍ਰੀਤ, ਪ੍ਰੀਤੀ ਆਪਣੇ ਵਿਚੋਂ ਪਰਗਟਾਈਆ । ਜਿਨ੍ਹਾਂ ਕਰ ਕਿਰਪਾ ਕਿਰਪਾਲ ਠਾਕਰ ਪ੍ਰਭ ਮਿਲੇ ਆਪ ਠੀਕ, ਤਿਨ੍ਹਾਂ ਠਾਕਰ ਘਰ ਘਰ ਨਜ਼ਰੀ ਆਈਆ । ਉਹ ਗੁਰਮੁਖ ਦੀਨ ਮਜ੍ਹਬ ਸ਼ਰਅ ਦੀ ਪਾਰ ਕਰਨ ਲੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਓਨ੍ਹਾਂ ਪਰਵਰਦਿਗਾਰ ਦਏ ਤੌਫ਼ੀਕ, ਤੋਹਫ਼ਾ ਘਰ ਘਰ ਆਪ ਪੁਚਾਈਆ । ਇਹੋ ਧਾਰ ਕੋਈ ਸਮਝ ਨਾ ਸਕੇ ਬਰੀਕ, ਜਗਤ ਨੇਤਰ ਨਜ਼ਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁੱਚ ਸਭਨਾਂ ਝੋਲੀ ਪਾਏ ਭੀਖ, ਜੋ ਦਰ ਘਰ ਸਾਚਾ ਮੰਗਣ ਆਈਆ । ਜੋ ਸੁੱਤੇ ਦੇ ਕਰ ਪੀਠ, ਤਿਨ੍ਹਾਂ ਲੱਖ ਚੁਰਾਸੀ ਵਿਚ ਭਵਾਈਆ । ਪਰਮ ਪੁਰਖ ਪਤਿਪਰਮੇਸ਼ਵਰ ਆਪਣਾ ਖੇਲ ਕਰੇ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ

ਨਿਰਗੁਣ ਇਕੋ ਮੰਦਰ ਇਕੋ ਦਵਾਰਾ, ਇਕੋ ਘਰ ਇਕੋ ਦਹਿਲੀਜ, ਇਕੋ ਆਸਣ ਇਕੋ ਸਿੰਘਾਸਣ ਇਕੋ ਤ੍ਰਿਸਨਾ ਇਕੋ ਆਸਨ, ਇਕੋ ਨੂਰ ਇਕੋ ਪਰਕਾਸ਼ਨ, ਅੰਤ ਇਕੋ ਜੋਤ ਸਮਾਈਆ ।

★ ੨੫ ਪੋਹ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੀਰ ਪੈਗ਼ੰਬਰ ਝੁਕਾਵਣ ਸੀਸ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਕਲਮਾ ਨਾਉਂ ਪੜ੍ਹੀ ਸਚ ਹਦੀਸ, ਹਜ਼ਰਤ ਹਾਜ਼ਰ ਹਜ਼ੂਰ ਤੇਰੀ ਵਡਿਆਈਆ । ਨਿਰਗੁਣ ਸਰਗੁਣ ਤੇਰਾ ਖੇਲ ਤੱਕਦੇ ਰਹੇ ਬੀਸ ਇਕੀਸ, ਬੇਪਰਵਾਹ ਤੇਰੀ ਸਮਝ ਕੋਇ ਨਾ ਪਾਈਆ । ਦੋ ਜਹਾਨ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਛਤਰ ਝੁੱਲੇ ਤੇਰੇ ਸੀਸ, ਜਗਦੀਸ਼ ਤੇਰਾ ਦਵਾਰਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਕਰਵਟ ਬਦਲ ਬਦਲ ਆਪਣੀ ਪੀਠ, ਸਨਮੁਖ ਆਪਣਾ ਮੁਖ ਦਿਖਲਾਈਆ । ਆਤਮ ਪਰਮਾਤਮ ਢੋਲਾ ਸੋਹਲਾ ਰਾਗ ਗਾ ਗਾ ਥੱਕੀ ਤੇਰਾ ਗੀਤ, ਗੋਬਿੰਦ ਗਹਿਰ ਗੰਭੀਰ ਬੇਨਜ਼ੀਰ ਤੇਰਾ ਨੂਰ ਨਜ਼ਰ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਦੱਸ ਸਕੀ ਨਾ ਸਚ ਤੇਰੀ ਤਸਵੀਰ, ਤਸਬੀ ਮਾਲਾ ਮਣਕਾ ਮਣਕਾ ਮਨ ਕਾ ਮਣਕਾ ਨਾ ਕੋਇ ਭਵਾਈਆ । ਨਵ ਨੌਂ ਚਾਰ ਤੇਰਾ ਲੇਖਾ ਚੁਕਿਆ ਨਾ ਹਸਤ ਕੀਟ, ਅਨਡੀਠ ਤੇਰਾ ਰੂਪ ਸਤਿ ਸਰੂਪ ਸਮਝ ਕੋਇ ਨਾ ਪਾਈਆ । ਸਤਿ ਸਵਾਮੀ ਤ੍ਰੈਭਵਨ ਧਨੀ ਤ੍ਰੈਗੁਣ ਅਤੀਤੇ ਠਾਂਡੇ ਸੀਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਧ ਅਗਾਧੀ ਤੇਰੀ ਓਟ ਤਕਾਈਆ । ਪੰਜ ਤਤ ਕਾਇਆ ਬਣਦੇ ਰਹੇ ਪਾਂਧੀ, ਰਸਨਾ ਜਿਹਵਾ ਢੋਲਾ ਰਹੀ ਗਾਂਦੀ, ਬੱਤੀ ਦੰਦ ਸਿਫ਼ਤ ਕਹਿਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਦਰ ਤੇਰੇ ਆਸ ਇਕ ਲਿਆਂਦੀ, ਬੇਪਰਵਾਹ ਪਰਦਾ ਉਹਲਾ ਰਹੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮੀ ਵਰ, ਜਿਸ ਦੀ ਸਮਝ ਕਿਸੇ ਨਾ ਆਈਆ । ਇਕੋ ਵਰ ਦੇ ਨਿਰੰਕਾਰ, ਦਰ ਤੇਰੇ ਸੀਸ ਝੁਕਾਇਆ । ਗੁਰ ਅਵਤਾਰ ਕਰਨ ਪੁਕਾਰ, ਪੀਰ ਪੈਗ਼ੰਬਰਾਂ ਹੰਝੂਆਂ ਨੀਰ ਵਹਾਇਆ । ਪਰਵਰਦਿਗਾਰ ਸਾਂਝੇ ਯਾਰ, ਦਰ ਠਾਂਡੇ ਡੇਰਾ ਲਾਇਆ । ਧੁਰ ਦੇ ਖ਼ਾਲਕ ਦੇ ਆਧਾਰ, ਖ਼ਾਲਸ ਆਪਣਾ ਰੂਪ ਵਖਾਇਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਤੇਰਾ ਲੇਖਾ ਲੇਖੇ ਵਿਚ ਕਿਸੇ ਨਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਪੂਰਬ ਲੇਖਾ ਵੇਖ ਵਖਾਇਆ । ਪੂਰਬ ਲੇਖਾ ਵੇਖ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਦਰ ਦਰਵੇਸ਼ ਅਲਖ ਜਗਾਈਆ । ਤੂੰ ਆਦਿ ਜੁਗਾਦੀ ਨਿਗਹਬਾਨ, ਮਿਹਰ ਨਜ਼ਰ ਨੈਣ ਤਕਾਈਆ । ਹਉਂ ਬਾਲੀ ਬੁਧ ਅਞਾਣ, ਚਰਨ ਕਵਲ ਕਵਲ ਚਰਨ ਮੰਗਣ ਆਏ ਸਰਨਾਈਆ । ਨਿਤ ਨਵਿਤ ਤੇਰੇ ਦਰ ਤੋਂ ਤੇਰਾ ਲੈਂਦੇ ਰਹੇ ਗਿਆਨ, ਨਿਰਅੱਖਰ ਤੇਰਾ ਇਕੋ ਅੱਖਰ ਸਚ ਪੜ੍ਹਾਈਆ । ਤੂੰ ਦਾਤਾ ਦਾਨੀ ਸਾਹਿਬ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਉਠ ਵੇਖ ਪ੍ਰਭ ਮਾਰ ਧਿਆਨ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਚਾਰ ਜੁਗ ਦਾ ਲੇਖਾ ਲਿਖਿਆ ਵੇਖ ਬਿਆਨ, ਲਿਖ

ਕੇ ਆਏ ਜਗਤ ਲੋਕਾਈਆ । ਕਲ ਅੰਤ ਪਰਗਟ ਹੋਵੇ ਸ੍ਰੀ ਭਗਵਾਨ, ਕਲਕੀ ਆਪਣਾ ਰੂਪ ਵਟਾਈਆ । ਬੀਸ ਬੀਸਾ ਹੋਏ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਜਿਸ ਦਾ ਸਮਝ ਨਾ ਆਇਆ ਸਾਨੂੰ ਚਾਰ ਜੁਗ ਨਿਸ਼ਾਨ, ਨਿਸ਼ਾਨਾ ਆਪਣਾ ਲਏ ਝੁਲਾਈਆ । ਜਿਸ ਦਾ ਸਾਧ ਸੰਤ ਕਰਨ ਧਿਆਨ, ਨਿਜ ਨੇਤਰ ਧਿਆਨ ਲਗਾਈਆ । ਜਿਸ ਦਾ ਬੋਧ ਅਗਾਧਾ ਸ਼ਬਦ ਗਿਆਨ, ਬਿਨ ਅੱਖਰਾਂ ਦਏ ਸਮਝਾਈਆ । ਜਿਸ ਦਾ ਮਹਲ ਅਟੱਲ ਉਚ ਮਕਾਨ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਈਆ । ਸੋ ਸਾਹਿਬ ਸੱਚਾ ਸੁਲਤਾਨ, ਸਤਿ ਸਤਿਵਾਦੀ ਇਕੋ ਨਜ਼ਰੀ ਆਈਆ । ਦਰ ਤੇਰੇ ਡਿਗੇ ਆਣ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਸ਼ਹਿਨਸ਼ਾਹ ਤੇਰੇ ਹੱਥ ਵਡਿਆਈ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੱਜੇ ਤੇਰੇ ਨਾਮ ਵਧਾਈ, ਸਾਧ ਸੰਤ ਜੀਵ ਜੰਤ ਢੋਲਾ ਜਸ ਤੇਰਾ ਗਾਇੰਦਾ । ਨਿਰਗੁਣ ਸਰਗੁਣ ਲੇਖਾ ਲਿਖ ਕੇ ਆਏ ਕਲਮ ਛਾਹੀ, ਕਾਗ਼ਜ਼ ਆਪਣੀ ਵੰਡ ਵੰਡਾਇੰਦਾ । ਤੇਈ ਅਵਤਾਰ ਗਲ ਪੱਲੂ ਰਹੇ ਪਾਈ, ਪੱਲੜਾ ਹੱਥ ਨਾ ਕਿਸੇ ਫੜਾਇੰਦਾ । ਈਸਾ ਮੂਸਾ ਮੁਹੰਮਦ ਸਜਦਾ ਸੀਸ ਰਹੇ ਝੁਕਾਈ, ਪਰਦਾਨਸ਼ੀ ਪਰਦਾਪੋਸ਼ ਖ਼ਾਮੋਸ਼ ਸੋਚ ਵਿਚ ਨਾ ਕੋਇ ਸੁਣਾਇੰਦਾ । ਨਾਨਕ ਗੋਬਿੰਦ ਕਰਨ ਸਲਾਹੀ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਭਗਤ ਅਠਾਰਾਂ ਦੇਣ ਦੁਹਾਈ, ਕਬੀਰ ਜੁਲਾਹਾ ਉਚੀ ਕੂਕ ਸੁਣਾਇੰਦਾ । ਜਿਸ ਦਾ ਲੇਖਾ ਦੋ ਜਹਾਨ ਹਰ ਘਟ ਥਾਈਂ, ਸੋ ਥਾਨ ਥਨੰਤਰ ਵੇਖ ਵਖਾਇੰਦਾ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀ, ਸੋ ਸ਼ਹਾਦਤ ਆਪਣਾ ਨਾਮ ਭੁਗਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਭਗਵੰਤ, ਪ੍ਰਭ ਤੇਰੇ ਹੱਥ ਵਡਿਆਈਆ । ਤੇਰੀ ਮਹਿਮਾ ਸਦਾ ਬੇਅੰਤ, ਕਥਨੀ ਕੱਥ ਨਾ ਸਕੇ ਰਾਈਆ । ਰਾਹ ਤੇਰਾ ਤੱਕਣ ਸਾਚੇ ਸੰਤ, ਸਤਿ ਸਤਿਵਾਦੀ ਤੁਧ ਬਿਨ ਵੇਖਣ ਕੋਇ ਨਾ ਪਾਈਆ । ਭਰਮੇ ਭੁੱਲਾ ਜੀਵ ਜੰਤ, ਕਲ ਕਾਤੀ ਰੂਪ ਕਸਾਈਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਤੇਰੇ ਪ੍ਰੇਮ ਦੀ ਦਿਸੇ ਕੋਈ ਨਾ ਸੰਗਤ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਲੜਾਈਆ । ਬੋਧ ਅਗਾਧਾ ਬਣੇ ਕੋਈ ਨਾ ਪੰਡਤ, ਆਤਮ ਪਰਮਾਤਮ ਸਮਝ ਕੋਇ ਨਾ ਆਈਆ । ਲੇਖਾ ਬਣਿਆ ਦੋਜ਼ਖ਼ ਬਹਿਸ਼ਤ ਜਨਤ, ਤੇਰੇ ਚਰਨ ਸੀਸ ਨਾ ਕੋਇ ਟਿਕਾਈਆ । ਲੱਖ ਚੁਰਾਸੀ ਭੌਂਦੀ ਜੇਰਜ ਅੰਡਜ, ਉਤਭੁਜ ਸੇਤਜ ਰੂਪ ਵਟਾਈਆ । ਦਰ ਭਿਖਾਰੀ ਬਣੇ ਕੋਈ ਨਾ ਮੰਗਤ, ਭਿਛਿਆ ਸਚ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਸਚ ਮਿਲੇ ਤੇਰੀ ਸਰਨਾਈਆ । ਸਚ ਸਰਨਾਈ ਦੇ ਪ੍ਰਭ ਠਾਕਰ, ਗੁਰ ਅਵਤਾਰ ਕਰਨ ਅਰਜ਼ੋਈਆ । ਗਹਿਰ ਗੰਭੀਰ ਡੂੰਘੇ ਸਾਗਰ, ਪੀਰ ਪੈਗ਼ੰਬਰ ਮੰਗਣ ਢੋਈਆ । ਜੁਗ ਚੌਕੜੀ ਦੇਵੇਂ ਆਦਰ, ਤੇਰੇ ਨਾਮ ਖ਼ੁਦਾਏ ਦਰੋਹੀਆ । ਕਾਦਰ ਕਰੀਮ ਕਰਤੇ ਧੁਰ ਦੇ ਕਾਦਰ, ਕੁਦਰਤ ਤੇਰੀ ਤੇਰੇ ਵਿਚ ਪਰੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਅਵਰ ਨਾ ਦੀਸੇ ਦੋ ਜਹਾਨਾਂ ਕੋਈਆ । ਤੁਧ ਬਿਨ ਅਵਰ ਨਾ ਦੀਸੇ ਹੋਰ, ਹੋਕਾ ਤੇਰੇ ਨਾਮ ਸੁਣਾਇਆ । ਤੇਰੇ ਹੱਥ ਧੁਰ ਦੀ ਡੋਰ, ਦੂਜਾ ਸੰਗ ਨਾ ਕੋਇ ਨਿਭਾਇਆ । ਤੇਰਾ ਲੇਖਾ ਤੋਰ ਮੋਰ, ਮੋਰ ਤੋਰ ਤੇਰੇ ਵਿਚ

ਸਮਾਇਆ । ਕਲਜੁਗ ਵੇਖ ਅੰਧ ਘੋਰ, ਨਵ ਨੌ ਚਾਰ ਅੰਧੇਰਾ ਛਾਇਆ । ਜਿਸ ਰਵਿਦਾਸ ਢੋਏ ਢੋਰ, ਸੋ ਰਵਿਦਾਸ ਤੇਰਾ ਸਾਥ ਰਖਾਇਆ । ਕਰ ਕਿਰਪਾ ਦਵਾਰ ਇਕੋ ਖੋਲ੍ਹ, ਚਾਰ ਵਰਨ ਰਹੇ ਸਰਨਾਇਆ । ਧੁਰ ਦਾ ਬੋਲ ਅਗੰਮੀ ਬੋਲ, ਸਚ ਸੁਨੇਹੜਾ ਇਕ ਜਣਾਇਆ । ਨਾਮ ਕੰਡੇ ਅਗੰਮੀ ਤੋਲ, ਤੋਲਾ ਬਣ ਕੇ ਬੇਪਰਵਾਹਿਆ । ਡੂੰਘੀ ਭਵਰੀ ਬਣ ਕੇ ਫੋਲ, ਪੜਦਾ ਦੂਈ ਦਵੈਤ ਲਾਹਿਆ । ਜਨ ਭਗਤਾਂ ਵਸ ਕੋਲ, ਕਿਉਂ ਦੂਰ ਦੁਰਾਡੇ ਮੁਖ ਛੁਪਾਇਆ । ਸੁਰਤੀ ਸ਼ਬਦੀ ਆ ਕੇ ਮੌਲ, ਮੌਲਾ ਆਪਣੀ ਕਰਨੀ ਦੇ ਪਰਗਟਾਇਆ । ਕਰ ਪਰਕਾਸ਼ ਉਪਰ ਧੌਲ, ਧਰਨੀ ਦਰਦ ਦੁੱਖ ਵੰਡਾਇਆ । ਗੋਬਿੰਦ ਕਰ ਕੇ ਗਿਆ ਕੌਲ, ਇਕਰਾਰ ਤੇਰੇ ਨਾਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚਖੰਡ ਨਿਵਾਸੀ ਤੇਰੀ ਓਟ ਤਕਾਇਆ । ਸਚਖੰਡ ਨਿਵਾਸੀ ਤੇਰੀ ਓਟ ਇਕ, ਏਕੰਕਾਰ ਤੇਰੀ ਸਰਨਾਈਆ । ਅਬਿਨਾਸ਼ੀ ਕਰਤੇ ਲੇਖਾ ਲਿਖ, ਤੇਰਾ ਲਿਖਿਆ ਨਾ ਕੋਇ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭਿਖ, ਖਾਲੀ ਝੋਲੀ ਰਹੇ ਵਖਾਈਆ । ਤੁਧ ਬਿਨ ਦੂਜਾ ਕੋਈ ਨਾ ਪਏ ਦਿਸ, ਦਹਿ ਦਿਸ਼ਾ ਨੈਣ ਉਠਾਈਆ । ਚਾਰੋਂ ਕੁੰਟ ਜਗਤ ਰਸ ਫਿੱਕ, ਅੰਮ੍ਰਿਤ ਧਾਰ ਨਾ ਕੋਇ ਵਹਾਈਆ । ਮਨ ਵਾਸਨਾ ਸਕੇ ਕੋਈ ਨਾ ਜਿਤ, ਸਾਧ ਸੰਤ ਰਹੇ ਕੁਰਲਾਈਆ । ਬਿਨ ਗੋਬਿੰਦ ਕਿਸੇ ਦਾ ਬਣਿਉਂ ਆਪ ਨਾ ਪਿਤ, ਪੂਤ ਗੋਦ ਨਾ ਕੋਇ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਸਮਝਾਈਆ । ਸਚ ਸੁਹੰਜਣੀ ਮੌਲੇ ਰੁੱਤ, ਰੁਤੜੀ ਆਪਣੇ ਰੰਗ ਮਹਿਕਾਈਆ । ਨਿਰਗੁਣ ਆਪਣੀ ਧਾਰੋਂ ਉਠ, ਤੈਨੂੰ ਜਨਮੇ ਕੋਈ ਨਾ ਮਾਈਆ । ਜਨ ਭਗਤਾਂ ਆ ਕੇ ਪੁੱਛ, ਜੋ ਬੈਠੇ ਤੇਰਾ ਧਿਆਨ ਲਗਾਈਆ । ਕਲਜੁਗ ਬੂਟਾ ਰਿਹਾ ਸੁੱਕ, ਹਰਾ ਸਿੰਚ ਨਾ ਕੋਇ ਕਰਾਈਆ । ਜਨਮ ਜਨਮ ਦੇ ਵਿਛੜਿਆਂ ਲੱਗਾ ਦੁੱਖ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਤੇਰੇ ਪਿਆਰ ਦੀ ਇਕੋ ਭੁੱਖ, ਦੂਜੀ ਤ੍ਰਿਸਨਾ ਨਾ ਕੋਇ ਜਣਾਈਆ । ਆ ਕੇ ਵੇਖ ਉਨ੍ਹਾਂ ਮੁੱਖ, ਜੋ ਮੁਖ ਮੁਖੜੇ ਵਿਚੋਂ ਸਾਲਾਹੀਆ । ਨਿਰਧਨ ਸਰਧਨ ਗੋਦੀ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਤੇਰੇ ਮੰਗ ਮੰਗਾਈਆ । ਘਰ ਮੰਗੀ ਮੰਗ ਤੇਰੇ ਨਿਰੰਕਾਰ, ਬੀਸ ਬੀਸਾ ਖ਼ੁਸ਼ੀ ਮਨਾਈਆ । ਲਿਖਿਆ ਲੇਖ ਪੂਰਾ ਕਰ ਵਿਚ ਸੰਸਾਰ, ਵਡ ਸੰਸਾਰੀ ਤੇਰੀ ਸਰਨਾਈਆ । ਹਉਂ ਬਾਲੇ ਨੱਢੇ ਮੂਰਖ ਮੁਗਧ ਗਵਾਰ, ਤੂੰ ਸ਼ਹਿਨਸ਼ਾਹ ਪਾਤਸ਼ਾਹ ਸੋਹਬਤ ਤੇਰੀ ਇਕੋ ਨਜ਼ਰੀ ਆਈਆ । ਅਲਫ਼ ਯੇ ਤੇਰੇ ਦਰ ਨਾ ਕੋਈ ਦਰਕਾਰ, ਨੁਕਤਾ ਨਜ਼ਰ ਕੋਇ ਨਾ ਆਈਆ । ਮੁਕਤਾ ਹੋਏ ਰਿਹਾ ਖੁਆਰ, ਹੋੜਾ ਟਿੱਪੀ ਤੇਰੀ ਚਰਨ ਸਰਨਾਈਆ । ਨਿਰਗੁਣ ਸਰਗੁਣ ਆਦਿ ਜੁਗਾਦੀ ਧੁਰ ਦਾ ਜੋੜਾ, ਬਿਨ ਜੋੜੀ ਜਗਤ ਜੋਤ ਨਾ ਕੋਇ ਰੁਸ਼ਨਾਈਆ । ਪਿਤਾ ਪੂਤ ਬਾਂਕਾ ਛੋਰਾ, ਗੋਬਿੰਦ ਅਕਾਲ ਪੁਰਖ ਪੁਰਖੋਤਮ ਰੂਪ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਸਤਿ ਸਤਿ ਤੇਰੀ ਲੋੜਾ, ਸਤਿ ਸਤਿਵਾਦੀ ਤੇਰੀ ਧਾਰ ਤੇਰੇ ਵਿਚੋਂ ਨਜ਼ਰੀ ਆਈਆ । ਭਗਤ ਭਗਵਾਨ ਬਣਾ ਜੋੜਾ, ਜੋੜੀ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਜਗਾਈ ਅਲੱਖ, ਅਲਖ ਅਗੋਚਰ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਪਾਰਬ੍ਰਹਮ ਵੱਡੀ ਵਡਿਆਈਆ । ਕਿਰਪਾ ਕਰ ਪੁਰਖ ਸਮਰਥ, ਸਮਰਥ ਤੇਰੀ ਸ਼ਰਨਾਈਆ । ਦਰਸ ਦਿਖਾ ਹੋ ਪਰਤਖ, ਮਿਹਰਵਾਨ

ਆਪਣੀ ਮਿਹਰ ਨਜ਼ਰ ਟਿਕਾਈਆ । ਜਨ ਭਗਤਾਂ ਦੇ ਆਪਣੀ ਅੱਖ, ਦੋਏ ਲੋਚਣ ਪੰਧ ਮੁਕਾਈਆ । ਕਲਜੁਗ ਖੇੜਾ ਕਰ ਭੱਠ, ਭਠਿਆਰਾ ਇਕੋ ਅਗਨ ਤਪਾਈਆ । ਸਚ ਦਵਾਰਾ ਖੋਲ੍ਹ ਹੱਟ, ਗ੍ਰਿਹ ਮੰਦਰ ਵੱਜੇ ਵਧਾਈਆ । ਧੁਰ ਦਾ ਮਾਰਗ ਆਪਣਾ ਦੱਸ, ਗੁਰ ਗੋਬਿੰਦ ਢਹਿ ਪਏ ਸਰਨਾਈਆ । ਚਾਰ ਵਰਨ ਦੇ ਕੇ ਆਇਆ ਮੱਤ, ਮਤਾ ਤੇਰੇ ਨਾਲ ਪਕਾਈਆ । ਪੁਰਖ ਅਕਾਲ ਚਲਾ ਰਥ, ਬਣ ਰਥਵਾਹੀ ਸੇਵ ਕਮਾਈਆ । ਪੰਧ ਮੁਕਾ ਨੱਠ ਨੱਠ, ਦੋ ਜਹਾਨ ਚਰਨਾਂ ਹੇਠ ਟਿਕਾਈਆ । ਕਰ ਪਰਕਾਸ਼ ਘਟ ਘਟ, ਨਿਰਗੁਣ ਨੂਰ ਤੇਰਾ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਨਿਰਗੁਣ ਹੋ ਕੇ ਦੇ ਸਾਥ, ਸਰਗੁਣ ਸਗਲਾ ਸੰਗ ਨਿਭਾਈਆ । ਸਦਾ ਸੁਹੇਲਾ ਵਸ ਪਾਸ, ਵਿਛੜ ਕਦੇ ਨਾ ਜਾਈਆ । ਲਹਿਣਾ ਚੁਕਾ ਜਾਤ ਪਾਤ, ਊਚ ਨੀਚ ਡੇਰਾ ਢਾਹੀਆ । ਲੇਖਾ ਚੁੱਕੇ ਮਨਮਤ ਨਾਰ ਕਮਜਾਤ, ਕੁਲੱਖਣੀ ਘਰ ਰਹਿਣ ਨਾ ਪਾਈਆ । ਅੰਦਰ ਵੜ ਕੇ ਖੋਲ੍ਹ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਪ੍ਰੀਤਮ ਹੋ ਕੇ ਕਰ ਬਾਤ, ਬਾਤਨ ਆਪਣੀ ਗੁਫ਼ਤ ਸੁਣਾਈਆ । ਸ਼ੁਨੀਦ ਰਹੇ ਨਾ ਕੋਈ ਰਾਤ, ਦੀਦ ਤੇਰਾ ਨੂਰ ਰੁਸ਼ਨਾਈਆ । ਨਜ਼ਰੀ ਆ ਇਕ ਇਕਾਂਤ, ਇਕ ਇਕੱਲਾ ਸੱਚਾ ਮਾਹੀਆ । ਸਚ ਬਣਾ ਸਤਿ ਜਮਾਤ, ਜੁਮਲਾ ਅੱਖਰ ਇਕ ਪੜ੍ਹਾਈਆ । ਲੇਖਾ ਲਿਖ ਕਲਮ ਦਵਾਤ, ਲੇਖਾ ਚੁੱਕੇ ਕੂੜੀ ਸ਼ਾਹੀਆ । ਤੇਰਾ ਮੁਰੀਦ ਮੁਰਸ਼ਦ ਨਾ ਪਾਏ ਵਫ਼ਾਤ, ਫ਼ਾਤਿਆ ਅੰਤ ਨਾ ਕੋਇ ਪੜ੍ਹਾਈਆ । ਧੁਰ ਦਾ ਦੇ ਆਬੇ ਹਯਾਤ, ਹਯਾਤੀ ਹਯਾਤੀ ਵਿਚੋਂ ਬਦਲਾਈਆ । ਕਲਮਾ ਦੱਸ ਕਾਇਨਾਤ, ਕਲਾਮ ਇਕੋ ਇਕ ਸਮਝਾਈਆ । ਨੂਰੀ ਚਮਕੇ ਆਫ਼ਤਾਬ, ਸਚ ਸੁੱਚ ਹੋਏ ਰੁਸ਼ਨਾਈਆ । ਜਲਵਾ ਦਿਸੇ ਇਕ ਮਹਿਰਾਬ, ਮਹਿਬੂਬ ਇਕੋ ਇਕ ਵਡਿਆਈਆ । ਜਿਸ ਦਾ ਈਸਾ ਮੂਸਾ ਮੁਹੰਮਦ ਲੈਂਦਾ ਰਿਹਾ ਖ਼ੁਆਬ, ਸੋ ਖ਼ਾਲਸ ਆਪਣਾ ਖੇਲ ਦੇ ਸਮਝਾਈਆ । ਗ਼ਰੀਬ ਨਿਮਾਣਿਆਂ ਬਣ ਅਹਿਬਾਬ, ਰਬਾਬ ਸਾਚੀ ਤਨ ਵਜਾਈਆ । ਤੈਨੂੰ ਝੁਕ ਝੁਕ ਸਜਦਾ ਕਰੀਏ ਆਦਾਬ, ਅਦਲ ਤੇਰਾ ਇਕੋ ਨਜ਼ਰੀ ਆਈਆ । ਧੁਰਦਰਗਾਹੀ ਹੱਕ ਜ਼ਨਾਬ, ਹਕੀਕਤ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅਸੀਂ ਝਗੜੇ ਕਰਦੇ ਰਹੇ ਫ਼ਸਾਦ, ਮਜ਼੍ਹਬ ਦੀਨ ਵੰਡ ਵੰਡਾਈਆ । ਤੇਰੀ ਕਿਰਪਾ ਵੇਖੀਏ ਲੱਖ ਚੁਰਾਸੀ ਤੇਰਾ ਬਗੀਚਾ ਬਾਗ, ਬਾਗਵਾਨ ਇਕੋ ਨਜ਼ਰੀ ਆਈਆ । ਤੇਰੇ ਨੇੜੇ ਹੋ ਕੇ ਤੇਰਾ ਸੁਣਿਆ ਰਾਗ, ਤੇਰੀ ਧਾਰ ਇਕੋ ਇਕ ਸ਼ਨਵਾਈਆ । ਧੰਨ ਭਾਗ ਤੂੰ ਖੋਲ੍ਹੀ ਸਾਡੀ ਜਾਗ, ਆਲਸ ਨਿੰਦਰਾ ਦਿਤੀ ਮਿਟਾਈਆ । ਨਿਰਗੁਣ ਹੋ ਕੇ ਪਕੜੀ ਵਾਗ, ਮਿਹਰ ਨਜ਼ਰ ਨੈਣ ਉਠਾਈਆ । ਗ੍ਰਿਹ ਮੰਦਰ ਜਗਦਾ ਵੇਖਿਆ ਇਕੋ ਚਰਾਗ, ਸ਼ਮਾਂ ਦੀਪਕ ਸਕੇ ਨਾ ਕੋਇ ਬੁਝਾਈਆ । ਅਸੀਂ ਸਾਰੇ ਕਹਿ ਕੇ ਆਏ ਪਰਵਰਦਿਗਾਰ ਵਾਹਦ ਇਕੋ ਗਾਡ, ਰਾਮ ਰਹੀਮ ਇਕੋ ਨਜ਼ਰੀ ਆਈਆ । ਕਰ ਕਿਰਪਾ ਮਿਹਰਵਾਨ ਜਨ ਭਗਤਾਂ ਨਾਲ ਕਰ ਆਪਣਾ ਲਾਡ, ਮੁਹੱਬਤ ਆਪਣੇ ਨਾਲ ਰਖਾਈਆ । ਤੇਰੀ ਰਚਨਾ ਕਿਸੇ ਨਾ ਵੇਖੀ ਆਦਿ, ਅੰਤ ਤੇਰਾ ਕਹਿਣ ਕੋਇ ਨਾ ਪਾਈਆ । ਦਰ ਤੇਰੇ ਮੰਗੀ ਮਾਂਗ, ਮਾਂਗਤ ਢਹਿ ਪਏ ਸਰਨਾਈਆ । ਕਲਜੁਗ ਵਰਤੇ ਕੀ ਆਪਣਾ ਸੁਆਂਗ, ਸੁਆਂਗੀ ਆਪਣਾ ਰੂਪ ਵਟਾਈਆ । ਨਾਨਕ ਗੋਬਿੰਦ ਰੱਖੀ ਤੇਰੀ ਤਾਂਘ, ਆਸਾ ਵਿਚ ਧਿਆਨ ਲਗਾਈਆ । ਮੁਲਾ ਮਸਾਇਕ ਦੇਂਦੇ ਤੇਰੀ ਬਾਂਗ, ਊਚੀ ਕੂਕ ਕੂਕ ਸੁਣਾਈਆ । ਨੌਂ ਸੌ ਨੜਿਨਵੇਂ ਨਦੀ ਚੜ੍ਹਾਉਂਦੀ ਤੇਰੀ ਕਾਂਗ, ਸਮੁੰਦ ਸਾਗਰ ਲਹਿਰ ਲਹਿਰ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੀ ਚਰਨ ਧੂੜੀ ਸਾਚੀ ਮੰਗ ਮੰਗਾਈਆ । ਚਰਨ ਧੂੜੀ ਦੇ ਖ਼ਾਕ, ਖ਼ਾਲਕ ਤੇਰੀ ਸਰਨਾਈਆ । ਬੇਐਬ ਖ਼ੁਦਾਈ ਪਾਕੀ ਪਾਕ, ਪਤਿਤ ਲਏ ਤਰਾਈਆ । ਤੇਰੇ ਹੱਥ ਸਰਬ ਨਜਾਤ, ਮਿਹਰਵਾਨ ਤੇਰੇ ਹੱਥ ਵਡਿਆਈਆ । ਤੇਰਾ ਲੇਖਾ ਲਿਖੇ ਨਾ ਕੋਈ ਲੁਗਾਤ, ਜ਼ੇਰ ਜ਼ਬਰ ਕਹਿਣ ਕਿਛ ਨਾ ਪਾਈਆ । ਤੇਰੇ ਹੱਥ ਸਾਡਾ ਮੁਫ਼ਾਦ, ਮੁਫ਼ਲਸ ਬੈਠੇ ਸੀਸ ਝੁਕਾਈਆ । ਕਰ ਕਿਰਪਾ ਕਰ ਅਗਾਜ਼, ਗਰਜ਼ ਸਭ ਦੀ ਵੇਖ ਵਖਾਈਆ । ਤੇਰੇ ਅੰਦਰ ਸਾਡਾ ਰਾਜ਼, ਤੁਧ ਬਿਨ ਸਮਝ ਕੋਇ ਨਾ ਪਾਈਆ । ਹਉਂ ਦਰ ਤੇਰੇ ਮੁਹਤਾਜ, ਮਾਂਗਤ ਮੰਗਣ ਇਕੋ ਦਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਜਿਸ ਮਿਲਿਆਂ ਤ੍ਰਿਸਨਾ ਰਹਿਣ ਨਾ ਪਾਈਆ । ਸ੍ਰੀ ਭਗਵਾਨ ਹੋ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਭਰੇ ਪਿਛਲਾ ਪਰਵਾਨਾ, ਬਿਨ ਅੱਖਰਾਂ ਦਏ ਵਖਾਈਆ । ਜਿਸ ਦਾ ਲੋਕਮਾਤ ਨਾ ਮਿਲੇ ਨਿਸ਼ਾਨਾ, ਸੋ ਸਚਖੰਡ ਨਿਵਾਸੀ ਆਪਣੀ ਪੱਟੀ ਆਪਣੇ ਉਤੇ ਲਿਖਾਈਆ । ਜਿਸ ਦਾ ਦੇਵੇ ਨਾ ਕੋਈ ਬਿਆਨਾ, ਮਿਸਲ ਸਕੇ ਨਾ ਕੋਇ ਸਮਝਾਈਆ । ਸੋ ਖੇਲੇ ਖੇਲ ਸ੍ਰੀ ਭਗਵਾਨਾ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਦੋ ਇਕ, ਏਕੰਕਾਰ ਆਪ ਜਣਾਇੰਦਾ । ਦੋ ਜਹਾਨਾ ਲੇਖਾ ਲਿਖ, ਦੋ ਇਕ ਆਪਣੀ ਗੰਢ ਪੁਆਇੰਦਾ । ਦੋ ਇਕ ਦਾ ਸਾਚਾ ਹਿੱਤ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਇਕ ਦੋ ਦਾ ਬਣ ਕੇ ਪਿਤ, ਪਤਿਪਰਮੇਸ਼ਵਰ ਰੂਪ ਵਟਾਇੰਦਾ । ਦੋ ਇਕ ਦਾ ਲੇਖਾ ਲਏ ਨਜਿਠ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰ ਦਵਾਰ ਹਰਿ ਕਰਤਾਰ ਸ਼ਬਦ ਇਸ਼ਾਰੇ ਨਾਲ ਸਮਝਾਇੰਦਾ । ਸ਼ਬਦ ਇਸ਼ਾਰਾ ਦੇਵੇ ਏਕ, ਏਕਾ ਹੱਥ ਵਡਿਆਈਆ । ਬੀਸ ਬੀਸਾ ਜਿਸ ਦੀ ਰੱਖਦੇ ਆਏ ਟੇਕ, ਸੋ ਟੇਕ ਦਏ ਬਣਾਈਆ । ਜਿਸ ਕਾਰਨ ਨਿਰਗੁਣ ਬਦਲਿਆ ਭੇਖ, ਸੋ ਭੇਖ ਦਏ ਸਮਝਾਈਆ । ਜਿਸ ਮਾਰਗ ਦਾ ਲਿਖਦੇ ਆਏ ਲੇਖ, ਸੋ ਮਾਰਗ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਆਪ ਕਮਾਵੇਗਾ । ਪ੍ਰਭ ਆਪਣੀ ਖੇਲ ਰਚਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਸਾ ਪੂਰ ਕਰਾਵੇਗਾ । ਜੁਗ ਚੌਕੜੀ ਦੋ ਜਹਾਨ ਲੇਖਾ ਵੇਖ ਵਖਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਿਤਾ ਬਿਆਨ, ਆਸਾ ਸਭ ਦੀ ਪੂਰ ਪੂਰੀ ਆਸ ਆਪ ਕਰਾਵੇਗਾ । ਲੇਖਾ ਜਾਣ ਵਿਚ ਜਹਾਨ, ਜਾਗਰਤ ਜੋਤ ਡਗਮਗਾਵੇਗਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਵੇਗਾ । ਦੂਆ ਸਿਫ਼ਰਾ ਕਰ ਪਰਵਾਨ, ਏਕਾ ਆਪਣਾ ਰੰਗ ਚੜ੍ਹਾਵੇਗਾ । ਦੋ ਇਕ ਦਾ ਧਰਮ ਵਿਧਾਨ, ਵਾਧਾ ਇਕੋ ਇਕ ਸਮਝਾਵੇਗਾ । ਜਿਸ ਦਾ ਸਮਝ ਨਾ ਸਕੇ ਕੋਈ ਬਿਆਨ, ਸੋ ਵੇਦ ਕਤੇਬ ਆਪਣੇ ਲੇਖੇ ਲਾਵੇਗਾ । ਸਚ ਦੁਆਰੇ ਬਣ ਹੁਕਮਰਾਨ, ਸਚਖੰਡ ਨਿਵਾਸੀ ਸਾਚੀ ਕਾਰ ਕਮਾਵੇਗਾ । ਅਮਾਮ ਮਹਿੰਦੀ ਨੌਜਵਾਨ, ਅਮਲਾ ਆਪਣਾ ਵੇਖ ਵਖਾਵੇਗਾ । ਅਮਲਾ ਪੀਰ ਪੈਗ਼ੰਬਰ ਸਰਬ ਬਣ ਜਾਣ, ਹਕੂਮਤ ਸਭ ਦੇ ਸੀਸ ਟਿਕਾਵੇਗਾ । ਸ਼ਹਿਨਸ਼ਾਹ ਹੁਕਮਰਾਨ, ਹਾਕਮ ਇਕੋ ਇਕ ਨਜ਼ਰੀ ਆਵੇਗਾ ।


੧੭੨ ੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਕਾਰ ਕਮਾਵੇਗਾ । ਪੁਰਖ ਅਕਾਲ ਵੇਖ ਵਖਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਨਿਰਗੁਣ ਸਰਗੁਣ ਰੰਗ ਰੰਗਾਵੇਗਾ । ਭਗਤ ਭਗਵਾਨ ਜੋੜ ਜੁੜਾਵੇਗਾ । ਜਗਤ ਨਿਸ਼ਾਨ ਇਕ ਝੁਲਾਵੇਗਾ । ਸਚ ਨਿਜ਼ਾਮ ਇਕ ਬਣਾਵੇਗਾ । ਨਿਹਕਰਮੀ ਆਪਣਾ ਕਰਮ ਕਮਾਵੇਗਾ । ਧੁਰ ਦਾ ਧਰਮ ਇਕ ਸਮਝਾਵੇਗਾ । ਬਰਨ ਅਠਾਰਾਂ ਡੇਰਾ ਢਾਵੇਗਾ । ਚਾਰ ਵਰਨ ਪੰਧ ਮੁਕਾਵੇਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਕਾਰ ਕਮਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਵਖਾਵੇਗਾ । ਧੁਰ ਦਾ ਰਚ ਕੇ ਸਚ ਸਵੰਬਰਾ, ਨਾਰੀ ਕੰਤ ਜੋੜ ਜੁੜਾਵੇਗਾ । ਕੂੜੀ ਕਿਰਿਆ ਮੇਟ ਅਡੰਬਰਾ, ਸਾਚਾ ਮਾਰਗ ਇਕ ਵਖਾਵੇਗਾ । ਮਨ ਵਾਸਨਾ ਮੇਟੇ ਬੰਦਰਾ, ਦਹਿ ਦਿਸ਼ਾ ਨਾ ਉਠ ਉਠ ਧਾਵੇਗਾ । ਬਜਰ ਕਪਾਟੀ ਤੋੜ ਜੰਦਰਾ, ਘਰ ਮੰਦਰ ਇਕ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪਣੇ ਹੱਥ ਰਖਾਵੇਗਾ । ਸਾਚੀ ਕਰਨੀ ਆਪ ਦ੍ਰਿੜਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੱਦ ਕੋਲ ਬਹਾਵੇਗਾ । ਨੌ ਨੌ ਹੱਦ ਆਪਣੀ ਵੰਡ ਵੰਡਾਵੇਗਾ । ਭਗਤ ਸੁਹੇਲੇ ਸੱਜਣ ਸੱਦ, ਸਦਕੇ ਵਾਰੀ ਘੋਲੀ ਘੋਲ ਘੁੰਮਾਵੇਗਾ । ਆਪਣੀ ਕਰਨੀ ਵਿਚੋਂ ਦੇ ਕੇ ਅੱਧ, ਅਧਿਕਾਰੀ ਆਪਣੇ ਨਾਲ ਮਿਲਾਵੇਗਾ । ਜੋ ਰਸਨਾ ਜਿਹਵਾ ਸੋਹੰ ਢੋਲਾ ਗਾਉਣ ਛੰਦ, ਤਿਨ੍ਹਾਂ ਸੰਸਾ ਰੋਗ ਚੁਕਾਵੇਗਾ । ਨਾਮ ਅਗੰਮੀ ਚਾੜ੍ਹ ਰੰਗ, ਕਾਇਆ ਚੰਮੀ ਆਪ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਪੂਰ ਕਰਾਵੇਗਾ । ਸਾਚਾ ਲੇਖਾ ਪੂਰ ਕਰਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਵਖਾਵੇਗਾ । ਸ੍ਰੀ ਭਗਵਾਨ ਹੋ ਮਿਹਰਵਾਨ, ਦੀਨ ਦਿਆਲ ਦਇਆ ਕਮਾਵੇਗਾ । ਛੱਬੀ ਪੋਹ ਦਿਵਸ ਮਹਾਨ, ਵੀਹ ਸੌ ਵੀਹ ਬਿਕਰਮੀ ਕਰ ਪਰਵਾਨ, ਪਰਵਾਨਾ ਸਭ ਦੇ ਹੱਥ ਫੜਾਵੇਗਾ । ਭਗਤ ਭਗਵੰਤ ਮਿਲ ਕੇ ਢੋਲਾ ਗਾਣ, ਸੰਤ ਸਾਜਨ ਸੀਸ ਝੁਕਾਣ, ਝੁਕਿਆ ਸੀਸ ਗੋਦ ਟਿਕਾਵੇਗਾ । ਗੁਰਮੁਖ ਗੁਰਸਿਖ ਦੇ ਕੇ ਮਾਣ, ਨਾਤਾ ਤੋੜ ਜੀਵ ਜਹਾਨ, ਜਾਗਰਤ ਜੋਤ ਇਕ ਜਗਾਵੇਗਾ । ਸਚ ਦੁਆਰੇ ਕਰ ਮਹਿਮਾਨ, ਨਾਮ ਨਿਧਾਨਾ ਦੇਵੇ ਦਾਨ, ਤੋਹਫ਼ਾ ਸਭ ਦੀ ਝੋਲੀ ਪਾਵੇਗਾ । ਚਰਨ ਧੂੜ ਕਰਾਏ ਇਸ਼ਨਾਨ, ਕਾਗ ਹੰਸ ਰੂਪ ਬਣ ਜਾਣ, ਸੋਹੰ ਮਾਣਕ ਮੋਤੀ ਚੋਗ ਚੁਗਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਕਰ ਧਿਆਨ, ਨਿਗਾਹ ਨਿਗਾਹ ਇਸ਼ਾਰੇ ਨਾਲ ਲਗਾਵੇਗਾ । ਜਿਸ ਇਕੀ ਦਾ ਇਕ ਵਿਚੋਂ ਮਿਲੇ ਨਿਸ਼ਾਨ, ਸੋ ਇਕੀ ਇਕੋ ਘਰ ਦਸਾਵੇਗਾ । ਜਿਸ ਇਕੀ ਵਿਚੋਂ ਸਿਖੀ ਹੋਏ ਪਰਧਾਨ, ਸੋ ਸਿਖੀ ਸਿਖਾਂ ਝੋਲੀ ਪਾਵੇਗਾ । ਜੋ ਗੋਬਿੰਦ ਪੁਰਖ ਅਕਾਲ ਮਾਛੀਵਾੜੇ ਸੂਲਾਂ ਸੇਜ ਉਤੇ ਲਿਖੀ ਚਿੱਠੀ, ਸੋ ਸਾਰੀ ਫੋਲ ਸੁਣਾਵੇਗਾ । ਇਹੋ ਖੇਲ ਪ੍ਰਭੂ ਦੀ ਅਣਡਿਠੀ, ਅਣਡਿਠੜੀ ਕਾਰ ਕਮਾਵੇਗਾ । ਜਿਸ ਦੀ ਕੋਈ ਵਾਰ ਨਾ ਜਾਣੇ ਥਿਤੀ, ਘੜੀ ਪਲ ਨਾ ਵੰਡ ਵੰਡਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਖੇਲ ਆਪ ਰਚਾਵੇਗਾ । ਉਹ ਚਿਠੀ ਜਿਸ ਦਾ ਨਹੀਂ ਕੋਈ ਅੱਖਰ, ਅੱਖਰਾਂ ਨਾਲ ਨਾ ਬਣਤ ਬਣਾਈਆ । ਉਹ ਚਿੱਠੀ ਜਿਸ ਦਾ ਨਹੀਂ ਕੋਈ ਪੱਤਰ, ਪਾਤਰ ਨਜ਼ਰ ਕੋਇ ਨਾ ਆਈਆ । ਉਹ ਚਿੱਠੀ ਜਿਸ ਦੀ ਨਹੀਂ ਕੋਈ ਸਤਰ, ਹਰਫ਼ ਹਰੂਫ਼ ਨਾ ਵੰਡ ਵੰਡਾਈਆ । ਉਹ ਚਿੱਠੀ ਜਿਸ ਦੀ ਕੋਈ ਨਾ ਜਾਣੇ ਸਧਰ,

੧੭੩
੧੯

ਸਦਮਾ ਸਦਕਾ ਦੋਵੇਂ ਸਮਝ ਨਾ ਪਾਈਆ । ਉਹ ਚਿੱਠੀ ਜਿਸ ਦੇ ਗੋਬਿੰਦ ਲੱਗਾ ਮਗਰ, ਭੱਜੇ ਵਾਹੋ ਦਾਹੀਆ । ਉਹ ਚਿੱਠੀ ਜਿਸ ਵਿਚ ਪੁਰਖ ਅਕਾਲ ਲੱਗੀ ਲਗਨ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਉਹ ਚਿਠੀ ਜਿਸ ਨਾਲ ਛੱਬੀ ਪੋਹ ਗੁਰਮੁਖ ਦੀਵੇ ਜਗਣ, ਦੀਪਕ ਦੀਪਕ ਨਾਲ ਕਰੇ ਰੁਸ਼ਨਾਈਆ । ਉਹ ਚਿੱਠੀ ਜਿਸ ਨਾਲ ਦੋ ਜਹਾਨਾਂ ਬੁਝੇ ਅਗਨ, ਤੱਤੀ ਅੱਗ ਨਾ ਲਾਗੇ ਰਾਈਆ । ਉਹ ਚਿੱਠੀ ਜਿਸ ਨਾਲ ਇਕੀਆਂ ਅੱਗੇ ਇਕੀਆਂ ਪਿਛੇ ਪੁਰਖ ਅਕਾਲ ਪਾਉਣਾ ਸਗਨ, ਸਗਨ ਸਮਗਰੀ ਦਏ ਲੁਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਨ ਭਗਤਾਂ ਵਲ ਵੇਖ ਹੱਸਣ, ਹੱਸ ਹੱਸ ਖ਼ੁਸ਼ੀ ਮਨਾਈਆ । ਜਿਨ੍ਹਾਂ ਸ੍ਰੀ ਭਗਵਾਨ ਆਇਆ ਮਾਰਗ ਦੱਸਣ, ਦਹਿ ਦਿਸ਼ਾ ਛੱਡ ਲੋਕਾਈਆ । ਪ੍ਰੇਮ ਪ੍ਰੀਤੀ ਅੰਦਰ ਆਇਆ ਬੱਝਣ, ਨਾਤਾ ਬਿਧਾਤਾ ਜੋੜ ਜੁੜਾਈਆ । ਗ਼ਰੀਬ ਨਿਮਾਣਿਆਂ ਆਇਆ ਪੜਦੇ ਕੱਜਣ, ਸਚ ਦੁਸ਼ਾਲਾ ਹੱਥ ਟਿਕਾਈਆ । ਪ੍ਰੇਮ ਪ੍ਰੀਤੀ ਆਇਆ ਮੰਗਣ, ਬਣ ਭਿਖਾਰੀ ਫੇਰਾ ਪਾਈਆ । ਛੋਟਿਆਂ ਵੱਡਿਆਂ ਬਾਲਿਆਂ ਬੁੱਢਿਆਂ ਨੌਜਵਾਨਾਂ ਚਾੜ੍ਹੇ ਰੰਗਣ, ਲਲਾਰੀ ਇਕੋ ਰੂਪ ਵਟਾਈਆ । ਜਿਸ ਨੂੰ ਕਹਿੰਦੇ ਮੋਹਣ ਮੂਰਤ ਗੋਪਾਲ ਮਦਨ, ਮਧ ਸੂਦਨ ਸੂਰਤ ਵਿਚ ਰਖਾਈਆ । ਸੁਹਾਉਣ ਆਇਆ ਭਗਤਾਂ ਅੰਗਣ, ਆਪ ਆਪਣਾ ਫੇਰਾ ਪਾਈਆ । ਲੇਖੇ ਲਾਏ ਜਿਸ ਰਵਿਦਾਸ ਚੁਰਾਇਆ ਕੰਗਣ, ਕੰਗਣ ਰਵਿਦਾਸ ਰਵਿਦਾਸ ਕੰਗਣ ਰਵਿਦਾਸ ਵਿਚੋਂ ਆਪਣਾ ਰੂਪ ਨਜ਼ਰੀ ਆਈਆ । ਛੱਬੀ ਪੋਹ ਵੀਹ ਸੌ ਵੀਹ ਬਿਕਰਮੀ ਇਕੋ ਵਾਰ ਕਰਾ ਕੇ ਆਪਣਾ ਭਜਨ, ਅੱਗੇ ਭਾਂਡਾ ਭਰਮ ਭਉ ਭੰਨਾਈਆ । ਗੁਰਮੁਖੋ ਗੁਰਸਿਖੋ ਰਾਏ ਧਰਮ ਲਾੜੀ ਮੌਤ ਜਮਦੂਤ ਕਿਸੇ ਕੋਈ ਨਾ ਆਵੇ ਸੱਦਣ, ਪਹਿਰੇਦਾਰ ਇਕੋ ਸਤਿਗੁਰ ਨਜ਼ਰੀ ਆਈਆ । ਬਾਹੋਂ ਫੜ ਕੇ ਸਚਖੰਡ ਤੁਹਾਨੂੰ ਆਪੇ ਜਾਏ ਛੱਡਣ, ਰਾਹ ਵਿਚ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਸੀਸ ਨਿਵਾਈਆ । ਸਚਖੰਡ ਦਵਾਰੇ ਬਹਿ ਕੇ ਸੰਤ ਸੁਹੇਲੇ ਸਾਰੇ ਹੱਸਣ, ਵਾਹਵਾ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨਮੁਖਾਂ ਕੋਲੋਂ ਆਇਆ ਨੱਠਣ, ਗੁਰਮੁਖਾਂ ਪੱਲੂ ਰਿਹਾ ਫੜਾਈਆ ।



★ ੨੯ ਪੋਹ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਭਗਤ ਭਗਵਾਨ ਨਾ ਜਾਏ ਵਿਛੜ, ਪ੍ਰਭ ਵਿਛੜੇ ਲਏ ਮਿਲਾਈਆ । ਆਦਿ ਜੁਗਾਦਿ ਜੁਗ ਚੌਕੜੀ ਰੱਖਦਾ ਆਇਆ ਫ਼ਿਕਰ, ਫਿਕਰਾਂ ਵਿਚ ਕੋਟਨ ਕੋਟ ਕਾਲ ਬਿਤਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਦਾ ਆਇਆ ਮਿੱਤਰ, ਮਿੱਤਰ ਪਿਆਰਾ ਬੇਪਰਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਦਰ ਕਰਦਾ ਆਇਆ ਜ਼ਿਕਰ, ਖਾਣੀ ਬਾਣੀ ਢੋਲਾ ਰਾਗ ਸੁਣਾਈਆ । ਅੰਦਰ ਬਾਹਰ ਗੁਪਤ ਜਾਹਰ ਚੜ੍ਹਦਾ ਆਇਆ ਚੋਟੀ ਸਿਖਰ, ਸਚ ਦਵਾਰੇ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰੋਂ ਆਇਆ ਨਿਤਰ, ਜੋਤੀ ਜੋਤ ਨੂਰ ਰੁਸ਼ਨਾਈਆ । ਕੋੜ੍ਹੇ ਕਮਲੇ ਗ਼ਰੀਬ ਨਿਮਾਣੇ ਗਲੇ ਲਗਾਏ ਭਰਿਆ ਚਿੱਕੜ, ਦੁਰਮਤ ਮੈਲ ਆਪ ਧੁਆਈਆ । ਏਥੇ ਓਥੇ ਦੋ ਜਹਾਨ ਬਣ ਕੇ ਸਾਚਾ ਪਿਤਾ ਪਿੱਤਰ, ਪੂਤ ਸਪੂਤੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਗਤ ਵਿਛੋੜਾ

ਦਏ ਮਿਟਾਈਆ । ਜਗਤ ਵਿਛੋੜਾ ਕਰੇ ਦੂਰ, ਦੂਰ ਦੁਰਾਡਾ ਦਇਆ ਕਮਾਇੰਦਾ । ਪਰਮ ਪੁਰਖ ਪ੍ਰਭ ਹਾਜ਼ਰ ਹਜ਼ੂਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖੇਲ ਖਿਲਾਇੰਦਾ । ਕੋਟ ਜਨਮ ਦੇ ਕੋਟਨ ਕੋਟ ਕਰ ਮੁਆਫ਼ ਕਸੂਰ, ਦਰ ਮਨਜ਼ੂਰ ਆਪਣੇ ਲੇਖੇ ਲਾਇੰਦਾ, ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਸੋ ਜਨ ਭਗਤਾਂ ਆਸਾ ਮਨਸਾ ਪੂਰ ਕਰਾਇੰਦਾ । ਸਰਬ ਕਲਾ ਪ੍ਰਭ ਹੋ ਭਰਪੂਰ, ਭਗਤ ਸੁਹੇਲੇ ਆਪਣੇ ਰੰਗ ਰੰਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਾਂ ਮੰਗਦੇ ਗਏ ਜ਼ਰੂਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਇਕੋ ਨੂਰ, ਦੂਜਾ ਚੰਦ ਨਾ ਕੋਇ ਚਮਕਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਪ੍ਰੀਤੀ ਇਕੋ ਇਕ ਰਖਾਇੰਦਾ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਗ਼ਰੀਬ ਨਿਮਾਣੇ ਆਪਣੇ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਨੇੜੇ ਦੂਰ, ਦੂਰ ਨੇੜਾ ਗੁਰਮੁਖ ਕਾਇਆ ਅੰਦਰ ਆਪਣਾ ਘਰ ਵਸਾਇੰਦਾ ।

ਧੁਰ ਦੀ ਚਿਠੀ ਕਰੇ ਫਰਿਆਦ, ਅਣਡਿਠੜਾ ਹਾਲ ਸੁਣਾਈਆ । ਸੂਲਾਂ ਸੇਜ ਸੱਥਰ ਆਇਆ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਈਆ । ਕਿਰਪਾ ਕਰੀ ਗ਼ਰੀਬ ਨਿਵਾਜ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਚੁੱਕੀ ਮਨਿਆਦ, ਲੇਖਾ ਸਭ ਦਾ ਪੂਰ ਕਰਾਈਆ । ਨਿਰਗੁਣ ਹੋ ਕੇ ਰੱਖੇ ਲਾਜ, ਜੋਤੀ ਜਾਤਾ ਵਡ ਵਡਿਆਈਆ । ਦੋ ਜਹਾਨਾਂ ਰਚ ਕੇ ਕਾਜ, ਹਰਿ ਕਰਤਾ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਚ ਸੁਨੇਹੜਾ ਮਾਰ ਦਰ ਆਵਾਜ, ਧੁਰ ਦੀ ਧਾਰ ਆਪ ਜਣਾਈਆ । ਵਰਨ ਬਰਨ ਜਾਤ ਪਾਤ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਉਂਦਾ ਰਿਹਾ ਸਮਾਜ, ਸਿਖਿਆ ਲੋਕਮਾਤ ਸਮਝਾਈਆ । ਕਲਮਾ ਨਬੀ ਰਸੂਲ ਦੱਸਦਾ ਰਿਹਾ ਕਾਇਨਾਤ, ਪਰਵਰਦਿਗਾਰ ਵੱਡੀ ਵਡਿਆਈਆ । ਨਿਰਮਲ ਨਿਰਵੈਰ ਨੀਰ ਦੱਸਦਾ ਰਿਹਾ ਆਬੇਹਯਾਤ, ਅੰਮ੍ਰਿਤ ਰਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਧੁਰ ਦੀ ਚਿੱਠੀ ਖੋਲ੍ਹੇ ਖੁਲਾਸਾ, ਬਿਨ ਅੱਖਰਾਂ ਦਏ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਦਿਸਦਾ ਖੇਲ ਤਮਾਸ਼ਾ, ਸੋ ਸਾਹਿਬ ਬੇਪਰਵਾਹੀਆ । ਨਿਤ ਨਵਿਤ ਪੂਰੀ ਕਰਨੇਹਾਰਾ ਆਸਾ, ਆਸਾ ਤ੍ਰਿਸਨਾ ਮੇਟ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਚਰਨ ਕਰਦੇ ਗਏ ਭਰਵਾਸਾ, ਸੋ ਸਾਹਿਬ ਆਪਣੀ ਦਇਆ ਕਮਾਈਆ । ਨਿਰਮਲ ਨੂਰ ਜਾਹਰ ਜਹੂਰ ਹਾਜ਼ਰ ਹਜ਼ੂਰ ਜੋਤੀ ਜੋਤ ਕਰੇ ਪਰਕਾਸ਼ਾ, ਪੰਜ ਤਤ ਤਨ ਨਜ਼ਰ ਨਾ ਆਈਆ । ਭੂਪਤ ਭੂਪ ਸ਼ਾਹ ਪਾਤਸ਼ਾਹ ਰਾਜ ਰਾਜਾਨ ਬਣੇ ਧੁਰ ਦਾ ਰਾਜਾ, ਰਈਅਤ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧੁਰ ਦੀ ਚਿੱਠੀ ਕਹੇ ਮੇਰਾ ਸੰਦੇਸ਼, ਕਲਜੁਗ ਸਮਝ ਕੋਇ ਨਾ ਆਈਆ । ਇਕੋ ਜਾਣੇ ਨਰ ਹਰਿ ਨਰੇਸ਼, ਪੁਰਖ ਅਕਾਲ ਬੇਪਰਵਾਹੀਆ । ਕਾਗ਼ਜ਼ ਕਲਮ ਉਤੇ ਗੋਬਿੰਦ ਲਿਖਿਆ ਕੋਈ ਨਾ ਲੇਖ, ਸ਼ਾਹੀ ਰੰਗ ਨਾ ਕੋਇ ਚੜ੍ਹਾਈਆ । ਨੇਤਰ ਲੋਚਣ ਨੈਣ ਕੋਈ ਨਾ ਸਕੇ ਪੇਖ, ਰਸਨਾ ਜਿਹਵਾ ਬੱਤੀ ਦੰਦ ਕੋਇ ਨਾ ਗਾਈਆ । ਅੰਦਰ ਵੜ੍ਹ ਕੇ ਪੌੜੇ ਚੜ੍ਹ ਕੇ ਚਰਨੀ ਪੜ੍ਹ ਕੇ ਕੋਈ ਬੁੱਝ ਨਾ ਸਕੇ ਭੇਤ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਪਤਿਪਰਮੇਸ਼ਵਰ

੧੭੫ ੧੯

ਦੀਨ ਦਿਆਲ ਹਰਿ ਗੋਪਾਲ ਤੇਰੀ ਸਮਝ ਨਾ ਆਵੇ ਖੇਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਚਿੱਠੀ ਕਹੇ ਮੇਰਾ ਲੇਖ ਅਨੋਖਾ, ਦੋ ਜਹਾਨਾਂ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਗੋਬਿੰਦ ਇਕੋ ਦਿਤਾ ਮੌਕਾ, ਮਾਛੂਵਾੜਾ ਇਕ ਸੁਹਾਈਆ । ਛੱਪਰ ਛੰਨ ਨਾ ਮੰਦਰ ਕੋਠਾ, ਗੁਰੂਦਵਾਰ ਨਾ ਕੋਇ ਵਖਾਈਆ । ਗੋਦੀ ਦਿਸੇ ਨਾ ਉਹਦੇ ਪੋਤਾ, ਫੜ ਉਂਗਲੀ ਨਾ ਕੋਇ ਲਗਾਈਆ । ਇਕੋ ਨੂਰੀ ਮੇਲ ਨਿਰਮਲ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਪੁਰਖ ਅਕਾਲ ਚਰਨੀ ਲਾਇਆ ਗੋਤਾ, ਸਮੁੰਦ ਸਾਗਰ ਡੇਰਾ ਵਖਾਈਆ । ਕਰੀ ਪੁਕਾਰ ਬਿਨ ਰਸਨਾ ਜਿਹਵਾ ਬੱਤੀ ਦੰਦ ਹੋਂਟਾ, ਅੰਤਰ ਅੰਤਰ ਅਵਾਜ਼ ਲਗਾਈਆ । ਤੇਰਾ ਭਾਣਾ ਆਦਿ ਜੁਗਾਦਿ ਕਿਸੇ ਨਾ ਰੋਕਾ, ਏਥੇ ਓਥੇ ਸਕੇ ਨਾ ਕੋਇ ਮਿਟਾਈਆ । ਜੀਂਵਦਿਆਂ ਪ੍ਰਭ ਮੇਰੇ ਪ੍ਰਭ ਕੀਤਾ ਮੋਛਾ, ਆਪਣੀ ਮੁਸ਼ਕਲ ਹੱਲ ਕਰਾਈਆ । ਦਰ ਦਵਾਰੇ ਮੰਗਾਂ ਮਾਰਗ ਸੌਖਾ, ਔਖੀ ਘੜੀ ਨਾ ਕੋਇ ਜਣਾਈਆ । ਤੇਰਾ ਦਰਸ ਛਿਨ ਭੰਗਰ ਪ੍ਰਭ ਜੂ ਬਹੁਤਾ, ਮਿਹਰ ਨਜ਼ਰ ਤੇਰੀ ਇਕੋ ਮੋਹੇ ਭਾਈਆ । ਤੇਰੀ ਕਿਰਪਾ ਚਰਨਾਂ ਹੇਠ ਦਬਾਇਆ ਚੌਦਾਂ ਲੋਕਾ, ਚੌਦਾਂ ਤਬਕਾਂ ਡੇਰਾ ਢਾਹੀਆ । ਤੇਰੇ ਨਾਲ ਇਕੋ ਮੇਰਾ ਰੋਸਾ, ਸਚ ਸੁਨੇਹੜਾ ਦਿਆਂ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਸਾਚੀ ਚਿੱਠੀ ਕਹੇ ਮਜ਼ਮੂਨ, ਦਸ ਦਸਮੇਸ਼ ਲਿਖਤ ਲਿਖਾਈਆ । ਜਿਸ ਦਾ ਸਮਝ ਸਕੇ ਨਾ ਕੋਇ ਕਾਨੂੰਨ, ਕਲਮ ਕਾਗ਼ਜ਼ ਹੱਥ ਨਾ ਕੋਇ ਉਠਾਈਆ । ਜਿਸ ਦਾ ਨੁਕਤਾ ਨਾ ਕੋਈ ਨੂਨ, ਅਲਫ਼ ਯੇ ਨਾ ਵੰਡ ਵੰਡਾਈਆ । ਉਸ ਦਾ ਇਕੋ ਇਕ ਜ਼ਨੂਨ, ਜਲਵਾ ਇਕੋ ਇਕ ਰੁਸ਼ਨਾਈਆ । ਉਸ ਦੇ ਦਰ ਹੋਏ ਮਮਨੂਨ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਗੋਬਿੰਦ ਕਹੇ ਮੇਰਾ ਲੇਖ ਅਵੱਲਾ, ਅਕਲ ਵਿਚ ਕਿਸੇ ਨਾ ਆਈਆ । ਦੋ ਜਹਾਨ ਹੱਥ ਨਾ ਆਵੇ ਪੱਲਾ, ਪੱਲੂ ਗੰਢ ਨਾ ਕੋਇ ਪਵਾਈਆ । ਸਚ ਸੰਦੇਸ਼ਾ ਇਕੋ ਘੱਲਾ, ਅੰਦਰੇ ਅੰਦਰ ਅਵਾਜ਼ ਸੁਣਾਈਆ । ਤੂੰ ਮੇਰਾ ਮੈਂ ਤੇਰਾ ਜੋਤੀ ਸ਼ਬਦੀ ਧਾਰ ਰਲਾ, ਰਲ ਮਿਲ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਮੇਰੀ ਚਿੱਠੀ ਓਹ, ਜਿਸ ਨੂੰ ਵਾਚਨ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖਾ ਸਕੇ ਕੋਈ ਨਾ ਪੋਹ, ਕਾਗ਼ਜ਼ ਪਾੜ ਨਾ ਪਰੇ ਸੁਟਾਈਆ । ਜਿਸ ਨਾਲ ਹੱਥ ਸਕੇ ਨਾ ਕੋਈ ਛੋਹ, ਪੰਜ ਤਤ ਓਟ ਨਾ ਕੋਈ ਤਕਾਈਆ । ਜਿਸ ਨੂੰ ਪੜ੍ਹ ਕੇ ਨਿਰਗੁਣ ਇਕੋ ਤੇਰਾ ਆਵੇ ਮੋਹ, ਖ਼ੁਸ਼ੀਆਂ ਨਾਲ ਨੱਸਾਂ ਸੱਥ ਵਿਛਾਈਆ । ਜਿਸ ਨੂੰ ਸੁਣ ਕੇ ਤੇਰੇ ਨਾਮ ਦਾ ਮਿਲੇ ਢੋਆ ਢੋਅ, ਇਕੋ ਨਾਦ ਵੱਜੇ ਵਾਹੋ ਦਾਹੀਆ । ਜਿਸ ਨੂੰ ਪੇਖ ਪੇਖ ਦੋ ਜਹਾਨਾਂ ਹੋਵੇ ਲੋਅ, ਰੋਸ਼ਨੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਤੇਰੇ ਵੱਡੀ ਵਡਿਆਈਆ । ਗੋਬਿੰਦ ਕਹੇ ਮੇਰੀ ਚਿੱਠੀ ਲੇਖ, ਬਿਨ ਅੱਖਰਾਂ ਅੱਖਰ ਬਣਾਇਆ । ਜਿਸ ਵਿਚ ਮੇਰਾ ਅਗੰਮੜਾ ਭੇਖ, ਤਤਵ ਤਨ ਨਾ ਕੋਇ ਹੰਢਾਇਆ । ਜਿਸ ਦਾ ਰੂਪ ਨਾ ਕੋਈ ਰੇਖ, ਸਾਕਾਰ ਨਜ਼ਰ ਕੋਇ ਨਾ ਆਇਆ । ਜਿਸ ਦਾ ਇਕੋ ਇਕ ਹੇਤ, ਹਿਤਕਾਰੀ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇਆ । ਚਿੱਠੀ ਕਹੇ ਮੇਰਾ ਲਿਖਣਹਾਰ ਗੋਬਿੰਦ, ਬਿਨ ਲੇਖਾ ਲੇਖ

ਬਣਾਈਆ । ਜਿਸ ਦੇ ਨਾਲ ਮੇਰੀ ਮਿਟੀ ਚਿੰਦ, ਚਿੰਤਾ ਕੋਈ ਰਹਿਣ ਨਾ ਪਾਈਆ । ਮੈਂ ਕੋਲ ਜਾਵਾਂ ਗੁਣੀ ਗਹਿੰਦ, ਗਹਿਰ ਗੰਭੀਰ ਦਰਸ਼ਨ ਪਾਈਆ । ਪੁਰਖ ਅਕਾਲ ਉਠ ਵੇਖ ਆਪਣੀ ਬਿੰਦ, ਜੋ ਸੂਲਾਂ ਸੇਜ ਰਿਹਾ ਹੰਢਾਈਆ । ਜਿਸ ਦੀ ਪ੍ਰੇਮ ਪ੍ਰੀਤੀ ਧਾਰ ਸਿੰਧ, ਸਾਗਰ ਕੋਟਨ ਕੋਟ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਇਕ ਖੁਲ੍ਹਾਈਆ । ਚਿੱਠੀ ਕਹੇ ਮੈਂ ਜਾਵਾਂ ਦਰ, ਘਰ ਸਾਚੇ ਫੇਰਾ ਪਾਈਆ । ਲੈ ਕੇ ਆਵਾਂ ਧੁਰ ਦਾ ਵਰ, ਖ਼ਾਲੀ ਝੋਲੀ ਇਕ ਭਰਾਈਆ । ਪੁਰਖ ਅਕਾਲ ਕੋਲੋਂ ਨਾ ਜਾਵਾਂ ਡਰ, ਨਿਉਂ ਨਿਉਂ ਚਰਨੀ ਲਾਗਾਂ ਪਾਈਆ । ਦੋਵੇਂ ਸੰਭਾਲ ਲਵਾਂ ਫੜ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਕਿਰਪਾ ਕਰ, ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੈਂ ਸਚ ਲਿਖਾਉਂਦਾ ਹਾਂ । ਬਿਨ ਕਾਗ਼ਜ਼ ਕਲਮ ਲੇਖ ਜਣਾਉਂਦਾ ਹਾਂ । ਅੰਤਰ ਅੰਤਰ ਸੰਦੇਸ਼ ਸੁਣਾਉਂਦਾ ਹਾਂ । ਸਾਚਾ ਮੰਦਰ ਇਕ ਵਸਾਉਂਦਾ ਹਾਂ । ਸਾਢੇ ਤਿੰਨ ਹੱਥ ਕੰਦਰ ਡੇਰਾ ਲਾਉਂਦਾ ਹਾਂ । ਆਦਿ ਜੁਗਾਦਿ ਦਾ ਵੱਜਾ ਜੰਦਰ, ਪ੍ਰੇਮ ਪ੍ਰੀਤੀ ਨਾਲ ਤੁੜਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਹਾਲ ਜਣਾਉਂਦਾ ਹਾਂ । ਦਰ ਤੇਰੇ ਹਾਲ ਜਣਾਵਾਂਗਾ । ਬਿਨ ਲੇਖਾ ਲੇਖ ਪੁਚਾਵਾਂਗਾ । ਚਾਰ ਜੁਗ ਦਾ ਕੇਸ, ਬਣ ਦਸਮੇਸ਼ ਤੇਰੇ ਅੱਗੇ ਰਖਾਵਾਂਗਾ । ਤੂੰ ਦਾਤਾ ਇਕ ਨਰੇਸ਼, ਨਰ ਹਰਿ ਤੇਰੀ ਓਟ ਤਕਾਵਾਂਗਾ । ਸਿੰਘ ਤੱਕ ਮੇਰੇ ਵਲ ਵੇਖ, ਮੈਂ ਤੇਰਾ ਧਿਆਨ ਆਪਣੇ ਵਿਚ ਟਿਕਾਵਾਂਗਾ । ਤੇਰੇ ਪ੍ਰੇਮ ਵਿਚ ਖੇਲ ਖੇਡ, ਬਾਜ਼ੀ ਜਿਤ ਹਾਰ ਕਦੀ ਨਾ ਜਾਵਾਂਗਾ । ਜੇ ਸੁਤ ਬਣਾ ਕੇ ਦਿਤਾ ਭੇਜ, ਪੂਤ ਸਪੂਤਾ ਹੋ ਕੇ ਸੇਵ ਕਮਾਵਾਂਗਾ । ਜੇ ਤੂੰ ਮੈਥੋਂ ਉਹਲੇ ਕੀਤਾ ਭੇਦ, ਉਚੀ ਕੂਕ ਰੋ ਰੋ ਰੌਲਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਜਿਸ ਵਿਚ ਤੇਰਾ ਰੰਗ ਰੰਗਾਵਾਂਗਾ । ਗੋਬਿੰਦ ਚਿੱਠੀ ਲਿਖੀ ਅਪਾਰ, ਅੱਖਰ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਪਿਆਰ, ਮੁਹੱਬਤ ਤੇਰੇ ਨਾਲ ਰਖਾਈਆ । ਤੇਰੇ ਪਿਛੇ ਵਾਰ ਦਿਤਾ ਪਰਵਾਰ, ਪਰਵਰਦਿਗਾਰ ਤੇਰੀ ਧਾਰ ਜਣਾਈਆ । ਤਨ ਲਾਹ ਹਾਰ ਸ਼ਿੰਗਾਰ, ਸੱਥਰ ਸੂਲਾਂ ਸੇਜ ਹੰਢਾਈਆ । ਖੁਲ੍ਹੜੇ ਕੇਸ ਵੇਖ ਦਾਤਾਰ, ਦਸ ਦਸਮੇਸ਼ ਰਿਹਾ ਜਣਾਈਆ । ਤੇਰੀ ਔਖੀ ਘਾਟੀ ਵਿਚ ਸੰਸਾਰ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਪੀਰ ਪੈਗ਼ੰਬਰ ਗਏ ਹਾਰ, ਮੁਰੀਦ ਮੁਰਸ਼ਦ ਦੇਣ ਦੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰੋਵਣ ਜ਼ਾਰੋ ਜ਼ਾਰ, ਗੀਤਾ ਗਿਆਨ ਰਹੀ ਕੁਰਲਾਈਆ । ਅੰਜੀਲ ਕੁਰਾਨਾ ਕੋਈ ਨਾ ਪਾਵੇ ਸਾਰ, ਮਸਲਾ ਹੱਲ ਨਾ ਕੋਇ ਵਖਾਈਆ । ਮੈਂ ਨੇਤਰ ਵੇਖਿਆ ਆ ਕੇ ਤੇਰਾ ਖੇਲ ਸਾਂਝੇ ਯਾਰ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧੂਅੰਧਾਰ, ਖ਼ਾਲੀ ਬੁੱਤ ਸਿਲ ਪੂਜਸ ਮਨਸਾ ਪੂਰ ਨਾ ਕੋਇ ਕਰਾਈਆ । ਮੈਂ ਇਕੋ ਤੇਰਾ ਮੰਗਾਂ ਦੀਦਾਰ, ਦੀਦ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਚੀ ਚਿੱਠੀ ਤੇਰੇ ਵੱਲ ਬਿਨ ਕਾਸਦ ਆਪ ਪਹੁੰਚਾਈਆ । ਨਾ ਕਾਸਦ ਨਾ ਕੋਈ ਹਲਕਾਰ, ਚਿੱਠੀ ਰਸਾਇਣ ਨਜ਼ਰ ਕੋਇ ਨਾ ਆਈਆ । ਨਾ ਸਿਪਾਹੀ ਨਾ ਪਿਆਦਾ ਨਾ ਅਸਵਾਰ, ਨਾ ਕੋਈ ਭੱਜੇ ਵਾਹੋ ਦਾਹੀਆ । ਨਾ ਕੋਈ ਪਾਂਧੀ ਪੰਧ ਕਰ ਉਤਰੇ ਪਾਰ ਕਿਨਾਰ, ਮੰਜ਼ਲ ਮੰਜ਼ਲ ਡੇਰਾ ਕੋਇ ਨਾ ਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਚਿੱਠੀ ਅੰਦਰ ਲੇਖ ਅਗੰਮ, ਗੁਰ ਗੋਬਿੰਦ ਆਪ ਲਿਖਾਈਆ । ਤੇਰਾ ਨੂਰ ਤੇਰਾ ਚੰਮ, ਤਨ ਮਾਟੀ ਤੇਰੀ ਵਡ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਭੰਨ, ਘੜਨ ਭੰਨਣਹਾਰ ਤੇਰੀ ਸਰਨਾਈਆ । ਮੈਨੂੰ ਫੇਰ ਕਿਸੇ ਨਾ ਕਹਿਣਾ ਗੁਜਰੀ ਚੰਨ, ਗੁਜਰਿਆ ਹਾਲ ਤੈਨੂੰ ਦਿਆਂ ਸੁਣਾਈਆ । ਤੇਗ ਬਹਾਦਰ ਇਕੋ ਵਾਰ ਪਿਤਾ ਲਿਆ ਮੰਨ, ਮਸਤਕ ਜਗਤ ਵਿਚ ਟਿਕਾਈਆ । ਅਨੰਦ ਪੁਰ ਖੇੜਾ ਵਸਾਇਆ ਛੱਪਰ ਛੰਨ, ਦੋਂਹ ਦੋਂਹ ਹੱਥੀ ਸੇਵ ਕਮਾਈਆ । ਦੂਤਾਂ ਦੁਸ਼ਟਾਂ ਦਿਤਾ ਡੰਨ, ਚਿਲਾ ਤੀਰ ਕਮਾਨ ਟੰਕ ਉਠਾਈਆ । ਅੰਤਮ ਤੇਰੇ ਚਰਨੀ ਮੰਗਾਂ ਮੰਗ, ਦੋਏ ਜੋੜ ਵਾਸਤਾ ਪਾਈਆ । ਦੂਜੀ ਵਾਰ ਨੀਲੇ ਫੇਰ ਨਾ ਕਸਾਂ ਤੰਗ, ਵਾਗ ਹੱਥ ਨਾ ਕੋਇ ਟਿਕਾਈਆ । ਇਕੋ ਤੇਰੇ ਲੱਗਾਂ ਅੰਗ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਗਾਵਾਂ ਤੇਰਾ ਛੰਦ, ਰਾਗ ਨਾਦ ਇਕੋ ਇਕ ਸੁਣਾਈਆ । ਤੂੰ ਮੇਟੀਂ ਮੇਰਾ ਪੰਧ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਗੋਬਿੰਦ ਕਹੇ ਮੇਰੀ ਇਕੋ ਆਸ, ਪ੍ਰਭ ਤੇਰੇ ਅੱਗੇ ਰਖਾਈਆ । ਮਾਤ ਪਿਤ ਪੂਤ ਕੋਈ ਨਾ ਦਿਸੇ ਪਾਸ, ਜੋ ਤੇਰਾ ਤੇਰੀ ਝੋਲੀ ਦਿਤਾ ਟਿਕਾਈਆ । ਤੇਰੇ ਮਿਲਣ ਦੀ ਇਕੋ ਖ਼ਾਹਸ਼, ਖ਼ਾਹਸ਼ ਆਪਣੀ ਰਿਹਾ ਸਮਝਾਈਆ । ਤੇਰੇ ਪ੍ਰੇਮ ਪਿਆਰ ਦੀ ਪੈਂਦੀ ਵੇਖਾਂ ਰਾਸ, ਗੋਪੀ ਕਾਹਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੀਂ ਸੱਚਾ ਵਰ, ਸਚ ਸੰਦੇਸ਼ਾ ਰਿਹਾ ਜਣਾਈਆ । ਸਚ ਸੰਦੇਸ਼ਾ ਇਕ ਸੁਣੌਂਦਾ ਹਾਂ । ਪੁਰਖ ਅਕਾਲ ਚਰਨੀ ਸੀਸ ਨਿਵੌਂਦਾ ਹਾਂ । ਜਗਤ ਜਗਦੀਸ਼ ਤੇਰੇ ਦਰ ਤੋਂ ਮੰਗ ਮੰਗੌਂਦਾ ਹਾਂ । ਤੇਰਾ ਖੇਲ ਆਦਿ ਜੁਗਾਦਿ ਅਤੀਤ, ਦਰਗਾਹ ਸਾਚੀ ਵੇਖ ਸੋਭਾ ਪੌਂਦਾ ਹਾਂ । ਤੇਰੇ ਨਾਲ ਲੱਗੇ ਪ੍ਰੀਤ, ਪ੍ਰੀਤਮ ਇਕੋ ਇਕ ਧਿਔਂਦਾ ਹਾਂ । ਤੇਰਾ ਲੇਖਾ ਊਚ ਨੀਚ, ਘਰ ਚਾਰ ਕੁੰਟ ਤੇਰਾ ਰੰਗ ਰੰਗੌਂਦਾ ਹਾਂ । ਨਿਰਗੁਣ ਬਣਾ ਸੱਚਾ ਮੀਤ, ਮਿੱਤਰ ਪਿਆਰੇ ਓਟ ਤਕੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠੌਂਦਾ ਹਾਂ । ਮਿਹਰ ਨਜ਼ਰ ਉਠਾ ਪ੍ਰਭ ਠਾਕਰ, ਆਪਣੀ ਦਇਆ ਕਮਾਈਆ । ਗੋਬਿੰਦ ਤੇਰੀ ਵਾਚੀ ਪਾਤਰ, ਬਿਨ ਪਤਰਿਉਂ ਪਤਰਾ ਆਪ ਉਲਟਾਈਆ । ਪਰਗਟ ਹੋਵਾਂ ਤੇਰੀ ਖਾਤਰ, ਖ਼ਤਰਾ ਸਰਬ ਚੁਕਾਈਆ । ਚਲ ਕੇ ਆਵਾਂ ਤੇਰੇ ਪਾਤਣ, ਪੱਤਣ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਜੋ ਮੇਰੇ ਨਾਮ ਦਾ ਦੇਵਣ ਭਾਸ਼ਨ, ਤਿਨ੍ਹਾਂ ਭਾਸ਼ਾ ਦਿਆਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਜਣਾਈਆ । ਸਚ ਸੁਨੇਹੜਾ ਦਏ ਅਕਾਲ, ਅਕਲ ਕਲਾ ਵਡਿਆਈਆ । ਸੁਣ ਮੇਰੇ ਲਾਡਲੇ ਲਾਲ, ਹਰਿ ਲਾਲਨ ਰੰਗ ਰੰਗਾਈਆ । ਨਿਰਗੁਣ ਹੋ ਕੇ ਬਣਾਂ ਦਲਾਲ, ਸਗਲਾ ਸੰਗ ਨਿਭਾਈਆ । ਮੁਰਸ਼ਦ ਹੋ ਕੇ ਪੁੱਛਾਂ ਹਾਲ, ਮੁਰੀਦਾਂ ਝੋਲੀ ਪਾਈਆ । ਸ਼ਬਦੀ ਹੋ ਵਜਾਵਾਂ ਤਾਲ, ਦੋ ਜਹਾਨਾਂ ਰਾਗ ਅਲਾਈਆ । ਨਿਰਵੈਰ ਹੋ ਕੇ ਵਸਾਂ ਨਾਲ, ਵਿਛੜ ਕਦੇ ਨਾ ਜਾਈਆ । ਪ੍ਰਿਤਪਾਲਕ ਹੋ ਕੇ ਕਰਾਂ ਭਾਲ, ਦੋ ਜਹਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਅਲਾਈਆ । ਸਚ ਸੰਦੇਸ਼ਾ ਸੱਥਰ ਸੇਜ, ਗੋਬਿੰਦ ਸਰਵਣ ਸੁਣ ਖ਼ੁਸ਼ੀ ਮਨਾਈਆ । ਪੁਰਖ ਅਕਾਲ

ਦਿਤਾ ਭੇਜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਨਿਰਗੁਣ ਹੋ ਕੇ ਖੇਡਾਂ ਖੇਡ, ਸਰਗੁਣ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਸਿਰ ਮੇਰੇ ਪ੍ਰਭ ਰੱਖੀਂ ਹੱਥ, ਇਹ ਤੇਰੀ ਵਡਿਆਈਆ । ਇਕੋ ਵਾਰ ਦੇਵਾਂ ਦੱਸ, ਦੂਜੀ ਮੰਗ ਨਾ ਕੋਇ ਮੰਗਾਈਆ । ਤੇਰਾ ਮੇਰਾ ਨਿਭੇ ਸਾਥ, ਸਗਲਾ ਸੰਗ ਰਖਾਈਆ । ਤੂੰ ਮੇਰਾ ਮੈਂ ਤੇਰਾ ਤੇਰੀ ਗਾਵਾਂ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੇਰਿਆਂ ਸਿਖਾਂ ਵਲ ਵੇਖੀਂ ਝਾਕ, ਮਿਹਰ ਨਜ਼ਰ ਉਠਾਈਆ । ਇਨ੍ਹਾਂ ਵਰੋਲੀਂ ਨਾ ਵਿਚ ਖ਼ਾਕ, ਮਾਟੀ ਖ਼ਾਕੀ ਲੇਖੇ ਲਾਈਆ । ਮੇਰੀ ਏਨ੍ਹਾਂ ਵਿਚ ਰਲ ਗਈ ਜਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨਜ਼ਰੀ ਆਈਆ । ਮਨਮਤ ਨਾਤਾ ਤੁਟੇ ਕਮਜਾਤ, ਗੁਰਮਤ ਇਕੋ ਇਕ ਸਮਝਾਈਆ । ਢਹਿ ਸਰਨਾਈ ਦੇਵਾਂ ਆਖ, ਆਖ਼ਰ ਆਪਣਾ ਹਾਲ ਸੁਣਾਈਆ । ਤੂੰ ਸਾਹਿਬ ਕਮਲਾਪਾਤ, ਬੇਪਰਵਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਇਕੋ ਆਸਾ ਤੇਰੇ ਦਰਬਾਰ, ਗੁਰ ਗੋਬਿੰਦ ਆਪ ਜਣਾਇੰਦਾ । ਨਿਰਗੁਣ ਆਵੇਂ ਵਿਚ ਸੰਸਾਰ, ਨਿਰਵੈਰ ਆਪਣਾ ਖੇਲ ਕਰਾਇੰਦਾ । ਮੇਰੇ ਗੁਰਮੁਖਾਂ ਲੈਣਾ ਉਠਾਲ, ਸੋਇਆ ਕੋਈ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਚਮਕਾਇੰਦਾ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਇੰਦਾ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਤੇਰੀ ਓਟ ਰਖਾਇੰਦਾ । ਮੈਂ ਬਾਲਾ ਨੱਢਾ ਤੇਰਾ ਬਾਲ, ਬਾਲਕ ਗੁਰਮੁਖ ਤੇਰਾ ਰੂਪ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਝੋਲੀ ਡਾਹਿੰਦਾ । ਤੇਰੇ ਦਰ ਤੇ ਝੋਲੀ ਡਾਹ, ਪ੍ਰਭ ਇਕੋ ਮੰਗ ਮੰਗਾਈਆ । ਨਿਰਗੁਣ ਆਵੀਂ ਬਣ ਮਲਾਹ, ਬੇੜਾ ਮੇਰਾ ਕੰਧ ਉਠਾਈਆ । ਮੇਰੇ ਅੰਦਰ ਵੜ ਕੇ ਕਰੀਂ ਸਲਾਹ, ਬਾਹਰੋਂ ਸਮਝ ਸਕੇ ਨਾ ਕੋਇ ਰਾਈਆ । ਮਿਲ ਕੇ ਸੇਵਾ ਤੇਰੀ ਲਵਾਂ ਕਮਾ, ਦਰ ਦਰ ਘਰ ਘਰ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਸਰਸਾ ਵਿਛੜੇ ਲਵਾਂ ਜਗਾ, ਜਾਗਣ ਵੇਲਾ ਇਕੋ ਇਕ ਸਮਝਾਈਆ । ਆਪਣਾ ਸਚ ਸੁਨੇਹੜਾ ਇਕ ਸਮਝਾ, ਪੜਦਾ ਓਹਲਾ ਰਹੇ ਨਾ ਰਾਈਆ । ਪੁਰਖ ਅਕਾਲ ਦਿਤਾ ਗਾ, ਧੁਰ ਦਾ ਢੋਲਾ ਇਕ ਜਣਾਈਆ । ਨਿਰਗੁਣ ਸਰਗੁਣ ਗੋਬਿੰਦ ਤੇਰਾ ਦੂਆ ਦਿਤਾ ਬਣਾ, ਸਿਫ਼ਰਾ ਆਪਣਾ ਰੂਪ ਵਟਾਈਆ । ਸਿਫ਼ਰਾ ਦੂਏ ਅੱਗੇ ਅੰਕ ਦਿਤਾ ਜੁੜਾ, ਦਸ ਗੁਣਾਂ ਮਿਲੀ ਵਡਿਆਈਆ । ਬੀਸ ਤੇਰਾ ਨਾਮ ਰਖਾ, ਬੀਸ ਆਪਣੀ ਧਾਰ ਚਲਾਈਆ । ਜਿਸ ਸਿਫ਼ਰੇ ਵਿਚੋਂ ਪਰਗਟ ਹੋਏ ਬੇਪਰਵਾਹ, ਨਿਰਗੁਣ ਸਰਗੁਣ ਦਏ ਸਮਝਾਈਆ । ਸੋ ਬੀਸ ਬੀਸਾ ਲੋਕਮਾਤ ਵਾਰ ਥਿਤ ਦਏ ਵਡਿਆ, ਵੱਡਾ ਆਪਣੇ ਹੱਥ ਰੱਖੇ ਵਡਿਆਈਆ । ਉਚੀ ਕੂਕ ਸਭ ਨੂੰ ਦਏ ਸੁਣਾ, ਕਲਜੁਗ ਅੰਤ ਸ੍ਰੀ ਭਗਵੰਤ ਬੇਪਰਵਾਹ ਆਵੇ ਵਾਹੋ ਦਾਹੀਆ । ਵੀਹ ਸੌ ਵੀਹ ਬਿਕਰਮੀ ਮੇਰਾ ਲਹਿਣਾ ਦੇਵੇ ਪੂਰ ਕਰਾ, ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਸੰਦੇਸ਼ਾ ਦੇ ਜੱਗ, ਪੁਰਖ ਅਕਾਲ ਜਣਾਈਆ । ਪਰਗਟ ਹੋਏ ਪੁਰਖ ਸਮਰਥ, ਕਲ ਕਲਕੀ ਵੇਸ ਵਟਾਈਆ । ਕਿਸੇ ਨਜ਼ਰ ਨਾ ਆਵੇ ਜਗਤ ਅੱਖ, ਦੋਏ ਲੋਚਣ ਦੇਣ ਦੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਨਾ ਸਕੇ ਲੱਭ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ

ਦੇਵੇ ਮਾਣ ਵਡਿਆਈਆ । ਗੋਬਿੰਦ ਸੁਣਾਏ ਧੁਰ ਫ਼ਰਮਾਨ, ਸਚ ਦਵਾਰੇ ਖ਼ੁਸ਼ੀ ਮਨਾਈਆ । ਸੂਲਾਂ ਸੇਜ ਹੋਏ ਪਰਵਾਨ, ਦਰ ਮਿਲੀ ਮਾਣ ਵਡਿਆਈਆ । ਜਿਸ ਦਵਾਰੇ ਪੁਰਖ ਅਕਾਲ ਮਿਲਿਆ ਆਣ, ਆਪ ਆਪਣਾ ਹੁਕਮ ਮਨਾਈਆ । ਅੱਗੇ ਦੱਸ ਕੇ ਧੁਰ ਫ਼ਰਮਾਨ, ਸਚ ਸੁਨੇਹੜਾ ਇਕ ਸਮਝਾਈਆ । ਨਿਰਗੁਣ ਹੋ ਕੇ ਆਵਾਂ ਵਿਚ ਜਹਾਨ, ਜੋਤੀ ਜਾਮਾ ਵੇਸ ਵਟਾਈਆ । ਤੇਰੀ ਕਾਇਆ ਕਰਾਂ ਪਰਵਾਨ, ਸਾਢੇ ਤਿੰਨ ਹੱਥ ਰੰਗ ਚੜ੍ਹਾਈਆ । ਅੰਦਰ ਵੜਾਂ ਹੋ ਜਵਾਨ, ਬਲ ਤੇਰੇ ਨਾਲ ਗੰਢਾਈਆ । ਢੋਲਾ ਗਾਵਾਂ ਬੇਜ਼ਬਾਨ, ਰਾਗ ਤੇਰਾ ਨਾਦ ਵਜਾਈਆ । ਲੇਖਾ ਜਾਣਾ ਦੋ ਜਹਾਨ, ਪੁਰੀ ਲੋਅ ਖੋਜ ਖੁਜਾਈਆ । ਜੁਗ ਚੌਕੜੀ ਪਰਦਾ ਲਾਹਵਾਂ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਸਾਚਾ ਮਾਰਗ ਦੱਸਾਂ ਇਕੋ ਹੋ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਜੋ ਗੋਬਿੰਦ ਤੇਰੀ ਪ੍ਰੀਤੀ ਪਿਛੇ ਹੋਏ ਕੁਰਬਾਨ, ਤਿਨ੍ਹਾਂ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤੇਰੀ ਵਡਿਆਈ ਮੋਹੇ ਮਨਜ਼ੂਰ, ਪਾਰਬ੍ਰਹਮ ਤੇਰੀ ਸਰਨਾਈਆ । ਆਦਿ ਜੁਗਾਦਿ ਰਹੇਂ ਹਜ਼ੂਰ, ਜਾਹਰ ਇਕੋ ਨਜ਼ਰੀ ਆਈਆ । ਮੇਰਾ ਭੰਡਾਰਾ ਰੱਖੀਂ ਭਰਪੂਰ, ਅਤੋਟ ਅਤੁਟ ਨਖੁਟ ਕਦੇ ਨਾ ਜਾਈਆ । ਆਪਣਾ ਬਖ਼ਸ਼ੀਂ ਸਾਚਾ ਨੂਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੀਂ ਮਾਣ ਵਡਿਆਈਆ । ਦੇਵੀਂ ਵਡਿਆਈ ਠਾਕਰ ਸਵਾਮੀ, ਸਾਹਿਬ ਤੇਰੀ ਓਟ ਤਕਾਈਆ । ਆਦਿ ਪੁਰਖ ਅਪਰੰਪਰ ਸਵਾਮੀ, ਸ਼ਹਿਨਸ਼ਾਹ
੧੮੦ ਤੇਰੀ ਸਰਨਾਈਆ । ਜੁਗ ਚੌਕੜੀ ਤੇਰੀ ਕਹਾਣੀ, ਗੁਰ ਅਵਤਾਰ ਪੀਰ ਪੈਗ਼ੰਬਰਾਂ ਗਾਈਆ । ਸਰਗੁਣ ਹੋ ਕੇ ਬੋਲੀ ਬਾਣੀ, ਨਿਰਗੁਣ ੧੮੦
ਤੇਰਾ ਨਾਮ ਧਿਆਈਆ । ਜਗਤ ਸਰੋਵਰ ਬਣਿਆ ਪਾਣੀ, ਤੇਰੀ ਧੂੜ ਵੱਜੇ ਵਧਾਈਆ । ਕਰ ਕਿਰਪਾ ਮੇਰੀ ਅਰਜ਼ ਕਰੀਂ ਪਰਵਾਨੀ, ਬੇਨੰਤੀ
੧੬ ਤੇਰੇ ਦਰ ਸ਼ਨਵਾਈਆ । ਤੇਰਾ ਮਹਲ ਅਟੱਲ ਉਚ ਆਲੀਸ਼ਾਨੀ, ਅਜ਼ੀਮ ਰੁਤਬਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੬
ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਤੇਰਾ ਲੇਖਾ ਚਿੱਠੀ ਖ਼ਾਤਾ, ਹਰਿ ਖ਼ਾਲਕ ਆਪ ਜਣਾਇੰਦਾ । ਗੋਬਿੰਦ ਵੇਖ ਸਚਖੰਡ ਅਹਾਤਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠਾ, ਗਿਆਨ ਧਿਆਨ ਨਾ ਕੋਈ ਦ੍ਰਿੜਾਇੰਦਾ । ਨਾ ਕੋਈ ਪੁੱਤਰ ਨਾ ਕੋਈ ਨਾਤਾ, ਨਿਰਗੁਣ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਸੱਜਣ ਨਾ ਕੋਈ ਸਾਕਾ, ਸੈਣ ਪਿਆਰ ਨਾ ਕੋਇ ਵਖਾਇੰਦਾ । ਨਾ ਕੋਈ ਕਿਵਾੜ ਨਾ ਕੋਈ ਤਾਕਾ, ਕੁੰਡਾ ਫੜ ਨਾ ਕੋਈ ਲਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤਾ, ਨਾ ਕੋਈ ਬਾਲਕ ਗੋਦ ਸੁਹਾਇੰਦਾ । ਨਾ ਕੋਈ ਮਜ਼੍ਹਬ ਨਾ ਕੋਈ ਪਾਤਾ, ਦੀਨ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤਮ ਤੇਰੀ ਪੂਰੀ ਕਰਾਂ ਆਸਾ, ਆਸਾ ਤੇਰੇ ਨਾਲ ਮਿਲਾਇੰਦਾ । ਇਕੋ ਢਈਆ ਰੱਖ ਭਰਵਾਸਾ, ਤੇਰੀ ਨਈਆ ਤੇਰੇ ਵਿਚੋਂ ਪਾਰ ਕਰਾਇੰਦਾ । ਚਾਰ ਜੁਗ ਦੀ ਵੇਖ ਸ਼ਾਖ਼ਾ, ਪਤ ਟਾਹਣੀ ਫੋਲ ਫੁਲਾਇੰਦਾ । ਤੇਰਾ ਅੰਮ੍ਰਿਤ ਪ੍ਰੇਮ ਪ੍ਰੀਤੀ ਧੁਰ ਦਾ ਬਾਟਾ, ਲੋਹਾਰ ਤਰਖਾਣ ਨਾ ਕੋਇ ਘੜਾਇੰਦਾ । ਤੇਰਾ ਸਵਾ ਸੇਰ ਇਕੋ ਵੱਟੇ ਤੁਲਿਆ ਆਟਾ, ਦੂਜਾ ਤਰਾਜੂ ਨਜ਼ਰ ਕੋਇ ਨਾ ਆਇੰਦਾ । ਤੇਰਾ ਵੇਖ ਚੀਥੜ ਪਾਟਾ, ਬਾਜ਼ ਹੱਥ ਨਾ ਸੋਭਾ ਪਾਇੰਦਾ । ਨੀਲਾ ਛੱਡ ਕੇ ਬੈਠਾ ਰਾਸਾਂ, ਸ਼ਾਹਸਵਾਰਾ ਖ਼ਾਲੀ ਹੱਥ ਧਰਾਇੰਦਾ । ਤੂੰ ਮੰਨਿਆ ਮੇਰਾ ਆਖਾ, ਛੋਟੇ ਬੱਚਿਆਂ

੧੮੧ ੧੬

ਨੀਹਾਂ ਹੇਠ ਦਬਾਇੰਦਾ । ਮੈਂ ਬਣਿਆ ਤੇਰਾ ਬਾਪਾ, ਪਿਤਾ ਪੁਰਖ ਅਕਾਲ ਨਾਉਂ ਧਰਾਇੰਦਾ । ਤੂੰ ਮੇਰਾ ਜਪਿਆ ਜਾਪਾ, ਮੈਂ ਤੇਰਾ ਰੂਪ ਨਜ਼ਰੀ ਆਇੰਦਾ । ਕਲਜੁਗ ਅੰਤਮ ਹੋ ਕੇ ਆਵਾਂ ਆਕਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਤੇਰੇ ਸਿਖਾਂ ਲਹਿਣਾ ਚੁਕਾਵਾਂ ਬਾਕਾ, ਬਾਕੀ ਆਪਣੀ ਝੋਲੀ ਪਾਇੰਦਾ । ਪਾਂਧੀ ਬਣ ਕੇ ਮੁਕਾਵਾਂ ਵਾਟਾਂ, ਦਰ ਦਰ ਘਰ ਘਰ ਵੇਖ ਵਖਾਇੰਦਾ । ਅੰਦਰ ਵੜ ਕੇ ਮਾਰਾਂ ਠਾਠਾਂ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਸਚ ਦਵਾਰਾ ਖੋਲ੍ਹਾਂ ਹਾਟਾ, ਬਣ ਵਣਜਾਰਾ ਹੱਟ ਚਲਾਇੰਦਾ । ਓਥੇ ਕੋਈ ਨਾ ਦਿਸੇ ਆਦਿ ਸ਼ਕਤੀ ਜੋਤ ਲਲਾਟਾ, ਨੂਰੀ ਜਲਵਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਹੋ ਕੇ ਬਣਾਂ ਰਾਖਾ, ਚੋਰੀ ਚੋਰੀ ਸੇਵ ਕਮਾਇੰਦਾ । ਦੋ ਹਜ਼ਾਰ ਬਿਕਰਮੀ ਬਦਲ ਕੇ ਆਪਣਾ ਪਾਸਾ, ਪਾਸਾ ਤੇਰਾ ਫੇਰ ਉਲਟਾਇੰਦਾ । ਤੂੰ ਵੇਖੀਂ ਖ਼ੁਸ਼ੀਆਂ ਨਾਲ ਤਮਾਸ਼ਾ, ਬੀਸ ਬੀਸ ਤੇਰਾ ਰੰਗ ਰੰਗਾਇੰਦਾ । ਦੋ ਹਜ਼ਾਰ ਇਕ ਬਿਕਰਮੀ ਖੋਲ੍ਹ ਕੇ ਤੇਰਾ ਖ਼ੁਲਾਸਾ, ਸਚਖੰਡ ਦਵਾਰ ਆਪ ਜਣਾਇੰਦਾ । ਦੋ ਹਜ਼ਾਰ ਦੋ ਬਿਕਰਮੀ ਤੇਰਾ ਖੋਲ੍ਹ ਦਏ ਭਰਵਾਸਾ, ਦੋ ਹਜ਼ਾਰ ਤਿੰਨ ਗੰਢ ਪਵਾਇੰਦਾ । ਦੋ ਹਜ਼ਾਰ ਚਾਰ ਬਣ ਸਮਰਾਥਾ, ਜੋਬਨ ਨੂਰਾ ਆਪ ਦਰਸਾਇੰਦਾ । ਦੋ ਹਜ਼ਾਰ ਪੰਜ ਜਾਣੇ ਤਮਾਸ਼ਾ, ਦੋ ਹਜ਼ਾਰ ਛੇ ਤੇਰੀ ਛਾਲ ਇਕ ਲਗਾਇੰਦਾ । ਦੋ ਹਜ਼ਾਰ ਸੱਤ ਦੇ ਸਾਤਾ, ਸਤਿ ਸਤਿਵਾਦੀ ਹੁਕਮ ਮਨਾਇੰਦਾ । ਤੇਰਾ ਲੇਖੇ ਲੱਗੇ ਆਖਾ, ਆਖ਼ਰ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਦੋ ਹਜ਼ਾਰ ਸੱਤ ਕਰੇ ਪਿਆਰ, ਗੋਬਿੰਦ ਸ਼ਬਦੀ ਦਏ ਵਡਿਆਈਆ । ਤੇਰਾ ਸੱਚਾ ਘਰ ਤਿਆਰ, ਤੇਰੀ ਉਂਗਲੀ ਦਏ ਲਗਾਈਆ । ਜਿਸ ਦੀ ਖੇਲ ਸਮਝ ਸਕੇ ਨਾ ਕੋਈ ਸੰਸਾਰ, ਸੰਸਾਰੀ ਸਾਰ ਕਿਸੇ ਨਾ ਆਈਆ । ਸਵਰਨ ਸਵਰਨ ਵਿਚੋਂ ਉਠਾਲ, ਸਰਨ ਆਪਣੀ ਲਏ ਲਗਾਈਆ । ਲੇਖਾ ਚੁੱਕੇ ਧਰੂ ਬਾਲ, ਬਾਲਕ ਆਪਣੀ ਗੰਢ ਪਵਾਈਆ । ਦੋ ਹਜ਼ਾਰ ਅੱਠ ਬਣ ਦਲਾਲ, ਸਿੰਘ ਮਨੀ ਖ਼ੁਸ਼ੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਦੋ ਹਜ਼ਾਰ ਨੌ ਨੌ ਦਵਾਰ, ਹਰਿ ਕਰਤਾ ਦਇਆ ਕਮਾਈਆ । ਅੰਦਰ ਵੜ ਕੇ ਕਰ ਪਿਆਰ, ਦੁਰਮਤ ਮੈਲ ਧਵਾਈਆ । ਸਾਫ਼ ਕਰੇ ਆਪ ਕਰਤਾਰ, ਕੂੜਾ ਹੂੰਝੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰੀ ਸਾਚੀ ਬਣਤ ਦਏ ਬਣਾਈਆ । ਗੋਬਿੰਦ ਬਣਤ ਬਣਾਏ ਤੇਰੀ, ਤਰ੍ਹਾ ਤਰ੍ਹਾ ਸਮਝਾਇੰਦਾ । ਵੀਹ ਸੌ ਦਸ ਬਿਕਰਮੀ ਪਾਏ ਫੇਰੀ, ਫੇਰਾ ਆਪਣੇ ਨਾਮ ਲਗਾਇੰਦਾ । ਪ੍ਰੇਮ ਪਿਆਰ ਦੀ ਕਰ ਕੇ ਚੇਰੀ, ਚੇਲਾ ਗੁਰੂ ਰੂਪ ਵਖਾਇੰਦਾ । ਮਿਟੀ ਖ਼ਾਕ ਵੇਖੇ ਢੇਰੀ, ਖ਼ਾਲਕ ਆਪਣੇ ਰੰਗ ਰੰਗਾਇੰਦਾ । ਕੀਤੀ ਕਹਾਣੀ ਪਿਛਲੀ ਵੇਰੀ, ਵੇਰਵਾ ਅੱਗੇ ਆਪ ਸਮਝਾਇੰਦਾ । ਸੋਲਾਂ ਮੱਘਰ ਕਰ ਦੇਰੀ, ਸ਼ਾਹ ਸੁਲਤਾਨ ਹੁਕਮ ਸੁਣਾਇੰਦਾ । ਤੇਰੇ ਭਗਤਾਂ ਲਈ ਤਿਆਰ ਕਰ ਕੇ ਬੇੜੀ, ਤੇਰਾ ਬੇੜਾ ਜਗਤ ਸਾਗਰ ਵਿਚ ਰਖਾਇੰਦਾ । ਇਹੋ ਪ੍ਰਭ ਦੀ ਹੇਰੀ ਫੇਰੀ, ਭਰਮ ਭੁਲੇਖੇ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਵੀਹ ਸੌ ਦਸ ਬਿਕਰਮੀ ਸੋਲਾਂ ਮੱਘਰ, ਸੋ ਸਾਹਿਬ ਖ਼ੁਸ਼ੀ ਮਨਾਈਆ । ਤੇਰੀ ਪਿਛਲੀ ਪੂਰੀ ਕਰੇ ਸਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਗੁਰਮੁਖਾਂ ਲਈ ਮਾਰਗ ਰੱਖੇ ਪੱਧਰ, ਰਾਹ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਦਏ ਵਡਿਆਈਆ । ਛੋਟਾ ਬਾਲਾ

ਇਕ ਮਨਜੀਤ, ਸੁਤ ਤੇਰੇ ਵਡਿਆਈਆ । ਪੁਰਖ ਅਕਾਲ ਚਲਾਏ ਰੀਤ, ਰੀਤੀਵਾਨ ਵੱਡੀ ਵਡਿਆਈਆ । ਮਿਲ ਸਖੀਆਂ ਗਾਏ ਧੁਰ ਦਾ ਗੀਤ, ਸੋਹੰ ਰਾਗ ਸੁਣਾਈਆ । ਕਾਇਆ ਕਰ ਠੰਡੀ ਸੀਤ, ਅਗਨੀ ਤਤ ਬੁਝਾਈਆ । ਵਸਣਹਾਰਾ ਨਿਰਗੁਣ ਚੀਤ, ਚੇਤਨ ਸਰਬ ਵਖਾਈਆ । ਸਚ ਦਵਾਰੇ ਪੀਸਣ ਪੀਸ, ਚੱਕੀ ਨਾਮ ਚਲਾਈਆ । ਰਵਦਾਸ ਚੁਮਾਰੇ ਮਿਲਿਆ ਮੀਤ, ਬਟਵਾਰੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਈਆ । ਤੇਰਾ ਲੇਖਾ ਲੇਖੇ ਜਾਏ ਲੱਗ, ਹਰਿ ਕਰਤਾ ਆਪ ਲਗਾਈਆ । ਸਾਚਾ ਦੀਪਕ ਗਿਆ ਜਗ, ਦੋ ਜਹਾਨ ਕਰੇ ਰੁਸ਼ਨਾਈਆ । ਜਗਤ ਦਵਾਰੇ ਗਿਆ ਭੱਜ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਸ੍ਰਿਸ਼ਟ ਸਬਾਈ ਨਾਲੋਂ ਕੀਤਾ ਅੱਡ, ਵੱਖਰੀ ਧਾਰ ਚਲਾਈਆ । ਗੁਰਮੁਖ ਸੱਚੇ ਸੱਦ, ਸਿਖਿਆ ਇਕ ਸਮਝਾਈਆ । ਗੁਰਮੁਖ ਤੋਰੇ ਹੱਸ ਹੱਸ, ਨੈਤਰ ਨੈਣ ਨਾ ਨੀਰ ਵਹਾਈਆ । ਪਰਮ ਪੁਰਖ ਦੇ ਚੜ੍ਹਿਆ ਰਥ, ਰਥਵਾਹੀ ਬਣਿਆ ਬੇਪਰਵਾਹੀਆ । ਤਨ ਤਤ ਖੇੜਾ ਨਾ ਹੋਇਆ ਭੱਠ, ਅਗਨੀ ਭਾ ਨਾ ਕੋਇ ਜਲਾਈਆ । ਮਿਲਿਆ ਮੇਲ ਪੁਰਖ ਸਮਰਥ, ਘਰ ਸਾਚੇ ਵੱਜੇ ਵਧਾਈਆ । ਸ੍ਰੀ ਭਗਵਾਨ ਖੋਲ੍ਹੀ ਆ ਅੱਖ, ਇੰਦਰ ਦਵਾਰ ਦਿਤਾ ਵਖਾਈਆ । ਹਰਿਸੰਗਤ ਸ਼ਬਦੀ ਕਰ ਇਕੱਠ, ਇਕ ਸਤਾਰਾਂ ਖ਼ੁਸ਼ੀ ਮਨਾਈਆ । ਵੀਹ ਸੌ ਯਾਰਾਂ ਨੀਂਹ ਰੱਖ, ਕਲਜੁਗ ਜੜ੍ਹ ਰਿਹਾ ਉਖੜਾਈਆ । ਉਨੀ ਕੱਤਕ ਹੱਸ ਹੱਸ, ਹਸਤੀ ਆਪਣੇ ਵਿਚ ਸਮਾਈਆ । ਜਗਤ ਜਗਦੀਸ਼ਾ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਪੰਜ ਪੋਹ ਹੋ ਕੇ ਵਸ, ਪੜਦਾ ਸਭ ਦਾ ਰਿਹਾ ਉਠਾਈਆ । ਨੌ ਦਵਾਰੇ ਕਰ ਪਰਗਟ, ਘਰ ਸਾਚੇ ਆਪਣਾ ਆਸਣ ਲਾਈਆ । ਛੱਬੀ ਪੋਹ ਖੇਲ ਕੀਤੀ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚੀ ਦੇਵੇ ਵਡਿਆਈਆ । ਵੀਹ ਸੌ ਬਾਰਾਂ ਖ਼ੁਸ਼ੀ ਨਾ, ਹਰਿ ਸਤਿਗੁਰ ਦਇਆ ਕਮਾਇੰਦਾ । ਗੋਬਿੰਦ ਤੇਰਾ ਮਾਰਗ ਲਾ, ਪਹਿਲੀ ਚੇਤਰ ਖੇਲ ਰਚਾਇੰਦਾ । ਸ਼ਬਦ ਸੁਨੇਹੜਾ ਇਕ ਸੁਣਾ, ਲਿਖ ਲਿਖ ਪਾਤਰ ਆਪ ਘਲਾਇੰਦਾ । ਵੀਹ ਸੌ ਬਾਰਾਂ ਰੰਗ ਰੰਗਾ, ਹਾੜ ਸਤਾਰਾਂ ਜੋੜ ਜੁੜਾਇੰਦਾ । ਹਰਿਸੰਗਤ ਸਾਚਾ ਮੇਲ ਮਿਲਾ, ਵਿਚੋਲਾ ਆਪਣਾ ਆਪ ਬਣਾਇੰਦਾ । ਧੁਰ ਦਾ ਢੋਲਾ ਇਕੋ ਗਾ, ਸੋਹੰ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੰਗਤ ਆਪ ਬਣਾਇੰਦਾ । ਸਾਚੀ ਸੰਗਤ ਵੀਹ ਸੌ ਬਾਰਾਂ, ਗੋਬਿੰਦ ਤੇਰੇ ਨਾਲ ਬਣਾਈਆ । ਪੁਰੀ ਅਨੰਦ ਦੀ ਵੇਖ ਬਹਾਰਾ, ਯਾਰ ਯਾਰਾਂ ਵਿਚ ਰਖਾਈਆ । ਲੇਖਾ ਚੁਕਿਆ ਜੰਗਲ ਉਜਾੜਾਂ, ਜੂਹਾਂ ਵਿਚ ਨਾ ਡੇਰਾ ਲਾਈਆ । ਹੱਥ ਫੜੇ ਨਾ ਕੋਇ ਤਲਵਾਰਾ, ਖ਼ੰਜ਼ਰ ਖਿਚ ਨਾ ਕੋਇ ਚਮਕਾਈਆ । ਭੱਥਾ ਕਮੰਦ ਨਾ ਕੋਇ ਧਾਰਾ, ਚਿਲਾ ਕਮਾਨ ਨਾ ਕੋਇ ਸਿਖਾਈਆ । ਨੀਲੇ ਕਰੇ ਨਾ ਕੋਇ ਅਸਵਾਰ, ਬਾਜ ਹੱਥ ਨਾ ਕੋਇ ਉਡਾਈਆ । ਗੋਬਿੰਦ ਰੂਪ ਅਪਾਰ, ਨਿਰਗੁਣ ਨਿਰਵੈਰ ਦਏ ਸਮਝਾਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਲੇਖਾ ਲੇਖ ਨਾ ਕੋਇ ਰਖਾਈਆ । ਪੁਰਖ ਅਕਾਲ ਕਰਨਾ ਪਿਆਰ, ਪ੍ਰੀਤੀ ਆਪਣੇ ਨਾਲ ਜੁੜਾਈਆ । ਇਕੋ ਬੋਲ ਸਚ ਜੈਕਾਰ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਿਹਾ ਸੁਣਾਈਆ । ਤੇਰਾ ਕਰ ਸਚ ਵਿਹਾਰ, ਸ਼ਾਹ ਪਾਤਸ਼ਾਹ ਦੇਵੇ ਮਾਣ ਵਡਿਆਈਆ । ਵੀਹ ਸੌ ਤੇਰਾਂ ਖੇਲ ਨਿਆਰ, ਰਾਜ ਰਾਜਾਨਾਂ ਰਿਹਾ ਹਿਲਾਈਆ । ਸਾਧਾਂ ਸੰਤਾਂ ਕਰੇ ਖਵਾਰ, ਜੀਵਾਂ ਜੰਤਾਂ ਆਪ ਉਠਾਈਆ । ਰਾਸ਼ਟਰਪਤ ਦਏ ਹੁਲਾਰ, ਸੋਇਆ ਕੋਇ

ਰਹਿਣ ਨਾ ਪਾਈਆ । ਕਰ ਕੇ ਖੇਲ ਆਪ ਨਿਆਰ, ਫੇਰ ਤੇਰੀ ਬਣਤ ਬਣਾਈਆ । ਵੀਹ ਸੌ ਚੌਦਾਂ ਬਿਕਰਮੀ ਆਈ ਵਿਚ ਸੰਸਾਰ, ਗੋਬਿੰਦ ਤੇਰੇ ਤੈਨੂੰ ਤੈਨੂੰ ਤੇਰੇ ਚਰਨਾਂ ਸੀਸ ਨਿਵਾਈਆ । ਨਵ ਖੰਡ ਮੰਗੇ ਬਣ ਭਿਖਾਰ, ਧਰਨੀ ਧਰਤ ਧਵਲ ਆਪਣੀ ਆਸ ਪੂਰ ਕਰਾਈਆ । ਦੋ ਇਕ ਦਾ ਬਣੇ ਪਿਆਰ, ਇਕੀ ਰੂਪ ਵਟਾਈਆ । ਇਕੀਆਂ ਇਕੀਆਂ ਦਾ ਬਣੇ ਸੱਚਾ ਪਰਵਾਰ, ਪਰਵਰਦਿਗਾਰ ਹੋਏ ਸਹਾਈਆ । ਇਕੀ ਇਕੀਆਂ ਦਏ ਸਹਾਰ, ਘਰ ਇਕੀਆਂ ਆਇਆ ਫੇਰਾ ਪਾਈਆ । ਜਿਸ ਦਾ ਸਮਝ ਨਾ ਆਇਆ ਕਿਸੇ ਕਿਨਾਰਾ, ਸੋ ਭੱਜਿਆ ਵਾਹੋ ਦਾਹੀਆ । ਸੰਮਤ ਪੰਦਰਾਂ ਦਏ ਹੁਲਾਰਾ, ਤੀਰਥ ਤੱਟਾਂ ਅਠਸਠਾਂ ਫੋਲ ਫੁਲਾਈਆ । ਸਾਧ ਸੰਤ ਰੋਂਦੇ ਵੇਖੇ ਜਿਉਂ ਰੋਣ ਕੁਚੱਜੀਆਂ ਨਾਰਾਂ, ਚੱਜ ਅਚਾਰ ਨਜ਼ਰ ਕਿਸੇ ਨਾ ਆਈਆ । ਸੁਰਤ ਸ਼ਬਦ ਸ਼ਬਦ ਸੁਰਤ ਕਿਸੇ ਨਾ ਕੋਈ ਪਿਆਰਾ, ਪੀਆ ਪ੍ਰੀਤਮ ਨਾ ਕਿਸੇ ਮਨਾਈਆ । ਗੱਲਾਂ ਬਾਤਾਂ ਨਾਲ ਕਰਨ ਜਗਤ ਪਰਚਾਰਾ, ਆਤਮ ਪਰਚਾ ਸਕੇ ਨਾ ਕੋਇ ਪਾਈਆ । ਚਰਚਾ ਕਰ ਕਰ ਥੱਕੇ ਜੀਵ ਗਵਾਰਾ, ਖ਼ਰਚਾ ਪੱਲੇ ਗੰਢ ਨਾ ਕੋਇ ਬੰਧਾਈਆ । ਕਾਇਆ ਚਰਖਾ ਕਿਸੇ ਕੰਮ ਨਾ ਆਏ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਕਰਾਈਆ । ਸੰਮਤ ਪੰਦਰਾਂ ਵੇਖ ਅਠਸਠ, ਹਰਿ ਆਪਣਾ ਖੇਲ ਰਚਾਈਆ । ਪਰਗਟ ਹੋ ਪੁਰਖ ਸਮਰਥ, ਪ੍ਰਭ ਸਾਚੀ ਕਾਰ ਕਮਾਈਆ । ਇਕੀਆਂ ਸਿਖਾਂ ਦੇ ਕੇ ਵਥ, ਆਪਣੀ ਉਂਗਲੀ ਰਿਹਾ ਲਗਾਈਆ । ਸ਼ਬਦੀ ਡੋਰੀ ਪਾਈ ਨੱਥ, ਸ਼ਬਦੀ ਤੰਦ ਨਾਲ ਜੁੜਾਈਆ । ਅੰਦਰ ਵੜ ਕੇ ਖੋਲ੍ਹੀ ਅੱਖ, ਬਾਹਰੋਂ ਪੜਦਾ ਰਿਹਾ ਪਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤਿਨ੍ਹਾਂ ਜਾਏ ਤੱਟ, ਤੱਟ ਕਿਨਾਰਾ ਵੇਖੇ ਚਾਈਂ ਚਾਈਆ ।
੧੮੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਦਰਾਂ ਕਹੇ ਮੇਰਾ ਖੇਲ ਅਪਾਰ, ਦਸ ਸਤ ਵੱਜੀ ਵਧਾਈਆ । ਪੁਰਖ ਅਕਾਲ ਹੋ ਦਿਆਲ, ਦੀਨ ਦਿਆਲ ਦਇਆ ਕਮਾਈਆ । ਗੰਗਾ ਜਮਨਾ ਸੁਰਸਤੀ ਤਿੰਨੇ ਹੋਈਆਂ ਖ਼ੁਸ਼ਹਾਲ, ਖ਼ੁਸ਼ੀਆਂ ਗੀਤ ਅਲਾਈਆ । ਕਿਰਪਾ ਕਰੀ ਪੁਰਖ ਅਕਾਲ, ਤੱਟ ਆਇਆ ਡੇਰਾ ਲਾਈਆ । ਇਕੀਆਂ ਸਿੱਖਾਂ ਦਿਤਾ ਸਿਖਾਲ, ਧੁਰ ਦੀ ਕਰ ਪੜ੍ਹਾਈਆ । ਢੋਲੇ ਗਾਵਣ ਬੇਮਿਸਾਲ, ਤੂੰਹੀ ਤੂੰਹੀ ਰਾਗ ਅਲਾਈਆ । ਮਾਹੀਗੀਰ ਬਣ ਕੇ ਪਾਇਆ ਜਾਲ, ਮਛਲੀ ਬਚੀ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੰਗਾ ਕਹੇ ਜਮਨਾ ਭੈਣ, ਮੈਂ ਸਚ ਸੱਚ ਸੁਣਾਈਆ । ਔਹ ਵੇਖ ਸਾਨੂੰ ਆਇਆ ਲੈਣ, ਜਿਨ ਸਾਡੀ ਬਣਤ ਬਣਾਈਆ । ਸੁਰਸਤੀ ਕਹੇ ਮੇਰੇ ਸ਼ਰਮੌਂਦੇ ਨੈਣ, ਅੱਖ ਸਕਾਂ ਨਾ ਉਪਰ ਉਠਾਈਆ । ਦੋ ਜਹਾਨਾਂ ਇਹੋ ਦਿਸਦਾ ਸੈਣ, ਸਾਕ ਨਜ਼ਰ ਕੋਇ ਨਾ ਆਈਆ । ਤਿੰਨੇ ਕਹਿਣ ਨੀ ਵੇਖੋ ਇਹਦੀ ਚਰਨੀ ਗੁਰਮੁਖ ਬਹਿਣ, ਸਾਨੂੰ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੰਗਾ ਜਮਨਾ ਸੁਰਸਤੀ ਪਈਆਂ ਰੋ, ਨੇਤਰ ਨੈਣ ਵਹਾਇਆ । ਵੇਖੋ ਸਾਡਾ ਹੋ ਕੇ ਗੁਰਮੁਖਾਂ ਜੋਗਾ ਗਿਆ ਹੋ, ਸਾਡੀ ਸਾਰ ਕੋਇ ਨਾ ਪਾਇਆ । ਸਾਡੇ ਨਾਲੋਂ ਤੋੜ ਕੇ ਮੋਹ, ਮੁਹੱਬਤ ਗ਼ਰੀਬਾਂ ਨਾਲ ਰਖਾਇਆ । ਏਨ੍ਹਾਂ ਨੂੰ ਦੇਵੇ ਢੋਆ ਢੋ, ਸਾਡੇ ਖ਼ਾਲੀ ਹੱਥ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਵੇਖ ਵਖਾਈਆ । ਤਿੰਨੇ ਰੋਂਦੀਆਂ ਵੇਖ ਮੁਟਿਆਰਾਂ, ਪ੍ਰਭ ਆਪਣੀ ਦਇਆ

ਕਮਾਈਆ । ਇਕੀਆਂ ਨਾਲ ਲੱਗੀ ਬਹਾਰਾ, ਖ਼ੁਸ਼ੀਆਂ ਨਾਲ ਵੱਜੀ ਵਧਾਈਆ । ਜਿਸ ਨੀਲਾ ਚੋਲਾ ਖੱਦਰ ਦਾ ਦਿਤਾ ਪਹਿਲੀ ਵਾਰਾ, ਤਿਸ ਕੋਲੋਂ ਤਿੰਨਾਂ ਦਾ ਮਾਣ ਚੁਕਾਈਆ । ਭਰ ਕੇ ਲਿਆਈਆਂ ਪ੍ਰੇਮ ਵਾਲੀ ਧਾਰਾ, ਜਲ ਚਰਨਾਂ ਉਤੇ ਰੁੜ੍ਹਾਈਆ । ਖ਼ੁਸ਼ੀਆਂ ਨਾਲ ਦਿਤਾ ਇਸ਼ਾਰਾ, ਉਂਗਲਾਂ ਨਾਲ ਸਮਝਾਈਆ । ਔਹ ਵੇਖੋ ਧੁਰ ਦਾ ਲਾੜਾ, ਨਿਰਗੁਣ ਦਾਤਾ ਨੂਰ ਨਜ਼ਰੀ ਆਈਆ । ਜਿਸ ਦੇ ਗਿਰਦ ਗੁਰਮੁਖ ਸਖੀਆਂ ਲਾਇਆ ਅਖਾੜਾ, ਨੱਚਣ ਟੱਪਣ ਵਾਹੋ ਦਾਹੀਆ । ਏਨ੍ਹਾਂ ਨਾਲ ਕਰੇ ਪਿਆਰਾ, ਅੰਦਰ ਸੁਹੰਜਣੀ ਸੇਜ ਹੰਢਾਈਆ । ਸਾਨੂੰ ਦੇਵੇ ਨਾ ਕੋਈ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਸ੍ਰੀ ਭਗਵਾਨ ਆਦਿ ਜੁਗਾਦਿ ਰਿਹਾ ਕੁਆਰਾ, ਸਾਚਾ ਸਗਨ ਨਾ ਕੋਇ ਮਨਾਈਆ । ਓਸੇ ਵੇਲੇ ਅਬਿਨਾਸ਼ੀ ਕਰਤੇ ਦਿਤਾ ਲਾਰਾ, ਹੁਕਮੀ ਹੁਕਮ ਇਕ ਜਣਾਈਆ । ਲੈ ਕੇ ਜਾਏ ਤੁਹਾਨੂੰ ਤੁਹਾਡਾ ਲਾੜਾ, ਲਾੜੀ ਰੂਪ ਬਣਾਈਆ । ਖ਼ਬਰਦਾਰ ਰਹਿਣਾ ਸਰਬ ਤਿਆਰਾ, ਤਿਆਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਕਰ ਵਿਹਾਰਾ, ਸੰਮਤ ਸੋਲਾਂ ਖੇਲ ਸਮਝਾਈਆ । ਸੰਮਤ ਸੋਲਾਂ ਖੇਲ ਨਿਰੰਕਾਰ, ਕਰ ਕਿਰਪਾ ਆਪ ਕਰਾਈਆ । ਹੁਕਮ ਦਿਤਾ ਧੁਰ ਦਰਬਾਰ, ਦਰਸ਼ਨ ਸਿੰਘ ਸਚ ਸਮਝਾਈਆ । ਪੰਜ ਪੰਜ ਦਾ ਖੇਲ ਨਿਆਰ, ਨਿਰਗੁਣ ਝੋਲੀ ਇਕ ਭਰਾਈਆ । ਸਚ ਸਮਗਰੀ ਕਰੋ ਤਿਆਰ, ਤ੍ਰੈਗੁਣ ਅਤੀਤਾ ਦਏ ਵਰਤਾਈਆ । ਪੰਦਰਾਂ ਕੱਤਕ ਖੇਲ ਅਪਾਰ, ਹਰਿ ਅਪਰੰਪਰ ਦਏ ਵਖਾਈਆ । ਮਸਤੂਆਨਾ ਮਸਤ ਮਸਤਾਨ, ਮਸਲਾ ਪਿਛਲਾ ਹੱਲ ਕਰਾਈਆ । ਮਨੀ ਸਿੰਘ ਮੰਗਿਆ ਦਾਨ, ਮਨਸਾ ਮਨਸਾ ਨਾਲ ਰਖਾਈਆ । ਪੂਰਾ ਕਰੇ ਆਪ ਭਗਵਾਨ, ਭਗਵਨ ਦੇਵਣਹਾਰ ਵਡਿਆਈਆ । ਓਨ੍ਹਾਂ ਵਖਾਏ ਸਚ ਪਕਵਾਨ, ਭੋਜਨ ਅਗਣਤ ਜਣਾਈਆ । ਨੌ ਸੌ ਨੜ੍ਹਿਨਵੇ ਰਾਜ ਰਾਜਾਨ, ਦਵਾਰ ਆਵੇ ਧੁਰ ਸੰਦੇਸ਼ਾ ਇਕ ਸੁਣਾਈਆ । ਸਾਚੀ ਕਰਨੀ ਕਰ ਪਰਵਾਨ, ਪਰਵਾਨੇ ਆਪਣੇ ਵਿਚ ਲਿਖਾਈਆ । ਗੁਰਮੁਖ ਸੱਜਣ ਸੁਹੇਲੇ ਘਰ ਮਹਿਮਾਨ, ਭੋਜਨ ਇਕੋ ਵਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੰਡਾਰਾ ਕਰ ਤਿਆਰ, ਅੱਗੇ ਕਰੇ ਸਚ ਵਿਹਾਰ, ਸੰਮਤ ਸਤਾਰਾਂ ਪਹਿਲੀ ਚੇਤ ਨੇੜੇ ਆਈਆ । ਪਹਿਲੀ ਚੇਤ ਆਈ ਨੇੜੇ, ਸੰਮਤ ਸਤਾਰਾਂ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪਏ ਝੇੜੇ, ਝਗੜਾ ਸਕੇ ਨਾ ਕੋਇ ਮਿਟਾਈਆ । ਬ੍ਰਹਿਮੰਡ ਖੰਡ ਰੋਵਣ ਖੇੜੇ, ਧੀਰਜ ਧੀਰ ਨਾ ਕੋਇ ਧਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਏ ਬਥੇਰੇ, ਕੋਟਨ ਕੋਟ ਰੂਪ ਵਟਾਈਆ । ਮੌਸਮ ਵਾਂਗ ਉਡ ਗਏ ਬਟੇਰੇ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨ ਵੇਖੇ ਥਾਉਂ ਥਾਈਂਆ । ਦੋ ਜਹਾਨ ਹੋਇਆ ਖ਼ਤਰਾ, ਖ਼ਾਤਰ-ਖ਼ਾਹ ਨਜ਼ਰ ਕੋਈ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੁਕਾਰਨ ਪਤਰਾ ਪਤਰਾ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਜੋਤੀ ਨੂਰ ਮਿਲਿਆ ਕਤਰਾ, ਕਤਰਾ ਕਤਰੇ ਵਿਚੋਂ ਵਰਤਾਈਆ । ਆਪ ਆਪਣੇ ਵਿਚੋਂ ਬੈਠਾ ਰਹੇ ਵੱਖਰਾ, ਜਿਸ ਦੀ ਸਾਰ ਕਿਸੇ ਨਾ ਆਈਆ । ਕਿਸੇ ਨੂੰ ਪੂਜਣ ਲਾਇਆ ਪੱਥਰਾਂ, ਕਿਸੇ ਨੂੰ ਕਾਗ਼ਜ਼ਾਂ ਉਤੇ ਸੀਸ ਟਿਕਾਈਆ । ਕਿਸੇ ਨੂੰ ਵਿਚ ਬਹਾਇਆ ਮੰਦਰਾਂ, ਕਿਸੇ ਨੂੰ ਜੰਗਲਾਂ ਵਿਚ ਫਿਰਾਈਆ । ਆਪਣਾ ਕਿਸੇ ਨਾ ਵਖਾਇਆ ਸ਼ਜਰਾ, ਹਦੂਦ ਸਮਝ ਕੋਇ ਨਾ ਪਾਈਆ । ਗੋਬਿੰਦ ਇਕੋ ਗਾਇਆ ਫ਼ਿਕਰਾ, ਫ਼ਕਤ ਤੇਰੀ ਮੰਗ ਮੰਗਾਈਆ । ਮੈਂ

ਲੇਖਾ ਛੱਡਿਆ ਬਾਜ਼ਾਂ ਤਿੱਤਰਾਂ, ਦਰ ਤੇਰੇ ਝੋਲੀ ਡਾਹੀਆ । ਤੇਰਾ ਨੂਰ ਨਿਰੰਜਣ ਤੇਰੇ ਕਿਸੇ ਨਾ ਚਿਤਰਾ, ਚਿਤਰਕਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸ਼ਾਹ ਸ਼ਹਿਨਸ਼ਾਹ ਹੋਏ ਨਾ ਕਿਸੇ ਮੁਹਤਾਜ, ਲੋੜਵੰਦ ਨਾ ਕੋਇ ਅਖਵਾਈਆ । ਆਪੇ ਜਾਣੇ ਧੁਰ ਦਾ ਰਾਜ, ਦਰਗਾਹ ਸਾਚੀ ਡੇਰਾ ਲਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤ ਵੇਖ ਵਖਾਈਆ । ਸਚਖੰਡ ਦਾ ਸੱਚਾ ਤਾਜ, ਸ੍ਰੀ ਭਗਵਾਨ ਬਣਤ ਬਣਾਈਆ । ਜਿਸ ਨੇ ਸਭ ਦੀ ਰੱਖਣੀ ਲਾਜ, ਪੜਦਾ ਸਭ ਦੇ ਸਿਰ ਤੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸਤਾਰਾਂ ਸੀਸ ਜਗਦੀਸ਼ ਆਪਣੇ ਆਪ ਟਿਕਾਈਆ । ਸੰਮਤ ਸਤਾਰਾਂ ਗਿਆ ਲੰਘ, ਹਰਿ ਆਪਣੀ ਕਲ ਧਰਾਈਆ । ਸੰਮਤ ਅਠਾਰਾਂ ਧੁਰ ਦੀ ਮੰਗ, ਦੋ ਹਜ਼ਾਰ ਬਿਕਰਮੀ ਰਹੀ ਕੁਰਲਾਈਆ । ਭਬੀਖਣ ਕਿਹਾ ਰਾਮ ਚੰਦ, ਚੰਦ ਰਾਮ ਤੇਰੀ ਸਰਨਾਈਆ । ਲੰਕਾਪਤੀ ਮੇਰੀ ਟੁੱਟੀ ਗੰਢ, ਸੈਨਾਪਤੀ ਤੇਰੀ ਵਡਿਆਈਆ । ਜਗਤ ਔਧ ਗਈ ਲੰਘ, ਤੇਰੀ ਸੇਵਾ ਨਾ ਕੋਇ ਕਮਾਈਆ । ਮੇਰਾ ਦੇ ਸੰਗ, ਪਾਰਬ੍ਰਹਮ ਤੇਰੀ ਸਰਨਾਈਆ । ਇਕੋ ਮੰਗਾਂ ਸਾਚੀ ਮੰਗ, ਦੋਏ ਜੋੜ ਵਾਸਤਾ ਪਾਈਆ । ਮੇਰੀ ਤੁਟੀ ਦੇਵੀਂ ਗੰਢ, ਗੰਢਣਹਾਰ ਗੋਪਾਲ ਗੋਸਾਈਂਆ । ਦਸਰਥ ਸੁਤ ਕਿਹਾ ਤੇਰੀ ਡੋਰ ਬੱਧੀ ਤੰਦ, ਤਾਰ ਤਾਰ ਨਾਲ ਗੰਢਾਈਆ । ਚੌਥੇ ਜੁਗ ਤੇਰਾ ਚਾੜ੍ਹੇ ਤੈਨੂੰ ਰੰਗ, ਰੰਗ ਤੇਰੀ ਸਮਝ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਵੀਹ ਸੌ ਅਠਾਰਾਂ ਬਿਕਰਮੀ ਖੇਲ ਅਪਾਰ, ਧੁਰ ਦੀ ਧਾਰ ਆਪ ਜਣਾਇੰਦਾ । ਜਿਸ ਖੰਜਰ ਕਟਾਰ ਕੀਤਾ ਜਗਤ ਸੁਧਾਰ, ਸੋ ਕਟਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰਾ, ਹਰਿ ਕਰਤਾ ਆਪ ਕਰਾਈਆ । ਵੀਹ ਸੌ ਉਨੀ ਖੇਲ ਅਪਾਰਾ, ਇਕ ਨੌ ਜੋੜ ਜੁੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਮੁਸਲਮ ਸੁੰਨੀ ਪਾਰ ਕਿਨਾਰਾ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਸਚਖੰਡ ਦਾ ਸਚ ਵਿਹਾਰਾ, ਸਤਿ ਸਤਿਵਾਦੀ ਆਪ ਸਮਝਾਈਆ । ਸਚਖੰਡ ਦਾ ਖੋਲ੍ਹ ਦਵਾਰਾ, ਸਾਚੇ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਲਏ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਇਕੱਠੇ, ਧੁਰ ਸੰਦੇਸ਼ ਆਪ ਜਣਾਈਆ । ਵੀਹ ਸੌ ਵੀਹ ਬਿਕਰਮੀ ਚਰਨੀ ਢੱਠੇ, ਪਹਿਲੀ ਚੇਤਰ ਖ਼ੁਸ਼ੀ ਮਨਾਈਆ । ਸਾਰੇ ਕਹਿਣ ਸਾਡੇ ਮੁੱਕੇ ਰੱਟੇ, ਪਿਛਲਾ ਲੇਖਾ ਕੋਇ ਰਹਿਣ ਨਾ ਪਾਈਆ । ਤੇਰੇ ਪ੍ਰੇਮ ਪਿਆਰ ਦੇ ਅੰਦਰ ਰੱਤੇ, ਰਤਾ ਰੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਪਹਿਲੀ ਚੇਤਰ ਬੀਸ ਬੀਸ, ਆਏ ਤੇਰੀ ਸ਼ਰਨਾਈਆ । ਤੇਰਾ ਕਲਮਾ ਤੇਰੀ ਹਦੀਸ, ਤੇਰੇ ਨਾਮ ਵਡਿਆਈਆ । ਤੇਰਾ ਢੋਲਾ ਤੇਰਾ ਗੀਤ, ਤੇਰਾ ਰਾਗ ਅਲਾਈਆ । ਤੇਰਾ ਮੰਦਰ ਤੇਰੀ ਮਸੀਤ, ਤੇਰਾ ਮੱਠ ਨਜ਼ਰੀ ਆਈਆ । ਤੇਰਾ ਖੇਲ ਪ੍ਰਭ ਅਨਡੀਠ, ਵੇਖ ਵੇਖ ਦਰਸਾਈਆ । ਤੇਰੇ ਚਰਨ ਇਕ ਪ੍ਰੀਤ,

ਪੁਰਖ ਅਕਾਲ ਸੱਚੀ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਬੈਠੇ ਮੰਗ ਮੰਗਾਈਆ । ਪਹਿਲੀ ਚੇਤਰ ਮੰਗ ਅਪਾਰ, ਗੁਰ ਗੋਬਿੰਦ ਇਕ ਮੰਗਾਈਆ । ਸੂਲਾਂ ਸੱਥਰ ਤੇਰਾ ਯਾਦ, ਭੁੱਲ ਕਦੇ ਨਾ ਜਾਈਆ । ਪੂਰਾ ਕਰ ਕੌਲ ਇਕਰਾਰ, ਅਭੁੱਲ ਤੇਰੀ ਵਡਿਆਈਆ । ਗੁਰਮੁਖ ਸੱਜਣ ਮੇਰੇ ਤਾਰ, ਗੁਰਸਿਖ ਲੈ ਉਠਾਈਆ । ਨਿਰਗੁਣ ਹੋ ਕੇ ਦੇ ਦੀਦਾਰ, ਸਰਗੁਣ ਪਰਦਾ ਲਾਹੀਆ । ਅੰਦਰ ਵੜ ਕੇ ਕਰ ਪਿਆਰ, ਪ੍ਰੇਮ ਪ੍ਰੀਤੀ ਸਚ ਹੰਢਾਈਆ । ਸੱਖੀਆਂ ਗਾ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਨਾਤਾ ਤੋੜ ਸਰਬ ਸੰਸਾਰ, ਹਰਿਜਨ ਸਾਚੇ ਲੈ ਪਰਨਾਈਆ । ਮੈਂ ਵੀ ਵੇਖਾਂ ਆ ਕੇ ਵਿਚ ਦਰਬਾਰ, ਗੁਰ ਅਵਤਾਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਮਾਣ ਵਡਿਆਈਆ । ਸਦ ਵਡਿਆਈ ਦੇ ਮਾਣ, ਪ੍ਰਭ ਤੇਰੀ ਓਟ ਤਕਾਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਦਿਵਸ ਮਹਾਨ, ਸਾਰੇ ਬੈਠੇ ਧਿਆਨ ਲਗਾਈਆ । ਕਿਸ ਬਿਧ ਹੁਕਮ ਦੇਵੇ ਹੁਕਮਰਾਨ, ਹਾਕਮ ਆਪਣਾ ਹੁਕਮ ਸੁਣਾਈਆ । ਸ਼ਹਿਨਸ਼ਾਹ ਬਣੇ ਵਿਚ ਜਹਾਨ, ਪਾਤਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਆਪਣੀ ਬੇਪਰਵਾਹੀ ਵਿਚ ਸਮਾਈਆ । ਪੰਦਰਾਂ ਕੱਤਕ ਵੇਖ ਨਜ਼ਾਰਾ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਗੋਬਿੰਦ ਕਹੇ ਮੇਰੇ ਗੁਰਮੁਖਾਂ ਕੀਤਾ ਪਿਆਰਾ, ਪ੍ਰੀਤੀ ਮੇਰੇ ਨਾਲ ਨਿਭਾਈਆ । ਇਕੀਆਂ ਸੀਸ ਬੰਨ੍ਹ ਦਸਤਾਰਾ, ਦਿਵਸ ਰੈਣ ਰੂਪ ਵਖਾਈਆ । ਸਤਿ ਸਤਿ ਦਾ ਸਤਿ ਕਿਨਾਰਾ, ਤਿੰਨੇ ਕੂਟਾਂ ਵੰਡ ਵੰਡਾਈਆ । ਰਾਹ ਦਿਸੇ ਨਾ ਕੋਈ ਵਿਚ ਸੰਸਾਰਾ, ਤਾਕੀ ਬੰਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਖੇਲ ਵੇਖ ਖ਼ੁਸ਼ੀ ਮਨਾਈਆ । ਇਕੀਆਂ ਵੇਖ ਹੋਏ ਖ਼ੁਸ਼, ਮਿਲੇ ਮਾਣ ਵਡਿਆਈਆ । ਉਸ ਵੇਲੇ ਰਹੇ ਚੁੱਪ, ਕਹਿਣ ਕੁੱਛ ਨਾ ਪਾਈਆ । ਸ੍ਰੀ ਭਗਵਾਨ ਜਨ ਭਗਤ ਤੇਰੇ ਸੁਤ, ਪਿਤਾ ਪੁਰਖ ਇਕੋ ਨਜ਼ਰੀ ਆਈਆ । ਇਨ੍ਹਾਂ ਕੋਲੋਂ ਕਿਉਂ ਬੈਠਾ ਲੁਕ, ਜਿਹੜੇ ਤੇਰਾ ਨਾਮ ਧਿਆਈਆ । ਨਿਰਗੁਣ ਧਾਰੋਂ ਆਪ ਉਠ, ਨਿਰਵੈਰ ਨੂਰ ਕਰ ਰੁਸ਼ਨਾਈਆ । ਠਾਕਰ ਹੋ ਕੇ ਸੁਆਮੀ ਤੁੱਠ, ਮਿਹਰ ਨਜ਼ਰ ਟਿਕਾਈਆ । ਬਾਹੋਂ ਫੜ ਕੇ ਗੋਦੀ ਚੁੱਕ, ਆਪਣੇ ਗਲੇ ਲਗਾਈਆ । ਪਿਛਲਾ ਪੈਂਡਾ ਜਾਏ ਮੁੱਕ, ਮੁੱਕੇ ਜਗਤ ਲੋਕਾਈਆ । ਅੱਗੇ ਆਵੇ ਨਾ ਕੋਈ ਦੁੱਖ, ਰਾਏ ਧਰਮ ਨਾ ਦੇਵੇ ਸਜਾਈਆ । ਉਜਲ ਹੋਵੇ ਮਾਤ ਮੁੱਖ, ਗੁਰਮੁਖ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਹਾਲ ਮੁਰੀਦਾਂ, ਮੁਰਸ਼ਦ ਇਕੋ ਇਕ ਜਣਾਈਆ । ਪੰਦਰਾਂ ਕੱਤਕ ਪੀਰ ਪੈਗ਼ੰਬਰਾਂ ਕੀਤੀਆਂ ਈਦਾਂ, ਬਕਰੀਦ ਸਮਝ ਕੋਇ ਨਾ ਪਾਈਆ । ਪਿੱਛੇ ਵਡਿਆਈ ਮਿਲਦੀ ਰਹੀ ਜਗਤ ਸ਼ਹੀਦਾਂ, ਸ਼ਹਾਦਤ ਧਰਮ ਹੇਤ ਲੜਾਈਆ । ਹੁਣ ਪ੍ਰੇਮ ਪਿਆਰ ਦੀ ਕੱਟੇ ਆਪਣੀ ਹੱਥੀਂ ਰਸੀਦਾਂ, ਖੰਡਾ ਸੀਸ ਨਾ ਕੋਇ ਟਿਕਾਈਆ । ਗੁਰਸਿਖ ਮਰੇ ਨਾ ਕੋਈ ਮਾਰ ਕੇ ਚੀਕਾਂ, ਉਚੀ ਕੂਕ ਨਾ ਕੋਇ ਸੁਣਾਈਆ । ਜਿਸ ਦੀ ਗੋਬਿੰਦ ਰੱਖੀਆਂ ਉਡੀਕਾਂ, ਸੋ ਆਇਆ ਬੇਪਰਵਾਹੀਆ । ਵੀਹ ਸੌ ਵੀਹ ਤੋਂ ਅੱਗੇ ਪੈਣ ਨਾ ਦੇਵੇ ਤਰੀਕਾਂ, ਡੁੱਬਦੇ ਲਏ ਤਰਾਈਆ । ਮਾਣ ਤੋੜਨਾ ਗੁਰਸਿਖੋ ਤੁਹਾਡੇ ਸ਼ਰੀਕਾਂ, ਸ਼ਿਰਕਤ ਕੋਇ ਰਹਿਣ ਨਾ ਪਾਈਆ ।

੧੮੬
੧੯

ਕਬਾਬ ਭੁੰਨੇ ਸਭ ਦਾ ਉਤੇ ਸੀਖਾਂ, ਜੋ ਬੈਠੇ ਪ੍ਰਭ ਭੁਲਾਈਆ । ਦਰ ਆਇਆਂ ਦੇਵੇ ਮਾਣ ਨੀਚਾਂ, ਨੀਚੋਂ ਊਚ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਪੀਚਾ, ਗੰਢ ਨਾ ਕੋਇ ਖੁਲ੍ਹਾਈਆ । ਗੁਰਸਿਖ ਪ੍ਰਭ ਦਾ ਬਣਿਆ ਜੀਜਾ, ਫੜ ਬਾਹੋਂ ਘੋੜੀ ਚੜ੍ਹਾਈਆ । ਖ਼ੁਸ਼ੀਆਂ ਨਾਲ ਕਰੇ ਰੀਝਾ, ਗਲ ਸੋਹਣੇ ਹਾਰ ਪਹਿਨਾਈਆ । ਪਿਛਲਾ ਵੇਲਾ ਸਭ ਦਾ ਬੀਤਾ, ਅੱਗੇ ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹਵੀਂ ਸਦੀ ਦਏ ਵਡਿਆਈਆ । ਵੀਹਵੀਂ ਕਹੇ ਮੈਨੂੰ ਮਿਲਿਆ ਪੋਹ ਛੱਬੀ, ਛਿਬੀਆਂ ਦੇਵੇ ਨਾ ਕੋਇ ਲੋਕਾਈਆ । ਪ੍ਰਭ ਦਵਾਰੇ ਆਈ ਭੱਜੀ, ਹਰਿਸੰਗਤ ਮਿਲੇ ਵਡਿਆਈਆ । ਚਾਰ ਜੁਗ ਜੋ ਰਹੀ ਦੱਬੀ, ਦੀਨ ਮਜ਼੍ਹਬਾਂ ਵਿਚ ਧੱਕੇ ਖਾਈਆ । ਜਿਸ ਦਾ ਲੇਖਾ ਸੁੱਟਿਆ ਵਿਚ ਰੱਦੀ, ਅੱਖਰ ਕਰੇ ਨਾ ਕੋਇ ਪੜ੍ਹਾਈਆ । ਸੋ ਸਾਹਿਬ ਸਤਿਗੁਰ ਪ੍ਰੇਮ ਨਾਲ ਦਰ ਆਪਣੇ ਸੱਦੀ, ਸੱਦਾ ਦੇ ਮੰਗਵਾਈਆ । ਗੁਰਮੁਖੋ ਤੁਹਾਡੇ ਪਿੱਛੇ ਨੀਹਾਂ ਹੇਠ ਬੱਚਿਆਂ ਦੱਬੀ ਹੱਡੀ, ਮਹਲ ਅਟੱਲ ਦਿਤਾ ਬਣਾਈਆ । ਫੇਰ ਬਣਾਈ ਤੁਹਾਡੀ ਸਾਚੀ ਜੱਦੀ, ਪੁਸ਼ਤ ਆਪਣਾ ਹੱਥ ਟਿਕਾਈਆ । ਤੁਹਾਡੇ ਪ੍ਰੇਮ ਅੰਦਰ ਸੂਲਾਂ ਸੇਜ ਅਜੇ ਨਾ ਛੱਡੀ, ਇਕੀ ਵਿਸਾਖ ਅੱਲੜ ਪਿੰਡੀ ਆਇਆ ਹੰਢਾਈਆ । ਕੀ ਹੋਇਆ ਜੇ ਤਾਰੇ ਵਿਚੋਂ ਨਈਆ ਨਬੀ, ਨੌਕਾ ਆਪਣੇ ਕੰਧ ਉਠਾਈਆ । ਸ਼ਬਦੀ ਨੌਬਤ ਸਚ ਦਵਾਰੇ ਵੱਜੀ, ਦੋ ਜਹਾਨ ਰਹੀ ਜਗਾਈਆ । ਜੋਤ ਅਕਾਲਣ ਬਣ ਕੇ ਮਾਲਣ ਜਨ ਭਗਤਾਂ ਦਵਾਰੇ ਆਈ ਭੱਜੀ, ਆਪਣਾ ਪੰਧ ਮੁਕਾਈਆ । ਗੁਰਸਿਖ ਆਤਮ ਕੋਈ ਨਾ ਰਹੇ ਰੰਡੀ, ਕੰਤ ਸੁਹਾਗੀ ਲਏ ਮਿਲਾਈਆ । ਖੁੱਲ੍ਹੀ ਮੀਢੀ ਸੀਸ ਨਾ ਰਹੇ ਛੱਡੀ, ਨੱਕ ਨੱਥ ਸੁਹਾਗ ਆਪ ਪਵਾਈਆ । ਦੂਰ ਦੁਰਾਡਾ ਪਾਰ ਲੰਘਾ ਧਰਤ ਮਾਤ ਉਤੇ ਮਾਰਦੀਆਂ ਆਈਆਂ ਅੱਡੀ, ਪੰਧ ਮੁਕਿਆ ਵਾਹੋ ਦਾਹੀਆ । ਜਿਨ੍ਹਾਂ ਪ੍ਰੀਤੀ ਧੁਰਦਰਗਾਹੀ ਲੱਗੀ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਵੇਖੋ ਪ੍ਰਭ ਤੁਹਾਨੂੰ ਮਿਲਦਾ ਅੱਜੀ ਪੱਜੀ, ਰਾਤੀਂ ਸੁਤਿਆਂ ਦਰਸ ਦਿਖਾਈਆ । ਗੁਰ ਗੋਬਿੰਦ ਧਾਰ ਇਕੋ ਬੱਧੀ, ਨਾ ਸਕੇ ਕੋਇ ਤੁੜਾਈਆ । ਚਲ ਕੇ ਆਈ ਵੀਹਵੀਂ ਸਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਤੇਰਾ ਖੇਲ ਸੋਹਣਾ, ਪ੍ਰਭ ਸੋਹਣੀ ਬਣਤ ਬਣਾਈਆ । ਜਨ ਭਗਤਾਂ ਅੰਦਰ ਵੜ ਕੇ ਸੌਣਾ, ਆਪਣੀ ਸੇਜ ਹੰਢਾਈਆ । ਆਤਮ ਪਰਮਾਤਮ ਢੋਲਾ ਗੌਣਾ, ਸੋਹੰ ਰਾਗ ਅਲਾਈਆ । ਪ੍ਰੇਮ ਪ੍ਰੀਤੀ ਜਾਮ ਪਿਆਉਂਣਾ, ਸਚ ਖ਼ੁਮਾਰ ਚੜ੍ਹਾਈਆ । ਵਿਛੜਿਆਂ ਨੂੰ ਆਣ ਮਿਲਾਉਣਾ, ਆਪਣੇ ਅੰਗ ਲਗਾਈਆ । ਗ਼ਰੀਬ ਨਿਮਾਣਿਆਂ ਗੋਦ ਬਹਾਉਣਾ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਸੱਥਰ ਸੇਜ ਦਾ ਮੁਲ ਪੁਆਉਣਾ, ਕੀਮਤ ਆਪੇ ਰਿਹਾ ਚੁਕਾਈਆ । ਗੋਬਿੰਦ ਤੇਰਾ ਵਕਤ ਸੁਹਾਉਣਾ, ਸੁਹੰਜਣੀ ਘੜੀ ਖ਼ੁਸ਼ੀ ਮਨਾਈਆ । ਇਕੀਆਂ ਸਿਰ ਛਤਰ ਝੁਲਾਉਣਾ, ਇੱਕੀ ਆਪਣੀ ਗੰਢ ਪੁਆਈਆ । ਬੀਸ ਇਕੀਸ ਭੇਵ ਖੁਲਾਉਣਾ, ਵੇਖੇ ਸੁਣੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਤੇਰੀ ਵੇਖ ਸੱਚ, ਸਚ ਵੱਜੀ ਵਧਾਈਆ । ਖ਼ੁਸ਼ੀਆਂ ਨਾਲ ਰਹੇ ਨੱਚ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਰਹੇ ਦੱਸ, ਵੇਖੋ ਚਾਈਂ ਚਾਈਆ । ਪੁਰਖ ਅਕਾਲ ਕੀਤਾ ਇਕੱਠ, ਹਰਿਸੰਗਤ ਸੰਗ ਨਿਭਾਈਆ । ਨਾਤਾ ਤੋੜ ਅਠਸਠ, ਚਰਨ ਧੂੜੀ ਇਸ਼ਨਾਨ ਰਿਹਾ ਕਰਾਈਆ । ਲੇਖਾ ਚੁਕਾ ਮੰਦਰ ਮਸੀਤ ਮੱਠ, ਕਾਇਆ ਬੰਕ ਇਕ

ਸੁਹਾਈਆ । ਇਕੋ ਮਾਰਗ ਰਿਹਾ ਦੱਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਿਹਾ ਸਮਝਾਈਆ । ਇਕੋ ਧੀਰਜ ਦੇਵੇ ਜਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਇਕੋ ਆਪਣੇ ਮਿਲਣ ਦੀ ਦੇਵੇ ਅੱਖ, ਨਿਜ ਨੇਤਰ ਨੈਣ ਖੁਲ੍ਹਾਈਆ । ਤਿਸ ਦੀ ਚਰਨੀ ਜਾਈਏ ਢੱਠ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਬਣਤ ਬਣਾਈਆ । ਪ੍ਰਭ ਸਾਚੀ ਬਣਤ ਬਣਾਉਂਦਾ ਏ । ਕਲ ਅਚਰਜ ਖੇਲ ਰਚਾਉਂਦਾ ਏ । ਨਿਰਗੁਣ ਨਿਰਵੈਰ ਹੋ ਕੇ ਆਉਂਦਾ ਏ । ਧੁਰ ਦਾ ਢੋਲਾ ਰਾਗ ਸੁਣਾਉਂਦਾ ਏ । ਸਾਚਾ ਸੋਹਲਾ ਆਪ ਅਲਾਉਂਦਾ ਏ । ਮੌਲਾ ਆਪਣਾ ਰੂਪ ਵਖਾਉਂਦਾ ਏ । ਕੀਤਾ ਕੌਲ ਤੋੜ ਨਿਭਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਉਂਦਾ ਏ । ਜਨ ਭਗਤ ਵਡਿਆਈ ਸਾਚੀ ਇੱਕੀ, ਹਰਿ ਕਰਤਾ ਆਪ ਜਣਾਇੰਦਾ । ਗੋਬਿੰਦ ਮੰਗੀ ਇਹੋ ਸਿਖੀ, ਜਿਸ ਸਿਖਿਆ ਵਿਚ ਪੁਰਖ ਅਕਾਲ ਸਮਾਇੰਦਾ । ਖੰਡਿਉਂ ਧਾਰੋਂ ਇਹੋ ਨਿੱਕੀ, ਜਿਸ ਦਾ ਰੂਪ ਨਜ਼ਰ ਨਾ ਆਇੰਦਾ । ਜਗਤ ਵਾਲੋਂ ਇਹੋ ਨਿੱਕੀ, ਜੋ ਅੰਦਰੇ ਅੰਦਰ ਬਣਾਇੰਦਾ । ਮਾਛੂਵਾੜੇ ਦੀ ਸੱਚੀ ਚਿੱਠੀ, ਪੁਰਖ ਅਕਾਲ ਪੜ੍ਹ ਸੁਣਾਇੰਦਾ । ਜਿਸ ਦੇ ਉਤੇ ਵੀਹ ਸੌ ਵੀਹ ਬਿਕਰਮੀ ਲਿਖੀ ਮਿਤੀ, ਮਿੱਤਰ ਪਿਆਰਾ ਆਪਣੇ ਵਿਚ ਛੁਪਾਇੰਦਾ । ਕੋਈ ਨਾ ਜਾਣੇ ਮੁਨੀ ਰਿਖੀ, ਸਾਧ ਸੰਤ ਭੇਵ ਨਾ ਪਾਇੰਦਾ । ਸਭ ਦੀ ਕੀਤੀ ਕੀਤੀ ਫਿਕੀ, ਰਸ ਆਪਣਾ ਆਪ ਭਰਾਇੰਦਾ । ਦੋ ਜਹਾਨ ਜਾਏ ਨਾ ਭਿੱਟੀ, ਪੂਰਾ ਰੂਪ ਨਾ ਕੋਇ ਰਖਾਇੰਦਾ । ਜੇ ਕੋਈ ਵੇਖੇ ਨੀਹਾਂ ਹੇਠ ਉਹ ਰਖਾਈ ਚਿੱਠੀ, ਜਿਸ ਦੇ ਉਪਰ ਅੱਖਰ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੮੮ ਇੱਕੀਆਂ ਨਾਲ ਇੱਕੀ ਜੁੜਾਇੰਦਾ । ਗੋਬਿੰਦ ਤੇਰੀ ਇੱਕੀ ਜੋੜਾਂ, ਜੋੜੀ ਪੁੱਤਰਾਂ ਨਾਲ ਮਿਲਾਈਆ । ਜਿਸ ਦੀ ਪੁਰਖ ਅਕਾਲ ਨੂੰ ਪਈ ਲੋੜਾ, ਤੇਰੀ ਲੋੜ ਰਹੇ ਨਾ ਰਾਈਆ । ਇਹੋ ਜਵਾਬ ਉਦੋਂ ਦਿਤਾ ਕੋਰਾ, ਤੇਰੀ ਵਸਤ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਤੇਰੀ ਆ ਗਈ ਮਿਤੀ, ਮਿੱਤਰ ਪਿਆਰੇ ਤੇਰੇ ਹੱਥ ਵਡਿਆਈਆ । ਮੇਰੀ ਅਰਦਾਸ ਇਕੋ ਨਿੱਕੀ, ਨਿੱਕੀ ਨਿੱਕੀ ਗ਼ੁਫ਼ਤਾਰ ਸੁਣਾਈਆ । ਤੇਰੀ ਝੋਲੀ ਪਾਏ ਤੇਰੀ ਸਿੱਖੀ, ਫ਼ਤਹਿ ਡੰਕਾ ਵਾਹਿਗੁਰੂ ਤੇਰਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਮੇਰਾ ਲੇਖਾ ਮੂਲ ਚੁਕਾਈਆ । ਮੇਰਾ ਲੇਖਾ ਮੂਲ ਚੁਕਾ ਆਪ, ਬੇਪਰਵਾਹ ਮੇਰੇ ਗੁਸਾਈਆ । ਤੂੰ ਸਾਹਿਬ ਸੱਜਣ ਬਣ ਸਾਕ, ਦੋ ਜਹਾਨ ਨਾ ਹੋਣ ਜੁਦਾਈਆ । ਇਕੋ ਵਾਰੀ ਗਿਆ ਆਖ, ਅਭੁੱਲ ਭੁੱਲ ਜਾਈਂ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚ ਗੋਸਾਈਂਆ । ਸਚ ਗੋਸਾਈਂ ਮੇਰੇ ਸਾਹਿਬ, ਹੱਥ ਤੇਰੇ ਵਡਿਆਈਆ । ਤੇਰੀ ਮਹਿਮਾ ਅਚਰਜ ਅਜਾਇਬ, ਲੀਲਾ ਗਣਤ ਗਣੀ ਨਾ ਜਾਈਆ । ਤੇਰਾ ਲੇਖਾ ਸਭ ਤੋਂ ਹੋਇਆ ਗਾਇਬ, ਗੋਬਿੰਦ ਚਿੱਠੀ ਹੱਥ ਕਿਸੇ ਨਾ ਆਈਆ । ਤੇਰਾ ਦੂਜਾ ਬਣਿਆ ਨਾ ਕੋਈ ਨਾਇਬ, ਜੋ ਪੜਦਾ ਦਏ ਚੁਕਾਈਆ । ਜੋ ਆਇਆ ਸੋ ਤੇਰੇ ਮਤਾਇਤ, ਗੁਰ ਅਵਤਾਰ ਪੀਰ ਪੈਗ਼ੰਬਰ ਦੂਰ ਦੁਰਾਡੇ ਬੈਠੇ ਧਿਆਨ ਲਗਾਈਆ । ਸਾਰੇ ਕਹਿਣ ਪ੍ਰਭ ਤੇਰੀ ਮੰਨੀਏ ਰਹਿਤ, ਪਿਛਲੀ ਛੱਡੀ ਸਰਬ ਲੋਕਾਈਆ । ਤੇਰੇ ਨਾਮ ਦਾ ਚਾਰੋਂ ਕੁੰਟ ਪਿਆ ਕਹਿਤ, ਦਰ ਦਰ ਘਰ ਘਰ

ਜਾ ਨਾ ਕੋਇ ਵਰਤਾਈਆ । ਇਕ ਦੂਜੇ ਨਾਲ ਸਾਰੇ ਰਹੇ ਬਹਿਸ, ਪੰਡਤ ਪਾਂਧੇ ਮੁਲਾਂ ਸ਼ੇਖ਼ ਗ੍ਰੰਥੀ ਪੰਥੀ ਕਰਨ ਲੜਾਈਆ । ਤੇਰੇ ਨਾਮ ਤੋਂ ਆਵੇ ਤਹਿਸ਼, ਨਿਵਣ ਸੋ ਅੱਖਰ ਝੋਲੀ ਕੋਈ ਨਾ ਪਾਈਆ । ਸਾਡੀ ਕੋਈ ਨਾ ਚਲੇ ਪੇਸ਼, ਸਾਰੇ ਬੈਠੇ ਮੁਖ ਭਵਾਈਆ । ਤੂੰ ਆਪ ਆਪੇ ਵੇਖ, ਤੇਰੇ ਹੱਥ ਵਡਿਆਈਆ । ਇੱਕੀਆਂ ਦੇ ਆਪਣਾ ਭੇਤ, ਇੱਕੀ ਅੱਗੇ ਇੱਕੀ ਪਿਛੇ ਇੱਕੀਆਂ ਵਿਚ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰਵਾਨ ਉਠਾ ਮਿਹਰ ਨਜ਼ਰ, ਦਰ ਇਕੋ ਇਕ ਮੰਗ ਮੰਗਾਈਆ । ਪਰਵਰਦਿਗਾਰ ਕਰ ਫ਼ਜ਼ਲ, ਰਹਿਮਤ ਆਪ ਕਮਾਈਆ । ਨਿਰਵੈਰ ਪੁਰਖ ਤੇਰਾ ਅਦਲ, ਅਦਾਲਤ ਇਕੋ ਸੋਭਾ ਪਾਈਆ । ਸਭ ਦੇ ਸਿਰ ਤੇ ਕੂਕਦੀ ਅਜ਼ਲ, ਲੋਕਮਾਤ ਸਕੇ ਨਾ ਕੋਇ ਬਚਾਈਆ । ਪੀਰ ਪੈਗ਼ੰਬਰ ਤੇਰੇ ਨਾਮ ਦੀ ਗੌਣ ਗ਼ਜ਼ਲ, ਗ਼ਰਜ਼ ਆਪਣੀ ਇਕ ਪਰਗਟਾਈਆ । ਸਾਡੀ ਧਾਰਾ ਸਭ ਦੀ ਬਦਲ, ਬਦਲਾ ਚੁੱਕੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਵੇਖ ਪ੍ਰਭ ਮੇਰੇ ਮਿੱਤਰ, ਨੇਤਰ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਆਏ ਤੇਰਾ ਜ਼ਿਕਰ, ਦੋਏ ਜੋੜ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਂਦੇ ਬਿਤਰ ਬਿਤਰ, ਨੀਰ ਵਹਾਵਣ ਮਾਰਨ ਧਾਈਆਂ । ਜਿਨ੍ਹਾਂ ਦੇ ਸਾਹਿਬ ਵਸਿਆ ਨੇੜੇ ਅੰਦਰ, ਦਵਾਰੇ ਆਇਆ ਮਾਹੀਆ । ਜੁਗ ਚੌਕੜੀ ਜਿਨ੍ਹਾਂ ਦਾ ਰਾਹ ਤੱਕਦਾ ਰਿਹਾ ਕਰ ਕੇ ਵੱਡੇ ਜੇਰੇ ਸਬਰ, ਸਬੂਰੀ ਆਪਣੇ ਨਾਲ ਹੰਢਾਈਆ । ਮਿਹਰਵਾਨ ਹੋ ਕੇ ਕਰੇ ਮਿਹਰ ਨਜ਼ਰ, ਨਜ਼ਰ ਇਕ ਟਿਕਾਈਆ । ਡੁੱਬਦੇ ਫੜ ਫੜ ਤਾਰੇ ਬੇੜੇ, ਬੇੜਾ ਆਪਣੇ ਕੰਧ ਉਠਾਈਆ । ਕੂੜੀ ਕਿਰਿਆ ਪਏ ਝੇੜੇ, ਇਕੋ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਕਰ ਧਿਆਨ, ਆਪਣਾ ਨੈਣ ਉਠਾਈਆ । ਬਾਹਰ ਖੜੇ ਤੇਰੇ ਮਹਿਮਾਨ, ਦਰ ਆਏ ਆਸ ਰਖਾਈਆ । ਸਾਡੀ ਕਰੇ ਸਚ ਪਹਿਚਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਚਰਨ ਕਵਲ ਕਰੇ ਪਰਵਾਨ, ਸਿਰ ਆਪਣਾ ਹੱਥ ਰਖਾਈਆ । ਸਚ ਵਖਾਏ ਇਕ ਨਿਸ਼ਾਨ, ਜਿਸ ਦਾ ਰੰਗ ਸਮਝ ਕੋਇ ਨਾ ਪਾਈਆ । ਧੁਰ ਦਾ ਦੇਵੇ ਇਕ ਗਿਆਨ, ਸਾਚੀ ਕਰੇ ਸਤਿ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਗੋਬਿੰਦ ਕਹੇ ਪ੍ਰਭ ਖੋਲ੍ਹ ਅੱਖ, ਨੇਤਰ ਨੈਣ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਢੱਠ, ਧੂੜੀ ਟਿੱਕਾ ਮਸਤਕ ਲਾਈਆ । ਅੱਗੇ ਪਿੱਛੇ ਆਏ ਨੱਠ, ਬਣ ਪਾਂਧੀ ਪੰਧ ਮੁਕਾਈਆ । ਤੇਰਾ ਨਾਉਂ ਰਹੇ ਰਟ, ਧੁਨ ਇਕੋ ਰਾਗ ਅਲਾਈਆ । ਇਕੋ ਤੇਰੀ ਲੈਣ ਮੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪਰਵਰਦਿਗਾਰ ਤੇਰੀ ਸਰਨਾਈਆ । ਵਿਸ਼ਨੂੰ ਅੱਗੋਂ ਜੋੜੇ ਹੱਥ, ਨਿਉਂ ਨਿਉਂ ਸੀਸ ਝੁਕਾਇੰਦਾ । ਬ੍ਰਹਮਾ ਕਹੇ ਪਤ ਰੱਖ, ਦਰ ਤੇਰੇ ਵਾਸਤਾ ਪਾਇੰਦਾ । ਸ਼ੰਕਰ ਕਹੇ ਮੈਂ ਭੋਲਾ ਨਾਥ, ਸੁੱਧ ਬੁੱਧ ਨਾ ਕੋਇ ਜਣਾਇੰਦਾ । ਤੇਈ ਅਵਤਾਰ ਕਹਿਣ ਅਸੀਂ ਹੋਏ ਦਾਸ, ਦਾਸੀ ਰੂਪ ਸਰਬ ਵਟਾਇੰਦਾ । ਈਸਾ ਮੂਸਾ ਮੁਹੰਮਦ ਕਹਿਣ ਆਏ ਛਾਣ ਧੂੜੀ ਖ਼ਾਕ, ਪਹਿਚਾਨ ਨਜ਼ਰ ਕੋਇ ਨਾ ਆਇੰਦਾ । ਨਾਨਕ ਨਿਰਗੁਣ ਕਹੇ ਖੋਲ੍ਹ ਤਾਕ, ਦਵਾਰਾ ਤੇਰਾ ਇਕੋ ਸੋਭਾ ਪਾਇੰਦਾ । ਭਗਤ ਅਠਾਰਾਂ ਕਹਿਣ ਅਸੀਂ ਜਨ

ਭਗਤ ਵੇਖੀਏ ਸਾਕ, ਸੱਜਣ ਸੰਗ ਨਾ ਕੋਇ ਰਖਾਇੰਦਾ । ਰਲ ਮਿਲ ਕਰੀਏ ਇਕੋ ਬਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਅੱਗੇ, ਅਗਲੀ ਕਹਾਣੀ ਦਏ ਜਣਾਈਆ । ਦਰ ਆਏ ਸਾਰੇ ਲੱਗੇ ਚੰਗੇ, ਫੁੱਲਾਂ ਸੇਜ ਹੇਠ ਵਿਛਾਈਆ । ਪ੍ਰੇਮ ਪ੍ਰੀਤੀ ਅੰਦਰ ਬੱਝੇ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਤੱਕਦੇ ਜਾਓ, ਸੱਜੇ ਖੱਬੇ ਧਿਆਨ ਲਗਾਈਆ । ਰਸਨਾ ਜਿਹਵਾ ਹੱਸਦੇ ਆਓ, ਖ਼ੁਸ਼ੀਆਂ ਗੀਤ ਅਲਾਈਆ । ਭਗਤ ਦਵਾਰੇ ਵੜਦੇ ਆਓ, ਆਪਣਾ ਸੀਸ ਝੁਕਾਈਆ । ਸੋਹੰ ਢੋਲਾ ਪੜ੍ਹਦੇ ਆਓ, ਇਕੋ ਰਾਗ ਅਲਾਈਆ । ਸਾਚੇ ਪੌੜੇ ਚੜ੍ਹਦੇ ਆਓ, ਆਪਣਾ ਪੰਧ ਮੁਕਾਈਆ । ਪ੍ਰਭ ਸਰਨਾਈ ਪਰਦੇ ਆਓ, ਮਾਣ ਅਭਿਮਾਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਪੱਲੂ ਦਏ ਫੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਸਾਢੇ ਤਿੰਨ ਹੱਥ, ਹਰਿ ਅਗਲੀ ਵੰਡ ਵੰਡਾਈਆ । ਜਿਸ ਦੇ ਉਤੇ ਬਹਿ ਕੇ ਜਨ ਭਗਤਾਂ ਲਏ ਰੱਖ, ਸਿਰ ਆਪਣਾ ਹੱਥ ਰਖਾਈਆ । ਏਥੇ ਟੇਕੋ ਸਾਰੇ ਮੱਥ, ਮਸਤਕ ਧੂੜੀ ਨਾਲ ਰਗੜਾਈਆ । ਹੁਕਮ ਦੇਵੇ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਸਾਰੇ ਤੱਕਦੇ, ਸੱਜੇ ਖੱਬੇ ਧਿਆਨ ਲਗਾਈਆ । ਗੁਰਮੁਖ ਸੋਹਣੇ ਚੰਗੇ ਫਬਦੇ, ਚੀਰੇ ਰੰਗਦਾਰ ਬੰਨ੍ਹਾਈਆ । ਦਰਸ ਦੀਦਾਰ ਇਕੋ ਮੰਗਦੇ, ਬਿਨ ਪੁਰਖ ਅਕਾਲ ਦੂਜੀ ਓਟ ਨਾ ਕੋਇ ਤਕਾਈਆ । ਪ੍ਰੇਮ ਪ੍ਰੀਤੀ ਦਾਨ ਵੰਡਦੇ, ਵਸਤ ਇਕੋ ਇਕ ਵਰਤਾਈਆ । ਚਰਨ ਪ੍ਰੀਤੀ ਨਾਲ ਹੰਢਦੇ, ਨਾਤਾ ਛੁੱਟਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਸੁਣੋ ਗੁਰ ਅਵਤਾਰ, ਸੋ ਸਚ ਸੱਚ ਜਣਾਈਆ । ਦਰਸ਼ਨ ਕਰੋ ਨਾਲ ਪਿਆਰ, ਗੁਰਮੁਖ ਸਾਰੇ ਨਜ਼ਰੀ ਆਈਆ । ਜਿਨ੍ਹਾਂ ਅੰਦਰ ਵੜਿਆ ਨਿਰੰਕਾਰ, ਘਰ ਬੈਠਾ ਡੇਰਾ ਲਾਈਆ । ਏਹਨਾਂ ਨਾਲ ਕਰੋ ਪਿਆਰ, ਚਾਰ ਜੁਗ ਦੇ ਵਿਛੜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਸਾ ਸਭ ਦੀ ਪੂਰ ਕਰਾਈਆ । ਤੇਈ ਅਵਤਾਰ ਆਏ ਵੇਖਣ, ਆਪਣਾ ਧਿਆਨ ਲਗਾਈਆ । ਇਹਨਾਂ ਪਿੱਛੇ ਗੋਬਿੰਦ ਆਪਣੇ ਬੱਚੇ ਕੀਤੇ ਭੇਟਣ, ਭੇਟਾ ਇਕੋ ਵਾਰ ਚੜ੍ਹਾਈਆ । ਇਹ ਗੁਰਸਿਖ ਗੋਬਿੰਦ ਦੀ ਗੋਦੀ ਖੇਡਣ, ਖ਼ੁਸ਼ੀਆਂ ਨਾਲ ਖ਼ੁਸ਼ੀ ਮਨਾਈਆ । ਗੁਰਸਿਖ ਆਪਣਾ ਆਪ ਆਏ ਵੇਚਣ, ਪੁਰਖ ਅਕਾਲ ਕੀਮਤ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਈਸਾ ਮੂਸਾ ਮੁਹੰਮਦ ਕਹਿਣ, ਗੋਬਿੰਦ ਇਹ ਕੌਣ ਜਿਨ੍ਹਾਂ ਬੱਧੇ ਚੀਰੇ, ਸੀਸ ਆਪਣੇ ਰੰਗ ਰੰਗਾਈਆ । ਗੋਬਿੰਦ ਕਹੇ ਇਹ ਮੇਰੇ ਨਿੱਕੇ ਨਿੱਕੇ ਹੀਰੇ, ਜਿਨ੍ਹਾਂ ਨਾਲ ਮੇਰੀ ਵਡਿਆਈਆ । ਜਿਨ੍ਹਾਂ ਦੀ ਮੈਨੂੰ ਵੀ ਲੱਗੇ ਪੀੜੇ, ਮੇਰੀ ਪੀੜ ਪੁਰਖ ਅਕਾਲ ਵੰਡਾਈਆ । ਜਿਨ੍ਹਾਂ ਵਿਚ ਨਾ ਕੋਈ ਸ਼ਰਅ ਨਾ ਜੰਜੀਰੇ, ਨਾ ਕੋਈ ਗੰਢ ਪੁਆਈਆ । ਇਹ ਗੁਰਸਿਖ ਚੋਟੀ ਚੜ੍ਹੇ ਅਖ਼ੀਰੇ, ਜਿਥੇ ਮਿਲੇ ਬੇਪਰਵਾਹੀਆ । ਕਲਜੁਗ ਅੰਤਮ ਈਸਾ ਮੂਸਾ ਮੁਹੰਮਦ ਤੁਹਾਡੇ ਮੁਰੀਦ ਹੋਏ ਬੇਪੀਰੇ, ਜੋ ਤੁਹਾਡੀ ਸਿਖਿਆ ਗਏ ਭੁਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਭਗਤ ਅਠਾਰਾਂ ਆਏ ਅੱਗੇ, ਭੱਜਣ ਵਾਹੋ ਦਾਹੀਆ । ਕਬੀਰ ਕਹੇ ਕਿਉਂ ਸੋਹਣੇ ਲੱਗੇ, ਕਿਉਂ ਦੇਵੇਂ ਮਾਣ ਵਡਿਆਈਆ । ਪੁਰਖ ਅਕਾਲ ਕਹੇ ਇਹ ਮੇਰੀ ਪ੍ਰੀਤੀ ਬੱਝੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੋਬਿੰਦ ਕਹੇ ਮੈਂ ਏਹਨਾਂ ਦੇ ਸੱਜੇ ਖੱਬੇ, ਅੱਠੇ ਪਹਿਰ ਸੇਵ ਕਮਾਈਆ । ਲੱਖ ਚੁਰਾਸੀ ਵਿਚੋਂ ਥੋੜੇ ਲੱਭੇ, ਜਿਨ੍ਹਾਂ ਆਪਣਾ ਮੇਲ ਮਿਲਾਈਆ । ਭਗਤ ਦਵਾਰੇ ਫਿਰਨ ਭੱਜੇ, ਸੋਹਣੀ ਰਚਨ ਰਚਾਈਆ । ਸ੍ਰੀ ਭਗਵਾਨ ਪੜਦੇ ਕੱਜੇ, ਸਿਰ ਆਪਣਾ ਓਢਣ ਇਕ ਟਿਕਾਈਆ । ਡੂੰਘੀ ਡਿਗੇ ਨਾ ਕੋਈ ਖੱਡੇ, ਫੜ ਬਾਹੋਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਨਾਨਕ ਕਹੇ ਮੋਹੇ ਚੜ੍ਹਿਆ ਚਾਉ, ਘਰ ਵੱਜੀ ਸਚ ਵਧਾਈਆ । ਪੁਰਖ ਅਕਾਲ ਕਰੇ ਨਿਆਉਂ, ਮਿਹਰਵਾਨ ਹੋਏ ਸਹਾਈਆ । ਗੁਰਮੁਖ ਗੁਰਸਿਖ ਪਕੜੇ ਬਾਹੋਂ, ਫੜ ਬਾਹੋਂ ਲਏ ਮਿਲਾਈਆ । ਨਿਥਾਵਿਆਂ ਦੇਵੇ ਥਾਉਂ, ਚਰਨ ਕਵਲ ਇਕ ਸਰਨਾਈਆ । ਨਗਰ ਖੇੜਾ ਵਸਾਏ ਗਾਉਂ, ਸਾਢੇ ਤਿੰਨ ਹੱਥ ਸੋਭਾ ਪਾਈਆ । ਤਿਸ ਸਾਹਿਬ ਬਲ ਬਲ ਜਾਉਂ, ਜੋ ਡੁੱਬਦੇ ਰਿਹਾ ਤਰਾਈਆ । ਨਿਰਗੁਣ ਸਰਗੁਣ ਲਾਏ ਪਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਸੁਖਦਾਈਆ । ਗੋਬਿੰਦ ਕਹੇ ਮੈਂ ਹੋਇਆ ਦਿਆਲ, ਦਿਆਲਤਾ ਤੇਰੀ ਨਾਲ ਰਲਾਈਆ । ਲੇਖਾ ਚੁਕਿਆ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਵੇਖ ਵਖਾਈਆ । ਮੇਰਾ ਬੂਟਾ ਲਿਆ ਪਾਲ, ਬਣ ਮਾਲੀ ਸੇਵ ਕਮਾਈਆ । ਆ ਕੇ ਪੁੱਛਿਆ ਮੁਰੀਦਾਂ ਹਾਲ, ਮੁਰਸ਼ਦ ਵੇਸ ਵਟਾਈਆ । ਸੰਤ ਸੁਹੇਲੇ ਲਏ ਭਾਲ, ਗੁਰ ਚੇਲੇ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਗੁਰ ਅਵਤਾਰ ਪੀਰ ਪੈਗੰਬਰ ਵੇਖੋ ਭਗਤ, ਹਰਿ ਭਗਤੀ ਇਕ ਦ੍ਰਿੜਾਇੰਦਾ । ਪੁਰਖ ਅਕਾਲ ਦੀ ਸਾਚੀ ਸ਼ਕਤ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਦੇਵੇ ਵਡਿਆਈ ਵਿਚ ਜਗਤ, ਜਾਗਰਤ ਜੋਤ ਡਗਮਗਾਇੰਦਾ । ਲੇਖੇ ਲਾਏ ਬੂੰਦ ਰਕਤ, ਮਾਤ ਗਰਭ ਦਸ ਦਸ ਮਾਸ ਬੰਧਨ ਚੁਕਾਇੰਦਾ । ਦਰ ਆਇਆਂ ਰਹਿਣ ਨਾ ਦੇਵੇ ਕੋਈ ਫਰਕ, ਨਿੱਕਿਆਂ ਵੱਡਿਆਂ ਇਕੋ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਕਰਾਇੰਦਾ । ਵਿਸ਼ਨੂੰ ਕਹੇ ਇਹ ਕੀ ਰੰਗ ਲਾਲ, ਲਾਲਨ ਰੂਪ ਵਟਾਈਆ । ਲੱਛਮੀ ਕਹੇ ਮੈਂ ਹੋਈ ਬੇਹਾਲ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਭਗਤਾਂ ਉਤੇ ਹੋਇਆ ਦਿਆਲ, ਮਿਹਰ ਨਜ਼ਰ ਨੈਣ ਉਠਾਈਆ । ਜੀਵ ਜਗਤ ਦਿਸਣ ਕੰਗਾਲ, ਲਾਲ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਬ੍ਰਹਮਾ ਕਹੇ ਨਜ਼ਰੀ ਆਏ ਰੰਗ ਕੰਚਨ ਸੋਹਣਾ, ਸੋਹਣੀ ਬਣਤ ਬਣਾਈਆ । ਆਤਮ ਅੰਤਰ ਜਿਸ ਨੇ ਮੋਹਣਾ, ਮੋਹਣੀ ਰੂਪ ਵਟਾਈਆ । ਸਾਚੀ ਸੇਜਾ ਜਿਸ ਨੇ ਸੌਣਾ, ਸੁਹੰਜਣੀ ਸੇਜ ਇਕ ਆਪਣੇ ਰੰਗ ਰੰਗਾਈਆ । ਜਿਸ ਦਾ ਬੋਲ ਸਭ ਨੇ ਗੌਣਾ, ਗਾਵੇ ਗੀਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਰੰਗ ਰਿਹਾ ਵਖਾਈਆ । ਸ਼ੰਕਰ ਕਹੇ ਰੰਗ ਸੂਹਾ, ਸੋਹਣੀ ਧਾਰ ਚਲਾਇੰਦਾ । ਮੈਂ ਫਿਰ ਫਿਰ ਵੇਖਿਆ ਜੰਗਲ ਜੂਹਾਂ, ਚਾਰੇ ਕੁੰਟਾਂ ਫੇਰਾ ਪਾਇੰਦਾ । ਜਲ ਧਾਰਾ ਵੇਖੇ ਨਦੀ ਨੂਹਾ, ਸਮੁੰਦ ਸਾਗਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਅਚਰਜ ਆਪਣੀ ਕਾਰ ਕਮਾਇੰਦਾ । ਤੇਈ ਅਵਤਾਰ ਕਹਿਣ ਰੰਗ ਚਿੱਟਾ, ਚਿੱਟੀ ਧਾਰ ਵੱਜੀ ਵਧਾਈਆ । ਗੁਰਮੁਖ ਪ੍ਰਭ ਮੇਲ ਮਿਲਿਆ ਵੱਡਾ ਨਿੱਕਾ, ਨਿੱਕੇ ਵੱਡੇ ਰਿਹਾ ਤਰਾਈਆ । ਫੜ ਕੇ ਬਾਹੋਂ ਬਾਹਰ ਕੱਢੇ ਅੰਧੇਰੀ ਖੱਡਾ, ਘਰ ਸਾਚੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਦਇਆ ਕਮਾਈਆ । ਗੁਰ ਗੁਰ ਕਹਿਣ ਰੰਗ ਖੱਟਾ, ਖੱਟੀ ਗੁਰਮੁਖਾਂ ਝੋਲੀ ਪਾਈਆ । ਪ੍ਰੇਮ ਪ੍ਰੀਤੀ ਅੰਦਰ ਰੱਤਾ, ਰਤੀ ਰੱਤ ਰਿਹਾ ਸੁਕਾਈਆ । ਦੇਵਣਹਾਰਾ ਬ੍ਰਹਮ ਮੱਤਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਪਕਾ ਇਕੋ ਮਤਾ, ਦੂਜਾ ਸੰਗ ਨਾ ਕੋਇ ਰਖਾਈਆ । ਮਾਰਗ ਦੇ ਕੇ ਜਾਏ ਸੱਚਾ, ਸਚ ਸੱਚ ਸਮਝਾਈਆ । ਜਨ ਭਗਤ ਕੋਈ ਨਾ ਰਹੇ ਕੱਚਾ, ਜਿਸ ਆਪਣਾ ਮੇਲ ਮਿਲਾਈਆ । ਪਹਿਲੋਂ ਗੋਬਿੰਦ ਬਣਾਇਆ ਬੱਚਾ, ਬੱਚਾ ਗੋਬਿੰਦ ਗੁਰਮੁਖ ਬੱਚਿਆਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਰੰਗ ਰਿਹਾ ਚੜ੍ਹਾਈਆ । ਈਸਾ ਮੂਸਾ ਕਹੇ ਰੰਗ ਨੀਲਾ, ਨੀਲੀ ਧਾਰ ਸਮਝ ਨਾ ਆਈਆ । ਪਰਵਰਦਿਗਾਰ ਛੈਲ ਛਬੀਲਾ, ਧੁਰਦਰਗਾਹੀ ਸੱਚਾ ਮਾਹੀਆ । ਵੇਖਣ ਆਇਆ ਭਗਤ ਕਬੀਲਾ, ਇਕੋ ਆਪਣਾ ਫੇਰਾ ਪਾਈਆ । ਦੋ ਜਹਾਨਾਂ ਬਣ ਵਸੀਲਾ, ਵਸਲ ਆਪਣਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮੁਹੰਮਦ ਕਹੇ ਰੰਗ ਕਾਲਾ, ਕਲਮਾ ਇਕ ਜਣਾਈਆ । ਗਲ ਵਿਚੋਂ ਲਾਹੀ ਤਸਬੀ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਨਿਰਗੁਣ ਨਿਰਵੈਰ ਬਣੇ ਦਲਾਲਾ, ਸਚ ਦਲਾਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤੇ ਰੰਗ ਚੜ੍ਹਿਆ ਰੂਪ, ਰੇਖ ਨਜ਼ਰ ਕਿਸੇ ਨਾ ਆਈਆ । ਦੇਵੇ ਵਡਿਆਈ ਸ਼ਾਹੋ ਭੂਪ, ਸ਼ਹਿਨਸ਼ਾਹ ਬੇਪਰਵਾਹੀਆ । ਆਵਣ ਜਾਵਣ ਚੁੱਕੀ ਚੂਕ, ਲੇਖਾ ਕੋਇ ਰਹੇ ਨਾ ਰਾਈਆ । ਦਹਿ ਦਿਸ਼ਾ ਨਾ ਭਵੇ ਕੂਟ, ਚਾਰ ਕੁੰਟ ਨਾ ਕੋਇ ਭਵਾਈਆ । ਹਰਿਸੰਗਤ ਪ੍ਰਭ ਦੀ ਗੋਦੀ ਸੌਣਾ ਘੂਕ, ਸੁਤਿਆਂ ਫੇਰ ਨਾ ਕੋਇ ਉਠਾਈਆ । ਗੁਰਮੁਖ ਸੋਹਣੇ ਬਣੇ ਪੂਤ, ਪਿਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸੱਤੇ ਰੰਗ ਕਰਨ ਹਾਸਾ, ਖ਼ੁਸ਼ੀਆਂ ਨਾਲ ਰਹੇ ਜਸ ਗਾਈਆ । ਵੇਖੋ ਪ੍ਰਭ ਮਿਲਿਆ ਪੁਰਖ ਅਬਿਨਾਸ਼ਾ, ਜਿਸ ਦੀ ਸਮਝ ਕਿਸੇ ਨਾ ਪਾਈਆ । ਸੇਵਕ ਬਣਿਆ ਦਾਸੀ ਦਾਸਾ, ਚਾਕਰ ਰੂਪ ਵਟਾਈਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਨਾ ਮਰੇ ਨਾ ਜਾਈਆ । ਸਾਚਾ ਦੇਵੇ ਇਕ ਭਰਵਾਸਾ, ਏਕਾ ਇੱਕੀ ਇੱਕੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਸੱਤੇ ਰੰਗ ਕਹਿਣ ਸਾਡਾ ਮਿਲਿਆ ਮੇਲ, ਵੱਜੀ ਸਚ ਵਧਾਈਆ । ਪੁਰਖ ਅਬਿਨਾਸ਼ੀ ਚਾੜ੍ਹਿਆ ਤੇਲ, ਜਨ ਭਗਤਾਂ ਸਗਨ ਮਨਾਈਆ । ਰਲ ਮਿਲ ਖੇਲੀਏ ਇਕੋ ਖੇਲ, ਖ਼ਾਲਕ ਖ਼ਲਕ ਰਿਹਾ ਖਿਲਾਈਆ । ਫੇਰ ਕੋਈ ਨਾ ਪਵੇ ਰਾਏ ਧਰਮ ਦੀ ਜੇਲ, ਬੰਦੀਖ਼ਾਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਟਿਕਾਈਆ । ਸੱਤ ਰੰਗ ਕਹਿਣ ਸਾਡੀ ਇਕੋ ਵਾਰ, ਏਕੰਕਾਰ ਦਿਤੀ ਵਡਿਆਈਆ । ਵੇਖੋ ਭਗਤ ਖਿਲੀ ਗੁਲਜ਼ਾਰ, ਗੁਲਸ਼ਨ ਹਰਿ ਜੂ ਰਿਹਾ ਮਹਿਕਾਈਆ । ਮੌਲੀ ਰੁੱਤ ਇਕ ਬਹਾਰ, ਰੁੱਤ ਬਸੰਤ ਰੂਪ ਵਟਾਈਆ । ਪੱਤ ਟਾਹਣੀ ਟਹਿਕੇ

ਪੁਰਖ ਨਾਰ, ਬਿਰਧ ਬਾਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਇਹ ਤੇਰਾ, ਤੇਰੀ ਕੁਦਰਤ ਵਿਚੋਂ ਨਜ਼ਰੀ ਆਈਆ । ਆ ਕੇ ਵੇਖਿਆ ਤੇਰਾ ਡੇਰਾ, ਘਰ ਸਾਚੇ ਵੱਜੇ ਵਧਾਈਆ । ਏਥੇ ਨਜ਼ਰ ਨਾ ਆਏ ਤੇਰਾ ਮੇਰਾ, ਮੇਰਾ ਤੇਰਾ ਇਕੋ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਹੇ ਮੈਂ ਚਿੱਠੀ ਫੋਲਾਂ, ਜੋ ਗੋਬਿੰਦ ਸੂਲਾਂ ਸੇਜ ਲਿਖਾਈਆ । ਬਿਨ ਅੱਖਰਾਂ ਬਿਨ ਜਿਹਵਾ ਬੋਲਾਂ, ਅਨਬੋਲਤ ਰਾਗ ਅਲਾਈਆ । ਬਿਨ ਕੰਡੇ ਤਰਾਜੂ ਤੋਲ ਤੋਲਾਂ, ਸਾਚੇ ਤੱਕੜ ਨਾਮ ਚੜ੍ਹਾਈਆ । ਬਿਨ ਮੰਦਰ ਮਸਜਿਦ ਮੱਠ ਦੁਆਰ ਖੋਲ੍ਹਾਂ, ਸਾਚੇ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਚਿੱਠੀ ਆਪ ਸਮਝਾਈਆ । ਗੋਬਿੰਦ ਚਿੱਠੀ ਲਿਖੀ ਅਪਾਰ, ਅਪਰੰਪਰ ਆਪ ਜਣਾਇੰਦਾ । ਸਾਚੀ ਸਿੱਖੀ ਹੋਏ ਤਿਆਰ, ਸਿਖਿਆ ਸਭ ਨੂੰ ਇਕ ਸਮਝਾਇੰਦਾ । ਚਾਰ ਵਰਨਾਂ ਦਏ ਪਿਆਰ, ਊਚ ਨੀਚ ਨਾ ਕੋਇ ਰਖਾਇੰਦਾ । ਸਭ ਦਾ ਇਸ਼ਟ ਪੁਰਖ ਅਕਾਲ, ਦੂਜਾ ਸੀਸ ਨਾ ਕੋਇ ਨਿਵਾਇੰਦਾ । ਤਿਸ ਦੀ ਸਾਰੇ ਕਰੋ ਭਾਲ, ਜੋ ਲੱਭਿਆਂ ਹੱਥ ਕਿਸੇ ਨਾ ਆਇੰਦਾ । ਜਿਸ ਦਾ ਆਦਿ ਜੁਗਾਦਿ ਵੱਜੇ ਤਾਲ, ਸ਼ਬਦ ਨਾਦ ਸੇਵ ਕਮਾਇੰਦਾ । ਜਿਸ ਦੀ ਘਾਲਣਾ ਰਹੇ ਘਾਲ, ਸੇਵਾ ਸਭ ਦੀ ਵੇਖ ਵਖਾਇੰਦਾ । ਜਿਸ ਦੀ ਸਚਖੰਡ ਸੱਚੀ ਧਰਮਸਾਲ, ਸਚ ਸਿੰਘਾਸਣ ਆਸਣ ਲਾਇੰਦਾ । ਜਿਸ ਦਾ ਜੋਤੀ ਨੂਰ ਜਲਾਲ, ਜਲਵਾ ਇਕੋ ਇਕ ਪਰਗਟਾਇੰਦਾ । ਜਿਸ ਦਾ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਾਦਰ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰੋ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਖੜਾ ਖ਼ਬਰਦਾਰ, ਆਪਣੀ ਭੁਜਾਂ ਰਿਹਾ ਉਠਾਈਆ । ਜਿਸ ਦਾ ਪਹਿਰੇਦਾਰ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਗ਼ਰੀਬ ਨਿਮਾਣੇ ਯਾਰ, ਦੁਖੀਆਂ ਦਰਦ ਵੰਡਾਈਆ । ਵੇਖੋ ਸਭ ਦੇ ਸੀਸ ਬੱਧੀ ਦਸਤਾਰ, ਚੂੰਡੀ ਕੋਈ ਰਹਿਣ ਨਾ ਪਾਈਆ । ਹਰਿ ਕੰਤ ਹੋਏ ਸੁਹਾਗਣ ਨਾਰ, ਰੰਡੇਪਾ ਅੰਤ ਨਾ ਕੋਇ ਹੰਢਾਈਆ । ਸਖ਼ੀਆਂ ਮਿਲ ਕੇ ਗਾਵੇ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਇੱਕੀ ਨਾਲ ਇੱਕੀ ਹੋਈ ਤਿਆਰ, ਇਹ ਇਕੀ ਆਪਣੇ ਵਿਚੋਂ ਪਰਗਟਾਈਆ । ਗੋਬਿੰਦ ਦੇ ਸੱਚੇ ਲਾਲ, ਲਾਲਨ ਰੂਪ ਵਖਾਈਆ । ਖ਼ੁਸ਼ੀਆਂ ਨਾਲ ਗਲ ਵਿਚ ਪਾ ਹਾਰ, ਅਮਰਜੀਤ ਵੱਜੇ ਵਧਾਈਆ । ਛੋਟਾ ਨੱਢਾ ਨਿੱਕਾ ਬਾਲ, ਸੁਰਜੀਤ ਸਿੰਘ ਰੰਗ ਚੜ੍ਹਾਈਆ । ਗੁਰਸਿਖ ਹਰਿਸੰਗਤ ਅੱਗੇ ਹੋਏ ਨਾ ਕੋਈ ਕੰਗਾਲ, ਸਭ ਦੀ ਕੰਗਾਲੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਦਰਾਂ ਕੱਤਕ ਸੰਮਤ ਪੰਦਰਾਂ ਦਾ ਲੇਖਾ ਦਏ ਵਖਾਲ, ਜੋ ਸਵਾ ਰੱਤੀ ਕੇਸਰ ਦਿਤਾ ਵਖਾਈਆ । ਸਵਾ ਰੱਤੀ ਕੱਢ ਕੇਸਰ, ਹਰਿ ਕੇਸ਼ਵ ਆਪ ਜਣਾਇੰਦਾ । ਜਿਹੜਾ ਲੇਖ ਲਿਖਾਇਆ ਉਦੋਂ ਥਨੇਸਰ, ਸੋ ਥਨੇਸਰ ਸੰਗਤ ਘਰ ਬਣਾਇੰਦਾ । ਜਿਸ ਦੀ ਸੇਵਾ ਕਰੇ ਪਰਮੇਸ਼ਰ, ਪੇਸ਼ਵਾ ਆਪਣਾ ਰੂਪ ਧਰਾਇੰਦਾ । ਹਰਿਸੰਗਤ ਸਾਰੇ ਵੇਖੋ ਸਾਰੇ ਖੁਲ੍ਹੇ ਨੇਤਰ, ਨਿਜ ਨੇਤਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਇੰਦਾ । ਸਿਰ ਹੱਥ ਰੱਖੇ ਨਿਰੰਕਾਰ, ਮਿਹਰਵਾਨ ਦਇਆ

ਕਮਾਈਆ । ਸਭਨਾ ਨਾਲ ਕਰੇ ਪਿਆਰ, ਪ੍ਰੀਤੀ ਆਪਣੇ ਚਰਨ ਬੰਧਾਈਆ । ਜਨਮ ਜਨਮ ਦੇ ਵਿਛੜੇ ਯਾਰ, ਗੁਰਸਿਖ ਸੱਜਣ ਲਏ ਮਿਲਾਈਆ । ਖ਼ੁਸ਼ੀਆਂ ਨਾਲ ਕਰੇ ਆਧਾਰ, ਅੱਧਵਿਚਕਾਰ ਨਾ ਕੋਇ ਟਿਕਾਈਆ । ਵਿਸ਼ਨੂੰ ਹੋ ਜਾ ਖ਼ਬਰਦਾਰ, ਸ਼ਬਦ ਸੰਦੇਸ਼ ਨਾਲ ਸਮਝਾਈਆ । ਬ੍ਰਹਮੇ ਕਰੀ ਨਿਮਸਕਾਰ, ਜੋ ਤੇਰਾ ਬ੍ਰਹਮ ਮੇਰੇ ਵਿਚ ਮਿਲਾਈਆ । ਸ਼ੰਕਰ ਏਹਨਾਂ ਚਰਨਾਂ ਹੇਠ ਤ੍ਰਿਸੂਲ ਰੱਖਣੀ ਝਾੜ, ਚਾਰ ਦਵਾਰ ਨਾ ਕੋਇ ਜਣਾਈਆ । ਤੇਈ ਅਵਤਾਰਾਂ ਏਹਨਾਂ ਨੂੰ ਲੈਣਾ ਸੰਭਾਲ, ਹੁਕਮ ਇਕੋ ਵਾਰ ਸਮਝਾਈਆ । ਈਸਾ ਮੂਸਾ ਮੁਹੰਮਦ ਕਰਿਓ ਸਚ ਪਿਆਰ, ਪ੍ਰੇਮ ਪ੍ਰੀਤੀ ਇਕ ਦ੍ਰਿੜਾਈਆ । ਨਾਨਕ ਨਿਰਗੁਣ ਕਹੇ ਮੈਂ ਏਹਨਾਂ ਦਾ ਸੇਵਾਦਾਰ, ਜੋ ਤੇਰਾ ਨਾਮ ਧਿਆਈਆ । ਉਹ ਗੋਬਿੰਦ ਮੇਰਾ ਜੋਤ ਨੂਰ ਉਜਿਆਰ, ਜਿਸ ਦੀ ਜੋਤੀ ਬੁਝ ਕਦੇ ਨਾ ਜਾਈਆ । ਇਹ ਉਹਦੇ ਗੁਰਮੁਖ ਗੁਰਸਿਖ ਸਰਦਾਰ, ਜਿਨ੍ਹਾਂ ਦੀ ਸਰਦਾਰੀ ਸਚਖੰਡ ਵਿਚ ਆਪਣੇ ਲੇਖੇ ਲਾਈਆ । ਵੀਹ ਸੌ ਵੀਹ ਬਿਕਰਮੀ ਨੂੰ ਲੱਭਦੇ ਗਏ ਗੁਰੂ ਪੀਰ ਅਵਤਾਰ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਉਹ ਸੱਚਾ ਰਾਜ ਉਹ ਸੱਚਾ ਜੋਗ, ਜਿਸ ਨੂੰ ਲੱਭਿਆ ਬੇਪਰਵਾਹੀਆ । ਗੁਰਮੁਖ ਸਦਾ ਮੰਗਣ ਪਿਆਰ, ਸਿਰ ਆਪਣੇ ਤਾਜ ਟਿਕਾਈਆ । ਜਿਨ੍ਹਾਂ ਅੰਦਰ ਵੜਿਆ ਨਿਰੰਕਾਰ, ਤਿਨ੍ਹਾਂ ਓਟ ਕੋਟ ਕੋਟ ਜੁਗ ਦੀ ਸ਼ਹਿਨਸ਼ਾਹੀ ਚਰਨਾ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਵਾ ਰੱਤੀ ਕੇਸਰ, ਕੇਸਰ ਗੁਰਮੁਖ ਲੈਣਾ ਦਾਈਆ । ਕੇਸਰ ਕਹੇ ਮੇਰੇ ਵਿਚ ਪਾਓ ਪਾਣੀ, ਆਬ ਆਬ ਮਿਲੇ ਵਡਿਆਈਆ । ਜਨ ਭਗਤਾਂ ਮਿਲਿਆ ਹਾਣੀ, ਹਾਣੀ ਹਾਣੀਆਂ ਨਾਲ ਮਿਲਾਈਆ । ਜਿਸ ਦੀ ਚਾਰ ਜੁਗ ਪੜ੍ਹ ਪੜ੍ਹ ਸੁਣਾਉਂਦੇ ਬੁਝਾਉਂਦੇ ਰਹੇ ਬਾਣੀ, ਸਾਰ ਸ਼ਬਦ ਪੜ੍ਹਾਈਆ । ਜਿਸ ਦੀ ਕਿਸੇ ਨਾ ਆਈ ਪਛਾਣੀ, ਸੋ ਆਪਣੀ ਪਛਾਣ ਗੁਰਮੁਖਾਂ ਰਿਹਾ ਬੁਝਾਈਆ । ਜਿਸ ਦੀ ਗਾਉਂਦੇ ਰਹੇ ਅਕੱਥ ਕਹਾਣੀ, ਸੋ ਮਹਿਮਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਦਾਅਵੇ ਨਾਲ ਦੇਵੇ ਜਨ ਭਗਤਾਂ ਪਦ ਨਿਰਬਾਣੀ । ਦਾਅਵੇ ਨਾਲ ਦੇਵੇ ਨਿਰਬਾਣ ਪਦ, ਪਦਵੀ ਇਕੋ ਇਕ ਰਖਾਈਆ । ਗੁਰਮੁਖ ਲੰਘ ਕੇ ਜਾਏ ਪਾਰ ਹੱਦ, ਜਿਸ ਹੱਦ ਵਿਚ ਵਸੇ ਬੇਪਰਵਾਹੀਆ । ਗੁਰਸਿਖ ਤੇਰਾ ਪੱਲੂ ਕਦੀ ਨਾ ਜਾਵੇ ਛੱਡ, ਪੱਲੂ ਛੱਡੇ ਨਾ ਸੱਚਾ ਸ਼ਹਿਨਸ਼ਾਹੀਆ । ਭਗਤਾਂ ਨਾਲੋਂ ਕਦੀ ਨਾ ਹੋਇਆ ਅੱਡ, ਅੱਡਰਾ ਘਰ ਨਾ ਕਦੇ ਬਣਾਈਆ । ਤੁਸੀਂ ਮੇਰੀ ਧੁਰ ਦੀ ਯੱਦ, ਯਾਦਦਾਸਤ ਆਪਣੀ ਨਾਲ ਰਖਾਈਆ । ਧੰਨ ਭਾਗ ਮੈਂ ਤੁਹਾਡੇ ਵਿਚ ਗਿਆ ਸਜ, ਬਿਨ ਭਗਤਾਂ ਮੇਰੀ ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕੇਸਰ ਕਹੇ ਪਾਣੀ ਮਿਲੇ ਠੰਡਾ, ਮੇਰੀ ਤ੍ਰਿਖਾ ਬੁਝਾਈਆ । ਮੈਂ ਭਗਤਾਂ ਨਾਲ ਪਾਵਾਂ ਗੰਢਾਂ, ਆਪਣੀ ਸੇਵ ਕਮਾਈਆ । ਜਿਸ ਬੰਦਗੀ ਕਰ ਬਣੇ ਬੰਦਾ, ਸੋ ਬੰਦਗੀ ਦਿਆਂ ਸਮਝਾਈਆ । ਜਿਸ ਸਾਹਿਬ ਸਤਿਗੁਰ ਮੇਰਾ ਤਿਲਕ ਲਗਾਵੇ ਮਸਤਕ ਚੰਦਾ, ਸੋ ਚੰਦ ਚਾਂਦਨੀ ਨੂਰ ਚਮਕਾਈਆ । ਹਰੀਦਵਾਰ ਆ ਕੇ ਕੋਈ ਨਾ ਰਹੇ ਗੰਦਾ, ਗੰਦਗੀ ਸਭ ਦੀ ਬਾਹਰ ਕਢਾਈਆ । ਤਰਖਾਣ ਹੋ ਕੇ ਫੇਰਿਆ ਰੰਦਾ, ਦੁਰਮਤ ਮੈਲ ਧੁਆਈਆ । ਜੱਟ ਬਣ ਕੇ ਫੜਿਆ ਡੰਡਾ, ਹੁਕਮ ਨਾਲ ਡਰਾਈਆ । ਨਿਰਗੁਣ ਹੋ ਕੇ ਅੰਦਰ ਲੰਘਾ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਮੁਖ ਮਾਣੇ ਸੇਜ ਪਲੰਘਾ, ਸੋਹਣੀ ਰੁੱਤ ਸੁਹਾਈਆ । ਇਹ ਉਹ ਦੁਆਰਾ ਜਿਸ ਨੂੰ ਕਹਿੰਦੇ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਪੁਰੀ ਆਪਣਾ

ਨਾਮ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਇੱਕੀ ਕਹੇ ਮੇਰਾ ਲੇਖ ਏਕਾ, ਏਕੰਕਾਰ ਤੇਰੀ ਵਡਿਆਈਆ । ਤੇਰੀ ਰੱਖੀ ਜੁਗ ਜੁਗ ਟੇਕਾ, ਦੂਜੀ ਆਸ ਨਾ ਕੋਇ ਟਿਕਾਈਆ । ਤੈਨੂੰ ਮਿਲਿਆਂ ਹੋਏ ਬੁੱਧ ਬਿਬੇਕਾ, ਕੂੜੀ ਕਿਰਿਆ ਮੇਟ ਮਿਟਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕਾ, ਅਗਨੀ ਤਤ ਨਾ ਕੋਇ ਜਲਾਈਆ । ਜਨਮ ਜਨਮ ਦੀ ਬਦਲੇ ਰੇਖਾ, ਕਰਮ ਕਾਂਡ ਦਾ ਡੇਰਾ ਢਾਹੀਆ । ਸਦਾ ਰੱਖੇ ਸਾਇਆ ਹੇਠਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਸਾਹਿਬ ਸਰਨਾਈ ਗਏ ਆ, ਆਪਣਾ ਪੰਧ ਮੁਕਾਇਆ । ਪੁਰਖ ਅਕਾਲ ਹੋਏ ਸਹਾ, ਸਾਹਿਬ ਸਤਿਗੁਰ ਮਿਹਰ ਨਜ਼ਰ ਉਠਾਇਆ । ਡੁੱਬਦੇ ਪਾਰ ਲਏ ਕਰਾ, ਪਾਥਰ ਆਪਣੀ ਝੋਲੀ ਪਾਇਆ । ਗ਼ਰੀਬ ਨਿਮਾਣੇ ਗਲੇ ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਰੰਗ ਰੰਗਾਇਆ । ਹਰਿਜਨ ਰੰਗ ਚੜ੍ਹੇ ਅਨੋਖਾ, ਉਤਰ ਕਦੇ ਨਾ ਜਾਈਆ । ਹਰਿਸੰਗਤ ਤੇਰੇ ਨਾਲ ਕਰੇ ਨਾ ਧੋਖਾ, ਪੂਰੇ ਸਤਿਗੁਰ ਹੱਥ ਵਡਿਆਈਆ । ਕਿਸੇ ਨੂੰ ਲੋੜ ਨਹੀਂ ਪੜ੍ਹਨ ਦੀ ਪੋਥਾ, ਬਿਨ ਪੜ੍ਹਿਆਂ ਪਾਰ ਲੰਘਾਈਆ । ਸਾਧ ਸੰਤ ਸਾਰਾ ਕੀਤਾ ਥੋਥਾ, ਥੋਥੀ ਮੱਤ ਜਣਾਈਆ । ਕਲਜੁਗ ਅੰਤ ਬਿਨ ਪੁਰਖ ਅਕਾਲ ਕੋਈ ਨਾ ਦੇਵੇ ਹੋਕਾ, ਭਰਮੇ ਭੁੱਲੀ ਸਰਬ ਲੋਕਾਈਆ । ਹਰਿਸੰਗਤ ਵੀਹ ਸੌ ਵੀਹ ਬਿਕਰਮੀ ਛੱਬੀ ਪੋਹ ਨਿਰਗੁਣ ਮਿਲਣ ਦਾ ਮਿਲਿਆ ਮੌਕਾ, ਮੁਕੰਮਲ ਆਪਣੇ ਨਾਲ ਰਲਾਈਆ । ਗੋਬਿੰਦ ਸੁਤ ਉਠਿਆ ਲਾ ਕੇ ਢੋਕਾ, ਆਪਣੀ ਲਏ ਅੰਗੜਾਈਆ । ਹੱਥ ਨਾਲ ਮਿਲਾਇਆ ਪੌਂਚਾ, ਉਂਗਲੀ ਉਂਗਲਾਂ ਨਾਲ ਛੁਹਾਈਆ । ਡੁੱਬਦੇ ਤਾਰੇ ਫੜ ਫੜ ਪੋਟਾ, ਬੇੜਾ ਆਪਣੇ ਕੰਧ ਉਠਾਈਆ । ਫਿਰੇ ਦਰੋਹੀ ਚੌਦਾਂ ਲੋਕਾ, ਦਸਤਗੀਰ ਹੋਏ ਨਾ ਕੋਇ ਸੁਹਾਈਆ । ਗੁਰਮੁਖ ਅੱਗੇ ਕੋਈ ਨਾ ਰਹੇ ਔਖਾ, ਔਖੀ ਘਾਟੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਲਏ ਤਰਾਈਆ । ਹਰਿਸੰਗਤ ਪ੍ਰਭ ਤਾਰਨ ਆਇਆ, ਦੀਨਾਂ ਨਾਥ ਦੀਨ ਦਿਆਲਾ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਹੋਏ ਆਪ ਰਖਵਾਲਾ । ਸਮਰਥ ਸੁਆਮੀ ਸਿਰ ਦੇਵੇ ਛਾਇਆ, ਸ਼ਹਿਨਸ਼ਾਹ ਲੇਖਾ ਜਾਣੇ ਸ਼ਾਹ ਕੰਗਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਪੋਹ ਸਤਾਈ ਲੇਖ ਲਿਖੇ, ਲਿਖਤ ਲੇਖ ਵਡਿਆਈਆ । ਇੱਕੀ ਅੱਗੇ ਇੱਕੀ ਪਿੱਛੇ, ਪਿੱਛੇ ਅੱਗੇ ਆਪਣੀ ਗੰਢ ਪਵਾਈਆ । ਇੱਕੀ ਇੱਕੀ ਧਾਰ ਰੱਖੇ ਨਿੱਕੇ ਵੱਡੇ, ਬੁੱਢੇ ਬਾਲ ਇਕੋ ਘਰ ਵਸਾਈਆ । ਸਭ ਦੇ ਮਾਰਗ ਕਰੇ ਸਿੱਧੇ, ਔਜੜ ਰਾਹ ਨਾ ਕੋਇ ਪਾਈਆ । ਪ੍ਰਭ ਮਿਲਣ ਦੀ ਸਾਚੀ ਬਿਧੇ, ਸਮਰਥ ਆਪ ਸਮਝਾਈਆ । ਰਲ ਮਿਲ ਸਖੀਆਂ ਪਾਵਣ ਗਿੱਧੇ, ਖ਼ੁਸ਼ੀਆਂ ਰਾਗ ਅਲਾਈਆ । ਪ੍ਰੇਮ ਪ੍ਰੀਤੀ ਅੰਦਰ ਜੋ ਜਨ ਬੱਝੇ, ਤਿਨ੍ਹਾਂ ਭਿੰਨੜਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਸਮਝਾਈਆ । ਲੇਖਾ ਸਮਝਣ ਦੀ ਸੱਚੀ ਲੋੜ, ਬਿਨ ਲੇਖੇ ਲੇਖ ਬਣੇ ਨਾ ਰਾਈਆ । ਭਿੰਨੜੀ ਰੈਣ ਕਹੇ ਮੇਰਾ ਨਾਤਾ ਜੋੜ, ਜੋੜੀ ਇਕ ਬਣਾਈਆ । ਚਾਰ ਜੁਗ ਮੈਨੂੰ ਰਹੀ ਥੋੜ, ਮੇਰਾ ਘਾਟਾ ਪੂਰ ਨਾ ਕੋਇ ਵਿਖਾਈਆ । ਤੇਰੇ ਹੱਥ ਮੇਰੀ ਡੋਰ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਸੁਖ ਲੈਂਦੇ ਰਹੇ ਠੱਗ ਚੋਰ, ਯਾਰੀ

੧੯੫ ੧੯

ਕੂੜੀ ਜਗਤ ਲਗਾਈਆ । ਮੇਰੀ ਸਮਝ ਨਾ ਪਾਈ ਕਿਸੇ ਅੰਧ ਘੋਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਤੇਰੇ ਦਰ ਤੇ ਪਾਵਾਂ ਸ਼ੋਰ, ਹੋਕਾ ਦੇ ਸੁਣਾਈਆ । ਪੁਰਖ ਅਕਾਲ ਵੇਖਣਾ ਕਰ ਕੇ ਗੌਰ, ਗਹਿਰ ਗੰਭੀਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਵਿਛੁੰਨੀ ਚਿਰੀਂ ਆਸ ਪੁਚਾਈਆ । ਭਿੰਨੜੀ ਰੈਣ ਕਹੇ ਮੈਂ ਰੋਵਾਂ ਨੀਰ, ਨੇਤਰ ਨੈਣ ਵਹਾਈਆ । ਮੇਰੇ ਸੁਖ ਵਿਚ ਸੁੱਤੇ ਰਹੇ ਪੀਰ ਫ਼ਕੀਰ, ਰਾਤੀਂ ਜਾਗ ਲਏ ਨਾ ਕੋਇ ਅੰਗੜਾਈਆ । ਤੇਰੇ ਵਿਛੋੜੇ ਅੰਦਰ ਮੈਨੂੰ ਲੱਗੀ ਪੀੜ, ਬਿਰਹੋਂ ਰੋਗ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਭਿੰਨੜੀ ਰੈਣ ਸੁਣ ਬਾਤ ਸੱਚੀ, ਸੋ ਸਤਿਗੁਰ ਆਪ ਜਣਾਈਆ । ਚਾਰ ਜੁਗ ਤੂੰ ਰਹੀ ਕੱਚੀ, ਯਾਰੀ ਕੱਚਿਆਂ ਨਾਲ ਲਗਾਈਆ । ਛੱਬੀ ਪੋਹ ਤੈਨੂੰ ਕਰਾਂ ਪੱਕੀ, ਪੱਕੀ ਤਰ੍ਹਾਂ ਸਮਝਾਈਆ । ਸ੍ਰੀ ਭਗਵਾਨ ਦੀ ਬਣੀਂ ਬੱਚੀ, ਵਾਂਗ ਬੱਚਿਆਂ ਲਾਡ ਲਡਾਈਆ । ਕੋਝੀ ਕਮਲੀ ਹੋਵੀਂ ਨਾ ਰੰਡੀ, ਰੰਡਾਪਨ ਨਾ ਕੋਇ ਰਖਾਈਆ । ਜਨ ਭਗਤਾਂ ਦਰਸ ਕਰੀਂ ਆਪਣੀ ਅੱਖੀਂ, ਘਰ ਆ ਕੇ ਫੇਰਾ ਪਾਈਆ । ਅੰਮ੍ਰਿਤ ਵੇਲੇ ਉਠ ਕੇ ਦੱਸੀਂ, ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦੁੱਖੜਾ ਦਏ ਗਵਾਈਆ । ਪ੍ਰਭੂ ਮੈਂ ਰਾਤੀਂ ਉਠ ਕੇ ਵੇਖਣ ਆਵਾਂਗੀ । ਜਿਹੜੇ ਗਾਉਂਦੇ ਤੇਰੀ ਸਾਖੀ, ਤਿਨ੍ਹਾਂ ਨੇਤਰ ਦਰਸ਼ਨ ਪਾਵਾਂਗੀ । ਜੋ ਪਿਛੇ ਰਹਿ ਗਏ ਬਾਕੀ, ਲਹਿਣਾ ਦੇਣਾ ਅੰਤ ਚੁਕਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਸੁਹੰਜਣੀ ਰੈਣ ਅਖਵਾਵਾਂਗੀ । ਤੂੰ ਚਲ ਆਈ ਦਵਾਰ, ਸੋ ਸਾਹਿਬ ਸਚ ਜਣਾਈਆ । ਜਨ ਭਗਤਾਂ ਕਰੀਂ ਦੀਦਾਰ, ਜੋ ਮੇਰਾ ਦਰਸ਼ਨ ਰਹੇ ਪਾਈਆ । ਤੇਰਾ ਦੁੱਖੜਾ ਦੇਣ ਨਿਵਾਰ, ਬਣ ਦਰਦੀ ਦਰਦ ਵੰਡਾਈਆ । ਤੇਰਾ ਮਿਟੇ ਅੰਧੇਰਾ ਅੰਧਿਆਰ, ਚੰਦ ਚਾਂਦਨਾ ਦੇਣ ਚਮਕਾਈਆ । ਕੂੜੀ ਕਿਰਿਆ ਵਿਚ ਨਾ ਹੋਈਂ ਖ਼ੁਆਰ, ਠੱਗ ਚੋਰ ਸੰਗ ਨਾ ਕੋਇ ਨਿਭਾਈਆ । ਸਾਚੇ ਗੁਰਸਿਖ ਕਰੀਂ ਤਿਆਰ, ਪ੍ਰੀਤੀ ਇਕੋ ਇਕ ਲਗਾਈਆ । ਤੇਰਾ ਦੱਸੇ ਅੱਧ ਵਿਚਕਾਰ ਹਾਲ, ਹਾਲਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦੁੱਖੜਾ ਦਏ ਗਵਾਈਆ । ਮੈਂ ਰਾਤੀਂ ਅੱਖ ਖੁਲ੍ਹਾਵਾਂਗੀ । ਸਮਰਥ ਤੈਨੂੰ ਸੀਸ ਨਿਵਾਵਾਂਗੀ । ਤੇਰੇ ਦਰ ਤੋਂ ਮੰਗਾਂ ਹੱਕ, ਹਕੀਕਤ ਆਪਣੀ ਝੋਲੀ ਪਾਵਾਂਗੀ । ਜੇ ਤੇਰੇ ਭਗਤ ਗਏ ਥੱਕ, ਏਹਨਾਂ ਆਪਣੀ ਗੋਦ ਸਵਾਵਾਂਗੀ । ਜਿਹੜੇ ਤੇਰੇ ਕੋਲੋਂ ਪਿੱਛੇ ਗਏ ਹਟ, ਤਿਨ੍ਹਾਂ ਮਾਇਆ ਪਰਦਾ ਇਕ ਰਖਾਵਾਂਗੀ । ਮੈਂ ਬੋਲਾਂ ਸੱਚੋ ਸੱਚ, ਸਚ ਸੁਆਣੀ ਬਣ ਕੇ ਸੇਵ ਕਮਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਰੰਗ ਇਕ ਰੰਗਾਵਾਂਗੀ । ਤੇਰਾ ਰੰਗ ਇਕੋ ਲਾਲ, ਲਾਲਨ ਲਾਲ ਲਾਲ ਚੜ੍ਹਾਈਆ । ਕੇਸਰ ਬਣੇ ਸਚ ਦਲਾਲ, ਭਗਤ ਦਲਾਲੀ ਵਿਚ ਟਿਕਾਈਆ । ਮਸਤਕ ਜਲਵਾ ਨੂਰ ਜਲਾਲ, ਲਲਾਟ ਇਕੋ ਇਕ ਰੁਸ਼ਨਾਈਆ । ਖੇਲ ਵੇਖ ਦੀਨ ਦਿਆਲ, ਦਰ ਤੇਰੇ ਸੋਭਾ ਪਾਈਆ । ਮੈਂ ਕਰ ਕਰ ਥੱਕੀ ਭਾਲ, ਚਾਰੋਂ ਕੁੰਟ ਉਠ ਉਠ ਧਾਈਆ । ਮੇਰਾ ਹੱਲ ਨਾ ਹੋਇਆ ਸੁਆਲ, ਆਸਾ ਪੂਰ ਨਾ ਕੋਇ ਕਰਾਈਆ । ਮੈਂ ਸ਼ਾਹੋਂ ਹੋਈ ਕੰਗਾਲ, ਦੌਲਤ ਧਨ ਨਾ ਕੋਇ ਵਰਤਾਈਆ । ਬਲਹੀਣ ਹੋਈ ਨਿਢਾਲ, ਅੱਗੇ ਕਦਮ ਨਾ ਕੋਇ ਉਠਾਈਆ । ਫਿਰ ਫਿਰ ਆਈ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧਰਮਸਾਲ, ਧਰਮੀ ਰੂਪ ਨਾ ਕੋਇ

੧੯੬

ਵਟਾਈਆ । ਸਚ ਦਵਾਰੇ ਕਰਨ ਹਰਾਮ, ਵਿਭਚਾਰ ਸਾਰੇ ਰਹੇ ਕਮਾਈਆ । ਬਿਨ ਭਗਤਾਂ ਆਤਮ ਅੰਤਰ ਦਿਸੇ ਨਾ ਕਿਸੇ ਅਰਾਮ, ਸਾਂਤਕ ਸਤਿ ਨਾ ਕੋਇ ਵਰਤਾਈਆ । ਦੀਨ ਮਜ਼੍ਹਬ ਦੇ ਸਾਰੇ ਹੋਏ ਗੁਲਾਮ, ਅੱਖਰਾਂ ਨਾਲ ਪ੍ਰੀਤ ਲਗਾਈਆ । ਤੇਰਾ ਜਲਵਾ ਤੱਕੇ ਨਾ ਕੋਈ ਅਮਾਮ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਮੈਂ ਝੁਕ ਝੁਕ ਬਰਦੀ ਦਰ ਕਰਾਂ ਸਲਾਮ, ਸੱਜਦਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਦੇਣੀ ਵਡਿਆਈ ਮਾਣ ਕੇਸਰ ਲਾਲ ਰੰਗ, ਸਵਾ ਰੱਤੀ ਰੱਤ ਰੱਤ ਨਾਲ ਰੰਗਾਈਆ । ਭਗਤ ਸੁਹੇਲੇ ਲਾ ਅੰਗ, ਅੰਗੀਕਾਰ ਆਪ ਹੋ ਜਾਈਆ । ਜਿਨ੍ਹਾਂ ਸ਼ਬਦੀ ਪਾਈ ਵਿਚ ਮੰਗ, ਤਿਨ੍ਹਾਂ ਜਗਤ ਦੇ ਵਡਿਆਈਆ । ਏਹਨਾਂ ਸੀਸ ਝੁਕਾਏ ਪੰਧ, ਹਰਿਸੰਗਤ ਭਾਰ ਕਟਾਈਆ । ਗੋਬਿੰਦ ਸੁਤ ਕਦੀ ਨਾ ਦੇਵਣ ਕੰਡ, ਮੁਖ ਸਕੇ ਨਾ ਕੋਇ ਬਦਲਾਈਆ । ਸਾਰੇ ਢੋਲਾ ਗਾਵਣ ਛੰਦ, ਤੂੰ ਮੇਰਾ ਮੈਂ ਤੇਰਾ ਸਾਚਾ ਸੰਗ ਇਕ ਰਖਾਈਆ । ਗੋਬਿੰਦ ਦਵਾਰਾ ਪੁਰੀ ਅਨੰਦ, ਅਨੰਦ ਪੁਰੀ ਰੂਪ ਵਖਾਈਆ । ਇਕੋ ਵਾਰ ਜੰਮਿਆ ਗੁਜਰੀ ਚੰਦ, ਦੂਜੀ ਧਾਰ ਸ਼ਬਦ ਪਰਗਟਾਈਆ । ਜਨ ਭਗਤਾਂ ਪਾਏ ਠੰਡ, ਅੰਮ੍ਰਿਤ ਆਤਮ ਮੇਘ ਬਰਸਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਪੁਰਖ ਅਕਾਲ ਰਖਾਇਆ ਸੰਗ, ਸਾਚਾ ਜੋੜ ਜੁੜਾਈਆ । ਲੇਖਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਤਰਾਈਆ । ਅੱਗੇ ਪਿੱਛੇ ਇੱਕੀ ਇੱਕੀ, ਅਕਲ ਕਲਾ ਅਖਵਾਈਆ । ਅੱਗੇ ਪਿੱਛੇ ਸਾਚੀ ਸਿੱਖੀ, ਸਤਿਗੁਰ ਵਿਚ ਸਮਾਈਆ । ਅੱਗੇ ਪਿੱਛੇ ਧਾਰ ਤਿਖੀ, ਤੁਰਤ ਆਪਣਾ ਹੁਕਮ ਵਰਤਾਈਆ । ਅੱਗੇ ਪਿੱਛੇ ਰੂਪੋਂ ਨਿੱਕੀ, ਨਿਰਗੁਣ ਆਪ ਪਰਗਟਾਈਆ । ਦੋਹਾਂ ਮਿਲ ਕੇ ਬਣੇ ਲੁਕਣ ਮਿਚੀ, ਅੰਦਰ ਬਾਹਰ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਅੱਠ ਦਏ ਵਡਿਆਈਆ । ਸਾਢੇ ਅੱਠ ਪੋਹ ਸਤਾਈ, ਰੁੱਤ ਰੁਤੜੀ ਆਪ ਸੁਹਾਇੰਦਾ । ਦੋ ਸੱਤ ਨਾ ਹੋਏ ਜੁਦਾਈ, ਜਨਮ ਵੰਡ ਨਾ ਕੋਇ ਵੰਡਾਇੰਦਾ । ਦਰ ਆਇਆਂ ਘਰ ਕਰੇ ਕੁੜਮਾਈ, ਪਿੱਛੇ ਰਹਿੰਦਿਆਂ ਮੇਲ ਮਿਲਾਇੰਦਾ । ਲੇਖਾ ਜਾਣੇ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਇੰਦਾ । ਗੋਬਿੰਦ ਬੂਟਾ ਪੁਟਿਆ ਇਕੋ ਕਾਈ, ਤਿਸ ਬੂਟੇ ਬੇੜ ਖੁਲ੍ਹਾਇੰਦਾ । ਸਚਖੰਡ ਲੇਖਾ ਦਏ ਲਿਖਾਈ, ਜਿਸ ਦਾ ਅੰਕ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਇੰਦਾ । ਬੂਟਾ ਪੁਟਿਆ ਕਾਹੀ ਇਕ, ਇਕ ਇਕ ਨਾਲ ਮਿਲਾਈਆ । ਉਹੋ ਲੇਖਾ ਜਾਏ ਲਿਖ, ਜਿਸ ਇਹ ਖੇਲ ਰਚਾਈਆ । ਦੂਸਰ ਕਿਸੇ ਨਾ ਪਏ ਦਿੱਸ, ਵੇਖੇ ਨਾ ਕੋਇ ਲੋਕਾਈਆ । ਕਰਵਟ ਦੇ ਨਾ ਬਦਲੇ ਪਿੱਠ, ਸਨਮੁਖ ਨਾ ਲਏ ਅੰਗੜਾਈਆ । ਕਲਜੁਗ ਜੀਵ ਸਾਰੇ ਰਹੇ ਪਿੱਟ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਸਮਝਾਏ ਸੱਚ, ਸਚ ਸੱਚ ਜਣਾਇੰਦਾ । ਜੋ ਪ੍ਰਭ ਸਰਨੀ ਗਏ ਢੱਠ, ਤਿਨ੍ਹਾਂ ਢੱਠਿਆਂ ਆਪ ਉਠਾਇੰਦਾ । ਆਪਣੇ ਬੰਨ੍ਹ ਸਾਚੀ ਗੱਠ, ਏਥੇ ਓਥੇ ਨਾ ਕੋਈ ਖੁਲ੍ਹਾਇੰਦਾ । ਪ੍ਰਭ ਦੀ ਛਾਤੀ ਚੜ੍ਹਨ ਨੱਠ ਨੱਠ, ਜਿਨ੍ਹਾਂ ਆਪਣਾ ਘਰ ਵਖਾਇੰਦਾ । ਪੰਜ ਤਤ ਕਾਇਆ ਚੋਲਾ ਸਭ ਨੇ ਜਾਣਾ ਛੱਡ, ਥਿਰ ਕੋਈ ਨਜ਼ਰ ਨਾ ਆਇੰਦਾ । ਮੜ੍ਹੀ ਗੋਰ ਰੱਖਣੇ ਹੱਡ, ਤਨ ਮਾਟੀ ਖ਼ਾਕ ਸਮਾਇੰਦਾ । ਜਨ ਭਗਤਾਂ ਪ੍ਰਭ ਪੱਤ ਲਏ ਰੱਖ, ਪਰਮੇਸ਼ਵਰ

ਆਪਣੇ ਵਿਚ ਮਿਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਇਹੋ ਇਕੋ ਸੱਚਾ ਹੱਟ, ਜੋ ਬਿਨ ਸਤਿਗੁਰ ਹਾਕਮ ਝੋਲੀ ਕੋਈ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੂੰ ਕਰ ਕੇ ਗਏ ਪੱਕ, ਪੱਕੀ ਤਰ੍ਹਾਂ ਸਰਬ ਸਮਝਾਇੰਦਾ । ਪਰਵਰਦਿਗਾਰ ਪੁਰਖ ਅਕਾਲ ਰਾਮ ਰਹੀਮ ਇਕੋ ਸਮਰਥ, ਜਿਸ ਦੀ ਸਮਰੱਥਿਆ ਵਿਚ ਗੁਰ ਅਵਤਾਰ ਸੇਵ ਕਮਾਇੰਦਾ । ਪੀਰ ਪੈਗ਼ੰਬਰ ਉਹਦੇ ਹੱਥ, ਜਿਨ੍ਹਾਂ ਦੀ ਨਾੜ ਬਹੱਤਰ ਵੰਡ ਵੰਡਾਇੰਦਾ । ਜਿਨ੍ਹਾਂ ਚਿਰ ਨਾ ਦੇਵੇ ਆਪਣੀ ਅੱਖ, ਅੱਖਰ ਪੜ੍ਹ ਨਾ ਕੋਇ ਸੁਣਾਇੰਦਾ । ਏਸੇ ਕਰ ਕੇ ਸਾਰੇ ਮਾਰਗ ਗਏ ਦੱਸ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਸੋ ਸਾਹਿਬ ਖੋਲ੍ਹੇ ਹੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਖੋਲ੍ਹੇ ਹੱਟ ਭਗਤ ਦਵਾਰ, ਭਗਵਨ ਦਏ ਵਡਿਆਈਆ । ਘਰ ਮਿਲਿਆ ਮਿੱਤਰ ਪਿਆਰ, ਮੀਤ ਪਿਆਰਾ ਇਕ ਅਖਵਾਈਆ । ਤੱਕੋ ਇਸ ਦਾ ਨਜ਼ਾਰ, ਬਿਨ ਅੱਖਾਂ ਰਿਹਾ ਵਖਾਈਆ । ਜਿਸ ਦਾ ਲੱਭਿਆ ਨਾ ਕਿਸੇ ਕਿਨਾਰ, ਸਰਸੇ ਲੱਭੇ ਜਗਤ ਲੋਕਾਈਆ । ਜਿਸ ਨੇ ਆਪਣਾ ਲੇਖ ਰੋੜਿਆ ਜਲ ਵਿਚ ਜਲਧਾਰ, ਲੇਖਾ ਫੇਰ ਰਿਹਾ ਸਮਝਾਈਆ । ਬਿਨ ਚਿਠੀਉਂ ਚਿੱਠੀ ਰਸੈਣ ਬਣਿਆ ਹਲਕਾਰ, ਡਾਕ ਦੇਵੇ ਵਾਹੋ ਦਾਹੀਆ । ਪੁਰਖ ਅਕਾਲ ਨਾਲ ਕਰੇ ਪਿਆਰ, ਦੂਜੀ ਰੀਤ ਨਾ ਕੋਇ ਜਣਾਈਆ । ਗੁਰਮੁਖ ਤੇਰਾ ਮੰਦਰ ਦਵਾਰ, ਕਾਇਆ ਬੰਕ ਨਜ਼ਰੀ ਆਈਆ । ਜਿਸ ਦੇ ਅੰਦਰ ਵੜ ਕੇ ਅਮਰਦਾਸ ਗੁਰੂ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਅਮਰਦਾਸ ਕਹੇ ਇਹ ਵੀ ਵਿਚੋਂ ਜਲਧਾਰ, ਸਤਿਗੁਰ ਪੂਰਾ ਜਾਮ ਪਿਆਈਆ । ਅੰਗਦ ਕਹੇ ਨਾਨਕ ਲਿਖਾਰ, ਨਾਨਕ ਕਹੇ ਮੇਰਾ ਨਿਰੰਕਾਰ, ਨਿਰੰਕਾਰ ਕਹੇ ਅਰਜਨ ਮੇਰਾ ਵਣਜਾਰ, ਜੋ ਮੇਰਾ ਵਣਜ ਕਰਾਈਆ । ਗੋਬਿੰਦ ਕਹੇ ਹਰਿ ਚਰਨ ਤਿੱਖੀ ਧਾਰ, ਹਰਿ ਗੋਬਿੰਦ ਤਿਖੀ ਧਾਰ ਵਿਚ ਸਮਾਈਆ । ਸੱਤ ਅੱਠ ਨੌਂ ਦੇ ਕੇ ਗਏ ਲਾਰ, ਦਸਵੇਂ ਆਪਣੀ ਗੰਢ ਪਵਾਈਆ । ਦਸਵਾਂ ਨਹੀਂ ਇਹ ਸੁਤ ਦੁਲਾਰ, ਪੁਰਖ ਅਕਾਲ ਪਿਤਾ ਮਾਈਆ । ਪੁਰਖ ਅਕਾਲ ਨਹੀਂ ਇਹ ਸੇਵਾਦਾਰ, ਜੋ ਗੁਰਮੁਖਾਂ ਸੇਵ ਕਮਾਈਆ । ਗੁਰਮੁਖ ਨਹੀਂ ਇਹ ਭਗਤ ਅਧਾਰ, ਭਗਵਨ ਆਪਣੇ ਰੰਗ ਰੰਗਾਈਆ । ਭਗਵਨ ਨਹੀਂ ਇਹ ਸਭ ਦਾ ਪਿਆਰਾ, ਪਿਆਰ ਵਿਚੋਂ ਪਿਆਰ ਪਰਗਟਾਈਆ । ਪਿਆਰ ਨਹੀਂ ਪ੍ਰਭ ਦਾ ਖੇਲ ਨਿਆਰਾ, ਬਿਨ ਹਰਿ ਕਿਰਪਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਲਾਇਆ ਇਕ ਅਖਾੜਾ, ਜਿਸ ਵਿਚ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਯੋਧੇ ਸੂਰ ਬੈਠੇ ਆਸਣ ਲਾਈਆ । ਗੁਰਮੁਖ ਕਹਿਣ ਅਸਾਂ ਕਰਨਾ ਦੰਗਲ, ਕਲਜੁਗ ਆਪਣਾ ਬਲ ਪਰਗਟਾਈਆ । ਕਲਜੁਗ ਕਹੇ ਮੇਰਾ ਟੁੱਟਾ ਸੰਗਲ, ਘੁੰਡੀ ਘੁੰਡੀ ਦਏ ਦੁਹਾਈਆ । ਜਾਂ ਵੇਖਿਆ ਤਾਂ ਸੁਣਿਆਂ ਇਕੋ ਮੰਗਲ, ਜੋ ਪ੍ਰਭ ਨੂੰ ਰਹੇ ਧਿਆਈਆ । ਨਾ ਕੋਈ ਉਜਾੜ ਨਾ ਕੋਈ ਜੂਹ ਨਾ ਕੋਈ ਜੰਗਲ, ਭਗਤ ਦੁਆਰ ਬਹਿ ਕੇ ਖ਼ੁਸ਼ੀ ਮਨਾਈਆ । ਇਕੋ ਵਾਰ ਜਿਨ ਚਰਨ ਕਵਲ ਕੀਤੀ ਬੰਧਨ, ਤਿਸ ਪੂਜਾ ਪਾਠ ਦੀ ਲੋੜ ਰਹੀ ਨਾ ਰਾਈਆ । ਕਿਉਂ ਸਵਾ ਰੱਤੀ ਨਾਲ ਗੁਰਸਿਖ ਪ੍ਰੇਮ ਪਿਆਰ ਨਾਲ ਮਸਤਕ ਲਾਏ ਚੰਦਨ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਜੁਗ ਜੁਗ ਆਪਣੀ ਟੁੱਟੀ ਆਇਆ ਗੰਢਣ, ਗੋਬਿੰਦ ਵਿਚ ਵਿਚੋਲਾ ਬਣਾਈਆ । ਗੁਰਸਿਖ ਪਿਛਲੀ ਭਿਛਿਆ ਆਇਆ ਮੰਗਣ, ਅਗਲੀ ਆਪੇ ਦਏ ਵਰਤਾਈਆ । ਜੋ ਪ੍ਰਭ ਦੇ ਦਰ ਤੋਂ ਸੰਗਣ, ਧਰਮ ਰਾਏ ਫੜ ਲੈ ਕੇ ਜਾਏ ਵਾਹੋ ਦਾਹੀਆ । ਫੜ ਕੇ ਏਹਨਾਂ ਪੁੱਠਾ ਟੰਗਣ,

ਦੇਵਣ ਬਹੁਤ ਸਜਾਈਆ । ਜੇ ਰਵਦਾਸ ਕਿਰਪਾ ਨਾ ਕਰਦਾ ਬ੍ਰਾਹਮਣ ਕਿਉਂ ਤਰਦਾ ਜਿਸ ਚੁਰਾਇਆ ਕੰਗਣ, ਕੰਗਣਾਂ ਵਾਲਾ ਆਪਣੀ ਕਾਂਗ ਵਿਚ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਹਰਿਸੰਗਤ ਤੇਰੇ ਪਿਆਰ ਦਾ ਟਿੱਕਾ, ਹਰਿ ਸਤਿਗੁਰ ਆਪ ਲਗਾਈਆ । ਹਰਿਜਨ ਤਾਰੇ ਵੱਡਾ ਨਿੱਕਾ, ਨਿੱਕੇ ਵੱਡੇ ਇਕੋ ਰੰਗ ਰੰਗਾਈਆ । ਸਰਬ ਜੀਆਂ ਦਾ ਬਣ ਕੇ ਪਿਤਾ, ਪੁਰਖ ਅਕਾਲ ਫੇਰਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਸੇ ਕੋਲੋਂ ਕੋਈ ਅੱਖਰ ਨਾ ਸਿੱਖਾ, ਸਿਖਾਵਣਹਾਰਾ ਆਪ ਹੋ ਜਾਈਆ । ਗੁਰ ਗੋਬਿੰਦ ਦਾ ਲਿਖਿਆ ਚਿੱਠਾ, ਬਿਨ ਅੱਖਰਾਂ ਦਏ ਪੜ੍ਹਾਈਆ । ਜਿਸ ਨੇ ਹਾਲ ਆ ਕੇ ਡਿਠਾ, ਤਿਸ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਸਮਝਾਈਆ । ਇਕੋ ਵਰ ਦਏ ਸਮਝਾ, ਸਮਝ ਸਮਝ ਵਿਚ ਮਿਲਾਈਆ । ਜੋ ਪ੍ਰੀਤੀ ਵਿਚ ਹੋਏ ਫ਼ਿਦਾ, ਆਪਣਾ ਆਪ ਭੇਟ ਚੜ੍ਹਾਈਆ । ਤਿਨ੍ਹਾਂ ਸਿਰ ਹੱਥ ਦਏ ਟਿਕਾ, ਮਿਹਰ ਨਜ਼ਰ ਉਠਾਈਆ । ਹਰਿਸੰਗਤ ਨਾਲ ਲਏ ਰਲਾ, ਮੇਲ ਮਿਲਾਵਾ ਸਹਿਜ ਸੁਭਾਈਆ । ਸਾਰੀ ਸੰਗਤ ਰਲ ਮਿਲ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੈਣਾ ਗਾ, ਗਾ ਗਾ ਖ਼ੁਸ਼ੀ ਮਨਾਈਆ । ਵੇਖੋ ਵਿਸ਼ਨੂੰ ਗਿਆ ਆ, ਨੇਤਰ ਨੈਣ ਉਠਾਈਆ । ਹਰਿਸੰਗਤ ਅੱਗੇ ਕਰੇ ਦੁਆ, ਆਪਣਾ ਹਾਲ ਸੁਣਾਈਆ । ਨੂਰੀ ਨੂਰ ਇਕ ਖ਼ੁਦਾ, ਬੇਪਰਵਾਹ ਬੇਪਰਵਾਹੀਆ । ਲੇਖਾ ਜਾਣੇ ਦੋ ਜਹਾਂ, ਦੋ ਜਹਾਨਾਂ ਵਾਲੀ ਇਕ ਅਖਵਾਈਆ । ਰਲ ਮਿਲ ਸਾਰੇ ਇਕੋ ਥਾਂ ਲਉ ਖਾ, ਖਾ ਖਾ ਖ਼ੁਸ਼ੀ ਮਨਾਈਆ । ਇੱਕੀ ਸੰਗਤ ਇੱਕੀ ਪੰਗਤ ਇੱਕੀਆਂ ਲੇਖਾ ਦਿਤਾ ਲਿਖਾ, ਇੱਕੀ ਪਰਗਟ ਕਰ ਕੇ ਇੱਕੀ ਇੱਕੀਆਂ ਨਾਲ ਜੋੜ ਜੁੜਾਈਆ । ਹਰਿਸੰਗਤ ਏਹਨਾਂ ਦੇ ਅੱਗੇ ਧਰ ਕੇ, ਆਪ ਆਪਣੀ ਉਂਗਲੀ ਲਾਈਆ । ਵੇਂਹਦਿਆਂ ਵੇਂਹਦਿਆਂ ਸਭ ਦੇ ਅੰਦਰ ਵੜ ਕੇ, ਆਪਣਾ ਮੇਲ ਮਿਲਾਈਆ । ਨੌਂ ਦਵਾਰੇ ਪਾਰ ਕਰ ਕੇ, ਦਸਮ ਦਵਾਰੀ ਸੋਭਾ ਪਾਈਆ । ਦਰਸ ਦਿਖਾਵੇ ਅੱਗੇ ਖੜ ਕੇ, ਜੋਤੀ ਨੂਰ ਰੁਸ਼ਨਾਈਆ । ਗੁਰਸਿਖ ਕੋਈ ਨਾ ਉਠੇ ਸਵੇਰੇ ਤੜਕੇ, ਪੰਜ ਵੇਰ ਇਕੋ ਨਾਮ ਧਿਆਈਆ । ਪੁਰਖ ਅਕਾਲ ਸ਼ਬਦ ਬਬਾਣੇ ਆਏ ਚੜ੍ਹ ਕੇ, ਨਿਰਗੁਣ ਆਪਣਾ ਫੇਰਾ ਪਾਈਆ । ਗੁਰਸਿਖ ਸੁੱਤੇ ਸੁਰਤੀ ਫੜ ਕੇ, ਆਪਣੇ ਨਾਲ ਸਵਾਈਆ । ਸਨਮੁਖ ਬਾਤਾਂ ਕਰ ਕੇ, ਖ਼ੁਸ਼ੀਆਂ ਹਾਲ ਸੁਣਾਈਆ । ਸੀਸ ਤਾਜ ਰੱਖ ਕੇ, ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਈ ਖੇਲ ਨਾ ਕਰੇ ਡਰ ਕੇ, ਆਪਣਾ ਹੁਕਮ ਰਿਹਾ ਵਰਤਾਈਆ । ਹਰਿ ਕਾ ਹੁਕਮ ਕਰਨਾ ਪਏ ਮਨਜ਼ੂਰ, ਸਿਰ ਸਕੇ ਨਾ ਕੋਈ ਉਠਾਈਆ । ਜੋ ਆਇਆ ਸੋ ਕਰ ਕੇ ਗਿਆ ਕਸੂਰ, ਖ਼ਤਾ ਮੁਆਫ਼ ਹੋਏ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਪ ਜਪਦੇ ਰਹੇ ਹੋ ਕੇ ਮਜ਼ਬੂਰ, ਮਜ਼ਬੂਰੀ ਆਪਣੀ ਝੋਲੀ ਪਾਈਆ । ਸੂਫ਼ੀ ਤਪਦੇ ਰਹੇ ਵਾਂਗ ਤੰਦੂਰ, ਅਗਨੀ ਤਤ ਭਸਮ ਕਰਾਈਆ । ਸੂਲੀ ਚੜ੍ਹਦੇ ਰਹੇ ਬਣ ਮਨਸੂਰ, ਮੁਸ਼ਕਲ ਆਪਣੇ ਸਿਰ ਟਿਕਾਈਆ । ਭਗਤ ਡੁੱਬਦੇ ਗਏ ਵਹਿੰਦੇ ਪੂਰ, ਕਬੀਰ ਜੁਲਾਹਾ ਜਲਧਾਰ ਡੇਰਾ ਲਾਈਆ । ਸਾਰੇ ਕਹਿੰਦੇ ਗਏ ਤੂੰ ਹਾਜ਼ਰ ਹਜ਼ੂਰ, ਕਿਉਂ ਬੈਠਾ ਮੁਖ ਭਵਾਈਆ । ਕਲਜੁਗ ਆਪਣਾ ਬੰਨ੍ਹ ਸਚ ਦਸਤੂਰ, ਸਾਚਾ ਮਾਰਗ ਇਕ ਲਗਾਈਆ । ਤੇਰੇ ਭਗਤਾਂ ਬਿਨ ਤੇਰੇ ਕੋਈ ਨਾ ਕਰੇ ਭਰਪੂਰ, ਖ਼ਾਲੀ ਭਾਂਡੇ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸੱਚਾ ਵਰ, ਹਰਿਜਨ ਸਾਚੇ ਰਿਹਾ ਤਰਾਈਆ । ਗੁਰ ਅਵਤਾਰ ਕਹਿਣ ਧੰਨ ਨਿਰੰਕਾਰ, ਨਿਰਗੁਣ ਤੇਰੀ ਵਡ ਵਡਿਆਈਆ । ਭਗਤ ਦਵਾਰਾ ਦੇ ਵਿਖਾਲ, ਆਪਣੀ ਉਂਗਲੀ ਨਾਲ ਲਗਾਈਆ । ਜਿਸ ਘਰ ਵਸੇਂ ਹੋ ਕੇ ਕਾਲ ਦਿਆਲ, ਦਿਆਲਤਾ ਆਪਣੀ ਝੋਲੀ ਪਾਈਆ । ਤੇਰਾ ਮਹਿਕਦਾ ਵੇਖੀਏ ਫੁੱਲ ਡਾਲ, ਪੱਤ ਟਾਹਣੀ ਖ਼ੁਸ਼ੀ ਮਨਾਈਆ । ਨੇਤਰ ਵੇਖੀਏ ਤੇਰੇ ਲਾਲ, ਗੁਰਮੁਖ ਸੱਜਣ ਚਾਈਂ ਚਾਈਂਆ । ਜਿਨ੍ਹਾਂ ਪਿਛੇ ਬਦਲੀ ਆਪਣੀ ਚਾਲ, ਚਾਲ ਨਿਰਾਲੀ ਇਕ ਬਣਾਈਆ । ਨਵ ਨੌ ਚਾਰ ਪਿਛੋਂ ਪੂਰੀ ਕੀਤੀ ਘਾਲ, ਕੀਤੀ ਘਾਲ ਲੇਖੇ ਪਾਈਆ । ਸਚਖੰਡ ਦਾ ਸਚ ਦਵਾਰ ਸੱਚੀ ਧਰਮਸਾਲ, ਭਗਤ ਦਵਾਰ ਦਿਤਾ ਬਣਾਈਆ । ਦੀਪਕ ਆਪਣਾ ਜੋਤੀ ਬਾਲ, ਇਕੋ ਨੂਰ ਕੀਤਾ ਰੁਸ਼ਨਾਈਆ । ਸਭ ਦੇ ਸਿਰ ਤੇ ਚੀਰੇ ਬੰਨ੍ਹ ਕੇ ਲਾਲ, ਕੰਚਨ ਰੂਪ ਦਿਤਾ ਵਟਾਈਆ । ਕੰਚਨ ਵਿਚੋਂ ਸੂਹਾ ਕਰੇ ਸੁਆਲ, ਸੂਹਾ ਚਿੱਟੇ ਸੀਸ ਨਿਵਾਈਆ । ਚਿੱਟਾ ਖੱਟੇ ਰਿਹਾ ਭਾਲ, ਜਿਸ ਗੋਬਿੰਦ ਰੰਗ ਚੜ੍ਹਾਈਆ । ਖੱਟਾ ਕਹੇ ਈਸਾ ਮੂਸਾ ਮਿਲੇ ਦਲਾਲ, ਨੀਲਾ ਆਪਣਾ ਲੇਖ ਜਣਾਈਆ । ਨੀਲਾ ਕਹੇ ਮੁਹੰਮਦ ਹੋਇਆ ਹਲਾਲ, ਕਾਲੀ ਧਾਰ ਛੁਰੀ ਚਲਾਈਆ । ਮਹਿਬੂਬ ਮਾਹੀ ਆਪ ਨਿਰੰਕਾਰ, ਨਿਰਗੁਣ ਇਕੋ ਬੇਪਰਵਾਹੀਆ । ਜਿਸ ਦਾ ਮੰਦਰ ਇਕ ਦਰਬਾਰ, ਦਰਗਾਹ ਸਾਚੀ ਨਜ਼ਰੀ ਆਈਆ । ਦਰ ਦਰਵੇਸ਼ ਖੜੇ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤੇਰਾ ਗੁਲਸ਼ਨ ਖਿਲੇ ਗੁਲਜ਼ਾਰ, ਕਲੀ ਕਲੀ ਮਹਿਕਾਈਆ । ਬੁਲਬੁਲ ਵੇਖੇ ਆਪਣੀ ਵਾਰ, ਸੋਹਣਾ ਗੀਤ ਰਾਗ ਸੁਣਾਈਆ । ਚੰਦ ਚਮਕੇ ਆਪਣੀ ਧਾਰ, ਨੂਰੀ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਤੱਕ, ਹਰਿ ਤਾਕਤ ਨਾਲ ਜਣਾਇੰਦਾ । ਏਨ੍ਹਾਂ ਵਿਚ ਕਿਸੇ ਉਤੇ ਨਹੀਂ ਕੋਈ ਸ਼ੱਕ, ਜਿਨ੍ਹਾਂ ਆਪਣਾ ਰੰਗ ਚੜ੍ਹਾਇੰਦਾ । ਆਪਣੀ ਹੱਥੀਂ ਦਿਤਾ ਹੱਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪਿਛਲਾ ਮੇਟ ਕੇ ਦੂਈ ਫੱਟ, ਪੱਟੀ ਆਪਣੇ ਨਾਮ ਬੰਧਾਇੰਦਾ । ਸਭ ਦਾ ਨਾਵਾਂ ਆਵਣ ਜਾਵਣ ਵਿਚੋਂ ਦਿਤਾ ਕੱਟ, ਲੱਖ ਚੁਰਾਸੀ ਪੰਧ ਮੁਕਾਇੰਦਾ । ਸਚ ਦਵਾਰਾ ਖੋਲ੍ਹ ਹੱਟ, ਵਣਜ ਇਕੋ ਇਕ ਕਰਾਇੰਦਾ । ਚਾਰ ਵਰਨਾਂ ਦੇ ਕੇ ਮੱਤ, ਗੁਰਮਤ ਇਕ ਸਮਝਾਇੰਦਾ । ਜਿਸ ਦੇ ਥੱਲੇ ਦੱਬੀ ਆਪਣੀ ਰੱਤ, ਸੋ ਆਪਣੇ ਰੰਗ ਰੰਗਾਇੰਦਾ । ਨੇਤਰ ਖੋਲ੍ਹ ਕੇ ਵੇਖੋ ਅੱਖ, ਹਰਿ ਭਗਤਾਂ ਆਖਰ ਆਪਣੇ ਕੋਲ ਬਹਾਇੰਦਾ । ਸਚ ਸਚ ਕਹੇ ਪ੍ਰਭ ਏਹਨਾਂ ਦਾ ਕਰਨਾ ਪੱਖ, ਪੱਕੀ ਆਪਣੇ ਨਾਮ ਬੰਧਾਇੰਦਾ । ਧੀਰਜ ਸੰਤੋਖ ਦੇ ਕੇ ਜਤ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਕਰੋ ਖਿਆਲ, ਹਰਿ ਖ਼ਾਲਕ ਆਪ ਜਣਾਈਆ । ਗੁਰਮੁਖ ਹੋਏ ਸੱਚੇ ਲਾਲ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਬਿਨ ਛੁਰੀਉਂ ਕੀਤੇ ਹਲਾਲ, ਕਰਦ ਨਜ਼ਰ ਨਾ ਕੋਇ ਵਖਾਈਆ । ਕਰਿਆ ਖੇਲ ਇਕ ਕਮਾਲ, ਬੇਪਰਵਾਹ ਆਪਣੀ ਧਾਰ ਚਲਾਈਆ । ਸਚਖੰਡ ਦਿਤਾ ਵਖਾਲ, ਵੱਖਰਾ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਵੇਖਣ ਝੁਕ, ਨਿਉਂ ਨਿਉਂ ਧਿਆਨ ਲਗਾਈਆ । ਜਿਧਰ ਵੇਖਣ ਗੁਰਮੁਖ ਰਹੇ ਬੁੱਕ, ਸੋਹੰ ਢੋਲਾ ਅਲਾਈਆ । ਸਾਰੇ ਕਹਿਣ ਸਾਡਾ ਪੈਂਡਾ ਗਿਆ ਮੁੱਕ, ਅੱਗੇ ਸਕੇ ਨਾ ਕੋਇ ਭਵਾਈਆ । ਗੋਬਿੰਦ ਸਾਨੂੰ ਬਣਾ ਕੇ ਗਿਆ ਪੁੱਤ,

ਪੁਰਖ ਅਕਾਲ ਦੀ ਝੋਲੀ ਪਾਈਆ । ਪੁਰਖ ਅਕਾਲ ਗਿਆ ਤੁਠ, ਮਿਹਰਵਾਨ ਹੋਏ ਸਹਾਈਆ । ਲੱਖ ਚੁਰਾਸੀ ਵਿਚੋਂ ਰੱਖੀ ਮੁੱਠੀ ਇਕੋ ਮੁੱਠ, ਜੋ ਆਪਣੀ ਝੋਲੀ ਰਿਹਾ ਭਰਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਇਸ਼ਾਰੇ ਨਾਲ ਰਿਹਾ ਸਮਝਾਈਆ । ਇਸ਼ਾਰੇ ਨਾਲ ਦੇਵੇ ਇਸ਼ਾਰਾ, ਈਸ਼ ਅੰਤ ਨਾ ਕੋਇ ਪਾਇੰਦਾ । ਇਹ ਗੁਰੂਆਂ ਪੀਰਾਂ ਦਾ ਅੰਤ ਕਿਨਾਰਾ, ਆਪਣੇ ਚਰਨਾਂ ਵਿਚ ਰਖਾਇੰਦਾ । ਗ਼ਰੀਬ ਨਿਮਾਣਿਆਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲਿਆ ਜੈਕਾਰਾ, ਤਿਨ੍ਹਾਂ ਏਥੇ ਓਥੇ ਦੁੱਖ ਨਾ ਕੋਇ ਵਖਾਇੰਦਾ । ਗੁਰਸਿਖਾਂ ਉਠਾਲ ਰੰਗ ਚਾੜ੍ਹਿਆ ਗਾੜ੍ਹਾ, ਰਤ ਆਪਣੀ ਨਾਲ ਰੰਗਾਇੰਦਾ । ਲੇਖੇ ਲਗਾ ਗ਼ਰੀਬ ਮਾੜਾ, ਸ਼ਾਹ ਸੁਲਤਾਨਾਂ ਚਰਨਾਂ ਹੇਠ ਦਬਾਇੰਦਾ । ਗੁਰਮੁਖੋ ਗੁਰਸਿਖੋ ਤੁਹਾਡੀ ਪ੍ਰੀਤੀ ਪਿਛੇ ਕੱਢੇ ਹਾੜਾ, ਹੌਕਾ ਤੁਹਾਡਾ ਆਪਣੀ ਝੋਲੀ ਪਾਇੰਦਾ । ਗੋਬਿੰਦ ਲਾਲ ਬਰਖ਼ੁਰਦਾਰਾ, ਬਰਖ਼ੁਰਦਾਰੀ ਆਪ ਕਮਾਇੰਦਾ । ਸਤਿ ਧਰਮ ਦਾ ਬਣ ਵਣਜਾਰਾ, ਸਾਚਾ ਹੱਟ ਆਪ ਚਲਾਇੰਦਾ । ਭਗਤ ਦਵਾਰ ਇਕ ਦਵਾਰਾ, ਠਾਂਡਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਕਰੇ ਕਰਤਾਰ, ਕਰਤੇ ਹੱਥ ਵੱਡੀ ਵਡਿਆਈਆ । ਹਰਿਸੰਗਤ ਦੇਵੇ ਇਕ ਪਿਆਰ, ਨਾਤਾ ਆਪਣੇ ਨਾਲ ਜੁੜਾਈਆ । ਉਹ ਬੱਚੇ ਗੋਬਿੰਦ ਰੱਖੇ ਨਾਲ, ਜੋ ਜੰਗ ਸ਼ਹਾਦਤ ਗਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਵੀਹਵੀਂ ਵੀਹਵਾਂ ਹਿੱਸਾ ਆਪਣਾ ਆਪਣੇ ਹਿੱਸੇ ਪਾਈਆ । ਵੀਹਵੇਂ ਹਿੱਸੇ ਤੋਂ ਹੋਈ ਇਕੀ, ਏਕੰਕਾਰ ਦੇਵੇ ਵਡਿਆਈਆ । ਗੁਰੂ ਨਾਲੋਂ ਸੰਗਤ ਉਚੀ, ਸੰਗਤ ਵਿਚ ਬੈਠਾ ਹਰਿ ਜੂ ਡੇਰਾ ਲਾਈਆ । ਜਿਨ੍ਹਾਂ ਦੀ ਪੁਰਖ ਅਕਾਲ ਨਾਲ ਲੱਗੀ ਰੁਚੀ, ਤਿਨ੍ਹਾਂ ਦੀ ਰਚਨਾ ਵੇਖੇ ਜਗਤ ਲੋਕਾਈਆ । ਇਹੋ ਧਾਰ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਚਲਾਈ ਪੁੱਠੀ, ਜਿਸ ਦੀ ਸਮਝ ਕਿਸੇ ਨਾ ਆਈਆ । ਏਥੇ ਗੋਬਿੰਦ ਸਿੱਖੀ ਅੱਜ ਨਹੀਂ ਲੁਕੀ, ਬੱਚਿਆਂ ਅਗਲਾ ਰਾਹ ਵਖਾਈਆ । ਜਿਨ੍ਹਾਂ ਧਰਤ ਧਵਲ ਦੀ ਮਿੱਟੀ ਆਪਣੀ ਪਿਠ ਚੁੱਕੀ, ਥੱਲੇ ਬੈਠੇ ਡੇਰਾ ਲਾਈਆ । ਜਿਨ੍ਹਾਂ ਦੀ ਰਾਖ ਫੜ ਕੇ ਇਕ ਇਕ ਮੁੱਠੀ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਾਧਾਂ ਸੰਤਾਂ ਘਰ ਘਰ ਦਿਤੀ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਸੰਗਤ ਦੇਵੇ ਮਾਣ ਵਡਿਆਈਆ । ਦੇਵੇ ਮਾਣ ਵਡਿਆਈ ਵਿਚ ਸੰਗਤ, ਸਿੰਘ ਸੰਗਤ ਲਏ ਉਠਾਈਆ । ਨਾਲ ਰਲਾਏ ਬ੍ਰਾਹਮਣ ਪੰਡਤ, ਨੌ ਜਨਮ ਦਾ ਪੰਧ ਚੁਕਾਈਆ ।

## ★ ੨੭ ਪੋਹ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਅਚਰਜ ਖੇਲ ਜੋਤ ਨਿਰੰਕਾਰੀ, ਬੇਅੰਤ ਆਪ ਕਰਾਇੰਦਾ । ਸ਼ਬਦ ਗੁਰ ਸਚ ਸਿਕਦਾਰੀ, ਥਿਰ ਘਰ ਸਾਚੇ ਹੁਕਮ ਸੁਣਾਇੰਦਾ । ਗੁਰ ਅਵਤਾਰ ਕਰੋ ਨਿਮਸਕਾਰੀ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਚਰਨ ਛੁਹਾਓ ਦਾੜ੍ਹੀ, ਦਰ ਦਵਾਰਾ ਇਕ ਵਖਾਇੰਦਾ ।

ਜੁਗ ਚੌਕੜੀ ਵੇਖੇ ਵਾਰੀ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਕਰੇ ਵਿਚਾਰੀ, ਬੋਧ ਅਗਾਧਾ ਆਪ ਸਮਝਾਇੰਦਾ । ਗੀਤਾ ਗਿਆਨ ਅੰਜੀਲ ਕੁਰਾਨ ਕਰੇ ਨਿਮਸਕਾਰੀ, ਹੁਕਮ ਹਾਕਮ ਇਕ ਉਪਾਇੰਦਾ । ਦਰ ਘਰ ਸਾਚਾ ਵੇਖੇ ਇਕੋ ਵਾਰੀ, ਇਕ ਇਕੱਲਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਖੇਲ ਰਚ ਨਿਰੰਕਾਰ, ਨਿਰਗੁਣ ਵੱਡੀ ਵਡਿਆਈਆ । ਸ਼ਬਦੀ ਸੁਤ ਕਰ ਤਿਆਰ, ਜੋਧਾ ਗੁਰੂ ਇਕ ਬਣਾਈਆ । ਸਤਿਗੁਰ ਬਣੇ ਪਹਿਰੇਦਾਰ, ਸੇਵਾ ਸਚ ਸਚ ਕਮਾਈਆ । ਸਚਖੰਡ ਦੀ ਸਾਚੀ ਧਾਰ, ਥਿਰ ਘਰ ਵਿਚੋਂ ਬਾਹਰ ਕਢਾਈਆ । ਸੁਨ ਅਗੰਮ ਚਰਨਾਂ ਹੇਠ ਲਤਾੜ, ਬਣ ਪਾਂਧੀ ਪੰਧ ਮੁਕਾਈਆ । ਲੇਖਾ ਜਾਣ ਸਰਬ ਸੰਸਾਰ, ਗੁਰ ਅਵਤਾਰ ਭੇਵ ਮਿਟਾਈਆ । ਲੇਖਾ ਦੇਵੇ ਦੇਵਣਹਾਰ, ਦਾਤਾ ਦਾਨੀ ਹੋਏ ਸਹਾਈਆ । ਜੁਗ ਚੌਕੜੀ ਕਰ ਪਨਿਹਾਰ, ਸੇਵਕ ਚਾਕਰ ਰੂਪ ਵਖਾਈਆ । ਕਾਗ਼ਜ਼ ਕਲਮ ਬਣ ਲਿਖਾਰ, ਲੇਖਾ ਦੋ ਜਹਾਨ ਜਣਾਈਆ । ਅੰਤਰ ਸਭ ਦੀ ਵਜਾਂਦਾ ਰਿਹਾ ਸਤਾਰ, ਸਤਿ ਸਤਿਵਾਦੀ ਆਪ ਹਿਲਾਈਆ । ਬੋਧ ਅਗਾਧਾ ਦੇਂਦਾ ਰਿਹਾ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਜੋਤ ਅਕਾਲ, ਅਕਲ ਕਲਾ ਅਖਵਾਇੰਦਾ । ਸ਼ਬਦ ਗੁਰੂ ਸਤਿਗੁਰੂ ਦਿਆਲ, ਦਿਆਲਤਾ ਆਪਣੀ ਆਪ ਵਖਾਇੰਦਾ । ਜੁਗ ਜੁਗ ਦੀ ਘਾਲਣ ਘਾਲ, ਹਰਿ ਲੇਖਾ ਲੇਖੇ ਵਿਚ ਰਖਾਇੰਦਾ । ਪੀਰ ਪੈਗ਼ੰਬਰਾਂ ਮੰਨ ਸਵਾਲ, ਹਰਿ ਰਹਿਮਤ ਆਪ ਕਮਾਇੰਦਾ । ਪਰਵਰਦਿਗਾਰ ਬਣ ਦਲਾਲ, ਭਗਤ ਵਿਚੋਲਾ ਫੇਰਾ ਪਾਇੰਦਾ । ਹਕੀਕਤ ਜਣਾਏ ਇਕ ਹਲਾਲ, ਹਜ਼ਰਤ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਇਕ ਤੌਫ਼ੀਕ, ਤਾਕਤਵਰ ਵਡ ਵਡਿਆਈਆ । ਸਚ ਸੰਦੇਸ਼ਾ ਇਕ ਹਦੀਸ, ਕਲਮਾ ਆਪਣਾ ਨਾਮ ਪੜ੍ਹਾਈਆ । ਪਿਛਲਾ ਲੇਖਾ ਗਿਆ ਬੀਤ, ਅੱਗੇ ਮਾਰਗ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਇਕੋ ਸੱਚੀ ਰੀਤ, ਦੂਜਾ ਰਾਹ ਨਾ ਕੋਇ ਵਖਾਈਆ । ਮਿਲ ਕੇ ਸਭ ਨੇ ਗੌਣਾ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਨਾਤਾ ਤੁਟੇ ਮੰਦਰ ਮਸੀਤ, ਦਵਾਰਾ ਰਹਿਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਵਸੇ ਹਰ ਘਟ ਚੀਤ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਲੱਖ ਚੁਰਾਸੀ ਪਰਖ ਨੀਤ, ਜੀਵ ਜੰਤ ਪੜਦਾ ਰਿਹਾ ਫੁਲਾਈਆ । ਆਤਮ ਪਰਮਾਤਮ ਬਣੇ ਮੀਤ, ਮਿੱਤਰ ਪਿਆਰਾ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸੁਣਾਏ ਏਕੋ, ਏਕੰਕਾਰ ਵੱਡੀ ਵਡਿਆਈਆ । ਨੇਤਰ ਖੋਲ੍ਹ ਸਾਰੇ ਵੇਖੋ, ਪੜਦਾ ਰਿਹਾ ਉਠਾਈਆ । ਜਨ ਭਗਤਾਂ ਕਰੇ ਬੁਧ ਬਿਬੇਕੋ, ਬਿਬੇਕੀ ਆਪਣੀ ਸੇਵ ਲਗਾਈਆ । ਨਿਰਗੁਣ ਹੋ ਕੇ ਧਾਰੇ ਭੇਖੋ, ਭੇਖ ਪਖੰਡ ਰਿਹਾ ਗਵਾਈਆ । ਚਰਨ ਕਵਲ ਦੇਵੇ ਟੇਕੋ, ਟਿੱਕਾ ਮਸਤਕ ਚਰਨ ਲਗਾਈਆ । ਪਹਿਲੋਂ ਆਪਣਾ ਆਪ ਕੀਤਾ ਭੇਟੋ, ਤਤਵ ਤਤ ਨਜ਼ਰ ਕੋਇ ਨਾ ਆਈਆ । ਉਸ ਦੀ ਗੋਦੀ ਬਹਿ ਕੇ ਖੇਡੋ, ਜੋ ਸਾਹਿਬ ਸਚ ਗੋਸਾਈਆ । ਦੁੱਖ ਸੁਖ ਸੁਨੇਹੜਾ ਇਕੋ ਵਾਰ ਭੇਜੋ, ਪ੍ਰਭ ਸੁਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚਖੰਡ ਨਿਵਾਸੀ ਇਕ ਇਕੱਲਾ, ਅਕਲ ਕਲਾ ਵਡਿਆਈਆ । ਵਸਾਵਣਹਾਰਾ ਸਚ ਮਹੱਲਾ,

ਰਹਿਮਤ ਆਪ ਕਮਾਈਆ । ਹੁਕਮ ਅੰਦਰ ਫਿਰਾਏ ਰਾਣੀ ਅੱਲਾ, ਮੁਹੰਮਦ ਖ਼ਾਹਸ਼ ਦਏ ਦੁਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹਲ ਅਟੱਲ ਬੈਠਾ ਡੇਰਾ ਲਾਈਆ । ਦੀਪਕ ਜੋਤ ਇਕੋ ਬਲਾ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਸਚ ਸੰਦੇਸ਼ਾ ਧੁਰ ਦਾ ਘੱਲਾ, ਜੁਗ ਜੁਗ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹੀ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਧੁਰਦਰਗਾਹੀ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗ਼ਬਰ ਦਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਪਰਗਟਾਇੰਦਾ । ਸਚ ਦਵਾਰਾ ਕਰ ਪਰਗਟ, ਪਰਗਟ ਧਾਰ ਚਲਾਈਆ । ਨਵ ਨੌ ਚਾਰ ਪਿਛੋਂ ਖੋਲ੍ਹਿਆ ਹੱਟ, ਬਣ ਹਟਵਾਣਾ ਸੇਵ ਕਮਾਈਆ । ਜਨ ਭਗਤਾਂ ਮਾਰਗ ਦਿਤਾ ਦੱਸ, ਭਰਮੇ ਭੁੱਲੀ ਸਰਬ ਲੋਕਾਈਆ । ਹਿਰਦੇ ਅੰਦਰ ਹਰਿਜੂ ਵਸ, ਸੋਹੰ ਹੰਸਾ ਰੂਪ ਵਟਾਈਆ । ਤੀਰ ਨਿਰਾਲਾ ਮਾਰਿਆ ਕੱਸ, ਚਿਲਾ ਕਮਾਨ ਆਪਣਾ ਨਾਮ ਬਣਾਈਆ । ਉਪਰ ਪੜਦਾ ਆਪ ਰੱਖ, ਭਿਛਿਆ ਦੂਜੀ ਨਾ ਕੋਇ ਵਖਾਈਆ । ਨਿਰਗੁਣ ਹੋ ਕੇ ਕਰਦਾ ਪੱਖ, ਸਰਗੁਣ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਲੇਖਾ ਪਿਛਲਾ ਚੁਕਾ ਸੰਸਾਰ, ਸੰਸਾ ਰੋਗ ਸਰਬ ਮਿਟਾਇੰਦਾ । ਅੱਗੇ ਦੇਵੇ ਨਾ ਕੋਈ ਸਹਾਰ, ਪੀਰ ਪੈਗ਼ੰਬਰ ਸੰਗ ਨਾ ਕੋਇ ਰਖਾਇੰਦਾ । ਸਾਰੇ ਤੋਬਾ ਤੋਬਾ ਕਰ ਕੇ ਰਹੇ ਪੁਕਾਰ, ਆਪਣਾ ਸਬਕ ਨਾ ਕੋਇ ਸੁਣਾਇੰਦਾ । ਸੋ ਸੱਚਾ ਇਕੋ ਪਰਵਰਦਿਗਾਰ, ਸਾਹਿਬ ਸਾਚਾ ਨਜ਼ਰੀ ਆਇੰਦਾ । ਤੋਹਫ਼ਾ ਦੇਵੇ ਦੇਵਣਹਾਰ, ਰਹਿਮਤ ਆਪਣਾ ਨਾਮ ਵਰਤਾਇੰਦਾ । ਲੋਕ ਪਰਲੋਕਾ ਕਰੇ ਖ਼ਬਰਦਾਰ, ਸਚ ਸਲੋਕਾ ਇਕ ਜਣਾਇੰਦਾ । ਮੌਕਾ ਮਿਲਿਆ ਪਹਿਲੀ ਵਾਰ, ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਖ਼ੁਸ਼ੀਆਂ ਨਾਲ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚਾ ਸੱਚੇ ਭਾਇੰਦਾ । ਘਰ ਸਾਚਾ ਸੱਚਾ ਦਰਬਾਰ, ਵੱਜੀ ਸਚ ਵਧਾਈਆ । ਅੱਗੇ ਵੇਖਿਆ ਏਕੰਕਾਰ, ਅਕਲ ਕਲਾ ਅਖਵਾਈਆ । ਤਖ਼ਤ ਨਿਵਾਸੀ ਬੈਠਾ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਆਦਿ ਜੁਗਾਦੀ ਹੁਕਮਰਾਨ, ਏਕਾ ਹੁਕਮ ਸੁਣਾਈਆ । ਪਰਮ ਪੁਰਖ ਦੀ ਮੰਨੋ ਆਣ, ਦੂਜਾ ਇਸ਼ਟ ਨਾ ਕੋਇ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਸਿਫ਼ਤ ਗਾਣ, ਸੋ ਸਿਫ਼ਤੀ ਭਰਿਆ ਬੇਪਰਵਾਹੀਆ । ਉਸ ਦੇ ਉਤੇ ਰੱਖੋ ਈਮਾਨ, ਜੋ ਕਾਮਲ ਪੁਰਖ ਅਖਵਾਈਆ । ਉਸ ਦਾ ਕਰੋ ਧਿਆਨ, ਜੋ ਹਰ ਘਟ ਰਿਹਾ ਸਮਾਈਆ । ਉਸ ਦਾ ਕਲਮਾ ਪੜ੍ਹੋ ਕਲਾਮ, ਜਿਸ ਕਾਇਨਾਤ ਬਣਾਈਆ । ਉਸ ਨੂੰ ਕਰੋ ਸਲਾਮ, ਜੋ ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਉਸ ਨੂੰ ਮੰਨੋ ਅਮਾਮ, ਜਿਸ ਨੂੰ ਮੁਹੰਮਦ ਬੈਠਾ ਸੀਸ ਝੁਕਾਈਆ । ਉਸ ਦਾ ਸੁਣੋ ਪੈਗ਼ਾਮ, ਜੋ ਪੈਗ਼ੰਬਰਾਂ ਕਰੇ ਪੜ੍ਹਾਈਆ । ਉਸ ਦੇ ਬਣੋ ਮਹਿਮਾਨ, ਜੋ ਮੁਹੱਬਤ ਆਪਣੇ ਨਾਲ ਰਖਾਈਆ । ਉਸ ਦੀ ਕਰੋ ਪਹਿਚਾਨ, ਜੋ ਜੁਗ ਚੌਕੜੀ ਪਹਿਚਾਨ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠਾ ਹੋਇਆ ਦਸਤਾ, ਦਸਤਗੀਰ ਆਪ ਬਣਾਇੰਦਾ । ਸਾਰੇ ਕਹਿਣ ਪਿਛਲਾ ਬੰਨ੍ਹੀਏ ਬਸਤਾ, ਅੱਗੇ ਫੋਲ

੨੦੩ ੧੯

ਨਾ ਕੋਇ ਵਖਾਇੰਦਾ । ਤੇਰਾ ਨਾਮ ਕਲਜੁਗ ਕੂੜੀ ਕਿਰਿਆ ਕੀਤਾ ਸਸਤਾ, ਕਾਗ਼ਜ਼ ਕਲਮ ਛਾਹੀ ਵੰਡ ਵੰਡਾਇੰਦਾ । ਸਚ ਖ਼ੁਮਾਰੀ ਚੜ੍ਹੇ ਕੋਈ ਨਾ ਮਸਤਾ, ਮਸਤੀ ਵਿਚ ਕੋਇ ਨਾ ਆਇੰਦਾ । ਵੇਖ ਸਾਡਾ ਹਾਲ ਖ਼ਸਤਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਨਜ਼ਰੀ ਆਇੰਦਾ । ਪੀਰ ਪੈਗ਼ੰਬਰ ਪਕੜਨ ਅੰਜੀਲ ਕੁਰਾਨ, ਦਰ ਤੇਰੇ ਸੀਸ ਝੁਕਾਈਆ । ਤੇਰਾ ਸਿਦਕ ਤੇਰਾ ਈਮਾਨ, ਤੇਰੀ ਮੁਹੱਬਤ ਨਜ਼ਰੀ ਆਈਆ । ਤੇਰਾ ਮੰਦਰ ਤੇਰਾ ਮਕਾਨ, ਕਾਅਬਾ ਤੇਰਾ ਰੂਪ ਵਟਾਈਆ । ਤੇਰਾ ਹੁਕਮ ਬੇਪਹਿਚਾਨ, ਸਮਝ ਸਕੇ ਕੋਇ ਨਾ ਰਾਈਆ । ਅਸੀਂ ਹੋਕਾ ਦੇ ਕੇ ਆਏ ਵਿਚ ਜਹਾਨ, ਉਚੀ ਕੂਕ ਕੂਕ ਸੁਣਾਈਆ । ਬੀਸ ਬੀਸਾ ਪਰਗਟ ਹੋਏ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਅਲਾਈਆ । ਜਿਸ ਦਾ ਇਕੋ ਇਕ ਇਸਲਾਮ, ਇਸਮ ਇਕੋ ਇਕ ਵਖਾਈਆ । ਜਿਸ ਦਾ ਜਲਵਾ ਨੂਰ ਨੂਰ ਨੁਰਾਨ, ਮਹਿਤਾਬ ਬੈਠਾ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਝੁਕਾਈਆ । ਈਸਾ ਕਹੇ ਮੇਰੀ ਪੂਰੀ ਆਸਾ, ਤ੍ਰਿਸਨਾ ਰਹਿਣ ਨਾ ਪਾਈਆ । ਮੂਸਾ ਕਹੇ ਮੇਰਾ ਭਰਵਾਸਾ, ਕੋਹਤੂਰ ਧਾਰ ਨਾ ਕੋਇ ਬਣਾਈਆ । ਮੁਹੰਮਦ ਕਹੇ ਮੋਹੇ ਤੇਰਾ ਭਰਵਾਸਾ, ਕਦਮਬੋਸੀ ਇਕੋ ਮੋਹੇ ਭਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਵੇਖਾਂ ਆਪ ਤਮਾਸ਼ਾ, ਜੁਗ ਚੌਕੜੀ ਖੇਲ ਰਚਾਈਆ । ਨਾਨਕ ਕਹੇ ਮੈਂ ਮੰਗਾਂ ਸਾਥਾ, ਸਗਲਾ ਸੰਗ ਨਿਭਾਈਆ । ਗੋਬਿੰਦ ਕਹੇ ਮੇਰਾ ਮੰਨਿਆ ਆਖਾ, ਜੋ ਪਿਛਲਾ ਲੇਖਾ ਸਮਝਾਈਆ । ਪੁਰਖ ਅਕਾਲ ਕਹੇ ਮੈਂ ਪੁਰਖ ਸਮਰਾਥਾ, ਨਿਤ ਨਵਿਤ ਆਪਣੀ ਧਾਰ ਬਣਾਈਆ । ਸਤਿਜੁਗ ਕਹੇ ਮੈਂ ਕੋਈ ਨਹੀਂ ਕਰਨਾ ਪੂਜਾ ਪਾਠਾ, ਇਕੋ ਤੇਰਾ ਇਸ਼ਟ ਮਨਾਈਆ । ਕਲਜੁਗ ਕਹੇ ਮੇਰੀ ਅੰਧੇਰੀ ਰਾਤਾ, ਤੇਰੀ ਸਮਝ ਕਿਸੇ ਨਾ ਆਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਪਿਤਾ ਮਾਤਾ, ਪੂਤ ਸਪੂਤੇ ਗੋਦ ਉਠਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਕਰ ਕਿਰਪਾ ਦੇਵਾਂ ਆਪਣੀਆਂ ਦਾਤਾਂ, ਨਾਮ ਨਿਧਾਨ ਝੋਲੀ ਪਾਈਆ । ਲੇਖ ਮੁਕਾਵਾਂ ਜਾਤਾਂ ਪਾਤਾਂ, ਊਚਾਂ ਨੀਚਾਂ ਮੇਟ ਮਿਟਾਈਆ । ਸੇਵਾ ਕਰਾਂ ਬਣ ਕੇ ਰਾਖਾ, ਹੋਕਾ ਦੇਵਾਂ ਵਾਹੋ ਦਾਹੀਆ । ਰੰਗ ਰੰਗਾਂ ਇਕੋ ਸਾਚਾ, ਸਤਿ ਸਤਿਵਾਦੀ ਕੰਤ ਹੋ ਜਾਈਆ । ਫ਼ਰਸ਼ ਬਣਾਏ ਧਰਤ ਮਾਤਾ, ਜਿਸ ਘਰ ਗੁਰਮੁਖ ਬੈਠੇ ਆਈਆ । ਜਿਨ੍ਹਾਂ ਦੀ ਇਕੋ ਸੋਹਣੀ ਸੱਚੀ ਭਾਸ਼ਾ, ਸੋਹੰ ਢੋਲਾ ਰਹੇ ਗਾਈਆ । ਏਥੇ ਰਹੇ ਨਾ ਕੋਈ ਬਦਮਾਸ਼ਾ, ਬਦੀ ਨੇਕੀ ਆਪਣੇ ਰੰਗ ਰੰਗਾਈਆ । ਧਰਮ ਦਵਾਰਾ ਖੋਲ੍ਹ ਕੇ ਹਾਟਾ, ਜਨ ਭਗਤਾਂ ਇਕੋ ਨਾਮ ਝੋਲੀ ਪਾਈਆ । ਆਤਮ ਸੇਜ ਸੁਹਾਏ ਖਾਟਾ, ਸੁਹੰਝਣੀ ਰੁੱਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੂਸਾ ਕਹੇ ਮੈਂ ਮੰਗਿਆ ਦਾਨ, ਇਬਨੁਲਵਕਤ ਤੇਰੀ ਸਰਨਾਈਆ । ਹੋਕਾ ਦੇ ਕੇ ਗਿਆ ਪੈਗ਼ਾਮ, ਪੈਗ਼ੰਬਰ ਕਰ ਪੜ੍ਹਾਈਆ । ਮੂਸਾ ਕਹੇ ਮੈਂ ਕੀਤੀ ਇਕ ਕਲਿਆਨ, ਤੇਰੇ ਕਲਮੇ ਵਿਚੋਂ ਆਪਣਾ ਕਲਮਾ ਬਣਾਈਆ । ਓਸ ਕਲਮੇ ਵਿਚ ਤੇਰਾ ਈਮਾਨ, ਜਿਸ ਦੀ ਸਮਝ ਕਿਸੇ ਨਾ ਆਈਆ । ਉਹ ਕਲਮਾ ਤੇਰੇ ਚਰਨਾਂ ਹੇਠਾਂ ਦੱਬਿਆ ਸਦਾ ਨਿਸ਼ਾਨ, ਬਿਨ ਤੇਰੀ ਕਿਰਪਾ ਵੇਖ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਰ ਦਾਤੇ ਬੇਪਰਵਾਹੀਆ । ਮੁਹੰਮਦ ਕਹੇ ਮੈਂ ਦਿਤਾ ਸਬੂਤ, ਸਾਬਤ ਤੇਰਾ ਨਾਮ ਜਣਾਈਆ । ਤਤ ਹੰਢਾਇਆ ਪੰਜ ਤਤ

ਕਲਬੂਤ, ਕਲਮਾ ਇਕੋ ਇਕ ਗਾਈਆ । ਸਚ ਦ੍ਰਿੜਾਏ ਸਚ ਮਹਿਬੂਬ, ਮੁਹੱਬਤ ਤੇਰੇ ਨਾਲ ਰਖਾਈਆ । ਅਰਸ਼ ਫ਼ਰਸ਼ ਤੋਂ ਉਚਾ ਅਰੂਜ, ਸ਼ਹਿਨਸ਼ਾਹ ਤੇਰਾ ਇਕ ਸਮਝਾਈਆ । ਆਦਿ ਜੁਗਾਦਿ ਰਹੇ ਮਹਿਫੂਜ਼, ਭੰਨ ਤੋੜ ਸਕੇ ਕੋਈ ਨਾ ਰਾਈਆ । ਕਵਣ ਜਾਣੇ ਕਿਉਂ ਬਣਿਆ ਮਜ਼ਬੂਤ, ਘਾੜਤ ਕਵਣ ਘੜਾਈਆ । ਮੈਂ ਨਿੱਕਾ ਨੱਢਾ ਬਾਲਾ ਤੇਰਾ ਪੂਤ, ਸਮਝ ਸਕਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਪੀਰ ਪੈਗ਼ੰਬਰ ਕਰਨ ਸਜਦਾ, ਸੀਸ ਜਗਦੀਸ਼ ਝੁਕਾਈਆ । ਠਾਕਰ ਸਵਾਮੀ ਤੇਰਾ ਬਰਦਾ, ਬੰਦਗੀ ਇਕੋ ਦਏ ਸਮਝਾਈਆ । ਤੇਰੇ ਦਵਾਰੇ ਕੋਈ ਨਾ ਆਵੇ ਡਰਦਾ, ਭੈ ਵਿਚ ਬੈਠੇ ਮੁਖ ਲੁਕਾਈਆ । ਤੇਰਾ ਨਾਉਂ ਬ੍ਰਹਮ ਪੜ੍ਹਦਾ, ਰਸਨਾ ਜਿਹਵਾ ਗਾਈਆ । ਭਾਣਾ ਭਾਣੇ ਵਿਚੋਂ ਜਰਦਾ, ਸਿਰ ਆਪਣੇ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਚ ਵਡਿਆਈਆ । ਤਿੰਨਾਂ ਦਿਤੀ ਇਕ ਦਲੀਲ, ਪ੍ਰਭ ਅੱਗੇ ਅਰਜ਼ ਸੁਣਾਈਆ । ਦਰਗਾਹ ਸਾਚੀ ਸਚ ਅਪੀਲ, ਮੰਨ ਬੇਪਰਵਾਹੀਆ । ਤੁਧ ਬਿਨ ਦਿਸੇ ਨਾ ਕੋਇ ਵਕੀਲ, ਵਕਾਲਤ ਕਰੇ ਨਾ ਕੋਇ ਲੋਕਾਈਆ । ਵੇਲਾ ਅੰਤ ਦੱਸ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਕਵਣ ਵੇਲੇ ਬਦਲੇਂ ਤਕਦੀਰ, ਤਦਬੀਰ ਆਪਣੀ ਦੇ ਜਣਾਈਆ । ਅਸੀਂ ਬੈਠੇ ਸ਼ਾਹ ਹਕੀਰ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਪੁਰਖ ਅਬਿਨਾਸ਼ੀ ਸਾਨੂੰ ਹੋਣ ਨਾ ਦੇਵੀਂ ਦਿਲਗੀਰ, ਦਰ ਤੇਰਾ ਰਾਹ ਤਕਾਈਆ । ਸ਼ਰਅ ਤੇਰੀ ਕੜੀ ਜ਼ੰਜੀਰ, ਸ਼ਰਅ ਨਾਲ ਬੰਧਾਈਆ । ਤੂੰ ਉਚ ਅਗੰਮਾ ਪੀਰ, ਬੇਨਜ਼ੀਰ ਤੇਰੀ ਵਡਿਆਈਆ । ਤੇਰੇ ਹੱਥ ਵੱਡੀ ਸ਼ਮਸ਼ੀਰ, ਦੋ ਜਹਾਨਾਂ ਡੇਰਾ ਢਾਹੀਆ । ਤੇਰਾ ਲੇਖਾ ਲਿਖੀਏ ਕਾਗ਼ਜ਼ਾਂ ਉਤੇ ਮਾਰ ਲਕੀਰ, ਕਲਮ ਛਾਹੀ ਜੋੜ ਜੁੜਾਈਆ । ਤੇਰਾ ਢੋਲਾ ਗਾਏ ਪੀਰ ਫ਼ਕੀਰ, ਫ਼ਿਕਰਾ ਤੇਰਾ ਨਾਮ ਸੁਣਾਈਆ । ਕਵਣ ਵੇਲਾ ਬੰਨ੍ਹੇਂ ਧੀਰ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪ੍ਰਭ ਕਮੌਂਦਾ ਏ । ਧੁਰ ਦਾ ਲਹਿਣਾ ਆਪ ਸਮਝੌਂਦਾ ਏ । ਈਸਾ ਮੂਸਾ ਮੁਹੰਮਦ ਭੇਵ ਚੁਕੌਂਦਾ ਏ । ਇਕ ਮਾਰ ਅਗੰਮੀ ਰਮਜ਼, ਰਹਿਮਤ ਆਪਣੀ ਆਪ ਕਮੌਂਦਾ ਏ । ਕਲਜੁਗ ਅੰਤਮ ਚੁੱਕੇ ਮਜ਼ਲ, ਬਣ ਪਾਂਧੀ ਪੰਧ ਮੁਕੌਂਦਾ ਏ । ਸ੍ਰੀ ਭਗਵਾਨ ਬਣੇ ਹਰਦਿਲ, ਹਰਿਜਨ ਆਪਣੇ ਆਪ ਉਠੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮੌਂਦਾ ਏ । ਸਾਚੀ ਕਰਨੀ ਆਪ ਕਮਾਵਾਂਗਾ । ਲੋਕਮਾਤ ਖੇਲ ਖਿਲਾਵਾਂਗਾ । ਨਾਨਕ ਨਿਰਗੁਣ ਇਕ ਪਰਗਟਾਵਾਂਗਾ । ਸਰਗੁਣ ਤੰਦ ਸਤਾਰ ਵਜਾਵਾਂਗਾ । ਬ੍ਰਹਮ ਮੱਤ ਇਕ ਦ੍ਰਿੜਾਵਾਂਗਾ । ਕਲਮਾ ਇਕੋ ਇਕ ਪੜ੍ਹਾਵਾਂਗਾ । ਮੱਕਾ ਮਦੀਨਾ ਵੇਖ ਵਖਾਵਾਂਗਾ । ਪਾਕ ਪੁਨੀਤ ਸਰਬ ਕਰਾਵਾਂਗਾ । ਮਜ਼੍ਹਬਾਂ ਦੀਨਾਂ ਡੇਰਾ ਢਾਹਵਾਂਗਾ । ਰਮਜ਼ਾਨ ਮਹੀਨਾ ਵੇਖ ਵਖਾਵਾਂਗਾ । ਸ਼ਮਸ਼ਾਨ ਭੂਮੀ ਬਹਿ ਕੇ ਘਾਤ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਇਕ ਦ੍ਰਿੜਾਵਾਂਗਾ । ਸਾਚਾ ਲੇਖ ਇਕ ਦ੍ਰਿੜਾਵੇਗਾ । ਪ੍ਰਭ ਆਪਣੀ ਖੇਲ ਰਚਾਵੇਗਾ । ਏਕਾ ਜੋਤੀ ਨੂਰ ਚਮਕਾਵੇਗਾ । ਗੋਬਿੰਦ ਆਪਣਾ ਸੁਤ ਬਣਾਵੇਗਾ । ਸਾਚੀ ਰੁੱਤ ਆਪ ਸੁਹਾਵੇਗਾ । ਬੰਸ ਸਰਬੰਸ ਭੇਟ ਚੜ੍ਹਾਵੇਗਾ । ਸੂਲਾਂ ਸੱਥਰ ਹੇਠ ਵਿਛਾਵੇਗਾ । ਸੋਹਣੀ ਸੇਜਾ ਨਾਲ ਹੰਢਾਵੇਗਾ । ਪਾਤੀ ਚਿੱਠੀ ਆਪ ਲਿਖਾਵੇਗਾ । ਹਰਫ਼ ਹਰੂਫ਼ ਨਾ ਕੋਇ ਪੜ੍ਹਾਵੇਗਾ ।

ਸਚ ਸਬੂਤ ਆਪ ਜਣਾਵੇਗਾ । ਮਹਿਬੂਬ ਇਕੋ ਨਜ਼ਰੀ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਵੇਗਾ । ਲੇਖਾ ਆਪਣੇ ਹੱਥ ਰਖਾਵਾਂਗਾ । ਨਿਰਗੁਣ ਹੋ ਕੇ ਖੇਲ ਕਰਾਵਾਂਗਾ । ਸਰਗੁਣ ਆਪਣਾ ਮਾਰਗ ਲਾਵਾਂਗਾ । ਗੋਬਿੰਦ ਇਕੋ ਗੋਦ ਬਹਾਵਾਂਗਾ । ਅਰਦਾਸਾ ਸੋਧ ਹੁਕਮ ਸੁਣਾਵਾਂਗਾ । ਬਣ ਕੇ ਜੋਧਨ ਜੋਧ, ਸੂਰਬੀਰ ਆਪ ਪਰਗਟਾਵਾਂਗਾ । ਪੀਰ ਪੈਗ਼ੰਬਰਾਂ ਸਭ ਦਾ ਪੈ ਜਾਏ ਭੋਗ, ਭਗਵਨ ਹੋ ਕੇ ਖੇਲ ਕਰਾਵਾਂਗਾ । ਸਦੀ ਚੌਧਵੀਂ ਕਰਾਂ ਸੰਜੋਗ, ਜੁਗਤ ਆਪਣੇ ਹੱਥ ਰਖਾਵਾਂਗਾ । ਵੇਖ ਵਖਾਵਾਂ ਚੌਦਾਂ ਲੋਕ, ਚੌਦਾਂ ਤਬਕ ਫੋਲ ਫੁਲਾਵਾਂਗਾ । ਅੰਤਮ ਸਭ ਨੂੰ ਦੇ ਕੇ ਮੋਖ, ਆਪਣੇ ਚਰਨ ਬਹਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਨਣ ਅਸੀਂ ਨਿਰਦੋਸ਼, ਦੋਸ਼ੀ ਜਗਤ ਵਖਾਵਾਂਗਾ । ਨਵ ਨੌ ਚਾਰ ਰਹਾਂ ਖਾਮੋਸ਼, ਅੰਤਮ ਰਸਨਾ ਢੋਲਾ ਗਾਵਾਂਗਾ । ਗੁਰਮੁਖ ਉਠਾਵਾਂ ਆਲਣਿਉਂ ਡਿਗੇ ਬੋਟ, ਫੜ ਬਾਹੋਂ ਗਲੇ ਲਗਾਵਾਂਗਾ । ਦੋ ਜਹਾਨ ਜਗਾਵਾਂ ਜੋਤ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਵਾਂਗਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਵਾਂਗਾ । ਮੇਰੀ ਕੋਈ ਨਾ ਕਰੇ ਸੋਚ, ਮੇਰਾ ਸੋਚ ਸਮਝ ਆਪਣੀ ਕਾਰ ਕਮਾਵਾਂਗਾ । ਜੋ ਦਰਸ਼ਨ ਰਹੇ ਲੋਚ, ਤਿਨ੍ਹਾਂ ਅੰਦਰ ਵੜ ਕੇ ਕੁੰਡਾ ਲਾਹਵਾਂਗਾ । ਬੰਕ ਦਵਾਰ ਬਣਾਵਾਂ ਕੋਟ, ਸਚ ਮਹਲ ਇਕ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਵਖਾਵਾਂਗਾ । ਸਾਚੀ ਖੇਲ ਇਕ ਵਖਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਨਿਰਗੁਣ ਨੂਰ ਨਿਰਵੈਰ ਪਰਗਟਾਏਗਾ । ਕਲਜੁਗ ਵੇਖੇ ਕੂੜਾ ਕਹਿਰ, ਅੰਮ੍ਰਿਤ ਮੇਘ ਇਕ ਬਰਸਾਏਗਾ । ਕਰੇ ਖੇਲ ਗੁਣੀ ਗਹੀਰ, ਗਹਿਰ ਗੰਭੀਰ ਆਪ ਹੋ ਜਾਏਗਾ । ਦੋ ਜਹਾਨਾਂ ਕਰੇ ਸੈਰ, ਸੈਰਗਾਹ ਇਕੋ ਇਕ ਵਖਾਏਗਾ । ਪਰਮ ਪੁਰਖ ਦੀ ਇਕੋ ਵਗੇ ਲਹਿਰ, ਨਾਮ ਧਾਰਾ ਆਪ ਚਲਾਏਗਾ । ਦੀਨ ਮਜ਼੍ਹਬ ਜਾਤ ਪਾਤ ਬੂਟਾ ਕੋਈ ਨਾ ਰਹੇ ਜ਼ਹਿਰ, ਜਾਹਰ ਆਪਣਾ ਹੁਕਮ ਵਰਤਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸਾ ਮੂਸਾ ਸੁਣ ਮੁਹੰਮਦ, ਹਮਦ ਇਕੋ ਇਕ ਜਣਾਏਗਾ । ਹਮਦ ਇਕ ਸੁਣਾਏ ਹਾਫ਼ਜ਼, ਨਾਬੀਨਾ ਆਪਣੀ ਕਾਰ ਕਮਾਈਆ । ਵੇਲੇ ਅੰਤ ਨਾ ਹੋਵਣ ਦੇਵੇ ਗ਼ਾਫ਼ਲ, ਗ਼ਫ਼ਲਤ ਸਭ ਦੀ ਦਏ ਮਿਟਾਈਆ । ਸ੍ਰਿਸ਼ਟ ਸਬਾਈ ਸਮਝੇ ਪਾਗਲ, ਜਨ ਭਗਤ ਕਹਿਣ ਬੇਪਰਵਾਹੀਆ । ਦੋ ਜਹਾਨਾਂ ਕਰੇ ਆਦਲ, ਅਦਾਲਤ ਇਕੋ ਇਕ ਲਗਾਈਆ । ਵੇਖਾਂ ਖੇਲ ਮਕਤੂਲ ਕਾਤਲ, ਕਤਲਗਾਹ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਈਸਾ ਮੂਸਾ ਮੁਹੰਮਦ ਗਏ ਝੁਕ, ਕਦਮ ਕਦਮ ਤੇਰੀ ਸਰਨਾਈਆ । ਕਵਣ ਵੇਲਾ ਗੋਦੀ ਲਏਂ ਚੁੱਕ, ਪ੍ਰਭ ਆਪਣੇ ਅੰਗ ਲਗਾਈਆ । ਨਿਤ ਦਰਸ਼ਨ ਕਰੀਏ ਉਠ, ਲੋਚਣ ਨੈਣ ਖ਼ੁਸ਼ੀ ਮਨਾਈਆ । ਪਿਛਲਾ ਪੈਂਡਾ ਜਾਏ ਮੁੱਕ, ਅੱਗੇ ਵੱਜੇ ਨਾਮ ਵਧਾਈਆ । ਤੂੰ ਦੋਹਾਂ ਤੋਂ ਹੋਵੇਂ ਇਕ, ਇਕ ਤੋਂ ਅਨੇਕ ਰੂਪ ਵਟਾਈਆ । ਆਪਣਾ ਲੇਖਾ ਦੇਦੇ ਲਿਖਤ, ਲਿਖਤ ਸਾਡੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਪਰਵਰਦਿਗਾਰ ਇਕ ਹਰੂਫ਼, ਤਿੰਨਾਂ ਅੰਤਰ ਦਏ ਲਿਖਾਈਆ । ਇਸ ਦੇ ਨਾਲ ਰਹਿਣਾ ਮਸਰੂਫ਼, ਸਾਚਾ ਹੁਕਮ ਸੁਣਾਈਆ । ਮੇਰੇ ਨਾਮ ਦਾ ਇਕ ਸਬੂਤ, ਸਚ ਸਾਚਾ ਨਜ਼ਰੀ ਆਈਆ । ਨਾਤਾ ਤੁੱਟੇ ਜਗਤ ਕਲਬੂਤ, ਕਲਮਾ ਨਬੀ ਭੁੱਲ ਨਾ ਜਾਈਆ ।

ਸਤਿ ਸਤਿਵਾਦੀ ਮਿਲੇ ਆਪ ਮਹਿਬੂਬ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤੇਰੀ ਵਡਿਆਈ ਇਕ ਦੋ, ਨਿਰਗੁਣ ਸਰਗੁਣ ਨਜ਼ਰੀ ਆਈਆ । ਸਰਗੁਣ ਕਰੇ ਨਿਰਗੁਣ ਲੋ, ਨੂਰੀ ਨੂਰ ਨੂਰ ਪਰਗਟਾਈਆ । ਨਿਰਗੁਣ ਸਰਗੁਣ ਜਾਏ ਹੋ, ਹੋਕਾ ਨਾਮ ਸੁਣਾਈਆ । ਤੇਰਾ ਭੇਵ ਨਾ ਜਾਣੇ ਕੋ, ਬੇਪਰਵਾਹ ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਇਕ ਤੇਰੀ ਵਡਿਆਈਆ । ਦੋ ਇਕ ਦਾ ਕੀ ਪ੍ਰਭ ਮੇਲ, ਨਿਰਗੁਣ ਧਾਰ ਚਲਾਈਆ । ਸਚ ਦੱਸ ਆਪਣਾ ਖੇਲ, ਖ਼ਾਲਕ ਖ਼ਲਕ ਕਵਣ ਰੰਗ ਰੰਗਾਈਆ । ਕਿਰਪਾ ਕਰ ਸੱਜਣ ਸੁਹੇਲ, ਸਚ ਮੱਤ ਦੇ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤਿਨ੍ਹਾਂ ਲੇਖਾ ਦਏ ਲਿਖ, ਹਰਿ ਲਿਖਣਹਾਰ ਨਿਰੰਕਾਰਾ । ਦੋ ਇਕ ਦਾ ਭੇਵ ਅਨਡਿਠ, ਜਾਣੇ ਪਰਵਰਦਿਗਾਰਾ । ਸਭ ਨੂੰ ਸੁੱਤਾ ਦੇ ਕਰ ਪਿੱਠ, ਨਜ਼ਰ ਨਾ ਆਏ ਵਿਚ ਸੰਸਾਰਾ । ਕਲਜੁਗ ਅੰਤਮ ਕਰੇ ਹਿੱਤ, ਜਾਹਰ ਜਹੂਰ ਹੋ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚ ਸਿਕਦਾਰਾ । ਸਾਚੀ ਖੇਲ ਕਰੇ ਪ੍ਰਭ ਏਕ, ਇਕੋ ਵਾਰ ਜਣਾਈਆ । ਕਲਜੁਗ ਅੰਤਮ ਧਰੇ ਭੇਖ, ਭੇਖੀ ਆਪਣਾ ਰੂਪ ਵਟਾਈਆ । ਪਹਿਲੋਂ ਗੋਬਿੰਦ ਪੂਰਾ ਕਰੇ ਲੇਖ, ਦੋ ਇਕ ਜੋੜ ਜੁੜਾਈਆ । ਪਹਿਲੀ ਇਕੀ ਨੂਰ ਦਸਮੇਸ਼, ਦਸ ਦਸਮੇਸੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਈਸਾ ਮੂਸਾ ਮੁਹੰਮਦ ਤੇਰੀ ਮੰਗ, ਏਕੰਕਾਰ ਪੂਰ ਕਰਾਈਆ । ਸਾਚੀ ਸਿਖੀ ਚਾੜ੍ਹ ਰੰਗ, ਕਲਮਾ ਇਕ ਪੜ੍ਹਾਈਆ । ਅੰਦਰ ਵੜ ਕੇ ਦੇ ਅਨੰਦ, ਰਸ ਸਾਚਾ ਮੁਖ ਛੁਹਾਈਆ । ਨਿਰਗੁਣ ਚਮਕੇ ਚੌਧਵੀਂ ਚੰਦ, ਚੰਦ ਚੌਧਵੀਂ ਨੈਣ ਸ਼ਰਮਾਈਆ । ਸਤਿ ਸਤਿਵਾਦੀ ਦੇਵੇ ਗੰਢ, ਆਪਣੇ ਨਾਲ ਬੰਧਾਈਆ । ਸਾਚੀ ਵਸਤ ਦੇਵੇ ਵੰਡ, ਅਮੋਲਕ ਆਪ ਵਰਤਾਈਆ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਏ ਸਭਨਾ ਸੁਣਾਏ ਸੱਚਾ ਛੰਦ, ਸੋਹੰ ਰਾਗ ਅਲਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਬਖ਼ਸ਼ਿਸ਼ ਦਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਕਰਨੀ ਤੁਹਾਡੀ ਝੋਲੀ ਪਾਈਆ । ਤੁਹਾਡੀ ਕਰਨੀ ਪਰਵਰਦਿਗਾਰ, ਹਰਿ ਕਰਤਾ ਝੋਲੀ ਪਾਇੰਦਾ । ਹਰਿਸੰਗਤ ਵਿਚੋਂ ਕਰ ਪਿਆਰ, ਏਕਾ ਇਕੀ ਆਪ ਪਰਗਟਾਇੰਦਾ । ਜਿਸ ਇਕੀ ਦਾ ਮੇਲਾ ਵਿਚ ਸੰਸਾਰ, ਨਿਰੰਕਾਰੀ ਆਪ ਕਰਾਇੰਦਾ । ਗੋਬਿੰਦ ਪੁੱਤਰਾਂ ਨਾਲ ਕਰੇ ਪਿਆਰ, ਪਿਤਾ ਪੂਤ ਖੇਲ ਖਿਲਾਇੰਦਾ । ਉਤਰ ਪੂਰਬ ਪੱਛਮ ਦੱਖਣ ਦੱਸੇ ਇਕੋ ਧਾਰ, ਚਾਰੋਂ ਕੁੰਟ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਮੁਹੰਮਦ ਸਿਖੀ ਦੇਵਾਂ ਦੱਸ, ਤੇਰਾ ਹਾਲ ਜਣਾਈਆ । ਤੇਰੀ ਉਮਤ ਤੇਰੇ ਰਹੀ ਨਾ ਵਸ, ਵਾਸਤਾ ਤੇਰੇ ਨਾਲੋਂ ਤੁੜਾਈਆ । ਹਕੀਕਤ ਕਿਸੇ ਨਾ ਜਾਣੀ ਹੱਕ, ਹੱਕ ਸਮਝੇ ਕੋਈ ਨਾ ਰਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਹੱਥ ਵੱਡੀ ਵਡਿਆਈਆ । ਉਠ ਵੇਖ ਤੈਨੂੰ ਵਖਾਵਾਂ ਅੱਖ, ਗੜ੍ਹੀ ਚਮਕੌਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਮੁਹੰਮਦ ਉਠ ਖੋਲ੍ਹ ਪਲਕ, ਪਰਵਰਦਿਗਾਰ ਆਪ ਜਣਾਈਆ । ਆਪ ਵਖਾਏ ਜਿਸ ਉਪਾਈ ਖ਼ਲਕ, ਹਰਿ ਕਰਤਾ ਨੂਰ ਅਲਾਹੀਆ । ਉਸ

ਦਾ ਅੱਖਾਂ ਨਾਲ ਕਰ ਦਰਸ, ਤੇਰੀ ਦੀਦ ਰਿਹਾ ਜਣਾਈਆ । ਏਸੇ ਕਰ ਕੇ ਪਿਆ ਫ਼ਰਕ, ਫ਼ਰਦ ਜ਼ੁਰਮ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਮੁਹੰਮਦ ਵੇਖ ਗੜ੍ਹੀ ਚਮਕੌਰ, ਚਮਕੇ ਨੂਰ ਇਲਾਹੀਆ । ਨੇਤਰ ਨਾਲ ਤੱਕ ਲੈ ਗੌਰ, ਗਹਿਰ ਗੰਭੀਰ ਰਿਹਾ ਸਮਝਾਈਆ । ਸਭ ਦੀ ਮੇਰੇ ਹੱਥ ਡੋਰ, ਤੰਦ ਇਕੋ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੜ੍ਹੀ ਚਮਕੌਰ ਤੱਕ ਨਜ਼ਾਰਾ, ਮੁਹੰਮਦ ਨੈਣਾਂ ਨੀਰ ਵਹਾਈਆ । ਤੋਬਾ ਤੋਬਾ ਪਰਵਰਦਿਗਾਰਾ, ਅੰਤਗੁਫ਼ਾਰ ਤੇਰੀ ਸਰਨਾਈਆ । ਹਾਹਾਕਾਰ ਕਰ ਕੇ ਮਾਰੇ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਮੈਂ ਤੱਕਿਆ ਤੇਰਾ ਗੋਬਿੰਦ ਇਕ ਸੁਤ ਦੁਲਾਰਾ, ਜਿਸ ਨੂੰ ਆਪਣੀ ਉਂਗਲੀ ਲਾਈਆ । ਮੇਰੀ ਉਮਤ ਆਇਆ ਪਾਸਾ ਹਾਰਾ, ਜੋ ਝਗੜਾ ਕਰੇ ਬਣ ਲੋਕਾਈਆ । ਤੇਰਾ ਸੂਰਬੀਰ ਇਕ ਦੁਲਾਰਾ, ਤੇਰੇ ਭਾਣੇ ਵਿਚ ਸਮਾਈਆ । ਜਿਸ ਸਾਚੇ ਪੁੱਤਰਾਂ ਕੀਤਾ ਪਿਆਰਾ, ਤੇਰੇ ਦਰ ਰਿਹਾ ਘਲਾਈਆ । ਘੋੜੀ ਚਾੜ੍ਹ ਅਜੀਤ ਜੁਝਾਰਾ, ਮੇਰੀ ਦਿਤੀ ਜੜ੍ਹ ਉਖੜਾਈਆ । ਅੱਗੇ ਦਿਸੇ ਨਾ ਕੋਈ ਕਿਨਾਰਾ, ਨਈਆ ਸ਼ੌਹ ਦਰਿਆ ਰੁੜ੍ਹਾਈਆ । ਉਹ ਇਕੀਆਂ ਦਾ ਸਰਦਾਰਾ, ਉਹ ਇਕੀਆਂ ਦਾ ਲਾੜਾ, ਉਹ ਇਕੀਆਂ ਦਾ ਪਿਆਰਾ, ਆਪਣੀ ਕਰਨੀ ਰਿਹਾ ਕਮਾਈਆ । ਹੁਕਮੇ ਅੰਦਰ ਮੈਨੂੰ ਦਿਤਾ ਇਸ਼ਾਰਾ, ਬਿਨ ਸ਼ਰਅ ਦਿਤਾ ਸਮਝਾਈਆ । ਵੀਹ ਸੌ ਵੀਹ ਬਿਕਰਮੀ ਕਰਾਂ ਖੇਲ ਨਿਆਰਾ, ਛੱਬੀ ਪੋਹ ਜੋਤੀ ਜੋਤ ਨਾਲ ਮਿਲਾਈਆ । ਜਨ ਭਗਤਾਂ ਲਾ ਇਕ ਅਖਾੜਾ, ਸਾਚੀ ਮਜਲਸ ਰਿਹਾ ਬਣਾਈਆ । ਪੂਤ ਸਪੂਤਾਂ ਕਰਾਂ ਪਿਆਰਾ, ਪਿਤਾ ਪੂਤ ਗੋਦ ਉਠਾਈਆ । ਮਾਣ ਦੇਵਾਂ ਦੂਜੀ ਵਾਰਾ, ਦੋਜ਼ਖ਼ ਬਹਿਸ਼ਤ ਦੋਹਾਂ ਡੇਰਾ ਢਾਹੀਆ । ਇਕੀਆਂ ਅੱਗੇ ਕਰ ਸਿਕਦਾਰਾ, ਸਾਚੇ ਪੌੜੇ ਦਿਆਂ ਚੜ੍ਹਾਈਆ । ਅਜੀਤ ਜੁਝਾਰ ਦਾ ਇਕ ਮਨਾਰਾ, ਬਿਨ ਝੂਜਿਆਂ ਆਪਣੇ ਲੇਖੇ ਲਾਈਆ । ਦੀਨ ਮਜ਼੍ਹਬ ਦਾ ਪਾਰ ਕਿਨਾਰਾ, ਕੂੜੀ ਕਿਰਿਆ ਡੇਰਾ ਢਾਹੀਆ । ਤੇਰੀ ਉਮਤ ਮੇਰਾ ਨਾਅਰਾ, ਕਲਮਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲੀ ਆਸ਼ਾ ਪੂਰ ਕਰਾਈਆ । ਗੜ੍ਹੀ ਚਮਕੌਰ ਲਈ ਤੱਕ, ਤਕਵਾ ਤੇਰੇ ਉਤੇ ਰਖਾਈਆ । ਸਦੀ ਬੀਸਵੀਂ ਦੇਦੇ ਹੱਕ, ਮੁਹੰਮਦ ਨਿਉਂ ਨਿਉਂ ਰਿਹਾ ਸੁਣਾਈਆ । ਮੈਂ ਵੇਖਾਂ ਆਪਣੀ ਅੱਖ, ਈਸਾ ਮੂਸਾ ਨਾਲ ਮਿਲਾਈਆ । ਵੇਖੋ ਖੇਲ ਪੁਰਖ ਸਮਰਥ, ਮਿਹਰਵਾਨ ਹੋਏ ਸਹਾਈਆ । ਭਗਤ ਦੁਲਾਰੇ ਆਪਣੇ ਰੱਖ, ਰਖਿਆ ਕਰੇ ਥਾਉਂ ਥਾਈਂਆ । ਇਕੀਆਂ ਕੋਲੋਂ ਲੇਖਾ ਚੁਕਾਇਆ ਅੱਠ ਸੱਠ, ਇਕੀਆਂ ਕੋਲੋਂ ਪਿਛਲਾ ਘਾਟਾ ਪੂਰ ਕਰਾਈਆ । ਦੋਨਾਂ ਵਿਚ ਬਣਾਇਆ ਆਪਣਾ ਹੱਟ, ਸਚ ਵਣਜਾਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਦੇਵੇ ਮਾਣ ਵਡਿਆਈਆ । ਈਸਾ ਮੂਸਾ ਮੁਹੰਮਦ ਕਹਿਣ ਪ੍ਰਭ ਤੇਰੀ ਧਾਰ ਅਚਰਜ, ਇਕੋ ਨਜ਼ਰੀ ਆਈਆ । ਧੰਨ ਭਾਗ ਤੂੰ ਮਿਲਿਆ ਵਿਛੜਤ, ਵਿਛੜੇ ਲਏ ਮਿਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਐਸ਼ੋ ਇਸ਼ਰਤ, ਆਸ਼ਕ ਮਾਸ਼ੂਕ ਤੇਰਾ ਰੂਪ ਨਜ਼ਰੀ ਆਈਆ । ਤੇਰੇ ਦਰ ਤੇ ਤੇਰੀ ਦਿਸੇ ਫ਼ਿਤਰਤ, ਇਬਰਤ ਤੇਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਤੇਰੀ ਵਡਿਆਈ ਧੁਰ ਦੀ ਇਕੀ, ਅਕਲ ਕਲ ਅਖਵਾਈਆ । ਜਗਤ ਜਹਾਨ ਦਿਸੇ ਨਿੱਕੀ, ਸ੍ਰੀ ਭਗਵਾਨ ਰਿਹਾ

ਸਾਲਾਹੀਆ । ਹੱਥ ਰਖਾਇਆ ਤਿਨ੍ਹਾਂ ਪਿੱਠੀ, ਪੁਸ਼ਤ ਪਨਾਹ ਇਕ ਜਣਾਈਆ । ਲੱਖ ਚੁਰਾਸੀ ਜਿਨ੍ਹਾਂ ਜਿਤੀ, ਦਰ ਤੇਰੇ ਸੋਭਾ ਪਾਈਆ । ਧੰਨ ਭਾਗ ਵੀਹ ਸੌ ਵੀਹ ਮਿਤੀ, ਬਿਕਰਮੀ ਆਪਣਾ ਰਾਗ ਅਲਾਈਆ । ਗੋਬਿੰਦ ਤੇਰੀ ਲੇਖੇ ਲੱਗੇ ਚਿੱਠੀ, ਜੋ ਮਾਛੂਵਾੜੇ ਗਿਆ ਲਿਖਾਈਆ । ਲੋਕਮਾਤ ਹੋਰ ਕਿਸੇ ਨਾ ਡਿਠੀ, ਗਿਆਨੀ ਧਿਆਨੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਿਠੀ ਵਿਚ ਪ੍ਰਭ ਰਹਿ ਗਈ ਇਕ ਬਾਤ, ਜਿਹੜੀ ਸਾਹਿਬ ਨਾ ਅਜੇ ਸਮਝਾਈਆ । ਲੇਖਾ ਲਿਖਦੇ ਨਾਲ ਕਲਮ ਦਵਾਤ, ਨਾ ਕੋ ਮੇਟੇ ਮੇਟ ਮਿਟਾਈਆ । ਤੈਨੂੰ ਦੱਸਿਆ ਇਕ ਵਾਰ ਹਾਲਾਤ, ਹਾਲਤ ਆਪਣੀ ਆਪ ਜਣਾਈਆ । ਮੇਰੀ ਕਦੇ ਨਾ ਹੋਵੇ ਵਫ਼ਾਤ, ਜਨਮ ਮਰਨ ਗੇੜ ਨਾ ਕੋਇ ਰਖਾਈਆ । ਤੇਰੇ ਨਾਲ ਜੁੜਿਆ ਰਹੇ ਨਾਤ, ਦੂਜੀ ਲੋੜ ਰਹੇ ਨਾ ਰਾਈਆ । ਤੂੰਹੀ ਪਿਤਾ ਤੂੰਹੀ ਮਾਤ, ਮਾਤਾ ਗੁਜਰੀ ਤੇਰੀ ਸੇਵ ਕਮਾਈਆ । ਤੂੰਹੀ ਸਿਫ਼ਤ ਤੂੰਹੀ ਜਾਤ, ਜਾਹਰ ਜਹੂਰ ਤੂੰਹੀ ਨਜ਼ਰੀ ਆਈਆ । ਤੂੰਹੀ ਰਾਗ ਤੂੰਹੀ ਤੂੰਹੀ ਗਾਈ ਤੇਰੀ ਗਾਥ, ਦਸਮ ਗ੍ਰੰਥ ਗ੍ਰੰਥ ਪੰਥ ਸਮਝ ਸਕੇ ਨਾ ਰਾਈਆ । ਜਿਸ ਦੇ ਵਿਚੋਂ ਤੇਰਾ ਨਿਕਲੇ ਪਾਠ, ਤਿਸ ਪਾਠ ਵਿਚੋਂ ਤੇਰੀ ਸਿਫ਼ਤ ਸਿਫ਼ਤ ਸਾਲਾਹੀਆ । ਮੇਰੀ ਇਕੋ ਪੂਰੀ ਕਰ ਖ਼ਾਹਸ਼, ਖ਼ਾਲਸ ਤੈਨੂੰ ਰਿਹਾ ਜਣਾਈਆ । ਤੇਰਾ ਭਗਤ ਤੇਰਾ ਨਾਉਂ ਗਾਏ ਸਵਾਸ ਸਵਾਸ, ਇਕੋ ਤੇਰਾ ਇਸ਼ਟ ਮਨਾਈਆ । ਮੈਂ ਅੰਤਮ ਗਿਆ ਆਖ, ਪੁਰਖ ਅਕਾਲ ਦਾਤਾ ਬੇਪਰਵਾਹੀਆ । ਅੰਤਮ ਦੇਵੇ ਸਰਬ ਨਜਾਤ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਮਾਣ ਵਡਿਆਈਆ । ਦੇ ਦੇ ਵਡਿਆਈ ਗੋਬਿੰਦ ਠਾਕਰ, ਹਰਿ ਗੋਬਿੰਦ ਮੰਗ ਮੰਗਾਇੰਦਾ । ਗਹਿਰ ਗੰਭੀਰ ਡੂੰਘੇ ਸਾਗਰ, ਤੇਰਾ ਅੰਤ ਕੋਇ ਨਾ ਆਇੰਦਾ । ਗ਼ਰੀਬ ਨਿਮਾਣਿਆਂ ਦੇਵੀਂ ਆਦਰ, ਸਮਝ ਤੇਰੀ ਝੋਲੀ ਪਾਇੰਦਾ । ਤੂੰ ਕਰਤਾ ਮੇਰਾ ਕਰੀਮ ਕਾਦਰ, ਕੁਦਰਤ ਤੇਰਾ ਰੂਪ ਵਖਾਇੰਦਾ । ਧੁਰਦਰਗਾਹੀ ਤੇਰਾ ਆਦਲ, ਅਦਲ ਇਕੋ ਮੋਹੇ ਭਾਇੰਦਾ । ਕਲਜੁਗ ਲੇਖਾ ਦੇਣਾ ਬਦਲ, ਬਦਲੀ ਤੇਰੀ ਰਹਿਮਤ ਵਿਚ ਜਣਾਇੰਦਾ । ਮੇਰੀ ਪੂਰੀ ਨਾ ਹੋਵੇ ਮਜ਼ਲ, ਮਕਸੂਦ ਤੇਰੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਮੇਰੀ ਮੰਗ ਤੇਰੀ ਟੇਕ, ਟਿੱਕਾ ਤੇਰੇ ਨਾਮ ਲਗਾਈਆ । ਨਿਰਗੁਣ ਆਵੇਂ ਧਰ ਕੇ ਭੇਖ, ਭੇਖਾਧਾਰੀ ਰੂਪ ਵਟਾਈਆ । ਭਗਤ ਭਗਵਾਨ ਲਏਂ ਪੇਖ, ਬਿਨ ਅੱਖਾਂ ਨੈਣ ਖੁਲ੍ਹਾਈਆ । ਨਿਰਗੁਣ ਹੋ ਕੇ ਕਰੀਂ ਹੇਤ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖੀਂ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰੱਖ ਭਗਵਾਨ, ਪਾਰਬ੍ਰਹਮ ਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਨਿਹਕਰਮੀ ਕਰਨਾ ਆਪਣਾ ਕੰਮ, ਕਰਮ ਕਾਂਡ ਡੇਰਾ ਢਾਹੀਆ । ਕਲਜੁਗ ਬੇੜਾ ਦੇਣਾ ਬੰਨ੍ਹ, ਬੰਧਨ ਆਪਣਾ ਨਾਮ ਰਖਾਈਆ । ਗੁਰਸਿਖ ਚਮਕਾਉਣਾ ਸਾਚਾ ਚੰਨ, ਚੰਦ ਚਾਂਦਨੀ ਜੋਤ ਰੁਸ਼ਨਾਈਆ । ਸਾਚਾ ਦੇਣਾ ਨਾਮ ਧਨ, ਅਨਮੰਗੀ ਵਸਤ ਆਪ ਵਰਤਾਈਆ । ਇਕੋ ਰਾਗ ਸੁਣੌਣਾ ਕੰਨ, ਢੋਲਾ ਇਕੋ ਇਕ ਜਣਾਈਆ । ਮੈਂ ਤੇਰਾ ਬਰਦਾ ਜਾਵਾਂ ਬਣ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਵੇਖਾਂ ਚਾਈਂ ਚਾਈਆ । ਤੇਰਾ ਦਰ ਵੇਖਣ ਦਾ ਚਾਉ ਘਨੇਰਾ, ਮੇਰੇ ਅੰਤਰ ਵੱਜੇ ਵਧਾਈਆ । ਪਾਰਬ੍ਰਹਮ ਤੇਰਾ ਵੇਖਾਂ ਖੇੜਾ, ਜਿਸ

ਦਵਾਰੇ ਤੂੰਹੀ ਨਜ਼ਰੀ ਆਈਆ । ਜਾਤ ਪਾਤ ਨਾ ਰਹੇ ਝੇੜਾ, ਝਗੜਾ ਕਰੇ ਨਾ ਕੋਇ ਲੋਕਾਈਆ । ਓਥੇ ਤੇਰੇ ਭਗਤਾਂ ਲੱਗੇ ਡੇਰਾ, ਦੂਜਾ ਰਹਿਣ ਕੋਇ ਨਾ ਪਾਈਆ । ਸਾਰੇ ਕਹਿਣ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਰੂਪ ਨਜ਼ਰੀ ਆਈਆ । ਓਸ ਵੇਲੇ ਗੋਬਿੰਦ ਕਹੇ ਗੁਰਸਿਖ ਮੇਰਾ ਚੇਰਾ, ਚੇਲਾ ਗੁਰਸਿਖ ਹਰਿ ਗੋਬਿੰਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਰੁੱਤ ਸੁਹੰਜਣੀ ਇਕ ਸੁਹਾਈਆ । ਰੁੱਤ ਸੁਹੌਣੀ ਸਤਿ ਸੁਹੰਜਣੀ, ਸੋਭਾਵੰਤ ਤੇਰੀ ਵਡਿਆਈਆ । ਤੇਰਾ ਰੂਪ ਜੋਤ ਆਦਿ ਨਿਰੰਜਣੀ, ਨਿਰਗੁਣ ਨਿਰਵੈਰ ਕਾਰ ਕਮਾਈਆ । ਤੇਰਾ ਖੇਲ ਦਰਦ ਦੁੱਖ ਭੈ ਭੰਜਨੀ, ਭਵ ਸਾਗਰ ਪਾਰ ਕਰਾਈਆ । ਤੇਰੀ ਚਰਨ ਧੂੜ ਸਾਚਾ ਮਜਨੀ, ਦੁਰਮਤ ਮੈਲ ਧਵਾਈਆ । ਤੇਰੀ ਸੰਗਤ ਹਰਿਸੰਗਤ ਰੂਪ ਸਜਣੀ, ਸੱਜਣ ਸਾਚੇ ਲਏਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਤੁਧ ਬਿਨ ਸਮਝ ਨਾ ਕੋਇ ਸਮਝਾਈਆ । ਤੁਧ ਬਿਨ ਸਮਝ ਨਾ ਆਵੇ ਕੋਇ, ਲੇਖਾ ਸਕੇ ਨਾ ਕੋਇ ਜਣਾਈਆ । ਤੁਧ ਬਿਨ ਭੇਵ ਨਾ ਜਾਣੇ ਕੋਇ, ਪੜਦਾ ਸਕੇ ਨਾ ਕੋਇ ਉਠਾਈਆ । ਤੁਧ ਬਿਨ ਉਠਾਏ ਨਾ ਕੋਈ ਸੋਏ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਤੁਧ ਬਿਨ ਕੋਈ ਨਾ ਦੇਵੇ ਢੋਏ, ਧੁਰ ਦੀ ਦਾਤ ਵਰਤਾਈਆ । ਤੁਧ ਬਿਨ ਅੰਮ੍ਰਿਤ ਕੋਇ ਨਾ ਚੋਏ, ਪੰਚ ਪਿਆਰ ਨਾ ਕੋਇ ਬਣਾਈਆ । ਤੁਧ ਬਿਨ ਗੁਰਸਿਖਾਂ ਪਿਆਰ ਵਿਚ ਕੋਇ ਨਾ ਰੋਏ, ਬੱਚੇ ਭੇਟ ਨਾ ਕੋਇ ਚੜ੍ਹਾਈਆ । ਤੁਧ ਬਿਨ ਮੇਰਾ ਕੋਈ ਨਾ ਹੋਏ, ਕੋਟਨ ਆ ਆ ਗਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਕਮਾਈਆ । ਤੇਰੇ ਜੋਗਾ ਹੋਇਆ ਦਾਸ, ਹਰਿ ਗੋਬਿੰਦ ਆਖ ਜਣਾਈਆ । ਇਕੋ ਵਾਰ ਕਰੀ ਅਰਦਾਸ, ਦੂਜੀ ਵਾਰ ਨਾ ਮੰਗ ਮੰਗਾਈਆ । ਨਿਤ ਨਵਿਤ ਵਸਾਂ ਤੇਰੇ ਪਾਸ, ਸਗਲਾ ਸੰਗ ਰਖਾਈਆ । ਮੇਰੀ ਪੂਰੀ ਕਰਨੀ ਖ਼ਾਹਸ਼, ਵੀਹ ਸੌ ਵੀਹ ਬਿਕਰਮੀ ਗਈ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਖੜੇ ਉਦਾਸ, ਵੇਖਣ ਨੇਤਰ ਨੈਣ ਉਠਾਈਆ । ਸ੍ਰੀ ਭਗਵਾਨ ਕੀ ਕੋਈ ਸੁਨੇਹੜਾ ਦੇਵੇ ਆਖ, ਧੁਰ ਫ਼ਰਮਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਮੇਰੀ ਮਨਸਾ ਪੂਰ ਆਸ, ਪ੍ਰਭ ਪੂਰਨ ਤੇਰੀ ਵਡਿਆਈਆ । ਹਉਂ ਬਾਲਕ ਨੱਢਾ ਸੇਵਕ ਦਾਸ, ਚਾਕਰ ਰੂਪ ਵਟਾਈਆ । ਜੁਗ ਚੌਕੜੀ ਰੱਖੀ ਆਸ, ਨਿਤ ਨਵਿਤ ਧਿਆਨ ਲਗਾਈਆ । ਇਕ ਵਾਰ ਦੇ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੀ ਵੱਜਦੀ ਰਹੇ ਵਧਾਈਆ । ਸ਼ਾਬਾਸ਼ ਕਹੇ ਕੇ ਆਖ ਪ੍ਰਭ, ਗੋਬਿੰਦ ਦਿਆਂ ਵਡਿਆਈਆ । ਸੰਤ ਸੁਹੇਲੇ ਤੇਰੇ ਸਭ, ਗੁਰਸਿਖ ਗੋਦ ਬਹਾਈਆ । ਅੱਗੇ ਜਨਮ ਮਰਨ ਦੀ ਚੁੱਕੀ ਹੱਦ, ਹਾਲਤ ਸਭ ਦੀ ਦਿਤੀ ਬਦਲਾਈਆ । ਜੋ ਪਿਛੇ ਪਿਛੇ ਦਿਤੇ ਛੱਡ, ਸੋ ਅੱਗੇ ਅੱਗੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਮੈਂ ਨਾ ਮੰਨਾਂ, ਪ੍ਰਭ ਦੱਸਾਂ ਸਚ ਜਣਾਈਆ । ਔਹ ਵੇਖ ਰੌਲਾ ਪੌਂਦਾ ਧੰਨਾ, ਉਚੀ ਕੂਕ ਕੂਕ ਸੁਣਾਈਆ । ਗਵਾਰ ਜੱਟ ਕਹੇ ਪੁਰਖ ਅਕਾਲ ਬੈਠਾ ਹੋ ਕੇ ਅੰਨ੍ਹਾ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਨਾਮਾ ਕਹੇ ਮੇਰੇ ਹੱਥ ਜਿਸ ਫੜਾਇਆ ਛੰਨਾ, ਸੋ ਛੱਪਰੀ ਛੰਨ ਰਿਹਾ ਛੁਹਾਈਆ । ਕਬੀਰ ਜੁਲਾਹਾ

ਆਇਆ ਭੰਨਾ, ਦੂਰ ਦੁਰਾਡਾ ਪੰਧ ਮੁਕਾਈਆ । ਰਵਦਾਸ ਚੁਮਾਰ ਕਹੇ ਮੇਰਾ ਮਿਟਿਆ ਅਜੇ ਨਾ ਸੱਲਾ, ਬ੍ਰਾਹਮਣ ਲੇਖਾ ਰਿਹਾ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਇਕੱਠਾ ਕਰ ਲਓ ਹੱਲਾ, ਇਕੋ ਵਾਰ ਬਲ ਧਰਾਈਆ । ਦੂਰ ਦੁਰਾਡੀ ਵੇਂਹਦੀ ਆਵੇ ਰਾਣੀ ਅੱਲਾ, ਸਜਦਾ ਕਰ ਕਰ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ ਸਭ ਨੂੰ ਕਹੇ ਮੇਰੇ ਗੁਰਸਿਖਾਂ ਫੜ ਲਓ ਪੱਲਾ, ਜਿਨ੍ਹਾਂ ਤੁਹਾਡੀ ਯਾਦ ਮੈਨੂੰ ਕਰਾਈਆ । ਸੁਣਿਆ ਪ੍ਰਭ ਬਣ ਕੇ ਆਇਆ ਝੱਲਾ, ਨਿਰਗੁਣ ਸਰਗੁਣ ਸਮਝ ਕਿਸੇ ਨਾ ਪਾਈਆ । ਕਰਿਆ ਪਰਕਾਸ਼ ਮਾਟੀ ਖੱਲਾ, ਪੰਜ ਤਤ ਵੱਜੀ ਵਧਾਈਆ । ਮੈਂ ਲੇਖਾ ਯਾਦ ਕਰਾਵਾਂ ਜੋ ਕੀਤਾ ਨਾਲ ਡੱਲਾ, ਮਾਲਵੇ ਬਿਨ ਕਲਮੋਂ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਦ ਦੇਵੇ ਮਾਣ ਵਡਿਆਈਆ । ਡੱਲੇ ਕਰ ਉਹ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਜਿਸ ਵੇਲੇ ਅੱਧੀ ਮਿਆਨ ਵਿਚੋਂ ਖਿਚੀ ਕਿਰਪਾਨ, ਫੜ ਹੱਥਾਂ ਵੰਡ ਕਰਾਇੰਦਾ । ਇਹ ਕਲਗੀ ਵਾਲੇ ਦਾ ਉਹ ਨਿਸ਼ਾਨ, ਬਿਨ ਕਲਗੀ ਵਾਲੇ ਸਮਝ ਕੋਇ ਨਾ ਪਾਇੰਦਾ । ਤੇਰੇ ਦਿਸਣ ਚੌਥੇ ਜੁਗ ਜਵਾਨ, ਮੇਰਾ ਜਵਾਨ ਨਜ਼ਰ ਕਿਸੇ ਨਾ ਆਇੰਦਾ । ਡੱਲੇ ਮੰਗਿਆ ਇਕੋ ਦਾਨ, ਨਿਉਂ ਕੇ ਚਰਨੀ ਸਸਿ ਝੁਕਾਇੰਦਾ । ਕਿਰਪਾ ਕਰ ਮਿਹਰਵਾਨ, ਮਿਹਰ ਤੇਰੀ ਆਪਣੀ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਕਹੇ ਤੂੰ ਸ਼ੈਤਾਨ, ਗੋਬਿੰਦ ਤੇਰੇ ਨਾਲ ਨਾਤਾ ਜੁੜਾਇੰਦਾ । ਜਿਨ੍ਹਾਂ ਵਿਚ ਵਸੇ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਤੇਰਾ ਜਨਮ ਦੇਵਾਂ ਵਿਚ ਜਹਾਨ, ਇਕੀ ਸਿਖੀ ਆਪਣੀ ਧਾਰ ਬੰਧਾਇੰਦਾ । ਉਹ ਸਿੱਖੀ ਦਾ ਝੁੱਲੇ ਸਚ ਨਿਸ਼ਾਨ, ਜਿਸ ਦਾ ਰਾਹ ਵੀਹ ਸੌ ਵੀਹ ਮਾਤ ਤਕਾਇੰਦਾ । ਇਹ ਕਿਸੇ ਨਾ ਲਿਖਿਆ ਬਿਆਨ, ਸ਼ਬਦ ਇਸ਼ਾਰੇ ਨਾਲ ਪੜ੍ਹਾਇੰਦਾ । ਉਹ ਸਿੱਖੀ ਹੋਈ ਪਰਧਾਨ, ਜਿਨ੍ਹਾਂ ਛੱਬੀ ਪੋਹ ਆਪਣਾ ਰੰਗ ਰੰਗਾਇੰਦਾ । ਜਿਨ੍ਹਾਂ ਅੱਗੇ ਗੋਬਿੰਦ ਸੁਤ ਬਣੇ ਬਲਵਾਨ, ਸਾਚੀ ਸੇਵਾ ਆਪ ਸਮਝਾਇੰਦਾ । ਇਕੀ ਸਿਖ ਉਠ ਉਠ ਕੇ ਹਰਿਸੰਗਤ ਪਿਛੇ ਚਲੇ ਜਾਣ, ਪਹਿਰੇਦਾਰ ਆਪ ਬਣਾਇੰਦਾ । ਸਾਰੇ ਮਿਲ ਕੇ ਸਾਰੇ ਫੇਰ ਗਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਰਾਖਾ ਇਕੋ ਨਜ਼ਰੀ ਆਇੰਦਾ ।



ਗੁਰਮੁਖਾਂ ਗੁਰਮੁਖ ਪਹਿਰੇਦਾਰ, ਚਾਰੋਂ ਕੁੰਟ ਸੇਵ ਕਮਾਈਆ । ਨੇਤਰ ਵੇਖ ਕੇ ਰਾਏ ਧਰਮ ਰੋਵੇ ਜ਼ਾਰੋ ਜ਼ਾਰ, ਦੂਰ ਦੁਰਾਡੇ ਦਏ ਦੁਹਾਈਆ । ਚਿਤਰ ਗੁਪਤ ਸਭ ਦੇ ਲੇਖੇ ਲਏ ਪਾੜ, ਕਹੇ ਮੇਰੀ ਚਲੇ ਨਾ ਕੋਇ ਚਤੁਰਾਈਆ । ਲਾੜੀ ਮੌਤ ਖੁਲ੍ਹੀ ਗੁੱਤ ਰਹੀ ਵਖਾਲ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਜਮਦੂਤ ਹੋਏ ਬੇਹਾਲ, ਭੱਜਣ ਵਾਹੋ ਦਾਹੀਆ । ਚੀਕਾਂ ਮਾਰੇ ਕੂਕੇ ਕਾਲ, ਆਪ ਆਪਣਾ ਰਿਹਾ ਮਿਟਾਈਆ । ਸਾਰੇ ਕਹਿਣ ਚਲੋ ਚਲ ਕੇ ਕਰੀਏ ਇਕ ਸਵਾਲ, ਪ੍ਰਭ ਅੱਗੇ ਸੀਸ ਝੁਕਾਈਆ । ਪਿਛਲੀ ਮਿਸਲ ਦੇਈਏ ਵਖਾਲ, ਜੋ ਸਾਡੇ ਹੱਥ ਫੜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅਸਾਂ ਸੇਵਾ ਕੀਤੀ ਕਮਾਲ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਅੰਤ ਵੇਖ ਸਾਡਾ ਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲਏ ਉਠਾਈਆ । ਰੋਂਦੇ ਕੁਰਲੌਂਦੇ ਔਂਦੇ ਦਰ, ਚੀਕ ਚਿਹਾੜਾ ਰਹੇ ਪਾਈਆ ।

ਦਰਵਾਜਿਉਂ ਬਾਹਰ ਗਏ ਖੜ, ਅੱਗੇ ਲੰਘ ਕੋਇ ਨਾ ਆਈਆ । ਮੂੰਹ ਦे ਭਾਰ ਡਿਗੇ ਦੜ, ਬਾਹੋਂ ਫੜ ਨਾ ਕੋਇ ਉਠਾਈਆ । ਅਗਨੀ ਨਾਲ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਰੇ ਢੋਲਾ ਰਹੇ ਪੜ੍ਹ, ਸਾਚਾ ਰਾਗ ਅਲਾਈਆ । ਪ੍ਰਭ ਅਸੀਂ ਜੀਉਂਦੇ ਗਏ ਮਰ, ਸਾਡੀ ਕਰਨੀ ਕੰਮ ਕਿਸੇ ਨਾ ਆਈਆ । ਅਸੀਂ ਕੀਹਨੂੰ ਲਈਏ ਫੜ, ਫੜ ਦੇਈਏ ਕਿਸ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਦ੍ਰਿੜਾਈਆ । ਸਾਹਿਬ ਸਤਿਗੁਰ ਸਦਾ ਦਿਆਲ, ਮਿਹਰਵਾਨ ਦਇਆ ਕਮਾਈਆ । ਸਾਰੇ ਆਓ ਮੇਰੇ ਲਾਲ, ਅੱਗੇ ਇਸ਼ਾਰੇ ਨਾਲ ਮੰਗਾਈਆ । ਆਪਣਾ ਨੇੜੇ ਆ ਕੇ ਦੱਸੋ ਹਾਲ, ਦੂਰ ਕੂਕ ਕਿਉਂ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵਾਜਿਉਂ ਅੱਗੇ ਲਏ ਬੁਲਾਈਆ । ਦਰ ਦਰਵਾਜਿਉਂ ਅੱਗੇ ਆਓ ਲੰਘ, ਸੋ ਸਾਹਿਬ ਆਪ ਜਣਾਈਆ । ਅੱਗੇ ਲੰਘ ਕੇ ਵੇਖੋ ਮੰਗਦੇ ਮੰਗ, ਦੋਏ ਜੋੜ ਸੀਸ ਝੁਕਾਈਆ । ਤੇਰਾ ਸੋਹਣਾ ਦਿਸੇ ਪਲੰਘ, ਜਿਸ ਉਤੇ ਡੇਰਾ ਲਾਈਆ । ਏਥੇ ਕੋਈ ਨਾ ਰਹੇ ਘਮੰਡ, ਮਾਣ ਅਭਿਮਾਨ ਨਾ ਰੂਪ ਜਣਾਈਆ । ਅਸੀਂ ਖ਼ੁਸ਼ ਹੋਏ ਵੇਖ ਕੇ ਤੇਰੇ ਗੁਰਮੁਖ ਸੱਚੇ ਚੰਦ, ਚਾਰੋਂ ਕੁੰਟ ਕਰਨ ਰੁਸ਼ਨਾਈਆ । ਸਾਨੂੰ ਵੇਖ ਕੇ ਪਈ ਠੰਡ, ਅਗਨੀ ਤਤ ਰਿਹਾ ਨਾ ਰਾਈਆ । ਸਾਡਾ ਲੇਖਾ ਲੱਗਾ ਪੰਧ, ਪਿਛਲੀ ਵਾਟ ਕੰਮ ਕਿਸੇ ਨਾ ਆਈਆ । ਜਿਨ੍ਹਾਂ ਚਾਰੋਂ ਕੁੰਟ ਤੇਰੇ ਨਾਮ ਦਾ ਗਾਇਆ ਛੰਦ, ਸੋਹੰ ਢੋਲਾ ਰਹੇ ਗਾਈਆ । ਸਾਡੀ ਓਨ੍ਹਾਂ ਅੱਗੇ ਮੰਗ, ਫ਼ਰਿਆਦ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਦੇਵਾਂ ਵਡਿਆਈ ਵਾਰ ਇਕ, ਇਕੋ ਵਾਰ ਸਮਝਾਈਆ । ਤੁਹਾਡੇ ਸਾਹਮਣੇ ਲੇਖਾ ਦਿਤਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਇਹ ਗੋਬਿੰਦ ਦੇ ਸੱਚੇ ਸਿੱਖ, ਜਿਨ੍ਹਾਂ ਸਾਚੀ ਸੇਵ ਕਮਾਈਆ । ਇਹ ਭਗਤ ਭਗਵਾਨ ਨਾਲ ਕਰਨ ਹਿੱਤ, ਹਿਤਕਾਰੀ ਰੂਪ ਵਟਾਈਆ । ਏਨ੍ਹਾਂ ਅੰਦਰ ਵਸਿਆ ਚਿੱਤ, ਜਗਤ ਠਗੌਰੀ ਕੋਇ ਨਾ ਪਾਈਆ । ਏਨ੍ਹਾਂ ਦਾ ਲਹਿਣਾ ਦੇਣਾ ਨਜਿਠ, ਸਿਰ ਆਪਣਾ ਹੱਥ ਟਿਕਾਈਆ । ਅੱਗੇ ਲੱਗਣ ਨਹੀਂ ਦੇਣੀ ਪਿੱਠ, ਮੇਰੀ ਕਿਰਪਾ ਨਾਲ ਤੁਹਾਨੂੰ ਸਾਰਿਆਂ ਨੂੰ ਗਏ ਜਿੱਤ, ਧਰਮ ਰਾਏ ਚਿਤਰ ਗੁਪਤ ਤੁਹਾਡਾ ਲੇਖਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਧਰਮ ਰਾਏ ਕਹੇ ਮੈਂ ਸੀਸ ਨਵੌਂਦਾ ਹਾਂ । ਚਿਤਰ ਗੁਪਤ ਕਹੇ ਮੈਂ ਧੂੜੀ ਟਿੱਕਾ ਲੌਂਦਾ ਹਾਂ । ਦਰ ਆ ਕੇ ਭੁੱਲ ਬਖ਼ਸ਼ੌਂਦਾ ਹਾਂ । ਧੰਨ ਭਾਗ ਮੈਂ ਵੇਖੀ ਉਚੀ ਕੁਲ, ਜਿਸ ਕੁਲ ਵਿਚ ਤੇਰਾ ਭਗਤ ਰੂਪ ਵਖਾਇੰਦਾ । ਦਰ ਆਇਆਂ ਪੌਣਾ ਮੁਲ, ਕੀਮਤ ਤੇਰੇ ਹੱਥ ਫੜਾਇੰਦਾ । ਏਨ੍ਹਾਂ ਚਰਨ ਪ੍ਰੀਤੀ ਜਾਣਾ ਘੁਲ, ਹਉਂ ਘੋਲੀ ਘੋਲ ਘੁਮਾਇੰਦਾ । ਖ਼ੁਸ਼ੀਆਂ ਨਾਲ ਹਿਲਾਵਾਂ ਬੁਲ੍ਹ, ਦੰਦਾਂ ਨਾਲ ਸਿਫ਼ਤ ਸਾਲਾਹਿੰਦਾ । ਇਹ ਗੋਬਿੰਦ ਫੁਲਵਾੜੀ ਮੌਲੇ ਫੁੱਲ, ਪਤ ਡਾਲੀ ਮਹਿਕਾਇੰਦਾ । ਇਹ ਦੀਪਕ ਕਦੀ ਨਾ ਹੋਇਆ ਗੁਲ, ਜਿਨ੍ਹਾਂ ਜੋਤੀ ਨੂਰ ਨਾਲ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਆਪ ਕਮਾਈਆ । ਪੁਰਖ ਅਬਿਨਾਸ਼ੀ ਦਇਆ ਕਮਾਈਆ । ਚਿਤਰ ਗੁਪਤ ਦਏ ਵਧਾਈਆ । ਰਾਏ ਧਰਮ ਖ਼ੁਸ਼ੀ ਵਖਾਈਆ । ਲਾੜੀ ਮੌਤ ਸੇਵ ਕਮਾਈਆ । ਰਸਨਾ ਕਹੇ ਤੇਰੀ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਅਚਰਜ ਰੀਤ ਚਲਾਈਆ । ਤੇਰੀ

ਅਚਰਜ ਰੀਤ ਅਵੱਲੀ ਏ । ਤੇਰੇ ਬਾਗ਼ ਦੀ ਮਹਿਕੀ ਕਲੀ ਏ । ਬਣ ਕੇ ਇਕੋ ਵਲ ਛਲੀ ਏ । ਤੇਰੀ ਜੋਤ ਇਕੋ ਬਲੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤੀ ਖੇਲ ਇਕ ਅਵੱਲੀ ਏ । ਤੇਰੀ ਖੇਲ ਅਵਲੜੀ ਦਿਸਦੀ ਏ । ਤੇਰੀ ਜੋਤ ਨਾ ਕਿਸੇ ਉਤੇ ਵਿਸਦੀ ਏ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਲੇਖ ਲਿਖਦੀ ਏ । ਬਿਨ ਭਗਤਾਂ ਜਾਏ ਔਂਤਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪੇ ਆਪ ਨਜਿਠਦੀ ਏ । ਰਾਏ ਧਰਮ ਉਠ ਕਰ ਦੀਦਾਰ, ਤੈਨੂੰ ਖ਼ੁਸ਼ੀਆਂ ਨਾਲ ਕਰਾਇੰਦਾ । ਚਿਤਰ ਗੁਪਤ ਉਠ ਪੇਖ ਨੇਤਰ ਹਾਲ, ਨਜ਼ਾਰਾ ਇਕ ਜਣਾਇੰਦਾ । ਲਾੜੀ ਮੌਤ ਦਰ ਦਏ ਬਹਾਲ, ਤੇਰੀ ਸੇਵਾ ਸਚ ਸਮਝਾਇੰਦਾ । ਇਹ ਸੋਹਣੇ ਸੱਜਣ ਮੇਰੇ ਯਾਰ, ਜਿਨ੍ਹਾਂ ਆਪਣੇ ਰੰਗ ਰੰਗਾਇੰਦਾ । ਇਨ੍ਹਾਂ ਵਿਚੋਂ ਪਰਗਟ ਹੋਵੇ ਗੋਬਿੰਦ ਧਾਰ, ਗੁਰ ਸ਼ਬਦ ਰੂਪ ਵਟਾਇੰਦਾ । ਸ਼ਬਦ ਜੋਤ ਕਰੇ ਪਿਆਰ, ਜੋਤੀ ਜਾਤਾ ਆਪ ਅਖਵਾਇੰਦਾ । ਚਾਰੋਂ ਕੁੰਟ ਪਹਿਰੇਦਾਰ, ਦਹਿ ਦਿਸ਼ਾ ਰੂਪ ਵਖਾਇੰਦਾ । ਗੁਰਮੁਖ ਸੱਜਣ ਕਰ ਪਿਆਰ, ਤਰ੍ਹਾ ਤਰ੍ਹਾ ਨਾਲ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਚਾਰ ਕੁੰਟ ਖਿੜੀ ਗੁਲਜ਼ਾਰ, ਪੁਰਖ ਅਕਾਲ ਆਪ ਮਹਿਕਾਈਆ । ਇਕੀਆਂ ਇਕੀਆਂ ਨਾਲ ਪਿਆਰ, ਏਕੰਕਾਰ ਰਿਹਾ ਬੰਧਾਈਆ । ਜੇ ਅੱਗੇ ਵੇਖੇ ਨਜ਼ਰੀ ਆਏ ਸਿਰਜਣਹਾਰ, ਪਿਛੇ ਤੱਕੇ ਗੋਬਿੰਦ ਸੇਵ ਕਮਾਈਆ । ਸੰਗਤ ਦੋਹਾਂ ਦੇ ਵਿਚ ਬੈਠੀ ਅੱਧਵਿਚਕਾਰ, ਖ਼ਤਰਾ ਖ਼ੌਫ਼ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਹਰਿ ਦਾਤਾ, ਆਪਣੀ ਦਇਆ ਕਮਾਇੰਦਾ । ਭਗਤ ਵਛਲ ਹਰਿ ਪੁਰਖ ਬਿਧਾਤਾ, ਬਿਧ ਸਾਚੀ ਸਚ ਜਣਾਇੰਦਾ । ਨਿਰਗੁਣ ਸਰਗੁਣ ਜੁੜਿਆ ਨਾਤਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਪੁਰਖ ਅਕਾਲ ਮੰਨਿਆ ਆਖਾ, ਗੋਬਿਦ ਬੇਨੰਤੀ ਪੂਰ ਕਰਾਇੰਦਾ । ਪਿਛਲਾ ਪੂਰਾ ਕੀਤਾ ਘਾਟਾ, ਵਾਧਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਪਿਛਲਾ ਘਾਟਾ ਹੋਇਆ ਪੂਰਾ, ਹਰਿ ਸਤਿਗੁਰ ਆਪ ਕਰਾਈਆ । ਸੰਗਤ ਦਵਾਰੇ ਹਾਜ਼ਰ ਹਜ਼ੂਰਾ, ਨਿਰਗੁਣ ਆਪਣਾ ਵੇਸ ਵਟਾਈਆ । ਪੰਧ ਮੁਕਾਇਆ ਨੇੜ ਦੂਰਾ, ਦੂਰ ਦੁਰਾਡਾ ਚਲ ਕੇ ਆਈਆ । ਕੂੜੀ ਕਿਰਿਆ ਹੂੰਝਿਆ ਕੂੜਾ, ਦੁਰਮਤ ਮੈਲ ਧਵਾਈਆ । ਆਪਣਾ ਕੌਲ ਕਰੇ ਪੂਰਾ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦੇਵੇ ਵਡਿਆਈਆ । ਹਰਿਸੰਗਤ ਤੇਰਾ ਸਤਿਗੁਰ ਰਾਖਾ, ਰਾਖੀ ਦਿਵਸ ਰੈਣ ਕਰਾਈਆ । ਮੇਰੀ ਪ੍ਰੀਤੀ ਜੋੜ ਨਾਤਾ, ਰੰਗ ਆਪਣਾ ਦਏ ਰੰਗਾਈਆ । ਇਕੋ ਸਭ ਨੇ ਮੰਨਣਾ ਆਖਾ, ਹਰਿਸੰਗਤ ਮੰਨਣਾ ਭੈਣ ਭਾਈਆ । ਗੁਰਸਿਖ ਹੋ ਕੇ ਰੂਪ ਧਰੇ ਨਾ ਕੋਈ ਨਾਰ ਕਮਜਾਤਾ, ਮਨ ਮਤ ਨਾ ਕੋਇ ਪਰਨਾਈਆ । ਘਰ ਬੈਠਿਆਂ ਸਭ ਦੀਆਂ ਪੂਰੀਆਂ ਕਰੇ ਆਸਾਂ, ਜੋ ਬੈਠਣ ਧਿਆਨ ਲਗਾਈਆ । ਰਾਤੀਂ ਸੁਤਿਆਂ ਪੰਧ ਮੁਕਾਏ ਵਾਟਾਂ, ਆਵੇ ਜਾਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਜਨ ਭਗਤੋ ਸੁਣੋ ਲਾ ਕੰਨ, ਹਰਿ ਸਤਿਗੁਰ ਆਪ ਸੁਣਾਈਆ । ਬਿਨ ਵੰਝ ਮੁਹਾਣਿਉਂ ਬੇੜਾ ਦਿਤਾ ਬੰਨ੍ਹ, ਚਪੂ ਆਪਣਾ ਨਾਮ ਲਗਾਈਆ । ਬਣ

ਕੇ ਧੁਰਦਰਗਾਹੀ ਜਨਨੀ ਜਨ, ਹਰਿਜਨ ਸਾਚੇ ਗੋਦ ਉਠਾਈਆ । ਲੇਖੇ ਲਗਾ ਖ਼ਾਕੀ ਤਨ, ਜੋ ਗੁਰਮੁਖ ਗੁਰਸਿਖ ਦਰ ਆਏ ਦਰਸ਼ਨ ਪਾਈਆ । ਚਾਰ ਕੁੰਟ ਦਹਿ ਦਿਸ਼ਾ ਚਮਕਦਾ ਨੂਰੀ ਚੰਨ, ਹਰਿਜਨ ਹਰਿ ਹਰਿ ਆਪ ਚਮਕਾਈਆ । ਰਸਨਾ ਜਿਹਵਾ ਮਿਲ ਇਕੀਆਂ ਨਾਲ ਹਰਿਸੰਗਤ ਕਹੋ ਧੰਨ ਧੰਨ, ਧੰਨ ਪ੍ਰਭ ਧੰਨ ਤੇਰੀ ਵਡਿਆਈਆ । ਤੁਹਾਡੇ ਪਿਛੇ ਸ੍ਰੀ ਭਗਵਾਨ ਤੁਹਾਡਾ ਆਖਾ ਲਿਆ ਮੰਨ, ਕਿਉਂ ਬੈਠੇ ਤੁਸੀਂ ਭੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀਆਂ ਨਾਲ ਦੇਵੇ ਦਾਨ, ਸਭ ਦੀ ਝੋਲੀ ਆਪ ਭਰਾਈਆ ।

### ★ ੨੭ ਪੋਹ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਨਾਮ ਜੋਤੀ ਪੀਉ ਭੰਗ, ਭੰਗੜਾ ਵੇਖੇ ਲੋਕਾਈਆ । ਜਿਸ ਦਾ ਚੜ੍ਹੇ ਅਨੋਖਾ ਰੰਗ, ਰੰਗ ਨਜ਼ਰ ਕਿਸੇ ਨਾ ਆਈਆ । ਨੱਚੀਏ ਟੱਪੀਏ ਬਣ ਮਲੰਗ, ਖ਼ੁਸ਼ੀਆਂ ਤਾਲ ਵਜਾਈਆ । ਜਗਤ ਦਵਾਰਿਉਂ ਅੱਗੇ ਲੰਘ, ਘਰ ਆਪਣਾ ਵੇਖ ਵਖਾਈਆ । ਜਿਸ ਗ੍ਰਿਹ ਖੇਲ ਸੂਰਾ ਸਰਬੰਗ, ਨਿਰਗੁਣ ਕਰਤਾ ਰਿਹਾ ਕਰਾਈਆ । ਦਿਵਸ ਰੈਣ ਇਕ ਅਨੰਦ, ਅਨੰਦ ਆਤਮ ਵਿਚੋਂ ਪਰਗਟਾਈਆ । ਕਰ ਪਰਕਾਸ਼ ਨੁਰਾਨੀ ਚੰਦ, ਜੋਤੀ ਦੀਪ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭੰਗ ਇਕੋ ਇਕ ਸਮਝਾਈਆ । ਸਾਚੀ ਭੰਗ ਨਾਮ ਖ਼ੁਮਾਰੀ, ਬਿਨ ਰਗੜਿਉਂ ਰਗੜਾ ਦਏ ਲਗਾਈਆ । ਆਤਮ ਪਰਮਾਤਮ ਟੁੱਟੀ ਗੰਢ ਯਾਰੀ, ਯਾਰਾਂ ਇਕੋ ਘਰ ਵਖਾਈਆ । ਮਹਲ ਅਟੱਲ ਸੋਹੇ ਤਨ ਮਨਾਰੀ, ਬੰਕ ਵੱਜੇ ਇਕ ਸ਼ਨਵਾਈਆ । ਨਜ਼ਰੀ ਆਏ ਨਿਰਗੁਣ ਨਿਰੰਕਾਰੀ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਇਕੋ ਭੰਗ ਪਿਆਈਆ । ਪੀਓ ਭੰਗ ਲਾਓ ਰਗੜਾ, ਡੰਡਾ ਕੂੰਡਾ ਨਜ਼ਰ ਕੋਇ ਨਾ ਆਈਆ । ਜਿਸ ਪੀਤਿਆਂ ਆਵਣ ਜਾਵਣ ਮੁਕੇ ਝਗੜਾ, ਨਾਤਾ ਛੁਟੇ ਜਗਤ ਲੋਕਾਈਆ । ਰਾਏ ਧਰਮ ਨਾ ਲਏ ਬਦਲਾ, ਅੱਗੇ ਦੇਵੇ ਨਾ ਕੋਇ ਸਜ਼ਾਈਆ । ਗੁਰਮੁਖ ਚੜ੍ਹੇ ਆਪਣੀ ਮੰਜ਼ਲਾ, ਸੰਤ ਘਰ ਵੇਖਣ ਚਾਈਂ ਚਾਈਂਆ । ਜਿਸ ਘਰ ਹੋਵੇ ਇਕੋ ਅਦਲਾ, ਇਨਸਾਫ਼ ਆਪਣਾ ਆਪ ਸਮਝਾਈਆ । ਪੀ ਭੰਗ ਨਾ ਹੋਵੇ ਪਗਲਾ, ਪਾਗਲਪਨ ਪਰੇ ਹਟਾਈਆ । ਘਰ ਸੁਣੇ ਚਾਰ ਮੰਗਲਾ, ਗੀਤ ਸੁਹਾਗੀ ਢੋਲਾ ਗਾਈਆ । ਫੇਰ ਜੇ ਲੇਖਾ ਪੁਛੋ ਅਗਲਾ, ਅੱਗੇ ਚੰਗੀ ਤਰ੍ਹਾਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੰਗ ਇਕੋ ਇਕ ਸਮਝਾਈਆ । ਪੀਓ ਭੰਗ ਚੜ੍ਹੇ ਮਸਤੀ, ਮਸਤ ਦੀਵਾਨਾ ਰੂਪ ਵਟਾਈਆ । ਜਿਸ ਪੀਤਿਆਂ ਨਜ਼ਰੀ ਆਏ ਇਕੋ ਹਸਤੀ, ਹਸਤ ਕੀਟ ਰੂਪ ਨਾ ਕੋਇ ਵਖਾਈਆ । ਕਾਇਆ ਮੰਦਰ ਸੋਹੇ ਬਸਤੀ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭੰਗ ਇਕ ਪਿਆਈਆ । ਪੀਓ ਭੰਗ ਫੜ ਪਿਆਲਾ, ਸਾਚਾ ਕਾਸਾ ਇਕ ਸਮਝਾਈਆ । ਜਿਸ ਵਿਚ ਵਸਿਆ ਦੀਨ ਦਿਆਲਾ, ਨਿਰਗੁਣ ਆਪਣਾ ਆਸਣ ਲਾਈਆ । ਜਿਸ ਪੀਤਿਆਂ ਨਾਤਾ ਤੁਟੇ ਕਾਲ ਮਹਾਂਕਾਲਾ, ਜਗਤ ਜੰਜਾਲਾ ਤੋੜ ਤੁੜਾਈਆ । ਓਸ ਭੰਗ ਦਾ ਦੇਵਾਂ ਹਵਾਲਾ, ਜਿਹੜੀ ਭੰਗ ਪੋਸਤ ਡੋਡਿਆਂ ਵਿਚ ਕਦੇ ਨਾ ਆਈਆ । ਜਿਸ ਦੇ ਪੀਵਣ ਦਾ ਰਾਹ ਸੁਖਾਲਾ, ਸਤਿਗੁਰ ਪੂਰਾ ਦਏ ਸਮਝਾਈਆ । ਪਿਛਲਾ ਕੋਈ ਕਹਿਣ ਦਾ ਨਹੀਂ ਹਵਾਲਾ,

ਹਾਲਤ ਵੇਂਹਦਿਆਂ ਦਏ ਬਦਲਾਈਆ । ਕੀ ਕਰੇ ਵਿਚਾਰੀ ਬਿਹੰਗਮ ਚਾਲਾ, ਜਿਨ੍ਹਾਂ ਆਪਣੀ ਗੋਦ ਬਹਾਈਆ । ਸੋ ਗੁਰਮੁਖ ਗੁਰਸਿਖ ਭਗਤ ਭਗਵਾਨ ਸਚਖੰਡ ਬੈਠਣ ਸੱਚੀ ਧਰਮਸਾਲਾ, ਅੱਗੇ ਪੰਧ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਸਤੀ ਮਸਤ ਅਲਮਸਤ ਆਪਣੇ ਨਾਮ ਚੜ੍ਹਾਈਆ । ਭੰਗ ਕਹੇ ਮੈਂ ਬੜੀ ਚਲਾਕ, ਆਪਣੇ ਵਿਚ ਰੱਖਾਂ ਵਡਿਆਈਆ । ਸਾਧਾਂ ਸੰਤਾਂ ਵਿਚ ਰਲਾਇਆ ਖ਼ਾਕ, ਮੂੰਹ ਦੇ ਭਾਰ ਸੁਟਾਈਆ । ਬਿਨ ਤੇਰੀ ਕਿਰਪਾ ਕੋਈ ਨਾ ਖੋਲ੍ਹੇ ਤੇਰਾ ਤਾਕ, ਤਾੜੀ ਤੇਰੇ ਨਾਲ ਨਾ ਕੋਇ ਲਗਾਈਆ । ਸਭ ਨੂੰ ਲੱਗੀ ਝੂਠੀ ਚਾਟ, ਰਸਨਾ ਜਿਹਵਾ ਸਵਾਦ ਬਣਾਈਆ । ਜੋ ਆਏ ਪ੍ਰਭੂ ਤੇਰੇ ਘਾਟ, ਤਿਨ੍ਹਾਂ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਰਸ, ਰਸ ਇਕੋ ਇਕ ਸਮਝਾਈਆ । ਭੰਗ ਕਹੇ ਮੇਰਾ ਵੇਖੋ ਘੋਟਾ, ਰਗੜਾ ਰਗੜੇ ਨਾਲ ਬੰਧਾਈਆ । ਜਿਹੜਾ ਮੈਨੂੰ ਪੀ ਕੇ ਹੋਇਆ ਮੋਟਾ, ਰਾਤੀਂ ਸੁਤਿਆਂ ਸੁਰਤ ਭੁਲਾਈਆ । ਸਚਖੰਡ ਦਵਾਰਿਉਂ ਕੀਤਾ ਖੋਟਾ, ਕੀਮਤ ਅੱਗੇ ਨਾ ਕੋਇ ਰਖਾਈਆ । ਕੀ ਹੋਇਆ ਜੇ ਕਾਇਆ ਭਰਿਆ ਲੋਟਾ, ਅੰਤਰ ਮੂੰਹ ਦੇ ਭਾਰ ਰੁੜ੍ਹਾਈਆ । ਜਿਨ੍ਹਾਂ ਚਿਰ ਅੰਦਰ ਜਗੇ ਨਾ ਨਿਰਮਲ ਜੋਤਾ, ਸਚ ਸਰੂਪ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੰਗ ਖ਼ੁਮਾਰੀ ਇਕੋ ਇਕ ਵਖਾਈਆ । ਇਕ ਭੰਗ ਬਿਨ ਕੂੰਡੇ ਡੰਡੇ, ਆਪਣਾ ਰਸ ਵਖਾਈਆ । ਇਕ ਭੰਗ ਜਨ ਭਗਤਾਂ ਨਾਲ ਹੰਢੇ, ਸਾਚਾ ਸੰਗ ਨਿਭਾਈਆ । ਇਕ ਭੰਗ ਪ੍ਰਭ ਨਾਲੋਂ ਟੁੱਟੀ ਗੰਢੇ, ਆਤਮ ਪਰਮਾਤਮ ਜੋੜ ਜੁੜਾਈਆ । ਇਕ ਭੰਗ ਜਗਤ ਸਾਧ ਕੀਤੇ ਮਾਰਨ ਖੰਡੇ, ਟੱਕਰਾਂ ਸਾਹਨਾਂ ਵਾਂਗ ਲਗਾਈਆ । ਇਕ ਭੰਗ ਪ੍ਰੇਮ ਪ੍ਰੀਤੀ ਘਰ ਘਰ ਵੰਡੇ, ਹਰਿਜਨ ਸਾਚੇ ਮੇਲ ਮਿਲਾਈਆ । ਇਕ ਭੰਗ ਮੂਰਖਾਂ ਚੁੱਕੀ ਫਿਰਦੀ ਕੰਧੇ, ਜਿਉਂ ਭਾਵੇ ਤਿਉਂ ਰਹੀ ਭਵਾਈਆ । ਓਸ ਭੰਗ ਤੇ ਪ੍ਰਭੂ ਕਦੀ ਨਾ ਮੰਨੇ, ਜੋ ਭੰਗ ਟਕਿਆਂ ਨਾਲ ਮੰਗਾਈਆ । ਗੁਰਮੁਖ ਸੱਜਣ ਉਹ ਚੰਗੇ, ਜੋ ਪੀ ਨਾਮ ਭੰਗ ਅੱਠੇ ਪਹਿਰ ਤਾੜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਰਸ ਆਪਣਾ ਨਾਮ ਵਖਾਈਆ ।

ਆਸਾ ਪੁੰਨੀ ਹੋਈ ਸ਼ਾਂਤ, ਗੁਰ ਅਵਤਾਰ ਰਹੇ ਜਸ ਗਾਈਆ । ਕਿਰਪਾ ਕਰੀ ਪ੍ਰਭ ਠਾਕਰ ਆਪ, ਮਿਹਰਵਾਨ ਹੋਇਆ ਸਹਾਈਆ । ਪੂਰਬ ਲੇਖਾ ਕਰ ਬੇਬਾਕ, ਲਹਿਣਾ ਦੇਣਾ ਦਿਤਾ ਮੁਕਾਈਆ । ਸਚ ਦਵਾਰੇ ਕਰ ਇਤਫ਼ਾਕ, ਮੇਲ ਮਿਲਾਵਾ ਸਹਿਜ ਸੁਭਾਈਆ । ਪੂਰਾ ਕਰ ਭਵਿਖਤ ਵਾਕ, ਗੋਬਿੰਦ ਇਕ ਦਏ ਵਡਿਆਈਆ । ਆਪ ਮਿਲਾ ਆਪਣੀ ਜਾਤ, ਜਾਤ ਜਾਤ ਵਿਚ ਰਖਾਈਆ । ਨਿਰਗੁਣ ਹੋ ਕੇ ਖੋਲ੍ਹਿਆ ਤਾਕ, ਤਾਕਤਵਰ ਪਰਦਾ ਲਾਹੀਆ । ਸਚ ਸੁਣਾਈ ਇਕੋ ਬਾਤ, ਮਹਿਮਾ ਅਕੱਥ ਕਥ ਪਰਗਟਾਈਆ । ਪੂਰਬ ਜਨਮ ਦੀ ਮੁਕੀ ਵਾਟ, ਅੱਗੇ ਪੰਧ ਨਾ ਕੋਇ ਪਾਈਆ । ਮੇਟ ਰੈਣ ਅੰਧੇਰੀ ਰਾਤ, ਸਚ ਨੂਰ ਕਰੇ ਰੁਸ਼ਨਾਈਆ । ਪੀਰ ਪੈਗ਼ੰਬਰ ਜੋ ਗਏ ਆਖ, ਸੋ ਪੂਰੀ ਦਿਤੀ ਕਰਾਈਆ । ਲਹਿਣਾ ਚੁਕਿਆ ਮਸਤਕ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਿਛਲਾ ਲਹਿਣਾ ਦੇਣਾ

ਮੁਕਾ, ਮੁਕੀ ਵਸਤ ਪਰਾਈਆ । ਕਿਰਪਾ ਕਰੀ ਆਪ ਖ਼ੁਦਾ, ਮਿਹਰ ਨਜ਼ਰ ਇਕ ਟਿਕਾਈਆ । ਦੂਜਾ ਨਾਤਾ ਦਿਤਾ ਛੁਡਾ, ਇਕੋ ਘਰ ਰਿਹਾ ਵਖਾਈਆ । ਸਾਚਾ ਮੰਦਰ ਦਿਤਾ ਸੁਹਾ, ਮਹਿਫ਼ਲ ਆਪਣਾ ਨਾਮ ਸੁਣਾਈਆ । ਕਾਗ਼ਜ਼ ਛਾਹੀ ਲਹਿਣਾ ਦਿਤਾ ਚੁਕਾ, ਕਲਮ ਕਰੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਿਸਾਬ ਬੇਬਾਕ ਕੀਤਾ ਆਪ, ਲੇਖਾ ਕੋਇ ਰਹਿਣ ਨਾ ਪਾਈਆ । ਜਿਸ ਨੂੰ ਈਸਾ ਮੂਸਾ ਮੰਨਿਆ ਬਾਪ, ਸੋ ਬੇਨਜ਼ੀਰ ਹੋਏ ਸਹਾਈਆ । ਜਿਸ ਦਾ ਨਾਨਕ ਗੋਬਿੰਦ ਦੱਸਿਆ ਜਾਪ, ਸੋ ਜਗਜੀਵਣ ਦਾਤਾ ਵੇਸ ਵਟਾਈਆ । ਜਿਸ ਜੁਗ ਚੌਕੜੀ ਦਿਤੇ ਥਾਪ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਉਂ ਰਖਾਈਆ । ਜਿਸ ਦਾ ਖੇਲ ਆਦਿ ਜੁਗਾਦੀ ਪਾਕ, ਪਤਤ ਪਾਪੀ ਲਏ ਤਰਾਈਆ । ਕਰ ਖੇਲ ਪੁਰਖ ਸਮਰਾਥ, ਸਮਰਥ ਆਪਣੀ ਧਾਰ ਵਖਾਈਆ । ਨਿਰਵੈਰ ਹੋ ਕੇ ਖੋਲ੍ਹ ਆਖ, ਆਖ਼ਰ ਆਪਣਾ ਮੇਲ ਮਿਲਾਈਆ । ਸਾਡੇ ਸਭ ਦੇ ਖ਼ਾਲੀ ਕਰ ਕੇ ਹਾਥ, ਚਾਰੋਂ ਕੁੰਟ ਰਿਹਾ ਵਖਾਈਆ । ਨਾ ਕੋਈ ਰਿਹਾ ਤ੍ਰਲੋਕੀ ਨਾਥ, ਨਾਥ ਅਨਾਥਾਂ ਲਏ ਉਠਾਈਆ । ਨਾ ਕੋਈ ਰਿਹਾ ਪੂਜਾ ਪਾਠ, ਰਸਨਾ ਜਿਹਵਾ ਢੋਲਾ ਕੋਇ ਨਾ ਗਾਈਆ । ਨਾ ਕੋਈ ਰਿਹਾ ਤੀਰਥ ਤਾਟ, ਤੱਟ ਕਿਨਾਰਾ ਵੇਖ ਵਖਾਈਆ । ਕਿਰਪਾ ਕਰ ਕੇ ਖੋਲਿਆ ਹਾਟ, ਦਰ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਲੇਖਾ ਮਿਲਿਆ ਅੰਤਮ ਆਣ, ਅੰਤਸ਼ਕਰਨ ਨਜ਼ਰ ਕੋਇ ਨਾ ਆਈਆ । ਕਰਿਆ ਖੇਲ ਸ੍ਰੀ ਭਗਵਾਨ, ਦੂਜਾ ਸੰਗ ਨਾ ਕੋਇ ਰਖਾਈਆ । ਸਾਡੇ ਉਤੇ ਕਰੇ ਨਾ ਕੋਈ ਈਮਾਨ, ਈਮਾਨ ਪ੍ਰਭ ਦੀ ਝੋਲੀ ਪਾਈਆ । ਨੇਤਰ ਰੋਂਦੀ ਵੇਖੀ ਅੰਜੀਲ ਕੁਰਾਨ, ਬਾਈਬਲ ਰੋ ਰੋ ਦਏ ਦੁਹਾਈਆ । ਸਾਡਾ ਪੈਂਡਾ ਮੁਕਿਆ ਆਣ, ਮੁਕੀ ਹੱਦ ਪਰਾਈਆ । ਜਿਸ ਨੇ ਸਾਚਾ ਦਿਤਾ ਨਿਸ਼ਾਨ, ਸਚ ਨਿਸ਼ਾਨਾ ਇਕੋ ਇਕ ਝੁਲਾਈਆ । ਜਿਸ ਦਾ ਗੀਤ ਗਾ ਗਾ ਥੱਕੀ ਬਿਨਾਂ ਜ਼ਬਾਨ, ਜ਼ੇਰ ਜ਼ਬਰ ਨਾਲ ਮਿਲਾਈਆ । ਅਲਫ਼ ਯੇ ਹੋਈ ਹੈਰਾਨ, ਹਾਲਤ ਆਪਣੀ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਲੈ ਚਵੀਆਂ ਅਵਤਾਰਾ, ਚਾਰੋਂ ਕੁੰਟ ਵੇਖ ਵਖਾਇੰਦਾ । ਮੱਥੇ ਟਿਕਾਵਣ ਦੀ ਗਈ ਬਹਾਰਾ, ਬਿਹਬਲ ਹੋ ਕੇ ਸਰਬ ਸੁਣਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੜਨ ਦਾ ਗਿਆ ਨਜ਼ਾਰਾ, ਨਿਰਗੁਣ ਨਜ਼ਾਮ ਆਪ ਬਦਲਾਇੰਦਾ । ਤੀਰਥ ਤੱਟ ਨਹਾਵਣ ਦਾ ਗਿਆ ਸਹਾਰਾ, ਕਿਨਾਰਾ ਇਕੋ ਇਕ ਜਣਾਇੰਦਾ । ਗੋਪੀ ਕਾਹਨ ਨੱਚਣ ਦਾ ਗਿਆ ਅਖਾੜਾ, ਸਾਚੀ ਸਖੀ ਗੁਰਮੁਖ ਰੂਪ ਵਟਾਇੰਦਾ । ਨਾਤਾ ਤੁਟਿਆ ਕੂੜੇ ਯਾਰਾਂ, ਯਾਰੀ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਆਪਣੇ ਹੱਥ ਰੱਖੀ ਵਡਿਆਈਆ । ਸਭ ਦਾ ਲੇਖਾ ਦਿਤਾ ਨਿਵਾਰ, ਨਵਾਜਸ਼ ਰਹਿਮਤ ਆਪ ਕਮਾਈਆ । ਗੁਜਾਰਸ਼ ਕਰਨ ਗੁਰੂ ਅਵਤਾਰ, ਦੋਏ ਜੋੜ ਵਾਸਤਾ ਪਾਈਆ । ਸਫ਼ਾਰਸ਼ ਕਰੀਏ ਨਾ ਕਿਸੇ ਦੀ ਵਿਚ ਸੰਸਾਰ, ਅੱਗੇ ਸੰਗ ਨਾ ਕੋਇ ਨਿਭਾਈਆ । ਵੀਹ ਸੌ ਵੀਹ ਬਿਕਰਮੀ ਛੱਬੀ ਪੋਹ ਤੇਰਾ ਤੁਆਰਫ਼ ਕਰਾਇਆ ਕਲਗ਼ੀ ਧਰ ਅਪਰ ਅਪਾਰ, ਸ਼ਬਦ ਇਸ਼ਾਰੇ ਨਾਲ ਜਣਾਈਆ । ਇਬਾਰਤ ਲਿਖੇ ਨਾ ਦੂਜੀ ਵਾਰ, ਕਲਮ ਛਾਹੀ ਨਾ ਕੋਇ ਵਡਿਆਈਆ । ਡੂੰਘੀ

ਗਾਰਤ ਕਰ ਉਜਿਆਰ, ਨੂਰੀ ਚੰਦ ਦਿਤਾ ਚਮਕਾਈਆ । ਆਲਸ ਨਿੰਦਰਾ ਦਿਤੀ ਉਤਾਰ, ਗ਼ਾਫ਼ਲ ਰੂਪ ਨਾ ਕੋਇ ਵਟਾਈਆ । ਮਹਿਫ਼ਲ ਇਕ ਲਗਾ ਸੱਚੀ ਸਰਕਾਰ, ਮੁਹੱਬਤ ਸਾਚੀ ਦਿਤੀ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਪੁਨਹਿ ਪੁਨਹਿ ਤੇਰੀ ਸਰਨਾਈਆ । ਦੋਜ਼ਖ਼ ਬਹਿਸ਼ਤੋਂ ਵਸੇ ਬਾਹਰ, ਸਵਰਗ ਨਰਕ ਚਲੇ ਨਾ ਕੋਇ ਚਤੁਰਾਈਆ । ਅਰਸ਼ ਫ਼ਰਸ਼ ਤੇਰੀ ਕਾਰ, ਕੁਰਸ਼ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਮਾਣ ਵਡਿਆਈਆ । ਲੇਖਾ ਚੁਕਿਆ ਪਿਛਲਾ ਮੂਲ, ਅਸਲ ਤੇਰੇ ਹੱਥ ਵਡਿਆਈਆ । ਤੇਰੀ ਕਿਰਪਾ ਸਮਝਿਆ ਤੇਰਾ ਅਸੂਲ, ਅਸਲੀਅਤ ਤੇਰੇ ਵਿਚੋਂ ਨਜ਼ਰੀ ਆਈਆ । ਤੇਰਾ ਸੁਣ ਕੇ ਹੁਕਮ ਮਾਅਕੂਲ, ਮੁਹੱਬਤ ਤੇਰੇ ਨਾਲ ਲਗਾਈਆ । ਤੇਰੇ ਨਾਮ ਦਾ ਲਏ ਨਾ ਕੋਇ ਮਸੂਲ, ਮੁਲਾ ਸ਼ੇਖ਼ ਪੰਡਤ ਪਾਂਧਾ ਗਰੰਥੀ ਤੇਰਾ ਨਾਉਂ ਨਾ ਹੱਟ ਵਿਕਾਈਆ । ਤੇਰੇ ਚਰਨ ਦੀ ਸੱਚੀ ਧੂਲ, ਭਬੂਤੀ ਇਕੋ ਨਜ਼ਰੀ ਆਈਆ । ਕਿਸੇ ਕੰਮ ਨਾ ਆਏ ਤਰਸੂਲ, ਸ਼ੰਕਰ ਬੈਠਾ ਧਿਆਨ ਲਗਾਈਆ । ਬ੍ਰਹਮਾ ਰੋ ਰੋ ਕਹੇ ਮੈਂ ਗਿਆ ਭੂਲ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਵਿਸ਼ਨੂੰ ਕਹੇ ਮੈਂ ਨਾ ਜਾਣਾ ਤੇਰਾ ਅਸੂਲ, ਸ਼ਾਹ ਪਾਤਸ਼ਾਹ ਤੇਰੀ ਵੱਡੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਹੱਸ, ਘਰ ਸਾਚੇ ਖ਼ੁਸ਼ੀ ਮਨਾਈਆ । ਅੱਜ ਤੋਂ ਸਾਡੀ ਹੋਈ ਬਸ, ਬਸਤੇ ਸਰਬ ਬੰਧਾਈਆ । ਖ਼ਾਲੀ ਵਖਾਵਣ ਆਪਣੇ ਹੱਥ, ਦੋ ਜਹਾਨ ਜਣਾਈਆ । ਜਿਸ ਨੇ ਦਿਤੀ ਸਾਨੂੰ ਮਤ, ਸੋ ਮਤਵਾਲਾ ਫੇਰਾ ਪਾਈਆ । ਜਿਸ ਦਾ ਮਾਰਗ ਗਏ ਦੱਸ, ਸੋ ਆਇਆ ਬੇਪਰਵਾਹੀਆ । ਦੋ ਜਹਾਨ ਪੰਧ ਮੁਕਾਏ ਨੱਠ ਨੱਠ, ਬਣ ਪਾਂਧੀ ਫੇਰਾ ਪਾਈਆ । ਬੀਸ ਸਾਲ ਦੱਸਦਾ ਰਿਹਾ ਸਾਚੀ ਗਾਥ, ਅੱਖਰ ਗਾ ਗਾ ਮਾਤ ਜਣਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਲੋਕਮਾਤ ਰਹਿਣ ਨਾ ਪਾਈਆ । ਜਨ ਭਗਤਾਂ ਦੇਵੇ ਦਾਤ, ਵਸਤ ਅਮੋਲਕ ਇਕ ਵਰਤਾਈਆ । ਅੰਦਰ ਵੜ ਕੇ ਕਰੇ ਬਾਤ, ਬਾਹਰੋਂ ਕਹਿਣ ਕੁਛ ਨਾ ਪਾਈਆ । ਆਪਣਾ ਕਾਰਜ ਕਰੇ ਖ਼ਾਸ, ਖ਼ਾਲਸ ਗੁਰਮੁਖ ਰਿਹਾ ਪਰਗਟਾਈਆ । ਗੋਬਿੰਦ ਪੂਰੀ ਕਰੇ ਆਸ, ਮਾਛੂਵਾੜੇ ਰੁੱਤ ਸੁਹਾਈਆ । ਪਿਛਲਾ ਲੇਖਾ ਕਰੇ ਬੇਬਾਕ, ਅਗਲਾ ਤਾਕ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਖ਼ੁਸ਼ੀ ਗ਼ਮੀ ਕਰਾਏ ਮੇਲ, ਮੇਲਾ ਆਪਣੇ ਨਾਲ ਕਰਾਈਆ । ਸਚ ਦਵਾਰੇ ਚਾੜ੍ਹੇ ਤੇਲ, ਸਗਨ ਇਕੋ ਝੋਲੀ ਪਾਈਆ । ਪਰਮ ਪੁਰਖ ਸੱਜਣ ਸੁਹੇਲ, ਸਤਿਗੁਰ ਆਪਣੀ ਦਇਆ ਕਮਾਈਆ । ਸਤਿ ਧਰਮ ਦੀ ਵਧਾਏ ਆਪੇ ਵੇਲ, ਵਾਧਾ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਕਰ ਕੇ ਫ਼ੇਲ, ਗੁਰਸਿਖ ਥੋੜੇ ਲਏ ਤਰਾਈਆ । ਸਚਖੰਡ ਦਵਾਰਿਉਂ ਕਰ ਕੇ ਵਿਹਲ, ਕੁੰਭੀ ਨਰਕ ਲਏ ਸੁਹਾਈਆ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਚੇਲੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪਾਰਬ੍ਰਹਮ, ਪ੍ਰਭ ਆਪਣੀ ਦਇਆ ਕਮਾਇੰਦਾ । ਪੂਰਨ ਹੋਇਆ ਧੁਰ ਦਾ ਕਰਮ, ਕੰਮ ਆਪਣਾ ਆਪ ਸਮਝਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬਣਿਆ ਰਿਹਾ ਨਰਮ, ਅੰਤਮ ਆਪਣਾ ਹੁਕਮ ਵਡਿਆਇੰਦਾ । ਅੱਗੇ ਕੋਈ ਨਾ ਰਹੇ ਭਰਮ, ਗੁਰ ਅਵਤਾਰ ਸਰਬ ਸਮਝਾਇੰਦਾ । ਇਸ ਦੇ ਚਰਨੀ ਲੱਗਿਆਂ ਮਿਟੇ ਜਨਮ ਮਰਨ, ਆਵਣ ਜਾਵਣ ਗੇੜ


੨੧੭
੧੯

ਚੁਕਾਇੰਦਾ । ਸਤਿਗੁਰ ਮਿਲਿਆਂ ਨਹੀਂ ਕੋਈ ਸ਼ਰਮ, ਹਯਾ ਹਯਾਤੀ ਵਿਚੋਂ ਬਾਹਰ ਕਢਾਇੰਦਾ । ਆਤਮ ਪਰਮਾਤਮ ਇਕੋ ਧਰਮ, ਧਰਮ ਆਪਣਾ ਇਕ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਮਾਨਸ ਜਨਮ, ਗੁਰਮੁਖ ਵਿਰਲਾ ਲੇਖੇ ਲਾਇੰਦਾ । ਸੰਤ ਸੁਹੇਲੇ ਪੌੜੇ ਚੜ੍ਹਨ, ਸਤਿਗੁਰ ਡੰਡਾ ਨਾਮ ਫੜਾਇੰਦਾ । ਭਗਤ ਭਗਵਾਨ ਢੋਲੇ ਪੜ੍ਹਨ, ਸੋਹੰ ਸਾਚਾ ਰਾਗ ਅਲਾਇੰਦਾ । ਗੁਰਸਿਖ ਘਰ ਸਚ ਦਵਾਰੇ ਵੜਨ, ਸ੍ਰੀ ਭਗਵਾਨ ਕੁੰਡਾ ਲਾਹਿੰਦਾ । ਨਾਤਾ ਤੋੜ ਵਰਨ ਬਰਨ, ਜਾਤ ਪਾਤ ਪੰਧ ਮੁਕਾਇੰਦਾ । ਦਰਸ ਕਰਾ ਇਕੋ ਚਰਨ, ਚਰਨੋਦਕ ਮੁਖ ਚਵਾਇੰਦਾ । ਜਾਗਰਤ ਸੋਵਤ ਖੋਲ੍ਹੇ ਹਰਨ ਫਰਨ, ਨਿਜ ਨੇਤਰ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪੁਰਖ ਸਮਰਥ, ਪ੍ਰਭ ਤੇਰੇ ਹੱਥ ਵਡਿਆਈਆ । ਪਿਛਲਾ ਲੇਖਾ ਹੋਇਆ ਭੱਠ, ਅਗਲੀ ਕਰਨੀ ਲਏ ਕਮਾਈਆ । ਚਾਰ ਜੁਗ ਦਾ ਬੰਦ ਦਵਾਰਾ ਹੋਇਆ ਬੰਕ, ਅੱਗੇ ਮੰਦਰ ਇਕ ਵਸਾਈਆ । ਬਣ ਸਵਾਂਗੀ ਖੇਲ ਕਰ ਨਟੂਏ ਨਟ, ਆਪ ਆਪਣੀ ਰਾਸ ਰਚਾਈਆ । ਤੇਰਾ ਰੂਪ ਅਗੰਮੀ ਸੱਚ, ਜੁਗ ਚੌਕੜੀ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਕਾਇਆ ਮਾਟੀ ਭਾਂਡਾ ਭੰਨਿਆ ਕੱਚ, ਥਿਰ ਕੋਇ ਰਹਿਣ ਨਾ ਪਾਈਆ । ਤੇਰੇ ਨੂਰ ਗਏ ਰਚ, ਜੋਤੀ ਜੋਤ ਵਿਚ ਸਮਾਈਆ । ਅੰਤਮ ਦਿਤਾ ਪੂਰਾ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਖ਼ੁਸ਼ੀਆਂ ਨਾਲ ਵੇਖਿਆ ਅੱਖ, ਆਖ਼ਰ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਦੇਵੇ ਮਾਣ, ਸ੍ਰੀ ਭਗਵਾਨਿਆ । ਤੇਰੇ ਚਰਨ ਕਰਨ ਧਿਆਨ, ਨਾਤਾ ਤੁਟੇ ਦੋ ਜਹਾਨਿਆਂ । ਤੇਰਾ ਸੁਣਨ ਸੱਚਾ ਫ਼ਰਮਾਨ, ਧੁਰਦਰਗਾਹੀ ਬੋਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਪਰਵਾਨਿਆਂ । ਸਚ ਪਰਵਾਨਾ ਦੇ ਦੇ ਗੀਤ, ਗਾਇਤਰੀ ਮੰਤਰ ਨਾ ਕੋਇ ਪੜ੍ਹਾਈਆ । ਨਾਤਾ ਤੁਟੇ ਮੰਦਰ ਮਸੀਤ, ਪੰਡਤ ਮੁਲਾਂ ਨੇੜ ਕੋਇ ਨਾ ਆਈਆ । ਭਗਤਾਂ ਦੱਸ ਦੇ ਆਪਣੀ ਰੀਤ, ਜਿਹੜੀ ਕਬੀਰ ਗਿਆ ਸਮਝਾਈਆ । ਤੂੰ ਨੀਚੋਂ ਕਰ ਊਚ, ਊਚ ਨੀਚ ਤੇਰੀ ਸਰਨਾਈਆ । ਤੇਰਾ ਮੰਦਰ ਦਵਾਰਾ ਵੇਖੀਏ ਦਹਿਲੀਜ, ਘਰ ਵੜ ਕੇ ਦਰਸ਼ਨ ਪਾਈਆ । ਤੇਰਾ ਨੂਰ ਨਜ਼ਰੀ ਆਏ ਠੀਕ, ਕੂੜਾ ਠੀਕਰ ਭੰਨ ਵਖਾਈਆ । ਮਿਟੇ ਰੈਣ ਅੰਧੇਰੀ ਤਾਰੀਕ, ਚੰਦ ਇਕੋ ਇਕ ਰੁਸ਼ਨਾਈਆ । ਤੇਰੀ ਧਾਰ ਸਦਾ ਬਾਰੀਕ, ਬਾਰੀਕੀ ਵਿਚੋਂ ਲਏ ਪਰਗਟਾਈਆ । ਤੇਰੇ ਨਾਲ ਲੱਗੇ ਪ੍ਰੀਤ, ਪ੍ਰੀਤੀਵਾਨ ਸੱਚੇ ਮਾਹੀਆ । ਸਦੀ ਸਦੀਵੀ ਰਹੀ ਬੀਤ, ਬੀਸ ਬੀਸਾ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਪੜ੍ਹਨ ਹਦੀਸ, ਕਲਮਾ ਇਕੋ ਇਕ ਸੁਣਾਈਆ । ਤੇਰੇ ਛਤਰ ਝੁੱਲੇ ਸੀਸ, ਜਗਦੀਸ਼ ਤੇਰੀ ਵਡਿਆਈਆ । ਤੇਰਾ ਰੰਗ ਚੜ੍ਹੇ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮੇਰੇ ਸਾਹਿਬ ਸੱਜਣ ਮੀਤ, ਮਿੱਤਰ ਪਿਆਰੇ ਤੇਰੀ ਵਡ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਮਾਣ ਵਡਿਆਈ ਦੇ ਇਕ, ਏਕੰਕਾਰ ਮੰਗ ਮੰਗਾਈਆ । ਜਨ ਭਗਤਾਂ ਲੇਖਾ ਦੇ ਲਿਖ, ਤੇਰਾ ਲੇਖ ਨਾ ਕੋਇ ਮਿਟਾਈਆ । ਸਚ ਦਵਾਰ ਕਰ ਹਿੱਤ, ਹਿੱਤ ਆਪਣੇ ਨਾਲ ਬੰਧਾਈਆ । ਅੱਗੇ ਫੇਰ ਨਾ ਦੇਵੀਂ ਪਿੱਠ, ਪਿਛਲੀ ਕਰਵਟ ਲੈ ਬਦਲਾਈਆ । ਤੇਰੇ ਦਰ ਤੋਂ ਮੰਗੀ ਭਿਖ, ਦੂਜੇ ਦਰ ਮੰਗਣ ਨਾ ਜਾਈਆ । ਉਹ ਗੁਰਮੁਖ ਸੱਚੇ ਸਿਖ, ਜਿਨ੍ਹਾਂ ਸਿਖਿਆ ਤੇਰੀ

ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਸਿਖਿਆ ਤੇਰੀ ਸਿਖੀ ਸੱਚ, ਸੋ ਸਾਹਿਬ ਸੱਚੇ ਸੁਲਤਾਨਾ । ਤੇਰਾ ਲੇਖਾ ਨਾ ਆਇਆ ਹੱਥ, ਸ਼ਾਹ ਪਾਤਸ਼ਾਹ ਨੌਜਵਾਨਾ । ਮੰਦਰ ਦਵਾਰਾ ਵੇਖਿਆ ਝੱਟ, ਆਏ ਵਿਚ ਮੈਦਾਨਾ । ਜਨਮ ਮਰਨ ਦਾ ਗੇੜਾ ਕੱਟ, ਤੇਰੇ ਚਰਨ ਵਿਟੂਹ ਕੁਰਬਾਨਾ । ਨਾਮ ਚੜ੍ਹਾ ਸਾਚੇ ਰਥ, ਬਣ ਰਥਵਾਹੀ ਵਿਚ ਜਹਾਨਾ । ਆਪਣੇ ਮਿਲਣ ਦੀ ਖੋਲ੍ਹ ਅੱਖ, ਦੋਏ ਲੋਚਣ ਪੰਧ ਮੁਕਾਨਾ । ਹਕੀਕਤ ਵਿਚੋਂ ਦੇ ਹੱਕ, ਲਾਸ਼ਰੀਕ ਮੇਰੇ ਮਿਹਰਵਾਨਾ । ਪੀਰ ਪੈਗ਼ੰਬਰ ਗਏ ਥੱਕ, ਗੁਰ ਅਵਤਾਰ ਦੇਣ ਬਿਆਨਾ । ਇਕੋ ਦੇਵਣਹਾਰ ਪੁਰਖ ਸਮਰਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਜੀਵ ਜਹਾਨਾ । ਸ੍ਰੀ ਭਗਵਾਨ ਕਹੇ ਨਾਲ ਦਾਅਵਾ, ਜਨ ਭਗਤ ਆਪ ਜਣਾਈਆ । ਨਾਤਾ ਜੁੜਿਆ ਪੁਤਰਾਂ ਮਾਵਾਂ, ਪਿਤਾ ਪੁਰਖ ਅਕਾਲ ਅਖਵਾਈਆ । ਜੁਗ ਚੌਕੜੀ ਦਾ ਕੱਟਿਆ ਤੁਹਾਡਾ ਫੇਰ ਲਗਾਇਆ ਨਾਵਾਂ, ਲੇਖੇ ਆਪਣੇ ਵਿਚ ਰਖਾਈਆ । ਫੜ ਕੇ ਭੁਜਾਂ ਉਠਾਇਆ ਬਾਹਵਾਂ, ਬਲ ਆਪਣਾ ਆਪ ਪਰਗਟਾਈਆ । ਫੜ ਕੇ ਹੰਸ ਬਣਾਵਾਂ ਕਾਵਾਂ, ਕਾਗੋਂ ਹੰਸ ਰੂਪ ਵਟਾਈਆ । ਸਿਰ ਦੇ ਕੇ ਠੰਡੀਆਂ ਛਾਵਾਂ, ਕਲਜੁਗ ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੇਵੇ ਦਾਤ ਹੋ ਦਲੇਰ, ਦਲੇਰੀ ਇਕੋ ਇਕ ਜਣਾਇੰਦਾ । ਨਵ ਨੌ ਚਾਰ ਪਿਛੋਂ ਕੀਤੀ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜੁਗ ਜਨਮ ਦੇ ਵਿਛੜੇ ਲਏ ਘੇਰ, ਘੇਰਾ ਆਪਣਾ ਨਾਮ ਰਖਾਇੰਦਾ । ਪਹਿਰੇਦਾਰ ਹੋ ਕੇ ਸ਼ੇਰ, ਕੂੜੀ ਕਿਰਿਆ ਪਰੇ ਹਟਾਇੰਦਾ । ਦੂਰ ਦੁਰਾਡੇ ਆਇਆ ਨੇੜ, ਨੇੜੇ ਹੋ ਕੇ ਦਰਸ ਦਿਖਾਇੰਦਾ । ਅਗਲਾ ਪਿਛਲਾ ਲਹਿਣਾ ਦਏ ਨਬੇੜ, ਬਾਕੀ ਆਪਣੀ ਝੋਲੀ ਪਾਇੰਦਾ । ਨਿਰਗੁਣ ਕੋਈ ਨਾ ਕਰੇ ਹੇਰ ਫੇਰ, ਅਛਲ ਛਲ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਭਗਤਾਂ ਤਾਰ ਖੋਲ੍ਹੇ ਤਾਕ, ਪਰਦਾ ਉਹਲਾ ਰਿਹਾ ਉਠਾਈਆ । ਪ੍ਰੇਮ ਪ੍ਰੀਤੀ ਅੰਦਰ ਬਣ ਮੁਸ਼ਤਾਕ, ਮੁਸ਼ਕਲ ਸਭ ਦੀ ਹਲ ਕਰਾਈਆ । ਸਦੀ ਚੌਧਵੀਂ ਮਿਲਣ ਦਾ ਇਕ ਇਤਫ਼ਾਕ, ਇਤਫ਼ਾਕੀਆ ਆਪਣਾ ਮੇਲ ਮਿਲਾਈਆ । ਪਰਵਰਦਿਗਾਰ ਬਣੇ ਪਾਕ, ਪਾਕੀਜ਼ਾ ਆਪਣਾ ਰੂਪ ਵਟਾਈਆ । ਸਾਹਿਬ ਹੋ ਕੇ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਲੇਖਾ ਲਿਖੇ ਕਲਮ ਦਵਾਤ, ਕਾਗ਼ਜ਼ ਨਾਲ ਪਾਏ ਗਵਾਹੀਆ । ਤਿਨ੍ਹਾਂ ਮੁਰੀਦਾਂ ਮਿਲੀ ਨਜਾਤ, ਜਿਨ੍ਹਾਂ ਮੁਰਸ਼ਦ ਇਕੋ ਨਜ਼ਰੀ ਆਈਆ । ਵਫ਼ਾਤ ਵਿਚੋਂ ਬਣਾਏ ਜਮਾਤ, ਜਮਾਤ ਵਿਚੋਂ ਆਪਣਾ ਆਗਾਜ਼ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਸੰਗ ਰਖਾਏ ਏਕੰਕਾਰ, ਅਕਲ ਕਲਾ ਇਕ ਅਖਵਾਇੰਦਾ । ਦੂਜੇ ਦਰ ਨਾ ਹੋਏ ਖ਼ੁਵਾਰ, ਹਰਿਜਨ ਆਪਣੇ ਘਰ ਵਸਾਇੰਦਾ । ਨਾਲ ਰਲਾ ਗੁਰ ਅਵਤਾਰ, ਪੀਰ ਪੈਗ਼ੰਬਰ ਜੋੜ ਜੁੜਾਇੰਦਾ । ਸਾਚਾ ਮੰਦਰ ਕਰ ਤਿਆਰ, ਅੰਦਰੇ ਅੰਦਰ ਖੇਲ ਵਖਾਇੰਦਾ । ਛੱਤੀ ਜੁਗ ਦਾ ਲਾਹ ਉਧਾਰ, ਕਰਜ਼ਾ ਮਕਰੂਜ਼ ਝੋਲੀ ਪਾਇੰਦਾ । ਨਾਮਾ ਕਹੇ ਮੇਰੀ ਪੂਰੀ ਆਸ, ਛੱਪਰ ਛੰਨ ਸੋਭਾ ਪਾਇੰਦਾ । ਧੰਨਾ ਕਹੇ ਮੇਰੇ ਵੱਡੇ ਭਾਗ, ਵਡਭਾਗੀ ਵੇਖ ਵਖਾਇੰਦਾ । ਕਬੀਰ ਕਹੇ ਦਰ ਜਗਿਆ ਚਿਰਾਗ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਗੋਬਿੰਦ ਕਹੇ ਪ੍ਰਭ ਮਿਲਿਆ ਧੁਰ ਸੁਹਾਗ, ਕੰਤ ਇਕੋ ਨਜ਼ਰੀ

ਆਇੰਦਾ । ਸ੍ਰੀ ਭਗਵਾਨ ਕਹੇ ਮੇਰਾ ਭਗਤ ਸਮਾਜ, ਸੱਚਾ ਮਾਰਗ ਇਕੋ ਲਾਇੰਦਾ । ਨਿਰਗੁਣ ਨਿਰਗੁਣ ਰਚਿਆ ਕਾਜ, ਘਰ ਸਾਚੇ ਖੇਲ ਕਰਾਇੰਦਾ । ਇਕੋ ਮਾਰੇ ਅਗੰਮੀ ਆਵਾਜ਼, ਸੋਈ ਸੁਰਤੀ ਆਪ ਉਠਾਇੰਦਾ । ਦੂਰ ਦੁਰਾਡੇ ਆਏ ਭਾਜ, ਪਾਂਧੀ ਪਿਛਲਾ ਪੰਧ ਮੁਕਾਇੰਦਾ । ਲੇਖਾ ਚੁਕੇ ਜਗਤ ਨਿਮਾਜ਼, ਵੁਜ਼ੂ ਸਜਦਾ ਰਹਿਣ ਕੋਇ ਨਾ ਪਾਇੰਦਾ । ਗੁਰਮੁਖ ਫੋਲੇ ਨਾ ਕੋਇ ਕਿਤਾਬ, ਕੁਤਬਖ਼ਾਨਾ ਆਪਣਾ ਨਾਮ ਬਣਾਇੰਦਾ । ਤੰਦੀ ਫੜ ਵਜਾਏ ਨਾ ਕੋਈ ਰਬਾਬ, ਬਹੱਤਰ ਨਾੜੀ ਸਤਾਰ ਆਪ ਹਿਲਾਇੰਦਾ । ਕਾਗ਼ਜ਼ ਕਲਮ ਕਰੇ ਨਾ ਕੋਈ ਆਦਾਬ, ਨਿਰਗੁਣ ਜੋਤੀ ਨੂਰ ਇਕ ਰਖਾਇੰਦਾ । ਜਿਸ ਦਾ ਲੇਖਾ ਵੰਡਿਆ ਨਾ ਜਾਏ ਕਿਸੇ ਵਿਚ ਬਾਬ, ਆਪਣੀ ਬਾਬਤ ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਕਲਜੁਗ ਅੰਤਮ ਸਾਰੇ ਕਰ ਲਾਜਵਾਬ, ਜਵਾਬ ਤਲਬੀ ਆਪਣੇ ਹੱਥ ਰਖਾਇੰਦਾ । ਜਿਸ ਦਾ ਦੇਂਦਾ ਰਿਹਾ ਖ਼ਵਾਬ, ਸੋ ਖ਼ਬਰ ਆਪ ਸੁਣਾਇੰਦਾ । ਇਕੋ ਇਕ ਸਾਹਿਬ ਗੁਰੂ ਮਹਾਰਾਜ, ਮਹਾਂਬਲੀ ਹਰਿ ਅਖਵਾਇੰਦਾ । ਜਿਸ ਨੇ ਪਹਿਲੀ ਵਾਰ ਸੀਸ ਤੇ ਰੱਖਿਆ ਤਾਜ, ਪੰਚਮ ਕਲਗੀ ਇਕੋ ਰੂਪ ਵਟਾਇੰਦਾ । ਉਸ ਦੇ ਚਰਨਾਂ ਥੱਲੇ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬਹਿ ਬਹਿ ਪੜ੍ਹਨ ਨਿਮਾਜ਼, ਬਿਨ ਆਪਣੀ ਕਿਰਪਾ ਸਜਦਾ ਕਿਸੇ ਨਾ ਕਬੂਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਨਾ ਕੋਈ ਰੋਜ਼ਾ ਨਾ ਕੋਈ ਬਾਂਗ, ਸ਼ਰਅ ਮਸਲਾ ਨਜ਼ਰ ਕੋਇ ਨਾ ਆਈਆ । ਨਾ ਕੋਈ ਤਨ ਖ਼ਾਕੀ ਵਟਾਏ ਸਵਾਂਗ, ਸਵਾਂਗੀ ਰੂਪ ਨਾ ਕੋਇ ਜਣਾਈਆ । ਇਕ ਮੁਹੰਮਦ ਪੂਰੀ ਕਰੇ ਤਾਂਘ, ਦੂਜਾ ਈਸਾ ਨਾਲ ਮਿਲਾਈਆ । ਤੀਜਾ ਮੂਸਾ ਕਹੇ ਮੈਥੋਂ ਝੱਲੀ ਨਾ ਜਾਏ ਤੇਰੀ ਕਾਂਗ, ਜਲਵਾ ਕੋਹੇਤੂਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਰਹੇ ਸਮਝਾਈਆ । ਨਾ ਜਲਵਾ ਪਾਥਰ ਕੋਹਤੂਰ, ਚਸ਼ਮਾ ਚਸ਼ਮ ਰਸ਼ਮ ਨਾ ਕੋਇ ਜਣਾਇੰਦਾ । ਨਾ ਆਦਲ ਨਾ ਫ਼ਾਜ਼ਲ ਖੇਲ ਕਰੇ ਮਜ਼ਬੂਰ, ਮਜ਼ਬੂਰੀ ਰੂਪ ਨਾ ਕੋਇ ਵਟਾਇੰਦਾ । ਜੁਗ ਚੌਕੜੀ ਜੋ ਦੱਸਦਾ ਰਿਹਾ ਦਸਤੂਰ, ਸੋ ਦਸਤਾਵੇਜ਼ ਕਾਗ਼ਜ਼ ਹੱਥ ਫੜਾਇੰਦਾ । ਨਵ ਨੌਂ ਚਾਰ ਜੋ ਰਿਹਾ ਮਫ਼ਰੂਰ, ਸੋ ਹਾਜ਼ਰ ਹੋ ਕੇ ਖੇਲ ਕਰਾਇੰਦਾ । ਜਿਸ ਦਾ ਕਿਸੇ ਨਾ ਲਿਖਿਆ ਮਜ਼ਮੂਨ, ਮਜਮੂਆ ਹਰਫ਼ ਨਾ ਕੋਇ ਬਣਾਇੰਦਾ । ਜਿਸ ਦਾ ਹੱਥ ਨਾ ਆਇਆ ਕਾਨੂੰਨ, ਸੋ ਲਾ ਲੁਗਾਤ ਨਾ ਕਿਸੇ ਸਮਝਾਇੰਦਾ । ਜੋ ਪੀਰਾਂ ਪੈਗ਼ੰਬਰਾਂ ਕਰਦਾ ਰਿਹਾ ਫ਼ੂਨ, ਫ਼ੂਨ ਇਸ਼ਾਰੇ ਨਾਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਰਨੀ ਕਰੇ ਇਕ ਅਲੱਗ, ਵੱਖਰੀ ਧਾਰ ਚਲਾਈਆ । ਪੀਰੋ ਪੈਗ਼ੰਬਰੋ ਤੁਹਾਡਾ ਕਰੇ ਪੂਰਾ ਹੱਜ, ਹਜ਼ਰਤ ਆਪਣਾ ਵੇਸ ਵਟਾਈਆ । ਪਿਛਲੇ ਸਬਕ ਦੀ ਹੋਈ ਬੱਸ, ਅੱਗੇ ਮਕਤਬ ਇਕ ਖੁਲ੍ਹਾਈਆ । ਅਲਫ਼ ਯੇ ਦੇਵੇ ਨਾ ਕੋਈ ਮਤ, ਐਨ ਇਸ਼ਾਰਾ ਅੱਖ ਨਾ ਕੋਇ ਮਿਲਾਈਆ । ਮੁਰੀਦ ਮੁਰਸ਼ਦ ਹੋ ਕੇ ਵਸ, ਮਸਲਾ ਸੱਚਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਹੋਇਆ ਮੌਜੂਦ, ਮਜਲਸ ਇਕੋ ਇਕ ਲਗਾਈਆ । ਕਿਸੇ ਨਜ਼ਰ ਨਾ ਆਏ ਵਜੂਦ, ਵਜ੍ਹਾ ਵਜਾਹਤ ਨਾਲ ਸਕੇ ਨਾ ਕੋਇ ਸਮਝਾਈਆ । ਨਾ ਕੋਈ ਤਤ ਕਾਇਆ ਕਲਬੂਤ, ਹੱਡ ਮਾਸ ਨਾੜੀ ਵੰਡ ਨਾ ਕੋਇ ਵੰਡਾਈਆ । ਕਲਮੇ ਅੰਦਰ ਦੱਸਦਾ ਰਿਹਾ ਸਬੂਤ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਆਦਿ ਜੁਗਾਦਿ ਨਾ ਹੋਇਆ

ਨੇਸਤੋ ਨਾਬੂਦ, ਚੋਟੀ ਜੜ੍ਹ ਨਜ਼ਰ ਕਿਸੇ ਨਾ ਆਈਆ । ਦਰੋਹੀ ਖ਼ੁਦਾਏ ਖ਼ੁਦਾ ਕਿਥੇ ਰਿਹਾ ਮਹਿਫ਼ੂਜ਼, ਪਰਦਾ ਉਹਲਾ ਆਪਣਾ ਇਕ ਰਖਾਈਆ । ਸਿਫ਼ਤ ਲਿਖ ਲਿਖ ਅੰਤਰ ਰੋ ਰੋ ਪਿੱਟੇ ਹਰੂਫ਼, ਹਾਫ਼ਜ਼ ਬੈਠੇ ਮੁਖ ਭਵਾਈਆ । ਇਕੋ ਵਾਰ ਜਿਸ ਸਾਰੇ ਕੀਤੇ ਮੌਕੂਫ਼, ਨਾਮਾ ਨਜ਼ਰ ਕਿਸੇ ਨਾ ਆਈਆ । ਸਾਰੇ ਕਹਿਣ ਪਰਵਰਦਿਗਾਰ ਚਰਨ ਹੋਈਏ ਮਸਰੂਖ਼, ਮੁਸ਼ਕਲ ਸਭ ਦੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਦੇਣ ਆਇਆ ਦਰ, ਵੱਜੀ ਜਗਤ ਵਧਾਈਆ । ਇਕ ਵਿਖਾਇਆ ਵੱਖਰਾ ਘਰ, ਜਿਸ ਘਰ ਵਿਚ ਨਜ਼ਰੀ ਆਈਆ । ਭਗਤ ਦਵਾਰ ਬੈਠਾ ਵੜ, ਗ੍ਰਿਹ ਮੰਦਰ ਸੋਭਾ ਪਾਈਆ । ਪਿਛਲੀ ਉਖੇੜ ਆਪਣੀ ਹੱਥੀਂ ਜੜ੍ਹ, ਅਗਲਾ ਬੂਟਾ ਰਿਹਾ ਲਗਾਈਆ । ਭਗਤਾਂ ਪਿਛੇ ਆਪ ਮਰ, ਮਰਨਾ ਭਗਤਾਂ ਦਏ ਸਮਝਾਈਆ । ਜਨਮ ਜਨਮ ਦਾ ਚੁੱਕੇ ਡਰ, ਭੈ ਭਉ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਆਂਦੇ ਫੜ, ਸ਼ਬਦੀ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਖੇਲ ਰਚਾਈਆ । ਅਚਰਜ ਖੇਲ ਰਚਾਈ ਲੀਲਾ, ਦੋ ਜਹਾਨ ਵੱਜੇ ਵਧਾਈਆ । ਭਗਤ ਭਗਵਾਨ ਸ਼ੈਲ ਛਬੀਲਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਹਰਿਸੰਗਤ ਬਣਾਇਆ ਧੁਰ ਕਬੀਲਾ, ਕਿਬਲ ਆਪਣੇ ਨਾਮ ਰੰਗਾਈਆ । ਨਿਰਗੁਣ ਹੋ ਕੇ ਬਣ ਵਸੀਲਾ, ਸਾਚਾ ਵਸਲ ਕਰਾਈਆ । ਸੀਸ ਦਸਤਾਰ ਬੰਧਾਇਆ ਲਾਲ ਕੰਚਨ ਸੂਹਾ ਪੀਲਾ, ਚਿੱਟਾ ਪੀਲੀ ਧਾਰ ਇਕ ਵਖਾਈਆ । ਖ਼ੁਸ਼ੀਆਂ ਨਾਲ ਮਿਲਾਇਆ ਨੀਲਾ, ਨੀਲੇ ਵਾਲਾ ਬੇਪਰਵਾਹੀਆ । ਕਾਲੀ ਕਫ਼ਨੀ ਕਾਲਾ ਰੰਗ ਵੇਖ ਵੇਖਿਆ ਇਕ ਵਸੀਲਾ, ਵਾਹਵਾ ਵੱਜੀ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹੀ ਲੇਖਾ ਦੇਵਣ ਆਇਆ, ਦਾਤਾ ਦਾਨੀ ਇਕ ਅਖਵਾਇੰਦਾ । ਸਤਿ ਸਤਿਵਾਦੀ ਵੇਸ ਵਟਾਇਆ, ਜੋਤੀ ਜਾਮਾ ਨੂਰ ਰੁਸ਼ਨਾਇੰਦਾ । ਬ੍ਰਹਿਮੰਡਾਂ ਖੰਡਾਂ ਵੇਖ ਵਖਾਇਆ, ਪੁਰੀ ਲੋਅ ਅਕਾਸ਼ ਪਰਕਾਸ਼ ਆਪਣੇ ਚਰਨ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਕਰੋੜ ਤੇਤੀਸਾ ਅੱਖ ਖੁਲ੍ਹਾਇੰਦਾ । ਗੁਰ ਅਵਤਾਰ ਨਾਲ ਮਿਲਾਇਆ, ਪੀਰ ਪੈਗ਼ੰਬਰ ਉਂਗਲੀ ਲਾਇੰਦਾ । ਸਭ ਦਾ ਰਸਤਾ ਇਕ ਬਣਾਇਆ, ਮਾਰਗ ਦੂਜਾ ਨਾ ਕੋਇ ਜਣਾਇੰਦਾ । ਭਗਤ ਦੁਆਰੇ ਲੈ ਕੇ ਆਇਆ, ਭਗਤਾਂ ਮੇਲ ਮਿਲਾਇੰਦਾ । ਹੌਲੀ ਹੌਲੀ ਰਿਹਾ ਸਮਝਾਇਆ, ਸਮਝ ਸਮਝ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇਆ । ਸਾਰੇ ਇਕੱਠੇ ਹੋਏ ਘਰ, ਗ੍ਰਿਹ ਮੰਦਰ ਵੱਜੀ ਵਧਾਈਆ । ਪੁਰਖ ਅਕਾਲ ਕਿਰਪਾ ਕਰ, ਮੇਲ ਮਿਲਾਇਆ ਸਹਿਜ ਸੁਭਾਈਆ । ਅਚਰਜ ਖੇਲ ਵੇਖਿਆ ਨਾਰੀ ਨਰ, ਨਰ ਨਰਾਇਣ ਦਿਤਾ ਵਖਾਈਆ । ਸਾਰੇ ਰਲ ਮਿਲ ਇਕੋ ਢੋਲਾ ਰਹੇ ਪੜ੍ਹ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਨਾ ਹੋਏ ਜੁਦਾਈਆ । ਸਾਚੇ ਪੌੜੇ ਆਪੇ ਚੜ੍ਹ, ਉਚੀ ਮੰਜ਼ਲ ਪੰਧ ਮੁਕਾਈਆ । ਜਗਤ ਜਹਾਨ ਚੁੱਕੇ ਡਰ, ਅੱਗੇ ਭੈ ਨਾ ਕੋਇ ਰਖਾਈਆ । ਪੁਰਖ ਅਕਾਲ ਪੱਲੂ ਫੜ, ਸਾਚਾ ਨਾਤਾ ਜੋੜ ਜੁੜਾਈਆ । ਜੀਂਵਦਿਆਂ ਜਗ ਗਏ ਮਰ, ਮਰਿਆਂ ਜਨਮ ਵਿਚ ਨਾ ਆਈਆ । ਸਾਚੀ ਤਰਨੀ ਗਏ ਤਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜੋ ਭਗਤ ਦਵਾਰੇ ਆ ਦਰਸ਼ਨ ਜਾਏ ਕਰ, ਤਿਸ ਕਰਮ ਕਾਂਡ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਅੱਗੇ ਹੋ ਕੇ ਲਏ ਫੜ,

ਦੂਰ ਦੁਰਾਡਾ ਆਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਸੰਗਤ ਲਹਿਣਾ ਦਏ ਮੁਕਾਈਆ । ਲਹਿਣਾ ਮੁੱਕੇ ਹਰਿਸੰਗਤ ਤੇਰਾ, ਸੋ ਸਤਿਗੁਰ ਆਪ ਮੁਕਾਈਆ । ਜਿਨ੍ਹਾਂ ਪਿਛੇ ਪਾਇਆ ਫੇਰਾ, ਨਿਰਗੁਣ ਵੇਸ ਵਟਾਈਆ । ਹਰਿ ਕਾ ਭੇਵ ਜਾਣੇ ਕਿਹੜਾ, ਮਨ ਮਤ ਬੁਧ ਬੈਠੀ ਡੇਰਾ ਢਾਹੀਆ । ਜੁਗ ਚੌਕੜੀ ਪਿਛੋਂ ਆਇਆ ਵੇਲਾ, ਵੇਲਾ ਵਕਤ ਗੋਬਿੰਦ ਗਿਆ ਲਿਖਾਈਆ । ਪਰਮ ਪੁਰਖ ਪ੍ਰਭ ਹੋਏ ਆਪ ਚੇਲਾ, ਹਰਿ ਸੱਜਣ ਸੱਚਾ ਮਾਹੀਆ । ਰੰਗ ਰੰਗਾਏ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਵਟਾਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਜਨ ਭਗਤਾਂ ਗਲੇ ਲਗਾਈਆ । ਆਵਣ ਜਾਵਣ ਲੱਖ ਚੁਰਾਸੀ ਕੱਟ ਕੇ ਜੇਹਲਾ, ਜ਼ਾਲਮ ਜ਼ੁਲਮ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਸੰਗਤ ਸੱਚਾ ਸੰਗ ਬੰਧਾਈਆ । ਸੰਗਤ ਸੰਗ ਬੰਧਾਇਆ ਚੰਗਾ, ਚੰਗੀ ਤਰ੍ਹਾ ਜਣਾਈਆ । ਕਿਰਪਾ ਕਰੇ ਸੂਰਾ ਸਰਬੰਗਾ, ਸਾਹਿਬ ਸਤਿਗੁਰ ਹਰਿ ਰਘੁਰਾਈਆ । ਲੇਖੇ ਲੱਗਾ ਭੁੱਖਾ ਨੰਗਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਦੇਵੇ ਨੂਰ ਨੈਣ ਅੰਧਾ, ਅੰਧ ਅਗਿਆਨ ਦਏ ਚੁਕਾਈਆ । ਸਤਿਗੁਰੂ ਦਵਾਰੇ ਕੋਈ ਨਾ ਰਹੇ ਮੰਦਾ, ਮੰਦਿਆਂ ਆਪਣੇ ਗਲੇ ਲਟਕਾਈਆ । ਅੰਦਰ ਫੇਰੇ ਤਿਖੀ ਧਾਰ ਖੰਡਾ, ਖੜਗ ਆਪਣਾ ਨਾਮ ਚਮਕਾਈਆ । ਗੁਰਸਿਖ ਕੋਈ ਨਾ ਰਹੇ ਰੰਡਾ, ਪੁਰਖ ਅਕਾਲ ਲਏ ਪਰਨਾਈਆ । ਪਿਛਲੀ ਟੁੱਟੀ ਪਾਈ ਗੰਢਾ, ਗੰਢ ਅੱਗੇ ਨਾ ਕੋਈ ਖੁਲ੍ਹਾਈਆ । ਭਵ ਸਾਗਰ ਦਾ ਪਾਰ ਕਿਨਾਰਾ ਵੇਖਿਆ ਕੰਢਾ, ਪੱਤਣ ਬੈਠਾ ਬਣ ਕੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਲਏ ਤਰਾਈਆ । ਹਰਿਸੰਗਤ ਤਾਰਨ ਆਇਆ ਪ੍ਰਭ, ਵੱਖਰੀ ਧਾਰ ਚਲਾਈਆ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਮੇਲ ਮਿਲਾਈਆ । ਜਾਤ ਪਾਤ ਦੀ ਚੁੱਕੀ ਹੱਦ, ਹਦੂਦ ਇਕ ਸਮਝਾਈਆ । ਆਤਮ ਪਰਮਾਤਮ ਧੁਰ ਦੀ ਯਦ, ਯਾਦਦਾਸ਼ਤ ਪਿਛਲੀ ਰਿਹਾ ਕਰਾਈਆ । ਮਾਤ ਗਰਭ ਜਿਸ ਦੀ ਲਿਵ ਆਏ ਛੱਡ, ਲਿਵ ਛੁਟਕੀ ਆਪ ਜੁੜਾਈਆ । ਜਿਸ ਦੇ ਨਾਲੋਂ ਹੋਏ ਅੱਡ, ਅੰਤਮ ਉਸੇ ਨਾਲ ਮਿਲਾਈਆ । ਨਾਤਾ ਛੁੱਟਣਾ ਕਾਇਆ ਮਾਟੀ ਹੱਡ, ਨਾੜੀ ਚੰਮ ਸੰਗ ਨਾ ਕੋਇ ਨਿਭਾਈਆ । ਆਤਮ ਪਰਮਾਤਮ ਚਾੜ੍ਹੇ ਰੰਗ, ਰੰਗ ਇਕੋ ਇਕ ਵਖਾਈਆ । ਗੁਰਮੁਖ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਆਤਮ ਸੇਜਾ ਬੈਠ ਪਲੰਘ, ਹਰਿਜਨ ਨਾਰੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਦਏ ਵਡਿਆਈਆ । ਹਰਿਸੰਗਤ ਵਡਿਆਈ ਦੇਵੇ ਮਾਣ, ਮਮਤਾ ਮੋਹ ਚੁਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣਾ ਘਰ ਵਖਾਈਆ । ਲੇਖੇ ਲਾਏ ਬੁੱਢੇ ਨੱਢੇ ਬਿਰਧ ਜਵਾਨ, ਜੋ ਦਰ ਆਏ ਚਾਈਂ ਚਾਈਂਆ । ਧਰਮ ਵਖਾਏ ਇਕ ਨਿਸ਼ਾਨ, ਖ਼ੁਸ਼ੀਆਂ ਨਾਲ ਰਿਹਾ ਝੁਲਾਈਆ । ਪੁਰਖ ਅਕਾਲ ਉਤੇ ਰੱਖੋ ਈਮਾਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੋਬਿੰਦ ਦੇ ਕੇ ਗਿਆ ਫ਼ੁਰਮਾਨ, ਪੁਰਖ ਅਕਾਲ ਹੋਏ ਸਹਾਈਆ । ਤਿਸ ਦਾ ਦਰਸ਼ਨ ਕਰੋ ਆਣ, ਦੀਦ ਈਦ ਚੰਦ ਰੁਸ਼ਨਾਈਆ । ਕੋਟਨ ਕੋਟ ਸ਼ਰਮਾਵਣ ਭਾਨ, ਚਮਕ ਦਮਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਸੰਗਤ ਪਾਰ ਕਰਾਈਆ । ਹਰਿਸੰਗਤ ਵੇਖੋ ਪਾਰ ਕਰਦਾ, ਪ੍ਰਭ ਆਪਣੀ ਦਇਆ ਕਮਾਇੰਦਾ । ਕਾਇਆ ਮੰਦਰ ਅੰਦਰ ਵੜਦਾ, ਡੂੰਘੀ ਭਵਰੀ ਕਵਰੀ ਫੋਲ ਫੁਲਾਇੰਦਾ ।

੨੨੨
੧੯

ਨਿਰਗੁਣ ਹੋ ਕੇ ਢੋਲਾ ਪੜ੍ਹਦਾ, ਸੋਹੰ ਰਾਗ ਅਲਾਇੰਦਾ । ਜਨ ਭਗਤਾਂ ਪਿਛੇ ਪਹਿਲਾਂ ਆਪ ਮਰਦਾ, ਮਰ ਕੇ ਭਗਤਾਂ ਫਿਰ ਜਿਵਾਇੰਦਾ । ਸੱਚਾ ਖੇਲ ਨਰ ਹਰਿ ਦਾ, ਨਰ ਨਰਾਇਣ ਆਪ ਵਖਾਇੰਦਾ । ਮੰਦਰ ਅੰਦਰ ਪੌੜੀ ਚੜ੍ਹਦਾ, ਮਹਲ ਅਟੱਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦੁਆਰੀ ਭੇਵ ਚੁਕਾਇੰਦਾ । ਦਸਮ ਦੁਆਰੀ ਖੋਲ੍ਹੇ ਖ਼ੁਲਾਸਾ, ਖ਼ੁਸ਼ੀਆਂ ਨਾਲ ਜਣਾਈਆ । ਜਨ ਭਗਤਾਂ ਦੇਵੇ ਇਕ ਭਰਵਾਸਾ, ਭਰਮ ਭਉ ਚੁਕਾਈਆ । ਜਿਨ੍ਹਾ ਬਖ਼ਸ਼ੀ ਇਕੋ ਆਸਾ, ਆਸਾ ਤ੍ਰਿਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਰਖਾਈਆ । ਸਾਚੇ ਘਰ ਕਰੋ ਧਿਆਨ, ਹਰਿ ਕਰਤਾ ਆਪ ਜਣਾਈਆ । ਜਿਨ੍ਹਾਂ ਨੂੰ ਰਾਤੀਂ ਸੁਤਿਆਂ ਮਿਲੇ ਆਣ, ਜੋਤ ਪਰਕਾਸ਼ੀ ਰੂਪ ਵਖਾਈਆ । ਪੂਰਨ ਨਾਲ ਪੂਰਨ ਭਗਵਾਨ, ਭਗਵਨ ਫੇਰਾ ਪਾਈਆ । ਸੋ ਗੁਰਮੁਖ ਸਮਝੋ ਸਾਡੀ ਮੰਜ਼ਲ ਮੁੱਕੀ ਵਿਚ ਜਹਾਨ, ਅੰਧਘੋਰ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਅੰਦਰ ਵੜੇ ਆਪ ਭਗਵਾਨ, ਘਾਟਾ ਕੋਈ ਰਹਿਣ ਨਾ ਪਾਈਆ । ਸੁਤਿਆਂ ਜਾਗਦਿਆਂ ਦੱਸ ਕੇ ਜਾਏ ਨਿਸ਼ਾਨ, ਮੈਂ ਉਹੋ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਦਸਮ ਦੁਆਰੀ ਆਪਣਾ ਡੇਰਾ ਕੋਈ ਨਾ ਲਾਈਆ । ਦਸਮ ਦੁਆਰੀ ਡੇਰਾ ਲਾ ਕੇ, ਗੁਰਮੁਖ ਸੁਰਤੀ ਲਏ ਜਗਾਈਆ । ਉਠ ਸੁਆਣੀ ਦਰਸ਼ਨ ਕਰ ਆ ਕੇ, ਘਰ ਆਇਆ ਬੇਪਰਵਾਹੀਆ । ਤੇਰੀ ਤ੍ਰਿਸਨਾ ਤ੍ਰਿਖਾ ਜਾਏ ਬੁਝਾ ਕੇ, ਅੰਮ੍ਰਿਤ ਆਪਣਾ ਜਾਮ ਪਿਆਈਆ । ਫੜ ਬਾਹੋਂ ਗਲੇ ਆਪ ਲਗਾ ਕੇ, ਦੁਖੀਆਂ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਦਸਮ ਦੁਆਰੀ ਕਹੇ ਸੁਣੋ ਸਿਖੋ ਮੇਰੇ ਮੀਤ, ਮੈਂ ਸਚ ਸੱਚ ਜਣਾਈਆ । ਇਹ ਪ੍ਰਭ ਨੇ ਵੱਖਰੀ ਚਲਾਈ ਰੀਤ, ਘਰ ਮੇਰੇ ਚਲ ਕੇ ਆਈਆ । ਤੁਹਾਡੀ ਲੱਗੀ ਇਕ ਪ੍ਰੀਤ, ਜਿਨ੍ਹਾਂ ਪਿੱਛੇ ਮੇਰਾ ਘਰ ਵਸਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਕਰਦੀ ਰਹੀ ਉਡੀਕ, ਸੁਨੇਹੜੇ ਕਾਗ਼ਜ਼ਾਂ ਉਤੇ ਲਿਖਾਈਆ । ਜਗਤ ਵਖਾਉਂਦੀ ਰਹੀ ਮੰਦਰ ਮਸੀਤ, ਸ਼ਿਵਦੁਆਲੇ ਮੱਠ ਨਾਲ ਬਣਾਈਆ । ਮੈਂ ਬੈਠੀ ਰਹੀ ਏਸੇ ਵਿਚ ਉਡੀਕ, ਨੇਤਰ ਨੈਣ ਨੈਣ ਖੁਲ੍ਹਾਈਆ । ਕਿਸੇ ਵੇਲੇ ਆਵੇ ਲਾਸ਼ਰੀਕ, ਸ਼ਹਿਨਸ਼ਾਹ ਮੇਰਾ ਸੱਚਾ ਸ਼ਹਿਨਸ਼ਾਹੀਆ । ਮੇਰੇ ਮੰਦਰ ਵੜ ਕੇ ਮੈਨੂੰ ਕਰੇ ਠੰਡੀ ਸੀਤ, ਗੁਰਮੁਖ ਆਪਣੇ ਨਾਲ ਰਲਾਈਆ । ਗੁਰਸਿਖੋ ਤੁਸਾਂ ਜਨਮ ਲਿਆ ਜੀਤ, ਜ਼ਾਮਨ ਬਣਿਆ ਨੂਰ ਖ਼ੁਦਾਈਆ । ਇਸ ਦੀ ਮੈਂ ਨਿਮਾਣੀ ਕੀ ਕਰਾਂ ਤਾਰੀਫ, ਮਾਰ ਦੋਹੱਥੜਾ ਦਸਮ ਦੁਆਰੀ ਰੋਵੇ ਰੋ ਪਈ ਕੁਰਲਾਈਆ । ਮੇਰੀ ਖ਼ੁਸ਼ੀਆਂ ਨਾਲ ਨਿਕਲੇ ਚੀਕ, ਚਾਕਰ ਬਣਿਆ ਬੇਪਰਵਾਹੀਆ । ਜੇ ਮੈਂ ਦੱਸਾਂ ਸਭ ਨੂੰ ਠੀਕ, ਭਰਮੇ ਭੁੱਲੇ ਲੋਕਾਈਆ । ਵੇਖੋ ਤੁਹਾਡੇ ਪਿਛੇ ਬਣਿਆ ਨੀਚ, ਨੀਚਾਂ ਉਪਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਦਸਮ ਦੁਆਰੀ ਕਹੇ ਮੈਂ ਕੀ ਕਹਿਣਾ, ਸਖੀਓ ਕੀ ਕੀ ਹਾਲ ਸੁਣਾਵਾਂ । ਹਾਰ ਸ਼ਿੰਗਾਰ ਕੀ ਪਾਵਾਂ ਗਹਿਣਾ, ਕਿਸ ਬਿਧ ਆਪਣਾ ਪ੍ਰੀਤਮ ਰੁਝਾਵਾਂ । ਮੈਂ ਇਹੋ ਤੱਕਾਂ ਗੁਰਮੁਖਾਂ ਦਰਸ ਕਰਾਂ ਨੈਣਾਂ, ਬਿਨ ਨੈਣਾਂ ਅੱਖ ਮਿਲਾਵਾਂ । ਜਿਨ੍ਹਾਂ ਪਿਛੇ ਪੁਰਖ ਅਕਾਲ ਮੇਰੇ ਅੰਦਰ ਵੜ ਕੇ ਬਹਿਣਾ, ਮੈਨੂੰ ਮਿਲਾਵੇ ਆਪਣਿਆਂ ਨਾਲ ਭਰਾਵਾਂ । ਭਰਾ ਮੇਰੇ ਉਹ ਕਿਹੜੇ, ਜਿਨ੍ਹਾਂ ਗੁਰ ਅਵਤਾਰ ਵੇਖੇ ਜਗਤ ਲਖਾਇਆ ਨਾਵਾਂ । ਨਾਵਾਂ ਉਹ ਕਿਹੜਾ, ਜਿਨ੍ਹਾਂ ਪਰਮ ਪੁਰਖ ਦੇ ਮਿਲਣ ਦਾ ਦਿਤਾ ਦਾਹਵਾ ।

ਦਾਹਵਾ ਉਹ ਕਿਹੜਾ, ਜਿਨ੍ਹਾਂ ਪਿਛੇ ਜਨ ਭਗਤਾਂ ਉਤੇ ਕਰੇ ਠੰਡੀਆਂ ਛਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖਾਂ ਗੁਰਮੁਖਾਂ ਅੰਦਰ ਵੜ ਕੇ ਸੇਜ ਸੁਹੰਜਣੀ ਇਕੋ ਰਾਵਾਂ । ਸੇਜ ਸੁਹੰਜਣੀ ਰਵੇ ਕੰਤ, ਕੰਤੂਲ ਖ਼ੁਸ਼ੀ ਮਨਾਈਆ । ਚੋਲੀ ਰੰਗ ਰੰਗਾਏ ਬਸੰਤ, ਉਤਰ ਕਦੇ ਨਾ ਜਾਈਆ । ਨਾਮ ਸਮਝਾਏ ਮਣੀਆਂ ਮੰਤ, ਮੰਤਰ ਇਕ ਦ੍ਰਿੜਾਈਆ । ਗੁਰਮੁਖ ਕਹੀਏ ਸੋ ਸੰਤ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਦੇਵੇ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਵਿਚੋਂ ਲਏ ਤਰਾਈਆ । ਫੜ ਕੇ ਮੇਲ ਮਿਲਾਇਆ ਸਾਚੀ ਸੰਗਤ, ਸੰਗਤ ਪੰਗਤ ਰੂਪ ਵਟਾਈਆ । ਭੁੱਖਾ ਕੋਈ ਨਾ ਰਹੇ ਮੰਗਤ, ਦੇਵਣਹਾਰ ਦਇਆ ਕਮਾਈਆ । ਗੁਰਮੁਖੋ ਤੁਹਾਡਾ ਨਾਤਾ ਛੁੱਟਿਆ ਜੇਰਜ ਅੰਡਜ, ਉਤਭੁਜ ਸੇਤਜ ਫੇਰਾ ਕੋਈ ਨਾ ਪਾਈਆ । ਕਿਸੇ ਕੋਈ ਨਾ ਮਨਾਉਣਾ ਪਾਂਧਾ ਪੰਡਤ, ਜਗਦੀਸ਼ ਸੀਸ ਕਿਸੇ ਨਾ ਭੇਟ ਚੜ੍ਹਾਈਆ । ਦਾਤਾਰ ਬਣ ਕੇ ਆਇਆ ਮੰਗਤ, ਕਰਤਾਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਝਾਏ ਬੋਧ ਅਗਾਧਾ ਪੰਡਤ, ਅਗਾਧ ਬੋਧ ਗੁਰਮੁਖ ਨਾਮ ਵਡਿਆਈਆ ।

### ★ ਪਹਿਲੀ ਮਾਘ ੨੦੨੦ ਬਿਕਰਮੀ ਜੇਠੂਵਾਲ ਹਰਿ ਭਗਤ ਦਵਾਰ ★

ਪੁਰਖ ਅਕਾਲ ਤੇਰਾ ਭਵਿਖਤ, ਭਵਿਸ਼ ਤੇਰੇ ਹੱਥ ਵਡਿਆਈਆ । ਤੇਰੇ ਹੁਕਮ ਦੀ ਧੁਰ ਦੀ ਲਿਖਤ, ਸ਼ਾਹ ਪਾਤਸ਼ਾਹ ਤੇਰਾ ਨਾਮ ਲਿਖਵਾਈਆ । ਤੇਰੇ ਪ੍ਰੇਮ ਦਾ ਅਗੰਮਾ ਇਸ਼ਕ, ਅਸਲ ਵਿਚੋਂ ਸਚ ਸਮਝਾਈਆ । ਤੇਰੀ ਧਾਰ ਦੀ ਧੁਰ ਦੀ ਲਿਖਤ, ਲੇਖਾ ਲੇਖ ਰਹੀ ਬਣਾਈਆ । ਤੇਰੀ ਵਡਿਆਈ ਜਨ ਭਗਤਾਂ ਲਹਿਣਾ ਚੁਕਾਇਆ ਸਵਰਗ ਬਹਿਸ਼ਤ, ਘਰ ਸਚ ਦਿਤੀ ਸਰਨਾਈਆ । ਹੋਏ ਹੈਰਾਨ ਵੇਖ ਤੇਰਾ ਇਸ਼ਟ, ਮਿਹਰ ਨਜ਼ਰ ਨੈਣ ਉਠਾਈਆ । ਕਰ ਕਿਰਪਾ ਖੋਲ੍ਹੀ ਦ੍ਰਿਸ਼ਟ, ਜਿਨ੍ਹਾਂ ਆਪਣਾ ਦਰਸ ਦਿਖਾਈਆ । ਲੱਖ ਚੁਰਾਸੀ ਵੇਖ ਸ੍ਰਿਸ਼ਟ, ਸੰਤ ਸੁਹੇਲੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਪੂਰ ਕਰਾਈਆ । ਸਚ ਕਰਨੀ ਭਵਿਖਤ ਵਾਕ, ਵਾਕਫ਼ ਤੇਰੇ ਨਾਲ ਕਰਾਈਆ । ਗ੍ਰਿਹਿ ਮੰਦਰ ਖੋਲ੍ਹ ਆਪਣਾ ਤਾਕ, ਪੜਦਾ ਘਰ ਦੁਆਰ ਉਠਾਈਆ । ਨਿਰਮਲ ਨੂਰ ਕਰ ਪਰਕਾਸ਼, ਘਰ ਦੀਪਕ ਜੋਤ ਇਕ ਰੁਸ਼ਨਾਈਆ । ਅੰਤਰ ਅੰਤਰ ਦੱਸ ਆਪਣਾ ਜਾਪ, ਮੰਤਰ ਸਚ ਕਰੀ ਪੜ੍ਹਾਈਆ । ਦੋ ਜਹਾਨਾਂ ਇਕੋ ਪਾਠ, ਸਾਹਿਬ ਸਤਿਗੁਰ ਦਿਤਾ ਸਮਝਾਈਆ । ਜਗਤ ਕਿਨਾਰਾ ਦੂਰ ਤਾਟ, ਘਾਟ ਇਕੋ ਰਿਹਾ ਵਖਾਈਆ । ਸਚ ਪ੍ਰੀਤਮ ਬਣ ਕੇ ਕਮਲਾਪਾਤ, ਨਰ ਨਰਾਇਣ ਹੋਏ ਸਹਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਚੰਦ ਨੂਰ ਇਕ ਚਮਕਾਈਆ । ਲੇਖਾ ਚੁਕਾ ਜਾਤ ਪਾਤ, ਊਚ ਨੀਚ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਗਏ ਆਖ, ਆਖਰ ਲੇਖਾ ਪੂਰ ਕਰਾਈਆ । ਸਚ ਧਰਮ ਦੀ ਇਕ ਪਰਭਾਤ, ਪ੍ਰਭ ਆਪਣਾ ਨਾਮ ਪਰਗਟਾਈਆ । ਪੂਰਬ ਚੁੱਕੀ ਪਿਛਲੀ ਵਾਟ, ਮਾਰਗ ਇਕੋ ਇਕ ਦਰਸਾਈਆ । ਚਰਨ ਪ੍ਰੀਤੀ ਬੰਨ ਕੇ ਮਾਤ, ਜਨ ਭਗਤਾਂ ਦਏ ਵਡਿਆਈਆ । ਲੇਖਾ ਲਿਖ ਕਲਮ ਦਵਾਤ, ਰਵਦਾਸ ਚੁਮਾਰ ਰਿਹਾ ਸਮਝਾਈਆ । ਧੁਰ ਦੀ ਇਛਿਆ ਜੋ ਲਿਆ ਭਾਖ, ਸੋ ਆਪਣੀ ਭਾਖਿਆ ਨਾਲ ਮਿਲਾਈਆ ।

ਲਹਿਣਾ ਚੁਕਿਆ ਮਸਤਕ ਮਾਥ, ਲੇਖ ਕੋਇ ਨਜ਼ਰ ਨਾ ਆਈਆ । ਚਾਰ ਵਰਨਾਂ ਇਕੋ ਗਾਥ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੀ ਪੜ੍ਹਾਈਆ । ਊਚ ਨੀਚ ਰਾਉ ਰੰਕ ਬਣਾਈ ਜਮਾਤ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਭਗਤ ਸੁਹੇਲਾ ਬਣ ਕੇ ਪਿਤਾ ਮਾਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਤਕਾਈਆ । ਭਵਿਖਤ ਵਾਕ ਤੇਰਾ ਸੰਦੇਸ਼ਾ, ਸ਼ਾਹ ਪਾਤਸ਼ਾਹ ਇਕ ਜਣਾਇਆ । ਸੇਵਾ ਲਾ ਵਿਸ਼ਨ ਬ੍ਰਹਮ ਮਹੇਸ਼ਾ, ਸ਼ੰਕਰ ਤੇਰਾ ਗੁਣ ਅਲਾਇਆ । ਰਾਜ ਰਾਜਾਨ ਬਣ ਨਰੇਸ਼ਾ, ਦੋ ਜਹਾਨਾਂ ਹੁਕਮ ਵਰਤਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਭੇਜਾ, ਸਰਗੁਣ ਸਗਲਾ ਸੰਗ ਨਿਭਾਇਆ । ਆਤਮ ਪਰਮਾਤਮ ਮਾਣੀ ਸੇਜਾ, ਘਰ ਮਹਲ ਅਟੱਲ ਇਕ ਰੁਸ਼ਨਾਇਆ । ਜੋਤੀ ਨੂਰ ਦਿਤਾ ਤੇਜਾ, ਚਮਕ ਆਪਣੇ ਨਾਲ ਮਿਲਾਇਆ । ਨੇਤਰ ਲੋਚਣ ਨੈਣ ਆਪੇ ਦੇਖਾ, ਦੂਜਾ ਸੰਗ ਨਾ ਕੋਇ ਰਖਾਇਆ । ਨਜ਼ਰ ਨਾ ਆਈ ਕਿਸੇ ਰੇਖਾ, ਰੂਪ ਰੰਗ ਨਾ ਕੋਇ ਜਣਾਇਆ । ਲੱਖ ਚੁਰਾਸੀ ਰੱਖਿਆ ਲੇਖਾ, ਭਰਮੇ ਭਰਮ ਨਾ ਕੋਇ ਭੁਲਾਇਆ । ਜੁਗ ਚੌਕੜੀ ਪੂਰਬ ਚੇਤਾ, ਚੇਤਨ ਧਾਰ ਰਿਹਾ ਪਰਗਟਾਇਆ । ਜਨ ਭਗਤਾਂ ਕਰ ਕੇ ਹੇਤਾ, ਹਿਤਕਾਰੀ ਆਪਣਾ ਨਾਉਂ ਧਰਾਇਆ । ਧੁਰ ਮਸਤਕ ਲਾਈ ਮੇਖਾ, ਜੋਤ ਲਲਾਟੀ ਤਿਲਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਚੁਕਾਇਆ । ਭਵਿਖਤ ਵਾਕ ਤੇਰਾ ਨਿਰੰਕਾਰ, ਨਿਰਗੁਣ ਇਕੋ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਹਉਂ ਸੇਵਕ ਸੇਵਾਦਾਰ, ਬਾਲਕ ਰੂਪ ਇਕ ਅਖਵਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਤੇਰਾ ਕਰਦੇ ਰਹੇ ਵਿਹਾਰ, ਵਿਵਹਾਰੀ ਤੇਰੀ ਧਾਰ ਚਲਾਈਆ । ਤੇਰੇ ਨਾਮ ਦਾ ਬੋਲ ਜੈਕਾਰ, ਲੱਖ ਚੁਰਾਸੀ ਜੀਵ ਜੰਤ ਰਸਨਾ ਜਿਹਵਾ ਢੋਲਾ ਰਾਗ ਸੁਣਾਈਆ । ਅੰਦਰ ਵੜ ਕੇ ਦੱਸਦੇ ਰਹੇ ਪਿਆਰ, ਪਰਮਾਤਮ ਆਤਮ ਵੇਖ ਵਖਾਈਆ । ਕਾਗਦ ਕਲਮ ਬਣਦੇ ਰਹੇ ਲਿਖਾਰ, ਬਣ ਕਾਤਬ ਤੇਰੀ ਸਿਫ਼ਤ ਸਾਲਾਹੀਆ । ਸੰਤ ਸੁਹੇਲੇ ਕਰਦੇ ਰਹੇ ਖ਼ਬਰਦਾਰ, ਗੁਰ ਚੇਲੇ ਮੇਲ ਮਿਲਾਈਆ । ਸੁਨੇਹੜਾ ਦੇਂਦੇ ਰਹੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫੇਰਾ ਪਾਈਆ । ਧੰਨ ਭਾਗ ਤੂੰ ਲਹਿਣਾ ਦੇਣਾ ਮੁਕਾਇਆ ਉਧਾਰ, ਪਿਛਲਾ ਲੇਖਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਕਰਿਆ ਸਚ ਸ਼ਿੰਗਾਰ, ਪੱਟੀ ਸੀਸ ਜਗਦੀਸ਼ ਗੁੰਦਾਈਆ । ਨਾਮ ਨਿਧਾਨਾ ਕੱਜਲ ਧਾਰ, ਨੈਣ ਨਿਰਾਲਾ ਇਕ ਮਟਕਾਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਇਕ ਸੁਣਾਈਆ । ਮਹਲ ਅਟੱਲ ਉਚ ਮਿਨਾਰ, ਮਹਿਫ਼ਲ ਇਕੋ ਘਰ ਵਖਾਈਆ । ਨਿਰਗੁਣ ਬਾਤੀ ਕਮਲਾਪਾਤੀ ਕਰ ਉਜਿਆਰ, ਦੀਪਕ ਜੋਤ ਜੋਤ ਰੁਸ਼ਨਾਈਆ । ਪਵਣ ਉਨੰਜਾ ਚਵਰ ਝੁਲਾਰ, ਸਾਂਤਕ ਸਤਿ ਸਤਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਤੇਰਾ ਭਵਿਖਤ ਤੇਰਾ ਢੋਲਾ, ਤੇਰੀ ਧਾਰ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਵਿਚੋਲਾ, ਜਨ ਭਗਤਾਂ ਮੇਲ ਮਿਲਾਈਆ । ਨਿਰਵੈਰ ਪੁਰਖ ਦਾ ਇਕੋ ਸੋਹਲਾ, ਹਰਿਜਨ ਸਾਚੇ ਸਚ ਸਮਝਾਈਆ । ਦੂਈ ਦਵੈਤੀ ਪੜਦਾ ਉਹਲਾ, ਭਾਂਡਾ ਭਰਮ ਭਉ ਭੰਨਾਈਆ । ਦੇ ਦਰਸ ਇਕ ਅਨਮੋਲਾ, ਵਸਤ ਅਮੋਲਕ ਆਪ ਵਰਤਾਈਆ । ਸਚ ਦੁਆਰਾ ਧੁਰ ਦਾ ਖੋਲ੍ਹਾ, ਦਰ ਦਰਵਾਜਾ ਇਕ ਸਮਝਾਈਆ । ਜਨ ਭਗਤਾਂ ਬਣ ਪ੍ਰਭੂ ਵਿਚੋਲਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਦੇਣੀ ਮਾਣ ਵਡਿਆਈਆ । ਤੇਰਾ ਭਵਿਖਤ ਤੇਰੀ ਝੋਲੀ, ਦੂਜਾ ਨਜ਼ਰ ਕੋਇ ਨਾ ਆਈਆ । ਹਉਂ ਸੇਵਕ ਠਾਕਰ ਤੇਰੀ ਗੋਲੀ, ਗੁਰ ਅਵਤਾਰ ਪੀਰ ਪੈਗ਼ੰਬਰ ਤਿਰੀਆ ਰੂਪ ਰਹੇ ਜਣਾਈਆ । ਚਾਰ ਕੁੰਟ ਦੀ ਸ਼ਬਦੀ ਬੋਲੀ, ਚਾਰ ਜੁਗ ਰਹੇ ਜਸ ਗਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਧਾਰ ਕਿਸੇ ਨਾ ਤੋਲੀ, ਕੰਡਾ ਤਰਾਜੂ ਨਜ਼ਰ ਕੋਇ ਨਾ ਆਈਆ । ਤੇਰੀ ਖੇਲ ਵੇਖੀ ਹੌਲੀ ਹੌਲੀ, ਸਤਿ ਸੁਆਮੀ ਤੇਰੇ ਭਾਣੇ ਵਿਚ ਸਮਾਈਆ । ਤੇਰੀ ਜੋਤ ਨੁਰਾਨੀ ਹਰ ਘਟ ਮੌਲੀ, ਮੌਲਾ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਤੇਰਾ ਭਵਿਖਤ ਤੇਰੇ ਸਾਥ, ਹੱਥ ਤੇਰੇ ਵਡਿਆਈਆ । ਤੇਰੀ ਮਹਿਮਾ ਤੇਰੀ ਗਾਥ, ਤੇਰਾ ਨਾਮ ਜਣਾਈਆ । ਤੇਰੀ ਮੰਜ਼ਲ ਤੇਰਾ ਰਾਥ, ਤੇਰਾ ਪੰਧ ਮੁਕਾਈਆ । ਤੇਰਾ ਦਵਾਰਾ ਤੇਰਾ ਹਾਟ, ਘਰ ਤੇਰਾ ਇਕ ਵਡਿਆਈਆ । ਤੇਰਾ ਪ੍ਰੇਮ ਤੇਰਾ ਨਾਤ, ਚਰਨ ਤੇਰੀ ਸਰਨਾਈਆ । ਤੇਰਾ ਨੂਰ ਤੇਰੀ ਜਾਤ, ਕੁਦਰਤ ਤੇਰੇ ਵਿਚੋਂ ਪਰਗਟਾਈਆ । ਤੇਰਾ ਹੁਕਮ ਸੰਦੇਸ਼ਾ ਗਏ ਆਖ, ਆਖ਼ਰ ਇਕੋ ਇਕ ਜਣਾਈਆ । ਪਰਗਟ ਹੋਏ ਪੁਰਖ ਸਮਰਾਥ, ਬੇਅੰਤ ਬੇਪਰਵਾਹੀਆ । ਜਿਸ ਦਾ ਕਿਸੇ ਨਾ ਆਵੇ ਕਿਨਾਰਾ ਹਾਥ, ਪੱਤਣ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਭਵਿਖਤ ਧੁਰ ਦਾ ਸੱਚਾ, ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਤੇਰਾ ਹੁਕਮ ਹੋਵੇ ਨਾ ਕੱਚਾ, ਕਾਇਆ ਕਾਚੀ ਗਾਗਰ ਨਜ਼ਰ ਕੋਇ ਨਾ ਆਈਆ । ਧੰਨ ਭਾਗ ਤੂੰ ਸਭ ਦਾ ਲੇਖਾ ਕੀਤਾ ਅੱਛਾ, ਪ੍ਰਭ ਅੱਛੀ ਤਰਾਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਭਵਿਖਤ ਤੇਰਾ ਜਸ, ਖ਼ੁਸ਼ੀਆਂ ਨਾਲ ਢੋਲਾ ਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਰਾ ਸੁਨੇਹੜਾ ਦਿਤਾ ਦੱਸ, ਧੁਰ ਦੀ ਅਵਾਜ਼ ਲਗਾਈਆ । ਜੁਗ ਚੌਕੜੀ ਪੈਂਡਾ ਮੁੱਕਾ ਨੱਸ ਨੱਸ, ਵੇਲਾ ਅੰਤਮ ਗਿਆ ਆਈਆ । ਪਰਗਟ ਹੋ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਮੇਰਾ ਲੇਖਾ ਲਿਆ ਤੱਕ, ਪੜਦਾ ਆਪ ਚੁਕਾਈਆ । ਦੂਰ ਦੁਰਾਡੇ ਨੇੜੇ ਲਿਆ ਸੱਦ, ਹੋਕਾ ਆਪਣਾ ਨਾਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਵਿਚ ਜੋ ਬੈਠੇ ਅੱਡ, ਆਪਣਾ ਰਾਹ ਵਖਾਈਆ । ਤਿਨ੍ਹਾਂ ਮੇਟਣਹਾਰਾ ਹੱਦ, ਹਦੂਦ ਆਪਣੀ ਇਕ ਜਣਾਈਆ । ਸਭ ਨੂੰ ਦੱਸਿਆ ਢੋਲਾ ਛੰਦ, ਸਦ ਇਕੋ ਇਕ ਸੁਣਾਈਆ । ਉਚੀ ਕੂਕੇ ਸਾਰੇ ਗੱਜ, ਨਾਅਰਾ ਇਕੋ ਇਕ ਲਗਾਈਆ । ਚਰਨ ਦੁਆਰੇ ਧੁਰ ਦਾ ਹੱਜ, ਮੱਕਾ ਕਾਅਬਾ ਇਕ ਵਖਾਈਆ । ਲਹਿਣਾ ਚੁੱਕੇ ਸ਼ਿਵਦਵਾਲਾ ਮੱਠ, ਗੁਰੂਦੁਆਰ ਇਕ ਸਰਨਾਈਆ । ਨਿਰਮਲ ਜੋਤ ਵੇਖੋ ਇਕ ਪਰਗਟ, ਇਸ਼ਟ ਅਗੰਮੀ ਨਜ਼ਰੀ ਆਈਆ । ਜਿਸ ਦੀ ਨਜ਼ਰ ਨਾ ਆਵੇ ਰੱਤ, ਰੱਤੀ ਰੱਤ ਸਭ ਦੀ ਲੇਖੇ ਪਾਈਆ । ਜਿਸ ਦੇ ਗ੍ਰਹਿ ਬ੍ਰਹਮਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਤਿਸ ਸਰਨਾਈ ਜਾਉ ਢੱਠ, ਚਰਨ ਕਵਲ ਮਿਲੇ ਵਡਿਆਈਆ । ਇਕੋ ਸੋਹਲਾ ਲਓ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਸਚ ਦਵਾਰਾ ਵੇਖੋ ਹੱਟ, ਸ੍ਰੀ ਭਗਵਾਨ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਜਿਸ ਮਿਲਿਆਂ ਤੋਟ ਰਹੇ ਨਾ ਰਾਈਆ । ਤੇਰਾ ਭਵਿਖਤ ਸੋਹਣਾ ਚੰਗਾ, ਚੰਗੀ ਤੇਰੀ ਵਡਿਆਈਆ ।

ਜੁਗ ਚੌਕੜੀ ਜਿਸ ਦਾ ਵੱਜਦਾ ਰਿਹਾ ਮਰਦੰਗਾ, ਢੋਲਾ ਨਾਦ ਇਲਾਹੀਆ । ਜਿਸ ਦੀ ਹਿਰਸ ਅੰਦਰ ਆਉਂਦਾ ਰਿਹਾ ਅਨੰਦਾ, ਅਨੰਦ ਹਵਸ ਵਿਚ ਸਮਾਈਆ । ਤਿਸ ਦਾ ਵੇਖਿਆ ਆ ਕੇ ਕੰਢਾ, ਪੱਤਣ ਬੈਠਾ ਬੇਪਰਵਾਹੀਆ । ਧੁਰ ਸੰਦੇਸ਼ ਸੁਣਾਵੇ ਇਕੋ ਛੰਦਾ, ਸਾਚਾ ਢੋਲਾ ਰਾਗ ਅਲਾਈਆ । ਬਿਨ ਬੰਦਗੀਉਂ ਕਰਾਏ ਬੰਦਾ, ਬੰਦਨਾ ਆਪਣੇ ਚਰਨ ਕਰਾਈਆ । ਜਗਤ ਜਹਾਨ ਦਾ ਫੜ ਕੇ ਅੰਧਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਪੌੜੇ ਚਾੜ੍ਹੇ ਆਪਣਾ ਡੰਡਾ, ਮੰਜ਼ਲ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਭਵਿਖਤ ਕਹੇ ਮੈਂ ਧੁਰ ਦਾ ਮਾਲਕ, ਪ੍ਰਭ ਦੇਵੇ ਮਾਣ ਵਡਿਆਈਆ । ਆਦਿ ਜੁਗਾਦਿ ਬਣ ਕੇ ਸਾਲਸ, ਸਾਚਾ ਹੁਕਮ ਸੁਣਾਈਆ । ਮੇਰਾ ਰੂਪ ਨਿਰਗੁਣ ਖ਼ਾਲਸ, ਤਤ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਪ੍ਰਭ ਦਾ ਬਾਲਕ, ਮਾਤ ਪਿਤਾ ਨਾ ਕੋਇ ਅਖਵਾਈਆ । ਮੈਂ ਖੇਲਾਂ ਖੇਲ ਨਾਲ ਖ਼ਾਲਕ, ਖ਼ਲਕ ਵਿਚ ਸਮਾਈਆ । ਨਿਤ ਨਵਿਤ ਨਾ ਕੋਇ ਆਲਸ, ਨਿੰਦਰਾ ਗ਼ਫ਼ਲਤ ਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੱਚਾ ਸੰਗ ਨਿਭਾਈਆ । ਭਵਿਖਤ ਕਹੇ ਮੈਂ ਨਿੱਕਾ ਲਾਲ, ਨਿੱਕੀ ਨਿੱਕੀ ਬਾਤ ਸੁਣਾਈਆ । ਜੁਗ ਚੌਕੜੀ ਦੇਂਦਾ ਰਿਹਾ ਅਹਿਵਾਲ, ਧੁਰ ਸੰਦੇਸ਼ਾ ਰਾਗ ਅਲਾਈਆ । ਜੁਗ ਚੌਕੜੀ ਬੀਤੇ ਕਾਲ, ਥਿਰ ਰਹਿਣ ਕੋਇ ਨਾ ਪਾਈਆ । ਅੰਤਮ ਪਰਗਟ ਹੋਵੇ ਦੀਨ ਦਿਆਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਗੋਬਿੰਦ ਕਹੇ ਪੁਰਖ ਅਕਾਲ, ਅਕਲ ਕਲਧਾਰੀ ਬੇਪਰਵਾਹੀਆ । ਚਲ ਕੇ ਆਵੇ ਸਚ ਦਵਾਰ ਸੱਚੀ ਧਰਮਸਾਲ, ਦਰ ਇਕੋ ਇਕ ਖੁਲ੍ਹਾਈਆ । ਦੀਪ ਅਗੰਮੀ ਜੋਤੀ ਬਾਲ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਸ਼ਬਦ ਅਨਾਦਿ ਵੱਜੇ ਧੁਨਕਾਨ, ਅਨਰਾਗੀ ਰਾਗ ਸੁਣਾਈਆ । ਸੰਬਲ ਦੇਵੇ ਇਕੋ ਮਾਣ, ਬਿਨ ਚਰਨਾਂ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਭਵਿਖਤ ਕਹੇ ਮੇਰੀ ਸਚ ਦਲੀਲ, ਦਇਆਵਾਨ ਮੋਹੇ ਸਮਝਾਈਆ । ਮੇਰਾ ਖੇਲ ਜਾਣੇ ਨਾ ਕੋਇ ਵਕੀਲ, ਵੁਕਲਾ ਸਮਝ ਕੋਇ ਨਾ ਪਾਈਆ । ਮੇਰਾ ਖੇਲ ਅੰਤ ਅਖ਼ੀਰ, ਆਖਰ ਇਕੋ ਵਾਰ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬਦਲੇ ਸਰਬ ਤਕਦੀਰ, ਤਾਕਤ ਆਪਣੀ ਇਕ ਪਰਗਟਾਈਆ । ਸ਼ਰਅ ਸ਼ਰੀਅਤ ਤੋੜ ਜੰਜੀਰ, ਲਾਸ਼ਰੀਕ ਖੇਲ ਵਖਾਈਆ । ਲਹਿਣਾ ਚੁਕਾ ਪੈਗ਼ੰਬਰ ਪੀਰ, ਪਹਿਰਾ ਆਪਣਾ ਦਏ ਲਗਾਈਆ । ਅੱਠ ਸੱਠ ਵਿਰੋਲ ਨੀਰ, ਅੰਮ੍ਰਿਤ ਇਕੋ ਇਕ ਬਰਸਾਈਆ । ਚਾਰ ਜੁਗ ਦੀ ਮੇਟ ਲਕੀਰ, ਹਰਫ਼ ਹਰੂਫ਼ ਆਪਣਾ ਦਏ ਪੜ੍ਹਾਈਆ । ਕਰੇ ਖੇਲ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਚੋਟੀ ਚੜ੍ਹ ਆਪ ਅਖ਼ੀਰ, ਮਹਲ ਅਟੱਲ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਕੱਟੇ ਭੀੜ, ਕੋਝੇ ਕਮਲਿਆਂ ਗਲੇ ਲਗਾਈਆ । ਜਨ ਭਗਤ ਸਾਚੇ ਸੰਤ ਮਿਲਾਏ ਭਾਈਆਂ ਨਾਲ ਵੀਰ, ਏਕਾ ਦੂਜਾ ਭਉ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਆਪ ਕਮਾਈਆ । ਭਵਿਖਤ ਕਹੇ ਮੈਂ ਦਿਤਾ ਸੰਦੇਸ਼ਾ, ਸਦਕੇ ਵਾਰੀ ਘੋਲੀ ਘੋਲ ਘੁੰਮਾਈਆ । ਪਾਰਬ੍ਰਹਮ ਪ੍ਰਭ ਆਏ ਨਰੇਸ਼ਾ, ਨਰ ਨਰਾਇਣ ਇਕ ਅਖਵਾਈਆ । ਲਹਿਣਾ ਦੇਣ ਚੁਕਾਏ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਸ਼ੰਕਰ ਆਪਣਾ ਹੁਕਮ ਵਰਤਾਈਆ । ਖੇਲੇ ਖੇਲ ਦੇਸ ਪਰਦੇਸਾ, ਦੋ ਜਹਾਨਾਂ ਵੇਖ ਵਖਾਈਆ । ਲੱਖ ਚੁਰਾਸੀ ਧਾਰੇ ਭੇਸਾ, ਨਿਰਗੁਣ ਨੂਰ ਰੂਪ ਇਲਾਹੀਆ । ਪੰਜ ਤਤ ਕਾਇਆ ਆਪਣੀ

ਆਪਣੇ ਕਰੇ ਭੇਟਾ, ਸਾਚੀ ਸੇਵਾ ਆਪ ਲਗਾਈਆ । ਸ਼ੌਹ ਦਰਿਆ ਡੂੰਘੀ ਭਵਰੀ ਵੜ ਕੇ ਵੇਖੇ ਖੇਵਟ ਖੇਟਾ, ਸਾਗਰ ਕਿਨਾਰਾ ਫੋਲ ਫੁਲਾਈਆ । ਲਹਿਣਾ ਦੇਣਾ ਜਾਣੇ ਗੋਬਿੰਦ ਗੁਰ ਪੁਰਖ ਅਕਾਲ ਬੇਟਾ, ਪਿਤਾ ਪੂਤ ਆਪਣੀ ਧਾਰ ਜਣਾਈਆ । ਪੂਰਬ ਲੇਖਾ ਰੱਖੇ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਸ ਕਾਰਨ ਜੁਗ ਚੌਕੜੀ ਭਵਿਖਤ ਕਹੇ ਮੋਹੇ ਭੇਜਾ, ਮੇਰੀ ਆਸਾ ਪੂਰ ਕਰਾਈਆ । ਜਨ ਭਗਤ ਸਵਾਏ ਮੇਰੀ ਸੇਜਾ, ਸੋਹਣੀ ਰੁੱਤ ਮਿਲਾਈਆ । ਮੈਂ ਨੇਤਰ ਨੈਣ ਖ਼ੁਸ਼ੀਆਂ ਨਾਲ ਵੇਖਾ, ਕਵਲ ਅੱਖ ਖੁਲ੍ਹਾਈਆ । ਜੁਗ ਜੁਗ ਦਾ ਮਿਟੇ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਭਵਿਖਤ ਕਹੇ ਮੇਰੀ ਪੂਰੀ ਆਸਾ, ਆਸਾ ਪੁੰਨੀ ਆਪ ਜਣਾਇੰਦਾ । ਜੁਗ ਚੌਕੜੀ ਦੇਂਦਾ ਰਿਹਾ ਭਰਵਾਸਾ, ਮਾਰਗ ਅਗਲਾ ਇਕ ਸਮਝਾਇੰਦਾ । ਸ੍ਰੀ ਭਗਵਾਨ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਨਿਰਗੁਣ ਸਰਗੁਣ ਹੋ ਕੇ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਵਰਨ ਬਰਨ ਦਾ ਇਕੋ ਪੂਜਾ ਪਾਠਾ, ਆਤਮ ਪਰਮਾਤਮ ਰਾਗ ਅਲਾਇੰਦਾ । ਭਗਤ ਭਗਵਾਨ ਜੁੜਾਏ ਨਾਤਾ, ਦੂਜਾ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਭਵਿਖਤ ਕਹੇ ਮੈਂ ਹੋਇਆ ਦਿਆਲ, ਗ੍ਰਿਹਿ ਮੇਰੇ ਵੱਜੇ ਵਧਾਈਆ । ਕਿਰਪਾ ਕਰੀ ਪੁਰਖ ਅਕਾਲ, ਮਿਹਰਵਾਨ ਹੋਇਆ ਸਹਾਈਆ । ਭਗਤ ਭਗਵਾਨ ਮੇਲੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਨਾਤਾ ਤੋੜ ਕਾਲ ਮਹਾਂਕਾਲ, ਚਰਨ ਕਵਲ ਦਿਤੀ ਸਰਨਾਈਆ । ਸਚਖੰਡ ਦਵਾਰ ਸੱਚੀ ਧਰਮਸਾਲ, ਧੁਰ ਮੰਦਰ ਦਿਤਾ ਵਖਾਈਆ । ਨਿਰਗੁਣ ਹੋ ਕੇ ਚਲਿਆ ਨਾਲ, ਸਰਗੁਣ ਆਪਣਾ ਜੋੜ ਜੁੜਾਈਆ । ਮੁਰੀਦਾਂ ਆ ਕੇ ਪੁਛਿਆ ਹਾਲ, ਹਰਿਮੰਦਰ ਆਪਣਾ ਫੇਰਾ ਪਾਈਆ । ਜੁਗ ਚੌਕੜੀ ਪੂਰੀ ਕੀਤੀ ਘਾਲ, ਕੀਤੀ ਘਾਲ ਲੇਖੇ ਲਾਈਆ । ਭਗਤ ਸੁਹੇਲਾ ਭਗਤ ਕਰੇ ਪ੍ਰਿਤਪਾਲ, ਭਗਵਨ ਇਕੋ ਨਜ਼ਰੀ ਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਰਿਹਾ ਸਮਝਾਈਆ । ਏਥੇ ਓਥੇ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਚੁਕੇ ਆਵਣ ਜਾਣ, ਲੱਖ ਚੁਰਾਸੀ ਪੰਧ ਮੁਕਾਈਆ । ਅੰਤਰ ਦੇਵੇ ਪੀਣ ਖਾਣ, ਅੰਮ੍ਰਿਤ ਰਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਚੁਕਾਈਆ । ਭਵਿਖਤ ਕਹੇ ਮੇਰਾ ਲਹਿਣਾ ਦੇਣਾ ਮੁੱਕੇ, ਮੁੱਕੀ ਵਸਤ ਪਰਾਈਆ । ਭਗਤ ਭਗਵਾਨ ਗੋਦੀ ਚੁੱਕੇ, ਘਰ ਖ਼ੁਸ਼ੀਆਂ ਰਾਗ ਸੁਣਾਈਆ । ਅੰਤਰ ਧਾਰੋਂ ਨਿਰਗੁਣ ਉਠੇ, ਆਤਮ ਪਰਮਾਤਮ ਜੋੜ ਜੁੜਾਈਆ । ਪਤਿਪਰਮੇਸ਼ਵਰ ਹੋ ਕੇ ਪੁੱਛੇ, ਪਾਰਬ੍ਰਹਮ ਬੇਪਰਵਾਹੀਆ । ਨਿਰਵੈਰ ਹੋ ਕਦੇ ਨਾ ਲੁਕੇ, ਨਿਰਾਕਾਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲੁਕੇ ਰਹਿਣ ਨਾ ਦੇਵੇ ਗੁੱਠੇ, ਚਾਰੋਂ ਕੁੰਟ ਵੇਖ ਵਖਾਈਆ । ਜੁਗ ਜਨਮ ਜੋ ਪਿਛਲੇ ਰੁੱਠੇ, ਫੜ ਬਾਹੋਂ ਲਏ ਮਿਲਾਈਆ । ਲੱਗੀ ਪ੍ਰੀਤ ਕਿਸੇ ਨਾ ਟੁੱਟੇ, ਟੁੱਟੀ ਆਪਣੇ ਨਾਲ ਗੰਢ ਪਵਾਈਆ । ਜਗਤ ਵਿਕਾਰਾ ਫੜ ਕੇ ਕੁੱਠੇ, ਗੁਰਸਿਖ ਪਤਿਤ ਪੁਨੀਤ ਰੂਪ ਵਟਾਈਆ । ਸਚ ਸਰਨਾਈ ਆਪੇ ਝੁਕੇ, ਨਿਉਂ ਨਿਉਂ ਆਪਣਾ ਸੀਸ ਨਿਵਾਈਆ । ਉਜਲ ਕਰੇ ਗੁਰਮੁਖਾਂ ਮੁੱਖੇ, ਮੁਖ ਮੁਖੜੇ ਨਾਲ ਸਾਲਾਹੀਆ । ਲੇਖਾ ਚੁੱਕੇ ਮਾਤ ਗਰਭ ਤਨ ਕੁੱਖੇ, ਆਵਣ ਜਾਵਣ ਗੇੜ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਭਵਿਖਤ ਕਹੇ ਮੋਹੇ ਚਾਉ ਘਨੇਰਾ, ਵੱਜੇ ਇਕ ਵਧਾਈਆ । ਘਰ ਆਇਆ ਪ੍ਰਭ

ਠਾਕਰ ਮੇਰਾ, ਜਿਸ ਠੋਕਰ ਨਾਮ ਲਗਾਈਆ । ਜਨਮ ਜਨਮ ਦਾ ਚੁੱਕਿਆ ਗੇੜਾ, ਝੇੜਾ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਵਸਾਇਆ ਖੇੜਾ, ਖਿੜਕੀ ਮੰਦਰ ਆਪ ਖੁਲ੍ਹਾਈਆ । ਜਦ ਵੇਖਿਆ ਨਜ਼ਰੀ ਆਇਆ ਤੇਰਾ ਮੇਰਾ, ਤੂੰ ਮੇਰਾ ਮੈਂ ਤੇਰਾ ਇਕੋ ਰੂਪ ਵਖਾਈਆ । ਘਰ ਸੋਹੇ ਗੁਰੂ ਗੁਰ ਚੇਰਾ, ਚੇਲਾ ਗੁਰੂ ਨਜ਼ਰੀ ਆਈਆ । ਧੰਨ ਭਾਗ ਘਰ ਸਤਿਗੁਰ ਲਾਇਆ ਡੇਰਾ, ਮੈਂਡੇ ਦਰ ਤਾਲ ਵੱਜੇ ਵੱਜੇ ਸਚ ਵਧਾਈਆ । ਏਸ ਧਾਰ ਨੂੰ ਜਾਣੇ ਕਿਹੜਾ, ਬਿਨ ਪੁਰਖ ਅਕਾਲ ਨਾ ਕੋਇ ਸਮਝਾਈਆ । ਡੁਬਦੇ ਪਾਹਿਨ ਤਾਰੇ ਬੇੜਾ, ਸਾਗਰ ਆਪਣਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਵਿਖਤ ਕਹੇ ਮੈਂ ਗਾਵਾਂ ਛੰਦ, ਚਾਰ ਕੁੰਟ ਜਣਾਈਆ । ਸ੍ਰੀ ਭਗਵਾਨ ਜਿਨ੍ਹਾਂ ਭਗਤਾਂ ਦਿਤਾ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਈਆ । ਗੁਰਸਿਖ ਚਾੜ੍ਹ ਸੱਚੇ ਚੰਦ, ਬਿਨ ਚੰਦੋਂ ਦਿਤੇ ਚਮਕਾਈਆ । ਸਾਚੇ ਮਿਨਾਰ ਮਹਲ ਅਟੱਲ ਦਿਤੇ ਟੰਗ, ਤੰਦੀ ਡੋਰ ਆਪਣੀ ਆਪ ਬੰਧਾਈਆ । ਜਿਸ ਦਵਾਰੇ ਕੋਈ ਨਾ ਸਕੇ ਲੰਘ, ਉਸ ਗ੍ਰਹਿ ਬੈਠਣ ਸੋਭਾ ਪਾਈਆ । ਇਕੋ ਮੰਗਣ ਧੁਰ ਦੀ ਮੰਗ, ਸਾਚੀ ਝੋਲੀ ਅੱਗੇ ਡਾਹੀਆ । ਸ੍ਰੀ ਭਗਵਾਨ ਝੋਲੀ ਪਾ ਆਪਣਾ ਛੰਦ, ਸ਼ਾਕਰ ਚਰਨਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੀ ਬਣਤ ਬਣਾਈਆ । ਭਵਿਖਤ ਕਹੇ ਮੈਂ ਕੀ ਕੀ ਦੱਸਾਂ, ਕਹਿਣ ਕਿਛ ਨਾ ਪਾਈਆ । ਪ੍ਰਭ ਦਾ ਖੇਲ ਵੇਖ ਵੇਖ ਹੱਸਾਂ, ਘਰ ਆਪਣੇ ਖ਼ੁਸ਼ੀ ਮਨਾਈਆ । ਚਾਰੋਂ ਕੁੰਟ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹੀਆ । ਪ੍ਰਭ ਲਹਿਣਾ ਦੇਣ ਚੁਕਾਇਆ ਢਾਡੀ ਭੱਟਾਂ, ਗੁਰਮੁਖਾਂ ਇਕੋ ਰਾਗ ਸੁਣਾਈਆ । ਮੂਲ ਚੁਕਿਆ ਸੁਥਰਿਆਂ ਨਟਾਂ, ਸੁਥਰੀ ਗੱਲ ਇਕ ਸੁਣਾਈਆ । ਜਿਉਂ ਭਾਵੇ ਤਿਉਂ ਮੈਂ ਭਗਤਾਂ ਰੱਖਾਂ, ਬਿਨ ਮੇਰੇ ਦੇਵੇ ਨਾ ਕੋਇ ਵਡਿਆਈਆ । ਸਾਰੇ ਮੰਗਦੇ ਖ਼ਾਲੀ ਕਰ ਕੇ ਦੋਵੇਂ ਹੱਥਾਂ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਝੋਲੀ ਡਾਹੀਆ । ਦਰਸ਼ਨ ਲੋੜਨ ਨਿਜ ਨੇਤਰ ਅੱਖਾਂ, ਆਖਰ ਆਪਣੀ ਆਸ ਲਗਾਈਆ । ਕਰ ਕਿਰਪਾ ਜਿਸ ਮਿਹਰ ਮੁਹੱਬਤ ਪ੍ਰੇਮ ਪ੍ਰੀਤੀ ਝੋਲੀ ਘੱਤਾਂ, ਅਤੁਟ ਅਤੋਟ ਭੰਡਾਰ ਵਰਤਾਈਆ । ਨਿਤ ਨਵਿਤ ਆਪਣੇ ਸੰਗ ਰੱਖਾਂ, ਸਗਲਾ ਸੰਗ ਜਣਾਈਆ । ਮੇਰਾ ਖੇਲ ਕੱਖੋਂ ਕਰਾਂ ਲੱਖਾਂ, ਲੱਖੋਂ ਕੱਖ ਰੂਪ ਵਟਾਈਆ । ਮਿਹਰਵਾਨ ਹੋ ਕੇ ਜਿਸ ਨੂੰ ਮਾਰਗ ਦੱਸਾਂ, ਬਿਨ ਪੜ੍ਹਿਆਂ ਦੇਵਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਭਵਿਖਤ ਕਹੇ ਤੇਰੀ ਸੁਣ ਕੇ ਸੋਭਾ, ਸੋਭਤ ਦਏ ਵਡਿਆਈਆ । ਕਰਤਾ ਪੁਰਖ ਮੇਰਾ ਪੂਰਾ ਕੀਤਾ ਹੋਕਾ, ਮੈਨੂੰ ਹੌਕਾ ਰਿਹਾ ਨਾ ਰਾਈਆ । ਮੈਂ ਚਾਰੋਂ ਕੁੰਟ ਫਿਰਾਂ ਵਿਚ ਚੌਦਾਂ ਲੋਕਾਂ, ਚੌਦਾਂ ਤਬਕ ਰਿਹਾ ਜਣਾਈਆ । ਉਠੋ ਸਾਰੇ ਵੇਖੋ ਪ੍ਰਭ ਦਾ ਮੌਕਾ, ਮੁਖ਼ਬਰ ਹੋ ਕੇ ਦਿਆਂ ਜਣਾਈਆ । ਜੁਗ ਚੌਕੜੀ ਨਾ ਕੀਤਾ ਕੋਈ ਧੋਖਾ, ਧੁਰ ਦਾ ਹਾਲ ਸੁਣਾਈਆ । ਜਿਸ ਦੀ ਸਾਰੇ ਰੱਖਦੇ ਗਏ ਓਟਾ, ਓੜਕ ਆਪਣਾ ਫੇਰਾ ਪਾਈਆ । ਵੇਖ ਪ੍ਰੇਮ ਪਿਆਰ ਦੀਆਂ ਲਗਾਏ ਚੋਟਾਂ, ਨਗਾਰਾ ਹੱਥ ਨਾ ਕੋਇ ਰਖਾਈਆ । ਚਰਨ ਦਵਾਰ ਰਹਿਣ ਨਾ ਦੇਵੇ ਕੋਈ ਖੋਟਾ, ਖਰੇ ਆਪਣੀ ਝੋਲੀ ਪਾਈਆ । ਸੋਚਿਆਂ ਕਿਸੇ ਵਿਚ ਨਾ ਆਏ ਸੋਚਾਂ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਕੋ ਵਾਰ ਮਿਲਿਆ ਮੌਕਾ, ਮੁਖਤ ਆਪਣਾ ਰੰਗ ਚੜ੍ਹਾਈਆ । ਜਨ ਭਗਤ ਉਧਾਰੇ ਕਿਰਪਾ ਧਾਰੇ ਨਾਲ ਸ਼ੌਕਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ ।


੨੨੯
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਆਪਣੇ ਹੱਥ ਰੱਖੀ ਵਡਿਆਈਆ । ਭਵਿਖਤ ਕਹੇ ਉਠੋ ਨੱਠੋ, ਬਣ ਪਾਂਧੀ ਪੰਧ ਮੁਕਾਈਆ । ਪਰਮ ਪੁਰਖ ਦਾ ਦਰਸ਼ਨ ਤੱਕੋ, ਤਕਵਾ ਇਕ ਰਖਾਈਆ । ਖ਼ੁਸ਼ੀਆਂ ਨਾਲ ਦਰ ਠਾਂਡੇ ਨੱਚੋ, ਮੰਗਲ ਗੀਤ ਇਕ ਸੁਣਾਈਆ । ਆਵਣ ਜਾਵਣ ਲੱਖ ਚੁਰਾਸੀ ਦੇ ਗੇੜੋਂ ਬਚੋ, ਬੱਚਿਆਂ ਵਾਂਗ ਲਏ ਬਚਾਈਆ । ਦਰਸ਼ਨ ਪਾ ਕੇ ਖ਼ੁਸ਼ੀਆਂ ਨਾਲ ਹੱਸੋ, ਸੰਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਹਿਰਦਾ ਰਿਹਾ ਜਗਾਈਆ । ਭਵਿਖਤ ਕਹੇ ਜਾਗੋ ਉਠੋ ਖੋਲ੍ਹੋ ਅੱਖ, ਨੇਤਰ ਨੈਣ ਰਿਹਾ ਖੁਲ੍ਹਾਈਆ । ਸਚ ਪੈਗ਼ੰਬਰ ਜਾਹਰ ਜਹੂਰ ਹੋਇਆ ਪ੍ਰਤੱਖ, ਪਰਬਤ ਚੋਟੀ ਟਿੱਲੇ ਜੰਗਲ ਜੂਹ ਉਜਾੜ ਵੇਖ ਵਖਾਈਆ । ਹਕੀਕਤ ਵਿਚੋਂ ਵਿਰੋਲ ਕੇ ਹੱਕ, ਹੱਕ ਹਰਿਜਨ ਝੋਲੀ ਪਾਈਆ । ਸਚ ਦਵਾਰ ਧੁਰ ਦਾ ਮਾਰਗ ਗ੍ਰਹਿ ਸਵਾਮੀ ਜਾਏ ਦੱਸ, ਦਹਿ ਦਿਸ਼ਾ ਭੇਵ ਖੁਲ੍ਹਾਈਆ । ਪ੍ਰੇਮ ਪਿਆਰ ਦੀ ਪ੍ਰੀਤੀ ਅੰਦਰ ਫਸ, ਫ਼ੈਸਲਾ ਇਕੋ ਵਾਰ ਸੁਣਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਰਨ ਕਵਲ ਸਚ ਸਰਨਾਈ ਗਿਆ ਢੱਠ, ਤਿਸ ਆਵਣ ਜਾਵਣ ਰਿਹਾ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਜੋਤ ਸਮਰਥ, ਸਭ ਦੀ ਆਪਣੇ ਹੱਥ ਰੱਖੇ ਵਡਿਆਈਆ ।



੨੩੦

## ★ ੩ ਮਾਘ ੨੦੨੦ ਬਿਕਰਮੀ ਗਿਰਧਾਰੀ ਲਾਲ ਦੇ ਗ੍ਰਿਹ ਪਿੰਡ ਭੋਲੇ ਕੇ ਜ਼ਿਲਾ ਗੁਰਦਾਸ ਪੁਰ ★



੧੯

ਹਰਿ ਸ਼ਬਦ ਕਹੇ ਭਵਿਖਤ ਸੰਦੇਸ਼ਾ, ਸ੍ਰੀ ਭਗਵਾਨ ਪੂਰ ਕਰਾਈਆ । ਸਚਖੰਡ ਨਿਵਾਸੀ ਧੁਰ ਨਰੇਸ਼ਾ, ਸ਼ਹਿਨਸ਼ਾਹ ਇਕੋ ਇਕ ਵਡਿਆਈਆ । ਜੁਗ ਚੌਕੜੀ ਧਾਰਨਹਾਰਾ ਵੇਸਾ, ਨਿਰਗੁਣ ਸਰਗੁਣ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰ ਕਰਾਏ ਲੇਖਾ, ਜੁਗ ਚੌਕੜੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੇ ਭੇਜਾ, ਭਗਤ ਭਗਵਾਨ ਖੇਲ ਵਖਾਈਆ । ਲੱਖ ਚੁਰਾਸੀ ਘਟ ਘਟ ਅੰਦਰ ਨਿਰਗੁਣ ਸਰਗੁਣ ਮਾਣੇ ਸੇਜਾ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਕਾਰ ਕਮਾਈਆ । ਸ਼ਬਦ ਕਹੇ ਪ੍ਰਭ ਵਾਕ ਭਵਿਖਤ, ਧੁਰ ਦੀ ਧਾਰ ਧਾਰ ਜਣਾਈਆ । ਗੁਰ ਅਵਤਾਰਾਂ ਜੋ ਲੇਖਾ ਲਿਖਿਆ ਵਿਚ ਲਿਖਤ, ਸੋ ਸਾਹਿਬ ਵੇਖ ਵਖਾਈਆ । ਪੀਰ ਪੈਗ਼ੰਬਰ ਜਿਸ ਨੂੰ ਮੰਨਦੇ ਗਏ ਇਸ਼ਟ, ਨੂਰੀ ਜਲਵਾ ਨੂਰ ਇਲਾਹੀਆ । ਜਿਸ ਦੀ ਓਟ ਰੱਖੇ ਰਾਮ ਵਸ਼ਿਸ਼ਟ, ਸੋ ਵਿਸ਼ਵ ਆਪਣੀ ਕਾਰ ਕਮਾਈਆ । ਲੇਖਾ ਜਾਣ ਸਰਬ ਸ੍ਰਿਸ਼ਟ, ਦੋ ਜਹਾਨਾਂ ਖੋਜ ਖੁਜਾਈਆ । ਲਹਿਣਾ ਦੇਣਾ ਚੁਕਾ ਸਵਰਗ ਬਹਿਸ਼ਤ, ਸਚ ਦੁਆਰੇ ਦੇਵੇ ਮਾਣ ਵਡਿਆਈਆ । ਜਨ ਭਗਤਾਂ ਖੋਲ੍ਹ ਅਗੰਮੀ ਦ੍ਰਿਸ਼ਟ, ਅੰਤਰ ਆਪਣੀ ਬੂਝ ਬੁਝਾਈਆ । ਮਨ ਮਤ ਬੁਧ ਨਾ ਹੋਏ ਭ੍ਰਿਸ਼ਟ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਪ੍ਰਭ ਭਵਿਖਤੀ ਬੋਲ, ਅਨਬੋਲਤ ਰਾਗ ਅਲਾਈਆ । ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਤੋਲਿਆ ਤੋਲ, ਕੰਡਾ ਤਰਾਜੂ ਹੱਥ ਨਾ

ਕੋਇ ਵਖਾਈਆ । ਚਰਨ ਪ੍ਰੀਤੀ ਸਾਚੀ ਰੀਤੀ ਨਿਤ ਨਵਿਤ ਗਏ ਘੋਲ, ਘੋਲੀ ਆਪਣਾ ਆਪ ਘੁੰਮਾਈਆ । ਸਚ ਸੰਦੇਸ਼ਾ ਦੇਂਦੇ ਰਹੇ ਅਡੋਲ, ਗੁਰ ਅਵਤਾਰ ਪੀਰ ਪੈਗੰਬਰ ਰਾਗ ਅਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਆਵੇ ਕੋਲ, ਨਿਰਾਕਾਰ ਆਪਣਾ ਵੇਸ ਵਟਾਈਆ । ਜਨ ਭਗਤਾਂ ਪੜ੍ਹਦਾ ਦੇਵੇ ਖੋਲ੍ਹ, ਗ੍ਰਿਹਿ ਮੰਦਰ ਅੰਦਰ ਦੂਈ ਦਵੈਤੀ ਦਏ ਚੁਕਾਈਆ । ਆਤਮ ਪਰਮਾਤਮ ਮਿਲ ਕੇ ਕਰੇ ਚੋਲ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸ਼ਬਦ ਅਨਾਦ ਵਜਾਵੇ ਅਗੰਮੀ ਢੋਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹਲੇ ਆਪ ਵਿਰੋਲ, ਗੁਰ ਚੇਲੇ ਮੇਲ ਮਿਲਾਈਆ । ਦੇਵੇ ਨਾਮ ਦਾਤ ਅਨਮੋਲ, ਵਸਤ ਅਨਮੁਲੜੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸ਼ਬਦ ਕਹੇ ਭਵਿਖਤ ਮੇਰੇ ਮਿੱਤ, ਮਿੱਤਰ ਪਿਆਰੇ ਤੇਰੇ ਹੱਥ ਵਡਿਆਈਆ । ਤੇਰੀ ਧਾਰ ਲੱਭਦੇ ਗਏ ਮੁਨ ਰਿਖ, ਜਗਤ ਮੁਨੀਸ਼ਰ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲੇਖਾ ਲਿਖ, ਖਾਣੀ ਬਾਣੀ ਮਾਤ ਸੁਣਾਈਆ । ਭੇਵ ਅਭੇਦ ਬੋਧ ਅਗਾਧ ਤੇਰੀ ਸਾਰ ਕੋਈ ਨਾ ਪਾਏ ਨਿਤ ਨਵਿਤ, ਨਰ ਨਰਾਇਣ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤ ਲੇਖਾ ਜਾਣੇ ਅਬਿਨਾਸ਼ੀ ਅਚੁਤ, ਚਤੁਰਭੁਜ ਪਰਦਾ ਇਕ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸ਼ਬਦ ਕਹੇ ਭਵਿਖਤ ਸਚ ਸੰਗ, ਸੰਗੀ ਇਕੋ ਨਜ਼ਰੀ ਆਈਆ । ਜੁਗ ਚੌਕੜੀ ਤੇਰੇ ਨਾਮ ਦਾ ਵੱਜਦਾ ਰਿਹਾ ਮਰਦੰਗ, ਢੋਲਾ ਰਾਗ ਨਾਦ ਸਰਬ ਸੁਣਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਧ ਸੰਤ ਮੰਗਦਾ ਰਿਹਾ

੨੩੧ ਮੰਗ, ਸੂਫ਼ੀ ਬੈਠਣ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖਦਾ ਰਿਹੋਂ ਭੇਖ ਪਖੰਡ, ਚਾਰੋਂ ਕੁੰਟ ਨਜ਼ਰ ਨੈਣ ਉਠਾਈਆ । ੨੩੧

੧੬ ਮਨ ਵਾਸਨਾ ਕੂੜੀ ਕਿਰਿਆ ਨਵ ਨੌ ਚਾਰ ਪਾਏ ਡੰਡ, ਸਚ ਸੁਚ ਨਾ ਕੋਇ ਸਮਝਾਈਆ । ਆਤਮ ਸੁਹਾਗਣ ਬਿਨ ਪਰਮਾਤਮ ਹੋਈ ਰੰਡ, ੧੬

ਕੰਤ ਕੰਤੂਲ ਨਜ਼ਰ ਕਿਸੇ ਨਾ ਆਈਆ । ਗੁਰ ਚੇਲਾ ਟੁੱਟੀ ਗੰਢ, ਭਗਤ ਭਗਵਾਨ ਜੋੜ ਨਾ ਕੋਇ ਜੁੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭਰਿਆ ਘਮੰਡ, ਚਾਰੇ ਖਾਣੀ ਰਹੀ ਕੁਰਲਾਈਆ । ਆਵਣ ਜਾਵਣ ਕਿਸੇ ਨਾ ਮੁਕਿਆ ਪੰਧ, ਲੱਖ ਚੁਰਾਸੀ ਨਾਤਾ ਤੋੜ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਾਹਿਬ ਸਤਿਗੁਰ ਬੇਪਰਵਾਹੀਆ । ਸ਼ਬਦ ਕਹੇ ਭਵਿਖਤ ਸਚ ਸੂਰ, ਸੂਰਬੀਰ ਤੇਰੀ ਵਡਿਆਈਆ । ਤੇਰਾ ਖੇਲ ਅਗੰਮੀ ਨੂਰ, ਨੂਰੋ ਨੂਰ ਤੇਰੀ ਰੁਸ਼ਨਾਈਆ । ਤੇਰਾ ਲੇਖਾ ਲਿਖਦੇ ਗਏ ਸਰਬ ਜ਼ਰੂਰ, ਜ਼ਰੂਰਤ ਪੂਰ ਨਾ ਕੋਇ ਕਰਾਈਆ । ਜੁਗ ਚੌਕੜੀ ਵੇਂਹਦੇ ਗਏ ਪੂਰ, ਕੋਟਨ ਕੋਟ ਚੌਕੜੀ ਕਾਲ ਵਿਹਾਈਆ । ਤੇਰਾ ਖੇਲ ਇਕ ਭਰਪੂਰ, ਪਾਰਬ੍ਰਹਮ ਪ੍ਰਭ ਨਿਰਗੁਣ ਨਿਰਵੈਰ ਆਪ ਕਰਾਈਆ । ਦਰ ਠਾਂਡੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਸ਼ਬਦ ਕਹੇ ਭਵਿਖਤ ਤੇਰਾ ਜੋਰ, ਜੇਰ ਜ਼ਬਰ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਹੱਥ ਤੇਰੇ ਡੋਰ, ਗੁਰ ਅਵਤਾਰ ਪੀਰ ਪੈਗੰਬਰ ਗਏ ਫੜਾਈਆ । ਦੂਜਾ ਕੋਈ ਨਾ ਜਾਣੇ ਹੋਰ, ਤੀਜਾ ਨੈਣ ਨਾ ਕੋਇ ਖੁਲ੍ਹਾਈਆ । ਜਗਤ ਵਾਸਨਾ ਸ੍ਰਿਸ਼ਟੀ ਪਾਵੇ ਸ਼ੋਰ, ਸ਼ਾਹੋ ਸ਼ਹਿਨਸ਼ਾਹ ਸੰਗ ਨਾ ਕੋਇ ਰਖਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਕੋਈ ਨਾ ਵੇਖੇ ਨਾਲ

ਗੌਰ, ਗਹਿਰ ਗੰਭੀਰ ਗਵਰ ਨਜ਼ਰ ਨਾ ਕੋਇ ਉਠਾਈਆ । ਸ਼ਾਹ ਸੁਲਤਾਨ ਸ੍ਰੀ ਭਗਵਾਨ ਨੌਜਵਾਨ ਚੜ੍ਹ ਕੇ ਆਪਣੇ ਘੋੜ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਜਨ ਭਗਤਾਂ ਦਿਸੇ ਸ੍ਰੀ ਭਗਵਾਨ ਮਿਲਣ ਦੀ ਔੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਗਤ ਵਾਸਨਾ ਹੋਈ ਕੌੜ, ਅੰਮ੍ਰਿਤ ਫਲ ਸਚ ਨਾ ਕੋਇ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਦ੍ਰਿੜਾਈਆ । ਭਵਿਖਤ ਕਹੇ ਸ਼ਬਦ ਸੁਣ ਸਚ, ਸਚ ਸਚ ਦ੍ਰਿੜਾਈਆ । ਕਾਇਆ ਮਾਟੀ ਭਾਂਡਾ ਸਭ ਦਾ ਵੇਖਿਆ ਕਚ, ਕੰਚਨ ਰੂਪ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਨੌ ਦਵਾਰੇ ਰਹੇ ਨੱਚ, ਮਾਇਆ ਮਮਤਾ ਨਾਲ ਰਖਾਈਆ । ਪ੍ਰਭ ਮਿਲਣ ਦੀ ਬਿਨ ਭਗਤ ਖੋਲ੍ਹੀ ਕਿਸੇ ਨਾ ਅੱਖ, ਦੋਏ ਲੋਚਣ ਬੈਠੇ ਢੇਰੀਆਂ ਢਾਹੀਆ । ਕਲ ਅੰਤ ਸ੍ਰੀ ਭਗਵੰਤ ਕਿਰਪਾ ਕਰੇ ਪੁਰਖ ਸਮਰਥ, ਮਹਿਮਾ ਅਕੱਥ ਕਥ ਜਣਾਈਆ । ਭਗਤ ਮਿਲਾਵਾ ਹੱਸ ਹੱਸ, ਸੋਹੰ ਹੰਸਾ ਇਕੋ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰੇ ਵਸ, ਤੇਰਾ ਮੇਰਾ ਭੇਵ ਰਹੇ ਨਾ ਰਾਈਆ । ਅੰਤਰ ਆਤਮ ਸੇਜ ਸੁਹੰਜਣੀ ਨਿਰਗੁਣ ਹੋ ਕੇ ਚੜ੍ਹੇ ਨੱਠ ਨੱਠ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਜਿਸ ਅੰਮ੍ਰਿਤ ਦੇਵੇ ਰਸ, ਰਸ ਫ਼ੀਕਾ ਸਰਬ ਦਏ ਵਖਾਈਆ । ਸੋ ਗੁਰਮੁਖ ਨੇਤਰ ਨੀਰ ਵਿਰੋਲੇ ਅੱਥ, ਹੰਝੂ ਇਕੋ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਸਦਾ ਪ੍ਰਭ ਠਾਕਰ ਸੁਆਮੀ, ਹਰਿ ਠਾਕਰ ਇਕ ਰਘੁਰਾਈਆ । ਆਦਿ ਜੁਗਾਦਿ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਸ਼ਬਦ ਅਨਾਦ ਬੋਧ ਅਗਾਧ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਅੰਮ੍ਰਿਤ ਸਰੋਵਰ ਠੰਡਾ ਪਾਣੀ, ਘਰ ਨਿਝਰ ਝਿਰਨਾ ਇਕ ਵਹਾਈਆ । ਸਤਿ ਧਰਮ ਦੀ ਸਚ ਨਿਸ਼ਾਨੀ, ਆਤਮ ਪਰਮਾਤਮ ਦਏ ਸਮਝਾਈਆ । ਗੁਰਮੁਖ ਗੁਰਸਿਖ ਗੁਰ ਪੰਡਤ ਕਰੇ ਬ੍ਰਹਮ ਗਿਆਨੀ, ਨਿਸ਼ਅੱਖਰ ਨਿਰਾਧਾਰ ਵਿਚੋਂ ਸਮਝਾਈਆ । ਲੇਖਾ ਚੁੱਕੇ ਚਾਰੇ ਖਾਣੀ, ਚਾਰੇ ਬਾਣੀ ਲੋੜ ਰਹੇ ਨਾ ਰਾਈਆ । ਪਾਏ ਇਕੋ ਪਦ ਨਿਰਬਾਣੀ, ਨਿਰਬਾਣ ਪਦ ਇਕੋ ਇਕ ਜਣਾਈਆ । ਜਿਸ ਘਰ ਵਸੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਦੀਪਕ ਜੋਤ ਜਗੇ ਨੁਰਾਨੀ, ਦੀਵਾ ਬਾਤੀ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਉਧਾਰੇ ਹਰਿਜਨ ਮਾਤ, ਮਤਾ ਆਪਣੇ ਨਾਲ ਪਕਾਈਆ । ਅੰਤਰ ਆਤਮ ਪੂਰੀ ਆਸ, ਜਗਤ ਤ੍ਰਿਸ਼ਨਾ ਦਏ ਗਵਾਈਆ । ਹੋਏ ਸਹਾਈ ਅਨਾਥਾਂ ਨਾਥ, ਨਾਥੀ ਨਾਥ ਵਡ ਵਡਿਆਈਆ । ਇਕ ਸੁਣਾਏ ਪੂਜਾ ਪਾਠ, ਸਿਮਰਨ ਇਕੋ ਇਕ ਦ੍ਰਿੜਾਈਆ । ਇਕ ਵਖਾਏ ਉਤਮ ਜਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨੂਰ ਨਜ਼ਰੀ ਆਈਆ । ਇਕੋ ਪੱਤਣ ਵਖਾਏ ਘਾਟ, ਸਰੋਵਰ ਇਕੋ ਇਕ ਨੁਹਾਈਆ । ਇਕੋ ਮੰਦਰ ਸ਼ਿਵਦਵਾਲਾ ਇਕੋ ਜਣਾਏ ਮਾਠ, ਮਸਜਿਦ ਇਕੋ ਨਜ਼ਰੀ ਆਈਆ । ਆਵਣ ਜਾਵਣ ਪਤਿਤ ਪਾਵਣ ਜਨਮ ਜਨਮ ਦੀ ਮੇਟੇ ਵਾਟ, ਲੱਖ ਚੁਰਾਸੀ ਡੇਰਾ ਢਾਹੀਆ । ਆਤਮ ਸੇਜ ਸੁਹੰਜਣੀ ਖਾਟ, ਸੋਭਾਵੰਤ ਆਪ ਸੁਹਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਚੰਦ ਚਮਕਾਈਆ । ਭਗਤ ਸੁਹੇਲਾ ਬਣ ਕੇ ਪਿਤਾ ਮਾਤ, ਹਰਿਜਨ ਆਪਣੀ ਗੋਦ ਉਠਾਈਆ । ਸਾਚੀ ਦੇਵੇ ਧੁਰ ਦੀ ਦਾਤ, ਬਿਨ ਕੀਮਤ ਆਪ ਵਰਤਾਈਆ । ਗੁਰਮੁਖ ਬੁੱਝੇ ਆਪਾ ਆਪ, ਆਪਾਚੀਨ ਮਿਲੇ ਵਡਿਆਈਆ । ਭਗਤ ਭਗਵਾਨ ਜੁਗ ਚੌਕੜੀ

ਸਗਲਾ ਸਾਥ, ਕਲਜੁਗ ਅੰਤਮ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਉਤਾਰੇ ਆਪਣੇ ਘਾਟ, ਪੂਰਬ ਜਨਮ ਕਰਮ ਕਰਮ ਜਨਮ ਘਾਟਾ ਪੂਰ ਕਰਾਈਆ ।

★ ੩ ਮਾਘ ੨੦੨੦ ਬਿਕਰਮੀ ਜਸਬੀਰ ਸਿੰਘ ਦੇ ਗ੍ਰਹਿ ਪਿੰਡ ਭੋਲੇ ਕੇ ਜ਼ਿਲਾ ਗੁਰਦਾਸ ਪੁਰ ★

ਭਵਿਖਤ ਕਹੇ ਮੈਂ ਧੁਰ ਦਾ ਹੋਕਾ, ਜੁਗ ਚੌਕੜੀ ਜਗਤ ਜਣਾਈਆ । ਨਾਦ ਵਜਾਇਆ ਲੋਕ ਪਰਲੋਕਾਂ, ਦੋ ਜਹਾਨ ਸ਼ਨਵਾਈਆ । ਨਾਮ ਸੁਣਾਇਆ ਧੁਰ ਸਲੋਕਾ, ਸੱਚਾ ਰਾਗ ਅਲਾਈਆ । ਪਾਰਬ੍ਰਹਮ ਪ੍ਰਭ ਕਲ ਅੰਤਮ ਵੇਖਣ ਆਏ ਮੌਕਾ, ਦੋ ਜਹਾਨਾਂ ਵੇਖ ਵਖਾਈਆ । ਕਿਸੇ ਨਾਲ ਨਾ ਕਰੇ ਧੋਖਾ, ਸਾਖਿਆਤ ਆਪਣੀ ਕਾਰ ਕਮਾਈਆ । ਨਿਰਗੁਣ ਪਰਕਾਸ਼ ਕਰੇ ਅਗੰਮੀ ਜੋਤਾ, ਜੋਤੀ ਨੂਰ ਨੂਰ ਰੁਸ਼ਨਾਈਆ । ਮਹਲ ਅਟੱਲ ਸੁਹਾਏ ਸੰਬਲ ਇਕੋ ਕੋਠਾ, ਛੱਪਰ ਛੰਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਚਾਈਆ । ਭਵਿਖਤ ਕਹੇ ਸੰਭਲ ਸੰਸਾਰ, ਹਰਿ ਸੰਬਲ ਦਏ ਵਡਿਆਈਆ । ਹਰਿ ਸੰਬਲ ਅਗੰਮ ਅਪਾਰ, ਸਤਿਗੁਰ ਦਏ ਸਮਝਾਈਆ । ਜਿਸ ਸੰਬਲ ਦੀ ਕਿਸੇ ਨਾ ਪਾਈ ਸਾਰ, ਸੋ ਸੰਬਲ ਦਏ ਪਰਗਟਾਈਆ । ਜਿਸ ਸੰਬਲ ਗੋਬਿੰਦ ਦਏ ਉਧਾਰ, ਤਿਸ ਸੰਬਲ ਦੇਵੇ ਮਾਣ ਵਡਿਆਈਆ । ਸੋ ਸੰਬਲ ਹੋਏ ਉਜਿਆਰ, ਜਿਸ ਸੰਬਲ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖ ਦਏ ਸਮਝਾਈਆ । ਭਵਿਖਤ ਕਹੇ ਸੰਬਲ ਉਹ, ਜਿਸ ਮਿਲੀ ਵਡਿਆਈਆ । ਜਿਸ ਗ੍ਰਹਿ ਪਰਕਾਸ਼ ਕੀਤਾ ਛੱਬੀ ਪੋਹ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੁਰਖ ਅਕਾਲ ਮੁਹੱਬਤ ਕਰ ਆਪਣਾ ਮੋਹ, ਮਿਹਰਵਾਨ ਆਪਣਾ ਮੇਲ ਮਿਲਾਈਆ । ਗੋਬਿੰਦ ਨਾਲ ਹਰਿ ਗੋਬਿੰਦ ਗਿਆ ਛੋਹ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਲੱਖ ਚੁਰਾਸੀ ਨਾਲੋਂ ਹੋ ਨਿਰਮੋਹ, ਮੇਲ ਮਿਲਾਇਆ ਏਕਾ ਥਾਈਆ । ਜੁਗ ਚੌਕੜੀ ਕਿਰਿਆ ਖੋਹ, ਅੰਤਮ ਆਪਣੀ ਝੋਲੀ ਪਾਈਆ । ਸਤਿ ਸਤਿਵਾਦੀ ਢੋਆ ਢੋਅ, ਏਕਾ ਨਾਮ ਦਏ ਸਮਝਾਈਆ । ਕਰ ਪਰਕਾਸ਼ ਅਗੰਮੀ ਲੋਅ, ਦੀਆ ਬਾਤੀ ਕਮਲਾਪਾਤੀ ਇਕੋ ਇਕ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਵਿਖਤ ਦਏ ਵਡਿਆਈਆ । ਭਵਿਖਤ ਕਹੇ ਮੇਰੀ ਭਾਖਿਆ ਅਪਾਰ, ਅਪਰੰਪਰ ਆਪ ਜਣਾਈਆ । ਜੁਗ ਚੌਕੜੀ ਲੇਖਾ ਲਿਖਦੇ ਰਹੇ ਗੁਰੂ ਪੀਰ ਅਵਤਾਰ, ਪੀਰ ਪੈਗੰਬਰ ਸੇਵ ਕਮਾਈਆ । ਉਚੀ ਕੂਕ ਕੂਕ ਸੁਣਾਉਂਦੇ ਰਹੇ ਸੰਸਾਰ, ਹੋਕਾ ਇਕੋ ਨਾਮ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਉਤਰੇ ਪਾਰ, ਥਿਰ ਕੋਇ ਰਹਿਣ ਨਾ ਪਾਈਆ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਕਲ ਆਏ ਧਾਰ, ਕਲ ਕਲਕੀ ਵੇਸ ਵਟਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਬ੍ਰਹਿਮੰਡ ਖੰਡ ਜੋਤ ਕਰੇ ਉਜਿਆਰ, ਸ਼ਬਦੀ ਡੰਕ ਇਕ ਵਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰੇ ਖ਼ਬਰਦਾਰ, ਬੇਖ਼ਬਰ ਆਪਣੀ ਖ਼ਬਰ ਆਪ ਸੁਣਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੋਂ ਕੁੰਟ ਦਏ ਹੁਲਾਰ, ਉਤਰ ਪੂਰਬ ਪੱਛਮ ਦੱਖਣ ਸੋਇਆ ਕੋਇ ਰਹਿਣ ਨਾ ਪਾਈਆ । ਹਿੰਦੂ ਮੁਸਲਮ ਸਿਖ ਈਸਾਈ ਕਰੇ ਬੇਦਾਰ, ਨੇਤਰ ਲੋਚਣ ਨੈਣ

੨੩੪
੧੯

ਅੱਖ ਪਰਤੱਖ ਆਪ ਖੁਲ੍ਹਾਈਆ । ਕਾਗ਼ਦ ਕਲਮ ਸ਼ਾਹੀ ਵੇਖੇ ਵੇਖਣਹਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਰਦਾ ਆਪ ਚੁਕਾਈਆ । ਭੇਵ ਅਭੇਦਾ ਅਛਲ ਅਛੇਦਾ ਬੋਧ ਅਗਾਧ ਖੋਲ੍ਹੇ ਆਪ ਕਰਤਾਰ, ਕੁਦਰਤ ਕਰਤਾ ਕਰਨੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭਵਿਖਤ ਲੇਖਾ ਲੇਖੇ ਲਾਈਆ । ਲੇਖਾ ਲਿਖਤ ਭਵਿਖਤ, ਹਰਿ ਕਰਤਾ ਪੂਰ ਕਰਾਈਆ । ਜਿਸ ਉਪਾਈ ਸ੍ਰਿਸ਼ਟ, ਸੋ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਜਿਸ ਨੂੰ ਮੰਨਦੇ ਗਏ ਇਸ਼ਟ, ਇਸ਼ਟ ਦੇਵ ਸੁਆਮੀ ਨਿਹਕਰਮੀ ਨਿਹਕਾਮੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣੀ ਧਾਰ ਚਲਾਈਆ । ਹਰਿ ਜੂ ਧਾਰ ਚਲਾਏ ਏਕ, ਏਕੰਕਾਰ ਵੱਡੀ ਵਡਿਆਈਆ । ਜੁਗ ਚੌਕੜੀ ਧਰ ਧਰ ਭੇਖ, ਨਿਰਗੁਣ ਸਰਗੁਣ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਆਪੇ ਭੇਜ, ਪੀਰ ਪੈਗ਼ੰਬਰ ਨੂਰ ਇਲਾਹੀਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਕਾਇਆ ਮਹਲ ਅਟੱਲ ਮਾਣੇ ਸੇਜ, ਸੇਜ ਸੁਹੰਜਣੀ ਸੋਭਾ ਪਾਈਆ । ਨਿਰਗੁਣ ਨੂਰ ਜੋਤੀ ਜਲਵਾ ਦੇਵੇ ਤੇਜ, ਸ਼ਬਦ ਅਨਾਦ ਧੁਨ ਆਤਮਕ ਰਾਗ ਸੁਣਾਈਆ । ਬਿਨ ਅੱਖਾਂ ਬਿਨ ਨੇਤਰਾਂ ਲਏ ਪੇਖ, ਬਿਨ ਨੈਣਾਂ ਨੈਣ ਖੁਲ੍ਹਾਈਆ । ਪੁਰਖ ਅਕਾਲ ਦੀਨ ਦਿਆਲ ਸਚ ਦੁਆਰੇ ਖੇਡੇ ਆਪਣੀ ਖੇਡ, ਧਰਮ ਦੁਆਰਾ ਇਕੋ ਇਕ ਸੁਹਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸੱਜਣ ਸੁਹੇਲੇ ਲਏ ਮੇਲ, ਮੇਲ ਵਿਛੋੜਾ ਪਿਛਲਾ ਪੰਧ ਮੁਕਾਈਆ । ਧਰਮ ਦਵਾਰ ਹਰਿ ਕਰਤਾਰ ਇਕੋ ਨਜ਼ਰੀ ਆਏ ਸੱਜਣ ਸੁਹੇਲ, ਸਗਲਾ ਸੰਗ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਭਵਿਖਤ ਕਹੇ ਭਗਵਾਨ ਟੇਕ, ਟੇਕ ਏਕ ਜਣਾਈਆ । ਭਗਵਾਨ ਕਹੇ ਭਵਿਖਤ ਮੇਰਾ ਲੇਖ, ਲੇਖ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਠਾਕਰ ਹੋਏ ਆਦੇਸ, ਸੋ ਠਾਕਰ ਠੋਕਰ ਆਪਣਾ ਨਾਮ ਲਗਾਈਆ । ਦੋ ਜਹਾਨਾਂ ਨਿਰਵੈਰ ਪੁਰਖ ਇਕ ਨਰੇਸ਼, ਨਾਉਂ ਨਿਰੰਕਾਰਾ ਆਪ ਪਰਗਟਾਈਆ । ਨਿਤ ਨਵਿਤ ਜਨ ਭਗਤਾਂ ਕਰੇ ਹੇਤ, ਬਣ ਹਿਤਕਾਰੀ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅੰਦਰ ਵੜ ਕੇ ਘਰ ਵਿਚ ਘਰ ਖੁਲ੍ਹਾਏ, ਆਪਣਾ ਭੇਤ, ਬਾਹਰੋਂ ਸਮਝ ਕਿਸੇ ਨਾ ਆਈਆ । ਰੁੱਤ ਸੁਹੰਜਣੀ ਸਦਾ ਮੌਲੇ ਚੇਤ, ਪਤ ਡਾਲੀ ਫੁੱਲ ਫੁਲਵਾੜੀ ਆਪ ਮਹਿਕਾਈਆ । ਹਰਿਜਨ ਹਰਿਭਗਤ ਹਰਿਸੰਤ ਦਰਸ ਕਰਾਏ ਨੇਤਨ ਨੇਤ, ਨਿਜ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਰੰਗ ਰੰਗਾਈਆ । ਭਵਿਖਤ ਕਹੇ ਭਗਤ ਭਗਵਾਨ ਰੰਗ, ਰੰਗ ਇਕੋ ਇਕ ਚੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਾਂ ਗਏ ਮੰਗ, ਬੀਸ ਬੀਸੇ ਮਿਲੇ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਜੁਗ ਚੌਕੜੀ ਵਸੇ ਸੰਗ, ਸਗਲਾ ਸੰਗ ਨਿਭਾਈਆ । ਅੰਤਰ ਆਤਮ ਪਰਮਾਤਮ ਸ਼ਬਦ ਨਾਦ ਧੁਨ ਵਜਾਏ ਮਰਦੰਗ, ਕਿਲੀ ਸਤਾਰ ਤੰਦੀ ਤੰਦ ਨਾ ਕੋਇ ਰਖਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਸ਼ਾਹੋ ਭੂਪ ਵਡ ਵਡਿਆਈਆ । ਭਗਤ ਭਗਵੰਤ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਰ ਪਰਕਾਸ਼ ਕੋਟਨ ਕੋਟ ਚੰਦ, ਚੰਦ ਭਾਨ ਸੂਰਜ ਬੈਠਣ ਮੁਖ ਸ਼ਰਮਾਈਆ । ਦਨਿ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼

ਆਪਣੀ ਰਹਿਮਤ ਗੁਰਮੁਖਾਂ ਝੋਲੀ ਪਾਈਆ । ਜਿਸ ਜਨ ਜਣਾਏ ਆਪਣਾ ਛੰਦ, ਤਿਸ ਬੰਦੀਖ਼ਾਨਾ ਰਹਿਣ ਨਾ ਪਾਈਆ । ਭਗਤ ਦਵਾਰ ਭਗਵਨ ਲੰਘ, ਗ੍ਰਹਿ ਮੰਦਰ ਖੋਜੇ ਬੇਪਰਵਾਹੀਆ । ਨਾਤਾ ਤੁਟੇ ਜਗਤ ਦੁਹਾਗਣ ਰੰਡ, ਘਰ ਸੁਹਾਗੀ ਕੰਤ ਸੁਹਾਗਣ ਲਏ ਬਣਾਈਆ । ਏਥੇ ਓਥੇ ਆਵਣ ਜਾਵਣ ਲੱਖ ਚੁਰਾਸੀ ਮੁੱਕੇ ਪੰਧ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਚਾਰੇ ਖਾਣੀ ਡੇਰਾ ਦੇਵੇ ਢਾਹੀਆ ।

★ ੩ ਮਾਘ ੨੦੨੦ ਬਿਕਰਮੀ ਜਗੀਰ ਸਿੰਘ ਦੇ ਗ੍ਰਹਿ ਪਿੰਡ ਭੋਲੇ ਕੇ ਜ਼ਿਲਾ ਗੁਰਦਾਸ ਪੁਰ ★

ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਸਚਖੰਡ ਦਵਾਰੇ ਸਾਚਾ ਢੋਲਾ ਗਾਈਆ । ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਬਣਿਆ ਸਾਕ ਸੱਜਣ ਸੈਣ, ਬੇਪਰਵਾਹ ਸਹਿਜ ਸੁਖਦਾਈਆ । ਲੋਕਮਾਤ ਵੇਖਿਆ ਬਿਨ ਅੱਖਾਂ ਨੈਣ, ਨਿਜ ਨੇਤਰ ਨੈਣ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰਬ ਦੇਵੇ ਲਹਿਣਾ ਦੇਣ, ਜੁਗ ਚੌਕੜੀ ਲੇਖ ਚੁਕਾਈਆ । ਭਗਤ ਭਗਵਾਨ ਬਣਾਏ ਸਾਕ ਸੱਜਣ ਸੈਣ, ਸਗਲਾ ਸੰਗ ਆਪ ਨਿਭਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਧਾਮ ਇਕੱਠੇ ਬਹਿਣ, ਭਗਤ ਦਵਾਰਾ ਸੋਭਾ ਪਾਈਆ । ਨਾਮ ਸੰਦੇਸ਼ਾ ਧੁਰ ਦਾ ਰਾਗ ਸ਼ਬਦ ਅਗੰਮੀ ਇਕੋ ਕਹਿਣ, ਤੂੰ ਮੇਰਾ ਮੈਂ ਤੇਰਾ ਸਾਚਾ ਰਾਗ ਨਾਦ ਸੁਣਾਈਆ । ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾਤਾ ਜੁੜਿਆ ਭਾਈ ਭੈਣ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਗੁਰਮੁਖ ਕਦੇ ਨਾ ਵਹਿਣ, ਡੂੰਘੀ ਭਵਰੀ ਭਵਜਲ ਨਾ ਕੋਇ ਭਵਾਈਆ । ਰਸਨਾ ਜਿਹਵਾ ਬੱਤੀ ਦੰਦ ਆਤਮ ਪਰਮਾਤਮ ਨਾਮ ਨਿਧਾਨਾ ਇਕੋ ਕਹਿਣ, ਕਹਿ ਕਹਿ ਆਪਣੇ ਅੰਤਰ ਅਗਨ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਧੁਰ ਦਾ ਵਰ, ਦਰ ਘਰ ਸਾਚਾ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੱਸਣ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਚਾਰ ਜੁਗ ਦੀ ਬੀਤੀ ਕਹਾਣੀ ਦੱਸਣ, ਪੂਰਬ ਲੇਖਾ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਜੋਤੀ ਧਾਰ ਉਠ ਉਠ ਨੱਠਣ, ਪੰਜ ਤਤ ਨਜ਼ਰ ਕੋਇ ਨਾ ਆਈਆ । ਫੇਰਾ ਪਾਵਣ ਉਤਰ ਪੂਰਬ ਪੱਛਮ ਦੱਖਣ, ਪੁਸ਼ਕਰ ਕਰੌਚ ਲੱਖਣ ਵੇਖ ਵਖਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਲੱਖ ਚੁਰਾਸੀ ਵਿਚੋਂ ਜਨ ਭਗਤ ਵਿਰੋਲੇ ਮੱਖਣ, ਨਾਮ ਮਧਾਣਾ ਇਕੋ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਇਕੋ ਨਾਮ ਆਇਆ ਦੱਸਣ, ਆਤਮ ਪਰਮਾਤਮ ਭੇਵ ਅਭੇਦ ਖੁਲ੍ਹਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਹਰਿ ਹਿਰਦੇ ਆਇਆ ਵਸਣ, ਘਟ ਘਟ ਆਪਣਾ ਡੇਰਾ ਲਾਈਆ । ਕਲਜੁਗ ਕੂੜ ਅੰਧੇਰੀ ਰੈਣ ਮੇਟੇ ਮੱਸਣ, ਸਤਿ ਸਤਿ ਸਾਚਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੌਣ ਗੀਤ, ਧੁਰ ਦਾ ਢੋਲਾ ਰਾਗ ਸੁਣਾਈਆ । ਕਰੇ ਖੇਲ ਪ੍ਰਭੂ ਅਣਡੀਠ, ਪਾਰਬ੍ਰਹਮ ਵੱਡੀ ਵਡਿਆਈਆ । ਜਨ ਭਗਤ ਜਣਾਏ ਧੁਰ ਦੀ ਰੀਤ, ਸਾਚੀ ਸਿਖਿਆ ਇਕ ਸਮਝਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਲੇਖ

ਰਿਹਾ ਮੁਕਾਈਆ । ਲਹਿਣਾ ਦੇਣਾ ਚੁੱਕੇ ਹਸਤ ਕੀਟ, ਊਚ ਨੀਚ ਭੇਵ ਨਾ ਕੋਇ ਰਖਾਈਆ । ਨਜ਼ਰੀ ਆਏ ਸ਼ਿਵਦੁਆਲਾ ਮੱਠ ਇਕੋ ਮੰਦਰ ਮਸੀਤ, ਗੁਰੂਦਵਾਰਾ ਇਕੋ ਇਕ ਸਮਝਾਈਆ । ਸ਼ਬਦ ਅਗੰਮੀ ਪੜ੍ਹਾਏ ਸਚ ਹਦੀਸ, ਹਜ਼ਰਤ ਆਪਣਾ ਨਾਮ ਸਮਝਾਈਆ । ਛਤਰ ਝੁੱਲੇ ਪ੍ਰਭ ਸਾਚੇ ਸੀਸ, ਦੋ ਜਹਾਨਾਂ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਦੀ ਚੌਧਵੀਂ ਰਹੀ ਬੀਤ, ਬੀਸ ਬੀਸਾ ਆਪਣਾ ਪੜਦਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਵਾਕ ਭਵਿਖਤ ਕਹਿ ਕਹਿ ਗਏ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲ ਜੈਕਾਰਾ, ਉਚੀ ਕੂਕ ਕੂਕ ਸੁਣਾਈਆ । ਸਚਖੰਡ ਨਿਵਾਸੀ ਏਕੰਕਾਰਾ, ਅਕਲ ਕਲਧਾਰੀ ਖੇਲ ਰਚਾਈਆ । ਸੋ ਪੁਰਖ ਨਿਰੰਜਣ ਖੋਲ੍ਹ ਕਿਵਾੜਾ, ਦਰ ਠਾਂਡੇ ਦਏ ਵਡਿਆਈਆ । ਹਰਿ ਪੁਰਖ ਨਿਰੰਜਣ ਜੋਤੀ ਨੂਰ ਕਰ ਉਜਿਆਰਾ, ਦੀਆ ਬਾਤੀ ਇਕੋ ਡਗਮਗਾਈਆ । ਏਕੰਕਾਰਾ ਕਰ ਪਸਾਰਾ, ਅਕਲ ਕਲਧਾਰੀ ਆਪੇ ਵੇਖ ਵਖਾਈਆ । ਆਦਿ ਨਿਰੰਜਣ ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਬੇਪਰਵਾਹੀਆ । ਅਬਿਨਾਸ਼ੀ ਕਰਤਾ ਸਾਂਝਾ ਯਾਰਾ, ਪਰਵਰਦਿਗਾਰ ਨੂਰ ਇਲਾਹੀਆ । ਸ੍ਰੀ ਭਗਵਾਨ ਪਰਗਟਾਵਣਹਾਰਾ ਆਪਣੀ ਧਾਰਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰਤਾ ਪੁਰਖ ਅਗੰਮ ਅਗੋਚਰ ਅਕਲ ਕਲ ਖੇਲ ਕਰੇ ਨਿਆਰਾ, ਖ਼ਾਲਕ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਰਹੇ ਹੱਸ, ਦਰਗਾਹ ਸਾਚੀ ਵੱਜੇ ਵਧਾਈਆ । ਵੇਖ ਖੇਲ ਪੁਰਖ ਸਮਰਥ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਮਹਿਮਾ ਗਾਈ ਅਕੱਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਸੋ ਸਾਹਿਬ ਸੁਲਤਾਨ ਹੋ ਮਿਹਰਵਾਨ, ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਫੇਰਾ ਪਾਈਆ । ਭਗਤ ਸੁਹੇਲਾ ਇਕ ਅਕੇਲਾ ਸਾਚਾ ਮਾਰਗ ਰਿਹਾ ਦੱਸ, ਦਹਿ ਦਿਸ਼ਾ ਆਪ ਸਮਝਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਰਿਹਾ ਰੱਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਆਪਣੇ ਮਿਲਣ ਦੀ ਦੇਵੇ ਇਕੋ ਅੱਖ, ਨਿਜ ਨੇਤਰ ਨੈਣ ਖੁਲ੍ਹਾਈਆ । ਝੋਲੀ ਪਾਏ ਹਕੀਕਤ ਹੱਕ, ਲਾਸ਼ਰੀਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਵਾਹਵਾ ਤੇਰੀ ਵਡ ਵਡਿਆਈਆ । ਦੋ ਜਹਾਨ ਸ੍ਰੀ ਭਗਵਾਨ ਆਦਿ ਜੁਗਾਦਿ ਮਦਦਗਾਰ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਕਰਤਾਰ, ਕੁਦਰਤ ਕਾਦਰ ਆਪਣਾ ਕਰਮ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖਿਆ ਖੇਲ ਵਿਚ ਸੰਸਾਰ, ਮਹਾਂਸਾਰਥੀ ਆਪਣੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਪੁਕਾਰ, ਇਕੋ ਏਕ ਨਾਮ ਜਣਾਈਆ । ਪੁਰਖ ਅਕਾਲ ਕਿਰਪਾ ਧਾਰ, ਪਰਮ ਪੁਰਖ ਤੇਰੀ ਸਰਨਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਗਿਆ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਹਾਰ, ਹਰਿ ਕੀ ਸਮਝ ਕਿਸੇ ਨਾ ਪਾਈਆ । ਕਾਗ਼ਜ਼

ਕਲਮ ਰੋਵੇ ਜ਼ਾਰੋ ਜ਼ਾਰ, ਛਾਹੀ ਆਪਣਾ ਹਾਲ ਸੁਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਰਨ ਪੁਕਾਰ, ਪਾਰਬ੍ਰਹਮ ਤੇਰੀ ਵਡਿਆਈਆ । ਤੁਧ ਬਿਨ ਦਿਸੇ ਨਾ ਕੋਈ ਸਹਾਰ, ਸਗਲਾ ਸੰਗ ਨਾ ਕੋਇ ਜਣਾਈਆ । ਚਾਰੋਂ ਕੁੰਟ ਧੁਅੰਧਾਰ, ਨਿਰਗੁਣ ਨੂਰ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਘਰ ਸਾਚੇ ਮੇਲ ਮਿਲਾਈਆ । ਦਰ ਘਰ ਸਾਚੇ ਮੇਲ ਮਿਲਾਉਣਾ, ਪਾਰਬ੍ਰਹਮ ਤੇਰੀ ਸਰਨਾਈਆ । ਕਲਜੁਗ ਕੂੜ ਅੰਧੇਰ ਮਿਟੌਣਾ, ਨਿਰਗੁਣ ਨੂਰ ਚੰਦ ਰੁਸ਼ਨਾਈਆ । ਸ੍ਰਿਸ਼ਟ ਸਬਾਈ ਏਕਾ ਮਾਰਗ ਲਾਉਣਾ, ਚਾਰ ਵਰਨ ਪੜ੍ਹਾਈਆ । ਊਚਾਂ ਨੀਚਾਂ ਰਾਉ ਰੰਕਾਂ ਏਕਾ ਘਰ ਵਸੌਣਾ, ਜਾਤ ਪਾਤ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਸਭ ਦਾ ਰੰਗ ਰੰਗੌਣਾ, ਕਾਇਆ ਚੋਲੀ ਰੰਗਣ ਇਕ ਰੰਗਾਈਆ । ਸ਼ਬਦ ਸੰਦੇਸ਼ਾ ਇਕ ਸੁਣੌਣਾ, ਧੁਰ ਦਾ ਨਾਮ ਜਣਾਈਆ । ਜੁਗ ਵਿਛੜਿਆਂ ਜਗ ਮੇਲ ਮਿਲਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਇਕ ਸਮਝਾਈਆ । ਆਪਣਾ ਘਰ ਸਮਝਾ ਠਾਕਰ, ਹੱਥ ਤੇਰੇ ਵਡਿਆਈਆ । ਕਲਜੁਗ ਵੇਖ ਡੂੰਘਾ ਸਾਗਰ, ਡੂੰਘੀ ਭਵਰ ਪਈ ਲੋਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਦੇਵੇ ਆਦਰ, ਸਿਰ ਹੱਥ ਨਾ ਕੋਇ ਟਿਕਾਈਆ । ਏਥੇ ਓਥੇ ਕੋਈ ਨਾ ਕਰੇ ਆਦਲ, ਅਦਾਲਤ ਹੱਕ ਨਾ ਕੋਇ ਵਖਾਈਆ । ਜਗਤ ਖੇਲ ਮਕਤੂਲ ਕਾਤਲ, ਕੂੜੀ ਕਿਰਿਆ ਛੁਰੀ ਹੱਥ ਉਠਾਈਆ । ਜਲਵਾ ਬੁੱਝੇ ਨਾ ਨੂਰ ਬਾਤਨ, ਬੈਤਲ ਧਾਮ ਨਾ ਕੋਇ ਪਰਗਟਾਈਆ । ਪੀਰ ਪੈਗ਼ੰਬਰ ਸਾਰੇ ਆਖਣ, ਸਜਦਾ ਸੀਸ ਨਿਵਾਈਆ । ਤੇਰਾ ਨੂਰ ਤੇਰੀ ਜਾਤਨ, ਅਜਾਤੀ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਨਾਮ ਵੱਜੇ ਵਧਾਈਆ । ਤੇਰਾ ਨਾਮ ਕਲਮਾ ਕਲਾਮ, ਕਾਇਨਾਤ ਆਪ ਜਣਾਈਆ । ਤੇਰਾ ਇਸਮ ਸਚ ਇਸਲਾਮ, ਇਕੋ ਇਕ ਨੂਰ ਖ਼ੁਦਾਈਆ । ਤੇਰਾ ਹੁਕਮ ਧੁਰ ਨਜ਼ਾਮ, ਨੌਬਤ ਤੇਰੇ ਨਾਮ ਵਜਾਈਆ । ਪੀਰ ਪੈਗ਼ੰਬਰ ਤੇਰਾ ਦੇ ਕੇ ਗਏ ਪੈਗ਼ਾਮ, ਧੁਰ ਸੰਦੇਸ਼ਾ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਮਿਲੇ ਮਾਣ ਵਡਿਆਈਆ । ਪੀਰ ਪੈਗ਼ੰਬਰ ਨੌਬਤ ਨਾਮ, ਤੇਰੇ ਨਾਮ ਵਜਾਈਆ । ਗੁਰ ਅਵਤਾਰ ਦੇ ਕੇ ਗਏ ਧਿਆਨ, ਧਿਆਨ ਧਿਆਨ ਵਿਚ ਟਿਕਾਈਆ । ਬੋਧ ਅਗਾਧ ਸ਼ਬਦ ਗਿਆਨ, ਨਿਸ਼ਅੱਖਰ ਅੱਖਰ ਰੂਪ ਸਮਝਾਈਆ । ਘਰ ਮੰਦਰ ਗ੍ਰਿਹ ਖੋਲ੍ਹ ਦੁਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਮਿਲੇ ਸਰਨਾਈਆ । ਦਰ ਤੇਰੇ ਮਿਲੇ ਸਰਨਾਈ, ਸਰਨਗਤ ਇਕੋ ਇਕ ਜਣਾਇੰਦਾ । ਵਰਨ ਬਰਨ ਰਹੇ ਨਾ ਰਾਈ, ਭਾਂਡਾ ਭਰਮ ਭਉ ਭੰਨਾਇੰਦਾ । ਆਤਮ ਪਰਮਾਤਮ ਮੇਲ ਮਿਲਾਉਣਾ ਸਹਿਜ ਸੁਭਾਈਆ । ਦੂਈ ਦਵੈਤੀ ਪੜ੍ਹਦਾ ਲਾਹਿੰਦਾ । ਘਰ ਵਿਚ ਘਰ ਹੋਏ ਰੁਸ਼ਨਾਈ, ਅੰਧ ਅੰਧੇਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਆਸ ਰਖਾਇੰਦਾ । ਦਰ ਤੇਰੇ ਆਸ ਰਖੌਂਦਾ ਏ । ਗੁਰ ਅਵਤਾਰ ਧਿਆਨ ਲਗੌਂਦਾ ਏ । ਪੀਰ ਪੈਗ਼ੰਬਰ ਸੀਸ ਝੁਕੌਂਦਾ ਏ । ਸਤਿਜੁਗ ਤ੍ਰੇਤਾ ਮੰਗ ਮੰਗੌਂਦਾ ਏ । ਦਵਾਪਰ ਕਲਜੁਗ ਝੋਲੀ ਡੌਂਹਦਾ ਏ । ਵਿਸ਼ਨੂੰ ਆਪਣਾ ਹਾਲ ਸੁਣੌਂਦਾ ਏ । ਬ੍ਰਹਮਾ ਨੇਤਰ ਨੈਣਾਂ ਨੀਰ ਵਹੌਂਦਾ ਏ । ਸ਼ੰਕਰ ਹੱਥ ਤਰਸੂਲ ਸੁਟੌਂਦਾ ਏ । ਤ੍ਰੈਗੁਣ ਮਾਇਆ

ਪੱਲੂ ਨਾ ਕੋਇ ਫੜੌਂਦਾ ਏ । ਪੰਜ ਤਤ ਬਿਹਬਲ ਹੋ ਕੁਰਲੌਂਦਾ ਏ । ਪਰਕਿਰਤੀ ਰੰਗ ਨਾ ਕੋਇ ਰੰਗੌਂਦਾ ਏ । ਸੁਰਤੀ ਸ਼ਬਦ ਨਾ ਕੋਇ ਮਿਲੌਂਦਾ ਏ । ਨਾਦ ਤੂਰਤੀ ਨਾ ਕੋਇ ਸੁਣੌਂਦਾ ਏ । ਅਕਾਲ ਮੂਰਤੀ ਨਾ ਕੋਇ ਵਖੌਂਦਾ ਏ । ਤੇਈ ਅਵਤਾਰ ਆਖ ਜਣੌਂਦਾ ਏ । ਭਗਤ ਅਠਾਰਾਂ ਖ਼ਾਕ ਰਲੌਂਦਾ ਏ । ਮੂਸਾ ਮੂੰਹ ਦੇ ਭਾਰ ਸੁਟੌਂਦਾ ਏ । ਈਸਾ ਇਕੋ ਪਿਤਾ ਪੁਰਖ ਅਖਵੌਂਦਾ ਏ । ਮੁਹੰਮਦ ਬੱਤੀ ਦੰਦ ਸਿਫ਼ਤ ਸਲੌਂਹਦਾ ਏ । ਨਾਨਕ ਗੋਬਿੰਦ ਧਾਰ ਜਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮੀ ਵਰ, ਜਿਸ ਦਾ ਭੇਵ ਕੋਇ ਨਾ ਪੌਂਦਾ ਏ । ਅਗੰਮੀ ਵਰ ਇਕ ਦਵੌਂਦਾ ਹਾਂ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰਬ ਲੇਖਾ ਅੰਤ ਮੁਕੌਂਦਾ ਹਾਂ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ, ਜੁਗ ਚੌਕੜੀ ਪਾਰ ਕਰੌਂਦਾ ਹਾਂ । ਸੰਤ ਸੁਹੇਲੇ ਲੱਖ ਚਰਾਸੀ ਵਿਚੋਂ ਚੁਗ, ਨਿਰਗੁਣ ਸਰਗੁਣ ਮੇਲ ਮਿਲੌਂਦਾ ਹਾਂ । ਕਾਇਆ ਮੰਦਰ ਅੰਦਰ ਸੁਹੰਜਣੀ ਹੋਏ ਰੁੱਤ, ਰੁੱਤ ਰੁੱਤੜੀ ਆਪ ਮਹਿਕੌਂਦਾ ਹਾਂ । ਜਨ ਭਗਤਾਂ ਪੰਚ ਵਿਕਾਰਾ ਕੱਢਾਂ ਕੁੱਟ, ਸ਼ਬਦ ਖੰਡਾ ਇਕ ਚਮਕੌਂਦਾ ਹਾਂ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਆਪ ਅਖਵੌਂਦਾ ਹਾਂ । ਸਚ ਦਵਾਰ ਸੁਹਾਇਆ ਕੋਟ, ਬੰਕ ਇਕੋ ਇਕ ਵਖੌਂਦਾ ਹਾਂ । ਲਹਿਣਾ ਚੁਕਾ ਲੋਕ ਪਰਲੋਕ, ਚੌਦਾਂ ਲੋਕਾਂ ਡੇਰਾ ਢੌਂਹਦਾ ਹਾਂ । ਚਰਨਾਂ ਹੇਠ ਦਬਾ ਮੁਕਤੀ ਮੋਖ, ਮੁਫ਼ਤ ਆਪਣਾ ਆਪ ਵਖੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਕੋਲ ਵਸੌਂਦਾ ਹਾਂ । ਹਰਿਜਨ ਸਾਚੇ ਕੋਲ ਵਸਾਵੇਗਾ । ਪ੍ਰਭ ਆਪਣਾ ਢੋਲ ਮਰਦੰਗ ਜਣਾਵੇਗਾ । ਸ਼ਬਦ ਅਗੰਮੀ ਬੋਲ, ਧੁਰ ਦਾ ਰਾਗ ਇਕ ਸੁਣਾਵੇਗਾ । ਆਪਣੇ ਕੰਡੇ ਤੋਲ, ਤਰਾਜ਼ੂ ਆਪਣੇ ਹੱਥ ਉਠਾਵੇਗਾ । ਆਦਿ ਜੁਗਾਦਿ ਰੱਖ ਅਡੋਲ, ਸਿਰ ਆਪਣਾ ਹੱਥ ਟਿਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਵਾਕ ਭਵਿਖਤ ਜੋ ਗਏ ਬੋਲ, ਤਿਸ ਆਪਣਾ ਪੂਰ ਕਰਾਵੇਗਾ । ਸਚ ਦਵਾਰ ਧੁਰ ਦਾ ਖੋਲ੍ਹ, ਹਰਿ ਮਾਰਗ ਇਕ ਲਗਾਵੇਗਾ । ਦੇ ਨਾਮ ਵਸਤ ਅਨਮੋਲ, ਅਨਮੁਲੜੀ ਦਾਤ ਵਰਤਾਵੇਗਾ । ਸੁਰਤੀ ਸ਼ਬਦੀ ਆਪੇ ਮੌਲ, ਮੌਲਾ ਆਪਣੀ ਕਾਰ ਕਮਾਵੇਗਾ । ਨਾਨਕ ਗੋਬਿੰਦ ਕੀਤਾ ਕੌਲ, ਕੀਤਾ ਕੌਲ ਤੋੜ ਨਿਭਾਵੇਗਾ । ਏਥੇ ਓਥੇ ਦੋ ਜਹਾਨ ਤੇਰਾ ਵੱਜੇ ਢੋਲ, ਮਰਦੰਗਾ ਇਕੋ ਇਕ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਿਸ ਵਿਚ ਆਪਣਾ ਰਾਗ ਅਲਾਵੇਗਾ । ਹਰਿ ਆਪਣਾ ਰਾਗ ਅਲਾਵੇਗਾ । ਧੁਰ ਦਾ ਨਾਦ ਇਕ ਵਜਾਵੇਗਾ । ਬਿਨ ਤੰਦ ਸਤਾਰ ਹਿਲਾਵੇਗਾ । ਬੱਤੀ ਦੰਦ ਨਾ ਕੋਇ ਰਖਾਵੇਗਾ । ਰਸਨਾ ਜਿਹਵਾ ਨਾ ਕੋਇ ਅਲਾਵੇਗਾ । ਸ਼ਬਦ ਅਗੰਮੀ ਇਕ ਸੁਣਾਵੇਗਾ । ਕਾਇਆ ਮਾਟੀ ਚੰਮੀ ਵੇਖ ਵਖਾਵੇਗਾ । ਸੁਰਤ ਸਵਾਣੀ ਅੰਨ੍ਹੀ, ਨੇਤਰ ਨੈਣ ਖੁਲ੍ਹਾਵੇਗਾ । ਘਰ ਸਾਚੇ ਬਣਾ ਕੇ ਵੰਨੀ, ਸ਼ਬਦੀ ਕੰਤ ਮੇਲ ਮਿਲਾਵੇਗਾ । ਗਹਿਰ ਗੰਭੀਰ ਦਾਤਾ ਧਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਵੇਗਾ । ਕਰਨੀ ਆਪਣੇ ਹੱਥ ਰਖਾਏਗਾ । ਪ੍ਰਭ ਆਪਣਾ ਖੇਲ ਰਚਾਏਗਾ । ਜੀਵ ਜੰਤ ਸਮਝ ਕੋਇ ਨਾ ਪਾਏਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨੈਣ ਸ਼ਰਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਖੇਲ ਵਖਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਖੇਲ, ਕਲਜੁਗ ਅੰਤ ਵੱਜੀ ਵਧਾਈਆ । ਨਿਰਗੁਣ ਸਰਗੁਣ


੨੩੮ ੧੯

ਸਰਗੁਣ ਨਿਰਗੁਣ ਹੋਇਆ ਮੇਲ, ਘਰ ਮਿਲਿਆ ਬੇਪਰਵਾਹੀਆ । ਏਕਾ ਰੰਗ ਚੜ੍ਹਾਇਆ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਨਜ਼ਰੀ ਆਈਆ । ਸਾਹਿਬ ਸਤਿਗੁਰ ਸੱਜਣ ਸੁਹੇਲ, ਠਾਕਰ ਸਵਾਮੀ ਆਪਣਾ ਦਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਏ ਠਾਕਰ ਸਵਾਮੀ, ਬੇਪਰਵਾਹ ਦਇਆ ਕਮਾਇੰਦਾ । ਬੋਧ ਅਗਾਧ ਅੰਤਰਜਾਮੀ, ਸ਼ਬਦੀ ਨਾਦ ਅਲਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਇੰਦਾ । ਨਾਮ ਸੁਣਾਏ ਅਕੱਥ ਕਹਾਣੀ, ਰਸਨਾ ਜਿਹਵਾ ਭੇਵ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਹਰਿਜਨ ਵਸਾਏ ਘਰ ਸੱਚ, ਸਚ ਮਿਲੇ ਵਡਿਆਈਆ । ਸਾਹਿਬ ਸਤਿਗੁਰ ਮਾਰਗ ਦੱਸ, ਦਹਿ ਦਿਸ਼ਾ ਪੰਧ ਮੁਕਾਈਆ । ਆਤਮ ਪਰਮਾਤਮ ਦੇਵੇ ਰਸ, ਨਿਜ ਰਸ ਇਕ ਚੁਆਈਆ । ਨਿਰਗੁਣ ਨਿਰਵੈਰ ਖੋਲ੍ਹ ਅੱਖ, ਆਖ਼ਰ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰ ਜੋਤ ਪਰਕਾਸ਼, ਪਰਕਾਸ਼ੀ ਆਪਣੇ ਨਾਲ ਮਿਲਾਈਆ । ਜੋਤ ਪਰਕਾਸ਼ ਮਿਲੇ ਪ੍ਰਭ ਠਾਕਰ, ਦਇਆਵਾਨ ਦਇਆ ਕਮਾਈਆ । ਕਲਜੁਗ ਡੂੰਘਾ ਪਾਰ ਕਰਾਏ ਸਾਗਰ, ਭਵਰੀ ਭਵਰ ਨਾ ਕੋਇ ਰੁੜ੍ਹਾਈਆ । ਦਰ ਦਵਾਰੇ ਦੇਵੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਕਿਰਪਾ ਕਰੇ ਕਰੀਮ ਕਾਦਰ, ਕਰਤਾ ਪੁਰਖ ਵਡ ਵਡਿਆਈਆ । ਏਥੇ ਓਥੇ ਬਣ ਕੇ ਸਾਲਸ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਸੰਤ ਸੁਹੇਲੇ ਉਤਮ ਸਰੇਸ਼ਟ ਕੱਢੇ ਖ਼ਾਲਸ, ਖ਼ਾਲਸ ਆਪਣੇ ਨਾਲ ਮਿਲਾਈਆ । ਕੂੜੀ ਕਿਰਿਆ ਮੇਟੇ ਨਿੰਦਰਾ ਆਲਸ, ਦੁੱਖ ਦਲਿਦਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਗੁਰਮੁਖ ਰੰਗ ਵੇਖ ਚੜ੍ਹਦਾ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਭਗਤ ਭਗਵਾਨ ਢੋਲਾ ਪੜ੍ਹਦਾ, ਪੀਰ ਪੈਗ਼ੰਬਰ ਰਹੇ ਜਸ ਗਾਈਆ । ਸੰਤ ਸੱਜਣ ਘਰ ਸੱਚੇ ਵੜਦਾ, ਜਿਸ ਘਰ ਮਿਲੇ ਮਾਣ ਵਡਿਆਈਆ । ਗੁਰਸਿਖ ਇਕੋ ਤਰਨੀ ਤਰਦਾ, ਪਾਰ ਕਿਨਾਰਾ ਨਜ਼ਰੀ ਆਈਆ । ਸਾਹਿਬ ਸਤਿਗੁਰ ਕਿਰਪਾ ਕਰਦਾ, ਮਿਹਰ ਨਜ਼ਰ ਨੈਣ ਉਠਾਈਆ । ਕਲਜੁਗ ਕੂੜਾ ਵੇਖੇ ਡਰਦਾ, ਨੇਤਰ ਨੈਣ ਰਿਹਾ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਉਠਾਏ ਸਤਿਗੁਰ ਮੀਤਾ, ਸਿਰ ਆਪਣਾ ਹੱਥ ਟਿਕਾਈਆ । ਪ੍ਰਭ ਮਿਲਣ ਦੀ ਦੱਸੇ ਰੀਤਾ, ਰੀਤੀਵਾਨ ਆਪ ਜਣਾਈਆ । ਦੇਵੇ ਮਾਣ ਇਕੋ ਅੱਖਰ ਅਠਾਰਾਂ ਧਿਆਏ ਗੀਤਾ, ਗੀਤ ਗੋਬਿੰਦ ਇਕ ਸਮਝਾਈਆ । ਚਰਨ ਕਵਲ ਬੰਧਾਏ ਪ੍ਰੀਤਾ, ਪ੍ਰੀਤੀ ਇਕੋ ਇਕ ਲਗਾਈਆ । ਮਾਣ ਰਖਾਏ ਊਚਾਂ ਨੀਚਾਂ, ਨੀਚਾਂ ਊਚਾਂ ਏਕਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਹਾਸਾ, ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਕਾਲ ਕਲਜੁਗ ਵੇਖੇ ਆਪ ਤਮਾਸ਼ਾ, ਨਿਰਗੁਣ ਆਪਣਾ ਵੇਸ ਵਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੰਡਲ ਮੰਡਪ ਕਾਹਨ ਬਣ ਕੇ ਪਾਵੇ ਰਾਸਾ, ਬਣ ਨਟੂਆ ਆਪਣਾ ਸਾਂਗ ਵਰਤਾਈਆ । ਭੇਵ ਅਭੇਦਾ ਅਛਲ ਅਛੇਦਾ ਚਾਰ ਜੁਗ ਦਾ ਖੋਲ੍ਹੇ ਆਪ ਖ਼ੁਲਾਸਾ, ਖ਼ਾਲਕ ਖ਼ਲਕ ਦਏ ਸਮਝਾਈਆ । ਜਨ ਭਗਤਾਂ ਦੇਵੇ

ਇਕ ਭਰਵਾਸਾ, ਚਰਨ ਕਵਲ ਸੱਚੀ ਸਰਨਾਈਆ । ਸਾਚੇ ਸੰਤਾਂ ਪੂਰੀ ਕਰੇ ਆਸਾ, ਆਸਾ ਤ੍ਰਿਸ਼ਨਾ ਮੇਟ ਮਿਟਾਈਆ । ਗੁਰਮੁਖਾਂ ਕਾਇਆ ਚੋਲੀ ਭਰੇ ਕਾਸਾ, ਨਾਮ ਭੰਡਾਰਾ ਇਕ ਵਰਤਾਈਆ । ਗੁਰਸਿਖਾਂ ਲੇਖੇ ਲਾਏ ਸਵਾਸ ਸਵਾਸਾ, ਪਵਣ ਉਨੰਜਾ ਡੇਰਾ ਢਾਹੀਆ । ਸਰਬ ਜੀਆਂ ਪ੍ਰਭ ਇਕੋ ਦੇਵੇ ਜਾਪਾ, ਆਤਮ ਪਰਮਾਤਮ ਮੇਲ ਮਿਲਾਈਆ । ਮੇਟ ਮਿਟਾਏ ਤੀਨੋਂ ਤਾਪਾ, ਤ੍ਰੈਗੁਣ ਲੇਖਾ ਦਏ ਚੁਕਾਈਆ । ਨਜ਼ਰੀ ਆਏ ਇਕੋ ਮਾਪਾ, ਸੋਹਰਾ ਪੇਈਆ ਇਕੋ ਘਰ ਵਖਾਈਆ । ਨਿਰਗੁਣ ਜੋੜੇ ਨਿਰਗੁਣ ਨਾਤਾ, ਜੋਤੀ ਜੋਤ ਕਰੇ ਕੁੜਮਾਈਆ । ਲੇਖਾ ਜਾਣੇ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤਾਂ ਲੇਖਾ ਲੇਖੇ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤੱਕ, ਬਿਨ ਨੈਣਾਂ ਨੈਣ ਉਠਾਈਆ । ਵੇਖ ਖੇਲ ਪੁਰਖ ਸਮਰਥ, ਇਕ ਦੂਜੇ ਰਹੇ ਸੁਣਾਈਆ । ਵੇਖੇ ਪਿਛਲਾ ਮਿਲਦਾ ਹੱਕ, ਲੇਖਾ ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਾਗੇ ਸਤਿਗੁਰ ਮਿਹਰ, ਪ੍ਰਭ ਮਿਹਰ ਨਜ਼ਰ ਉਠਾਈਆ । ਮਿਹਰਵਾਨ ਨਾ ਲਾਏ ਦੇਰ, ਛਿਨ ਭੰਗਰ ਖੇਲ ਵਖਾਈਆ । ਦੂਈ ਦਵੈਤੀ ਪਰਦਾ ਦਏ ਉਧੇੜ, ਬਜਰ ਕਪਾਟੀ ਤੋੜ ਤੁੜਾਈਆ । ਅੰਧ ਅਗਿਆਨ ਮਿਟਾਏ ਅੰਧੇਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਇਕੋ ਘਰ ਵਖਾਏ ਸੰਝ ਸਵੇਰ, ਸੂਰਜ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਹਰਿਜਨ ਮੇਲਾ ਆਤਮ ਤਾਕ, ਹਰਿ ਪਰਦਾ ਆਪ ਚੁਕਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਦਏ ਰੁਸ਼ਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸ਼ਬਦ ਸੁਨੇਹੜਾ ਜੋ ਗਏ ਆਖ, ਤਿਸ ਆਖਰ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਸਨਾ ਜਿਹਵਾ ਬੋਲਿਆ ਭਵਿਖਤ ਵਾਕ, ਸੋ ਵਾਕਿਆ ਦਏ ਵਖਾਈਆ । ਭਗਤ ਭਗਵਾਨ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਲੇਖਾ ਚੁਕਾ ਜਾਤ ਪਾਤ, ਵਰਨ ਬਰਨ ਪੰਧ ਮੁਕਾਈਆ । ਆਤਮ ਪਰਮਾਤਮ ਦੱਸੇ ਸੱਚਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਰੰਗ ਰੰਗਾਈਆ । ਸੰਤ ਸੁਹੇਲੇ ਰੰਗ ਅਵੱਲਾ, ਸੋ ਪੁਰਖ ਨਿਰੰਜਣ ਆਪ ਚੜ੍ਹਾਈਆ । ਆਦਿ ਜੁਗਾਦੀ ਇਕ ਇਕੱਲਾ, ਕਲਜੁਗ ਅੰਤਮ ਵੇਸ ਵਟਾਈਆ । ਸੰਬਲ ਸੁਹਾਏ ਸਚ ਮਹੱਲਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਦੀਪਕ ਇਕੋ ਬਲਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਸਚ ਸੰਦੇਸ਼ ਸ਼ਬਦੀ ਘੱਲਾ, ਨਾਮ ਨਿਧਾਨਾ ਰਾਗ ਸੁਣਾਈਆ । ਪ੍ਰੇਮ ਪ੍ਰੀਤੀ ਫੜਾਏ ਪੱਲਾ, ਪੱਲੂ ਆਪਣੇ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲੇ ਆਪਣੇ ਘਰ, ਘਰ ਮੰਦਰ ਇਕੋ ਇਕ ਸੁਹਾਈਆ । ਘਰ ਮੰਦਰ ਸੁਹਾਏ ਸੋਭਾਵੰਤ, ਕਾਇਆ ਬੰਕ ਦਏ ਵਡਿਆਈਆ । ਜਿਸ ਗ੍ਰਿਹਿ ਮਿਲੇ ਨਰਾਇਣ ਨਰ ਕੰਤ, ਹਰਿ ਕੰਤੂਲ ਬੇਪਰਵਾਹੀਆ । ਸ਼ਬਦ ਸੁਣਾਏ ਧੁਰ ਦਾ ਮੰਤ, ਮੰਤਵ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਆਪਣਾ ਘਰ, ਜਿਸ ਵੱਜੇ ਸਚ ਵਧਾਈਆ । ਵੱਜੇ ਵਧਾਈ ਘਰ ਸੱਚੇ ਮੰਦਰ, ਹਰਿ ਸਤਿਗੁਰ ਆਪ ਵਜਾਇੰਦਾ । ਹੋਏ ਪਰਕਾਸ਼ ਅੰਦਰੇ ਅੰਦਰ, ਦੀਵਾ ਬਾਤੀ

ਨਜ਼ਰ ਕੋਇ ਨਾ ਆਇੰਦਾ । ਲੇਖਾ ਚੁੱਕੇ ਡੂੰਘੇ ਖੰਡਰ, ਭਵਰੀ ਭੈ ਨਾ ਕੋਇ ਦ੍ਰਿੜਾਇੰਦਾ । ਸਾਹਿਬ ਸਵਾਮੀ ਤੋੜੇ ਜੰਦਰ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਸੇਜ ਸੁਹੰਜਣੀ ਸੁਹਾਏ ਬਣ ਕੇ ਸਾਵਲ ਸੁੰਦਰ, ਮੋਹਣੀ ਆਪਣਾ ਰੂਪ ਵਟਾਇੰਦਾ । ਮਨ ਵਾਸਨਾ ਬੰਨ੍ਹ ਕੇ ਬੰਦਰ, ਗੁਰਮੁਖ ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਘਰ ਵਖਾਇੰਦਾ । ਹਰਿਜਨ ਘਰ ਵਖਾਏ ਇਕ, ਘਰ ਘਰ ਵਿਚ ਮੇਲ ਮਿਲਾਈਆ । ਜਿਸ ਗ੍ਰਿਹਿ ਸਤਿਗੁਰ ਪੂਰਾ ਆਏ ਦਿਸ, ਦੂਜਾ ਨਜ਼ਰ ਕੋਇ ਨਾ ਆਈਆ । ਕਰਵਟ ਲੈ ਬਦਲਾਏ ਪਿੱਠ, ਸਨਮੁਖ ਆਪਣਾ ਮੁਖ ਦਿਖਲਾਈਆ । ਪ੍ਰੇਮ ਪ੍ਰੀਤੀ ਕਰੇ ਹਿਤ, ਹਿਤਕਾਰੀ ਨੂਰ ਅਲਾਹੀਆ । ਖੇਲੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਈਆ । ਬਣ ਕੇ ਠਾਕਰ ਸਵਾਮੀ ਧੁਰ ਦਾ ਪਿਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਂਡੇ ਘਰ ਲਏ ਮਿਲਾਈਆ । ਠਾਂਡੇ ਘਰ ਸੀਤਲ ਧਾਰ, ਸਾਹਿਬ ਸਤਿਗੁਰ ਆਪ ਜਣਾਈਆ । ਆਤਮ ਪਰਮਾਤਮ ਕਰੇ ਪਿਆਰ, ਪਰਮ ਪੁਰਖ ਦਇਆ ਕਮਾਈਆ । ਸੁਰਤੀ ਸ਼ਬਦ ਦੇ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਪਾਰਬ੍ਰਹਮ ਬ੍ਰਹਮ ਖੇਲ ਕਰੇ ਪੁਰਖ ਨਾਰ, ਨਾਰ ਕੰਤ ਰੂਪ ਵਟਾਈਆ । ਸਾਚੀ ਸੇਜਾ ਲਏ ਬਿਠਾਲ, ਆਤਮ ਅੰਤਰ ਇਕ ਪਲੰਘ ਸੁਹਾਈਆ । ਪਾਵਾ ਚੂਲ ਨਜ਼ਰ ਨਾ ਆਵੇ ਵਿਚ ਸੰਸਾਰ, ਬਾਢੀ ਬਣਤ ਨਾ ਕੋਇ ਬਣਾਈਆ । ਜਿਸ ਸਿੰਘਾਸਣ ਬਹਿ ਕਰੇ ਪਿਆਰ, ਸੋ ਆਸਣ ਇਕੋ ਇਕ ਵਖਾਈਆ । ਜਿਸ ਦੀ ਸਿਫ਼ਤ ਕਰੇ ਗੁਰੂ ਅਵਤਾਰ, ਪੀਰ ਪੈਗ਼ੰਬਰ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਘਰ, ਜਿਸ ਘਰ ਹੋਏ ਜੋਤ ਰੁਸ਼ਨਾਈਆ । ਜੋਤ ਰੁਸ਼ਨਾਈ ਦੀਪ ਉਜਾਲਾ, ਘਰ ਇਕੋ ਨਜ਼ਰੀ ਆਇੰਦਾ । ਜਿਸ ਗ੍ਰਿਹਿ ਵਸੇ ਹਰਿ ਗੋਪਾਲਾ, ਗੋਬਿੰਦ ਆਪਣਾ ਖੇਲ ਖਿਲਾਇੰਦਾ । ਜਨ ਭਗਤਾਂ ਪ੍ਰੇਮ ਪ੍ਰੀਤੀ ਪਾਏ ਮਾਲਾ, ਰਸਨਾ ਜਿਹਵਾ ਬੱਤੀ ਦੰਦ ਜਾਪ ਨਾ ਕੋਇ ਜਪਾਇੰਦਾ । ਆਤਮ ਪਰਮਾਤਮ ਮਾਰਗ ਦੇ ਸਚ ਸੁਖਾਲਾ, ਨਾਤਾ ਬਿਧਾਤਾ ਆਪਣੇ ਨਾਲ ਜੁੜਾਇੰਦਾ । ਲੇਖਾ ਚੁੱਕੇ ਕਾਲ ਮਹਾਂਕਾਲਾ, ਮਹਿਬੂਬ ਇਕੋ ਨਜ਼ਰੀ ਆਇੰਦਾ । ਜਨ ਭਗਤਾਂ ਹੋਏ ਹੱਲ ਸਵਾਲਾ, ਫ਼ਿਕਰਾ ਅੱਗੇ ਨਾ ਕੋਇ ਪੜ੍ਹਾਇੰਦਾ । ਇਕੋ ਮੰਦਰ ਇਕੋ ਸ਼ਿਵਦਵਾਲਾ, ਗੁਰੂਦਵਾਰਾ ਮੱਠ ਇਕੋ ਇਕ ਵਖਾਇੰਦਾ । ਇਕੋ ਮੰਦਰ ਮਸੀਤ ਇਕੋ ਚਾੜ੍ਹੇ ਰੰਗ ਗੁਲਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਇਕੋ ਘਰ ਬਹਾਇੰਦਾ । ਹਰਿਜਨ ਬਹਾਏ ਘਰ ਇਕ, ਜਿਸ ਗ੍ਰਿਹਿ ਵੱਡੀ ਵਡਿਆਈਆ । ਜਿਸ ਦਾ ਲੇਖਾ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਲਿਖ, ਲਿਖ ਲਿਖ ਲੋਕਮਾਤ ਸਮਝਾਈਆ । ਬਿਨ ਸੰਤ ਸਤਿਗੁਰ ਕਿਸੇ ਨਾ ਆਏ ਡਿਠ, ਬਿਨ ਭਗਤ ਬਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਲੇਖਾ ਕੋਇ ਰਹਿਣ ਨਾ ਪਾਈਆ । ਗੁਰਮੁਖ ਘਰ ਸਾਚੇ ਬਹਿਣ, ਬਹਿ ਬਹਿ ਖ਼ੁਸ਼ੀ ਮਨਾਈਆ । ਪਰਮ ਪੁਰਖ ਦਾ ਦਰਸ਼ਨ ਨੈਣ, ਨਿਉਂ ਨਿਉਂ ਸੀਸ ਝੁਕਾਈਆ । ਤੂੰਹੀ ਤੂੰਹੀ ਢੋਲਾ ਗਾਇਣ, ਮੈਂ ਮਮਤਾ ਮੂਲ ਮਿਟਾਈਆ । ਸਚ ਦਵਾਰੇ ਸਦਾ ਸਦਾ ਸਦ ਬਹਿਣ, ਬਹਿ ਬਹਿ ਖ਼ੁਸ਼ੀ ਵਖਾਈਆ । ਲੇਖਾ ਚੁੱਕੇ ਅਲਫ਼ ਯੇ ਨਜ਼ਰੀ ਆਏ ਕੋਈ ਨਾ ਐਨ, ਹਮਜ਼ਾ ਰਮਜ਼ ਨਾ ਕੋਇ ਲਗਾਈਆ । ਨਾਤਾ ਤੁਟੇ ਭਾਈ ਭੈਣ, ਸਾਕ ਸੱਜਣ ਸਨਬੰਧ

ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਆਪਣਾ ਦਰ, ਦਰ ਦਰਵਾਜ਼ਾ ਇਕੋ ਇਕ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹ ਯਾਰ, ਮਿਹਬਾਨ ਬੀਦੋ ਮੁਹੱਬਤ ਆਪਣੇ ਨਾਲ ਲਗਾਈਆ । ਸਾਹਿਬ ਸਤਿਗੁਰ ਕਰ ਪਿਆਰ, ਸੋਭਾ ਸੋਹਬਤ ਦੇਵੇ ਮਾਣ ਵਡਿਆਈਆ । ਗ਼ਫ਼ਲਤ ਨਿੰਦਰਾ ਆਲਸ ਕਰ ਕੇ ਪਾਰ, ਖ਼ੁਸ਼ੀਆਂ ਰੰਗ ਇਕ ਚੜ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲ ਗਿਆ ਜਹਾਨ, ਬਿਨ ਰਸਨਾ ਜਿਹਵਾ ਢੋਲਾ ਇਕ ਸੁਣਾਈਆ । ਸਤਿ ਸਤਿਵਾਦੀ ਸਤਿ ਵਖਾਏ ਸਚ ਨਿਸ਼ਾਨ, ਸ਼ਹਿਨਸ਼ਾਹ ਇਕੋ ਇਕ ਝੁਲਾਈਆ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਝੁਕਾਣ, ਵਿਸ਼ਨ ਬ੍ਰਹਮਾ ਸ਼ਿਵ ਧੂੜੀ ਮਸਤਕ ਖ਼ਾਕ ਰਮਾਈਆ । ਸੋ ਦਵਾਰਾ ਮਹਲ ਅਟੱਲ ਉਚ ਮਕਾਨ, ਸਚਖੰਡ ਇਕੋ ਨਜ਼ਰੀ ਆਈਆ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਨਿਰਗੁਣ ਨਿਰਵੈਰ ਜੋਤੀ ਜਾਤਾ ਆਸਣ ਲਾਈਆ । ਜੁਗ ਜੁਗ ਜਨ ਭਗਤਾਂ ਮੇਲੇ ਆਣ, ਨਿਤ ਨਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਘਰ, ਜਿਸ ਘਰ ਵੜਿਆਂ ਦੂਜੀ ਲੋੜ ਰਹੇ ਨਾ ਰਾਈਆ । ਗੁਰਮੁਖ ਵੜੇ ਘਰ ਏਕ, ਏਕੰਕਾਰ ਦਏ ਵਡਿਆਈਆ । ਪੁਰਖ ਅਕਾਲ ਦੀ ਓਥੇ ਟੇਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਘਰ ਦਾ ਪਾਇਆ ਕਿਸੇ ਨਾ ਭੇਤ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਤਿਸ ਮੰਦਰ ਜਨ ਭਗਤ ਕਰਨ ਹੇਤ, ਭਗਵਾਨ ਆਪਣੇ ਰੰਗ ਰੰਗਾਈਆ । ਕਬੀਰ ਜੁਲਾਹੇ ਕਿਹਾ ਵੇਖ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਦੀ ਅਗੰਮੀ ਖੇਡ, ਨਿਰਗੁਣ ਨਿਰਗੁਣ ਰਿਹਾ ਖਿਲਾਈਆ । ਜਿਸ ਧਾਰੋਂ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਸੋ ਧਾਰ ਨੂਰ ਇਲਾਈਆ । ਚੜ੍ਹ ਕੇ ਵੇਖੋ ਧੁਰ ਦੀ ਸੇਜ, ਜੋ ਸ੍ਰੀ ਭਗਵਾਨ ਆਪ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਹੋਏ ਸਹਾਈਆ । ਜਨ ਭਗਤੋ ਭਗਤੀ ਵੇਖੋ ਰੰਗ, ਹਰਿ ਭਗਵਨ ਆਪ ਰੰਗਾਇੰਦਾ । ਕਾਇਆ ਮੰਦਰ ਅੰਦਰ ਦਵਾਰਾ ਵੇਖੋ ਲੰਘ, ਘਰ ਘਰ ਵਿਚ ਸੋਭਾ ਪਾਇੰਦਾ । ਸ਼ਬਦ ਨਾਦ ਸੁਣੋ ਮਰਦੰਗ, ਢੋਲਕ ਛੈਣਾ ਕੰਮ ਕਿਸੇ ਨਾ ਆਇੰਦਾ । ਆਤਮ ਪਰਮਾਤਮ ਮਾਣੋ ਅਨੰਦ, ਰਸਨਾ ਜਿਹਵਾ ਫਿਕਾ ਰਸ ਦੂਰ ਕਰਾਇੰਦਾ । ਨਿਰਗੁਣ ਜੋਤ ਚਾੜ੍ਹੋ ਚੰਦ, ਸੂਰਜ ਚੰਦ ਮੁਖ ਸ਼ਰਮਾਇੰਦਾ । ਮਿਲੋ ਮੇਲ ਸੂਰੇ ਸਰਬੰਗ, ਸੂਰਬੀਰ ਇਕੋ ਨਜ਼ਰੀ ਆਇੰਦਾ । ਲੇਖਾ ਚੁਕੇ ਜਗਤ ਧਾਰਾ ਗੰਗ, ਅੰਮ੍ਰਿਤ ਸਰੋਵਰ ਇਕ ਨੁਹਾਇੰਦਾ । ਲਹਿਣਾ ਦੇਣਾ ਚੁੱਕੇ ਭੁੱਖ ਨੰਗ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜਨਮ ਦੀ ਆਤਮ ਪਰਮਾਤਮ ਵਿਛੜੀ ਟੁੱਟੀ ਲਓ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਗੰਢ ਪਵਾਇੰਦਾ । ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਓ ਸੋਹੰ ਛੰਦ, ਸੋ ਪੁਰਖ ਨਿਰੰਜਣ ਹੰ ਬ੍ਰਹਮ ਬ੍ਰਹਮ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਇੰਦਾ । ਜਨ ਭਗਤੋ ਉਠੋ ਖੋਲ੍ਹੋ ਅੱਖ, ਹਰਿ ਅੱਖਰ ਨਾਮ ਦ੍ਰਿੜਾਈਆ । ਮਿਲੋ ਮੇਲ ਪੁਰਖ ਸਮਰਥ, ਦੂਜੀ ਲੋੜ ਰਹੇ ਨਾ ਰਾਈਆ । ਸ਼ਾਸਤਰ ਸਿਮਰਤ ਜਿਸ ਦੀ ਗੌਂਦੇ ਮਹਿਮਾ ਅਕੱਥ, ਅੰਜੀਲ ਕੁਰਾਨ ਤੀਸ ਬਤੀਸ ਰਹੀ ਸੁਣਾਈਆ । ਸੋ ਦੇਵਣਹਾਰਾ ਧੁਰ ਦਾ ਹੱਕ, ਹਕੀਕਤ ਵੇਖੋ ਥਾਉਂ ਥਾਈਂਆ । ਅੰਦਰ ਵੜ ਪੌੜੇ ਚੜ੍ਹ ਸਚ ਨਜ਼ਾਰਾ ਲਓ ਤੱਕ, ਤਕਵਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਮਿਲਾਈਆ । ਜਨ ਭਗਤੋ ਉਠੋ ਪਕੜੋ ਰਾਹ, ਰਹਿਬਰ ਇਕੋ ਨਜ਼ਰੀ ਆਇੰਦਾ । ਜਿਸ ਨੂੰ ਪੀਰ ਪੈਗ਼ੰਬਰ ਮੰਨਦੇ ਰਹੇ ਨੂਰੀ ਖ਼ੁਦਾ, ਸੋ ਲਾਸ਼ਰੀਕ ਆਪਣਾ ਫੇਰਾ ਪਾਇੰਦਾ । ਹਸਤੀ ਵਜੂਦ ਨਾ ਹੋਏ ਜੁਦਾ, ਜੁਸਤਜੂ ਆਪਣੇ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਮਾਰਗ ਦੱਸੇ ਸਿਧਾ, ਔਝੜ ਰਾਹ ਨਾ ਕੋਇ ਵਖਾਇੰਦਾ । ਘਰ ਠਾਕਰ ਮਿਲਣ ਦੀ ਇਕੋ ਬਿਧਾ, ਬਿਧ ਆਪਣੀ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤਾਂ ਆਪਣੇ ਘਰ ਵਸਾਇੰਦਾ । ਭਗਤ ਵਸੇਰਾ ਠਾਂਡੇ ਦਰਬਾਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਕਿਰਪਾ ਕਰੇ ਕਿਰਪਨ ਕਿਰਪਾ ਧਾਰ, ਹਰਿਜਨ ਸਾਚੇ ਲਏ ਜਗਾਈਆ । ਜਿਸ ਦਾ ਲੇਖਾ ਤਿਸ ਝੋਲੀ ਦੇਵੇ ਡਾਰ, ਜਗਤ ਉਧਾਰ ਨਾ ਕੋਇ ਰਖਾਈਆ । ਜਨ ਭਗਤਾਂ ਸ੍ਰੀ ਭਗਵਾਨ ਸਦਾ ਬਣੇ ਸੇਵਾਦਾਰ, ਚਾਕਰ ਆਪਣਾ ਨਾਉਂ ਧਰਾਈਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਫੜ ਬਾਹੋਂ ਗਲੇ ਲਗਾਈਆ । ਘਰ ਮੰਦਰ ਗ੍ਰਿਹਿ ਪਿਛਲਾ ਦਏ ਵਖਾਲ, ਜਿਸ ਵਿਚੋਂ ਵਿਛੜ ਲੱਖ ਚੁਰਾਸੀ ਵਿਚ ਭਵਾਈਆ । ਕਲਜੁਗ ਅੰਤਮ ਹੋ ਦਿਆਲ, ਗੁਰਮੁਖ ਵੇਖ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਸਚ ਦਵਾਰਾ ਸਚਖੰਡ ਸੱਚੀ ਧਰਮਸਾਲ, ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਮਿਸਲ ਨਜ਼ਰ ਕਿਸੇ ਨਾ ਆਈਆ । ਹਰਿ ਭਗਤ ਭਗਵਾਨ ਓਸ ਧਾਮ ਲਏ ਬਹਾਲ, ਜਿਸ ਘਰ ਵੇਖਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਵੈਰ ਨਿਰਾਕਾਰ ਸਰਗੁਣ ਆਪਣੇ ਲੇਖੇ ਪਾਈਆ ।



★ ੪ ਮਾਘ ੨੦੨੦ ਬਿਕਰਮੀ ਸੋਹਣ ਸਿੰਘ ਦੇ ਗ੍ਰਿਹਿ ਭੋਲੇ ਕੇ ਜ਼ਿਲਾ ਗੁਰਦਾਸ ਪੁਰ ★

ਸ਼ਬਦ ਇਸ਼ਾਰਾ ਦੇ ਭਗਵਾਨ, ਦੋ ਜਹਾਨ ਰਿਹਾ ਵਖਾਈਆ । ਨੇਤਰ ਖੋਲ੍ਹੋ ਨੌਜਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਧਾਰ ਸਮਝਾਈਆ । ਸ੍ਰਿਸ਼ਟ ਸਬਾਈ ਵੇਖੋ ਜਗਤ ਗਿਆਨ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਕਾਗ਼ਜ਼ ਕਲਮ ਛਾਹੀ ਪੜ੍ਹੋ ਬਿਆਨ, ਪੂਰਬ ਲੇਖਾ ਰਿਹਾ ਦ੍ਰਿੜਾਈਆ । ਸਚ ਸੁਚ ਧਰਮ ਵੇਖੋ ਈਮਾਨ, ਸਿਦਕ ਸਬੂਰੀ ਨਜ਼ਰ ਕੋਇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੇਖੋ ਮਕਾਨ, ਸਤਿ ਸੰਤੋਖ ਘਰ ਰੰਗ ਨਾ ਕੋਇ ਰੰਗਾਈਆ । ਅੱਠ ਸੱਠ ਤੀਰਥ ਤੱਟ ਸਰੋਵਰ ਵੇਖੋ ਮਾਰ ਧਿਆਨ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜੀਵ ਜੰਤ ਸਾਧ ਸੰਤ ਸਰਬ ਕੁਰਲਾਣ, ਹਾਹਾਕਾਰ ਕਰੇ ਲੋਕਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਕਰੋੜ ਤੇਤੀਸਾ ਨੇਤਰ ਨੈਣਾਂ ਨੀਰ ਵਹਾਣ, ਛਹਿਬਰ ਇਕੋ ਇਕ ਵਖਾਈਆ । ਈਸਾ ਮੂਸਾ ਮੁਹੰਮਦ ਕਹੇ ਨਾਤਾ ਤੁੱਟਾ ਅੰਜੀਲ ਕੁਰਾਨ, ਕਾਇਆ ਕੁਰਾ ਖੋਜ ਨਾ ਕੋਇ ਖੁਜਾਈਆ । ਸਚ ਮੁਹੱਬਤ ਦਿਸੇ ਨਾ ਕਿਸੇ ਇਸਲਾਮ, ਇਸਮ ਆਜ਼ਮ ਨੂਰ ਨਾ ਕੋਇ ਰੁਸ਼ਨਾਈਆ । ਲੇਖਾ ਜਾਣੇ ਆਪਣਾ ਜੋ ਦੇ ਕੇ ਆਏ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਕਲਜੁਗ ਅੰਤ ਨਵ ਨੌ ਚਾਰ ਦਿਸੇ ਹਰਾਮ, ਸਤਿ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਵੇਖੋ ਅੱਖ ਖੋਲ੍ਹ ਸੰਸਾਰ, ਜਗ ਜੀਵਣ ਦਾਤਾ

ਆਪ ਜਣਾਈਆ । ਸਚ ਸੁਚ ਨਾ ਕੋਇ ਆਧਾਰ, ਕੂੜੀ ਕਿਰਿਆ ਜਗਤ ਕੁੜਮਾਈਆ । ਮਾਤ ਪਿਤ ਪਿਤਾ ਪੂਤ ਨਾ ਕੋਇ ਪਿਆਰ, ਭਈਆ ਭੈਣ ਨਾਤਾ ਨਜ਼ਰ ਕੋਇ ਨਾ ਆਈਆ । ਦਰ ਦਰ ਘਰ ਘਰ ਦਿਸੇ ਵਿਭਚਾਰ, ਨਾਰ ਕੰਤ ਸੁਹਾਗ ਨਾ ਕੋਇ ਹੰਢਾਈਆ । ਸਾਧਾਂ ਸੰਤਾਂ ਅੰਦਰ ਧੂਅੰਧਾਰ, ਨਿਰਮਲ ਜੋਤ ਨਾ ਕੋਇ ਰੁਸ਼ਨਾਈਆ । ਜੀਵਾਂ ਜੰਤਾਂ ਕਾਮ ਕਰੋਧ ਲੋਭ ਮੋਹ ਹੰਕਾਰ, ਗੜ੍ਹ ਝੂਠਾ ਰਿਹਾ ਬਣਾਈਆ । ਏਕੋ ਭੁੱਲਿਆ ਨਰ ਹਰਿ ਨਰਾਇਣ ਕਰਤਾਰ, ਕਰਤਾ ਨਜ਼ਰ ਕਿਸੇ ਨਾ ਆਈਆ । ਚਾਰ ਜੁਗ ਦੀ ਸਿਖਿਆ ਗਈ ਹਾਰ, ਸਾਖੀ ਸਚ ਨਾ ਕੋਇ ਸਮਝਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਮੁਸਾਇਕ ਉਚੀ ਕੂਕਣ ਧਾਹਾਂ ਰਹੇ ਮਾਰ, ਧਰਨਾਪਤ ਮੇਲ ਨਾ ਕੋਇ ਮਿਲਾਈਆ । ਜਗਤ ਅੰਧੇਰਾ ਡੂੰਘੀ ਗਾਰ, ਸਮੁੰਦ ਸਾਗਰ ਪਾਰ ਨਾ ਕੋਇ ਕਰਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਗਏ ਹਾਰ, ਪਾਰਬ੍ਰਹਮ ਪ੍ਰਭ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਰਿਹਾ ਸਮਝਾਈਆ । ਸਾਚਾ ਲੇਖਾ ਵੇਖੇ ਹਾਲ, ਹਾਲਤ ਸਭ ਦੀ ਆਪ ਜਣਾਇੰਦਾ । ਲੱਖ ਚੁਰਾਸੀ ਸਿਰ ਤੇ ਕੂਕੇ ਕਾਲ, ਕਲਜੁਗ ਨਗਾਰਾ ਇਕ ਵਜਾਇੰਦਾ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਸੁਰਤੀ ਸੁਰਤ ਨਾ ਕੋਇ ਭਵਾਇੰਦਾ । ਆਤਮ ਪਰਮਾਤਮ ਕਿਸੇ ਨਾ ਦਿਸੇ ਨਾਲ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਜਣਾਇੰਦਾ । ਅਗਲਾ ਲੇਖਾ ਵੇਖੋ ਨੇਤਰ, ਨਿਰਗੁਣ ਨਿਰੰਕਾਰ ਆਪ ਜਣਾਈਆ । ਜਗਤ ਖ਼ਵਾਰੀ ਕੂੜਾ ਖੇਤਰ, ਸਾਚਾ ਖਾਤਾ ਸਮਝ ਕੋਇ ਨਾ ਪਾਈਆ । ਰੁੱਤ ਬਸੰਤੀ ਕੋਈ ਨਾ ਮੌਲੇ ਚੇਤਰ, ਪਤ ਡਾਲੀ ਨਾ ਕੋਇ ਮਹਿਕਾਈਆ । ਸਭ ਦੇ ਖ਼ਾਲੀ ਕੋਰੇ ਹੋਏ ਪੇਪਰ, ਪਿਛਲਾ ਲੇਖਾ ਨਜ਼ਰ ਕੋਇ ਨਾ ਆਈਆ । ਅੱਗੇ ਹੋ ਕੇ ਸਾਰੇ ਵੇਖਣ, ਉਠ ਉਠ ਆਪਣਾ ਧਿਆਨ ਲਗਾਈਆ । ਪਾਰਬ੍ਰਹਮ ਕੀ ਖੇਲੇ ਖੇਲ ਖੇਲਣ, ਖ਼ਾਲਕ ਖ਼ਲਕ ਵੇਸ ਵਟਾਈਆ । ਨਿਰਗੁਣ ਹੋ ਕੇ ਸਰਗੁਣ ਆਇਆ ਮੇਲਣ, ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਵੇਖਣ ਖ਼ਾਲੀ, ਲੇਖਾ ਨਜ਼ਰ ਕੋਇ ਨਾ ਆਈਆ । ਸਾਰੇ ਕਹਿਣ ਬੁੱਧ ਬਾਲੀ, ਪ੍ਰਭ ਤੇਰੀ ਸਾਰ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਦੇ ਰਹੇ ਦਲਾਲੀ, ਜਗਤ ਵਣਜਾਰਾ ਹੱਟ ਚਲਾਈਆ । ਕਲਜੁਗ ਅੰਤ ਕਰੇ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦੀ ਦੇਵਣਹਾਰਾ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਜਨ ਭਗਤ ਉਠਾਏ ਸਚ ਨਿਸ਼ਾਨੀ, ਨਿਸ਼ਾਨਾ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਕਹਿਣ ਜਨ ਭਗਤ, ਹਰਿ ਭਗਵਨ ਦਏ ਵਡਿਆਈਆ । ਲੇਖੇ ਲੱਗੇ ਬੂੰਦ ਰਕਤ, ਹੱਡ ਮਾਸ ਨਾੜੀ ਖ਼ੁਸ਼ੀ ਮਨਾਈਆ । ਉਤਮ ਕਰੇ ਸ੍ਰੇਸ਼ਟ ਜਗਤ, ਜੁਗਤ ਆਪਣੀ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਮੇਲੇ ਫ਼ਕਤ, ਫ਼ਿਕਰਾ ਆਪਣਾ ਨਾਮ ਸੁਣਾਈਆ । ਨਿਰਗੁਣ ਹੋ ਕੇ ਆਇਆ ਪਰਤ, ਸਰਗੁਣ ਆਪਣਾ ਪਰਦਾ ਲਾਹੀਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਸੰਤ ਸੁਹੇਲੇ ਲਏ ਪਰਖ, ਨਾਮ ਕਸਵਟੀ ਇਕੋ ਲਾਈਆ । ਮੇਲ ਮਿਲਾਏ ਹੋ ਨਧੜਕ, ਭੈ ਭਉ ਨਾ ਕੋਇ ਜਣਾਈਆ । ਗੁਰਸਿਖ ਮੰਜ਼ਲ ਵਿਚ ਨਾ ਜਾਏ ਅਟਕ, ਘਰ ਸਾਚੇ ਲਏ ਬਹਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਝੋਲੀ ਪਾਈਆ । ਵੇਖ ਖੇਲ ਪੁਰਖ ਸਮਰਥ, ਸਭ ਬੈਠਣ ਧਿਆਨ ਲਗਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦਿਤੀ ਅੱਖ, ਸ੍ਰਿਸ਼ਟ ਸਬਾਈ ਪਰਦਾ ਪਾਈਆ । ਲੱਖ ਚੁਰਾਸੀ ਖ਼ਾਲੀ ਹੱਥ, ਚਾਰੋਂ ਕੁੰਟ ਰਿਹਾ ਵਖਾਈਆ । ਗੁਰਮੁਖਾਂ ਦੇ ਅਗੰਮੀ ਵਥ, ਹਰਿਜਨ ਝੋਲੀ ਆਪ ਭਰਾਈਆ । ਸ਼ਬਦ ਚੜ੍ਹਾ ਸਾਚੇ ਰਥ, ਬਣ ਰਥਵਾਹੀ ਸੇਵ ਕਮਾਈਆ । ਵਣਜ ਕਰਾ ਧੁਰ ਦੇ ਹੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਈਆ । ਵੇਖ ਰੰਗ ਪ੍ਰਭੂ ਹਰਿ ਠਾਕਰ, ਗੁਰ ਅਵਤਾਰ ਰਹੇ ਜਸ ਗਾਈਆ । ਕਿਰਪਾ ਕਰੇ ਗੰਭੀਰ ਗਹਿਰ ਗੁਣ ਸਾਗਰ, ਹਰਿ ਦਾਤਾ ਦਇਆ ਕਮਾਈਆ । ਜਨ ਭਗਤ ਉਧਾਰੇ ਨਿਰਮਲ ਕਰਮ ਕਰ ਉਜਾਗਰ, ਉਜਰਤ ਅੰਤ ਕੋਇ ਨਾ ਲਾਈਆ । ਲੇਖਾ ਜਾਣੇ ਤੇਗ਼ ਬਹਾਦਰ, ਸੁਤ ਗੁਜ਼ਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਸੁਤ ਦੁਲਾਰਾ, ਜਨ ਜਨਨੀ ਆਪ ਜਣਾਇੰਦਾ । ਪਰਮ ਪੁਰਖ ਪ੍ਰਭ ਹੋ ਉਜਿਆਰਾ, ਉਜਲ ਮੁਖ ਆਪ ਕਰਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰਾ, ਧੁਰ ਦਾ ਰਾਗ ਸੁਣਾਇੰਦਾ । ਅੰਤਰ ਆਤਮ ਇਕ ਪਿਆਰਾ, ਪਰਮ ਪੁਰਖ ਮੇਲ ਮਿਲਾਇੰਦਾ । ਲੱਖ ਚੁਰਾਸੀ ਪਾਰ ਕਿਨਾਰਾ, ਘਾਟ ਪੱਤਣ ਮਾਹੀ ਇਕ ਜਣਾਇੰਦਾ । ਜਿਸ ਗ੍ਰਿਹਿ ਵਸੇ ਆਪ ਕਰਤਾਰਾ, ਸੋ ਕਾਦਰ ਇਕੋ ਘਰ ਸੋਭਾ ਪਾਇੰਦਾ । ਮਹਲ ਅਟੱਲ ਉਚ ਮਨਾਰਾ, ਦੀਵਾ ਬਾਤੀ ਕਮਲਾਪਾਤੀ ਆਪ ਜਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਕਤੇਬ ਕਹਿ ਕਹਿ ਅੰਤ ਨਾ ਕੋਇ ਸੁਣਾਇੰਦਾ । ਕਰੇ ਕਰਾਏ ਕਰਨੇਹਾਰਾ, ਹਰਿ ਕਰਤਾ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਇਕ ਪਿਆਰਾ, ਚਰਨ ਕਵਲ ਕਵਲ ਚਰਨ ਉਪਰ ਧਵਲ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਵਖਾਇੰਦਾ । ਹਰਿਜਨ ਰੰਗ ਚਾੜ੍ਹ ਅਗੰਮ, ਅੰਤਰ ਆਤਮ ਆਪ ਰੰਗਾਈਆ । ਲੇਖਾ ਚੁੱਕੇ ਮਾਟੀ ਚੰਮ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਭੌ ਜਣਾਏ ਹੰ, ਬ੍ਰਹਮ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਇਕੋ ਦਰ ਵਖਾਈਆ । ਹਰਿਜਨ ਵੇਖ ਦਰ ਨਿਰਾਲਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਜਿਸ ਘਰ ਵਸੇ ਪੁਰਖ ਅਕਾਲਾ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਸੋ ਮੰਦਰ ਸੋਹੇ ਸੱਚੀ ਧਰਮਸਾਲਾ, ਗੁਰੂਦਵਾਰ ਇਕੋ ਨਜ਼ਰੀ ਆਇੰਦਾ । ਜਿਸ ਗ੍ਰਿਹਿ ਪੋਹ ਨਾ ਸਕੇ ਕਾਲ ਮਹਾਂਕਾਲਾ, ਮਹਾਂਬਲੀ ਸਿਰ ਆਪਣਾ ਹੱਥ ਟਿਕਾਇੰਦਾ । ਏਥੇ ਓਥੇ ਦੋ ਜਹਾਨ ਹੋਏ ਰਖਵਾਲਾ, ਰੱਖਕ ਆਪਣੀ ਕਾਰ ਕਮਾਇੰਦਾ । ਸਤਿ ਸਤਿਵਾਦੀ ਇਕੋ ਪਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਜਨ ਭਗਤਾਂ ਮਾਰਗ ਦੇ ਸੁਖਾਲਾ, ਸੁਖ ਸਾਗਰ ਰੂਪ ਵਟਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਣ ਜੁਗਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਇਕੋ ਘਰ ਵਸਾਇੰਦਾ । ਹਰਿਜਨ ਵਸੇ ਘਰ ਇਕ, ਹਰਿ ਇਕੋ ਨਜ਼ਰੀ ਆਈਆ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਮੂਲ ਮੁਕਾਈਆ । ਸਾਹਿਬ ਸਤਿਗੁਰ ਨਜ਼ਰੀ ਪਏ ਦਿਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਮਾਣਸ ਜਨਮ ਲਏ ਜਿਤ, ਅਜਨਮ ਰੂਪ ਨਾ ਕੋਇ ਵਟਾਈਆ । ਠਾਕਰ ਮਿਲੇ ਧੁਰ ਦਾ ਪਿਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਆਤਮ ਪਰਮਾਤਮ ਕਰੇ ਹਿਤ, ਬ੍ਰਹਮ

ਪਾਰਬ੍ਰਹਮ ਸਮਾਈਆ । ਇਕੋ ਇਸ਼ਟ ਵਸੇ ਚਿਤ, ਦ੍ਰਿਸ਼ਟ ਆਪਣੇ ਨਾਲ ਮਿਲਾਈਆ । ਕਰ ਖੇਲ ਸਾਹਿਬ ਅਨਡਿਠ, ਅਨਡਿਠੜਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਭਗਤ ਦਏ ਵਡਿਆਈਆ । ਹਰਿ ਭਗਤ ਵਡਿਆਈ ਭਗਤ ਦਵਾਰ, ਭਗਵਨ ਬੰਕ ਇਕ ਸੁਹਾਇੰਦਾ । ਮਹਲ ਅਟੱਲ ਉਚ ਮਨਾਰ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਨੌ ਦਵਾਰ ਕਰ ਕਰ ਪਾਰ, ਡੂੰਘੀ ਭਵਰੀ ਪੰਧ ਮੁਕਾਇੰਦਾ । ਕੁੰਡਾ ਖਿੜਕੀ ਖੋਲ੍ਹ ਕਰਤਾਰ, ਕਾਇਆ ਕਾਅਬਾ ਇਕ ਪਰਗਟਾਇੰਦਾ । ਸ਼ਬਦ ਨਾਦ ਸੱਚੀ ਧੁਨਕਾਰ, ਅਨਹਦ ਨਾਦੀ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰ, ਸਰ ਸਰੋਵਰ ਝਿਰਨਾ ਇਕ ਝਿਰਾਇੰਦਾ । ਦੀਪ ਅਗੰਮੀ ਦੀਪਕ ਬਾਲ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਸੇਜਾ ਇਕ ਵਖਾਲ, ਹਰਿਜਨ ਸਾਚੇ ਆਪ ਬਹਾਇੰਦਾ । ਸੁਰਤ ਸ਼ਬਦ ਪ੍ਰੀਤੀ ਨਿਭੇ ਨਾਲ, ਪ੍ਰੇਮ ਇਕੋ ਘਰ ਕਰਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਆਪ ਅਲਾਇੰਦਾ । ਧੁਰ ਦਾ ਵੱਜੇ ਅਗੰਮੀ ਤਾਲ, ਜਗਤ ਨਗਾਰਾ ਨਾ ਕੋਇ ਰਖਾਇੰਦਾ । ਘਰ ਸਵਾਮੀ ਵੇਖੇ ਆਣ, ਠਾਕਰ ਇਕੋ ਫੇਰਾ ਪਾਇੰਦਾ । ਜਨ ਭਗਤਾਂ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਸੁਹਾਏ ਸੋਭਾਵੰਤ, ਸੋ ਸਾਹਿਬ ਵਡੀ ਵਡਿਆਈਆ । ਨਾਮ ਜਣਾਏ ਮਹਿਮਾਂ ਅਗਣਤ, ਸ਼ਬਦੀ ਰਾਗ ਅਲਾਈਆ । ਭੇਵ ਚੁਕਾਏ ਸਾਚੇ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਬੋਧ ਅਗਾਧ ਪੜ੍ਹਾਏ ਪੰਡਤ, ਅੱਖਰ ਨਿਸ਼ਅੱਖਰ ਵਿਚੋਂ ਪਰਗਟਾਈਆ । ਦੂਜੇ ਦਰ ਨਾ ਹੋਵੇ ਮੰਗਤ, ਦੇਵਣਹਾਰ ਸਰਬ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਨਾਰ ਕੰਤ, ਰੁੱਤ ਬਸੰਤ ਇਕ ਪਰਗਟਾਈਆ । ਨਾਰ ਕੰਤ ਰੁਤ ਬਸੰਤੀ, ਬਸਨ ਬਨਵਾਰੀ ਆਪ ਕਰਾਇੰਦਾ । ਸਚ ਸੁਚ ਸੁਣਾਏ ਧੁਰ ਦੀ ਪੰਗਤੀ, ਅੱਖਰ ਵੱਖਰ ਆਪ ਪੜ੍ਹਾਇੰਦਾ । ਕੋਈ ਭੇਵ ਨਾ ਪਾਏ ਸ਼ਾਸਤਰ ਸਿਮਰਤ ਵੇਦ ਪੁਰਾਨਾ ਪੰਡਤੀ, ਪਾਂਧਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਹਰਿ ਹਰਿ ਲਾਏ ਆਪਣੇ ਅੰਗਤੀ, ਅੰਗੀਕਾਰ ਏਕੰਕਾਰ ਇਕੋ ਏਕ, ਏਕ ਅਨੇਕ ਨਜ਼ਰੀ ਆਈਆ ।

## ★ ੪ ਮਾਘ ੨੦੨੦ ਬਿਕਰਮੀ ਕਰਤਾਰ ਸਿੰਘ ਦੇ ਗ੍ਰਹਿ ਪਿੰਡ ਵਹੀਲਾ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰਾ, ਆਦਿ ਜੁਗਾਦਿ ਇਕ ਰਖਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਏਕੰਕਾਰਾ ਖੋਲ੍ਹ ਕਿਵਾੜਾ, ਮਹਲ ਅਟੱਲ ਇਕ ਸੁਹਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਸ਼ਾਹ ਪਾਤਸ਼ਾਹ ਵੇਖ ਵਖਾਇੰਦਾ । ਸ੍ਰੀ ਭਗਵਾਨ ਸਚ ਹੁਲਾਰਾ, ਸਤਿ ਸਤਿਵਾਦੀ ਆਪ ਲਗਾਇੰਦਾ । ਪਾਰਬ੍ਰਹਮ ਬੋਲ ਜੈਕਾਰਾ, ਧੁਰ ਦਾ ਨਾਅਰਾ ਇਕ ਸੁਣਾਇੰਦਾ । ਸੱਚਖੰਡ ਦਵਾਰੇ ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਰਾਜਨ ਰਾਜ ਰਾਜਾਨਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਦੂਜਾ ਸੰਗ ਨਾ ਕੋਇ ਰਖਾਇੰਦਾ । ਦੂਜਾ ਸੰਗ ਨਾ ਕੋਇ ਸਾਥ, ਇਕ ਇਕੱਲਾ ਵਡ ਵਡਿਆਈਆ । ਕਰੇ ਖੇਲ ਪੁਰਖ ਸਮਰਾਥ, ਸ਼ਹਿਨਸ਼ਾਹ ਇਕੋ ਇਕ ਨਜ਼ਰੀ ਆਈਆ । ਜੁਗ ਚੌਕੜੀ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਨਿਰਗੁਣ ਸਰਗੁਣ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਸਾਹਿਬ ਆਪ ਸੁਹਾਇਆ । ਆਦਿ ਜੁਗਾਦੀ ਧੁਰ ਦਾ ਕੰਤ, ਨਰ ਨਰਾਇਣ ਡੇਰਾ ਲਾਈਆ । ਸ਼ਬਦ ਅਗੰਮੀ ਮਹਿਮਾ ਅਗਣਤ, ਬੋਧ ਅਗਾਧ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚ ਸਚਖੰਡ ਦਵਾਰਾ, ਘਰ ਸਾਚੇ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰਾ, ਤ੍ਰੈ ਪੰਜ ਮੇਲਾ ਮੇਲ ਮਿਲਾਇੰਦਾ । ਖਾਣੀ ਬਾਣੀ ਬੋਲ ਜੈਕਾਰਾ, ਸ਼ਬਦ ਅਨਾਦੀ ਰਾਗ ਅਲਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਅਕਲ ਕਲਧਾਰੀ ਆਪਣੀ ਕਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਲਗਾਇੰਦਾ । ਸਚ ਦਰਬਾਰ ਸਤਿ ਪੁਰਖ, ਸਤਿ ਸਤਿਵਾਦੀ ਆਪ ਲਗਾਈਆ । ਜੁਗ ਚੌਕੜੀ ਨਾ ਕੋਈ ਸੋਗ ਹਰਖ, ਚਿੰਤਾ ਗ਼ਮ ਨਾ ਕੋਈ ਰਖਾਈਆ । ਨਿਰਵੈਰ ਨਿਰਾਕਾਰ ਅਜੂਨੀ ਰਹਿਤ ਇਕੋ ਨੂਰ ਕਰਾਏ ਦਰਸ, ਆਦਰਸ ਆਦਰਸ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਬੇਅੰਤ ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਵੇਸ ਵਟਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਹੰਢਾਈਆ । ਤੇਈ ਅਵਤਾਰ ਸੇਵਾ ਲਾ, ਸਾਚੀ ਸਿਖਿਆ ਇਕ ਸਮਝਾਈਆ । ਬੋਧ ਅਗਾਧ ਨਾਮ ਦ੍ਰਿੜਾ, ਮੰਤਰ ਇਕੋ ਇਕ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾ, ਦੂਈ ਦਵੈਤੀ ਡੇਰਾ ਢਾਹੀਆ । ਸਾਚਾ ਮੰਦਰ ਇਕ ਸੁਹਾ, ਮਹਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਖੇਲ ਕਰੇ ਹਰਿ ਜਗਤ, ਜਗਜੀਵਨ ਦਾਤਾ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਉਭਾਰੇ ਭਗਤ, ਭਗਵਨ ਆਪਣਾ ਭੇਵ ਚੁਕਾਇੰਦਾ । ਲੇਖੇ ਲਾਏ ਬੂੰਦ ਰਕਤ, ਕਾਇਆ ਮਾਟੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਸਾਚੇ ਘਰ ਖ਼ੁਸ਼ੀ ਕਰੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਪੀਰ ਪੈਗ਼ੰਬਰ ਕਰ ਤਿਆਰ, ਮਸਲਾ ਹੱਕ ਹੱਕ ਸਮਝਾਈਆ । ਲਾਸ਼ਰੀਕ ਪਰਵਰਦਿਗਾਰ, ਸਚ ਤੌਫ਼ੀਕ ਨੂਰ ਇਲਾਹੀਆ । ਮਹਿਬਾਨ ਬੀਦੋ ਸਾਂਝਾ ਯਾਰ, ਨੌਬਤ ਆਪਣੇ ਨਾਮ ਲਗਾਈਆ । ਈਸਾ ਮੂਸਾ ਮੁਹੰਮਦ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਸਾਚਾ ਕਲਮਾ ਧੁਰ ਦੀ ਧਾਰ, ਕਾਇਨਾਤ ਕਰੇ ਪੜ੍ਹਾਈਆ । ਅਲਫ਼ ਯੇ ਕਰ ਪਿਆਰ, ਉਲਫ਼ਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਮੁਕਾਮੇ ਹੱਕ, ਨਿਰਗੁਣ ਨਿਰਵੈਰ ਸੋਭਾ ਪਾਇੰਦਾ । ਜੁਗ ਚੌਕੜੀ ਮਾਰਗ ਦੱਸ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਲੱਖ ਚੁਰਾਸੀ ਹਿਰਦੇ ਵਸ, ਹਰ ਘਟ ਆਪਣਾ ਡੇਰਾ ਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਨੂਰ ਡਗਮਗਾਇੰਦਾ । ਅੰਦਰ ਬਾਹਰ ਦੇਵੇ ਸਾਥ, ਗੁਪਤ ਜਾਹਰ ਸੰਗ ਨਿਭਾਇੰਦਾ ।

ਨਿਜ ਨੇਤਰ ਖੋਲ੍ਹ ਅੱਖ, ਪ੍ਰਤੱਖ ਆਪਣਾ ਰੂਪ ਜਣਾਇੰਦਾ । ਨਿਰਗੁਣ ਹੋ ਚਲਾਏ ਰਥ, ਸਰਗੁਣ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਗੁਰੂ ਗੁਰ ਧਾਰ, ਸਤਿਗੁਰ ਆਪਣੀ ਦਇਆ ਕਮਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਕਰ ਤਿਆਰ, ਗ੍ਰਿਹਿ ਮੰਦਰ ਕਰੇ ਰੁਸ਼ਨਾਈਆ । ਕਾਇਆ ਮਾਟੀ ਖੋਲ੍ਹ ਕਿਵਾੜ, ਸਾਚੀ ਹਾਟੀ ਇਕ ਜਣਾਈਆ । ਬੂੰਦ ਸਵਾਂਤੀ ਠਾਂਡੀ ਠਾਰ, ਅੰਮ੍ਰਿਤ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸਚਖੰਡ ਨਿਵਾਸੀ, ਇਕ ਇਕੱਲਾ ਆਪ ਕਰਾਇੰਦਾ । ਨਿਰਗੁਣ ਨੂਰ ਜੋਤ ਪਰਕਾਸ਼ੀ, ਗੁਰ ਗੁਰ ਆਪਣੀ ਧਾਰ ਸਮਝਾਇੰਦਾ । ਮੰਦਰ ਮੰਡਲ ਮੰਡਪ ਪਾਵੇ ਰਾਸੀ, ਘਰ ਸਾਚਾ ਖੇਲ ਵਖਾਇੰਦਾ । ਉਤਮ ਰੱਖੇ ਆਪਣੀ ਜਾਤੀ, ਅਜਾਤ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਰੂਪ ਵਟਾਇੰਦਾ । ਸਤਿਗੁਰ ਰੂਪ ਰੂਪ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਸ਼ਬਦ ਗੁਰੂ ਗੁਰੂ ਬਲਕਾਰ, ਬਲਧਾਰੀ ਵੇਸ ਵਟਾਈਆ । ਕਾਗਦ ਕਲਮ ਨਾ ਲਿਖਣਹਾਰ, ਸ਼ਾਹੀ ਨੇਤਰ ਰੋ ਰੋ ਨੀਰ ਵਹਾਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਨਾਨਕ ਨਿਰਗੁਣ ਕਰ ਪਿਆਰ, ਸਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੰਡ ਵੰਡਾਈਆ । ਜੁਗ ਚੌਕੜੀ ਵੰਡ ਭਗਵਾਨ, ਹਰਿ ਕਰਤਾ ਆਪ ਕਰਾਇੰਦਾ । ਨਾਨਕ ਨਿਰਗੁਣ ਸ਼ਬਦ ਜਵਾਨ, ਅਗੰਮੀ ਰਾਗ ਸੁਣਾਇੰਦਾ । ਲੇਖਾ ਜਾਣ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਨਾਤਾ ਤੋੜ ਜ਼ਿਮੀ ਅਸਮਾਨ, ਲੋਕ ਪਰਲੋਕ ਡੇਰਾ ਢਾਹਿੰਦਾ । ਸਤਿ ਵਖਾ ਇਕ ਨਿਸ਼ਾਨ, ਸਤਿ ਸਤਿਵਾਦੀ ਆਪਣਾ ਘਰ ਸੁਹਾਇੰਦਾ । ਚਾਰ ਵਰਨਾਂ ਇਕ ਗਿਆਨ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਪੜ੍ਹਾਇੰਦਾ । ਆਤਮ ਪਰਮਾਤਮ ਖੇਲ ਮਹਾਨ, ਮਹਾਨ ਆਤਮਾ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਹੁਕਮ ਵਰਤਾਇੰਦਾ । ਜੁਗ ਚੌਕੜੀ ਹੁਕਮ ਸੰਦੇਸ਼ਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਭੂਪਤ ਭੂਪ ਬਣ ਨਰ ਨਰੇਸ਼ਾ, ਨਰ ਨਿਰੰਕਾਰ ਖੇਲ ਖਿਲਾਈਆ । ਵੇਖੇ ਵਿਗਸੇ ਦੇਸ ਦੇਸਾ, ਬਸੰਤਰ ਆਪਣਾ ਭੇਵ ਚੁਕਾਈਆ । ਬਿਨ ਨੇਤਰ ਲੋਚਣ ਨੈਣ ਪੇਖਾ, ਅੱਖ ਪ੍ਰਤੱਖ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਪਿਛੋਂ ਪੁਰਖ ਅਕਾਲ ਇਕੋ ਗੋਬਿੰਦ ਬਣਾਇਆ ਬੇਟਾ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਆਤਮ ਸਾਚੀ ਸੇਜਾ ਲੇਟਾ, ਸੇਜ ਸੁਹੰਜਣੀ ਦਏ ਵਡਿਆਈਆ । ਏਥੇ ਓਥੇ ਦੋ ਜਹਾਨ ਬਣ ਕੇ ਖੇਵਟ ਖੇਟਾ, ਸਾਚੀ ਨਈਆ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਸਾਚੀ ਕਰਨੀ ਹਰਿ ਕਰਤਾਰ, ਆਦਿ ਜੁਗਾਦਿ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਵੇਖ ਸੰਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਰਸਨਾ ਜਿਹਵਾ ਬੱਤੀ ਦੰਦ ਬੋਲ ਕਲਾਮ, ਕਾਇਨਾਤ ਸਰਬ ਸਮਝਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਇਕ ਅਮਾਮ, ਨੇਤਰ ਨੈਣ ਜਗਤ ਨਜ਼ਰ ਕਿਸੇ ਨਾ ਆਇੰਦਾ । ਸਚ ਸੰਦੇਸ਼ਾ ਦੇ ਪੈਗਾਮ, ਪਰਾ ਪਸੰਤੀ ਮਧਮ ਬੈਖ਼ਰੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ ।

ਜੁਗ ਜੁਗ ਹੁਕਮ ਵਰਤੇ ਭਗਵੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਸੀਸ ਨਿਵਾਉਂਦੇ ਗਏ ਸਾਧ ਸੰਤ, ਭਗਤ ਭਗਵਾਨ ਧਿਆਨ ਲਗਾਈਆ । ਗੁਰ ਅਵਤਾਰ ਦੱਸਦੇ ਗਏ ਮਣੀਆਂ ਮੰਤ, ਮੰਤਰ ਇਕੋ ਨਾਮ ਸਮਝਾਈਆ । ਉਚੀ ਕੂਕ ਜਣਾਉਂਦੇ ਗਏ ਪ੍ਰਭੂ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚੇ ਨਿਰੰਕਾਰ, ਲੱਖ ਚੁਰਾਸੀ ਵੰਡ ਵੰਡਾਈਆ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਮੇਲ ਮਿਲਾਈਆ । ਨਾਤਾ ਜੋੜ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋੜ ਜੁੜਾਈਆ । ਸੰਦੇਸਾ ਦੇਂਦੇ ਗਏ ਵਾਰੋ ਵਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਵਖਾਈਆ । ਖਾਣੀ ਬਾਣੀ ਬੋਲ ਜੈਕਾਰ, ਧੁਰ ਦੀ ਧਾਰ ਇਕ ਪਰਗਟਾਈਆ । ਆਤਮ ਪਰਮਾਤਮ ਕਰੋ ਪਿਆਰ, ਜੀਵ ਜੰਤ ਇਕ ਜਣਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚ ਕਰਤਾਰ, ਹਰਿ ਕਰਤਾ ਵੇਖ ਵਖਾਇੰਦਾ । ਮਾਰਗ ਦੱਸ ਦੱਸ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਰਹਿਬਰ ਇਕੋ ਇਕ ਨਜ਼ਰੀ ਆਇੰਦਾ । ਕਲਜੁਗ ਅੰਤ ਚਾਰੋਂ ਕੁੰਟ ਹੋਇਆ ਧੁਅੰਧਾਰ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਕਿਸੇ ਮਿਲੇ ਨਾ ਮੀਤ ਮੁਰਾਰ, ਘਰ ਸੱਜਣ ਸੰਗ ਨਾ ਕੋਇ ਰਖਾਇੰਦਾ । ਸ੍ਰਿਸ਼ਟ ਸੁਬਾਈ ਨੇਤਰ ਰੋਵੇ ਜਾਰੋ ਜਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਜਣਾਇੰਦਾ । ਸਾਚਾ ਵੇਸ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਜੁਗ ਚੌਕੜੀ ਜੋ ਦੱਸਿਆ ਜਾਪ, ਕਲਜੁਗ ਜੀਵ ਗਏ ਭੁਲਾਈਆ । ਘਰ ਘਰ ਗ੍ਰਿਹਿ ਗ੍ਰਿਹਿ ਦਰ ਦਰ ਤ੍ਰੈਗੁਣ ਮਾਇਆ ਚੜ੍ਹਿਆ ਤਾਪ, ਤ੍ਰੈਗੁਣ ਅਗਨੀ ਰਹੀ ਜਲਾਈਆ । ਜੂਠਾ ਝੂਠਾ ਨਾਤਾ ਜੁੜਿਆ ਸੱਜਣ ਸਾਕ, ਸਤਿਗੁਰ ਸੱਜਣ ਮੇਲ ਨਾ ਕੋਇ ਮਿਲਾਈਆ । ਆਤਮ ਪਰਮਾਤਮ ਹੋਈ ਕਿਸੇ ਨਾ ਪਾਕ, ਪਤਿਤ ਪੁਨੀਤ ਰੂਪ ਨਾ ਕੋਇ ਵਟਾਈਆ । ਕਾਇਆ ਮੰਦਰ ਖੋਲ੍ਹੇ ਕੋਈ ਨਾ ਤਾਕ, ਬਜਰ ਕਪਾਟੀ ਤੋੜ ਨਾ ਕੋਇ ਤੁੜਾਈਆ । ਅੰਮ੍ਰਿਤ ਪੀਵੇ ਨਾ ਕੋਈ ਬੂੰਦ ਸਵਾਂਤ, ਅਠਸਠ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖੇ ਬੇਪਰਵਾਹੀਆ । ਨਿਰਗੁਣ ਵੇਖੇ ਹਰਿ ਦਾਤਾਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਅੰਤਰ ਆਤਮ ਨਾ ਕਿਸੇ ਪਿਆਰ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਰਸਨਾ ਗਾਵੇ ਸਰਬ ਸੰਸਾਰ, ਬੱਤੀ ਦੰਦ ਢੋਲਾ ਲਾਇੰਦਾ । ਮੰਦਰ ਵੜ ਕਰੇ ਨਾ ਕੋਈ ਦੀਦਾਰ, ਦਰਸ ਦੀਦ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਚਾਰ ਖਾਣੀ, ਚਾਰੋਂ ਕੁੰਟ ਧਿਆਨ ਲਗਾਈਆ । ਚੌਥੇ ਜੁਗ ਆਈ ਹਾਨੀ, ਸਾਚਾ ਸੰਗ ਨਾ ਕੋਇ ਨਿਭਾਈਆ । ਅੰਮ੍ਰਿਤ ਮਿਲੇ ਨਾ ਕਿਸੇ ਪਾਣੀ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਪਾਏ ਕੋਇ ਨਾ ਪਦ ਨਿਰਬਾਣੀ, ਨਿਰਬਾਣ ਪਦ ਆਸਣ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਆ । ਲੇਖਾ ਵੇਖੇ ਥਾਨ ਥਨੰਤਰ, ਦਹਿ ਦਿਸ਼ਾ ਫੋਲ ਫੁਲਾਇੰਦਾ । ਕਲਜੁਗ ਮਾਇਆ ਲੱਗੀ ਬਸੰਤਰ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਫਿਰੀ ਦਰੋਹੀ ਗਗਨ ਗਗਨੰਤਰ, ਲੋਕ ਪਰਲੋਕ ਸਰਬ ਕੁਰਲਾਇੰਦਾ ।

ਗੁਰ ਕਾ ਭੁੱਲਿਆ ਸਭ ਨੇ ਮੰਤਰ, ਮੰਤਵ ਹੱਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਲੱਖ ਚੁਰਾਸੀ ਵੇਖੇ ਏਕ, ਏਕੰਕਾਰ ਵੱਡੀ ਵਡਿਆਈਆ । ਪੁਰਖ ਅਕਾਲ ਦੀ ਸਭ ਨੂੰ ਭੁੱਲੀ ਟੇਕ, ਗੋਬਿੰਦ ਲੇਖਾ ਗਏ ਭੁਲਾਈਆ । ਚਾਰੋਂ ਕੁੰਟ ਵਧਿਆ ਭੇਖ, ਕੂੜੀ ਕਿਰਿਆ ਹੋਈ ਹਲਕਾਈਆ । ਨਿਰਗੁਣ ਸਰਗੁਣ ਕੋਈ ਨਾ ਲਏ ਚੇਤ, ਚੇਤਨ ਸੁਰਤੀ ਨਾ ਕੋਇ ਬਣਾਈਆ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਨਿਜ ਨੇਤਰ ਦਰਸ਼ਨ ਕੋਈ ਨਾ ਲਏ ਪੇਖ, ਦੋਏ ਲੋਚਣ ਜਗਤ ਵੇਖ ਵੇਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਬੈਠਾ ਖੇਲ ਰਚਾਈਆ । ਸਚਖੰਡ ਦੁਆਰੇ ਸੱਚਾ ਸ਼ਹਿਨਸ਼ਾਹ, ਹਰਿ ਸਤਿਗੁਰ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾ, ਸ਼ਬਦ ਸੁਨੇਹੜਾ ਇਕ ਜਣਾਇੰਦਾ । ਲੋਕਮਾਤ ਵੇਖੋ ਤੱਕੋ ਰਾਹ, ਦਹਿ ਦਿਸ਼ਾ ਪਰਦਾ ਲਾਹਿੰਦਾ । ਕਲਮਾ ਨਬੀ ਰਸੂਲ ਜੋ ਆਏ ਪੜ੍ਹਾ, ਕਾਗ਼ਦ ਕਲਮ ਨੇਤਰ ਨੈਣਾਂ ਨੀਰ ਵਹਾਇੰਦਾ । ਮੰਤਰ ਸਤਿ ਸਤਿ ਜੋ ਆਏ ਦ੍ਰਿੜਾ, ਨਾਮ ਰੰਗ ਰੰਗ ਨਾ ਕੋਇ ਰੰਗਾਇੰਦਾ । ਜੀਵ ਜੰਤ ਹੋਏ ਬੇਵਫ਼ਾ, ਸਫਾ ਸਭ ਦੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਅੱਖ, ਲੋਕਮਾਤ ਧਿਆਨ ਲਗਾਈਆ । ਸਭ ਦੇ ਭਾਂਡੇ ਦਿਸਣ ਸੱਖ, ਕਾਇਆ ਮਾਟੀ ਕੂੜੀ ਪੋਚ ਪੋਚਾਈਆ । ਕਿਸੇ ਗ੍ਰਿਹਿ ਮਿਲੇ ਨਾ ਪੁਰਖ ਸਮਰਥ, ਸਤਿਗੁਰ ਨਜ਼ਰ ਕਿਸੇ ਨਾ ਆਈਆ । ਜਗਤ ਮਨਾਰੇ ਰਹੇ ਢੱਠ, ਸਾਢੇ ਤਿੰਨ ਹੱਥ ਮਾਟੀ ਖ਼ਾਕ ਮਿਲਾਈਆ । ਕੋਈ ਨਾ ਵਿਕੇ ਸਾਚੇ ਹੱਟ, ਬਿਨ ਸਤਿਗੁਰ ਕੀਮਤ ਹੱਟ ਨਾ ਕੋਇ ਵਕਾਈਆ । ਦੂਈ ਦਵੈਤੀ ਲੱਗਾ ਫੱਟ, ਜਾਤ ਪਾਤ ਕਰੇ ਲੜਾਈਆ । ਊਚ ਨੀਚ ਇਕ ਦੂਜੇ ਨੂੰ ਰਹੇ ਦੱਸ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਹਰ ਘਟ ਅੰਦਰ ਹਰਿ ਜੂ ਰਿਹਾ ਵਸ, ਨਿਰਗੁਣ ਆਪਣਾ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਕਹਿਣ ਦੇ ਪ੍ਰਭ ਹੱਕ, ਹਕੀਕਤ ਤੇਰੀ ਝੋਲੀ ਪਾਈਆ । ਸਦੀ ਚੌਧਵੀਂ ਸਾਰੇ ਗਏ ਥੱਕ, ਚੌਦਾਂ ਤਬਕ ਬਣ ਬਣ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਿਸ ਮਿਲੇ ਨਾਮ ਵਡਿਆਈਆ । ਪੀਰ ਪੈਗ਼ੰਬਰ ਰਹੇ ਬੋਲ, ਉਚੀ ਕੂਕ ਕੂਕ ਸੁਣਾਈਆ । ਤੁਧ ਬਿਨ ਤੋਲੇ ਨਾ ਕੋਇ ਤੋਲ, ਤਰਾਜ਼ੂ ਹੱਥ ਨਾ ਕੋਇ ਰਖਾਈਆ । ਤੇਰੇ ਨਾਮ ਦਾ ਵਜਾ ਕੇ ਆਏ ਢੋਲ, ਕਲਮਾ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਸਦ ਭਾਣੇ ਲਏ ਚਲਾਈਆ । ਪੀਰ ਪੈਗ਼ੰਬਰ ਮਾਰਨ ਧਾਹ, ਨਾਅਰਾ ਇਕੋ ਇਕ ਜਣਾਈਆ । ਪਰਵਰਦਿਗਾਰ ਸਚ ਖ਼ੁਦਾ, ਰਹਿਮਤ ਤੇਰੀ ਨਜ਼ਰੀ ਆਈਆ । ਚੌਦਾਂ ਲੋਕ ਚੌਦਾਂ ਤਬਕ ਤੱਕਣ ਤੇਰਾ ਰਾਹ, ਬੇਨਜ਼ੀਰ ਨਜ਼ਰ ਉਠਾਈਆ । ਗੁਰ ਅਵਤਾਰ ਸਾਰੇ ਆਏ ਲਿਖਾ, ਕਲਜੁਗ ਅੰਤਮ ਆਵੇ ਬੇਪਰਵਾਹੀਆ । ਕਲ ਕਲਕੀ ਵੇਸ ਵਟਾ, ਜੋਤੀ ਜੋਤ ਨੂਰ ਰੁਸ਼ਨਾਈਆ । ਸ਼ਬਦੀ ਡੰਕ ਦਏ ਵਜਾ, ਸੰਬਲ ਇਕੋ ਡੇਰਾ ਲਾਈਆ । ਜੁਗ ਚੌਕੜੀ ਪੂਰਬ ਲਹਿਣਾ ਦਏ ਮੁਕਾ, ਲੇਖਾ ਵੇਖੇ ਥਾਉਂ ਥਾਈਂਆ । ਸ੍ਰਿਸ਼ਟ ਸਬਾਈ ਦੱਸੇ ਇਕੋ ਰਾਹ, ਰਹਿਬਰ ਬਣੇ ਨੂਰ ਇਲਾਹੀਆ । ਮੱਕਾ ਕਾਅਬਾ ਡੇਰਾ ਢਾਹ, ਮਕਤਬ ਇਕੋ ਇਕ ਖੁਲ੍ਹਾਈਆ । ਸਾਚੀ ਸਿਖਿਆ ਦਏ ਸਮਝਾ, ਸਬਕ ਆਪਣੇ ਨਾਮ ਪੜ੍ਹਾਈਆ । ਆਖਰ ਮੇਲਾ ਲਏ ਮਿਲਾ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਪੀਰ ਪੈਗ਼ੰਬਰ ਦੱਸਣ ਹਾਲ, ਹਾਲਤ ਆਪਣੀ ਰਹੇ ਜਣਾਈਆ । ਪਰਵਰਦਿਗਾਰ ਮੰਨ ਸੁਆਲ, ਸਾਹਿਬ ਤੇਰੇ ਹੱਥ ਤੇਰੀ ਵਡਿਆਈਆ । ਸਦੀ ਚੌਧਵੀਂ ਪੂਰੀ ਹੋਈ ਘਾਲ, ਕੀਤੀ ਘਾਲ ਲੇਖੇ ਪਾਈਆ । ਚਾਰੋਂ ਕੁੰਟ ਦਿਸੇ ਜਵਾਲ, ਜ਼ੇਰ ਜ਼ਬਰ ਨਾ ਕੋਇ ਸੁਹਾਈਆ । ਤੇਰੇ ਹੱਥ ਕਾਲ ਮਹਾਂਕਾਲ, ਬੇਮਿਸਾਲ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮਾ ਵਰ, ਜਿਸ ਵਿਚ ਤੋਟ ਰਹੇ ਨਾ ਰਾਈਆ । ਪਰਵਰਦਿਗਾਰ ਸਾਚਾ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਪੀਰ ਪੈਗ਼ੰਬਰ ਪੜ੍ਹੇ ਇਹ ਹਦੀਸ, ਹਜ਼ਰਤ ਕਲਮਾ ਇਕ ਸਮਝਾਇੰਦਾ । ਲੱਖ ਚੁਰਾਸੀ ਬਦਲੀ ਨੀਤ, ਨੀਤੀਵਾਨ ਵੇਖ ਵਖਾਇੰਦਾ । ਸਚਖੰਡ ਦਵਾਰ ਗੁਰ ਅਵਤਾਰ ਸਾਰੇ ਗੌਣ ਇਕੋ ਗੀਤ, ਦੂਜਾ ਰਾਗ ਨਾ ਕੋਇ ਅਲਾਇੰਦਾ । ਨਾਤਾ ਤੁੱਟੇ ਮੰਦਰ ਮਸੀਤ, ਠਾਕਰ ਦੁਆਰ ਇਕੋ ਇਕ ਸਮਝਾਇੰਦਾ । ਪ੍ਰਭ ਦਾ ਖੇਲ ਸਦਾ ਅਣਡੀਠ, ਬਿਨ ਸਤਿਗੁਰ ਕਿਰਪਾ ਨਜ਼ਰ ਕਿਸੇ ਨਾ ਆਇੰਦਾ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਮੰਗ ਮੰਗਾਇੰਦਾ । ਲੇਖਾ ਚੁਕੇ ਊਚ ਨੀਚ, ਨੀਚ ਊਚ ਤੇਰਾ ਰੂਪ ਨਜ਼ਰੀ ਆਇੰਦਾ । ਮਿਲੇ ਮਾਣ ਹਸਤ ਕੀਟ, ਕੀਟ ਹਸਤ ਤੇਰੇ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਇਕ ਸਮਝਾਇੰਦਾ । ਧੁਰ ਦਾ ਲੇਖਾ ਹਰਿ ਸਮਝਾਉਂਦਾ ਏ । ਪਤਿਪਰਮੇਸ਼ਵਰ ਦਇਆ ਕਮਾਉਂਦਾ ਏ । ਪਰਵਰਦਿਗਾਰ ਖੇਲ ਰਚਾਉਂਦਾ ਏ । ਸਚ ਤੌਫ਼ੀਕ ਇਕ ਦਰਸਾਉਂਦਾ ਏ । ਬਣ ਰਫ਼ੀਕ ਵੇਖ ਵਖਾਉਂਦਾ ਏ । ਹੱਕ ਹਕੀਕ ਹਕੀਕਤ ਵਿਚੋਂ ਪਰਗਟਾਉਂਦਾ ਏ । ਦੂਰ ਦੁਰਾਡਾ ਆ ਨਜ਼ਦੀਕ, ਨੇਰਨ ਨੇਰਾ ਖੇਲ ਖਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰ ਲੇਖਾ ਮੂਲ ਚੁਕਾਉਂਦਾ ਏ । ਪੀਰ ਪੈਗ਼ੰਬਰ ਲੇਖਾ ਮੂਲ ਚੁਕਾਵਾਂਗਾ । ਪਰਵਰਦਿਗਾਰ ਹੋ ਕੇ ਖੇਲ ਖਿਲਾਵਾਂਗਾ । ਮੁਰੀਦ ਮੁਰਸ਼ਦ ਵੇਖ ਵਖਾਵਾਂਗਾ । ਦੀਦ ਈਦ ਚੰਦ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਮਾਰਗ ਇਕ ਸਮਝਾਵਾਂਗਾ । ਸੱਚਾ ਮਾਰਗ ਇਕ ਲਗਾਏਗਾ । ਪ੍ਰਭ ਆਪਣਾ ਖੇਲ ਵਖਾਏਗਾ । ਲੱਖ ਚੁਰਾਸੀ ਰੰਗ ਰੰਗਾਏਗਾ । ਭਗਤ ਸੁਹੇਲੇ ਮੇਲ ਮਿਲਾਏਗਾ । ਗੁਰ ਚੇਲੇ ਜੋੜ ਜੁੜਾਏਗਾ । ਮੁਰੀਦ ਮੁਰਸ਼ਦ ਅੰਗ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਕਾਰ ਕਮਾਵੇਗਾ । ਸਦੀ ਚੌਧਵੀਂ ਪੰਧ ਮੁਕਾਵੇਗਾ । ਬੀਸ ਬੀਸਾ ਲੇਖੇ ਲਾਵੇਗਾ । ਜਗਤ ਜਗਦੀਸ਼ਾ ਵੇਸ ਵਟਾਵੇਗਾ । ਰਾਜ ਰਾਜਾਨਾ ਸ਼ਾਹ ਸੁਲਤਾਨਾ ਖ਼ਾਲੀ ਕਰੇ ਖ਼ੀਸਾ, ਸੀਸ ਤਾਜ ਨਾ ਕੋਇ ਟਿਕਾਵੇਗਾ । ਨੌ ਖੰਡ ਪ੍ਰਿਥਮੀ ਸਤ ਦੀਪ ਬ੍ਰਹਿਮੰਡ ਖੰਡ ਦੇਵੇ ਇਕ ਹਦੀਸਾ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਵੇਗਾ । ਪਿਛਲਾ ਲੇਖਾ ਸਭ ਦਾ ਬੀਤਾ, ਅੱਗੇ ਮਾਰਗ ਇਕ ਰਖਾਵੇਗਾ । ਜਨ ਭਗਤਾਂ ਕਰੇ ਰੀਝਾਂ, ਮੁਖ ਮੁੱਖੜਾ ਆਪ ਧੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਆਪ ਕਰਾਏਗਾ । ਪੁਰਖ ਅਬਿਨਾਸ਼ੀ ਖੇਲ ਰਚਾਏਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਏਗਾ । ਜੂਠ ਝੂਠ ਸ਼ੌਹ ਦਰਿਆ ਰੁੜ੍ਹਾਏਗਾ । ਸਚ ਸੁਚ ਇਕ ਸਮਝਾਏਗਾ । ਜੀਵ ਜੰਤ ਆਪ ਉਠਾਏਗਾ । ਸਾਧ ਸੰਤ ਮੇਲ ਮਿਲਾਏਗਾ । ਸੁਰਤ ਸ਼ਬਦ ਨਾਰ ਕੰਤ ਰੂਪ ਵਖਾਏਗਾ ।

ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਬਦਲਾਏਗਾ । ਸਾਚੀ ਧਾਰ ਪ੍ਰਭੂ ਬਦਲਾਵੇਗਾ । ਬਣ ਕੇ ਅਦਲੀ ਅਦਲ ਕਮਾਵੇਗਾ । ਕਲਜੁਗ ਮੰਜ਼ਲ ਪੰਧ ਮੁਕਾਵੇਗਾ । ਹਰ ਦਿਲ ਇਕੋ ਨਜ਼ਰੀ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਹਿਬਰ ਇਕ ਅਖਵਾਵੇਗਾ । ਸਾਚਾ ਰਹਿਬਰ ਇਕ ਅਖਵਾਏਗਾ । ਪੁਰਖ ਅਕਾਲ ਨਾਉਂ ਧਰਾਏਗਾ । ਅਮਾਮ ਅਮਾਮਾਂ ਸਿਰ ਨਾਉਂ ਰਖਾਏਗਾ । ਸਚ ਕਲਾਮ ਇਕ ਪੜ੍ਹਾਏਗਾ । ਮੰਤਰ ਇਕੋ ਇਕ ਜਣਾਏਗਾ । ਚਾਰ ਵਰਨ ਜੋੜ ਜੁੜਾਏਗਾ । ਬਰਨ ਅਠਾਰਾਂ ਡੇਰਾ ਢਾਹੇਗਾ । ਚਾਰੇ ਖਾਣੀ ਵੇਖ ਵਖਾਏਗਾ । ਚਾਰੇ ਬਾਣੀ ਭੇਵ ਖੁਲ੍ਹਾਏਗਾ । ਚਾਰੇ ਜੁਗ ਪੰਧ ਮੁਕਾਏਗਾ । ਚਾਰ ਵਰਨਾਂ ਗਲੇ ਲਗਾਏਗਾ । ਸਾਚੀ ਸਰਨਾ ਇਕ ਸਮਝਾਏਗਾ । ਤਰਨੀ ਤਰਨਾ ਫੇਰਾ ਪਾਏਗਾ । ਹਰਨਾ ਫਰਨਾ ਨੈਣ ਖੁਲਾਏਗਾ । ਮਰਨਾ ਡਰਨਾ ਡੇਰਾ ਢਾਹੇਗਾ । ਘਰ ਸਾਚੇ ਵੜਨਾ, ਇਕੋ ਰਾਹ ਵਖਾਏਗਾ । ਭਗਤ ਭਗਵਾਨ ਢੋਲਾ ਪੜ੍ਹਨਾ, ਸਾਚਾ ਰਾਗ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਲੇਖੇ ਲਾਏਗਾ । ਸਾਚਾ ਲੇਖਾ ਲੇਖੇ ਲਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰ ਖ਼ੁਸ਼ੀ ਮਨਾਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਰਾਗ ਅਲਾਵੇਗਾ । ਸ੍ਰੀ ਭਗਵਾਨ ਸੋਭਾ ਪਾਵੇਗਾ । ਪਾਰਬ੍ਰਹਮ ਪਰਦਾ ਆਪ ਉਠਾਵੇਗਾ । ਬ੍ਰਹਮ ਵੇਤਾ ਹੋ ਕੇ ਖੇਲ ਖਿਲਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦਾ ਯਾਦ ਕਰਾਏ ਚੇਤਾ, ਅਭੁੱਲ ਭੁੱਲ ਕਦੇ ਨਾ ਜਾਵੇਗਾ । ਪੁਰਖ ਅਕਾਲ ਸਭ ਦਾ ਬਣੇ ਨੇਤਾ, ਨਰ ਨਰਾਇਣ ਇਕੋ ਇਕ ਅਖਵਾਵੇਗਾ । ਕਲਜੁਗ ਕੂੜੀ ਮੇਟੇ ਖੇਡਾ, ਸਤਿਜੁਗ ਸਾਚਾ ਰਾਹ ਜਣਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਜਿਸ ਨੇ ਭੇਜਾ, ਸੋ ਭਜਨ ਬੰਦਗੀ ਇਕੋ ਇਕ ਸੁਣਾਵੇਗਾ । ਲੱਖ ਚੁਰਾਸੀ ਆਤਮ ਅੰਤਰ ਮਾਣੇ ਸੇਜਾ, ਪਲੰਘ ਰੰਗੀਲਾ ਇਕ ਸੁਹਾਵੇਗਾ । ਜੋਤੀ ਨੂਰ ਚਮਕੇ ਤੇਜਾ, ਤੇਜ ਇਕੋ ਇਕ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਇਕੋ ਹੁਕਮ ਵਰਤਾਵੇਗਾ । ਇਕੋ ਹੁਕਮ ਵਰਤਾਵੇਗਾ । ਧੁਰ ਫ਼ਰਮਾਨ ਸੁਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਕਰੋੜ ਤੇਤੀਸਾ ਅੱਖ ਸ਼ਰਮਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਲੱਖ ਸ਼ੁਕਰ ਮਨਾਵੇਗਾ । ਆਦਿ ਜਿਸ ਨੇ ਰਚਿਆ ਅਡੰਬਰ, ਸੋ ਅੰਤਮ ਵੇਖ ਵਖਾਵੇਗਾ । ਨਿਰਗੁਣ ਸਰਗੁਣ ਰਚ ਸਵੰਬਰ, ਆਤਮ ਪਰਮਾਤਮ ਜੋੜ ਜੁੜਾਵੇਗਾ । ਦੇਵੇ ਵਡਿਆਈ ਸਾਢੇ ਤਿੰਨ ਹੱਥ ਕਾਇਆ ਮੰਦਰ, ਗੁਰੂਦਵਾਰ ਇਕੋ ਇਕ ਵਖਾਵੇਗਾ । ਜਿਸ ਘਰ ਵਡਿਆਈ ਨਾ ਕੋਈ ਸੂਰਜ ਚੰਦਰ, ਚੰਦ ਸੂਰਜ ਨੈਣ ਸ਼ਰਮਾਵੇਗਾ । ਜਨ ਭਗਤਾਂ ਤੋੜ ਚੁਰਾਸੀ ਬੰਧਨ, ਬੰਦਗੀ ਆਪਣੀ ਇਕ ਲਗਾਵੇਗਾ । ਪ੍ਰੇਮ ਪ੍ਰੀਤੀ ਡੋਰੀ ਬੰਨ੍ਹ ਕੇ ਤੰਦਨ, ਸ਼ਬਦੀ ਗੰਢ ਇਕ ਰਖਾਵੇਗਾ । ਮਸਤਕ ਟਿੱਕਾ ਲਾਏ ਚੰਦਨ, ਦੁਰਮਤ ਕੂੜੀ ਮੈਲ ਧਵਾਵੇਗਾ । ਨਿਜ ਆਤਮ ਦਏ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਵੇਗਾ । ਦੀਨ ਦਿਆਲ ਬਣ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੀ ਆਪ ਵਰਤਾਵੇਗਾ । ਜੋ ਜਨ ਦਵਾਰੇ ਆਵਣ ਮੰਗਣ, ਤਿਨ੍ਹਾਂ ਭਿਛਿਆ ਅਮੋਲਕ ਝੋਲੀ ਆਪ ਭਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣੇ ਵਿਚ ਸਮਾਵੇਗਾ । ਜੁਗ ਚੌਕੜੀ ਆਪਣੇ

ਵਿਚ ਸਮਾਉਂਦਾ ਏ । ਕੋਟਨ ਕੋਟ ਕਾਲ ਬਿਤਾਉਂਦਾ ਏ । ਦੀਨ ਦਿਆਲ ਫੇਰਾ ਪਾਉਂਦਾ ਏ । ਸਚਖੰਡ ਸੱਚੀ ਧਰਮਸਾਲ ਇਕ ਸੁਹਾਉਂਦਾ ਏ । ਦੀਪਕ ਜੋਤੀ ਇਕੋ ਬਾਲ, ਤੇਲ ਬਾਤੀ ਨਾ ਕੋਇ ਰਖਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜ ਕੇ ਲਾਲ, ਲਾਲਨ ਆਪ ਹੁਕਮ ਸੁਣਾਉਂਦਾ ਏ । ਨਿਤ ਨਵਿਤ ਅਵਲੜੀ ਚਾਲ, ਭੇਵ ਅਭੇਦ ਨਾ ਕੋਇ ਜਣਾਉਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਕਰੇ ਕਮਾਲ, ਕਮਲਾ ਰਮਲਾ ਦਿਸ ਕਿਸੇ ਨਾ ਅਉਂਦਾ ਏ । ਨਾਨਕ ਗੋਬਿੰਦ ਘਾਲਨ ਘਾਲ, ਕੀਤੀ ਘਾਲ ਵੇਖ ਵਖਾਉਂਦਾ ਏ । ਕਲਜੁਗ ਕੂੜੀ ਕਿਰਿਆ ਮੇਟੇ ਜੰਜਾਲ, ਜਾਗਰਤ ਜੋਤ ਇਕ ਜਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਲੇਖਾ ਆਪਣੇ ਹੱਥ ਰਖਾਉਂਦਾ ਏ । ਅਗਲਾ ਲੇਖਾ ਰੱਖੇ ਹੱਥ, ਭਵਿਖਤ ਸਮਝ ਕਿਸੇ ਨਾ ਆਈਆ । ਥੋੜਾ ਥੋੜਾ ਸਾਰੇ ਗਏ ਦੱਸ, ਜੋ ਸਾਹਿਬ ਸਤਿਗੁਰ ਦਿਤੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਟੇਕਣ ਚਰਨ ਮਥ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਹਉਂ ਬਾਲਕ ਨੱਢੇ ਤੇਰੇ ਵਸ, ਬੇਪਰਵਾਹ ਤੇਰੀ ਸਰਨਾਈਆ । ਨਾਮ ਤੇਰੇ ਦੀ ਦੇ ਕੇ ਆਏ ਮੱਤ, ਗੁਰਮਤ ਇਕੋ ਇਕ ਦ੍ਰਿੜਾਈਆ । ਆਤਮ ਪਰਮਾਤਮ ਮਾਰਗ ਦੱਸ, ਸ੍ਰਿਸ਼ਟ ਸਬਾਈ ਕਰੀ ਪੜ੍ਹਾਈਆ । ਮਾਨਸ ਮਾਨੁਖ ਮਾਨੁਸ਼ ਮਨ ਵਾਸਨਾ ਲੈਣੀ ਕੱਟ, ਕੂੜੀ ਕਿਰਿਆ ਡੇਰਾ ਢਾਹੀਆ । ਘਰ ਵਿਚ ਘਰ ਖਿਲਾਉਣਾ ਹੱਟ, ਗ੍ਰਿਹ ਮੰਦਰ ਵੱਜੇ ਵਧਾਈਆ । ਜਿਸ ਘਰ ਵਸੇ ਪੁਰਖ ਸਮਰਥ, ਨਿਰਗੁਣ ਬੈਠਾ ਡੇਰਾ ਲਾਈਆ । ਦਿਵਸ ਰੈਣ ਗਾਏ ਜਸ, ਸਿਫ਼ਤ ਸਲਾਹੀ ਰਾਗ ਅਲਾਈਆ । ਪ੍ਰੇਮ ਪ੍ਰੀਤੀ ਅੰਦਰ ਹੋਣਾ ਵਸ, ਦੂਜੀ ਡੋਰ ਤੰਦ ਨਾ ਕੋਇ ਬੰਧਾਈਆ । ਸਚ ਸਰਨਾਈ ਜਾਣਾ ਢੱਠ, ਮਾਣ ਅਭਿਮਾਣ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਗੁਰਮੁਖ ਗੁਰਸਿਖ ਸੱਜਣ ਲਏ ਰੱਖ, ਜੋ ਬੈਠੇ ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਵਰ ਇਕੋ ਇਕ ਹਰਿ ਹਰਿ ਨਾਮ ਜਣਾਈਆ । ਭਾਈ ਗੁਰਦਾਸ ਨਿਰਗੁਣ ਜੋਤ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਜਾਤ ਪਾਤ ਨਾ ਕੋਇ ਰਖਾਇੰਦਾ । ਇਕੋ ਸ਼ਬਦ ਵੱਜੇ ਚੋਟ, ਨਗਾਰਾ ਨਾਮ ਸਤਿ ਦ੍ਰਿੜਾਇੰਦਾ । ਨਿਰਗੁਣ ਹੋ ਕੇ ਮਿਲਿਆ ਨਿਰਗੁਣ ਜੋਤ, ਨਿਰਗੁਣ ਧਾਰ ਨਿਰਗੁਣ ਨਜ਼ਰੀ ਆਇੰਦਾ । ਗੁਰਦਾਸ ਗੁਰ ਦਾਸ ਦਾਸ ਗੁਰ ਕੋਈ ਨਾ ਸਕੇ ਸੋਚ, ਮਨ ਮਤ ਬੁਧ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦਾਸ ਇਕੋ ਰੂਪ ਇਕੋ ਘਰ ਵਖਾਇੰਦਾ । ਗੁਰਦਾਸ ਇਕੋ ਏਕ ਆਇਆ, ਏਕੰਕਾਰ ਦਿਤੀ ਵਡਿਆਈਆ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਨਾਤਾ ਤੁਟਿਆ ਜਗਤ ਲੋਕਾਈਆ । ਪੁਰਖ ਅਬਿਨਾਸ਼ੀ ਸੱਚਾ ਗਾਇਆ, ਗਾ ਗਾ ਖ਼ੁਸ਼ੀ ਮਨਾਈਆ । ਆਪ ਆਪਾ ਭੇਟ ਚੜਾਇਆ, ਬਾਕੀ ਰਹਿਣ ਕੁਛ ਨਾ ਪਾਈਆ । ਸੋ ਸਾਹਿਬ ਸਤਿਗੁਰ ਹੋਏ ਸਹਾਇਆ, ਦੀਨਨ ਆਪਣੇ ਰੰਗ ਰੰਗਾਈਆ । ਕਾਇਆ ਮਾਟੀ ਤਨ ਖੇਹ ਮਿਲਾਇਆ, ਖ਼ਾਕੀ ਖ਼ਾਕ ਸਮਾਈਆ । ਜੋਤੀ ਜੋਤ ਜੋਤ ਮਿਲਾਇਆ, ਨਿਰਗੁਣ ਆਪਣਾ ਘਰ ਵਖਾਈਆ । ਸਤਿਗੁਰ ਘਰ ਵਿਚੋਂ ਗੁਰਦਾਸ ਪਰਗਟ ਹੋ ਕੇ ਆਇਆ, ਅੰਤਮ ਸਤਿਗੁਰ ਦਵਾਰੇ ਡੇਰਾ ਲਾਈਆ । ਗੁਰਦਾਸ ਕਹੇ ਮੈਂ ਪਾਇਆ ਖੇਲ ਗੁਰ ਦਾ, ਘਰ ਵੱਜੀ ਸਚ

੨੫੩ ੧੯

ਵਧਾਈਆ । ਮੇਰਾ ਲੇਖ ਲੇਖਾ ਧੁਰ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨ ਪ੍ਰਭ ਦੀ ਕਿਰਪਾ ਉਹਦੇ ਨਾਲ ਕੋਈ ਨਾ ਜੁੜਦਾ, ਛੁਟਕੀ ਲਿਵ ਨਾ ਕੋਇ ਲਗਾਈਆ । ਬੇਸ਼ਕ ਜੀਵ ਜਹਾਨ ਜਗਤ ਫਿਰਦਾ, ਭੱਜੇ ਨੱਠੇ ਵਾਹੋ ਦਾਹੀਆ । ਬਿਨ ਸਤਿਗੁਰ ਪੂਰੇ ਹੋਇਆ ਮੁਰਦਾ, ਮੁਰੀਦ ਮੁਰਸ਼ਦ ਬੈਠਾ ਮੁਖ ਭਵਾਈਆ । ਇਹੋ ਖੇਲ ਆਤਮ ਪਰਮਾਤਮ ਰਾਗ ਅਨਾਦੀ ਸੁਰ ਦਾ, ਸੁਰਤੀ ਸ਼ਬਦ ਵਿਚ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਿਤਾ ਇਕੋ ਵਰ, ਸੋ ਗੁਰਦਾਸ ਗੁਰ ਗੁਰ ਰੂਪ ਸਮਾਈਆ । ਗੁਰਦਾਸ ਦਿਸੇ ਨਾ ਕਿਸੇ ਅੱਖ, ਜਗਤ ਨੇਤਰ ਦੇਣ ਦੁਹਾਈਆ । ਗੁਰਦਾਸ ਗੁਰ ਗੁਰ ਅੰਦਰ ਗਿਆ ਵਸ, ਵਾਸਤਾ ਆਪਣੇ ਨਾਲ ਰਖਾਈਆ । ਦੋਹਾਂ ਮਿਲ ਕੇ ਖ਼ੁਸ਼ੀ ਆਈ ਬਿਨ ਖ਼ੁਸ਼ੀਉਂ ਪੈਣ ਹੱਸ, ਖ਼ਾਹਸ਼ ਖ਼ਾਹਸ਼ ਨਾਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦਾਸ ਵਖਾਇਆ ਉਹ ਘਰ, ਜਿਸ ਘਰ ਵਿਚੋਂ ਮਰਨ ਜਨਮ ਜਨਮ ਮਰਨ ਰਹੇ ਨਾ ਰਾਈਆ । ਗੁਰਦਾਸ ਕਹੇ ਮੇਰੀ ਨਿਰਮਲ ਰੂਹ, ਬੁੱਤ ਨਾਤਾ ਗਈ ਤੁੜਾਈਆ । ਜਿਧਰ ਵੇਖਾਂ ਤੂੰਹੀ ਤੂੰ, ਏਕੰਕਾਰ ਇਕੋ ਨਜ਼ਰੀ ਆਈਆ । ਜਿਸ ਦਾ ਹੁਲੀਆ ਹੂਬਹੂ, ਮੇਰੇ ਅੰਦਰ ਨੂਰ ਕਰੇ ਰੁਸ਼ਨਾਈਆ । ਮੈਂ ਉਸ ਦੇ ਨਾਲ ਗਿਆ ਛੂ, ਮਿਲ ਕੇ ਆਪਣੀ ਜਾਤ ਗਵਾਈਆ । ਜਾ ਵੇਖਿਆ ਦਵਾਰੇ ਬੈਠਾ ਧਰੂ, ਰਾਹ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦਾਸ ਕੀਤਾ ਉਜਲ ਮੂੰਹ, ਮੁਖ ਆਪਣਾ ਸਿਫ਼ਤ ਸਾਲਾਹੀਆ । ਅੱਗੇ ਕਰੇ ਪੁਰਖ ਸਮਰਥ, ਮਾਣ ਸਚ ਨਾ ਕੋਇ ਵਡਿਆਈਆ । ਜਿਸ ਨਾਨਕ ਨਿਰਗੁਣ ਦਿਤਾ ਹੱਕ, ਧੁਰ ਦਾ ਹੁਕਮ ਆਪ ਸਮਝਾਈਆ । ਸੋ ਖੇਲ ਕਰੇ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜਿਸ ਦਾ ਜੁਗ ਚੌਕੜੀ ਚਲੇ ਰਥ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੇੜ ਭਵਾਈਆ । ਸੋ ਦੀਨ ਦਿਆਲ ਲੱਖ ਚੁਰਾਸੀ ਅੰਦਰ ਰਿਹਾ ਵਸ, ਹਰਿਜਨ ਸਾਚੇ ਰਿਹਾ ਸਮਝਾਈਆ । ਪ੍ਰਭ ਦਾ ਖੇਲ ਕਦੀ ਨਾ ਹੋਵੇ ਬਸ, ਬਸਤਾ ਬੰਨ੍ਹ ਚੁੱਪ ਵੱਟ ਨਾ ਵਕਤ ਲੰਘਾਈਆ । ਸਦਾ ਸਦਾ ਜਨ ਭਗਤਾਂ ਆਪਣਾ ਮਾਰਗ ਦੇਵੇ ਦੱਸ, ਸੋਝੀ ਆਪਣੇ ਨਾਮ ਸਮਝਾਈਆ । ਤੀਰ ਨਿਰਾਲਾ ਅਣਿਆਲਾ ਮਾਰੇ ਕਸ, ਇਕੀ ਨਿੱਕੀ ਧਾਰ ਵਹਾਈਆ । ਨਾਤਾ ਤੋੜ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਲੇਖ ਚੁਕਾਈਆ । ਨੌ ਦਵਾਰੇ ਦੁਰਮਤ ਮੈਲ ਕੱਟ, ਦਸਵੇਂ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਮਰਥ ਪੁਰਖ ਨਾ ਹੋਵੇ ਬੰਦ, ਬੰਦਗੀ ਜੁਗ ਜੁਗ ਆਪ ਜਣਾਇੰਦਾ । ਨਿਤ ਨਵਿਤ ਦੇਵਣਹਾਰਾ ਇਕ ਅਨੰਦ, ਅਨੰਦ ਆਤਮ ਵਿਚੋਂ ਪਰਗਟਾਇੰਦਾ । ਜਿਸ ਦਾ ਢੋਲਾ ਸੋਹਲਾ ਅਗੰਮੀ ਛੰਦ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜਿਸ ਦਾ ਪਰਕਾਸ਼ ਰਵ ਸਸ ਸੂਰੀਆ ਚੰਦ, ਕਿਰਨ ਕਿਰਨ ਕਿਰਨ ਰੁਸ਼ਨਾਇੰਦਾ । ਜੋ ਵਸੇ ਜੇਰਜ ਅੰਡ, ਉਤਭੁਜ ਸੇਤਜ ਆਪਣਾ ਰੂਪ ਵਖਾਇੰਦਾ । ਸੋ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਜੁਗ ਜੁਗ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਨਾਲ ਰਲਾਇੰਦਾ । ਗੁਣ ਗਾਓ ਸਦਾ ਗਹਿਰ ਗੰਭੀਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਪੰਜ ਤਤ ਕਾਇਆ ਦਿਤਾ ਸਰੀਰ, ਤਨ ਮਾਟੀ ਦਏ ਵਡਿਆਈਆ । ਜੋ ਅੰਮ੍ਰਿਤ ਆਤਮ ਬਖ਼ਸ਼ੇ ਨੀਰ, ਸੀਰ ਇਕੋ ਜਾਮ ਪਿਆਈਆ । ਜਿਸ ਹੱਥ ਤੇਰੀ ਤਕਦੀਰ,

ਤਦਬੀਰ ਆਪਣੀ ਦਏ ਸਮਝਾਈਆ । ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਮੰਜ਼ਲ ਹੱਕ ਨੂਰ ਖ਼ੁਦਾਈਆ । ਪਰਵਰਦਿਗਾਰ ਸਾਂਝਾ ਪੀਰ, ਲਾਸ਼ਰੀਕ ਇਕ ਅਖਵਾਈਆ । ਦਾਤਾ ਦਾਨੀ ਦਸਤਗੀਰ, ਦਸਤ ਬਦਸਤ ਲਹਿਣਾ ਰਿਹਾ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਜਨ ਭਗਤਾਂ ਦੇਵੇ ਧੀਰ, ਧੀਰਜ ਆਪਣਾ ਨਾਮ ਰਖਾਈਆ । ਜਿਸ ਗੁਰੂ ਗ੍ਰੰਥ ਲੋਕਮਾਤ ਬੰਧਾਈ ਬੀੜ, ਸੋ ਬੇੜਾ ਸਭ ਦਾ ਰਿਹਾ ਚਲਾਈਆ । ਠੀਕ ਅੰਦਰ ਹੋਵੇ ਠੀਕ, ਘਰ ਠੋਕਰ ਠਾਕਰ ਨਾਮ ਲਗਾਈਆ । ਅੰਦਰੋਂ ਅੰਧੇਰਾ ਚੁੱਕੇ ਤਾਰੀਕ, ਚੰਦ ਚਾਂਦਨਾ ਇਕ ਰੁਸ਼ਨਾਈਆ । ਸਤਿਗੁਰ ਮਾਰਗ ਸਦਾ ਬਾਰੀਕ, ਬਿਨ ਗੁਰ ਕਿਰਪਾ ਚੜ੍ਹਨ ਕੋਇ ਨਾ ਪਾਈਆ । ਜਿਸ ਦਵਾਰੇ ਸੋਹਣ ਊਚ ਨੀਚ, ਨੀਚ ਊਚ ਇਕੋ ਮਿਲੇ ਵਡਿਆਈਆ । ਤਿਸ ਮੰਦਰ ਗੁਰਮੁਖ ਵੇਖੇ ਲੰਘ ਦਹਿਲੀਜ਼, ਦਹਿ ਦਿਸ਼ਾ ਡੇਰਾ ਢਾਹੀਆ । ਪੁਰਖ ਅਕਾਲ ਦੀਨ ਦਿਆਲ ਨਜ਼ਰੀ ਆਏ ਇਕੋ ਠੀਕ, ਜਿਸ ਵੇਖਿਆ ਠੀਕ ਠੀਕ ਠੀਕ ਕਹੇ ਲੋਕਾਈਆ । ਠੀਕ ਕਹੇ ਤੇ ਹੋਏ ਠਾਕਰ, ਠੱਗ ਚੋਰ ਨਜ਼ਰ ਕੋਇ ਨਾ ਆਈਆ । ਭਾਗ ਲਗਾਏ ਕਾਇਆ ਗਾਗਰ, ਘਰ ਘਰ ਵਿਚ ਵੇਖ ਵਖਾਈਆ । ਗੁਰਮੁਖ ਗੁਰਸਿਖ ਤੇਰੇ ਕਰਮ ਕਰੇ ਉਜਾਗਰ, ਨਿਰਮਲ ਆਪਣਾ ਨੀਰ ਜਾਮ ਪਿਆਈਆ । ਏਥੇ ਓਥੇ ਦੋ ਜਹਾਨ ਦੇਵੇ ਆਦਰ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਠੀਕ ਠੀਕ ਤਰ੍ਹਾ ਯਕਤਰਫਾ ਹੋ ਕੇ ਭਗਤਾਂ ਦਏ ਸਮਝਾਈਆ ।



★ ੪ ਮਾਘ ੨੦੨੦ ਬਿਕਰਮੀ ਬੀਬੀ ਗੁਰੋ ਦੇ ਗ੍ਰਹਿ ਪਿੰਡ ਚੁਮਿਆਰੀ ਜ਼ਿਲਾ ਗੁਰਦਾਸ ਪੁਰ ★



ਆਦਿ ਜੁਗਾਦਿ ਨਿਤ ਨਵਿਤ, ਸ੍ਰੀ ਭਗਵਾਨ ਫੇਰਾ ਪਾਇੰਦਾ । ਜਨ ਭਗਤਾਂ ਕਰ ਕੇ ਸਾਚਾ ਹਿੱਤ, ਘਰ ਕਾਇਆ ਵੇਖ ਵਖਾਇੰਦਾ । ਪੂਰਬ ਲਹਿਣਾ ਦੇ ਕੇ ਹਿੱਸ, ਹਿੱਸਾ ਸਭ ਦਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਚੌਂਹ ਸਤਰਾਂ ਵਿਚ ਚਾਰ ਜੁਗ ਦਾ ਪਿਛਲਾ ਲੇਖਾ ਪੂਰ ਕਰਾਇੰਦਾ । ਸਤਿਗੁਰ ਲੇਖ ਚਾਰ ਸਤਰ, ਦੇਵੇ ਮਾਣ ਵਡਿਆਈਆ । ਗ਼ਰੀਬ ਨਿਮਾਣਿਆਂ ਪੂਰੀ ਸੱਧਰ, ਸਾਹਿਬ ਸਤਿਗੁਰ ਲੇਖੇ ਪਾਈਆ । ਅੱਗੇ ਮਾਰਗ ਕਰੇ ਪੱਧਰ, ਰਾਹ ਵਿਚ ਨਾ ਕੋਇ ਅਟਕਾਈਆ । ਨਾਤਾ ਤੋੜ ਕਾਇਆ ਕੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਸਾਈਆ । ਸਾਚੇ ਮੰਦਰ ਹੋਏ ਵਸੇਰਾ, ਘਰ ਵੱਜੇ ਨਾਮ ਵਧਾਈਆ । ਆਵਣ ਜਾਵਣ ਚੁੱਕਿਆ ਗੇੜਾ, ਜਨਮ ਮਰਨ ਰੋਗ ਗਵਾਈਆ । ਭਾਗਾਂ ਭਰਿਆ ਵਸਿਆ ਖੇੜਾ, ਹਰਿ ਭਗਵਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਬੱਧਾ ਬੇੜਾ, ਫੜ ਬਾਹੋਂ ਪਾਰ ਲੰਘਾਈਆ । ਬੇੜਾ ਬੰਨ੍ਹ ਦੇਵੇ ਤੋਰ, ਨਈਆ ਆਪਣਾ ਨਾਮ ਚਲਾਈਆ । ਸ਼ਬਦ ਸਰੂਪੀ ਫੜ ਕੇ ਡੋਰ, ਤੰਦ ਆਪਣੇ ਨਾਲ ਬੰਧਾਈਆ । ਪਾਰ ਉਤਾਰ ਕਲਜੁਗ ਘੋਰ, ਜਗਤ ਅਮਾਵਸ ਦੂਰ ਕਰਾਈਆ । ਲਹਿਣਾ ਚੁੱਕੇ ਮੋਰ ਤੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਆਪਣੇ ਨਾਲ ਕਰਾਈਆ । ਮਿਲਿਆ ਮੇਲ ਹਰਿ ਗੋਬਿੰਦ, ਘਰ ਵੱਜੇ ਨਾਮ ਵਧਾਈਆ । ਜਨਮ ਜਨਮ ਦੀ ਮਿਟੀ ਚਿੰਦ, ਤ੍ਰਿਸ਼ਨਾ ਦੁੱਖ

ਗਵਾਈਆ । ਅੰਮ੍ਰਿਤ ਧਾਰ ਦੇ ਸਾਗਰ ਸਿੰਧ, ਸਾਂਤਕ ਸਤਿ ਸਤਿ ਵਰਤਾਈਆ । ਲੇਖਾ ਚੁੱਕੇ ਜੀਓ ਪਿੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਮਿਲਾਈਆ । ਮਿਲਿਆ ਮੇਲ ਹੋਇਆ ਮਿਲਾਪ, ਮਿਲਣੀ ਜਗਦੀਸ਼ ਕਰਾਇੰਦਾ । ਜਨਮ ਜਨਮ ਦਾ ਮਿਟਿਆ ਤਾਪ, ਤ੍ਰੈਗੁਣ ਅਗਨ ਨਾ ਕੋਇ ਤਪਾਇੰਦਾ । ਲੇਖੇ ਲੱਗਾ ਪੂਜਾ ਪਾਠ, ਸਿਮਰਨ ਆਪਣੀ ਝੋਲੀ ਪਾਇੰਦਾ । ਨਿਰਗੁਣ ਹੋ ਕੇ ਦੇਵੇ ਸਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਸੰਗ ਨਿਭਾਇੰਦਾ । ਸੰਗ ਨਿਭਾਏ ਬਣਾਏ ਸੰਗੀ, ਸਾਹਿਬ ਸਤਿਗੁਰ ਹੱਥ ਵਡਿਆਈਆ । ਗੁਰਮੁਖ ਕੰਡ ਨਾ ਹੋਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਹਰਿਜਨ ਆਦਿ ਜੁਗਾਦਿ ਪਰਮ ਪੁਰਖ ਦੇ ਸਚ ਭੁਯੰਗੀ, ਬਿਹੰਗਮ ਆਪਣੀ ਚਾਲ ਵਖਾਈਆ । ਜੁਗ ਜਨਮ ਦੀ ਮੰਗ ਮੰਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਪੂਰ ਕਰਾਈਆ ।

### ★ ੪ ਮਾਘ ੨੦੨੦ ਬਿਕਰਮੀ ਪ੍ਰੀਤਮ ਕੌਰ ਦੇ ਗ੍ਰਿਹਿ ਪਿੰਡ ਜਟਾਂ ਜ਼ਿਲਾ ਗੁਰਦਾਸ ਪੁਰ ★

ਚਾਰ ਜੁਗ ਦਰ ਖਲੋ, ਘਰ ਸਾਚੇ ਸੀਸ ਨਿਵਾਈਆ । ਨੇਤਰ ਨੈਣਾਂ ਰਹੇ ਰੋ, ਉਚੀ ਕੂਕ ਕੂਕ ਦੁਹਾਈਆ । ਜੁਗ ਚੌਕੜੀ ਟੁੱਟਾ ਮੋਹ, ਮੁਹੱਬਤ ਰਹਿਣ ਕੋਇ ਨਾ ਪਾਈਆ । ਸਚ ਪਰਕਾਸ਼ ਦਿਸੇ ਨਾ ਲੋ, ਜਗਤ ਅੰਧੇਰਾ ਨਜ਼ਰੀ ਆਈਆ । ਤੇਰਾ ਨਾਮ ਸੁਣਾਵੇ ਨਾ ਕੋਈ ਸੋ, ਹੰ ਬ੍ਰਹਮ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਆਪਣਾ ਆਪ ਬੈਠੇ ਖੋ, ਖ਼ਾਲੀ ਹੱਥ ਰਹੇ ਵਖਾਈਆ । ਖਾਣੀ ਬਾਣੀ ਦੇਵੇ ਨਾ ਕੋਈ ਢੋਆ ਢੋ, ਸਗਲਾ ਸੰਗ ਨਾ ਕੋਇ ਜਣਾਈਆ । ਚਾਰੋਂ ਕੁੰਟ ਦਿਸੇ ਧਰੋਹ, ਦਰੋਹੀ ਤੇਰੇ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਾਰੇ ਜੁਗ ਹੋਏ ਇਕੱਠੇ ਪ੍ਰਭ ਅੱਗੇ ਦੇਣ ਦੁਹਾਈਆ । ਇਕੋ ਵਾਰ ਚਰਨੀ ਢੱਠੇ, ਬਲਹੀਣ ਰਹੇ ਕੁਰਲਾਈਆ । ਜੁਗ ਚੌਕੜੀ ਫਿਰਦੇ ਰਹੇ ਨੱਠੇ, ਬਣ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਡੇ ਅੰਦਰ ਵਸੇ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣਾ ਵੇਸ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਲਿਖ ਲਿਖ ਦੱਸੇ, ਅੰਜੀਲ ਕੁਰਾਨਾਂ ਨਾਲ ਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਟਿਕਾਏ ਮੱਥੇ, ਅਠਸਠ ਤੀਰਥ ਧਾਰ ਵਹਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਗੌਂਦੇ ਗਏ ਜੱਸੇ, ਜਸ ਤੇਰਾ ਨਾਮ ਸਾਲਾਹੀਆ । ਤੇਰੇ ਨਾਲ ਮਿਲ ਕੇ ਸ੍ਰੀ ਭਗਵਾਨ ਗੁਰਮੁਖ ਵਿਰਲਾ ਹੱਸੇ, ਭਗਤ ਭਗਵਾਨ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਜੀਵ ਜੰਤ ਮਾਣਸ ਦੇਹੀ ਮਿਲ ਗਈ ਘੱਟੇ, ਕਲ ਕੀਮਤ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਰੰਗ ਰੰਗ ਕੋਈ ਨਾ ਰੱਤੇ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਚਾਰੇ ਜੁਗ ਚਰਨੀ ਲੱਗ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸੁਲਤਾਨ ਸੂਰੇ ਸਰਬੱਗ, ਬੇਪਰਵਾਹ ਤੇਰੀ ਵਡਿਆਈਆ । ਕਲਜੁਗ ਅੰਤ ਨਵ ਖੰਡ ਲੱਗੀ ਅੱਗ, ਸਤ ਦੀਪ ਨਾ ਕੋਇ ਬੁਝਾਈਆ । ਸ੍ਰਿਸ਼ਟ ਸਬਾਈ ਰਹੀ ਦਗ, ਸਾਂਤਕ ਸਤਿ

ਨਾ ਕੋਇ ਕਰਾਈਆ । ਮੱਕੇ ਕਾਅਬੇ ਦਿਸੇ ਕੋਈ ਨਾ ਹੱਜ, ਹਜ਼ਰਤ ਰੂਪ ਨਾ ਕੋਇ ਵਟਾਈਆ । ਖ਼ਾਲੀ ਹੋਏ ਸ਼ਿਵਦਵਾਲੇ ਮੱਠ, ਮੰਦਰ ਸੋਭਾ ਕੋਇ ਨਾ ਪਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਤੀਰਥ ਅਠ ਸਠ, ਸਾਚੀ ਧਾਰ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਗਲਾ ਸਾਥ ਗਏ ਛੱਡ, ਅੰਤਮ ਸੰਗ ਨਾ ਕੋਇ ਨਿਭਾਈਆ । ਬਿਨ ਹਰਿ ਨਾਮੇ ਕਲਜੁਗ ਜੀਵਾਂ ਖ਼ਾਲੀ ਹੋਏ ਹੱਡ, ਰਤੀ ਰੱਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਸਰਨ ਮਿਲੇ ਸਰਨਾਈਆ । ਚਾਰੇ ਜੁਗ ਮਾਰਨ ਨਾਅਰਾ, ਕੂਕ ਇਕੋ ਵਾਰ ਸੁਣਾਈਆ । ਕਲਜੁਗ ਅੰਤ ਵੇਖ ਅੰਧ ਅੰਧਿਆਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਲੱਗਾ ਮਾਤ ਅਖਾੜਾ, ਮਾਇਆ ਮਮਤਾ ਨਾਚ ਨਚਾਈਆ । ਸਾਚਾ ਮਿਲੇ ਨਾ ਕੋਈ ਮੀਤ ਮੁਰਾਰਾ, ਮਿੱਤਰ ਨਜ਼ਰ ਕੋਇ ਨਾ ਆਈਆ । ਸਾਧ ਸੰਤ ਕਰਨ ਹਾਹਾਕਾਰਾ, ਹਉਕਾ ਲੈ ਲੈ ਰੋਵੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਭ ਦਾ ਲੇਖਾ ਦੇ ਮੁਕਾਈਆ । ਚਾਰੇ ਜੁਗ ਕਰਨ ਨਿਮਸਕਾਰ, ਨਿਉਂ ਨਿਉਂ ਮਸਤਕ ਟਿੱਕਾ ਸੀਸ ਝੁਕਾਈਆ । ਤੇਰਾ ਖੇਲ ਅਗੰਮ ਅਪਾਰ, ਅਪਰੰਪਰ ਸਮਝ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਦੀਨ ਦਿਆਲ ਤੇਰਾ ਸੰਗ ਨਾ ਕੋਇ ਰਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕੂੜ ਨਗਾਰਾ ਰਿਹਾ ਵਜਾਈਆ । ਜੁਗ ਚੌਕੜੀ ਤੇਰੀ ਕਰਦੇ ਰਹੇ ਭਾਲ, ਸਰਗੁਣ ਨਿਰਗੁਣ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਬਣਦੇ ਰਹੇ ਦਲਾਲ, ਲੋਕਮਾਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਸਮਝਾਈਆ । ਚਾਰੇ ਜੁਗ ਕਹਿਣ ਨਿਰੰਕਾਰ, ਪ੍ਰਭੂ ਤੇਰੇ ਅੱਗੇ ਅਰਜ਼ੋਈਆ । ਸਾਡੇ ਵਿਚ ਆਏ ਤੇਈ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਈਸਾ ਮੂਸਾ ਮੁਹੰਮਦ ਸਾਚਾ ਨਾਅਰਾ ਬੋਲ ਜੈਕਾਰ, ਕਲਮਾ ਕਾਇਨਾਤ ਗਏ ਪੜ੍ਹਾਈਆ । ਨਾਨਕ ਗੋਬਿੰਦ ਇਕੋ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਭਗਤ ਅਠਾਰਾਂ ਖੇਲ ਅਪਾਰ, ਕਬੀਰ ਜੁਲਾਹਾ ਰਿਹਾ ਸੁਣਾਈਆ । ਚਾਰੋਂ ਕੁੰਟ ਤੇਰਾ ਡੰਕਾ ਵੱਜੇ ਅਗੰਮ ਅਪਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਵਖਾਈਆ । ਚਾਰ ਜੁਗ ਤੇਰਾ ਵੱਜਿਆ ਡੰਕਾ, ਹਰਿ ਜੂ ਤੇਰੇ ਨਾਮ ਵਡਿਆਈਆ । ਰਾਗ ਸੁਣਾਇਆ ਰਾਉ ਰੰਕਾਂ, ਊਚਾਂ ਨੀਚਾਂ ਭੇਵ ਮਿਟਾਈਆ । ਇਕ ਸੁਹਾਇਆ ਸਾਚਾ ਬੰਕਾ, ਬੰਕ ਦਵਾਰ ਇਕੋ ਨਜ਼ਰੀ ਆਈਆ । ਗੜ੍ਹ ਤੋੜਿਆ ਹਉਮੇ ਹੰਗਤਾ, ਹੰ ਬ੍ਰਹਮ ਆਪ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਭੇਵ ਅਭੇਦਾ ਇਕ ਖੁਲ੍ਹਾਈਆ । ਦਰ ਦਰਵੇਸ਼ ਤੇਰੇ ਦਵਾਰੇ ਮੰਗਤਾ, ਜੁਗ ਜੁਗਤੀ ਨਾਲ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਘਰ ਸਾਚੇ ਹੋਣਾ ਸਹਾਈਆ । ਚਾਰ ਜੁਗ ਕਰਨ ਦਲੀਲ, ਘਰ ਆਪਣੇ ਮਤਾ ਪਕਾਈਆ । ਕਲਜੁਗ ਵੇਲਾ ਅੰਤ ਅਖ਼ੀਰ, ਸਾਚਾ ਸੰਗ ਨਾ ਕੋਇ ਰਖਾਈਆ । ਲੇਖਾ ਜਾਣੇ ਬੇਨਜ਼ੀਰ, ਮਿਹਰਵਾਨ ਵੱਡੀ ਵਡਿਆਈਆ । ਜਿਸ ਦੇ ਹੱਥ ਸਾਡੀ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਚਿੱਟੇ ਉਤੇ ਕਾਲੀ ਖਿਚੇ ਲਕੀਰ, ਕਲਮ ਛਾਹੀ ਕਾਗ਼ਜ਼ ਜੋੜ ਜੁੜਾਈਆ । ਸਾਹਿਬ ਸੁਲਤਾਨ ਵਡ ਵੱਡਾ ਪੀਰ, ਪੀਰਨ ਪੀਰਾਂ ਆਪ ਅਖਵਾਈਆ । ਨਿਤ ਨਵਿਤ ਬਣਦਾ ਰਿਹਾ

ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਲੇਖਾ ਜਾਣੇ ਹਸਤ ਕੀੜ, ਕੀਟ ਕੀਟਾਂ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚਾਰੇ ਜੁਗ ਰਹੇ ਬੋਲ, ਨਾਅਰਾ ਇਕ ਸੁਣਾਈਆ । ਪੁਰਖ ਅਬਿਨਾਸ਼ੀ ਆਏ ਤੇਰੇ ਕੋਲ, ਪੂਰਬ ਪੰਧ ਮੁਕਾਈਆ । ਸਾਚੇ ਕੰਡੇ ਤੋਲਣਾ ਤੋਲ, ਤਰਾਜ਼ੂ ਇਕੋ ਨਾਮ ਉਠਾਈਆ । ਦਰ ਦਰਵਾਜ਼ਾ ਦੇਣਾ ਖੋਲ੍ਹ, ਮੰਦਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਟਿਕਾਈਆ । ਚਾਰ ਜੁਗ ਰਸਨਾ ਕਹਿਣ, ਇਕੋ ਇਕ ਇਕ ਜਣਾਈਆ । ਪ੍ਰਭ ਤੇਰਾ ਦਰਸ਼ਨ ਪੇਖਿਆ ਨੈਣ, ਘਰ ਸਾਚੇ ਵੱਜੇ ਵਧਾਈਆ । ਨਾਤਾ ਛੁਟਿਆ ਜੁਗ ਚੌਕੜੀ ਸਾਕ ਸੱਜਣ ਸੈਣ, ਸੰਗੀ ਰਹਿਣ ਕੋਇ ਨਾ ਪਾਈਆ । ਦਰ ਤੇਰੇ ਵਸਤ ਇਕੋ ਆਏ ਲੈਣ, ਲਹਿਣਾ ਦੇਣਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਚਾਰੇ ਜੁਗ ਆਓ ਨੇੜੇ, ਹਰਿ ਕਰਤਾ ਆਪ ਜਣਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਜੋ ਪਾਏ ਝੇੜੇ, ਝਗੜਾ ਸਰਬ ਚੁਕਾਇੰਦਾ । ਆਤਮ ਪਰਮਾਤਮ ਵਸੇ ਇਕੋ ਖੇੜੇ, ਗ੍ਰਿਹ ਮੰਦਰ ਇਕੋ ਇਕ ਸੁਹਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੇਖਾ ਆਪ ਨਬੇੜੇ, ਪੂਰਬ ਪਿਛਲਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਇੰਦਾ । ਚਾਰੇ ਜੁਗ ਆਓ ਅੱਗੇ, ਹਰਿ ਅਗਲਾ ਹਾਲ ਸੁਣਾਈਆ । ਸਤਿਜੁਗ ਸਾਚੀ ਧਾਰਾ ਲੱਗੇ, ਸਤਿ ਪੁਰਖ ਨਿਰੰਜਣ ਦਏ ਵਡਿਆਈਆ । ਕਲਜੁਗ ਕੂੜਾ ਪਿਛੇ ਭੱਜੇ, ਮੁਖ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਇਕੋ ਇਕ ਵਖਾਈਆ । ਚਾਰੇ ਜੁਗ ਕਰਨ ਸਲਾਹ, ਮਤਾ ਇਕੋ ਵਾਰ ਪਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਗੌਂਦੇ ਗਏ ਨਾਂ, ਨਾਂਉਂ ਨਿਰੰਕਾਰਾ ਇਕ ਸੁਣਾਈਆ । ਸੋ ਪੁਰਖ ਅਕਾਲ ਦੀਨ ਦਿਆਲ ਗਿਆ ਆ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਸਾਡਾ ਲਹਿਣਾ ਦਏ ਮੁਕਾ, ਹਿਸਾਬ ਬੇਬਾਕ ਰਿਹਾ ਵਖਾਈਆ । ਫੜ ਕੇ ਬਾਹੋਂ ਰਾਹੇ ਦੇਵੇ ਪਾ, ਰਹਿਬਰ ਇਕੋ ਨੂਰ ਖ਼ੁਦਾਈਆ । ਸਾਚਾ ਕਲਮਾ ਦਏ ਪੜ੍ਹਾ, ਹਰਫ਼ ਹਰੂਫ਼ ਇਕ ਸਮਝਾਈਆ । ਬਿਸਮਲ ਰੂਪ ਜਾਏ ਸਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦਏ ਚੁਕਾਈਆ । ਚਾਰ ਜੁਗ ਚੁਕਾਏ ਲਹਿਣਾ, ਕਲਜੁਗ ਅੰਤਮ ਦਇਆ ਕਮਾਈਆ । ਨੇਤਰ ਲੋਚਣ ਆਪ ਵਖਾਏ ਨੈਣਾਂ, ਪਰਦਾ ਉਹਲਾ ਰਿਹਾ ਉਠਾਈਆ । ਸਭ ਦੀ ਝੋਲੀ ਪਾਏ ਦੇਣਾ, ਦੇਵਣਹਾਰ ਇਕੋ ਇਕ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੂੰ ਮੰਨਣਾ ਪਏ ਕਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਸ੍ਰੀ ਭਗਵਾਨ ਪੁਰਖ ਅਕਾਲ ਪਰਵਰਦਿਗਾਰ ਇਕੋ ਰਹਿਣਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਦੇਵੇ ਜੁਗ ਚਾਰ, ਚੌਕੜੀ ਆਪਣੀ ਧਾਰ ਚਲਾਈਆ । ਸਤਿਜੁਗ ਨੇਤਰ ਨੈਣ ਖੋਲ੍ਹ ਉਘਾੜ, ਅੱਖ ਪਰਤੱਖ ਰਿਹਾ ਵਖਾਈਆ । ਤ੍ਰੇਤੇ ਆਪਣੀ ਸੁਰਤੀ ਰੱਖ ਨਾਲ, ਸੋਈ ਸਵਾਣੀ ਆਪ ਜਗਾਈਆ । ਦਵਾਪਰ ਉਠ ਕੇ ਵੇਖ ਹਾਲ, ਹਾਲਤ ਸਭ ਦੀ ਰਿਹਾ ਬਦਲਾਈਆ । ਕਲਜੁਗ ਚਾਰੋਂ ਕੁੰਟ ਕਰ ਖਿਆਲ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਅੰਤਮ ਦਿਸੇ ਨਾ

ਕੋਇ ਦਲਾਲ, ਵਿਚੋਲਾ ਰੂਪ ਨਾ ਕੋਇ ਪਰਗਟਾਈਆ । ਕਾਇਆ ਮਾਟੀ ਦਿਸੇ ਖਾਲ, ਪੰਜ ਤਤ ਰਿਹਾ ਕੁਰਲਾਈਆ । ਦੀਪਕ ਜੋਤ ਜਗੇ ਨਾ ਕੋਈ ਬੇਮਿਸਾਲ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਕਲਜੁਗ ਕਹੇ ਮੈਂ ਕਲਕਾਤੀ, ਪ੍ਰਭ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਬਣ ਕੇ ਸਾਕੀ, ਕੂੜਾ ਜਾਮ ਦਿਤਾ ਪਿਆਈਆ । ਖ਼ਾਕੀ ਤਨ ਰਲਾਇਆ ਵਿਚ ਖ਼ਾਕ ਖ਼ਾਕੀ, ਖ਼ਾਲਸ ਰਹਿਣ ਕੋਇ ਨਾ ਪਾਈਆ । ਸਾਧ ਸੰਤ ਰਹਿਣ ਦਿਤਾ ਨਾ ਕੋਈ ਆਕੀ, ਅਕਲ ਸਭ ਦੀ ਦਿਤੀ ਗਵਾਈਆ । ਬੰਦ ਕਿਵਾੜਾ ਖੋਲ੍ਹ ਸਕੇ ਕੋਈ ਨਾ ਤਾਕੀ, ਬਜਰ ਕਪਾਟੀ ਕੁੰਡਾ ਕੋਈ ਨਾ ਲਾਹੀਆ । ਕਿਸੇ ਗ੍ਰਹਿ ਮੰਦਰ ਘਰ ਵਿਚ ਘਰ ਨਜ਼ਰ ਨਾ ਆਵੇ ਦੀਵਾ ਬਾਤੀ, ਕਮਲਾਪਾਤੀ ਦਰਸ ਕੋਇ ਨਾ ਪਾਈਆ । ਮੰਜ਼ਲ ਸਾਚੀ ਚੜ੍ਹੇ ਕੋਈ ਨਾ ਘਾਟੀ, ਲੱਖ ਚੁਰਾਸੀ ਬੈਠੀ ਢੇਰੀਆਂ ਢਾਹੀਆ । ਚਾਰੋਂ ਕੁੰਟ ਵੇਖ ਮੇਰੀ ਅੰਧੇਰੀ ਰਾਤੀ, ਕਲਜੁਗ ਖ਼ੁਸ਼ੀਆਂ ਨਾਲ ਸੁਣਾਈਆ । ਸ੍ਰੀ ਭਗਵਾਨ ਮੈਂ ਤੇਰੀ ਮੰਨੀ ਇਕੋ ਆਖੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਮਾਣ ਵਡਿਆਈਆ । ਕਲਜੁਗ ਕਹੇ ਸੁਣ ਦਵਾਪਰ ਯਾਰ, ਸਾਚੀ ਸਚ ਦਿਆਂ ਜਣਾਈਆ । ਤੂੰ ਵੇਖ ਮੇਰੀ ਅਗੰਮੀ ਕਾਰ, ਕਰਨੀ ਕਰਤੇ ਸੇਵਾ ਲਾਈਆ । ਸ੍ਰਿਸ਼ਟ ਸਬਾਈ ਕੀਤੀ ਨਾਰ ਵਿਭਚਾਰ, ਆਤਮ ਸੇਜ ਨਾ ਕੋਇ ਸੁਹਾਈਆ । ਘਰ ਘਰ ਦਿਸੇ ਧੁਅੰਧਾਰ, ਸਵਛ ਸਰੂਪ ਨਾ ਕੋਇ ਵਟਾਈਆ । ਨੇਤਰ ਰੋਵਣ ਸੂਰੀਆ ਚੰਨ ਜ਼ਾਰੋ ਜ਼ਾਰ, ਰਵ ਸਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਕਲਜੁਗ ਕਹੇ ਤ੍ਰੇਤੇ ਮੀਤ, ਮਿੱਤਰ ਪਿਆਰੇ ਦਿਆਂ ਜਣਾਈਆ । ਨੇਤਰ ਖੋਲ੍ਹ ਵੇਖ ਮੇਰੀ ਅਚਰਜ ਰੀਤ, ਲੋਕਮਾਤ ਆਪ ਰਚਾਈਆ । ਕਲਜੁਗ ਜੀਵ ਕੀਤੇ ਪਲੀਤ, ਪਾਕ ਰਹਿਣ ਕੋਇ ਨਾ ਪਾਈਆ । ਝਗੜਾ ਛਿੜਿਆ ਊਚ ਨੀਚ, ਜਾਤ ਪਾਤ ਕਰੇ ਲੜਾਈਆ । ਸ਼ਾਹ ਸੁਲਤਾਨਾਂ ਮੰਗਾਵਾਂ ਭੀਖ਼, ਰਾਜ ਰਾਜਾਨਾਂ ਖ਼ਾਕ ਮਿਲਾਈਆ । ਹਰਿ ਕਾ ਨਾਮ ਕਿਸੇ ਵਸਣ ਨਾ ਦੇਵਾਂ ਚੀਤ, ਘਰ ਘਰ ਠਗੌਰੀ ਇਕ ਕਰਾਈਆ । ਕੂੜੀ ਕਿਰਿਆ ਸਭ ਦੀ ਰਸਨ ਚੜ੍ਹਾਇਆ ਗੀਤ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਤਿਗੁਰ ਭੁੱਲੀ ਮਾਤ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਮੇਰੀ ਸੇਵਾ ਇਕ ਲਗਾਈਆ । ਕਲਜੁਗ ਕਹੇ ਸੁਣ ਸਤਿਜੁਗ ਸੰਗੀ, ਸਚ ਕਹਾਣੀ ਦਿਆਂ ਜਣਾਈਆ । ਸ੍ਰਿਸ਼ਟ ਸਬਾਈ ਵੇਖ ਕੀਤੀ ਨੰਗੀ, ਸਚ ਓਢਣ ਨਜ਼ਰ ਕੋਇ ਨਾ ਆਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਪਾਵਣ ਭੰਡੀ, ਵਰਭੰਡ ਧੀਰ ਨਾ ਕੋਇ ਧਰਾਈਆ । ਆਤਮ ਸਭ ਦੀ ਹੋਈ ਰੰਡੀ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਦੀਨ ਮਜ਼੍ਹਬ ਜਾਤ ਪਾਤ ਔਝੜ ਪਾਈ ਡੰਡੀ, ਪਾਂਧੀ ਪੰਧ ਸਕੇ ਨਾ ਕੋਇ ਮੁਕਾਈਆ । ਸ੍ਰਿਸ਼ਟ ਸਬਾਈ ਅੰਤਰ ਵਾਸਨਾ ਕੀਤੀ ਗੰਦੀ, ਅੰਮ੍ਰਿਤ ਜਾਮ ਸਚ ਪਿਆਲਾ ਮੁਖ ਨਾ ਕੋਇ ਲਗਾਈਆ । ਦੋਏ ਲੋਚਣ ਜਗਤ ਸਵਾਣੀ ਹੋਈ ਅੰਧੀ, ਘਰ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਸਤਿਜੁਗ ਕਹੇ ਸੁਣ ਕਲਜੁਗ ਸੱਜਣ, ਮੈਂ ਸਚ ਸੱਚ ਦ੍ਰਿੜਾਈਆ । ਸੰਤ ਸੁਹੇਲੇ ਸ੍ਰੀ ਭਗਵਾਨ ਲੱਭਣ, ਗੁਰਮੁਖ ਬੈਠੇ ਧਿਆਨ ਲਗਾਈਆ । ਕਾਇਆ ਮੰਦਰ ਅੰਦਰ ਉਠ

ਉਠ ਭੱਜਣ, ਦਹਿ ਦਿਸ਼ਾ ਵੇਖ ਵਖਾਈਆ । ਮੈਂ ਓਨ੍ਹਾਂ ਆਇਆ ਸੱਦਣ, ਜਿਨ੍ਹਾਂ ਸੱਦਾ ਇਕ ਸਮਝਾਈਆ । ਪ੍ਰੇਮ ਪ੍ਰੀਤੀ ਅੰਤਰ ਰਹਿਣ ਮਗਨ, ਮਾਇਆ ਮਮਤਾ ਮੋਹ ਤਜਾਈਆ । ਆਤਮ ਪਰਮਾਤਮ ਸੋਹੰ ਢੋਲਾ ਗਾਵਣ ਭਜਨ, ਬੰਦਗੀ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਗੁਰਮੁਖਾਂ ਕਰਾਏ ਸਾਚਾ ਮਜਨ, ਸਰ ਸਰੋਵਰ ਇਕ ਨੁਹਾਈਆ । ਤ੍ਰੇਤਾ ਕਹੇ ਸੁਣ ਕਲਜੁਗ ਪ੍ਰੇਮੀ, ਪ੍ਰੀਤੀ ਇਕੋ ਇਕ ਜਣਾਈਆ । ਮੈਂ ਵੇਖਣ ਆਇਆ ਗੁਰਮੁਖ ਨੇਮੀ, ਜੋ ਪੁਰਖ ਅਕਾਲ ਨੇਮ ਰਹੇ ਰਖਾਈਆ । ਏਥੇ ਓਥੇ ਬਣੇ ਸਾਕ ਸੱਜਣ ਸੈਣੀ, ਸਗਲਾ ਸੰਗ ਨਿਭਾਈਆ । ਤਿਨ੍ਹਾਂ ਊਚਾਂ ਨੀਚਾਂ ਮਿਲ ਕੇ ਬਣੀ ਇਕੋ ਰਹਿਣੀ, ਦੀਨ ਮਜ਼੍ਹਬ ਜਾਤ ਪਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਦੇਵੇ ਮਾਣ ਵਡਿਆਈਆ । ਦਵਾਪਰ ਕਹੇ ਸੁਣ ਕਲਜੁਗ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਮੈਂ ਵੇਖਾਂ ਸਚ ਵਿਹਾਰ, ਜਨ ਭਗਤ ਮਿਲੇ ਵਡਿਆਈਆ । ਭਗਵਨ ਕਰੇ ਖੇਲ ਅਪਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੁਗ ਜਨਮ ਦੇ ਵਿਛੜੇ ਮੇਲੇ ਆਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਏਕਾ ਦੇਵੇ ਧੁਰ ਫ਼ਰਮਾਨ, ਸਚ ਸੰਦੇਸ਼ਾ ਨਾਮ ਜਣਾਈਆ । ਦਰ ਦਵਾਰੇ ਕਰ ਪਰਵਾਨ, ਘਰ ਸਾਚੇ ਲਏ ਬਹਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨੇੜ ਨਾ ਆਈਆ । ਮੈਂ ਓਸ ਦਾ ਦਿਆਂ ਅਹਿਵਾਲ, ਜੋ ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਾਚਾ ਖੇਲ ਵਖਾਈਆ । ਕਲਜੁਗ ਕਹੇ ਮੈਂ ਸੁਣਿਆ ਸੱਚ, ਸਤਿਜੁਗ ਤ੍ਰੇਤਾ ਦਵਾਪਰ ਜੋ ਰਹੇ ਦ੍ਰਿੜਾਈਆ । ਪੁਰਖ ਅਬਿਨਾਸ਼ੀ ਦੇਵਣ ਆਇਆ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਜਨ ਭਗਤਾਂ ਵਲ ਰਿਹਾ ਤੱਕ, ਨਿਜ ਨੇਤਰ ਲੋਚਣ ਨੈਣ ਉਠਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਅੰਤਰ ਆਪਣਾ ਭੇਵ ਚੁਕਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਮੈਂ ਉਸ ਦੀ ਚਰਨੀਂ ਜਾਵਾਂ ਢੱਠ, ਕਲਜੁਗ ਕੂਕ ਕੂਕ ਜਣਾਈਆ । ਮੇਰੀ ਬਦਲ ਦੇਵੇ ਪ੍ਰਭ ਮੱਤ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਰਹੇ ਆਖ, ਕਲਜੁਗ ਸਚ ਸੱਚ ਦ੍ਰਿੜਾਈਆ । ਅਸੀਂ ਓਸ ਸਾਹਿਬ ਦੀ ਸ਼ਾਖ਼, ਜੋ ਸ਼ਨਾਖ਼ਤ ਵਿਚ ਕਦੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਸੁਣਦੇ ਰਹੇ ਓਸ ਦੀ ਬਾਤ, ਜੋ ਬਾਤਨ ਹਾਲ ਰਹੇ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਰਹੇ ਓਸ ਦੀ ਗਾਥ, ਅੱਖਰ ਅੱਖਰ ਜੋੜ ਜੁੜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰਦੇ ਰਹੇ ਪਾਠ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਸੋ ਸਾਹਿਬ ਪੁਰਖ ਅਕਾਲ ਦੀਨ ਦਿਆਲ ਦੇਵਣਹਾਰਾ ਦਾਤ, ਦਾਤਾ ਦਾਨੀ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਕਲਜੁਗ ਕਹੇ ਮੇਰੀ ਆਸਾ ਪੂਰੇ, ਮੈਂ ਇਕ ਧਿਆਨ ਲਗਾਈਆ । ਪਰਗਟ ਹੋਵੇ ਹਾਜ਼ਰ ਹਜ਼ੂਰੇ, ਹਜ਼ਰਤ ਆਪਣਾ ਫੇਰਾ ਪਾਈਆ । ਨਾਤਾ ਤੋੜੇ ਮਾਣ ਗ਼ਰੂਰੇ, ਗ਼ੁਰਬਤ ਰਹਿਣ ਕੋਇ ਨਾ ਪਾਈਆ । ਮਸਤਕ ਲਾਏ ਚਰਨ ਧੂੜੇ, ਟਿੱਕਾ ਇਕੋ ਨਾਮ ਲਗਾਈਆ । ਰੰਗ ਚਾੜ੍ਹੇ ਧੁਰ ਦੇ ਗੂੜ੍ਹੇ, ਦੂਜੀ ਵਾਰ ਉਤਰ ਨਾ ਜਾਈਆ । ਮੂਰਖ ਮੁਗਧ ਸਮਝਾਏ ਮੂੜ੍ਹੇ, ਸਾਚੀ ਕਰੇ

ਨਾਮ ਪੜ੍ਹਾਈਆ । ਨਾਦ ਵਜਾਵੇ ਇਕੋ ਤੂਰੇ, ਤੁਰੀਆ ਬੈਠੇ ਮੁਖ ਸ਼ਰਮਾਈਆ । ਅੰਮ੍ਰਿਤ ਦੇਵੇ ਸਤਿ ਸਰੂਰੇ, ਜਾਮ ਪਿਆਲਾ ਮਦਿ ਪਿਆਈਆ । ਕਰ ਪਰਕਾਸ਼ ਜੋਤੀ ਨੂਰੇ, ਅਗਿਆਨ ਅੰਧੇਰ ਦਏ ਚੁਕਾਈਆ । ਪੁਰਖ ਅਕਾਲ ਦੀਨ ਦਿਆਲ ਮੇਰਾ ਲੇਖ ਚੁਕਾਏ ਜ਼ਰੂਰੇ, ਜ਼ਰੂਰਤ ਆਪਣੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਵੇ ਸੱਚਾ ਵਰ, ਸਾਚਾ ਲੇਖਾ ਦਏ ਮੁਕਾਈਆ । ਕਲਜੁਗ ਕਹੇ ਮੇਰਾ ਲੇਖਾ ਮੁੱਕੇ, ਮੁੱਕੇ ਵਸਤ ਪਰਾਈਆ । ਜਨ ਭਗਤਾਂ ਪ੍ਰਭ ਜੂ ਗੋਦੀ ਚੁੱਕੇ, ਜੋ ਬੈਠੇ ਧਿਆਨ ਲਗਾਈਆ । ਮਨਮੁਖ ਮੂਰਖ ਟੰਗੇ ਪੁੱਠੇ, ਰਾਏ ਧਰਮ ਹੱਥ ਫੜਾਈਆ । ਏਥੇ ਓਥੇ ਓਨ੍ਹਾਂ ਕੋਈ ਨਾ ਪੁਛੇ, ਜੋ ਬੈਠੇ ਪ੍ਰਭੂ ਭੁਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਚ ਪ੍ਰੀਤੀ ਅੰਦਰ ਰੁਝੇ, ਰੁਚੀ ਆਪਣੀ ਆਪਣੇ ਨਾਲ ਮਿਲਾਈਆ । ਲੱਖ ਚੁਰਾਸੀ ਵਿਚੋਂ ਬਾਹਰ ਕੱਢੇ ਗੁੱਝੇ, ਗੋਝ ਭੇਵ ਆਪ ਖੁਲ੍ਹਾਈਆ । ਭਗਤ ਦੀਪਕ ਕਦੇ ਨਾ ਬੁੱਝੇ, ਸ਼ਮਾ ਰਹੇ ਨਾ ਜਗਤ ਲੋਕਾਈਆ । ਲੇਖਾ ਚੁੱਕੇ ਏਕਾ ਦੂਜੇ, ਦੂਆ ਏਕ ਏਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਾਂਧੀ ਪੰਧ ਮੁਕਾਈਆ । ਕਲਜੁਗ ਕਹੇ ਮੇਰਾ ਮੁਕੇ ਪੰਧ, ਅੰਤਮ ਲੇਖਾ ਪੂਰ ਕਰਾਈਆ । ਮੈਂ ਉਸ ਦਾ ਢੋਲਾ ਗਾਵਾਂ ਛੰਦ, ਜੋ ਸ਼ਹਿਨਸ਼ਾਹ ਮੇਰਾ ਲੇਖਾ ਲੇਖੇ ਪਾਈਆ । ਦੋਏ ਜੋੜ ਕਰ ਬੰਦਨਾ ਮੰਗਾਂ ਮੰਗ, ਅਰਜ਼ ਅਰਜ਼ੋਈ ਇਕੋ ਇਕ ਸੁਣਾਈਆ । ਪੁਰਖ ਅਕਾਲ ਸਤਿਜੁਗ ਸਾਚਾ ਚਾੜ੍ਹ ਚੰਦ, ਦੀਨ ਦਿਆਲ ਕਰ ਰੁਸ਼ਨਾਈਆ । ਜਨ ਭਗਤਾਂ ਪ੍ਰੀਤੀ ਆਪਣੇ ਨਾਲ ਗੰਢ, ਸਾਚੀ ਰੀਤੀ ਇਕ ਅਖਵਾਈਆ । ਦੋਹਾਂ ਮਿਲ ਕੇ ਬਣੇ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਡੇਰਾ ਢਾਹੀਆ ।

## ★ ੫ ਮਾਘ ੨੦੨੦ ਬਿਕਰਮੀ ਸਮਾਧਾਂ ਪਰ ਸੰਤਾਂ ਨਾਲ ਬਚਨ ਹੋਏ ਰਮਦਾਸ ਜ਼ਿਲਾ ਗੁਰਦਾਸ ਪੁਰ ★

ਬਿਨ ਸਤਿਗੁਰ ਕਿਰਪਾ ਨਾ ਹੋਏ ਵਿਚਾਰ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕਾ ਸਰਬ ਸੰਸਾਰ, ਆਦਿ ਜੁਗਾਦਿ ਜੁਗ ਚੌਕੜੀ ਢੋਲਾ ਰਾਗ ਅਲਾਈਆ । ਕਾਗਦ ਕਲਮ ਸ਼ਾਹੀ ਉਚੀ ਕੂਕ ਕੂਕ ਕਰੇ ਪੁਕਾਰ, ਜੀਵਾਂ ਜੰਤਾਂ ਜਗਤ ਸਮਝਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕੋਈ ਨਾ ਪਾਵੇ ਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜਿਨ੍ਹਾਂ ਮਿਲੇ ਸਾਹਿਬ ਸਵਾਮੀ ਸਿਰਜਣਹਾਰ, ਸਤਿ ਸਤਿਵਾਦੀ ਦਇਆ ਕਮਾਈਆ । ਤਿਨ੍ਹਾਂ ਸਮਝਾਵੇ ਆਪ ਆਪਣੀ ਕਿਰਪਾ ਧਾਰ, ਬਿਨ ਅੱਖਰੋਂ ਨਿਰਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਚਾਰ ਆਪਣੇ ਹੱਥ ਰਖਾਈਆ । ਸਚ ਵਿਚਾਰ ਨਾ ਆਵੇ ਜੱਗ, ਚਾਰੇ ਖਾਣੀ ਰਹੀ ਕੁਰਲਾਈਆ । ਜਗਤ ਦਵਾਰੇ ਲੱਗੀ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਦਰਸ ਨਾ ਪਾਵੇ ਕੋਈ ਉਪਰ ਸਾਹ ਰਗ, ਘਰ ਘਰ ਵਿਚ ਪਰਦਾ ਨਾ ਮਾਤ ਉਠਾਈਆ । ਕਿਰਪਾ ਕਰੇ ਜਿਨ੍ਹਾਂ ਉਪਰ ਪੁਰਖ ਸਮਰਥ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬੋਧ ਅਗਾਧ ਅੰਤਰ ਆਤਮ ਇਕੋ ਦੇਵੇ ਮੱਤ, ਸ਼ਬਦ ਅਨਾਦ ਧੁਨ ਸ਼ਨਵਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਸੰਤ ਭਗਤ ਭਗਵਾਨ

ਮਿਲ ਕੇ ਪੈਣ ਹੱਸ, ਘਰ ਖ਼ੁਸ਼ੀਆਂ ਮੰਗਲ ਗਾਈਆ । ਜਗਤ ਵਿਚਾਰ ਸਤਿਗੁਰ ਦਵਾਰ ਦਵਾਰੇ ਹੋ ਜਾਏ ਬੱਸ, ਬਿਨ ਹਰਿ ਕਿਰਪਾ ਕੰਮ ਕਿਸੇ ਨਾ ਆਈਆ । ਸੋ ਵਿਚਾਰ ਜਗਤ ਸੰਤ ਦੇਣੀ ਦੱਸ, ਜਿਸ ਵਿਚੋਂ ਮਿਲੇ ਬੇਪਰਵਾਹੀਆ । ਤੀਰ ਨਿਰਾਲਾ ਵੱਜੇ ਕਸ, ਦੂਈ ਦਵੈਤੀ ਬਜਰ ਕਪਾਟੀ ਚੀਰ ਚਿਰਾਈਆ । ਲੇਖਾ ਚੁੱਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮੱਤ ਬੁੱਧ ਡੇਰਾ ਦੇਵੇ ਢਾਹੀਆ । ਨਾੜ ਬਹੱਤਰ ਨਾ ਉਬਲੇ ਰਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਜਿਸ ਵਿਚੋਂ ਉਪਜੇ ਬ੍ਰਹਮ ਮੱਤ, ਬ੍ਰਹਮ ਵਿਦਿਆ ਇਕ ਦਰਸਾਈਆ । ਸੋ ਵਿਚਾਰ ਝੋਲੀ ਦੇਣੀ ਘੱਤ, ਆਪਣੇ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਚ ਵਿਚਾਰ ਸ਼ਬਦ ਧਾਰ ਸੰਤ ਸਤਿਗੁਰ ਹੱਥ ਰਖਾਈਆ । ਸਚ ਵਿਚਾਰ ਦੱਸੇ ਏਕ, ਏਕੰਕਾਰ ਨਜ਼ਰੀ ਆਈਆ । ਬੁੱਧੀ ਹੋਏ ਜਗਤ ਬਿਬੇਕ, ਦੁਰਮਤ ਮੈਲ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਸਾਹਿਬ ਸਵਾਮੀ ਲਏ ਪੇਖ, ਘਰ ਠਾਕਰ ਬੇਪਰਵਾਹੀਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਦਰਸ਼ਨ ਪਾਈਆ । ਆਤਮ ਸੇਜਾ ਮਿਲ ਕੇ ਲਈਏ ਖੇਡ, ਪ੍ਰੇਮ ਪ੍ਰੀਤੀ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਿਚਾਰ ਇਕੋ ਮੰਗ ਮੰਗਾਈਆ । ਸਚ ਵਿਚਾਰ ਦੱਸੇ ਹਾਲ, ਹਾਲਤ ਆਪਣੀ ਨਾਲ ਰਲਾਈਆ । ਜਿਸ ਵਿਚਾਰ ਵਿਚੋਂ ਲੇਖਾ ਚੁੱਕੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜਾਈਆ । ਸਚ ਪ੍ਰੀਤੀ ਲੱਗੇ ਸਤਿਗੁਰ ਨਾਲ, ਦੂਜੀ ਅਵਰ ਨਾ ਕੋਇ ਸਰਨਾਈਆ । ਗੁਰਮੁਖ ਗੁਰਸਿਖ ਬਣੇ ਸਾਚਾ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਪੁੱਛੇ ਸਚ ਵਿਚਾਰ, ਜਿਸ ਅੰਦਰ ਮਿਲੇ ਨਿਰਮਲ ਧਾਰ, ਰੂਪ ਰੰਗ ਰੇਖ ਤੇ ਵਸੇ ਬਾਹਰ, ਜਾਹਰ ਆਪਣਾ ਨੂਰ ਕਰਾਈਆ । ਵਿਚਾਰ ਦੱਸੇ ਕਾਇਆ ਮੰਦਰ, ਘਰ ਘਰ ਵਿਚ ਮਿਲੇ ਵਡਿਆਈਆ । ਮਨ ਵਾਸਨਾ ਬੱਝੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਹੋਏ ਪਰਕਾਸ਼ ਅੰਧੇਰੇ ਕੰਦਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸੋਭਾਵੰਤ ਸੁਹਾਏ ਮੰਦਰ, ਮੰਡਪ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਚਾਰ ਵਿਚੋਂ ਵਿਚਾਰ ਰਿਹਾ ਖੋਜ, ਖੋਜਤ ਆਪਣਾ ਰਾਹ ਚਲਾਈਆ । ਸਚ ਵਿਚਾਰ ਦੱਸੇ ਉਹ, ਜੋ ਸੰਤ ਸਤਿਗੁਰ ਸੱਚੀ ਭਾਈਆ । ਨਾਤਾ ਤੁਟੇ ਜਗਤ ਮੋਹ, ਮਮਤਾ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜਾਏ ਛੋਹ, ਦੂਈ ਦਵੈਤੀ ਡੇਰਾ ਢਾਹੀਆ । ਪਾਰਬ੍ਰਹਮ ਬ੍ਰਹਮ ਮਿਲ ਕੇ ਇਕੋ ਜਾਏ ਹੋ, ਏਕਾ ਦੂਜਾ ਨਜ਼ਰ ਕੋਇ ਨਾ ਆਈਆ । ਕਰ ਪਰਕਾਸ਼ ਨਿਰਗੁਣ ਜੋਤ ਕਰੇ ਲੋ, ਅਗਿਆਨ ਅੰਧੇਰ ਮਿਟਾਈਆ । ਧੁਨ ਨਾਦ ਸ਼ਬਦ ਰਾਗ ਸੁਣੀਏ ਇਕੋ ਸੋ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਘਰ, ਜਿਸ ਘਰ ਵਿਚਾਰ ਬੈਠੀ ਡੇਰਾ ਲਾਈਆ । ਵਿਚਾਰ ਵਸੇ ਕਿਸ ਘਰ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਕਵਣ ਕਰਨੀ ਰਹੀ ਕਰ, ਕਵਣ ਕਾਰ ਕਮਾਈਆ । ਕਵਣ ਅੱਖਰ ਰਹੀ ਪੜ੍ਹ, ਕਵਣ ਰਾਗ ਸੁਣਾਈਆ । ਕਵਣ ਪੌੜ੍ਹੇ ਰਹੀ ਚੜ੍ਹ, ਕਵਣ ਮੰਜ਼ਲ ਪੰਧ ਮੁਕਾਈਆ । ਜਿਸ ਵਿਚਾਰ ਵਿਚੋਂ ਚੁਕੇ ਸਰਬ ਡਰ, ਭੈ ਭਉ ਰਹਿਣ ਕੋਇ ਨਾ ਪਾਈਆ । ਸੋ ਵਿਚਾਰ

ਝੋਲੀ ਦੇਣੀ ਭਰ, ਜਿਸ ਦੀ ਸਮਝ ਕਿਸੇ ਨਾ ਆਈਆ । ਜਿਸ ਵਿਚਾਰ ਵਿਚੋਂ ਮਿਲੇ ਹਰਿ, ਹਰਿ ਹਰਿ ਕਾ ਰੂਪ ਨਜ਼ਰੀ ਆਈਆ । ਸੋ ਵਿਚਾਰ ਆਦਿ ਜੁਗਾਦਿ ਜੁਗਾ ਜੁਗੰਤ ਖੜੀ ਸਦਾ ਸੰਤਾਂ ਦਰ, ਬਿਨ ਸੰਤਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹ ਵਿਚਾਰ ਲਏ ਫੜ, ਸ਼ਬਦ ਡੋਰੀ ਤੰਦ ਬੰਧਾਈਆ । ਸ਼ਬਦ ਦੱਸੋ ਉਹ ਕਿਹੜਾ, ਅੱਛੀ ਤਰ੍ਹਾਂ ਜਣਾਈਆ । ਜਿਸ ਨੇ ਦੋ ਜਹਾਨ ਵਸਾਇਆ ਖੇੜਾ, ਬ੍ਰਹਿਮੰਡ ਖੰਡ ਆਪਣਾ ਡੇਰਾ ਲਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਨਬੇੜਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਹੁਕਮ ਮਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਲਾਏ ਡੇਰਾ, ਅਠਸਠ ਤੀਰਥ ਘਟ ਘਟ ਰਿਹਾ ਸਮਾਈਆ । ਦੂਰ ਦੁਰਾਡਾ ਨੇਰਨ ਨੇਰਾ, ਉਤਰ ਪੂਰਬ ਪੱਛਮ ਦੱਖਣ ਦਹਿ ਦਿਸ਼ਾ ਖੇਲ ਵਖਾਈਆ । ਬਿਨ ਸੰਤ ਸਤਿਗੁਰ ਨਿਤ ਨਵਿਤ ਸਦਾ ਹਨੇਰਾ, ਦੀਪਕ ਜੋਤ ਕਰੇ ਨਾ ਕੋਇ ਰੁਸ਼ਨਾਈਆ । ਹਰਿ ਕਾ ਸ਼ਬਦ ਹਰਿਜਨ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਦਰ, ਜਿਸ ਘਰ ਸ਼ਬਦ ਸ਼ਬਦੀ ਬੈਠਾ ਡੇਰਾ ਲਾਈਆ । ਕਿਰਪਾ ਅੰਦਰ ਪੁਰਖ ਅਕਾਲ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲ ਖਿਲਾਈਆ । ਜੁਗ ਚੌਕੜੀ ਦੀਨ ਦਿਆਲ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਵਰਤਾਈਆ । ਭਗਤ ਭਗਵਾਨ ਵਖਾਏ ਸਚ ਸੱਚੀ ਧਰਮਸਾਲ, ਕਾਇਆ ਮੰਦਰ ਇਕ ਵਡਿਆਈਆ । ਸਾਢੇ ਤਿੰਨ ਹੱਥ ਅੰਦਰ ਵਜਾਏ ਅਗੰਮੀ ਤਾਲ, ਤਾਲ ਤਲਵਾੜਾ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਇਕ ਉਛਾਲ, ਸਰ ਸਰੋਵਰ ਦਏ ਵਖਾਈਆ । ਦੀਪ ਅਗੰਮੀ ਜੋਤੀ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜਾਹਰ ਚਲੇ ਨਾਲ ਨਾਲ, ਨਿਰਗੁਣ ਸਰਗੁਣ ਸੰਗ ਨਿਭਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਜਿਨ੍ਹਾਂ ਉਪਰ ਹੋਏ ਆਪ ਕਿਰਪਾਲ, ਕਿਰਪਾਨਿਧ ਆਪਣਾ ਰੰਗ ਰੰਗਾਈਆ । ਸੋ ਵੇਖਣ ਬਿਨ ਨੇਤਰ ਪੁਰਖ ਅਕਾਲ, ਅਕਲ ਕਲਧਾਰੀ ਇਕੋ ਨਜ਼ਰੀ ਆਈਆ । ਸੰਤਾਂ ਅੱਗੇ ਹਰਿ ਸਤਿ ਸੁਆਲ, ਸਤਿ ਸਤਿਵਾਦੀ ਇਕ ਰਖਾਈਆ । ਜਿਸ ਅਕਾਲ ਦਾ ਗੋਬਿੰਦ ਲਾਲ, ਸ਼ਬਦੀ ਸੁਤ ਨਾਉਂ ਰਖਾਈਆ । ਸੋ ਦੱਸੋ ਸੱਚੀ ਧਰਮਸਾਲ, ਜਿਸ ਘਰ ਬੈਠਾ ਡੇਰਾ ਲਾਈਆ । ਜਿਸ ਦਾ ਜਲਵਾ ਨੂਰ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਪਰਵਰਦਿਗਾਰ ਸਾਂਝਾ ਯਾਰ, ਧੁਰਦਰਗਾਹੀ ਇਕ ਅਖਵਾਈਆ । ਤਿਸ ਦੀ ਕਿਰਪਾ ਖੇਲ ਜਗਤ ਸੰਸਾਰ, ਵਡ ਸੰਸਾਰੀ ਆਪਣੀ ਰਚਨ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਦਰ ਬੈਠੇ ਸੀਸ ਝੁਕਾਈਆ । ਸੋ ਸੰਤ ਭਗਵੰਤ ਕਿਸ ਵਸੇ ਮਕਾਨ, ਮਹਿਬੂਬ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਅੰਦਰ ਲੱਖ ਚੁਰਾਸੀ ਸੁਹਾਏ ਮੰਦਰ, ਗ੍ਰਿਹਿ ਗ੍ਰਿਹਿ ਘਰ ਘਰ ਦਰ ਦਰ ਆਪਣਾ ਡੇਰਾ ਲਾਈਆ । ਬੇਅੰਤ ਪ੍ਰਭ ਦਾ ਗੱਫਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਗੁਰਮੁਖ ਅੰਦਰੇ ਅੰਦਰ ਮਾਰਗ ਦੱਸਾ, ਸੋ ਗੁਰਸਿਖ ਮਿਲ ਮਿਲ ਖ਼ੁਸ਼ੀ ਮਨਾਇੰਦਾ । ਜਗਤ ਵਿਕਾਰ ਜੀਵ ਜੰਤ ਫਸਾ, ਬਾਹੋਂ ਫੜ ਬਾਹਰ ਨਾ ਕੋਇ ਕਢਾਇੰਦਾ । ਰਸਨਾ ਜਿਹਵਾ ਨੌਂ ਦਵਾਰ ਵੇਖਣ ਰਸਾ, ਆਤਮ ਰਸ ਨਿਝਰ ਧਾਰ ਨਾ ਕੋਇ ਵਹਾਇੰਦਾ । ਸੁਣ ਸੁਣਾ ਕੇ ਕਹਿਣ ਅੱਛਾ, ਅੱਛੀ ਤਰ੍ਹਾ ਭੇਵ ਕੋਇ ਨਾ ਪਾਇੰਦਾ । ਗੱਲ ਵਿਚ ਫਾਸੀ ਦਿਸੇ ਰੱਸਾ, ਰਾਏ ਧਰਮ ਸਰਬ ਲਟਕਾਇੰਦਾ ।



੨੬੩ ੧੯

ਬਿਨ ਸਤਿਗੁਰ ਕਿਰਪਾ ਕੋਈ ਨਾ ਬਚਾ, ਬਚਪਨ ਸਭ ਦਾ ਮੂਲ ਚੁਕਾਇੰਦਾ । ਜਗਤ ਵਾਸਨਾ ਜੀਵ ਜਹਾਨ ਨੱਚਾ, ਨੌ ਦਰ ਕੂੜੀ ਕਿਰਿਆ ਖੋਜ ਖੁਜਾਇੰਦਾ । ਜਿਨ੍ਹਾਂ ਮਿਲਿਆ ਪੁਰਖ ਸਮਰਥਾ, ਸੋ ਗੁਰਮੁਖ ਹਰਿਜਨ ਮਿਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵੇਖ ਵਖਾਇੰਦਾ । ਬਾਬੇ ਬੁੱਢੇ ਦੁਆਰੇ ਆਏ ਬੁੱਢਾ, ਨਿਰਗੁਣ ਸਰਗੁਣ ਵੇਸ ਵਟਾਈਆ । ਉਸ ਦਾ ਭੇਵ ਕਵਣ ਖੁਲ੍ਹਾਏ ਗੁੱਝਾ, ਅਨੁਭਵ ਆਪਣੀ ਧਾਰ ਚਲਾਈਆ । ਜਗਤ ਮਾਇਆ ਜਗਿਆਸੂ ਰੁੱਝਾ, ਰੁਚੀ ਜਗਤ ਨਾਲ ਪਰਨਾਈਆ । ਅੰਤਰ ਆਤਮ ਕੋਈ ਨਾ ਸੁੱਚਾ, ਸੁੱਚ ਸੰਜਮ ਬੈਠੀ ਡੇਰਾ ਢਾਹੀਆ । ਮਨ ਵਿਕਾਰੀ ਨਟੂਆ ਲੁੱਚਾ, ਭੱਜੇ ਵਾਹੋ ਦਾਹੀਆ । ਕਾਇਆ ਅੰਦਰ ਜਗਤ ਵਿਕਾਰਾਂ ਭਰਿਆ ਗੁੱਛਾ, ਗੱਠੜੀ ਫੋਲ ਨਾ ਕੋਇ ਵਖਾਈਆ । ਕੂੜੀ ਵਾਸਨਾ ਹੋਇਆ ਭੁੱਖਾ, ਤ੍ਰਿਸ਼ਨਾ ਮਿਟੇ ਨਾ ਜਗਤ ਲੋਕਾਈਆ । ਜਿਨ੍ਹਾਂ ਸਾਹਿਬ ਸਤਿਗੁਰ ਪੁਰਖ ਅਕਾਲ ਇਕੋ ਤੁੱਠਾ, ਸਦ ਦੇਵੇ ਮਾਣ ਵਡਿਆਈਆ । ਬੁੱਢੇ ਨਾਲੋਂ ਬੁੱਢਾ ਰੁੱਠਾ, ਰੁਠੜਿਆਂ ਪੁਰਖ ਅਕਾਲ ਆਪ ਮਨਾਈਆ । ਸਚ ਨਿਸ਼ਾਨਿਉਂ ਸਤਿਗੁਰ ਕਦੇ ਨਾ ਉਕਾ, ਤੀਰ ਅਣਿਆਲਾ ਬਾਣ ਚਲਾਈਆ । ਉਨ੍ਹਾਂ ਦਾ ਪੈਂਡਾ ਪਿਛੇ ਅੱਗੇ ਮੁਕਾ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੁੱਢਾ ਆਪਣੇ ਲੇਖੇ ਪਾਈਆ । ਬੁੱਢੇ ਦਾ ਜਾਣੇ ਕਵਣ ਬੁਢੇਪਾ, ਬਿਰਧ ਬਾਲ ਜਵਾਨ ਸਮਝ ਕਿਸੇ ਨਾ ਆਈਆ । ਵੇਖਣਹਾਰਾ ਇਕੋ ਨੇਤਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋ ਨਿਰਗੁਣ ਧਾਰ ਗੁਰਮੁਖ ਚੇਤਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਮੰਗੀ ਮੰਗ ਖਾ ਕੇ ਠੇਡਾ, ਮਸਤਕ ਖ਼ਾਕ ਨਾਲ ਮਿਲਾਈਆ । ਪੁਰਖ ਅਕਾਲ ਮੇਰਾ ਰੱਖਣਾ ਚੇਤਾ, ਚੇਤਨ ਹੋ ਕੇ ਰਿਹਾ ਸੁਣਾਈਆ । ਤੇਰੀ ਸਿਕਦਾਰੀ ਦਾ ਮੇਰੇ ਹੱਥ ਠੇਕਾ, ਮਸਤਕ ਟਿੱਕਾ ਗੁਰ ਗੁਰ ਧਾਰ ਲਗਾਈਆ । ਤੇਰਾ ਰੂਪ ਨੇਤਰ ਨਾ ਪੇਖਾ, ਤੇਰੇ ਨਾਮ ਸੁਣੀ ਸ਼ਨਵਾਈਆ । ਸਾਹਿਬ ਠਾਕਰ ਰੱਖਣਾ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਮੈਂ ਰਾਹ ਤੱਕਾਂ ਤੇਰਾ ਵਿਚ ਖੇਤਾਂ, ਜੰਗਲ ਜੂਹ ਡੇਰਾ ਲਾਈਆ । ਤੂੰ ਮੇਰੀ ਮਾਣੀ ਆਣ ਕੇ ਸੇਜਾ, ਸੇਜ ਸੁਹੰਜਣੀ ਸੋਭਾ ਪਾਈਆ । ਤੇਰਾ ਨਜ਼ਰੀ ਆਵੇ ਨੂਰ ਤੇਜਾ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਪਾਉਣਾ ਆਪਣੇ ਘਰ, ਤੇਰੇ ਘਰ ਮੇਰੀ ਵਡਿਆਈਆ । ਤੇਰੇ ਘਰ ਮੈਂ ਹੋਵਾਂ ਵੱਡਾ, ਵੱਡੇ ਹੱਥ ਤੇਰੇ ਵਡਿਆਈਆ । ਜਗਤ ਜਹਾਨ ਕਹੇ ਬੁੱਢਾ ਨੱਢਾ, ਹੋਛੀ ਮਤ ਬਣਾਈਆ । ਲੱਖ ਚੁਰਾਸੀ ਵਿਚੋਂ ਜਿਸ ਨੇ ਕੱਢਾ, ਸਿਰ ਮੇਰੇ ਹੱਥ ਟਿਕਾਈਆ । ਉਸ ਦਵਾਰੇ ਜਾਵਾਂ ਭੱਜਾ, ਬਣ ਪਾਂਧੀ ਪੰਧ ਮੁਕਾਈਆ । ਜਿਸ ਪੰਜ ਤਤ ਕਾਇਆ ਚੋਲੀ ਰੱਖੀ ਲੱਜਾ, ਮਿਹਰ ਨਜ਼ਰ ਨੈਣ ਉਠਾਈਆ । ਸੋ ਸਾਹਿਬ ਸੂਰਾ ਸਰਬੱਗਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਬੀਸ ਬੀਸਾ ਦੇਣਾ ਸੱਦਾ, ਸਦਕੇ ਵਾਰੀ ਘੋਲੀ ਘੋਲ ਘੁੰਮਾਈਆ । ਪੰਚਮ ਪੰਚ ਪਰਪੰਚ ਜਿਸ ਆਪਣੇ ਹੁਕਮੇ ਬੱਧਾ, ਦੋ ਜਹਾਨ ਹੁਕਮ ਵਰਤਾਈਆ । ਮੈਂ ਉਸ ਦੀ ਚਰਨੀ ਢੱਠਾ, ਜੋ ਡਿਗਿਆਂ ਲਏ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਪਹਿਲੋਂ ਕੀਤਾ ਕੱਠਾ, ਚਾਰ ਜੁਗ ਦੇ ਵਿਛੜੇ ਦਰ ਮਿਲਾਈਆ । ਫੇਰ ਮੇਰਾ ਬੁੜ੍ਹੇਪਾ ਵੇਖੇ ਆ ਕੇ ਅੱਖਾਂ, ਬਿਨ ਅੱਖਾਂ ਨੈਣ ਖੁਲ੍ਹਾਈਆ । ਕੀ ਉਸ ਨੂੰ ਹਾਲ ਦੱਸਾਂ, ਜਿਸ ਮੇਰੀ ਬਣਤ ਬਣਾਈਆ । ਨਾ ਰੋਵਾਂ ਨਾ ਹੱਸਾਂ, ਖ਼ੁਸ਼ੀਆਂ ਮੰਗਲ ਇਕੋ ਗਾਈਆ । ਨਾਨਕ ਗੋਬਿੰਦ ਨਾਲ ਪ੍ਰਭੂ ਤੇਰੇ ਚਰਨ ਦਵਾਰੇ ਵਸਾਂ, ਤੇਰਾ ਵਿਛੋੜਾ

ਅੱਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਜਿਸ ਘਰ ਸੂਰਜ ਚੰਦ ਨਜ਼ਰ ਕੋਇ ਨਾ ਆਈਆ । ਬੁੱਢਾ ਕਹੇ ਬੁੱਢੇ ਦਾ ਬਾਪੂ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਨਾਨਕ ਗੋਬਿੰਦ ਧਾਰ ਨਾ ਕੋਇ ਪਛਾਤੂ, ਵੇਖ ਸਕੇ ਨਾ ਕੋਇ ਲੋਕਾਈਆ । ਉਤਮ ਸ੍ਰੇਸ਼ਟ ਜਿਨ ਆਤਮ ਪਰਮਾਤਮ ਬਣਾਈ ਜਾਤੂ, ਜਾਤ ਪਾਤ ਨਾ ਕੋਇ ਰਖਾਈਆ । ਸੋ ਸਾਹਿਬ ਸਤਿਗੁਰ ਇਕੋ ਏਕ ਏਕੰਕਾਰ ਬਣੇ ਸਾਥੂ, ਸਗਲਾ ਸੰਗ ਨਿਭਾਈਆ । ਉਸ ਪੁਰਖ ਪਰਮਾਤਮ ਮਿਲ ਕੇ ਮੈਂ ਇਹੋ ਆਖੂੰ, ਆਖਰ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਦੋ ਜਹਾਨਾਂ ਫਿਰੇ ਡਾਕੂ, ਨਾਮ ਡਾਕਾ ਦਿਨ ਦਿਹਾੜੇ ਘਰ ਘਰ ਰਿਹਾ ਲਾਈਆ । ਕਿਰਪਾ ਅੰਦਰ ਆਪ ਬੁਲਾਉਂਦਾ ਏ । ਜਿਸ ਉਪਰ ਮਿਹਰ ਨਜ਼ਰ ਟਿਕਾਉਂਦਾ ਏ । ਮੇਰ ਤੇਰ ਸਰਬ ਚੁਕਾਉਂਦਾ ਏ । ਸੋਈ ਸੁਰਤੀ ਸ਼ਬਦੀ ਛੇੜ ਆਪ ਉਠਾਉਂਦਾ ਏ । ਪੰਧ ਮੁਕਾ ਕੇ ਦੂਰ ਦੁਰਾਡਾ ਨੇਰਨ ਨੇਰ, ਘਰ ਘਰ ਵਿਚ ਨਜ਼ਰੀ ਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੇ ਰੰਗ ਰੰਗਾਉਂਦਾ ਏ । ਜਿਸ ਆਪਣੇ ਰੰਗ ਰੰਗਾਉਂਦਾ ਏ । ਤਿਸ ਸਾਚਾ ਸੰਗ ਨਿਭਾਉਂਦਾ ਏ । ਅੰਦਰ ਵੜ੍ਹ ਕੇ ਕੁੰਡਾ ਲਾਹੁੰਦਾ ਏ । ਦਸਮ ਦਵਾਰੀ ਚੜ੍ਹ ਕੇ ਸੋਭਾ ਪਾਉਂਦਾ ਏ । ਸ਼ਬਦ ਅਗੰਮੀ ਪੜ੍ਹ ਕੇ ਰਾਗ ਅਲਾਉਂਦਾ ਏ । ਜੋਤੀ ਦੀਪਕ ਬਲ ਕੇ ਅਗਿਆਨ ਅੰਧੇਰ ਮਿਟਾਉਂਦਾ ਏ । ਸਚ ਸੰਦੇਸ਼ਾ ਇਕੋ ਘੱਲ ਕੇ, ਹਰਿਜੂ ਆਪਣਾ ਹਾਲ ਜਣਾਉਂਦਾ ਏ । ਜਨ ਭਗਤਾਂ ਅੰਦਰ ਰਲ ਕੇ, ਸਾਚਾ ਖੇਲ ਆਪ ਵਖਾਉਂਦਾ ਏ । ਸਚ ਸਿੰਘਾਸਣ ਇਕੋ ਮਲ ਕੇ, ਸਤਿਗੁਰ ਪੂਰਾ ਸੋਭਾ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਘਰ ਵਖਾਉਂਦਾ ਏ । ਜਿਸ ਆਪਣਾ ਘਰ ਵਖਾਉਂਦਾ ਏ । ਤਿਸ ਬੰਦ ਦਵਾਰ ਖੁਲਾਉਂਦਾ ਏ । ਜੰਗਲ ਜੂਹ ਉਜਾੜ ਪਹਾੜ ਨਾ ਕੋਇ ਭਵਾਉਂਦਾ ਏ । ਕਰ ਪਰਕਾਸ਼ ਨਾੜੀ ਨਾੜ, ਘਰ ਨੂਰੀ ਜੋਤ ਰੁਸ਼ਨਾਉਂਦਾ ਏ । ਆਤਮ ਪਰਮਾਤਮ ਦੇ ਅਧਾਰ, ਅੰਤਰ ਆਪਣਾ ਮੇਲ ਮਿਲਾਉਂਦਾ ਏ । ਅੱਠੇ ਪਹਿਰ ਸ਼ਬਦ ਧੁਨਕਾਰ, ਅਨਹਦ ਨਾਦੀ ਰਾਗ ਸੁਣਾਉਂਦਾ ਏ । ਸਾਚੀ ਸਖੀ ਕਰ ਪਿਆਰ, ਗੋਪੀ ਕਾਹਨ ਰੂਪ ਵਟਾਉਂਦਾ ਏ । ਸੋ ਗੁਰਮੁਖ ਗੁਰਸਿਖ ਹਰਿਜਨ ਉਧਰੇ ਪਾਰ, ਜਿਸ ਆਪਣਾ ਮੇਲ ਮਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਸੋ ਮੰਦਰ ਬਹਿ ਬਹਿ ਖ਼ੁਸ਼ੀ ਗੀਤ ਸੁਹਾਗੀ ਗਾਉਂਦਾ ਏ । ਜਿਸ ਆਪਣਾ ਘਰ ਵਖਾਉਂਦਾ ਏ । ਲੱਖ ਚੁਰਾਸੀ ਨਾਤਾ ਤੋੜ ਤੁੜਾਉਂਦਾ ਏ । ਜਮ ਕੀ ਫਾਸੀ ਡੇਰਾ ਢਾਹੁੰਦਾ ਏ । ਮੰਡਲ ਰਾਸੀ ਚਰਨਾਂ ਹੇਠ ਦਬਾਉਂਦਾ ਏ । ਜੋਤ ਪਰਕਾਸ਼ੀ ਇਕੋ ਨੂਰ ਵਖਾਉਂਦਾ ਏ । ਪੂਰਬ ਜਨਮ ਦੀ ਪੂਰੀ ਕਰਕੇ ਆਸੀ, ਭਗਤ ਭਗਵਾਨ ਮੇਲ ਮਿਲਾਉਂਦਾ ਏ । ਏਥੇ ਓਥੇ ਦੋ ਜਹਾਨ ਦੀ ਦੂਰ ਕਰੇ ਉਦਾਸੀ, ਇਕੋ ਅੰਮ੍ਰਿਤ ਸੱਚਾ ਨਾਮ ਜਾਮ ਪਿਲਾਉਂਦਾ ਏ । ਸੋ ਗੁਰਮੁਖ ਉਤਰੇ ਪਾਰ ਘਾਟੀ, ਅੱਧਵਿਚਕਾਰ ਨਾ ਕੋਇ ਅਟਕਾਉਂਦਾ ਏ । ਚਰਨ ਕਵਲ ਉਪਰ ਧਵਲ ਬੰਧਾਏ ਆਪਣਾ ਨਾਤੀ, ਨਾਤਾ ਬਿਧਾਤਾ ਜੋੜ ਜੁੜਾਉਂਦਾ ਏ । ਪੁਰਖ ਅਕਾਲ ਜਿਨ੍ਹਾਂ ਦਾ ਬਣਿਆ ਸੱਚਾ ਸਾਥੀ, ਸਚਖੰਡ ਦਵਾਰੇ ਫੜ ਵਸਾਉਂਦਾ ਏ । ਬਾਬੇ ਬੁੱਢੇ ਉਸ ਦੀ ਮੰਨੀ ਆਖੀ, ਜੋ ਆਖਰਕਾਰ ਅੰਤ ਸਭ ਨੂੰ ਆਪਣੀ ਜੋਤ ਮਿਲਾਉਂਦਾ ਏ । ਪਿਛੋਂ ਜੀਵ ਜੰਤ ਜਹਾਨ ਗਾਵੇ ਸਾਖੀ, ਅੱਖਰ ਅੱਖਸ਼ਰਾਂ ਨਾਲ ਮੇਲ ਮਿਲਾਉਂਦਾ ਏ । ਜੋ ਅੰਤਮ

ਸਮੇਂ ਰਹਿ ਗਈ ਬਾਕੀ, ਸੋ ਬਾਕੀ ਨਵੀਸ ਲੇਖਾ ਲੇਖੇ ਲਾਉਂਦਾ ਏ । ਪੁਰਖ ਅਕਾਲ ਦੀ ਅਗੰਮੀ ਝਾਕੀ, ਜਗਤ ਨੇਤਰ ਵੇਖਿਆਂ ਨਜ਼ਰ ਕਿਸੇ ਨਾ ਆਉਂਦਾ ਏ । ਜੇ ਕੋਈ ਕਹੇ ਬੰਦਾ ਖ਼ਾਕੀ, ਖ਼ਾਕ ਵਿਚ ਸਰਬ ਮਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਉਂਦਾ ਏ ।

★ ੫ ਮਾਘ ੨੦੨੦ ਬਿਕਰਮੀ ਬੀਬੀ ਜੀਤੋ ਦੇ ਗ੍ਰਿਹ ਪਿੰਡ ਸਰਜਾ ਚੱਕ ਜ਼ਿਲਾ ਗੁਰਦਾਸ ਪੁਰ ★

ਕਿਰਪਾ ਕਰੇ ਸ੍ਰੀ ਭਗਵੰਤ, ਜਨ ਭਗਤ ਦਏ ਮਾਣ ਵਡਿਆਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਚੌਕੜੀ ਵੇਖ ਵਖਾਈਆ । ਬੋਧ ਅਗਾਧਾ ਨਾਮ ਮਣੀਆ ਮੰਤ, ਅੰਤਰ ਆਤਮ ਇਕ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਭੇਵ ਖੁਲ੍ਹਾਈਆ । ਲਹਿਣਾ ਦੇਣਾ ਚੁਕਾ ਬਹਿਸ਼ਤ ਜਨਤ, ਸਵਰਗ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਿਰਪਾ ਕਰੇ ਸ੍ਰੀ ਭਗਵਾਨ, ਜਨ ਭਗਤਾਂ ਦਇਆ ਕਮਾਇੰਦਾ । ਨਿਰਗੁਣ ਸਰਗੁਣ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਭਾਗ ਲਗਾ ਕਾਇਆ ਮੰਦਰ ਸਚ ਮਕਾਨ, ਗੁਰੂਦਵਾਰ ਇਕੋ ਇਕ ਵਖਾਇੰਦਾ । ਸ਼ਬਦੀ ਰਾਗ ਸੁਣਾਏ ਸੱਚੀ ਧੁਨਕਾਨ, ਆਤਮਕ ਰਾਗੀ ਰਾਗ ਅਲਾਇੰਦਾ । ਦੀਆ ਬਾਤੀ ਕਮਲਾਪਾਤੀ ਇਕੋ ਬਾਲ, ਜੋਤ ਨਿਰੰਜਣ ਡਗਮਗਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਨਜ਼ਰੀ ਆਏ ਨੌਜਵਾਨ, ਨਰ ਹਰਿ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਸ੍ਰੀ ਭਗਵਾਨ ਭਗਤਨ ਮੀਤਾ, ਏਕੰਕਾਰ ਵੱਡੀ ਵਡਿਆਈਆ । ਆਦਿ ਜੁਗਾਦਿ ਚਲਾਏ ਆਪਣੀ ਰੀਤਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਲਹਿਣਾ ਦੇਣਾ ਚੁਕਾਏ ਮੰਦਰ ਮਸਜਿਦ ਮੱਠ ਸ਼ਿਵਦਵਾਲ ਮਸੀਤਾ, ਗ੍ਰਿਹ ਇਕੋ ਇਕ ਵਖਾਈਆ । ਧੁਰ ਦਰਬਾਰ ਸੁਹਾਏ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਜਲਾਈਆ । ਮੇਲ ਮਿਲਾਏ ਊਚਾਂ ਨੀਚਾਂ, ਰਾਉ ਰੰਕਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਉਠਾਈਆ । ਸ੍ਰੀ ਭਗਵਾਨ ਕਿਰਪਾਨਿਧ ਠਾਕਰ ਸਵਾਮੀ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਭਗਤ ਵਛਲ ਸਦਾ ਸਦ ਅੰਤਰਜਾਮੀ, ਘਟ ਘਟ ਅੰਤਰ ਫੋਲ ਫੁਲਾਇੰਦਾ । ਨਿਸ਼ਅੱਖਰ ਨਿਰਵੈਰ ਹੋ ਸੁਣਾਏ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਪੜ੍ਹਾਇੰਦਾ । ਸਚ ਦਵਾਰ ਵਖਾਏ ਇਕੋ ਧੁਰ ਨਿਸ਼ਾਨੀ, ਨਿਰਮਲ ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਸਾਚਾ ਘਰ, ਜਿਸ ਗ੍ਰਿਹ ਆਪਣਾ ਡੇਰਾ ਲਾਇੰਦਾ । ਭਗਤ ਸੁਹੇਲਾ ਸਤਿਗੁਰ ਸੰਗ, ਸਤਿ ਪੁਰਖ ਵੱਡੀ ਵਡਿਆਈਆ । ਜਗਤ ਦਵਾਰੇ ਆਪੇ ਲੰਘ, ਘਰ ਮੇਲਾ ਸਹਿਜ ਸੁਭਾਈਆ । ਸ਼ਬਦੀ ਨਾਦ ਵਜਾਏ ਮਰਦੰਗ, ਅਨਹਦ ਰਾਗੀ ਨਾਦ ਸੁਣਾਈਆ । ਸੇਜ ਸੁਹੰਜਣੀ ਆਪ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਨਿਰਗੁਣ ਨੂਰ ਚਾੜ੍ਹ ਚੰਦ, ਸੂਰਜ ਚੰਦ ਪੰਧ ਮੁਕਾਈਆ । ਦਰਸ ਦੇ ਸੂਰਾ ਸਰਬੰਗ, ਸਾਹਿਬ ਸੁਲਤਾਨ ਆਪਣਾ ਮੇਲ ਮਿਲਾਈਆ । ਅਨੰਦ ਵਿਚੋਂ ਪਰਗਟਾਏ ਅਨੰਦ, ਅਨੰਦ ਆਪਣਾ

੨੬੭
੧੬

ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤ ਸਹਾਇਕ ਏਕੰਕਾਰ, ਅਕਲ ਕਲਧਾਰੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਜੁਗ ਚੌਕੜੀ ਆਪਣਾ ਖੇਲ ਰਚਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਸਾਚੀ ਬਾਣੀ ਬੋਲ ਜੈਕਾਰ, ਚਾਰੇ ਬਾਣੀ ਭੇਵ ਮਿਟਾਇੰਦਾ । ਲਿਖਣ ਪੜ੍ਹਨ ਤੋਂ ਵਸੇ ਬਾਹਰ, ਕਾਗਦ ਕਲਮ ਛਾਹੀ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਰੰਗਾਏ ਅਗੰਮ, ਹਰਿ ਅਗੰਮੜੀ ਕਾਰ ਕਮਾਈਆ । ਵੇਖਣਹਾਰਾ ਕਾਇਆ ਮਾਟੀ ਚੰਮ, ਤਨ ਠਾਂਡਾ ਫੋਲ ਫੁਲਾਈਆ । ਲਹਿਣਾ ਦੇਣਾ ਚੁਕਾਏ ਪਵਣ ਸਵਾਸੀ ਦਮ, ਸੁਆਸ ਸੁਆਸਾਂ ਲੇਖੇ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜਾਣੇ ਆਪਣਾ ਕੰਮ, ਨਿਹਕਰਮੀ ਆਪਣੀ ਕਰਨੀ ਆਪ ਕਮਾਈਆ । ਜਨ ਭਗਤ ਮਿਟਾਏ ਹਰਖ ਸੋਗ ਚਿੰਤਾ ਗ਼ਮ, ਸਾਂਤਕ ਸਤਿ ਇਕੋ ਇਕ ਵਰਤਾਈਆ । ਮਾਣਸ ਜਨਮ ਲੋਕਮਾਤ ਬੇੜਾ ਬੰਨ੍ਹ, ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਰਾਹ ਚਲਾਈਆ । ਜਨ ਭਗਤ ਚਲਾਏ ਇਕੋ ਰਾਹ, ਦੂਜੀ ਓਟ ਨਾ ਕੋਇ ਵਖਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਸਚ ਸੰਦੇਸ਼ਾ ਦਏ ਸੁਣਾ, ਧੁਰ ਦਾ ਰਾਗੀ ਰਾਗ ਅਲਾਇੰਦਾ । ਅੰਤਰ ਆਤਮ ਮੇਲਾ ਸਹਿਜ ਸੁਭਾ, ਪਰਮ ਪੁਰਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਕਰ ਰੁਸ਼ਨਾ, ਦੀਆ ਬਾਤੀ ਇਕੋ ਇਕ ਚਮਕਾਇੰਦਾ । ਮਹਲ ਅਟੱਲ ਸੋਭਾ ਪਾ, ਘਰ ਘਰ ਵਿਚ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਨ ਭਗਤਾਂ ਵੇਖ ਵਖਾਇੰਦਾ । ਜੁਗ ਚੌਕੜੀ ਜਨ ਭਗਤਾਂ ਵੇਖੇ ਆਪ, ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਬਿਨ ਅੱਖਰਾਂ ਦੇਵੇ ਜਾਪ, ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਪੜ੍ਹਾਈਆ । ਮੇਟ ਮਿਟਾਏ ਤ੍ਰੈਗੁਣ ਮਾਇਆ ਤੀਨੋ ਤਾਪ, ਪੰਚ ਵਿਕਾਰ ਨਾ ਕੋਇ ਹਲਕਾਈਆ । ਜਨਮ ਜਨਮ ਦਾ ਪੂਰਬ ਮੇਟੇ ਪਾਪ, ਪਤਿਤ ਪੁਨੀਤ ਦਏ ਕਰਾਈਆ । ਆਤਮ ਪਰਮਾਤਮ ਬਣਾਏ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਮੰਦਰ ਇਕੋ ਇਕ ਵਖਾਈਆ । ਨਜ਼ਰੀ ਆਏ ਰਸੂਲ ਪਾਕ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਘਰ ਵਸਾਈਆ । ਜਨ ਭਗਤ ਵਸਾਏ ਏਕੋ ਘਰ, ਗ੍ਰਿਹ ਮੰਦਰ ਆਪ ਜਣਾਈਆ । ਅਬਿਨਾਸ਼ੀ ਕਰਤਾ ਖੋਲ੍ਹ ਦਰ, ਦਰ ਦਰਵਾਜਾ ਦਏ ਖੁਲ੍ਹਾਈਆ । ਨਿਰਭਉ ਚੁਕਾਏ ਭੈ ਡਰ, ਭਿਆਨਕ ਨਜ਼ਰ ਕੋਇ ਨਾ ਆਈਆ । ਦਰਸ ਵਖਾਏ ਅੱਗੇ ਖੜ੍ਹ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲ ਮਿਲੇ ਹਰਿ ਪ੍ਰਭ, ਵੱਜੇ ਨਾਮ ਵਧਾਈਆ । ਝੂਠਾ ਝਗੜਾ ਮੁੱਕੇ ਸਭ, ਲੇਖਾ ਮੁੱਕੇ ਮਾਤ ਲੋਕਾਈਆ । ਪੰਚ ਵਿਕਾਰਾ ਦੇਵੇ ਦੱਬ, ਕੂੜੀ ਕਿਰਿਆ ਡੇਰਾ ਢਾਹੀਆ । ਨੌ ਦਵਾਰ ਮੁੱਕੇ ਹੱਦ, ਘਰ ਦਸਵੇਂ ਖ਼ੁਸ਼ੀ ਮਨਾਈਆ । ਦਰਸ਼ਨ ਕਰੇ ਰੱਜ ਰੱਜ, ਨਿਜ ਨੇਤਰ ਨੈਣ ਖੁਲ੍ਹਾਈਆ । ਨਜ਼ਰੀ ਆਏ ਇਕੋ ਕਾਅਬਾ ਸਚ ਦਵਾਰੇ ਜਿਸ ਦਾ ਹੱਜ, ਹਜ਼ਰਤ ਨੂਰੀ ਨੂਰ ਇਲਾਹੀਆ । ਮਿਲੇ ਮੇਲ ਪੁਰਖ ਸਮਰਥ, ਮਹਿੰਮਾ ਅਕੱਥ ਇਕ ਸੁਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਕਹੇ ਪ੍ਰਭ ਪਾਇਆ ਠਾਕਰ, ਘਰ ਵੱਜੀ ਨਾਮ ਵਧਾਈਆ । ਜਗਤ ਸੰਸਾਰ ਤਰਿਆ ਸਾਗਰ, ਡੂੰਘੀ ਭਵਰ ਨਾ ਕੋਇ ਰੁੜ੍ਹਾਈਆ । ਭਾਗ ਲੱਗਾ ਸਾਢੇ ਤਿੰਨ ਹੱਥ ਕਾਇਆ ਗਾਗਰ, ਨਿਰਮਲ ਨੀਰ ਸੀਰ ਇਕੋ ਨਜ਼ਰੀ ਆਈਆ । ਨਿਰਮਲ ਕਰਮ ਹੋਇਆ ਉਜਾਗਰ, ਦੁਰਮਤ ਮੈਲ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਿਤਾ ਮੁਕਾਈਆ । ਭਗਤ ਕਹੇ ਪ੍ਰਭ ਪਾਇਆ ਏਕ, ਏਕੰਕਾਰ ਨਜ਼ਰੀ ਆਈਆ । ਜਿਸ ਮਿਲਿਆਂ ਚੁੱਕੀ ਦੂਜੀ ਟੇਕ, ਇਸ਼ਟ ਦ੍ਰਿਸ਼ਟ ਇਕੋ ਇਕ ਖੁਲ੍ਹਾਈਆ । ਮਿਹਰ ਨਜ਼ਰ ਕਰ ਕੀਤੀ ਬੁੱਧ ਬਬੇਕ, ਬਬੇਕੀ ਆਪਣੇ ਨਾਲ ਮਿਲਾਈਆ । ਅੰਦਰ ਵੜ ਕੇ ਖੋਲ੍ਹਿਆ ਭੇਤ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਮੌਲੀ ਰੁੱਤ ਬਸੰਤੀ ਚੇਤ, ਪਤ ਡਾਲੀ ਆਪ ਮਹਿਕਾਈਆ । ਆਤਮ ਪਰਮਾਤਮ ਕੀਤਾ ਹੇਤ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਸਚ ਸਿੰਘਾਸਣ ਬਹਿ ਕੇ ਲਿਆ ਖੇਡ, ਆਪ ਆਪਣੀ ਗੋਦ ਉਠਾਈਆ । ਜੋਤੀ ਜਲਵਾ ਦਿਤਾ ਨੂਰੀ ਤੇਜ, ਤਾਲਬ ਤੁਲਬਾ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਹੋਏ ਸਹਾਈਆ । ਭਗਤ ਕਹੇ ਮੇਰਾ ਠਾਕਰ ਇਕ, ਜਿਸ ਵਿਚ ਵੱਡੀ ਵਡਿਆਈਆ । ਦੋ ਜਹਾਨ ਚਾਰ ਕੁੰਟ ਦਹਿ ਦਿਸ਼ਾ ਰਿਹਾ ਦਿਸ, ਹਰ ਘਟ ਬੈਠਾ ਡੇਰਾ ਲਾਈਆ । ਕਰ ਕਿਰਪਾ ਕਰਵਟ ਬਦਲ ਬਦਲੀ ਆਪਣੀ ਪਿੱਠ, ਸਨਮੁਖ ਆਪਣਾ ਦਰਸ ਦਿਖਾਈਆ । ਪ੍ਰੇਮ ਪ੍ਰੀਤੀ ਅੰਦਰ ਕੀਤਾ ਹਿੱਤ, ਹਿਤਕਾਰੀ ਹੋ ਕੇ ਲਿਆ ਮਿਲਾਈਆ । ਮਨ ਵਾਸਨਾ ਠਗੌਰੀ ਪਾਏ ਨਾ ਕੋਇ ਚਿਤ, ਬੁੱਧੀ ਚਲੇ ਨਾ ਕੋਈ ਚਤੁਰਾਈਆ । ਬਿਨ ਤੰਦ ਸਤਾਰ ਪਾਈ ਖਿਚ, ਡੋਰੀ ਨਜ਼ਰ ਕਿਸੇ ਨਾ ਆਈਆ । ਮੈਂ ਦਰਸ਼ਨ ਕਰਾਂ ਨਿੱਤ, ਨਿਜ ਨੇਤਰ ਪੇਖ ਪੇਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮਿਲਿਆ ਸੱਚਾ ਮਾਹੀਆ । ਭਗਤ ਕਹੇ ਮੇਰਾ ਸਤਿਗੁਰ ਸਵਾਮੀ, ਸਾਹਿਬ ਇਕੋ ਇਕ ਨਜ਼ਰੀ ਆਇੰਦਾ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਇੰਦਾ । ਜਿਸ ਦੀ ਰਚਨਾ ਚਾਰੇ ਖਾਣੀ, ਚਾਰੇ ਬਾਣੀ ਬੋਲ ਅਲਾਇੰਦਾ । ਜਿਸ ਦਾ ਹੁਕਮ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਦੋ ਜਹਾਨੀ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਕਾਰ ਕਮਾਇੰਦਾ । ਏਥੇ ਓਥੇ ਦੋ ਜਹਾਨ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦੀ ਅਗੰਮੀ ਬਾਣੀ, ਗੁਰ ਗੁਰ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵੇਖ ਵਖਾਇੰਦਾ । ਭਗਤ ਕਹੇ ਪ੍ਰਭ ਪਾਇਆ ਸੱਚ, ਘਰ ਵੱਜੀ ਸਚ ਵਧਾਈਆ । ਭਾਗ ਲੱਗਾ ਕਾਇਆ ਮਾਟੀ ਕੱਚ, ਕੰਚਨ ਰੂਪ ਲਿਆ ਵਟਾਈਆ । ਮਨ ਮਨੂਆ ਨਾ ਦੌੜੇ ਨੱਚ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਤਿਗੁਰ ਕਿਰਪਾ ਹੋਇਆ ਵਸ, ਸ਼ਬਦੀ ਡੋਰੀ ਤੰਦ ਬੰਧਾਈਆ । ਨਿਮਾਣਾ ਹੋ ਕੇ ਗਿਆ ਢੱਠ, ਅਭਿਮਾਨ ਕੋਇ ਰਹਿਣ ਨਾ ਪਾਈਆ । ਨੀਵਾਂ ਹੋ ਕੇ ਰਿਹਾ ਦੱਸ, ਉਚੀ ਕੂਕ ਕੂਕ ਸੁਣਾਈਆ । ਜਿਨ੍ਹਾਂ ਸ੍ਰੀ ਭਗਵਾਨ ਹੋਇਆ ਵਸ, ਓਥੇ ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਸੇਜ ਵਿਛਾ ਕੇ ਸੁੱਤਾ ਸੱਥਰ ਸੱਥ, ਖ਼ਾਕੀ ਖ਼ਾਕ ਉਤੇ ਡੇਰਾ ਲਾਈਆ । ਮੇਰਾ ਲਹਿਣਾ ਚੁੱਕਿਆ ਤਤ ਅੱਠ, ਤਤਵ ਤਤ ਨਾ ਕੋਇ ਸਮਝਾਈਆ । ਸਾਹਿਬ ਸੁਆਮੀ ਦਿਤੀ

ਇਕੋ ਮਤ, ਬ੍ਰਹਮ ਮਤ ਅੰਦਰੇ ਅੰਦਰ ਦ੍ਰਿੜਾਈਆ । ਨਾੜ ਬਹੱਤਰ ਨਾ ਉਬਲੀ ਰੱਤ, ਹੱਡੀਆਂ ਬਾਲਣ ਨਾ ਕੋਇ ਜਲਾਈਆ । ਜਿਧਰ ਵੇਖਾਂ ਪ੍ਰਭ ਨਜ਼ਰ ਆਏ ਪ੍ਰਤੱਖ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦਿਤੀ ਇਕੋ ਅੱਖ, ਨਿਜ ਨੇਤਰ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕੋ ਬੇਪਰਵਾਹੀਆ । ਭਗਤ ਕਹੇ ਮੇਰਾ ਭਗਵੰਤ, ਭਗਵਨ ਇਕੋ ਨਜ਼ਰੀ ਆਈਆ । ਮੈਂ ਨਾਰ ਸੁਹਾਗਣ ਉਹ ਮੇਰਾ ਕੰਤ, ਸੇਜ ਸੁਹੰਜਣੀ ਰਿਹਾ ਸੁਹਾਈਆ । ਬੋਧ ਅਗਾਧਾ ਬਣ ਕੇ ਅਗੰਮੀ ਪੰਡਤ, ਧੁਰ ਦਾ ਰਾਗ ਇਕ ਜਣਾਈਆ । ਦੋਏ ਜੋੜ ਬਣ ਦਰਵੇਸ਼ ਦਰ ਠਾਂਡੇ ਕਰਾਂ ਮਿੰਨਤ, ਨਿਊਂ ਨਿਊਂ ਸੀਸ ਝੁਕਾਈਆ । ਬਿਨ ਤੇਰੀ ਕਿਰਪਾ ਮੇਰੀ ਕੋਈ ਨਾ ਦਿਸੇ ਹਿੰਮਤ, ਹੌਸਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਭਗਤ ਕਹੇ ਕਿਰਪਾ ਕਰੇ ਪ੍ਰਭੂ ਪ੍ਰਭ ਮੇਰਾ, ਸਿਰ ਮੇਰੇ ਹੱਥ ਟਿਕਾਈਆ । ਦੂਰ ਦੁਰਾਡਾ ਆਵੇ ਨੇਰਨ ਨੇਰਾ, ਬਣ ਪਾਂਧੀ ਪੰਧ ਮੁਕਾਈਆ । ਗ੍ਰਹਿ ਮੰਦਰ ਚਾਉ ਘਨੇਰਾ, ਘਰ ਅਣਡਿਠੜੇ ਵੱਜੇ ਵਧਾਈਆ । ਘਰ ਵਿਚ ਘਰ ਵਸਾਏ ਖੇੜਾ, ਖਿੜਕੀ ਕੁੰਡੀ ਆਪ ਖੁਲ੍ਹਾਈਆ । ਭਵਰੀ ਗੁਫ਼ਾ ਚੁੱਕੇ ਅੰਧੇਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕੋ ਰੰਗ ਵਖਾਏ ਸੰਝ ਸਵੇਰਾ, ਸੂਰਜ ਚੰਦ ਨਾ ਕੋਇ ਚਮਕਾਈਆ । ਪ੍ਰੇਮ ਪ੍ਰੀਤੀ ਅੰਦਰ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਹਾਈਆ । ਭਗਤ ਕਹੇ ਮੇਰਾ ਠਾਕਰ ਉਹ, ਜਿਸ ਹੱਥ ਸਰਬ ਵਡਿਆਈਆ । ਕੋਟਨ ਕੋਟ ਬ੍ਰਹਿਮੰਡ ਜਿਸ ਦੀ ਲੋਅ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦੇ ਚਰਨ ਬਿਨ ਕਬੀਰ ਕੋਈ ਨਾ ਸਕੇ ਛੋਹ, ਧੂੜੀ ਟਿੱਕਾ ਮਸਤਕ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਬੂਝ ਬੁਝਾਈਆ । ਜਨ ਭਗਤ ਕਹੇ ਮੇਰਾ ਸਾਹਿਬ ਸਤਿ, ਸਤਿ ਦਏ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਦੱਸ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਚਲਾਈਆ । ਭਗਤ ਕਹੇ ਪ੍ਰਭ ਦਿਤਾ ਪ੍ਰੇਮ, ਰੀਤੀ ਆਪਣੀ ਸਚ ਜਣਾਈਆ । ਆਦਿ ਜੁਗਾਦਿ ਜਿਸ ਦਾ ਨੇਮ, ਨਿਯਮ ਆਪਣੇ ਨਾਲ ਨਿਭਾਈਆ । ਜਿਸ ਦਾ ਮੇਲਾ ਗੋਬਿੰਦ ਉਤੇ ਹੇਮ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸੋ ਜੁਗ ਜੁਗ ਜਨ ਭਗਤਾਂ ਦੇਵੇ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਈਆ । ਰਸਨਾ ਜਿਹਵਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਹਰਿ ਭਗਤ ਲਏ ਉਪਜਾਈਆ । ਹਰਿ ਭਗਤ ਉਪਜਾਵੇ ਆਪ ਪ੍ਰਭ, ਦੀਨ ਦਿਆਲ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਜੁਗ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਰਸ ਇਕੋ ਇਕ ਚਖਾਇੰਦਾ । ਕੂੜੀ ਕਿਰਿਆ ਪਾਰ ਹੱਦ, ਸਚ ਦੁਆਰਾ ਇਕ ਸੁਹਾਇੰਦਾ । ਅੰਦਰ ਵੜ ਸੁਣਾਏ ਨਦ, ਬਿਨ ਤੰਦੀ ਤੰਦ ਸਿਤਾਰ ਵਜਾਇੰਦਾ । ਜੀਵਾਂ ਜੰਤਾਂ ਨਾਲੋਂ ਕਰ ਕੇ ਅੱਡ, ਗ੍ਰਹਿ ਆਪਣੇ ਮੇਲ ਮਿਲਾਇੰਦਾ । ਕਰ ਪਰਕਾਸ਼ ਕਾਇਆ ਮਾਟੀ ਚੰਮ ਹੱਡ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਿਤ ਜਨ ਭਗਤਾਂ ਵੇਖ ਵਖਾਇੰਦਾ । ਨਿਤ ਨਿਤ ਜਨ ਭਗਤਾਂ ਵੇਖਣ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਤ੍ਰੈਗੁਣ ਮੇਟੇ ਕੂੜੀ ਮਾਇਆ, ਮਮਤਾ ਮੋਹ ਚੁਕਾਈਆ । ਭਾਂਡਾ ਭਰਮ ਦਏ ਭੰਨਾਇਆ, ਗੜ੍ਹ ਹੰਕਾਰ ਤੁੜਾਈਆ । ਸਿਰ ਰੱਖੇ ਆਪਣੀ ਠੰਡੀ ਛਾਇਆ, ਮਿਹਰ ਨਜ਼ਰ ਨੈਣ ਉਠਾਈਆ । ਸਾਚਾ ਅੱਖਰ ਇਕ ਸਮਝਾਇਆ, ਪੱਟੀ ਆਪਣਾ ਨਾਮ ਪੜ੍ਹਾਈਆ । ਬਿਨ ਅੱਖਾਂ ਨੇਤਰਾਂ ਨਜ਼ਰੀ ਆਇਆ, ਨਿਜ ਘਰ ਬੈਠਾ ਤਾੜੀ ਲਾਈਆ । ਸਾਚਾ ਮੰਦਰ ਸਤਿ ਸੁਹਾਇਆ, ਸਾਹਿਬ ਖ਼ੁਸ਼ੀ ਮਨਾਈਆ । ਭਗਤ ਭਗਵਾਨ ਇਕੋ ਰੂਪ ਇਕੋ ਜੋਤ ਸਮਾਇਆ, ਦੂਜਾ ਸੰਗ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਸਾਚੀ ਭਗਤੀ ਵਿਚੋਂ ਭਗਵਨ ਆਪਣੇ ਘਰ ਵਸਾਇਆ ।

## ★ ੫ ਮਾਘ ੨੦੨੦ ਬਿਕਰਮੀ ਪਾਲ ਸਿੰਘ ਦੇ ਗ੍ਰਹਿ ਪਿੰਡ ਛੋਹਣ ਜ਼ਿਲਾ ਗੁਰਦਾਸ ਪੁਰ ★

ਕਲਜੁਗ ਅੰਤਮ ਵੇਖ ਘੜੀ, ਗੁਰ ਅਵਤਾਰ ਪੀਰ ਪੈਗੰਬਰ ਧਿਆਨ ਲਗਾਈਆ । ਪੰਜ ਤਤ ਨਾਤਾ ਦਿਸੇ ਕੋਈ ਨਾ ਗੜ੍ਹੀ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟ ਸਬਾਈ ਜਿਸ ਦਬਾਈ ਗੋਰ ਮੜ੍ਹੀ, ਲੱਖ ਚੁਰਾਸੀ ਖ਼ਾਕ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਰਗੁਣ ਸਰਗੁਣ ਜਿਸ ਦੀ ਲੜੀ, ਨਿਤ ਨਵਿਤ ਡੋਰੀ ਤੰਦ ਬੰਧਾਈਆ । ਸੋ ਪੁਰਖ ਅਕਾਲ ਦੀਨ ਦਿਆਲ ਕਿਰਪਾਨਿਧ ਕਿਰਪਾ ਆਪਣੀ ਕਰੀ, ਕਰਨੀ ਕਿਰਤ ਰਿਹਾ ਕਮਾਈਆ । ਭਗਤ ਸੁਹੇਲਾ ਇਕ ਅਕੇਲਾ ਗੁਰਮੁਖ ਦਵਾਰੇ ਲਾਏ ਝੜੀ, ਛਹਿਬਰ ਆਪਣਾ ਨਾਮ ਵਖਾਈਆ । ਸਾਚੇ ਸੰਤ ਸ੍ਰੀ ਭਗਵੰਤ ਇਕੋ ਧਾਰਾ ਅਵਲੜੀ ਪੜ੍ਹੀ, ਅਲਫ਼ ਯੇ ਨਾ ਕੋਇ ਸਮਝਾਈਆ । ਆਵਣ ਜਾਵਣ ਪਤਿਤ ਪਾਵਣ ਲੱਖ ਚੁਰਾਸੀ ਵਿਚੋਂ ਕਰੇ ਬਰੀ, ਬਰੀਖ਼ਾਨਾ ਇਕੋ ਫੋਲ ਫੁਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਰਵਰਦਿਗਾਰ ਆਪੇ ਫੜੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਕਲਜੁਗ ਘੜੀ ਵੇਖ ਵਕਤ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਕਰੇ ਖੇਲ ਪ੍ਰਭ ਸਾਚਾ ਜਗਤ, ਜਗਜੀਵਣ ਦਾਤਾ ਵੇਸ ਵਟਾਈਆ । ਜੁਗ ਚੌਕੜੀ ਜੋ ਰਿਹਾ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਪਿਛਲਾ ਲੇਖਾ ਕਰੇ ਤਰਕ, ਤੁਰਤ ਅਗਲਾ ਹੁਕਮ ਮੰਨਾਈਆ । ਆਤਮ ਪਰਮਾਤਮ ਭਗਤ ਭਗਵਾਨ ਘੜੇ ਸਾਚੀ ਘੜਤ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੰਗੇ ਕੋਇ ਨਾ ਧੜਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਠਾਕਰ ਸੁਆਮੀ ਨਿਰਗੁਣ ਜੋਤ ਇਕ ਇਕੱਲਾ ਆਇਆ ਪਰਤ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਕਲਜੁਗ ਘੜੀ ਵੇਖ ਵੇਲਾ, ਭਗਤ ਅਠਾਰਾਂ ਰਹੇ ਜਸ ਗਾਈਆ । ਮਿਲਿਆ ਮੇਲ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਨਜ਼ਰੀ ਆਈਆ । ਪਰਮ ਪੁਰਖ ਪ੍ਰਭ ਸੱਜਣ ਸੁਹੇਲਾ, ਸਾਹਿਬ ਸਤਿਗੁਰ ਫੇਰਾ ਪਾਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਹਰਿਜਨ ਸਾਚੇ ਵੇਖ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵਣਹਾਰ ਵਡਿਆਈਆ। ਕਲਜੁਗ ਵੇਲਾ ਵੇਖ ਵਿਚਾਰ, ਚਾਰੇ ਜੁਗ ਉਠ ਉਠ ਧਾਈਆ। ਸਤਿਜੁਗ ਨੇਤਰ ਰੋ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ। ਤ੍ਰੇਤਾ ਧਾਹਾਂ ਰਿਹਾ ਮਾਰ, ਨੇਤਰ ਨੈਣਾਂ ਨੀਰ ਵਹਾਈਆ। ਦੁਆਪਰ ਡਿੱਗਾ ਮੂੰਹ ਦੇ ਭਾਰ, ਬਲਹੀਣ ਰਿਹਾ ਕੁਰਲਾਈਆ। ਕਲਜੁਗ ਕੂੜੀ ਕਿਰਿਆ ਰਿਹਾ ਲਲਕਾਰ, ਚਾਰੋਂ ਕੁੰਟ ਰਿਹਾ ਜਣਾਈਆ। ਵੇਖੋ ਖੇਲ ਮੇਰਾ ਸੰਸਾਰ, ਸ੍ਰਿਸ਼ਟ ਸਬਾਈ ਭਰਮ ਭੁਲਾਈਆ। ਗੁਰ ਕਾ ਸ਼ਬਦ ਨਾ ਕੋਇ ਪਿਆਰ, ਸਤਿਗੁਰ ਨਜ਼ਰ ਕਿਸੇ ਨਾ ਆਈਆ। ਵਰਨਾ ਬਰਨਾ ਧੂਅੰਧਾਰ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਇ ਰੁਸ਼ਨਾਈਆ। ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਰੇ ਨਾ ਕੋਈ ਪਿਆਰ, ਪ੍ਰੀਤੀ ਹੱਕ ਨਾ ਕੋਇ ਨਿਭਾਈਆ। ਮੁਕਾਮੇ ਹੱਕ ਨਜ਼ਰ ਨਾ ਆਏ ਸਾਂਝਾ ਯਾਰ, ਲਾਸ਼ਰੀਕ ਜਲਵਾ ਨੂਰ ਨਾ ਕੋਇ ਖ਼ੁਦਾਈਆ। ਰਾਮ ਰਹੀਮ ਸਾਰੇ ਗਏ ਵਿਸਾਰ, ਇਸ਼ਟ ਦੇਵ ਗੁਰੂ ਸੁਆਮੀ ਘਰ ਸਚ ਨਾ ਕੋਇ ਮਨਾਈਆ। ਮਾਇਆ ਮਮਤਾ ਕੂੜੀ ਕਿਰਿਆ ਕਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਾਹਵਾ ਤੇਰੇ ਹੱਥ ਵਡਿਆਈਆ। ਕਲਜੁਗ ਵੇਲਾ ਵੇਖ ਅਖ਼ੀਰ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਦੁਹਾਈਆ। ਚਾਰ ਕੁੰਟ ਵਹਾਵਣ ਨੀਰ, ਦਹਿ ਦਿਸ਼ਾ ਹਾਹਾਕਾਰ ਸੁਣਾਈਆ। ਸ੍ਰਿਸ਼ਟ ਸਬਾਈ ਲੱਗੀ ਹਉਮੇ ਪੀੜ, ਦੂਈ ਦਵੈਤ ਪੜਦਾ ਨਾ ਕੋਇ ਉਠਾਈਆ। ਝਗੜਾ ਪਿਆ ਸ਼ਾਹ ਹਕੀਰ, ਊਚ ਨੀਚ ਕਰਨ ਲੜਾਈਆ। ਕੋਈ ਨਾ ਬਦਲੇ ਤੇਰੇ ਬਿਨਾਂ ਤਕਦੀਰ, ਤਦਬੀਰ ਸਕੇ ਨਾ ਕੋਇ ਸਮਝਾਈਆ। ਤੇਰਾ ਖੇਲ ਬੇਨਜ਼ੀਰ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਈਆ। ਸਾਬਤ ਨਜ਼ਰ ਨਾ ਆਵੇ ਕੋਈ ਤਸਵੀਰ, ਤਸਬੀ ਮਾਲਾ ਬੈਠੀ ਮੁਖ ਭਵਾਈਆ। ਕਲਜੁਗ ਸਾਧਾਂ ਸੰਤਾਂ ਲੱਗੀ ਭੀੜ, ਭੀੜਾ ਰਾਹ ਪਾਰ ਨਾ ਕੋਇ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ। ਕਲਜੁਗ ਵੇਲਾ ਵੇਖ ਤ੍ਰੈਗੁਣ ਮਾਇਆ, ਖ਼ਾਲੀ ਝੋਲੀ ਰਹੀ ਵਖਾਈਆ। ਪਰਮ ਪੁਰਖ ਤੇਰੀ ਸੀਸ ਨਾ ਦਿਸੇ ਛਾਇਆ, ਓਢਣ ਨਜ਼ਰ ਕੋਇ ਨਾ ਆਈਆ। ਕੂੜੀ ਕਿਰਿਆ ਖੇਲ ਰਚਾਇਆ, ਝੂਠੇ ਧੰਦੇ ਸਰਬ ਲੋਕਾਈਆ। ਪਿਤਾ ਪੂਤ ਰਿਹਾ ਭੁਲਾਇਆ, ਮਾਤ ਪਿਤ ਨਾ ਕਰੇ ਵਡਿਆਈਆ। ਨਾਰ ਕੰਤ ਨਾ ਕੋਇ ਹੰਢਾਇਆ, ਘਰ ਘਰ ਵਿਭਚਾਰ ਨਜ਼ਰੀ ਆਈਆ। ਆਤਮ ਪਰਮਾਤਮ ਛੰਦ ਕਿਸੇ ਨਾ ਗਾਇਆ, ਢੋਲਾ ਰਾਗ ਨਾ ਕੋਇ ਸੁਣਾਈਆ। ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਇਆ, ਘਰ ਘਰ ਦੀਵੇ ਬੱਤੀ ਰਹੇ ਡਗਮਗਾਈਆ। ਪਰਮ ਪੁਰਖ ਤੇਰਾ ਦਰਸ਼ ਕਿਸੇ ਨਾ ਪਾਇਆ, ਤੀਰਥ ਤਟ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫਿਰਨ ਵਾਹੋ ਦਾਹੀਆ। ਸਾਚਾ ਮੰਦਰ ਕਾਇਆ ਬੰਕ ਨਾ ਕਿਸੇ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ। ਕਲਜੁਗ ਅੰਤਮ ਵੇਖ ਰੋਵਣ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਿਹਾ ਕੁਰਲਾਈਆ। ਸ੍ਰੀ ਭਗਵਾਨ ਵੇਖ ਸਾਡੇ ਖ਼ਾਲੀ ਹੱਥ, ਵਸਤ ਨਜ਼ਰ ਕੋਇ ਨਾ ਆਈਆ। ਵਰਨ ਬਰਨ ਕਰ ਕਰ ਥੱਕੇ ਪੂਜਾ ਪਾਠ, ਸਿਮਰਨ ਰਸਨਾ ਜਿਹਵਾ ਢੋਲਾ ਗਾਈਆ। ਤੇਰੇ ਮਿਲਣ ਦੀ ਕਿਸੇ ਨਾ ਖੁਲ੍ਹੀ ਅੱਖ, ਪਰਦਾ ਸਕੇ ਨਾ ਕੋਇ ਚੁਕਾਈਆ। ਤੇਰੀ ਆਤਮ ਪਰਮਾਤਮ ਤੇਰੇ ਨਾਲੋਂ ਹੋਈ ਵੱਖ, ਫੜ ਬਾਹੋਂ ਗਲੇ ਨਾ ਕੋਇ ਲਗਾਈਆ। ਜਗਤ ਵਾਸਨਾ ਨੌ ਦਵਾਰੇ

ਦਿਵਸ ਰੈਣ ਰਹੀ ਨੱਠ, ਘੜੀ ਪੱਲ ਆਪਣਾ ਪੰਧ ਮੁਕਾਈਆ । ਨਾਤਾ ਤੁਟਿਆ ਧੀਰਜ ਜਤ, ਸਤਿ ਸੰਤੋਖ ਰਹਿਣ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਖੇੜਾ ਹੁੰਦਾ ਦਿਸੇ ਭੱਠ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਵੇਲਾ ਵੇਖ ਰੋਵੇ ਸੂਰਜ ਚੰਦ, ਚੰਦ ਚਾਂਦਨੀ ਰਹੀ ਕੁਰਲਾਈਆ । ਮੇਰਾ ਦੁੱਖੀ ਹੋਇਆ ਬੰਦ ਬੰਦ, ਬੰਦਗੀ ਕਰਦਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸੁਬਾਈ ਹੋਈ ਆਤਮ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਨੁਹਾ ਨੁਹਾ ਥੱਕੇ ਜਮਨਾ ਸੁਰਸਤੀ ਗੋਦਾਵਰੀ ਗੰਗ, ਅੰਤਰ ਆਤਮ ਨੁਹਾਉਣ ਕੋਇ ਨਾ ਜਾਈਆ । ਪੰਚ ਵਿਕਾਰਾਂ ਕਰੇ ਨਾ ਕੋਈ ਖੰਡ ਖੰਡ, ਖੰਡਾ ਖੜਗ ਨਾਮ ਨਾ ਕੋਇ ਚਮਕਾਈਆ । ਬਿਨ ਤੇਰੇ ਗਿਆਨ ਹੋਏ ਅੰਧ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਮੈਂ ਕੂਕ ਸੁਣਾਵਾਂ ਛੰਦ, ਹੋਕਾ ਦੇ ਦੇ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਕੋਈ ਨਾ ਮੇਟੇ ਪੰਧ, ਸਗਲਾ ਸੰਗ ਨਾ ਕੋਇ ਰਖਾਈਆ । ਕਲਜੁਗ ਵੇਲਾ ਵੇਖ ਰੋਵਣ ਸਤਾਰ, ਮੰਡਲ ਮੰਡਪ ਦੇਣ ਦੁਹਾਈਆ । ਸ੍ਰਿਸ਼ਟ ਸਬਾਈ ਕਰੇ ਵਿਭਚਾਰ, ਸਤਿ ਸਰੂਪ ਨਾ ਕੋਇ ਵਖਾਈਆ । ਕੁਆਰ ਕੰਨਿਆ ਕਰੇ ਸ਼ਿੰਗਾਰ, ਨੇਤਰ ਨੈਣਾਂ ਧਾਰ ਬੰਧਾਈਆ । ਪਿਤਾ ਪੂਤ ਨਾਤਾ ਤੁਟਿਆ ਵਿਚ ਸੰਸਾਰ, ਮਾਤ ਪੁੱਤ ਸੇਜ ਹੰਢਾਈਆ । ਕਾਗਦ ਕਲਮ ਹੋਏ ਖ਼ੁਆਰ, ਸ਼ਾਹੀ ਆਪਣਾ ਹਾਲ ਸੁਣਾਈਆ । ਜੋ ਲੇਖਾ ਲਿਖ ਕੇ ਗਏ ਗੁਰੂ ਅਵਤਾਰ, ਸੋ ਗੁਰ ਕਾ ਸ਼ਬਦ ਸਕੇ ਨਾ ਕੋਇ ਕਮਾਈਆ । ਨੌ ਖੰਡ ਪ੍ਰਿਥਮੀ ਧੂਅੰਧਾਰ, ਸੱਤ ਦੀਪ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਆਪ ਨਿਰੰਕਾਰ, ਤੇਰੇ ਅੱਗੇ ਇਕ ਅਰਜੋਈਆ । ਡੁੱਬਦੇ ਪਾਥਰ ਲੈ ਉਭਾਰ, ਪਾਹਨ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਮਾਣ ਵਡਿਆਈਆ । ਕਲਜੁਗ ਅੰਤਮ ਵੇਖ ਰੋਵਣ ਜ਼ਿਮੀ ਅਸਮਾਨ, ਧਰਨੀ ਆਪਣਾ ਹਾਲ ਸੁਣਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਕਲਮਾ ਕੋਈ ਨਾ ਪੜ੍ਹੇ ਜ਼ਬਾਨ, ਗੀਤ ਗੋਬਿੰਦ ਨਾ ਕੋਇ ਅਲਾਈਆ । ਸਾਧ ਸੰਤ ਕਰਨ ਹਰਾਮ, ਧੀਰਜ ਜਤ ਨਾ ਕੋਇ ਜਣਾਈਆ । ਘਰ ਘਰ ਵਸਿਆ ਕਰੋਧ ਕਾਮ, ਕਾਮ ਕਾਮਨੀ ਰੂਪ ਵਟਾਈਆ । ਤੇਰਾ ਪੱਲੂ ਪਕੜੇ ਕੋਈ ਨਾ ਦਾਮ, ਡੋਰੀ ਸ਼ਬਦ ਨਾ ਕੋਇ ਬੰਧਾਈਆ । ਸ੍ਰੀ ਭਗਵਾਨ ਤੇਰਾ ਲੋਕਮਾਤ ਵਿਗੜਿਆ ਨਜ਼ਾਮ, ਨੌਬਤ ਸਚ ਨਾ ਕੋਇ ਵਜਾਈਆ । ਪੁਰਖ ਅਕਾਲ ਵੇਖ ਆਣ, ਕਿਉਂ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਨੈਣ ਉਠਾਈਆ । ਕਲਜੁਗ ਅੰਤਮ ਵੇਖ, ਜਨ ਭਗਤ ਦੇਣ ਦੁਹਾਈਆ । ਸ੍ਰਿਸ਼ਟ ਸੁਬਾਈ ਝੂਠਾ ਭੇਖ, ਪ੍ਰਭ ਵਧਿਆ ਥਾਉਂ ਥਾਈਂਆ । ਮਾਇਆ ਮਮਤਾ ਖੇਡਾਂ ਰਹੇ ਖੇਡ, ਮੋਹ ਮੁਹੱਬਤ ਸਚ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਗੁਰੂ ਅਵਤਾਰ ਦਿਤੇ ਭੇਜ, ਹੁਕਮ ਸੰਦੇਸ਼ਾ ਗਏ ਸੁਣਾਈਆ । ਅੰਤਮ ਕਹਿ ਕੇ ਗਏ ਪੁਰਖ ਅਕਾਲ ਸਭ ਦੀ ਮਾਣੇ ਸੇਜ, ਹਰ ਘਟ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਮਾਣ ਵਡਿਆਈਆ । ਕਲਜੁਗ ਵੇਲਾ ਵੇਖ ਰੋਵੇ ਹਕੀਕਤ, ਹੱਕ ਨਜ਼ਰ ਕੋਇ ਨਾ ਆਈਆ । ਚਾਰ ਵਰਨਾਂ ਲੱਗੀ ਸ਼ਰੀਕਤ, ਸ਼ਿਰਕਤ ਸਕੇ ਨਾ ਕੋਇ ਮਿਟਾਈਆ । ਸਦੀ ਚੌਧਵੀਂ

ਲੇਖਾ ਹੋਇਆ ਬੀਤਤ, ਬੀਤੀ ਕਹਾਣੀ ਨਾ ਕੋਇ ਸਮਝਾਈਆ । ਤੇਰਾ ਖੇਲ ਪ੍ਰਭੂ ਅਨਡੀਠਤ, ਜਗ ਅੱਖਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦੇ ਸਮਝਾਈਆ । ਕਲਜੁਗ ਵੇਲਾ ਵੇਖ, ਖਾਣੀ ਬਾਣੀ ਦਏ ਦੁਹਾਈਆ । ਲੱਗੀ ਅਗਨ ਮਹੀਨਾ ਜੇਠ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਧ ਸੰਤ ਰੱਖੇ ਕੋਈ ਨਾ ਸਾਇਆ ਹੇਠ, ਅਗਨੀ ਤਤ ਨਾ ਕੋਇ ਬੁਝਾਈਆ । ਚਾਰੋਂ ਕੁੰਟ ਵਧਿਆ ਭੇਖ, ਭੇਖੀ ਬੈਠੇ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਸਚਖੰਡ ਨਿਵਾਸੀ ਹੁਕਮ ਫ਼ਰਮਾਉਂਦਾ ਏ । ਸੋ ਪੁਰਖ ਨਿਰੰਜਣ ਆਪ ਜਣਾਉਂਦਾ ਏ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਉਂਦਾ ਏ । ਏਕੰਕਾਰ ਪਰਦਾ ਲਾਹੁੰਦਾ ਏ । ਆਦਿ ਨਿਰੰਜਣ ਨੂਰ ਰੁਸ਼ਨਾਉਂਦਾ ਏ । ਸ੍ਰੀ ਭਗਵਾਨ ਰਾਹ ਸਮਝਾਉਂਦਾ ਏ । ਅਬਿਨਾਸ਼ੀ ਕਰਤਾ ਵੇਖਣ ਆਉਂਦਾ ਏ । ਪਾਰਬ੍ਰਹਮ ਫੇਰਾ ਪਾਉਂਦਾ ਏ । ਬ੍ਰਹਮ ਆਪਣਾ ਰੰਗ ਰੰਗਾਉਂਦਾ ਏ । ਵਿਸ਼ਨੂੰ ਆਸਾ ਪੂਰ ਕਰਾਉਂਦਾ ਏ । ਬ੍ਰਹਮੇ ਭਰਵਾਸਾ ਇਕ ਰਖਾਉਂਦਾ ਏ । ਸ਼ੰਕਰ ਧਰਵਾਸਾ ਆਪ ਜਣਾਉਂਦਾ ਏ । ਗੁਰ ਅਵਤਾਰਾਂ ਪਾਸਾ ਆਪ ਬਦਲਾਉਂਦਾ ਏ । ਪੀਰ ਪੈਗ਼ੰਬਰਾਂ ਦੇ ਕੇ ਸਾਥਾ, ਸਾਚਾ ਸੰਗ ਨਿਭਾਉਂਦਾ ਏ । ਜਨ ਭਗਤਾਂ ਖੋਲ੍ਹ ਖੁਲਾਸਾ, ਅਨੁਭਵ ਆਪਣੀ ਕਾਰ ਕਮਾਉਂਦਾ ਏ । ਰਵ ਸਸ ਕਰ ਪਰਕਾਸ਼ਾ, ਨੂਰੀ ਜਲਵਾ ਇਕ ਜਣਾਉਂਦਾ ਏ । ਲੇਖਾ ਜਾਣ ਪ੍ਰਿਥਮੀ ਆਕਾਸਾ, ਗਗਨ ਮੰਡਲ ਸੋਭਾ ਪਾਉਂਦਾ ਏ । ਤ੍ਰੈਗੁਣ ਮਾਇਆ ਤੇਰੀ ਵੇਖੇ ਰਾਸਾ, ਗੋਪੀ ਕਾਹਨ ਰੂਪ ਵਟਾਉਂਦਾ ਏ । ਪੰਜ ਤਤ ਤੇਰਾ ਲੇਖਾ ਜਾਣੇ ਪੰਜ ਤਤ ਇਹਾਤਾ, ਕਾਇਆ ਬੰਕ ਖੋਜ ਖੁਜਾਉਂਦਾ ਏ । ਦਰ ਘਰ ਸਾਚੇ ਬੰਧਾਏ ਇਕੋ ਨਾਤਾ, ਨਾਤਾ ਬਿਧਾਤਾ ਜੋੜ ਜੁੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੂਲ ਮੁਕਾਉਂਦਾ ਏ । ਸਭ ਦਾ ਲਹਿਣਾ ਮੂਲ ਮੁਕਾਉਂਦਾ ਏ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਪੁਰਖ ਅਕਾਲ ਖੇਲ ਰਚਾਉਂਦਾ ਏ । ਨਿਰਗੁਣ ਨਿਰਵੈਰ ਇਕੋ ਨੂਰ ਡਗਮਗਾਉਂਦਾ ਏ । ਜਾਹਰ ਜਹੂਰ ਫੇਰਾ ਪਾਉਂਦਾ ਏ । ਨਾਦ ਤੂਰ ਸ਼ਬਦ ਵਜਾਉਂਦਾ ਏ । ਆਸਾ ਮਨਸਾ ਪੂਰ, ਆਪਣਾ ਰੰਗ ਰੰਗਾਉਂਦਾ ਏ । ਨਾਤਾ ਤੋੜ ਕੂੜੋ ਕੂੜ, ਕਲਜੁਗ ਅੰਧ ਅੰਧੇਰ ਗਵਾਉਂਦਾ ਏ । ਸਾਚੀ ਬਖ਼ਸ਼ ਚਰਨ ਧੂੜ, ਮਸਤਕ ਇਕੋ ਟਿੱਕਾ ਨਾਮ ਲਗਾਉਂਦਾ ਏ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਗੁਰਮੁਖ ਆਪਣੇ ਘਰ ਵਸਾਉਂਦਾ ਏ । ਦਾਤਾ ਯੋਧਾ ਬਣ ਕੇ ਸੂਰ, ਸਿਰ ਆਪਣਾ ਹੱਥ ਟਿਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਲਾ ਵਕਤ ਸੁਹਾਉਂਦਾ ਏ । ਕਲਜੁਗ ਵੇਲਾ ਵਕਤ ਸੁਹਾਵਾਂਗਾ । ਜੋਤੀ ਜਾਮਾ ਵੇਸ ਵਟਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਸੰਬਲ ਆਪਣਾ ਚਰਨ ਟਿਕਾਵਾਂਗਾ । ਸੱਚਖੰਡ ਦੁਆਰ ਇਕ ਵਸਾਵਾਂਗਾ । ਥਿਰ ਘਰ ਆਪਣਾ ਨਾਦ ਵਜਾਵਾਂਗਾ । ਜੋਤੀ ਜੋਤ ਜੋਤ ਰੁਸ਼ਨਾਵਾਂਗਾ । ਵਰਨ ਗੋਤ ਨਾ ਕੋਇ ਰਖਾਵਾਂਗਾ । ਸਾਚੀ ਚੋਟ ਨਗਾਰੇ ਲਾਵਾਂਗਾ । ਲੱਖ ਚੁਰਾਸੀ ਆਲ੍ਹਣਿਉਂ ਡਿਗਾ ਬੋਟ, ਫੜ ਬਾਹੋਂ ਫੇਰ ਉਠਾਵਾਂਗਾ । ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧੋਤ, ਸਚ ਸੁੱਚ ਇਕ ਵਰਤਾਵਾਂਗਾ । ਜੋ ਪ੍ਰਭ ਦਰਸ਼ਨ ਰਹੇ ਲੋਚ, ਤਿਨ੍ਹਾਂ ਇਕੋ ਦਰਸ ਦਿਖਾਵਾਂਗਾ । ਜੋ ਅੰਦਰ ਵੜ੍ਹ ਕੇ ਰਹੇ ਖੋਜ, ਤਿਨ੍ਹਾਂ ਪਰਦਾ ਤੁਰਤ ਚੁਕਾਵਾਂਗਾ । ਜੋ ਸਿਰ ਤੇ ਬਸਤੇ ਬੰਨ੍ਹ ਕੇ ਫਿਰਦੇ ਚੁੱਕੀ ਬੋਝ, ਤਿਨ੍ਹਾਂ ਚਾਰ ਕੁੰਟ ਭਵਾਵਾਂਗਾ ।

ਜਿਹੜੇ ਵੇਂਹਦੇ ਚੌਂਦਾਂ ਲੋਕ, ਤਿਨ੍ਹਾਂ ਲੋਕ ਪਰਲੋਕ ਆਪਣੇ ਚਰਨਾਂ ਹੇਠ ਵਖਾਵਾਂਗਾ । ਜੋ ਗੌਂਦੇ ਇਕ ਸਲੋਕ, ਤਿਨ੍ਹਾਂ ਸਾਬਤ ਸਰੂਪ ਨਜ਼ਰੀ ਆਵਾਂਗਾ । ਜੋ ਮੰਗਦੇ ਮੁਕਤੀ ਮੋਖ, ਤਿਨ੍ਹਾਂ ਮੁਫ਼ਤ ਨਾਮ ਵਰਤਾਵਾਂਗਾ । ਜੋ ਚਰਨੀ ਆ ਕੇ ਕਹੇ ਮੈਂ ਨਿਰਦੋਸ਼, ਸੋ ਦੋਸ਼ੀ ਪਾਰ ਕਰਾਵਾਂਗਾ । ਜੋ ਕਹੇ ਤੇਰੇ ਮਿਲਣ ਦੀ ਮੈਨੂੰ ਨਹੀਂ ਹੋਸ਼, ਤਿਸ ਅੰਤਰ ਆਤਮ ਜੋੜ ਜੁੜਾਵਾਂਗਾ । ਜੋ ਚਰਨ ਧਿਆਨ ਲਗਾ ਰਹੇ ਖ਼ਾਮੋਸ਼, ਤਿਸ ਖ਼ਾਹਸ਼ ਆਪਣੀ ਖ਼ਾਹਸ਼ ਵਿਚ ਸਮਾਵਾਂਗਾ । ਜੋ ਮਸਤ ਪਿਆਲਾ ਪੀ ਹੋਏ ਮਦਹੋਸ਼, ਤਿਨ੍ਹਾਂ ਮਧੁਰ ਧੁਨ ਰਾਗ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਕਲਜੁਗ ਅੰਤਮ ਮੇਟ ਮਿਟਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਨਿਰਗੁਣ ਨਿਰਵੈਰ ਖੇਲ ਕਰਾਏਗਾ । ਗੁਰ ਚੇਲਾ ਰੰਗ ਰੰਗਾਏਗਾ । ਸੱਜਣ ਸੁਹੇਲਾ ਰੰਗ ਚੜ੍ਹਾਏਗਾ । ਵੇਲਾ ਵਕਤ ਆਪ ਸੁਹਾਏਗਾ । ਜਗਤ ਦੁਹੇਲਾ ਰੂਪ ਵਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਮਣਸਾ ਪੂਰ ਕਰਾਏਗਾ । ਸੁਣ ਸੰਦੇਸ਼ ਸ੍ਰੀ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਈਆ । ਭਗਤ ਅਠਾਰਾਂ ਗਾਇਣ ਗਾਣ, ਕਬੀਰ ਜੁਲਾਹਾ ਰਾਗ ਅਲਾਈਆ । ਤੇਈ ਅਵਤਾਰ ਕਰਨ ਧਿਆਨ, ਚਰਨ ਕਵਲ ਮੰਗਣ ਸਰਨਾਈਆ । ਈਸਾ ਮੂਸਾ ਮੁਹੰਮਦ ਬਿਨ ਰਸਨਾ ਜਿਹਵਾ ਬੋਲਣ ਜ਼ਬਾਨ, ਤੂੰਹੀ ਤੂੰ ਰਾਗ ਸੁਣਾਈਆ । ਨਾਨਕ ਗੋਬਿੰਦ ਕਰ ਪਰਵਾਨ, ਪਰਵਾਨਾ ਇਕੋ ਹੱਥ ਰਖਾਈਆ । ਸ਼ਾਸਤਰ ਸਿਮਰਤ ਵੇਦ ਕਤੇਬ ਕਹਿਣ ਅਸੀਂ ਤੇਰਾ ਈਮਾਨ, ਅੰਜੀਲ ਕੁਰਾਨ ਗੀਤਾ ਗਿਆਨ ਨਾਲ ਮਿਲਾਈਆ । ਸ਼ੁਕਰ ਕਰੇ ਜ਼ਿਮੀ ਅਸਮਾਨ, ਸੂਰਜ ਚੰਦ ਭੱਜੇ ਵਾਹੋ ਦਾਹੀਆ । ਮੰਡਲ ਮੰਡਪ ਹੋਏ ਹੈਰਾਨ, ਪ੍ਰਭੂ ਕੀ ਕੀ ਖੇਲ ਵਰਤਾਈਆ । ਕਲਜੁਗ ਅੰਤਮ ਪ੍ਰਗਟ ਹੋਵੇ ਨੌਜਵਾਨ, ਯੋਧਾ ਸੂਰਬੀਰ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਵੇਖੇ ਆਣ, ਲੱਖ ਚੁਰਾਸੀ ਖੋਜ ਖੁਜਾਈਆ । ਆਤਮ ਪਰਮਾਤਮ ਦੇਵੇ ਇਕ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਚੁਕਾਈਆ । ਲੇਖਾ ਚੁਕੇ ਲੋਕਮਾਤ, ਕਲਜੁਗ ਅੰਤ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਚਾਰ ਵਰਨ ਬਣਾਏ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼, ਭੇਵ ਰਹੇ ਨਾ ਰਾਈਆ । ਨਾਮ ਦੇਵੇ ਧੁਰ ਸੁਗਾਤ, ਵਸਤ ਅਮੋਲਕ ਝੋਲੀ ਪਾਈਆ । ਰੈਣ ਅੰਧੇਰੀ ਮੇਟ ਰਾਤ, ਸਤਿ ਸਤਿ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਾਕ ਭਵਿਖਤ ਜੋ ਗਏ ਆਖ, ਆਖਰ ਸਭ ਦੇ ਪੂਰ ਕਰਾਈਆ । ਜੁਗ ਚੌਕੜੀ ਵੇਖਣਹਾਰ ਹਾਲਾਤ, ਹਾਲਤ ਸਭ ਦੀ ਫੋਲ ਫੁਲਾਈਆ । ਜਾਨਣਹਾਰਾ ਕਾਇਨਾਤ, ਕਾਤਬ ਕਲਮਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਦਏ ਚੁਕਾਈਆ । ਕਲਜੁਗ ਲਹਿਣਾ ਚੁੱਕੇ ਜਗ, ਲੋਕਮਾਤ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਹੰਸ ਰੂਪ ਬਣਾਏ ਕੱਗ, ਕਾਗੋਂ ਹੰਸ ਆਪ ਉਡਾਈਆ । ਜਿਨ੍ਹਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਬੁਝੇ ਅੱਗ, ਪੰਚ ਵਿਕਾਰ ਨਾ ਕੋਇ ਲੜਾਈਆ । ਨੌ ਦਵਾਰੇ ਪਾਰ ਹੱਦ, ਦਸਵੇਂ ਆਪਣਾ ਘਰ ਸੁਹਾਈਆ । ਸੇਜ ਸੁਹੰਜਣੀ ਚੜ੍ਹੇ ਭੱਜ, ਗੁਰਮੁਖ ਮਿਲੇ ਮਾਣ ਵਡਿਆਈਆ । ਬਿਨ ਕਾਅਬਿਉਂ ਮੱਕਿਉਂ ਕਰਾਏ ਹੱਜ, ਹੁਜਰਾ ਹੱਕ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਹੁਜਰਾ ਤੱਕੇ ਅਗੰਮ, ਅਲਖ ਅਗੋਚਰ ਆਪ ਜਣਾਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਨ, ਚੌਦਸ ਰੂਪ ਨਾ ਕੋਇ ਵਟਾਈਆ । ਨਾ ਕੋਈ ਗੀਤ ਨਾ ਕੋਈ ਛੰਦ, ਢੋਲਾ ਰਾਗ ਨਾ ਕੋਇ ਸੁਣਾਈਆ । ਨਾ ਕੋਈ ਜਿਹਵਾ ਨਾ ਕੋਈ ਦੰਦ, ਤਤਵ ਤਤ ਨਾ ਕੋਇ ਚਤੁਰਾਈਆ । ਪਰਮ ਪੁਰਖ ਪਤਿਪਰਮੇਸ਼ਵਰ ਇਕੋ ਦੇਵੇ ਆਪਣਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਲਜੁਗ ਅੰਦਰ ਜਨ ਭਗਤਾਂ ਮੇਟ ਅਗਲਾ ਪਿਛਲਾ ਪੰਧ, ਘਰ ਸਾਚੇ ਲਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰਨ ਮਨਸਾ, ਮਾਨਵ ਆਪਣੇ ਲੇਖੇ ਲਏ ਲਗਾਈਆ । ਕਲਜੁਗ ਵੇਲਾ ਅੰਤ, ਅੰਤ ਰਿਹਾ ਸਮਝਾਈਆ । ਨੇਤਰ ਖੋਲ੍ਹ ਜਗਤ ਜੰਤ, ਜੀਵ ਈਸ਼ ਦ੍ਰਿੜਾਈਆ । ਪਰਮ ਪੁਰਖ ਦਾ ਇਕੋ ਮੰਤ, ਗੁਰ ਅਵਤਾਰ ਪੀਰ ਪੈਗੰਬਰ ਗਏ ਸਮਝਾਈਆ । ਨਾਤਾ ਜੋੜ ਨਾਰ ਕੰਤ, ਸੁਰਤੀ ਸ਼ਬਦੀ ਮੇਲ ਮਿਲਾਈਆ । ਬੋਧ ਅਗਾਧਾ ਬਣ ਪੰਡਤ, ਘਰ ਵੱਜੇ ਨਾਮ ਵਧਾਈਆ । ਦੂਜੇ ਦਰ ਨਾ ਹੋ ਮੰਗਤ, ਦੇਵਣਹਾਰ ਇਕ ਅਖਵਾਈਆ । ਚਾਰ ਵਰਨ ਜਿਸ ਦੀ ਸੰਗਤ, ਬਰਨ ਅਠਾਰਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਰਿਹਾ ਜਣਾਈਆ । ਕਲਜੁਗ ਵੇਲਾ ਉਠ ਜੀਵ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਤੇਰੇ ਅੰਤਰ ਜਗੇ ਚਿਰਾਗ, ਬਿਨ ਸਤਿਗੁਰ ਅੱਖ ਨਜ਼ਰ ਕਿਸੇ ਨਾ ਆਇੰਦਾ । ਦੁਰਮਤ ਮੈਲ ਧੋ ਦਾਗ, ਪਾਪਾਂ ਗਠੜੀ ਫੋਲ ਫੁਲਾਇੰਦਾ । ਹਰਿ ਸਰਨਾਈ ਸਾਚੀ ਲਾਗ, ਸ੍ਰੀ ਭਗਵਾਨ ਇਕੋ ਨਜ਼ਰੀ ਆਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇੰਦਾ । ਸ਼ਬਦ ਸੁਣਾਏ ਅਗੰਮੀ ਨਾਦ, ਧੁਨ ਆਤਮਕ ਰਾਗ ਅਲਾਇੰਦਾ । ਆਤਮ ਪਰਮਾਤਮ ਬਣੇ ਸਾਕ, ਸੱਜਣ ਇਕੋ ਇਕ ਅਖਵਾਇੰਦਾ । ਬਜਰ ਕਪਾਟੀ ਖੋਲ੍ਹ ਤਾਕ, ਤੇਰਾ ਪਰਦਾ ਆਪ ਉਠਾਇੰਦਾ । ਨਿਝਰ ਝਿਰਨਾ ਦੇਵੇ ਬੂੰਦ ਸਵਾਂਤ, ਅੰਮ੍ਰਿਤ ਰਸ ਇਕ ਵਖਾਇੰਦਾ । ਨਜ਼ਰੀ ਆਏ ਇਕ ਇਕਾਂਤ, ਘਰ ਸਾਚੇ ਸੋਭਾ ਪਾਇੰਦਾ । ਤੂੰ ਗੁਰਮੁਖ ਉਸ ਦੀ ਜਾਤ, ਮਨਮੁਖ ਹੋ ਕਿਉਂ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪ ਜਣਾਇੰਦਾ । ਉਠ ਜੀਵ ਖੋਲ੍ਹ ਅੱਖ, ਕਿਉਂ ਬੈਠਾ ਮੁਖ ਭਵਾਈਆ । ਜੋ ਤੇਰਾ ਸਾਢੇ ਤਿੰਨ ਹੱਥ ਚਲਾਏ ਰਥ, ਕਾਇਆ ਅੰਦਰ ਸੇਵ ਕਮਾਈਆ । ਸਾਹਿਬ ਨਾਲ ਮਿਲ ਕੇ ਹੱਸ, ਘਰ ਖ਼ੁਸ਼ੀਆਂ ਮੰਗਲ ਗਾਈਆ । ਉਹ ਤੇਰਾ ਕਰੇ ਜਸ, ਜਿਸ ਵੇਦ ਪੁਰਾਨ ਦਿਤੀ ਵਡਿਆਈਆ । ਮਾਇਆ ਕਾਰਨ ਹੋਇਉਂ ਅੱਡ, ਪਰਦਾ ਦੂਈ ਦਵੈਤ ਟਿਕਾਈਆ । ਕੂੜੀ ਕਿਰਿਆ ਜਗਤ ਛੱਡ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਰਿਹਾ ਜਣਾਈਆ । ਕਲਜੁਗ ਜੀਵ ਕਰ ਧਿਆਨ, ਸਾਹਿਬ ਸਤਿਗੁਰ ਆਪ ਜਣਾਈਆ । ਸਭ ਦੇ ਅੰਦਰ ਨਾਮ ਗਿਆਨ, ਸ੍ਰੀ ਭਗਵਾਨ ਰਿਹਾ ਟਿਕਾਈਆ । ਦੀਪਕ ਜੋਤ ਜਗੇ ਮਹਾਨ, ਗ੍ਰਿਹਿ ਗ੍ਰਿਹਿ ਕਰੇ ਰੁਸ਼ਨਾਈਆ । ਰਸਨਾ ਜਿਹਵਾ ਦਿਤੀ ਜ਼ਬਾਨ, ਬੱਤੀ ਦੰਦ ਮੇਲ ਮਿਲਾਈਆ । ਨੌ ਦਵਾਰੇ ਖੋਲ੍ਹ ਦੁਕਾਨ, ਜਗਤ ਵਾਸਨਾ ਨਾਲ ਭਰਾਈਆ । ਸੁਖਮਨ ਟੇਡੀ ਬੰਕ ਖੇਲ ਮਹਾਨ, ਈੜਾ ਪਿੰਗਲਾ ਪਹਿਰੇਦਾਰ ਅਖਵਾਈਆ । ਕਰੇ ਖੇਲ ਸ੍ਰੀ ਭਗਵਾਨ, ਘਰ ਘਰ ਵਿਚ ਰਚਨ ਰਚਾਈਆ । ਅੰਮ੍ਰਿਤ ਭਰਿਆ ਤਾਲ ਮਹਾਨ, ਸਰੋਵਰ ਆਪਣੇ ਹੱਥ ਰਖਾਈਆ । ਸ਼ਬਦ ਨਾਦ ਵੱਜੇ ਧੁਨਕਾਨ, ਅੱਠੇ

ਪਹਿਰ ਰਾਗ ਸੁਣਾਈਆ । ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਘਰ ਸੇਜਾ ਵੇਖ ਸਚ ਨਿਸ਼ਾਨ, ਆਸਣ ਸਿੰਘਾਸਣ ਇਕ ਵਿਛਾਈਆ । ਕਿਉਂ ਭੁਲਿਆ ਬਣ ਨਾਦਾਨ, ਨਿਜ ਘਰ ਵੇਖਣ ਕੋਇ ਨਾ ਆਈਆ । ਜਿਸ ਘਰ ਵਸੇ ਸ੍ਰੀ ਭਗਵਾਨ, ਸੋ ਤੇਰਾ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਰਿਹਾ ਜਗਾਈਆ । ਕਲਜੁਗ ਜੀਵ ਜਾਗ ਜਗਤ ਦੁਹੇਲਾ, ਜਗਤ ਅੰਧੇਰਾ ਛਾਈਆ । ਪ੍ਰਭ ਮਿਲਣ ਦਾ ਇਕੋ ਵੇਲਾ, ਮਾਣਸ ਜਨਮ ਮਿਲੇ ਵਡਿਆਈਆ । ਘਰ ਠਾਕਰ ਸੁਆਮੀ ਚਾੜ੍ਹੇ ਤੇਲਾ, ਖ਼ੁਸ਼ੀਆਂ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕਲਜੁਗ ਜੀਵ ਕਹੇ ਮੈਂ ਅੰਧਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਬਿਨ ਬੰਦਗੀਉਂ ਫਿਰਾਂ ਬੰਦਾ, ਬੰਦਨਾ ਸਚ ਨਾ ਕੋਇ ਸਮਝਾਈਆ । ਕੂੜੀ ਕਿਰਿਆ ਜਗਤ ਧੰਦਾ, ਵਾਸਨਾ ਲੋਭ ਮੋਹ ਹਲਕਾਈਆ । ਲੱਖ ਚੁਰਾਸੀ ਪਾਰ ਨਾ ਆਇਆ ਕੰਢਾ, ਸਾਚੇ ਬੇੜੇ ਨਾ ਕੋਇ ਚੜ੍ਹਾਈਆ । ਜੁਗ ਜੁਗ ਜਗਤ ਦੁਹਾਗਣ ਰਿਹਾ ਰੰਡਾ, ਸਚ ਸੁਹਾਗ ਨਾ ਕੋਇ ਹੰਢਾਈਆ । ਮਾਤ ਗਰਭ ਵੜਦਾ ਰਿਹਾ ਡੂੰਘੀ ਕੰਦਾ, ਕੰਦਰ ਪਾਰ ਨਾ ਕੋਇ ਕਰਾਈਆ । ਮਿਲਿਆ ਸਾਹਿਬ ਨਾ ਹਰਿ ਬਖ਼ਸ਼ੰਦਾ, ਬਖ਼ਸ਼ਿਸ਼ ਕਰੀ ਨਾ ਬੇਪਰਵਾਹੀਆ । ਮਾਂ ਪਿਓ ਮੈਨੂੰ ਲਾਡ ਨਾਲ ਕਹਿੰਦੇ ਰਹੇ ਲਾਡਲੇ ਚੰਦਾ, ਖ਼ੁਸ਼ੀਆਂ ਨਾਲ ਨਾਮ ਸਾਲਾਹੀਆ । ਬਿਨ ਸਤਿਗੁਰ ਪੂਰੇ ਅੰਤ ਕੋਈ ਨਾ ਲਾਏ ਅੰਗਾ, ਗੋਦੀ ਗੋਦ ਨਾ ਕੋਇ ਬਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦਰ ਤੇਰੇ ਮੰਗ ਮੰਗਾ, ਦੋਏ ਜੋੜ ਜੋੜ ਸਰਨਾਈਆ । ਆਪਣੀ ਕਿਰਪਾ ਪਾਰ ਕਰ ਚਾਹੇ ਚੰਗਾ ਚਾਹੇ ਮੰਦਾ, ਮੰਦਾ ਚੰਗਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੀਂ ਮਾਣ ਵਡਿਆਈਆ । ਪੁਰਖ ਅਕਾਲ ਕਹੇ ਮੈਂ ਤਾਰਾਂ ਠੱਗ ਚੋਰ, ਜੋ ਚਲ ਆਣ ਸਰਨਾਈਆ । ਸ੍ਰਿਸ਼ਟ ਸਬਾਈ ਹੱਥ ਮੇਰੇ ਡੋਰ, ਜੁਗ ਚੌਕੜੀ ਰਿਹਾ ਭਵਾਈਆ । ਜਨ ਭਗਤਾਂ ਦੀ ਸਦਾ ਲੋੜ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਜੁਗ ਜਨਮ ਦੇ ਵਿਛੜੇ ਲਵਾਂ ਜੋੜ, ਫੜ ਬਾਹੋਂ ਮੇਲ ਮਿਲਾਈਆ । ਪਾਰ ਕਰਾਵਾਂ ਡੁੱਬਦੇ ਅੰਧਘੋਰ, ਸ਼ਬਦ ਇਸ਼ਾਰੇ ਨਾਲ ਤਰਾਈਆ । ਪੁਰਖ ਅਕਾਲ ਆਦਿ ਜੁਗਾਦਿ ਇਕੋ ਨਾ ਕੋਈ ਹੋਰ, ਇਕ ਇਕੱਲਾ ਆਪ ਅਖਵਾਈਆ । ਜਿਸ ਦੇ ਅੱਗੇ ਚਲੇ ਨਾ ਕਿਸੇ ਕੋਈ ਜ਼ੋਰ, ਜ਼ੋਰੂ ਜ਼ਰ ਕੰਮ ਕਿਸੇ ਨਾ ਆਈਆ । ਜਿਸ ਦਾ ਮੰਤਰ ਇਕੋ ਫੋਰ, ਗੁਰ ਅਵਤਾਰ ਪੀਰ ਪੈਗ਼ੰਬਰ ਦਏ ਸਮਝਾਈਆ । ਅੰਤ ਕਾਲ ਕਲ ਜਾਏ ਆਪੇ ਬੌਹੜ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਦੇਵਣਹਾਰਾ ਸਾਚਾ ਵਰ, ਕਲਜੁਗ ਜੀਵ ਲਏ ਤਰਾਈਆ । ਕਲਜੁਗ ਜੀਵ ਕਹੇ ਪ੍ਰਭ ਔਖੀ ਘਾਟੀ, ਕਿਨਾਰਾ ਨਜ਼ਰ ਕੋਇ ਨਾ ਆਈਆ । ਜੂਠੇ ਝੂਠੇ ਮੇਰੇ ਸਾਥੀ, ਤੇਰਾ ਰਾਹ ਨਾ ਕੋਇ ਵਖਾਈਆ । ਕੀ ਮੈਂ ਮੰਨਾਂ ਤੇਰੀ ਆਖੀ, ਮੇਰੀ ਬੁੱਧ ਰਹੇ ਗਵਾਈਆ । ਕਿਰਪਾ ਕਰ ਕੇ ਬਣ ਸਾਕੀ, ਸਾਹਿਬ ਆਪਣਾ ਜਾਮ ਮੁਖ ਲਗਾਈਆ । ਆਪਣੇ ਮਿਲਣ ਦੀ ਖੋਲ੍ਹ ਤਾਕੀ, ਬੰਦ ਦਰਵਾਜ਼ਾ ਦੇ ਖੁਲ੍ਹਾਈਆ । ਮਨ ਮਨੂਆ ਰਹੇ ਕੋਈ ਨਾ ਆਕੀ, ਮਨਸਾ ਮਨਸਾ ਵਿਚ ਖਪਾਈਆ । ਤੇਰੇ ਨਾਮ ਦਾ ਬਣਾਂ ਸੱਚਾ ਪਾਠੀ, ਪੂਜਾ ਇਕੋ ਦੇ ਦ੍ਰਿੜਾਈਆ । ਤੈਨੂੰ ਮਿਲ ਕੇ ਹੋਵਾਂ ਤੇਰੀ ਜਾਤੀ, ਆਪਣੀ ਜਾਤ ਨਾ ਕੋਇ ਵਖਾਈਆ । ਜਿਧਰ ਵੇਖਾਂ ਨਜ਼ਰੀ ਆਏ ਪਰਭਾਤੀ, ਸੰਧਿਆ ਰੂਪ ਨਾ ਕੋਇ ਵਟਾਈਆ । ਸਾਹਿਬ ਸਤਿਗੁਰ

ਪੁਰਖ ਅਬਿਨਾਸ਼ੀ, ਮਿਹਰਵਾਨ ਤੇਰੀ ਸਰਨਾਈਆ । ਨਿਰਗੁਣ ਨੂਰ ਜੋਤ ਸਚ ਪਰਕਾਸ਼ੀ, ਪਰਕਾਸ਼ ਇਕੋ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਘਰ ਆ ਕੇ ਦੇ ਬਾਕੀ, ਪੂਰਬ ਲਹਿਣਾ ਝੋਲੀ ਪਾਈਆ । ਤੇਰੇ ਭਗਤਾਂ ਮਿਲ ਕੇ ਰਲੀਏ ਸਚ ਜਮਾਤੀ, ਜਿਸ ਘਰ ਅਲਫ਼ ਯੇ ਨਾ ਕੋਇ ਪੜ੍ਹਾਈਆ । ਚਰਨ ਕਵਲ ਸਚ ਪ੍ਰੀਤੀ ਬੰਨ ਨਾਤੀ, ਨਾਤਾ ਆਪਣੇ ਨਾਲ ਰਖਾਈਆ । ਲੇਖਾ ਚੁਕੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਫੁੱਫੀ ਮਾਸੀ, ਮਸੇਰ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਜਗਤ ਮਿਟੇ ਉਦਾਸੀ, ਸੰਸਾ ਰੋਗ ਨਜ਼ਰ ਕੋਇ ਨਾ ਆਈਆ । ਤੇਰੇ ਨਾਲ ਮਿਲ ਕੇ ਆਤਮ ਪਰਮਾਤਮ ਕਰੇ ਹਾਸੀ, ਹੱਸ ਹੱਸ ਤੇਰੀ ਖ਼ੁਸ਼ੀ ਮਨਾਈਆ । ਤੇਰੇ ਮੰਡਲ ਵੇਖਾਂ ਰਾਸੀ, ਜਿਸ ਘਰ ਗੋਪੀ ਕਾਹਨ ਤੂੰਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਜਿਸ ਵਿਚ ਤੇਰਾ ਰੂਪ ਨਜ਼ਰੀ ਆਈਆ । ਪਰਮ ਪੁਰਖ ਪ੍ਰਭ ਹੋ ਦਿਆਲ, ਦੀਨ ਦਿਆਲ ਦਇਆ ਕਮਾਇੰਦਾ । ਗੁਰਮੁਖ ਉਠ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਮੁਰੀਦ ਮੁਰਸ਼ਦ ਪੁੱਛੇ ਹਾਲ, ਪਰਦਾ ਦੂਈ ਦਵੈਤ ਚੁਕਾਇੰਦਾ । ਤੇਰਾ ਸਾਹਿਬ ਤੇਰੇ ਨਾਲ ਨਿਰਗੁਣ, ਵਿਛੜ ਕਦੇ ਨਾ ਜਾਇੰਦਾ । ਨਾਤਾ ਤੋੜੇ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਇੰਦਾ । ਜਨਮ ਜਨਮ ਜੋ ਘਾਲਣ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਹਾਜ਼ਰ ਹੋ ਕੇ ਮੰਨੇ ਸੁਆਲ, ਜਾਹਰ ਹੋ ਕੇ ਪੂਰ ਕਰਾਇੰਦਾ । ਸਤਿਗੁਰ ਹੋ ਕੇ ਬਣੇ ਦਲਾਲ, ਦੋ ਜਹਾਨਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਸਾ ਪੂਰ ਵਖਾਇੰਦਾ । ਹਰਿਜਨ ਆਸਾ ਪੂਰੀ ਮਨਸਾ, ਤ੍ਰਿਖਾ ਤ੍ਰਿਪਤ ਰਹਿਣ ਨਾ ਪਾਈਆ । ਹਰਿ ਭਗਤ ਸੁਹਾਏ ਆਪਣਾ ਬੰਸਾ, ਸਰਬੰਸ ਆਪਣੇ ਰੰਗ ਰੰਗਾਈਆ । ਸੋਹੰ ਜਾਪ ਜਪਾਏ ਹੰਸਾ, ਮਾਣਕ ਮੋਤੀ ਚੋਗ ਵਖਾਈਆ । ਘਰ ਨਾਰੀ ਨਰਾਇਣ ਮਿਲੇ ਕੰਤਾ, ਗੁਰਮੁਖ ਗੁਰ ਗੁਰ ਅੰਗ ਲਗਾਈਆ । ਮਾਣਸ ਜਨਮ ਬਣਾਏ ਬਣਤਾ, ਘੜਨ ਭੰਨਣਹਾਰ ਬੇਪਰਵਾਹੀਆ । ਚੋਲੀ ਚਾੜ੍ਹ ਰੰਗ ਬਸੰਤਾ, ਨਿਰਗੁਣ ਵੇਖੇ ਚਾਈਂ ਚਾਈਂਆ । ਗੜ੍ਹ ਟੁੱਟੇ ਹਉਮੇ ਹੰਗਤਾ, ਹੰ ਬ੍ਰਹਮ ਇਕ ਸਮਝਾਈਆ । ਭਗਤ ਬਿਨ ਭਗਵਾਨ ਨਾ ਹੋਏ ਮੰਗਤਾ, ਦੂਜੇ ਦਰ ਨਾ ਮੰਗਣ ਜਾਈਆ । ਮੇਲ ਮਿਲੇ ਜਨ ਸਾਚੀ ਸੰਗਤਾ, ਜਿਸ ਸੰਗਤ ਵਿਚ ਹਰਿ ਜੂ ਰਿਹਾ ਸਮਾਈਆ । ਮੁਲਾਂ ਸ਼ੇਖ਼ ਮੁਸਾਇਕ ਨਾ ਕੋਈ ਜਾਣੇ ਪਾਂਧਾ ਪੰਡਤਾ, ਗ੍ਰੰਥੀ ਪੰਥੀ ਸਮਝ ਕੋਇ ਨਾ ਆਈਆ । ਜਿਸ ਉਪਾਈ ਲੱਖ ਚੁਰਾਸੀ ਜਨਤਾ, ਸੋ ਜੀਵਤ ਜੀਅ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਨਾਲ ਕਰੇ ਸਚ ਮੁਹੱਬਤਾ, ਮਹਿਬੂਬ ਆਪਣਾ ਮੇਲ ਮਿਲਾਈਆ ।



★ ੬ ਮਾਘ ੨੦੨੦ ਬਿਕਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਸੋਨ ਜ਼ਿਲਾ ਗੁਰਦਾਸ ਪੁਰ ★

ਕਿਰਪਾ ਕਰੇ ਹਰਿ ਜਗਦੀਸ਼, ਜਨ ਹਰਿ ਦੇਵੇ ਮਾਣ ਵਡਿਆਈਆ । ਏਕਾ ਕਲਮਾ ਨਾਮ ਹਦੀਸ, ਹਜ਼ਰਤ ਕਰੇ ਸਚ ਪੜ੍ਹਾਈਆ । ਦਰਸ ਦਿਖਾਏ ਬੈਠ ਅਤੀਤ, ਤ੍ਰੈਗੁਣ ਡੇਰਾ ਰਿਹਾ ਢਾਹੀਆ । ਮਾਣ ਰਖਾਏ ਹਸਤ ਕੀਟ, ਊਚ ਨੀਚ ਲਏ ਮਿਲਾਈਆ । ਸਤਿ ਸਤਿਵਾਦੀ

ਦੱਸੇ ਆਪਣੀ ਰੀਤ, ਪੂਰਬ ਲਹਿਣਾ ਰਿਹਾ ਮੁਕਾਈਆ । ਆਤਮ ਪਰਮਾਤਮ ਢੋਲਾ ਗੀਤ, ਸੋਹੰ ਸਚ ਸੱਚ ਜਣਾਈਆ । ਲੇਖਾ ਚੁੱਕੇ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਮਾਣਸ ਜਨਮ ਲਏ ਜੀਤ, ਜੂਨੀ ਜੂਨ ਨਾ ਕੋਇ ਭਵਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿਠੜਾ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਹਰਿ ਨਿਰੰਕਾਰ, ਪੁਰਖ ਨਿਰੰਜਣ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਂਦਾ ਰਿਹਾ ਸਹਾਰ, ਸੋਹਲਾ ਢੋਲਾ ਰਾਗ ਨਾਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਉਜਿਆਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕੁਰਾਨਾ ਲੇਖ ਲਿਖਾਈਆ । ਪੰਜ ਤਤ ਕਾਇਆ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਵੇਖੇ ਸਾਹਿਬ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਕਿਰਪਾ ਕਰੇ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸੰਤ ਸੁਹੇਲੇ ਲੱਭੇ ਆਣ, ਸਰਗੁਣ ਦੇਵੇ ਮਾਣ ਵਡਿਆਈਆ । ਗੁਰਮੁਖ ਗੁਰ ਗੁਰ ਬਖ਼ਸ਼ੇ ਚਰਨ ਧਿਆਨ, ਸਰਨ ਦੇਵੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਖੇਲ ਰਚਾਈਆ । ਅਚਰਜ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਰਚਾਇੰਦਾ । ਨਿਰਗੁਣ ਨੂਰ ਕਰ ਪਰਗਟ, ਲੋਕਮਾਤ ਵੇਸ ਵਟਾਇੰਦਾ । ਜੁਗ ਚੌਕੜੀ ਚਲਾਵਣਹਾਰਾ ਰਥ, ਨਿਰਵੈਰ ਆਪਣੀ ਕਲ ਧਰਾਇੰਦਾ । ਪੰਧ ਮੁਕਾਏ ਨੱਠ ਨੱਠ, ਦੋ ਜਹਾਨਾਂ ਚਰਨਾਂ ਹੇਠ ਰਖਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸ੍ਰੀ ਭਗਵਾਨ ਕਰ ਕੇ ਵੱਖ, ਭਗਤਨ ਆਪਣਾ ਘਰ ਜਣਾਇੰਦਾ । ਨਿਜ ਨੇਤਰ ਖੋਲ੍ਹ ਅੱਖ, ਪਰਦਾ ਦੂਈ ਦਵੈਤ ਮਿਟਾਇੰਦਾ । ਦੇਵਣਹਾਰ ਹਕੀਕਤ ਹੱਕ, ਲਾਸ਼ਰੀਕ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣਾ ਰੰਗ ਰੰਗਾਇੰਦਾ । ਹਰਿਜਨ ਰੰਗ ਰੰਗੇ ਅਨੋਖਾ, ਕਲਜੁਗ ਜੀਵ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਨਾਲ ਕਰ ਕੇ ਧੋਖਾ, ਗੁਰਮੁਖ ਸੱਜਣ ਲਏ ਉਠਾਈਆ । ਕਰ ਪਰਕਾਸ਼ ਨਿਰਮਲ ਜੋਤਾ, ਗ੍ਰਿਹਿ ਮੰਦਰ ਕਰੇ ਰੁਸ਼ਨਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਕੋਠਾ, ਛੱਪਰ ਛੰਨ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮਾਣਸ ਜਨਮ ਇਕੋ ਦਿਤਾ ਮੌਕਾ, ਮੁਕੰਮਲ ਆਪਣਾ ਘਰ ਵਖਾਈਆ । ਉਚੀ ਕੂਕ ਸੁਣਾਏ ਸ਼ਬਦੀ ਹੋਕਾ, ਨਾਅਰਾ ਇਕੋ ਨਾਮ ਲਗਾਈਆ । ਵੇਖੇ ਖੇਲ ਲੋਕ ਪਰਲੋਕਾ, ਦੋ ਜਹਾਨਾਂ ਫੇਰਾ ਪਾਈਆ । ਜਨ ਭਗਤਾਂ ਦੇਵੇ ਪੁਰਖ ਅਕਾਲ ਆਪਣੀ ਓਟਾ, ਦੂਸਰ ਸੀਸ ਨਾ ਕੋਇ ਨਿਵਾਈਆ । ਸ਼ਬਦ ਨਗਾਰੇ ਲੱਗੇ ਚੋਟਾ, ਤਨ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਦਰ ਵਖਾਈਆ । ਹਰਿਜਨ ਵੇਖੇ ਆਪਣੇ ਘਰ, ਘਰ ਵੱਜੇ ਇਕ ਵਧਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਕਿਰਪਾਨਿਧ ਹੋਏ ਸਹਾਈਆ । ਜੁਗ ਜਨਮ ਦੇ ਵਿਛੜੇ ਫੜ, ਫੜ ਬਾਹੋਂ ਗਲੇ ਲਗਾਈਆ । ਆਤਮ ਸੇਜਾ ਸਾਚੀ ਚੜ੍ਹ, ਘਰ ਮੰਦਰ ਡੇਰਾ ਲਾਈਆ । ਕਰ ਪਰਕਾਸ਼ ਬਹੱਤਰ ਨੜ, ਅੰਧ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰਿਹਾ ਉਠਾਈਆ । ਗੁਰਮੁਖ ਉਠਾਏ

੨੭੮
੧੯

ਸ਼ਬਦੀ ਧਾਰ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਪ੍ਰੇਮ ਪ੍ਰੀਤੀ ਦੇ ਪਿਆਰ, ਪ੍ਰੀਤਮ ਆਪਣੇ ਅੰਗ ਲਗਾਈਆ । ਸਾਚੀ ਨੀਤੀ ਵਿਚ ਸੰਸਾਰ, ਪਤਤ ਪੁਨੀਤੀ ਦਏ ਸਮਝਾਈਆ । ਹਸਤ ਕੀਟੀ ਵੇਖੇ ਏਕੰਕਾਰ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਬਹਾਈਆ । ਗੁਰਮੁਖ ਕਹੇ ਪ੍ਰਭ ਤੇਰਾ ਦਰ, ਘਰ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਆਖੇ ਉਪਰ ਚੜ੍ਹ, ਮੈਂ ਬੈਠਾ ਸੇਜ ਵਿਛਾਈਆ । ਦੋਹਾਂ ਵਿਚੋਲਾ ਨਿਰਗੁਣ ਨਰ, ਨਰਾਇਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਗੁਰਮੁਖ ਕਹੇ ਮੈਂ ਤੇਰਾ ਮੀਤ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਕਹੇ ਮੈਂ ਛਤਰ ਝੁਲਾਵਾਂ ਤੇਰੇ ਸੀਸ, ਸਿਰ ਆਪਣਾ ਸੋਭਾ ਪਾਈਆ । ਦੋਹਾਂ ਵਿਚੋਲਾ ਇਕ ਜਗਦੀਸ਼, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਚਰਜ ਆਪਣਾ ਰਾਹ ਚਲਾਈਆ । ਗੁਰਮੁਖ ਕਹੇ ਮੋਹੇ ਤੇਰੀ ਆਸ, ਸਤਿਗੁਰ ਦੇਣੀ ਮਾਣ ਵਡਿਆਈਆ । ਸਤਿਗੁਰ ਕਹੇ ਮੈਂ ਵਸਾਂ ਤੇਰੇ ਪਾਸ, ਦਿਵਸ ਰੈਣ ਵਿਛੜ ਕਦੇ ਨਾ ਜਾਈਆ । ਨਿਰਗੁਣ ਕਹੇ ਮੈਂ ਪੁਰਖ ਸਮਰਾਥ, ਦੋਹਾਂ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਰਿਹਾ ਜਣਾਈਆ । ਗੁਰਮੁਖ ਕਹੇ ਪ੍ਰਭ ਸੁਣ ਪੁਕਾਰ, ਹੱਥ ਤੇਰੇ ਵਡਿਆਈਆ । ਪੁਰਖ ਅਕਾਲ ਕਹੇ ਮੈਂ ਤੇਰਾ ਯਾਰ, ਘਰ ਸੱਥਰ ਸੇਜ ਹੰਢਾਈਆ । ਦੋਹਾਂ ਵਿਚੋਲਾ ਏਕੰਕਾਰ, ਇਕ ਇਕੱਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰਮੁਖ ਕਹੇ ਪ੍ਰਭ ਮਿਲਿਆ ਮੇਲ, ਘਰ ਸੱਜਣ ਇਕੋ ਆਈਆ । ਸਤਿਗੁਰ ਕਹੇ ਚੜ੍ਹਿਆ ਤੇਲ, ਦੋ ਜਹਾਨ ਵੱਜੀ ਵਧਾਈਆ । ਪੁਰਖ ਅਕਾਲ ਕਹੇ ਮੇਰਾ ਖੇਲ, ਖ਼ਾਲਕ ਖ਼ਲਕ ਵਿਚ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਗੁਰਮੁਖ ਕਹੇ ਪ੍ਰਭ ਦਿਤਾ ਰਾਹ, ਨੇਤਰ ਨੈਣ ਨੈਣ ਦਰਸਾਈਆ । ਪੁਰਖ ਅਕਾਲ ਕਹੇ ਮੈਂ ਬਣ ਮਲਾਹ, ਹਰਿਜਨ ਬੇੜਾ ਰਿਹਾ ਚਲਾਈਆ । ਦੋਹਾਂ ਮਿਲ ਕੇ ਬਣੇ ਇਕ ਸਲਾਹ, ਦੂਈ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਦਰ ਦੇਵੇ ਮਾਣ ਵਡਿਆਈਆ । ਗੁਰਮੁਖ ਪ੍ਰੀਤ ਵੇਖ ਪ੍ਰਭ ਠਾਕਰ, ਹਰਿਜੂ ਆਪਣੀ ਦਇਆ ਕਮਾਇੰਦਾ । ਕਲਜੁਗ ਡੂੰਘਾ ਜਗਤ ਸਾਗਰ, ਫੜ ਬਾਹੋਂ ਪਾਰ ਕਰਾਇੰਦਾ । ਵਣਜ ਵਪਾਰ ਕਰਾਏ ਇਕ ਸੌਦਾਗਰ, ਸੌਦਾ ਆਪਣੇ ਹੱਟ ਨਾਮ ਵਿਕਾਇੰਦਾ । ਭਾਗ ਲਗਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਏਥੇ ਓਥੇ ਦੋ ਜਹਾਨਾਂ ਕਰੇ ਆਦਲ, ਅਦਾਲਤ ਇਕੋ ਇਕ ਵਖਾਇੰਦਾ । ਲੇਖਾ ਜਾਣੇ ਮਕਤੂਲ ਕਾਤਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਗੁਰਮੁਖ ਰੰਗ ਚੜ੍ਹੇ ਅਪਾਰ, ਹਰਿ ਅਪਰੰਪਰ ਆਪ ਚੜ੍ਹਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਜੋ ਪਰਮ ਪੁਰਖ ਦੀ ਕਰਦੇ ਰਹੇ ਭਾਲ, ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤਕਾਈਆ । ਸੋ ਸਾਹਿਬ ਸਤਿਗੁਰ ਇਕ ਇਕੱਲਾ ਵਸਣਹਾਰਾ ਸਾਚਾ ਮਹੱਲਾ ਪਰਗਟ ਹੋਇਆ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਚ ਧਰਮਸਾਲ ਇਕ ਵਖਾਈਆ । ਗੁਰਮੁਖ ਵਖਾਏ ਧਰਮਸਾਲ, ਘਰ ਮੰਦਰ ਇਕ ਜਣਾਇੰਦਾ । ਦੀਵਾ ਬਾਤੀ ਅਗੰਮਾ ਬਾਲ, ਘਰ ਨੂਰੋ ਨੂਰ ਡਗਮਗਾਇੰਦਾ । ਮੁਰੀਦਾਂ ਪੁਛੇ ਮੁਰਸ਼ਦ ਹਾਲ, ਦਰ ਦਰਵਾਜੇ ਚਲ ਕੇ ਆਇੰਦਾ । ਪੂਰਬ ਜਨਮ ਦੀ ਘਾਲੀ ਘਾਲ, ਆਪਣੇ ਲੇਖੇ ਲਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਜੋਤੀ ਜਾਤਾ ਮੇਲ ਮਿਲਾਇੰਦਾ । ਅੰਦਰ ਬਾਹਰ ਗੁਪਤ ਜਾਹਰ ਚਲੇ ਨਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਅੰਤਮ ਸੀਸ ਨਾ ਕੂਕੇ ਕਾਲ, ਕਲਜੁਗ ਜੰਜਾਲ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਆਪ ਪ੍ਰਭ, ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਵਿਚੋਂ ਲੱਭ, ਰੁਠੜੇ ਲਏ ਮਨਾਈਆ । ਕਰ ਪਰਕਾਸ਼ ਜੋਤ ਝੱਭ, ਝਗੜਾ ਦਏ ਚੁਕਾਈਆ । ਜਗਤ ਦਵਾਰਾ ਪਾਰ ਹੱਦ, ਘਰ ਮੰਦਰ ਦਏ ਵਖਾਈਆ । ਸ਼ਬਦ ਅਗੰਮੀ ਵੱਜੇ ਨਦ, ਅਨਹਦ ਰਾਗ ਅਲਾਈਆ । ਅੰਮ੍ਰਿਤ ਜਾਮ ਪਿਆਏ ਮਧੁ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰਮੁਖ ਕਹੇ ਪ੍ਰਭ ਸੁਣ ਸਵਾਮੀ, ਮੇਰੀ ਇਕ ਅਰਜੋਈਆ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਅੰਤ ਕੋਇ ਰਹਿਣ ਨਾ ਪਾਈਆ । ਬਿਨ ਤੇਰੀ ਕਿਰਪਾ ਮਿਲੇ ਨਾ ਸਚ ਨਿਸ਼ਾਨੀ, ਸੱਚਾ ਮਾਰਗ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗਾਏ ਤੇਰੀ ਕਹਾਣੀ, ਸਿਫ਼ਤੀ ਸਿਫ਼ਤ ਢੋਲਾ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਬਣ ਕੇ ਗਏ ਨਾਰ ਸਵਾਣੀ, ਕੰਤ ਕੰਤੂਲ ਇਕੋ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਾਚੀ ਵਸਤ ਆਪ ਵਰਤਾਈਆ । ਗੁਰਮੁਖ ਕਹੇ ਪ੍ਰਭ ਸੁਣ ਅਰਜ਼, ਅਰਦਾਸ ਇਕੋ ਇਕ ਜਣਾਈਆ । ਗਾ ਗਾ ਥੱਕਿਆ ਤਾਲ ਤਰਜ਼, ਰਸਨਾ ਜਿਹਵਾ ਬੱਤੀ ਦੰਦ ਢੋਲੇ ਰਾਗ ਸੁਣਾਈਆ । ਜਨਮ ਮਰਨ ਦੀ ਮੁੱਕੀ ਨਾ ਮਰਜ਼, ਗਰਭ ਰੋਗ ਨਾ ਕੋਇ ਚੁਕਾਈਆ । ਲੱਖ ਚੁਰਾਸੀ ਹੁੰਦਾ ਰਿਹਾ ਹਰਜ਼, ਹਰਜਾਨਾ ਸਕੇ ਨਾ ਕੋਇ ਭਰਾਈਆ । ਭਗਤਾਂ ਤਾਰਨਾ ਤੇਰਾ ਫ਼ਰਜ, ਪਾਰਬ੍ਰਹਮ ਤੇਰੀ ਸਰਨਾਈਆ । ਕਰ ਖੇਲ ਇਕ ਅਸਚਰਜ, ਅਚਰਜ ਤੇਰੇ ਹੱਥ ਵਡਿਆਈਆ । ਤੈਨੂੰ ਸਾਡੇ ਮਿਲਣ ਦੀ ਸਦਾ ਗ਼ਰਜ, ਸਾਡੀ ਗ਼ਰਜ ਤੇਰੇ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਲੈ ਬੁਲਾਈਆ । ਭਗਤ ਕਹੇ ਪ੍ਰਭ ਸੁਣ ਸੰਗੀਤ, ਤੇਰਾ ਨਾਉਂ ਨਿਰੰਕਾਰ ਜਣਾਈਆ । ਉਠ ਵੇਖ ਪਿਆਰੇ ਮਿੱਤਰ ਮੀਤ, ਹਉਂ ਬੈਠਾ ਰਾਹ ਤਕਾਈਆ । ਜੁਗ ਚੌਕੜੀ ਗਏ ਬੀਤ, ਅੰਤਮ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਠੀਕ, ਚਾਰੇ ਜੁਗ ਭੇਵ ਖੁਲ੍ਹਾਈਆ । ਕਲਜੁਗ ਅੰਤਮ ਬੀਸ ਬੀਸਾ ਆਏ ਨਜ਼ਦੀਕ, ਨਿਰਗੁਣ ਆਪਣਾ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਕਲਮਾ ਪੜ੍ਹਦੇ ਗਏ ਹਦੀਸ, ਸੋ ਹਜ਼ਰਤ ਆਪਣਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਹੋ ਕੇ ਸਰਗੁਣ ਕਰੇ ਪ੍ਰੀਤ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦੇ ਉਠਾਈਆ । ਆਪਣਾ ਪਰਦਾ ਆ ਕੇ ਚੁੱਕ, ਪ੍ਰਭੂ ਸਾਹਿਬ ਸੱਚੇ ਸੁਲਤਾਨਾ । ਕਲਜੁਗ ਪੈਂਡਾ ਰਿਹਾ ਮੁੱਕ, ਨੇਤਰ ਖੋਲ੍ਹ ਵੇਖ ਵਾਲੀ ਦੋ ਜਹਾਨਾ । ਤੇਰਾ ਬੂਟਾ ਰਿਹਾ ਸੁੱਕ, ਭਗਵਨ ਭਗਤਾਂ

ਦੇ ਭਗਤੀ ਦਾਨਾ । ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਸਰਬ ਫਿਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਕਰ ਪਰਵਾਨਾ । ਭਗਤ ਕਹੇ ਪ੍ਰਭ ਕਿਰਪਾ ਧਾਰ, ਹੱਥ ਤੇਰੇ ਵਡਿਆਈਆ । ਚਾਰੋਂ ਕੁੰਟ ਦਿਸੇ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਜਗਤ ਉਠਾ ਸਰਬ ਸੰਸਾਰ, ਨਾਤਾ ਤੁਟਾ ਮਾਤ ਲੋਕਾਈਆ । ਮਾਤ ਪਿਤ ਭਾਈ ਭੈਣ ਰਹੇ ਵਿਸਾਰ, ਨਾਰ ਕੰਤ ਸੰਗ ਨਾ ਕੋਇ ਰਖਾਈਆ । ਤੁਧ ਬਿਨ ਕਰੇ ਨਾ ਕੋਇ ਪਿਆਰ, ਪ੍ਰੀਤੀ ਸਚ ਨਾ ਕੋਇ ਲਗਾਈਆ । ਕਲਜੁਗ ਬਾਹੋਂ ਪਕੜ ਉਠਾਲ, ਸਿਰ ਆਪਣਾ ਹੱਥ ਟਿਕਾਈਆ । ਹਉਂ ਬਾਲੇ ਨੱਢੇ ਤੇਰੇ ਲਾਲ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਨਵ ਨੌਂ ਚਾਰ ਥੱਕੇ ਭਾਲ, ਤੇਰਾ ਰੂਪ ਸਕੇ ਨਾ ਕੋਇ ਵਖਾਈਆ । ਬਿਨ ਤੇਰੀ ਕਿਰਪਾ ਹੋਏ ਕੰਗਾਲ, ਰਾਜ ਜੋਗ ਕੰਮ ਕਿਸੇ ਨਾ ਆਈਆ । ਨਿਰਗੁਣ ਆ ਕੇ ਸੁਰਤ ਸੰਭਾਲ, ਸੰਬਲ ਆਪਣਾ ਡੇਰਾ ਲਾਈਆ । ਤੇਰੇ ਅੱਗੇ ਇਕ ਸਵਾਲ, ਬਣ ਸਵਾਲੀ ਰਹੇ ਜਣਾਈਆ । ਅੰਤਮ ਲੇਖਾ ਚੁੱਕੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਾਚੀ ਗੋਦੀ ਲੈਣਾ ਸੁਆਲ, ਚਰਨ ਕਵਲ ਮਿਲੇ ਸਰਨਾਈਆ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਆਵਣ ਜਾਵਣ ਗੇੜ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਗਲਾ ਸੰਗ ਆਪ ਹੋ ਜਾਈਆ । ਭਗਤ ਕਹੇ ਪ੍ਰਭ ਮੰਨ ਅਰਦਾਸ, ਹੋਕਾ ਤੇਰਾ ਨਾਮ ਜਣਾਈਆ । ਬੰਦੀਖ਼ਾਨਾ ਤੋੜ ਕਰ ਬੰਦ ਖ਼ਲਾਸ, ਖ਼ਾਲਸ ਆਪਣੇ ਨਾਲ ਮਿਲਾਈਆ । ਕੂੜੀ ਕਿਰਿਆ ਛੁੱਟੇ ਭੋਗ ਬਿਲਾਸ, ਸੇਜਾ ਇਕੋ ਇਕ ਹੰਢਾਈਆ । ਕਲਜੁਗ ਅੰਤ ਨਾ ਕਰੀਂ ਨਿਰਾਸ, ਨਿਰਾਸਤਾ ਤੇਰੀ ਝੋਲੀ ਪਾਈਆ । ਆਦਿ ਜੁਗਾਦਿ ਤੇਰੀ ਸ਼ਾਖ਼, ਜੁਗ ਚੌਕੜੀ ਤੇਰਾ ਨਾਮ ਵਡਿਆਈਆ । ਤੇਰੇ ਵਿਚੋਂ ਪਰਗਟੀ ਤੇਰੀ ਜਾਤ, ਦੂਜਾ ਨੂਰ ਨਾ ਕੋਇ ਰੁਸ਼ਨਾਈਆ । ਸਾਡੀ ਪੂਰੀ ਕਰਨੀ ਖ਼ਾਹਸ਼, ਖ਼ਾਹਸ਼ ਆਪਣੇ ਨਾਲ ਮਿਲਾਈਆ । ਕੋਟਨ ਕੋਟ ਤੇਰੀ ਕਰਨ ਤਲਾਸ਼, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮਿਲਾਉਣਾ ਚਾਈਂ ਚਾਈਂਆ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਜਨ ਭਗਤਾਂ ਆਖ ਸੁਣੌਂਦਾ ਏ । ਨਿਰਵੈਰ ਹੋ ਦਇਆ ਕਮੌਂਦਾ ਏ । ਨਿਰਾਕਾਰ ਵੇਸ ਵਟੌਂਦਾ ਏ । ਜਗਤ ਆਕਾਰ ਨਾ ਕੋਇ ਵਖੌਂਦਾ ਏ । ਸਚ ਧਾਰ ਇਕ ਚਲੌਂਦਾ ਏ । ਸ਼ਬਦ ਸਤਾਰ ਤੰਦ ਵਜੌਂਦਾ ਏ । ਕਰ ਗ਼ੁਫ਼ਤਾਰ ਆਪ ਉਠੌਂਦਾ ਏ । ਉਚ ਮਨਾਰ ਡੇਰਾ ਲੌਂਦਾ ਏ । ਮਹਿਫ਼ਲ ਇਕੋ ਇਕ ਵਖੌਂਦਾ ਏ । ਗ਼ਫ਼ਲਤ ਪਿਛਲੀ ਮੇਟ ਮਿਟੌਂਦਾ ਏ । ਉਲਫ਼ਤ ਆਪਣੀ ਆਪ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਘਰ ਵਸੌਂਦਾ ਏ । ਜਨ ਭਗਤਾਂ ਘਰ ਵਸਾਵਾਂਗਾ । ਦੀਪਕ ਜੋਤ ਇਕ ਰੁਸ਼ਨਾਵਾਂਗਾ । ਆਤਮ ਸੇਜਾ ਸੇਜ ਵਿਛਾਵਾਂਗਾ । ਅਨਹਦ ਨਾਦੀ ਨਾਦ ਅਲਾਵਾਂਗਾ । ਅੰਮ੍ਰਿਤ ਧਾਰ ਇਕ ਚਵਾਵਾਂਗਾ । ਅੰਧ ਅੰਧਿਆਰ ਮੇਟ ਮਿਟਾਵਾਂਗਾ । ਸੋਈ ਸੁਰਤੀ ਆਪ ਉਠਾਵਾਂਗਾ । ਅਕਾਲ ਮੂਰਤੀ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਬੁਲਾਵਾਂਗਾ । ਹਰਿਜਨ ਆਪਣੇ ਘਰ ਬੁਲਾਵਾਂਗਾ । ਬਜਰ ਕਪਾਟੀ ਕੁੰਡਾ ਲਾਹਵਾਂਗਾ । ਸਾਚੀ ਹਾਟੀ ਇਕ ਵਖਾਵਾਂਗਾ । ਬਣ ਕੇ ਸਾਥੀ ਸੰਗ ਨਿਭਾਵਾਂਗਾ । ਪੂਰਬ ਜਨਮ ਦੀ ਪੂਰੀ ਕਰ ਕੇ ਆਖੀ, ਆਖ਼ਰ ਆਪਣਾ ਮੇਲ ਮਿਲਾਵਾਂਗਾ । ਉਤਮ ਕਰ ਕੇ ਜਾਤੀ, ਜਾਤ ਆਪਣੀ ਵਿਚ ਸਮਾਵਾਂਗਾ । ਗ੍ਰਿਹਿ



੨੮੧ ੧੯

ਮੰਦਰ ਦੇਵਾਂ ਝਾਕੀ, ਜਲਵਾ ਇਕੋ ਨੂਰ ਰੁਸ਼ਨਾਵਾਂਗਾ । ਲੇਖੇ ਲਾ ਕੇ ਤਨ ਖ਼ਾਕੀ, ਖ਼ਾਲਸ ਆਪਣਾ ਆਪ ਵਖਾਵਾਂਗਾ । ਜੁਗ ਜੁਗ ਦੀ ਦੇਵਾਂ ਬਾਕੀ, ਪੂਰਬ ਲਹਿਣਾ ਸਰਬ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਬੰਦਗੀਉਂ ਬੰਦਾ ਆਪਣੇ ਲੇਖੇ ਲਾਵਾਂਗਾ । ਸਾਚੇ ਲੇਖੇ ਆਪ ਲਗਾਏਗਾ । ਪੁਰਖ ਅਕਾਲ ਦਇਆ ਕਮਾਏਗਾ । ਦੀਨ ਦਿਆਲ ਵੇਖ ਵਖਾਏਗਾ । ਸੰਤ ਸੁਹੇਲੇ ਨਾਲ ਰਲਾਏਗਾ । ਗੁਰਮੁਖ ਗੁਰ ਗੁਰ ਗੋਦ ਬਹਾਏਗਾ । ਹਿਰਦਾ ਸੋਧ ਜੋਤ ਜਗਾਏਗਾ । ਲੋਕ ਪਰਲੋਕ ਡੇਰਾ ਢਾਹੇਗਾ । ਸਚ ਸਲੋਕ ਇਕ ਸੁਣਾਏਗਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਆਪ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਏਗਾ । ਹਰਿਜਨ ਸਾਚੇ ਘਰ ਵਸਾਵਾਂਗਾ । ਸਚਖੰਡ ਦਵਾਰਾ ਇਕ ਵਖਾਵਾਂਗਾ । ਥਿਰ ਘਰ ਸ਼ਬਦੀ ਨਾਦ ਵਜਾਵਾਂਗਾ । ਸੁੰਨ ਅਗੰਮ ਡੇਰਾ ਢਾਹਵਾਂਗਾ । ਦਸਮ ਦਵਾਰੀ ਬੇੜਾ ਬੰਨ੍ਹ, ਸਾਚੇ ਕੰਧ ਆਪ ਉਠਾਵਾਂਗਾ । ਏਕਾ ਰਾਗ ਸੁਣਾ ਕੰਨ, ਧੁਰ ਦਾ ਨਾਦ ਇਕ ਵਜਾਵਾਂਗਾ । ਲਹਿਣਾ ਚੁੱਕੇ ਛੱਪਰ ਛੰਨ, ਬੰਕ ਦਵਾਰਾ ਇਕ ਵਖਾਵਾਂਗਾ । ਕੂੜੀ ਕਿਰਿਆ ਮੇਟ ਵਾਸਨਾ ਮਨ, ਮਨ ਕਾ ਮਣਕਾ ਆਪ ਭੁਆਵਾਂਗਾ । ਕਰ ਕਿਰਪਾ ਗੁਰਮੁਖ ਬਣਾ ਆਪਣੇ ਜਨ, ਜਨ ਜਨਨੀ ਲੇਖੇ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਪੁਰਖ ਅਕਾਲ ਵੇਖ ਵਖਾਏਗਾ । ਹਰਿਜਨ ਸਾਚੇ ਲਾਲ ਉਠਾਏਗਾ । ਬਣ ਦਲਾਲ ਵਣਜ ਕਰਾਏਗਾ । ਸਚਖੰਡ ਸੱਚੀ ਧਰਮਸਾਲ ਆਪ ਬਹਾਏਗਾ । ਜਿਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਮੁਖ ਪਰਗਟਾਏਗਾ । ਸੁਣ ਕੇ ਆਪ ਮੁਰੀਦਾਂ ਹਾਲ, ਮੁਰਸ਼ਦ ਆਪਣੇ ਸੰਗ ਲੈ ਜਾਏਗਾ । ਚੌਥੇ ਜੁਗ ਅਵੱਲੜੀ ਚਾਲ, ਨਿਰਗੁਣ ਆਪਣੀ ਆਪ ਚਲਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋਣ ਹੈਰਾਨ, ਨਿਉਂ ਨਿਉਂ ਸੀਸ ਸਰਬ ਨਿਵਾਏਗਾ । ਕਰਿਆ ਕੀ ਸ੍ਰੀ ਭਗਵਾਨ, ਕਾਗ਼ਦ ਕਲਮ ਸ਼ਾਹੀ ਨੈਣ ਸ਼ਰਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤ ਭਾਵੀ ਭਾਣਿਉਂ ਬਾਹਰ ਕਢਾਏਗਾ ।



★ ੬ ਮਾਘ ੨੦੨੦ ਬਿਕਰਮੀ ਭਜਨ ਸਿੰਘ ਦੇ ਗ੍ਰਿਹ ਪਿੰਡ ਜੀਉ ਜੁਲਾਈ ਜ਼ਿਲਾ ਗੁਰਦਾਸ ਪੁਰ ★

ਜੁਗ ਜਨਮ ਪ੍ਰਭ ਕੱਟ ਵਿਛੋੜਾ, ਸਦ ਵਿਛੜੇ ਮੇਲ ਮਿਲਾਇੰਦਾ । ਸੁਰਤ ਸ਼ਬਦ ਆਦਿ ਜੁਗਾਦੀ ਜੋੜਾ, ਜੁਗ ਚੌਕੜੀ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਜਾਣੇ ਆਪਣੀ ਲੋੜਾ, ਲੋੜਵੰਦ ਹਰਿ ਅਖਵਾਇੰਦਾ । ਵੇਖਣਹਾਰਾ ਸਦਾ ਅੰਧਘੋਰਾ, ਜਗਤ ਅੰਧੇਰਾ ਫੋਲ ਫੁਲਾਇੰਦਾ । ਮਿਟਾਵਣਹਾਰਾ ਠੱਗ ਚੋਰਾ, ਜ਼ੋਰ ਆਪਣਾ ਇਕ ਦ੍ਰਿੜਾਇੰਦਾ । ਕਲਜੁਗ ਅੰਤਮ ਆਪੇ ਬੌਹੜਾ, ਪੁਰਖ ਅਕਾਲ ਫੇਰਾ ਪਾਇੰਦਾ । ਰੰਗ ਦਿਸੇ ਨਾ ਕਾਲਾ ਗੋਰਾ, ਰੂਪ ਨਜ਼ਰ ਕੋਇ ਨਾ ਆਇੰਦਾ । ਸਚਖੰਡ ਨਿਵਾਸੀ ਬਾਂਕਾ ਛੋਹਰਾ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਇਕੋ ਸੱਸੇ ਉਪਰ ਲਾ ਕੇ ਹੋੜਾ, ਸੋਹਣੀ ਆਪਣੀ ਬਣਤ ਸਮਝਾਇੰਦਾ । ਹੰ ਬ੍ਰਹਮ ਕਰ ਮੋਰਾ, ਮਿਹਰ ਨਜ਼ਰ ਇਕ ਉਠਾਇੰਦਾ । ਦੋਹਾਂ ਮਿਲ ਕੇ ਬਣੇ ਦੋਹਰਾ, ਦੋਹਰਾ ਤਾਲ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ

ਕਰਨੀ ਕਰੇ ਪ੍ਰਭ ਸਦ, ਨਿਤ ਨਵਿਤ ਵੱਡੀ ਵਡਿਆਈਆ । ਜੁਗ ਚੌਕੜੀ ਪਾਰ ਕਰਾਏ ਹੱਦ, ਹਦੂਦ ਆਪਣੀ ਨਾ ਕਿਸੇ ਸਮਝਾਈਆ । ਸ਼ਬਦ ਨਗਾਰਾ ਹੋ ਕੇ ਜਾਏ ਵੱਜ, ਦੋ ਜਹਾਨ ਕਰੇ ਸ਼ਨਵਾਈਆ । ਲੋਕਮਾਤ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੁਗ ਵਿਛੜੇ ਜਗ ਕਰੇ ਮਿਲਾਪ, ਮਿਲਣੀ ਆਪਣਾ ਨਾਮ ਕਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਥਾਪਣ ਥਾਪ, ਲੋਕਮਾਤ ਵੰਡ ਵੰਡਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਦੇ ਜਾਪ, ਜੀਵ ਜੰਤ ਦਏ ਸਮਝਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਘਰ ਪਰਦਾ ਦਏ ਚੁਕਾਈਆ । ਆਤਮ ਪਰਮਾਤਮ ਬਣਾ ਕੇ ਜਾਤ, ਨੂਰ ਨੂਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਚੁਕਾਈਆ । ਭਗਤ ਵਿਛੋੜਾ ਦੇਵੇ ਕੱਟ, ਆਪਣੇ ਹੱਥ ਰੱਖੇ ਵਡਿਆਈਆ । ਸਚ ਪ੍ਰੀਤੀ ਬੰਨ੍ਹ ਕੇ ਨਤ, ਘਰ ਸੱਜਣ ਮੇਲ ਮਿਲਾਈਆ । ਝੋਲੀ ਪਾ ਹਕੀਕਤ ਹੱਕ, ਵਸਤ ਅਮੋਲਕ ਨਾਮ ਵਰਤਾਈਆ । ਜਨਮ ਜਨਮ ਜੋ ਆਵਣ ਜਾਵਣ ਵਿਚ ਗਏ ਥੱਕ, ਬਣ ਬਣ ਪਾਂਧੀ ਪੰਧ ਮੁਕਾਈਆ । ਤਿਨ੍ਹਾਂ ਕਿਰਪਾ ਕਰੇ ਪੁਰਖ ਸਮਰਥ, ਸਾਹਿਬ ਸਤਿਗੁਰ ਦਏ ਵਡਿਆਈਆ । ਕੂੜੀ ਕਿਰਿਆ ਕਰ ਕੇ ਭੱਠ, ਅੰਮ੍ਰਿਤ ਸਾਚਾ ਜਾਮ ਪਿਆਈਆ । ਜਗਤ ਵਿਕਾਰਿਉਂ ਕਰ ਕੇ ਵੱਖ, ਵੱਖਰਾ ਆਪਣਾ ਘਰ ਦਰਸਾਈਆ । ਨਿਰਗੁਣ ਨੂਰ ਕਰ ਪਰਕਾਸ਼, ਘਰ ਦੀਪਕ ਜੋਤ ਜਗਾਈਆ । ਲਹਿਣਾ ਵੇਖ ਮਸਤਕ ਮਥ, ਪੂਰਬ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਛੋੜਾ ਰਹੇ ਨਾ ਰਾਈਆ । ਕੱਟ ਵਿਛੋੜਾ ਤੋੜੇ ਬੰਧ, ਬੰਦੀਖ਼ਾਨਾ ਨਜ਼ਰ ਕੋਇ ਨਾ ਆਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਗੰਢ ਪਵਾਈਆ । ਅੰਦਰ ਬਾਹਰ ਨਿਰਗੁਣ ਹੋ ਕੇ ਦੇਵੇ ਸੰਗ, ਸਰਗੁਣ ਸਾਚਾ ਮੇਲ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਦੱਸੇ ਆਪਣਾ ਛੰਦ, ਸੋਹੰ ਸੋਹਲਾ ਇਕ ਸਮਝਾਈਆ । ਆਤਮ ਪਰਮਾਤਮ ਮਿਲੇ ਅਨੰਦ, ਅਨੰਦ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੇਵ ਖੁਲ੍ਹਾਈਆ । ਜਗਤ ਵਿਛੋੜਾ ਗਿਆ ਮੁਕ, ਲੇਖਾ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਗੋਦੀ ਲਏ ਚੁਕ, ਫੜ ਬਾਹੋਂ ਗਲੇ ਲਗਾਈਆ । ਨਿਰਗੁਣ ਧਾਰੋਂ ਨਿਰਗੁਣ ਉਠ, ਨਿਰਗੁਣ ਵੇਖੇ ਚਾਈਂ ਚਾਈਂਆ । ਸਰਗੁਣ ਬੈਠਾ ਰਹੇ ਚੁਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅੰਧ ਅੰਧੇਰੇ ਆਪੇ ਲੁਕ, ਪਰਦਾ ਓਹਲਾ ਆਪੇ ਪਾਈਆ । ਡੂੰਘੀ ਭਵਰੀ ਲਏ ਪੁਛ, ਸੁਖ ਸੁਨੇਹੜਾ ਸੱਚਾ ਮਾਹੀਆ । ਗੁਰਮੁਖ ਕਹੇ ਮੈਂ ਤੇਰਾ ਪੁਤ, ਪੁਰਖ ਅਕਾਲ ਪਿਤਾ ਮਾਈਆ । ਸ੍ਰੀ ਭਗਵਾਨ ਕਹੇ ਸੁਹਾਵਾਂ ਤੇਰੀ ਰੁਤ, ਰੁਤ ਰੁਤੜੀ ਇਕ ਮਹਿਕਾਈਆ । ਦੋਹਾਂ ਮਿਲ ਕੇ ਅਗਲਾ ਪਿਛਲਾ ਵਿਛੋੜਾ ਜਾਏ ਛੁਟ, ਛੁਟਕੀ ਲਿਵ ਫੇਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਮੇਲੇ ਆਪਣੇ ਦਰ, ਪਿਛਲਾ ਦਰਦ ਦੁੱਖ ਰਹੇ ਨਾ ਰਾਈਆ । ਪੂਰਬ ਦਰਦ ਰਹੇ ਨਾ ਦੁੱਖ, ਜਨਮ ਅਜਨਮ ਨਜ਼ਰ ਕੋਇ ਨਾ ਆਇੰਦਾ । ਘਰ ਪਰਮਾਤਮ ਦੇਵੇ ਸੁਖ, ਆਤਮ ਖ਼ੁਸ਼ੀਆਂ ਗੀਤ ਅਲਾਇੰਦਾ । ਧੰਨ ਵਡਿਆਈ ਉਜਲ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹਿੰਦਾ । ਗੇੜ ਚੁਰਾਸੀ ਪੈਂਡਾ ਜਾਏ ਮੁੱਕ, ਮੁਕਤੀ ਮੁਫ਼ਤ ਚਰਨਾਂ ਹੇਠ ਦਬਾਇੰਦਾ । ਅੰਤ ਕਾਲ ਕਲ ਗੋਦੀ ਚੁੱਕ, ਫੜ ਖ਼ੁਸ਼ੀਆਂ ਗਲੇ ਲਗਾਇੰਦਾ । ਠਾਕਰ ਹੋ

ਕੇ ਸਵਾਮੀ ਤੁਠ, ਅਤੁਟ ਭੰਡਾਰ ਨਾਮ ਵਰਤਾਇੰਦਾ । ਸਚ ਦਵਾਰੇ ਸਚਖੰਡ ਸਾਚੀ ਸੁਖਣਾ ਆਪੇ ਸੁੱਖ, ਸੁੱਖ ਸੁਖਾਂ ਵਿਚੋਂ ਗੁਰਮੁਖਾਂ ਝੋਲੀ ਪਾਇੰਦਾ । ਗੁਰਮੁਖ ਕਹੇ ਮੇਰਾ ਨਾਤਾ ਜੁੜਿਆ ਪਿਓ ਪੁੱਤ, ਬਿਨਾਂ ਪੁਰਖ ਅਕਾਲ ਪਿਤਾ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤ ਮਿਲੀ ਅਨਮੁਲੀ ਲੁੱਟ, ਬਿਨ ਗੁਰਮੁਖਾਂ ਲੁੱਟਣ ਕੋਇ ਨਾ ਆਇੰਦਾ । ਲੱਖ ਚੁਰਾਸੀ ਕੂੜੀ ਕਿਰਿਆ ਪਾਈ ਫੁੱਟ, ਫੁੱਟੇ ਦੁੱਧ ਜਾਗ ਨਾ ਕੋਇ ਲਗਾਇੰਦਾ । ਧੰਨ ਭਾਗ ਜਿਨ੍ਹਾਂ ਗੁਰਮੁਖਾਂ ਮੌਲੀ ਰੁੱਤ, ਪਤਿਪਰਮੇਸ਼ਵਰ ਪਤ ਡਾਲੀ ਫੁੱਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤ ਵਿਛੋੜਾ ਬਿਨ ਭਗਤੀ ਪਾਰ ਕਰਾਇੰਦਾ । ਭਗਤੀ ਕਹੇ ਇਹ ਕੀ ਹੋਇਆ, ਪ੍ਰਭ ਕਲਜੁਗ ਖੇਲ ਰਚਾਈਆ । ਕਿਥੋਂ ਉਠਿਆ ਧੁਰ ਦਾ ਸੋਇਆ, ਆਪਣੀ ਅੱਖ ਖੁਲ੍ਹਾਈਆ । ਨਾ ਜੰਮੇ ਨਾ ਕਦੇ ਮੋਇਆ, ਜਨਮ ਮਰਨ ਨਾ ਕੋਇ ਰਖਾਈਆ । ਕਰ ਪਰਕਾਸ਼ ਧੁਰ ਦੀ ਲੋਆ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਪਿਛੇ ਪਾਗਲ ਹੋਇਆ, ਪਗਲੀ ਕਰੇ ਲੋਕਾਈਆ । ਧੁਰ ਦਾ ਲੈ ਕੇ ਆਇਆ ਢੋਆ, ਸਾਚਾ ਨਾਮ ਰਿਹਾ ਵਰਤਾਈਆ । ਜਿਸ ਦਾ ਬੀਜ ਕਿਸੇ ਨਾ ਬੋਆ, ਸੋ ਬਣ ਕਿਰਸਾਣਾ ਆਪਣੀ ਕਾਰ ਕਮਾਈਆ । ਜਨ ਭਗਤਾਂ ਅੰਦਰ ਵੜ ਕੇ ਜਿਸ ਅੰਮ੍ਰਿਤ ਚੋਇਆ, ਅੱਠ ਸੱਠ ਬੈਠੇ ਮਾਰਨ ਧਾਹੀਂਆ । ਮਾਣ ਤਾਣ ਜਿਸ ਮੇਰਾ ਖੋਇਆ, ਖ਼ਾਲੀ ਹੱਥ ਕਰਾਈਆ । ਜਨ ਭਗਤ ਦਵਾਰੇ ਸਦਾ ਸਦਾ ਸਦ ਨਵਾਂ ਨਰੋਇਆ, ਨਿਰਵੈਰ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲਾ ਆਪੇ ਹੋਇਆ, ਹੋਰ ਨਾਲ ਨਾ ਕੋਇ ਰਲਾਈਆ । ਹੋਰ ਨਾਲ ਰਲੇ ਕੌਣ, ਸਗਲਾ ਸੰਗ ਕਵਣ ਰਖਾਈਆ । ਸੇਵਾ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਪਵਣੀ ਪੌਣ, ਧਰਤ ਧਵਲ ਆਕਾਸ਼ ਬੈਠੇ ਸੀਸ ਨਿਵਾਈਆ । ਜਿਸ ਪਰਮ ਪੁਰਖ ਦੀ ਗੋਦੀ ਬਹਿ ਕੇ ਸਾਰੇ ਸੌਣ, ਤਿਸ ਨਾਲ ਬਿਨ ਕਿਰਪਾ ਜਾਗਰਤ ਰੂਪ ਨਾ ਕੋਇ ਵਟਾਈਆ । ਸਾਰੇ ਕਦਮਾਂ ਉਤੇ ਰੱਖ ਕੇ ਧੌਣ, ਚਰਨਾਂ ਥੱਲੇ ਹੱਥ ਰਖਾਈਆ । ਬਿਨ ਰਸਨਾ ਜਿਹਵਾ ਗਹਿਰ ਗੰਭੀਰ ਗੁਣ ਸਾਰੇ ਗੌਣ, ਇਕੋ ਸਾਚਾ ਨਾਮ ਧਿਆਈਆ । ਜਿਸ ਲੋਕਮਾਤ ਘੱਲੇ ਰਾਵਣ ਰੌਣ, ਰਾਮ ਆਪਣੀ ਧਾਰ ਬੰਧਾਈਆ । ਉਸ ਦਾ ਖੇਲ ਵੇਖ ਸਾਰੇ ਪਛਤੌਣ, ਪਸਚਾਤਾਪ ਨਜ਼ਰੀ ਆਈਆ । ਜਨ ਭਗਤਾਂ ਬੇੜਾ ਪਾਰ ਆਇਆ ਲਾਉਣ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਬਾਹਰ ਆਇਆ ਕਢੌਣ, ਫੜ ਬਾਹੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਨਾਲ ਆਇਆ ਮਿਲਾਉਣ, ਪਿਛਲਾ ਵਿਛੋੜਾ ਰਿਹਾ ਮੁਕਾਈਆ ।



੨੮੪ ੧੯

★ ੬ ਮਾਘ ੨੦੨੦ ਬਿਕਰਮੀ ਭਜਨ ਸਿੰਘ ਦੇ ਗ੍ਰਿਹਿ ਦੋਸਤ ਪੁਰਾ ਜ਼ਿਲਾ ਗੁਰਦਾਸ ਪੁਰ ★

ਛੋਟੇ ਬਾਲੇ ਕਰੀ ਪੁਕਾਰ, ਪੁਨਹ ਪੁਨਹ ਸੁਣਾਈਆ । ਕਿਰਪਾ ਕਰ ਸਿਰਜਣਹਾਰ, ਮੇਰੇ ਸਾਹਿਬ ਸਚ ਗੋਸਾਈਂਆ । ਕਲਜੁਗ ਵੇਖ ਕੂੜਾ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਕੂੜੀ ਕਿਰਿਆ ਰੰਗ ਰੰਗਾਈਆ । ਆਤਮ ਪਰਮਾਤਮ ਭੁੱਲਿਆ ਤੇਰਾ ਪਿਆਰ, ਸਚ ਪ੍ਰੀਤ ਨਾ ਕੋਇ ਰਖਾਈਆ । ਮਨ ਵਾਸਨਾ ਦਹਿ ਦਿਸ਼ਾ ਫਿਰੇ ਵਾਰੋ ਵਾਰ, ਚਾਰ ਕੁੰਟ ਕੁੰਟ ਹਲਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਬਾਲਾ ਕਹੇ ਮੇਰੇ ਭਗਵਾਨ, ਵਾਹਵਾ ਤੇਰੀ ਵਡ ਵਡਿਆਈਆ । ਸਾਡੀ ਹਾਲਤ ਵੇਖ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਸੰਗੀ ਦਿਸੇ ਨਾ ਕੋਈ ਜਹਾਨ, ਮਿੱਤਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਵੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮਿਲੇ ਤੇਰੀ ਸਰਨਾਈਆ । ਬਾਲਾ ਕਹੇ ਮੇਰੇ ਭਗਵੰਤ, ਪ੍ਰਭ ਤੇਰੇ ਹੱਥ ਵਡਿਆਈਆ । ਭਰਮੇ ਭੁੱਲੇ ਜੀਵ ਜੰਤ, ਸਾਧ ਸੰਤ ਨਾ ਕੋਇ ਚਤੁਰਾਈਆ । ਨਜ਼ਰ ਨਾ ਆਵੇ ਧੁਰ ਦਾ ਕੰਤ, ਕੂੜੀ ਰਹੇ ਸੇਜ ਹੰਢਾਈਆ । ਮਨੂਆ ਕੋਈ ਨਾ ਜਾਣੇ ਮੰਤ, ਮਨ ਕਾ ਮਣਕਾ ਨਾ ਕੋਇ ਭਵਾਈਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਸਤਿਗੁਰ ਮਿਲੀ ਨਾ ਕਿਸੇ ਸੰਗਤ, ਸਾਚੀ ਸਿਖਿਆ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਬਾਲਾ ਕਹੇ ਪ੍ਰਭ ਖੋਲ੍ਹ ਅੱਖ, ਕਿਉਂ ਬੈਠਾ ਮੁਖ ਛੁਪਾਈਆ । ਹਕੀਕਤ ਝੋਲੀ ਪਾ ਹੱਕ, ਲੇਖਾ ਪੂਰਬ ਦੇ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਨੇਤਰ ਲੋਚਣ ਰਹੇ ਤੱਕ, ਘਰ ਘਰ ਧਿਆਨ ਲਗਾਈਆ । ਸਭ ਨੂੰ ਸਾਡੇ ਉਤੇ ਪਿਆ ਸ਼ੱਕ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਕਿਰਪਾ ਕਰ ਪੁਰਖ ਸਮਰਥ, ਪਾਰਬ੍ਰਹਮ ਤੇਰੀ ਸਰਨਾਈਆ । ਮੂਰਖ ਮੁਗਧ ਅਞਾਣਾਂ ਆਪਣੇ ਮਿਲਣ ਦੀ ਦੇ ਅੱਖ, ਦੂਈ ਦਵੈਤੀ ਪਰਦਾ ਮਾਤ ਚੁਕਾਈਆ । ਫਿੱਕਾ ਬੋਲਣੋਂ ਜਾਵਣ ਹਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਲਾ ਕਹੇ ਮੋਹੇ ਵੱਜਾ ਧੱਕਾ, ਨਿੱਕੀ ਨਿੱਕੀ ਗ਼ੁਫ਼ਤਾਰ ਸੁਣਾਈਆ । ਜਗਤ ਜਹਾਨ ਦਿਸੇ ਕੁਪੱਤਾ, ਕੂੜੀ ਕਿਰਿਆ ਕਰੇ ਲੜਾਈਆ । ਕਿਸੇ ਨਾ ਮਿਲੇ ਪੁਰਖ ਸਮਰਥਾ, ਸਤਿਗੁਰ ਪੂਰਾ ਨਜ਼ਰ ਕਿਸੇ ਨਾ ਆਈਆ । ਜਗਤ ਵਾਸਨਾ ਫਿਰੇ ਨੱਠਾ, ਮਨ ਮਨੂਆ ਉਠ ਉਠ ਦਹਿ ਦਿਸ਼ ਧਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਰੱਟਾ, ਝਗੜਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੇ ਸਾਹਿਬ ਸਚ ਗੁਸਾਈਆ । ਬਾਲਾ ਕਹੇ ਪ੍ਰਭ ਕਰ ਮਨਜ਼ੂਰ, ਦਰ ਤੇਰੇ ਅਰਦਾਸ ਜਣਾਈਆ । ਓਨ੍ਹਾਂ ਬਖ਼ਸ਼ ਜਗਤ ਕਸੂਰ, ਜੋ ਬੈਠੇ ਤੈਨੂੰ ਭੁਲਾਈਆ । ਤਨ ਤਪਦਾ ਵਾਂਗ ਤੰਦੂਰ, ਅਗਨੀ ਤਤ ਰਹੀ ਜਲਾਈਆ । ਅੰਮ੍ਰਿਤ ਮੇਘ ਬਰਸ ਆਪਣੀ ਭੂਰ, ਨਿਮੀ ਨਿਮੀ ਧਾਰ ਵਹਾਈਆ । ਨਾਤਾ ਤੋੜ ਕੂੜੋ ਕੂੜ, ਸਚ ਸੁੱਚ ਦੇ ਦ੍ਰਿੜਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਮੂੜ੍ਹੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਸਰਬ ਵਡਿਆਈਆ । ਬਾਲਾ ਕਹੇ ਭੁੱਲਾ ਜਗ, ਜਗਤ ਮਿਲੇ ਨਾ ਕੋਇ ਵਡਿਆਈਆ । ਘਰ ਘਰ ਵੇਖੀ ਲੱਗੀ ਅੱਗ, ਲੋਕਮਾਤ ਸਕੇ ਨਾ ਕੋਇ ਬੁਝਾਈਆ । ਧੀਰਜ ਜਤ ਤੁੱਟਾ ਤਗ, ਸਤਿ ਸਰੂਪ ਨਾ ਕੋਇ ਵਖਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਥ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਕਰ ਆਸ, ਤ੍ਰਿਸ਼ਨਾ ਆਪਣੇ ਨਾਲ ਮਿਲਾਈਆ । ਬਾਲਾ ਕਹੇ ਪ੍ਰਭ ਮੇਰੇ ਮੀਤ, ਮਿਹਰਵਾਨ ਤੇਰੀ ਸਰਨਾਈਆ । ਕਲਜੁਗ ਬਦਲ ਕੂੜੀ ਰੀਤ, ਰੀਤੀ ਆਪਣੀ ਦੇ ਜਣਾਈਆ । ਪਤਤ ਕਰ ਜਗਤ ਪੁਨੀਤ, ਪਾਪੀਆਂ ਪਰਦਾ ਦੇ ਉਠਾਈਆ । ਸਾਚਾ ਖੇਲ ਦੱਸ ਅਨਡੀਠ, ਅਨਡਿਠੜੀ ਕਾਰ ਕਮਾਈਆ ।

ਮਿਠਾ ਕਰ ਕੌੜਾ ਰੀਠ, ਅੰਮ੍ਰਿਤ ਆਪਣਾ ਰਸ ਭਰਾਈਆ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਖ਼ੁਸ਼ੀ ਵਖਾਈਆ । ਰਲ ਮਿਲ ਸਾਰੇ ਗਾਈਏ ਤੇਰਾ ਗੀਤ, ਘਰ ਘਰ ਤੂੰਹੀ ਨਜ਼ਰੀ ਆਈਆ । ਤੇਰਾ ਲੇਖਾ ਊਚ ਨੀਚ, ਰਾਉ ਰੰਕਾਂ ਰਿਹਾ ਸਮਾਈਆ । ਦਰ ਠਾਂਡੇ ਦੇਣੀ ਭੀਖ, ਭਿਛਿਆ ਇਕੋ ਮੰਗ ਮੰਗਾਈਆ । ਕਾਇਆ ਹੋਏ ਠਾਂਡੀ ਸੀਤ, ਅਗਨੀ ਅੱਗ ਨਾ ਕੋਇ ਤਪਾਈਆ । ਤੇਰੇ ਚਰਨ ਲੱਗੇ ਪ੍ਰੀਤ, ਜੋ ਤੈਨੂੰ ਰਹੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚੇ ਹੱਥ ਰਖਾਈਆ । ਬਾਲੇ ਨੱਢੇ ਸੁਣ ਬਾਲੀ ਬੁਧ, ਸ੍ਰੀ ਭਗਵਾਨ ਦਇਆ ਕਮਾਈਆ । ਸਭ ਦੇ ਕਾਰਜ ਕਰੇ ਸੁਧ, ਹਰਿ ਕਰਤਾ ਬੇਪਰਵਾਹੀਆ । ਸ਼ਬਦ ਘੋੜੇ ਸਾਚੇ ਅਸਵ ਚੜ੍ਹੇ ਕੁੱਦ, ਦੋ ਜਹਾਨਾਂ ਵੇਖ ਵਖਾਈਆ । ਮੂਰਖ ਮੁਗਧਾਂ ਨਿਰਮਲ ਕਰੇ ਬੁੱਧ, ਸਾਚੀ ਸਿਖਿਆ ਇਕ ਸਮਝਾਈਆ । ਸਚ ਪ੍ਰੀਤੀ ਸਾਰੇ ਜਾਵਣ ਲੁਝ, ਜੋ ਬੈਠੇ ਹਰਿ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਆਪ ਕਮਾਈਆ । ਛੋਟੇ ਬਾਲੇ ਕੋਈ ਨਾ ਮਾਰੇ ਧੱਕਾ, ਧੁਰ ਦੀ ਧਾਰ ਆਪ ਬੰਧਾਇੰਦਾ । ਜਗਤ ਜਹਾਨ ਰਹਿ ਜਾਏ ਹੱਕਾ ਬੱਕਾ, ਹਰਿਜੂ ਕੀ ਕੀ ਖੇਲ ਰਚਾਇੰਦਾ । ਜਿਸ ਭੇਵ ਖੁਲ੍ਹਾਇਆ ਮਦੀਨਾ ਮੱਕਾ, ਸੋ ਕਾਇਆ ਕਾਅਬਾ ਇਕ ਪਰਗਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਨਾਮ ਰਤਾ, ਸੋ ਰਤੀ ਰਤ ਆਪਣਾ ਨਾਮ ਰੰਗਾਇੰਦਾ । ਧੁਰ ਸੰਦੇਸ਼ਾ ਦੇਵੇ ਸੱਚਾ, ਸ਼ਬਦ ਕਹਾਣੀ ਇਕ ਪੜ੍ਹਾਇੰਦਾ । ਗੁਰਮੁਖ ਲੱਖ ਚੁਰਾਸੀ ਵਿਚੋਂ ਇਕੋ ਬੱਚਾ, ਸ੍ਰੀ ਭਗਵਾਨ ਆਪਣੀ ਗੋਦ ਉਠਾਇੰਦਾ । ਨੌਂ ਦਵਾਰ ਕਦੇ ਨਾ ਨੱਚਾ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਹੁਕਮੇ ਅੰਦਰ ਕਹੇ ਸਦਾ ਅੱਛਾ, ਨਿਉਂ ਨਿਉਂ ਸਜਦਾ ਸੀਸ ਨਿਵਾਇੰਦਾ । ਸ੍ਰੀ ਭਗਵਾਨ ਉਸ ਦਾ ਪਰਦਾ ਰੱਖਾ, ਓਢਣ ਆਪਣਾ ਨਾਮ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਛੋਟੇ ਬਾਲੇ ਧਾਰ ਬਲ, ਬਲਧਾਰੀ ਦਏ ਵਡਿਆਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਸਮਝ ਕੋਇ ਨਾ ਪਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਅਟੱਲ ਪਦਵੀ ਰਿਹਾ ਦਿਵਾਈਆ । ਸਚ ਸਿੰਘਾਸਣ ਲੈਣਾ ਮਲ, ਨਾਤਾ ਤੋੜ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਧੱਕਾ ਦੇਵੇ ਨਾ ਕੋਈ ਮਾਤ, ਸੋ ਸਾਹਿਬ ਸਤਿਗੁਰ ਦਇਆ ਕਮਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚਮਕਾਇੰਦਾ । ਹਰਿਸੰਗਤ ਮਿਲ ਕੇ ਗੌਣੀ ਗਾਥ, ਸੋਹੰ ਢੋਲਾ ਰਾਗ ਅਲਾਇੰਦਾ । ਪਤਿਪਰਮੇਸ਼ਵਰ ਰੱਖੇ ਪਾਤ, ਪੱਤਤ ਪਾਪੀ ਪਾਰ ਕਰਾਇੰਦਾ । ਚਰਨ ਪ੍ਰੀਤੀ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਕੂੜੀ ਕਿਰਿਆ ਜਗਤ ਸਾਕ, ਸੱਜਣ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਦਇਆ ਕਮਾਇੰਦਾ । ਬੀਸ ਬੀਸ ਕਹੇ ਪ੍ਰਭ ਦੱਸ ਰਾਹ, ਰਹਿਮਤ ਆਪ ਕਮਾਈਆ । ਜੁਗ ਚੌਕੜੀ ਬੀਤੇ ਵਿਚ ਜਹਾਂ, ਨਿਤ ਨਿਤ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਗਵਾਹ, ਸ਼ਹਾਦਤ ਆਪਣੀ ਗਏ ਭੁਗਤਾਈਆ । ਤੇਰਾ ਮਾਰਗ ਦੱਸ ਕੇ ਇਕੋ ਰਾਹ, ਲੇਖਾ ਲਿਖਤ ਗਏ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕਰਨ ਹਾਂ, ਹਾਮੀ ਸਾਰੇ ਨਜ਼ਰੀ ਆਈਆ । ਤੁਧ ਬਿਨ ਦਿਸੇ ਨਾ ਕੋਇ ਨਿਸ਼ਾਂ, ਨਿਸ਼ਾਨਾ ਸਚ ਨਾ ਕੋਇ ਝੁਲਾਈਆ ।

ਸਚਖੰਡ ਨਿਵਾਸੀ ਸਾਚਾ ਫੇਰਾ ਆਪਣਾ ਪਾ, ਪਾਰਬ੍ਰਹਮ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਦੱਸਦੇ ਰਹੇ ਨਾਂ, ਨਾਉਂ ਨਿਰੰਕਾਰ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵਿਸ਼ਨ ਬ੍ਰਹਮਾ ਸ਼ਿਵ ਜੀਵ ਜੰਤ ਆਣ ਸਮਝਾ, ਸਮਝ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਮਿਹਰਵਾਨ ਆ ਪ੍ਰਭ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਦੀਨ ਮਜ਼੍ਹਬ ਚੁਕਾ ਝੇੜੇ, ਜਾਤ ਪਾਤ ਨਾ ਕੋਇ ਲੜਾਈਆ । ਨੌ ਖੰਡ ਪ੍ਰਿਥਮੀ ਲਾ ਆਪਣੇ ਡੇਰੇ, ਦੀਪ ਸੱਤ ਚਰਨ ਛੁਹਾਈਆ । ਲੱਖ ਚੁਰਾਸੀ ਵਿਚੋਂ ਲੱਭ ਭਗਤ ਕਿਹੜੇ ਕਿਹੜੇ, ਜੋ ਤੇਰਾ ਧਿਆਨ ਲਗਾਈਆ । ਲੱਖ ਚੁਰਾਸੀ ਆਵਣ ਜਾਵਣ ਚੁਕਣ ਗੇੜੇ, ਅੰਡਜ ਜੇਰਜ ਉਤਭੁਜ ਸੇਤਜ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਰ ਆ ਪਾਰਬ੍ਰਹਮ, ਬ੍ਰਹਮ ਤੇਰੀ ਸਰਨਾਈਆ । ਨਿਹਕਰਮੀ ਕਰ ਆਪਣਾ ਕਰਮ, ਕਰਮ ਕਾਂਡ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਮੇਟ ਭਰਮ, ਭਾਂਡਾ ਭੌ ਭੰਨਾਈਆ । ਗੁਰ ਅਵਤਾਰ ਪੈਂਦੇ ਢਹਿ ਤੇਰੀ ਸਰਨ, ਪੀਰ ਪੈਗ਼ੰਬਰ ਸਜਦਾ ਰਹੇ ਕਰਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਕਿਸੇ ਨਾ ਵੇਖਿਆ ਜਨਮ, ਧੰਨ ਜਣੇਂਦੀ ਬਣੇ ਨਾ ਕੋਇ ਮਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਲੱਭੇ ਨਾ ਕੋਇ ਧਰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਸਤਿਗੁਰ ਫੇਰਾ ਪਾਈਆ । ਆ ਕੇ ਵੇਖ ਪ੍ਰਭ ਸਵਾਮੀ, ਸਚ ਤੇਰੀ ਆਸ ਲਗਾਈਆ । ਨੇਤਰ ਰੋਵੇ ਖਾਣੀ ਬਾਣੀ, ਧੀਰ ਨਾ ਕੋਇ ਧਰਾਈਆ । ਵਰਨ ਬਰਨ ਦਿਸੇ ਵੈਰਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪਿਛੇ ਰਹੀ ਕਹਾਣੀ, ਅਗਲਾ ਗੀਤ ਨਾ ਕੋਇ ਅਲਾਈਆ । ਅਠਸਠ ਨੇਤਰ ਨੀਰ ਵਿਰੋਲੇ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਛਾਣੀ, ਨਿਰਗੁਣ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਆ ਕੇ ਵੇਖ ਤੱਕ, ਤਾਕਤ ਆਪਣੀ ਇਕ ਅਜ਼ਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਗਏ ਥੱਕ, ਜੁਗ ਜੁਗ ਸੰਦੇਸ਼ ਸੁਣਾਈਆ । ਅੰਤਮ ਜਾਂਦੀ ਵਾਰ ਕਹਿ ਗਏ ਸੱਚ, ਸਚ ਸੰਦੇਸ਼ਾ ਇਕ ਅਲਾਈਆ । ਕਲਜੁਗ ਅੰਤ ਪਰਗਟ ਹੋਏ ਪੁਰਖ ਸਮਰਥ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਭ ਦੇ ਖ਼ਾਲੀ ਕਰੇ ਹੱਥ, ਵਸਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਦਇਆ ਕਮਾਈਆ । ਨਿਰਗੁਣ ਆ ਕੇ ਖੋਲ੍ਹ ਦਰਵਾਜਾ, ਦਰ ਤੇਰੇ ਮੰਗ ਮੰਗਾਈਆ । ਭਗਤ ਵਛਲ ਤੂੰ ਸਾਹਿਬ ਗ਼ਰੀਬ ਨਿਵਾਜ਼ਾ, ਗਹਿਰ ਗੰਭੀਰ ਤੇਰੀ ਵਡਿਆਈਆ । ਆਦਿ ਆਦਿ ਜਿਸ ਸਾਜਣ ਸਾਜਾ, ਅੰਤਮ ਆਪੇ ਵੇਖ ਵਖਾਈਆ । ਲੱਖ ਚੁਰਾਸੀ ਰਚ ਕੇ ਕਾਜਾ, ਘਰ ਘਰ ਖੇਲ ਖਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਮਾਰਨ ਵਾਜਾ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਘਰ ਸਾਚਾ ਵੇਖ ਠਾਕਰ ਪ੍ਰਭ, ਦੂਰ ਦੁਰਾਡੇ ਫੇਰਾ ਪਾਈਆ । ਕਲਜੁਗ ਅੰਤਮ ਮੁੱਕੀ ਹੱਦ, ਹਾਜ਼ਰ ਹੋ ਕੇ ਦੇ ਸਮਝਾਈਆ । ਵਿਸ਼ਵ ਵਖਾ ਆਪਣੀ ਯਦ, ਬੰਸ ਇਕੋ ਇਕ ਬਣਾਈਆ । ਪਿਛਲੀ ਕਰਨੀ ਪਿਛੇ ਛੱਡ, ਅੱਗੇ ਮੰਗੀ ਤੇਰੀ ਸਰਨਾਈਆ ।

੨੮੭ ੧੬

ਕੋਟਨ ਕੋਟੀ ਭਾਰ ਗਏ ਲਦ, ਬਿਨ ਤੁਧ ਪਾਰ ਨਾ ਕੋਇ ਕਰਾਈਆ । ਪੀਰ ਪੈਗ਼ੰਬਰ ਖ਼ਾਲੀ ਕਰ ਗਏ ਮੱਕਾ ਮਦੀਨਾ ਕੋਈ ਨਾ ਦਿਸੇ ਹੱਜ, ਹੁਜਰਾ ਹੱਕ ਨਾ ਕੋਇ ਸੁਹਾਈਆ । ਨੇਤਰ ਰੋਵਣ ਮੰਦਰ ਮਸੀਤ ਸ਼ਿਵਦਵਾਲੇ ਮੱਠ, ਮਥਰਾ ਕਾਹਨ ਬੰਸਰੀ ਨਾਮ ਨਾ ਕੋਇ ਵਜਾਈਆ । ਸਾਧਾਂ ਸੰਤਾਂ ਜੀਵਾਂ ਜੰਤਾਂ ਬਿਨ ਤੇਰੇ ਨਾਮ ਖ਼ਾਲੀ ਦਿਸਣ ਹੱਡ, ਕਾਇਆ ਮਾਟੀ ਚੰਮ ਕੰਮ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਖਾ ਖਾ ਮਛਲੀ ਡੱਡ, ਡੰਕਾ ਕੂੜਾ ਜਗਤ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਆਪਣਾ ਭੇਵ ਖੁਲ੍ਹਾਈਆ । ਆ ਕੇ ਆਪਣਾ ਭੇਵ ਖੋਲ੍ਹ, ਖ਼ਾਲਕ ਖ਼ਲਕ ਤੇਰੀ ਸ਼ਰਨਾਈਆ । ਤੇਈ ਅਵਤਾਰ ਵਜਾ ਕੇ ਗਏ ਢੋਲ, ਤੇਰਾ ਨਾਮ ਸਚ ਸਮਝਾਈਆ । ਭਗਤ ਅਠਾਰਾਂ ਕਹਿਣ ਤੋਲੇ ਪ੍ਰਭ ਤੋਲ, ਸਚ ਤਰਾਜੂ ਕੰਡਾ ਨਾਮ ਹੱਥ ਉਠਾਈਆ । ਈਸਾ ਮੂਸਾ ਕਹੇ ਮੌਲਾ ਜਾਏ ਮੌਲ, ਮੁਹੰਮਦ ਕਹੇ ਆਪਣੀ ਰਮਜ਼ ਲਗਾਈਆ । ਨਾਨਕ ਗੋਬਿੰਦ ਕਹੇ ਸਦ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤ ਲੱਖ ਚੁਰਾਸੀ ਸੁਤੀ ਅਨਭੋਲ, ਤੁਧ ਬਿਨ ਸਕੇ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਆ ਕੇ ਵੇਖ ਪ੍ਰਭ ਅੰਤਰਜਾਮੀ, ਅਨਬੋਲਤ ਰਾਗ ਸੁਣਾਈਆ । ਭਰਮੇ ਭੁੱਲੀ ਚਾਰੇ ਖਾਣੀ, ਚਾਰੋਂ ਕੁੰਟ ਦਿਸੇ ਹਲਕਾਈਆ । ਮਾਣ ਨਾ ਕੋਈ ਦਿਸੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਸਾਰ ਕਿਸੇ ਨਾ ਆਈਆ । ਮਨ ਵਾਸਨਾ ਘਰ ਘਰ ਬੈਠੀ ਰਾਣੀ, ਦਰ ਦਰ ਆਪਣਾ ਨਾਚ ਨਚਾਈਆ । ਕੂੜੀ ਕਿਰਿਆ ਸ਼ਰਅ ਸ਼ੈਤਾਨੀ, ਸ਼ਰੀਅਤ ਹੱਕ ਗਈ ਭੁਲਾਈਆ । ਤੇਰੀ ਨਜ਼ਰ ਨਾ ਆਏ ਧੁਰ ਨਿਸ਼ਾਨੀ, ਸਾਚਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਭੇਵ ਜਣਾਈਆ । ਸਾਚਾ ਭੇਵ ਖੋਲ੍ਹ ਨਿਰੰਕਾਰ, ਦਰ ਠਾਂਡੇ ਮੰਗ ਮੰਗਾਈਆ । ਦਰ ਠਾਂਡੇ ਗੁਰੂ ਅਵਤਾਰ, ਨਿਉਂ ਨਿਉਂ ਸੀਸ ਝੁਕਾਈਆ । ਪੀਰ ਪੈਗ਼ੰਬਰ ਕਹਿਣ ਅਸੀਂ ਬਰਖ਼ੁਰਦਾਰ, ਬਣ ਫ਼ਰਮਾਬਰਦਾਰ ਸੇਵ ਕਮਾਈਆ । ਭਗਤ ਕਹਿਣ ਹਉਂ ਬਾਲ ਅੰਞਾਣ, ਬਾਲੀ ਬੁੱਧ ਨਾ ਕੋਇ ਵਡਿਆਈਆ । ਨਾਨਕ ਗੋਬਿੰਦ ਕਹੇ ਤੂੰ ਪੁਰਖ ਸੁਲਤਾਨ, ਸ਼ਹਿਨਸ਼ਾਹ ਸਚ ਤੇਰੀ ਸ਼ਹਿਨਸ਼ਾਹੀਆ । ਤੇਰਾ ਖੇਲ ਜ਼ਿਮੀ ਅਸਮਾਨ, ਸੂਰਜ ਚੰਦ ਤੇਰੀ ਰੁਸ਼ਨਾਈਆ । ਕਲਜੁਗ ਅੰਤਮ ਆ ਕੇ ਵੇਖ ਆਪਣਾ ਜਹਾਨ, ਜਹਾਲਤ ਭਰੀ ਸਰਬ ਲੋਕਾਈਆ । ਨਜ਼ਰੀ ਆਏ ਨਾ ਕਿਸੇ ਕਾਹਨ, ਗੋਪੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਗ੍ਰਿਹ ਲੱਖ ਚੁਰਾਸੀ ਦਿਤੀ ਬਹਾਈਆ । ਘਰ ਆਪਣਾ ਵੇਖਣ ਆਵਾਂਗਾ । ਨਿਰਗੁਣ ਨਿਰਵੈਰ ਰੂਪ ਧਰਾਵਾਂਗਾ । ਦੋ ਜਹਾਨਾਂ ਕਰ ਕੇ ਸੈਰ, ਲੋਕਮਾਤ ਡੇਰਾ ਲਾਵਾਂਗਾ । ਕਲਜੁਗ ਮੇਟ ਅਖ਼ੀਰੀ ਕਹਿਰ, ਮਿਹਰ ਮੇਘ ਇਕ ਬਰਸਾਵਾਂਗਾ । ਕੂੜੀ ਕਿਰਿਆ ਕੱਢ ਕੇ ਜ਼ਹਿਰ, ਅੰਮ੍ਰਿਤ ਰਸ ਇਕ ਭਰਾਵਾਂਗਾ । ਕੋਈ ਰਹਿਣ ਨਾ ਦੇਵਾਂ ਔਰ ਗ਼ੈਰ, ਗੁਰਮੁਖ ਗੁਰਮੁਖਾਂ ਨਾਲ ਮਿਲਾਵਾਂਗਾ । ਅੰਤਮ ਪੂਰਾ ਕਰ ਕੇ ਗੇੜ, ਲੱਖ ਚੁਰਾਸੀ ਗੇੜ ਭਵਾਵਾਂਗਾ । ਸਭ ਦਾ ਲਹਿਣਾ ਦੇਣਾ ਨਬੇੜ, ਗੁਰਮੁਖ ਚੋਲੀ ਇਕ ਸੁਹਾਵਾਂਗਾ । ਪੁਰਖ ਅਕਾਲ ਨਾ ਲਾਵੇ ਡੇਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਵੇਗਾ । ਪ੍ਰਭ ਸਚ ਕਾਰ ਕਮਾਏਗਾ । ਨਿਰਗੁਣ ਨੂਰ ਜੋਤ ਪਰਗਟਾਏਗਾ । ਗੁਰ ਅਵਤਾਰ ਧੀਰ ਧਰਾਏਗਾ । ਪੀਰ ਪੈਗ਼ੰਬਰ ਵੇਖ ਵਖਾਏਗਾ । ਸ਼ਰਅ ਸ਼ਰੀਅਤ ਮੇਟ ਮਿਟਾਏਗਾ ।

ਸਚ ਹਦੀਸ ਇਕ ਪੜ੍ਹਾਏਗਾ । ਬੀਸ ਬੀਸ ਰੰਗ ਰੰਗਾਏਗਾ । ਰਾਗ ਛਤੀਸ ਨੈਣ ਸ਼ਰਮਾਏਗਾ । ਸਾਚਾ ਗੀਤ ਇਕ ਅਲਾਏਗਾ । ਮੰਦਰ ਮਸੀਤ ਪੰਧ ਮੁਕਾਏਗਾ । ਹਸਤ ਕੀਟ ਵੇਖ ਵਖਾਏਗਾ । ਊਚ ਨੀਚ ਡੇਰਾ ਢਾਹੇਗਾ । ਜਨ ਭਗਤਾਂ ਕਰ ਕੇ ਪੂਰੀ ਰੀਝ, ਸਿਰ ਆਪਣਾ ਹੱਥ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਏਗਾ । ਸਚ ਕਰਨੀ ਕਾਰ ਕਮਾਵਾਂਗਾ । ਜਗ ਭਗਤ ਵਛਲ ਅਖਵਾਵਾਂਗਾ । ਅਛਲ ਅਛੱਲ ਵੇਸ ਵਟਾਵਾਂਗਾ । ਨਰ ਨਰੇਸ਼ ਨਾਉਂ ਧਰਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਕਰੋੜ ਤੇਤੀਸ ਫੜ ਹਿਲਾਵਾਂਗਾ । ਸਾਚੀ ਰੀਤ ਇਕ ਸਮਝਾਵਾਂਗਾ । ਲੱਖ ਚੁਰਾਸੀ ਜੀਤ, ਆਪਣਾ ਹੁਕਮ ਇਕ ਵਰਤਾਵਾਂਗਾ । ਮਾਣ ਦੇ ਕੇ ਇਕ ਇਕੀਸ, ਏਕਾ ਇਕੀ ਆਪਣੀ ਪਾਵਾਂਗਾ । ਹਰਿਜਨ ਕਰ ਕੇ ਪਤਤ ਪੁਨੀਤ, ਪੱਤਣ ਸਾਚੇ ਆਪ ਤਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਤਿਜੁਗ ਸਾਚਾ ਰਾਹ ਵਖਾਵਾਂਗਾ । ਸਤਿਜੁਗ ਸਾਚਾ ਮਾਰਗ ਲੱਗੇਗਾ । ਕਲਜੁਗ ਕੂੜਾ ਮੁਖ ਢਕੇਗਾ । ਸਾਹਿਬ ਸੂਰਾ ਸਤਿਗੁਰ ਇਕੋ ਉਠੇਗਾ । ਭਗਤ ਭਗਵਾਨ ਇਕ ਦੂਜੇ ਉਤੇ ਤੁਠੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਛੋਟਿਆਂ ਬਾਲਿਆਂ ਆਪੇ ਪੁੱਛੇਗਾ । ਛੋਟੇ ਬਾਲੇ ਦਏ ਦਿਲਾਸਾ, ਧੀਰਜ ਧੀਰ ਧੀਰ ਧਰਾਈਆ । ਕੂੜੀ ਕਿਰਿਆ ਕੂੜਾ ਹਾਸਾ, ਕੂੜੀ ਸ੍ਰਿਸ਼ਟੀ ਕੂੜੇ ਧੰਦੇ ਲਾਈਆ । ਜਿਨ੍ਹਾਂ ਪ੍ਰਭ ਮਿਲਣ ਦੀ ਰੱਖੀ ਆਸਾ, ਤਿਨ੍ਹਾਂ ਸਾਹਿਬ ਸਤਿਗੁਰ ਮਿਲੇ ਚਾਈਂ
ਚਾਈਆ । ਇਹੋ ਪ੍ਰਭ ਦਾ ਅਜ਼ਬ ਤਮਾਸ਼ਾ, ਜੀਵ ਜੰਤ ਸਮਝ ਕੋਇ ਨਾ ਪਾਈਆ । ਧਰਮ ਰਾਏ ਦਾ ਡੂੰਘਾ ਖ਼ਾਤਾ, ਮਨਮੁਖਾਂ ਨਾਲ ਭਰਾਈਆ । ਸਚਖੰਡ ਦਾ ਵੱਡਾ ਹਾਤਾ, ਥੋੜੇ ਸਿਖ ਬਹਾਈਆ । ਜਿਨ੍ਹਾਂ ਜੋੜੇ ਚਰਨ ਨਾਤਾ, ਤਿਨ੍ਹਾਂ ਰੰਗ ਰੰਗਾਈਆ । ਪੜ੍ਹਨ ਲਿਖਣ ਦੀ ਨਹੀਂ ਗਾਥਾ, ਜੋ ਕਰਨੀ ਕਰ ਵਖਾਈਆ । ਛੋਟਿਆਂ ਵੱਡਿਆਂ ਏਥੇ ਓਥੇ ਰਹੇ ਕੋਈ ਨਾ ਘਾਟਾ, ਪ੍ਰਭ ਖ਼ਾਲੀ ਭਾਂਡੇ ਰਿਹਾ ਭਰਾਈਆ । ਜਿਨ੍ਹਾਂ ਦਾ ਪੁਰਖ ਅਕਾਲ ਬਣਿਆ ਪਿਤਾ ਮਾਤਾ, ਤਿਨ੍ਹਾਂ ਧੱਕਾ ਦੇ ਨਾ ਕੋਇ ਡਰਾਈਆ । ਸਦਾ ਸਦਾ ਸਦ ਨਜ਼ਰੀ ਆਵੇ ਸਾਖਿਆਤਾ, ਸਵਛ ਸਰੂਪੀ ਰੂਪ ਵਟਾਈਆ । ਸਭ ਦੀਆਂ ਪੂਰੀਆਂ ਕਰੇ ਆਸਾ, ਅਸਲ ਵਿਚੋਂ ਅਸਲ ਆਪਣਾ ਆਪ ਵਖਾਈਆ । ਸ੍ਰੀ ਭਗਵਾਨ ਬਣ ਕੇ ਪਿਤਾ ਮਾਤਾ, ਭਗਤ ਭਗਵੰਤ ਗੋਦ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਕਰਨੀਉਂ ਬਿਨ ਭਗਤੀਉਂ ਬਿਨ ਸ਼ਕਤੀਉਂ ਬਣਿਆ ਧੁਰ ਦਾ ਸਾਥਾ, ਦਰਗਾਹ ਸਾਚੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੂਰ ਦੁਰਾਡੀਆਂ ਕੱਟ ਕੇ ਵਾਟਾਂ, ਵਾਟ ਪਿਛੇ ਵਟਾਂਦਰਾ ਆਪਣਾ ਪ੍ਰੇਮ ਕਰਾਈਆ ।



## ★ ੭ ਮਾਘ ੨੦੨੦ ਬਿਕਰਮੀ ਬੰਤਾ ਸਿੰਘ ਦੇ ਗ੍ਰਿਹਿ ਪਿੰਡ ਗੜੀਆਂ ਜ਼ਿਲਾ ਗੁਰਦਾਸ ਪੁਰ ★

ਜੁਗ ਚੌਕੜੀ ਮੁੱਕੇ ਝੇੜਾ, ਝਗੜਾ ਮਾਤ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਗੇੜਾ, ਪੁਰਖ ਅਕਾਲ ਤੇਰੀ ਵਡਿਆਈਆ । ਨੌ ਖੰਡ ਪ੍ਰਿਥਮੀ ਸਤ ਦੀਪ ਆਦਿ ਜੁਗਾਦਿ ਸੰਝ ਸਵੇਰਾ, ਜੋਤੀ ਨੂਰ ਤੇਰਾ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦ

ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਰੂਪ ਨਾ ਕੋਇ ਵਖਾਈਆ । ਤੇਰਾ ਖੇਲ ਨਿਤ ਨਵਿਤ ਗੁਰੂ ਗੁਰ ਚੇਰਾ, ਚੇਲਾ ਗੁਰ ਆਪ ਹੋ ਆਈਆ । ਭਗਤ ਭਗਵਾਨ ਬੰਨ੍ਹੇ ਬੇੜਾ, ਸਦ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਮੁੱਕੇ ਪੰਧ, ਥਿਰ ਕੋਇ ਰਹਿਣ ਨਾ ਪਾਈਆ । ਸਚਖੰਡ ਨਿਵਾਸੀ ਤੇਰਾ ਛੰਦ, ਨਿਰਗੁਣ ਸਰਗੁਣ ਰਾਗ ਅਲਾਈਆ । ਵਸਤ ਅਮੋਲਕ ਧੁਰ ਦੀ ਵੰਡ, ਲੱਖ ਚੁਰਾਸੀ ਝੋਲੀ ਭਰਾਈਆ । ਅੰਤਰ ਆਤਮ ਦੇ ਅਨੰਦ, ਅਨੰਦ ਇਕੋ ਇਕ ਸਮਝਾਈਆ । ਨਿਰਮਲ ਜੋਤ ਚਾੜ੍ਹ ਚੰਦ, ਘਰ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਜਾਏ ਮੁਕ, ਲੋਕਮਾਤ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਸੁਹਾਏ ਆਪਣੀ ਰੁਤ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਭਗਤ ਭਗਵਾਨ ਗੋਦੀ ਚੁਕ, ਸਿਰ ਆਪਣਾ ਹੱਥ ਟਿਕਾਈਆ । ਉਜਲ ਕਰ ਮਾਤ ਮੁਖ, ਸਿਫ਼ਤੀ ਸਿਫ਼ਤ ਸਾਲਾਹੀਆ । ਸੋ ਵੇਲਾ ਅੰਤਮ ਆਇਆ ਢੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਜੁਗ ਚੌਕੜੀ ਕਰੇ ਯਾਦ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਧਿਆਨ ਲਗਾਈਆ । ਪੀਰ ਪੈਗ਼ੰਬਰ ਕਰਨ ਫ਼ਰਿਆਦ, ਨੇਤਰ ਰੋ ਰੋ ਨੀਰ ਵਹਾਈਆ । ਗੁਰ ਅਵਤਾਰ ਮੰਗਣ ਦਾਦ, ਖ਼ਾਲੀ ਝੋਲੀ ਅੱਗੇ ਡਾਹੀਆ । ਭਗਤ ਕਹਿਣ ਭਗਵਾਨ ਰਚ ਕਾਜ, ਜਗ ਸਾਚੀ ਖੇਲ ਵਖਾਈਆ । ਕੂੜੀ ਕਿਰਿਆ ਮੇਟ ਸਮਾਜ, ਮਾਇਆ ਮਮਤਾ ਡੇਰਾ ਢਾਹੀਆ । ਸੰਤ ਸੁਹੇਲੇ ਸਾਜਣ ਸਾਜ, ਸਾਚੀ ਦੇ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਜਗ ਕਹੇ ਪ੍ਰਭ ਮਾਰਗ ਲਾ, ਸ੍ਰੀ ਭਗਵਾਨ ਤੇਰੀ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਮੰਗਦੇ ਗਏ ਦੁਆ, ਨਿਉਂ ਨਿਉਂ ਸਜਦਾ ਸੀਸ ਨਿਵਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਬਾਨ ਤੇਰੇ ਹੱਥ ਵਡਿਆਈਆ । ਜਗਤ ਅੰਧੇਰਾ ਦੂਰ ਕਰਾ, ਕਲਜੁਗ ਕੂੜ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਆਪ ਸਮਝਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪਰਦਾ ਲਾਹੀਆ । ਧੁਰ ਦਾ ਮੰਦਰ ਇਕ ਵਖਾ, ਸਚਖੰਡ ਸਾਚਾ ਸੋਭਾ ਪਾਈਆ । ਸਚ ਕਲਮਾ ਇਕ ਪੜ੍ਹਾ, ਨਬੀ ਰਸੂਲ ਰਹੇ ਜਸ ਗਾਈਆ । ਸਾਚਾ ਮੰਤਰ ਇਕ ਦਰਸਾ, ਆਤਮ ਬ੍ਰਹਮ ਕਰੇ ਜਣਾਈਆ । ਸਾਚਾ ਮੰਦਰ ਇਕ ਪਰਗਟਾ, ਜਿਸ ਘਰ ਊਚ ਨੀਚ ਰਾਉ ਰੰਕ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਜੁਗ ਚੌਕੜੀ ਮੰਗੇ ਦਾਨ, ਕਲਜੁਗ ਦੇਵੇ ਅੰਤ ਦੁਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਪਰਗਟ ਹੋ ਵਾਲੀ ਦੋ ਜਹਾਨ, ਨਿਰਗੁਣ ਆਪਣਾ ਵੇਸ ਵਟਾਈਆ । ਨਜ਼ਰੀ ਆਏ ਇਕੋ ਕਾਹਨ, ਲੱਖ ਚੁਰਾਸੀ ਗੋਪੀ ਮਾਤ ਪਰਨਾਈਆ । ਗ਼ਰੀਬ ਨਿਮਾਣਿਆਂ ਦੇਵੀਂ ਮਾਣ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਫੇਰਾ ਪਾਈਆ । ਜੁਗ ਚੌਕੜੀ ਕਰੇ ਅਰਦਾਸ, ਪ੍ਰਭ ਤੇਰੇ ਅੱਗੇ ਅਰਜੋਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਪੰਜ ਤਤ ਜਾਣੇ ਭੇਵ ਨਾ ਕੋਈ ਆ । ਜਨ ਭਗਤਾਂ ਸਦਾ ਵਸ ਪਾਸ, ਆਪ ਆਪਣੇ ਜਿਹਾ ਹੋਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਘਰ ਸਾਚੇ ਦੇਣੀ ਢੋਈਆ । ਚਾਰ ਜੁਗ ਰਹੇ ਪੁਕਾਰ, ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਵੇਖ ਸਿਰਜਣਹਾਰ, ਸਾਹਿਬ ਸਤਿਗੁਰ ਫੇਰਾ ਪਾਈਆ । ਕਾਗ਼ਦ ਕਲਮ ਗਈ ਹਾਰ, ਸ਼ਾਹੀ ਆਪਣਾ ਹਾਲ ਸੁਣਾਈਆ । ਸਾਚਾ ਦਿਸੇ ਨਾ ਕੋਈ ਮੀਤ ਮੁਰਾਰ, ਸੱਜਣ ਨਜ਼ਰ ਕੋਇ ਨਾ ਆਈਆ । ਸਮੁੰਦ ਸਾਗਰ ਡੂੰਘੀ ਗਾਰ, ਕਲਜੁਗ ਭਵਰੀ ਪਾਰ ਨਾ ਕੋਇ ਕਰਾਈਆ । ਨਜ਼ਰ ਨਾ ਆਏ ਤੇਰਾ ਦਵਾਰ, ਦਰਵਾਜ਼ਾ ਸਚ ਨਾ ਕੋਇ ਖੁਲ੍ਹਾਈਆ । ਘਰ ਘਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਡੇਰਾ ਕੋਇ ਨਾ ਢਾਹੀਆ । ਭਰਮੇ ਭੁੱਲਾ ਨਰ ਨਾਰ, ਨਰ ਨਰਾਇਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਮੰਗ ਮੰਗਾਈਆ । ਠਾਂਡਾ ਦਰ ਤੇਰਾ ਭਗਵੰਤ, ਭਗਵਨ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਤੇਰਾ ਜੀਵ ਜੰਤ, ਚਾਰੇ ਖਾਣੀ ਸੋਭਾ ਪਾਈਆ । ਚਾਰੇ ਬਾਣੀ ਤੇਰਾ ਮੰਤ, ਮੰਤਰ ਇਕੋ ਨਾਮ ਦ੍ਰਿੜਾਈਆ । ਆਤਮ ਪਰਮਾਤਮ ਸਾਚੇ ਕੰਤ, ਕੰਤੂਲ ਤੇਰੀ ਇਕ ਸਰਨਾਈਆ । ਲੋਕਮਾਤ ਬਣਾ ਸਾਚੀ ਬਣਤ, ਸਾਚੀ ਸਿਖਿਆ ਇਕ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਦੇ ਦ੍ਰਿੜਾਈਆ । ਗੜ੍ਹ ਟੁੱਟੇ ਹਉਮੇ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਈਆ । ਦਰ ਸਵਾਮੀ ਤੇਰੇ ਮੰਗਤ, ਭਿਖਕ ਰੂਪ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜੁਗ ਚੌਕੜੀ ਦਰ ਤੇਰੇ ਮੰਗ ਮੰਗਾਈਆ । ਜੁਗ ਚੌਕੜੀ ਮੰਗੇ ਮੰਗ, ਖ਼ਾਲੀ ਝੋਲੀ ਇਕ ਵਖਾਈਆ । ਕਿਰਪਾ ਕਰ ਸੂਰੇ ਸਰਬੰਗ, ਕਲਜੁਗ ਵੇਲਾ ਅੰਤਮ ਆਈਆ । ਲੱਖ ਚੁਰਾਸੀ ਦਿਸੇ ਨੰਗ, ਹਰਿ ਕਾ ਨਾਮ ਓਢਣ ਸਿਰ ਨਾ ਕੋਇ ਟਿਕਾਈਆ । ਕਾਇਆ ਮੰਦਰ ਅੰਦਰ ਧੁਨ ਆਤਮਕ ਵੱਜੇ ਨਾ ਕੋਇ ਮਰਦੰਗ, ਅਨਹਦ ਰਾਗ ਨਾ ਕੋਇ ਸੁਣਾਈਆ । ਆਤਮ ਸਰੋਵਰ ਧਾਰਾ ਚਲੇ ਨਾ ਕੋਈ ਗੰਗ, ਸੁਰਸਤੀ ਰੂਪ ਨਾ ਕੋਇ ਵਟਾਈਆ । ਘਰ ਪਰਕਾਸ਼ ਨਾ ਚੜ੍ਹੇ ਚੰਦ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਨੌਂ ਦਵਾਰੇ ਕੋਈ ਨਾ ਵੇਖੇ ਲੰਘ, ਬਜਰ ਕਪਾਟੀ ਕੁੰਡਾ ਨਾ ਕੋਇ ਖੁਲ੍ਹਾਈਆ । ਦਸਵੇਂ ਸੋਹੇ ਨਾ ਕੋਇ ਪਲੰਘ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਸੁਰਤੀ ਸ਼ਬਦੀ ਕੋਇ ਨਾ ਕਰੇ ਕਾਰਜ ਅਨੰਦ, ਅਨੰਦ ਕਾਰਜ ਵੇਖੇ ਜਗਤ ਲੋਕਾਈਆ । ਆਤਮ ਪਰਮਾਤਮ ਢੋਲਾ ਗੀਤ ਕੋਇ ਨਾ ਗਾਏ ਛੰਦ, ਸ਼ਹਿਨਸ਼ਾਹ ਤੇਰਾ ਨਾਮ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਅਲੱਖ ਸਚ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਪੀਸਣ ਲਿਆ ਪੀਸ, ਕਲਜੁਗ ਵੇਲਾ ਅੰਤਮ ਆਈਆ । ਸਭ ਦੇ ਖ਼ਾਲੀ ਹੋਏ ਖੀਸ, ਧੰਨ ਦੌਲਤ ਨਾਮ ਖ਼ਜ਼ਾਨਾ ਹੱਥ ਨਾ ਕੋਇ ਵਖਾਈਆ । ਪ੍ਰਭ ਸਰਨਾਈ ਲੱਗੇ ਨਾ ਕਿਸੇ ਪ੍ਰੀਤ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਕੂੜੀ ਕਿਰਿਆ ਸਭ ਦੇ ਵਸੀ ਚੀਤ, ਮਨ ਠਗੌਰੀ ਇਕ ਵਖਾਈਆ । ਜਗਤ ਵਾਸਨਾ ਕੀਤਾ ਕੌੜਾ ਰੀਠ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਝਗੜਾ ਪਿਆ ਊਚ ਨੀਚ, ਜਾਤ ਪਾਤ ਕਰੇ ਲੜਾਈਆ । ਤੇਰਾ ਭੇਵ ਸਮਝੇ ਨਾ ਕੋਇ ਠੀਕ, ਠੀਕਰ ਕੂੜਾ ਭੰਨ ਨਾ ਕੋਇ ਵਖਾਈਆ । ਤੈਨੂੰ ਲੱਭਦੇ ਮੰਦਰ ਮਸੀਤ, ਕਾਇਆ ਕਾਅਬਾ ਘਰ ਵਿਚ ਘਰ ਵੇਖਣ ਕੋਇ ਨਾ ਆਈਆ । ਤੇਰਾ ਖੇਲ ਸਦਾ ਅਨਡੀਠ, ਅਨਡਿਠੜੀ ਤੇਰੀ ਕਾਰ ਸਮਝ ਕਿਸੇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜੁਗ ਚੌਕੜੀ ਤੇਰੀ ਆਸ ਰਖਾਈਆ । ਜੁਗ ਚੌਕੜੀ ਰੱਖੀ ਆਸ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਰਹੇ ਜਣਾਈਆ । ਸਦੀ ਚੌਧਵੀਂ ਵਸੇ ਪਾਸ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਬੀਸ ਬੀਸਾ ਖੇਲ ਕਰੇ ਖਾਸ, ਖਾਹਿਸ਼ ਸਭ ਦੀ ਪੂਰ ਕਰਾਈਆ । ਨਿਰਮਲ ਜੋਤ ਕਰ ਪਰਕਾਸ਼, ਜੋਤੀ ਜੋਤ ਕਰੇ ਰੁਸ਼ਨਾਈਆ । ਦੋ ਜਹਾਨ ਮੰਡਲ ਮੰਡਪ ਗਗਨ ਗਗਨੰਤਰ ਪਾਵੇ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਭਗਤ ਭਗਵੰਤ ਬਣ ਕੇ ਦਾਸੀ ਦਾਸ, ਨਿਉਂ ਨਿਉਂ ਸੇਵ ਕਮਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨਾਂ ਦੇਵੇ ਇਕੋ ਦਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨਾਮ ਦ੍ਰਿੜਾਈਆ । ਪਤਨ ਉਤਾਰੇ ਧੁਰ ਦੇ ਘਾਟ, ਮਾਹੀ ਬਣ ਕੇ ਨੂਰ ਖ਼ੁਦਾਈਆ । ਲੱਖ ਚੁਰਾਸੀ ਵਿਚੋਂ ਲਏ ਰਾਖ, ਮਿਹਰ ਨਜ਼ਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਜੁਗ ਚੌਕੜੀ ਝੁਕੇ ਸੀਸ, ਪ੍ਰਭ ਚਰਨ ਮਿਲੇ ਵਡਿਆਈਆ । ਸਦੀ ਸਦੀਵੀ ਰਹੀ ਬੀਤ, ਵੇਲਾ ਵਕਤ ਦੇ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਗਾਏ ਤੇਰਾ ਗੀਤ, ਦੂਜਾ ਨਾਦ ਨਾ ਕੋਈ ਵਜਾਈਆ । ਇਕੋ ਕਲਮਾ ਇਕੋ ਹਦੀਸ, ਕਾਇਨਾਤ ਇਕ ਪੜ੍ਹਾਈਆ । ਇਕੋ ਕਰਮ ਤੇਰਾ ਬਖ਼ਸ਼ੀਸ਼, ਰਹਿਮਤ ਇਕੋ ਨਜ਼ਰੀ ਆਈਆ । ਇਕੋ ਚਰਨ ਇਕ ਪ੍ਰੀਤ, ਇਕ ਇਸ਼ਟ ਦੇਵ ਦੇ ਸਮਝਾਈਆ । ਇਕੋ ਮੰਦਰ ਇਕ ਮਸੀਤ, ਗੁਰਦਵਾਰਾ ਇਕੋ ਨਜ਼ਰੀ ਆਈਆ । ਇਕੋ ਹਸਤ ਇਕੋ ਕੀਟ, ਇਕੋ ਊਚ ਨੀਚ ਸਮਾਈਆ । ਇਕੋ ਚਾੜ੍ਹੇ ਰੰਗ ਮਜੀਠ, ਪਾਰਬ੍ਰਹਮ ਬ੍ਰਹਮ ਉਤਰ ਕਦੇ ਨਾ ਜਾਈਆ । ਇਕੋ ਵਸਿਆ ਹਰ ਘਟ ਚੀਤ, ਲੱਖ ਚੁਰਾਸੀ ਪੜਦਾ ਲਾਹੀਆ । ਨੌ ਸੌ ਚੁਰਾਨਵੇਂ ਜੁਗ ਤੇਰੀ ਕਰਦੇ ਰਹੇ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਪਰਵਰਦਿਗਾਰ ਵੇਖ ਆਪਣੀ ਤਾਰੀਖ, ਤਰੀਕੇ ਆਪਣੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਹੋ ਸਹਾਈਆ । ਜੁਗ ਚੌਕੜੀ ਕਹੇ ਪ੍ਰਭ ਖੋਲ੍ਹ ਤਾਕ, ਮਿਹਰਵਾਨ ਤੇਰੀ ਸ਼ਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਗਏ ਭਵਿਖਤ ਵਾਕ, ਵਾਕਿਆ ਤੇਰਾ ਮਾਤ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਦੋ ਜਹਾਨਾਂ ਕਰੇ ਵਸ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਈਆ । ਲੱਖ ਚੁਰਾਸੀ ਸ਼ਬਦੀ ਡੋਰ ਪਾਏ ਨੱਥ, ਆਤਮ ਪਰਮਾਤਮ ਗੰਢ ਵਖਾਈਆ । ਨਾਮ ਜਣਾਏ ਬੋਧ ਅਗਾਧ ਮਹਿੰਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦੀ ਸ਼ਬਦ ਚਲਾਵੇ ਰਥ, ਬਣ ਰਥਵਾਹੀ ਸੇਵ ਕਮਾਈਆ । ਕੂੜੀ ਕਿਰਿਆ ਕਲਜੁਗ ਦੇਵੇ ਮਥ, ਨਾਮ ਮਧਾਣਾ ਇਕ ਰਖਾਈਆ । ਸਤਿਜੁਗ ਸਾਚੇ ਖੋਲ੍ਹ ਅੱਖ, ਨੇਤਰ ਲੋਚਣ ਦਏ ਪਰਗਟਾਈਆ । ਜਨ ਭਗਤਾਂ ਅੰਮ੍ਰਿਤ ਆਤਮ ਦੇ ਕੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਚਾਰ ਵਰਨਾਂ ਕਰ ਇਕੱਠ, ਊਚਾਂ ਨੀਚਾਂ ਮੇਲ ਮਿਲਾਈਆ । ਚੌਦਾਂ ਲੋਕਾਂ ਵੇਖ ਹੱਟ, ਚੌਦਾਂ ਤਬਕਾਂ ਪੜਦਾ ਲਾਹੀਆ । ਸ੍ਰਿਸ਼ਟ ਸਬਾਈ ਦੇ ਮਤ, ਬ੍ਰਹਮ ਮੱਤ ਇਕ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਪੰਜ ਤਤ ਨਾ ਕੋਇ ਲੜਾਈਆ । ਤਨ ਨਗਾਰੇ ਮਾਰੇ ਸੱਟ, ਸ਼ਬਦੀ ਰਾਗ ਇਕ ਸੁਣਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਘਰ ਘਰ ਦੀਪ ਕਰੇ

੨੯੨ ੧੯

ਰੁਸ਼ਨਾਈਆ । ਜੁਗ ਚੌਕੜੀ ਪੂਰੀ ਕਰੇ ਆਸ, ਤ੍ਰਿਸਨਾ ਮੇਟੇ ਥਾਉਂ ਥਾਈਂਆ । ਖੇਲੇ ਖੇਲ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਆਪਣੀ ਧਾਰ ਚਲਾਈਆ । ਪੂਰਾ ਕਰੇ ਭਵਿਖਤ ਵਾਕ, ਵਾਕਫ਼ਕਾਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਬਣਾਏ ਇਕ ਜਮਾਤ, ਪੱਟੀ ਇਕੋ ਇਕ ਸਮਝਾਈਆ । ਜੁਗ ਚੌਕੜੀ ਕਹੇ ਪ੍ਰਭ ਸਾਚੇ ਠਾਕਰ, ਹਰਿ ਤੇਰੀ ਸਚ ਸਰਨਾਈਆ । ਕਲਜੁਗ ਭਵਰੀ ਡੂੰਘਾ ਸਾਗਰ, ਤੁਧ ਬਿਨ ਤਰਨ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਦੇ ਰਹੇ ਸੁਦਾਗਰ, ਜੁਗ ਚੌਕੜੀ ਵਣਜ ਕਰਾਈਆ । ਇਕੋ ਕੂਕ ਦੱਸਦੇ ਰਹੇ ਕਰੀਮ ਕਾਦਰ, ਕਰਤਾ ਕਰਨਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਰੇ ਆਦਲ, ਅਦਾਲਤ ਆਪਣੀ ਇਕ ਲਗਾਈਆ । ਜੁਗ ਚੌਕੜੀ ਕਹੇ ਪ੍ਰਭ ਕਰ ਅਦਲ, ਇਨਸਾਫ਼ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਧਾਰਾ ਬਦਲ, ਸਚ ਸੁੱਚ ਇਕ ਸਮਝਾਈਆ । ਤੇਰੇ ਨਾਮ ਦੀ ਗਾਈਏ ਗਜ਼ਲ, ਗਰਜ਼ ਤੇਰੇ ਨਾਲ ਰਖਾਈਆ । ਜਨਮ ਮਰਨ ਦੀ ਮੁੱਕੇ ਮਜ਼ਲ, ਮੰਜ਼ਲ ਤੇਰੀ ਚੜ੍ਹ ਚੜ੍ਹ ਦਰਸ਼ਨ ਪਾਈਆ । ਨੇੜ ਨਾ ਆਏ ਮੌਤ ਲਾੜੀ ਕੂੜੀ ਅਜ਼ਲ, ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਸੰਗ ਨਾ ਕੋਇ ਰਖਾਈਆ । ਤੇਰੀ ਰਹਿਮਤ ਤੇਰਾ ਫ਼ਜ਼ਲ, ਫ਼ਾਜ਼ਲ ਤੇਰੀ ਇਕ ਸਰਨਾਈਆ । ਖੇਲ ਵੇਖ ਮਕਤੂਲ ਕਾਤਲ, ਕਤਲਗਾਹ ਦਿਸੇ ਸਰਬ ਲੋਕਾਈਆ । ਤੇਰਾ ਜਲਵਾ ਨੂਰ ਬਾਤਨ, ਬੈਤਲ ਮੁਕੱਦਸ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਜੁਗ ਚੌਕੜੀ ਕਹੇ ਪ੍ਰਭ ਕਰ ਮੁਆਫ਼, ਪਰਵਰਦਿਗਾਰ ਤੇਰੀ ਸਰਨਾਈਆ । ਉਮਤ ਉਮਤੀ ਹੋਈ ਗੁਸਤਾਖ਼, ਗੁੱਸਾ ਗਿਲਾ ਕਰ ਕੁਰਲਾਈਆ । ਪੀਰ ਪੈਗ਼ੰਬਰ ਜੋ ਗਏ ਆਖ, ਕਲਮਾ ਨਬੀ ਰਸੂਲ ਪੜ੍ਹਾਈਆ । ਸ੍ਰਿਸ਼ਟ ਸਬਾਈ ਨਾ ਸਕੇ ਭਾਖ, ਭਾਸ਼ਾ ਆਪਣੀ ਬੈਠੇ ਬਦਲਾਈਆ । ਤੇਰੇ ਮਿਲਣ ਦੀ ਰੱਖੇ ਕੋਈ ਨਾ ਖ਼ਾਹਿਸ਼, ਖ਼ਾਲਕ ਖ਼ਲਕ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਜੁਗ ਚੌਕੜੀ ਕਹੇ ਪ੍ਰਭ ਕਿਰਪਾ ਕਰ, ਮਿਹਰਵਾਨ ਠਾਕਰ ਤੇਰੀ ਸਰਨਾਈਆ । ਸਚਖੰਡ ਦਵਾਰਾ ਖੋਲ੍ਹ ਦਰ, ਦਰ ਦਰਵਾਜ਼ਾ ਇਕ ਜਣਾਈਆ । ਸਤਿਜੁਗ ਬਣਾ ਆਪਣਾ ਘਰ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਕਲਜੁਗ ਕੂੜੀ ਕਿਰਿਆ ਜਾਏ ਝੜ, ਝਗੜਾ ਰਹੇ ਨਾ ਜਗਤ ਲੋਕਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਜਾਏ ਸੜ, ਮਨ ਕਾ ਮਣਕਾ ਦੇ ਭਵਾਈਆ । ਹਉਮੇ ਹੰਗਤਾ ਟੁੱਟੇ ਗੜ੍ਹ, ਸਾਚੀ ਸੰਗਤ ਆਪ ਮਿਲਾਈਆ । ਲੇਖਾ ਜਾਣ ਚੋਟੀ ਜੜ੍ਹ, ਆਪਣੀ ਖੇਲ ਵਿਖਾਈਆ । ਭਗਤ ਭਗਵਾਨ ਸਾਚੇ ਫੜ, ਜੁਗ ਚੌਕੜੀ ਵਿਛੜੇ ਲਏ ਮਿਲਾਈਆ । ਲੇਖਾ ਚੁੱਕੇ ਸੀਸ ਧੜ, ਪੰਜ ਤਤ ਨਾ ਕੋਇ ਜੁੜਾਈਆ । ਇਕੋ ਅੱਖਰ ਲੈਣਾ ਪੜ੍ਹ, ਤੇਰਾ ਨਾਮ ਢੋਲਾ ਗਾਈਆ । ਕਿਰਪਾ ਨਿਧਾਨ ਦੇ ਵਰ, ਸ਼ਾਹ ਸੁਲਤਾਨ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਡਾ ਲੇਖਾ ਲੇਖੇ ਲਾਈਆ । ਜੁਗ ਚੌਕੜੀ ਬਣੇ ਮਜ਼ਦੂਰ, ਬਣ ਚਾਕਰ ਸੇਵ ਕਮਾਈਆ । ਪਿਛਲਾ ਪੈਂਡਾ ਰਿਹਾ ਦੂਰ, ਅੱਗਾ ਨੇੜਨ ਨੇਰ ਦੇ ਵਖਾਈਆ । ਪਰਗਟ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਮੇਲ ਮਿਲਾਈਆ । ਤੇਰਾ ਵਿਛੋੜਾ ਕਰੇ ਮਜ਼ਬੂਰ, ਮਜ਼ਬੂਰੀ ਭਗਤਾਂ ਦੇ ਕਟਾਈਆ ।

ਇਕੋ ਬਖ਼ਸ਼ ਆਪਣਾ ਨੂਰ, ਜਹੂਰ ਇਕੋ ਕਰ ਰੁਸ਼ਨਾਈਆ । ਸਾਚਾ ਬੇੜਾ ਭਰ ਕੇ ਪੂਰ, ਪ੍ਰਭ ਆਪਣੇ ਕੰਧ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਦਵਾਰ ਤੇਰਾ ਨਜ਼ਰੀ ਆਈਆ ।

★ ੭ ਮਾਘ ੨੦੨੦ ਬਿਕਰਮੀ ਕਿਸ਼ਨ ਸਿੰਘ ਦੇ ਗ੍ਰਿਹਿ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਦਰਬਾਰ ਵੇਖ ਲੱਗਾ ਸਚਖੰਡ, ਚਾਉ ਘਨੇਰਾ ਨਜ਼ਰੀ ਆਈਆ । ਗੁਰ ਅਵਤਾਰ ਕਹਿਣ ਧੰਨ ਭਾਗ ਜੇ ਮੁੱਕਿਆ ਪੰਧ, ਮੰਜ਼ਲ ਪਹੁੰਚੇ ਸੱਚੀ ਆਈਆ । ਅੰਦਰ ਲੰਘਦਿਆਂ ਵੇਖੀ ਕੱਚੀ ਇਕੋ ਕੰਧ, ਮਿਟੀ ਖ਼ਾਕ ਨਾਲ ਬਣਾਈਆ । ਨੇਤਰ ਖੋਲ੍ਹ ਵੇਖਿਆ ਉਸ ਦੇ ਉਹਲੇ ਚੰਦ, ਬੇਤਾਬ ਨੂਰ ਰੁਸ਼ਨਾਈਆ । ਨੇਤਰ ਨੈਣ ਗਏ ਸੰਗ, ਹੈਰਾਨੀ ਇਕੋ ਵਾਰ ਛਾਈਆ । ਕੀ ਕੀਤਾ ਖੇਲ ਸੂਰੇ ਸਰਬੰਗ, ਬੇਪਰਵਾਹ ਦਇਆ ਕਮਾਈਆ । ਜਿਸ ਦੇ ਗ੍ਰਿਹਿ ਕਹਿੰਦੇ ਭੁਖ ਨੰਗ, ਉਸ ਦਰ ਬੈਠਾ ਆਸਣ ਲਾਈਆ । ਸਚ ਪ੍ਰੀਤੀ ਰਿਹਾ ਮੰਗ, ਬਣ ਮਾਂਗਤ ਬੇਪਰਵਾਹੀਆ । ਜਿਧਰ ਵੇਖੀਏ ਲਾਏ ਅੰਗ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਪੰਧ ਮੁੱਕਿਆ ਆਏ ਡੇਰੇ, ਚਾਰੋਂ ਕੁੰਟ ਨੈਣ ਉਠਾਈਆ । ਸੋਹਣੇ ਲੱਗੇ ਸਾਫ਼ ਖੇੜੇ, ਜਿਸ ਗ੍ਰਿਹਿ ਬੈਠਾ ਡੇਰਾ ਲਾਈਆ । ਚਾਉ ਵੇਖੀਏ ਹੁਣ ਘਨੇਰੇ, ਘਰ ਵੱਜਦੀ ਨਾਮ ਵਧਾਈਆ । ਚੜ੍ਹਦੇ ਵੇਖੇ ਸਾਰੇ ਬੇੜੇ, ਖ਼ੁਸ਼ੀਆਂ ਰਾਗ ਅਲਾਈਆ । ਚਰਨ ਕਵਲ ਆਏ ਨੇੜੇ,
੨੯੪ ਨਿਉਂ ਕੇ ਸੀਸ ਨਿਵਾਈਆ । ਪ੍ਰੇਮ ਪ੍ਰੀਤੀ ਅੰਦਰ ਆ ਗਏ ਘੇਰੇ, ਬਾਹਰ ਨਿਕਲ ਕੋਇ ਨਾ ਜਾਈਆ । ਬੰਧੇ ਗਏ ਬਿਨ ਰੱਸੀਉਂ ਜੇੜੇ, ਤੰਦੀ ੨੯੪
੧੯ ਤੰਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਰਿਹਾ ਕਮਾਈਆ । ਬਿਨ ਤੰਦੀ ੧੯
ਡੋਰੀ ਲਿਆ ਬੰਨ੍ਹ, ਬੰਨ੍ਹਣਹਾਰਾ ਨਜ਼ਰ ਕਿਸੇ ਨਾ ਆਇੰਦਾ । ਬਾਹਰੋਂ ਵੇਖੀਏ ਨੇਤਰ ਅੰਨ੍ਹ, ਅੰਦਰ ਨੂਰੋ ਨੂਰ ਡਗਮਗਾਇੰਦਾ । ਦੋ ਜਹਾਨਾਂ ਤੱਕੀਏ ਸਭ ਦਾ ਜਨਨੀ ਜਨ, ਜਨ ਇਕੋ ਇਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚਾ ਖੇਲ ਵੇਖਣ ਆਏ, ਆਵਣ ਜਾਵਣ ਸਮਝ ਕਿਛ ਨਾ ਪਾਈਆ । ਪਹਿਲਾ ਲੇਖਾ ਗਏ ਮੁਕਾਏ, ਅੱਗੇ ਖ਼ੁਸ਼ੀਆਂ ਗੀਤ ਇਕ ਅਲਾਈਆ । ਦਰ ਠਾਂਡੇ ਲਾਗੇ ਪਾਏਂ, ਘਰ ਇਕੋ ਸੋਭਾ ਪਾਈਆ । ਸਾਹਿਬ ਦਿਆਲ ਹੋਏ ਸਹਾਏ, ਠਾਕਰ ਮਿਹਰ ਨਜ਼ਰ ਉਠਾਈਆ । ਨਿਰਗੁਣ ਨੂਰ ਨਜ਼ਰੀ ਆਏ, ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਸਿੰਘਾਸਣ ਰਿਹਾ ਵਿਛਾਏ, ਸੋਭਾਵੰਤ ਆਪ ਸੁਹਾਈਆ । ਸ਼ਬਦ ਇਸ਼ਾਰੇ ਨਾਲ ਜਣਾਏ, ਅਨਜਾਣਤ ਬੂਝ ਬੁਝਾਈਆ । ਨੇਤਰ ਖੋਲ੍ਹ ਵੇਖ ਰਘੁਰਾਏ, ਨਜ਼ਰੀ ਆਈਆ । ਆਦਿ ਜੁਗਾਦਿ ਜੋਤ ਜਗਾਏ, ਘੜਨ ਭੰਨਣਹਾਰ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਦਰਸ਼ਨ ਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੀ ਦਏ ਜਣਾਈਆ । ਦਰਸ਼ਨ ਪਾ ਬੋਲਿਆ ਨਾਨਕ, ਨਿਰਗੁਣ ਇਕੋ ਨਾਮ ਜਣਾਈਆ । ਜੁਗ ਚੌਕੜੀ ਜਿਸ ਦੀ ਬਣੇ ਰਹੇ ਅਮਾਨਤ, ਸੋ ਸਾਹਿਬ ਵੇਸ ਵਟਾਈਆ । ਸਚ ਦਵਾਰੇ ਕਰੇ ਅਦਾਲਤ, ਹੁਕਮ ਹਾਕਮ

ਇਕ ਸਮਝਾਈਆ । ਕੂੜੀ ਕਿਰਿਆ ਮੇਟੇ ਅਲਾਮਤ, ਸਚ ਸੁੱਚ ਇਕ ਦ੍ਰਿੜਾਈਆ । ਮੂਰਖ ਕੋਈ ਨਾ ਰਹੇ ਅਹਿਮਕ, ਬ੍ਰਹਮ ਮੱਤ ਇਕ ਅਖਵਾਈਆ । ਲੇਖਾ ਜਾਣੇ ਧੋਤੀ ਟਿੱਕਾ ਬੋਦੀ ਤਹਿਮਤ, ਲੱਖ ਚੁਰਾਸੀ ਖੋਜ ਖੁਜਾਈਆ । ਪੀਰ ਪੈਗ਼ੰਬਰਾਂ ਸਮਝਾਏ ਨਾਲ ਸੈਨਤ, ਸ਼ਬਦੀ ਸ਼ਬਦ ਨਿਸ਼ਾਨਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪਣੀ ਵਖਾਈਆ । ਰਚਨਾ ਵੇਖ ਨਾਨਕ ਨਿਰਗੁਣ ਧਾਰ, ਇਕਾਵਨ ਬਾਵਨ ਰਿਹਾ ਜਣਾਈਆ । ਨੇਤਰ ਖੋਲ੍ਹ ਕਰੇ ਦੀਦਾਰ, ਦਰਸ ਦੀਦਾਰੀ ਇਕੋ ਨਜ਼ਰੀ ਆਈਆ । ਜਿਸ ਦੀ ਸਿਫ਼ਤ ਕਰਦੇ ਰਹੇ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਲੇਖ ਲਿਖਾਈਆ । ਜਿਸ ਦਾ ਨਾਉਂ ਬੋਲਦੇ ਰਹੇ ਜੈਕਾਰ, ਨਿਰਗੁਣ ਸਰਗੁਣ ਢੋਲਾ ਗਾਈਆ । ਜਿਸ ਦੇ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਕਰਦੇ ਰਹੇ ਤਿਆਰ, ਸੋ ਮੁਜਰਾ ਹੁਜਰਾ ਇਕੋ ਹੱਕ ਵਖਾਈਆ । ਜਿਸ ਨੂੰ ਲਾਅਸ਼ਰੀਕ ਕਹਿੰਦੇ ਰਹੇ ਪਰਵਰਦਿਗਾਰ, ਬੇਨਜ਼ੀਰ ਨੂਰ ਜਹੂਰ ਕਰੇ ਰੁਸ਼ਨਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਮੰਨਦੇ ਰਹੇ ਸਾਂਝਾ ਯਾਰ, ਸਚ ਤੌਫ਼ੀਕ ਇਕ ਖ਼ੁਦਾਈਆ । ਜਿਸ ਨੂੰ ਗੁਰ ਅਵਤਾਰ ਕਰਦੇ ਰਹੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੇ ਦਰ ਵਿਸ਼ਨ ਬ੍ਰਹਮਾ ਸ਼ਿਵ ਰਹਿਣ ਭਿਖਾਰ, ਨਿਤ ਨਵਿਤ ਖ਼ਾਲੀ ਝੋਲੀ ਆਪਣੀ ਡਾਹੀਆ । ਜਿਸ ਦਾ ਹੁਕਮ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮੇਟ ਨਾ ਕੋਇ ਮਿਟਾਈਆ । ਜਿਸ ਦਾ ਖਾਣੀ ਬਾਣੀ ਸਦਾ ਆਧਾਰ, ਜੇਰਜ ਅੰਡਜ ਉਤਭੁਜ ਸੇਤਜ ਬੈਠਾ ਡੇਰਾ ਲਾਈਆ । ਜਿਸ ਦਾ ਸੂਰਜ ਚੰਦ ਨੂਰ ਉਜਿਆਰ, ਰਵ ਸਸ ਜੋਤੀ ਜੋਤ ਰੁਸ਼ਨਾਈਆ । ਜਿਸ ਦਾ ਦੋ ਜਹਾਨਾ ਸਚ ਅਖਾੜ, ਮੰਡਲ ਮੰਡਪ ਨਾਚ ਨਚਾਈਆ । ਸੋ ਸਾਹਿਬ ਖੇਲ ਕਰੇ ਨਿਰਗੁਣ ਧਾਰ, ਜੋਤੀ ਜਾਤਾ ਵੇਸ ਵਟਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਹੁਕਮੇ ਅੰਦਰ ਪਸਰ ਪਸਾਰ, ਨਿਰਵੈਰ ਪੁਰਖ ਆਪ ਕਰਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲੇਖ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰੋ ਖਿਆਲ, ਨਾਨਕ ਨਿਰਗੁਣ ਇਕ ਜਣਾਈਆ । ਜੋ ਸਭ ਦਾ ਬਣਿਆ ਰਿਹਾ ਦਲਾਲ, ਸਦਾ ਸਦਾ ਸਾਚਾ ਵਣਜ ਕਰਾਈਆ । ਜਿਸ ਦੀ ਹਕੀਕਤ ਹੱਕ ਹਲਾਲ, ਹਾਲਤ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਨਿਰਗੁਣ ਕਹੇ ਕਰੋ ਧਿਆਨ, ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਰਹਿਣ ਨਾ ਪਾਈਆ । ਜਿਸ ਕਿਰਪਾ ਕਰ ਲੇਖਾ ਦਿਤਾ ਤਰਖਾਣ, ਲਾਲੋ ਲਾਲਣ ਆਪਣੇ ਰੰਗ ਰੰਗਾਈਆ । ਅੱਜ ਉਸ ਨੂੰ ਵੇਖਿਆ ਆਣ, ਜਿਸ ਵੇਖਿਆਂ ਵੇਖਣਹਾਰਾ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਬੋਲੋ ਜ਼ਬਾਨ, ਦਰੇ ਦਰਬਾਰ ਪ੍ਰਭ ਤੇਰੀ ਵਡਿਆਈਆ । ਜੁਗ ਚੌਕੜੀ ਖੇਲ ਕਰੇ ਮਹਾਨ, ਮਹਿੰਮਾ ਅਕੱਥ ਕਥੀ ਨਾ ਜਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਕੋੜ੍ਹੇ ਕਮਲਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਲਉ ਤੱਕ, ਨਾਨਕ ਨਿਰਗੁਣ ਆਪ ਜਣਾਈਆ । ਵੇਖੋ ਪ੍ਰੇਮ ਪ੍ਰੀਤ ਦਾ ਮਿਲੇ ਹੱਕ, ਸ੍ਰੀ ਭਗਵਾਨ ਝੋਲੀ ਪਾਈਆ । ਜਿਸ ਲੱਕੜੀ ਉਤੋਂ ਲਾਹੇ ਸੱਕ, ਤਿਸ ਸਗਲਾ ਮੇਲ ਮਿਲਾਈਆ । ਜਿਸ ਦੋ ਦੋ ਚੀਰ ਫਾੜ ਦਿਤੇ ਘੱਤ, ਤਿਸ ਦੂਈ ਦਵੈਤੀ ਡੇਰਾ ਢਾਹੀਆ । ਜਿਸ ਸਚ ਪ੍ਰੀਤੀ ਅੰਤਰ ਆਪਣੀ ਨਿਚੋੜੀ ਰੱਤ, ਤਿਸ ਰੱਤੀ ਰੱਤ

ਲੇਖੇ ਲਾਈਆ । ਜਿਨ ਸੀਸ ਚਰਨਾਂ ਉਤੇ ਦਿਤਾ ਰੱਖ, ਤਿਸ ਸੀਸ ਜਗਦੀਸ਼ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਘਰ ਸਾਚੇ ਖ਼ੁਸ਼ੀ ਮਨਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਹੋ ਕੇ ਦੇਵੇ ਸਾਥ, ਸਰਗੁਣ ਸੰਗ ਨਿਭਾਈਆ । ਦਰ ਦਰ ਆ ਕੇ ਪੁੱਛੇ ਵਾਤ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਕਹਿਣ ਲਾਲੋ ਦੱਸ ਕੁਹਾੜਾ, ਜਿਸ ਦਾ ਹੱਥਾ ਹੱਥ ਉਠਾਈਆ । ਲਾਲੋ ਕਹੇ ਮੇਰਾ ਉਹ ਪਿਆਰਾ, ਜਿਸ ਮੇਰੀ ਬਣਤ ਬਣਾਈਆ । ਪੁਰਖ ਅਕਾਲ ਕਹੇ ਮੇਰਾ ਧੁਰ ਦਾ ਯਾਰਾ, ਲੱਗੀ ਯਾਰੀ ਤੋੜ ਨਿਭਾਈਆ । ਗੁਰ ਅਵਤਾਰ ਕਹੇ ਦੱਸ ਕਿਥੇ ਆਰਾ, ਜੋ ਚੀਰ ਦੁਫਾੜ ਕਰਾਈਆ । ਲਾਲੋ ਕਹੇ ਮੇਰਾ ਕਰਨੇਹਾਰਾ, ਮੇਰੇ ਹੱਥ ਨਾ ਕੋਇ ਚਤੁਰਾਈਆ । ਪੁਰਖ ਅਕਾਲ ਕਹੇ ਮੇਰੀ ਧੁਰ ਦੀ ਕਾਰਾ, ਜਨ ਭਗਤਾਂ ਹੋਵਾਂ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਦੱਸ ਕਿਹੜਾ ਤੇਸਾ, ਤਿਖਨ ਤਿਖੀ ਧਾਰ ਰਖਾਇੰਦਾ । ਲਾਲੋ ਕਹੇ ਮੇਰਾ ਪ੍ਰਭ ਮਿਲਣ ਦਾ ਪੇਸ਼ਾ, ਦੂਜੀ ਕਾਰ ਨਾ ਕੋਇ ਕਮਾਈਆ । ਸ੍ਰੀ ਭਗਵਾਨ ਕਹੇ ਮੈਂ ਉਜੜਿਆ ਵਸਾਵਾਂ ਦੇਸਾ, ਜਿਸ ਘਰ ਆਪਣਾ ਚਰਨ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲਾਲੋ ਦੱਸ ਉਹ ਸੱਬਰਾ, ਜਿਸ ਨਾਲ ਸੁਰਾਖ ਲਗਾਈਆ । ਲਾਲੋ ਕਹੇ ਪ੍ਰੇਮ ਪ੍ਰੀਤੀ ਅੰਦਰ ਹੋਇਆ ਪੱਧਰਾ, ਮੈਨੂੰ ਸਾਰ ਕੋਇ ਨਾ ਆਈਆ । ਸ੍ਰੀ ਭਗਵਾਨ ਕਹੇ ਮੈਂ ਤਿਨ੍ਹਾਂ ਪੂਰੀਆਂ ਕਰਾਂ ਸਧਰਾਂ, ਆਸਾ ਮਨਸਾ ਮੇਟ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲਾਲੋ ਦੱਸ ਉਹ ਵਰਮਾ, ਜੋ ਗੇੜਾ ਗੇੜੇ ਨਾਲ ਭਵਾਈਆ । ਲਾਲੋ ਕਹੇ ਮੈਂ ਸਤਿਗੁਰ ਝੋਲੀ ਪਾਏ ਆਪਣੇ ਕਰਮਾਂ, ਕਰਮ ਕਾਂਡ ਰਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਕਹੇ ਮੈਂ ਆਦਿ ਜੁਗਾਦਿ ਜੁਗ ਚੌਕੜੀ ਦੇਵਾਂ ਸਰਨਾ, ਸਰਨਗਤ ਇਕੋ ਇਕ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲਾਲੋ ਦੱਸ ਉਹ ਕਾਂਡੀ, ਜਿਹੜੀ ਆਪਣੇ ਹੱਥ ਟਿਕਾਈਆ । ਲਾਲੋ ਕਹੇ ਮੈਂ ਸਤਿਗੁਰ ਭੇਟ ਚੜ੍ਹਾਈ ਆਪਣੀ ਕਾਇਆ ਹਾਂਡੀ, ਜਿਸ ਦਰ ਰਿਧਾ ਪੱਕਾ ਮੁੱਕ ਕਦੇ ਨਾ ਜਾਈਆ । ਪੁਰਖ ਅਕਾਲ ਕਹੇ ਮੈਂ ਤਾਰਾਂ ਭਗਤਾਂ ਆਂਢੀ ਗੁਆਂਢੀ, ਜਿਨ੍ਹਾਂ ਆਪਣਾ ਦਰਸ ਦਿਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਦੱਸ ਜਾਚ, ਲਾਲੋ ਇਕੋ ਵਾਰ ਸਮਝਾਈਆ । ਲਾਲੋ ਕਹੇ ਮੇਰੇ ਪ੍ਰਭ ਕੋਲੋਂ ਪੁੱਛੋ ਬਾਤ, ਜੋ ਸਭ ਦਾ ਪਿਤਾ ਮਾਈਆ । ਪੁਰਖ ਅਕਾਲ ਕਹੇ ਮੈਂ ਹਰ ਘਟ ਵੇਖਾਂ ਮਾਰ ਝਾਤ, ਦਰ ਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਜਣਾਈਆ । ਧੰਨ ਭਾਗ ਆਏ ਗੁਰੂ ਅਵਤਾਰ, ਹਰਿ ਅਵਤਾਰੀ ਮੇਲ ਮਿਲਾਈਆ । ਪਹਿਲਾ ਛੱਡ ਸਰਬ ਵਿਹਾਰ, ਵਿਵਹਾਰੀ ਆਪਣਾ ਖੇਲ ਵਖਾਈਆ । ਆਓ ਵੇਖੋ ਮਿਲਦੇ ਯਾਰ, ਯਾਰ ਵਿਛੜੇ ਮੇਲ ਮਿਲਾਈਆ । ਬਿਨ ਭਗਤੀਉਂ ਕਰੇ ਪਿਆਰ, ਬਿਨ ਸ਼ਕਤੀਉਂ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਆਓ ਵੇਖੋ ਤੱਕੋ ਨੈਣ, ਨੈਣਾਂ ਵਾਲਿਆਂ ਨੈਣਾਂ ਨਾਲ ਵਖਾਈਆ । ਜਿਸ ਨੂੰ ਬੇਪਰਵਾਹ ਸਾਰੇ ਕਹਿਣ, ਸੋ ਬੇਪਰਵਾਹੀ ਵਿਚ ਸਮਾਈਆ । ਜਨ ਭਗਤਾਂ ਦੇਵੇ ਪੂਰਬ ਲਹਿਣ, ਦੇਣਾ ਆਪਣੇ ਕੋਲੋਂ ਵਰਤਾਈਆ । ਨਾਤਾ ਜੋੜ ਸਾਕ ਸੱਜਣ ਸੈਣ, ਹਰਿ ਸਗਲਾ ਸੰਗ ਨਿਭਾਈਆ । ਸਚ ਦਵਾਰੇ ਸੋ ਗੁਰਮੁਖ

ਸੱਚੇ ਰਹਿਣ, ਜਿਨ੍ਹਾਂ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਆਓ ਵੇਖੋ ਤੱਕੋ ਤਦਬੀਰ, ਹਰਿ ਕਰਤਾ ਆਪ ਜਣਾਈਆ । ਵੇਂਹਦਿਆਂ ਵੇਂਹਦਿਆਂ ਸਾਰਿਆਂ ਬਦਲ ਦੇਵੇ ਤਕਦੀਰ, ਤਾਕਤ ਆਪਣੇ ਨਾਲ ਮਿਲਾਈਆ । ਮੰਜ਼ਲ ਚਾੜ੍ਹ ਚੋਟੀ ਅਖ਼ੀਰ, ਆਖਰ ਆਪਣੇ ਘਰ ਬਹਾਈਆ । ਨੂਰ ਨੁਰਾਨੀ ਲਾਸਾਨੀ ਵਖਾਏ ਆਪਣੀ ਤਸਵੀਰ, ਜਾਹਰ ਜਹੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਓ ਤੱਕੋ ਘਰ ਸਚ ਨਜ਼ਾਰਾ, ਸਾਹਿਬ ਸਤਿਗੁਰ ਆਪ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਲੱਭਿਆ ਨਾ ਕੋਈ ਕਿਨਾਰਾ, ਕਾਗਜ਼ ਕਲਮ ਸ਼ਾਹੀ ਅੰਤ ਕੋਇ ਨਾ ਪਾਈਆ । ਨਿਤ ਨਵਿਤ ਜੁਗ ਚੌਕੜੀ ਜੋ ਭੇਜਦਾ ਰਿਹਾ ਗੁਰ ਅਵਤਾਰਾਂ, ਪੀਰ ਪੈਗ਼ੰਬਰ ਹੁਕਮ ਵਰਤਾਈਆ । ਮੁਕਾਮੇ ਹੱਕ ਸਚਖੰਡ ਨਿਰਗੁਣ ਨੂਰ ਜੋਤ ਜੋ ਦਿਸੇ ਪਰਵਰਦਿਗਾਰਾ, ਆਪ ਆਪਣਾ ਵੇਸ ਵਟਾਈਆ । ਬਿਨ ਨੇਤਰ ਲੋਚਣ ਨੈਣ ਦੇਵੇ ਦੀਦਾਰਾ, ਬਿਨ ਰਸਨਾ ਜਿਹਵਾ ਬੱਤੀ ਦੰਦ ਬੋਲ ਜੈਕਾਰਾ, ਦੋ ਜਹਾਨਾਂ ਰਾਗ ਸੁਣਾਈਆ । ਮਹਲ ਅਟੱਲ ਸੁਹਾਏ ਇਕ ਮਨਾਰਾ, ਦੀਵਾ ਬਾਤੀ ਜਗੇ ਅਗੰਮ ਅਪਾਰਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਸਚਖੰਡ ਨਿਵਾਸੀ ਏਕ ਏਕੰਕਾਰਾ, ਕਰੇ ਖੇਲ ਵਿਚ ਸੰਸਾਰਾ, ਸਮੁੰਦ ਸਾਗਰ ਫੋਲ ਫੁਲਾਈਆ । ਭਗਤ ਵਛਲ ਗਿਰਵਰ ਗਿਰਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਈਆ । ਉਠੋ ਤੱਕੋ ਵੇਖੋ ਪ੍ਰਤਾਪ, ਪਰਮ ਪੁਰਖ ਦੀਨ ਦਿਆਲ ਆਪਣੀ ਦਇਆ ਕਮਾਈਆ । ਨਿਤ ਨਵਿਤ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦਾ ਜਪਿਆ ਜਾਪ, ਸੋ ਜਗਜੀਵਣ ਦਾਤਾ ਆਪਣਾ ਖੇਲ ਰਚਾਈਆ । ਕੋਟਨ ਕੋਟ ਜਨਮ ਦੇ ਮੇਟ ਪਾਪ, ਪਤਿਤ ਪੁਨੀਤ ਠਾਂਡੇ ਸੀਤ ਰਿਹਾ ਕਰਾਈਆ । ਅਚਰਜ ਚਲਾਏ ਆਪਣੀ ਰੀਤ, ਨਾ ਗਿਰਜਾ ਨਾ ਮੰਦਰ ਮਸੀਤ, ਕਾਇਆ ਬੰਕ ਇਕੋ ਗੁਰੂਦਵਾਰਾ ਸੋਭਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੱਸੇ ਰੀਤ, ਰੀਤੀਵਾਨ ਆਪਣੀ ਕਾਰ ਕਮਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਰਾਉ ਰੰਕ ਏਕਾ ਦਰ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਪੜਦਾ ਇਕੋ ਵਾਰ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨ, ਇਕ ਦੂਜੇ ਵਲ ਨੇਤਰ ਨੈਣ ਉਠਾਈਆ । ਵੇਖੋ ਭਾਗ ਲੱਗਾ ਤਰਖਾਣ, ਤਰਖਾਣ ਹੋ ਕੇ ਹਰਿ ਜੂ ਫੇਰਾ ਪਾਈਆ । ਜਿਸ ਦਾ ਰੂਪ ਨਜ਼ਰ ਨਾ ਆਏ ਬਿਰਧ ਬਾਲ ਜਵਾਨ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਸੂਰਤ ਮੂਰਤ ਸਕੇ ਨਾ ਕੋਇ ਪਹਿਚਾਨ, ਬਾਹੋਂ ਫੜ ਦਏ ਨਾ ਕੋਇ ਵਖਾਈਆ । ਜੋਤੀ ਨੂਰ ਜਗਾਏ ਮਹਾਨ, ਨਿਰਗੁਣ ਜੋਤੀ ਜਾਮਾ ਪਹਿਨੇ ਆਣ, ਸ਼ਬਦੀ ਡੰਕ ਧਾਰ ਸੁਣਾਈਆ । ਸੰਤ ਸੁਹੇਲੇ ਮੇਲੇ ਆਣ, ਗੁਰੂ ਗੁਰ ਚੇਲੇ ਕਰੇ ਪਹਿਚਾਨ, ਬੇਪਹਿਚਾਨ ਆਪਣੇ ਰੰਗ ਰੰਗਾਈਆ । ਦਰ ਦਵਾਰੇ ਦੇਵੇ ਮਾਣ, ਇਹੋ ਖੇਲ ਸ੍ਰੀ ਭਗਵਾਨ, ਜਿਸ ਦੀ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਲਾਲੋ ਕਹੇ ਮੇਰੇ ਸਾਹਿਬ ਗੁਰ, ਪੀਰ ਪੈਗ਼ੰਬਰੋ ਦਿਉ ਵਡਿਆਈਆ । ਜਿਸ ਨਾਲ ਪ੍ਰੀਤੀ ਮੇਰੀ ਗਈ ਜੁੜ, ਸੋ ਜੋੜੀ ਤੁਹਾਡੇ ਨਾਲ ਰਲਾਈਆ । ਜੇ ਚਾਰ ਜੁਗ ਰਖਾਈ ਬੁੜ, ਹੁਣ ਪੂਰੀ ਲਉ ਕਰਾਈਆ ।

ਸਚ ਦਵਾਰਿਉਂ ਖ਼ਾਲੀ ਕੋਈ ਨਾ ਜਾਏ ਮੁੜ, ਮੁੜ ਕੇ ਆਇਆ ਭਰ ਭਰ ਝੋਲੀ ਆਪਣਾ ਘਰ ਭਰਾਈਆ । ਸਾਹਿਬ ਸੁਲਤਾਨ ਪੁਰਖ ਅਕਾਲ ਨਿਭਾਵਣਹਾਰਾ ਤੋੜ, ਤੁਟੀ ਆਪਣੀ ਗੰਢ ਪਵਾਈਆ । ਉਸ ਅੱਗੇ ਨਹੀਂ ਕੋਈ ਜ਼ੋਰ, ਰਹਿਮਤ ਵਿਚ ਸਰਬ ਲੋਕਾਈਆ । ਜਿਸ ਦਾ ਮੰਤਰ ਫੁਰਨਾ ਫੁਰੇ ਫੇਰ, ਫੌਰਨ ਆਪਣਾ ਹੁਕਮ ਸਮਝਾਈਆ । ਨੇਤਰ ਤੱਕੋ ਕਰ ਕੇ ਗੌਰ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾਲੋ ਨਾਲ ਕਰਨ ਸਲਾਹ, ਸਚ ਸੱਚ ਮਤਾ ਪਕਾਈਆ । ਸਾਨੂੰ ਦੱਸ ਤੈਨੂੰ ਕਿਵੇਂ ਮਿਲਿਆ ਆ, ਕਿਉਂ ਤੇਰੀ ਕਰੇ ਵਡਿਆਈਆ । ਲਾਲੋ ਕਹੇ ਮੈਂ ਸੁਕਿਆਂ ਟੁੱਕੜਿਆਂ ਨਾਲ ਨਾਨਕ ਲਿਆ ਮਨਾ, ਜਿਸ ਦੇ ਪਿਛੇ ਮੇਰੀ ਬਣਤ ਬਣਾਈਆ । ਮੈਂ ਇਹੋ ਦੇਵਾਂ ਸਲਾਹ, ਸਾਹਿਬ ਅੱਗੇ ਕਰੋ ਨਾ ਕੋਈ ਚਤੁਰਾਈਆ । ਸਦਾ ਮੰਨੋ ਉਹਦੀ ਇਕ ਰਜ਼ਾ, ਰਹਿਮਤ ਸਦਾ ਸਦਾ ਸਦਾ ਵਰਤਾਈਆ । ਕੋਟਨ ਕੋਟ ਬਖ਼ਸ਼ਣਹਾਰਾ ਗੁਨਾਹ, ਬਖ਼ਸ਼ਿਸ਼ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸੁਣ ਕੇ ਬਚਨ ਸੁੱਕੀ ਰੋਟੀ, ਸਾਰੇ ਰਹੇ ਖ਼ੁਸ਼ੀ ਮਨਾਈਆ । ਵੇਖੀ ਪ੍ਰਭ ਦੀ ਧਾਰ ਨਿਰਮਲ ਜੋਤੀ, ਰਚਨਾ ਕੀ ਰਚਾਈਆ । ਜਗਤ ਵਿਛੁੰਨੀ ਸੁਆਣੀ ਉਠਾਈ ਸੋਤੀ, ਸੁਤਿਆਂ ਜਾਗ ਖੁਲ੍ਹਾਈਆ । ਜਿਸ ਨੂੰ ਕਹਿਣ ਤਰਖਾਣ ਲੋਕੀ, ਤਿਸ ਦੀ ਤ੍ਰਿਖਾ ਆਪ ਬੁਝਾਈਆ । ਕਲਜੁਗ ਅੰਤਮ ਬਣ ਕੇ ਉਸ ਦਾ ਗੋਤੀ, ਫਿਰ ਆਪਣਾ ਮੇਲ ਮਿਲਾਈਆ ।
੨੯੮ ਦੋ ਜਹਾਨਾਂ ਵਿਚ ਵਾਸਨਾ ਰਹੇ ਨਾ ਖੋਟੀ, ਖੋਟਿਆਂ ਖਰੇ ਰਿਹਾ ਬਣਾਈਆ । ਸ਼ਬਦ ਇਸ਼ਾਰੇ ਮਾਰੇ ਸੋਟੀ, ਖੰਡਾ ਇਕੋ ਨਾਮ ਚਮਕਾਈਆ । ੨੯੮
੧੯ ਸੇਲੀ ਭੂਰੀ ਨਾ ਕੋਈ ਟੋਪੀ, ਸ਼ਬਦੀ ਧਾਰ ਚਲਾਈਆ । ਵੀਹ ਸੌ ਉਨੀ ਬਿਕਰਮੀ ਢਾਈ ਗਜ਼ ਦੁੱਪਟਾ ਦੋ ਜਹਾਨ ਲੰਗੋਟੀ, ਲੋਕ ਪਰਲੋਕ ਪੜਦਾ ਰਿਹਾ ਪਾਈਆ । ਇਹ ਧਾਰ ਕਿਸੇ ਨਾ ਸੋਚੀ, ਹਰਿਜੂ ਕੀ ਕੀ ਖੇਲ ਵਰਤਾਈਆ । ਲਾਲੋ ਨਾਲ ਰਲਿਆ ਰਵਿਦਾਸ ਚਮਿਆਰਾ ਮੋਚੀ, ਤੋਪੇ ਗੰਢੇ ਵਾਹੋ ਦਾਹੀਆ । ਬ੍ਰਾਹਮਣ ਗੰਗਾ ਚੋਂ ਭਰਨ ਗਿਆ ਲੋਟੀ, ਆਪਣਾ ਆਪ ਆਇਆ ਲੁਟਾਈਆ । ਕੰਗਣ ਪਿਛੇ ਮਤ ਹੋਈ ਹੋਛੀ, ਹੋਛੀ ਕਾਰ ਕਮਾਈਆ । ਪੁਰਖ ਅਕਾਲ ਦੁਰਮਤ ਮੈਲ ਬਣ ਠਾਕਰ ਹੋ ਕੇ ਧੋਤੀ, ਆਪਣੀ ਹੱਥੀਂ ਸਾਫ਼ ਕਰਾਈਆ । ਸਾਰਿਆਂ ਦੀ ਸੋਭਾ ਬਣ ਕੇ ਬਣ ਜਾਏ ਇਕ ਪੋਥੀ, ਜਿਸ ਪੋਥੀ ਦੀ ਜਗਤ ਕਰੇ ਪੜ੍ਹਾਈਆ । ਬੋਲਣ ਵਿਚੋਂ ਪ੍ਰਭ ਮਿਲਣ ਦੀ ਘਾਟੀ ਔਖੀ, ਔਝੜ ਰਾਹ ਪਾਰ ਨਾ ਕੋਇ ਲੰਘਾਈਆ । ਜਿਨ੍ਹਾਂ ਕਿਰਪਾ ਕਰ ਕੇ ਆਪਣੀ ਜਾਤ ਦੱਸੀ ਸੌਖੀ, ਘਰ ਸੁਤਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਰਨੀ ਪਿਛੇ ਜਨ ਭਗਤਾਂ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਕੀ ਹੋਇਆ ਅਚਰਜ ਹਰਿ ਜੂ ਖੇਲ ਰਚਾਈਆ । ਕਿਥੋਂ ਰਵਿਦਾਸ ਆਇਆ ਮੋਇਆ ਬਨਾਰਸੀ ਬੇਟਾ, ਗੰਗਾ ਲਹਿਰ ਆਪਣੀ ਲਹਿਰ ਵਹਾਈਆ । ਕਿਥੋਂ ਲਾਲੋ ਨਿਰਗੁਣ ਲੱਭਾ ਬੇਟਾ, ਨਾਨਕ ਵਿਚੋਲਾ ਇਕ ਸਮਝਾਈਆ । ਪੁਰਖ ਅਕਾਲ ਮੇਲ ਮਿਲਾ ਕੇ ਆਪਣੀ ਜੋਤਾ, ਜੁਗਤੀ ਇਕੋ ਵਾਰ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਮਾਰੇ ਗੋਤਾ, ਦੋ ਜਹਾਨ ਵਿਚੋਂ ਨਜ਼ਰੀ ਆਈਆ । ਪ੍ਰਭ ਦਾ ਰੂਪ ਨਜ਼ਰ ਆਵੇ ਨਾ ਵੱਡਾ ਨਾ ਛੋਟਾ, ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਵਖਾਈਆ ।

ਖੇਲ ਵੇਖ ਹੋਏ ਪ੍ਰਸਿੰਨ, ਪ੍ਰਸੰਨਤਾ ਸਭ ਨੂੰ ਨਜ਼ਰੀ ਆਈਆ । ਪ੍ਰਭ ਨੇ ਕੱਠੇ ਕੀਤੇ ਤਿੰਨ, ਤ੍ਰੈਗੁਣ ਬੈਠੀ ਮੁਖ ਸ਼ਰਮਾਈਆ । ਜਿਨ੍ਹਾਂ ਦਾ ਸਤਿ ਸਰੂਪ ਪੁਰਖ ਅਕਾਲ ਚਿੰਨ, ਚਿੰਤਾ ਅਵਰ ਨਾ ਕੋਈ ਰਖਾਈਆ । ਜਨਮ ਜਨਮ ਲੰਘਾਏ ਗਿਣ ਗਿਣ, ਗਿਣਤੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਮੰਤਰ ਇਕ ਤ੍ਰਲੋਕੀ, ਜਿਸ ਦੀ ਸੋਚ ਕਿਸੇ ਨਾ ਸੋਚੀ, ਖੇਲ ਕਰੇ ਬ੍ਰਾਹਮਣ ਮੋਚੀ, ਤਰਖਾਣ ਘੜ ਕੇ ਦਿਤੀ ਸੋਟੀ, ਜੱਟ ਬੰਨ ਕੇ ਢਾਈ ਗਜ਼ ਲੰਗੋਟੀ, ਚੋਟੀ ਸਭ ਦੀ ਵੇਖ ਵਖਾਈਆ । ਪੁਰਖ ਅਕਾਲ ਦੀ ਇਕੋ ਜੋਤੀ, ਘਟ ਘਟ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੋਛੀ ਮਤ ਨਾ ਕੋਈ ਜਣਾਈਆ ।

★ ੮ ਮਾਘ ੨੦੨੦ ਬਿਕਰਮੀ ਅਛਰ ਸਿੰਘ ਦੇ ਗ੍ਰਹਿ ਅਲੱੜਪਿੰਡੀ ਜ਼ਿਲਾ ਗੁਰਦਾਸ ਪੁਰ ★

ਭਗਤ ਨੂਰਾਨੀ ਜਲਵਾ ਤੱਕ, ਦਰ ਦਰਬਾਰ ਜਸ ਰਹੇ ਸਭ ਗਾਈਆ । ਜਿਨ੍ਹਾਂ ਮਿਲਦਾ ਧੁਰ ਦਾ ਹੱਕ, ਹਕੀਕਤ ਨਿਉਂ ਨਿਉਂ ਸੀਸ ਝੁਕਾਈਆ । ਪਰਮ ਪੁਰਖ ਪ੍ਰਭ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਲੱਖ ਚੁਰਾਸੀ ਵਿਚੋਂ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਨਿਝ ਨੇਤਰ ਖੋਲ੍ਹ ਅਗੰਮੀ ਅੱਖ, ਬਿਨ ਅੱਖਾਂ ਮੇਲ ਮਿਲਾਈਆ । ਸੱਚਾ ਮਾਰਗ ਆਪ ਦੱਸ, ਪਾਂਧੀ ਆਪਣੇ ਪੰਧ ਚਲਾਈਆ । ਅੰਮ੍ਰਿਤ ਆਤਮ ਇਕੋ ਰਸ, ਰਸ ਰਸੀਆ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਸਹਾਈ ਹੋਇਆ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਨੂਰ ਨਵਾਂ ਨਰੋਇਆ, ਰੂਪ ਰੇਖ ਨਜ਼ਰ ਕੋਈ ਨਾ ਆਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਸੁਤੀ ਵੇਖੇ ਸਰਬ ਲੋਕਾਈਆ । ਧੁਰ ਦਾ ਬੀਜ ਇਕੋ ਬੋਇਆ, ਜਨ ਭਗਤ ਆਪ ਪਰਗਟਾਈਆ । ਤਨ ਮਨ ਸੀਜ ਸੀਤਲ ਹੋਇਆ, ਸੀਤਲ ਧਾਰਾ ਆਪ ਵਹਾਈਆ । ਦਰ ਦਹਿਲੀਜ਼ ਅੰਦਰ ਸਚ ਦਵਾਰੇ ਆਪ ਖਲੋਇਆ, ਗ੍ਰਹਿ ਮੰਦਰ ਅੰਦਰ ਡੇਰਾ ਲਾਈਆ । ਧੁਰ ਫ਼ਰਮਾਣਾ ਲੈ ਕੇ ਆਇਆ ਢੋਆ, ਹਰਿ ਹਰਿ ਨਾਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਦਇਆ ਕਮਾ, ਨਿਹਕਰਮੀ ਕਰਮ ਕਮਾਇੰਦਾ । ਸੰਤ ਸੁਹੇਲੇ ਜਗਤ ਜਗਾ, ਜੀਵਣ ਜੁਗਤ ਇਕ ਦ੍ਰਿੜਾਇੰਦਾ । ਫੜ ਫੜ ਬਾਹੋਂ ਰਾਹੇ ਪਾ, ਰਹਿਬਰ ਇਕ ਅਖਵਾਇੰਦਾ । ਭਗਤ ਵਛਲ ਹਰਿ ਇਕ ਖ਼ੁਦਾ, ਖ਼ਾਲਕ ਆਪਣਾ ਨਾਉਂ ਜਣਾਇੰਦਾ । ਇਕੋ ਢੋਲਾ ਗਾਏ ਸਦਾ, ਛੰਦ ਇਕੋ ਨਾਮ ਜਣਾਇੰਦਾ । ਬਿਨ ਬੰਦਗੀਉਂ ਕਰੇ ਆਪਣਾ ਬੰਦਾ, ਬੰਧਨ ਪਿਛਲੇ ਤੋੜ ਤੁੜਾਇੰਦਾ । ਸਚ ਦਵਾਰੇ ਚਾੜ੍ਹ ਚੰਦਾ, ਨਿਰਗੁਣ ਨੂਰ ਜੋਤ ਚਮਕਾਇੰਦਾ । ਕਲਜੁਗ ਜਗਤ ਅੰਧਿਆਰਾ ਨਵ ਨੌ ਚਾਰ ਅੰਧਾ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਫਿਰੀ ਦਰੋਹੀ ਵਿਚ ਨਵ ਖੰਡਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਚੜ੍ਹਾਏ ਏਕ, ਏਕੰਕਾਰ ਵੱਡੀ ਵਡਿਆਈਆ । ਸੰਤ ਸੁਹੇਲੇ ਸੱਜਣ ਵੇਖ, ਹਰਿ ਆਪਣੀ ਸੇਵ ਕਮਾਈਆ । ਦੂਰ ਦੁਰਾਡਾ ਨਜ਼ਰੀ

ਆਏ ਨੇਤਨ ਨੇਤ, ਨਿਝ ਘਰ ਬੈਠਾ ਤਾੜੀ ਲਾਈਆ । ਆਤਮ ਪਰਮਾਤਮ ਘਰ ਮੰਦਰ ਕਰੇ ਸਾਚਾ ਹੇਤ, ਗ੍ਰਿਹਿ ਆਪਣੇ ਖ਼ੁਸ਼ੀ ਮਨਾਈਆ । ਅਚਰਜ ਕਰੀ ਕਲਜੁਗ ਖੇਡ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਿਹਾ ਭੇਜ, ਨਿਤ ਨਵਿਤ ਸੇਵਾ ਲਾਈਆ । ਆਤਮ ਮਾਣੇ ਆਪਣੀ ਸੇਜ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਕਰਾਏ ਖ਼ਾਲਕ, ਹਰ ਖ਼ਤਰਾ ਸਰਬ ਮਿਟਾਇੰਦਾ । ਏਥੇ ਓਥੇ ਬਣ ਕੇ ਪਾਲਕ, ਪ੍ਰਿਤਪਾਲਕ ਰੂਪ ਵਟਾਇੰਦਾ । ਸਰਗੁਣ ਹੋਵੇ ਨਿਰਗੁਣ ਸਾਲਸ, ਦੋ ਜਹਾਨਾਂ ਸਾਲਸੀ ਆਪ ਕਮਾਇੰਦਾ । ਲੱਖ ਚੁਰਾਸੀ ਵਿਚੋਂ ਕਢਾਏ ਖ਼ਾਲਸ, ਖ਼ਾਹਸ਼ ਭਗਤਾਂ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਵੇਖ ਨਿਰੰਕਾਰ, ਦੋ ਜਹਾਨ ਧਿਆਨ ਲਗਾਈਆ । ਭਗਤ ਵਛਲ ਗਿਰਵਰ ਗਿਰਧਾਰ, ਗ੍ਰਿਹਿ ਮੰਦਰ ਫੇਰਾ ਪਾਈਆ । ਇਕ ਪਿੱਛੇ ਤਾਰੇ ਪਰਵਾਰ, ਪਰਮ ਪੁਰਖ ਆਪਣੀ ਰੀਤੀ ਨਵੀਂ ਬਣਾਈਆ । ਜਿਸ ਦਾ ਮਿਲੇ ਲੇਖ ਨਾ ਕੋਈ ਲਿਖਾਰ, ਕਾਗ਼ਜ਼ ਨਜ਼ਰ ਕੋਇ ਨਾ ਆਈਆ । ਰਹੋਗੇ ਭਿਖਾਰ, ਸਾਬਤ ਆਪਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਪਰਵਾਰ ਉਧਾਰੇ ਪਰਵਰ ਆਪ, ਪਰਵਰਦਿਗਾਰ ਵੱਡੀ ਵਡਿਆਈਆ । ਲੇਖੇ ਲਾਏ ਇਕੋ ਆਪ, ਆਪ ਆਪਣੀ ਗੋਦ ਉਠਾਈਆ । ਜਨ ਭਗਤਾਂ ਪਿਛੇ ਕਰ ਕੇ ਜਾਪ, ਪੂਜਾ ਆਪਣਾ ਨਾਮ ਬਣਾਈਆ । ਸੀਸ ਜਗਦੀਸ਼ ਰਖਾਏ ਤਾਜ, ਤਖ਼ਤ ਤਾਜ ਇਕੋ ਦੇਵੇ ਸੁਹਾਈਆ । ਸਰਗੁਣ ਨਿਰਗੁਣ ਰੱਖੇ ਲਾਜ, ਨਿਰਗੁਣ

ਸਰਗੁਣ ਹੋਏ ਸਹਾਈਆ । ਨਾਮ ਨਿਧਾਨ ਮਾਰ ਅਵਾਜ਼, ਸ਼ਰਅ ਸ਼ੈਤਾਨ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਵਖਾਈਆ । ਹਰਿਜਨ ਉਠ ਦਰ ਵੇਖ ਜਗ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਸੰਤ ਸੁਹੇਲੇ ਰਿਹਾ ਸੱਦ, ਹੁਕਮ ਸੰਦੇਸ਼ਾ ਇਕ ਮਨਾਈਆ । ਜੀਵ ਜਹਾਨੋਂ ਬਾਹਰ ਕੱਢ, ਸਾਚੇ ਮੰਦਰ ਰਿਹਾ ਬਹਾਈਆ । ਸ਼ਬਦ ਨਾਦ ਸੁਣਾਏ ਨਦ, ਧੁਰ ਦੀ ਬਾਣੀ ਬਾਣ ਲਗਾਈਆ । ਸਾਚੇ ਹੁਜਰੇ ਕਰਾਏ ਹੱਜ, ਕਾਇਆ ਕਾਅਬਾ ਇਕ ਵਖਾਈਆ । ਏਥੇ ਓਥੇ ਰੱਖੇ ਲਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਹੋਏ ਸਹਾਈਆ । ਸਹਾਈ ਹੋਇਆ ਵੇਖ ਭਗਵਾਨ, ਕਰੋੜ ਤਤੀਸਾ ਫੂਲ ਬਰਸਾਈਆ । ਸੁਰਪਤ ਇੰਦ ਗਾਏ ਗਾਣ, ਅਪੱਛਰਾਂ ਚਲੇ ਨਾ ਕੋਈ ਵਡਿਆਈਆ । ਨੇਤਰ ਲੋਚਣ ਨੈਣ ਸਰਬ ਤਕਾਨ, ਚਾਰੋਂ ਕੁੰਟ ਵੇਖ ਵਖਾਈਆ । ਧੁਰ ਦਾ ਢੋਲਾ ਮਿਲ ਕੇ ਗਾਣ, ਗਹਿਰ ਗੰਭੀਰ ਮਿਲ ਕੇ ਰਾਗ ਅਲਾਈਆ । ਕੋਈ ਸਮਝ ਨਾ ਸਕੇ ਸੁਰ ਤਾਲ, ਤਾਲ ਤਲਵਾੜਾ ਹੱਥ ਨਾ ਕੋਈ ਉਠਾਈਆ । ਜਿਨ੍ਹਾਂ ਸਾਹਿਬ ਵਸਿਆ ਨਾਲ, ਸੋ ਨਲਾਇਕ ਸਾਹਿਬ ਆਪਣੇ ਨਾਲ ਮਿਲਾਈਆ । ਪੂਰਬ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਵੇਖ ਵਖਾਈਆ । ਨਿਰਗੁਣ ਹੋ ਕੇ ਬਣ ਦਲਾਲ, ਅਵਲੜੀ ਚਾਲ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਧੰਦੇ ਆਪੇ ਲਾਈਆ । ਸਾਚੇ ਧੰਦੇ ਲੱਗਾ ਵੇਖ ਭਗਤ, ਤ੍ਰੈਗੁਣ ਮਾਰੇ ਧਾਹੀਆ । ਮੇਰੀ ਮਾਤ ਨਾ ਰਹੀ ਸ਼ਕਤ, ਸ਼ਕਤ ਖਿਚੀ ਬੇਪਰਵਾਹੀਆ । ਮੈਂ ਚਾਰ ਜੁਗ ਪੌਂਦੀ ਰਹੀ

ਫ਼ਰਕ, ਗੁਰਮੁਖ ਮਨਮੁਖ ਰੂਪ ਵਟਾਈਆ । ਸੋ ਮੇਰਾ ਬੇੜਾ ਸ੍ਰੀ ਭਗਵਾਨ ਕੀਤਾ ਗਰਕ, ਸ਼ੌਹ ਦਰਿਆ ਰਿਹਾ ਰੁੜ੍ਹਾਈਆ । ਭਗਤਨ ਕਰਿਆ ਆਪ ਬੇਧੜਕ, ਧੜਕਨ ਕੋਇ ਰਹਿਣ ਨਾ ਪਾਈਆ । ਉਚੀ ਕੂਕ ਸਾਰੇ ਕਹਿਣ ਕੜਕ, ਮਹਾਰਾਜ ਸ਼ੇਰ ਸਿੰਘ ਤੇਰੀ ਸ਼ਰਨਾਈਆ । ਅੱਧਵਿਚਕਾਰ ਕਿਸੇ ਨਾ ਜਾਣਾ ਅਟਕ, ਰਾਏ ਧਰਮ ਨਾ ਦਏ ਸਜਾਈਆ । ਮੁੜ ਕੇ ਮਾਤ ਗਰਭ ਫੇਰ ਕਿਸੇ ਨਾ ਔਣਾ ਪਰਤ, ਜੂਨੀ ਜੂਨ ਨਾ ਕੋਈ ਭਵਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਲਾ ਗਏ ਸ਼ਰਤ, ਸੋ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਓਸ ਦੇ ਉਤੇ ਨਾ ਕੋਈ ਸੋਗ ਨਾ ਕੋਈ ਹਰਖ, ਅੱਗੇ ਹੋ ਕਰੇ ਨਾ ਕੋਈ ਲੜਾਈਆ । ਆਪਣੇ ਹੁਕਮੇ ਅੰਦਰ ਕਰੇ ਲਿਖਤ ਪੜ੍ਹਤ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਸਭ ਦਾ ਵੇਖਣਹਾਰਾ ਪਿਛਲਾ ਕਰਜ਼, ਬਾਕੀ ਸਭ ਦੀ ਫੋਲ ਫੁਲਾਈਆ । ਇਹ ਖੇਲ ਪ੍ਰਭੂ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜਨ ਭਗਤਾਂ ਆਪਣੇ ਮਿਲਣ ਦੀ ਰੱਖੀ ਇਕੋ ਮਰਜ਼, ਦੂਜੀ ਮਰਜ਼ੀ ਰਹਿਣ ਕੋਇ ਨਾ ਪਾਈਆ । ਨਿਹਕਰਮੀ ਕੰਮ ਕੀਤਾ ਫਰਜ਼ੀ ਫ਼ਰਜ਼, ਫ਼ਰਜ਼ ਆਪਣਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵੱਡੀ ਵਡਿਆਈਆ । ਵੇਖ ਪੰਜ ਤਤ ਰਹੇ ਹੱਸ, ਤਨ ਮਾਟੀ ਖ਼ੁਸ਼ੀ ਮਨਾਈਆ । ਧੰਨ ਭਾਗ ਪ੍ਰਭ ਸਾਡਾ ਕਰੇ ਜਸ, ਜਿਸ ਘਰ ਗੁਰਮੁਖ ਆਤਮ ਰਿਹਾ ਸਮਾਈਆ । ਸਰਗੁਣ ਹੋ ਕੇ ਨਿਰਗੁਣ ਵਸ, ਨਿਰਗੁਣ ਸਰਗੁਣ ਢੋਲਾ ਗਾਈਆ । ਨੇਤਰ ਵੇਖਿਆ ਪੁਰਖ ਸਮਰਥ, ਲੋਚਣ ਆਪਣੇ ਦਰਸ਼ਨ ਪਾਈਆ । ਸੇਵਾ ਕੀਤੀ ਨਾਲ ਹੱਥ, ਪੈਰਾਂ ਪੰਧ ਮੁਕਾਈਆ । ਰਸਨਾ ਜਿਹਵਾ ਗਾ ਕੇ ਜਸ, ਬੱਤੀ ਦੰਦ ਮਿਲੇ ਵਡਿਆਈਆ । ਸੱਥਰ ਸੇਜ ਵਛਾਈ ਸੱਥ, ਪ੍ਰੇਮ ਵਿਛੌਣਾ ਨਾਲ ਮਿਲਾਈਆ । ਕਿਰਪਾ ਕਰ ਗੂੜੀ ਨੀਂਦ ਘਰ ਠਾਕਰ ਲਾਈ ਅੱਖ, ਖ਼ੁਸ਼ੀਆਂ ਰੈਣ ਇਕ ਵਿਹਾਈਆ । ਤ੍ਰਖਾਣ ਦਾ ਲੇਖੇ ਲੱਗਾ ਓਹ ਸੱਕ, ਜਿਸ ਸੱਕ ਨਾਲ ਨਾਨਕ ਭੋਜਨ ਲਿਆ ਬਣਾਈਆ । ਅੱਗ ਡਾਹੁਣ ਵਾਲਾ ਨਾਲ ਲਿਆ ਰੱਖ, ਅਛਰ ਸਿੰਘ ਨਾਮ ਧਰਾਈਆ । ਇਹ ਖੇਲ ਨਹੀਂ ਧੁਰ ਦਾ ਪੱਖ, ਪੂਰਬ ਜਨਮ ਕਰਮ ਲੇਖ ਚੁਕਾਈਆ । ਜੇ ਦੇਵਣਹਾਰਾ ਨਾ ਦੇਵੇ ਹੱਕ, ਦੂਜਾ ਦੇਵਣ ਵਾਲਾ ਨਜ਼ਰ ਕੋਇ ਨਾ ਆਈਆ । ਇਕੋ ਇਕ ਪੁਰਖ ਸਮਰਥ, ਸਭ ਦੀ ਪੂਰੀ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜਨਮ ਵਿਛੜਿਆਂ ਕਰ ਇਕੱਠ, ਇਕੱਠਿਆਂ ਇਕੋ ਘਰ ਵਸਾਈਆ ।

★ ੮ ਮਾਘ ੨੦੨੦ ਬਿਕਰਮੀ ਬੀਬੀ ਲਾਜੀ ਦੇ ਘਰ, ਪਿੰਡ ਅਲੱੜਪਿੰਡੀ ਜ਼ਿਲਾ ਗੁਰਦਾਸ ਪੁਰ ★

ਸਚਖੰਡ ਨਿਵਾਸੀ ਸੁਹਾਏ ਅਰਸ਼, ਅਰਸ਼ੀ ਪ੍ਰੀਤਮ ਨਾਉਂ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਰਹੇ ਤਰਸ, ਦੋਏ ਜੋੜ ਵਾਸਤਾ ਸਰਬ ਪਾਈਆ । ਸ਼ਬਦੀ ਗੁਰਦੇਵ ਮੰਗੇ ਸਦਾ ਤਰਸ, ਦਰ ਸਾਚੇ ਅਲਖ ਜਗਾਇੰਦਾ । ਤ੍ਰੈਗੁਣ ਮਾਇਆ ਮੰਗੇ ਤਰਸ, ਤੁਧ ਬਿਨ ਮਾਤ ਨਾ ਕੋਈ ਰਖਾਇੰਦਾ । ਪੰਜ ਤਤ ਮੰਗੇ ਦਰਸ, ਤੁਧ ਬਿਨ ਰਾਹ ਨਾ ਕੋਇ ਚਲਾਇੰਦਾ । ਚਾਰੇ ਖਾਣੀ ਮੰਗੇ ਤਰਸ, ਅੰਡਜ ਜੇਰਜ ਉਤਭੁਜ ਸੇਤਜ ਧਿਆਨ ਲਗਾਇੰਦਾ । ਚਾਰੇ ਬਾਣੀ ਮੰਗੇ ਦਰਸ, ਸਾਚਾ ਰਾਗ ਨਾ ਕੋਈ ਸੁਣਾਇੰਦਾ । ਚਾਰੇ ਵੇਦ ਮੰਗਣ ਤਰਸ, ਤੁਧ ਬਿਨ ਸਿਫ਼ਤ ਨਾ

ਕੋਈ ਸਲਾਹਿੰਦਾ । ਚਾਰੇ ਕੁੰਟ ਮੰਗਣ ਤਰਸ, ਸਾਚਾ ਰੰਗ ਨਾ ਕੋਇ ਰੰਗਾਇੰਦਾ । ਰਵ ਸਸ ਸੂਰਜ ਚੰਦ ਮੰਡਲ ਮੰਡਪ ਮੰਗਣ ਤਰਸ, ਤੁਧ ਬਿਨ ਤਾਰਨਹਾਰਾ ਨਜ਼ਰ ਕੋਈ ਨਾ ਆਇੰਦਾ । ਜ਼ਿਮੀ ਅਸਮਾਨ ਮੰਗਣ ਤਰਸ, ਬਿਨ ਸਾਹਿਬ ਸਿਰ ਹੱਥ ਨਾ ਕੋਈ ਟਿਕਾਇੰਦਾ । ਲੋਕ ਪਰਲੋਕ ਮੰਗਣ ਤਰਸ, ਤੁਧ ਬਿਨ ਬਣਤ ਨਾ ਕੋਈ ਬਣਾਇੰਦਾ । ਰਾਗ ਧੁਨ ਸ਼ਬਦ ਸਲੋਕ ਮੰਗਣ ਤਰਸ, ਤੁਧ ਬਿਨ ਤਾਰ ਸਤਾਰ ਨਾ ਕੋਈ ਵਜਾਇੰਦਾ । ਸ਼ਾਸਤਰ ਸਿਮਰਤ ਮੰਗਣ ਤਰਸ, ਤੁਧ ਬਿਨ ਲੇਖ ਨਾ ਕੋਈ ਲਿਖਾਇੰਦਾ । ਅੰਜੀਲ ਕੁਰਾਨ ਗੀਤਾ ਗਿਆਨ ਮੰਗਣ ਤਰਸ, ਤੁਧ ਬਿਨ ਹਰਫ਼ ਹਰੂਫ਼ ਨਾ ਕੋਈ ਪੜ੍ਹਾਇੰਦਾ । ਗੁਰੂ ਅਵਤਾਰ ਮੰਗਣ ਤਰਸ, ਤੁਧ ਬਿਨ ਸਰਗੁਣ ਰੂਪ ਨਾ ਕੋਈ ਵਟਾਇੰਦਾ । ਪੀਰ ਪੈਗ਼ੰਬਰ ਮੰਗਣ ਤਰਸ, ਦੋਏ ਜੋੜ ਸਰਬ ਵਾਸਤਾ ਪਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਮੰਗਣ ਤਰਸ, ਚਰਨ ਕਵਲ ਧਿਆਨ ਸਰਬ ਰਖਾਇੰਦਾ । ਜੁਗ ਚੌਕੜੀ ਮੰਗੇ ਤਰਸ, ਤੁਧ ਬਿਨ ਰਹਿਮਤ ਨਾ ਕੋਈ ਕਮਾਇੰਦਾ । ਸਤਿਜੁਗ ਤਰੇਤਾ ਦਵਾਪਰ ਕਲਜੁਗ ਮੰਗਦੇ ਗਏ ਧੁਰ ਦਾ ਤਰਸ, ਬਿਨ ਤੇਰੇ ਤਰਸ ਸਾਡੀ ਤਕਸੀਮ ਨਾ ਕੋਈ ਮਿਟਾਇੰਦਾ । ਦੀਨ ਮਜ਼੍ਹਬ ਜਾਤ ਪਾਤ ਮੰਗਣ ਤਰਸ, ਤੁਧ ਬਿਨ ਦੂਈ ਦਵੈਤ ਡੇਰਾ ਕੋਈ ਨਾ ਢਾਹਿੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਮੰਗਣ ਤਰਸ, ਆਦਿ ਜੁਗਾਦਿ ਜੁਗ ਚੌਕੜੀ ਤੇਰੀ ਓਟ ਤਕਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਮੰਗੇ ਤਰਸ, ਤੁਧ ਬਿਨ ਨਿਵਣ ਸੁ ਅੱਖਰ ਨਾ ਕੋਈ ਪੜ੍ਹਾਇੰਦਾ । ਨਿਤ ਨਵਿਤ ਲੱਖ ਚੁਰਾਸੀ ਜੀਵ ਜੰਤ ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਤਾਲ ਤੇਰਾ ਮੰਗਣ ਤਰਸ, ਬਿਨ ਤਰਸ ਨਜ਼ਰ ਕੋਈ ਨਾ ਆਇੰਦਾ । ਇਕੋ ਭਗਤ ਤੇਰੇ ਵੈਰਾਗ ਅੰਦਰ ਰਿਹਾ ਤੜਪ, ਦੂਜੀ ਓਟ ਨਾ ਕੋਈ ਰਖਾਇੰਦਾ । ਬਿਰਹੋਂ ਵਿਛੋੜੇ ਰਿਹਾ ਭਟਕ, ਭਟਕਣਾ ਮਾਤ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਬਿਨ ਠਾਕਰ ਨਾ ਆਵੇ ਤਰਸ, ਦਇਆਵਾਨ ਦਏ ਸਮਝਾਈਆ । ਬਿਨ ਤਰਸ ਨਾ ਆਵੇ ਪਰਤ, ਲੋਕਮਾਤ ਵੇਸ ਵਟਾਈਆ । ਬਿਨ ਪਿਆਰ ਨਾ ਹੋਵੇ ਭਗਤ, ਭਗਵਨ ਖੇਲ ਨਾ ਕੋਈ ਕਰਾਈਆ । ਬਿਨ ਭਗਤ ਰਾਮ ਨਾ ਕਰੇ ਤਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਭਗਤ ਕਹੇ ਨਾ ਭਟਕਣਾ ਮੇਰੀ, ਮੈਂ ਤੇਰਾ ਮੇਰਾ ਨਜ਼ਰ ਕੁਛ ਨਾ ਆਈਆ । ਜੋ ਵਸਤ ਪ੍ਰਭ ਸਭ ਤੇਰੀ, ਤੁਧ ਬਿਨ ਅਵਰ ਨਾ ਕੋਈ ਵਡਿਆਈਆ । ਪੰਜ ਤਤ ਕਾਇਆ ਮਾਟੀ ਢੇਰੀ, ਖ਼ਾਕ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਦੇ ਸਮਝਾਈਆ । ਭਗਤ ਕਹੇ ਭਟਕਣਾ ਚਲੇ ਨਾ ਚਾਰਾ, ਮਾਣ ਤਾਣ ਨਾ ਕੋਈ ਰਖਾਈਆ । ਹਉਂ ਬਾਲੀ ਬੁੱਧ ਜੀਵ ਅਵਾਣਾ, ਤੇਰੀ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਨਾ ਸਮਝਾ ਤੇਰਾ ਭਾਣਾ, ਕੀ ਤੇਰੀ ਵਡਿਆਈਆ । ਇਕੋ ਤੇਰੇ ਉਤੇ ਮਾਣਾ, ਆਪ ਆਪਣਾ ਭੇਟ ਚੜ੍ਹਾਈਆ । ਸ਼ਾਹ ਪਾਤਸ਼ਾਹ ਤੂੰ ਹਰਿ ਸੁਲਤਾਨਾ, ਸਤਿਗੁਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਮੇਰੀ ਭਟਕਣਾ ਕੋਈ ਨਾ ਜ਼ੋਰ, ਬਲ ਨਜ਼ਰ ਕੋਈ ਨਾ ਆਈਆ । ਤੇਰੇ ਹੱਥ ਪ੍ਰਭੂ ਸਚ ਡੋਰ, ਤੰਦੀ ਤੰਦ ਤੂੰਹੀ ਸਤਾਰ ਹਿਲਾਈਆ । ਕਰ ਕਿਰਪਾ ਆਪੇ ਬੌਹੜ, ਬੌਹੜੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਕਹੇ ਮੈਂ ਦੇਵਾਂ ਭਟਕਣ,

ਕਾਇਆ ਭਾਂਡੇ ਆਪ ਟਿਕਾਈਆ । ਦੂਜੀ ਰਹੇ ਕੋਈ ਨਾ ਅੜਚਨ, ਰੋੜਾ ਸਕੇ ਨਾ ਕੋਈ ਅਟਕਾਈਆ । ਮਾਤ ਗਰਭ ਜੋ ਉਲਟੇ ਲਟਕਣ, ਤਿਨ੍ਹਾਂ ਅਗਨੀ ਤਤ ਬਚਾਈਆ । ਸਦਾ ਮਾਤ ਕਰ ਕੇ ਮਰਦਨ, ਮਰਦਾਨਗੀ ਆਪਣੀ ਇਕ ਸਮਝਾਈਆ । ਬਿਰਹੋਂ ਵਿਛੋੜੇ ਅੰਦਰ ਜੋ ਤਰਸਨ, ਤਿਨ੍ਹਾਂ ਰਹਿਮਤ ਆਪ ਕਮਾਈਆ । ਨਾਤਾ ਤੋੜ ਸੋਗ ਹਰਖਣ, ਚਿੰਤਾ ਗ਼ਮ ਚੁਕਾਈਆ । ਇਕੋ ਦੇ ਕੇ ਸਾਖਿਆਤ ਦਰਸ਼ਨ, ਪਹਿਲਾ ਲੇਖ ਸਾਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਰਸ ਆਪ ਕਮਾਈਆ । ਦਇਆ ਅੰਦਰ ਕਮਾਏ ਤਰਸ, ਸ੍ਰੀ ਭਗਵਾਨ ਹੋਏ ਸਹਾਈਆ । ਲੇਖਾ ਜਾਣ ਅਰਸ਼ ਫ਼ਰਸ਼, ਦੋ ਜਹਾਨਾਂ ਖੋਜ ਖੁਜਾਈਆ । ਜਨਮ ਜਨਮ ਦੀ ਮੇਟ ਹਰਸ, ਹੈਸੀਅਤ ਆਪਣੇ ਨਾਲ ਮਿਲਾਈਆ । ਅੰਮ੍ਰਿਤ ਮੇਘ ਇਕੋ ਬਰਸ, ਜਗ ਭਟਕਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਕੂੜਾ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਫ਼ੈਸਲੇ ਅੰਦਰ ਹੋਵੇ ਹੁਕਮ, ਹਰਿ ਹਾਕਮ ਆਪ ਜਣਾਇੰਦਾ । ਗੁਰਮੁਖ ਗੁਰਸਿਖ ਸੱਚਾ ਤੁਖ਼ਮ, ਤਾਸੀਰ ਆਪਣੇ ਨਾਲ ਰਖਾਇੰਦਾ । ਲੱਖ ਚੁਰਾਸੀ ਵਿਚੋਂ ਆਇਆ ਪੁੱਛਣ, ਫੜ ਫੜ ਆਪਣਾ ਭੇਵ ਖੁਲਾਇੰਦਾ । ਹਰਿਜਨ ਕੋਈ ਨਾ ਦੇਵੇ ਲੁਕਣ, ਲੁਕਿਆਂ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪ੍ਰੇਮ ਕਦੇ ਨਾ ਆਵੇ ਤੁੱਟਣ, ਸਦਾ ਟੁੱਟਿਆਂ ਗੰਢ ਵਖਾਇੰਦਾ । ਨਿਰਗੁਣ ਧਾਰੋਂ ਆਵੇ ਉਤਰ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਨਜ਼ਰ ਕਿਸੇ ਨਾ ਆਇੰਦਾ । ਜਿਨ੍ਹਾਂ ਬਣਾਏ ਆਪਣੇ ਪੁੱਤਰ, ਪਿਤਾ ਹੋ ਗੋਦ ਸੁਹਾਇੰਦਾ ।

੩੦੩ ਹਰਿਭਗਤ ਘਰ ਘਰ ਮਨਾਏ ਸ਼ੁਕਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਬੇਸ਼ਕ ਗੁਰਮੁਖ ਜਾਵੇ ਮੁੱਕਰ, ਸ੍ਰੀ ਭਗਵਾਨ ਭੁੱਲ ਕਦੇ ਨਾ ੩੦੩

੧੯ ਜਾਇੰਦਾ । ਲਾਲੋ ਦਾ ਯਾਦ ਅਜੇ ਟੁੱਕਰ, ਟੁਕੜੇ ਝੋਲੀ ਆਪਣਾ ਆਪ ਭਰਾਇੰਦਾ । ਇਹ ਲਾਲੋ ਦਾ ਓਸ ਵੇਲੇ ਦਾ ਫੁਫੜ, ਜਿਸ ਭਾਈ ੧੯

ਭਾਈ ਸੰਗ ਜੋੜ ਜੁੜਾਇੰਦਾ । ਇਹ ਕੱਛੇ ਮਾਰੀ ਫਿਰੇ ਕੁਕੜ, ਕੁਕੜ ਬਾਂਗ ਦੇ ਸੁਣਾਇੰਦਾ । ਨਾਨਕ ਪੁਛਿਆ ਕੀ ਏ ਗੋਦੀ ਤੇਰਾ ਪੁੱਤਰ, ਜੋ ਹਰਿ ਕਾ ਨਾਮ ਧਿਆਇੰਦਾ । ਓਸ ਵੇਲੇ ਗਿਆ ਮੁੱਕਰ, ਮੁਖ ਪਿਛਾ ਦੇ ਭਵਾਇੰਦਾ । ਨਾਨਕ ਕਿਹਾ ਨਾ ਬਣ ਰੁੱਠੜ, ਰੁਸਿਆ ਕੰਮ ਕਿਤੇ ਨਾ ਆਇੰਦਾ । ਲਾਲੋ ਕਿਹਾ ਨਹੀਂ ਮਾਲਕ ਏਹ ਮੇਰਾ ਫੁੱਫੜ, ਫਰਕ ਵਿਚ ਕੋਈ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਅਗਲਾ ਭੇਵ ਆਪ ਖੁਲ੍ਹਾਇੰਦਾ । ਨਾਨਕ ਕਹੇ ਸੁਣ ਜਬੀਲ, ਕੀ ਤੇਰੀ ਵਡਿਆਈਆ । ਓਹ ਕਹੇ ਮੇਰੀ ਇਕ ਦਲੀਲ, ਦਿਲ ਦਾ ਹਾਲ ਸੁਣਾਈਆ । ਜੇ ਤੂੰ ਬਣਿਆ ਮਾਤ ਵਕੀਲ, ਕੂੜਾ ਝਗੜਾ ਰਿਹਾ ਮੁਕਾਈਆ । ਵੇਖ ਮੇਰੇ ਕੁਕੜ ਉਤੇ ਲਾਲ ਰੰਗ ਦੀ ਜ਼ਰੀ ਸ਼ਨੀਲ, ਕਲਗੀ ਕਲਗੀ ਰਿਹਾ ਹਿਲਾਈਆ । ਮੇਰੀ ਤੇਰੇ ਅੱਗੇ ਇਕ ਅਪੀਲ, ਮੈਂ ਤੇਰੀ ਭੇਟ ਚੜ੍ਹਾਈਆ । ਇਹ ਹੈ ਬੜਾ ਅਸੀਲ, ਜੇ ਨਾਨਕ ਖਾਵੇਂ ਤੈਨੂੰ ਠੰਡਾ ਦਏ ਕਰਾਈਆ । ਨਾਨਕ ਕਿਹਾ ਇਸ ਦੀ ਇਹੋ ਇਕ ਅਖ਼ੀਰ, ਜੋ ਮੇਰੀ ਸਰਨੀ ਆਈਆ । ਲਾਲੋ ਨਾਲ ਬਦਲਾ ਏਹਦੀ ਤਕਦੀਰ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਦੱਸ ਇਕ ਤਦਬੀਰ, ਸਾਚਾ ਰਾਗ ਸੁਣਾਈਆ । ਇਹਨੂੰ ਜ਼ਬਾ ਕਰੇ ਨਾ ਕੋਈ ਸ਼ਮਸ਼ੀਰ, ਸ਼ਰਅ ਹਲਾਲ ਨਾ ਕੋਈ ਵਖਾਈਆ । ਕਰਦ ਫੜੇ ਨਾ ਕੋਈ ਕਲਮਾ ਪੜ੍ਹ ਕੇ ਪੰਜ ਪੀਰ, ਪੰਜਾ ਇਹਦੇ ਉਤੇ ਨਾ ਕੋਈ ਰਖਾਈਆ । ਮੈਂ ਇਸ ਦੀ ਕੱਟਣੀ ਭੀੜ, ਭੀੜੀ ਗਲੀ ਪੰਧ ਮੁਕਾਈਆ । ਲਾਲੋ ਨਾਲ ਇਹਦੀ ਖਿਚੀ ਚਿਟੇ ਉਤੇ ਲਕੀਰ, ਲੇਖਾ

ਲੇਖ ਧੁਰ ਦਾ ਪਾਈਆ । ਲੇਖੇ ਲਾਵਾਂ ਅੰਤ ਅਖ਼ੀਰ, ਅਖ਼ੀਰ ਆਪਣਾ ਸਾਸ ਗਰਾਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਕੁਕੜ ਕਹੇ ਨਾਨਕ ਮੇਰੀ ਕਲਗੀ, ਬਗਲ ਵਿਚ ਰਿਹਾ ਹਿਲਾਈਆ । ਤੈਨੂੰ ਵੇਖ ਮੈਨੂੰ ਭੁੱਲੀ ਗਰਮੀ ਸਰਦੀ, ਸਰਦੀ ਰੁੱਤ ਤੇਰੇ ਪ੍ਰੇਮ ਵਿਚ ਮੰਗ ਮੰਗਾਈਆ । ਨਾਨਕ ਕਿਹਾ ਤੇਰਾ ਬਣੇ ਉਹ ਦਰਦੀ, ਜਿਹੜਾ ਮੇਰੀ ਸਰਦੀ ਰਿਹਾ ਗਵਾਈਆ । ਮੈਂ ਵੀ ਓਸੇ ਦਰ ਦੀ ਬਰਦੀ, ਨਾਰ ਸੁਹਾਗਣ ਰੂਪ ਵਟਾਈਆ । ਮੈਂ ਪੰਜ ਤਤ ਕਾਇਆ ਚੋਲਾ ਪਹਿਨਿਆ ਫ਼ਰਜ਼ੀ, ਮੇਰਾ ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਜਿਸ ਨੇ ਬਖ਼ਸ਼ਿਸ਼ ਕੀਤੀ ਤੇਰੀ ਆਤਮ ਮਰਦੀ ਮਰਦੀ, ਮਰਦ ਆਪਣੇ ਨਾਲ ਰਖਾਈਆ । ਤੇਰੀ ਜ਼ਬਾਨ ਵੇਖੀ ਇਕੋ ਰਾਗ ਪੜ੍ਹਦੀ, ਤੂੰਹੀ ਤੂੰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰ ਵੱਡੀ ਵਡਿਆਈਆ । ਕੁਕੜ ਕਹੇ ਮੈਨੂੰ ਕਹਿੰਦੇ ਮੁਰਗਾ, ਮੁਗਲੀਆ ਖ਼ਾਨਦਾਨ ਵਾਲੇ ਜਣਾਈਆ । ਬੇਸ਼ਕ ਮੈਂ ਦੋ ਟੰਗਾਂ ਨਾਲ ਤੁਰਦਾ, ਭੱਜਾਂ ਵਾਹੋ ਦਾਹੀਆ । ਆਪਣੀ ਕਲਗੀ ਵੇਖ ਝੁਰਦਾ, ਕਲਗੀ ਵਾਲਾ ਨਜ਼ਰ ਨਾ ਆਈਆ । ਜਨਮ ਜਨਮ ਵਿਚ ਮੇਰਾ ਬੇੜਾ ਰੁੜ੍ਹਦਾ, ਫੜ ਬਾਹੋਂ ਪਾਰ ਨਾ ਕੋਈ ਕਰਾਈਆ । ਕਰ ਕੇ ਜ਼ਬਾਹ ਮੇਰੀ ਗਰਦਨ ਡੂੰਘੇ ਖ਼ਾਤੇ ਵਿਚ ਜਗਤ ਜਹਾਨ ਸੁੱਟਦਾ, ਹੱਡੀਆਂ ਸਵਾਦ ਲਗਾਈਆ । ਮੈਂ ਸੁਣਿਆ ਤੂੰ ਭੋਗ ਲਗਾਇਆ ਲਾਲੋ ਰੋਟ ਦਾ, ਕੋਧਰਾ ਖ਼ੁਸ਼ੀਆਂ ਨਾਲ ਖਾਈਆ । ਏਸੇ ਕਰ ਕੇ ਦਰਸ ਤੇਰਾ ਲੋਚਦਾ, ਲੋਚਾ ਪੂਰ ਦੇਣੀ ਕਰਾਈਆ । ਸਤਿਗੁਰ ਨਾਨਕ ਕਹੇ ਮੈਂ ਤੇਰੀ ਸੋਚ ਸੋਚਦਾ, ਤੈਨੂੰ ਸਚ ਦਿਆਂ ਸਮਝਾਈਆ । ਜੋ ਮਾਲਕ ਲੋਕ ਪਰਲੋਕ ਦਾ, ਸੋ ਹੋਵੇ ਤੇਰਾ ਸਹਾਈਆ । ਜਿਸ ਕੋਲ ਖ਼ਜ਼ਾਨਾ ਥੋਕ ਦਾ, ਗੁਰ ਅਵਤਾਰ ਪੈਗ਼ੰਬਰਾਂ ਰਿਹਾ ਵਰਤਾਈਆ । ਏਹ ਖੇਲ ਓਸ ਦੀ ਖੋਜ ਦਾ, ਜੋ ਮੁਫਲਸਾਂ ਨਾਲ ਮੇਰੀ ਯਾਰੀ ਲਾਈਆ । ਤੇਰਾ ਹਾਲ ਵੇਖ ਨਿਰਦੋਸ਼ ਦਾ, ਤਰਸ ਮੇਰੇ ਅੰਦਰ ਆਈਆ । ਰਸ ਆਵੇ ਤੇਰੀ ਬਾਂਗ ਝੋਕ ਦਾ, ਸਦਾ ਤੇਰੀ ਮੋਹੇ ਭਾਈਆ । ਤੇਰਾ ਲੇਖਾ ਚੁੱਕੇ ਅੰਤਮ ਜਨਮ ਜਨਮ ਦੇ ਰੋਗ ਦਾ, ਰੋਗੀ ਹੋ ਕੇ ਰੋਗੀਆਂ ਦਏ ਰੋਗ ਗਵਾਈਆ । ਤੇਰਾ ਲਹਿਣਾ ਨਿਰਗੁਣ ਜੋਤ ਦਾ, ਪੰਜ ਤਤ ਹੋਏ ਸਹਾਈਆ । ਲੇਖਾ ਮੁੱਕੇ ਲਾਲੋ ਰੋਟ ਦਾ, ਗ੍ਰਿਹ ਝੂਠਾ ਦਏ ਮੁਕਾਈਆ । ਯਾਰ ਬਣਾਵੇ ਜਗਤ ਲੰਗੋਟ ਦਾ, ਨਾਤਾ ਭਈਆ ਭਾਈ ਜੁੜਾਈਆ । ਇਹ ਖੇਲ ਪ੍ਰਭੂ ਖ਼ਾਮੋਸ਼ ਦਾ, ਜੋ ਖ਼ਾਹ ਮਖ਼ਾਹ ਕਿਸੇ ਨਾ ਬਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਭਗਤਾਂ ਤਰਸ ਸਦਾ ਲੋਚਦਾ, ਲੋਚਾਂ ਭਗਤਾਂ ਨਾਲ ਰਖਾਈਆ ।

★ ੯ ਮਾਘ ੨੦੨੦ ਬਿਕਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਅਲੱੜਪਿੰਡੀ ਜ਼ਿਲਾ ਗੁਰਦਾਸ ਪੁਰ ★

ਸੱਕ ਕਹੇ ਮੈਂ ਕੱਢਾਂ ਹਾੜਾ, ਹੋਕਾ ਦੇ ਸੁਣਾਈਆ । ਮੇਰੇ ਆਸੇ ਪਾਸੇ ਲਾਵੇ ਤਿੱਖਾ ਕੁਹਾੜਾ, ਤਿਖੀ ਧਾਰ ਮੁਖ ਵਖਾਈਆ । ਮੇਰੀਆਂ ਹੱਡੀਆਂ ਬਾਲਣ ਕਰ ਕੇ ਪਿਆਰਾ, ਸਚ ਪਕਵਾਨ ਦਿਤਾ ਪਕਾਈਆ । ਤੂੰ ਨਿਰਗੁਣ ਸਰਗੁਣ ਆਇਓਂ ਚਲ ਦਵਾਰਾ, ਨਿਰਵੈਰ ਆਪਣਾ ਫੇਰਾ ਪਾਈਆ । ਦਰ ਤੇਰੇ ਕਰਾਂ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਮੇਰਾ ਲਹਿਣਾ ਦੇਣਾ ਚੁੱਕੇ ਵਿਚ ਸੰਸਾਰਾ, ਘਰ ਸਾਚੀ ਸੇਵ ਕਮਾਈਆ ।

ਜੇਰਜ ਅੰਡਜ ਉਤਭੁਜ ਸੇਤਜ ਤੇਰਾ ਪਸਾਰਾ, ਹਰ ਘਟ ਇਕੋ ਨਜ਼ਰੀ ਆਈਆ । ਘਰ ਸਾਚੇ ਵੇਖ ਲੱਗਾ ਅਖਾੜਾ, ਮੈਂ ਆਪਣਾ ਆਪ ਭੇਟ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਘਰ ਇਕੋ ਦਏ ਵਡਿਆਈਆ । ਸੱਕ ਕਹੇ ਮੇਰੀ ਸਚ ਸਕੀਰੀ, ਨਾਤਾ ਲਾਲੋ ਨਾਲ ਜੁੜਾਈਆ । ਮੇਰੀ ਸਮਝ ਨਾ ਆਏ ਕਿਸੇ ਤਕਦੀਰੀ, ਭੇਵ ਸਮਝ ਕੋਇ ਨਾ ਪਾਈਆ । ਮੇਰਾ ਇਹੋ ਵਕਤ ਅਖ਼ੀਰੀ, ਜੋ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਸੱਕ ਕਹੇ ਮੋਹੇ ਲੱਗੀ ਅੱਗ, ਲਾਟ ਆਪਣਾ ਰੰਗ ਰਖਾਈਆ । ਮੈਂ ਖ਼ੁਸ਼ੀਆਂ ਨਾਲ ਨੱਚਿਆ ਬਣ ਮਲੰਗ, ਭੱਠੀ ਅੰਦਰ ਭੱਜਾ ਵਾਹੋ ਦਾਹੀਆ । ਨੀਵਾਂ ਹੋ ਹੋ ਮੰਗਾਂ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਧੰਨ ਭਾਗ ਮੇਰਾ ਲੇਖੇ ਲੱਗਾ ਅੰਗ, ਅੰਗੀਕਾਰ ਆਪਣੇ ਲੇਖੇ ਪਾਈਆ । ਮੈਨੂੰ ਆਇਆ ਸਚ ਅਨੰਦ, ਖ਼ੁਸ਼ੀਆਂ ਘਰ ਬੈਠਾ ਗਾਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਸਾਚੀ ਵਡਿਆਈਆ । ਅੱਗ ਨਾਲ ਮੈਂ ਹੋਇਆ ਕੋਲਾ, ਆਪਣਾ ਰੂਪ ਵਟਾਈਆ । ਵੱਡਿਉਂ ਹੋਇਆ ਨਿੱਕਾ ਥੋੜਾ, ਛੋਟੀ ਮੱਤ ਰਖਾਈਆ । ਟੋਟੇ ਟੋਟੇ ਹੋਇਆ ਜੋੜਾ, ਅੰਗ ਅੰਗ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਕੋਲਾ ਕਹੇ ਮੇਰੀ ਬਣੇ ਸਵਾਹ, ਖ਼ਾਕ ਰੂਪ ਵਟਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਸਭ ਨੂੰ ਕਰਾਂ ਸਫ਼ਾ, ਕੂੜੀ ਕਿਰਿਆ ਮੈਲ ਧਵਾਈਆ । ਇਕੋ ਨਾਨਕ ਮੰਗਣਾ ਵਿਚ ਗਵਾਹ, ਸ਼ਹਾਦਤ ਸਾਚੇ ਘਰ ਭੁਗਤਾਈਆ । ਚਵੀ ਮੱਘਰ ਲੇਖ ਚੁਕਾ, ਇਕੀਆਂ ਰੰਗ ਰੰਗਾਈਆ । ਤੇਈ ਮੱਘਰ ਵਕਤ ਸੁਹਾ, ਭੱਠੀ ਚੂਰ ਦਿਤੀ ਵਡਿਆਈਆ । ਜਿਸ ਉਤੇ ਰਿਧਾ ਲਿਆ ਪਕਾ, ਸ੍ਰੀ ਭਗਵਾਨ ਲਿਆ ਵਰਤਾ, ਟੁਕੜੇ ਆਪਣੇ ਹੱਥ ਉਠਾਈਆ । ਹਰਿਸੰਗਤ ਬਣਾ ਗਵਾਹ, ਨਾਥੇਵਾਲ ਮਿਲੀ ਵਡਿਆਈਆ । ਅੱਜ ਓਸ ਦਾ ਲਹਿਣਾ ਮੰਗਣ ਗਿਆ ਆ, ਵੇਲਾ ਵਕਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਵਡਿਆਈਆ । ਸਵਾਹ ਕਹੇ ਮੈਂ ਹੋਈ ਸਵਾਲਣ, ਦਰ ਤੇਰੇ ਇਕ ਅਰਜੋਈਆ । ਤੇਰਾ ਨੂਰ ਜੋਤ ਅਕਾਲਣ, ਅਕਲ ਕਲ ਤੇਰੀ ਸਰਨਾਈਆ । ਮੈਂ ਸਚ ਦਵਾਰੇ ਆਈ ਭਾਲਣ, ਛੱਡੀ ਜਗਤ ਲੋਕਾਈਆ । ਚਾਰ ਜੁਗ ਦੀ ਮੈਂ ਨਿਕੰਮੀ ਮਾਲਣ, ਫੂਲਣ ਹਾਰ ਤਨ ਛੁਹਾਈਆ । ਤੇਰਾ ਭੇਤ ਆਈ ਜਾਨਣ, ਅੰਦਰ ਵੜ ਕੇ ਚੋਰੀ ਚੋਰੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਏਕਾ ਦੇ ਵਖਾਈਆ । ਸਵਾਹ ਕਹੇ ਮੈਂ ਖ਼ਾਕ ਦੀ ਚੁਟਕੀ, ਜੁਗ ਚੌਕੜੀ ਕੀਮਤ ਕਿਸੇ ਨਾ ਪਾਈਆ । ਸ੍ਰੀ ਭਗਵਾਨ ਵੇਖ ਮੇਰੀ ਫੁਰਤੀ, ਨਾਤਾ ਤੇਰੇ ਨਾਲ ਜੁੜਾਈਆ । ਸੱਚਖੰਡ ਨਿਵਾਸੀ ਛੱਡ ਕੇ ਆਇਉਂ ਆਪਣੀ ਕੁਰਸੀ, ਧਰਨੀ ਧਰਤ ਧਵਲ ਡੇਰਾ ਲਾਈਆ । ਮੇਰੀ ਆਣ ਖੁਲਾਈ ਸੁਰਤੀ, ਸੁਰਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਕਮਾਈਆ । ਸਵਾਹ ਕਹੇ ਮੈਂ ਮਿਟੀ ਖ਼ਾਕ, ਵੀਹ ਸੌ ਦਸ ਬਿਕਰਮੀ ਮਿਲੀ ਵਡਿਆਈਆ । ਜਿਸ ਗੋਬਿੰਦ ਨੂਰ ਕੀਤਾ ਪਾਕ, ਛੋਟੇ ਬਾਲੇ ਵੱਜੀ ਵਧਾਈਆ । ਪੁਰਖ ਅਕਾਲ ਬਣਾਇਆ ਮੈਨੂੰ ਸਾਕ, ਆਪ ਆਪਣੀ ਗੰਢ ਪਵਾਈਆ । ਨੌ ਦਵਾਰੇ ਖੋਲ੍ਹ ਤਾਕ, ਸਚ ਸਿੰਘਾਸਣ ਦਿਤਾ ਵਿਛਾਈਆ । ਓਸ ਉਤੇ

੩੦੫
੧੯

ਮੈਨੂੰ ਰੱਖ, ਅਮਾਨਤ ਆਪਣੀ ਲਿਆ ਬਣਾਈਆ । ਦਸ ਸਾਲ ਮੈਂ ਰਾਹ ਰਹੀ ਤੱਕ, ਨੇਤਰ ਨੈਣਾਂ ਨੈਣ ਉਠਾਈਆ । ਸੋ ਵੇਲਾ ਆਇਆ ਹੱਕ, ਹਕੀਕਤ ਵੇਖੇ ਬੇਪਰਵਾਹੀਆ । ਪੂਰਬ ਵਿਛੜੇ ਕਰ ਇਕੱਠ, ਲਾਲੋ ਬੰਸ ਰਿਹਾ ਮਿਲਾਈਆ । ਵਿਚੋਂ ਪਰਮ ਪੁਰਖ ਪ੍ਰਭ ਨੱਠ, ਮੋਹੇ ਦੇਵੇ ਮਾਣ ਵਡਿਆਈਆ । ਨੌਂ ਮਾਘ ਇਕ ਚੁਟਕੀ ਆਪਣੇ ਚਰਨਾਂ ਹੇਠਾਂ ਰੱਖ, ਭਗਤ ਦਵਾਰਿਉਂ ਲਿਆਇਆ ਚਾਈਂ ਚਾਈਂਆ । ਓਹ ਆਪਣੇ ਲਾਏ ਮਸਤਕ ਮੱਥ, ਗੁਰਮੁਖ ਦੇਵੇ ਮਾਣ ਵਡਿਆਈਆ । ਭਗਤਾਂ ਖੋਲ੍ਹ ਅਗੰਮੀ ਅੱਖ, ਆਪਣੇ ਨਾਲ ਮਿਲਾਈਆ । ਖ਼ੁਸ਼ੀਆਂ ਨਾਲ ਨਾਲੇ ਰੋਵੇ ਨਾਲੇ ਪਏ ਹੱਸ, ਹਸਤੀ ਆਪਣੀ ਇਕੋ ਦਏ ਜਣਾਈਆ । ਇਹ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਈਆ । ਲਾਲੋ ਨੂੰ ਹੌਲੀ ਹੌਲੀ ਪਹਿਲੋਂ ਰਿਹਾ ਦੱਸ, ਵਿਚਲਾ ਭੇਤ ਨਾ ਕੋਈ ਖੁਲ੍ਹਾਈਆ । ਕਰ ਕਿਰਪਾ ਮਰੇ ਜੀਉਂਦੇ ਜਾਗਤ ਸੋਵਤ ਸਾਰੇ ਕਰ ਇਕੱਠ, ਬੇੜਾ ਆਪਣੇ ਕੰਧ ਉਠਾਈਆ । ਅੱਗੇ ਆਪਣੇ ਚਰਨਾਂ ਹੇਠਾਂ ਲਵੇਂ ਰੱਖ, ਜਿਸ ਘਰ ਵਸੇਂ ਬੇਪਰਵਾਹੀਆ । ਭਾਈਆਂ ਨਾਲ ਭਾਈ ਮਿਲਾਏਂ ਸਾਥ, ਸਾਥੀ ਇਕੋ ਸਗਲਾ ਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵਣਹਾਰਾ ਸਾਚਾ ਵਰ, ਸਾਚੀ ਰਾਖ ਦਏ ਵਡਿਆਈਆ । ਰਾਖ ਸੁਣ ਤੂੰ ਹੋਈ ਕੋਲਾ, ਆਪਣਾ ਰੂਪ ਵਟਾਈਆ । ਪਾਰਬ੍ਰਹਮ ਤੇਰਾ ਚੁੱਕਿਆ ਡੋਲਾ, ਬਣ ਕਹਾਰ ਸੇਵ ਕਮਾਈਆ । ਤੇਰਾ ਪਰਦਾ ਕਿਸੇ ਨਾ ਫੋਲਾ, ਤੇਰੇ ਅੰਦਰ ਕੀ ਕੀ ਰੰਗ ਭਰਾਈਆ । ਸਚ ਪ੍ਰੀਤੀ ਅੰਦਰ ਸੁਣਿਆ ਤੇਰਾ ਢੋਲਾ, ਬੋਲਾ ਆਪਣੀ ਝੋਲੀ ਪਾਈਆ । ਨਿਰਗੁਣ ਬਣਿਆ ਮਾਤ ਵਿਚੋਲਾ, ਪਰਦਾ ਉਹਲਾ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਕੋਲੇ ਤੇਰਾ ਰੂਪ ਬਣਾਇਆ ਸੱਕ, ਸਾਕਤ ਨਜ਼ਰ ਕੋਇ ਨਾ ਆਇੰਦਾ । ਲਹਿਣਾ ਦੇਣਾ ਹੱਥੋ ਹੱਥ ਚੁਕਾਇਆ ਜਗਤ, ਉਧਾਰ ਨਾ ਕੋਈ ਰਖਾਇੰਦਾ । ਮਿਹਰਵਾਨ ਹੋ ਪੁਰਖ ਸਮਰਥ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਮਾਣ ਦਵਾਇੰਦਾ । ਸਕ ਵੇਖ ਆਪਣਾ ਤਨ, ਤਨਾ ਬਨਾਸਪਤ ਦੇਵਣਹਾਰ ਵਡਿਆਈਆ । ਤੇਰੀ ਆਰਜ਼ੂ ਲਈ ਮੰਨ, ਗੁਜ਼ਾਰਸ਼ ਆਪਣੀ ਝੋਲੀ ਪਾਈਆ । ਰਸਨਾ ਕਹੇ ਧੰਨ ਧੰਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਕੋਂ ਤਨੇ ਦਏ ਵਡਿਆਈਆ । ਤਨੇ ਵੇਖ ਆਪਣਾ ਮੁੱਢ, ਹਰਿ ਮੁਢਲੀ ਕਥਾ ਸੁਣਾਇੰਦਾ । ਜਿਸ ਦੀ ਕਿਸੇ ਨਾ ਆਈ ਸੁੱਧ, ਸੋ ਭੇਵ ਅਭੇਵ ਖੁਲ੍ਹਾਇੰਦਾ । ਜਿਥੇ ਜੈਦਿਓ ਦਿਤੀ ਸੁੱਧ, ਸਿਧਾ ਆਪਣਾ ਰਾਹ ਵਖਾਇੰਦਾ । ਓਸ ਪਿਪਲ ਬੜ ਥੱਲੇ ਨਿੱਕਾ ਤੇਰਾ ਬਰੂਟੀ ਮੁੱਢ, ਜਿਸ ਦੇ ਉਤੇ ਭਗਤ ਆਸਣ ਲਾਇੰਦਾ । ਆਸਣ ਲਾ ਹਰਿ ਚਰਨ ਪ੍ਰੀਤੀ ਗਿਆ ਲੁਜ, ਰੁਚੀ ਸਾਹਿਬ ਨਾਲ ਰਖਾਇੰਦਾ । ਓਸ ਵੇਲੇ ਨਿਮਾਣੇ ਹੋ ਕੇ ਤੂੰ ਲਿਆ ਪੁਛ, ਨੇਤਰ ਨੈਣ ਨੀਰ ਵਹਾਇੰਦਾ । ਕੀ ਤੇਰੀ ਭਗਤੀ ਵਿਚੋਂ ਮੈਨੂੰ ਮਿਲੇ ਕੁਛ, ਮੈਂ ਤੇਰਾ ਭਾਰ ਉਠਾਇੰਦਾ । ਜੈਦਿਓ ਕਿਹਾ ਮੈਂ ਓਹਦਾ ਪੁਤ, ਜੋ ਤੇਰਾ ਰੂਪ ਲੋਕਮਾਤ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਦਰਸਾਇੰਦਾ । ਜੈਦੇਵ ਕਹੇ ਸੁਣ ਝਾੜ ਜੜ੍ਹ, ਜੜ੍ਹ ਚੇਤਨ ਖੇਲ ਕਰਾਈਆ । ਜਿਸ ਦੀ ਕਿਰਪਾ ਨਾਲ ਕੋਟਨ ਕੋਟ ਨਾਮ ਅੱਖਰ ਪੱਤਿਆਂ ਉਤੇ ਲਏ ਪੜ੍ਹ, ਪੱਤਨ ਬੈਠਾ ਇਕੋ ਨਜ਼ਰੀ ਆਈਆ । ਤੂੰ ਓਸ ਦੀ ਚਰਨੀ ਡਿਗੀਂ ਦੜ੍ਹ, ਢਹਿ ਕੇ ਆਪਣਾ ਹਾਲ ਸੁਣਾਈਆ । ਬਿਰਹੋਂ

ਵਿਛੋੜੇ ਵਿਚ ਜਾਈਂ ਸੜ, ਆਪਣਾ ਆਪ ਮਿਟਾਈਆ । ਪ੍ਰਭ ਫੇਰ ਕਿਰਪਾ ਦੇਵੇ ਕਰ, ਤੇਰਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਇਕ ਜਣਾਈਆ । ਝਾੜ ਕਹੇ ਦੱਸ ਤਰੀਕਾ, ਮੋਹੇ ਇਕ ਜਣਾਈਆ । ਕੌਣ ਵੇਲਾ ਆਏ ਨਜ਼ਦੀਕਾ, ਨੇਰਨ ਨੇਰਾ ਫੇਰਾ ਪਾਈਆ । ਕੌਣ ਹਾਲ ਸੁਣੇ ਗ਼ਰੀਬਾਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੈਦਿਓ ਕਹੇ ਮੈਂ ਦੱਸਾਂ ਸਚ ਪ੍ਰੀਤਾਂ, ਪ੍ਰੀਤੀ ਇਕੋ ਵਾਰ ਦ੍ਰਿੜਾਈਆ । ਨਾਨਕ ਨਿਰਗੁਣ ਘਰ ਆਵੇ ਕੀਟਾਂ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਕਰੇ ਖੇਲ ਇਕ ਅਨਡੀਠਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਓਸ ਦੇ ਪਿਆਰ ਵਿਚ ਆਪਣਾ ਆਪ ਧਰੀਂ ਵਿਚ ਅੰਗੀਠਾ, ਅਗਨੀ ਭੇਟ ਚੜ੍ਹਾਈਆ । ਜਿਸ ਵੇਲੇ ਜਗਮਗ ਕਰੇ ਤੇਰੀ ਚਿਖਾ ਚੀਤਾ, ਉਤੇ ਪਕਵਾਨ ਪੱਕੇ ਖ਼ੁਸ਼ੀਆਂ ਰਾਗ ਅਲਾਈਆ । ਅਗਲਾ ਭੇਵ ਜਾਣੇ ਸਤਿਗੁਰ ਜੀਵ ਜੀਆਂ ਕਾ, ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਹੋਇਆ ਖ਼ੁਸ਼ਹਾਲ, ਘਰ ਵੱਜੀ ਇਕ ਵਧਾਈਆ । ਮੇਰਾ ਸਤਿਗੁਰ ਬਣੇ ਦਲਾਲ, ਸਾਚਾ ਰਾਹ ਸਮਝਾਈਆ । ਮੈਂ ਆਪਣਾ ਆਪ ਅਗਨੀ ਭੇਟਾ ਦਿਤਾ ਡਾਲ, ਬਲਹੀਣ ਇਕ ਅਖਵਾਈਆ । ਜੇ ਮੇਰਾ ਮੰਨੇ ਸਵਾਲ, ਬਣ ਸਵਾਲੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਵੇਂਹਦਿਆਂ ਵੇਂਹਦਿਆਂ ਸਮਾਂ ਗਿਆ ਲੰਘ, ਘੜੀ ਸੁਹੰਜਣੀ ਸੋਭਾ ਪਾਈਆ । ਨਾਨਕ ਬੈਠਾ ਘਰ ਲਾਲੋ ਪਲੰਘ, ਓਢਨ ਨਜ਼ਰ ਕੋਇ ਨਾ ਆਈਆ । ਖ਼ੁਸ਼ੀਆਂ ਵਿਚ ਮਿਲ ਕੇ ਮਾਣੇ ਅਨੰਦ, ਅਨੰਦ ਇਕੋ ਇਕ ਜਣਾਈਆ । ਚੁੱਪ ਚੁਪੀਤੇ ਨਾਨਕ ਢੋਲਾ ਗਾਇਆ ਛੰਦ, ਤੂੰ ਮੇਰਾ ਮੈਂ ਤੇਰਾ ਮੇਰੇ ਸਾਹਿਬ ਸਚ ਗੁਸਾਈਆ । ਓਸ ਵੇਲੇ ਮੈਂ ਭੇਟਾ ਕੀਤਾ ਬੰਦ ਬੰਦ, ਅਗਨੀ ਰੰਗ ਰੰਗਾਈਆ । ਨਾਨਕ ਨਿਰਗੁਣ ਹੋ ਬਖ਼ਸ਼ੰਦ, ਮੋਹੇ ਦਿਤਾ ਸਮਝਾਈਆ । ਜਨਮ ਦੇ ਵਿਛੜੇ ਮੰਗਦੇ ਮੰਗ, ਦੇਵਣਹਾਰ ਹੋਏ ਸਹਾਈਆ । ਮੈਂ ਹੋ ਨਿਮਾਣੇ ਕਿਹਾ ਬਖ਼ਸ਼ਿੰਦ, ਤੇਰੇ ਹੱਥ ਵਡਿਆਈਆ । ਜਿਸ ਘਰ ਮੇਰਾ ਲਾਲੋ ਨਾਲ ਬਣਿਆ ਸੰਗ, ਤਿਸ ਸੰਗ ਨਾਤਾ ਦੇਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਨਾਨਕ ਨਿਰਗੁਣ ਬੋਲ ਸਤਿ ਕਰਤਾਰ, ਸਤਿ ਸਤਿ ਵਿਚ ਜਣਾਈਆ । ਤੇਰਾ ਰਹੇ ਸਚ ਪਿਆਰ, ਪ੍ਰੀਤੀ ਇਕੋ ਘਰ ਸਮਝਾਈਆ । ਮਾਨਸ ਜਨਮ ਮਿਲੇ ਵਿਚ ਸੰਸਾਰ, ਵਡ ਸੰਸਾਰੀ ਹੋਏ ਸਹਾਈਆ । ਪਹਿਲੋਂ ਭੇਟਾ ਤੇਰੀ ਚਾੜ੍ਹ, ਅਗਨੀ ਲੰਬੂ ਦੇਵੇ ਲਗਾਈਆ । ਫਿਰ ਕਿਰਪਾ ਕਰੇ ਆਪ ਆ ਨਿਰੰਕਾਰ, ਨਿਰਗੁਣ ਹੋਏ ਸਦਾ ਸਹਾਈਆ । ਜੁਗ ਜਨਮ ਜਗਤ ਵਿਛੜੇ ਕਰੇ ਪਾਰ, ਪਾਰਬ੍ਰਹਮ ਆਪਣੇ ਵਿਚ ਮਿਲਾਈਆ । ਧੂੜੀ ਰਤੀ ਖ਼ਾਕ ਛਾਰ, ਸ਼ਹਿਨਸ਼ਾਹ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣੇ ਵਿਚ ਲਹਿਣ ਦਏ ਮੁਕਾਈਆ ।

## ★ ੯ ਮੱਘਰ ੨੦੨੦ ਬਿਕਰਮੀ ਸਾਈਂ ਦਾਸ ਦੇ ਘਰ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਰਾਖ ਕਹੇ ਮੇਰੀ ਪੂਰੀ ਮੰਗ, ਪੁਰਖ ਅਕਾਲ ਪੂਰ ਕਰਾਈਆ । ਦਸ ਸਾਲ ਬੈਠੀ ਰਹੀ ਉਪਰ ਪਲੰਘ, ਦਿਵਸ ਰੈਣ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਦੇਵੇ ਵੰਡ, ਮਿਹਰ ਨਜ਼ਰ ਇਕ ਉਠਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਦੇਵੇ ਡੰਡ, ਹਰਿਜਨ ਸਾਚੇ ਲਏ ਤਰਾਈਆ । ਵੀਹ ਸੌ ਗਿਆਰਾਂ ਬਿਕਰਮੀ ਪੰਜ ਪੋਹ ਕਾਗਜ਼ਾਂ ਅੰਦਰ ਕਰ ਕੇ ਬੰਦ, ਚੁਟਕੀ ਚੁਟਕੀ ਮੋਹਰਾਂ ਲਾ ਕੇ ਬਾਹਰ ਕਢਾਈਆ । ਅੰਤਮ ਸਭ ਨੂੰ ਕਰਕੇ ਰੰਡ, ਆਪਣਾ ਮੁਖ ਆਈ ਭਵਾਈਆ । ਜਨ ਭਗਤਾਂ ਮੇਲ ਕੇ ਸੰਗ, ਘਰ ਸਾਚੇ ਖ਼ੁਸ਼ੀ ਮਨਾਈਆ । ਏਥੇ ਓਥੇ ਜਿਨ੍ਹਾਂ ਦੇਵੇ ਅਨੰਦ, ਪ੍ਰਭ ਆਪਣੇ ਘਰ ਰਖਾਈਆ । ਢੋਲਾ ਗਾਵਾਂ ਚਾਵਾਂ ਨਾਲ ਛੰਦ, ਸੋਹੰ ਸੱਚਾ ਰਾਗ ਅਲਾਈਆ । ਲੋਕਮਾਤ ਦਿਸੇ ਸਚ ਚੰਦ, ਸੱਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਖ਼ਾਕ ਕਹੇ ਮੈਂ ਘਾਲੀ ਘਾਲ, ਘਾਲੀ ਘਾਲ ਪ੍ਰਭ ਲੇਖੇ ਲਾਈਆ । ਮੇਰੀ ਬੇਨੰਤੀ ਮੰਨ ਸਵਾਲ, ਸਿਰ ਮੇਰੇ ਹੱਥ ਟਿਕਾਈਆ । ਮੇਲ ਮਿਲਾਇਆ ਬਣ ਦਲਾਲ, ਭਗਤਨ ਜੋੜ ਜੁੜਾਈਆ । ਮੈਂ ਦੱਸਾਂ ਪਿਛਲਾ ਹਾਲ, ਜੁਗ ਚੌਕੜੀ ਨਾਲ ਮਿਲਾਈਆ । ਮੈਂ ਹੁੰਦੀ ਰਹੀ ਬੇਹਾਲ, ਮੇਰਾ ਸੰਗ ਨਾ ਕੋਈ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਖ਼ਾਕ ਕਹੇ ਮੋਹੇ ਚਾਓ ਘਨੇਰਾ, ਵੱਜੇ ਇਕ ਵਧਾਈਆ । ਕੂੜੀ ਕਿਰਿਆ ਛੁਟਿਆ ਝੇੜਾ, ਝਗੜਾ ਮੁੱਕਿਆ ਨਾਲ ਲੋਕਾਈਆ । ਪਰਮ ਪੁਰਖ ਪ੍ਰਭ ਕਰੀ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਸੰਗ ਰਲਾਇਆ ਮੇਰਾ ਇਕ ਬੇੜਾ, ਪਤਨ ਬਹਿ ਕੇ ਵੇਖੇ ਚਾਈਂ ਚਾਈਂਆ । ਆਪਣੀ ਕਰਨੀ ਦਿਤਾ ਉਲਟਾ ਗੇੜਾ, ਗੇੜਨਹਾਰ ਇਕ ਅਖਵਾਈਆ । ਜਿਨ੍ਹਾਂ ਠਾਕਰ ਮਿਲਿਆ ਮੇਰਾ ਤੇਰਾ, ਤਿਨ੍ਹਾਂ ਸਾਗਰ ਭਵਰ ਨਾ ਕੋਈ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਖ਼ਾਕ ਕਹੇ ਮੈਂ ਹੋਈ ਪਾਕ, ਪੱਤਤ ਪਾਵਣ ਦਇਆ ਕਮਾਈਆ । ਮੇਰੇ ਵਲ ਲਿਆ ਝਾਕ, ਘਰ ਨੇਤਰ ਨੈਣ ਖੁਲ੍ਹਾਈਆ । ਭਗਤਾਂ ਨਾਲ ਬਣਾਇਆ ਮੇਰਾ ਸਾਕ, ਸੱਜਣ ਸਾਚੇ ਸਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਪੂਰੀ ਆਸਾ ਦੀਨ ਦਿਆਲ, ਪ੍ਰਭ ਮੇਰੀ ਅੰਤ ਕਰਾਈਆ । ਜਨ ਭਗਤਾਂ ਪਿਛੇ ਕਰਾਂ ਇਕ ਸਵਾਲ, ਸ੍ਰੀ ਭਗਵਾਨ ਅੱਗੇ ਝੋਲੀ ਡਾਹੀਆ । ਕਿਰਪਾ ਕਰ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਜੋ ਤੇਰੀ ਚਰਨੀ ਡਿਗੇ ਆਣ, ਤਿਸ ਜਮ ਪੋਹ ਨਾ ਸਕੇ ਰਾਈਆ । ਤਿਸ ਦੀ ਖ਼ਾਕ ਨਾ ਉਡੇ ਵਿਚ ਜਹਾਨ, ਮੜ੍ਹੀ ਮਸਾਣ ਨਾ ਕੋਈ ਭਵਾਈਆ । ਗੋਰ ਵਿਚ ਦੱਬੇ ਕੋਈ ਨਾ ਪੜ੍ਹ ਕਲਾਮ, ਕਲਮਾ ਤੇਰਾ ਇਕੋ ਨਜ਼ਰੀ ਆਈਆ । ਖ਼ੁਸ਼ੀਆਂ ਨਾਲ ਵੀਹਵੀਂ ਸਦੀ ਸੱਦ ਕੇ ਦੇਵਾਂ ਪੈਗ਼ਾਮ, ਪੀਰ ਪੈਗ਼ੰਬਰਾਂ ਆਖ ਸੁਣਾਈਆ । ਵੇਖੋ ਪੁਰਖ ਅਕਾਲ ਬਦਲਿਆ ਇੰਤਜਾਮ, ਨੌਬਤ ਆਪਣਾ ਨਾਮ ਵਜਾਈਆ । ਭਗਤ ਸੁਹੇਲੇ ਕਰ ਪਰਵਾਨ, ਸੱਚਾ ਆਪਣਾ ਰਾਹ ਵਖਾਈਆ । ਆਵਣ ਜਾਵਣ ਲੱਖ ਚੁਰਾਸੀ ਮੁਕਾ ਕੇ ਕਾਣ, ਕਰਮ ਕਾਂਡ ਡੇਰਾ ਢਾਹੀਆ । ਵਾਸਾ ਦੇਵੇ ਸਚ ਮਕਾਨ, ਜਿਸ ਘਰ ਬਹਿ ਬਹਿ ਖ਼ੁਸ਼ੀ ਨਾਲ ਸੋਭਾ ਪਾਈਆ । ਪਿਛਲੇ ਮਰੇ ਅਗਲੇ ਜੰਮੇ ਜੀਂਵਦੇ ਕਰੇ ਪਰਵਾਨ, ਜਿਨ੍ਹਾਂ ਵਿਚੋਂ ਗੁਰਮੁਖ ਗੁਰਸਿਖ ਨਜ਼ਰੀ ਆਈਆ ।

ਇਹੋ ਕਿਰਪਾ ਕਰੇ ਮਹਾਨ, ਜਿਸ ਦੀ ਨਿਸ਼ਾਨੀ ਮਾਤ ਨਾ ਕੋਇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵਿਆਂ ਜੀਂਵਦਿਆਂ ਮਰਿਆਂ ਮਰਦਿਆਂ ਮਦਦ ਕਰੇ ਆਣ, ਮੁਰਦਾ ਖ਼ਿਲਤ ਕਰਨ ਕੋਈ ਨਾ ਪਾਈਆ ।

★ ੯ ਮਾਘ ੨੦੨੦ ਬਿਕਰਮੀ ਸਰੂਪ ਸਿੰਘ ਦੇ ਘਰ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਖ਼ਾਕ ਕਹੇ ਸਰਬ ਖ਼ਲਕ ਖ਼ਾਕ, ਅੰਤ ਖ਼ਾਕੀ ਖ਼ਾਕ ਸਮਾਈਆ । ਬਿਨ ਸਾਹਿਬ ਸਤਿਗੁਰ ਕੋਈ ਨਾ ਸਕੇ ਰਾਖ, ਰੱਖਿਆ ਕਰੇ ਨਾ ਕੋਈ ਥਾਉਂ ਥਾਈਆ । ਦੋ ਜਹਾਨਾਂ ਨੈਣ ਖੋਲ੍ਹ ਕੇ ਵੇਖਿਆ ਤਾਕ, ਚਾਰੋਂ ਕੁੰਟ ਧਿਆਨ ਲਗਾਈਆ । ਅੰਤ ਨਿਭਾਵੇ ਨਾ ਕੋਈ ਸਾਥ, ਸੰਗੀ ਸਾਥੀ ਪੱਲੂ ਜਾਣ ਛੁਡਾਈਆ । ਲੱਖ ਚੁਰਾਸੀ ਵੇਖੇ ਖ਼ਾਲੀ ਹਾਥ, ਨੇਤਰ ਰੋਵਣ ਵਾਹੋ ਦਾਹੀਆ । ਜਿਨ੍ਹਾਂ ਸਾਹਿਬ ਸਤਿਗੁਰ ਕਰ ਕਿਰਪਾ ਦਿਤੀ ਨਾਮ ਵੱਥ, ਵਸਤ ਅਮੋਲਕ ਝੋਲੀ ਪਾਈਆ । ਸੋ ਗੁਰਮੁਖ ਔਂਦੇ ਜਾਂਦੇ ਜੰਮਦੇ ਮਰਦੇ ਰਹੇ ਹੱਸ, ਗ਼ਮੀ ਰੂਪ ਨਾ ਕੋਇ ਵਟਾਈਆ । ਤਿਨ੍ਹਾਂ ਆਪਣੇ ਦਵਾਰੇ ਲਏ ਸੱਦ, ਜਿਨ੍ਹਾਂ ਆਪਣਾ ਰੰਗ ਰੰਗਾਈਆ । ਜਨਮ ਮਰਨ ਦੀ ਪਾਰ ਹੱਦ, ਗੇੜਾ ਗੇੜ ਨਾ ਕੋਈ ਵਖਾਈਆ । ਦੋ ਜਹਾਨਾਂ ਵਿਚੋਂ ਕਰ ਕੇ ਅੱਡ, ਘਰ ਸਾਚਾ ਇਕ ਵਖਾਈਆ । ਲੇਖੇ ਲਾ ਕੇ ਮਾਟੀ ਹੱਡ, ਚਮੜੀ ਆਪਣੀ ਝੋਲੀ ਪਾਈਆ । ਖ਼ਾਕ ਕਹੇ ਮੈਂ ਆਈ ਓਸ ਦੇ ਹੱਥ, ਜਿਸ ਹੱਥਾਂ ਨਾਲ ਧਰਨੀ ਦਿਤੀ ਵਡਿਆਈਆ । ਰਵਦਾਸ ਚਮਿਆਰਾ ਸਈਓ ਸਚ ਗਿਆ ਦੱਸ, ਹੁਣ ਅਕਾਲ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖ਼ਾਕ ਦੀ ਰੱਖੇ ਪੱਤ, ਜਿਨ੍ਹਾਂ ਪਰਮੇਸ਼ਵਰ ਮਿਲਿਆ ਬੇਪਰਵਾਹੀਆ । ਖ਼ਾਕ ਕਹੇ ਖ਼ਾਕੀ ਜੱਗ, ਖ਼ਾਲਸ ਨਜ਼ਰ ਕੋਇ ਨਾ ਆਇੰਦਾ । ਘਰ ਘਰ ਕੂੜੀ ਲੱਗੀ ਅੱਗ, ਤ੍ਰਿਖਾ ਤ੍ਰਿਸਨਾ ਨਾ ਕੋਈ ਬੁਝਾਇੰਦਾ । ਮਾਇਆ ਮਮਤਾ ਪੀ ਪੀ ਮਦਿ, ਜੀਵ ਜਗਤ ਜਹਾਨ ਕੂੜਾ ਡੌਰੂ ਡੰਕ ਵਜਾਈਆ । ਘਰ ਮੁਰਸ਼ਦ ਕੋਈ ਨਾ ਲਏ ਸੱਦ, ਪ੍ਰੌਹਣਾਚਾਰੀ ਸ੍ਰਿਸ਼ਟ ਸਬਾਈ ਜਗਤ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਹੋਵੇ ਆਪ ਵਸ, ਤਿਨ੍ਹਾਂ ਆਪਣੇ ਵਸ ਕਰਾਇੰਦਾ । ਖ਼ਾਕ ਕਹੇ ਮੈਂ ਵਸਤ ਅਨਮੁਲੀ, ਮੇਰੀ ਕੀਮਤ ਕਿਸੇ ਨਾ ਪਾਈਆ । ਮੈਂ ਪਹਿਲੋਂ ਬਣਾਈ ਸਾਡੇ ਤਿੰਨ ਹੱਥ ਕੁੱਲੀ, ਨੌਂ ਦਵਾਰੇ ਦਰਬਾਰ ਫੇਰ ਸੁਹਾਈਆ । ਮੈਨੂੰ ਪ੍ਰਭ ਕੋਲੋਂ ਛੁੱਟੀ ਮਿਲ ਗਈ ਖੁੱਲੀ, ਜਨ ਭਗਤਾਂ ਮਿਲਾਂ ਚਾਈਂ ਚਾਈਆ । ਮੈਂ ਉਡਾਂ ਨਾ ਕਦੇ ਹਵਾ ਬੁੱਲੀਂ, ਬੁੱਲਿਆਂ ਵਿਚ ਨਾ ਕੋਈ ਰਲਾਈਆ । ਮੈਂ ਓਸ ਦੇ ਤੋਲ ਤੁਲੀ, ਜਿਸ ਦਾ ਤਰਾਜੂ ਵੇਖਣ ਕੋਇ ਨਾ ਪਾਈਆ । ਲੱਖ ਚੁਰਾਸੀ ਮੈਨੂੰ ਭੁੱਲੀ, ਭੁੱਲੀ ਭੱਟਕੀ ਨੂੰ ਹਰਿਸੰਗਤ ਨਜ਼ਰੀ ਆਈਆ । ਜਿਥੋਂ ਪ੍ਰੇਮ ਪਿਆਰ ਦੀ ਮਿਲੀ ਇਕੋ ਚੁਲੀ, ਚਰਨਾਮਿਤ ਦਿਤਾ ਬੇਪਰਵਾਹੀਆ । ਮੈਂ ਭਾਗਾਂ ਭਰੀ ਫਲੀ ਫੁੱਲੀ, ਮਹਿਕ ਭਗਤਾਂ ਨਾਲ ਰਲਾਈਆ । ਜਿਸ ਖ਼ਾਕ ਸੜਕੇ ਮੰਜ਼ਲ ਚੜ੍ਹਕੇ ਨਾਨਕ ਦੀ ਪਕਾਈ ਗੁੱਲੀ ਓਹ ਅਨਮੁਲੀ, ਕੁੱਲੀ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਮੇਰੇ ਉਤੇ ਰਖਾਈਆ ।

★ ੯ ਮਾਘ ੨੦੨੦ ਬਿਕਰਮੀ ਸਾਂਝੀ ਰਾਮ ਦੇ ਘਰ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਖ਼ਾਕ ਕਹੇ ਪ੍ਰਭ ਹੋ ਦਿਆਲ, ਅਕਾਲ ਮੇਰੀ ਬਣਤ ਬਣਾਈਆ । ਪ੍ਰੇਮ ਪ੍ਰੀਤੀ ਲਾ ਨਾਲ ਸਿੰਘ ਪਾਲ, ਸੱਚਾ ਨਾਤਾ ਦਿਤਾ ਜੁੜਾਈਆ । ਸਿੰਘ ਸਵਰਨ ਵਸਿਆ ਆਣ, ਘਰ ਸਾਚੇ ਫੇਰਾ ਪਾਈਆ । ਬਾਲ ਮਨਜੀਤ ਕਰ ਪਰਵਾਨ, ਮੋਹੇ ਦਿਤੀ ਮਾਣ ਵਡਿਆਈਆ । ਜਗਦੀਸ਼ ਝੁਲਾ ਇਕ ਨਿਸ਼ਾਨ, ਚਵੀ ਜੁਗ ਲੇਖ ਮੁਕਾਈਆ । ਗੁਰਦਿਆਲ ਵੇਖ ਰਾਜ ਰਾਜਾਨ, ਹੁਕਮ ਰਈਅਤ ਰੂਪ ਸਮਝਾਈਆ । ਪੰਜਾਂ ਕਰ ਆਪ ਪਰਵਾਨ, ਸਾਚੀ ਘਾੜਤ ਲਈ ਘੜਾਈਆ । ਜਨ ਭਗਤਾਂ ਦੇਕਰ ਦਾਨ, ਮੇਰੀ ਕੀਮਤ ਪ੍ਰਭ ਨੇ ਪਾਈਆ । ਨੀਆਂ ਹੇਠ ਰਖਾਇਆ ਮਾਣ, ਮੁੱਠੀ ਢਾਈ ਸੋਭਾ ਪਾਈਆ । ਖ਼ੂਨ ਕਰ ਬਲੀਦਾਨ, ਨਿਰਗੁਣ ਸਰਗੁਣ ਭੇਟ ਚੜ੍ਹਾਈਆ । ਸਚ ਦਵਾਰਾ ਖੋਲ੍ਹ ਦੁਕਾਨ, ਸੌਦਾ ਇਕੋ ਨਾਮ ਵਿਕਾਈਆ । ਲੇਖਾ ਚੁਕਾ ਦੋ ਜਹਾਨ, ਸਾਚਾ ਮਾਰਗ ਇਕ ਰਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੇ ਕਰ ਬਿਆਨ, ਭਵਿਖਤ ਸਭ ਦੀ ਝੋਲੀ ਪਾਈਆ । ਬੀਸ ਬੀਸਾ ਹੋ ਪਰਧਾਨ, ਸਚ ਪਰਧਾਨਗੀ ਆਪ ਸਮਝਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਪਹਿਚਾਨ, ਗੁਰਮੁਖ ਗੁਰਸਿਖ ਦਏ ਵਡਿਆਈਆ । ਅੰਤ ਲਹਿਣਾ ਚੁਕਾਏ ਆਣ, ਬੇਅੰਤ ਆਪਣਾ ਫੇਰਾ ਪਾਈਆ । ਸਭ ਦੀ ਚਿਖਾ ਦਾ ਬਾਲਣ ਪਾੜੇ ਤਰਖ਼ਾਣ, ਬਿਨ ਤਰਖ਼ਾਣ ਕੁਹਾੜਾ ਹੱਥ ਨਾ ਕੋਈ ਉਠਾਈਆ । ਕੀ ਹੋਇਆ ਜੇ ਲਾਲੋ ਇਹਨਾਂ ਨਾਲੋਂ ਬਾਲ, ਲਾਲਾ ਭੁੱਲ ਕਦੇ ਨਾ ਜਾਈਆ । ਇਹ ਓਸੇ ਦਾ ਹਾਣ ਪਰਵਾਨ, ਜੋ ਸੰਗੀ ਸਾਥੀ ਇਕੱਠੇ ਕੀਤੇ ਦਰ ਆ ਕੇ ਦਰਸ਼ਨ ਪਾਈਆ । ਜਿਨ੍ਹਾਂ ਦਾ ਨਾਨਕ ਬਣਿਆ ਮਹਿਮਾਨ, ਤਿਨ੍ਹਾਂ ਦਾ ਮਹਿਬੂਬ ਲੇਖਾ ਰਿਹਾ ਮੁਕਾਈਆ । ਗ਼ਰੀਬਾਂ ਵਿਚ ਗ਼ਰੀਬ ਪਹਿਚਾਨ, ਨੀਚਾਂ ਵਿਚੋਂ ਨੀਚ ਕਰ ਪਰਵਾਨ, ਦਹਿਲੀਜਾਂ ਵਿਚੋਂ ਲੰਘ ਆਪ ਭਗਵਾਨ, ਰੀਝਾਂ ਗੁਰਮੁਖਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸੇ ਨਜ਼ਰ ਨਾ ਆਵੇ ਲਾਇਆਂ ਨੀਝਾਂ, ਕਾਗ਼ਜ਼ਾਂ ਪੱਤਰਾਂ ਅੱਖਰਾਂ ਵਿਚੋਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਹੋ ਕੇ ਆਪ ਪਤੀਜਾ, ਚਾਚੇ ਭਤੀਜੇ ਸਾਰੇ ਰਿਹਾ ਤਰਾਈਆ ।

★ ੯ ਮਾਘ ੨੦੨੦ ਬਿਕਰਮੀ ਪੂਰਨ ਸਿੰਘ ਖੜਕ ਸਿੰਘ ਦੇ ਗ੍ਰਿਹ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਖੇਲ ਵੇਖ ਪੁਰਖ ਸਮਰਥ, ਦੋ ਜਹਾਨ ਲੈਣ ਅੰਗੜਾਈਆ । ਗੁਰ ਅਵਤਾਰ ਰਹੇ ਹੱਸ, ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵਣ ਜਸ, ਸਾਚਾ ਢੋਲਾ ਰਾਗ ਅਲਾਈਆ । ਕਰੋੜ ਤਤੀਸਾ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਤ੍ਰੈਗੁਣ ਮਾਇਆ ਰੋਵੇ ਨੇਤਰ ਅੱਖ, ਹੰਝੂਆਂ ਹਾਰ ਬਣਾਈਆ । ਵੇਖੋ ਮੇਰਾ ਬਲ ਬਣਦਾ ਭੱਠ, ਇਕੀਆਂ ਛੱਡ ਦਿਤੀ ਵਡਿਆਈਆ । ਦਰ ਦਰ ਘਰ ਘਰ ਸਭਨਾ ਰਹੀ ਦੱਸ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਓਹਨਾਂ ਹੋਇਆ ਵਸ, ਜਿਨ੍ਹਾਂ ਸ੍ਰਿਸ਼ਟੀ ਕਹੇ ਮਾਤ ਸ਼ੁਦਾਈਆ । ਅੰਤਰ ਆਤਮ ਦਿਤਾ ਰਸ, ਅੰਮ੍ਰਿਤ ਬੂੰਦ ਸਵਾਂਤ ਪਿਆਈਆ । ਨਿਝ ਨੇਤਰ ਖੋਲ੍ਹ ਅੱਖ, ਰਾਤੀ ਸੁਤਿਆਂ ਦਰਸ ਦਿਖਾਈਆ । ਨਾਮ ਭੰਡਾਰਾ ਖੋਲ੍ਹ ਹੱਟ,

ਸਾਚਾ ਵਣਜ ਰਿਹਾ ਕਰਾਈਆ । ਕਰ ਪਰਕਾਸ਼ ਜੋਤੀ ਲਟ ਲਟ, ਨੂਰੋ ਨੂਰ ਡਗਮਗਾਈਆ । ਸੇਜ ਸੁਹੰਜਣੀ ਕਾਇਆ ਖਾਟ, ਗ੍ਰਿਹਿ ਬੈਠਾ ਡੇਰਾ ਲਾਈਆ । ਜਨਮ ਜਨਮ ਦੀ ਮੇਟ ਵਾਟ, ਪਾਂਧੀ ਆਪਣੇ ਨਾਲ ਮਿਲਾਈਆ । ਦੁਰਮਤ ਮੈਲ ਪਿਛਲੀ ਕਾਟ, ਅੱਗੇ ਆਪਣਾ ਰੰਗ ਰੰਗਾਈਆ । ਮੈਂ ਨਿਮਾਣੀ ਕਰ ਕੇ ਘਾਤ, ਛੁਰੀ ਸੀਸ ਜਗਦੀਸ਼ ਟਿਕਾਈਆ । ਮੈਨੂੰ ਦੇਵੇ ਨਾ ਕੋਈ ਨਿਜਾਤ, ਲੇਖਾ ਪਾਰ ਨਾ ਕੋਈ ਕਰਾਈਆ । ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਰਿਆਂ ਰਹੀ ਆਖ, ਉਚੀ ਹੋਕੇ ਦੇ ਦੇ ਰਾਗ ਅਲਾਈਆ । ਮੇਰੇ ਨੱਕ ਸੁਹਾਗ ਨਾ ਕੋਈ ਬਲਾਕ, ਮੈਂਢੀ ਸੀਸ ਨਾ ਕੋਈ ਗੁੰਦਾਈਆ । ਨਾ ਕੋਈ ਸੱਜਣ ਰਿਹਾ ਸਾਕ, ਸਗਲਾ ਸੰਗ ਨਾ ਕੋਈ ਨਿਭਾਈਆ । ਜੁਗ ਚੌਕੜੀ ਜੋ ਭਾਖਿਆ ਰਹੀ ਭਾਖ, ਸੋ ਹੁਣ ਪੂਰ ਕਰਾਈਆ । ਮੇਰੀ ਕਰਨੀ ਹੁੰਦੀ ਦਿਸੇ ਨਾਸ, ਨਾਸ਼ਤਾ ਸੰਗਤ ਰਹੀ ਬਣਾਈਆ । ਗ਼ਰੀਬ ਨਿਮਾਣੇ ਊਚ ਨੀਚ ਅਕੱਠੇ ਕੀਤੇ ਆਪਣੀ ਰਾਤ, ਰੈਣ ਇਕੋ ਇਕ ਸੁਹਾਈਆ । ਨਿਰਗੁਣ ਸਰਗੁਣ ਵੇਖ ਖੇਲ ਤਮਾਸ਼, ਖ਼ਾਲਕ ਆਪਣਾ ਵੇਸ ਵਟਾਈਆ । ਸਚ ਪਿਆਲਾ ਦੇ ਆਬੇਹਯਾਤ, ਹਜ਼ਰਤ ਮਸਤੀ ਇਕ ਚੜ੍ਹਾਈਆ । ਮੈਂ ਵੇਖ ਕਾਇਨਾਤ, ਦਹਿ ਦਿਸ਼ਾ ਨੈਣ ਸ਼ਰਮਾਈਆ । ਮੇਰੀ ਪੁੱਛੇ ਨਾ ਕੋਈ ਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਰਚਾਈਆ । ਤ੍ਰੈਗੁਣ ਮਾਇਆ ਰਹੀ ਕੂਕ, ਦੋ ਜਹਾਨ ਰਹੀ ਜਣਾਈਆ । ਮੈਂ ਨਿਮਾਣੀ ਦਿਤਾ ਫੂਕ, ਨਾਮ ਫੁਕਾਰਾ ਇਕੋ ਲਾਈਆ । ਮੇਰੇ ਦਰੋਹੀ ਚਾਰੇ ਕੂਟ, ਦਹਿ ਦਿਸ਼ਾ ਧੀਰ ਨਾ ਕੋਈ ਧਰਾਈਆ । ਮੇਰੀ ਕਲਜੁਗ ਚੁੱਕੀ ਚੂਕ, ਚੁਕੰਨੀ ਹੋ ਕੇ ਰਹੀ ਸੁਣਾਈਆ । ਜੁਗ ਚੌਕੜੀ ਜੋ ਸੁੱਤਾ ਰਿਹਾ ਘੂਕ, ਕਲਜੁਗ ਆਪਣਾ ਫੇਰਾ ਪਾਈਆ । ਨੀਚ ਊਚ ਬਣਾ ਕੇ ਆਪਣੇ ਪੂਤ, ਪਿਤਾ ਆਪਣਾ ਨਾਉਂ ਰਖਾਈਆ । ਲੇਖਾ ਚੁਕਾਏ ਕਾਇਆ ਪੰਜ ਤਤ ਭੂਤ, ਭਵਿਖ ਦੱਸੇ ਥਾਉਂ ਥਾਈਂਆ । ਮੇਰੀ ਝੋਲੀ ਪਾਈ ਮੇਰੀ ਕਰਤੂਤ, ਕਰਤਬ ਆਪਣਾ ਦਏ ਜਣਾਈਆ । ਜੁਗ ਚੌਕੜੀ ਮੈਂ ਮਾਰਦੀ ਰਹੀ ਝੂਠ, ਜੂਠ ਝੂਠ ਜੁਗਾਂ ਜੁਗੰਤਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤ੍ਰੈਗੁਣ ਮਾਇਆ ਮਾਰੇ ਧਾਹ, ਧਰਤ ਧਵਲ ਹਿਲਾਈਆ । ਮੈਂ ਵੇਖ ਥੱਕੀ ਜਲ ਅਸਗਾਹ, ਥਲ ਆਪਣਾ ਪੰਧ ਮੁਕਾਈਆ । ਮੇਰੀ ਪਕੜੇ ਨਾ ਕੋਈ ਬਾਂਹ, ਪੀਰ ਪੈਗ਼ੰਬਰ ਬੈਠੇ ਮੁਖ ਭਵਾਈਆ । ਸਿਰ ਦੇਵੇ ਨਾ ਕੋਈ ਠੰਡੀ ਛਾਂ, ਗੁਰ ਅਵਤਾਰ ਉਂਗਲੀ ਕੋਇ ਨਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਹੈਰਾਨ, ਹੈਰਾਨੀ ਸਭ ਦੇ ਸਿਰ ਤੇ ਛਾਈਆ । ਨੇਤਰ ਨੀਰ ਵਿਰੋਲੇ ਅੰਜੀਲ ਕੁਰਾਨ, ਕਾਇਨਾਤ ਭਰਮੇ ਭੁੱਲੀ ਸਰਬ ਲੋਕਾਈਆ । ਬਹੁੜੀ ਦਰੋਹੀ ਖ਼ੁਦਾਏ ਮੇਰਾ ਤੁੱਟਾ ਈਮਾਨ, ਤੋਬਾ ਤੋਬਾ ਕਰ ਕੇ ਰਹੀ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮੈਂ ਬਣੀ ਰਹੀ ਜਵਾਨ, ਜੋਬਨ ਆਪਣਾ ਇਕ ਵਖਾਈਆ । ਸ੍ਰਿਸ਼ਟ ਸਬਾਈ ਸ਼ਰਅ ਵਿਚ ਕੀਤੀ ਸ਼ੈਤਾਨ, ਲਾਸ਼ਰੀਕ ਕੋਲੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਏਕਾ ਹੁਕਮ ਵਰਤਾਈਆ । ਤ੍ਰੈਗੁਣ ਮਾਇਆ ਦੱਸੇ ਹਾਲਤ, ਹਲਤ ਪਲਤ ਰਾਖਾ ਨਜ਼ਰ ਕੋਇ ਨਾ ਆਈਆ । ਬਾਲੀ ਬੁੱਧ ਬਾਲ ਅਨਜਾਣਤ, ਅੰਜਣ ਨੇਤਰ ਨੈਣ ਨਾ ਕੋਇ ਮਟਕਾਈਆ । ਸਾਚੀ ਦਿਸੇ ਨਾ ਕੋਇ ਅਮਾਨਤ, ਵਸਤੂ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ ।

ਆਪਣੀ ਖੇਲ ਕਰੇ ਕਰਤਾਰ, ਤ੍ਰੈਗੁਣ ਮਾਇਆ ਦਏ ਦੁਹਾਈਆ । ਮੇਰਾ ਖੇੜਾ ਭੱਠ ਹੋਇਆ ਭਠਿਆਲ, ਭਾਂਡਾ ਨਜ਼ਰ ਕੋਇ ਨਾ ਆਈਆ । ਪਰਗਟ ਹੋ ਸ੍ਰੀ ਭਗਵਾਨ, ਆਪਣੀ ਦਇਆ ਕਮਾਈਆ । ਜੁਗ ਚੌਕੜੀ ਜੋ ਗੁਰ ਅਵਤਾਰਾਂ ਦੇਂਦਾ ਰਿਹਾ ਦਾਨ, ਸੋ ਦਾਤਾ ਦਾਨੀ ਆਪੇ ਵੇਖ ਵਖਾਈਆ । ਜਿਸ ਚਾਰ ਜੁਗ ਦੇ ਵਿਛੜੇ ਜਨਮ ਕਰਮ ਦੇ ਰੁੱਠੜੇ ਜੀਵ ਇਕੱਠੇ ਕੀਤੇ ਆਣ, ਊਚਾਂ ਨੀਚਾਂ ਏਕਾ ਰੰਗ ਰੰਗਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਸੁਰਤੀ ਸ਼ਬਦ ਮਿਲਾਵੇ ਕਾਹਨ, ਘਰ ਘਨਈਆ ਨਜ਼ਰੀ ਆਈਆ । ਸੀਤਾ ਮੇਲ ਕਰਾਏ ਰਾਮ, ਸ਼ਬਦੀ ਗੁਰ ਬੇਪਰਵਾਹੀਆ । ਸਾਚਾ ਕਲਮਾ ਦਏ ਕਲਾਮ, ਕਾਇਆ ਬੁੱਤ ਸੋਭਾ ਪਾਈਆ । ਸੋ ਸਾਹਿਬ ਵੇਖੇ ਆਣ, ਜਿਸ ਮੇਰੀ ਬਣਤ ਬਣਾਈਆ । ਪਰਗਟ ਹੋਇਆ ਬਣ ਤਰਖਾਣ, ਤਿੱਖਾ ਕੁਹਾੜਾ ਹੱਥ ਰਖਾਈਆ । ਮੋਛੇ ਪਾਏ ਸਭ ਦੇ ਆਣ, ਮੁਸ਼ਕਲ ਹੋਈ ਵਿਚ ਲੋਕਾਈਆ । ਜੁਗ ਚੌਕੜੀ ਜਿਸ ਦੇ ਢੋਲੇ ਗਾਣ, ਗਹਿਰ ਗੰਭੀਰ ਨਾਉਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤ੍ਰੈਗੁਣ ਮਾਇਆ ਕਹੇ ਮੈਂ ਭੁੱਲੀ ਪ੍ਰਭ ਦੇ ਚੋਜ, ਚੋਜੀ ਆਪਣਾ ਖੇਲ ਰਚਾਈਆ । ਜੁਗ ਚੌਕੜੀ ਜਿਸ ਸਿਧ ਕੀਤੇ ਛੱਤੀ ਭੋਜ, ਭੋਜਨ ਆਪਣੇ ਰੰਗ ਰੰਗਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਜਿਸ ਦੀ ਸੋਚਦੇ ਰਹੇ ਸੋਚ, ਸੋਚ ਸਮਝ ਨਾ ਕੋਇ ਵਡਿਆਈਆ । ਸੋ ਸਾਹਿਬ ਸਤਿਗੁਰ ਨਿਰਗੁਣ ਹੋ ਕੇ ਗਿਆ ਪਹੁੰਚ, ਬਲ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਖੇਲ ਵਖਾਏ ਤ੍ਰੈਗੁਣ ਅਤੀਤਾ, ਤਰ੍ਹਾ ਤਰ੍ਹਾ ਸਮਝਾਈਆ । ਜਿਸ ਤਪਾਇਆ ਸਭ ਦਾ ਅੰਗੀਠਾ, ਸੋ ਅਗਲਾ ਲੇਖਾ ਰਿਹਾ ਸਮਝਾਈਆ । ਜਿਸ ਦਾ ਭੇਵ ਊਚਾ ਨੀਚਾ, ਘਟ ਘਟ ਡੇਰਾ ਲਾਈਆ । ਜਿਸ ਦਾ ਮਾਰਗ ਸਦਾ ਸੀਧਾ, ਘਰ ਸਾਚਾ ਇਕ ਦਰਸਾਈਆ । ਜਿਸ ਦਾ ਆਦਿ ਜੁਗਾਦਿ ਖਾਧਾ ਪੀਤਾ, ਨਿਤ ਨਵਿਤ ਰਿਹਾ ਵਰਤਾਈਆ । ਸੋ ਸਾਹਿਬ ਖੇਲ ਕਰੇ ਅਨਡੀਠਾ, ਅਣਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਰਾਈਆ । ਤ੍ਰੈਗੁਣ ਕਹੇ ਕਰਨੀ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਜਨ ਭਗਤਾਂ ਦੇਵੇ ਇਕ ਆਹਾਰ, ਸਾਚਾ ਭੋਜਨ ਨਾਮ ਵਡਿਆਈਆ । ਸੇਵਾ ਕਰ ਸਚ ਨਿਰੰਕਾਰ, ਸਾਚੀ ਭੱਠੀ ਦਏ ਤਪਾਈਆ । ਵੇਖੇ ਵਿਗਸੇ ਵੇਖਣਹਾਰ, ਦੂਜਾ ਨਜ਼ਰ ਕੋਇ ਨਾ ਆਈਆ । ਵਿਸ਼ਨੂੰ ਵੇਖ ਹੋਏ ਹੈਰਾਨ, ਨੇਤਰ ਨੈਣ ਨੈਣ ਖੁਲ੍ਹਾਈਆ । ਕੋਟਨ ਵਸਤ ਪ੍ਰਭ ਵਿਚ ਦੇਵੇ ਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਵਿਸ਼ਨੂੰ ਕਹੇ ਭੰਡਾਰਾ ਕਿਹੜਾ, ਕੀ ਕੀ ਜਣਾਈਆ । ਬ੍ਰਹਮਾ ਕਹੇ ਵਿਹੜਾ ਕਿਹੜਾ, ਜਿਸ ਗ੍ਰਿਹਿ ਮਿਲੀ ਵਡਿਆਈਆ । ਸ਼ੰਕਰ ਕਹੇ ਉਹ ਸੇਵਕ ਕਿਹੜਾ, ਜਿਸ ਸੱਚੀ ਸੇਵ ਲਗਾਈਆ । ਤ੍ਰੈਗੁਣ ਮਾਇਆ ਕਹੇ ਜਿਸ ਮੇਰਾ ਢਾਹਿਆ ਡੇਰਾ, ਮਿਟੀ ਖ਼ਾਕ ਮਿਲਾਈਆ । ਉਹ ਸਾਹਿਬ ਸਤਿਗੁਰ ਸ਼ੇਰਾ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਮਿਹਰਾਂ, ਤਿਨ੍ਹਾਂ ਮੇਲਾ ਸਹਿਜ ਸੁਭਾਈਆ । ਸੋ ਸੋਹਣਾ ਲੱਗੇ ਖੇੜਾ, ਜਿਸ ਖੇੜੇ ਆਪਣੀ ਸੇਵ ਕਮਾਈਆ । ਸੋ ਭਾਗਾਂ ਭਰਿਆ ਵਿਹੜਾ, ਜਿਸ ਘਰ ਮੰਗਲਾਚਾਰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਵਿਸ਼ਨੂੰ ਵੇਖਿਆ ਮਾਰ ਧਿਆਨ, ਚਾਰ ਕੁੰਟ ਅੱਖ ਖੁਲ੍ਹਾਈਆ । ਖ਼ੁਸ਼ੀ ਹੋਇਆ ਵੇਖ ਪੱਕਾ ਪਕਵਾਨ, ਬ੍ਰਹਮੇ ਰਿਹਾ ਜਣਾਈਆ । ਉਠ ਬ੍ਰਹਮੇ ਕਰ ਪਹਿਚਾਨ, ਨਿਰਗੁਣ ਆਪਣੀ ਧਾਰ ਚਲਾਈਆ । ਬ੍ਰਹਮਾ ਕਹੇ ਮੈਂ ਵੇਖੀ ਰਿੱਧੀ ਦਾਲ, ਜਿਸ ਵਿਚ ਦਲਿਦਰੀ ਆਪਣਾ ਦਲਿਦਰ ਰਹੇ ਸੁਟਾਈਆ । ਸ਼ੰਕਰ ਸੁਣ ਲੈ ਨਾਲ ਕਾਨ, ਬ੍ਰਹਮਾ ਰਿਹਾ ਸਮਝਾਈਆ । ਸ਼ੰਕਰ ਕਹੇ ਮੈਂ ਉਨ੍ਹਾਂ ਬਣਨਾ ਅੱਜ ਮਹਿਮਾਨ, ਜੋ ਸਚ ਭੰਡਾਰਾ ਰਹੇ ਵਖਾਈਆ । ਬ੍ਰਹਮਾ ਕਹੇ ਮੈਂ ਵੀ ਚਲਾਂ ਨਾਲ, ਹੌਲੀ ਹੌਲੀ ਪੰਧ ਮੁਕਾਈਆ । ਵਿਸ਼ਨੂੰ ਕਹੇ ਮੈਨੂੰ ਲਓ ਉਠਾਲ, ਬਾਸ਼ਕ ਸੇਜਾ ਮੋਹੇ ਨਾ ਕੋਇ ਭਾਈਆ । ਜਿਸ ਘਰ ਵਸੇ ਸ੍ਰੀ ਭਗਵਾਨ, ਉਸ ਘਰ ਜਾਈਏ ਚਾਈਂ ਚਾਈਂਆ । ਧੁਰ ਦੀ ਸੁਣੀ ਆਈ ਆਵਾਜ਼, ਧੁਨ ਇਕੋ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਵੇਖੋ ਤਿਨ੍ਹਾਂ ਨਿਮਾਣਿਆਂ ਬਣਿਆ ਇਕ ਕਾਜ, ਕਰਨੀ ਕਰਤਾ ਆਪ ਕਮਾਈਆ । ਪਰਮ ਪੁਰਖ ਦਾ ਸੋਹਣਾ ਵੇਖੋ ਸਮਾਜ, ਜਿਸ ਦੀ ਸਮਗਰੀ ਆਪਣੇ ਵਿਚ ਪਰਗਟਾਈਆ । ਜਿਸ ਦੇ ਬੇੜੇ ਉਤੇ ਤੁਸੀਂ ਚੜ੍ਹੋ ਜਹਾਜ਼, ਸੋ ਖੇਵਟ ਖੇਟਾ ਇਕੋ ਇਕ ਅਖਵਾਈਆ । ਅਗਲਾ ਪਿਛਲਾ ਵੇਖੋ ਖੁਲ੍ਹਦਾ ਰਾਜ਼, ਰਾਜਕ ਰਹੀਮ ਆਪ ਖੁਲ੍ਹਾਈਆ । ਗ਼ਰੀਬ ਨਿਮਾਣਾ ਹੋਵੇ ਨਾ ਕਿਸੇ ਮੋਹਤਾਜ, ਸਹਿਮਤ ਆਪਣੇ ਨਾਲ ਰਖਾਈਆ । ਸਤਿਜੁਗ ਚਲੇ ਸਤਿ ਰਿਵਾਜ, ਸਤਿ ਸਤਿਵਾਦੀ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਵਿਸ਼ਨੂੰ ਕਹੇ ਮੈਂ ਵੇਖੀ ਦਾਲ ਰਿੱਧੀ, ਰਿਧ ਸਿਧ ਕੋਲ ਬੈਠੀ ਸੇਵ ਕਮਾਈਆ । ਬ੍ਰਹਮਾ ਕਹੇ ਪ੍ਰਭ ਦੀ ਅਚਰਜ ਵਿਧੀ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕਿਸੇ ਨਾ ਆਈਆ । ਸ਼ੰਕਰ ਕਹੇ ਉਹਦੀ ਖੇਲ ਬੜੀ ਸਿਧੀ, ਸਿਧੀ ਤਰ੍ਹਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਹੇ ਵੇਖੋ ਖੇਲ ਤਮਾਸ਼ਾ, ਮੈਂ ਸਚ ਸੱਚ ਜਣਾਈਆ । ਜਿਸ ਘਰ ਖੁਸ਼ੀਆਂ ਨਾਲ ਗੁੱਝਾ ਆਟਾ, ਪਾਣੀ ਪ੍ਰੇਮ ਪਿਆਰ ਮਿਲਾਈਆ । ਸੋਹਣੀ ਕਨਾਲੀ ਸੋਹਵੇ ਬਾਟਾ, ਪੁਰਖ ਅਬਿਨਾਸ਼ੀ ਦਏ ਵਡਿਆਈਆ । ਵਿਸ਼ਨੂੰ ਹੱਸ ਕੇ ਕਹੇ ਮੈਂ ਪੂਰਾ ਕਰਾਂ ਘਾਟਾ, ਅੱਗੇ ਵਾਸਤੇ ਨੇੜੇ ਹੋ ਕੇ ਸੇਵ ਕਮਾਈਆ । ਪਿਛਲਾ ਪੂਰਾ ਕਰਾਂ ਖਾਤਾ, ਲੇਖਾ ਹੱਥੋ ਹੱਥ ਮੁਕਾਈਆ । ਬ੍ਰਹਮਾ ਕਹੇ ਮੈਨੂੰ ਸੋਹਣਾ ਲੱਗੇ ਅਹਾਤਾ, ਜਿਸ ਘਰ ਹਤਿਆਰਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਮੈਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਆਂ ਸੁਣਦਾ ਰਿਹਾ ਬਾਤਾਂ, ਜੋ ਕਲਮ ਛਾਹੀ ਨਾਲ ਕਾਗ਼ਜ਼ਾਂ ਉਤੇ ਲਿਖਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਵੇਖਿਆ ਸਾਖਿਆਤਾ, ਸੱਚਮੁੱਚ ਉਹੀ ਨਜ਼ਰੀ ਆਈਆ । ਜਿਸ ਦੀ ਜਾਤ ਨਾ ਕੋਈ ਪਾਤਾ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਜਨ ਭਗਤਾਂ ਦੇਵੇ ਖੁਲ੍ਹੀਆਂ ਦਾਤਾਂ, ਨਾਮ ਭੰਡਾਰਾ ਇਕ ਵਰਤਾਈਆ । ਲੋਕੀ ਵੇਖਣ ਅੰਧੇਰੀਆਂ ਰਾਤਾਂ, ਗੁਰਮੁਖ ਖ਼ੁਸ਼ੀਆਂ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਚਲਾਈਆ । ਦਾਲ ਕਹੇ ਮੇਰਾ ਵੇਖੋ ਦਾਣਾ, ਦਾਨਸ਼ਮੰਦੀ ਇਕ ਸਮਝਾਈਆ । ਜਿਸ ਰਚਿਆ ਖੇਲ ਦੋ ਜਹਾਨਾਂ, ਸੋ ਦੋਹਰਾ ਕੜਛਾ ਰਿਹਾ ਫਿਰਾਈਆ । ਜਿਸ ਪਾਣੀ ਨਾਲ ਮਿਲਾ ਕੇ ਮੈਨੂੰ ਦਿਤਾ ਮਾਣਾ, ਸਿਰ ਮੇਰੇ ਹੱਥ ਟਿਕਾਈਆ । ਹਲਦੀ ਲੂਣ ਮਿਰਚ ਕਰ ਪਰਵਾਨਾ, ਫ਼ਰਮਾਣਾ ਆਪਣਾ ਇਕ ਸੁਣਾਈਆ । ਗ਼ਰੀਬ ਨਿਮਾਣਿਆਂ ਵਿਚੋਂ ਉਤਮ ਨਿਕਲਿਆ ਇਕੋ ਖਾਣਾ, ਜਿਸ ਨੂੰ ਖਾ ਖਾ ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ

ਮਨਾਈਆ । ਛੱਤੀ ਭੋਜਨ ਮਿਲੇ ਨਾ ਕੋਈ ਟਿਕਾਣਾ, ਜਿਸ ਭਗਵਾਨ ਭੋਗ ਨਾ ਲਗਾਈਆ । ਸੋ ਰਿੱਧਾ ਪੱਕਾ ਪੱਕਾ ਰਿੱਧਾ ਸਿਧਾ ਹੋਇਆ ਪਰਵਾਨਾ, ਦੂਸਰ ਅੱਗੇ ਨਾ ਕਿਸੇ ਟਿਕਾਈਆ । ਨਾ ਕੋਈ ਮਸਲਾ ਪੜ੍ਹੇ ਅੰਜੀਲ ਕੁਰਾਨਾ, ਨਾ ਕੋਈ ਓਟ ਰੱਖੇ ਵੇਦ ਪੁਰਾਨਾ, ਨਾ ਕੋਈ ਗੁਰੂ ਗ੍ਰੰਥ ਦਏ ਪਰਵਾਨਾ, ਬਿਨ ਪਰਵਾਨਗੀਉਂ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਸਮੱਗਰੀ ਇਕੋ ਇਕ ਵਰਤਾਈਆ । ਗੁਰ ਅਵਤਾਰ ਇਕੱਠੇ ਹੋ ਕੇ ਆਉਂਦੇ ਨੇ । ਪੀਰ ਪੈਗ਼ੰਬਰ ਨਾਲ ਮਿਲਾਉਂਦੇ ਨੇ । ਦੋਏ ਜੋੜ ਅਰਜ਼ ਸੁਣਾਉਂਦੇ ਨੇ । ਪੱਲੂ ਪਾ ਵਾਸਤਾ ਪਾਉਂਦੇ ਨੇ । ਚਾਰੋਂ ਕੁੰਟ ਨੈਣ ਉਠਾਉਂਦੇ ਨੇ । ਸਚ ਧਿਆਨ ਇਕ ਲਗਾਉਂਦੇ ਨੇ । ਵੇਖ ਪਕਵਾਨ ਖ਼ੁਸ਼ੀ ਮਨਾਉਂਦੇ ਨੇ । ਜਿਸ ਦੀ ਸੇਵਾ ਕਰੇ ਭਗਵਾਨ, ਤਿਸ ਦੀ ਸਿਫ਼ਤ ਸਰਬ ਸਲਾਹੁੰਦੇ ਨੇ । ਅੰਤਮ ਅੱਖੀਂ ਵੇਖਿਆ ਆਣ, ਪਿਛਲਾ ਲਿਖਿਆ ਲੇਖ ਵਰਕਾ ਉਲਟਾਉਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਫ਼ਰਮਾਨਾ, ਦਰ ਤੇਰੇ ਮੰਗ ਮੰਗਾਉਂਦੇ ਨੇ । ਦੇ ਵਰ ਕਰਤਾਰ, ਤੇਰੇ ਅੱਗੇ ਇਕ ਅਰਜੋਈਆ । ਵੇਖ ਕੇ ਆਏ ਤੇਰਾ ਭੰਡਾਰ, ਜਿਸ ਵਿਚ ਤੂੰਹੀ ਨਜ਼ਰੀ ਆਈਆ । ਸ੍ਰੀ ਭਗਵਾਨ ਬੋਲ ਕਿਹਾ ਲਲਕਾਰ, ਇਕੋ ਵਾਰ ਸੁਣਾਈਆ । ਇਹ ਮੇਰੇ ਭਗਤਾਂ ਦਾ ਵਿਹਾਰ, ਮੈਂ ਸੇਵਕ ਨਜ਼ਰੀ ਆਈਆ । ਮੈਨੂੰ ਆਦਿ ਜੁਗਾਦਿ ਜੁਗ ਚੌਕੜੀ ਜੋਤ ਅਕਾਲਣ ਸਭ ਨੇ ਕਿਹਾ ਨਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਮੈਂ ਹੱਥਾਂ ਨਾਲ ਸੇਵਾ ਕਰਾਂ ਬਣ ਸੇਵਾਦਾਰ, ਭਾਂਡੇ ਬਰਤਨ ਮਾਂਜ ਵਖਾਈਆ । ਮੇਰੇ ਖਾਣ ਵਿਰਲੇ ਗੁਰਮੁਖ ਸੱਚੇ ਸਰਦਾਰ, ਜਿਨ੍ਹਾਂ ਦੇਵਾਂ ਮਾਣ ਵਡਿਆਈਆ । ਜੇ ਮੈਨੂੰ ਝੀਵਰ ਨਾਈ ਕਹੋ ਮੈਂ ਖ਼ੁਸ਼ੀਆਂ ਨਾਲ ਬਣਾ ਕੇ ਗੱਲ ਵਿਚ ਪਾਵਾਂ ਹਾਰ, ਦੇਵਾਂ ਦੋ ਜਹਾਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਸੀਸ ਨਿਵਾਉਂਦੇ ਨੇ । ਢਹਿ ਢਹਿ ਕੇ ਭੁੱਲ ਬਖ਼ਸ਼ਾਉਂਦੇ ਨੇ । ਦੋਏ ਜੋੜ ਵਾਸਤਾ ਪਾਉਂਦੇ ਨੇ । ਧੰਨ ਭਾਗ ਪ੍ਰਭ ਜੋ ਤੇਰੀ ਕਿਰਪਾ ਨਾਲ ਦਰ ਤੇਰੇ ਆਉਂਦੇ ਨੇ । ਜੁਗ ਚੌਕੜੀ ਜੋ ਦਿਤੇ ਵਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਤੇਰੇ ਕੋਲੋਂ ਮੰਗ ਮੰਗਾਉਂਦੇ ਨੇ । ਸ੍ਰੀ ਭਗਵਾਨ ਇਕ ਅਲਾਉਂਦਾ ਏ । ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਉਜਲ ਆਪਣਾ ਰਾਹ ਚਲਾਉਂਦਾ ਏ । ਲੇਹਜ਼ ਫ਼ੇਹਜ਼ ਵਕਤ ਮੁਕਾਉਂਦਾ ਏ । ਭੱਖ ਭੋਜ ਡੇਰਾ ਢਾਹੁੰਦਾ ਏ । ਧੁਰ ਦਾ ਅਰਦਾਸਾ ਇਕੋ ਸੋਧ, ਸ਼ੁਧ ਸਭ ਨੂੰ ਆਪ ਕਰਾਉਂਦਾ ਏ । ਵਿਸ਼ਨੂੰ ਵੇਖ ਆਪਣਾ ਰਿਜ਼ਕ ਰੋਜ, ਰੋਜੀ ਤੇਰੇ ਹੱਥ ਫੜਾਉਂਦਾ ਏ । ਜੋ ਮੇਰੇ ਦਰਸ਼ਨ ਨੂੰ ਰਹੇ ਲੋਚ, ਤਿਨ੍ਹਾਂ ਦਵਾਰੇ ਤੁਹਾਨੂੰ ਖ਼ਾਕ ਰਲਾਉਂਦਾ ਏ । ਇਹ ਉਹ ਦਵਾਰਾ ਸੱਚਾ ਕੋਟ, ਜੋ ਸਚਖੰਡ ਨਜ਼ਰ ਕਿਸੇ ਨਾ ਆਉਂਦਾ ਏ । ਸ਼ਬਦ ਅਗੰਮੀ ਵੱਜੇ ਚੋਟ, ਪੁਰਖ ਅਕਾਲ ਆਪ ਲਗਾਉਂਦਾ ਏ । ਏਥੇ ਭੰਡਾਰਾ ਪੱਕਾ ਬਹੁਤ, ਆਦਿ ਜੁਗਾਦਿ ਨਾ ਕੋਇ ਮੁਕਾਉਂਦਾ ਏ । ਇਹ ਸਤਿਜੁਗ ਚਲੇ ਰੌਂਸ, ਰੁਸਿਆਂ ਫੇਰ ਨਾਲ ਮਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਉਂਦਾ ਏ । ਸਾਚੀ ਸਿਖਿਆ ਇਕ ਦ੍ਰਿੜਾਈ ਏ । ਪ੍ਰਭ ਏਕਾ ਧਾਰ ਸਮਝਾਈ ਏ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈ ਏ । ਗੁਰ ਅਵਤਾਰ ਖ਼ੁਸ਼ੀ ਮਨਾਈ ਏ । ਪੀਰ ਪੈਗ਼ੰਬਰ ਰਹੇ ਜਸ ਗਾਈ ਏ । ਪ੍ਰਭ ਦੱਸ ਉਹ ਵੇਲਾ ਕਿਹੜਾ, ਜਿਸ ਵੇਲੇ ਬਹਿ ਕੇ ਤੇਰਾ ਭੋਜਨ

ਖਾਈ ਏ । ਸ੍ਰੀ ਭਗਵਾਨ ਕਹੇ ਜਿਥੇ ਮੇਰੇ ਭਗਤਾਂ ਡੇਰਾ, ਤਿਸ ਥਾਨ ਮਿਲੇ ਵਡਿਆਈ ਏ । ਓਥੇ ਜਾ ਕੇ ਬਹਿ ਕੇ ਮੰਗੋ ਪ੍ਰਭ ਦੇਵਣਹਾਰ ਬਥੇਰਾ, ਦੇਂਦਿਆਂ ਤੋਟ ਰਹੇ ਨਾ ਰਾਈ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਸਮਝਾਈ ਏ । ਸੁਣ ਕੇ ਸੰਗਤ ਬਣ ਗਈ ਪੰਗਤ, ਬਹਿ ਬਹਿ ਰਹੇ ਖਾਈਆ । ਨਾਲੇ ਵੇਖਣ ਹਰਿ ਦੀ ਸੰਗਤ, ਖ਼ੁਸ਼ੀਆਂ ਰਾਗ ਅਲਾਈਆ । ਸੁਣ ਗਿਆਨ ਬੋਧ ਅਗਾਧੇ ਕੋਲੋਂ ਪੰਡਤ, ਜੋ ਧੁਰ ਦੀ ਕਰੇ ਪੜ੍ਹਾਈਆ । ਜਿਸ ਖੇਲ ਰਚਾਇਆ ਜੇਰਜ ਅੰਡਜ, ਉਤਭੁਜ ਸੇਤਜ ਦਏ ਵਡਿਆਈਆ । ਅੱਜ ਉਸ ਦਵਾਰਿਉਂ ਆਏ ਮੰਗਤ, ਘਰ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਚੀ ਵਸਤ ਦੇ ਵਰਤਾਈਆ । ਸਾਹਿਬ ਸਤਿਗੁਰ ਵੇਖ ਖ਼ੁਸ਼ੀ ਮਨਾਉਣਗੇ । ਗੁਰ ਅਵਤਾਰੋ ਪੀਰ ਪੈਗ਼ੰਬਰੋ, ਮੇਰੇ ਭਗਤ ਆਪ ਵਰਤਾਉਣਗੇ । ਗਰਧਾਰਾ ਬਖ਼ਸ਼ੀਸ਼ ਹੱਥ ਕੜਛੇ ਆਪ ਉਠਾਉਣਗੇ । ਪਾਲ ਮੱਸਾ ਨਾਲ ਰਲਾਉਣਗੇ । ਕਾਸ਼ੀ ਹੱਟਾ ਇਕ ਚਲਾਉਣਗੇ । ਇੰਦਰ ਫ਼ਨਿੰਦਰ ਜਿਸ ਦਰ ਤੋਂ ਖਾਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭੰਡਾਰਾ ਇਕ ਵਰਤਾਉਣਗੇ । ਗੁਰ ਅਵਤਾਰ ਕਹਿਣ ਅਸੀਂ ਖਾਵਾਂਗੇ । ਖ਼ੁਸ਼ੀਆਂ ਨਾਲ ਗੀਤ ਅਲਾਵਾਂਗੇ । ਸਾਚੀ ਰੀਤ ਆਪਣੀ ਝੋਲੀ ਪਾਵਾਂਗੇ । ਜਿਸ ਘਰ ਵਸਣ ਊਚ ਨੀਚ, ਉਸ ਦਰ ਬਹਿ ਕੇ ਸੀਸ ਨਿਵਾਵਾਂਗੇ । ਸਾਡਾ ਪਿਛਲਾ ਲੇਖਾ ਮੁਕਿਆ ਪੂਰਾ ਕੀਤਾ ਠੀਕ, ਠੀਕਰ ਕੂੜਾ ਭੰਨ ਵਖਾਵਾਂਗੇ । ਜੁਗ ਚੌਕੜੀ ਪਿਛੋਂ ਆਈ ਉਹ ਤਾਰੀਖ਼, ਜਿਸ ਤਾਰੀਖ ਦਾ ਸੁਣਿਆ ਹਾਲ ਸੁਣਾਵਾਂਗੇ । ਦਰ ਸੁਆਲੀ ਬਣ ਕੇ ਮੰਗੀਏ ਭੀਖ, ਭਿਛਿਆ ਆਪਣੀ ਝੋਲੀ ਪਾਵਾਂਗੇ । ਏਥੇ ਓਥੇ ਰਹੇਂ ਅਤੀਤ, ਪ੍ਰਭੂ ਤੇਰਾ ਜਸ ਗਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਘਰ ਤੇਰਾ ਮੰਗਣ ਆਵਾਂਗੇ । ਤੇਰੇ ਭਗਤ ਸਭ ਕੁੱਛ ਵਰਤਾਉਣਗੇ । ਫੜ ਬਾਹੋਂ ਮੈਨੂੰ ਨਾਲ ਰਲਾਉਣਗੇ । ਹੁਕਮੇ ਅੰਦਰ ਚਾਰੋਂ ਕੁੰਟ ਭਵਾਉਣਗੇ । ਜੇ ਕੋਈ ਲੱਭੇ ਜਾ ਕੇ ਕਿਸੇ ਮੰਦਰ, ਮੰਦਰ ਵੜ ਕੇ ਫੇਰ ਪਛਤਾਉਣਗੇ । ਜੇ ਕੋਈ ਵੇਖੇ ਆ ਕੇ ਅੰਦਰ, ਨਿਰਗੁਣ ਨੂਰ ਜਹੂਰ ਰੁਸ਼ਨਾਉਣਗੇ । ਮੇਰਾ ਇਕੋ ਘਰ ਮੰਗਲ, ਜਿਸ ਘਰ ਭਗਤ ਨਜ਼ਰੀ ਆਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਸਭ ਦੀ ਝੋਲੀ ਪਾਉਣਗੇ । ਮੈਨੂੰ ਗੁਰਮੁਖਾਂ ਨਾਲ ਰਲਾਉਣਾ ਏ । ਸਾਚੀ ਸੇਵਾ ਵਿਚ ਲਗੌਣਾ ਏ । ਕਮਲਾ ਰਮਲਾ ਜਗਤ ਬਣੌਣਾ ਏ । ਜਿਸ ਦੇ ਅੰਦਰ ਸੋਹਣਾ ਬੰਗਲਾ, ਮਹਲ ਅਟੱਲ ਇਕ ਸੁਹੌਣਾ ਏ । ਜਿਸ ਦੇ ਚਾਰੋਂ ਕੁੰਟ ਪੰਜ ਤਤ ਜੰਗਲਾ, ਦੂਰੋਂ ਨਜ਼ਰ ਕਿਸੇ ਨਾ ਔਣਾ ਏ । ਕੀ ਹੋਇਆ ਜੇ ਸੁਦਾਮੇ ਚੱਬੇ ਤੰਦਲਾ, ਬਿਨ ਤੰਦਲ ਚਬਿਆਂ ਪਾਰ ਕਰੌਣਾ ਏ । ਚੜ੍ਹਾ ਕੇ ਧੁਰ ਦੀ ਆਪਣੀ ਮੰਜ਼ਲਾ, ਜਿਸ ਮੰਜ਼ਲ ਆਪਣਾ ਡੇਰਾ ਲਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਕਵਾਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਨ ਭਗਤਾਂ ਨਾਲ ਮਿਲ ਕੇ, ਆਪ ਖਵੌਣਾ ਏ । ਵਿਸ਼ਨੂੰ ਕਹੇ ਏਥੇ ਕੀ ਕੁੱਛ ਖਾਵਾਂਗੇ । ਬ੍ਰਹਮਾ ਕਹੇ ਖਾ ਖਾ ਥੱਕੀਏ, ਥੱਕ ਥੱਕ ਕੇ ਅੰਤ ਪਛਤਾਵਾਂਗੇ । ਸ਼ੰਕਰ ਕਹੇ ਬੇਅੰਤ ਬੇਅੰਤ ਕਹਿ ਕੇ ਸ਼ੁਕਰ ਮਨਾਵਾਂਗੇ । ਗੁਰ ਅਵਤਾਰ ਕਹਿਣ ਦੋ ਜਹਾਨ ਤਜ ਕੇ, ਘਰ ਸਾਚੇ ਖ਼ੁਸ਼ੀ ਮਨਾਵਾਂਗੇ । ਪੀਰ ਪੈਗ਼ੰਬਰ ਕਹਿਣ ਦਰਸ਼ਨ ਕਰੀਏ ਰੱਜ ਕੇ, ਜਿਸ ਦਰਸ਼ਨ ਡਿਠਿਆਂ ਆਪਣਾ ਆਪ ਮਿਟਾਵਾਂਗੇ । ਨਾਨਕ ਨਿਰਗੁਣ

ਕਹੇ ਨਹੀਂ ਹਰਿਸੰਗਤ ਵਿਚ ਸਜ ਕੇ, ਭੋਜਨ ਗੁਰਮੁਖਾਂ ਰਲ ਕੇ ਖਾਵਾਂਗੇ । ਗੋਬਿੰਦ ਕਹੇ ਜੈਕਾਰਾ ਬੋਲੀਏ ਗੱਜ ਕੇ, ਪੁਰਖ ਅਕਾਲ ਸ਼ੁਕਰ ਮਨਾਵਾਂਗੇ । ਜਿਸ ਨੂੰ ਪਿਛੇ ਆਏ ਛੱਡ ਕੇ, ਓਸ ਦਾ ਦਰਸ਼ਨ ਲੋਕਮਾਤ ਪਾਵਾਂਗੇ । ਅੱਜ ਏਥੋਂ ਜਾਈਏ ਰੱਜ ਕੇ, ਨੌ ਸੌ ਚੁਰਾਨਵੇਂ ਚੌਕੜੀ ਜੁਗ ਫਿਰ ਖਾਣ ਕਦੀ ਨਾ ਆਵਾਂਗੇ । ਜਨ ਭਗਤਾਂ ਨਾਲ ਜਾਈਏ ਹੱਸ ਕੇ, ਹੱਸ ਹੱਸ ਆਪਣੀ ਖ਼ੁਸ਼ੀ ਮਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪਣੀ ਝੋਲੀ ਪਾਵਾਂਗੇ । ਵਿਸ਼ਨੂੰ ਕਹੇ ਕੀ ਵਰਤਾਰ ਵਰਤਾਏਗਾ । ਬ੍ਰਹਮਾ ਕਹੇ ਭੁੱਖੇ ਨੰਗਿਆਂ ਭੰਡਾਰ ਭਰਾਏਗਾ । ਸ਼ੰਕਰ ਕਹੇ ਦਾਤਾਰ ਆਪਣੀ ਦਇਆ ਕਮਾਏਗਾ । ਗੁਰ ਅਵਤਾਰ ਕਹੇ ਸਾਡਾ ਲੇਖਾ ਮੂਲ ਚੁਕਾਏਗਾ । ਪੀਰ ਪੈਗ਼ੰਬਰ ਕਹੇ ਸਾਡੀ ਨਿਆਜ ਨਾ ਕੋਈ ਚੜ੍ਹਾਏਗਾ । ਭਗਤ ਭਗਵਾਨ ਮਿਲ ਕੇ ਰਿੱਧਾ ਪੱਕਾ, ਬਹਿ ਕੇ ਇਕੱਠਾ ਖਾਏਗਾ । ਆਦਿ ਜੁਗਾਦਿ ਜੁਗ ਚੌਕੜੀ ਦਾ ਬਚਨ ਕਰ ਕੇ ਸੱਚਾ, ਸਾਚੀ ਆਪਣੀ ਧਾਰ ਰਖਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਜੋ ਧਾਗਾ ਰਹਿ ਗਿਆ ਕੱਚਾ, ਅੰਤਮ ਆਪਣੀ ਗੰਢ ਦਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਵਿਚਾਰ, ਮਤਾ ਮਤੇ ਨਾਲ ਪਕਾਈਆ । ਅਸੀਂ ਕਹਿੰਦੇ ਰਹੇ ਨਰ ਨਿਰੰਕਾਰ, ਨਿਰਗੁਣ ਨੂਰ ਖ਼ੁਦਾਈਆ । ਜੋਤੀ ਦੀਪਕ ਜਲਵਾ ਤੱਕਿਆ ਨਾ ਪੁਰਖ ਨਾ ਨਾਰ, ਰੂਪ ਅਨੂਪ ਸਮਝਾਈਆ । ਕਰ ਵੇਸ ਭੇਵ ਖੋਲ੍ਹਿਆ ਕਰਤਾਰ, ਕਰਤਾ ਆਪਣਾ ਪਰਦਾ ਲਾਹੀਆ । ਨਜ਼ਰੀ ਆਇਆ ਨਿਰਗੁਣ ਧਾਰ, ਸਰਗੁਣ ਸੋਭਾ ਪਾਈਆ । ਸਰਗੁਣ ਰੂਪ ਤਤ ਅਕਾਰ, ਤਤਵ ਆਪ ਪਰਗਟਾਈਆ । ਪ੍ਰੀਤੀ ਅੰਦਰ ਦੱਸ ਪਿਆਰ, ਪ੍ਰੇਮੀ ਪ੍ਰੇਮਿਕਾ ਰੂਪ ਵਟਾਈਆ । ਜਨ ਭਗਤਾਂ ਮੇਲੇ ਹੋ ਖਵਾਰ, ਖਵਾਰੀ ਆਪਣੀ ਝੋਲੀ ਪਾਈਆ । ਜੋਤ ਅਕਾਲਣ ਬਣ ਕੇ ਨਾਰ, ਖੁਲੜੇ ਕੇਸ ਫਿਰੇ ਵਾਹੋ ਦਾਹੀਆ । ਜੇ ਕੋਈ ਜੋਬਨ ਵੇਖੇ ਮੁਟਿਆਰ, ਬੁੱਢੀ ਬਾਲੀ ਨਜ਼ਰ ਕਿਸੇ ਨਾ ਆਈਆ । ਜੇ ਸਿਫ਼ਤ ਕਰੋ ਤੇ ਪਰਵਰਦਿਗਾਰ, ਸਲਾਹਾਂ ਵਿਚ ਪਾਰਬ੍ਰਹਮ ਅਖਵਾਈਆ । ਮਲਾਹ ਵਿਚ ਬੇੜਾ ਕਰੇ ਪਾਰ, ਫੜ ਕੇ ਆਪਣੇ ਕੰਧ ਉਠਾਈਆ । ਕਿਰਪਾ ਕਰੇ ਤੇ ਭੁੱਖਿਆਂ ਦਏ ਵਖਾਲ, ਖੁਲ੍ਹੀ ਵਸਤ ਵਰਤਾਈਆ । ਅੱਗੇ ਕਿਸੇ ਦੀ ਕੋਈ ਨਾ ਚਲੇ ਚਾਲ, ਮਜਲਸ ਵਿਚ ਬਹਿ ਕੇ ਗੁਰ ਅਵਤਾਰ, ਪੀਰ ਪੈਗ਼ੰਬਰ ਆਪਣਾ ਹੁਕਮ ਨਾ ਕੋਈ ਵਰਤਾਈਆ । ਸਾਰੇ ਗੁਰਮੁਖ ਹੋਣ ਖ਼ੁਸ਼ਹਾਲ, ਖ਼ੁਸ਼ੀਆਂ ਝੋਲੀ ਆਪ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਣ ਪ੍ਰਿਤਪਾਲ, ਪਾਲਣਾ ਕਰੇ ਥਾਉਂ ਥਾਈਂਆਂ । ਭੋਜਨ ਖਾਦਿਆਂ ਅੱਗੇ ਹੋਵੇ ਨਾ ਕਿਸੇ ਜ਼ਵਾਲ, ਦੇਵੇ ਅੰਤ ਨਾ ਕੋਈ ਸਜਾਈਆ । ਸਭ ਦਾ ਪੂਰਾ ਹੋਇਆ ਹੱਲ ਸਵਾਲ, ਹਲਤ ਪਲਤ ਵਿਚੋਂ ਦੋ ਜਹਾਨ ਪਾਰ ਕਰਾਈਆ । ਧੰਨ ਵਡਿਆਈ ਰਿੱਧੇ ਪੱਕੇ ਪਕਵਾਨ ਦਾਲ ਰੋਟੀ ਛੱਤੀ ਭੋਜਨ ਪਦਾਰਥ, ਅੱਗੇ ਸਵਾਰਥ ਆਪਣੇ ਲੇਖੇ ਲਾਈਆ । ਗੁਰਮੁਖਾਂ ਜਨਮ ਨਾ ਜਾਏ ਅਕਾਰਥ, ਜੋ ਜੋ ਖਾ ਖਾ ਸ਼ੁਕਰ ਮਨਾਈਆ । ਹਰਿਸੰਗਤ ਤੇਰਾ ਇਕੋ ਸੱਚਾ ਪਰਮਾਰਥ, ਜੋ ਆਪਣੇ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਕਸਵਟੀ ਨਾਲ ਲਾ ਕੇ ਬਣਾਏ ਪਾਰਸ, ਕੀਮਤ ਕਰਤਾ ਆਪ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਿਹਰ ਕਰੇ ਮਿਹਰਵਾਨ ਬਿਨ ਸਫ਼ਾਰਸ਼, ਸਭ ਦੀ ਕੀਤੀ ਪਿਛਲੀ ਬੀਤੀ ਅਗਲੀ ਰੀਤੀ ਝੋਲੀ ਪਾਈਆ ।

ਜਿਸ ਵੇਲੇ ਲੰਗਰ ਵਰਤੌਣਗੇ । ਇੱਕੀ ਇੱਕੀ ਇੱਕੀ ਖ਼ੁਸ਼ੀ ਮਨੌਣਗੇ । ਸਿੱਖੀ ਸਿੱਖੀ ਵਿਚ ਰਲ ਕੇ ਸਿੱਖੀ ਰੂਪ ਸਮੌਣਗੇ । ਪੂਰਬ ਲੇਖ ਦੀ ਲਿਖੀ ਤਕਦੀਰ ਮਿਟੌਣਗੇ । ਗੁਰਮੁਖ ਵੇਖ ਮੁਨੀ ਰਿਖੀ, ਰਿਖੀ ਰਿਖੀ ਸਿਧੇ ਸੀਸ ਨਿਵੌਣਗੇ । ਜਨਮ ਮਰਨ ਵਿਚ ਕੋਈ ਨਾ ਹੋਵੇ ਦੁਖੀ, ਦੁਖੀ ਦੁਖ ਦਲਿਦਰ ਡੇਰਾ ਢੌਣਗੇ । ਪ੍ਰਭ ਚਰਨ ਸਚਖੰਡ ਸਾਰੇ ਵਸਣ ਸੁਖੀ, ਸੁਖੀ ਸੁਖੀ ਜੋ ਸਤਿਗੁਰ ਦਰਸ਼ਨ ਪੌਣਗੇ । ਉਜਲ ਹੋਵੇ ਮਾਤ ਮੁਖੀ, ਮੁਖੀ ਮੁਖੀ ਜੋ ਸੋਹੰ ਢੋਲਾ ਗੌਣਗੇ । ਜਨ ਭਗਤਾਂ ਕਹੀ ਰਮਜ਼ ਗੁੱਝੀ, ਗੁੱਝੀ ਗੁੱਝੀ ਆਪਣੀ ਰਮਜ਼ ਲਗੌਣਗੇ । ਜਿਨ੍ਹਾਂ ਬਾਤ ਅਗੰਮ ਦੀ ਸੁਝੀ, ਸੋ ਅਪਣੀ ਸੋਚ ਸਮਝ ਗਵੌਣਗੇ । ਤ੍ਰਿਲੋਕੀ ਅੰਦਰ ਦਾਲ ਰਿਝੀ ਇਕ ਪ੍ਰਭੂ ਦੀ ਕੁਜੀ, ਜਿਸ ਦਾ ਭੇਵ ਦੋ ਜਹਾਨ ਨਾ ਪੌਣਗੇ । ਕੋਈ ਸਮਝ ਨਾ ਸਕੇ ਮਨ ਮਤ ਬੁੱਧੀ, ਗਿਆਨ ਧਿਆਨ ਸਰਬ ਸਰਮੌਣਗੇ । ਹਰਿਸੰਗਤ ਤੇਰੀ ਵਡਿਆਈ ਉਚੀ, ਉਚੇ ਮਿਜ਼ਾਰ ਬਹਿ ਬਹਿ ਹਰਿ ਗੁਣ ਗੌਣਗੇ । ਤੇਰੀ ਆਤਮ ਪਰਮਾਤਮ ਕੀਤੀ ਸੁਚੀ, ਸਚ ਸੁੱਚ ਸੰਜਮ ਵਿਚ ਸਮੌਣਗੇ । ਪੁਰਖ ਅਕਾਲ ਭਾਗ ਲਗਾਏ ਗੋਬਿੰਦ ਨਾਲ ਪੁਤੀ, ਪਿਤਾ ਪੂਤ ਇਕ ਘਰ ਬਹਿ ਕੇ ਦਰ ਸਾਚਾ ਸਚ ਸੁਹੌਣਗੇ । ਇਹ ਕਿਹੜਾ ਮੈਂ ਕੌਣ ਲੁਕੀ, ਓਹਲਾ ਪਰਦਾ ਸਰਬ ਮਿਟੌਣਗੇ । ਜਿਨ੍ਹਾਂ ਦੀ ਸ੍ਰੀ ਭਗਵਾਨ ਕੱਟਣ ਆਇਆ ਬੁੱਤੀ, ਸੋ ਜਜਮਾਨ ਗੁਰਮੁਖ ਅੱਗੋਂ ਖੈਰ ਖਰਾਇਤ ਪ੍ਰਭ ਦੀ ਝੋਲੀ ਪੌਣਗੇ । ਸਭ ਨੂੰ ਅੰਦਰ ਵੜ ਕੇ ਵੇਖਿਆ ਗੁੱਠੀਂ, ਲੁਕ ਕੇ ਮੁਖ ਨਾ ਕੋਈ ਛੁਪੌਣਗੇ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅੱਜ ਖਾ ਜਾਈਏ ਪੂਰੀ ਲੁਚੀ, ਜਿਸ ਦੇ ਕੋਲੋਂ ਕੜਾਹ ਪ੍ਰਸ਼ਾਦਿ ਸਾਰੇ ਸੀਸ ਨਿਵੌਣਗੇ । ਇਸ ਦੀ ਕਲਮ ਮਨੀ ਸਿੰਘ ਚਲਾਈ ਬੜੂਖੀਂ, ਸੋ ਬੂਹੇ ਲੰਘ ਕੇ ਵੇਖ ਖ਼ੁਸ਼ੀ ਮਨੌਣਗੇ । ਜਿਸ ਕਲਾ ਜਗਾਈ ਸੁੱਤੀ, ਤਿਸ ਦੇ ਸੁਤ ਬਣ ਕੇ ਆਪਣੀ ਝੋਲੀ ਡੌਣਗੇ । ਅੱਗੇ ਭੁੱਖਾ ਕਿਸੇ ਦਾ ਰਹਿਣ ਨਾ ਦੇਵੇ ਕਾਗ਼ਜ਼ ਕਲਮ ਛਾਹੀ ਬੁੱਤੀ, ਬੁੱਤਖ਼ਾਨੇ ਸਾਰੇ ਨੇਤਰ ਨੈਣ ਨੀਰ ਵਹੌਣਗੇ । ਜਨ ਭਗਤਾਂ ਦਵਾਰੇ ਬਹਿ ਕੇ ਪ੍ਰੇਮ ਪਿਆਰ ਚੂਰੀ ਸਭ ਨੇ ਕੁੱਟੀ, ਪ੍ਰੇਮ ਰਸ ਆਪਣਾ ਵਿਚ ਰਲਾਉਣਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੇਖੇ ਲਾ ਮੰਧੂਕੜੀ ਰੁੱਖੀ, ਸੰਦੂਕੜੀ ਸਾਚੀ ਸਰਬ ਭਰੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤ ਅਕਾਲਣ ਬਣ ਕੇ ਆਈ ਫਫਨੇ ਕੁੱਟੀ, ਭੇਖ ਪਖੰਡ ਆਪਣੇ ਵਿਚ ਛੁਪਾਈਆ । ਜਗਤ ਪਲਾਲਣ ਕਿਸੇ ਕੋਲੋਂ ਨਾ ਗਈ ਲੁੱਟੀ, ਲੁੱਟ ਲੁੱਟ ਵੇਖੇ ਜਗਤ ਲੋਕਾਈਆ । ਜਨ ਭਗਤਾਂ ਨਾਲ ਮਿਲਾ ਕੇ ਆਪਣੀ ਰੁਚੀ, ਰਚਨਾ ਸਾਚੀ ਰਹੀ ਵਖਾਈਆ । ਭਗਤ ਦਵਾਰੇ ਆ ਕੇ ਗੱਲ ਇਕੋ ਪੁੱਛੀ, ਜੋ ਸਾਹਿਬ ਸਵਾਮੀ ਰਿਹਾ ਸਮਝਾਈਆ । ਗੁਰਮੁਖੋ ਤੁਹਾਡੀ ਵਾਟ ਪਿਛਲੀ ਸਾਰੀ ਮੁੱਕੀ, ਅੱਗੇ ਸਤਿਗੁਰ ਦਏ ਸਫਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਰੇ ਗਾਓ ਉਚੀ, ਜੋ ਨੀਚੋਂ ਊਚ ਰਿਹਾ ਬਣਾਈਆ ।



★ ੧੦ ਮਾਘ ੨੦੨੦ ਬਿਕਰਮੀ ਸੰਤ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਦੋ ਜਹਾਨ ਖ਼ੁਸ਼ੀ ਚੜੀ ਗੱਜ, ਗਰਜ਼ ਸਭ ਦੀ ਪੂਰ ਕਰਾਇੰਦਾ । ਜੁਗ ਚੌਕੜੀ ਮੇਟ ਹੱਦ, ਹੱਦ ਇਕੋ ਇਕ ਸਮਝਾਇੰਦਾ । ਗੁਰ

ਅਵਤਾਰ ਪੀਰ ਪੈਗ਼ੰਬਰ ਆਪਣਾ ਨਾਮ ਸੁਣਾ ਸਦ, ਸੱਦਾ ਆਪਣਾ ਨਾਮ ਸੁਣਾਇੰਦਾ । ਸਾਚੇ ਹੁਜਰੇ ਕਰਾ ਹੱਜ, ਹਜ਼ਰਤ ਇਕੋ ਨੂਰ ਦਰਸਾਇੰਦਾ । ਗੀਤ ਗੋਬਿੰਦ ਗਾਵਣ ਛੰਦ, ਸੋਹਲਾ ਸਚ ਸਚ ਦ੍ਰਿੜਾਇੰਦਾ । ਗ੍ਰਹਿ ਮੰਦਰ ਅੰਦਰ ਆਵੇ ਸੁਖ ਅਨੰਦ, ਸੁੱਖ ਸਾਗਰ ਰੂਪ ਵਟਾਇੰਦਾ । ਸਭ ਦਾ ਲੇਖੇ ਲੱਗੇ ਪੰਧ, ਹਰਿ ਕਰਤਾ ਕੀਮਤ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਇੰਦਾ । ਦੋ ਜਹਾਨ ਰਹੇ ਗੱਜ, ਗ਼ਜ਼ਲ ਇਕੋ ਨਾਮ ਸੁਣਾਈਆ । ਰਵ ਸਸ ਰਹੇ ਭੱਜ, ਬਣ ਪਾਂਧੀ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਦੂਜੇ ਨੂੰ ਰਹੇ ਸੱਦ, ਸੁਨੇਹੜਾ ਸਚ ਘਲਾਈਆ । ਚਲੋ ਚਲ ਕੇ ਵੇਖੀਏ ਅੱਜ, ਇਜਾਜ਼ਤ ਦੇਵੇ ਬੇਪਰਵਾਹੀਆ । ਜਿਸ ਦੀ ਜੁਗ ਚੌਕੜੀ ਕਿਸੇ ਨਾ ਲੱਭੀ ਹੱਦ, ਕਿਨਾਰਾ ਨਜ਼ਰ ਕੋਈ ਨਾ ਆਈਆ । ਸੋ ਸਾਹਿਬ ਸਵਾਮੀ ਹਰਿਸੰਗਤ ਅੰਦਰ ਬੈਠਾ ਸਜ, ਸੱਜਣ ਬਣ ਕੇ ਡੇਰਾ ਲਾਈਆ । ਸਭ ਦੇ ਪੜਦੇ ਰਿਹਾ ਕੱਜ, ਸਿਰ ਆਪਣਾ ਹੱਥ ਟਿਕਾਈਆ । ਹਾਲ ਮੁਰੀਦ ਹੋ ਕੇ ਆਈਏ ਦੱਸ, ਮੁਰਸ਼ਦ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਲਿਖਾਈਆ । ਨਿਰਗੁਣ ਸਰਗੁਣ ਨਾਅਰਾ ਗੱਜ, ਸਚਖੰਡ ਨਿਵਾਸੀ ਆਪ ਸੁਣਾਇੰਦਾ । ਲੰਮਾ ਉਚਾ ਦਿਸੇ ਨਾ ਕੋਈ ਕੱਦ, ਗਹਿਰ ਗੰਭੀਰ ਸੋਭਾ ਪਾਇੰਦਾ । ਸਚ ਦਵਾਰਾ ਆਪੇ ਲੰਘ, ਸੇਜ ਸੁਹੰਜਣੀ ਸੋਭਾ ਪਾਇੰਦਾ । ਕੋਟਨ ਕੋਟ ਜੁਗ ਮੁਕਾ ਆਪਣਾ ਪੰਧ, ਮੰਜ਼ਲ ਆਪਣੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਜੈਕਾਰ ਸੁਣਾਵਣ ਗੱਜ, ਗਦਾਗਰ ਰੂਪ ਵਟਾਈਆ । ਤੇਰੇ ਨਾਮ ਦਾ ਅਗੰਮਾ ਨਦ, ਨਿਤ ਨਵਿਤ ਰਹੇ ਵਜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦਿਤੀ ਮਧੁ, ਰਸ ਤੇਰਾ ਨਾਮ ਭਰਾਈਆ । ਨਿਰਗੁਣ ਨਿਰਵੈਰ ਕਿਉਂ ਬੈਠਾ ਹੋ ਅੱਡ, ਇਕ ਇਕੱਲਾ ਰੂਪ ਵਟਾਈਆ । ਜੁਗ ਚੌਕੜੀ ਸਭ ਦਾ ਸਾਥ ਜਾਵਣ ਛੱਡ, ਸਗਲਾ ਸੰਗ ਨਾ ਕੋਈ ਨਿਭਾਈਆ । ਕਾਇਆ ਮਾਟੀ ਖ਼ਾਕ ਰੋਵੇ ਹੱਡ, ਨਾੜੀ ਨੂਰ ਨਾ ਕੋਈ ਰੁਸ਼ਨਾਈਆ । ਉਠ ਵੇਖ ਆਪਣੀ ਯਦ, ਵਿਸ਼ਨੂੰ ਬੈਠਾ ਧਿਆਨ ਲਗਾਈਆ । ਨੂਰ ਨੁਰਾਨੇ ਚਮਕਨ ਚੰਦ, ਜਹਾਨ ਆਇਆ ਮੁਖ ਭਵਾਈਆ । ਤੇਰੇ ਪ੍ਰੇਮ ਮਾਨਣ ਅਨੰਦ, ਅਨੰਦ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਗਜ ਜੈਕਾਰਾ ਪੀਰ ਪੈਗ਼ੰਬਰ, ਸਚ ਸੱਚ ਰਹੇ ਜਣਾਈਆ । ਪਰਵਰਦਿਗਾਰ ਰਚਿਆ ਇਕ ਸਵੰਬਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਚਲੋ ਵੇਖੀਏ ਚਲ ਅਡੰਬਰ, ਕੀ ਕੀ ਰਚਨ ਰਚਾਈਆ । ਸਰਬ ਕਲਾਂ ਹਰਿ ਬਣ ਭਰਤੰਬਰ, ਭਰਪੂਰ ਰਿਹਾ ਸਰਬ ਠਾਈਆ । ਨਾ ਕੋਈ ਮਸਜਿਦ ਗੁਰਦਵਾਰਾ ਮੰਦਰ, ਸ਼ਿਵਦਵਾਲਾ ਮੱਠ ਨਾ ਕੋਈ ਵਖਾਈਆ । ਜਨ ਭਗਤਾਂ ਮੇਲ ਮਿਲਾ ਕੇ ਅੰਦਰੇ ਅੰਦਰ, ਘਰ ਬਾਤੀ ਜੋਤ ਕਰੇ ਰੁਸ਼ਨਾਈਆ । ਮਨ ਵਾਸਨਾ ਬੰਨ ਕੇ ਬੰਦਰ, ਚਰਨ ਕਵਲ ਰਿਹਾ ਚਿਤ ਲਾਈਆ । ਜਿਸ ਰਵਿਦਾਸੇ ਢੋਏ ਢੋਰ ਡੰਗਰ, ਤਿਸ ਲੇਖਾ ਕਲਮ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਵਖਾਈਆ । ਗੁਰ ਅਵਤਾਰ ਗੱਜ ਗੱਜ ਬੋਲ, ਅਨਬੋਲਤ ਰਾਗ ਸੁਣਾਈਆ । ਤੇਰਾ ਅਗੰਮਾ ਧੁਰ ਦਾ ਢੋਲ, ਜੁਗ ਚੌਕੜੀ ਨਿਤ ਨਵਿਤ ਵਜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦਵਾਰਾ ਖੋਲ੍ਹ, ਖ਼ਾਲਕ ਖ਼ਲਕ ਦਿਤੀ ਸਮਝਾਈਆ । ਲੱਖ ਚੁਰਾਸੀ ਤੋਲ ਆਪਣੇ

ਤੋਲ, ਨਾਮ ਕੰਡਾ ਇਕ ਵਖਾਈਆ । ਗੁਰਮੁਖ ਵਿਰਲੇ ਰੱਖੇ ਕੋਲ, ਭਗਤ ਭਗਵਾਨ ਦਇਆ ਕਮਾਈਆ । ਮਾਇਆ ਮਮਤਾ ਪਾ ਕੇ ਪਰਦਾ ਓਹਲ, ਭਰਮ ਭੁਲੇਖਾ ਜਗਤ ਲੋਕਾਈਆ । ਇਹ ਤੇਰਾ ਅਗੰਮੀ ਚੋਹਲ, ਚਾਲ ਨਿਰਾਲੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਭਗਤ ਕਹੇ ਭਗਵਾਨ ਗੱਜ ਕੀ ਕਹਿਣਾ, ਮੈਂ ਕਹਿਣ ਕੁੱਛ ਨਾ ਪਾਈਆ । ਇਕੋ ਮੰਗਾਂ ਦਰਸ਼ਨ ਨੈਣਾ, ਦੂਜੀ ਆਸ ਨਾ ਕੋਈ ਤਕਾਈਆ । ਸਦਾ ਸਦ ਤੇਰੇ ਚਰਨ ਬਹਿਣਾ, ਮਿਲੇ ਮਾਣ ਵਡਿਆਈਆ । ਨਾਤਾ ਤੁਟੇ ਮਾਤ ਪਿਤ ਭਾਈ ਭੈਣਾ, ਸਾਕ ਸੈਣਾ ਇਕੋ ਨਜ਼ਰੀ ਆਈਆ । ਤਨ ਭੂਸ਼ਨ ਬਸਤਰ ਪਹਿਨਾ ਤੇਰੇ ਨਾਮ ਗਹਿਣਾ, ਨਾਮ ਅਵਲਾ ਰੰਗ ਰੰਗਾਈਆ । ਮਹਲ ਅਟੱਲ ਉਚ ਮੁਨਾਰ ਰਹਿਣਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਸਤਿਗੁਰ ਚਰਨ ਧੁਰ ਦਾ ਬੁਰਜ ਕਦੇ ਨਾ ਢਹਿਣਾ, ਚਾਰ ਦੀਵਾਰ ਨਾ ਕੋਈ ਗਿਰਾਈਆ । ਸੂਰਜ ਚੰਦ ਰਵ ਸਸ ਦੋਏ ਸ਼ਰਮੌਣਾ, ਅੱਖ ਸਕੇ ਨਾ ਕੋਈ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਦੇਵਣਹਾਰਾ ਨਜ਼ਰ ਕੋਇ ਨਾ ਆਈਆ । ਸੰਤ ਕਹੇ ਜਨ ਗੱਜ ਕੀ ਆਖਾਂ, ਆਖਣ ਵਿਚ ਕੁੱਛ ਨਾ ਆਈਆ । ਇਕੋ ਬਣਾ ਤੇਰਾ ਸਾਥਾ, ਸਗਲਾ ਸੰਗ ਬਣਾਈਆ । ਤੂੰ ਸਾਹਿਬ ਸੁਲਤਾਨ ਪੁਰਖ ਸਮਰਾਥਾ, ਪ੍ਰਭ ਤੇਰੇ ਹੱਥ ਵਡਿਆਈਆ । ਹਉਂ ਬਾਲ ਅਵਾਣਾ ਨਾਥ ਅਨਾਥਾਂ, ਦੀਨਨ ਰੂਪ ਵਟਾਈਆ । ਕਰ ਕਿਰਪਾ ਸਾਡਾ ਪੂਰ ਕਰਾ ਘਾਟਾ, ਘਾਟੀ ਆਪਣੀ ਦੇ ਚੜ੍ਹਾਈਆ । ਪਿਛੇ ਰਹਿ ਜਾਏ ਪਿਛਲੀ ਵਾਟਾ, ਅੱਗੇ ਤੇਰੇ ਚਰਨ ਮਿਲੇ ਸਰਨਾਈਆ । ਤੇਰੇ ਨੂਰ ਵਿਚੋਂ ਉਪਜੀ ਤੇਰੀ ਜਾਤਾ, ਅੰਤ ਤੇਰੇ ਵਿਚ ਸਮਾਈਆ । ਕਾਇਆ ਮਾਟੀ ਤੇਰਾ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਆਪਣਾ ਰੰਗ ਵਖਾਈਆ । ਗੁਰਮੁਖ ਕਹੇ ਗੱਜ ਕੀ ਬੋਲਾਂ, ਸੋਚ ਸਮਝ ਕੁਛ ਨਾ ਆਈਆ । ਮੈਂ ਇਕੋ ਜਾਣਾ ਤੇਰਾ ਢੋਲਾ, ਤੂੰ ਮੇਰਾ ਸੱਚਾ ਮਾਹੀਆ । ਨਿਰਗੁਣ ਹੋ ਕੇ ਬਣ ਵਿਚੋਲਾ, ਸਰਗੁਣ ਆਪਣਾ ਮੇਲ ਮਿਲਾਈਆ । ਦੇ ਵਡਿਆਈ ਉਪਰ ਧੌਲਾ, ਧਰਨੀ ਧਰਤ ਖ਼ੁਸ਼ੀ ਮਨਾਈਆ । ਕਿਉਂ ਰੱਖ ਕੇ ਬੈਠਾ ਓਹਲਾ, ਪਰਦਾ ਆਪਣਾ ਦੇ ਚੁਕਾਈਆ । ਤੇਰੀ ਪ੍ਰੀਤੀ ਘੋਲ ਘੋਲਾ, ਦੂਜੀ ਸੇਵ ਨਾ ਕੋਈ ਰਖਾਈਆ । ਲੱਖ ਚੁਰਾਸੀ ਨਾਲ ਮਾਰ ਰੌਲਾ, ਜਨ ਭਗਤਾਂ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਵਰ ਦਾਤੇ ਤੇਰੀ ਵਡਿਆਈਆ । ਗੁਰਮੁਖ ਕਹੇ ਕੀ ਗਜ ਪੁਕਾਰਾ, ਰਸਨਾ ਜਿਹਵਾ ਕਹਿਣ ਕੁਛ ਨਾ ਪਾਈਆ । ਇਕੋ ਬੇਨੰਤੀ ਦੋਏ ਜੋੜ ਕਰਾਂ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਨਿਵਾਈਆ । ਤੂੰ ਸਾਹਿਬ ਸਤਿਗੁਰ ਸਿਰਜਣਹਾਰਾ, ਸਚ ਸਵਾਮੀ ਨਜ਼ਰੀ ਆਈਆ । ਸਚਖੰਡ ਨਿਵਾਸੀ ਏਕੰਕਾਰਾ, ਅਕਲ ਕਲ ਤੇਰੀ ਵਡਿਆਈਆ । ਕਾਗ਼ਦ ਕਲਮ ਨਾ ਲਿਖਣਹਾਰਾ, ਸ਼ਾਹੀ ਬਲ ਨਾ ਕੋਈ ਜਣਾਈਆ । ਆਦਿ ਜੁਗਾਦਿ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਬੇਪਰਵਾਹੀਆ । ਇਕੋ ਮੰਗਾਂ ਸਚ ਦਵਾਰਾ, ਘਰ ਸਾਚੇ ਅਲਖ ਜਗਾਈਆ । ਸਚ ਪ੍ਰੀਤੀ ਦੇ ਅਧਾਰਾ, ਦੂਜੀ ਓਟ ਨਾ ਕੋਈ ਰਖਾਈਆ । ਤੀਜੇ ਨੈਣ ਖੋਲ੍ਹ ਕਿਵਾੜਾ, ਚੌਥੇ ਪਦ ਮੇਲ ਮਿਲਾਈਆ । ਪੰਚਮ ਦੱਸੇ ਸਚ ਨਜ਼ਾਰਾ, ਨਜ਼ਰੀਆ ਆਪਣਾ ਲਏ ਬਦਲਾਈਆ । ਛੇਵੇਂ ਘਰ ਹੋ ਉਜਿਆਰਾ, ਸਤਵੇਂ ਸਤਿ ਸਤਿਵਾਦੀ ਸਤਿ ਸਰੂਪ ਵਖਾਈਆ । ਅੱਠਵੇਂ ਅੱਠਾਂ ਤਤ ਕਰ ਕਿਨਾਰਾ, ਮਿਹਰ ਨਜ਼ਰ ਨੈਣ ਉਠਾਈਆ । ਨੌਵੇਂ ਨੌ ਦਰ ਕੂੜੀ

ਕਿਰਿਆ ਨਾ ਕੋਈ ਪਸਾਰਾ, ਪੁਸ਼ਤ ਮੇਰੇ ਹੱਥ ਰਖਾਈਆ । ਦਸਵੇਂ ਦਰ ਤੇਰਾ ਨੂਰ ਹੋਏ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਜਾਮ ਦੇ ਠੰਡਾ ਠਾਰਾ, ਅਗਨ ਤਤ ਤੱਤ ਬੁਝਾਈਆ । ਸੇਜ ਸੁਹੰਜਣੀ ਸੋਭਾ ਪਾ ਗਿਰਵਰ ਗਿਰਧਾਰਾ, ਗਹਿਰ ਗੰਭੀਰ ਆਪਣਾ ਡੇਰਾ ਲਾਈਆ । ਤੇਰੇ ਨਾਲ ਮਿਲ ਕੇ ਫਿਰ ਗਾਵਾਂ ਤੇਰਾ ਜੈਕਾਰਾ, ਬਿਨ ਤੇਰੇ ਨਾਅਰੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦੇ ਦਸਾਈਆ । ਗੱਜ ਜੈਕਾਰਾ ਬੋਲਾਂ ਅੰਤਰ ਆਤਮ, ਸਤਿ ਧੁਨ ਅਵਾਜ਼ ਉਠਾਈਆ । ਤੇਰਾ ਰੂਪ ਨਜ਼ਰੀ ਆਏ ਸਚ ਪਰਮਾਤਮ, ਪਰਮ ਪੁਰਖ ਤੇਰੀ ਸਿਫ਼ਤ ਸਲਾਹੀਆ । ਤੇਰਾ ਜਲਵਾ ਤੱਕਾਂ ਨੂਰੀ ਬਾਤਨ, ਨਿਰਗੁਣ ਨਿਰਵੈਰ ਤੇਰੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਰਸਨਾ ਜਿਹਵਾ ਤੇਰਾ ਨਾਮ ਆਖਣ, ਅੰਤਰ ਮੇਲ ਨਾ ਕੋਇ ਮਿਲਾਈਆ । ਧੰਨ ਵਡਿਆਈ ਤੂੰ ਬਣਿਉਂ ਸੰਗੀ ਸਾਥਨ, ਨਾਰੀ ਕੰਤ ਖੇਲ ਖਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਇਕੱਠੇ ਹੋ ਕੇ ਤੈਨੂੰ ਆਏ ਆਖਣ, ਇਕੋ ਆਪਣੀ ਅਵਾਜ਼ ਸੁਣਾਈਆ । ਕਲਜੁਗ ਮਿਟੀ ਅੰਧੇਰੀ ਰਾਤਨ, ਸਤਿਜੁਗ ਸਚ ਚੰਦ ਚਮਕਾਈਆ । ਸਰਬ ਜੀਆਂ ਦੇ ਸੱਚੇ ਪਿਤ ਮਾਤਨ, ਪਿਤਾ ਪੁਰਖ ਤੇਰੀ ਸਰਨਾਈਆ । ਧੁਰ ਦੀ ਦੇ ਅਗੰਮੀ ਦਾਤਨ, ਵਸਤ ਅਮੋਲਕ ਝੋਲੀ ਪਾਈਆ । ਮੈਲੇ ਚੀਥੜ ਸਭ ਦੇ ਪਾਟਣ, ਪ੍ਰੇਮ ਪਟੋਲਾ ਦੇ ਸਾਹਿਬ ਗੁਸਾਈਆ । ਤੇਰੇ ਪਿਆਰ ਦੀ ਮਿਲੇ ਖਾਟਨ, ਬਿਸਤਰ ਸਚ ਲੇਫ ਤਲਾਈਆ । ਮਰ ਮਰ ਜਨਮ ਜਨਮ ਫੇਰ ਨਾ ਓਢੀਏ ਕਾਫਨ, ਕਫ਼ਨੀ ਨਜ਼ਰ ਕੋਇ ਨਾ ਆਈਆ । ਤੁਧ ਮਿਲਿਆਂ ਕੋਈ ਨਾ ਰਹੇ ਪਾਪਨ, ਪਤਿਤ ਪੁਨੀਤ ਦੇ ਵਖਾਈਆ । ਤੇਰਾ ਜਪੀਏ ਇਕੋ ਜਾਪਣ, ਜਪਤ ਜਪਤ ਸੁੱਖ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੇਵਣਹਾਰ ਬੇਪਰਵਾਹੀਆ । ਤੇਰਾ ਨਾਮ ਜੈਕਾਰਾ ਲਾਇਆ ਗਜ, ਜਲਧਾਰ ਧਿਆਨ ਲਗਾਈਆ । ਨਿਹਕਰਮੀ ਹੋ ਕੇ ਆਇਉਂ ਭੱਜ, ਪਾਰਬ੍ਰਹਮ ਬੇਪਰਵਾਹੀਆ । ਤੰਦਵੇ ਤੰਦ ਦਿਤਾ ਕੱਟ, ਤਿੱਖੀ ਧਾਰ ਵਖਾਈਆ । ਅੰਤਮ ਲੱਜਿਆ ਲਈ ਰੱਖ, ਮਿਹਰ ਨਜ਼ਰ ਉਠਾਈਆ । ਸਾਡਾ ਦੇ ਦੇ ਪਿਛਲਾ ਹੱਕ, ਜਨ ਭਗਤ ਮੰਗ ਮੰਗਾਈਆ । ਜੁਗ ਚੌਕੜੀ ਤੇਰੇ ਵਲ ਰਹੇ ਤੱਕ, ਨੇਤਰ ਲੋਚਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਭਗਤ ਕਹਿਣ ਪ੍ਰਭ ਅੰਤਰਜਾਮੀ, ਅੰਤਰ ਜਾਮਤ ਤੇਰੀ ਸਰਨਾਈਆ । ਚਾਰ ਕੁੰਟ ਜਗਤ ਹੋਏ ਤੇਰੀ ਬਦਨਾਮੀ, ਬਦਲਾ ਚੁੱਕੇ ਨਾ ਕੋਈ ਜਗਤ ਲੋਕਾਈਆ । ਤੇਰੇ ਉਪਾਏ ਜੀਵ ਜੰਤ ਹੋਏ ਹਰਾਮੀ, ਚਾਰ ਕੁੰਟ ਰਹੇ ਕੁਰਲਾਈਆ । ਧਰਮ ਰਾਏ ਦੀ ਚੁੱਕੇ ਨਾ ਕੋਇ ਗ਼ੁਲਾਮੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਗੁਰ ਅਵਤਾਰ ਦੱਸ ਦੱਸ ਗਏ ਤੇਰੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਪੀਰ ਪੈਗ਼ੰਬਰ ਪੈਗ਼ਾਮ ਦੇਂਦੇ ਰਹੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰਾ ਨਾਮ ਵਡਿਆਈਆ । ਕਲਜੁਗ ਅੰਤਮ ਕਿਸੇ ਨਜ਼ਰ ਨਾ ਆਏ ਤੇਰੀ ਨਿਸ਼ਾਨੀ, ਨਿਸ਼ਾਨੇ ਸਾਰੇ ਗਏ ਭੁਲਾਈਆ । ਬਿਨ ਭਗਤਾਂ ਤੇਰੀ ਕਰੇ ਨਾ ਕੋਇ ਮਹਿਮਾਨੀ, ਘਰ ਸੱਦ ਨਾ ਕੋਇ ਲਿਆਈਆ । ਉਠ ਸੁਣ ਉਨ੍ਹਾਂ ਕਹਾਣੀ, ਜੋ ਬੀਤੀ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਬੀਤੀ ਕਹਾਣੀ ਸੁਣ ਪ੍ਰਭ ਠਾਕਰ ਮੇਰੇ, ਹਰਿਜਨ ਕੂਕ ਕੂਕ ਜਣਾਈਆ । ਚਾਰੋਂ ਕੁੰਟ ਜਗਤ ਅੰਧੇਰੇ, ਭੱਜੇ ਫਿਰਨ ਵਾਹੋ ਦਾਹੀਆ । ਸ੍ਰਿਸ਼ਟ ਸਬਾਈ ਵੇਖੀ ਉਲਟੇ ਗੇੜੇ, ਕੋਹਲੂ ਚੱਕੀ ਚੱਕ ਭਵਰ

੩੨੦

ਭੁਲਾਈਆ । ਲੱਖ ਚੁਰਾਸੀ ਢੱਠੇ ਖੇੜੇ, ਕਾਇਆ ਮੰਦਰ ਸੋਭਾ ਕੋਇ ਨਾ ਪਾਈਆ । ਤੇਰੇ ਨਾਮ ਦੇ ਪਏ ਝਗੜੇ ਝੇੜੇ, ਝੰਝਟ ਸਕੇ ਨਾ ਕੋਇ ਮਿਟਾਈਆ । ਜਾਤ ਪਾਤ ਦੀਨ ਮਜ਼੍ਹਬ ਲਾ ਲਾ ਡੇਰੇ, ਡੰਕਾ ਆਪਣਾ ਰਹੇ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਛੇੜਾਂ ਗਏ ਛੇੜੇ, ਛੇਕੜ ਬੈਠੇ ਪੱਲੂ ਛੁਡਾਈਆ । ਤੁਧ ਬਿਨ ਲੇਖਾ ਕੌਣ ਨਬੇੜੇ, ਸਾਚਾ ਅਦਲ ਨਾ ਕੋਇ ਕਮਾਈਆ । ਕਰ ਕਿਰਪਾ ਸਾਹਿਬ ਸਤਿਗੁਰ ਮੇਰੇ, ਹਰਿਜਨ ਸਚ ਸੱਚ ਦ੍ਰਿੜਾਈਆ । ਦੂਰ ਦੁਰਾਡਾ ਆਇਓਂ ਨੇੜੇ, ਨਿਰਗੁਣ ਨਿਰਗੁਣ ਪੰਧ ਮੁਕਾਈਆ । ਚਾਰ ਵਰਨ ਅਠਾਰਾਂ ਬਰਨ ਤੇਰੇ ਨਾਅਰੇ ਲਾਉਂਦੇ ਰਹੇ ਬਥੇਰੇ, ਪੜ੍ਹ ਭਾਸ਼ਨ ਮਾਤ ਸੁਣਾਈਆ । ਤੂੰ ਸੁਣਦਾ ਰਿਹੋਂ ਕਰ ਕੇ ਵੱਡੇ ਜ਼ੇਰੇ, ਕਰਵਟ ਆਪਣੀ ਨਾ ਕੋਇ ਬਦਲਾਈਆ । ਅੰਤਮ ਆਇਓਂ ਜਨ ਭਗਤਾਂ ਵਿਹੜੇ, ਘਰ ਸਾਚੇ ਫੇਰਾ ਪਾਈਆ । ਗੁਰਮੁਖ ਉਚੀ ਕੂਕ ਗੱਜ ਕੇ ਕਹਿਣ ਅਸੀਂ ਤੇਰੇ, ਦੂਜਾ ਸਾਈਂ ਨਾ ਕੋਇ ਰਖਾਈਆ । ਅੱਗੇ ਕਰੀਂ ਨਾ ਹੇਰੇ ਫੇਰੇ, ਪਿਛਲੀ ਆਦਤ ਲਏ ਬਦਲਾਈਆ । ਜੋ ਚੜ੍ਹ ਗਏ ਤੇਰੇ ਬੇੜੇ, ਮੰਝਧਾਰ ਨਾ ਕੋਇ ਰੁੜ੍ਹਾਈਆ । ਆਸ ਰੱਖ ਕੇ ਸਿੰਘ ਸ਼ੇਰੇ, ਸ਼ੇਰ ਰੂਪ ਗਏ ਵਟਾਈਆ । ਸਭ ਦੇ ਅੰਤਰ ਚਾਉ ਘਨੇਰੇ, ਮੰਦਰ ਵੇਖ ਖ਼ੁਸ਼ੀ ਵਖਾਈਆ । ਉਠ ਵੇਖ ਕਿਹੜੇ ਕਿਹੜੇ, ਜੋ ਤੇਰਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਹੁਕਮੇ ਅੰਦਰ ਨਿਖੇੜੇ, ਤਿਨ੍ਹਾਂ ਪ੍ਰੇਮ ਪ੍ਰੀਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਮਾਣ ਵਡਿਆਈਆ । ਗੱਜ ਜੈਕਾਰਾ ਲਾਇਆ ਨਾਉਂ, ਨਿਰੰਕਾਰ ਤੇਰਾ ਜਸ ਗਾਈਆ । ਨਿਮਾਣਿਆਂ ਦੇਣਾ ਸੱਚਾ ਥਾਉਂ, ਚਰਨ ਮਿਲੇ ਸਰਨਾਈਆ । ਨਿਉਂ ਨਿਉਂ ਸਾਰੇ ਲਾਗਣ ਪਾਉਂ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਲੱਖ ਚੁਰਾਸੀ ਰੁੜ੍ਹਦੇ ਪਕੜੇ ਬਾਹੋਂ, ਡੁੱਬਦੇ ਡੁੱਬਦੇ ਲਏ ਤਰਾਈਆ । ਪੁਰਖ ਅਕਾਲ ਬਣ ਕੇ ਸਿਰ ਰੱਖ ਠੰਡੀ ਛਾਉਂ, ਮਿਹਰ ਨਜ਼ਰ ਇਕ ਟਿਕਾਈਆ । ਤੂੰ ਆਦਿ ਜੁਗਾਦੀ ਸਭ ਦਾ ਪਿਤਾ ਮਾਉਂ, ਬਾਲਕ ਨੇਤਰ ਨੈਣ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਾਡਾ ਸਗਲਾ ਸੰਗ ਨਿਭਾਈਆ । ਰਲ ਮਿਲ ਜੈਕਾਰਾ ਗੱਜ ਕੇ ਲਾਇਆ, ਖ਼ੁਸ਼ੀਆਂ ਗੀਤ ਅਲਾਈਆ । ਉਠ ਕੇ ਭੱਜੀ ਤ੍ਰੈਗੁਣ ਮਾਇਆ, ਆਪਣਾ ਮੁਖ ਭਵਾਈਆ । ਪੰਜ ਤਤ ਵਾਸਤਾ ਪਾਇਆ, ਦੋਏ ਜੋੜ ਪਿਆ ਸਰਨਾਈਆ । ਬੌਹੜੀ ਮੈਂ ਭੁੱਲਾ ਉਹ ਠਾਕਰ ਆਇਆ, ਜਿਸ ਸਭ ਦੀ ਬਣਤ ਬਣਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਖੇਲ ਰਚਾਇਆ, ਨਿਰਗੁਣ ਸਰਗੁਣ ਧਾਰ ਬਣਾਈਆ । ਗੁਰ ਅਵਤਾਰ ਜਿਸ ਪਰਗਟਾਇਆ, ਪੀਰ ਪੈਗ਼ੰਬਰ ਦਏ ਵਡਿਆਈਆ । ਲੱਖ ਚੁਰਾਸੀ ਜਿਸ ਨੇ ਰਚਨ ਰਚਾਇਆ, ਘਟ ਘਟ ਰਿਹਾ ਸਮਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਜਿਸ ਵਸਾਇਆ, ਸੋ ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਸੋਹਲਾ ਹਰਿਸੰਗਤ ਮਿਲ ਕੇ ਗਾਇਆ, ਖ਼ੁਸ਼ੀਆਂ ਨਾਮ ਸਲਾਹੀਆ । ਗੱਜ ਗੱਜ ਕੇ ਗਰਜ ਲਗਾਇਆ, ਗਹਿਰ ਗੰਭੀਰ ਦੇਵੇ ਵਡਿਆਈਆ । ਜਨਮ ਜਨਮ ਦੀ ਮਰਜ ਮਿਟਾਇਆ, ਮੰਜ਼ਲ ਮੁੱਕੇ ਪੰਧ ਪਰਾਈਆ । ਆਪਣਾ ਫ਼ਰਜ਼ ਤੋੜ ਦਏ ਨਿਭਾਇਆ, ਫ਼ਜ਼ਲ ਕਰੇ ਬੇਪਰਵਾਹੀਆ । ਅਚਰਜ ਖੇਲ ਇਕ ਰਚਾਇਆ, ਅਚਰਜ ਆਪਣਾ ਰੂਪ ਵਟਾਈਆ । ਸਚ ਨਾਮ ਸਚ ਜੈਕਾਰ ਸਚ ਸੋਹਲਾ ਸਚ ਗੁਰਮੁਖ ਜਿਸ ਮੁਖ ਗੱਜ ਕੇ ਲਾਇਆ, ਸੋ ਮੁਖ ਮੁਫ਼ਤ ਸਤਿਗੁਰ ਆਪਣੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਰਗ ਪੰਥ ਇਕ ਸਜਾਇਆ, ਜਿਸ ਦੀ ਸ਼ਾਸਤਰ


੩੨੧ ੧੯

ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗ੍ਰੰਥ ਦਏ ਗਵਾਹੀਆ । ਗਵਾਹੀ ਦੇਵੇ ਨਾਲ ਸ਼ਹਾਦਤ, ਸਫ਼ਾਈ ਧੁਰ ਦੀ ਇਕ ਭੁਗਤਾਈਆ । ਸਾਹਿਬ ਸੱਚੇ ਦੀ ਇਕੋ ਅਬਾਦਤ, ਅਦਾਬ ਅਦਬ ਇਕ ਜਣਾਈਆ । ਪਰਵਰਦਿਗਾਰ ਦੀ ਇਕੋ ਇਬਾਰਤ, ਜੋ ਆਦਿ ਜੁਗਾਦਿ ਲਿਖਾਈਆ । ਪੁਰਖ ਅਕਾਲ ਦੀ ਇਕੋ ਸਫ਼ਾਰਸ਼, ਜਿਸ ਦੀ ਕਰੇ ਤਿਸ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਸਦ ਲਾਏ ਸਚ ਅਦਾਲਤ, ਅਦਲੀ ਰਾਜਾ ਬਣ ਕੇ ਬਹਿ ਕੇ ਕਹਿ ਕੇ ਸੱਚਾ ਅਦਲ ਕਮਾਈਆ ।

★ ੧੦ ਮਾਘ ੨੦੨੦ ਬਿਕਰਮੀ ਭਾਗ ਸਿੰਘ ਦੇ ਘਰ ਪਿੰਡ ਬਾਊ ਪੁਰ ਜ਼ਿਲਾ ਗੁਰਦਾਸ ਪੁਰ ★

ਮੜ੍ਹੀ ਗੋਰ ਪੁਕਾਰੇ ਕਬਰ, ਦੇਵੇ ਸਚ ਦੁਹਾਈਆ । ਮੈਂ ਲੱਖ ਚੁਰਾਸੀ ਖਾਧਾ ਟੱਬਰ, ਚਾਰੇ ਖਾਣੀ ਭੁੱਖ ਬਣਾਈਆ । ਮੈਨੂੰ ਅਜੇ ਨਾ ਆਇਆ ਸਬਰ, ਧੀਰਜ ਧੀਰ ਨਾ ਕੋਇ ਰਖਾਈਆ । ਮੇਰੇ ਨਾਲ ਰਲੀ ਮੌਤ ਰਾਣੀ ਅਜ਼ਲ, ਦਰ ਦਰ ਘਰ ਘਰ ਵੇਖ ਵਖਾਈਆ । ਜੁਗ ਚੌਕੜੀ ਮੁੱਕੀ ਨਾ ਮੇਰੀ ਮਜ਼ਲ, ਪਾਂਧੀ ਪੰਧ ਨਾ ਕੋਇ ਮੁਕਾਈਆ । ਸ੍ਰੀ ਭਗਵਾਨ ਕਰ ਅਦਲ, ਤੇਰੇ ਅੱਗੇ ਇਕ ਅਰਜੋਈਆ । ਮੇਰੀ ਕਰਨੀ ਮਾਤ ਬਦਲ, ਬਦਲਾ ਦੇ ਚੁਕਾਈਆ । ਮਿਹਰਵਾਨ ਕਰ ਫ਼ਜ਼ਲ, ਰਹਿਮਤ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਮੜ੍ਹੀ ਗੋਰ ਕਹੇ ਮੈਂ ਖਾਧਾ ਜੱਗ, ਲੱਖ ਚੁਰਾਸੀ ਝੋਲੀ ਪਾਈਆ । ਕਿਸੇ ਨੂੰ ਫੂਕਿਆ ਲਾ ਕੇ ਅੱਗ, ਕੋਈ ਮਾਟੀ ਹੇਠ ਦਬਾਈਆ । ਅਜੇ ਨਾ ਮੁੱਕੀ ਮੇਰੀ ਹੱਦ, ਲੇਖਾ ਸਕੇ ਨਾ ਕੋਇ ਚੁਕਾਈਆ । ਜੁਗ ਚੌਕੜੀ ਮੈਂ ਰਹੀ ਲੱਭ, ਚਾਰੋਂ ਕੁੰਟ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਰਨਾਂ ਰਹੀ ਢੱਠ, ਖ਼ਾਲੀ ਝੋਲੀ ਡਾਹੀਆ । ਕੌਣ ਮੇਰੀ ਕਰੇ ਬਸ, ਬਸਤਾ ਬੰਨ੍ਹ ਵਖਾਈਆ । ਸਭ ਨੇ ਅੱਗੋਂ ਕਿਹਾ ਹੱਸ, ਖ਼ੁਸ਼ੀਆਂ ਨਾਲ ਸਮਝਾਈਆ । ਕਲਜੁਗ ਅੰਤ ਆਏ ਪੁਰਖ ਸਮਰਥ, ਤੇਰਾ ਲਹਿਣਾ ਦਏ ਮੁਕਾਈਆ । ਸ੍ਰਿਸ਼ਟ ਸਬਾਈ ਇਕੋ ਮਾਰਗ ਦੱਸ, ਸਾਚਾ ਰਾਹ ਦਏ ਸਮਝਾਈਆ । ਮੜ੍ਹੀ ਗੋਰ ਦੋਹਾਂ ਤੋਂ ਬਾਹਰ ਲਏ ਰੱਖ, ਰੱਖਿਆ ਕਰੇ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਵੇ ਮਾਣ ਵਡਿਆਈਆ । ਮੜ੍ਹੀ ਗੋਰ ਕਰੇ ਪੁਕਾਰ, ਨੈਣਾਂ ਨੀਰ ਵਹਾਈਆ । ਮੈਂ ਖਾ ਖਾ ਥੱਕੀ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪਣੇ ਵਿਚ ਦਬਾਈਆ । ਸ਼ਾਹ ਸੁਲਤਾਨ ਮੇਟਿਆ ਨਾਮ ਨਿਸ਼ਾਨ, ਰਾਜ ਰਾਜਾਨ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਕਰਦੀ ਰਹੀ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਕਵਣ ਵੇਲਾ ਪ੍ਰਭ ਮਿਲੇ ਸ੍ਰੀ ਭਗਵਾਨ, ਕਵਣ ਹੋਏ ਸਹਾਈਆ । ਮੇਰਾ ਲੇਖ ਮੁਕਾਏ ਆਣ, ਰੇਖਾ ਪਿਛਲੀ ਦਏ ਬਦਲਾਈਆ । ਸਾਂਝਾ ਦੇਵੇ ਇਕ ਗਿਆਨ, ਸਭਨਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮੜ੍ਹੀ ਗੋਰ ਕੱਢੇ ਤਰਲਾ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਆਪਣੇ ਘਰ ਵਰ ਲਾ, ਵਰਿਆਮ ਇਕੋ ਨਜ਼ਰੀ ਆਈਆ । ਲੋਕਮਾਤ ਵਿਚੋਂ

ਕੱਢ ਲਾ, ਮਿਹਰ ਨਜ਼ਰ ਇਕ ਟਿਕਾਈਆ । ਤੇਰਾ ਮੰਦਰ ਵੇਖੀਏ ਅੱਡਰਾ, ਜਿਸ ਘਰ ਬੈਠੇ ਡੇਰਾ ਲਾਈਆ । ਉਹ ਧਾਮ ਸੁਹੰਜਣਾ ਪਧਰਾ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਮੁਕਾਈਆ । ਮੜ੍ਹੀ ਗੋਰ ਮਾਰੇ ਚੀਕ, ਨਾਅਰਾ ਹੂ ਹੂ ਲਗਾਈਆ । ਤੇਰੇ ਦਰ ਤੋਂ ਮੰਗੀਏ ਭੀਖ, ਖਾਲੀ ਝੋਲੀ ਅੱਗੇ ਡਾਹੀਆ । ਜੁਗ ਚੌਕੜੀ ਬੀਤੇ ਵਿਚ ਉਡੀਕ, ਵੇਲਾ ਅੰਤਮ ਗਿਆ ਆਈਆ । ਸਾਨੂੰ ਵਕਤ ਸੁਹੇਲਾ ਦੱਸ ਠੀਕ, ਠਾਕਰ ਆਪਣਾ ਹੁਕਮ ਵਰਤਾਈਆ । ਦੂਰ ਦੁਰਾਡਾ ਆਇਉਂ ਨਜ਼ਦੀਕ, ਦਰ ਘਰ ਸਾਚੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਮੜ੍ਹੀ ਕਹੇ ਜੋ ਮੇਰੇ ਅੰਦਰ ਸੜਦਾ, ਅਗਨੀ ਤਤ ਜਲਾਈਆ । ਉਹ ਲੱਖ ਚੁਰਾਸੀ ਵੜਦਾ, ਜੂਨੀ ਜੂਨ ਭਵਾਈਆ । ਬਿਨ ਭਗਤ ਕੋਈ ਨਾ ਵੇਖਿਆ ਤਰਦਾ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਤੂੰ ਸਾਹਿਬ ਲੱਖ ਚੁਰਾਸੀ ਘੜਦਾ, ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੋਰ ਕਹੇ ਜੋ ਕੀਤਾ ਦਫ਼ਨ, ਦਫ਼ਾ ਤੇਰਾ ਨਾਮ ਲਗਾਈਆ । ਉਤੇ ਪਾਏ ਓਢਣ ਕਫ਼ਨ, ਕਫ਼ਨੀ ਤਨ ਨਾ ਕੋਇ ਲਗਾਈਆ । ਬਿਨ ਸੂਫ਼ੀ ਸਾਚਾ ਦਰ ਕੋਈ ਨਾ ਮੰਗਣ, ਦਰਵੇਸ਼ ਅਲਖ ਨਾ ਕੋਇ ਜਗਾਈਆ । ਜਨਮ ਜਨਮ ਫਿਰਨਾ ਨੰਗਣ, ਸੇਲ੍ਹੀ ਟੋਪੀ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਦੇ ਮਾਣ ਵਡਿਆਈਆ । ਮੜ੍ਹੀ ਕਹੇ ਜੋ ਮੇਰੇ ਉਤੇ ਸੜਦਾ, ਅਗਨੀ ਬਾਲਣ ਭੇਟ ਚੜ੍ਹਾਈਆ । ਫੇਰ ਪਾਣੀ ਉਤੇ ਤਰਦਾ, ਵਹਿੰਦਾ ਜਾਏ ਵਾਹੋ ਦਾਹੀਆ । ਲੱਭੇ ਭੇਵ ਨਾ ਆਪਣੇ ਘਰ ਦਾ, ਘਰ ਦੇਵੇ ਨਾ ਕੋਇ ਵਡਿਆਈਆ । ਲੇਖਾ ਵੇਖਿਆ ਜੁਗ ਚਾਰ ਦਾ, ਚਾਰੋਂ ਕੁੰਟ ਫੋਲ ਫੁਲਾਈਆ । ਮਾਨਸ ਜਨਮ ਮਨੁੱਖ ਹਾਰ ਦਾ, ਹਰਿ ਕੀ ਸਾਰ ਕਿਸੇ ਨਾ ਪਾਈਆ । ਕਿਨਾਰਾ ਨਜ਼ਰ ਨਾ ਆਏ ਪਾਰ ਦਾ, ਮੰਝਧਾਰ ਹੱਡੀਆਂ ਰਹੇ ਸੁਟਾਈਆ । ਤੀਰਥ ਤੱਟ ਨਾ ਲੇਖਾ ਜਾਣੇ ਸੱਚੇ ਯਾਰ ਦਾ, ਮਹਿਬੂਬ ਮੇਲ ਨਾ ਕੋਇ ਮਿਲਾਈਆ । ਜੀਵ ਪੁਰਾਨੀ ਕੂਕ ਕੂਕ ਪੁਕਾਰਦਾ, ਸਿਰ ਹੱਥ ਨਾ ਕੋਇ ਟਿਕਾਈਆ । ਲਹਿਣਾ ਦੇਣਾ ਚੁੱਕੇ ਨਾ ਪੁਰਖ ਨਾਰ ਦਾ, ਸਾਚਾ ਰੰਗ ਨਾ ਕੋਇ ਰੰਗਾਈਆ । ਮਿਲੇ ਮੇਲ ਨਾ ਤੇਰੇ ਪਿਆਰ ਦਾ, ਪ੍ਰੇਮੀ ਪ੍ਰੇਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਈਆ । ਗੋਰ ਕਹੇ ਜੋ ਮੇਰੇ ਅੰਦਰ ਦੱਬਿਆ, ਮਾਟੀ ਉਪਰ ਢੇਰ ਲਗਾਈਆ । ਅੱਖੀਂ ਫੇਰ ਕਿਸੇ ਨਾ ਲੱਭਿਆ, ਨਜ਼ਰ ਨੈਣ ਨਾ ਕੋਇ ਜਣਾਈਆ । ਗੇੜੇ ਅੰਦਰ ਭੱਜਿਆ, ਮਰ ਜੰਮੇ ਵਾਹੋ ਦਾਹੀਆ । ਪਰਦਾ ਕਿਸੇ ਮਾਤ ਨਾ ਕੱਜਿਆ, ਸਿਰ ਹੱਥ ਨਾ ਕੋਇ ਟਿਕਾਈਆ । ਅੰਤ ਰੱਖੇ ਨਾ ਕੋਈ ਲੱਜਿਆ, ਪਾਰ ਕਿਨਾਰਾ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਜਿਸ ਨਾਲ ਸਾਡੀ ਰੁੱਤ ਸੁਹਾਈਆ । ਸਾਡੀ ਰੁੱਤ ਸੁਹਾਵਣੀ, ਪ੍ਰਭ ਸੱਚੇ ਦੀਨ ਦਿਆਲਾ । ਚੌਥੇ ਜੁਗ ਪੂਰੀ ਕਰਨੀ ਭਾਵਨੀ, ਪਾਰਬ੍ਰਹਮ ਪੁਰਖ ਅਕਾਲਾ । ਦਰ ਪਕੜੇ ਸੱਚਾ ਦਾਮਨੀ, ਦਾਮਨਗੀਰ ਹੋ ਰਖਵਾਲਾ । ਇਕੋ ਮੰਨੀ ਤੇਰੀ ਜਾਮਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸਚ ਸਦਾ ਕਿਰਪਾਲਾ । ਸੁਣ ਪੁਕਾਰ ਬੋਲੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ ।

ਮੜ੍ਹੀ ਗੋਰ ਕਰ ਧਿਆਨ, ਹਰਿ ਧਿਆਨੀ ਧਿਆਨ ਲਗਾਈਆ । ਲੇਖਾ ਜਾਣ ਜੀਵ ਜੰਤ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਮਾਰਗ ਲਾਏ ਆਣ, ਦੇਵਣਹਾਰ ਆਪ ਵਡਿਆਈਆ । ਛੋਟੇ ਬਾਲੇ ਕਰ ਪਰਵਾਨ, ਸਾਚੀ ਕਰਨੀ ਆਪ ਕਮਾਈਆ । ਅਗਨੀ ਭੇਟ ਬਲੀਦਾਨ, ਬਲ ਆਪਣਾ ਦਏ ਸਮਝਾਈਆ । ਹੱਡੀਆਂ ਚੁੱਕੇ ਕੋਈ ਨਾ ਆਣ, ਖ਼ਾਕ ਜਲ ਨਾ ਕੋਇ ਵਹਾਈਆ । ਲੇਖਾ ਮੁਕਾ ਕੇ ਵਡ ਮਿਹਰਵਾਨ, ਹਰਿਜਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸ੍ਰੀ ਭਗਵੰਤ, ਹਰਿ ਸਾਚਾ ਸਚ ਦ੍ਰਿੜਾਇੰਦਾ । ਸਚ ਬਣਾਏ ਧੁਰ ਦੀ ਬਣਤ, ਘਾੜਤ ਆਪਣੀ ਹੱਥ ਰਖਾਇੰਦਾ । ਦੇ ਵਡਿਆਈ ਜੀਵ ਜੰਤ, ਭਗਤ ਭਗਵਾਨ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਮੂਲ ਚੁਕਾਇੰਦਾ । ਤੇਰਾ ਲਹਿਣਾ ਮੂਲ ਚੁਕਾਏ ਮਾਤ, ਮੜ੍ਹੀ ਗੋਰ ਦਏ ਵਡਿਆਈਆ । ਜਨ ਭਗਤਾਂ ਜਾਏ ਆਪ ਸਾਥ, ਸਗਲਾ ਸੰਗ ਨਿਭਾਈਆ । ਸ਼ਬਦ ਜੈਕਾਰਾ ਬੋਲ ਗਾਥ, ਸੋਹੰ ਢੋਲਾ ਇਕ ਸੁਣਾਈਆ । ਚਰਨ ਪ੍ਰੀਤੀ ਬੰਨ ਨਾਤ, ਨਾਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵੇ ਮਾਣ ਵਡਿਆਈਆ । ਸਾਚੀ ਮਾਣ ਵਡਿਆਈ ਆਪ ਦਵੌਂਦਾ ਏ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਜਿਸ ਵੇਲੇ ਗੁਰਮੁਖ ਵਿਹੜੇ ਤੇਰੇ ਚਰਨ ਟਿਕੌਂਦਾ ਏ । ਸਿੜੀ ਬਾਲਣ ਨਜ਼ਰੀ ਔਂਦਾ ਏ । ਪਰਵਾਰ ਬੰਸ ਵੇਖ ਵੇਖ ਘਬਰੌਂਦਾ ਏ । ਸ਼ਹਿਨਸ਼ਾਹ ਇਕੋ ਹੁਕਮ ਜਣੌਂਦਾ ਏ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਜੈਕਾਰ ਇਕ ਲਗੌਂਦਾ ਏ । ਨਿਰਗੁਣ ਹਾਜ਼ਰ ਹੋਵੇ ਆਣ, ਤੇਰਾ ਦੁੱਖੜਾ ਦਰਦ ਮਿਟੌਂਦਾ ਏ । ਦਰਸ਼ਨ ਦੇ ਸ੍ਰੀ ਭਗਵਾਨ, ਤੇਰੀ ਭੂਮਿਕਾ ਭੂਮ ਸੁਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਮੜ੍ਹੀ ਗੋਰ ਪਈ ਹੱਸ, ਦਰ ਦਰ ਆਪਣੀ ਖ਼ੁਸ਼ੀ ਮਨਾਈਆ । ਤੇਰਾ ਦਰਸ ਪੁਰਖ ਸਮਰਥ, ਜੁਗ ਚਾਰ ਨਾ ਕੋਈ ਕਰਾਈਆ । ਤੇਰੇ ਭਗਤਾਂ ਪਿਛੇ ਤੈਨੂੰ ਵੇਖੀਏ ਨਾਲ ਅੱਖ, ਅੱਖ ਤੇਰੇ ਨਾਲ ਮਿਲਾਈਆ । ਸਾਡਾ ਲੇਖਾ ਦੇਣਾ ਹੱਕ, ਹੱਕੋ ਹੱਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਚ ਵਡਿਆਈ ਮਾਣ ਦਵੌਂਦਾ ਏ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਚ ਸੰਦੇਸ਼ਾ ਇਕ ਸੁਣੌਂਦਾ ਏ । ਅਗਲਾ ਲੇਖ ਭੇਵ ਚੁਕੌਂਦਾ ਏ । ਜਿਸ ਵੇਲੇ ਗੁਰਮੁਖ ਔਂਦਾ ਏ । ਬੰਸ ਸਰਬੰਸ ਨਾਲ ਲਿਔਂਦਾ ਏ । ਸੱਜਣ ਮਿੱਤਰ ਜਗਤ ਰਲੌਂਦਾ ਏ । ਪਿਛਲੇ ਛੱਡ ਸਾਰੇ ਫਿਕਰ, ਘਰ ਤੇਰੇ ਸੋਭਾ ਪਾਉਂਦਾ ਏ । ਲੱਖ ਚੁਰਾਸੀ ਵਿਚੋਂ ਨਿੱਕਲ, ਆਪਣਾ ਨਾਮ ਪਰਗਟੌਂਦਾ ਏ । ਓਸ ਵੇਲੇ ਹਰਿਸੰਗਤ ਮੇਰਾ ਕਰੇ ਜ਼ਿਕਰ, ਸਾਚੀ ਸਿਖਿਆ ਇਕ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਉਂਦਾ ਏ । ਜਿਸ ਵੇਲੇ ਗੁਰਮੁਖ ਆਵੇਗਾ । ਤੇਰੀ ਭੂਮਿਕਾ ਚਰਨ ਟਿਕਾਵੇਗਾ । ਅਰਥੀ ਉਤੇ ਸੋਭਾ ਪਾਵੇਗਾ । ਫ਼ਰਸ਼ ਖ਼ਾਕ ਨਾਲ ਰਲਾਵੇਗਾ । ਅਰਸ਼ ਇਕੋ ਵੇਖਣ ਆਵੇਗਾ । ਦਰਸੀ ਸਾਚਾ ਦਰਸ ਦਿਖਾਵੇਗਾ । ਮੜ੍ਹੀ ਗੋਰ ਤੇਰੀ ਜੁਗ ਜੁਗ ਦੀ ਲੱਗੀ ਹਰਸ, ਸਚ ਹਰਸੀ ਆਪ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਜਦ ਮੜ੍ਹੀ ਉਤੇ ਟਿਕਾਉਣਗੇ । ਮੁਖ ਨੰਗਾ ਕਰ ਵਖਾਉਣਗੇ । ਸੋਹੰ ਗੀਤ

ਸੁਹਾਗੀ ਗੌਣਗੇ । ਬਣ ਵੈਰਾਗੀ ਸ਼ੁਕਰ ਮਨੌਣਗੇ । ਜਗਤ ਤਿਆਗੀ ਘਰ ਸਾਚੇ ਸੋਭਾ ਪੌਣਗੇ । ਸੋ ਗੁਰਮੁਖ ਵੱਡੇ ਵਡਭਾਗੀ, ਭਾਗਾਂ ਭਰੀਏ ਤੈਨੂੰ ਨਾਲ ਰਲਾਉਣਗੇ । ਤੇਰੀ ਕਿਸਮਤ ਓਨ੍ਹਾਂ ਨਾਲ ਜਾਗੀ, ਜੋ ਮੇਰਾ ਨਾਮ ਧਿਐਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਉਣਗੇ । ਸਾਚੀ ਕਰਨੀ ਕਰ ਵਖਾਵਾਂਗਾ । ਮੜ੍ਹੀ ਗੋਰ ਰੁੱਤ ਸੁਹਾਵਾਂਗਾ । ਨੇਤਰ ਰੋ ਕੋਈ ਨਾ ਪਾਵੇ ਸ਼ੋਰ, ਸਾਚਾ ਰੰਗ ਇਕ ਰੰਗਾਵਾਂਗਾ । ਅੱਗੇ ਪਿਛੇ ਸਾਰੇ ਤੋਰ, ਤੁਰਤ ਆਪਣਾ ਹੁਕਮ ਮਨਾਵਾਂਗਾ । ਜਨ ਭਗਤਾਂ ਪਕੜ ਹੱਥ ਆਪਣੀ ਡੋਰ, ਤੰਦ ਇਕੋ ਇਕ ਜਣਾਵਾਂਗਾ । ਲੋਕਮਾਤ ਆਪ ਬੌਹੜ, ਬੌਹੜੀ ਬੌਹੜੀ ਡੇਰਾ ਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਇਕੋ ਇਕ ਅਖਵਾਈਆ ।

★ ੧੦ ਮਾਘ ੨੦੨੦ ਬਿਕਰਮੀ ਮੇਲਾ ਸਿੰਘ ਮੁਨਸ਼ਾ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਭਿੰਨੜੀ ਰੈਣ ਉਠ ਉਠ ਕਹਿੰਦੀ, ਹਰਿਜਨਾਂ ਹਾਲ ਸੁਣਾਈਆ । ਚੜ੍ਹਦਾ ਪਹਾੜ ਦੱਖਣ ਦਿਸ਼ਾ ਵੇਖੋ ਲਹਿੰਦੀ, ਨੇਤਰ ਨੈਣ ਹਰਿ ਖੁਲਾਈਆ । ਜਿਸ ਨੂੰ ਪੈਗ਼ੰਬਰ ਕਹਿੰਦੇ ਅਮਾਮ ਮਹਿੰਦੀ, ਸੋ ਮਹਿਬੂਬ ਆਪਣਾ ਫੇਰਾ ਪਾਈਆ । ਜਿਸ ਦੀ ਜੋਤ ਆਦਿ ਜੁਗਾਦਿ ਜੁਗਾ ਜੁਗੰਤਰ ਰਹਿੰਦੀ, ਨਿਤ ਨਵਿਤ ਆਪਣੀ ਕਾਰ ਕਮਾਈਆ । ਜਿਸ ਦੇ ਚਰਨ ਸਰਨ ਦੋ ਜਹਾਨ ਮ੍ਰਿਸ਼ਟੀ ਪੈਂਦੀ, ਗੁਰ ਅਵਤਾਰ ਸੀਸ ਝੁਕਾਈਆ । ਮੈਂ ਵੀ ਓਸ ਦਾ ਭਾਣਾ ਸਹਿੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਭਿੰਨੜੀ ਰੈਣ ਕਹੇ ਉਠ ਗੁਰਸਿਖ, ਸਿਖਿਆ ਇਕ ਦ੍ਰਿੜਾਈਆ । ਜਿਸ ਦਾ ਨਾਨਕ ਗੋਬਿੰਦ ਲੇਖਾ ਗਏ ਲਿਖ, ਸੋ ਆਇਆ ਸਾਹਿਬ ਸੱਚਾ ਮਾਹੀਆ । ਬਿਨ ਧੁਰ ਦੇ ਨੇਤਰ ਪਏ ਨਾ ਦਿਸ, ਦੋਏ ਲੋਚਣ ਨਾ ਕੋਇ ਵਡਿਆਈਆ । ਸਭ ਨੂੰ ਸੁੱਤਾ ਦੇ ਕਰ ਪਿੱਠ, ਬਿਨ ਭਗਤ ਨਾ ਕੋਇ ਦਰਸ਼ਨ ਪਾਈਆ । ਸਾਹਿਬ ਸਤਿਗੁਰ ਨਾਲ ਕਰੋ ਹਿੱਤ, ਪ੍ਰੇਮ ਪ੍ਰੀਤੀ ਇਕ ਰਖਾਈਆ । ਦੋ ਜਹਾਨਾਂ ਬਣੇ ਪਿਤ, ਗੋਦ ਸੁਹੰਜਣੀ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲ ਆਇਆ ਨੂਰ ਅਲਾਈਆ । ਭਿੰਨੜੀ ਰੈਣ ਕਹੇ ਗੁਰਮੁਖ ਗੁਰਦੇਵ, ਹਰਿ ਕਰਤਾ ਨਜ਼ਰੀ ਆਈਆ । ਆਦਿ ਜੁਗਾਦੀ ਅਲਖ ਅਭੇਵ, ਅਪਰੰਪਰ ਬੇਪਰਵਾਹੀਆ । ਸਾਹਿਬ ਸੁਲਤਾਨ ਵਡ ਦੇਵੀ ਦੇਵ, ਦੇਵ ਆਤਮਾ ਹੋਏ ਸਹਾਈਆ । ਵਸਣਹਾਰਾ ਸਦਾ ਨਿਹਚਲ ਧਾਮ ਨਿਹਕੇਵ, ਸਚਖੰਡ ਸਾਚੇ ਸੋਭਾ ਪਾਈਆ । ਦੇਵਣਹਾਰਾ ਧੁਰ ਦਾ ਮੇਵ, ਸ਼ਬਦ ਵਸਤ ਨਾਮ ਵਰਤਾਈਆ । ਸਾਚੀ ਕਰੋ ਇਕੋ ਸੇਵ, ਸੇਵਕ ਸੱਚੀ ਸੇਵ ਦ੍ਰਿੜਾਈਆ । ਇਹਦੇ ਨਾਲ ਮਿਲ ਕੇ ਖੋਲ੍ਹੋ ਆਪਣਾ ਭੇਵ, ਪਰਦਾ ਵਿਚੋਂ ਲਓ ਚੁਕਾਈਆ । ਕੋਈ ਲੋੜ ਨਾ ਰਹੇ ਗੌਣ ਦੀ ਜਿਹਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਸਾਂਝਾ ਇਕ ਅਖਵਾਈਆ । ਭਿੰਨੜੀ ਰੈਣ ਕਹੇ ਮੈਂ ਕੀ ਕੁੱਛ ਦੱਸਾਂ, ਦੱਸਣ ਵਿਚ ਕਿਛ ਨਾ ਆਈਆ । ਨਾਲੇ ਰੋਵਾਂ ਨਾਲੇ ਹੱਸਾਂ, ਹੱਸਦਿਆਂ ਰੋਂਦਿਆਂ ਸਮਝ ਕੁੱਛ ਨਾ ਆਈਆ । ਹੇ ਨਿਮਾਣੀ

ਨਿਉਂ ਨਿਉਂ ਸਾਹਿਬ ਦੀ ਚਰਨੀ ਢੱਠਾਂ, ਢਹਿ ਢਹਿ ਸ਼ੁਕਰ ਮਨਾਈਆ । ਮੈਂ ਵੇਖਣ ਵਾਲੀ ਚੌਦਾਂ ਲੋਕ ਚੌਦਾਂ ਤਬਕਾਂ ਹੱਟਾਂ, ਚਾਰ ਕੁੰਟ ਧਿਆਨ ਲਗਾਈਆ । ਵਾਹੋ ਦਾਹੀ ਕਮਲੀ ਹੋ ਕੇ ਨੱਠਾਂ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋਵੇ ਸਹਾਈਆ । ਭਿੰਨੜੀ ਰੈਣ ਕਹੇ ਗੁਰਮੁਖ ਸਈਓ, ਪੁਰਖ ਅਕਾਲ ਨਜ਼ਰੀ ਆਈਆ । ਆਪਣਾ ਆਪ ਆਪੇ ਮੇਲੇ, ਵਿਚ ਵਿਚੋਲਾ ਰਹਿਣ ਕੋਇ ਨਾ ਪਾਈਆ । ਸਾਚੇ ਮੰਦਰ ਓਸ ਦੇ ਖੇਲ੍ਹੋ, ਜਿਸ ਮੰਦਰ ਖ਼ਾਲਕ ਬਹਿ ਕੇ ਖ਼ਲਕ ਬਣਾਈਆ । ਜੋ ਕੁਛ ਲੈਣਾ ਸੋ ਇਸ ਤੋਂ ਲੈ ਲਓ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਭਿੰਨੜੀ ਰੈਣ ਕਹੇ ਮੈਂ ਦੱਸਾਂ ਬੋਲ, ਆਪਣਾ ਬਲ ਧਰਾਈਆ । ਹਬ ਕੁਛ ਵਸਤ ਇਸ ਦੇ ਕੋਲ, ਦਾਤਾ ਦਾਨੀ ਨਜ਼ਰੀ ਆਈਆ । ਜੇ ਭੰਡਾਰਾ ਦੇਵੇ ਖੋਲ੍ਹ, ਦੇਂਦਿਆਂ ਤੋਟ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਜੇ ਅੰਤਰ ਜਾਏ ਮੌਲ, ਮੌਲਾ ਆਪਣਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਸਾਂਝਾ ਪੀਰ ਗੁਸਾਈਆ । ਗੁਰਸਿਖ ਕਹਿਣ ਸੁਣ ਭਿੰਨੜੀ ਰੈਣ, ਧੰਨ ਤੇਰੀ ਵਡਿਆਈਆ । ਜੋ ਸਾਨੂੰ ਆਈ ਕਹਿਣ, ਕਹਿ ਕਹਿ ਰਹੀ ਸਮਝਾਈਆ । ਅਸੀਂ ਇਸ ਤੋਂ ਲਈਏ ਲੈਣ, ਝੋਲੀ ਸਾਰੇ ਅੱਗੇ ਡਾਹੀਆ । ਵਿਹਲਾ ਕਦੀ ਨਾ ਦਈਏ ਬਹਿਣ, ਅੱਠੇ ਪਹਿਰ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਸੇਵਾ ਰਿਹਾ ਕਮਾਈਆ । ਭਿੰਨੀ ਰੈਣੜੀਏ ਤੇਰਾ ਸਾਕ ਸਨਬੰਧ, ਨਾਤਾ ਭਗਤਾਂ ਨਜ਼ਰੀ ਆਈਆ । ਤੂੰ ਸਾਹਿਬ ਸਤਿਗੁਰ ਵੇਖ ਚੜ੍ਹਿਆ ਅਗੰਮੀ ਚੰਦ, ਸਭ ਨੂੰ ਦਿਤਾ ਆਣ ਸੁਣਾਈਆ । ਅਸੀਂ ਵੇਖ ਕੇ ਹੋਏ ਅਨੰਦ, ਘਰ ਵੱਜੀ ਨਾਮ ਵਧਾਈਆ । ਪ੍ਰਭ ਮਿਲਿਆ ਇਕ ਬਖ਼ਸ਼ੰਦ, ਬਖ਼ਸ਼ਿਸ਼ ਸਾਚੀ ਝੋਲੀ ਪਾਈਆ । ਪੂਰਬ ਜਨਮ ਦੀ ਟੁੱਟੀ ਲਏ ਗੰਢ, ਅੱਗੇ ਆਪਣਾ ਸੰਗ ਨਿਭਾਈਆ । ਲੱਖ ਚੁਰਾਸੀ ਵਿਚੋਂ ਸਮਝ ਆਈ ਅਸੀਂ ਓਹੋ ਰੂਪ ਹਂ, ਜੋ ਬ੍ਰਹਮ ਰਿਹਾ ਅਖਵਾਈਆ । ਇਕੋ ਡੋਰੀ ਇਕੋ ਤੰਦ, ਇਕੋ ਜੋੜਾ ਜੋੜ ਜੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਲੇਖੇ ਲਾਈਆ । ਭਿੰਨੜੀ ਰੈਣ ਕਹੇ ਮੈਂ ਦੱਸਾਂ ਹਾਲ ਅਨੋਖਾ, ਸਚ ਸੱਚ ਜਣਾਈਆ । ਆਦਿ ਜੁਗਾਦਿ ਅਛਲ ਅਛੱਲ ਸਭ ਨਾਲ ਕਰਦਾ ਆਇਆ ਧੋਖਾ, ਆਪਣਾ ਪੱਲੂ ਨਾ ਕਿਸੇ ਫੜਾਈਆ । ਲੋਕਮਾਤ ਆਪਣੇ ਮਿਲਣ ਦਾ ਕਿਸੇ ਨਾ ਦੇਵੇ ਮੌਕਾ, ਚੋਰੀ ਚੋਰੀ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਅਗੰਮੀ ਦੇਂਦਾ ਰਿਹਾ ਹੋਕਾ, ਉਚੀ ਕੂਕ ਕੂਕ ਸੁਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੈਂ ਵੇਖਿਆ ਇਕੋ ਮਿਲਿਆ ਮੌਕਾ, ਜੋ ਕਲ ਕਲਕੀ ਵੇਸ ਵਟਾਈਆ । ਜਿਸ ਦੇ ਕੋਲ ਅਗੰਮੀ ਨੌਕਾ, ਨਈਆ ਨਜ਼ਰ ਕਿਸੇ ਨਾ ਆਈਆ । ਢਈਆ ਹੋਇਆ ਪਾਰ ਲਾ ਕੇ ਢੌਂਕਾ, ਗੋਬਿੰਦ ਗੁਰ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਸ ਵਟਾਈਆ । ਭਿੰਨੜੀ ਰੈਣਨੜੀਏ ਤੇਰੀ ਸੁਣ ਕੇ ਬਾਤ, ਬਾਤਨ ਆਪਣਾ ਭੇਵ ਖੁਲ੍ਹਾਈਆ । ਤੇਰੀ ਵਡਿਆਈ ਤੇਰੀ ਰਾਤ, ਰਾਤੀ ਰੁੱਤੀ ਸੋਭਾ ਪਾਈਆ । ਤੂੰ ਸਚ ਸੁਨੇਹੜਾ ਦਿਤਾ ਆਖ, ਅੱਖਰ ਅੱਖਰ ਢੋਲਾ ਗਾਈਆ । ਅਸੀਂ ਪੁਰਖ ਅਬਿਨਾਸ਼ੀ ਵੇਖੀਏ ਸਾਖਿਆਤ, ਸਾਹਿਬ ਸੱਜਣ ਨਜ਼ਰੀ ਆਈਆ । ਇਕੱਠੇ ਹੋ ਕੇ ਕਰੀਏ ਅਰਦਾਸ, ਦੋਏ ਜੋੜ ਵਾਸਤਾ ਪਾਈਆ । ਤੂੰ ਸਾਡੇ ਵਸਣਾ ਪਾਸ, ਜਗ ਵਿਛੜ ਕਦੇ ਨਾ

੩੨੬ ੧੯

ਜਾਈਆ । ਕੋਟਨ ਕੋਟ ਜਨਮ ਪਿਛੋਂ ਪੂਰੀ ਹੋਈ ਆਸ, ਆਸਾ ਤ੍ਰਿਸਨਾ ਦੇ ਬੁਝਾਈਆ । ਉਫ਼ ਹਾਏ ਨਾ ਕੋਈ ਕਾਸ਼, ਹੌਕਾ ਲੈ ਨਾ ਕੋਇ ਜਣਾਈਆ । ਜਨ ਭਗਤਾਂ ਮਿਲਣ ਦਾ ਤੇਰਾ ਕੰਮ ਖਾਸ, ਦੂਜੀ ਮੰਗ ਨਾ ਕੋਇ ਮੰਗਾਈਆ । ਚਰਨ ਪ੍ਰੀਤੀ ਦੇ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਸ੍ਰੀ ਭਗਵਾਨ ਕਹੇ ਸ਼ਾਬਾਸ਼, ਸ਼ਹਿਨਸ਼ਾਹ ਖ਼ੁਸ਼ੀਆਂ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਭਿੰਨੜੀ ਰੈਣ ਕਹੇ ਮੇਰੇ ਗੁਰਮੁਖ ਭਾਈ, ਭਗਵਨ ਵੇਖ ਸਾਹਿਬ ਸੁਲਤਾਨਾ । ਜਿਸ ਦੇ ਘਰ ਵੱਜੇ ਵਧਾਈ, ਸੱਚਾ ਨਾਦ ਧੁਨ ਨਾਮ ਤਰਾਨਾ । ਉਸ ਦਾ ਦਰਸ਼ਨ ਕਰੋ ਚਾਈਂ ਚਾਈਂ, ਨੇਤਰ ਨੈਣ ਹੋਏ ਮਸਤਾਨਾ । ਨਿਉਂ ਨਿਉਂ ਲਾਗੋ ਪ੍ਰਭ ਦੇ ਪਾਈਂ, ਦੋ ਜਹਾਨ ਮਿਲੇ ਮਾਣਾ । ਢੋਲਾ ਗਾਓ ਚਾਈਂ ਚਾਈਂ, ਤੂੰ ਹੈਂ ਸਾਹਿਬ ਵਿਸ਼ਨੂੰ ਭਗਵਾਨਾ । ਜਿਸ ਆਦਿ ਜੁਗਾਦਿ ਰਚਾਈ, ਬ੍ਰਹਮਾ ਸ਼ੰਕਰ ਦਿਤਾ ਦਾਨਾ । ਲੱਖ ਚੁਰਾਸੀ ਵੰਡ ਵੰਡਾਈ, ਅੰਡਜ ਜੇਰਜ ਉਤਭੁਜ ਸੇਤਜ ਕਰ ਪਰਧਾਨਾ । ਜਿਮੀ ਅਸਮਾਨਾਂ ਰਚਨ ਰਚਾਈ, ਸੂਰਜ ਚੰਦ ਪਰਕਾਸ਼ ਭਾਨਾ । ਚਾਰੇ ਬਾਣੀ ਰਾਗ ਅਲਾਈ, ਚਾਰੋਂ ਕੁੰਟ ਝੁਲਾਏ ਨਿਸ਼ਾਨਾ । ਦਿਵਸ ਰੈਣ ਰੰਗ ਰੰਗਾਈ, ਘੜੀ ਪਲ ਵੇਖੇ ਮਾਰ ਧਿਆਨਾ । ਨੌ ਸੌ ਚੁਰਾਨਵੇਂ ਚੌਕੜੀ ਪਿਛੋਂ ਭਿੰਨੜੀ ਰੈਣ ਇਕੋ ਨਜ਼ਰੀ ਆਈ, ਜਿਸ ਮਿਲਿਆ ਸ਼ਾਹ ਸੁਲਤਾਨਾ । ਜਨ ਭਗਤਾਂ ਦੱਸੇ ਚਾਈਂ ਚਾਈਂ, ਘਰ ਖ਼ੁਸ਼ੀਆਂ ਮੰਗਲ ਗਾਏ ਗਾਣਾ । ਪੁਰਖ ਅਕਾਲ ਇਕ ਗੁਸਾਈਂ, ਜਿਸ ਨਿਰਗੁਣ ਜੋਤੀ ਪਹਿਰਿਆ ਬਾਣਾ । ਚਲ ਕੇ ਆਇਆ ਧੁਰ ਦਾ ਮਾਹੀ, ਜਿਸ ਦਾ ਸਚਖੰਡ ਟਿਕਾਣਾ । ਜਨ ਭਗਤ ਪਕੜੇ ਬਾਹੀਂ, ਗੋਦ ਉਠਾਏ ਜਿਉਂ ਪਿਤਾ ਬਾਲ ਅਵਾਣਾ । ਮੇਲ ਮਿਲਾਏ ਸਹਿਜ ਸੁਭਾਈ, ਔਝੜ ਰਾਹ ਨਾ ਕੋਈ ਵਿਖਾਣਾ । ਮੈਂ ਵੇਖਿਆ ਉਸ ਦੇ ਤਾਈਂ, ਜੋਤੀ ਨੂਰ ਜਗੇ ਮਹਾਨਾ । ਮਸਤਕ ਦਿਸੇ ਨਾ ਕੋਈ ਸ਼ਾਹੀ, ਲਲਾਟੀ ਇਕੋ ਰੰਗ ਵਖਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨਾ । ਭਿੰਨੜੀ ਰੈਣੜੀਏ ਤੇਰਾ ਗਾਈਏ ਜਸ, ਜਨ ਭਗਤ ਰਹੇ ਸੁਣਾਈਆ । ਜਿਸ ਮਿਲਾਇਆ ਪੁਰਖ ਸਮਰਥ, ਸਾਹਿਬ ਸਤਿਗੁਰ ਸੱਚਾ ਮਾਹੀਆ । ਸ੍ਰਿਸ਼ਟ ਸਬਾਈ ਸੁੱਤੀ ਸਾਡੀ ਖੋਲ੍ਹੀ ਅੱਖ, ਆਖਰ ਵੇਲਾ ਦਿਤਾ ਜਣਾਈਆ । ਉਸ ਦੀ ਚਰਨੀ ਜਾਈਏ ਢੱਠ, ਜਿਹੜਾ ਢੱਠਿਆਂ ਲਏ ਉਠਾਈਆ । ਆਪਣਾ ਦੁੱਖੜਾ ਦੇਈਏ ਦੱਸ, ਜੋ ਦੁੱਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵੇ ਮਾਤ ਸਹਾਈਆ । ਭਿੰਨੜੀ ਰੈਣ ਕਹੇ ਦੱਸੋ ਆਪਣਾ ਦੁੱਖ, ਖ਼ੁਸ਼ੀਆਂ ਹਾਲ ਸੁਣਾਈਆ । ਪ੍ਰਭ ਸਭ ਦੀ ਮੇਟੇ ਭੁੱਖ, ਭੁਖਿਆਂ ਭੁੱਖ ਗਵਾਈਆ । ਉਸ ਦੇ ਕੋਲੋਂ ਕਾਹਦਾ ਲੁਕ, ਜੋ ਘਰ ਘਰ ਬੈਠਾ ਡੇਰਾ ਲਾਈਆ । ਬਣ ਜਾਓ ਸਾਚੇ ਇਹਦੇ ਪੁੱਤ, ਪਿਤਾ ਪੂਤ ਆਪੇ ਹੋਏ ਸਹਾਈਆ । ਆਦਿ ਜੁਗਾਦੀ ਇਹੋ ਮੁੱਢ, ਡਾਲੀ ਪੱਤ ਰਿਹਾ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਦੇਵੇ ਹੱਥ ਟਿਕਾਈਆ । ਭਗਤ ਕਹਿਣ ਭਿੰਨੜੀ ਰੈਣ ਪਿਆਰੀ, ਤੇਰੀ ਮੁਹੱਬਤ ਨਜ਼ਰੀ ਆਈਆ । ਜਿਸ ਲੇਖਾ ਦੱਸਿਆ ਜੋਤ ਨਿਰੰਕਾਰੀ, ਨਿਰਗੁਣ ਆਪਣਾ ਫੇਰਾ ਪਾਈਆ । ਅਸੀਂ ਰਲ ਕੇ ਸਾਰੇ ਕਰੀਏ ਤਿਆਰੀ, ਤੁਰਤ ਆਪਣਾ ਬਲ ਪਰਗਟਾਈਆ । ਜਾ ਕੇ ਚਰਨ ਕਰੀਏ ਨਿਮਸਕਾਰੀ, ਨਿਉਂ ਨਿਉਂ ਸੀਸ ਨਿਵਾਈਆ । ਸਾਡੀ ਤੇਰੇ ਹੱਥ ਸਿਕਦਾਰੀ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਆਵਣ ਜਾਵਣ ਲੱਗਾ ਦੁੱਖ ਭਾਰੀ, ਲੱਖ ਚੁਰਾਸੀ ਰਹੀ ਸਤਾਈਆ । ਜਨਮ ਕਰਮ

ਦੀ ਪਹਿਲੋਂ ਕੱਟ ਬਿਮਾਰੀ, ਅਗਲਾ ਹਾਲ ਫੇਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ । ਭਿੰਨੜੀ ਰੈਣ ਕਹੇ ਤੁਸੀਂ ਦੱਸੋ ਹਾਲ, ਆਪਣਾ ਆਪ ਜਣਾਈਆ । ਉਹ ਸਾਹਿਬ ਬੜਾ ਦਿਆਲ, ਦੀਨ ਦਿਆਲ ਨਾਉਂ ਧਰਾਈਆ । ਤੁਹਾਡਾ ਝਗੜਾ ਮੁਕਾਵੇ ਕਾਲ, ਮੌਤ ਨਗਾਰਾ ਨਾ ਕੋਇ ਵਖਾਈਆ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਉਸ ਨੂੰ ਮਿਲ ਕੇ ਹੋਰ ਕਰਨੀ ਨਾ ਪਏ ਭਾਲ, ਲੱਭਣ ਕੋਈ ਕਿਤੇ ਨਾ ਜਾਈਆ । ਜਿਸ ਦੇ ਘਰ ਸੋਹਣ ਸ਼ਾਹ ਕੰਗਾਲ, ਊਚ ਨੀਚ ਡੇਰਾ ਲਾਈਆ । ਜਿਸ ਦੀ ਸਚ ਸੱਚੀ ਧਰਮਸਾਲ, ਸਚਖੰਡ ਇਕੋ ਇਕ ਵਖਾਈਆ । ਸੋ ਸੁਆਮੀ ਨਿਰਗੁਣ ਹੋ ਕੇ ਬਦਲੇ ਪਿਛਲੀ ਚਾਲ, ਮਾਰਗ ਆਪਣਾ ਇਕ ਲਗਾਈਆ । ਨਿਰਗੁਣ ਹੋ ਕੇ ਬਣ ਦਲਾਲ, ਜਨ ਭਗਤਾਂ ਰਿਹਾ ਤਰਾਈਆ । ਮੈਂ ਵੀ ਤੁਹਾਡੇ ਨਾਲ ਮਿਲ ਕੇ ਕਰਾਂ ਸੁਆਲ, ਬੇਨੰਤੀ ਇਕੋ ਇਕ ਜਣਾਈਆ । ਪ੍ਰਭੂ ਮੈਨੂੰ ਭਗਤਾਂ ਰੱਖੀ ਸਦਾ ਨਾਲ, ਮੇਰਾ ਭਿੰਨੜਾ ਰੂਪ ਮੇਰੇ ਅੰਧੇਰੇ ਵਿਚੋਂ ਨਜ਼ਰੀ ਆਈਆ । ਮੈਂ ਵੇਖਾਂ ਗੁਰਮੁਖ ਤੇਰੇ ਲਾਲ, ਲਾਲਾਂ ਵਿਚੋਂ ਲਾਲ ਜੋ ਬੈਠੇ ਰੰਗ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਹੋ ਕਿਰਪਾਲ, ਮਿਹਰਵਾਨ ਹੋ ਕੇ ਕਹੇ ਦਿਆਲ, ਦੋਹਾਂ ਦਾ ਪੂਰਾ ਕਰਾਂ ਸੁਆਲ, ਘਾਲ ਆਪਣੀ ਤੁਹਾਡੀ ਝੋਲੀ ਪਾਈਆ ।

### ★ ੧੧ ਮਾਘ ੨੦੨੦ ਬਿਕਰਮੀ ਮੁਨਸ਼ਾ ਸਿੰਘ ਦੇ ਗ੍ਰਿਹ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਚੰਦ ਸਿਤਾਰ ਕਹੇ ਮੇਰੇ ਖ਼ਾਲਕ ਖ਼ਲਕ, ਮਖ਼ਲੂਕ ਤੇਰੀ ਨਜ਼ਰੀ ਆਈਆ । ਤੇਰਾ ਨੂਰ ਨਜ਼ਰ ਨਾ ਆਇਆ ਉਤੇ ਫ਼ਲਕ, ਜਹੂਰ ਮਿਲੀ ਨਾ ਕੋਇ ਰੁਸ਼ਨਾਈਆ । ਤੇਰੀ ਕਿਰਪਾ ਤੇਰੇ ਸਹਾਰੇ ਰਹੇ ਲਟਕ, ਤੰਦੀ ਡੋਰ ਨਾ ਕੋਇ ਬੰਧਾਈਆ । ਜੁਗ ਚੌਕੜੀ ਦਰਸ ਤੇਰੇ ਨੂੰ ਰਹੇ ਭਟਕ, ਭਟਕਣਾ ਸਕੇ ਨਾ ਕੋਇ ਮਿਟਾਈਆ । ਤੇਰੇ ਪ੍ਰੇਮ ਦਾ ਮਿਲਿਆ ਨਾ ਸੱਚਾ ਇਸ਼ਕ, ਹਕੀਕੀ ਰੂਪ ਨਾ ਕੋਇ ਵਖਾਈਆ । ਸਾਚਾ ਨਜ਼ਰ ਨਾ ਆਇਆ ਇਸ਼ਟ, ਮਿਲਿਆ ਮੇਲ ਨਾ ਬੇਪਰਵਾਹੀਆ । ਨੇੜੇ ਹੁੰਦਿਆਂ ਖੋਲ੍ਹੀ ਨਾ ਕਿਸੇ ਦ੍ਰਿਸ਼ਟ, ਭੇਵ ਅਭੇਦ ਨਾ ਕੋਇ ਸਮਝਾਈਆ । ਤੇਰਾ ਖੇਲ ਵੇਖਦੇ ਰਹੇ ਵਿਚ ਸ੍ਰਿਸ਼ਟ, ਜੁਗ ਚੌਕੜੀ ਧਿਆਨ ਲਗਾਈਆ । ਸੁਣਦੇ ਰਹੇ ਤੇਰੀ ਸਿਫ਼ਤ, ਸਿਫ਼ਤੀ ਸਿਫ਼ਤ ਵਡ ਸਿਫ਼ਤ ਸਲਾਹੀਆ । ਤੇਰੇ ਹੁਕਮੇ ਅੰਦਰ ਹੋ ਕੇ ਗ੍ਰਿਫ਼ਤ, ਬੰਧਨ ਧੁਰ ਦਾ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਵਖਾਈਆ । ਚੰਦ ਸਿਤਾਰ ਕਹੇ ਸੁਣ ਸਾਹਿਬ ਨਿਰਗੁਣ, ਨਿਰਵੈਰ ਤੇਰੀ ਸਰਨਾਈਆ । ਸਾਡਾ ਰੂਪ ਅਗੰਮੀ ਧਾਰ ਸਰਗੁਣ, ਸਤਿ ਸਰੂਪ ਵਿਚੋਂ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਜਾਣਿਆਂ ਤੇਰਾ ਗੁਣ, ਪਰਦਾ ਭੇਵ ਨਾ ਕੋਇ ਉਠਾਈਆ । ਚੁੱਪ ਚੁਪਾਤੇ ਬੈਠੇ ਹੋ ਕੇ ਮੁਨ, ਰਾਗ ਨਾਦ ਨਾ ਕੋਇ ਅਲਾਈਆ । ਸੁੰਨ ਸਮਾਧੀ ਅੰਦਰ ਹੋਏ ਸੁੰਨ, ਸਾਚੀ ਸੇਵ ਨਾ ਕੋਇ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਾਡੇ ਵੇਂਹਦਿਆਂ ਭਗਤ ਭਗਵਾਨ ਲਈਂ ਚੁਣ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਚੁਕਾਈਆ । ਚੰਦ ਸਿਤਾਰ ਕਹਿਣ ਅਸੀਂ ਹੋਏ ਪੁੱਠੇ, ਮੁਖ ਤੇਰੇ ਵਲੋਂ ਭਵਾਈਆ । ਵਿਛੋੜੇ ਅੰਦਰ ਗਏ ਕੁੱਠੇ,

ਦੁੱਖ ਸਕੇ ਨਾ ਕੋਇ ਮਿਟਾਈਆ । ਸਾਡੀ ਵਾਰਤਾ ਆਣ ਕੋਈ ਨਾ ਪੁੱਛੇ, ਦੁਖੜਾ ਸੁਣਨ ਕੋਇ ਨਾ ਜਾਈਆ । ਤੇਰੇ ਦਵਾਰੇ ਉਹਲੇ ਲੁਕੇ, ਸਨਮੁਖ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਦੇ ਵਡਿਆਈਆ । ਚੰਦ ਸਿਤਾਰ ਕਹੇ ਸਾਡੀ ਨਿਕੰਮੀ ਚਮਕ, ਜੀਵ ਜੰਤ ਨਜ਼ਰੀ ਆਈਆ । ਭੇਵ ਨਾ ਪਾਇਆ ਜਿਸ ਬਣਾਈ ਬਣਤ, ਪ੍ਰਭ ਮਿਲਿਆ ਨਾ ਬੇਪਰਵਾਹੀਆ । ਹੋਇਆ ਵਿਛੋੜਾ ਧੁਰ ਦੇ ਕੰਤ, ਅੰਗੀਕਾਰ ਨਾ ਕੋਇ ਕਰਾਈਆ । ਸਾਚੀ ਬਣੀ ਨਾ ਅਜੇ ਬਣਤ, ਘਾੜਤ ਘੜਨ ਨਾ ਕੋਇ ਘੜਾਈਆ । ਸਮਝ ਨਾ ਆਏ ਆਪਣੇ ਅੰਤ, ਪ੍ਰਭ ਹੋਏ ਕਬ ਸਹਾਈਆ । ਦਰ ਦਰਵੇਸ਼ ਹੋਈਏ ਮੰਗਤ, ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਰੰਗਾਈਆ । ਚੰਦ ਕਹੇ ਸੁਣ ਨੰਨ੍ਹੇ ਸਿਤਾਰ, ਤੈਨੂੰ ਸਚ ਸੱਚ ਜਣਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਨਜ਼ਰ ਸਾਡੇ ਵਲ ਉਠਾਈਆ । ਨਿਰਗੁਣ ਨਿਰਵੈਰ ਲੈ ਅਵਤਾਰ, ਜੋਤੀ ਜੋਤ ਕਰੀ ਰੁਸ਼ਨਾਈਆ । ਇਕ ਨੌ ਦਾ ਕਰਜ਼ ਉਤਾਰ, ਪੂਰਬ ਲੇਖਾ ਲੇਖੇ ਪਾਈਆ । ਲਹਿਣਾ ਮੇਟ ਗੁਰੂ ਅਵਤਾਰ, ਪੈਗ਼ੰਬਰਾਂ ਆਪਣੇ ਰਾਹ ਚਲਾਈਆ । ਸਾਚੀ ਕਰਨੀ ਕਰ ਨਿਰੰਕਾਰ, ਨਿਰਵੈਰ ਖੇਲ ਖਿਲਾਈਆ । ਪਰਵਰਦਿਗਾਰ ਹੋ ਮਿਹਰਵਾਨ, ਮੁਹੱਬਤ ਸਾਡੇ ਨਾਲ ਕਰਾਈਆ । ਲੋਕਮਾਤ ਪੈਜ ਸੁਆਰ, ਸਾਚੀ ਬਣਤ ਰਿਹਾ ਬਣਾਈਆ । ਆਪਣੇ ਤਨ ਕਰ ਸ਼ਿੰਗਾਰ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਿਤਾਰ ਕਹੇ ਸੁਣ ਸੱਜਣ ਚੰਦ, ਮੈਂ ਵੇਖ ਵੇਖ ਬਿਗਸਾਈਆ । ਸ੍ਰੀ ਭਗਵਾਨ ਹੋ ਬਖ਼ਸ਼ੰਦ, ਬਖ਼ਸ਼ਿਸ਼ ਸਾਡੇ ਉਤੇ ਕਮਾਈਆ । ਨਿਰਗੁਣ ਸਰਗੁਣ ਹੋ ਕੇ ਲਾਇਆ ਅੰਗ, ਅੰਗੀਕਾਰ ਆਪ ਅਖਵਾਈਆ । ਛਾਤੀ ਨਾਲ ਲਗਾਏ ਖ਼ੁਸ਼ੀ ਕੀਤਾ ਬੰਦ ਬੰਦ, ਸਾਚੀ ਬਣਤ ਰਿਹਾ ਬਣਾਈਆ । ਸਭ ਦੀ ਪੂਰੀ ਕਰਨਹਾਰਾ ਮੰਗ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਾਚੀ ਪੈਜ ਰਖਾਈਆ । ਚੰਦ ਕਹੇ ਸੁਣ ਸਿਤਾਰੇ ਮੀਤ, ਪ੍ਰਭ ਹੱਥ ਵੱਡੀ ਵਡਿਆਈਆ । ਮੁਹੰਮਦ ਦੱਸ ਕੇ ਗਿਆ ਪ੍ਰਭ ਦੀ ਰੀਤ, ਪਰਵਰਦਿਗਾਰ ਭੇਵ ਚੁਕਾਈਆ । ਜਿਸ ਦਾ ਕਾਅਬਾ ਸਚ ਮਸੀਤ, ਹੁਜਰਾ ਇਕੋ ਇਕ ਵਡਿਆਈਆ । ਜਿਸ ਦਾ ਨਿਸ਼ਾਨਾ ਸੱਚਾ ਠੀਕ, ਤੀਰ ਨਿਰਾਲਾ ਬਾਣ ਵਖਾਈਆ । ਜੋ ਜਗਤ ਅੰਧੇਰਾ ਮੇਟੇ ਤਾਰੀਕ, ਸਾਚਾ ਨੂਰ ਚੰਦ ਚਮਕਾਈਆ । ਜਿਸ ਦੀ ਸਦਾ ਧਾਰ ਬਰੀਕ, ਸਤ ਸਤਾਰ ਦਏ ਪਰਗਟਾਈਆ । ਜਿਸ ਦੇ ਵਸੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਦੀ ਕੋਈ ਨਾ ਸਮਝੇ ਰੀਤ, ਰੀਤੀਵਾਨ ਇਕ ਅਖਵਾਈਆ । ਨਾ ਹੋਏ ਕਦੇ ਪਲੀਤ, ਪਾਕ ਰਸੂਲ ਇਕ ਅਖਵਾਈਆ । ਸੋ ਸਾਡੇ ਨਾਲ ਕਰੇ ਪ੍ਰੀਤ, ਨੀਲਾ ਫ਼ਲਕ ਰੂਪ ਵਖਾਈਆ । ਖ਼ਾਲਕ ਨਿਸ਼ਾਨਾ ਵੇਖੇ ਠੀਕ, ਤਨ ਚੋਲੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਿਤਾਰ ਕਹੇ ਸੁਣ ਚੰਦ ਚੰਗੇਰੇ, ਮੈਂ ਚੰਗੀ ਤਰ੍ਹਾਂ ਸਮਝਾਈਆ । ਲੋਕ ਪਰਲੋਕ ਜਿਸ ਦੇ ਘੇਰੇ, ਤਬਕ ਸਬਕ ਜੋ ਰਿਹਾ ਪੜ੍ਹਾਈਆ । ਬ੍ਰਹਿਮੰਡ ਖੰਡ ਜਿਸ ਦੇ ਖੇੜੇ, ਦੋ ਜਹਾਨ ਖੇਲ ਖਿਲਾਈਆ । ਆਦਿ ਜੁਗਾਦਿ ਜੋ ਬੰਨ੍ਹੇ ਬੇੜੇ, ਜੁਗ ਚੌਕੜੀ ਹੋਏ ਸਹਾਈਆ । ਗੁਰ ਅਵਤਾਰ ਜਿਸ ਦੇ ਚੇਰੇ, ਪੀਰ ਪੈਗ਼ੰਬਰ ਸੇਵ ਕਮਾਈਆ । ਉਹ ਕਰੇ ਹੱਕ ਨਬੇੜੇ, ਸਭ ਵੇਖੇ ਥਾਉਂ ਥਾਈਆ ।

ਕਲਜੁਗ ਅੰਤਮ ਲਾਏ ਡੇਰੇ, ਘਰ ਸਾਚੇ ਸੋਭਾ ਪਾਈਆ । ਲੱਖ ਚੁਰਾਸੀ ਦੇਵੇ ਗੇੜੇ, ਮੁਰੀਦ ਮੁਰਸ਼ਦ ਲਏ ਤਰਾਈਆ । ਦੂਰ ਦੁਰਾਡਾ ਆਏ ਨੇੜੇ, ਨੇੜਨ ਨੇਰਾ ਨਜ਼ਰੀ ਆਈਆ । ਦੋ ਜਹਾਨ ਬਣ ਦਰ ਦਲੇਰੇ, ਹੁਕਮ ਆਪਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚੰਦ ਕਹੇ ਸਿਤਾਰ ਤੇਰੀ ਸਮਝ ਨਿੱਕੀ, ਵੱਡੇ ਭੇਵ ਕੋਇ ਨਾ ਪਾਈਆ । ਪਰਵਰਦਿਗਾਰ ਧਾਰ ਰੱਖੇ ਨਿੱਕੀ, ਦੋ ਜਹਾਨ ਆਰ ਪਾਰ ਵਖਾਈਆ । ਕਰੇ ਖੇਲ ਇਕ ਅਨਡਿਠੀ, ਜਿਸ ਦੀ ਸਮਝ ਕਿਸੇ ਨਾ ਪਾਈਆ । ਇਕੋ ਗੋਬਿੰਦ ਦੀ ਮੈਂ ਪੜ੍ਹਾਂ ਚਿੱਠੀ, ਜਿਸ ਉਤੇ ਹਰਫ਼ ਜਗਤ ਨਜ਼ਰ ਨਾ ਆਈਆ । ਬਿਨ ਕਾਗਦ ਬਿਨ ਹਲਕਾਰੇ ਦਿਤੀ, ਮੋਹਰ ਉਤੇ ਨਾ ਕੋਇ ਲਗਾਈਆ । ਜਿਸ ਦੀ ਧਾਰ ਅਗੰਮੀ ਲਿਖੀ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਿਤਾਰ ਕਹੇ ਚੰਦ ਦੱਸ ਉਹ ਲੇਖ, ਜੋ ਨੇਤਰ ਨੈਣ ਨਿਹਾਲਿਆ । ਤੂੰ ਇਨ੍ਹਾਂ ਅੱਖਾਂ ਲਿਆ ਵੇਖ, ਦੂਰ ਦੁਰਾਡੇ ਸਚ ਮਤਵਾਲਿਆ । ਗੋਬਿੰਦ ਖੇਡੇ ਕਿਹੜੀ ਖੇਡ, ਮਿਲੇ ਮੇਲ ਪੁਰਖ ਅਕਾਲਿਆ । ਕੀ ਸੁਨੇਹੜਾ ਦਿਤਾ ਭੇਜ, ਸਚ ਸੰਦੇਸ਼ਾ ਇਕ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾ ਲਿਆ । ਚੰਦ ਕਹੇ ਸੁਣ ਸਿਤਾਰ ਮੇਰੇ, ਮੈਂ ਸਚ ਦਿਆਂ ਜਣਾਈਆ । ਗੋਬਿੰਦ ਸੂਲਾਂ ਸੱਥਰ ਕਰ ਚੰਗੇਰੇ, ਆਸਣ ਸੋਹਣਾ ਇਕ ਵਿਛਾਈਆ । ਖੰਜਰ ਕੱਢ ਆਪਣੇ ਹੱਥ ਵਿਚ ਫੇਰੇ, ਸੀਸ ਉਪਰ ਆਪ ਲਗਾਈਆ । ਨੋਕ ਨਾਲ ਮਸਤਕ ਛੇੜੇ, ਧਾਰ ਪ੍ਰੇਮ ਪ੍ਰੀਤ ਵਹਾਈਆ । ਛੋਟੀ ਉਂਗਲੀ ਨਾਲ ਲਿਖਿਆ ਕਰ ਕੇ ਵੱਡੇ ਜੇਰੇ, ਕਾਗਦ ਕਲਮ ਨਾ ਕੋਇ ਵਖਾਈਆ । ਇਕੋ ਅੱਖਰ ਪਾਇਆ ਨਿਰੰਕਾਰ ਮੈਂ ਚੜ੍ਹਿਆ ਤੇਰੇ ਬੇੜੇ, ਤੂੰ ਬੇੜਾ ਮੇਰਾ ਆਪ ਚਲਾਈਆ । ਮੈਂ ਵਸਿਆ ਤੇਰੇ ਵਿਹੜੇ, ਤੂੰ ਮੇਰਾ ਘਰ ਵਸਾਈਆ । ਇਕੋ ਕੀਤੇ ਕੌਲ ਬਥੇਰੇ, ਗਿਣਤੀ ਹੋਰ ਨਾ ਕੋਇ ਵਧਾਈਆ । ਸ੍ਰੀ ਭਗਵਾਨ ਕਿਹਾ ਮੈਂ ਸਦ ਵਸਾਂ ਤੇਰੇ ਖੇੜੇ, ਕਾਇਆ ਬੁੱਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਿਤਾਰ ਕਹੇ ਕੀ ਗੋਬਿੰਦ ਲਿਖੀ ਧਾਰ, ਖ਼ੂਨ ਆਪਣਾ ਰੰਗ ਰੰਗਾਈਆ । ਚੰਦ ਕਹੇ ਮੈਂ ਗੁਜਰੀ ਚੰਦ ਪਿਆਰ, ਪਿਆਰ ਪਿਆਰ ਵਿਚੋਂ ਪਰਗਟਾਈਆ । ਦੋਹਾਂ ਮਿਲ ਕੇ ਬਣੀ ਇਕ ਕਤਾਰ, ਸਤਰ ਰੂਪ ਨਾ ਕੋਇ ਵਖਾਈਆ । ਸਜਦਾ ਕਰਨ ਚੰਦ ਸਿਤਾਰ, ਦੋਵੇਂ ਸੀਸ ਝੁਕਾਈਆ । ਗੋਬਿੰਦ ਕਹੇ ਤੂੰ ਮੇਰਾ ਪੁਰਖ ਅਕਾਲ, ਪਿਤਾ ਇਕੋ ਨਜ਼ਰੀ ਆਈਆ । ਪੁਰਖ ਅਕਾਲ ਕਹੇ ਤੂੰ ਮੇਰਾ ਲਾਲ, ਨੂਰ ਨੁਰਾਨਾ ਨੂਰ ਇਲਾਹੀਆ । ਗੋਬਿੰਦ ਕਹੇ ਮੇਰਾ ਇਕ ਸੁਆਲ, ਸਚ ਤੇਰੀ ਝੋਲੀ ਪਾਈਆ । ਮੇਰੇ ਨਾਲੋਂ ਪਿਆਰੇ ਰੱਖੀਂ ਮੇਰੇ ਗੁਰਮੁਖ ਲਾਲ, ਜਿਨ੍ਹਾਂ ਵਿਚੋਂ ਮੇਰਾ ਰੂਪ ਨਜ਼ਰੀ ਆਈਆ । ਉਨ੍ਹਾਂ ਆਪਣੀ ਗੋਦੀ ਰੱਖੀਂ ਸੰਭਾਲ, ਮੈਂ ਤੇਰੀ ਭੇਟ ਚੜ੍ਹਾਈਆ । ਉਹ ਚੰਦ ਚਮਕਣ ਵਿਚ ਜਹਾਨ, ਸਿਤਾਰੇ ਤੇਰੀ ਡੋਰੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਚੰਦ ਸਿਤਾਰੇ ਦੋਵੇਂ ਕਹਿਣ, ਕਹਿ ਕਹਿ ਖ਼ੁਸ਼ੀ ਮਨਾਈਆ । ਅਸਾਂ ਆਖਿਆ ਸ਼ਾਇਦ ਪ੍ਰਭ ਸਾਨੂੰ ਆਏ ਲੈਣ, ਸਾਡਾ ਲਹਿਣਾ ਦਏ ਮੁਕਾਈਆ । ਜਾਂ ਵੇਖਿਆ ਭਗਤਾਂ ਬਣਿਆ ਸੱਜਣ ਸੈਣ, ਸਾਕ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਚੰਦ ਕਹੇ ਸਿਤਾਰੇ ਉਠ, ਉਠ ਆਪਣਾ ਹਾਲ ਸੁਣਾਈਆ । ਜਨ ਭਗਤਾਂ ਉਤੇ ਭਗਵਨ ਰਿਹਾ ਤੁਠ, ਮਿਹਰ ਨਜ਼ਰ ਟਿਕਾਈਆ । ਉਸ ਦੇ ਕੋਲ ਫੋਲੀਏ ਆਪਣਾ ਦੁੱਖ, ਦੁਖੀਆਂ ਦਰਦ ਵੰਡਾਈਆ । ਕੋਟਨ ਕੋਟ ਜੁਗ ਅੱਗੇ ਬੈਠੇ ਰਹੇ ਚੁੱਪ, ਸਾਡੀ ਸਾਰ ਕਿਸੇ ਨਾ ਪਾਈਆ । ਸਿਤਾਰਾ ਕਹੇ ਅਸੀਂ ਗੁਰਮੁਖਾਂ ਵਾਂਗ ਬਣੀਏ ਉਹਦੇ ਪੁੱਤ, ਪ੍ਰੇਮ ਪ੍ਰੀਤੀ ਚਰਨਾਂ ਨਾਲ ਨਿਭਾਈਆ । ਕਰ ਕਿਰਪਾ ਜੇ ਸਾਨੂੰ ਲਏ ਚੁੱਕ, ਪਿਛਲਾ ਦੁੱਖ ਦੇਵੇ ਗਵਾਈਆ । ਚੰਦ ਕਹੇ ਚਲ ਵੇਖੀਏ ਉਸ ਦਾ ਮੁੱਖ, ਜੋ ਨੂਰ ਨੂਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤਾਰਾ ਕਹੇ ਚੰਦ ਕੀ ਹੋਇਆ, ਹਾਲਤ ਮੈਨੂੰ ਸਮਝ ਨਾ ਆਈਆ । ਪੁਰਖ ਅਬਿਨਾਸ਼ੀ ਕਦੇ ਨਾ ਸੋਇਆ, ਜੁਗ ਚੌਕੜੀ ਵੇਖੇ ਥਾਉਂ ਥਾਈਂਆ । ਸਾਡੀ ਪੁਕਾਰ ਵਿਚੋਂ ਸਾਨੂੰ ਦਿਤਾ ਢੋਆ, ਵਸਤ ਅਗੰਮੀ ਆਪ ਵਰਤਾਈਆ । ਨਿਰਗੁਣ ਸਰਗੁਣ ਬਣ ਕੇ ਨਵਾਂ ਨਰੋਆ, ਨੌਜਵਾਨ ਖੇਲ ਕਰਾਈਆ । ਪ੍ਰੇਮ ਪ੍ਰੀਤੀ ਅੰਦਰ ਜਿਸ ਨੇ ਮੋਹਿਆ, ਮੁਹੱਬਤ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ । ਚੰਦ ਕਹੇ ਸਿਤਾਰ ਸਾਡੀ ਪੂਰੀ ਆਸਾ, ਪ੍ਰਭ ਮੰਗਿਆ ਦਾਨ ਝੋਲੀ ਪਾਈਆ । ਕਿਉਂ ਅਸਾਂ ਭਗਤਾਂ ਵੇਖਿਆ ਹੁੰਦਾ ਤਮਾਸ਼ਾ, ਜੋ ਭਗਵਨ ਨਾਲ ਰਹੇ ਕਰਾਈਆ । ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸੁੱਤੀ ਰਾਤਾਂ, ਅਸਾਂ ਜਾਗ ਜਾਗ ਆਪਣੀ ਅੱਖ ਖੁਲ੍ਹਾਈਆ । ਨਿੱਕੀਆਂ ਨਿੱਕੀਆਂ ਵੱਡੀਆਂ ਵੱਡੀਆਂ ਦੋਹਾਂ ਦੀਆਂ ਸੁਣੀਆਂ ਬਾਤਾਂ, ਜੋ ਆਪਸ ਵਿਚ ਰਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਰਬ ਮਾਣ ਵਡਿਆਈਆ । ਚੰਦ ਕਹੇ ਸਿਤਾਰੇ ਹੁਣ ਨਹੀਂ ਉਹਲਾ, ਪਰਦਾ ਨਜ਼ਰ ਕੋਇ ਨਾ ਆਈਆ । ਉਠ ਵੇਖ ਜਿਸ ਨੀਲੀ ਧਾਰ ਤਨ ਵਿਚ ਪਾਇਆ ਚੋਲਾ, ਸਿਤਾਰ ਚੰਦ ਦੋਵੇਂ ਛਾਤੀ ਉਤੇ ਲਗਾਈਆ । ਇਹੋ ਪ੍ਰਭੂ ਸਾਹਿਬ ਸਤਿਗੁਰ ਸੱਚਾ ਢੋਲਾ, ਪਰਵਰਦਿਗਾਰ ਨੂਰ ਖ਼ੁਦਾਈਆ । ਇਹੋ ਨੂਰ ਅਗੰਮੀ ਮੌਲਾ, ਜੋ ਹਰ ਘਟ ਰਿਹਾ ਸਮਾਈਆ । ਜਿਸ ਨੇ ਸਾਡਾ ਤੋਲਣ ਤੋਲਾ, ਤਰਾਜੂ ਆਪਣੇ ਹੱਥ ਰਖਾਈਆ । ਜਨ ਭਗਤਾਂ ਸੁਣਾਇਆ ਇਕੋ ਧੁਰ ਦਾ ਢੋਲਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਕਾਰ ਅਲਾਈਆ । ਸਭ ਦਾ ਬਣਿਆ ਇਕ ਵਿਚੋਲਾ, ਦੋ ਜਹਾਨਾਂ ਵੇਖ ਵਖਾਈਆ । ਭਗਤ ਦਵਾਰ ਭਗਵਨ ਖੋਲ੍ਹਾ, ਪ੍ਰੇਮ ਪ੍ਰੀਤੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦਾ ਸਬੱਬ ਨੂਰੀ ਰੱਬ, ਝੱਬ ਆਪਣਾ ਰਾਹ ਵਖਾਈਆ ।

★ ੧੧ ਮਾਘ ੨੦੨੦ ਬਿਕਰਮੀ ਗੰਡਾ ਸਿੰਘ ਤੇ ਬਲਵੰਤ ਕੌਰ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਚੰਦ ਕਹੇ ਸਿਤਾਰ ਵੇਖਿਆ ਕੀ, ਕੀ ਕੁਛ ਨਜ਼ਰੀ ਆਈਆ । ਸਿਤਾਰ ਕਹੇ ਪ੍ਰਭ ਸਤਿਜੁਗ ਰੱਖੀ ਨੀਂਹ, ਬੂਟਾ ਆਪਣੀ ਹੱਥੀਂ ਲਾਈਆ । ਬਣ ਵਿਚੋਲਾ ਜੀਵਾਂ ਜੀਅ, ਜੀਵਣ ਜੁਗਤ ਦਿਤੀ ਵਡਿਆਈਆ । ਮਾਣ ਦਵਾ ਕੇ ਸਾਢੇ ਤਿੰਨ ਹੱਥ ਸੀਂ, ਤਨ ਮਾਟੀ ਖ਼ਾਕੀ ਲੇਖੇ ਲਾਈਆ । ਸੰਤ ਸੁਹੇਲੇ ਬਣਾ ਪੁੱਤਰ ਧੀ, ਗੁਰਮੁਖ ਚੇਲੇ ਗੋਦ ਬਹਾਈਆ । ਅੰਮ੍ਰਿਤ ਬਰਸ ਇਕੋ ਮੀਂਹ, ਠੰਡੀ ਧਾਰ ਮੁਖ ਚੁਆਈਆ । ਕੂੜੀ ਕਿਰਿਆ

ਮੇਟ ਲੀਹ, ਚਿੱਟੇ ਉਤੇ ਕਾਲੀ ਲਕੀਰ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸਿਤਾਰਾ ਕਹੇ ਚੰਦ ਵੇਖ ਉਹ ਚਿੱਠੀ ਪੜ੍ਹਦਾ, ਜਿਸ ਬਿਨ ਅੱਖਰਾਂ ਆਪ ਲਿਖਾਈਆ । ਲੇਖਾ ਜਾਣੇ ਧੁਰ ਘਰ ਦਾ, ਭੇਵ ਅਭੇਦ ਰਿਹਾ ਖੁਲ੍ਹਾਈਆ । ਖੇਲ ਕਰੇ ਨਰ ਹਰਿ ਦਾ, ਨਰ ਨਰਾਇਣ ਬੇਪਰਵਾਹੀਆ । ਵੇਂਹਦਿਆਂ ਵੇਂਹਦਿਆਂ ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਫੜਦਾ, ਭਗਤ ਭਗਵਾਨ ਲਏ ਜਗਾਈਆ । ਮਿਹਰਵਾਨ ਹੋ ਕੇ ਕਿਰਪਾ ਕਰਦਾ, ਕਿਰਪਨ ਦੇਵੇ ਮਾਣ ਵਡਿਆਈਆ । ਕੀਤੇ ਕੌਲ ਉਤੋਂ ਨਹੀਂ ਫਿਰਦਾ, ਜੋ ਗੋਬਿੰਦ ਨਾਲ ਰਖਾਈਆ । ਇਹ ਖੇਲ ਸਾਚੇ ਪਿਰ ਦਾ, ਲੱਗੀ ਪ੍ਰੀਤੀ ਤੋੜ ਨਿਭਾਈਆ । ਮੈਂ ਜੁਗ ਚੌਕੜੀ ਵੇਂਹਦਾ ਚਿਰ ਦਾ, ਕੋਟਨ ਕੋਟ ਕਾਲ ਬਿਤਾਈਆ । ਸ੍ਰੀ ਭਗਵਾਨ ਨਜ਼ਰ ਨਾ ਆਵੇ ਫਿਰਦਾ, ਦਰ ਦਰ ਭੱਜੇ ਵਾਹੋ ਦਾਹੀਆ । ਕਲਜੁਗ ਅੰਤਮ ਵੇਖਿਆ ਗੇੜਾ ਗਿੜਦਾ, ਲੱਠ ਆਪਣੀ ਆਪ ਭਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲਾਰਾ ਦੇਂਦਾ ਰਿਹਾ ਦੇਰ ਦਾ, ਸੋ ਅੰਤਮ ਆ ਕੇ ਪੂਰ ਕਰਾਈਆ । ਕਰੇ ਖੇਲ ਸ਼ਹਿਨਸ਼ਾਹ ਸ਼ੇਰ ਦਾ, ਭਬਕ ਆਪਣਾ ਨਾਮ ਸੁਣਾਈਆ । ਲੇਖਾ ਚੁੱਕੇ ਹੇਰ ਫੇਰ ਦਾ, ਮਾਰਗ ਇਕੋ ਇਕ ਸਮਝਾਈਆ । ਦਰਸ਼ਨ ਕਰ ਇਕ ਨਿਰਵੈਰ ਦਾ, ਮੈਂ ਆਪਣੀ ਖ਼ੁਸ਼ੀ ਮਨਾਈਆ । ਇਹੋ ਖੇਲ ਅਗੰਮੀ ਲਹਿਰ ਦਾ, ਲਹਿਰ ਲਹਿਰ ਵਿਚੋਂ ਪਰਗਟਾਈਆ । ਰਸ ਪਿਆਲਾ ਮਿੱਠਾ ਹੋਇਆ ਕੌੜੇ ਜ਼ਹਿਰ ਦਾ, ਅੰਮ੍ਰਿਤ ਰੂਪ ਆਪ ਵਟਾਈਆ । ਭਵ ਸਾਗਰ ਗੁਰਮੁਖ ਵੇਖ ਤੈਰਦਾ, ਮੇਰੇ ਨੇਤਰ ਖ਼ੁਸ਼ੀ ਮਨਾਈਆ । ਸੋਹਣਾ ਬਾਗ ਬਗੀਚਾ ਵੇਖਿਆ ਬਾਬੂ ਪੁਰ ਸ਼ਹਿਰ ਦਾ, ਹੱਟ ਬਜ਼ਾਰ ਇਕੋ ਜੈਸੇ ਨਜ਼ਰੀ ਆਈਆ । ਸੋਹਣਾ ਥਾਂ ਲੱਗਾ ਬਹਿਣ ਦਾ, ਕੂੜੀ ਛੱਡੀ ਜਗਤ ਲੋਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੈਨੂੰ ਵਕਤ ਮਿਲਿਆ ਕਹਿਣ ਦਾ, ਜੋ ਕਹਿਣਾ ਕਹਿ ਸੁਣਾਈਆ । ਚੰਦ ਵੇਖ ਨਾਤਾ ਜੁੜਿਆ ਭਾਈ ਭੈਣ ਦਾ, ਸਤਿਗੁਰ ਸੱਚਾ ਰੰਗ ਰੰਗਾਈਆ । ਲੇਖਾ ਚੁਕਿਆ ਪਹਿਲਾ ਲੈਣ ਦੇਣ ਦਾ, ਅੱਗੇ ਦੇਵੇ ਨਾ ਕੋਇ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੰਦ ਕਹੇ ਸੁਣ ਮੀਤ ਸਤਾਰੇ, ਸਤਾ ਮੈਂ ਭੀ ਵੇਖ ਵਖਾਈਆ । ਭੂਮਿਕਾ ਵੇਖਾਂ ਨੌਂ ਕਿਨਾਰੇ, ਦਹਿ ਦਿਸ਼ਾ ਧਿਆਨ ਲਗਾਈਆ । ਜਾਗਤ ਸੋਵਤ ਖੇਲ ਦੋਵੇਂ ਪਨਿਹਾਰੇ, ਪਨਘਟ ਬੈਠੇ ਡੇਰਾ ਲਾਈਆ । ਕੋਈ ਨਾ ਜਾਣੇ ਆਰ ਪਾਰ ਕਿਨਾਰੇ, ਨਈਆ ਨੌਕਾ ਨਜ਼ਰ ਕਿਸੇ ਨਾ ਆਈਆ । ਸਾਰੇ ਫਿਰਦੇ ਵੇਖੇ ਵਿਚ ਘੁੰਮਣ ਘਾਰੇ, ਭਵਰੀ ਭਵਰ ਰਹੀ ਭਵਾਈਆ । ਜੁਗ ਚੌਕੜੀ ਬਣਦੇ ਵੇਖੇ ਵਣਜਾਰੇ , ਗੁਰ ਅਵਤਾਰ ਪੀਰ ਪੈਗ਼ੰਬਰ ਫੇਰੀਆਂ ਪਾਈਆ । ਸਾਰੇ ਦੇ ਕੇ ਗਏ ਲਾਰੇ, ਲੇਖਾ ਕਲਮ ਛਾਹੀਆ । ਨਾਮ ਲਿਖਾਤਾ ਕਲਜੁਗ ਅੰਤਮ ਇਕੋ ਆਵੇ ਨਿਹਕਲੰਕ ਅਵਤਾਰੇ, ਅਕਲ ਕਲ ਧਾਰੀ ਫੇਰਾ ਪਾਈਆ । ਸਭ ਦੇ ਕਰਜੇ ਆਣ ਉਤਾਰੇ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਓਸ ਦੇ ਵੇਖਣ ਵਾਲੇ ਨਜ਼ਾਰੇ, ਨਜ਼ਾਮ ਪਿਛਲਾ ਦਏ ਬਦਲਾਈਆ । ਸਭ ਦੇ ਲਿਖੇ ਚਾਰ ਜੁਗ ਦੇ ਪਟੇ ਪਾੜੇ, ਬੇਦਖਲ ਸਭ ਨੂੰ ਦਏ ਕਰਾਈਆ । ਅੱਖੀਂ ਵੇਖੀਏ ਗੁਰ ਅਵਤਾਰ ਪੀਰ ਪੈਗ਼ੰਬਰ ਕੱਢਦੇ ਹਾੜੇ, ਹੌਕਾ ਲੈ ਲੈ ਹਾਲ ਸੁਣਾਈਆ । ਕਰੇ ਖੇਲ ਅਗੰਮ ਅਪਾਰੇ, ਅਲਖ ਅਗੋਚਰ ਧਾਰ ਚਲਾਈਆ । ਹੌਲੀ ਹੌਲੀ ਬੰਨਦਾ ਜਾਏ ਧਾਰੇ, ਧਰਨੀ ਧਰਤ ਧਵਲ ਸੋਭਾ ਪਾਈਆ । ਇਕ ਗੋਬਿੰਦ ਨਾਲ ਕਰੇ ਪਿਆਰੇ, ਪ੍ਰੇਮ ਪਿਆਰਾ ਆਪ ਹੋ ਜਾਈਆ । ਧਰਨੀ ਧਰਤ ਸੁਹਾਏ ਜੰਗਲ ਜੂਹ

ਉਜਾੜੇ, ਮਿਹਰਵਾਨ ਫੇਰਾ ਪਾਈਆ । ਸੰਮਤਾਂ ਵਿਚੋਂ ਸੰਮਤ ਇਕ ਬੀਸ ਬੀਸਾ ਵਿਚਾਰੇ, ਇਕੀ ਵਿਸਾਖ ਖ਼ੁਸ਼ੀ ਮਨਾਈਆ । ਸੱਥਰ ਕਰੇ ਸਰਬ ਤੋਂ ਨਿਆਰੇ, ਬਿਸਤਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਤਾਰਾ ਕਹੇ ਮੈਂ ਚੰਦ ਵੇਖਿਆ ਹਾਲ, ਬਿਨ ਚੰਦ ਧਿਆਨ ਲਗਾਈਆ । ਸੁਤ ਦੁਲਾਰਾ ਸੁੱਤਾ ਆਣ, ਸੇਜ ਸੁਹੰਜਣੀ ਡੇਰਾ ਲਾਈਆ । ਕਾਹੀ ਕੱਖ ਕਰ ਪਰਵਾਨ, ਕਲਮਾ ਕਲਾਮ ਗਿਆ ਮਿਟਾਈਆ । ਮਿਲ ਕੇ ਸਾਹਿਬ ਇਕ ਅਮਾਮ, ਅਮਾਨਤ ਆਪਣੀ ਮੰਗ ਮੰਗਾਈਆ । ਲੇਖਾ ਦੇ ਮੇਰੇ ਭਗਵਾਨ, ਜੋ ਤੇਰੀ ਝੋਲੀ ਪਾਈਆ । ਸ੍ਰੀ ਭਗਵਾਨ ਕਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਪਹਿਲੋਂ ਇੱਕੀਆਂ ਕਰਾਂ ਬਲਵਾਨ, ਫਿਰ ਨਿੱਕੀਆਂ ਨਿੱਕੀਆਂ ਗੱਲਾਂ ਵੇਖਾਂ ਚਾਈਂ ਚਾਈਂਆ । ਧੁਰ ਦੀਆਂ ਲਿਖੀਆਂ ਪੜਦੇ ਫੋਲਾਂ ਆਣ, ਵਰਕਾ ਵਰਕਾ ਆਪ ਉਲਟਾਈਆ । ਲਹਿਣਾ ਚੁਕਾ ਜ਼ਿਮੀ ਅਸਮਾਨ, ਜ਼ਾਮਨੀ ਆਪਣੀ ਵਿਚ ਰਖਾਈਆ । ਸੰਤ ਸੁਹੇਲੇ ਕਰ ਪਰਵਾਨ, ਗੁਰ ਚੇਲੇ ਗੋਦ ਟਿਕਾਈਆ । ਚੰਦ ਸਿਤਾਰ ਦੋਵੇਂ ਵੇਖ ਹੋਣ ਹੈਰਾਨ, ਹਰਿ ਜੂ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੰਦ ਓਹ ਵੇਖੇ ਚਮਕੇ ਚੰਦ, ਜਿਸ ਦੀ ਰੋਸ਼ਨੀ ਨਜ਼ਰ ਕਿਸੇ ਨਾ ਆਈਆ । ਅੰਦਰ ਵੜਿਆ ਦੂਈ ਦਵੈਤੀ ਢਾਹ ਕੇ ਕੰਧ, ਪਰਦਾ ਉਹਲਾ ਇਕ ਉਠਾਈਆ । ਕਰ ਪਰਕਾਸ਼ ਬੰਦ ਬੰਦ, ਬੰਦਗੀ ਇਕੋ ਦਿਤੀ ਸਮਝਾਈਆ । ਮੈਂ ਤੇਰਾ ਤੂੰ ਮੇਰਾ ਬ੍ਰਹਮ, ਪਾਰਬ੍ਰਹਮ ਭੇਵ ਚੁਕਾਈਆ । ਬਣ ਸੇਵਕ ਸੇਵਾਦਾਰ ਕਰਾਂ ਕੰਮ, ਨਿਹਕਰਮੀ ਕਰਮ ਕਮਾਈਆ । ਅਨਡਿਠੜੀ ਧਾਰ ਬੇੜਾ ਬੰਨ੍ਹ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਦਿਆਲ ਕਿਰਪਾਲ ਹੋ ਕੇ ਸ੍ਰੀ ਭਗਵਾਨ, ਬੇਮਿਸਾਲ ਖੇਲ ਵਖਾਈਆ । ਕਰ ਵਸੇਰਾ ਛੱਪਰ ਛੰਨ, ਮਹਲ ਅਟੱਲ ਦਏ ਵਡਿਆਈਆ । ਲਿਖਣ ਵਾਲੀ ਕਲਮ ਛਾਹੀ ਦਿਤੀ ਭੰਨ, ਬਿਨ ਅੱਖਰਾਂ ਲੇਖ ਬਣਾਈਆ । ਓਸ ਰੁੱਤ ਦਾ ਰੰਗ ਰਤਾ ਅਗੰਮੀ ਚੜ੍ਹਿਆ ਚੰਨ, ਜਿਸ ਚੰਨ ਦਾ ਪੁਰਖ ਅਕਾਲ ਪਿਤਾ ਮਾਈਆ । ਨਾ ਹਰਖ਼ ਨਾ ਕੋਈ ਗ਼ਮ, ਚਿੰਤਾ ਸੋਗ ਨਾ ਕੋਈ ਰਖਾਈਆ । ਬਿਨ ਸੱਦਿਆਂ ਪੁਛਿਆਂ ਮਨਾਇਆਂ ਆਪੇ ਗਿਆ ਮੰਨ, ਮਨਸਾ ਸਭ ਦੀ ਆਪਣੇ ਨਾਲ ਮਿਲਾਈਆ । ਜਨ ਭਗਤਾਂ ਵੇਖ ਨੇਤਰ ਪੇਖ ਬਣਾ ਲੇਖ ਮੇਟ ਰੇਖ ਕਹੇ ਧੰਨ, ਧੰਨ ਧੰਨ ਜਨ ਤੇਰੀ ਵਡਿਆਈਆ । ਸੂਰਜ ਚੰਨ ਦੋਵੇਂ ਵੇਖਣ ਖੇਡ, ਤਾਰਾ ਕਹੇ ਅਗੰਮੀ ਭੇਦ, ਜਿਸ ਦੀ ਸਾਰ ਨਾ ਪਾਇਨ ਚਾਰ ਵੇਦ, ਬਿਨ ਵੇਦਾਂ ਬਿਨ ਭੇਦਾਂ ਅਛਲ ਅਛੇਦਾ ਅੱਛੀ ਤਰ੍ਹਾਂ ਆਪਣੀ ਖੇਲ ਖਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਜਾਣ ਦੋ ਜਹਾਨ, ਜਹਾਨ ਵਿਚੋਂ ਜਵਾਨ ਜਾਣ, ਜਵਾਨੀ ਜੋਬਨ ਗੁਰਮੁਖਾਂ ਵੇਖ ਖ਼ੁਸ਼ੀ ਮਨਾਈਆ ।

## ★ ੧੧ ਮਾਘ ੨੦੨੦ ਬਿਕਰਮੀ ਬਖ਼ਸ਼ੀਸ਼ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਅੰਦਰ ਗਿਆਨ ਵਸਾਏ ਕਿਹੜਾ, ਬਿਨ ਸਤਿਗੁਰ ਕਿਰਪਾ ਨਾ ਕੋਈ ਵਡਿਆਈਆ । ਜਿਸ ਅੰਦਰ ਪੰਜਾਂ ਛੇੜਿਆ ਝੇੜਾ, ਝਗੜਾ ਸਕੇ ਨਾ ਕੋਈ ਮੁਕਾਈਆ । ਜਿਸ ਗ੍ਰਿਹਿ ਕੂੜ ਕੁੜਿਆਰਾਂ ਦਾ ਵਿਹੜਾ, ਜੂਠੀ ਝੂਠੀ ਵੱਜੇ ਵਧਾਈਆ । ਜਿਸ ਘਰ ਅੱਠੇ ਪਹਿਰ ਅੰਧੇਰਾ, ਸਾਚਾ

ਨੂਰ ਨਾ ਕੋਈ ਰੁਸ਼ਨਾਈਆ । ਜਿਸ ਘਰ ਮਨ ਮਨੂਆ ਕਰੇ ਹੇਰਾ ਫੇਰਾ, ਮਨਸਾ ਆਸਾ ਨਾਲ ਮਿਲਾਈਆ । ਜਿਸ ਘਰ ਹੋਵੇ ਹੰਗਤਾ ਲੱਗਾ ਡੇਰਾ, ਮਾਇਆ ਮਮਤਾ ਰਹੀ ਕੁਰਲਾਈਆ । ਜਿਸ ਦਰ ਕੋਇ ਨਾ ਕਰੇ ਨਿਬੇੜਾ, ਹਕੀਕਤ ਹੱਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਬੈਠਾ ਛੁਪਾਈਆ । ਅੰਦਰ ਗਿਆਨ ਵਸੇ ਕਿਸ, ਕਿਸਮਤ ਸਕੇ ਨਾ ਕੋਈ ਬਦਲਾਈਆ । ਹਰਿ ਕਾ ਨਾਮ ਨੇਤਰ ਪਏ ਨਾ ਦਿਸ, ਵੇਖਣ ਵਿਚ ਕਦੇ ਨਾ ਆਈਆ । ਕੂੜ ਅੰਧਿਆਰੇ ਅੰਦਰ ਸੁੱਤਾ ਦੇ ਕਰ ਪਿੱਠ, ਕਰਵਟ ਸਕੇ ਨਾ ਕੋਈ ਬਦਲਾਈਆ । ਕਿਸੇ ਹੱਥ ਨਾ ਆਵੇ ਵਿਚੋਂ ਕਿਸੇ ਸਵਾ ਗਿੱਠ, ਅੰਗੁਸ਼ਤ ਨਾਪ ਨਾ ਕੋਇ ਨਪਾਈਆ । ਬਾਲਿਸ਼ਤ ਵਿਚ ਲਏ ਕੋਈ ਨਾ ਮਿਚ, ਮੁਸ਼ਕਲ ਹੱਲ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਆਪ ਇਕ ਰਖਾਈਆ । ਗਿਆਨ ਨਜ਼ਰ ਨਾ ਆਏ ਕਾਇਆ ਭਵਰ, ਡੂੰਘੀ ਗਾਰ ਸਮਝ ਨਾ ਆਈਆ । ਜਗਤ ਅੰਧੇਰੀ ਦਿਸੇ ਕਬਰ, ਡੂੰਘੀ ਡਲ ਭੇਵ ਨਾ ਰਾਈਆ । ਜਿਸ ਅੰਦਰ ਓਹਲੇ ਛਿਪ ਕੇ ਬੈਠਾ ਕਰੇ ਸਬਰ, ਬੇਸਬਰੀ ਕਰੇ ਲੋਕਾਈਆ । ਗਰਜ਼ ਨਾ ਮਾਰੇ ਸ਼ੇਰ ਬੱਬਰ, ਭਬਕ ਆਪਣੀ ਨਾ ਕੋਈ ਲਗਾਈਆ । ਖੋਜਤ ਖੋਜਤ ਢੂੰਡੇ ਵਿਕਾਰਾ ਟੱਬਰ, ਲੱਭਿਆਂ ਹੱਥ ਨਾ ਕੋਇ ਫੜਾਈਆ । ਵੇਖੋ ਵੇਖੀ ਇਕ ਦੂਜੇ ਦੇ ਲੱਗੇ ਮਗਰ, ਪਿਛਲੀ ਕਹਾਣੀ ਨਾਲ ਰਲਾਈਆ । ਕਿਸੇ ਨਾ ਪੂਰੀ ਹੋਵੇ ਸੱਧਰ, ਸਾਧਨਾ ਸਕੇ ਨਾ ਕੋਈ ਸਮਝਾਈਆ । ਜਿਸ ਘਰ ਕੂੜ ਕੁੜਿਆਰਾ ਬਦਲ, ਸਚ ਨੂਰ ਨਾ ਕੋਈ ਚਮਕਾਈਆ । ਅੱਠੇ ਪਹਿਰ ਰਹੇ ਗਦਰ, ਝਗੜਾ ਸਕੇ ਨਾ ਕੋਈ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣੇ ਵਿਚ ਰਖਾਈਆ । ਅੰਦਰ ਗਿਆਨ ਵਸਾਏ ਕੌਣ, ਕਵਣ ਦੇਵੇ ਵਡਿਆਈਆ । ਨੌ ਦਵਾਰੇ ਸਾਰੇ ਭੌਣ, ਭੱਜਣ ਵਾਹੋ ਦਾਹੀਆ । ਜਗਤ ਖਾਟ ਸਿੰਘਾਸਣ ਸੌਣ, ਤਕੀਆ ਲੇਫ ਤਲਾਈ ਹੰਢਾਈਆ । ਗੜ੍ਹ ਹੰਕਾਰੀ ਉਚੀ ਕਰ ਕੇ ਧੌਣ, ਚਾਰ ਕੁੰਟ ਦੇਣ ਦੁਹਾਈਆ । ਮਨ ਮਤ ਬੁਧ ਚਤੁਰਾਈ ਸਰਬ ਵਖਾਉਣ, ਆਪਣੀ ਆਪ ਕਰ ਵਡਿਆਈਆ । ਤੂੰ ਤੂੰ ਮੈਂ ਮੈਂ ਕਰ ਬਲਾਉਣ, ਸਾਚੀ ਬੋਲੀ ਨਾ ਕੋਈ ਸੁਣਾਈਆ । ਪੜ੍ਹ ਪੜ੍ਹ ਗਿਆਨ ਹੱਥ ਨਾ ਆਵੇ ਰਾਵਣ ਰੌਣ, ਚਾਰ ਵੇਦ ਛੇ ਸ਼ਾਸਤਰ ਸਮਝ ਕੋਈ ਨਾ ਪਾਈਆ । ਅਵਣ ਗਵਣ ਸਾਰੇ ਭੌਣ, ਭੌਂਦਿਆਂ ਭੈ ਨਾ ਕੋਈ ਮਿਟਾਈਆ । ਕੋਟਨ ਕੋਟ ਜਨਮ ਸੀਸ ਕਟੌਣ, ਕੱਟ ਕੱਟ ਆਪਣਾ ਭੇਟ ਚੜ੍ਹਾਈਆ । ਕੋਟਨ ਕੋਟ ਜਨਮ ਨਿਉਂ ਨਿਉਂ ਸੀਸ ਝੁਕਾਉਣ, ਸਜਦੇ ਕਰ ਕਰ ਧਿਆਨ ਲਗਾਈਆ । ਬਿਨ ਸਤਿਗੁਰ ਕਿਰਪਾ ਅੰਦਰ ਵੜ ਕੇ ਦਰਸ ਕੋਈ ਨਾ ਪੌਣ, ਮਿਲੇ ਮੇਲ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਛੁਪਾਈਆ । ਹਰਿ ਕਾ ਗਿਆਨ ਨਾ ਸਕੇ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਨਿੱਕੀ ਜਿਹੀ ਕੋਠੜੀ ਵਿਚ ਦਿਤਾ ਰੱਖ, ਦਰਵਾਜ਼ਾ ਕੁੰਡਾ ਆਪੇ ਬੰਦ ਕਰਾਈਆ । ਫਿਰ ਫਿਰ ਥੱਕਣ ਤੀਰਥ ਤੱਟ, ਅਠਸਠ ਫੇਰਾ ਪਾਈਆ । ਲੱਭਦੇ ਫਿਰਨ ਗੁਰਦਰ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਖੋਜ ਖੁਜਾਈਆ । ਸਿਰ ਵਿਚ ਪਾ ਪਾ ਬੈਠੇ ਭਸ, ਤਨ ਖ਼ਾਕੀ ਭਸਮ ਕਰਾਈਆ । ਦੋਏ ਜੋੜ ਜੋੜ ਬੰਦਨਾ ਕਰਨ ਹੱਥ, ਡੰਡਾਵਤ ਰੂਪ ਵਟਾਈਆ । ਰਸਨਾ ਜਿਹਵਾ ਗਾ ਗਾ ਰਹੇ ਰਟ, ਰੱਟਾ ਕਰ ਕਰ ਵਕਤ ਲੰਘਾਈਆ । ਜੰਗਲ ਜੂਹ ਉਜਾੜਾਂ ਵਿਚ ਰਹੇ ਨੱਠ, ਦਿਵਸ ਰੈਣ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ

ਪੁਰਾਨ ਪੂਜਾ ਕਰ ਕਰ ਪਾਠ, ਸੰਧਿਆ ਸਰਘੀ ਧਿਆਨ ਲਗਾਈਆ । ਹਵਨ ਦੀਪ ਜੋਤ ਜਗਾ ਲਟ ਲਟ, ਘਿਰਤ ਉਪਰ ਭੇਟ ਚੜ੍ਹਾਈਆ । ਛੱਡ ਸਿੰਘਾਸਣ ਰਾਜ ਰਾਜਾਨ ਦਰ ਦਰ ਰਹੇ ਨੱਠ, ਭਿਛਿਆ ਮੰਗਣ ਥਾਉਂ ਥਾਈਆ । ਬਿਨ ਸਤਿਗੁਰ ਕਿਰਪਾ ਕਿਸੇ ਕੁੱਛ ਨਾ ਆਇਆ ਹੱਥ, ਖ਼ਾਲੀ ਹੱਥ ਸਰਬ ਦਿਸਾਈਆ । ਅੰਦਰ ਗਿਆਨ ਕਿਸੇ ਨਾ ਵੇਖਿਆ ਵੜਦਾ, ਜਗ ਨੇਤਰ ਨਜ਼ਰ ਨਾ ਆਈਆ । ਰਸਨਾ ਜਿਹਵਾ ਹਰ ਕੋਈ ਢੋਲਾ ਪੜ੍ਹਦਾ, ਅੱਖਰ ਅੱਖਰ ਅੱਖਰਾਂ ਨਾਲ ਜੁੜਾਈਆ । ਦਰ ਦਰਵੇਸ਼ ਹੋ ਕੇ ਫਿਰੇ ਬਰਦਾ, ਬੰਦਗੀ ਵਿਚ ਬਣ ਸ਼ੁਦਾਈਆ । ਆਪਣਾ ਆਪ ਤਨ ਮਾਟੀ ਖ਼ਾਕ ਹਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨ ਸਤਿਗੁਰ ਕਿਰਪਾ ਕੋਈ ਭੇਵ ਨਾ ਪਾਏ ਆਪਣੇ ਘਰ ਦਾ, ਘਰ ਵਿਚ ਘਰ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਇਕ ਰਖਾਈਆ । ਅੰਦਰ ਗਿਆਨ ਵਸਾਵੇ ਓਹ, ਜਿਸ ਦੇਵੇ ਮਾਣ ਵਡਿਆਈਆ । ਸਾਹਿਬ ਸਤਿਗੁਰ ਦਾ ਜਾਏ ਹੋ, ਅਵਰੀ ਧਾਰ ਨਾ ਕੋਈ ਰਖਾਈਆ । ਜੀਵ ਜੰਤ ਜੀ ਆਪਣਾ ਦੇਵੇ ਕੋਹ, ਜਾਣੇ ਵਸਤ ਸਰਬ ਪਰਾਈਆ । ਸਚ ਪ੍ਰੀਤੀ ਕਰੇ ਮੋਹ, ਮੁਹੱਬਤ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਗਿਆਨ ਕਹੇ ਮੈਂ ਵੱਡਾ ਚਲਾਕ, ਪ੍ਰਭ ਦਿਤੀ ਮੋਹੇ ਵਡਿਆਈਆ । ਮਾਤ ਗਰਭ ਮੈਂ ਬੰਦ ਕਰਾਂ ਤਾਕ, ਬਾਹਰ ਫਿਰ ਰੂਪ ਵਟਾਈਆ । ਲਿਵ ਛੁਟ ਕੇ ਸਾਖਿਆਤ, ਸਾਜਣ ਆਪਣਾ ਬੈਠੇ ਮੁਖ ਛੁਪਾਈਆ । ਕਿਸੇ ਨਾਲ ਨਾ ਕਰਾਂ ਬਾਤ, ਮੰਗਲ ਰਾਗ ਨਾ ਕੋਇ ਅਲਾਈਆ । ਕੋਈ ਮੈਨੂੰ ਵੇਖੇ ਨਾ ਮਾਰ ਝਾਤ, ਝਾਕੀ ਸਭ ਦੀ ਬੰਦ ਕਰਾਈਆ । ਰਸਨਾ ਜਿਹਵਾ ਸਿਫ਼ਤ ਨਾਲ ਮੈਨੂੰ ਸਾਰੇ ਜਾਣ ਆਖ, ਆਖਰ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਗਿਆਨ ਕਹੇ ਮੈਂ ਵੱਡਾ ਨਿੱਕਾ, ਦੋਹਾਂ ਧਾਰਾਂ ਵਿਚ ਰਖਾਈਆ । ਪੁਰਖ ਅਕਾਲ ਮੇਰਾ ਪਿਤਾ, ਸਾਹਿਬ ਸਤਿਗੁਰ ਦੇਵੇ ਸਰਨਾਈਆ । ਮੇਰਾ ਲੇਖਾ ਲਹਿਣਾ ਦੇਣਾ ਕਿਸੇ ਨਾ ਦਿਸਾ, ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੇ ਗਾਇਆ ਮੇਰੇ ਪ੍ਰੀਤਮ ਦਾ ਕਿਸਾ, ਤਿਸ ਮੇਰੀ ਓਟ ਤਕਾਈਆ । ਮੇਰੀ ਹੱਥ ਰੱਖੇ ਪ੍ਰਭੂ ਪਿੱਠਾ, ਪੁਸ਼ਤ ਪਨਾਹ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਰਦਾ ਰਿਹਾ ਪਾਈਆ । ਪਰਦੇ ਅੰਦਰ ਰੱਖ ਭਗਵਾਨ, ਮੋਹੇ ਦਿਤੀ ਮਾਣ ਵਡਿਆਈਆ । ਜੁਗ ਚੌਕੜੀ ਮੇਰੀ ਕਰਦੇ ਰਹੇ ਭਾਲ, ਚਾਰੋਂ ਕੁੰਟ ਖੋਜ ਖੁਜਾਈਆ । ਗੁਰ ਅਵਤਾਰ ਦੇਂਦੇ ਗਏ ਬਿਆਨ, ਪੀਰ ਪੈਗ਼ੰਬਰ ਸਿਫ਼ਤਾਂ ਸਿਫ਼ਤ ਸਲਾਹੀਆ । ਬਿਨ ਭਗਤਾਂ ਮੇਰਾ ਮਿਲਿਆ ਨਾ ਕਿਸੇ ਨਿਸ਼ਾਨ, ਨਿਸ਼ਾਨਾ ਤੀਰ ਨਾ ਕੋਈ ਚਲਾਈਆ । ਸੋਚ ਸਮਝ ਨੂੰ ਜੋ ਕਹਿੰਦੇ ਗਿਆਨ, ਭਰਮੇ ਭੁੱਲੇ ਜੀਵ ਸ਼ੁਦਾਈਆ । ਪਰਮ ਪੁਰਖ ਨਾਲ ਜੋ ਮਿਲੇ ਆਣ, ਤਿਨ੍ਹਾਂ ਗਿਆਨ ਧਿਆਨ ਦੋਵੇਂ ਸੀਸ ਨਿਵਾਈਆ । ਕੀ ਓਨ੍ਹਾਂ ਦੀ ਕਰਾਂ ਪਹਿਚਾਨ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਪ੍ਰਭ ਮਿਲਿਆ ਮੈਨੂੰ ਕੋਈ ਨਾ ਦੇਵੇ ਮਾਣ, ਮੇਰੀ ਚਲੇ ਨਾ ਕੋਈ ਚਤੁਰਾਈਆ । ਸੋ ਗਿਆਨ ਹੋਵੇ ਪਰਧਾਨ, ਜਿਸ ਗਿਆਨ ਅੰਦਰ ਹਰਿ ਕਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਮੇਰੀ ਰੀਤ, ਇਸ਼ਾਰਿਆਂ ਨਾਲ ਚਲਾਈਆ । ਜੁਗ ਚੌਕੜੀ ਮੇਰਾ ਤੱਕਦੇ ਰਹੇ ਸਹਾਰਾ, ਸਾਧ ਸੰਤ ਧਿਆਨ ਲਗਾਈਆ । ਲੱਭਿਆਂ ਹੱਥ ਨਾ ਆਇਆ

ਕਿਨਾਰਾ, ਕੰਢੇ ਬਹਿ ਡੇਰਾ ਨਾ ਕੋਇ ਵਖਾਈਆ । ਰਸਨਾ ਜਿਹਵਾ ਬੋਲਦੇ ਰਹੇ ਜੈਕਾਰਾ, ਜੈ ਜੈ ਕਾਰ ਸੁਣਾਈਆ । ਕਿਸੇ ਨੇ ਅੱਖਰਾਂ ਵਿਚ ਕੀਤਾ ਪਿਆਰਾ, ਕੋਈ ਕਾਗ਼ਜ਼ਾਂ ਉਤੇ ਧਿਆਨ ਲਗਾਈਆ । ਕੋਈ ਇੱਟਾਂ ਕਰੇ ਨਿਮਸਕਾਰਾ, ਕੋਈ ਪਾਹਿਨ ਸੀਸ ਨਿਵਾਈਆ । ਕੋਈ ਕਹੇ ਖੇਲ ਗੁਰੂ ਅਵਤਾਰਾ, ਕੋਈ ਕਹੇ ਪੀਰ ਪੈਗ਼ੰਬਰ ਦਏ ਵਡਿਆਈਆ । ਮੈਂ ਕਹਾਂ ਬਿਨ ਸ੍ਰੀ ਭਗਵਾਨ ਮੇਰਾ ਕੋਈ ਨਾ ਮੀਤ ਮੁਰਾਰਾ, ਸੰਗੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਆਪ ਬਣਾਈਆ । ਗਿਆਨ ਕਹੇ ਮੈਂ ਦੱਸਾਂ ਬਾਤ, ਧੁਰ ਦੀ ਧਾਰ ਜਣਾਈਆ । ਜੁਗ ਚੌਕੜੀ ਮੈਨੂੰ ਸਾਰੇ ਗਏ ਆਖ, ਆਖਰ ਭੇਵ ਨਾ ਕੋਇ ਖੁਲ੍ਹਾਈਆ । ਮੇਰੀ ਲੱਭੀ ਕਿਸੇ ਨਾ ਜਾਤ, ਮੇਰਾ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਭੇਵ ਆਪ ਛੁਪਾਈਆ । ਮੇਰਾ ਭੇਵ ਛੁਪਾਇਆ ਜੁਗ ਚਾਰ, ਮੁਖ ਨਜ਼ਰ ਕਿਸੇ ਨਾ ਆਈਆ । ਦੱਸਦੇ ਦੱਸਦੇ ਗਏ ਸਰਬ ਸੰਸਾਰ, ਸਹਿੰਸਾ ਸਕੇ ਨਾ ਕੋਇ ਚੁਕਾਈਆ । ਬੁੱਧੀ ਕਰੇ ਨਾ ਕੋਇ ਵਿਚਾਰ, ਮਤ ਮਤਵਾਲੀ ਸਾਰ ਨਾ ਪਾਈਆ । ਮਨੂਏ ਮਿਲਿਆ ਨਾ ਕੋਇ ਅਧਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਥੋੜਾ ਥੋੜਾ ਸਭ ਨੂੰ ਮਿਲਦਾ ਰਿਹਾ ਇਸ਼ਾਰ, ਸੈਨਤ ਨਾਲ ਸਿਰਜਣਹਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰਵਾਨ ਮਿਹਰਵਾਨ ਮੋਹੇ ਦੇਵੇ ਮਾਣ ਵਡਿਆਈਆ । ਗਿਆਨ ਕਹੇ ਮੈਂ ਵਸਾਂ ਉਹਲਾ, ਪਰਦਾ ਆਪ ਰਖਾਈਆ । ਜੁਗ ਚੌਕੜੀ ਪੈਂਦਾ ਰਿਹਾ ਰੌਲਾ, ਮੇਰਾ ਰੂਪ ਨਾ ਕੋਇ ਸਮਝਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਮਿਲਿਆ ਤੋਲਾ, ਮਿਹਰਵਾਨ ਫੇਰਾ ਪਾਈਆ । ਕਰ ਪਰਕਾਸ਼ ਉਪਰ ਧੌਲਾ, ਧਰਨੀ ਧਰਤ ਧਵਲ ਦਏ ਵਡਿਆਈਆ । ਸਚ ਦਵਾਰਾ ਜਿਸ ਨੇ ਖੋਲ੍ਹਾ, ਭਗਤ ਦੁਆਰ ਇਕ ਸੁਹਾਈਆ । ਜਿਥੇ ਇਕੋ ਗਾਈਏ ਢੋਲਾ, ਦੂਜਾ ਰਾਗ ਨਾ ਕੋਇ ਅਲਾਈਆ । ਪੁਰਖ ਅਕਾਲ ਬਣ ਵਿਚੋਲਾ, ਜਨ ਭਗਤਾਂ ਮੇਲਾ ਲਏ ਮਿਲਾਈਆ । ਜਿਸ ਮੇਰਾ ਪਰਦਾ ਖੋਲ੍ਹਾ, ਮੁਖ ਨਕਾਬ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗਿਆਨ ਕਹੇ ਪ੍ਰਭ ਦਿਤਾ ਗਿਆਨ, ਜਨ ਭਗਤਾਂ ਭੇਵ ਚੁਕਾਈਆ । ਅੰਦਰੇ ਅੰਦਰ ਸਿਧਾ ਮਿਲਿਆ ਆਣ, ਮੰਦਰ ਇਕੋ ਇਕ ਸੁਹਾਈਆ । ਨਾਤਾ ਛੋੜ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਸਿਆ ਬੇਪਰਵਾਹੀਆ । ਜਿਸ ਘਰ ਵਸਿਆ ਆਪ ਨਿਰੰਕਾਰ, ਗਿਆਨ ਦਵਾਰੇ ਬਹਿ ਬਹਿ ਸੇਵ ਕਮਾਈਆ । ਉਥੇ ਕਰਨ ਦੀ ਨਹੀਂ ਕੋਈ ਵਿਚਾਰ, ਵਿਚਾਰਿਆਂ ਹੱਥ ਕਿਛ ਨਾ ਆਈਆ । ਮੈਂ ਉਨ੍ਹਾਂ ਜਾਵਾਂ ਬਲਿਹਾਰ, ਬਲਿਹਾਰੀ ਹੋ ਸੀਸ ਨਿਵਾਈਆ । ਜਿਨ੍ਹਾਂ ਮਿਲਿਆ ਆਪ ਕਰਤਾਰ, ਕਰਤਾ ਵੇਖੇ ਚਾਈਂ ਚਾਈਂਆ । ਫੜ ਕੇ ਬਾਹੋਂ ਮੈਨੂੰ ਅੰਦਰ ਦਿਤਾ ਵਾੜ, ਗੁਰਮੁਖ ਦਵਾਰੇ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮੇਲਾ ਮਿਲਾਇਆ ਹਰਿ ਡਰੈਕਟ, ਅੱਧਵਿਚਕਾਰ ਨਾ ਕੋਇ ਅਟਕਾਈਆ । ਅੰਦਰ ਬਾਹਰ ਪਏ ਨਾ ਕੋਈ ਅਫੈਕਟ, ਫ਼ਰਕ ਕੋਇ ਨਜ਼ਰ ਨਾ ਆਈਆ । ਲੱਖ ਚੁਰਾਸੀ ਵਿਚੋਂ ਕਰ ਸਲੈਕਟ, ਹਰਿਜਨ ਮੇਰੇ ਨਾਲ ਮਿਲਾਈਆ । ਦਸਮ ਦਵਾਰੀ ਨਿੱਕੀ ਜਿਹੀ ਬਰੈਕਟ, ਜੋ ਮੇਰੇ ਨਾਲ ਸੋਭਾ ਪਾਈਆ । ਉਥੇ ਜਗੇ

ਅਗੰਮੀ ਅਲੈਕਟ, ਜੋਤੀ ਨੂਰ ਨੂਰ ਰੁਸ਼ਨਾਈਆ । ਨਾ ਕੋਈ ਵੇਲਾ ਨਾ ਕੋਈ ਵਕਤ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਅਰਸ਼ ਨਾ ਕੋਈ ਫ਼ਰਸ਼, ਜ਼ਿਮੀ ਅਸਮਾਨ ਨਾ ਕੋਇ ਚਤੁਰਾਈਆ । ਸਾਢੇ ਤਿੰਨ ਹੱਥ ਘਰ ਵਿਚ ਕਰੇ ਤਰਸ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਰਦਾ ਰਿਹਾ ਚੁਕਾਈਆ । ਗਿਆਨ ਕਹੇ ਮੇਰਾ ਪਰਦਾ ਲਾਹ, ਮੁਖ ਮੇਰਾ ਰਿਹਾ ਜਣਾਈਆ । ਅੰਦਰੇ ਅੰਦਰ ਬਣ ਮਲਾਹ, ਮੁਹੱਬਤ ਸਾਚੀ ਰਿਹਾ ਬੰਧਾਈਆ । ਬਿਨ ਪੜ੍ਹਿਆਂ ਲਿਖਿਆਂ ਬੋਲਿਆਂ ਤੋਲਿਆਂ ਦੇਵੇ ਆਪ ਸਲਾਹ, ਸਾਚਾ ਲੇਖਾ ਇਕ ਸਮਝਾਈਆ । ਰਹਿਬਰ ਬਣ ਨੂਰੀ ਖ਼ੁਦਾ, ਨੂਰੀ ਜਲਵਾ ਰਿਹਾ ਦਰਸਾਈਆ । ਆਪਣਾ ਮਾਰਗ ਕਰ ਕੇ ਸਿਧਾ, ਬਿਧ ਆਪਣੀ ਰਿਹਾ ਵਖਾਈਆ । ਅੰਦਰ ਵੜ ਕੇ ਜਨ ਭਗਤਾਂ ਵੇਖਿਆ ਜਿਨ੍ਹਾਂ ਸਦਾ ਦਵਾਰਾ ਨਿੱਘਾ, ਠੰਡਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਗਿਆਨ ਗੁਰਦੇਵ, ਸਤਿਗੁਰ ਇਕੋ ਨਜ਼ਰੀ ਆਈਆ । ਜਿਸ ਸਾਹਿਬ ਦੀ ਕਰਾਂ ਸੇਵ, ਨਿਤ ਨਿਤ ਚਾਕਰ ਰੂਪ ਵਟਾਈਆ । ਫੜ ਕੇ ਬਾਹੋਂ ਸਿਧਾ ਜਨ ਭਗਤਾਂ ਅੰਦਰ ਦਿਤਾ ਭੇਜ, ਭਜਨ ਬੰਦਗੀ ਕੰਮ ਨਾ ਕੋਇ ਰਖਾਈਆ । ਬਾਹੋਂ ਫੜ ਕੇ ਬਿਠਾਇਆ ਉਸ ਸੇਜ, ਜਿਸ ਸੇਜ ਚੜ੍ਹਨ ਕੋਇ ਨਾ ਆਈਆ । ਕਿਰਪਾ ਕਰ ਵਖਾਇਆ ਜੋਤੀ ਤੇਜ, ਜਿਸ ਵਿਚ ਕੋਟਨ ਕੋਟ ਚੰਦ ਸੂਰਜ ਸਮਾਈਆ । ਪ੍ਰੇਮ ਪਿਆਰ ਅੰਦਰ ਕੀਤਾ ਹੇਤ, ਹਿਤਕਾਰੀ ਹੋ ਦਏ ਵਡਿਆਈਆ । ਮੈਂ ਓਸ ਦਵਾਰੇ ਰਿਹਾ ਖੇਡ, ਜਿਸ ਘਰ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਗਿਆਨ ਕਹੇ ਮੈਂ ਵੜਿਆ ਅੰਦਰ, ਘਰ ਭਗਤਾਂ ਡੇਰਾ ਲਾਈਆ । ਸੋਹਣਾ ਲੱਗਾ ਸੁੱਚਾ ਮੰਦਰ, ਜਿਸ ਘਰ ਵਸੇ ਬੇਪਰਵਾਹੀਆ । ਰੋਂਦੀ ਵੇਖੀ ਡੂੰਘੀ ਕੰਦਰ, ਕੂੜੀ ਤ੍ਰਿਸਨਾ ਦਏ ਦੁਹਾਈਆ । ਮਾਇਆ ਮਮਤਾ ਹੌਕਾ ਭਰੇ ਵਿਚ ਖੰਡਰ, ਘਰ ਸੁਆਮੀ ਬੈਠਾ ਮੁਖ ਛੁਪਾਈਆ । ਅੱਗੇ ਤੱਕਿਆ ਕੋਈ ਨਜ਼ਰ ਨਾ ਆਇਆ ਸੂਰਜ ਚੰਦਰ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਭਗਤ ਭਗਵਾਨ ਕੋਲੋਂ ਇਕੋ ਵਸਤ ਮੰਗਣ, ਆਪਣੀ ਝੋਲੀ ਅੱਗੇ ਡਾਹੀਆ । ਉਸ ਗਿਆਨ ਦੀ ਚਾੜ੍ਹ ਰੰਗਣ, ਜਿਹੜਾ ਗਿਆਨ ਤੇਰੇ ਵਿਚੋਂ ਪਰਗਟ ਹੋ ਕੇ ਨਜ਼ਰੀ ਆਈਆ । ਦੂਜੇ ਕੋਲ ਕਦੀ ਨਾ ਜਾਈਏ ਮੰਗਣ, ਜੋ ਅੱਖਰਾਂ ਨਾਲ ਉਤੇ ਸੌਂ ਸੌਂ ਵਕਤ ਲੰਘਾਈਆ । ਸ੍ਰੀ ਭਗਵਾਨ ਸਾਡੇ ਮਸਤਕ ਲਾ ਚੰਦਨ, ਟਿੱਕਾ ਤੇਰਾ ਇਕੋ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਤੂੰ ਹੈਂ ਸੂਰਾ ਸਰਬੰਗਣ, ਸਦਾ ਸੂਰਬੀਰ ਅਖਵਾਈਆ । ਜਿਸ ਰਵਿਦਾਸ ਚਮਰੇਟਾ ਪਾਹਨੀ ਲਾਇਆ ਗੰਢਣ, ਤਿੱਖੀ ਆਰ ਧਾਰ ਹੱਥ ਫੜਾਈਆ । ਪਹਿਲੋਂ ਉਸ ਤੋਂ ਜਗਤ ਭੇਖ ਨਾਲ ਆਪਣੇ ਮਸਤਕ ਲਵਾਏ ਤਿਲਕ ਤਿਲ ਬੰਧਨ, ਬੰਦਗੀ ਫੇਰ ਆਪ ਬਣਾਈਆ । ਪਿਛੇ ਭਗਤ ਜਨ ਸਾਰੇ ਉਸੇ ਅੰਦਰ ਲੰਘਣ, ਕੁੰਡਾ ਖਿੜਕੀ ਗੁਰਮੁਖ ਕੋਲੋਂ ਖੁਲ੍ਹਾਈਆ । ਇਹੋ ਦਾਤ ਆਇਆ ਵੰਡਣ, ਜੋ ਬੈਠਾ ਆਪ ਲੋਕਾਈਆ । ਗਿਆਨ ਕਹੇ ਮੈਂ ਵੇਖਿਆ ਉਹ ਅਨੰਦਨ, ਜਿਸ ਅਨੰਦ ਵਿਚ ਅਨੰਦ ਰਿਹਾ ਵਖਾਈਆ । ਨਾਤਾ ਜੋੜ ਜਗਤ ਵਰਭੰਡਣ, ਬ੍ਰਹਿਮੰਡ ਦਿਆਂ ਤਜਾਈਆ । ਜੇ ਭਗਤਾਂ ਨਾਲ ਬ੍ਰਾਹਮਣ ਜਾਏ ਸੰਗਣ, ਬਿਨਾਂ ਸਚਖੰਡ ਚਰਨ ਡਿਗਾ ਨਿਉਂ ਨਿਉਂ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਵੇ ਇਕ ਵਰ, ਜਿਸ ਵਰ ਵਿਚੋਂ ਵਾਰਤਾ ਗਾਏ

ਜਗਤ ਲੋਕਾਈਆ । ਭਗਤ ਕਹਿਣ ਗਿਆਨ ਗੁੱਝ, ਉਠ ਤੈਨੂੰ ਦਿਆਂ ਸਮਝਾਈਆ । ਵੇਖ ਪ੍ਰਭੁ ਪਾਰਬ੍ਰਹਮ ਸਾਡੇ ਪ੍ਰੇਮ ਅੰਦਰ ਗਿਆ ਰੁਝ, ਪ੍ਰੀਤੀ ਸੱਚੀ ਸਚ ਰਖਾਈਆ । ਤੈਨੂੰ ਕੁਛ ਨਾ ਗਿਆ ਸੁਝ, ਸੋਚ ਸਮਝ ਨਾ ਚਲੀ ਕੋਈ ਵਡਿਆਈਆ । ਹੁਣ ਆ ਕੇ ਸਾਥੋਂ ਪੁਛ, ਤੈਨੂੰ ਸਿਧਾ ਦਈਏ ਮਿਲਾਈਆ । ਅੰਦਰ ਵੜ ਦਰਸ਼ਨ ਕਰ ਤੇਰੀ ਲੱਥੇ ਭੁੱਖ, ਤ੍ਰਿਸਨਾ ਤ੍ਰਿਪਤ ਰੂਪ ਵਟਾਈਆ । ਗਿਆਨ ਕਹੇ ਮੈਂ ਵੇਖ ਕੇ ਪਹਿਲਾਂ ਗਿਆ ਝੁਕ, ਆਪਣਾ ਸੀਸ ਨਿਵਾਈਆ । ਸ਼ਹਿਨਸ਼ਾਹ ਕਿਸ ਬਿਧ ਆਪਣਾ ਬਦਲਿਆ ਰੁਖ਼, ਰੁਚੀ ਗੁਰਮੁਖਾਂ ਨਾਲ ਜੁੜਾਈਆ । ਸ੍ਰੀ ਭਗਵਾਨ ਕਹੇ ਮੈਂ ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਉਠ, ਪਰਦੇ ਉਹਲੇ ਸਾਰੇ ਦਏ ਮਿਟਾਈਆ । ਸਭ ਦੀ ਖੜੀ ਰੱਖਾਂ ਮੁੱਛ, ਮੁਸ਼ਕਲ ਅੱਗੇ ਨਜ਼ਰ ਕੋਇ ਨਾ ਆਈਆ । ਜੋ ਪਾਰਬ੍ਰਹਮ ਪਰਮੇਸ਼ਵਰ ਦੇ ਬਣੇ ਪੁੱਤ, ਤਿਨ੍ਹਾਂ ਗਿਆਨ ਸਕੇ ਕੀ ਸਮਝਾਈਆ । ਜਿਧਰ ਵੇਖਣ ਓਧਰ ਮੌਲੀ ਰੁੱਤ, ਦੋ ਜਹਾਨ ਮਿਲਖ ਜਗੀਰ ਸੋਭਾ ਪਾਈਆ । ਜੇ ਗੁੱਸੇ ਵਿਚ ਜਾਣ ਰੁੱਠ, ਫਿਰ ਵੀ ਰੁੱਠਿਆਂ ਲਏ ਮਨਾਈਆ । ਕਰ ਉਜਲ ਉਜਾਲਾ ਉਜਿਆਰਾ ਮੁੱਖ, ਅਜਬ ਆਪਣਾ ਰੰਗ ਵਖਾਈਆ । ਉਹ ਵੇਲਾ ਰਿਹਾ ਢੁੱਕ, ਭੇਵ ਰਿਹਾ ਮੁੱਕ, ਅਗਲਾ ਦੇਵੇ ਸੁਖ, ਚੁੱਕ ਚੁੱਕ ਆਪਣੀ ਗੋਦ ਬਹਾਈਆ । ਜੇ ਕੋਈ ਹੱਥੀਂ ਫੜੇ ਹੱਥ ਨਾ ਆਵੇ ਕੁੱਛ, ਕੁਸ਼ਤਾ ਮਾਰ ਹਕੀਮ ਦੇਵੇ ਨਾ ਕੋਇ ਦਵਾਈਆ । ਜੇ ਕੋਈ ਚਰਨ ਫੜਾਏ ਘੁੱਟ, ਜੜ੍ਹ ਲੋਕਮਾਤ ਵਿਚੋਂ ਪੁੱਟ, ਬੂਟਾ ਸਚਖੰਡ ਦੇਵੇ ਲਾਈਆ । ਉਂਗਲੀ ਨਾਲ ਰਖਾਏ ਗੋਬਿੰਦ ਸੁਤ, ਵੇਖ ਮੌਲੀ ਤੇਰੀ ਰੁੱਤ, ਕਰੇ ਖੇਲ ਅਬਿਨਾਸ਼ੀ ਅਚੁਤ, ਚਾਰੋਂ ਕੁੰਟ ਖ਼ੁਸ਼ੀ ਵਖਾਈਆ । ਓਧਰੋਂ ਭੱਜੀ ਆਈ ਭੁੱਖ, ਮੈਨੂੰ ਲੱਗਾ ਤੇਰਾ ਦੁੱਖ, ਚਾਰ ਜੁਗ ਧੂਆਂ ਰਿਹਾ ਧੁਖ, ਤੇਰੀ ਜੋਤ ਜਗਤ ਜਗ ਨਾ ਕੋਇ ਜਗਾਈਆ । ਸ੍ਰੀ ਭਗਵਾਨ ਕਹੇ ਮੈਂ ਤੇਰੀ ਸੁਹਾਵਾਂ ਰੁੱਤ, ਤੇਰੇ ਸਾਥੀ ਕੱਢਾਂ ਕੁੱਟ, ਜਿਨ੍ਹਾਂ ਤੈਨੂੰ ਲਿਆ ਲੁੱਟ, ਰੋਟੀ ਟੁੱਕੜਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੁਹਾਏ ਰੁੱਤ, ਰੁੱਤ ਆਪਣੇ ਨਾਲ ਸੁਹਾਈਆ । ਅਕਥ ਕਥਾ ਦੇ ਬਿਨ ਕਥਨੀ ਕਥਾ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਜੋ ਆਪਣੇ ਮੰਦਰ ਗ੍ਰਿਹ ਸੁਆਮੀ ਠਾਕਰ ਵਸਾ, ਗਹਿਰ ਗੰਭੀਰ ਵੱਡੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਮਾਰਗ ਦੱਸਾ, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਪੜ੍ਹਾਈਆ । ਜਿਸ ਨੂੰ ਨਿਮਸਕਾਰ ਨਿਮਸਕਾਰ ਨਿਮਸਕਾਰ ਟੇਕਦੇ ਰਹੇ ਮੱਥਾ, ਸਜਦਾ ਸੀਸ ਝੁਕਾਈਆ । ਜੇ ਕੋਈ ਪਹਿਲੋਂ ਹੁਕਮ ਕਰੇ ਦੋਏ ਜੋੜ ਕੇ ਕਹਿਣ ਸਭ ਅੱਛਾ, ਤੇਰੀ ਵਡ ਵਡਿਆਈਆ । ਤੇਰੇ ਸਮੁੰਦਰ ਵਿਚ ਕੋਟਨ ਫਿਰਦੇ ਮੱਛ ਕੱਛਾ, ਗੁਰ ਅਵਤਾਰ ਪੀਰ ਪੈਗ਼ੰਬਰ ਤਾਰੀਆਂ ਲਾਈਆ । ਕਿਸੇ ਦੀ ਚੋਟੀ ਮੁੰਨੀ ਕਿਸੇ ਦੀ ਬੋਦੀ ਰੱਖੀ ਕਿਸੇ ਤੇੜ ਪਵਾਇਆ ਕੱਛਾ, ਕਿਸੇ ਕੀਮਤ ਵਿਚ ਬਦਲਾਈਆ । ਕਿਸੇ ਗਲ ਪਵਾਇਆ ਰੱਸਾ, ਕਿਸੇ ਨੀਹਾਂ ਹੇਠ ਦੱਬਾ, ਕਿਸੇ ਕਿਹਾ ਮੈਂ ਤੇਰਾ ਅੱਬਾ, ਬਾਪੂ ਬਣ ਕੇ ਕਿਸੇ ਦੀ ਬਣਤ ਬਣਾਈਆ । ਕਿਸੇ ਨੂੰ ਕਿਹਾ ਨੂਰ ਇਲਾਹੀ ਰੱਬਾ, ਕਿਸੇ ਨੂੰ ਕਿਹਾ ਹਰ ਘਟ ਅੰਦਰ ਵਸਾ, ਕਿਸੇ ਨੂੰ ਕਿਹਾ ਚਾਰੋਂ ਕੁੰਟ ਨੱਸਾ, ਦਰ ਦਵਾਰ ਨਜ਼ਰ ਕਿਸੇ ਨਾ ਆਈਆ । ਕਿਸੇ ਨੂੰ ਕਿਹਾ ਭਗਤ ਪ੍ਰੀਤੀ ਅੰਦਰ ਬੱਧਾ, ਕਿਸੇ ਨੂੰ ਕਿਹਾ ਮੌਜਾਂ ਅੰਦਰ ਦੇਵਾਂ ਸੱਦਾ, ਕਿਸੇ ਨੂੰ ਕਿਹਾ ਮੈਂ ਵਸਾਂ ਵੱਖਰਾ ਸਭ ਤੋਂ ਅੱਡਾ, ਦੂਰ ਦੁਰਾਡਾ ਡੇਰਾ ਲਾਈਆ । ਕਿਸੇ ਨੂੰ ਦੱਸਿਆ ਨੱਢਾ, ਕਿਸੇ ਨੂੰ ਨਜ਼ਰੀ ਆਇਆ ਵਿਚੋਂ ਹੱਡਾਂ, ਕਿਸੇ ਨੂੰ ਅੱਖਰਾਂ ਨਾਲ ਸਮਝਾਈਆ । ਕਿਸੇ ਨੂੰ ਕਿਹਾ ਵਿਸ਼ਵ ਜੱਦਾ, ਕਿਸੇ

ਨੂੰ ਕਿਹਾ ਸੂਰਾ ਸਰਬੱਗਾ, ਕਿਸੇ ਨੂੰ ਕਿਹਾ ਪਾਰ ਕਰਾਏ ਹੱਦਾ, ਦੋ ਜਹਾਨਾਂ ਚਰਨਾਂ ਹੇਠ ਰਖਾਈਆ । ਚੂੰਕਿ ਚੁਨਾਚੇ ਕਰ ਕਿਰਪਾ ਜਿਨ੍ਹਾਂ ਨੂੰ ਆਪ ਲੱਭਾ, ਲੁੱਬੇ ਲੁਆਬ ਅਬਿਨਾਸ਼ੀ ਦਏ ਜਣਾਈਆ । ਭੰਡਾਰਾ ਦੇਵੇ ਸਭ ਕੁੱਛ ਅੱਬਾ, ਅਤੋਟ ਅਤੁਟ ਵਰਤਾਈਆ । ਜੇ ਵਿਗੜ ਜਾਏ ਤੇ ਬੜਾ ਕੱਬਾ, ਮੱਕੇ ਕਾਅਬੇ ਸਾਰੇ ਦੇਵੇ ਢਾਹੀਆ । ਮਿਹਰਵਾਨ ਹੋਵੇ ਬਣ ਜਾਏ ਨਿੱਕਾ ਨੱਢਾ, ਗੁਰਮੁਖਾਂ ਅੰਦਰ ਵੜ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਸ਼ੀਆਂ ਨਾਲ ਹੋਏ ਗਦ ਗਦਾ, ਹਰਿਜਨ ਆਪਣੇ ਨਾਲ ਰਖਾਈਆ ।

ਬੇਗਮਪੁਰੇ ਵਿਚ ਮਿਲੇ ਹੱਥ, ਜਗਤ ਅੱਖਾਂ ਨਜ਼ਰ ਕਿਸੇ ਨਾ ਆਈਆ । ਜਿਸ ਦੀ ਮਹਿਮਾ ਆਦਿ ਜੁਗਾਦਿ ਗੌਂਦੇ ਰਹੇ ਅਕੱਥ, ਰਸਨਾ ਜਿਹਵਾ ਢੋਲੇ ਬੱਤੀ ਦੰਦ ਸੁਣਾਈਆ । ਜਿਸ ਗ੍ਰਿਹ ਮੰਦਰ ਦੀਪਕ ਜੋਤ ਜਗੇ ਲਟ ਲਟ, ਅਗਿਆਨ ਅੰਧੇਰਾ ਨਜ਼ਰ ਕੋਈ ਨਾ ਆਈਆ । ਨਿਰਗੁਣ ਨਿਰਵੈਰ ਦੀਨ ਦਿਆਲ ਬੈਠਾ ਸਮਰਥ, ਸਾਹਿਬ ਸਤਿਗੁਰ ਸੋਭਾ ਪਾਈਆ । ਮਨ ਮਤ ਬੁੱਧ ਜਗਤ ਵਿਦਿਆ ਚਲੇ ਨਾ ਕੋਈ ਵਸ, ਲਿਖਿਆ ਲੇਖ ਸੰਗ ਨਾ ਕੋਈ ਰਖਾਈਆ । ਬਿਨ ਰਸਨਾ ਜਿਹਵਾ ਦੇਵੇ ਅਗੰਮੀ ਰਸ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਬਿਨ ਛੱਪਰ ਛੰਨ ਚਾਰ ਦਿਵਾਰੀ ਓਹ ਖੇੜਾ ਰਿਹਾ ਦੱਸ, ਸੂਰਜ ਚੰਦ ਨਾ ਕੋਈ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕੁਰਾਨ ਨਾ ਕੋਈ ਦਿਸੇ ਤੀਰਥ ਤੱਟ, ਹੱਟ ਵਣਜਾਰਾ ਰੂਪ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਗਮ ਪੁਰਾ ਬਣ ਬੇਗਮ ਆਪ ਸੁਹਾਇੰਦਾ । ਬੇਗਮ ਬਣੇ ਜੋਤ ਨਿਰਾਲੀ, ਥਾਨ ਆਪਣੀ ਸੇਜ ਸੁਹਾਈਆ । ਆਦਿ ਜੁਗਾਦਿ ਰਹੇ ਦੀਵਾਲੀ, ਦੀਪਕ ਇਕੋ ਇਕ ਰੁਸ਼ਨਾਈਆ । ਸੌਹਰੇ ਪੇਈਏ ਨਾਨਕ ਦਾਦਕ ਭੈਣ ਭਾਈ ਭੈਣੋਈਆ ਨਾ ਕੋਈ ਸਾਲੀ, ਸੱਜਣ ਸੰਗ ਨਾ ਕੋਇ ਵਖਾਈਆ । ਅੰਡਜ ਜੇਰਜ ਉਤਭੁਜ ਸੇਤਜ ਜਗਤ ਬਨਾਸਪਤ ਨਾ ਕੋਈ ਪਤ ਡਾਲੀ, ਸਮੁੰਦ ਸਾਗਰ ਉਜਾੜ ਪਹਾੜ ਰੂਪ ਨਾ ਕੋਈ ਵਖਾਈਆ । ਨਾ ਘਨਈਆ ਨਾ ਕੋਈ ਕਾਹਨ ਨਾ ਕੋਈ ਗਊਆਂ ਬਣੇ ਪਾਲੀ, ਬੰਸਰੀ ਨਾਦ ਧੁਨ ਸ਼ਬਦ ਰਾਗ ਨਾ ਕੋਈ ਅਲਾਈਆ । ਏਕਾ ਰੰਗ ਗਹਿਰ ਗੰਭੀਰ ਬਿਨ ਸਰੀਰ ਕਰੇ ਖੇਲ ਨਿਰਾਲੀ, ਲਾਸ਼ਰੀਕ ਸਚ ਤੌਫ਼ੀਕ ਇਕੋ ਨੂਰ ਖ਼ੁਦਾਈਆ । ਬੇਗ਼ਮ ਪੁਰੇ ਓਹ ਬੇਗ਼ਮ ਵਸੇ ਠੀਕ, ਜਿਸ ਦੀ ਆਦਿ ਜੁਗਾਦਿ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਉਡੀਕ, ਨਿਤ ਨਵਿਤ ਨੈਣ ਲੋਚਣ ਸੁਹੰਜਣੇ ਅੰਦਰ ਬਾਹਰ ਗੁਪਤ ਜਾਹਰ ਬੈਠੇ ਧਿਆਨ ਲਗਾਈਆ । ਜੇ ਓਹ ਬੇਗ਼ਮ ਕਰੇ ਸਚ ਪ੍ਰੀਤ, ਪ੍ਰੇਮ ਪ੍ਰੀਤੀ ਅੰਦਰ ਗੁਰਮੁਖ ਆਪਣੇ ਘਰ ਮੰਗਾਈਆ । ਉਸ ਨੂੰ ਮਿਲ ਕੇ ਹਰਿਜਨ ਕਹੇ ਬੇਗ਼ਮ ਪੁਰਾ ਹੈ ਇਹ ਬੇਗ਼ਮ ਪੁਰਾ ਠੀਕ, ਜਿਸ ਅੰਦਰ ਰੋਗ ਸੋਗ ਚਿੰਤਾ ਦੁੱਖ ਨਜ਼ਰ ਕੋਇ ਨਾ ਆਈਆ । ਇਕੋ ਜਾਪ ਸ੍ਰੀ ਭਗਵਾਨ ਮਿਹਰਵਾਨ ਨੌਜਵਾਨ ਨਜ਼ਰੀ ਆਏ ਅਤੀਤ, ਸਤਿ ਸਤਿਵਾਦੀ ਆਪਣਾ ਆਸਣ ਲਾਈਆ । ਫੜ ਫੜ ਬਾਹੋਂ ਉਥੇ ਇਕ ਦੂਜੇ ਨੂੰ ਕੋਈ ਨਾ ਸਕੇ ਘਸੀਟ, ਸੰਗੀ ਸਾਥੀ ਸਾਰੇ ਦਿਤੇ ਤਜਾਈਆ । ਇਕ ਇਕੱਲਾ ਆਵੇ ਜਾਵੇ ਆਪ ਚਲਾਵੇ ਆਪਣੀ ਰੀਤ, ਰੀਤੀਵਾਨ ਇਕੋ ਇਕ ਅਖਵਾਈਆ । ਮਸਜਿਦ ਮੰਦਰ ਸ਼ਿਵਦਵਾਲਾ ਮੱਠ ਨਾ ਕੋਇ ਮਸੀਤ, ਅੰਜੀਲ ਕੁਰਾਨ ਤੀਸ ਬਤੀਸ ਹਦੀਸ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਖਣਹਾਰਾ ਉਹ ਘਰ, ਜਿਸ ਘਰ ਗ਼ਮੀ ਖ਼ੁਸ਼ੀ ਰੂਪ ਨਾ ਕੋਇ ਵਟਾਈਆ । ਗ਼ਮੀ ਖ਼ੁਸ਼ੀ ਨਾ ਕੋਈ ਗ਼ਮ, ਗ਼ਫ਼ਲਤ ਨਜ਼ਰ ਕੋਇ ਨਾ ਆਈਆ । ਹਰਖ਼ ਸੋਗ ਚਿੰਤਾ ਦੁੱਖ ਪਵਣ ਸੁਆਸ ਨਾ ਕੋਈ ਗ਼ਮ, ਦਮਾ ਦਮ ਰੰਗ ਨਾ ਕੋਇ ਵਖਾਈਆ । ਤਨ ਮਾਟੀ ਪੰਜ ਤਤ ਕੋਈ ਨਾ ਚੰਮ, ਚੰਮ ਦ੍ਰਿਸ਼ਟੀ ਨਾ ਕੋਇ ਵਡਿਆਈਆ । ਇਕੋ ਨੂਰ ਸ੍ਰੀ ਭਗਵਨ, ਸ਼ਾਹ ਪਾਤਸ਼ਾਹ ਸਚ ਕਰੇ ਰੁਸ਼ਨਾਈਆ । ਕੋਈ ਵੇਖ ਨਾ ਸਕੇ ਨੇਤਰ ਅੰਨ੍ਹ, ਬਿਨ ਸਤਿਗੁਰ ਪੂਰੇ ਸਮਝ ਕਿਸੇ ਨਾ ਪਾਈਆ । ਕੋਟਨ ਕੋਟ ਨੈਣ ਸ਼ਰਮਾਵਣ ਸੂਰਜ ਚੰਨ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਜਿਸ ਵੇਲੇ ਸ੍ਰੀ ਭਗਵਾਨ ਭਗਤ ਆਪਣੇ ਸੱਦੇ ਜਨ, ਤਿਨ੍ਹਾਂ ਧੰਨ ਜਣੇਂਦੀ ਮਾਈਆ । ਨਜ਼ਰੀ ਆਏ ਸਚ ਦਵਾਰਾ ਜਿਸ ਦਾ ਰੂਪ ਅਗੰਮ, ਅਗੰਮੜੀ ਖੇਲ ਆਪ ਕਰਾਈਆ । ਉਸ ਵੇਲੇ ਗੁਰਮੁਖ ਕਹੇ ਧੰਨ ਧੰਨ ਧੰਨ ਪੁਰਾਬੇਗ਼ਮ ਬੇਗ਼ਮ ਵਸੇ ਬੇਗ਼ੰਮ, ਇਕੋ ਬੈਠੀ ਨਜ਼ਰੀ ਆਈਆ । ਬੇਗ਼ਮ ਕਹੇ ਮੈਂ ਬੜੀ ਸੋਹਣੀ, ਮੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੈਂ ਆਦਿ ਜੁਗਾਦਿ ਭਗਤਾਂ ਮੋਹਣੀ, ਮੋਹ ਮੁਹੱਬਤ ਵਿਚ ਸਦਾ ਫਸਾਈਆ । ਜਿਸ ਦੇ ਨੇੜ ਨਾ ਆਵੇ ਹੋਣੀ, ਰਾਏ ਧਰਮ ਨਾ ਡਰ ਵਖਾਈਆ । ਮੈਂ ਉਨ੍ਹਾਂ ਦੀ ਕਰਾਂ ਬੌਹਣੀ, ਪਹਿਲਾਂ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਕੇ ਆਇਆ ਉਹ ਘਰ, ਜਿਸ ਘਰ ਬੇਗ਼ਮ ਇਕੋ ਨਜ਼ਰੀ ਆਈਆ । ਆਓ ਸੰਤ ਜੀ ਚਲੀਏ ਬੇਗਮ ਪੁਰੇ, ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਕਿਹੜੀ ਮੰਜ਼ਲ ਪਹੁੰਚੇ ਤੁਰੇ, ਆਪਣਾ ਭੇਵ ਛੁਪਾਈਆ । ਕਿਹੜਾ ਮੰਤਰ ਫੁਰਨਾ ਫੁਰੇ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਿਹੜੀ ਧਾਰ ਗੁਰਮੁਖ ਚੜ੍ਹੇ, ਸਾਚੀ ਜੋੜੀ ਜੋੜ ਜੁੜਾਈਆ । ਕਿਹੜੇ ਥਾਂ ਤੋਂ ਬੈਠੇ ਸਾਰੇ ਪਿਛਾਂਹ ਮੁੜ੍ਹੇ, ਅੱਗੇ ਰਾਹ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਕਹਿਣ ਅਸੀਂ ਗੁਰੇ, ਨਿਗੁਰਾ ਮਾਤ ਨਾ ਕੋਇ ਅਖਵਾਈਆ । ਉਨ੍ਹਾਂ ਨਾਲੋਂ ਹੋਰ ਕੌਣ ਹੈਣ ਬੁਰੇ, ਜੋ ਝੂਠ ਗਾ ਗਾ ਜਗਤ ਭੁਲਾਈਆ । ਸੰਤ ਸਹੇਲੀ ਨੂੰ ਸੰਤ ਸਾਜਣ ਪੁਛੇ ਦੱਸ ਕੁੜੇ, ਉਹ ਕਰਮਾਂ ਵਾਲਾ ਕਿਹੜਾ ਥਾਂ ਜਿਸ ਘਰ ਬਹਿ ਬਹਿ ਸੋਭਾ ਪਾਈਆ । ਸੰਤ ਸਹੇਲੀ ਕਹੇ ਨੀ ਮੈਂ ਵੇਖਿਆ ਉਥੇ ਕੋਟੀ ਕੋਟ ਜਾਂਦੇ ਰੁੜੇ, ਅੱਗੇ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਗਮਪੁਰਾ ਪੂਰਬ ਘਰ, ਅਗਲਾ ਲੇਖਾ ਲੇਖੇ ਨਾਲ ਮਿਲਾਈਆ । ਆਉ ਸੰਤ ਜੀ ਚੁੱਕੀਏ ਕਦਮ, ਸੱਜਾ ਖੱਬਾ ਪੈਰ ਉਠਾਈਆ । ਵੇਖੋ ਬੇਗਮਪੁਰੇ ਦਾ ਹੁਜਰਾ, ਹਰਿ ਹਰਿ ਆਪ ਜਣਾਈਆ । ਉਥੇ ਸੰਤਾਂ ਲੱਗਿਆ ਮੁਜਰਾ, ਸੋਹਣਾ ਰਹੇ ਨਾਚ ਵਖਾਈਆ । ਹੁਣ ਵੇਲਾ ਨਹੀਂ ਜੋ ਪਿਛੇ ਗੁਜਰਾ, ਬਣ ਸਾਖਿਆਤ ਇਕ ਦੂਜੇ ਨੂੰ ਦੇਈਏ ਸਮਝਾਈਆ । ਕੋਈ ਭੇਤ ਨਹੀਂ ਗੁੱਝਲਾ, ਗੁੱਝੀ ਕੰਦਰ ਦੇ ਵਖਾਈਆ । ਪਰਮ ਪੁਰਖ ਪਰਮਾਤਮ ਸਦਾ ਸਦਾ ਸਦ ਉਜਲਾ, ਨੂਰ ਜਹੂਰ ਕਰੇ ਰੁਸ਼ਨਾਈਆ । ਅੱਗੇ ਖੇਲ ਨਹੀਂ ਕੋਈ ਧੁੰਦਲਾ, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਸਾਫ਼ ਕਰਨ ਨੂੰ ਹੱਥ ਵਿਚ ਫੜ ਕੇ ਮੂੰਗਲਾ, ਦੋ ਜਹਾਨਾਂ ਦਏ ਡਰਾਈਆ । ਇਹ ਵੱਡਾ ਸੰਤਾਂ ਦਾ ਸੰਤ ਅਖਾੜੇ ਵਿਚ ਦੰਗਲਾ, ਪਹਿਲਵਾਨ ਕਰ ਲੰਗੋਟੇ ਚਾਰੋਂ ਕੁੰਟ ਫਿਰਨ ਵਾਹੋ ਦਾਹੀਆ । ਕੂੜੀ ਨਿੰਦਿਆ ਨਿੰਦਕ ਨਾ ਕੋਈ ਚੁਗਲਾ, ਚੁਗਲੀ ਮਾਰਨ ਕੋਇ ਨਾ ਆਈਆ । ਆਓ ਸਾਹਮਣੇ ਹੋ ਕੇ ਕਰੀਏ ਸ਼ੁਗਲਾ, ਸ਼ੁਗਲ ਵਿਚ ਲੋਕਾਈਆ । ਇਕ ਪਾਸੇ ਸ਼ਾਹ ਸੁਲਤਾਨ ਮੁਗਲਾ,

ਬੇਪਰਵਾਹ ਬੇਪਰਵਾਹੀਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਕੋਈ ਭੇਵ ਨਾ ਜਾਣੇ ਮੁਢਲਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਧੁਰ ਦਾ ਭੇਵ ਦੱਸੇ ਕੋਈ ਨਾ ਬਾਕੀ, ਕਲਜੁਗ ਸਾਰ ਕਿਸੇ ਨਾ ਆਈਆ । ਸੁਣਾਵੇ ਕੋਈ ਨਾ ਧੁਰ ਦੀ ਸਾਖੀ, ਸਾਖਿਆਤ ਘਰ ਨਾ ਕੋਇ ਜਣਾਈਆ । ਬੇਗਮਪੁਰਾ ਜਗਤ ਜਹਾਨ ਜੀਵ ਖੇਲ ਸਮਝਿਆ ਬਾਜੀਗਰ ਨਾਟੀ, ਡੋਰੂ ਡੰਕ ਸਾਰੇ ਰਹੇ ਵਜਾਈਆ । ਬਿਨ ਸਤਿਗੁਰ ਪੂਰੇ ਕਿਸੇ ਪਾਰ ਨਾ ਕੀਤੀ ਘਾਟੀ, ਸੈਣ ਨਾ ਮਿਲਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਗਮਪੁਰੇ ਦੀ ਖੋਲ੍ਹ ਤਾਕੀ, ਹਰਿਜਨ ਆਪਣੇ ਅੰਦਰ ਲਏ ਲੰਘਾਈਆ । ਦੋ ਜਹਾਨਾਂ ਦੇ ਵਿਚ ਇਕ ਤਸਵੀਰ, ਤਸਬੀ ਮਾਲਾ ਦੋਹਾਂ ਨਜ਼ਰ ਨਾ ਆਈਆ । ਦੋ ਜਹਾਨਾਂ ਅੰਦਰ ਇਕ ਪੀਰ, ਡਾਹਢਾ ਡੇਰਾ ਲਾਈਆ । ਦੋ ਜਹਾਨਾਂ ਅੰਦਰ ਇਕ ਤਕਦੀਰ, ਜੋ ਤਕਦੀਰ ਦਏ ਵਡਿਆਈਆ । ਦੋ ਜਹਾਨਾਂ ਅੰਦਰ ਇਕ ਜੰਜੀਰ, ਜੋ ਡੋਰੀ ਤੰਦ ਬੰਧ ਬੰਧਾਈਆ । ਦੋ ਜਹਾਨਾਂ ਅੰਦਰ ਇਕ ਤਾਸੀਰ, ਜੋ ਗੱਲਾਂ ਬਾਤਾਂ ਨਾਲ ਖ਼ੁਸ਼ੀ ਕਰਾਈਆ । ਦੋ ਜਹਾਨਾਂ ਦੇ ਅੰਦਰ ਇਕ ਪੀੜ, ਇਕ ਦੂਜੇ ਨੂੰ ਵੇਖਣ ਚਾਈਂ ਚਾਈਂਆ । ਦੋ ਜਹਾਨ ਚੋਟੀ ਮੰਜ਼ਲ ਚੜ੍ਹ ਆ ਵੇਖੀ ਅਖ਼ੀਰ, ਬਿਨ ਅੱਖਰਾਂ ਅੱਖਰ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਹੱਥ ਫੜੀ ਸ਼ਮਸ਼ੀਰ, ਸ਼ਬਦ ਖੰਡਾ ਚੰਡ ਪਰਚੰਡ ਚਮਕਾਈਆ । ਦੋਵੇਂ ਵੇਖੇ ਤੱਕ ਕੇ ਲਾ ਨਜ਼ੀਰ, ਨਿੱਕੀ ਨਿੱਕੀ ਧਾਰ ਹਰਿ ਬੰਧਾਈਆ । ਮਸਤਕੋਂ ਅੱਗੇ ਛੋਟੀ ਜਿਹੀ ਦਿਸੇ ਲਕੀਰ, ਰੰਗ ਬਦਰੰਗ ਰਹੀ ਬਦਲਾਈਆ । ਉਸ ਦੇ ਮਗਰ ਜੋ ਲੰਘੇ ਧੀਰ, ਪੈਂਡਾ ਮੁੱਕੇ ਵਾਹੋ ਦਾਹੀਆ । ਅੱਧਵਿਚਕਾਰ ਸਤਿਗੁਰ ਮਿਲੇ ਨਾ ਕੋਈ ਬਸਤਰ ਨਾ ਕੋਈ ਚੀਰ, ਤਤਵ ਤਤ ਨਾ ਕੋਇ ਵਡਿਆਈਆ । ਫੜ ਕੇ ਬਾਹੋਂ ਚੋਟੀ ਲੈ ਜਾਏ ਅਖ਼ੀਰ, ਜਿਸ ਦਾ ਨਾਉਂ ਬੇਗਮਪੁਰਾ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਵਸਤ ਸਿਰਫ਼ ਜਨ ਭਗਤਾਂ ਦਿਤੀ ਬੇਨਜ਼ੀਰ, ਦੂਸਰ ਹੱਥ ਨਾ ਕਿਸੇ ਫੜਾਈਆ । ਇਹ ਨੂਰ ਪ੍ਰਭੂ ਦਾ ਨੁਕਤਾ, ਬਿਨ ਕਲਮ ਛਾਹੀ ਬਣਾਈਆ । ਇਹ ਬੜਾ ਪੁਖਤਾ, ਹਿਲਾਇਆਂ ਹਿਲ ਸਕੇ ਨਾ ਰਾਈਆ । ਇਹ ਨੂਰ ਧੁਰ ਦਾ ਨੁਸਖਾ, ਚਮਕਿਆ ਹੱਥ ਨਾ ਕਿਸੇ ਫਿਰਾਈਆ । ਇਹ ਨੂਰ ਨਾ ਫਿਰਦਾ ਨਾ ਤੁਰਦਾ, ਗਲੀ ਕੂਚੇ ਨਾ ਰੰਗ ਰੰਗਾਈਆ । ਇਹ ਵਿਹਾਰ ਕਰੇ ਆਪਣੀ ਲੋੜ ਦਾ, ਲੋਹੜਾ ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਕਿਧਰੇ ਲੋਂਦਾ ਕਿਧਰੇ ਤੋੜਦਾ, ਤੋੜ ਵਿਛੋੜਾ ਆਪਣਾ ਖੇਲ ਰਚਾਈਆ । ਪਹਿਲਾ ਖੇਲ ਪੰਜ ਤਤ ਚੋਰ ਦਾ, ਚੋਰੀ ਚੋਰੀ ਆਪਣੀ ਕਾਰ ਕਮਾਈਆ । ਇਹ ਖੇਲ ਅਗੰਮੇ ਬਾਂਕੇ ਛੋਹਰ ਦਾ, ਸ਼ਹਿਨਸ਼ਾਹ ਨਿਰਗੁਣ ਰੂਪ ਵਟਾਈਆ । ਸੰਤ ਸੱਜਣ ਆਪਣੇ ਲੋੜਦਾ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜਿਸ ਨੁਕਤੇ ਵਿਚੋਂ ਨੁਕਤੇ ਬਣਾ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਤੋਰਦਾ, ਨਿਰਗੁਣ ਸਰਗੁਣ ਆਪਣਾ ਹੁਕਮ ਮਨਾਈਆ । ਓਸ ਨੁਕਤੇ ਵਿਚੋਂ ਮੰਤਰ ਕੱਢੇ ਫੋਰਦਾ, ਜੋ ਫੁਰਨਾ ਸਭ ਦਾ ਸਾਰ ਸ਼ਬਦ ਅਖਵਾਈਆ । ਇਹ ਖੇਲ ਨਹੀਂ ਕੂੜੀ ਤਾਕਤ ਜ਼ੋਰ ਦਾ, ਬਲੀਆਂ ਬਲ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੁਕਤਾ ਬਿਨ ਨੁਕਤਿਉਂ ਆਪਣੇ ਨੁਕਤੇ ਵਿਚ ਰਖਾਈਆ ।


੩੪੧ ੧੬

★ ੧੨ ਮਾਘ ੨੦੨੦ ਬਿਕਰਮੀ ਵਰਖਾ ਸਿੰਘ ਵਿਰਸਾ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਭਗਵਾਨ ਪ੍ਰੀਤੀ ਧੁਰ ਦੀ ਨੱਚੇ, ਦੋ ਜਹਾਨ ਖ਼ੁਸ਼ੀ ਮਨਾਈਆ । ਕਿਰਪਾ ਕੀਤੀ ਸਤਿਗੁਰ ਸੱਚੇ, ਸ਼ਹਿਨਸ਼ਾਹ ਦਿਤੀ ਵਡਿਆਈਆ । ਸੰਤ ਸੁਹੇਲੇ ਢਾਲੇ ਆਪਣੇ ਸੱਚੇ, ਨਿਰਗੁਣ ਸਰਗੁਣ ਸੋਹਣੀ ਬਣਤ ਬਣਾਈਆ । ਲੱਖ ਚੁਰਾਸੀ ਵਿਚੋਂ ਫੜ ਫੜ ਰੱਖੇ, ਡੂੰਘੀ ਭਵਰ ਨਾ ਕੋਈ ਰੁੜ੍ਹਾਈਆ । ਮਿਹਰਵਾਨ ਹੋ ਬਣਾਏ ਆਪਣੇ ਬੱਚੇ, ਪਿਤਾ ਪੂਤ ਗੋਦ ਉਠਾਈਆ । ਸਾਚਾ ਮਾਰਗ ਇਕੋ ਦੱਸੇ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਸਚ ਪ੍ਰੇਮ ਅੰਦਰ ਰੱਤੇ, ਅਨਰਤ ਨਾਮ ਰੰਗਾਈਆ । ਲਹਿਣਾ ਦੇਣਾ ਹੱਥੋ ਹੱਥੇ, ਵਸਤ ਅਮੋਲਕ ਝੋਲੀ ਪਾਈਆ । ਅਗਲਾ ਲੇਖ ਲਿਖੇ ਮੱਥੇ, ਪੂਰਬ ਲਹਿਣਾ ਰਿਹਾ ਮੁਕਾਈਆ । ਦੀਨ ਦਿਆਲ ਪੁਰਖ ਸਮਰਥੇ, ਸਾਚੀ ਕਰਨੀ ਆਪ ਕਮਾਈਆ । ਮੈਂ ਵੇਖਣਾ ਆਪਣੀ ਅੱਖੇ, ਨੇਤਰ ਲੋਚਣ ਨੈਣ ਖੁਲ੍ਹਾਈਆ । ਗੁਰਮੁਖ ਸੱਜਣ ਲੱਗੇ ਅੱਛੇ, ਘਰ ਬੈਠੇ ਸੋਭਾ ਪਾਈਆ । ਕਲਜੁਗ ਜੀਵ ਜੰਤ ਚਾਰ ਕੁੰਟ ਫਿਰਨ ਭੱਜੇ, ਨੱਠਣ ਵਾਹੋ ਦਾਹੀਆ । ਜਗਤ ਤ੍ਰਿਸਨਾ ਨਾਲ ਮੂਲ ਨਾ ਰੱਜੇ, ਮਮਤਾ ਮੋਹ ਨਾ ਕੋਈ ਮਿਟਾਈਆ । ਕੂੜੀ ਕਿਰਿਆ ਕਿਸੇ ਨਾ ਭਾਂਡੇ ਭੱਜੇ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਜਮ ਕੀ ਫਾਸ ਕੱਟੇ ਨਾ ਰੱਸੇ, ਬੰਦੀਖ਼ਾਨਾ ਬੰਦ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਸੱਚੀ ਪ੍ਰੀਤ ਕਹੇ ਮੈਂ ਆਈ ਵੇਖਣ, ਲੋਚਣ ਲੋਚਾ ਆਪਣੀ ਪੂਰ ਕਰਾਈਆ । ਸ੍ਰੀ ਭਗਵਾਨ ਜਿਨ੍ਹਾਂ ਦੀ ਕਰੇ ਸੋਚਨ, ਸੋਚ ਸੋਚ ਵਿਚ ਵਕਤ ਲੰਘਾਈਆ । ਦੀਨ ਦਿਆਲ ਹੋ ਕੇ ਸਿਰ ਤੇ ਦੇਵੇ ਓਢਨ, ਦੋਸ਼ਾਲਾ ਇਕੋ ਨਾਮ ਟਿਕਾਈਆ । ਜਨਮ ਕਰਮ ਦਾ ਮੇਟੇ ਰੋਗਨ, ਚਿੰਤਾ ਸੋਗ ਰਿਹਾ ਚੁਕਾਈਆ । ਆਤਮ ਸੇਜਾ ਆਇਆ ਭੋਗਨ, ਘਰ ਮਹਲ ਅਟਾਰੇ ਡੇਰਾ ਲਾਈਆ । ਨਾਮ ਨਿਧਾਨਾ ਚੁਗਾਵਨ ਆਇਆ ਚੋਗਨ, ਸਾਚੀ ਚੋਗ ਇਕੋ ਮੁਖ ਵਖਾਈਆ । ਸੁਹਾਵਣ ਆਇਆ ਧੁਰ ਦਾ ਕੋਟਨ, ਬੰਕ ਦਵਾਰ ਖ਼ੁਸ਼ੀ ਮਨਾਈਆ । ਨਾਮ ਨਗਾਰਾ ਲਾਇਆ ਚੋਟਨ, ਡੰਕਾ ਇਕੋ ਇਕ ਸ਼ਨਵਾਈਆ । ਕੂੜੀ ਕਿਰਿਆ ਤੋਂ ਆਇਆ ਰੋਕਨ, ਭਾਂਡਾ ਭਰਮ ਭੌ ਭੰਨਾਈਆ । ਦੇਵਣ ਆਇਆ ਸੱਚੀ ਮੋਖਣ, ਮੁਫ਼ਤ ਆਪਣੀ ਦਾਤ ਵਰਤਾਈਆ । ਪਾਰ ਕਰਾਵਣ ਆਇਆ ਲੋਕ ਪਰਲੋਕਨ, ਬ੍ਰਹਿਮੰਡ ਖੰਡ ਡੇਰਾ ਢਾਹੀਆ । ਸੁਣਾਵਣ ਆਇਆ ਇਕ ਸਲੋਕਨ, ਸੋਹੰ ਢੋਲਾ ਰਿਹਾ ਸਮਝਾਈਆ । ਕਰੇ ਖੇਲ ਅਗੰਮੀ ਚੋਜਨ, ਪ੍ਰੀਤਮ ਚੋਜੀ ਖੇਲ ਰਚਾਈਆ । ਇਹੋ ਜਿਹੀ ਫੇਰ ਨਾ ਲੱਭਨੀ ਮੌਜਨ, ਮੌਜੂਦਾ ਵੇਲਾ ਰਿਹਾ ਸੁਹਾਈਆ । ਮੈਂ ਉਚੀ ਕੂਕ ਸੁਨਾਵਣ ਆਇਆ ਹੋਕਨ, ਹੋਕਾ ਦੇ ਦੇ ਰਿਹਾ ਜਣਾਈਆ । ਜਿਸ ਮਾਣ ਦਵਾਇਆ ਧੰਨੇ ਤ੍ਰਲੋਚਨ, ਸੌਦਾ ਹੱਟ ਇਕੋ ਇਕ ਵਿਕਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਪੋਥੀ ਪੋਥਨ, ਪੁਸਤਕ ਰਹੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਕਰਨੀ ਰਿਹਾ ਕਮਾਈਆ । ਸਚ ਪ੍ਰੀਤੀ ਆਈ ਦੌੜ, ਲੋਕਮਾਤ ਫੇਰਾ ਪਾਈਆ । ਜਨ ਭਗਤੋ ਵੇਖੋ ਕਰੋ ਗੌਰ, ਨੇਤਰ ਕਰੇ ਰੁਸ਼ਨਾਈਆ । ਤੁਹਾਡੀ ਪਕੜੇ ਹੱਥ ਵਿਚ ਡੋਰ, ਪ੍ਰੇਮ ਪ੍ਰੀਤੀ ਤੰਦ ਬੰਧਾਈਆ । ਕੂੜੀ ਕਿਰਿਆ ਕੱਢ ਕੇ ਚੋਰ, ਚੋਰੀ ਚੋਰੀ ਆਪਣਾ ਮੇਲ ਮਿਲਾਈਆ । ਕਲਜੁਗ ਅੰਤਮ ਤੁਹਾਡੀ ਪੈ ਗਈ ਲੋੜ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ ।



੩੪੨ ੧੯

ਸਚ ਪ੍ਰੀਤੀ ਕਹੇ ਮੈਂ ਆਈ ਨੱਠ, ਧੁਰ ਦਾ ਪੰਧ ਮੁਕਾਈਆ । ਇਹ ਸੱਚੀ ਦੇਵਾਂ ਦੱਸ, ਆਪਣਾ ਭੇਵ ਖੁਲ੍ਹਾਈਆ । ਮੇਰਾ ਰਿਹਾ ਨਾ ਕੋਈ ਵਸ, ਖਿਚਣ ਵਾਲੇ ਆਪਣੀ ਖਿਚ ਲਗਾਈਆ । ਮੈਂ ਇਕੋ ਸੁਣਿਆ ਸ੍ਰੀ ਭਗਵਾਨ ਭਗਤਾਂ ਕੀਤਾ ਅਕੱਠ, ਘਰ ਸਾਚਾ ਸੋਭਾ ਪਾਈਆ । ਇਕੋ ਨਾਮ ਢੋਲਾ ਰਿਹਾ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਬਣ ਹਟਵਾਣਾ ਰਿਹਾ ਵਰਤਾਈਆ । ਮੈਂ ਵੀ ਵੇਖਾਂ ਆਪਣੀ ਅੱਖ, ਕੀ ਕਰਤਾ ਖੇਲ ਰਚਾਈਆ । ਜਾਂ ਆਈ ਤੇ ਹੋਇਆ ਸੱਚ, ਸਾਚੀ ਕਰਨੀ ਰਿਹਾ ਕਮਾਈਆ । ਮਿਹਰ ਕਰ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖਾਂ ਦੇਵੇ ਓਹ ਵੱਥ, ਜਿਸ ਦੀ ਕੀਮਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਪ੍ਰੀਤੀ ਕਹੇ ਵੇਖੋ ਕੀ ਪਾਇਆ ਲੋਹੜਾ, ਲੋਕ ਪਰਲੋਕਾਂ ਆਖ ਸੁਣਾਈਆ । ਭਗਤ ਭਗਵਾਨ ਬਣ ਕੇ ਜੋੜਾ, ਜੋੜੀ ਜੋੜ ਦਏ ਵਡਿਆਈਆ । ਨਿਰਵੈਰ ਬਣ ਕੇ ਬਾਂਕਾ ਛੋਹਰਾ, ਨਿਰੰਕਾਰ ਕਰੇ ਕੁੜਮਾਈਆ । ਸੱਸੇ ਉਪਰ ਲਾ ਕੇ ਹੋੜਾ, ਹਾਹੇ ਟਿੱਪੀ ਲਏ ਪਰਨਾਈਆ । ਆਤਮ ਬ੍ਰਹਮ ਆਪੇ ਬੌਹੜਾ, ਪਾਰਬ੍ਰਹਮ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਆਪ ਕਮਾਈਆ । ਸਚ ਪ੍ਰੀਤੀ ਕਹੇ ਮੈਂ ਵੇਖਿਆ ਏਕ, ਏਕੰਕਾਰ ਨਜ਼ਰੀ ਆਈਆ । ਜਨ ਭਗਤਾਂ ਬਖ਼ਸ਼ੇ ਅਗੰਮੜੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਕੂੜੀ ਕਿਰਿਆ ਨਾਤਾ ਤੋੜ ਭੇਖ, ਪਰਦਾ ਉਹਲਾ ਦਏ ਚੁਕਾਈਆ । ਨਜ਼ਰੀ ਆਏ ਨੇਤਨ ਨੇਤ, ਨਿਝ ਘਰ ਬੈਠਾ ਸੋਭਾ ਪਾਈਆ । ਪ੍ਰੇਮ ਪਿਆਰ ਅੰਦਰ ਕਰੇ ਹੇਤ, ਸਾਚੀ ਰੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਖੇਲ ਖਿਲਾਈਆ । ਸਚ ਪ੍ਰੀਤੀ ਕਹੇ ਭਗਵਨ ਤੇਰੀ ਧਾਰ, ਮੈਂ ਵੇਖ ਵੇਖ ਬਿਗਸਾਈਆ । ਤੇਰੇ ਵਿਚੋਂ ਪਰਗਟੇ ਓਹ ਪਿਆਰ, ਜਿਸ ਪਿਆਰ ਦੀ ਰਮਜ਼ ਸਮਝ ਸਕੇ ਕੋਈ ਨਾ ਰਾਈਆ । ਗੱਲਾਂ ਬਾਤਾਂ ਦਾ ਨਹੀਂ ਕੋਈ ਵਿਹਾਰ, ਹੱਥਾਂ ਨਾਲ ਹੱਥ ਨਾ ਕੋਈ ਮਿਲਾਈਆ । ਰਸਨਾ ਜਿਹਵਾ ਨਹੀਂ ਕੋਈ ਗੁਫ਼ਤਾਰ, ਬੱਤੀ ਦੰਦ ਨਾ ਸਿਫ਼ਤ ਸਲਾਹੀਆ । ਕਰ ਕਿਰਪਾ ਆਪਣੀ ਖਿਚੇ ਅੰਦਰੋਂ ਤਾਰ, ਤੰਦੀ ਤੰਦ ਹਿਲਾਈਆ । ਜਿਸ ਦੀ ਸੁਰੀਲੀ ਅਗੰਮੀ ਅਵਾਜ਼, ਬਿਨ ਕੰਨਾਂ ਰਿਹਾ ਜਣਾਈਆ । ਜਨ ਭਗਤਾਂ ਹੋ ਮੁਹਤਾਜ, ਮਹਿਬੂਬ ਆਪਣਾ ਮੇਲ ਮਿਲਾਈਆ । ਨਿਗਾਹਬਾਨ ਹੋ ਕੇ ਖੋਲ੍ਹਿਆ ਰਾਜ਼, ਰਾਜ਼ਕ ਰਹੀਮ ਦਏ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਦਰ ਤੇਰੇ ਕਰਾਂ ਨਾਚ, ਮੁਖ ਘੁੰਗਟ ਨਾ ਕੋਈ ਰਖਾਈਆ । ਆ ਲੈ ਆਪਣੀ ਪਿਛਲੀ ਲਿਖੀ ਵਾਚ, ਜੋ ਚਿੱਠੀ ਮੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਚਿੱਠੀ ਲੈ ਪੜ੍ਹੇ ਭਗਵਾਨ, ਪਹਿਲਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਪਾਇਆ ਤੈਨੂੰ ਦਾਨ, ਦਿਤੀ ਮਾਣ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਸੰਗ ਨਿਭਾਣ, ਬਣ ਪਾਂਧੀ ਪੰਧ ਮੁਕਾਈਆ । ਰਸਨਾ ਜਿਹਵਾ ਬੱਤੀ ਦੰਦ ਨਾਲ ਤੈਨੂੰ ਸਮਝਾਣ, ਸ੍ਰਿਸ਼ਟ ਸਬਾਈ ਆਖ ਸੁਣਾਈਆ । ਸਚ ਪ੍ਰੀਤੀ ਤੇਰਾ ਨਜ਼ਰ ਨਾ ਆਇਆ ਕਿਸੇ ਨਿਸ਼ਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਤੈਨੂੰ ਸਦਾ ਸਦਾ ਸਦ ਮਿਲਦਾ ਰਿਹਾ ਮਾਣ, ਜੁਗ ਚੌਕੜੀ ਰਹੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਦੱਸੇ ਨਿਰੰਕਾਰ, ਧੁਰ ਦਾ ਭੇਵ ਆਪ

ਚੁਕਾਈਆ । ਤੂੰ ਵਿਚੋਲੀ ਬਣੀ ਰਹੀ ਜੁਗ ਚਾਰ, ਲੋਕਮਾਤ ਖ਼ੁਸ਼ੀ ਮਨਾਈਆ । ਜਗਤ ਪ੍ਰੀਤੀ ਦੱਸਦੀ ਰਹੀ ਵਿਹਾਰ, ਨਾਤਾ ਆਸ਼ਕ ਮਾਸ਼ੂਕ ਜੁੜਾਈਆ । ਕਾਗ਼ਜ਼ਾਂ ਕਲਮਾਂ ਨਾਲ ਦੇਂਦੀ ਰਹੀ ਅਧਾਰ, ਸੋਹਣੇ ਢੋਲੇ ਰਾਗ ਸੁਣਾਈਆ । ਜਨ ਭਗਤ ਤੇਰੇ ਕੋਲੋਂ ਮੇਰਾ ਮੰਗਦੇ ਰਹੇ ਪਿਆਰ, ਪ੍ਰੀਤ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਬਚਨ, ਸਾਹਿਬ ਸਤਿਗੁਰ ਆਪ ਸਮਝਾਈਆ । ਪਿਛਲਾ ਵੇਲਾ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਤਜਨ, ਤੈਨੂੰ ਓਹਨਾਂ ਨਾਲ ਰਲਾਈਆ । ਰਲ ਮਿਲ ਚਰਨ ਧੂੜੀ ਕਰਨ ਇਕੋ ਮਜਨ, ਸਰ ਸਰੋਵਰ ਆਪ ਵਖਾਈਆ । ਅਗਲਾ ਖੇਲ ਕਰੇ ਸੂਰਾ ਸਰਬੰਗਨ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜਨ ਭਗਤਾਂ ਆਪ ਪਰਗਟਾਏ ਸਾਚਾ ਚੰਦਨ, ਨੂਰ ਜ਼ਹੂਰ ਇਕ ਵਖਾਈਆ । ਜਗਤ ਪ੍ਰੀਤੀ ਤੋੜ ਬੰਧਨ, ਪ੍ਰੇਮ ਪ੍ਰੀਤੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਈਆ । ਸਾਚਾ ਰਾਹ ਦੱਸਾਂ ਅਪਾਰ, ਸ੍ਰੀ ਭਗਵਾਨ ਆਪ ਜਣਾਈਆ । ਪਹਿਲੋਂ ਭਗਤਾਂ ਉਤੇ ਕਿਰਪਾ ਧਾਰ, ਪਰਦਾ ਦਿਆਂ ਚੁਕਾਈਆ । ਅੰਦਰ ਵੜ ਕੇ ਦਰਸ ਦੀਦਾਰ, ਗੁਰ ਗੁਰ ਰੁਸ਼ਨਾਈਆ । ਨਾਤਾ ਜੋੜ ਅਗੰਮ ਅਪਾਰ, ਆਪਣੀ ਗੰਢ ਪਵਾਈਆ । ਕਿਰਪਾ ਕਰ ਕੇ ਪ੍ਰੇਮ ਪ੍ਰੀਤੀ ਤੇਰਾ ਦੱਸਾਂ ਪਿਆਰ, ਪਿਆਰ ਆਪਣੇ ਵਿਚੋਂ ਪਰਗਟਾਈਆ । ਜਿੰਨਾਂ ਚਿਰ ਨਾ ਮਿਲੇ ਸਿਰਜਣਹਾਰ, ਉਨ੍ਹਾਂ ਚਿਰ ਪ੍ਰੀਤੀ ਸਚ ਨਾ ਕੋਈ ਕਮਾਈਆ । ਸਚ ਪ੍ਰੀਤੀ ਤੂੰ ਵੀ ਕਰੀਂ ਨਿਮਸਕਾਰ, ਪ੍ਰਭ ਤੈਨੂੰ ਦਏ ਵਡਿਆਈਆ । ਜਾ ਕੇ ਮਿਲ ਭਗਤਾਂ ਨਾਲ, ਆਪ ਆਪਣਾ ਪੰਧ ਮੁਕਾਈਆ । ਉਨ੍ਹਾਂ ਉਤੇ ਹੋਇਆ ਦਿਆਲ, ਦੀਨ ਦਿਆਲ ਹੋਇਆ ਸਹਾਈਆ । ਖ਼ੁਸ਼ੀਆਂ ਨਾਲ ਉਸ ਗ੍ਰਿਹਿ ਜਾ ਕੇ ਪਾ ਧਮਾਲ, ਮੁਖ ਘੁੰਘਟ ਇਕ ਉਠਾਈਆ । ਗੀਤ ਗਾ ਕੇ ਕਹੇ ਮੈਂ ਵਸਾਂ ਤੁਹਾਡੇ ਨਾਲ, ਸੱਚਾ ਸੰਗ ਨਿਭਾਈਆ । ਘਰ ਆਈ ਨੂੰ ਲੈਣਾ ਸੰਭਾਲ, ਆਪ ਆਪਣੇ ਵਿਚ ਟਿਕਾਈਆ । ਬਿਨ ਕਰਮਾਂ ਮੈਂ ਹੋਈ ਕੰਗਾਲ, ਕੰਗਾਲੀ ਸਕੇ ਨਾ ਕੋਈ ਚੁਕਾਈਆ । ਸੋਹਣਾ ਮੰਦਰ ਦੇਖ ਸੱਚੀ ਧਰਮਸਾਲ, ਧਰਮ ਦਵਾਰੇ ਹਰਿ ਹਰਿ ਖ਼ੁਸ਼ੀ ਮਨਾਈਆ । ਮੈਂ ਗੀਤ ਗਾਵਾਂ ਖ਼ੁਸ਼ੀਆਂ ਨਾਲ ਵੱਜੇ ਤਾਲ, ਅੱਡੀ ਪਬ ਦੋਵੇਂ ਰਹੀ ਉਠਾਈਆ । ਪ੍ਰੇਮ ਪ੍ਰੀਤੀ ਨਿਭੇ ਓਹਨਾਂ ਨਾਲ, ਜਿਨ੍ਹਾਂ ਪ੍ਰੀਤੀ ਸਾਹਿਬ ਸਤਿਗੁਰ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋ ਕਿਰਪਾਲ, ਕਿਰਤਾਰਥ ਕੀਤਾ ਕਰਨੀ ਕਿਰਤ ਇਕ ਜਣਾਈਆ ।

★ ੧੨ ਮਾਘ ੨੦੨੦ ਬਿਕਰਮੀ ਦਲੀਪ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਜਗਤ ਸ਼ਸਤਰ ਕਰਨ ਪੁਕਾਰ, ਸ਼ਾਹ ਪਾਤਸ਼ਾਹ ਅੱਗੇ ਅਰਜ਼ੋਈਆ । ਸਾਡੀ ਪੈਜ ਪ੍ਰਭ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਸਾਨੂੰ ਗੋਬਿੰਦ ਗਿਆ ਉਤਾਰ, ਅੱਗੇ ਮਿਲੇ ਨਾ ਕੋਇ ਵਡਿਆਈਆ । ਤਨ ਨਾਲ ਕਰਦੇ ਰਹੇ ਸ਼ਿੰਗਾਰ, ਪੰਜ ਤਤ ਮਿਲ ਮਿਲ ਸੋਭਾ ਪਾਈਆ ।

ਆਪਣੀ ਤਿੱਖੀ ਦੱਸਦੇ ਰਹੇ ਧਾਰ, ਤੇਰੀ ਧਾਰ ਨਾ ਕੋਇ ਸਮਝਾਈਆ । ਸੀਸ ਧੜ ਉਤੇ ਕਰਦੇ ਰਹੇ ਵਾਰ, ਵਾਰਤਾ ਬਣੀ ਜਗਤ ਲੋਕਾਈਆ । ਅੰਤਮ ਸਾਰੇ ਗਏ ਹਾਰ, ਆਪਣਾ ਬਲ ਨਾ ਕੋਇ ਜਣਾਈਆ । ਤੇਰਾ ਖੇਲ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਅਜੀਬ ਨਜ਼ਰੀ ਆਈਆ । ਜੋਤੀ ਜਾਮਾ ਲੈ ਅਵਤਾਰ, ਕਾਇਆ ਮਾਟੀ ਤਨ ਨਾ ਕੋਇ ਪਰਗਟਾਈਆ । ਸ਼ਸਤਰ ਬਸਤਰ ਨਾ ਕੋਇ ਆਧਾਰ, ਅਸਵ ਅਸਵਾਰ ਸੋਭਾ ਕੋਇ ਨਾ ਪਾਈਆ । ਤੇਰੀ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਸਾਰੇ ਵੇਖ ਹੋਏ ਹੈਰਾਨ, ਨੇਤਰ ਨੈਣ ਨੈਣ ਉਠਾਈਆ । ਨਾ ਕੋਈ ਖੜਗ ਖੰਡਾ ਕਿਰਪਾਨ, ਖੰਜਰ ਹੱਥ ਨਾ ਕੋਇ ਚਮਕਾਈਆ । ਨਾ ਕੋਈ ਚਿਲਾ ਤੀਰ ਕਮਾਨ, ਭੱਥਾ ਕੰਧ ਨਾ ਕੋਇ ਬੰਧਾਈਆ । ਨਾ ਕੋਈ ਅਸਵ ਗਜ ਹੋਏ ਅਸਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਇਕ ਵਡਿਆਈਆ । ਸ਼ਸਤਰ ਕਹਿਣ ਸਾਡਾ ਪੂਰਾ ਨਾ ਹੋਇਆ ਸ਼ੌਕ, ਸ਼ਹਿਨਸ਼ਾਹ ਅੰਗ ਨਾ ਕੋਇ ਲਗਾਈਆ । ਜਿਸ ਦੀ ਕੋਈ ਕਹਾਣੀ ਨਾ ਗਾਏ ਜ਼ੌਕ, ਲਤੀਫ਼ਾ ਕਾਫ਼ੀ ਸਕੇ ਨਾ ਕੋਇ ਬਣਾਈਆ । ਸਾਡੀ ਕੋਈ ਨਾ ਪਹੁੰਚੇ ਪਹੁੰਚ, ਨੇੜੇ ਹੋ ਨਾ ਹਾਲ ਸੁਣਾਈਆ । ਅੰਤਮ ਕਲਜੁਗ ਖ਼ਾਲੀ ਜਾਂਦੇ ਦਿਸਦੇ ਔਂਤ, ਸਾਡੀ ਜੜ੍ਹ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਨਿਰਗੁਣ ਖੇਲ ਰਚਾਈਆ । ਸ਼ਸਤਰ ਕਹਿਣ ਸਾਡੀ ਸੁਣ ਪੁਕਾਰ, ਸਚ ਸੱਚ ਰਹੇ ਦ੍ਰਿੜਾਈਆ । ਤੂੰ ਸਾਹਿਬ ਦਾਤਾ ਸਿਰਜਣਹਾਰ, ਨਿਰਵੈਰ ਤੇਰੀ ਸਰਨਾਈਆ । ਮਿਹਰਵਾਨ ਹੋ ਕਰ ਪਿਆਰ, ਪਰਮ ਪੁਰਖ ਆਪਣੇ ਅੰਗ ਲਗਾਈਆ । ਸ੍ਰੀ ਭਗਵਾਨ ਕਰੇ ਖ਼ਬਰਦਾਰ, ਸਚ ਸੰਦੇਸ਼ਾ ਇਕ ਸਮਝਾਈਆ । ਸਾਰੇ ਸ਼ਸਤਰ ਕਰੋ ਨਿਮਸਕਾਰ, ਬਿਸਤਰਾ ਆਪਣਾ ਬੰਨ੍ਹ ਧਰਾਈਆ । ਇਕ ਉਠਾਓ ਆਪਣਾ ਸੱਜਣ ਮੀਤ ਮੁਰਾਰ, ਜਿਸ ਨਾਲ ਤੁਹਾਨੂੰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਰਿਹਾ ਜਣਾਈਆ । ਸਚ ਸੰਦੇਸ਼ਾ ਦੇ ਸ੍ਰੀ ਭਗਵਾਨ, ਧੁਰ ਦਾ ਭੇਵ ਆਪ ਖੁਲ੍ਹਾਈਆ । ਪਰਮ ਪੁਰਖ ਕੋਲ ਕਿਸੇ ਕੰਮ ਨਾ ਆਏ ਕਿਰਪਾਨ, ਖੰਡੇ ਖੜਗ ਚਲੇ ਨਾ ਕੋਇ ਚਤੁਰਾਈਆ । ਤੀਰ ਭੱਥਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਇਕੋ ਇਕ ਚਲਾਈਆ । ਜਾ ਕੇ ਆਪਣਾ ਦੱਸੋ ਹਾਲ, ਅਹਿਵਾਲ ਹਰਿ ਜੂ ਰਿਹਾ ਬਣਾਈਆ । ਮਿੱਤਰ ਪਿਆਰੇ ਕਰੋ ਭਾਲ, ਜੋ ਬੈਠਾ ਮੁਖ ਛੁਪਾਈਆ । ਚੱਕਰ ਸੁਦਰਸ਼ਨ ਆਪਣੇ ਲਿਆਓ ਨਾਲ, ਜਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸਾਰੇ ਕਹਿਣ ਉਠ ਚਲੀਏ ਰਾਹ, ਬਣ ਪਾਂਧੀ ਪੰਧ ਮੁਕਾਈਆ । ਓਸ ਨਾਲ ਕਰੀਏ ਸਲਾਹ, ਜਿਸ ਨੂੰ ਮਿਲੇ ਮਾਣ ਵਡਿਆਈਆ । ਗੁਰ ਅਵਤਾਰ ਜਿਸ ਨੂੰ ਰਹੇ ਉਠਾ, ਆਪ ਆਪਣਾ ਸੰਗ ਰਖਾਈਆ । ਜੋ ਭਗਤਾਂ ਹੋਏ ਸਹਾ, ਦੁਰਬਾਸ਼ੇ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਉਠੇ ਚਲ ਪਾਂਧੀ ਰਾਹੀ, ਆਪਣਾ ਪੰਧ ਮੁਕਾਈਆ । ਪੈਂਡਾ ਮੁਕਿਆ ਬਲ ਅਸਗਾਹੀ, ਸਮੁੰਦ ਸਾਗਰ ਚਰਨਾਂ ਹੇਠ ਦਬਾਈਆ । ਨਜ਼ਰੀ ਆਏ ਬੇਪਰਵਾਹੀ, ਬੇਪਰਵਾਹ ਖੇਲ ਵਖਾਇੰਦਾ । ਚੱਕਰ ਸੁਦਰਸ਼ਨ ਚਰਨਾਂ ਹੇਠਾਂ ਜਿਸ ਰੱਖਿਆ ਦਬਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਰੇ ਕਹਿਣ ਚੱਕਰ ਸੁਦਰਸ਼ਨ ਉਠ, ਉਠ ਆਪਣੀ ਲੈ ਅੰਗੜਾਈਆ । ਸ੍ਰੀ ਭਗਵਾਨ

ਤੇਰੇ ਉਤੇ ਰਿਹਾ ਤੁਠ, ਮਿਹਰ ਨਜ਼ਰ ਇਕ ਉਠਾਈਆ । ਸਾਡੀ ਕੋਈ ਨਾ ਕਰੇ ਪੁੱਛ, ਬਲਹੀਣ ਰਹੇ ਕੁਰਲਾਈਆ । ਤੂੰ ਕਿਉਂ ਦੂਰ ਦੁਰਾਡਾ ਰਿਹਾ ਲੁਕ, ਲੁਕਵੀਂ ਖੇਲ ਕਰਾਈਆ । ਸਾਡਾ ਬਲ ਗਿਆ ਮੁੱਕ, ਜ਼ੋਰ ਨਜ਼ਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਵਖਾਈਆ । ਚੱਕਰ ਸੁਦਰਸ਼ਨ ਕਹੇ ਮੈਂ ਕੀ ਜਾਣਾਂ, ਰਾਹ ਖਹਿੜਾ ਨਜ਼ਰ ਨਾ ਆਈਆ । ਮੇਰਾ ਅੱਗੇ ਕਾਗ਼ਜ਼ਾਂ ਉਤੇ ਨਾਵਾਂ, ਅੱਖਰਾਂ ਨਾਲ ਮੇਰੀ ਵਡਿਆਈਆ । ਨਾ ਕੋਈ ਲੱਗੀਆਂ ਲੱਤਾਂ ਬਾਹਵਾਂ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਦੀਆਂ ਮਾਣਾਂ ਠੰਡੀਆਂ ਛਾਵਾਂ, ਘਰ ਸਾਚੇ ਸੋਭਾ ਪਾਈਆ । ਕਿਉਂ ਵਿਛੋੜਾ ਦੇਵਾਂ ਪੁਤਰਾਂ ਮਾਵਾਂ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਚੱਕਰ ਸੁਦਰਸ਼ਨ ਕਹੇ ਮੈਂ ਉਂਗਲਾਂ ਉਤੇ ਨਹੀਂ ਭੌਣਾ, ਚੱਕਰ ਦੇ ਨਾ ਕੋਇ ਹਿਲਾਈਆ । ਮੈਂ ਨਹੀਂ ਮਾਰਨਾ ਕੋਈ ਜਗਤ ਰੌਣਾ, ਰਾਵਣ ਨਾਲ ਨਾ ਕਰਾਂ ਲੜਾਈਆ । ਮੈਂ ਨਹੀਂ ਕ੍ਰਿਸ਼ਨ ਕਾਹਨ ਹੱਥ ਔਣਾ, ਜੋ ਗੋਪੀਆਂ ਰਾਸ ਰਚਾਈਆ । ਮੈਂ ਨਹੀਂ ਲੱਖ ਚੁਰਾਸੀ ਡੇਰਾ ਢੌਣਾ, ਖ਼ਾਕੀ ਖ਼ਾਕ ਖ਼ਾਕ ਮਿਲਾਈਆ । ਕਲਜੁਗ ਅੰਤ ਮੈਂ ਇਕੋ ਮੰਗ ਮੰਗੌਣਾ, ਸ੍ਰੀ ਭਗਵਾਨ ਅੱਗੇ ਸੀਸ ਝੁਕਾਈਆ । ਕਿਰਪਾ ਕਰ ਜੇ ਮੇਰੀ ਸੇਵ ਲਗੌਣਾ, ਸਾਚੀ ਸੇਵਾ ਦੇ ਦ੍ਰਿੜਾਈਆ । ਜਿਥੇ ਸ਼ਸਤਰ ਖੰਡਾ ਜਗਤ ਕਟਾਰ ਕੰਮ ਨਹੀਂ ਔਣਾ, ਓਸ ਧਾਮ ਹੋਵਾਂ ਸਹਾਈਆ । ਬਾਹਰੋਂ ਮੇਰਾ ਰੂਪ ਨਜ਼ਰ ਨਾ ਔਣਾ, ਰੇਖ ਰੰਗ ਨਾ ਕੋਇ ਰਖਾਈਆ । ਮਿਹਰਵਾਨ ਮਿਹਰਵਾਨ ਮਿਹਰ ਕਰ ਕੇ ਜਨ ਭਗਤਾਂ ਅੰਦਰ ਮੈਨੂੰ ਟਿਕਾਉਣਾ, ਜਿਸ ਘਰ ਮਿਲੇ ਮਾਣ ਵਡਿਆਈਆ । ਦਿਵਸ ਰੈਣ ਤੇਰਾ ਦਰਸ਼ਨ ਪੌਣਾ, ਜੋਤੀ ਜੋਤ ਮਿਲੇ ਰੁਸ਼ਨਾਈਆ । ਕੂੜ ਕੁੜਿਆਰਾ ਫੜ ਕੇ ਬਾਹਰ ਕਢੌਣਾ, ਬਲ ਆਪਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਚੱਕਰ ਸੁਦਰਸ਼ਨ ਕਹੇ ਮੇਰੇ ਭਗਵਾਨ, ਮੈਂ ਸਾਚੀ ਸਚ ਜਣਾਈਆ । ਜਨ ਭਗਤਾਂ ਦੇ ਮੇਰਾ ਦਾਨ, ਅੰਦਰੇ ਅੰਦਰ ਮਿਲੇ ਵਡਿਆਈਆ । ਕਾਇਆ ਬੰਕ ਇਕ ਮਿਆਨ, ਜਿਸ ਵਿਚ ਵੜ ਕੇ ਸੋਭਾ ਪਾਈਆ । ਅੰਦਰੋਂ ਕੱਢਾਂ ਕੂੜ ਤੁਫਾਨ, ਜੂਠਾ ਝੂਠਾ ਡੇਰਾ ਢਾਹੀਆ । ਮਾਇਆ ਮਮਤਾ ਮੋਹ ਮਿਟੇ ਨਿਸ਼ਾਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਕਾਮ ਕਰੋਧ ਨਾ ਹੋਏ ਬਲਵਾਨ, ਭੈ ਭੌ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਮਾਣ ਵਡਿਆਈਆ । ਚੱਕਰ ਸੁਦਰਸ਼ਨ ਕਹੇ ਕਿਰਪਾ ਕਰ, ਪ੍ਰਭ ਤੇਰੇ ਅੱਗੇ ਅਰਜੋਈਆ । ਜਨ ਭਗਤਾਂ ਅੰਦਰ ਮੈਨੂੰ ਧਰ, ਜਿਸ ਦਰ ਵੇਖੇ ਅਵਰ ਨਾ ਕੋਈਆ । ਮੈਂ ਅੱਠੇ ਪਹਿਰ ਰਿਹਾ ਲੜ, ਦਿਵਸ ਰੈਣ ਕਰਾਂ ਲੜਾਈਆ । ਜੇ ਕੋਈ ਵਿਕਾਰ ਅੱਗੇ ਜਾਏ ਖੜ, ਮੂੰਹ ਦੇ ਭਾਰ ਦਿਆਂ ਸੁਟਾਈਆ । ਕੂੜੀ ਕਿਰਿਆ ਸਾਫ਼ ਕਰ, ਸਚ ਸੁੱਚ ਮਹਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਚੱਕਰ ਕਹੇ ਮੈਂ ਤੇਰਾ ਦਰਸ, ਹਰਿ ਦਰਸੀ ਮੰਗ ਮੰਗਾਇੰਦਾ । ਮੇਰੇ ਉਤੇ ਕਰ ਤਰਸ, ਰਹਿਮਤ ਝੋਲੀ ਤੇਰੀ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮੇਰਾ ਪੂਰਾ ਨਾ ਹੋਇਆ ਫ਼ਰਜ਼, ਸਾਚੀ ਸੇਵ ਨਾ ਕੋਇ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਕੋਲੋਂ ਪੂਰੀ ਕਰਦੇ ਰਹੇ ਆਪਣੀ ਗ਼ਰਜ਼, ਮੇਰੀ ਆਸਾ ਪੂਰ ਨਾ ਕੋਇ ਵਖਾਇੰਦਾ । ਸਚ ਪੁੱਛੋਂ ਮੇਰਾ ਹੁੰਦਾ ਰਿਹਾ ਹਰਜ਼, ਹਰਜਾਨਾ ਕੋਈ ਨਾ ਝੋਲੀ ਪਾਇੰਦਾ । ਵੇਖੀਂ

ਪੁਰਖ ਅਕਾਲ ਹੁਣ ਨਾ ਦੇਵੀਂ ਵਰਜ, ਵਜਹ ਆਪਣੀ ਸਚ ਬਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੇਰੀ ਆਸ ਰਖਾਇੰਦਾ । ਚੱਕਰ ਸੁਦਰਸ਼ਨ ਕਹੇ ਮੇਰਾ ਵੇਖ ਚੱਕਰ, ਚਕਰਵਰਤੀ ਇਕੋ ਨਜ਼ਰੀ ਆਈਆ । ਤੇਰਿਆਂ ਭਗਤਾਂ ਮੇਟਾਂ ਸਾਰਾ ਫ਼ਿਕਰ, ਕੂੜੀ ਕਿਰਿਆ ਡੇਰਾ ਢਾਹੀਆ । ਜਿਸ ਜ਼ਿਕਰੀਏ ਚੀਰ ਪਵਾਇਆ ਤੇਰਾ ਕਰ ਕੇ ਜ਼ਿਕਰ, ਸੋ ਜ਼ਾਕਰ ਆਪਣੇ ਰੰਗ ਰੰਗਾਈਆ । ਤੇਰੀ ਧਾਰੋਂ ਨਿਰਗੁਣ ਹੋ ਕੇ ਆਇਆ ਨਿੱਤਰ, ਨਿਰਵੈਰ ਹੋ ਕੇ ਸੇਵ ਕਮਾਈਆ । ਮੈਨੂੰ ਕੋਈ ਲੋਹਾ ਧਾਤ ਨਾ ਬਣਾਏ ਪਿੱਤਲ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਸਿਕਲੀਗਰ ਕੋਈ ਨਾ ਕਰੇ ਸਿਕਲ, ਚਮਕ ਨਾਲ ਚਮਕ ਨਾ ਕੋਇ ਪਰਗਟਾਈਆ । ਮੈਂ ਆਦਿ ਜੁਗਾਦੀ ਧੁਰ ਦਾ ਤੇਰਾ ਮਿੱਤਰ, ਪਾਰਬ੍ਰਹਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਚੱਕਰ ਸੁਦਰਸ਼ਨ ਕਹੇ ਮੈਂ ਵੇਖਾਂ ਬ੍ਰਹਿਮੰਡ, ਬ੍ਰਹਿਮਾਂਡ ਫੇਰਾ ਪਾਈਆ । ਸ੍ਰਿਸ਼ਟ ਸਬਾਈ ਕਰਾਂ ਰੰਡ, ਲੱਖ ਚੁਰਾਸੀ ਸੀਸ ਕਟਾਈਆ । ਪ੍ਰਭੂ ਬਿਨ ਤੇਰਿਆਂ ਭਗਤਾਂ ਮੈਨੂੰ ਮਿਲੇ ਨਾ ਕੋਈ ਅਨੰਦ, ਭੱਜ ਦੌੜ ਮੇਰੀ ਕੰਮ ਕਿਸੇ ਨਾ ਆਈਆ । ਪਿਛਲੀ ਰੀਤੀ ਪ੍ਰਭ ਤੇਰੇ ਨਾਲ ਦਿਤੀ ਛੱਡ, ਮਾਰਗ ਅੱਗੇ ਇਕੋ ਦੇ ਵਖਾਈਆ । ਹੁਣ ਮੈਂ ਨਹੀਂ ਕੱਟਣੇ ਕਿਸੇ ਦੇ ਹੱਡ, ਨਾੜੀ ਰੱਤ ਨਾ ਕੋਇ ਵਹਾਈਆ । ਮੈਂ ਬਣ ਕੇ ਤੇਰੀ ਯਦ, ਸੇਵਾ ਕਰਾਂ ਚਾਈਂ ਚਾਈਂਆ । ਜਨ ਭਗਤਾਂ ਅੰਦਰ ਮੈਨੂੰ ਰੱਖ, ਘਰ ਘਰ ਵਿਚ ਦੇ ਬਹਾਈਆ । ਮੈਂ ਖੋਲ੍ਹ ਕੇ ਵੇਖਾਂ ਤੇਰੀ ਅੱਖ, ਸੈਨਤ ਤੇਰੇ ਨਾਲ ਮਿਲਾਈਆ । ਤਿੱਖਾ ਵਾਰ ਕਰਾਂ ਝਟ ਪਟ, ਕੂੜੀ ਕਿਰਿਆ ਕਟ ਵਖਾਈਆ । ਸਿਰ ਮੇਰੇ ਹੱਥ ਦੇਣਾ ਰੱਖ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ੩੪੭
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਗਲਾ ਸੰਗ ਨਿਭਾਈਆ । ਸ੍ਰੀ ਭਗਵਾਨ ਕਹੇ ਮੈਂ ਦਇਆ ਕਮਾਵਾਂਗਾ । ਚੱਕਰ ਸੁਦਰਸ਼ਨ ਤੇਰਾ ਚੱਕਰ, ਕਾਇਆ ਚਕਰੀ ਵਿਚ ਚਲਾਵਾਂਗਾ । ਸਚ ਦਵਾਰਿਉਂ ਤੈਨੂੰ ਪਕੜ, ਸਾਚੀ ਸੇਵ ਲਗਾਵਾਂਗਾ । ਤੇਰਾ ਲੇਖਾ ਚੁੱਕੇ ਜਗਤ ਅੱਖਰ, ਨਿਸ਼ਅੱਖਰ ਧਾਰ ਮਿਲਾਵਾਂਗਾ । ਤੇਰਾ ਵੇਖ ਜ਼ਰਾ ਬਕਤਰ, ਪੁਖ਼ਤਾ ਰੰਗ ਇਕ ਚੜ੍ਹਾਵਾਂਗਾ । ਤੇਰਾ ਲਹਿਣਾ ਦੇਣਾ ਇਕੋ ਅਕਸਰ, ਅਸਲੀਅਤ ਵਿਚੋਂ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੇਰਾ ਮਾਣ ਰਖਾਵਾਂਗਾ । ਸਚ ਤੇਰਾ ਮਾਣ ਰਖਾਏਗਾ । ਸ੍ਰੀ ਭਗਵਾਨ ਦਇਆ ਕਮਾਏਗਾ । ਗੋਬਿੰਦ ਲੇਖਾ ਪੂਰ ਕਰਾਏਗਾ । ਸਚ ਕਟਾਰ ਤੇਰਾ ਰੂਪ ਵਖਾਏਗਾ । ਤਿਖੀ ਧਾਰ ਆਪ ਬਣਾਏਗਾ । ਤਨ ਗਾਤਰੇ ਵਿਚ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਏਗਾ । ਸਾਚੀ ਸੇਵ ਪ੍ਰਭੂ ਲਗਾਵੇਗਾ । ਜਨ ਭਗਤਾਂ ਮੇਲ ਮਿਲਾਵੇਗਾ । ਫੜ ਬਾਹੋਂ ਅੰਦਰ ਬਹਾਵੇਗਾ । ਅੱਠੇ ਪਹਿਰ ਤੇਰਾ ਚੱਕਰ ਚਲਾਵੇਗਾ । ਖ਼ੌਫ਼ ਖ਼ਤਰਾ ਸਰਬ ਹਟਾਵੇਗਾ । ਜਿਹੜੀ ਕਿਰਪਾ ਨਾਨਕ ਕੀਤੀ ਅੰਗਦ, ਅੰਗਦ ਕੀਤੀ ਅਮਰਦਾਸ ਸਾਲ ਬਹੱਤਰਾਂ ਬਹੱਤਰਾਂ ਸਾਲਾਂ ਵਿਚੋਂ ਬਹੱਤਰ ਸਿੱਖ ਬਹੱਤਰ ਬਹੱਤਰ ਬਹੱਤਰ ਨਾੜੀ ਵਿਚੋਂ ਰੋਗ ਮਿਟਾਵਾਂਗਾ । ਸਾਚੀ ਮੁੱਠੀ ਹੱਥ ਵਿਚ ਪਕੜ, ਚਾਰੋਂ ਕੁੰਟ ਭਵਾਵਾਂਗਾ । ਜਿਸ ਨੂੰ ਲੱਗੀ ਨਹੀਂ ਕੋਈ ਲੱਕੜ, ਕਾਠ ਵੰਡ ਨਾ ਕੋਇ ਵੰਡਾਵਾਂਗਾ । ਪ੍ਰੇਮ ਪ੍ਰੀਤੀ ਅੰਦਰ ਜਕੜ, ਜੁਗਤੀ ਆਪਣੀ ਨਾਲ ਚਲਾਵਾਂਗਾ । ਤੈਨੂੰ ਸੀਸ ਨਿਵਾਵਣ ਖੰਡਾ ਖੜਗ ਜਗਤ ਕਟਾਰ ਤੇਰੀ ਪੈਰੀਂ ਪਾਵਾਂਗਾ । ਤੇਰੀ ਵੇਖਾਂ ਚਾਲ ਮਟਕ ਮਟਕ, ਛੈਲ ਛਬੀਲੇ ਤੇਰਾ ਰੰਗ ਰੰਗਾਵਾਂਗਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰਾ ਮਾਣ ਵਧਾਵਾਂਗਾ । ਸ੍ਰੀ ਭਗਵਾਨ ਮੈਂ ਭਗਤਾਂ ਅੰਦਰ ਵੜਾਂਗਾ । ਨਿਰਭੈ ਹੋ ਕੇ ਚੜ੍ਹਾਂਗਾ । ਸਚ ਦਵਾਰੇ ਖੜਾਂਗਾ । ਪਿਛੇ ਮੂੰਹ ਕਰ ਕੇ ਹੇਠਾਂ, ਪੰਜਾਂ ਚੋਰਾਂ ਨਾਲ ਲੜਾਂਗਾ । ਕਰ ਕੇ ਮਿੱਠਾ ਕੌੜਾ ਰੀਠਾ, ਤੇਰੇ ਅੱਗੇ ਧਰਾਂਗਾ । ਤੂੰ ਨਜ਼ਰੀਂ ਆਏਂ ਨੇਤਾ, ਨਿਰਵੈਰ ਤੇਰੀ ਸੇਵ ਕਰਾਂਗਾ । ਮੈਨੂੰ ਗੋਬਿੰਦ ਦਾ ਉਹ ਆਇਆ ਚੇਤਾ, ਚੇਤੇ ਵਿਚੋਂ ਤੇਰਾ ਨਾਮ ਵਰਾਂਗਾ । ਜੋ ਮਾਛੂਵਾੜੇ ਸੁੱਤਾ ਜੰਗਲਾਂ ਵਿਚ ਖੇਤਾ, ਖਿਤੀ ਕੰਡਿਆਂ ਹੇਠ ਧਰਾਂਗਾ । ਜਿਸ ਵੇਲੇ ਮੈਂ ਪੈਂਦੀ ਅਰਜਣ ਵੇਖੀ ਰੇਤਾ, ਓਸ ਭਾਣੇ ਨੂੰ ਆਪੇ ਬਹਿ ਬਹਿ ਜਰਾਂਗਾ । ਜੇ ਤੂੰ ਕਿਰਪਾ ਨਿਧਾਨ ਹੋ ਕੇ ਭਗਤਾਂ ਨਾਲ ਕੀਤਾ ਹੇਤਾ, ਮੈਂ ਵੀ ਹਿਤਕਾਰੀ ਹੋ ਕੇ ਲੜਾਂਗਾ । ਏਸੇ ਕਰ ਕੇ ਜੁਗ ਚੌਕੜੀ ਕਿਸੇ ਨਾ ਦੱਸਿਆ ਭੇਤਾ, ਭੇਤੀ ਹੋ ਕੇ ਅੰਦਰ ਵੜਾਂਗਾ । ਗੋਬਿੰਦ ਨਾਲ ਮੇਰਾ ਪਿਛਲਾ ਲੇਖਾ, ਮੁੜ ਕੇ ਉਂਗਲਾਂ ਉਤੇ ਨਾ ਚੜ੍ਹਾਂਗਾ । ਤੇਰਿਆਂ ਸਿਖਾਂ ਨੂੰ ਨਿੱਕਾ ਹੋ ਕੇ ਵੇਖਾਂ, ਵੇਖ ਵੇਖ ਆਪਣੀ ਰੀਝ ਪੂਰੀ ਕਰਾਂਗਾ । ਬਾਲਾਂ ਵਾਂਗਾਂ ਓਨ੍ਹਾਂ ਨਾਲ ਖੇਡਾਂ, ਨਿੱਕੀ ਖਿੜਕੀ ਥਾਣੀਂ ਘਰ ਜਾ ਕੇ ਸਾਹਮਣੇ ਖੜਾਂਗਾ । ਜੇ ਤੇਰੇ ਨਾਲੋਂ ਛੁਟਦੀ ਦਿਸੇ ਬਿਰਤੀ, ਫੜ ਬਾਹੋਂ ਨਾਲ ਜੜਾਂਗਾ । ਜਿਹਨੂੰ ਕਹਿੰਦੇ ਸੁਰਤੀ ਨਿਰਤੀ, ਨਿਰਤ ਸੁਰਤ ਦੋਵੇਂ ਬਹਿ ਕੇ ਵਰਾਂਗਾ । ਮੈਂ ਬੜਾ ਵੱਡਾ ਪਰਕਿਰਤੀ, ਕਿਰਤ ਕਾਰ ਆਪਣੀ ਕਰਾਂਗਾ । ਮੈਂ ਪ੍ਰੇਮ ਪਿਆਰ ਦਾ ਬੜਾ ਹਿਰਸੀ, ਹਵਸ ਆਪਣੀ ਝੋਲੀ ਭਰਾਂਗਾ । ਜਿਸ ਵੇਲੇ ਇੱਕੀਆਂ ਦੀ ਵੀਹ ਸੌ ਇੱਕੀ ਬਿਕਰਮੀ ਮਨਾਈ ਜਾਏ ਪਹਿਲੀ ਬਰਸੀ, ਬਰਸਾਤ ਵਾਂਗੂੰ ਮੇਘ ਹੋ ਕੇ ਵਰਾਂਗਾ । ਜੇ ਤੇਰੇ ਦਵਾਰ ਹੋ ਗਏ ਭਰਤੀ, ਤਿਨ੍ਹਾਂ ਦੇ ਨਾਲ ਮਿਲ ਕੇ ਅੰਦਰ ਬਾਹਰ ਖ਼ੂਬ ਲੜਾਂਗਾ । ਇਹ ਬਾਤ ਨਹੀਂ ਕੋਈ ਘੜਤੀ, ਸਚ ਕਹਾਣੀ ਆਪਣੀ ਕਹਿਵਾਂਗਾ । ਮੇਰੀ ਧੁਰ ਦੀ ਲੱਗੀ ਸ਼ਰਤੀ, ਸ਼ਹਿਨਸ਼ਾਹ ਤੇਰੇ ਹੁਕਮ ਅੰਦਰ ਰਹਾਂਗਾ । ਜੇ ਮੇਰਾ ਮਾਣ ਰੱਖਦਾ ਓਸ ਵੇਲੇ ਕੋਈ ਨਾ ਰੁੜ੍ਹਦਾ ਵਿਚ ਸਰਸੀ, ਸਰ ਜਲ ਥਲ ਅਸਗਾਹ ਸਾਰੇ ਪਾਰ ਕਰਾਂਗਾ । ਮੇਰਾ ਖੇਲ ਵਿਚ ਅਰਸ਼ੀ, ਫ਼ਰਸ਼ੀ ਹੋ ਕੇ ਜਨ ਭਗਤ ਸੁਹੇਲੇ ਵਰਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਸਦਾ ਸਦਾ ਸਦ ਤੇਰੀ ਸੇਵ ਕਰਾਂਗਾ । ਤੇਰੀ ਸੇਵ ਕਰਾਂ ਆਖ਼ਰ, ਅਖ਼ੀਰ ਇਕੋ ਵਾਰ ਜਣਾਈਆ । ਮੇਰਾ ਭੇਵ ਨਾ ਪਾਏ ਸ਼ਸਤਰ ਸ਼ਾਸਤਰ, ਸ਼ਰਅ ਸਮਝ ਕਿਸੇ ਨਾ ਆਈਆ । ਸ਼ਸਤਰਾਂ ਵਾਲੇ ਕੋਟਨ ਕੋਟ ਘੋੜਿਆਂ ਉਤੇ ਗਏ ਜੀਨਾਂ ਪਾ ਕੇ ਪਾਖਰ, ਲੋਕਮਾਤ ਵੇਸ ਵਟਾਈਆ । ਤੀਰ ਕਮਾਨਾ ਕਿਸੇ ਦੀ ਰਹਿਣ ਨਾ ਦਿਤੀ ਆਕੜ, ਸਿਰ ਸਕੇ ਨਾ ਕੋਇ ਉਠਾਈਆ । ਸ੍ਰੀ ਭਗਵਾਨ ਮੈਨੂੰ ਇਕੋ ਵਰਤੇ ਭਗਤਾਂ ਦੀ ਖ਼ਾਤਰ, ਸਾਚਾ ਹੁਕਮ ਇਕ ਜਣਾਈਆ । ਏਸੇ ਕਰ ਕੇ ਮੈਂ ਵੱਡਾ ਚਾਤਰ, ਛੋਟਿਆਂ ਮੋਟਿਆਂ ਨਾਲ ਨਾ ਅੱਖ ਰਲਾਈਆ । ਮੇਰਾ ਖੇਲ ਸਦਾ ਬਾਤਨ, ਜਾਹਰ ਰੂਪ ਨਾ ਕੋਇ ਜਣਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਬਣਾਏ ਮੇਰਾ ਸਾਥਨ, ਸਗਲੇ ਸਾਥੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚੇ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਕਦੇ ਨਾ ਕਰੇ ਨਿਰਾਸਨ, ਨਿਰਾਸ਼ਾ ਆਸਾ ਵਿਚ ਬਦਲਾਈਆ ।

★ ੧੩ ਮਾਘ ੨੦੨੦ ਬਿਕਰਮੀ ਮੱਖਣ ਸਿੰਘ ਦੇ ਗ੍ਰਿਹਿ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਪਰਵਰਦਿਗਾਰ ਦਰ ਆਏ ਬਰਦੇ, ਬੰਦਗੀ ਬੰਦਨਾ ਸੀਸ ਨਿਵਾਈਆ । ਨਿਰਭੌ ਤੇਰੇ ਕੋਲੋਂ ਸਾਰੇ ਡਰਦੇ, ਨੇਤਰ ਨੈਣ ਰਹੇ ਸ਼ਰਮਾਈਆ । ਅੰਦਰੇ ਅੰਦਰ ਤੇਰਾ ਕਲਮਾ ਪੜ੍ਹਦੇ, ਹੂ ਹੂ ਅਵਾਜ਼ ਲਗਾਈਆ । ਨਾ ਜੀਉਂਦੇ ਨਾ ਦਿਸਣ ਮਰਦੇ, ਸੋਚ ਸਮਝ ਨਾ ਕੋਇ ਰਖਾਈਆ । ਮੱਕੇ ਕਾਅਬੇ ਆਏ ਫਿਰਦੇ, ਭੱਜ ਭੱਜ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਸਮਝਾਈਆ । ਦਰ ਤੇਰੇ ਆਏ ਮਹਿਬੂਬ, ਮਿਹਰਵਾਨ ਤੇਰੀ ਸਰਨਾਈਆ । ਸਚ ਮਹਲ ਵੇਖ ਅਰੂਜ, ਕਦਮ ਬੋਸੀ ਸੀਸ ਕਰਾਈਆ । ਸਾਡੇ ਕੋਲ ਨਾ ਕੋਇ ਸਬੂਤ, ਸਚ ਸੱਚ ਦੇਈਏ ਜਣਾਈਆ । ਖ਼ਾਲੀ ਹੋਇਆ ਅੰਤ ਕਲਬੂਤ, ਕਾਇਆ ਕੂੜ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਘਰ ਸਚ ਮਿਲੇ ਵਡਿਆਈਆ । ਤੇਰੇ ਦਰ ਕਰਨ ਅਪੀਲ, ਭੱਜੇ ਆਏ ਵਾਹੋ ਦਾਹੀਆ । ਬੰਦਨਾ ਕਰ ਜ਼ਬਰਾਈਲ, ਨਿਉਂ ਨਿਉਂ ਲਾਗੇ ਪਾਈਆਂ । ਮਾਣ ਟੁੱਟਾ ਅਸਰਾਫ਼ੀਲ, ਇਸਮ ਆਜ਼ਮ ਨਾ ਕੋਇ ਰਖਾਈਆ । ਨੇਤਰ ਰੋਵੇ ਮੇਕਾਈਲ, ਮੁਕੰਮਲ ਆਪਣਾ ਹਾਲ ਜਣਾਈਆ । ਕਰੇ ਦਰੋਹੀ ਇਜ਼ਰਾਈਲ, ਜ਼ਬਰਦਸਤ ਤੇਰੇ ਅੱਗੇ ਨਾ ਕੋਇ ਵਡਿਆਈਆ । ਤੇਰਾ ਵੇਖ ਕੇ ਬਸਤਰ ਨੀਲ, ਪਰਵਰਦਿਗਾਰ ਓਟ ਤਕਾਈਆ । ਤੇਰਾ ਜੋਬਨ ਛੈਲ ਛਬੀਲ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਤੇਰੀ ਸਮਝੇ ਨਾ ਕੋਇ ਦਲੀਲ, ਸੋਚ ਜਗਤ ਨਾ ਕੋਇ ਰਖਾਈਆ । ਖ਼ਾਲੀ ਵੇਖ ਮੱਕਾ ਮਦੀਨ, ਧੀਰਜ ਧੀਰ ਰਹੀ ਨਾ ਰਾਈਆ । ਨਜ਼ਰ ਆਇਆ ਸਾਬਤ ਨਾ ਦੀਨ, ਦੀਨ ਦੁਨੀ ਵਿਚੋਂ ਤੇਰਾ ਰੂਪ ਨਾ ਕੋਇ ਜਣਾਈਆ । ਹੋ ਕੇ ਜਾਬਰ ਬਣ ਮਸਕੀਨ, ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਸਰਨਾਈਆ । ਦੇ ਸਰਨਾਈ ਪਰਵਰਦਿਗਾਰ, ਇਕੋ ਤੇਰੀ ਓਟ ਰਖਾਈਆ । ਪੀਰ ਪੈਗ਼ੰਬਰ ਤੈਨੂੰ ਦੱਸ ਕੇ ਗਏ ਸਾਂਝਾ ਯਾਰ, ਸਾਹਿਬ ਸਭਨਾ ਇਕ ਗੁਸਾਈਆ । ਲੋਕ ਪਰਲੋਕ ਤੇਰਾ ਖੇਲ ਨਿਆਰ, ਤਬਕ ਸਬਕ ਇਕ ਪੜ੍ਹਾਈਆ । ਕਾਗ਼ਜ਼ ਕਲਮ ਤੇਰਾ ਆਧਾਰ, ਲੇਖਾ ਲੇਖ ਕਾਲੀ ਛਾਹੀਆ । ਲੱਖ ਚੁਰਾਸੀ ਤੇਰਾ ਨੂਰ ਉਜਿਆਰ, ਜਲਵਾ ਘਟ ਘਟ ਨਜ਼ਰੀ ਆਈਆ । ਹਉਂ ਬਾਲਕ ਨੱਢੇ ਤੇਰੇ ਸੇਵਾਦਾਰ, ਸਦਾ ਸਦ ਸੇਵ ਕਮਾਈਆ । ਦਰ ਦਵਾਰੇ ਦੇ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਨੇਤਰ ਰੋਂਦੇ ਵੇਖ ਕੇ ਆਏ ਮਜ਼ਾਰ, ਉਚੀ ਕੂਕ ਕੂਕ ਕੁਰਲਾਈਆ । ਮੱਕਾ ਕਾਅਬਾ ਦਿਸੇ ਖ਼ਵਾਰ, ਖ਼ਾਲਕ ਰੂਪ ਨਾ ਕੋਇ ਵਖਾਈਆ । ਪ੍ਰੇਮ ਪ੍ਰੀਤੀ ਪਏ ਨਾ ਕੋਈ ਆਬਸ਼ਾਰ, ਚਸ਼ਮਾ ਕਰਿਸ਼ਮਾ ਨਜ਼ਰ ਕੋਇ ਨਾ ਆਈਆ । ਤਫ਼ੈਲ ਦਿਸੇ ਨਾ ਕੋਈ ਵਫ਼ਾਦਾਰ, ਤਾਲਬ ਰੂਪ ਨਾ ਕੋਇ ਵਟਾਈਆ । ਐਬ ਭਰਿਆ ਸਰਬ ਹੰਕਾਰ, ਗੁਨਹਗਾਰ ਦਿਸੇ ਲੋਕਾਈਆ । ਬੀਵੀ ਖ਼ਾਵੰਦ ਨਾ ਕੋਇ ਪਿਆਰ, ਤੀਵੀਂ ਮਰਦ ਨਾ ਕੋਇ ਵਡਿਆਈਆ । ਨੀਵੀਂ ਅੱਖਾਂ ਸ਼ਰਮਸਾਰ, ਲੋਚਣ ਨੈਣ ਨਾ ਕੋਇ ਉਠਾਈਆ । ਹੁਜਰੇ ਹੱਕ ਨਾ ਕੋਇ ਆਧਾਰ, ਲਾਅਨਤ ਘਰ ਘਰ ਡੇਰਾ ਲਾਈਆ । ਮਾਅਰਫ਼ਤ ਵਿਚ ਮਿਲੇ ਨਾ ਮਹਿਬੂਬ ਯਾਰ, ਮੁਹੱਬਤ ਸਚ ਨਾ ਕੋਇ ਕਮਾਈਆ । ਆਰਫ਼ ਸਾਰੇ ਕਰਨ ਪੁਕਾਰ, ਤੁਆਰਫ਼ ਸਕੇ ਨਾ ਕੋਇ ਕਰਾਈਆ । ਸਫ਼ਾਰਸ਼ ਸਾਡੀ ਕਰੇ ਨਾ ਮੁਹੰਮਦ ਯਾਰ, ਅੰਤਮ ਬੈਠਾ ਮੁਖ ਭਵਾਈਆ । ਖ਼ਾਲੀ ਵੇਖ ਮਹਲ ਮੁਨਾਰ, ਮੁੜ ਕੇ ਆਏ ਵਾਹੋ ਦਾਹੀਆ । ਤੇਰੇ

ਦਰ ਸੱਚੀ ਪੁਕਾਰ, ਪੁਨਿਹ ਪੁਨਿਹ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਓਟ ਰਖਾਈਆ । ਚਾਰ ਕਹਿਣ ਵੇਖੀ ਚਾਰ ਯਾਰੀ, ਚਾਰੋਂ ਕੁੰਟ ਨਜ਼ਰ ਕੋਇ ਨਾ ਆਇੰਦਾ । ਜਗਤ ਕਾਅਬਾ ਕੂੜ ਹੰਕਾਰੀ, ਸਚ ਮਹਿਰਾਬਾ ਨੂਰ ਨਾ ਕੋਇ ਚਮਕਾਇੰਦਾ । ਸ਼ਾਹ ਨਵਾਬ ਨਾ ਦਿਸੇ ਕੋਇ ਸਿਕਦਾਰੀ, ਹੁਕਮ ਹਾਕਮ ਨਾ ਕੋਇ ਸਮਝਾਇੰਦਾ । ਸਾਚੇ ਫ਼ੀਲ ਕਰੇ ਨਾ ਕੋਇ ਅਸਵਾਰੀ, ਨੇਜ਼ਾ ਨਾਮ ਹੱਥ ਨਾ ਕੋਇ ਉਠਾਇੰਦਾ । ਵੇਖ ਕੇ ਆਏ ਚਾਰੋਂ ਕੁੰਟ ਸਭ ਤੇਰੇ ਤੇਰੀ ਰੱਖਣ ਤਾਬਿਆਦਾਰੀ, ਅੱਗੇ ਤਾਬ ਨਾ ਕੋਇ ਵਖਾਇੰਦਾ । ਮਹਲ ਅਟੱਲ ਤੇਰੀ ਵੇਖ ਉਚ ਅਟਾਰੀ, ਸਜਦਾ ਸੀਸ ਸਰਬ ਨਿਵਾਇੰਦਾ । ਪੰਜ ਤਤ ਤੇਰੀ ਖੇਲ ਨਿਆਰੀ, ਕਾਇਆ ਕਪੜ ਕੋਟ ਵਡਿਆਇੰਦਾ । ਸ਼ਰਅ ਸ਼ਰੀਅਤ ਲਾ ਬੀਮਾਰੀ, ਭੇਵ ਆਪਣੇ ਵਿਚ ਛੁਪਾਇੰਦਾ । ਜਗਤ ਵੰਡ ਕਰ ਸੰਸਾਰੀ, ਬ੍ਰਹਿਮੰਡ ਰਾਹ ਚਲਾਇੰਦਾ । ਆਪ ਬੈਠ ਧੁਰ ਦਰਬਾਰੀ, ਧੁਰ ਸੰਦੇਸ਼ਾ ਹੁਕਮ ਜਣਾਇੰਦਾ । ਨਿਰਗੁਣ ਤੇਰਾ ਖੇਲ ਵੇਖ ਨਿਰੰਕਾਰੀ, ਨਿਰਧਨ ਹੋ ਕੇ ਸੀਸ ਨਿਵਾਇੰਦਾ । ਆਦਿ ਜੁਗਾਦਿ ਜਿਸ ਸਭ ਦੀ ਪੈਜ ਸੁਆਰੀ, ਮਿਹਰ ਨਜ਼ਰ ਇਕ ਉਠਾਇੰਦਾ । ਉਸ ਦੇ ਦਰ ਮਿਲੇ ਇਕੋ ਵਫ਼ਾਦਾਰੀ, ਵਾਕਫ਼ ਆਪਣੇ ਨਾਲ ਕਰਾਇੰਦਾ । ਅੰਤਮ ਅੰਤ ਇਹੋ ਖ਼ਾਹਸ਼ ਹਮਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਹਿ ਸਮਝਾਇੰਦਾ । ਆਏ ਚਾਰ ਚਾਰ ਚੌਤਰਫ਼, ਚਾਰ ਕੁੰਟ ਵਖਾਈਆ । ਉਠ ਵੇਖੇ ਆਪਣਾ ਪਿਛਲਾ ਹਰਫ਼, ਜੋ ਹਲਫ਼ ਮੁਹੰਮਦ ਨਾਲ ਉਠਾਈਆ । ਸਦੀ ਚੌਧਵੀਂ ਸਭ ਨੇ ਮੰਨਿਆਂ ਹੋਣਾ ਬਰਤਰਫ਼, ਤਰਫ਼ ਵੰਡ ਨਾ ਕੋਇ ਰਖਾਈਆ । ਹਰਿ ਜੂ ਪੈਣ ਨਾ ਦਿਤਾ ਫ਼ਰਕ, ਫ਼ੈਸਲਾ ਇਕੋ ਹੁਕਮ ਸੁਣਾਈਆ । ਪਿਛਲੀ ਕੀਤੀ ਸਭ ਦੀ ਕੀਤੀ ਤਰਕ, ਤਾਕਤ ਸਕੇ ਨਾ ਕੋਇ ਅਜ਼ਮਾਈਆ । ਅੱਗੇ ਕੋਈ ਨਾ ਸਕੇ ਅਟਕ, ਹੁਕਮੇ ਅੰਦਰ ਹੁਕਮ ਮਨਾਈਆ । ਕਰੇ ਖੇਲ ਸਾਹਿਬ ਨਧੜਕ, ਬੇਪਰਵਾਹ ਵੱਡੀ ਵਡਿਆਈਆ । ਜੋਧਾ ਸੂਰਬੀਰ ਬਣ ਕੇ ਮਰਦ, ਮਰਦਾਨਗੀ ਇਕੋ ਇਕ ਵਖਾਈਆ । ਛੁਰੀ ਹਲਾਲ ਸਭ ਦੀ ਵੇਖੇ ਕਰਦ, ਕਰਬਲਾ ਆਪਣਾ ਫੇਰਾ ਪਾਈਆ । ਹਸਨ ਹੁਸੈਨ ਹੋਏ ਅਸਚਰਜ, ਫ਼ਾਤਮਾ ਨੈਣਾਂ ਨੀਰ ਵਹਾਈਆ । ਕਿਸ ਨੂੰ ਆਇਆ ਪਿਛਲਾ ਦਰਦ, ਕਿਉਂ ਦੁੱਖੀਆਂ ਦਰਦ ਵੰਡਾਈਆ । ਗੋਬਿੰਦ ਕਹੇ ਨਹੀਂ ਖੇਲ ਅਸਚਰਜ, ਹਰਿ ਆਪਣੀ ਦਇਆ ਰਿਹਾ ਕਮਾਈਆ । ਮੇਰੇ ਨਾਲ ਨਾ ਕੀਤਾ ਫ਼ਰਕ, ਬੱਚੇ ਨੀਹਾਂ ਹੇਠ ਰਖਾਈਆ । ਇਹ ਓਹੋ ਆਇਆ ਪਰਤ, ਜਿਸ ਦਿਤੀ ਮਾਣ ਵਡਿਆਈਆ । ਜਗਤ ਪਿਆਸਿਆਂ ਇਕੋ ਵਾਰ ਦੇ ਕੇ ਨੂਰ ਲਗਾਈ ਸ਼ਰਤ, ਸ਼ਹਿਨਸ਼ਾਹ ਆਪਣਾ ਹੁਕਮ ਸਮਝਾਈਆ । ਤੁਹਾਡੀ ਮੇਟਾਂ ਅੰਤਮ ਚਿੰਤਾ ਸੋਗ ਹਰਖ਼, ਗ਼ਮੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚਾਰੇ ਕਹਿਣ ਆਏ ਕਾਸਦ, ਲੇਖਾ ਹੱਥ ਨਜ਼ਰ ਕੋਇ ਨਾ ਆਈਆ । ਸਿਦਕ ਸਬੂਰੀ ਦੇ ਦੇ ਸਾਦਕ, ਸਾਹਿਬ ਤੇਰੀ ਵਡਿਆਈਆ । ਅਸੀਂ ਵੇਖਿਆ ਤੂੰ ਪਿਛਲੀ ਬਦਲੀ ਆਦਤ, ਅਗਲਾ ਮਾਰਗ ਰਿਹਾ ਪਰਗਟਾਈਆ । ਸਾਡੀ ਲੇਖੇ ਲਾ ਇਬਾਦਤ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਝੋਲੀ ਪਾਈ ਤੇਰੀ ਇਬਾਰਤ, ਲਹਿਣਾ ਦੇਣਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਹਸਨ ਕਹੇ ਉਠ ਵੇਖ ਹੁਸੈਨ, ਹੁਸ਼ਿਆਰੀ ਨਾਲ ਜਣਾਇੰਦਾ । ਉਹ ਵੇਖੇ ਆਪਣੇ ਨੈਣ, ਜੋ ਨੈਣਾਂ ਰੰਗ ਚੜ੍ਹਾਇੰਦਾ ।

ਉਹ ਪਰਦਾ ਲਾਹੇ ਮੁਖ ਐਨ, ਗ਼ੈਨ ਗ਼ਮ ਨਾ ਕੋਇ ਵਖਾਇੰਦਾ । ਅਲਫ਼ ਯੇ ਜਿਸ ਦੀ ਸਿਫ਼ਤ ਕਹਿਣ, ਨੁਕਤਾ ਨੂਨ ਸਰਬ ਮਿਟਾਇੰਦਾ । ਪੀਰ ਪੈਗ਼ੰਬਰ ਜਿਸ ਦੀ ਸਰਨ ਪੈਣ, ਮੁਹੰਮਦ ਝੋਲੀ ਅੱਗੇ ਡਾਹਿੰਦਾ । ਮਿਹਰਵਾਨ ਆਇਆ ਮਬੈਨ, ਮੁਹੱਬਤ ਇਕੋ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੇ ਰੰਗ ਰੰਗਾਇੰਦਾ । ਹੁਸੈਨ ਕਹੇ ਸੁਣ ਹਸਨ, ਹਸਤੀ ਇਕੋ ਨਜ਼ਰੀ ਆਈਆ । ਜਿਸ ਦੇ ਚਰਨਾਂ ਗੁਰ ਅਵਤਾਰ ਪੀਰ ਪੈਗ਼ੰਬਰ ਵਸਣ, ਬਸਤੀ ਵੱਖਰੀ ਜਿਨ ਬਣਾਈਆ । ਸਾਡੀ ਲੱਜਿਆ ਆਇਆ ਰੱਖਣ, ਮਿਹਰ ਨਜ਼ਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇ ਵਡਿਆਈ ਦੇਵੇ ਮਾਣ, ਦੇਵਣਹਾਰਾ ਦਇਆ ਕਮਾਇੰਦਾ । ਅੱਜ ਕਰਬਲਾ ਉਹ ਹੋਇਆ ਪਰਵਾਨ, ਜਿਸ ਕਰਬਲੇ ਵਿਚੋਂ ਕਾਅਬਾ ਨਜ਼ਰ ਨਾ ਆਇੰਦਾ । ਜਿਸ ਕਾਅਬੇ ਵਿਚੋਂ ਮਿਲੇ ਨਿਸ਼ਾਨ, ਸੋ ਕਾਅਬਾ ਹਰਿ ਜੂ ਆਪਣਾ ਨਾਮ ਸੁਹਾਇੰਦਾ । ਜਿਸ ਨਾਮ ਵਿਚੋਂ ਹੋ ਪਰਧਾਨ, ਗੁਰ ਅਵਤਾਰ ਪੀਰ ਪੈਗ਼ੰਬਰ ਰਾਗ ਸੁਣਾਇੰਦਾ । ਜਿਸ ਰਾਗ ਵਿਚੋਂ ਨਿਕਲੇ ਗਾਨ, ਗਾ ਗਾ ਜੀਵ ਜਹਾਨ ਸ਼ੁਕਰ ਮਨਾਇੰਦਾ । ਜਿਸ ਗਾਨ ਵਿਚੋਂ ਨਿਕਲੇ ਤਾਨ, ਤਰਜ਼ ਤਲਵਾੜਾ ਰੂਪ ਵਟਾਇੰਦਾ । ਜਿਸ ਤਾਲ ਵਿਚੋਂ ਮਿਲੇ ਜਮਾਲ, ਜੋਬਨ ਆਪਣਾ ਰੰਗ ਵਖਾਇੰਦਾ । ਜਿਸ ਜੋਬਨ ਵਿਚੋਂ ਮਿਲੇ ਮਿਹਰਵਾਨ, ਮੁਹੱਬਤ ਇਕੋ ਇਕ ਜਣਾਇੰਦਾ । ਜਿਸ ਮੁਹੱਬਤ ਵਿਚੋਂ ਮਹਿਬੂਬ ਮਿਲੇ ਆਣ, ਸੋ ਮਹਿਬੂਬ ਸਭ ਉਤੇ ਦਇਆ ਕਮਾਇੰਦਾ । ਜਿਸ ਦਾ ਲੇਖਾ ਮਜੀਦ ਕੁਰਾਨ, ਮਜਲਸ ਬਹਿ ਬਹਿ ਜਗਤ ਸਮਝਾਇੰਦਾ । ਜਿਸ ਦੀ ਤਾਈਦ ਕਰੇ ਇਸਲਾਮ, ਤਾਅਰੀਫ਼ ਕਰ ਕਰ ਸਰਬ ਸੁਣਾਇੰਦਾ । ਸੋ ਅਸ਼ੀਰਬਾਦ ਦੇਵੇ ਪੈਗ਼ਾਮ, ਦਰ ਆਇਆਂ ਲੇਖਾ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੀ ਕਰਨੀ ਕਰਤਾ ਸਭ ਦੀ ਵੇਖ ਵਖਾਇੰਦਾ । ਚਾਰ ਯਾਰ ਸੱਦੇ ਤੇਰੇ, ਪਿਛਲੇ ਤਰ੍ਹਾ ਤਰ੍ਹਾ ਤਰ੍ਹਾ ਸਮਝਾਈਆ । ਜਿਹੜੇ ਵੱਡੇ ਕਰ ਕੇ ਬੈਠੇ ਰਹੇ ਜੇਰੇ, ਦੂਰ ਦੁਰਾਡੇ ਧਿਆਨ ਲਗਾਈਆ । ਰਾਹ ਤੱਕਦੇ ਰਹੇ ਕਵਣ ਵੇਲਾ ਪ੍ਰਭ ਆਏ ਭਗਤਾਂ ਡੇਰੇ, ਡੇਰਾ ਆਪਣਾ ਆਪ ਲਗਾਈਆ । ਅਸੀਂ ਵਸੀਏ ਓਸੇ ਵਿਹੜੇ, ਜਿਸ ਖੇੜੇ ਸੋਭਾ ਪਾਈਆ । ਜਿਸ ਦੇ ਕੋਲ ਗੁਰ ਅਵਤਾਰ ਪੀਰ ਪੈਗ਼ੰਬਰ ਬਥੇਰੇ, ਬਹੁ ਗਿਣਤੀ ਵਿਚ ਗਿਣਨ ਕੋਇ ਨਾ ਪਾਈਆ । ਜਿਸ ਦੇ ਗੁਰ ਅਵਤਾਰ ਬਣੇ ਚੇਰੇ, ਚੇਲੇ ਬਣ ਬਣ ਸੇਵ ਕਮਾਈਆ । ਚਾਰ ਯਾਰ ਜਿਸ ਦੇ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਜੁਗ ਚੌਕੜੀ ਮੁਰਸ਼ਦ ਮੁਰੀਦ ਚੜ੍ਹਦੇ ਜਿਸ ਦੇ ਬੇੜੇ, ਬੇੜਾ ਇਕੋ ਇਕ ਚਲਾਈਆ । ਹੱਕੋ ਹੱਕ ਹਕੀਕਤ ਕਰ ਨਬੇੜੇ, ਲੇਖਾ ਲੇਖੇ ਵਿਚੋਂ ਚੁਕਾਈਆ । ਗੁਰਮੁਖਾਂ ਦੇਵੇ ਮਾਣ ਵਡੇਰੇ, ਵੱਡੇ ਵੱਡੇ ਕਰ ਕੇ ਸਿਫ਼ਤਾਂ ਸਿਫ਼ਤ ਸਾਲਾਹੀਆ । ਜੁਗ ਚੌਕੜੀ ਵਿਛੜੇ ਮੇਲੇ, ਜਨਮ ਜਨਮ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸਾਚੀ ਕਰਨੀ ਕਰੇ ਐਨ, ਕਾਮਲਪੁਰਸ਼ ਆਪਣੀ ਦਇਆ ਕਮਾਈਆ । ਹਸਨ ਹੁਸੈਨ ਸੱਦਾ ਆਏ ਦੇਣ, ਦੂਰ ਦੁਰਾਡੇ ਚਲ ਕੇ ਪਾਂਧੀ ਰਾਹੀਆ । ਜਬਰਾਈਲ ਮੇਕਾਈਲ ਅਸਰਾਫ਼ੀਲ ਇਜ਼ਰਾਈਲ ਚਾਰੇ ਕਹਿਣ, ਕਹਿ ਕਹਿ ਖ਼ੁਸ਼ੀ ਮਨਾਈਆ । ਔਖਾ ਹੋਇਆ ਸਾਡਾ ਰਹਿਣ, ਮਜਲਸ ਸਚ ਨਾ ਸੋਭਾ ਪਾਈਆ । ਯਾਰ ਵਿਚ ਜੇ ਯਾਰ ਨਾ ਬਹਿਣ, ਯਾਰੀ ਕੰਮ ਕਿਸੇ ਨਾ ਆਈਆ । ਸਾਡਾ ਦੇ ਦੇ ਸਭ ਦਾ ਦੇਣ, ਦੇਵਣਹਾਰ ਤੇਰੀ

ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਚਾਰੇ ਕਹਿਣ ਸਚ ਖ਼ੁਦਾ ਖ਼ਾਤਰਖ਼ਾਹ, ਖ਼ਾਹਸ਼ ਸਭ ਦੀ ਪੂਰੀ ਦੇ ਕਰਾਈਆ । ਅਸੀਂ ਸਾਰੇ ਹੋਏ ਗੁਮਰਾਹ, ਤੇਰੇ ਨਾਲੋਂ ਬੇਵਫ਼ਾ, ਭੁੱਲੇ ਮਾਰਗ ਪਾਂਧੀ ਰਾਹੀਆ । ਰਹਿਮਤ ਰਹੀਮ ਇਕ ਕਮਾ, ਤਾਲੀਮ ਆਪਣੀ ਸਚ ਪੜ੍ਹਾ, ਅਜ਼ੀਮ ਉਲਸ਼ਾਨ ਤੇਰੀ ਵਡਿਆਈਆ । ਸਦਕੇ ਵਾਰੀ ਘੋਲੀ ਘੋਲ ਘੁਮਾ, ਕਾਇਆ ਚੋਲੀ ਤਤ ਭੇਟ ਚੜ੍ਹਾ, ਦਰ ਇਕੋ ਮੰਗ ਮੰਗ ਮੰਗਾਈਆ । ਤੇਰੇ ਹੱਥ ਪ੍ਰਭੂ ਸ਼ਫ਼ਾ, ਸ਼ਫ਼ਕਤ ਕਰ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦੇ ਝੋਲੀ ਪਾਈਆ । ਚਾਰ ਕਹਿਣ ਦੇ ਦਾਤ ਪੂਰਾ ਕਰ ਮਤਲਬ, ਮਤਾ ਇਕੋ ਬਣਾਈਆ । ਤੇਰੀ ਕਰੀਏ ਉਲਫ਼ਤ, ਖ਼ੁਸ਼ੀਆਂ ਰਾਗ ਸੁਣਾਈਆ । ਰਾਗ ਵਿਚ ਨਾ ਆਵੇ ਗ਼ਫ਼ਲਤ, ਗਾਈਏ ਗੀਤ ਇਲਾਹੀਆ । ਉਸ ਦੇ ਨਾਲ ਸਾਡੀ ਮੁਹੱਬਤ, ਜਿਸ ਮਹਿਬੂਬ ਮਿਲਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਉਸ ਨਾਲ ਮੁਹੱਬਤ ਪਿਆਰ, ਮਹਿਵਖ਼ਾਨਾ ਜੋ ਰਿਹਾ ਖੁਲ੍ਹਾਈਆ । ਜਿਸ ਦਾ ਪਿਆਲਾ ਪੀਵੇ ਹਮਦਰਦੀ ਯਾਰ, ਨਸ਼ਾ ਨੋਸ਼ੀ ਇਕੋ ਇਕ ਜਣਾਈਆ । ਜਿਸ ਦੀ ਸੁਰਾਹੀ ਮਾਰੇ ਉਛਾਲ, ਉਬਲੇ ਵਾਹੋ ਦਾਹੀਆ । ਜਿਸ ਦਾ ਪਿਆਲਾ ਮਖ਼ਮੂਰ ਹੋਇਆ ਮੁਸਕਰਾਰ, ਹੱਸੇ ਚਾਈਂ ਚਾਈਂਆ । ਜਿਸ ਦੀ ਮੰਜ਼ਲ ਅੱਗੇ ਨਾ ਰਹੀ ਦੁਸ਼ਵਾਰ, ਦੁਸ਼ਮਨ ਨਜ਼ਰ ਕੋਇ ਨਾ ਆਈਆ । ਜਿਸ ਦਾ ਪੀਰ ਸਾਂਝਾ ਯਾਰ, ਅਮਾਮ ਨੂਰ ਇਲਾਹੀਆ । ਜਿਸ ਦੀ ਤਸਬੀ ਮਣਕਾ ਦੋਵੇਂ ਹੋਏ ਖੁਆਰ, ਬੈਠੇ ਮੁਖ ਭਵਾਈਆ । ਜਿਸ ਦੀ ਅਲਫ਼ੀ ਤਨ ਸ਼ਿੰਗਾਰ, ਦੋ ਹਰਫ਼ੀ ਕਰੇ ਪੜ੍ਹਾਈਆ । ਮਗ਼ਰਬੀ ਮਸ਼ਰਕੀ ਮੁਸ਼ਤਾਕ, ਮਿਹਰਵਾਨ ਮਹਿਦੂਦ ਨੂਰ ਖ਼ੁਦਾਈਆ । ਉਸ ਦੇ ਨਾਲ ਸਾਡਾ ਪਿਆਰ, ਪਿਛਲਾ ਹਾਲ ਜਣਾਈਆ । ਬਾਸਠ ਦਿਨ ਉਸ ਦੇ ਨਾਲ ਇਕਰਾਰ, ਇਕਰਾਰਨਾਮਾ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਪੂਰਾ ਕਰ ਉਧਾਰ, ਅੱਗੇ ਸਿਰ ਸਾਡੇ ਹੱਥ ਟਿਕਾਈਆ । ਇਕਰਾਰਨਾਮਾ ਵੇਖ ਖ਼ਫ਼ੀਫ਼, ਖ਼ੁਫ਼ੀਆ ਰਹੇ ਵਖਾਈਆ । ਜਿਸ ਦੇ ਵਿਚ ਉਹਦੀ ਤਾਅਰੀਫ਼, ਜੋ ਤੇਰਾ ਨਾਮ ਧਿਆਈਆ । ਬੇਸ਼ਕ ਹੁਣ ਉਸ ਨੂੰ ਕਹਿੰਦੇ ਅਜੀਤ, ਪਿਛਲਾ ਸਾਡਾ ਸੰਗੀ ਰੂਪ ਵਟਾਈਆ । ਉਸ ਦਾ ਲੇਖਾ ਰਿਹਾ ਬੀਤ, ਬੀਤੀ ਕਹਾਣੀ ਰਹੇ ਜਣਾਈਆ । ਇਹ ਧੁਰ ਦੀ ਤੇਰੀ ਰੀਤ, ਯਾਰ ਯਾਰਾਂ ਨਾਲ ਮਿਲਾਈਆ । ਉਸ ਨੂੰ ਤੇਰਾ ਕਾਅਬਾ ਨਜ਼ਰ ਆਈ ਧੁਰ ਦੀ ਮਸੀਤ, ਮਸਲਾ ਇਕੋ ਪੜ੍ਹੇ ਸਚ ਸੱਚ ਨੂਰ ਖ਼ੁਦਾਈਆ । ਤੂੰ ਉਸ ਦੇ ਹੋਇਉਂ ਕਰੀਬ, ਨਾਤਾ ਰਿਸਤਾ ਜੋੜ ਜੁੜਾਈਆ । ਅਸੀਂ ਪਿਛਲੇ ਵਕਤ ਦੀ ਸਾਂਭ ਕੇ ਰੱਖੀ ਰਸੀਦ, ਸਾਹਮਣੇ ਰਹੇ ਵਖਾਈਆ । ਐਸ ਸਾਲ ਸਾਡੀ ਤਦ ਖ਼ੁਸ਼ੀਆਂ ਨਾਲ ਹੋਵੇ ਈਦ, ਈਦਉਲਫ਼ਿਤਰ ਇਸ ਦੇ ਨਾਲ ਮਨਾਈਆ । ਤੂੰ ਵੀ ਕਰ ਇਹਨੂੰ ਤਾਈਦ, ਅੱਗੇ ਜਾਵੇ ਚਾਈਂ ਚਾਈਆ । ਹਸਨ ਹੁਸੈਨ ਪਹਿਲੋਂ ਕਰਨ ਦੀਦ, ਫਿਰ ਮੁਹੰਮਦ ਖ਼ੁਸ਼ੀ ਮਨਾਈਆ । ਤੇਰੇ ਘਰ ਦੀ ਸੁਣਾਏ ਤਾਅਰੀਫ਼, ਢੋਲਾ ਰਾਗ ਅਲਾਈਆ । ਮੁਕਾਮੇ ਹੱਕ ਫਿਰ ਪੁੱਜੇ ਠੀਕ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਸਾਚਾ ਮੇਲਾ ਦੇ ਮਿਲਾਈਆ ।

★ ੧੩ ਮਾਘ ੨੦੨੦ ਬਿਕਰਮੀ ਬੰਤਾ ਸਿੰਘ ਦੇ ਗ੍ਰਿਹ ਛੰਨਾਂ ਜ਼ਿਲਾ ਗੁਰਦਾਸ ਪੁਰ ★

ਸ਼ਬਦ ਲੇਖ ਸ਼ਬਦ ਭਵਿਖਤ, ਸ਼ਬਦ ਸ਼ਬਦ ਜਣਾਈਆ । ਸ਼ਬਦ ਲੇਖ ਸ਼ਬਦ ਲਿਖਤ, ਸ਼ਬਦ ਸ਼ਬਦ ਖੇਲ ਵਖਾਈਆ । ਸ਼ਬਦ ਗੁਰਦੇਵ ਸ਼ਬਦ ਇਸ਼ਟ, ਸ਼ਬਦ ਸ਼ਬਦ ਸਵਾਮੀ ਦਏ ਸਮਝਾਈਆ । ਸ਼ਬਦ ਨਿਰਾਕਾਰ ਸ਼ਬਦ ਸਾਕਾਰ ਸ੍ਰਿਸ਼ਟ, ਨਿਰਗੁਣ ਸ਼ਬਦ ਸ਼ਬਦ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਚਨਾ ਵੇਖ ਵਖਾਈਆ । ਸ਼ਬਦ ਗੁਰੂ ਸ਼ਬਦ ਸਿਖ, ਹਰਿ ਸ਼ਬਦੀ ਖੇਲ ਖਿਲਾਇੰਦਾ । ਸ਼ਬਦ ਨਾਮ ਸ਼ਬਦ ਭਿਖ, ਮਿਹਰਵਾਨ ਝੋਲੀ ਪਾਇੰਦਾ । ਸ਼ਬਦ ਓਝਲ ਸ਼ਬਦ ਆਏ ਦਿਸ, ਸ਼ਬਦ ਅਨੁਭਵ ਕਾਰ ਕਮਾਇੰਦਾ । ਸ਼ਬਦ ਅਨਰੂਪ ਸਦਾ ਅਨਡਿਠ, ਸ਼ਬਦ ਰੂਪ ਭੂਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਕਾਜ ਰਚਾਇੰਦਾ । ਸ਼ਬਦ ਸੇਵਕ ਸ਼ਬਦ ਠਾਕਰ, ਸ਼ਬਦ ਸ਼ਬਦੀ ਧਾਰ ਵਹਾਈਆ । ਸ਼ਬਦ ਸਮੁੰਦ ਸ਼ਬਦ ਸਾਗਰ, ਗਹਿਰ ਗੰਭੀਰ ਸ਼ਬਦ ਅਖਵਾਈਆ । ਸ਼ਬਦ ਗੁਰੂ ਸ਼ਬਦ ਤੇਗ਼ ਸ਼ਬਦ ਬਹਾਦਰ, ਸ਼ਬਦ ਗੋਬਿੰਦ ਸ਼ਬਦ ਤਿਖੀ ਧਾਰ ਵਖਾਈਆ । ਸ਼ਬਦ ਆਦਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਧਾਰਾ ਆਪ ਪਰਗਟਾਈਆ । ਸ਼ਬਦ ਗੁਰੂ ਸ਼ਬਦ ਚੇਲਾ, ਸ਼ਬਦ ਗੋਬਿੰਦ ਧਾਰ ਵਖਾਈਆ । ਸ਼ਬਦ ਸੱਜਣ ਸ਼ਬਦ ਸੁਹੇਲਾ, ਸ਼ਬਦ ਸਾਹਿਬ ਸੁਲਤਾਨ ਵਡਿਆਈਆ । ਸ਼ਬਦ ਅੰਦਰ ਸ਼ਬਦ ਨਵੇਲਾ, ਸ਼ਬਦ ਸ਼ਬਦੀ ਰਚਨਾ ਵੇਖ ਵਖਾਈਆ । ਸ਼ਬਦ ਅੰਦਰ ਸ਼ਬਦੀ ਖੇਲ ਖੇਲਾ, ਸ਼ਬਦੀ ਸ਼ਬਦ ਦਏ ਸਮਝਾਈਆ । ਸ਼ਬਦ ਆਦਿ ਜੁਗਾਦਿ ਜਾਣੇ ਆਪਣਾ ਵੇਲਾ, ਵਕਤ ਵਾਰ ਥਿਤ ਸ਼ਬਦ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦੀ ਕਾਰ ਕਮਾਈਆ । ਸ਼ਬਦ ਗੁਰੂ ਧਰ ਕਲਗੀ, ਧਰਨੀ ਧਰਤ ਧਵਲ ਵਡਿਆਈਆ । ਸ਼ਬਦ ਗੁਰੂ ਪੰਜ ਤਤ ਕਾਇਆ ਚੋਲਾ ਪਹਿਨੇ ਵਰਦੀ, ਜੁਗ ਜੁਗ ਵੇਸ ਲਏ ਵਟਾਈਆ । ਸ਼ਬਦ ਗੁਰ ਗੋਬਿੰਦ ਦਰਦੀ, ਦੁਖੀਆਂ ਦਰਦ ਗਵਾਈਆ । ਸ਼ਬਦ ਗੁਰ ਸਤਿਗੁਰ ਗੁਰਮੁਖਾਂ ਆਸਾ ਪੂਰਨ ਕਰੇ ਮਰਜ਼ੀ, ਮੰਜ਼ਲ ਸਾਚੀ ਦਏ ਪੁਚਾਈਆ । ਸ਼ਬਦ ਗੁਰੂ ਕਦੇ ਨਾ ਬਣੇ ਫ਼ਰਜ਼ੀ, ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦਏ ਜਣਾਈਆ । ਸ਼ਬਦ ਗੁਰੂ ਧਨੀ ਤੇਗ਼, ਭੱਥਾ ਤੀਰ ਕਮਾਨ ਨਾਮ ਜਣਾਈਆ । ਸ਼ਬਦ ਜਿਸ ਸੱਦੇ ਰੰਗਰੇਜ਼, ਸ਼ਬਦ ਓਹੋ ਬਾਹਰ ਕਢਾਈਆ । ਸ਼ਬਦ ਗੋਬਿੰਦ ਤਨ ਮਾਟੀ ਅੰਦਰ ਦਿਤਾ ਭੇਜ, ਸਾਚੀ ਹਾਟੀ ਜਗਤ ਵਖਾਈਆ । ਸ਼ਬਦ ਗੋਬਿੰਦ ਜੋਤੀ ਨੂਰ ਹੋ ਕੇ ਚਮਕਿਆ ਤੇਜ, ਤਿਖੀ ਧਾਰ ਇਕ ਪਰਗਟਾਈਆ । ਸ਼ਬਦ ਗੁਰਮੁਖ ਹਰਿਜਨ ਗੁਰਸਿਖ ਸੱਜਣ ਲਏ ਵੇਖ, ਪਰਦਾ ਓਹਲਾ ਆਪ ਚੁਕਾਈਆ । ਗੁਰੂ ਗੁਰੂ ਸਤਿਗੁਰੂ ਵਿਚ ਨਹੀਂ ਕੋਈ ਭੇਤ, ਭੇਤ ਸਤਿਗੁਰੂ ਗੁਰੂ ਵਿਚੋਂ ਸਮਝਾਈਆ । ਸਤਿਗੁਰੂ ਗੁਰੂ ਦੀ ਮਾਣੇ ਆਪ ਸੇਜ, ਗੁਰੂ ਸੇਜ ਗੁਰਮੁਖਾਂ ਰਿਹਾ ਹੰਢਾਈਆ । ਆਦਿ ਜੁਗਾਦਿ ਜੁਗ ਚੌਕੜੀ ਗ਼ਰੀਬ ਨਿਮਾਣਿਆਂ ਸਦਾ ਕਰੇ ਦਰੇਗ਼, ਦੁਖੀਆਂ ਦੁੱਖ ਝੋਲੀ ਪਾਈਆ । ਜਿਸ ਦਾ ਭੇਵ ਨਾ ਪਾਇਆ ਕਿਸੇ ਵੇਦ, ਚਾਰੇ ਖਾਣੀ ਰਹੀ ਕੁਰਲਾਈਆ । ਜਿਸ ਦਾ ਲੇਖਾ ਲੱਭੇ ਨਾ ਕਿਸੇ ਕਤੇਬ, ਸ਼ਾਸਤਰ ਸਿਮਰਤ ਕੂਕ ਕੂਕ ਸੁਣਾਈਆ । ਸੋ ਸਾਹਿਬ ਸਤਿਗੁਰ ਜਨ ਭਗਤਾਂ ਸੰਗ ਸਦਾ ਰਿਹਾ ਖੇਡ, ਗੁਰਮੁਖ ਆਪਣੇ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਅੰਦਰ ਕਰੇ

ਹੇਤ, ਹਿਤਕਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਗੁਰੂ ਗੋਬਿੰਦ, ਰੰਗ ਰਾਤਾ ਇਕ ਅਖਵਾਇੰਦਾ । ਸੇਜ ਸੁਹੰਜਣੀ ਵੇਖ ਪਲੰਘ, ਸ਼ਾਹ ਸੁਲਤਾਨਾ ਸੋਭਾ ਪਾਇੰਦਾ । ਬਿਨ ਰਣਜੀਤ ਨਗਾਰੇ ਵਜਾਏ ਮਰਦੰਗ, ਨਾਮ ਡੰਕਾ ਇਕ ਸੁਣਾਇੰਦਾ । ਅਨੰਦ ਪੁਰੀ ਪੁਰੀ ਅਨੰਦ ਵਿਚੋਂ ਅੱਗੇ ਲੰਘ, ਮੰਦਰ ਅੰਦਰ ਸੋਹਣਾ ਡੇਰਾ ਲਾਇੰਦਾ । ਧਾਰ ਰੂਪ ਸੂਰਾ ਸਰਬੰਗ, ਸਾਹਿਬ ਸੁਲਤਾਨ ਨਜ਼ਰੀ ਆਇੰਦਾ । ਪੂਰਬ ਪੂਰੀ ਕਰੇ ਮੰਗ, ਝੋਲੀ ਅਪਣੀ ਆਪ ਭਰਾਇੰਦਾ । ਪੁਰਖ ਅਕਾਲ ਲੈ ਕੇ ਸੰਗ, ਸੋਹਣਾ ਜੋੜ ਜੁੜਾਇੰਦਾ । ਧੁਰ ਦਾ ਬੋਲ ਅਗੰਮੀ ਛੰਦ, ਸੋਹੰ ਰਾਗ ਅਲਾਇੰਦਾ । ਬਣ ਵਿਚੋਲਾ ਸੂਰਾ ਸਰਬੰਗ, ਆਤਮ ਪਰਮਾਤਮ ਜੋੜ ਜੁੜਾਇੰਦਾ । ਹਰਿਜਨ ਨੰਗੀ ਨਾ ਹੋਵੇ ਕੰਡ, ਸਿਰ ਗੁਰਮੁਖਾਂ ਹੱਥ ਟਿਕਾਇੰਦਾ । ਇਕੋ ਗੋਬਿੰਦ ਇਕੋ ਦਾਤਾ ਇਕੋ ਦਾਤਾਰ ਸਚ ਵਸਤ ਦੇਵੇ ਵੰਡ, ਵੰਡਣਹਾਰਾ ਇਕ ਅਖਵਾਇੰਦਾ । ਇਕੋ ਤੋੜੇ ਇਕੋ ਵਿਛੋੜੇ ਇਕੋ ਜੋੜ ਪਾਏ ਗੰਢ, ਗੰਢਣਹਾਰ ਇਕ ਹੋ ਜਾਇੰਦਾ । ਇਕੋ ਜੋਤ ਇਕੋ ਨੂਰ ਇਕੋ ਚੰਦ, ਇਕੋ ਧਾਮ ਸੁਹਾਇਆ ਪੁਰੀ ਅਨੰਦ, ਜਿਸ ਪੁਰੀ ਅਨੰਦ ਵਿਚੋਂ ਇਕੋ ਗੋਬਿੰਦ ਨਜ਼ਰੀ ਆਇੰਦਾ । ਸਾਢੇ ਤਿੰਨ ਹੱਥ ਉਚੀ ਲੰਮੀ ਓਸ ਦੀ ਗੰਢ, ਛੱਪਰ ਛੰਨ ਸੋਹਣੀ ਭਾਗ ਲਗਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਘਰ ਸਾਚਾ ਸਚ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਗੁਰਸਿਖ ਗੁਰੂ ਗੁਰ ਸਤਿਗੁਰ ਸਾਚੀ ਗੋਦ ਬਹਾਇੰਦਾ ।





★ ੧੩ ਮਾਘ ੨੦੨੦ ਬਿਕਰਮੀ ਕਿਸ਼ਨ ਸਿੰਘ ਦੇ ਗ੍ਰਹਿ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਤੀਜੇ ਦਿਨ ਦਾ ਲੇਖਾ ਪੂਰਾ, ਪ੍ਰਭ ਪੂਰੀ ਤਰ੍ਹਾ ਕਰਾਇੰਦਾ । ਗਲੀਆਂ ਹੂੰਝ ਚਿਕੜ ਕੂੜਾ, ਕੂਟ ਕੁੰਟ ਵੇਖ ਵਖਾਇੰਦਾ । ਮਸਤਕ ਦੇ ਕੇ ਆਪਣੀ ਧੂੜਾ, ਧੜਕਨ ਸਰਬ ਮਿਟਾਇੰਦਾ । ਚਾੜ੍ਹ ਰੰਗ ਬਹੁ ਰੰਗੀ ਗੂੜ੍ਹਾ, ਲਾਲਨ ਲਾਲ ਵੇਖ ਵਖਾਇੰਦਾ । ਦਇਆ ਕਰ ਹੋਏ ਮਸ਼ਕੂਰਾ, ਸ਼ੁਕਰ ਗੁਜ਼ਾਰ ਆਪ ਅਖਵਾਇੰਦਾ । ਚਾਕਰ ਖ਼ਾਕ ਬਣ ਮਜ਼ਦੂਰਾ, ਸੇਵਕ ਸੇਵਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਆਪ ਜਣਾਇੰਦਾ । ਪਿਛਲਾ ਲੇਖਾ ਦਿਨ ਤੀਜਾ, ਤੇਜ ਤਪ ਜਣਾਈਆ । ਜਿਸ ਦਵਾਰਿਉਂ ਕਦੀ ਨਾ ਹੋਈ ਰੀਝਾ, ਸੋ ਮਾਰਗ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਪ੍ਰੀਤਮ ਭੀਜਾ, ਖ਼ੁਸ਼ੀਆਂ ਰੰਗ ਵਖਾਈਆ । ਜਨ ਭਗਤ ਬਣਾ ਧੁਰ ਦਾ ਜੀਜਾ, ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਦਾ ਸਹਾਈਆ । ਤੀਜਾ ਦਿਨ ਦਿਨ ਸੀ ਉਹ, ਜਿਸ ਵਿਚ ਰੱਬੀ ਨੂਰ ਖੇਲ ਖਿਲਾਈਆ । ਜਿਸ ਭਾਗ ਲਗਾਇਆ ਛੱਬੀ ਪੋਹ, ਸਚ ਦਏ ਵਡਿਆਈਆ । ਸਾਹਿਬ ਸੁਲਤਾਨ ਓਥੋਂ ਆਇਆ ਹੋ, ਹੌਲੀ ਹੌਲੀ ਫੇਰਾ ਪਾਈਆ । ਗੁਰਮੁਖਾਂ ਦੁਰਮਤ ਮੈਲ ਦੇਵੇ ਧੋ, ਕਾਇਆ ਮਾਟੀ ਪੋਚ ਪੁਚਾਈਆ । ਜਿਸ ਵਿਛੋੜੇ ਵੈਰਾਗ ਵਿਚ ਪਿਛੋਂ ਲਿਆ ਰੋ, ਤਿਸ ਅੰਤ ਰੋਣ ਰਹੇ ਨਾ ਰਾਈਆ । ਓਨ੍ਹਾਂ ਦਾ ਠਾਕਰ ਪ੍ਰਭ ਆਪ ਗਿਆ ਹੋ, ਹਰਿਜੂ ਆਪਣਾ ਸੰਗ ਨਿਭਾਈਆ ।

ਓਸ ਦਾ ਘਾਟਾ ਪੂਰਾ ਕਰਨ ਖ਼ਾਤਰ ਕੀਤਾ ਮੋਹ, ਮਿਹਰਵਾਨ ਆਪਣਾ ਫੇਰਾ ਪਾਈਆ । ਇਕੋ ਵਾਰ ਕਰ ਨਿਮਸਕਾਰ ਨੇੜੇ ਦੂਰ ਸੰਗਤ ਸਾਰੀ ਜਾਏ ਚਰਨ ਛੋਹ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਧੁਰ ਦਾ ਢੋਆ ਦਿਤਾ ਢੋ, ਢਾਹ ਢੇਰੀ ਖ਼ਾਕ ਨਾ ਕੋਇ ਬਣਾਈਆ ।

## ★ ੧੩ ਮਾਘ ੨੦੨੦ ਦੀਦਾਰ ਸਿੰਘ ਦੇ ਗ੍ਰਹਿ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਸਤਿਗੁਰ ਸੱਚਾ ਸਾਹਿਬ ਸਵਾਮੀ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦਿ ਧੁਰ ਦਾ ਬਾਨੀ, ਜੁਗ ਚੌਕੜੀ ਖੇਲ ਰਚਾਈਆ । ਸਚਖੰਡ ਨਿਵਾਸੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਦੇਵਣਹਾਰਾ ਧੁਰ ਦਾ ਦਾਨੀ, ਵਸਤ ਅਮੋਲਕ ਇਕ ਵਰਤਾਈਆ । ਭਗਤ ਭਗਵਾਨ ਕਰ ਪਰਵਾਨੀ, ਪਰਵਾਨਾ ਆਪਣਾ ਨਾਮ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਤਿਗੁਰ ਪੂਰਾ ਹਰਿ ਨਿਰੰਕਾਰ, ਵੱਡਾ ਵਡ ਵਡਿਆਈਆ । ਲੇਖਾ ਜਾਣ ਸਰਬ ਸੰਸਾਰ, ਲੱਖ ਚੁਰਾਸੀ ਖੋਜ ਖੁਜਾਈਆ । ਭਗਤ ਵਛਲ ਬਣ ਗਿਰਧਾਰ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਸੱਜਣ ਤਾਰ, ਤਾਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਹਰਿ ਕਰਤਾ ਵਡ ਵਡਿਆਈਆ । ਦੇਵਣਹਾਰਾ ਆਦਿ ਜੁਗਾਦਿ ਧੁਰ ਦੀ ਧੀਰ, ਸਚ ਸੁੱਚ ਇਕ ਸਮਝਾਈਆ । ਜਨਮ ਕਰਮ ਦੀ ਕਟ ਭੀੜ, ਲੇਖਾ ਪੂਰਬ ਦਏ ਵਖਾਈਆ । ਅੰਮ੍ਰਿਤ ਬਖ਼ਸ਼ ਸੱਚਾ ਸੀਰ, ਸਤਿ ਸਤਿਵਾਦੀ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਤਿਗੁਰ ਪੂਰਾ ਹਰਿ ਸੁਲਤਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਦੇਵਣਹਾਰਾ ਨਾਮ ਨਿਧਾਨਾ, ਧੁਰ ਦੀ ਵਸਤ ਆਪ ਵਰਤਾਇੰਦਾ । ਖੇਲਣਹਾਰਾ ਦੋ ਜਹਾਨਾਂ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਪਹਿਨਣਹਾਰਾ ਅਗੰਮੀ ਬਾਣਾ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਧਰਾਇੰਦਾ । ਸਤਿਗੁਰ ਪੂਰਾ ਵੇਸ ਅਵੱਲਾ, ਏਕੰਕਾਰ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਦਵਾਰੇ ਸੋਭਾ ਪਾਈਆ । ਲੇਖਾ ਜਾਣੇ ਜਲਾਂ ਥਲਾਂ, ਘਟ ਘਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੱਡਾ ਵਡ ਵਡਿਆਈਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਇਕ ਇਕੱਲਾ ਆਪ ਅਖਵਾਇੰਦਾ । ਕਲਜੁਗ ਅੰਤ ਹੋ ਮਿਹਰਵਾਨ, ਸਚ ਮਰਦਾਨਗੀ ਨਾਮ ਵਖਾਇੰਦਾ । ਦੋ ਜਹਾਨਾਂ ਬਣ ਕੇ ਕਾਹਨ, ਰੂਪ ਅਨੂਪ ਆਪ ਪਰਗਟਾਇੰਦਾ । ਨਿਰਧਨ ਸਰਧਨ ਦੇਵੇ ਮਾਣ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਮਹਿਮਾ ਆਪਣੀ ਆਪ ਸਮਝਾਈਆ । ਜੁਗ ਚੌਕੜੀ ਸੇਵਾ ਲਾ ਸਾਧ ਸੰਤ, ਗੁਰ ਅਵਤਾਰ ਹੁਕਮ ਮਨਾਈਆ । ਸ਼ਬਦ ਗਿਆਨ ਦੇ ਬੋਧ ਅਗਾਧ ਬਣ ਪੰਡਤ, ਕਰੇ ਇਕ ਪੜ੍ਹਾਈਆ । ਲੇਖਾ ਜਾਣ ਮਾੜੀ ਮੰਡਪ, ਮਹਲ ਅਟੱਲ ਖੋਜ ਖੁਜਾਈਆ । ਸਾਕ ਸੱਜਣ ਬਣ ਬੰਧਪ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਹਿਬ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਸਾਹਿਬ ਸਤਿਗੁਰ ਇਕ ਦਾਤਾਰ, ਹਰਿ ਜੂ ਦਇਅਵਾਨ ਅਖਵਾਇੰਦਾ । ਆਦਿ ਜੁਗਾਦੀ ਜਿਸ ਦਾ ਅਵਤਾਰ, ਪੰਜ ਤਤ ਕਾਇਆ ਚੋਲਾ ਜਗਤ ਹੰਢਾਇੰਦਾ । ਪੀਰ ਪੈਗੰਬਰ ਜਿਸ ਦੀ ਧਾਰ, ਗੁਰ ਅਵਤਾਰ ਰੰਗ ਰੰਗਾਇੰਦਾ । ਨਾਮ ਨਿਧਾਨ ਜਿਸ ਦਾ ਜੈਕਾਰ, ਅਨਬੋਲਤ ਸਾਚਾ ਰਾਗ ਸੁਣਾਇੰਦਾ । ਲੱਖ ਚੁਰਾਸੀ ਜਿਸ ਦਾ ਪਸਾਰ, ਘਟ ਘਟ ਅੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਤਿਗੁਰ ਇਕੋ ਇਕ ਅਖਵਾਇੰਦਾ । ਸਤਿਗੁਰ ਇਕ ਇਕ ਇਕੱਲਾ, ਏਕੰਕਾਰ ਵੱਡੀ ਵਡਿਆਈਆ । ਵਸਣਹਾਰਾ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਈਆ । ਪਾਵੇ ਸਾਰ ਜਲਾਂ ਥਲਾਂ, ਡੂੰਘੇ ਸਾਗਰ ਫੋਲ ਫੁਲਾਈਆ । ਸ਼ਬਦੀ ਧਾਰ ਜੋਤੀ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜਨ ਭਗਤ ਫੜਾਏ ਆਪਣਾ ਪੱਲਾ, ਸਾਚੀ ਗੰਢ ਨਾਮ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਰਿਹਾ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਇਕ ਅਖਵਾਇੰਦਾ । ਲੇਖਾ ਜਾਣ ਧੁਰ ਦੀ ਧਾਰ, ਧੁਰ ਮਸਤਕ ਵੇਖ ਵਖਾਇੰਦਾ । ਸੰਤ ਸੁਹੇਲੇ ਲਾ ਕੇ ਪਾਰ, ਮੰਜ਼ਲ ਪਿਛਲੀ ਪੰਧ ਮੁਕਾਇੰਦਾ । ਦੇ ਦਰਸ ਅਗੰਮ ਅਪਾਰ, ਜਨਮ ਤ੍ਰਿਸਨਾ ਰੋਗ ਮਿਟਾਇੰਦਾ । ਚਰਨ ਕਵਲ ਇਕ ਆਧਾਰ, ਸਚ ਸਰਨਾਈ ਆਪ ਸਮਝਾਇੰਦਾ । ਪ੍ਰੇਮ ਪ੍ਰੀਤੀ ਬਖ਼ਸ਼ ਪਿਆਰ, ਸਾਚੀ ਰੀਤੀ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਪੂਰਾ ਪੁਰਖ ਅਕਾਲ, ਅਗੰਮ ਅਗੰਮੜਾ ਨਜ਼ਰੀ ਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰੇ ਸੋਭਾ ਪਾਈਆ । ਜਨ ਭਗਤ ਸੁਹੇਲੇ ਲਏ ਉਠਾਲ, ਹਰਿ ਸੱਜਣ ਆਪ ਜਗਾਈਆ । ਲੇਖੇ ਲਾ ਸ਼ਾਹ ਕੰਗਾਲ, ਊਚ ਨੀਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸਤਿਗੁਰ ਪੂਰਾ ਹਰਿ ਰਘੁਨਾਥ, ਰਘੁਪਤ ਇਕੋ ਨਜ਼ਰੀ ਆਇੰਦਾ । ਜੁਗ ਚੌਕੜੀ ਜਿਸ ਦੀ ਗਾਥ, ਖਾਣੀ ਬਾਣੀ ਸਿਫ਼ਤ ਸਾਲਾਹਿੰਦਾ । ਨਿਤ ਨਵਿਤ ਜਿਸ ਦਾ ਚਲੇ ਰਾਥ, ਰਥਵਾਹੀ ਗੁਰ ਅਵਤਾਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਤਿਗੁਰ ਪੂਰਾ ਇਕ ਕਰਤਾਰ, ਕਰਨੀ ਆਪਣੇ ਹੱਥ ਰਖਾਈਆ । ਜਨ ਭਗਤਾਂ ਦੇ ਦਰਸ ਦੀਦਾਰ, ਦੀਦਾਰ ਦੀਦਾਰ ਵਿਚੋਂ ਰੁਸ਼ਨਾਈਆ । ਰੋਸ਼ਨ ਕਰ ਉਚ ਮਨਾਰ, ਬਿਨ ਦੀਆ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸਚ ਰਘੁਰਾਈਆ । ਸਤਿਗੁਰ ਸੱਚਾ ਏਕੋ ਇਕ, ਇਕ ਇਕੱਲਾ ਨਜ਼ਰੀ ਆਇੰਦਾ । ਜਿਸ ਦਾ ਲੇਖਾ ਕੋਈ ਨਾ ਸਕੇ ਲਿਖ, ਲਿਖ ਲੇਖ ਨਾ ਕੋਇ ਸਮਝਾਇੰਦਾ । ਜਗਤ ਨੇਤਰ ਕਿਸੇ ਨਾ ਆਏ ਦਿਸ, ਲੋਚਣ ਦਰਸ ਕੋਇ ਨਾ ਪਾਇੰਦਾ । ਜਨ ਭਗਤਾਂ ਦੇਵੇ ਧੁਰ ਦਾ ਹਿੱਸ, ਸਾਚਾ ਹਿੱਸਾ ਵੰਡ ਵੰਡਾਇੰਦਾ । ਲੱਖ ਚੁਰਾਸੀ ਦੇ ਕੇ ਪਿੱਠ, ਮੁਖ ਆਪਣਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰਨੇ ਯੋਗ, ਸਤਿਗੁਰ ਵੱਡਾ ਵਡ ਵਡਿਆਈਆ । ਭਗਤ ਮਿਲਾਵਾ ਧੁਰ ਸੰਜੋਗ, ਜੁਗ ਵਿਛੜੇ ਲਏ ਮਿਲਾਈਆ । ਨਾਮ ਨਿਧਾਨਾ ਰਸ ਸਾਚੀ ਚੋਗ, ਮੁਖ ਇਕੋ ਇਕ ਵਖਾਈਆ ।

ਧੁਰ ਦਾ ਢੋਲਾ ਬੋਲ ਸਲੋਕ, ਸੋਹੰ ਮੰਤਰ ਕਰੇ ਪੜ੍ਹਾਈਆ । ਦੇ ਵਡਿਆਈ ਲੋਕ ਪਰਲੋਕ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਸਚ ਸਵਾਮੀ, ਅਕਲ ਕਲਧਾਰੀ ਆਪ ਅਖਵਾਇੰਦਾ । ਗੁਰਮੁਖ ਵੇਖੇ ਬੁਧ ਅਞਾਣੀ, ਬਾਲੀ ਬੁਧ ਆਪ ਸਮਝਾਇੰਦਾ । ਸ਼ਬਦ ਸੁਣਾ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਲਗਾਇੰਦਾ । ਅੰਮ੍ਰਿਤ ਬਖ਼ਸ਼ ਠੰਡਾ ਪਾਣੀ, ਚਰਨੋਦਕ ਇਕੋ ਮੁਖ ਚਵਾਇੰਦਾ । ਸਾਚਾ ਦੇ ਪਦ ਨਿਰਬਾਣੀ, ਘਰ ਮੰਦਰ ਇਕ ਸੁਹਾਇੰਦਾ । ਲੇਖਾ ਚੁਕਾ ਚਾਰੇ ਖਾਣੀ, ਦਰਗਾਹ ਸਾਚੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਖੇਲ ਰਚਾਇੰਦਾ । ਸਾਹਿਬ ਸਤਿਗੁਰ ਸੂਰਬੀਰ, ਬੀਰਤਾ ਆਪਣਾ ਨਾਮ ਜਣਾਈਆ । ਸ਼ਬਦ ਨਿਰਾਲਾ ਮਾਰੇ ਤੀਰ, ਤਿਖੀ ਮੁਖੀ ਧਾਰ ਵਖਾਈਆ । ਕੂੜੀ ਕਿਰਿਆ ਕੱਢੇ ਪੀੜ, ਹਉਮੇ ਹੰਗਤਾ ਰੋਗ ਗਵਾਈਆ । ਅੰਮ੍ਰਿਤ ਠਾਂਡਾ ਦੇਵੇ ਸੀਰ, ਨਿਝਰ ਝਿਰਨਾ ਇਕ ਝਿਰਾਈਆ । ਹੱਥ ਫੜ ਅਗੰਮੀ ਸ਼ਮਸ਼ੀਰ, ਪੰਚ ਵਿਕਾਰਾ ਖੰਡ ਖੰਡ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਸਚ ਦੇਵੇ ਮਾਣ ਵਡਿਆਈਆ । ਸਾਹਿਬ ਸਤਿਗੁਰ ਧੁਰ ਦਾ ਠਾਕਰ, ਹਰਿ ਕਰਤਾ ਇਕ ਅਖਵਾਇੰਦਾ । ਪਾਰ ਲੰਘਾਏ ਕਲਜੁਗ ਸਾਗਰ, ਡੂੰਘੀ ਭਵਰ ਨਾ ਕੋਇ ਭਵਾਇੰਦਾ । ਮਿਹਰਵਾਨ ਕਰੀਮ ਕਰਤਾ ਕਾਦਰ, ਕੁਦਰਤ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਸਤਿਗੁਰ ਪੂਰਾ ਭਗਤ ਸੁਹੇਲਾ, ਮਿਲਣੀ ਜਗਦੀਸ਼ ਕਰਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰੂ ਦਏ ਵਡਿਆਈਆ । ਵਸਣਹਾਰਾ ਧਾਮ ਨਵੇਲਾ, ਸਵਛ ਸਰੂਪੀ ਵੇਸ ਧਰਾਈਆ । ਨਿਰਵੈਰ ਹੋ ਕੇ ਫਿਰੇ ਇਕੇਲਾ, ਅਕਲ ਕਲਧਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰ ਕਰਤਾ ਪੁਰਖ, ਸਦ ਦੇਵੇ ਮਾਣ ਵਡਿਆਈਆ । ਚਿੰਤਾ ਸੋਗ ਮਿਟਾਏ ਹਰਖ਼, ਗ਼ਮ ਰੋਗ ਨਾ ਕੋਇ ਸਤਾਈਆ । ਦਿਆਲ ਹੋ ਕੇ ਕਰੇ ਤਰਸ, ਜਮ ਕਾਲ ਭੈ ਚੁਕਾਈਆ । ਜਨਮ ਜਨਮ ਦੀ ਮੇਟੇ ਤੜਪ, ਸਤਿ ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਦਏ ਵਖਾਈਆ । ਸਤਿਗੁਰ ਪੂਰਾ ਵਖਾਏ ਘਰ ਸੱਜਣ, ਸਾਜਣ ਇਕੋ ਦਏ ਜਣਾਈਆ । ਕੂੜੀ ਕਿਰਿਆ ਭਾਂਡੇ ਭੱਜਣ, ਭੌ ਭਰਮ ਸਭ ਮਿਟਾਈਆ । ਸਚ ਇਸ਼ਨਾਨ ਕਰਾਵੇ ਮਜਨ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਪੂਰਾ ਚਾੜ੍ਹੇ ਰੰਗਤ, ਰੰਗ ਇਕੋ ਨਾਮ ਰੰਗਾਈਆ । ਕਿਰਪਾ ਕਰੇ ਧੁਰ ਦੀ ਸੰਗਤ, ਸਗਲਾ ਸੰਗ ਰਖਾਈਆ । ਅੰਗੀਕਾਰ ਹੋ ਕੇ ਅੰਗ ਲਾਏ ਜਿਉਂ ਨਾਨਕ ਅੰਗਦ, ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨ ਦੇਵੇ ਬੋਧ ਅਗਾਧਾ ਬਣ ਕੇ ਪੰਡਤ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਪੂਰਾ ਦੂਲੋ ਦੂਲ, ਦੂਲ੍ਹਾ ਇਕੋ ਨਜ਼ਰੀ ਆਈਆ । ਜਨ ਭਗਤ ਫੁਲਵਾੜੀ ਵੇਖੇ ਫੂਲ, ਪਤ ਟਾਹਣੀ ਆਪ ਮਹਿਕਾਈਆ । ਸਭ ਦਾ ਲੇਖਾ ਜਾਣੇ ਮੂਲ, ਪੂਰਬ ਫੋਲ ਫੁਲਾਈਆ । ਜੋ ਸਾਹਿਬ ਸਤਿਗੁਰ ਗਏ ਭੂਲ, ਤਿਨ੍ਹਾਂ ਭੁਲਿਆਂ ਲਏ ਮਿਲਾਈਆ ।

ਜੁਗ ਚੌਕੜੀ ਨਾ ਬਦਲੇ ਆਪ ਅਸੂਲ, ਅਸਲੀਅਤ ਆਪਣੇ ਨਾਲ ਲਿਆਈਆ । ਧੁਰ ਦਾ ਬਣ ਕੰਤ ਕੰਤੂਲ, ਹਰਿਜਨ ਸੱਚੇ ਲਏ ਪਰਨਾਈਆ । ਲਹਿਣਾ ਵੇਖ ਪਿਛਲਾ ਮੂਲ, ਲੇਖੇ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਹਿਬ ਸਤਿਗੁਰ ਧੁਰ ਦਾ ਦੂਲ੍ਹਾ, ਨਰ ਨਿਰੰਕਾਰ ਇਕੋ ਨਜ਼ਰੀ ਆਈਆ । ਨਿਤ ਨਵਿਤ ਕਦੇ ਨਾ ਭੂਲਾ, ਭੁਲਿਆਂ ਮਾਰਗ ਦਏ ਵਖਾਈਆ । ਗੁਰ ਚੇਲੇ ਕਰਾਏ ਸੁਲ੍ਹਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਭਾਗ ਲਗਾਏ ਕਾਇਆ ਕੁਲਾ, ਨਗਰ ਖੇੜਾ ਇਕ ਵਡਿਆਈਆ । ਸਦਾ ਦਵਾਰਾ ਰੱਖੇ ਖੁਲ੍ਹਾ, ਖਿੜਕੀ ਬੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਪੂਰਾ ਸ਼ਬਦੀ ਧਾਰ, ਪੁਰਖ ਅਕਾਲ ਦੇਵੇ ਵਡਿਆਈਆ । ਜੁਗ ਜੁਗ ਕਰੇ ਸਚ ਪਿਆਰ, ਹਰਿ ਸੰਤਾਂ ਮੇਲ ਮਿਲਾਈਆ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਗੁਰਮੁਖ ਗੁਰਸਿਖ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਬੰਧਾਈਆ । ਦਿਵਸ ਰੈਣ ਦੇ ਦੀਦਾਰ, ਪਰਦਾ ਉਹਲਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਪੂਰਾ ਕਰਨੀ ਕਰਦਾ ਆਇਆ, ਕਰਨਹਾਰ ਇਕ ਅਖਵਾਇੰਦਾ । ਆਦਿ ਜੁਗਾਦੀ ਬਣ ਕੇ ਦਾਈ ਦਾਇਆ, ਸਾਚੀ ਸੇਵ ਕਮਾਇੰਦਾ । ਰੂਪ ਧਰ ਕੇ ਪਿਤਾ ਮਾਇਆ, ਪੂਤ ਸਪੂਤੇ ਗੋਦ ਸੁਹਾਇੰਦਾ । ਸਾਚਾ ਮਾਰਗ ਦਏ ਵਖਾਇਆ, ਰਾਹ ਇਕੋ ਇਕ ਲਗਾਇੰਦਾ । ਨਿਰਗੁਣ ਸਰਗੁਣ ਰਾਹ ਚਲਾਇਆ, ਸਾਚੀ ਖੇਲ ਆਪ ਰਚਾਇੰਦਾ । ਲੱਖ ਚੁਰਾਸੀ ਵਿਚੋਂ ਭਗਤ ਤਰਾਇਆ, ਤਾਰਨਹਾਰਾ ਦਇਆ ਕਮਾਇੰਦਾ । ਕਲਜੁਗ ਅੰਤਮ ਮੇਲ ਮਿਲਾਇਆ, ਜਗਤ ਵਿਛੋੜਾ ਦੂਰ ਕਰਾਇੰਦਾ । ਸੋਹੰ ਮੰਤਰ ਇਕ ਦ੍ਰਿੜਾਇਆ, ਨਾਤਾ ਆਪਣੇ ਨਾਲ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਹੋਏ ਸਹਾਇਆ, ਸਹਾਇਕ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਸੰਗਤ ਸੰਗ ਸਦਾ ਸਮਾਇਆ, ਵਿਛੜ ਕਦੇ ਨਾ ਜਾਇੰਦਾ ।

### ★ ੧੪ ਮਾਘ ੨੦੨੦ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਸੇਵਾ ਕਹੇ ਮੇਰੇ ਪਰਬੀਨ, ਬੇਨਜ਼ੀਰ ਤੇਰੀ ਸਰਨਾਈਆ । ਮੈਂ ਨਿਰਧਨ ਹੋ ਮਸਕੀਨ, ਦਰ ਠਾਂਡੇ ਸੀਸ ਨਿਵਾਈਆ । ਜੁਗ ਚੌਕੜੀ ਰਹੀ ਅਧੀਨ, ਨੇਤਰ ਨੈਣ ਨਾ ਕੋਇ ਉਠਾਈਆ । ਤੇਰਾ ਵੇਖ ਖੇਲ ਯਾਮੁਬੀਨ, ਮਿਹਰਵਾਨ ਭੇਵ ਕੋਇ ਨਾ ਆਈਆ । ਮੈਂ ਵੇਖ ਥੱਕੀ ਲੋਕ ਤੀਨ, ਚਾਰੋਂ ਕੁੰਟ ਧਿਆਨ ਲਗਾਈਆ । ਬਿਰਹੋਂ ਵਿਛੋੜੇ ਅੰਦਰ ਤੜਫਾਂ ਜਿਉਂ ਜਲ ਮੀਨ, ਬਿਲਪ ਚਾਤਰਕ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੇਵਾ ਕਹੇ ਮੈਂ ਜਗਤ ਨਿਮਾਣੀ, ਹਸਤੀ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਭਰਦੀ ਰਹੀ ਪਾਣੀ, ਪੀਸਣ ਪੀਸ ਸੇਵ ਕਮਾਈਆ । ਬਣੀ ਰਹੀ ਬਾਲ ਅਞਾਣੀ, ਬਲ ਬੁੱਧ ਨਾ ਕੋਇ ਰਖਾਈਆ ।

੩੫੮
੧੯

ਫਿਰ ਫਿਰ ਵੇਖਦੀ ਰਹੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਧਿਆਨ ਲਗਾਈਆ । ਪੁਰਖ ਅਕਾਲ ਮੇਰੇ ਮਿਹਰਵਾਨ ਮੈਨੂੰ ਕਿਸੇ ਨਾ ਬਣਾਇਆ ਧੁਰ ਦੀ ਰਾਣੀ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਕੋਝੀ ਕਮਲੀ ਮਾਤ ਪਛਤਾਣੀ, ਪਸਚਾਤਾਪ ਵਿਚ ਵਕਤ ਲੰਘਾਈਆ । ਸਚ ਦਵਾਰੇ ਦੇਵੇ ਨਾ ਕੋਇ ਮਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸੇਵਾ ਕਹੇ ਮੈਂ ਹੋਛੀ ਮਤ, ਮਾਤ ਚਲੇ ਨਾ ਕੋਇ ਚਤੁਰਾਈਆ । ਸਾਚਾ ਕਰੇ ਨਾ ਕੋਈ ਸਾਥ, ਸੰਗੀ ਸੰਗ ਨਾ ਕੋਇ ਨਿਭਾਈਆ । ਨੇਤਰ ਉਠਾ ਵੇਖੇ ਨਾ ਕੋਈ ਅੱਖ, ਨੈਨਣ ਨੈਣ ਨੈਣ ਸ਼ਰਮਾਈਆ । ਮੇਰਾ ਕਿਸੇ ਨਾ ਦਿਤਾ ਹੱਕ, ਹਕੀਕਤ ਝੋਲੀ ਕੋਇ ਨਾ ਪਾਈਆ । ਦਰੋਹੀ ਖ਼ੁਦਾਏ ਗਈ ਥੱਕ, ਥਕਾਵਟ ਮੇਰੀ ਨਾ ਕੋਇ ਮਿਟਾਈਆ । ਫਿਰ ਫਿਰ ਵੇਖਿਆ ਜਗਤ ਹੱਟ, ਘਰ ਘਰ ਆਪਣੀ ਅਲਖ ਜਗਾਈਆ । ਮੇਰੀ ਕੋਈ ਨਾ ਰੱਖੇ ਪਤ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੀ ਵਡਿਆਈਆ । ਸੇਵਾ ਕਹੇ ਮੈਂ ਬਾਲੀ ਨੱਢੀ, ਬਚਪਨ ਵਿਚ ਦਿਆਂ ਦੁਹਾਈਆ । ਸ਼ਾਹ ਸੁਲਤਾਨਾਂ ਘਰੋਂ ਕੱਢੀ, ਜਗਤ ਜਹਾਨ ਨਾ ਕੋਇ ਢੋਈਆ । ਮੇਰਾ ਦੁਖੀ ਅੰਗ ਅੰਗ ਕਰੇ ਹੱਡੀ, ਤਤ ਤੱਤ ਰਿਹਾ ਕੁਰਲਾਈਆ । ਮੇਰੀ ਧਾਰ ਕਿਸੇ ਨਾ ਬੱਧੀ, ਰੀਤ ਮਾਤ ਨਾ ਕੋਇ ਜਣਾਈਆ । ਬੀਤੇ ਕਾਲ ਕੋਟ ਸਦੀ, ਸਿਰ ਸਦਕਾ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਸੇਵਾ ਕਹੇ ਮੈਂ ਨਿੱਕੀ ਬਾਲੀ, ਸੋਚ ਸਮਝ ਨਾ ਕੋਇ ਰਖਾਈਆ । ਜੁਗ ਚੌਕੜੀ ਘਾਲ ਘਾਲੀ, ਨਿਤ ਨਵਿਤ ਕਾਰ ਕਮਾਈਆ । ਜਿਸ ਵੇਲੇ ਵੇਖਾਂ ਹੱਥ ਦੋਵੇਂ ਖ਼ਾਲੀ, ਵਸਤੂ ਨਜ਼ਰ ਕੋਇ ਨਾ ਆਈਆ । ਨਾਨਕ ਨਿਰਗੁਣ ਦੱਸ ਕੇ ਗਿਆ ਦਲਾਲੀ, ਸਾਚੀ ਸਿਖਿਆ ਇਕ ਸਮਝਾਈਆ । ਅੰਗਦ ਕਿਹਾ ਬੇਮਿਸਾਲੀ, ਮਿਸਲ ਸਭ ਦੀ ਦਏ ਬਣਾਈਆ । ਅਮਰਦਾਸ ਕਿਹਾ ਧੁਰ ਦਾ ਮਾਲੀ, ਮਾਲਕ ਇਕੋ ਬੇਪਰਵਾਹੀਆ । ਰਾਮਦਾਸ ਬੋਲ ਕਿਹਾ ਸਾਹਿਬ ਸਤਿਗੁਰ ਦੀਨ ਦਿਆਲੀ, ਦਇਆਵਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸੇਵਾ ਕਹੇ ਮੈਂ ਜਗਤ ਨਿਮਾਣੀ, ਨਿਰਧਨ ਆਪਣਾ ਨਾਉਂ ਰਖਾਈਆ । ਚਾਰ ਜੁਗ ਮੇਰੀ ਕਰੇ ਨਾ ਕੋਈ ਪਹਿਚਾਨੀ, ਮੰਦਰ ਘਰ ਨਾ ਕੋਇ ਵਸਾਈਆ । ਪ੍ਰੇਮੀ ਮਿਲੇ ਨਾ ਕੋਈ ਹਾਣੀ, ਓਢਣ ਸੀਸ ਨਾ ਕੋਇ ਟਿਕਾਈਆ । ਸੱਚੀ ਦੇਵੇ ਨਾ ਕੋਈ ਨਿਸ਼ਾਨੀ, ਨਿਸ਼ਾਨਾ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸੇਵਾ ਕਹੇ ਮੈਂ ਘੋਲ ਘੋਲੀ, ਸੀਸ ਜਗਦੀਸ ਨਿਵਾਈਆ । ਜੁਗ ਚੌਕੜੀ ਕਦੇ ਨਾ ਬੋਲੀ, ਚੁੱਪ ਚੁਪੀਤੀ ਕਾਰ ਕਮਾਈਆ । ਕਲਜੁਗ ਅੰਤਮ ਅੰਤਰ ਹਿਰਦੇ ਮੈਂ ਵੀ ਡੋਲੀ, ਧੀਰਜ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵੇਖਿਆ ਪੈਂਦੀ ਰੌਲੀ, ਹੋਕਾ ਦੇਵੇ ਜਗਤ ਲੋਕਾਈਆ । ਜਨ ਭਗਤ ਕਹਿਣ ਸ੍ਰੀ ਭਗਵਾਨ ਹੱਥ ਲੈ ਕੇ ਮਹਿੰਦੀ ਮੌਲੀ, ਤੰਦ ਸਗਨ ਨਾਮ ਬੰਧਾਈਆ । ਸਚ ਦਰਗਾਹ ਜਿਸ ਨੇ ਖੋਲ੍ਹੀ, ਦੇਵੇ ਸਰਬ ਮਾਣ ਵਡਿਆਈਆ । ਮੈਂ ਵੀ ਚਲ ਕੇ ਆਈ ਹੌਲੀ ਹੌਲੀ, ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਵਰ ਦਾਤੇ ਦਰ ਤੇਰੇ ਮੰਗ ਮੰਗਾਈਆ । ਸੇਵਾ ਕਹੇ ਮੈਂ ਆਈ ਚਲ, ਦੂਰ ਦੁਰਾਡਾ ਪੰਧ ਮੁਕਾਈਆ । ਪਰਬਤ ਚੋਟੀ ਟਿੱਲੇ ਰਹੇ

੩੫੯ ੧੯

ਹੱਲ, ਜੰਗਲ ਜੂਹ ਧਿਆਨ ਲਗਾਈਆ । ਸ਼ਾਹੀ ਲਸ਼ਕਰ ਵੇਖਣ ਦਲ, ਫ਼ੌਜਦਾਰ ਨੈਣ ਉਠਾਈਆ । ਮੈਂ ਸਭਨਾ ਕਰ ਕੇ ਵਲ ਛਲ, ਓਝਲ ਹੋ ਕੇ ਮੁਖ ਛੁਪਾਈਆ । ਕਿਰਪਾ ਕਰ ਮੇਰੇ ਭਗਵਨ, ਸਾਹਿਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਦਏ ਜਣਾਈਆ । ਸੇਵਾ ਕਹੇ ਮੈਨੂੰ ਆਇਆ ਦੁੱਖ, ਦੁੱਖਾ ਇਕੋ ਨਜ਼ਰੀ ਆਈਆ । ਮੇਰੇ ਪ੍ਰੇਮੀਆਂ ਸਦਾ ਰਹੇ ਭੁੱਖ, ਕੰਗਲਾ ਰੂਪ ਵਟਾਈਆ । ਮੈਂ ਓਨ੍ਹਾਂ ਮੰਗਾਂ ਸੁੱਖ, ਦਰ ਤੇਰੇ ਕਰ ਅਰਜ਼ੋਈਆ । ਤੇਰੀ ਦੋ ਜਹਾਨ ਲੁੱਟ, ਮੈਂ ਮੁਹਤਾਜ ਝੋਲੀ ਡਾਹੀਆ । ਕਿਰਪਾ ਕਰ ਪ੍ਰਭ ਤੁਠ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਦੇ ਵਰਤਾਈਆ । ਸੇਵਾ ਕਹੇ ਮੈਂ ਕੋਝੀ ਕਮਲੀ, ਮੂਰਖ ਮੱਤ ਰਹੀ ਕੁਰਲਾਈਆ । ਬਿਰਹੋਂ ਵਿਛੋੜੇ ਕੀਤੀ ਬਵਲੀ, ਸੁਰਤੀ ਸੁਰਤ ਭਵਾਈਆ । ਮਿਲੇ ਮਾਣ ਨਾ ਉਪਰ ਧਵਲੀ, ਧਰਨੀ ਧਰਤ ਨਾ ਕੋਇ ਸਹਾਈਆ । ਖ਼ਾਲੀ ਵੇਖ ਮੇਰੀ ਬਗ਼ਲੀ, ਭਿਛਿਆ ਨਜ਼ਰ ਕੋਇ ਨਾ ਆਈਆ । ਕੀ ਹਾਲਤ ਦੱਸਾਂ ਸਾਹਿਬ ਅਗਲੀ, ਬਲ ਰਹਿਣ ਕੋਇ ਨਾ ਪਾਈਆ । ਮੈਂ ਵੇਖ ਕੇ ਖ਼ੁਸ਼ ਇਕੋ ਹੋਈ ਤੂੰ ਭਗਤਾਂ ਸੀਸ ਬੱਧੀ ਪਗੜੀ, ਸਿਰ ਆਪਣਾ ਹੱਥ ਟਿਕਾਈਆ । ਓਨ੍ਹਾਂ ਪਿਛੇ ਮੈਂ ਹੋ ਕੇ ਆਈ ਤਕੜੀ, ਬਲ ਆਪਣਾ ਨਾਲ ਮਿਲਾਈਆ । ਬਿਨ ਤੇਰੀ ਕਿਰਪਾ ਟੰਗੋਂ ਹੋਈ ਲੰਗੜੀ, ਭੱਜ ਸਕਾਂ ਨਾ ਵਾਹੋ ਦਾਹੀਆ । ਕੂੜੀ ਕਿਰਿਆ ਮੈਨੂੰ ਰਹੀ ਜਕੜੀ, ਕਦਮ ਸਕਾਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੈਂ ਵੇਖ ਕੇ ਆਈ ਬ੍ਰਾਹਮਣ ਸ਼ੱਤਰੀ, ਸ਼ੂਦਰ ਵੈਸ਼ ਦਰ ਦਰ ਫੇਰਾ ਪਾਈਆ । ਸੇਵਾ ਕਹੇ ਮੈਂ ਹੋਈ ਨਾਲਾਇਕ, ਮੋਹੇ ਮਿਲੇ ਨਾ ਕੋਇ ਵਡਿਆਈਆ । ਆਦਿ ਜੁਗਾਦਿ ਮੈਂ ਸਭ ਦੇ ਰਹੀ ਮਾਤਹਿਤ, ਹੁਕਮੇ ਅੰਦਰ ਫੇਰਾ ਪਾਈਆ । ਮੈਨੂੰ ਕਰੇ ਨਾ ਕੋਈ ਰਿਆਇਤ, ਝੋਲੀ ਦਰ ਨਾ ਕੋਇ ਭਰਾਈਆ । ਸਾਰੇ ਕਰਦੇ ਰਹਿਣ ਹਦਾਇਤ, ਆਪਣਾ ਜ਼ੋਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਇਕ ਵਰ, ਸਾਹਿਬ ਸਤਿਗੁਰ ਦੀਨ ਦਿਆਲ ਦਇਆ ਕਮਾਈਆ । ਸੇਵਾ ਕਹੇ ਮੇਰਾ ਕੋਈ ਨਾ ਮੁੱਲ, ਕੀਮਤ ਕਰਤੇ ਨਾ ਕੋਈ ਪਾਇੰਦਾ । ਕੋਝੀ ਕਮਲੀ ਜੇ ਗਈ ਭੁੱਲ, ਭੁਲਿਆਂ ਰਾਹ ਨਜ਼ਰ ਨਾ ਆਇੰਦਾ । ਤੇਰੇ ਚਰਨਾਂ ਅੰਦਰ ਜਾਵਾਂ ਰੁਲ, ਦੂਜਾ ਗ੍ਰਿਹਿ ਨਾ ਕੋਈ ਭਾਇੰਦਾ । ਤੇਰੀ ਰਹਿਮਤ ਸਦਾ ਅਨਮੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਾਹਿਬ ਸਭ ਤੇਰੀ ਆਸ ਰਖਾਇੰਦਾ । ਸੇਵਾ ਕਹੇ ਮੈਂ ਹੋਈ ਮਜ਼ਬੂਰ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਚਾਰੋਂ ਕੁੰਟ ਭਰਿਆ ਗ਼ਰੂਰ, ਗ਼ੁਰਬਤ ਵਿਚ ਫਿਰੇ ਲੋਕਾਈਆ । ਤ੍ਰੈਗੁਣ ਮਾਇਆ ਤਪੇ ਤੰਦੂਰ, ਅਗਨੀ ਅੱਗ ਨਾ ਕੋਇ ਬੁਝਾਈਆ । ਸਾਹਿਬ ਸਤਿਗੁਰ ਮੇਰਾ ਕਰ ਮੁਆਫ਼ ਕਸੂਰ, ਦੋਏ ਦੋਏ ਜੋੜ ਲਾਗਾਂ ਪਾਈਆ । ਮੇਰੀ ਆਸਾ ਮਨਸਾ ਪੂਰ, ਸੰਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਵਖਾਈਆ । ਸੇਵਾ ਕਹੇ ਵੇਖ ਮੇਰਾ ਹਾਲ, ਪਰਦਾ ਉਹਲਾ ਆਪ ਚੁਕਾਈਆ । ਅੱਠੇ ਪਹਿਰ ਹੋਈ ਬੇਹਾਲ, ਸੁਰਤੀ ਸੁਰਤ ਨਾ ਕੋਇ ਵਡਿਆਈਆ । ਮੇਰੀ ਚੋਲੀ ਹੋਈ ਕੰਗਾਲ, ਝੋਲੀ ਸਕੇ ਨਾ ਕੋਇ ਭਰਾਈਆ । ਸਾਚਾ ਮਿਲੇ ਨਾ ਕੋਇ ਦਲਾਲ, ਵਿਚੋਲਾ ਸੰਗ ਨਾ ਕੋਇ ਨਿਭਾਈਆ । ਮੈਂ ਜੁਗ ਚੌਕੜੀ ਥੱਕੀ ਭਾਲ, ਦਹਿ

ਦਿਸ਼ਾ ਫੇਰਾ ਪਾਈਆ । ਮੇਰਾ ਹੱਲ ਨਾ ਹੋਇਆ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਆਪਣੇ ਨਾਲ ਮਿਲਾਈਆ । ਸੇਵਾ ਕਹੇ ਮੈਂ ਹੋਈ ਛੋਟੀ, ਜਗਤ ਨੇਤਰ ਨਜ਼ਰ ਨਾ ਆਈਆ । ਮੈਨੂੰ ਲੱਭਦੇ ਗਏ ਕੋਟਨ ਕੋਟੀ, ਕੋਟਨ ਕੋਟਾਂ ਵਿਚੋਂ ਧਿਆਨ ਲਗਾਈਆ । ਮੈਂ ਡੂੰਘੇ ਅੰਦਰ ਵੜ ਕੇ ਰਹੀ ਸੋਤੀ, ਸੁਤਿਆਂ ਸਕੇ ਨਾ ਕੋਇ ਜਗਾਈਆ । ਜੁਗ ਚੌਕੜੀ ਰਹੀ ਰੋਤੀ, ਰੁਸਿਆਂ ਸਕੇ ਨਾ ਕੋਇ ਮਨਾਈਆ । ਪ੍ਰੇਮ ਪਿਆਰ ਦੇ ਹੰਝੂਆਂ ਵਹੌਂਦੀ ਰਹੀ ਮੋਤੀ, ਛਹਿਬਰ ਧਾਰ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇ ਸਾਚੇ ਘਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਸੇਵਾ ਕਹੇ ਪ੍ਰਭ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਿਰਪਾ ਸਿੰਧ ਦੇ ਦਾਨ, ਗਹਿਰ ਗੰਭੀਰ ਤੇਰੀ ਸਰਨਾਈਆ । ਗੁਣੀ ਗਹਿੰਦ ਕਰ ਪਰਵਾਨ, ਦਰ ਬੇਨੰਤੀ ਇਕ ਜਣਾਈਆ । ਸਦ ਬਖ਼ਸ਼ੰਦ ਵੇਖ ਆਣ, ਨਿਰਵੈਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਲੈਣਾ ਝੋਲੀ ਪਾਈਆ । ਸੇਵ ਕਹੇ ਮੇਰਾ ਦੇਦੇ ਲਹਿਣਾ, ਦਰ ਤੇਰੇ ਮੰਗਣ ਆਈਆ । ਇਕੋ ਵਾਰ ਤੈਨੂੰ ਕਹਿਣਾ, ਸੀਸ ਸਜਦਾ ਇਕੋ ਵਾਰ ਝੁਕਾਈਆ । ਚਾਰ ਜੁਗ ਫੇਰ ਚੁੱਪ ਕਰਕੇ ਰਹਿਣਾ, ਰਸਨਾ ਬੋਲ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਦੇ ਧੁਰ ਦਾ ਵਰ, ਧੁਰ ਮਸਤਕ ਰੇਖ ਮਿਟਾਈਆ । ਸੇਵਾ ਕਹੇ ਮੇਰਾ ਦੇਦੇ ਲੇਖਾ, ਲੇਖਾ ਲਿਖਤ ਤੇਰੇ ਹੱਥ ਵਡਿਆਈਆ । ਕਿਉਂ ਸਾਹਿਬ ਸਤਿਗੁਰ ਮੇਰਾ ਭੁੱਲਿਆ ਚੇਤਾ, ਗ਼ਫ਼ਲਤ ਵਿਚ ਵਕਤ ਲੰਘਾਈਆ । ਤੂੰ ਸਾਹਿਬ ਸਵਾਮੀ ਸਭ ਦਾ ਨੇਤਾ, ਨਰ ਨਰਾਇਣ ਨਜ਼ਰੀ ਆਈਆ । ਨਿਰਵੈਰ ਨਿਰੰਕਾਰ ਬਣੇ ਖੇਵਟ ਖੇਟਾ, ਬੇੜੇ ਆਪਣੇ ਲਏ ਚੜ੍ਹਾਈਆ । ਜਿਵੇਂ ਭਗਤ ਦਵਾਰੇ ਬਣਾਏ ਆਪਣਾ ਬੇਟਾ, ਪਿਤਾ ਪੁਰਖ ਅਕਾਲ ਨਾਉਂ ਧਰਾਈਆ । ਮੈਂ ਵੀ ਉਹ ਰੰਗ ਵੇਖਾਂ, ਜੋ ਅਨਡਿਠੜਾ ਦਏਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਦੇ ਵਡਿਆਈ ਸਾਹਿਬ ਸਤਿਗੁਰ, ਪਾਰਬ੍ਰਹਮ ਤੇਰੀ ਸਰਨਾਈਆ । ਮੈਂ ਦੂਰ ਦੁਰਾਡੀ ਆਈ ਤੁਰ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਤੂੰ ਸਾਹਿਬ ਸਵਾਮੀ ਲੇਖਾ ਜਾਣੇ ਧੁਰ, ਜੁਗ ਚੌਕੜੀ ਤੇਰੀ ਸਰਨਾਈਆ । ਦਰ ਦਵਾਰੇ ਦੋਏ ਹੱਥ ਰਹੀ ਜੋੜ, ਨਿਉਂ ਨਿਉਂ ਸੀਸ ਝੁਕਾਈਆ । ਬੌਹੜੀ ਬੌਹੜੀ ਰਹੀ ਕੁਰਲਾ ਤੂੰ ਬੌਹੜ, ਬੇਪਰਵਾਹ ਆਪਣੀ ਦਇਆ ਕਮਾਈਆ । ਮੈਂ ਨਿਮਾਣੀ ਵਲ ਵੇਖ ਕਰ ਕੇ ਗ਼ੌਰ, ਗਹਿਰ ਗੰਭੀਰ ਅੱਖ ਖੁਲ੍ਹਾਈਆ । ਸਚ ਸੱਚ ਦਰ ਤੇਰੇ ਪਾਵਾਂ ਸ਼ੋਰ, ਸ਼ੋਰਸ਼ ਅਵਰ ਨਾ ਕੋਇ ਮਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੇਰਾ ਲੇਖਾ ਦੇ ਲਿਖਾਈਆ । ਤੇਰਾ ਲੇਖਾ ਲਿਖਣਾ ਕੀ, ਸਾਹਿਬ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਤੇਰੀ ਰੱਖੀ ਨੀਂਹ, ਸਾਚੀ ਸੇਵਾ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੀਜਿਆ ਬੀ, ਅੰਤਮ ਆਪੇ ਵੇਖ ਵਖਾਇੰਦਾ । ਬ੍ਰਹਿਮੰਡਾਂ ਖੰਡਾਂ ਵਿਚੋਂ ਸਾਢੇ ਤਿੰਨ ਹੱਥ ਤੇਰੀ ਲੇਖੇ ਲੱਗੀ ਸੀਂ, ਸੀਮਾ ਆਪਣੀ ਆਪ ਸਮਝਾਇੰਦਾ । ਜਿਸ ਦਵਾਰੇ ਜਨ ਭਗਤ ਰਹੇ ਜੀ, ਹਰਿ ਜੀਵਤ ਮੁਕਤ ਕਰਾਇੰਦਾ । ਓਸੇ ਗ੍ਰਹਿ ਖ਼ੁਸ਼ੀਆਂ ਨਾਲ ਥੀ, ਸਚ ਕਹਾਣੀ ਆਪ ਦ੍ਰਿੜਾਇੰਦਾ । ਸ੍ਰੀ ਭਗਵਾਨ ਬਰਸੇ ਅੰਮ੍ਰਿਤ ਮੀਂਹ, ਮੇਘਲਾ ਇਕੋ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਇੰਦਾ ।

ਸਾਚੀ ਸੇਵਾ ਕਰ ਸਮਝ, ਹਰਿ ਇਕੋ ਵਾਰ ਸਮਝਾਈਆ । ਸ੍ਰੀ ਭਗਵਾਨ ਮਾਰ ਰਮਜ਼, ਇਸ਼ਾਰੇ ਨਾਲ ਲਿਆ ਉਠਾਈਆ । ਮਿਹਰਵਾਨ ਹੋ ਕੇ ਮਰਦਾਨਾ ਮਰਦ, ਸਚ ਮਰਦਾਨਗੀ ਇਕ ਕਮਾਈਆ । ਤੇਰੇ ਨਾਲ ਵੰਡੀ ਦਰਦ, ਦੀਨਾ ਅਨਾਥਾ ਹੋਏ ਸਹਾਈਆ । ਖੋਲ੍ਹ ਵਖਾਏ ਪਿਛਲੀ ਫ਼ਰਦ, ਲਹਿਣਾ ਦੇਣਾ ਭੇਵ ਮਿਟਾਈਆ । ਤੇਰੀ ਗੋਬਿੰਦ ਪੂਰੀ ਕਰੇ ਅਰਜ਼, ਆਰਜ਼ੂ ਖ਼ਾਹਸ਼ ਨਾਲ ਮਿਲਾਈਆ । ਤੂੰ ਆਪਣਾ ਪੂਰਾ ਕਰ ਲੈ ਫ਼ਰਜ਼, ਸੇਵ ਸਚ ਸੱਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਸੇਵਾ ਬਾਲੀ ਨੱਢੀ ਬੱਚੀ, ਸ੍ਰੀ ਭਗਵਾਨ ਆਪ ਸਮਝਾਇੰਦਾ । ਜੁਗ ਚੌਕੜੀ ਤੇਰੀ ਰੁੱਤ ਰਹੀ ਕੱਚੀ, ਸਾਚਾ ਫਲ ਨਾ ਕੋਇ ਲਗਾਇੰਦਾ । ਚਾਰੋਂ ਕੁੰਟ ਵਗਦੀ ਰਹੀ ਵਾ ਤੱਤੀ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਤੇਰਾ ਖੇਲ ਕਿਸੇ ਨਾ ਵੇਖਿਆ ਆ ਕੇ ਅੱਖੀਂ, ਨੇਤਰ ਨੈਣ ਨਾ ਕੋਇ ਖੁਲਾਇੰਦਾ । ਸਾਰੇ ਰਸਨਾ ਜਿਹਵਾ ਤੈਨੂੰ ਕਹਿੰਦੇ ਰਹੇ ਅੱਛੀ, ਅੱਛੀ ਤਰ੍ਹਾਂ ਤੇਰਾ ਭੇਵ ਕੋਇ ਨਾ ਪਾਇੰਦਾ । ਤੂੰ ਤੜਫਦੀ ਰਹੀਉਂ ਜਲ ਵਿਛੋੜੇ ਵਾਂਗ ਮੱਛੀ, ਤੇਰੀ ਮੁਸ਼ਕਲ ਹੱਲ ਨਾ ਕੋਇ ਕਰਾਇੰਦਾ । ਸਾਹਿਬ ਸਤਿਗੁਰ ਪਤ ਤੇਰੀ ਰੱਖੀ, ਮਿਹਰਵਾਨ ਸਿਰ ਸਾਚਾ ਹੱਥ ਟਿਕਾਇੰਦਾ । ਸਚ ਕਹਾਣੀ ਅਗਲੀ ਦੱਸੀਂ, ਸ੍ਰੀ ਭਗਵਾਨ ਪੁਛ ਪੁਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਕਹਾਣੀ ਪੁੱਛੇ ਕਰਤਾਰ, ਹਰਿ ਕਰਤਾ ਆਪ ਜਣਾਈਆ । ਸਾਚੀ ਸੇਵਾ ਦੱਸ ਖ਼ਿਦਮਤਗਾਰ, ਕੀ ਕੀ ਕਾਰ ਕਮਾਈਆ । ਕਿਹੜਾ ਵਣਜ ਕਵਣ ਵਪਾਰ, ਕਵਣ ਹੱਟ ਚਲਾਈਆ । ਕਵਣ ਸ਼ਹਿਰ ਕਵਣ ਬਜ਼ਾਰ, ਕਵਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ


੩੬੨

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਹਾਣੀ ਪੁੱਛ ਇਕੋ ਹੁਕਮ ਜਣਾਈਆ । ਸੇਵਾ ਕਹੇ ਸਚ ਦੱਸਾਂ ਭਗਵਾਨ, ਝੂਠ ਨਜ਼ਰ ਕੋਇ ਨਾ ਆਈਆ । ਬਣ ਕੇ ਬਾਲੀ ਨੱਢੀ ਨਾਦਾਨ, ਸਦ ਸਾਚੀ ਸੇਵ ਕਮਾਈਆ । ਮੈਨੂੰ ਸਭ ਤੋਂ ਚੰਗੀ ਲੱਗੀ ਤੇਰੀ ਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਤੋਂ ਚੰਗਾ ਲੱਗਾ ਤੇਰਾ ਪੁੱਤ ਬਲਵਾਨ, ਗੋਬਿੰਦ ਸੂਰਾ ਬੇਪਰਵਾਹੀਆ । ਮੈਂ ਓਸ ਨਾਲ ਕੀਤਾ ਪਿਆਰ, ਸਚ ਸਚ ਦਿਆਂ ਦ੍ਰਿੜਾਈਆ । ਖ਼ੁਸ਼ੀ ਵਿਚ ਆ ਕੇ ਬੱਚੇ ਨੀਂਹਾਂ ਹੇਠ ਦੱਬੇ ਨਿਸ਼ਾਨ, ਨਿਸ਼ਾਨਾ ਤੇਰੇ ਨਾਲ ਮਿਲਾਈਆ । ਸਚ ਸੰਦੇਸ਼ਾ ਦੇ ਵਿਚ ਜਹਾਨ, ਉਚੀ ਕੂਕ ਦਿਤਾ ਸੁਣਾਈਆ । ਸਾਚੀ ਸੇਵਾ ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਪਰਵਾਨ, ਲੇਖੇ ਲੇਖ ਨਾ ਕੋਇ ਲਗਾਈਆ । ਸੁਣ ਅਵਾਜ਼ ਗੋਬਿੰਦ ਕਿਹਾ ਸੁਣ ਨਾਦਾਨ, ਕਿਉਂ ਬੈਠੀ ਮਾਣ ਵਧਾਈਆ । ਮੇਰਾ ਲੇਖਾ ਅਜੇ ਨਾ ਮੁਕਿਆ ਵਿਚ ਜਹਾਨ, ਭੁਲੇਖਾ ਸਭ ਦਾ ਦੂਰ ਕਰਾਈਆ । ਨਿਰਗੁਣ ਹੋ ਕੇ ਆਵੇ ਪੁਰਖ ਅਕਾਲ, ਜੋਤੀ ਜਾਤਾ ਵੇਸ ਵਟਾਈਆ । ਮੈਂ ਆਵਾਂ ਉਸ ਦੇ ਨਾਲ, ਸ਼ਬਦੀ ਕਾਰ ਕਮਾਈਆ । ਕਰਾਂ ਖੇਲ ਇਕ ਮਹਾਨ, ਸਾਚੀ ਧੁਰ ਦੀ ਬਣਤ ਬਣਾਈਆ । ਓਸ ਵੇਲੇ ਆਵੀਂ ਚਲ ਅੰਜਾਣ, ਬਾਲੀ ਆਪਣਾ ਰੂਪ ਵਟਾਈਆ । ਫੇਰ ਦੇਵਾਂ ਇਕ ਫ਼ਰਮਾਨ, ਸਚ ਸੰਦੇਸ਼ ਸੁਣਾਈਆ । ਜਿਨ੍ਹਾਂ ਨੀਹਾਂ ਹੇਠ ਨਿਸ਼ਾਨ, ਤਿਨ੍ਹਾਂ ਦੇਵਾਂ ਮਾਣ ਵਡਿਆਈਆ । ਸਾਢੇ ਤਿੰਨ ਹੱਥ ਮੰਦਰ ਬਣੇ ਮਹਾਨ, ਮਾਣਸ ਮਾਨੁਖ ਲੇਖੇ ਸਾਰੇ ਲਾਈਆ । ਨੌਂ ਦਰ ਖੋਲ੍ਹ ਸਚ ਨਿਸ਼ਾਨ, ਦਰ ਦਰਵਾਜਾ ਆਪ ਦ੍ਰਿੜਾਈਆ । ਭਗਤ ਦਵਾਰਾ ਕਰ ਪਰਧਾਨ, ਭਗਵਨ ਤੇਰੀ ਸੇਵਾ ਇਕ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਵੇਖਣ ਆਣ, ਨੇਤਰ ਨੈਣਾਂ ਦਰਸ਼ਨ ਪਾਈਆ ।

ਗੀਤ ਖ਼ੁਸ਼ੀਆਂ ਸਾਰੇ ਗਾਣ, ਢੋਲਾ ਇਕੋ ਰਾਗ ਅਲਾਈਆ । ਸਦੀ ਬੀਸਵੀਂ ਤੇਰਾ ਲੇਖਾ ਹੋਏ ਪਰਵਾਨ, ਬੀਸ ਬੀਸਾ ਦਏ ਜਣਾਈਆ । ਜਨ ਭਗਤਾਂ ਦੇ ਕੇ ਧੁਰ ਦਾ ਦਾਨ, ਸੀਸ ਜਗਦੀਸ਼ ਪਗੜੀ ਨਾਮ ਬੰਧਾਈਆ । ਫਿਰ ਤੈਨੂੰ ਨਾਲ ਲੈ ਕੇ ਜਾਏ ਭਗਤ ਦਵਾਰ ਭਗਵਾਨ, ਆਪਣਾ ਸੰਗ ਰਖਾਈਆ । ਦਰ ਦਰ ਘਰ ਘਰ ਘਰ ਘਰ ਦਰ ਦਰ ਗੁਰਮੁਖਾਂ ਤੈਨੂੰ ਦਏ ਵਖਾਲ, ਸ਼ਬਦ ਇਸ਼ਾਰੇ ਨਾਲ ਜਣਾਈਆ । ਤੂੰ ਖ਼ੁਸ਼ੀਆਂ ਨਾਲ ਵੇਖੀਂ ਆਣ, ਨੇਤਰ ਅੱਖਾਂ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਹੌਲੀ ਹੌਲੀ ਤੇਰੀ ਝੋਲੀ ਦੇਵੇ ਪਾਈਆ ।

★ ੧੪ ਮਾਘ ੨੦੨੦ ਬਿਕਰਮੀ ਖੇੜਾ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ★

ਕੁੱਲੀ ਕਹੇ ਮੈਂ ਗੁਰਮੁਖ ਖੇੜਾ, ਜਿਸ ਗ੍ਰਿਹ ਹਰਿ ਜੂ ਨਜ਼ਰੀ ਆਇੰਦਾ । ਜਿਸ ਦਾ ਵੱਡਾ ਸੋਹਣਾ ਵਿਹੜਾ, ਗੁਲਸ਼ਨ ਰੂਪ ਵਟਾਇੰਦਾ । ਪ੍ਰੇਮ ਪ੍ਰੀਤੀ ਪਾਇਆ ਘੇਰਾ, ਖ਼ੁਸ਼ੀਆਂ ਨਾਚ ਨਚਾਇੰਦਾ । ਮੈਂ ਵੇਖਾਂ ਗੁਰਮੁਖ ਕਿਹੜਾ ਕਿਹੜਾ, ਜੋ ਮੇਰੇ ਅੰਦਰ ਬਹਿ ਬਹਿ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੇਰਾ ਵੇਖ ਵਖਾਇੰਦਾ । ਕੁੱਲੀ ਕਹੇ ਮੈਂ ਗੁਰਮੁਖ ਨਗਰ, ਨਗਰੀ ਹਰਿ ਜੂ ਆਪ ਵਸਾਈਆ । ਪੂਰੀ ਕੀਤੀ ਮੇਰੀ ਸਧਰ, ਘਰ ਸੱਜਣ ਫੇਰਾ ਪਾਈਆ । ਮੈਂ ਕਿਤੇ ਨਾ ਜਾਵਾਂ ਲੱਭਣ, ਜੰਗਲ ਜੂਹ ਨਾ ਖੋਜ ਖੁਜਾਈਆ । ਮੇਰੀ ਪਤ ਆਇਆ ਰੱਖਣ, ਬੇਪਰਵਾਹ ਜਗਤ ਗੋਸਾਈਆ । ਸੱਚਾ ਮਾਰਗ ਅਗੰਮੀ ਆਇਆ ਦੱਸਣ, ਰਹਿਬਰ ਬਣ ਕੇ ਨੂਰ ਅਲਾਹੀਆ । ਮੇਰੇ ਅੰਦਰ ਆਇਆ ਵਸਣ, ਘਰ ਸਾਚਾ ਇਕ ਸੁਹਾਈਆ । ਮੇਰੇ ਦੁੱਖੜੇ ਆਇਆ ਕੱਟਣ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਕੁੱਲੀ ਕਹੇ ਮੇਰਾ ਭਾਗ ਚੰਗਾ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਜਿਸ ਦਵਾਰੇ ਸਾਹਿਬ ਲੰਘਾ, ਕਦਮ ਕਦਮ ਪੰਧ ਮੁਕਾਈਆ । ਗੁਰਮੁਖ ਗੁਰਸਿਖ ਨਾਲ ਸਜਾ, ਸੋਹਣੀ ਬਣਤ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਮਧਾ, ਮਧੁਰ ਧੁਨ ਰਾਗ ਸੁਣਾਈਆ । ਜਿਸ ਨੇ ਆ ਕੇ ਪਰਦਾ ਕੱਜਾ, ਸਦਾ ਸਦਾ ਹੋਏ ਸਹਾਈਆ । ਮੈਂ ਮੰਨਾਂ ਉਹਦੀ ਸਦ ਰਜ਼ਾ, ਭਾਣੇ ਵਿਚ ਸਮਾਈਆ । ਸਚ ਪੁਛੋ ਪ੍ਰਭ ਨੂੰ ਮਿਲ ਕੇ ਆਇਆ ਉਹ ਮਜ਼ਾ, ਜਿਸ ਦਾ ਰਸ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਗ਼ਰੀਬਣੀ ਦਏ ਵਡਿਆਈਆ । ਕੁੱਲੀ ਕਹੇ ਮੇਰਾ ਸੋਹਿਆ ਬੰਕ, ਘਰ ਵੱਜੀ ਨਾਮ ਵਧਾਈਆ । ਪ੍ਰਭ ਠਾਕਰ ਮਿਲਿਆ ਧੁਰ ਦਾ ਕੰਤ, ਸੇਜ ਸੁਹੰਜਣੀ ਰਿਹਾ ਸੁਹਾਈਆ । ਮੈਂ ਮਿਲ ਸਖੀਆਂ ਗੀਤ ਗਾਵਾਂ ਮੰਤ, ਧੁਰ ਦਾ ਰਾਗ ਅਲਾਈਆ । ਜਿਸ ਮੇਰੀ ਬਣਾਈ ਬਣਤ, ਤਿਸ ਦੇ ਨਿਉਂ ਨਿਉਂ ਲਾਗਾਂ ਪਾਈਆ । ਧੰਨ ਵਡਿਆਈ ਦਰ ਆਈ ਸੰਗਤ, ਜੋ ਮੇਰੇ ਅੰਦਰ ਵੜ ਕੇ ਹਰਿ ਸਤਿਗੁਰ ਦਰਸ਼ਨ ਪਾਈਆ । ਓਨ੍ਹਾਂ ਚੜ੍ਹੇ ਉਹ ਰੰਗਤ, ਜਿਹੜੀ ਬਹਾਰ ਮੇਰੇ ਉਤੇ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਸੁਖ ਦਾਤਾ ਦੀਨਾਂ ਬੰਧਪ, ਬੰਧਨ ਸਾਰੇ ਰਿਹਾ ਕਟਾਈਆ ।

★ ੧੪ ਮਾਘ ੨੦੨੦ ਬਿਕਰਮੀ ਦਲੀਪ ਸਿੰਘ ਦੇ ਗ੍ਰਿਹਿ ਬਾਬੂਪੁਰ ਜ਼ਿਲਾ ਗੁਰਦਾਸ ਪੁਰ ★

ਸ੍ਰੀ ਭਗਵਾਨ ਕਹੇ ਸੁਣ ਸੇਵਾ ਬੱਚੀ, ਧੁਰ ਦਾ ਲੇਖ ਸਮਝਾਈਆ । ਤੇਰੀ ਕਹਾਣੀ ਲੱਗੀ ਸੱਚੀ, ਸਾਹਿਬ ਸਤਿਗੁਰ ਭਾਈਆ । ਤੇਰੀ ਪ੍ਰੀਤ ਧੁਰ ਦੀ ਲੱਗੀ, ਨਾ ਸਕੇ ਕੋਈ ਮਿਟਾਈਆ । ਸ੍ਰੀ ਭਗਵਾਨ ਰੀਤੀ ਸਾਚੀ ਦੱਸੀ, ਬੇਪਰਵਾਹ ਦਇਆ ਕਮਾਈਆ । ਕਰਿਆ ਖੇਲ ਪੁਰਖ ਸਮਰਥੀ, ਸ਼ਹਿਨਸ਼ਾਹ ਹੋਏ ਸਹਾਈਆ । ਮੈਂ ਵਖਾਵਾਂ ਤੈਨੂੰ ਅੱਖੀਂ, ਜੋ ਦਰ ਆਇਆ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਦਾ ਰਿਹਾ ਉਠਾਈਆ । ਸਾਚੀ ਸੇਵਾ ਸਰਬ ਕਮੌਂਦਾ ਏ । ਸੋ ਪੁਰਖ ਨਿਰੰਜਣ ਭੇਵ ਚੁਕੌਂਦਾ ਏ । ਹਰਿ ਪੁਰਖ ਨਿਰੰਜਣ ਪਰਦਾ ਲਹੁੰਦਾ ਏ । ਏਕੰਕਾਰ ਆਪ ਵਖੌਂਦਾ ਏ । ਆਦਿ ਨਿਰੰਜਣ ਭੇਵ ਮਿਟੌਂਦਾ ਏ । ਅਬਿਨਾਸ਼ੀ ਕਰਤਾ ਰੰਗ ਰੰਗੌਂਦਾ ਏ । ਸ੍ਰੀ ਭਗਵਾਨ ਸੰਗ ਨਿਭੌਂਦਾ ਏ । ਪਾਰਬ੍ਰਹਮ ਸੇਵਾ ਅੰਦਰ ਆਪਣੀ ਕਾਰ ਆਪ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਦ੍ਰਿੜੌਂਦਾ ਏ । ਸੇਵਾ ਅੰਦਰ ਸੇਵ ਕਮੌਂਦੇ ਨੇ । ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵੌਂਦੇ ਨੇ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਮੰਗ ਮੰਗੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਸਮਝੌਂਦਾ ਏ । ਸਾਚੀ ਕਰਨੀ ਇਕ ਦ੍ਰਿੜਾਵਾਂਗਾ । ਧੁਰ ਦੀ ਰੀਤੀ ਆਪ ਸਮਝਾਵਾਂਗਾ । ਸਚਖੰਡ ਦਵਾਰ ਇਕ ਵਖਾਵਾਂਗਾ । ਘਰ ਦੀਪਕ ਜੋਤ ਰੁਸ਼ਨਾਵਾਂਗਾ । ਧੁਰ ਦੀ ਅਗੰਮੀ ਬਣਤ ਬਣਾਵਾਂਗਾ । ਨਾਰ ਕੰਤ ਰੂਪ ਵਟਾਵਾਂਗਾ । ਗ੍ਰਿਹਿ ਮੰਦਰ ਸੋਭਾ ਪਾਵਾਂਗਾ । ਥਿਰ ਘਰ ਦਵਾਰ ਇਕ ਉਪਜਾਵਾਂਗਾ । ਬਣ ਜਨਨੀ ਜਨ ਸੁਤ ਪਰਗਟਾਵਾਂਗਾ । ਸਚ ਦਵਾਰ ਸੁਹਾ ਰੁਤ, ਫਲ ਫੁਲਵਾੜੀ ਆਪ ਮਹਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਹੱਥ ਰਖਾਵਾਂਗਾ । ਸਾਚੀ ਸੇਵਾ ਆਪਣੇ ਹੱਥ ਰਖਾਵਾਂਗਾ । ਸ਼ਬਦੀ ਸੁਤ ਇਕ ਪਰਗਟਾਵਾਂਗਾ । ਧੁਰ ਦਾ ਹੁਕਮ ਇਕ ਅਲਾਵਾਂਗਾ । ਸਾਚੀ ਰਚਨਾ ਰਚਨਾ ਵਿਚੋਂ ਪਰਗਟਾਵਾਂਗਾ । ਵਿਸ਼ਨੂੰ ਵਿਸ਼ਵ ਧਾਰ ਚਲਾਵਾਂਗਾ । ਬ੍ਰਹਮਾ ਬ੍ਰਹਮ ਰੂਪ ਧਰਾਵਾਂਗਾ । ਸ਼ੰਕਰ ਧੂਅੰਧਾਰ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸੇਵਾ ਇਕ ਲਗਾਵਾਂਗਾ । ਸਾਚੀ ਸੇਵਾ ਸਰਬ ਕਮੌਣਗੇ । ਸ੍ਰੀ ਭਗਵਾਨ ਦਵਾਰੇ ਸੀਸ ਨਿਵੌਣਗੇ । ਬਣ ਦਰਵੇਸ਼ ਮੰਗ ਮੰਗੌਣਗੇ । ਖ਼ਾਲੀ ਝੋਲੀ ਅੱਗੇ ਡੌਹਣਗੇ । ਦੋਏ ਜੋੜ ਵਾਸਤਾ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਾਰੇ ਲੱਗ ਲੱਗ ਖ਼ੁਸ਼ੀ ਮਨੌਣਗੇ । ਸਾਚੀ ਕਾਰੇ ਆਪ ਲਗਾਵਾਂਗਾ । ਵਿਸ਼ਨੂੰ ਹੱਥ ਭੰਡਾਰ ਫੜਾਵਾਂਗਾ । ਸਾਚੀ ਸੇਵਾ ਇਕ ਸਮਝਾਵਾਂਗਾ । ਘਰ ਘਰ ਰੋਜ਼ੀ ਰਿਜ਼ਕ ਪੁਚਾਵਾਂਗਾ । ਸਾਚਾ ਇਸ਼ਕ ਆਪਣੇ ਨਾਲ ਰਖਾਵਾਂਗਾ । ਸਵਾਮੀ ਇਸ਼ਟ ਰੂਪ ਹੋ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਕਰਾਵਾਂਗਾ । ਬ੍ਰਹਮੇ ਸੇਵਾ ਸਚ ਸਮਝਾਵਾਂਗਾ । ਬ੍ਰਹਮ ਇਕੋ ਨੂਰ ਪਰਗਟਾਵਾਂਗਾ । ਜਾਹਰ ਜਹੂਰ ਖੇਲ ਖਿਲਾਵਾਂਗਾ । ਸ਼ਬਦੀ ਨਾਦ ਤੂਰ ਵਜਾਵਾਂਗਾ । ਆਸਾ ਮਨਸਾ ਪੂਰ, ਤ੍ਰਿਸਨਾ ਤ੍ਰਿਖਾ ਮਿਟਾਵਾਂਗਾ । ਹੋ ਕੇ ਹਾਜ਼ਰ ਹਜ਼ੂਰ, ਹਰਿ ਮੰਦਰ ਇਕ ਵਖਾਵਾਂਗਾ । ਜਿਸ ਗ੍ਰਿਹਿ ਨਜ਼ਰੀ ਆਏ ਜੋਤੀ ਨੂਰ, ਸਚ ਉਜਾਲਾ ਇਕ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ

੩੬੪
੧੯

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕ ਵਖਾਵਾਂਗਾ । ਸਾਚੀ ਸੇਵਾ ਸਚ ਜਣਾਵਾਂਗਾ । ਸ਼ੰਕਰ ਧੂਅੰਧਾਰ ਵਿਚੋਂ ਉਠਾਵਾਂਗਾ । ਕਰ ਪਿਆਰ ਧੂੜੀ ਟਿੱਕਾ ਮਸਤਕ ਲਾਵਾਂਗਾ । ਇਹ ਆਧਾਰ ਸਰਬ ਸਮਝਾਵਾਂਗਾ । ਹੱਥ ਤਰਸੂਲ ਇਕ ਫੜਾਵਾਂਗਾ । ਲਹਿਣਾ ਦੇਣਾ ਮੂਲ ਝੋਲੀ ਪਾਵਾਂਗਾ । ਬਣ ਧੁਰ ਦਾ ਕੰਤ ਕੰਤੂਲ, ਸਚ ਸੰਦੇਸ਼ਾ ਇਕ ਸੁਣਾਵਾਂਗਾ । ਤਿੰਨਾਂ ਦੱਸ ਕੇ ਸਚ ਅਸੂਲ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਮਿਹਰ ਨਜ਼ਰ ਪ੍ਰਭੂ ਉਠਾਏਗਾ । ਤ੍ਰੈਗੁਣ ਮਾਇਆ ਆਪ ਪਰਗਟਾਏਗਾ । ਰਜੋ ਤਮੋ ਸਤੋ ਨਾਮ ਧਰਾਏਗਾ । ਪੰਜ ਤਤ ਆਪਣੀ ਗੰਢ ਪਵਾਏਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਕਰਾਏਗਾ । ਸ਼ਬਦ ਸੰਦੇਸ਼ਾ ਭੇਜ, ਧੁਰ ਦਾ ਹੁਕਮ ਆਪ ਜਣਾਏਗਾ । ਸਚ ਸਮਝਾ ਕੇ ਆਪਣੀ ਖੇਲ, ਸੇਵਾ ਇਕੋ ਇਕ ਵਖਾਏਗਾ । ਪੰਜ ਤਤ ਕਰ ਕੇ ਧੁਰ ਦਾ ਮੇਲ, ਬੰਧਨ ਆਪਣਾ ਨਾਮ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕੋ ਇਕ ਜਣਾਏਗਾ । ਸਾਚੀ ਸੇਵਾ ਹਰਿ ਜਣੈਂਦਾ ਏ । ਤ੍ਰੈਗੁਣ ਮਾਇਆ ਮੇਲ ਮਿਲੌਂਦਾ ਏ । ਪੰਜ ਤਤ ਸਾਚਾ ਜੋੜ ਜੁੜੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝੌਂਦਾ ਏ । ਚਾਰੇ ਖਾਣੀ ਵੰਡ ਵੰਡੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਸਾਚੀ ਧਾਰ ਬਧੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਇਕੋ ਇਕ ਰਖੌਂਦਾ ਏ । ਸੇਵਾ ਅੰਦਰ ਖਾਣੀ ਚਾਰ ਰਚੌਂਦਾ ਏ । ਸੇਵਾ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਸਾਚੇ ਮਾਰਗ ਆਪੇ ਲੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਚਾਰੇ ਬਾਣੀ ਰਾਗ ਅਲੌਂਦਾ ਏ । ਸੇਵਾ ਅੰਦਰ ਕਰ ਪਸਾਰ, ਲੱਖ ਚੁਰਾਸੀ ਵੰਡ ਵੰਡੌਂਦਾ ਏ । ਸੇਵਾ ਅੰਦਰ ਮਹਲ ਅਟੱਲ ਉਸਾਰ, ਲੋਕ ਪਰਲੋਕ ਆਪ ਸੁਹੌਂਦਾ ਏ । ਸੇਵਾ ਅੰਦਰ ਗਗਨ ਮੰਡਲ ਖੇਲ ਨਿਰਾਲ, ਆਕਾਸ਼ ਪਰਕਾਸ਼ ਨੂਰ ਚਮਕੌਂਦਾ ਏ । ਸੇਵਾ ਅੰਦਰ ਰਵ ਸਸ ਆਧਾਰ, ਸੇਵਾ ਅੰਦਰ ਮੰਡਲ ਮੰਡਪ ਡੇਰਾ ਲੌਂਦਾ ਏ । ਸੇਵਾ ਅੰਦਰ ਜ਼ਿਮੀਂ ਅਸਮਾਨ, ਧਰਤ ਧਵਲ ਆਪ ਵਖੌਂਦਾ ਏ । ਸੇਵਾ ਅੰਦਰ ਖੇਲ ਕਰੇ ਜੁਗ ਚਾਰ, ਜੁਗ ਚੌਕੜੀ ਬੰਧਨ ਪੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਚਾਰੇ ਵੇਦਾਂ ਰਾਗ ਅਲੌਂਦਾ ਏ । ਸੇਵਾ ਅੰਦਰ ਖੇਲ ਨਿਆਰ, ਨਿਰਗੁਣ ਸਰਗੁਣ ਘਾਲ ਕਮੌਂਦਾ ਏ । ਸੇਵਾ ਅੰਦਰ ਹੋ ਤਿਆਰ, ਨਿਰਵੈਰ ਪੁਰਖ ਵੇਸ ਵਟੌਂਦਾ ਏ । ਸੇਵਾ ਅੰਦਰ ਕਰ ਸ਼ੰਗਾਰ, ਪੰਜ ਤਤ ਕਾਇਆ ਚੋਲਾ ਆਪ ਹੰਢੌਂਦਾ ਏ । ਸੇਵਾ ਅੰਦਰ ਬਣ ਗੁਰੂ ਅਵਤਾਰ, ਲੋਕਮਾਤ ਵੇਖ ਵਖੌਂਦਾ ਏ । ਸੇਵਾ ਅੰਦਰ ਸ਼ਬਦੀ ਧਾਰ, ਧੁਰ ਦਾ ਰਾਗ ਅਲੌਂਦਾ ਏ । ਸੇਵਾ ਅੰਦਰ ਬਣ ਲਿਖਾਰ, ਕਾਤਬ ਆਪਣੀ ਕਲਮ ਚਲੌਂਦਾ ਏ । ਸੇਵਾ ਅੰਦਰ ਕਰ ਪਿਆਰ, ਅੰਮ੍ਰਿਤ ਮੇਘ ਬਰਸੌਂਦਾ ਏ । ਸੇਵਾ ਅੰਦਰ ਖੇਲ ਸੰਸਾਰ, ਸੱਜਣ ਸੁਹੇਲੇ ਮੇਲ ਮਿਲੌਂਦਾ ਏ । ਸੇਵਾ ਅੰਦਰ ਹੋ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣੌਂਦਾ ਏ । ਸੇਵਾ ਅੰਦਰ ਜਲਵਾ ਨੂਰ ਕਰ ਉਜਿਆਰ, ਜਾਹਰ ਜਹੂਰ ਪੜਦਾ ਲਾਹੁੰਦਾ ਏ । ਸੇਵਾ ਅੰਦਰ ਪੀਰ ਪੈਗ਼ੰਬਰ ਬਣ ਕੇ ਮੀਤ ਮੁਰਾਰ, ਸਗਲਾ ਸੰਗ ਨਿਭੌਂਦਾ ਏ । ਸੇਵਾ ਅੰਦਰ ਕਲਮਾ ਕਾਇਨਾਤ ਬੋਲ ਜੈਕਾਰ, ਹਦਾਇਤ ਇਕੋ ਇਕ ਸੁਣੌਂਦਾ ਏ । ਸੇਵਾ ਅੰਦਰ ਭਗਤ ਭਗਵੰਤ ਕਰ ਤਿਆਰ, ਭਗਤੀ ਇਕੋ ਇਕ ਵਖੌਂਦਾ ਏ । ਸੇਵਾ ਅੰਦਰ ਸੰਤ ਸੱਜਣ ਲਏ ਉਠਾਲ, ਅੰਦਰ ਵੜ ਵੜ ਮੇਲ ਮਿਲੌਂਦਾ ਏ । ਸੇਵਾ ਅੰਦਰ ਗੁਰਮੁਖਾਂ ਕਰੇ ਪ੍ਰਿਤਪਾਲ,

ਜੁਗ ਜੁਗ ਸਿਰ ਸਿਰ ਹੱਥ ਰਖੌਂਦਾ ਏ । ਸੇਵਾ ਅੰਦਰ ਗੁਰਸਿਖਾਂ ਚਲੇ ਨਾਲ, ਜਗਤ ਵਿਛੋੜਾ ਦੂਰ ਕਰੌਂਦਾ ਏ । ਸੇਵਾ ਅੰਦਰ ਖਾਣੀ ਬਾਣੀ ਕਰ ਤਿਆਰ, ਸ਼ਾਸਤਰ ਸਿਮਰਤ ਵੇਦ ਪੁਰਾਨ ਬਣਤ ਬਣੌਂਦਾ ਏ । ਸੇਵਾ ਅੰਦਰ ਗੀਤਾ ਗਿਆਨ ਦੇ ਆਧਾਰ, ਅੰਜੀਲ ਕੁਰਾਨ ਢੋਲਾ ਗੌਂਦਾ ਏ । ਸੇਵਾ ਅੰਦਰ ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮੌਂਦਾ ਏ । ਸੇਵਾ ਅੰਦਰ ਤੇਈ ਅਵਤਾਰ, ਸਾਹਿਬ ਸਤਿਗੁਰ ਹੁਕਮ ਚਲੌਂਦਾ ਏ । ਸੇਵਾ ਅੰਦਰ ਈਸਾ ਮੂਸਾ ਮੁਹੰਮਦ ਲਏ ਉਠਾਲ, ਮੁਸੱਲਾ ਇਕੋ ਹੇਠ ਵਛੌਂਦਾ ਏ । ਸੇਵਾ ਅੰਦਰ ਨਾਨਕ ਗੋਬਿੰਦ ਬੰਨ੍ਹ ਧਾਰ, ਸਾਚੀ ਸੇਵਾ ਇਕ ਲਗੌਂਦਾ ਏ । ਸੇਵਾ ਅੰਦਰ ਭਗਤ ਅਠਾਰਾਂ ਕਰ ਪਿਆਰ, ਪ੍ਰੇਮ ਪ੍ਰੀਤੀ ਜੋੜ ਜੁੜੌਂਦਾ ਏ । ਸੇਵਾ ਅੰਦਰ ਗੋਬਿੰਦ ਬਣਾਇਆ ਆਪਣਾ ਬਾਲ, ਪਿਤਾ ਪੁਰਖ ਅਕਾਲ ਅਖਵੌਂਦਾ ਏ । ਸੇਵਾ ਅੰਦਰ ਬਾਲੇ ਨੀਹਾਂ ਹੇਠਾਂ ਦਏ ਸੁਆਲ, ਸੇਵਾ ਅੰਦਰ ਮਹਲ ਅਟੱਲ ਰੁਸ਼ਨੌਂਦਾ ਏ । ਸੇਵਾ ਅੰਦਰ ਖੰਡਾ ਖੜਗ ਖਿਚ ਕਟਾਰ, ਤੀਰ ਤਰਕਸ਼ ਭੱਥਾ ਆਪਣੇ ਕੰਧ ਵਖੌਂਦਾ ਏ । ਸੇਵਾ ਅੰਦਰ ਸਭ ਕੁਛ ਵਾਰ, ਆਪ ਆਪਾ ਮੇਟ ਮਿਟੌਂਦਾ ਏ । ਸੇਵਾ ਅੰਦਰ ਸੱਥਰ ਹੰਢਾਇਆ ਸਾਂਝੇ ਯਾਰ, ਮਾਛੂਵਾੜਾ ਰੁਤ ਸੁਹੌਂਦਾ ਏ । ਸੇਵਾ ਅੰਦਰ ਬੋਲ ਜੈਕਾਰ, ਪੁਰਖ ਅਕਾਲ ਇਕ ਧਿਔਂਦਾ ਏ । ਸੇਵਾ ਅੰਦਰ ਬਣ ਭਿਖਾਰ, ਸਾਚੀ ਭਿਖਿਆ ਮੰਗ ਮੰਗੌਂਦਾ ਏ । ਸੇਵਾ ਅੰਦਰ ਦੇਵਣਹਾਰ, ਧੁਰ ਦੀ ਵਸਤ ਆਪ ਵਰਤੌਂਦਾ ਏ । ਸੇਵਾ ਅੰਦਰ ਅਗੰਮੀ ਗੁਫ਼ਤਾਰ, ਬਿਨ ਰਸਨਾ ਜਿਹਵਾ ਰਾਗ ਅਲੌਂਦਾ ਏ । ਸੇਵਾ ਅੰਦਰ ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣੀ ਕਲ ਵਰਤੌਂਦਾ ਏ । ਸੇਵਾ ਅੰਦਰ ਕੀਤਾ ਕੌਲ ਇਕਰਾਰ, ਧੁਰ ਦਾ ਲੇਖ ਆਪਣੇ ਹੱਥ ਰਖੌਂਦਾ ਏ । ਸੇਵਾ ਅੰਦਰ ਕਲ ਕਲਕੀ ਲੈ ਅਵਤਾਰ, ਸੰਬਲ ਆਪਣੀ ਰੁੱਤ ਸੁਹੌਂਦਾ ਏ । ਸੇਵਾ ਅੰਦਰ ਗੋਬਿੰਦ ਕਰ ਪਿਆਰ, ਸ਼ਬਦੀ ਜੋਤੀ ਜੋੜ ਜੁੜੌਂਦਾ ਏ । ਸੇਵਾ ਅੰਦਰ ਲੇਖਾ ਜਾਣ ਜੁਗ ਚੌਕੜੀ ਚਾਰ, ਨਵ ਨੌ ਪੰਧ ਮੁਕੌਂਦਾ ਏ । ਸੇਵਾ ਅੰਦਰ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪੌਂਦਾ ਏ । ਸੇਵਾ ਅੰਦਰ ਕਰੇ ਖੇਲ ਆਪ ਕਰਤਾਰ, ਕੁਦਰਤ ਆਪਣਾ ਖੇਲ ਰਚੌਂਦਾ ਏ । ਸੇਵਾ ਅੰਦਰ ਵੇਖੇ ਵਿਗਸੇ ਵੇਖਣਹਾਰ, ਨੇਤਰ ਲੋਚਣ ਨੈਣ ਖੁਲੌਂਦਾ ਏ । ਸੇਵਾ ਅੰਦਰ ਹੋ ਕੇ ਗਰਿਫ਼ਤਾਰ, ਆਪਣਾ ਬਲ ਨਾ ਕੋਇ ਜਣੌਂਦਾ ਏ । ਸੇਵਾ ਅੰਦਰ ਆਪਾ ਆਪ ਵਾਰ, ਪੰਜ ਤਤ ਕਾਇਆ ਮਾਟੀ ਤਤ ਜਲੌਂਦਾ ਏ । ਸੇਵਾ ਅੰਦਰ ਜੋਤੀ ਜੋਤ ਕਰ ਚਮਤਕਾਰ, ਦੀਆ ਦੀਪਕ ਇਕੋ ਡਗਮਗੌਂਦਾ ਏ । ਸੇਵਾ ਅੰਦਰ ਕਰੇ ਖੇਲ ਸਿਰਜਣਹਾਰ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸਾਚੀ ਕਰਨੀ ਕਾਰ ਕਮੌਂਦਾ ਹੇ । ਸੇਵਾ ਅੰਦਰ ਭਗਤ ਭਗਵੰਤ ਲਏ ਉਠਾਲ, ਫੜ ਬਾਹੋਂ ਗੋਦ ਬਹੌਂਦਾ ਏ । ਸੇਵਾ ਅੰਦਰ ਵੇਖੇ ਲਾਲ, ਲਾਲਨ ਆਪਣਾ ਰੰਗ ਰੰਗੌਂਦਾ ਏ । ਸੇਵਾ ਅੰਦਰ ਹੋ ਦਿਆਲ, ਦਿਆਲਤਾ ਇਕੋ ਇਕ ਵਰਤੌਂਦਾ ਏ । ਸੇਵਾ ਅੰਦਰ ਨਾਤਾ ਤੋੜ ਕਾਲ ਮਹਾਂਕਾਲ, ਮਹਿਬੂਬ ਆਪਣਾ ਘਰ ਵਖੌਂਦਾ ਏ । ਸੇਵਾ ਅੰਦਰ ਸਚਖੰਡ ਦਵਾਰ ਸੱਚੀ ਧਰਮਸਾਲ, ਹਰਿ ਭਗਤਾਂ ਲਈ ਬਣੌਂਦਾ ਏ । ਸੇਵਾ ਅੰਦਰ ਸੰਤ ਸੁਹੇਲੇ ਲਏ ਭਾਲ, ਪੁਰਖ ਅਬਿਨਾਸ਼ੀ ਦਰ ਦਰ ਘਰ ਘਰ ਸੇਵ ਕਮੌਂਦਾ ਏ । ਸੁਣ ਸੇਵਾ ਆ ਕੇ ਵੇਖ ਸਭ ਦਾ ਹਾਲ, ਬਿਨ ਸੇਵਕ ਨਜ਼ਰ ਕੋਇ ਨਾ ਔਂਦਾ ਏ । ਸਭ ਦੇ ਮਸਤਕ ਨੂਰੀ ਜਲਵਾ ਇਕ ਜਲਾਲ, ਜੌਹਰ ਇਕੋ ਰੰਗ ਵਖੌਂਦਾ ਏ । ਸ੍ਰੀ ਭਗਵਾਨ ਸਾਚੀ ਸੇਵਾ ਵਿਚੋਂ ਲਏ ਭਾਲ, ਜੋ ਭਾਲਿਆਂ ਹੱਥ ਕਿਸੇ ਨਾ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸੇਵਾ ਵਿਚ ਸਰਬ ਰਖੌਂਦਾ ਏ । ਸੇਵਾ ਕਹੇ ਮੋਹੇ ਹੋਈ ਹੈਰਾਨੀ, ਨੇਤਰ ਨੈਣਾਂ ਨੈਣ ਸ਼ਰਮਾਈਆ । ਸ੍ਰੀ ਭਗਵਾਨ ਤੇਰੀ ਖੇਲ ਮਹਾਨੀ, ਮੈਂ ਸਮਝ ਸਕਾਂ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਉਤੇ ਭਰਨ ਪਾਣੀ, ਮਾਣ ਅਭਿਮਾਨ ਨਾ ਕੋਇ ਜਣਾਈਆ । ਤੇਰੀ ਸੇਵਾ ਵਿਚ ਫਿਰਦੇ ਚਾਰੇ ਖਾਣੀ, ਚਾਰੋਂ ਕੁੰਟ ਨਜ਼ਰੀ ਆਈਆ । ਤੇਰੀ ਸੇਵਾ ਵਿਚ ਦੋ ਜਹਾਨ ਚਲਾਵਣ ਨਿਸ਼ਾਨੀ, ਨਿਸ਼ਾਨਾ ਇਕੋ ਇਕ ਤਕਾਈਆ । ਤੇਰੀ ਸੇਵਾ ਵਿਚ ਸਭ ਨੇ ਬੋਲੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਮੋਹੇ ਵਰ, ਦਰ ਤੇਰੇ ਮੰਗ ਮੰਗਾਈਆ । ਸੁਣ ਸੇਵਾ ਪ੍ਰਭ ਕਹੇ ਕਰਤਾਰ, ਹਰਿ ਕਰਤਾ ਦਏ ਜਣਾਈਆ । ਸੇਵਾ ਵਿਚ ਸਰਬ ਸੰਸਾਰ, ਦਿਵਸ ਰੈਣ ਸੇਵ ਕਮਾਈਆ । ਗੁਰਮੁਖਾਂ ਸੇਵਾ ਅਪਰ ਅਪਾਰ, ਜਨ ਭਗਤਾਂ ਸੇਵਾ ਸੋਭਾ ਪਾਈਆ । ਮਨਮੁਖਾਂ ਸੇਵਾ ਜਗਤ ਪਿਆਰ, ਕੂੜਾ ਨਾਤਾ ਜੋੜ ਜੁੜਾਈਆ । ਸਾਚੀ ਸੇਵਾ ਹੱਥ ਨਾ ਆਏ ਬਿਨ ਸਤਿਗੁਰ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸੇਵਾ ਕਹੇ ਮੈਂ ਤੈਥੋਂ ਡਰਦੀ, ਉਚੀ ਕੂਕ ਸਕਾਂ ਨਾ ਰਾਈਆ । ਮਨਮੁਖ ਦਵਾਰੇ ਜਾਵਾਂ ਮਰਦੀ ਮਰਦੀ, ਮੇਰੀ ਚਲੇ ਨਾ ਕੋਈ ਵਡਿਆਈਆ । ਤੇਰੇ ਪ੍ਰੇਮ ਦਾ ਮਿਲੇ ਕੋਈ ਨਾ ਦਰਦੀ, ਧੁਰ ਦਾ ਸੰਗ ਨਾ ਕੋਈ ਬਣਾਈਆ । ਮਨ ਵਾਸਨਾ ਸਭ ਦੀ ਲੱਗੀ ਮਰਜ਼ੀ, ਮੁਜਰਮ ਦਿਸੇ ਜਗਤ ਲੋਕਾਈਆ । ਜਿਸ ਵੇਲੇ ਜਨ ਭਗਤ ਦਵਾਰੇ ਵੜਦੀ, ਗੀਤ ਗਾਵਾਂ ਖ਼ੁਸ਼ੀਆਂ ਚਾਈਂ ਚਾਈਆ । ਨਿਉਂ ਨਿਉਂ ਪੈਰ ਓਹਨਾਂ ਦੇ ਫੜਦੀ, ਜੋ ਤੇਰੇ ਚਰਨੀ ਲਗਨ ਸਰਨਾਈਆ । ਗੋਲੀ ਬਣਾਂ ਦਰ ਦੀ, ਘਰ ਘਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਵਰ, ਹਰਿ ਏਕਾ ਦੇ ਵਖਾਈਆ । ਸੁਣ ਸੇਵਾ ਕਹੇ ਨਿਰੰਕਾਰ, ਹਰਿ ਕਰਤਾ ਆਪ ਜਣਾਇੰਦਾ । ਸੇਵਾ ਵਿਚ ਖੇਲ ਅਪਾਰ,,ਅਪਰੰਪਰ ਆਪ ਸਮਝਾਇੰਦਾ । ਸਾਚੀ ਸੇਵਾ ਅਪਰ ਅਪਾਰ, ਧੁਰ ਦਾ ਫਲ ਖਵਾਇੰਦਾ । ਜਗਤ ਸੇਵਾ ਕੂੜ ਪਸਾਰ, ਕਰਤਾ ਕੀਮਤ ਕੋਇ ਨਾ ਪਾਇੰਦਾ । ਕੂੜੀ ਸੇਵਾ ਅੰਦਰ ਨੇਤਰ ਰੋਵੇ ਪੁਰਖ ਨਾਰ, ਪੁੱਤਰ ਧੀ ਸਰਬ ਕੁਰਲਾਇੰਦਾ । ਜਗਤ ਕਟੁੰਬ ਨਾ ਕੋਇ ਅਧਾਰ, ਸੱਜਣ ਸੈਣ ਨਜ਼ਰ ਕੋਈ ਨਾ ਆਇੰਦਾ । ਸਾਚੀ ਸੇਵਾ ਗੁਰਮੁਖ ਗੁਰਮੁਖ ਕਰਨ ਪਿਆਰ, ਪ੍ਰੇਮ ਪ੍ਰੀਤੀ ਵਿਚੋਂ ਪਰਗਟਾਇੰਦਾ । ਜਿਸ ਸੇਵਾ ਦੀ ਖਿਲੇ ਸਚ ਗੁਲਜ਼ਾਰ, ਸੋ ਬਗੀਚਾ ਹਰਿ ਮਹਿਕਾਇੰਦਾ । ਸੇਵਾ ਕਰਦੇ ਕਰਦੇ ਸੇਵਾ ਮੰਗਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਝੋਲੀ ਸਰਬ ਡਾਹਿੰਦਾ । ਸਭ ਦੀ ਸੇਵਾ ਕਰੇ ਆਪ ਨਿਰੰਕਾਰ, ਸੇਵਾ ਕਰਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸੁਣ ਸੇਵਾ ਧੁਰ ਦੀ ਗਾਥ, ਹਰਿ ਕਰਤਾ ਆਪ ਜਣਾਈਆ । ਤੇਰੀ ਸੇਵਾ ਜਗਤ ਦਾਤ, ਪਾਰਬ੍ਰਹਮ ਵਡਿਆਈਆ । ਤੇਰਾ ਮੇਲਾ ਭਗਤਾਂ ਸਾਥ, ਸੰਤ ਸਾਜਣ ਜੋੜ ਜੁੜਾਈਆ । ਤੇਰੀ ਸੇਵਾ ਪ੍ਰਭ ਚਰਨ ਪ੍ਰੀਤੀ ਨਾਤ, ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੇਵਾ ਕਹੇ ਮੋਹੇ ਕੋਈ ਨਾ ਨਾਤਾ, ਜਗਤ ਮਿਲੇ ਨਾ ਕੋਈ ਵਡਿਆਈਆ । ਇਕੋ ਮੰਗਾਂ ਧੁਰ ਦੀ ਦਾਤਾ, ਦਾਤਾਰ ਤੇਰੇ ਅੱਗੇ ਝੋਲੀ ਡਾਹੀਆ । ਮੈਂ ਜਨ ਭਗਤ ਦਵਾਰੇ ਖ਼ਾਲੀ ਬਰਤਨ ਮਾਂਝਾਂ ਨਾਲ ਪਰਾਤਾਂ, ਖ਼ਾਕ ਧੂੜੀ ਨਾਲ ਸੇਵ ਕਮਾਈਆ । ਨਿਉਂ ਨਿਉਂ ਗੁਰਮੁਖਾਂ ਦੇ ਚਰਨਾ ਵਲ ਝਾਕਾਂ, ਨੈਣ

੩੯੮
੧੯

ਉਪਰ ਨਾ ਸਕਾਂ ਉਠਾਈਆ । ਹੌਲੀ ਹੌਲੀ ਸੁਣਾਂ ਉਹਨਾਂ ਦੀਆਂ ਬਾਤਾਂ, ਜੋ ਖ਼ੁਸ਼ੀਆਂ ਤੇਰਾ ਢੋਲਾ ਗਾਈਆ । ਜਿਨ੍ਹਾਂ ਬਿਰਹੋਂ ਵਿਛੋੜੇ ਵਿਚ ਲੰਘਾਈਆਂ ਰਾਤਾਂ, ਤਿਨ੍ਹਾਂ ਪੈਰਾਂ ਹੇਠ ਆਪਣਾ ਸੀਸ ਟਿਕਾਈਆ । ਚੁੱਕ ਕੇ ਭਾਰ ਧੰਨ ਧੰਨ ਆਖਾਂ, ਕਹਿ ਕਹਿ ਸ਼ੁਕਰ ਮਨਾਈਆ । ਖ਼ੁਸ਼ੀਆਂ ਵਿਚ ਕਹਾਂ ਮੇਰੀਆਂ ਮੁੱਕੀਆਂ ਵਾਟਾਂ, ਅੱਗੇ ਪੰਧ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸੇਵਾ ਤੂੰ ਸੇਵ ਕੀ ਕਮੌਣੀ ਆਂ । ਨੇਤਰ ਲੋਚਣ ਲਏ ਪੇਖ, ਹਰਿ ਜੂ ਕੀ ਕੀ ਖੇਲ ਵਰਤੌਣੀ ਆਂ । ਜਨ ਭਗਤਾਂ ਪਿਛੇ ਧਰਿਆ ਭੇਖ, ਤਿਸ ਆਪਣੀ ਜੋਤ ਅਕਾਲਣ ਨਿਰਗੁਣ ਸੇਵਾ ਵਿਚ ਰਖਾਉਣੀ ਆਂ । ਭਗਤ ਦਵਾਰੇ ਵੇਖ ਸਚ ਕੋਟ, ਫੂਲਣ ਬਰਖਾ ਇਕ ਬਰਸੌਣੀ ਆਂ । ਦੇ ਨਾਮ ਭੰਡਾਰ ਅਤੋਟ, ਅਤੁਟ ਦਾਤ ਵਰਤੌਣੀ ਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਾਚੀ ਸਚ ਕਮੌਣੀ ਆਂ । ਸੇਵਾ ਕਹੇ ਤੂੰ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਇਹ ਦਾਤ ਮੈਨੂੰ ਦੇ ਦੇ ਦਾਨ, ਦਰ ਦਰਵੇਸ਼ ਬੈਠੀ ਝੋਲੀ ਡਾਹੀਆ । ਮੈਂ ਜਾ ਕੇ ਸੇਵਾ ਕਰਾਂ ਮਹਾਨ, ਸੇਵਕ ਬਣ ਕੇ ਸੇਵ ਕਮਾਈਆ । ਜਿਸ ਮਾਰਗ ਗੁਰਮੁਖ ਆਣ, ਤਿਨ੍ਹਾਂ ਕੇਸ ਚਵਰ ਝੁਲਾਈਆ । ਜਿਸ ਵੇਲੇ ਮੇਰੇ ਉਪਰ ਚਰਨ ਟਿਕਾਨ, ਮੈਂ ਖ਼ੁਸ਼ੀਆਂ ਨਾਲ ਲਵਾਂ ਉਠਾਈਆ । ਨਾਲੇ ਕੂਕ ਪੁਕਾਰ ਕਰਾਂ ਬਿਨਾ ਜ਼ਬਾਨ, ਅੰਦਰੇ ਅੰਦਰ ਰਾਗ ਸੁਣਾਈਆ । ਚਲੋ ਓਸ ਨੂੰ ਮਿਲੀਏ ਆਣ, ਜੋ ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਮੇਰੀ ਸੇਵਾ ਲਾਈ ਵਿਚ ਜਹਾਨ, ਜਨ ਭਗਤਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਕੇ ਬਾਤ ਸੇਵਾ ਦੀ ਹਰਿ, ਧੁਰ ਸੰਦੇਸ਼ਾ ਇਕ ਜਣਾਈਆ । ਉਠ ਬਾਲ ਆ ਦਰ, ਦਰਦੀ ਦਰਦ ਵੰਡਾਈਆ । ਆਪਣੀ ਕਹਾਣੀ ਦੱਸ ਘੜ, ਕੀ ਕੀ ਬਣਤ ਬਣਾਈਆ । ਤੇਰੀ ਕਿਸ ਲਗਾਈ ਜੜ੍ਹ, ਪਤ ਡਾਹਲੀ ਕਵਣ ਮਹਿਕਾਈਆ । ਕੀ ਕਰਨੀ ਜੁਗ ਜੁਗ ਰਿਹਾ ਕਰ, ਨਿਹਕਰਮੀ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੇਵਾ ਕਹੇ ਮੇਰੇ ਰੂਪ ਪੰਜ, ਪੰਜਾਂ ਵਿਚੋਂ ਨਜ਼ਰੀ ਆਈਆ । ਪੰਜ ਕਹਿਣ ਤੇਰੀ ਧਾਰ ਸੂਰਾ ਸਰਬੰਗ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸ਼ਹਿਨਸ਼ਾਹ ਕਹੇ ਮੇਰਾ ਖੇਲ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੇਵਾ ਕਹੇ ਮੇਰਾ ਮੇਲ ਪੰਜ, ਪੰਜ ਮਿਲੇ ਵਡਿਆਈਆ । ਮੇਰਾ ਰੂਪ ਦਾ ਨਾ ਕੋਈ ਤਤ ਕਾਇਆ ਕੰਚ, ਗੜ੍ਹ ਨਜ਼ਰ ਕੋਈ ਨਾ ਆਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਨੂਰ ਅਗਨੀ ਅੰਚ, ਧੂਅੰਧਾਰ ਨਾ ਕੋਈ ਰਖਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਬਣਾਈ ਮੇਰੀ ਬਣਤ, ਘਾੜਤ ਆਪਣੀ ਹੱਥੀਂ ਘੜਾਈਆ । ਜਿਸ ਦਾ ਭੇਵ ਨੌ ਸੌ ਚੁਰਾਨਵੇਂ ਚੌਕੜੀ ਜੁਗ ਕਿਸੇ ਨਾ ਪਾਇਆ ਜੀਵ ਜੰਤ, ਗੁਰ ਅਵਤਾਰ ਨਾ ਕੋਇ ਲੇਖ ਲਿਖਾਈਆ । ਮੇਰੀ ਮਹਿੰਮਾ ਸਦਾ ਅਗਣਤ, ਰਸਨਾ ਜਿਹਵਾ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮੇਰਾ ਭੇਵ ਦਏ ਚੁਕਾਈਆ । ਸੇਵਾ ਕਹੇ ਮੇਰੇ ਪੰਜ ਰੂਪ, ਰੂਪਾਵੰਤੀ ਨਜ਼ਰੀ ਆਈਆ । ਸਾਹਿਬ ਸਵਾਮੀ ਮੇਰਾ ਭੂਪ, ਪਤਿਪਰਮੇਸ਼ਵਰ ਬੇਪਰਵਾਹੀਆ । ਮੇਰੀ ਸੇਵਾ ਚਾਰ ਕੂਟ, ਚਾਰੇ ਰੂਪ ਦਏ ਸਮਝਾਈਆ । ਪੰਜਵੀਂ ਸੇਵਾ ਚਰਨ ਵਿਚ ਰੱਖ ਸਭ ਤੋਂ

ਕਰੇ ਮਜ਼ਬੂਤ, ਹਾਰ ਜਿਤ ਆਪਣੇ ਹੱਥ ਰਖਾਈਆ । ਨਾ ਕੋਈ ਤਤ ਨਾ ਵਜੂਦ, ਬੁੱਤ ਰੂਪ ਨਾ ਕੋਈ ਵਖਾਈਆ । ਸਾਹਿਬ ਸਤਿਗੁਰ ਇਕ ਮਹਿਬੂਬ, ਮਿਹਰਵਾਨ ਦਏ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਮੌਜੂਦ, ਵਿਛੋੜਾ ਨਜ਼ਰ ਕੋਈ ਨਾ ਆਈਆ । ਸਾਹਿਬ ਸਤਿਗੁਰ ਮੈਨੂੰ ਕਰ ਕੇ ਰੱਖਿਆ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋਏ ਸਹਾਈਆ । ਸੇਵਾ ਕਹੇ ਮੇਰਾ ਰੂਪ ਪਰਗਟ, ਸ੍ਰੀ ਭਗਵਾਨ ਆਪ ਪਰਗਟਾਈਆ । ਮੇਰਾ ਖੇਲ ਹਰ ਘਟ, ਹਰਿ ਕਰਤਾ ਆਪ ਜਣਾਈਆ । ਮੇਰਾ ਖੇਲ ਮਰਘਟ, ਮੜੀ ਗੋਰ ਵੇਖ ਵਖਾਈਆ । ਮੇਰਾ ਖੇਲ ਤੀਰਥ ਤੱਟ, ਤੱਟ ਕਿਨਾਰਾ ਫੋਲ ਫੁਲਾਈਆ । ਮੇਰਾ ਖੇਲ ਮੰਦਰ ਮੱਠ, ਸ਼ਿਵਦਵਾਲੇ ਵੇਖਾਂ ਚਾਈਂ ਚਾਈਂਆ । ਮੇਰਾ ਖੇਲ ਹੱਥ ਪੁਰਖ ਸਮਰਥ, ਸ੍ਰੀ ਭਗਵਾਨ ਸਾਚੀ ਸੇਵਾ ਲਾਈਆ । ਮੇਰਾ ਖੇਲ ਸਦਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੇਵਾ ਦਏ ਵਡਿਆਈਆ । ਸੇਵਾ ਕਹੇ ਮੇਰਾ ਪ੍ਰੀਤਮ ਓਹ, ਦੇਵੇ ਮਾਣ ਵਡਿਆਈਆ । ਜਿਸ ਸੇਵਾ ਅੰਦਰ ਆਪਣੀ ਸੇਵਾ ਲਾਈ ਛੱਬੀ ਪੋਹ, ਵੇਸ ਅਵਲੜਾ ਰੂਪ ਵਟਾਈਆ । ਸੇਵਾ ਖ਼ਾਤਰ ਨਿਰਗੁਣ ਹੋ, ਸਰਗੁਣ ਰੰਗ ਨਾ ਕੋਇ ਰੰਗਾਈਆ । ਮੀਤ ਮੁਰਾਰਾ ਸੱਜਣ ਲਿਆ ਟੋਹ, ਗੋਬਿੰਦ ਆਪਣੇ ਅੰਗ ਲਗਾਈਆ । ਦੋ ਜਹਾਨਾਂ ਸਭ ਤੋਂ ਸੇਵਾ ਖੋਹ, ਸਾਚੀ ਸੇਵਾ ਇਕੋ ਰੂਪ ਵਖਾਈਆ । ਕੂੜ ਕੁਟੰਬ ਨਾਲੋਂ ਤੋੜ ਮੋਹ, ਜਨ ਭਗਤਾਂ ਹੋਏ ਸਹਾਈਆ । ਸੇਵਾ ਕਰ ਕਰ ਦੁਰਮਤ ਮੈਲ ਧੋ, ਨਿਰਮਲ ਨਿਰਮਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਆਪ ਦਰਸਾਈਆ । ਸੇਵਾ ਕਹੇ ਮੈਂ ਪੰਚ ਪਿਆਰੀ, ਸਚ ਰੰਗ ਰੰਗਾਈਆ । ਜੁਗ ਚੌਕੜੀ ਮੈਨੂੰ ਸਾਰੇ ਵੇਂਹਦੇ ਰਹੇ ਕਵਾਰੀ, ਜੋਬਨ ਮਤੀ ਨੂਰ ਅਲਾਹੀਆ । ਡੋਲੀ ਫੜ ਕਿਸੇ ਨਾ ਚਾੜ੍ਹੀ, ਜਗਤ ਕਹਾਰ ਕੰਧ ਨਾ ਕੋਈ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰੇਮ ਪ੍ਰੀਤੀ ਕਰਦੇ ਗਏ ਵਾਰੋ ਵਾਰੀ, ਵਾਰਤਾ ਲੇਖੇ ਜਾਣੇ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲ ਗਏ ਉਚੀ ਕੂਕ ਪੁਕਾਰੀ, ਧੁਰ ਦਾ ਨਾਦ ਵਜਾਈਆ । ਸਭ ਦਾ ਦਾਤਾ ਸ਼ਹਿਨਸ਼ਾਹ ਆਵੇ ਇਕੋ ਵਾਰੀ, ਏਕੰਕਾਰਾ ਨਾਉਂ ਉਪਾਈਆ । ਜਿਸ ਦੀ ਸੇਵਾ ਸਰਬ ਤੋਂ ਨਿਆਰੀ, ਨੇਤਰ ਨੈਣ ਨਜ਼ਰ ਨਾ ਆਈਆ । ਜਿਸ ਦੀ ਸੇਵਾ ਸੇਵਕ ਰੂਪ ਬਣ ਕੇ ਦੇਵੇ ਬਹਾਰੀ, ਕੂੜਾ ਕਿਰਕਟ ਹੂੰਝ ਵਖਾਈਆ । ਤਿਸ ਸੇਵਾ ਸੰਗ ਸਾਹਿਬ ਲਗਾਏ ਯਾਰੀ, ਮਿਹਰਵਾਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸੇਵਾ ਕਹੇ ਮੇਰੇ ਮਿਹਰਵਾਨ, ਮੋਹੇ ਸਚ ਦੇ ਦ੍ਰਿੜਾਈਆ । ਮੇਰਾ ਲੇਖਾ ਕਬ ਕਰੇਂ ਪਰਵਾਨ, ਆਪਣੇ ਲੇਖੇ ਲਾਈਆ । ਸ਼ਾਹ ਪਾਤਸ਼ਾਹ ਹੋ ਮਿਹਰਵਾਨ, ਨਿਰਗੁਣ ਨਿਰਵੈਰ ਆਪ ਜਣਾਈਆ । ਬੀਸ ਬੀਸੇ ਜਨ ਭਗਤਾਂ ਦੇ ਮਾਣ, ਗੁਰਮੁਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਦ੍ਰਿੜਾਈਆ । ਸਾਚੀ ਸਿਖਿਆ ਇਕ ਦ੍ਰਿੜਾਉਂਦਾ ਏ । ਸ੍ਰੀ ਭਗਵਾਨ ਹੁਕਮ ਸਣੌਂਦਾ ਏ । ਬੀਸ ਬੀਸਾ ਖ਼ੁਸ਼ੀ ਮਨੌਂਦਾ ਏ । ਜਨ ਭਗਤਾਂ ਆਪ ਵਡਿਔਂਦਾ ਏ । ਸਾਚੀ ਸੇਵਾ ਤੇਰੀ ਰੀਤੀ ਇਕ ਵਖੌਂਦਾ ਏ । ਪਿਛਲੀ ਬੀਤੀ ਆਪ ਝੋਲੀ ਪੌਂਦਾ ਏ । ਅੱਗੇ ਕਰ ਕੇ ਠੰਡੀ ਸੀਤੀ, ਜਨ ਭਗਤਾਂ ਜੋੜ ਵਖੌਂਦਾ ਏ । ਤੂੰ ਵੇਖੀਂ ਪ੍ਰਭ ਦੀ ਲੁਕਣ ਮੀਟੀ, ਔਂਦਾ ਜਾਂਦਾ

ਨਜ਼ਰ ਕਿਸੇ ਨਾ ਔਂਦਾ ਏ । ਕਰੇ ਖੇਲ ਅਗੰਮੀ ਅਨਡੀਠੀ, ਅਨਡਿਠੜੀ ਕਾਰ ਕਮੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੈਨੂੰ ਸਚ ਦਵਾਰ ਬਹੌਂਦਾ ਏ । ਸੇਵਾ ਤੈਨੂੰ ਸਚ ਦਵਾਰ ਬਹਾਵਾਂਗਾ । ਜਨ ਭਗਤਾਂ ਅੰਦਰ ਆਪ ਰਖਾਵਾਂਗਾ । ਕਾਇਆ ਮੰਦਰ ਸਚ ਸੁਹਾਵਾਂਗਾ । ਭਾਗ ਲਗਾ ਕੇ ਡੂੰਘੀ ਕੰਦਰ, ਨਿਰਮਲ ਨੂਰ ਜੋਤ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਕਿਸ ਵੇਲੇ ਖੇਲ ਕਰ ਕੇ ਮੇਰਾ ਸੱਚਾ ਘਰ ਵਖਾਵੇਗਾ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਚ ਸੁਨੇਹੜਾ ਇਕ ਸੁਣੌਂਦਾ ਏ । ਤੇਰਾ ਰਾਹ ਆਪ ਚਲੌਂਦਾ ਏ । ਬੀਸ ਬੀਸਾ ਢੂੰਡ ਢੂੰਡੌਂਦਾ ਏ । ਜਗਤ ਜਗਦੀਸ਼ਾ ਰੰਗ ਰੰਗੌਂਦਾ ਏ । ਸਭ ਦਾ ਖ਼ਾਲੀ ਕਰ ਕੇ ਖ਼ੀਸਾ, ਖ਼ਾਲਸ ਤੇਰਾ ਰੂਪ ਜਣੌਂਦਾ ਏ । ਧੁਰ ਦੀ ਦੇ ਇਕ ਹਦੀਸਾ, ਹਜ਼ਰਤ ਕਲਮਾ ਇਕ ਪੜ੍ਹੌਂਦਾ ਏ । ਦੂਰ ਦੁਰਾਡੋਂ ਆ ਨਜ਼ਦੀਕਾ, ਨੇਰਨ ਨੇਰ ਪੰਧ ਮੁਕੌਂਦਾ ਏ । ਮੇਰੇ ਭਗਤਾਂ ਨਾਲ ਨਾ ਕਰੀਂ ਸ਼ਰੀਕਾ, ਸ਼ਰੀਕਤ ਤੇਰੀ ਸਰਬ ਗਵੌਂਦਾ ਏ । ਇਹਨਾਂ ਅੰਦਰ ਮੇਰੀ ਤੌਫ਼ੀਕਾ, ਤੋਹਫਾ ਤੇਰੀ ਝੋਲੀ ਪੌਂਦਾ ਏ । ਤੂੰ ਸੇਵਾ ਸੇਵਾ ਕਰਾਈਂ ਨਾਲ ਰੀਝਾਂ, ਰਹੀਮ ਰਹਿਮਾਨ ਵੇਖ ਵਖੌਂਦਾ ਏ । ਅੱਗੇ ਵੇਖ ਲੰਘ ਦਹਿਲੀਜਾਂ, ਪਰਦਾ ਉਹਲਾ ਆਪ ਉਠੌਂਦਾ ਏ । ਨੇਤਰ ਤੱਕ ਲਾ ਕੇ ਨੀਝਾਂ, ਨੈਣ ਅੱਖ ਖੁਲੌਂਦਾ ਏ । ਸੇਵਾ ਵੇਖ ਕਹੇ ਪ੍ਰਭ ਨਜ਼ਰੀ ਆਇਆ ਮੀਤਾ, ਮਿੱਤਰ ਪਿਆਰਾ ਜੋ ਅਖਵੌਂਦਾ ਏ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਿਸ ਅਕੱਠਾ ਕੀਤਾ, ਘਰ ਇਕੋ ਰੰਗ ਚੜ੍ਹੌਂਦਾ ਏ । ਭੇਵ ਚੁਕਾਇਆ ਊਚਾਂ ਨੀਚਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸੰਗ ਨਿਭੌਂਦਾ ਏ । ਜਿਨ੍ਹਾਂ ਨੈਣ ਖੋਲ੍ਹ ਤੀਜਾ, ਰਾਤੀ ਸੁੱਤਿਆਂ ਦਰਸ਼ ਦਿਖੌਂਦਾ ਏ । ਇਹਨਾਂ ਦੀ ਸੇਵਾ ਅੰਤਰ ਰੀਝਾ, ਪ੍ਰੇਮ ਪ੍ਰੀਤੀ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣੌਂਦਾ ਏ । ਸੇਵਾ ਕਹੇ ਮੈਂ ਸੇਵਾ ਕਰਨੀ, ਸੇਵਕ ਰੂਪ ਵਟਾਈਆ । ਭਗਵਾਨ ਕਹੇ ਲੱਗ ਇਹਨਾਂ ਦੀ ਚਰਨੀ, ਜੋ ਚਰਨੀ ਬੈਠ ਸੀਸ ਝੁਕਾਈਆ । ਸੇਵਾ ਕਹੇ ਮੈਂ ਪਾਣੀ ਭਰਨੀ, ਦਰ ਦਰ ਘਰ ਘਰ ਫੇਰਾ ਪਾਈਆ । ਭਗਵਾਨ ਕਹੇ ਔਖੀ ਮੰਜ਼ਲ ਚੜ੍ਹਨੀ, ਬਿਨਾ ਹਰਿ ਕਿਰਪਾ ਚੜ੍ਹਨ ਕੋਈ ਨਾ ਪਾਈਆ । ਸੇਵਾ ਕਹੇ ਮੈਂ ਤੈਥੋਂ ਡਰਨੀ, ਸੀਸ ਨਾ ਉਪਰ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਉਹ ਖੇਲ ਕਰਨੀ, ਜੋ ਆਦਿ ਜੁਗਾਦਿ ਨਾ ਕਿਸੇ ਕਰਾਈਆ । ਸੇਵਾ ਕਹੇ ਮੈਂ ਮਰਦੀ ਮਰਨੀ, ਮਰ ਮਰ ਆਪਾ ਆਪ ਮਚਾਈਆ । ਸ੍ਰੀ ਭਗਵਾਨ ਕਹੇ ਤੂੰ ਇਕੋ ਸਿਖਿਆ ਪੜ੍ਹਨੀ, ਜੋ ਗੁਰਮੁਖ ਦੇਣ ਸਮਝਾਈਆ । ਸੇਵਾ ਕਹੇ ਮੈਂ ਕੰਨੀ ਫੜਨੀ, ਚੋਲੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੇਵਾ ਸਚ ਸੇਵਾ ਦਏ ਸਮਝਾਈਆ । ਸੇਵਾ ਵੇਖ ਸੇਵਕ ਸੇਵਾ ਕਰਨ, ਅੱਠੇ ਪਹਿਰ ਧਿਆਨ ਲਗਾਈਆ । ਰਸਨਾ ਜਿਹਵਾ ਪਰਮ ਪੁਰਖ ਦਾ ਢੋਲਾ ਪੜ੍ਹਨ, ਸੱਚਾ ਰਾਗ ਅਲਾਈਆ । ਬਿਰਹੋਂ ਵਿਛੋੜੇ ਅੰਦਰ ਮਰਨ, ਜੀਵਤ ਜੀਵਣ ਰੂਪ ਵਟਾਈਆ । ਤੂੰਹੀ ਤੂੰਹੀ ਕਰਨ, ਮੈਂ ਮਮਤਾ ਰਹੇ ਗਵਾਈਆ । ਜਾਗਤ ਸੋਵਤ ਖ਼ੁਸ਼ੀਆਂ ਕਰਨ, ਕਰ ਕਰ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਦੇਵੇ ਸਚ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਧੁਰ ਸੁਚੱਜੀ, ਅੱਛੀ ਤਰ੍ਹਾ ਸਮਝਾਈਆ । ਸੇਵਾ ਅੰਦਰ ਰਾਤ ਸੰਗਤ ਗਈ ਭੱਜੀ, ਸੁਰਤੀ ਸਤਿਗੁਰ ਵਿਚ ਰਲਾਈਆ । ਜਿਸ ਵੇਲੇ ਰਾਤ ਹੋਈ ਅੱਧੀ, ਅੰਧ ਅੰਧੇਰ ਰਹੇ ਗਵਾਈਆ । ਗੁਰਮੁਖ

੩੭੦ ੧੯

ਗੁਰਸਿਖ ਹੱਥ ਖਲੋਤੇ ਬੱਧੀ, ਬੰਦਨਾ ਇਕ ਕਰਾਈਆ । ਕਿਸ਼ਨ ਸਿੰਘ ਹੌਲੀ ਜਿਹੀ ਬਾਤ ਸੁਣਾਈ ਅੱਧੀ, ਅੱਗੋਂ ਬੈਠਾ ਜ਼ਬਾਨ ਬੰਦ ਕਰਾਈਆ । ਸਾਹਿਬ ਸਤਿਗੁਰ ਤੇਰੀ ਵਡਿਆਈ ਵੱਡੀ, ਕਿਛ ਕਹਿਣਾ ਕਹਿਣ ਨਾ ਪਾਈਆ । ਓਸੇ ਵੇਲੇ ਪੰਜਾਂ ਸਪੁੱਤਰੀਆਂ ਕਿਹਾ ਬਾਪੂ ਗੱਲ ਅੱਛੀ, ਅੱਛੀ ਤਰਾਂ ਜਣਾਈਆ । ਮੈਂਢੀ ਸੀਸ ਕਰ ਕੇ ਨੰਗੀ, ਖੁਲ੍ਹੜੇ ਕੇਸ ਦਿਤੀ ਦੁਹਾਈਆ । ਲਾਲੋ ਉਠ ਕੇ ਮੰਗ ਮੰਗੀ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਕਿਹਾ ਸੱਤ ਮਹੀਨੇ ਇਹਨਾਂ ਦੀ ਔਧ ਰਹਿੰਦੀ, ਲੇਖਾ ਮੁਕਿਆ ਥਾਉਂ ਥਾਈਂਆ । ਓਸੇ ਵੇਲੇ ਸੰਗਤ ਸਾਰੀ ਰੋ ਕੇ ਕਹਿੰਦੀ, ਬਖ਼ਸ਼ ਸਾਹਿਬ ਸੱਚੇ ਗੁਸਾਈਆ । ਇਕੋ ਤੇਰੇ ਪ੍ਰੇਮ ਦੀ ਲੱਗੇ ਮਹਿੰਦੀ, ਦੂਜਾ ਰੰਗ ਨਾ ਕੋਈ ਰੰਗਾਈਆ । ਤੇਰੀ ਕਾਇਆ ਤੇਰੇ ਹੁੰਦਿਆਂ ਢਹਿੰਦੀ, ਲੱਜਿਆ ਤੇਰੀ ਝੋਲੀ ਪਾਈਆ । ਸੰਗਤ ਤੇਰੀ ਤੇਰਾ ਭਾਣਾ ਸਹਿੰਦੀ, ਸਿਰ ਸਿਰ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਹੱਥਾਂ ਫੜ ਕੇ ਕਿਹਾ ਹਰਿ ਦਇਆ ਕਰੇ ਕਲਾ ਨਾ ਚੜ੍ਹਦੀ ਨਾ ਢਹਿੰਦੀ, ਢਹਿ ਢੇਰ ਨਾ ਕੋਈ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਾਨ ਹੋ ਮਿਹਰਵਾਨ ਜਗਤ ਜਹਾਨ ਨਿਸ਼ਾਨੀ ਰਹਿੰਦੀ, ਲੇਖਾ ਸਕੇ ਨਾ ਕੋਈ ਮੁਕਾਈਆ । ਸੁਣ ਬਚਨ ਲਾਲ ਨੇਤਰ ਰੋ, ਲਾਲੋ ਆਖ ਸੁਣਾਈਆ । ਤੇਰੇ ਬਿਨਾਂ ਨਾ ਸਾਡਾ ਕੋ, ਸੰਗ ਨਾ ਕੋਈ ਵਖਾਈਆ । ਤੇਰੇ ਜੋਗੇ ਗਏ ਹੋ, ਦਿਵਸ ਰੈਣ ਨਿੱਕੀਆਂ ਨਿੱਕੀਆਂ ਬੱਚੀਆਂ ਰਹੀਆਂ ਗਾਈਆ । ਕਿਉਂ ਪ੍ਰਭੂ ਤੋੜਦਾ ਮੋਹ, ਨਾਤਾ ਪੰਜ ਤਤ ਛੁਡਾਈਆ । ਸ੍ਰੀ ਭਗਵਾਨ ਦਇਆਵਾਨ ਆਪੇ ਹੋ, ਸਿੰਘ ਕਿਸ਼ਨ ਦਿਤੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੱਖ ਵਿਚੋਲਾ ਮੈਨੂੰ ਇਹਨਾਂ ਜੋਗਾ ਗਿਆ ਹੋ, ਸਿਰ ਓਢਣ ਪਰਦਾ ਦੋਸ਼ਾਲਾ ਆਪਣਾ ਆਪ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਂਵਦਿਆਂ ਜੀਂਵਦਿਆਂ ਜੀਉਂਦੇ ਜੀਵ ਲਏ ਤਰਾਈਆ ।



## ★ ੧੫ ਮਾਘ ੨੦੨੦ ਬਿਕਰਮੀ ਆਸਾ ਸਿੰਘ ਬਲਾਕਾ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਨਿਰੰਜਣ ਕਹੇ ਮੇਰਾ ਸਾਚਾ ਪੁੱਤ, ਸ਼ਬਦੀ ਨੂਰ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਕਹੇ ਮੇਰੀ ਧਾਰੋਂ ਪਏ ਉਠ, ਨਾ ਕੋਈ ਜਨਮੇ ਪਿਤਾ ਮਾਈਆ । ਏਕੰਕਾਰ ਕਹੇ ਨਾ ਕੋਈ ਕਾਇਆ ਨਾ ਕੋਈ ਬੁੱਤ, ਪੰਜ ਤਤ ਨਾ ਕੋਈ ਰਖਾਈਆ । ਆਦਿ ਨਿਰੰਜਣ ਕਹੇ ਸੁਹਾਏ ਰੁੱਤ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਕਹੇ ਨਾ ਦਾੜ੍ਹੀ ਨਾ ਮੁੱਛ, ਸੀਸ ਲਏ ਨਾ ਕੋਈ ਮੁੰਡਾਈਆ । ਸ੍ਰੀ ਭਗਵਾਨ ਕਹੇ ਨਾ ਬੋਲੇ ਨਾ ਹੋਵੇ ਚੁੱਪ, ਸੁਨ ਸਮਾਧ ਨਾ ਕੋਇ ਲਗਾਈਆ । ਪਾਰਬ੍ਰਹਮ ਕਹੇ ਆਦਿ ਜੁਗਾਦਿ ਜੁਗ ਚੌਕੜੀ ਜਾਣੇ ਸਭ ਕੁਛ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਮੈਂ ਧੁਰ ਦਾ ਲਾਲ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਮਹਲ ਅਟੱਲ ਉਚ ਜਿਸ ਦੀ ਧਰਮਸਾਲ, ਸਚਖੰਡ ਸਾਚੇ ਸੋਭਾ ਪਾਈਆ । ਦੀਪਕ ਜੋਤੀ ਜਗੇ ਬੇਮਿਸਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਸਿੰਘਾਸਣ ਬਹੇ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਵਖਾਈਆ । ਸ੍ਰੀ ਭਗਵਾਨ ਕਹੇ ਮੇਰੇ ਸ਼ਬਦੀ ਰਾਜਾ, ਪੂਤ ਸਪੂਤੇ ਦਏ ਵਡਿਆਈਆ । ਖੋਲ੍ਹਣਹਾਰਾ ਸਚ ਦਰਵਾਜਾ, ਥਿਰ ਘਰ ਦੇਵੇ ਮਾਣ ਵਡਿਆਈਆ । ਸਤਿ ਸਤਿਵਾਦੀ ਮਾਰੇ ਅਵਾਜਾਂ, ਆਪਣਾ ਨਾਦ ਸੁਣਾਈਆ । ਗ੍ਰਹਿ ਮੰਦਰ ਬਹਿ ਕੇ ਰਚੇ ਕਾਜਾ, ਸਚ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਕਹੇ ਮੇਰਾ ਬਾਪ ਏਕ, ਸੋ ਪੁਰਖ ਨਿਰੰਜਣ ਨਜ਼ਰੀ ਆਈਆ । ਜਿਸ ਨੇ ਦਿਤੀ ਧੁਰ ਦੀ ਟੇਕ, ਸਿਰ ਸਮਰਥ ਹੱਥ ਟਿਕਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਲੇਖ, ਸਿਫ਼ਤੀ ਸਿਫ਼ਤ ਨਾ ਕੋਈ ਸਾਲਾਹੀਆ । ਸਤਿ ਸਰੂਪ ਕੀਤਾ ਬਿਬੇਕ, ਦਰ ਏਕਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸੋ ਪੁਰਖ ਨਿਰੰਜਣ ਕਹੇ ਮੇਰਾ ਸੁਤ ਅਪਾਰਾ, ਅਪਰੰਪਰ ਖੇਲ ਕਰਾਈਆ । ਥਿਰ ਘਰ ਵਸੇ ਧਾਮ ਨਿਆਰਾ, ਸਚਖੰਡ ਅੰਦਰ ਡੇਰਾ ਲਾਈਆ । ਹੁਕਮੀ ਹੁਕਮ ਬਣ ਵਣਜਾਰਾ, ਧੁਰ ਦੀ ਸਾਚੀ ਸੇਵ ਕਮਾਈਆ । ਘੜਨ ਭੰਨਣਹਾਰ ਬਣ ਠਠਿਆਰਾ, ਸਾਚੀ ਘਾੜਤ ਲਏ ਘੜਾਈਆ । ਨਿਰਗੁਣ ਵਿਚੋਂ ਨਿਰਗੁਣ ਕਰ ਵਿਚਾਰਾ, ਸਰਗੁਣ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਰਾਈਆ । ਸੁਤ ਕਹੇ ਮੇਰਾ ਪਿਤਾ ਅਗੰਮ, ਜਿਸ ਹੱਥ ਮੇਰੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਨਾ ਕੋਈ ਰਖਾਈਆ । ਨਾ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਨਾ ਮਾਟੀ ਨਾ ਕੋਈ ਚੰਮ, ਦ੍ਰਿਸ਼ਟ ਇਸ਼ਟ ਨਾ ਕੋਈ ਵਖਾਈਆ । ਆਦਿ ਜੁਗਾਦਿ ਬੇੜਾ ਦੇਵੇ ਬੰਨ੍ਹ, ਬੰਨਣਹਾਰ ਇਕ ਹੋ ਜਾਈਆ । ਕਰੇ ਵਸੇਰਾ ਬਿਨ ਛੱਪਰ ਛੰਨ, ਸਚਖੰਡ ਸਾਚੇ ਸੋਭਾ ਪਾਈਆ । ਨਿਰਵੈਰ ਹੋ ਕੇ ਕਰੇ ਕੰਮ, ਹਰਿ ਕਰਨੀ ਕਰਤਾ ਕਾਰ ਕਮਾਈਆ । ਦਿਆਲ ਹੋ ਕੇ ਗਿਆ ਮੰਨ, ਕਿਰਪਾਲ ਦੇਵੇ ਵਡਿਆਈਆ । ਵਸਤ ਅਮੋਲਕ ਦੇ ਕੇ ਧੰਨ, ਮੇਰੀ ਝੋਲੀ ਦਿਤੀ ਭਰਾਈਆ । ਮੈਂ ਸਦਕੇ ਜਾਵਾਂ ਬਲ, ਬਲਧਾਰੀ ਆਪਣਾ ਆਪ ਘੋਲ ਘੁੰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਹਰਿ ਪੁਰਖ ਨਿਰੰਜਣ ਕਹੇ ਮੇਰਾ ਸੇਵਾਦਾਰ, ਸ਼ਬਦੀ ਸੁਤ ਇਕ ਵਡਿਆਈਆ । ਜਿਸ ਦਾ ਘਰ ਭਰਿਆ ਭੰਡਾਰ, ਦਿਤੀ ਵਡ ਵਡਿਆਈਆ । ਸਚ ਸੰਦੇਸ਼ਾ ਦੇ ਏਕਾ ਵਾਰ, ਏਕੰਕਾਰ ਰਿਹਾ ਜਣਾਈਆ । ਸਾਚੀ ਘਾੜਤ ਕਰ ਤਿਆਰ, ਬੇਪਰਵਾਹ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਤ ਸ਼ਬਦ ਕਹੇ ਮੇਰੇ ਮਹਿਬੂਬ, ਸੀਸ ਜਗਦੀਸ਼ ਇਕ ਝੁਕਾਈਆ । ਤੇਰਾ ਹੁਜਰਾ ਵੇਖ ਅਰੂਜ, ਮਹਿਫਲ ਤੇਰੀ ਨਜ਼ਰੀ ਆਈਆ । ਨਿਤ ਨਵਿਤ ਸਦਾ ਮੌਜੂਦ, ਹਾਜ਼ਰ ਹਜ਼ੂਰ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਮਸ਼ਰੂਫ, ਘੜੀ ਪਲ ਵੰਡ ਨਾ ਕੋਈ ਵੰਡਾਈਆ । ਮੈਨੂੰ ਆਪਣਾ ਦੇ ਹਕੂਕ, ਹੱਕ ਤੇਰੀ ਝੋਲੀ ਪਾਈਆ । ਰਹਿਮਤ ਕਰ ਦੇ ਤੌਫ਼ੀਕ, ਸਚ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਮਿਹਰ ਨਜ਼ਰ ਇਕ ਉਠੌਂਦਾ ਏ । ਸ਼ਬਦੀ ਸੁਤ ਆਪ ਸਮਝੌਂਦਾ ਏ । ਥਿਰ ਘਰ ਤੇਰਾ ਦਵਾਰਾ ਇਕ ਵਡਿਔਂਦਾ ਏ । ਨਰ ਨਿਰੰਕਾਰਾ ਖ਼ੁਸ਼ੀ ਵਖੌਂਦਾ ਏ । ਸਚ ਵਰਤਾਰਾ ਆਪ ਵਰਤੌਂਦਾ

ਏ । ਬਣ ਵਰਤਾਰਾ ਦਰਦ ਵੰਡੌਂਦਾ ਏ । ਦੇ ਸਹਾਰਾ ਹੁਕਮ ਸੁਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਅਖਾੜਾ, ਧੁਰ ਦਾ ਅਗੰਮੀ ਨਾਚ ਨਚੌਂਦਾ ਏ । ਤ੍ਰੈਗੁਣ ਮਾਇਆ ਕਰ ਪਿਆਰਾ, ਸਚ ਤੇਰੀ ਵੰਡ ਵੰਡੌਂਦਾ ਏ । ਲੱਖ ਚੁਰਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਭੇਵ ਆਪ ਜਣੌਂਦਾ ਏ । ਸ਼ਬਦ ਸੁਤ ਕਹੇ ਮੇਰੇ ਗੋਪਾਲ, ਪਾਰਬ੍ਰਹਮ ਤੇਰੀ ਸਰਨਾਈਆ । ਠਾਕਰ ਹੋ ਕੇ ਹੋਇਉਂ ਦਿਆਲ, ਆਪਣੀ ਦਿਤੀ ਮਾਣ ਵਡਿਆਈਆ । ਤੇਰੀ ਵਸਤ ਰੱਖਾਂ ਸੰਭਾਲ, ਆਪਣੇ ਸਚ ਖ਼ਜ਼ਾਨੇ ਪਾਈਆ । ਸੇਵਾ ਕਰਾਂ ਇਕ ਮਹਾਨ, ਬਣ ਸੇਵਕ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸੁਤ ਸ਼ਬਦ ਮੇਰੇ ਦੁਲਾਰੇ, ਸ੍ਰੀ ਭਗਵਾਨ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਪਨਿਹਾਰੇ, ਧੁਰ ਦਾ ਹੁਕਮ ਆਪ ਸਮਝਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਤੇਰੇ ਅੰਗ ਪਿਆਰੇ, ਅੰਗੀਕਾਰ ਆਪ ਰਖਾਇੰਦਾ । ਜ਼ਿਮੀ ਅਸਮਾਨ ਗਗਨ ਮੰਡਲ ਬ੍ਰਹਿਮੰਡ ਖੰਡ ਤੇਰੇ ਮਹਲ ਉਸਾਰੇ, ਚਾਰ ਦਵਾਰ ਨਾ ਕੋਇ ਸੁਹਾਇੰਦਾ । ਰਵ ਸਸ ਚਮਕਨ ਤਾਰੇ, ਜੋਤੀ ਨੂਰ ਡਗਮਗਾਇੰਦਾ । ਕਰੇ ਖੇਲ ਅਗੰਮ ਅਪਾਰੇ, ਅਲਖ ਅਗੋਚਰ ਧਾਰ ਵਖਾਇੰਦਾ । ਧੁਰ ਦੀ ਵਸਤ ਦੇ ਵਰਤਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੁਤ ਕਹੇ ਮੇਰੇ ਪਿਤਾ ਪਰਮਾਤਮ, ਪ੍ਰਭ ਤੇਰੇ ਹੱਥ ਵਡਿਆਈਆ । ਚਰਨ ਪ੍ਰੀਤੀ ਜੋੜਨਾ ਨਾਤਮ, ਇਕੋ ਨਾਤਾ ਦੇਣਾ ਵਖਾਈਆ । ਤੇਰੇ ਖੇਲ ਦਾ ਜਾਣਾ ਮਹਾਤਮ, ਮਹਿਮਾ ਅਕਥ ਦੇ ਦ੍ਰਿੜਾਈਆ । ਤੇਰਾ ਖੇਲ ਵੇਖਾਂ ਬਾਤਨ, ਜਾਹਰ ਜਹੂਰ ਤੇਰੀ ਸਰਨਾਈਆ । ਤੂੰ ਬਣਿਆ ਸੱਚਾ ਸਾਥਣ, ਸਗਲਾ ਸੰਗ ਨਿਭਾਈਆ । ਹਉਂ ਸੇਵਕ ਦਾਸੀ ਦਾਸਨ, ਬਾਲਕ ਇਕੋ ਰੂਪ ਵਟਾਈਆ । ਫਿਰਾਂ ਵਿਚ ਪ੍ਰਿਥਮੀ ਅਕਾਸ਼ਨ, ਗਗਨ ਮੰਡਲ ਫੇਰਾ ਪਾਈਆ । ਨਿਰਗੁਣ ਸਰਗੁਣ ਰਚਾਵਾਂ ਰਾਸਨ, ਗੋਪੀ ਕਾਹਨ ਨਾਚ ਨਚਾਈਆ । ਨਾਦ ਸੁਣਾਵਾਂ ਪੂਜਾ ਪਾਠਣ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਧੁਰ ਦਾ ਲੇਖ ਆਪ ਜਣੌਂਦਾ ਏ । ਸ਼ਬਦੀ ਸੁਤ ਵੰਡ ਵੰਡੌਂਦਾ ਏ । ਵਿਸ਼ਨੂੰ ਤੇਰਾ ਰੰਗ ਵਿਖੌਂਦਾ ਏ । ਸਚ ਭੰਡਾਰ ਝੋਲੀ ਪੌਂਦਾ ਏ । ਬ੍ਰਹਮਾ ਪਾਰਬ੍ਰਹਮ ਬ੍ਰਹਮ ਪਰਗਟੌਂਦਾ ਏ । ਸ਼ੰਕਰ ਹੱਥ ਤ੍ਰਸੂਲ ਰਖੌਂਦਾ ਏ । ਤ੍ਰੈਗੁਣ ਮਾਇਆ ਪੰਜ ਤਤ ਜੋੜ ਜੁੜੌਂਦਾ ਏ । ਲੱਖ ਚੁਰਾਸੀ ਘਾੜਨ ਘੜ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡੌਂਦਾ ਏ । ਚਾਰੋਂ ਕੁੰਟ ਵੇਖ ਨਰ, ਉਤਰ ਪੂਰਬ ਪੱਛਮ ਦੱਖਣ ਖੇਲ ਖਲੌਂਦਾ ਏ । ਧੁਰ ਦਾ ਨਾਮ ਨਿਧਾਨ ਅਗੰਮਾ ਪੜ੍ਹ, ਸਾਚਾ ਢੋਲਾ ਰਾਗ ਅਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖੌਂਦਾ ਏ । ਪ੍ਰਭ ਸਿਰ ਮੇਰੇ ਹੱਥ ਟਿਕਾਵੇਗਾ । ਮਿਹਰ ਨਜ਼ਰ ਉਠਾਵੇਗਾ । ਮਾਰਗ ਆਪਣਾ ਸਚ ਦਿਸਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵੇਗਾ । ਲੱਖ ਚੁਰਾਸੀ ਖੇਲ ਖਿਲਾਵੇਗਾ । ਜੁਗ ਚੌਕੜੀ ਰਾਹ ਪਾਵੇਗਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਹਕਰਮੀ ਕਰਮ ਕਮਾਵੇਗਾ । ਨਿਰਗੁਣ ਸਰਗੁਣ ਆਪਣੀ ਧਾਰੋਂ ਉਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਚਰਨ ਕਵਲ ਪ੍ਰੀਤੀ ਤੋੜ ਨਿਭਾਵੇਗਾ । ਸ੍ਰੀ ਭਗਵਾਨ ਸਚ ਸੁਣੌਂਦਾ ਏ । ਆਦਿ ਪੁਰਖ ਆਪ ਅਪਣੌਂਦਾ ਏ । ਮਧ ਤੇਰੀ ਘਾਲ ਰਖੌਂਦਾ ਏ ।

ਅਵਲੜੀ ਚਾਲ ਆਪ ਚਲੌਂਦਾ ਏ । ਜੁਗ ਚੌਕੜੀ ਖੇਲ ਕਰੇ ਕਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖੌਂਦਾ ਏ । ਸਾਚਾ ਰਾਹ ਤੇਰਾ ਚਲਾਵਾਂਗਾ । ਨਿਰਗੁਣ ਨਿਰਵੈਰ ਸੇਵ ਕਮਾਵਾਂਗਾ । ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਵਾਂਗਾ । ਨਿਰਗੁਣ ਸਰਗੁਣ ਦੇ ਕੇ ਦਾਨ, ਪੰਜ ਤਤ ਚੋਲਾ ਆਪ ਹੰਢਾਵਾਂਗਾ । ਤੇਰਾ ਰੂਪ ਜਗਤ ਨਿਸ਼ਾਨ, ਗੁਰ ਅਵਤਾਰ ਨਾਉਂ ਰਖਾਵਾਂਗਾ । ਧੁਰ ਦਾ ਬੋਲ ਇਕ ਜੈਕਾਰ, ਸ੍ਰਿਸ਼ਟ ਸਬਾਈ ਰਾਗ ਅਲਾਵਾਂਗਾ । ਕਲਮ ਸ਼ਾਹੀ ਬਣ ਲਿਖਾਰ, ਕਾਤਬ ਹੋ ਕੇ ਕਲਮ ਚਲਾਵਾਂਗਾ । ਧੁਰ ਸੰਦੇਸ਼ਾ ਦੇ ਕੇ ਵਾਰੋ ਵਾਰ, ਲੱਖ ਚੁਰਾਸੀ ਜੀਵ ਜੰਤ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਪ੍ਰਭ ਕੀ ਕਮਾਵੇਗਾ । ਸਚ ਮੇਰੀ ਸੇਵਾ ਲਾਵੇਗਾ । ਜੁਗ ਚੌਕੜੀ ਹੁਕਮ ਸੁਣਾਵੇਗਾ । ਲੱਖ ਚੁਰਾਸੀ ਵੇਖ ਵਖਾਵੇਗਾ । ਮੰਡਲ ਰਾਸ ਸੋਭਾ ਪਾਵੇਗਾ । ਪ੍ਰਿਥਮੀ ਆਕਾਸ਼ ਕਾਜ ਕਰਾਵੇਗਾ । ਬਣ ਕੇ ਧੁਰ ਦਾ ਸਾਥੀ, ਸਗਲਾ ਸੰਗ ਨਿਭਾਵੇਗਾ । ਮੈਂ ਮੰਨਾਂ ਤੇਰੀ ਆਖੀ, ਤੂੰ ਰਹਿਮਤ ਇਕ ਕਮਾਵੇਗਾ । ਮੰਜ਼ਲ ਵੇਖ ਦੋ ਜਹਾਨਾਂ ਘਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਤੇਰਾ ਦਰਸ਼ਨ ਪਾਵਾਂਗਾ । ਸ੍ਰੀ ਭਗਵਾਨ ਸਚ ਜਣੌਂਦਾ ਏ । ਸ਼ਬਦ ਸੁਤ ਤੇਰੀ ਸੇਵਾ ਇਕ ਲਗੌਂਦਾ ਏ । ਨੌ ਸੌ ਚੁਰਾਨਵੇਂ ਚੌਕੜੀ ਜੁਗ, ਤੇਰੀ ਝੋਲੀ ਪੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਧਾਰ ਪਏ ਉਠ, ਨੂਰ ਨੁਰਾਨਾ ਨੂਰ ਚਮਕੌਂਦਾ ਏ । ਲੋਕਮਾਤ ਸੁਹਾਏ ਰੁੱਤ, ਰੁਤ ਰੁਤੜੀ ਨਾਲ ਮਹਿਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣੌਂਦਾ ਏ । ਸੁਤ ਸ਼ਬਦ ਕਹੇ ਮੈਂ ਸਾਚੀ ਸੇਵ ਕਮਾਵਾਂਗਾ । ਨਿਰਗੁਣ ਸਰਗੁਣ ਰੂਪ ਵਟਾਵਾਂਗਾ । ਅਵਤਾਰ ਤੇਈ ਤੇਜ ਚਮਕਾਵਾਂਗਾ । ਭਗਤ ਅਠਾਰਾਂ ਸੇਜ ਹੰਢਾਵਾਂਗਾ । ਈਸਾ ਮੂਸਾ ਜਲਵਾ ਨੂਰ ਦਰਸਾਵਾਂਗਾ । ਮੁਹੰਮਦ ਜ਼ਾਹਿਰ ਜਹੂਰ ਨਜ਼ਰੀ ਆਵਾਂਗਾ । ਨਾਨਕ ਨਿਰਗੁਣ ਚੰਦ ਚਮਕਾਵਾਂਗਾ । ਗੋਬਿੰਦ ਆਪਣੇ ਅੰਗ ਲਗਾਵਾਂਗਾ । ਬਣ ਸੂਰਾ ਸਰਬੰਗ, ਦਹਿ ਦਿਸ਼ਾ ਵੇਖ ਵਖਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰੋਂ ਲੰਘ, ਨਿਤ ਨਵਿਤ ਪੰਧ ਮੁਕਾਵਾਂਗਾ । ਅੰਤਮ ਮੰਗਾਂ ਇਕੋ ਮੰਗ, ਤੇਰੇ ਚਰਨ ਧਿਆਨ ਲਗਾਵਾਂਗਾ । ਸਾਹਿਬ ਸਵਾਮੀ ਵਸਣਾ ਸੰਗ, ਦੂਜਾ ਸੰਗ ਨਾ ਕੋਈ ਜਣਾਵਾਂਗਾ । ਨਿਰਵੈਰ ਦੇਣਾ ਅਨੰਦ, ਅਨੰਦ ਇਕੋ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਵਾਂਗਾ । ਸ੍ਰੀ ਭਗਵਾਨ ਸਚ ਦ੍ਰਿੜਾਉਂਦਾ ਏ । ਪੁਰਖ ਅਕਾਲ ਆਖ ਸੁਣੌਂਦਾ ਏ । ਦੀਨ ਦਿਆਲ ਭੇਵ ਖਲੌਂਦਾ ਏ । ਸ਼ਬਦ ਸੁਤ ਤੋਹੇ ਵਡਿਔਂਦਾ ਏ । ਅਬਿਨਾਸ਼ੀ ਅਚੁਤ ਸੰਗ ਵਖੌਂਦਾ ਏ । ਉਜਲ ਕਰ ਕੇ ਤੇਰਾ ਮੁੱਖ, ਲੱਖ ਚੁਰਾਸੀ ਗੀਤ ਰਾਗ ਅਲੌਂਦਾ ਏ । ਨੌ ਸੌ ਚੁਰਾਨਵੇਂ ਚੌਕੜੀ ਤੇਰੇ ਖੇਲ ਵੇਖੇ ਚੁੱਪ, ਆਪਣਾ ਹੁਕਮ ਨਾ ਕੋਈ ਵਰਤੌਂਦਾ ਏ । ਸਦ ਵਸ ਅੰਧੇਰੇ ਘੁੱਪ, ਤੇਰਾ ਨੂਰੀ ਜੋਤ ਰੁਸ਼ਨਾਉਂਦਾ ਏ । ਕਲਜੁਗ ਅੰਤਮ ਨਿਰਵੈਰ ਨਿਰਾਕਾਰ ਨਿਰੰਕਾਰ ਅਛਲ ਅਛੱਲ ਜਾਏ ਉਠ, ਸੋਚ ਸਮਝ ਨਾ ਕੋਇ ਰਖੌਂਦਾ ਏ । ਧੁਰ ਦਾ ਸਵਾਮੀ ਜਾਏ ਤੁਠ, ਮਿਹਰ ਨਜ਼ਰ ਇਕ ਟਿਕੌਂਦਾ ਏ । ਮੇਲ ਮਿਲਾ ਕੇ ਸਾਚੇ ਸੁਤ, ਸ਼ਬਦੀ ਤੇਰਾ ਘਰ ਵਸੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਸੁਤ ਸ਼ਬਦ ਕਹੇ ਪ੍ਰਭ

ਕਲਜੁਗ ਅੰਤ ਦਇਆ ਕਮਾਵੇਗਾ । ਜੁਗ ਚੌਕੜੀ ਪੰਧ ਮੁਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਵਿਚ ਸਮਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਡੰਕ ਵਜਾਵੇਗਾ । ਦੀਨ ਮਜ਼੍ਹਬ ਝੁਲਾ ਨਿਸ਼ਾਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹੁਕਮ ਵਰਤਾਵੇਗਾ । ਜਾਤ ਪਾਤ ਕਰ ਪਰਧਾਨ, ਊਚ ਨੀਚ ਵੰਡ ਵੰਡਾਵੇਗਾ । ਰਸਨਾ ਜਿਹਵਾ ਬੱਤੀ ਦੰਦ ਬੋਲ ਨਾਲ ਜ਼ਬਾਨ, ਸ਼ਰਅ ਸ਼ਰੀਅਤ ਖੇਲ ਖਿਲਾਵੇਗਾ । ਸਿਦਕ ਸਬੂਰੀ ਦੱਸ ਈਮਾਨ, ਧਰਮ ਧਰਮਾਤਮ ਆਪ ਲਗਾਵੇਗਾ । ਅਠਸਠ ਤੀਰਥ ਖੋਲ੍ਹ ਦੁਕਾਨ, ਗੰਗਾ ਗੁਦਾਵਰੀ ਜਮਨਾ ਸੁਰਸਤੀ ਫੇਰਾ ਪਾਵੇਗਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋ ਪਰਧਾਨ, ਗੁਰੂਦਵਾਰੇ ਗੁਰ ਗੁਰ ਡੰਕ ਵਜਾਵੇਗਾ । ਚਾਰੇ ਕੁੰਟ ਖੇਲ ਮਹਾਨ, ਚਾਰੇ ਜੁਗ ਰੰਗ ਰੰਗਾਵੇਗਾ । ਅੰਤਮ ਬਣ ਆਪ ਬਲਵਾਨ, ਲੋਕਮਾਤ ਫੇਰੀ ਪਾਵੇਗਾ । ਲੈ ਕੇ ਧੁਰ ਦਾ ਸਚ ਨਿਸ਼ਾਨ, ਦੋ ਜਹਾਨ ਆਪ ਝੁਲਾਵੇਗਾ । ਜਿਸ ਦੇ ਅੱਗੇ ਸੀਸ ਸਰਬ ਨਿਵਾਨ, ਵਿਸ਼ਨ ਬ੍ਰਹਮਾ ਸ਼ਿਵ ਅੱਖ ਨਾ ਕੋਈ ਉਠਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਨਾਮ, ਸਜਦਾ ਸਭ ਨੂੰ ਇਕ ਕਰਾਵੇਗਾ । ਦੋ ਜਹਾਨਾਂ ਬਣ ਕੇ ਹੁਕਮਰਾਨ, ਸਚ ਫ਼ਰਮਾਣਾ ਇਕ ਪਰਗਟਾਵੇਗਾ । ਲੇਖਾ ਪਿਛਲਾ ਚੁੱਕੇ ਸਰਬ ਜਹਾਨ, ਜੀਵਣ ਜੁਗਤ ਇਕ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਨੀ ਖੇਲ ਸਾਚੇ ਹਰਿ, ਧੁਰ ਦੀ ਕਾਰ ਕਮਾਵੇਗਾ । ਸੁਤ ਸ਼ਬਦ ਜਿਸ ਵੇਲੇ ਖੇਲ ਰਚਾਵਾਂਗਾ । ਅਬਿਨਾਸ਼ੀ ਅਚੁੱਤ ਹੋ ਕੇ ਵੇਸ ਵਟਾਵਾਂਗਾ । ਸਚਖੰਡ ਦਵਾਰਿਉਂ ਉਠ, ਲੋਕਮਾਤ ਵੇਖ ਵਖਾਵਾਂਗਾ । ਉਜਲ ਕਰ ਕੇ ਤੇਰਾ ਮੁੱਖ, ਸੀਸ ਛਤਰ ਇਕ ਝੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਤੇਰਾ ਸੰਗ ਰਖਾਵਾਂਗਾ । ਪ੍ਰਭ ਮੇਰਾ ਸੰਗ ਨਿਭਾਏਗਾ । ਨਿਰਵੈਰ ਹੋ ਕੇ ਅੰਗ ਲਗਾਏਗਾ । ਦੋ ਜਹਾਨ ਮਰਦੰਗ ਵਜਾਏਗਾ । ਜ਼ਿਮੀ ਅਸਮਾਨ ਲੰਘ ਵੇਖ ਵਖਾਏਗਾ । ਚੌਦਾਂ ਲੋਕ ਚੌਦਾਂ ਤਬਕ ਦੇ ਕਰ ਕੰਡ, ਸਨਮੁਖ ਮੇਰੇ ਇਕੋ ਨਜ਼ਰੀ ਆਏਗਾ । ਚੌਦਾਂ ਵਿਦਿਆ ਕਰ ਕੇ ਭੰਗ, ਸਾਚਾ ਮੰਤਰ ਨਾਮ ਦ੍ਰਿੜਾਏਗਾ । ਜੋਤ ਅਗੰਮੀ ਚਾੜ੍ਹ ਕੇ ਚੰਦ, ਸੂਰਜ ਚੰਦ ਦੋਵੇਂ ਸ਼ਰਮਾਵੇਗਾ । ਬਣ ਕੇ ਆਪ ਸੂਰਾ ਸਰਬੰਗ, ਸਰਬ ਕਲ ਆਪਣਾ ਖੇਲ ਵਖਾਵੇਗਾ । ਸਚ ਸੱਜਣ ਮਾਣੇ ਅਨੰਦ, ਪੁਰੀ ਅਨੰਦ ਸੋਭਾ ਪਾਵੇਗਾ । ਲੇਖੇ ਲਾ ਕੇ ਮੇਰੀ ਮੰਗ, ਸਹਿੰਸਾ ਪਿਛਲਾ ਰੋਗ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਕਵਣ ਵੇਲਾ ਵਕਤ ਸੁਹਾਵੇਗਾ । ਕਲਜੁਗ ਅੰਤਮ ਨਿਰਗੁਣ ਹੋ ਕੇ ਆਵਾਂਗਾ । ਜੋਤੀ ਜਾਮਾ ਵੇਸ ਵਟਾਵਾਂਗਾ । ਨਿਹਕਲੰਕ ਨਾਉਂ ਰਖਾਵਾਂਗਾ । ਮਾਤ ਪਿਤਾ ਨਾ ਕੋਈ ਬਣਾਵਾਂਗਾ । ਵੱਡਾ ਨਿੱਕਾ ਵੇਸ ਵਟਾਵਾਂਗਾ । ਨੇਤਰ ਨੈਣ ਕਿਸੇ ਨਾ ਦਿਸਾ, ਰੂਪ ਰੰਗ ਨਾ ਕੋਈ ਵਖਾਵਾਂਗਾ । ਜੁਗ ਚੌਕੜੀ ਜੋ ਸਾਂਭ ਰੱਖਿਆ ਹਿੱਸਾ, ਅੰਤਮ ਆਪਣੇ ਨਾਲ ਲੈ ਕੇ ਆਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦਾ ਗਾਇਆ ਕਿੱਸਾ, ਸੋ ਆ ਕੇ ਤੇਰੀ ਕਿਸਮਤ ਆਪ ਬਦਲਾਵਾਂਗਾ । ਪੁਰਖ ਅਕਾਲ ਕਦੀ ਨਾ ਦੇਵੇ ਪਿਛਾ, ਕਰਵਟ ਲੈ ਸਨਮੁਖ ਨਜ਼ਰੀ ਆਵਾਂਗਾ । ਲੱਖ ਚੁਰਾਸੀ ਵਿਚੋਂ ਤੇਰੇ ਸੱਜਣਾਂ ਕਰਾਂ ਰਿਛਾ, ਜਨ ਭਗਤੀ ਰੂਪ ਵਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਵਾਂਗਾ । ਕੀ ਸਾਹਿਬ ਸਤਿਗੁਰ ਪਰਮ ਪੁਰਖ ਜਦ ਆਓਗੇ । ਲੇਖਾ ਲੇਖ ਵੇਖ ਧੁਰ, ਧੁਰ ਦੀ ਕਾਰ ਕਮਾਓਗੇ ।

ਸ਼ਬਦ ਅਨਾਦ ਮੇਰੀ ਸੁਰ, ਤਾਲ ਅਨਾਦੀ ਕੀ ਜਣਾਓਗੇ । ਜੁਗ ਚੌਕੜੀ ਜਿਹੜੀ ਰਹਿ ਗਈ ਥੁੜ, ਕਿਸ ਬਿਧ ਹਰਿ ਜੂ ਪੂਰ ਕਰਾਓਗੇ । ਮੈਂ ਸਚ ਪ੍ਰੀਤੀ ਜਾਵਾਂ ਜੁੜ, ਜੋੜੀ ਆਪਣੇ ਨਾਲ ਰਖਾਓਗੇ । ਮੇਰੀ ਲੱਗੀ ਨਿਭੇ ਤੋੜ, ਅੱਧਵਿਚਕਾਰ ਨਾ ਫੇਰ ਤੁੜਾਓਗੇ । ਮੈਨੂੰ ਸਦਾ ਤੇਰੀ ਲੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਮੇਰੀ ਆਸਾ ਪੂਰ ਵਖਾਓਗੇ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਨਿਰਗੁਣ ਨਿਰਵੈਰ ਆਖ ਸੁਣੌਂਦਾ ਏ । ਸ਼ਬਦੀ ਸੁਤ ਤੇਰੀ ਆਸਾ ਪੂਰ ਕਰੌਂਦਾ ਏ । ਭਰਵਾਸਾ ਇਕੋ ਇਕ ਰਖੌਂਦਾ ਏ । ਪ੍ਰਿਥਮੀ ਅਕਾਸ਼ਾ ਖੋਜ ਖੁਜੌਂਦਾ ਏ । ਪਵਣ ਸਵਾਸਾ ਲੇਖੇ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਹੋ ਕੇ ਔਂਦਾ ਏ । ਨਿਰਾਕਾਰ ਹੋ ਕੇ ਆਵਾਂਗਾ । ਸਾਕਾਰ ਵੇਖ ਵਖਾਵਾਂਗਾ । ਦਾਤਾਰ ਨਾਮ ਧਰਾਵਾਂਗਾ । ਸਚ ਪਿਆਰ ਇਕ ਕਮਾਵਾਂਗਾ । ਭਗਤ ਭਗਵਾਨ ਪੰਧ ਮੁਕਾਵਾਂਗਾ । ਆਤਮ ਦੇ ਕੇ ਬ੍ਰਹਮ ਗਿਆਨ, ਸਾਚੀ ਵਿਦਿਆ ਇਕ ਪੜ੍ਹਾਵਾਂਗਾ । ਧਰਮ ਝੁਲਾ ਕੇ ਸਚ ਨਿਸ਼ਾਨ, ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੰਗਾਵਾਂਗਾ । ਉਚਾਂ ਨੀਚਾਂ ਰਾਓ ਰੰਕਾਂ ਦੇ ਕੇ ਮਾਣ, ਸਿਰ ਸਭ ਦੇ ਹੱਥ ਟਿਕਾਵਾਂਗਾ । ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਇਕੋ ਇਕ ਵਡਿਆਵਾਂਗਾ । ਸ੍ਰਿਸ਼ਟ ਸਬਾਈ ਇਕ ਈਮਾਨ, ਧਰਮ ਇਕੋ ਇਕ ਦ੍ਰਿੜਾਵਾਂਗਾ । ਲੱਖ ਚੁਰਾਸੀ ਸੀਸ ਇਕ ਝੁਕਾਨ, ਪੁਰਖ ਅਕਾਲ ਇਕੋ ਨਜ਼ਰੀ ਆਵਾਂਗਾ । ਤੇਰਾ ਰੱਖ ਕੇ ਧੁਰ ਦਾ ਮਾਣ, ਸੀਸ ਤਾਜ ਤੇਰੇ ਟਿਕਾਵਾਂਗਾ । ਮੇਰੀ ਕਰੇ ਨਾ ਕੋਈ ਪਹਿਚਾਨ, ਤੇਰਾ ਰੂਪ ਇਕ ਦਰਸਾਵਾਂਗਾ । ਸ਼ਬਦੀ ਸੁਤ ਕਹੇ ਤੂੰ ਸਾਹਿਬ ਮੇਰਾ ਮਿਹਰਵਾਨ, ਮੈਂ ਤੇਰੇ ਚਰਨ ਧਿਆਨ ਲਗਾਵਾਂਗਾ । ਅਬਿਨਾਸ਼ੀ ਕਰਤਾ ਕਹੇ ਤੁਧ ਬਿਨ ਮੇਰਾ ਚਲੇ ਨਾ ਕੋਈ ਕਾਮ, ਸਚ ਤੇਰਾ ਮਾਣ ਵਧਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਵਾਂਗਾ । ਸ਼ਬਦ ਸੁਤ ਖ਼ੁਸ਼ੀ ਮਨੌਂਦਾ ਏ । ਸ੍ਰੀ ਭਗਵਾਨ ਆਖ ਸੁਣੌਂਦਾ ਏ । ਤੁਧ ਬਿਨ ਨਜ਼ਰ ਕੋਈ ਨਾ ਔਂਦਾ ਏ । ਜੁਗ ਚੌਕੜੀ ਪੰਧ ਮੁਕੌਂਦਾ ਏ । ਸਚ ਦਵਾਰਾ ਇਕ ਸੁਹੌਂਦਾ ਏ । ਜਿਸ ਗ੍ਰਿਹ ਦਵਾਰ ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵੌਂਦਾ ਏ । ਸਦ ਭਰੇ ਰਹਿਣ ਭੰਡਾਰ, ਨਾਮ ਨਿਧਾਨ ਅਤੋਟ ਅਤੁਟ ਵਰਤੌਂਦਾ ਏ । ਮੈਂ ਵੇਖਿਆ ਧੁਰ ਦਾ ਕਾਹਨ, ਅਬਿਨਾਸ਼ੀ ਕਰਤਾ ਇਕ ਸੋਭਾ ਪੌਂਦਾ ਏ । ਕੋਟਨ ਕੋਟ ਗੋਪੀਆਂ ਕਰਨ ਪਰਨਾਮ, ਗੋਪੀ ਰੂਪ ਗੁਰ ਅਵਤਾਰ ਪੀਰ ਪੈਗ਼ੰਬਰ ਭਗਤੀ ਧਾਰ ਇਕ ਵਖੌਂਦਾ ਏ । ਕਲਜੁਗ ਅੰਤਮ ਹੋ ਮਿਹਰਵਾਨ, ਬੇਨਜ਼ੀਰ ਨਰ ਨਰਾਇਣ ਹੋ ਕੇ ਔਂਦਾ ਏ । ਗੁਰਮੁਖ ਸਾਚੇ ਕਰ ਪਹਿਚਾਨ, ਸੰਤ ਸੁਹੇਲੇ ਜੋੜ ਜੁੜੌਂਦਾ ਏ । ਭਗਤਾਂ ਦੇ ਕੇ ਧੁਰ ਫ਼ਰਮਾਣ, ਧੁਰ ਦੀ ਧਾਰ ਰਮਜ਼ ਲਗੌਂਦਾ ਏ । ਕਾਇਆ ਬੰਕ ਖੋਲ੍ਹ ਦੁਕਾਨ, ਸੌਦਾ ਏਕਾ ਨਾਮ ਜਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠੌਂਦਾ ਏ । ਸ਼ਬਦ ਸੁਤ ਕਹੇ ਮੇਰੇ ਪੁਰਖ ਅਕਾਲ, ਪ੍ਰਭ ਤੇਰੀ ਵਡ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰੇ ਲਾਲ, ਤੁਧ ਬਿਨ ਮੇਰੀ ਨਾ ਕੋਈ ਚਤੁਰਾਈਆ । ਦੋਹਾਂ ਮਿਲ ਕੇ ਖੇਲ ਬਣੇ ਜਹਾਨ, ਲੱਖ ਚੁਰਾਸੀ ਰਚਨ ਰਚਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਝੁੱਲੇ ਇਕ ਨਿਸ਼ਾਨ, ਨਿਸ਼ਾਨਾ ਧੁਰ ਦਾ ਨਜ਼ਰੀ ਆਈਆ । ਤੇਰੀ ਭਿਛਿਆ ਆਤਮ ਦਾਨ, ਪਰਮਾਤਮ ਸਚ ਸੱਚ ਵਰਤਾਈਆ । ਤੇਰੀ ਸਿਖਿਆ ਹੋਵੇ ਪਰਧਾਨ, ਸਾਚਾ ਢੋਲਾ ਰਾਗ ਅਲਾਈਆ । ਦੋਹਾਂ ਮਿਲ ਕੇ ਬਣੇ ਵਿਧਾਨ, ਸਾਚੀ ਬਣਤ ਆਪ ਬਣਾਈਆ ।

ਪਿਤਾ ਪੂਤ ਦੋਵੇਂ ਮਿਲ ਕੇ ਵਸਣ ਇਕ ਮਕਾਨ, ਘਰ ਘਰ ਵਿਚ ਡੇਰਾ ਲਾਈਆ । ਅਬਿਨਾਸ਼ੀ ਕਰਤਾ ਕਹੇ ਸੁਣ ਸੁਤ ਨਿਧਾਨ, ਵੇਖ ਮੇਰੀ ਵਡਿਆਈਆ । ਕਲਜੁਗ ਅੰਤਮ ਮਿਲਿਆ ਆਣ, ਵਿਛੋੜਾ ਦਿਤਾ ਚੁਕਾਈਆ । ਸੁਤ ਦੁਲਾਰਾ ਕਰ ਪਰਨਾਮ, ਦੋਏ ਜੋੜ ਵਾਸਤਾ ਪਾਈਆ । ਪ੍ਰਭੂ ਤੇਰਾ ਵੇਖ ਨਿਸ਼ਾਨ, ਮੋਹੇ ਵੱਜੀ ਇਕ ਵਧਾਈਆ । ਸ੍ਰੀ ਭਗਵਾਨ ਕਹੇ ਮੇਰਾ ਨਾਮ, ਨਾਉਂ ਨਿਰੰਕਾਰਾ ਆਖ ਸੁਣਾਈਆ । ਸ਼ਬਦ ਕਹੇ ਇਹ ਤੇਰਾ ਨਿਸ਼ਾਨ, ਨਿਸ਼ਾਨਾ ਭਗਤ ਨਜ਼ਰੀ ਆਈਆ । ਭਗਤ ਕਹੇ ਮੇਰਾ ਭਗਵਾਨ, ਮੇਰੇ ਅੰਦਰ ਡੇਰਾ ਲਾਈਆ । ਭਗਵਾਨ ਕਹੇ ਸ਼ਬਦ ਧੁਨਕਾਨ, ਘਟ ਘਟ ਰਾਗ ਸੁਣਾਈਆ । ਰਾਗ ਕਹੇ ਮੈਂ ਬਾਲ ਨਿਧਾਨ, ਸਮਝ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਪੁਰਖ ਅਕਾਲ ਕਹੇ ਮੈਂ ਧੁਰ ਦਾ ਹੁਕਮਰਾਨ, ਜੋ ਆਪਣਾ ਹੁਕਮ ਬਣ ਕੇ ਹਾਕਮ ਹੱਕ ਹੱਕ ਹੱਕ ਪੂਰ ਕਰਾਈਆ ।

★ ੧੫ ਮਾਘ ੨੦੨੦ ਬਿਕਰਮੀ ਹਜ਼ਾਰਾ ਸਿੰਘ ਪਿਆਰਾ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਸ਼ਬਦ ਸੁਤ ਤੇਰਾ ਸੱਚਾ ਨਾਤਾ, ਨਰ ਹਰਿ ਨਰਾਇਣ ਆਪ ਬੰਧਾਇੰਦਾ । ਜਨ ਭਗਤ ਬਣਾ ਧੁਰ ਦਾ ਸਾਥਾ, ਸਗਲਾ ਜੋੜ ਜੁੜਾਇੰਦਾ । ਨਾਮ ਜਪਿਆ ਅਗੰਮਾ ਜਾਪਾ, ਸਾਚੀ ਸਿਖਿਆ ਇਕ ਸਮਝਾਇੰਦਾ । ਸਰੋਵਰ ਵਖਾ ਇਕੋ ਤਾਟਾ, ਤੀਰਥ ਇਕੋ ਇਕ ਵਡਿਆਇੰਦਾ । ਨਿਰਗੁਣ ਸਰਗੁਣ ਖੇਲ ਖੇਲ ਤਮਾਸ਼ਾ, ਹਰਿ ਕਰਤਾ ਕਾਰ ਕਮਾਇੰਦਾ । ਤੇਰੀ ਪੂਰੀ ਕਰੇ ਆਤਮ ਆਸਾ, ਤ੍ਰਿਸਨਾ ਪਿਛਲੀ ਵੇਖ ਵਖਾਇੰਦਾ । ਜੁਗ ਚੌਕੜੀ ਜੋ ਦੇਂਦਾ ਰਿਹਾ ਭਰਵਾਸਾ, ਧੀਰਜ ਸਤਿ ਸਤਿ ਰਖਾਇੰਦਾ । ਸੇਵਾ ਕਰਦਾ ਰਿਹਾ ਬਣ ਬਣ ਰਾਖਾ, ਦੋ ਜਹਾਨਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸੁਤ ਕਹੇ ਪ੍ਰਭੂ ਬਲਵਾਨ, ਬੇਅੰਤ ਤੇਰੀ ਵਡਿਆਈਆ । ਮੈਂ ਸੁਣ ਤੇਰਾ ਫ਼ਰਮਾਣ, ਘਰ ਘਰ ਖ਼ੁਸ਼ੀ ਮਨਾਈਆ । ਜਨ ਭਗਤਾਂ ਵੇਖਾਂ ਆਣ, ਤੇਰਾ ਇਕੋ ਨੈਣ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਪਹਿਚਾਨ, ਆਪ ਆਪਣੇ ਨਾਲ ਮਿਲਾਈਆ । ਦੇ ਕੇ ਤੇਰਾ ਧੁਰ ਦਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਸੁਣ ਸੁਤ ਸਚ ਨਗੀਨੇ, ਨਗ਼ਮਾ ਆਪਣਾ ਨਾਮ ਜਣਾਈਆ । ਤੇਰਾ ਲੇਖਾ ਚੁੱਕੇ ਮੱਕੇ ਮਦੀਨੇ, ਹੁਜਰਾ ਜਗਤ ਨਾ ਕੋਈ ਵਡਿਆਈਆ । ਲਹਿਣਾ ਮੁੱਕੇ ਮੁਹੰਮਦੀ ਦੀਨੇ, ਈਸ-ਉਲ-ਸਲਾਮ, ਨਾ ਕੋਈ ਜਣਾਈਆ । ਵਸਤ ਅਮੋਲਕ ਆਪਣੀ ਛੀਨੇ, ਧੁਰ ਦਾ ਹੁਕਮ ਇਕ ਫ਼ਰਮਾਈਆ । ਪਾਣੀ ਖੰਡੇ ਨਾ ਕਿਸੇ ਪੀਣੇ, ਅੰਮ੍ਰਿਤ ਧਾਰ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਏ ਸਮਝਾਈਆ । ਸ਼ਬਦੀ ਸੁਤ ਕਹੇ ਨਿਰੰਕਾਰ, ਸਭ ਤੇਰੀ ਵਡ ਵਡਿਆਈਆ । ਅੰਤ ਪੰਜ ਤਤ ਤੇਰੀ ਧਾਰ, ਨਿਰਗੁਣ ਸਰਗੁਣ ਰੰਗ ਰੰਗਾਈਆ । ਮੈਂ ਬਣ ਕੇ ਸੇਵਾਦਾਰ, ਚਾਕਰ ਰੂਪ ਵਟਾਈਆ । ਸ੍ਰਿਸ਼ਟ ਸਬਾਈ ਕਰ ਕੇ ਖ਼ਬਰਦਾਰ, ਤੇਰਾ ਰਾਹ ਜਣਾਈਆ । ਚਾਰੇ ਖਾਣੀ ਦੇ ਹੁਲਾਰ, ਚਾਰੇ ਬਾਣੀ ਰਾਗ ਅਲਾਈਆ । ਚਾਰੋਂ ਕੁੰਟ ਦੱਸ ਪਿਆਰ, ਮੁਹੱਬਤ ਇਕੋ ਇਕ ਸਮਝਾਈਆ । ਸੋਹਬਤ ਦੇਵੇ ਸਾਚਾ ਯਾਰ, ਹਰਿ ਦਾਤਾਰ ਨੂਰ ਅਲਾਹੀਆ । ਰਹਿਮਤ

ਕਰੇ ਅਪਰ ਅਪਾਰ, ਰਹਿਮਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਸੁਣ ਮੇਰੇ ਬਾਪ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਜੁਗ ਚੌਕੜੀ ਤੇਰਾ ਦੱਸਦਾ ਰਿਹਾ ਜਾਪ, ਸਿਫ਼ਤੀ ਢੋਲਾ ਰਾਗ ਅਲਾਈਆ । ਆਪ ਬੈਠਾ ਰਿਹਾ ਬਣ ਕੇ ਪਾਕ, ਪਤਤ ਸਕੇ ਨਾ ਕੋਈ ਕਰਾਈਆ । ਨਵ ਨੌ ਚਾਰ ਖੋਲ੍ਹ ਕੇ ਤਾਕ, ਭੇਵ ਅਭੇਦ ਇਕ ਦਰਸਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰ ਅੰਦਰ ਵੜ ਦੱਸਦਾ ਰਿਹਾ ਭਵਿਖਤ ਵਾਕ, ਬੋਧ ਅਗਾਧ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ ਅੰਦਰ ਦਿਤਾ ਆਖ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਪੁਰਖ ਸਮਰਥ, ਬੇਪਰਵਾਹ ਫੇਰਾ ਪਾਈਆ । ਜੁਗ ਚੌਕੜੀ ਜਿਸ ਦੇ ਹੱਥ, ਲੱਖ ਚੁਰਾਸੀ ਖੇਲ ਰਚਾਈਆ । ਸਭ ਦੀ ਝੋਲੀ ਪਾਏ ਹੱਕ, ਹਕੀਕਤ ਵੇਖੇ ਥਾਉਂ ਥਾਈਆ । ਕੂੜੀ ਕਿਰਿਆ ਦੇਵੇ ਮੱਥ, ਮਾਇਆ ਮਮਤਾ ਮੋਹ ਮਿਟਾਈਆ । ਇਕੋ ਪਰਗਟਾਵੇ ਧੁਰ ਦਾ ਸੱਚ, ਸਚ ਨਾਮ ਰੂਪ ਸਮਝਾਈਆ । ਭਾਗ ਲਗਾਵੇ ਕਾਇਆ ਕੱਚ, ਕਾਚੀ ਮਾਟੀ ਸੋਭਾ ਪਾਈਆ । ਅੰਮ੍ਰਿਤ ਦੇਵੇ ਆਪਣਾ ਰਸ, ਰਸ ਰਸੀਆ ਇਕ ਅਖਵਾਈਆ । ਦੋ ਜਹਾਨਾਂ ਮਾਰਗ ਦੱਸ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਪਰਦਾ ਲਾਹ ਤਤ ਅੱਠ, ਨੌ ਦਵਾਰੇ ਡੇਰਾ ਢਾਹੀਆ । ਸੰਤ ਸੁਹੇਲੇ ਕਰ ਪਰਗਟ, ਭਗਤ ਭਗਵਾਨ ਲਏ ਉਪਜਾਈਆ । ਸਚ ਦਵਾਰਾ ਖੋਲ੍ਹ ਹੱਟ, ਵਸਤ ਇਕੋ ਨਾਮ ਵਰਤਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਚੰਨ ਚਮਕਾਈਆ । ਜਿਸ ਨੂੰ ਈਸਾ ਮੂਸਾ ਕਹਿ ਕੇ ਗਿਆ ਬਾਪ, ਸੋ ਬੇਪਰਵਾਹ ਬੇਪਰਵਾਹੀਆ । ਜਿਸ ਨੂੰ ਨਾਨਕ ਗੋਬਿੰਦ ਪੁਰਖ ਅਕਾਲ ਗਏ ਆਖ, ਸੋ ਆਖਰ ਆਪਣੀ ਕਾਰ ਕਮਾਈਆ । ਸੁਤ ਦੁਲਾਰਾ ਕਹੇ ਪ੍ਰਭ ਦਰਸ਼ਨ ਦੇਵੇ ਸਾਖਿਆਤ, ਸਵਛ ਸਰੂਪੀ ਰੂਪ ਧਰਾਈਆ । ਸਨਮੁਖ ਹੋ ਕੇ ਕਰੇ ਬਾਤ, ਜਨ ਭਗਤਾਂ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੁਤ ਸ਼ਬਦ ਤੇਰੀ ਸੇਵਾ ਪਰਵਾਨ, ਜੁਗ ਚੌਕੜੀ ਮਾਤ ਕਮਾਈਆ । ਬ੍ਰਹਿਮੰਡ ਖੰਡ ਕਰ ਸਵਾਧਾਨ, ਪੁਰੀ ਲੋਅ ਰਿਹਾ ਹਿਲਾਈਆ । ਗੁਰ ਅਵਤਾਰਾਂ ਦੇ ਦੇ ਦਾਨ, ਪੀਰ ਪੈਗ਼ੰਬਰਾਂ ਝੋਲੀ ਆਪ ਭਰਾਈਆ । ਰਸਨਾ ਜਿਹਵਾ ਬੋਲ ਜ਼ਬਾਨ, ਬੱਤੀ ਦੰਦ ਜਗਤ ਸਲਾਹੀਆ । ਕਲਮਾ ਨਬੀ ਰਸੂਲ ਕਲਾਮ, ਕਾਇਨਾਤ ਇਕ ਜਣਾਈਆ । ਲੇਖਾ ਜਾਣ ਜ਼ਿਮੀ ਅਸਮਾਨ, ਮੰਡਲ ਮੰਡਪ ਵੇਖ ਵਖਾਈਆ । ਸ਼ਬਦ ਸੰਦੇਸ਼ਾ ਧੁਰ ਫ਼ਰਮਾਣ, ਰਾਗਾਂ ਨਾਦਾਂ ਵਿਚ ਅਲਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਪਰਵਾਨ, ਕਾਤਬ ਹੋ ਕੇ ਲੇਖ ਲਿਖਾਈਆ । ਵੇਦ ਪੁਰਾਨਾ ਖੇਲ ਮਹਾਨ, ਸ਼ਾਸਤਰ ਸਿਮਰਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਦਏ ਵਡਿਆਈਆ । ਸ਼ਬਦ ਕਹੇ ਮੈਂ ਤੇਰੇ ਜੋਗਾ, ਸਦ ਤੇਰੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਂਦਾ ਰਿਹਾ ਹੋਕਾ, ਚਾਰੋਂ ਕੁੰਟ ਅਵਾਜ਼ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਲਿਖਦਾ ਗਿਆ ਪੋਥਾ, ਅੱਖਰ ਅੱਖਰਾਂ ਨਾਲ ਜੁੜਾਈਆ । ਲੱਖ ਚੁਰਾਸੀ ਵਿਚੋਂ ਲੱਭ ਲੱਭ ਜਨ ਭਗਤਾਂ ਮਾਰਗ ਦੱਸਦਾ ਗਿਆ ਸੌਖਾ, ਧੁਰ ਦਾ ਲੇਖਾ ਇਕ ਜਣਾਈਆ । ਮਾਨਸ ਜਨਮ ਪ੍ਰਭ ਮਿਲਣ ਦਾ ਸੱਚਾ ਮੌਕਾ, ਮੁਕੰਮਲ ਧੁਰ ਦਾ ਹਾਲ ਸੁਣਾਈਆ । ਕਿਸੇ ਨਾਲ ਨਾ ਕੀਤਾ ਧੋਖਾ, ਧੁਰ ਦੀ ਕਰੀ ਜਗਤ ਪੜ੍ਹਾਈਆ । ਇਕੋ ਪੁਰਖ ਅਕਾਲ

੩੭੯
੧੯

ਤੇਰੀ ਦੱਸ ਕੇ ਗਿਆ ਓਟਾ, ਓੜਕ ਤੇਰਾ ਧਿਆਨ ਲਗਾਈਆ । ਸਚ ਪਰਕਾਸ਼ ਕਰ ਕੇ ਨੂਰੀ ਜੋਤਾ, ਨੂਰ ਜਹੂਰ ਕਰੇ ਰੁਸ਼ਨਾਈਆ । ਜੇ ਲੱਭੇ ਤੇ ਸਭ ਤੋਂ ਛੋਟਾ, ਵੇਖੇ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਪੁਰਖ ਅਕਾਲ ਕਹੇ ਮੇਰੇ ਸੁਤ ਦੁਲਾਰੇ, ਤੋਹੇ ਦੇਵਾਂ ਇਕ ਵਡਿਆਈਆ । ਤੇਰੇ ਨਾਮ ਵਜਨ ਸਚ ਨਗਾਰੇ, ਨਾਦ ਧੁਨ ਰਹੇ ਜਸ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਸਹਾਰੇ, ਸਾਰੇ ਬੈਠੇ ਧਿਆਨ ਲਗਾਈਆ । ਉਚੀ ਕੂਕ ਕੂਕ ਸਰਬ ਪੁਕਾਰੇ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਕਰੇ ਖੇਲ ਪ੍ਰਭ ਨਿਆਰੇ, ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਸੁਤ ਸ਼ਬਦ ਕਹੇ ਸਭ ਤੇਰੀ ਕਾਰ, ਮਿਹਰਵਾਨ ਤੇਰੀ ਸਰਨਾਈਆ । ਮੈਂ ਚੌਕੜੀ ਜੁਗ ਸੇਵਾਦਾਰ, ਸੇਵਕ ਆਪਣਾ ਰੂਪ ਵਟਾਈਆ । ਕਲਜੁਗ ਅੰਤ ਇਕੋ ਮੰਗਾਂ ਮੰਗ ਅਪਾਰ, ਦੋਏ ਜੋੜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਝੋਲੀ ਦੇ ਭਰਾਈਆ । ਸੁਤ ਕਹੇ ਮੈਂ ਮੰਗਾਂ ਮੰਗ ਨਿੱਕੀ, ਵੱਡੀ ਆਸ ਨਾ ਕੋਈ ਰਖਾਈਆ । ਗੋਬਿੰਦ ਸ਼ਬਦੀ ਧਾਰ ਬਣਾ ਕੇ ਗਿਆ ਸਿਖੀ, ਸਿਖੀ ਸਿਖਿਆ ਸਮਝ ਸਕੀ ਨਾ ਰਾਈਆ । ਜਿਸ ਦੀ ਧਾਰ ਧੁਰ ਤੋਂ ਤਿਖੀ, ਖੰਡੇ ਖੜਗ ਸਾਰ ਕਿਸੇ ਨਾ ਪਾਈਆ । ਜਣਾ ਰੂਪ ਇਕੋ ਇਕੀ, ਨਿਰਗੁਣ ਸਰਗੁਣ ਰੂਪ ਵਟਾਈਆ । ਮੇਰੇ ਕੋਲ ਪਿਛਲੀ ਚਿਠੀ, ਧੁਰ ਦਾ ਲੇਖਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਚਿਠੀ ਕਹੇ ਵੇਖ ਲਿਖਤ, ਸ਼ਬਦ ਸੁਤ ਪ੍ਰਭ ਸਾਚੇ ਰਿਹਾ ਜਣਾਈਆ । ਜਿਸ ਦੇ ਉਤੇ ਵਾਕ ਭਵਿਖਤ, ਜਿਸ ਦਾ ਭੇਵ ਕਿਸੇ ਨਾ ਆਈਆ । ਕਿਸੇ ਹੱਥ ਨਾ ਆਏ ਜੀਵ ਸ੍ਰਿਸ਼ਟ, ਲੱਖ ਚੁਰਾਸੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਵੇਖ ਵਖਾਈਆ । ਸ੍ਰੀ ਭਗਵਾਨ ਚਿੱਠੀ ਖੋਲ੍ਹ, ਬਿਨ ਅੱਖਰਾਂ ਪੜ੍ਹ ਸੁਣਾਈਆ । ਇਸ ਦੇ ਉਤੇ ਗੋਬਿੰਦ ਬੋਲ, ਬਿਨ ਰਸਨਾ ਜਿਹਵਾ ਗਾਈਆ । ਮੰਗੇ ਮੰਗ ਇਕ ਅਨਮੋਲ, ਖ਼ਾਲੀ ਝੋਲੀ ਅੱਗੇ ਡਾਹੀਆ । ਸਦਾ ਵਸਣਾ ਗੁਰਮੁਖਾਂ ਕੋਲ, ਵਿਛੜ ਕਦੇ ਨਾ ਜਾਈਆ । ਮੇਰੇ ਨਾਲ ਨਾ ਮਾਰੀਂ ਰੋਲ, ਰੌਲਾ ਕਰੇਂ ਜਗਤ ਲੋਕਾਈਆ । ਦੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਮੇਰਾ ਤੇਰੇ ਨਾਲ ਕੌਲ, ਕੀਤਾ ਇਕਰਾਰ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਚੁਕਾਈਆ । ਸ੍ਰੀ ਭਗਵਾਨ ਪੜ੍ਹਦਾ ਪਾਤੀ, ਪਤਰਕਾ ਆਪਣੇ ਹੱਥ ਉਠਾਈਆ । ਜਿਸ ਨੇ ਸੁਨੇਹੜਾ ਦਿਤਾ ਮਾਛੂਵਾੜੇ ਅੰਧੇਰੀ ਰਾਤੀ, ਇਕ ਅਕੱਲਾ ਰਾਗ ਸੁਣਾਈਆ । ਸਾਹਿਬ ਮੇਰਾ ਕਮਲਾਪਾਤੀ, ਬੇਪਰਵਾਹ ਨਜ਼ਰੀ ਆਈਆ । ਉਠ ਵੇਖ ਮਾਰ ਝਾਤੀ, ਨੇਤਰ ਨੈਣ ਅੱਖ ਖੁਲ੍ਹਾਈਆ । ਜੇ ਕੋਈ ਪਿਛੇ ਰਹਿ ਗਈ ਬਾਕੀ, ਮੈਨੂੰ ਸਚ ਦੇ ਸਮਝਾਈਆ । ਮੈਂ ਛੱਡ ਕੇ ਅਸਵ ਰਾਕੀ, ਸ਼ਸਤਰ ਬਸਤਰ ਤਨ ਲੁਹਾਈਆ । ਸੂਲਾਂ ਸੱਥਰ ਸੇਜ ਇਕ ਪਹਿਚਾਨੀ, ਸਿੰਘਾਸਣ ਆਸਣ ਰੂਪ ਵਟਾਈਆ । ਮੰਜ਼ਲ ਵੇਖ ਤੇਰੀ ਘਾਟੀ, ਘਾਟਾ ਤੇਰੇ ਕੋਲੋਂ ਪੂਰ ਕਰਾਈਆ । ਸ੍ਰੀ ਭਗਵਾਨ ਨਿਰਗੁਣ ਵੇਖ ਕਹੇ ਸ਼ਾਬਾਸ਼ੀ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਤੇਰਾ ਬਣਿਆ ਨਾ ਕੋਈ ਜਮਾਇਤੀ, ਪੱਟੀ ਨਜ਼ਰ ਕਿਸੇ ਨਾ ਆਈਆ । ਤੂੰ ਮੰਨੀ ਮੇਰੀ ਆਖੀ, ਆਖਰ ਆਪਣੇ ਰੰਗ ਰੰਗਾਈਆ । ਸ੍ਰੀ ਭਗਵਾਨ

ਬਣੇ ਸੱਚਾ ਸਾਕੀ, ਸਚ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਮੈਂ ਸੁਤ ਦੁਲਾਰਾ, ਪੰਜ ਤਤ ਨਜ਼ਰ ਕੋਇ ਨਾ ਆਈਆ । ਮੇਰਾ ਰੂਪ ਤੇਰਾ ਅਧਾਰਾ, ਉਦਰ ਇਕੋ ਡੇਰਾ ਲਾਈਆ । ਮਹਲ ਅਟੱਲ ਨਾ ਕੋਈ ਮੁਨਾਰਾ, ਛੱਪਰ ਛੰਨ ਨਾ ਕੋਈ ਜਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰਾ, ਚਾਰ ਦਵਾਰੀ ਬੰਦ ਨਾ ਕੋਈ ਕਰਾਈਆ । ਨਿਰਗੁਣ ਰੂਪ ਨਿਰਵੈਰ ਤੇਰੀ ਧਾਰਾ, ਨਿਰੰਕਾਰ ਤੇਰੇ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਪਿਆਰਾ, ਸਚ ਪ੍ਰੀਤੀ ਇਕ ਲਗਾਈਆ । ਤੂੰ ਮੈਨੂੰ ਦਿਤਾ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਤੇਰੇ ਨਾਮ ਸਚ ਭੰਡਾਰਾ, ਲੋਕਮਾਤ ਵਰਤਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਆਪ ਉਠਾਲਾ, ਫੜ ਬਾਹੋਂ ਗਲੇ ਲਗਾਈਆ । ਸਾਚਾ ਮੰਤਰ ਇਕ ਸਿਖਾਲਾ, ਧੁਰ ਦੀ ਕੀਤੀ ਇਕ ਪੜ੍ਹਾਈਆ । ਅੰਤਰ ਆਤਮ ਪਰਮਾਤਮ ਪਾ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਪਰਮ ਪੁਰਖ ਸਾਹਿਬ ਸਤਿਗੁਰ ਦੀਨ ਦਿਆਲਾ, ਜੁਗ ਚੌਕੜੀ ਹੋਏ ਸਹਾਈਆ । ਗੁਰਮੁਖੋ ਗੁਰਸਿਖੋ ਮੈਨੂੰ ਤੁਹਾਡਾ ਭੇਜਿਆ ਰਖਵਾਲਾ, ਰਾਖੀ ਕਰਾਂ ਹਰ ਘਟ ਥਾਈਆ । ਸਭ ਦਾ ਮਾਲਕ ਇਕੋ ਪੁਰਖ ਅਕਾਲਾ, ਅਕਲ ਕਲਧਾਰੀ ਹਰਿ ਅਖਵਾਈਆ । ਜਿਸ ਦੀ ਸੱਚਖੰਡ ਸੱਚੀ ਧਰਮਸਾਲਾ, ਧੁਰ ਦਰਬਾਰੇ ਡੇਰਾ ਲਾਈਆ । ਮੁਕਾਮੇ ਹੱਕ ਹੋ ਉਜਾਲਾ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਅਲਖ ਸਵਾਮੀ, ਅਗੋਚਰ ਤੇਰੀ ਇਕ ਸਰਨਾਈਆ । ਨਿਰਵੈਰ ਪੁਰਖ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਈਆ । ਬੋਧ ਅਗਾਧ ਅੰਤਰਜਾਮੀ, ਘਟ ਘਟ ਵੇਖੇ ਥਾਉਂ ਥਾਈਂਆ । ਸ਼ਬਦੀ ਰਾਗ ਤੇਰੀ ਧੁਰ ਦੀ ਬਾਣੀ, ਸਚ ਸੰਦੇਸ਼ਾ ਆਪ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਗਏ ਕਹਾਣੀ, ਕਹਾਵਤ ਵੇਖੇ ਜਗਤ ਲੋਕਾਈਆ । ਬਿਨ ਤੇਰੀ ਕਿਰਪਾ ਤੇਰੀ ਮਿਲੇ ਨਾ ਸਚ ਨਿਸ਼ਾਨੀ, ਦਰ ਸੋਭਾ ਕੋਇ ਨਾ ਪਾਈਆ । ਕਲਜੁਗ ਅੰਤਮ ਮੈਨੂੰ ਵੇਖ ਹੋਈ ਹੈਰਾਨੀ, ਪ੍ਰਭ ਕੀ ਕੀ ਖੇਲ ਦਰਸਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੁੰਦਿਆਂ ਅੰਦਰ ਸਭ ਦੇ ਭਰੀ ਬੇਈਮਾਨੀ, ਮੰਦ ਵਾਸਨਾ ਨਾਲ ਮਿਲਾਈਆ । ਕੂੜੀ ਕਿਰਿਆ ਜਗਤ ਸ਼ੈਤਾਨੀ, ਸ਼ਰਅ ਛੁਰੀ ਕਰਦ ਉਠਾਈਆ । ਮੁਸ਼ਕਲ ਕਿਸੇ ਹੱਲ ਨਾ ਹੋਵੇ ਆਸਾਨੀ, ਪੰਧ ਸਕੇ ਨਾ ਕੋਇ ਮੁਕਾਈਆ । ਦੁਨੀਆਂ ਵੇਖ ਤੇਰੀ ਫਾਨੀ, ਤੇਰੇ ਅੱਗੇ ਇਕੋ ਅਰਜ਼ ਸੁਣਾਈਆ । ਕਰ ਕਿਰਪਾ ਆਪ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਇਹਨਾਂ ਬਖ਼ਸ਼ ਆਲਮੇ ਜਾਵਦਾਨੀ, ਜਿਸ ਘਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸ਼ਬਦ ਸੁਤ ਕਹੇ ਪ੍ਰਭ ਠਾਕਰ ਤੁਠ, ਦੀਨ ਦਿਆਲ ਦਇਆ ਕਮਾਈਆ । ਸੰਤ ਸੁਹੇਲੇ ਵੇਖ ਆਪਣੇ ਸੁਤ, ਜੋ ਬੈਠੇ ਧਿਆਨ ਲਗਾਈਆ । ਬਿਨ ਤੇਰੀ ਪ੍ਰੀਤੀ ਕੋਲ ਨਹੀਂ ਕੁਛ, ਖ਼ਾਲੀ ਹੱਥ ਰਹੇ ਵਖਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਆ ਕੇ ਪੁਛ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਸ਼ਬਦ ਸੁਤ ਤੇਰੀ ਸੁਣੀ ਪੁਕਾਰ, ਹਰਿ ਕਰਤਾ ਆਪ ਜਣਾਈਆ । ਮੈਂ ਹੋ ਕੇ ਆਇਆ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਲੱਖ ਚੁਰਾਸੀ ਵੇਖ ਜਗਤ ਸੰਸਾਰ, ਜੀਵ ਜੰਤ ਫੋਲ ਫੁਲਾਈਆ । ਜਗਤ ਜਨਮ ਦਾ ਵੇਖ ਪਿਆਰ, ਹਰਿਜਨ

ਸਾਚੇ ਰਿਹਾ ਉਠਾਈਆ । ਦਰ ਦਰ ਘਰ ਘਰ ਝਾਤੀ ਰਿਹਾ ਮਾਰ, ਦਿਵਸ ਰੈਣ ਵੇਖ ਵਖਾਈਆ । ਜਿਨ੍ਹਾਂ ਤੇਰੇ ਨਾਲ ਪਿਆਰ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਸਵਛ ਸਰੂਪ ਦੇ ਦੀਦਾਰ, ਦੀਦ ਈਦ ਚੰਦ ਚਮਕਾਈਆ । ਚਰਨ ਕਵਲ ਆਪ ਬਹਾਲ, ਲੇਖਾ ਪਿਛਲਾ ਪੂਰ ਕਰਾਈਆ । ਜਿਸ ਦਾ ਦੇ ਨਾ ਸਕੇ ਕੋਈ ਅਹਿਵਾਲ, ਹਾਲਤ ਸਕੇ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਲਾਲ ਲਏ ਉਠਾਈਆ । ਸ਼ਬਦ ਸੁਤ ਕਹੇ ਪ੍ਰਭ ਲਾਲ ਓਹ ਚੰਗੇ, ਚੰਗੀ ਤਰਾਂ ਜਣਾਈਆ । ਚਰਨ ਪ੍ਰੀਤੀ ਜੋ ਤੇਰੀ ਰੰਗੇ, ਰੰਗ ਇਕੋ ਇਕ ਵਖਾਈਆ । ਜਗਤ ਜਹਾਨ ਦਿਸਣ ਭੁੱਖੇ ਨੰਗੇ, ਦੌਲਤ ਤੇਰਾ ਨਾਮ ਖ਼ਜ਼ਾਨਾ ਘਰ ਬੈਠੇ ਅਤੁਟ ਟਿਕਾਈਆ । ਉਤਮ ਸ੍ਰੇਸ਼ਟ ਸਭ ਤੋਂ ਬੰਦੇ, ਬੰਦਗੀ ਵਿਚ ਜਣਾਈਆ । ਨੇਰਨ ਨੇਰੇ ਸੀਸ ਚਰਨਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਸਭ ਦਾ ਵੇਖ ਵਖਾਈਆ । ਸੁਤ ਸ਼ਬਦ ਮੈਂ ਵੇਖੇ ਲਾਲ, ਹਰਿਜਨ ਹਰਿ ਹਰਿ ਨਜ਼ਰੀ ਆਈਆ । ਜੁਗ ਚੌਕੜੀ ਜੋ ਘਾਲਣ ਆਏ ਘਾਲ, ਤਿਨ੍ਹਾਂ ਕੀਤੀ ਘਾਲ ਲੇਖੇ ਲਾਈਆ । ਤੇਰਾ ਪੂਰਾ ਹੋਏ ਸਵਾਲ, ਸਾਹਿਬ ਸਤਿਗੁਰ ਪੂਰ ਕਰਾਈਆ । ਆਪਣੀ ਗੋਦੀ ਲਏ ਉਠਾਲ, ਜਨ ਭਗਤ ਰੂਪ ਵਟਾਈਆ । ਫਲ ਲਗਾਵੇ ਆਪਣੇ ਡਾਲ, ਪਤ ਡਾਲੀ ਮਾਤ ਮਹਿਕਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਪੂਰ ਕਰਾਈਆ । ਸ਼ਬਦ ਸੁਤ ਕਹੇ ਪ੍ਰਭ ਮੇਰਾ ਉਜਲ ਮੁਖ, ਤੇਰੇ ਨਾਲ ਮਿਲੀ ਵਡਿਆਈਆ । ਭਗਤ ਭਗਵਾਨ ਗੋਦੀ ਚੁਕ, ਘਰ ਖ਼ੁਸ਼ੀਆਂ ਰਾਗ ਵਖਾਈਆ । ਪਿਤਾ ਦੀ ਗੋਦੀ ਬਹੇ ਪੁਤ, ਦੁੱਖ ਦਰਦ ਰਹੇ ਨਾ ਰਾਈਆ । ਤੂੰ ਉਹਨਾਂ ਕੋਲੋਂ ਪੁੱਛ, ਜੋ ਤੇਰੇ ਦਰ ਤੇ ਸੀਸ ਨਿਵਾਈਆ । ਨੀਵਾਂ ਹੋ ਕੇ ਵੇਖ ਝੁਕ, ਸਚਖੰਡ ਨਿਵਾਸੀ ਦੂਰ ਦੁਰਾਡੇ ਨੇੜੇ ਆਈਆ । ਮੈਂ ਲੱਖ ਚੁਰਾਸੀ ਵਿਚੋਂ ਭਗਤ ਲੱਭੇ ਇਕੋ ਮੁਠ, ਜੋ ਤੇਰੀ ਝੋਲੀ ਪਾਈਆ । ਲੱਖ ਚੁਰਾਸੀ ਗਈ ਔਂਤ, ਜਗਤ ਨਿਸ਼ਾਨ ਨਾ ਕੋਈ ਰਖਾਈਆ । ਮੈਂ ਤੇਰੇ ਤੇਰੀ ਝੋਲੀ ਦਿਤੇ ਸੌਂਪ, ਆਪਣੇ ਖ਼ਾਲੀ ਹੱਥ ਰਖਾਈਆ । ਇਹੋ ਪ੍ਰਭ ਮੇਰੀ ਸਾਚੀ ਪਹੁੰਚ, ਤੇਰੇ ਤੇਰੇ ਨਾਲ ਮਿਲਾਈਆ । ਸ੍ਰੀ ਭਗਵਾਨ ਕਹੇ ਸੁਤ ਸ਼ਬਦ ਤੇਰੀ ਸੇਵਾ ਬਹੁਤ, ਸਾਹਿਬ ਸਤਿਗੁਰ ਭਾਈਆ । ਜੁਗ ਚੌਕੜੀ ਜਿਸ ਦੀ ਸਾਰੇ ਕਰਦੇ ਰਹੇ ਖੋਜ, ਸੋ ਖ਼ਾਲਕ ਮਿਲਿਆ ਬੇਪਰਵਾਹੀਆ । ਭਗਤ ਭਗਵਾਨ ਦੋਵੇਂ ਰਲ ਕੇ ਮਾਨਣ ਮੌਜ, ਮੁਫ਼ਲਸ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇਵੇ ਥਾਉਂ ਥਾਈਆ । ਸੁਤ ਕਹੇ ਮੋਹੇ ਚੜ੍ਹਿਆ ਚਾਅ, ਚਾਓ ਘਨੇਰਾ ਨਜ਼ਰੀ ਆਈਆ । ਭਗਤ ਭਗਵਾਨ ਮਿਲੇ ਆ, ਆਹ ਭਰ ਨਾ ਕੋਇ ਸੁਣਾਈਆ । ਬਣ ਵਿਚੋਲਾ ਪ੍ਰਭੂ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜੁਗ ਚੌਕੜੀ ਜੋ ਮੈਂ ਦੇਂਦਾ ਰਿਹਾ ਸਲਾਹ, ਸ੍ਰੀ ਭਗਵਾਨ ਮਿਲਿਆ ਇਕ ਰਘੁਰਾਈਆ । ਸੋ ਕਲਜੁਗ ਅੰਤਮ ਪ੍ਰਭ ਪੂਰੀ ਆਸਾ ਕੀਤੀ ਆ, ਨਿਰਾਸਾ ਰੂਪ ਨਾ ਕੋਇ ਵਖਾਈਆ । ਸੰਤ ਸੁਹੇਲੇ ਇਕੱਠੇ ਕੀਤੇ ਧੁਰ ਦੇ ਥਾਂ, ਚਰਨ ਕਵਲ ਦਿਤੀ ਸਰਨਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਊਚਾਂ ਨੀਚਾਂ ਲਏ ਉਠਾਈਆ । ਸਚ ਦ੍ਰਿੜ੍ਹਾ ਕੇ ਏਕਾ ਨਾਂ, ਸੋਹੰ ਢੋਲਾ ਰਾਗ ਸੁਣਾਈਆ । ਏਥੇ ਓਥੇ ਬਣ ਕੇ ਪਿਤਾ ਮਾਂ, ਸਾਚੀ ਗੋਦੀ ਰਿਹਾ ਸੁਹਾਈਆ । ਮਿਹਰਵਾਨ ਹੋ ਕੇ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਈ ਤਪਾਈਆ । ਭਗਤ

ਭਗਵਾਨ ਮਿਲ ਕੇ ਇਕ ਦੂਜੇ ਨੂੰ ਕਰਨ ਹਾਂ, ਵਾਇਦਾ ਸਚ ਸੱਚ ਪਕਾਈਆ । ਵਿਛੋੜਾ ਹੋਵੇ ਨਾ ਦੋ ਜਹਾਂ ਨਾਤਾ ਛੁੱਟੇ ਨਾ ਬੇਪਰਵਾਹੀਆ । ਚਲ ਕੇ ਵਸੀਏ ਓਸ ਗਰਾਂ, ਜਿਸ ਘਰ ਦੀ ਬਣਤ ਨਾ ਕੋਈ ਬਣਾਈਆ । ਸ੍ਰੀ ਭਗਵਾਨ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਸੇਜ ਸੁਹੰਜਣੀ ਉਤੇ ਲਿਆ ਬਹਾ, ਪਲੰਘ ਰੰਗੀਲਾ ਬਿਨ ਪਾਵਾ ਚੂਲ ਨਜ਼ਰੀ ਆਈਆ । ਸਚ ਦਵਾਰੇ ਦੇਵੇ ਮਾਣ, ਸ੍ਰੀ ਭਗਵਾਨ ਦਇਆ ਕਮਾਈਆ । ਜਿਸ ਵੇਲੇ ਸਚਖੰਡ ਦਵਾਰੇ ਝੁਲਦਾ ਵੇਖੀਏ ਧੁਰ ਨਿਸ਼ਾਨ, ਜਿਸ ਉਪਰ ਲੇਖਾ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈ ਕਾਰ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਿਰਪਾ ਕਰੇ ਆਪ ਆਣ, ਬੇਪਹਿਚਾਨ ਆਪਣਾ ਰੂਪ ਵਟਾਈਆ ।



## ★ ੧੯ ਮਾਘ ੨੦੨੦ ਬਿਕਰਮੀ ਗੁਰਬਖ਼ਸ਼ ਸਿੰਘ ਦੇ ਘਰ ਪਿੰਡ ਨੌਸ਼ੈਹਰਾ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਜੋਧਾ ਸੂਰਬੀਰ ਨਾਉਂ ਪਰਗਟਾਈਆ । ਏਕੰਕਾਰਾ ਖੇਲ ਕਰੇ ਮਹਾਨ, ਮਹਿਮਾ ਅਕਥ ਨਾ ਕੋਇ ਸੁਣਾਈਆ । ਆਦਿ ਨਿਰੰਜਣ ਜੋਤੀ ਨੂਰ ਚਮਕੇ ਮਹਾਨ, ਦੂਜਾ ਨੂਰ ਨਾ ਕੋਈ ਵਖਾਈਆ । ਅਬਿਨਾਸ਼ੀ ਕਰਤਾ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਦੇਵੇ ਦਾਨ, ਵਸਤ ਅਗੰਮੀ ਆਪ ਵਰਤਾਈਆ । ਪਾਰਬ੍ਰਹਮ ਹੋ ਪਰਧਾਨ, ਸਚ ਸੰਦੇਸ਼ਾ ਹੁਕਮ ਸੁਣਾਈਆ । ਸਚਖੰਡ ਦਵਾਰੇ ਸੁਹਾਏ ਮਕਾਨ, ਛੱਪਰ ਛੰਨ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਕਾਰ ਕਮਾਈਆ । ਆਦਿ ਪੁਰਖ ਸਚਖੰਡ ਨਿਵਾਸੀ, ਬੇਅੰਤ ਬੇਪਰਵਾਹੀਆ । ਨਿਰਗੁਣ ਨਿਰਵੈਰ ਜੋਤ ਪਰਕਾਸ਼ੀ, ਅਨੁਭਵ ਆਪਣੀ ਖੇਲ ਰਚਾਈਆ । ਸਚ ਦਵਾਰੇ ਪਾਵੇ ਰਾਸੀ, ਮੰਡਲ ਆਪਣੇ ਦਏ ਵਡਿਆਈਆ । ਨਿਰਗੁਣ ਨਿਰਾਕਾਰ ਬਣ ਕੇ ਸਾਥੀ, ਸੱਚਾ ਸੰਗ ਨਿਭਾਈਆ । ਨਾਉਂ ਰੱਖ ਪੁਰਖ ਸਮਰਾਥੀ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਰਵਰਦਿਗਾਰ ਬੇਐਬ ਨੂਰ ਖ਼ੁਦਾਈਆ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਸੋਭਾ ਪਾਈਆ । ਤੌਫ਼ੀਕ ਖ਼ੁਦਾਏ ਇਕ ਜੈਕਾਰ, ਨਾਅਰਾ ਹੱਕ ਹੱਕ ਸੁਣਾਈਆ । ਖੇਲੇ ਖੇਲ ਵਡ ਮਹਾਨ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਪਰਗਟ ਹੋ ਵਡ ਮਹਿਬਾਨ, ਬੀਦੋ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰ ਕੇ ਆਦਿ, ਸ਼ਬਦੀ ਧਾਰ ਸੁਤ ਪਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਦਾਦ, ਸਾਚਾ ਮਾਰਗ ਇਕ ਸਮਝਾਇੰਦਾ । ਬੋਧ ਅਗਾਧ ਵਜਾ ਕੇ ਨਾਦ, ਸ਼ਬਦ ਰਾਗ ਧੁਨ ਉਪਜਾਇੰਦਾ । ਨਿਰਗੁਣ ਨਿਰਵੈਰ ਬਣਾ ਕੇ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਸਚ ਦਵਾਰੇ ਖੋਲ੍ਹ ਕੇ ਤਾਕ, ਪਰਦਾ ਉਹਲਾ ਆਪ ਉਠਾਇੰਦਾ । ਸਚ ਸੰਦੇਸ਼ਾ ਆਪੇ ਆਖ, ਭੇਵ ਅਭੇਦਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ ।

ਸਾਚੀ ਕਰਨੀ ਹਰਿ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਆਪ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸਾਚੀ ਸੇਵਾ ਅਗੰਮ ਅਪਾਰ, ਅਲਖ ਅਗੋਚਰ ਇਕ ਲਗਾਈਆ । ਤ੍ਰੈਗੁਣ ਮਾਇਆ ਵਸਤ ਭੰਡਾਰ, ਰਜੋ ਤਮੋ ਸਤੋ ਆਪ ਵਰਤਾਈਆ । ਪੰਜ ਤਤ ਕਰ ਉਜਿਆਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬਣਤ ਬਣਾਈਆ । ਮੰਡਲ ਮੰਡਪ ਮਹਲ ਅਟੱਲ ਉਸਾਰ, ਲੋਆਂ ਪੁਰੀਆਂ ਆਪਣਾ ਰੰਗ ਵਖਾਈਆ । ਰਵ ਸਸ ਕਰ ਉਜਿਆਰ, ਸੂਰਜ ਚੰਨ ਦਏ ਰੁਸ਼ਨਾਈਆ । ਹੁਕਮੇ ਅੰਦਰ ਖੇਲ ਅਪਾਰ, ਅਪਰੰਪਰ ਸਵਾਮੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਪੁਰਖ ਸਮਰਥ ਨਿਰਾਕਾਰ, ਨਿਰੰਕਾਰ ਇਕ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਗਟ, ਧੁਰ ਦਾ ਹੁਕਮ ਇਕ ਸੁਣਾਇੰਦਾ । ਸਚ ਦੁਆਰਾ ਖੋਲ੍ਹ ਹੱਟ, ਤ੍ਰੈ ਪੰਜ ਵਸਤ ਆਪ ਵਰਤਾਇੰਦਾ । ਨਿਰਗੁਣ ਸਰਗੁਣ ਖੇਲ ਅਲੱਖ, ਅਲਖ ਅਗੋਚਰ ਆਪ ਕਰਾਇੰਦਾ । ਲੱਖ ਚੁਰਾਸੀ ਚਲਾਉਣਾ ਰਥ, ਅੰਡਜ ਜੇਰਜ ਉਤਭੁਜ ਸੇਤਜ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਮੰਗਣ ਦਾਨ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਸੁਲਤਾਨ ਵਡ ਹੁਕਮਰਾਨ, ਹਉ ਬਾਲਕ ਰੂਪ ਵਟਾਈਆ । ਲੱਖ ਚੁਰਾਸੀ ਦੇ ਦਾਨ, ਝੋਲੀ ਇਕੋ ਵਾਰ ਭਰਾਈਆ । ਚਾਰੇ ਖਾਣੀ ਕਰ ਪਰਵਾਨ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਚਾਰੇ ਬਾਣੀ ਦੇ ਗਿਆਨ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਚਾਰੇ ਜੁਗ ਵਿਚ ਜਹਾਨ, ਜੁਗ ਚੌਕੜੀ ਰੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਹੋ ਠਾਕਰ ਸਵਾਮੀ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਆਦਿ ਪੁਰਖ ਅਪਰੰਪਰ ਸਰਬ ਜੀਆਂ ਘਟ ਅੰਤਰਜਾਮੀ, ਅਣਜਾਣਤ ਆਪਣਾ ਰਾਗ ਅਲਾਇੰਦਾ । ਸ਼ਬਦ ਅਗੰਮ ਬੋਧ ਅਗਾਧ ਨਿਰਬਾਣ ਪਦ ਸੁਣਾਏ ਬਾਣੀ, ਅੱਖਰ ਵੱਖਰ ਆਪਣੀ ਧਾਰ ਪਰਗਟਾਇੰਦਾ । ਦੋ ਜਹਾਨ ਅਕੱਥ ਕਹਾਣੀ, ਬ੍ਰਹਿਮੰਡ ਖੰਡ ਰਾਗ ਅਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣੀ, ਸਚ ਸੰਦੇਸ਼ਾ ਇਕ ਸੁਣਾਇੰਦਾ । ਸ਼ਬਦ ਗੁਰੂ ਗੁਰੂ ਗੁਰ ਸ਼ਬਦ ਸਰਬ ਜੀਆਂ ਪਰਾਣੀ, ਆਤਮ ਪਰਮਾਤਮ ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਪਾਰਬ੍ਰਹਮ ਬ੍ਰਹਮ, ਲੱਖ ਚੁਰਾਸੀ ਦਏ ਸਮਝਾਈਆ । ਨਿਹਕਰਮੀ ਜਾਣੇ ਆਪਣਾ ਕਰਮ, ਕਰਮ ਕਾਂਡ ਜਗਤ ਝੋਲੀ ਪਾਈਆ । ਜੁਗ ਚੌਕੜੀ ਖੇਲੇ ਖੇਲ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਸ੍ਰਿਸ਼ਟ ਸਬਾਈ ਬੇਪਰਵਾਹੀ ਸਭ ਨੂੰ ਦੱਸੇ ਧੁਰ ਦੀ ਸਰਨ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਜਿਸ ਦਵਾਰੇ ਲੇਖਾ ਚੁੱਕੇ ਮਰਨ ਡਰਨ, ਜਨਮ ਕਰਮ ਕੋਇ ਰਹਿਣ ਨਾ ਪਾਈਆ । ਕੂੜੀ ਕਿਰਿਆ ਮੇਟੇ ਭਰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਦਿ ਆਦਿ ਸੁਣਾਈਆ । ਆਦਿ ਪੁਰਖ ਸੁਣਾਇਆ ਸਚ ਸੰਦੇਸ਼ਾ, ਲੱਖ ਚੁਰਾਸੀ ਜੀਵ ਜੰਤ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰੇ ਹਮੇਸ਼ਾ, ਬਣ ਸੇਵਕ ਸੇਵ ਕਮਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਜੁਗ ਚੌਕੜੀ ਨਰ ਨਰੇਸ਼ਾ, ਸ਼ਾਹ ਪਾਤਸ਼ਾਹ ਇਕ ਨਜ਼ਰੀ ਆਈਆ । ਨਿਤ

ਨਵਿਤ ਰਹੇ ਹਮੇਸ਼ਾ, ਨਾ ਮਰੇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਘੱਲੇ ਦੇ ਸੰਦੇਸ਼ਾ, ਧੁਰ ਫ਼ਰਮਾਣਾ ਇਕ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਖੇਲੇ ਖੇਡਾ, ਖ਼ਾਲਕ ਖ਼ਲਕ ਰੂਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਦਿ ਆਦਿ ਆਪਣਾ ਰਾਹ ਚਲਾਈਆ । ਆਦਿ ਪੁਰਖ ਦੱਸੇ ਰਾਹ, ਰਹਿਬਰ ਇਕੋ ਇਕ ਅਖਵਾਇੰਦਾ । ਦੋ ਜਹਾਨਾਂ ਬਣ ਮਲਾਹ, ਨਿਰਗੁਣ ਸਰਗੁਣ ਬੇੜਾ ਆਪ ਤਰਾਇੰਦਾ । ਸ਼ਬਦ ਸਰੂਪੀ ਸਚ ਸਲਾਹ, ਸਿਖਿਆ ਇਕੋ ਇਕ ਸਮਝਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਜੁੜਾ, ਦਰ ਸਾਚਾ ਇਕ ਸੁਹਾਇੰਦਾ । ਸਚ ਸੇਜ ਸੁਹੰਜਣੀ ਸੋਭਾ ਪਾ, ਆਤਮ ਅੰਤਰ ਡੇਰਾ ਲਾਇੰਦਾ । ਨਾਦ ਧੁਨ ਮਰਦੰਗ ਇਕ ਵਜਾ, ਅਨਹਦ ਰਾਗੀ ਨਾਦ ਸੁਣਾਇੰਦਾ । ਅੰਮ੍ਰਿਤ ਜਾਮ ਮਧੁ ਪਿਆਲਾ ਇਕ ਪਿਆ, ਨਿਝਰ ਝਿਰਨਾ ਰਸ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਧੁਰ ਦਾ ਗੀਤ, ਸੋ ਪੁਰਖ ਨਿਰੰਜਣ ਆਪਣਾ ਆਪ ਜਣਾਈਆ । ਸਦਾ ਸਦਾ ਸਦ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਹਰ ਘਟ ਵਸੇ ਊਚ ਨੀਚ, ਰਾਉ ਰੰਕ ਸੋਭਾ ਪਾਈਆ । ਲੇਖਾ ਜਾਣੇ ਹਸਤ ਕੀਟ, ਸ਼ਾਹ ਸੁਲਤਾਨਾ ਪਰਦਾ ਉਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁਰਖ ਅਕਾਲ ਬੇਪਰਵਾਹੀਆ । ਪੁਰਖ ਅਕਾਲ ਬੇਪਰਵਾਹ, ਬੇਐਬ ਨਾਮ ਖ਼ੁਦਾਈਆ । ਜੁਗ ਚੌਕੜੀ ਗੁਰ ਅਵਤਾਰ ਸੇਵਾ ਲਾ, ਪੀਰ ਪੈਗ਼ੰਬਰ ਹੁਕਮ ਮਨਾਈਆ । ਸ਼ਬਦੀ ਢੋਲਾ ਧੁਰ ਦਾ ਗਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਕਰੇ ਪੜ੍ਹਾਈਆ । ਅੰਜੀਲ ਕੁਰਾਨਾ ਮਸਲਾ ਹੱਕ ਸੁਣਾ, ਤੀਸ ਬਤੀਸ ਦੇਵਣਹਾਰ ਵਡਿਆਈਆ । ਖਾਣੀ ਬਾਣੀ ਰੰਗ ਰੰਗਾ, ਧੁਰ ਦਾ ਪਾਣੀ ਅੰਮ੍ਰਿਤ ਜਾਮ ਪਿਆਈਆ । ਸ਼ਬਦ ਹਾਣੀ ਸਤਿਗੁਰ ਸੱਚਾ ਇਕ ਸਮਝਾ, ਭਰਮ ਭੁਲੇਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣੀ ਖੇਲ ਵਖਾਈਆ । ਸਾਚੀ ਖੇਲ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਧੁਰ ਦਾ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਆਤਮ ਪਰਮਾਤਮ ਨਾਤਾ ਜੋੜ ਨਾਲ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਜੀਵ ਜੰਤ ਆਪ ਪੜ੍ਹਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੇਲ ਮਿਲਾਵਾ ਸਾਚੇ ਸੰਤ, ਭਗਤ ਭਗਵਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਸਾਚੀ ਸਿਖਿਆ ਭਗਤ ਭਗਵਾਨ, ਜੁਗ ਚੌਕੜੀ ਆਪ ਜਣਾਈਆ । ਚਾਰ ਵਰਨ ਇਹ ਗਿਆਨ, ਧੁਰ ਦੀ ਕਰੇ ਸਤਿ ਪੜ੍ਹਾਈਆ । ਬਰਨ ਅਠਾਰਾਂ ਇਕੋ ਦਾਨ, ਵਸਤ ਅਮੋਲਕ ਇਕ ਵਰਤਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਮਕਾਨ, ਕਾਇਆ ਮੰਦਰ ਦਏ ਵਖਾਈਆ । ਹਰ ਘਟ ਅੰਦਰ ਵਸੇ ਸ੍ਰੀ ਭਗਵਾਨ, ਨਿਰਗੁਣ ਬੈਠਾ ਬੇਪਰਵਾਹੀਆ । ਆਤਮ ਪਰਮਾਤਮ ਜਿਸ ਨੇ ਦਿਤਾ ਦਾਨ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੂਝ ਬੁਝਾਈਆ । ਜਨ ਭਗਤ ਬੁਝਾਏ ਸਾਚੀ ਟੇਕ, ਧੁਰ ਮਸਤਕ ਲੇਖ ਲਿਖਾਈਆ । ਕਾਇਆ ਬੁੱਧੀ ਕਰ ਬਬੇਕ, ਧੁਰ ਦੀ ਧਾਰ ਸਮਝਾਈਆ । ਸਚ ਪ੍ਰੀਤੀ ਧੁਰ ਦੀ ਟੇਕ, ਅਬਿਨਾਸ਼ੀ

ਕਰਤਾ ਇਕ ਅਖਵਾਈਆ । ਨਿਰਗੁਣ ਸਰਗੁਣ ਜੁਗ ਜੁਗ ਧਾਰੇ ਭੇਖ, ਵੇਸ ਅਵੱਲੜਾ ਆਪ ਕਰਾਈਆ । ਜਨ ਭਗਤਾਂ ਕਰੇ ਹੇਤ, ਮਿੱਤਰ ਪਿਆਰਾ ਫੇਰਾ ਪਾਈਆ । ਨਜ਼ਰੀ ਆਵੇ ਨੇਤਨ ਨੇਤ, ਨਿਝ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਲਏ ਉਠਾਈਆ । ਜਨ ਭਗਤ ਉਠਾਏ ਆਪ ਪ੍ਰਭ, ਲੱਖ ਚੁਰਾਸੀ ਖੋਜ ਖੁਜਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਝੱਬ, ਪਰਦਾ ਓਹਲਾ ਆਪ ਚੁਕਾਇੰਦਾ । ਨੌ ਦਵਾਰੇ ਪਾਰ ਹੱਦ, ਦਸਵੇਂ ਆਪਣਾ ਰੰਗ ਰੰਗਾਇੰਦਾ । ਸ਼ਬਦ ਅਗੰਮ ਵਜਾਏ ਨਦ, ਅਨਹਦ ਰਾਗੀ ਰਾਗ ਸੁਣਾਇੰਦਾ । ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਕਾਇਆ ਹੁਜਰਾ ਇਕ ਸੁਹਾਇੰਦਾ । ਜੋਤ ਦੀਪਕ ਜਗੇ ਲਟ ਲਟ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਪੁਰਖ ਸਮਰਥ, ਘਰ ਘਰ ਅੰਦਰ ਵੇਖ ਵਖਾਇੰਦਾ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਝ ਨੇਤਰ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਰੰਗ ਰੰਗਾਇੰਦਾ । ਜਨ ਭਗਤਾਂ ਮਿੱਤਰ ਹੋਏ ਪ੍ਰਭ ਠਾਕਰ, ਸਾਹਿਬ ਸਤਿਗੁਰ ਵਡ ਵਡਿਆਈਆ । ਭੇਤ ਖੁਲ੍ਹਾਏ ਕਾਇਆ ਗਾਗਰ, ਗਹਿਰ ਗੰਭੀਰ ਵੇਖ ਵਖਾਈਆ । ਲੇਖਾ ਜਾਣੇ ਸੰਸਾਰ ਸਾਗਰ, ਪਰਦਾ ਓਹਲਾ ਆਪ ਚੁਕਾਈਆ । ਨਿਰਮਲ ਕਰਮ ਕਰੇ ਉਜਾਗਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਜਨ ਭਗਤਾਂ ਮਾਣ ਦੇਵੇ ਪ੍ਰਭ ਮਾਤ, ਧਰਤ ਧਵਲ ਮਿਲੇ ਵਡਿਆਈਆ । ਜੁਗ ਚੌਕੜੀ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਲਹਿਣਾ ਦੇਣਾ ਚੁਕੇ ਕੂੜੇ ਸੱਜਣ ਸਾਕ, ਜੂਠਾ ਝੂਠਾ ਸੰਗ ਤੁੜਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤਾਂ ਖੋਲ੍ਹੇ ਹਰਨ ਫਰਨ, ਨਿਝ ਨੇਤਰ ਦਇਆ ਕਮਾਇੰਦਾ । ਲੇਖਾ ਚੁਕੇ ਵਰਨ ਬਰਨ, ਜਾਤ ਪਾਤ ਨਾ ਕੋਇ ਵਡਿਆਇੰਦਾ । ਕਿਰਪਾ ਕਰੇ ਕਰਨੀ ਕਰਨ, ਹਰਿ ਕਰਤਾ ਖੇਲ ਵਖਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਇਕੋ ਢੋਲਾ ਪੜ੍ਹਨ, ਦੂਜਾ ਰਾਗ ਨਾ ਕੋਇ ਅਲਾਇੰਦਾ । ਨਿਤ ਨਵਿਤ ਨਿਰਗੁਣ ਸਰਗੁਣ ਦਰਸ਼ਨ ਕਰਨ, ਦੀਦ ਈਦ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਵੇਖਣਹਾਰਾ, ਜੀਵ ਜੰਤ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਹੋ ਉਜਿਆਰਾ, ਨਿਰਵੈਰ ਆਪਣੀ ਕਾਰ ਕਮਾਇੰਦਾ । ਭਗਤਾਂ ਅੰਦਰ ਭਗਤੀ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਇਸ਼ਟ ਦ੍ਰਿਸ਼ਟ ਦਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਮੂਲ ਚੁਕਾਇੰਦਾ । ਸਾਚਾ ਲਹਿਣਾ ਚੁੱਕੇ ਜਗਤ, ਸ੍ਰੀ ਭਗਵਾਨ ਦਏ ਵਡਿਆਈਆ । ਸੋ ਸੰਤ ਸੁਹੇਲਾ ਸੱਚਾ ਭਗਤ, ਜਿਸ ਮਿਲੇ ਬੇਪਰਵਾਹੀਆ । ਲੇਖੇ ਲੱਗੇ ਬੂੰਦ ਰਕਤ, ਪੰਜ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਅੱਖਰ ਰਿਹਾ ਪੜ੍ਹਾਈਆ । ਜਨ ਭਗਤ ਪੜ੍ਹਨਾ ਇਕੋ ਅੱਖਰ, ਸੋ ਸਤਿਗਰ ਆਪ ਪੜ੍ਹਾਈਆ । ਜਿਸ ਦਾ ਲੇਖਾ ਸਭ ਤੋਂ ਵੱਖਰ, ਲਿਖ ਸਕੇ ਨਾ ਕਲਮ ਛਾਹੀਆ । ਜਿਸ ਨੂੰ ਉਕਰੇ ਨਾ ਕੋਈ ਪੱਥਰ, ਘਾੜਤ ਘੜਤ ਨਾ ਕੋਇ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੩੮੫
੧੯

ਕਰ, ਜਨ ਭਗਤਾਂ ਇਕੋ ਬੂਝ ਬੁਝਾਈਆ । ਜਨ ਭਗਤ ਪੜ੍ਹਨ ਅੱਖਰ, ਨਿਰਾਕਾਰ ਨਜ਼ਰ ਕੋਇ ਨਾ ਆਈਆ । ਜਿਸ ਵਿਚੋਂ ਨਜ਼ਰੀ ਆਏ ਗਿਰਧਾਰ ਗਿਰ, ਮੁਕੰਦ ਮਨੋਹਰ ਬੇਪਰਵਾਹੀਆ । ਜਿਸ ਦੀ ਧਾਰ ਆਦਿ ਜੁਗਾਦਿ ਜੁਗ ਚੌਕੜੀ ਨਾ ਜਾਏ ਫਿਰ, ਗੁਰ ਅਵਤਾਰ ਪੀਰ ਪੈਗੰਬਰ ਜਿਸ ਦੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਇਕ ਪੜ੍ਹਾਈਆ । ਜਨ ਭਗਤ ਪੜ੍ਹਨ ਅੱਖਰ ਇਕਉਂਕਾਰ, ਅਕਲ ਕਲ ਧਾਰੀ ਆਪ ਜਣਾਈਆ । ਜਿਸ ਵਿਚ ਸਰਬ ਪਸਾਰ, ਪਸਰ ਪਸਾਰੀ ਦਏ ਵਖਾਈਆ । ਜਿਸ ਦਾ ਲੇਖਾ ਕੋਈ ਨਾ ਸਕੇ ਵਿਚਾਰ, ਸੋਚ ਸਮਝ ਨਾ ਕੋਇ ਜਣਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਬੇਅੰਤ ਬੇਪਰਵਾਹੀਆ । ਸੋ ਸਾਹਿਬ ਸਤਿਗੁਰ ਭਗਤਾਂ ਦੇਵੇ ਧੁਰ ਦੀ ਦਾਤ, ਅਮੋਲਕ ਇਕੋ ਵਾਰ ਝੋਲੀ ਪਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਦਏ ਚਮਕਾਈਆ । ਚਰਨ ਪ੍ਰੀਤੀ ਬੰਨ੍ਹ ਕੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਪ੍ਰਭ ਮਿਲ ਕੇ ਜਨ ਭਗਤ ਗੌਣ ਧੁਰ ਦੀ ਗਾਥ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਭਗਤ ਕਹੇ ਮੇਰਾ ਭਗਵੰਤ, ਜਿਸ ਆਪਣੀ ਬੂਝ ਬੁਝਾਈਆ । ਭਗਵਾਨ ਕਹੇ ਮੇਰਾ ਸੱਚਾ ਸੰਤ, ਜੋ ਮੇਰੀ ਮਹਿਮਾ ਰਿਹਾ ਗਾਈਆ । ਭਗਤ ਕਹੇ ਪ੍ਰਭ ਮੇਰਾ ਕੰਤ, ਜਿਸ ਸੁਹੰਜਣੀ ਸੇਜ ਸੁਹਾਈਆ । ਭਗਵਾਨ ਕਹੇ ਮੇਰੀ ਮਹਿਮਾ ਅਗਣਤ, ਸਮਝ ਸਕੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਭਗਤਾਂ ਦਏ ਵਡਿਆਈਆ । ਭਗਤ ਕਹੇ ਮੈਂ ਸੇਵਕ ਤੇਰਾ, ਪ੍ਰਭੂ ਤੇਰਾ ਨਾਮ ਧਿਆਈਆ । ਭਗਵਾਨ ਕਹੇ ਤੂੰ ਮੇਰਾ ਚੇਰਾ, ਬਿਨ ਚੇਲੇ ਗੁਰੂ ਮਿਲੇ ਨਾ ਕਿਸੇ ਵਡਿਆਈਆ । ਭਗਤ ਕਹੇ ਪ੍ਰਭ ਠਾਕਰ ਤੂੰ ਮੇਰਾ, ਬੱਧਾ ਬੇੜਾ ਨਈਆ ਆਪਣੇ ਨਾਮ ਚੜ੍ਹਾਈਆ । ਭਗਵਾਨ ਕਹੇ ਮੇਰਾ ਭਗਤਾਂ ਅੰਦਰ ਡੇਰਾ, ਬਿਨ ਭਗਤਾਂ ਘਰ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ ਦੋਵੇਂ ਇਕ ਦੂਜੇ ਦਾ ਝਲ ਨਾ ਸਕਣ ਵਿਛੋੜਾ, ਵਿਛੜ ਜਾਏ ਸਰਬ ਲੋਕਾਈਆ । ਨਾਤਾ ਜੁੜਿਆ ਗੁਰੂਦੁਆਰਾ, ਮੋਹ ਮੁਹੱਬਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਜ ਰਖਾਈਆ । ਭਗਤ ਕਹੇ ਮੇਰਾ ਭਗਵਾਨ ਉਚਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਭਗਵਾਨ ਕਹੇ ਮੇਰਾ ਭਗਤ ਸੁਚਾ, ਜੋ ਲੱਖ ਚੁਰਾਸੀ ਵਿਚੋਂ ਮੇਰਾ ਨਾਮ ਧਿਆਇੰਦਾ । ਭਗਤ ਕਹੇ ਮੋਹੇ ਭਗਵਾਨ ਓਟਾ, ਸਿਰ ਮੇਰੇ ਹੱਥ ਟਿਕਾਇੰਦਾ । ਭਗਵਾਨ ਕਹੇ ਮੈਂ ਭਗਤਾਂ ਜੋਗਾ, ਬਿਨ ਭਗਤਾਂ ਮੇਰੀ ਕੀਮਤ ਕੋਇ ਨਾ ਪਾਇੰਦਾ । ਭਗਤ ਕਹੇ ਮੇਰਾ ਭਗਵਾਨ ਮੋਹੇ ਸ਼ਬਦੀ ਲਾਏ ਚੋਟਾਂ, ਤਨ ਨਗਾਰਾ ਰਬਾਬ ਵਜਾਇੰਦਾ । ਭਗਵਾਨ ਕਹੇ ਮੇਰਾ ਭਗਤ ਸੰਤ ਦੁਲਾਰਾ ਛੋਟਾ, ਜੋ ਮੇਰੀ ਗੋਦ ਸੁਹਾਇੰਦਾ । ਦੋਹਾਂ ਮਿਲ ਕੇ ਪਰਕਾਸ਼ ਹੋਵੇ ਇਕੋ ਨਿਰਮਲ ਜੋਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਭਗਤ ਆਪ ਵਡਿਆਇੰਦਾ । ਜਨ ਭਗਤ ਕਹੇ ਮੇਰਾ ਸਚ ਸਲੋਕ, ਸੋਹੰ ਢੋਲਾ ਪ੍ਰਭ ਜਣਾਈਆ । ਭਗਵਾਨ ਕਹੇ ਮੇਰਾ ਭਗਤ ਉਤਮ ਉਤਮ ਵਿਚੋਂ ਚੌਦਾਂ ਲੋਕ, ਚੌਦਾਂ ਤਬਕ ਨੈਣ ਸ਼ਰਮਾਈਆ । ਭਗਤ ਕਹੇ ਮੇਰਾ ਭਗਵਾਨ ਮੈਨੂੰ ਦੇਵੇ ਸੋਚ, ਮੇਰੀ ਬੁੱਧੀ ਕੰਮ ਕਿਸੇ ਨਾ ਆਈਆ । ਭਗਵਾਨ ਕਹੇ ਮੇਰਾ ਭਗਤ ਚੌਦਾਂ ਵਿਦਿਆ ਸਮਝੇ ਫੋਕ, ਬਿਨ ਹਰਿ ਨਾਮੇ ਪ੍ਰੇਮ ਨਾ ਕਿਸੇ ਲਗਾਈਆ ।


੩੯੬ ੧੯

ਭਗਤ ਕਹੇ ਭਗਵਾਨ ਮੇਰਾ ਕਾਇਆ ਬੰਕ ਸੁਹਾਇਆ ਕੋਟ, ਸਾਢੇ ਤਿੰਨ ਹੱਥ ਦਿਤੀ ਮਾਣ ਵਡਿਆਈਆ । ਭਗਵਾਨ ਕਹੇ ਬਿਨ ਭਗਤਾਂ ਮੇਰੀ ਕਿਸੇ ਘਰ ਨਾ ਜਗੇ ਜੋਤ, ਦੀਪਕ ਨਜ਼ਰ ਕੋਇ ਨਾ ਆਈਆ । ਦੋਵੇਂ ਮਿਲ ਕੇ ਪ੍ਰੇਮ ਪ੍ਰੀਤੀ ਅੰਦਰ ਹੋਵਣ ਖ਼ਾਮੋਸ਼, ਉਚੀ ਕੂਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਲੋਚ, ਲੋਚਾ ਪੂਰ ਆਪ ਅਖਵਾਇੰਦਾ ।

★ ੧੯ ਮਾਘ ੨੦੨੦ ਬਿਕਰਮੀ ★

ਬਲ ਕਹੇ ਮੇਰੇ ਭਗਵਾਨ, ਅਛਲ ਅਛੱਲ ਤੇਰੀ ਵਡਿਆਈਆ । ਬਲਖ ਦਵਾਰਿਉਂ ਏਸ ਭੂਮਿਕਾ ਪਹੁੰਚਿਆ ਆਣ, ਘੜੀ ਪਲ ਸਾਢੇ ਤਿੰਨ ਹੱਥ ਵੰਡ ਵੰਡਾਈਆ । ਇਕਾਵਨ ਰਾਜਦੂਤ ਕਰ ਪਰਵਾਨ, ਸੱਚਾ ਰੰਗ ਰੰਗਾਈਆ । ਛੱਪਰ ਛੰਨ ਨਾ ਕੋਈ ਮਕਾਨ, ਜਗਤ ਸਰਾਏ ਨਾ ਕੋਇ ਵਡਿਆਈਆ । ਧਰਨੀ ਕਿਹਾ ਦਾਨੀ ਮੋਹੇ ਦੇ ਦਾਨ, ਤੇਰੇ ਅੱਗੇ ਝੋਲੀ ਡਾਹੀਆ । ਤੇਰਾ ਮੇਲਾ ਸੰਗ ਸ੍ਰੀ ਭਗਵਾਨ, ਰਹਿਮਤ ਸਰਬ ਕਮਾਈਆ । ਬਲ ਕਿਹਾ ਮੈਂ ਵੇਖਿਆ ਮਾਰ ਧਿਆਨ, ਪ੍ਰਭ ਚਰਨ ਕਵਲ ਚਿਤ ਲਾਈਆ । ਜਿਸ ਦਿਤਾ ਮੋਹੇ ਗਿਆਨ, ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਬਲ ਦੋਏ ਜੋੜ ਕਰ ਅਰਦਾਸ, ਹਰਿ ਠਾਕਰ ਸੁਆਮੀ ਸਚ ਜਣਾਇੰਦਾ । ਮਿਹਰਵਾਨ ਪੁਰਖ ਅਬਿਨਾਸ਼, ਤੇਰੀ ਓਟ ਤਕਾਇੰਦਾ । ਨਿਰਵੈਰ ਪੁਰਖ ਦੇ ਸਾਥ, ਸਾਚਾ ਸੰਗ ਨਿਭਾਇੰਦਾ । ਵੇਖ ਧਰਨੀ ਧਰਤ ਕੀ ਕੁਛ ਰਹੀ ਆਖ, ਦੋਏ ਜੋੜ ਵਾਸਤਾ ਪਾਇੰਦਾ । ਇਹਦੀ ਪੂਰੀ ਕਰ ਆਸ, ਆਸਾਵੰਦ ਤੂੰਹੀ ਇਕੋ ਨਜ਼ਰੀ ਆਇੰਦਾ । ਸ੍ਰੀ ਭਗਵਾਨ ਕਹੇ ਸ਼ਾਬਾਸ਼, ਸ਼ਹਿਨਸ਼ਾਹ ਸਿਰ ਤੇਰੇ ਹੱਥ ਟਿਕਾਇੰਦਾ । ਤੂੰ ਅੰਤਰ ਵੇਖ ਮਾਰ ਝਾਤ, ਝਾਕੀ ਧੁਰ ਦੀ ਆਪ ਜਣਾਇੰਦਾ । ਜਿੰਨਾਂ ਚਿਰ ਇਹ ਬਲ ਧਰਤੀ ਤੇਰੇ ਪਾਸ, ਮੈਂ ਦਾਨ ਦੇਣ ਕੁਛ ਨਾ ਆਈਆ । ਏਸੇ ਕਾਰਨ ਕਰੂੰ ਖੇਲ ਤਮਾਸ਼, ਅਛਲ ਅਛੱਲ ਰੂਪ ਵਟਾਈਆ । ਤੇਰੇ ਕੋਲੋਂ ਪਹਿਲੋਂ ਧਰਨੀ ਮੰਗਾਂ ਖ਼ਾਕ, ਢਈਆ ਆਪਣੀ ਝੋਲੀ ਪਾਇੰਦਾ । ਫਿਰ ਅਗਲੀ ਦੱਸਾਂ ਬਾਤ, ਸਚ ਸੁਨੇਹੜਾ ਇਕ ਦ੍ਰਿੜਾਇੰਦਾ । ਤੇਰਾ ਬਣਾਵਾਂ ਸਾਥ, ਸਗਲਾ ਸੰਗ ਨਿਭਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਚਲਾਵਾਂ ਰਾਥ, ਕਲਜੁਗ ਅੰਤਮ ਵੇਖ ਵਖਾਇੰਦਾ । ਤੇਰਾ ਨੂਰ ਕਰ ਪਰਗਟ, ਲੋਕਮਾਤ ਜੋਤ ਜਗਾਇੰਦਾ । ਚਰਨ ਕਵਲ ਜੋੜ ਨਾਤ, ਨਾਤਾ ਬਿਧਾਤਾ ਖੇਲ ਵਖਾਇੰਦਾ । ਕਿਰਪਾ ਕਰ ਸਚਖੰਡ ਕਰਾ ਨਿਵਾਸ, ਸਚ ਦਵਾਰਾ ਇਕ ਵਖਾਇੰਦਾ । ਪਿਛਲੀ ਫੇਰ ਕਰਾਏ ਯਾਦ, ਯਾਦਦਾਸਤ ਆਪ ਰਖਾਇੰਦਾ । ਤੇਰਾ ਕੋਈ ਨਜ਼ਰ ਨਾ ਆਵੇ ਰਾਜ ਪਾਟ, ਹਿੱਸਾ ਵੰਡ ਨਾ ਕੋਇ ਵੰਡਾਇੰਦਾ । ਉਸ ਵੇਲੇ ਚਰਨ ਕਵਲ ਲੱਗ ਆਖੀਂ ਕਮਲਾਪਾਤ, ਪਾਰਬ੍ਰਹਮ ਤੇਰੇ ਅੱਗੇ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਬਲ ਹੋ ਬਲਹੀਣ, ਪ੍ਰਭ ਚਰਨ ਸੀਸ ਨਿਵਾਈਆ । ਤੇਰਾ ਖੇਲ ਸਾਹਿਬ ਪਰਬੀਨ, ਹਉਂ ਸਮਝ ਸਕਾ ਨਾ ਰਾਈਆ । ਮੈਂ ਠਾਕਰ ਤੇਰੇ ਅਧੀਨ, ਨਿਉਂ ਨਿਉਂ ਲਾਗਾਂ


੩੮੭ ੧੯

ਪਾਈਆ । ਦਰ ਦਰਵੇਸ਼ ਬਣਾਂ ਮਸਕੀਨ, ਖ਼ਾਕ ਤੇਰੀ ਝੋਲੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੀ ਆਸਾ ਧਰਨੀ ਨਾਲ ਮਿਲਾਈਆ । ਸ੍ਰੀ ਭਗਵਾਨ ਹੋ ਦਿਆਲ, ਦੀਨ ਦਿਆਲ ਦਇਆ ਕਮਾਇੰਦਾ । ਪ੍ਰਭ ਦਾ ਖੇਲ ਖੇਲ ਮਹਾਨ, ਅੰਤ ਕੋਈ ਨਾ ਪਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਵੇਲਾ ਅੰਤਮ ਆਇੰਦਾ । ਲੱਖ ਚੁਰਾਸੀ ਵਿਚੋਂ ਤੈਨੂੰ ਦੇਵੇ ਦਾਨ, ਆਤਮ ਪਰਮਾਤਮ ਪਰਦਾ ਲਾਹਿੰਦਾ । ਤੇਰਾ ਨਾਉਂ ਰੱਖ ਸਿੰਘ ਗੁਰਦਿਆਲ, ਤਾਲ ਆਪਣਾ ਨਾਉਂ ਵਜਾਇੰਦਾ । ਪੰਜ ਤਤ ਕਾਇਆ ਚੋਲੀ ਤੇਰੀ ਸੰਭਾਲ, ਧੁਰ ਖ਼ਜ਼ਾਨੇ ਆਪ ਟਿਕਾਇੰਦਾ । ਫੇਰ ਪੁੱਛੇ ਦੱਸ ਮੇਰੇ ਲਾਲ, ਲੇਖਾ ਬਾਕੀ ਕਵਣ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਇੰਦਾ । ਬਲ ਕਹੇ ਮੇਰੇ ਸੁਆਮੀ, ਸਾਹਿਬ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਬੋਧ ਅਗਾਧ ਤੇਰੀ ਕਹਾਣੀ, ਲਿਖਣ ਪੜ੍ਹਣ ਵਿਚ ਨਾ ਆਈਆ । ਸਚ ਦੱਸ ਆਪਣੀ ਇਕ ਨਿਸ਼ਾਨੀ, ਜਿਸ ਦਰ ਤੇਰਾ ਨੂਰ ਨਜ਼ਰੀ ਆਈਆ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਚ ਦਏ ਵਡਿਆਈਆ । ਸੁਣ ਬਲ ਵਡ ਬਲਕਾਰ, ਵਲੀਆ ਛਲੀਆ ਆਪ ਜਣਾਇੰਦਾ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤ ਸੁਹਾਇੰਦਾ । ਕਲ ਕਲਕੀ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਅਗੰਮੀ ਨਿਰਗੁਣ ਧਾਰ, ਨਿਰਵੈਰ ਪੁਰਖ ਆਪ ਚਲਾਇੰਦਾ । ਤੇਰਾ ਲੇਖੇ ਲਾ ਪੰਜ ਤਤ ਅਕਾਰ, ਧਰਨੀ ਧਰਤ ਧਵਲ ਆਪਣੀ ਝੋਲੀ ਪਾਇੰਦਾ । ਢਾਈ ਮੁੱਠੀ ਤੇਰੀ ਰਾਖ਼ ਰੱਖ ਸੰਭਾਲ, ਆਪਣੀ ਗੋਦੀ ਆਪ ਟਿਕਾਇੰਦਾ । ਫਿਰ ਸਾਹਿਬ ਹੋ ਪਰਧਾਨ, ਮਿਹਰ ਨਜ਼ਰ ਨੈਣ ਉਠਾਇੰਦਾ । ਪਹਿਲੋਂ ਦੇ ਕੇ ਭਗਤਾਂ ਦਾਨ, ਫਿਰ ਆਪਣਾ ਪੰਧ ਮੁਕਾਇੰਦਾ । ਏਸ ਭੂਮਿਕਾ ਉਸ ਧਰਤੀ ਨਵਿਰਤੀ ਕਰੇ ਆਣ, ਪ੍ਰਕਿਰਤੀ ਬੰਧ ਨਾ ਕੋਇ ਵਖਾਇੰਦਾ । ਫਿਰਦੀ ਫਿਰਦੀ ਕਰੇ ਨਿਹਾਲ, ਦੁੱਖ ਦਰਦ ਆਪ ਵੰਡਾਇੰਦਾ । ਤਿੰਨ ਜੁਗ ਰੱਖਣਾ ਧਿਆਨ, ਸ਼ਬਦ ਇਸ਼ਾਰੇ ਨਾਲ ਸਮਝਾਇੰਦਾ । ਸਦੀ ਬੀਸਵੀਂ ਦੇਵਾਂ ਦਾਨ, ਬੀਸ ਬੀਸਾ ਨਾਉਂ ਰਖਾਇੰਦਾ । ਵਕਤ ਵੇਲਾ ਸੁਹੇਲਾ ਪਹੁੰਚਿਆ ਆਣ, ਚਾਰੋਂ ਕੁੰਟ ਖ਼ੁਸ਼ੀ ਮਨਾਇੰਦਾ । ਜਿਸ ਵੇਲੇ ਧਰਨੀ ਵੇਖਿਆ ਔਂਦਾ ਸ੍ਰੀ ਭਗਵਾਨ, ਬਲ ਰਾਜੇ ਇਸ਼ਾਰੇ ਨਾਲ ਸਮਝਾਇੰਦਾ । ਦੋਏ ਜੋੜ ਨੈਣ ਤੱਕਣ ਆਣ, ਨੇਤਰ ਨੈਣਾਂ ਨੀਰ ਵਹਾਇੰਦਾ । ਪੁਰਖ ਅਕਾਲ ਮੇਰਾ ਵਕਤ ਪਹੁੰਚਿਆ ਆਣ, ਦਰ ਤੇਰੇ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਕਰ ਕਰਤਾਰ, ਕਰਨੀ ਸ਼ਬਦੀ ਝੋਲੀ ਪਾਈਆ । ਤੇਰਾ ਪਿਛਲਾ ਦਿਆਂ ਅਧਾਰ, ਲਹਿਣਾ ਅੱਗੇ ਇਕ ਵਖਾਈਆ । ਨਾਲ ਬਲ ਰਾਜਾ ਸਰਦਾਰ, ਗੁਰਦਿਆਲ ਬੈਠਾ ਸੀਸ ਨਿਵਾਈਆ । ਧਰਨੀ ਵੇਖ ਹੋਈ ਖ਼ੁਸ਼ਹਾਲ, ਖ਼ੁਸ਼ੀਆਂ ਗੀਤ ਅਲਾਈਆ । ਪ੍ਰਭ ਮਿਲਿਆ ਹੋ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਉਠ ਉਠ ਨਿਉਂ ਨਿਉਂ ਹੱਸ ਹੱਸ ਦੱਸੇ ਆਪਣਾ ਹਾਲ, ਪਿਛਲੀ ਕਹਾਣੀ ਸਰਬ ਸੁਣਾਈਆ । ਮੈਂ ਰਾਹ ਤੱਕਦੀ ਰਹੀ ਜੁਗ ਚਾਰ, ਨੈਤਰ ਨੈਣ ਨੈਣ ਉਠਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਮੇਰੇ ਨਾਲ ਕਰ ਇਕਰਾਰ, ਕਿਉਂ ਬੈਠਾ ਰਿਹਾ ਮੁਖ ਭਵਾਈਆ । ਹੌਕਿਆਂ ਵਿਚ ਵੇਖਦੀ

ਰਹੀ ਸੰਸਾਰ, ਰੋਂਦਿਆਂ ਰੋਂਦਿਆਂ ਆਪਣਾ ਆਪ ਮਿਟਾਈਆ । ਆਸਾ ਪੂਰੀ ਹੋਈ ਅੱਜ ਮੇਰੇ ਦਾਤਾਰ, ਦਇਆਵਾਨ ਦਇਆ ਕਮਾਈਆ । ਮੈਂ ਕਿਸ ਬਿਧ ਹੋਵਾਂ ਸ਼ੁਕਰ ਗੁਜ਼ਾਰ, ਕੀ ਕੁਛ ਤੇਰੀ ਭੇਟ ਚੜ੍ਹਾਈਆ । ਬਲ ਕਹੇ ਨੀਂਵੀ ਹੋ ਕੇ ਚਰਨਾਂ ਉਤੇ ਕਰ ਨਿਮਸਕਾਰ, ਇਹੋ ਵਸਤ ਪ੍ਰਭ ਤੋਂ ਸੱਚੀ ਭਾਈਆ । ਜਿਸ ਨਾਲ ਤੇਰਾ ਹੋਵੇ ਉਧਾਰ, ਤੇਰੀ ਮਿਟੀ ਖ਼ਾਕ ਲੇਖੇ ਪਾਈਆ । ਅਭੁਲ ਭੁੱਲ ਨਾ ਗਿਆ ਨਿਰੰਕਾਰ, ਵੇਲਾ ਵਕਤ ਵੇਖ ਆਇਆ ਸਹਿਜ ਸੁਭਾਈਆ । ਸੰਗੀ ਸਾਥੀ ਪਿਛਲੇ ਲਿਆਂਦੇ ਨਾਲ, ਜੋ ਬਲ ਸਤਿਜੁਗ ਸੰਗ ਆਪਣਾ ਬਲ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦੇ ਸਿਰ ਤੇ ਦੇ ਕਰ ਪਿਆਰ, ਥਾਉਂ ਥਾਈਂ ਲਏ ਬਿਠਾਲ, ਏਥੇ ਓਥੇ ਕਰੇ ਪ੍ਰਿਤ੍ਰਪਾਲ, ਰਾਖਾ ਇਕੋ ਨਜ਼ਰੀ ਆਈਆ ।

## ★ ੧੬ ਮਾਘ ੨੦੨੦ ਬਿਕਰਮੀ ਹਰਦੀਪ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★

ਪਿਆਰ ਨਹੀਂ ਇਹ ਸਤਿਗੁਰ ਫ਼ਰਜ਼, ਮਿਹਰਵਾਨ ਪੂਰ ਕਰਾਇੰਦਾ । ਆਪਣੀ ਪ੍ਰਭ ਪੂਰੀ ਕਰੇ ਗਰਜ਼, ਗੁਰਮੁਖ ਸਾਚੇ ਸਚ ਵਡਿਆਇੰਦਾ । ਨਾਮ ਨਿਧਾਨ ਧੁਰ ਦਾ ਰਾਗ ਦੇ ਤਰਜ਼, ਸਾਚਾ ਸੋਹਲਾ ਇਕ ਸਮਝਾਇੰਦਾ । ਅੰਤਰ ਅੰਤਰ ਨਿਤ ਨਵਿਤ ਸੁਣ ਕੇ ਅਰਜ਼, ਆਰਜ਼ੂ ਸਭ ਦੀ ਪੂਰ ਕਰਾਇੰਦਾ । ਕੂੜੀ ਕਿਰਿਆ ਕੱਢ ਕੇ ਮਰਜ਼, ਪੱਟੀ ਇਕੋ ਨਾਮ ਬੰਧਾਇੰਦਾ । ਦਰਦੀ ਹੋ ਕੇ ਵੰਡੇ ਦਰਦ, ਦੁੱਖੀਆਂ ਦੁੱਖ ਆਪਣੀ ਝੋਲੀ ਪਾਇੰਦਾ । ਸੇਵਕ ਬਣ ਕੇ ਜੋਧਾ ਮਰਦ, ਸਚ ਮਰਦਾਨਗੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਵਖਾਇੰਦਾ । ਪਿਆਰ ਨਹੀਂ ਇਹ ਪ੍ਰਭ ਦਾ ਖੇਲ, ਖ਼ਾਲਕ ਖ਼ਲਕ ਵੇਖ ਵਖਾਈਆ । ਸੰਤ ਸੁਹੇਲੇ ਗੁਰਮੁਖ ਮੇਲ, ਆਪ ਆਪਣਾ ਰੰਗ ਰੰਗਾਈਆ । ਵਸਣਹਾਰਾ ਧਾਮ ਨਵੇਲ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਕਰ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਨੂਰ ਕਰੇ ਰੁਸ਼ਨਾਈਆ । ਦੋ ਜਹਾਨਾਂ ਬਣ ਕੇ ਸੱਜਣ ਸਹੇਲ, ਗੁਰਮੁਖ ਸਾਚੇ ਸੰਗ ਨਿਭਾਈਆ । ਆਵਣ ਜਾਵਣ ਲੱਖ ਚੁਰਾਸੀ ਕੱਟ ਕੇ ਜੇਲ, ਸਾਚੇ ਮੰਦਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਿਆਰ ਨਹੀਂ ਇਹ ਪ੍ਰਭ ਦਾ ਰੰਗ, ਰੰਗ ਰਤਾ ਆਪ ਰੰਗਾਈਆ । ਪਰਗਟ ਹੋ ਸੂਰਾ ਸਰਬੰਗ, ਸੂਰਬੀਰ ਖੇਲ ਵਖਾਇੰਦਾ । ਲੱਖ ਚੁਰਾਸੀ ਕੋਲੋਂ ਰਿਹਾ ਮੰਗ, ਘਰ ਘਰ ਅੰਦਰ ਝੋਲੀ ਡਾਹਿੰਦਾ । ਬਿਨ ਗੁਰਸਿਖਾਂ ਕੋਈ ਨਾ ਦਿਸੇ ਸੰਗ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਪਿਆਰ ਨਹੀਂ ਇਹ ਸਤਿਗੁਰ ਧਾਰ, ਹਰਿ ਕਰਤਾ ਬਣਤ ਬਣਾਈਆ । ਬਿਨ ਭਗਤਾਂ ਮੈਨੂੰ ਕਰੇ ਕੋਈ ਨਾ ਯਾਦ, ਹਰਿ ਕਾ ਨਾਮ ਨਾ ਕੋਈ ਧਿਆਈਆ । ਲੱਖ ਚੁਰਾਸੀ ਕਾਇਆ ਖੇੜਾ ਦਿਸੇ ਬਰਬਾਦ, ਸਾਚਾ ਗੁਲ ਨਾ ਕੋਈ ਮਹਿਕਾਈਆ । ਗੁਰਮੁਖ ਹਰਿਜਨ ਹਰਿਭਗਤ ਗੁਰਸਿਖ ਕਰ ਆਬਾਦ, ਪ੍ਰਭ ਵੇਖੇ ਥਾਉਂ ਥਾਈਆ । ਸਚ ਪ੍ਰੀਤੀ ਅੰਦਰ ਦੇਵੇ ਦਾਦ, ਵਸਤ ਅਮੋਲਕ ਨਾਮ ਵਰਤਾਈਆ । ਆਤਮ ਪਰਮਾਤਮ ਰਚ ਕੇ ਕਾਜ, ਘਰ ਖ਼ੁਸ਼ੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਪਿਆਰ ਨਹੀਂ ਇਹ ਪ੍ਰਭ ਦਾ ਵੇਸ, ਨਰ ਨਰਾਇਣ ਆਪ ਕਰਾਈਆ । ਬਿਨ ਭਗਤਾਂ ਲੋਕਮਾਤ ਸੋਹੇ ਨਾ ਦੇਸ਼, ਜਗਤ ਵੱਜੇ ਨਾ ਕੋਈ ਵਧਾਈਆ । ਪੁਰਖ ਅਕਾਲ ਦੀਨ ਦਿਆਲ ਸੰਤ ਸੁਹੇਲੇ ਪਹਿਲੋਂ ਭੇਜ, ਪਿਛੋਂ ਵੇਖੇ ਥਾਉਂ ਥਾਈਆ । ਉਹਨਾਂ ਅੰਦਰ ਵੜ ਕੇ ਮਾਣੇ ਆਪਣੀ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਜੀਵ ਜੰਤ ਕੋਈ ਨਾ ਸਕੇ ਵੇਖ, ਜਗਤ ਨੇਤਰ ਨਾ ਕੋਈ ਵਡਿਆਈਆ । ਸਚ ਪ੍ਰੀਤੀ ਅੰਦਰ ਅੰਦਰ ਵੜ ਕੇ ਦੱਸੇ ਭੇਤ, ਧੁਰ ਦੀ ਕਾਰ ਸਚ ਕਮਾਈਆ । ਨਰਾਇਣ ਸਿੰਘ ਨਰ ਨੇਤਰ ਪੇਖ, ਹਰਿ ਦੀਦਿਆਂ ਦਏ ਵਖਾਈਆ । ਜਿਨ੍ਹਾਂ ਲਾਏ ਦੀਨ ਦਿਆਲ ਮੇਖ, ਅੱਗੇ ਸਕੇ ਨਾ ਕੋਈ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਪਿਆਰ ਨਹੀਂ ਇਹ ਅਮਰਾਪਦ, ਦਰਗਾਹ ਸਾਚੀ ਸਚ ਜਣਾਇੰਦਾ । ਜਗਤ ਦਵਾਰਾ ਲੰਘ ਕੇ ਹੱਦ, ਗੁਰਮੁਖ ਗੁਰ ਗੁਰ ਆਪ ਉਠਾਇੰਦਾ । ਸਚ ਉਪਜਾ ਆਪਣੀ ਯਦ, ਵਿਸ਼ਵ ਆਪਣੀ ਧਾਰ ਸਮਝਾਇੰਦਾ । ਅੰਤਮ ਰਾਗ ਸੁਣਾ ਨਦ, ਧੁਰ ਸੰਦੇਸ਼ਾ ਆਪ ਅਲਾਇੰਦਾ । ਅੰਮ੍ਰਿਤ ਆਤਮ ਜਾਮ ਪਿਆ ਕੇ ਮਧੁ, ਸਚ ਖ਼ੁਮਾਰੀ ਇਕ ਚੜ੍ਹਾਇੰਦਾ । ਜੋਤ ਨੂਰ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਸਚ ਸਿੰਘਾਸਣ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਇਕੋ ਇਕ ਵਖਾਇੰਦਾ । ਪ੍ਰੇਮ ਪ੍ਰੀਤੀ ਅੰਦਰ ਹੋ ਕੇ ਦਾਸ, ਘਰ ਠਾਕਰ ਸੇਵ ਕਮਾਇੰਦਾ । ਪੂਰਬ ਜਨਮ ਦੀ ਪੂਰੀ ਕਰ ਕੇ ਆਸ, ਕੂੜੀ ਤ੍ਰਿਸ਼ਨਾ ਮੇਟ ਮਿਟਾਇੰਦਾ । ਮਿੱਤਰ ਹੋ ਕੇ ਵਸੇ ਪਾਸ, ਕੰਤ ਹੋ ਕੇ ਅੰਗ ਲਗਾਇੰਦਾ । ਦਾਤਾ ਹੋ ਕੇ ਦੇਵੇ ਦਾਤ, ਦਾਨੀ ਹੋ ਕੇ ਆਪ ਵਰਤਾਇੰਦਾ । ਗਹਿਰ ਗੰਭੀਰ ਹੋ ਕੇ ਖੋਲ੍ਹੇ ਖ਼ਾਤ, ਅਤੋਟ ਅਤੁਟ ਆਪ ਜਣਾਇੰਦਾ । ੩੯੦
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਦ੍ਰਿੜਾਇੰਦਾ । ਪਿਆਰ ਨਹੀਂ ਇਹ ਪ੍ਰਭ ਦੀ ਸਾਖੀ, ਸਾਖਿਆਤ ਰਿਹਾ ਵਖਾਈਆ । ਜੁਗ ਚੌਕੜੀ ਜਿਨ੍ਹਾਂ ਰਹਿ ਗਈ ਬਾਕੀ, ਤਿਨ੍ਹਾਂ ਲਹਿਣਾ ਝੋਲੀ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤਿਨ੍ਹਾਂ ਬਣੇ ਸਾਥੀ, ਜਿਨ੍ਹਾਂ ਹਰਿ ਜੂ ਦਏ ਵਡਿਆਈਆ । ਲੇਖਾ ਚੁੱਕੇ ਤੀਰਥ ਤਾਟੀ, ਸਰੋਵਰ ਨਹਾਵਣ ਕੋਈ ਨਾ ਜਾਈਆ । ਘਰ ਪਰਮੇਸ਼ਵਰ ਮਿਲੇ ਕਮਲਾਪਾਤੀ, ਕਵਲ ਨੈਣ ਵੱਡੀ ਵਡਿਆਈਆ । ਨੇਤਰ ਖੋਲ੍ਹ ਝਰੋਖੇ ਖੋਲ੍ਹ ਖੇਲ ਵਖਾਏ ਬੰਦ ਤਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਿਆਰ ਨਹੀਂ ਇਹ ਪ੍ਰਭ ਦੀ ਸੇਵਾ, ਜੁਗ ਚੌਕੜੀ ਸਦਾ ਕਮਾਈਆ । ਨਿਰਵੈਰ ਪੁਰਖ ਵਡ ਦੇਵੀ ਦੇਵਾ, ਦੇਵਤ ਸੁਰ ਹੁਕਮ ਮਨਾਈਆ । ਆਦਿ ਜੁਗਾਦੀ ਅਲਖ ਅਭੇਵਾ, ਅਗੰਮ ਅਥਾਹ ਵੱਡੀ ਵਡਿਆਈਆ । ਹਰਿਜਨ ਦੇਵੇ ਧੁਰ ਦਾ ਮੇਵਾ, ਅੰਮ੍ਰਿਤ ਰਸ ਇਕ ਵਖਾਈਆ । ਮਸਤਕ ਲਾਏ ਆਪਣਾ ਥੇਵਾ, ਜੋਤ ਲਲਾਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸੇਵਾ ਨਹੀਂ ਇਹ ਪ੍ਰਭ ਦੀ ਕਰਨੀ, ਕਰਤਾ ਪੁਰਖ ਆਪ ਕਰਾਇੰਦਾ । ਲੇਖਾ ਦੇਵੇ ਉਹਨਾਂ ਜੋ ਸੀਸ ਨਿਵਾਵਣ ਚਰਨੀ, ਧੂੜੀ ਟਿੱਕਾ ਇਕ ਲਗਾਇੰਦਾ । ਲਹਿਣਾ ਚੁਕਾਏ ਵਰਨੀ ਬਰਨੀ, ਜਾਤ ਪਾਤ ਮੇਟ ਮਿਟਾਇੰਦਾ । ਲਹਿਣਾ ਮੁਕੇ ਲੱਖ ਚੁਰਾਸੀ ਫਿਰਨੀ, ਆਵਣ ਜਾਵਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਅੰਦਰ ਪ੍ਰੇਮ ਕਮਾਇੰਦਾ । ਪਿਆਰ ਨਹੀਂ ਪ੍ਰਭ ਦੀ ਦਾਤ, ਅਣਮੰਗੀ ਝੋਲੀ ਪਾਈਆ । ਕਲਜੁਗ ਵੇਖ ਅੰਧੇਰੀ ਰਾਤ, ਗੁਰਮੁਖ ਸੱਜਣ ਲਏ ਪਰਗਟਾਈਆ ।

੩੯੧

ਪ੍ਰਭ ਨੂੰ ਕੋਈ ਲੱਭ ਨਾ ਸਕੇ ਕਰ ਕੇ ਪੂਜਾ ਪਾਠ, ਗੁਰਦਰ ਮੰਦਰ ਮਸਜਿਦ ਦੇਣ ਦੁਹਾਈਆ । ਨੇਤਰ ਨੀਰ ਵਿਰੋਲੇ ਤੀਰਥ ਤਾਟ, ਘਾਟ ਕਿਨਾਰੇ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਰਹੇ ਵਾਚ, ਗੀਤਾ ਗਿਆਨ ਜਗਤ ਸੁਣਾਈਆ । ਅੰਜੀਲ ਕੁਰਾਨ ਧੁਰ ਦਾ ਕਲਮਾ ਰਹੇ ਆਖ, ਕਾਇਨਾਤ ਜਗਤ ਸਮਝਾਈਆ । ਸਾਚੀ ਪੜ੍ਹੇ ਨਾ ਕੋਈ ਆਇਤ, ਪਰਦਾ ਸਕੇ ਨਾ ਕੋਈ ਚੁਕਾਈਆ । ਸਾਹਿਬ ਸਤਿਗੁਰ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਜੁਗ ਜੁਗ ਦੇਂਦਾ ਰਿਹਾ ਹਦਾਇਤ, ਹੁਕਮ ਸਾਦਰ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਲਗਾਈਆ । ਪਿਆਰ ਨਹੀਂ ਇਹ ਖੇਲ ਮਹਿਬੂਬ, ਮੁਹੱਬਤ ਆਪਣੇ ਨਾਲ ਲਗਾਈਆ । ਮਹਲ ਅਟੱਲ ਵੇਖ ਅਰੂਜ, ਘਰ ਘਰ ਵਿਚ ਦਏ ਸੁਹਾਈਆ । ਜਨ ਭਗਤਾਂ ਦੇਵੇ ਆਪਣਾ ਆਪ ਸਬੂਤ, ਵਿਚੋਲਾ ਨਜ਼ਰ ਕੋਇ ਨਾ ਆਈਆ । ਲੇਖਾ ਜਾਣ ਪੰਜ ਤਤ ਕਲਬੂਤ, ਕਾਇਆ ਕਾਅਬਾ ਖੋਜ ਖੁਜਾਈਆ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਪਰਦਾ ਲਾਹੀਆ । ਨਾਤਾ ਤੋੜ ਜੂਠ ਝੂਠ, ਸਚ ਸੁਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਿਆਰ ਕਹੇ ਮੈਂ ਕੀ ਜਾਣਾ, ਪ੍ਰਭ ਦਾ ਭੇਵ ਕੋਈ ਨਾ ਪਾਈਆ । ਬਾਲੀ ਬੁੱਧ ਮੈਂ ਅਵਾਣਾ, ਮੇਰੀ ਚਲੇ ਨਾ ਕੋਈ ਚਤੁਰਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੈਗ਼ੰਬਰਾਂ ਕੋਲੋਂ ਸੁਣਦਾ ਰਿਹਾ ਗਾਣਾ, ਸਚ ਪ੍ਰੇਮ ਅੰਦਰ ਜੋ ਗਾਈਆ । ਨਿਤ ਨਵਿਤ ਮੰਨਦਾ ਰਿਹਾ ਭਾਣਾ, ਸਿਰ ਸਜਦਾ ਸੀਸ ਝੁਕਾਈਆ । ਕਲਜੁਗ ਅੰਤਮ ਵੇਖਿਆ ਖੇਲ ਮਹਾਨਾ, ਵੇਖ ਵੇਖ ਬਿਗਸਾਈਆ । ਪਰਗਟ ਹੋ ਵਿਸ਼ਨੂੰ ਭਗਵਾਨਾ, ਜਨ ਭਗਤਾਂ ਦਏ ਵਡਿਆਈਆ । ਨਾਮ ਬੰਨ੍ਹ ਕੇ ਧੁਰ ਦਾ ਗਾਨਾ, ਘਰ ਸਾਚੇ ਸਗਨ ਮਨਾਈਆ । ਸ਼ਸਤਰ ਦੇ ਤੀਰ ਨਿਸ਼ਾਨਾ, ਚਿਲਾ ਭੱਥਾ ਇਕ ਵਖਾਈਆ । ਬੋਲ ਬੋਲ ਅਨਬੋਲਤ ਆਪ ਜ਼ਬਾਨਾ, ਢੋਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਪਿਆਰ ਕਹੇ ਮੈਂ ਛੋਟਾ ਨਿੱਕਾ, ਅਕਲ ਨਜ਼ਰ ਕੋਇ ਨਾ ਆਈਆ । ਪ੍ਰਭ ਦਾ ਖੇਲ ਵੇਖ ਅਨਡਿਠਾ, ਘਰ ਮੇਰੇ ਵੱਜੀ ਵਧਾਈਆ । ਜੁਗ ਚੌਕੜੀ ਜਿਸ ਆਪਣਾ ਕਾਗ਼ਜ਼ ਰੱਖਿਆ ਚਿੱਟਾ, ਅੱਖਰ ਵੱਖਰ ਜੋੜ ਨਾ ਕੋਇ ਜੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਪੁਰਖ ਅਕਾਲ ਮੰਨਦੇ ਗਏ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਸੋ ਨਿਰਗੁਣ ਨਿਰਵੈਰ ਹੋ ਕੇ ਜਨ ਭਗਤਾਂ ਫਿਰੇ ਪਿਛਾ, ਪਿਛੇ ਭੱਜੇ ਵਾਹੋ ਦਾਹੀਆ । ਆਪਣੀ ਪੂਰੀ ਕਰਨੀ ਖ਼ਾਤਰ ਇਛਾ, ਹਰਿਜਨ ਸਾਚੇ ਲਏ ਜਗਾਈਆ । ਬਿਨ ਕੀਮਤੋਂ ਕਰਤਾ ਓਹਨਾਂ ਹੱਟ ਵਿਕਾ, ਜਿਨ੍ਹਾਂ ਪ੍ਰੀਤੀ ਇਕ ਸਮਝਾਈਆ । ਨਾਮ ਅਨਮੁਲਾ ਦਿਤਾ ਮਿਠਾ, ਰਸ ਫਿਕੇ ਜਗਤ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਰਿਹਾ ਵਖਾਈਆ । ਪਿਆਰ ਕਹੇ ਮੈਂ ਕੀ ਜਾਣਾ, ਮੈਨੂੰ ਸਚ ਕੋਇ ਨਾ ਆਈਆ । ਕਲਜੁਗ ਅੰਤ ਕਰੇ ਖੇਲ ਕੀ ਭਗਵਾਨਾ, ਭਗਵਨ ਆਪਣੀ ਧਾਰ ਚਲਾਈਆ । ਧੁਰ ਸੰਦੇਸ਼ਾ ਲੈ ਕੇ ਆਇਆ ਗਾਣਾ, ਸੋਹੰ ਢੋਲਾ ਇਕ ਸਮਝਾਈਆ । ਜਿਸ ਅੰਤਰ ਆਤਮ ਪਰਮਾਤਮ ਮੇਲ ਮਿਲਾਣਾ, ਮਿਲਨੀ ਜਗਦੀਸ਼ ਕਰਾਈਆ । ਤਿਸ ਪਿਆਰ ਦਾ ਰੂਪ ਨਾ ਕਿਸੇ ਪਛਾਣਾ, ਰੇਖ ਰੰਗ ਨਾ ਕੋਈ ਵਖਾਈਆ । ਸੋ ਪਿਆਰ ਜੁਗ ਜੁਗ ਜਨ ਭਗਤਾਂ ਦੇਵੇ ਦਾਨਾਂ, ਦਇਆਵਾਨ ਆਪ ਵਰਤਾਈਆ । ਜਿਸ ਪ੍ਰੇਮ ਪ੍ਰੀਤ ਪਿਆਰ ਅੰਦਰ ਖੇਲ ਖੇਲੇ ਗੋਪੀ ਕਾਹਨਾ, ਸ਼ਬਦੀ

ਮਧੁਰ ਧੁਨ ਰਾਗ ਸੁਣਾਈਆ । ਜਿਸ ਪ੍ਰੇਮ ਪਿਆਰ ਅੰਦਰ ਵੇਖ ਵਖਾਏ ਸੀਤਾ ਰਾਮਾ, ਹਨਵੰਤ ਦਇਆਵੰਤ ਦਏ ਵਡਿਆਈਆ । ਜਿਸ ਪਿਆਰ ਅੰਦਰ ਜੁਗ ਜੁਗ ਨਿਰਗੁਣ ਸਰਗੁਣ ਪਹਿਰੇ ਬਾਣਾ, ਰੂਪ ਅਨੂਪ ਮਾਤ ਵਖਾਈਆ । ਜਿਸ ਪਿਆਰ ਅੰਦਰ ਸ਼ਬਦ ਅਨਾਦੀ ਗਾਏ ਗਾਨਾ, ਧੁਰ ਦਾ ਰਾਗ ਸੁਣਾਈਆ । ਜਿਸ ਪਿਆਰ ਅੰਦਰ ਸਾਚੇ ਭਗਤ ਕਰੇ ਪਰਵਾਨਾ, ਫੜ ਬਾਹੋਂ ਗਲੇ ਲਗਾਈਆ । ਓਸ ਪਿਆਰ ਪਿਛੇ ਸੇਵਾ ਕਰੇ ਵਾਲੀ ਦੋ ਜਹਾਨਾਂ, ਹਰਿਜਨ ਸਾਚੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਦਵਾਰ ਰਖਾਈਆ । ਸਚ ਪਿਆਰ ਕਰੋ ਭਗਵੰਤ, ਹਰਿ ਕਰਤਾ ਆਪ ਜਣਾਇੰਦਾ । ਸਚ ਪਿਆਰ ਕਰੋ ਗੁਰਮੰਤ, ਜੋ ਸਤਿਗੁਰ ਨਾਮ ਸਮਝਾਇੰਦਾ । ਸਚ ਪਿਆਰ ਕਰੋ ਘਰ ਆਪਣੇ ਕੰਤ, ਜੋ ਆਤਮ ਸੱਚਾ ਸੋਭਾ ਪਾਇੰਦਾ । ਸਚ ਪਿਆਰ ਕਰੋ ਸਤਿਵੰਤ, ਪ੍ਰਭ ਅਗਣਤ ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਵਿਚੋਂ ਪਿਆਰ ਦਿਸਾਇੰਦਾ । ਸਤਿਗੁਰ ਪਿਆਰ ਗੁਰਮੁਖ ਪ੍ਰੇਮ, ਪ੍ਰੀਤੀ ਇਕੋ ਇਕ ਜਣਾਈਆ । ਗੁਰਮੁਖਾਂ ਪਿਛੇ ਜਿਸ ਖੇਲ ਖੇਲਿਆ ਕੁੰਟ ਹੇਮ, ਟਿੱਲੇ ਪਰਬਤ ਡੇਰਾ ਲਾਈਆ । ਸਿਖਾਂ ਪਿਛੇ ਜਿਸ ਪੁਰਖ ਅਕਾਲ ਕੋਲ ਚੁਕਿਆ ਨੇਮ, ਸੁਗੰਧ ਇਕੋ ਵਾਰ ਖਾਈਆ । ਗੁਰਮੁਖਾਂ ਪਿਛੇ ਜਿਸ ਲਹਿਣਾ ਲੈਣ ਦੇਣਾ ਦੇਣ, ਲਹਿਣਾ ਆਪਣੀ ਝੋਲੀ ਪਾਈਆ । ਗੁਰਸਿਖਾਂ ਪਿਛੇ ਜੋ ਧੁਰ ਦੀ ਬਾਣੀ ਆਵੇ ਕਹਿਣ, ਕਹਿ ਕਹਿ ਮਾਤ ਸੁਣਾਈਆ । ਗੁਰਮੁਖਾਂ ਪਿਛੇ ਜੋ ਮੇਟਣਹਾਰਾ ਅੰਧੇਰੀ ਰੈਣ, ਕੂੜੀ ਕਿਰਿਆ ਡੇਰਾ ਢਾਹੀਆ । ਗੁਰਮੁਖਾਂ ਪਿਛੇ ਜੋ ਦਰ ਦਰ ਘਰ ਘਰ ਬਣੇ ਸਾਕ ਸੈਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਈਆ । ਪ੍ਰੇਮ ਕਹੇ ਮੇਰਾ ਪਿਆਰ, ਬਿਨ ਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਹੰਢਾਇੰਦਾ । ਮੇਰਾ ਪ੍ਰੇਮ ਕਰ ਕਰ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਪਿਆਰ ਕਹੇ ਮੈਂ ਆਦਿ ਜੁਗਾਦਿ ਜੁਗ ਜੁਗ ਸੋਚਾਂ, ਸੋਚ ਸਮਝ ਕਿਸੇ ਨਾ ਆਈਆ । ਪੁਰਖ ਪਰਮੇਸ਼ਵਰ ਇਕੋ ਦਰਸ ਲੋਚਾਂ, ਮੇਰੀ ਲੋਚਾ ਪੂਰੀ ਦਏ ਕਰਾਈਆ । ਮੈਂ ਉਚੀ ਕੂਕ ਸੁਣਾਵਾਂ ਹੋਕਾ, ਦੋ ਜਹਾਨਾਂ ਦਿਆਂ ਸੁਣਾਈਆ । ਫੇਰਾਂ ਦਰੋਹੀ ਚੌਦਾਂ ਲੋਕਾਂ, ਚੌਦਾਂ ਤਬਕਾਂ ਹਾਲ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪ੍ਰਭ ਨਾਲ ਕਾਹਦਾ ਰੋਸਾ, ਜੋ ਰੁਸਿਆਂ ਲਏ ਮਨਾਈਆ । ਪਿਆਰ ਕਰਨ ਦਾ ਇਕੋ ਮੌਕਾ, ਸ੍ਰੀ ਭਗਵਾਨ ਨਿਰਗੁਣ ਰੂਪ ਵਟਾਈਆ । ਜਨ ਭਗਤਾਂ ਨਾਲ ਕਦੇ ਨਾ ਕਰੇ ਧੋਖਾ, ਧੂਆਂ ਧੁਖਦੀ ਵੇਖੇ ਸਰਬ ਲੋਕਾਈਆ । ਜਿਸ ਦੀ ਸਿਫ਼ਤ ਕਰਨ ਅੰਜੀਲ ਕੁਰਾਨ ਪੰਡਤ ਪਾਂਧੇ ਪੜ੍ਹ ਪੜ੍ਹ ਪੋਥਾ, ਬੇਪਰਵਾਹ ਨੂਰ ਖ਼ੁਦਾਈਆ । ਓਸ ਦਾ ਪਿਆਰ ਸਭ ਨਾਲੋਂ ਸੌਖਾ, ਕਰਤਾ ਕੀਮਤ ਨਾ ਕੋਈ ਲਗਾਈਆ । ਚਰਨ ਪ੍ਰੀਤੀ ਇਕੋ ਦੇਵੇ ਧੁਰ ਦੀ ਓਟਾ, ਸਿਰ ਆਪਣਾ ਹੱਥ ਰਖਾਈਆ । ਓਸੇ ਵੇਲੇ ਖਰਾ ਕਰੇ ਖੋਟਾ, ਮਿਹਰ ਨਜ਼ਰ ਜਿਸ ਉਠਾਈਆ । ਲੇਖਾ ਪਿਛਲਾ ਚੁਕੇ ਜੋ ਗਨਕਾ ਪੜ੍ਹੌਂਦਾ ਰਿਹਾ ਤੋਤਾ, ਤਰ੍ਹਾ ਤਰ੍ਹਾ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦ ਇਸ਼ਾਰੇ ਨਾਲ ਲੇਖ ਚੁਕਾਏ ਲੋਕ ਪਰਲੋਕਾ, ਦੋ ਜਹਾਨ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਪ ਕਮਾਈਆ ।

ਸਚ ਪਿਆਰ ਪ੍ਰਭੂ ਕਮੌਂਦਾ ਏ । ਭਗਤ ਭਗਵਾਨ ਵੇਖ ਵਖੌਂਦਾ ਏ । ਨਿਗਹਬਾਨ ਨੈਣ ਉਠੌਂਦਾ ਏ । ਕਰ ਧਿਆਨ ਪਰਦਾ ਲਹੁੰਦਾ ਏ । ਹੋ ਮਿਹਰਵਾਨ ਤਰਸ ਕਮੌਂਦਾ ਏ । ਕਰ ਪਰਵਾਨ ਚਰਨ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪ੍ਰੇਮ ਵਧੌਂਦਾ ਏ । ਨਿਤ ਉਹਨਾਂ ਦੇ ਢੋਲੇ ਗੌਂਦਾ ਏ । ਸਤਿਜੁਗ ਸਾਚਾ ਲੇਖ ਬਣੌਂਦਾ ਏ । ਕੂੜੀ ਕਿਰਿਆ ਭੇਖ ਮਿਟੌਂਦਾ ਏ । ਸਾਚਾ ਮੰਦਰ ਦੇਸ ਸੁਹੌਂਦਾ ਏ । ਮੰਨ ਕਲੰਦਰ ਬੰਨ੍ਹ ਵਖੌਂਦਾ ਏ । ਅੰਦਰੇ ਅੰਦਰ ਦਇਆ ਕਮੌਂਦਾ ਏ । ਸਾਚੀ ਵਸਤ ਆਪ ਵਰਤੌਂਦਾ ਏ । ਦਸਤ ਬਦਸਤ ਆਪ ਫੜੌਂਦਾ ਏ । ਹਸਤ ਕੀਟ ਰੰਗ ਚੜੌਂਦਾ ਏ । ਊਚ ਨੀਚ ਜੋਤ ਜਗੌਂਦਾ ਏ । ਰਾਓ ਰੰਕ ਭੇਵ ਖਲੌਂਦਾ ਏ । ਦਵਾਰ ਬੰਕ ਇਕ ਵਡਿਔਂਦਾ ਏ । ਘਰ ਸੁਹੰਜਣੇ ਸੋਭਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਿਆਰਾ ਅਖਵੌਂਦਾ ਏ । ਜਨ ਭਗਤ ਪਿਆਰਾ ਰੱਖਦਾ ਏ । ਉਸ ਦੇ ਅੰਦਰ ਵੜ ਕੇ ਵਸਦਾ ਏ । ਆਪਣਾ ਭੇਵ ਅਗੰਮਾ ਦਸਦਾ ਏ । ਖ਼ੁਸ਼ੀਆਂ ਨਾਲ ਗੀਤ ਗਾ ਗਾ ਹੱਸਦਾ ਏ । ਦੋ ਜਹਾਨਾਂ ਪੱਤ ਰੱਖਦਾ ਏ । ਦੇ ਮਾਣ ਕਰੇ ਲੱਖ ਲੱਖ ਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਅੰਦਰ ਨੱਚਦਾ ਏ । ਪ੍ਰੇਮ ਅੰਦਰ ਕਰੇ ਪਿਆਰ, ਮੁਹੱਬਤ ਸਚ ਸੱਚ ਕਮਾਈਆ । ਨਿਰਗੁਣ ਹੋ ਕਰੇ ਗੁਫ਼ਤਾਰ, ਬਾਤਨ ਜ਼ਾਹਿਰ ਦਏ ਵਡਿਆਈਆ । ਗੁਫਤ ਸ਼ਨੀਦ ਖੇਲ ਨਿਆਰ, ਦੀਦ ਈਦ ਚੰਦ ਚਮਕਾਈਆ । ਮੁਰੀਦ ਮੁਰਸ਼ਦ ਦੇ ਅਧਾਰ, ਮਿਹਰ ਨਜ਼ਰ ਇਕ ਉਠਾਈਆ । ਕਰ ਮੁਹੱਬਤ ਪਰਵਰਦਿਗਾਰ, ਮਹਿਵਖ਼ਾਨਾ ਇਕ ਦਰਸਾਈਆ । ਜਾਮ ਪਿਆਲਾ ਕਰ ਤਿਆਰ, ਸਚ ਮਤਵਾਲਾ ਦਏ ਪਿਆਈਆ । ਹਉਂ ਖ਼ੁਸ਼ਹਾਲਾ ਦਏ ਦੀਦਾਰ, ਮਸਤੀ ਪ੍ਰੇਮ ਪਿਆਰ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਅੰਦਰ ਪ੍ਰੇਮਿਕਾ ਰੂਪ ਵਟਾਈਆ । ਪ੍ਰੇਮ ਅੰਦਰ ਪ੍ਰਭ ਬੈਠਾ ਨਾਰੀ, ਨਰ ਨਰਾਇਣ ਵੇਸ ਵਟਾਈਆ । ਆਦਿ ਜੁਗਾਦਿ ਬਣ ਕੇ ਰਹੀ ਕਵਾਰੀ, ਸਚ ਕੰਤ ਨਾ ਕੋਈ ਬਣਾਈਆ । ਜੁਗ ਚੌਕੜੀ ਵੇਂਹਦੀ ਰਹੀ ਵਾਰੋ ਵਾਰੀ, ਸਚ ਦਵਾਰੇ ਧਿਆਨ ਲਗਾਈਆ । ਤੱਕਦੀ ਰਹੀ ਬਣ ਵਡ ਸੰਸਾਰੀ, ਲੱਖ ਚੁਰਾਸੀ ਵੇਖ ਵਖਾਈਆ । ਸ਼ਬਦ ਸੰਦੇਸ਼ੇ ਅੰਦਰ ਕਰ ਕਰ ਖੇਲ ਨਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਛੁਪਾਈਆ । ਪ੍ਰੇਮਿਕਾ ਬਣ ਕੇ ਪ੍ਰੇਮੀ ਰਹੀ ਖੋਜ, ਦੋ ਜਹਾਨਾਂ ਵੇਖ ਵਖਾਈਆ । ਨਿਤ ਉਠ ਵੇਖੇ ਰੋਜ਼, ਚਾਰੋਂ ਕੁੰਟ ਫੇਰਾ ਪਾਈਆ । ਕਵਣ ਰੰਗ ਰੱਤਾ ਮੇਰੀ ਖੋਜ, ਮੁਹੱਬਤ ਮੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖਲਾਈਆ । ਪ੍ਰੇਮਨ ਤੱਕਦੀ ਰਹੀ ਜੁਗ ਚਾਰ, ਜੋਤ ਅਕਾਲਣ ਧਿਆਨ ਲਗਾਈਆ । ਖੇਲ ਵੇਖਦੀ ਰਹੀ ਗੁਰ ਅਵਤਾਰ, ਪੀਰ ਪੈਗੰਬਰ ਨਾਚ ਨਚਾਈਆ । ਸ੍ਰਿਸ਼ਟ ਸਬਾਈ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਦੀ ਰਹੀ ਅਧਾਰ, ਅੰਜੀਲ ਕੁਰਾਨਾ ਗੰਢ ਪਵਾਈਆ । ਕਲਜੁਗ ਅੰਤ ਵੇਖਿਆ ਨੈਣ ਖੋਲ੍ਹ ਕਿਵਾੜ, ਦੋ ਜਹਾਨਾਂ ਝਾਕੀ ਪਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲੇ ਜੋ ਪ੍ਰਭ ਦੀ ਕਰਨ ਭਾਲ, ਬਿਰਹੋਂ ਵਿਛੋੜਾ ਤੀਰ ਲਗਾਈਆ । ਕੋਟਨ ਕੋਟਾਂ ਵਿਚੋਂ ਜਨ ਭਗਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਕਵਣ ਵੇਲਾ ਪ੍ਰਭ ਦਏ ਦੀਦਾਰ, ਦਰਸ਼ਨ ਆਪਣਾ ਆਪ ਕਰਾਈਆ । ਓਹਨਾਂ ਪਿਛੇ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਲੈ ਅਵਤਾਰ,

ਲੋਕਮਾਤ ਫੇਰਾ ਪਾਈਆ । ਦਰ ਦਰ ਘਰ ਘਰ ਕਰਦਾ ਫਿਰੇ ਪਿਆਰ, ਹਰਿ ਬੈਠਾ ਆਪਣਾ ਰੂਪ ਵਟਾਈਆ । ਮਿਲ ਮਿਲ ਸਖੀਆਂ ਮੰਗਲਾਚਾਰ, ਖ਼ੁਸ਼ੀਆਂ ਗੀਤ ਸੁਹਾਗੀ ਗਾਈਆ । ਸਚ ਪ੍ਰੇਮ ਲੱਭੇ ਨਾ ਕਿਸੇ ਦੁਕਾਨ, ਜਗਤ ਹੱਟ ਨਾ ਕੋਈ ਵਿਕਾਈਆ । ਸਤਿਗੁਰ ਪ੍ਰੇਮ ਗੁਰਮੁਖ ਮਹਾਨ, ਹਰਿ ਜੂ ਖੋਜ ਭਗਵੰਤ ਵੇਖ ਵਖਾਈਆ । ਨੀਂਵੀਂ ਅੱਖ ਕਰੇ ਪੜਤਾਲ, ਪਰਤੱਖ ਦਿਸੇ ਦੀਨ ਦਿਆਲ, ਵਥ ਦੇਵੇ ਸਚ ਸੱਚੀ ਧਰਮਸਾਲ, ਪਿਆਰ ਰੱਖ ਹੋਏ ਕਿਰਪਾਲ, ਠਾਕਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਅੰਦਰ ਬਣ ਅਞਾਨ, ਗੁਰਮੁਖ ਵੱਡੇ ਸੁਘੜ ਸੁਚੱਜੇ ਆਪਣੇ ਨਾਲ ਰਲਾਈਆ । ਪਿਆਰ ਕਹੇ ਗੁਰਮੁਖ ਦੁੱਖ ਕਿਉਂ, ਕੀ ਮਿਲੇ ਵਡਿਆਈਆ । ਭਗਵਾਨ ਕਹੇ ਓਹ ਪ੍ਰਭ ਦੀ ਚਰਨੀ ਜਾਏ ਨਿਉਂ, ਮਾਣ ਤਾਣ ਨਾ ਕੋਈ ਰਖਾਈਆ । ਏਸੇ ਕਾਰਨ ਦੋਹਾਂ ਦਰ ਲੱਗੇ ਨਿਹੋਂ, ਨਾਤਾ ਸਕੇ ਨਾ ਕੋਈ ਤੁੜਾਈਆ । ਮਿਲ ਪ੍ਰੀਤਮ ਪ੍ਰੇਮ ਅੰਮ੍ਰਿਤ ਬਰਸੇ ਮੇਹੋਂ, ਮੇਘਲਾ ਆਪਣੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪ੍ਰੇਮ ਅੰਦਰ ਰੱਖ ਪਿਆਰ, ਪਿਆਰ ਅੰਦਰ ਆਪਣਾ ਆਪ ਛੁਪਾਈਆ ।

★ ੧੭ ਮਾਘ ੨੦੨੦ ਬਿਕਰਮੀ ਅਤਰ ਸਿੰਘ, ਚਤਰ ਸਿੰਘ ਦੇ ਘਰ, ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★



ਨਿਰਗੁਣ ਰੂਪ ਪੁਰਖ ਅਕਾਲ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਗੁਰ ਅਗੰਮੀ ਲਾਲ, ਸਤਿ ਸਤਿਵਾਦੀ ਇਕ ਅਖਵਾਇੰਦਾ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਭੇਵ ਅਭੇਦਾ ਆਪ ਖੁਲਾਇੰਦਾ । ਜਨ ਭਗਤ ਕਰ ਪਰਵਾਨ, ਸਚ ਪ੍ਰੀਤੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਸ੍ਰੀ ਭਗਵਾਨ, ਆਦਿ ਪੁਰਖ ਆਪ ਕਰਾਈਆ । ਸਤਿਗੁਰ ਮੈਨੂੰ ਦੇ ਦੇ ਦਾਨ, ਧੁਰ ਦੀ ਦਾਤ ਆਪ ਵਰਤਾਈਆ । ਭਗਤ ਭਗਵਾਨ ਸਚ ਨਿਸ਼ਾਨ, ਲੋਕਮਾਤ ਉਪਜਾਈਆ । ਸਾਚੇ ਸੰਤਾਂ ਦੇ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਗੁਰਮੁਖ ਲੇਖਾ ਚੁਕਾਏ ਦੋ ਜਹਾਨ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਗੁਰਸਿਖ ਬਖ਼ਸ਼ੇ ਚਰਨ ਧਿਆਨ, ਸਚ ਪ੍ਰੀਤੀ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਰੱਖੇ ਇਕੋ ਆਸ, ਤ੍ਰਿਸਨਾ ਆਪਣਾ ਆਪ ਪਰਗਟਾਈਆ । ਗੁਰਮੁਖ ਮੰਗੇ ਮੰਗ ਖ਼ਾਸ, ਹਰਿ ਚਰਨ ਮਿਲੇ ਸਰਨਾਈਆ । ਸੰਤ ਦੋਏ ਜੋੜ ਕਰੇ ਅਰਦਾਸ, ਖ਼ਾਲੀ ਝੋਲੀ ਅੱਗੇ ਡਾਹੀਆ । ਭਗਤ ਕਹੇ ਸਦਾ ਵਸਾਂ ਪਾਸ, ਵਿਛੜ ਕਦੇ ਨਾ ਜਾਈਆ । ਗੁਰੂ ਗੁਰ ਕਹੇ ਮੈਂ ਸਦਾ ਦਾਸੀ ਦਾਸ, ਸਚ ਸੇਵਕ ਸੇਵ ਕਮਾਈਆ । ਪੁਰਖ ਅਕਾਲ ਕਹੇ ਮੈਂ ਜੋਤ ਪਰਕਾਸ਼, ਨੂਰੋ ਨੂਰ ਹਰ ਘਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਚਨਾ ਆਪ ਰਚਾਈਆ । ਪੁਰਖ ਅਕਾਲ ਸਰਬ ਗੁਣਵੰਤ, ਹਰਿ ਵੱਡਾ ਵਡ ਵਡਿਆਈਆ । ਸ਼ਬਦ ਗੁਰੂ

ਗੁਰਦੇਵ ਸਵਾਮੀ ਮਹਿਮਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਆਈਆ । ਜੁਗ ਚੌਕੜੀ ਮੇਲਾ ਭਗਤ ਭਗਵੰਤ, ਵਿਚ ਲੋਕਮਾਤ ਵਡਿਆਈਆ । ਧੰਨ ਵਡਿਆਈ ਸਾਚੇ ਸੰਤ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਗੁਰਮੁਖ ਮੇਲਾ ਨਾਰ ਕੰਤ, ਘਰ ਸੱਜਣ ਸਹਿਜ ਸੁਭਾਈਆ । ਗੁਰਮੁਖਾਂ ਢੋਲਾ ਗਾਏ ਮੰਤ, ਹਰਿ ਹਿਰਦੇ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖ਼ੁਸ਼ੀ ਮਨਾਈਆ । ਗੁਰਮੁਖ ਕਹੇ ਮੋਹੇ ਸਾਚੀ ਟੇਕ, ਸੀਸ ਜਗਦੀਸ਼ ਦਏ ਵਡਿਆਈਆ । ਗੁਰਸਿਖ ਕਹੇ ਮੈਂ ਨੇਤਰ ਪੇਖ, ਘਰ ਸੱਜਣ ਖ਼ੁਸ਼ੀ ਮਨਾਈਆ । ਸੰਤ ਕਹੇ ਮੈਂ ਵਸਾਂ ਓਸੇ ਦੇਸ, ਜਿਸ ਗ੍ਰਿਹਿ ਬੈਠੇ ਡੇਰਾ ਲਾਈਆ । ਭਗਤ ਕਹੇ ਮੇਰਾ ਇਕੋ ਹੇਤ, ਪ੍ਰੇਮ ਪ੍ਰੀਤੀ ਅੰਦਰ ਸਮਾਈਆ । ਗੁਰੂ ਗੁਰ ਕਹੇ ਮੇਰਾ ਸਚ ਉਪਦੇਸ, ਸਚ ਸੰਦੇਸ਼ਾ ਇਕ ਸਮਝਾਈਆ । ਪੁਰਖ ਅਕਾਲ ਕਹੇ ਮੈਂ ਨਰ ਨਰੇਸ਼, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਪਰਗਟਾਈਆ । ਪੁਰਖ ਅਕਾਲ ਕਹੇ ਮੈਂ ਦਾਤਾ ਦਾਤਾਰ, ਦੇਵਣਹਾਰ ਇਕ ਅਖਵਾਇੰਦਾ । ਸ਼ਬਦ ਗੁਰੂ ਕਹੇ ਮੈਂ ਵਰਤਾਰ, ਅਤੋਟ ਅਤੁਟ ਵਿਖਾਇੰਦਾ । ਭਗਤ ਕਹੇ ਮੈਂ ਮੰਗਣਹਾਰ, ਵਸਤ ਅਮੋਲਕ ਝੋਲੀ ਪਾਇੰਦਾ । ਸੰਤ ਕਹੇ ਮੈਂ ਧੂੜੀ ਮੰਗਾਂ ਛਾਰ, ਮਸਤਕ ਟਿੱਕਾ ਇਕ ਰਮਾਇੰਦਾ । ਗੁਰਮੁਖ ਕਹੇ ਮੈਂ ਚਰਨ ਭਿਖਾਰ, ਬਲਿਹਾਰੀ ਆਪਣਾ ਆਪ ਘੋਲ ਘੁਮਾਇੰਦਾ । ਗੁਰਸਿਖ ਕਹੇ ਮੋਹੇ ਦੇ ਅਧਾਰ, ਸਿਦਕ ਸਬੂਰੀ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਗੁਰਸਿਖ ਕਹੇ ਮੇਰਾ ਝੁਕੇ ਸੀਸ, ਮਨ ਹੰਕਾਰ ਰਹਿਣ ਨਾ ਪਾਈਆ । ਗੁਰਮੁਖ ਕਹੇ ਮੈਂ ਮਿਲਾਂ ਠੀਕ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਸੰਤ ਕਹੇ ਪ੍ਰਭ ਵਸੇ ਨਜ਼ਦੀਕ, ਘਰ ਘਰ ਵਿਚ ਡੇਰਾ ਲਾਈਆ । ਭਗਤ ਕਹੇ ਨਿਤ ਨਵਿਤ ਕਰੇ ਸਚ ਪ੍ਰੀਤ, ਆਪ ਆਪਣਾ ਫੇਰਾ ਪਾਈਆ । ਗੁਰੂ ਗੁਰ ਗੁਰ ਕਹੇ ਮੈਂ ਨੀਚੋਂ ਕਰਾਂ ਊਚ, ਘਰ ਸਾਚੇ ਦਏ ਵਡਿਆਈਆ । ਪੁਰਖ ਅਕਾਲ ਕਹੇ ਮੈਂ ਸਭ ਦੇ ਭੀਤਰ ਵਸਾਂ ਭੀਤ, ਘਰ ਘਰ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇਵੇ ਮਾਣ ਵਡਿਆਈਆ । ਪੁਰਖ ਅਕਾਲ ਕਹੇ ਸਤਿਗੁਰ ਬਲਿਹਾਰ, ਜਿਸ ਸਾਚੀ ਬਣਤ ਬਣਾਈਆ । ਸਤਿਗੁਰ ਕਹੇ ਭਗਤ ਜੈਕਾਰ, ਜਿਸ ਮਿਲੇ ਮਾਣ ਵਡਿਆਈਆ । ਜਨ ਭਗਤ ਕਹੇ ਸੰਤ ਉਜਿਆਰ, ਜਿਸ ਘਰ ਦੀਵਾ ਬਾਤੀ ਇਕੋ ਨਜ਼ਰੀ ਆਈਆ । ਸੰਤ ਕਹੇ ਗੁਰਮੁਖ ਠਾਂਡਾ ਦਰਬਾਰ, ਅਗਨੀ ਤਤ ਨਜ਼ਰ ਨਾ ਆਈਆ । ਗੁਰਮੁਖ ਕਹੇ ਗੁਰਸਿਖ ਵਣਜਾਰ, ਵਸਤ ਅਮੋਲਕ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਗੁਰਸਿਖ ਕਹੇ ਗੁਰਮੁਖ ਮੀਤ, ਮਿੱਤਰ ਪਿਆਰਾ ਨਜ਼ਰੀ ਆਇੰਦਾ । ਗੁਰਮੁਖ ਕਹੇ ਸੰਤ ਸੁਹੇਲਾ ਠਾਂਡਾ ਸੀਤ, ਸਤਿ ਸਤਿਵਾਦੀ ਵਿਚ ਸਮਾਇੰਦਾ । ਸੰਤ ਕਹੇ ਜਨ ਭਗਤ ਅਤੀਤ, ਮੰਦਰ ਮਸੀਤ ਡੇਰਾ ਕੋਈ ਨਾ ਲਾਇੰਦਾ । ਭਗਤ ਕਹੇ ਗੁਰ ਸ਼ਬਦ ਅਤੀਤ, ਸਚ ਦਵਾਰੇ ਸੋਭਾ ਪਾਇੰਦਾ । ਸ਼ਬਦ ਕਹੇ ਪੁਰਖ ਅਕਾਲ ਮੇਰਾ ਸਾਹਿਬ ਅਨਡੀਠ, ਜੋ ਆਦਿ ਜੁਗਾਦਿ ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਇੰਦਾ । ਪੁਰਖ ਅਕਾਲ ਕਹੇ ਸ਼ਬਦ ਗੁਰੂ ਏਕ, ਇਕੋ ਏਕ ਅਖਵਾਈਆ । ਸ਼ਬਦ ਕਹੇ ਜਨ ਭਗਤਾਂ ਟੇਕ, ਜੁਗ ਚੌਕੜੀ ਮਾਣ ਦਵਾਈਆ । ਜਨ ਭਗਤ ਕਹੇ ਸੰਤ ਦਵਾਰੇ

ਨਰ ਹਰਿ ਵੇਖ, ਆਸਾ ਤ੍ਰਿਸਨਾ ਤ੍ਰਿਪਤ ਕਰਾਈਆ । ਸੰਤ ਕਹੇ ਗੁਰਮੁਖ ਅਵੱਲੜਾ ਵੇਸ, ਜਿਸ ਦਰ ਮਿਹਰਵਾਨ ਆਪਣਾ ਖੇਲ ਖਿਲਾਈਆ । ਗੁਰਮੁਖ ਕਹੇ ਗੁਰਸਿਖ ਸੋਹਣਾ ਸੁਹੰਜਣਾ ਦੇਸ, ਜਿਸ ਘਰ ਨਰ ਨਿਰੰਕਾਰਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਗੁਰਮੁਖ ਕਹੇ ਗੁਰਸਿਖ ਵਡਿਆਈ ਧੰਨ, ਜੋ ਅੰਤਰ ਆਤਮ ਇਕ ਲਿਵ ਲਾਈਆ । ਗੁਰਮੁਖ ਕਹੇ ਸੰਤ ਵਡਿਆਈ ਧੰਨ, ਜੋ ਜਗਤ ਬਸੰਤਰ ਅੱਗ ਬੁਝਾਈਆ । ਸੰਤ ਕਹੇ ਜਨ ਭਗਤ ਵਡਿਆਈ ਧੰਨ, ਜੋ ਆਤਮ ਪਰਮਾਤਮ ਇਕੋ ਗਾਈਆ । ਜਨ ਭਗਤ ਕਹੇ ਗੁਰੂ ਸ਼ਬਦ ਧੰਨ, ਜੋ ਗਗਨ ਗਗਨੰਤਰ ਰਿਹਾ ਸਮਾਈਆ । ਸ਼ਬਦ ਗੁਰੂ ਕਹੇ ਸ੍ਰੀ ਭਗਵਾਨ ਧੰਨ, ਜਿਸ ਆਦਿ ਜੁਗਾਦਿ ਜੁਗ ਚੌਕੜੀ ਸ਼ਬਦੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਆਪ ਅਖਵਾਈਆ । ਵਡਿਆਈ ਕਹੇ ਵੱਡਾ ਨਿਰੰਕਾਰ, ਮੇਰੀ ਚਲੇ ਨਾ ਕੋਈ ਚਤੁਰਾਈਆ । ਵਡਿਆਈ ਕਹੇ ਵੱਡਾ ਸ਼ਬਦੀ ਸੁਤ ਦੁਲਾਰ, ਜੋ ਬ੍ਰਹਿਮੰਡ ਖੰਡ ਬੈਠਾ ਰਚਨ ਰਚਾਈਆ । ਵਡਿਆਈ ਕਹੇ ਵੱਡਾ ਭਗਤ ਦਵਾਰ, ਜਿਸ ਗ੍ਰਿਹ ਪੀਆ ਪ੍ਰੀਤਮ ਸੋਭਾ ਪਾਈਆ । ਵਡਿਆਈ ਕਹੇ ਵੱਡਾ ਸੰਤ ਪਿਆਰ, ਜਿਸ ਵਿਚ ਨਿਰਗੁਣ ਧਾਰ ਨਜ਼ਰੀ ਆਈਆ । ਵਡਿਆਈ ਕਹੇ ਵੱਡਾ ਗੁਰਮੁਖ ਅਕਬਾਲ, ਜਿਸ ਦੀ ਮਹਿਮਾ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਈਆ । ਵਡਿਆਈ ਕਹੇ ਵੱਡਾ ਗੁਰਸਿਖ ਜਿਸ ਦੀ ਲੱਗੀ ਬਹਾਰ, ਛਹਿਬਰ ਇਕੋ ਨਾਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਵਡਿਆਈ ਕਹੇ ਮੈਂ ਕੀ ਦੱਸਾਂ ਵਡਿਆ, ਹੋਛੀ ਮਤ ਸਾਰ ਨਾ ਆਈਆ ।



ਹੋ ਨਿਮਾਣੀ ਗੁਰਮੁਖਾਂ ਦਰ ਬੈਠੀ ਆ, ਨੇਤਰ ਨੈਣ ਨਾ ਸਕਾਂ ਉਠਾਈਆ । ਮਾਣ ਤਾਣ ਆਪਣਾ ਸਰਬ ਗਵਾ, ਖ਼ਾਲੀ ਹੱਥ ਦਿਆਂ ਦੁਹਾਈਆ । ਮੈਨੂੰ ਸਚ ਦਿਓ ਸਮਝਾ, ਭੇਵ ਅਭੇਦ ਖੁਲ੍ਹਾਈਆ । ਵਡਿਆਈ ਕਰ ਕਰ ਜੱਗ ਕੋਈ ਲੱਭਿਆ ਨਾ ਰਾਹ, ਰਹਿਬਰ ਦਰਸ ਨਾ ਕੋਈ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਮੇਰਾ ਗਵਾਹ, ਸ਼ਹਾਦਤ ਦੇਵਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਆਪਣੀ ਧਾਰ ਚਲਾਈਆ । ਵਡਿਆਈ ਕਹੇ ਮੈਂ ਕਹਿ ਕਹਿ ਥੱਕੀ, ਹਰਿ ਕਾ ਅੰਤ ਕੋਈ ਨਾ ਪਾਈਆ । ਜੁਗ ਚੌਕੜੀ ਰਹੀ ਭੱਜੀ, ਬਣ ਪਾਂਧੀ ਪੰਧ ਮੁਕਾਈਆ । ਨਿਤ ਨਵਿਤ ਬੀਤਦੀ ਵੇਖੀ ਸਦੀ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕੋਟਨ ਕਾਲ ਗਏ ਵਿਹਾਈਆ । ਮੇਰੀ ਬੁਢੜੀ ਹੋਈ ਹੱਡੀ, ਤਨ ਜੋਬਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇ ਸਿਫ਼ਤ ਸਿਫ਼ਤ ਸਾਲਾਹੀਆ । ਵਡਿਆਈ ਕਹੇ ਮੈਂ ਕੀ ਕੁਛ ਗਾਵਾਂ, ਕਹਿਣ ਵਿਚ ਕਹਿ ਨਾ ਪਾਈਆ । ਨੇਤਰ ਨੈਣਾਂ ਨੀਰ ਵਹਾਵਾਂ, ਧੀਰਜ ਧੀਰ ਨਾ ਕੋਈ ਧਿਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਨਾਉਂ ਦਾ ਲਿਖ ਲਿਖ ਗਏ ਨਾਵਾਂ, ਕਲਮ ਛਾਹੀ ਜੋੜ ਜੁੜਾਈਆ । ਮੈਂ ਵੱਡਾ ਆਖ ਆਖ ਕੀ ਸੁਣਾਵਾਂ, ਬਲਹੀਣ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਭੇਵ ਛੁਪਾਈਆ । ਵਡਿਆਈ ਸੁਣ ਕੇ ਹਾਲ ਪੁਕਾਰ, ਗੁਰਸਿਖ ਅੱਖ ਖੁਲ੍ਹਾਈਆ । ਫੜ ਕੇ ਬਾਹੋਂ ਦਏ ਹੁਲਾਰ, ਇਸ਼ਾਰੇ ਨਾਲ ਸਮਝਾਈਆ । ਉਠ ਸਵਾਣੀ ਹੋ ਖ਼ਬਰਦਾਰ, ਗ਼ਫ਼ਲਤ ਦੇ ਗਵਾਈਆ । ਜਾ

ਕੇ ਵੇਖ ਗੁਰਮੁਖ ਦਵਾਰ, ਘਰ ਸਾਚੇ ਵੱਜੇ ਵਧਾਈਆ । ਸੰਤ ਸੱਜਣ ਬੈਠੇ ਪ੍ਰੇਮ ਨਾਲ, ਸਚ ਪ੍ਰੀਤੀ ਇਕੋ ਨਜ਼ਰੀ ਆਈਆ । ਭਗਤ ਭਗਵਾਨ ਦਇਆਵਾਨ ਤਾਲ, ਢੋਲਾ ਇਕੋ ਰਾਗ ਅਲਾਈਆ । ਗੁਰੂ ਗੁਰ ਗੁਰ ਸ਼ਬਦ ਵਿਚ ਦਲਾਲ, ਸਚ ਦਲਾਲੀ ਰਿਹਾ ਕਮਾਈਆ । ਸਚ ਸਿੰਘਾਸਣ ਬੈਠ ਪੁਰਖ ਅਕਾਲ, ਮਿਹਰਵਾਨ ਵੇਖ ਵਖਾਈਆ । ਜਗਤ ਵਡਿਆਈ ਜਾ ਕਰ ਜ਼ਮਾਲ, ਨੂਰੀ ਜਲਵਾ ਨੂਰ ਰੁਸ਼ਨਾਈਆ । ਓਸ ਦੇ ਅੱਗੇ ਕਰ ਸਵਾਲ, ਨਿਉਂ ਨਿਉਂ ਚਰਨ ਕਵਲ ਸੀਸ ਝੁਕਾਈਆ । ਮਿਹਰਵਾਨ ਜੇ ਤੇਰੇ ਉਪਰ ਹੋਏ ਕਿਰਪਾਲ, ਕਿਰਪਾਨਿਧ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਲੱਜਿਆ ਲਏ ਰਖਾਈਆ । ਵਡਿਆਈ ਕਹੇ ਮੈਂ ਕਮਲੀ ਕੋਝੀ, ਸਿਫ਼ਤਾਂ ਵਿਚ ਵਕਤ ਲੰਘਾਈਆ । ਮੈਨੂੰ ਪ੍ਰਭ ਮਿਲਣ ਦੀ ਦਿਤੀ ਕਿਸੇ ਨਾ ਸੋਝੀ, ਘਰ ਸਚ ਨਾ ਕੋਈ ਜਣਾਈਆ । ਮੇਰੀ ਮੁੰਨੀ ਗਈ ਚੋਟੀ, ਚੋਟੀ ਮੀਢੀ ਸੀਸ ਨਾ ਕੋਈ ਗੁੰਦਾਈਆ । ਹੰਕਾਰ ਅੰਦਰ ਮੈਂ ਹੋਈ ਖੋਟੀ, ਆਪਣੀ ਸਮਝ ਕੋਈ ਨਾ ਆਈਆ । ਮਿੰਨਤਾ ਕਰ ਕਰ ਸਾਧਾਂ ਸੰਤਾਂ ਜੀਵਾਂ ਜੰਤਾਂ ਖਵੌਂਦੀ ਰਹੀ ਰੋਟੀ, ਕੂੜ ਦਲਾਲਣ ਆਪਣਾ ਨਾਲ ਸੰਗ ਰਲਾਈਆ । ਮੇਰੀ ਮੱਤ ਹੋਈ ਹੋਛੀ, ਸਾਚੀ ਸੋਚ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੇਪਰਵਾਹੀਆ । ਗੁਰਮੁਖ ਕਹੇ ਉਠ ਬਲਧਾਰ, ਸਚ ਸੱਚ ਦਿਆਂ ਵਡਿਆਈਆ । ਮੈਂ ਚਲਾਂ ਤੇਰੇ ਨਾਲ, ਤੇਰਾ ਦੁੱਖ ਵੰਡਾਈਆ । ਜੁਗ ਚੌਕੜੀ ਤੂੰ ਸਿਫ਼ਤਾਂ ਕਰ ਕਰ ਗਈ ਹਾਰ, ਕੂਕ ਕੂਕ ਸਰਬ ਸੁਣਾਈਆ । ਚਲ ਕੇ ਵੇਖ ਸਾਡਾ ਯਾਰ, ਮਿੱਤਰ ਪਿਆਰਾ ਬੇਪਰਵਾਹੀਆ । ਜਿਸ ਨੂੰ ਆਪਣੀ ਸਿਫ਼ਤ ਦਾ ਨਹੀਂ ਉਧਾਰ, ਵਡਿਆਈ ਵਿਚ ਕਦੇ ਨਾ ਆਈਆ । ਸੋ ਗੁਰਮੁਖਾਂ ਨਾਲ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਬਣਾਈਆ । ਸਾਚੇ ਸੰਤਾਂ ਦਏ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਭਗਤਾਂ ਵਡਿਆਈ ਕਰੇ ਆਪ ਨਿਰੰਕਾਰ, ਜਿਸ ਵਡਿਆਈ ਦੀ ਸਮਝ ਕਿਸੇ ਨਾ ਆਈਆ । ਹਰਿ ਕੀ ਵਡਿਆਈ ਅੱਖਰਾਂ ਬਾਹਰ, ਪੱਥਰਾਂ ਵਿਚੋਂ ਲੱਭੇ ਨਾ ਕੋਈ ਲੋਕਾਈਆ । ਸਮੁੰਦ ਸਾਗਰ ਉਛਾਲੇ ਨਾ ਕੋਈ ਧਾਰ, ਟਿੱਲੇ ਪਰਬਤ ਚੋਟੀ ਬੈਠੀ ਨਜ਼ਰ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਨਾ ਸਕਣ ਪਹਿਚਾਨ, ਰੂਪ ਰੰਗ ਨਾ ਕੋਈ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਜਿਸ ਵਡਿਆਈ ਆਪਣੀ ਆਪਣੇ ਵਿਚੋਂ ਕੱਢੀ ਬਾਹਰ, ਬਾਹਰ ਕੱਢ ਜਨ ਭਗਤਾਂ ਸੇਵਾ ਲਾਈਆ । ਜਗਤ ਵਡਿਆਈ ਉਸ ਦੇ ਚਰਨਾਂ ਧੂੜੀ ਮਸਤਕ ਲਾ ਛਾਰ, ਚਰਨੀ ਸੀਸ ਨਿਵਾਈਆ । ਤੇਰਾ ਦੁੱਖੜਾ ਦੇਵੇ ਨਿਵਾਰ, ਦੁੱਖੀਆਂ ਦਰਦ ਵੰਡਾਈਆ । ਨੇਤਰ ਪੇਖ ਸੰਤ ਭਗਤ ਗੁਰਮੁਖ ਗੁਰਸਿਖ ਜਿਸ ਬਿਠਾਏ ਆਪਣੇ ਸਚ ਦਵਾਰ, ਦਰ ਦਰਬਾਰਾ ਇਕੋ ਇਕ ਸੁਹਾਈਆ । ਸੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਅਕੱਲਾ ਏਕੰਕਾਰ, ਨਿਰੰਕਾਰ ਨਜ਼ਰੀ ਆਈਆ । ਭਗਤ ਸੁਹੇਲਾ ਬਣ ਕੇ ਖ਼ਿਦਮਤਗਾਰ, ਸੇਵਾ ਆਪਣਾ ਆਪ ਲਗਾਈਆ । ਜਗਤ ਵਡਿਆਈ ਨਾ ਓਸ ਦੀ ਪਾਵੇ ਸਾਰ, ਓਸ ਦੀ ਵਡਿਆਈ ਜਨ ਭਗਤਾਂ ਦਏ ਤਰਾਈਆ । ਗੁਰਸਿਖ ਗੁਰਮੁਖ ਹਰਿਸੰਤ ਭਗਤ ਗੁਰੂ ਗੁਰ ਗੁਰ ਸਾਰੇ ਬੈਠੇ ਦਰ ਸੀਸ ਝੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਸੀਸ ਕਰੇ ਪਰਵਾਨ, ਜਗਦੀਸ਼ ਆਪਣੀ ਝੋਲੀ ਪਾਈਆ ।

੩੯੭ ੧੯

★ ੧੭ ਮਾਘ ੨੦20 ਬਿਕਰਮੀ ਤ੍ਰਲੋਕ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★

ਗੁਰਮੁਖ ਕਦਮ ਸਦਾ ਨਿਧੜਕ, ਭੈ ਭੌ ਨਾ ਕੋਈ ਰਖਾਇੰਦਾ । ਅੱਗੇ ਕਦੇ ਨਾ ਜਾਵੇ ਅਟਕ, ਪਿਛੇ ਰੁਖ਼ ਨਾ ਕੋਈ ਬਦਲਾਇੰਦਾ । ਪੂਰੇ ਸਤਿਗੁਰ ਦੀ ਇਹੋ ਸਿਧੀ ਸੜਕ, ਜਿਸ ਮਾਰਗ ਉਤੇ ਗੁਰਮੁਖ ਆਪ ਚਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਪੈਣ ਨਾ ਦੇਵੇ ਫਰਕ, ਮੁਤਬਰਕ ਕਾਮ ਆਪ ਕਰਾਇੰਦਾ । ਅੱਗੇ ਜਾਂਦਿਆਂ ਹੋਣ ਨਾ ਦੇਵੇ ਹਰਜ਼, ਅੰਦਰ ਵੜ ਕੇ ਹੌਸਲਾ ਆਪ ਰਖਾਇੰਦਾ । ਸਤਿਗੁਰ ਮਹਿਮਾ ਸਦਾ ਸਦਾ ਸਦ ਬੋਲੋ ਉਚੀ ਖੜਕ, ਖੰਡਾ ਖੜਗ ਨਾ ਕੋਈ ਡਰਾਇੰਦਾ । ਜਿਸ ਕਦਮ ਨੂੰ ਪਦਮਾ ਪਦਮਲੋਕ ਰਹੇ ਤਰਸ, ਅਰਬਾਂ ਖ਼ਰਬਾਂ ਅੰਤ ਕੋਈ ਨਾ ਆਇੰਦਾ । ਜਿਸ ਦਾ ਲੇਖਾ ਗੁਣਾਂ ਵਿਚ ਕੋਈ ਨਾ ਕੱਢੇ ਦੇ ਕੇ ਜ਼ਰਬ, ਹਾਸਲ ਅੰਕ ਨਾ ਕੋਇ ਬਣਾਇੰਦਾ । ਸੋ ਪੁਰਖ ਅਕਾਲ ਵਿਆਪੀ ਸਰਬ, ਹਰਿ ਕਰਤਾ ਖੇਲ ਕਰਾਇੰਦਾ । ਜਨ ਭਗਤਾਂ ਜੁਗ ਜੁਗ ਵੰਡੇ ਦਰਦ, ਦੁੱਖ ਦਵੈਤੀ ਝੋਲੀ ਪਾਇੰਦਾ । ਸ਼ਬਦ ਧਾਰ ਤਿਖੀ ਮੁਖੀ ਆਪ ਪਰਗਟਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਜੋ ਹੋਇਆ ਆਪ ਨਪੜਦ, ਓਸ ਦੇ ਉਤੇ ਪਰਦਾ ਕਿਉਂ ਰਖਾਇੰਦਾ । ਫਲ ਵੇਖੋ ਗੁਰ ਅਵਤਾਰ ਪੀਰ ਪੈਗ਼ੰਬਰ ਫੋਲ ਫਰਦ, ਫੈਸਲਾ ਜਿਸ ਦੇ ਉਤੇ ਸੁਣਾਇੰਦਾ । ਇਹ ਪ੍ਰਭ ਦਾ ਖੇਲ ਅਸਚਰਜ, ਜਿਸ ਦਾ ਅੰਤ ਕੋਇ ਨਾ ਪਾਇੰਦਾ । ਸ੍ਰਿਸ਼ਟ ਸਬਾਈ ਗੁਰਮੁਖਾਂ ਸਦਾ ਰਹੀ ਵਰਜ, ਗੁਰਮੁਖ ਆਪਣਾ ਕਦਮ ਨਾ ਪਿਛੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੁਕਮ ਵਰਤਾਇੰਦਾ । ਗੁਰਮੁਖ ਕਦਮ ਚਲੇ ਜੁਗ ਚਾਰ, ਬਣ ਪਾਂਧੀ ਪੰਧ ਮੁਕਾਈਆ । ਨਾਤਾ ਤੋੜ ਸਰਬ ਸੰਸਾਰ, ਭੱਜੇ ਵਾਹੋ ਦਾਹੀਆ । ਵਾਰਸ ਬਣ ਕਰੇ ਵਿਚਾਰ, ਘੜੀ ਪਲ ਧਿਆਨ ਲਗਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੇ ਸਾਗਰ ਹੋ ਹੋ ਬਾਹਰ, ਨੇਤਰ ਨੈਣ ਚਾਰ ਕੁੰਟ ਉਠਾਈਆ । ਉਚੇ ਟਿੱਲੇ ਪਰਬਤ ਚੜ੍ਹ ਵਾਜ ਲਏ ਮਾਰ, ਦਰੋਹੀ ਕੂਕ ਕੂਕ ਸੁਣਾਈਆ । ਇਕੋ ਦਰਸ ਤੇਰਾ ਦੀਦਾਰ ਸਾਹਿਬ ਸਤਿਗੁਰ ਸਚ ਮਹਾਨ, ਕਰ ਕਿਰਪਾ ਮਿਹਰਵਾਨ ਹੱਥ ਤੇਰੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਇਕ ਅਖਵਾਈਆ । ਗੁਰਸਿਖ ਕਦਮ ਰਿਹਾ ਦੌੜ, ਬਣ ਪਾਂਧੀ ਪੰਧ ਮੁਕਾਈਆ । ਜਿਸ ਨਾਲ ਪਹੁੰਚ ਨਾ ਸਕੇ ਕੋਈ ਅਸਵਾਰ ਘੋੜ, ਅਸਵ ਸੰਗ ਨਾ ਕੋਈ ਰਖਾਈਆ । ਗੁਰ ਕਾ ਕਦਮ ਗੁਰਸਿਖ ਤੇਰੇ ਸੰਗ ਜਾਏ ਬੌਹੜ, ਮੇਲ ਮਿਲਾਏ ਸਹਿਜ ਸੁਭਾਈਆ । ਦੋਹਾਂ ਮਿਲ ਕੇ ਇਕੋ ਬਣੇ ਪੌੜ, ਦੋ ਜਹਾਨ ਚਰਨਾਂ ਹੇਠ ਰਖਾਈਆ । ਸ੍ਰੀ ਭਗਵਾਨ ਵੇਖੇ ਕਰ ਕੇ ਗੌਰ, ਗਹਿਰ ਗੰਭੀਰ ਆਪਣੀ ਅੱਖ ਖੁਲ੍ਹਾਈਆ । ਜਿਸ ਕਦਮ ਪਿਛੇ ਰਾਜੇ ਬਲ ਮਿਣਾਏ ਮੌਰ, ਧਰਨੀ ਧਰਤ ਧਵਲ ਨਾ ਕੋਈ ਵਡਿਆਈਆ । ਇਹ ਖੇਲ ਵੱਡਾ ਹੋਰ, ਜਿਸ ਦੀ ਸਿਫ਼ਤ ਨਾ ਕੋਈ ਸਾਲਾਹੀਆ । ਗੁਰਸਿਖ ਬੁੱਢਾ ਨੱਢਾ ਕਿਉਂ ਜਾਵੇ ਡੋਲ, ਜਿਸ ਮਿਲਿਆ ਬੇਪਰਵਾਹੀਆ । ਜਗਤ ਨਾਲ ਸਦਾ ਭਗਤਾਂ ਘੋਲ, ਅਖਾੜਾ ਆਪ ਲਗਾਈਆ । ਲੱਖ ਚੁਰਾਸੀ ਨਾਲ ਮਾਰੇ ਰੋਲ, ਭਰਮ ਭੁਲੇਖਾ ਸਰਬ ਰਖਾਈਆ । ਜਿਨ੍ਹਾਂ ਅੰਦਰ ਵੜ ਕੇ ਵਸੇ ਕੋਲ, ਸੋ ਗਾਵਣ ਚਾਈਂ ਚਾਈਂਆ । ਜਿਨ੍ਹਾਂ ਪ੍ਰਭ ਮਿਲੇ ਸੋ ਉਚੀ ਕੂਕ ਡੰਕਾ ਵਜਾਵਣ ਉਤੇ ਢੋਲ, ਚਾਰੋਂ ਕੁੰਟ ਦੇਣ ਦੁਹਾਈਆ । ਪ੍ਰੇਮ ਪ੍ਰੀਤੀ ਅੰਦਰ ਜਾਵਣ ਮੌਲ, ਰੁਤ ਰੁਤੜੀ ਇਕ ਮਹਿਕਾਈਆ । ਚਰਨ ਪ੍ਰੀਤੀ ਆਪਾ ਵਾਰਨ

ਘੋਲ, ਮਮਤਾ ਮੋਹ ਨਾ ਕੋਈ ਵਡਿਆਈਆ । ਜਨ ਭਗਤਾਂ ਜੀਵ ਜੰਤ ਸਮਝ ਨਾ ਸਕੇ ਬੋਲ, ਕਿਉਂ ਜਨ ਭਗਤਾਂ ਬੋਲੀ ਪ੍ਰਭ ਆਪ ਸਮਝਾਈਆ । ਸਦ ਬੈਠੇ ਰਹਿਣ ਅਡੋਲ, ਥਿਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਕਦਮ ਦਏ ਵਡਿਆਈਆ । ਗੁਰਮੁਖ ਕਦਮ ਅੱਗੇ ਲਏ ਚੁੱਕ, ਬਲ ਅੰਤਰ ਇਕ ਧਰਾਈਆ । ਪਿਛਲਾ ਪੈਂਡਾ ਸਾਰਾ ਜਾਏ ਮੁਕ, ਲੱਖ ਚੁਰਾਸੀ ਗੇੜ ਕਟਾਈਆ । ਮਾਰਗ ਚਲਦਾ ਕਦੇ ਨਾ ਜਾਏ ਰੁਕ, ਰੋਕਣ ਵਾਲਾ ਨਜ਼ਰ ਕੋਇ ਨਾ ਆਈਆ । ਦੇਵਤ ਸੁਰ ਮੁਨ ਜਨ ਸੀਸ ਨਿਵਾਵਣ ਝੁਕ, ਸਜਦਾ ਇਕ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਵਣ ਖ਼ੁਸ਼, ਖ਼ੁਸ਼ੀਆਂ ਰਾਗ ਅਲਾਈਆ । ਗੁਰਮੁਖ ਕਦਮ ਕਦਮ ਭੱਜਾ ਜਾਏ ਚੁੱਪ, ਨੇਤਰ ਨੈਣ ਨਾ ਕੋਈ ਖੁਲ੍ਹਾਈਆ । ਗੁਰਮੁਖ ਔਂਦਾ ਵੇਖ ਸਤਿਗੁਰ ਪੂਰਾ ਅੱਗੋਂ ਪਏ ਉਠ, ਆਵੇ ਵਾਹੋ ਦਾਹੀਆ । ਸਭ ਦੇ ਵੇਂਹਦਿਆਂ ਗੋਦੀ ਲਏ ਚੁੱਕ, ਸ਼ਰਮ ਹਯਾ ਨਾ ਕੋਈ ਰਖਾਈਆ । ਨਾ ਇਹ ਨਾਰ ਨਾ ਇਹ ਪੁਰਖ, ਜੋਤੀ ਜਾਤਾ ਬੇਪਰਵਾਹੀਆ । ਆਪਣਾ ਖੇਲ ਕਰੇ ਤੁਰਤ, ਧੁਰ ਸੰਦੇਸ਼ਾ ਹੁਕਮ ਸੁਣਾਈਆ । ਕਰ ਪਰਕਾਸ਼ ਅਕਾਲ ਮੂਰਤ, ਮੂਰਤੀ ਗੁਰਮੁਖਾਂ ਕਰੇ ਰੁਸ਼ਨਾਈਆ । ਜਿਨ੍ਹਾਂ ਵਖਾਏ ਆਪਣੀ ਸੂਰਤ, ਸਰਗੁਣ ਨਿਰਗੁਣ ਸ਼ਬਦ ਨਾਲ ਜੁੜਾਈਆ । ਚਤਰ ਸੁਘੜ ਬਣਾਏ ਮੂੜ ਮੂੜ੍ਹਤ, ਜਿਸ ਸਿਰ ਆਪਣਾ ਹੱਥ ਟਿਕਾਈਆ । ਆਸਾ ਮਨਸਾ ਸਭ ਦੀ ਪੂਰਤ, ਪੂਰਬ ਇਛਿਆ ਝੋਲੀ ਪਾਈਆ । ਜਲਵਾ ਨੂਰ ਨੁਰਾਨਾ ਦੇ ਨੂਰਤ, ਨਿਰਗੁਣ ਨਿਰਾਕਾਰ ਆਪਣਾ ਪਰਦਾ ਦਏ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਦਿ ਆਦਿ ਮਧ ਮਧ ਪੰਦਰਾਂ ਕੱਤਕ ਸਭ ਤੋਂ ਉਤਮ ਸ੍ਰੀ ਭਗਵਾਨ ਤੋਂ ਮੰਗੀ ਮਹੂਰਤ, ਜਿਸ ਮਹੂਰਤ ਵਿਚ ਪ੍ਰਭ ਜੂ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਗੁਰਮੁਖ ਕਦਮ ਅੱਗੇ ਉਠਾਲਦਾ, ਪਗ ਆਪਣਾ ਆਪ ਉਠਾਈਆ । ਖੇਲ ਵੇਖੇ ਪੁਰਖ ਅਕਾਲ ਦਾ, ਅਕਲ ਕਲਧਾਰੀ ਕੀ ਕੀ ਰਚਨ ਰਚਾਈਆ । ਲਹਿਣਾ ਜਾਣੇ ਦੀਨ ਦਿਆਲ ਦਾ, ਦਇਆਵਾਨ ਦਏ ਵਡਿਆਈਆ । ਪਰਦਾ ਚੁੱਕੇ ਮੁਰੀਦ ਮੁਰਸ਼ਦ ਹਾਲ ਦਾ, ਘਰ ਸਾਚੇ ਸੋਭਾ ਪਾਈਆ । ਲਹਿਣਾ ਚੁੱਕੇ ਕਾਲ ਮਹਾਂਕਾਲ ਦਾ, ਅੱਗੇ ਦੇਵੇ ਨਾ ਕੋਈ ਸਜਾਈਆ । ਦਰਵਾਜਾ ਖੁਲ੍ਹੇ ਸਚਖੰਡ ਸੱਚੀ ਧਰਮਸਾਲ ਦਾ, ਜਿਸ ਘਰ ਵਸੇ ਬੇਪਰਵਾਹੀਆ । ਲੇਖਾ ਮੁਕੇ ਸ਼ਾਹ ਕੰਗਾਲ ਦਾ, ਊਚ ਨੀਚ ਇਕੋ ਰੰਗ ਰੰਗਾਈਆ । ਗੁਰਮੁਖ ਕਦਮ ਸਾਹਿਬ ਸਤਿਗੁਰ ਆਪਣੇ ਹੱਥਾਂ ਉਤੇ ਸੰਭਾਲਦਾ, ਦੁੱਖ ਦਰਦ ਨਾ ਲਾਗੇ ਰਾਈਆ । ਫੜ ਬਾਹੋਂ ਆਪਣੀ ਛਾਤੀ ਉਤੇ ਬਿਠਾਲਦਾ, ਗਲਵਕੜੀ ਇਕੋ ਵਾਰ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ ਦਾ, ਜਨ ਭਗਤ ਕਦਮ ਦਏ ਵਡਿਆਈਆ । ਗੁਰਮੁਖ ਕਦਮ ਅੱਗੇ ਤੁਰਦਾ, ਭੱਜੇ ਵਾਹੋ ਦਾਹੀਆ । ਵੇਖੋ ਖੇਲ ਸਾਚੇ ਗੁਰ ਦਾ, ਨੇਤਰ ਲੋਚਣ ਦਰਸ਼ਨ ਪਾਈਆ । ਲੇਖਾ ਪੂਰਾ ਕਰੇ ਧੁਰ ਦਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਨਾਤਾ ਜੁੜਦਾ, ਜੋੜੀ ਆਪਣੇ ਨਾਲ ਰਖਾਈਆ । ਵਰ ਸੋਹੇ ਜਿਹਾ ਲੋੜਦਾ, ਸਤਿ ਸੁਹਾਗੀ ਰੂਪ ਸਮਝਾਈਆ । ਫੜ ਬਾਹੋਂ ਅੱਗੇ ਅੱਗੇ ਤੋਰਦਾ, ਪਿਛੇ ਮੁੜਨ ਕੋਈ ਨਾ ਪਾਈਆ । ਸਚ ਦਵਾਰੇ ਭੇਵ ਚੁੱਕੇ ਮੋਰ ਤੋਰ ਦਾ, ਨਿਰਗੁਣ ਨਿਰਗੁਣ ਜੋਤੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਕਦਮ ਵੇਖ ਵਖਾਈਆ । ਗੁਰਮੁਖ ਕਦਮ ਕਦਮ ਜਾਏ

ਨੱਠ, ਆਪਣਾ ਬਲ ਧਰਾਈਆ । ਅੱਗੋਂ ਵੇਖ ਪੁਰਖ ਸਮਰਥ, ਦੂਰ ਦੁਰਾਡਾ ਆਵੇ ਚਾਈਂ ਚਾਈਂਆ । ਦੋਹਾਂ ਮਿਲ ਕੇ ਇਕ ਬਣੇ ਸੱਥ, ਜਿਸ ਸਥ ਉਤੇ ਯਾਰੜਾ ਸੱਥਰ ਗਿਆ ਹੰਢਾਈਆ । ਪ੍ਰੇਮ ਪ੍ਰੀਤੀ ਅੰਦਰ ਇਸ਼ਾਰਾ ਦੇਵੇ ਅੱਖ, ਸੈਨਤ ਨਾਲ ਸਮਝਾਈਆ । ਨਿਰਗੁਣ ਰੂਪ ਵੇਖ ਪਰਤੱਖ, ਸਤਿ ਸਰੂਪ ਇਕੋ ਨਜ਼ਰੀ ਆਈਆ । ਜੋ ਸਭ ਨਾਲੋਂ ਵਸੇ ਵੱਖ, ਜਨ ਭਗਤਾਂ ਅੰਦਰ ਸਮਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਹੱਥ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਕਦਮ ਕਹੇ ਮੈਂ ਅੱਗੇ ਆਇਆ, ਪਹਿਲਾ ਕਦਮ ਉਠਾਈਆ । ਮੈਨੂੰ ਵੇਖ ਭੱਜੀ ਤ੍ਰੈਗੁਣ ਮਾਇਆ, ਪੰਜ ਤਤ ਰਹੀ ਕੁਰਲਾਈਆ । ਚਿਤਰ ਗੁਪਤ ਦਏ ਦੁਹਾਇਆ, ਲਾੜੀ ਮੌਤ ਖੁਲ੍ਹੀ ਗੁੱਤ ਰਹੀ ਵਖਾਈਆ । ਕਰੋੜ ਤਤੀਸਾ ਸੀਸ ਨਿਵਾਇਆ, ਵਿਸ਼ਨ ਬ੍ਰਹਮਾ ਸ਼ਿਵ ਜੈ ਜੈ ਕਾਰ ਸੁਣਾਈਆ । ਗੁਰ ਅਵਤਾਰ ਸਾਚਾ ਢੋਲਾ ਗਾਇਆ, ਪੀਰ ਪੈਗ਼ੰਬਰ ਕਲਮਾ ਨਗਮਾ ਆਪ ਸੁਣਾਈਆ । ਸ਼ਬਦ ਸਵਾਮੀ ਅੱਗੋਂ ਆਇਆ, ਨਿਹਕਰਮੀ ਆਪਣਾ ਕਰਮ ਕਮਾਈਆ । ਬਣ ਦਰਬਾਣ ਧੁਰ ਦਾ ਕੁੰਡਾ ਲਾਹਿਆ, ਖਿੜਕੀ ਆਪ ਖੁਲ੍ਹਾਈਆ । ਗੁਰਮੁਖ ਕਦਮ ਓਸ ਦਵਾਰੇ ਟਿਕਾਇਆ, ਜਿਸ ਨੂੰ ਸਚਖੰਡ ਕਹਿ ਕੇ ਸਾਰੇ ਰਹੇ ਸੁਣਾਈਆ । ਪਤਿਪਰਮੇਸ਼ਵਰ ਅੱਗੋਂ ਨਜ਼ਰੀ ਆਇਆ, ਜੋਤੀ ਜਾਤਾ ਨੂਰ ਰੁਸ਼ਨਾਈਆ । ਕਦਮ ਵੇਖ ਸ੍ਰੀ ਭਗਵਾਨ ਆਪਣਾ ਕਦਮ ਫੇਰ ਵਿਖਾਇਆ, ਕਦਮ ਉਤੋਂ ਚਰਨ ਕਵਲ ਲਏ ਬਦਲਾਈਆ । ਕਵਲ ਰੂਪ ਆਪ ਮਹਿਕਾਇਆ, ਸੁਗੰਧੀ ਆਪਣਾ ਨਾਮ ਭਰਾਈਆ । ਦੋਹਾਂ ਮੇਲਾ ਸਹਿਜ ਸੁਭਾਇਆ, ਢੋਲਾ ਇਕ ਸੁਣਾਈਆ । ਬਣ ਵਿਚੋਲਾ ਜੋੜ ਜੁੜਾਇਆ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਕਦਮ ਕਹੇ ਮੇਰਾ ਲੇਖਾ ਲੱਗਾ, ਪੰਧ ਰਿਹਾ ਨਾ ਰਾਈਆ । ਮਿਲਿਆ ਪੁਰਖ ਸੂਰਾ ਸਰਬੱਗਾ, ਸਤਿਗੁਰ ਵੱਡਾ ਵਡ ਵਡਿਆਈਆ । ਜਿਸ ਸਵਾਰਿਆ ਮੇਰਾ ਪਿਛਾ ਅੱਗਾ, ਅੱਗੇ ਆਪਣਾ ਰੰਗ ਰੰਗਾਈਆ । ਜਗਤ ਜਹਾਨ ਲੰਘ ਕੇ ਹੱਦਾਂ, ਦੂਰ ਦੁਰਾਡਾ ਨੇੜੇ ਆਈਆ । ਦਰਸ਼ਨ ਕਰ ਪੁਰਖ ਸਮਰਥਾ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਸ ਦੇ ਹੁਕਮ ਅੰਦਰ ਪੀਰ ਪੈਗ਼ੰਬਰ ਗੁਰ ਅਵਤਾਰ ਦੇਂਦੇ ਰਹੇ ਸੱਦਾ, ਭਵਿਖਤ ਲਿਖਤ ਨਾਤਾ ਜੋੜ ਕਲਮ ਛਾਹੀਆ । ਵੇਖ ਓਸ ਦਾ ਸੋਹਣਾ ਦਰਬਾਰ ਸਜਾ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਲੋਕਮਾਤ ਜਨ ਭਗਤ ਦਵਾਰੇ ਫਿਰੇ ਭੱਜਾ, ਔਂਦਾ ਜਾਂਦਾ ਮੁਖ ਛੁਪਾਈਆ । ਪ੍ਰੇਮ ਪ੍ਰੀਤੀ ਅੰਦਰ ਬੱਝਾ, ਆਪਣਾ ਖੇਲ ਵਖਾਈਆ । ਪੰਦਰਾਂ ਕੱਤਕ ਸਭ ਨੂੰ ਲੱਗਾ ਚੰਗਾ, ਜੋ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਆਸ ਲਗਾਈਆ । ਇਸ ਦੀ ਕੋਈ ਹੋਰ ਸਮਝ ਨਾ ਸਕੇ ਵਜਾ, ਵਜ਼ਾਹਤ ਕਰ ਨਾ ਕੋਈ ਜਣਾਈਆ । ਨਾਂ ਲੈਂਦਿਆਂ ਗੁਰਮੁਖ ਕਿਉਂ ਆਵੇ ਲੱਜਾ, ਲੋਕ ਲੱਜਿਆ ਵਿਚ ਦਿਸੇ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਦਰਾਂ ਕੱਤਕ ਦਿਵਸ ਕਰ ਪਰਧਾਨ, ਜੁਗ ਚੌਕੜੀ ਅੱਗੇ ਦਿਤਾ ਦਾਨ, ਜਿਸ ਵਿਚ ਬਣੇ ਸਰਬ ਵਿਧਾਨ, ਰਾਜ ਰਾਜਾਨ ਨਿਉਂ ਨਿਉਂ ਸੀਸ ਨਿਵਾਣ, ਸਾਧ ਸੰਤ ਭਗਤ ਭਗਵੰਤ ਢੋਲਾ ਗਾਣ, ਗੁਰਮੁਖ ਗੁਰਸਿਖ ਉਠਾ ਝੁਲਾਵਣ ਨਿਸ਼ਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਮੰਨੇ ਆਣ ਮਹਿਮਾ ਮਹਾਨ ਅੱਗੇ ਹਰਿ ਜੂ ਹਰਿ ਹਰਿ ਆਪ ਚਲਾਈਆ ।

★ ੧੭ ਮਾਘ ੨੦੨੦ ਬਿਕਰਮੀ ਸਵਰਨ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★

ਗੁਰਮੁਖ ਕਦਮ ਮੁਕਾਏ ਪੰਧ, ਮੰਜ਼ਲ ਰਹਿਣ ਕੋਈ ਨਾ ਪਾਈਆ । ਧੁਰ ਦਾ ਢੋਲਾ ਗਾ ਕੇ ਛੰਦ, ਘਰ ਸਾਚਾ ਵੇਖ ਵਖਾਈਆ । ਆਤਮ ਪਰਮਾਤਮ ਮਿਲੇ ਅਨੰਦ, ਰਸ ਇਕੋ ਇਕ ਵਖਾਈਆ । ਕਰ ਵਸੇਰਾ ਸੱਚੇ ਸਚਖੰਡ, ਦਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਆਪ ਲਗਾਈਆ । ਮੁਕੇ ਪੰਧ ਦੋ ਜਹਾਨ, ਸਾਹਿਬ ਸਤਿਗੁਰ ਦਇਆ ਕਮਾਈਆ । ਗੁਰਮੁਖ ਸੂਰਾ ਵਡ ਬਲਵਾਨ, ਬਲਧਾਰੀ ਨਜ਼ਰੀ ਆਈਆ । ਨੇਤਰ ਪੇਖ ਸ੍ਰੀ ਭਗਵਾਨ, ਨਿਝ ਨੈਣ ਲਏ ਮਿਲਾਈਆ । ਜਗਤ ਦਵਾਰਾ ਸਚ ਮਕਾਨ, ਸ੍ਰੀ ਭਗਵਾਨ ਆਪ ਵਖਾਈਆ । ਜਿਸ ਗ੍ਰਿਹ ਵਸ ਕੇ ਨਾਤਾ ਮੁਕੇ ਸਰਬ ਜਹਾਨ, ਸਾਥੀ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਪੰਧ ਮੁਕਾਏ ਗੁਰਮੁਖ ਪੂਰਾ, ਪਰਮ ਪੁਰਖ ਵਿਚ ਸਮਾਈਆ । ਜੋਬਨ ਮਿਲੇ ਜੋਤੀ ਨੂਰਾ, ਨੂਰੋ ਨੂਰ ਡਗਮਗਾਈਆ । ਜਨਮ ਜਨਮ ਦਾ ਲੇਖਾ ਕਰ ਕੇ ਪੂਰਾ, ਪੂਰਬ ਲਹਿਣਾ ਝੋਲੀ ਪਾਈਆ । ਜੀਵ ਜਹਾਨ ਛੱਡ ਕੇ ਕੂੜਾ, ਦਰਗਾਹ ਸਾਚੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਦਏ ਵਖਾਈਆ । ਮੰਜ਼ਲ ਮੁਕਾ ਕੇ ਜਾਏ ਦਵਾਰ, ਘਰ ਇਕੋ ਨਜ਼ਰੀ ਆਈਆ । ਪੁਰਖ ਅਕਾਲ ਏਕੰਕਾਰ, ਸਚਖੰਡ ਸੋਭਾ ਪਾਈਆ । ਬਿਨ ਨੇਤਰ ਨੈਣਾਂ ਦਰਸ ਦਿਖਾਲ, ਬਿਨ ਦੀਦ ਕਰੇ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਬਦ ਧੁਨਕਾਰ, ਧੁਰ ਦਾ ਰਾਗ ਆਪ ਸੁਣਾਈਆ । ਬਿਨ ਇੱਟਾਂ ਪੱਥਰ ਗਾਰੇ ਮਹਲ ਅਟੱਲ ਦਏ ਵਖਾਲ, ਛੱਪਰ ਛੰਨ ਨਾ ਕੋਈ ਛੁਹਾਈਆ । ਬਿਨ ਤੇਲ ਬਾਤੀ ਦੀਪਕ ਇਕੋ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪ੍ਰੇਮ ਪ੍ਰੀਤੀ ਅੰਦਰ ਗੁਰਸਿਖ ਕਹੇ ਆ ਮੇਰੇ ਲਾਡਲੇ ਲਾਲ, ਲਾਲਨ ਆਪਣੀ ਗੋਦ ਉਠਾਈਆ । ਨਵ ਨੌ ਚਾਰ ਕਰਦਾ ਰਿਹਾ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤ ਹੋ ਮਿਹਰਵਾਨ ਸਚ ਦਵਾਰੇ ਲਵਾਂ ਸੰਭਾਲ, ਸਾਚੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਇਕੋ ਹੱਥ ਟਿਕਾਈਆ । ਮੰਜ਼ਲ ਮੁੱਕੀ ਵੇਖਿਆ ਖੇੜਾ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਓਥੇ ਵਸੇ ਕਿਹੜਾ ਕਿਹੜਾ, ਜੋ ਬੈਠਾ ਧਿਆਨ ਲਗਾਈਆ । ਸ੍ਰੀ ਭਗਵਾਨ ਕਹੇ ਏਥੇ ਨਹੀਂ ਕੋਈ ਝਗੜਾ ਝੇੜਾ, ਝੰਝਟ ਨਜ਼ਰ ਕੋਈ ਨਾ ਆਈਆ । ਜਿਸ ਕਿਹਾ ਤੂੰ ਮੇਰਾ ਮੈਂ ਤੇਰਾ, ਸੋ ਗੁਰਮੁਖ ਬਹਿ ਬਹਿ ਖ਼ੁਸ਼ੀ ਮਨਾਈਆ । ਇਕੋ ਰੰਗ ਗੁਰੂ ਗੁਰ ਚੇਰਾ, ਚੇਲਾ ਗੁਰੂ ਇਕੋ ਧਾਰ ਸਮਾਈਆ । ਪਰਮ ਪੁਰਖ ਦਾ ਖੁਲ੍ਹਾ ਵਿਹੜਾ, ਆਰ ਪਾਰ ਕਿਨਾਰਾ ਦੱਸੇ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਜਿਨ ਸਾਚੇ ਰਿਹਾ ਵਖਾਈਆ । ਪੰਧ ਮੁਕਾ ਕੇ ਗੁਰਮੁਖ ਚੜ੍ਹਿਆ, ਘਰ ਸੱਚਾ ਨਜ਼ਰੀ ਆਈਆ । ਪੁਰਖ ਅਕਾਲ ਬਾਹੋਂ ਫੜਿਆ, ਫੜ ਆਪਣਾ ਰੰਗ ਰੰਗਾਈਆ । ਚਾਰੋਂ ਕੁੰਟ ਵਖਾ ਕੇ ਦਰਿਆ, ਦਰ ਦਰਵਾਜਾ ਇਕ ਖੁਲ੍ਹਾਈਆ । ਜਿਸ ਸਿੰਘਾਸਣ ਹਰਿ ਜੂ ਖੜ੍ਹਿਆ, ਸੋਭਾਵੰਤ ਸੋਭਾ ਪਾਈਆ । ਗੁਰਮੁਖ ਸਰਨਾਈ ਸਾਚੀ ਪੜ੍ਹਿਆ, ਢਹਿ ਢਹਿ ਸੀਸ ਨਿਵਾਈਆ । ਅਬਿਨਾਸ਼ੀ ਕਰਤਾ ਦੇਵੇ ਵਰਿਆ, ਵਰ ਦਾਤਾ ਵੱਡਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਮੰਜ਼ਲ ਮੁਕ ਗਈ ਜਗ, ਜਗ ਜੀਵਣ ਦਾਤੇ ਦਿਤੀ ਮੁਕਾਈਆ । ਸਚ ਦਵਾਰਾ ਵੇਖਿਆ ਹਜ, ਹੁਜਰਾ ਇਕੋ ਇਕ ਸੁਹਾਈਆ । ਪਰਵਰਦਿਗਾਰ ਬੈਠਾ ਸਜ, ਬੇਨਜ਼ੀਰ ਕਰ ਰੁਸ਼ਨਾਈਆ । ਇਕੋ ਢੋਲਾ ਗਾਏ ਸਦ, ਸੱਚਾ ਰਾਗ ਅਲਾਈਆ । ਨੂਰ ਇਲਾਹੀ ਪਰਗਟ ਹੋ ਕੇ ਦੱਸੇ ਭੇਵ ਵਾਹਦ, ਲਾਸ਼ਰੀਕ ਦਏ ਸਮਝਾਈਆ । ਲੱਖ ਚੁਰਾਸੀ ਵਿਚੋਂ ਇਹ ਮੌਕਾ ਕਿਸੇ ਮਿਲੇ ਸਾਇਦ, ਸ਼ਾਹ ਪਾਤਸ਼ਾਹ ਕੋਟਨ ਕੋਟ ਜਨਮ ਰੁਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਜੋ ਕੀਤਾ ਅਹਿਦ, ਸੋ ਪੂਰਾ ਰਿਹਾ ਕਰਾਈਆ । ਮਿਹਰਵਾਨ ਆਪਣਾ ਕਦੇ ਨਾ ਭੁੱਲੇ ਕਾਨੂੰਨ ਕਵਾਇਦ, ਕਾਇਦਾ ਆਪਣਾ ਇਕ ਰਖਾਈਆ । ਕਲਜੁਗ ਅੰਤਮ ਜਨ ਭਗਤਾਂ ਦੇਵੇ ਮੁਫ਼ਾਇਦ, ਮੁਫ਼ਤ ਆਪਣੀ ਦਇਆ ਕਮਾਈਆ । ਜੁਗ ਚੌਕੜੀ ਜੋ ਕਰਦਾ ਗਿਆ ਹਦਾਇਤ, ਹਜ਼ਰਤ ਹਰਿਜੂ ਖੇਲ ਰਚਾਈਆ । ਸਚ ਪ੍ਰੀਤੀ ਕਰ ਅਨਾਇਤ, ਬਖ਼ਸ਼ਿਸ਼ ਬਖ਼ਸ਼ੇ ਬੇਪਰਵਾਹੀਆ । ਆਪਣਾ ਪੂਰਾ ਕਰੇ ਫ਼ਰਾਇਜ਼, ਫ਼ਾਰਗ ਹੋ ਕੇ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦ ਮੁਰਸ਼ਦ ਲਏ ਮਿਲਾਈਆ । ਮੁਕਿਆ ਪੰਧ ਮਿਲਿਆ ਮੁਰਸ਼ਦ, ਮਹਿਬੂਬ ਇਕੋ ਨਜ਼ਰੀ ਆਈਆ । ਕਰੇ ਪਿਆਰ ਵਿਚੋਂ ਆਪਣੀ ਫ਼ੁਰਸਤ, ਵਿਹਲਾ ਹੋ ਕੇ ਹੋਵੇ ਸਹਾਈਆ । ਉਸ ਦੀ ਰਸਨਾ ਜਿਹਵਾ ਜ਼ਬਾਨ ਕਿਆ ਕਰੇ ਉਸਤਤ, ਵਡਿਆਈ ਵਿਚ ਵੱਡਾ ਨਾ ਕੋਈ ਸਮਝਾਈਆ । ਜਿਸ ਦਾ ਭੇਵ ਨਾ ਪਾਇਆ ਕਿਸੇ ਪੁਸਤਕ, ਜੁਗ ਚੌਕੜੀ ਲਿਖ ਲਿਖ ਲੇਖ ਨਾ ਕੋਈ ਵਖਾਈਆ । ਜਨ ਭਗਤਾਂ ਕਰੇ ਸਦਾ ਉਲਫ਼ਤ, ਮੁਰੀਦਾਂ ਮੁਰਸ਼ਦ ਦਏ ਵਡਿਆਈਆ । ਕਲਜੁਗ ਅੰਤਮ ਹੋ ਕੇ ਮੁਫ਼ਲਸ, ਘਰ ਗ਼ਰੀਬਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਮੰਜ਼ਲ ਰਿਹਾ ਮੁਕਾਈਆ । ਪੈਂਡਾ ਮੁੱਕਿਆ ਪਾਇਆ ਪਾਰਬ੍ਰਹਮ, ਬ੍ਰਹਮ ਵੱਜੀ ਇਕ ਵਧਾਈਆ । ਪੂਰਨ ਹੋਇਆ ਗੁਰਮੁਖ ਕਰਮ, ਕਾਜ ਕਰਤਾ ਆਪ ਰਚਾਈਆ । ਸਹਿੰਸਾ ਰੋਗ ਚੁਕਿਆ ਭਰਮ, ਭਾਂਡਾ ਭੌ ਭੰਨਾਈਆ । ਸਚ ਪ੍ਰੀਤੀ ਦੱਸਿਆ ਧਰਮ, ਪੁਰਖ ਅਕਾਲ ਇਕ ਸਰਨਾਈਆ । ਸੱਚਾ ਮਾਲਕ ਚਾਰ ਵਰਨ, ਸ਼ਹਿਨਸ਼ਾਹ ਇਕ ਅਖਵਾਈਆ । ਠੰਡ ਪਈ ਦਵਾਰੇ ਧੁਰ ਦੇ ਚਰਨ, ਚਰਨੋਦਕ ਮਿਲੀ ਵਡਿਆਈਆ । ਮੰਜ਼ਲ ਮੁੱਕੀ ਮੁਕਿਆ ਜਨਮ ਮਰਨ, ਲੱਖ ਚੁਰਾਸੀ ਡੇਰਾ ਢਾਹੀਆ । ਭਗਤ ਭਗਵਾਨ ਜਿਸ ਦਵਾਰੇ ਬਹਿ ਕੇ ਢੋਲਾ ਪੜ੍ਹਨ, ਸੋਹੰ ਸੱਚਾ ਰਾਗ ਅਲਾਈਆ । ਓਸ ਗ੍ਰਿਹ ਮੰਦਰ ਸੰਤ ਸੁਹੇਲੇ ਵਿਰਲੇ ਚੜ੍ਹਨ, ਦੂਜਾ ਲੰਘ ਕੋਈ ਨਾ ਜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਿਨ੍ਹਾਂ ਵਿਛੜਿਆਂ ਆਇਆ ਫੜਨ, ਰੁਠਿਆਂ ਲਏ ਮਨਾਈਆ । ਸੋ ਖ਼ੁਸ਼ੀਆਂ ਭਵਸਾਗਰ ਜਗ ਤਰਨ, ਸ਼ੌਹ ਦਰਿਆ ਨਾ ਕੋਈ ਰੁੜ੍ਹਾਈਆ । ਤੂੰਹੀ ਤੂੰਹੀ ਸਾਰੇ ਕਰਨ, ਇਕੋ ਇਕ ਨਾਮ ਧਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਇਆ ਵਰਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਤਮ ਪਰਮਾਤਮ ਪਰਮਾਤਮ ਆਤਮ ਨਾਰ ਕੰਤ ਸ੍ਰੀ ਭਗਵੰਤ, ਨਾਤਾ ਬਿਧਾਤਾ ਦਿਵਸ ਰਾਤਾ ਘੜੀ ਪਲ ਆਪਣੇ ਨਾਲ ਜੁੜਾਈਆ ।

## ★ ੧੭ ਮਾਘ ੨੦੨੦ ਬਿਕਰਮੀ ਮੁਨਸ਼ਾ ਸਿੰਘ ਗਿਆਨ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ★

ਸ੍ਰੀ ਭਗਵਾਨ ਧੁਰ ਦੀ ਸਿਖਿਆ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਆਦਿ ਜੁਗਾਦੀ ਅਗੰਮੀ ਭਿਛਿਆ, ਬੇਪਰਵਾਹ ਆਪ ਵਰਤਾਇੰਦਾ । ਪੂਰੀ ਕਰ ਕਰ ਸਭ ਦੀ ਇਛਿਆ, ਆਸਾ ਮਨਸਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਭਿਛਿਆ ਦੇ ਨਿਰੰਕਾਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਭਿਛਿਆ ਅੰਦਰ ਸ਼ਬਦੀ ਧਾਰ, ਸੁਤ ਦੁਲਾਰਾ ਇਕ ਪਰਗਟਾਈਆ । ਭਿਛਿਆ ਅੰਦਰ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਭਿਛਿਆ ਅੰਦਰ ਥਿਰ ਘਰ ਦਰਬਾਰ, ਨਰ ਨਿਰੰਕਾਰਾ ਆਪ ਉਪਾਈਆ । ਭਿਛਿਆ ਅੰਦਰ ਦੇ ਭੰਡਾਰ, ਧੁਰ ਦੀ ਝੋਲੀ ਇਕ ਭਰਾਈਆ । ਭਿਛਿਆ ਅੰਦਰ ਵਿਸ਼ਨੂੰ ਪਸਾਰ, ਵਿਸ਼ਵ ਆਪਣਾ ਭੇਵ ਖੁਲ੍ਹਾਈਆ । ਭਿਛਿਆ ਅੰਦਰ ਬ੍ਰਹਮ ਪਸਾਰ, ਵਡ ਪਸਾਰੀ ਵੇਖ ਵਖਾਈਆ । ਭਿਛਿਆ ਅੰਦਰ ਸ਼ੰਕਰ ਧਾਰ, ਧੂਅੰਧਾਰ ਦਏ ਵਡਿਆਈਆ । ਭਿਛਿਆ ਅੰਦਰ ਸੁਨ ਅਗੰਮ ਅਖਾੜ, ਹਰਿ ਕਰਤਾ ਆਪ ਲਗਾਈਆ । ਭਿਛਿਆ ਅੰਦਰ ਜ਼ਿਮੀ ਅਸਮਾਨ, ਧਰਤ ਧਵਲ ਆਪ ਰਖਾਈਆ । ਭਿਛਿਆ ਅੰਦਰ ਰਵ ਸਸ ਉਜਿਆਰ, ਭਿਛਿਆ ਅੰਦਰ ਮੰਡਲ ਮੰਡਪ ਬਣਤ ਬਣਾਈਆ । ਭਿਛਿਆ ਅੰਦਰ ਨਿਰਗੁਣ ਸਰਗੁਣ ਕਰ ਪਸਾਰ, ਹਰਿ ਕਰਤਾ ਵੇਖ ਵਖਾਈਆ । ਭਿਛਿਆ ਅੰਦਰ ਲੱਖ ਚੁਰਾਸੀ ਬੰਨ ਧਾਰ, ਤ੍ਰੈ ਪੰਜ ਦਏ ਸਮਝਾਈਆ । ਭਿਛਿਆ ਅੰਦਰ ਪਰਗਟ ਕਰ ਗੁਰੂ ਅਵਤਾਰ, ਜੁਗ ਚੌਕੜੀ ਰੰਗ ਵਟਾਈਆ । ਭਿਛਿਆ ਅੰਦਰ ਪੀਰ ਪੈਗ਼ੰਬਰ ਦੇ ਅਧਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਸ ਵਟਾਈਆ । ਭਿਛਿਆ ਅੰਦਰ ਭਗਤ ਭੰਡਾਰ, ਹਰਿ ਆਪਣਾ ਨਾਮ ਵਰਤਾਈਆ । ਭਿਛਿਆ ਅੰਦਰ ਸੰਤ ਦੁਲਾਰ, ਸੁੱਖ ਸਾਗਰ ਵਿਚ ਰਖਾਈਆ । ਭਿਛਿਆ ਵਿਚ ਗੁਰਮੁਖ ਗੁਰ ਗੁਰ ਮੀਤ ਮੁਰਾਰ, ਅੰਕ ਸੁਹੇਲਾ ਨਜ਼ਰੀ ਆਈਆ । ਭਿਛਿਆ ਅੰਦਰ ਗੁਰਮੁਖ ਲਏ ਉਠਾਲ, ਸਿਰ ਆਪਣਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਆਪ ਵਰਤਾਈਆ । ਸਾਚੀ ਭਿਛਿਆ ਆਪਣਾ ਨਾਮ, ਹਰਿ ਕਰਤਾ ਆਪ ਜਣਾਈਆ । ਸਾਚੀ ਭਿਛਿਆ ਧੁਰ ਦਾ ਜਾਮ, ਅੰਮ੍ਰਿਤ ਪਿਆਲਾ ਇਕ ਵਖਾਈਆ । ਸਾਚੀ ਭਿਛਿਆ ਬ੍ਰਹਿਮੰਡ ਖੰਡ ਬਣਾਏ ਧਾਮ, ਅਸਥਾਨ ਭੂਮਿਕਾ ਆਪਣਾ ਭੇਵ ਜਣਾਈਆ । ਸਾਚੀ ਭਿਛਿਆ ਨਾਉਂ ਨਿਰੰਕਾਰ ਪਰਗਟਾਏ ਰਾਮ, ਲੋਕਮਾਤ ਦਏ ਵਡਿਆਈਆ । ਸਾਚੀ ਭਿਛਿਆ ਕਲਮਾ ਨਬੀ ਰਸੂਲ ਦਏ ਪੈਗ਼ਾਮ, ਆਇਤ ਇਕੋ ਇਕ ਜਣਾਈਆ । ਸਾਚੀ ਭਿਛਿਆ ਦੇਵਣਹਾਰਾ ਸਤਿਨਾਮ, ਸਤਿ ਸਤਿਵਾਦੀ ਖੇਲ ਰਚਾਈਆ । ਸਾਚੀ ਭਿਛਿਆ ਪੁਰਖ ਅਕਾਲ, ਦੀਨ ਦਿਆਲ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣੀ ਧਾਰ ਵਖਾਈਆ । ਸਾਚੀ ਭਿਛਿਆ ਆਦਿ ਜੁਗਾਦਿ, ਹਰਿ ਕਰਤਾ ਆਪ ਵਰਤਾਇੰਦਾ । ਸਾਚੀ ਭਿਛਿਆ ਸਚ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਰੰਗ ਰੰਗਾਇੰਦਾ । ਸਾਚੀ ਭਿਛਿਆ ਸ਼ਬਦ ਨਾਦ, ਧੁਨ ਆਤਮਕ ਰਾਗ ਅਲਾਇੰਦਾ । ਸਾਚੀ ਭਿਛਿਆ ਸੰਤ ਸਾਧ, ਹਰਿ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣੀ ਭਿਛਿਆ ਇਕ ਵਰਤਾਇੰਦਾ । ਸਾਚੀ ਭਿਛਿਆ ਸ੍ਰੀ ਭਗਵਾਨ, ਕਲਜੁਗ ਆਪਣੀ ਆਪ ਵਰਤਾਈਆ । ਲਹਿਣਾ ਦੇਣਾ ਜਾਣ ਦੋ ਜਹਾਨ, ਨਿਰਗੁਣ ਸਰਗੁਣ

ਖੇਲ ਕਰਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਕੋਟਨ ਕੋਟ ਪਰਗਟਾਏ ਆਪਣੇ ਨਾਮ, ਨਿਤ ਨਵਿਤ ਸਦਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਅਖਵਾਈਆ । ਸਾਚੀ ਭਿਛਿਆ ਕਰੇ ਪੁਕਾਰ, ਪ੍ਰਭ ਅੱਗੇ ਸੀਸ ਨਿਵਾਈਆ । ਜੁਗ ਚੌਕੜੀ ਵੇਖੇ ਚਾਰ, ਨਿਤ ਨਵਿਤ ਤੇਰੀ ਸੇਵ ਕਮਾਈਆ । ਵੰਡ ਵੰਡ ਝੋਲੀ ਪਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਭਿਛਿਆ ਕਹੇ ਮੈਂ ਮੰਗਾਂ ਮੰਗ, ਮਾਂਗਤ ਦਰ ਤੇ ਆਈਆ । ਜੁਗ ਚੌਕੜੀ ਵਰਤੀਂ ਪ੍ਰਭੂ ਸਵਾਂਗ, ਬਾਜ਼ੀਗਰ ਆਪਣੀ ਖੇਲ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮੇਰੀ ਸਾਰੇ ਰੱਖਦੇ ਗਏ ਤਾਂਘ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਲਿਖਾਈਆ । ਭਿਛਿਆ ਕਹੇ ਮੇਰੀ ਵੰਡਾਂ ਵੰਡ, ਵੰਡਣਹਾਰੇ ਤੈਨੂੰ ਤਰਸ ਕਿਉਂ ਨਾ ਆਈਆ । ਖੇਲ ਕਰ ਵਿਚ ਬ੍ਰਹਿਮੰਡ, ਵਰਭੰਡ ਰਚਨ ਰਚਾਈਆ । ਲੇਖਾ ਜਾਣ ਜੇਰਜ ਅੰਡ, ਉਤਭੁਜ ਸੇਤਜ ਆਪ ਵਰਤਾਈਆ । ਗੁਰ ਅਵਤਾਰਾਂ ਦੇ ਅਨੰਦ, ਸ਼ਬਦੀ ਕਲਮਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਦੂਜੀ ਓਟ ਰਹੇ ਨਾ ਰਾਈਆ । ਭਿਛਿਆ ਕਹੇ ਮੈਂ ਹੋਈ ਭਿਖਾਰਨ, ਦਰ ਦਰ ਘਰ ਘਰ ਫੇਰਾ ਪਾਈਆ । ਤੇਰੇ ਨਾਮ ਕੋਟਨ ਕੋਟ ਲੈ ਲੈ ਪੁਕਾਰਨ, ਉਚੀ ਕੂਕ ਕੂਕ ਸੁਣਾਈਆ । ਅੱਖਰਾਂ ਨਾਲ ਬਣਦੀ ਰਹੀ ਵਗਾਰਨ, ਪੱਥਰਾਂ ਵੇਖੀ ਭੇਟ ਚੜ੍ਹਾਈਆ । ਅੰਤਮ ਆਇਉਂ ਪੈਜ ਸਵਾਰਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਭਿਛਿਆ ਕਹੇ ਮੇਰਾ ਲੇਖਾ ਜਾਏ ਚੁਕ, ਲਹਿਣਾ ਰਹਿਣ ਕੋਇ ਨਾ ਪਾਈਆ । ਵੰਡ ਵੰਡਦੀ ਮੇਰਾ ਹਿੱਸਾ ਜਾਏ ਮੁਕ, ਘਰ ਸੱਚਾ ਇਕੋ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਕਿਰਪਾ ਦੇ ਦੇ ਥੋਕ, ਪਰਚੂਨ ਹੱਟ ਨਾ ਕੋਈ ਚਲਾਈਆ । ਸਾਹਿਬ ਸਤਿਗੁਰ ਨਿਰਮਲ ਜੋਤ, ਪੁਰਖ ਅਕਾਲ ਤੇਰੀ ਸਰਨਾਈਆ । ਮੈਂ ਸਦ ਵਸੀ ਤੇਰੇ ਇਕੋ ਸਚਖੰਡ ਸੱਚੇ ਕੋਟ, ਦੂਜਾ ਘਰ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਵਿਚ ਝਗੜਾ ਕੀਤਾ ਰੋਜ਼, ਜਾਤ ਪਾਤ ਵਿਚ ਕਰੀ ਲੜਾਈਆ । ਤੂੰ ਵੰਡਾਂ ਪਾ ਕੇ ਬੈਠਾ ਰਿਹੋਂ ਖ਼ਾਮੋਸ਼, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਂ ਬੈਠੀ ਬਣ ਦੋਸ਼, ਨਿਰਦੋਸ਼ੀ ਦੋਸ਼ ਲਗਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੋਚਦੀ ਰਹੀ ਸੋਚ, ਅੰਤਰ ਡਰ ਡਰ ਵੇਖ ਵਖਾਈਆ । ਕਵਣ ਵੇਲਾ ਪ੍ਰਭ ਪੂਰੀ ਕਰੇ ਮੇਰੀ ਲੋਚ, ਤ੍ਰਿਸਨਾ ਦੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਭਿਛਿਆ ਕਹੇ ਮੇਰੇ ਨਿਰੰਕਾਰ, ਤੇਰੇ ਹੱਥ ਮੇਰੀ ਵਡਿਆਈਆ । ਇਕੋ ਦੇ ਸਚ ਪਿਆਰ, ਪ੍ਰੀਤੀ ਆਪਣੇ ਨਾਲ ਲਗਾਈਆ । ਭੰਡਾਰਾ ਦੇ ਸਰਬ ਸੰਸਾਰ, ਲੱਖ ਚੁਰਾਸੀ ਜੀਵ ਤ੍ਰਿਪਤ ਕਰਾਈਆ । ਅੱਗੇ ਹੋਵਾਂ ਨਾ ਫੇਰ ਖਵਾਰ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਫੇਰਾ ਪਾਈਆ । ਦਰ ਵੇਖਾਂ ਤੇਰਾ ਇਕ ਦਰਬਾਰ, ਦਰਗਾਹ ਸਾਚੀ ਚਾਈਂ ਚਾਈਂਆ । ਜਿਸ ਗ੍ਰਹਿ ਵਸੇ ਆਪ ਨਿਰੰਕਾਰ, ਨਿਰਗੁਣ ਆਪਣਾ ਆਸਣ ਲਾਈਆ । ਤੂੰ ਦਾਤਾ ਦਾਨੀ ਦੇਵਣਹਾਰ, ਆਦਿ ਜੁਗਾਦਿ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪੁਕਾਰ, ਹੋਕਾ ਦੇ ਦੇ ਰਹੇ ਜਣਾਈਆ । ਕਲਜੁਗ ਅੰਤ

ਸ੍ਰੀ ਭਗਵੰਤ, ਕਰੇ ਖੇਲ ਅਪਾਰ, ਅਪਰੰਪਰ ਆਪਣਾ ਵੇਸ ਵਟਾਈਆ । ਈਸਾ ਮੂਸਾ ਮੁਹੰਮਦ ਜਿਸ ਨੂੰ ਮੰਨਦੇ ਗਏ ਸਾਂਝਾ ਯਾਰ, ਲਾਸ਼ਰੀਕ ਨੂਰ ਖ਼ੁਦਾਈਆ । ਮੁਕਾਮੇ ਹੱਕ ਪਰਵਰਦਿਗਾਰ, ਬੇਐਬ ਕਰੇ ਰੁਸ਼ਨਾਈਆ । ਨਿਰਗੁਣ ਨਿਰਵੈਰ ਹੋਏ ਉਜਿਆਰ, ਨਿਹਕਲੰਕਾ ਨਾਉਂ ਧਰਾਈਆ । ਵੇਦ ਵਿਆਸਾ ਕਰ ਪੁਕਾਰ, ਧੁਰ ਦਾ ਲੇਖਾ ਗਿਆ ਜਣਾਈਆ । ਨਾਨਕ ਗੋਬਿੰਦ ਲੇਖਾ ਲਿਖਿਆ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਗੰਮਾ ਆਵੇ ਆਪਣੀ ਧਾਰ, ਨਾ ਕੋਈ ਜਨਮੇ ਪਿਤਾ ਮਾਈਆ । ਸੰਬਲ ਵਸੇ ਧਾਮ ਨਿਆਰ, ਮਹਲ ਅਟੱਲ ਕਰ ਰੁਸ਼ਨਾਈਆ । ਸਾਚੀ ਭਿਛਿਆ ਕਹੇ ਮੈਨੂੰ ਲੈ ਕੇ ਜਾਏ ਨਾਲ, ਆਪ ਆਪਣੇ ਸੰਗ ਰਖਾਈਆ । ਸ੍ਰਿਸ਼ਟ ਸਬਾਈ ਵੇਖ ਹਾਲ, ਦਹਿ ਦਿਸ਼ਾ ਖੋਜ ਖੁਜਾਈਆ । ਸਦੀ ਬੀਸਵੀਂ ਹੋ ਦਿਆਲ, ਦਇਆਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਭਿਛਿਆ ਕਹੇ ਮੇਰੀ ਆਸਾ ਪੂਰੇ, ਪ੍ਰਭ ਵੱਡਾ ਵਡ ਵਡਿਆਈਆ । ਕਲਜੁਗ ਨਾਤਾ ਤੋੜੇ ਕੂੜੇ, ਸਚ ਸੁੱਚ ਇਕ ਵਰਤਾਈਆ । ਦਰ ਦਰ ਵੱਜਣ ਅਨਹਦ ਤੂਰੇ, ਧੁਰ ਦਾ ਰਾਗ ਸੁਣਾਈਆ । ਪਰਗਟ ਹੋਵੇ ਹਾਜ਼ਰ ਹਜ਼ੂਰੇ, ਹਰਿ ਹਜ਼ਰਤ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਭਿਛਿਆ ਕਹੇ ਮੰਗਾਂ ਭਿਖਿਆ, ਭਿਖਕ ਰੂਪ ਵਟਾਈਆ । ਪਾਰਬ੍ਰਹਮ ਓਹ ਲੇਖਾ ਕੱਢ ਲਿਖਿਆ, ਜਿਸ ਦਾ ਰੂਪ ਨਜ਼ਰ ਕੋਇ ਨਾ ਆਈਆ । ਅੱਖਰਾਂ ਵਿਚ ਕਿਸੇ ਨਾ ਦਿਸਿਆ, ਕਲਮ ਛਾਹੀ ਨਾ ਬੰਦ ਕਰਾਈਆ । ਹੱਥਾਂ ਨਾਲ ਨਾ ਜਾਏ ਭਿਟਿਆ, ਕੂੜਾ ਰੰਗ ਨਾ ਕੋਇ ਚੜ੍ਹਾਈਆ । ਜਿਸ ਦਾ ਨੂਰ ਇਕੋ ਚਿਟਿਆ, ਸਤਿ ਸਫੇਦੀ ਧਾਰ ਵਹਾਈਆ । ਸਚ ਦਵਾਰੇ ਜਿਸ ਨੂੰ ਰੱਖਿਆ, ਸਚਖੰਡ ਲਿਆ ਟਿਕਾਈਆ । ਜਿਸ ਗ੍ਰਿਹਿ ਮੰਦਰ ਸਵਾਮੀ ਆਪੇ ਵਸਿਆ, ਸਚ ਸਿੰਘਾਸਣ ਡੇਰਾ ਲਾਈਆ । ਮੇਰਾ ਲੇਖਾ ਵਖਾਲ ਹੱਥੋ ਹਥਿਆ, ਦਰ ਠਾਂਡੇ ਮੰਗ ਮੰਗਾਈਆ । ਮੈਂ ਨੇਤਰ ਵੇਖਾਂ ਅੱਖੀਆਂ, ਲੋਚਣ ਮੇਰਾ ਇਕ ਖੁਲ੍ਹਾਈਆ । ਮੈਂ ਜਾ ਕੇ ਦੱਸਾਂ ਸਖੀਆਂ, ਜੋ ਗੁਰਮੁਖ ਰੂਪ ਨਜ਼ਰੀ ਆਈਆ । ਮੈਨੂੰ ਲੱਭਣ ਨਾ ਜਾਏ ਕੋਈ ਵਿਚੋਂ ਹੱਟੀਆਂ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਭਿਛਿਆ ਹੱਕ ਨਾ ਕੋਈ ਵਰਤਾਈਆ । ਮੈਂ ਵਸ ਹੋਈ ਇਕੋ ਕਮਲਾਪਤੀਆ, ਪਤਿਪਰਮੇਸ਼ਵਰ ਬੇਪਰਵਾਹੀਆ । ਨਿਰਧਨ ਹੋ ਕੇ ਓਸ ਦੀ ਚਰਨੀ ਢੱਠੀਆ, ਮਾਣ ਅਭਿਮਾਣ ਨਜ਼ਰ ਕੋਈ ਨਾ ਆਈਆ । ਮੇਰੀ ਕੀਮਤ ਕੋਈ ਨਾ ਪਾਵੇ ਤੋਲੇ ਮਾਸ਼ੇ ਵਿਚ ਰਤੀਆਂ, ਤੱਕੜ ਕੰਡੇ ਨਾ ਕੋਈ ਚੜ੍ਹਾਈਆ । ਲੇਖਾ ਲੇਖ ਲਿਖੇ ਨਾ ਉਤੇ ਫੱਟੀਆਂ, ਦੂਜੀ ਗਣਤ ਨਾ ਕੋਈ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਮੇਰਾ ਲੇਖਾ ਪੂਰ ਕਰਾਈਆ । ਪਹਿਲਾ ਲੇਖਾ ਫੋਲ ਭਗਵਾਨ, ਬਿਨ ਅੱਖਾਂ ਵੇਖ ਵਖਾਇੰਦਾ । ਭਿਛਿਆ ਸ਼ਬਦ ਮੇਲਾ ਮਿਲਿਆ ਆਣ, ਹਰਿ ਕਰਤਾ ਭੇਵ ਚੁਕਾਇੰਦਾ । ਜੁਗ ਜੁਗ ਜੀਆਂ ਵਿਚ ਵੰਡਦਾ ਰਿਹਾ ਦਾਨ, ਨਿੱਕਾ ਨਿੱਕਾ ਰੂਪ ਵਖਾਇੰਦਾ । ਅੰਤਮ ਸਾਰੇ ਇਕੱਠੇ ਕੀਤੇ ਆਣ, ਬਚਿਆ ਰਹਿਣ ਕੋਈ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੈਠੇ ਵਿਚ ਮਕਾਨ, ਮੰਦਰ ਇਕੋ ਇਕ ਵਖਾਇੰਦਾ । ਕਲਮਾ ਨਬੀ ਰਸੂਲ ਮੰਨ ਕੇ ਗਏ ਈਮਾਨ, ਹਕੀਕਤ ਵਿਚ ਸੀਸ ਸਰਬ ਨਿਵਾਇੰਦਾ । ਤੇਰਾ ਲੇਖਾ ਤੇਰੇ ਹੱਥ ਮਿਹਰਵਾਨ, ਅੱਗੇ ਹੁਕਮ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਕਰਾਇੰਦਾ । ਭਿਛਿਆ ਵੇਖ

੪੦੬
੧੯

ਖੇਲ ਲਿਖਿਆ, ਹਰਿ ਲੇਖਕ ਦਏ ਜਣਾਈਆ । ਜੁਗ ਚੌਕੜੀ ਦਿਸੇ ਮਿਥਿਆ, ਥਿਰ ਕੋਈ ਰਹਿਣ ਨਾ ਪਾਈਆ । ਹਰਿ ਕਾ ਖੇਲ ਸਦਾ ਅਨਡਿਠਿਆ, ਅਨਡਿਠੜੀ ਕਾਰ ਕਮਾਈਆ । ਕਲਜੁਗ ਵੇਲਾ ਅੰਤਮ ਬੀਤਿਆ, ਚੌਕੜੀ ਭੱਜੀ ਵਾਹੋ ਦਾਹੀਆ । ਪ੍ਰਭ ਸਭ ਦੇ ਖ਼ਾਲੀ ਕੀਤੇ ਖੀਸਿਆ, ਵਸਤ ਅਮੋਲਕ ਆਪਣੀ ਆਪੇ ਝੋਲੀ ਪਾਈਆ । ਕਿਸੇ ਦਵਾਰਿਉਂ ਕਿਸੇ ਕੋਈ ਨਾ ਮਿਲੇ ਭਿਛਿਆ, ਭਿਛਿਆ ਦੇਣ ਵਾਲਾ ਦਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਆਪ ਕਮਾਈਆ । ਭਿਛਿਆ ਕਿਹਾ ਮੈਂ ਕਰਾਂ ਕਰਾਂ ਅਰਜ਼, ਪ੍ਰਭ ਸੱਚੇ ਸੀਸ ਨਿਵਾਈਆ । ਧੰਨ ਭਾਗ ਜੇ ਪੂਰਾ ਕਰੇ ਫ਼ਰਜ਼, ਪ੍ਰਭ ਵੇਲਾ ਵਕਤ ਸੁਹਾਈਆ । ਮੇਰੀ ਲੇਖੇ ਲਾਉਣੀ ਗਰਜ਼, ਤ੍ਰਿਸਨਾ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਾਹਿਬ ਸਤਿਗੁਰ ਪੁਰਖ ਅਕਾਲ ਆਪ ਮਨੌਂਦਾ ਏ । ਧੁਰ ਭਰਵਾਸਾ ਇਕ ਰਖੌਂਦਾ ਏ । ਭਿਛਿਆ ਤੇਰਾ ਨੇਤਰ ਨੈਣ ਖੁਲੌਂਦਾ ਏ । ਅੱਖੀਂ ਵੇਖਿਆ ਸਭ ਕੁਛ ਸਮਝੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ, ਹਰਿ ਸਰਨਾਈ ਸੀਸ ਨਿਵਾਉਂਦਾ ਏ । ਪਿਛਲਾ ਛੱਡਿਆ ਜਗਤ ਅਡੰਬਰ, ਨਾਤਾ ਮਾਤ ਨਾ ਕੋਈ ਰਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਵਡਿਔਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵੌਂਦਾ ਏ । ਸਚ ਸੰਦੇਸ਼ਾ ਇਕੋ ਇਕ ਅਲੌਂਦਾ ਏ । ਜੁਗ ਚੌਕੜੀ ਜੋ ਕਰਿਆ ਵੇਸਾ, ਤੇਰਾ ਹੁਕਮ ਸੀਸ ਝੁਕੌਂਦਾ ਏ । ਪ੍ਰਭ ਠਾਕਰ ਇਕ ਨਰੇਸ਼ਾ, ਸ਼ਹਿਨਸ਼ਾਹ ਇਕੋ ਇਕ ਮਨੌਂਦਾ ਏ । ਪੁਰਖ ਅਕਾਲ ਜੋ ਤੇਰੀ ਭਿਛਿਆ, ਸਾਡੀ ਝੋਲੀ ਉਹ ਪੌਂਦਾ ਏ । ਮੈਨੂੰ ਕੀਤੀ ਭੇਟਾ, ਆਪਣੇ ਖ਼ਾਲੀ ਹੱਥ ਰਖੌਂਦਾ ਏ । ਗੋਬਿੰਦ ਪੁਰਖ ਅਕਾਲ ਤੇਰਾ ਇਕੋ ਧੁਰ ਦਾ ਬੇਟਾ, ਜਿਸ ਦੇ ਹੱਥ ਸਰਬ ਫੜੌਂਦਾ ਏ । ਪੂਰਬ ਲਿਖਿਆ ਰੱਖੇ ਚੇਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਸੰਦੇਸ਼ਾ ਇਕ ਸੁਣੌਂਦਾ ਏ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਗੁਰ ਅਵਤਾਰਾਂ ਆਖ ਸੁਣੌਂਦਾ ਏ । ਪੀਰ ਪੈਗ਼ੰਬਰਾਂ ਮੇਟ ਮਿਟੌਂਦਾ ਏ । ਚਾਰ ਜੁਗ ਦੀ ਭਿਛਿਆ ਕਰ ਕੇ ਇਕੱਠੀ, ਇਕੋ ਘਰ ਬਹੌਂਦਾ ਏ । ਧੁਰ ਦੀ ਦੇ ਕੇ ਸਾਚੀ ਮਤੀ, ਮਤ ਇਕੋ ਇਕ ਜਣੌਂਦਾ ਏ । ਸਚ ਦਰਬਾਰ ਖੋਲ੍ਹੀ ਹੱਟੀ, ਹਟਵਾਣਾ ਹਰਿ ਜੂ ਹੱਟ ਚਲੌਂਦਾ ਏ । ਸ੍ਰਿਸ਼ਟ ਸਬਾਈ ਕਰਨਾ ਪੱਖੀ, ਪੱਖ ਇਕੋ ਇਕ ਵਖੌਂਦਾ ਏ । ਵਸਤ ਅਮੋਲਕ ਦੇਵਾਂ ਹੱਥੀਂ, ਦੂਜਾ ਸੰਗ ਨਾ ਕੋਈ ਰਲੌਂਦਾ ਏ । ਮਾਤਲੋਕ ਜਾਵੇ ਨੱਠੀ, ਅੱਧ ਵਿਚਕਾਰ ਨਾ ਕੋਈ ਅਟਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜੌਂਦਾ ਏ । ਪੁਰਖ ਅਕਾਲ ਆਪ ਸੇਵਾ ਲੌਂਦਾ ਹੈ । ਭਿਛਿਆ ਧੁਰ ਦੀ ਆਪ ਅਲੌਂਦਾ ਏ । ਲੋਕਮਾਤ ਰਾਹ ਵਖੌਂਦਾ ਏ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਤੇਰਾ ਸੰਗ ਰਖੌਂਦਾ ਏ । ਜਾ ਕੇ ਦੱਸ ਅਗੰਮੀ ਬਾਤ, ਜੋ ਪੁਰਖ ਅਕਾਲ ਪੜ੍ਹੌਂਦਾ ਏ । ਲੱਖ ਚੁਰਾਸੀ ਇਕੋ ਨਾਤ, ਦੂਜੀ ਵੰਡ ਨਾ ਕੋਈ ਵੰਡੌਂਦਾ ਏ । ਹਰ ਘਟ ਅੰਦਰ ਪ੍ਰਭ ਦੀ ਖਾਟ, ਘਰ ਘਰ ਆਪਣਾ ਡੇਰਾ ਲੌਂਦਾ ਏ । ਦਰ ਦਰ ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਰਸ ਝਿਰੌਂਦਾ ਏ । ਮੰਦਰ ਵਸੇ ਬਹਿ ਇਕਾਂਤ, ਸੋਭਾਵੰਤ ਸੋਭਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਆਪ ਸਮਝੌਂਦਾ ਏ । ਜਨ ਭਗਤਾਂ ਉਪਰ ਜਾਣਾ ਤੁਠ, ਹੱਥ ਤੇਰੇ ਵਡਿਆਈਆ । ਨਿਰਵੈਰ

੪੦੬
੧੯

ਹੋ ਕੇ ਕਰਨਾ ਰੁਖ਼, ਭੱਜਣਾ ਵਾਹੋ ਦਾਹੀਆ । ਓਹਨਾਂ ਜਾ ਕੇ ਘਰ ਘਰ ਪੁੱਛ, ਜੋ ਮੇਰਾ ਨਾਮ ਧਿਆਈਆ । ਡੂੰਘੀ ਭਵਰੀ ਜਾਣਾ ਲੁਕ, ਸਾਢੇ ਤਿੰਨ ਹੱਥ ਅੰਦਰ ਸੋਭਾ ਪਾਈਆ । ਨਿਉਂ ਕੇ ਸਜਦਾ ਕਰਨਾ ਝੁਕ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਈਆ । ਸਾਚੀ ਭਿਛਿਆ ਹੋ ਤਿਆਰ, ਤ੍ਰੈਗੁਣ ਅਤੀਤਾ ਆਪ ਕਰਾਇੰਦਾ । ਤੇਰੀ ਵੰਡਾਂ ਵੰਡ ਇਕ ਅਪਾਰ, ਦੂਜਾ ਹਿੱਸਾ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਕਰਨਾ ਇਕ ਪਿਆਰ, ਚਾਰੇ ਖਾਣੀ ਤੇਰਾ ਮੇਲ ਮਿਲਾਇੰਦਾ । ਚਾਰੇ ਬਾਣੀ ਦੇ ਅਧਾਰ, ਚਾਰੇ ਜੁਗ ਸੰਗ ਵਖਾਇੰਦਾ । ਚਾਰੇ ਵਰਨਾਂ ਖੋਲ੍ਹ ਕਿਵਾੜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰਾ ਸੰਗ ਵਖਾਇੰਦਾ । ਸ੍ਰਿਸ਼ਟ ਸਬਾਈ ਦੱਸ ਬੋਲ ਇਕ ਜੈਕਾਰ, ਨਾਅਰਾ ਹੱਕ ਹੱਕ ਸੁਣਾਇੰਦਾ । ਆਤਮ ਪਰਮਾਤਮ ਦੇ ਅਧਾਰ, ਤੇਰਾ ਮਾਰਗ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਇਕ ਵਖਾਇੰਦਾ । ਭਿਛਿਆ ਕਹੇ ਮੈਂ ਉਠ ਕੇ ਜਾਵਾਂਗੀ । ਸ੍ਰੀ ਭਗਵਾਨ ਤੇਰੇ ਚਰਨਾਂ ਸੀਸ ਨਿਵਾਵਾਂਗੀ । ਲੋਕਮਾਤ ਲੈ ਫ਼ਰਮਾਣ, ਜੀਵ ਜੰਤ ਸਰਬ ਸੁਣਾਵਾਂਗੀ । ਪੁਰਖ ਅਬਿਨਾਸ਼ੀ ਹੋਇਆ ਮਿਹਰਵਾਨ, ਢੋਲਾ ਇਕੋ ਇਕ ਗਾਵਾਂਗੀ । ਆਤਮ ਪਰਮਾਤਮ ਦੇਵੇ ਮਾਣ, ਬ੍ਰਹਮ ਪਾਰਬ੍ਰਹਮ ਅਲਾਵਾਂਗੀ । ਜੀਵ ਜੰਤ ਸੁਣੋ ਕਰੋ ਧਿਆਨ, ਹੋਕੇ ਦੇ ਦੇ ਆਖ ਸੁਣਾਵਾਂਗੀ । ਇਕੋ ਭਿਛਿਆ ਦਿਤੀ ਸ੍ਰਿਸ਼ਟ ਸਬਾਈ ਧੁਰ ਦਾ ਦਾਨ, ਵਸਤ ਅਮੋਲਕ ਇਕ ਵਖਾਵਾਂਗੀ । ਰਲ ਮਿਲ ਸਾਰੇ ਗਾਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਬਣ ਵਿਚੋਲਣ ਸਚਖੰਡ ਦਵਾਰ ਮਿਲਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਸਹਾਰੇ ਸੇਵ ਕਮਾਵਾਂਗੀ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਿਰ ਆਪਣਾ ਹੱਥ ਰਖੌਂਦਾ ਏ । ਧੁਰ ਸੰਦੇਸ਼ਾ ਇਕ ਸੁਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲੌਂਦਾ ਏ । ਸਾਰੇ ਰਲ ਮਿਲ ਕਰਨ ਅਦੇਸ, ਸੀਸ ਇਕੋ ਦਰ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸੁਣੌਂਦਾ ਏ । ਸਾਚੀ ਸਿਖਿਆ ਇਕ ਸਮਝੌਂਦਾ ਏ । ਪੁਰਖ ਅਬਿਨਾਸ਼ੀ ਖੇਲ ਰਚੌਂਦਾ ਏ । ਧੁਰ ਦੀ ਭਿਛਿਆ ਇਕੋ ਵਾਰ ਵਰਤੌਂਦਾ ਏ । ਨਾ ਕੋਈ ਮੇਟੇ ਹਰਿ ਦਾ ਲਿਖਿਆ, ਲੇਖਾ ਇਕੋ ਇਕ ਜਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਆਪ ਵਰਤੌਂਦਾ ਏ । ਸਾਚੀ ਭਿਛਿਆ ਸੋਹੰ ਸੋ, ਸਰਬ ਕਲਾ ਸਮਰਥ ਸਵਾਮੀ ਆਪ ਵਰਤਾਈਆ । ਲੱਖ ਚੁਰਾਸੀ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਲਗਾਈਆ । ਆਤਮ ਪਰਮਾਤਮ ਜਾਏ ਛੋਹ, ਦੂਈ ਦਵੈਤ ਰਹਿਣ ਨਾ ਪਾਈਆ । ਘਰ ਪਰਕਾਸ਼ ਕਰੇ ਲੋ, ਅੰਧ ਅੰਧੇਰ ਮਿਟਾਈਆ । ਬੀਜ ਅਗੰਮੀ ਦੇਵੇ ਬੋ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਆਪੇ ਝੋਲੀ ਪਾਈਆ । ਆਪਣੀ ਭਿਛਿਆ ਦੇ ਭਗਵਾਨ, ਜਨ ਭਗਤਾਂ ਦਏ ਵਡਿਆਈਆ । ਛੱਬੀ ਪੋਹ ਮੇਟ ਨਿਸ਼ਾਨ, ਨਿਸ਼ਾਨਾ ਗੁਰਮੁਖ ਲਏ ਰਖਾਈਆ । ਆਪਾ ਕਰ ਕੇ ਬਲੀਦਾਨ, ਬਲ ਭਗਤਾਂ ਰਿਹਾ ਪਰਗਟਾਈਆ । ਦਾਤਾ ਬਣ ਸ੍ਰੀ ਭਗਵਾਨ, ਦਇਆਵਾਨ ਦਇਆ ਰੂਪ ਵਖਾਈਆ । ਭਿਛਿਆ ਅੰਦਰ ਭਿਖਿਆ ਦਾਨ, ਭਿਖਿਆ ਵਿਚੋਂ ਭਿਛਿਆ ਆਪ ਹੋ ਜਾਈਆ । ਜਿਸ ਦੀ ਕਰੇ ਨਾ ਕੋਈ ਪਹਿਚਾਨ, ਰੂਪ ਰੰਗ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੪੦੭ ੧੯

ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਭਿਛਿਆ ਪਾ ਝੋਲੀ, ਤਨ ਮਾਟੀ ਖ਼ਾਕ ਰੰਗਾਈਆ । ਤਨ ਰੰਗੀਲਾ ਸੋਹਣੀ ਡੋਲੀ, ਹਰਿ ਠਾਕਰ ਬਣਤ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਰੁੱਤ ਬਸੰਤੀ ਸਾਚੀ ਮੌਲੀ, ਪਤ ਟਹਿਣੀ ਫੁਲ ਮੁਸਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿਖਿਆ ਪਾ ਕੇ ਦੱਸੀ ਬੋਲੀ, ਸੋਹੰ ਨਾਮ ਜਣਾਈਆ । ਸੋ ਕਹੇ ਮੇਰੀ ਭਿਖਿਆ ਅਟੱਲ, ਆਦਿ ਜੁਗਾਦਿ ਨਾ ਕੋਈ ਮਿਟਾਇੰਦਾ । ਹੰ ਕਹੇ ਮੇਰਾ ਵਧਿਆ ਬਲ, ਬਲਧਾਰੀ ਦਇਆ ਕਮਾਇੰਦਾ । ਦੋਹਾਂ ਮਸਲਾ ਹੋਇਆ ਹੱਲ, ਆਤਮ ਪਰਮਾਤਮ ਇਕੋ ਘਰ ਨਜ਼ਰੀ ਆਇੰਦਾ । ਜੁਗ ਚੌਕੜੀ ਪਿਛੋਂ ਪੁਰਖ ਅਕਾਲ ਦਿਤਾ ਫਲ, ਅੰਮ੍ਰਿਤ ਰਸ ਝੋਲੀ ਪਾਇੰਦਾ । ਸਾਹਿਬ ਸਤਿਗੁਰ ਪੁਰਖ ਸਵਾਮੀ ਭਿਛਿਆ ਜਾਏ ਬਲ ਬਲ, ਬਲਿਹਾਰੀ ਘਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖ਼ਾਲੀ ਭੰਡਾਰੇ ਦੇਵੇ ਭਰ, ਭਰਪੂਰ ਆਪਣੀ ਮਿਹਰ ਨਜ਼ਰ ਕਰਾਇੰਦਾ ।

੪੦੮

੧੯

★ ੧੭ ਮਾਘ ੨੦੨੦ ਬਿਕਰਮੀ ਉਜਾਗਰ ਸਿੰਘ ਦੇ ਨਵਿਤ ਪਿੰਡ ਚੇਬੇ ਜ਼ਿਲਾ ਗੁਰਦਾਸ ਪੁਰ ★

ਭਿਛਿਆ ਕਹੇ ਮੇਰੀ ਪੂਰੀ ਮੰਗ, ਪੁਰਖ ਅਕਾਲ ਅੰਤ ਕਰਾਈਆ । ਮੈਂ ਕੋਝੀ ਕਮਲੀ ਚਾੜ੍ਹ ਰੰਗ, ਸੋਹਣੀ ਬਣਤ ਬਣਾਈਆ । ਮਿਹਰਵਾਨ ਹੋ ਕੇ ਦਿਤਾ ਅਨੰਦ, ਰਸ ਆਪਣੇ ਵਿਚੋਂ ਚੁਆਈਆ । ਜਨ ਭਗਤ ਬਣਾਇਆ ਸੰਗ, ਸਗਲਾ ਸਾਥ ਵਖਾਈਆ । ਆ ਕੇ ਵੇਖਿਆ ਮਿਲਿਆ ਪਰਮਾਨੰਦ, ਨਿਝ ਆਤਮ ਵੱਜੀ ਵਧਾਈਆ । ਦੋ ਜਹਾਨਾਂ ਹੋ ਕੇ ਸੁਣਿਆ ਛੰਦ, ਸੋਹੰ ਢੋਲਾ ਰਹੇ ਗਾਈਆ । ਆਦਿ ਜੁਗਾਦਿ ਇਹ ਮੰਗੀ ਮੰਗ, ਪ੍ਰਭ ਇਕੋ ਆਪਣਾ ਨਾਮ ਦਏ ਸਮਝਾਈਆ । ਮੇਰੇ ਟੁੱਕੜੇ ਨਾ ਕਰੀਂ ਵੰਡ, ਖੰਡ ਖੰਡ ਨਾ ਰੂਪ ਵਟਾਈਆ । ਤੇਰੀ ਰਹਿਮਤ ਜੇਰਜ ਅੰਡ, ਉਤਭੁਜ ਸੇਤਜ ਤੇਰਾ ਨੂਰ ਨਜ਼ਰੀ ਆਈਆ । ਦੀਨ ਦਿਆਲ ਸਹਿਬ ਬਖ਼ਸ਼ੰਦ, ਬਖ਼ਸ਼ਸ਼ਿ ਤੇਰੀ ਵਡ ਵਡਿਆਈਆ । ਲੇਖੇ ਲੱਗੇ ਬ੍ਰਹਮ ਹੰ, ਪਾਰਬ੍ਰਹਮ ਵਿਚ ਸਮਾਈਆ । ਤੇਰੀ ਡੋਰੀ ਤੇਰਾ ਤੰਦ, ਤਾਣਾ ਪੇਟਾ ਤੂੰਹੀ ਨਜ਼ਰੀ ਆਈਆ । ਤੇਰਾ ਨਾਦ ਤੇਰਾ ਮਰਦੰਗ, ਢੋਲ ਨਗਾਰਾ ਤੇਰਾ ਰੂਪ ਵਖਾਈਆ । ਤੂੰਹੀ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਮੇਰੀ ਆਸਾ ਪੂਰ ਕਰਾਈਆ । ਭਿਛਿਆ ਕਹੇ ਮੋਹੇ ਚੜ੍ਹਿਆ ਚਾ, ਘਰ ਵੱਜੀ ਸਚ ਵਧਾਈਆ । ਪਰਮ ਪੁਰਖ ਪ੍ਰਭ ਬਣ ਮਲਾਹ, ਮੇਰਾ ਬੇੜਾ ਦਿਤਾ ਤਰਾਈਆ । ਜਨ ਭਗਤਾਂ ਨਾਲ ਮੇਰੀ ਸਲਾਹ, ਦੂਜੇ ਘਰ ਨਾ ਮੰਗਣ ਜਾਈਆ । ਜੋ ਇਕੋ ਨਾਮ ਰਹੇ ਧਿਆ, ਨਾਤਾ ਧੁਰ ਦਾ ਜੋੜ ਜੁੜਾਈਆ । ਖਹਿੜਾ ਛੁਟਿਆ ਜਲ ਥਲ ਅਸਗਾਹ, ਟਿੱਲੇ ਪਰਬਤ ਖੋਜਣ ਖੋਜ ਨਾ ਕੋਈ ਵਖਾਈਆ । ਮੈਂ ਓਹਨਾਂ ਪਕੜਾਂ ਬਾਂਹ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਸਦਾ ਹਰਿਸੰਗਤ ਵਿਚ ਰਹਾਂ, ਰਹਿ ਰਹਿ ਖ਼ੁਸ਼ੀ ਮਨਾਈਆ । ਸਾਚਾ ਢੋਲਾ ਮਿਲ ਕੇ ਕਹਾਂ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਰੀ ਬਣਤ ਬਣਾਈਆ । ਭਿਛਿਆ ਕਹੇ ਮੇਰੀ ਆਸਾ ਪੁੰਨੀ, ਮਿਹਰਵਾਨ ਦਇਆ ਕਮਾਈਆ । ਮੇਰੇ ਸਿਰ ਤੇ ਓਢਣ ਸਾਲੂ ਦਿਤਾ ਸਾਚੀ ਚੁੰਨੀ,

ਪਰਦਾ ਆਪਣਾ ਨਾਮ ਰਖਾਈਆ । ਮੇਲ ਮਿਲਾਇਆ ਗਹਿਰ ਗੰਭੀਰ ਵਡ ਗੁਣ ਗੁਣੀ, ਗੁਣਵੰਤ ਦਿਤੀ ਸਰਨਾਈਆ । ਲੱਖ ਚੁਰਾਸੀ ਵਿਚੋਂ ਉਤਮ ਸ੍ਰੇਸ਼ਟ ਗੁਰਮੁਖ ਗੁਰਸਿਖ ਮਿਲੇ ਵਡ ਮੁਨੀ, ਮੁਨੀ ਮੁਨੀਸ਼ਰ ਸਾਰ ਕੋਈ ਨਾ ਪਾਈਆ । ਜਿਨ੍ਹਾਂ ਅੰਦਰ ਧੁਨ ਆਤਮਕ ਨਾਦ ਵੱਜੇ ਅਗੰਮੀ ਧੁਨੀ, ਛੱਤੀ ਰਾਗ ਵੇਖ ਵੇਖ ਬਿਗਸਾਈਆ । ਸਹਿਬ ਸਤਿਗੁਰ ਪਿਆਰੇ ਮੇਰੀ ਸੁਣੀ, ਦੂਰ ਦੁਰਾਡਾ ਚਲ ਕੇ ਨੇੜੇ ਆਇਆ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨੈਣ ਉਠਾਈਆ । ਭਿਛਿਆ ਕਹੇ ਮੇਰਾ ਚੁਕਿਆ ਲੇਖਾ, ਬਾਕੀ ਨਜ਼ਰ ਕੋਇ ਨਾ ਆਈਆ । ਪਿਛਲਿਆਂ ਭੁਲਿਆ ਸਾਰਾ ਚੇਤਾ, ਅੱਗੇ ਖ਼ੁਸ਼ੀ ਇਕੋ ਇਕ ਵਖਾਈਆ । ਸਾਧ ਸੰਤ ਮੇਰਾ ਚੁੱਕੇ ਨਾ ਕੋਈ ਠੇਕਾ, ਬੋਲੀ ਦੇ ਨਾ ਬੋਲ ਚੜ੍ਹਾਈਆ । ਮੈਂ ਜਨ ਭਗਤਾਂ ਅੰਦਰ ਕਰਾਂ ਵਸੇਬਾ, ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਭਿਛਿਆ ਕਹੇ ਮੈਂ ਹੋਈ ਭਰਪੂਰ, ਪ੍ਰਭ ਪੂਰਨ ਦਇਆ ਕਮਾਈਆ । ਜਿਸ ਭਿਛਿਆ ਪਿਛੇ ਸੂਲੀ ਚੜ੍ਹਿਆ ਮਨਸੂਰ, ਮਨਸਾ ਆਪਣੀ ਇਕ ਵਖਾਈਆ । ਜਿਸ ਭਿਛਿਆ ਵਿਚੋਂ ਕਿਨਕਾ ਮਿਲਿਆ ਇਕ ਕੋਹਤੂਰ, ਸੋ ਮੂੰਹ ਦੇ ਭਾਰ ਸੁਟਾਈਆ । ਜਿਸ ਭਿਛਿਆ ਪਿਛੇ ਪੀਰ ਪੈਗ਼ੰਬਰ ਹੋਏ ਮਜ਼ਦੂਰ, ਦਰ ਘਰ ਸਾਚੇ ਸੇਵ ਕਮਾਈਆ । ਜਿਸ ਭਿਛਿਆ ਵਿਚੋਂ ਸਾਹਿਬ ਸਤਿਗੁਰ ਦਾ ਚਲੇ ਦਸਤੂਰ, ਪੁਰਖ ਅਕਾਲ ਆਪਣਾ ਰਾਹ ਵਖਾਈਆ । ਸੋ ਭਿਛਿਆ ਜਨ ਭਗਤਾਂ ਭਾਂਡੇ ਕਰੇ ਭਰਪੂਰ, ਖ਼ਾਲੀ ਨਜ਼ਰ ਕੋਈ ਨਾ ਆਈਆ । ਗ਼ਰੀਬ ਨਿਮਾਣੇ ਤੋੜ ਗਰੂਰ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਨਿਮਾਣੀ ਦਰ ਕੀਤਾ ਮਸ਼ਕੂਰ, ਮੁਸ਼ਕਲ ਮੇਰੀ ਹੱਲ ਕਰਾਈਆ । ਭਿਛਿਆ ਕਹੇ ਪ੍ਰਭ ਵੱਡਾ ਠਾਕਰ, ਜਿਸ ਠੇਕੇਦਾਰੀ ਖ਼ਤਮ ਕਰਾਈਆ । ਦਰ ਆਈ ਦੇ ਆਦਰ, ਜਨ ਭਗਤਾਂ ਸੰਗ ਮਿਲਾਈਆ । ਸਿਰ ਟਿਕਾ ਚਿਟੀ ਚਾਦਰ, ਦੁਰਮਤ ਮੈਲ ਦਾਗ਼ ਧਵਾਈਆ । ਮੇਰੀ ਮੰਗ ਮੰਗੀ ਗੁਰ ਤੇਗ ਬਹਾਦਰ, ਭੇਟਾ ਆਪਣਾ ਆਪ ਚੜ੍ਹਾਈਆ । ਮੇਰੀ ਮੰਗ ਮੰਗੀ ਗੋਬਿੰਦ ਵਿਚ ਸਰਸਾ ਸਾਗਰ, ਸਚ ਆਰਜ਼ੂ ਇਕ ਸੁਣਾਈਆ । ਮੈਂ ਅੰਗ ਲੱਗੀ ਓਸ ਕਰੀਮ ਕਾਦਰ, ਜਿਸ ਹੱਥ ਸਰਬ ਵਡਿਆਈਆ । ਮੇਰਾ ਨਿਰਮਲ ਕਰਮ ਕੀਤਾ ਉਜਾਗਰ, ਲੋਕਮਾਤ ਕਰੀ ਰੁਸ਼ਨਾਈਆ । ਜਨ ਭਗਤਾਂ ਸੰਗ ਕਰ ਕੇ ਆਦਲ, ਅਦਲ ਵਿਚ ਮੋਹੇ ਦਿਤਾ ਵਰਤਾਈਆ । ਮੈਂ ਆਪਣੀ ਧਾਰ ਲਈ ਬਦਲ, ਪਹਿਲਾ ਰੂਪ ਨਾ ਕੋਈ ਵਖਾਈਆ । ਜਨ ਭਗਤਾਂ ਨਾਲ ਮਿਲ ਕੇ ਮੇਰੀ ਪੂਰੀ ਹੋਈ ਮਜ਼ਲ, ਅੱਗੇ ਪੰਧ ਨਜ਼ਰ ਕੋਇ ਨਾ ਆਈਆ । ਜੋ ਸਾਹਿਬ ਮਹਿਬੂਬ ਦੀ ਗਾਵਨ ਇਕੋ ਗਜ਼ਲ, ਵਾਹਿਦ ਨਾਮ ਧਿਆਈਆ । ਮੈਂ ਓਹਨਾਂ ਆਈ ਬਗਲ, ਬਗਲਗੀਰ ਹੋ ਕੇ ਝੱਟ ਲੰਘਾਈਆ । ਪਹਿਲੀ ਵਾਰ ਜਨ ਭਗਤ ਦਵਾਰੇ ਮੁਖ ਲਗਾਵਾਂ ਸਗਨ, ਸਾਚੀ ਖ਼ੁਸ਼ੀ ਰਖਾਈਆ । ਜਿਸ ਨੂੰ ਜਗਤ ਜਹਾਨ ਕਹਿੰਦਾ ਪਾਗਲ, ਮੂਰਖ ਮੁਗਧ ਸ਼ੌਦਾਈਆ । ਸੋ ਚੇਬਿਆਂ ਵਿਚੋਂ ਸੱਦ ਕੇ ਲਿਆਂਦਾ ਆਪਣੇ ਚਰਨ, ਸਰਨ ਦਿਤੀ ਵਡਿਆਈਆ । ਨਿਮਸਕਾਰ ਸਾਰੇ ਕਰਨ, ਉਜਰਤ ਲੇਖਾ ਦਿਤਾ ਮੁਕਾਈਆ । ਸਾਰੀ ਸੰਗਤ ਨਾਲ ਕੀਤਾ ਪਰਨ, ਸ੍ਰੀ ਭਗਵਾਨ ਆਪਣੀ ਇਛਿਆ ਪਰਗਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਸੰਗਤ ਸੰਤ ਸੁਹੇਲੇ ਜੋ ਸੋਹੰ ਢੋਲਾ ਪੜ੍ਹਨ, ਸੋ ਸਰਬ ਸਰਬਤ ਆਪਣੇ ਲੇਖੇ ਲਾਈਆ । ਉਜਾਗਰ ਸਿੰਘ ਚਲਿਆ ਚੰਦ, ਮੁੱਖੜਾ ਸੋਹਣਾ ਨੂਰ ਚਮਕਾਈਆ । ਬਖ਼ਸ਼ਿਸ਼ ਕਹੇ ਮੈਨੂੰ ਕਰ

ਕੇ ਗੜਵੀ ਵਿਚ ਬੰਦ, ਘੁੱਟ ਕੇ ਡੋਰੀ ਲਏ ਬੰਧਾਈਆ । ਰਾਵੀ ਕੰਢਾ ਕੰਢੀ ਗਹਿਣ ਵਿਚੋਂ ਆਇਆ ਲੰਘ, ਚਲਿਆ ਵਾਹੋ ਦਾਹੀਆ । ਗੁਰ ਅਰਜਨ ਮੰਗੀ ਮੰਗ, ਖ਼ੁਸ਼ੀਆਂ ਨਾਲ ਸੁਣਾਈਆ । ਮੇਰਾ ਪ੍ਰੇਮ ਪਿਆਰਾ ਲੈ ਜਾ ਸੰਗ, ਜੋ ਬੈਠਾ ਰਾਹ ਤਕਾਈਆ । ਪੁਰਖ ਅਕਾਲ ਸੋਭੇ ਸੇਜ ਸੁਹੰਜਣੀ ਪਲੰਘ, ਘਰ ਗੁਰਮੁਖਾਂ ਡੇਰਾ ਲਾਈਆ । ਓਸ ਦੇ ਅੱਗੇ ਦੇਵੀਂ ਰੱਖ, ਅੱਖ ਨਾਲ ਸਮਝਾਈਆ । ਜੇ ਪ੍ਰਭੂ ਮੇਰਾ ਪ੍ਰਤੱਖ, ਤੈਨੂੰ ਕੋਝੇ ਕਮਲੇ ਦਏ ਵਡਿਆਈਆ । ਓਹ ਵੇਲਾ ਯਾਦ ਰੱਖ, ਜਿਸ ਵੇਲੇ ਤੱਤੀ ਲੋਹ ਬੈਠਾ ਅਗਨੀ ਡਾਹੀਆ । ਤੂੰ ਡਰਦੇ ਡਰਦੇ ਮੰਗੀ ਇਕ ਮੰਗ, ਦੋਏ ਜੋੜ ਵਾਸਤਾ ਪਾਈਆ । ਮੈਨੂੰ ਲੈ ਚਲ ਆਪਣੇ ਨਾਲ ਨਿਸੰਗ, ਮੈਥੋਂ ਦੁੱਖ ਝੱਲਿਆ ਨਾ ਜਾਈਆ । ਕਰ ਕਿਰਪਾ ਸਾਹਿਬ ਸਤਿਗੁਰ ਸ਼ਾਂਤ ਸਰੂਪ ਹੱਥ ਰੱਖਿਆ ਉਤੇ ਕੰਡ, ਪੰਜੇ ਨਾਲ ਸਮਝਾਈਆ । ਮੇਰਾ ਸਾਹਿਬ ਸਤਿਗੁਰ ਸਦਾ ਬਖ਼ਸ਼ੰਦ, ਪੁਰਖ ਅਕਾਲ ਬੇਪਰਵਾਹੀਆ । ਤੇਰੀ ਟੁੱਟੀ ਫੇਰ ਮੇਰੇ ਨਾਲ ਦੇਵੇ ਗੰਢ, ਰਾਵੀ ਕੰਢੇ ਜੋੜ ਜੁੜਾਈਆ । ਮੈਂ ਵੀ ਓਸੇ ਕੋਲੋਂ ਰਿਹਾ ਮੰਗ, ਜੋ ਸਭ ਦਾ ਪਿਤਾ ਮਾਈਆ । ਓਸੇ ਕਾਰਨ ਸ੍ਰੀ ਭਗਵਾਨ ਗੁਰ ਪ੍ਰਸਾਦਿ ਪ੍ਰਸਾਦਿ ਹਰਿਸੰਗਤ ਵਿਚ ਦਏ ਵੰਡ, ਜਿਸ ਵਿਚ ਵੰਡ ਨਜ਼ਰ ਕੋਇ ਨਾ ਆਈਆ । ਭਿਛਿਆ ਲੈਣ ਵਾਸਤੇ ਕੋਟਨ ਕੋਟ ਖੜ੍ਹੇ ਬ੍ਰਹਿਮੰਡ, ਦੇਵਤ ਸੁਰ ਧਿਆਨ ਲਗਾਈਆ । ਧੰਨ ਭਾਗ ਜੇ ਪ੍ਰਭ ਇਕ ਕਣਕਾ ਦੇ ਕੇ ਪਾਵੇ ਠੰਡ, ਅਗਨ ਦੋ ਜਹਾਨ ਨਾ ਕੋਇ ਤਪਾਈਆ । ਸਾਹਿਬ ਸ੍ਰੀ ਭਗਵਾਨ ਬਖ਼ਸ਼ੰਦ, ਸ਼ਬਦੀ ਸ਼ਬਦ ਸਭ ਨੂੰ ਦਾਤ ਰਿਹਾ ਵਰਤਾਈਆ । ਪ੍ਰੇਮ ਰਸ ਮੁਖ ਲਗਾ ਦੰਦ, ਸਾਰੇ ਖ਼ੁਸ਼ੀਆਂ ਨਾਲ ਸੋਹੰ ਢੋਲਾ ਗਾਈਆ । ਆ ਘੁੱਟ ਕੇ ਪਾਈਏ ਜੱਫੀ, ਖ਼ੁਸ਼ੀਆਂ ਰੰਗ ਵਖਾਈਆ । ਤੇਰੀ ਪ੍ਰੀਤੀ ਲੱਗੀ ਅੱਛੀ, ਸੋਹਣਾ ਰੂਪ ਵਟਾਈਆ । ਨਾਤਾ ਜੁੜਿਆ ਜਿਉਂ ਜਲ ਮੀਨ ਮੱਛੀ, ਤੜਫ ਤੜਫ ਨਾ ਹੋਏ ਕਦੇ ਜੁਦਾਈਆ । ਪ੍ਰੇਮ ਧਾਰ ਹੋਈ ਕੱਠੀ, ਵੰਡ ਸਕੇ ਨਾ ਕੋਈ ਵੰਡਾਈਆ । ਤੇਰੀ ਤਪਦੀ ਕੀਤੀ ਠੰਡੀ ਭੱਠੀ, ਅੰਮ੍ਰਿਤ ਮੇਘ ਬਰਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਹਿਬ ਸਤਿਗੁਰ ਬਣ ਕੇ ਕਮਲਾਪਤੀ, ਕਮਲਾ ਰਮਲਾ ਝੱਲਾ ਆਪਣੇ ਲੇਖੇ ਲਾਈਆ ।

★ ੧੮ ਮਾਘ ੨੦੨੦ ਬਿਕਰਮੀ ਸਿਮਲ ਸਕੋਰ ਨੂੰ ਜਾਂਦਿਆਂ ਰਾਵੀ ਦੇ ਕੰਢੇ ਜ਼ਿਲਾ ਗੁਰਦਾਸ ਪੁਰ ★

ਹਰਿਗੋਬਿੰਦ ਹਰਿ ਕੀ ਆਸਾ, ਮਨਸਾ ਅਨੁਭਵ ਭੇਵ ਚੁਕਾਇੰਦਾ । ਜੁਗ ਚੌਕੜੀ ਦੇਵਣਹਾਰ ਪੁਰਖ ਸਮਰਾਥਾ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਆਰ ਪਾਰ ਬਣ ਕੇ ਰਾਖਾ, ਦੋ ਜਹਾਨਾਂ ਸੇਵ ਕਮਾਇੰਦਾ । ਪਾਰ ਕੰਢੀ ਅਰਜਨ ਪੁਛੇ ਵਾਤਾਂ, ਬਿਧਾਤਾ ਵੇਖ ਵਖਾਇੰਦਾ । ਭਠਿਆਲਾ ਚਲ ਕੇ ਆਇਆ ਸਾਥਾ, ਬਣ ਪਾਂਧੀ ਪੰਧ ਮੁਕਾਇੰਦਾ । ਪਾਣੀ ਸਰਵਰ ਮਾਰੇ ਠਾਠਾਂ, ਲਹਿਰ ਲਹਿਰ ਵਿਚੋਂ ਪਰਗਟਾਇੰਦਾ । ਸੋਹਣਾ ਵੇਖ ਪੂਰਬ ਘਾਟਾ, ਤਟ ਕਿਨਾਰੇ ਡੇਰਾ ਲਾਇੰਦਾ । ਭੁਲ ਨਾ ਜਾਏ ਪਹਿਲੀ ਦਾਦਾ, ਅਭੁਲ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਿਨਾਰੇ ਸੋਭਾ ਪਾਇੰਦਾ । ਤੱਟ ਕਿਨਾਰਾ ਆਰ ਪਾਰ, ਜਲ ਧਾਰ ਵੇਖ ਵਖਾਈਆ । ਹਰਿਗੋਬਿੰਦ ਹਰਿ ਪਿਆਰ, ਅਰਜਨ ਲੇਖ ਚੁਕਾਈਆ । ਦੋਹਾਂ ਵਿਚੋਲਾ ਸਿਰਜਣਹਾਰ, ਸਾਹਿਬ ਸਚ ਗੁਸਾਈਆ । ਤੱਤੀ ਤਵੀ ਦੇ ਅਧਾਰ, ਸੀਤਲ

ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਹਰਿਗੋਬਿੰਦ ਧਾਰ ਹਰਿ ਹਰਿ ਮੇਲਾ, ਮੇਲ ਮਿਲਾਪ ਇਕ ਜਣਾਈਆ । ਸੋਹਣਾ ਸੁਹੰਜਣਾ ਹੋਏ ਵੇਲਾ, ਥਿਤ ਵਾਰ ਮਿਲੇ ਵਡਿਆਈਆ । ਪੁਰਖ ਅਕਾਲ ਨਿਰਗੁਣ ਹੋ ਕੇ ਮੈਨੂੰ ਮਿਲੇ ਅਕੇਲਾ, ਨਿਰਵੈਰ ਆਪਣਾ ਫੇਰਾ ਪਾਈਆ । ਕਲਜੁਗ ਅੰਤ ਜਨ ਭਗਤਾਂ ਬਣ ਸੱਜਣ ਸੁਹੇਲਾ, ਸੱਚਾ ਸੰਗ ਵਖਾਈਆ । ਲੰਘ ਕੇ ਆਏ ਟਿੱਲੇ ਜਗਤ ਕਾਹੀ ਕਾਨਾ ਬੇਲਾ, ਬੇਲੀ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਸਾਚਾ ਲੇਖਾ ਵੀਹ ਸੌ ਉਨੀ ਬਿਕਰਮੀ, ਆਰ ਕੰਢੀ ਦਇਆ ਕਮਾਇੰਦਾ । ਧੁਰ ਦੀ ਵੰਡ ਫੇਰ ਵੰਡੀ, ਅਰਜਨ ਲੇਖ ਵਿਖਾਇੰਦਾ । ਦੋਹਾਂ ਲਾਈ ਇਕ ਪਾਬੰਦੀ, ਸ੍ਰੀ ਭਗਵਾਨ ਹੁਕਮ ਆਪਣੇ ਸਿਰ ਟਿਕਾਇੰਦਾ । ਹਰਿਸੰਗਤ ਸੰਗ ਰਖਾਏ ਚੰਗੀ, ਜਿਨ੍ਹਾਂ ਚੰਗੀ ਤਰਾਂ ਆਪਣਾ ਆਪ ਸਮਝਾਇੰਦਾ । ਸ੍ਰਿਸ਼ਟ ਸਬਾਈ ਕਰ ਕੇ ਅੰਧੀ, ਕੂੜੀ ਕਿਰਿਆ ਸਰਬ ਰੁਲਾਇੰਦਾ । ਕਿਰਪਾ ਕਰ ਜਲਧਾਰ ਨੈਂ ਲੰਘੀ, ਪਾਰ ਕਿਨਾਰਾ ਆਪ ਵਖਾਇੰਦਾ । ਕਰੇ ਖੇਲ ਸਾਹਿਬ ਬਹੁਰੰਗੀ, ਅਨਡਿਠੜਾ ਰੰਗ ਚੜ੍ਹਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਰ ਪਾਰ ਵਿਚ ਮੰਝਧਾਰ ਦੋ ਜਹਾਨ ਨਾ ਹੋਵੇ ਤੰਗੀ, ਖਾਦਿਆਂ ਪੀਂਦਿਆਂ ਲੇਖਾ ਪਾਰ ਕਰਾਇੰਦਾ । ਲੱਖ ਚੁਰਾਸੀ ਵਿਚੋਂ ਲੇਖ ਚੁਕਾਏ ਖ਼ਾਨਾਬੰਦੀ, ਬੰਦੀ ਛੋੜ ਹੋਏ ਸਹਾਈਆ । ਪਿਤਾ ਪੂਤ ਖੇਲ ਭੁਯੰਗੀ, ਤਵ ਪ੍ਰਸਾਦਿ ਦਏ ਵਡਿਆਈਆ । ਸਚ ਵਸਤ ਅਮੋਲਕ ਧਨ ਪਦਾਰਥ ਨਾਮ ਵੰਡੀ, ਗੁਰਮੁਖਾਂ ਮੰਡਾ ਮੰਡਾ ਰਸਨਾ ਨਾਲ ਖਵਾਈਆ । ਹਰਿਗੋਬਿੰਦ ਗੁਰੂ ਗੁਰ ਦੇਵ ਅਰਜਨ ਇਹ ਮੰਗ ਕੰਢੀ ਦਵਾਰੇ ਮੰਗੀ, ਸਾਹਿਬ ਸਤਿਗੁਰ ਪੂਰੀ ਦਏ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੇਖੀ ਭੂਮਿਕਾ ਸੋਹਣੀ ਚੰਗੀ, ਜਿਸ ਉਪਰ ਹਰਿਗੋਬਿੰਦ ਗਿਆ ਚਰਨ ਟਿਕਾਈਆ ।

## ★ ੧੮ ਮਾਘ ੨੦੨੦ ਬਿਕਰਮੀ ਬਚਨ ਸਿੰਘ ਦੇ ਘਰ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸਤਿ ਸਤਿਵਾਦੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਰਾਜ ਰਾਜਾਨ, ਬ੍ਰਹਮ ਬ੍ਰਹਿਮਾਦੀ ਵੇਖ ਵਖਾਇੰਦਾ । ਏਕੰਕਾਰਾ ਨੌਜਵਾਨ, ਬਲਧਾਰੀ ਬਲ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਵੇਖੇ ਮਾਰ ਧਿਆਨ, ਮਿਹਰਵਾਨ ਆਪਣੀ ਅੱਖ ਖੁਲ੍ਹਾਇੰਦਾ । ਸ੍ਰੀ ਭਗਵਾਨ ਹੁਕਮਰਾਨ, ਦੋ ਜਹਾਨਾਂ ਹੁਕਮ ਚਲਾਇੰਦਾ । ਪਾਰਬ੍ਰਹਮ ਹੋ ਮਿਹਰਵਾਨ, ਸਚ ਪਰਧਾਨਗੀ ਇਕ ਕਮਾਇੰਦਾ । ਤਖ਼ਤ ਨਿਵਾਸੀ ਖੇਲ ਮਹਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਧਾਰ ਚਲਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਨਿਰਵੈਰ ਵੱਡੀ ਵਡਿਆਈਆ । ਸਚ ਦਵਾਰਾ ਖੋਲ੍ਹ ਕਿਵਾੜ, ਸਚਖੰਡ ਸਾਚਾ ਸੋਭਾ ਪਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਾਹ ਸਾਚੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰੇ ਸ੍ਰੀ ਭਗਵਾਨ, ਇਕ ਇਕੱਲਾ ਸੋਭਾ ਪਾਇੰਦਾ । ਤਖ਼ਤ ਨਿਵਾਸੀ ਨੌ ਜਵਾਨ, ਡੰਕਾ ਆਪਣਾ ਨਾਮ ਵਜਾਇੰਦਾ । ਸਚ ਸੰਦੇਸ਼ਾ ਦੇਵੇ ਫ਼ਰਮਾਣ, ਧੁਰ ਦਾ ਹੁਕਮ ਆਪ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਕਰੇ ਸਚ ਵਖਾਏ ਚਰਨ ਧਿਆਨ, ਨੇਤਰ ਨੈਣ ਸਰਬ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਕਾਰ ਕਮਾਇੰਦਾ । ਧੁਰ ਸੰਦੇਸ਼ਾ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਈਆ । ਨੇਤਰ ਖੋਲ੍ਹ ਭਗਤ ਸੰਤ, ਪੁਰਖ ਅਕਾਲ ਰਿਹਾ ਦ੍ਰਿੜਾਈਆ । ਗੁਰਮੁਖ ਵੇਖੇ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਗੁਰਸਿਖ ਬਣਦੀ ਸਾਚੀ ਬਣਤ, ਪਾਰਬ੍ਰਹਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਿਸ਼ਵ ਧਾਰ, ਹਰਿ ਵਿਸ਼ਨੂੰ ਆਪ ਜਣਾਇੰਦਾ । ਬ੍ਰਹਮਾ ਕਰੇ ਖ਼ਬਰਦਾਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਸ਼ੰਕਰ ਦੇਵੇ ਇਕ ਹੁਲਾਰ, ਭੋਲਾ ਨਾਥ ਸੇਵ ਲਗਾਇੰਦਾ । ਕਰੋੜ ਤਤੀਸਾ ਦੇ ਅਧਾਰ, ਸੁਰਪਤ ਇੰਦ ਆਪ ਜਣਾਇੰਦਾ । ਲੇਖਾ ਜਾਣੇ ਗੁਰੂ ਅਵਤਾਰ, ਤੇਈ ਅਵਤਾਰਾਂ ਮੇਲ ਮਿਲਾਇੰਦਾ । ਭਗਤ ਅਠਾਰਾਂ ਕਰ ਤਿਆਰ, ਸੋਭਾਵੰਤ ਆਪ ਸੁਹਾਇੰਦਾ । ਈਸਾ ਮੂਸਾ ਮੁਹੰਮਦ ਨੇਤਰ ਨੈਣ ਅੱਖ ਉਘਾੜ, ਧੁਰ ਦਾ ਕਲਮਾ ਰਾਗ ਅਲਾਇੰਦਾ । ਨਾਨਕ ਗੋਬਿੰਦ ਦੇ ਅਧਾਰ, ਸਚ ਦਵਾਰਾ ਇਕ ਵਖਾਇੰਦਾ । ਚਾਰੇ ਬਾਣੀ ਪਾਵੇ ਸਾਰ, ਸ਼ਾਸਤਰ ਸਿਮਰਤ ਫੋਲ ਫੁਲਾਇੰਦਾ । ਪੁਰਾਨ ਅਠਾਰਾਂ ਕਰ ਪਿਆਰ, ਅੱਠ ਦਸ ਗੀਤਾ ਗਿਆਨ ਜੋੜ ਜੁੜਾਇੰਦਾ । ਅੰਜੀਲ ਕੁਰਾਨ ਕਰ ਵਿਚਾਰ, ਸਾਚਾ ਮੇਲਾ ਜਗਤ ਮਿਲਾਇੰਦਾ । ਖਾਣੀ ਬਾਣੀ ਬੋਲ ਜੈਕਾਰ, ਧੁਰ ਦਾ ਰਾਗ ਸਮਝਾਇੰਦਾ । ਸਾਰੇ ਇਕੱਠੇ ਹੋਵੇ ਇਕ ਦਰਬਾਰ, ਸ੍ਰੀ ਭਗਵਾਨ ਸਾਚਾ ਘਰ ਵਖਾਇੰਦਾ । ਜਿਸ ਗ੍ਰਿਹਿ ਉਪਜੀ ਸਾਚੀ ਧਾਰ, ਰੂਪ ਰੰਗ ਰੇਖ ਨਜ਼ਰ ਕੋਈ ਨਾ ਆਇੰਦਾ । ਜੁਗ ਚੌਕੜੀ ਕਰਦੇ ਰਹੇ ਸੇਵਾ ਸੇਵਾਦਾਰ, ਸੇਵਕ ਆਪਣਾ ਨਾਉਂ ਧਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੀਤੇ ਕਈ ਵਾਰ, ਕੋਟਨ ਕੋਟ ਕਾਲ ਵਿਹਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਲੱਖ ਚੁਰਾਸੀ ਜੀਵ ਜੰਤ ਸੇਵ ਕਮਾਈਆ । ਦੀਨ ਮਜ਼੍ਹਬ ਜਾਤ ਪਾਤ ਕਰਦੇ ਰਹੇ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਹਰਿ ਕਰਤਾ ਆਪ ਜਣਾਈਆ । ਪੁਰਖ ਅਕਾਲ ਦੇ ਵਸੋ ਖੇੜੇ, ਪਰਵਰਦਿਗਾਰ ਇਕੋ ਨਜ਼ਰੀ ਆਈਆ । ਜੁਗ ਚੌਕੜੀ ਪਿਛਲੇ ਛੱਡੋ ਝੇੜੇ, ਅਗਲਾ ਮਾਰਗ ਇਕ ਸਮਝਾਈਆ । ਦੀਨ ਮਜ਼੍ਹਬ ਲੋਕਮਾਤ ਅੰਡਜ ਜੇਰਜ ਉਤਭੁਜ ਸੇਤਜ ਲਾਏ ਡੇਰੇ, ਦਰ ਦਰ ਬੈਠਾ ਅਲਖ ਜਗਾਈਆ । ਭਰਮੇ ਭੁਲੇ ਗੁਰੂ ਗੁਰ ਚੇਰੇ, ਚੇਲਾ ਗੁਰ ਸਮਝ ਕੋਇ ਨਾ ਆਈਆ । ਪਰਮ ਪੁਰਖ ਦੇ ਕੋਈ ਨਾ ਵੜੇ ਵਿਹੜੇ, ਸਾਚਾ ਮੰਦਰ ਨਾ ਕੋਈ ਸਹਾਈਆ । ਸਭ ਦੇ ਕਾਇਆ ਉਜੜੇ ਖੇੜੇ, ਸਚ ਕਿਵਾੜੀ ਖਿੜਕੀ ਬਜਰ ਕਪਾਟੀ ਨਾ ਕੋਇ ਤੁੜਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਰਦੇ ਝੇੜੇ, ਕਾਮ ਕਰੋਧ ਲੋਭ ਮੋਹ ਜਗਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮ ਇਕੋ ਇਕ ਸਮਝਾਈਆ । ਸਾਚਾ ਹੁਕਮ ਧੁਰ ਸੰਦੇਸ਼ਾ, ਸੋਹੰ ਸੋ ਆਪ ਜਣਾਈਆ । ਪੁਰਖ ਅਕਾਲ ਵਡ ਨਰੇਸ਼ਾ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜੁਗ ਚੌਕੜੀ ਧਰੇ ਵੇਸਾ, ਗੁਰ ਅਵਤਾਰ ਨਾਉਂ ਪਰਗਟਾਈਆ । ਸਭ ਦਾ

ਰੱਖੇ ਆਪਣੇ ਹੱਥ ਲੇਖਾ, ਲੱਖ ਚੁਰਾਸੀ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਖੇਲ ਖੇਡਾਂ, ਦੋ ਜਹਾਨਾਂ ਆਪਣਾ ਰਾਹ ਚਲਾਈਆ । ਜਨ ਭਗਤਾਂ ਅੰਦਰ ਵੜ ਕੇ ਆਪਣਾ ਦੱਸੇ ਭੇਤਾ, ਬਾਹਰੋਂ ਕਰੇ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਮਾਰੋ ਮਾਤ ਧਿਆਨ, ਦੋ ਜਹਾਨਾਂ ਵਾਲੀ ਆਪ ਸੁਣਾਈਆ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸਤ ਦੀਪ ਸ਼ਰਅ ਹੋਈ ਸ਼ੈਤਾਨ, ਸਚ ਈਮਾਨ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਕਰੇ ਨਾ ਕੋਇ ਪਹਿਚਾਨ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਈ ਖੁਲ੍ਹਾਇੰਦਾ । ਦੀਨ ਮਜ਼੍ਹਬ ਨਾ ਜਾਣੇ ਕੋਈ ਇਸਲਾਮ, ਇਸਮ ਆਜ਼ਮ ਵੇਖ ਨਾ ਕੋਈ ਵਖਾਇੰਦਾ । ਕਲਮਾ ਹੱਕ ਨਾ ਜਾਣੇ ਕਲਾਮ, ਹਿਰਦੇ ਰਾਮ ਨਾ ਕੋਈ ਵਸਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਦੇ ਕੇ ਆਏ ਪੈਗ਼ਾਮ, ਧੁਰ ਸੰਦੇਸ਼ਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਗੁਰੂ ਅਵਤਾਰ, ਪੀਰ ਪੈਗ਼ੰਬਰ ਪ੍ਰਭੂ ਜਣਾਈਆ । ਕਲਜੁਗ ਅੰਤਮ ਕਰੋ ਵਿਚਾਰ, ਸਾਰੇ ਨੈਣ ਉਠਾਈਆ । ਸ੍ਰਿਸ਼ਟ ਸਬਾਈ ਧੁਅੰਧਾਰ, ਦੀਪਕ ਜੋਤ ਨਾ ਕੋਈ ਰੁਸ਼ਨਾਈਆ । ਚਾਰੋਂ ਕੁੰਟ ਹਾਹਾਕਾਰ, ਦਹਿ ਦਿਸ਼ਾ ਰਹੀ ਕੁਰਲਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਚਾ ਕਰੇ ਨਾ ਕੋਈ ਪਿਆਰ, ਆਤਮ ਅੰਤਰ ਹਿਰਦੇ ਹਰਿ ਨਾ ਕੋਈ ਵਸਾਈਆ । ਪੰਡਤ ਪਾਂਧੇ ਗ੍ਰੰਥੀ ਪੰਥੀ ਮੁਲਾਂ ਸ਼ੇਖ਼ ਮੁਸਾਇਕ ਕਰਨ ਖਵਾਰ, ਖ਼ਾਲਕ ਖ਼ਲਕ ਸਕੇ ਨਾ ਕੋਈ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ ਉਤੋਂ ਸਭ ਦਾ ਗਿਆ ਇਤਬਾਰ, ਸਚ ਭਰੋਸਾ ਨਜ਼ਰ ਕੋਇ ਨਾ ਆਈਆ । ਦਰ ਦਰ ਘਰ ਘਰ ਨੇਤਰ ਵੇਖੋ ਹੁੰਦਾ ਹਰਾਮ, ਧੀਰਜ ਜਗਤ ਨਾ ਕੋਇ ਜਣਾਈਆ । ਧੁਰ ਦਾ ਹੁਕਮ ਭੁੱਲੇ ਕਲਾਮ, ਸ਼ਬਦ ਰਾਗ ਧੁਨ ਨਾ ਕੋਈ ਸ਼ਨਵਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਸਰਬ ਵਿਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਜਗ, ਲੋਕਮਾਤ ਧਿਆਨ ਲਗਾਈਆ । ਨਵ ਨੌਂ ਚਾਰ ਵੇਖੀ ਲੱਗੀ ਅੱਗ, ਤ੍ਰੈਗੁਣ ਮਾਇਆ ਰਹੀ ਤਪਾਈਆ । ਸ੍ਰਿਸ਼ਟ ਸਬਾਈ ਹੰਸ ਹੋਈ ਕਗ, ਸੋਹੰ ਹੰਸਾ ਜਾਪ ਨਾ ਕੋਈ ਜਪਾਈਆ । ਪ੍ਰਭ ਦਾ ਦਰਸ਼ਨ ਕੋਈ ਨਾ ਕਰੇ ਉਪਰ ਸ਼ਾਹ ਰਗ, ਨੌ ਦਵਾਰੇ ਭਰਮ ਭੁਲਾਈਆ । ਸਾਚੇ ਹੁਜਰੇ ਮਿਲੇ ਕਿਸੇ ਨਾ ਹੱਜ, ਕਾਇਆ ਕਅਬਾ ਖੋਜ ਨਾ ਕੋਈ ਖੁਜਾਈਆ । ਅਠਸਠ ਤੀਰਥ ਰਹੇ ਭੱਜ, ਆਤਮ ਸਰੋਵਰ ਨਹਾਵਣ ਕੋਇ ਨਾ ਆਈਆ । ਰਸਨਾ ਜਿਹਵਾ ਪੀ ਪੀ ਥੱਕੇ ਮਦਿ, ਅੰਮ੍ਰਿਤ ਜਾਮ ਪਿਆਲਾ ਨਿਝਰ ਝਿਰਨਾ ਨਾ ਕੋਈ ਝਿਰਾਈਆ । ਸਾਚੀ ਕਿਰਿਆ ਜੀਵ ਜੰਤ ਸਾਧ ਸੰਤ ਸਾਰੇ ਗਏ ਛੱਡ, ਲਿਵ ਛੁਟਕੀ ਫਿਰ ਨਾ ਕੋਇ ਲਗਾਈਆ । ਵਰਨਾਂ ਬਰਨਾਂ ਜਾਤਾਂ ਪਾਤਾਂ ਅੰਦਰ ਵੜ੍ਹ ਕੇ ਹੋ ਗਏ ਅੱਡ, ਸਾਚਾ ਸੰਗ ਨਾ ਕੋਈ ਨਿਭਾਈਆ । ਬਿਨ ਹਰਿ ਨਾਮੇ ਖ਼ਾਲੀ ਹੱਡ, ਤਿੰਨ ਸੌ ਸੱਠ ਨਾੜੀ ਰਹੀ ਕੁਰਲਾਈਆ । ਮਨ ਵਾਸਨਾ ਰਹੀ ਨੱਚ, ਮਨ ਕਾਮਨਾ ਨਾ ਕੋਈ ਭਵਾਈਆ । ਬੁੱਧੀ ਬੋਲੇ ਨਾ ਕੋਈ ਸੱਚ, ਸਤਿ ਸਤਿਵਾਦੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਸਰਬ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਲੋਕਮਾਤ, ਚਾਰੋਂ ਕੁੰਟ ਧਿਆਨ ਲਗਾਈਆ । ਸਚ ਵਸਤ ਨਾ ਕਿਸੇ ਪਾਸ, ਗੁਰਮੁਖ ਰੂਪ ਨਾ ਕੋਈ ਵਟਾਈਆ । ਸਭ ਨੂੰ ਭੁੱਲਿਆ ਲੇਖਾ ਲਿਖਿਆ ਜੋ ਕਲਮ ਦਵਾਤ, ਸ਼ਾਸਤਰ

ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਏ ਗਵਾਹੀਆ । ਕੂੜੀ ਕਿਰਿਆ ਕਾਇਨਾਤ, ਜੂਠਾ ਝੂਠਾ ਰੰਗ ਰੰਗਾਈਆ । ਕੋਈ ਨਾ ਦੇਵੇ ਪਿਆਲਾ ਆਬੇਹਯਾਤ, ਅੰਮ੍ਰਿਤ ਰਸ ਨਾ ਕੋਈ ਚਖਾਈਆ । ਆਤਮ ਪਰਮਾਤਮ ਬਣਾਏ ਨਾ ਕੋਈ ਸਾਥ, ਸੱਜਣ ਯਾਰ ਜਗਤ ਰਹੇ ਹੰਢਾਈਆ । ਅਨਹਦ ਢੋਲਾ ਧੁਰ ਦਾ ਰਾਗ ਕੋਈ ਨਾ ਗਾਏ ਗਾਥ, ਆਤਮਕ ਨਾਦ ਨਾ ਕੋਈ ਵਜਾਈਆ । ਰੂਹ ਬੁੱਤ ਕਰੇ ਨਾ ਕੋਈ ਪਾਕ, ਪਤਤ ਪੁਨੀਤ ਰੂਪ ਨਾ ਕੋਈ ਵਖਾਈਆ । ਚਾਰੋਂ ਕੁੰਟ ਉਡੇ ਖ਼ਾਕ, ਖ਼ਾਲਸ ਰੂਪ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਜਣਾਈਆ । ਗੁਰ ਅਵਤਾਰ ਹੋਏ ਹੈਰਾਨ, ਧਰਤ ਧਵਲ ਵੇਖ ਵਖਾਈਆ । ਸੁੰਞਾ ਦਿਸੇ ਜ਼ਿਮੀ ਅਸਮਾਨ, ਬ੍ਰਹਿਮੰਡ ਖੰਡ ਕੁਰਲਾਈਆ । ਚਾਰੋਂ ਕੁੰਟ ਕੂੜ ਫਿਰੇ ਪਰਧਾਨ, ਜੂਠ ਝੂਠ ਕਰੇ ਲੜਾਈਆ । ਹਰਿ ਕਾ ਨਾਮ ਮਿਲੇ ਨਾ ਕੋਈ ਨਿਸ਼ਾਨ, ਸਾਚਾ ਮੰਦਰ ਨਾ ਕੋਈ ਸੁਹਾਈਆ । ਸਿਦਕ ਸਬੂਰੀ ਨਜ਼ਰ ਨਾ ਆਏ ਈਮਾਨ, ਧੀਰਜ ਧਰਮ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਇਕੋ ਹੁਕਮ ਜਣਾਇੰਦਾ । ਲੋਕਮਾਤ ਵੇਖੋ ਪਰਤੱਖ, ਕਵਣ ਸ੍ਰੀ ਭਗਵਾਨ ਆਪਣਾ ਮੀਤ ਬਣਾਇੰਦਾ । ਜੋ ਵੇਖਿਆ ਸੋ ਦੇਣਾ ਦੱਸ ਸੱਚ, ਸ੍ਰੀ ਭਗਵਾਨ ਇਕੋ ਮੰਗ ਮੰਗਾਇੰਦਾ । ਪੁਰਖ ਅਕਾਲ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੱਚਾ ਪੁੱਤ, ਪੂਤ ਸਪੂਤਾ ਨਾਉਂ ਪਰਗਟਾਇੰਦਾ । ਜਿਸ ਗ੍ਰਿਹਿ ਮੌਲੇ ਪ੍ਰਭ ਦੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਚਾਰੋਂ ਕੁੰਟ ਵੇਖੋ ਗੁੱਠ, ਦਹਿ ਦਿਸ਼ਾ ਆਪ ਸਮਝਾਇੰਦਾ । ਕਵਣ ਨਿਸ਼ਾਨਿਉਂ ਰਿਹਾ ਉਕ, ਕਵਣ ਅਣਿਆਲਾ ਤੀਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਈਆ । ਉਠ ਕੇ ਵੇਖੋ ਸਾਜਣ ਸੰਤ, ਕਵਣ ਬੈਠਾ ਧਿਆਨ ਲਗਾਈਆ । ਕਵਣ ਢੋਲਾ ਰਾਗ ਗਾਏ ਮਣੀਆ ਮੰਤ, ਅੱਖਰ ਇਕੋ ਇਕ ਰਾਹ ਤਕਾਈਆ । ਕਵਣ ਨਾਰੀ ਸੇਜ ਹੰਢਾਏ ਕੰਤ, ਸੁਹਾਗਣ ਹੋ ਹੋ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਧਿਆਨ ਲਗੌਂਦਾ ਏ । ਪੀਰ ਪੈਗ਼ੰਬਰ ਅੱਖ ਖੁਲੌਂਦਾ ਏ । ਲੋਕਮਾਤ ਵੇਖ ਵਖੌਂਦਾ ਏ । ਭੇਵ ਅਭੇਦ ਸਰਬ ਜਣੌਂਦਾ ਏ । ਲੱਖ ਚੁਰਾਸੀ ਲੱਗੀ ਕੂੜੀ ਖੇੜ, ਖ਼ਾਲਕ ਖ਼ਲਕ ਮਿਲਣ ਕੋਈ ਨਾ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਬਿਨ ਤੇਰੀ ਕਿਰਪਾ ਤੇਰਾ ਸੰਗ ਨਾ ਕੋਈ ਨਿਭੌਂਦਾ ਏ । ਗੁਰ ਅਵਤਾਰ ਸਰਬ ਸੁਣਾਇਆ ਏ । ਪੀਰ ਪੈਗ਼ੰਬਰ ਭੇਵ ਚੁਕਾਇਆ ਏ । ਚੌਦਾਂ ਤਬਕ ਫੋਲ ਫੁਲਾਇਆ ਏ । ਚੌਦਾਂ ਲੋਕ ਪਰਦਾ ਲਾਹਿਆ ਏ । ਚੌਦਾਂ ਵਿਦਿਆ ਵੇਖ ਵਖਾਇਆ ਏ । ਚੌਦਸ ਚੰਨ ਨਾ ਕੋਈ ਚਮਕਾਇਆ ਏ । ਸ੍ਰਿਸ਼ਟ ਸਬਾਈ ਨੇਤਰ ਅੰਧ, ਹਰਿ ਕਾ ਦਰਸ ਕਿਸੇ ਨਾ ਪਾਇਆ ਏ । ਕੋਟਨ ਕੋਟ ਇਸ਼ਟ ਦੇਵ ਤੱਕੇ ਤਨ, ਹੱਥ ਕਿਸੇ ਨਾ ਉਤੇ ਟਿਕਾਇਆ ਏ । ਧਨ ਦੌਲਤ ਇਕੱਠਾ ਕਰ ਕੇ ਜਨ, ਸਾਧ ਸੰਤ ਆਪਣਾ ਨਾਮ ਵਡਿਆਇਆ ਏ । ਕੋਈ ਨਾ ਸੁਣੇ ਆਪਣਾ ਰਾਗ ਬਿਨ ਕੰਨ, ਬਿਨ ਨੇਤਰਾਂ ਤੇਰਾ ਦਰਸ ਕਿਸੇ ਨਾ ਪਾਇਆ ਏ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਆਪਣਾ ਦੇ


੪੧੪ ੧੯

ਸੱਚਾ ਵਰ, ਗੁਰ ਅਵਤਾਰਾਂ ਆਖ ਸੁਣਾਇਆ ਏ । ਪੀਰ ਪੈਗ਼ੰਬਰਾਂ ਜਣੈਂਦਾ ਏ । ਉਮਤ ਨਬੀ ਰਸੂਲਾਂ ਵੇਖ ਵਖੌਂਦਾ ਏ । ਸਚ ਅਸੂਲ ਨਾ ਕੋਈ ਕਮੌਂਦਾ ਏ । ਮਹਿਬੂਬ ਨਜ਼ਰ ਕਿਸੇ ਨਾ ਔਂਦਾ ਏ । ਉਚ ਅਰੂਜ ਨਾ ਕੋਈ ਸਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਈ ਨਾ ਔਂਦਾ ਏ । ਗੁਰ ਅਵਤਾਰ ਸਚ ਸੁਣੈਂਦਾ ਏ । ਪੁਰਖ ਅਬਿਨਾਸ਼ੀ ਅੱਗੇ ਸੀਸ ਨਿਵੌਂਦਾ ਏ । ਜਗਦੀਸ਼ ਤੇਰਾ ਸ਼ੁਕਰ ਮਨੌਂਦਾ ਏ । ਜੁਗ ਚੌਕੜੀ ਤੇਰੀ ਸੇਵ ਕਮੌਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਹੰਢੌਂਦਾ ਏ । ਤੇਰਾ ਨਾਦ ਧੁਨ ਰਾਗ ਮੇਰਾ ਨਾਉਂ ਅਲੌਂਦਾ ਏ । ਤੈਨੂੰ ਦੱਸ ਕੇ ਕੰਤ ਸੁਹਾਗ, ਸੁਰਤ ਸਵਾਣੀ ਤੇਰੇ ਨਾਲ ਮਿਲੌਂਦਾ ਏ । ਪੀਰ ਪੈਗ਼ੰਬਰ ਦੇ ਦੇ ਬਾਂਗ, ਨੇਤਰ ਰੋ ਰੋ ਹਾਲ ਜਣੈਂਦਾ ਏ । ਸਭ ਤੇਰੇ ਮਿਲਣ ਦੀ ਰੱਖ ਗਏ ਤਾਂਘ, ਸ਼ਾਸਤਰ ਸਿਮਰਤ ਵੇਦ ਪੁਰਾਨ ਜਗਤ ਗਵਾਹ ਨਾਲ ਰਲੌਂਦਾ ਏ । ਮਸਲਾ ਵੇਖ ਅੰਜੀਲ ਕੁਰਾਨ, ਤੀਸ ਬਤੀਸਾ ਆਖ ਸੁਣੈਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਸਾਰੇ ਹੋਏ ਹੈਰਾਨ, ਇਕੋ ਵਾਰ ਬੋਲ ਸੁਣੈਂਦਾ ਏ । ਸਾਹਿਬ ਸਤਿਗੁਰ ਹੋਈ ਹੈਰਾਨੀ, ਨਵ ਨੌਂ ਚਾਰ ਧਿਆਨ ਲਗਾਈਆ । ਸਤਿ ਧਰਮ ਨਾ ਦਿਸੀ ਨਿਸ਼ਾਨੀ, ਸਚ ਸੱਚ ਨਾ ਕੋਈ ਸਮਾਈਆ । ਸ਼ਾਹ ਸੁਲਤਾਨ ਮੇਰੇ ਨਾਲ ਕਰਨ ਬੇਈਮਾਨੀ, ਰਾਓ ਰੰਕ ਨਾ ਕੋਈ ਵਡਿਆਈਆ । ਭਰਮੇ ਭੁੱਲੇ ਵਡ ਵਿਦਵਾਨੀ, ਮੇਰੀ ਸਾਰ ਕਿਸੇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜਗਤ ਗਿਆਨੀ, ਜਾਗਰਤ ਜੋਤ ਨਾ ਕੋਈ ਰੁਸ਼ਨਾਈਆ । ਅੱਠ ਸੱਠ ਵਿਰੋਲ ਕੇ ਪਾਣੀ, ਅੰਮ੍ਰਿਤ ਧਾਰ ਨਾ ਕੋਇ ਚੁਆਈਆ । ਤੇਰਾ ਅਨਹਦ ਨਾਦ ਨਾ ਸੁਣੀ ਬਾਣੀ, ਧੁਨ ਆਤਮਕ ਕਰੇ ਨਾ ਕੋਈ ਸ਼ਨਵਾਈਆ । ਨਿਰਮਲ ਜੋਤ ਜਗੇ ਨਾ ਕੋਈ ਮਹਾਨੀ, ਘਰ ਘਰ ਦੀਵੇ ਬੱਤੀ ਰਹੇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਭੇਵ ਕੋਈ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਬੀਸ ਬੀਸ, ਹਰਿ ਬੀਸਾ ਆਪ ਸਮਝਾਇੰਦਾ । ਕਲਗੀ ਧਰ ਇਕ ਜਗਦੀਸ਼, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਮਕੰਦ ਮਨੋਹਰ ਲਖਮੀ ਨਰਾਇਣ ਠੀਕ, ਚਤੁਰਭੁਜ ਆਪਣਾ ਰਾਹ ਵਖਾਇੰਦਾ । ਆਦਿ ਸ਼ਕਤ ਨੂਰ ਨੁਰਾਨਾ ਪੁਰਖ ਅਕਾਲ ਅਤੀਤ, ਤ੍ਰੈਭਵਨ ਧਨੀ ਆਪਣਾ ਦਵਾਰਾ ਵਖਾਇੰਦਾ । ਪਰਵਰਦਿਗਾਰ ਬੇਪਰਵਾਹ ਨੂਰ ਇਲਾਹੀ ਲਾਸ਼ਰੀਕ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖੇ ਠੀਕ, ਪਰਦਾ ਉਹਲਾ ਸਰਬ ਉਠਾਇੰਦਾ । ਕਵਣ ਕਰੇ ਧੁਰ ਪ੍ਰੀਤ, ਸ੍ਰੀ ਭਗਵਾਨ ਕਵਣ ਮਨਾਇੰਦਾ । ਕਵਣ ਜਾਣੇ ਸਾਚੀ ਰੀਤ, ਰੀਤੀਵਾਨ ਕਵਣ ਅਖਵਾਇੰਦਾ । ਨਾਤਾ ਜੋੜ ਮੰਦਰ ਮਸੀਤ, ਕਾਇਆ ਕਾਅਬਾ ਖੋਜ ਖੁਜਾਇੰਦਾ । ਕਵਣ ਘਰ ਠਾਕਰ ਸੱਜਣ ਲੱਭੇ ਮੀਤ, ਨੌਂ ਦਵਾਰੇ ਪੰਧ ਮੁਕਾਇੰਦਾ । ਕਵਣ ਆਤਮ ਪਰਮਾਤਮ ਗਾਵੇ ਗੀਤ, ਸੋਹੰ ਢੋਲਾ ਰਾਗ ਅਲਾਇੰਦਾ । ਕਵਣ ਜਗਤ ਵਾਸਨਾ ਰਿਹਾ ਜੀਤ, ਹਾਰ ਜੀਤ ਪ੍ਰਭ ਦੀ ਝੋਲੀ ਪਾਇੰਦਾ । ਕਵਣ ਪਤਤ ਹੋ ਪੁਨੀਤ, ਪਾਕ ਰਸੂਲ ਇਕ ਮਨਾਇੰਦਾ । ਕਵਣ ਹੋਏ ਨੀਚੋ ਨੀਚ, ਬਣ ਨਿਮਾਣਾ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕ ਕੇ ਰਾਹ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਅੰਤਮ ਅੰਧੇਰਾ ਗਿਆ ਛਾ, ਸੂਰਜ ਚੰਦ ਚਾਂਦਨੀ ਕੰਮ ਕਿਸੇ ਨਾ ਆਈਆ । ਦੀਵਾ ਬਾਤੀ ਘਰ ਮੰਦਰ ਸਕੇ ਨਾ ਕੋਈ ਜਗਾ, ਅੰਧ

ਅੰਧੇਰ ਨਾ ਕੋਈ ਗਵਾਈਆ । ਮਹਲ ਅਟੱਲ ਉਚ ਮਿਨਾਰ ਸਕੇ ਨਾ ਕੋਈ ਸੁਹਾ, ਇੱਟਾਂ ਗਾਰਾ ਰਹੇ ਵਡਿਆਈਆ । ਆਤਮ ਸੇਜਾ ਕੋਈ ਨਾ ਸਕੇ ਹੰਢਾ, ਘਰ ਕੰਤ ਨਾ ਕੋਈ ਮਿਲਾਈਆ । ਰੁੱਤ ਬਸੰਤੀ ਸਕੇ ਨਾ ਕੋਈ ਵਖਾ, ਪਤਝੜ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਅਸੀਂ ਸਾਰੇ ਬਣੀਏ ਅੰਤ ਗਵਾਹ, ਸ਼ਹਾਦਤ ਸਕੇ ਨਾ ਕੋਈ ਭੁਗਤਾਈਆ । ਸ਼ਹਾਦਤ ਭੁਗਤੇ ਨਾ ਕੋਈ ਮਾਤ, ਗੁਰ ਅਵਤਾਰ ਪੀਰ ਪੈਗ਼ੰਬਰ ਮਤਾ ਪਕਾਈਆ । ਕਲਜੁਗ ਕੂੜੀ ਕਿਰਿਆ ਦਿਸੀ ਜਮਾਇਤ, ਸਾਚੀ ਪੱਟੀ ਨਾਮ ਨਾ ਕੋਈ ਪੜ੍ਹਾਈਆ । ਲੇਖਾ ਲਿਖ ਕੇ ਦੇ ਆਏ ਕਲਮ ਦਵਾਤ, ਕਾਗ਼ਜ਼ ਛਾਹੀ ਧੁਰ ਦੀ ਧਾਰ ਨਾਮ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਗਿਾਰ ਸਾਂਝਾ ਯਾਰ ਕਲਜੁਗ ਅੰਤਮ ਵੇਖੇ ਖੇਲ ਆਪ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਸਾਰੇ ਓਸ ਦੀ ਰੱਖੇ ਆਸ, ਜੋ ਨਿਰਗੁਣ ਨਿਰਵੈਰ ਨਜ਼ਰੀ ਆਈਆ । ਹਉਂ ਸੇਵਕ ਸਾਰੇ ਓਸ ਦੇ ਦਾਸ, ਬਾਲਕ ਰੂਪ ਵਟਾਈਆ । ਜੁਗ ਚੌਕੜੀ ਦੇਵੇ ਸਾਥ, ਸੱਚਾ ਸੰਗ ਨਿਭਾਈਆ । ਆਦਿ ਜੁਗਾਦੀ ਸਾਹਿਬ ਸੁਲਤਾਨ ਪੁਰਖ ਸਮਰਾਥ, ਹਰਿ ਦਾਤਾ ਇਕ ਅਖਵਾਈਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਬਿਧਾਤਾ ਆਪਣਾ ਮੇਲ ਮਿਲਾਈਆ । ਵਾਕ ਭਵਿਖਤ ਆਏ ਆਖ, ਆਖਰ ਧੁਰ ਦਾ ਹੁਕਮ ਸੁਣਾਈਆ । ਲੇਖਾ ਚੁਕੇ ਜਾਤ ਪਾਤ, ਦੀਨ ਮਜ਼੍ਹਬ ਨਾ ਕੋਈ ਵਡਿਆਈਆ । ਸਦੀ ਚੌਧਵੀਂ ਲਹਿਣਾ ਦੇਣਾ ਚੁੱਕੇ ਖ਼ਾਤ, ਬੀਸ ਬੀਸਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਥੱਕੇ, ਜੁਗ ਚੌਕੜੀ ਸੇਵ ਕਮਾਈਆ । ਨਾਤੇ ਤੋੜੇ ਮਦੀਨੇ ਮੱਕੇ, ਕਬਰਾਂ ਵਿਚੋਂ ਅਵਾਜ਼ ਨਾ ਕੋਈ ਸੁਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਰੇ ਛੱਡੇ, ਗੁਰੂਦਵਾਰਾ ਨਾ ਕੋਈ ਵਖਾਈਆ । ਬਣ ਕੇ ਬਾਲਕ ਪ੍ਰਭੂ ਨੱਢੇ, ਦਰ ਤੇਰੇ ਸੀਸ ਨਿਵਾਈਆ । ਸਚ ਦਵਾਰਾ ਲੰਘ ਕੇ ਪਿਛਲੀ ਪਾਰ ਕੀਤੀ ਹੱਦੇ, ਹਦੂਦ ਰਹਿਣ ਕੋਈ ਨਾ ਪਾਈਆ । ਹੁਕਮ ਅੰਦਰ ਤੇਰੇ ਬੱਧੇ, ਦਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸਰਨੀ ਲੱਗੇ, ਨਿਉਂ ਨਿਉਂ ਲਾਗਣ ਪਾਈਆ । ਕਰੋੜ ਤਤੀਸਾ ਜਿਸ ਦੇ ਹੁਕਮੇ ਅੰਦਰ ਫਿਰਨ ਭੱਜੇ, ਨੱਠਣ ਵਾਹੋ ਦਾਹੀਆ । ਰਵ ਸਸ ਸੂਰਜ ਚੰਨ ਜਿਸ ਹੁਕਮ ਅੰਦਰ ਰੱਖੇ, ਮੰਡਲ ਮੰਡਪ ਨਾਲ ਮਿਲਾਈਆ । ਜ਼ਿਮੀ ਅਸਮਾਨ ਜੋ ਪਰਦਾ ਢਕੇ, ਸਿਰ ਆਪਣਾ ਹੱਥ ਟਿਕਾਈਆ । ਸਰਬ ਜੀਆਂ ਪ੍ਰਭ ਠਾਕਰ ਪਤ ਰੱਖੇ, ਪਤਿਪਰਮੇਸ਼ਵਰ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਵੇਖ ਅਸੀਂ ਹੋਏ ਹੱਕੇ ਬੱਕੇ, ਹੱਕ ਹਕੀਕਤ ਨਾ ਕੋਈ ਜਣਾਈਆ । ਸ੍ਰੀ ਭਗਵਾਨ ਤੇਰੇ ਚਰਨਾਂ ਵਲ ਕੋਈ ਨਾ ਤੱਕੇ, ਅੱਖਰਾਂ ਬੈਠੇ ਸੀਸ ਨਿਵਾਈਆ । ਕਿਸੇ ਕੰਮ ਨਾ ਔਂਦੇ ਦਿਸਦੇ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾ ਕੋਈ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਗੁਰ ਅਵਤਾਰ ਕਹਿਣ ਹੱਥ ਤੇਰੇ ਡੋਰ, ਆਦਿ ਜੁਗਾਦਿ ਤੇਰੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਸਦ ਤੇਰੀ ਲੋੜ, ਤੁਧ ਬਿਨ ਨਜ਼ਰ ਕੋਈ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਤੂੰ ਸਵਾਮੀ ਸਦਾ ਜਾਈਂ ਬੌਹੜ, ਮਿਹਰਵਾਨ ਫੇਰਾ ਪਾਈਆ । ਸ਼ਬਦ ਅਗੰਮੀ ਚੜੀਂ ਘੋੜ, ਵਾਗਾਂ ਆਪਣੇ ਹੱਥ ਰਖਾਈਆ । ਤੇਰੇ ਅੱਗੇ ਕਿਸੇ ਚਲੇ ਨਾ ਕੋਈ ਜ਼ੋਰ, ਜ਼ਾਬਰ ਰੂਪ ਨਾ ਕੋਈ ਵਖਾਈਆ । ਮੇਰਾ ਨੇਤਰ

ਫੁਰਨਾ ਇਕੋ ਫੇਰ, ਫੁਰਨੇ ਵਿਚ ਸਰਬ ਲੋਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੱਗੇ ਪਿਛੇ ਗੁਰੂ ਅਵਤਾਰ ਸਾਰੇ ਦਿਤੇ ਤੋਰ, ਅੰਤਮ ਆਪਣੇ ਕੋਲ ਮੰਗਾਈਆ । ਤੇਰੀ ਸਾਰੇ ਰੱਖਦੇ ਗਏ ਲੋੜ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸਮਝਾਈਆ । ਸਚ ਸੰਦੇਸ਼ਾ ਦੇਵੇ ਪੁਰਖ ਅਗੰਮ, ਹਰਿ ਕਰਤਾ ਆਪ ਜਣਾਈਆ । ਜਾ ਕੇ ਵੇਖੇ ਮਹਲ ਮੁਨਾਰੇ ਜਗਤ ਚੁਬਾਰੇ ਛੱਪਰ ਛੰਨ, ਨਵ ਨੌ ਚਾਰ ਖੋਜ ਖੁਜਾਈਆ । ਤ੍ਰੈਗੁਣ ਮਾਇਆ ਦੌਲਤ ਖ਼ਜ਼ਾਨਾ ਵੇਖੇ ਧਨ, ਕਵਣ ਗ੍ਰਿਹਿ ਨਜ਼ਰੀ ਆਈਆ । ਬੁੱਧ ਮੱਤ ਵੇਖੇ ਮਨ, ਪ੍ਰਕਿਰਤੀ ਅੰਦਰੋਂ ਨਾਲ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਵੇਖੇ ਜਨ, ਕੂੜੀ ਕਿਰਿਆ ਕਵਣ ਵਡਿਆਈਆ । ਆਤਮ ਪਰਮਾਤਮ ਚੜ੍ਹਿਆ ਵੇਖੇ ਚੰਨ, ਕਵਣ ਕਰੇ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਦ੍ਰਿੜਾਈਆ । ਗੁਰ ਅਵਤਾਰ ਵੇਖਣ ਔਂਦੇ ਨੇ । ਪੀਰ ਪੈਗ਼ੰਬਰ ਪੰਧ ਮੁਕੌਂਦੇ ਨੇ । ਮੰਦਰ ਮਸਜਿਦ ਮੱਠ ਸ਼ਿਵਦਵਾਲੇ ਫੋਲ ਫੁਲੌਂਦੇ ਨੇ । ਤੀਰਥ ਤੱਟ ਕਿਨਾਰ ਵੇਖ ਵਖੌਂਦੇ ਨੇ । ਗੰਗਾ ਗੋਦਾਵਰੀ ਜਮਨਾ ਸੁਰਸਤੀ ਡੇਰਾ ਲੌਂਦੇ ਨੇ । ਸਾਧ ਸੰਤ ਜੀਵ ਜੰਤ ਵੇਖਣ ਕਰਨ ਵਿਚਾਰ, ਅੰਦਰ ਬਾਹਰ ਆਪਣਾ ਧਿਆਨ ਲਗੌਂਦੇ ਨੇ । ਸਾਚਾ ਕਰੇ ਨਾ ਕੋਈ ਪਿਆਰ, ਪ੍ਰੀਤਮ ਪ੍ਰੀਤ ਨਾ ਕੋਈ ਵਿਖੌਂਦੇ ਨੇ । ਮਾਇਆ ਕਾਰਨ ਕਰਨ ਬਿਵਹਾਰ, ਨਾਰੀ ਰੂਪ ਨਾ ਕੋਈ ਜਣੌਂਦੇ ਨੇ । ਚਾਰੋਂ ਕੁੰਟ ਹੋਣ ਖਵਾਰ, ਖ਼ਾਲਸ ਰੂਪ ਨਾ ਕੋਈ ਪਰਗਟੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਬਿਨ ਤੇਰੀ ਕਿਰਪਾ ਤੇਰੇ ਨਜ਼ਰ ਕਿਸੇ ਨਾ ਔਂਦੇ ਨੇ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਮਿਹਰਵਾਨ ਮਿਹਰ ਨਜ਼ਰ ਇਕ ਉਠੌਂਦਾ ਏ । ਧੁਰ ਸੰਦੇਸ਼ ਨਾਲ ਸੁਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਨਾਲ ਮਿਲੌਂਦਾ ਏ । ਜਾ ਕੇ ਵੇਖੇ ਇਕੋ ਦੇਸ, ਜਿਸ ਘਰ ਹਰਿਜੂ ਡੇਰਾ ਲੌਂਦਾ ਏ । ਨਿਰਗੁਣ ਨੂਰ ਜੋਤ ਪਰਵੇਸ਼, ਪੰਜ ਤਤ ਨਾ ਕੋਈ ਰਖੌਂਦਾ ਏ । ਸੰਬਲ ਵਟਾਇਆ ਆਪਣਾ ਭੇਖ, ਭੇਖੀ ਹੋ ਕੇ ਭੇਖ ਵਟੌਂਦਾ ਏ । ਨਜ਼ਰ ਆਏ ਨਾ ਰੂਪ ਰੰਗ ਰੇਖ, ਰੰਗ ਰਾਗ ਨਾ ਕੋਈ ਜਣੌਂਦਾ ਏ । ਜਨ ਭਗਤਾਂ ਕਰੇ ਹੇਤ, ਸਾਚੀ ਕਰਨੀ ਕਾਰ ਕਮੌਂਦਾ ਏ । ਸ਼ਬਦ ਸੁਨੇਹੜਾ ਧੁਰ ਦਾ ਭੇਜ, ਭਾਂਡਾ ਭਰਮ ਭੌ ਭੰਨੌਂਦਾ ਏ । ਆਤਮ ਸੁਹੰਜਣੀ ਮਾਣੇ ਸੇਜ, ਸਚ ਸਿੰਘਾਸਣ ਆਸਣ ਲੌਂਦਾ ਏ । ਜੋਤੀ ਜਲਵਾ ਨਿਰਗੁਣ ਤੇਜ, ਨੂਰ ਨੂਰ ਡਗਮਗੌਂਦਾ ਏ । ਆਦਿ ਜੁਗਾਦਿ ਰਹੇ ਹਮੇਸ਼, ਜੀਵਣ ਮਰਨ ਨਾ ਕੋਈ ਰਖੌਂਦਾ ਏ । ਦਾਤਾ ਬਣ ਕੇ ਵਡ ਨਰੇਸ਼, ਸ਼ਹਿਨਸ਼ਾਹ ਆਪਣਾ ਹੁਕਮ ਚਲੌਂਦਾ ਏ । ਜਨ ਭਗਤਾਂ ਦੇਵੇ ਭੇਤ, ਪਰਦਾ ਓਹਲਾ ਆਪ ਉਠੌਂਦਾ ਏ । ਨਿਰਵੈਰ ਹੋ ਕੇ ਕਰੇ ਹੇਤ, ਸਚ ਪ੍ਰੀਤੀ ਮੇਲ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਪਰਗਟੌਂਦਾ ਏ । ਹਰਿਜਨ ਪ੍ਰਭੂ ਪਰਗਟੌਂਦਾ ਏ । ਜੁਗ ਚੌਕੜੀ ਵੇਖ ਵਖੌਂਦਾ ਏ । ਕਲਜੁਗ ਅੰਤਮ ਮੇਲ ਮਿਲੌਂਦਾ ਏ । ਬਿਨ ਬਾਤੀ ਤੇਲ ਜੋਤ ਜਗੌਂਦਾ ਏ । ਬਣ ਸੱਜਣ ਸੁਹੇਲ ਸੰਗ ਨਿਭੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਕੀਤਾ ਬਚਨ ਆਪਣਾ ਤੋੜ ਨਿਭੌਂਦਾ ਏ । ਬਚਨ ਕੀਤਾ ਕੌਲ ਇਕਰਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਜਣਾਈਆ । ਕਲਜੁਗ ਅੰਤਮ ਲੈ ਅਵਤਾਰ,

ਨਿਰਗੁਣ ਨਿਰਵੈਰ ਖੇਲ ਕਰਾਈਆ । ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਲੱਭੇ ਲਾਲ, ਅਨਮੁਲੜੇ ਹੀਰੇ ਆਪਣੀ ਝੋਲੀ ਪਾਈਆ । ਬਣ ਵਣਜਾਰਾ ਸ਼ਬਦ ਦਲਾਲ, ਸੌਦਾ ਹੱਟ ਇਕ ਵਿਕਾਈਆ । ਵਣਜ ਕਰੇ ਸ਼ਾਹ ਕੰਗਾਲ, ਲਹਿਣਾ ਦੇਣਾ ਦਏ ਵਰਤਾਈਆ । ਗੁਰਮੁਖ ਗੁਰਸਿਖ ਸੱਜਣ ਸਾਰੇ ਭਾਲ, ਮੇਲ ਮਿਲਾਵੇ ਥਾਉਂ ਥਾਈਂਆ । ਆਪੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਤਾ ਤੋੜ ਕਾਲ ਮਹਾਂਕਾਲ, ਮਹਿਮਾ ਆਪਣੀ ਦਏ ਜਣਾਈਆ । ਕਿਰਪਾਨਿਧ ਦੀਨ ਦਿਆਲ, ਸਮੁੰਦ ਸਾਗਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖ ਵਖਾਈਆ । ਹਰਿਜਨ ਸੱਜਣ ਵੇਖੇ ਨਿਰਾਕਾਰ, ਨਿਰੰਕਾਰ ਵੱਡੀ ਵਡਿਆਈਆ । ਸ਼ਬਦ ਸਰੂਪੀ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਜੋਤ ਸਰੂਪੀ ਨੂਰ ਉਜਿਆਰ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਬੇਪਰਵਾਹੀਆ । ਹਰਿਜਨ ਵੇਖੇ ਆਪ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਛੱਪਰ ਛੰਨ ਕਰ ਪਿਆਰ, ਬੇੜਾ ਬੰਨ੍ਹ ਪਾਰ ਕਰਾਇੰਦਾ । ਦੇ ਦਾਤ ਧੰਨ ਅਪਾਰ, ਅਪਰੰਪਰ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖਣ ਇਕੋ ਆਇੰਦਾ । ਹਰਿਜਨ ਵੇਖੇ ਹਰਿ ਰਘੁਰਾਇਆ, ਰਘੁਪਤ ਆਪਣੀ ਦਇਆ ਕਮਾਈਆ । ਪਾਂਧੀ ਹੋ ਕੇ ਪੰਧ ਮੁਕਾਇਆ, ਭੱਜੇ ਵਾਹੋ ਦਾਹੀਆ । ਨਦੀਆਂ ਨਾਲੇ ਪਾਰ ਕਰਾਇਆ, ਥਲ ਅਸਗਾਹ ਨਾ ਕੋਈ ਅਟਕਾਈਆ । ਰੋੜੇ ਪੱਥਰ ਚਰਨ ਟਿਕਾਇਆ, ਮਾਟੀ ਖ਼ਾਕੀ ਦਏ ਵਡਿਆਈਆ । ਬਿਨ ਨੇਤਰ ਨੈਣ ਖੋਲ ਖ਼ੁਸ਼ੀ ਮਨਾਇਆ, ਕਾਨੇ ਕਾਹੀ ਸੋਭਾ ਪਾਈਆ । ਭਗਤ ਮਿਲ ਮਿਲ ਢੋਲਾ ਗਾਇਆ, ਤੂੰਹੀ ਤੂੰ ਰਾਗ ਅਲਾਈਆ । ਹਰਿ ਗੋਬਿੰਦ ਗੁਰੂ ਗੁਰ ਲਹਿਣਾ ਦੇਣਾ ਝੋਲੀ ਪਾਇਆ, ਗੁਰ ਅਰਜਨ ਲੇਖਾ ਪੂਰ ਕਰਾਈਆ । ਭਠਿਆਲਾ ਤ੍ਰੈਗੁਣ ਅਗਨੀ ਵਿਚੋਂ ਬਾਹਰ ਕਢਾਇਆ, ਜਨਮ ਮਰਨ ਰੋਗ ਮਿਟਾਈਆ । ਨਿਹਕਰਮੀ ਹਰਿ ਕਰਮ ਕਮਾਇਆ, ਮਿਹਰ ਨਜ਼ਰ ਨੈਣ ਉਠਾਈਆ । ਧਰਨੀ ਧਰਤ ਧਵਲ ਸੁਹਾਇਆ, ਜਿਸ ਉਪਰ ਚਰਨ ਟਿਕਾਈਆ । ਗੁਰਮੁਖ ਸੰਬਲ ਵੇਖਣ ਆਇਆ, ਗੁਰ ਨੇਤਰ ਚਾਈਂ ਚਾਈਂਆ । ਲੱਖ ਚੁਰਾਸੀ ਵਿਚੋਂ ਰੱਖਣ ਆਇਆ, ਭਵ ਜਲ ਬੇੜਾ ਪਾਰ ਕਰਾਈਆ । ਰਾਏ ਧਰਮ ਨਾ ਦਏ ਸਜਾਇਆ, ਚਿਤਰ ਗੁਪਤ ਨਾ ਲੇਖ ਵਿਖਾਈਆ । ਲਾੜੀ ਮੌਤ ਨਾ ਲਏ ਪ੍ਰਨਾਇਆ, ਜਮਦੂਤ ਭੈ ਨਾ ਕੋਈ ਰਖਾਈਆ । ਚਰਨ ਪ੍ਰੀਤੀ ਨਾਤਾ ਜੋੜ ਜੁੜਾਇਆ, ਓਥੇ ਏਥੇ ਕੋਈ ਨਾ ਸਕੇ ਤੁੜਾਈਆ । ਸਿਮਲ ਸਕੋਰ ਸਾਹਿਬ ਸਤਿਗੁਰ ਫੇਰਾ ਪਾਇਆ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਚੋਰ ਹੋ ਕੇ ਚੋਰੀ ਰਿਹਾ ਕਮਾਇਆ, ਠੱਗੀ ਆਪਣੀ ਆਪੇ ਰਿਹਾ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੱਚਖੰਡ ਦਵਾਰੇ ਸ਼ੋਰ ਮਚਾਇਆ, ਉਚੀ ਕੂਕ ਕੂਕ ਰਹੇ ਸੁਣਾਈਆ । ਅਚਰਜ ਖੇਲ ਪ੍ਰਭ ਅਵਰ ਕਾ ਹੋਰ ਰਚਾਇਆ, ਭੇਦ ਅਭੇਵ ਕਿਸੇ ਨਾ ਆਈਆ । ਆਤਮ ਪਰਮਾਤਮ ਜੋੜ ਜੁੜਾਇਆ, ਘਰ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਵਡਿਆਈ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਸ੍ਰੀ ਭਗਵਾਨ, ਭਗਤ ਵਛਲ ਦਇਆ ਕਮਾਈਆ । ਸਾਚਾ ਮੰਦਰ ਵੇਖ ਮਕਾਨ, ਸਾੜ੍ਹੇ ਤਿੰਨ ਹੱਥ ਅੰਦਰ ਸੋਭਾ ਪਾਈਆ । ਛੱਪਰ ਛੰਨ ਹੋਈ ਹੈਰਾਨ, ਹਰਿਜੂ ਕੀ

ਕੀ ਖੇਲ ਵਰਤਾਈਆ । ਮੇਰਿਆਂ ਕੱਖਾਂ ਕੀਤਾ ਪਰਵਾਨ, ਲੱਖਾਂ ਖ਼ਾਕ ਵਿਚ ਰਲਾਇੰਦਾ । ਅੱਖਾਂ ਨਾਲ ਦਰਸ਼ਨ ਕੀਤਾ ਆਣ, ਨੇਤਰ ਲੋਚਣ ਨੈਣ ਬਿਗਸਾਈਆ । ਸੁਣ ਕੇ ਇਕ ਧੁਰ ਫ਼ਰਮਾਣ, ਮਾਣ ਤਾਣ ਕੋਈ ਰਹਿਣ ਨਾ ਪਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜੋ ਮਿਲ ਕੇ ਢੋਲਾ ਗਾਨ, ਦੋ ਜਹਾਨ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਕਰ ਧਿਆਨ, ਨੇਤਰ ਲੋਚਣ ਨੈਣ ਸਰਬ ਖੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖ ਖੇਲ ਮਹਾਨ, ਸੀਸ ਜਗਦੀਸ਼ ਸੀਸ ਆਪ ਸਰਬ ਨਿਵਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਕੋ ਢੋਲਾ ਸੁਣਿਆ ਵਿਚ ਜਹਾਨ, ਜਿਸ ਦਾ ਭੇਵ ਕੋਈ ਨਾ ਆਈਆ । ਭਗਤ ਭਗਵਾਨ ਦੋਵੇਂ ਮਿਲ ਕੇ ਗਾਣ, ਨੈਣ ਨਜ਼ਰ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਤੁਰਦਾ ਵੇਖ, ਜੰਗਲ ਬੇਲਾ ਦਏ ਦੁਹਾਈਆ । ਸਾਡੀ ਉਡਦੀ ਵੇਖ ਬਾਲੂ ਰੇਤ, ਪ੍ਰਭੂ ਤਰਸ ਕੋਈ ਨਾ ਆਈਆ । ਜੁਗ ਜੁਗ ਲੱਭਦੇ ਰਹੇ ਤੇਰਾ ਭੇਤ, ਪ੍ਰੀਤੀ ਸਚ ਨਾ ਕੋਈ ਲਗਾਈਆ । ਧਰਤ ਧਵਲ ਦੀ ਛਾਤੀ ਉਤੇ ਲੇਟ, ਆਪਣਾ ਜੀਵਣ ਰਹੇ ਬਤਾਈਆ । ਕੀ ਹੋਇਆ ਤੂੰ ਸਾਨੂੰ ਦਿਤਾ ਭੇਜ, ਲੋਕਮਾਤ ਰੂਪ ਵਟਾਈਆ । ਅਸੀਂ ਵੀ ਮੰਗਦੇ ਉਹੋ ਸੇਜ, ਜੋ ਭਗਤਾਂ ਰਿਹਾ ਹੰਢਾਈਆ । ਵਸੇ ਤੇਰੇ ਸੱਚੇ ਦੇਸ, ਜਿਸ ਘਰ ਵਸੇ ਬੇਪਰਵਾਹੀਆ । ਸਾਚੇ ਮੰਦਰ ਲਈਏ ਵੇਖ, ਛੱਪਰ ਛੰਨ ਨਾ ਕੋਈ ਵਡਿਆਈਆ । ਜਿਸ ਦਵਾਰੇ ਬਦਲੇ ਰੇਖ, ਰੇਖਾ ਪਿਛਲੀ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਕਾਨਾ ਕਾਹੀ ਵੇਖ ਰੋਂਦੇ ਪੱਥਰ, ਪਾਹਨ ਰਹੇ ਕੁਰਲਾਈਆ । ਨੇਤਰ ਨੀਰ ਵਰੋਲਣ ਅੱਥਰ, ਹੰਝੂਆਂ ਹਾਰ ਬਣਾਈਆ । ਪ੍ਰਭੂ ਕਰ ਕਿਰਪਾ ਸਾਡਾ ਲਿਖ ਦੇ ਇਕੋ ਅੱਖਰ, ਜਿਸ ਅੱਖਰ ਵਿਚੋਂ ਤੇਰਾ ਰੂਪ ਨਜ਼ਰੀ ਆਈਆ । ਤੇਰੀ ਚਰਨੀ ਡਿਗੇ ਢਾਹ ਕੇ ਸੱਥਰ, ਸੱਥਰ ਯਾਰੜੇ ਲਏ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪੱਥਰਾਂ ਵੇਖ ਰੋਵਣ ਰੋੜੇ, ਨਿੱਕੇ ਨਿੱਕੇ ਸ਼ੋਰ ਮਚਾਈਆ । ਕਿਉਂ ਸਾਹਿਬ ਸਾਨੂੰ ਜਲ ਦੀ ਧਾਰੇ ਰੋੜ੍ਹੇਂ, ਅੱਗੇ ਪਿਛੇ ਧੱਕਾ ਲਾਈਆ । ਕਰ ਕਿਰਪਾ ਜੇ ਆਪਣੇ ਚਰਨ ਜੋੜੇਂ, ਨਾਲ ਭਗਤਾਂ ਦਏਂ ਵਡਿਆਈਆ । ਧੰਨੇ ਵਾਂਗ ਏਥੇ ਬੌਹੜੇ, ਓਥੇ ਤੈਨੂੰ ਲੱਭਣ ਕੋਈ ਨਾ ਜਾਈਆ । ਤੇਰੇ ਅੱਗੇ ਨਾ ਕੋਈ ਜ਼ੋਰੇ, ਨੀਵੇਂ ਹੋ ਕੇ ਸੀਸ ਨਿਵਾਈਆ । ਸਾਡੇ ਵੇਖ ਪਿਛਲੇ ਕਾਗ਼ਜ਼ ਕੋਰੇ, ਅਗਲਾ ਲੇਖਾ ਦੇ ਮੁਕਾਈਆ । ਤੇਰੇ ਉਤੇ ਸਾਡੀ ਡੋਰੇ, ਦੂਜਾ ਨਜ਼ਰ ਕੋਈ ਨਾ ਆਈਆ । ਸਮੁੰਦ ਸਾਗਰ ਇਕੋ ਤੂੰਹੀ ਬੌਹੜੇ, ਦੂਜਾ ਹੋਵੇ ਨਾ ਕੋਈ ਸਹਾਈਆ । ਤੇਰੇ ਮਿਲਣ ਦੀ ਲੱਗੀ ਔੜੇ, ਨਦੀਆਂ ਜਲ ਅਸਗਾਹ ਸਾਡੀ ਤ੍ਰਿਖਾ ਨਾ ਕੋਈ ਬੁਝਾਈਆ । ਨਿਰਵੈਰ ਚੜ੍ਹ ਕੇ ਆ ਘੋੜੇ, ਕਦਮ ਕਦਮ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਰੋੜੇ ਵੇਖ ਰੋਵੇ ਝਾੜੀ, ਟਾਹਣੀ ਰਹੀ ਕੁਰਲਾਈਆ । ਮੇਰੀ ਕਿਸਮਤ ਕਿਉਂ ਲਿਖੀ ਮਾੜੀ, ਵਿਚ ਕੰਡਿਆਂ ਡੇਰਾ ਲਾਈਆ । ਮੈਂ ਸੁਣਿਆਂ ਤੂੰ ਭਗਤਾਂ ਨਾਲ ਨਿਭਾਵੇਂ ਯਾਰੀ, ਲੱਗੀ ਪ੍ਰੀਤੀ ਤੋੜ ਨਿਭਾਈਆ । ਏਸੇ ਕਰ ਕੇ ਆਈ ਤੇਰੇ ਅਗਾੜੀ, ਨਿਉਂ ਕੇ ਸੀਸ ਨਿਵਾਈਆ । ਖ਼ੁਸ਼ੀਆਂ ਨਾਲ ਫੇਰਾਂ ਬਹਾਰੀ, ਆਪਣੀ ਸੇਵ ਕਮਾਈਆ । ਮੈਂ ਅੱਧ ਵਾਟਨ ਖੜੀ ਕਚੱਜੀ ਨਾਰੀ, ਸੋਭਾਵੰਤ ਰੂਪ ਨਾ ਕੋਇ ਵਟਾਈਆ । ਮੈਂ ਸੁਣਿਆਂ ਤੂੰ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦਏ ਅਧਾਰੀ, ਸਿਰ

ਆਪਣਾ ਹੱਥ ਟਿਕਾਈਆ । ਆਵਣ ਜਾਵਣ ਮਰਨ ਜਨਮ ਦੀ ਮੇਰੀ ਕੱਟ ਬੀਮਾਰੀ, ਉਤਭੁਜ ਦੇਵੇ ਕੂਕ ਦੁਹਾਈਆ । ਦੋਏ ਜੋੜ ਤੇਰੇ ਪ੍ਰਭ ਚਰਨ ਨਿਮਸਕਾਰੀ, ਧੂੜੀ ਟਿੱਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਲਗਾਈਆ । ਵੇਖ ਝਾੜੀ ਕੂਕੇ ਰੇਤ, ਬੌਹੜੀ ਰਹੀ ਸੁਣਾਈਆ । ਮੈਂ ਗੁਰ ਅਰਜਨ ਨਾਲ ਕੀਤਾ ਹੇਤ, ਅਗਨੀ ਸੜ ਕੇ ਆਪਣੀ ਸੇਵ ਕਮਾਈਆ । ਮੈਂ ਓਸ ਦੇ ਸੀਸ ਤੇ ਚੜ੍ਹ ਕੇ ਮਾਣੀ ਸੇਜ, ਤਨ ਖ਼ੁਸ਼ੀਆਂ ਨਾਲ ਹੰਢਾਈਆ । ਨੇਤਰ ਲੋਚਣ ਨੈਣ ਵੇਖ, ਖ਼ੁਸ਼ੀਆਂ ਹਾਲ ਸੁਣਾਈਆ । ਓਸ ਵੇਲੇ ਕਿਹਾ ਮੈਨੂੰ ਲੈ ਚਲ ਓਸ ਦੇਸ, ਜਿਸ ਦੇਸ ਵਸੇ ਸੱਚਾ ਮਾਹੀਆ । ਗੁਰ ਅਰਜਨ ਦਿਤਾ ਇਕ ਉਪਦੇਸ, ਸਚ ਸੁਨੇਹੜਾ ਆਪ ਸੁਣਾਈਆ । ਜੋ ਮੈਨੂੰ ਰਿਹਾ ਭੇਜ, ਸੋ ਸਾਹਿਬ ਬੇਪਰਵਾਹੀਆ । ਕਲਜੁਗ ਅੰਤਮ ਖੇਲੇ ਖੇਡ, ਖ਼ਾਲਕ ਆਪਣਾ ਰੂਪ ਵਟਾਈਆ । ਬਣ ਕੇ ਆਵੇ ਧੁਰ ਦਾ ਨਰੇਸ਼, ਨੇਤਾ ਇਕੋ ਇਕ ਨਜ਼ਰੀ ਆਈਆ । ਤੇਰਾ ਮੇਰਾ ਭੁੱਲੇ ਨਾ ਚੇਤ, ਅਭੁੱਲ ਆਪਣੇ ਹੱਥ ਰੱਖੇ ਵਡਿਆਈਆ । ਸਾਰਾ ਖੋਲ੍ਹੇ ਆ ਕੇ ਭੇਤ, ਪਰਦਾ ਓਹਲਾ ਆਪ ਦਏ ਚੁਕਾਈਆ । ਜਿਸ ਅਗਨੀ ਤਪਾਈ ਰੇਤ, ਸੋ ਭਠਿਆਲਾ ਤੇਰੇ ਨਾਲ ਮਿਲਾਈਆ । ਜੋ ਸੀਨੇ ਛਨਣੀ ਛਨਣੀ ਪਾਏ ਸੇਕ, ਤੇਰਾ ਸਹਿੰਸਾ ਦਏ ਗਵਾਈਆ । ਤੇਰੇ ਚਰਨਾਂ ਹੇਠ ਸੇਜ ਬਣਾਏ ਰੇਤ, ਬਣ ਪਾਂਧੀ ਪੰਧ ਮੁਕਾਈਆ । ਹਰਿਸੰਗਤ ਸਜਿਆ ਲੈਣਾ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਨ ਭਗਤਾਂ ਦਰ ਤੇਰਾ ਪੂਰਾ ਕਰੇ ਲੇਖ, ਲੇਖਾ ਲੇਖੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰ ਧੁਰ ਦਾ ਵਰ, ਅਗੰਮ ਅਥਾਹ ਬੇਪਰਵਾਹ ਆਪਣੇ ਹੱਥ ਰੱਖੇ ਵਡਿਆਈਆ । ਰੇਤ ਬਾਲੂ ਤਪਤ ਸ਼ਾਂਤ, ਅਗਨ ਮੇਘ ਰੂਪ ਵਟਾਈਆ । ਪੁਰਖ ਅਕਾਲ ਦੇਵੇ ਦਾਤ, ਦਇਆਵਾਨ ਹੋਏ ਸਹਾਈਆ । ਨਾਲ ਰਲਾਏ ਭਗਤ ਜਮਾਇਤ, ਸਗਲਾ ਸੰਗ ਵਖਾਈਆ । ਲੇਖਾ ਲਿਖ ਕੇ ਕਲਮ ਦਵਾਤ, ਪੂਰਬ ਲਹਿਣ ਦਏ ਚੁਕਾਈਆ । ਸਚ ਪ੍ਰੀਤੀ ਜੋੜ ਨਾਤ, ਨਾਤਾ ਬਿਧਾਤਾ ਇਕੋ ਇਕ ਰਖਾਈਆ । ਜੋ ਸਾਹਿਬ ਸਤਿਗੁਰ ਗੁਰੂ ਗੁਰ ਗੁਰ ਅਰਜਨ ਦੇਵ ਗਿਆ ਆਖ, ਆਖਰ ਲੇਖਾ ਪੂਰ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਤਿ ਸਰੂਪ ਜੋਤ ਪਰਕਾਸ਼ ਕਰ ਸਾਖਿਆਤ, ਸ਼ਬਦ ਰਾਗ ਧੁਨ ਸ਼ਨਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦਾ ਪਰਦਾ ਲਏ ਢਾਕ, ਓਢਣ ਇਕੋ ਨਾਮ ਰਖਾਈਆ । ਨਾ ਹਿੰਦੂ ਨਾ ਮੁਸਲਮਾਨ, ਕਲਮਾ ਨਾਮ ਇਕ ਵਡਿਆਈਆ । ਨਾ ਸ਼ਰਅ ਨਾ ਕੋਈ ਸ਼ੈਤਾਨ, ਨਾ ਧਰਮ ਰੂਪ ਵਟਾਈਆ । ਦੋ ਜਹਾਨਾਂ ਵਿਚੋਂ ਸ੍ਰੀ ਭਗਵਾਨ, ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਚੁੱਕੇ ਸਚ ਸਿਦਕ ਈਮਾਨ, ਭਰਵਾਸਾ ਇਕੋ ਇਕ ਰਖਾਈਆ । ਜਿਸ ਵੇਲੇ ਬੇਨੰਤੀ ਕੀਤੀ ਚਰਨ ਕਰ ਪਰਨਾਮ, ਨੇਤਰ ਨੈਣ ਨੀਰ ਵਹਾਈਆ । ਓਸ ਵੇਲੇ ਨਜ਼ਰੀ ਆਇਆ ਇਕ ਅਮਾਮ, ਪੈਗ਼ੰਬਰ ਪੀਰਾਂ ਬੇਪਰਵਾਹੀਆ । ਸਜਦਾ ਸੀਸ ਝੁਕ ਕੀਤਾ ਸਲਾਮ, ਦੀਦ ਈਦ ਚੰਦ ਰੁਸ਼ਨਾਈਆ । ਕਰ ਨਿਮਸਕਾਰ ਮੰਗਿਆ ਦਾਨ, ਦੋਏ ਜੋੜ ਵਾਸਤਾ ਪਾਈਆ । ਮੈਨੂੰ ਹੁਕਮ ਕਰਦਾ ਹੁਕਮਰਾਨ, ਹੁਕਮੇ ਅੰਦਰ ਸੇਵ ਕਮਾਈਆ । ਅੰਦਰੋਂ ਵੇਖਿਆ ਮੈਨੂੰ ਨਜ਼ਰੀ ਆਇਆ ਭਗਵਾਨ, ਭਗਵਾਨ ਤੇਰੇ ਵਿਚ ਸਮਾਈਆ । ਭਗਵੰਤ ਕੋਲ ਨਾ ਮਜ਼੍ਹਬ ਨਾ ਅਸਲਾਮ, ਧਰਮ ਕਰਮ ਵਰਨ ਬਰਨ ਨਜ਼ਰ ਕੋਈ ਨਾ ਆਈਆ । ਸਤਿਗੁਰ ਪੂਰੇ ਇਕੋ ਦਿਤਾ ਸੱਚਾ ਪੈਗ਼ਾਮ, ਧੁਰ ਸੰਦੇਸ਼ ਸੁਣਾਈਆ ।

ਤੇਰਾ ਸਹਾਈ ਪਰਵਰਦਿਗਾਰ ਰਾਮ, ਪੁਰਖ ਅਕਾਲ ਦਏ ਵਡਿਆਈਆ । ਜਿਸ ਦੇ ਹੱਥ ਦੋ ਜਹਾਨਾਂ ਨਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਗੌਂਦੇ ਕਲਮਾ ਕਲਾਮ, ਕਾਇਨਾਤ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਿੰਦੂ ਮੁਸਲਿਮ ਹਿੱਸਾ ਦਏ ਚੁਕਾਈਆ ।

★ ੧੯ ਮਾਘ ੨੦੨੦ ਬਿਕਰਮੀ ਚਰਨ ਸਿੰਘ ਦੇ ਘਰ ਸਿਮਲ ਸਕੋਰ ਜ਼ਿਲਾ ਗੁਰਦਾਸ ਪੁਰ ★

ਜੰਗਲ ਜੂਹ ਉਜਾੜ ਪਹਾੜ ਪੰਖੀ ਪੰਛੀ ਤੜਫਨ ਤਰਵਰ, ਬੇਦੀਦ ਦੀਦ ਧਿਆਨ ਲਗਾਈਆ । ਮਿਹਰਵਾਨ ਸ੍ਰੀ ਭਗਵਾਨ ਨੌਜਵਾਨ ਕਿਰਪਾ ਕਰ, ਦਰ ਠਾਂਡੇ ਓਟ ਤਕਾਈਆ । ਆਵਣ ਜਾਵਣ ਪਤਤ ਪਾਵਣ ਜਨਮ ਮਰਨ ਭੈ ਭੌ ਕੱਟ ਦਰ, ਦਰ ਦਰਵੇਸ਼ ਸੀਸ ਨਿਵਾਈਆ । ਨਿਰਧਨ ਨਿਮਾਣੇ ਬੇਆਸ ਚਰਨੀ ਸੀਸ ਰਹੇ ਧਰ, ਧਰਨੀ ਧਰਤ ਧਵਲ ਵੇਖ ਵਖਾਈਆ । ਜੁਗ ਚੌਕੜੀ ਬਿਰਹੋਂ ਵਿਛੋੜੇ ਵਿਚ ਗਏ ਸੜ, ਅਗਨੀ ਤਤ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇ ਮਾਣ ਵਡਿਆਈਆ । ਅੰਡਜ ਜੇਰਜ ਉਤਭੁਜ ਸੇਤਜ, ਚਾਰ ਕੁੰਟ ਵਖਾਈਆ । ਜੁਗ ਚੌਕੜੀ ਸਾਹਿਬ ਸੁਲਤਾਨ ਤੈਨੂੰ ਥੱਕੇ ਲੱਭ ਲੱਭ, ਤੇਰਾ ਰੂਪ ਨਾ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਵੇਖੀ ਹੱਦ, ਜ਼ਿਮੀ ਅਸਮਾਨਾ ਧਿਆਨ ਲਗਾਈਆ । ਉਚਾ ਲੰਮਾ ਵੱਡਾ ਛੋਟਾ ਤੇਰਾ ਨਜ਼ਰ ਨਾ ਆਇਆ ਕੱਦ, ਤਤ ਰੂਪ ਨਾ ਕੋਇ ਵਖਾਈਆ । ਬਿਨ ਲੱਤਾਂ ਬਾਹਾਂ ਚਾਰੋਂ ਕੁੰਟ ਰਹੇ ਭੱਜ, ਬਣ ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਬੌਹੜੀ ਦਰੋਹੀ ਖ਼ੁਦਾਏ ਕਿਉਂ ਸਾਨੂੰ ਕੀਤਾ ਅੱਡ, ਨਾਤਾ ਆਪਣਾ ਬੈਠੋਂ ਤੁੜਾਈਆ । ਚੀਕ ਪੁਕਾਰਨ ਕੁਰਲਾਵਣ ਸਾਡੇ ਹੱਡ, ਨਾੜੀ ਨਾੜੀ ਸ਼ੋਰ ਮਚਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਬਣ ਕੇ ਜਾਈਂ ਚੰਦ, ਵੇਲਾ ਵਕਤ ਦਏਂ ਸੁਹਾਈਆ । ਸਰਨ ਸਰਨਾਈ ਤੇਰੀ ਜਾਈਏ ਲੱਗ, ਚਰਨ ਚਰਨੋਦਕ ਮਿਲੇ ਵਡਿਆਈਆ । ਸਚ ਖ਼ੁਮਾਰੀ ਦੇ ਮਧੁ, ਨਾਮ ਪਿਆਲਾ ਇਕ ਪਿਆਈਆ । ਦਰਸ਼ਨ ਕਰ ਕੇ ਜਾਈਏ ਰੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਦਏ ਵਡਿਆਈਆ । ਚਾਰੇ ਖਾਣੀ ਕਰੇ ਪੁਕਾਰ, ਬੌਹੜੀ ਬੌਹੜੀ ਰਹੀ ਕੁਰਲਾਈਆ । ਨੂਰ ਨੁਰਾਨੇ ਸਾਂਝੇ ਯਾਰ, ਬੇਪਰਵਾਹ ਤੇਰੀ ਸਰਨਾਈਆ । ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਤੇਰੀ ਓਟ ਰਖਾਈਆ । ਲੱਭ ਲੱਭ ਥੱਕੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦਵਾਪਰ ਪੰਧ ਮੁਕਾਈਆ । ਕਾਗ਼ਜ਼ ਕਲਮ ਛਾਹੀ ਤੇਰੇ ਨਾਮ ਦਾ ਦੇ ਦੇ ਗਏ ਅਧਾਰ, ਧੀਰਜ ਲੋਕਮਾਤ ਜਣਾਈਆ । ਇਸ਼ਾਰੇ ਦੇ ਦੇ ਗਏ ਗੁਰੂ ਅਵਤਾਰ, ਤੇਰਾ ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਮੇਲਾ ਬੇਪਰਵਾਹੀਆ । ਚਾਰੇ ਖਾਣੀ ਚਾਰੇ ਜੁਗ, ਚਾਕਰ ਬਣ ਕੇ ਸੇਵ ਕਮਾਈਆ । ਇਕ ਦੂਜੇ ਨੂੰ ਸਾਰੇ ਰਹੇ ਪੁਛ, ਕਿਸ ਬਿਧ ਮਿਲੇ ਬੇਪਰਵਾਹੀਆ । ਜੇਰਜ ਕਹੇ ਮੈਂ ਦੱਸਾਂ ਸਚ ਮੁੱਚ, ਮਾਣਸ ਦੇਵਣਹਾਰ ਵਡਿਆਈਆ । ਅੰਡਜ ਕਹੇ ਹਰ ਘਟ ਬੈਠਾ ਲੁਕ, ਨਿਰਗੁਣ ਆਪਣਾ ਰੂਪ ਵਟਾਈਆ । ਉਤਭੁਜ ਕਹੇ ਆਪਣੀ ਧਾਰੋਂ ਪਏ ਉਠ, ਨਾ ਕੋਈ ਜਨਮੇ ਪਿਤਾ ਮਾਈਆ । ਸੇਤਜ ਕਹੇ ਲੱਖ ਚੁਰਾਸੀ ਉਹਦੇ

ਸੁਤ, ਜਨਨੀ ਜਨ ਇਕ ਅਖਵਾਈਆ । ਆਦਿ ਜੁਗਾਦਿ ਕਦੇ ਨਾ ਬਹੇ ਲੁਕ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਖਾਣੀ ਕਹੇ ਪੁਕਾਰ, ਕੂਕ ਕੂਕ ਸੁਣਾਈਆ । ਉਠ ਵੇਖ ਸਾਡਾ ਹਾਲ, ਬੇਦਰਦ ਦਰਦ ਹੋ ਕੇ ਵੰਡ ਵੰਡਾਈਆ । ਜੁਗ ਚੌਕੜੀ ਤੇਰੀ ਅਵੱਲੜੀ ਚਾਲ, ਸਮਝ ਸਕੇ ਕੋਈ ਨਾ ਰਾਈਆ । ਤੇਰੇ ਪ੍ਰੇਮ ਪਿਛੇ ਪੁੱਠੀ ਲੱਥੇ ਖਾਲ, ਅਗਨੀ ਤਤ ਭੇਟ ਚੜ੍ਹਾਈਆ । ਤੇਰੀ ਖਾਤਰ ਨੀਹਾਂ ਹੇਠਾਂ ਦਬਾਏ ਬਾਲ, ਤੇਰੀ ਮੰਜ਼ਲ ਮੁੱਕ ਕਦੇ ਨਾ ਜਾਈਆ । ਤੇਰੇ ਪਿਛੇ ਗੋਬਿੰਦ ਰੁਲ ਕੇ ਲਾਲ, ਸੂਲਾਂ ਸੱਥਰ ਸੇਜ ਹੰਢਾਈਆ । ਉਠ ਕੇ ਵੇਖ ਸਾਡਾ ਹਾਲ, ਜੰਗਲ ਬੇਲੇ ਰਹੇ ਕੁਰਲਾਈਆ । ਤੇਰੇ ਅੱਗੇ ਕਰਿਆ ਸਵਾਲ, ਬਲ ਬਾਵਨ ਤੇਰੀ ਓਟ ਤਕਾਈਆ । ਤ੍ਰੇਤੇ ਰਾਮ ਕਰ ਪੁਕਾਰ, ਪੰਚਬਟੀ ਤੇਰਾ ਧਿਆਨ ਲਗਾਈਆ । ਦਵਾਪਰ ਕ੍ਰਿਸ਼ਨ ਹੋ ਖ਼ੁਸ਼ਹਾਲ, ਨੇਤਰ ਨੈਣਾਂ ਨੀਰ ਵਹਾਈਆ । ਕੱਖਾਂ ਉਤੇ ਸੁੱਤਾ ਪੈਰ ਸੰਭਾਲ, ਸੁੱਖ ਆਸਣ ਇਕ ਲਗਾਈਆ । ਬੱਧਕ ਮਾਰ ਤੀਰ ਨਿਸ਼ਾਨ, ਲੇਖਾ ਲਿਆ ਚਾਈਂ ਚਾਈਂਆ । ਕਲਜੁਗ ਮੂਸਾ ਡਿੱਗ ਕੇ ਮੂੰਹ ਦੇ ਭਾਰ, ਪਰਬਤ ਚੋਟੀ ਮਾਣ ਗਵਾਈਆ । ਈਸਾ ਕਰੇ ਇਕ ਸਲਾਮ, ਸਜਦਾ ਤੇਰੇ ਘਰ ਰਖਾਈਆ । ਮੁਹੰਮਦ ਪੜ੍ਹ ਕੇ ਕਲਮਾ ਕਲਾਮ, ਕਾਅਬਾ ਤੇਰਾ ਘਰ ਵੇਖ ਵਖਾਈਆ । ਨਾਨਕ ਕਰ ਕੇ ਤੇਰਾ ਧਿਆਨ, ਰੋੜਾਂ ਸੱਥਰ ਗਿਆ ਬਣਾਈਆ । ਗੋਬਿੰਦ ਕਰ ਤੈਨੂੰ ਪਰਨਾਮ, ਕਾਹੀ ਆਪਣੇ ਅੰਗ ਲਗਾਈਆ । ਅਸੀਂ ਵੇਖ ਹੋਏ ਹੈਰਾਨ, ਪਾਰਬ੍ਰਹਮ ਜੁਗ ਚੌਕੜੀ ਤੈਨੂੰ ਰਹਿਮ ਕੋਇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਸੁਣਦੇ ਰਹੇ ਪੈਗ਼ਾਮ, ਕਲਜੁਗ ਆਵੇ ਸ਼ਹਿਨਸ਼ਾਹੀਆ । ਦੋ ਜਹਾਨਾਂ ਬਦਲ ਦੇਵੇ ਨਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਜੁਗ ਚੌਕੜੀ ਤੜਫਦਿਆਂ ਤਰਸਦਆਂ ਦਰਸ਼ਨ ਦੇਵੇ ਆਣ, ਦੂਰ ਦੁਰਾਡਾ ਫੇਰਾ ਪਾਈਆ । ਮੰਜ਼ਲ ਮੰਜ਼ਲ ਕੱਟ ਪੁੱਜੇ ਮਕਾਮ, ਹੱਕ ਮੁਕਾਮ ਇਕ ਸਮਝਾਈਆ । ਜਾਹਰ ਜਹੂਰ ਬਣ ਅਮਾਮ, ਅਸਲੀਅਤ ਇਕੋ ਦਏ ਸਮਝਾਈਆ । ਦੇਵੇ ਧੁਰ ਦਾ ਇਕ ਤੁਆਮ, ਆਮ ਖ਼ਾਸ ਸਮਝ ਸਕੇ ਨਾ ਰਾਈਆ । ਸਭ ਦੀ ਮੁਸ਼ਕਲ ਕਰੇ ਅਸਾਨ, ਮਹਿਫਲ ਆਪਣੇ ਨਾਲ ਰਖਾਈਆ । ਅਸੀਂ ਤੇਰੀ ਬਣ ਅਵਾਮ, ਨਿਤ ਬੈਠੇ ਧਿਆਨ ਲਗਾਈਆ । ਸਾਡਾ ਪੂਰਨ ਕਰਦੇ ਕਾਮ, ਪ੍ਰਭ ਪੂਰਨ ਬੇਪਰਵਾਹੀਆ । ਸਾਡੇ ਕੋਲ ਨਹੀਂ ਗਿਰੀ ਛੁਹਾਰੇ ਬਦਾਮ, ਸੋਹਣੀ ਵਸਤ ਭੇਟ ਨਾ ਕੋਇ ਕਰਾਈਆ । ਕੱਖਾਂ ਵਿਚ ਵੇਖੀਏ ਤੇਰੀ ਸ਼ਾਨ, ਜਿਸ ਸ਼ਾਨ ਵਿਚ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਇਕ ਵਰ, ਘਰ ਮਿਲੇ ਤੇਰੀ ਵਡਿਆਈਆ । ਚਾਰ ਖਾਣੀ ਵਿਚੋਂ ਨਿਕੰਮੇ ਕੱਖ, ਆਪਣਾ ਹਾਲ ਸੁਣਾਈਆ । ਪੁਰਖ ਅਬਿਨਾਸ਼ੀ ਸਾਨੂੰ ਦੱਸ, ਕਿਉਂ ਬੈਠਾ ਮੁਖ ਭਵਾਈਆ । ਸਾਡੀ ਕੀਮਤ ਨਾ ਕੋਈ ਕਰੋੜੀ ਲੱਖ, ਵਣਜਾਰਾ ਨਜ਼ਰ ਕੋਇ ਨਾ ਆਈਆ । ਸਾਡੇ ਲਈ ਕੁਝ ਦੱਸ, ਇਹ ਤੇਰੀ ਸਭ ਵਡਿਆਈਆ । ਸਾਨੂੰ ਦੇ ਕੇ ਜਾ ਮਤ, ਧੁਰ ਦੀ ਧਾਰ ਸਮਝਾਈਆ । ਸਾਡੀ ਲੇਖੇ ਲੱਗੇ ਰਤ, ਜੋ ਤੇਰੀ ਭੇਟ ਚੜ੍ਹਾਈਆ । ਆਪਣੇ ਮਿਲਣ ਦੀ ਦੇ ਅੱਖ, ਦੂਜੀ ਲੋੜ ਰਹੇ ਨਾ ਰਾਈਆ । ਸਾਡੇ ਅੰਦਰ ਜਾਵੀਂ ਵਸ, ਬਾਹਰੋਂ ਰੂਪ ਨਾ ਕੋਇ ਵਖਾਈਆ । ਅਸੀਂ ਖ਼ੁਸ਼ੀ ਕਰੀਏ ਹੱਸ ਹੱਸ, ਸੱਚਾ ਢੋਲਾ ਗਾਈਆ । ਮਿਟੇ ਰੈਣ ਅੰਧੇਰੀ ਮੱਸ, ਸਚ ਨੂਰ ਨਾ ਹੋਵੇ ਰੁਸ਼ਨਾਈਆ । ਜੁਗ ਚੌਕੜੀ ਤੇਰੀ ਰੱਖਦੇ ਗਏ ਆਸ, ਪਿਆਸ ਤੇਰੇ ਦਰਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਮੁਕਾਈਆ । ਚਾਰੇ ਖਾਣੀ ਵਿਚੋਂ ਹੋਏ ਨਿਕੰਮੇ, ਮਿਲੇ ਮਾਣ ਨਾ ਕੋਇ ਵਡਿਆਈਆ । ਪੈਰਾਂ ਹੇਠਾਂ ਲੈ ਲੈ ਸਾਨੂੰ ਜੀਵ ਜੰਤ ਭੰਨੇ, ਉਤੇ ਚਲਣ ਵਾਹੋ ਦਾਹੀਆ । ਜੇ ਕਦੀ ਲੋੜ ਪਈ ਤੂੰ ਆਪ ਸੇਵਾ ਕੀਤੀ ਨਾਮੇ ਛੰਨੇ, ਛੱਪਰ ਛੰਨ ਛੁਹਾਈਆ । ਸਚ ਸੱਚ ਤੂੰ ਭਗਤਾਂ ਮੰਨੇ, ਦੇਵੇਂ ਮਾਣ ਵਡਿਆਈਆ । ਹੁਣ ਵੇਖਿਆ ਦੂਰ ਦੁਰਾਡਾ ਚਲ ਕੇ ਆਇਉਂ ਸਾਡੇ ਬੰਨੇ, ਬਣ ਕੇ ਪਾਂਧੀ ਰਾਹੀਆ । ਕੀ ਹੋਇਆ ਜੇ ਧੰਨੇ ਦੇ ਚੂਪੇ ਗੰਨੇ, ਹੁਣ ਡੱਲਾਂ ਭੋਗ ਲਗਾਈਆ । ਤੈਨੂੰ ਵੇਖਣ ਵਾਲੇ ਬਿਨ ਤੇਰੀ ਕਿਰਪਾ ਅੰਨੇ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਸਾਹਿਬ ਸਤਿਗੁਰ ਜੇ ਸਾਡੀ ਇਕ ਮੰਨੇ, ਤੈਨੂੰ ਸਚ ਸੱਚ ਦਈਏ ਸਮਝਾਈਆ । ਤੇਰਾ ਦਰਸ ਵੇਖ ਸਾਨੂੰ ਅੱਗੇ ਕੋਈ ਨਾ ਡੰਨੇ, ਸਜਾ ਕੋਈ ਰਹਿਣ ਨਾ ਪਾਈਆ । ਸ੍ਰੀ ਭਗਵਾਨ ਮਿਹਰਵਾਨ ਹੋ ਕੇ ਕਹੇ ਆਓ ਮੇਰੇ ਚੰਨੇ, ਚੰਦ ਚਾਂਦਨਾ ਨਾਉਂ ਲਏ ਪਰਗਟਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਕਰਿਆ ਖੇਲ ਸ੍ਰੀ ਭਗਵੰਨੇ, ਭਗਵਨ ਆਪਣੀ ਕਾਰ ਕਮਾਈਆ । ਤੁਹਾਡਾ ਲੇਖਾ ਲਾਵੇ ਤਨੇ, ਪੱਤ ਟਾਹਣੀ ਨਾਲ ਮਿਲਾਈਆ । ਅੱਗੇ ਗੁਰਮੁਖ ਰੂਪ ਤੁਹਾਨੂੰ ਜਨੇ, ਜਿਨ੍ਹਾਂ ਉਪਰ ਆਪਣਾ ਚਰਨ ਆਇਆ ਛੁਹਾਈਆ । ਇਸੇ ਕਰ ਕੇ ਆਇਆ ਸੰਨ੍ਹੇ ਸੰਨ੍ਹੇ, ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਕੱਖ ਕੰਡਾ ਕਹੇ ਕੁਟੰਬ, ਪ੍ਰਭ ਦੇ ਮਾਣ ਵਡਿਆਈਆ । ਜਨਮ ਲੈ ਲੈ ਗਏ ਹੰਭ, ਲੇਖਾ ਸਕੇ ਨਾ ਕੋਇ ਮੁਕਾਈਆ । ਸਾਡੇ ਪਾਪ ਰਹੇ ਕੰਬ, ਧੀਰਜ ਧੀਰ ਨਾ ਕੋਇ ਬੰਧਾਈਆ । ਤੇਰਾ ਕਿਤਿਉਂ ਨਾ ਮਿਲਿਆ ਅਨੰਦ, ਸੁਖ ਸਾਗਰ ਰੂਪ ਨਾ ਕੋਇ ਵਟਾਈਆ । ਚਾਰੋਂ ਕੁੰਟ ਵੇਖਿਆ ਕੂੜੀ ਕਿਰਿਆ ਗੰਦ, ਸਚ ਸੁਗੰਧ ਰੂਪ ਨਾ ਕੋਇ ਜਣਾਈਆ । ਧੰਨ ਵਡਿਆਈ ਤੇਰੀ ਜਿਸ ਗ਼ਰੀਬਾਂ ਪਿਛੇ ਕੀਤਾ ਪੰਧ, ਬਣਿਆ ਪਾਂਧੀ ਰਾਹੀਆ । ਸਾਨੂੰ ਵੇਖ ਪਈ ਠੰਡ, ਅਗਨੀ ਤਤ ਬੁਝਾਈਆ । ਜੇ ਆਇਆ ਟੁੱਟੀ ਜਾਈਂ ਗੰਢ, ਗੰਢਣਹਾਰ ਗੋਪਾਲ ਸਵਾਮੀ ਸਚ ਗੁਸਾਈਆ । ਵੇਖ ਦਵਾਪਰ ਆਪਣਾ ਉਹ ਰੰਗ, ਜੋ ਰੰਗ ਕ੍ਰਿਸ਼ਨ ਦਿਤਾ ਚੜ੍ਹਾਈਆ । ਤੀਰ ਨਿਸ਼ਾਨਾ ਮਾਰ ਜੋ ਬੱਧਕ ਮੰਗੀ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਕਵਣ ਵੇਲਾ ਪ੍ਰਭ ਮੇਰਾ ਅੰਤਮ ਲੇਖਾ ਮੁਕੇ ਨਸੰਗ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਕੱਖ ਪ੍ਰਤੱਖ ਹੋ ਕੇ ਦੱਸਣ, ਆਪਣਾ ਹਾਲ ਸੁਣਾਈਆ । ਤੂੰ ਸਾਹਿਬ ਸਭ ਦੀ ਹਾਰਾ ਪੱਤ ਰੱਖਣ, ਹੱਥ ਤੇਰੇ ਵਡਿਆਈਆ । ਸਭ ਨੇ ਵੇਖਿਆ ਉਤਰ ਪੂਰਬ ਪੱਛਮ ਦੱਖਣ, ਚਾਰੇ ਕੁੰਟ ਧਿਆਨ ਲਗਾਈਆ । ਕਰੇ ਖੇਲ ਪੁਰਖ ਸਮਰਥਨ, ਸਮਰਥ ਤੇਰੀ ਵਡਿਆਈਆ । ਬੱਧਕ ਪੈਜ ਆਇਉਂ ਰੱਖਣ, ਲੱਜਿਆਵੰਤ ਫੇਰਾ ਪਾਈਆ । ਧੁਰ ਦਾ ਲੇਖਾ ਆਇਉਂ ਕੱਢਣ, ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸਚ ਤੇਰੀ ਸਰਨਾਈਆ । ਸ੍ਰੀ ਭਗਵਾਨ ਕਰੇ ਬਖ਼ਸ਼ੀਸ਼, ਮਿਹਰ ਨਜ਼ਰ ਉਠਾਇੰਦਾ । ਇਕ ਤਿਨਕੇ ਪਿਛੇ ਹੋਣੀ ਬਖ਼ਸ਼ੀਸ਼, ਜਿਹੜਾ ਤਿਣਕਾ ਕ੍ਰਿਸ਼ਨ ਆਪਣੇ ਮੁਖ ਟਿਕਾਇੰਦਾ । ਬੱਧਕ ਬਾਹੋਂ ਫੜ ਕੇ ਕਿਹਾ ਠੀਕ, ਤੂੰ ਸਭ ਦਾ ਮਾਲਕ ਨਜ਼ਰੀ ਆਇੰਦਾ । ਜਿਸ ਚਰਨਾਂ ਨਾਲ ਲੋਕ ਕਰਦੇ ਰਹੇ ਪ੍ਰੀਤ, ਮੈਂ ਭੁੱਲ ਬਾਣ ਨਿਸ਼ਾਨਾ ਤੀਰ ਚਲਾਇੰਦਾ । ਕ੍ਰਿਸ਼ਨ ਉਸ ਤਿਨਕੇ ਨਾਲ ਇਕ ਲੀਕ ਕੱਢੀ ਠੀਕ, ਤ੍ਰਿਲੋਕੀ ਨੰਦਨ ਚੌਥਾ ਘਰ ਬਣਾਇੰਦਾ ।

ਬਧਕ ਤੇਰਾ ਲੇਖਾ ਦਏ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੂਆ ਸਿਫ਼ਰਾ ਦੂਆ ਸਿਫ਼ਰਾ ਰੱਖ ਉਡੀਕ, ਵੇਲਾ ਵਕਤ ਜਣਾਇੰਦਾ । ਦੁਆਪਰ ਬਣਿਆ ਜੋ ਤੇਰਾ ਸ਼ਰੀਕ, ਮਾਸੇਰ ਪੁੱਤ ਅਖਵਾਇੰਦਾ । ਕਲਜੁਗ ਅੰਤ ਉਹ ਵੀ ਆਏ ਨਜ਼ਦੀਕ, ਮਾਣਸ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬੱਧਕ ਸੁਣ ਹੋਇਆ ਨਿਢਾਲ, ਤਨ ਬਲ ਰਹਿਣ ਨਾ ਪਾਈਆ । ਸਚ ਦੱਸੀਂ ਦੀਨ ਦਿਆਲ, ਸਮਝ ਸੋਚ ਕੋਇ ਨਾ ਆਈਆ । ਕ੍ਰਿਸ਼ਨ ਕਹੇ ਇਹ ਲੀਲਾ ਬਾਲ, ਅਚਰਜ ਰੂਪ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਆਏ ਵਿਚ ਜਹਾਨ, ਜੋਤੀ ਜਾਮਾ ਵੇਸ ਵਟਾਈਆ । ਦੋਹਾਂ ਵੇਖੇ ਆਣ, ਭੇਵ ਅਭੇਦ ਚੁਕਾਈਆ । ਜਿਸ ਤਿਨਕੇ ਨਾਲ ਲਾਇਆ ਨਿਸ਼ਾਨ, ਸੋ ਤਿਨਕਾ ਬਣੇ ਬੇਲਾ ਕਾਨਾਂ ਕਾਹੀਆ । ਉਸ ਅੰਦਰ ਵੜ ਕੇ ਵੇਖੇ ਆਣ, ਬੇਪਹਿਚਾਨ ਆਪਣਾ ਫੇਰਾ ਪਾਈਆ । ਦੋਹਾਂ ਇਕੱਠਾ ਕਰ ਕੇ ਇਕ ਮਕਾਨ, ਮਾਸੇਰ ਲੇਖਾ ਦਏ ਸਮਝਾਈਆ । ਮਾਸੇਰ ਭਾਈ ਬਚਨ ਸਿੰਘ ਲੈਣਾ ਜਾਣ, ਜੁਗ ਦਵਾਪਰ ਯਾਦ ਕਰਾਈਆ । ਕਲਜੁਗ ਅੰਤਮ ਘੇਰਾ ਬਣਿਆ ਹਰਿ ਗੋਬਿੰਦ ਸੇਵਾ ਕਰੇ ਮਹਾਨ, ਸਾਚੀ ਖੇਲ ਪ੍ਰਭੂ ਕਰਾਈਆ । ਤਿੰਨ੍ਹਾਂ ਲਹਿਣਾ ਦਿਤਾ ਇਕੋ ਵਾਰ, ਆਪਣਾ ਲੇਖਾ ਸਭ ਦਾ ਝੋਲੀ ਪਾਈਆ । ਇਸੇ ਖ਼ੁਸ਼ੀ ਅੰਦਰ ਕੱਖ ਕੰਡੇ ਰੋੜੇ ਪੱਥਰ ਸਾਰੇ ਖ਼ੁਸ਼ੀ ਮਨਾਣ, ਜਿਨ੍ਹਾਂ ਦੀ ਵੀਹ ਸੌ ਉਨੀਂ ਬਿਕਰਮੀ ਲਿਖਤ ਗਿਆ ਕਰਾਈਆ । ਦਾਤਾ ਦਾਨੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਥਾਉਂ ਥਾਂ ਸਭ ਦਾ ਰਿਹਾ ਚੁਕਾਈਆ ।



### ★ ੧੯ ਮਾਘ ੨੦੨੦ ਬਿਕਰਮੀ ਬੀਬੀ ਬਚਨੀ ਦੇ ਘਰ ਸਿਮਲ ਸਕੋਰ ਜ਼ਿਲਾ ਗੁਰਦਾਸ ਪੁਰ ★

ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਸਚਖੰਡ ਨਿਵਾਸੀ ਤੇਰੀ ਵਡ ਵਡਿਆਈਆ । ਸ਼ਬਦੀ ਸਤਿਗੁਰ ਯੋਧਾ ਸੂਰਬੀਰ ਬਲਵਾਨ, ਬੇਐਬ ਤੇਰਾ ਨੂਰ ਖ਼ੁਦਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਨਿਸ਼ਾਨ, ਬ੍ਰਹਿਮੰਡ ਖੰਡ ਮੰਡਲ ਮੰਡਪ ਜ਼ਿਮੀ ਅਸਮਾਨ ਤੇਰੀ ਚਤੁਰਾਈਆ । ਗੁਰ ਅਵਤਾਰ ਤੇਰਾ ਦੇ ਸੰਦੇਸ਼ਾ ਨਾਮ, ਜੁਗ ਚੌਕੜੀ ਲੋਕਮਾਤ ਸਮਝਾਈਆ । ਪੀਰ ਪੈਗ਼ੰਬਰ ਕਲਮਾ ਨਬੀ ਰਸੂਲ ਪੈਗ਼ਾਮ, ਹਜ਼ਰਤ ਆਇਤ ਸ਼ਰਾਇਤ ਇਕ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਕੁਰਾਨ ਕਰਨ ਫ਼ਰਮਾਣ, ਭੇਵ ਅਭੇਦ ਭੇਵ ਖੁਲ੍ਹਾਈਆ । ਭਗਤ ਸੁਹੇਲੇ ਉਚੀ ਕੂਕ ਸੁਨਾਵਣ ਬੱਤੀ ਦੰਦ ਜ਼ਬਾਨ, ਲੱਖ ਚੁਰਾਸੀ ਜੀਵ ਜੰਤ ਜਣਾਈਆ । ਅੰਡਜ ਜੇਰਜ ਉਤਭੁਜ ਸੇਤਜ ਸਭ ਦਰ ਵੇਖਣ ਮਾਰ ਧਿਆਨ, ਸਭ ਦਾ ਰੱਖਣਹਾਰਾ ਮਾਣ ਬੇਪਰਵਾਹ ਇਕ ਅਖਵਾਈਆ । ਚਾਰੇ ਬਾਣੀ ਬੋਲਣਹਾਰਾ ਧੁਰ ਕਲਾਮ, ਪਰਾ ਪਸੰਤੀ ਮਧਮ ਬੈਖਰੀ ਇਕੋ ਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖਣਹਾਰਾ ਨੌਜਵਾਨ, ਨਰ ਨਿਰੰਕਾਰ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸ਼ਬਦ ਭੰਡਾਰਾ ਖੋਲ੍ਹਣਹਾਰਾ ਦੁਕਾਨ, ਗੁਰਮੁਖ ਝੋਲੀ ਆਪ ਭਰਾਈਆ । ਗੁਰਸਿਖ ਸੱਜਣ ਮੇਲੇ ਆਣ, ਜਨਮ ਕਰਮ ਦਾ ਪੂਰਬ ਰੋਗ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵੰਤ, ਮਹਿਮਾ ਅਕਥ

ਕਥੀ ਨਾ ਜਾਈਆ । ਲੱਖ ਚੁਰਾਸੀ ਧੁਰ ਦਾ ਕੰਤ, ਪੁਰਖ ਅਕਾਲ ਵੱਡੀ ਵਡਿਆਈਆ । ਨਿਰਗੁਣ ਸਰਗੁਣ ਬਣਾਈ ਬਣਤ, ਘਾੜਤ ਆਪਣਾ ਲਿਆ ਘੜਾਈਆ । ਕਰ ਪਰਕਾਸ਼ ਜੀਵ ਜੰਤ, ਨਿਰਗੁਣ ਜੋਤ ਕਰ ਰੁਸ਼ਨਾਈਆ । ਬੋਧ ਅਗਾਧ ਬਣ ਕੇ ਪੰਡਤ, ਧੁਰ ਦਾ ਸ਼ਬਦ ਨਾਦ ਸ਼ਨਵਾਈਆ । ਵੇਖਣਹਾਰ ਜੇਰਜ ਅੰਡਜ, ਉਤਭੁਜ ਸੇਤਜ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਸਚਖੰਡ ਮਹਲ ਅਟੱਲ ਇਕੋ ਮੱਲਾ, ਦਰ ਘਰ ਸਾਚਾ ਸੋਭਾ ਪਾਇੰਦਾ । ਇਕੋ ਜੋਤੀ ਨੂਰ ਬਲਾ, ਬਾਤੀ ਤੇਲ ਨਾ ਕੋਇ ਰਖਾਇੰਦਾ । ਸ਼ਬਦ ਸੰਦੇਸ਼ਾ ਇਕੋ ਘੱਲਾ, ਪ੍ਰੀਤਮ ਇਕੋ ਹੁਕਮ ਮਨਾਇੰਦਾ । ਪਾਵੇ ਸਾਰ ਜਲਾ ਥਲਾ, ਸਮੁੰਦ ਸਾਗਰ ਡੂੰਘੇ ਗਹਿਰ ਗੰਭੀਰ ਵੇਖ ਵਖਾਇੰਦਾ । ਨਿਤ ਨਵਿਤ ਭਗਤ ਭਗਵਾਨ ਫੜਾਏ ਪੱਲਾ, ਸਾਚੀ ਡੋਰੀ ਤੰਦ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਕਮਾਇੰਦਾ । ਵੇਖਣਹਾਰਾ ਜੁਗ ਚੌਕੜੀ ਚਾਰ, ਜੁਗ ਜੁਗ ਆਪਣੀ ਖੇਲ ਕਰਾਇੰਦਾ । ਦੇਵਣਹਾਰਾ ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਨਾਮ ਅਧਾਰ, ਵਸਤ ਅਮੋਲਕ ਝੋਲੀ ਪਾਇੰਦਾ । ਸੁਣਨਹਾਰ ਸਰਬ ਪੁਕਾਰ, ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਖੋਜ ਖੁਜਾਇੰਦਾ । ਭਰਨਹਾਰਾ ਵਡ ਭੰਡਾਰ, ਬੇਨਜ਼ੀਰ ਅਤੋਟ ਅਤੁਟ ਵਰਤਾਇੰਦਾ । ਲੇਖਾ ਜਾਣੇ ਪੰਜ ਤਤ ਸਰੀਰ, ਤ੍ਰੈਗੁਣ ਮਾਇਆ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਰਚਾਈਆ । ਜੁਗ ਚੌਕੜੀ ਦੇਵੇ ਦਾਨ, ਦਾਤਾ ਵੱਡਾ ਬੇਪਰਵਾਹੀਆ । ਕਲਜੁਗ ਅੰਤਮ ਹੋ ਮਿਹਰਵਾਨ, ਨਿਰਗੁਣ ਨਿਰਵੈਰ ਖੇਲ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਬ੍ਰਹਿਮੰਡ ਖੰਡ ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਸਚ ਸੰਦੇਸ਼ਾ ਨਾਮ ਸੁਣਾਈਆ । ਲੋਕ ਪਰਲੋਕ ਚੌਦਾਂ ਤਬਕ ਹੋਣਾ ਹੈਰਾਨ, ਮੇਰਾ ਭੇਵ ਕਿਸੇ ਨਾ ਆਈਆ । ਚੌਦਾਂ ਵਿਦਿਆ ਲੇਖਾ ਚੁਕੇ ਜਹਾਨ, ਅਲਫ਼ ਯੇ ਨਾ ਕੋਈ ਸਮਝਾਈਆ । ਸਾਚਾ ਦੇਵੇ ਧੁਰ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਲਗਾਈਆ । ਅਨਪੜ੍ਹਿਆਂ ਦੇ ਦੇ ਇਕ ਗਿਆਨ, ਗੁਰਮੰਤਰ ਦਏ ਸਮਝਾਈਆ । ਘਰ ਵਿਚ ਘਰ ਖੇਲ ਕਰੇ ਮਹਾਨ, ਮਹਿਮਾ ਅਕੱਥ ਕਥ ਸੁਣਾਈਆ । ਦੀਪਕ ਜੋਤ ਜਗਾ ਮਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਦਏ ਝਿਰਾਈਆ । ਅਨਹਦ ਨਾਦ ਸ਼ਬਦ ਧੁਨ ਕਾਨ, ਧੁਨ ਆਤਮਕ ਰਾਗ ਅਲਾਈਆ । ਬਜਰ ਕਪਾਟੀ ਤੋੜੇ ਆਣ, ਦੂਈ ਦਵੈਤੀ ਪਰਦਾ ਦਏ ਉਠਾਈਆ । ਈੜਾ ਪਿੰਗਲਾ ਨੈਣ ਸ਼ਰਮਾਣ, ਸੁਖਮਨ ਚਲੇ ਨਾ ਕੋਈ ਚਤੁਰਾਈਆ । ਟੇਢੀ ਬੰਕ ਕਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਨੌ ਦਵਾਰੇ ਨਾ ਕੋਈ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਈ ਹਲਕਾਈਆ । ਆਸਾ ਤ੍ਰਿਸਨਾ ਮੇਟੇ ਆਣ, ਮਾਇਆ ਮਮਤਾ ਮੋਹ ਚੁਕਾਈਆ । ਇਕੋ ਦੇਵੇ ਨਾਮ ਨਿਧਾਨ, ਧੁਰ ਦਾ ਸੋਹਲਾ ਰਾਗ ਸੁਣਾਈਆ । ਚਰਨ ਪ੍ਰੀਤੀ ਬਖ਼ਸ਼ ਗਿਆਨ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਅਗੰਮਾ, ਹਰਿ ਕਰਤਾ ਆਪ ਕਰਾਈਆ । ਜੁਗ ਚੌਕੜੀ ਜਾਣੇ ਕੰਮਾ, ਕਲਜੁਗ ਅੰਤਮ ਵੇਸ ਵਟਾਈਆ । ਸਾਹਿਬ ਸਤਿਗੁਰ ਸੂਰਾ ਸਰਬੰਗਾ, ਦੋ ਜਹਾਨਾਂ ਵੇਖ ਵਖਾਇੰਦਾ ।

ਨਿਰਧਨ ਹੋ ਕੇ ਫਿਰੇ ਨੰਗਾ, ਤਨ ਕਫਨ ਨਾ ਕੋਈ ਹੰਢਾਇੰਦਾ । ਨਾਮ ਵਜਾਏ ਧੁਰ ਦਾ ਮਰਦੰਗਾ, ਖੰਡਾ ਕਟਾਰ ਨਾ ਕੋਈ ਹਿਲਾਇੰਦਾ । ਖ਼ਬਰਦਾਰ ਕਰੇ ਬ੍ਰਹਿਮੰਡਾ, ਜੇਰਜ ਅੰਡਾ ਆਪ ਜਗਾਇੰਦਾ । ਕਲਜੁਗ ਅੰਤਮ ਵੇਖੇ ਕੰਢਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜੀਵ ਜੰਤ ਸਾਧ ਸੰਤ ਹੋਇਆ ਰੰਡਾ, ਆਤਮ ਸੇਜ ਹਰਿ ਜੂ ਕੰਤ ਨਾ ਕੋਈ ਹੰਢਾਇੰਦਾ । ਨਿਰਗੁਣ ਜੋਤ ਕਿਸੇ ਘਰ ਨਾ ਚੜ੍ਹੇ ਚੰਦਾ, ਸਚ ਪਰਕਾਸ਼ ਨਾ ਕੋਇ ਵਖਾਇੰਦਾ । ਦੋਏ ਲੋਚਣ ਜਗਤ ਹੋਇਆ ਅੰਧਾ, ਤੀਜਾ ਨੇਤਰ ਨੈਣ ਨਾ ਕੋਈ ਵਖਾਇੰਦਾ । ਮਨ ਵਾਸਨਾ ਹੋਇਆ ਗੰਦਾ, ਬੁੱਧ ਬਬੇਕ ਨਾ ਕੋਈ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣਹਾਰਾ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਲੈ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣ ਗੁਰ ਅਵਤਾਰਾਂ, ਪੀਰ ਪੈਗ਼ੰਬਰਾਂ ਰਿਹਾ ਜਣਾਈਆ । ਦਰ ਦਰਵੇਸ਼ ਮੰਗਦੇ ਰਹੇ ਭਿਖਾਰਾ, ਭਿਖਕ ਝੋਲੀ ਇਕੋ ਨਾਮ ਭਰਾਇੰਦਾ । ਨੇਤਰ ਨੈਣਾਂ ਵੇਖੇ ਇਕ ਨਜ਼ਾਰਾ, ਬੇਨਜ਼ੀਰ ਰਿਹਾ ਦਰਸਾਈਆ । ਚਾਰੋਂ ਕੁੰਟ ਦਹਿ ਦਿਸ਼ਾ ਨੌਂ ਖੰਡ ਸਤ ਦੀਪ ਹਾਹਾਕਾਰਾ, ਹੌਕੇ ਵਿਚ ਸਰਬ ਲੋਕਾਈਆ । ਮੰਜ਼ਲ ਦਿਸੇ ਨਾ ਕੋਈ ਪਾਰ ਕਿਨਾਰਾ, ਆਪਣਾ ਪੰਧ ਨਾ ਕੋਈ ਮੁਕਾਈਆ । ਫਿਰੇ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰਾ ਸਾਂਤਕ ਸਤਿ ਧੀਰਜ ਧੀਰ ਨਾ ਕੋਈ ਰਖਾਈਆ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਹੰਝੂਆਂ ਧਾਰ ਵਹਾਈਆ । ਕਾਗ਼ਜ਼ ਕਲਮ ਕਰਨ ਪੁਕਾਰਾ, ਛਾਹੀ ਆਪਣਾ ਹਾਲ ਸੁਣਾਈਆ । ਸ੍ਰਿਸ਼ਟ ਸਬਾਈ ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਹਿਰਦੇ ਹਰਿ ਨਾ ਕੋਈ ਵਸਾਈਆ । ਘਰ ਘਰ ਅੰਦਰ ਜੂਠ ਝੂਠ ਕੀਤਾ ਪਸਾਰਾ, ਸਚ ਸੁੱਚ ਨਾ ਕੋਈ ਵਡਿਆਈਆ । ਪਿਤਾ ਪੂਤ ਨਾ ਕੋਈ ਪਿਆਰਾ, ਨਾਰ ਕੰਤ ਨਾ ਕੋਈ ਹੰਢਾਈਆ । ਜਗਤ ਜਹਾਨ ਹੋਇਆ ਦੁਖਿਆਰਾ, ਦਰਦੀਆਂ ਦਰਦ ਨਾ ਕੋਈ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਨਾ ਕੋਈ ਪਿਆਰਾ, ਇਸ਼ਟ ਦੇਵ ਸਵਾਮੀ ਨਿਹਕਰਮੀ ਨਿਹਕਾਮੀ ਕਰਨੀ ਕਾਰ ਨਾ ਕੋਈ ਕਮਾਈਆ । ਪਰਮ ਪੁਰਖ ਪਰਮਾਤਮ ਸਰਬ ਘਟ ਘਟ ਅੰਤਰਜਾਮੀ, ਸਾਹਿਬ ਸਤਿਗੁਰ ਨੇਤਰ ਲੋਚਣ ਨੈਣ ਇਕੋ ਅੱਖ ਖੁਲ੍ਹਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵੇ ਧੁਰ ਫ਼ਰਮਾਣੀ, ਹੁਕਮ ਹਾਕਮ ਇਕ ਅਲਾਹੀਆ । ਮਨਜ਼ੂਰ ਕਰੇ ਚਾਰੇ ਖਾਣੀ, ਚਾਰੇ ਬਾਣੀ ਨਾਲ ਮਿਲਾਈਆ । ਜਗਤ ਸਰੋਵਰ ਵੇਖੇ ਪਾਣੀ, ਤਟ ਤੀਰਥ ਕਿਨਾਰੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਵੇਖਣਹਾਰਾ ਥਾਣ ਥਨੰਤਰ, ਦੋ ਜਹਾਨਾਂ ਖੋਜ ਖੁਜਾਇੰਦਾ । ਨਾ ਕੋਈ ਪੜ੍ਹੇ ਗੁਰ ਕਾ ਮੰਤਰ, ਕਾਇਆ ਮੰਦਰ ਨਾ ਕੋਈ ਸੁਹਾਇੰਦਾ । ਆਪਣੀ ਬਿਧ ਨਾ ਜਾਣੇ ਅੰਤਰ, ਭਾਂਡਾ ਭਰਮ ਨਾ ਕੋਈ ਭੰਨਾਇੰਦਾ । ਭੇਵ ਚੁਕੇ ਨਾ ਗਗਨ ਗਗਨੰਤਰ, ਗ੍ਰਹਿ ਮੰਡਲ ਖੋਜ ਨਾ ਕੋਈ ਖੁਜਾਇੰਦਾ । ਮਾਨਸ ਜਨਮ ਨਾ ਬਣੇ ਬਣਤਰ, ਮਨ ਮੋਹ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਫੋਲ ਫੁਲਾਇੰਦਾ । ਘਟ ਘਟ ਵੇਖੇ ਕੂੜ ਪਸਾਰਾ, ਪ੍ਰਭ ਆਪਣਾ ਖੇਲ ਰਚਾਈਆ । ਸੱਚਾ ਦਿਸੇ ਨਾਮ ਅਧਾਰਾ, ਹਰਿਜਨ ਹਰਿ ਜੂ ਲਏ ਉਠਾਈਆ । ਬੰਦ ਕਿਵਾੜੀ ਖੋਲ੍ਹ ਕਿਵਾੜਾ, ਕੁੰਡਾ ਆਪਣੀ ਹੱਥੀਂ ਲਾਹੀਆ । ਨਿਰਗੁਣ ਨੂਰ ਦੇ ਨਜ਼ਾਰਾ, ਜੋਤੀ ਜੋਤ ਕਰ ਰੁਸ਼ਨਾਈਆ । ਸਾਢੇ ਤਿੰਨ ਹੱਥ ਮੰਦਰ ਗੁਰੂਦਵਾਰਾ, ਘਰ

ਘਰ ਵਿਚ ਦਏ ਵਖਾਈਆ । ਅੱਠੇ ਪਹਿਰ ਰਹੇ ਧੁਨਕਾਰਾ, ਸਾਚਾ ਸ਼ਬਦ ਰਾਗ ਅਲਾਈਆ । ਆਤਮ ਪਰਮਾਤਮ ਕਰੇ ਪਿਆਰਾ, ਘਰ ਮੇਲਾ ਸਹਿਜ ਸੁਭਾਈਆ । ਨਜ਼ਰੀ ਆਏ ਏਕੰਕਾਰਾ, ਇਕ ਇਕੱਲਾ ਸੱਚਾ ਮਾਹੀਆ । ਜਿਸ ਦਾ ਸੋਹੇ ਸਚਖੰਡ ਦਵਾਰਾ, ਦਰਗਾਹ ਸਾਚੀ ਡੇਰਾ ਲਾਈਆ । ਜਨ ਭਗਤਾਂ ਦਏ ਸਹਾਰਾ, ਨਈਆ ਨੌਕਾ ਨਾਮ ਚੜ੍ਹਾਈਆ । ਲੇਖਾ ਚੁਕੇ ਜਗਤ ਮੰਝਧਾਰਾ, ਸ਼ੌਹ ਦਰਿਆ ਨਾ ਕੋਈ ਰੁੜ੍ਹਾਈਆ । ਸਾਚੀ ਸਿਖਿਆ ਵਿਚ ਸੰਸਾਰਾ, ਗੁਰਮੁਖ ਸੱਜਣ ਨਾਲ ਰਲਾਈਆ । ਧੁਰ ਦਾ ਕਰੇ ਇਕ ਵਿਹਾਰਾ, ਧੁਰ ਦੀ ਧਾਰ ਆਪ ਪਰਗਟਾਈਆ । ਪਰਵਰਦਿਗਾਰ ਬਣ ਕੇ ਸਾਂਝਾ ਯਾਰਾ, ਸਚ ਸਮਗਰੀ ਰਿਹਾ ਵਰਤਾਈਆ । ਚਾਰ ਵਰਨ ਇਕ ਪਿਆਰਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਹਰ ਘਟ ਅੰਦਰ ਰਾਮ ਪਸਾਰਾ, ਰਮਿਆ ਰਾਮ ਦਏ ਸਮਝਾਈਆ । ਲੇਖਾ ਜਾਣੇ ਪੁਰਖ ਨਾਰਾ, ਬੁੱਢੇ ਬਾਲੇ ਖੋਜ ਖੁਜਾਈਆ । ਜਿਸ ਦਾ ਖਾਣੀ ਬਾਣੀ ਦਏ ਇਸ਼ਾਰਾ, ਸੈਨਤ ਨਾਲ ਸਮਝਾਈਆ । ਸੋ ਪੁਰਖ ਅਕਾਲ ਵਡ ਸਿਕਦਾਰਾ, ਦੋ ਜਹਾਨਾ ਹੁਕਮ ਮਨਾਈਆ । ਕਲਜੁਗ ਅੰਤ ਲੈ ਅਵਤਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੰਬਲ ਵਸੇ ਧਾਮ ਨਿਆਰਾ, ਗੋਬਿੰਦ ਦੇਵੇ ਮਾਣ ਵਡਿਆਈਆ । ਵੇਦ ਵਿਆਸਾ ਬਣ ਲਿਖਾਰਾ, ਪੂਤ ਸਪੂਤਾ ਬ੍ਰਾਹਮਣ ਗੌੜਾ ਗਿਆ ਸਮਝਾਈਆ । ਈਸਾ ਕੂਕ ਕੂਕ ਪੁਕਾਰਾ, ਮੇਰਾ ਪਿਤਾ ਖ਼ੁਦਾਵੰਦ ਨੂਰ ਇਲਾਹੀਆ । ਮੁਹੰਮਦ ਕਹੇ ਪਰਵਰਦਿਗਾਰਾ, ਅਮਾਮ ਅਮਾਮਾ ਫੇਰਾ ਪਾਈਆ । ਨਾਨਕ ਕਹੇ ਅਗੰਮ ਅਪਾਰਾ, ਜਿਸ ਜਨਮੇ ਕੋਈ ਨਾ ਪਿਤਾ ਮਾਈਆ । ਗੋਬਿੰਦ ਕਿਹਾ ਕਲ ਕਲਕੀ ਅਵਤਾਰਾ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਦਏ ਸਹਾਰਾ, ਚਾਰੇ ਖਾਣੀ ਲਏ ਉਠਾਈਆ । ਧੁਰ ਦਾ ਬੋਲ ਸ਼ਬਦ ਜੈਕਾਰਾ, ਸੋਹੰ ਅੱਖਰ ਕਰੇ ਪੜ੍ਹਾਈਆ । ਜਿਸ ਦਾ ਆਦਿ ਸਰਬ ਪਸਾਰਾ, ਸੋ ਅੰਤਮ ਵੇਖਣ ਆਈਆ । ਜਨ ਭਗਤਾਂ ਕਰੇ ਸਚ ਪਿਆਰਾ, ਪ੍ਰੇਮ ਪ੍ਰੀਤੀ ਇਕ ਰਖਾਈਆ । ਜਾਗਦਿਆਂ ਸੁੱਤਿਆਂ ਇਕੋ ਜਿਹਾ ਅਧਾਰਾ, ਓਹਲੇ ਛੁਪ ਨਾ ਮੁਖ ਭਵਾਈਆ । ਸ਼ਬਦੀ ਸ਼ਬਦ ਜੋਤੀ ਜੋਤ ਬਣਿਆ ਰਹੇ ਅਖਾੜਾ, ਅੱਠੇ ਪਹਿਰ ਦਿਵਸ ਰੈਣ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨ ਨਿਰਗੁਣ ਸਰੂਪ ਸ਼ਾਹੋ ਭੂਪ ਗੁਰਮੁਖ ਕੋਟ ਕਾਇਆ ਅੰਦਰ ਟਿਕਾਈਆ ।

★ ੧੯ ਮਾਘ ੨੦੨੦ ਬਿਕਰਮੀ ਰਾਵੀ ਵਿਚੋਂ ਲੰਘਣ ਸਮੇਂ ਗੱਡੇ ਉਤੇ ਸੰਢਿਆਂ ਦੇ ਪ੍ਰਥਾਏ ਜ਼ਿਲਾ ਗੁਰਦਾਸ ਪੁਰ ★

ਵੇਖ ਰਾਜਨ ਕਿਉਂ ਹੋਇਆ ਚੁੱਪ, ਗੁੰਗ ਮੁਖ ਵਖਾਈਆ । ਉਠ ਮਾਂ ਦੇ ਇਕਲੋਤੇ ਸੁਤ, ਵਾਰੀ ਤੇਰੀ ਆਈਆ । ਮਗਧ ਦੇਸ਼ ਨਹੀਂ ਉਲਟਾ ਰੁਖ਼, ਸਮਝ ਸੋਚ ਜਰਾ ਨਾ ਆਈਆ । ਓਹੋ ਬੇਨੰਤੀ ਰਿਹਾ ਪੁੱਛ, ਜੋ ਚੁਮਿਆਰੇ ਅੱਗੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਮਗਧ ਦੇਸ਼ ਕਾ ਕਹੇ ਰਾਜਾ, ਮੋਹੇ ਸਮਝ ਕੋਇ ਨਾ ਆਈਆ । ਕੱਲਾ ਬੱਚਾ ਕਹੇ ਮੈਂ ਕੀ ਦੱਸਾਂ ਬਾਤਾਂ, ਭੇਦ ਅਭੇਦ ਨਾ ਕੋਈ ਖੁਲ੍ਹਾਈਆ । ਦੋਹਾਂ ਉਜਾੜ ਵਿਚ ਆਈ ਰਾਤਾ, ਸੰਗੀ ਸੰਗ ਨਾ ਕੋਈ ਰਖਾਈਆ । ਓਥੇ

ਮਿਲਿਆ ਚੁਮਿਆਰ ਰਵਿਦਾਸਾ, ਹੱਥ ਡੋਰੀ ਤੰਦ ਰਖਾਈਆ । ਅਸੀਂ ਵੇਖ ਕੇ ਕੀਤਾ ਹਾਸਾ, ਤਾਲੀ ਖ਼ੁਸ਼ੀਆਂ ਨਾਲ ਵਜਾਈਆ । ਇਸ ਦਾ ਖੱਪਰੀ ਨਾਲ ਖ਼ਾਲੀ ਕਾਸਾ, ਵਸਤ ਹੱਥ ਨਾ ਕੋਈ ਟਿਕਾਈਆ । ਸਾਨੂੰ ਵੇਖ ਕੇ ਚੁਮਿਆਰ ਕਿਹਾ ਇਹ ਪ੍ਰਭ ਦਾ ਤਮਾਸ਼ਾ, ਤੁਹਾਡੀ ਮੇਰੀ ਨਾ ਕੋਈ ਵਡਿਆਈਆ । ਐਸ ਡੋਰ ਨਾਲ ਤੁਹਾਡੇ ਦਮ ਦੀਆਂ ਬੰਨ੍ਹਾ ਰਾਸਾ, ਚੰਮ ਦ੍ਰਿਸ਼ਟੀ ਦੂਰ ਕਰਾਈਆ । ਮੇਰਾ ਕਰਮ ਇਕ ਖਾਸਾ, ਜੋ ਖ਼ਾਲਸ ਪ੍ਰਭ ਨੇ ਦਿਤਾ ਸਮਝਾਈਆ । ਜਿਨ੍ਹਾਂ ਦੇ ਵਿਚ ਨਾ ਰਹਿਣ ਸਵਾਸਾ, ਪੋਸ਼ ਉਹਨਾਂ ਵਾਲਾ ਲਾਹ ਲਾਹ ਆਪਣਾ ਪੇਟ ਗੁਜ਼ਾਰਾ ਕਰ ਕਰ ਖਾਈਆ । ਬੇਸ਼ਕ ਤੂੰ ਨਜ਼ਰੀਂ ਆਵੇਂ ਰਾਜਾ, ਤੇਰਾ ਦਰਬਾਨ ਇਕੋ ਜੰਮਿਆਂ ਕੁਲ ਮਾਈਆ । ਮੈਂ ਤੇਰਾ ਨਹੀਂ ਹੋਣਾ ਮੁਹਤਾਜਾ, ਪ੍ਰਭ ਦੇਵਣਹਾਰ ਮੇਰਾ ਇਕ ਅਖਵਾਈਆ । ਜਿਸ ਨੇ ਸਭ ਦਾ ਸਾਜਣ ਸਾਜਾ, ਸਾਚੀ ਬਣਤ ਬਣਾਈਆ । ਜੁਗ ਚੌਕੜੀ ਹੋਵੇ ਰਾਖਾ, ਸਿਰ ਆਪਣਾ ਹੱਥ ਰਖਾਈਆ । ਓਹਦੇ ਕੋਲ ਕੀ ਘਾਟਾ, ਜੋ ਬੇਅੰਤ ਬੇਪਰਵਾਹੀਆ । ਧਾਰ ਦਿਸੇ ਤੁਸੀਂ ਓਹ ਜਾਦਵ ਵਿਚ ਆਣ ਬਾਟਾ, ਜਨਮ ਅਜਨਮ ਰੂਪ ਵਟਾਈਆ । ਮਾਨਸ ਜਨਮ ਭੁਲਿਆ ਰਘੁਨਾਥਾ, ਮੋਹੇ ਗ਼ਰੀਬ ਵੇਖ ਹੰਸੀ ਰਹੀ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਸਭ ਦਾ ਥਾਉਂ ਥਾਈਂਆ । ਸੁਣ ਕੇ ਬਚਨ ਲੱਗੀ ਚੋਟ, ਨੇਤਰ ਨੈਣ ਉਘਾੜਿਆ । ਮੇਰੇ ਵਿਚ ਕਿਹੜਾ ਖੋਟ, ਤੂੰ ਕਿਹੜਾ ਬਚਨ ਸੁਣਾ ਰਿਹਾ । ਮੈਂ ਸ਼ਹਿਨਸ਼ਾਹ ਪਾਤਸ਼ਾਹ ਤੂੰ ਕਿਹੜੀ ਸੋਚੀ ਸੋਚ, ਤੇਰਾ ਕਮਲਾ ਰੂਪ ਮੈਨੂੰ ਕੋਲ ਨਾ ਬਹਾ ਰਿਹਾ । ਜੇ ਕੁਛ ਮੰਗਣਾ ਖਾਣਾ ਪੀਣਾ ਮੰਗ ਲਾ ਰੋਜੀ ਰੋਜ਼, ਘਰ ਰਿਜ਼ਕ ਦਿਆਂ ਪੁਚਾਈਆ । ਓਸ ਵੇਲੇ ਰਵਿਦਾਸ ਚੁੱਪ ਹੋਇਆ ਖ਼ਮੋਸ਼, ਹਾਂ ਹੂੰ ਨਾ ਕੋਈ ਰਖਾਈਆ । ਵੇਖੋ ਪ੍ਰਭ ਦਾ ਖੇਲ ਲੋਕ ਪਰਲੋਕ, ਕੀ ਕੀ ਰਚਨ ਰਚਾਈਆ । ਮੇਰੇ ਅੰਦਰ ਓਹੀ ਜੋਤ, ਜੋ ਰਾਜੇ ਵਿਚ ਟਿਕਾਈਆ । ਮੈਨੂੰ ਓਸ ਦੀ ਪ੍ਰੀਤੀ ਬਹੁਤ, ਇਸ ਧੰਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਿਤੀ ਵਖਾਈਆ । ਰਵਿਦਾਸ ਕਿਹਾ ਸੁਣ ਰਾਜੇ ਜਗ, ਸਚ ਦਿਆਂ ਜਣਾਈਆ । ਪਿਛੇ ਕਈ ਜਨਮ ਗਏ ਲੰਘ, ਅੱਗੇ ਸਾਰ ਹੱਥ ਨਾ ਆਈਆ । ਕਈ ਵਾਰ ਘੋੜਿਆਂ ਉਤੇ ਕਸੇ ਤੰਗ, ਪਾਖਰ ਜੀਨ ਨਾਲ ਕਸਾਈਆ । ਕਈ ਜਨਮ ਭੁੱਖੇ ਰਹਿ ਰਹਿ ਲੰਘਾਏ ਡੰਗ, ਕਈ ਜਨਮ ਸੀਸ ਤਾਜ ਟਿਕਾਈਆ । ਲੱਖ ਚੁਰਾਸੀ ਪ੍ਰਭ ਦੇ ਖੇਲ ਪਖੰਡ, ਭੇਖਾਧਾਰੀ ਭੇਖ ਵਖਾਈਆ । ਵਸਦਾ ਰਹਿਉਂ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਈਆ । ਮੇਰੇ ਸਾਹਿਬ ਦਾ ਮਿਲਿਆ ਨਾ ਰੱਜ ਅਨੰਦ, ਚੰਦ ਰੂਪ ਨਾ ਕੋਈ ਵਟਾਈਆ । ਸੀਨੇ ਸਾਂਤ ਨਾ ਪਈ ਠੰਡ, ਅਗਨੀ ਤਤ ਨਾ ਕੋਈ ਬੁਝਾਈਆ । ਮਾਇਆ ਮਮਤਾ ਵਿਚ ਆਤਮ ਹੋਈ ਰੰਡ, ਸਿਰ ਹੱਥ ਨਾ ਕੋਈ ਟਿਕਾਈਆ । ਉਤੋਂ ਵੇਖ ਆਪਣੀ ਨੰਗੀ ਕੰਡ, ਮਿਹਰਵਾਨ ਨਾ ਕੋਈ ਸਹਾਈਆ । ਜਿਸ ਸਭ ਨੂੰ ਦੇਣਾ ਦੰਡ, ਡੰਡਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਭ ਦਾ ਲੇਖਾ ਰਿਹਾ ਮੁਕਾਈਆ । ਸੁਣ ਕੇ ਬਚਨ ਇਕਲੌਤਾ ਬੱਚਾ, ਦਰਵੇਸ਼ ਰਿਹਾ ਜਣਾਈਆ । ਰਾਜਨ ਇਹ ਕੋਝਾ ਕਮਲਾ ਦਿਸੇ ਸੱਚਾ, ਜਿਸ ਵਿਚੋਂ ਸਚ ਰੂਪ ਨਜ਼ਰੀ ਆਈਆ । ਇਸ ਦਾ ਬਚਨ ਨਾ ਹੋਵੇ ਕੱਚਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਡੀ ਇਹ ਧਾਰਨ ਨਾਲ ਹੋਵੇ ਹਤਾ, ਹੱਤਿਆ ਸਕੇ ਨਾ ਕੋਈ ਮਿਟਾਈਆ । ਮੈਂ ਨਿਉਂ ਕੇ ਵੇਖਿਆ ਨਾਲ ਅੱਖਾਂ, ਇਹਦੇ ਕੋਲ ਨੂਰੋ ਨੂਰ ਨਜ਼ਰੀ ਆਈਆ । ਮੈਂ ਰਹਿ

ਗਿਆ ਹੱਕਾ ਬੱਕਾ, ਮੇਰੀ ਚਲੇ ਨਾ ਕੋਈ ਚਤੁਰਾਈਆ । ਜੋ ਇਸ ਨੇ ਬਚਨ ਕਿਹਾ ਯਦਾਰਥ ਯਥਾ, ਜਸ ਵੇਦ ਪੁਰਾਨ ਏਸੇ ਦਾ ਗੁਣ ਗਾਈਆ । ਤੈਨੂੰ ਦਏ ਖ਼ਾਲੀ ਹੱਥਾਂ, ਬੇਅੰਤ ਬੇਪਰਵਾਹੀਆ । ਰਾਜੇ ਕਿਹਾ ਇਹ ਸੁਣਨ ਵਾਲਾ ਕੱਟਾ ਵੱਛਾ, ਢੋਰਾਂ ਖੱਲ ਲੁਹਾਈਆ । ਏਹਦੀ ਗੁਥਲੀ ਵਿਚ ਇਕੋ ਧਾਗਾ ਅੱਟਾ, ਓਹ ਵੀ ਕੱਚਾ ਰੂਪ ਵਟਾਈਆ । ਇਕ ਆਰ ਇਕ ਰੰਬੀ ਉਤੇ ਲੱਗਾ ਹੱਥਾ, ਜਿਸ ਉਤੇ ਹਥੇਲੀ ਮਾਰ ਆਪਣਾ ਰਿਜ਼ਕ ਕਮਾਈਆ । ਇਹੋ ਜਿਹੇ ਰੁਲਦੇ ਵਿਚ ਕੱਖਾਂ, ਚਾਰੋਂ ਕੁੰਟ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਰਵਿਦਾਸ ਕਿਹਾ ਰਾਜਾ ਸਾਬਾਸ਼, ਤੇਰੀ ਤੇਰੇ ਹੱਥ ਵਡਿਆਈਆ । ਰੰਬੀ ਆਰ ਮੇਰੀ ਖਾਸ, ਜੋ ਚੰਮੜੇ ਗੰਢ ਵਖਾਈਆ । ਇਹੋ ਮੇਰੀ ਪੂੰਜੀ ਰਾਸ, ਖੇਸੀ ਡੋਰੀ ਝੋਲੇ ਵਿਚੋਂ ਕੱਢ ਵਖਾਈਆ । ਮਿਹਰਵਾਨ ਮੇਰਾ ਪ੍ਰਭੂ ਅਬਿਨਾਸ਼, ਧੁਰ ਦਾ ਸਚ ਗੋਸਾਈਆ । ਮੈਂ ਉਹਨੂੰ ਤੇਰੇ ਪਿਛੇ ਇਹ ਜ਼ਰੂਰ ਦੇਵਾਂ ਆਖ, ਪ੍ਰਭ ਇਸ ਦੀ ਆਸਾਂ ਪੂਰ ਕਰਾਈਆ । ਇਕੀ ਜਨਮ ਆ ਕੇ ਢੋਰ ਵਿਚ ਮਾਸ, ਜਗਤ ਤਨ ਹੰਢਾਈਆ । ਮੇਰੀ ਆਰ ਲੰਘੇ ਇਸ ਦੀ ਨਾਸ, ਨੱਕ ਨੱਥ ਵਖਾਈਆ । ਸੌਣ ਨੂੰ ਲੱਭੇ ਨਾ ਕੋਈ ਖਾਟ, ਬਸਤਰ ਓਢਣ ਹੱਥ ਨਾ ਕੋਈ ਫੜਾਈਆ । ਅਮੀਰ ਵਜ਼ੀਰ ਨਾ ਕੋਈ ਰਾਜ ਪਾਟ, ਨੌਕਰ ਸੇਵ ਨਾ ਕੋਈ ਕਮਾਈਆ । ਕੱਟਾ ਵੱਛਾ ਬਣ ਕੇ ਹੱਲ ਵਾਹ ਸੁਹਾਗੇ ਨਾਲ ਲਗਾਵੇ ਫਾਟ, ਭੱਜੇ ਵਾਹੋ ਦਾਹੀਆ । ਜੇ ਖਲੋਵੇਂ ਪਿਛੋਂ ਜਿਮੀਂਦਾਰ ਦੇਣ ਡਾਟ, ਡੰਡਾ ਆਪਣੇ ਹੱਥ ਉਠਾਈਆ । ਖਾਣ ਨੂੰ ਦੇਵੇ ਨਾ ਕੋਈ ਕੁੱਛ ਚਾਟ, ਜੰਗਲ ਬੇਲੇ ਫਿਰ ਫਿਰ ਦਏ ਦੁਹਾਈਆ । ਨਾਲੇ ਰੋਵੇ ਨਾਲੇ ਕਹੇਂ ਜੇ ਚੁਮਿਆਰ ਮੇਰੀ ਪੁਛੇ ਵਾਤ, ਮੇਰਾ ਹੋਏ ਸਹਾਈਆ ।
੪੨੯ ਮੈਂ ਓਸ ਨੂੰ ਇਕ ਵਾਰ ਦੇਵਾਂ ਆਖ, ਦੋਏ ਜੋੜ ਭੁੱਲ ਬਖ਼ਸ਼ਾਈਆ । ਤੇਰਾ ਕਿਥੇ ਪੁਰਖ ਅਬਿਨਾਸ਼, ਜਿਸ ਮੈਨੂੰ ਸਜਾ ਲਗਾਈਆ । ਮੇਰੀ ੪੨੯
੧੯ ਜਨਮ ਜਨਮ ਦੀ ਮੁਕੀ ਵਾਟ, ਲੇਖਾ ਲੇਖੇ ਲਏ ਲਗਾਈਆ । ਓਸ ਵੇਲੇ ਰਵਿਦਾਸ ਕਿਹਾ ਅੱਛਾ ਇਹ ਨਿੱਕੀ ਜਿਹੀ ਬਾਤ, ਇਕੀ ਜਨਮ ੧੯
ਲੰਘਦਿਆਂ ਚਿਰ ਨਾ ਕੋਈ ਲੰਘਾਈਆ । ਕਲਜੁਗ ਅੰਤਮ ਮੇਰਾ ਆਏ ਕਮਲਾਪਾਤ, ਬੇਨਜ਼ੀਰ ਸਹਿਜ ਸੁਖਦਾਈਆ । ਦੂਰ ਦੁਰਾਡਾ ਮੁਕਾਵੇ ਵਾਟ, ਪਾਂਧੀ ਆਪਣਾ ਨਾਉਂ ਧਰਾਈਆ । ਲੱਖ ਚੁਰਾਸੀ ਵਿਚੋਂ ਪਰਖ ਤੇਰੀ ਜਾਤ, ਇਸ਼ਾਰੇ ਨਾਲ ਉਠਾਈਆ । ਇਕਲੌਤਾ ਬੇਟਾ ਕਹੇ ਰਵਿਦਾਸ ਕੀ ਓਹ ਮੈਨੂੰ ਮਿਲੇ ਆਪ, ਜਿਸ ਮੇਰੇ ਬਾਪ ਨੂੰ ਜਨਮ ਦਿਤਾ ਦਵਾਈਆ । ਸਾਡੀ ਦੋਹਾਂ ਪੁਛੇ ਵਾਤ, ਹੋਏ ਆਪ ਸਹਾਈਆ । ਰਵਿਦਾਸ ਕਿਹਾ ਓਹ ਸਭ ਦਾ ਸੱਜਣ ਸਾਕ, ਸਾਂਝਾ ਪੀਰ ਅਖਵਾਈਆ । ਆ ਕੇ ਵੇਖੇ ਤੁਹਾਡਾ ਹਾਲਾਤ, ਪੂਰਬ ਪਰਦਾ ਦਏ ਉਠਾਈਆ । ਤੁਸਾਂ ਰੋ ਰੋ ਕੇ ਅਗਲਵਾਂਡੀ ਜਾ ਕੇ ਦੇਣਾ ਆਖ, ਨੇਤਰ ਨੈਣਾਂ ਨੀਰ ਵਹਾਈਆ । ਅਸੀਂ ਰਵਿਦਾਸ ਕੋਲੋਂ ਸਿਖੀ ਜਾਚ, ਸ੍ਰੀ ਭਗਵਾਨ ਨਿਮਾਣਿਆਂ ਨਿਤਾਣਿਆਂ ਆਪਣੇ ਗਲੇ ਲਗਾਈਆ । ਕਰ ਕਿਰਪਾ ਫੇਰ ਤੁਹਾਨੂੰ ਦਏ ਨਿਜਾਤ, ਸਿਰ ਆਪਣਾ ਹੱਥ ਟਿਕਾਈਆ । ਚਲ ਕੇ ਆਏ ਤੁਹਾਡੇ ਘਾਟ, ਰਵਿਦਾਸ ਚੁਮਿਆਰਾ ਨਾਲ ਮਿਲਾਈਆ । ਲੇਖਾ ਲਿਖ ਕੇ ਛਾਹੀ ਕਲਮ ਦਵਾਤ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਦੋਹਾਂ ਦੇ ਸਿਰ ਵਿਚ ਮਾਰੇ ਇਕ ਇਕ ਸਾਟ, ਦੁੱਖ ਦਰਦ ਦਏ ਗਵਾਈਆ । ਏਸੇ ਜਨਮ ਵਿਚ ਪੂਰੀ ਕਰ ਜਾਏ ਵਾਟ, ਅੱਗੇ ਜਨਮ ਨਾ ਕੋਇ ਭਵਾਈਆ । ਆਰ ਪਾਰ ਹੋ ਕੇ ਤੁਹਾਡੀ ਪੁਛੇ ਵਾਤ, ਹਰਿ ਗੋਬਿੰਦ ਗੁਰ ਅਰਜਨ ਦੇਣ ਗਵਾਹੀਆ । ਭਗਤ ਸੁਹੇਲੇ ਜਿਹੜੇ ਸਾਥ, ਵੇਖ

ਵੇਖ ਸਾਰੇ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਕਹੇ ਸੁਣ ਰਵਿਦਾਸ, ਆਪਣਾ ਧਿਆਨ ਲਗਾਈਆ । ਦੋਏ ਇਕੱਠੇ ਹੋਏ ਆ ਗਏ ਦੋਹਾਂ ਪਾਸ, ਵਿਚੋਂ ਦੋ ਦੋ ਨਜ਼ਰੀ ਆਈਆ । ਪਹਿਲੋਂ ਸੰਗਤ ਚਰਨ ਧੂੜ ਰਾਵੀ ਵਿਚ ਗਈ ਛੋਹ, ਸ੍ਰੀ ਭਗਵਾਨ ਦਇਆ ਕਮਾਈਆ । ਓਸ ਧੂੜ ਨਾਲ ਇਹਨਾਂ ਦੀ ਦੁਰਮਤ ਮੈਲ ਦਿਤੀ ਧੋ, ਸਿਰ ਆਪਣਾ ਹੱਥ ਟਿਕਾਈਆ । ਅੱਗੇ ਲੇਖਾ ਰਹੇ ਨਾ ਕੋ, ਅੰਤ ਆਪਣੇ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਨ੍ਹਾਂ ਚਰਨਾਂ ਲਿਆ ਛੋਹ, ਤਿਨ੍ਹਾਂ ਮਿਲੇ ਮਾਣ ਵਡਿਆਈਆ ।

★ ੧੯ ਮਾਘ ੨੦੨੦ ਬਿਕਰਮੀ ਚਰਨ ਸਿੰਘ ਦੇ ਘਰ ਪਿੰਡ ਅਨਤੋਰ ਜ਼ਿਲਾ ਗੁਰਦਾਸ ਪੁਰ ★

ਚਾਰੇ ਖਾਣੀ ਵਹਾਏ ਨੀਰ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਜੁਗ ਚੌਕੜੀ ਕੋਈ ਨਾ ਦੇਵੇ ਧੀਰ, ਸਤਿਜੁਗ ਤ੍ਰੇਤਾ ਦਵਾਪਰ ਆਪਣਾ ਵਕਤ ਲੰਘਾਈਆ । ਤੇਰਾ ਸਰਗੁਣ ਰੂਪ ਵੇਖਦੇ ਰਹੇ ਗੁਰੂ ਅਵਤਾਰ ਪੈਗ਼ੰਬਰ ਪੀਰ, ਨਿਤ ਨਵਿਤ ਫੇਰਾ ਪਾਈਆ । ਦਰਦੀ ਹੋ ਕੇ ਕਿਸੇ ਨਾ ਵੰਡੀ ਪੀੜ, ਬਿਰਹੋਂ ਰੋਗ ਨਾ ਕੋਈ ਮਿਟਾਈਆ । ਸ਼ਰਅ ਸ਼ਰੀਅਤ ਪਾ ਜ਼ੰਜੀਰ, ਦੀਨ ਮਜ਼੍ਹਬ ਵੰਡ ਵੰਡਾਈਆ । ਜਾਤ ਪਾਤ ਖਿਚ ਲਕੀਰ, ਊਚ ਨੀਚ ਦੀਨ ਸਮਝਾਈਆ । ਸਚ ਦਸੇ ਨਾ ਕੋਈ ਤਸਵੀਰ, ਤਸਬੀ ਮਾਲਾ ਗਲ ਸਰਬ ਲਟਕਾਈਆ । ਲੱਖ ਚੁਰਾਸੀ ਵੇਖ ਲੱਗੀ ਭੀੜ, ਚਾਰ ਕੁੰਟ ਦਹਿ ਦਿਸ਼ਾ ਤੇਰਾ ਰੂਪ ਰੰਗ ਰੇਖ ਨਾ ਕੋਈ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪੜ੍ਹ ਪੜ੍ਹ ਹੋਈ ਅਖ਼ੀਰ, ਅੱਖਰ ਤੇਰਾ ਨਾਉਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਨਰ ਨਿਰੰਕਾਰ ਤੇਰੀ ਸਰਨਾਈਆ । ਚਾਰੇ ਖਾਣੀ ਨੇਤਰ ਰੋ, ਕੂਕ ਕੂਕ ਸੁਣਾਈਆ । ਜੁਗ ਚੌਕੜੀ ਹੋ ਨਿਰਮੋਹ, ਕਿਉਂ ਬੈਠਾ ਮੁਖ ਭਵਾਈਆ । ਸਾਡੇ ਨਾਲ ਕਰਿਆ ਧਰੋਹ, ਲੋਕਮਾਤ ਸੇਵ ਲਗਾਈਆ । ਆਪੇ ਓਹਲੇ ਬੈਠੋਂ ਹੋ, ਘਰ ਘਰ ਵਿਚ ਮੁਖ ਛੁਪਾਈਆ । ਸਚ ਪਰਕਾਸ਼ ਕਰ ਲੋ, ਦੀਆ ਬਾਤੀ ਇਕੋ ਡਗਮਗਾਈਆ । ਕਿਉਂ ਵਸਤ ਲਈ ਖੋਹ, ਖ਼ਾਲੀ ਹੱਥ ਰਹੇ ਜਣਾਈਆ । ਸ੍ਰੀ ਭਗਵਾਨ ਇਕ ਵਾਰ ਆ ਕੇ ਛੋਹ, ਅੰਗੀਕਾਰ ਕਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇ ਮਾਣ ਵਡਿਆਈਆ । ਚਾਰੇ ਖਾਣੀ ਨੇਤਰ ਰੋਵੇ, ਸਾਂਤਕ ਸਤਿ ਨਾ ਕੋਈ ਵਰਤਾਈਆ । ਆਦਿ ਅੰਤ ਮੈਲ ਨਾ ਕੋਈ ਧੋਵੇ, ਸਵਛ ਸਰੂਪ ਨਾ ਕੋਈ ਜਣਾਈਆ । ਸਚ ਪਰਕਾਸ਼ ਨਾ ਕੋਈ ਬਲੋਵੇ, ਅੰਧ ਅੰਧੇਰ ਨਾ ਕੋਈ ਗਵਾਈਆ । ਸਾਚੀ ਸੇਜਾ ਕੋਈ ਨਾ ਸੋਵੇ, ਸੁੰਞੀ ਪਈ ਦਏ ਦੁਹਾਈਆ । ਤੇਰੇ ਜਿਹਾ ਕੋਈ ਨਾ ਹੋਵੇ, ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗ਼ੰਬਰ ਗਏ ਫੇਰੀਆਂ ਪਾਈਆ । ਸਾਚਾ ਦੇਵੇ ਨਾ ਕੋਈ ਢੋਏ, ਕੋਟਨ ਕੋਟ ਤੇਰੇ ਨਾਮ ਵਡਿਆਈਆ । ਸਾਚਾ ਅੰਮ੍ਰਿਤ ਮੁਖ ਕੋਈ ਨਾ ਚੋਵੇ, ਨਿਤ ਨਵਿਤ ਪਿਆਸ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਾਰੇ ਖਾਣੀ ਰਹੀ ਕੂਕ, ਹੋਕਾ ਇਕੋ ਇਕ ਸੁਣਾਈਆ । ਬਿਰਹੋਂ ਵਿਛੋੜੇ ਦਿਤਾ ਫੂਕ, ਲੇਖਾ ਸਕੇ ਨਾ ਕੋਈ ਮਿਟਾਈਆ । ਤੇਰੇ ਮਿਲਣ ਦੀ ਇਕੋ ਭੁੱਖ, ਤ੍ਰਿਸਨਾ ਰੋਗ ਨਾ ਕੋਈ ਵਧਾਈਆ । ਤੈ੍ਰ

ਪੰਜ ਲੱਗੇ ਤੇਰੀ ਖੋਜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰਜੋ ਤਮੋ ਸਤੋ ਤੇਰੇ ਚਰਨ ਧਿਆਨ ਲਗਾਈਆ । ਕਵਣ ਵੇਲਾ ਨਿਰਵੈਰ ਹੋ ਕੇ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਤੇਰਾ ਖੇਲ ਅਬਿਨਾਸ਼ੀ ਅਚੁਤ, ਹੱਥ ਤੇਰੇ ਵਡਿਆਈਆ । ਕਿਉਂ ਖਾਮੋਸ਼ ਬੈਠਾ ਚੁੱਪ, ਸਚਖੰਡ ਆਪਣਾ ਮੁਖ ਛੁਪਾਈਆ । ਧੁਰ ਦੀ ਧਾਰ ਆਪੇ ਉਠ, ਅਗੰਮੜੇ ਅਗੰਮੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰਗਾਹ ਸਾਚੀ ਤੇਰੀ ਓਟ ਤਕਾਈਆ । ਚਾਰੇ ਖਾਣੀ ਕਰੇ ਹਾਹਾਕਾਰ, ਹੌਕਾ ਲੈ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕੋਟਨ ਕੋਟ ਰੂਪ ਵਟਾਈਆ । ਸੇਵਾ ਕਰ ਕਰ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਫੇਰਾ ਪਾਈਆ । ਤੇਰੇ ਨਾਮ ਦਾ ਬੋਲ ਜੈਕਾਰ, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਕਲਮਾ ਨਬੀ ਰਸੂਲ ਬੋਲ ਕਲਾਮ, ਕਾਇਨਾਤ ਕਰੀ ਪੜ੍ਹਾਈਆ । ਦੱਸਦੇ ਗਏ ਵਡ ਅਮਾਮ, ਪਤਿਪਰਮੇਸ਼ਵਰ ਮੇਰਾ ਬੇਪਰਵਾਹੀਆ । ਜਿਸ ਦੇ ਹੱਥ ਸਰਬ ਨਜ਼ਾਮ, ਦੋ ਜਹਾਨਾਂ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਦਰ ਗੁਲਾਮ, ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਮੁਲਾ ਸ਼ੇਖ਼ ਮੁਸਾਇਕ ਕਰਨ ਸਲਾਮ, ਸਜਦਾ ਇਕੋ ਇਕ ਜਣਾਈਆ । ਵੇਖਣਹਾਰਾ ਸ਼ਾਹ ਸੁਲਤਾਨ, ਰਾਓ ਰੰਕ ਖੋਜ ਖੁਜਾਈਆ । ਚਾਰੇ ਖਾਣੀ ਕਰੇ ਧਿਆਨ, ਲੱਖ ਚੁਰਾਸੀ ਫੋਲ ਫੁਲਾਈਆ । ਚਾਰੇ ਜੁਗ ਦੇਵੇ ਗਿਆਨ, ਚਾਰੋਂ ਕੁੰਟ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਚਾਰੇ ਖਾਣੀ ਕਹੇ ਪੁਰਖ ਸਮਰਥ, ਬੇਅੰਤ ਤੇਰੀ ਸਰਨਾਈਆ । ਸਚ ਦਵਾਰੇ ਇਕੋ ਬੋਲ ਅਲੱਖ, ਅਲਖ ਅਗੋਚਰ ਤੇਰੇ ਅੱਗੇ ਝੋਲੀ ਡਾਹੀਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਤੇਰੇ ਭਾਣੇ ਸਦ ਸਮਾਈਆ । ਸਾਨੂੰ ਦੇ ਦੇ ਪਿਛਲਾ ਹੱਕ, ਹਕੀਕਤ ਝੋਲੀ ਪਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਗਏ ਲੰਘ, ਨਿਤ ਨਵਿਤ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਵਜਾ ਮਰਦੰਗ, ਲੋਕਮਾਤ ਹੁਕਮ ਸਰਬ ਗਏ ਸੁਣਾਈਆ । ਪੰਜ ਤਤ ਕਾਇਆ ਚੋਲਾ ਛੱਡ ਤੇਰਾ ਦਵਾਰਾ ਗਏ ਲੰਘ, ਨਿਰਗੁਣ ਨਿਰਵੈਰ ਨਿਰਾਕਾਰ ਤੇਰਾ ਰੂਪ ਸਮਾਈਆ । ਸਾਚਾ ਢੋਲਾ ਗਾ ਕੇ ਛੰਦ, ਸੋਹਲਾ ਇਕ ਦ੍ਰਿੜਾਈਆ । ਹੁਕਮ ਸੰਦੇਸ਼ਾ ਦੇ ਕੇ ਗਏ ਜਗ, ਲੇਖਾ ਲਿਖ ਕੇ ਕਲਮ ਛਾਹੀਆ । ਸ੍ਰੀ ਭਗਵਾਨ ਸੂਰਾ ਸਰਬੱਗ, ਬੇਅੰਤ ਵੱਡੀ ਵਡਿਆਈਆ । ਆਦਿ ਜੁਗਾਦਿ ਕਰੇ ਰਾਜ, ਸੀਸ ਤਾਜ ਇਕ ਟਿਕਾਈਆ । ਸੁਤ ਸ਼ਬਦ ਸਾਜਣ ਸਾਜ, ਥਿਰ ਘਰ ਦੇਵੇ ਮਾਣ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾ ਸਮਾਜ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਦੇ ਕੇ ਦਾਜ, ਪੰਜ ਤਤ ਝੋਲੀ ਆਪ ਭਰਾਈਆ । ਅੰਡਜ ਜੇਰਜ ਰਚਾਏ ਕਾਜ, ਉਤਭੁਜ ਸੇਤਜ ਰੰਗ ਰੰਗਾਈਆ । ਲੱਖ ਚੁਰਾਸੀ ਸਾਜਣ ਸਾਜ, ਘੜ ਭਾਂਡੇ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਮੁਹਤਾਜ, ਸਾਚੀ ਭਿਖਿਆ ਇਕ ਵਰਤਾਈਆ । ਆਤਮ ਪਰਮਾਤਮ ਦੇ ਕੇ ਦਾਤ, ਵਸਤ ਅਮੋਲਕ ਇਕ ਵਰਤਾਈਆ । ਨਾਮ ਸੰਦੇਸ਼ਾ ਸੁਣਾ ਗਾਥ, ਸਾਚੀ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਚਲਾਏ ਗਾਥ, ਬਣ ਰਥਵਾਹੀ ਸੇਵ ਕਮਾਈਆ । ਦੋ ਜਹਾਨਾਂ ਵੇਖੇ ਘਾਟ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਚਾਰੋਂ ਕੁੰਟ ਵੇਖੇ ਮਾਰ ਝਾਕ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਧੁਰ ਸੰਦੇਸ਼ਾ ਦੇ ਭਵਿਖਤ ਵਾਕ, ਜੁਗ ਚੌਕੜੀ ਦਏ ਸਮਝਾਈਆ । ਨਾਮ ਖ਼ਜ਼ਾਨਾ ਖੋਲ੍ਹ ਮਾਤ, ਜੀਵਾਂ ਜੰਤਾਂ ਜੱਗ ਵਰਤਾਈਆ । ਸੇਵਾ ਲਾ ਦਿਵਸ

ਰਾਤ, ਘੜੀ ਪਲ ਵੰਡ ਵੰਡਾਈਆ । ਖੇਲ ਖੇਲ ਸੁਬਹ ਪ੍ਰਭਾਤ, ਸੰਧਿਆ ਆਪਣਾ ਭੇਵ ਚੁਕਾਈਆ । ਲੇਖਾ ਜਾਣ ਕਾਇਨਾਤ, ਕਲਮਾ ਨਬੀ ਰਸੂਲ ਦ੍ਰਿੜਾਈਆ । ਅਲਫ ਯੇ ਲੇਖਾ ਲਿਖ ਕੇ ਕਲਮ ਦਵਾਤ, ਇਬਾਰਤ ਪੱਟੀ ਨਾਮ ਪੜ੍ਹਾਈਆ । ਕਰ ਖੇਲ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਮੰਡਲ ਮੰਡਪ ਪਾਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੁਗ ਚੌਕੜੀ ਜਣਾ ਕੇ ਆਪਣੀ ਜਾਤ, ਪਰਦਾ ਉਹਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮੀ ਵਰ, ਜਿਸ ਦਾ ਅੰਤ ਕੋਈ ਨਾ ਰਾਈਆ । ਚਾਰੇ ਖਾਣੀ ਕਰੇ ਪੁਕਾਰ, ਨਿਉਂ ਨਿਉਂ ਸਰਨਾਈਆ । ਦਰ ਤੇਰੇ ਬਣ ਭਿਖਾਰ, ਬੈਠੇ ਅਲਖ ਜਗਾਈਆ । ਤੂੰ ਦਾਤਾ ਸਿਰਜਣਹਾਰ, ਸਿਰ ਸਿਰ ਰਿਜਕ ਸਬਾਈਆ । ਆਸਾ ਪੂਰੀ ਕਰ ਆਪ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਹਉਂ ਮਾਂਗਤ ਖੜੇ ਦਰਬਾਰ, ਸਵਾਂਗੀ ਆਪਣਾ ਸਵਾਂਗ ਰਖਾਈਆ । ਜੁਗ ਚੌਕੜੀ ਸਾਰੇ ਕਹਿੰਦੇ ਰਹੇ ਬਿਨ ਮਾਨੁਖ ਜਨਮ ਕੋਈ ਨਾ ਉਤਰੇ ਪਾਰ, ਸਚ ਮਿਲੇ ਨਾ ਕੋਈ ਵਡਿਆਈਆ । ਸਾਡੀ ਬੇਨੰਤੀ ਇਕ ਦਾਤਾਰ, ਤੇਰੇ ਦਰ ਅਰਜੋਈਆ । ਉਤਭੁਜ ਸੇਤਜ ਜੇਰਜ ਅੰਡ ਤੇਰਾ ਪਸਾਰ, ਤਿਨਕੇ ਤਿਨਕੇ ਅੰਦਰ ਤੇਰਾ ਰੂਪ ਸਮਾਈਆ । ਸਾਰੇ ਮੰਗਦੇ ਤੇਰੀ ਸਚ ਬਹਾਰ, ਗੁਲਸ਼ਨ ਮਹਿਕੇ ਨੂਰ ਖ਼ੁਦਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅਸੀਂ ਬਣਦੇ ਰਹੇ ਵਫ਼ਾਦਾਰ, ਬਣ ਸੇਵਕ ਸੇਵ ਕਮਾਈਆ । ਸਾਚੀ ਸੇਵਾ ਅਪਰ ਅਪਾਰ, ਜਗਤ ਜਹਾਨ ਰਹੇ ਜਣਾਈਆ । ਜਿਸ ਨਾਮੇ ਮਹਲ ਦਿਤਾ ਉਸਾਰ, ਮਿਲੀ ਮਾਣ ਵਡਿਆਈਆ । ਜਿਸ ਰਾਮ ਕ੍ਰਿਸ਼ਨਾ ਕੀਤਾ ਪਿਆਰ, ਜੰਗਲ ਜੂਹ ਸੋਭਾ ਪਾਈਆ । ਜਿਸ ਨਾਨਕ ਨਿਰਗੁਣ ਦਿਤੀ ਧਾਰ, ਰੋੜਾਂ ਸੇਜ ਬਣਾਈਆ । ਜਿਸ ਗੋਬਿੰਦ ਸੱਥਰ ਵਿਖਾਇਆ ਯਾਰ, ਸੋਹਣੀ ਬਣਤ ਬਣਤ ਬਣਾਈਆ । ਤੇਰੇ ਖੇਲ ਜੰਗਲ ਜੂਹ ਬੇਲੇ ਪਹਾੜ, ਟਿੱਲੇ ਪਰਬਤ ਤੇਰਾ ਰੂਪ ਨਜ਼ਰੀ ਆਈਆ । ਡੂੰਘੇ ਸਾਗਰ ਵੇਖ ਵਿਚਾਰ, ਜਲ ਥਲ ਤੇਰੀ ਧਾਰ ਸਮਾਈਆ । ਚਾਰੇ ਖਾਣੀ ਦੇ ਅਧਾਰ, ਕਿਉਂ ਕਾਣੀ ਵੰਡ ਰਖਾਈਆ । ਸਾਰੇ ਕਹਿ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਸਾਂਝਾ ਯਾਰ, ਜੋ ਸਭ ਦਾ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਚਰਨ ਕਵਲ ਤੇਰੇ ਸਰਨਾਈਆ । ਚਾਰੇ ਖਾਣੀ ਰਹੀ ਝੁਕ, ਪ੍ਰਭ ਚਰਨ ਸੀਸ ਨਿਵਾਈਆ । ਕਲਜੁਗ ਔਧ ਰਹੀ ਮੁੱਕ, ਵੇਲਾ ਵਕਤ ਰਿਹਾ ਸੁਹਾਈਆ । ਸਦੀ ਚੌਧਵੀਂ ਭਾਗ ਰਹੇ ਨਿਖੁਟ, ਈਸਾ ਮੂਸਾ ਮੁਹੰਮਦ ਦਏ ਗਵਾਹੀਆ । ਤੂੰ ਕਿਉਂ ਪੁਰਖ ਅਕਾਲ ਬੈਠਾ ਛੁਪ, ਬੇਪਰਵਾਹ ਆਪਣਾ ਮੁਖ ਲੁਕਾਈਆ । ਸਾਡਾ ਵੇਖ ਆ ਕੇ ਦੁੱਖ, ਬਣ ਦਰਦੀ ਦਰਦ ਵੰਡਾਈਆ । ਕੀ ਹੋਇਆ ਜੇ ਮਾਨਸ ਨਹੀਂ ਮਨੁੱਖ, ਬਰੂਟੀ ਝਾੜੀ ਰੁੱਖ ਤੇਰਾ ਨਾਮ ਧਿਆਈਆ । ਜੇ ਪੱਥਰਾਂ ਵਿਚੋਂ ਪਹਿਲੇ ਗਿਉਂ ਤੁਠ, ਧੰਨੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਦੇ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਚਾਰੇ ਖਾਣੀ ਝੁਕਿਆ ਸੀਸ, ਮਸਤਕ ਟਿੱਕਾ ਧੂੜੀ ਲਾਈਆ । ਕਿਰਪਾ ਕਰ ਜਗਤ ਜਗਦੀਸ਼, ਜਗਦੀਸ਼ਰ ਤੇਰੀ ਇਕ ਸਰਨਾਈਆ । ਤੇਰੇ ਹੱਥ ਵੱਡ ਬਖ਼ਸ਼ੀਸ਼, ਰਹਿਮਤ ਤੇਰੀ ਨਜ਼ਰੀ ਆਈਆ । ਪਿਛਲੀ ਬਦਲ ਆਪਣੀ ਰੀਤ, ਰੀਤੀਵਾਨ ਦਇਆ ਕਮਾਈਆ । ਸਾਡੀ ਸੁਣ ਪੁਕਾਰ ਚੀਖ, ਨੇਤਰ ਰੋ ਰੋ ਰਹੇ ਜਣਾਈਆ । ਤੇਰਾ ਨਾਉਂ ਲਾਸ਼ਰੀਕ, ਵਾਹਿਦ ਇਕੋ ਨੂਰ ਖ਼ੁਦਾਈਆ ।

ਪਾਰਬ੍ਰਹਮ ਸਾਹਿਬ ਅਤੀਤ, ਕੂੜਾ ਲੇਖਾ ਦੇ ਮੁਕਾਈਆ । ਠਾਂਡੇ ਘਰ ਪਾ ਭੀਖ, ਭਿਛਿਆ ਇਕੋ ਇਕ ਵਰਤਾਈਆ । ਚੌਵਾਂ ਕਰ ਸਚ ਪ੍ਰੀਤ, ਨਾਤਾ ਚਰਨ ਕਵਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਤੁਧ ਬਿਨ ਦੂਜਾ ਨਜ਼ਰ ਕੋਈ ਨਾ ਆਈਆ । ਚਾਰੇ ਖਾਣੀ ਝੋਲੀ ਅੱਡ, ਪੱਲੂ ਗਲ ਵਿਚ ਪਾਈਆ । ਕੌਲ ਇਕਰਾਰ ਦੀ ਪੂਰੀ ਹੋਈ ਹੱਦ, ਨਵ ਨੌ ਚਾਰ ਨਾਲ ਬਿਤਾਈਆ । ਸਚ ਦਵਾਰੇ ਹਰਿ ਜੂ ਸੱਦ, ਸੱਦਾ ਨਾਮ ਸੁਣਾਈਆ । ਤੇਰਾ ਦਰਸ਼ਨ ਕਰੀਏ ਰੱਜ, ਹੱਜ ਇਕੋ ਦੇ ਵਖਾਈਆ । ਕੋਟਨ ਕੋਟ ਜੁਗ ਚੌਕੜੀ ਗਏ ਲਦ, ਸਿਰ ਆਪਣਾ ਭਾਰ ਉਠਾਈਆ । ਬਿਨ ਤੇਰੀ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਖ਼ਾਲੀ ਝੋਲੀ ਆਪ ਭਰਾਈਆ । ਚਾਰੇ ਖਾਣੀ ਰੱਖੀ ਉਡੀਕ, ਸਦੀ ਬੀਸਵੀਂ ਧਿਆਨ ਲਗਾਈਆ । ਤੇਰੀ ਸਾਹਿਬ ਆਏ ਤਾਰੀਖ, ਤਰੀਕਾ ਆਪਣਾ ਦੇ ਸਮਝਾਈਆ । ਨਾਤਾ ਜੋੜ ਸਚ ਪ੍ਰੀਤ, ਪ੍ਰੇਮ ਪਿਆਰ ਇਕ ਰਖਾਈਆ । ਚਾਰੇ ਮਿਲ ਕੇ ਹੋਈਏ ਅਤੀਤ, ਠੰਡ ਤੇਰਾ ਨਾਮ ਵਰਤਾਈਆ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਨਾ ਕੋਈ ਵਡਿਆਈਆ । ਸਚ ਫੁਲਵਾੜੀ ਵੇਖ ਬਾਗੀਚ, ਪਤ ਟਹਿਣੀ ਮਾਤ ਮਹਿਕਾਈਆ । ਸਾਨੂੰ ਇਕੋ ਸੱਚੀ ਰੀਝ, ਨਿਤ ਤੇਰਾ ਦਰਸ਼ਨ ਪਾਈਆ । ਕਵਣ ਵੇਲਾ ਪ੍ਰਭ ਲੰਘੇ ਦਹਿਲੀਜ, ਘਰ ਸੱਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸਚ ਸੱਚ ਦ੍ਰਿੜਾਈਆ । ਚਾਰੇ ਖਾਣੀ ਕਹੇ ਮੇਰੇ ਮਹਿਬੂਬ, ਹੱਥ ਤੇਰੇ ਵਡਿਆਈਆ । ਬਿਨ ਜੇਰਜ ਤੇਰਾ ਬਣੇ ਨਾ ਕੋਈ ਕਲਬੂਤ, ਬੰਕ ਦਵਾਰਾ ਨਜ਼ਰ ਕੋਈ ਨਾ ਆਈਆ । ਬਿਨ
੪੩੩ ਅੰਡਜ ਤੇਰਾ ਦੇਵੇ ਨਾ ਕੋਈ ਸਬੂਤ, ਹੰਸਾ ਰਾਗ ਨਾ ਕੋਈ ਅਲਾਈਆ । ਬਣ ਬਣ ਪੁੱਤ ਤੇਰਾ ਬਣਾਏ ਨਾ ਕੋਈ ਅਰੂਜ, ਪਲੰਘ ਰੰਗੀਲਾ ੪੩੩
੧੯ ਹੇਠ ਨਾ ਕੋਈ ਵਿਛਾਈਆ । ਬਿਨ ਸੇਤਜ ਤੇਰਾ ਬਣੇ ਕੋਈ ਨਾ ਪੂਤ, ਮਾਤਾ ਪਿਤਾ ਨਾਤਾ ਜਗਤ ਲੋਕਾਈਆ । ਸਾਡਾ ਚਵਾਂ ਦਾ ਇਕੋ ਜਿਹਾ ੧੯
ਹਕੂਕ, ਹੱਕ ਦੇ ਥਾਉਂ ਥਾਈਆ । ਜੁਗ ਚੌਕੜੀ ਦੇਣਾ ਸਚ ਸਬੂਤ, ਸ਼ਹਾਦਤ ਇਕੋ ਵਾਰ ਭੁਗਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋਏ ਮੌਜੂਦ, ਮੌਜੂਦਾ ਹਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰ ਠਾਕਰ ਸਵਾਮੀ, ਤੇਰੇ ਚਰਨ ਕਵਲ ਅਰਜੋਈ । ਸਚਖੰਡ ਨਿਵਾਸੀ ਅੰਤਰਜਾਮੀ, ਤੁਧ ਬਿਨ ਮਿਲੇ ਕੋਈ ਨਾ ਢੋਈ । ਪਛੋਤਾਵਾ ਕਰੇ ਚਾਰੇ ਖਾਣੀ, ਸਾਚੀ ਸੇਜ ਕੋਈ ਨਾ ਸੋਈ । ਸ਼ਹਾਦਤ ਦੇਵੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਦਰ ਤੇਰੇ ਆਣ ਖਲੋਈ । ਤੇਰਾ ਦਿਸੇ ਕੋਈ ਨਾ ਸਾਨੀ, ਅਸਾਨੀ ਸਾਨੂੰ ਦੇ ਬਤਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਦਰ ਘਰ ਤੇਰੇ ਮਿਲੇ ਵਡਿਆਈ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਧੁਰ ਸੰਦੇਸ਼ਾ ਇਕ ਅਲੌਂਦਾ ਏ । ਨਿਰਗੁਣ ਨਿਰਵੈਰ ਨਿਰਾਕਾਰ ਵੇਖ ਵਖੌਂਦਾ ਏ । ਜੁਗ ਚੌਕੜੀ ਕਰ ਕੇ ਪਾਰ, ਕਲਜੁਗ ਵੇਲਾ ਅੰਤ ਸੁਹੌਂਦਾ ਏ । ਚਾਰੇ ਖਾਣੀ ਦੇ ਅਧਾਰ, ਚਾਰੋਂ ਕੁੰਟ ਰੰਗ ਰੰਗੌਂਦਾ ਏ । ਜੋਤੀ ਜਾਮਾ ਲੈ ਅਵਤਾਰ, ਨੂਰੋ ਨੂਰ ਡਗਮਗੌਂਦਾ ਏ । ਸ਼ਬਦ ਤਰਾਨਾ ਬੋਲ ਜੈਕਾਰ, ਧੁਰ ਦਾ ਰਾਗ ਸੁਣੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਅੰਦਰ ਵੜ ਕੇ ਪਾਵੇ ਸਾਰ, ਮਿਹਰਵਾਨ ਨਜ਼ਰ ਕੋਈ ਨਾ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਹੱਕ ਹਕੀਕਤ ਖੋਜ ਖੁਜੌਂਦਾ ਏ । ਹੱਕ ਹਕੀਕਤ ਖੋਜ ਖੁਜੌਂਦਾ ਏ । ਦੋ ਜਹਾਨਾਂ ਵੇਖ ਵਖੌਂਦਾ ਏ । ਜ਼ਿਮੀ ਅਸਮਾਨਾਂ ਫੋਲ ਫੁਲੌਂਦਾ ਏ । ਚਾਰੋਂ ਖਾਣੀ ਮੋਖ ਦਵੌਂਦਾ ਏ । ਹਰਖ਼ ਸੋਗ ਸਰਬ ਮਿਟੌਂਦਾ ਏ । ਸਾਚਾ ਜੋਗ ਇਕ ਜਣੌਂਦਾ ਏ । ਧੁਰ ਸੰਜੋਗ ਮੇਲ ਮਿਲੌਂਦਾ ਏ । ਲੇਖਾ ਚੁਕੇ ਚੌਂਦਾ ਲੋਕ, ਚੌਂਦਾ ਵਿਦਿਆ ਡੇਰਾ ਢੌਂਦਾ ਏ । ਸਚ ਸੁਣਾ ਕੇ ਇਕ ਸਲੋਕ, ਚਾਰੇ ਖਾਣੀ ਵਿਚ ਸਮੌਂਦਾ ਏ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵੌਂਦਾ ਏ । ਚਰਨ ਪ੍ਰੀਤੀ ਦੇ ਕੇ ਓਟ, ਅੰਤਮ ਆਪਣਾ ਰੰਗ ਰੰਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਇਕ ਵਖੌਂਦਾ ਏ । ਚਾਰੇ ਖਾਣੀ ਦਇਆ ਕਮਾਏਗਾ । ਪ੍ਰਭ ਠਾਕਰ ਵੇਖ ਵਖਾਏਗਾ । ਸਮੁੰਦ ਸਾਗਰ ਫੋਲ ਫੁਲਾਏਗਾ । ਟਿੱਲੇ ਪਰਬਤ ਚੜ੍ਹ ਚੜ੍ਹ ਡੇਰਾ ਲਾਏਗਾ । ਡੂੰਘੀ ਕੰਦਰ ਡੇਰਾ ਢਾਹੇਗਾ । ਸ਼ਰਅ ਸ਼ਰਾਇਤੀ ਵੱਜਾ ਜੰਦਰ ਤੋੜ ਤੁੜਾਏਗਾ । ਵੇਖਣਹਾਰਾ ਮਸੀਤਾਂ ਮੰਦਰ, ਸ਼ਿਵ ਦਵਾਲੇ ਮੱਠ ਫੋਲ ਫੁਲਾਏਗਾ । ਲਹਿਣਾ ਚੁਕਾਏ ਸੂਰੀਆ ਚੰਦਰ, ਮੰਡਲ ਮੰਡਪ ਸੇਵ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਬੀਸਵੀਂ ਆਪਣਾ ਰੰਗ ਰੰਗਾਏਗਾ । ਸਦੀ ਬੀਸਵੀਂ ਦਇਆ ਕਮੌਂਦਾ ਏ । ਪੁਰਖ ਅਕਾਲ ਖੇਲ ਰਚੌਂਦਾ ਏ । ਦੀਨ ਦਿਆਲ ਵੇਸ ਵਟੌਂਦਾ ਏ । ਜਗਤ ਅਵੱਲੜੀ ਚਾਲ, ਮਾਰਗ ਇਕ ਰਖੌਂਦਾ ਏ । ਚਾਰੇ ਖਾਣੀ ਵੇਖ ਕੇ ਹਾਲ, ਉਤਭੁਜ ਸੇਤਜ ਆਪ ਤਰਾਉਂਦਾ ਏ । ਚਰਨ ਪ੍ਰੀਤੀ ਰੱਖ ਕੇ ਨਾਲ, ਜੰਗਲ ਬੇਲੇ ਖੋਜ ਖੁਜੌਂਦਾ ਏ । ਲੇਖਾ ਚੁਕਾ ਪਤ ਡਾਲ, ਫਲ ਫੁਲਵਾੜੀ ਆਪ ਮਹਿਕੌਂਦਾ ਏ । ਜਨ ਭਗਤਾਂ ਦਏ ਵਖਾਲ, ਸਾਚੇ ਸੰਤਾਂ ਸਤਿ ਸਮਝੌਂਦਾ ਏ । ਲੇਖਾ ਚੁਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਈ ਵਡਿਔਂਦਾ ਏ । ਲੱਖ ਚੁਰਾਸੀ ਵਿਚੋਂ ਭਾਲ, ਭਗਵਨ ਭੇਵ ਖੁਲੌਂਦਾ ਏ । ਆਤਮ ਪਰਮਾਤਮ ਦੇ ਕੇ ਦਾਨ, ਦਾਤਾ ਇਕੋ ਮੇਲ ਮਿਲੌਂਦਾ ਏ । ਘਰ ਨਜ਼ਰੀ ਆਏ ਸੱਚਾ ਕਾਹਨ, ਗੋਪੀ ਸੁਰਤੀ ਪਕੜ ਉਠੌਂਦਾ ਏ । ਹੋਏ ਵਿਛੋੜਾ ਨਾ ਧੁਰ ਦੇ ਰਾਮ, ਸੀਤਾ ਸਵਾਣੀ ਨਾਲ ਮਿਲੌਂਦਾ ਏ । ਜਿਹੜੇ ਬੇਰ ਕਰੇ ਪਰਵਾਨ, ਉਤਭੁਜ ਆਪਣੇ ਸੰਗ ਵਖੌਂਦਾ ਏ । ਜਿਸ ਸੱਥਰ ਸੁੱਤਾ ਆਣ, ਸੋ ਕੱਖਾਂ ਵਾੜ ਭਾਗ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਸ਼ੂ ਪੰਖੀ ਪੰਛੀ ਸਾਰੇ ਪਾਰ ਕਰੌਂਦਾ ਏ । ਪਸ਼ੂ ਪੰਖੀ ਤਾਰੇ ਢੋਰ, ਆਪਣੀ ਦਇਆ ਕਮਾਈਆ । ਇੱਟਾਂ ਪੱਥਰ ਜੋ ਨੇਤਰ ਰੋ ਰੋ ਪਾਵਣ ਸ਼ੋਰ, ਸਿਰ ਉਹਨਾਂ ਹੱਥ ਟਿਕਾਈਆ । ਜੋ ਜਲਧਾਰਾ ਪਏ ਰੋੜ, ਤਿਨ੍ਹਾਂ ਧੀਰਜ ਧੀਰ ਬੰਧਾਈਆ । ਜੋ ਡੂੰਘੀ ਖੱਡ ਡਿਗੇ ਘੋਰ, ਤਿਨ੍ਹਾਂ ਜੋਤ ਕਰੇ ਰੁਸ਼ਨਾਈਆ । ਸਚ ਪ੍ਰੀਤੀ ਚਰਨ ਜੋੜ, ਧਰਤ ਧਵਲ ਦਏ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਆਪੇ ਬਹੁੜ, ਬਹੁੜੀ ਬੌਹੁੜੀ ਕਰਦੇ ਸਾਚੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇਵੇ ਮਾਣ ਵਡਿਆਈਆ । ਚਾਰੇ ਖਾਣੀ ਦੇਵੇ ਮਾਣ, ਹਰਿ ਕਰਤਾ ਦਇਆ ਕਮਾਇੰਦਾ । ਮਿਹਰਵਾਨ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਰੰਗਾਇੰਦਾ । ਹਰ ਘਟ ਅੰਦਰ ਕਰੇ ਪਹਿਚਾਨ, ਅਭੁਲ ਭੁੱਲ ਕਦੇ ਨਾ ਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਬਿਆਨ, ਲੇਖਾ ਸਭ ਦਾ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸਤਿਗੁਰ ਸਭ ਦਾ ਇਕ ਸੁਲਤਾਨ, ਦੋ ਜਹਾਨਾਂ ਵਾਲੀ ਸਚਖੰਡ ਦਵਾਰੇ ਸੋਭਾ ਪਾਇੰਦਾ । ਮਹਲ ਅਟੱਲ ਉਚ ਮਿਨਾਰ ਝੁੱਲੇ ਨਿਸ਼ਾਨ, ਸਚ ਨਿਸ਼ਾਨਾ ਇਕ ਰਖਾਇੰਦਾ । ਅੱਗੇ

ਬਖ਼ਸ਼ੇ ਇਕੋ ਜਿਹਾ ਮਾਣ, ਜੋ ਚਰਨ ਧਿਆਨ ਪ੍ਰੀਤ ਲਗਾਇੰਦਾ । ਦਾਤਾ ਦਾਨੀ ਦੇਵੇ ਦਾਨ, ਗਹਿਰ ਗੰਭੀਰ ਵਸਤ ਅਮੋਲਕ ਆਪ ਵਰਤਾਇੰਦਾ । ਜੇਰਜ ਅੰਡਜ ਉਤਭੁਜ ਸੇਤਜ ਸਤਿ ਦਵਾਰੇ ਚਾਰੇ ਹੋਏ ਪਰਵਾਨ, ਚੌਥੇ ਜੁਗ ਆਪਣੇ ਖਾਤੇ ਵਿਚ ਰਖਾਇੰਦਾ । ਜੀਵ ਜੰਤ ਸਾਧ ਸੰਤ ਲੋਕਮਾਤ ਕੋਈ ਸਮਝ ਨਾ ਸਕੇ ਬਾਲ ਅਵਾਣ, ਭੇਵ ਅਭੇਦਾ ਬੋਧ ਅਗਾਧਾ ਸ਼ਬਦ ਅਨਾਦਾ ਅਨੁਭਵ ਰੂਪ ਨਾ ਕੋਇ ਸਮਝਾਇੰਦਾ । ਪਰਮ ਪੁਰਖ ਦੀਨ ਦਿਆਲ ਲਾਸ਼ਰੀਕ ਸੱਚਾ ਯਾਰ ਨੂਰ ਖ਼ੁਦਾ ਵਡ ਮਿਹਰਵਾਨ, ਸ੍ਰੀ ਭਗਵਾਨ ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਆਪਣਾ ਕਰਮ ਕਮਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਨਾਤਾ ਬਿਧਾਤਾ ਜੋੜ ਜੁੜਾ ਮਹਾਨ, ਜਗਤ ਵਿਛੋੜਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰੇ ਖਾਣੀ ਚਾਰੇ ਕੁੰਟ ਚਾਰ ਜੁਗ ਚਾਰੇ ਦਿਸ਼ਾ ਚੌਥੇ ਪਦ ਘਰ ਸਦ ਮੁਕਾਏ ਹੱਦ, ਸਭ ਤੋਂ ਅਲਗ ਬੈਠ ਸਰਬੱਗ, ਹੱਜ ਇਕੋ ਘਰ ਕਰਾਈਆ । ਵੇਖ ਖੇਲ ਪੁਰਖ ਸਮਰਥ, ਦੋ ਜਹਾਨ ਅੱਖ ਖੁਲ੍ਹਾਈਆ । ਨਿਰਗੁਣ ਧਾਰ ਖੇਲ ਅਕੱਥ, ਨਿਰਵੈਰ ਰੂਪ ਵਟਾਈਆ । ਲੇਖਾ ਜਾਣ ਘਟ ਘਟ, ਲੱਖ ਚੁਰਾਸੀ ਖੋਜ ਖੁਜਾਈਆ । ਗੁਰ ਅਵਤਾਰ ਜੋ ਮਾਰਗ ਆਏ ਦੱਸ, ਪੀਰ ਪੈਗ਼ੰਬਰ ਰਾਹ ਜਣਾਈਆ । ਤਿਸ ਦਾ ਲਹਿਣਾ ਦੇਣਾ ਦੇਵੇ ਹੱਥ, ਜਗਤ ਅਧਾਰ ਨਾ ਕੋਈ ਕਰਾਈਆ । ਸੁਣ ਕੇ ਖੇਲ ਚਾਰੇ ਬਾਣੀ ਆਈ ਨੱਸ, ਪਰਾ ਪਸੰਤੀ ਮਧਮ ਬੈਖਰੀ ਆਪਣਾ ਪੰਧ ਮੁਕਾਈਆ । ਪ੍ਰਭ ਸਰਨਾਈ ਰਹੀ ਢੱਠ, ਬਲਹੀਣ ਸੀਸ ਨਿਵਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਕਲਜੁਗ ਅੰਤਮ ਸੰਗ ਨਾ ਕੋਈ ਰਖਾਈਆ । ਸ੍ਰਿਸ਼ਟ ਸਬਾਈ ਜੀਵਾਂ ਜੰਤਾਂ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੱਸ ਦੱਸ ਗਈ ਥੱਕ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਤੇਰੇ ਹੁਕਮੇ ਅੰਦਰ ਬੈਠੀ ਰਹੀ ਕਰ ਕੇ ਹਠ, ਸਤਿ ਧਰਮ ਇਕ ਰਖਾਈਆ । ਮਿਹਰਵਾਨ ਤੇਰੇ ਨਾਲੋਂ ਹੋ ਕੇ ਵੱਖ, ਕਾਗ਼ਜ਼ ਕਲਮ ਛਾਹੀ ਨਾਲ ਦਿਤੀ ਸਫਾਈਆ । ਜਗਤ ਵਿਰੋਲ ਵੇਖ ਮਸ, ਬਨਾਸਤ ਤੇਰੀ ਸੇਵਾ ਲਾਈਆ । ਰਸਨਾ ਜਿਹਵਾ ਬੱਤੀ ਦੰਦ ਗਏ ਰਟ, ਰੱਟਾ ਮੁਕੇ ਨਾ ਜਗਤ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖੋਲ੍ਹੇ ਹੱਟ, ਅੰਜੀਲ ਕੁਰਾਨਾਂ ਰਾਹ ਚਲਾਈਆ । ਸਭ ਨੂੰ ਦੱਸਦੀ ਰਹੀ ਪ੍ਰਭ ਮਿਲਣ ਦੀ ਇਕੋ ਅੱਖ, ਦੋਏ ਲੋਚਣ ਬੰਦ ਕਰਾਈਆ । ਖੇਲ ਕਰਿਆ ਬਣਿਆ ਸਵਾਂਗੀ ਬਾਜ਼ੀਗਰ ਨਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੇ ਦੇ ਮਾਣ ਵਡਿਆਈਆ । ਚਾਰੇ ਬਾਣੀ ਆਈ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਪੁਰਖ ਅਕਾਲ ਨੌ ਖੰਡ ਪ੍ਰਿਥਮੀ ਖ਼ਾਲੀ ਵਿਹੜੇ, ਸੱਤ ਦੀਪ ਨਾ ਕੋਇ ਸਹਾਈਆ । ਨਾਮ ਕਲਮਾ ਪਏ ਝੇੜੇ, ਹੱਕ ਹਕੀਕਤ ਨਾ ਕੋਈ ਵਖਾਈਆ । ਸ਼ਰਅ ਸ਼ਰੀਅਤ ਦਿਤੇ ਗੇੜੇ, ਦੀਨ ਮਜ਼੍ਹਬ ਕਰੇ ਲੜਾਈਆ । ਕੋਈ ਨਾ ਚੜ੍ਹੇ ਤੇਰੇ ਬੇੜੇ, ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਰਹੇ ਕੁਰਲਾਈਆ । ਕਲਜੁਗ ਕਰੇ ਹੇਰੇ ਫੇਰੇ, ਜੀਵਾਂ ਜੰਤਾਂ ਰਿਹਾ ਭੁਲਾਈਆ । ਡੂੰਘੇ ਵਹਿਣ ਡਿਗੇ ਗੁਰੂ ਗੁਰ ਚੇਰੇ, ਚੇਲਾ ਗੁਰੂ ਨਜ਼ਰ ਕੋਇ ਨਾ ਆਈਆ । ਤੀਰਥ ਤੱਟਾਂ ਉਤੇ ਬੈਠੇ ਬਥੇਰੇ, ਤਨ ਧੂਣੀ ਖ਼ਾਕ ਰਮਾਈਆ । ਜੰਗਲਾਂ ਵਿਚ ਕੋਟਨ ਲਾਏ ਡੇਰੇ, ਬਣ ਅਵਧੂਤ ਰੂਪ ਵਟਾਈਆ । ਸਾਚੇ ਮੰਦਰ ਕੋਈ ਨਾ ਵੜੇ ਖੇੜੇ, ਗ੍ਰਿਹ ਪਰਦਾ ਨਾ ਕੋਈ ਉਠਾਈਆ । ਅੱਠੇ ਪਹਿਰ ਮਾਇਆ ਝੇੜੇ, ਮਮਤਾ ਮੋਹ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਵਖਾਈਆ । ਚਾਰੇ ਬਾਣੀ ਆਈ ਨੱਠ, ਦਰ ਠਾਂਡਾ ਨਜ਼ਰੀ ਆਈਆ ।

ਹਰਿ ਸਰਨਾਈ ਗਈ ਢੱਠ, ਨੇਤਰ ਨੀਰ ਵਹਾਈਆ । ਮੇਰੀ ਬੰਦ ਹੋਈ ਅੱਖ, ਤੇਰਾ ਦਰਸ ਨਾ ਕੋਈ ਵਖਾਈਆ । ਕੂੜੀ ਕਿਰਿਆ ਖੇੜਾ ਕੀਤਾ ਭੱਠ, ਘਰ ਮੰਦਰ ਨਾ ਕੋਈ ਸਹਾਈਆ । ਜੋਤੀ ਦੀਪ ਨਾ ਲਟ ਲਟ, ਨਾਦ ਧੁਨ ਨਾ ਕੋਈ ਸ਼ਨਵਾਈਆ । ਮੇਰਾ ਪੁਰਾਨਾ ਚੀਥੜ ਗਿਆ ਫਟ, ਓਢਣ ਸੀਸ ਨਾ ਕੋਈ ਟਿਕਾਈਆ । ਸਭ ਦੀ ਮਾਰੀ ਗਈ ਮੱਤ, ਬੁੱਧੀ ਚਲੇ ਨਾ ਕੋਈ ਚਤੁਰਾਈਆ । ਮਨ ਵਾਸਨਾ ਜੀਵ ਰਹੇ ਨੱਚ, ਕੂੜੀ ਕਿਰਿਆ ਹੋਈ ਹਲਕਾਈਆ । ਕਾਇਆ ਮਾਟੀ ਵੇਖ ਕੱਚ, ਅੰਮ੍ਰਿਤ ਜਲ ਨਾ ਕੋਈ ਟਿਕਾਈਆ । ਸਾਹਿਬ ਸੁਲਤਾਨ ਮੈਂ ਓਹਨਾਂ ਕੋਲੋਂ ਆਈ ਬਚ, ਜਿਹੜੇ ਕੂੜੇ ਠੇਕੇਦਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਚਾਰੇ ਬਾਣੀ ਦੱਸੇ ਬੋਲ, ਪ੍ਰਭ ਆਪਣਾ ਹਾਲ ਸੁਣਾਈਆ । ਚਲ ਕੇ ਆਈ ਤੇਰੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਜਿਹੜੇ ਕੁਟਦੇ ਮੇਰੇ ਪਿਛੇ ਢੋਲ, ਢੋਲਕ ਛੈਣੇ ਤਾਲ ਖੜਕਾਈਆ । ਤੇਰੇ ਨਾਲ ਮਾਰਨ ਰੋਲ, ਕੂੜੀ ਕਿਰਿਆ ਰਹੇ ਕਮਾਈਆ । ਸਾਚੀ ਗਠੜੀ ਕੋਈ ਨਾ ਸਕੇ ਖੋਲ੍ਹ, ਤਨ ਅੰਦਰ ਲਾਲ ਅਨਮੁਲੜਾ ਹੱਥ ਕਿਸੇ ਨਾ ਆਈਆ । ਤੇਰਾ ਨਾਉਂ ਬਣੇ ਨਾ ਕਿਸੇ ਵਿਚੋਲ, ਨਾਤਾ ਸਕੇ ਨਾ ਕੋਈ ਜੁੜਾਈਆ । ਕਿਸੇ ਹੱਥ ਨਾ ਆਵੇ ਪੰਡਤ ਰੌਲ, ਪਾਂਧੇ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਚਾਰੇ ਬਾਣੀ ਕਹੇ ਮੇਰੇ ਭਗਵਾਨ, ਸਾਹਿਬ ਤੇਰੀ ਸਰਨਾਈਆ । ਮੈਂ ਬਾਲੀ ਬੁੱਧ ਅਞਾਣ, ਨੱਢੀ ਰੂਪ ਵਟਾਈਆ । ਮੈਂ ਥੱਕੀ ਵਿਚ ਜਹਾਨ, ਲੋਕਮਾਤ ਮੇਰੀ ਦੁਹਾਈਆ । ਮੇਰੀ ਕਰੇ ਨਾ ਕੋਈ ਪਹਿਚਾਨ, ਸਾਥੀ ਸੰਗ ਨਾ ਕੋਈ ਰਖਾਈਆ । ਮੇਰੇ ਪਿਛੇ ਸਾਧਾਂ ਸੰਤਾਂ ਬਣਿਆਂ ਪੀਣ ਖਾਣ, ਮੇਰਾ ਅੰਗ ਅੰਗ ਰਹੇ ਵਿਕਾਈਆ । ਮੈਂ ਵੇਖ ਹੋਈ ਹੈਰਾਨ, ਪੁਰਖ ਅਕਾਲ ਇਹ ਕੀ ਖੇਲ ਰਚਾਈਆ । ਤੇਰੇ ਨਾਲੋਂ ਸਾਰੇ ਹੋ ਗਏ ਬੇਈਮਾਨ, ਬੇਵਾ ਰੂਪ ਦਿਸੇ ਲੋਕਾਈਆ । ਮੈਂ ਸਮਝਿਆ ਮੈਂ ਤੇਰੀ ਸਪੁਤਰੀ ਤੇਰਾ ਖ਼ਾਨਦਾਨ, ਉਚੇ ਘਰ ਦੀ ਜਾਈਆ । ਸ਼ਬਦ ਪੁੱਤ ਤੇਰਾ ਇਕ ਬਲਵਾਨ, ਸ਼ਹਿਨਸ਼ਾਹ ਦੋ ਜਹਾਨ ਅਖਵਾਈਆ । ਉਸ ਦੇ ਵਿਚੋਂ ਉਪਜੀ ਮੈਂ ਸੰਤਾਨ, ਜਿਸ ਦੀ ਅਵਰ ਕੋਈ ਨਾ ਪਿਤਾ ਮਾਈਆ । ਤੇਰੇ ਹੁਕਮੇ ਅੰਦਰ ਆਈ ਵਿਚ ਜਹਾਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰੀ ਕੁੜਮਾਈਆ । ਰਸਨਾ ਜਿਹਵਾ ਬੋਲ ਕੇ ਗਏ ਜ਼ਬਾਨ, ਬੱਤੀ ਦੰਦ ਨਾਲ ਸਲਾਹੀਆ । ਲਿਖ ਲਿਖ ਲੇਖਾ ਲੇਖ ਕਲਾਮ, ਨਾਮ ਨਾਮਾ ਰੂਪ ਵਟਾਈਆ । ਨਿਉਂ ਨਿਉਂ ਸਜਦਾ ਝੁਕ ਝੁਕ ਕਰਦੇ ਗਏ ਸਲਾਮ, ਚਰਨ ਕਵਲ ਸੀਸ ਟਿਕਾਈਆ । ਮੁਸ਼ਕਲ ਕਰਦੇ ਗਏ ਅਸਾਨ, ਰਹਿਬਰ ਬਣ ਕੇ ਫੇਰਾ ਪਾਈਆ । ਦੇ ਦੇ ਗਏ ਧੁਰ ਪੈਗ਼ਾਮ, ਮੇਰੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਚਾਰੇ ਬਾਣੀ ਕਹੇ ਵੇਖ ਅਬਿਨਾਸ਼ੀ ਅਚੁਤ, ਪਰਵਰਦਿਗਾਰ ਮਿਹਰ ਨਜ਼ਰ ਉਠਾਈਆ । ਬਿਰਹੋਂ ਵੈਰਾਗਣ ਫਿਰਾਂ ਖੁਲੜ੍ਹੀ ਗੁੱਤ, ਮੈਂਢੀ ਸੀਸ ਨਾ ਕੋਈ ਗੁੰਦਾਈਆ । ਸੱਚਖੰਡ ਨਿਵਾਸੀ ਕਿਉਂ ਬੈਠਾ ਚੁੱਪ, ਥਿਰ ਘਰ ਆਪਣਾ ਮੁਖ ਭਵਾਈਆ । ਤੇਰਾ ਨਾਤਾ ਤੇਰੇ ਨਾਲੋਂ ਸਭ ਦਾ ਗਿਆ ਤੁਟ, ਪ੍ਰੀਤੀ ਸਚ ਨਾ ਕੋਈ ਕਮਾਈਆ । ਬਿਨ ਹਰਿਨਾਮੇ ਖ਼ਾਲੀ ਦਿਸਣ ਬੁੱਤ, ਕਾਇਆ ਪੰਜ ਤਤ ਕੂੜੀ ਨਜ਼ਰੀ ਆਈਆ । ਮੈਂ ਤੇਰਾ ਦਰ ਦਵਾਰ ਦੁਰਾਡੀ ਆਈ ਪੁੱਛ, ਚਲ ਕੇ ਵਾਹੋ ਦਾਹੀਆ । ਚਰਨ ਕਵਲ ਸਰਨਾਈ ਗਈ ਝੁਕ, ਬੰਦਨ ਡੰਡੌਤ

੪੩੬ ੧੯

ਇਕੋ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਇਕ ਵਰ, ਹੱਥ ਤੇਰੇ ਵੱਡੀ ਵਡਿਆਈਆ । ਸਾਹਿਬ ਸਤਿਗੁਰ ਦਏ ਦਿਲਾਸਾ, ਸ੍ਰੀ ਭਗਵਾਨ ਆਪ ਜਣਾਇੰਦਾ । ਇਕੋ ਰੱਖ ਧਰਵਾਸਾ, ਧੀਰਜ ਧੀਰ ਇਕ ਜਣਾਇੰਦਾ । ਤੇਰੀ ਕਰਾਂ ਪੂਰੀ ਆਸਾ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰਾਂ ਆਖਾ, ਕੀਤਾ ਕੌਲ ਤੋੜ ਨਿਭਾਇੰਦਾ । ਸ੍ਰਿਸ਼ਟ ਸਬਾਈ ਸੱਚਾ ਭੁੱਲੀ ਪੂਜਾ ਪਾਠਾ, ਅੰਤਰ ਆਤਮ ਧਿਆਨ ਨਾ ਕੋਈ ਲਗਾਇੰਦਾ । ਸਾਧ ਸੰਤ ਜਗਤ ਪ੍ਰੇਸ਼ਣ ਝੂਠਾ ਬਾਟਾ, ਹੱਕ ਹਕੀਕਤ ਵਿਚ ਨਾ ਕੋਈ ਆਇੰਦਾ । ਵੇਖਣਹਾਰਾ ਪੁਰਖ ਸਮਰਾਥਾ, ਦੋ ਜਹਾਨਾਂ ਖੋਜ ਖੁਜਾਇੰਦਾ । ਨਿਰਵੈਰ ਹੋ ਕੇ ਨਿਰਾਕਾਰ ਬਣੇ ਤੇਰਾ ਰਾਖਾ, ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤਾਂ ਅੰਦਰ ਤੇਰਾ ਕਰ ਕੇ ਵਾਸਾ, ਘਰ ਸੋਹਣਾ ਇਕ ਸੁਹਾਇੰਦਾ । ਚਾਰ ਕੁੰਟ ਵੇਖੇ ਖੇਲ ਤਮਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਇੰਦਾ । ਚਾਰੇ ਬਾਣੀ ਚੜ੍ਹੇ ਚਾ, ਘਰ ਸਾਚੇ ਖ਼ੁਸ਼ੀ ਮਨਾਈਆ । ਪਤਿਪਰਮੇਸ਼ਵਰ ਬਣੇ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਸਾਚਾ ਬੇੜਾ ਲਏ ਉਠਾ, ਆਪਣੇ ਕੰਧ ਉਠਾਈਆ । ਲੇਖਾ ਜਾਣੇ ਥਾਉਂ ਥਾਂ, ਲੋਕਮਾਤ ਵੇਸ ਵਟਾਈਆ । ਨਿਮਾਣਿਆਂ ਨਿਤਾਣਿਆਂ ਸਾਚੇ ਚਰਨਾਂ ਦੇਵੇ ਥਾਂ, ਮਹਲ ਅਟੱਲ ਇਕ ਵਖਾਈਆ । ਬਲਹਾਰੀ ਬਲਹਾਰੀ ਜਾਂ, ਸਦਕੇ ਘੋਲੀ ਘੋਲ ਘੁੰਮਾਈਆ । ਜਿਸ ਮੈਨੂੰ ਲਿਆ ਉਪਜਾ, ਘਾੜਤ ਘੜਤ ਬਣਾਈਆ । ਓਸੇ ਪਕੜੀ ਬਾਂਹ, ਫੜ ਬਾਹੋਂ ਗਲੇ ਲਗਾਈਆ । ਮੈਨੂੰ ਦੇਵੇ ਸੱਚਾ ਥਾਂ, ਭੂਮਿਕਾ ਇਕੋ ਇਕ ਸੁਹਾਈਆ । ਜਨ ਭਗਤਾਂ ਅੰਦਰ ਦਏ ਵਸਾ, ਸੋਹਣਾ ਖੇੜਾ ਬੰਕ ਵਡਿਆਈਆ । ਜਿਥੇ ਅੱਠੇ ਪਹਿਰ ਦਿਵਸ ਰੈਣ ਘੜੀ ਪਲ ਮੇਰੇ ਸਾਹਿਬ ਦਾ ਚਲੇ ਨਾਂ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਦਏ ਚੁਕਾਈਆ । ਸ੍ਰੀ ਭਗਵਾਨ ਕਰ ਪਿਆਰ, ਸਚ ਸੱਚ ਜਣਾਈਆ । ਚਾਰ ਜੁਗ ਦੀ ਵੇਖ ਧਾਰ, ਪਰਦਾ ਰਿਹਾ ਉਠਾਈਆ । ਸੇਵਾ ਕਰੀ ਜੁਗ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਲ ਮਿਲਾਈਆ । ਹੋਕਾ ਦੇਂਦੀ ਰਹੀ ਵਿਚ ਸੰਸਾਰ, ਕੂਕ ਕੂਕ ਸੁਣਾਈਆ । ਉਠ ਜੀਵ ਜਾਗ ਹੋ ਖ਼ਬਰਦਾਰ, ਸੁਨੇਹੜਾ ਇਕ ਸਮਝਾਈਆ । ਮਿਲੇ ਮੇਲ ਪਰਵਰਦਿਗਾਰ, ਜੋਤੀ ਨੂਰ ਅਲਾਹੀਆ । ਸਚ ਸਵਾਮੀ ਪੁਰਖ ਅਕਾਲ, ਨਿਹਕਾਮੀ ਰੂਪ ਵਟਾਈਆ । ਜਲਵਾ ਨੂਰ ਦਰਸ ਕਰੋ ਜਲਾਲ, ਚਰਨ ਕਵਲ ਸਰਨਾਈਆ । ਮੰਦਰ ਅੰਦਰ ਵੇਖ ਸਚ ਸੱਚੀ ਧਰਮਸਾਲ, ਮੰਦਰ ਮੱਠ ਸ਼ਿਵਦਵਾਲਾ ਮਸੀਤ ਇਕੋ ਨਜ਼ਰੀ ਆਈਆ । ਅੱਠੇ ਪਹਿਰ ਵੱਜੇ ਤਾਲ, ਹਰਿ ਸ਼ਬਦ ਨਾਦ ਸ਼ਨਵਾਈਆ । ਘਰ ਅੰਮ੍ਰਿਤ ਭਰਿਆ ਤਾਲ, ਅਠਸਠ ਖੋਜਣ ਕੋਇ ਨਾ ਜਾਈਆ । ਕੂੜੀ ਕਿਰਿਆ ਤੁਟੇ ਜੰਜਾਲ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਭਾਗ ਲੱਗੇ ਕਾਇਆ ਮਾਟੀ ਖਾਲ, ਪੰਜ ਤਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ੍ਰੀ ਭਗਵੰਤ ਦੱਸੇ ਠੀਕ, ਏਕੰਕਾਰ ਇਕੋ ਰਾਗ ਜਣਾਈਆ । ਪੂਰਬ ਤੇਰਾ ਲਿਆ ਵੇਖ, ਮਧ ਪਰਦਾ ਰਿਹਾ ਉਠਾਈਆ । ਅੱਗੇ ਸ਼ਬਦ ਅਵੱਲੜਾ ਭੇਖ, ਭਵਿਖਤ ਦਏ ਜਣਾਈਆ । ਜਨ ਭਗਤਾਂ ਕਰੇ ਹੇਤ, ਸਿਖਿਆ ਸਚ ਸਮਝਾਈਆ । ਵਸਣਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਆਤਮ ਪਰਮਾਤਮ ਰਚੀ ਖੇਡ, ਬ੍ਰਹਮ ਪਾਰਬ੍ਰਹਮ ਰੂਪ ਵਖਾਈਆ । ਓਸ ਦੇ ਨਾਲ ਤੈਨੂੰ ਦਿਤਾ ਭੇਜ, ਗਾ

ਗਾ ਆਪਣਾ ਰਾਗ ਅਲਾਈਆ । ਦੋਹਾਂ ਮਿਲ ਕੇ ਮਾਨਣੀ ਇਕੋ ਸੇਜ, ਜਿਸ ਸੇਜੇ ਸੁੱਤਾ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸਾਂਗੋਂ ਪਾਂਗ ਹੰਢਾਈ ਬਾਸ਼ਕ ਸੇਜ, ਸੁਹੰਜਣੀ ਸੋਭਾ ਪਾਈਆ । ਜੋਤੀ ਜਲਵਾ ਨੂਰੀ ਤੇਜ, ਮਹਿਬੂਬ ਨੂਰ ਰੁਸ਼ਨਾਈਆ । ਮੁਰੀਦ ਮੁਰਸ਼ਦ ਲਏ ਵੇਖ, ਵੱਖਰੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੋਸ਼ਾਲੇ ਲਏ ਲਪੇਟ, ਕੂੜੀ ਹਵਾ ਨਾ ਲਾਗੇ ਰਾਈਆ । ਸਚ ਦੋਸ਼ਾਲਾ ਗੁਰਮੁਖ ਚੋਲੀ, ਸ੍ਰੀ ਭਗਵਾਨ ਤਾਣਾ ਪੇਟਾ ਆਪੇ ਪਾਈਆ । ਸਾਢੇ ਤਿੰਨ ਹੱਥ ਰੱਖ ਕੇ ਡੋਲੀ, ਬਣ ਕਹਾਰ ਸੇਵ ਕਮਾਈਆ । ਲੋਕਮਾਤ ਲਿਆਏ ਹੌਲੀ ਹੌਲੀ, ਮਾਤ ਗਰਭ ਬਾਹਰ ਕਢਾਈਆ । ਆਪਣੀ ਧਾਰ ਰੱਖ ਵਿਚੋਲੀ, ਨਾਤਾ ਸੋਹਣਾ ਜੋੜ ਜੁੜਾਈਆ । ਮੰਦਰ ਵੜ ਕੇ ਗਾਵੇ ਬੋਲੀ, ਢੋਲਾ ਰਾਗ ਅਲਾਈਆ । ਪ੍ਰੇਮ ਪ੍ਰੀਤੀ ਤੰਦ ਮੌਲੀ, ਸੋਹਣਾ ਸਗਨ ਵਖਾਈਆ । ਅਨਹਦ ਬਣੇ ਨਾਲ ਢੋਲੀ, ਡੱਗਾ ਇਕ ਲਗਾਈਆ । ਵਸਤ ਦੇ ਇਕ ਅਨਮੋਲੀ, ਅਨਡਿਠੜੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਸਚ ਦੁਸ਼ਾਲੇ ਲਪੇਟ ਆਪ, ਆਪਣੀ ਦਇਆ ਕਮਾਇੰਦਾ । ਪਰਾ ਪਸੰਤੀ ਤੇਰਾ ਜਾਪ, ਜਨ ਭਗਤਾਂ ਅੰਦਰੇ ਅੰਦਰ ਟਿਕਾਇੰਦਾ । ਮਧਮ ਨਿਕਲੇ ਇਕ ਅਵਾਜ਼, ਸੋ ਰੂਪ ਸਮਝਾਇੰਦਾ । ਬੈਖਰੀ ਕਹੇ ਹੰ ਬ੍ਰਹਮ ਹੋਏ ਆਪ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਦੋਹਾਂ ਮਿਲ ਕੇ ਬਣੇ ਇਕੋ ਜਾਪ, ਸੋਹੰ ਰੂਪ ਵਖਾਇੰਦਾ । ਲੇਖਾ ਜਾਣੇ ਪੁਰਖ ਅਕਾਲ ਬਾਪ, ਪੂਤ ਸਮਝ ਕੋਈ ਨਾ ਪਾਇੰਦਾ । ਜੁਗ ਚੌਕੜੀ ਪਿਛੋਂ ਤੇਰਾ ਇਕੋ ਸੋਹਣਾ ਸੱਚਾ ਪਾਠ, ਪੁਰਖ ਅਕਾਲ ਆਪ ਸਮਝਾਇੰਦਾ । ਜਨ ਭਗਤਾਂ ਜੋੜ ਨਾਤ, ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਆਸਾ ਮਨਸਾ ਮਨਸਾ ਆਸਾ ਸਭ ਦੀ ਵੇਖ ਵਖਾਇੰਦਾ ।



## ★ ੨੦ ਮਾਘ ੨੦੨੦ ਬਿਕਰਮੀ ਸੜਕ ਦੇ ਉਤੇ ਮਹਾਤਮਾ ਨਾਲ ★

ਸਦਾ ਸਦਾ ਸਦ ਗੁਰੂ ਮਹਾਰਾਜ ਦੀ ਜੈ, ਦੋ ਜਹਾਨ ਰਹੇ ਜਸ ਗਾਈਆ । ਪੂਰਾ ਸਤਿਗੁਰ ਜਨ ਭਗਤਾਂ ਅੰਦਰ ਬਹੇ, ਆਤਮ ਸੇਜਾ ਸੋਭਾ ਪਾਈਆ । ਨਾਮ ਨਿਧਾਨਾ ਇਕੋ ਕਹੇ, ਸੱਚਾ ਰਾਗ ਅਲਾਈਆ । ਲਹਿਣਾ ਦੇਣਾ ਜੁਗ ਜੁਗ ਦਏ, ਦੇਵਣਹਾਰ ਵੱਡੀ ਵਡਿਆਈਆ । ਨੇਤਰ ਪੇਖ ਚਰਨੀ ਢਹਿ, ਚੁੱਕੇ ਜਗਤ ਜੁਦਾਈਆ । ਅੰਮ੍ਰਿਤ ਧਾਰ ਨਿਝਰ ਰਹੇ, ਬੂੰਦ ਸਵਾਂਤੀ ਮੁਖ ਚੁਆਈਆ । ਭਗਤ ਭਗਵਾਨ ਸਦਾ ਸਦਾ ਜੈ, ਜੈ ਜੈ ਜੈਕਾਰ ਅੰਤਰ ਆਤਮਕ ਇਕ ਧਿਆਨ ਲਗਾਈਆ । ਸਤਿਗੁਰ ਪਾਰਬ੍ਰਹਮ ਜੈ ਦੇਵ, ਅਲਖ ਨਿਰੰਜਣ ਵਡ ਵਡਿਆਈਆ । ਆਦਿ ਜੁਗਾਦਿ ਭਗਤ ਜਨਾਂ ਦੀ ਸਾਚੀ ਸੇਵ, ਧੁਰ ਦੀ ਧਾਰ ਪਰਗਟਾਈਆ । ਕਰੇ ਖੇਲ ਨਿਹਚਲ ਧਾਮ ਨਿਹਕੇਵ, ਅਗੰਮ ਅਥਾਹ ਅਖਵਾਈਆ । ਦਾਤਾ ਦਾਤਾਰ ਜੋਧਾ ਸੂਰਬੀਰ ਵਡ ਦੇਵੀ ਦੇਵ, ਦੇਵ ਆਤਮਾ ਸਰਬ ਸਮਾਈਆ । ਨਿਤ ਨਵਿਤ ਜੁਗਾਂ ਜੁਗੰਤਰ ਦੇਵਣਹਾਰਾ ਅੰਮ੍ਰਿਤ ਰਸ ਸੱਚਾ ਮੇਵ, ਵਸਤ ਅਮੋਲਕ ਨਾਮ ਵਰਤਾਈਆ । ਅੰਦਰੋਂ ਬਾਹਰੋਂ ਸਭ ਨੂੰ ਰਿਹਾ ਵੇਖ, ਘਰ ਸੁਹੰਜਣੇ ਡੇਰਾ ਲਾਈਆ । ਪਿਛਲੇ ਜਨਮ ਦੀ ਪੁਛੋ

ਖੇਡ, ਅਵਧੂਤੀ ਲੇਖ ਚੁਕਾਈਆ । ਸ਼ੰਕਰ ਮੇਲਾ ਧੁਰ ਦਾ ਭੇਤ, ਧੂੜੀ ਖ਼ਾਕ ਰਮਾਈਆ । ਮਿਲੀ ਵਡਿਆਈ ਮਹੀਨਾ ਜੇਠ, ਨਾਵੀਂ ਥਿਤ ਸੋਭਾ ਪਾਈਆ । ਨਾਨਕ ਮਿਲਿਆ ਵਿਚ ਖੇਤ, ਗਹਿਰ ਗੰਭੀਰ ਅਖਵਾਈਆ । ਧੂੜੀ ਮੰਗੀ ਚਰਨਾਂ ਟੇਕ, ਨੈਣ ਨੈਣ ਬਿਗਸਾਈਆ । ਗੁਰੂਦੇਵ ਦੱਸ ਆਪਣਾ ਭੇਵ, ਭੇਦ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦ ਸਾਚੀ ਧਾਰ ਚਲਾਈਆ । ਨਾਨਕ ਕਿਹਾ ਅਲਖ ਨਿਰੰਜਣ ਏਕ, ਆਦਿ ਪੁਰਖ ਅਬਿਨਾਸ਼ੀ ਕਰਤਾ ਪੁਰਖ ਆਪ ਅਖਵਾਇੰਦਾ । ਆਦਿ ਜੁਗਾਦਿ ਜਿਸ ਦੀ ਟੇਕ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਸਭ ਦੇ ਅੰਦਰ ਵੜ ਕੇ ਦੱਸਣਹਾਰਾ ਭੇਤ, ਪੰਜ ਤਤ ਕਾਇਆ ਮਾਟੀ ਬਾਹਰੋਂ ਸੋਹਣੀ ਪੋਚ ਪੁਚਾਇੰਦਾ । ਕਲਜੁਗ ਅੰਤਮ ਕਰ ਕੇ ਹੇਤ, ਨਿਰਵੈਰ ਨਿਰਾਕਾਰ ਆਪਣਾ ਰੰਗ ਰੰਗਾਇੰਦਾ । ਸੱਤ ਜਨਮ ਲਏ ਖੇਡ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਬੀਸ ਬੀਸਾ ਮਾਣੇ ਤੇਰੀ ਸੇਜ, ਸੋਹਣੀ ਰੁੱਤ ਸੁਹਾਇੰਦਾ । ਨੇਤਰਾਂ ਤੱਕ ਲਵੀਂ ਵੇਖ, ਨਿਰਗੁਣ ਨਿਰੰਕਾਰ ਇਕੋ ਨਜ਼ਰੀ ਆਇੰਦਾ । ਚਰਨ ਕਵਲ ਫੇਰ ਦੇਵੇ ਟੇਕ, ਟਿੱਕਾ ਮਸਤਕ ਇਕ ਲਗਾਇੰਦਾ । ਜਟਾ ਜੂਟ ਧਾਰ ਤੇਰਾ ਓਹ ਭੇਖ, ਭਵਿਖਤ ਆਪਣਾ ਭੇਵ ਜਣਾਇੰਦਾ । ਅੱਗੇ ਆਪਣਾ ਕਰਕੇ ਹੇਤ, ਅੰਤ ਜੋਤੀ ਜੋਤ ਜੋਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦਾ ਲਹਿਣਾ ਸਰਬ ਚੁਕਾਇੰਦਾ । ਮਸਤਕ ਟਿੱਕਾ ਵੇਖ ਤ੍ਰਸੂਲ, ਤ੍ਰੈਭਵਨ ਧਨੀ ਵਡ ਵਡਿਆਈਆ । ਆਦਿ ਸ਼ਕਤ ਜਿਸ ਦਾ ਮੂਲ, ਚਤੁਰਭੁਜ ਜਿਸ ਦਾ ਰੰਗ ਵਖਾਈਆ । ਸਰਬ ਸਵਾਮੀ ਸਚ ਕੰਤਹੂਲ, ਨਰ ਨਰਾਇਣ ਇਕ ਅਖਵਾਈਆ । ਪੂਰਬ ਜਨਮ ਨਾ ਜਾਏ ਭੂਲ, ਲੇਖਾ ਦੇਵੇ ਥਾਉਂ ਥਾਈਆ । ਅੱਜ ਮਿਲਣ ਦਾ ਇਕੋ ਮੂਲ, ਰਾਤੀਂ ਸੁਤਿਆਂ ਦਰਸ ਦਿਖਾਈਆ । ਹੁਕਮ ਧੁਰ ਫ਼ਰਮਾਣਾ ਮਾਕੂਲ, ਪਰਵਰਦਿਗਾਰ ਦੇਵੇ ਨੂਰ ਅਲਾਈਆ । ਜੁਗਾਂ ਜੁਗੰਤਰ ਨਿਰਗੁਣ ਕਦੇ ਨਾ ਬਦਲੇ ਅਸੂਲ, ਸਰਗੁਣ ਮੇਲਾ ਸਹਿਜ ਸੁਭਾਈਆ । ਸੜਕਾਂ ਉਤੇ ਨਾ ਚੁੰਗੀਖ਼ਾਨਾ ਨਾ ਲਏ ਮਸੂਲ, ਬਿਨ ਪੈਸੇ ਟਕਿਉਂ ਧੁਰ ਦਾ ਟਿਕਟ ਦੇਵੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਨੇਤਰਾਂ ਨਾਲ ਰਖਾਈਆ । ਨੇਤਰਾਂ ਨਾਲ ਨੇਤਰਾਂ ਮੇਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਇਕੋ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰੂ ਇਕੋ ਮੰਦਰ ਸੋਭਾ ਪਾਇੰਦਾ । ਥਿਤ ਵਾਰ ਸੁਹੰਜਣਾ ਵੇਲਾ, ਘੜੀ ਪਲ ਰੰਗ ਰੰਗਾਇੰਦਾ । ਸਾਰਿਆਂ ਨਾਲੋਂ ਹੋ ਕੇ ਵਿਹਲਾ, ਤੇਰਾ ਪਿਛਲਾ ਲੇਖ ਚੁਕਾਇੰਦਾ । ਕੀ ਹੋਇਆ ਜੇ ਛੱਡ ਕੇ ਆਇਆ ਜੰਗਲ ਬੇਲਾ, ਕਾਨੇ ਕਾਹੀ ਖੇਲ ਖਿਲਾਇੰਦਾ । ਚਲਦਿਆਂ ਚਲਦਿਆਂ ਕੰਤ ਸੁਹਾਗ ਚਾੜ੍ਹ ਕੇ ਜਾਏ ਤੇਲਾ, ਸਾਚਾ ਸਗਨ ਮੁਖ ਲਗਾਇੰਦਾ । ਇਹ ਧੁਰ ਦਾ ਯਾਰ ਅਲਬੇਲਾ, ਮਿਹਰਵਾਨ ਦਇਆ ਕਮਾਇੰਦਾ । ਸੁਰਤੀ ਕਰੇ ਸ਼ਬਦ ਮੇਲਾ, ਘਰ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਲਾਇੰਦਾ । ਪੂਰਬ ਜਨਮ ਸ਼ੰਕਰ ਪੁਜਾਰੀ, ਮਸਤਕ ਤ੍ਰਸੂਲ ਰਖਾਈਆ । ਓਮ ਓਮ ਰਸਨ ਉਚਾਰੀ, ਅਲਖ ਅਲਖ ਢੋਲਾ ਗਾਈਆ । ਨਾਨਕ ਮੇਲਾ ਨਿਰਗੁਣ ਨਿਰੰਕਾਰੀ, ਸਰਗੁਣ ਮਿਲੇ ਵਡਿਆਈਆ । ਦੋਹਾਂ ਗੋਸ਼ਟ ਹੋਈ ਅਪਾਰੀ, ਤੀਰ ਕਟਾਖ਼ਸ਼ ਬਚਨ ਚਲਾਈਆ । ਥੋੜਾ ਮਨ ਆਇਆ ਹੰਕਾਰੀ, ਸਿਧੀ ਦਏ ਵਖਾਈਆ । ਨਾਨਕ ਕਿਹਾ ਜੋ ਮਿਲਿਆ ਇਕ ਦਾਤਾਰੀ, ਸੋ ਇਕੋ ਓਟ ਰਖਾਈਆ । ਸ਼ਬਦ ਸੁਣ ਲੱਥੀ ਖ਼ੁਮਾਰੀ, ਚਿੰਤਾ ਇਕੋ

ਇਕ ਪਰਗਟਾਈਆ । ਦੱਸ ਕਿਸ ਬਿਧ ਲੱਥੇ ਇਹ ਬੀਮਾਰੀ, ਹਉਮੇ ਰੋਗ ਗਵਾਈਆ । ਨਾਨਕ ਕਿਹਾ ਮੇਰਾ ਸਾਹਿਬ ਸਦਾ ਸਦਾ ਸਿਰਜਣਹਾਰੀ, ਜੁਗ ਚੌਕੜੀ ਵੇਖ ਵਖਾਈਆ । ਸਤਿ ਪੁਰਖ ਦੀ ਭਗਤੀ ਕਰਨੀ ਸੱਤ ਜਨਮ ਲੈ ਕੇ ਬਣ ਕੇ ਲੋਕਮਾਤ ਨਾਰੀ, ਨਾਰੀ ਕੰਤ ਆਤਮ ਪਰਮਾਤਮ ਸੰਗ ਲਗਾਈਆ । ਆਪੇ ਵੇਖੇ ਆ ਕੇ ਆਪਣੀ ਵਾਰੀ, ਲੱਭਣ ਕੋਈ ਕਿਤੇ ਨਾ ਜਾਈਆ । ਲੰਘਦਿਆਂ ਲੰਘਦਿਆਂ ਆ ਗਈ ਓਹ ਬਹਾਰੀ, ਜਿਹੜੀ ਰੁੱਤੜੀ ਰਾਹ ਤਕਾਈਆ । ਸਾਹਿਬ ਸੁਲਤਾਨ ਸ਼ਾਹ ਸਵਾਰੀ, ਆਇਆ ਬੇਪਰਵਾਹੀਆ । ਨਿਗਹ ਨਾਲ ਨਿਗਹ ਮਿਲਾ ਕੇ ਪਿਛਲੀ ਟੁੱਟੀ ਗੰਢੀ ਯਾਰੀ, ਲਹਿਣਾ ਦੇਣਾ ਝੋਲੀ ਪਾਈਆ । ਅੱਗੇ ਫੇਰ ਨਾ ਹੋਵੇ ਖਵਾਰੀ, ਆਵਣ ਜਾਵਣ ਮਰਨ ਜਨਮ ਲੱਖ ਚੁਰਾਸੀ ਗੇੜ ਰਹਿਣ ਨਾ ਪਾਈਆ । ਚਰਨ ਕਵਲ ਮਿਲੇ ਉਚ ਅਟਾਰੀ, ਜਿਥੇ ਜਗੇ ਜੋਤ ਇਕ ਨਿਰੰਕਾਰੀ, ਦੀਵਾ ਬੱਤੀ ਕੋਈ ਨਜ਼ਰ ਨਾ ਆਈਆ । ਤਾਰਦਾ ਜਾਏ ਜਾਂਦਾ ਜਾਂਦਾ ਵੇਖਣਹਾਰਾ ਸਰਬ ਦੀ ਵਾਰੀ, ਵਾਰਤਾ ਪਿਛਲੀ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਇਕ ਉਠਾਈਆ ।

★ ੨੦ ਮਾਘ ੨੦੨੦ ਬਿਕਰਮੀ ਬੀਬੀ ਪਰਕਾਸ਼ ਕੌਰ ਦੇ ਘਰ ਪਿੰਡ ਸਾਹਲੇ ਵਾਲ ਜ਼ਿਲਾ ਗੁਰਦਾਸ ਪੁਰ ★



ਬ੍ਰਹਿਮੰਡ ਖੰਡ ਸਾਰੇ ਤੱਕਣ, ਜ਼ਿਮੀਂ ਅਸਮਾਨ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਦੂਜੇ ਨੂੰ ਦੱਸਣ, ਨੈਣ ਵੇਖਿਆਂ ਹਾਲ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਨੱਸਣ, ਦਰਗਾਹ ਸਾਚੀ ਭੱਜਣ ਵਾਹੋ ਦਾਹੀਆ । ਵੇਖੇ ਖੇਲ ਪੁਰਖ ਸਮਰਥਣ, ਨਿਰਗੁਣ ਨਿਰਵੈਰ ਨਿਰਾਕਾਰ ਆਪ ਕਰਾਈਆ । ਜੋਤੀ ਨੂਰ ਕਰ ਪਰਕਾਸ਼ਨ, ਦੋ ਜਹਾਨਾਂ ਡਗਮਗਾਈਆ । ਭਗਤ ਸੁਹੇਲਾ ਬਣਾਏ ਸਾਥਨ, ਸਗਲਾ ਸੰਗ ਰਖਾਈਆ । ਨਿਰਧਨ ਹੋਏ ਬਨਿਆ ਪਾਂਧਨ, ਪਾਂਧੀ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਵਿਰਲੇ ਜਾਨਣ, ਜਿਨ੍ਹਾਂ ਅੰਤਰ ਆਤਮ ਪ੍ਰਭ ਬੁਝਾਈਆ । ਗੁਰਮੁਖ ਗੁਰ ਗੁਰ ਇਕ ਪਹਿਚਾਨਣ, ਨਿਝ ਨੇਤਰ ਅੱਖ ਖੁਲ੍ਹਾਈਆ । ਗੁਰਸਿਖ ਖ਼ੁਸ਼ੀਆਂ ਰੰਗ ਮਾਨਣ, ਕਾਇਆ ਚੋਲੀ ਵੱਜੇ ਵਧਾਈਆ । ਲੱਖ ਚੁਰਾਸੀ ਕੂੜੀ ਕਿਰਿਆ ਹੱਡੀਆਂ ਬਾਲਣ, ਤ੍ਰੈਗੁਣ ਅਗਨੀ ਰਹੀ ਤਪਾਈਆ । ਆਪਣਾ ਆਪ ਨਾ ਮੂਲ ਸੰਭਾਲਣ, ਮਨ ਵਾਸਨਾ ਰਹੀ ਕੁਰਲਾਈਆ । ਸਾਹਿਬ ਸੁਲਤਾਨ ਜਨ ਭਗਤਾਂ ਬਣੇ ਜਗਤ ਦਲਾਲਣ, ਸਚ ਦਲਾਲੀ ਇਕ ਕਮਾਈਆ । ਜਲਵਾ ਨੂਰੀ ਦਏ ਜਲਾਲਣ, ਅੰਧ ਅੰਧੇਰ ਰਿਹਾ ਮਿਟਾਈਆ । ਚਾਰੋਂ ਕੁੰਟ ਆਇਆ ਭਾਲਣ, ਦਹਿ ਦਿਸ਼ਾ ਵੇਖ ਵਖਾਈਆ । ਖ਼ੁਸ਼ੀਆਂ ਰੰਗ ਵਖਾਏ ਧੁਰ ਦੀ ਮਾਲਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸੁਹਾਈਆ । ਸਾਚਾ ਖੇਲ ਵੇਖ ਨਿਰੰਕਾਰ, ਰਵ ਸਸ ਬੈਠੇ ਧਿਆਨ ਲਗਾਈਆ । ਮੰਡਲ ਮੰਡਪ ਹੋਏ ਹੈਰਾਨ, ਪੁਰੀ ਲੋਅ ਅੱਖ ਖੁਲ੍ਹਾਈਆ । ਦੇਵਤ ਸੁਰ ਕਰਨ ਵਿਚਾਰ, ਮੁਨ ਜਨ ਬੈਠੇ ਸੀਸ ਝੁਕਾਈਆ । ਚਾਰੋਂ ਕੁੰਟ ਜੈ ਜੈਕਾਰ, ਕੋਟਨ ਗੀਤ ਰਿਹਾ ਗਾਈਆ । ਅੰਤਰ ਆਤਮ ਕਰ ਪੁਕਾਰ, ਤੂੰਹੀ ਤੂੰਹੀ ਰਾਗ ਅਲਾਈਆ । ਹੰ ਬ੍ਰਹਮ ਦੇ ਅਧਾਰ, ਓਟ ਇਕੋ ਇਕ ਤਕਾਈਆ । ਕਾਇਆ ਮਾਟੀ ਚੰਮ ਰੰਗ ਪ੍ਰਭ ਚਰਨ ਧੂੜੀ ਛਾਰ, ਧੁਰ ਦਾ ਨਹਾਵਣ ਰਹੇ ਨੁਹਾਈਆ ।

ਗੁਲਸ਼ਨ ਖਿਲੇ ਸੋਹਣੀ ਗੁਲਜ਼ਾਰ, ਕਲੀ ਕਲੀ ਮਹਿਕ ਮਹਿਕਾਈਆ । ਅੰਮ੍ਰਿਤ ਰਸ ਇਕ ਭੰਡਾਰ, ਘਰ ਘਰ ਅੰਦਰ ਨਜ਼ਰੀ ਆਈਆ । ਸੰਤ ਸੁਹੇਲੇ ਰੱਖਣ ਸੰਭਾਲ, ਗੁਰਮੁਖ ਪਰਦਿਆਂ ਵਿਚ ਛੁਪਾਈਆ । ਜਿਸ ਦੀ ਕਿਰਪਾ ਸ਼ਾਹ ਹੋਵੇ ਕੰਗਾਲ, ਕੰਗਾਲ ਸ਼ਾਹ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨ ਆਪ ਰਚਾਈਆ । ਵੇਖ ਖੇਲ ਪੁਰਖ ਅਗੰਮ, ਚਾਰੋਂ ਕੁੰਟ ਵੱਜੇ ਵਧਾਈਆ । ਦਹਿ ਦਿਸ਼ਾ ਕਹੇ ਧੰਨ ਧੰਨ, ਉਤਰ ਪੂਰਬ ਪੱਛਮ ਦੱਖਣ ਖ਼ੁਸ਼ੀ ਵਖਾਈਆ । ਗੁਰ ਅਵਤਾਰ ਕਹਿਣ ਅਸੀਂ ਸੁਣਿਆ ਸ਼ਬਦ ਸੁਹਾਗਣ, ਧੁਰ ਦਾ ਰਾਗੀ ਰਾਗ ਅਲਾਈਆ । ਦਿਆਲ ਹੋ ਕੇ ਬੇੜਾ ਰਿਹਾ ਬੰਨ੍ਹ, ਮਿਹਰਵਾਨ ਫੇਰਾ ਪਾਈਆ । ਭਗਤ ਵਛਲ ਜਣੇ ਜਨ, ਹੋਏ ਧੰਨ ਜਣੇਂਦੀ ਮਾਈਆ । ਕਰ ਵਸੇਰਾ ਛੱਪਰ ਛੰਨ, ਸੋਭਾਵੰਤ ਰੁੱਤ ਸੁਹਾਈਆ । ਕੂੜੀ ਕਿਰਿਆ ਭਾਂਡਾ ਭੰਨ, ਸਚ ਸੁੱਚ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਾਰੇ ਵੇਖ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਰਚਾਇੰਦਾ । ਜੁਗ ਚੌਕੜੀ ਹੋ ਪਰਧਾਨ, ਨਿਤ ਨਵਿਤ ਹੁਕਮ ਵਰਤਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਕਲਜੁਗ ਖੇਲ ਕਰੇ ਮਹਾਨ, ਜੋਤੀ ਜਾਮਾ ਵੇਸ ਵਟਾਇੰਦਾ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਇਕ ਅਖਵਾਇੰਦਾ । ਨਾਮ ਸੰਦੇਸ਼ਾ ਦੇਵੇ ਆਣ, ਸੋਹਲਾ ਸੱਚਾ ਰਾਗ ਅਲਾਇੰਦਾ । ਜਨ ਭਗਤਾਂ ਕਰ ਪਹਿਚਾਨ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਨਿਰਗੁਣ ਸਰਗੁਣ ਚਲੇ ਨਾਲ, ਸ੍ਰਿਸ਼ਟ ਸਬਾਈ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਨਿਰਗੁਣ ਨਿਰਵੈਰ ਲੈ ਅਵਤਾਰ, ਜੋਤੀ ਜਾਮਾ ਵੇਸ ਵਟਾਇੰਦਾ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਮੇਲ ਮਿਲਾਇੰਦਾ । ਸਮੁੰਦ ਸਾਗਰ ਕਰ ਕੇ ਪਾਰ, ਭਵਜਲ ਡੇਰਾ ਲਾਈਆ । ਚਰਨ ਪ੍ਰੀਤੀ ਇਕ ਪਿਆਰ, ਧੁਰ ਦੀ ਰੀਤੀ ਆਪ ਸਮਝਾਈਆ । ਮੰਦਰ ਮਸਜਿਦ ਵਸੇ ਬਾਹਰ, ਗੁਰੂਦਵਾਰੇ ਸ਼ਿਵਦਵਾਲੇ ਮੱਠ ਸਰਬ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਰਿਹਾ ਦ੍ਰਿੜਾਈਆ । ਅੰਜੀਲ ਕੁਰਾਨਾ ਹਾਹਾਕਾਰ, ਤੀਸ ਬਤੀਸਾ ਰਹੇ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਕਰੇ ਪਿਆਰ, ਜੋ ਬੈਠੇ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜੰਤ ਕਰੇ ਖਵਾਰ, ਜੂਨ ਅਜੂਨੀ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਡਿਆਈ ਲੋਕਮਾਤ, ਹਰਿ ਕਰਤਾ ਆਪ ਜਣਾਇੰਦਾ । ਵਸਤ ਅਮੋਲਕ ਧੁਰ ਦੀ ਦਾਤ, ਘਰ ਘਰ ਵਿਚ ਆਪ ਟਿਕਾਇੰਦਾ । ਆਤਮ ਪਰਮਾਤਮ ਦੇ ਕੇ ਸਾਥ, ਬ੍ਰਹਮ ਪਾਰਬ੍ਰਹਮ ਆਪ ਮਿਲਾਇੰਦਾ । ਦੀਵਾ ਬਾਤੀ ਜੋਤ ਲਲਾਟ, ਨੂਰ ਜਹੂਰ ਇਕ ਵਖਾਇੰਦਾ । ਪਰਦਾ ਖੋਲ੍ਹ ਬਜਰ ਕਪਾਟ, ਘਰ ਮੰਦਰ ਇਕ ਸੁਹਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਜੋਤੀ ਨੂਰ ਚੰਦ ਚਮਕਾਇੰਦਾ । ਅੰਮ੍ਰਿਤ ਬੂੰਦ ਦੇ ਸਵਾਂਤ, ਜਗਤ ਤ੍ਰਿਸਨਾ ਤ੍ਰਿਪਤ ਕਰਾਇੰਦਾ । ਅੰਦਰ ਵੜ ਕੇ ਪੁੱਛੇ ਵਾਤ, ਦੁੱਖੀਆਂ ਦਰਦ ਦੁੱਖ ਵੰਡਾਇੰਦਾ । ਜ਼ਾਹਿਰ ਬਾਤਨ ਕਰੇ ਬਾਤ, ਅਨੁਭਵ ਆਪਣਾ ਭੇਵ ਖੁਲ੍ਹਾਇੰਦਾ । ਲਹਿਣਾ ਚੁਕਾ ਕੇ ਜਾਤ ਪਾਤ, ਜਾਤ ਪਾਤ ਨਾ ਕਦੇ ਵਡਿਆਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜਾਏ ਆਖ, ਸਚ

ਸੰਦੇਸ਼ਾ ਇਕ ਜਣਾਇੰਦਾ । ਸਰਬ ਜੀਆਂ ਦਾ ਪਿਤਾ ਮਾਤ, ਪੁਰਖ ਅਕਾਲ ਇਕ ਅਖਵਾਇੰਦਾ । ਜੋ ਕਲਜੁਗ ਅੰਤਮ ਜਨ ਭਗਤਾਂ ਦੇਵੇ ਸਾਥ, ਧੁਰ ਦਾ ਸੰਗ ਨਿਭਾਇੰਦਾ । ਇਕੋ ਮੰਤਰ ਪੂਜਾ ਪਾਠ, ਇਕੋ ਸਿਮਰਨ ਜੋਗ ਅਭਿਆਸ ਇਕ ਸਮਝਾਇੰਦਾ । ਚਾਰ ਬਣਾ ਕੇ ਸਚ ਜਮਾਇਤ, ਧੁਰ ਦੀ ਪੱਟੀ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿਭਗਤ ਹਰਿ ਰੰਗ ਆਪ ਰੰਗਾਇੰਦਾ ।

★ ੨੦ ਮਾਘ ੨੦੨੦ ਬਿਕਰਮੀ ਬੀਬੀ ਬੰਤੀ ਦੇ ਘਰ ਪਿੰਡ ਸਾਲੋਵਾਲ ਜ਼ਿਲਾ ਗੁਰਦਾਸ ਪੁਰ ★

ਹਰਿਜਨ ਪੂਰੀ ਕਰਾਏ ਆਸ, ਨਰ ਨਰਾਇਣ ਦਇਆ ਕਮਾਇੰਦਾ । ਦੀਆ ਦੀਪਕ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਆਤਮ ਪਰਮਾਤਮ ਦਏ ਸਾਥ, ਕਾਇਆ ਮੰਦਰ ਪਰਦਾ ਲਾਹਿੰਦਾ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣਾ ਰੰਗ ਰੰਗਾਇੰਦਾ । ਬੋਧ ਅਗਾਧ ਸੁਣਾਏ ਗਾਥ, ਧੁਰ ਦਾ ਢੋਲਾ ਆਪ ਜਣਾਇੰਦਾ । ਲਹਿਣਾ ਦੇਣਾ ਪੂਰਬ ਮਸਤਕ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਲੇਖੇ ਲਾਇੰਦਾ । ਧੁਰ ਦਾ ਲੇਖਾ ਪੁਰਖ ਸਮਰਥ, ਜੀਵ ਜੰਤ ਸਰਬ ਜਣਾਈਆ । ਗੁਰਮੁਖ ਵਿਰਲੇ ਦੇਵੇ ਵੱਥ, ਨਾਮ ਸਚ ਵਰਤਾਈਆ । ਆਪਣੇ ਮਿਲਣ ਦੀ ਦੇਵੇ ਅੱਖ, ਨਿਝ ਨੇਤਰ ਨੈਣ ਖੁਲ੍ਹਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰ ਕੇ ਵੱਖ, ਭਗਤੀ ਮਾਰਗ ਇਕ ਦ੍ਰਿੜਾਈਆ । ਸਦ ਗੌਣਾ ਸ੍ਰੀ ਭਗਵਾਨ ਜਸ, ਦੂਜਾ ਰਾਗ ਨਾ ਕੋਇ ਅਲਾਈਆ । ਅੰਤਰ ਆਤਮ ਜਾਏ ਵਸ, ਹਰਿ ਦਾਤਾ ਬੇਪਰਵਾਹੀਆ । ਦਰਸ ਕਰਾਏ ਹੱਸ ਹੱਸ, ਸੋਹੰ ਹੰਸਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲ ਮਿਲਾਏ ਆਪ, ਪਰਮ ਪੁਰਖ ਪਰਖੋਤਮ ਦਇਆ ਕਮਾਇੰਦਾ । ਬਿਨ ਰਸਨਾ ਜਿਹਵਾ ਦੱਸੇ ਜਾਪ, ਬੱਤੀ ਦੰਦ ਨਾ ਕੋਈ ਹਿਲਾਇੰਦਾ । ਰਾਤੀਂ ਸੁਤਿਆਂ ਸਭ ਕੁਛ ਜਾਏ ਆਖ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਚਰਨ ਪ੍ਰੀਤੀ ਜੋੜ ਨਾਤ, ਸੱਜਣ ਇਕੋ ਨਜ਼ਰੀ ਆਇੰਦਾ । ਦਰਸ ਦਿਖਾਏ ਕਮਲਾਪਾਤ, ਮਕੰਦ ਮਨੋਹਰ ਲੱਖਮੀ ਨਰ ਹਰਿ ਰੂਪ ਅਨੂਪ ਵਟਾਇੰਦਾ । ਜੁਗ ਚੌਕੜੀ ਜਨ ਭਗਤਾਂ ਦਿਸੇ ਸਦਾ ਸਾਥ, ਸਮਰਥ ਪੁਰਖ ਵਿਛੜ ਕਦੇ ਨਾ ਜਾਇੰਦਾ । ਗੋਦੀ ਚੁੱਕੇ ਬਣ ਕੇ ਮਾਈ ਬਾਪ, ਪਿਤਾ ਪੁਰਖ ਆਪ ਟਿਕਾਇੰਦਾ । ਹਿਰਦੇ ਵੜ ਕੇ ਦੇਵੇ ਦਾਦ, ਅੰਦਰੇ ਅੰਦਰ ਵੈਰਾਗ ਉਪਜਾਇੰਦਾ । ਜੋ ਜਨ ਸਰਨਾਈ ਜਾਏ ਲਾਗ, ਤਿਸ ਰਾਏ ਧਰਮ ਨੇੜ ਨਾ ਆਇੰਦਾ । ਵੇਲੇ ਅੰਤਮ ਪਕੜੀ ਵਾਗ, ਡੋਰੀ ਆਪਣੇ ਹੱਥ ਰਖਾਇੰਦਾ । ਅੰਤਮ ਮੇਲੇ ਪੁਰਖ ਅਕਾਲ ਕੰਤ ਸੁਹਾਗ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰੇ ਵਡ ਵਡਭਾਗ, ਪੂਰਬ ਲੇਖਾ ਲਹਿਣਾ ਭਾਗ ਝੋਲੀ ਪਾਇੰਦਾ ।

ਪਟਵਾਰੀ ਜੀ ਨਹੀਂ ਖ਼ਾਨਾ ਪਟਵਾਰ, ਜਮਾਂਬੰਦੀ ਨਜ਼ਰ ਕੋਈ ਨਾ ਆਈਆ । ਜੇ ਵੇਖੇ ਤੇ ਇਕੋ ਹਰਿਦਵਾਰ, ਹਰਿ ਹਿਰਦੇ ਵਿਚ ਸਮਾਈਆ । ਪਿਛਲੇ ਕਾਗ਼ਜ ਬਿਨ ਮਨਜ਼ੂਰੀਉਂ ਦੇਵੇ ਫਾੜ, ਫ਼ਕ ਰਹਣ ਇਕੋ ਵਾਰ ਕਰਾਈਆ । ਅਗਲੇ ਦਫ਼ਤਰ ਦੇਵੇ ਚਾੜ੍ਹ, ਇੰਤਕਾਲ ਦੀ ਲੋੜ ਰਹੇ ਨਾ ਰਾਈਆ । ਨਾ ਕੋਈ ਗਵਾਹ ਲੱਭਣਾ ਪਏ ਨੰਬਰਦਾਰ, ਸ਼ਹਾਦਤ ਅਵਰ ਨਾ ਕੋਈ ਭੁਗਤਾਈਆ । ਕਾਨੂਗੋ ਨਾ ਕਰੇ ਵਿਚਾਰ, ਪੜਤਾਲ ਵਿਚ ਰੋਜ਼ਨਾਮਚਾ ਨਾ ਕੋਈ ਬਣਾਈਆ । ਨਾ ਕੋਈ ਚਲ ਕੇ ਆਵੇ ਤਹਿਸੀਲਦਾਰ, ਦਸਖ਼ਤ ਕਰ ਕੇ ਮੋਹਰ ਲਗਾਈਆ । ਇਕੋ ਵਾਰ ਸਾਰੇ ਕਰੇ ਬਹਾਲ, ਲੇਖਾ ਸਾਹਿਬ ਸਤਿਗੁਰ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਵਸਤ ਦੇਵੇ ਨਾਮ ਸੰਭਾਲ, ਓਸ ਦੀ ਝੋਲੀ ਆਪ ਟਿਕਾਈਆ ।

★ ਸਾਲੇਵਾਲ ਤੋਂ ਬਾਹਰ ਸੜਕ ਉਤੇ ★

ਆਪਣਾ ਲੇਖਾ ਕੋਈ ਨਾ ਜਾਣੇ ਪੱਤਰ, ਵਰਕਾ ਸਕੇ ਨਾ ਕੋਈ ਉਲਟਾਈਆ । ਜਿਸ ਨੇ ਲੇਖਾ ਲਿਖਿਆ ਨਾਲ ਅੱਖਰ, ਸੋ ਬਿਨ ਅੱਖਰਾਂ ਦਏ ਗਵਾਹੀਆ । ਜਿਸ ਦਾ ਖੇਲ ਪਾਣੀ ਟਿੱਲੇ ਪਰਬਤ ਪੱਥਰ, ਵਣ ਤਿਣ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਦਇਆ ਕਮਾਈਆ । ਚੱਕਰ ਵਿਚ ਰਿਹਾ ਭੌਂ, ਚਾਰੋਂ ਕੁੰਟ ਫੇਰਾ ਪਾਈਆ । ਸੁੱਖ ਦੀ ਨੀਂਦ ਨਾ ਸਕੇ ਸੌਂ, ਸ਼ਾਂਤੀ ਨਜ਼ਰ ਕੋਇ ਨਾ ਆਈਆ । ਹੱਲ ਹੋਇਆ ਨਾ ਕੋਈ ਗੌਂ, ਆਸਾ ਮਨਸਾ ਵਿਚ ਟਿਕਾਈਆ । ਜਗਤ ਵਸੇਰਾ ਜਿਉਂ ਸੁੰਞੇ ਘਰ ਕਾਉਂ, ਮੁਖ ਚੋਂਚ ਰਿਹਾ ਕੁਰਲਾਈਆ । ਜਿੰਨਾਂ ਚਿਰ ਸਤਿਗੁਰ ਪੂਰਾ ਨਾ ਪਕੜੇ ਬਾਹੋਂ, ਫੜ ਬਾਹੋਂ ਨਾ ਗਲੇ ਲਗਾਈਆ । ਓਨਾਂ ਚਿਰ ਨਾ ਖ਼ਤਰਾ ਜਾਏ ਨਾ ਭੌਂ, ਭਿਆਨਕ ਬੈਠੇ ਨਾ ਮੁਖ ਛੁਪਾਈਆ । ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਕਹੁ, ਕਹਿੰਦਿਆਂ ਮਨ ਵਾਸਨਾ ਦੇਵੇ ਡੇਰਾ ਢਾਹੀਆ ।

★ ੨੦ ਮਾਘ ੨੦੨੦ ਬਿਕਰਮੀ ਲਾਲ ਚੰਦ ਦੇ ਗ੍ਰਿਹ ਗੁਜਰਾਤ ਜ਼ਿਲਾ ਗੁਰਦਾਸ ਪੁਰ ★

ਗੁਰ ਅਵਤਾਰ ਪੀਰ ਪੈਗ਼ੰਬਰ ਜੁੜਦਾ, ਸਚਖੰਡ ਦਵਾਰ ਇਕੱਠ ਬਣਾਈਆ । ਰੂਪ ਦਿਸੇ ਨਾ ਕੋਈ ਮੁਰਦਾ, ਜੋਤੀ ਧਾਰ ਨੂਰ ਰੁਸ਼ਨਾਈਆ । ਸਭ ਨੂੰ ਫੁਰਨਾ ਇਕੋ ਫੁਰਦਾ, ਮੰਤਰ ਇਕ ਆਵਾਜ਼ ਅਲਾਈਆ । ਵੇਖੇ ਖੇਲ ਸਾਹਿਬ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਆਪਣੀ ਕਰਨੀ ਕਰਨੋਂ ਕਦੇ ਨਾ ਮੁੜਦਾ, ਨਿਤ ਨਵਿਤ ਵੇਸ ਵਟਾਈਆ । ਭੇਵ ਨਾ ਆਵੇ ਏਸ ਦੇ ਜ਼ੋਰ ਦਾ, ਬੇਅੰਤ ਬੇਪਰਵਾਹ ਅਖਵਾਈਆ । ਲੇਖਾ ਜਾਣੇ ਠੱਗ ਚੋਰ ਦਾ, ਭਗਤ ਭਗਵਾਨ ਖੋਜ ਖੁਜਾਈਆ । ਘਰ ਸੁਹਾਏ ਸੋਹਣਾ ਮੰਦਰ ਦੇਵੀ ਦੁਰਗਾ, ਦਰਗਾਹ ਰੂਪ ਬਣਾਈਆ । ਸਤਿ ਸਤਿਵਾਦੀ ਪਹਿਰ ਸ਼ੇਰ ਦਾ, ਬੁਰਕਾ ਬੁੱਕਲ ਸਭ ਦੀ ਰਿਹਾ ਖੁਲ੍ਹਾਈਆ । ਕਲਜੁਗ ਬੇੜਾ ਵੇਖ ਰੁੜ੍ਹਦਾ, ਹਰਿਜਨ ਸਾਚੇ ਰਿਹਾ ਤਰਾਈਆ ।

ਕਰੇ ਖੇਲ ਅਗੰਮੇ ਪਿਰ ਦਾ, ਪਰਮ ਪੁਰਖ ਵੱਡੀ ਵਡਿਆਈਆ । ਲੇਖਾ ਜਾਣੇ ਧਾਮ ਥਿਰ ਦਾ, ਘਰ ਸਾਚੇ ਖ਼ੁਸ਼ੀ ਵਖਾਈਆ । ਉਲਟਾ ਵੇਖ ਗੇੜ ਗਿੜਦਾ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਵੇਖੇ ਸਤਿ ਸਤਿਵਾਦੀ ਅਖਾੜਾ ਘੇਰਾ ਬੰਨ੍ਹਿਆ ਆਪਣੇ ਪਿੜ ਦਾ, ਚਾਰੋਂ ਕੁੰਟ ਧਿਆਨ ਲਗਾਈਆ । ਨਾਰਦ ਚਲ ਕੇ ਆਇਆ ਰਿੜ੍ਹਦਾ, ਹੌਲੀ ਹੌਲੀ ਪੰਧ ਮੁਕਾਈਆ । ਮੈਂ ਤੱਕਦਾ ਖੇਲ ਇਹ ਦੇਰ ਦਾ, ਜੁਗ ਚੌਕੜੀ ਧਿਆਨ ਲਗਾਈਆ । ਕਿਸ ਵੇਲੇ ਪ੍ਰਭ ਅੰਮ੍ਰਿਤ ਮੇਘ ਬਰਸੇ ਮਿਹਰ ਦਾ, ਮਿਹਰਵਾਨ ਦਇਆ ਕਮਾਈਆ । ਜੋ ਜਨ ਭਗਤਾਂ ਲੇਖਾ ਆਪ ਨਬੇੜਦਾ, ਦੂਜੇ ਹੱਥ ਨਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਖ ਅਖਾੜਾ ਅਗੰਮਾ ਲੱਗਾ, ਦੋ ਜਹਾਨ ਵੱਜੀ ਵਧਾਈਆ । ਕਿੰਨਰ ਯਛਪ ਆਏ ਭੱਜਾ, ਆਪਣਾ ਪੰਧ ਮੁਕਾਈਆ । ਤਾਲ ਤਲਵਾੜਾ ਇਕੋ ਰੱਖਾ, ਸੁਰ ਤਾਲ ਸਮਝ ਕੋਇ ਨਾ ਪਾਈਆ । ਨੇਤਰ ਵੇਖਣ ਆਪਣੀਆਂ ਅੱਖਾਂ, ਨੈਣ ਰਹੇ ਖੁਲ੍ਹਾਈਆ । ਕਰੇ ਖੇਲ ਪੁਰਖ ਸਮਰਥਾ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵਤ ਸੁਰ ਔਂਦੇ ਗਾਵਣ ਗੀਤ, ਵਾਹਵਾ ਰਾਗ ਅਲਾਈਆ । ਚਲੋ ਵੇਖੀਏ ਅਚਰਜ ਰੀਤ, ਜੋ ਪਰਮ ਪੁਰਖ ਚਲਾਈਆ । ਸਾਚੀ ਦੱਸੇ ਸਚ ਪ੍ਰੀਤ, ਨਾਤਾ ਇਕ ਰਖਾਈਆ । ਲੇਖਾ ਜਾਣ ਹਸਤ ਕੀਟ, ਊਚ ਨੀਚ ਦਏ ਵਡਿਆਈਆ । ਓਢਣ ਪੀਤੰਬਰ ਦੇਵੇ ਇਕੋ ਸੀਸ, ਸੋਹਣਾ ਰੰਗ ਰੰਗਾਈਆ । ਦਇਆਵਾਨ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਕਰ ਸਰਜੀਤ, ਜੀਵਣ ਜੀਵਣ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਾਰੇ ਇਕੱਠੇ ਹੋ ਕੇ ਆਏ, ਕੂਕ ਕੂਕ ਸੁਣਾਈਆ । ਸਾਹਿਬ ਸਤਿਗੁਰ ਲਿਆ ਬੁਲਾਏ, ਆਪਣਾ ਹੁਕਮ ਵਰਤਾਈਆ । ਧੁਰ ਸੰਦੇਸ਼ਾ ਇਕ ਸੁਣਾਏ, ਸ਼ਬਦੀ ਨਾਦ ਵਜਾਈਆ । ਸਾਚੇ ਮੰਗਲ ਧੁਰ ਸੁਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਜਣਾਈਆ । ਇਕੱਠੇ ਹੋ ਕੇ ਸਾਰੇ ਦੱਸਣ, ਇਕ ਦੂਜੇ ਹਾਲ ਸੁਣਾਈਆ । ਉਠੋ ਵੇਖੋ ਪ੍ਰਭ ਸਮਰਥਨ, ਸਾਹਿਬ ਵੱਡੀ ਵਡਿਆਈਆ । ਜਨ ਭਗਤਾਂ ਹਿਰਦੇ ਆਇਆ ਵਸਣ, ਘਰ ਮੰਦਰ ਡੇਰਾ ਲਾਈਆ । ਤਾਲ ਅਗੰਮੇ ਆਇਆ ਵੱਜਣ, ਧੁਰ ਦਾ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸੁਣ ਵਡਿਆਈ ਨਾਰਦ ਬੋਲੇ, ਇਕੋ ਆਵਾਜ ਲਗਾਈਆ । ਤੁਸੀਂ ਸਾਰੇ ਦਿਸੋ ਭੋਲੇ, ਭੋਲਾ ਭਾਉ ਰਖਾਈਆ । ਉਠੋ ਵੇਖੋ ਹੋ ਕੇ ਉਹਲੇ, ਆਪਣੀ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਗਾਵੇ ਢੋਲੇ, ਸਾਚਾ ਰਾਗ ਅਲਾਈਆ । ਸੰਤ ਸੁਹੇਲੇ ਆਪ ਵਿਰੋਲੇ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਅੰਤਰ ਆਤਮ ਨਿਰਗੁਣ ਮੌਲੇ, ਸੋਹਣਾ ਰੰਗ ਚੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਕਰ ਕੇ ਗਏ ਕੌਲੇ, ਕੀਤਾ ਇਕਰਾਰ ਤੋੜ ਨਿਭਾਈਆ । ਕਰੇ ਖੇਲ ਉਪਰ ਧੌਲੇ, ਧਰਨੀ ਧਰਤ ਦਏ ਵਡਿਆਈਆ । ਰੰਗ ਵਟਾਏ ਸਾਵਲ ਸਵਲੇ, ਸੁੰਦਰ ਆਪਣੀ ਕਾਰ ਕਮਾਈਆ । ਤਾਲ ਵਜਾਏ ਬਿਨ ਢੋਲਕ ਤਬਲੇ, ਤੰਦ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਿੰਨਰ ਕਹੇ ਮੈਂ ਦੱਸਾਂ ਸੱਚ, ਸਚ ਸਚ ਜਣਾਈਆ । ਅੰਦਰੇ ਅੰਦਰ ਵੇਖੋ ਸਾਰੇ ਰਹੇ ਨੱਚ, ਮੁਖ ਘੁੰਗਟ

ਨਾ ਕੋਇ ਉਠਾਈਆ । ਦੂਰ ਦੁਰਾਡ ਫਿਰਨ ਬਚ ਬਚ, ਅੱਗੇ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰੇ ਆਪ ਕਮਾਈਆ । ਗੁਰ ਅਵਤਾਰ ਕਹਿਣ ਇਹ ਖੇਲ ਅਨੋਖਾ, ਸਮਝ ਕਿਸੇ ਨਾ ਆਈਆ । ਸ੍ਰੀ ਭਗਵਾਨ ਜਨ ਭਗਤਾਂ ਨਾਲ ਕਰੇ ਨਾ ਧੋਖਾ, ਧੁਰ ਦੀ ਵਸਤ ਆਪ ਵਰਤਾਈਆ । ਮਾਰਗ ਦੱਸੇ ਇਕੋ ਸੌਖਾ, ਸਾਚੀ ਕਰੇ ਪੜ੍ਹਾਈਆ । ਆਪਣੇ ਮਿਲਣ ਦਾ ਦੇ ਕੇ ਆਪ ਮੌਕਾ, ਆਪਣੇ ਸੰਗ ਰਖਾਈਆ । ਪੀਰ ਪੈਗ਼ੰਬਰ ਕਹਿਣ ਹਰਿਸੰਗਤ ਨਾਲ ਲੈ ਕੇ ਦੇਵੇ ਹੋਕਾ, ਜੰਗਲ ਬੇਲੇ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨ ਕਹੇ ਮੈਂ ਲਿਆ ਜਾਣ, ਸ੍ਰੀ ਭਗਵਾਨ ਵੱਡੀ ਵਡਿਆਈਆ । ਕਰੇ ਖੇਲ ਮਾਤ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਛਾਈਆ । ਮੈਂ ਦੇਵਣਹਾਰਾ ਦਾਨ, ਘਰ ਘਰ ਰਿਜ਼ਕ ਪੁਚਾਈਆ । ਪ੍ਰਭ ਕਰੇ ਖੇਲ ਮਹਾਨ, ਵੱਖਰਾ ਰਾਹ ਵਖਾਈਆ । ਜਨ ਭਗਤਾਂ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਹਮਾ ਕਹੇ ਮੈਂ ਵੇਖਿਆ ਬ੍ਰਹਮ, ਹਰ ਘਟ ਨਜ਼ਰ ਟਿਕਾਈਆ । ਸ੍ਰੀ ਭਗਵਾਨ ਕਰੇ ਆਪਣਾ ਕਰਮ, ਨਿਹਕਰਮੀ ਕਰਮ ਕਮਾਈਆ । ਜਿਨ੍ਹਾਂ ਦੇਵੇ ਆਪਣੀ ਸਰਨ, ਕਰਮ ਕਾਂਡ ਨਾ ਕੋਇ ਰਖਾਈਆ । ਕੂੜੀ ਕਿਰਿਆ ਨਾਤਾ ਤੋੜੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਸੋ ਢੋਲਾ ਇਕੋ ਪੜ੍ਹਨ, ਸੋਹੰ ਸੱਚਾ ਰਾਗ ਅਲਾਈਆ । ਆਤਮ ਪਰਮਾਤਮ ਖ਼ੁਸ਼ੀਆਂ ਕਰਨ, ਚਿੰਤਾ ਗ਼ਮ ਨਾ ਕੋਇ ਵਖਾਈਆ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸਾਰੇ ਬਿਨ ਰਸਨਾ ਰਹੇ ਸੁਣਾਈਆ । ਨਿਰਗੁਣ ਕਰਦਾ ਫਿਰੇ ਸਚ ਵਿਹਾਰਾ, ਦੋ ਧਾਰਾ ਚਾਲ ਚਲਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਸੋਹਣੀ ਆਪਣੀ ਬਣਤ ਬਣਾਈਆ । ਗੋਬਿੰਦ ਦੇ ਇਕ ਆਧਾਰਾ, ਬ੍ਰਾਹਮਣ ਗੌੜਾ ਖੇਲ ਵਖਾਈਆ । ਸਚ ਅਮਾਮ ਧੁਰ ਦਾ ਯਾਰਾ, ਪਰਵਰਦਿਗਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਈਸਾ ਮੂਸਾ ਮੁਹੰਮਦ ਸੁਣਾਇਆ ਇਕ, ਇਕੋ ਬੋਲ ਜਣਾਈਆ । ਜਿਸ ਦਾ ਲੇਖਾ ਗਏ ਲਿਖ, ਸੋ ਦਾਤਾ ਬੇਪਰਵਾਹੀਆ । ਜਨ ਭਗਤਾਂ ਪੌਂਦਾ ਫਿਰੇ ਭਿੱਖ, ਮੁਰੀਦ ਮੁਰਸ਼ਦ ਵੇਖ ਵਖਾਈਆ । ਸ੍ਰਿਸ਼ਟ ਸਬਾਈ ਆਤਮ ਜਿਤ, ਪਰਮਾਤਮ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਧਾਰ ਚਲਾਈਆ । ਸੁਣ ਕੇ ਬਚਨ ਬ੍ਰਹਮਾ ਸੁਤ ਬੋਲਿਆ ਕੁਮਾਰ, ਆਪਣੀ ਧਾਰ ਜਣਾਈਆ । ਤੇਈ ਅਵਤਾਰ ਕਰੋ ਵਿਚਾਰ, ਪਰਦਾ ਉਹਲਾ ਆਪ ਉਠਾਈਆ । ਕਰੇ ਖੇਲ ਕੀ ਸਿਰਜਣਹਾਰ, ਕਵਣ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤੇਈ ਅਵਤਾਰ ਵੇਖ ਹੋਏ ਖ਼ੁਸ਼, ਖ਼ੁਸ਼ੀਆਂ ਹਾਲ ਸੁਣਾਈਆ । ਸ੍ਰੀ ਭਗਵਾਨ ਉਨ੍ਹਾਂ ਰਿਹਾ ਪੁਛ, ਜਿਨ੍ਹਾਂ ਸਾਡੇ ਨਾਲ ਪ੍ਰੀਤ ਲਗਾਈਆ । ਅੰਤਮ ਸਾਡਾ ਪੈਂਡਾ ਗਿਆ ਮੁੱਕ, ਪੁਰਖ ਅਕਾਲ ਵੇਖ ਵਖਾਈਆ । ਦੀਨਾਂ ਦੁੱਖੀਆਂ ਵੰਡੇ ਦੁੱਖ, ਦਰਦੀਆਂ ਦਰਦ ਰਖਾਈਆ । ਭਗਤ ਭਗਵਾਨ ਗੋਦੀ ਚੁੱਕ, ਸੋਹਣੀ ਸੇਜ ਸੁਹਾਈਆ । ਨਿਰਗੁਣ ਨਿਰਵੈਰ ਬਦਲਿਆ ਆਪਣਾ ਰੁਖ਼, ਚਾਲ ਅਵੱਲੜੀ ਇਕ ਚਲਾਈਆ ।

ਜੋਤੀ ਧਾਰੋਂ ਆਪੇ ਉਠ, ਸ਼ਬਦੀ ਡੰਕ ਵਜਾਈਆ । ਹਰਿ ਭਗਤਾਂ ਰਿਹਾ ਪੁੱਛ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਵਡਿਆਈ ਆਇਆ ਘਨਈਆ, ਸਚ ਕਹਾਣੀ ਇਕ ਜਣਾਈਆ । ਚਲਦੀ ਵੇਖੀ ਇਸ ਦੀ ਨਈਆ, ਨੌਕਾ ਸਮੁੰਦ ਸਾਗਰ ਪਾਰ ਕਰਾਈਆ । ਨਾਲ ਰੱਖੀ ਅਗੰਮੀ ਵਹੀਆ, ਰਵਿਦਾਸ ਚੁਮਿਆਰਾ ਕਰੇ ਲਿਖਾਈਆ । ਨਾਤਾ ਜੋੜ ਭੈਣਾ ਭੱਈਆ, ਹਰਿ ਸੰਗਤ ਸੰਗ ਬਣਾਈਆ । ਕੋਟਨ ਬੁੱਲੇ ਨਾਲ ਤਾਲ ਵਜਾਵਣ ਕਰਨ ਥਈਆ ਥਈਆ, ਆਪਣਾ ਨਾਚ ਵਖਾਈਆ । ਗੋਪੀਆਂ ਕਾਹਨ ਕਹਿਣ ਮਿਲਿਆ ਸਈਆ, ਸਾਹਿਬ ਬੇਪਰਵਾਹੀਆ । ਖ਼ੁਸ਼ੀਆਂ ਵੇਖ ਖ਼ੁਸ਼ੀ ਹੋਏ ਦੁਰਗਾ ਮਈਆ, ਮਿਹਰਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਵੇਖ ਖੇਲ ਰਮਈਆ ਦੱਸੇ, ਧੁਰ ਦਾ ਹਾਲ ਜਣਾਈਆ । ਆਦਿ ਜੁਗਾਦਿ ਸਾਹਿਬ ਜੋ ਵਸੇ, ਨਿਰਗੁਣ ਦਾਤਾ ਬੇਪਰਵਾਹੀਆ । ਭਗਤ ਸੁਹੇਲਾ ਖ਼ੁਸ਼ੀਆਂ ਨਾਲ ਹੱਸੇ, ਸੋਹਣਾ ਗੀਤ ਅਲਾਈਆ । ਹਰਿਸੰਗਤ ਸੰਗ ਮਿਲ ਮਿਲ ਭੱਜੇ, ਭੱਜਿਆਂ ਪੰਧ ਮੁਕਾਈਆ । ਜੁਗ ਜਨਮ ਦੇ ਕਰੇ ਇਕੱਠ, ਸੋਹਣਾ ਜੋੜ ਜੁੜਾਈਆ । ਨੇਤਰ ਵੇਖ ਪੱਤ ਰੱਖੇ, ਮਿਹਰ ਨਜ਼ਰ ਨੈਣ ਉਠਾਈਆ । ਖ਼ੁਸ਼ੀਆਂ ਵਿਚ ਕੋਈ ਨਾ ਥੱਕੇ, ਹਰਖ ਸੋਗ ਨਾ ਕੋਇ ਵੰਡਾਈਆ । ਜਿਸ ਵੇਲੇ ਗੁਰਮੁਖ ਚਰਨਾਂ ਵਲ ਤੱਕੇ, ਧੂੜੀ ਮਸਤਕ ਟਿੱਕਾ ਲਾਈਆ । ਪੀਰ ਪੈਗ਼ੰਬਰ ਭੱਜੇ ਜਾਣ ਨਾਲ ਛੱਡ ਮਦੀਨੇ ਮੱਕੇ, ਸੋਹਣਾ ਆਪਣਾ ਬੰਸ ਬਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰ ਅਵਤਾਰ ਆਏ ਨੱਠੇ, ਸੋਹਣਾ ਆਪਣਾ ਪੰਧ ਬਣਾਈਆ । ਰੰਗ ਮਾਨਣ ਵਿਚ ਧੂੜ ਘੱਟੇ, ਸੋਹਣਾ ਲਾਲ ਰੰਗ ਵਖਾਈਆ । ਗੀਤ ਗੌਣ ਸਾਹਿਬ ਪੱਤ ਰੱਖੇ, ਪਰਮੇਸ਼ਵਰ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਵਡਿਆਈ ਆਇਆ ਮੂਸਾ, ਸਾਰਾ ਹਾਲ ਸੁਣਾਈਆ । ਮੈਂ ਕਾਲਾ ਧੋਣਾ ਆਪਣਾ ਸੂਸਾ, ਹਰਿਸੰਗਤ ਧੂੜੀ ਉਤੇ ਪਾਈਆ । ਮੇਰਾ ਖ਼ਾਲੀ ਚਲਦਿਆਂ ਚਲਦਿਆਂ ਭਰਿਆ ਠੂਠਾ, ਅਤੋਟ ਅਤੁਟ ਵਰਤਾਈਆ । ਸਾਹਿਬ ਸਤਿਗੁਰ ਇਕੋ ਤੁਠਾ, ਮਿਹਰ ਨਜ਼ਰ ਨੈਣ ਉਠਾਈਆ । ਜਿਥੇ ਮਰੂੰਡਾ ਦਿਤਾ ਨਾਲ ਮੁੱਠਾਂ, ਓਸ ਧਾਮ ਮਿਲੇ ਵਡਿਆਈਆ । ਸਮੇਂ ਅਨੁਸਾਰ ਬਰਾਟ ਓਥੇ ਲੁਕਾ, ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਈਸਾ ਕਹੇ ਮੈਂ ਵੇਖਿਆ ਹਾਲ, ਹਾਜ਼ਰ ਹੋ ਕੇ ਸੇਵ ਕਮਾਈਆ । ਪਰਵਰਦਿਗਾਰ ਹੋਇਆ ਦਿਆਲ, ਰਹਿਮਤ ਇਕ ਜਣਾਈਆ । ਗੁਰਮੁਖ ਵੇਖ ਆਪਣਾ ਲਾਲ, ਲਾਲਨ ਇਕੋ ਰੰਗ ਰੰਗਾਈਆ । ਚਲਦਿਆਂ ਚਲਦਿਆਂ ਖੇਲ ਕਰੇ ਕਮਾਲ, ਬੇਅੰਤ ਬੇਪਰਵਾਹੀਆ । ਜਨ ਭਗਤਾਂ ਕਰਦਾ ਜਾਏ ਵਸਾਲ, ਦੇ ਜੁਮਾਲ ਨੂਰ ਇਲਾਹੀਆ । ਮੁਖ ਪੂੰਝਦਾ ਜਾਏ ਨਾਲ ਰੁਮਾਲ, ਸੋਹਣੀ ਸੇਵ ਕਮਾਈਆ । ਜੇ ਥੱਕਣ ਲੱਗਣ ਅੰਦਰ ਵੜ ਕੇ ਲਏ ਉਠਾਲ, ਓਠੋ ਨੱਠੋ ਵਾਹੋ ਦਾਹੀਆ । ਸੋਹਣਾ ਮੌਕਾ ਲਿਆ ਸੰਭਾਲ, ਮੁਫ਼ਤ ਆਪਣੀ ਸੇਵ ਕਮਾਈਆ । ਉਚੇ ਨੀਵੇਂ ਥਾਂ ਛਾਲਾਂ ਮਾਰ, ਹਰਿਜਨ ਭੱਜਣ ਵਾਹੋ ਦਾਹੀਆ । ਜਾ ਕੇ ਵੇਖੀਏ ਆਪਣਾ ਯਾਰ, ਵਿਛੋੜਾ ਝੱਲ ਸਕੇ ਕੋਈ ਨਾ ਰਾਈਆ । ਲਾਲ ਚੰਦ ਨਹੀਂ ਇਹ ਗੁਰ ਕਾ ਲਾਲ, ਲਾਲ ਗੁਰੂ ਰੂਪ ਸਮਾਈਆ । ਜਿਸ ਸੇਵਾ ਕੀਤੀ ਮਹਾਨ, ਮਿਲੀ ਮਾਣ ਵਡਿਆਈਆ । ਲਾਲੋ ਦੇ ਪਿਛੇ ਇਹਦਾ ਮਕਾਨ, ਠਠਿਆਰਾ ਰੂਪ ਵਟਾਈਆ ।

ਘਾੜਤ ਘੜਨ ਵਿਚ ਕਮਾਲ, ਸੋਹਣੇ ਭਾਂਡੇ ਦਏ ਬਣਾਈਆ । ਇਕ ਕੌਲ ਤੇ ਇਕ ਥਾਲ, ਨਾਨਕ ਭੇਟ ਚੜ੍ਹਾਈਆ । ਲਾਲੋ ਇਸ ਵਿਚ ਖਾਣਾ ਦੇਣਾ ਖਵਾਲ, ਇਹੋ ਮੇਰੇ ਮਨ ਭਾਈਆ । ਜੇ ਮੇਰਾ ਸਾਹਿਬ ਹੋਵੇ ਦਿਆਲ, ਤੇਰੇ ਨਾਲ ਦਏ ਮਿਲਾਈਆ । ਮੇਰਾ ਕਾਇਆ ਭਾਂਡਾ ਅੰਦਰੋਂ ਦੇਵੇ ਮਾਂਜ, ਸੋਹਣੀ ਕਰੇ ਸਫ਼ਾਈਆ । ਜਨ ਭਗਤਾਂ ਨਾਲ ਬਣਾਏ ਸਾਂਝ, ਸਾਚੀ ਗੰਢ ਪਵਾਈਆ । ਇਹੋ ਮੈਨੂੰ ਲੱਗੀ ਤਾਂਘ, ਜਿਹੜੀ ਸਕੇ ਨਾ ਕੋਇ ਬੁਝਾਈਆ । ਬੇਸ਼ਕ ਮੈਂ ਮੁਸਲਮੀਨ ਹੋ ਕੇ ਦੇਵਾਂ ਬਾਂਗ, ਨਿਮਾਜ਼ ਪੰਜ ਵਾਰ ਸੁਣਾਈਆ । ਦੀਨ ਦਿਆਲ ਮੇਰੀ ਖੋਲ੍ਹੋ ਜਾਗ, ਅੱਖ ਪਰਤੱਖ ਖੁਲ੍ਹਾਈਆ । ਅੰਤਰ ਉਪਜੇ ਇਕ ਵੈਰਾਗ, ਬਿਰਹੋਂ ਤੀਰ ਚਲਾਈਆ । ਸਚ ਸਰਨਾਈ ਜਾਵਾਂ ਲਾਗ, ਆਪਣਾ ਆਪ ਮਿਟਾਈਆ । ਇਕੋ ਡਰ ਮੈਨੂੰ ਸ਼ਰਅ ਵਾਲੇ ਨਾ ਦੇਵਣ ਦਾਗ਼, ਜਗਤ ਦੁੱਖ ਭਵਾਈਆ । ਓਸੇ ਵੇਲੇ ਸਾਹਿਬ ਸਤਿਗੁਰ ਨਿਰਗੁਣ ਸਰੂਪ ਸੁਣੀ ਅਵਾਜ਼, ਸ਼ਬਦ ਸੰਦੇਸ਼ ਅਲਾਈਆ । ਪੁਰਖ ਅਕਾਲ ਦਾ ਨਹੀਂ ਕੋਈ ਸਮਾਜ, ਜਾਤ ਪਾਤ ਨਾ ਕੋਇ ਵਡਿਆਈਆ । ਜੇ ਚਾਹਵੇਂ ਤੇ ਦੇਵਾਂ ਰਾਜ, ਸੀਸ ਤਾਜ ਛਤਰ ਝੁਲਾਈਆ । ਜੇ ਦਰਸ ਮੰਗੇਂ ਗੁਰੂ ਮਹਾਰਾਜ, ਨੇਤਰ ਨੈਣਾਂ ਦਿਆਂ ਵਖਾਈਆ । ਸੁਣ ਅਵਾਜ਼ ਕਰ ਪੁਕਾਰ, ਕਿਹਾ ਮੇਰੀ ਰੱਖ ਲਾਜ, ਤੇਰੇ ਹੱਥ ਵਡਿਆਈਆ । ਤੇਰਾ ਕਲਮਾ ਤੇਰੀ ਨਿਮਾਜ਼, ਤੇਰਾ ਸਜਦਾ ਤੇਰਾ ਸੀਸ ਝੁਕਾਈਆ । ਨਾਨਕ ਕਿਹਾ ਵਿਚ ਥੋੜਾ ਰਹਿ ਗਿਆ ਰਾਜ਼, ਤੈਨੂੰ ਸਚ ਦਿਆਂ ਜਣਾਈਆ । ਜੇ ਨਧੜਕ ਹੋ ਕੇ ਹੋ ਜਾਨੋਂ ਮੁਹਤਾਜ, ਲੇਖਾ ਹੁਣੇ ਦੇਂਦਾ ਮੁਕਾਈਆ । ਤੇਰੇ ਅੰਤਰ ਭੈ ਦੀ ਆਈ ਆਵਾਜ਼, ਕਾਜ਼ੀਆਂ ਕੋਲੋਂ ਡਰ ਰਖਾਈਆ । ਮੈਂ ਪਰਵਰਦਿਗਾਰ ਅੱਗੇ ਕਰਾਂ ਫ਼ਰਿਆਦ, ਦੇਵਾਂ ਸਚ ਸੁਣਾਈਆ । ਤੂੰ ਇਸ ਦਾ ਲੇਖਾ ਰੱਖਣਾ ਯਾਦ, ਜੋ ਗਵਾਂਢੀ ਲਾਲੋ ਨਜ਼ਰੀ ਆਈਆ । ਇਸ ਦਾ ਨਾਉਂ ਮੁਮਤਾਜ, ਵਾਲਦ ਖ਼ੈਰ ਦੀਨ ਅਖਵਾਈਆ । ਤੇਰੇ ਬੇੜੇ ਉਤੇ ਚੜ੍ਹੇ ਰੱਖ ਕੇ ਤੇਰੀ ਖ਼ਾਹਸ਼, ਨਿਰਾਸਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕਿਹਾ ਮੈਂ ਪੂਰੀ ਕਰਾਂ ਆਸ, ਨਾਲ ਲਾਲੋ ਇਹਦਾ ਸੰਗ ਬਣਾਈਆ । ਕਲਜੁਗ ਅੰਤਮ ਪਰਗਟ ਹੋ ਕੇ ਨਿਰਗੁਣ ਜੋਤ ਕਰਾਂ ਪਰਕਾਸ਼, ਜੋਤੀ ਜਾਮਾ ਵੇਸ ਵਟਾਈਆ । ਚਲ ਕੇ ਆਵਾਂ ਇਸ ਦੇ ਪਾਸ, ਬਣ ਕੇ ਪਾਂਧੀ ਜਗਤ ਰਾਹੀਆ । ਲਾਲੋ ਦਾ ਸਾਰਾ ਲੈ ਕੇ ਸਾਥ, ਇਕੱਠ ਇਕੋ ਘਰ ਕਰਾਈਆ । ਦੋਹਾਂ ਦੇ ਮਿਲਾ ਕੇ ਹੱਥ ਨਾਲ ਹਾਥ, ਵਿਚੋਲਾ ਹੋ ਕੇ ਜੋੜ ਜੁੜਾਈਆ । ਆਪਣੇ ਵੇਖਣ ਦੀ ਦੇ ਕੇ ਅੱਖ, ਅੰਦਰੋਂ ਤਾਕੀ ਲਾਹੀਆ । ਜੋ ਵਸਤ ਰੱਖੀ ਢੱਕ, ਇਕੋ ਵਾਰ ਵਖਾਈਆ । ਹਰਿਸੰਗਤ ਕਹੇ ਨਬੇੜਾ ਕੀਤਾ ਹੱਕ, ਖ਼ੁਸ਼ੀਆਂ ਨਾਲ ਸੁਣਾਈਆ । ਸ੍ਰੀ ਭਗਵਾਨ ਕਹੇ ਜੇ ਬੱਚਿਓ ਗਏ ਥੱਕ, ਰਾਤੀਂ ਸੁੱਤਿਆਂ ਸਾਰਿਆਂ ਦਰਸ ਦਿਖਾਈਆ । ਸਾਰੇ ਟੇਕ ਕੇ ਕਹਿਣ ਮੱਥ, ਪ੍ਰਭੂ ਤੇਰੀ ਧੂੜ ਖ਼ੁਸ਼ੀਆਂ ਨਾਲ ਮਸਤਕ ਲਾਈਆ । ਤੇਰੇ ਉਤੇ ਸਭ ਨੇ ਹੱਥ ਦਿਤੇ ਰੱਖ, ਹੱਕ ਆਪਣਾ ਲਿਆ ਜਮਾਈਆ । ਅਬਿਨਾਸ਼ੀ ਕਰਤਾ ਨਿਰਗੁਣ ਨਿਰਵੈਰ ਮਿਹਰਵਾਨ ਜਨ ਭਗਤਾਂ ਅੰਦਰ ਆਵੇ ਨਿਝੱਕ, ਸਾਢੇ ਤਿੰਨ ਹੱਥ ਅੰਦਰ ਫੇਰਾ ਪਾਈਆ । ਅੱਗੇ ਕੋਈ ਨਾ ਸਕੇ ਡੱਕ, ਨੌਂ ਦਵਾਰੇ ਨਿਉਂ ਨਿਉਂ ਸੀਸ ਨਿਵਾਈਆ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਲਹਿਣਾ ਚੁਕਦਾ ਵੇਖ ਨਾਨਕ ਓਮ ਓਅੰਕਾਰ ਨਿਰੰਕਾਰ ਰਿਹਾ ਜਸ ਗਾਈਆ । ਮੈਂ ਸਹਿਜ ਸੁਭਾਉ ਆਇਆ ਦੱਸ, ਆਪਣੀ ਰਮਜ਼ ਲਗਾਈਆ । ਸ੍ਰੀ ਭਗਵਾਨ

ਚੇਤਾ ਲਿਆ ਰੱਖ, ਭੁਲਿਆ ਅਭੁੱਲ ਨਾ ਬੇਪਰਵਾਹੀਆ । ਨਿੱਕਾ ਵੱਡਾ ਹੋ ਕੇ ਆਇਆ ਨੱਠ, ਵੱਡਾ ਨਿੱਕਾ ਆਪਣਾ ਰੂਪ ਵਟਾਈਆ । ਰਾਹ ਵਿਚ ਇਸ਼ਾਰਿਆਂ ਨਾਲ ਸਭ ਕੁਛ ਰਿਹਾ ਦੱਸ, ਤਾਰਦਾ ਜਾਏ ਪਾਂਧੀ ਰਾਹੀਆ । ਗੁਰਮੁਖ ਖ਼ੁਸ਼ੀਆਂ ਨਾਲ ਰਹੇ ਹੱਸ, ਆਪਣੀ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਕਹੇ ਇਹ ਮੇਰਾ ਨਹੀਂ ਕਿਛ ਵਸ, ਤੁਹਾਡਾ ਦੇਣਾ ਝੋਲੀ ਪਾਈਆ । ਤੁਹਾਡੇ ਨਾਲ ਗੁਰੂ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਨੱਚ, ਅੱਡੀ ਪੱਬ ਦੋਵੇਂ ਰਹੇ ਉਠਾਈਆ । ਪੀਰ ਪੈਗ਼ੰਬਰ ਨਾਅਰੇ ਲਾਉਣ ਹੱਕ, ਪਰਵਰਦਿਗਾਰ ਤੇਰੀ ਸਰਨਾਈਆ । ਖ਼ੁਸ਼ੀਆਂ ਨਾਲ ਗਾਵਣ ਜਸ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸੱਚਾ ਇਕੋ ਮਾਹੀਆ । ਜਨ ਭਗਤ ਖੇੜਾ ਜਾਏ ਵਸ, ਘਰ ਨੌਬਤ ਨਾਮ ਵਜਾਈਆ । ਹਰਿਜਨ ਰਹਿਣ ਨਾ ਦੇਵੇ ਅੱਡ, ਦੂਰ ਦੁਰਾਡੇ ਜੋੜ ਜੁੜਾਈਆ । ਜਿਨ੍ਹਾਂ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਲਾਰੇ ਦੇ ਕੇ ਗਏ ਛੱਡ, ਤਿਨ੍ਹਾਂ ਦਾ ਲੇਖਾ ਦਏ ਮੁਕਾਈਆ । ਸਤਿ ਧਰਮ ਨਿਸ਼ਾਨਾ ਗੱਡ, ਦੋ ਜਹਾਨਾਂ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਕਰਨੀ ਵੇਖ ਪੁਰਖ ਸਮਰਥ, ਚਾਰ ਕੁੰਟ ਵੱਜੀ ਵਧਾਈਆ । ਸਾਰੇ ਮਿਲ ਕੇ ਗਾਵਣ ਜਸ, ਸੋਹਣਾ ਰਾਗ ਅਲਾਈਆ । ਵਾਹ ਪ੍ਰਭੂ ਬੇਪਰਵਾਹ, ਤੂੰ ਕਿਨ੍ਹਾਂ ਦੇ ਹੋਇਓਂ ਵਸ, ਜਿਨ੍ਹਾਂ ਨੂੰ ਲੋਕੀਂ ਕਹਿਣ ਸ਼ੌਦਾਈਆ । ਸ੍ਰੀ ਭਗਵਾਨ ਕਿਹਾ ਮੈਂ ਨਹੀਂ ਇਹ ਮੇਰੀ ਅੱਖ, ਜਿਨ੍ਹਾਂ ਵਿਚੋਂ ਮੇਰਾ ਨੂਰ ਨਜ਼ਰੀ ਆਈਆ । ਇਹਨਾਂ ਪਿਛੇ ਮੈਂ ਮਾਤ ਹੋਇਆ ਪਰਤਖ, ਜੋਤੀ ਜਾਮਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਸੇ ਕਰ ਕੇ ਅੱਗੇ ਪਿਛੇ ਰਹੇ ਨੱਠ, ਡਰ ਭੈ ਮੇਰਾ ਨਜ਼ਰੀ ਆਈਆ । ਬਿਨ ਹੁਕਮ ਕਾਉਣ ਸਚਖੰਡ ਦਵਾਰ ਆਵੇ ਛੱਡ, ਘੱਟੇ ਮਿਟੀ ਵਿਚ ਭੱਜੇ ਵਾਹੋ ਦਾਹੀਆ । ਬੁੱਤ ਨੂੰ ਵੇਖ ਸਾਰੇ ਕਹਿਣ ਇਹ ਜੱਟ, ਜਟਾ ਜੂਟ ਧਾਰੀ ਸਮਝ ਕਿਸੇ ਨਾ ਆਈਆ । ਗੁਰਮੁਖ ਕਹਿਣ ਸ੍ਰੀ ਭਗਵਾਨ ਸਾਡੇ ਵਾਸਤੇ ਖੋਲ੍ਹਿਆ ਹੱਟ, ਅਨਮੁਲੜੀ ਦੌਲਤ ਰਿਹਾ ਵਰਤਾਈਆ । ਜੋ ਜੁਗ ਜਨਮ ਪੂਰਬ ਕਰਮ ਪ੍ਰਭ ਤੋਂ ਵਿਛੜ ਮੂੰਹ ਦੇ ਭਾਰ ਗਏ ਢੱਠ, ਤਿਨ੍ਹਾਂ ਰਿਹਾ ਉਠਾਈਆ । ਲੇਖੇ ਲਾ ਕੇ ਹੱਡ ਮਾਸ ਨਾੜੀ ਰੱਤ, ਰੁੱਤ ਰੁਤੜੀ ਆਪ ਮਹਿਕਾਈਆ । ਸਾਚੀ ਦੇ ਕੇ ਇਕੋ ਮਤ, ਚਾਰੇ ਵਰਨ ਸਮਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਦਾ ਪੂਰਾ ਕਰੇ ਹੱਕ, ਖ਼ਾਲੀ ਕੋਈ ਰਹਿਣ ਨਾ ਪਾਈਆ । ਬਣ ਰਥਵਾਹੀ ਚਲਾਏ ਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਮੁਕਾਈਆ । ਮੁਕਦਾ ਲੇਖਾ ਵੇਖ ਭਗਵੰਤ, ਦੋ ਜਹਾਨ ਨੈਣ ਉਠਾਈਆ । ਵੇਖੋ ਮਿਲਦਾ ਸਖੀਆਂ ਕੰਤ, ਸਾਹਿਬ ਸੁਲਤਾਨ ਬੇਪਰਵਾਹੀਆ । ਰੁਤ ਸੁਹਾਈ ਇਕ ਬਸੰਤ, ਪਤ ਡਾਲੀ ਆਪ ਮਹਿਕਾਈਆ । ਦੇ ਵਡਿਆਈ ਵਿਚੋਂ ਜੀਵ ਜੰਤ, ਸੰਤ ਸੁਹੇਲੇ ਲਏ ਉਠਾਈਆ । ਗ਼ਰੀਬ ਨਿਮਾਣਿਆਂ ਬਣਾ ਬਣਤ, ਸ਼ਾਹ ਸੁਲਤਾਨਾਂ ਨਾਲੋਂ ਉਚੇ ਧਾਮ ਬਹਾਈਆ । ਜਿਸ ਘਰ ਮਹਿਮਾ ਸਦਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਖ ਵਡਿਆਈ ਹੁੰਦਾ ਜਸ, ਵਡਿਆਈ ਨੈਣਾਂ ਨੀਰ ਵਹਾਈਆ । ਹੋ ਨਿਮਾਣੀ ਚਰਨ ਗਈ ਢੱਠ, ਮੈਂ ਕੋਝੀ ਕਮਲੀ ਕੀ ਸਿਫ਼ਤ ਸਕਾਂ ਲਿਖਾਈਆ । ਜਿਨ੍ਹਾਂ ਪ੍ਰਭੂ ਤੂੰ ਹੋਇਓਂ ਵਸ, ਓਥੇ ਮੇਰੀ ਕੀ ਚਤੁਰਾਈਆ । ਮੈਂ ਚੁੱਕ ਨਾ ਸਕਾਂ ਅੱਖ, ਮੇਰੇ ਨੇਤਰ ਨੈਣ ਸ਼ਰਮਾਈਆ । ਉਹ ਵੱਡੇ ਜੋ ਤੇਰੀ ਚਰਨੀ ਗਏ ਢੱਠ, ਮੇਰੀ ਵੱਡੀ ਵਡਿਆਈ ਕੰਮ ਕਿਸੇ ਨਾ ਆਈਆ । ਜੇ

ਵੇਖੇਂ ਤੇ ਮੇਰੇ ਖ਼ਾਲੀ ਹੱਥ, ਕੋਝੀ ਕਮਲੀ ਦਿਆਂ ਦੁਹਾਈਆ । ਜੇ ਹਰਿਸੰਗਤ ਚਰਨਾਂ ਵਿਚ ਲਏ ਰੱਖ, ਏਨ੍ਹਾਂ ਨਾਲ ਮਿਲ ਕੇ ਤੇਰਾ ਨਾਮ ਧਿਆਈਆ । ਇਕ ਬੋਲਣਾ ਸਿਖ ਜਾਵਾਂ ਸੱਚ, ਸਚ ਵਿਚ ਤੇਰੀ ਸਿਫ਼ਤ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਵਿਚ ਜਾਵਾਂ ਫਸ, ਫਸ ਕੇ ਨਾਤਾ ਇਨ੍ਹਾਂ ਨਾਲ ਰਖਾਈਆ । ਜੇ ਖ਼ੁਸ਼ੀਆਂ ਨਾਲ ਮੇਰੇ ਨਾਲ ਜਾਣ ਹੱਸ, ਮੈਂ ਉਚੀ ਅੱਡੀ ਫਿਰਾਂ ਚਾਈਂ ਚਾਈਆ । ਇਹ ਵਸਤ ਦੇ ਪ੍ਰਭੂ ਸਮਰਥ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਠ ਵਡਿਆਈ ਜਗਤ ਵੱਡੀ, ਹਰਿ ਵਡੇਰਾ ਆਪ ਸਮਝਾਇੰਦਾ । ਮਾਣ ਤਾਣ ਕੂੜਾ ਛੱਡੀਂ, ਸ਼ਹਿਨਸ਼ਾਹ ਹੁਕਮ ਵਰਤਾਇੰਦਾ । ਹਰਿਸੰਗਤ ਨਾਲ ਉਠ ਕੇ ਭੱਜੀਂ, ਇਕੋ ਰਾਹ ਵਖਾਇੰਦਾ । ਮੋਟਰ ਟਾਂਗਾ ਵੇਖੀਂ ਲੱਭੀਂ ਨਾ ਕੋਈ ਗੱਡੀ, ਭਾੜੇ ਵਾਲਾ ਟੱਟੂ ਕੰਮ ਕਿਸੇ ਨਾ ਆਇੰਦਾ । ਸੇਵਾ ਕਰੀਂ ਆਪਣੀ ਪੈਰੀਂ ਹੱਥੀਂ, ਸੋਹਣੀ ਬਣਤ ਬਣਾਇੰਦਾ । ਵੇਖ ਹਰਿਸੰਗਤ ਆਪਣੀ ਅੱਖੀਂ, ਕਿਹੜੀ ਚਾਲ ਚਲਾਇੰਦਾ । ਵਿਛੋੜੇ ਵਿਚ ਨਾ ਤੜਫਣ ਦਿਤੀ ਮੱਛੀ, ਮਛਲੀ ਜਲ ਆਪੇ ਰੂਪ ਵਟਾਇੰਦਾ । ਇਹਨਾਂ ਨਾਲ ਹਿੱਸਾ ਪਾ ਕੇ ਰੱਖ ਲਾ ਪੱਤੀ, ਪਤਿਪਰਮੇਸ਼ਵਰ ਆਪੇ ਦਇਆ ਕਮਾਇੰਦਾ । ਜਿਨ੍ਹਾਂ ਦੂਰੋਂ ਚਲ ਕੇ ਗੁਜਰਾਤ ਵੇਖੀ ਸਖੀ, ਸਖੀਆਂ ਵਿਚੋਂ ਸਖੀ ਲਾਲ ਨਜ਼ਰੀ ਆਇੰਦਾ । ਜਿਸ ਦੀ ਮਾਂ ਬੜੀ ਪੱਕੀ, ਧੀਰਜ ਧੀਰ ਨਾਲ ਜੁੜਾਇੰਦਾ । ਉਹ ਸਭ ਨੂੰ ਗੱਲ ਦੱਸੇ ਸੱਚੀ, ਸ੍ਰੀ ਭਗਵਾਨ ਇਕੋ ਨਜ਼ਰੀ ਆਇੰਦਾ । ਹਰਿਸੰਗਤ ਜਿਸ ਦੀ ਬੱਚੀ, ਵਾਂਗ ਬੱਚਿਆਂ ਗੋਦ ਉਠਾਇੰਦਾ । ਇਸ ਦੀ ਪ੍ਰੀਤ ਨਹੀਂ ਕੱਚੀ, ਜੋ ਕੱਚਿਆਂ ਭਾਂਡਿਆਂ ਪੱਕਿਆਂ ਵਿਚ ਰਖਾਇੰਦਾ । ਇਸ ਦੀ ਧਾਰ ਬੜੀ ਅੱਛੀ, ਅੱਛੀ ਤਰ੍ਹਾਂ ਸਮਝਾਇੰਦਾ । ਗਲੋਂ ਲਾਹ ਦੇਵੇ ਜਮ ਦੀ ਰੱਸੀ, ਰਾਏ ਧਰਮ ਨਾ ਲੇਖ ਮੰਗਾਇੰਦਾ । ਇਹਦੇ ਕੋਲ ਅਗੰਮੀ ਬੱਤੀ, ਜੋ ਘਰ ਘਰ ਅੰਦਰ ਦੀਵਾ ਆਪ ਜਗਾਇੰਦਾ । ਮਿਹਰਵਾਨ ਹੋ ਕੇ ਗੁਰਮੁਖਾਂ ਅੰਦਰ ਦੇਵੇ ਧੀਰਜ ਜਤੀ, ਸਤਿ ਸੰਤੋਖ ਨਾਲ ਭਰਾਇੰਦਾ । ਜਿਸ ਦੇ ਦਵਾਰਿਉਂ ਮੰਗਦੇ ਗਏ ਨਾਮ ਦੀ ਇਕ ਰੱਤੀ, ਉਹ ਤੋਲਿਆਂ ਮਾਸਿਆਂ ਨਾਲੋਂ ਬੇਅੰਤ ਬੇਪਰਵਾਹ ਆਪ ਵਰਤਾਇੰਦਾ । ਗ਼ਰੀਬ ਨਿਮਾਣਿਆਂ ਫੜ ਫੜ ਬਾਹੋਂ ਚੁੱਕੇ ਆਪਣੀ ਹੱਥੀਂ, ਮਿਟੀ ਘੱਟਾ ਝਾੜ ਸੋਹਣਾ ਰੂਪ ਵਟਾਇੰਦਾ । ਬਿਨ ਕਰਨੀਉਂ ਕਮਾਈਉਂ ਝੋਲੀ ਪੌਂਦਾ ਜਾਏ ਖੱਟੀ, ਅਤੋਟ ਅਤੁਟ ਭੰਡਾਰਾ ਆਪ ਖੁਲ੍ਹਾਇੰਦਾ । ਉਸੇ ਵੈਰਾਗ ਵਿਚ ਮੈਂ ਫਟੀ, ਫੱਟੜ ਕਰ ਕੇ ਪੱਟੀ ਨਾਮ ਉਤੇ ਬੰਧਾਇੰਦਾ । ਹਰਿਸੰਗਤ ਕਰ ਕੇ ਇਕੱਠੀ, ਗੁਰਮੁਖ ਸੋਹਣੇ ਨਾਲ ਲਿਆਇੰਦਾ । ਜਿਨ੍ਹਾਂ ਵਿਚ ਬਹਿ ਕੇ ਮੈਂ ਵੀ ਸਜੀ, ਸੱਜਣ ਸੰਗ ਰਖਾਇੰਦਾ । ਬੇਪਰਵਾਹ ਪਰ ਔਂਦਾ ਅੱਜੀਂ ਪੱਜੀਂ, ਪਰਦਾ ਉਹਲਾ ਵਿਚ ਰਖਾਇੰਦਾ । ਰਾਹ ਵਿਚ ਵੇਖ ਕੇ ਹੱਸਣ ਖ਼ਜੂਰਾਂ ਖ਼ੱਜੀ, ਖ਼ੱਜਲ ਹੁੰਦਾ ਆਪਣਾ ਨਾ ਮੁਖ ਭਵਾਇੰਦਾ । ਜਿਸ ਦੇ ਨਾਲ ਨਿੱਕੀ ਵੱਡੀ ਸੰਗਤ ਫਿਰੇ ਭੱਜੀ, ਭਜਨ ਇਕੋ ਇਕ ਜਪਾਇੰਦਾ । ਜਿਸ ਦੀ ਤਾਲੀ ਦੋ ਜਹਾਨ ਵੱਜੀ, ਨਾਮ ਨਗ਼ਾਰਾ ਹੱਥ ਉਠਾਇੰਦਾ । ਲੱਖ ਚੁਰਾਸੀ ਸ੍ਰਿਸ਼ਟੀ ਜਿਸ ਨੇ ਬੱਧੀ, ਜੀਵ ਜੰਤ ਹੁਕਮ ਵਰਤਾਇੰਦਾ । ਓਸ ਦੀ ਪ੍ਰੀਤੀ ਗ਼ਰੀਬਾਂ ਨਾਲ ਲੱਗੀ, ਨਿਮਾਣਿਆਂ ਰੰਗ ਚੜ੍ਹਾਇੰਦਾ । ਮੈਂ ਖ਼ੁਸ਼ਿਆਂ ਨਾਲ ਕਹਿਵਾਂ ਉਹ ਮਾਲਕ ਜੱਗ ਦਾ ਜੱਗੀ, ਜੁਗਤ ਆਪਣੇ ਹੱਥ ਰਖਾਇੰਦਾ । ਕੀ ਹੋ ਗਿਆ ਜੇ ਧੰਨੇ ਦੀ ਸਾਂਭ ਕੇ ਗਿਆ ਢੱਗੀ ਵੱਛੀ, ਰਵਿਦਾਸ ਕੋਲੋਂ ਢੋਰ ਢਵਾਇੰਦਾ । ਨਾਮੇ ਛੱਪਰੀ ਲੱਗੀ ਅੱਛੀ, ਇਕ ਇਕੱਲਾ ਸੋਹਣੀ ਬਣਤ ਬਣਾਇੰਦਾ । ਦੁਰਗਾ ਦੇਵੀ ਕਹੇ ਮੈਂ ਉਨ੍ਹਾਂ ਨਾਲੋਂ ਚੰਗੀ,

੪੪੯ ੧੯

ਹਰਿਸੰਗਤ ਨਾਲ ਲੈ ਕੇ ਆਇੰਦਾ । ਲਾਲੋ ਕਹੇ ਧੰਨ ਭਾਗ ਮੇਰੀ ਗਵਾਂਢੀਆਂ ਨਾਲ ਪੱਟੀ, ਗੰਢੀ, ਸੋਹਣਾ ਜੋੜ ਜੁੜਾਇੰਦਾ । ਪੁਰਖ ਅਕਾਲ ਕਹੇ ਮੈਨੂੰ ਸੰਗਤ ਲੱਗੀ ਚੰਗੀ, ਜਿਸ ਦਾ ਲੇਖਾ ਝੋਲੀ ਪਾਇੰਦਾ । ਲਾਲੋ ਨਾਲ ਮੇਰਾ ਭੁਝੰਗੀ, ਪੂਰਬ ਲੇਖ ਝੋਲੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਇੰਦਾ । ਬਣਤ ਬਣਾਈ ਸਾਹਿਬ ਠਾਕਰ, ਦਇਆਵਾਨ ਦਇਆ ਕਮਾਈਆ । ਜਗਤ ਦਵਾਰਾ ਪਾਰ ਕਰ ਕੇ ਸਾਗਰ, ਗੁਰਮੁਖ ਸੱਜਣ ਲਏ ਮਿਲਾਈਆ । ਦੋਹਾਂ ਦੇਵੇ ਆਦਰ, ਇਕੋ ਜਿਹੀ ਵਡਿਆਈਆ । ਹਰਿਸੰਗਤ ਨਾਲ ਵੱਡੀ ਬਹਾਦਰ, ਜੋ ਬੈਠੇ ਬਲ ਵਧਾਈਆ । ਏਨ੍ਹਾਂ ਉਤੇ ਪ੍ਰੇਮ ਪਿਆਰ ਦੀ ਦੇਵੇ ਚਿਟੀ ਚਾਦਰ, ਪਰਦਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਰ ਨਿਰੰਕਾਰ ਇਕ ਰਖਾਈਆ । ਲਾਲੋ ਲਾਲ ਦੋਹਾਂ ਰੱਖਣਾ ਯਾਦ, ਸ੍ਰੀ ਭਗਵਾਨ ਸਚ ਸੱਚ ਸਚ ਜਣਾਈਆ । ਅਲ੍ਹੜ ਪਿੰਡੀ ਵਿਛੋੜੇ ਵਾਲੀ ਰਾਤ, ਖ਼ਾਕ ਚਰਨ ਧੂੜ ਲੱਗ ਅੱਜ ਖ਼ੁਸ਼ੀ ਮਨਾਈਆ । ਤੇਈ ਮਾਘ ਫੇਰ ਓਥੇ ਕਰਨਾ ਵਾਸ, ਜਿਥੇ ਮਿਲੇ ਮਾਣ ਵਡਿਆਈਆ । ਹਰਿਸੰਗਤ ਬਣਾਏ ਭਾਤ, ਫੁਲਕਾ ਰੋਟੀ ਨਾ ਕੋਇ ਪਕਾਈਆ । ਇਕੋ ਦਾਲ ਨਾਲ ਸੋਗਾਤ, ਸ੍ਰੀ ਭਗਵਾਨ ਵੰਡ ਵੰਡਾਈਆ । ਅਗਲੀ ਫੇਰ ਦੱਸੇ ਬਾਤ, ਭੇਵ ਅਭੇਦ ਖੁਲ੍ਹਾਈਆ । ਚਵੀ ਮਾਘ ਖੋਲ੍ਹੇ ਜਾਗ, ਨੇਤਰ ਅੱਖ ਪੁਟਾਈਆ । ਬਾਬੂ ਪੁਰ ਕੰਤ ਸੁਹਾਗ, ਵਿਛੜੇ ਲਏ ਮਿਲਾਈਆ । ਬੇੜੇ ਚਾੜ੍ਹ ਇਕ ਜਹਾਜ਼, ਸੋਹਣੀ ਧਾਰ ਵਖਾਈਆ । ਹਰਿਸੰਗਤ ਕਰ ਕੇ ਇਕ ਅਵਾਜ਼, ਇਕੋ ਰੂਪ ਬਣਾਈਆ । ਮੁੱਠੀ ਮੁੱਠੀ ਸਭ ਦੇ ਕੋਲੋਂ ਮੰਗੇ ਖ਼ਾਜ, ਖਾਨ ਪਕਵਾਨ ਇਕੋ ਦਏ ਵਡਿਆਈਆ । ਨੰਗਾ ਧੜ ਸੀਸ ਤਾਜ, ਗੁਰੂ ਮਹਾਰਾਜ ਰਾਜ਼ ਖੁਲ੍ਹਾਈਆ । ਸਾਰੇ ਇਕੇ ਵਿਹੜੇ ਕਰ ਇਕੱਠੇ ਕਹੇ ਸ਼ਾਬਾਸ਼, ਹਰਿ ਸਤਿਗੁਰ ਹਰਿਸੰਗਤ ਵਿਚ ਸਮਾਈਆ । ਉਹ ਖ਼ੁਸ਼ੀਆਂ ਵਾਲੀ ਛੇਵੀਂ ਰਾਤ, ਘਰ ਦੀਦਾਰ ਦਰਸ ਦਿਖਾਈਆ । ਇਕ ਲਾਲ ਚੰਦ ਪਿਛੇ ਰੱਖਿਆ ਇਤਨਾ ਰਾਜ਼, ਹੇਰਾ ਫੇਰੀ ਕਰ ਕੇ ਆਪਣੀ ਖੇਲ ਵਖਾਈਆ । ਵਲ ਛਲ ਕਰਨੋਂ ਅਜੇ ਨਾ ਆਵੇ ਬਾਜ, ਬਾਜ਼ੀ ਆਪਣੀ ਨਾ ਕਦੇ ਉਲਟਾਈਆ । ਜੇ ਕੋਈ ਪ੍ਰਭੂ ਦਾ ਸਮਝੇ ਰਾਜ਼, ਪ੍ਰਭੂ ਕਹਿ ਸੀਸ ਨਾ ਕੋਇ ਨਿਵਾਈਆ । ਲਹਿਣੇ ਵਿਚ ਦੇਣਾ ਦੇ ਕੇ ਸਿਖਾਂ ਕੋਲੋਂ ਕਦੀ ਨਾ ਅਖਵਾਏ ਧੋਖੇਬਾਜ਼, ਸਾਨੂੰ ਛੱਡ ਕੇ ਧੋਖਾ ਗਿਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਲਿਖਿਆ ਲੇਖ ਨਾ ਕਦੇ ਮਿਟਾਈਆ ।

### ★ ੨੧ ਮਾਘ ੨੦੨੦ ਬਿਕਰਮੀ ਦੁਰਗਾ ਦੇਵੀ ਦੇ ਗ੍ਰਿਹ ਗੁਜ਼ਰਾਤ ਜ਼ਿਲਾ ਗੁਰਦਾਸ ਪੁਰ ★

ਅਰਸ਼ ਨਾਲੋਂ ਸੋਹਣਾ ਫ਼ਰਸ਼, ਮਹਿਬੂਬ ਰਬਾਬ ਵਜਾਇੰਦਾ । ਮਿਹਰ ਨਾਲੋਂ ਚੰਗਾ ਤਰਸ, ਤਰਸ ਵਿਚ ਆਪਣਾ ਦਰਸ ਦਿਖਾਇੰਦਾ । ਦਰਸ ਵਿਚ ਦੇ ਤੜਪ, ਬਿਰਹੋਂ ਵੈਰਾਗ ਲਗਾਇੰਦਾ । ਵੈਰਾਗ ਅੰਦਰ ਧੁਰ ਦਾ ਕਟਕ, ਨਾਮ ਨਿਧਾਨ ਵਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਰਹੇ ਲਟਕ, ਤਿਨ੍ਹਾਂ ਆਪਣੀ ਗੋਦ ਬਹਾਇੰਦਾ । ਧੁਰ ਦਾ ਹੁਕਮ ਦੇ ਕੇ ਸਖ਼ਤ, ਸਾਚੀ ਕਾਰ ਕਮਾਇੰਦਾ । ਨਿਰਵੈਰ ਹੋ ਕੇ

ਆਇਆ ਪਰਤ, ਪਰਮ ਪੁਰਖ ਅਖਵਾਇੰਦਾ । ਜੋਧਾ ਬਣ ਕੇ ਸੂਰਬੀਰ ਮਰਦ, ਮਰਦਾਨਗੀ ਇਕੋ ਇਕ ਪਰਗਟਾਇੰਦਾ । ਬਿਨ ਕਰਨੀ ਕਿਰਿਆ ਜਨਮ ਮਰਨ ਦੀ ਮੇਟੇ ਦਰਦ, ਰੋਗ ਸੋਗ ਸਰਬ ਚੁਕਾਇੰਦਾ । ਸੇਵਾ ਕਰ ਕਹੇ ਇਹ ਮੇਰਾ ਫ਼ਰਜ਼, ਫ਼ਜ਼ੂਲ ਵਕਤ ਨਾ ਕੋਇ ਲੰਘਾਇੰਦਾ । ਘੜੀ ਪਲ ਹੋਣ ਨਾ ਦੇਵੇ ਕੋਈ ਹਰਜ, ਪਿਛਲਾ ਹਰਜਾਨਾ ਸਭ ਦੀ ਝੋਲੀ ਪਾਇੰਦਾ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਆਪ ਵਰਤਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਵੇਖ ਵੇਖ ਪਿਛਲੀ ਫ਼ਰਦ, ਹਰਿਜਨ ਸਾਰੇ ਪਕੜ ਉਠਾਇੰਦਾ । ਲੇਖਾ ਚੁਕਾਏ ਹੋ ਨਧੜਕ, ਧੜਕਨ ਕੂੜੀ ਸਰਬ ਮਿਟਾਇੰਦਾ । ਬੇਸ਼ਕ ਰਾਹ ਨਹੀਂ ਕੋਈ ਸਿਧੀ ਸੜਕ, ਆਪ ਸਿਧਾ ਤੇ ਸਿਧਾ ਹੋ ਕੇ ਆਇੰਦਾ । ਮੇਲ ਮਿਲਾਪ ਵਿਚ ਰਹਿਣ ਨਾ ਦੇਵੇ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਇੰਦਾ । ਜੇ ਕੋਈ ਪ੍ਰਭ ਸ਼ਬਦ ਦਾ ਲੱਭੇ ਅਰਥ, ਅਰਥ ਅਰਥਾਤ ਵਿਚੋਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਪ੍ਰੇਮ ਅੰਦਰ ਦੱਸ ਪਿਆਰ, ਪ੍ਰੀਤੀ ਸਚ ਲਗਾਇੰਦਾ । ਪ੍ਰੀਤੀ ਅੰਦਰ ਖੇਲ ਨਿਆਰ, ਨਿਰਵੈਰ ਆਪ ਕਰਾਇੰਦਾ । ਨਿਰਵੈਰ ਅੰਦਰ ਸ਼ਬਦੀ ਧਾਰ, ਧੁਰ ਦਾ ਰਾਗ ਅਲਾਇੰਦਾ । ਰਾਗ ਅੰਦਰ ਇਕੋ ਰਾਜ਼, ਪਰਦਾ ਉਹਲਾ ਆਪ ਚੁਕਾਇੰਦਾ । ਪਰਦੇ ਉਹਲੇ ਅੰਦਰ ਲੁਕਿਆ ਸਾਹਿਬ ਮੁਹਤਾਜ, ਜਨ ਭਗਤਾਂ ਆਸ ਰਖਾਇੰਦਾ । ਭਗਤਾਂ ਅੰਦਰ ਮਾਰੇ ਆਵਾਜ, ਸੋਹਣਾ ਗੀਤ ਅਲਾਇੰਦਾ । ਗੀਤ ਅੰਦਰ ਦੇ ਕੇ ਦਾਤ, ਝੋਲੀ ਤਨ ਭਰਾਇੰਦਾ । ਝੋਲੀ ਅੰਦਰ ਸਚ ਸੋਗਾਤ, ਸੋਹਣੀ ਆਪ ਟਿਕਾਇੰਦਾ । ਸੋਹਣੀ ਅੰਦਰ ਰੱਖੀ ਇਕੋ ਆਖ, ਜਿਸ ਅੱਖ ਨਾਲ ਆਪਣਾ ਮੇਲ ਮਿਲਾਇੰਦਾ । ਮਿਲਿਆ ਮੇਲ ਹੋਏ ਪਰਤੱਖ, ਪਾਰਖੂ ਆਪਣਾ ਵੇਸ ਵਟਾਇੰਦਾ । ਦੂਰ ਦੁਰਾਡਾ ਪਾਂਧੀ ਨੱਠ, ਮਾਂਗਤ ਹੋ ਕੇ ਆਇੰਦਾ । ਹਰਿਸੰਗਤ ਗੁਰਮੁਖ ਗੋਬਿੰਦ ਧਾਰ ਵਿਚੋਂ ਕਰ ਇਕੱਠ, ਸੋਹਣਾ ਜੋੜ ਜੁੜਾਇੰਦਾ । ਜੋੜ ਅੰਦਰ ਆਪ ਵਸ, ਵਸਲ ਇਕੋ ਇਕ ਕਰਾਇੰਦਾ । ਪ੍ਰੇਮ ਪ੍ਰੀਤੀ ਅੰਦਰ ਹੱਸ, ਹਸਤੀ ਸਫ਼ਾ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਖੇਲ ਵਿਚ ਨਾਮ ਖਲਾਉਣਾ, ਗੁਰਮੁਖਾਂ ਹੱਥ ਫੜਾਈਆ । ਚਲਦਿਆਂ ਫਿਰਦਿਆਂ ਏਨੂੰ ਹਿਲਾਉਣਾ, ਅੰਦਰ ਸਿਤਾਰ ਹਿਲਾਈਆ । ਭੱਜਦਿਆਂ ਨਾਲ ਏਹਨੂੰ ਭਜੌਣਾ, ਬਿਨ ਲੱਤਾਂ ਬਾਹਵਾਂ ਨਠਾਈਆ । ਬਹਿੰਦਿਆਂ ਨਾਲ ਏਹਨੂੰ ਬਹੌਣਾ, ਇਕੋ ਹੁਕਮ ਸੁਣਾਈਆ । ਸੌਂਦਿਆਂ ਵੇਲੇ ਨਾਲ ਸਵੌਣਾ, ਸੋਹਣੀ ਸੇਜ ਬਣਾਈਆ । ਏਸ ਵੇਲੇ ਨੂੰ ਸਰਬ ਪਛਤੌਣਾ, ਕਿਸ ਬਿਧ ਫਿਰ ਕੇ ਗਿਆ ਬੇਪਰਵਾਹੀਆ । ਚਾਰ ਜੁਗ ਪਿਛੋਂ ਸਭ ਨੇ ਗੌਣਾ, ਉਚੀ ਕੂਕ ਕੂਕ ਅਲਾਈਆ । ਧੰਨ ਵਡਭਾਗ ਜਿਨ੍ਹਾਂ ਪ੍ਰਭ ਦਰਸ਼ਨ ਪੌਣਾ, ਘਰ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਈਆ । ਪ੍ਰਭ ਕਾ ਖੇਲ ਸਹਿਜ ਸੁਭਾ, ਸੁਭਾਵਕ ਆਪਣੀ ਧਾਰ ਚਲਾਇੰਦਾ । ਕੋਟਨ ਕੋਟੀ ਪ੍ਰਭ ਦੇ ਨਾਮ ਦਾ ਪੁਛਦੇ ਫਿਰਦੇ ਭਾ, ਹੱਟੋ ਹੱਟ ਫੇਰਾ ਪਾਈਆ । ਜਿਨ੍ਹਾਂ ਉਤੇ ਕਿਰਪਾ ਕਰੇ ਓਨ੍ਹਾਂ ਦਾ ਚਿਕੜ ਗਾਰਿਆਂ ਵਿਚ ਲੱਗ ਜਾਏ ਦਾਅ, ਸੋਹਣੀ ਬਣਤ ਬਣਾਈਆ । ਆਪਣੀ ਹੱਥੀਂ ਲੁੱਟ ਕੇ ਨੂਰ ਖ਼ੁਦਾ, ਮੁਰੀਦ ਕਹਿਣ ਮੁਰਸ਼ਦ ਲਿਆ ਮਨਾਈਆ । ਭਗਤ ਕਹਿਣ ਏਹਨੂੰ ਹੋਇਆ ਸ਼ੁਦਾ, ਜੋ ਪਾਗਲ ਹੋ ਕੇ ਸਾਡੇ ਪਿੱਛੇ ਭੱਜੇ ਵਾਹੋ ਦਾਹੀਆ । ਜੇ ਇਕ ਵਾਰੀ ਆਵਾਜ਼ ਲਈਏ ਲਗਾ, ਦੂਰ ਦੁਰਾਡਾ ਨੇੜੇ ਚਲ ਕੇ ਆਈਆ । ਬਣ ਕੇ ਵੱਡਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਚਾਕਰ

ਬਣ ਕੇ ਸੱਚਾ ਵਫ਼ਾ, ਵਫ਼ਾਦਾਰੀ ਤੋੜ ਨਿਭਾਈਆ । ਰਾਤੀਂ ਸੁਤਿਆਂ ਲਏ ਜਗਾ, ਬਾਂਹ ਸਰਹਾਣੇ ਹੇਠ ਰਖਾਈਆ । ਫੜ ਕੇ ਗੋਦੀ ਲਏ ਟਿਕਾ, ਮਸਤਕ ਉਤੇ ਲਕੀਰ ਮਿਟਾਈਆ । ਛਾਤੀ ਉਤੇ ਹੱਥ ਦਏ ਟਿਕਾ, ਜਨਮ ਵਿਛੋੜਾ ਕੋਇ ਰਹਿਣ ਨਾ ਪਾਈਆ । ਦੋਹਾਂ ਨੇਤਰਾਂ ਦਏ ਦਬਾ, ਦੋ ਜਹਾਨਾਂ ਪੰਧ ਚੁਕਾਈਆ । ਜੇ ਕਿਰਪਾ ਕਰ ਕੇ ਮੁਖ ਉਤੇ ਉਂਗਲ ਦਏ ਛੁਹਾ, ਬਿਨ ਨਾਮ ਜਪਿਆਂ ਲੇਖਾ ਦਏ ਮੁਕਾਈਆ । ਚੋਰੀ ਚੋਰੀ ਭੁਲਿਆਂ ਜਾਏ ਸਮਝਾ, ਆਪਣਾ ਹੁਕਮ ਮਨਾਈਆ । ਪਿਛਲੀ ਕਸਰ ਜਾਏ ਕਢਾ, ਅਸਰ ਆਪਣਾ ਨਾਲ ਰਖਾਈਆ । ਕੀ ਹੋਇਆ ਜੇ ਰਵਿਦਾਸ ਨੂੰ ਕਹਿ ਗਿਆ ਆਪਣੀ ਬਣਤ ਠੀਕ ਬਣਾ, ਨੀਤੀ ਵਾਲਾ ਓਹੋ ਸੱਚਾ ਮਾਹੀਆ । ਜਿਸ ਦੇਣੀ ਜਾਚ ਸਿਖਾ, ਸਿਖਿਆ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹਣਾ ਰੰਗ ਵਖਾਈਆ । ਸੋਹਣਾ ਵੇਖੇ ਹਰਿ ਕਾ ਰੰਗ, ਰੰਗ ਰਾਤਾ ਆਪ ਕਰਾਇੰਦਾ । ਸਭ ਦੀ ਪੂਰੀ ਕਰੇ ਮੰਗ, ਮੰਗਤਿਆਂ ਵਿਚੋਂ ਇਕੋ ਮੰਗਤਾ ਨਜ਼ਰੀ ਆਇੰਦਾ । ਜਿਸ ਮੰਗਤੇ ਦੀ ਖ਼ਾਲੀ ਗਠੜੀ ਦਿਸੇ ਗੰਢ, ਜਗਤ ਵਸਤ ਵਿਚ ਨਾ ਕੋਇ ਟਿਕਾਇੰਦਾ । ਜਿਸ ਵੇਲੇ ਗੁਰਮੁਖਾਂ ਦੇ ਅੰਦਰ ਦੇਵੇ ਟੰਗ, ਸਾਢੇ ਤਿੰਨ ਹੱਥ ਅੰਦਰ ਖ਼ਾਲੀ ਥਾਂ ਨਜ਼ਰ ਕੋਇ ਨਾ ਆਇੰਦਾ । ਆਪਣੇ ਬਸਤਰ ਭੂਸ਼ਨ ਲਾਹ ਕੇ ਹੋਏ ਮਲੰਗ, ਨਿਰਗੁਣ ਆਪਣਾ ਰੂਪ ਵਟਾਇੰਦਾ । ਆਤਮ ਸੇਜਾ ਵੇਖ ਪਲੰਘ, ਬਦੋ ਬਦੀ ਉਤੇ ਆਸਣ ਲਾਇੰਦਾ । ਜੇ ਗੁਰਸਿਖ ਅੰਦਰੋ ਅੰਦਰ ਗ਼ੁਸੇ ਨਾਲ ਕਹੇ ਮੈਨੂੰ ਕੌਣ ਕਰਦਾ ਤੰਗ, ਜੋ ਸੁਤਿਆਂ ਰਾਤ ਜਗਾਇੰਦਾ । ਓਸੇ ਵੇਲੇ ਹੌਲੀ ਹੌਲੀ ਮੁੱਠੀ ਚਾਪੀ ਕਰ ਕੇ ਪ੍ਰੇਮ ਪ੍ਰੀਤੀ ਲਏ ਮੰਗ, ਮੈਂ ਉਹ ਜਿਹੜਾ ਨਜ਼ਰ ਕਿਸੇ ਨਾ ਆਇੰਦਾ । ਕਿਉਂ ਤੁਹਾਡੇ ਘਰ ਜੋ ਖਾਧਾ ਰੋਟੀ ਦਾ ਡੰਗ, ਏਸੇ ਕਰ ਕੇ ਸੇਵ ਕਮਾਇੰਦਾ । ਮੇਰੀ ਲੱਗੀ ਤੁਹਾਡੇ ਨਾਲ ਜਾਏ ਲੰਘ, ਪਿਛੇ ਹੋ ਹੋ ਵੇਖ ਵਖਾਇੰਦਾ । ਜੇ ਕੁਛ ਸੁਣਨਾ ਚਾਹੋ ਸੁਣਾਵਾਂ ਫੇਰ ਵੀ ਛੰਦ, ਜਿਉਂ ਜਜਮਾਨਾਂ ਘਰ ਡੂੰਮ ਮੰਗਣ ਆਇੰਦਾ । ਜੇ ਮੰਗੋ ਮਿਲੇ ਅਨੰਦ, ਰਸ ਆਪਣਾ ਤੁਹਾਡੀ ਝੋਲੀ ਪਾਇੰਦਾ । ਜੇ ਵੇਖੋ ਤੇ ਨਜ਼ਰੀ ਆਏ ਗੁਜ਼ਰੀ ਚੰਦ, ਜਿਸ ਨੂੰ ਪੁਰਖ ਅਕਾਲ ਸੁਤ ਬਣਾਇੰਦਾ । ਦਿਆਲ ਹੋ ਕੇ ਪਾਵੇ ਠੰਡ, ਅੰਮ੍ਰਿਤ ਮੇਘ ਬਰਸਾਇੰਦਾ । ਆਓ ਰਲ ਮਿਲ ਅਗਲੀ ਪਿਛਲੀ ਸਾਰੇ ਲਈਏ ਗੰਢ, ਬੱਧੀ ਗੰਢ ਨਾ ਕੋਇ ਖੁਲਾਇੰਦਾ । ਜਨ ਭਗਤ ਕਹਿਣ ਸਦ ਵਸਣਾ ਸਾਡੇ ਸੰਗ, ਸੰਗ ਤੇਰਾ ਸੱਚਾ ਭਾਇੰਦਾ । ਬੇਸ਼ਕ ਜਗਤ ਵਿਹਾਰ ਸਾਡੇ ਕੋਲ ਭੁੱਖ ਨੰਗ, ਭੁੱਖਿਆਂ ਨੰਗਿਆਂ ਵਿਛੋੜਾ ਤੇਰਾ ਝੱਲਿਆ ਨਾ ਜਾਇੰਦਾ । ਸ੍ਰੀ ਭਗਵਾਨ ਕਹੇ ਇਹ ਮੇਰੀ ਬਖ਼ਸ਼ਸ਼ ਵਿਚੋਂ ਬਖ਼ਸ਼ੰਦ, ਰਹਿਮਤ ਵਿਚੋਂ ਰਹਿਮ ਵਰਤਾਇੰਦਾ । ਲਾਲ ਅਮੋਲਕ ਰਤਨ ਹੀਰੇ ਅਸਮਾਨੀ ਚੰਦ ਨਾਲੋਂ ਚੰਗੇ ਚੰਦ, ਜਿਨ੍ਹਾਂ ਉਤੇ ਅੰਧੇਰਾ ਰੰਗ ਨਾ ਕੋਇ ਵਖਾਇੰਦਾ । ਮਿਲ ਕੇ ਪ੍ਰੀਤਮ ਹੋ ਗਏ ਪਰਮ ਪੁਰਖ ਦਾ ਅੰਗ, ਮਾਣਸ ਜਨਮ ਭੰਗ ਨਾ ਕੋਇ ਕਰਾਇੰਦਾ । ਹਰਿਸੰਗਤ ਸਾਰੀ ਮਿਲ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਓ ਛੰਦ, ਛੰਦਾ ਬੰਦੀ ਵਿਚ ਪਾਬੰਦੀ ਦੋ ਜਹਾਨ ਮੁਕਾਇੰਦਾ ।

★ ੨੧ ਮਾਘ ੨੦੨੦ ਬਿਕਰਮੀ ਮਹਿੰਗਾ ਸਿੰਘ ਦੇ ਗ੍ਰਹਿ ਪਿੰਡ ਸੱਦਾ ਜ਼ਿਲਾ ਗੁਰਦਾਸ ਪੁਰ ★

ਧੁਰ ਦਾ ਵੇਖ ਅਗੰਮੀ ਰੰਗ, ਲੋਕ ਪਰਲੋਕ ਰਹੇ ਜਸ ਗਾਈਆ । ਗੁਰ ਅਵਤਾਰ ਵਜਾਵਣ ਨਾਮ ਮਰਦੰਗ, ਪੀਰ ਪੈਗੰਬਰ ਕਲਮਾ ਨਗ਼ਮਾ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਨੱਚਣ ਬਣ ਮਲੰਗ, ਉਚ ਅਗੰਮ ਅਥਾਹ ਆਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਹਰਿ ਕਾ ਵੇਖ ਖੇਲ ਅਥਾਹ, ਦੋ ਜਹਾਨ ਧਿਆਨ ਲਗਾਈਆ । ਬ੍ਰਹਿਮੰਡ ਖੰਡ ਨੈਣ ਰਹੇ ਉਠਾ, ਪੁਰੀ ਲੋਅ ਅੱਖ ਖੁਲ੍ਹਾਈਆ । ਜ਼ਿਮੀ ਅਸਮਾਨ ਰਾਹ ਰਹੇ ਤਕਾ, ਸਮੁੰਦ ਸਾਗਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਹਰਿ ਕਾ ਰੰਗ ਵੇਖ ਅਪਾਰ, ਸਰਗੁਣ ਸਾਰੇ ਰਹੇ ਜਸ ਗਾਈਆ । ਨਿਰਗੁਣ ਨੂਰ ਜੋਤ ਉਜਿਆਰ, ਲੱਖ ਚੁਰਾਸੀ ਰਿਹਾ ਸਮਾਈਆ । ਸ਼ਬਦ ਨਾਦ ਸੱਚੀ ਧੁਨਕਾਰ, ਗੀਤ ਗੀਤ ਅੰਦਰ ਰਾਗ ਅਲਾਈਆ । ਜੁਗ ਚੌਕੜੀ ਬੰਨ੍ਹੇ ਧਾਰ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਅਵਤਾਰਾਂ ਕਰ ਪਿਆਰ, ਵਸਤ ਅਮੋਲਕ ਇਕ ਵਰਤਾਈਆ । ਪੀਰ ਪੈਗੰਬਰਾਂ ਦੇ ਅਧਾਰ, ਮਿਹਰ ਨਜ਼ਰ ਇਕ ਟਿਕਾਈਆ । ਕਿਰਪਾ ਕਰ ਸਾਂਝਾ ਯਾਰ, ਮੁਕਾਮੇ ਹੱਕ ਨੂਰ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਆਪਣੀ ਖੇਲ ਰਚਾਈਆ । ਧੁਰ ਸੰਦੇਸ਼ਾ ਦੇ ਵਾਰੋ ਵਾਰ, ਨਿਤ ਨਵਿਤ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਆਪ ਦ੍ਰਿੜਾਈਆ । ਅੰਜੀਲ ਕੁਰਾਨ ਕਰ ਪਰਵਾਨ, ਅਲਫ਼ ਯੇ ਰਿਹਾ ਸਮਝਾਈਆ । ਧੁਰ ਦੀ ਬਾਣੀ ਲਾ ਕੇ ਬਾਣ, ਤੀਰ ਨਿਰਾਲਾ ਇਕ ਚਲਾਈਆ । ਸਤਿ ਧਰਮ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਸਾਚੇ ਭਗਤਾਂ ਦੇ ਗਿਆਨ, ਭਗਵਨ ਆਪਣੀ ਬੂਝ ਬੁਝਾਈਆ । ਸੰਤਨ ਦੇਵੇ ਇਕੋ ਮਾਣ, ਆਤਮ ਪਰਮਾਤਮ ਪਰਦਾ ਲਾਹੀਆ । ਗੁਰਮੁਖਾਂ ਬਖ਼ਸ਼ ਇਕ ਧਿਆਨ, ਚਰਨ ਕਵਲ ਦਏ ਸਰਨਾਈਆ । ਗੁਰਸਿਖ ਸਾਚੇ ਕਰ ਪਰਧਾਨ, ਨਾਮ ਡੰਕਾ ਹੱਥ ਵਖਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਮਹਿਬੂਬ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਜਣਾਈਆ । ਵੇਖ ਰੰਗ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵੇਖ ਬਿਗਸਾਈਆ । ਨੂਰ ਇਲਾਹੀ ਪਰਵਰਦਿਗਾਰ, ਬੇਐਬ ਇਕ ਖ਼ੁਦਾਈਆ । ਸਚ ਤੌਫ਼ੀਕ ਸਾਚੇ ਦਰਬਾਰ, ਦਰਗਾਹ ਸਾਚੀ ਵੱਜੇ ਵਧਾਈਆ । ਜੋਤ ਉਜਾਲਾ ਨੂਰ ਉਜਿਆਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਸਾਚਾ ਮੰਦਰ ਦਏ ਸੁਹਾਈਆ । ਏਕੰਕਾਰ ਕਰ ਪਿਆਰ, ਸਚ ਪ੍ਰੀਤੀ ਇਕ ਲਗਾਈਆ । ਆਦਿ ਨਿਰੰਜਣ ਨਿਰਮਲ ਜੋਤ ਕਰ ਉਜਿਆਰ, ਜੋਤੀ ਜਾਤਾ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬੰਨ੍ਹੇ ਧਾਰ, ਦੂਜਾ ਸੰਗ ਨਾ ਕੋਇ ਰਖਾਈਆ । ਸ੍ਰੀ ਭਗਵਾਨ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਇਕ ਆਪਣਾ ਨਾਉਂ ਪਰਗਟਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਇਕ ਰਖਾਈਆ । ਸਚਖੰਡ ਦਵਾਰਾ ਖੋਲ੍ਹ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਥਿਰ ਘਰ ਦੇਵੇ ਮਾਣ, ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਈਆ । ਥਿਰ ਘਰ ਵੇਖ ਹਰਿ ਕਾ ਰੰਗ, ਸਰਬ ਰਹੇ ਜਸ


੪੫੩ ੧੯

ਗਾਈਆ । ਸਚ ਸਿੰਘਾਸਣ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਇਕ ਸੁਹਾਈਆ । ਸਾਚਾ ਨਾਦ ਵੱਜੇ ਮਰਦੰਗ, ਅਨਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਵੇਖ ਰੰਗ ਨਿਰੰਕਾਰ, ਨਿਰਗੁਣ ਸਰਗੁਣ ਦੋਵੇਂ ਖ਼ੁਸ਼ੀ ਮਨਾਈਆ । ਉਠੋ ਵੇਖੋ ਧੁਰ ਦਰਬਾਰ, ਸਚਖੰਡ ਵੱਜੀ ਇਕ ਵਧਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਈਆ । ਸੂਰਜ ਚੰਦ ਨਾ ਕੋਇ ਉਜਿਆਰ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਜ਼ਿਮੀਂ ਅਸਮਾਨ ਨਾ ਕੋਇ ਸਹਾਰ, ਖਾਣੀ ਬਾਣੀ ਰੂਪ ਨਾ ਕੋਇ ਵਟਾਈਆ । ਕਾਗ਼ਦ ਕਲਮ ਨਾ ਕੋਇ ਲਿਖਾਰ, ਸਮੁੰਦ ਸਾਗਰ ਮਸ ਰੂਪ ਨਾ ਕੋਇ ਵਟਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਾਰ ਕਮਾਈਆ । ਇਕੱਠੇ ਕਰ ਗੁਰੂ ਅਵਤਾਰ, ਪੀਰ ਪੈਗ਼ੰਬਰ ਸਚ ਸੰਦੇਸ਼ਾ ਰਿਹਾ ਸੁਣਾਈਆ । ਸੰਤ ਸੁਹੇਲੇ ਨਾਲ ਉਠਾਲ, ਭਗਤਾਂ ਭੇਵ ਚੁਕਾਈਆ । ਨੇਤਰ ਖੋਲ੍ਹ ਕਰੇ ਵਸਾਲ, ਜਾਹਰ ਜਹੂਰ ਇਕੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਇਕੋ ਰੰਗ ਪਰਗਟਾਈਆ । ਸਚਖੰਡ ਦਵਾਰੇ ਰੰਗ ਅਵੱਲਾ, ਹਰਿ ਕਰਤਾ ਆਪ ਪਰਗਟਾਈਆ । ਸੋਹਣਾ ਸੁਹਾ ਸਚ ਮਹੱਲਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫੜਾ ਪੱਲਾ, ਪੱਲੂ ਆਪਣੇ ਨਾਲ ਬੰਧਾਈਆ । ਵੇਖਣਹਾਰਾ ਜਲ ਥਲਾ, ਡੂੰਘੇ ਸਾਗਰ ਖੋਜ ਖੁਜਾਈਆ । ਟਿੱਲੇ ਪਰਬਤ ਪਹਾੜ ਉਚੀ ਚੋਟੀ ਸਿੰਘਾਸਣ ਮੱਲਾ, ਵਣ ਤ੍ਰਿਣ ਆਪਣੀ ਕਾਰ ਕਮਾਈਆ । ਅੰਡਜ ਜੇਰਜ ਉਤਭੁਜ ਸੇਤਜ ਰਲਾ, ਸ਼ਬਦੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਰੰਗ ਇਕ ਜਣਾਈਆ । ਸਾਚਾ ਰੰਗ ਪੁਰਖ ਅਕਾਲ, ਹਰਿ ਕਰਤਾ ਆਪ ਜਣਾਈਆ । ਠਾਕਰ ਸਵਾਮੀ ਹੋ ਦਿਆਲ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਕਰੇ ਧਿਆਨ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਸ੍ਰਿਸ਼ਟ ਸਬਾਈ ਸੁਰਤ ਸਕੇ ਨਾ ਕੋਇ ਸੰਭਾਲ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਚਾਰ ਜੁਗ ਜੋ ਦੇ ਕੇ ਆਏ ਗਿਆਨ, ਲੇਖਾ ਲਿਖ ਕੇ ਕਲਮ ਛਾਹੀਆ । ਨਾਉਂ ਰਖਾ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਦੇ ਵਡਿਆਈਆ । ਅੰਜੀਲ ਕੁਰਾਨ ਬੋਲ ਜ਼ਬਾਨ, ਬੱਤੀ ਦੰਦ ਸਿਫ਼ਤ ਸਾਲਾਹੀਆ । ਜਗਤ ਜਹਾਨ ਜੀਵ ਦੱਸ ਕੇ ਆਏ ਈਮਾਨ, ਸਿਦਕ ਸਬੂਰੀ ਨਾਲ ਮਿਲਾਈਆ । ਧਰਮ ਝੁਲਾ ਕੇ ਆਏ ਨਿਸ਼ਾਨ, ਸੋਹਣੀ ਵੰਡ ਵੰਡਾਈਆ । ਜਾਹਰ ਹੋ ਕੇ ਦੇ ਕੇ ਆਏ ਬਿਆਨ, ਸ਼ਹਾਦਤ ਇਕੋ ਨਾਮ ਜਣਾਈਆ । ਜੀਵ ਜੰਤ ਆਤਮ ਪਰਮਾਤਮ ਸਿਮਰੇ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਤੁਟੇ ਮਾਣ, ਮਮਤਾ ਮੋਹ ਰਹਿਣ ਨਾ ਪਾਈਆ । ਘਰ ਮੰਦਰ ਵੇਖੇ ਆਣ, ਜਿਸ ਘਰ ਠਾਕਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਤੱਕ, ਹਰਿ ਕਰਤਾ ਆਪ ਜਣਾਇੰਦਾ । ਲੋਕਮਾਤ ਲੱਖ ਚੁਰਾਸੀ ਵੱਖ ਵੱਖ, ਜੀਵ ਜੰਤ ਨੇਤਰ ਨੈਣਾਂ ਨੀਰ ਵਹਾਇੰਦਾ । ਭੇਵ ਨਾ ਜਾਣੇ ਕੋਇ ਹਕੀਕਤ ਹੱਕ, ਪਰਦਾ ਮੁਖ ਨਕਾਬ ਨਾ ਕੋਇ ਉਠਾਇੰਦਾ । ਨਾ ਕੋਈ ਸਹਾਰਾ ਤੀਰਥ ਤੱਟ, ਅਠਸਠ ਬੇੜਾ ਨਾ ਪਾਰ ਕਰਾਇੰਦਾ । ਲੱਭ ਲੱਭ ਥੱਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਪੁਰਖ ਅਕਾਲ ਨਜ਼ਰ ਕਿਸੇ ਨਾ ਆਇੰਦਾ । ਜੰਗਲ ਜੂਹ ਉਜਾੜ ਪਹਾੜਾਂ ਵਿਚ ਰਹੇ ਨੱਠ,

ਡੂੰਘੀ ਕੰਦਰ ਬਹਿ ਬਹਿ ਆਸਣ ਲਾਇੰਦਾ । ਧੂੜੀ ਖ਼ਾਕ ਛਾਰ ਸਿਰ ਰਹੇ ਘੱਤ, ਅਗਨੀ ਤਤ ਹੱਡ ਜਲਾਇੰਦਾ । ਵੇਖੋ ਕਿਸੇ ਨਾ ਆਵੇ ਬ੍ਰਹਮ ਮੱਤ, ਵਿਦਿਆ ਬ੍ਰਹਮ ਨਾ ਕੋਇ ਪੜ੍ਹਾਇੰਦਾ । ਨਾਨਕ ਗੋਬਿੰਦ ਸਭ ਨੂੰ ਕਹਿ ਕੇ ਆਏ ਪੁਰਖ ਸਮਰਥ, ਹਰਿ ਕਰਤਾ ਇਕੋ ਨਜ਼ਰੀ ਆਇੰਦਾ । ਜਿਸ ਜਨ ਦੇਵੇ ਨਾਮ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਕੂੜ ਹੰਕਾਰਾ ਬੁਰਜ ਜਾਏ ਢੱਠ, ਮਾਇਆ ਮਮਤਾ ਮੋਹ ਚੁਕਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਲੇਖੇ ਲਾ ਪਵਣ ਸਵਾਸ, ਸ਼ਬਦ ਨਾਦ ਧੁੰਨ ਵਜਾਇੰਦਾ । ਲਹਿਣਾ ਮੁਕਾ ਪ੍ਰਿਥਮੀ ਅਕਾਸ਼, ਗ੍ਰਹਿ ਮੰਡਲ ਘਰ ਘਰ ਵਿਚ ਆਪ ਜਣਾਇੰਦਾ । ਆਤਮ ਪਰਮਾਤਮ ਵਸੇ ਸਾਥ, ਸਗਲਾ ਸੰਗ ਨਿਭਾਇੰਦਾ । ਆਤਮ ਸੇਜਾ ਸੋਹਣੀ ਖਾਟ, ਸਿੰਘਾਸਣ ਇਕੋ ਇਕ ਵਡਿਆਇੰਦਾ । ਦੂਈ ਦਵੈਤੀ ਮੇਟ ਜਾਤ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਜਨ ਭਗਤਾਂ ਪੂਰੀ ਕਰੇ ਖ਼ਾਹਿਸ਼, ਖ਼ਾਹਿਸ਼ ਆਪਣੀ ਆਸਾ ਨਾਲ ਮਿਲਾਇੰਦਾ । ਦਰ ਤੇ ਕੋਈ ਨਾ ਹੋਏ ਨਿਰਾਸ, ਜੋ ਸ੍ਰੀ ਭਗਵਾਨ ਇਕੋ ਓਟ ਤਕਾਇੰਦਾ । ਏਥੇ ਓਥੇ ਦੇਵੇ ਨਜਾਤ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਵਖਾਇੰਦਾ । ਵੇਖ ਰੰਗ ਸਾਹਿਬ ਸੁਲਤਾਨ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਤੇਰੀ ਵਡਿਆਈ ਸ੍ਰੀ ਭਗਵਾਨ, ਸਾਹਿਬ ਸਤਿਗੁਰ ਤੋਹੇ ਭਾਈਆ । ਕਲਜੁਗ ਅੰਤ ਸ੍ਰਿਸ਼ਟ ਸਬਾਈ ਭੁੱਲੀ ਤੇਰਾ ਨਾਉਂ ਨਿਧਾਨ, ਮਨ ਵਾਸਨਾ ਹੋਈ ਹਲਕਾਈਆ । ਇਸ਼ਟ ਦੇਵ ਸਰਬ ਮਨਾਣ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਪੜ੍ਹ ਪੜ੍ਹ ਥੱਕਾ ਜੀਵ ਜਹਾਨ, ਜੀਵਣ ਜੁਗਤ ਹੱਥ ਕਿਸੇ ਨਾ ਆਈਆ । ਅੰਦਰ ਵੜ ਕੇ ਕੋਈ ਨਾ ਵੇਖੇ ਕਾਇਆ ਸਾਢੇ ਤਿੰਨ ਹੱਥ ਮਕਾਨ, ਜਿਸ ਗ੍ਰਿਹਿ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚਾ ਰੰਗ ਪੁਰਖ ਸਮਰਥ, ਹਰਿ ਕਰਤਾ ਆਪ ਜਣਾਇੰਦਾ । ਚਾਰ ਜੁਗ ਦੇ ਵਿਛੜੇ ਵੇਖੋ ਅੱਖ, ਨੇਤਰ ਲੋਚਣ ਨੈਣ ਇਕ ਖੁਲਾਇੰਦਾ । ਕਲਜੁਗ ਜੀਵ ਬੈਠੇ ਹੋ ਕੇ ਵੱਖ, ਸਤਿਗੁਰ ਸੰਗ ਨਾ ਕੋਇ ਰਖਾਇੰਦਾ । ਕੂੜੀ ਕਿਰਿਆ ਮਾਰੀ ਮੱਤ, ਝੂਠ ਝੂਠ ਭਰਮ ਭੁਲਾਇੰਦਾ । ਜਗਤ ਨੇਤਰ ਕਾਮ ਵਾਸਨਾ ਰਹੇ ਤੱਕ, ਨਾਮ ਧਿਆਨ ਨਾ ਕੋਇ ਲਗਾਇੰਦਾ । ਮਿਲੇ ਹਕੀਕਤ ਘਰ ਨਾ ਕੋਈ ਹੱਕ, ਲਾਸ਼ਰੀਕ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਤਮਾਸ਼ਾ, ਧੁਰ ਦੀ ਸਾਰ ਕਿਸੇ ਨਾ ਆਈਆ । ਅਸੀਂ ਖੋਲ੍ਹ ਕੇ ਆਏ ਤੇਰਾ ਮਾਤ ਖ਼ੁਲਾਸਾ, ਲੇਖਾ ਲਿਖ ਕੇ ਕਲਮ ਛਾਹੀਆ । ਪੁਰਖ ਅਕਾਲ ਸਭ ਦਾ ਪਿਤਾ ਮਾਤਾ, ਦੀਨਾਂ ਅਨਾਥਾਂ ਹੋਏ ਸਹਾਈਆ । ਆਦਿ ਜੁਗਾਦੀ ਧੁਰ ਦਾ ਦਾਤਾ, ਅਤੋਟ ਅਤੁਟ ਭੰਡਾਰ ਭਰਾਈਆ । ਜੁਗ ਚੌਕੜੀ ਮੇਟਣਹਾਰ ਅੰਧੇਰੀ ਰਾਤਾ, ਗੁਰ ਸ਼ਬਦੀ ਚੰਦ ਚਮਕਾਈਆ । ਬੋਧ ਅਗਾਧ ਦੱਸ ਕੇ ਗਾਥਾ, ਧੁਰ ਦੀ ਕਰੇ ਪੜ੍ਹਾਈਆ । ਏਥੇ ਓਥੇ ਹੋਏ ਰਾਖਾ, ਹਲਤ ਪਲਤ ਲਏ ਬਚਾਈਆ । ਚਰਨ ਪ੍ਰੀਤ ਬੰਧਾਏ ਨਾਤਾ, ਸਗਲਾ ਸੰਗ ਬਣ ਜਾਈਆ । ਜੋ ਗੁਰਮੁਖ ਮੰਨੇ ਓਸ ਦਾ ਆਖਾ, ਸ੍ਰੀ ਭਗਵਾਨ ਅੱਗੇ ਪਿਛੇ ਫਿਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਹੱਥ ਤੇਰੇ ਵਡਿਆਈਆ ।


੪੫੫
੧੬

ਮਿਹਬਾਨ ਬੀਦੋ ਸਾਂਝੇ ਯਾਰ, ਨੂਰ ਜਹੂਰ ਤੇਰੀ ਰੁਸ਼ਨਾਈਆ । ਕਲਮਾ ਨਬੀ ਰਸੂਲ ਬੋਲ ਜੈਕਾਰ, ਨਾਅਰਾ ਤੇਰਾ ਨਾਮ ਸੁਣਾਈਆ । ਚੌਦਾਂ ਤਬਕਾਂ ਦੇ ਹੁਲਾਰ, ਸਬਕ ਇਕੋ ਇਕ ਪੜ੍ਹਾਈਆ । ਤੋਬਾ ਤੈਥੋਂ ਨਫ਼ਰਤ ਕਰ ਗਏ ਕੋਈ ਨਾ ਆਏ ਤੇਰੇ ਦਰ ਦਰਬਾਰ, ਮੱਕਾ ਕਾਅਬਾ ਰੋਵੇ ਦਏ ਦੁਹਾਈਆ । ਸਚ ਮਹਿਰਾਬਾ ਕਰੇ ਨਾ ਕੋਇ ਪਿਆਰ, ਮਹਿਬੂਬ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਹੱਥ ਸਚ ਵਡਿਆਈਆ । ਤੇਰੇ ਹੱਥ ਵਡਿਆਈ ਬੇਨਜ਼ੀਰ, ਤੂੰ ਨਜ਼ਰ ਕਿਸੇ ਨਾ ਆਇੰਦਾ । ਤੇਰੇ ਹੱਥ ਸਰਬ ਤਕਦੀਰ, ਤਦਬੀਰ ਤੇਰੀ ਸਮਝ ਕਿਸੇ ਨਾ ਪਾਇੰਦਾ । ਤੂੰ ਚੋਟੀ ਚੜ੍ਹ ਕੇ ਵੇਖੇਂ ਆਪ ਅਖ਼ੀਰ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਇੰਦਾ । ਤੂੰ ਕਟਣਹਾਰਾ ਸ਼ਰਅ ਜੰਜੀਰ, ਸਚ ਤੌਫ਼ੀਕ ਇਕ ਰਖਾਇੰਦਾ । ਤੇਰੇ ਹੁਕਮੇ ਅੰਦਰ ਪੀਰ ਫ਼ਕੀਰ, ਕਲਮਾ ਕਾਇਨਾਤ ਜਣਾਇੰਦਾ । ਅੰਤਮ ਸਾਰੇ ਹੋ ਦਿਲਗੀਰ, ਤੇਰੇ ਚਰਨ ਧਿਆਨ ਬਿਨ ਨੇਤਰ ਨੈਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਸਭ ਦਾ ਰੰਗ ਵੇਖ ਨਿਰੰਜਣ, ਆਦਿ ਪੁਰਖ ਰਿਹਾ ਜਣਾਈਆ । ਨੇਤਰ ਨਾਮ ਨਿਧਾਨਾ ਪਾਵੇ ਅੰਜਨ, ਨੂਰੀ ਨੂਰ ਨੂਰ ਚਮਕਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਾਂਡਾ ਭਰਮ ਭੌ ਭੰਨਾਈਆ । ਜਨ ਭਗਤਾਂ ਚਾੜ੍ਹੇ ਆਪਣੀ ਰੰਗਣ, ਕਾਇਆ ਮਾਟੀ ਸੋਹਣੀ ਪੋਚ ਪੋਚਾਈਆ । ਮਸਤਕ ਟਿੱਕਾ ਲਾਏ ਇਕੋ ਚੰਦਨ, ਚੰਦਨ ਆਪਣਾ ਨਾਮ ਸਮਝਾਈਆ । ਆਤਮ ਪਰਮਾਤਮ ਦੇਵੇ ਪਰਮਾਨੰਦਨ, ਨਿਜ ਰਸ ਇਕ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਵਸਤ ਅਮੋਲਕ ਇਕੋ ਮੰਗਣ, ਪ੍ਰਭ ਮੇਲ ਮਿਲਾਵਾ ਹੋਵੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਇੰਦਾ । ਖੇਲੇ ਖੇਲ ਜੁਗੋ ਜੁਗੰਤ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਾਮ ਨਿਧਾਨਾ ਮਣੀਆ ਮੰਤ, ਗੁਰ ਗੁਰ ਸ਼ਬਦੀ ਧਾਰ ਚਲਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਕਾਤਬ ਬਣ ਕੇ ਲੇਖ ਲਿਖਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੇਲ ਮਿਲਾਵਾ ਸਾਚੀ ਸੰਗਤ, ਸਤਿ ਸਰੂਪੀ ਸਚ ਸੰਤ ਉਪਜਾਇੰਦਾ । ਨਾਮ ਖ਼ੁਮਾਰੀ ਚਾੜ੍ਹ ਰੰਗਤ, ਘਰ ਇਕੋ ਰੰਗ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਦੇ ਕੇ ਧੁਰ ਦਾ ਜਾਪ, ਮੇਲ ਮਿਲਾਏ ਸਹਿਜ ਸੁਭਾਈਆ । ਲੇਖ ਮੁਕਾ ਤੀਨੋਂ ਤਾਪ, ਤ੍ਰੈਗੁਣ ਡੇਰਾ ਢਾਹੀਆ । ਦਰਸ ਕਰਾਏ ਸਾਖਿਆਤ, ਸਵਛ ਸਰੂਪੀ ਰੂਪ ਧਰਾਈਆ । ਜਾਹਰ ਬਾਤਨ ਕਰੇ ਬਾਤ, ਗੁਫ਼ਤ ਸ਼ੁਨੀਦ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਾਚਾ ਰੰਗ ਭਗਤਨ ਚੋਲਾ, ਪੁਰਖ ਅਕਾਲ ਆਪ ਰੰਗਾਈਆ । ਸੇਵਾ ਕਰੇ ਬਣ ਕੇ ਗੋਲਾ, ਚਾਕਰ ਹੋ ਕੇ ਫੇਰਾ ਪਾਈਆ । ਨਾਉਂ ਰਖਾਏ ਨਿਰਗੁਣ ਮੌਲਾ, ਘਟ ਅੰਤਰ ਆਪਣਾ ਡੇਰਾ ਲਾਈਆ । ਪੂਰਾ ਕਰੇ ਧੁਰ ਦਾ ਕੌਲਾ, ਕੀਤਾ ਇਕਰਾਰ ਨਾ ਕਦੇ ਭੁਲਾਈਆ । ਭਾਰ ਕਰੇ ਧਵਲਾ ਹੌਲਾ, ਧਰਨੀ ਧਰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ

ਰੰਗ ਚੜ੍ਹਾਈਆ । ਜਨ ਭਗਤਾਂ ਰੰਗ ਜਾਏ ਚੜ੍ਹ, ਜਗ ਨੇਤਰ ਨਜ਼ਰ ਨਾ ਆਈਆ । ਅਬਿਨਾਸ਼ੀ ਕਰਤਾ ਅੰਦਰ ਜਾਏ ਵੜ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਲੇਖੇ ਲਾਏ ਸੀਸ ਧੜ, ਪੰਜ ਤਤ ਸੋਭਾ ਪਾਈਆ । ਕੂੜੀ ਕਿਰਿਆ ਉਖੜੇ ਜੜ੍ਹ, ਸਚ ਸੁੱਚ ਦਏ ਪਰਗਟਾਈਆ । ਭੇਵ ਚੁਕਾ ਨਾਰੀ ਨਰ, ਆਤਮ ਪਰਮਾਤਮ ਬੂਝ ਬੁਝਾਈਆ । ਸਾਚਾ ਸੋਹਲਾ ਇਕੋ ਪੜ੍ਹ, ਧੁਰ ਦਾ ਰਾਗ ਅਲਾਈਆ । ਆਤਮ ਸੇਜਾ ਅਗੰਮੀ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਸੰਤ ਸੁਹੇਲੇ ਆਪੇ ਫੜ, ਸੁਰਤੀ ਸ਼ਬਦ ਜੁੜਾਈਆ । ਵਸੇਰਾ ਕਰੇ ਸਾਚੇ ਘਰ, ਨੇਰਨ ਨੇਰਾ ਨਜ਼ਰੀ ਆਈਆ । ਡੇਰਾ ਵਖਾਏ ਥਿਰ ਘਰ, ਜਿਸ ਘਰ ਗੁਰ ਸ਼ਬਦੀ ਸੋਭਾ ਪਾਈਆ । ਪੁਰਖ ਅਕਾਲ ਕਿਰਪਾ ਕਰ, ਸਚ ਦਵਾਰਾ ਦਏ ਖੁਲ੍ਹਾਈਆ । ਜਨ ਭਗਤ ਅੰਦਰ ਜਾਏ ਵੜ, ਮਿਲੇ ਸਚਖੰਡ ਵਡਿਆਈਆ । ਜੋਤੀ ਜੋਤ ਜਾਏ ਰਲ, ਵਿਚ ਜੋਤੀ ਜੋਤ ਸਮਾਈਆ । ਸਚ ਸਿੰਘਾਸਣ ਬਹੇ ਮਲ, ਪ੍ਰਭ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਅਨੰਦ ਪ੍ਰੇਮ ਪ੍ਰੀਤੀ ਚਾੜ੍ਹ ਰੰਗ, ਦਇਆ ਕਰ ਸੂਰਾ ਸਰਬੰਗ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿੱਤ, ਆਪਣੇ ਨਾਮ ਰੰਗਾਈਆ ।

## ★ ੨੧ ਮਾਘ ੨੦੨੦ ਬਿਕਰਮੀ ਹੇਮਰਾਜ ਪੁਰਾ ਜ਼ਿਲਾ ਗੁਰਦਾਸ ਪੁਰ ★



ਸ਼ਹਿਨਸ਼ਾਹ ਸੂਰੇ ਸਰਬੰਗੀ, ਦਰ ਵੇਖ ਖ਼ੁਸ਼ੀ ਮਨਾਈਆ । ਦਰਬਾਰ ਤੇਰੇ ਆਈ ਭਗਤੀ ਭੁੱਖੀ ਨੰਗੀ, ਦੋਏ ਜੋੜ ਰਹੀ ਸੁਣਾਈਆ । ਜੁਗ ਚੌਕੜੀ ਮੈਨੂੰ ਜਗਤ ਲੱਭਦੇ ਰਹੇ ਬਣ ਕੇ ਸੰਗੀ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਧਿਆਨ ਲਗਾਈਆ । ਮੈਂ ਉਹਲੇ ਬੈਠੀ ਰਹੀ ਸੀਸ ਵਾਹ ਕੇ ਪੱਟੀ ਕੰਘੀ, ਆਪਣਾ ਰੂਪ ਬਣਾਈਆ । ਮੇਰੀ ਅੱਖ ਕਿਸੇ ਨਾ ਕੀਤੀ ਨੰਗੀ, ਨੈਣ ਵੇਖਣ ਕੋਇ ਨਾ ਪਾਈਆ । ਮੇਰੀ ਨਜ਼ਰ ਨਾ ਆਈ ਕਿਸੇ ਅੰਗੀ, ਲਹਿੰਗੇ ਪੱਲੂ ਨਾ ਕੋਇ ਛੁਹਾਈਆ । ਮੈਨੂੰ ਲੱਭਦੇ ਫਿਰਦੇ ਬੇਲੇ ਵਿਚ ਝੰਗੀ, ਟਿੱਲੇ ਪਰਬਤ ਫੋਲ ਫੁਲਾਈਆ । ਮੈਂ ਕੋਟਨ ਕੋਟ ਸਾਧੂ ਕੀਤੇ ਪਖੰਡੀ, ਭੇਖਾਧਾਰੀ ਜਗਤ ਰੁਲਾਈਆ । ਮੇਰੀ ਹੱਥ ਨਾ ਆਈ ਕਿਸੇ ਕੰਨੋਂ ਡੰਡੀ, ਮੁਰਕੀ ਵਾਲਾ ਵੇਖ ਕੋਇ ਨਾ ਪਾਈਆ । ਤੱਕ ਸਕੇ ਨਾ ਕੋਈ ਮੇਰੀ ਬਿੰਦੀ, ਮਸਤਕ ਸੋਹਣੀ ਲਈ ਲਗਾਈਆ । ਮੇਰੀ ਵੇਖ ਧਾਰ ਡਿੰਗੀ, ਨੈਣ ਸਕੇ ਨਾ ਕੋਇ ਮਟਕਾਈਆ । ਮੈਨੂੰ ਲੱਭਦੇ ਇਲਮਾਂ ਵਿਚੋਂ ਫ਼ਾਰਸੀ ਹਿੰਦੀ, ਫ਼ੈਸਲਾ ਸਕੇ ਨਾ ਕੋਇ ਬਤਾਈਆ । ਮੇਰੀ ਭੂਮਿਕਾ ਕਿਸੇ ਨਾ ਵੇਖੀ ਨਿਘੀ, ਸੰਗ ਬੈਠ ਨਾ ਖ਼ੁਸ਼ੀ ਮਨਾਈਆ । ਜੁਗ ਚੌਕੜੀ ਕੂਕਦਿਆਂ ਕੂਕਦਿਆਂ ਸਭ ਦੀ ਬਹਿ ਗਈ ਘਿਗੀ, ਘਰ ਵਸਲ ਨਾ ਕੋਇ ਕਰਾਈਆ । ਸਾਹਿਬ ਸੁਲਤਾਨ ਮੈਂ ਨਿੱਕੀਉਂ ਹੁੰਦੀ ਗਈ ਵੱਡੀ, ਜੋਬਨ ਆਪਣੇ ਨਾਲ ਰਖਾਈਆ । ਮੇਰੀ ਨਾ ਪਸਲੀ ਨਾ ਹੱਡੀ, ਤਨ ਮਾਟੀ ਨਾ ਕੋਇ ਬਣਾਈਆ । ਨਾ ਭੈਂਸ ਨਾ ਸੂਰੀ ਗਧੀ, ਰੰਗ ਰੰਤੜਾ ਰੂਪ ਨਾ ਕੋਇ ਜਣਾਈਆ । ਮੈਂ ਨਿਭਾਗਣ ਵੈਰਾਗਣ ਲੱਧੀ, ਫਿਰਾਂ ਵਾਹੋ ਦਾਹੀਆ । ਵੇਖੀ ਬੀਤਦੀ ਪਿਛਲੀ ਸਦੀ, ਸਦਮਾ ਪਿਆ ਧੀਰ ਨਾ ਕੋਇ ਧਰਾਈਆ । ਜਾਂ ਤੱਕਾਂ ਮੇਰਾ ਲੇਖਾ ਚੁਕਿਆ ਉਤੇ ਨਦੀ, ਕੰਢੇ ਰਾਵੀ ਨਾ ਕੋਇ ਵਡਿਆਈਆ । ਅੱਗੇ ਬੈਠੀ ਰਹੀ ਅਰਜਨ ਹਰਿ ਗੋਬਿੰਦ ਪ੍ਰੀਤੀ ਬਧੀ, ਇਕ ਧਿਆਨ ਲਗਾਈਆ । ਸਭ ਨੂੰ ਕਰਦੀ ਰਹੀ ਪੱਕੀ, ਪੱਕੀ ਤਰ੍ਹਾਂ ਸਮਝਾਈਆ । ਮੈਂ ਸਭ ਨਾਲੋਂ

ਸੋਹਣੀ ਚੰਗੀ ਅੱਛੀ, ਵੱਖਰਾ ਖੇਲ ਕਰਾਈਆ । ਸਾਧਾਂ ਸੰਤਾਂ ਦੀ ਪੱਤ ਰੱਖੀ, ਗੁਰਮੁਖਾਂ ਨਾਲ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਮਟਕਾਵਾਂ ਅੱਖੀ, ਨੇਤਰ ਕਜਲਾ ਇਕ ਰਖਾਈਆ । ਪ੍ਰੇਮ ਪਿਆਰ ਦੀ ਖੋਲ੍ਹ ਕੇ ਹੱਟੀ, ਸੋਹਣਾ ਵਣਜ ਕਰਾਈਆ । ਮੇਰੇ ਕੋਲੋਂ ਕੋਈ ਵਿਰਲਾ ਖੱਟੇ ਖੱਟੀ, ਬਾਕੀ ਬੈਠਣ ਮੁਖ ਭਵਾਈਆ । ਮੈਂ ਪ੍ਰੇਮ ਪ੍ਰੀਤੀ ਸ਼ਹੁ ਰਤੀ, ਸਾਹਿਬ ਇਕੋ ਮੇਰਾ ਮਾਹੀਆ । ਜਿਸ ਨੂੰ ਤੋਰੇ ਆਪਣੀ ਹੱਥੀਂ, ਓਸੇ ਨਾਲ ਸੰਗ ਨਿਭਾਈਆ । ਮੈਂ ਵੇਖਾਂ ਜਾ ਕੇ ਤਪਦੀ ਭੱਠੀ, ਸਾਢੇ ਤਿੰਨ ਹੱਥ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਦਰ ਤੇਰੀ ਸਰਨਾਈਆ । ਭਗਤੀ ਕਹੇ ਵੇਖ ਸਾਧਾਂ ਮੰਡੂ, ਯਾਰੜਾ ਨਜ਼ਰ ਕੋਇ ਨਾ ਆਈਆ । ਮੈਂ ਤੈਨੂੰ ਦੱਸਿਆ ਅੱਛੀ ਤਰ੍ਹਾ ਚੰਗੂ, ਚੰਗੀ ਤਰ੍ਹਾ ਸਮਝਾਈਆ । ਜਿਸ ਦਾ ਲੇਖਾ ਲਿਖ ਕੇ ਗਿਆ ਨੰਦ ਲਾਲ ਨੰਦੂ, ਗੋਬਿੰਦ ਇਸ਼ਾਰੇ ਨਾਲ ਸਮਝਾਈਆ । ਮੈਂ ਸੁਰਤ ਨਾ ਔਣ ਦਿਤੀ ਬ੍ਰਾਹਮਣ ਗੰਗੂ, ਉਹਦੇ ਘਰ ਨਾ ਫੇਰਾ ਪਾਈਆ । ਮੈਂ ਭਰਮ ਭੁਲਾਇਆ ਜਗਤ ਹੰਕਾਰੀ ਚੰਦੂ, ਚੰਦਰਾ ਰੂਪ ਵਟਾਈਆ । ਤੇਰੇ ਅੱਗੇ ਅਰਦਾਸ ਦੀਨਾ ਬੰਧੂ, ਬੰਦਨਾ ਰਹੀ ਸੁਣਾਈਆ । ਮੈਂ ਕਿਹੜਾ ਦਵਾਰਾ ਲੰਘੂੰ, ਕਵਣ ਘਰ ਫੇਰਾ ਪਾਈਆ । ਵਸਤ ਕਿਹੜੇ ਕੋਲੋਂ ਮੰਗੂੰ, ਤੱਟ ਨਜ਼ਰ ਕੋਇ ਨਾ ਆਈਆ । ਟੁੱਟੀ ਕੀਹਦੇ ਨਾਲ ਗੰਢੂੰ, ਜੋੜੀ ਜਗਤ ਜਣਾਈਆ । ਮੇਰਾ ਲੇਖਾ ਲਿਖਦੇ ਹੋ ਕੇ ਭੰਗੂ, ਮਸਤੀ ਵਿਚ ਲਹਿਰ ਲਹਿਰ ਪਰਗਟਾਈਆ । ਰਾਵੀ ਕੰਢੇ ਕੋਇ ਨਾ ਮਿਲੇ ਠੰਡੂ, ਠੰਡ ਤੇਰੇ ਚਰਨਾਂ ਹੇਠਾਂ ਨਜ਼ਰੀ ਆਈਆ । ਹੁਣ ਕਿਸ ਦੇ ਨਾਲ ਹੰਢੂ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਭਗਤੀ ਕਹੇ ਮੇਰੇ ਖਾਲੀ ਹੱਥ, ਬੌਹੜੀ ਦਿਆਂ ਦੁਹਾਈਆ । ਨੱਕ ਸੁਹਾਗ ਨਾ ਦਿਸੇ ਨੱਥ, ਬਲਾਕ ਨਜ਼ਰ ਕੋਇ ਨਾ ਆਈਆ । ਟਿੱਕੇ ਮਸਤਕ ਕੀਤਾ ਖ਼ਾਲੀ ਨੇਤਰ ਕੱਜਲ ਨਾ ਕੋਈ ਅੱਖ, ਬਿੰਦੀ ਨਜ਼ਰ ਕੋਇ ਨਾ ਆਈਆ । ਭੌਂਦੀ ਭੌਂਦੀ ਗਈ ਥੱਕ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਕਦਮ ਕਦਮ ਰਹੀ ਨੱਠ, ਭੱਜ ਭੱਜ ਵਾਹੋ ਦਾਹੀਆ । ਨੇਤਰ ਨੈਣਾਂ ਨੀਰ ਵਹਾ ਕੇ ਤੇਰੇ ਅੱਗੇ ਵਾਸਤਾ ਰਹੀ ਘੱਤ, ਦੋਏ ਜੋੜ ਸੀਸ ਨਿਵਾਈਆ । ਸੁਣ ਸਾਹਿਬ ਮੇਰੇ ਕਮਲਾਪਤ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਇਕ ਵਾਰ ਮਿਹਰ ਨਜ਼ਰ ਕਰ ਕੇ ਤੱਕ, ਨੇਤਰ ਅੱਖ ਖੁਲ੍ਹਾਈਆ । ਤੂੰ ਚੁੱਪ ਚੁਪੀਤਾ ਆਪਣਾ ਮੁਖ ਲਏਂ ਵਟ, ਹੰਸ ਮੁਖ ਨਾ ਰੂਪ ਵਖਾਈਆ । ਮੈਂ ਡਰਦੀ ਪਿਛੇ ਜਾਵਾਂ ਹੱਟ, ਅੱਗੇ ਚਲੇ ਨਾ ਕੋਇ ਚਤੁਰਾਈਆ । ਹੌਲੀ ਹੌਲੀ ਗਾਵਾਂ ਤੇਰਾ ਜਸ, ਅੰਦਰੇ ਅੰਦਰ ਧਿਆਈਆ । ਜੇ ਮੇਰਾ ਹੋਵੇ ਵਸ, ਪ੍ਰਭ ਹੁਣੇ ਲਵਾਂ ਮਨਾਈਆ । ਵਿਚਾਰ ਅੰਦਰ ਵੱਜੀ ਸੱਟ, ਸੋਹਣੀ ਚੋਟ ਲਗਾਈਆ । ਪਿਛੋਂ ਹਰਿਸੰਗਤ ਆਈ ਨੱਸ, ਬਣ ਕੇ ਪਾਂਧੀ ਰਾਹੀਆ । ਇਕੋ ਵਾਰ ਸੋਹੰ ਢੋਲਾ ਗਾਇਆ ਪੁਰਖ ਸਮਰਥ, ਤੇਰਾ ਨਾਉਂ ਧਿਆਈਆ । ਤੂੰ ਨਜ਼ਰੀ ਆਇਉਂ ਝੱਟ, ਰੂਪ ਅਨੂਪ ਵਖਾਈਆ । ਮੈਂ ਚਰਨਾਂ ਗਈ ਢੱਠ, ਮਸਤਕ ਟਿੱਕਾ ਲਾਈਆ । ਤੂੰ ਫੇਰ ਵੀ ਨਾ ਅੱਗੋਂ ਪਿਉਂ ਹੱਸ, ਬਚਨ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਮਿਲੇ ਸੱਚੀ ਸਰਨਾਈਆ । ਭਗਤੀ ਕਹੇ ਮੇਰਾ ਵੇਖ ਚੀਥੜ, ਅਲਫ਼ੀ ਲੀਰੋ ਲੀਰ ਨਜ਼ਰੀ ਆਈਆ । ਪੈਰੀਂ ਚੱਪਲ ਨਾ ਰਿਹਾ ਵਿਚ ਕੀਚੜ, ਨੰਗੀ ਪੈਰੀਂ ਦਿਆਂ ਦੁਹਾਈਆ । ਮੈਂ ਹੋ ਕੇ ਬੜੀ ਢੀਠੜ, ਪਿਛੇ ਭੱਜਾਂ ਵਾਹੋ ਦਾਹੀਆ । ਮੇਰਾ ਸਵਰਨ ਹੋਇਆ ਪੀਤਲ,

ਕੰਚਨ ਰੰਗ ਨਾ ਕੋਇ ਵਟਾਈਆ । ਤੂੰ ਹੱਸ ਕੇ ਸਾਹਿਬ ਕਿਹਾ ਜਨ ਭਗਤ ਮੈਨੂੰ ਉਡੀਕਣ, ਸਿੱਧਾ ਮੇਰੇ ਵਲ ਧਿਆਨ ਲਗਾਈਆ । ਮੈਂ ਸੁਣਾਂ ਪੁਕਾਰ ਉਨ੍ਹਾਂ ਚੀਕਣ, ਜੋ ਅੰਦਰੇ ਅੰਦਰ ਕੁਰਲਾਈਆ । ਮੈਂ ਵੇਖਾਂ ਤੈਨੂੰ ਕੀਕਣ, ਮੇਰੀ ਤਾਰ ਟੁੱਟ ਨਾ ਜਾਈਆ । ਪ੍ਰੇਮ ਪ੍ਰੀਤੀ ਅੰਦਰ ਗੰਢ ਪੀਚਣ, ਦੋ ਜਹਾਨ ਸਕੇ ਨਾ ਕੋਇ ਖੁਲ੍ਹਾਈਆ । ਤੂੰ ਮੇਰੇ ਭਗਤ ਦਵਾਰੇ ਮੈਨੂੰ ਦਿਸੇਂ ਨੀਚਣ, ਨੀਕਨ ਨੀਕਾ ਰੂਪ ਜਣਾਈਆ । ਤੂੰ ਮੇਰੇ ਦਰ ਤੋਂ ਲੈ ਕੇ ਭਿਛਿਆ ਭੀਖਣ, ਫੇਰ ਜਗਤ ਦਏਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਭਗਤੀ ਕਹੇ ਮੇਰੀ ਖੁਲ੍ਹੜੀ ਗੁੱਤ, ਸੀਸ ਸਾਲੂ ਨਜ਼ਰ ਕੋਈ ਨਾ ਆਇੰਦਾ । ਚਾਰੋਂ ਕੁੰਟ ਰਹੀ ਪੁੱਛ, ਹਾਏ ਭਾਣਾ ਕੀ ਕੌਣ ਵਰਤਾਇੰਦਾ । ਕਿਧਰ ਗਿਆ ਅਬਿਨਾਸ਼ੀ ਅਚੁਤ, ਜਗ ਨੇਤਰ ਨਜ਼ਰ ਨੈਣ ਨਾ ਕਿਸੇ ਦਸਾਇੰਦਾ । ਮੈਂ ਉਸ ਤੋਂ ਲਵਾਂ ਪੁਛ, ਕੀ ਸਾਹਿਬ ਤੈਨੂੰ ਭਾਇੰਦਾ । ਜੇ ਤੇਰਾ ਭੰਡਾਰਾ ਗਿਆ ਮੁੱਕ, ਦੇਵਣਹਾਰ ਕਵਣ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਭਗਤੀ ਕਹੇ ਮੇਰਾ ਵੇਖ ਦੋਪੱਟਾ, ਮੈਂ ਅੱਛੀ ਤਰ੍ਹਾ ਵਖਾਈਆ । ਚੌਥੇ ਜੁਗ ਅੰਤਮ ਫਟਾ, ਲੀਰੋ ਲੀਰ ਨਜ਼ਰੀ ਆਈਆ । ਮੈਲ ਕੁਚੈਲ ਵਿਚ ਰਲਿਆ ਘੱਟਾ, ਸੋਹਣਾ ਰੂਪ ਨਾ ਕੋਇ ਕਢਾਈਆ । ਮੈਂ ਪੁੱਛ ਕੇ ਆਈ ਚੌਦਾਂ ਹੱਟਾਂ, ਚੌਦਾਂ ਲੋਕ ਫੇਰਾ ਪਾਈਆ । ਚੌਦਾਂ ਤਬਕਾਂ ਅੰਦਰ ਮੈਨੂੰ ਧੋਣ ਵਾਲਾ ਲੱਭਾ ਕੋਈ ਨਾ ਫੱਟਾ, ਕਿਸ ਉਪਰ ਦਿਆਂ ਟਿਕਾਈਆ । ਜਿਧਰ ਜਾਵਾਂ ਮੈਨੂੰ ਕਰਦੇ ਠੱਠਾ, ਠੋਕਰਾਂ ਮਾਰ ਸੁਣਾਈਆ । ਵੇਖੋ ਫਿਰਦੀ ਵਾਂਗ ਨਟਾਂ, ਘਰ ਘਰ ਨਾਚ ਨਚਾਈਆ । ਤੇਰੀ ਇਕ ਅਵਾਜ਼ ਸੁਣੀ ਸੁਣਦਿਆਂ ਸਮਝ ਆਈ ਪ੍ਰਭ ਵਸਿਆ ਘਰ ਜੱਟਾਂ, ਜੋਬਨ ਆਪਣਾ ਬਲ ਰਖਾਈਆ । ਚਰਨ ਕਵਲ ਓਹਦੇ ਢੱਠਾਂ, ਜੋ ਦੇਵਣਹਾਰ ਵਡਿਆਈਆ । ਜਾਂ ਵੇਖਿਆ ਉਹ ਭਗਤਾਂ ਸੰਗ ਮਿਲਾਏ ਅੱਖਾਂ, ਨੇਤਰ ਨੈਣ ਨੈਣ ਛੁਹਾਈਆ । ਮੈਂ ਉਸ ਨੂੰ ਕੀ ਦੱਸਾਂ, ਜੋ ਗੁਰਮੁਖਾਂ ਅੰਦਰ ਬੈਠਾ ਡੇਰਾ ਲਾਈਆ । ਮੈਂ ਬਾਹਰ ਰੋਵਾਂ ਅੰਦਰ ਹੱਸਾਂ, ਵੇਲਾ ਵਕਤ ਰਿਹਾ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਚਰਜ ਆਪਣੀ ਰੀਤ ਚਲਾਈਆ । ਭਗਤੀ ਕਹੇ ਮੇਰੀ ਵੇਖ ਜਾਕਟ, ਜੁਗਤੀ ਨਾਲ ਬਣਾਈਆ । ਜਿਸ ਦੀ ਲੱਭੇ ਕਿਸੇ ਨਾ ਪਾਕਟ, ਸੀਣ ਰੂਪ ਨਾ ਕੋਇ ਵਖਾਈਆ । ਜਗਤ ਨੇਤਰ ਕਰੇ ਨਾ ਕੋਇ ਸ਼ਨਾਖ਼ਤ, ਸਮਝ ਸਕੇ ਕੋਇ ਨਾ ਰਾਈਆ । ਲੇਖਾ ਲਿਖੇ ਨਾ ਕੋਇ ਕਾਤਬ, ਕਲਮ ਛਾਹੀ ਨਾਲ ਵਡਿਆਈਆ । ਬਿਨ ਪ੍ਰਭੂ ਤੇਰੇ ਮੇਰੇ ਸਾਮ੍ਹਣੇ ਹੋਇਆ ਨਾ ਕੋਈ ਮੁਖ਼ਾਤਬ, ਹੂ-ਬਹੂ ਆਪਣਾ ਨੂਰ ਨਾ ਕੋਇ ਰੁਸ਼ਨਾਈਆ । ਮੈਂ ਤੇਰੇ ਦਰ ਦੀ ਬਣ ਕੇ ਤਾਲਬ, ਦਰ ਬੇਨੰਤੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦੇਣੀ ਮੋਹੇ ਵਡਿਆਈਆ । ਭਗਤੀ ਕਹੇ ਮੈਂ ਸਭ ਤੋਂ ਉਚੀ, ਪ੍ਰਭ ਤੂੰ ਹੀ ਦਿਤੀ ਵਡਿਆਈਆ । ਜੁਗ ਚੌਕੜੀ ਰਹੀ ਸੁੱਚੀ, ਆਪਣਾ ਆਪ ਬਚਾਈਆ । ਕਲਜੁਗ ਅੰਤ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੈਨੂੰ ਸਾਧਾਂ ਕੀਤਾ ਲੁੱਚੀ, ਜੋ ਤੇਰਾ ਨਾਤਾ ਗਏ ਤੁੜਾਈਆ । ਕੂੜੀ ਰੀਤ ਚਲਾਈ ਪੁੱਠੀ, ਰਸਨਾ ਕਰਨ ਪੜ੍ਹਾਈਆ । ਸ੍ਰੀ ਭਗਵਾਨ ਜੜ੍ਹ ਉਨ੍ਹਾਂ ਪੁੱਟੀ, ਨਾਤਾ ਤੇਰੇ ਨਾਲੋਂ ਤੁੜਾਈਆ । ਮੈਂ ਵੀਹਵੀਂ ਸਦੀ ਪੰਦਰਾਂ ਕੱਤਕ ਉਨ੍ਹਾਂ ਨਾਲੋਂ ਰੁੱਸੀ, ਰੁੱਸ ਕੇ ਖਹਿੜਾ ਆਈ ਛੁਡਾਈਆ । ਮੈਂ ਨਾਤਾ

ਤੋੜ ਪਾਈ ਕੱਖਾਂ ਕਾਨਿਆਂ ਝੁੱਗੀ, ਭਗਤ ਦਵਾਰਾ ਵੇਖ ਖ਼ੁਸ਼ੀ ਮਨਾਈਆ । ਮੇਰੀ ਅੱਡੀ ਹੋਈ ਉਚੀ, ਮੇਰੇ ਨੈਣ ਰਹੇ ਬਿਗਸਾਈਆ । ਮੇਰਾ ਉਜਲ ਹੋਵੇ ਮੁਖੀ, ਮੁਖੜਾ ਰੂਪ ਵਟਾਈਆ । ਮੈਂ ਹੁਣ ਨਹੀਂ ਹੋਣਾ ਦੁੱਖੀ, ਦੁੱਖ ਸੁਣਾਵਾਂ ਸੱਚੇ ਮਾਹੀਆ । ਮੈਂ ਦਰ ਦਰ ਦੀ ਨਹੀਂ ਬਣਨਾ ਕੁੱਤੀ, ਘਰ ਘਰ ਨਾ ਫੇਰਾ ਪਾਈਆ । ਤੇਰੇ ਦਰ ਤੋਂ ਖਾ ਕੇ ਰੋਟੀ ਰੁੱਖੀ, ਆਪਣਾ ਝੱਟ ਲੰਘਾਈਆ । ਬਿਨ ਤੇਰੇ ਚਰਨ ਨਾ ਰਹਾਂ ਸੁੱਚੀ, ਅੰਗ ਅੰਗ ਨਾ ਕਿਸੇ ਛੁਹਾਈਆ । ਵੇਖ ਮੇਰੀ ਫਿਰਦਿਆਂ ਟੁੱਟੀ ਜੁੱਤੀ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫਿਰਦੀ ਰਹੀ ਵਾਹੋ ਦਾਹੀਆ । ਅੰਤ ਮੇਰੀ ਔਧ ਪੁੱਗੀ, ਵੇਲਾ ਵਕਤ ਸੁਹਾਈਆ । ਤੇਰੇ ਦਰਸ ਦੀ ਇਕੋ ਭੁੱਖੀ, ਦੂਜੀ ਓਟ ਨਾ ਕੋਇ ਜਣਾਈਆ । ਆਪਣਿਆਂ ਚਰਨਾਂ ਵਿਚ ਫੜ ਕੇ ਘੁਟੀਂ, ਪ੍ਰੇਮ ਪ੍ਰੀਤੀ ਵਿਚੋਂ ਨਚੋੜ ਆਪਣੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਭਗਤੀ ਕਹੇ ਮੇਰੀ ਵੇਖ ਸਲਵਾਰ ਧੋਤੀ, ਸਾੜ੍ਹੀ ਲਹਿੰਗਾ ਆਪਣਾ ਰੂਪ ਵਟਾਈਆ । ਜਿਨ੍ਹਾਂ ਨਾਲ ਝਿਲਮਿਲ ਕਰਦੇ ਮੋਤੀ, ਹੀਰੇ ਜੜਤ ਸਾਚਾ ਰੂਪ ਵਟਾਈਆ । ਸਾਧਾਂ ਨਾਲ ਮਿਲ ਕੇ ਹੋ ਗਈ ਖੋਟੀ, ਹੋਛੀ ਮੱਤ ਬਣਾਈਆ । ਝੂਠ ਮਾਰਦੇ ਪਿਛੇ ਰੋਟੀ, ਤੇਰਾ ਨਾਂ ਲੈ ਲੈ ਕੇ ਠੱਗੀਆਂ ਰਹੇ ਕਰਾਈਆ । ਮੈਨੂੰ ਕੂੜੀ ਕਿਰਿਆ ਨਾਲ ਲਾਇਆ ਵਾਂਗ ਖੋਤੀ, ਅੱਠੇ ਪਹਿਰ ਭਾਰ ਉਪਰ ਟਿਕਾਈਆ । ਮੈਂ ਵੀਹ ਸਾਲ ਰਹੀ ਰੋਤੀ, ਰੋਂਦਿਆਂ ਘੜੀ ਪਲ ਲੰਘਾਈਆ । ਕਵਣ ਵੇਲਾ ਪ੍ਰਭ ਮਿਲੇ ਆਣ ਇਕ ਇਕਲੋਤੀ, ਇਕੱਲਾ ਫੇਰਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਨਿਰਮਲ ਜੋਤੀ, ਨਿਰੰਕਾਰ ਇਕ ਅਖਵਾਈਆ । ਮੈਂ ਉਸ ਨੂੰ ਕਹਿਵਾਂ ਮੈਂ ਨਾਤਾ ਛੱਡਿਆ ਪੁਸਤਕ ਪੋਥੀ, ਅੱਖਰਾਂ ਨਾਲ ਗੰਢ ਨਾ ਕੋਇ ਬਣਾਈਆ । ਮੈਂ ਵਸਾਂ ਤੇਰੀ ਓਸ ਕੋਠੀ, ਜਿਸ ਵਿਚ ਬੈਠੋਂ ਡੇਰਾ ਲਾਈਆ । ਬੇਸ਼ਕ ਮੇਰੀ ਮੱਤ ਹੋਛੀ, ਤੇਰੀ ਮਿਹਰ ਮੇਰੀ ਵਡਿਆਈਆ । ਤੂੰ ਮੇਰੇ ਲਈ ਸਭ ਕੁਛ ਸੋਚੀਂ, ਮੈਂ ਤੇਰੀ ਓਟ ਤਕਾਈਆ । ਤੂੰ ਵੇਖ ਤੇਰੇ ਨਾਲ ਰਵਿਦਾਸ ਚੁਮਿਆਰਾ ਮੋਚੀ, ਜਿਹੜਾ ਟੁੱਟੀ ਗੰਢ ਵਖਾਈਆ । ਮੈਂ ਮਰਦੀ ਮਰਦੀ ਮਰ ਗਈ ਨਿਰਦੋਸ਼ੀ, ਨਿਰਦੋਸ਼ਿਆਂ ਲੈ ਬਚਾਈਆ । ਬੌਹੜੀ ਮੈਥੋਂ ਹੁਣ ਨਹੀਂ ਹੁੰਦੀ ਖ਼ਾਮੋਸ਼ੀ, ਦੁੱਖਾਂ ਭਰੀ ਰਹੀ ਕੁਰਲਾਈਆ । ਮੈਨੂੰ ਤਾਅਨੇ ਦੇਂਦੇ ਲੋਕੀਂ, ਤੇਰਾ ਭਗਵਾਨ ਨਜ਼ਰ ਕਿਤੇ ਨਾ ਆਈਆ । ਮੈਨੂੰ ਲੋਕੀਂ ਲੱਭਦੇ ਉਤੇ ਹੋਟੀਂ, ਦੰਦਾਂ ਨਾਲ ਜਗਤ ਰਾਗ ਅਲਾਈਆ । ਨਾਤਾ ਜੁੜੌਂਦੇ ਬੰਨ੍ਹ ਕੇ ਤੇੜ ਲੰਗੋਟੀ, ਸੀਸ ਖ਼ਾਕ ਪਵਾਈਆ । ਮੈਂ ਪੁਰਖ ਅਕਾਲ ਦੀ ਇਕ ਪੋਤੀ, ਮੇਰਾ ਪਿਤਾ ਸ਼ਬਦ ਨਜ਼ਰੀ ਆਈਆ । ਮੈਂ ਨਹੀਂ ਏਡੀ ਹੋਛੀ, ਕੋੜਿਆਂ ਕਮਲਿਆਂ ਨਾਲ ਯਰਾਨੇ ਲਾਈਆ । ਜਿਸ ਵਲ ਮੇਰਾ ਸਾਹਿਬ ਕਰੇ ਸੋਟੀ, ਮੈਂ ਨਿਉਂ ਨਿਉਂ ਲਾਗਾਂ ਪਾਈਆ । ਮੇਰੀ ਕੱਟ ਜਾਏ ਬੋਟੀ ਬੋਟੀ, ਤਨ ਭੇਟ ਦਿਆਂ ਕਰਾਈਆ । ਮੈਂ ਵੇਖਣ ਵਿਚ ਛੋਟੀ, ਨਿੱਕਿਉਂ ਵੱਡੇ ਦਿਆਂ ਬਣਾਈਆ । ਜਨ ਭਗਤਾਂ ਵੇਖਾਂ ਜਗਦੀ ਜੋਤੀ, ਨੇਤਰ ਨੈਣ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸੱਚ ਸਰਨਾਈਆ । ਸਾਹਿਬ ਸਤਿਗੁਰ ਮੇਰੇ ਬਖ਼ਸ਼ੰਦ, ਦਰ ਤੇਰੇ ਹਾਲ ਸੁਣਾਈਆ । ਮੇਰਾ ਗਾਨਾਂ ਟੁੱਟਾ ਮੌਲੀ ਤੰਦ, ਡੋਰ ਨਜ਼ਰ ਕੋਇ ਨਾ ਆਈਆ । ਮਿਲ ਕੇ ਸਖੀ ਕੋਈ ਨਾ ਗਾਵੇ ਛੰਦ, ਸੁਹਾਗੀ ਗੀਤ ਅਲਾਈਆ । ਸਭ ਦੇ ਘਰ ਵੜਿਆ ਘਮੰਡ, ਸਤਿ ਸਰੂਪ ਨਾ ਕੋਇ ਸਮਾਈਆ । ਤੀਰਥ ਤੱਟ ਗੁਰਦਰ ਮੰਦਰ ਮਸਜਿਦ ਮੱਠ ਵੇਖ ਕੇ ਆਈ ਸਾਧ ਸੰਤ ਹੋਏ

੪੬੧ ੧੯

ਰੰਡ, ਨਾਰ ਦੁਹਾਗਣ ਰੂਪ ਵਟਾਈਆ । ਝੂਠੀ ਉਚੀ ਕੂਕ ਪਾਵਣ ਡੰਡ, ਤੇਰਾ ਡੰਡਾ ਨਜ਼ਰ ਕਿਸੇ ਨਾ ਆਈਆ । ਮੈਂ ਵੇਖਿਆ ਖੋਜ ਸਰਬ ਬ੍ਰਹਿਮੰਡ, ਤੇਰਾ ਧਿਆਨ ਲਗਾਈਆ । ਕਵਣ ਦਵਾਰ ਹਰਿ ਕਰਤਾ ਕਰੇ ਵੰਡ, ਹਿੱਸਾ ਦੇਵੇ ਚਾਈਂ ਚਾਈਂਆ । ਜਾਂ ਵੇਖਿਆ ਜਨ ਭਗਤਾਂ ਨਾਲ ਮਿਲ ਕੇ ਮਾਣੇ ਆਪ ਅਨੰਦ, ਮੇਰੀ ਲੋੜ ਰਹੀ ਨਾ ਰਾਈਆ । ਮੈਂ ਨੇੜੇ ਜਾ ਕੇ ਗਈ ਸੰਗ, ਨੇਤਰ ਅੱਖ ਸ਼ਰਮਾਈਆ । ਜਿਨ੍ਹਾਂ ਦੇ ਸਾਹਿਬ ਸਤਿਗੁਰ ਪੁਰਖ ਅਕਾਲ ਵਸਿਆ ਸੰਗ, ਮੇਰੀ ਪਰਵਾਹ ਨਾ ਕੋਇ ਰਖਾਈਆ । ਰਾਤੀਂ ਸੁਤਿਆਂ ਦੇਵੇ ਅਨੰਦ, ਦਿਨੇ ਜਾਗਦਿਆਂ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਨਾਲ ਪਾਏ ਠੰਡ, ਸਾਂਤਕ ਸਤਿ ਕਰਾਈਆ । ਸ਼ਬਦੀ ਡੋਰ ਦੇ ਕੇ ਗੰਢ, ਆਪਣਾ ਜੋੜ ਜੁੜਾਈਆ । ਕਦੀ ਨਾ ਸੌਂਵੇ ਦੇ ਕਰ ਕੰਡ, ਆਪਣੀ ਕਰਵਟ ਲਏ ਬਦਲਾਈਆ । ਬਿਨ ਮੰਗਿਆਂ ਦੇਵੇ ਮੰਗ, ਧੁਰ ਦੀ ਵਸਤ ਵਰਤਾਈਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਪਾਰਬ੍ਰਹਮ ਦਰਸਾਈਆ । ਜਿਸ ਧਾਰੋਂ ਆਏ ਜੰਮ, ਓਸੇ ਲਏ ਮਿਲਾਈਆ । ਓਥੇ ਮੇਰਾ ਕੀ ਕੰਮ, ਜਿਨ੍ਹਾਂ ਮਿਲਿਆ ਸੱਚਾ ਮਾਹੀਆ । ਰਸਨਾ ਜਿਹਵਾ ਹਿਲੇ ਨਾ ਕੋਈ ਚੰਮ, ਦ੍ਰਿਸ਼ਟੀ ਦ੍ਰਿਸ਼ਟ ਨਾ ਕੋਇ ਜਣਾਈਆ । ਮਿਹਰ ਨਜ਼ਰ ਕਰ ਕੇ ਬੇੜਾ ਦੇਵੇ ਬੰਨ੍ਹ, ਬਿਨ ਪੱਤਣ ਮਲਾਹ ਪਾਰ ਕਰਾਈਆ । ਓਥੇ ਇਕੋ ਕਹੇ ਧੰਨ ਧੰਨ, ਧੁਰ ਦਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਖੇਲ ਰਚਾਈਆ । ਭਗਤੀ ਕਹੇ ਪ੍ਰਭ ਕਿਰਪਾ ਕਰ, ਕਿਰਪਨ ਹੋ ਕੇ ਮੰਗ ਮੰਗਾਈਆ । ਜੁਗ ਚੌਕੜੀ ਮੈਨੂੰ ਮਿਲਿਆ ਨਾ ਕੋਈ ਵਰ, ਸਾਚਾ ਸਗਨ ਨਾ ਕੋਇ ਮਨਾਈਆ । ਸਾਧ ਸੰਤ ਮੈਥੋਂ ਰਹੇ ਡਰ, ਮੈਂ ਤੈਥੋਂ ਡਰਦੀ ਓਨ੍ਹਾਂ ਨੇੜ ਨਾ ਆਈਆ । ਐਰ ਗ਼ੈਰ ਮੈਨੂੰ ਕੋਈ ਬਾਹੋਂ ਲਏ ਨਾ ਫੜ, ਉਂਗਲ ਸਕੇ ਨਾ ਕੋਇ ਛੁਹਾਈਆ । ਇਕੋ ਆਸ ਰੱਖੀ ਨਰਾਇਣ ਨਰ, ਸਾਚੀ ਓਟ ਤਕਾਈਆ । ਜੇ ਸ੍ਰੀ ਭਗਵਾਨ ਮਿਲੇ ਤੇ ਸੇਜੇ ਜਾਵਾਂ ਚੜ੍ਹ, ਦੂਜਾ ਕੰਤ ਨਾ ਕੋਇ ਮਨਾਈਆ । ਪ੍ਰੇਮ ਪ੍ਰੀਤੀ ਅੰਦਰ ਚਰਨ ਲਵਾਂ ਫੜ, ਕਰ ਮਿੰਨਤਾਂ ਹਾਲ ਸੁਣਾਈਆ । ਜੁਗ ਚੌਕੜੀ ਤੇਰੇ ਵਿਛੋੜੇ ਵਿਚ ਜੰਗਲਾਂ ਵਿਚ ਗਈ ਮਰ, ਕਿਉਂ ਗੁੰਡਿਆਂ ਹੱਥ ਫੜਾਈਆ । ਹੁਣ ਤੇ ਕਿਰਪਾ ਕਰ, ਕਲਜੁਗ ਵੇਲਾ ਦਏ ਦੁਹਾਈਆ । ਮੇਰੀ ਕੋਈ ਨਾ ਰੱਖੇ ਲਜ, ਹਯਾ ਮੁੱਕਿਆ ਸਰਬ ਲੋਕਾਈਆ । ਸੋਹਣੀ ਸੁਚੱਜੀ ਵੇਖ ਮੇਰੇ ਵਲ ਸਾਰੇ ਰਹੇ ਤੱਕ, ਤੇਰਾ ਭੈ ਨਾ ਕੋਇ ਰਖਾਈਆ । ਮੈਂ ਕਲਜੁਗ ਕੂੜੀ ਕਿਰਿਆ ਕੋਲੋਂ ਡਰਦੀ ਆਪਣੇ ਨੰਗੇ ਨਾ ਕਰਾਂ ਹੱਥ, ਮੇਰੇ ਛਾਪ ਛੱਲੇ ਵੇਖਣ ਕੋਇ ਨਾ ਪਾਈਆ । ਪੈਰਾਂ ਵਾਲੀਆਂ ਪੰਜੇਬਾਂ ਲਈਆਂ ਢਕ, ਛਣਕਾਰ ਸੁਣਨ ਕੋਇ ਨਾ ਆਈਆ । ਹੌਲੀ ਹੌਲੀ ਪੈਰ ਆਪਣਾ ਰੱਖ, ਕਦਮ ਕਦਮ ਉਠਾਈਆ । ਚਾਰੋਂ ਕੁੰਟ ਵੇਖ ਵੇਖ ਗਈ ਥੱਕ, ਆਪਣਾ ਧਿਆਨ ਲਗਾਈਆ । ਸਾਹਿਬ ਗਹਿਰ ਗੰਭੀਰ ਪੁਰਖ ਅਕਾਲ ਸਭ ਕੁਛ ਤੇਰੇ ਵਸ, ਮੇਰੀ ਕੀ ਚਤੁਰਾਈਆ । ਚਾਰ ਜੁਗ ਨਾ ਵੇਖਿਆ ਕਰ ਕੇ ਅੱਖ, ਸੱਚਾ ਮੇਲ ਨਾ ਲਿਆ ਮਿਲਾਈਆ । ਸਾਧਾਂ ਸੰਤਾਂ ਨਾਲ ਪਾ ਕੇ ਮੇਰਾ ਵਸ, ਨਿੱਕੀ ਵੱਡੀ ਕਰੌਂਦਾ ਰਿਹੋਂ ਲੜਾਈਆ । ਥੱਕ ਕੇ ਅੱਕ ਕੇ ਹਾਰ ਕੇ ਸਾਰੇ ਆਈ ਛੱਡ, ਆਪਣਾ ਮੁਖ ਭਵਾਈਆ । ਤੇਰੇ ਅੱਗੇ ਝੋਲੀ ਲਈ ਅੱਡ, ਚਰਨ ਕਵਲ ਸੀਸ ਨਿਵਾਈਆ । ਮੈਂ ਹੁਣ ਨਹੀਂ ਜਾਣਾ ਕਿਸੇ ਵਿਚ ਖੱਡ, ਭੋਰੇ ਪੈ ਕੇ ਸੰਗ ਨਾ ਕਿਸੇ ਨਿਭਾਈਆ । ਜੇ ਆਪ ਆਇਉਂ ਪੁਰਖ ਸਮਰਥ, ਮੇਰੀ ਰੀਤੀ ਦੇ ਬਦਲਾਈਆ । ਜਨ ਭਗਤਾਂ ਦੇ ਦੇ ਹੱਕ, ਵਸੀਅਤ ਇਕੋ ਵਾਰ ਕਰਾਈਆ । ਜਿਹੜਾ

ਤੇਰੇ ਮਿਲਣ ਦਾ ਰਾਹ ਰਿਹਾ ਤੱਕ, ਮੈਂ ਉਸ ਦੇ ਨਾਲ ਹੋ ਕੇ ਸੇਵ ਕਮਾਈਆ । ਜੇ ਗੁਰਮੁਖ ਤੇਰੇ ਚਰਨ ਨਿਵੇਂ ਮੈਂ ਪਹਿਲੋਂ ਜਾਵਾਂ ਢੱਠ, ਮਸਤਕ ਟਿੱਕਾ ਧੂੜੀ ਲਾਈਆ । ਜੇ ਤੂੰ ਪਿਛੇ ਜਾਵੇਂ ਹਟ, ਰੋ ਰੋ ਆਪਣਾ ਹਾਲ ਗਵਾਈਆ । ਜੇ ਮੁਖੋਂ ਪਏਂ ਹੱਸ, ਖ਼ੁਸ਼ੀਆਂ ਗੀਤ ਤੇਰਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇਂ ਤਿਉਂ ਲੈਣਾ ਰੱਖ, ਰਾਖਾ ਤੂੰਹੀ ਨਜ਼ਰੀ ਆਈਆ । ਭਗਤੀ ਕਹੇ ਪ੍ਰਭ ਵੇਖ ਮੇਰੀ ਸਿਰ ਨਹੀਂ ਬੋਦੀ, ਚੋਟੀ ਮੁੰਨੀ ਗਈ ਵਖਾਈਆ । ਮੈਂ ਹੋ ਕੇ ਕਮਲੀ ਕੋਝੀ, ਫਿਰਾਂ ਵਾਂਗ ਸ਼ੌਦਾਈਆ । ਕਲ ਜਾਂਦਿਆਂ ਜਾਂਦਿਆਂ ਵੀਹ ਮਾਘ ਭਗਤਾਂ ਕੋਲੋਂ ਆਈ ਸੋਝੀ, ਜਿਨ੍ਹਾਂ ਸਚ ਧਾਰ ਸਮਝਾਈਆ । ਜਿਸ ਵੇਲੇ ਚਿਕੜ ਵਿਚ ਅੱਡੀ ਖੋਭੀ, ਮੇਰੀ ਸੁਰਤ ਭੁਲਾਈਆ । ਅੱਗੋਂ ਪੁਰਖ ਅਕਾਲ ਔਂਦਾ ਮਿਲਿਆ ਧੋਬੀ, ਜਿਹੜਾ ਮੇਰਾ ਧੁਰ ਦਾ ਸੱਚਾ ਮਾਹੀਆ । ਮੈਂ ਸੋਚ ਓਸ ਵੇਲੇ ਇਕੋ ਸੋਚੀ, ਸੋਹਣਾ ਧਿਆਨ ਲਗਾਈਆ । ਜਿਸ ਦੇ ਪਿਛੇ ਫਿਰੇ ਮੋਚੀ, ਚੁਮਿਆਰਾ ਰੂਪ ਵਟਾਈਆ । ਇਹ ਬੜਾ ਵੱਡਾ ਖੋਜੀ, ਪੈੜ ਜੋੜਿਆਂ ਰਿਹਾ ਬੁਝਾਈਆ । ਫੇਰ ਵੇਖਿਆ ਠੱਗ ਤੰਬਾ ਚੁਕਿਆ ਉਤੋਂ ਗੋਡੀ, ਉਲਟਾ ਲਿਆ ਕਰਾਈਆ । ਉਠ ਕੇ ਵੇਖਿਆ ਸ੍ਰੀ ਭਗਵਾਨ ਹਰਿਸੰਗਤ ਚੁਕਿਆ ਮੋਢੀ, ਸੋਹਣਾ ਪੰਧ ਮੁਕਾਈਆ । ਮੈਂ ਰਹਿ ਗਈ ਹੱਕਿਆ ਬੱਕਿਆ ਪੁਰਖ ਅਕਾਲ ਦੀ ਖਿੜੀ ਇਕੋ ਡੋਡੀ, ਜਿਸ ਵਿਚੋਂ ਗੁਰਮੁਖ ਨਜ਼ਰੀ ਆਈਆ । ਚਾਰ ਜੁਗ ਗੁਰੂ ਅਵਤਾਰ ਪੀਰ ਪੈਗੰਬਰ ਜਿਸ ਫੁਲਵਾੜੀ ਨੂੰ ਦੇ ਕੇ ਗਏ ਗੋਡੀ, ਆਪਣੀ ਸੇਵ ਕਮਾਈਆ । ਮੈਂ ਬਹਿ ਗਈ ਉਂਗਲ ਰੱਖ ਕੇ ਠੋਡੀ, ਪ੍ਰਭ ਇਹ ਕੀ ਚਾਲ ਚਲਾਈਆ । ਭਗਤ ਆਤਮਾ ਕਹੇ ਕੋਝੀਏ ਇਹ ਉਹ ਵਿਜੋਗੀ, ਜੋ ਧੁਰ ਸੰਜੋਗੀ ਮੇਲ ਮਿਲਾਈਆ । ਜੁਗ ਜਨਮ ਦੇ ਵਿਛੜੇ ਮੇਲ ਰੋਗੀ, ਦੁੱਖੀਆਂ ਦੁੱਖ ਗਵਾਈਆ । ਸੁਣ ਕੇ ਭਗਤੀ ਕਹੇ ਮੈਂ ਵੀ ਇਹਦੇ ਜੋਗੀ ਹੋ ਗਈ, ਜੋ ਹੋਕਾ ਦੇ ਕੇ ਰਿਹਾ ਜਗਾਈਆ । ਬੇਸ਼ਕ ਮੈਨੂੰ ਤਾਅਨੇ ਮਾਰਨ ਲੋਕੀਂ, ਮੈਂ ਝੱਲਾਂ ਨਾ ਕਦੇ ਜੁਦਾਈਆ । ਭਾਵੇਂ ਘੜੀ ਆਵੇ ਔਖੀ, ਉਹ ਵੀ ਖ਼ੁਸ਼ੀਆਂ ਵਿਚ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਭਗਤੀ ਕਹੇ ਮੇਰਾ ਵੇਖ ਅੱਥਰ, ਨੈਣ ਨੈਣਾਂ ਵਿਚੋਂ ਵਹਾਈਆ । ਪ੍ਰਭੂ ਮੇਰੇ ਪਿਛੇ ਕਿਉਂ ਹੋਇਉਂ ਪੱਥਰ, ਭਗਤਾਂ ਪਿਛੇ ਫਿਰੇਂ ਵਾਹੋ ਦਾਹੀਆ । ਸ੍ਰੀ ਭਗਵਾਨ ਕਿਹਾ ਇਹਨਾਂ ਪਿਛੇ ਗੋਬਿੰਦ ਵਿਛਾਇਆ ਮੇਰਾ ਸੱਥਰ, ਸੂਲਾਂ ਸੇਜ ਹੰਢਾਈਆ । ਇਕ ਲੇਖਾ ਲਿਖ ਕੇ ਗਿਆ ਅੱਖਰ, ਆਖ਼ਰ ਤੁਹਾਡਾ ਪ੍ਰਭੂ ਸਹਾਈਆ । ਸਭ ਨਾਲੋਂ ਕਰ ਕੇ ਵੱਖਰ, ਵੱਖਰੀ ਧਾਰ ਜਣਾਈਆ । ਸ਼ਬਦ ਸੰਦੇਸ਼ਾ ਦੇ ਕੇ ਪੱਤਰ, ਸੋਏ ਲਏ ਉਠਾਈਆ । ਦੇ ਵਡਿਆਈ ਸੱਤਰ ਬਹੱਤਰ, ਚੁਹੱਤਰਾਂ ਰੰਗ ਚੜ੍ਹਾਈਆ । ਪੰਜਾਂ ਪੰਜਾਂ ਪੰਜਾਂ ਤੋਲ ਕੇ ਤੱਕੜ, ਨਾਮ ਕੰਡਾ ਇਕ ਹਿਲਾਈਆ । ਚਾਰ ਚਾਰ ਦੀ ਲਾ ਕੇ ਟੱਕਰ, ਸੋਹਣਾ ਖੇਲ ਵਖਾਈਆ । ਹਰਿਸੰਗਤ ਤੀਰ ਨਿਸ਼ਾਨੇ ਨਾਲ ਕਰ ਕੇ ਫੱਟੜ, ਇਕੋ ਵਾਰ ਮੂੰਹ ਦੇ ਭਾਰ ਸੁਟਾਈਆ । ਪ੍ਰੇਮ ਪਿਆਰ ਦੀ ਅੰਦਰ ਕਰ ਕੇ ਪਕੜ, ਧੁਰ ਦਾ ਨਾਤਾ ਜੋੜ ਜੁੜਾਈਆ । ਫਿਰ ਕੇ ਜੰਗਲ ਜੂਹ ਬੇਲੇ ਵਿਚ ਰੱਕੜ, ਰੰਗੜ ਪਿਛਲਾ ਨਾਲ ਰਖਾਈਆ । ਬੇਸ਼ਕ ਲਾਂਗਰੀ ਬਣ ਕੇ ਦਾਲ ਦਾ ਵੇਖੇ ਵੱਤਰ, ਦਾਨਾ ਕਦੀ ਕਦੀ ਮੁਖ ਵਿਚ ਪਾਈਆ । ਉਹਦੇ ਪੂਰਬ ਜਨਮ ਦੀ ਮੇਟੀ ਸਤਰ, ਬਿਧਨਾ ਰੋਵੇ ਦਏ ਦੁਹਾਈਆ । ਬਹੁੜੀ ਇਹ ਲੁਕਿਆ ਛਿਪਿਆ ਆਇਆ ਕਿਧਰੋਂ ਕਿਧਰ, ਸਚਖੰਡ ਨਿਵਾਸੀ ਲੋਕਮਾਤ ਫੇਰਾ ਪਾਈਆ । ਜਿਸ ਸਾਧ ਸੰਤ ਸਾਰੇ ਕਰ ਦਿਤੇ ਤਿੱਤਰ ਬਿੱਤਰ, ਨਾਮ ਪਟਾਕਾ ਇਕੋ ਪਾਈਆ ।

ਕਿਰਪਾ ਕਰ ਕੇ ਜੰਗਲ ਜੂਹਾਂ ਵਿਚੋਂ ਆਇਆ ਨਿੱਕਲ, ਨਿਰਗੁਣ ਆਪਣਾ ਖੇਲ ਕਰਾਈਆ । ਜਾਂ ਵੇਖਿਆ ਭਗਤਾਂ ਦਾ ਬਣਿਆ ਮਿੱਤਰ, ਮਿੱਤਰ ਪਿਆਰਾ ਰੂਪ ਵਟਾਈਆ । ਜਿਨ੍ਹਾਂ ਦੇ ਪਾਟੇ ਲੀੜੇ ਟੁੱਟੇ ਛਿਤਰ, ਚੁਮਿਆਰ ਕੋਲੋਂ ਨਾਲ ਨਾਲ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਿਹਾ ਰਚਾਈਆ । ਭਗਤੀ ਕਹੇ ਮੇਰੇ ਵੇਖ ਵਾਲ, ਚਿੱਟੇ ਕਾਲੇ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਹੋਈ ਬੇਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਮੇਰੀ ਕੋਈ ਨਾ ਪੁੱਛੇ ਵਾਤ, ਆਪਣੀ ਕਹਾਣੀ ਸਾਰੇ ਰਹੇ ਸੁਣਾਈਆ । ਨਜ਼ਰੀ ਆਈ ਅੰਧੇਰੀ ਰਾਤ, ਚਾਰੋਂ ਕੁੰਟ ਡਰਾਈਆ । ਕੂੜੀ ਕਿਰਿਆ ਡੂੰਘਾ ਖ਼ਾਤ, ਸਾਚਾ ਮੰਦਰ ਨਾ ਕੋਇ ਬਣਾਈਆ । ਮੈਂ ਕਿਥੇ ਲੱਭਾਂ ਆਪਣਾ ਸੱਜਣ ਸਾਕ, ਨਾਤਾ ਕੀਹਦੇ ਨਾਲ ਜੁੜਾਈਆ । ਕੋਈ ਨਜ਼ਰ ਨਾ ਆਈ ਖਾਟ, ਬਸਤਰ ਸੋਹਣਾ ਕਿਥੇ ਵਛਾਈਆ । ਕਿਸ ਵਲ ਨੇਤਰ ਕਰ ਕੇ ਲਵਾਂ ਝਾਕ, ਪ੍ਰੇਮ ਪਿਆਰ ਨਾ ਕੋਇ ਵਧਾਈਆ । ਜਿਧਰ ਜਾਵਾਂ ਕਲਜੁਗ ਜੀਵ ਕਹਿਣ ਕਿਥੋਂ ਆਈ ਨਾਰ ਕਮਜਾਤ, ਸਾਨੂੰ ਰਹੀ ਸਮਝਾਈਆ । ਅਸੀਂ ਕੀ ਜਾਣੀਏ ਕੌਣ ਕਮਲਾਪਾਤ, ਸ੍ਰੀ ਭਗਵਾਨ ਕਵਣ ਅਖਵਾਈਆ । ਸਾਡੀ ਮਾਇਆ ਰਾਣੀ ਨਾਲ ਬਾਤ, ਜੋ ਸਾਨੂੰ ਸੁਖ ਸਾਗਰ ਵਿਚ ਰਖਾਈਆ । ਜਿਸ ਦੇ ਨਾਲ ਕਾਮ ਕਰੋਧ ਲੋਭ ਮੋਹ ਹੰਕਾਰ ਦੀ ਮਿਲੇ ਦਾਤ, ਨਾਰੀ ਪੁਰਸ਼ ਦੋਵੇਂ ਰੰਗ ਰੰਗਾਈਆ । ਜੇ ਪ੍ਰਭ ਦਾ ਮੰਗੀਏ ਸਾਥ, ਭੁੱਖੇ ਨੰਗਤੇ ਦਏ ਕਰਾਈਆ । ਸਾਨੂੰ ਕੋਈ ਲੋੜ ਨਹੀਂ ਆਬੇ ਹਯਾਤ, ਮਦਿ ਪਿਆਲਾ ਪੀ ਖ਼ੁਸ਼ੀ ਮਨਾਈਆ । ਐਥੇ ਮੋਹਣੀ ਹੋਵੇ ਸਾਥ, ਅੱਗਾ ਵੇਖਣ ਕੋਇ ਨਾ ਜਾਈਆ । ਤੂੰ ਭਗਤੀ ਕਿਥੋਂ ਆ ਗਈ ਦੇਵਣ ਵਾਲੀ ਦਾਤ, ਆਪਣਾ ਰੂਪ ਵਟਾਈਆ । ਅਸੀਂ ਸਾਰੇ ਉਠ ਕੇ ਅੱਖਰਾਂ ਵਾਲਾ ਕਰੀਏ ਪਾਠ, ਗੁਟਕੇ ਹੱਥਾਂ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤੀ ਵੇਖ ਵੇਖ ਆਪਣਾ ਮੁਖ ਛੁਪਾਈਆ । ਭਗਤੀ ਕਹੇ ਚੰਗਾ ਭਾਈ, ਇਹੋ ਸਾਹਿਬ ਮੇਰੇ ਸਚ ਭਾਈਆ । ਆਪਣੀ ਕਰਨੀ ਕਰੇ ਜਾਓ ਚਾਈਂ ਚਾਈਂ, ਮਨ ਆਸ਼ਾ ਨਾਲ ਮਿਲਾਈਆ । ਸ੍ਰੀ ਭਗਵਾਨ ਦੇਵਣਹਾਰ ਸਜ਼ਾਈ, ਵੇਖੇ ਥਾਉਂ ਥਾਈਂਆ । ਪੁੱਤਰ ਧੀ ਨਾਰ ਕੰਤ ਸੱਜਣ ਮਿੱਤਰ ਯਾਰ ਦੋਸਤ ਕੋਈ ਨਾ ਦਏ ਗਵਾਹੀ, ਅੱਗੇ ਹੋ ਨਾ ਕੋਇ ਛੁਡਾਈਆ । ਜਿਸ ਵੇਲੇ ਕਰੋਗੇ ਹਾਹਾਕਾਰ ਮਾਰੋਗੇ ਧਾਹੀਂ, ਉਚੀ ਕੂਕ ਕੂਕ ਸੁਣਾਈਆ । ਛੁਡਾ ਮੇਰੀ ਮਾਈ, ਮਮਤਾ ਤੇਰੀ ਰਹੀ ਸਤਾਈਆ । ਮੈਂ ਓਸ ਵੇਲੇ ਦੱਸਾਂ ਦੱਸੋ ਮੈਂ ਕਿਹਾ ਤੁਸੀਂ ਸ਼ੌਦਾਈ, ਸ਼ਾਇਦ ਉਹ ਵੇਲਾ ਸਭ ਦੇ ਉਤੇ ਆਈਆ । ਕਲਜੁਗ ਜੀਵ ਕਹਿਣ ਇਹ ਕੀ ਦਿਤਾ ਜਣਾਈ, ਕਿਥੋਂ ਅਵਾਜ਼ ਲਗਾਈਆ । ਭਗਤੀ ਕਹੇ ਉਹ ਆਇਆ ਬੇਪਰਵਾਹੀ, ਜਿਸ ਨੇ ਲੱਖ ਚੁਰਾਸੀ ਰਚਨ ਰਚਾਈਆ । ਪੁਛਣ ਕਿਥੇ ਵਸੇ ਧੁਰ ਦਾ ਮਾਹੀ, ਬੈਠਾ ਡੇਰਾ ਲਾਈਆ । ਭਗਤੀ ਕਹੇ ਜਨ ਭਗਤਾਂ ਸੰਗ ਫਿਰੇ ਚਾਈਂ ਚਾਈਂ, ਓਨ੍ਹਾਂ ਪਿਛੇ ਮੈਨੂੰ ਵੀ ਗਿਆ ਭੁਲਾਈਆ । ਦਰ ਦਰ ਹੋ ਕੇ ਪਾਂਧੀ ਰਾਹੀ, ਧੂੜ ਖ਼ਾਕ ਰਿਹਾ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਦੱਸ ਮੇਰੇ ਹਜ਼ੂਰ, ਦਰ ਭਗਤੀ ਰਹੀ ਸੁਣਾਈਆ । ਕੀ ਅਰਜ਼ ਮੇਰੀ ਮਨਜ਼ੂਰ, ਮਨਸਾ ਮੇਰੀ ਪੂਰ ਕਰਾਈਆ । ਸਚ ਬਖ਼ਸ਼ ਚਰਨ ਧੂੜ, ਮੈਂ ਲਵਾਂ ਖ਼ਾਕ ਰਮਾਈਆ । ਸ੍ਰੀ ਭਗਵਾਨ ਕਿਹਾ ਇਹ ਕੂੜ, ਧੁਰ ਦੀ ਧਾਰ ਦਿਆਂ ਜਣਾਈਆ । ਪਹਿਲੋਂ ਮੇਰੇ ਭਗਤ ਕਰ ਮਨਜ਼ੂਰ, ਆਪਣਾ ਸੰਗ ਰਖਾਈਆ । ਏਨ੍ਹਾਂ

ਨਾਲ ਝਗੜਾ ਕਰੀਂ ਨਾ ਕੋਇ ਫ਼ਤੂਰ, ਆਪਣਾ ਆਪ ਨਾ ਕੋਇ ਜਣਾਈਆ । ਉਹ ਨਹੀਂ ਕਰਨੀ ਜਿਸ ਵੇਲੇ ਸੂਲੀ ਚਾੜ੍ਹਿਆ ਮਨਸੂਰ, ਸ਼ਮਸ ਪੁੱਠੀ ਖੱਲ ਲੁਹਾਈਆ । ਖੇਲ ਕਰਾਂ ਜਿਉਂ ਨਾਮੇ ਛੱਪਰ ਛਾਇਆ ਬਣ ਮਜ਼ਦੂਰ, ਧੰਨੇ ਕਟੋਰੇ ਭਾਗ ਲਗਾਈਆ । ਏਹਨਾਂ ਵਡਿਆਈ ਦੇਵਾਂ ਜ਼ਰੂਰ, ਜਿਨ੍ਹਾਂ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਸਚ ਰਿਹਾ ਸੁਣਾਈਆ । ਪ੍ਰਭ ਠਾਕਰ ਮੈਂ ਨਿਮਾਣੀ, ਚਰਨ ਕਵਲ ਨਿਮਸਕਾਰਿਆ । ਧੰਨ ਭਾਗ ਤੇਰਾ ਭਗਤ ਮਿਲੇ ਹਾਣੀ, ਸੋਹਣਾ ਜੋੜ ਜੁੜਾ ਰਿਹਾ । ਮੈਂ ਛੱਡੀ ਚਾਰੇ ਖਾਣੀ ਨਾਤਾ ਸਰਬ ਤੁੜਾ ਲਿਆ । ਮੈਂ ਨੀਵੀਂ ਹੋ ਕੇ ਭਰਾਂ ਪਾਣੀ, ਪੀਸਣ ਪੀਸ ਸੇਵ ਕਮਾ ਲਿਆ । ਸੁਣ ਕੇ ਬਚਨ ਕਹੇ ਸ਼ਾਹ ਸੁਲਤਾਨੀ, ਪੁਰਖ ਅਕਾਲ ਹੁਕਮ ਜਣਾ ਲਿਆ । ਮੈਂ ਤੈਨੂੰ ਆਪਣੇ ਭਗਤ ਦੇ ਘਰ ਦੀ ਬਣਾਵਾਂ ਰਾਣੀ, ਸੋਹਣਾ ਤੇਰਾ ਸੀਸ ਗੁੰਦਾ ਲਿਆ । ਤੇਰੀ ਅੱਖ ਕਰ ਮਸਤਾਨੀ, ਨਸ਼ਾ ਇਕੋ ਨਾਮ ਚੜ੍ਹਾ ਲਿਆ । ਤੇਰਾ ਜੋਬਨ ਨੂਰ ਨੁਰਾਨੀ, ਡਲਕ ਇਕੋ ਇਕ ਵਖਾ ਰਿਹਾ । ਬਸਤਰ ਦੇਵਾਂ ਸੱਚੀ ਮਿਹਰਵਾਨੀ, ਦਰਜ਼ੀ ਚੋਲੀ ਨਾ ਕੋਈ ਬਣਾ ਰਿਹਾ । ਅੰਗ ਲਗਾਵਾਂ ਸਚ ਨਿਸ਼ਾਨੀ, ਸਾਚੀ ਵੰਡਣ ਆਪ ਵੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾ ਰਿਹਾ । ਸਿਰ ਤੇਰੇ ਹੱਥ ਟਿਕਾਵਾਂਗਾ । ਜਨ ਭਗਤ ਨਾਲ ਪਰਨਾਵਾਂਗਾ । ਸੋਹਣੀ ਡੋਲੀ ਪਾਵਾਂਗਾ । ਬਣ ਕਹਾਰ ਉਠਾਵਾਂਗਾ । ਪਾਣੀ ਵਾਰ ਵਖਾਵਾਂਗਾ । ਮਾਂ ਪਿਓ ਬਣ ਜਾਵਾਂਗਾ । ਬਸਤਰ ਸੋਹਣੇ ਤਨ ਛੁਹਾਵਾਂਗਾ । ਸੀਸ ਓਢਣ ਇਕ ਟਿਕਾਵਾਂਗਾ । ਗਹਿਣਾ ਘਾੜਤ ਅਗੰਮ ਘੜਾਵਾਂਗਾ । ਨੱਕ ਸੁਹਾਗ ਨੱਥ ਪਵਾਵਾਂਗਾ । ਟਿੱਕਾ ਬਿੰਦੀ ਉਹ ਲਗਾਵਾਂਗਾ । ਜਿੰਸ ਨਾਲ ਜਾਏਂ ਛੋਹ, ਉਹ ਮੇਰਾ ਰੂਪ ਰੂਪ ਰੂਪ ਵਿਚੋਂ ਵਖਾਵਾਂਗਾ । ਦੋਹਾਂ ਦਾ ਇਕੋ ਬੱਝੇ ਮੋਹ, ਮੁਹੱਬਤ ਆਪਣੇ ਨਾਲ ਰਖਾਵਾਂਗਾ । ਜਗਤ ਵਿਚੋਲਾ ਆਪੇ ਹੋ, ਢੋਲਾ ਰਾਗ ਸੁਣਾਵਾਂਗਾ । ਕਾਇਆ ਮੰਦਰ ਅੰਦਰ ਸਾਚੀ ਤਾਕੀ ਬੂਹਾ ਕੁੰਡਾ ਆਪੇ ਢੋ, ਅੰਦਰ ਵੜ ਕੇ ਆਪਣਾ ਭੇਵ ਖੁਲ੍ਹਾਵਾਂਗਾ । ਸਾਚੀ ਸੇਜੇ ਜਾਣਾ ਸੌਂ, ਸੋਹਣੇ ਥਾਂ ਬਹਾਵਾਂਗਾ । ਭਗਤੀ ਜੇ ਤੈਨੂੰ ਭਗਤਾਂ ਦਾ ਗੌਂ, ਗਹਿਰ ਗੰਭੀਰ ਹੋ ਕੇ ਇਹਨਾਂ ਨੂੰ ਤੇਰੇ ਨਾਲ ਮਿਲਾਵਾਂਗਾ । ਜੇ ਰਲ ਕੇ ਦੋਵੇਂ ਇਕ ਵਾਰ ਕਹੋ, ਦੋਹਾਂ ਦੀ ਬੇਨੰਤੀ ਆਪਣੀ ਝੋਲੀ ਪਾਵਾਂਗਾ । ਬੇਸ਼ਕ ਦੋ ਜਹਾਨ ਲਓ ਭੌਂ, ਬਿਨ ਆਪਣੀ ਕਿਰਪਾ ਨਜ਼ਰ ਕਿਸੇ ਨਾ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਰੰਗ ਰੰਗਾਵਾਂਗਾ । ਭਗਤੀ ਕਹੇ ਮੈਂ ਭਗਤਾਂ ਜੋਗੀ, ਪ੍ਰਭ ਜੁਗਤ ਦਿਤੀ ਸਮਝਾਈਆ । ਭਗਤ ਕਹਿਣ ਸਾਡੇ ਨਾਲ ਨਾ ਹੋਵੀਂ ਖੋਟੀ, ਫੜ ਕੇ ਡੰਡਾ ਰਹੇ ਵਖਾਈਆ । ਭਗਤੀ ਕਹੇ ਮੈਂ ਮੰਗਾਂ ਦਾਲ ਰੋਟੀ, ਹੋਰ ਲੋੜ ਰੱਖਾਂ ਨਾ ਰਾਈਆ । ਜਨ ਭਗਤ ਕਹਿਣ ਅਸਾਂ ਸਾਧਾਂ ਵਾਂਗੂੰ ਹੋਣ ਨਹੀਂ ਦੇਣਾ ਮੋਟੀ, ਪਹਿਲੋਂ ਸਚ ਦਈਏ ਜਣਾਈਆ । ਭਗਤੀ ਕਹੇ ਮੈਨੂੰ ਮਨਜ਼ੂਰ ਤੁਹਾਡੀ ਲੰਗੋਟੀ, ਬਸਤਰ ਹੋਰ ਨਜ਼ਰ ਨਾ ਆਈਆ । ਜਨ ਭਗਤ ਕਹਿਣ ਸਾਨੂੰ ਨਹੀਂ ਚਾਹੀਦੀ ਏਹ ਵਗਨ ਵਾਲੀ ਝੋਟੀ, ਜੋ ਖਾ ਪੀ ਕੇ ਬੈਠੇ ਮੁਖ ਭਵਾਈਆ । ਅਸੀਂ ਉਸੇ ਤੋਂ ਮੰਗਦੇ ਜਿਸ ਤੋਂ ਮੰਗਦੇ ਕੋਟਨ ਕੋਟੀ, ਪੀਰ ਪੈਗੰਬਰ ਬੈਠੇ ਧਿਆਨ ਲਗਾਈਆ । ਓਸੇ ਵੇਲੇ ਭਗਤੀ ਕਹੇ ਮੈਂ ਗ਼ਰੀਬਣੀ ਹੋਛੀ, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਪਿਛਲੀ ਬੁਧ ਰਹੀ ਨਾ ਖੋਟੀ, ਮੈਨੂੰ ਪ੍ਰਭੂ ਦਿਤਾ ਸਮਝਾਈਆ । ਬੇਸ਼ਕ ਜਨ ਭਗਤੋ ਤੁਸੀਂ ਧੁਰ ਦੇ ਮਾਣਕ ਮੋਤੀ, ਮੈਨੂੰ ਕੱਚੇ ਤੰਦ ਨੂੰ ਨਾਲ ਲਓ ਪਰੋਈਆ । ਜਨ

ਭਗਤ ਕਹਿਣ ਅਸੀਂ ਕੋਈ ਨਹੀਂ ਪੜ੍ਹਨੀ ਪੋਥੀ, ਅੰਦਰ ਵੜ ਧਿਆਨ ਨਾ ਕੋਈ ਲਗਾਈਆ । ਧਿਆਨ ਕਰ ਜਗੌਣੀ ਨਹੀਂ ਕੋਈ ਜੋਤੀ, ਨੱਕ ਰਗੜ ਨਾ ਕਿਸੇ ਮਨਾਈਆ । ਰੋਟ ਦੇਣਾ ਨਹੀਂ ਨਾ ਕੋਈ ਰੋਟੀ, ਸੇਵੀਆਂ ਥਾਲ ਨਾ ਕਿਸੇ ਚੜ੍ਹਾਈਆ । ਬੱਕਰੇ ਵੱਢ ਕੇ ਨਹੀਂ ਦੇਣੀ ਬੋਟੀ, ਜ਼ਿਆਰਤ ਕਰਨ ਕੋਈ ਨਾ ਜਾਈਆ । ਅਸੀਂ ਇਕੋ ਗੱਲ ਸੋਚੀ, ਜੋ ਸਾਹਿਬ ਸੱਚੇ ਸਮਝਾਈਆ । ਜਿਸ ਨੂੰ ਲਿਖ ਕੇ ਦੱਸਿਆ ਰਵਦਾਸ ਚਮਿਆਰੇ ਮੋਚੀ, ਮੁਸ਼ਕਲ ਪ੍ਰਭੂ ਹੱਲ ਕਰਾਈਆ । ਅਸੀਂ ਓਸ ਦਵਾਰੇ ਰੱਖੀ ਓਟੀ, ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਭਗਤੀ ਕਹੇ ਕਰੋ ਤਰਸ, ਨਿਮਾਣੀ ਹੋ ਕੇ ਰਹੀ ਜਣਾਈਆ । ਭਗਤ ਕਹਿਣ ਸਾਡਾ ਭਗਵਾਨ ਨਾਲ ਨਹੀਂ ਹੁਣ ਫ਼ਰਕ, ਤੇਰੀ ਲੋੜ ਨਜ਼ਰ ਨਾ ਆਈਆ । ਭਗਤੀ ਕਰਦੇ ਕੋਟਨ ਕੋਟ ਗਏ ਗਰਕ, ਆਪਣਾ ਆਪ ਨਾ ਸਕੇ ਬਚਾਈਆ । ਅਸੀਂ ਤੈਨੂੰ ਕੀਤਾ ਤਰਕ, ਨਾਤਾ ਨਾ ਕੋਈ ਰਖਾਈਆ । ਤੂੰ ਨਹੀਂ ਕਮਲੀਏ ਵੇਖਿਆ ਪ੍ਰਭ ਸਾਡੇ ਨਾਲ ਤੁਰੇ ਉਤੇ ਸੜਕ, ਸਾਚਾ ਗੀਤ ਸੁਣਾਈਆ । ਗੋਬਿੰਦ ਨਾਲ ਲਾ ਕੇ ਸ਼ਰਤ, ਅੰਤਮ ਪੂਰ ਕਰਾਈਆ । ਔਹ ਵੇਖ ਆਇਆ ਪਰਤ, ਜਿਹੜਾ ਧੁਰ ਦਾ ਸੱਚਾ ਮਾਹੀਆ । ਸਾਡੇ ਉਤੇ ਨਾ ਕਰੀਂ ਹਰਖ਼, ਯਾਰੀ ਏਹਦੇ ਨਾਲ ਲਗਾਈਆ । ਤੇਰੀ ਚਾਲ ਚੰਗੀ ਨਾ ਲੱਗੇ ਭਾਵੇਂ ਤੁਰੇਂ ਮਟਕ ਮਟਕ, ਗੁਰਮੁਖ ਤੇਰੇ ਉਤੇ ਅੱਖ ਨਾ ਕੋਈ ਟਿਕਾਈਆ । ਜਿਨ੍ਹਾਂ ਪ੍ਰਭ ਦਾ ਦਰਸ ਪਾਇਆ ਨਿਧੜਕ, ਧੜਕਨ ਕੋਈ ਰਹਿਣ ਨਾ ਪਾਈਆ । ਭਗਤੀ ਕਹੇ ਹਾਏ ਮੈਂ ਕਿਥੇ ਜਾਵਾਂ ਲਟਕ, ਫਾਸੀ ਵਾਲਾ ਰਾਹ ਨਜ਼ਰ ਕੋਈ ਨਾ ਆਈਆ । ਜਨ ਭਗਤ ਕਹਿਣ ਅਸੀਂ ਕੱਖ ਕਾਨ ਕੀਤਾ ਅਕੱਠਾ, ਹੱਥ ਫੜੌਣਾ ਤੇਰੇ ਨਾਲ ਰੱਸਾ ਦਈਏ ਵਟਾਈਆ । ਓਧਰੋਂ ਰਾਜਾ ਸੰਢਾ ਆਇਆ ਨੱਸਾ, ਆ ਕੇ ਰਿਹਾ ਸੁਣਾਈਆ । ਮਾਂ ਦਾ ਭੱਜਾ ਆਇਆ ਇਕੋ ਬੱਚਾ, ਰੋ ਕੇ ਦਏ ਦੁਹਾਈਆ । ਓ ਭਗਤੋ ਸਾਡੇ ਨੱਕ ਵਿਚੋਂ ਕੱਢੋ ਨੱਥਾ, ਇਹਦੇ ਗੱਲ ਵਿਚ ਦਿਓ ਪਾਈਆ । ਅਸੀਂ ਵੇਖੀਏ ਇਹਨਾਂ ਅੱਖਾਂ, ਜਿਹੜੀਆਂ ਸਾਨੂੰ ਭਰਮ ਭੁਲਾਈਆ । ਇਹ ਫਿਰਦੀ ਰਹੀ ਸਾਧਾਂ ਪਿਛੇ ਤੀਰਥ ਤੱਟਾਂ, ਆਪਣੀ ਪੱਤ ਗਵਾਈਆ । ਇਹ ਵਿਕਦੀ ਰਹੀ ਕਾਗ਼ਜ਼ਾਂ ਉਤੇ ਹੱਟਾਂ, ਪੈਸਾ ਧੇਲਾ ਮੁਲ ਪਵਾਈਆ । ਇਹ ਕਾਮ ਕਰੋਧ ਦੀਆਂ ਬੰਨ੍ਹਦੀ ਰਹੀ ਗੱਠਾਂ, ਆਪਣਾ ਭਾਰ ਵਖਾਈਆ । ਹੁਣ ਵਸ ਪੈ ਗਈ ਜੱਟਾਂ, ਜਿਨ੍ਹਾਂ ਸੰਡੇ ਨੱਥ ਕੇ ਸਿਧੀ ਰਹਿਲ ਲਗਾਈਆ । ਗੱਡੇ ਜੋੜ ਕੇ ਵਾਲੇ ਫੱਟਾਂ, ਜੂਲੇ ਹੇਠਾਂ ਕੰਨ ਦਬਾਈਆ । ਉਤੋਂ ਮਾਰਨ ਵਾਹੋ ਦਾਹ ਸੱਟਾਂ, ਡਿਚਕਰ ਮਾਰ ਹਿਲਾਈਆ । ਰਵਦਾਸ ਵੇਖੀ ਜਾਏ ਅੱਖਾਂ, ਪ੍ਰਭ ਕੀ ਬਣਤ ਬਣਾਈਆ । ਸੰਗਤ ਖ਼ੁਸ਼ੀਆਂ ਨਾਲ ਹੱਸ ਕੇ ਕਹੇ ਅੱਛਾ, ਵੇਖੋ ਦਿਤੀ ਸਜ਼ਾਈਆ । ਭਗਤੀ ਕਹੇ ਮੈਂ ਇਹਨਾਂ ਕੋਲੋਂ ਕਿਦਾਂ ਬਚਾਂ, ਆਪਣਾ ਪੱਲੂ ਲਵਾਂ ਛੁਡਾਈਆ । ਬਚਨ ਸਿੰਘ ਕਹੇ ਮੈਂ ਤੈਨੂੰ ਸਚ ਦੱਸਾਂ, ਸੋਹਣੀ ਗੱਲ ਸਮਝਾਈਆ । ਤੂੰ ਚਰਨ ਤੱਕ ਨਾਲ ਅੱਖਾਂ, ਨੀਵੀਂ ਹੋ ਕੇ ਸੀਸ ਝੁਕਾਈਆ । ਜੇ ਮਿਹਰ ਕਰ ਜਾਏ ਮਿਹਰਵਾਨ ਇਕ ਰਤਾ, ਭੋਰੇ ਵਿਚੋਂ ਭੋਰਾ ਵਰਤਾਈਆ । ਤੈਨੂੰ ਫਿਰ ਪ੍ਰਭ ਦੀਆਂ ਰੱਖਾਂ, ਸ੍ਰੀ ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਰਿਹਾ ਕਮਾਈਆ । ਭਗਤੀ ਕਹੇ ਮੈਂ ਚਰਨ ਤੱਕਿਆ, ਜੋ ਬਾਲੂ ਰੇਤ ਉਤੇ ਟਿਕਾਈਆ । ਓਥੇ ਮੇਰੀ ਲੱਗ ਗਈ ਅੱਖੀਆਂ, ਅੱਖ ਅੱਖ ਨਾਲ ਬਦਲਾਈਆ । ਜਿਧਰ ਵੇਖਾਂ ਅੱਗੇ ਪਿਛੇ ਸੱਜੇ ਖੱਬੇ ਗੁਰਮੁਖ ਨਜ਼ਰੀ ਆਈਆਂ

ਸਖੀਆਂ, ਸੋਹਣੀ ਬਣਤ ਬਣਾਈਆ । ਖ਼ੁਸ਼ੀਆਂ ਨਾਲ ਹੱਸ ਹੱਸ ਉਹਨਾਂ ਟੁੱਟਣ ਵੱਖੀਆਂ, ਵੱਖਰੀ ਧਾਰ ਚਲਾਈਆ । ਭਗਤੀ ਕਹੇ ਤੁਹਾਡੇ ਪਿਛੇ ਪਿਛੇ ਆਵਾਂ ਨੱਠੀ ਆਂ, ਆਪਣਾ ਪੰਧ ਮੁਕਾਈਆ । ਜਿਸ ਵੇਲੇ ਹੁਣ ਹੋ ਕੇ ਕੱਠੀਆਂ, ਮੈਂ ਪੈਰ ਝਾੜਾਂ ਚਾਈਂ ਚਾਈਂਆ । ਮੈਂ ਦਿਲੋਂ ਹੌਲੀ ਹੌਲੀ ਪੁਛਾਂ ਕੀ ਇਹ ਕੱਚੀਆਂ, ਆਪਣੀ ਹੋਛੀ ਮੱਤ ਬਣਾਈਆ । ਪਤਾ ਨਹੀਂ ਓਹ ਕਿਸ ਤਰ੍ਹਾਂ ਕੀਤੀਆਂ ਪੱਕੀਆਂ, ਪੱਕੀ ਥਾਂ ਕਿਹੜੀ ਬਹਿ ਕੇ ਪਕਾਈਆ । ਇਕੋ ਕਹਿਣ ਸਾਡੀਆਂ ਪ੍ਰਭ ਨਾਲ ਲੱਗ ਗਈਆਂ ਅੱਖੀਆਂ, ਦੂਜਾ ਨਜ਼ਰ ਕੋਇ ਨਾ ਆਈਆ । ਚੋਲੀਆਂ ਦਿਸਣ ਬਾਹਰੋਂ ਫੱਟੀਆਂ, ਅੰਦਰ ਚਮਕੇ ਨੂਰ ਅਲਾਹੀਆ । ਹੋਈ ਹੈਰਾਨ ਸ੍ਰੀ ਭਗਵਾਨ ਇਹ ਕਿਥੋਂ ਸਾਂਭ ਕੇ ਰੱਖੀਆਂ, ਕਿਉਂ ਨਾਲ ਲੈ ਕੇ ਆਇਆ ਸੱਚਾ ਮਾਹੀਆ । ਰਵਦਾਸ ਕਿਹਾ ਉਠ ਵੇਖ ਭਗਤੀ ਇਹ ਸਾਰੀਆਂ ਸੱਚੀਆਂ, ਜਿਨ੍ਹਾਂ ਸਚ ਮਿਲੀ ਵਡਿਆਈਆ । ਤੜਫਨ ਜਿਉਂ ਪਾਣੀ ਬਿਨ ਮੱਛੀਆਂ, ਪ੍ਰਭ ਵਿਛੋੜਾ ਸਹਿ ਸੱਕਣ ਨਾ ਰਾਈਆ । ਪ੍ਰੇਮ ਪ੍ਰੀਤੀ ਅੰਦਰ ਅੰਦਰ ਰੱਤੀਆਂ, ਇਹਨਾਂ ਵਿਚੋਂ ਇਕ ਰੰਗ ਰਤੜੀ ਮਾਈਆ । ਜਿਸ ਸਾਹਿਬ ਸਰਨਾਈ ਢੱਠੀਆਂ, ਚਰਨ ਕਵਲ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤੀ ਕਹੇ ਇਹ ਕੀ ਹੋਇਆ, ਹੈਰਾਨੀ ਹਿਰਦੇ ਵਿਚ ਛੁਪਾਈਆ । ਕਿਥੋਂ ਉਠਿਆ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਸੋਇਆ, ਆਪਣੀ ਅੱਖ ਖੁਲ੍ਹਾਈਆ । ਮੈਨੂੰ ਯਾਦ ਆਏ ਓਹ ਵੇਲਾ ਜਿਸ ਵੇਲੇ ਕਹਿਣ ਸ਼ੇਰ ਸਿੰਘ ਮੋਇਆ, ਸਾਰੇ ਪਈ ਦੁਹਾਈਆ । ਜਾਂ ਵੇਖਿਆ ਆ ਕੇ ਅੱਗੇ ਨਾਲੋਂ ਨਵਾਂ ਨਰੋਇਆ, ਸੋਹਣਾ ਰੂਪ ਵਟਾਈਆ । ਕਰ ਪਰਕਾਸ਼ ਪੁਰੀਆਂ ਲੋਆਂ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਈਆ । ਕਿਥੋਂ ਆਇਆ ਵੇਸ ਵਟਾ ਕੇ, ਸਚਖੰਡ ਦਵਾਰ ਤਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾ ਕੇ, ਆਪਣਾ ਹੁਕਮ ਸੁਣਾਈਆ । ਧੁਰ ਦੀ ਧਾਰ ਇਕਾ ਬਨ੍ਹਾ ਕੇ, ਸੱਚਾ ਰਾਹ ਚਲਾਈਆ । ਅੱਗੇ ਨਾ ਪਿਛੇ ਨਾ ਹੁਣ ਸਿਧਾ ਭਗਤਾਂ ਮਿਲਿਆ ਆ ਕੇ, ਬਿਨ ਮੇਰੀ ਭਗਤੀਉਂ ਲਏ ਉਠਾਈਆ । ਮੈਂ ਕੀ ਇਹਨੂੰ ਪੁਛਾਂ ਜਾ ਕੇ, ਜਿਸ ਮੇਰੀ ਬਣਤ ਬਣਾਈਆ । ਜਨ ਭਗਤਾਂ ਨੂੰ ਵਡਿਆ ਕੇ, ਅਨਮੰਗੀ ਦੇਂਦਾ ਜਾਏ ਵਡਿਆਈਆ । ਮੈਨੂੰ ਬੈਠੀ ਬੈਠੀ ਨੂੰ ਦੁੱਖੜਾ ਪਾ ਕੇ, ਹੌਕੇ ਰਿਹਾ ਕਢਾਈਆ । ਮੈਂ ਕਿਉਂ ਆਖਾਂ ਜਾ ਕੇ, ਕਿਸ ਅੱਗੇ ਹਾਲ ਸੁਣਾਈਆ । ਮੇਰੀ ਕੀਤੀ ਚਲਿਆ ਢਾਹ ਕੇ, ਪਿਛਲੀ ਸਫ਼ਾ ਮਿਟਾਈਆ । ਜਨ ਭਗਤ ਇਕੋ ਨਾਮ ਸੁਣਾ ਕੇ, ਆਪਣੇ ਨਾਲ ਮਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾ ਕੇ, ਸੌਣ ਬਾਂਹ ਸਰਹਾਣੇ ਦੇ ਚਾਈਂ ਚਾਈਂਆ । ਮੈਂ ਬੈਠੀ ਨੈਣ ਸ਼ਰਮਾ ਕੇ, ਅੱਖ ਨਾ ਕੋਈ ਖੁਲ੍ਹਾਈਆ । ਜਿਨ੍ਹਾਂ ਪ੍ਰਭੂ ਮਿਲਿਆ ਆ ਕੇ, ਗੁਰਮੁਖ ਪਿਛਲਾ ਲੇਖ ਮੁਕਾਈਆ । ਉਹਨਾਂ ਚਰਨਾਂ ਕੋਲ ਬਹਵਾਂ ਆਪਣਾ ਝੱਟ ਲਾ ਕੇ, ਮੇਰੀ ਲੋੜ ਰਹੀ ਨਾ ਰਾਈਆ । ਅੱਛਾ ਇਹਨਾਂ ਪਿਛੇ ਮੇਰੇ ਉਤੇ ਤਰਸ ਜਾਏ ਕਮਾ ਕੇ, ਜਿਨ੍ਹਾਂ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਥੋੜੇ ਸਿਖ ਸਿਖਿਆ ਵਾਲੇ ਉਠਾ ਕੇ, ਸੁਰਤੀ ਸ਼ਬਦ ਮਿਲਾਈਆ । ਸਿਰ ਆਪਣਾ ਹੱਥ ਟਿਕਾ ਕੇ, ਗੂੜ੍ਹੀ ਨੀਂਦ ਸੁਆਈਆ । ਅੰਤਮ ਗੋਦੀ ਜਾਵਾਂ ਉਠਾ ਕੇ, ਦਰਗਾਹ ਸਾਚੀ ਧਾਮ ਸੁਹਾਈਆ । ਜੋਤੀ ਜੋਤ ਮਿਲਾਵਾਂ ਆ ਕੇ, ਆਪਣੇ ਵਿਚ ਸਮਾਈਆ । ਗੁਰਸਿਖ ਕਿਉਂ ਪਛਤਾਏ ਪੁਰਖ ਅਕਾਲ ਪਿਓ ਬਣਾ ਕੇ, ਪਿਤਾ

ਇਕੋ ਨਜ਼ਰੀ ਆਈਆ । ਵੇਖੋ ਹਾਲ ਅੱਗੇ ਜਾ ਕੇ, ਜਿਹੜੇ ਬੈਠੇ ਡੇਰਾ ਲਾਈਆ । ਮਨਜੀਤ ਜਗਦੀਸ਼ ਸਵਰਨ ਗੁਰਦਿਆਲ ਗਏ ਸਮਝਾ ਕੇ, ਸਿੰਘ ਪਾਲ ਪਰਦਾ ਉਠਾਈਆ । ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਔਣ ਧਿਆ ਕੇ, ਤਿੰਨਾਂ ਸਚਖੰਡ ਮਿਲੇ ਵਡਿਆਈਆ । ਸੋਹਣੇ ਬਸਤਰ ਰੱਖੇ ਵਿਛਾ ਕੇ, ਸਾਚੀ ਸੇਜ ਬਣਾਈਆ । ਫੜ ਬਾਂਹੋਂ ਉਤੇ ਬਹਾ ਕੇ, ਖ਼ੁਸ਼ੀਆਂ ਨਾਲ ਲਟਾਈਆ । ਫਿਰ ਆਪਣੇ ਨਾਲ ਸਵਾ ਕੇ, ਛਾਤੀ ਉਤੇ ਟਿਕਾਈਆ । ਹੌਲੀ ਜਿਹੀ ਉਤੋਂ ਲਾਹ ਕੇ, ਚਰਨਾਂ ਵਿਚ ਬਹਾਈਆ । ਗੁਰ ਅਵਤਾਰਾਂ ਕੀ ਵਖਾ ਕੇ, ਇਕੋ ਵਾਰ ਸਮਝਾਈਆ । ਲੱਖ ਚੁਰਾਸੀ ਵਿਚੋਂ ਇਹ ਲਿਆਂਦੇ ਬਚਾ ਕੇ, ਜਿਨ੍ਹਾਂ ਆਪਣੇ ਚਰਨ ਟਿਕਾਈਆ । ਇਹ ਬੇਟੇ ਸੱਚੇ ਬਾਪ ਦੇ, ਜਿਸ ਬਾਪ ਨੂੰ ਈਸਾ ਮੂਸਾ ਮੁਹੰਮਦ ਗਏ ਗਾਈਆ । ਜਿਸ ਨੂੰ ਨਾਨਕ ਗੋਬਿੰਦ ਪੁਰਖ ਅਕਾਲ ਆਖਦੇ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨ ਅਖਵਾਈਆ । ਉਸਦੇ ਘਰ ਮੰਦਰ ਭਗਤ ਸੰਤ ਸੋਹਣੇ ਪ੍ਰੋਹਣੇ ਸੁੱਤੇ ਆ ਕੇ, ਜਿਨ੍ਹਾਂ ਸੁਤਿਆਂ ਨਾ ਕੋਈ ਉਠਾਈਆ । ਪਿਛਲਾ ਘਰ ਆਏ ਤਜਾ ਕੇ, ਅਗਲੇ ਘਰ ਮਿਲੇ ਵਡਿਆਈਆ । ਭਗਤੀ ਬੈਠੀ ਮੁਖ ਛੁਪਾ ਕੇ, ਨੇਤਰ ਨੈਣਾਂ ਨੀਰ ਵਹਾਈਆ । ਚਾਰ ਜੁਗ ਸਾਰੇ ਗਏ ਪਛਤਾ ਕੇ, ਹੌਕਾ ਲੈ ਲੈ ਸਰਬ ਲੋਕਾਈਆ । ਕੋਟਨ ਕੋਟ ਗਏ ਤੀਰਥੀਂ ਨਹਾ ਕੇ, ਗੰਗਾ ਗੁਦਾਵਰੀ ਜਮਨਾ ਸੁਰਸਤੀ ਚੁੱਬੀਆਂ ਲਾਈਆ । ਗਲੋਂ ਫਾਹ ਆਏ ਕਟਾ ਕੇ, ਚੁਰਾਸੀ ਗੇੜ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਗਏ ਸਿਖਾ ਕੇ, ਪਰਵਰਦਿਗਾਰ ਇਕੋ ਸਭ ਦਾ ਸੱਚਾ ਮਾਹੀਆ । ਜਿਸ ਨੂੰ ਆਪ ਦਰਸ਼ਨ ਦੇਵੇ ਆ ਕੇ, ਅਕਲ ਕਲਧਾਰੀ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਚੋਰੀ ਗੁਰਮੁਖ ਲੈ ਜਾਏ ਉਠਾ ਕੇ, ਔਂਦਾ ਜਾਂਦਾ ਨਜ਼ਰ ਨਾ ਆਈਆ । ਕਿਰਪਾ ਕਰ ਰੋਦਿਆਂ ਜਾਏ ਹਸਾ ਕੇ, ਹੱਸਦਿਆਂ ਖ਼ੁਸ਼ੀ ਵਖਾਈਆ । ਉਜੜਿਆਂ ਜਾਏ ਵਸਾ ਕੇ, ਸੋਹਣੇ ਘਰ ਬਹਾਈਆ । ਪ੍ਰੇਮ ਪ੍ਰੀਤੀ ਵਿਚ ਫਸਾ ਕੇ, ਨਾਤਾ ਆਪਣੇ ਨਾਲ ਜੁੜਾਈਆ । ਜੁਗ ਚੌਕੜੀ ਜਨ ਭਗਤਾਂ ਪਿਛੇ ਗਿਆ ਨਾ ਕੋਈ ਹਟਾ ਕੇ, ਪੱਲੂ ਸਕਿਆ ਨਾ ਕੋਈ ਛੁਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਵੇਖਣ ਸਾਰੇ ਆ ਕੇ, ਸਾਚੀ ਸੁਲਖਣੀ ਘੜੀ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਇਕ ਵਿਛਾ ਕੇ, ਵਾਸਨਾ ਸਭ ਦੀ ਪੂਰ ਕਰਾਈਆ ।



★ ੨੨ ਮਾਘ ੨੦੨੦ ਬਿਕ੍ਰਮੀ ਖੇੜਾ ਸਿੰਘ ਦੇ ਘਰ ਪਿੰਡ ਹੇਮਰਾਜ ਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤਾਂ ਵੇਖ ਵੱਡਾ ਪਰਤਾਪ, ਭਗਤੀ ਦਏ ਦੁਹਾਈਆ । ਜਿਨ੍ਹਾਂ ਸਮਝਿਆ ਆਪਣਾ ਆਪ, ਘਰ ਮਿਲਿਆ ਬੇਪਰਵਾਹੀਆ । ਗ੍ਰਹਿ ਜਪਦੇ ਇਕੋ ਜਾਪ, ਧੁਰ ਦਾ ਸੱਚਾ ਨਾਮ ਧਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਉਪਜੇ ਸ਼ਾਖ਼, ਸ਼ਹਿਨਸ਼ਾਹ ਇਕੋ ਨੂਰ ਖ਼ੁਦਾਈਆ । ਆਦਿ ਜੁਗਾਦਿ ਜੁਗ ਚੌਕੜੀ ਪਾਕ, ਪਤਤ ਰੂਪ ਨਾ ਕੋਈ ਵਟਾਈਆ । ਸੰਤ ਸੁਹੇਲਾ ਸੱਚਾ ਸਾਕ, ਸੱਜਣ ਆਪਣਾ ਨਾਉਂ ਧਰਾਈਆ । ਸੇਵਕ ਹੋ ਕੇ ਯਾਚਕ ਦਾਸ, ਮਾਣ ਅਭਿਮਾਣ ਮਿਟਾਈਆ । ਸਚ ਭੰਡਾਰਾ ਖੋਲ੍ਹ ਹਾਟ, ਵਸਤ ਅਤੋਟ ਵਰਤਾਈਆ । ਗੁਰਮੁਖਾਂ

ਦੇ ਕੇ ਦਾਤ, ਤ੍ਰਿਸਨਾ ਜਗਤ ਬੁਝਾਈਆ । ਸਿਰ ਰੱਖ ਆਪਣਾ ਹਾਥ, ਮਿਹਰ ਨਜ਼ਰ ਟਿਕਾਈਆ । ਲਹਿਣਾ ਚੁਕਿਆ ਤੀਰਥ ਤਾਟ, ਅਠਸਠ ਨਾ ਕੋਈ ਵਡਿਆਈਆ । ਸਚ ਸਰਨਾਈ ਗਏ ਲਾਗ, ਪ੍ਰਭ ਚਰਨ ਧਿਆਨ ਲਗਾਈਆ । ਜਨਮ ਜਨਮ ਦੀ ਬੁਝੀ ਆਗ, ਤ੍ਰੈਗੁਣ ਮੂਲ ਚੁਕਾਈਆ । ਘਰ ਮੇਲਾ ਕੰਤ ਸੁਹਾਗ, ਸੁਹੰਜਣੀ ਵੱਜੇ ਵਧਾਈਆ । ਸੁਰਤ ਸੁਹੰਜਣੀ ਗਈ ਜਾਗ, ਨੇਤਰ ਅੱਖ ਖੁਲ੍ਹਾਈਆ । ਕਹੇ ਧੰਨ ਵਡਿਆਈ ਮੇਰੇ ਭਾਗ, ਪ੍ਰਭ ਸਾਚੀ ਬਣਤ ਬਣਾਈਆ । ਘਰ ਦੀਪਕ ਜੋਤ ਜਗਾ ਚਰਾਗ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮੇਟ ਮਿਟਾਏ ਅੰਧੇਰੀ ਰਾਤ, ਘੁਪ ਅੰਧੇਰਾ ਨਾ ਕੋਈ ਰਖਾਈਆ । ਹਰਿਜਨ ਪੂਰੀ ਕਰਕੇ ਖ਼ਾਹਿਸ਼, ਖ਼ਾਲਸ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਦਇਆ ਕਮਾਈਆ । ਭਗਤਾਂ ਵੇਖ ਮੇਲਾ ਭਗਵੰਤ, ਨੈਨਣ ਨੈਣ ਸ਼ਰਮਾਈਆ । ਮੈਂ ਕਿਹੜਾ ਬਣਾਵਾਂ ਕੰਤ, ਹਰਿ ਕੰਤ ਹਰਿਜਨ ਗਏ ਪ੍ਰਨਾਈਆ । ਘਰ ਮੌਲੀ ਸਚ ਬਸੰਤ, ਰੁੱਤ ਰੁੱਤੜੀ ਇਕ ਮਹਿਕਾਈਆ । ਜਿਸ ਦਾ ਭੇਵ ਨਾ ਪਾਏ ਕੋਈ ਪੰਡਤ, ਸ਼ਾਸਤਰ ਸਿਮਰਤ ਦੇਣ ਦੁਹਾਈਆ । ਜਿਸ ਦਾ ਵਸੇਰਾ ਬਾਹਰ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਦਬਾਈਆ । ਜਿਸ ਦੀ ਸਿਫ਼ਤ ਸਲਾਹ ਕਰਦੇ ਸੰਤ, ਮਹਿਮਾ ਰਾਗ ਨਾਦ ਧੁਨ ਗਾਈਆ । ਜਿਸ ਦੀ ਰਚਨਾ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭਗਤਾਂ ਰਿਹਾ ਵਡਿਆਈਆ । ਜਨ ਭਗਤਾਂ ਵੇਖ ਪ੍ਰਭ ਦਾ ਮੀਤ, ਮਤਾ ਆਪਣੇ ਨਾਲ ਪਕਾਈਆ । ਉਹਨਾਂ ਕਵਣ ਕਰੇ ਰੀਸ, ਜਿਨ੍ਹਾਂ ਮਿਲਿਆ ਹਰਿ ਰਘੁਰਾਈਆ । ਅੰਦਰ ਬਾਹਰ ਫਿਰੇ ਜਗਦੀਸ਼, ਜਗਦੀਸ਼ਰ ਸੇਵ ਕਮਾਈਆ । ਮੈਂ ਨੇਤਰ ਵੇਖਿਆ ਠੀਕ, ਆਪਣੀ ਅੱਖ ਖੁਲ੍ਹਾਈਆ । ਪ੍ਰਭ ਦੀ ਧਾਰ ਇਕ ਬਾਰੀਕ, ਜੀਵ ਜਹਾਨ ਸਮਝ ਨਾ ਆਈਆ । ਸਾਰੇ ਬਣਦੇ ਜਾਣ ਸ਼ਰੀਕ, ਲਾਸ਼ਰੀਕ ਇਕੋ ਨਜ਼ਰੀ ਆਈਆ । ਜਿਸ ਦੇ ਵਿਚ ਅਗੰਮ ਤੌਫ਼ੀਕ, ਬੇਅੰਤ ਵੱਡੀ ਵਡਿਆਈਆ । ਜਿਸ ਦਾ ਕਲਮਾ ਇਕ ਹਦੀਸ, ਕਾਇਨਾਤ ਕਰੇ ਪੜ੍ਹਾਈਆ । ਜਿਸ ਨੂੰ ਪੀਰ ਪੈਗ਼ੰਬਰ ਸੂਫ਼ੀ ਰਹੇ ਉਡੀਕ, ਚਾਰੋਂ ਕੁੰਟ ਨੈਣ ਉਠਾਈਆ । ਸੋ ਸਾਹਿਬ ਪਹਿਲਾ ਲੇਖਾ ਕਰਨ ਆਇਆ ਤਸਦੀਕ, ਆਪ ਆਪਣਾ ਵੇਸ ਵਟਾਈਆ । ਜਿਸ ਦੀ ਸਮਝ ਨਾ ਆਏ ਕਿਸੇ ਤਾਰੀਖ, ਤਵਾਰੀਖ ਦੇਵੇ ਨਾ ਕੋਈ ਗਵਾਹੀਆ । ਜਿਸ ਦਵਾਰਿਉਂ ਮੰਗਦੇ ਸਾਰੇ ਭੀਖ, ਖਾਲੀ ਝੋਲੀ ਅੱਗੇ ਡਾਹੀਆ । ਸੋ ਸਾਹਿਬ ਆਇਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਮ ਕਰੇ ਬਖ਼ਸ਼ੀਸ਼, ਰਹਿਮਤ ਆਪਣੀ ਆਪ ਕਮਾਈਆ । ਭਗਤਾਂ ਵੇਖ ਹੋਇਆ ਮਿਲਾਪ, ਭਗਤੀ ਨੈਣ ਨੈਣ ਸ਼ਰਮਾਈਆ । ਇਹ ਇਕੋ ਕਰਦੇ ਜਾਪ, ਧੁਰ ਦੀ ਸਚ ਪੜ੍ਹਾਈਆ । ਕੀ ਏਹਨਾਂ ਸਕਾਂ ਆਖ, ਮੇਰੀ ਸਮਝ ਨਾ ਕੋਈ ਚਤਰਾਈਆ । ਜਿਨ੍ਹਾਂ ਸਾਹਿਬ ਮਿਲੇ ਰਾਤ, ਦਿਵਸ ਖ਼ੁਸ਼ੀ ਮਨਾਈਆ । ਅੱਠੇ ਪਹਿਰ ਦੇ ਕੇ ਸਾਥ, ਸਗਲਾ ਸੰਗ ਬਣਾਈਆ । ਲੇਖਾ ਮੁਕਾ ਪੂਜਾ ਪਾਠ, ਇਕੋ ਧੁਰ ਦਾ ਰਾਗ ਸਮਝਾਈਆ । ਅੰਦਰ ਵੜਕੇ ਸੁਣੇ ਬਾਤ, ਘਰ ਘਰ ਵਿਚ ਫੇਰਾ ਪਾਈਆ । ਸ਼ਬਦ ਸੁਨੇਹੜਾ ਜਾਏ ਆਖ, ਧੁਰ ਆਵਾਜ਼ ਲਗਾਈਆ । ਹਰਿ ਚਰਨ ਪ੍ਰੀਤੀ ਸੱਚਾ ਨਾਤ, ਜਗਤ ਕੁਟੰਬ ਨਾ ਕੋਈ ਵਡਿਆਈਆ । ਲੱਖ ਚੁਰਾਸੀ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

੪੬੮ ੧੯

ਭਗਤਾਂ ਵੇਖ ਮਿਲਦਾ ਢੋਆ ਢੋ, ਭਗਤੀ ਨੈਣਾਂ ਨੀਰ ਵਹਾਈਆ । ਆਤਮ ਪਰਮਾਤਮ ਨਾਲ ਗਿਆ ਛੋਹ, ਸ਼ਹਿਨਸ਼ਾਹ ਆਪਣਾ ਅੰਗ ਲਗਾਈਆ । ਨਾਮ ਜਪਾਏ ਸੋਹੰ ਸੋ, ਸੋਭਾ ਆਪਣੀ ਦਏ ਸਮਝਾਈਆ । ਦੋ ਜਹਾਨਾਂ ਕਰਕੇ ਲੋ, ਪੁਰੀਆਂ ਲੋਆਂ ਪੰਧ ਮੁਕਾਈਆ । ਜੁਗ ਚੌਕੜੀ ਵਸਤੂ ਸਾਰੀ ਖੋਹ, ਅੰਤ ਖ਼ਜ਼ਾਨੇ ਆਪਣੇ ਪਾਈਆ । ਜਨ ਭਗਤਾਂ ਰੱਖ ਕੇ ਮੋਹ, ਮੁਹੱਬਤ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤਾਂ ਵੇਖ ਮਿਲਿਆ ਪ੍ਰਭ, ਘਰ ਵੱਜਦੀ ਦਿਸੇ ਵਧਾਈਆ । ਭਗਤੀ ਕਹੇ ਮੇਰਾ ਓਥੇ ਕੀ ਹੱਜ, ਦੇਵੇ ਕੋਇ ਨਾ ਮਾਣ ਵਡਿਆਈਆ । ਸਾਹਿਬ ਸਤਿਗੁਰ ਪੁਰਖ ਅਕਾਲ ਮਾਰ ਆਵਾਜ਼ ਲੈਣ ਸੱਦ, ਸੋਹਣਾ ਨਾਦ ਵਜਾਈਆ । ਬੇਪਰਵਾਹ ਏਹਨਾ ਦੱਸਿਆ ਚੱਜ, ਚਾਰ ਜੁਗ ਨਾ ਕਿਸੇ ਸਮਝਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੈਂਦਾ ਰਿਹਾ ਪਜ, ਵਲ ਛਲ ਧਾਰੀ ਖੇਲ ਖਿਲਾਈਆ । ਅੰਤਮ ਕਲਜੁਗ ਹੋ ਪਰਗਟ, ਨਿਰਗੁਣ ਨਿਰਵੈਰ ਵੇਸ ਵਟਾਈਆ । ਧੁਰ ਦੀ ਮਹਿਮਾ ਸ਼ਬਦ ਅਕੱਥ, ਪੁਰਖ ਅਕਾਲ ਦਏ ਸਮਝਾਈਆ । ਜਨ ਭਗਤਾਂ ਮਾਰਗ ਦੱਸ, ਭਾਂਡਾ ਭਰਮ ਭੌ ਭੰਨਾਈਆ । ਸਚ ਸੁਨੇਹੜਾ ਦੇ ਕੇ ਹੱਸ, ਖ਼ੁਸ਼ੀਆਂ ਜਾਗ ਖੁਲਾਈਆ । ਤੂੰ ਮੇਰਾ ਮੈਂ ਤੇਰੇ ਵਸ, ਸੋਹੰ ਰੂਪ ਸਮਾਈਆ । ਏਥੇ ਆ ਕੇ ਸਭ ਦੀ ਹੋਵੇ ਬਸ, ਜੋਤੀ ਜੋਤ ਜੋਤ ਸਮਾਈਆ । ਨਿਰਗੁਣ ਧਾਰ ਨਿਰਗੁਣ ਪਰਕਾਸ਼, ਨਿਰਗੁਣ ਨੂਰ ਨੂਰ ਡਗਮਗਾਈਆ । ਨਿਰਗੁਣ ਖੇਲ ਪੁਰਖ ਅਬਿਨਾਸ਼, ਸਰਬ ਗੁਣਤਾਸ ਨਿਰਗੁਣ ਅਖਵਾਈਆ । ਨਿਰਗੁਣ ਪ੍ਰਿਥਮੀ ਨਿਰਗੁਣ ਆਕਾਸ਼, ਗਗਨ ਮੰਡਲ ਨਿਰਗੁਣ ਰੂਪ ਵਟਾਈਆ । ਨਿਰਗੁਣ ਸੂਰਜ ਚੰਦ ਨਿਰਗੁਣ ਮੰਡਲ ਮੰਡਪ ਰਾਸ, ਨਿਰਗੁਣ ਗੋਪੀ ਕਾਹਨ ਨਚਾਈਆ । ਨਿਰਗੁਣ ਪੀਰ ਪੈਗ਼ੰਬਰ ਗੁਰ ਅਵਤਾਰ ਬਣਾਏ ਦਾਸ, ਨਿਰਗੁਣ ਕਲਮਾ ਨਬੀ ਰਸੂਲ ਪੜ੍ਹਾਈਆ । ਨਿਰਗੁਣ ਜਨ ਭਗਤਾਂ ਦੇਵੇ ਦਾਤ, ਸਾਚੀ ਵਸਤ ਨਾਮ ਵਰਤਾਈਆ । ਨਿਰਗੁਣ ਖੇਲੇ ਖੇਲ ਤਮਾਸ, ਹਰਿ ਕਰਤਾ ਵਡ ਵਡਿਆਈਆ । ਨਵ ਨੌ ਚਾਰ ਪਿਛੋਂ ਜਨ ਭਗਤਾਂ ਸੰਗ ਕਰ ਮਿਲਾਪ, ਮੇਲ ਮਿਲਾਵਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਭਗਤਾਂ ਸੰਗ ਕਰਨੀ ਕਰਦਾ, ਹਰਿ ਕਰਤਾ ਪੁਰਖ ਅਕਾਲ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਮਰਦਾ, ਮਾਤ ਗਰਭ ਨਾ ਜਨਮੇ ਦੀਨ ਦਿਆਲ । ਲੱਖ ਚੁਰਾਸੀ ਅੰਦਰ ਆਪਣਾ ਨੂਰ ਧਰਦਾ, ਸਚਖੰਡ ਨਿਵਾਸੀ ਵਸਣਹਾਰਾ ਸਚਖੰਡ ਸੱਚੀ ਧਰਮਸਾਲ । ਜਨ ਭਗਤ ਸੁਨੇਹੜਾ ਇਕੋ ਘੱਲਦਾ, ਸ਼ਬਦ ਸਰੂਪੀ ਵੱਜੇ ਤਾਲ । ਲੇਖਾ ਦੇਵੇ ਪੂਰਬ ਜਨਮ ਫਲ ਦਾ, ਵਸਤ ਅਮੋਲਕ ਝੋਲੀ ਡਾਲ । ਨਜ਼ਾਰਾ ਦਿਖਾਏ ਨਿਹਚਲ ਧਾਮ ਅਟੱਲ ਦਾ, ਜਿਸ ਮੰਦਰ ਵਸੇ ਭਗਵਾਨ । ਦੀਪਕ ਜੋਤੀ ਇਕੋ ਬਲਦਾ, ਨਾ ਕੋਈ ਦੂਜਾ ਸ਼ਮਾਦਾਨ । ਤੇਲ ਬੱਤੀ ਨਾਲ ਕੋਈ ਨਾ ਰਲਦਾ, ਨਾ ਕੋਈ ਮਾਚਸ ਲਾਵੇ ਆਣ । ਇਹੋ ਖੇਲ ਸੂਰੇ ਸਰਬੰਗ ਦਾ, ਆਦਿ ਜੁਗਾਦਿ ਰਹੇ ਦੋ ਜਹਾਨ । ਗੁਰਮੁਖ ਵਿਰਲਾ ਓਥੇ ਲੰਘਦਾ, ਜਿਸ ਕਿਰਪਾ ਕਰੇ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਮਾਣ । ਭਗਤਾਂ ਵੇਖ ਮੰਦਰ ਮਿਲਦਾ, ਭਗਤੀ ਪਿਛੇ ਪਿਛੇ ਦਏ ਦੁਹਾਈਆ । ਜਿਨ੍ਹਾਂ ਪ੍ਰਭ ਦਿਲਬਰ ਮਿਲਿਆ ਦਿਲ ਦਾ, ਦਿਲਗੀਰ ਨਜ਼ਰ ਕੋਇ ਨਾ ਆਈਆ । ਲੇਖਾ ਚੁੱਕੇ ਬਜਰ ਕਪਾਟੀ ਸਿਲ ਦਾ, ਸੁਖਮਨ ਟੇਢੀ ਨਾ ਕੋਇ ਅਟਕਾਈਆ । ਹਰਿ ਜੂ ਅੱਠੇ

੪੭੦

੧੯

ਪਹਿਰ ਅੰਦਰ ਫਿਰਦਾ, ਸੋਹਣਾ ਰੂਪ ਧਰਾਈਆ । ਪ੍ਰੇਮ ਪਿਆਰ ਦਾ ਨਿਝਰ ਝਿਰਨਾ ਝਿਰਦਾ, ਅੰਮ੍ਰਿਤ ਬੂੰਦ ਇਕ ਟਪਕਾਈਆ । ਕੂੜੀ ਕਿਰਿਆ ਗੇੜਾ ਗਿੜਦਾ, ਸਚ ਸੱਚ ਦਏ ਪਰਗਟਾਈਆ । ਪੰਚ ਵਿਕਾਰ ਛੇੜਾ ਛਿੜਦਾ, ਜੂਠ ਝੂਠ ਡੇਰਾ ਢਾਹੀਆ । ਇਹ ਹੁਕਮ ਪ੍ਰਭੂ ਦਾ ਚਿਰ ਦਾ, ਜੁਗ ਚੌਕੜੀ ਪਹਿਲੇ ਸਾਰੇ ਗਏ ਸੁਣਾਈਆ । ਲੇਖਾ ਚੁਕਾਏ ਤੀਜੇ ਤਿਲ ਦਾ, ਤਿਲਕ ਲਲਾਟੀ ਮਸਤਕ ਲਗਾਈਆ । ਆਪ ਰਖਾਏ ਆਪਣਾ ਬਿਰਦਾ, ਬੇਪਰਵਾਹ ਬੇਪਰਵਾਹੀਆ । ਵੇਖਣਹਾਰਾ ਹਰਿਜਨ ਹਿਰਦਾ, ਹਰ ਹਿਰਦੇ ਵਿਚ ਸਮਾਈਆ । ਕਲਜੁਗ ਅੰਤਮ ਜਾਮਾ ਪਹਿਨ ਕੇ ਸੂਰਬੀਰ ਸ਼ੇਰ ਦਾ, ਭਬਕ ਇਕੋ ਇਕ ਸੁਣਾਈਆ । ਵੇਖੋ ਕੰਮ ਅਗੰਮੜੇ ਦਲੇਰ ਦਾ, ਸਚ ਦਲੇਰੀ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਅੰਦਰ ਘੇਰਦਾ, ਇਕੋ ਹੁਕਮ ਮਨਾਈਆ । ਪਿਛਲਾ ਲਹਿਣਾ ਸਰਬ ਨਬੇੜਦਾ, ਲੇਖਾ ਰਿਹਾ ਚੁਕਾਈਆ । ਜਨ ਭਗਤਾਂ ਫੜ ਫੜ ਘਰ ਸਾਚੇ ਮੇਲਦਾ, ਮਿਲਣੀ ਆਪ ਕਰਾਈਆ । ਲੇਖਾ ਚੁਕਿਆ ਪਾਸ ਫੇਲ ਦਾ, ਰਿਆਇਤ ਕਰਕੇ ਗੁਰਮੁਖ ਸਾਰੇ ਪਾਸ ਕਰਾਈਆ । ਪ੍ਰਭ ਨੂੰ ਮੌਕਿਆ ਨਹੀਂ ਵਿਹਲੇ ਬਹਿਣ ਦਾ, ਵਿਹਲਾ ਬੈਠਾ ਸਭ ਕੁਝ ਰਿਹਾ ਕਰਾਈਆ । ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਲੈਣ ਦੇਣ ਦਾ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਸਿਫ਼ਤੀ ਅੱਖਰ ਨਹੀਂ ਕੋਈ ਸਿਫ਼ਤ ਕਹਿਣ ਦਾ, ਸਿਫ਼ਤ ਸਿਫ਼ਤ ਵਿਚ ਸਕੇ ਨਾ ਕੋਇ ਸਾਲਾਹੀਆ । ਇਕੋ ਅੰਤ ਮਾਰਗ ਪ੍ਰਭ ਚਰਨੀ ਢਹਿਣ ਦਾ, ਚਰਨ ਢੱਠਿਆਂ ਮਿਲੇ ਵਡਿਆਈਆ । ਮਿਲੇ ਦਵਾਰਾ ਸਚਖੰਡ ਰਹਿਣ ਦਾ, ਜਿਸ ਘਰ ਇਕੋ ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਸੁਖ ਮਿਲੇ ਜਨ ਭਗਤਾਂ ਵਿਚ ਬਹਿਣ ਦਾ, ਮਨਮੁਖ ਸੰਗ ਨਾ ਕੋਇ ਰਖਾਈਆ । ਨਾਤਾ ਤੁੱਟੇ ਸਾਕ ਸੈਣ ਦਾ, ਸੱਜਣ ਇਕੋ ਬੇਪਰਵਾਹੀਆ । ਓਥੋਂ ਮਜ਼ਾ ਆਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਹਿਣ ਦਾ, ਜਿਸ ਘਰ ਮੇਰਾ ਤੇਰਾ ਤੇਰਾ ਮੇਰਾ ਇਕੋ ਨੂਰ ਜ਼ਹੂਰ ਵਿਚ ਸਮਾਈਆ ।

## ★ ੨੨ ਮਾਘ ੨੦੨੦ ਬਿਕ੍ਰਮੀ ਸਵਰਨ ਸਿੰਘ ਦੇ ਘਰ ਪਿੰਡ ਹਯਾਤ ਨਗਰ ਜ਼ਿਲਾ ਗੁਰਦਾਸਪੁਰ ★

ਸਚਖੰਡ ਦਵਾਰੇ ਸਚ ਇਕੱਠ, ਗੁਰ ਅਵਤਾਰ ਧਿਆਨ ਲਗਾਇੰਦਾ । ਪੀਰ ਪੈਗ਼ੰਬਰ ਸਰਨੀ ਰਹੇ ਢੱਠ, ਸਜਦਾ ਸੀਸ ਸਰਬ ਨਿਵਾਇੰਦਾ । ਦੋਏ ਜੋੜ ਵਾਸਤਾ ਰਹੇ ਘੱਤ, ਪੱਲੂ ਗਲ ਵਿਚ ਸਰਬ ਲਟਕਾਇੰਦਾ । ਕਿਰਪਾ ਕਰ ਪੁਰਖ ਸਮਰਥ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਸ੍ਰਿਸ਼ਟ ਸਬਾਈ ਇਕ ਓਅੰਕਾਰ ਤੱਕ, ਨੇਤਰ ਨੈਣ ਤੁਧ ਬਿਨ ਅਵਰ ਨਾ ਕੋਇ ਖੁਲ੍ਹਾਇੰਦਾ । ਜਗਤ ਜਹਾਨ ਮਾਰਗ ਦੇ ਦੱਸ, ਸਚ ਸੰਦੇਸਾ ਤੇਰਾ ਨਾਮ ਵਡਿਆਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਦਰ ਤੇਰੇ ਅਲੱਖ ਜਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਸਚਖੰਡ ਖੇਲ ਰਚਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹਰਿ ਪੁਰਖ ਨਿਰੰਜਣ ਤੇਰੀ ਸਰਨਾਈਆ । ਇਕ ਓਅੰਕਾਰ ਦੇ ਆਧਾਰ, ਆਦਿ ਨਿਰੰਜਣ ਹੋ ਸਹਾਈਆ । ਅਬਿਨਾਸ਼ੀ ਕਰਤੇ ਤੇਰੀ ਧਾਰ, ਸ੍ਰੀ ਭਗਵਾਨ ਤੇਰਾ ਰੰਗ ਰੰਗਾਈਆ । ਪਾਰਬ੍ਰਹਮ ਹੋ ਉਜਿਆਰ, ਬ੍ਰਹਮ ਵੇਖ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੪੭੦

੧੯

ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਤ, ਦਰਗਾਹ ਸਾਚੀ ਮੰਗ ਮੰਗਾਈਆ । ਕਿਰਪਾ ਕਰ ਪੁਰਖ ਸਮਰਾਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਕਲਜੁਗ ਵੇਖ ਅੰਧੇਰੀ ਰਾਤ, ਸਾਚਾ ਚੰਦ ਨਜ਼ਰ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜੋ ਲਿਖ ਕੇ ਗਏ ਗਾਥ, ਬਣ ਕਾਤਬ ਕਲਮ ਸ਼ਾਹੀਆ । ਸ੍ਰਿਸ਼ਟ ਸਬਾਈ ਭੁੱਲੀ ਨਾਤ, ਸਾਚਾ ਜੋੜ ਨਾ ਕੋਇ ਜੁੜਾਈਆ । ਆਤਮ ਪਰਮਾਤਮ ਦੇਵੇ ਕੋਇ ਨਾ ਸਾਥ, ਪਾਰਬ੍ਰਹਮ ਬ੍ਰਹਮ ਨਜ਼ਰ ਕਿਸੇ ਨਾ ਆਈਆ । ਮਨ ਵਾਸਨਾ ਘਰ ਘਰ ਫਿਰੇ ਨਾਰ ਕਮਜਾਤ, ਗੁਰਮਤ ਚਲੇ ਨਾ ਕੋਇ ਚਤਰਾਈਆ । ਝਗੜਾ ਪਿਆ ਜਾਤ ਪਾਤ, ਜੂਠ ਝੂਠ ਕਰੇ ਲੜਾਈਆ । ਸੱਜਣ ਦਿਸੇ ਨਾ ਕੋਇ ਸਾਕ, ਸੈਣ ਮੇਲ ਨਾ ਕੋਇ ਮਿਲਾਈਆ । ਸਾਧ ਸੰਤ ਝੂਠੀ ਮਲਕੇ ਖ਼ਾਕ, ਤਨ ਬਿਭੂਤੀ ਰਹੇ ਰਮਾਈਆ । ਹਿਰਦੇ ਅੰਦਰ ਤੈਨੂੰ ਕੋਈ ਨਾ ਕਰੇ ਯਾਦ, ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਰੇ ਕੂਕ ਕੂਕ ਸੁਣਾਈਆ । ਧੁਨ ਆਤਮਕ ਕੋਇ ਨਾ ਸੁਣੇ ਨਾਦ, ਅਨਹਦ ਰਾਗ ਨਾ ਕੋਇ ਅਲਾਈਆ । ਅੰਤਰ ਆਤਮ ਅੰਮ੍ਰਿਤ ਮਿਲੇ ਨਾ ਕਿਸੇ ਸਵਾਦ, ਅਠ ਸਠ ਤੀਰਥ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਆਖ, ਸਿਰਜਣਹਾਰ ਤੇਰੀ ਸਰਨਾਈਆ । ਅਸੀਂ ਲਿਖਕੇ ਆਏ ਭਵਿਖਤ ਵਾਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਸ੍ਰਿਸ਼ਟ ਸਬਾਈ ਖੋਲ੍ਹ ਕੇ ਆਏ ਤਾਕ, ਪਰਦਾ ਜਗਤ ਉਠਾਈਆ । ਸਰਬ ਜੀਆਂ ਦਾ ਦਾਤਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜੁਗ ਚੌਕੜੀ ਮੰਡਲ ਮੰਡਪ ਬ੍ਰਹਿਮੰਡ ਖੰਡ ਗੋਪੀ ਕਾਹਨ ਪਾਵੇ ਰਾਸ, ਨਿਰਗੁਣ ਨਿਰਵੈਰ ਆਪਣੀ ਕਾਰ ਕਮਾਈਆ । ਆਤਮ ਬ੍ਰਹਮ ਜਿਸ ਦੀ ਜਾਤ, ਲੱਖ ਚੁਰਾਸੀ ਵਿਚ ਸਮਾਈਆ । ਅੰਡਜ ਜੇਰਜ ਉਤਭੁਜ ਸੇਤਜ ਪੁਛੇ ਵਾਤ, ਚਾਰੋਂ ਕੁੰਟ ਖੋਜ ਖੁਜਾਈਆ । ਪਰਾ ਪਸੰਤੀ ਮਧਮ ਬੈਖਰੀ ਦੇ ਧੁਰ ਦੀ ਦਾਤ, ਜਿਸ ਦੀ ਆਵਾਜ਼ ਰਾਗ ਨਾਦ ਰਹੇ ਜਸ ਗਾਈਆ । ਅਗੰਮ ਅਥਾਹ ਬੇਪਰਵਾਹ ਇਕ ਵਜਾਏ ਆਪਣਾ ਸਾਜ, ਤੰਦੀ ਤੰਦ ਤਾਰ ਨਜ਼ਰ ਕਿਸੇ ਨਾ ਆਈਆ । ਕਾਇਆ ਮੰਦਰ ਸਾਚੇ ਅੰਦਰ ਵੜ ਕੇ ਖੋਲ੍ਹੇ ਰਾਜ਼, ਰਹਿਮਤ ਆਪਣੀ ਇਕ ਕਮਾਈਆ । ਸਾਚਾ ਕਲਮਾ ਦੇ ਨਿਮਾਜ਼, ਹੁਜਰਾ ਇਕੋ ਹੱਕ ਸੁਹਾਈਆ । ਵੇਖਣਹਾਰਾ ਉਚ ਮਹਿਰਾਬ, ਮਹਿਬੂਬ ਖ਼ੁਦਾ ਬੇਪਰਵਾਹੀਆ । ਪਰਵਰਦਿਗਾਰ ਖੇਲ ਤਮਾਸ਼, ਲਾਸ਼ਰੀਕ ਇਕ ਵਖਾਈਆ । ਸਦੀ ਚੌਧਵੀਂ ਉਮਤ ਨਬੀ ਰਸੂਲ ਹੋਇ ਗੁਸਤਾਖ਼, ਬੇਵਾ ਰੂਪ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸਾਚੀ ਸਰਨ ਤਕਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਬੋਲ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਅਬਿਨਾਸ਼ੀ ਕਰਤੇ ਤੋਲ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੋਕਮਾਤ ਵਜਾ ਕੇ ਆਏ ਢੋਲ, ਹਰਿ ਜੂ ਤੇਰਾ ਨਾਮ ਉਠਾਈਆ । ਆਤਮ ਪਰਮਾਤਮ ਵਸੇਂ ਕੋਲ, ਭੁੱਲੇ ਜੀਵ ਨਾ ਕੋਇ ਲੋਕਾਈਆ । ਘਰ ਘਰ ਵੇਖੋ ਖੋਲ੍ਹ, ਗ੍ਰਿਹਿ ਦਿਸੇ ਬੇਪਰਵਾਹੀਆ । ਸਤਿ ਸਵਾਮੀ ਰਿਹਾ ਮੌਲ, ਮੌਲਾ ਆਪਣਾ ਰੂਪ ਵਟਾਈਆ । ਮਾਤ ਗਰਭ ਦਾ ਪੂਰਾ ਕਰੇ ਕੌਲ, ਲਿਵ ਛੁਟਕੀ ਫੇਰ ਲਗਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੋਭਾ ਪਾਈਆ । ਸੁੱਤਾ ਰਹੇ ਨਾ ਕੋਇ ਅਨਭੋਲ, ਨਾਨਕ ਨਿਰਗੁਣ ਗਿਆ ਸਮਝਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹੋਇਆ ਨੰਗ, ਤੇਰਾ ਨਾਮ ਦੁਸ਼ਾਲਾ ਓਢਣ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਭਾਰ ਚੁੱਕਿਆ ਆਪਣੀ ਕੰਡ, ਸੀਸ ਜਗਦੀਸ ਨਾ ਕੋਇ ਨਿਵਾਈਆ । ਸ੍ਰਿਸ਼ਟ ਸਬਾਈ ਆਤਮ ਬਿਨ ਪਰਮਾਤਮ ਹੋਈ ਰੰਡ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਚਾਰੋਂ ਕੁੰਟ ਦਿਸੇ ਭੇਖ ਪਖੰਡ, ਕੂੜ ਕੁੜਿਆਰਾ ਭੱਜੇ ਵਾਹੋ ਦਾਈਆ । ਮਾਇਆ ਕਾਰਨ ਤੇਰੇ ਨਾਮ ਦਾ ਗਾਉਂਦੇ ਛੰਦ, ਤੇਰੀ ਕੀਮਤ ਹੱਟੋ ਹੱਟ ਪਵਾਈਆ । ਸਾਚਾ ਨਾਤਾ ਸਕੇ ਕੋਇ ਨਾ ਗੰਢ, ਅੰਤਰ ਆਤਮ ਲਿਵ ਨਾ ਕੋਇ ਲਗਾਈਆ । ਕਿਸੇ ਹੱਥ ਨਾ ਆਵੇ ਪਰਮਾਨੰਦ, ਅਨੰਦ ਮੰਗਲ ਬਿਨ ਸਖ਼ੀਆਂ ਕੋਇ ਨਾ ਗਾਈਆ । ਭਾਂਡਾ ਭਰਮ ਦੂਈ ਢਾਏ ਕੋਇ ਨਾ ਕੰਧ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਘਰ ਸ਼ਬਦ ਨਾਦ ਧੁਨ ਸੁਣੇ ਨਾ ਕੋਇ ਮਰਦੰਗ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਆਤਮ ਸੇਜਾ ਦਿਸੇ ਨਾ ਕੋਇ ਪਲੰਘ, ਲੱਖ ਚੁਰਾਸੀ ਕੂੜੀ ਸੇਜ ਹੰਢਾਈਆ । ਨਿਰਮਲ ਜੋਤ ਨਾ ਚੜ੍ਹੇ ਚੰਦ, ਘਰ ਘਰ ਦੀਵੇ ਬੱਤੀ ਰਹੇ ਜਗਾਈਆ । ਤੇਰੇ ਮਿਲਣ ਦਾ ਕਿਸੇ ਹੱਥ ਨਾ ਆਵੇ ਢੰਗ, ਗੁਰ ਕਾ ਸ਼ਬਦ ਗਏ ਭੁਲਾਈਆ । ਦਰ ਦਰ ਘਰ ਘਰ ਨੱਚਦੇ ਵੇਖੇ ਮਲੰਗ, ਡੌਰੂ ਡੰਕਾ ਇਕ ਵਜਾਈਆ । ਦੋਵੇਂ ਨੇਤਰ ਹੋਏ ਅੰਧ, ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਾਹਿਬ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਓਟ, ਓਟ ਪੁਰਖ ਅਕਾਲ ਰਖਾਈਆ । ਸਚਖੰਡ ਨਿਵਾਸੀ ਤੇਰਾ ਸੁਹਾਏ ਕਿਲਾ ਕੋਟ, ਬੰਕ ਦਵਾਰ ਵੱਜੇ ਵਧਾਈਆ । ਸਾਡੀ ਕੋਈ ਨਾ ਚਲੇ ਸੋਚ, ਸੋਚ ਸਮਝ ਸਾਰ ਕੋਇ ਨਾ ਪਾਈਆ । ਤੇਰਾ ਖੇਲ ਵੇਖਿਆ ਲੋਕ ਪਰਲੋਕ, ਦੋ ਜਹਾਨ ਤੇਰੀ ਸਰਨਾਈਆ । ਤੇਰਾ ਢੋਲਾ ਗਾਉਂਦੇ ਚੌਦਾਂ ਲੋਕ, ਚੌਦਾਂ ਤਬਕ ਕਲਮਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਪੂਰਬ ਲੇਖਾ ਲੇਖੇ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖਣ ਆਸ, ਆਸਾਵੰਤ ਤੇਰੀ ਵਡਿਆਈਆ । ਜੁਗ ਚੌਕੜੀ ਲੱਗੀ ਬੁਝਾ ਪਿਆਸ, ਤ੍ਰਿਸਨਾ ਤ੍ਰਿਪਤ ਕਰਾਈਆ । ਕਲਜੁਗ ਅੰਤਮ ਵੇਖ ਖਾਸ, ਖਾਲਸ ਆਪਣਾ ਰੂਪ ਵਟਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਫਿਰੀ ਦਰੋਹੀ ਕਾਇਨਾਤ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਸਾਚਾ ਸੋਹੇ ਨਾ ਕੋਈ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਪਿਆਲਾ ਮਿਲੇ ਨਾ ਹਯਾਤੇ ਆਬ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਤਨ ਵਜਾਏ ਨਾ ਕੋਇ ਰਬਾਬ, ਸਚ ਸਤਾਰ ਨਾ ਕੋਇ ਹਿਲਾਈਆ । ਹੱਕ ਦਿਸੇ ਨਾ ਕੋਇ ਅਹਿਬਾਬ, ਮਿਲੇ ਮੇਲ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮਾ ਵਰ, ਜਿਸ ਦਾ ਲੇਖਾ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭੀਖ, ਭਿਖਿਆ ਇਕੋ ਦੇ ਵਰਤਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਰੱਖਦੇ ਆਏ ਉਡੀਕ, ਲੇਖਾ ਲਿਖਤ ਵਿਚ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਲਾਸ਼ਰੀਕ, ਅਮਾਮ ਅਮਾਮਾ ਬੇਪਰਵਾਹੀਆ । ਚਾਰ ਵਰਨਾਂ ਕਰੇ ਇਕ ਪ੍ਰੀਤ, ਸਾਂਝਾ ਯਾਰ ਨੂਰ ਅਲਾਹੀਆ । ਆਤਮ ਪਰਮਾਤਮ ਕਲਮਾ ਢੋਲਾ ਗਾਵੇ ਨਾਮ ਸੰਗੀਤ, ਮੰਦਰ ਮਸਜਦ ਸਾਰੇ ਦਏ


੪੭੨
੧੯

ਤਜਾਈਆ । ਨਜ਼ਰੀ ਆਏ ਤ੍ਰੈਗੁਣ ਦਾਤਾ ਇਕ ਅਤੀਤ, ਰੂਪ ਰੰਗ ਨਾ ਕੋਇ ਜਣਾਈਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਮਾਰਗ ਆਪਣਾ ਦਏ ਸੁਹਾਈਆ । ਲੇਖ ਚੁਕਾਏ ਊਚ ਨੀਚ, ਰਾਓ ਰੰਕ ਰੰਗ ਰੰਗਾਈਆ । ਵੇਖ ਵਖਾਣੇ ਹਸਤ ਕੀਟ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਆਤਮ ਅੰਤਰ ਵਸੇ ਚੀਤ, ਪਰਮਾਤਮ ਭੇਵ ਖੁਲ੍ਹਾਈਆ । ਸਭ ਦੀ ਬਦਲੇ ਨਿਰਗੁਣ ਰੀਤ, ਮਨ ਵਾਸਨਾ ਦਏ ਗਵਾਈਆ । ਬੁਧ ਮਤ ਕਰੇ ਠੀਕ, ਸਾਚੀ ਸਿਖਿਆ ਇਕ ਪੜ੍ਹਾਈਆ । ਜਿਸ ਨੂੰ ਲੱਭਦੇ ਮੰਦਰ ਮਸੀਤ, ਸੋ ਘਰ ਕਾਇਆ ਬੈਠਾ ਬੇਪਰਵਾਹੀਆ । ਨਿਤ ਢੋਲਾ ਗਾਓ ਉਹਦਾ ਗੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਚ ਸੱਚ ਤੇਰੀ ਸਰਨਾਈਆ । ਗੁਰ ਅਵਤਾਰ ਸਾਰੇ ਕਹਿਣ, ਕਹਿ ਕਹਿ ਰਹੇ ਸੁਣਾਈਆ । ਅਬਿਨਾਸ਼ੀ ਕਰਤੇ ਵੇਖ ਆਪਣੇ ਨੈਣ, ਦੋ ਜਹਾਨ ਖੋਜ ਖੁਜਾਈਆ । ਸੱਚਾ ਕੋਈ ਨਾ ਦਿਸੇ ਸਾਕ ਸੱਜਣ ਸੈਣ, ਨਾਤਾ ਬਿਧਾਤਾ ਨਾ ਕੋਇ ਜੁੜਾਈਆ । ਕੂੜੀ ਕਿਰਿਆ ਕਲਜੁਗ ਵਹੇ ਵਹਿਣ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਹੋਇਆ ਸੰਗ ਭਾਈ ਭੈਣ, ਮਾਤ ਪਿਤ ਸੇਜ ਸੁਹਾਈਆ । ਮਾਇਆ ਮਮਤਾ ਘਰ ਘਰ ਫਿਰੇ ਡੈਣ, ਸਾਧਾ ਸੰਤਾਂ ਰਹੀ ਖਾਈਆ । ਕਿਸੇ ਨਜ਼ਰ ਨਾ ਆਵੇ ਇਕ ਨਰਾਇਣ, ਨਾਰ ਕੰਤ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਆਪਣਾ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣ ਜ਼ੋਰ, ਮਿੰਨਤ ਨਾਲ ਮਿਲਾਈਆ । ਜੁਗ ਚੌਕੜੀ ਸਾਨੂੰ ਦਿੱਤਾ ਤੋਰ, ਧੁਰ ਸੰਦੇਸਾ ਹੁਕਮ ਸੁਣਾਈਆ । ਇਕੋ ਮੰਤਰ ਦੇ ਕੇ ਫੁਰਨਾ ਫੇਰ, ਲੱਖ ਚੁਰਾਸੀ ਕਰੀ ਕੁੜਮਾਈਆ । ਆਪਣੇ ਹੱਥ ਵਿਚ ਰੱਖ ਕੇ ਡੋਰ, ਗੁੱਡੀ ਦੋ ਜਹਾਨ ਚੜ੍ਹਾਈਆ । ਅਸੀਂ ਪਾ ਕੇ ਆਏ ਸ਼ੋਰ, ਹੋਕਾ ਦੇ ਦੇ ਸਰਬ ਲੋਕਾਈਆ । ਜੀਵ ਜੰਤ ਕਰ ਕੇ ਵੇਖੋ ਗੌਰ, ਹਰ ਘਟ ਵਸੇ ਬੇਪਰਵਾਹੀਆ । ਉਸ ਪ੍ਰਭ ਦੀ ਸਭ ਨੂੰ ਲੋੜ, ਜਿਸ ਲੱਖ ਚੁਰਾਸੀ ਬਣਤ ਬਣਾਈਆ । ਚਰਨ ਕਵਲ ਚਿਤ ਲਓ ਜੋੜ, ਮਨ ਉਠ ਨਾ ਦਹਿ ਦਿਸ਼ ਧਾਈਆ । ਕਾਇਆ ਅੰਦਰ ਅੰਧੇਰਾ ਘੋਰ, ਸਾਚਾ ਮੰਦਰ ਲਉ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਹਿਬ ਸਤਿਗੁਰ ਸਭ ਤੇਰਾ ਧਿਆਨ ਲਗਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਹਰਿ ਕਰਤਾ ਆਪ ਜਣਾਈਆ । ਗੁਰ ਅਵਤਾਰ ਕਰੋ ਧਿਆਨ, ਪੀਰ ਪੈਗ਼ੰਬਰ ਅੱਖ ਖੁਲ੍ਹਾਈਆ । ਆਪਣਾ ਭਵਿਖਤ ਲਿਖਿਆ ਵੇਖੋ ਆਣ, ਹਰਫ਼ ਬਹਰਫ਼ ਪੜ੍ਹਾਈਆ । ਸਦੀ ਬੀਸਵੀਂ ਹੋਏ ਮਿਹਰਵਾਨ, ਬੀਸ ਬੀਸਾ ਦਏ ਸਮਝਾਈਆ । ਚੌਦਾਂ ਸਦੀਆਂ ਖੇਲ ਮਹਾਨ, ਖ਼ਾਲਕ ਖ਼ਲਕ ਦਿਤਾ ਕਰਾਈਆ । ਮੁਹੰਮਦ ਤੇਰਾ ਸਿਦਕ ਈਮਾਨ, ਸਦੀ ਚੌਧਵੀਂ ਤੇਰੇ ਨਾਲ ਹੰਢਾਈਆ । ਈਸਾ ਮੂਸਾ ਦੇ ਕੇ ਗਏ ਪੈਗ਼ਾਮ, ਨਾਅਰਾ ਹੱਕ ਹੱਕ ਜਣਾਈਆ । ਸਚ ਤੌਫ਼ੀਕ ਇਕ ਅਮਾਮ, ਸਾਹਿਬ ਸਤਿਗੁਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦਾ ਧਰਵਾਸਾ ਰਿਹਾ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੈਣਾ ਤੱਕ, ਹਰਿ ਤਕਵਾ ਇਕ ਜਣਾਇੰਦਾ । ਕਰੇ ਨਬੇੜਾ ਹੱਕੋ ਹੱਕ, ਹਕੀਕਤ ਸਭ ਦੀ ਵੇਖ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਚਾਰੇ ਖਾਣੀ ਬਾਣੀ ਗਈ ਥੱਕ, ਕਲਜੁਗ ਜੀਵ ਭੇਵ ਕੋਇ ਨਾ ਪਾਇੰਦਾ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਗਏ ਅੱਕ, ਆਤਮ

ਪਰਮਾਤਮ ਮੇਲ ਨਾ ਕੋਇ ਮਿਲਾਇੰਦਾ । ਕਰੇ ਖੇਲ ਪੁਰਖ ਸਮਰਥ, ਸ੍ਰੀ ਭਗਵਾਨ ਵੇਸ ਵਟਾਇੰਦਾ । ਵਸਣਹਾਰਾ ਘਟ ਘਟ, ਅੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖ ਹਰਿ ਜਣਾਉਂਦਾ ਏ । ਸ੍ਰਿਸ਼ਟ ਸਬਾਈ ਇਕ ਸੁਣਾਉਂਦਾ ਏ । ਪਿਛਲਾ ਲੇਖਾ ਯਾਦ ਕਰਉਂਦਾ ਏ । ਲੋਕਮਾਤ ਧਿਆਨ ਲਗਾਉਂਦਾ ਏ । ਪੈਗ਼ੰਬਰਾਂ ਪੀਰਾਂ ਆਪ ਵਖਾਉਂਦਾ ਏ । ਨੌ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾ ਫੋਲ ਫੁਲਾਉਂਦਾ ਏ । ਦੀਨ ਮਜ਼੍ਹਬ ਜਾਤ ਪਾਤ ਦਿਸੇ ਵੰਡ, ਸਾਚਾ ਰੰਗ ਨਾ ਕੋਇ ਰੰਗਾਉਂਦਾ ਏ । ਕੂੜੀ ਕਿਰਿਆ ਸਿਰ ਤੇ ਪੰਡ, ਜਗਤ ਜਹਾਨ ਨਜ਼ਰੀ ਆਉਂਦਾ ਏ । ਬੇਸ਼ਕ ਬੱਤੀ ਗੌਂਦੇ ਦੰਦ, ਹਿਰਦੇ ਹਰਿ ਨਾ ਕੋਇ ਵਸਾਉਂਦਾ ਏ । ਰਸਨਾ ਲੌਂਦੇ ਕੂੜਾ ਗੰਦ, ਅੰਮ੍ਰਿਤ ਜਾਮ ਨਾ ਕੋਇ ਪਿਲਾਉਂਦਾ ਏ । ਟੁੱਟੀ ਸਕੇ ਨਾ ਕੋਇ ਗੰਢ, ਛੁਟਕੀ ਲਿਵ ਨਾ ਕੋਇ ਜਣਾਉਂਦਾ ਏ । ਭੇਵ ਜਾਣੇ ਨਾ ਹੰ ਬ੍ਰਹਮ, ਪਾਰਬ੍ਰਹਮ ਨਾ ਵੇਖ ਵਖਾਉਂਦਾ ਏ । ਕਾਇਆ ਮਾਟੀ ਪੋਚ ਚੰਮ, ਅੰਤਰ ਦੁਰਮਤ ਮੈਲ ਨਾ ਕੋਇ ਧੁਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਦਰ ਦਰ, ਘਟ ਘਟ ਅੰਦਰ ਫੋਲ ਫੁਲਾਉਂਦਾ ਏ । ਘਟ ਘਟ ਅੰਦਰ ਵੇਖਣਹਾਰਾ, ਹਰਿ ਸ਼ਬਦੀ ਗੁਰ ਸਮਝਾਈਆ । ਕਲਜੁਗ ਅੰਤਮ ਕੂੜ ਪਸਾਰਾ, ਕੂੜੀ ਕਿਰਿਆ ਦਏ ਦੁਹਾਈਆ । ਗੁਰ ਕਾ ਸ਼ਬਦ ਕਰੇ ਨਾ ਕੋਇ ਵਿਚਾਰਾ, ਨਾਨਕ ਨਿਰਗੁਣ ਸਿਖਿਆ ਗਏ ਭੁਲਾਈਆ । ਹੱਕ ਹਕੀਕਤ ਬੋਲੇ ਨਾ ਕੋਇ ਜੈਕਾਰਾ, ਗੋਬਿੰਦ ਡੰਕਾ ਫਤਹਿ ਨਾ ਕੋਇ ਵਜਾਈਆ । ਅੰਮ੍ਰਿਤ ਪੀਵੇ ਨਾ ਕੋਈ ਠੰਡਾ ਠਾਰਾ, ਧੀਰਜ ਜਤ ਸਤਿ ਸੰਤੋਖ ਨਜ਼ਰ ਕਿਸੇ ਨਾ ਆਈਆ । ਦੋਏ ਜੋੜ ਸੀਸ ਝੁਕਾ ਕਰਦੇ ਚਰਨ ਨਿਮਸਕਾਰਾ, ਅੰਤਰ ਨਿਉਂਣਾ ਸਮਝ ਕਿਸੇ ਨਾ ਪਾਈਆ । ਅੰਦਰ ਵੜ ਕਾਇਆ ਮਹਲ ਚੜ੍ਹ ਸਤਿਗੁਰ ਮਿਲਿਆ ਨਾ ਕਿਸੇ ਕਿਨਾਰਾ, ਨਾਮ ਚੋਟ ਮਨ ਨਾ ਕਿਸੇ ਲਗਾਈਆ । ਪਾਇਆ ਹਰਿ ਦਰਸ ਨਾ ਹਰਿ ਕਰਤਾਰਾ, ਪੁਰਖ ਅਕਾਲ ਨਾ ਕੋਇ ਮਨਾਈਆ । ਕਾਗ਼ਜ਼ ਕਲਮ ਸ਼ਾਹੀ ਲਿਖ ਲਿਖ ਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੱਚ ਰਿਹਾ ਦ੍ਰਿੜਾਈਆ । ਸਚ ਦ੍ਰਿੜਾਏ ਸ੍ਰੀ ਭਗਵੰਤ, ਇਕੋ ਵਾਰ ਸਮਝਾਈਆ । ਕੋਈ ਨਾ ਦਿਸੇ ਸਾਚਾ ਪੰਡਤ, ਬੋਧ ਕਰੇ ਪੜ੍ਹਾਈਆ । ਮੁੱਲਾਂ ਸ਼ੇਖ਼ ਮਸਾਇਕ ਨੰਗਤ, ਕਲਮਾ ਨਬੀ ਨਾ ਕੋਇ ਜਣਾਈਆ । ਗਿਆਨੀ ਵਿਦਵਾਨੀ ਹੋ ਕੇ ਮੰਗਤ, ਮਾਇਆ ਅੱਗੇ ਝੋਲੀ ਡਾਹੀਆ । ਰੋਟੀਆਂ ਕਾਰਨ ਕਰਨ ਮਿੰਨਤ, ਕੂੜਾ ਤਾਲ ਵਜਾਈਆ । ਪ੍ਰਭ ਮਿਲਣ ਦੀ ਕੋਈ ਨਾ ਕਰੇ ਹਿੰਮਤ, ਮਹਲ ਅਟੱਲ ਦਰਸਨ ਕਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਥਾਉਂ ਥਾਈਂਆ । ਵੇਖ ਵਖਾਏ ਕਲਜੁਗ ਰੀਤ, ਚਾਰੋਂ ਕੁੰਟ ਦੁਹਾਈਆ । ਮੁੱਲਾਂ ਬਾਂਗ ਦਏ ਮਸੀਤ, ਕੰਨਾਂ ਵਿਚ ਉਂਗਲਾ ਪਾਈਆ । ਉਚੀ ਉਚੀ ਮਾਰੇ ਚੀਕ, ਚੀਕ ਚਿਹਾੜਾ ਇਕ ਸੁਣਾਈਆ । ਪਰਵਰਦਗਾਰ ਨਾ ਮਿਲਿਆ ਅਨਡੀਠ, ਜਲਵਾ ਨੂਰ ਕਰੇ ਰੁਸ਼ਨਾਈਆ । ਸਚ ਪ੍ਰੇਮ ਨਾ ਲੱਗੀ ਪ੍ਰੀਤ, ਪ੍ਰੀਤਮ ਮਿਲਿਆ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਪੰਡਤ ਪੜ੍ਹ ਸੁਣਾਏ ਵੇਦਾਂ ਗੀਤ, ਸ਼ਾਸਤਰਾਂ ਰਾਗ ਅਲਾਈਆ । ਭੇਵ ਨਾ ਚੁਕਿਆ ਊਚ ਨੀਚ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਇਕੋ ਰੂਪ ਨਜ਼ਰੀ ਨਾ ਆਈਆ । ਤਨ ਮਨ ਨਾ ਹੋਇਆ ਠਾਂਡਾ ਸੀਤ, ਅੰਤਰ ਅਗਨ ਨਾ ਕਿਸੇ

ਬੁਝਾਈਆ । ਠਾਕਰ ਸਵਾਮੀ ਨਾ ਵਸਿਆ ਚੀਤ, ਚਤਰਭੁਜ ਰੂਪ ਨਾ ਕੋਈ ਵਟਾਈਆ । ਆਦਿ ਸ਼ਕਤੀ ਹਵਨ ਅਹੂਤੀਆਂ ਕੀਤਾ ਘਿਰਤ, ਅਗਨੀ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕਿਰਿਆ ਵੇਖੇ ਚਾਈਂ ਚਾਈਂਆ । ਕਲਜੁਗ ਕਿਰਿਆ ਰਹੀ ਕੂਕ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਜਿਧਰ ਵੇਖਾਂ ਦਿਸੇ ਝੂਠ, ਸਚ ਨਜ਼ਰ ਦਿਤੇ ਨਾ ਆਈਆ । ਗ੍ਰੰਥੀ ਪੰਥੀ ਮੈਥੋਂ ਬੈਠੇ ਰੁਠ, ਪੁਰਖ ਅਕਾਲ ਨਾ ਕੋਇ ਮਨਾਈਆ । ਗੁਰ ਗੋਬਿੰਦ ਕਰਕੇ ਗਿਆ ਇਕੋ ਮੁਠ, ਅੰਤ ਵੱਖਰੇ ਵੱਖਰੇ ਰਾਹ ਚਲਾਈਆ । ਦਿਆਲ ਹੋ ਕੇ ਏਹਨਾਂ ਉਤੇ ਤੁਠ, ਮਿਹਰ ਨਜ਼ਰ ਉਠਾਈਆ । ਚਾਰ ਵਰਨ ਤੇਰੇ ਸੁਤ, ਕਾਇਆ ਬੁੱਤ ਤੇਰੀ ਜੋਤ ਨਜ਼ਰੀ ਆਈਆ । ਜੇ ਕੋਈ ਸਤਿਗੁਰ ਨਾਨਕ ਕੋਲੋਂ ਲਏ ਪੁੱਛ, ਉਹ ਦੱਸੇ ਸਭ ਦਾ ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਕਲਜੁਗ ਅੰਤਮ ਲੋਕਮਾਤ ਬਦਲ ਕਰ ਆਪਣਾ ਰੁਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਤੇਰੀ ਕਿਰਪਾ ਨਾਲ ਅਗਨੀ ਜਾਵੇ ਬੁਝ, ਤ੍ਰੈਗੁਣ ਭੱਠ ਨਾ ਕੋਈ ਤਪਾਈਆ । ਤੈਨੂੰ ਮਿਲਿਆਂ ਨਿਰਮਲ ਹੋਵੇ ਬੁਧ, ਤੇਰਾ ਰੂਪ ਹਰ ਘਟ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਧੁਰ ਦਾਤੇ ਦਰਗਾਹ ਤੇਰੀ ਸੀਸ ਇਕੋ ਨਜ਼ਰੀ ਆਈਆ ।



## ★ ੨੨ ਮਾਘ ੨੦੨੦ ਬਿਕ੍ਰਮੀ ਬੀਬੀ ਹਰਬੰਸ ਕੌਰ ਦੇ ਘਰ ਗਜ਼ਰੀਪੁਰ ਜ਼ਿਲਾ ਗੁਰਦਾਰਸਪੁਰ ★

੪੭੫ ੧੯

ਸਾਹਿਬ ਸਤਿਗੁਰ ਮੌਜ ਸੱਚ, ਸਚ ਸੱਚ ਦ੍ਰਿੜਾਇੰਦਾ । ਆਤਮ ਪਰਮਾਤਮ ਮਾਰਗ ਦੇਵੇ ਦੱਸ, ਘਰ ਘਰ ਵਿਚ ਭੇਵ ਚੁਕਾਇੰਦਾ । ਨਿਰਮਲ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਮੌਜ ਅੰਦਰ ਸਦ ਮਿਹਰਵਾਨ, ਮਿਹਰ ਨਜ਼ਰ ਰਖਾਇੰਦਾ । ਮੌਜ ਅੰਦਰ ਖੇਲ ਅਪਾਰ, ਹਰਿ ਸਤਿਗੁਰ ਆਪ ਕਰਾਇੰਦਾ । ਵੇਖ ਵਖਾਏ ਸੁਖਮਨ ਟੇਢੀ ਗਾਰ, ਟੇਢੀ ਬੰਕ ਪਾਰ ਕਰਾਇੰਦਾ । ਈੜਾ ਪਿੰਗਲ ਕਰੇ ਨਿਮਸਕਾਰ, ਨਿਉਂ ਨਿਉਂ ਸਜਦਾ ਇਕ ਵਖਾਇੰਦਾ । ਨੌ ਦਵਾਰੇ ਕੱਢ ਕੇ ਬਾਹਰ, ਸਾਚਾ ਰਾਗ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਇੰਦਾ । ਮੌਜ ਅੰਦਰ ਸਤਿਗੁਰ ਮੀਤਾ, ਗਹਿਰ ਗੰਭੀਰ ਦਇਆ ਕਮਾਈਆ । ਦੱਸਣਹਾਰਾ ਸਾਚੀ ਰੀਤਾ, ਕਰੇ ਸਚ ਪੜ੍ਹਾਈਆ । ਧਾਮ ਵਖਾਏ ਇਕ ਅਨਡੀਠਾ, ਗ੍ਰਹਿ ਮੰਦਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੌਜ ਅੰਦਰ ਸਾਹਿਬ ਸਤਿਗੁਰ ਠਾਕਰ, ਠੋਕਰ ਨਾਮ ਲਗਾਇੰਦਾ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧੁਆਇੰਦਾ । ਸ਼ਬਦ ਵਣਜਾਰਾ ਬਣਾ ਸੁਦਾਗਰ, ਸਾਚਾ ਹੱਟ ਖੁਲਾਇੰਦਾ । ਦਰ ਆਇਆਂ ਘਰ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਅੰਦਰ ਸਤਿਗੁਰ, ਆਪਣੀ ਦਇਆ ਕਮਾਈਆ । ਲੇਖਾ ਜਾਣ ਪੂਰਬ ਧੁਰ, ਵੇਖੇ ਥਾਉਂ ਥਾਈਂਆ । ਸਚ ਪ੍ਰੀਤੀ ਲਏ ਜੋੜ, ਸੁਰਤੀ ਸ਼ਬਦੀ ਮੇਲ ਮਿਲਾਈਆ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਰਸ ਭਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਵਖਾਈਆ । ਮੌਜ ਅੰਦਰ ਖੇਲ ਅਥਾਹ, ਹਰਿ ਸਤਿਗੁਰ ਆਪ ਵਖਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਆਪ ਤਰਾਇੰਦਾ । ਪਾਰ ਕਿਨਾਰੇ ਲਏ ਲਾ, ਤਟ ਇਕੋ ਸੋਭਾ ਪਾਇੰਦਾ । ਕੂੜਾ ਪੰਧ ਦਏ ਮੁਕਾ, ਸਚ ਦਵਾਰਾ ਇਕ ਵਖਾਇੰਦਾ । ਠਾਕਰ ਸਵਾਮੀ ਹੋ ਸਹਾ, ਘਰ ਸੱਜਣ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਮੌਜ ਅੰਦਰ ਹਰਿ ਭਗਵੰਤ, ਪ੍ਰਭ ਆਪਣਾ ਖੇਲ ਵਖਾਈਆ । ਕਾਇਆ ਚੋਲੀ ਚਾੜ੍ਹ ਰੰਗਤ, ਸੋਹਣੀ ਬਣਤ ਬਣਾਈਆ । ਗੜ੍ਹ ਤੋੜ ਹਉਮੇ ਹੰਗਤ, ਨਿਵਣ-ਸੁ-ਅੱਖਰ ਇਕ ਜਣਾਈਆ । ਬੋਧ ਅਗਾਧ ਬਣ ਕੇ ਪੰਡਤ, ਭੇਵ ਅਭੇਦਾ ਦਏ ਖੁਲ੍ਹਾਈਆ । ਸੁਰਤੀ ਸ਼ਬਦ ਮਿਲਾਵਾ ਕਰੇ ਨਾਰ ਕੰਤ, ਘਰ ਸੱਜਣ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਮੌਜ ਅੰਦਰ ਗਹਿਰ ਗੰਭੀਰ, ਅਗੰਮ ਅਗੰਮੜਾ ਖੇਲ ਕਰਾਇੰਦਾ । ਪੰਜ ਤਤ ਕਾਇਆ ਵੇਖ ਸਰੀਰ, ਤ੍ਰੈਗੁਣ ਲੇਖਾ ਮੂਲ ਚੁਕਾਇੰਦਾ । ਅੰਮ੍ਰਿਤ ਬਖ਼ਸ਼ ਠਾਂਡਾ ਸੀਰ, ਅਗਨੀ ਤਤ ਬੁਝਾਇੰਦਾ । ਬਜਰ ਕਪਾਟੀ ਪੜਦਾ ਚੀਰ, ਸਚ ਦਵਾਰਾ ਇਕ ਵਖਾਇੰਦਾ । ਕਰੇ ਖੇਲ ਬੇਨਜ਼ੀਰ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਮਿਹਰਵਾਨ ਹੋ ਬਦਲ ਤਕਦੀਰ, ਤਦਬੀਰ ਆਪਣੀ ਇਕ ਸਮਝਾਇੰਦਾ । ਸਾਖਿਆਤ ਸਵਛ ਸਰੂਪ ਵਖਾਏ ਆਪਣਾ ਜਹੂਰ, ਨੂਰ ਨੁਰਾਨਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਖੇਲ ਖਿਲਾਇੰਦਾ । ਮੌਜ ਅੰਦਰ ਸ੍ਰੀ ਭਗਵਾਨ, ਹਰਿ ਕਰਤਾ ਖੇਲ ਵਖਾਈਆ । ਜਨ ਭਗਤਾਂ ਦੇ ਕੇ ਭਗਤੀ ਦਾਨ, ਮਾਰਗ ਸਾਚੇ ਲਾਈਆ । ਸੰਤਾਂ ਰਾਗ ਸੁਣਾਏ ਸੱਚੀ ਧੁਨਕਾਨ, ਅਨਰਾਗੀ ਰਾਗ ਅਲਾਈਆ । ਗੁਰਮੁਖਾਂ ਬਖ਼ਸ਼ ਚਰਨ ਧਿਆਨ, ਸਾਚਾ ਇਸ਼ਟ ਦੇਵ ਸਮਝਾਈਆ । ਗੁਰਸਿਖ ਕਰ ਦਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਵਿਚੋਲਾ ਬਣ ਕੇ ਵਿਚ ਜਹਾਨ, ਸਾਚਾ ਮੰਦਰ ਦਏ ਵਖਾਈਆ । ਦੀਵਾ ਬਾਤੀ ਜਗੇ ਮਹਾਨ, ਕਮਲਾਪਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਮੌਜ ਅੰਦਰ ਖੋਲ੍ਹੇ ਭੇਦ, ਭੇਵ ਆਪ ਜਣਾਈਆ । ਮੌਜ ਅੰਦਰ ਆਦਿ ਜੁਗਾਦਿ ਖੇਡ, ਸੋ ਪੁਰਖ ਨਿਰੰਜਨ ਦਇਆ ਕਮਾਈਆ । ਨਿਰਗੁਣ ਨਿਰਗੁਣ ਮਾਣੇ ਸੇਜ, ਸਚਖੰਡ ਦਵਾਰਾ ਸੋਭਾ ਪਾਈਆ । ਮੌਜ ਅੰਦਰ ਪੁਰਖ ਅਕਾਲ ਦੀਨ ਦਿਆਲ ਸ਼ਬਦੀ ਸੁਤ ਦੁਲਾਰਾ ਦੇਵੇ ਭੇਜ, ਥਿਰ ਆਪਣੇ ਕੰਧ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਲਿਖੇ ਲੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਮੌਜ ਅੰਦਰ ਤ੍ਰੈਗੁਣ ਮਾਇਆ, ਹਰਿ ਆਪਣੀ ਬਣਤ ਬਣਾਈਆ । ਮੌਜ ਅੰਦਰ ਪੰਜ ਤਤ ਪਰਗਟਾਇਆ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰੰਗ ਰੰਗਾਈਆ । ਮੌਜ ਅੰਦਰ ਸ਼ਬਦ ਸੁਤ ਸੇਵਾ ਲਾਇਆ, ਸਾਚਾ ਹੁਕਮ ਸੁਣਾਈਆ । ਮੌਜ ਅੰਦਰ ਬ੍ਰਹਿਮੰਡ ਖੰਡ ਰਚਨ ਰਚਾਇਆ, ਪੁਰੀਆਂ ਲੋਆਂ ਘਾੜਤ ਲਿਆ ਘੜਾਈਆ । ਮੌਜ ਅੰਦਰ ਆਪਣਾ ਹੁਕਮ ਸੁਣਾਇਆ । ਮੌਜੂਦਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਮੌਜ ਅੰਦਰ ਵਿਸ਼ਨ ਧਾਰ, ਵਿਸ਼ਨੂੰ ਦਏ ਵਡਿਆਈਆ । ਮੌਜ ਅੰਦਰ ਬ੍ਰਹਮ ਪਸਾਰ, ਪਾਰਬ੍ਰਹਮ ਖੇਲ ਰਚਾਈਆ । ਮੌਜ ਅੰਦਰ ਸ਼ੰਕਰ ਉਜਿਆਰ,

ਧੂਅੰਧਾਰ ਸੋਭਾ ਪਾਈਆ । ਮੌਜ ਅੰਦਰ ਬਣ ਠਠਿਆਰ, ਤ੍ਰੈ ਪੰਜ ਮੇਲਾ ਸਹਿਜ ਸਭਾਈਆ । ਮੌਜ ਅੰਦਰ ਬਣ ਦਾਤਾਰ, ਦਾਤਾਰੀ ਨਾਉਂ ਧਰਾਈਆ । ਮੌਜ ਅੰਦਰ ਭਰ ਭੰਡਾਰ, ਵਿਸ਼ਨੂੰ ਇਕੋ ਵਸਤ ਵਖਾਈਆ । ਮੌਜ ਅੰਦਰ ਹੁਕਮਰਾਨ, ਧੁਰ ਦਾ ਹੁਕਮ ਸੁਣਾਈਆ । ਮੌਜ ਅੰਦਰ ਸ਼ਹਿਨਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਅਖਵਾਈਆ । ਮੌਜ ਅੰਦਰ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਮੌਜ ਅੰਦਰ ਨਾਮ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਈਆ । ਮੌਜ ਅੰਦਰ ਖੋਲ੍ਹ ਦੁਕਾਨ, ਗੁਰ ਸ਼ਬਦ ਦਏ ਸਮਝਾਈਆ । ਲੱਖ ਚੁਰਾਸੀ ਕਰ ਪਰਵਾਨ, ਅੰਡਜ ਜੇਰਜ ਉਤਭੁਜ ਸੇਤਜ ਦਏ ਵਡਿਆਈਆ । ਚਾਰੇ ਬਾਣੀ ਦੇ ਗਿਆਨ, ਪਰਾ ਪਸੰਤੀ ਮਧਮ ਬੈਖਰੀ ਆਪ ਸੁਣਾਈਆ । ਕਰੇ ਖੇਲ ਜ਼ਿਮੀ ਅਸਮਾਨ, ਧਰਤ ਧਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੌਜ ਅੰਦਰ ਵਸੇ ਬੇਪਰਵਾਹੀਆ । ਮੌਜ ਅੰਦਰ ਸ਼ਹਿਨਸ਼ਾਹ, ਹਰਿ ਕਰਤਾ ਖੇਲ ਕਰਾਇੰਦਾ । ਮੌਜ ਅੰਦਰ ਬੇਪਰਵਾਹ, ਪਰਦਾ ਆਪ ਉਠਾਇੰਦਾ । ਮੌਜ ਅੰਦਰ ਰਚਨ ਰਚਾ, ਰਚ ਰਚਨਾ ਵੇਖ ਵਖਾਇੰਦਾ । ਮੌਜ ਅੰਦਰ ਨਿਰਗੁਣ ਸਰਗੁਣ ਵੇਸ ਵਟਾ, ਲੱਖ ਚੁਰਾਸੀ ਰੂਪ ਵਖਾਇੰਦਾ । ਮੌਜ ਅੰਦਰ ਨੌਂ ਦਵਾਰੇ ਖੋਲ੍ਹ ਖੁਲਾ, ਘਰ ਘਰ ਵਿਚ ਸੋਭਾ ਪਾਇੰਦਾ । ਮੌਜ ਅੰਦਰ ਗੁਰੂ ਅਵਤਾਰ ਲਏ ਪਰਗਟਾ, ਸ਼ਬਦ ਸੰਦੇਸਾ ਨਾਮ ਸੁਣਾਇੰਦਾ । ਮੌਜ ਅੰਦਰ ਗੁਰ ਅਵਤਾਰ ਪੀਰ ਪੈਗੰਬਰ ਸੇਵਾ ਲਾ, ਸਾਚਾ ਰਾਗ ਅਲਾਇੰਦਾ । ਮੌਜ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਲਏ ਪੜ੍ਹਾ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਮੌਜ ਅੰਦਰ ਗੀਤਾ ਗਿਆਨ ਲਿਆ ਉਪਾ, ਅੰਜੀਲ ਕੁਰਾਨਾ ਮਸਲਾ ਹੱਲ ਕਰਾਇੰਦਾ । ਮੌਜ ਅੰਦਰ ਬੋਧ ਅਗਾਧ ਸ਼ਬਦ ਸੁਣਾ, ਗੁਰੂ ਗੁਰਦੇਵ ਸਵਾਮੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੇਵਾ ਆਪ ਜਣਾਇੰਦਾ । ਮੌਜ ਅੰਦਰ ਜੁਗ ਜੁਗ ਚਾਰ, ਚਾਰ ਕੁੰਟ ਵਡਿਆਈਆ । ਮੌਜ ਅੰਦਰ ਖਾਣੀ ਚਾਰ, ਸਾਹਿਬ ਸਤਿਗੁਰ ਰਾਹ ਵਖਾਈਆ । ਮੌਜ ਅੰਦਰ ਬੋਲ ਜੈਕਾਰ, ਬਾਣੀ ਚਾਰੇ ਰਾਗ ਅਲਾਈਆ । ਮੌਜ ਅੰਦਰ ਵੇਦ ਚਾਰ, ਚੌਹਾਂ ਵਰਨਾਂ ਦਏ ਸਮਝਾਈਆ । ਮੌਜ ਅੰਦਰ ਹੋ ਤਿਆਰ, ਨਿਰਗੁਣ ਜੋਤ ਸ਼ਬਦ ਰੂਪ ਵਟਾਈਆ । ਮੌਜ ਅੰਦਰ ਪੰਜ ਤਤ ਕਰ ਪਸਾਰ, ਬ੍ਰਹਮ ਮਤ ਇਕ ਸਮਝਾਈਆ । ਮੌਜ ਅੰਦਰ ਮਨ ਮਤ ਬੁਧ ਖੋਲ੍ਹ ਕਿਵਾੜ, ਘਰ ਵਸਤੂ ਦਏ ਟਿਕਾਈਆ । ਮੌਜ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਨਾਲ ਮਿਲਾਈਆ । ਮੌਜ ਅੰਦਰ ਮਾਇਆ ਮਮਤਾ ਹਉਮੇ ਹੰਗਤਾ ਕਰ ਤਿਆਰ, ਕੂੜੀ ਕਿਰਿਆ ਬੰਧਨ ਪਾਈਆ । ਮੌਜ ਅੰਦਰ ਕਰ ਪਿਆਰ, ਬ੍ਰਹਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਮੌਜ ਅੰਦਰ ਧੁਰ ਦਾ ਮੇਲਾ, ਹਰਿ ਸਤਿਗੁਰ ਆਪ ਕਰਾਇੰਦਾ । ਮੌਜ ਅੰਦਰ ਗੁਰੂ ਗੁਰ ਚੇਲਾ, ਚੇਲਾ ਗੁਰੂ ਰੂਪ ਸਮਾਇੰਦਾ । ਮੌਜ ਅੰਦਰ ਸਤਿਗੁਰ ਮਿਲੇ ਸਹੇਲਾ, ਸੱਜਣ ਇਕੋ ਨਜ਼ਰੀ ਆਇੰਦਾ । ਮੌਜ ਅੰਦਰ ਲੱਖ ਚੁਰਾਸੀ ਘੱਲਣਹਾਰਾ ਜੇਲਾ, ਅੰਤ ਜਮ ਕੀ ਫਾਸੀ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਮੌਜ ਅੰਦਰ ਬਣ ਮਲਾਹ, ਬੇੜਾ ਲੋਕਮਾਤ ਚਲਾਈਆ । ਮੌਜ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੂਪ ਵਟਾ, ਅਨੂਪ ਆਪਣੀ ਸੋਭਾ ਦਏ ਸਮਝਾਈਆ । ਮੌਜ ਅੰਦਰ ਨਿਰਗੁਣ ਸਰਗੁਣ ਦਏ

ਪੜ੍ਹਾ, ਸ਼ਬਦ ਨਾਦ ਧੁਨ ਸ਼ਨਵਾਈਆ । ਮੌਜ ਅੰਦਰ ਚੌਦਾਂ ਲੋਕ ਵੇਖੇ ਥਾਂ ਥਾਂ, ਥਾਨ ਥਨੰਤਰ ਸੋਭਾ ਪਾਈਆ । ਮੌਜ ਅੰਦਰ ਚੌਦਾਂ ਤਬਕਾਂ ਕੁੰਡਾ ਲਾ, ਬੇਨਜ਼ੀਰ ਆਪਣੀ ਨਜ਼ਰ ਟਿਕਾਈਆ । ਮੌਜ ਅੰਦਰ ਨੂਰੀ ਨੂਰ ਹੋ ਖ਼ੁਦਾ, ਲਾਸ਼ਰੀਕ ਆਪਣੀ ਕਾਰ ਕਮਾਈਆ । ਮੌਜ ਅੰਦਰ ਮਹਿਬੂਬ ਮੁਰਸ਼ਦ ਮੁਰੀਦ ਦਏ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਮੌਜ ਅੰਦਰ ਸ੍ਰਿਸ਼ਟ ਸਬਾਈ ਕਰੇ ਫਨਾਹ, ਮੌਜ ਅੰਦਰ ਉਤਪਤ ਲਏ ਕਰਾਈਆ । ਮੌਜ ਅੰਦਰ ਬਖ਼ਸ਼ ਗੁਨਾਹ, ਮੌਜ ਅੰਦਰ ਗੇੜਾ ਲੱਖ ਚੁਰਾਸੀ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੋਜ ਆਪਣੇ ਹੱਥ ਰਖਾਈਆ । ਮੌਜ ਅੰਦਰ ਸੰਤ ਕਮਾਰ, ਲੋਕਮਾਤ ਦਿਤੀ ਵਡਿਆਈਆ । ਮੌਜ ਅੰਦਰ ਬਰਾਹ ਅਵਤਾਰ, ਯਗੈ ਪੁਰਸ਼ ਹਾਵ ਗਰੀਵ ਨਾਲ ਮਿਲਾਈਆ । ਮੌਜ ਅੰਦਰ ਨਰ ਨਰਾਇਣ ਕਰ ਤਿਆਰ, ਕਪਲ ਮੁਨ ਸੋਭਾ ਪਾਈਆ । ਮੌਜ ਅੰਦਰ ਦੱਤਾ ਤ੍ਰੈ ਦੇ ਅਧਾਰ, ਰਿਖਭ ਦੇਵ ਕਰੇ ਕੁੜਮਾਈਆ । ਮੌਜ ਅੰਦਰ ਪ੍ਰਿਥੂ ਪਾਵੇ ਸਾਰ, ਮੌਜ ਅੰਦਰ ਮਛ ਕਛ ਮਿਲੇ ਵਡਿਆਈਆ । ਮੌਜ ਅੰਦਰ ਧਨੰਤਰ ਵੇਖੇ ਨੈਣ ਉਘਾੜ, ਮੌਜ ਵਿਚ ਹੰਸਾ ਸੋਹੰ ਰਾਗ ਗਾਈਆ । ਮੌਜ ਵਿਚ ਨਰ ਸਿੰਘ ਰੂਪ ਅਪਾਰ, ਮੌਜ ਅੰਦਰ ਨਰ ਨਰੈਣ ਹਰੀ ਰੂਪ ਵਟਾਈਆ । ਮੌਜ ਅੰਦਰ ਬਾਵਨ ਆਏ ਬਲਧਾਰ, ਭੇਖਾਧਾਰੀ ਭੇਖ ਵਟਾਈਆ । ਮੌਜ ਅੰਦਰ ਪਰਸਰਾਮ ਕਰ ਪਾਰ, ਮੌਜ ਅੰਦਰ ਰਾਮ ਰਮਈਆ ਘਨਈਆ ਨਾਉਂ ਰਖਾਈਆ । ਮੌਜ ਅੰਦਰ ਵੇਦ ਵਿਆਸਾ ਬਣ ਲਿਖਾਰ, ਧੁਰ ਦਾ ਲੇਖਾ ਗਿਆ ਸਮਝਾਈਆ । ਮੌਜ ਅੰਦਰ ਕਾਹਨਾ ਕ੍ਰਿਸ਼ਨਾ ਮੁਕੰਦ ਮਨੋਹਰ ਲਖਮੀ ਨਰਾਇਣ ਹੋ ਉਜਿਆਰ, ਬੰਸਰੀ ਨਾਮ ਗਿਆ ਵਜਾਈਆ । ਮੌਜ ਅੰਦਰ ਮੂਸਾ ਦੇ ਇਕ ਨਜ਼ਾਰ, ਕੋਹਤੂਰ ਸੋਭਾ ਪਾਈਆ । ਮੌਜ ਅੰਦਰ ਈਸਾ ਦੇ ਪੈਗ਼ਾਮ, ਸਚ ਸੰਦੇਸਾ ਗਿਆ ਸੁਣਾਈਆ । ਮੌਜ ਅੰਦਰ ਮੁਹੰਮਦ ਦਏ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਹੁਕਮੇ ਅੰਦਰ ਨਿਰਗੁਣ ਨਾਨਕ ਕਰ ਪਰਵਾਨ, ਸਰਗੁਣ ਨਾਨਕ ਸੋਭਾ ਪਾਈਆ । ਮੌਜ ਅੰਦਰ ਸ਼ਬਦ ਨਾਦ ਧੁੰਨਕਾਨ, ਧੁਰ ਦਾ ਰਾਗ ਸੁਣਾਈਆ । ਮੌਜ ਅੰਦਰ ਅੰਗਦ ਅੰਗੀਕਾਰ ਕੀਤਾ ਆਣ, ਅਮਰਦਾਸ ਸੇਵਾ ਸੇਵਾ ਵਿਚ ਵਖਾਈਆ । ਮੌਜ ਅੰਦਰ ਰਾਮਦਾਸ ਕਰ ਪਰਧਾਨ, ਧੁਰ ਦਾ ਲੇਖਾ ਦਿਤਾ ਸਮਝਾਈਆ । ਮੌਜ ਅੰਦਰ ਗੁਰੂ ਅਰਜਨ ਹੋ ਮਿਹਰਵਾਨ, ਸ਼ਬਦੀ ਦਾਤ ਝੋਲੀ ਪਾਈਆ । ਮੌਜ ਅੰਦਰ ਹਰਿ ਗੋਬਿੰਦ ਕਰ ਬਲਵਾਨ, ਮੀਰੀ ਪੀਰੀ ਰੂਪ ਵਟਾਈਆ । ਮੌਜ ਅੰਦਰ ਹਰਿਰਾਏ ਜਗਤ ਨਿਸ਼ਾਨ, ਹਰਿ ਕ੍ਰਿਸ਼ਨ ਸੋਭਾ ਪਾਈਆ । ਮੌਜ ਅੰਦਰ ਤੇਗ਼ਬਹਾਦਰ ਲੈ ਕੇ ਬਲੀਦਾਨ, ਸੀਸ ਜਗਦੀਸ ਭੇਟ ਚੜ੍ਹਾਈਆ । ਮੌਜ ਅੰਦਰ ਗੋਬਿੰਦ ਸੁਤ ਕਰ ਪਰਵਾਨ, ਸੀਸ ਆਪਣਾ ਹੱਥ ਟਿਕਾਈਆ । ਮੌਜ ਅੰਦਰ ਖੰਡਾ ਖੜਗ ਦੇ ਕ੍ਰਿਪਾਨ, ਭੁਯੰਗ ਰੂਪ ਜਣਾਈਆ । ਮੌਜ ਅੰਦਰ ਅੰਮ੍ਰਿਤ ਕਰ ਪਾਨ, ਆਤਮ ਅੰਤਰ ਖੇਲ ਖਿਲਾਈਆ । ਮੌਜ ਅੰਦਰ ਖੇਲ ਕਰ ਭਗਵਾਨ, ਸਾਚੀ ਸੇਵਾ ਸਰਬ ਲਗਾਈਆ । ਮੌਜ ਅੰਦਰ ਨੀਹਾਂ ਹੇਠਾਂ ਰੱਖੇ ਬਾਲ ਅਵਾਣ, ਮੌਜ ਅੰਦਰ ਸ਼ਮਸ਼ੀਰ ਭੇਟ ਚੜ੍ਹਾਈਆ । ਮੌਜ ਅੰਦਰ ਮਾਛੂਵਾੜੇ ਮੰਗੇ ਦਾਨ, ਮੌਜ ਅੰਦਰ ਵੇਖਣਹਾਰਾ ਵੇਖ ਵਖਾਈਆ । ਮੌਜ ਅੰਦਰ ਪੁਰਖ ਅਕਾਲ, ਅਕਲ ਕਲਧਾਰੀ ਆਪ ਕਰਾਈਆ । ਮੌਜ ਅੰਦਰ ਗੁਰੂ ਅਵਤਾਰ ਪੀਰ ਪੈਗੰਬਰ ਦੇਵਣ ਧੁਰ ਫ਼ਰਮਾਣ, ਸਚ ਸੰਦੇਸਾ ਮਾਤ ਸੁਣਾਈਆ । ਮੌਜ ਅੰਦਰ ਭਗਤਾਂ ਦੇਵੇ ਸਚ ਨਿਸ਼ਾਨ, ਧੁਰ ਨਿਸ਼ਾਨਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ

ਵੱਡੀ ਵਡਿਆਈਆ । ਮੌਜ ਅੰਦਰ ਸ੍ਰਿਸ਼ਟ ਸਬਾਈ ਜਗ, ਜਗ-ਜੀਵਣ-ਦਾਤਾ ਰਚਨ ਰਚਾਇੰਦਾ । ਮੌਜ ਅੰਦਰ ਖੇਲ ਸੂਰਾ ਸਰਬੰਗ, ਹਰਿ ਕਰਤਾ ਵੇਖ ਵਖਾਇੰਦਾ । ਮੌਜ ਅੰਦਰ ਗੋਬਿੰਦ ਸੋਹਲਾ ਢੋਲਾ ਰਾਗ ਗਾਏ ਛੰਦ, ਅਨਾਦੀ ਨਾਦ ਆਪ ਵਜਾਇੰਦਾ । ਆਤਮ ਪਰਮਾਤਮ ਦੇਵਣਹਾਰਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਮੌਜ ਅੰਦਰ ਜੁਗ ਜਨਮ ਵਿਛੜੇ ਨਿਰਗੁਣ ਸਰਗੁਣ ਲਏ ਗੰਢ, ਨਾਮ ਡੋਰੀ ਤੰਦ ਬੰਧਾਇੰਦਾ । ਮੌਜ ਅੰਦਰ ਨੌ ਖੰਡ ਪ੍ਰਿਥਮੀ ਕਰੇ ਖੰਡ ਖੰਡ, ਚਾਰੇ ਖਾਣੀ ਬਚਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਇੰਦਾ । ਮੌਜ ਅੰਦਰ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਅਖਵਾਇੰਦਾ । ਮੌਜ ਅੰਦਰ ਆਤਮ ਸੇਜ ਪਲੰਘ, ਸੋਹਣੇ ਬਸਤਰ ਸੋਭਾ ਪਾਇੰਦਾ । ਮੌਜ ਅੰਦਰ ਨਾਦ ਢੋਲ ਮਰਦੰਗ, ਘਰ ਤੁਰੀਆ ਰਾਗ ਸੁਣਾਇੰਦਾ । ਮੌਜ ਅੰਦਰ ਚਾੜ੍ਹ ਚੰਦ, ਜੋਤੀ ਨੂਰ ਡਗਮਗਾਇੰਦਾ । ਮੌਜ ਅੰਦਰ ਆਤਮ ਸਰੋਵਰ ਸੱਚੀ ਗੰਗ, ਧੁਰ ਦੀ ਧਾਰ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੌਜ ਆਪ ਸਮਝਾਇੰਦਾ । ਸਾਚੀ ਮੌਜ ਸਤਿਗੁਰ ਚਰਨ, ਆਦਿ ਜੁਗਾਦਿ ਮਿਲੇ ਵਡਿਆਈਆ । ਨੇਤਰ ਖੁਲ੍ਹੇ ਹਰਨ ਫ਼ਰਨ, ਪੜਦਾ ਦੂਈ ਦਵੈਤ ਚੁਕਾਈਆ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੋਜ ਦਏ ਜਣਾਈਆ । ਸਾਚੀ ਖੋਜ ਸਤਿਗੁਰ ਮੀਤ, ਮਿੱਤਰ ਪਿਆਰੇ ਆਪ ਜਣਾਇੰਦਾ । ਸਾਚੀ ਖੋਜ ਕਾਇਆ ਮੰਦਰ ਮਸੀਤ, ਗੁਰਦਵਾਰ ਇਕੋ ਇਕ ਵਖਾਇੰਦਾ । ਸਾਚੀ ਖੋਜ ਅੰਦਰ ਮਿਲੇ ਊਚ ਨੀਚ, ਰਾਓ ਰੰਕਾਂ ਇਕੋ ਘਰ ਵਖਾਇੰਦਾ । ਖੋਜ ਅੰਦਰ ਤਨ ਮਨ ਜਾਏ ਭੀਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਇੰਦਾ । ਸਾਚੀ ਖੋਜ ਸਤਿਗੁਰ ਮੰਤ, ਮੰਤਰ ਨਾਮ ਦ੍ਰਿੜਾਈਆ । ਖੋਜ ਅੰਦਰ ਮਹਿਮਾ ਅਗਣਤ, ਸ੍ਰੀ ਭਗਵਾਨ ਸਿਫ਼ਤ ਸਾਲਾਹੀਆ । ਮੌਜ ਅੰਦਰ ਮੌਜ ਮਾਨਣ ਗੁਰਮੁਖ ਵਿਰਲੇ ਸੰਤ, ਜਿਨ੍ਹਾਂ ਪ੍ਰਭ ਆਪਣੀ ਦਇਆ ਕਮਾਈਆ । ਸਾਚੀ ਮੌਜ ਅੰਦਰ ਜੋ ਵਿਛੜੀ ਸਵਾਣੀ ਮਿਲੀ ਨਾਰ ਕੰਤ, ਸਰਨ ਸਾਚੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮੌਜ ਦਏ ਵਖਾਈਆ । ਸਾਚੀ ਖੋਜ ਪ੍ਰਭ ਦੇ ਨਾਲ, ਨਾਲਸ਼ ਕੋਈ ਰਹਿਣ ਨਾ ਪਾਈਆ । ਜਿਥੇ ਵਸਣ ਸ਼ਾਹ ਕੰਗਾਲ, ਊਚ ਨੀਚ ਨਜ਼ਰ ਨਾ ਆਈਆ । ਸੇਵਾ ਕਰੇ ਬਣ ਦਲਾਲ, ਸ਼ਬਦੀ ਰੂਪ ਵਟਾਈਆ । ਹਕੀਕਤ ਵੇਖੇ ਹੱਕ ਹਲਾਲ, ਸਚ ਤੌਫੀਕ ਖ਼ੁਦਾਈਆ । ਹੱਕ ਵਖਾਏ ਉਚ ਮਹਿਰਾਬ, ਮਹਿਬੂਬ ਪਰਦਾ ਲਾਹੀਆ । ਸਜਦਾ ਨਿਉਂ ਕਰੇ ਅਦਾਬ, ਬੰਦਨਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਜ ਵਿਚ ਹੁਜਰਾ ਰਿਹਾ ਵਖਾਈਆ । ਖੋਜ ਵਿਚ ਮੁਜਰਾ ਰਾਗ ਨਾਦ ਸੰਗੀਤ, ਸੋਹਣਾ ਤਾਲ ਵਜਾਈਆ । ਮੌਜ ਅੰਦਰ ਕਰ ਬਖ਼ਸ਼ੀਸ਼, ਰਹਿਮਤ ਆਪਣਾ ਨਾਮ ਵਰਤਾਈਆ । ਨਾਮ ਸਤਿ ਕਲਮਾ ਹਦੀਸ, ਹਜ਼ਰਤ ਕਰੇ ਪੜ੍ਹਾਈਆ । ਮੇਲਾ ਮੇਲੇ ਠੀਕ, ਕੂੜਾ ਠੀਕਰ ਭੰਨ ਵਖਾਈਆ । ਜਨ ਭਗਤਾਂ ਰੱਖੇ ਸਦਾ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਇਕੋ ਮੌਜ ਵਖਾਈਆ । ਗੁਰਮੁਖ ਮੌਜ ਮਾਨਣ ਪ੍ਰਭ ਦਰਸ, ਅਵਰ ਨਾ ਕੋਈ ਚਤੁਰਾਈਆ । ਜਨਮ ਜਨਮ ਦੀ ਮੇਟਣ ਭਟਕ, ਤ੍ਰਿਸਨਾ ਤ੍ਰਿਖਾ ਬੁਝਾਈਆ । ਜ਼ਿਮੀਂ ਅਸਮਾਨ ਕੋਈ ਨਾ ਜਾਏ ਅਟਕ, ਮੰਜ਼ਲ

ਪੰਧ ਅੰਤ ਮੁਕਾਈਆ । ਜਮ ਦੀ ਫਾਸੀ ਕਦੇ ਨਾ ਜਾਵਣ ਲਟਕ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਪ੍ਰਭ ਮਿਲਣ ਦੀ ਕੋਈ ਨਾ ਸਮਝੋ ਹਤਕ, ਸਭ ਮਿਲੋ ਚਾਈਂ ਚਾਈਂਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਜਗਤ, ਉਤਮ ਸ੍ਰੇਸ਼ਟ ਨਜ਼ਰੀ ਆਈਆ । ਜੇ ਇਸ ਵੇਲੇ ਰਹਿ ਗਿਆ ਫਰਕ, ਫਿਰ ਵਕਤ ਗਿਆ ਹੱਥ ਨਾ ਆਈਆ । ਸਤਿਗੁਰ ਨਾਨਕ ਲਾ ਗਿਆ ਸ਼ਰਤ, ਬਿਨ ਹਰਿ ਨਾਮੇ ਪਾਰ ਨਾ ਕੋਈ ਕਰਾਈਆ । ਕਬੀਰ ਜੁਲਾਹਾ ਕਹੇ ਕੋਟਨ ਕੋਟ ਹੁੰਦੇ ਵੇਖੇ ਗ਼ਰਕ, ਜੋ ਜੂਠ ਝੂਠ ਸੰਗ ਨਿਭਾਈਆ । ਕਲਜੁਗ ਜੀਵੋ ਕੂੜੀ ਕਿਰਿਆ ਕਰੋ ਤਰਕ, ਤੁਰਤ ਆਪਣਾ ਪੁਰਖ ਅਕਾਲ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੂੰ ਦੱਸ ਕੇ ਗਏ ਇਸ਼ਟ, ਆਤਮ ਪਰਮਾਤਮ ਲਓ ਸਮਝਾਈਆ । ਕਿਸੇ ਕੰਮ ਨਹੀਂ ਔਣੇ ਸਵਰਗ ਬਹਿਸ਼ਤ, ਬਿਨ ਸਤਿਗੁਰ ਚਰਨ ਸਾਂਤਕ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੌਜ ਬਹਾਰ ਇਕ ਲਗਾਈਆ । ਮੌਜ ਅੰਦਰ ਖਿਲੇ ਫੁੱਲ, ਹਰਿ ਸਤਿਗੁਰ ਵੇਖ ਵਖਾਈਆ । ਬਿਨ ਪੂਰੇ ਸਤਿਗੁਰ ਕੋਈ ਨਾ ਪਾਵੇ ਮੁੱਲ, ਕੀਮਤ ਸਕੇ ਨਾ ਕੋਈ ਚੁਕਾਈਆ । ਮਾਨਸ ਜਨਮ ਨਾ ਜਾਵੇ ਰੁੱਲ, ਕੂੜੇ ਹੱਟ ਨਾ ਕੋਈ ਵਿਕਾਈਆ । ਜੇ ਨਾਨਕ ਗੋਬਿੰਦ ਸੰਦੇਸਾ ਗਏ ਭੁੱਲ, ਫਿਰ ਸੁਰਤੀ ਲਓ ਜਗਾਈਆ । ਤੁਸੀਂ ਓਸ ਸਾਹਿਬ ਦੀ ਕੁੱਲ, ਜੋ ਆਪਾ ਵਾਰ ਬੱਚੇ ਨੀਹਾਂ ਹੇਠ ਗਿਆ ਦਬਾਈਆ । ਓਸ ਦੀ ਮੌਜ ਵਿਚ ਰਹਿ ਕੇ ਕਦੇ ਨਾ ਜਾਓ ਹੁਲ, ਸਿਮਲ ਰੂਪ ਨਾ ਕੋਈ ਵਟਾਈਆ । ਅੰਮ੍ਰਿਤ ਆਤਮ ਜਾਏ ਨਾ ਡੁੱਲ੍ਹ, ਸਾਂਤ ਰੱਖੋ ਸੱਜਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੌਜ ਦੇ ਵਖਾਈਆ । ਗੁਰਮੁਖ ਵੇਖੋ ਹਰਿ ਜੂ ਮੌਜੂਦਾ, ਘਰ ਕਾਇਆ ਅੰਦਰ ਡੇਰਾ ਲਾਇੰਦਾ । ਜਗਤ ਵਕਤ ਲੰਘਾਓ ਨਾ ਕੋਈ ਬੇਹੂਦਾ, ਵਿਹਲਾ ਗੁਰਮੁਖ ਨਜ਼ਰ ਕਿਸੇ ਨਾ ਆਇੰਦਾ । ਆਪਣੇ ਅਸਲ ਨਾਲ ਰਲਾਓ ਸੂਦਾ, ਕੁਲ ਜ਼ਰ ਸਾਚੀ ਇਕ ਬਣਾਇੰਦਾ । ਕਿਸੇ ਕੰਮ ਨਹੀਂ ਔਣਾ ਪੰਜ ਤਤ ਸੂਸਾ, ਕਾਇਆ ਮਾਟੀ ਹੱਡਾ ਤਨ ਖ਼ਾਕੀ ਖ਼ਾਕ ਸਮਾਇੰਦਾ । ਜਿਸ ਦੇ ਪਿਛੇ ਰੁਲਦੇ ਗਏ ਈਸਾ ਮੂਸਾ, ਮੁਹੰਮਦ ਜਿਸ ਦੀ ਓਟ ਰਖਾਇੰਦਾ । ਜਿਸ ਦੇ ਪਿੱਛੇ ਮਨਸੂਰ ਸੂਲੀ ਗਿਆ ਚੜ੍ਹਕੇ ਕੂਕਾ, ਨਾਅਰਾ ਹੱਕ ਹੱਕ ਲਗਾਇੰਦਾ । ਸੂਫੀ ਆਸ਼ਕ ਬਣਦੇ ਰਹੇ ਮਾਸ਼ੂਕਾ, ਮੁਸ਼ਕਲ ਹੱਲ ਸਰਬ ਕਰਾਇੰਦਾ । ਓਸ ਦੇ ਕੋਲੋਂ ਸਾਰੇ ਆਪਣਾ ਆਪਣਾ ਲਓ ਹਕੂਕਾ, ਹੱਕ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੌਜ ਮੁਫ਼ਲਸਾ ਆਪ ਵਖਾਇੰਦਾ । ਮੌਜ ਵੇਖੋ ਪਰਵਰਦਿਗਾਰ, ਗ਼ਰੀਬ ਨਿਮਾਣੇ ਰਿਹਾ ਤਰਾਈਆ । ਮੌਜ ਅੰਦਰ ਸਾਂਝਾ ਯਾਰ, ਧੁਰ ਦਾ ਨਾਤਾ ਲਏ ਜੁੜਾਈਆ । ਮੌਜ ਅੰਦਰ ਨਿਤ ਨਵਿਤ ਆਵੇ ਸੰਸਾਰ, ਨਿਰਗੁਣ ਸਰਗੁਣ ਫੇਰਾ ਪਾਈਆ । ਮੌਜ ਅੰਦਰ ਭਗਤ ਅਠਾਰਾਂ ਤਾਰ, ਸੂਫੀਆਂ ਦਿਤੀ ਮਾਣ ਵਡਿਆਈਆ । ਮੌਜ ਅੰਦਰ ਸੰਤਾਂ ਸੁਣ ਪੁਕਾਰ, ਸਤਿ ਸਤਿਵਾਦੀ ਹੋਏ ਸਹਾਈਆ । ਮੌਜ ਅੰਦਰ ਗੁਰਮੁਖ ਗੁਰਸਿਖ ਲਏ ਉਠਾਲ, ਫੜ ਬਾਹੋਂ ਗੋਦ ਬਹਾਈਆ । ਮੌਜ ਅੰਦਰ ਖੇਲ ਕਰੇ ਦਿਆਲ, ਦੀਨਾਂ ਅਨਾਥਾਂ ਦਏ ਵਡਿਆਈਆ । ਮੌਜ ਅੰਦਰ ਰਚ ਕੇ ਖੇਲ ਕਾਲ, ਲੱਖ ਚੁਰਾਸੀ ਰਿਹਾ ਖਾਈਆ । ਮੌਜ ਅੰਦਰ ਰਾਏ ਧਰਮ ਬਹਾਲ, ਸੱਚਾ ਹੁਕਮ ਦਿਤਾ ਸਮਝਾਈਆ । ਮੌਜ ਅੰਦਰ ਚਿਤਰ ਗੁਪਤ ਲਿਖਾਰ, ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਮੌਜ ਅੰਦਰ ਜਬਰਾਈਲ ਮੇਕਾਈਲ ਅਸਰਾਫ਼ੀਲ ਅਜਰਾਈਲ ਕਰ ਤਿਆਰ, ਤਰ੍ਹਾ ਤਰ੍ਹਾ ਸਮਝਾਈਆ । ਮੌਜ ਅੰਦਰ ਜਮਦੂਤਾਂ ਦਏ ਸਹਾਰ, ਸਿਰ

ਆਪਣਾ ਹੱਥ ਟਿਕਾਈਆ । ਮੌਜ ਅੰਦਰ ਲਾੜੀ ਮੌਤ ਕਰਕੇ ਖ਼ਬਰਦਾਰ, ਸੀਸ ਮੇਢੀ ਆਪ ਗੁੰਦਾਈਆ । ਮੌਜ ਅੰਦਰ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਵੇਖੇ ਵੇਖਣਹਾਰ, ਆਪਣਾ ਮੁਖ ਨਾ ਕਿਸੇ ਵਖਾਈਆ । ਮੌਜ ਅੰਦਰ ਧੁਰ ਦਾ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੌਜ ਅੰਦਰ ਜੁਗ ਚੌਕੜੀ ਲੇਖਾ ਲਿਖ ਕੇ ਗਏ ਤੇਈ ਅਵਤਾਰ, ਭਗਤ ਅਠਾਰਾਂ ਨਾਦ ਵਜਾਈਆ । ਮੌਜ ਅੰਦਰ ਈਸਾ ਮੂਸਾ ਮੁਹੰਮਦ ਕਰਕੇ ਗਏ ਪੁਕਾਰ, ਪਰਵਰਦਿਗਾਰ ਦਾਤਾ ਨੂਰ ਅਲਾਹੀਆ । ਮੌਜ ਅੰਦਰ ਨਾਨਕ ਗੋਬਿੰਦ ਇਕ ਜੋਤੀ ਜਲਵਾ ਜਲਾਲ, ਜਾਹਰ ਜਹੂਰ ਨਜ਼ਰੀ ਆਈਆ । ਮੌਜ ਅੰਦਰ ਸਾਰੇ ਮੰਗ ਕੇ ਗਏ ਇਕੋ ਵਾਰ, ਏਕੰਕਾਰ ਸਰਨਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤਨ ਸੰਸਾਰ, ਕੋਟਨ ਕੋਟ ਕਾਲ ਵਿਹਾਈਆ । ਅੰਤ ਭਗਵੰਤ ਸਰਬ ਕੰਤ ਆਪਣੀ ਕਿਰਪਾ ਲੈਣੀ ਧਾਰ, ਧਰਨੀ ਧਰਤ ਧਵਲ ਵੇਖ ਵਖਾਈਆ । ਨਿਹਕਲੰਕ ਨਿਰਗੁਣ ਜੋਤ ਲਏ ਅਵਤਾਰ, ਸ਼ਬਦੀ ਗੁਰੂ ਗੁਰ ਦੇਵ ਡੰਕ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨਾ ਖ਼ਬਰਦਾਰ, ਕਰੋੜ ਤੇਤੀਸਾ ਸੁਰਪਤ ਇੰਦ ਸੋਇਆ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਪਰਦਾ ਫੋਲਣਾ ਵਿਚ ਜਹਾਨ, ਕੂੜੀ ਕਿਰਿਆ ਸਭ ਦੇ ਵਿਚੋਂ ਬਾਹਿਰ ਕਢਾਈਆ । ਆਤਮ ਪਰਮਾਤਮ ਸਭ ਨੂੰ ਦੇਣਾ ਇਕ ਪਿਆਰ, ਬ੍ਰਹਮ ਪਾਰਬ੍ਰਹਮ ਸਮਝਾਈਆ । ਸਰਬ ਜੀਆਂ ਦਾ ਬਣ ਕੇ ਸਾਂਝਾ ਯਾਰ, ਨਾਤਾ ਇਕ ਜੁੜਾਈਆ । ਨਾਨਕ ਨਿਰਗੁਣ ਕਰਕੇ ਗਿਆ ਪੁਕਾਰ, ਪੁਰਖ ਅਕਾਲ ਵੱਡਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਰਹੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਧ ਸੰਤ ਉਸੇ ਦਾ ਮੰਗਣ ਦੀਦਾਰ, ਨਿਝ ਨੇਤਰ ਨੈਣ ਉਠਾਈਆ । ਭਗਤ ਭਗਵਨ ਕਰਨ ਪਿਆਰ, ਸਚ ਪ੍ਰੀਤੀ ਜੋੜ ਜੁੜਾਈਆ । ਸਾਹਿਬ ਸਤਿਗੁਰ ਪੁਰਖ ਅਕਾਲ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਗਾਰ ਜੇ ਤੇਰੀ ਆਏ ਮੌਜ ਬਹਾਰ, ਲੱਖ ਚੁਰਾਸੀ ਪਤ ਡਾਲ੍ਹੀ ਫੂਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਬਹਾਰ ਗੁਰਮੁਖਾਂ ਅੰਦਰ ਆਪਣੀ ਫੁਲਵਾੜੀ ਦਏ ਵਖਾਈਆ । ਨਾਮ ਖੋਜ ਜਿਸ ਲਿਆ ਮਜ਼ਾ, ਮੁਖ਼ਾਲਫ਼ਤ ਕੋਇ ਰਹਿਣ ਨਾ ਪਾਈਆ । ਚੋਰਾਂ ਅੰਦਰੇ ਅੰਦਰ ਮਿਲੇ ਸਜ਼ਾ, ਸਿਰ ਸਕੇ ਨਾ ਕੋਈ ਉਠਾਈਆ । ਮਨ ਵਾਸਨਾ ਅੰਦਰ ਉਠ ਨਾ ਭੱਜਾ, ਦਹਿ ਦਿਸ਼ਾ ਨਾ ਵੇਖ ਵਖਾਈਆ । ਸਿਰ ਤੇ ਕਾਲ ਨਗ਼ਾਰਾ ਦਿਸੇ ਨਾ ਕੋਈ ਕਜ਼ਾ, ਕਿਆਮਤ ਬੈਠੇ ਮੁਖ ਛੁਪਾਈਆ । ਜਿਨ੍ਹਾਂ ਮੰਨੀ ਸਾਹਿਬ ਸਤਿਗੁਰ ਦੀ ਰਜ਼ਾ, ਤਿਨ੍ਹਾਂ ਰਹੀਮ ਰਹਿਮਾਨ ਰਹਿਮਤ ਦਏ ਕਮਾਈਆ । ਜੁਗ ਚੌਕੜੀ ਭਗਤ ਪਿਆਰ ਪਿੱਛੇ ਆਏ ਭੱਜਾ, ਲੋਕਮਾਤ ਫੇਰਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਬੱਝਾ, ਚਾਰੋਂ ਕੁੰਟ ਹੱਥ ਕਿਤੇ ਨਾ ਆਈਆ । ਗੁਰਮੁਖੋ ਆਪਣੇ ਸਤਿਗੁਰ ਨੂੰ ਦੇ ਕੇ ਵੇਖੋ ਸੱਦਾ, ਘਰ ਵਿਚੋਂ ਮਿਲੇ ਚਾਈਂ ਚਾਈਂਆ । ਬਿਨ ਮੱਕੇ ਕਾਬਿਉਂ ਕਰਾ ਦਏ ਹਜਾ, ਹਜ਼ਰਤ ਇਕੋ ਨੂਰ ਅਲਾਹੀਆ । ਕਿਸੇ ਨਾਲ ਨਹੀਂ ਕਰਦਾ ਦਗ਼ਾ, ਜੋ ਦੋਏ ਜੋੜ ਚਰਨ ਧਿਆਨ ਲਗਾਈਆ । ਪਿਛੇ ਧੰਨੇ ਦਾ ਚਾਰਦਾ ਰਿਹਾ ਢੱਗਾ ਵੱਛਾ, ਕੀ ਤੁਹਾਨੂੰ ਮਿਲਣ ਕਦੇ ਨਾ ਆਈਆ । ਹੁਣ ਲੱਖ ਚੁਰਾਸੀ ਜੀਵ ਜੰਤ ਓਸੇ ਦਾ ਬੱਚਾ, ਵਾਂਗ ਬੱਚਿਆ ਗੋਦ ਉਠਾਈਆ । ਜੋ ਗੁਰਸਿਖ ਗੁਰ ਦਾ ਸ਼ਬਦ ਕਮਾਵੇ ਹੋਵੇ ਸੱਚਾ, ਸਚ ਸਮਝੋ ਓਸੇ ਨੂੰ ਨਜ਼ਰੀ ਆਈਆ । ਜੇ ਨਾ ਆਵੇ ਨਾਨਕ ਲਿਖਿਆ ਲੇਖ ਹੋ ਜਾਏ ਕੱਚਾ, ਪੈਗ਼ੰਬਰ ਦੇਵੇ ਨਾ ਕੋਈ ਗਵਾਹੀਆ । ਕਿਉਂ ਇਹਨਾਂ ਦੋਹਾਂ ਉਚੀ ਮੰਜ਼ਲ ਚੜ੍ਹਕੇ ਲਿਆਂਦਾ ਪਤਾ, ਜਿਸ ਘਰ ਵੇਖਣ ਕੋਈ ਨਾ ਜਾਈਆ । ਉਸ ਦਾ ਲੇਖ ਤੁਹਾਡੇ ਅੱਗੇ ਰੱਖਾ, ਗੁਰੂ

ਗ੍ਰੰਥ ਦਏ ਗਵਾਹੀਆ । ਜਿਸ ਭਾਗ ਲਗਾਇਆ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਜੋੜ ਜੁੜਾਈਆ । ਅੰਤਮ ਇਸ ਦੇ ਅੰਦਰ ਢਕਾ, ਪਰਮਾਤਮ ਵੰਡ ਵੰਡਾਈਆ । ਇਸ ਵੇਖਣ ਲਈ ਤੁਹਾਡੇ ਅੰਦਰ ਇਕ ਹੋਰ ਲਾਈ ਅੱਖਾ, ਨਿਝ ਨੇਤਰ ਕਰਕੇ ਜਗਤ ਰਿਹਾ ਸੁਣਾਈਆ । ਉਸ ਦੇ ਉਤੇ ਪ੍ਰਭ ਆਪਣਾ ਪਰਦਾ ਢਕਾ, ਬਿਨ ਸਤਿਗੁਰ ਪੂਰੇ ਸਕੇ ਨਾ ਕੋਈ ਉਠਾਈਆ । ਕੋਈ ਨਾ ਜਾਣੇ ਨਿੱਕਾ ਕੇ ਵੱਡਾ, ਜਿਸ ਜਾਣਿਆ ਤਿਸ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਸਦ ਪ੍ਰੇਮ ਪਿਆਰ ਦਾ ਭੁੱਖਾ, ਨਿਤ ਨਵਿਤ ਰਾਹ ਰਿਹਾ ਵਖਾਈਆ । ਗੁਰਮੁਖੋ ਗੁਰਸਿਖੋ ਆਪਣੇ ਅੰਦਰ ਆਪਣੇ ਨਾਲ ਕਰ ਲਓ ਮਤਾ, ਬਾਹਰੋਂ ਸੰਗੀ ਸੰਗ ਨਾ ਕੋਈ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖੋਜ ਅੰਦਰ ਜਨ ਭਗਤਾਂ ਚੁਕਾਏ ਭੈ ਡਰ, ਭਿਆਨਕ ਨਜ਼ਰ ਨਾ ਆਈਆ । ਭੌ ਡਰ ਭੈ ਜਾਏ ਭੱਜ, ਭੱਜੜਾ ਪਿਟੀ ਮੌਤ ਲਾੜੀ ਨੇੜ ਰਹਿਣ ਨਾ ਪਾਈਆ । ਜੋ ਗੁਰਸਿਖ ਗੁਰੂਦਵਾਰੇ ਗਏ ਸਜ, ਸੋਹਣਾ ਆਸਣ ਲਾਈਆ । ਉਹਨਾਂ ਅੰਦਰ ਨਾਦ ਗਿਆ ਵੱਜ, ਸੋਹਣਾ ਰਾਗ ਅਲਾਈਆ । ਘਰ ਪਤਿਪਰਮੇਸ਼ਵਰ ਲੈਣ ਸੱਦ, ਬਿਨ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰੀ ਵਡਿਆਈ ਤੇਰੇ ਹੱਥ, ਤੇਰਾ ਸਤਿਗੁਰ ਤੇਰਾ ਭਗਵੰਤ ਤੇਰਾ ਕੰਤ ਸਦ ਤੇਰੇ ਸੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਮੌਜ ਅੰਦਰ ਸਰਬ ਸੰਗਤ ਦਏ ਵਧਾਈਆ ।





## ★ ੨੩ ਮਾਘ ੨੦੨੦ ਬਿਕ੍ਰਮੀ ਕੁੰਦਨ ਸਿੰਘ ਦੇ ਘਰ ਪਿੰਡ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ★

ਸੋ ਪੁਰਖ ਨਿਰੰਜਨ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਹਰਿ ਪੁਰਖ ਨੌ ਜਵਾਨ, ਬੇਅੰਤ ਵੱਡੀ ਵਡਿਆਈਆ । ਏਕੰਕਾਰ ਸੂਰਬੀਰ ਬਲਵਾਨ, ਬਲਧਾਰੀ ਆਪ ਅਖਵਾਈਆ । ਆਦਿ ਨਿਰੰਜਨ ਜੋਤ ਮਹਾਨ ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਮਿਹਰਵਾਨ, ਮਹਿਬਾਨ ਬੀਦੋ ਬੀ ਖੈਰ ਨੂਰ ਅਲਾਹੀਆ । ਅਬਿਨਾਸ਼ੀ ਕਰਤਾ ਦੇਵਣਹਾਰਾ ਦਾਨ, ਦਾਤਾ ਦਾਨੀ ਧੁਰਦਰਗਾਹੀਆ । ਬ੍ਰਹਿਮੰਡ ਖੰਡ ਹੋ ਪਰਧਾਨ, ਆਪਣੀ ਇਛਿਆ ਆਪ ਪਰਗਟਾਈਆ । ਇਛਿਆ ਅੰਦਰ ਰਾਜ ਰਾਜਾਨ, ਹੁਕਮ ਇਕੋ ਇਕ ਦਰਸਾਈਆ । ਹੁਕਮੇ ਅੰਦਰ ਖੇਲ ਮਹਾਨ, ਆਪਣੀ ਇੱਛਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਮਹਲ ਅਟੱਲ ਉਚ ਮਨਾਰ, ਨਿਰਗੁਣ ਸੋਹਣੀ ਬਣਤ ਬਣਾਇੰਦਾ । ਦੀਆ ਬਾਤੀ ਇਕੋ ਬਾਲ, ਕਮਲਾਪਾਤੀ ਆਪ ਜਗਾਇੰਦਾ । ਛੱਪਰ ਛੰਨ ਨਾ ਕੋਈ ਦਵਾਰ, ਬਾਢੀ ਘਾੜਤ ਨਾ ਕੋਈ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਕਾਰ ਕਮਾਇੰਦਾ । ਆਪਣੀ ਕਾਰ ਕਰੇ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਸਚ ਦਵਾਰਾ ਖੋਲ੍ਹ ਕਿਵਾੜ, ਸੱਚਖੰਡ ਨਾਉਂ ਧਰਾਈਆ । ਵੇਖੇ ਵਿਗਸੇ ਵੇਖਣਹਾਰ, ਪਰਦਾ ਆਪਣਾ ਆਪ ਉਠਾਈਆ । ਨਾ ਕੋਈ ਦੂਜਾ ਮੀਤ

ਮੁਰਾਰ, ਸੰਗੀ ਸੰਗ ਨਾ ਕੋਈ ਰਖਾਈਆ । ਮਾਤ ਪਿਤ ਨਾ ਕੋਈ ਉਧਾਰ, ਬਾਲੀ ਬਾਲਾ ਗੋਦ ਨਾ ਕੋਈ ਉਠਾਈਆ । ਸਾਕ ਸੱਜਣ ਨਾ ਕੋਈ ਯਾਰ, ਮਿੱਤਰ ਪਿਆਰਾ ਨਾ ਕੋਈ ਅਖਵਾਈਆ । ਪੀਰ ਪੈਗ਼ੰਬਰ ਨਾ ਗੁਰੂ ਅਵਤਾਰ, ਸ਼ਬਦ ਨਾਦ ਧੁਨ ਨਾ ਕੋਈ ਸ਼ਨਵਾਈਆ । ਰਵ ਸਸ ਨਾ ਕੋਈ ਉਜਿਆਰ, ਮੰਡਲ ਮੰਡਪ ਨਾ ਕੋਈ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਈ ਅਖਾੜ, ਸੁਰਪਤ ਇੰਦ ਨਾ ਵੰਡ ਵੰਡਾਈਆ । ਧਰਤ ਧਵਲ ਨਾ ਕੋਈ ਅਕਾਸ਼, ਜ਼ਿਮੀ ਅਸਮਾਨ ਨਾ ਸੋਭਾ ਪਾਈਆ । ਆਪਣਾ ਖੇਲ ਆਪ ਕਰੇ ਕਰ ਵੇਖੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਭੇਵ ਚੁਕਾਈਆ । ਹਰਿ ਕਰਤਾ ਭੇਵ ਚੁਕਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਦਵਾਰੇ ਸਚ ਪਰਤਾਪ, ਵਡ ਪਰਤਾਪੀ ਆਪ ਪਰਗਟਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਪੂਤ ਰੂਪ ਨਾ ਕੋਈ ਵਟਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਸਿਮਰਨ ਦੇਵੇ ਨਾ ਕੋਈ ਵਡਿਆਈਆ । ਨਾ ਕੋਈ ਪਤਨ ਨਾ ਕੋਈ ਘਾਟ, ਤਟ ਕਿਨਾਰਾ ਨਜ਼ਰ ਕੋਈ ਨਾ ਆਈਆ । ਨਾ ਕੋਈ ਵਣਜਾਰਾ ਨਾ ਕੋਈ ਹਾਟ, ਨਾ ਕੋਈ ਵਸਤ ਰਿਹਾ ਵਿਕਾਈਆ । ਇਕੋ ਨਿਰਮਲ ਜੋਤ ਕਰ ਪਰਕਾਸ਼, ਸਚਖੰਡ ਦਵਾਰੇ ਸਾਚੇ ਸੋਭਾ ਪਾਈਆ । ਆਪਣੀ ਇਛਿਆ ਆਪਣੀ ਆਸ, ਆਸ ਆਪਣੇ ਵਿਚੋਂ ਪਰਗਟਾਈਆ । ਆਪੇ ਦੇਵਣਹਾਰਾ ਦਾਤ, ਦਾਤਾ ਦਾਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਈਆ । ਸਾਚਾ ਭੇਵ ਖੋਲ੍ਹੇ ਪੁਰਖ ਅਬਿਨਾਸ਼, ਅਬਿਨਾਸ਼ੀ ਹੱਥ ਵੱਡੀ ਵਡਿਆਈਆ । ਗਹਿਰ ਗੰਭੀਰ ਸਰਬਗੁਣ ਤਾਸ, ਗੁਣਵੰਤਾ ਆਪ ਅਖਵਾਈਆ । ਨਿਰਗੁਣ ਨਿਰਗੁਣ ਹੋਵੇ ਦਾਸ, ਘਰ ਸੱਚੇ ਸੇਵ ਕਮਾਈਆ । ਆਪਣੇ ਅੰਤਰ ਆਪੇ ਵੇਖੇ ਮਾਰ ਝਾਤ, ਝਾਕੀ ਆਪਣੀ ਇਕੋ ਪਾਈਆ । ਖੇਲਣਹਾਰਾ ਬੰਦ ਤਾਕ, ਪਰਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਰਚਾਈਆ । ਸਚਖੰਡ ਦਵਾਰ ਸੋਹਣਾ ਮਹੱਲਾ, ਸੋ ਪੁਰਖ ਨਿਰੰਜਨ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਨ ਇਕ ਅਕੇਲਾ, ਏਕੰਕਾਰ ਡੇਰਾ ਲਾਇੰਦਾ । ਆਦਿ ਨਿਰੰਜਨ ਦੀਪਕ ਬਲਾ, ਅਬਿਨਾਸ਼ੀ ਕਰਤਾ ਸੋਭਾ ਪਾਇੰਦਾ । ਸ੍ਰੀ ਭਗਵਾਨ ਸਚ ਸਿੰਘਾਸਣ ਮੱਲਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਲ ਧਰਾਇੰਦਾ । ਜੋਤੀ ਨੂਰ ਆਪੇ ਰਲਾ, ਦੂਜਾ ਸੰਗ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਆਪਣੀ ਇਛਿਆ ਸ੍ਰੀ ਭਗਵੰਤ, ਹਰਿ ਕਰਤਾ ਆਪ ਪਰਗਟਾਈਆ । ਰੂਪ ਰੰਗ ਨਾ ਕੋਈ ਰੰਗਤ, ਰੇਖ ਭੇਖ ਨਾ ਕੋਈ ਜਣਾਈਆ । ਦਰ ਠਾਂਡੇ ਬਣਕੇ ਆਪੇ ਮੰਗਤ, ਧੁਰ ਦੀ ਦਾਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਇਕ ਰਖਾਈਆ । ਸਚ ਭੰਡਾਰਾ ਹਰਿ ਕਰਤਾ ਪੁਰਖ, ਧੁਰਦਰਗਾਹੀ ਆਪ ਵਰਤਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਖੇਲ ਪਰਵਰਦਗਾਰ, ਮੁਕਾਮੇ ਹੱਕ ਆਪ ਰਚਾਈਆ । ਜਲਵਾ ਨੂਰ ਕਰ ਉਜਿਆਰ, ਲਾਸ਼ਰੀਕ ਸਚ ਤੌਫੀਕ ਇਕ ਖ਼ੁਦਾਈਆ । ਮਹਿਬਾਨ ਬੀਦੋ ਸਾਂਝਾ ਯਾਰ, ਮੁਬੈਨ ਇਕੋ ਧਾਰ ਚਲਾਈਆ । ਨੂਰ ਅਲਾਹੀ ਦਰਗਾਹ ਸਾਚੀ ਹੋ ਤਿਆਰ, ਸਾਚਾ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੪੮੩
੧੯

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਦਏ ਵਡਿਆਈਆ । ਸਚਖੰਡ ਦਵਾਰਾ ਵੇਖ ਵੱਡਾ, ਸੋ ਸਾਹਿਬ ਆਪ ਬਣਾਇੰਦਾ । ਜਿਸ ਅੰਦਰ ਵਸੇ ਬੁੱਢਾ ਨੱਢਾ, ਬੁੱਢਾ ਬਾਲ ਜਵਾਨ ਆਪਣੇ ਘਰ ਬੰਦ ਕਰਾਇੰਦਾ । ਆਰ ਪਾਰ ਆਪੇ ਜਾਣੇ ਹੱਦਾ, ਹਦੂਦ ਆਪਣੇ ਵਿਚ ਰਖਾਇੰਦਾ । ਆਪਣੀ ਧਾਰ ਅੰਦਰ ਬੱਧਾ, ਸਹਾਰਾ ਨਜ਼ਰ ਕੋਈ ਨਾ ਆਇੰਦਾ । ਅੰਦਰ ਬੈਠ ਸੂਰਾ ਸਰਬੱਗਾ, ਸ਼ਹਿਨਸ਼ਾਹ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰੇ ਪੁਰਖ ਅਬਿਨਾਸ਼ਨ, ਸਚਖੰਡ ਦਏ ਵਡਿਆਈਆ । ਸੋਹਣਾ ਬਣਾਏ ਇਕ ਸਿੰਘਾਸਣ, ਚਾਰ ਦੀਵਾਰੀ ਨਜ਼ਰ ਕਿਸੇ ਨਾ ਆਈਆ । ਉਪਰ ਬੈਠ ਸ਼ਹਿਨਸ਼ਾਹ ਸ਼ਾਹੋ ਸ਼ਬਾਸਨ, ਹਰਿ ਕਰਤਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹਲ ਸੋਭਾ ਪਾਈਆ । ਸਚ ਮਹਲ ਸੋਭਾਵੰਤ, ਹਰਿ ਕਰਤਾ ਆਪ ਸੁਹਾਈਆ । ਆਪ ਬਣਾਏ ਆਪਣੀ ਬਣਤ, ਆਪੇ ਵੇਖ ਵਖਾਈਆ । ਆਪੇ ਦਾਤਾ ਆਪੇ ਮੰਗਤ, ਆਪੇ ਝੋਲੀ ਰਿਹਾ ਭਰਾਈਆ । ਆਪੇ ਨਾਤਾ ਜੋੜ ਬਣਾਏ ਆਪਣੀ ਬਣਤ, ਸਗਲਾ ਸੰਗ ਆਪ ਤਜਾਈਆ । ਆਪੇ ਨਾਰ ਆਪੇ ਕੰਤ, ਸੇਜ ਸੁਹੰਜਣੀ ਆਪੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਇਕੋ ਦਏ ਵਡਿਆਈਆ । ਸੱਚਖੰਡ ਇਕ ਹੁਲਾਰਾ, ਨਿਰਗੁਣ ਨਿਰਵੈਰ ਆਪ ਰਖਾਇੰਦਾ । ਪੁਰਖ ਅਕਾਲ ਖੇਲ ਨਿਆਰਾ, ਅਕਲ ਕਲਧਾਰੀ ਵੇਸ ਵਟਾਇੰਦਾ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਨਿਰਗੁਣ ਸੇਜ ਨਿਰਗੁਣ ਰਵੇ ਕੰਤ ਭਤਾਰਾ, ਨਿਰਗੁਣ ਮੇਲਾ ਮੇਲ ਮਿਲਾਇੰਦਾ । ਨਿਰਗੁਣ ਸੁਤ ਨਿਰਗੁਣ ਦੁਲਾਰਾ, ਨਿਰਗੁਣ ਪੂਤ ਸਪੂਤ ਅਖਵਾਇੰਦਾ । ਨਿਰਗੁਣ ਗੋਦੀ ਕਰੇ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਖੰਡ ਦਵਾਰੇ ਆਪਣਾ ਖੇਲ ਰਚਾਇੰਦਾ । ਸਚਖੰਡ ਦਵਾਰੇ ਜਨਮਿਆਂ ਬਾਲ, ਸੁਤ ਸ਼ਬਦ ਨਾਉਂ ਰਖਾਈਆ । ਜਿਸ ਦਾ ਪਿਤਾ ਪੁਰਖ ਅਕਾਲ, ਅਕਲ ਕਲਧਾਰੀ ਬਣੇ ਮਾਈਆ । ਜੋਤੀ ਜਲਵਾ ਦੇ ਜਲਾਲ, ਨੂਰ ਜਹੂਰ ਕਰੇ ਰੁਸ਼ਨਾਈਆ । ਮਿਹਰਵਾਨ ਪ੍ਰਭ ਹੋ ਦਿਆਲ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਸਿਖਿਆ ਇਕ ਸਿਖਾਲ, ਸਮਝ ਅੰਤਰ ਲਗਾਈਆ । ਪੁਰਖ ਅਬਿਨਾਸ਼ੀ ਚਰਨ ਧਿਆਨ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸ਼ਬਦ ਅਵਾਣਾ ਨਿਕਾ ਬਾਲਾ, ਪ੍ਰਭ ਅੱਗੇ ਸੀਸ ਨਿਵਾਈਆ । ਤੂੰ ਸਾਹਿਬ ਸਤਿਗੁਰ ਮੇਰਾ ਰਖਵਾਲਾ, ਦੂਜਾ ਨਜ਼ਰ ਕੋਈ ਨਾ ਆਈਆ । ਸਚਖੰਡ ਵੇਖੀ ਤੇਰੀ ਸੱਚੀ ਧਰਮਸਾਲਾ, ਜਿਸ ਗ੍ਰਿਹਿ ਬੈਠਾ ਆਸਣ ਲਾਈਆ । ਮੋਹੇ ਦੇ ਇਕ ਟਿਕਾਣਾ, ਚਰਨ ਕਵਲ ਮਿਲੇ ਸਰਨਾਈਆ । ਸ੍ਰੀ ਭਗਵਾਨ ਹੋ ਪਰਧਾਨਾ, ਮਿਹਰ ਨਜ਼ਰ ਨੈਣ ਉਠਾਈਆ । ਥਿਰ ਘਰ ਬਣਾਵਾਂ ਤੇਰਾ ਇਕ ਮਕਾਨਾ, ਘਰ ਘਰ ਵਿਚ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਏ ਸਮਝਾਈਆ । ਸੁਤ ਦੁਲਾਰਾ ਸ਼ਬਦੀ ਨਿੱਕਾ, ਹੌਲੀ ਹੌਲੀ ਆਖ ਜਣਾਈਆ । ਤੂੰ ਪੁਰਖ ਅਕਾਲ ਮੇਰਾ ਪਿਤਾ, ਬੇਪਰਵਾਹ ਤੇਰੀ ਸਰਨਾਈਆ । ਨਿਤ ਨਵਿਤ ਕਰਨਾ ਹਿਤਾ, ਦਰ ਠਾਂਡੇ ਮੰਗ ਮੰਗਾਈਆ । ਤੇਰਾ ਖੇਲ ਸਦਾ ਅਨਡਿਠਾ, ਸਮਝ ਕਿਸੇ ਨਾ ਆਈਆ । ਸਚ ਮਕਾਨ ਤੇਰੇ ਵਸਾਂ, ਜਿਸ ਘਰ ਬਹਿ ਬਹਿ ਸੋਭਾ

ਪਾਈਆ । ਸਚਖੰਡ ਵਿਚੋਂ ਛੋਟਾ ਹਿੱਸਾ, ਥਿਰ ਘਰ ਤੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੱਚ ਰਿਹਾ ਜਣਾਈਆ । ਸੁਣ ਸ਼ਬਦ ਸੁਤ ਮੇਰੇ ਲਾਲ, ਪ੍ਰਭ ਲਾਲਨ ਦਇਆ ਕਮਾਇੰਦਾ । ਸਚਖੰਡ ਅਗੰਮੀ ਧਰਮਸਾਲ, ਥਿਰ ਘਰ ਤੇਰਾ ਡੇਰਾ ਲਾਇੰਦਾ । ਦੇਣਾ ਵਸਤ ਇਕ ਕਮਾਲ, ਅਗੰਮ ਅਥਾਹ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਇੰਦਾ । ਸ਼ਬਦ ਕਹੇ ਪੁਰਖ ਸਮਰਥ, ਤੇਰੀ ਓਟ ਤਕਾਈਆ । ਨਿਮਸਕਾਰ ਦੋਏ ਜੋੜ ਹੱਥ, ਬਿਨ ਹੱਥਾਂ ਸੀਸ ਝੁਕਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸਦ ਆਪਣਾ ਹੁਕਮ ਮਨਾਈਆ । ਤੇਰੇ ਵਿਚੋਂ ਉਪਜਿਆ ਤੇਰਾ ਨੂਰ ਤੇਰਾ ਤੱਤ, ਤੇਰਾ ਰੰਗ ਨਜ਼ਰੀ ਆਈਆ । ਤੇਰੇ ਚਰਨ ਬੱਝੇ ਨੱਤ, ਦੂਜਾ ਸੱਜਣ ਨਾ ਕੋਈ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਿਸ ਨਾਲ ਮਿਲੇ ਤੇਰੀ ਸਰਨਾਈਆ । ਸ੍ਰੀ ਭਗਵਾਨ ਆਖ ਸੁਣੌਂਦਾ ਏ । ਆਦਿ ਆਪਣੀ ਧਾਰ ਜਣੌਂਦਾ ਏ । ਸ਼ਬਦੀ ਸੁਤ ਫੜ ਉਠੌਂਦਾ ਏ । ਗੋਦੀ ਚੁੱਕ ਖ਼ੁਸ਼ੀ ਮਨੌਂਦਾ ਏ । ਵਸਤ ਅਮੋਲਕ ਤੇਰੀ ਝੋਲੀ ਪੌਂਦਾ ਏ । ਸਾਚਾ ਹੁਕਮ ਇਕ ਫ਼ਰਮੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਬੰਸ ਸੇਵ ਕਮੌਂਦਾ ਏ । ਬ੍ਰਹਿਮੰਡ ਖੰਡ ਤੇਰਾ ਘਰ ਵਡਿਔਂਦਾ ਏ । ਪੁਰੀ ਲੋਅ ਅਕਾਸ਼ ਨਾਲ ਰਲੌਂਦਾ ਏ । ਜ਼ਿਮੀ ਅਸਮਾਨ ਧਰਤ ਧਵਲ ਵੰਡ ਵੰਡੌਂਦਾ ਏ । ਪੰਜ ਤਤ ਆਪ ਧਰੌਂਦਾ ਏ । ਤ੍ਰੈਗੁਣ ਸੋਹਣਾ ਖੇਲ ਵਖੌਂਦਾ ਏ । ਲੱਖ ਚੁਰਾਸੀ ਰੰਗ ਰੰਗੌਂਦਾ ਏ । ਜੇਰਜ ਅੰਡਜ ਉਤਭੁਜ ਸੇਤਜ ਤੇਰਾ ਨਾਮ ਸਮਝੌਂਦਾ ਏ । ਸਚ ਜੈਕਾਰਾ ਇਕੋ ਇਕ, ਧੁਰਦਰਗਾਹੀ ਆਪ ਲਗੌਂਦਾ ਏ । ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਈ ਨਾ ਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਮਾਣ ਰਖੌਂਦਾ ਏ । ਸੁਤ ਸ਼ਬਦ ਤੈਨੂੰ ਵਡਿਆਵਾਂਗਾ । ਦੋ ਜਹਾਨ ਤੇਰੀ ਰਚਨ ਰਚਾਵਾਂਗਾ । ਬ੍ਰਹਿਮੰਡ ਖੰਡ ਤੇਰੀ ਖੇਲ ਕਰਾਵਾਂਗਾ । ਖਾਣੀ ਬਾਣੀ ਤੇਰੀ ਧਾਰ ਪਰਗਟਾਵਾਂਗਾ । ਗੁਰ ਅਵਤਾਰ ਤੇਰਾ ਬੰਸ ਸੁਹਾਵਾਂਗਾ । ਪੀਰ ਪੈਗ਼ੰਬਰ ਕੰਤ ਕੰਤੂਹਲ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਰੂਪ ਸਮਝਾਵਾਂਗਾ । ਸੁਤ ਸ਼ਬਦ ਚਰਨ ਕਵਲ, ਸੀਸ ਜਗਦੀਸ ਨਿਵਾਈਆ । ਤੂੰ ਸਾਹਿਬ ਸੁਲਤਾਨ ਅਲਾਹੀ ਨੂਰ ਅਵਲ, ਆਲਮੀਨ ਤੇਰੀ ਸਰਨਾਈਆ । ਨਿਰਗੁਣ ਸਰਗੁਣ ਤੇਰਾ ਖੇਲ ਉਪਰ ਧਵਲ, ਧਰਨੀ ਸੋਭਾ ਪਾਈਆ । ਦੇਵੇ ਮਾਣ ਬ੍ਰਹਮਾ ਕਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਮਿਹਰਵਾਨ ਸੂਰਾ ਸਰਬੰਗ, ਹਰਿ ਕਰਤਾ ਸਚ ਜਣਾਇੰਦਾ । ਨਿਤ ਨਵਿਤ ਤੇਰਾ ਨਾਮ ਵਜਾਵਾਂ ਮਰਦੰਗ, ਢੋਲਾ ਰਾਗ ਸਰਬ ਸੁਣਾਇੰਦਾ । ਲੱਖ ਚੁਰਾਸੀ ਅੰਦਰ ਸੇਜ ਪਲੰਘ, ਸੋਹਣੀ ਬਣਤ ਬਣਾਇੰਦਾ । ਆਤਮ ਪਰਮਾਤਮ ਦੇ ਅਨੰਦ, ਰਸ ਇਕੋ ਇਕ ਵਖਾਇੰਦਾ । ਜੁਗ ਚੌਕੜੀ ਜਾਇਣ ਲੰਘ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਰਾਹ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੰਗ, ਸਾਚਾ ਜੋੜ ਜੁੜਾਇੰਦਾ । ਕਰ ਖੇਲ ਵਿਚ ਬ੍ਰਹਿਮੰਡ, ਵਰਭੰਡ ਤੇਰਾ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਬਦ ਦੁਲਾਰਾ ਝੋਲੀ ਡਾਹਿੰਦਾ । ਸ਼ਬਦ ਦੁਲਾਰਾ ਡਾਹ ਝੋਲੀ, ਪੁਰਖ ਅਗੰਮੜੇ ਅੱਗੇ ਸੀਸ ਨਿਵਾਈਆ । ਬਣ ਠਾਕਰ ਬਰਦਾ ਤੇਰੀ ਗੋਲੀ, ਮਸਕੀਨ ਤੇਰੀ ਸਰਨਾਈਆ ।

੪੮੬ ੧੯

ਸਚ ਦੱਸ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਇਕੋ ਬੋਲੀ, ਜਿਸ ਵਿਚ ਮੇਰਾ ਤੇਰਾ ਰੂਪ ਨਜ਼ਰੀ ਆਈਆ । ਸ੍ਰੀ ਭਗਵਾਨ ਇਸ਼ਾਰੇ ਨਾਲ ਕਿਹਾ ਹੌਲੀ ਹੌਲੀ, ਬਿਨਾ ਅੱਖਰਾਂ ਦਿਤਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਤੂੰ ਕਦੇ ਨਾ ਡੋਲੀਂ, ਤੇਰੀ ਮੇਰੀ ਧਾਰ ਇਕੋ ਇਕ ਨਜ਼ਰੀ ਆਈਆ । ਸੋਹੰ ਸਰੂਪ ਸਦਾ ਮੌਲੀਂ, ਸਤਿ ਸਤਿਵਾਦੀ ਦਏ ਸਮਝਾਈਆ । ਏਸੇ ਵਿਚੋਂ ਮੇਰਾ ਨੂਰ ਵਰੋਲੀ, ਮੇਰੇ ਨੂਰ ਵਿਚੋਂ ਤੇਰਾ ਰੂਪ ਨਜ਼ਰੀ ਆਈਆ । ਤੇਰੇ ਨਾਲ ਕੀਤਾ ਇਕਰਾਰ ਕੌਲੀ, ਜੁਗ ਚੌਕੜੀ ਭੁੱਲ ਕਦੇ ਨਾ ਜਾਈਆ । ਤੇਰੀ ਦੁਕਾਨ ਸ੍ਰੀ ਭਗਵਾਨ ਆਪ ਖੋਲ੍ਹੀ, ਭੰਡਾਰਾ ਵਰਤੌਣਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਣ ਕੇ ਸੁਤ, ਥਿਰ ਘਰ ਸਾਚੇ ਖ਼ੁਸ਼ੀ ਮਨਾਇੰਦਾ । ਕਿਰਪਾ ਕਰੇ ਅਬਿਨਾਸ਼ੀ ਅਚੁੱਤ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਮੇਰੀ ਮੌਲੇ ਰੁੱਤ, ਸ੍ਰੀ ਭਗਵਾਨ ਆਪ ਮਹਿਕਾਇੰਦਾ । ਮੈਂ ਦੋ ਜਹਾਨ ਏਥੇ ਓਥੇ ਰਹਾਂ ਖ਼ੁਸ਼, ਖ਼ੁਸ਼ੀਆਂ ਵਿਚ ਆਪਣਾ ਘਰ ਸੁਹਾਇੰਦਾ । ਸ੍ਰੀ ਭਗਵਾਨ ਸਚਖੰਡ ਦਵਾਰੇ ਬੈਠਾ ਲੁਕ, ਬਿਨ ਤੇਰੇ ਨਜ਼ਰ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤੇ ਕਿਹਾ ਸ਼ਬਦ ਮੈਂ ਗੋਦੀ ਲਵਾਂ ਚੁੱਕ, ਤੇਰੀ ਸੇਵਾ ਇਕ ਸਮਝਾਇੰਦਾ । ਨਿਰਗੁਣ ਧਾਰੋਂ ਜਾਣਾ ਉਠ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਜਨ ਭਗਤਾਂ ਉਪਰ ਜਾਣਾ ਤੁਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਜਣਾਇੰਦਾ । ਸਾਚੀ ਸਿਖਿਆ ਸੁਣ ਕੇ ਬਾਲ ਨੱਢਾ, ਘਰ ਆਪਣੇ ਖ਼ੁਸ਼ੀ ਮਨਾਈਆ । ਮੇਰਾ ਪਿਤਾ ਪੁਰਖ ਅਕਾਲ ਕਿੱਡਾ ਵੱਡਾ, ਜਿਸ ਦੀ ਵੱਡੀ ਵਡਿਆਈਆ । ਘਰ ਆਇਆਂ ਦਰ ਦੇਵੇ ਸੱਦਾ, ਸੋਹਣਾ ਹੁਕਮ ਮਨਾਈਆ । ਮੈਂ ਦੋ ਜਹਾਨ ਨਿਰਗੁਣ ਸਰਗੁਣ ਹੋ ਕੇ ਫਿਰਾਂ ਭੱਜਾਂ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਆਤਮ ਪਰਮਾਤਮ ਸ਼ਬਦ ਨਾਦ ਧੁਨ ਰਾਗ ਅੰਮ੍ਰਿਤ ਰਸ ਗੁਰਮੁਖਾਂ ਦੇਵੇ ਮਜ਼ਾ, ਸੋਹਣਾ ਰਸ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਬੱਧਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਦਿ ਜੁਗਾਦਿ ਤੇਰੀ ਸੇਵਾ ਕਰਦਾ ਥੱਕ ਕਦੇ ਨਾ ਜਾਈਆ । ਸਾਹਿਬ ਸੁਲਤਾਨ ਸਚ ਮਹਿਬੂਬ, ਮਿਹਰਵਾਨ ਦਏ ਜਣਾਈਆ । ਸ਼ਬਦ ਸੁਤ ਤੇਰਾ ਊਚ ਅਰੂਜ, ਮਹਿਫ਼ਲ ਇਕੋ ਨੂਰ ਖ਼ੁਦਾਈਆ । ਉਠ ਵੇਖ ਮੇਰਾ ਸਬੂਤ, ਸਾਬਤ ਸੂਰਤ ਦਿਆਂ ਵਖਾਈਆ । ਜਿਸ ਦੇ ਅੰਦਰ ਰੱਖਾਂ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਤੇਰਾ ਇਕੋ ਦਵਾਰਾ ਇਕੋ ਮੰਜ਼ਲ ਇਕੋ ਮਕਸੂਦ, ਮਕਸਦ ਸਭ ਦਾ ਹੱਲ ਕਰਾਈਆ । ਆਦਿ ਜੁਗਾਦਿ ਜੁਗ ਚੌਕੜੀ ਕਰਕੇ ਹਉਮੇ ਨੇਸਤੋ ਨਾਬੂਦ, ਨਾਮ ਨਿਸ਼ਾਨਾ ਤੇਰਾ ਇਕ ਝੁਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੱਸ ਸਲੋਕ, ਦੂਈ ਦਵੈਤੀ ਤੇਰੇ ਵਿਚ ਕਦੀ ਨਾ ਆਈਆ । ਤੈਨੂੰ ਦੇਵਾਂ ਵਡਿਆਈ ਕਾਇਆ ਪੰਜ ਤਤ ਭੂਤ, ਅਨੁਭਵ ਤੇਰੀ ਖੇਲ ਕਰਾਈਆ । ਇਕੋ ਤਾਣਾ ਪੇਟਾ ਸੂਤ, ਇਕੋ ਬਸਤਰ ਦਏ ਬਣਾਈਆ । ਤੇਰਾ ਨਾਮ ਨਗਾਰਾ ਇਕੋ ਵੱਜੇ ਕੂਕ, ਦੋ ਜਹਾਨਾਂ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਸ਼ਬਦ ਸੁਤ ਦਏ ਵਡਿਆਈਆ । ਸੁਤ ਸ਼ਬਦ ਕਹੇ ਪ੍ਰਭ ਮੇਰੇ ਠਾਕਰ, ਦੀਨ ਦਿਆਲ ਤੇਰੀ ਸਰਨਾਈਆ । ਤੂੰ ਗਹਿਰ ਗੰਭੀਰ ਵੱਡਾ ਸਾਗਰ, ਬੇਅੰਤ ਬੇਅੰਤ ਬੇਅੰਤ ਅਖਵਾਈਆ । ਆਦਿ ਜੁਗਾਦੀ ਕਰੀਮ ਕਰਤਾ ਕਾਦਰ, ਕੁਦਰਤ ਤੇਰੇ ਵਿਚ ਰਖਾਈਆ । ਧੰਨ ਭਾਗ

ਮੋਹੇ ਦੇਵੇਂ ਆਦਰ, ਆਦਰਸ਼ ਆਪਣਾ ਇਕ ਜਣਾਈਆ । ਤੇਰੀ ਕਿਰਪਾ ਮੈਂ ਬਣਾਂ ਬਹਾਦਰ, ਸੂਰਬੀਰ ਨਾਉਂ ਧਰਾਈਆ । ਨਿਤ ਨਵਿਤ ਤੇਰਾ ਨਾਮ ਕਰਾਂ ਉਜਾਗਰ, ਤੇਰਾ ਢੋਲਾ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਸੌਦਾਗਰ, ਸੌਦਾ ਹੱਟ ਇਕ ਚਲਾਈਆ । ਮਾਣ ਦੇ ਕੇ ਸਾਢੇ ਤਿੰਨ ਹੱਥ ਕਾਇਆ ਗਾਗਰ, ਘਰ ਘਰ ਵਿਚ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣਾ ਧੁਰ ਦਾ ਵਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਦਾ ਸਦ ਸਚ ਤੇਰੀ ਸੇਵ ਕਮਾਈਆ ।

★ ੨੩ ਮਾਘ ੨੦੨੦ ਬਿਕ੍ਰਮੀ ਧਿਰਤਾ ਸਿੰਘ ਦੇ ਘਰ ਕਲਾਨੌਰ ਜ਼ਿਲਾ ਗੁਰਦਾਸਪੁਰ ★

ਸਤਿਗੁਰ ਸ਼ਬਦ ਵਡ ਬਲਵਾਨ, ਨਿਰਵੈਰ ਨਿਰਾਕਾਰ ਅਖਵਾਇੰਦਾ । ਪੁਰਖ ਅਕਾਲ ਕਰ ਧਿਆਨ, ਅਬਿਨਾਸ਼ੀ ਕਰਤਾ ਭੇਵ ਚੁਕਾਇੰਦਾ । ਲੇਖਾ ਵੇਖ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਵਣਹਾਰਾ ਦਾਨ, ਆਦਿ ਜੁਗਾਦੀ ਪੜਦਾ ਲਾਹਿੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਣਹਾਰ ਨਿਸ਼ਾਨ, ਸਚ ਨਿਸ਼ਾਨਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲਾਇੰਦਾ । ਸਤਿਗੁਰ ਸ਼ਬਦ ਗਹਿਰ ਗੰਭੀਰ, ਹਰਿ ਵੱਡਾ ਵਡ ਵਡਿਆਈਆ । ਚੋਟੀ ਚੜ੍ਹ ਬੈਠਾ ਅਖ਼ੀਰ, ਨਜ਼ਰ ਕਿਸੇ ਨਾ ਆਈਆ । ਧਾਰ ਰੱਖੇ ਬੇਨਜ਼ੀਰ, ਰੂਪ ਰੰਗ ਨਾ ਕੋਈ ਜਣਾਈਆ । ਸਚ ਲੱਭੇ ਨਾ ਕਿਸੇ ਤਸਵੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਸਾਹਿਬ ਸਮਰਥ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਮਹਿਮਾ ਅਕੱਥ, ਸ਼ਾਸਤਰ ਵੇਦ ਪੁਰਾਨ ਰਹੇ ਜਸ ਗਾਈਆ । ਅੰਜੀਲ ਕੁਰਾਨ ਮਸਲਾ ਹਕੀਕਤ ਰਹੇ ਦੱਸ, ਲਾਸ਼ਰੀਕ ਨੂਰ ਖ਼ੁਦਾਈਆ । ਮੁਕਾਮੇ ਹੱਕ ਰਿਹਾ ਵਸ, ਪਰਵਰਦਗਾਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਤਿਗੁਰ ਸ਼ਬਦ ਸਦਾ ਦਿਆਲ, ਦਇਆਨਿਧ ਅਖਵਾਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲ, ਸਚ ਦਵਾਰੇ ਸੋਭਾ ਪਾਇੰਦਾ । ਨਿਤ ਨਵਿਤ ਖੇਲ ਕਰੇ ਕਮਾਲ, ਕਰਨੀ ਕਰਤਾ ਹੱਥ ਰਖਾਇੰਦਾ । ਭਗਤ ਸੰਤ ਸੱਜਣ ਲਏ ਉਠਾਲ, ਗੁਰਮੁਖ ਗੁਰ ਗੁਰ ਬੂਝ ਬੁਝਾਇੰਦਾ । ਗੁਰਮੁਖ ਵੇਖੇ ਆਪਣੇ ਲਾਲ, ਲਾਲਣ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦਿ, ਹਰਿ ਕਰਤਾ ਆਪ ਪਰਗਟਾਇੰਦਾ । ਖੇਲੇ ਖੇਲ ਬ੍ਰਹਮ ਬ੍ਰਹਮਾਦਿ, ਭਾਂਡਾ ਭਰਮ ਭੌ ਆਪ ਭੰਨਾਇੰਦਾ । ਲੱਖ ਚੁਰਾਸੀ ਘਟ ਘਟ ਅੰਦਰ ਵਜਾਏ ਨਾਦ, ਆਤਮਕ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਸ਼ਬਦ ਗੁਰਦੇਵ ਸਵਾਮੀ, ਹਰਿ ਆਪ ਕਰਾਈਆ । ਘਟ ਘਟ ਬੈਠ ਅੰਤਰਜਾਮੀ, ਹਰਿ ਜਾਨਤ ਰੂਪ ਸਮਾਈਆ । ਜੁਗ ਚੌਕੜੀ ਬੋਲ ਅਗੰਮੀ ਬਾਣੀ, ਧੁਰ ਦੀ ਧਾਰ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਨਿਸ਼ਾਨੀ, ਲੋਕਮਾਤ

ਦਏ ਵਖਾਈਆ । ਆਤਮ ਪਰਮਾਤਮ ਖੇਲ ਮਹਾਨੀ, ਬੇਅੰਤ ਬੇਪਰਵਾਹੀਆ । ਕਲਜੁਗ ਕਰਾਂ ਲੇਖਾ ਲੇਖ ਜੀਵ ਜਹਾਨੀ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਸਚ ਰਚਾਈਆ । ਸਾਚੀ ਰਚਨਾ ਵੇਖ ਜਗ, ਹਰਿ ਕਰਤਾ ਖੇਲ ਰਚਾਇੰਦਾ । ਹਰ ਘਟ ਬੈਠ ਸੂਰਾ ਸਰਬੰਗ, ਸਚ ਸਿੰਘਾਸਣ ਸੋਭਾ ਪਾਇੰਦਾ । ਸਾਚੇ ਹੁਜਰੇ ਇਕੋ ਹੱਜ, ਮੱਕਾ ਕਾਅਬਾ ਇਕ ਦ੍ਰਿੜਾਇੰਦਾ । ਨਾਦ ਧੁਨ ਅਗੰਮੀ ਰਿਹਾ ਵੱਜ, ਤੰਦ ਸਤਾਰ ਨਜ਼ਰ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਗੁਰੂ ਅਵਤਾਰ, ਸਤਿਜੁਗ ਤ੍ਰੇਤਾ ਦਵਾਪਰ ਆਪ ਕਰਾਈਆ । ਲੇਖਾ ਜਾਣ ਪੀਰ ਪੈਗ਼ੰਬਰ ਯਾਰ, ਵੇਖਣਹਾਰਾ ਨਾਉਂ ਧਰਾਈਆ । ਧੁਰ ਦਾ ਕਲਮਾ ਦੇ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਧੁਰ ਸੰਦੇਸਾ ਸਚ ਪੈਗ਼ਾਮ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਪਰਦਾ ਉਹਲਾ ਚੁਕਾਵਣਹਾਰਾ, ਹਰਿ ਕਰਤਾ ਭੇਵ ਜਣਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਜੀਵ ਜੰਤ ਦੇ ਸਹਾਰਾ, ਸਾਚਾ ਮਾਰਗ ਜਗਤ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਨਿਰਗੁਣ ਸਰਗੁਣ ਆਪਣੀ ਖੇਲ ਵਖਾਈਆ । ਆਤਮ ਪਰਮਾਤਮ ਖੋਲ੍ਹ ਕਿਵਾੜਾ, ਥਿਰ ਮੰਦਰ ਸੋਭਾ ਪਾਇੰਦਾ । ਕਰ ਪਰਕਾਸ਼ ਬਹੱਤਰ ਨਾੜਾ, ਜੋਤੀ ਜੋਤ ਡਗਮਗਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਕੋਈ ਨਾ ਪਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਬਣ ਕਾਤਬ ਨਾ ਕੋਈ ਜਣਾਇੰਦਾ । ਘਰ ਠਾਂਡੇ ਬੈਠ ਸੱਚੇ ਦਵਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸ਼ਬਦੀ ਸ਼ਬਦ ਬਣਾਏ ਸਾਚਾ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਸੰਸਾਰਾ, ਕੋਟਨ ਕੋਟ ਕਾਲ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਆਦਿ ਨਿਰੰਜਨ, ਨਿਰਗੁਣ ਨਿਰਵੈਰ ਆਪ ਰੰਗਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਵੇਖ ਵਖਾਈਆ । ਆਦਿ ਜੁਗਾਦੀ ਧੁਰ ਦਾ ਸੱਜਣ, ਸਾਹਿਬ ਸਤਿਗੁਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਦੱਸੇ ਆਪ, ਆਪਣੇ ਹੱਥ ਰੱਖੀ ਵਡਿਆਈਆ । ਜੁਗ ਚੌਕੜੀ ਧੁਰ ਦਾ ਜਾਪ, ਸਚ ਸੰਦੇਸਾ ਨਾਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਬੱਤੀ ਦੰਦ ਸਾਰੇ ਗਏ ਆਖ, ਨਿਰਅੱਖਰ ਅੱਖਰ ਰੂਪ ਵਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਚ ਰਸੂਲ ਇਕੋ ਪਾਕ, ਪਤਤ ਰੂਪ ਨਾ ਕਦੇ ਵਟਾਈਆ । ਆਤਮ ਪਰਮਾਤਮ ਬੋਧ ਅਗਾਧ ਸ਼ਬਦ ਨਾਦ ਇਕੋ ਦੱਸੇ ਪੂਜਾ ਪਾਠ, ਧੁਰ ਸੰਦੇਸਾ ਨਾਮ ਸੁਣਾਈਆ । ਆਤਮ ਸਰੋਵਰ ਤਟ ਕਿਨਾਰਾ ਇਕੋ ਦੱਸੇ ਤਾਟ, ਅਠਸਠ ਆਪਣੀ ਧਾਰ ਜਣਾਈਆ । ਗੁਰਦਰ ਮੰਦਰ ਸ਼ਿਵਦਵਾਲੇ ਵੇਖਣਹਾਰ ਮੱਠ, ਮਸੀਤ ਕਾਅਬਾ ਕਾਇਆ ਅੰਦਰ ਇਕ ਸੁਹਾਈਆ । ਆਤਮ ਰਾਮ ਧੁਰ ਦੀ ਜਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਰ ਘਟ ਰਿਹਾ ਸਮਾਈਆ । ਪਰਮ ਪੁਰਖ ਪੁਰਖੋਤਮ ਸਰਬ ਜੀਆਂ ਦਾ ਕਮਲਾਪਾਤ, ਲੱਖ ਚੁਰਾਸੀ ਸੇਜ ਹੰਢਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸੁਣਾਏ ਗਾਥ, ਸੋਹਲਾ ਸਿਫ਼ਤੀ ਰਾਗ ਅਲਾਈਆ । ਖਾਣੀ ਬਾਣੀ ਕਹੇ ਪੁਰਖ ਅਬਿਨਾਸ਼, ਬੇਅੰਤ ਬੇਪਰਵਾਹ ਇਕ ਅਖਵਾਈਆ । ਜੁਗ



੪੮੮
੧੯

ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਆਪ, ਨਿਰਗੁਣ ਸਰਗੁਣ ਫੇਰਾ ਪਾਈਆ । ਸਚ ਦਵਾਰਾ ਖੋਲ੍ਹ ਕੇ ਜਾਵੇ ਹਾਟ, ਬਣ ਵਣਜਾਰਾ ਹੱਟ ਚਲਾਈਆ । ਪੰਜ ਤਤ ਦਿਸੇ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਵੇਖਣ ਆਇਆ, ਬੇਪਰਵਾਹ ਆਪਣਾ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਜਿਸ ਪਾਰ ਕਰਾਇਆ, ਕਲਜੁਗ ਅੰਤਮ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਵਿਖਤ ਢੋਲਾ ਧੁਰ ਦਾ ਗਾਇਆ, ਨਿਝ ਨੇਤਰ ਨੈਣ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਸਰਬ ਸਵਾਮੀ ਓਟ ਰਖਾਇਆ, ਦਰ ਬੈਠੇ ਸੀਸ ਨਿਵਾਈਆ । ਪਰਵਰਦਿਗਾਰ ਬੇਪਰਵਾਹ ਬੇਨਜ਼ੀਰ ਨੂਰ ਜਲਵਾ ਲਏ ਉਪਜਾਇਆ, ਜ਼ਾਹਿਰ ਜਹੂਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਸਾਚਾ ਖੇਲ ਹਰਿ ਕਰਤਾਰ, ਹਰਿ ਕਰਤਾ ਆਪ ਜਣਾਈਆ । ਮੰਗਦੇ ਗਏ ਗੁਰੂ ਅਵਤਾਰ, ਭਿਖਿਆ ਸਭ ਦੀ ਝੋਲੀ ਪਾਈਆ । ਪੀਰ ਪੈਗ਼ੰਬਰ ਸਜਦਾ ਕਰ ਕਰ ਧੂੜ ਚਰਨ ਲੌਂਦੇ ਰਹੇ ਛਾਰ, ਮਸਤਕ ਟਿੱਕਾ ਇਕ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਧਾ ਸੂਰਬੀਰ ਲੈ ਅਵਤਾਰ, ਪਰਵਰਦਿਗਾਰ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵੇਖਣਹਾਰ, ਘਟ ਘਟ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਗੁਰ ਅਵਤਾਰ ਬੋਲ ਜੈਕਾਰਾ, ਜੈ ਜੈ ਜੈਕਾਰ ਗਏ ਸੁਣਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਬਾਣ ਰਾਗ ਅਲਾਈਆ । ਸਚ ਸੰਦੇਸਾ ਏਕਾ ਵਾਰਾ, ਏਕੰਕਾਰ ਦਿਤਾ ਸੁਣਾਈਆ । ਕਲਜੁਗ ਅੰਤ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਰੂਪ ਲਏ ਅਵਤਾਰਾ, ਜੋਤੀ ਜਾਮਾ ਵੇਸ ਵਟਾਈਆ । ਸ਼ਬਦ ਰੂਪ ਸਿਰਜਣਹਾਰਾ, ਸਤਿ ਸਤਿਵਾਦੀ ਨਜ਼ਰੀ ਆਈਆ । ਮਾਤ ਪਿਤ ਜਨਨੀ ਜਨ ਨਾ ਕੋਈ ਦੁਲਾਰਾ, ਗੋਦੀ ਗੋਦ ਨਾ ਕੋਈ ਉਠਾਈਆ । ਕਰੇ ਖੇਲ ਅਪਰੰਪਰ ਅਪਰ ਅਪਾਰਾ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਧੁਰ ਦਾ ਬੋਲੇ ਇਕ ਜੈਕਾਰਾ, ਸਾਚਾ ਰਾਗ ਅਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਕਰੇ ਪਿਆਰਾ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਦੀਨ ਮਜ਼੍ਹਬ ਜਾਤ ਪਾਤ ਵਸੇ ਬਾਹਿਰਾ, ਸੋ ਸਤਿਗੁਰ ਸ਼ਬਦ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲਾ ਲਏ ਧਰਾਈਆ । ਸ਼ਬਦ ਗੁਰੂ ਸੂਰਾ ਸਰਬੰਗ, ਇਕ ਅਕੱਲਾ ਆਦਿ ਜੁਗਾਦਿ ਅਖਵਾਇੰਦਾ । ਜੁਗ ਚੌਕੜੀ ਸੱਚੇ ਮਾਰਗ ਸੰਗ, ਘਰ ਘਰ ਅੰਦਰ ਆਪਣਾ ਡੌਰੂ ਡੰਕ ਵਜਾਇੰਦਾ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਦੇਵੇ ਸਚ ਅਨੰਦ, ਅਨੰਦ ਆਤਮ ਵਿਚੋਂ ਪਰਗਟਾਇੰਦਾ । ਸਚ ਸੁਨੇਹੜਾ ਦੇ ਕੇ ਛੰਦ, ਸੋਹਣਾ ਰਾਗ ਸੁਣਾਇੰਦਾ । ਆਤਮ ਪਰਮਾਤਮ ਪਰਮਾਨੰਦ, ਨਿਜ ਆਤਮ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਕਰਤਾਰ, ਕਲਜੁਗ ਅੰਤਮ ਵੇਖ ਵਖਾਈਆ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਪਰਦਾ ਰਿਹਾ ਉਠਾਈਆ । ਲੇਖਾ ਭਵਿਖਤ ਜੋ ਗਏ ਉਚਾਰ, ਵੇਖਣਹਾਰਾ ਥਾਉਂ ਥਾਈਂਆ । ਲਹਿਣਾ ਦੇਣਾ ਹਰਿਜਨ ਦਏ ਉਤਾਰ, ਬਾਕੀ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਜਗ, ਸ਼ਬਦ


੪੮੯ ੧੯

ਗੁਰੂ ਵੱਡੀ ਵਡਿਆਈਆ । ਕਲਜੁਗ ਮੇਟੇ ਲੱਗੀ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਹੰਸ ਰੂਪ ਬਣਾਏ ਕੱਗ, ਮਾਣਕ ਮੋਤੀ ਚੋਗ ਚੁਗਾਈਆ । ਸਾਚੇ ਹੁਜਰੇ ਕਰੇ ਹੱਜ, ਕਾਇਆ ਕਾਅਬਾ ਇਕ ਖੁਲ੍ਹਾਈਆ । ਸਚ ਦਵਾਰ ਵਜਾਏ ਨਦ, ਅਨਹਦ ਧੁਨ ਉਪਜਾਈਆ । ਘਰ ਅੰਮ੍ਰਿਤ ਦੇਵੇ ਮਦਿ, ਨਿਝਰ ਝਿਰਨਾ ਸਚ ਝਿਰਾਈਆ । ਬਜਰ ਕਪਾਟੀ ਪੱਥਰ ਜਾਵੇ ਭੱਜ, ਪਰਦਾ ਰਹਿਣ ਕੋਈ ਨਾ ਪਾਈਆ । ਨਿਰਗੁਣ ਜੋਤ ਕਰ ਪਰਕਾਸ਼, ਨੂਰੋ ਨੂਰ ਕਰੇ ਰੁਸ਼ਨਾਈਆ । ਸਾਚੇ ਗ੍ਰਿਹਿ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਦਾਤਾ ਏਕ, ਆਦਿ ਜੁਗਾਦਿ ਅਖਵਾਇੰਦਾ । ਜੁਗ ਚੌਕੜੀ ਜਿਸ ਦੀ ਟੇਕ, ਗੁਰ ਅਵਤਾਰ ਧਿਆਨ ਲਗਾਇੰਦਾ । ਪੀਰ ਪੈਗ਼ੰਬਰ ਜਿਸ ਦਾ ਭੇਖ, ਚੇਲਾ ਲੋਕਮਾਤ ਹੰਢਾਇੰਦਾ । ਤਿਸ ਦਾ ਰੂਪ ਰੰਗ ਨਾ ਰੇਖ, ਨਿਰਾਕਾਰ ਸਾਕਾਰ ਆਪਣੀ ਧਾਰ ਚਲਾਇੰਦਾ । ਨਿਤ ਨਵਿਤ ਕਰਕੇ ਹਿਤ ਜਨ ਭਗਤਾਂ ਦਏ ਸੰਦੇਸ਼, ਸੋਹਣਾ ਢੋਲਾ ਰਾਗ ਸੁਣਾਇੰਦਾ । ਸਾਹਿਬ ਸਵਾਮੀ ਲਓ ਵੇਖ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਇੰਦਾ । ਸਤਿਗੁਰ ਸ਼ਬਦ ਸਰਬਗੁਣ ਭਰਪੂਰ, ਵੱਡਾ ਵਡ ਵਡਿਆਈਆ । ਵਸਣਹਾਰਾ ਨੇੜੇ ਦੂਰ, ਹਰ ਘਟ ਰਿਹਾ ਸਮਾਈਆ । ਕਲਜੁਗ ਅੰਤ ਨਾਤਾ ਤੋੜੇ ਕੂੜੇ ਕੂੜ, ਜੂਠ ਝੂਠ ਦਏ ਮਿਟਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਜਿਨ੍ਹਾਂ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਸੇਵ ਲਗਾਈਆ । ਸ਼ਬਦ ਸੁਤ ਹੋ ਤਿਆਰ, ਲੋਕਮਾਤ ਵੇਖ ਵਖਾਈਆ । ਲਹਿਣਾ ਚੁੱਕੇ ਗੁਰੂ ਅਵਤਾਰ, ਪੀਰ ਪੈਗੰਬਰ ਮੂਲ ਝੋਲੀ ਪਾਈਆ । ਦੀਨ ਮਜ਼੍ਹਬ ਜਾਤ ਪਾਤ ਮਿਟਾਵਣਹਾਰ, ਵਰਨ ਬਰਨ ਵੰਡ ਨਾ ਕੋਈ ਵੰਡਾਈਆ । ਆਤਮ ਪਰਮਾਤਮ ਕਰੇ ਉਜਿਆਰ, ਬ੍ਰਹਮ ਪਾਰਬ੍ਰਹਮ ਪੜਦਾ ਓਹਲਾ ਲਾਹੀਆ । ਏਕਾ ਨੂਰ ਦਿਸੇ ਸੰਸਾਰ, ਜਹੂਰ ਹਰ ਘਟ ਵੇਖ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਬੇਪਰਵਾਹੀਆ । ਦਰ ਉਸ ਕਰੋ ਨਿਮਸਕਾਰ, ਜਿਸ ਦਰ ਦਰਵੇਸ਼ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਮੰਦਰ ਵੜਦਾ ਓਸ ਮਿਨਾਰ, ਜਿਸ ਦੀ ਛੱਪਰ ਛੰਨ ਪੁਰਖ ਅਕਾਲ ਆਪ ਛੁਹਾਈਆ । ਦਰਸ ਕਰੋ ਉਸ ਦੀਦਾਰ, ਜਿਸ ਦਾ ਨੂਰ ਛੁਪ ਕਦੇ ਨਾ ਜਾਈਆ । ਮੰਜ਼ਲ ਚੜ੍ਹ ਵੇਖੋ ਘਰ ਬਾਰ, ਜਿਸ ਗ੍ਰਿਹਿ ਵਸੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਸੁਣੋ ਸਭ ਜੱਗ, ਸ੍ਰਿਸ਼ਟ ਸਬਾਈ ਜਣਾਇੰਦਾ । ਮੇਰਾ ਵਾਸਾ ਉਪਰ ਸ਼ਾਹ ਰਗ, ਥੱਲੇ ਨਜ਼ਰ ਕਿਸੇ ਨਾ ਆਇੰਦਾ । ਬਿਨ ਸਤਿਗੁਰ ਪੂਰੇ ਕਿਸੇ ਨਾ ਮਿਲਿਆ ਚੱਜ, ਫੜ ਰਾਹੇ ਮਾਰਗ ਨਾ ਕੋਈ ਚਲਾਇੰਦਾ । ਜਗਤ ਦਵਾਰੇ ਸ੍ਰਿਸ਼ਟ ਸਬਾਈ ਰਹੀ ਭੱਜ, ਪੜ੍ਹਿਆਂ ਸੁਣਿਆਂ ਹੱਥ ਕਿਸੇ ਨਾ ਆਇੰਦਾ । ਜੋ ਸਾਹਿਬ ਸਰਨਾਈ ਗਏ ਲੱਗ, ਚਰਨ ਪ੍ਰੀਤੀ ਤਿਨ੍ਹਾਂ ਨਿਭਾਇੰਦਾ । ਹਿਰਦੇ ਹਰਿ ਕਾ ਰੂਪ ਹੋ ਕੇ ਜਾਵਾਂ ਵਸ, ਵਾਸਤਾ ਆਪਣੇ ਨਾਲ ਰਖਾਇੰਦਾ । ਚਾਰ ਵਰਨਾਂ ਇਕੋ ਪਿਆਰ ਦੱਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਈ ਵੰਡਾਇੰਦਾ । ਦੀਨ ਮਜ਼੍ਹਬ ਵਿਚ ਕਦੇ ਨਾ ਜਾਵਾਂ ਫਸ, ਜਾਤ ਪਾਤ ਬੰਧਨ ਨਾ ਕੋਈ ਰਖਾਇੰਦਾ । ਇਕੋ ਨਾਤਾ ਪੁਰਖ ਸਮਰਥ, ਦਰਗਾਹ ਸਾਚੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸ਼ਬਦ ਸੁਤ ਸਾਚੀ ਸੇਵਾ ਇਕ ਲਗਾਇੰਦਾ । ਸ਼ਬਦ ਗੁਰੂ ਗੁਰੂ ਗੁਰ ਬੋਲੇ ਬੋਲ, ਬੋਲ ਧੁਰ ਦਾ ਇਕ ਸੁਣਾਈਆ । ਸ੍ਰਿਸ਼ਟ ਸਬਾਈ ਉਠ ਅਨਭੋਲ, ਨੇਤਰ ਨੈਣ ਅੱਖ ਖੁਲ੍ਹਾਈਆ । ਸ਼ਬਦ ਸਵਾਮੀ ਵਸੇ ਤੇਰੇ ਕੋਲ, ਘਰ ਘਰ ਵਿਚ ਡੇਰਾ ਲਾਈਆ । ਕਾਇਆ ਗਠੜੀ ਆਪਣੀ ਫੋਲ, ਜੰਗਲ ਜੂਹ ਉਜਾੜ ਪਹਾੜ ਹੱਥ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਦੱਸਣ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮਿਲੇ ਵਡਿਆਈ ਲੋਕਮਾਤ, ਗੁਰ ਸ਼ਬਦੀ ਦਇਆ ਕਮਾਈਆ । ਭਗਤ ਸੁਹੇਲੇ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਸੰਤ ਸਰਨਾਈ ਚਰਨ ਕਵਲ ਗਏ ਲਾਗ, ਨਾਤਾ ਬਿਧਾਤਾ ਇਕੋ ਜੋੜ ਜੁੜਾਈਆ । ਗੁਰਮੁਖਾਂ ਸਚ ਸੁਨੇਹੜਾ ਜਾਏ ਆਖ, ਧੁਰ ਦੀ ਧਾਰ ਆਪ ਜਣਾਈਆ । ਗੁਰਮੁਖਾਂ ਲੱਖ ਚੁਰਾਸੀ ਨਾਲੋਂ ਕਰੇ ਵੱਖ, ਵੱਖਰੀ ਆਪਣੀ ਕਾਰ ਜਣਾਈਆ । ਮਿਹਰਵਾਨ ਹੋ ਕੇ ਆਪਣੇ ਮਿਲਣ ਦੀ ਦੇਵੇ ਅੱਖ, ਨਿਝ ਨੇਤਰ ਨੈਣ ਖੁਲ੍ਹਾਈਆ । ਕੂੜੀ ਕਿਰਿਆ ਕਰਕੇ ਭੱਠ, ਸਚ ਸੁਚ ਰੂਪ ਦ੍ਰਿੜਾਈਆ । ਲੇਖਾ ਜਾਣ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਆਪਣੇ ਰੰਗ ਰੰਗਾਈਆ । ਸਚ ਜੈਕਾਰਾ ਬੋਲ ਅਲੱਖ, ਅਲੱਖ ਅਗੋਚਰ ਆਪਣਾ ਨਾਮ ਵਡਿਆਈਆ । ਧੁਰ ਦਾ ਮਾਰਗ ਇਕੋ ਦੱਸ, ਦਹਿ ਦਿਸ਼ਾ ਖੇਲ ਖਿਲਾਈਆ । ਕਲਜੁਗ ਅੰਤ ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਪਾਰਬ੍ਰਹਮ ਅੱਗੇ ਸਾਰੇ ਰਹੇ ਦੱਸ, ਪੂਰਬ ਲੇਖਾ ਸਰਬ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਣ ਹਾਲ, ਸਾਹਿਬ ਸਤਿਗੁਰ ਅੱਗੇ ਜਣਾਈਆ । ਕਲਜੁਗ ਜੀਵ ਹੋਏ ਬੇਹਾਲ, ਧੀਰਜ ਧੀਰ ਨਾ ਕੋਈ ਧਰਾਈਆ । ਫਿਰੇ ਦਰੋਹੀ ਮੰਦਰ ਮਸਜਦ ਮੱਠ ਸ਼ਿਵਦਵਾਲੇ ਧਰਮਸਾਲ, ਸਾਚਾ ਰੂਪ ਨਜ਼ਰ ਕਿਸੇ ਨਾ ਆਈਆ । ਗੁਰ ਕਾ ਸ਼ਬਦ ਕੋਈ ਨਾ ਰਿਹਾ ਪਾਲ, ਹਿਰਦੇ ਹਰਿ ਨਾ ਕੋਈ ਵਸਾਈਆ । ਫਲ ਦਿਸੇ ਨਾ ਕਿਸੇ ਡਾਲ, ਸਿਮਲ ਰੁੱਖ ਰਹੇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਲੋਕਮਾਤ ਹਾਲਤ, ਹਵਾਲਾ ਸਾਰੇ ਰਹੇ ਜਣਾਈਆ । ਸ੍ਰੀ ਭਗਵਾਨ ਬਿਨ ਤੇਰੀ ਅਦਾਲਤ, ਲੇਖਾ ਸਕੇ ਨਾ ਕੋਈ ਚੁਕਾਈਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਪਾਈ ਬਗ਼ਾਵਤ, ਸ਼ਰਅ ਕਰੇ ਲੜਾਈਆ । ਸਾਚਾ ਨਾਮ ਕਰੇ ਨਾ ਕੋਈ ਸਖ਼ਾਵਤ, ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਕਲਜੁਗ ਅੰਤ ਬੈਠੇ ਮੁਖ ਭਵਾਈਆ । ਮਨ ਮਨਸਾ ਘਰ ਘਰ ਅਦਾਵਤ, ਅੱਠੇ ਪਹਿਰ ਕਰੇ ਲੜਾਈਆ । ਬਾਹਰੋਂ ਦਿਸੇ ਸਰਬ ਸੋਹਣੀ ਕੂੜੀ ਕਿਰਿਆ ਬਨਾਵਟ, ਕਾਇਆ ਮਾਟੀ ਪੰਜ ਤਤ ਪੋਚ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕੀ ਗਿਆ ਹੋ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਹੋਈ ਨਿਰਮੋਹ, ਹਕੀਕਤ ਹੱਕ ਨਾ ਕੋਈ ਕਮਾਈਆ । ਗੂੜ੍ਹੀ ਨੀਂਦ ਗਫ਼ਲਤ ਵਿਚ ਗਏ ਸੌਂ, ਸਾਹਿਬ ਸਤਿਗੁਰ ਚਰਨ ਧਿਆਨ ਨਾ ਕੋਈ ਲਗਾਈਆ । ਮਾਇਆ ਕਾਰਨ ਰਹੇ ਰੋ, ਸਾਧ ਸੰਤ ਬੈਠੇ ਢੇਰੀਆਂ ਢਾਹੀਆ । ਘਰ ਪਰਕਾਸ਼ ਕਰੇ ਨਾ ਕੋਈ ਲੋਅ, ਦੀਪ ਜੋਤ ਨਾ ਕੋਈ ਜਗਾਈਆ । ਆਤਮ ਪਰਮਾਤਮ ਕੋਈ ਸਕੇ ਨਾ ਛੋਹ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮੱਕੇ ਮਦੀਨੇ ਆਵਣ ਹੋ ਹੋ, ਹੋਕਾ ਹੱਕ ਨਾ ਕੋਈ ਜਣਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਰਹੇ ਰੋ, ਉਚੀ ਕੂਕ ਕੂਕ ਸੁਣਾਈਆ । ਸਾਚਾ ਮਿਲੇ ਨਾ ਕਿਸੇ ਢੋਆ ਢੋ, ਢੋਲਕ ਛੈਣੇ ਰਹੇ ਖੜਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਇਕੋ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਦੱਸ, ਪੁਰਖ ਅਕਾਲ ਅੱਗੇ ਜਣਾਈਆ । ਸਾਡਾ ਚਲੇ ਨਾ ਕੋਈ ਵਸ, ਭਰਮੇ ਭੁਲੀ ਸਰਬ ਲੋਕਾਈਆ । ਕੂੜੀ ਕਿਰਿਆ ਅੰਦਰ ਰਹੇ ਵਸ, ਵਾਸਤਾ ਤੇਰੇ ਨਾਲੋਂ ਤੁੜਾਈਆ । ਕਾਮ ਵਾਸਨਾ ਸਾਰੇ ਰਹੇ ਨੱਠ, ਅੱਠੇ ਪਹਿਰ ਮਨ ਹੋਇਆ ਹਲਕਾਈਆ । ਵੇਖ ਕੇ ਆਏ ਤੀਰਥ ਤਟ, ਨਾਰੀ ਪੁਰਸ਼ ਨੰਗੇ ਤਾਰੀਆਂ ਰਹੇ ਲਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਨਾਲ ਵੇਖੇ ਮੱਠ, ਤੇਰੇ ਚਰਨ ਕਵਲ ਸੀਸ ਨਾ ਕੋਈ ਨਿਵਾਈਆ । ਗਿਆਨੀਆਂ ਧਿਆਨੀਆਂ ਅੰਦਰ ਖੁਲ੍ਹੀ ਨਾ ਵੇਖੀ ਅੱਖ, ਰਸਨਾ ਜਿਹਵਾ ਪੜ੍ਹ ਪੜ੍ਹ ਰਹੇ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮੇ ਅੰਦਰ ਮਾਰਗ ਦੱਸ, ਦੱਸ ਕੇ ਆਪਣਾ ਪੰਧ ਮੁਕਾਈਆ । ਅੰਤ ਨਿਬੇੜਾ ਕਰੇ ਹੱਕ, ਤੇਰੇ ਹੱਥ ਵਡਿਆਈਆ । ਜਾ ਕੇ ਖੇਲ ਵੇਖ ਬਾਜ਼ੀਗਰ ਨਟ, ਕਲਜੁਗ ਸਵਾਂਗੀ ਆਪਣਾ ਸਵਾਂਗ ਰਚਾਈਆ । ਧੀਰਜ ਰਿਹਾ ਨਾ ਕਿਸੇ ਸਤਿ, ਸੰਤੋਖ ਬੈਠਾ ਮੁਖ ਛੁਪਾਈਆ । ਨਾੜ ਬਹੱਤਰ ਉਬਲੀ ਰੱਤ, ਅਗਨੀ ਤਤ ਰਹੀ ਜਲਾਈਆ । ਚੌਦਾਂ ਵਿਦਿਆ ਪੜ੍ਹਦਿਆਂ ਮਾਰੀ ਗਈ ਮੱਤ, ਚੌਦਾਂ ਲੋਕ ਚੌਦਾਂ ਤਬਕ ਧੀਰਜ ਨਾ ਕੋਈ ਧਰਾਈਆ । ਮਨ ਹੰਕਾਰੀ ਚੁੱਕੀ ਅੱਤ, ਬੁੱਧੀ ਚਲੇ ਨਾ ਕੋਈ ਚਤਰਾਈਆ । ਸਾਚਾ ਬੁਰਜ ਗਿਆ ਢੱਠ, ਕੂੜ ਮਿਨਾਰ ਨਜ਼ਰੀ ਆਈਆ । ਕਾਮ ਵਾਸਨਾ ਲੇਖਾ ਹੱਟ, ਮਾਇਆ ਮਮਤਾ ਮੋਹ ਵਸਤ ਟਿਕਾਈਆ । ਸਾਧ ਸੰਤ ਫੜਕੇ ਮਣਕਾ ਮਣਕਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਸੱਚਾ ਲਾਹਾ ਕੋਈ ਨਾ ਲਏ ਖੱਟ, ਵਣਜ ਕਰੇ ਕੂੜ ਲੋਕਾਈਆ । ਲੇਖੇ ਲੱਗੇ ਨਾ ਕਿਸੇ ਰੱਤ, ਹੱਡ ਮਾਸ ਨਾੜੀ ਚੰਮ ਕੀਮਤ ਕੋਈ ਨਾ ਪਾਈਆ । ਪਰਮ ਪੁਰਖ ਪਰਮਾਤਮ ਸਰਬ ਜੀਆਂ ਦੇ ਹਿਰਦੇ ਜਾ ਕੇ ਵਸ, ਸੁਰਤ ਸਵਾਣੀ ਦੇ ਜਗਾਈਆ । ਸ਼ਬਦ ਅਗੰਮੀ ਚੋਟ ਲਾ ਸੱਟ, ਨਾਮ ਨਿਧਾਨ ਹੱਥ ਉਠਾਈਆ । ਆਪਣੇ ਮਿਲਣ ਦੀ ਦੇ ਅੱਖ, ਜੋ ਬੈਠੇ ਤੈਨੂੰ ਭੁਲਾਈਆ । ਸਦੀ ਬੀਸਵੀਂ ਆਤਮ ਪਰਮਾਤਮ ਦੇ ਮੱਤ, ਸਾਚੀ ਸਿਖਿਆ ਇਕ ਦ੍ਰਿੜਾਈਆ । ਚੌਦਾਂ ਲੋਕ ਗਾਵਣ ਤੇਰਾ ਜਸ, ਚੌਦਾਂ ਤਬਕ ਕਲਮਾ ਇਕੋ ਇਕ ਸੁਣਾਈਆ । ਦੀਨ ਮਜ਼੍ਹਬ ਜਾਤ ਪਾਤ ਤੂੰ ਹੀ ਕੀਤੇ ਵੱਖ, ਅੰਤਮ ਆਪੇ ਲਏ ਮਿਲਾਈਆ । ਅਸੀਂ ਵਾਕ ਭਵਿਖਤ ਸ੍ਰਿਸ਼ਟ ਸਬਾਈ ਆਏ ਦੱਸ, ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਵੇਸ ਵਟਾਈਆ । ਸ਼ਬਦ ਗੁਰੂ ਆਪ ਸਮਰਥ, ਸਚ ਤੇਰੀ ਵਡਿਆਈਆ । ਭਰਮੇ ਭੁਲਿਆਂ ਪਾ ਨੱਥ, ਡੋਰੀ ਤੰਦ ਆਪਣਾ ਨਾਮ ਜਣਾਈਆ । ਸ੍ਰਿਸ਼ਟ ਸਬਾਈ ਸੁਣਾ ਇਕੋ ਗਾਥ, ਸਾਚਾ ਢੋਲਾ ਨਾਦ ਜਣਾਈਆ । ਨਿਰਵੈਰ ਹੋ ਕੇ ਦੇਵੇ ਸਾਥ, ਗੁਰ ਅਵਤਾਰ ਪੀਰ ਪੈਗ਼ੰਬਰ ਮੰਗ ਮੰਗਾਈਆ । ਪਰਗਟ ਹੋ ਕੇ ਸਾਖਿਆਤ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕੋ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਅਰਦਾਸ, ਸੀਸ ਚਰਨ ਕਵਲ ਟਿਕਾਈਆ । ਠਾਕਰ ਸਵਾਮੀ ਸਰਬ ਗੁਣਤਾਸ, ਅੰਤਰਜਾਮੀ ਤੇਰੀ ਸਰਨਾਈਆ । ਤੇਰੇ ਵਿਚੋਂ ਉਪਜੀ ਤੇਰੀ ਲੱਖ ਚੁਰਾਸੀ ਜਾਤ, ਘਟ ਘਟ ਅੰਤਰ ਤੇਰਾ ਨੂਰ ਸਮਾਈਆ । ਤੇਰਾ ਨਾਮ ਤੇਰੀ ਗਾਥ, ਤੇਰਾ ਢੋਲਾ ਤੇਰਾ ਸੋਹਲਾ ਤੇਰਾ ਕਲਮਾ ਤੇਰਾ ਨਗ਼ਮਾ, ਤੇਰੀ ਤਾਰੀਫ਼ ਕਰੇ ਲੋਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਤੇਰੇ ਕੋਲ ਆਇਆ ਮੁਕੱਦਮਾ, ਅਦਾਲਤ ਹੱਕ ਨਜ਼ਰੀ ਆਈਆ । ਕਲਜੁਗ

ਸਾਨੂੰ ਹੋਇਆ ਸਦਮਾ, ਦੁੱਖ ਲੱਗਾ ਡਾਹਡਾ ਘਾਓ ਸਹਿ ਸਕੇ ਕੋਈ ਨਾ ਰਾਈਆ । ਜੀਵ ਜੰਤ ਗੁਰ ਅਵਤਾਰ ਪੀਰ ਪੈਗ਼ੰਬਰਾਂ ਪਿਛੇ ਚਲੇ ਨਾ ਕਦਮਾਂ, ਮਾਰਗ ਸਾਰੇ ਗਏ ਭੁਲਾਈਆ । ਭਗਤ ਲੱਭੇ ਨਾ ਕੋਈ ਵਿਚੋਂ ਪਦਮਾਂ, ਜਿਸ ਮਿਲਿਆ ਬੇਪਰਵਾਹੀਆ । ਜੀਵ ਜੰਤ ਜਹਾਨ ਹੋਇਆ ਪਗਲਾ, ਹੋਛੀ ਮਤ ਬਣਾਈਆ । ਕੋਈ ਨਾ ਲੇਖਾ ਜਾਣੇ ਅਗਲਾ, ਦਰਗਾਹ ਸਾਚੀ ਮਿਲੇ ਸਜਾਈਆ । ਕਿਰਪਾ ਕਰਕੇ ਸੰਤ ਸੁਹੇਲੇ ਵਿਚੋਂ ਕੱਢ ਲਾ, ਜਨ ਭਗਤਾਂ ਹੋ ਸਹਾਈਆ । ਮਨਮੁਖ ਜੀਵ ਸਾਰੇ ਛੱਡ ਲਾ, ਕੁੰਭੀ ਨਰਕ ਨਿਵਾਸ ਟਿਕਾਈਆ । ਸਤਿ ਧਰਮ ਨਿਸ਼ਾਨਾ ਗੱਡ ਲਾ, ਧੁਰ ਦੀ ਧਾਰ ਇਕ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਤੇਰੇ ਹੁਕਮ ਅੰਦਰ ਦੀਨ ਮਜ਼੍ਹਬ ਕਰਕੇ ਆਏ ਅੱਡਰਾ, ਅੰਤਮ ਲੇਖਾ ਦੇ ਚੁਕਾਈਆ । ਸਾਡੀਆਂ ਪੂਰੀਆਂ ਕਰਦੇ ਸਧਰਾਂ, ਤੇਰੇ ਅੱਗੇ ਅਰਜ਼ੋਈਆ । ਜਿਨ੍ਹਾਂ ਨੂੰ ਦੇਵੇਂ ਆਪਣੇ ਨਾਮ ਦੀ ਮਦਿਰਾ, ਭਰ ਪਿਆਲਾ ਜਾਮ ਪਿਆਈਆ । ਆਪ ਕੱਟੇ ਉਚੀਆਂ ਲੰਮੀਆਂ ਮੰਜ਼ਲਾਂ, ਦੂਰ ਦੁਰਾਡਾ ਪੰਧ ਮੁਕਾਈਆ । ਤੇਰੇ ਪ੍ਰੇਮ ਦੀ ਗਾਏ ਗਜ਼ਲਾ, ਦੂਜਾ ਰਾਗ ਨਾ ਕੋਇ ਸੁਣਾਈਆ । ਚਾਰ ਜੁਗ ਦਾ ਪਿਛਲਾ ਕੱਢ ਕੇ ਛਜਰਾ, ਜੋ ਸੀਮਾਂ ਵੰਡ ਵੰਡਾਈਆ । ਸਾਥੋਂ ਚੁਕਾਇਆ ਨਾ ਜਾਵੇ ਬਦਲਾ, ਬਦਲੀ ਤੇਰੇ ਹੱਥ ਰਖਾਈਆ । ਤੂੰ ਆਦਿ ਜੁਗਾਦੀ ਕਰੇਂ ਅਦਲਾ, ਆਦਲ ਇਕੋ ਇਕ ਅਖਵਾਈਆ । ਕੂੜ ਕੂੜੀ ਕਿਰਿਆ ਵਰਲਾ ਬਾਹਰੋਂ ਚਿੱਟਾ ਰਹਿ ਨਾ ਜਾਏ ਬਗਲਾ, ਦੁਰਮਤ ਮੈਲ ਅੰਦਰੋਂ ਦਏ ਦੁਹਾਈਆ । ਤੇਰੇ ਘਰ ਇਕੋ ਜਿਹਾ ਸ਼ਾਹ ਕੰਗਲਾ, ਊਚ ਨੀਚ ਨਜ਼ਰ ਕੋਈ ਨਾ ਆਈਆ । ਦੋ ਜਹਾਨਾਂ ਤੇਰਾ ਲੱਗਾ ਜੰਗਲਾ, ਸ਼ਬਦੀ ਡੋਰ ਤੰਦ ਬੰਧਾਈਆ । ਹੁਣ ਕੂੜੀ ਕਿਰਿਆ ਜਗਤ ਅਖਾੜਾ ਵੇਖ ਨਾ ਦੰਗਲਾ, ਬੇਪਰਵਾਹ ਆਪਣੀ ਦਇਆ ਕਮਾਈਆ । ਸਭ ਦੇ ਕੱਟਦੇ ਸ਼ਰਅ ਜ਼ੰਜੀਰ ਸੰਗਲਾ, ਨਾਮ ਕਟਾਰ ਤਿਖੀ ਧਾਰ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਇਕੋ ਮੰਗ ਮੰਗਦਾ, ਖਾਲੀ ਝੋਲੀ ਅੱਗੇ ਡਾਹੀਆ । ਬਿਨ ਤੇਰੇ ਸਮਾਂ ਸੁਹੰਜਣਾ ਲੋਕਮਾਤ ਨਾ ਜੱਗ ਦਾ, ਸੋਭਾਵੰਤ ਨਾ ਦੇਵੇ ਕੋਈ ਵਡਿਆਈਆ । ਹੁਣ ਵੇਲਾ ਨਹੀਂ ਅਜ ਪਜ ਦਾ, ਵਾਕ ਭਵਿਖਤ ਪੂਰਾ ਦਏ ਕਰਾਈਆ । ਭਗਤ ਭਗਵਾਨ ਤੈਨੂੰ ਫਿਰੇ ਲੱਭਦਾ, ਚਾਰੋਂ ਕੁੰਟ ਖੋਜ ਖੁਜਾਈਆ । ਹੁਣ ਤੇਰੀ ਕਿਰਪਾ ਪੈਂਡਾ ਮੁੱਕੇ ਤੇਰੀ ਹੱਦ ਦਾ, ਤੇਰੇ ਮੰਦਰ ਚੜ੍ਹ ਦਰਸ ਕੋਇ ਨਾ ਪਾਈਆ । ਤੂੰ ਕਿਰਪਾਨਿਧਾਨ ਜੁਗ ਚੌਕੜੀ ਗ਼ਰੀਬ ਨਿਮਾਣਿਆਂ ਭਗਤਾਂ ਵਲ ਭੱਜਦਾ, ਨਿਰਗੁਣ ਸਰਗੁਣ ਰੂਪ ਵਟਾਈਆ । ਵੇਖ ਹਾਲ ਕਲੂ ਕਲ ਦਾ, ਚਾਰੋਂ ਕੁੰਟ ਅੰਧੇਰਾ ਛਾਈਆ । ਪਿਓ ਪੁੱਤਰ ਇਕ ਦੂਜੇ ਨੂੰ ਛਲਦਾ, ਮਾਤ ਪੁਤ ਕੂੜੀ ਸੇਜ ਰਿਹਾ ਹੰਢਾਈਆ । ਸ੍ਰਿਸ਼ਟ ਸਬਾਈ ਦੁੱਖ ਭੋਗੇ ਕਰਮਾਂ ਫਲ ਦਾ, ਧਰਮਾਂ ਵਿਚੋਂ ਤੇਰਾ ਧਰਮ ਸਮਝ ਕਿਸੇ ਨਾ ਆਈਆ । ਬੇਸ਼ਕ ਤੇਰਾ ਵਾਸਾ ਨਿਹਚਲ ਧਾਮ ਅਟੱਲ ਦਾ, ਹਰ ਘਟ ਤੇਰਾ ਨੂਰ ਨਜ਼ਰੀ ਆਈਆ । ਜੁਗ ਚੌਕੜੀ ਤੂੰ ਵਲ ਛਲ ਕਰਦਾ, ਅਛਲ ਅਛਲ ਤੇਰੀ ਵਡਿਆਈਆ । ਵੇਖ ਸੰਸਾਰ ਕੂੜੀ ਅਗਨੀ ਬਲਦਾ, ਤੁਧ ਬਿਨ ਸਕੇ ਨਾ ਕੋਈ ਬੁਝਾਈਆ । ਲੇਖਾ ਮੁਕੇ ਜਲ ਥਲ ਦਾ, ਸਮੁੰਦ ਸਾਗਰ ਡੂੰਘੇ ਵਹਿਣ ਧਿਆਨ ਲਗਾਈਆ । ਤੇਰਾ ਰੂਪ ਸ਼ਾਹੋ ਭੂਪ ਸੂਰੇ ਸਰਬੰਗ ਦਾ, ਸਚ ਸੁਲਤਾਨ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ੍ਰਿਸ਼ਟ ਸਬਾਈ ਵੇਖ ਘਰ, ਸ਼ਬਦ ਸਤਿਗੁਰ ਅੰਦਰ ਵੜ, ਮਹਲ ਅਟੱਲ ਉਚ ਮੁਨਾਰੇ ਖੜ, ਘਰ ਖਿੜਕੀ ਕੁੰਡਾ ਬੰਦ ਕਿਵਾੜੀ ਸਭ ਦੀ ਦੇ ਖੁਲ੍ਹਾਈਆ । ਤੇਰੀ ਸਰਨਾਈ ਤੇਰੇ ਡਿਗਨ

ਦੜ, ਲੇਖਾ ਚੁਕੇ ਚੋਟੀ ਜੜ, ਤੇਰਾ ਨਾਉਂ ਇਕਾ ਜਾਣ ਪੜ੍ਹ, ਤੇਰੇ ਪ੍ਰੇਮ ਪਿਆਰ ਅੰਦਰ ਜਾਵਣ ਮਰ, ਮਰਿਆਂ ਵਿਚੋਂ ਮਰਨ ਜਨਮ ਵਿਚੋਂ ਜਨਮ ਲੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਸੁਹੰਜਣਾ ਵਰ, ਸ੍ਰਿਸ਼ਟ ਸਬਾਈ ਜੀਵ ਜੰਤ ਸਾਧ ਸੰਤ ਵਰਨ ਬਰਨ ਸਭ ਤੇਰਾ ਇਸ਼ਟ ਇਕ ਮਨਾਈਆ ।

★ ੨੩ ਮਾਘ ੨੦੨੦ ਬਿਕ੍ਰਮੀ ਸਰਦਾਰਾ ਸਿੰਘ ਦੇ ਘਰ ਕਲਾ ਨੌਰ ਸ਼ਹਿਰ ਜ਼ਿਲਾ ਗੁਰਦਾਸਪੁਰ ★

ਸਤਿਗੁਰ ਸ਼ਬਦ ਪੂਰੀ ਮੰਗ, ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਅੰਤ ਕਰਾਇੰਦਾ । ਸਾਹਿਬ ਸਤਿਗੁਰ ਦੇ ਅਨੰਦ, ਸਚ ਸਮਗਰੀ ਝੋਲੀ ਪਾਇੰਦਾ । ਧੁਰ ਸੰਦੇਸਾ ਸੂਰਾ ਸਰਬੰਗ, ਨਰ ਨਿਰੰਕਾਰਾ ਆਪ ਸੁਣਾਇੰਦਾ । ਜੁਗ ਚੌਕੜੀ ਜੋ ਵੰਡੀ ਵੰਡ, ਦੀਨ ਮਜ਼੍ਹਬ ਆਪ ਸਮਝਾਇੰਦਾ । ਕਲਜੁਗ ਅੰਤਮ ਵੇਖ ਸਭ ਦੀ ਨੰਗੀ ਕੰਡ, ਸਿਰ ਹੱਥ ਨਾ ਕੋਈ ਰਖਾਇੰਦਾ । ਕੂੜੀ ਕਿਰਿਆ ਪਾਵਣ ਡੰਡ, ਸਚ ਧਰਮ ਨਾ ਕੋਈ ਜਣਾਇੰਦਾ । ਮਨ ਵਾਸਨਾ ਕੀਤੀ ਖੰਡ ਖੰਡ, ਬੁਧੀ ਮੇਲ ਨਾ ਕੋਈ ਮਿਲਾਇੰਦਾ । ਆਤਮ ਸਭ ਦੀ ਹੋਈ ਰੰਡ, ਕੰਤ ਸੁਹਾਗੀ ਸੰਗ ਨਾ ਕੋਈ ਰਖਾਇੰਦਾ । ਘਰ ਪਰਕਾਸ਼ ਨਾ ਚੜ੍ਹਿਆ ਚੰਦ, ਤਨ ਅੰਧੇਰ ਨਾ ਕੋਈ ਮਿਟਾਇੰਦਾ । ਕਾਇਆ ਚੋਲੀ ਨਾ ਸਕੇ ਰੰਗ, ਦੁਰਮਤ ਮੈਲ ਨਾ ਕੋਈ ਧਵਾਇੰਦਾ । ਆਤਮ ਪਰਮਾਤਮ ਢੋਲਾ ਗਾਏ ਕੋਈ ਨਾ ਛੰਦ, ਸਹਿੰਸਾ ਰੋਗ ਨਾ ਕੋਈ ਚੁਕਾਇੰਦਾ । ਆਸਾ ਤ੍ਰਿਸ਼ਨਾ ਮਾਇਆ ਮਮਤਾ ਕੂੜੀ ਕਿਰਿਆ ਖਾਵਣ ਗੰਦ, ਅੰਮ੍ਰਿਤ ਰਸ ਜਾਮ ਨਾ ਕੋਈ ਪਿਆਇੰਦਾ । ਫਿਰੀ ਦੁਹਾਈ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਲਜੁਗ ਧਾਰ, ਧਰਨੀ ਧਰਤ ਧਵਲ ਵੇਖ ਵਖਾਈਆ । ਨੇਤਰ ਰੋਵੇ ਖਾਣੀ ਚਾਰ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਚਾਰੇ ਬਾਣੀ ਧਾਹਾਂ ਰਹੀ ਮਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਹਾਲ ਸੁਣਾਈਆ । ਗੁਰ ਅਵਤਾਰ ਪੀਰ ਪੈਗੰਬਰ ਨਾਤਾ ਤੋੜ ਗਏ ਸੰਸਾਰ, ਸਾਚਾ ਸੰਗ ਨਜ਼ਰ ਕੋਈ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਹਾਹਾਕਾਰ, ਅੰਜੀਲ ਕੁਰਾਨ ਹੋਕਾ ਦੇ ਦੇ ਰਹੇ ਸੁਣਾਈਆ । ਚਾਰੋਂ ਕੁੰਟ ਦਿਸੇ ਧੂਅੰਧਾਰ, ਸਾਚਾ ਨੂਰ ਨਾ ਕੋਈ ਰੁਸ਼ਨਾਈਆ । ਪੁਰਖ ਅਕਾਲ ਅਬਿਨਾਸ਼ੀ ਘਟ ਘਟ ਵਾਸੀ ਨਜ਼ਰ ਨਾ ਆਏ ਨਿਰਗੁਣ ਯਾਰ, ਸਰਗੁਣ ਸੱਜਣ ਸਚ ਨਾ ਕੋਈ ਮਿਲਾਈਆ । ਸਚ ਸੰਦੇਸਾ ਦੇਵੇ ਕੋਈ ਨਾ ਆਣ, ਮੰਦਰ ਅੰਦਰ ਕਾਇਆ ਰਾਗ ਨਾ ਕੋਇ ਅਲਾਈਆ । ਧੁਰ ਦਾ ਲੇਖਾ ਸਕੇ ਨਾ ਕੋਈ ਵਿਚਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਸੁਤ ਰਿਹਾ ਵਖਾਈਆ । ਕਲਜੁਗ ਵੇਖ ਜਗਤ ਅੰਧੇਰਾ, ਜਾਗਰਤ ਜੋਤ ਨਾ ਕੋਇ ਰੁਸ਼ਨਾਇੰਦਾ । ਕਿਸੇ ਨਾ ਸੁਝੇ ਸੰਝ ਸਵੇਰਾ, ਨਿਰਮਲ ਨੂਰ ਨਾ ਕੋਈ ਚਮਕਾਇੰਦਾ । ਸਾਧ ਸੰਤ ਬੰਨੇ ਕੋਈ ਨਾ ਬੇੜਾ, ਸ਼ੌਹ ਦਰਿਆ ਪਾਰ ਨਾ ਕੋਈ ਕਰਾਇੰਦਾ । ਲੱਖ ਚੁਰਾਸੀ ਜੀਵ ਜੰਤ ਜੁੜਿਆ ਦੱਸੇ ਕਿਹੜਾ, ਗ੍ਰਿਹ ਮੰਦਰ ਅੰਦਰ ਸੋਭਾ ਸਚ ਨਾ ਕੋਈ ਪਾਇੰਦਾ । ਪੁਰਖ ਅਕਾਲ ਕਿਸੇ ਨਜ਼ਰ ਨਾ ਆਏ ਨੇੜਾ, ਦੂਰ ਦੁਰਾਡਾ ਪੰਧ ਨਾ ਕੋਈ ਮੁਕਾਇੰਦਾ । ਪੰਜ ਵਿਕਾਰਾ ਘਰ ਘਰ ਛਿੜਿਆ ਝੇੜਾ, ਝਗੜਾ

ਅੱਗੇ ਹੋ ਨਾ ਕੋਈ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਬਥੇਰਾ, ਕਾਗਜ਼ ਕਲਮ ਸ਼ਾਹੀ ਰੋ ਰੋ ਸਰਬ ਸੁਣਾਇੰਦਾ । ਕੋਈ ਨਾ ਕਹੇ ਪ੍ਰਭੂ ਮੈਂ ਤੇਰਾ, ਜਗਤ ਨਾਤਾ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਜਣਾਇੰਦਾ । ਸ਼ਬਦ ਸੁਤ ਉਠ ਵੇਖ ਕਰ ਧਿਆਨ, ਕਰ ਕਿਰਪਾ ਰਿਹਾ ਜਣਾਈਆ । ਸ੍ਰਿਸ਼ਟ ਸਬਾਈ ਭੁੱਲਾ ਸਰਬ ਗਿਆਨ, ਗੁਰ ਕਾ ਸ਼ਬਦ ਖੋਜ ਕੋਇ ਨਾ ਪਾਈਆ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾਵਣ ਨਹਾਨ, ਸਚ ਸਰੋਵਰ ਤਾਰੀ ਕੋਇ ਨਾ ਲਾਈਆ । ਰਸਨਾ ਜਿਹਵਾ ਬਣਿਆ ਪੀਣ ਖਾਣ, ਅੰਮ੍ਰਿਤ ਰਸ ਨਿਝਰ ਝਿਰਨਾ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਰੀਤੀ ਰਿਹਾ ਵਖਾਈਆ । ਸ਼ਬਦ ਗੁਰ ਵੇਖ ਜਗਤ ਰੀਤੀ, ਰੀਤੀਵਾਨ ਦਇਆ ਕਮਾਇੰਦਾ । ਖਾਲੀ ਦਿਸੇ ਮੰਦਰ ਮਸੀਤੀ, ਸ਼ਿਵਦਵਾਲਾ ਮੱਠ ਸੋਭਾ ਕੋਇ ਨਾ ਪਾਇੰਦਾ । ਗੁਰੂਦਵਾਰ ਮਿਲੇ ਨਾ ਪਵਣ ਠਾਂਡੀ ਸੀਤੀ, ਅਗਨੀ ਤਤ ਨਾ ਕੋਈ ਬੁਝਾਇੰਦਾ । ਏਕਾ ਰੂਪ ਨਜ਼ਰ ਨਾ ਆਏ ਹਸਤ ਕੀਟੀ, ਊਚ ਨੀਚ ਝਗੜਾ ਸਰਬ ਜਣਾਇੰਦਾ । ਸਾਰੇ ਗੌਂਦੇ ਪੜ੍ਹਦੇ ਕਹਾਣੀ ਪਿਛਲੀ ਬੀਤੀ, ਅਗਲਾ ਰਾਹ ਘਰ ਦਾ ਭੇਵ ਨਾ ਕੋਈ ਸੁਣਾਇੰਦਾ । ਸਿਮਰਤ ਵੇਦ ਪੁਰਾਨ ਕਹਿਣ ਪਤਤ ਪਨੀਤੀ, ਪਤਤ ਪਾਵਨ ਬੇਪਰਵਾਹ ਇਕੋ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜਿਸ ਦੀ ਨਿਕੀ ਜਿਹੀ ਬਗੀਚੀ, ਗੁਰ ਅਵਤਾਰ ਪੀਰ ਪੈਗੰਬਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਭੇਵ ਚੁਕਾਇੰਦਾ । ਸ਼ਬਦ ਗੁਰ ਵੇਖੇ ਨੈਣ, ਨੇਤਰ ਅੱਖ ਨਜ਼ਰ ਨਾ ਆਈਆ । ਅਲਫ਼ ਯੇ ਕੀ ਕੁਛ ਕਹਿਣ, ਕਵਣ ਮਿਲੇ ਜਗਤ ਵਡਿਆਈਆ । ਪੀਰ ਪੈਗ਼ੰਬਰ ਕੀ ਕੁਛ ਆਏ ਦੇਣ, ਵਸਤ ਅਮੋਲਕ ਕੀ ਵਰਤਾਈਆ । ਗੁਰ ਅਵਤਾਰ ਕਿਸ ਮੰਦਰ ਆਏ ਰਹਿਣ, ਕਵਣ ਦਵਾਰਾ ਸੋਭਾ ਪਾਈਆ । ਸ਼ਾਸਤਰ ਸਿਮਰਤ ਕਿਸ ਦਵਾਰੇ ਠਾਂਡੇ ਹੋ ਕੇ ਬਹਿਣ, ਸਾਂਤਕ ਸਤਿ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਕਲਜੁਗ ਖੁਲ੍ਹਿਆ ਵੇਖ ਦਰਵਾਜ਼ਾ, ਧੁਰਦਰਗਾਹੀ ਭੇਵ ਚੁਕਾਇੰਦਾ । ਭੂਪਤ ਭੂਪ ਰਾਜਨ ਰਾਜਾ, ਸ਼ਹਿਨਸ਼ਾਹ ਹੁਕਮ ਸੁਣਾਇੰਦਾ । ਅਸਵ ਘੋੜਾ ਧੁਰ ਦਾ ਤਾਜਾ, ਸ਼ਾਹਸਵਾਰਾ ਵੇਸ ਵਟਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਨੇ ਸਾਜਨ ਸਾਜਾ, ਘਾੜਤ ਘੜ ਰੂਪ ਵਟਾਇੰਦਾ । ਦੋ ਜਹਾਨਾਂ ਫਿਰੇ ਭਾਜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੁਗ ਚੌਕੜੀ ਰਚਨਹਾਰਾ ਕਾਜਾ, ਲੱਖ ਚੁਰਾਸੀ ਬੰਧਨ ਪਾਇੰਦਾ । ਸ਼ਬਦ ਅਗੰਮੀ ਮਾਰੇ ਵਾਜਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਹੋਵੇ ਦਾਸੀ ਦਾਸਾ, ਬਣ ਸੇਵਕ ਸੇਵ ਆਪ ਕਮਾਇੰਦਾ । ਅੰਤਮ ਵੇਖੇ ਖੇਲ ਤਮਾਸ਼ਾ, ਨਿਰਵੈਰ ਨਿਰਗੁਣ ਨਿਰਾਕਾਰ ਜੋਤ ਰੁਸ਼ਨਾਇੰਦਾ । ਜੋਤ ਸਰੂਪੀ ਜੋਤ ਪਰਕਾਸ਼ਾ, ਸ਼ਬਦੀ ਡੰਕ ਵਜਾਇੰਦਾ । ਗੁਰਮੁਖਾਂ ਕਰੇ ਪੂਰੀ ਆਸਾ, ਕਲਜੁਗ ਕੂੜੀ ਕਿਰਿਆ ਦੂਰ ਕਰਾਇੰਦਾ । ਲੱਖ ਚੁਰਾਸੀ ਕਰੇ ਬੰਦ ਖੁਲਾਸਾ, ਆਵਣ ਜਾਵਣ ਪੰਧ ਮੁਕਾਇੰਦਾ । ਨਾਮ ਜਪਾਏ ਸਵਾਸ ਸਵਾਸਾ, ਪਵਣ ਪਵਣਾਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਬਦਲਾਇੰਦਾ । ਸਾਚੀ ਧਾਰ ਕਰੇ ਬਦਲੀ, ਬਦਲਾ ਦੋ

ਜਹਾਨ ਚੁਕਾਈਆ । ਪੁਰਖ ਅਕਾਲ ਇਕੋ ਅਦਲੀ, ਸਚ ਅਦਾਲਤ ਨਾਮ ਇਕ ਲਗਾਈਆ । ਗੁਰਮੁਖ ਪੁਚਾਏ ਆਪਣੀ ਮਜ਼ਲੀ, ਪੰਧ ਦੂਰ ਦੁਰਾਡਾ ਦਏ ਚੁਕਾਈਆ । ਫ਼ਜ਼ਲ ਕਰੇ ਵਡ ਦਾਤਾ ਫ਼ਜ਼ਲੀ, ਮਿਹਰਵਾਨ ਰਹਿਮਤ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਡਿਆਈਆ । ਕਲਜੁਗ ਵੇਖ ਅੰਤ ਅਣੋਖਾ, ਪੁਰਖ ਅਕਾਲ ਦਇਆ ਕਮਾਈਆ । ਸ੍ਰਿਸ਼ਟ ਸਬਾਈ ਕਰਦੀ ਵੇਖੀ ਧੋਖਾ, ਸਾਚਾ ਸੱਜਣ ਰੂਪ ਨਾ ਕੋਈ ਵਖਾਈਆ । ਜਨ ਭਗਤਾਂ ਕਿਰਪਾ ਕਰਕੇ ਦੱਸੇ ਮਾਰਗ ਸੌਖਾ, ਧੁਰ ਸੰਦੇਸਾ ਰਾਗ ਸੁਣਾਈਆ । ਲੱਖ ਚੁਰਾਸੀ ਮਾਨਸ ਜਨਮ ਵਿਚੋਂ ਇਕੋ ਮੌਕਾ, ਪੁਰਖ ਅਕਾਲ ਝੋਲੀ ਪਾਈਆ । ਸਾਢੇ ਤਿੰਨ ਹੱਥ ਭਗਤ ਸੁਹਾਏ ਜਗਤ ਸੁਹਾਏ ਕੋਠਾ, ਘਰ ਵਿਚ ਘਰ ਡੇਰਾ ਲਾਈਆ । ਕਰ ਪਰਕਾਸ਼ ਨਿਰਗੁਣ ਜੋਤਾ, ਦੀਪਕ ਦੀਆ ਇਕ ਟਿਕਾਈਆ । ਰਾਗ ਨਾਦ ਗਾਏ ਬਿਨ ਤਾਲ ਤਲਵਾੜ ਸਲੋਕਾ, ਅਨਰਾਗੀ ਆਪਣਾ ਰਾਗ ਸੁਣਾਈਆ । ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਿਆ ਤਿਨ੍ਹਾਂ ਲੋੜ ਰਹੇ ਨਾ ਪੜ੍ਹਨਾ ਪੋਥਾ, ਕਾਗ਼ਜ਼ ਵੇਖ ਨਾ ਖ਼ੁਸ਼ੀ ਮਨਾਈਆ । ਪ੍ਰਭ ਦਰਸ਼ਨ ਦਾ ਰੱਖਣ ਸ਼ੌਂਕਾ, ਨੇਤਰ ਨੈਣ ਨੈਣ ਉਠਾਈਆ । ਬਿਹਬਲ ਹੋ ਕੇ ਉਚੀ ਕੂਕ ਸੁਣਾਵਣ ਹੋਕਾ, ਸ੍ਰਿਸ਼ਟ ਸਬਾਈ ਦੇਣ ਸਮਝਾਈਆ । ਆਓ ਵੇਖੋ ਪ੍ਰਭ ਦੀ ਨੌਕਾ, ਨਈਆ ਨਾਮ ਰਿਹਾ ਚਲਾਈਆ । ਗੁਰਮੁਖ ਵਿਰਲਾ ਓਥੇ ਪਹੁੰਚਾ, ਜਿਸ ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਜੀਵ ਜਹਾਨ ਬਿਨ ਹਰਿ ਨਾਮੇ ਖਾਲੀ ਗਿਆਂ ਔਂਤਾ, ਪਈ ਕੂੜੀ ਜਗਤ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਜਨ ਸਾਚੇ ਲਏ ਜਗਾਈਆ । ਕਲਜੁਗ ਅੰਤਮ ਖੋਲ੍ਹੇ ਜਾਗ, ਜਨ ਭਗਤਾਂ ਬੂਝ ਬੁਝਾਇੰਦਾ । ਅੰਤਰ ਆਤਮ ਦੇ ਵੈਰਾਗ, ਧੁਰ ਦੀ ਧਾਰ ਵਖਾਇੰਦਾ । ਸਚ ਸੁਣਾਏ ਸ਼ਬਦ ਨਾਦ, ਤਨ ਨਗਾਰੇ ਚੋਟ ਲਗਾਇੰਦਾ । ਭੇਵ ਚੁਕਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਕਲ ਪਰਗਟਾਇੰਦਾ । ਲੇਖਾ ਜਾਣੇ ਕਾਇਆ ਮਾਟੀ ਚਾਮ, ਤਤਵ ਤਤ ਖੋਜ ਖੁਜਾਇੰਦਾ । ਵਾਹਿਦ ਲਾਸ਼ਰੀਕ ਇਕੋ ਗਾਡ, ਪਰਮ ਪੁਰਖ ਅਖਵਾਇੰਦਾ । ਜਨ ਭਗਤਾਂ ਕਰੇ ਧੁਰ ਦਾ ਲਾਡ, ਸੂਫੀ ਗੋਦੀ ਆਪ ਬਹਾਇੰਦਾ । ਏਥੇ ਓਥੇ ਰੱਖੇ ਲਾਜ, ਦੋ ਜਹਾਨਾਂ ਸੋਭਾ ਪਾਇੰਦਾ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਸ਼ਬਦ ਅੱਗੇ ਖੋਲ੍ਹੇ ਰਾਜ਼, ਰਾਜ਼ਕ ਰਹੀਮ ਦਇਆ ਕਮਾਇੰਦਾ । ਲੇਖਾ ਚੁੱਕੇ ਵੁਜ਼ੂ ਸਜਦਾ ਨਿਮਾਜ਼, ਨਵਾਜ਼ਿਸ਼ ਆਪਣੀ ਇਕ ਕਰਾਇੰਦਾ । ਜਨ ਭਗਤਾਂ ਬਣ ਮੁਹਤਾਜ, ਮੁਹੱਬਤ ਆਪਣੇ ਨਾਲ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਅੱਖ ਖੁਲ੍ਹਾਇੰਦਾ । ਹਰਿਜਨ ਖੋਲ੍ਹ ਆਪਣੀ ਅੱਖ, ਬਿਨ ਅੱਖਰਾਂ ਅੱਖਰ ਦਏ ਜਣਾਈਆ । ਨਿਰਗੁਣ ਰੂਪ ਹੋ ਪਰਤੱਖ, ਪਾਰਖੂ ਆਪਣਾ ਪੜਦਾ ਲਾਹੀਆ । ਹਿਰਦੇ ਅੰਦਰ ਅੰਤਮ ਵਸ, ਪਰਮਾਤਮ ਹੋ ਸਹਾਈਆ । ਤੀਰ ਨਿਰਾਲਾ ਮਾਰੇ ਕਸ, ਤਿਖੀ ਮੁਖੀ ਧਾਰ ਬਣਾਈਆ । ਗੜ੍ਹ ਹੰਕਾਰੀ ਬੁਰਜ ਜਾਏ ਢੱਠ, ਮਾਇਆ ਮਮਤਾ ਡੇਰਾ ਢਾਹੀਆ । ਕੂੜੀ ਕਿਰਿਆ ਹੋਵੇ ਭੱਠ, ਲੰਬੂ ਜੋਤੀ ਇਕੋ ਲਾਈਆ । ਅੰਤਰ ਆਤਮ ਦੇਵੇ ਰਸ, ਰਸ ਰਸੀਆ ਬੇਪਰਵਾਹੀਆ । ਜਨ ਭਗਤਾਂ ਅੰਤਰ ਆਪੇ ਹੱਸ, ਖ਼ੁਸ਼ੀਆਂ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਈ ਨਾ ਆਈਆ । ਭਗਤ ਭਗਵਾਨ ਮੇਲਾ ਇਕ ਇਕੱਠ, ਘਰ ਸਾਚੇ ਵੱਜੇ ਵਧਾਈਆ । ਸੋਹੰ ਰੂਪ ਇਕ ਦੂਜੇ ਦਾ ਗਾਵਣ ਜਸ, ਦਵੈਤੀ ਰੂਪ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਤ ਲਏ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਕਲਜੁਗ ਅੰਤ ਭਗਤ ਭਗਵੰਤ, ਭਾਵੀ ਭੈ ਭੌ ਸਰਬ ਚੁਕਾਈਆ । ਨਾਮ ਜਣਾ ਮਣੀਆ ਮੰਤ, ਮਨ ਵਾਸਨਾ ਡੇਰਾ ਢਾਹੀਆ । ਚੋਲੀ ਚਾੜ੍ਹ ਰੰਗ ਬਸੰਤ, ਕਾਇਆ ਦਏ ਵਡਿਆਈਆ । ਬੋਧ ਅਗਾਧ ਬਣਕੇ ਪੰਡਤ, ਸਾਚੀ ਵਿਦਿਆ ਦਏ ਸਮਝਾਈਆ । ਲੇਖ ਚੁਕਾ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਮਾਨਸ ਜਨਮ ਬਣਾ ਬਣਤ, ਸਾਚਾ ਘਾੜਤ ਲਏ ਘੜਾਈਆ । ਕਰ ਮਿਲਾਵਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਈਆ । ਗੁਰਮੁਖ ਮੇਲ ਸਾਚੇ ਸੰਤ, ਜਨ ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੁਰਦੇਵ ਅਲੱਖ ਅਭੇਵ ਅੰਤਰ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਨਿਹਕਰਮ ਆਪਣੀ ਕਰਨੀ ਕਰਤਾ ਦਏ ਸਮਝਾਈਆ ।

★ ੨੩ ਮਾਘ ੨੦੨੦ ਬਿਕ੍ਰਮੀ ਬੀਬੀ ਜੀਤੋ ਦੇ ਘਰ ਰਾਮ ਪੁਰਾ ਜ਼ਿਲਾ ਗੁਰਦਾਸਪੁਰ ★

ਭਗਤ ਗ੍ਰਿਹ ਸਦਾ ਅਟੱਲ, ਆਦਿ ਜੁਗਾਦਿ ਸੋਭਾ ਪਾਇੰਦਾ । ਦੋ ਜਹਾਨਾਂ ਉਪਰ ਮਹੱਲ, ਸ੍ਰੀ ਭਗਵਾਨ ਆਪ ਸੁਹਾਇੰਦਾ । ਨਿਰਮਲ ਦੀਪਕ ਰਿਹਾ ਬਲ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਨ ਭਗਤਾਂ ਵੇਖ ਵਖਾਇੰਦਾ । ਜਗਤ ਮੁਨਾਰਾ ਸਭ ਤੇ ਉਚਾ, ਊਚੋ ਊਚ ਦਏ ਵਡਿਆਈਆ । ਜਿਸ ਅੰਦਰ ਗੁਰਮੁਖ ਗੁਰਸਿਖ ਸੋਹਣਾ ਸੁਤਾ, ਨਿਜ ਨੇਤਰ ਧਿਆਨ ਲਗਾਈਆ । ਗ੍ਰਿਹ ਮੰਦਰ ਅੰਦਰ ਇਕੋ ਨਾਮ ਭੁਜਾ, ਕੂੜੀ ਕਿਰਿਆ ਨੇੜ ਨਾ ਆਈਆ । ਪੁਰਖ ਅਬਿਨਾਸ਼ੀ ਸਦ ਭਗਤਾਂ ਉਪਰ ਤੁਠਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਹੋਏ ਸਹਾਈਆ । ਭਗਤ ਦਵਾਰਾ ਸੋਹਣਾ ਰੰਗ, ਹਰਿ ਘਾੜਤ ਆਪ ਘੜਾਇੰਦਾ । ਆਤਮ ਸੇਜਾ ਸਚ ਪਲੰਘ, ਹਰਿ ਸੋਹਣੀ ਬਣਤ ਬਣਾਇੰਦਾ । ਅਨਹਦ ਸ਼ਬਦ ਨਾਦ ਧੁਨ ਮਰਦੰਗ, ਧੁਨ ਆਤਮਕ ਰਾਗ ਅਲਾਇੰਦਾ । ਸਚ ਸਰੋਵਰ ਧਾਰਾ ਗੰਗ, ਨਿਝਰ ਝਿਰਨਾ ਇਕ ਝਿਰਾਇੰਦਾ । ਕੂੜੀ ਕਿਰਿਆ ਢਾਹ ਕੰਧ, ਸਚ ਮਹਿਰਾਬ ਇਕ ਸੁਹਾਇੰਦਾ । ਸਚ ਗ੍ਰਿਹ ਬਹਿ ਕੇ ਪਰਮ ਪੁਰਖ ਪਰਮਾਤਮ ਮਾਣੇ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਤ ਦਵਾਰ ਕੁੱਲੀ ਕੱਖ, ਪ੍ਰਭ ਵੇਖ ਖ਼ੁਸ਼ੀ ਮਨਾਈਆ । ਨਿਰਗੁਣ ਰੂਪ ਕਰ ਪਰਤੱਖ, ਸਾਖਿਆਤ ਦਰਸ ਵਖਾਈਆ । ਲੱਖ ਚੁਰਾਸੀ ਵਿਚੋਂ ਕਰਕੇ ਵੱਖ, ਸੋਹਣੀ ਆਪਣੀ ਬਣਤ ਬਣਾਈਆ । ਧੁਰ ਦਾ ਮਾਰਗ ਦੇਵੇ ਦੱਸ, ਅੰਤਰ ਆਤਮ ਕਰੇ ਪੜ੍ਹਾਈਆ । ਨਾਮ ਵਣਜਾਰਾ ਖੋਲ੍ਹ ਹੱਟ, ਸਾਚੀ ਵਸਤ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਨ ਭਗਤਾਂ ਖ਼ੁਸ਼ੀ ਵਖਾਈਆ । ਭਗਤ ਦਵਾਰਾ ਸੋਹਣਾ ਮੰਦਰ, ਨੂਰੀ ਜੋਤ ਨੂਰ ਰੁਸ਼ਨਾਈਆ । ਭਾਗ ਲਗਾਏ ਸਾਚੇ ਅੰਦਰ, ਘਰ ਪ੍ਰੀਤਮ ਨਜ਼ਰੀ ਆਈਆ । ਹੋਇਆ ਪਰਕਾਸ਼ ਡੂੰਘੀ ਕੰਦਰ, ਚਾਰੋਂ ਕੁੰਟ ਖ਼ੁਸ਼ੀ ਵਖਾਈਆ । ਮਨ ਵਾਸਨਾ ਦਹਿ ਦਿਸ਼ਾ ਨੱਠੇ ਬੰਦਰ, ਭੱਜੇ ਵਾਹੋ ਦਾਹੀਆ । ਬਜਰ ਕਪਾਟੀ

ਖੁਲ੍ਹੇ ਜਿੰਦਰ, ਦੂਈ ਦਵੈਤੀ ਡੇਰਾ ਢਾਹੀਆ । ਸ਼ਰਅ ਸ਼ਰਾਇਤੀ ਰਹੇ ਨਾ ਕੋਈ ਸੰਗਲ, ਆਸਾ ਤ੍ਰਿਸਨਾ ਬੰਦਨ ਕੋਈ ਨਾ ਪਾਈਆ । ਅੱਠੇ ਪਹਿਰ ਗੀਤ ਗੋਬਿੰਦ ਮੰਗਲ, ਇਕੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਭਗਤ ਦਵਾਰਾ ਨੀਕਨ ਨੀਕਾ, ਨਿਵਣ-ਸੁ-ਅੱਖਰ ਇਕ ਸਮਝਾਇੰਦਾ । ਜਿਸ ਦਾ ਰਸ ਉਤਮ ਮੀਠਾ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਸਾਧ ਸੰਤ ਜੀਵ ਜੰਤ ਕੌੜਾ ਰੀਠਾ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਕੁਰਲਾਇੰਦਾ । ਸਾਹਿਬ ਸਤਿਗੁਰ ਕਿਸੇ ਨਾ ਮਿਲਿਆ ਮੀਤਾ, ਘਰ ਸੱਜਣ ਦਰਸ ਨਾ ਕੋਈ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਵਖਾਇੰਦਾ । ਜਨ ਭਗਤ ਗ੍ਰਿਹਿ ਵੇਖਣ ਦਰਵਾਜ਼ਾ, ਦੀਨ ਦਿਆਲ ਦਇਆ ਕਮਾਈਆ । ਆਦਿ ਜੁਗਾਦਿ ਗ਼ਰੀਬ ਨਿਵਾਜਾ, ਨਿਰਧਨ ਸਰਧਨ ਰਿਹਾ ਤਰਾਈਆ । ਸ਼ਹਿਨਸ਼ਾਹ ਸ਼ਾਹੋ ਵਡ ਰਾਜਨ ਰਾਜਾ, ਨੀਕਨ ਨੀਕਾ ਆਪਣਾ ਫੇਰਾ ਪਾਈਆ । ਗੁਰਮੁਖਾਂ ਦੇਵੇ ਨਾਮ ਨਿਧਾਨ ਧੁਰ ਦੀ ਦਾਤਾ, ਅਨਮੁਲੜੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਡਿਆਈ ਲੋਕਮਾਤ, ਹਰਿ ਕਰਤਾ ਆਪ ਰਖਾਇੰਦਾ । ਸਚ ਪ੍ਰੀਤੀ ਦੇਵੇ ਨਾਤ, ਚਰਨ ਕਵਲ ਚਿਤ ਲਾਇੰਦਾ । ਆਤਮ ਪਰਮਾਤਮ ਧੁਰ ਦੀ ਗਾਥ, ਸਾਚਾ ਢੋਲਾ ਆਪ ਸੁਣਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਜੋਤੀ ਨੂਰ ਚੰਦ ਚਮਕਾਇੰਦਾ । ਲਹਿਣਾ ਮੁੱਕੇ ਜਾਤ ਪਾਤ, ਊਚ ਨੀਚ ਨਾ ਕੋਇ ਰਖਾਇੰਦਾ । ਸਰਬ ਜੀਆਂ ਘਟ ਵਸੇ ਸਾਥ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਹਰਿਜਨ ਵਸੇ ਘਰ ਅਥਾਹ, ਸੋ ਸਤਿਗੁਰ ਆਪ ਵਸਾਈਆ । ਹਰਿਮੰਦਰ ਸੁਹੰਜਣਾ ਦਏ ਸੁਹਾ, ਅਗੰਮੀ ਜੜਤ ਜੜਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਦੱਸ ਕੇ ਗਏ ਰਾਹ, ਭਗਤ ਕੂਕ ਕੂਕ ਸੁਣਾਈਆ । ਈਸਾ ਮੂਸਾ ਮੁਹੰਮਦ ਜਿਸ ਨੂੰ ਕਹਿੰਦੇ ਗਏ ਨੂਰੀ ਖ਼ੁਦਾ, ਜਲਵਾ ਜਾਹਰ ਜਹੂਰ ਰੁਸ਼ਨਾਈਆ । ਨਾਮ ਮੰਤਰ ਜਿਸ ਦਾ ਗਏ ਜਪਾ, ਅੱਖਰਾਂ ਨਾਲ ਕਰ ਪੜ੍ਹਾਈਆ । ਸੋ ਸਾਹਿਬ ਸ੍ਰੀ ਭਗਵਾਨ ਜਨ ਭਗਤਾਂ ਸਿਧਾ ਮਿਲੇ ਆ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫੇਰਾ ਪਾਈਆ । ਨਿਰਗੁਣ ਨਿਰਵੈਰ ਹੋ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਪਾਰ ਕਰਾਏ ਜਲ ਥਲ ਅਸਗਾਹ, ਡੂੰਘੀ ਭਵਰੀ ਨਾ ਕੋਈ ਭਵਾਈਆ । ਸਾਚਾ ਮੰਦਰ ਦਏ ਵਖਾ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਮੰਦਰ ਸਦਾ ਅਨਮੁਲਾ, ਦੋ ਜਹਾਨ ਕੀਮਤ ਕੋਈ ਨਾ ਪਾਇੰਦਾ । ਜੁਗ ਚੌਕੜੀ ਸਦਾ ਖੁਲ੍ਹਾ, ਅੰਦਰ ਬੰਦ ਨਾ ਕੋਈ ਵਖਾਇੰਦਾ । ਅਬਿਨਾਸ਼ੀ ਕਰਤਾ ਨਰ ਨਰਾਇਣ ਦਰ ਦਰਵੇਸ਼ ਆਵੇ ਭੁੱਲਾ, ਰੂਪ ਅਨੂਪ ਵਟਾਇੰਦਾ । ਭਾਗ ਲਗਾਏ ਗੁਰਮੁਖ ਕੁੱਲਾ, ਜਿਸ ਕੁੱਲੀ ਅੰਦਰ ਹਰਿਜਨ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਕਰੇ ਭਗਵਾਨ, ਭਗਤਨ ਦੇਵਣਹਾਰ ਵਡਿਆਈਆ । ਬਿਨ ਅੱਖਰਾਂ ਦੇ ਗਿਆਨ, ਸ਼ਬਦੀ ਧਾਰ ਇਕ ਸਮਝਾਈਆ । ਆਤਮ ਪਰਮਾਤਮ ਮਿਲੇ ਆਣ, ਲੱਖ ਚੁਰਾਸੀ ਝੇੜਾ ਦਏ ਚੁਕਾਈਆ । ਮੰਦਰ ਸੁਹਾਏ ਸਚ ਮਕਾਨ, ਛੱਪਰ ਛੰਨ ਸੋਭਾ ਪਾਈਆ । ਚਾਰ ਦੀਵਾਰਾ ਕਰੇ ਪਰਵਾਨ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਤਾਰਨ ਕੋ ਪ੍ਰਭ ਏਕ ਸਵਾਮੀ, ਹਰਿ ਕਰਤਾ ਕਰਤਾਰ ਅਖਵਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦੀ ਖਾਣੀ ਬਾਣੀ, ਧੁਰ ਦਾ ਢੋਲਾ ਰਾਗ ਅਲਾਈਆ । ਅਠਸਠ ਤੀਰਥ ਸਰ ਸਰੋਵਰ ਜਿਸ ਦਾ ਠੰਡਾ ਪਾਣੀ, ਸੋ ਅੰਮ੍ਰਿਤ ਇਕ ਮੇਘ ਬਰਸਾਈਆ । ਜੁਗ ਚੌਕੜੀ ਜਿਸ ਦੀ ਚਾਰੇ ਖਾਣੀ, ਉਤਭੁਜ ਸੇਤਜ ਅੰਡਜ ਜੇਰਜ ਰਾਹ ਚਲਾਈਆ । ਸੋ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਦੇਵੇ ਇਕੋ ਪਦ ਨਿਰਬਾਣੀ, ਨਿਰਬਾਣ ਪਦ ਆਪ ਸਮਝਾਈਆ । ਲੱਖ ਚੁਰਾਸੀ ਜੀਵ ਰਸਨਾ ਜਿਹਵਾ ਪੜ੍ਹ ਸਰਵਨ ਸੁਣਨ ਕਹਾਣੀ, ਨੇਤਰ ਨੈਣ ਦਰਸ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਓਹ ਘਰ, ਜਿਸ ਘਰ ਜਨਮ ਮਰਨ ਦਾ ਚੁੱਕੇ ਡਰ, ਰਾਏ ਧਰਮ ਨਾ ਲਏ ਫੜ, ਲਾੜੀ ਮੌਤ ਕਰੇ ਨਾ ਅੰਤ ਕੁੜਮਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸ਼ਬਦੀ ਤੂਰਾ ਜੋਤੀ ਨੂਰਾ, ਨਿਰਗੁਣ ਨਿਰਗੁਣ ਨਿਰਾਕਾਰ ਨਿਰੰਕਾਰ ਸੁਰਤੀ ਸ਼ਬਦੀ ਜੋੜ ਕਰ, ਅੰਤਮ ਲੈ ਕੇ ਜਾਏ ਆਪਣੇ ਘਰ, ਜਿਸ ਘਰ ਵਸੇ ਬੇਪਰਵਾਹੀਆ ।



★ ੨੩ ਮਾਘ ੨੦੨੦ ਬਿਕ੍ਰਮੀ ਤੇਜਾ ਸਿੰਘ ਸਰੀਰ ਛਡੌਣ ਦੇ ਸਮੇਂ ਲਿਖਤ ਪਿੰਡ ਅਲੜਪਿੰਡੀ ★

੪੯੯ ੧੯

ਦੂਰ ਵਸਦਾ ਆਇਆ ਨੇੜੇ, ਆਪਣਾ ਪੰਧ ਮੁਕਾਈਆ । ਕੱਠੇ ਹੋਏ ਸਾਚੇ ਵਿਹੜੇ, ਪੂਰਬ ਜੋੜ ਜੁੜਾਈਆ । ਠਠਿਆਰ ਮਾਰਕੇ ਆਇਆ ਫੇਰੇ, ਭੱਜਾ ਵਾਹੋ ਦਾਹੀਆ । ਪਿਛਲਾ ਲੇਖਾ ਰਿਹਾ ਨਬੇੜੇ, ਹਰਿ ਕਰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਂਆ । ਵੇਖ ਠਠਿਆਰ ਤੇਰਾ ਪਿਛਲਾ ਕੁੱਕੜ, ਜਿਸ ਦੀ ਕਰੇ ਸਚ ਵਡਿਆਈਆ । ਜਿਹੜਾ ਫੜਿਆ ਲਾਲੋ ਫੁੱਫੜ, ਆਪਣੀ ਗੋਦ ਉਠਾਈਆ । ਬਣੌਣਾ ਚਾਹੁੰਦੇ ਨਾਨਕ ਟੁੱਕਰ, ਭੋਜਨ ਰੂਪ ਵਟਾਈਆ । ਰੋ ਪੁਕਾਰ ਉਸ ਮੰਗਿਆ ਉਤਰ, ਕਿਸ ਬਿਧ ਮੇਰੀ ਭੇਟ ਚੜ੍ਹਾਈਆ । ਮੈਂ ਬੇ ਜ਼ਬਾਨ ਨਾ ਜਾਵਾਂ ਮੁਕਰ, ਪੱਲੂ ਸਕਾਂ ਨਾ ਕੋਈ ਛੁਡਾਈਆ । ਧੰਨ ਭਾਗ ਮੈਂ ਕਰਾਂ ਸ਼ੁਕਰ, ਜੇ ਮੌਤ ਤੋਂ ਪਹਿਲਾਂ ਮੈਨੂੰ ਨਾਨਕ ਦਰਸ਼ਨ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਜਣਾਈਆ । ਕੁਕੜ ਕਹੇ ਮੇਰਾ ਕੁਰਲਾਉਣਾ, ਸਾਹਿਬ ਸਤਿਗੁਰ ਭਾਇੰਦਾ । ਉਸ ਦੇ ਬਿਨਾ ਨਾ ਕਿਸੇ ਬਚੌਣਾ, ਬੇੜਾ ਪਾਰ ਨਾ ਕੋਈ ਲੰਘਾਇੰਦਾ । ਮੈਂ ਇਕੋ ਵਾਰ ਮੰਗ ਮੰਗੌਣਾ, ਸਾਚੀ ਆਸ ਰਖਾਇੰਦਾ । ਜੇ ਲਾਲੋ ਸਤਿਗੁਰ ਨਾਨਕ ਪਰਸ਼ਾਦਿ ਛਕਾਉਣਾ, ਮੇਰਾ ਪਰਚਾ ਕੋਈ ਨਹੀਂ ਪਾਇੰਦਾ । ਏਸੇ ਖਾਤਰ ਸੀ ਮੈਂ ਦਰਸ਼ਨ ਪੌਣਾ, ਸੋ ਦਰਸ਼ਨ ਪਾ ਖੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਤੇਰੇ ਹੱਥ ਵਖਾਇੰਦਾ । ਨਾਨਕ ਅੰਤਰ ਮਾਰ ਧਿਆਨ, ਬਣ ਅਗੰਮਾ ਵੇਖ ਵਖਾਈਆ । ਵੇਖੋ ਕਿਡਾ ਏਹਨੂੰ ਗਿਆਨ, ਅੰਦਰੇ ਅੰਦਰ ਰਿਹਾ ਧਿਆਈਆ । ਮੇਰੀ ਸਾਰ ਨਾ ਪਾਵੇ ਕੋਈ ਇਨਸਾਨ, ਬਿਨ ਲਾਲੋ ਸਮਝ ਕਿਸੇ ਨਾ ਆਈਆ । ਬੇਸ਼ਕ ਇਹ ਲੱਕੜਹਾਰਾ ਤਰਖਾਣ, ਤੇਸਾ ਕੁਹਾੜਾ ਆਪਣੇ

ਅੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਦ੍ਰਿਸ਼ਟੀ ਨਾਨਕ ਏਕ ਇਕੋ ਦ੍ਰਿੜਾਈਆ । ਅੰਤਮ ਦ੍ਰਿਸ਼ਟੀ ਨਾਨਕ ਪਾ ਕੇ, ਸ਼ਬਦੀ ਧਾਰ ਜਣਾਇੰਦਾ । ਵੇਖ ਮੁਰਗੇ ਧਿਆਨ ਲਗਾ ਕੇ, ਮਿਹਰਵਾਨ ਮੁਰਦੇ ਫੇਰ ਜਵਾਇੰਦਾ । ਤੇਰਾ ਲੇਖਾ ਲੱਗੇ ਆ ਕੇ, ਤੇਰੀ ਫਰਿਆਦ ਆਪਣੀ ਝੋਲੀ ਪਾਇੰਦਾ । ਨਾਤਾ ਲਾਲੋ ਨਾਲ ਜਾਏ ਬਣਾ ਕੇ, ਸੋਹਣਾ ਬੰਸ ਸੁਹਾਇੰਦਾ । ਅੱਗੋਂ ਕੁਕੜ ਕਿਹਾ ਜਿਸ ਮੈਨੂੰ ਪਾਲਿਆ ਪ੍ਰੀਤੀ ਲਾ ਕੇ, ਸੋ ਠਠਿਆਰਾ ਇਸ ਦੇ ਪਿਛੇ ਡੇਰਾ ਲਾਇੰਦਾ । ਜਿਸ ਕੌਲੀ ਥਾਲ ਲਿਆਂਦਾ ਘੜਾ ਕੇ, ਸੋਹਣੀ ਬਣਤ ਬਣਾਇੰਦਾ । ਮੈਂ ਇਕ ਸਵਾਲ ਮੰਗਾਂ ਝੋਲੀ ਡਾਹ ਕੇ । ਕਲਗੇ ਵਾਲੇ ਆਪਣੀ ਕਲਗੀ ਤੇਰੇ ਚਰਨ ਨਿਵਾ ਕੇ, ਸਾਡਾ ਸੰਗ ਨਾ ਜਾਈ ਛੁਡਾ ਕੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਬਣਤ ਆਪ ਬਣਾ ਕੇ । ਨਾਨਕ ਕਿਹਾ ਕਰ ਪਿਆਰ, ਤੇਰੀ ਬਾਂਗ ਮੋਹੇ ਭਾਈਆ । ਤੇਰੀ ਅਵਾਜ਼ ਵਿਚ ਇਕ ਰਾਜ਼, ਜਿਹੜੀ ਸਮਝ ਸਕੇ ਕੋਈ ਨਾ ਰਾਈਆ । ਉਸ ਦੀ ਸਾਰੇ ਕਰਨ ਤਲਾਸ਼, ਖੋਜੇ ਜਗਤ ਲੋਕਾਈਆ । ਉਸ ਦਾ ਖੇਲ ਤਮਾਸ਼, ਸਮਝ ਕਿਸੇ ਨਾ ਆਈਆ । ਸਾਚੇ ਬੱਚੇ ਤੈਨੂੰ ਦਏ ਸ਼ਾਬਾਸ਼, ਜਿਹੜਾ ਆਪਣਾ ਸੰਗ ਰਿਹਾ ਨਿਭਾਈਆ । ਤੇਰੀ ਪੂਰੀ ਕਰਾਂ ਆਸ, ਵੇਲਾ ਵਕਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸੁਣ ਕੇ ਕੁਕੜ ਪਿਆ ਹੱਸ, ਆਪਣੀ ਚੁੰਜ ਹਿਲਾਈਆ । ਅਗਲਾ ਮਾਰਗ ਮੈਨੂੰ ਦੱਸ, ਸਭ ਕੁਛ ਦੇ ਸਮਝਾਈਆ । ਨਾਨਕ ਕਿਹਾ ਮੇਰੇ ਪੁਰਖ ਅਕਾਲ ਦੇ ਸਭ ਕੁਛ ਵੱਸ, ਮੈਂ ਉਸੇ ਦੀ ਸੇਵ ਕਮਾਈਆ । ਤੁਹਾਡਾ ਬਣੇ ਸੋਹਣਾ ਸਾਥ, ਸਾਚਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸੁਣ ਸਤਿਗੁਰ ਮਿਹਰਵਾਨ ਗੋਸਾਈਂ ਤੇਰਾ ਲੇਖਾ ਲੇਖ ਧੁਰ, ਤੇਰੇ ਹੱਥ ਵਡ ਵਡਿਆਈਆ । ਕੌਣ ਵੇਲਾ ਜਾਏ ਬੌਹੜ, ਆਪਣਾ ਦਰਸ ਦਿਖਾਈਆ । ਨਾਨਕ ਕਿਹਾ ਪੁਰਖ ਅਕਾਲ ਤੁਹਾਡੀ ਰੱਖੇ ਲੋੜ, ਮੈਂ ਉਸੇ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਵਕਤ ਦਏ ਸੁਹਾਈਆ । ਸੁਣ ਕੇ ਕੁਕੜ ਹੋਇਆ ਚੁਪ, ਚੁਪ ਚੁਪੀਤਾ ਧਿਆਨ ਲਗਾਈਆ । ਮੈਂ ਕੀ ਦੱਸਾਂ ਗੁੰਗ ਮੁਖ, ਸ਼ਬਦੀ ਰਾਗ ਧੁਨ ਨਾ ਕੋਈ ਉਪਜਾਈਆ । ਜੇ ਕੋਈ ਮੈਨੂੰ ਲਵੇ ਪੁਛ, ਮੈਂ ਸਕਾਂ ਕੀ ਸਮਝਾਈਆ । ਲਾਲੋ ਦਿਸੇ ਮਨੁਖ, ਪੰਜ ਤਤ ਚੋਲਾ ਰਿਹਾ ਹੰਢਾਈਆ । ਮੈਨੂੰ ਇਹ ਵੱਡਾ ਦੁੱਖ, ਮਾਨਸ ਦੇਹੀ ਮੋਹੇ ਹੱਥ ਨਾ ਆਈਆ । ਨਾਨਕ ਕਿਹਾ ਹੁਣ ਪੜਦਾ ਨਹੀਂ ਲੁਕ, ਤੈਨੂੰ ਸਚ ਦਿਆਂ ਸਮਝਾਈਆ । ਕਲਜੁਗ ਅੰਤਮ ਇਕੋ ਪਿਓ ਦੇ ਘਰ ਜੰਮੇ ਪੁਤ, ਨਾਤਾ ਜੁੜੇ ਭਾਈ ਭਾਈਆ । ਲਾਲੋ ਪ੍ਰਭੂ ਉਜਲ ਕਰੇ ਮੁਖ, ਦੇਵੇ ਮਾਣ ਵਡਿਆਈਆ । ਲਾਲੋ ਸਭ ਦੀਆਂ ਸੁਖਣਾ ਲਏ ਸੁਖ, ਆਪਣੀ ਝੋਲੀ ਡਾਹੀਆ । ਸ੍ਰੀ ਭਗਵਾਨ ਲਏ ਪੁਛ, ਅਬਿਨਾਸ਼ੀ ਕਰਤਾ ਫੇਰਾ ਪਾਈਆ । ਤੁਹਾਡੇ ਪ੍ਰੇਮ ਖਾਤਰ ਸੱਚੀ ਰਾਖ ਸਚ ਦਵਾਰੇ ਰੱਖੇ ਕੁਛ, ਆਪਣੇ ਦਰ ਟਿਕਾਈਆ । ਵਕਤ ਵੇਲੇ ਸਿਰ ਚੋਰੀ ਚੋਰੀ ਲਿਆਏ ਚੁਕ, ਸਮਝ ਕਿਸੇ ਨਾ ਆਈਆ । ਨਾ ਕੋਈ ਧੜੀ ਸੇਰ ਨਾ ਲਾਏ ਮੁਠ, ਚੁਟਕੀ ਚਰਨਾ ਹੇਠ ਦਬਾਈਆ । ਆ ਕੇ ਫੇਰ ਹੋਵੇ ਖ਼ੁਸ਼, ਸਾਰਾ ਹਾਲ ਦਏ ਸਮਝਾਈਆ । ਤੈਨੂੰ ਅੰਦਰ ਵੜਕੇ ਦੇਵੇ ਚੁਕ, ਇਸਾਰੇ ਨਾਲ ਸਮਝਾਈਆ । ਤੂੰ ਫੇਰ ਮੁਖੋਂ ਬੋਲ ਕੇ ਕਹਿਣਾ ਮੁਖ, ਮੈਂ ਤੇਰੀ ਓਟ ਤਕਾਈਆ । ਮੈਨੂੰ ਆਪਣੀ ਗੋਦੀ ਚੁਕ,

੫੦੦ ੧੯

ਜਿਸ ਗੋਦੀ ਵਿਚ ਦੇਵੇਂ ਮਾਣ ਵਡਿਆਈਆ । ਮੈਂ ਘਰਦਿਆਂ ਕੋਲੋਂ ਜਾਣਾ ਰੁਠ, ਸਦ ਤੇਰੇ ਚਰਨਾ ਵਿਚ ਸਮਾਈਆ । ਸ੍ਰੀ ਭਗਵਾਨ ਕਿਹਾ ਮੈਂ ਕਰਾਂ ਸਭ ਕੁਛ, ਹੌਲੀ ਹੌਲੀ ਬਣਤ ਬਣਾਈਆ । ਜੋ ਤੁਹਾਡੇ ਸੰਗੀ ਗੁਜਰਾਤ ਬੈਠੇ ਲੁਕ, ਓਹਨਾਂ ਫੜਕੇ ਪਿਛੋਂ ਨਾਲ ਲੈ ਕੇ ਆਈਆ । ਜਿਵੇਂ ਮਰਨ ਤੋਂ ਪਹਿਲੋਂ ਨਾਨਕ ਦਾ ਵੇਖਿਆ ਮੁਖ, ਓਸੇ ਤਰ੍ਹਾਂ ਪੁਰਖ ਅਕਾਲ ਤੇਰੇ ਮਰਨ ਤੋਂ ਪਹਿਲਾ ਤੇਰਾ ਮੁਖ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਕੀ ਤੂੰ ਮੇਰਾ ਮੁਖ ਵੇਖੇਂਗਾ । ਸੰਗੀ ਸਾਥੀ ਸਾਰੇ ਭੇਜੇਂਗਾ । ਕੋਲ ਮੇਰੇ ਆ ਕੇ ਖੜੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੈਨੂੰ ਆਪਣੀ ਗੋਦ ਲਪੇਟੇਂਗਾ । ਹਾਂ, ਮੈਂ ਦਇਆ ਕਮਵਾਂਗਾ । ਜਰੂਰ ਤੈਨੂੰ ਸੰਗ ਰਖਵਾਂਗਾ । ਜੰਗਲ ਬੇਲਾ ਕਾਨਾ ਕਾਹੀ ਵੇਖ ਦੂਰ, ਦੁਰਾਡਾ ਪੰਧ ਮੁਕਾਵਾਂਗਾ । ਪ੍ਰੇਮ ਪ੍ਰੀਤੀ ਅੰਦਰ ਹੋ ਮਜਬੂਰ, ਵਿਚ ਗੁਜਰਾਤ ਫੇਰਾ ਪਾਵਾਂਗਾ । ਓਥੇ ਜਾ ਕੇ ਫੇਰ ਦੱਸਾਂ ਜ਼ਰੂਰ, ਵਿਛੜੇ ਮੇਲ ਮਿਲਵਾਂਗਾ । ਹਾਜ਼ਰ ਹੋ ਕੇ ਹਰਿ ਹਜ਼ੂਰ, ਸੋਹਣੀ ਬਣਤ ਬਣਾਵਾਂਗਾ । ਪਿਛਲੇ ਕਰਕੇ ਮਾਫ ਕਸੂਰ, ਸਿਰ ਆਪਣਾ ਹੱਥ ਟਿਕਵਾਂਗਾ । ਜਿਹੜੀ ਖ਼ਾਕ ਲਿਆਂਦੀ ਧੂੜ, ਤੇਰੇ ਮਸਤਕ ਟਿੱਕਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਵਾਂਗਾ । ਸਾਚੀ ਕਰਨੀ ਕਰੇ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ । ਲਹਿਣਾ ਦੇਣਾ ਰਿਹਾ ਉਤਾਰ, ਕਰਜ਼ਾ ਮਕਰੂਜ਼ ਨਾ ਕੋਈ ਰਖਾਈਆ । ਵੇਖੇ ਵਿਗਸੇ ਪਾਵੇ ਸਾਰ, ਦੇਵਣਹਾਰ ਸੱਚੀ ਵਡਿਆਈਆ । ਬਹਿਸ਼ਤ ਜੰਨਤ ਦੋਹਾਂ ਤੋਂ ਕਰਕੇ ਬਾਹਰ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਤੇਰੀ ਮੰਗ, ਸਾਹਿਬ ਸਤਿਗੁਰ ਆਪ ਜਣਾਇੰਦਾ । ਜਿਸ ਵੇਲੇ ਬਗ਼ਲ ਵਿਚ ਹੋਇਉਂ ਤੰਗ, ਉਚੀ ਕੂਕ ਕੂਕ ਸੁਣਾਇੰਦਾ । ਮੇਰੇ ਭੱਜਦੇ ਦਿਸਣ ਅੰਗ, ਦੁੱਖ ਦਰਦ ਨਾ ਕੋਈ ਵੰਡਾਇੰਦਾ । ਮੈਨੂੰ ਭੁੱਖ ਸਤਾਏ ਮੈਂ ਪਾਵਾਂ ਡੰਡ, ਹਾਲ ਬੇਹਾਲ ਕੂਕ ਜਣਾਇੰਦਾ । ਓਸ ਵੇਲੇ ਲਾਲੋ ਲੰਗਰ ਵਿਚੋਂ ਪੱਕੇ ਚੋਲਾਂ ਦੀ ਮੁੱਠੀ ਮੇਰੀ ਆਈ ਵੰਡ, ਮੇਰੇ ਅੱਗੇ ਫੁਫੜ ਚੋਗਾ ਪਾਇੰਦਾ । ਉਸ ਨੂੰ ਖਾ ਕੇ ਮੈਨੂੰ ਆਇਆ ਇਕ ਅਨੰਦ, ਜਿਸ ਦਾ ਸਵਾਦ ਲੋਕਮਾਤ ਨਾ ਕੋਈ ਸਮਝਾਇੰਦਾ । ਮੈਂ ਖ਼ੁਸ਼ੀਆਂ ਵਿਚ ਗਾਇਆ ਛੰਦ, ਸਤਿਗੁਰ ਤੇਰੇ ਬਿਨਾ ਆਸਾ ਮਨਸਾ ਪੂਰ ਨਾ ਕੋਈ ਕਰਾਇੰਦਾ । ਚੌਲ ਖਾਂਦਾ ਖਾਂਦਾ ਮੈਂ ਥੋੜਾ ਅੱਗੇ ਗਿਆ ਲੰਘ, ਓਥੇ ਲਾਲੋ ਕੜਛਾ ਲੈ ਕੇ ਭੱਜਾ ਜਾਇੰਦਾ । ਦਾਣਾ ਦਾਲ ਦਾਲ ਦਾਣਾ ਕੜਛੀ ਨਾਲ ਵਿਚੋਂ ਬਾਹਰ ਡਿਗਿਆ ਕਿਸੇ ਢੰਗ, ਮੈਂ ਵੇਖ ਖ਼ੁਸ਼ੀ ਮਨਾਇੰਦਾ । ਮੈਂ ਝੱਟ ਪਟ ਉਹਨੂੰ ਖਾ ਕੇ ਲਿਆ ਖੰਘ, ਤੂੰ ਹੀ ਤੂੰ ਰਾਗ ਅਲਾਇੰਦਾ । ਸਾਹਿਬ ਸਤਿਗੁਰ ਹੋਵੇ ਬਖ਼ਸ਼ੰਦ, ਭੁੱਖਿਆਂ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਚਾਵਲ ਦਾਲ ਅੰਦਰ ਵੜ, ਮੈਨੂੰ ਰਹੀ ਹਿਲਾਈਆ । ਮੂਰਖ ਓਸ ਦਾ ਨਾਮ ਪੜ੍ਹ, ਜਿਸ ਤੇਰੀ ਬਣਤ ਬਣਾਈਆ । ਮੈਂ ਇਹ ਸੁਣ ਕੇ ਗਿਆ ਡਰ, ਕੌਣ ਵਿਚੋਂ ਰਿਹਾ ਸਮਝਾਈਆ । ਝੱਟ ਪਟ ਮੇਰੀ ਸੰਘੀ ਲਈ ਫੜ, ਹੌਲੀ ਜਿਹੀ ਹਿਲਾਈਆ । ਨਾਨਕ ਸਤਿਗੁਰ ਪਿਆਰ ਕਰ, ਸਿਰ ਮੇਰੇ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਯਾਰ, ਇਹੋ ਨਾਮ ਅਲਾਈਆ । ਮੈਂ ਸੁਣ ਕੇ ਚਰਨ ਕੀਤੀ ਨਿਮਸਕਾਰ,

ਮਸਤਕ ਧੂੜੀ ਟਿੱਕਾ ਖਾਕ ਰਮਾਈਆ । ਮੈਂ ਪਾਪੀ ਗੁਨਾਹਗਾਰ, ਲਾਲੋ ਭੰਡਾਰੇ ਦੀ ਸਾਰ ਕੋਈ ਨਾ ਪਾਈਆ । ਜੇ ਦੂਜੀ ਵਾਰ ਮਿਲੇ ਵਿਚ ਸੰਸਾਰ, ਫਿਰ ਖ਼ੁਸ਼ੀਆਂ ਨਾਲ ਮੰਗਾਈਆ । ਨਾਨਕ ਕਿਹਾ ਹੁਣ ਇਹ ਨਹੀਂ ਹੋਣਾ ਵਿਹਾਰ, ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਦੂਜੀ ਵਾਰ ਆਵੇਂ ਵਿਚ ਸੰਸਾਰ, ਮਾਨਸ ਰੂਪ ਵਟਾਈਆ । ਤੇਰਾ ਲੇਖਾ ਦੇਵੇ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਤੇਰੇ ਪਿਛੇ ਹਰਿਸੰਗਤ ਦਿਆਂ ਖਵਾਲ, ਰਿਧਾ ਪੱਕਾ ਆਪਣੇ ਲੇਖੇ ਪਾਈਆ । ਜੇ ਕੋਈ ਪੁੱਛੇ ਪ੍ਰਭੂ ਇਹ ਕੀ ਹਾਲ, ਪਹਿਲੋਂ ਦੇਵੇ ਨਾ ਕਿਸੇ ਸਮਝਾਈਆ । ਲਾਲੋ ਨੂੰ ਕਹੇ ਤੁਸੀਂ ਬਚਨ ਮੰਨੋ ਖ਼ੁਸ਼ੀਆਂ ਨਾਲ, ਓਥੇ ਆ ਕੇ ਸਭ ਕੁਛ ਦਏ ਬਤਾਈਆ । ਤੁਹਾਡੇ ਕੋਲੋਂ ਕੁਛ ਨਹੀਂ ਛੁਪੌਣਾ, ਪੂਰਬ ਲਹਿਣਾ ਰਿਹਾ ਮੁਕਾਈਆ । ਪਿਛਲਾ ਸੱਜਣ ਸਾਕ ਸਰਬ ਇਕੱਠਾ ਕਰੌਣਾ, ਵੇਖੇ ਲਾਲ ਚੰਦ ਹੋਰੀ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੁਣ ਕੇ ਬਾਤ ਬੋਲੇ ਚੌਲ, ਚਾਵਲ ਰਹੇ ਸੁਣਾਈਆ । ਕੀ ਪ੍ਰਭ ਸਾਨੂੰ ਮਾਣ ਦੇਵੇਂ ਉਪਰ ਧੌਲ, ਧਰਨੀ ਸੋਭਾ ਪਾਈਆ । ਨਾਨਕ ਕਿਹਾ ਪ੍ਰਭ ਮੇਰੇ ਦਾ ਕੋਲ, ਇਕਰਾਰ ਆਪਣੇ ਨਾਲ ਰਖਾਈਆ । ਮਿਣਤੀ ਕਰੇ ਨਾ ਕਿਸੇ ਨਾਲ ਕੌਲ, ਅਗਣਤ ਆਪਣੀ ਧਾਰ ਚਲਾਈਆ । ਹਰਿਸੰਗਤ ਤੋਲੇ ਇਸ ਦਾ ਤੋਲ, ਕੀਮਤ ਕਰਤਾ ਦਏ ਚੁਕਾਈਆ । ਜੁਗ ਚੌਕੜੀ ਪਿਛੋਂ ਪਰਮ ਪੁਰਖ ਨੇ ਜਨ ਭਗਤਾਂ ਨੂੰ ਵੰਡਿਆ ਵੱਡਾ ਬੋਹਲ, ਜੋ ਏਥੇ ਓਥੇ ਮੁੱਕ ਕਦੇ ਨਾ ਜਾਈਆ । ਜਿਸ ਨੂੰ ਕਹਿੰਦੇ ਮੂਰਖ ਅਨਭੋਲ, ਵੇਖੋ ਉਹਨੂੰ ਮਿਲੇ ਵਡਿਆਈਆ । ਵੇਖੋ ਉਸ ਨੇ ਕਿਹਾ ਮੈਂ ਵਸਣਾ ਤੇਰੇ ਕੋਲ, ਏਥੇ ਰਹਿਣਾ ਚੰਗਾ ਨਾ ਲੱਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦਾਲ ਕਹੇ ਮੇਰੀ ਕੌਣ ਸੁਣੇ ਦਿਲ ਦੀ, ਦਿਲਬਰ ਨਜ਼ਰ ਕੋਈ ਨਾ ਆਇੰਦਾ । ਮੈਂ ਤੱਤੇ ਪਾਣੀ ਵਿਚ ਹਿਲਦੀ, ਮੈਨੂੰ ਚੱਖਣ ਕੋਈ ਨਾ ਪਾਇੰਦਾ । ਮੇਰੀ ਛਿਲ ਮੈਨੂੰ ਛਿਲਦੀ, ਅੰਤਰ ਮੇਰਾ ਮੇਰੇ ਵਿਚ ਕੁਰਲਾਇੰਦਾ । ਇਹ ਸਾਹਿਬ ਮੇਰੇ ਦਿਲ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਈਆ । ਦਾਲ ਦਾਣਾ ਆਇਆ ਨਾਨਕ ਹੇਠ ਦੰਦ, ਕੋੜਕੂ ਰੂਪ ਵਟਾਈਆ । ਉਨ ਫੜ ਕੇ ਉਂਗਲੀ ਵੇਖਿਆ ਨਾਲ ਅਨੰਦ, ਨੇਤਰ ਦ੍ਰਿਸ਼ਟੀ ਪਾਈਆ । ਜੇ ਤੂੰ ਕੱਚਾ ਹੁੰਦਾ ਅੰਦਰ ਜਾਦੋਂ ਲੰਘ, ਵਿਸ਼ਟਾ ਰੂਪ ਸਮਾਈਆ । ਓਸੇ ਵੇਲੇ ਦਾਣੇ ਮੰਗੀ ਮੰਗ, ਅੱਗੇ ਝੋਲੀ ਡਾਹੀਆ । ਤੂੰ ਦਾਤਾਰ ਸਦ ਬਖ਼ਸ਼ੰਦ, ਬਖ਼ਸ਼ਣਹਾਰ ਅਖਵਾਈਆ । ਮੇਰੇ ਸਾਥੀਆਂ ਦੀ ਮੇਰੇ ਨਾਲ ਗੰਡ, ਜੋ ਆਪਣਾ ਆਪ ਅਗਨੀ ਭੇਟ ਗਏ ਚੜ੍ਹਾਈਆ । ਨਾਨਕ ਕਿਹਾ ਤੁਹਾਡੀ ਆ ਕੇ ਜਣਾਵੇ ਵੰਡ, ਸਚ ਸੱਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਮੁਕਾਈਆ । ਸਭ ਦਾ ਲਹਿਣਾ ਚੁਕਾਏ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਗੁਣ ਰੂਪ ਆਏ ਜਹਾਨ, ਜੋਤੀ ਜਾਮਾ ਵੇਸ ਵਟਾਇੰਦਾ । ਲਹਿਣਾ ਦੇਣਾ ਜਾਣੇ ਲਾਲੋ ਤਰਖਾਣ, ਜਿਸ ਦੇ ਘਰ ਦੀ ਆਪਣੀ ਬਣਤ ਬਣਾਇੰਦਾ । ਸੂਰਬੀਰ ਦਾ ਇਕੀ ਪਕਵਾਨ, ਸਾਚੀ ਇਕੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਲਾਇੰਦਾ । ਤੇਰਾ ਲੇਖਾ ਲੇਖੇ ਜਾਏ ਲੱਗ, ਦੇਵੇ ਮਾਣ ਵਡਿਆਈਆ । ਬੇਸ਼ਕ ਤੂੰ ਸੜੇਂ ਅਗਨੀ ਅੱਗ, ਉਬਲਦੀ ਦੇਗ ਡੇਰਾ ਲਾਈਆ । ਤੈਨੂੰ ਖਾ ਪੀ ਸਾਰੇ ਰੱਜ, ਤੇਰਾ ਸ਼ੁਕਰ ਨਾ

ਕੋਈ ਮੰਨਾਈਆ । ਜੇ ਵਧੇਂ ਕੂੜੇ ਕਿਰਕਟ ਦੇਣ ਸੁੱਟ, ਤੇਰੀ ਕੀਮਤ ਕੋਈ ਨਾ ਪਾਈਆ । ਇਕ ਦਾਣਾ ਨਾਨਕ ਵਿਕਿਆ ਹੱਟ, ਜਿਸ ਦਾ ਲੇਖਾ ਦਏ ਬਣਾਈਆ । ਪੁਰਖ ਅਕਾਲ ਕਲਜੁਗ ਅੰਤ ਹੋ ਪਰਗਟ, ਵੇਖ ਵਖਾਏ ਸ਼ਹਿਨਸ਼ਾਹੀਆ । ਚੌਲਾਂ ਨਾਲ ਮੈਨੂੰ ਰੱਖ, ਸੋਹਣੀ ਬਣਤ ਬਣਾਈਆ । ਸ਼ਬਦੀ ਰੂਪ ਬਣੇ ਭਾਤ, ਲੇਖਾ ਲੇਖ ਦਏ ਵਡਿਆਈਆ । ਹਰਿਸੰਗਤ ਦੇਵੇ ਬਾਂਟ, ਖ਼ੁਸ਼ੀਆਂ ਨਾਲ ਖਵਾਈਆ । ਜਿਨ੍ਹਾਂ ਉਂਗਲਾ ਨਾਲ ਤੈਨੂੰ ਲਿਆ ਚਾਟ, ਸੋ ਉਂਗਲਾਂ ਪ੍ਰਭ ਚਰਨ ਛੂਹ ਛੂਹ ਖ਼ੁਸ਼ੀ ਮੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਚਾਵਲ ਦਾਲ ਕਹੇ ਸੰਗਤ ਪਕਵਾਨ, ਮਿਲੇ ਮਾਣ ਵਡਿਆਈਆ । ਜਿਸ ਵੇਲੇ ਸਾਨੂੰ ਖਾਣ, ਖਾ ਖਾ ਖ਼ੁਸ਼ੀਆਂ ਰੰਗ ਚੜ੍ਹਾਈਆ । ਉਧਰ ਕੁਕੜ ਤਜੇ ਪਰਾਣ, ਉਧਰ ਸ਼ੁਕਰ ਕਰੇ ਖ਼ੁਦਾਈਆ । ਉਧਰ ਆ ਜਾਏ ਸ੍ਰੀ ਭਗਵਾਨ, ਲੇਖਾ ਲੇਖੇ ਵਿਚ ਰਖਾਈਆ । ਸਾਰਾ ਕੁਟੰਬ ਕੱਠਾ ਕਰੇ ਆਣ, ਇਕੋ ਅਗੰਮੀ ਰੀਤ ਚਲਾਈਆ । ਵੇਖੇ ਕਹਿੰਦਾ ਲਹਿਣਾ ਇਸ ਲਾਲੋ ਤਰਖਾਣ, ਜੋ ਬੰਸ ਸਰਬੰਸ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਲੇਖਾ ਪੱਤਰ, ਸਭ ਕੁਛ ਆਪ ਵਖਾਇੰਦਾ । ਬੀਜ ਬੀਜਿਆ ਪੂਰਬ ਵੱਤਰ, ਪਤ ਡਾਹਲੀ ਫੁਲ ਮਹਿਕਾਇੰਦਾ । ਧੁਰ ਸੰਜੋਗੀ ਬਣਾ ਕੇ ਪੁੱਤਰ, ਸੱਚਾ ਸੰਗ ਨਿਭਾਇੰਦਾ । ਜੋ ਇਧਰ ਉਧਰ ਗਏ ਨਿਖੜ, ਤਿਨ੍ਹਾਂ ਫੜਕੇ ਜੋੜ ਜੁੜਾਇੰਦਾ । ਅੱਜ ਸਾਰੇ ਅਕੱਠੇ ਹੋ ਕੇ ਉਹਨੂੰ ਆਏ ਮਿਲਣ, ਜੋ ਪਿਛਲੇ ਜਨਮ ਧਿਆਨ ਲਗਾਇੰਦਾ । ਬੇਸ਼ਕ ਤੇਜਾ ਸਿੰਘ ਬਣਿਆ ਰਿਹਾ ਢਿਲੜ, ਆਪਣੀ ਸਮਝ ਨਾ ਕੋਈ ਰਖਾਇੰਦਾ । ਕੂੜੀ ਕਿਰਿਆ ਫਸਿਆ ਰਿਹਾ ਜਿਲਨ, ਚਿਕੜ ਗਾਰਾ ਧੋ ਸਾਫ ਨਾ ਕੋਈ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਇੰਦਾ । ਕਰਨੀ ਕਰਨ ਕਰੇ ਕਾਰਨ, ਕਰਤੇ ਹੱਥ ਵਡਿਆਈਆ । ਲੋਕਾਂ ਕਹਿਣਾ ਘਰ ਗੁਰੂ ਆਇਆ ਮਾਰਨ, ਮਾਰਨ ਪਿਛੇ ਮੁੜਕੇ ਫੇਰਾ ਪਾਈਆ । ਪੁਰਖ ਅਕਾਲ ਕਹੇ ਮੈਂ ਆਇਆ ਪੈਜ ਸਵਾਰਨ, ਮਿਹਰ ਨਜ਼ਰ ਇਕ ਉਠਾਈਆ । ਅੰਤਰ ਆਤਮ ਸੁਣ ਪੁਕਾਰਨ, ਜੋ ਰੋ ਰੋ ਦਿਤੀ ਸੁਣਾਈਆ । ਤੇਰੇ ਦਰ ਰਹਿਵਾਂ ਬਣ ਗਵਾਰਨ, ਆਪਣੀ ਰੱਖਾਂ ਨਾ ਮਾਣ ਵਡਿਆਈਆ । ਤਕੜਾ ਹੋ ਕੇ ਜਾਵਾਂ ਹਲ ਵਾਹਵਨ, ਸੋਹਣੀ ਸੇਵ ਕਮਾਈਆ । ਹੁੱਕਾ ਡਾਹਵਾਂ ਤੇਰੇ ਸਾਮ੍ਹਣ, ਨੜੀ ਆਪਣੇ ਹੱਥ ਰਖਾਈਆ । ਅੰਦਰੋਂ ਅੰਦਰ ਤੇਰਾ ਵਿਛੋੜਾ ਲੱਗਾ ਦੁੱਖ ਸਤਾਵਣ, ਸੁੱਤੀ ਕਲਾ ਜਗਾਈਆ । ਅੰਤ ਫੜਿਆ ਤੇਰਾ ਦਾਮਨ, ਪੱਲੂ ਗੰਢ ਵਖਾਈਆ । ਧੁਰ ਦਾ ਬਣ ਕੇ ਜਾ ਜਾਮਨ, ਜ਼ਾਮਨੀ ਇਕ ਨਿਭਾਈਆ । ਤੇਰਾ ਨਾਉਂ ਪਤਤ ਪਾਵਨ, ਪਾਪੀਆਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਸਤਿਗੁਰ ਹੋ ਦਿਆਲ, ਖ਼ੁਸ਼ੀਆਂ ਨਾਲ ਜਣਾਈਆ । ਤੂੰ ਤਕੜਾ ਹੋ ਸੁਰਤ ਸੰਭਾਲ, ਮੈਂ ਮੁੜ ਕੇ ਲੈਵਣ ਆਈਆ । ਤੇਰੇ ਨਾਲ ਕਰਾਂ ਇਕਰਾਰ, ਪੂਰਾ ਕੋਲ ਨਿਭਾਈਆ । ਪਹਿਲੋ ਜੇਠੂਵਾਲ ਦੇਣਾ ਵਖਾਲ, ਭਗਤ ਦਵਾਰਾ ਸੋਭਾ ਪਾਈਆ । ਫਿਰ ਹਰਿਸੰਗਤ ਬਾਹਰ ਦਿਆਂ ਬਿਠਾਲ, ਇਸ਼ਾਰੇ ਨਾਲ ਸਮਝਾਈਆ । ਕਿਸ਼ਨ ਸਿੰਘ ਬਣਾ ਦਲਾਲ, ਇਕ ਆਵਾਜ਼ ਸੁਣਾਈਆ । ਤੇਜਾ ਸਿੰਘ ਆ ਵੇਖ ਦੱਸ ਆਪਣਾ ਹਾਲ, ਅਹਿਵਾਲ ਦੇ ਜਣਾਈਆ । ਸ੍ਰੀ ਭਗਵਾਨ ਕਿਰਪਾ ਕਰ ਮਾਰ ਧਿਆਨ, ਨੇਤਰ ਨੈਣ ਮਿਲਾਈਆ । ਨਾਤਾ ਤੁਟ ਗਿਆ ਕਾਲ ਮਹਾਂਕਾਲ, ਖਹਿੜਾ ਛੁੱਟਾ ਜਗਤ ਲੋਕਾਈਆ । ਨਿਕੀ

ਬੱਚੀ ਚਰਨੀ ਕਿਹਾ ਬਾਪੂ ਮੇਰੇ ਬਾਪੂ ਨੂੰ ਲੈ ਜਾ ਨਾਲ, ਸਰਦਲ ਵਿਚ ਖਲੋ ਕੇ ਨੇਤਰ ਨੈਣਾਂ ਨੀਰ ਵਹਾਈਆ । ਖ਼ੁਸ਼ੀਆਂ ਨਾਲ ਸਿਰ ਦੇ ਕੇ ਪਿਆਰ, ਹੱਸ ਕੇ ਕਿਹਾ ਤੇਰੀ ਆਸਾ ਪੂਰ ਕਰਾਈਆ । ਏਸੇ ਕਾਰਨ ਗੁਜਰਾਤ ਵਿਚੋਂ ਸਾਥੀ ਲਿਆਂਦੇ ਭਾਲ, ਪਿਛਲੇ ਲਏ ਉਠਾਈਆ । ਕੋਈ ਵਿਛੜਿਆ ਰਹੇ ਨਾ ਸੱਜਣ ਯਾਰ, ਸਾਰੇ ਵੇਖੀਂ ਚਾਈਂ ਚਾਈਂਆ । ਜਿਸ ਦਾ ਪਿਛਲਾ ਲਹਿਣਾ ਰਿਹਾ ਉਤਾਰ, ਦੇਵਣਹਾਰ ਗੋਸਾਈਆ । ਜਨਮ ਮਰਨ ਤੋਂ ਕਰਕੇ ਬਾਹਰ, ਆਪਣੇ ਘਰ ਵਸਾਈਆ । ਏਸ ਪ੍ਰਭੂ ਦਾ ਕੀ ਕੋਈ ਦੇਵੇ ਉਧਾਰ, ਭੇਟਾ ਕੀ ਚੜ੍ਹਾਈਆ । ਜਿਹੜਾ ਚੇਲਾਂ ਦੇ ਇਕ ਦਾਣੇ ਪਿੱਛੇ ਪਰਵਾਰ ਦੇਵੇ ਤਾਰ, ਧੁਰ ਦੀ ਧਾਰ ਦਏ ਸਮਝਾਈਆ । ਜਿਥੇ ਵੇਖਣ ਗੁਰੂ ਅਵਤਾਰ, ਪੀਰ ਪੈਗੰਬਰ ਧਿਆਨ ਲਗਾਈਆ । ਕਰੇ ਖ਼ੁਸ਼ੀਆਂ ਨਾਲ ਵਿਹਾਰ, ਗ਼ਮੀ ਨੇੜ ਕੋਈ ਨਾ ਆਈਆ । ਪਹਿਲੀ ਵਾਰ ਬਚਨ ਦਿਤਾ ਰਾਤ ਸਵਾਂ ਤੇਰੇ ਨਾਲ, ਕਿਉਂ ਸਾਰੇ ਉਸ ਤੋਂ ਬੈਠੇ ਮਨ ਵਿਚ ਸ਼ਰਮਾਈਆ । ਇਹ ਗੰਦਾ ਏ ਕਮਲਾ ਏ ਬੁਰਯਾਰ, ਸਮਝ ਨਾ ਕੋਈ ਵਡਿਆਈਆ । ਸਾਹਿਬ ਸਤਿਗੁਰ ਸਦਾ ਓਹਨਾਂ ਨਾਲ ਕਰੇ ਪਿਆਰ, ਜਿਨ੍ਹਾਂ ਜਗਤ ਨੇਤਰ ਵੇਖਣ ਨਾ ਪਾਈਆ । ਫੜ ਕੇ ਚਿਕੜ ਗਾਰੇ ਭਰਿਆਂ ਨਾਲ ਗੋਦੀ ਲਏ ਉਠਾਲ, ਵਿਸ਼ਟਾ ਵੇਖ ਮੁਖ ਨਾ ਕਦੇ ਭਵਾਈਆ । ਆਦਿ ਜੁਗਾਦਿ ਜੁਗ ਚੌਕੜੀ ਭਗਤ ਵਛਲ ਦਿਆਲ, ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਦੇਵੇ ਚਾਈਂ ਚਾਈਂਆ । ਕੁੱਕੜ ਫੁੱਫੜ ਬਚਨ ਸੁਣ ਕੇ, ਹਾਸੀ ਸੰਗਤ ਉਡਾਈਆ । ਧੁਰ ਦਰਬਾਰੋਂ ਜੋ ਆਇਆ ਮੁੜ ਕੇ, ਵਸਤ ਅਮੋਲਕ ਖ਼ਾਕ ਨਾਲ ਲਿਆਈਆ । ਪਿਛਲਾ ਲੇਖਾ ਨਾਲ ਆਇਆ ਤੁਰ ਕੇ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਆਪਣੀ ਨਜ਼ਰ ਉਠਾਈਆ । ਮਿਹਰ ਅੰਦਰ ਕਰੇ ਬਖ਼ਸ਼ੀਸ਼, ਰਹਿਮਤ ਆਪ ਕਰਾਇੰਦਾ । ਸਾਹਿਬ ਸਤਿਗੁਰ ਹਰਿ ਜਗਦੀਸ, ਜਗਦੀਸ਼ਰ ਧਾਰ ਚਲਾਇੰਦਾ । ਲੇਖੇ ਲੱਗਾ ਧੜ ਸੀਸ, ਪੰਜ ਤਤ ਆਪਣੀ ਝੋਲੀ ਪਾਇੰਦਾ । ਕਰਨਹਾਰਾ ਨੀਚੋਂ ਊਚ, ਨਿਮਾਣਿਆਂ ਨਿਤਾਣਿਆਂ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਦੱਸੇ ਨਿਰੰਕਾਰ, ਧੁਰ ਦਾ ਬਚਨ ਜਣਾਈਆ । ਚਵੀ ਮਾਘ ਘਰ ਘਰ ਲੰਗਰ ਹੋਵੇ ਤਿਆਰ, ਗੁਰਮੁਖਾਂ ਵੰਡ ਵੰਡ ਕੇ ਦਏ ਛਕਾਈਆ । ਪਿਛਲਾ ਚੇਤਾ ਕਰੋ ਯਾਦ, ਜੋ ਖ਼ੁਸ਼ੀਆਂ ਨਾਲ ਸਮਝਾਈਆ । ਪ੍ਰਭ ਦਾ ਬਚਨ ਵੱਡਾ ਡੂੰਘਾਂ ਰਾਜ਼, ਜਿਸ ਦਾ ਅੰਤ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਠੀਕ ਠੀਕ ਰਿਹਾ ਵਰਤਾਈਆ । ਚਵੀ ਮਾਘ ਨਾ ਮਨੌਣਾ ਸੋਗ, ਚਿੰਤਾ ਗ਼ਮੀ ਨਾ ਕੋਈ ਰਖਾਈਆ । ਘਰ ਘਰ ਪਕਵਾਨ ਪੱਕੇ ਗੁਰਮੁਖ ਚੁਗਣ ਚੋਗ, ਪੁਰਖ ਅਕਾਲ ਦਰ ਦਰ ਭੋਗ ਲਗਾਈਆ । ਇਹ ਵੇਲਾ ਫਿਰ ਨਹੀਂ ਔਣਾ ਰੋਜ਼, ਜੁਗ ਚੌਕੜੀ ਬੈਠੇ ਧਿਆਨ ਲਗਾਈਆ । ਮੁਰਦਿਆਂ ਪਿਛੋਂ ਕਿਸੇ ਨਾ ਵਖਾਉਣੀ ਖੋਜ, ਮੌਜੂਦਾ ਹੋ ਕੇ ਦਇਆ ਕਮਾਈਆ । ਜੇ ਕੋਈ ਸਮਝ ਵਿਚ ਲਿਆਏ ਸੋਚ, ਸੋਚ ਸਮਝ ਸਕੇ ਕੋਈ ਨਾ ਰਾਈਆ । ਜਿਸ ਖੇਲ ਨੂੰ ਵਿਸ਼ਨ ਬ੍ਰਹਮਾ ਸ਼ਿਵ ਰਹੇ ਲੋਚ, ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਘਰ ਘਰ ਪੱਕੇ ਗੁਰੂ ਕਾ ਲੰਗਰ, ਸਤਿਗੁਰ ਦਏ ਵਡਿਆਈਆ । ਬਿਧੀ ਨਾਲ ਭੰਡਾਰੇ ਭਰੇ ਅੰਦਰ,

ਅਤੋਟ ਅਤੁਟ ਰਖਾਈਆ । ਦੂਰ ਕਰੇ ਭੁੱਖ ਨੰਗਤ, ਵਸਤ ਅਮੋਲਕ ਝੋਲੀ ਪਾਈਆ । ਇਸ ਵਿਚੋਂ ਰਸ ਆਵੇ ਪਰਮਾਨੰਦਨ, ਪਰਮ ਪੁਰਖ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋਹਣੀ ਬਣਤ ਰਿਹਾ ਬਣਾਈਆ । ਸੋਹਣੀ ਬਣਤ ਚਾਵਲ ਦਾਲ, ਹਰਿ ਜੂ ਵੰਡ ਵੰਡਾਈਆ । ਖਾ ਖਾ ਵੇਖਣ ਸ਼ਾਹ ਕੰਗਾਲ, ਖ਼ੁਸ਼ੀਆਂ ਰੰਗ ਵਖਾਈਆ । ਜਿਨ੍ਹਾਂ ਵਿਚੋਂ ਭੇਟਾ ਹੋਇਆ ਪ੍ਰਭ ਨੂੰ ਥਾਲ, ਜਿਸ ਵਿਚ ਦੋ ਜਹਾਨਾਂ ਨਾਲੋਂ ਵੱਡੀ ਵਸਤੂ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਫੋਲੇ ਪ੍ਰਭ ਵੇਖੇ ਇਹ ਕਿਥੋਂ ਆਂਦੇ ਭਾਲ, ਕਿਸ ਬਿਧ ਪਕਵਾਨ ਲਿਆ ਬਣਾਈਆ । ਜਾਂ ਗੌਰ ਨਾਲ ਤੱਕ ਕੇ ਵੇਖਿਆ ਨਜ਼ਰੀ ਆਇਆ ਗੁਰਮੁਖਾਂ ਪਿਆਰ, ਜਿਸ ਦੀ ਬਹਾਰ ਨਜ਼ਰ ਕਿਸੇ ਨਾ ਆਈਆ । ਦਾਣਾ ਦਾਣਾ ਕਰੇ ਪੁਕਾਰ, ਕਿਰਪਾ ਕਰ ਸਿਰਜਣਹਾਰ, ਹੱਥ ਤੇਰੇ ਵਡਿਆਈਆ । ਧੰਨ ਭਾਗ ਸਾਨੂੰ ਵਿਛੜਿਆਂ ਨੂੰ ਇਕੱਠੇ ਕਰਕੇ ਹਰਿਸੰਗਤ ਦਿਤਾ ਖਵਾਲ, ਸਾਡਾ ਲਹਿਣਾ ਮੂਲ ਚੁਕਾਈਆ । ਸਾਡੇ ਪਿਛੇ ਗ਼ਰੀਬ ਨਿਮਾਣਾ ਕੋਝਾ ਕਮਲਾ ਗੁਰਮੁਖ ਗੁਰਸਿਖ ਫੜ ਬਾਂਹੋਂ ਆਪਣੀ ਗੋਦੀ ਲਿਆ ਸਵਾਲ, ਸੋਇਆ ਫਿਰ ਨਾ ਕੋਇ ਜਗਾਈਆ । ਬੇਸ਼ਕ ਉਹਦੇ ਨਿਕੇ ਨਿਕੇ ਬਾਲ, ਉਹਨਾਂ ਆਪਣੀ ਛਾਤੀ ਲਾਈਆ । ਪੁੱਤਰਾਂ ਦੀ ਪੁੱਤਰਾਂ ਵਾਗ ਕਰੇ ਸੰਭਾਲ, ਧੀਆਂ ਨੂੰ ਮਾਪਾ ਹੋ ਕੇ ਨਜ਼ਰੀ ਆਈਆ । ਨਾਰੀ ਦੇ ਸਿਰ ਤੇ ਦਏ ਪਿਆਰ, ਸਚ ਸਪੁਤਰੀ ਲਏ ਬਣਾਈਆ । ਇਹ ਸਭ ਕੁਛ ਲਾਲੋ ਦੇ ਅਖਤਿਆਰ, ਜੋ ਹੁਕਮ ਨਾਲ ਰਿਹਾ ਮਨਾਈਆ । ਉਧਰੋਂ ਆਇਆ ਚੰਦ ਲਾਲ, ਨਾਲ ਲੈ ਕੇ ਆਪਣੀ ਮਾਈਆ । ਆਪਣੇ ਭਾਈ ਨੂੰ ਪਹਿਲੇ ਦਿਆਂ ਵਖਾਲ, ਹਰਿ ਜੂ ਸੋਹਣਾ ਜੋੜ ਜੁੜਾਈਆ । ਸ੍ਰੀ ਭਗਵਾਨ ਕਿਹਾ ਵੇਖੋ ਜੋ ਮੇਰੀ ਸੇਵਾ ਲਾਈ ਮੈਂ ਕਰਾਂ ਜ਼ਰੂਰ ਕਮਾਲ, ਅਭੁਲ ਹੋ ਕੇ ਭੁੱਲ ਕਦੇ ਨਾ ਜਾਈਆ । ਸਚਖੰਡ ਦਵਾਰਾ ਖੋਲ੍ਹ ਸੱਚੀ ਧਰਮਸਾਲ, ਗੁਰਮੁਖ ਲੈ ਕੇ ਜਾਵਾਂ ਚਾਈਂ ਚਾਈਂਆ । ਇਹਨਾਂ ਅੱਖਾਂ ਨਾਲ ਕਰਾਵਾਂ ਵਸਾਲ, ਨੇਤਰ ਨੈਣਾਂ ਨਾਲ ਮਿਲਾਈਆ । ਇਕੋ ਹੁੱਕਾ ਸੱਚੇ ਨਾਮ ਦਾ ਦਿਆਂ ਪਿਆਲ, ਜਿਸ ਦਾ ਗੱਟਾਂ ਨੇਜਾ ਆਪਣੇ ਹੱਥ ਟਿਕਾਈਆ । ਪਾਣੀ ਮੁੱਕੇ ਨਾ ਵਿਚੋਂ ਅਗਨੀ ਕੋਲਾ ਸਕੇ ਨਾ ਕੋਈ ਬੁਝਾਈਆ । ਵਿਚ ਰੋੜਾ ਰੱਖਾਂ ਸੰਭਾਲ, ਈਦਨ ਰੂਪ ਨਜ਼ਰੀ ਆਈਆ । ਜਿਸ ਵੇਲੇ ਸੂਟਾ ਖਿਚੇ ਮੇਰਾ ਲਾਲ, ਨਾਮ ਖੁਮਾਰੀ ਦਿਆਂ ਚੜ੍ਹਾਈਆ । ਇਹੋ ਮੰਗ ਮੰਗੀ ਮੈਂ ਪੀਵਾਂ ਤੇਰੇ ਵਿਚ ਦਰਬਾਰ, ਸੱਤ ਅੱਠ ਨੌ ਮਾਘ ਖ਼ੁਸ਼ੀਆਂ ਧਿਆਨ ਲਗਾਈਆ । ਪੰਦਰਾਂ ਮਾਘ ਫਿਰ ਕਰਾਏ ਯਾਦ, ਜਿਸ ਵੇਲੇ ਮਸਤਕ ਉਤੇ ਉਂਗਲੀ ਗਿਆ ਲਾਈਆ । ਤੇਰੀ ਜ਼ਰੂਰ ਸੁਣੇ ਫਰਿਆਦ, ਨਾਲ ਲੈ ਕੇ ਜਾਵੇ ਸੱਚਾ ਮਾਹੀਆ । ਤੇਰਾ ਹੁੱਕਾ ਤੈਨੂੰ ਦੇਵੇ ਦਾਦ, ਤੇਰੇ ਹੱਥ ਦੇਵੇ ਫੜਾਈਆ । ਉਹ ਸੰਗਤ ਸਾਰੀ ਨੂੰ ਕਹੇ ਮਾਰ ਅਵਾਜ਼, ਮੈਂ ਇਸ ਦੇ ਕੋਲੋਂ ਮੰਗ ਮੰਗਾਈਆ । ਇਕੋ ਇਹ ਮੇਰੇ ਨਾਲ ਕਰਦਾ ਲਾਡ, ਤੁਸੀਂ ਕਿਉਂ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚਾਵਲ ਦਾਲ ਕਰਨ ਸਲਾਹ, ਅਕੱਠੇ ਹੋ ਕੇ ਮਤਾ ਪਕਾਈਆ । ਕੀ ਕੀਤਾ ਬੇਪਰਵਾਹ, ਆਪਣੀ ਕਾਰ ਕਮਾਈਆ । ਰਿੰਨ ਪੱਕਾ ਸੰਗਤ ਖਵਾ, ਸਾਡਾ ਨਿਸ਼ਾਨ ਮਿਟਾਈਆ । ਸਾਡਾ ਦਿਸੇ ਨਾ ਕੋਈ ਗਵਾਹ, ਜਿਹੜਾ ਸੁਹਾਦਤ ਦਏ ਗਵਾਹੀਆ । ਅਬਿਨਾਸ਼ੀ ਕਰਤਾ ਇਕ ਦਾਣਾ ਸਿਰ ਵਿਚ ਲਿਆ ਲੁਕਾ, ਲੁਕੌਂਦਾ ਨਜ਼ਰ ਨਾ ਆਈਆ । ਹਰਿਸੰਗਤ ਸਾਮ੍ਹਣੇ ਆਪਣੇ ਮੁਖ ਵਿਚ ਲਏ ਪਾ, ਲੇਖਾ ਸਭ ਦਾ ਰਿਹਾ ਚੁਕਾਈਆ । ਰਵਦਾਸ ਚੁਮਾਰਾ ਕਲਮ ਸ਼ਾਹੀ

ਸਹੀ ਦੇਵੇ ਪਾ, ਨਾ ਕੋਈ ਮੇਟੇ ਮੇਟ ਮਿਟਾਈਆ । ਪ੍ਰਭ ਦਾ ਵਹੀ ਖ਼ਾਤਾ ਨਾ ਸਕੇ ਕੋਈ ਲੁਕਾ, ਅਗਨੀ ਭੇਟ ਨਾ ਕੋਈ ਚੜ੍ਹਾਈਆ । ਜੋ ਪ੍ਰਭ ਚਰਨ ਹੋਇਆ ਫਿਦਾ, ਤਿਸ ਫ਼ੈਸਲਾ ਇਕੋ ਵਾਰ ਸੁਣਾਈਆ । ਚਾਵਲ ਦਾਲ ਤੁਹਾਨੂੰ ਹੋਵਣ ਨਾ ਦੇਵਾਂ ਜੁਦਾ, ਸਦਾ ਸੰਗਤ ਸੰਗ ਰਖਾਈਆ । ਬੇਸ਼ਕ ਆਪਣਾ ਖੇਲ ਨਾ ਪਹਿਲੋ ਦੇਵੇ ਸਮਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਆਪ ਬਣਾਈਆ । ਵੇਖ ਬਣਤ ਆ ਗਈ ਖ਼ਾਕ, ਕਹਿ ਕਹਿ ਰਹੀ ਸੁਣਾਈਆ । ਪੁਰਖ ਅਕਾਲ ਤੂੰ ਬੜਾ ਚਲਾਕ, ਕੀ ਤੇਰੀ ਵਡਿਆਈਆ । ਭਗਤ ਦਵਾਰੇ ਦੱਸ ਰੱਖਿਆ ਢਾਕ, ਮਨਜੀਤਾ ਦਏ ਗਵਾਹੀਆ । ਜਗਦੀਸ਼ਾ ਸਚ ਸੁਣਾਏ ਬਾਤ, ਕਹਾਣੀ ਰਿਹਾ ਬਣਾਈਆ । ਓਹ ਵੇਖ ਢਾਈ ਮੁੱਠੀ ਰਾਖ, ਗੁਰਦਿਆਲ ਵੰਡ ਵੰਡਾਈਆ । ਤੈਨੂੰ ਕਿਥੋਂ ਆਈ ਜਾਚ, ਲੁੱਕ ਕੇ ਖੇਲ ਖਿਲਾਈਆ । ਵੇਂਹਦੇ ਰਹੇ ਖੋਲ੍ਹ ਕੇ ਤਾਕ, ਨਜ਼ਰ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮੇਟੇ ਸਾਡੀ ਵਾਟ, ਅਗਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਸੁਣ ਖਾਕ ਮੇਰੀ ਬੱਚੀ, ਬੱਚਿਆਂ ਵਾਂਗ ਸਮਝਾਈਆ । ਵੇਖੀਂ ਕਲਜੁਗ ਅੰਤ ਨਾ ਹੋਵੀਂ ਕੱਚੀ, ਕੱਚਾ ਰੂਪ ਵਟਾਈਆ । ਤੈਨੂੰ ਪਹਿਲੋਂ ਕਰਕੇ ਤੱਤੀ, ਫਿਰ ਭੰਡਾਰਾ ਦਿਤਾ ਕਰਾਈਆ । ਤੂੰ ਵੇਖਿਆ ਆਪਣੀ ਅੱਖੀਂ, ਬਾਲੇ ਨੀਹਾਂ ਹੇਠ ਦਬਾਈਆ । ਉਤੇ ਰੱਖੀ ਇੱਟ ਪੱਕੀ, ਵੇਖ ਬਿਸ਼ਨ ਸਿੰਘ ਜਿਸ ਠੋਕ ਲਗਾਈਆ । ਪੁਰਖ ਅਕਾਲ ਫਿਰ ਨਾ ਚੱਕੀ, ਉਤੋਂ ਪੈਰਾਂ ਨਾਲ ਦਬਾਈਆ । ਇਹ ਭਗਤੀ ਬਣਨੀ ਹੱਟੀ, ਸੋਹਣਾ ਹੱਟ ਖੁਲ੍ਹਾਈਆ । ਏਥੇ ਮਿਲੀ ਧੁਰ ਦੀ ਖੱਟੀ, ਹਰਿ ਕਰਤਾ ਝੋਲੀ ਪਾਈਆ । ਜਿਸ ਨਾਮ ਦੀ ਲੱਭਦੇ ਗਏ ਇਕ ਰਤੀ, ਸੋ ਖੁਲ੍ਹੇ ਗੱਫੇ ਦਏ ਵਰਤਾਈਆ । ਚਲ ਕੇ ਆਵੇ ਸਰਬ ਪਤੀ, ਪਤਿਪਰਮੇਸ਼ਵਰ ਫੇਰਾ ਪਾਈਆ । ਜਨ ਭਗਤਾਂ ਲਜ ਪਤ ਜਿਸ ਰੱਖੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਰਾਖ ਕਹੇ ਮੇਰਾ ਤੁਟਾ ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਝੁਲਦਾ ਵੇਖਿਆ ਸਚ ਨਿਸ਼ਾਨ, ਜਿਥੇ ਮੇਰੀ ਭੱਠੀ ਦਿਤੀ ਤਪਾਈਆ । ਢੋਲੇ ਗੀਤ ਉਹਦੇ ਸਾਰੇ ਗਾਣ, ਸਤਰੰਗ ਨਿਸ਼ਾਨ ਝੁਲਾਈਆ । ਸਾਢੇ ਤਿੰਨ ਹੱਥ ਸੋਹੇ ਮਕਾਨ, ਸੋਹਣੀ ਬਣਤ ਬਣਾਈਆ । ਛੋਟਾ ਨੱਢਾ ਬੱਚਾ ਦੇ ਕੇ ਗਿਆ ਗਿਆਨ, ਸੱਤ ਮਹੀਨੇ ਤਿੰਨ ਦਿਨ ਮੈਂ ਲੋਕਮਾਤ ਸੇਵ ਕਮਾਈਆ । ਗੁਰਮੁਖੋ ਗੁਰਸਿਖੋ ਪਾਰਬ੍ਰਹਮ ਪਤਿਪਰਮੇਸ਼ਵਰ ਅੰਤ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਖ਼ਾਕ ਕਹੇ ਪ੍ਰਭ ਕਰਕੇ ਫੁਰਤੀ, ਆਪਣਾ ਖੇਲ ਵਖਾਈਆ । ਇਕੋ ਵਾਰ ਭਰਕੇ ਚੁਟਕੀ, ਚਰਨਾਂ ਹੇਠ ਦਬਾਈਆ । ਮੈਂ ਬਥੇਰੀ ਨੱਚੀ ਟੱਪੀ ਭੁੜਕੀ, ਮੇਰੀ ਚਲੀ ਨਾ ਕੋਈ ਚਤੁਰਾਈਆ । ਕਿਉਂ ਇਸ ਵਿਚ ਖੇਲ ਕੋਈ ਧੁਰ ਦੀ, ਧੁਰ ਦੀ ਧਾਰ ਸਮਾਈਆ । ਮੈਂ ਸਮਝਿਆ ਮੈਂ ਸੜ ਕੇ ਹੋ ਗਈ ਮੁਰਦੀ, ਮੁਰਦਿਆਂ ਵਿਚ ਡੇਰਾ ਲਾਈਆ । ਅਬਿਨਾਸ਼ੀ ਕਰਤੇ ਕਿਹਾ ਨਹੀਂ ਤੇਰੀ ਜਨ ਭਗਤਾਂ ਨਾਲ ਮਿਲਾਵਾਂ ਸੁਰਤੀ, ਬਿਨ ਸੁਰਤੀਉਂ ਸੁਰਤ ਲਗਾਈਆ । ਮੈਂ ਘਰ ਘਰ ਦੇਵਾਂ ਗੁੜਤੀ, ਤੇਰੀ ਧੂਲ ਮਸਤਕ ਟਿੱਕੇ ਦਿਆਂ ਛੁਹਾਈਆ । ਖ਼ਾਕ ਕਹੇ ਪ੍ਰਭ ਕਰਕੇ ਫੁਰਤੀ, ਆਪਣਾ ਖੇਲ ਵਖਾਈਆ । ਮੈਂ ਗੁਰਮੁਖਾਂ ਘਰ ਗਈ ਕਦੇ ਨਾ ਮੁੜਦੀ, ਜੇ ਜਾਵਾਂ ਗੁਰਮੁਖ ਆਪਣੇ ਨਾਲ ਲੈ ਕੇ ਤੇਰਾ ਦਰਸ਼ਨ ਪਾਈਆ । ਇਹ ਖੇਲ ਤੇਰੀ ਧੁਰ ਦੀ, ਆਪੇ ਬਣਤ ਬਣਾਈਆ । ਇਹ

ਵਡਿਆਈਆ ਨਹੀਂ ਕਿਸੇ ਦੇਵਤ ਸੁਰ ਦੀ, ਗੁਰ ਅਵਤਾਰ ਪੀਰ ਪੈਗੰਬਰ ਭਾਰ ਨਾ ਕੋਈ ਉਠਾਈਆ। ਏਸੇ ਕਰਕੇ ਮੈਂ ਤੇਰੇ ਚਰਨਾਂ ਨਾਲ ਜੁੜਦੀ, ਘੁੱਟ ਘੁੱਟ ਕੇ ਸੀਨੇ ਨਾਲ ਲਗਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ। ਸੁਣ ਖਾਕ ਤੈਨੂੰ ਦੇਵਾਂ ਖਿਲਤ, ਸੋਹਣੀ ਪੋਸ਼ਾਕ ਬਣਾਈਆ। ਵੇਖੀਂ ਮੇਰੇ ਭਗਤਾਂ ਨਾਲ ਕਰੀ ਨਾ ਇਲਤ, ਛੇੜਖਾਨੀ ਕਦੇ ਮੋਹੇ ਨਾ ਭਾਈਆ। ਤੇਰੀ ਖਵਾਰੀ ਹੋਵੇ ਜ਼ਿਲਤ, ਲਜ ਪਤ ਨਾ ਕੋਈ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਸਮਝਾਈਆ। ਖ਼ਾਕ ਕਹੇ ਮੈਂ ਹੋਈ ਖ਼ਾਕ, ਖ਼ਾਕ ਤੇਰੇ ਰੂਪ ਸਮਾਈਆ। ਤੇਰੇ ਦਰ ਤੋਂ ਸਿਖੀ ਜਾਏ ਜਾਚ, ਸਿਖਿਆ ਤੇਰਾ ਨਾਮ ਪੜ੍ਹਾਈਆ। ਜਨ ਭਗਤਾਂ ਨਾਲ ਰੱਖਾਂ ਨਾਤ, ਨਾਤਾ ਇਕ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ। ਦੇਵੇ ਵਡਿਆਈ ਪ੍ਰਭ ਜੂ ਮੀਤਾ, ਮਿੱਤਰ ਪਿਆਰਾ ਆਖ ਸੁਣਾਈਆ। ਸਤਿਜੁਗ ਬੰਨਾ ਤੇਰੀ ਰੀਤਾ, ਸੁਹੰਜਣੀ ਵੰਡ ਵੰਡਾਈਆ। ਤੇਰਾ ਫੋਲੇ ਨਾ ਕੋਈ ਅੰਗੀਠਾ, ਤੇਰਾ ਪਰਦਾ ਨਾ ਕੋਈ ਉਠਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ। ਪ੍ਰਭੂ ਸਚ ਤੂੰ ਦੇਵੇ ਮਾਣ, ਮਿਹਰਵਾਨ ਅਖਵਾਇੰਦਾ। ਮੈਂ ਸਭ ਦਾ ਲੈਂਦੀ ਬਲੀਦਾਨ, ਬਚਿਆ ਕੋਈ ਰਹਿਣ ਨਾ ਪਾਇੰਦਾ। ਮੇਰਾ ਵਾਸਾ ਵਿਚ ਸ਼ਮਸ਼ਾਨ, ਸ਼ਮਸ਼ਾਨ ਭੂਮੀ ਕਹਿ ਕੇ ਸਭ ਮੇਰਾ ਨਾਮ ਪਰਗਟਾਇੰਦਾ। ਮੇਰੀ ਜੇ ਕੋਈ ਹਾਲਤ ਵੇਖੇ ਆਣ, ਨੇਤਰ ਅੱਖ ਭੇਵ ਚੁਕਾਇੰਦਾ। ਬੌਹੜੀ ਮੈਂ ਹੋਈ ਹੈਰਾਨ, ਮੇਰਾ ਸੰਗ ਨਾ ਕੋਈ ਨਿਭਾਇੰਦਾ। ਮੇਰੀ ਖ਼ਾਕ ਸਰਬ ਉਡਾਨ, ਛੇੜਨੀ ਨਾਲ ਛੇੜ ਛੇੜ ਮੇਰਾ ਛੇਕੜ ਅੰਤ ਹੋ ਜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਏਕਾ ਵਰ, ਦਰ ਸੱਚਾ ਤੇਰਾ ਭਾਇੰਦਾ। ਉਠ ਖ਼ਾਕ ਪ੍ਰਭ ਦਏ ਦਿਲਾਸਾ, ਜਗਤ ਮਾਣ ਵਡਿਆਈਆ। ਚਰਨ ਕਵਲ ਸਚ ਭਰਵਾਸਾ, ਧੀਰਜ ਧੀਰ ਵਖਾਈਆ। ਜਨ ਭਗਤ ਬਣਾਵਣ ਤੇਰਾ ਸਾਥਾ, ਸਤਿਜੁਗ ਵੰਡ ਵੰਡਾਈਆ। ਤੂੰ ਏਹਨਾਂ ਮੰਨਣਾ ਆਖਾ, ਨੀਵੇਂ ਹੋ ਕੇ ਸੇਵ ਕਮਾਈਆ। ਦੋ ਜਹਾਨਾਂ ਵਿਚੋਂ ਪੁਰਖ ਅਬਿਨਾਸ਼ਾ, ਸਾਚਾ ਜੋੜ ਜੁੜਾਈਆ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਈਆ।

### ★ ਕਿਸ਼ਨ ਸਿੰਘ ਨੇ ਫੇਰ ਕਹਿਣਾ ਚੌਧਰੀ ਤੇਜਾ ਸਿੰਘ ਦਾ ਨਾਮ ਲੈ ਅਵਾਜ਼ ਮਾਰੀ ★

ਮੈਂ ਚਰਨਾਂ ਵਿਚ ਬੈਠਾ ਤੂੰ ਕਿਥੋਂ ਲੱਭੇ, ਕਿਤਲ ਧਿਆਨ ਲਗਾਈਆ। ਵੇਖ ਮੇਰੇ ਦੋਵੇਂ ਹੱਥ ਬੱਧੇ, ਬੰਦਨਾ ਸੀਸ ਨਿਵਾਈਆ। ਪੁਰਖ ਅਕਾਲ ਸੱਜੇ ਖੱਬੇ, ਫਿਰੇ ਚਾਈਂ ਚਾਈਆ। ਸ਼ਬਦ ਨਗਾਰੇ ਚਾਰੇ ਕੁੰਟ ਵੱਜੇ, ਖ਼ੁਸ਼ੀਆਂ ਰਾਗ ਅਲਾਈਆ। ਦੇਵਤ ਸੁਰ ਆਵਣ ਭੱਜੇ, ਆਪਣਾ ਪੰਧ ਮੁਕਾਈਆ। ਵੇਖੋ ਗੁਰਮੁਖ ਸੋਹਣੇ ਸਜੇ, ਸਾਚੀ ਬਣਤ ਬਣਾਈਆ। ਗੀਤ ਗੌਂਦੇ ਵੱਡੇ ਨੱਡੇ, ਸੋਹਣਾ ਰਾਗ ਅਲਾਈਆ। ਪ੍ਰੇਮ ਪ੍ਰੀਤੀ ਲੈਣ ਮਜ਼ੇ, ਮੰਜ਼ਲ ਪੰਧ ਮੁਕਾਈਆ। ਸਚ ਘੜਿਆਲ ਕੋਟਨ ਵੱਜੇ, ਘੜੀਆਂ ਨੈਣ ਸ਼ਰਮਾਈਆ। ਗੁਰਮੁਖ ਸੋਹਣਾ ਲਾੜਾ ਸਜੇ, ਸੋਹਣਾ ਰੰਗ ਵਖਾਈਆ। ਪ੍ਰੇਮ ਪ੍ਰੀਤੀ ਅੰਦਰ ਹੱਸੇ, ਮੁਸਕਾਨ ਮੁਸਕ ਲਏ ਮੁਸਕਰਾਈਆ। ਧੰਨ ਭਾਗ ਪ੍ਰਭ ਦਵਾਰੇ ਵਸੇ, ਬਸਤੀ ਪਿਛਲੀ ਛੱਡੀ

ਪਰਾਈਆ । ਖ਼ੁਸ਼ੀ ਰਹੇ ਪਹਿਰ ਅੱਠੇ, ਘੜੀ ਗ਼ਮ ਨਾ ਕੋਈ ਵਖਾਈਆ । ਹੁੱਕਾ ਮਿਲਿਆ ਨਾਲ ਨੇੜੇ ਗੱਟੇ, ਸੋਹਣਾ ਨਜ਼ਰੀ ਆਈਆ । ਤਮਾਕੂ ਰਸ ਤਲੀ ਮਲ ਉਂਗਲਾਂ ਨਾਲ ਚੱਟੇ, ਨੱਕ ਸੁੰਘ ਦਏ ਸਮਝਾਈਆ । ਜਿਸ ਵੇਲੇ ਪੀਤਾ ਗਟ ਗਟ ਗਟੇ, ਨਸ਼ਾ ਇਕੋ ਵਾਰ ਜਾਏ ਆਈਆ । ਕਿਉਂ ਹਰਿਸੰਗਤ ਵਿਚ ਬਹਿਕੇ ਮੈਂ ਉਹਦੇ ਨਾਲ ਕੀਤੇ ਮਤੇ, ਸਿਧੀਆਂ ਗੱਲਾਂ ਨਾਲ ਸਮਝਾਈਆ । ਜੇ ਤੂੰ ਨਾ ਮੈਨੂੰ ਰੱਖੇਂ, ਹੋਰ ਕਿਹੜਾ ਮੇਰਾ ਭਾਈਆ । ਮੇਰੇ ਵੇਖ ਚੀਥੜ ਫਟੇ, ਅਲਫੀ ਰੋ ਰੋ ਰਹੀ ਸੁਣਾਈਆ । ਮੇਰੇ ਤੇਰੇ ਨਾਲ ਕੌਲ ਇਕਰਾਰ ਪੱਕੇ, ਹੁਣ ਮੈਨੂੰ ਨਾਲ ਲੈ ਕੇ ਜਾਈਆ । ਜੇ ਲੱਭਦੇ ਨਹੀਂ ਮੋਟਰ ਟਾਂਗੇ ਯੱਕੇ, ਵਿਚ ਕਾਰ ਲੈਣਾ ਬਿਠਾਈਆ । ਪ੍ਰਭ ਹੱਸ ਕੇ ਕਿਹਾ ਕਾਰ ਵਿਚ ਕੀ ਬਹਿਣਾ ਤੈਨੂੰ ਹੱਥ ਉਤੇ ਚੱਕੇ, ਲੈ ਕੇ ਜਾਏ ਧੁਰਦਰਗਾਹੀਆ । ਤੇਰਾ ਤਨ ਸਰੀਰ ਨਾ ਕੋਈ ਥੱਕੇ, ਦੁੱਖ ਪੀੜ ਨਾਲ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਵੇਖ ਸੱਚੀ ਸਚ ਕਹਿਨਾ ਊਂ, ਸੱਚੀ ਸਚ ਜਣਾਈਆ । ਫਿਰ ਕਦੋਂ ਆਵੇਂਗਾ ਤੂੰ, ਮੁੜਕੇ ਫੇਰਾ ਪਾਈਆ । ਮੇਰੇ ਨਾਲ ਹੱਸ ਕੇ ਕੂ, ਮੈਨੂੰ ਤੈਨੂੰ ਵੇਖ ਵੱਡੀ ਖ਼ੁਸ਼ੀ ਆਈਆ । ਮੈਂ ਉਠਕੇ ਤੁਰਕੇ ਆਇਆ ਤੇਰੀ ਬਰੂੰ, ਡੰਡਾ ਸੁੱਟ ਕੇ ਡੇਰਾ ਲਾਈਆ । ਨਾ ਕੋਈ ਹੂੰਗਰ ਨਾ ਕੋਈ ਹੂੰ, ਹੋਕਾ ਦੇ ਨਾ ਕੋਈ ਸੁਣਾਈਆ । ਤੂੰ ਕਿਡਾ ਅੱਛਾ ਲੱਗਦਾਂ ਏਂ ਕੇਡਾ ਸੋਹਣਾ ਮੂੰਹ, ਖ਼ੁਸ਼ੀਆਂ ਨਾਲ ਸੁਣਾਈਆ । ਮੈਂ ਹੁਣ ਨਹੀਂ ਡਿਗਨਾ ਖਾਤੇ ਖੂਹ, ਤੇਰੇ ਘਰ ਡੇਰਾ ਲਾਈਆ । ਮੈਂ ਵੇਖਣੀ ਓਹ ਜੂਹ, ਜਿਸ ਵਿਚ ਬੈਠਾ ਸੋਭਾ ਪਾਈਆ । ਅੰਤਰ ਆਵਾਜ਼ ਦਿਤੀ ਰੂਹ, ਬੁਤ ਸਮਝੇ ਨਾ ਕੋਈ ਸਮਝਾਈਆ । ਮੈਲੇ ਕੁਚੈਲੇ ਕੋਝੇ ਕਮਲੇ ਨਾਲ ਪ੍ਰਭ ਗਿਆ ਛੂਹ, ਸਿਰ ਗੋਡਿਆਂ ਉਤੇ ਟਿਕਾਈਆ । ਓਸ ਵੇਲੇ ਓਹ ਰੰਗ ਵਖਾਇਆ ਹੂਬਹੂ, ਜਿਸ ਦਾ ਨਕਸ਼ਾ ਲੋਕਮਾਤ ਸਕੇ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਰਿਹਾ ਪਾਈਆ ।

ਚਰਨ ਫੜਕੇ ਮੈਂ ਨਹੀਂ ਛੱਡਨੇ, ਛੱਡਿਆਂ ਤੁਰ ਕਿਤੇ ਨਾ ਜਾਈਆ । ਆਪਾਂ ਗੱਲਾਂ ਕਰੀਏ ਧਾਮ ਕਿਤੇ ਅੱਡਰੇ, ਸਾਡੀ ਗੱਲ ਸੁਣੇ ਨਾ ਕੋਈ ਲੋਕਾਈਆ । ਓਥੇ ਚਲੀਏ ਵੱਖਰੇ, ਜਿਥੇ ਮੈਂ ਬੈਠਾ ਡੇਰਾ ਲਾਈਆ । ਸਾਹਿਬ ਸਤਿਗੁਰ ਕਿਹਾ ਤੈਨੂੰ ਕਾਹਦੇ ਖਤਰੇ, ਦੂਰ ਦੁਰਾਡਾ ਸਿਰ ਤੇਰੇ ਹੱਥ ਟਿਕਾਈਆ । ਤੇਰੇ ਪਿਛੇ ਮੁੜਕੇ ਆਵੇ ਫੇਰ ਬਦਲੇ, ਹੁਕਮ ਹੁਕਮ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਹੱਸ ਕੇ ਕਿਹਾ ਬੱਲੇ ਸ਼ਾਬਾ ਫਿਰ ਆਵੇਗਾ । ਤੇਰਾ ਭਲਾ ਹੋ ਜਾਏ, ਮੈਨੂੰ ਨਾਲ ਲੈ ਜਾਵੇਗਾ । ਹੱਲਾ ਕਰੇ ਤੇ, ਮੁੜ ਦਰਸ ਦਿਖਾਵੇਗਾ । ਨਹੀਂ ਤੇ ਮੈਂ ਕੱਲਾ ਮੇਰੇ ਉਤੇ ਤਰਸ ਨਾ ਡਰ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਵੇਗਾ । ਸ੍ਰੀ ਭਗਵਾਨ ਕਿਹਾ ਬੋਲ, ਇਕੋ ਵਾਰ ਜਣਾਈਆ । ਮੈਂ ਵੇਖ ਆਇਆ ਤੇਰੇ ਕੋਲ, ਛੇਤੀ ਛੇਤੀ ਪੰਧ ਮੁਕਾਈਆ । ਤੂੰ ਰਹਿਣਾ ਆਪ ਅਡੋਲ, ਚਿੰਤਾ ਗ਼ਮ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਦੱਸ ਮੈਂ ਪਰਸਾਦਿ ਖਾ ਲਾਂ ਭੋਰਾ, ਜਿਹੜਾ ਤੂੰ ਦਿਤਾ

ਵਰਤਾਈਆ । ਸਚ ਪੁਛੇਂ ਮੈਨੂੰ ਤੇਰੀ ਇਕ ਲੋੜਾ, ਦੂਜੀ ਲੋੜ ਰਹੇ ਨਾ ਰਾਈਆ । ਜੇ ਮੈਨੂੰ ਕਰਦੇਂ ਵਾਂਗ ਘੋੜਾ, ਤੇਰਾ ਅੱਠੇ ਪਹਿਰ ਹੱਲ ਚਲਾਈਆ । ਮੇਰੇ ਵਿਚ ਜ਼ੋਰ ਬਥੇਰਾ, ਵੇਖ ਮੇਰੇ ਵੱਡੇ ਵੱਡੇ ਹੱਡ ਨਜ਼ਰੀ ਆਈਆ । ਮੈਂ ਭੱਜਾਂ ਵਾਂਗ ਘੋੜਾ, ਦਿਵਸ ਰੈਣ ਵਾਹੋ ਦਾਹੀਆ । ਮੈਨੂੰ ਇਕ ਹੁੱਕਾ ਲੈ ਦਈਂ ਕੋਰਾ, ਸੋਹਣਾ ਮੇਰੇ ਹੱਥ ਫੜਾਈਆ । ਮੈਂ ਪੀਊਂ ਥੋੜਾ ਥੋੜਾ, ਤੇਰੀ ਖ਼ੁਸ਼ੀ ਮਨਾਈਆ । ਊਂਹ ਸਭ ਅਕੱਠੇ ਮੇਰੇ ਵਿਚ ਅਟਕੌਂਦੇ ਰੋੜਾ, ਚੌਧਰੀ ਕੀ ਰਿਹਾ ਸੁਣਾਈਆ । ਏਥੇ ਘਰ ਕੀ ਘਾਟਾ ਕੀ ਥੋੜਾ, ਦੇਂਦਿਆਂ ਕੀ ਘਟ ਜਾਈਆ । ਨਾਲੇ ਮਾਰਕੇ ਕਹੇ ਹਨੋਰਾ, ਤੇਰੇ ਕੋਲੋਂ ਪੀਂਦੇ ਰਹਿਣਾ ਚਾਈਂ ਚਾਈਂਆ । ਜੇ ਨਾ ਦੇਵੇਂ ਲੁਟੂਗਾਂ ਨਾਲ ਜ਼ੋਰਾ, ਤੇਰੇ ਅੱਗੇ ਵਾਸਤਾ ਪਾਈਆ । ਮੈਂ ਤਮਾਕੂ ਲੈਣਾ ਕੌੜਾ, ਜਿਹੜਾ ਸੋਹਣਾ ਨਸ਼ਾ ਚੜ੍ਹਾਈਆ । ਸਤਿਗੁਰ ਕਿਹਾ ਮੈਂ ਤੈਨੂੰ ਹੁੱਕਾ ਦਿਊਂ ਨਵਾਂ ਨਕੋਰਾ, ਵਿਚ ਦਰਬਾਰ ਤੇਰੇ ਹੱਥ ਫੜਾਈਆ । ਜਿਸ ਦੀ ਵਸਤ ਠਠਿਆਰ ਘੜੇ ਨਾ ਭੇਰਾ, ਨੜੀ ਲੁਹਾਰ ਤਰਖਾਣ ਨਾ ਕੋਈ ਬਣਾਈਆ । ਓਸ ਵਿਚੋਂ ਸੂਟਾ ਨਿਕਲੇ ਨੇਤਰ ਫੇਰਾ, ਫੁਰਨਾ ਪਿਛਲਾ ਬੰਦ ਕਰਾਈਆ । ਨਜ਼ਰੀ ਆਏ ਤੇਰਾ ਮੇਰਾ, ਤੇਰਾ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਓਥੇ ਲਾ ਲੈ ਡੇਰਾ, ਜਿਥੇ ਆਪਣਾ ਘਰ ਬਣਾਈਆ । ਤੇਰਾ ਘਰ ਬੜਾ ਚੰਗੂ, ਮੈਂ ਚੰਗੀ ਤਰ੍ਹਾਂ ਵੇਖ ਕੇ ਆਈਆ । ਊਂਹ ਅੰਦਰ ਡਾਹਿਆ ਵਡੂ ਪਲੰਘੂ, ਸੋਹਣਾ ਲੇਫ ਵਿਛਾਈਆ । ਮੈਂ ਵੀ ਓਹੋ ਜਿਹਾ ਮੰਗੂ, ਸੋਹਣੀ ਆਵਾਜ਼ ਸੁਣਾਈਆ । ਹੁੱਕਾ ਪੀ ਕੇ ਕੋਲ ਖੰਘੂ, ਤੇਰੇ ਕੋਲੋਂ ਸੋਹਣਾ ਲੈਣਾ ਬਣਾਈਆ । ਪਿਛਲੀ ਟੁੱਟੀ ਹਲ ਵਾਹ ਕੇ ਗੰਢੂ, ਬਿਨ ਵਾਹਿਆਂ ਤੋਂ ਵਾਹ ਕੇ ਦਿਆਂ ਵਖਾਈਆ । ਓਏ ਇਹ ਕਹਿੰਦੇ ਸੀ ਸਾਰੇ ਦੀਨਾ ਬੰਧੂ, ਮੈਂ ਕਿਹਾ ਕਿਸ ਤਰਾਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤੇਰਾ ਘਰ ਦਿਤਾ ਚੰਗਾ, ਕੀ ਕੁਛ ਨਜ਼ਰੀ ਆਈਆ । ਔਦੇ ਨੂੰ ਸੋਹਣਾ ਮਿਲਿਆ ਮੰਜਾ, ਬਿਸਤਰ ਸੇਜ ਸੁਹਾਈਆ । ਮੈਂ ਬਿਨ ਕੰਨਾਂ ਸੁਣਿਆ ਧੁਰ ਦਾ ਛੰਦਾ, ਧੁਰ ਦਾ ਰਾਗ ਅਲਾਈਆ । ਮੈਂ ਉਠ ਕੇ ਤੱਕਿਆ ਚਾਰੇ ਬੰਨਾ, ਨੇਤਰ ਖੋਲ੍ਹ ਵੇਖ ਵਖਾਈਆ । ਕੋਈ ਕਹੇ ਆ ਮੇਰਿਆ ਚੰਨਾ, ਬਾਲਿਆਂ ਵਾਂਗ ਗੋਦ ਬਹਾਈਆ । ਬਾਂਹੋ ਫੜ ਮੇਰੇ ਮੁਖ ਵਿਚ ਦਿਤਾ ਮੂੰਮਾਂ, ਅੰਮ੍ਰਿਤ ਸੀਰ ਜਾਮ ਪਿਆਈਆ । ਮੇਰਾ ਖ਼ੁਸ਼ੀਆਂ ਨਾਲ ਮੁਖ ਚੁੰਮਾ, ਪ੍ਰੇਮ ਪ੍ਰੀਤੀ ਇਕ ਵਧਾਈਆ । ਮੈਂ ਕਿਹਾਂ ਮੈਂ ਪਾਪੀ ਅਪਰਾਧੀ ਭਰਿਆ ਔਗੁਣਾ, ਪ੍ਰਭ ਮੇਰੀ ਕੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਰਿਹਾ ਸਮਝਾਈਆ । ਕੋਝੇ ਕਮਲੇ ਸੁਣ ਯਾਰ, ਤੇਰੀ ਯਾਰੀ ਮੋਹੇ ਭਾਈਆ । ਜਿਸ ਵੇਲੇ ਕਹਿੰਦਾ ਸੇਂ ਉਠ ਚਲੀਏ ਯਾਰ, ਬਾਹਰ ਤੈਨੂੰ ਵੱਟਾਂ ਬੰਨੇ ਦਿਆਂ ਵਖਾਈਆ । ਕੱਲੇ ਹੋ ਕੇ ਕਰ ਲਈਏ ਗੁਫਤਾਰ, ਹਾਲ ਅਹਿਵਾਲ ਰੂਪ ਵਟਾਈਆ । ਜਾਂ ਮੈਨੂੰ ਓਥੇ ਲੈ ਚਲ ਨਾਲ, ਜਿਥੇ ਸਾਡੀ ਗੱਲ ਘਰ ਦਾ ਸੁਣਨ ਵਾਲਾ ਕੋਈ ਨਾ ਆਈਆ । ਮੇਰਾ ਜ਼ਰੂਰ ਮੰਨ ਕੇ ਜਾਈਂ ਸਵਾਲ, ਮੈਂ ਤੇਰੇ ਨਾਲ ਜਾਣਾ ਚਾਈਂ ਚਾਈਂਆ । ਮੈਨੂੰ ਇਕ ਵਾਰ ਦਵਾਰਾ ਉਹ ਵਖਾਲ, ਜਿਸ ਘਰ ਵਿਚੋਂ ਮੁੜ ਕੇ ਫੇਰਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਕਿਰਪਾਲ, ਗੁਰਮੁਖਾਂ ਆਸਾ ਪੂਰ ਵਖਾਈਆ ।

੫੦੯
੧੯

## ★ ੨੪ ਮਾਘ ੨੦੨੦ ਬਿਕ੍ਰਮੀ ਤੇਜਾ ਸਿੰਘ ਦੀ ਸਿੜ੍ਹੀ ਉਤੇ ਅਲੱੜਪਿੰਡੀ ★

ਸਿੜ੍ਹੀ ਕਹੇ ਮੈਨੂੰ ਆਈ ਯਾਦ, ਪੋਹ ਤਿੰਨ ਮਿਲੀ ਵਡਿਆਈਆ । ਜੁਗ ਚੌਕੜੀ ਪਿਛੋਂ ਸੁਣ ਫ਼ਰਿਆਦ, ਪੁਰਖ ਅਕਾਲ ਦਇਆ ਕਮਾਈਆ । ਜਨ ਭਗਤਾਂ ਪਿਛੇ ਦੇ ਕੇ ਦਾਦ, ਸੋਹਣੀ ਮੇਰੀ ਬਣਤ ਬਣਾਈਆ । ਲੋਕਮਾਤ ਰਚ ਕੇ ਕਾਜ, ਕਰਨੀ ਕਰਤਾ ਆਪ ਸਮਝਾਈਆ । ਤੇਰਾ ਪਿਛਲਾ ਬਦਲ ਸਮਾਜ, ਸਾਚੀ ਧਾਰਾ ਇਕ ਵਖਾਈਆ । ਕੂੜੀ ਮੇਟ ਕੇ ਲੋਕ ਲਾਜ, ਸਚ ਸੰਦੇਸਾ ਦਿਆਂ ਸੁਣਾਈਆ । ਤੇਰਾ ਬੇੜਾ ਜਗਤ ਜਹਾਜ, ਲੱਖ ਚੁਰਾਸੀ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਿੜੀ ਕਹੇ ਮੈਂ ਕੀਤੀ ਅਰਦਾਸ, ਏਕ ਪ੍ਰਭ ਅੱਗੇ ਅਰਜ਼ੋਈਆ । ਜੁਗ ਚੌਕੜੀ ਤੇਰਾ ਖੇਲ ਪੁਰਖ ਅਬਿਨਾਸ਼, ਵੇਖ ਵੇਖ ਆਪਣਾ ਆਪ ਮਿਟਾਈਆ । ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗੰਬਰ ਮੇਰੀ ਸੇਜਾ ਗਏ ਲੇਟ, ਆਸਣ ਆਪਣਾ ਉਪਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮੋਹੇ ਵਡਿਆਈਆ । ਸਿੜੀ ਕਹੇ ਮੇਰੀ ਮਨਸਾ ਪੂਰ, ਆਸਾ ਇਕ ਰਖਾਈਆ । ਪੂਰਬ ਜਨਮ ਬਖ਼ਸ਼ ਕਸੂਰ, ਮਿਹਰ ਨਜ਼ਰ ਉਠਾਈਆ । ਮੈਂ ਢੋ ਢੋ ਥੱਕੀ ਲੱਖ ਚੁਰਾਸੀ ਪੂਰ, ਭੱਜ ਭੱਜ ਵਾਹੋ ਦਾਹੀਆ । ਨਾਤਾ ਤੋੜ ਕੇ ਕੂੜੋ ਕੂੜ, ਸਾਚੀ ਸੇਵ ਕਮਾਈਆ । ਮੇਰੇ ਉਤੇ ਚੜ੍ਹਦੇ ਮੂਰਖ ਮੂੜ੍ਹ, ਪਾਪੀ ਅਪਰਾਧੀ ਆਸਣ ਲਾਈਆ । ਮੈਨੂੰ ਕਰ ਕੇ ਸਾਰੇ ਮਜਬੂਰ, ਮੇਰੀ ਸੋਹਣੀ ਸੇਜ ਹੰਢਾਈਆ । ਪਾਰਬ੍ਰਹਮ ਮੇਰੀ ਅਰਜ਼ ਕਰ ਮਨਜ਼ੂਰ, ਤੇਰੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਚੁਕਾਈਆ । ਸਿੜੀ ਕਹੇ ਮੈਂ ਦੱਸਿਆ ਹਾਲ, ਹਕੀਕਤ ਸਚ ਜਣਾਈਆ । ਸਦਾ ਸਦਾ ਸਦ ਘਾਲਣ ਰਹੀ ਘਾਲ, ਕੀਤੀ ਘਾਲ ਲੇਖੇ ਕੋਇ ਨਾ ਪਾਈਆ । ਗੋਬਿੰਦ ਅੱਗੇ ਕੀਤਾ ਇਕ ਸਵਾਲ, ਜਿਸ ਵੇਲੇ ਸੂਲਾਂ ਸੇਜ ਹੰਢਾਈਆ । ਬਿਰਹੋਂ ਵਿਛੋੜਾ ਦੀਨ ਦਿਆਲ, ਤੇਰਾ ਰੂਪ ਜੁਦਾਈਆ । ਲੋਕਮਾਤ ਬਣ ਦਲਾਲ, ਮੇਰੇ ਵਲ ਧਿਆਨ ਲਗਾਈਆ । ਮੈਂ ਨਿਤ ਨਵਿਤ ਸੇਵਾ ਕਰ ਕਰ ਹੋਈ ਕੰਗਾਲ, ਮੇਰੀ ਕੀਮਤ ਕਿਸੇ ਨਾ ਪਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਪੀਰ ਫ਼ਕੀਰ ਸਾਧ ਸੰਤ ਮੈਂ ਸਾਰੇ ਸ਼ਮਸ਼ਾਨ ਭੂਮੀ ਦਿਤੇ ਸੁਆਲ, ਮਿੱਟੀ ਖ਼ਾਕ ਹੇਠ ਦਬਾਈਆ । ਮੇਰੀ ਲੇਖੇ ਲਾਈ ਨਾ ਕਿਸੇ ਘਾਲ, ਲਹਿਣਾ ਸਕਿਆ ਨਾ ਕੋਇ ਚੁਕਾਈਆ । ਕਿਰਪਾਨਿਧ ਹੋ ਕਿਰਪਾਲ, ਤੇਰੇ ਅੱਗੇ ਝੋਲੀ ਡਾਹੀਆ । ਓਸ ਵੇਲੇ ਆਈ ਇਕ ਆਵਾਜ਼, ਸ਼ਬਦ ਨਾਦ ਸ਼ਨਵਾਈਆ । ਇਸ ਦੇ ਅੰਦਰ ਡੂੰਘਾ ਰਾਜ਼, ਜਿਸ ਨੂੰ ਸਮਝ ਸਕੇ ਕੋਇ ਨਾ ਰਾਈਆ । ਕਲਜੁਗ ਅੰਤ ਤੇਰੀ ਰੱਖੇ ਲਾਜ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਿੜੀ ਕਹੇ ਉਹ ਵੇਲਾ ਕਿਹੜਾ, ਸਾਚੀ ਰੁੱਤੜੀ ਦੇ ਜਣਾਈਆ । ਪੁਰਖ ਅਕਾਲ ਬੰਨ੍ਹੇ ਬੇੜਾ, ਆਪਣੇ ਕੰਧ ਉਠਾਈਆ । ਮੇਰਾ ਚੁੱਕੇ ਝੂਠਾ ਝੇੜਾ, ਝਗੜਾ ਰਹੇ ਨਾ ਰਾਈਆ । ਮੈਂ ਵੇਖਾਂ ਉਹ ਸੱਚਾ ਖੇੜਾ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਸਾਚਾ ਲੇਖਾ ਲੈਣਾ ਜਾਣ, ਜਾਨਣਹਾਰ ਜਣਾਈਆ । ਪਰਗਟ ਹੋ ਸ੍ਰੀ ਭਗਵਾਨ, ਨਿਰਗੁਣ ਦਾਤਾ ਵੇਸ ਵਟਾਈਆ । ਭਗਤ ਭਗਵੰਤ ਉਠਾਏ ਆਣ, ਧੁਰ ਦਾ ਬਾਣ ਲਗਾਈਆ । ਪਹਿਲੋਂ ਬਖ਼ਸ਼ੇ ਸੱਚਾ ਮਾਣ, ਚਰਨ ਕਵਲ ਸਰਨਾਈਆ ।

ਲੇਖਾ ਲਿਖ ਕੇ ਕਲਮ ਨਿਸ਼ਾਨ, ਕਾਗ਼ਜ਼ ਸੋਹਣੀ ਵੰਡ ਵੰਡਾਈਆ । ਸੋਹਣਾ ਸਾਲੂ ਸੋਹਣਾ ਸੁਭਰ ਤੇਰੇ ਉਤੇ ਦੇਵੇ ਆਣ, ਹਰਿ ਲਾਲਨ ਲਾਲ ਰੰਗ ਰੰਗਾਈਆ । ਪੋਹ ਤਿੰਨ ਵੀਹ ਸੌ ਵੀਹ ਬਿਕ੍ਰਮੀ ਤੇਰਾ ਲੇਖਾ ਕਰ ਪਰਵਾਨ, ਹਰਿ ਕੰਤ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਕੇ ਸਿੜੀ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਈਆ । ਪੁਰਖ ਅਬਿਨਾਸ਼ੀ ਪਕੜੇ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਨਿਰਗੁਣ ਹੋ ਕੇ ਬਣੇ ਮਲਾਹ, ਨਿਰਵੈਰ ਹੋ ਕੇ ਵੇਖ ਵਖਾਈਆ । ਸੰਤ ਸੁਹੇਲੇ ਲਏ ਜਗਾ, ਭਗਤ ਭਗਵਾਨ ਪਕੜ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਰਿਹਾ ਕਮਾਈਆ । ਸਾਚੀ ਕਰਨੀ ਸੁਣ ਕੇ ਹਰਿ, ਸਿੜੀ ਖ਼ੁਸ਼ੀ ਮਨਾਈਆ । ਮੇਰਾ ਪਿਛਲਾ ਚੁਕਿਆ ਭੈ ਡਰ, ਭੌ ਰੂਪ ਨਾ ਕੋਇ ਵਖਾਈਆ । ਮੈਂ ਚਰਨੀਂ ਉਹਦੀ ਜਾਵਾਂ ਪੜ, ਆਦਿ ਜੁਗਾਦਿ ਜਿਸ ਸਾਚੀ ਰਚਨ ਰਚਾਈਆ । ਇਕੋ ਨਾਮ ਉਹਦਾ ਲਵਾਂ ਪੜ੍ਹ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਾਚੇ ਭਗਤਾਂ ਸੰਗ ਜਾਵਾਂ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਪੂਰਬ ਜਨਮ ਦਾ ਮਿਲੇ ਫਲ, ਫਲੀ ਭੂਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਨਵ ਨੌ ਚਾਰ ਪੰਧ ਮੁਕੌਂਦਾ ਏ । ਪੂਰਬ ਲੇਖ ਵੇਖ ਵਖੌਂਦਾ ਏ । ਕੀਤਾ ਕੌਲ ਤੋੜ ਨਿਭੌਂਦਾ ਏ । ਧਰਤ ਧਵਲ ਧੌਲ ਡੇਰਾ ਲੌਂਦਾ ਏ । ਜਨ ਭਗਤਾਂ ਅੰਦਰ ਮੌਲ, ਆਪਣਾ ਰੰਗ ਚੜ੍ਹੌਂਦਾ ਏ । ਦੂਰ ਦੁਰਾਡਾ ਵਸੇ ਕੋਲ, ਨੇਰਨ ਨੇਰਾ ਹੋ ਕੇ ਨਜ਼ਰੀ ਔਂਦਾ ਏ । ਕੋਈ ਭੇਵ ਨਾ ਜਾਣੇ ਪੰਡਤ ਪਾਂਧਾ ਰੌਲ, ਮੁਲਾਂ ਸ਼ੇਖ਼ ਮੁਸਾਇਕ ਸਮਝ ਨਾ ਕੋਇ ਰਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕੌਂਦਾ ਏ । ਸਿਰ ਤੇਰੇ ਹੱਥ ਟਿਕਾਵਾਂਗਾ । ਲਕੜੀ ਕਾਠ ਬਣਾਈ ਸਿੜੀ, ਤੇਰਾ ਮਾਣ ਵਧਾਵਾਂਗਾ । ਗੁਰਮੁਖਾਂ ਸੰਗ ਮਿਲ ਕਦੇ ਨਾ ਡਰੀਂ, ਡਰ ਭੈ ਸਰਬ ਚੁਕਾਵਾਂਗਾ । ਖ਼ੁਸ਼ੀਆਂ ਨਾਲ ਆਪਣੇ ਉਤੇ ਧਰੀਂ, ਓਨ੍ਹਾਂ ਨਾਲ ਨਿਰਗੁਣ ਹੋ ਕੇ ਵੇਖਣ ਆਵਾਂਗਾ । ਇਕੋ ਢੋਲਾ ਤੇਰਾ ਮੇਰਾ ਪੜ੍ਹੀਂ, ਸੋਹੰ ਸੱਚਾ ਰਾਗ ਸੁਣਾਵਾਂਗਾ । ਲੇਖਾ ਚੁਕਾਵਾਂ ਗੋਰ ਮੜੀ, ਜਿਨ੍ਹਾਂ ਮਸਤਕ ਟਿੱਕਾ ਇਕ ਲਗਾਵਾਂਗਾ । ਧੰਨ ਭਾਗ ਹੋਵੇ ਸੁਲਖਣੀ ਉਹ ਘੜੀ, ਜਿਸ ਵੇਲੇ ਗੁਰਮੁਖ ਘਰ ਆਪਣੇ ਲੈ ਕੇ ਜਾਵਾਂਗਾ । ਪ੍ਰੇਮ ਪਿਆਰ ਦੀ ਲੱਗੇ ਝੜੀ, ਛਹਿਬਰ ਆਪਣਾ ਮੇਘ ਬਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਿੜੀ ਕਹੇ ਪ੍ਰਭੂ ਜਬ ਤੇਰੇ ਭਗਤ ਚਰਨ ਟਿਕਾਉਣਗੇ । ਮੇਰਾ ਅਗਨੀ ਤਤ ਸੁਹੌਣਗੇ । ਬ੍ਰਹਮ ਮਤ ਇਕ ਸਮਝਾਉਣਗੇ । ਚਰਨ ਕਵਲ ਨਤ ਜੋੜ ਜੁੜੌਣਗੇ । ਦੋਵੇਂ ਵਖਾ ਕੇ ਖ਼ਾਲੀ ਹੱਥ, ਘਰਦਿਆਂ ਕੋਲੋਂ ਪਿਛਾ ਆਪਣਾ ਆਪ ਛੁਡੌਣਗੇ । ਅੱਗੇ ਲੈ ਕੇ ਤੇਰੇ ਨਾਮ ਦੀ ਵੱਥ, ਸੋਹੰ ਢੋਲੇ ਗੌਣਗੇ । ਤੂੰ ਧੁਰ ਦਾ ਲੈ ਕੇ ਆਵੇਂ ਰਥ, ਦੇਵਤ ਸੁਰ ਮੁਨ ਜਨ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਰਾਗ ਅਲਾਉਣਗੇ । ਮੈਂ ਤੇਰੀ ਭੇਟਾ ਕਰਾਂ ਹੱਸ ਹੱਸ, ਗੁਰਮੁਖ ਤੇਰੇ ਖ਼ੁਸ਼ੀਆਂ ਨਾਲ ਤੇਰੇ ਘਰ ਜਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸੰਤ ਸੁਹੇਲੇ ਮਿਲ ਕੇ ਤੇਰਾ ਨਾਮ ਧਿਔਣਗੇ । ਸੁਣ ਸਿੜੀ ਬਾਲੀ ਬੱਚੀ, ਸਚ ਸਚ ਦਿਆਂ ਦ੍ਰਿੜਾਈਆ । ਏਸੇ

ਕਰ ਕੇ ਤੂੰ ਸਭ ਤੋਂ ਅੱਛੀ, ਜਿਹੜੇ ਪ੍ਰਭ ਨਾਲੋਂ ਵਿਛੜੇ ਫਿਰ ਉਸ ਨਾਲ ਦਏਂ ਮਿਲਾਈਆ । ਇਹ ਕਾਇਆ ਮਾਟੀ ਬਬਰੀ ਕੱਚੀ, ਲੋਕਮਾਤ ਤਨ ਮਾਟੀ ਖੇਹ ਵਿਚ ਰਲਾਈਆ । ਸਚ ਪੁਛੇਂ ਮੈਨੂੰ ਇਹ ਤੇਰੀ ਧਾਰ ਲੱਗੀ ਅੱਛੀ, ਜੋ ਬੈਠੀ ਸੇਵ ਕਮਾਈਆ । ਸਿੜ੍ਹੀ ਕਹੇ ਪਾਰਬ੍ਰਹਮ ਤੂੰ ਸਰਬ ਜੀਆਂ ਦਾ ਕਮਲਾਪਤੀ, ਬੇਅੰਤ ਤੇਰੀ ਸ਼ਰਨਾਈਆ । ਜਿਨ੍ਹਾਂ ਦਰਸ਼ਨ ਪਾਇਆ ਤੇਰਾ ਅੱਖੀਂ, ਨੇਤਰ ਨੈਣਾਂ ਨਾਲ ਮਿਲਾਈਆ । ਗੁਰਮੁਖ ਚੁੱਕ ਕੇ ਲਿਆਵਣ ਨਾਲ ਹੱਥੀਂ, ਸੋਹਣੀ ਸੇਵ ਕਮਾਈਆ । ਮੈਂ ਵੀ ਓਨ੍ਹਾਂ ਨਾਲ ਹੋਵਾਂ ਸਤੀ, ਆਪਣਾ ਸਤਿ ਤੇਰੀ ਝੋਲੀ ਪਾਈਆ । ਏਸੇ ਕਾਰਨ ਤੇਰੇ ਚਰਨਾਂ ਢੱਠੀ, ਦੋਏ ਜੋੜ ਅਰਦਾਸ ਸੁਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਉਡਾਏ ਲੋਕਮਾਤ ਨਾ ਕੋਇ ਮਿਟੀ, ਖ਼ਾਕ ਧੂੜ ਨਾ ਕੋਇ ਵਖਾਈਆ । ਤੇਰੇ ਪ੍ਰੇਮ ਪਿਆਰ ਦੀ ਜਿਨ੍ਹਾਂ ਪੜ੍ਹੀ ਪੱਟੀ, ਪਾਰ ਕਿਨਾਰਾ ਇਕੋ ਨਜ਼ਰੀ ਆਈਆ । ਦੋਏ ਜੋੜ ਬੈਠੀ ਹੱਥ ਬੱਧੀ, ਆਪਣਾ ਸੀਸ ਨਿਵਾਈਆ । ਬੇਸ਼ਕ ਮੈਂ ਘਰੋਂ ਬਾਹਰੋਂ ਕੱਢੀ, ਸ਼ਮਸ਼ਾਨ ਭੂਮੀ ਮੇਰੇ ਵੰਡੇ ਆਈਆ । ਮੈਂ ਕੋਝੀ ਕਮਲੀ ਸਭ ਤੋਂ ਰੱਦੀ, ਮੈਨੂੰ ਦੇਵੇ ਨਾ ਕੋਇ ਮਾਣ ਵਡਿਆਈਆ । ਮੈਂ ਤੇਰੇ ਹੁਕਮ ਅੰਦਰ ਬੱਧੀ, ਲੋਕਮਾਤ ਸੇਵ ਕਮਾਈਆ । ਮੇਰੀ ਬੁੱਢੀ ਹੋਈ ਹੱਡੀ, ਦੁੱਖ ਦਰਦ ਰਿਹਾ ਸਤਾਈਆ । ਬੀਤਦੀ ਜਾਏ ਚੌਧਵੀਂ ਸਦੀ, ਈਸਾ ਮੂਸਾ ਮੁਹੰਮਦ ਨੇਤਰ ਨੈਣ ਉਠਾਈਆ । ਨਾਨਕ ਗੋਬਿੰਦ ਕਹੇ ਉਹ ਕਿਹੜੀ ਘੜੀ ਚੰਗੀ, ਸੋਹਣਾ ਵਕਤ ਸੁਹਾਈਆ । ਜਿਸ ਵੇਲੇ ਪ੍ਰਭ ਦਵਾਰਿਉਂ ਮਿਲੇ ਵਸਤ ਮੰਗੀ, ਅਨਮੁਲੜੀ ਵਸਤ ਝੋਲੀ ਪਾਈਆ । ਸੋਹਣਾ ਸਮਾਂ ਜਿਸ ਵੇਲੇ ਮੇਰੇ ਉਪਰ ਚੜ੍ਹਨ ਗੁਰਮੁਖ ਭੁਯੰਗੀ, ਸਚ ਸਿੰਘਾਸਣ ਡੇਰਾ ਲਾਈਆ । ਮੈਂ ਲੈ ਕੇ ਆਵਾਂ ਚੁੱਕ ਕੇ ਕੰਧੀ, ਕੰਧਾ ਕੰਧੇ ਨਾਲ ਮਿਲਾਈਆ । ਬੇਪਰਵਾਹ ਸਦਾ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਦਏ ਕਮਾਈਆ । ਬਿਨ ਬੰਦਗੀਉਂ ਖ਼ਾਨਾ ਤੋੜੇ ਬੰਦੀ, ਬੰਦਨਾ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵੇ ਇਕ ਵਰ, ਜਨ ਭਗਤਾਂ ਸੰਗ ਮੇਰਾ ਲੇਖਾ ਦਏ ਮੁਕਾਈਆ ।

## ★ ੨੪ ਮਾਘ ੨੦੨੦ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹ ਅਲੱੜਪਿੰਡੀ ਜ਼ਿਲਾ ਗੁਰਦਾਸਪੁਰ ★

ਗੁਰਸਿਖ ਪਰਵਾਨਾ ਸਤਿਗੁਰ ਸ਼ਮਾ, ਜੋਤ ਅਗਨ ਰੂਪ ਵਖਾਈਆ । ਜਗਤ ਪ੍ਰੇਮ ਛੱਡ ਕੇ ਤਮਾ, ਤਨ ਮਨ ਆਪਣਾ ਭੇਟ ਕਰਾਈਆ । ਹਰਖ਼ ਸੋਗ ਮਿਟਾ ਕੇ ਗ਼ਮਾ, ਚਿੰਤਾ ਚਿਖਾ ਦੂਰ ਕਰਾਈਆ । ਆਪਣਾ ਨਾਂਵਾਂ ਲਵਾ ਕੇ ਨਵਾਂ, ਸੋਹਣੀ ਬਣਤ ਬਣਾਈਆ । ਜਨ ਭਗਤਾਂ ਵਿਚ ਰਲ ਕੇ ਬਹਿਵਾਂ, ਗ੍ਰਿਹ ਸਚ ਮਿਲੇ ਵਡਿਆਈਆ । ਸਚ ਸੁਨੇਹੜਾ ਜਾ ਕੇ ਕਹਿਵਾਂ, ਪਿਛਲਾ ਹਾਲ ਸੁਣਾਈਆ । ਮੈਨੂੰ ਕੋਈ ਨਾ ਕਹੇ ਨਥਾਵਾਂ, ਸਾਚੀ ਸਰਨ ਮਿਲੀ ਸਰਨਾਈਆ । ਸੋਹਣਾ ਢੋਲਾ ਗਾਵਾਂ, ਸ਼ਾਹ ਪਾਤਸ਼ਾਹ ਨਾਮ ਧਿਆਈਆ । ਸੇਜ ਸੁਹੰਜਣੀ ਬਹਿ ਕੇ ਰਾਵਾਂ, ਰੰਗ ਰੱਤੜਾ ਮਿਲਿਆ ਮਾਹੀਆ । ਜਿਸ ਅੱਗੋਂ ਫੜੀਆਂ ਬਾਵਾਂ, ਭੁਜਾਂ ਨਾਲ ਉਠਾਈਆ । ਮੈਂ ਪਿਆ ਨਾ ਔਝੜ ਰਾਹਵਾਂ, ਚੁਰਾਸੀ ਗੇੜ ਨਾ ਕੋਇ ਜਣਾਈਆ । ਮੇਰੀਆਂ ਕੋਈ ਨਾ ਮਾਰੇ ਧਾਹਾਂ, ਨੇਤਰ ਨੀਰ ਨਾ ਕੋਇ ਵਹਾਈਆ । ਮੇਰੇ ਵਰਗੇ ਪੁਤ ਵਿਰਲੀਆਂ ਜੰਮਣ ਮਾਂਵਾਂ, ਜਿਨ੍ਹਾਂ

ਪ੍ਰਭੂ ਦਏ ਵਡਿਆਈਆ । ਮੈਂ ਸਚ ਸਰੋਵਰ ਬਹਿ ਕੇ ਨਹਾਵਾਂ, ਤਾਰੀ ਇਕ ਤਾਲਾਬ ਲਗਾਈਆ । ਜਿਸ ਦੇ ਪਿਛੇ ਸਾਹਿਬ ਸਤਿਗੁਰ ਫਿਰ ਕੇ ਆਇਆ ਪਾਰ ਦਰਿਆਵਾਂ, ਸੱਜਣ ਵਿਛੜੇ ਨਾਲ ਰਲਾਈਆ । ਉਹਦੇ ਗੀਤ ਸਦਾ ਨਿਤ ਗਾਵਾਂ, ਸੋਹਣਾ ਰਾਗ ਅਲਾਈਆ । ਹੰਸਾਂ ਵਿਚ ਮਿਲਿਆ ਛੱਡ ਕੇ ਕਾਵਾਂ, ਦਰਗਾਹ ਮਿਲੀ ਮਾਣ ਵਡਿਆਈਆ । ਸੋਹਣਾ ਪਲੰਘ ਇਕ ਡਾਹਵਾਂ, ਬਾਢੀ ਸੋਹਣੀ ਬਣਤ ਬਣਾਈਆ । ਪ੍ਰੇਮ ਵਿਛੌਣਾ ਇਕ ਵਿਛਾਵਾਂ, ਸੁਸੀ ਸਤਿ ਸਰੂਪ ਜਣਾਈਆ । ਖ਼ੁਸ਼ੀ ਨਾਲ ਸਵਾਂ ਦੇ ਸਰਹਾਣੇ ਬਾਂਹਵਾਂ, ਦੁੱਖ ਦਰਦ ਰਿਹਾ ਨਾ ਰਾਈਆ । ਮੈਂ ਛੱਡ ਕੇ ਆਇਆ ਪਿਛਲਿਆਂ ਗਰਾਵਾਂ, ਅੱਗੇ ਮੰਦਰ ਰਿਹਾ ਸੁਹਾਈਆ । ਮੈਂ ਭੱਜਾ ਫਿਰ ਨਾਲ ਚਾਵਾਂ, ਚਾਉ ਘਨੇਰਾ ਇਕ ਦਰਸਾਈਆ । ਪੁਰਖ ਅਕਾਲ ਇਕ ਵਡਿਆਵਾਂ, ਵਾਹ ਵਾ ਵੱਡੀ ਤੇਰੀ ਵਡਿਆਈਆ । ਝੋਲੀ ਅੱਡ ਕੇ ਇਕੋ ਮੰਗ ਮੰਗਾਵਾਂ, ਦੋਏ ਜੋੜ ਸੀਸ ਨਿਵਾਈਆ । ਮੈਂ ਤੇਰੇ ਕੋਲ ਹੋ ਕੇ ਬਹਿਵਾਂ ਸਾਵਾਂ, ਸਨਮੁਖ ਨਜ਼ਰੀ ਆਈਆ । ਸਚ ਦੱਸ ਮੈਂ ਹੁੱਕਾ ਕਿਥੇ ਡਾਹਵਾਂ, ਕਿਸ ਥਾਨ ਦਿਆਂ ਰਖਾਈਆ । ਧੂਆਂ ਛਿਕ ਹਵਾ ਵਿਚ ਉਡਾਵਾਂ, ਪਿਛੋਂ ਵੇਖਾਂ ਧਿਆਨ ਲਗਾਈਆ । ਸ੍ਰੀ ਭਗਵਾਨ ਕਿਹਾ ਮੈਂ ਤੈਨੂੰ ਸਮਝਾਵਾਂ, ਇਸ਼ਾਰੇ ਨਾਲ ਜਣਾਈਆ । ਹੁੱਕਾ ਤੈਨੂੰ ਫੜਾਵਾਂ, ਜਿਸ ਦੀ ਸੋਹਣੀ ਬਣਤ ਬਣਾਈਆ । ਪਹਿਲੋਂ ਵੇਖ ਆਪਣੇ ਭਰਾਵਾਂ, ਜਿਹੜੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਉਠ ਵੇਖ ਪ੍ਰਭ ਦਾ ਹੁੱਕਾ, ਹਕੀਕਤ ਵਿਚੋਂ ਪਰਗਟਾਈਆ । ਜਿਸ ਦਾ ਪਾਣੀ ਕਦੇ ਨਾ ਮੁਕਾ, ਅਗਨੀ ਬੁਝ ਨਾ ਰੂਪ ਵਟਾਈਆ । ਜਿਸ ਦਾ ਸੂਟਾ ਸਦਾ ਸੁੱਕਾ, ਸੋਹਣਾ ਰੂਪ ਵਖਾਈਆ । ਕਦੀ ਕਦੀ ਪੁਰਖ ਅਕਾਲ ਕਹੇ ਆ ਮੇਰਿਆ ਪੁੱਤਾ, ਤੇਰਾ ਨਸ਼ਾ ਤੈਨੂੰ ਦਿਆਂ ਪਿਲਾਈਆ । ਜੇ ਤੂੰ ਮੇਰੇ ਪਿਛੇ ਘਰ ਦਿਆਂ ਨਾਲ ਰੁੱਠਾ, ਰੁਸ ਕੇ ਮੁਖ ਭਵਾਈਆ । ਔਹ ਵੇਖ ਨਿਕੀ ਜਿਹੀ ਗੁਠਾ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵੇਖ ਕੇ ਗੁਠ ਚੜ੍ਹੀ ਲਾਲੀ, ਲਾਲ ਲਾਲਨ ਵੇਖ ਵਖਾਈਆ । ਪ੍ਰਭ ਠਾਕਰ ਇਹ ਕਿਥੋਂ ਭਾਲੀ, ਸੋਹਣੀ ਬਣਤ ਬਣਾਈਆ । ਜਿਧਰ ਵੇਖਾਂ ਅਗੰਮ ਜਗੇ ਦੀਵਾਲੀ, ਜੋਤੀ ਦੀਪ ਨੂਰ ਰੁਸ਼ਨਾਈਆ । ਮੈਂ ਛੱਡ ਕੇ ਆਇਆ ਪਿਛੇ ਘਟਾ ਕਾਲੀ, ਏਥੇ ਬਿਨ ਸੂਰਜ ਚੰਨੋਂ ਚੰਦ ਚਾਂਦਨੀ ਰਿਹਾ ਚਮਕਾਈਆ । ਮੈਂ ਕਹਿੰਦਾ ਸਾਂ ਤੇਰਾ ਬਣਾਂ ਹਾਲੀ, ਸੋਹਣਾ ਜੋਤਰਾ ਲਾਈਆ । ਸ੍ਰੀ ਭਗਵਾਨ ਕਿਹਾ ਉਠ ਵੇਖ ਮੇਰੀ ਪੰਜਾਲੀ, ਜਿਸ ਪੰਜਾਲੀ ਵਿਚ ਪੰਜਾਂ ਦੇਵੇ ਵਡਿਆਈਆ । ਸੋਹਣੀ ਕਰਾਂ ਸਦਾ ਕਿਰਸਾਣੀ, ਕਿਰਤ ਕਾਰ ਇਕ ਕਮਾਈਆ । ਬੀਜ ਬੀਜਾਂ ਚਾਰ ਖਾਣੀ, ਚਾਰ ਜੁਗ ਫਲ ਫੁਲ ਫੁਲਵਾੜ ਮਹਿਕਾਈਆ । ਅੰਮ੍ਰਿਤ ਸਿੰਚ ਦੇਵਾਂ ਠੰਡਾ ਪਾਣੀ, ਸੋਹਣਾ ਹਲਟ ਗਿੜਾਈਆ । ਗੁਰਮੁਖ ਹਲ ਵਾਹਵੇ ਜਹਾਨ ਬਣ ਕੇ ਹਾਣੀ, ਸਾਚੀ ਕਾਰ ਕਮਾਈਆ । ਮੈਂ ਭੱਤਾ ਲੈ ਕੇ ਜਾਵਾਂ ਬਣ ਸਵਾਣੀ, ਸਿਰ ਆਪਣੇ ਭਾਰ ਉਠਾਈਆ । ਮੈਨੂੰ ਵੇਖ ਖ਼ੁਸ਼ੀਆਂ ਨਾਲ ਗਾਏ ਧੁਰ ਦੀ ਬਾਣੀ, ਨਿਰਾਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਉਠ ਹਾਲੀਆ ਲਾ ਜੋਤਰਾ, ਪ੍ਰਭ ਸੋਹਣਾ ਵੱਤਰ ਰਿਹਾ ਬਣਾਈਆ । ਭਾਗ ਲਗਾ ਕੇ ਤੇਰੇ ਪਿਛੇ ਤੇਰੇ ਘਰ ਦੇਵੇ ਪੋਤਰਾ, ਘਾਟਾ ਪੂਰ ਕਰਾਈਆ । ਤੂੰ ਸੋਹਣਾ ਲੱਗਾ ਛੋਕਰਾ, ਬਾਂਕਾ ਨਜ਼ਰੀ ਆਈਆ । ਇਕਾ ਵੇਰਾਂ ਮਾਰ ਕੇ ਦੱਸ ਹੋਕਰਾ, ਹੂ

ਹੂ ਕਰ ਸੁਣਾਈਆ । ਮੈਂ ਤੇਰਾ ਲੇਖਾ ਦੇਵਾਂ ਕੱਢ ਕੇ ਰੋਕੜਾ, ਵਹੀ ਖਾਤਾ ਫੋਲ ਫੁਲਾਈਆ । ਤੇਰਾ ਲਹਿਣਾ ਮੁੱਕੇ ਚੋਦਾਂ ਸੌ ਇਕੋਤਰਾ, ਚੋਦਾਂ ਤਬਕਾਂ ਪਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਖ ਮੈਂ ਸੋਹਣਾ ਹੱਲ ਵਾਹਨਾ ਆਂ । ਨਾਲੇ ਤੇਰਾ ਗਾਣ ਗਾਨਾ ਆਂ । ਸੂਟਾ ਖਿਚ ਕੇ ਖ਼ੁਸ਼ੀ ਮਨਾਨਾ ਆਂ । ਸਾਰਿਆਂ ਨੂੰ ਆਖ ਸੁਣਾਨਾ ਆਂ । ਤੁਹਾਨੂੰ ਜੇ ਚੰਗਾ ਨਹੀਂ ਲੱਗਦਾ, ਮੇਰਾ ਮਾਲਕ ਵਿਸ਼ਨੂੰ ਭਗਵਾਨਾ ਆਂ । ਜਿਹੜਾ ਰਾਤੀਂ ਸੁੱਤਿਆਂ ਮੇਰੇ ਕੋਲ ਭੱਜਦਾ, ਕਰ ਗੱਲਾਂ ਦਿਲ ਬਹਿਲਾਨਾ ਆਂ । ਜੇ ਲੱਭਾਂ ਫੇਰ ਨਹੀਂ ਲੱਭਦਾ, ਚਾਰੋਂ ਕੁੰਟ ਵੇਖ ਵਖਾਨਾ ਆਂ । ਜੇ ਸਵਾਂ ਨੇੜੇ ਨੇੜੇ ਹੋ ਕੇ ਭੱਜਦਾ, ਸੋਹਣਾ ਦਰਸਨ ਪਾਨਾ ਆਂ । ਮੈਨੂੰ ਯਕੀਨ ਆ ਇਹ ਮੇਰਾ ਸੰਗ ਨਹੀਂ ਛੱਡਦਾ, ਮੈਂ ਏਸੇ ਦਾ ਅਖਵਾਨਾ ਆਂ । ਇਹਦੇ ਹੁੰਦਿਆਂ ਕੌਣ ਮੈਨੂੰ ਹੁੱਕੇ ਤੋਂ ਡੱਕਦਾ, ਮੈਂ ਮੰਗੀ ਮੰਗ ਇਹ ਦੇਵਣਹਾਰ ਦੇਵੇ ਦਾਨਾ ਆਂ । ਵੇਖੋ ਮੇਰੇ ਕੰਨੀ ਹੱਸਦਾ, ਸਭ ਤੋਂ ਚੰਗਾ ਨਜ਼ਰੀ ਆਨਾ ਆਂ । ਜਿਸ ਵੇਲੇ ਮੇਰੇ ਸਿਰ ਉਤੇ ਹੱਥ ਰਖਦਾ, ਮੇਰਾ ਦੁਖ ਦਲਿੱਦਰ ਘਟ ਜਾਨਾ ਆਂ । ਮੈਂ ਅੱਗੇ ਨਾਲੋਂ ਚੰਗਾ ਲੱਗਦਾ, ਮੇਰੇ ਅੰਦਰ ਮਿਲਿਆ ਮੇਰਾ ਸੁਲਤਾਨਾ ਆਂ । ਮੈਂ ਹੁਣ ਓਥੇ ਜਾ ਕੇ ਵਸਦਾ, ਜਿਥੇ ਸੱਚਾ ਮੇਰਾ ਨਿਸ਼ਾਨਾ ਆਂ । ਇਹ ਇਕ ਗੱਲ ਮੈਂ ਏਸੇ ਕੱਲੇ ਨੂੰ ਦੱਸਦਾ, ਜੋ ਕਮਲਿਆਂ ਰਮਲਿਆਂ ਗਲੇ ਲਗਾਨਾ ਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਦਿਆਲ ਹੋਏ ਮਿਹਰਵਾਨਾ ਆਂ । ਹਲ ਵਾਹ ਜੋਤਰਾ ਲਾਇਆ, ਆਪਣੀ ਸੇਵ ਕਮਾਈਆ । ਪਰੈਣ ਨਾਲ ਜੁੱਤੀ ਰਿਹਾ ਖੜਕਾਇਆ, ਵਿਚੋਂ ਮਿਟੀ ਬਾਹਰ ਕਢਾਈਆ । ਸਿਰ ਉਤੇ ਸਾਫ਼ਾ ਠੀਕ ਕਰਾਇਆ, ਵਿੰਗੇ ਟੇਢੇ ਪੇਚ ਲਗਾਈਆ ।

ਇਕ ਗੱਲ ਤੈਨੂੰ ਦੱਸਾ ਚੰਗੂ, ਮੈਂ ਹਲ ਵਾਹੁੰਦੇ ਗਲ ਕਮੀਜ਼ ਕਦੇ ਨਾ ਪਾਈਆ । ਇਹ ਮੰਗ ਤੈਥੋਂ ਮੰਗੂੰ, ਦੋਏ ਜੋੜ ਅਰਜ਼ ਸੁਣਾਈਆ । ਮੈਂ ਸੁਣਿਆ ਤੂੰ ਵੱਡਾ ਦਿਆਲੂ ਦੀਨਾ ਬੰਧੂ, ਬੰਦਸ਼ ਦਏਂ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਲਾ ਜੋਤਰਾ ਆਇਆ ਵਿਹੜੇ, ਆਪਣੀ ਖ਼ੁਸ਼ੀ ਜਣਾਇੰਦਾ । ਅੱਗੇ ਹਾਲੀ ਹੋ ਗਏ ਬਥੇਰੇ, ਮੇਰੇ ਵਰਗਾ ਨਜ਼ਰ ਕੋਇ ਨਾ ਆਇੰਦਾ । ਮੈਂ ਵੇਖ ਪੈਲੀ ਵੌਹਣ ਗਿਝਾ ਘੇਰੇ, ਘੇਰੇ ਹਿੱਸਾ ਵੰਡ ਨਾ ਕੋਇ ਵੰਡਾਇੰਦਾ । ਜਿਸ ਵੇਲੇ ਲਾਵਾਂ ਉਲਟੇ ਫੇਰੇ, ਉਚਾ ਨੀਵਾਂ ਥਾਂ ਇਕੋ ਜਿਹਾ ਕਰਾਇੰਦਾ । ਹੁਣ ਆਇਆ ਤੇਰੇ ਡੇਰੇ, ਕੀ ਤੈਨੂੰ ਚੰਗਾ ਭਾਇੰਦਾ । ਅੱਗੇ ਵੇਖ ਕੇ ਹੋ ਨੇੜੇ, ਨਿਗਹ ਨਿਗਹ ਨਾਲ ਮਿਲਾਇੰਦਾ । ਮੇਰੇ ਵਰਗੇ ਤੈਨੂੰ ਕਿਥੋਂ ਲੱਭਣੇ ਚੇਰੇ, ਜੋ ਖ਼ੁਸ਼ੀਆਂ ਨਾਲ ਤੇਰੇ ਘਰ ਹਲ ਵਾਹਵਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਮੈਂ ਸੁਣਿਆ ਤੇਰੇ ਸਿਰ ਉਤੇ ਤਾਜ, ਕਲਗੀ ਨਾਲ ਸੁਹਾਈਆ । ਤੈਨੂੰ ਸਾਰੇ ਕਹਿਣ ਗੁਰੂ ਮਹਾਰਾਜ, ਚਰਨਾਂ ਸੀਸ ਨਿਵਾਈਆ । ਮੈਂ ਕਹਾਂ ਇਹ ਗ਼ਰੀਬ ਨਿਵਾਜ਼, ਮੁਫ਼ਲਸਾਂ ਗੋਦ ਬਹਾਈਆ । ਨਿਥਾਵਿਆਂ ਮਾਰੇ ਆਵਾਜ਼, ਆਪਣੇ ਘਰ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪ੍ਰਭ ਤੈਨੂੰ ਕਹਿਣ ਗੁਣੀ ਗਹਿੰਦਾ, ਗਹਿਰ ਗੰਭੀਰ ਅਖਵਾਈਆ । ਸਾਰੇ ਸਮਝਣ ਸਾਗਰ ਸਿੰਧਾ, ਬੇਅੰਤ ਧਾਰ ਵਹਾਈਆ । ਸਿਫ਼ਤਾਂ ਕਰ ਕਰ ਆਖਣ ਚੰਗਾ, ਰਸਨਾ ਜਿਹਵਾ ਸਰਬ ਵਡਿਆਈਆ । ਮੈਂ ਤਦ ਆਖੂੰ ਜੇ ਮੇਰੇ ਵਾਂਗ ਨੰਗਾ ਕਰ ਕੇ ਰੱਖੇਂ ਪਿੰਡਾ, ਸਿਰ ਆਪਣੇ ਤਾਜ ਟਿਕਾਈਆ । ਮੈਂ ਓਸ

ਵੇਲੇ ਫੜ ਕੇ ਆਉਂ ਡੰਡਾ, ਆਪਣੇ ਹੱਥ ਉਠਾਈਆ । ਵੇਖ ਵੀਹਵੇਂ ਸਾਲ ਵਾਲਿਆ ਗਭਰੂਆ ਕਦੀ ਮੈਂ ਵੀ ਹੁੰਦਾ ਸਾਂ ਮੁੰਡਾ, ਜੋਬਨ ਰੰਗ ਵਖਾਈਆ । ਮੈਂ ਖੰਘੂਰ ਕੇ ਬਹਿੰਦਾ ਸਾਂ ਉਪਰ ਮੁੱਛਾਂ, ਟੇਢੀ ਧਾਰ ਰਖਾਈਆ । ਉਹ ਐਵੇਂ ਜਾਂਦਿਆਂ ਨੂੰ ਮਾਰਦਾ ਸਾਂ ਠੁਡਾ, ਧੱਕਿਆਂ ਨਾਲ ਹਿਲਾਈਆ । ਬੁੱਢੇ ਬੁੱਢੇ ਕਹਿਣ ਇਹ ਚੌਧਰੀ ਬੜਾ ਗੁੰਡਾ, ਧੱਕਾ ਕਰੇ ਵਾਹੋ ਦਾਹੀਆ । ਓਸ ਵੇਲੇ ਮੈਂ ਇਕ ਵੇਰਾਂ ਕਿਹਾ ਜੇ ਮੈਂ ਗੋਬਿੰਦ ਨਾਲ ਹੁੰਦਾ, ਸਭ ਦੇ ਸਿਰ ਕਚਰਿਆਂ ਵਾਂਗ ਭੰਨਾਈਆ । ਵਾਂਗ ਸ਼ੇਰ ਮਾਰ ਕੇ ਵੱਡੀ ਸਾਰੀ ਚੁੰਗਾ, ਕਿਲੇ ਕੋਟ ਪਾਰ ਕਰਾਈਆ । ਮੈਨੂੰ ਖ਼ੁਸ਼ੀ ਨਾਲ ਥਾਪੀ ਦੇਂਦਾ, ਪ੍ਰੇਮ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਜੇ ਗਲੋਂ ਰਾਤ ਨੂੰ ਲਾਹਵੇਂ ਝੱਗਾ, ਚੰਗੀ ਤਰ੍ਹਾ ਜਣਾਈਆ । ਮੈਂ ਫੇਰ ਆਖੂੰ ਮੇਰੇ ਆਖੇ ਲੱਗਾ, ਮੇਰਾ ਸੰਗ ਨਿਭਾਈਆ । ਮੈਨੂੰ ਵੇਖ ਕੇ ਆਉ ਮਜ਼ਾ, ਵੱਡੀ ਖ਼ੁਸ਼ੀ ਰਖਾਈਆ । ਨਾਲੇ ਪੁੱਛੂੰ ਕਿਸੇ ਗੁਰਮੁਖ ਨਾਲ ਨਾ ਕਰੀਂ ਦਗ਼ਾ, ਧੋਖੇਬਾਜ਼ ਨਾ ਰੂਪ ਵਟਾਈਆ । ਮੈਂ ਕਿਹੜਾ ਸੀ ਤੇਰੀ ਚਰਨੀ ਲੱਗਾ, ਕਿਸ ਬਿਧ ਮੈਨੂੰ ਲਿਆ ਤਰਾਈਆ । ਮੈਂ ਤੇ ਉਤੋਂ ਉਤੋਂ ਲਾਉਂਦਾ ਸਾਂ ਅਜ ਪਜਾ, ਜਗਤ ਬੋਲ ਸੁਣਾਈਆ । ਮੈਨੂੰ ਚੇਤਾ ਆਇਆ ਜਿਸ ਵੇਲੇ ਤੇਰੇ ਕੋਲ ਬੈਠਾ ਮੰਜਾ, ਤੂੰ ਹੌਲੀ ਜਿਹੀ ਮੇਰੀ ਛਾਤੀ ਉਤੇ ਉਂਗਲੀ ਲਾਈਆ । ਮੈਨੂੰ ਐਂ ਲੱਗਾ, ਜਿਵੇਂ ਮੇਰਾ ਦੁੱਖ ਰਿਹਾ ਗਵਾਈਆ । ਮੈਂ ਕਿਸੇ ਨੂੰ ਨਾ ਦੱਸਾਂ, ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਤਾਹੀਂ ਕਹਿੰਦਾ ਸਾਂ ਫੇਰ ਲੈਣ ਆਵੇਂਗਾ ਅੱਛਾ, ਮੈਂ ਤਿਆਰ ਹੋ ਕੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਨੰਗਾ ਪਿੰਡਾ ਲਵੀਂ ਕੱਢ, ਬਸਤਰ ਤਨ ਨਾ ਕੋਇ ਰਖਾਈਆ । ਮੈਂ ਵੇਖੂੰ ਤੇਰੇ ਹੱਡ, ਨੇਤਰ ਅੱਖ ਖੁਲ੍ਹਾਈਆ । ਇਹ ਧੜ ਮੈਂ ਪਿਛੇ ਆਇਆ ਛੱਡ, ਤੇਰੀ ਭੇਟ ਚੜ੍ਹਾਈਆ । ਏਸ ਨਾਲੋਂ ਕਰ ਕੇ ਮੈਨੂੰ ਅੱਡ, ਵਖਰੇ ਘਰ ਬਹਾਈਆ । ਮੈਂ ਇਕੋ ਵਾਰ ਲੋਕਮਾਤ ਹਰਿਸੰਗਤ ਵਿਚ ਤੇਰੇ ਰੂਪ ਦਾ ਦਰਸਨ ਕਰ ਕੇ ਰੱਜ, ਮੁੜ ਕੇ ਫੇਰ ਮਾਤ ਨਾ ਆਈਆ । ਚੁੱਪ ਕਰ ਕੇ ਸਚਖੰਡ ਦਵਾਰੇ ਜਾਵਾਂ ਸਜ, ਸੋਹਣੀ ਸੇਜ ਵਿਛਾਈਆ । ਪੁੱਤਰਾਂ ਨਾਲੋਂ ਹੋ ਕੇ ਅਲੱਗ, ਤੇਰਾ ਹਲ ਚਲਾਈਆ । ਪਿਛੇ ਰਹਿ ਗਿਆ ਤੇਰਾ ਜੱਗ, ਉਹ ਵੀ ਤੇਰੀ ਝੋਲੀ ਪਾਈਆ । ਤੇਰੇ ਬੱਚੇ ਤੂੰ ਹੀ ਪਤ ਲੈਣੀ ਰੱਖ, ਸੌਂਪਣਾ ਤੈਨੂੰ ਦਿਤੇ ਕਰਾਈਆ । ਆ ਵੇਖ ਮੈਂ ਸਭ ਤੋਂ ਹੋ ਕੇ ਵੱਖ, ਵੱਖਰਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਤੇਰੀ ਆਸਾ ਪੂਰੀ ਜ਼ਰੂਰ ਕਰਾਵਾਂਗਾ । ਹੋ ਕੇ ਹਾਜ਼ਰ ਹਜ਼ੂਰ, ਆਪਣਾ ਖੇਲ ਵਖਾਵਾਂਗਾ । ਪੰਧ ਮੁਕਾ ਕੇ ਨੇੜਾ ਦੂਰ, ਦਰ ਦਰਵਾਜ਼ਾ ਇਕ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਵਾਂਗਾ । ਸਚ ਦੱਸ ਨੰਗਾ ਪਿੰਡਾ, ਕਿਥੇ ਵਖਾਵੇਂਗਾ । ਤੱਤਾ ਠੰਡਾ ਰੰਗ ਨਾ ਕੋਇ ਜਣਾਵੇਂਗਾ । ਬਣ ਸੂਰਾ ਸਰਬੰਗਾ, ਸਾਚੀ ਸੇਵ ਕਮਾਵੇਂਗਾ । ਮੈਂ ਮੰਗਾਂ ਇਹੋ ਮੰਗਾ, ਮੇਰੀ ਆਸਾ ਪੂਰ ਵਖਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਮੇਰੇ ਉਤੇ ਤਰਸ ਕਮਾਵੇਂਗਾ । ਹਾਂ, ਜ਼ਰੂਰ ਤਰਸ ਕਮਾਵਾਂਗਾ । ਪਿਛਲਾ ਲੇਖ ਸਮਝਾਵਾਂਗਾ । ਧੁਰ ਦਾ ਭੇਤ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੋਹਣੀ ਬਣਤ ਬਣਾਵਾਂਗਾ । ਪਿਛਲੀ ਖੇਲ ਦੱਸੇ ਸਈਆ, ਭੇਵ ਅਭੇਦ ਖੁਲ੍ਹਾਈਆ । ਕਰੇ

ਖੇਲ ਵੱਡ ਰਮਈਆ, ਰਹਿਮਤ ਆਪ ਕਮਾਈਆ । ਜਿਸ ਵੇਲੇ ਕੁਕੜ ਤੇਰਾ ਸੌਦਾ ਕਰ ਕੇ ਠਠਿਆਰ ਨੂੰ ਸਾਈ ਦਾ ਫੜਾਇਆ ਰੁਪਈਆ, ਸੋ ਸਾਈ ਦੇਣ ਵਾਲਾ ਸਿੰਘ ਦੀਦਾਰ ਨਜ਼ਰੀ ਆਈਆ । ਪਿਛਲਾ ਖਾਤਾ ਫੋਲ ਕੇ ਵਹੀਆ, ਸਭ ਕੁਛ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਤੇਰੇ ਵਿਚੋਲੇ ਘਰ ਜਾਵਾਂਗਾ । ਸੌਦਾ ਹੋਣ ਦਾ ਲੇਖਾ ਮੁਕਾਵਾਂਗਾ । ਓਸੇ ਦੇ ਕੋਲੋਂ ਸੌਦਾ ਲੈ ਕੇ ਤੇਰੇ ਰਿਧੇ ਪੱਕੇ ਵਿਚ ਪਾਵਾਂਗਾ । ਇਹੋ ਪ੍ਰਭ ਦੇ ਭੇਵ ਗੁਝੇ, ਹਰਿਸੰਗਤ ਸਰਬ ਸਮਝਾਵਾਂਗਾ । ਜਨ ਭਗਤਾਂ ਲੇਖੇ ਕਦੇ ਨਾ ਮੁੱਕੇ, ਸਦ ਆਪਣਾ ਸੰਗ ਰਖਾਵਾਂਗਾ । ਦਿਆਲ ਹੋ ਕੇ ਸਤਿਗੁਰ ਤੁਠੇ, ਦੀਨਨ ਗਲੇ ਲਗਾਵਾਂਗਾ । ਮਿਹਰਵਾਨ ਹੋ ਕੇ ਗੋਦੀ ਚੁੱਕੇ, ਆਪਣੀ ਗੋਦ ਸੁਹਾਵਾਂਗਾ । ਨੰਗੇ ਪਿੰਡੇ ਬਹਿ ਕੇ ਓਥੇ ਬੁੱਕੇ, ਸੋਹਣੀ ਖੇਲ ਵਖਾਵਾਂਗਾ । ਜੇ ਕੋਈ ਮੂਰਖ ਅੱਗੇ ਹੋ ਕੇ ਪੁੱਛੇ ਓਨੂੰ ਦੱਸੇ, ਮੈਂ ਏਨ੍ਹਾਂ ਦੀ ਸੇਵ ਕਮਾਵਾਂਗਾ । ਖ਼ੁਸ਼ੀਆਂ ਨਾਲ ਪ੍ਰਭੂ ਹੱਸੇ, ਹਸਤੀ ਆਪਣੀ ਵਿਚ ਰਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਚ ਦੱਸ ਸਾਈ ਦੇਣ ਵਾਲਾ ਕੌਣ, ਕਿਸ ਬਿਧ ਬਣਤ ਬਣਾਈਆ । ਸੌਦਾ ਮੁਕਾਉਣ ਵਾਲਾ ਕੌਣ, ਦੋਹਾਂ ਜੋੜ ਜੁੜਾਈਆ । ਕੀਮਤ ਪੌਣ ਵਾਲਾ ਕੌਣ, ਬਾਕੀ ਕਵਣ ਹਿਸਾਬ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਸਚ ਦੇ ਸਮਝਾਈਆ । ਸਾਈ ਦੇਣ ਵਾਲਾ ਮੁਸਲਮ ਸਾਈਂ, ਮੋਟੇ ਮਣਕਿਆਂ ਮਾਲਾ ਪਾਈਆ । ਸਹਿਜ ਸੁਭਾਓ ਓਥੇ ਗਿਆ ਆਈ, ਆਪਣਾ ਫੇਰਾ ਪਾਈਆ । ਪੁਰਖ ਅਕਾਲ ਬਣਤ ਬਣਾਈ, ਨਾਨਕ ਨਿਰਗੁਣ ਧਾਰ ਚਲਾਈਆ । ਬਣ ਵਿਚੋਲਾ ਉਸ ਕਿਹਾ ਭਾਈ, ਸੌਦਾ ਲਓ ਮੁਕਾਈਆ । ਇਸ ਨੇ ਭੇਟ ਚੜ੍ਹਨਾ ਚੰਗੀ ਥਾਈਂ, ਜ਼ਬ੍ਹਾ ਕਰੇ ਨਾ ਕੋਇ ਕਸਾਈਆ । ਕਿਉਂ ਲਾਲੋ ਰੋਟੀ ਨਾਨਕ ਬਣਾਈ, ਖ਼ੁਸ਼ੀਆਂ ਨਾਲ ਖਵਾਈਆ । ਅੱਲਾ ਮੀਆਂ ਇਸ ਦਾ ਜ਼ਾਮਨ ਹੋਏ ਸਹਾਈ, ਲੇਖਾ ਲੇਖੇ ਪਾਈਆ । ਓਸ ਵੇਲੇ ਕੁਕੜ ਅੰਦਰੋਂ ਕਿਹਾ ਵਾਹ ਮੇਰੇ ਭਾਈ, ਮੇਰੇ ਨਾਲ ਮਰਜ਼ੀ ਲਈ ਰਲਾਈਆ । ਤੇਰੀ ਮੇਰੀ ਨਾ ਹੋਵੇ ਜੁਦਾਈ, ਅੱਲਾ ਮੀਆਂ ਆਪੇ ਮੇਲ ਮਿਲਾਈਆ । ਉਸ ਦੇ ਲਹਿਣੇ ਪਿਛੇ ਸਾਰੀ ਖੇਲ ਵਖਾਈ, ਆਪਣਾ ਭੇਵ ਚੁਕਾਈਆ । ਤੇਰੀ ਰਾਤ ਤੇਰੇ ਹਿੱਸੇ ਰਖਾਈ, ਆਪਣਾ ਹਿੱਸਾ ਨਾ ਕੋਇ ਵੰਡਾਈਆ । ਅੱਜ ਦੋਹਾਂ ਦਾ ਲਹਿਣਾ ਦੇਵੇ ਚੁਕਾਈ, ਦੇਣਾ ਝੋਲੀ ਪਾਈਆ । ਨੰਗੇ ਪਿੰਡੇ ਬਹਿ ਕੇ ਦਏ ਵਧਾਈ, ਵਾਹ ਵਾ ਖ਼ੁਸ਼ੀ ਮਨਾਈਆ । ਵੀਹ ਮਾਘ ਏਸੇ ਕਾਰਨ ਪਹਿਲੋਂ ਲਿਖਤ ਕਰਾਈ, ਗੁਜਰਾਤ ਦਿਤਾ ਸਮਝਾਈਆ । ਲਾਲ ਚੰਦ ਔਣਾ ਚਾਈਂ ਚਾਈਂ, ਪਿਛਲਾ ਮੇਲਾ ਰਿਹਾ ਮਿਲਾਈਆ । ਕਰਿਆ ਖੇਲ ਬੇਪਰਵਾਹੀ, ਬੇਪਰਵਾਹ ਬੇਅੰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਪਿਛਲਾ ਦਾਨ, ਅਗਲਾ ਲੇਖਾ ਆਪਣੇ ਹੱਥ ਰਖਾਈਆ ।

★ ੨੪ ਮਾਘ ੨੦੨੦ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ਤਾਰਾ ਸਿੰਘ ਦੇ ਕਪੜੇ ਉਤਰਵਾ ਕੇ ਲਿਖਤ ਕਰਾਈ ★

ਪੰਡਤ ਪਰੋਹਤ ਮੰਗ ਦਾਨ, ਦੇਵਣਹਾਰਾ ਜਜਮਾਨ ਨਜ਼ਰੀ ਆਈਆ । ਸਦਾ ਸਦਾ ਸਦ ਕਰਦਾ ਰਹੇ ਪੁੰਨ ਮਹਾਨ, ਵਸਤ ਅਮੋਲਕ ਇਕ ਵਰਤਾਈਆ । ਭੁੱਖਿਆਂ ਨੰਗਿਆਂ ਪਰਦਾ ਕੱਜੇ ਆਣ, ਸਿਰ ਆਪਣਾ ਹੱਥ ਟਿਕਾਈਆ । ਕੋੜ੍ਹਿਆਂ ਕਮਲਿਆਂ ਦੇ ਗਿਆਨ, ਕਰੇ ਸਚ ਪੜ੍ਹਾਈਆ । ਭੁਲੇ ਭਟਕੇ ਵੇਖ ਬਾਲ ਅਵਾਣ, ਸੁਰਤੀ ਸ਼ਬਦ ਜਗਾਈਆ । ਕੂੜ ਕੁੜਿਆਰਾ ਛੁਡਾਏ ਪੀਣ ਖਾਣ, ਅੰਮ੍ਰਿਤ ਰਸ ਮੁਖ ਚੁਆਈਆ । ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਹੱਥ ਉਠਾਈਆ । ਲੇਖਾ ਵੇਖ ਲਾਲੋ ਤਰਖਾਣ, ਤਰ੍ਹਾ ਤਰ੍ਹਾ ਸਮਝਾਈਆ । ਨਾਨਕ ਪਿਛੋਂ ਦਵਾਰਾ ਮੰਗਿਆ ਆਣ, ਆਪਣੀ ਅਲਖ ਜਗਾਈਆ । ਮੈਂ ਸਾਈਂ ਦਾ ਸੱਜਣ ਮੁਸਲਮਾਨ, ਅਰਬੀ ਬਾਤ ਸੁਣਾਈਆ । ਮੈਂ ਖਾਣਾ ਇਕ ਪਕਵਾਨ, ਸੱਚੀ ਆਸ ਤਕਾਈਆ । ਅੱਗੋਂ ਬੋਲ ਕਿਹਾ ਤਰਖਾਣ, ਸੁਣ ਮੇਰੇ ਸੱਚੇ ਭਾਈਆ । ਔਹ ਵੇਖ ਸਾਈਂ ਬੈਠਾ ਵਿਚ ਮੈਦਾਨ, ਸੋਹਣੀ ਸਫ਼ਾ ਵਿਛਾਈਆ । ਤੂੰ ਵੀ ਮਿਲ ਉਸ ਦੇ ਨਾਲ, ਦੋਹਾਂ ਖਾਣਾ ਦਿਆਂ ਵਰਤਾਈਆ । ਪਹਿਲੋਂ ਇਕ ਮਸਲਾ ਦੱਸੋ ਮਜੀਦ ਕੁਰਾਨ, ਪੈਗ਼ਾਮ ਧੁਰਦਰਗਾਹੀਆ । ਸਚ ਮਹਿਬੂਬ ਕਿਥੇ ਮਿਲੇ ਆਣ, ਕਵਣ ਮਹਿਰਾਬ ਸੁਹਾਈਆ । ਓਸ ਵੇਲੇ ਕਿਹਾ ਮੈਂ ਮੰਗਤਾ ਮੰਗਣ ਵਾਲਾ ਦਰਬਾਨ, ਦਰਵੇਸ਼ ਰੂਪ ਵਟਾਈਆ । ਨੰਗਾ ਪਿੰਡਾ ਤਨ ਕਾਇਆ ਮਾਟੀ ਵਖਾਏ ਖਾਲ, ਹੱਡੀ ਚਮੜੀ ਜੋੜ ਜੁੜਾਈਆ । ਜੇ ਦਿਆਲ ਹੋਇਆਂ ਧੁਰ ਦੇ ਲਾਲ, ਲਾਲ ਦੁਸ਼ਾਲਾ ਮੇਰੇ ਉਪਰ ਪਾਈਆ । ਕੁਕੜ ਓਸੇ ਵੇਲੇ ਦਿਤੀ ਬਾਂਗ, ਉਚੀ ਕੂਕ ਸੁਣਾਈਆ । ਪਹਿਲੋਂ ਮੇਰੀ ਪੱਤ ਲੈਣੀ ਰਾਖ, ਸਿਰ ਮੇਰੇ ਓਢਣ ਇਕ ਟਿਕਾਈਆ । ਨਾਨਕ ਕਿਹਾ ਲਾਲੋ ਏਨ੍ਹਾਂ ਦੋਹਾਂ ਦੇ ਦੇ ਦਾਤ, ਢਾਈ ਗਜ਼ ਦੁਪੱਟਾ ਹੱਥ ਫੜਾਈਆ । ਓਸ ਵੇਲੇ ਕਿਹਾ ਵਾਹ ਜਜਮਾਨ, ਨੰਗਾ ਹੋ ਕੇ ਭੱਜਾ ਵਾਹੋ ਦਾਹੀਆ । ਲਾਲੋ ਕਿਹਾ ਦੱਸ ਅਹਿਵਾਲ, ਕਵਣ ਦਵਾਰੇ ਡੇਰਾ ਬੈਠਾ ਜਮਾਈਆ । ਨਾਨਕ ਕਿਹਾ ਛੱਡ ਇਹ ਬਾਲ ਅਵਾਣ, ਸਮਝ ਕੋਇ ਨਾ ਰਾਈਆ । ਇਹਦਾ ਲੇਖਾ ਅੱਗੇ ਰਖਾਵਾਂ ਤੇਰੇ ਨਾਲ, ਸਾਚਾ ਮੇਲ ਮਿਲਾਈਆ । ਕਲਜੁਗ ਅੰਤ ਹੋ ਮਿਹਰਵਾਨ, ਪੁਰਖ ਅਕਾਲ ਹੋਏ ਸਹਾਈਆ । ਕੁਕੜ ਉਤੇ ਪਾ ਕੇ ਲਾਲ ਦੁਸ਼ਾਲ, ਪਹਿਲੋਂ ਇਹਦਾ ਲੇਖਾ ਦੇਣਾ ਮੁਕਾਈਆ । ਫੇਰ ਢਾਈ ਗਜ਼ ਇਹਦੇ ਲਈ ਕਰਨਾ ਤਿਆਰ, ਸੋਹਣੀ ਬਣਤ ਬਣਾਈਆ । ਅੱਗੋਂ ਸਾਈਂ ਉਠ ਕੀਤੀ ਪੁਕਾਰ, ਰਹਿਮਤ ਕਰ ਗੋਸਾਈਂਆ । ਇਹ ਮੇਰਾ ਮੁਸਲਮ ਭਾਈ ਯਾਰ, ਸੱਚਾ ਮੇਲੀ ਨਜ਼ਰੀ ਆਈਆ । ਅੱਗੋਂ ਮਿਲਿਆ ਇਕ ਜਵਾਬ, ਧੁਰ ਦੀ ਧਾਰ ਸਮਝਾਈਆ । ਕਲਜੁਗ ਅੰਤਮ ਦੋਹਾਂ ਪੂਰਾ ਕਰੇ ਖ਼ਵਾਬ, ਸੁਫਨੇ ਰੈਣ ਵਿਹਾਈਆ । ਇਹ ਮਾਂਗਤ ਤੂੰ ਭਿਖਕ ਦੋਹਾਂ ਦੇਵੇ ਦਾਤ, ਝੋਲੀ ਸਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਨੰਗੇ ਧੜ, ਆਇਆ ਘਰ ਸਾਈਂ ਚਲ, ਸਚ ਸਿੰਘਾਸਣ ਬੈਠਾ ਮੱਲ, ਅਛਲ ਛਲ ਆਪਣਾ ਖੇਲ ਸਮਝਾਈਆ ।

ਢਾਈ ਗਜ਼ ਦੁਪੱਟਾ ਦੱਸੇ ਸੱਚ, ਸਰਬ ਰਿਹਾ ਸਮਝਾਈਆ । ਪਹਿਲੋਂ ਪ੍ਰਭ ਨੇ ਬੱਧਾ ਲੱਕ, ਆਪਣੇ ਅੰਗ ਲਗਾਈਆ । ਫੇਰ ਬਦਨ ਲਿਆ ਢਕ, ਓਢਣ ਰੂਪ ਵਟਾਈਆ । ਮੈਨੂੰ ਦੇ ਵਡਿਆਈ ਪੰਜ ਹੱਥ, ਲੰਮਾ ਦਿਤਾ ਵਧਾਈਆ । ਸਾਢੇ ਸੱਤਾਂ ਫੁੱਟਾਂ ਅੰਦਰ ਰੱਖ, ਸੋਹਣੀ ਖ਼ੁਸ਼ੀ ਜਣਾਈਆ । ਨਾਏਂ ਸਿਫ਼ਰੇ ਕਰ ਇਕੱਠ, ਨੱਬੇ ਇੰਚਾਂ ਵੰਡ ਵੰਡਾਈਆ । ਕਰ ਖੇਲ ਪੁਰਖ ਸਮਰਥ, ਮੇਰੀ ਸੋਹਣੀ ਸੇਵ ਲਗਾਈਆ । ਪੜਦੇ ਅੰਦਰ ਢਕ, ਆਪਣੇ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਢਾਈ ਗਜ਼ ਕਹੇ ਮੈਂ ਪਿਛੇ ਰਿਹਾ ਡਰਦਾ, ਭੈ ਵਿਚ ਸਮਾਈਆ । ਕਲਜੁਗ ਅੰਤਮ ਖੇਲ ਵੇਖ ਨਰ ਹਰਿ ਦਾ, ਸੋਹਣੀ ਖ਼ੁਸ਼ੀ ਮਨਾਈਆ । ਜੋ ਮੇਰੇ ਪ੍ਰੇਮ ਪਿਆਰ ਪਿਛੇ ਤਨ ਉਤੋਂ ਲਾਹਵੇਂ ਪੜਦਾ, ਧੁਰ ਦੀ ਦਇਆ ਕਮਾਈਆ । ਬਣ ਦਰਵੇਸ਼ ਸਾਡਾ ਬਰਦਾ, ਆਪਣਾ ਫੇਰਾ ਪਾਈਆ । ਹੌਲੀ ਹੌਲੀ ਖੇਲ ਕਰਦਾ, ਕਰਨੀ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਢਾਈ ਗਜ਼ ਦੁਪੱਟਾ ਕਹੇ ਬੋਲ, ਧੁਰ ਦਾ ਰਾਗ ਸੁਣਾਈਆ । ਪੁਰਖ ਅਬਿਨਾਸ਼ੀ ਗੰਢ ਮੇਰੀ ਦਿਤੀ ਖੋਲ੍ਹ, ਆਪਣਾ ਹੱਥ ਲਗਾਈਆ । ਮੈਂ ਵੇਖਾਂ ਡਾਵਾਂ ਡੋਲ, ਚਾਰੋਂ ਕੁੰਟ ਧਿਆਨ ਲਗਾਈਆ । ਹੁਣ ਵਸਾਂ ਕੀਹਦੇ ਕੋਲ, ਸੱਜਣ ਕਵਣ ਬਣਾਈਆ । ਭੇਵ ਨਾ ਆਵੇ ਉਪਰ ਧੌਲ, ਧਰਨੀ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੁਪੱਟੇ ਕਿਹਾ ਮੇਰਾ ਠਾਕਰ ਮਿਹਰਵਾਨ, ਮੇਰੇ ਉਪਰ ਦਇਆ ਕਮਾਈਆ । ਆਪਣੇ ਦਰ ਕਰ ਪਰਵਾਨ, ਫੇਰ ਭਗਤਾਂ ਭੇਟ ਚੜ੍ਹਾਈਆ । ਜੁਗ ਚੌਕੜੀ ਲੇਖਾ ਚੁੱਕੇ ਆਣ, ਬਾਕੀ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੁਪੱਟਾ ਕਹੇ ਮੈਂ ਰੰਗ ਰੰਗੀਲਾ, ਲਾਲਨ ਰੂਪ ਵਟਾਈਆ । ਆਦਿ ਜੁਗਾਦੀ ਛੈਲ ਛਬੀਲਾ, ਸੋਹਣਾ ਰੂਪ ਪਰਗਟਾਈਆ । ਜੁਗ ਚੌਕੜੀ ਇਕੱਠਾ ਕਰਾਂ ਕਬੀਲਾ, ਜਨ ਭਗਤਾਂ ਵੇਖ ਵਖਾਈਆ । ਬਿਨ ਪੁਰਖ ਅਕਾਲ ਮੇਰਾ ਬਣੇ ਨਾ ਕੋਇ ਵਸੀਲਾ, ਸੱਚਾ ਸੰਗ ਨਾ ਕੋਇ ਨਿਭਾਈਆ । ਦਰਗਾਹ ਦਿਸੇ ਨਾ ਕੋਇ ਵਕੀਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਵਖਾਈਆ । ਦੁਪੱਟਾ ਕਹੇ ਮੈਂ ਕਰਦਾ ਰਿਹਾ ਫ਼ਰਿਆਦ, ਹੌਲੀ ਹੌਲੀ ਆਵਾਜ਼ ਲਗਾਈਆ । ਕਵਣ ਵੇਲੇ ਰੱਖੇ ਲਾਜ, ਮਿਹਰਵਾਨ ਦਇਆ ਕਮਾਈਆ । ਸਚ ਕਹੇ ਪੁਰਖ ਅਬਿਨਾਸ਼, ਇਕੋ ਵਾਰ ਦਿਤਾ ਸਮਝਾਈਆ । ਤੇਰਾ ਕੰਮ ਸੱਚਾ ਖ਼ਾਸ, ਸੋਹਣੀ ਸੇਵਾ ਲਾਈਆ । ਜੁਗ ਚੌਕੜੀ ਜਿਸ ਦੀ ਆਸ, ਸੋ ਪੂਰੀ ਦਏ ਕਰਾਈਆ । ਜਨ ਭਗਤਾਂ ਤੇਰਾ ਸਾਥ, ਸਗਲਾ ਸੰਗ ਨਿਭਾਈਆ । ਦਇਆ ਕਰੇ ਪੁਰਖ ਸਮਰਾਥ, ਮਿਹਰਵਾਨ ਸਹਾਈਆ । ਕਲਜੁਗ ਅੰਤ ਤੈਨੂੰ ਰੱਖ ਕੇ ਭਗਤਾਂ ਉਤੇ ਲਾਸ਼, ਲੱਛਮੀ ਦੇਵੇ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਵੰਡ ਵੰਡਾਈਆ । ਦੁਪੱਟਾ ਕਹੇ ਮੈਂ ਰੱਖੀ ਉਡੀਕ, ਨੇਤਰ ਧਿਆਨ ਲਗਾਈਆ । ਕਵਣ ਵੇਲਾ ਆਏ ਤਾਰੀਖ਼, ਪ੍ਰਭ ਤਰੀਕਾ ਦਏ ਸਮਝਾਈਆ । ਮੇਰੀ ਭਗਤਾਂ ਨਾਲ ਲੱਗੇ ਪ੍ਰੀਤ, ਧੁਰ ਦਾ ਜੋੜ ਬਣਾਈਆ । ਮੈਂ ਰਲ ਕੇ ਗਾਵਾਂ ਗੀਤ, ਸੋਹੰ ਢੋਲਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਦਏ ਬਣਾਈਆ । ਬਣਤ ਬਣਾਵਣਹਾਰਾ, ਹਰਿ ਸੱਚਾ ਇਕ ਅਖਵਾਇੰਦਾ । ਆਦਿ ਜੁਗਾਦੀ

ਗੁਰ ਅਵਤਾਰਾ, ਨਰ ਨਰਾਇਣ ਵੇਸ ਵਟਾਇੰਦਾ । ਲੇਖਾ ਜਾਣ ਧੁਰ ਦਰਬਾਰਾ, ਲੋਕਮਾਤ ਖੋਜ ਖੁਜਾਇੰਦਾ । ਸ਼ਬਦ ਅਗੰਮ ਬੋਲ ਜੈਕਾਰਾ, ਸੱਚਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਦੁਪੱਟਾ ਕਹੇ ਮੈਂ ਦਿਤਾ ਸਾਥ, ਧੁਰ ਦਾ ਸੰਗ ਰਖਾਈਆ । ਜਨ ਭਗਤਾਂ ਨਾਲ ਸੜ ਕੇ ਹੋਇਆ ਖ਼ਾਕ, ਆਪਣਾ ਆਪ ਮਿਟਾਈਆ, ਕਿਰਪਾ ਕਰੀ ਪੁਰਖ ਅਬਿਨਾਸ਼, ਅਬਿਨਾਸ਼ੀ ਸਾਚੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮਿਲੇ ਵਡਿਆਈ ਲਾਲੋ ਘਰ, ਗ੍ਰਹਿ ਮੰਦਰ ਸੋਭਾ ਪਾਈਆ । ਮੇਰਾ ਚੁੱਕਿਆ ਪਿਛਲਾ ਡਰ, ਅੱਗੇ ਖ਼ੁਸ਼ੀ ਇਕੋ ਨਜ਼ਰੀ ਆਈਆ । ਜਨ ਭਗਤਾਂ ਪੱਲੂ ਲਿਆ ਫੜ, ਸੋਹਣਾ ਜੋੜ ਜੁੜਾਈਆ । ਛਾਤੀ ਉਤੇ ਬੈਠਾ ਚੜ੍ਹ, ਆਪਣਾ ਜ਼ੋਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਰਤਾ ਕਾਰ ਕਮਾਈਆ । ਦੁਪੱਟਾ ਕਹੇ ਮੈਂ ਵਸਿਆ ਨਾਲ, ਸਾਚਾ ਸੰਗ ਰਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਭਾਲ, ਨਾਤਾ ਜੋੜ ਜੁੜਾਈਆ । ਉਹ ਵੇਖ ਪ੍ਰਭ ਦੇ ਲਾਲ, ਮੈਂ ਆਪਣਾ ਲਾਲ ਰੰਗ ਨਾਲ ਮਿਲਾਈਆ । ਜੁਗ ਚੌਕੜੀ ਪਿਛੋਂ ਪ੍ਰਭ ਨੇ ਬਦਲੀ ਚਾਲ, ਨਿਰਾਲੀ ਚਾਲ ਆਪ ਰਖਾਈਆ । ਜਨ ਭਗਤਾਂ ਪੁੱਛੇ ਹਾਲ, ਦਰ ਦਰ ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੁਪੱਟਾ ਕਹੇ ਮੈਂ ਢਾਈ ਗਜ਼, ਹਰਿ ਮਿਣਤੀ ਨਾਮ ਕਰਾਈਆ, ਜਨ ਭਗਤਾਂ ਉਤੇ ਰਿਹਾ ਸਜ, ਸੋਹਣੀ ਮਿਲੀ ਵਡਿਆਈਆ , ਅੱਗੇ ਪਿਛੇ ਪੜਦਾ ਕੱਜ, ਆਪਣੀ ਸੇਵ ਕਮਾਈਆ । ਸਿੜ੍ਹੀ ਉਤੇ ਨਾਲ ਸਜ, ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਇਕ ਵਡਿਆਈਆ । ਸਚ ਵਡਿਆਈ ਦੱਸੇ ਨਿਰੰਕਾਰ, ਹਰਿ ਸੱਚਾ ਸਚ ਜਣਾਇੰਦਾ । ਸਤਿਜੁਗ ਸਾਚੀ ਚਲੇ ਧਾਰ, ਸਤਿ ਪੁਰਖ ਨਿਰੰਜਣ ਆਪ ਸਮਝਾਇੰਦਾ । ਜਨ ਭਗਤਾਂ ਦਿਸੇ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਦੁਪੱਟਾ ਕਹੇ ਮੈਂ ਗਿਆ ਸੜ, ਆਪਣਾ ਆਪ ਭੇਟ ਚੜ੍ਹਾਈਆ । ਅਗਲਾ ਪਿਛਲਾ ਚੁਕਿਆ ਡਰ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਦੂਰ ਨੇੜੇ ਵੇਖਿਆ ਖੜ, ਆਪਣੀ ਅੱਖ ਖੁਲ੍ਹਾਈਆ । ਭਗਤ ਭਗਵਾਨ ਢੋਲਾ ਰਹੇ ਪੜ੍ਹ, ਸੋਹੰ ਰਾਗ ਅਲਾਈਆ । ਮੈਂ ਅੱਗੇ ਹੋ ਕੇ ਵੇਖਿਆ ਦਰ, ਦਰ ਦਰਵਾਜ਼ੇ ਅੰਦਰ ਧਿਆਨ ਲਗਾਈਆ । ਓਥੇ ਵਸੇ ਨਰਾਇਣ ਨਰ, ਪੁਰਖ ਅਕਾਲ ਬੇਪਰਵਾਹੀਆ । ਦੀਪਕ ਜੋਤ ਰਿਹਾ ਬਲ, ਨੂਰੋ ਨੂਰ ਰੁਸ਼ਨਾਈਆ । ਸੋਹਣਾ ਸੁਚੱਜਾ ਦਿਸੇ ਮਹੱਲ, ਅਟੱਲ ਮਨਾਰ ਵਡਿਆਈਆ । ਤਾਬ ਬੇਆਬ ਨਾ ਸਕਿਆ ਝੱਲ, ਪ੍ਰਭ ਝਲਕ ਇਕ ਵਖਾਈਆ । ਮੇਰਾ ਥਰ ਥਰ ਅੰਦਰ ਗਿਆ ਹੱਲ, ਧੀਰਜ ਧੀਰ ਨਾ ਕੋਇ ਰਖਾਈਆ । ਮੇਰਾ ਸਾਹ ਨਾ ਪਵੇ ਖਲ, ਹੌਕੇ ਦੇ ਦੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਕਹੇ ਓ ਦੁਪੱਟੇ ਯਾਰ, ਉਠ ਵੇਖ ਧਿਆਨ ਲਗਾਈਆ । ਆ ਵਖਾਵਾਂ ਤੈਨੂੰ ਘਰ ਬਾਰ, ਜਿਸ ਗ੍ਰਹਿ ਬਹਿ ਕੇ ਖ਼ੁਸ਼ੀ ਮਨਾਈਆ । ਤੇਰੇ ਵਰਗੇ ਕੋਟਨ ਕੋਟ ਲਾਲ ਰੰਗ ਰਹੇ ਨਖਾਰ, ਆਪਣਾ ਜੋਬਨ ਰੂਪ ਵਖਾਈਆ । ਵੇਖ ਏਨ੍ਹਾਂ ਨਾਲ ਕਰੇ ਨਾ ਪ੍ਰਭੂ ਪਿਆਰ, ਅੱਖ ਨਾਲ ਅੱਖ ਨਾ ਕੋਇ ਮਿਲਾਈਆ । ਤੇਰੇ ਉਤੇ ਹੋ ਦਿਆਲ, ਸਾਡੇ ਨਾਲ

ਤੇਰਾ ਸੰਗ ਨਿਭਾਈਆ । ਦੁਪੱਟਾ ਕਹੇ ਇਹ ਵਡਿਆਈ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਭਗਤ ਕਹੇ ਅਸੀਂ ਏਸੇ ਦੇ ਲਾਲ, ਜੋ ਲਾਲ ਰੰਗ ਤੇਰਾ ਨਾਲ ਮਿਲਾਈਆ । ਦੁਪੱਟਾ ਕਹੇ ਮੈਂ ਏਸੇ ਦੀ ਕਰਦਾ ਰਿਹਾ ਭਾਲ, ਜੁਗ ਚੌਕੜੀ ਧਿਆਨ ਲਗਾਈਆ । ਜਨ ਭਗਤ ਕਹੇ ਇਹ ਖੇਲ ਕਰੇ ਕਮਾਲ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਦੁਪੱਟਾ ਕਹੇ ਮੈਂ ਲਾਲੋ ਬਣਾਇਆ ਦਲਾਲ, ਵਿਚੋਲਾ ਵਿਚੇ ਵਿਚ ਇਕ ਰਖਾਈਆ । ਜਿਸ ਦਾ ਪ੍ਰਭੂ ਕਦੀ ਨਾ ਮੋੜੇ ਸਵਾਲ, ਨਾਂਹ ਕਰ ਨਾ ਕਦੇ ਸੁਣਾਈਆ । ਓਨ ਮੈਨੂੰ ਸਿਖਿਆ ਦਿਤੀ ਸਿਖਾਲ, ਪੱਟੀ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮੈਂ ਪੱਟੀ ਪੜ੍ਹੀ ਲਾਲੋ ਧਾਰ, ਸੋਹਣੀ ਬਣਤ ਨਜ਼ਰੀ ਆਈਆ । ਓਸ ਕਿਹਾ ਪ੍ਰਭ ਨਾਲ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਲਗਾਈਆ । ਫਿਰ ਕੋਈ ਕੰਮ ਨਹੀਂ ਦੁਸ਼ਵਾਰ, ਔਖੀ ਘਾਟੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਂਆ । ਦੁਪੱਟਾ ਕਹੇ ਮੈਂ ਸੇਵਾ ਕਰੀ, ਆਪਣਾ ਆਪ ਭੇਟ ਚੜ੍ਹਾਈਆ । ਪਿਛਲਾ ਵੇਖੇ ਵੇਲਾ ਵਕਤ ਘੜੀ, ਘਰੀਂ ਗਿਆ ਸਮਝਾਈਆ । ਲਾਲ ਓਢਣ ਗੋਬਿੰਦ ਸ਼ਬਦੀ ਰੂਪ ਮੰਗਿਆ ਚਮਕੌਰ ਗੜ੍ਹੀ, ਇਕ ਧਿਆਨ ਲਗਾਈਆ । ਮੇਰੇ ਬੱਚਿਆਂ ਦੀ ਕਿਸੇ ਨਜ਼ਰ ਨਾ ਆਵੇ ਮੜ੍ਹੀ, ਬਾਲਣ ਹੱਡੀਆਂ ਨਾ ਕੋਇ ਬਣਾਈਆ । ਦੱਸੀ ਗੱਲ ਧੁਰ ਦੀ ਖਰੀ, ਖ਼ਾਲਸ਼ ਰਿਹਾ ਜਣਾਈਆ । ਜਿਨ੍ਹਾਂ ਦਾ ਰਾਖਾ ਆਪ ਹਰੀ, ਹਰਿ ਦਵਾਰੇ ਸੋਭਾ ਪਾਈਆ । ਉਹ ਬੰਨ੍ਹੇ ਆਪਣੀ ਲੜੀ, ਤੰਦ ਤੰਦ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਕਿਹਾ ਸੋਹਣਾ ਰੰਗ ਲਾਲ, ਜੋ ਧਰਤੀ ਖ਼ੂਨ ਨਾਲ ਰਹੀ ਚਮਕਾਈਆ । ਸੋਹਣਾ ਲੱਗੇ ਜਮਾਲ, ਨੂਰੀ ਜੋਤ ਰੁਸ਼ਨਾਈਆ । ਦੋ ਨੀਹਾਂ ਹੇਠਾਂ ਆਏ ਬਾਲ, ਉਤੇ ਰੁਮਾਲ ਨਾ ਕੋਇ ਟਿਕਾਈਆ । ਦੋ ਘਾਲਣ ਆਪਣੀ ਘਾਲ, ਭੇਟਾ ਤਲਵਾਰ ਕਰਾਈਆ । ਏਨ੍ਹਾਂ ਉਤੇ ਉਹ ਦੇਵਾਂ ਲਾਲ ਰੁਮਾਲ, ਜਿਸ ਰੁਮਾਲ ਨਾਲ ਜੁਝਾਰ ਅਜੀਤ ਮੁਖ ਪੂੰਝ ਆਪਣੀ ਜੇਬ ਟਿਕਾਈਆ । ਓਸ ਵੇਲੇ ਅਜੀਤ ਸਿੰਘ ਕਿਹਾ ਨਾਲ ਪਿਆਰ, ਸਾਹਿਬ ਸਤਿਗੁਰ ਦੇ ਸਮਝਾਈਆ । ਇਹ ਕੀ ਕੀਤੀ ਕਾਰ, ਸਾਡੇ ਨਾਲ ਪਿਆਰ ਵਧਾਈਆ । ਗੋਬਿੰਦ ਕਿਹਾ ਨਹੀਂ ਇਹ ਲੇਖਾ ਦੱਸੂੰ ਜੁਝਾਰ, ਫੜ ਬਾਂਹੋਂ ਆਪ ਉਠਾਈਆ । ਤੇਰੇ ਪਿਛੇ ਕਰ ਤਿਆਰ, ਦੋਹਾਂ ਮੇਲ ਮਿਲਾਈਆ । ਅਗਲਾ ਸਚ ਸੱਚ ਵਿਹਾਰ, ਬਿਵਹਾਰੀ ਰੂਪ ਵਟਾਈਆ । ਇਹ ਬੱਚੂ ਬੱਚਿਓ ਬਚਿਆ ਇਕ ਰੁਮਾਲ, ਜੋ ਪੁਰੀ ਅਨੰਦ ਵਿਚੋਂ ਆਪਣੇ ਨਾਲ ਲੈ ਕੇ ਆਈਆ । ਬਾਕੀ ਸਭ ਕੁਛ ਸਰਸੇ ਸੁੱਟਿਆ ਧੰਨ ਮਾਲ, ਖ਼ਾਲੀ ਹੱਥ ਵਖਾਈਆ । ਜਿਸ ਵੇਲੇ ਮੇਰਾ ਪੁਰਖ ਅਕਾਲ ਹੋਵੇ ਦਿਆਲ, ਮੇਰਾ ਸੰਗ ਨਿਭਾਈਆ । ਓਸ ਵੇਲੇ ਮੈਂ ਹੋਵਾਂ ਕਿਰਪਾਲ, ਗੁਰਮੁਖਾਂ ਨਾਲ ਰਲਾਈਆ । ਢਾਈ ਸੌ ਸਾਲ ਪਿਛੋਂ ਵਧ ਕੇ ਵਧ ਕੇ ਵਧ ਕੇ ਢਾਈ ਗਜ਼ ਲੰਬਾ ਹੋ ਜਾਏ ਜਾਲ, ਆਪਣਾ ਰੂਪ ਵਖਾਈਆ । ਓਸ ਵੇਲੇ ਫੇਰ ਤੁਹਾਡੇ ਨਾਲ ਰਲਾਵਾਂ ਆਪਣੇ ਲਾਲ, ਬੱਚੇ ਬੱਚਿਆਂ ਨਾਲ ਮਿਲਾਈਆ । ਜਾ ਕੇ ਪੁਛਾਂ ਮੁਰੀਦਾਂ ਹਾਲ, ਮੁਰਸ਼ਦ ਰੂਪ ਵਟਾਈਆ । ਜਨਮ ਕਰਮ ਦਾ ਜੰਜਾਲ, ਲੱਖ ਚੁਰਾਸੀ ਡੇਰਾ ਢਾਹੀਆ । ਸਾਚੀ ਦਾਤ ਰੱਖਾਂ ਸੰਭਾਲ, ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਅਜੀਤ ਕਿਹਾ ਸੁਣ ਮੇਰੇ ਸਤਿਗੁਰ, ਪਿਆਰ ਸਾਡੇ ਨਾਲ ਰਖਾਈਆ । ਕਿੰਨੇ

ਸਿਖ ਤੇਰੇ ਵੇਂਹਦਿਆਂ ਵੇਂਹਦਿਆਂ ਗਏ ਤੁਰ, ਆਪਣਾ ਆਪ ਭੇਟ ਚੜ੍ਹਾਈਆ । ਗੋਬਿੰਦ ਕਿਹਾ ਬੱਚਿਓ ਵੇਖਿਓ ਤੁਸੀਂ ਨਾ ਆਇਓ ਮੁੜ, ਹੱਥ ਸਿਰ ਸਿਰ ਹੱਥ ਉਤੇ ਟਿਕਾਈਆ । ਮੈਨੂੰ ਬੱਚਿਆਂ ਦੀ ਨਹੀਂ ਥੁੜ, ਕੋਟਨ ਪੁੱਤਰ ਲਵਾਂ ਪਰਗਟਾਈਆ । ਤੁਸਾਂ ਜਾਣਾ ਚੜ੍ਹ ਕੇ ਘੋੜ, ਆਪਣੀ ਵਾਗ ਭਵਾਈਆ । ਤੁਹਾਡੀ ਪੁਰਖ ਅਕਾਲ ਹੱਥ ਡੋਰ, ਸੋਹਣਾ ਜੋੜ ਜੁੜਾਈਆ । ਜੁਝਾਰ ਕਿਹਾ ਪਿਤਾ ਜੀ ਇਹ ਰੁਮਾਲ ਜਿਹੜਾ ਤੇਰੇ ਕੋਲ, ਇਹ ਮੈਨੂੰ ਦੇ ਜਿਸ ਵੇਲੇ ਆਵੇ ਪਸੀਨਾ ਆਪਣਾ ਮੁਖ ਸਾਫ਼ ਕਰਾਈਆ । ਗੋਬਿੰਦ ਕਿਹਾ ਇਹ ਵਸਤ ਅਨਮੋਲ, ਇਕਲੌਤੇ ਹੱਥ ਨਾ ਕਿਸੇ ਫੜਾਈਆ । ਇਹ ਮੈਂ ਰੱਖਣਾ ਕੋਲ, ਢਈਆ ਆਪਣੇ ਵਿਚ ਛੁਪਾਈਆ । ਪਰਗਟ ਹੋ ਕੇ ਇਸ ਨੂੰ ਲਵਾਂ ਕੋਲ, ਲੰਬਾ ਕਰ ਵਖਾਈਆ । ਪੁਰਖ ਅਕਾਲ ਜਿਸ ਵੇਲੇ ਆਵੇ ਉਪਰ ਧੌਲ, ਉਸ ਦੇ ਕਮਰ ਦਿਆਂ ਬੰਧਾਈਆ । ਉਹ ਆਪਣੀ ਹੱਥੀਂ ਗੰਢ ਲਵੇ ਖੋਲ੍ਹ, ਮੇਰੇ ਉਤੇ ਟਿਕਾਈਆ । ਮੈਂ ਅੱਗੋਂ ਕਹਿਵਾਂ ਬੋਲ, ਮੈਂ ਤੇਰੀ ਅਮਾਨਤ ਤੇਰੀ ਭੇਟ ਚੜ੍ਹਾਈਆ । ਸਮਰਥ ਪੁਰਖ ਕਹੇ ਅਡੋਲ, ਵਾਹ ਵਾ ਗੋਬਿੰਦ ਤੇਰੀ ਵਡ ਵਡਿਆਈਆ । ਮੈਂ ਭਗਤਾਂ ਨਾਲ ਬੜਾ ਕਰਾਂ ਚੋਲ੍ਹ, ਸੋਹਣਾ ਪ੍ਰੇਮ ਵਖਾਈਆ । ਪ੍ਰੀਤੀ ਅੰਦਰ ਆਪਣਾ ਆਪ ਘੋਲੀ ਘੋਲ, ਪੰਜ ਤਤ ਕਾਇਆ ਭੇਟ ਚੜ੍ਹਾਈਆ । ਫੇਰ ਤੇਰੇ ਵਿਚ ਵਸਿਆ ਅਡੋਲ, ਸਹਿਜੇ ਸਹਿਜੇ ਕਦਮ ਟਿਕਾਈਆ । ਬਣ ਵਣਜਾਰਾ ਹੱਟ ਦਿਤਾ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਏਸ ਰੁਮਾਲ ਦਾ ਮੁਲ, ਦੋ ਜਹਾਨ ਸਕੇ ਨਾ ਕੋਇ ਚੁਕਾਈਆ । ਇਸ ਨੇ ਵਡਿਆਈ ਦੇਣੀ ਭਗਤਾਂ ਕੁੱਲ, ਗੁਰਮੁਖਾਂ ਕਰੇ ਰੁਸ਼ਨਾਈਆ । ਇਸ ਦੇ ਉਤੇ ਹਰਿਸੰਗਤ ਬਰਖਣੇ ਫੁੱਲ, ਸੋਹਣੀ ਛਹਿਬਰ ਲਾਈਆ । ਇਸ ਵਿਚ ਗੁਰਮੁਖ ਦੇ ਹੱਸਣੇ ਬੁਲ੍ਹ, ਜਿਨ੍ਹਾਂ ਨਾਲ ਤੇਰਾ ਮੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰੁਮਾਲ ਕਹੇ ਮੇਰਾ ਬਣੇ ਰੁਮਾਲਾ, ਰਾਵੀ ਕੰਢੇ ਮਿਲੇ ਵਡਿਆਈਆ । ਗੁਰ ਅਰਜਨ ਲਿਖ ਕੇ ਗਿਆ ਕਮਾਲਾ, ਸੋਹਣਾ ਲੇਖ ਸਮਝਾਈਆ । ਨਹਾਵਣ ਲੱਗਿਆਂ ਢਾਈ ਗਜ਼ ਮੰਗਿਆ ਇਕ ਦੁਸ਼ਾਲਾ, ਓਢਣ ਉਪਰ ਟਿਕਾਈਆ । ਕਰ ਧਿਆਨ ਸ੍ਰੀ ਭਗਵਾਨਾ, ਇਕ ਆਵਾਜ਼ ਲਗਾਈਆ । ਤੇਰਾ ਖੇਲ ਦੋ ਜਹਾਨਾਂ, ਬੇਅੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਓਢਣ ਆਪਣੇ ਲੇਖੇ ਲਾਈਆ । ਪੁਰਖ ਅਕਾਲ ਕਿਹਾ ਗਜ਼ ਢਾਈ, ਲਾਲ ਰੰਗ ਨਜ਼ਰੀ ਆਈਆ । ਅਰਜਨ ਨਾਲ ਹੋਈ ਕੁੜਮਾਈ, ਸੋਹਣੀ ਬਣਤ ਬਣਾਈਆ । ਪੁਰਖ ਅਕਾਲ ਦਏ ਵਧਾਈ, ਦਰ ਠਾਂਡੇ ਮੰਗ ਮੰਗਾਈਆ । ਇਸ ਦਾ ਲੇਖਾ ਦਏ ਚੁਕਾਈ, ਕਲਜੁਗ ਆਵੇ ਬੇਪਰਵਾਹੀਆ । ਜਨ ਭਗਤਾਂ ਉਤੇ ਦਏ ਟਿਕਾਈ, ਸੋਹਣੀ ਸੇਵ ਕਮਾਈਆ । ਜੋ ਜੋਤੋਂ ਵਿਛੜੇ ਅੰਤ ਜੋਤੀ ਲਏ ਮਿਲਾਈ, ਗੁਰ ਅਰਜਨ ਤੇਰੀ ਧਾਰ ਨਾਲ ਰਖਾਈਆ । ਪਹਿਲੋਂ ਰਾਵੀ ਕੰਢੇ ਤੈਨੂੰ ਲਏ ਮੰਗਾਈ, ਨਾਲ ਭਠਿਆਲਾ ਜੋੜ ਜੁੜਾਈਆ । ਫੇਰ ਹਰਿ ਗੋਬਿੰਦ ਆਸਾ ਪੂਰ ਕਰਾਈ, ਆਰ ਪਾਰ ਹਰਿਸੰਗਤ ਡੇਰਾ ਲਾਈਆ । ਫੇਰ ਚਲ ਕੇ ਆਏ ਵਾਹੋ ਦਾਹੀ, ਨਾਨਕ ਵਿਛੜੇ ਲਏ ਮਿਲਾਈਆ । ਫਿਰ ਵੀ ਚਲੇ ਆਪਣੀ ਰਜ਼ਾਈਂ, ਰਾਜ਼ ਆਪਣੇ ਵਿਚ ਛੁਪਾਈਆ । ਜੋ ਪਿਛਲੇ ਸਾਲ ਲੇਖਾ ਦੱਸ ਕੇ ਗਿਆ ਮਾਹੀ, ਮਿਹਰਵਾਨ ਦਏ ਵਡਿਆਈਆ । ਸੋ ਪੂਰਬ ਪੂਰਾ ਰਿਹਾ ਕਰਾਈ, ਪਰਮ ਪੁਰਖ ਭੇਵ ਚੁਕਾਈਆ । ਢਾਈ ਗਜ਼ ਦਏ ਦੁਹਾਈ, ਉਚੀ ਕੂਕ ਕੂਕ ਸੁਣਾਈਆ । ਓ ਰੁਮਾਲ ਵਾਲੇ

ਪਕੜੀ ਬਾਹੀਂ, ਗੜ੍ਹੀ ਚਮਕੌਰ ਯਾਦ ਕਰਾਈਆ । ਸਿਰ ਦੇ ਕੇ ਠੰਡੀ ਛਾਈਂ, ਸੋਹਣੀ ਰੁੱਤ ਸੁਹਾਈਆ । ਗੁਰਮੁਖ ਸੇਜ ਉਤੇ ਮੈਨੂੰ ਦਿਤਾ ਵਿਛਾਈ, ਹਰਿਸੰਗਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਰੁਮਾਲ ਕਹੇ ਜਿਸ ਉਪਰ ਆਏ ਲਾਲ ਪੜਦਾ, ਗੋਬਿੰਦ ਪਾਲਕੀ ਦਏ ਬਣਾਈਆ । ਬੇਸ਼ਕ ਜੀਵਾਂ ਦਿਸੇ ਤਨ ਮਾਟੀ ਖ਼ਾਕ ਸੜਦਾ, ਗੁਰਮੁਖ ਘਰ ਸਾਚੇ ਜਾਵੇ ਚਾਈਂ ਚਾਈਂਆ । ਮਹਲ ਅਟੱਲ ਮਨਾਰੇ ਵੜਦਾ, ਸੋਹਣਾ ਬੰਕ ਸੁਹਾਈਆ । ਵੇਖੇ ਖੇਲ ਪਿਰ ਹਰਿ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਲਾਲ ਰੰਗ ਕਹੇ ਮੈਂ ਮੰਗੀ ਮੰਗ ਇਕ, ਇਕ ਅੱਗੇ ਕਰ ਅਰਜ਼ੋਈਆ । ਗੋਬਿੰਦ ਲੇਖਾ ਦੇ ਲਿਖ, ਲਿਖਿਆ ਨਾ ਕੋਇ ਮਿਟਾਈਆ । ਜਿਹੜਾ ਤੇਰਾ ਸੱਚਾ ਸੁਚਾ ਪੂਰਾ ਹੋਵੇ ਗੁਰਸਿਖ, ਉਸ ਉਤੇ ਮੈਨੂੰ ਪਾਈਆ । ਮੈਂ ਉਤੋਂ ਵੇਖਾਂ ਉਹਦਾ ਮੁਖ, ਆਪਣਾ ਧਿਆਨ ਲਗਾਈਆ । ਜਿਸ ਵੇਲੇ ਗੁਰਸਿਖ ਕਾਹਨੀ ਲੈਣ ਚੁੱਕ, ਮੈਂ ਖ਼ੁਸ਼ੀਆਂ ਰਾਗ ਅਲਾਈਆ । ਉਠ ਭਰਾਵਾ ਤੇਰਾ ਪੈਂਡਾ ਪਿਛਲਾ ਗਿਆ ਮੁੱਕ, ਅੱਗੇ ਚੱਲੀਏ ਚਾਈਂ ਚਾਈਂਆ । ਔਹ ਵੇਖ ਜਿਸ ਨੂੰ ਕਹਿੰਦੇ ਗੁਜਰੀ ਸੁਤ, ਸ਼ਬਦੀ ਧਾਰ ਸਮਾਈਆ । ਜਿਸ ਦੇ ਅੰਦਰੋਂ ਪੁਰਖ ਅਕਾਲ ਪਏ ਉਠ, ਆਪਣਾ ਰੂਪ ਵਟਾਈਆ । ਜਨ ਭਗਤਾਂ ਰਿਹਾ ਪੁੱਛ, ਹੌਲੀ ਹੌਲੀ ਕੋਲ ਬਹਾਈਆ । ਦੱਸੋ ਤੁਹਾਨੂੰ ਕੋਈ ਹੈ ਦੁੱਖ, ਦੁਖੀਆਂ ਦਰਦ ਵੰਡਾਈਆ । ਏਨ੍ਹਾਂ ਪਿਛੇ ਵਾਰ ਸਭ ਕੁਛ, ਆਪਾ ਭੇਟ ਚੜ੍ਹਾਈਆ । ਏਸੇ ਕਰ ਕੇ ਬਦਲਿਆ ਰੁਖ਼, ਅਵੱਲੜੀ ਚਾਲ ਚਲਾਈਆ । ਮੇਰਾ ਦਾਣਾ ਪਾਣੀ ਗਿਆ ਮੁਕ, ਗੁਰਸਿਖੋ ਤੁਹਾਡੇ ਭੰਡਾਰੇ ਮਿਲੇ ਵਡਿਆਈਆ । ਘਰ ਘਰ ਪਕਦੇ ਰਹਿਣ ਰੋਟ, ਲਾਲੋ ਵਾਂਗ ਸਾਰੇ ਦਏ ਤਰਾਈਆ । ਕਿਸੇ ਵਿਚ ਰਹਿਣ ਨਾ ਦੇਵੇ ਖੋਟ, ਖੋਟਿਆਂ ਖਰੇ ਬਣਾਈਆ । ਵੰਡ ਪਾਏ ਨਾ ਕੋਈ ਵਰਨ ਗੋਤ, ਜਾਤ ਪਾਤ ਨਾ ਕੋਇ ਰਖਾਈਆ । ਵੱਡਾ ਛੋਟਾ ਨਾ ਕੋਈ ਸੋਚ, ਨੀਚ ਊਚ ਨਾ ਕੋਇ ਵਖਾਈਆ । ਹਰ ਘਟ ਰੱਖ ਕੇ ਆਪਣੀ ਜੋਤ, ਜੋਤੀ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਰੁਮਾਲ ਕਹੇ ਮੈਂ ਗਿਆ ਵਧ, ਵਾਧਾ ਗੁਰਮੁਖਾਂ ਘਰ ਨਜ਼ਰੀ ਆਈਆ । ਜਿਨ੍ਹਾਂ ਪੁਰਖ ਅਕਾਲ ਲਿਆ ਸੱਦ, ਗੋਬਿੰਦ ਓਟ ਤਕਾਈਆ । ਮੈਂ ਵੀ ਉਨ੍ਹਾਂ ਨਾਲ ਆਇਆ ਭੱਜ, ਆਪਣਾ ਪੰਧ ਮੁਕਾਈਆ । ਮੈਂ ਸੇਵਾ ਕਰਾਂ ਪੜਦਾ ਦੇਵਾਂ ਕੱਜ, ਅੰਗ ਲਾਗ ਖ਼ੁਸ਼ੀ ਮਨਾਈਆ । ਹੁਣ ਮੇਰਾ ਨਹੀਂ ਵਸ, ਪ੍ਰਭ ਧੁਰ ਫ਼ਰਮਾਣ ਦਿਤਾ ਸਮਝਾਈਆ । ਤੇਰਾ ਭਗਤਾਂ ਨਾਲ ਸਾਥ, ਅਗਲਾ ਰਾਹ ਵਖਾਈਆ । ਨੰਗਾ ਧੜੰਗਾ ਚੰਗਾ ਲੱਗੇ ਪੁਰਖ ਅਬਿਨਾਸ਼, ਕਿਉਂ ਇਹ ਭੁਖਿਆਂ ਨੰਗਿਆਂ ਰਿਹਾ ਸਤਾਈਆ । ਜੇ ਏਨ੍ਹੂੰ ਦੁੱਖ ਲਗੇ ਖ਼ਾਸ, ਫਿਰ ਆਪੇ ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਲਾਲ ਦੁਪੱਟਾ ਕਹੇ ਭਗਤੋ ਤੱਕੋ ਨਾਲ ਅੱਖ, ਮੈਂ ਸਭ ਨੂੰ ਦਿਆਂ ਸਮਝਾਈਆ । ਤੁਹਾਡੇ ਨਾਲੋਂ ਕਰ ਕੇ ਵੱਖ, ਤੁਹਾਡਾ ਭਾਈ ਦਰਗਾਹ ਦਿਤਾ ਬਹਾਈਆ । ਪ੍ਰਭ ਨੇ ਦਿਤਾ ਪਿਛਲਾ ਹੱਕ, ਵਸਤ ਆਪ ਵਰਤਾਈਆ । ਉਹ ਬੈਠਾ ਓਥੇ ਡਟ, ਆਪਣਾ ਆਸਣ ਲਾਈਆ । ਨਾਲੇ ਕਹੇ ਮੈਂ ਵੱਡਾ ਜੱਟ, ਜ਼ੋਰ ਬਲ ਵਧਾਈਆ । ਮੈਂ ਵੇਖਿਆ ਪੁਰਖ ਸਮਰਥ, ਨਿਰਗੁਣ ਸਰਗੁਣ ਖੇਲ ਕਰਾਈਆ । ਮੈਂ ਬੋਲ ਕੇ ਕਿਹਾ ਹੱਸ, ਇਕ ਆਵਾਜ਼ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਦੁਪੱਟਾ ਕਹੇ ਮੇਰੀ ਸੇਵਾ ਅਪਾਰ, ਸਾਹਿਬ ਸਤਿਗੁਰ ਆਪ ਲਗਾਈਆ । ਜਿਸ ਦੇ ਉਤੇ ਮੈਨੂੰ ਗੁਰਮੁਖ ਦੇਣ ਡਾਲ, ਸੋਹਣੀ ਵੰਡ ਵੰਡਾਈਆ । ਮੈਂ ਜ਼ਰੂਰ ਸਚ ਦਵਾਰੇ ਲੈ ਕੇ ਜਾਵਾਂ ਨਾਲ, ਅਧਵਿਚਕਾਰ ਨਾ ਕੋਇ ਅਟਕਾਈਆ । ਕਿਉਂ ਗੋਬਿੰਦ ਖ਼ਾਲੀ ਹੱਥ ਨਾ ਰੱਖੇ ਬਿਨ ਕਦੇ ਰੁਮਾਲ, ਰੁਮਾਲ ਨਾਲ ਗੁਰਮੁਖਾਂ ਮੁਖ ਸਾਫ਼ ਕਰਾਈਆ । ਉਹ ਨਾ ਜਾਣੇ ਸ਼ਾਹ ਕੰਗਾਲ, ਵੱਡੇ ਛੋਟੇ ਨਾ ਕੋਇ ਵਡਿਆਈਆ । ਮੈਂ ਹੌਲੀ ਹੌਲੀ ਉਹਦੀ ਗੋਦੀ ਦੇਣੇ ਸਵਾਲ, ਲੈ ਕੇ ਜਾਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ ਕਹੇ ਬੇਸ਼ਕ ਦੁਪੱਟੇ ਮੈਨੂੰ ਲੈ ਕੇ ਆਇਆ, ਆਪਣਾ ਪੰਧ ਮੁਕਾਈਆ । ਮੈਂ ਵੇਂਹਦਾ ਸਾਂ ਜਦੋਂ ਲਾਲੋ ਭੇਟ ਚੜ੍ਹਾਇਆ, ਮੱਘਰ ਮਹੀਨਾ ਯਾਦ ਕਰਾਈਆ । ਓਸ ਵੇਲੇ ਮੇਰੇ ਅੰਦਰ ਫੁਰਨਾ ਫੁਰਿਆ ਇਹ ਕੀ ਸਾਂਗ ਰਚਾਇਆ, ਸਮਝ ਕੋਇ ਨਾ ਆਈਆ । ਮੈਨੂੰ ਕਿਸੇ ਹੌਲੀ ਜਿਹੀ ਆਖ ਸੁਣਾਇਆ, ਇਹ ਤੇਰੇ ਲਈ ਬਣਤ ਬਣਾਈਆ । ਪਹਿਲੋਂ ਤੈਨੂੰ ਇਹਦੇ ਨਾਲ ਰਲਾਇਆ, ਧੁਰ ਦਾ ਜੋੜ ਜੁੜਾਈਆ । ਕਿਉਂ ਪੁਰਖ ਅਬਿਨਾਸ਼ੀ ਫੇਰਾ ਪਾਇਆ, ਬੇਪਰਵਾਹ ਵੱਡੀ ਵਡਿਆਈਆ । ਮੈਂ ਕਿਹਾ ਨੰਗਾ ਬੈਠਾ ਜੱਟ ਨਜ਼ਰੀ ਆਇਆ, ਜੱਟਾਂ ਵਰਗਾ ਮੇਰਾ ਭਾਈਆ । ਅਸਾਂ ਪੁਰਾਣਾ ਕੱਪੜਾ ਤਨ ਹੰਢਾਇਆ, ਇਹ ਜ਼ੇਵਰ ਜ਼ਰੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰਸਿਖ ਕਹੇ ਤੇਰੀ ਵੇਖੀ ਕਾਰ, ਕਰਤੇ ਵਡ ਵਡਿਆਈਆ । ਦਰ ਆ ਤੇਰੇ ਦਰਬਾਰ, ਵੱਜੀ ਇਕ ਵਧਾਈਆ । ਮੈਂ ਤੇਰੇ ਨਾਲ ਕੀਤਾ ਇਕਰਾਰ, ਇਕੋ ਬਚਨ ਸੁਣਾਈਆ । ਮੈਨੂੰ ਨੰਗਾ ਪਿੰਡਾ ਦੇ ਵਖਾਲ, ਮੇਰੇ ਵਰਗਾ ਹੋ ਕੇ ਨਜ਼ਰੀ ਆਈਆ । ਫੇਰ ਮੰਨਾਂ ਤੂੰ ਕੰਗਾਲਾਂ ਵਿਚ ਕੰਗਾਲ, ਸ਼ਹਿਨਸ਼ਾਹਾਂ ਵਿਚੋਂ ਸ਼ਹਿਨਸ਼ਾਹ ਨਜ਼ਰੀ ਆਈਆ । ਨਾਲੇ ਵੇਖਾਂ ਤੇਰਾ ਰੁਮਾਲ, ਜਿਸ ਨਾਲ ਬੱਚਿਆਂ ਮੁਖ ਸਾਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਤੂੰ ਵੇਖੀਂ ਲਾਹ ਕੇ ਕੁੜਤਾ, ਵਾਂਗ ਗ਼ਰੀਬਾਂ ਠੰਡ ਤੈਨੂੰ ਸਤਾਈਆ । ਤੂੰ ਪਾਲੇ ਨਾਲ ਹੋਵੇਂ ਮੁਰਦਾ, ਤੈਨੂੰ ਸਮਝ ਜਾਵੇ ਆਈਆ । ਫੇਰ ਤੂੰ ਵੀ ਕਹੇਂ ਮੈਨੂੰ ਢੇਲਾ ਦੇ ਗੁੜ ਦਾ, ਖਾ ਕੇ ਖ਼ੁਸ਼ੀ ਮਨਾਈਆ । ਮੈਂ ਵੀ ਵੇਖਾਂ ਫਿਰਦਾ ਤੁਰਦਾ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੇ ਮੰਗੇਂ ਗੁੜ ਦਾ ਢੇਲਾ, ਮੈਂ ਬੈਠਾਂ ਮੁਖ ਭਵਾਈਆ । ਜੇ ਬਾਂਹ ਫੜ ਕੇ ਪੁੱਛੇਂ ਮੈਂ ਕਹਾਂ ਅੱਜੇ ਨਹੀਂ ਵਿਹਲਾ, ਮੇਰੀ ਚਿਲਮ ਸੂਤ ਨਾ ਆਈਆ । ਜੇ ਖਹਿੜੇ ਪਏਂ ਤੇ ਆਖਾਂ ਸਾਡੇ ਅੰਦਰੋਂ ਜਾ ਕੇ ਲੈ ਲਾ, ਜਿਨ੍ਹਾਂ ਮਰਜ਼ੀ ਖਾਣਾ ਖਾਈਆ । ਮੈਂ ਕੋਈ ਨਹੀਂ ਲੈਣਾ ਪੈਸਾ ਧੇਲਾ, ਮੁਫ਼ਤ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਵੇਖ ਮੇਰਾ ਕੁੜਤਾ ਲੱਥਾ, ਤਨ ਚੀਰ ਨਜ਼ਰ ਕੋਇ ਨਾ ਆਈਆ । ਆਪਣੀ ਤੱਕ ਸੱਚੀ ਅੱਖਾ, ਅੱਖ ਨੈਣ ਖੁਲ੍ਹਾਈਆ । ਭਾਗ ਲੱਗਾ ਕੁੱਲੀ ਕੱਖਾਂ, ਤੇਰੇ ਵਿਚੋਲੇ ਦੇਵਾਂ ਵਡਿਆਈਆ । ਮਰਦੇ ਮਰਦੇ ਮਰਦੇ ਨੂੰ ਏਨੂੰ ਰੱਖਾਂ, ਲੇਖਾ ਆਪਣੇ ਨਾਲ ਜੁੜਾਈਆ । ਸਾਈਂ ਗੱਲ ਸਾਚੀ ਦੱਸਾਂ, ਸਾਹਿਬ ਹੋ ਸਮਝਾਈਆ । ਮੰਗਣ ਵਾਲਾ ਨਾਲ ਫਟਾ, ਤੀਰ ਨਿਸ਼ਾਨਾ ਲਾਈਆ । ਜਿਸ ਦੇ ਸਿਰ ਉਤੇ ਓਦੋਂ ਚੱਪਾ ਚੱਪਾ ਪਟਿਆਂ ਵਰਗੀਆਂ ਜਟਾਂ, ਮੁਸਲਮ ਰੂਪ ਵਟਾਈਆ । ਡੂਮਾਂ ਘਰ ਜਾਮਾ ਦੱਸਾਂ, ਆਵੇ ਵਾਹੋ ਦਾਹੀਆ ।

ਜਜਮਾਨਾਂ ਕੋਲੋਂ ਜਾ ਕੇ ਮੰਗਾਂ, ਖਾਣਾ ਪੀਣਾ ਦੇਣ ਖਵਾਈਆ । ਓਨ੍ਹਾਂ ਘਰੋਂ ਮਿਲੇ ਚੰਗਾ, ਕਿਉਂ, ਨਾਨਕ ਬੈਠਾ ਆਈਆ । ਹੱਥ ਵਿਚ ਫੜ ਕੇ ਲੰਮਾਂ ਡੰਡਾ, ਔਂਦਾ ਜਾਂਦਾ ਕੂਕਰ ਰਿਹਾ ਹਟਾਈਆ । ਓਨ੍ਹਾਂ ਕੂਕਰਾਂ ਅੱਗੋਂ ਓਹਨੂੰ ਮਿਲਿਆ ਸੰਢਾ, ਜਿਹੜਾ ਖੌਰੂ ਰਿਹਾ ਵਖਾਈਆ । ਜਿਸ ਵੇਲੇ ਡੂਮ ਚੁਕਿਆ ਡੰਡਾ, ਉਹ ਅੱਗੋਂ ਹੋਰ ਨੇੜੇ ਆਈਆ । ਮਰਾਸੀ ਵੜ ਗਿਆ ਥੱਲੇ ਮੰਜਾ, ਜਿਸ ਉਤੇ ਨਾਨਕ ਆਸਣ ਲਾਈਆ । ਕਿਹਾ, ਮੈਂ ਅਪਰਾਧੀ ਗੰਦਾ, ਸਾਰ ਕੋਇ ਨਾ ਪਾਈਆ । ਨਾਨਕ ਕਿਹਾ ਤੂੰ ਕਿਸੇ ਵੇਲੇ ਚੰਦ ਚਮਕੇਂ ਤਾਰਾ ਚੰਦਾ, ਤੇਰੀ ਤਾਰ ਕਰਤਾਰ ਨਾਲ ਮਿਲਾਈਆ । ਫੇਰ ਸੁਣ ਕੇ ਸਾਈਂ ਕਿਹਾ ਮੈਂ ਵੀ ਓਸੇ ਦਾ ਬੰਦਾ, ਬੰਦਗੀ ਵਿਚ ਧਿਆਨ ਲਗਾਈਆ । ਨਾਨਕ ਕਿਹਾ ਆਓ ਦੋਹਾਂ ਦੀਆਂ ਪਾਵਾਂ ਗੰਢਾਂ, ਮੇਰਾ ਪੁਰਖ ਅਕਾਲ ਲਏ ਖੁਲ੍ਹਾਈਆ । ਜਿਸ ਵੇਲੇ ਤੁਹਾਡੀਆਂ ਨੰਗੀਆਂ ਹੋਵਣ ਲੱਗਣ ਕੰਡਾਂ, ਓਸ ਵੇਲੇ ਇਕ ਵਾਰ ਤੁਹਾਡੇ ਉਤੇ ਪੜਦਾ ਪਾਈਆ । ਚਰਨ ਪ੍ਰੀਤੀ ਦੇ ਕੇ ਠੰਡਾ, ਸੋਹਣੀ ਰੁੱਤ ਸੁਹਾਈਆ । ਇਸ ਤੋਂ ਹੋਰ ਸਤਿਗੁਰ ਕਿਹੜਾ ਲੱਭਣਾ ਚੰਗਾ, ਜੋ ਜੁਗ ਜਨਮ ਵਿਛੜੇ ਰਿਹਾ ਮਿਲਾਈਆ । ਓਧਰੋਂ ਲਾਲੋ ਵੰਡਦਾ ਆਇਆ ਵੰਡਾ, ਆਪਣੇ ਹੱਥ ਪਕਵਾਨ ਉਠਾਈਆ । ਲਓ ਡੂਮੋ ਬੰਨ੍ਹ ਲਓ ਆਪਣੀਆਂ ਗੰਢਾਂ, ਘਰ ਲੈ ਕੇ ਜਾਓ ਚਾਈਂ ਚਾਈਂਆ । ਏਥੇ ਕੋਈ ਨਾ ਰਹੇ ਭੁੱਖਾ ਨੰਗਾ, ਭੁੱਖਿਆਂ ਭੁੱਖ ਮਿਟਾਈਆ । ਓਸ ਵੇਲੇ ਡੂਮ ਦੇ ਸਿਰ ਚੋਂ ਨਿੱਕਾ ਜਿਹਾ ਡਿਗਾ ਕੰਘਾ, ਜਿਸ ਦੇ ਨਾਲ ਪੱਟੇ ਵਾਹ ਸਾਫ਼ ਕਰਾਈਆ । ਲਾਲੋ ਕਿਹਾ ਇਹ ਵੀ ਹੋਇਆ ਚੰਗਾ, ਆਪਣੇ ਸਿਰ ਦੀ ਮੈਲ ਗਿਆ ਧਵਾਈਆ । ਕਿਉਂ, ਸਤਿਗੁਰ ਨਾਨਕ ਚਰਨ ਰੱਖੇ ਉਪਰ ਮੰਜਾ, ਮੰਜੇ ਹੇਠਾਂ ਇਹਦਾ ਸਿਰ ਨਜ਼ਰੀ ਆਈਆ । ਇਹ ਪਾਰ ਹੋ ਜਾਏ ਬਿਨ ਬੰਦਗੀਉਂ ਬੰਦਾ, ਪ੍ਰਭ ਬਦਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਵਖਾਈਆ । ਵੇਖੇ ਲੇਖਾ ਸਰਬ ਪਰਵਾਰ, ਹਰਿ ਕਰਤਾ ਆਪ ਬਣਾਈਆ । ਜੁਗ ਜਨਮ ਦੇ ਵਿਛੜੇ ਯਾਰ, ਕੱਠੇ ਰਿਹਾ ਕਰਾਈਆ । ਲਹਿਣਾ ਦੇਣਾ ਦੇ ਉਧਾਰ, ਕਰਜ਼ਾ ਰਿਹਾ ਮੁਕਾਈਆ । ਸਾਚੀ ਸਿਖਿਆ ਸਰਬ ਸਿਖਾਲ, ਇਕੋ ਕਰੇ ਪੜ੍ਹਾਈਆ । ਮੰਨੋ ਪੁਰਖ ਪੁਰਖ ਅਕਾਲ, ਦੀਨ ਦਿਆਲ ਅਖਵਾਈਆ । ਜਿਸ ਦੇ ਗੋਬਿੰਦ ਵਸੇ ਨਾਲ, ਸਾਚਾ ਸੰਗ ਨਿਭਾਈਆ । ਜਨ ਭਗਤਾਂ ਲਏ ਉਠਾਲ, ਆਪਣੀ ਉਂਗਲੀ ਲਾਈਆ । ਉਤੇ ਦੇ ਕੇ ਲਾਲ ਰੁਮਾਲ, ਸੋਹਣਾ ਦੁਸ਼ਾਲਾ ਦਏ ਸੁਹਾਈਆ । ਸਚਖੰਡ ਬਹਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਇਕੋ ਜਿਹੇ ਹੋਏ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਮਾਣ ਦਵਾਈਆ । ਵੱਡਿਆਂ ਛੋਟਿਆਂ ਗ਼ਰੀਬਾਂ ਅਮੀਰਾਂ ਸਾਂਝਾ ਲੰਗਰ ਦਿਤਾ ਖਵਾਲ, ਘਰ ਘਰ ਖ਼ੁਸ਼ੀ ਮਨਾਈਆ । ਇਹੋ ਜਿਹਾ ਫੇਰ ਨਹੀਂ ਔਣਾ ਸਵਾਦ, ਕੋਟਨ ਕੋਟ ਜਨਮ ਭਰਮੇ ਜਗਤ ਲੋਕਾਈਆ । ਸਤਿਗੁਰ ਮਿਲੇ ਨਾ ਕਦੇ ਦਿਆਲ, ਦਿਆਲਤਾ ਅਨਮੁਲੀ ਨਾ ਕਦੇ ਵਰਤਾਈਆ । ਗੁਰਮੁਖ ਲੱਭ ਕੇ ਆਪਣੇ ਲਾਲ, ਕੱਖਾਂ ਕੁੱਲੀ ਸੋਭਾ ਪਾਈਆ । ਜੇ ਤੇਰਾਂ ਮਾਘ ਘਰ ਛੱਡ ਕੇ ਨਾ ਜਾਂਦਾ ਦੀਦਾਰ, ਦੀਦਾਰ ਦਾ ਲੇਖਾ ਲੋਕਮਾਤ ਰਹਿਣ ਨਾ ਪਾਈਆ । ਸਾਰੇ ਕਹਿਣ ਪਿਛੇ ਮਾਤਾ ਹੋਈ ਬੀਮਾਰ, ਉਸ ਨੂੰ ਵੇਖਣ ਜਾਈਆ । ਨਹੀਂ, ਭਗਤਾਂ ਦਾ ਪਿਆਰ, ਗੁਰਮੁਖਾਂ ਰਿਹਾ ਬਚਾਈਆ । ਕਰ ਕੇ ਉਲਟੀ ਕਾਰ, ਆਪਣਾ ਵਕਤ ਲੰਘਾਈਆ । ਦੁੱਖ ਆਪਣੀ ਝੋਲੀ ਡਾਰ, ਖ਼ੁਸ਼ੀਆਂ ਰੰਗ ਚੜ੍ਹਾਈਆ । ਇਹੋ ਖੇਲ ਸੱਚੇ ਕਰਤਾਰ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਗੁਰਮੁਖ ਸਿੰਘ ਨਾਲ ਲੈ ਕੇ ਗਿਆ ਨੱਠ, ਭੱਜਿਆ ਵਾਹੋ ਦਾਹੀਆ । ਜੇ ਗੁਰਮੁਖ ਏਥੇ ਰਹਿੰਦਾ ਫਿਰ ਵੀ ਵੱਡੀ ਲੱਗਣੀ ਸੀ ਸੱਟ, ਦੁੱਖ ਨਾਲੋਂ ਦੁੱਖ ਦਿਤਾ ਵੰਡਾਈਆ । ਇਹੋ ਖੇਲ ਕਰ ਕੇ ਝੱਟ ਪੱਟ, ਹੇਰਾ ਫੇਰੀ ਵਿਚ ਰਖਾਈਆ । ਬਹਾਨੇ ਨਾਲ ਗੁਰਮੁਖ ਰੱਖ, ਨਿਸ਼ਾਨੇ ਨਾਲ ਤਰਾਈਆ । ਹੁਣ ਬ੍ਰਾਹਮਣ ਮਲੇ ਹੱਥ, ਮੇਰਾ ਵੇਲਾ ਆਈਆ । ਨਾਲੇ ਰੋਵੇ ਨਾਲੇ ਪਏ ਹੱਸ, ਹੱਸਦਿਆਂ ਵਿਚੋਂ ਰੋਣ ਨਜ਼ਰੀ ਆਈਆ । ਮੰਗਦਿਆਂ ਮੰਗਦਿਆਂ ਕਦੀ ਤੇ ਪਾਵੇ ਵੱਥ, ਮਿਹਰਵਾਨ ਮੇਰਾ ਗੋਸਾਈਆ । ਲਾਲੋ ਤੇਰੇ ਪਿਛੇ ਸਾਰੇ ਲਏ ਰੱਖ, ਰੱਖਿਆ ਕਰ ਕੇ ਥਾਈਂ ਥਾਈਂਆ । ਹਰਿਸੰਗਤ ਦੂਜੀ ਵਾਰ ਕਰਾ ਇਕੱਠ, ਦੂਜਾ ਜਨਮ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਸਮਰਥ, ਸਾਚੀ ਕਾਰ ਕਮਾਈਆ । ਆਪਣੇ ਕਰ ਕੇ ਖ਼ਾਲੀ ਹੱਥ, ਨੰਗਾ ਹੋ ਕੇ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖਿਆਂ ਵਿਚੋਂ ਬਾਹਰ ਕਢਾਈਆ ।

### ★ ੨੫ ਮਾਘ ੨੦੨੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਬਾਬੂ ਪੁਰ ਜ਼ਿਲਾ ਗੁਰਦਾਸਪੁਰ ★

ਇੱਟ ਕਹੇ ਤੇਰੀ ਵਡਿਆਈ, ਤੋਹੇ ਸਦਾ ਬਣ ਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਬੜੀ ਸੇਵ ਕਮਾਈ, ਆਪਣਾ ਆਪ ਨੀਹਾਂ ਹੇਠ ਦਬਾਈਆ । ਤੀਰਥ ਤੱਟਾਂ ਅੰਗ ਲਗਾਈ, ਸਰਦੀ ਗਰਮੀ ਰੁੱਤ ਲੰਘਾਈਆ । ਜੁਗ ਚੌਕੜੀ ਵੇਂਹਦੀ ਰਹੀ ਧਿਆਨ ਲਗਾਈ, ਨੇਤਰ ਅੱਖ ਖੁਲ੍ਹਾਈਆ । ਕੋਟਾਂ ਵਿਚੋਂ ਇਕ ਇਕੱਲੀ ਕੰਮ ਭਗਤ ਆਈ, ਨਾਤਾ ਰਵਦਾਸ ਨਾਲ ਜੁੜਾਈਆ । ਉਸ ਨੇ ਫੜ ਕੇ ਹੱਥੀਂ ਆਪਣੇ ਗੋਡੇ ਹੇਠਾਂ ਲਿਆ ਟਿਕਾਈ, ਜਿਥੇ ਮਾਰ ਕੇ ਚੌਂਕੜਾ ਪਾਹਣਾ ਗੰਢ ਵਖਾਈਆ । ਇਕ ਦਿਨ ਸਿਲ ਬਦਲੇ ਮੇਰੇ ਉਤੇ ਰੰਬੀ ਫੜ ਘਸਾਈ, ਰਗੜਾ ਦਿਤਾ ਲਾਈਆ । ਮੈਂ ਹੱਸ ਕੇ ਕਿਹਾ ਕਸਾਈ, ਇਹ ਕਿਥੋਂ ਗਿਆ ਆਈਆ । ਨਾਲੇ ਰੋਵਾਂ ਦਿਆਂ ਦੁਹਾਈ, ਕੂਕ ਕੂਕ ਸੁਣਾਈਆ । ਮੇਰੀ ਛਾਤੀ ਛਿੱਲ ਵਖਾਈ, ਉਜ਼ਰ ਚਲੇ ਕੋਈ ਨਾ ਰਾਈਆ । ਰਵਦਾਸ ਨਾਲ ਠੰਡਾ ਪਾਣੀ ਦਿਤਾ ਪਾਈ, ਤੁਬਕਾ ਤੁਬਕਾ ਚੁਆਈਆ । ਮੇਰੀ ਫੇਰ ਨਿਕਲੀ ਹਾਈ, ਹੌਕਾ ਦੇ ਸੁਣਾਈਆ । ਇਹ ਕੀ ਕੀਤਾ ਮੇਰੀ ਦੁਹਾਈ, ਦੋਹਰਾ ਦੁੱਖ ਸੁਣਾਈਆ । ਚੁਮਿਆਰ ਕਿਹਾ ਮੈਂ ਤੇਰੀ ਬਣਤ ਰਿਹਾ ਬਣਾਈ, ਸ੍ਰੀ ਭਗਵਾਨ ਸੇਵਾ ਲਾਈਆ । ਮੈਨੂੰ ਅੰਦਰੇ ਅੰਦਰ ਰਿਹਾ ਸਮਝਾਈ, ਲੇਖਾ ਲਿਖੇ ਨਾ ਕੋਇ ਕਲਮ ਸ਼ਾਹੀਆ । ਇਸ ਦਾ ਲਹਿਣਾ ਦੇਣਾ ਥਾਈਂ ਥਾਈਂ, ਦਰ ਦਰ ਘਰ ਘਰ ਵੇਖ ਵਖਾਈਆ । ਕਲਜੁਗ ਅੰਤਮ ਪਕੜੇ ਬਾਹੀਂ, ਬੇਪਰਵਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਮੋਹੇ ਸਮਝਾਈਆ । ਇੱਟ ਕਹੇ ਮੈਂ ਨਿਕੰਮੀ, ਕੰਮ ਕਿਸੇ ਨਾ ਆਈਆ । ਰਵਦਾਸ ਕਿਹਾ ਤੈਨੂੰ ਵੱਡੇ ਮਨਾਰਿਆਂ ਹੇਠਾਂ ਦੇ ਕੇ ਥੰਮੀ, ਆਸਰਾ ਤੇਰਾ ਤਕਾਈਆ । ਇੱਟ ਕਹੇ ਮੈਨੂੰ ਮਿਸਤਰੀਆਂ ਤੇਸੀਆਂ ਨਾਲ ਭੰਨੀ, ਘੜ ਘੜ ਹੱਥਾਂ ਵਿਚ ਭਵਾਈਆ । ਰਵਦਾਸ ਕਿਹਾ ਨਹੀਂ ਤੂੰ ਪ੍ਰਭ ਦੀ ਸਾਚੀ ਚੰਨੀ, ਚੰਦ ਵਾਂਗ ਰੁਸ਼ਨਾਈਆ । ਇੱਟ ਕਹੇ ਮੈਂ ਕੋਝੀ ਕਮਲੀ ਅੰਨ੍ਹੀ, ਸਾਰ ਜ਼ਰਾ ਨਾ ਪਾਈਆ । ਰਵਦਾਸ ਕਿਹਾ ਮੈਂ ਸੁਣਾਵਾਂ ਤੈਨੂੰ ਤੇਰੀ ਕੰਨੀ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਇੱਟ ਕਹੇ ਕੀ ਮੇਰਾ ਗੁਣ, ਸਮਝ ਸੋਚ ਵਿਚ ਨਾ ਆਈਆ । ਮੈਂ ਤੈਥੋਂ ਲਿਆ ਸੁਣ, ਪ੍ਰਭ ਦੇਵੇ ਮਾਣ ਵਡਿਆਈਆ । ਕਿਥੇ ਜਾਵਾਂ ਹੁਣ, ਥਾਉਂ ਨਜ਼ਰ ਕੋਇ ਨਾ ਆਈਆ । ਮੈਨੂੰ ਕੱਚੀ ਨੂੰ ਅਗਨੀ ਵਿਚ ਦੇਣ ਭੁੰਨ, ਸੋਹਣਾ ਭੱਠਾ ਤਪਾਈਆ । ਫੇਰ ਪਾਵਣ ਮੁੱਲ, ਟੱਕਿਆ ਨਾਲ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਦੇਵੇ ਵਡਿਆਈਆ । ਇੱਟ ਨਾ ਬਣ ਨਿਕੰਮੀ ਕਮਲੀ ਕੋਝੀ, ਰਵਦਾਸ ਰਿਹਾ ਸਮਝਾਈਆ । ਵੇਖ ਮੇਰੇ ਪਾਟੇ ਕੱਪੜੇ ਪ੍ਰਭ ਨੇ ਮੈਨੂੰ ਦਿਤੀ ਸੋਝੀ, ਰੰਬੀ ਆਰ ਹੱਥ ਫੜਾਈਆ । ਤਾਗੇ ਡੋਰ ਨਾਲ ਪਾਹਣਾ ਗੰਢ ਸੇਵਾ ਕਰੀ ਲੋਕੀਂ, ਆਪਣਾ ਝੱਟ ਲੰਘਾਈਆ । ਕਿਸੇ ਕੋਲੋਂ ਪੜ੍ਹੀ ਨਾ ਕੋਈ ਪੋਥੀ, ਪਾਂਧਿਆਂ ਸੰਗ ਨਾ ਕੋਇ ਰਖਾਈਆ । ਪਿਛਲੀ ਗੱਲ ਨਾ ਕਦੇ ਸੋਚੀ, ਅਗਲਾ ਧਿਆਨ ਨਾ ਕੋਇ ਵਖਾਈਆ । ਮੈਨੂੰ ਸਾਰੇ ਕਹਿੰਦੇ ਕਮਲਾ ਮੋਚੀ, ਚੁਮਿਆਰ ਕਹਿ ਕੇ ਰਹੇ ਬੁਲਾਈਆ । ਮੇਰੇ ਕੋਲ ਪਾਟੀ ਧੋਤੀ, ਨਿੱਕੀ ਬੋਦੀ ਸੀਸ ਸੋਹਣੀ ਰਹੀ ਸੁਹਾਈਆ । ਮੇਰੇ ਕੋਲ ਤੁਟੀ ਲੰਗੋਟੀ, ਕਪੜ ਤਨ ਨਾ ਕੋਇ ਛੁਹਾਈਆ । ਇਕੋ ਵਸਤ ਪ੍ਰਭ ਨੇ ਦਿਤੀ ਬਹੁਤੀ, ਪ੍ਰੇਮ ਪ੍ਰੀਤੀ ਮੇਰੀ ਝੋਲੀ ਪਾਈਆ । ਮੈਂ ਰੰਬੀ ਹੱਥਾ ਤੇਰੇ ਉਤੇ ਰਿਹਾ ਠੋਕੀ, ਜ਼ੋਰ ਨਾਲ ਦਬਾਈਆ । ਤੂੰ ਨੀਹਾਂ ਵਾਲੀ ਅੰਤ ਚੜ੍ਹ ਕੇ ਵੇਖੀਂ ਚੋਟੀ, ਮੰਜ਼ਲ ਤੇਰੀ ਬੇਪਰਵਾਹੀਆ । ਤੇਰੀ ਕੀਮਤ ਹੋਣੀ ਬਹੁਤੀ, ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਟ ਕਹੇ ਉਹ ਕਿਹੜਾ ਵੇਲਾ, ਪ੍ਰਭ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਪ੍ਰਭ ਆਏ ਇਕ ਇਕੇਲਾ, ਨਿਰਗੁਣ ਫੇਰਾ ਪਾਈਆ । ਨਾਲ ਰੱਖੇ ਗੋਬਿੰਦ ਚੇਲਾ, ਗੁਰ ਸ਼ਬਦੀ ਵੰਡ ਵੰਡਾਈਆ । ਮੇਰੇ ਨਾਲ ਕਰ ਕੇ ਮੇਲਾ, ਸੋਹਣਾ ਸੰਗ ਵਖਾਈਆ । ਦੋ ਜਹਾਨਾਂ ਬਣ ਸੁਹੇਲਾ, ਸੱਜਣ ਨਜ਼ਰੀ ਆਈਆ । ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਭਗਤਾਂ ਦਏ ਵਡਿਆਈਆ । ਬੇਸ਼ਕ ਤੂੰ ਪਹਿਲੋਂ ਮਿਟੀ ਦਾ ਕੱਚਾ ਢੇਲਾ, ਤੇਰੀ ਘਾੜ੍ਹਤ ਘੜ ਕੇ ਸੋਹਣੀ ਬਣਤ ਬਣਾਈਆ । ਤੂੰ ਘਰਾਂ ਵਿਚ ਜਾਏ ਉਤੇ ਚੜ੍ਹ ਕੇ ਠੇਲਾ, ਆਪਣੀ ਸਵਾਰੀ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਵਦਾਸ ਕਹੇ ਸੁਣ ਪਿਆਰੀ ਇੱਟ, ਅੱਛੀ ਤਰ੍ਹਾ ਜਣਾਈਆ । ਮੈਂ ਤੈਨੂੰ ਦੇਵਾਂ ਇਕ ਚਿੱਟ, ਚਿਠੀ ਰੂਪ ਵਟਾਈਆ । ਉਸ ਦੇ ਉਤੇ ਇਕੋ ਦੇਵਾਂ ਲਿਖ, ਤੂੰ ਮੇਰਾ ਮੈਂ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਇੱਟ ਕਹੇ ਲਿਖ ਛੇਤੀ, ਕਿਉਂ ਇਤਨੀ ਦੇਰ ਲਗਾਈਆ । ਜੇ ਤੂੰ ਬਣਿਉਂ ਪ੍ਰਭ ਦਾ ਭੇਤੀ, ਮੈਨੂੰ ਉਹਦੇ ਨਾਲ ਮਿਲਾਈਆ । ਮੈਂ ਸ੍ਰਿਸ਼ਟੀ ਨਾਲ ਖੇਡ ਬੜੀ ਖੇਡੀ, ਘਰ ਘਰ ਮੰਦਰ ਦਿਤੇ ਬਣਾਈਆ । ਸਚ ਸਿੰਘਾਸਣ ਅਜੇ ਨਾ ਲੇਟੀ, ਜੀਵ ਜੰਤ ਸਾਰੇ ਮਹੱਲਾਂ ਵਿਚ ਸਵਾਈਆ । ਮੈਨੂੰ ਕਿਸੇ ਨਹੀਂ ਕਿਹਾ ਆ ਮੇਰੀ ਬੇਟੀ, ਦੇਵਾਂ ਮਾਣ ਵਡਿਆਈਆ । ਮੈਂ ਸਭ ਨਾਲ ਕਰਦੀ ਰਹੀ ਨੇਕੀ, ਬੁਰੀ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਰਵਦਾਸ ਕਹੇ ਸੁਣ ਇੱਟ ਭੈਣ, ਪਿਤਾ ਪੁਰਖ ਦਿਆਂ ਸਮਝਾਈਆ । ਨੈਣ ਰੋ ਨਾ ਪਾ ਵੈਣ, ਉਚੀ ਕੂਕ ਨਾ ਦੇ ਦੁਹਾਈਆ । ਕਲਜੁਗ ਅੰਤਮ ਤੈਨੂੰ ਆਵੇ ਲੈਣ, ਸੋਹਣਾ ਵੇਸ ਵਟਾਈਆ । ਜਨ ਭਗਤ ਬਣਾਏ ਸੈਣ, ਸੱਜਣ ਆਪ ਅਖਵਾਈਆ । ਤੇਰੇ ਨਾਲੋਂ ਪਹਿਲੇ

ਛੋਟੇ ਬਾਲੇ ਨੀਹਾਂ ਹੇਠਾਂ ਬਹਿਣ, ਉਤੇ ਤੇਰੀ ਸੇਵ ਲਗਾਈਆ । ਆਪਣਾ ਭਾਣਾ ਆਪੇ ਆਏ ਸਹਿਣ, ਸਾਚਾ ਫੇਰਾ ਪਾਈਆ । ਤੇਰੀ ਸਿਫ਼ਤ ਗੀਤਾ ਕਰੇ ਨਾ ਕੋਇ ਰਮਾਇਣ, ਸ਼ਾਸਤਰ ਸਿਮਰਤ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਇੱਟ ਕਹੇ ਕੀ ਪੁਰਖ ਅਕਾਲ ਆਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਗਹਿਰ ਗੰਭੀਰ ਵੇਸ ਵਟਾਵੇਗਾ । ਚੋਟੀ ਚੜ੍ਹ ਅਖ਼ੀਰ ਵੇਖ ਵਖਾਵੇਗਾ । ਮੇਰੀ ਬਦਲ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜ੍ਹਾਵੇਗਾ । ਮੈਂ ਵੇਖਾਂ ਕਿਵੇਂ ਨੀਹਾਂ ਹੇਠਾਂ ਦੱਬੇ ਸੂਰਬੀਰ, ਗੋਬਿੰਦ ਬੱਚਿਆਂ ਭੇਟ ਚੜ੍ਹਾਵੇਗਾ । ਮੈਂ ਸਭ ਨੂੰ ਆਖਾਂ ਇਹ ਸੱਚੇ ਮੇਰੇ ਵੀਰ, ਬਿਨ ਵੀਰਾਂ ਭੈਣ ਕੀਹਦੀ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਰਵਦਾਸ ਕਿਹਾ ਨਾ ਰੋ ਬੀਬੀ, ਬਾਬਲ ਸਭ ਦਾ ਇਕੋ ਮਾਹੀਆ । ਉਹ ਸਦਾ ਵਸੇ ਕ਼ਰੀਬੀ, ਦੂਰ ਦੁਰਾਡਾ ਪੰਧ ਮੁਕਾਈਆ । ਉਸ ਦੀ ਖੇਲ ਅਜਬ ਅਜੀਬੀ, ਅੱਛੀ ਤਰ੍ਹਾ ਸਮਝਾਈਆ । ਪਿਛਲੀ ਕਹਾਣੀ ਪਿਛੇ ਬੀਤੀ, ਅੱਗੇ ਦਏ ਵਡਿਆਈਆ । ਓਸ ਸਤਿਜੁਗ ਚਲਾਉਣੀ ਰੀਤੀ, ਸੋਹਣੀ ਵੰਡ ਵੰਡਾਈਆ । ਤੇਰਾ ਨਾਤਾ ਤੋੜ ਕੇ ਮੰਦਰ ਮਸੀਤੀ, ਭਗਤ ਦਵਾਰੇ ਨਾਲ ਜੁੜਾਈਆ । ਖ਼ੂਨ ਕੱਢੇ ਨਾ ਕਿਸੇ ਉਂਗਲੀ ਚੀਚੀ, ਮਸਤਕ ਵਿਚੋਂ ਆਪਣੀ ਧਾਰ ਵਹਾਈਆ । ਬਟਵਾਰੇ ਕਹੇ ਯਾਦ ਕਰ ਪਿਛਲੀ ਨੇਕੀ, ਜੋ ਰਾਮ ਰਾਮਾ ਹਾਲ ਲਿਖਾਈਆ । ਭਗਵਨ ਵੇਖ ਕਰਦਾ ਪ੍ਰੀਤੀ, ਭਗਤਾਂ ਜੋੜ ਜੁੜਾਈਆ । ਧੁਰ ਦੀ ਚਿਠੀ ਰੱਖੀ ਚਿਟੀ, ਅੱਖਰ ਉਪਰ ਨਾ ਕੋਇ ਲਿਖਾਈਆ । ਇਕ ਰੁਪੱਈਆ ਜਿਸ ਨਾਲ ਆਦਿ ਜੁਗਾਦਿ ਜੁਗ ਚੋਕੜੀ ਜਨ ਭਗਤਾਂ ਨਾਲ ਸਾਈ ਕੀਤੀ, ਸੌਦਾ ਇਕੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਟ ਕਹੇ ਇਹ ਕਿਹਾ ਸੱਚ, ਪ੍ਰਭ ਮੇਰੇ ਉਤੇ ਦਇਆ ਕਮਾਈਆ । ਰਵਦਾਸ ਕਿਹਾ ਹੁਣ ਬਸ, ਅਗਲੀ ਗਾਥਾ ਫੇਰ ਸਮਝਾਈਆ । ਚਰਨੀ ਗਈ ਢੱਠ, ਦੋਏ ਜੋੜ ਸਰਨਾਈਆ । ਰਵਦਾਸ ਖੋਲ੍ਹ ਅੱਖ, ਨੇਤਰ ਨਾਲ ਤਕਾਈਆ । ਨਜ਼ਰੀ ਆਇਆ ਪੁਰਖ ਸਮਰਥ, ਦੋਹਾਂ ਵੇਖ ਵਖਾਈਆ । ਚਮਿਆਰ ਕਹੇ ਮੇਰੇ ਖ਼ਾਲੀ ਹੱਥ, ਪ੍ਰਭੂ ਤੇਰੀ ਵਡਿਆਈਆ । ਸ੍ਰੀ ਭਗਵਾਨ ਕਿਹਾ ਆ ਲੈ ਧੁਰ ਦੀ ਵੱਥ, ਤੇਰੇ ਹੱਥ ਕਲਮ ਫੜਾਈਆ । ਤੈਨੂੰ ਚਰਨਾਂ ਵਿਚ ਲਵਾਂ ਰੱਖ, ਦੋ ਜਹਾਨ ਤੇਰੀ ਨੋਕ ਨਾਲ ਘਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਸਚ ਦੇਵਣਹਾਰ ਵਡਿਆਈਆ । ਇੱਟ ਕਹੇ ਮੈਂ ਗਾਵਾਂ ਗੀਤ, ਖ਼ੁਸ਼ੀਆਂ ਰਾਗ ਅਲਾਈਆ । ਸਚ ਪ੍ਰਭੂ ਪ੍ਰਭ ਕਰੇ ਪ੍ਰੀਤ, ਪ੍ਰੀਤਮ ਬੇਪਰਵਾਹੀਆ । ਨਾਤਾ ਤੋੜ ਮੰਦਰ ਮਸੀਤ, ਧੁਰ ਦਾ ਸੰਗ ਬਣਾਈਆ । ਮੇਰੀ ਸੁਣ ਪੁਕਾਰ ਚੀਕ, ਚਿੰਤਾ ਗ਼ਮੀ ਮਿਟਾਈਆ । ਮੇਰਾ ਲੇਖਾ ਲਾਏ ਠੀਕ, ਸੋਹਣਾ ਰੰਗ ਚੜ੍ਹਾਈਆ । ਮੈਂ ਰੱਖਾਂ ਸਦਾ ਉਡੀਕ, ਆਪਣਾ ਧਿਆਨ ਲਗਾਈਆ । ਕੌਣ ਵੇਲਾ ਕਲ ਆਏ ਤਰੀਕ, ਜਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਰਵਦਾਸ ਕਹੇ ਉਹ ਵੇਲਾ ਨੇੜੇ, ਪੰਧ ਨਜ਼ਰ ਕੋਈ ਨਹੀਂ ਆਇੰਦਾ । ਪੁਰਖ ਅਬਿਨਾਸ਼ੀ ਮਾਰੇ ਫੇਰੇ, ਨਿਰਗੁਣ ਰੂਪ ਵਟਾਇੰਦਾ । ਲੇਖ ਚੁਕਾਏ ਪਿਛਲੇ ਝੇੜੇ, ਝਗੜਾ ਸਰਬ ਮੁਕਾਇੰਦਾ । ਜਿਸ ਜਗ੍ਹਾ ਬਾਲਮੀਕ ਲਾ ਕੇ ਗਿਆ ਡੇਰੇ, ਲਿਖਤ ਭਵਿਖਤ ਲਿਖਾਇੰਦਾ । ਭਾਗ ਲੱਗੇ ਓਸੇ ਖੇੜੇ, ਖਿੜਕੀ ਕੁੰਡਾ

੫੨੭ ੧੯

ਆਪ ਖੁਲ੍ਹਾਇੰਦਾ । ਅਗਲੇ ਪਿਛਲੇ ਦੋਵੇਂ ਛੱਡ ਕੇ ਵਿਹੜੇ, ਸੋਹਣਾ ਧਾਮ ਸੁਹਾਇੰਦਾ । ਜਨ ਭਗਤਾਂ ਬੰਨ੍ਹੇ ਬੇੜੇ, ਭਗਵਨ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਚ ਦੱਸ ਉਹ ਕਿਹੜਾ ਥਾਂ, ਦਰ ਤੇਰੇ ਮੰਗ ਮੰਗਾਈਆ । ਮੈਂ ਵੇਖਾਂ ਚਾਈਂ ਚਾਂ, ਚਾਉ ਘਨੇਰਾ ਇਕ ਜਣਾਈਆ । ਰਵਦਾਸ ਕਿਹਾ ਜਿਥੇ ਨਾਤਾ ਤੁਟੇ ਪੁਤਰਾਂ ਮਾਂ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਅਗਲਾ ਲਹਿਣਾ ਸਹਿਜ ਸੁਭਾ, ਸਾਹਿਬ ਸਤਿਗੁਰ ਦਏ ਜਣਾਈਆ । ਬਾਲਿਆਂ ਕੋਲੋਂ ਗਿਆਨ ਦਵਾ, ਵੱਡਿਆਂ ਕਰੇ ਪੜ੍ਹਾਈਆ । ਨਿਕਿਆਂ ਨੀਹਾਂ ਹੇਠ ਦਬਾ, ਵੱਡਿਆਂ ਛਤਰ ਝੁਲਾਈਆ । ਸਾਚੀ ਸੇਵਾ ਤੇਰੀ ਦਏ ਲਗਾ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਟ ਕਹੇ ਮੈਂ ਨਿਮਾਣੀ, ਬਲਹੀਣ ਰਹੀ ਕੁਰਲਾਈਆ । ਮੇਰੀ ਸਾਰ ਕਿਸ ਪਾਉਣੀ, ਮਹਿਬੂਬ ਮਿਲੇ ਨਾ ਸੱਚਾ ਮਾਹੀਆ । ਮੈਂ ਠਰਦੀ ਰਹੀ ਤੀਰਥ ਤੱਟਾਂ ਪਾਣੀ, ਮੈਂ ਸੜਦੀ ਰਹੀ ਅਗਨੀ ਤਤ ਤਪਾਈਆ । ਮੈਂ ਵਸੌਂਦੀ ਰਹੀ ਚਾਰੇ ਖਾਣੀ ਚਾਰੇ ਬਾਣੀ, ਅੰਦਰ ਮੰਦਰਾਂ ਵਿਚ ਛੁਪਾਈਆ । ਮੇਰੀ ਕਿਸੇ ਨਾ ਦੱਸੀ ਨਿਸ਼ਾਨੀ, ਨਿਸ਼ਾਨਾ ਤੀਰ ਨਾ ਕੋਇ ਚਲਾਈਆ । ਰਵਦਾਸ ਕਹੇ ਅੱਗੇ ਬਦਲਣ ਵਾਲੀ ਕਹਾਣੀ, ਗ਼ਰੀਬ ਨਿਮਾਣਿਆਂ ਸਾਰਿਆਂ ਲਏ ਉਠਾਈਆ । ਪੁਰਖ ਅਕਾਲ ਮੇਰਾ ਜਾਣ ਜਾਣੀ, ਜਾਨਣਹਾਰ ਆਪ ਹੋ ਜਾਈਆ । ਤੈਨੂੰ ਨਿਕੰਮੀ ਕੋਝੀ ਕਮਲੀ ਨੂੰ ਬਣਾਵੇ ਰਾਣੀ, ਰੌਣਕ ਤੇਰੇ ਨਾਲ ਲਗਾਈਆ । ਜੇ ਨੀਹਾਂ ਹੇਠ ਤੇਰੀ ਕੁਰਬਾਨੀ, ਉਪਰ ਚਾਰੋਂ ਕੁੰਟ ਮਨਾਰ ਦਰਸਾਈਆ । ਕਰ ਖੇਲ ਪ੍ਰਭੂ ਮਹਾਨੀ, ਮਹਿਮਾਂ ਤੇਰੀ ਲਿਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋਏ ਸਹਾਈਆ । ਇੱਟ ਕਹੇ ਮੈਂ ਬਾਲੀ ਨਿਕੰਮੀ, ਨਿਕਰਮਣ ਰੂਪ ਵਟਾਈਆ । ਮਾਤ ਪਿਤ ਨਾ ਕੋਈ ਅੰਮੀ, ਭੈਣ ਭਾਈ ਨਾ ਕੋਇ ਸਹਾਈਆ । ਮੈਂ ਦੁਖਾਂ ਵਿਚੋਂ ਜੰਮੀ, ਸੁਖ ਨਜ਼ਰ ਕੋਇ ਨਾ ਆਈਆ । ਬਿਨ ਅੱਖਾਂ ਤੋਂ ਅੰਨੀ, ਨੇਤਰ ਨੈਣ ਨਾ ਕੋਇ ਦਸਾਈਆ । ਮੈਨੂੰ ਤੇਸੀਆਂ ਨਾਲ ਸਾਰੇ ਰਹੇ ਭੰਨੀ, ਠੋਕਰ ਲਾ ਲਾ ਰਹੇ ਦਬਾਈਆ । ਰਵਦਾਸ ਤੂੰ ਕਿਵੇਂ ਕਹੇਂ ਚੰਗੀ, ਚੰਗਿਆਈ ਨਜ਼ਰ ਕੋਇ ਨਾ ਆਈਆ । ਚਮਿਆਰ ਕਹੇ ਮੈਂ ਤੇਰੇ ਉਤੇ ਰੰਬੀ ਚੰਡੀ, ਤਿਖੀ ਧਾਰ ਬਣਾਈਆ । ਪਾ ਕੇ ਪਾਣਾ ਕੀਤੀ ਠੰਡੀ, ਸੋਹਣਾ ਸੁਖ ਵਖਾਈਆ । ਤੂੰ ਹੁਣ ਨਹੀਂ ਹੋਣਾ ਰੰਡੀ, ਤੇਰਾ ਕੰਤ ਮਿਲਾਵਾਂ ਮਾਹੀਆ । ਤੇਰਾ ਚੜ੍ਹੇ ਚੰਦ ਨੌਚੰਦੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਕਰ ਖੇਲ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਤੇਰੀ ਵੰਡ ਅਜਿਹੀ ਵੰਡੀ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਇੱਟ ਕਹੇ ਮੈਨੂੰ ਦੇ ਨਾ ਲਾਰਾ, ਗੱਲਾਂ ਨਾਲ ਵਡਿਆਈਆ । ਮੇਰੇ ਨਾਲ ਕੌਣ ਕਰੇ ਪਿਆਰਾ, ਮੁਹੱਬਤ ਕੌਣ ਰਖਾਈਆ । ਮੇਰਾ ਤਨ ਲਬੇੜ ਨਾਲ ਗਾਰਾ, ਸਚ ਸ਼ਿੰਗਾਰ ਨਾ ਕੋਇ ਜਣਾਈਆ । ਭਾਵੇਂ ਕਿੰਨਾ ਕੱਢਾਂ ਹਾੜਾ, ਮੇਰੀ ਮਿੰਨਤ ਸੁਣਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਨਹੀਂ ਇਹ ਗੱਲ, ਹਰਿ ਕਰਤੇ ਹੱਥ ਵਡਿਆਈਆ । ਜਿਸ ਨੂੰ ਚਾਹੇ ਦੇਵੇ ਭਲ, ਨਿਕਿਉਂ ਵੱਡਾ ਦਏ ਬਣਾਈਆ । ਜਿਸ ਬਣਾਏ ਜਲ ਥਲ, ਤੀਰਥ ਤਟ ਵਡਿਆਈਆ । ਜਿਸ ਮੰਦਰ ਮਸਜਦ ਸ਼ਿਵਦਵਾਲੇ ਮੱਠ ਬਣਾਏ ਮਹੱਲ, ਗੁਰੂਦਵਾਰ ਸੁਹਾਈਆ । ਜਿਸ

ਵੇਲੇ ਉਹ ਆਪ ਆਵੇ ਚਲ, ਆਪਣਾ ਫੇਰਾ ਪਾਈਆ । ਸਿਧਾ ਹੋ ਜਾਏ ਭਗਤਾਂ ਵਲ, ਆਪਣਾ ਧਿਆਨ ਲਗਾਈਆ । ਦੁੱਖ ਦਰਦ ਸਾਰੇ ਦੇਵੇ ਠੱਲ, ਅੱਗੇ ਕੋਈ ਨੇੜ ਨਾ ਆਈਆ । ਤੇਰਾ ਪਿਛਲਾ ਵਿਛੋੜਾ ਮੇਟ ਸਲ, ਬਿਰਹੋਂ ਰੋਗ ਚੁਕਾਈਆ । ਸੁਨੇਹੜੇ ਸੰਗਤ ਵਲ ਘੱਲ, ਗੁਰਮੁਖ ਲਏ ਮੰਗਾਈਆ । ਆਪਣੀ ਹੱਥੀਂ ਤੋੜ ਕੇ ਆਪਣੇ ਫਲ, ਤੇਰੇ ਥੱਲੇ ਦਏ ਟਿਕਾਈਆ । ਤੂੰ ਉਤੇ ਸਿੰਘਾਸਣ ਲਈਂ ਮੱਲ, ਸੋਹਣੀ ਸੇਜ ਬਣਾਈਆ । ਤੇਰਾ ਦੁਖੜਾ ਆਪਣੇ ਉਤੇ ਲਏ ਝੱਲ, ਦੀਨਨ ਹੋਏ ਸਹਾਈਆ । ਓਥੇ ਖੇਲ ਕਰੇ ਪਰਬਲ, ਸਤਿਜੁਗ ਸਾਚੀ ਧਾਰ ਵਖਾਈਆ । ਸਾਢੇ ਤਿੰਨ ਹੱਥ ਬੇੜਾ ਬੰਨ੍ਹ, ਨੌਂ ਦਵਾਰ ਕਰੇ ਰੁਸ਼ਨਾਈਆ । ਸਚ ਨਿਸ਼ਾਨਾ ਜਾਏ ਝੁੱਲ, ਚਵੀ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥੱਲੇ ਉਪਰ ਤੇਰਾ ਮਾਣ ਰਖਾਈਆ । ਰਵਦਾਸ ਮੈਨੂੰ ਭਾਸੇ ਤੂੰ ਕਹੇਂ ਸੱਚੀ, ਮੇਰੇ ਸੀਨੇ ਠੰਡ ਪਵਾਈਆ । ਮੇਰੇ ਨਾਲ ਕਰ ਪੱਕੀ, ਵੇਖੀਂ ਕਰੀਂ ਨਾ ਫੇਰ ਜੁਦਾਈਆ । ਮੈਂ ਤੈਨੂੰ ਵੇਖਾਂ ਅੱਖੀਂ, ਤੂੰ ਮੇਰਾ ਲੇਖ ਲਿਖਾਈਆ । ਤੂੰ ਪੁਰਖ ਅਕਾਲ ਦੀ ਬਣਨਾ ਸਖੀ, ਮੈਂ ਤੇਰੇ ਪੈਰਾਂ ਹੇਠਾਂ ਆਪਣੀ ਛਾਤੀ ਡਾਹੀਆ । ਮੈਂ ਇਹੋ ਖੱਟੀ ਖੱਟੀ, ਅੰਗ ਤੇਰੇ ਨਾਲ ਛੁਹਾਈਆ । ਮੈਂ ਭਾਗਾਂ ਭਰੀ ਰੱਤੀ, ਆਪਣਾ ਰੰਗ ਵਖਾਈਆ । ਰਵਦਾਸ ਕਹੇ ਮੇਰੀ ਹੋਈ ਪੱਕੀ, ਪੱਕੀ ਗੰਢ ਪਵਾਈਆ । ਜਿਸ ਵੇਲੇ ਲੇਖਾ ਚੁੱਕੇ ਜੁਗ ਛੱਤੀ, ਚਵੀ ਹੱਥ ਛੱਤੀਆਂ ਫੁੱਟਾਂ ਵਿਚ ਲਿਆਈਆ । ਮੇਰਾ ਸਾਹਿਬ ਕਿਰਪਾ ਕਰੇ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਤੇਰੀ ਨੀਂਹ ਰੱਖੀ, ਚੋਟੀਆਂ ਦਏ ਬਣਾਈਆ । ਉਹ ਸੱਤਰਾਂ ਇਕੋ ਗੱਲ ਦੇਵੇ ਦੱਸੀਂ, ਅੱਛੀ ਤਰ੍ਹਾ ਸਮਝਾਈਆ । ਇਕ ਇਕ ਇੱਟ ਚੁੱਕੋ ਹੱਥੀਂ, ਮੰਜ਼ਲ ਉਤੋਂ ਅਗਲੀ ਮੰਜ਼ਲ ਪੁਚਾਈਆ । ਜਿਸ ਮੰਜ਼ਲ ਵਿਚ ਬਹੇ ਪੁਰਖ ਸਮਰਥੀ, ਸਾਹਿਬ ਸਤਿਗੁਰ ਸੋਭਾ ਪਾਈਆ । ਚਾਰ ਕੁੰਟ ਚਾਰ ਜੁਗ ਵੇਖਣ ਅੱਖੀ, ਨੇਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੈਨੂੰ ਉਚ ਮਨਾਰੇ ਦਏ ਚੜ੍ਹਾਈਆ । ਇੱਟ ਕਹੇ ਉਚੀ ਚੜ੍ਹ ਨਾ ਆਵੇ ਹੰਕਾਰ, ਗਲ ਪੱਲੂ ਵਾਸਤਾ ਪਾਈਆ । ਕੀ ਕਿਹਾ ਰਵਦਾਸ ਚਮਿਆਰ, ਕਿਉਂ ਦਿਤੀ ਵਡਿਆਈਆ । ਆਪ ਗ਼ਰੀਬ ਹੋ ਕੇ ਰਿਹੋਂ ਵਕਤ ਗੁਜ਼ਾਰ, ਨਿਉਂ ਨਿਉਂ ਸਭ ਨੂੰ ਸੀਸ ਝੁਕਾਈਆ । ਮੈਨੂੰ ਕਿਹੜੀ ਚੋਟੀ ਦਿਤਾ ਚਾੜ੍ਹ, ਮੇਰਾ ਪ੍ਰਭ ਭੁਲਾਈਆ । ਮੈਨੂੰ ਅੱਗ ਲੱਗੀ ਨਾੜ ਨਾੜ, ਰੋ ਕੇ ਦਿਆਂ ਦੁਹਾਈਆ । ਮੈਨੂੰ ਸੱਥਰ ਚੰਗਾ ਯਾਰ, ਸੋਹਣੀ ਸੇਜ ਸੁਹਾਈਆ । ਮੇਰੀ ਸੁਣ ਪੁਕਾਰ, ਦੋਏ ਜੋੜ ਵਾਸਤਾ ਪਾਈਆ । ਮੈਂ ਸੇਵਾ ਕਰਾਂ ਦਰ ਦਵਾਰ, ਭੁੱਖੀ ਨੰਗੀ ਰਹਿ ਕੇ ਝੱਟ ਲੰਘਾਈਆ । ਤੇਰੇ ਵਰਗਾ ਮੈਨੂੰ ਤੇਰੇ ਕੋਲੋਂ ਮਿਲੇ ਪਿਆਰ, ਪ੍ਰੀਤਮ ਤੇਰਾ ਨਜ਼ਰੀ ਆਈਆ । ਦੂਜਾ ਹੰਢੌਣਾ ਨਹੀਂ ਕੋਈ ਯਾਰ, ਸੇਜ ਕੰਤ ਨਾ ਕੋਇ ਚੜ੍ਹਾਈਆ । ਮੈਂ ਅੰਗ ਨਹੀਂ ਛੁਹਾਉਣਾ ਕਿਸੇ ਨਾਲ, ਪੱਲੂ ਸਕੇ ਨਾ ਕੋਇ ਗੰਢਾਈਆ । ਮੈਂ ਕਰਦੀ ਰਹਿਵਾਂ ਭਾਲ, ਨਿਤ ਨਵਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵੇ ਮਾਣ ਵਡਿਆਈਆ । ਰਵਦਾਸ ਕਿਹਾ ਤੂੰ ਕਿਹਾ ਸਤਿ, ਸਤਿ ਸਤਿ ਸਮਝਾਇੰਦਾ । ਤੇਰੇ ਮੇਰੇ ਕੁਛ ਨਹੀਂ ਵਸ, ਤੇਰਾ ਮੇਰਾ ਰੂਪ ਸਿਫ਼ਰਾ ਨਜ਼ਰੀ ਆਇੰਦਾ । ਜੇ ਅੱਗੇ ਵੇਖੇਂ ਖੋਲ੍ਹ ਕੇ ਅੱਖ, ਸਾਤਾ ਸਿਫ਼ਰਾ ਸੱਤਰ ਅੰਕ ਬਣਾਇੰਦਾ । ਸੱਤਰਾਂ ਅੱਗੇ ਗੋਬਿੰਦ ਪਰਤੱਖ, ਰੂਪ ਅਨੂਪ ਧਰਾਇੰਦਾ । ਧਾਰ ਕਿਨਾਰਾ ਸੋਹੇ ਤਟ, ਜਲ ਧਾਰਾ ਵਹਿਣ ਵਹਾਇੰਦਾ । ਓਸ ਵੇਲੇ ਦੇਵੇ ਹੱਕ, ਸਾਤਾ ਸਿਫ਼ਰ ਨਾਲ

੫੨੯
੧੯

ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਬਣਾਇੰਦਾ । ਇੱਟ ਕਹੇ ਕੀ ਸੱਤ ਸਿਫ਼ਰਾ ਹੋਏ ਸੱਤਰ, ਅੰਕ ਅੰਕ ਨਾਲ ਮਿਲਾਈਆ । ਰਵਦਾਸ ਕਹੇ ਨਹੀਂ ਇਹ ਧੁਰ ਦਾ ਪੱਤਰ, ਸ੍ਰੀ ਭਗਵਾਨ ਸੰਦੇਸਾ ਰਿਹਾ ਸੁਣਾਈਆ । ਮੈਂ ਪੜ੍ਹਿਆ ਨਹੀਂ ਕੋਈ ਅੱਖਰ, ਹੱਥ ਕਿਤਾਬ ਨਾ ਕੋਇ ਉਠਾਈਆ । ਮੈਂ ਚਮਿਆਰ ਭੁੱਖਾ ਨੰਗੜ, ਆਰ ਰੰਬੀ ਡੋਰੀ ਨਾਲ ਝੱਟ ਲੰਘਾਈਆ । ਬਾਤ ਦਾ ਕਦੇ ਨਾ ਬਣਾਵਾਂ ਬਤੰਗੜ, ਬਾਤਨ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਇੱਟ ਕਹੇ ਮੈਂ ਸੱਤ ਨਾਲ ਸਿਫ਼ਰ, ਕਿਸ ਬਿਧ ਜੋੜ ਜੁੜਾਈਆ । ਮੈਨੂੰ ਲੱਗਾ ਫਿਕਰ, ਕਵਣ ਵੰਡ ਵੰਡਾਈਆ । ਕਦੇ ਚੋਟੀ ਚੜ੍ਹਾਂ ਸਿਖਰ, ਕਦੇ ਨੀਹਾਂ ਹੇਠ ਰਖਾਈਆ । ਮੇਰੇ ਉਤੇ ਕਦੀ ਪੈਰ ਨਾ ਧਰਿਆ ਤੇਰੇ ਮਿੱਤਰ, ਚਰਨ ਕਵਲ ਨਾ ਕੋਇ ਛੁਹਾਈਆ । ਮੈਂ ਖ਼ੁਸ਼ੀਆਂ ਨਾਲ ਚੁੰਮਾਂ ਭਾਵੇਂ ਉਹਦੇ ਟੁੱਟੇ ਹੋਵਣ ਛਿੱਤਰ, ਰਸਨਾ ਮੁਖ ਭੋਗ ਲਗਾਈਆ । ਕੋਟਨ ਜੁਗ ਬੀਤੇ ਮੈਂ ਵੇਂਹਦੀ ਰਹੀ ਬਿਤਰ ਬਿਤਰ, ਕਿਸੇ ਤਟ ਕਿਨਾਰਿਉਂ ਨਜ਼ਰ ਮੈਨੂੰ ਨਾ ਆਈਆ । ਕਾਗ਼ਜ਼ਾਂ ਕਲਮਾਂ ਛਾਹੀਆਂ ਨਾਲ ਕਰਦੇ ਸਾਰੇ ਜ਼ਿਕਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਢੋਲੇ ਗਾਈਆ । ਜਿੰਨਾਂ ਚਿਰ ਮੇਰੇ ਸਾਮਣ੍ਹੇ ਨਾ ਆਵੇ ਨਿਖਰ, ਆਪਣਾ ਰੂਪ ਵਟਾਈਆ । ਓਨਾਂ ਚਿਰ ਮੈਂ ਸਮਝਾਂ ਮੇਰੇ ਉਤੇ ਲਾਇਆ ਸੋਨਾ ਚਾਂਦੀ ਕਿਸੇ ਕੰਮ ਨਾ ਆਵੇ ਪਿੱਤਲ, ਮੀਨਾਕਾਰੀ ਕੀਮਤ ਕੋਇ ਨਾ ਪਾਈਆ । ਬੇਸ਼ਕ ਸਿਕਲੀਗਰ ਕਰਨ ਸਿਕਲ, ਠਠਿਆਰ ਸੁਨਿਆਰ ਸੋਹਣੀ ਘੜਤ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਸੁਣ ਬਾਤ ਅਗਲੀ, ਅੱਛੀ ਤਰ੍ਹਾ ਜਣਾਈਆ । ਥੋੜੀ ਮਤ ਬਣੀਂ ਨਾ ਪਗਲੀ, ਬਵਲ ਰੂਪ ਵਟਾਈਆ । ਸ੍ਰੀ ਭਗਵਾਨ ਸਭ ਦੀ ਵੇਖਣਹਾਰਾ ਬਗਲੀ, ਵਸਤ ਅਮੋਲਕ ਸਦ ਵਰਤਾਈਆ । ਚਲ ਕੇ ਆਵੇ ਮਜ਼ਲੋ ਮਜ਼ਲੀ, ਮੰਜ਼ਲ ਪੰਧ ਮੁਕਾਈਆ । ਤੇਰਾ ਲਹਿਣਾ ਦੇਣਾ ਕਰੇ ਬਦਲੀ, ਬਦਲਾ ਮਾਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਇੱਟ ਕਹੇ ਮੇਰੀ ਅਰਦਾਸ, ਅਟੱਲ ਅੱਗੇ ਸਰਨਾਈਆ । ਮੈਂ ਬਣ ਕੇ ਦਾਸੀ ਦਾਸ, ਸੇਵਕਾ ਸੇਵਕ ਰੂਪ ਵਟਾਈਆ । ਪ੍ਰਭ ਪੂਰੀ ਕਰੇ ਆਸ, ਤ੍ਰਿਸਨਾ ਤ੍ਰਿਖਾ ਜਗਤ ਬੁਝਾਈਆ । ਮੇਰਾ ਕਾਰਜ ਆਵੇ ਰਾਸ, ਮੇਰੀ ਕਰਨੀ ਲੇਖੇ ਲਾਈਆ । ਮੇਰਾ ਅੰਤਰ ਨਾ ਹੋਏ ਉਦਾਸ, ਬਸੰਤਰ ਦਏ ਬੁਝਾਈਆ । ਸਦ ਰੱਖੇ ਚਰਨਾਂ ਪਾਸ, ਧੂੜੀ ਟਿੱਕਾ ਲਾਈਆ । ਦਰ ਦਵਾਰ ਦੇਵੇ ਨਿਵਾਸ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਰਵਦਾਸ ਕਹੇ ਪ੍ਰਭ ਸਤਿ ਸਤਿਵਾਦੀ ਮੀਤ, ਸੱਤਰ ਦਏ ਵਡਿਆਈਆ । ਭਗਤਾਂ ਨਾਲ ਤੇਰੀ ਪ੍ਰੀਤ, ਸਾਤਾ ਸਿਫ਼ਰਾ ਜੋੜ ਜੁੜਾਈਆ । ਸਰਬ ਸੰਗਤ ਪ੍ਰਭ ਕੋਲੋਂ ਮੰਗੇ ਭੀਖ, ਸਾਡੀ ਸੇਵਾ ਦੇ ਸਮਝਾਈਆ । ਸ੍ਰੀ ਭਗਵਾਨ ਹੋ ਅਤੀਤ, ਤ੍ਰੈਭਵਨ ਧਨੀ ਦਿਤਾ ਦ੍ਰਿੜਾਈਆ । ਮੈਂ ਤੇਰਾ ਕਾਰਜ ਕਰਾਂ ਠੀਕ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿ ਸਤਿਵਾਦੀ ਸੱਤਰਾਂ ਵੰਡ, ਸੱਤਰ ਸੱਤਰ ਤੇਰੀ ਧਾਰ ਬਣਾਈਆ । ਜਨ ਭਗਤਾਂ ਪੱਲਿਉਂ ਖੋਲ੍ਹ ਕੇ ਗੰਢ, ਤੇਰੀ ਕੀਮਤ ਦਿਤੀ ਮੁਕਾਈਆ । ਨਾਤਾ ਭਗਤ ਦਵਾਰੇ ਗੰਢ, ਸੋਹਣੀ ਸੇਜ ਸੁਹਾਈਆ । ਚਲਦਿਆਂ ਫਿਰਦਿਆਂ ਪ੍ਰਭ ਪੌਂਦਾ ਜਾਏ ਠੰਡ, ਸਤਿਗੁਰ ਦੁੱਖ

ਮਿਟਾਈਆ । ਗੁਰਮੁਖ ਤੇਰੇ ਉਤੇ ਢੋਲੇ ਗਾਵਣ ਛੰਦ, ਸੋਹਣਾ ਰਾਗ ਅਲਾਈਆ । ਤੇਰੀ ਸੇਵਾ ਲਾਈ ਸਾਹਿਬ ਬਖ਼ਸ਼ੰਦ, ਬਖ਼ਸ਼ਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਟ ਕਹੇ ਮੈਂ ਮਨਾਰਾ ਵੇਖਿਆ ਅਰਸ਼, ਜਿਸ ਉਤੇ ਦਿਤਾ ਲਗਾਈਆ । ਧੰਨ ਭਾਗ ਅਰਸ਼ ਚਾੜ੍ਹ ਕੇ ਫੇਰ ਲਿਆਂਦਾ ਫ਼ਰਸ਼, ਮੇਰਾ ਮਾਣ ਅਭਿਮਾਨ ਮਿਟਾਈਆ । ਜਨ ਭਗਤਾਂ ਰਲ ਕੇ ਕੀਤਾ ਤਰਸ, ਸਾਰਿਆਂ ਕੱਠਿਆਂ ਹੋ ਕੇ ਤੇਰਾ ਪਿਛਲਾ ਲਹਿਣਾ ਦਿਤਾ ਮੁਕਾਈਆ । ਰਵਦਾਸ ਰਹਿਣ ਨਾ ਦਿਤਾ ਫ਼ਰਕ, ਸੋਹਣਾ ਅੱਖਰਾਂ ਲੇਖ ਲਿਖਾਈਆ । ਭੁੱਲਿਆਂ ਨਹੀਂ ਲਾ ਕੇ ਸ਼ਰਤ, ਲੱਗੀ ਤੋੜ ਨਿਭਾਈਆ । ਮੈਂ ਹੁਣ ਨਹੀਂ ਹੋਣਾ ਗ਼ਰਕ, ਆਪਣਾ ਰੂਪ ਵਟਾਈਆ । ਸਿਧੀ ਬਣਾਈ ਸਚਖੰਡ ਦੀ ਸੜਕ, ਗੁਰਮੁਖ ਮੇਰੇ ਉਤੇ ਆਵਣ ਜਾਵਣ ਚਾਈਂ ਚਾਈਆ । ਮੈਂ ਸੇਵਾ ਕਰਾਂ ਨਧੜਕ, ਛਾਤੀ ਆਪਣੀ ਹੇਠ ਵਿਛਾਈਆ । ਸਚ ਦੱਸ ਰਵਦਾਸ ਜੇ ਕੋਈ ਰਹਿ ਗਈ ਰੜਕ, ਮੈਂ ਉਹ ਵੀ ਝੋਲੀ ਪਾਈਆ । ਰਵਦਾਸ ਕਿਹਾ ਅੱਜੇ ਥੋੜਾ ਫਰਕ, ਜੋ ਤੈਨੂੰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਇੱਟ ਕਹੇ ਫ਼ਰਕ ਕਿਹੜਾ, ਅੱਛੀ ਤਰ੍ਹਾਂ ਦੇ ਜਣਾਈਆ । ਮੈਂ ਸੋਹਣਾ ਕੀਤਾ ਵਿਹੜਾ, ਆਪਣੀ ਸੇਵ ਕਮਾਈਆ । ਚੰਗਾ ਲੱਗੇ ਭਗਤਾਂ ਖੇੜਾ, ਰੂਪ ਅਨੂਪ ਜਣਾਈਆ । ਓਥੇ ਸਾਹਿਬ ਲਾਇਆ ਡੇਰਾ, ਅੱਗੇ ਪਿਛੇ ਸੋਭਾ ਪਾਈਆ । ਚਾਰੋਂ ਕੁੰਟ ਘਤ ਕੇ ਘੇਰਾ, ਮੈਂ ਪਰਦਾ ਲਿਆ ਬਣਾਈਆ । ਜਿਸ ਵਿਚ ਰਾਜੇ ਬਲ ਦਾ ਬੱਧਾ ਵਛੇਰਾ, ਗੋਬਿੰਦ ਅਸਵ ਰਿਹਾ ਸੁਹਾਈਆ । ਹਾਸਾ ਮਖ਼ੌਲ ਨਹੀਂ ਬਖੇੜਾ, ਮੈਂ ਬੀਤੀ ਕਹਾਣੀ ਰਹੀ ਸੁਣਾਈਆ । ਜੂਠਿਆਂ ਝੂਠਿਆਂ ਸਾਧਾਂ ਦਾ ਨਹੀਂ ਡੇਰਾ, ਡੇਰੇ ਵਾਲਾ ਇਕੋ ਨਜ਼ਰੀ ਆਈਆ । ਉਸ ਦੇ ਨਾਲ ਕਾਹਦਾ ਕਰਾਂ ਝੇੜਾ, ਜੋ ਬਿਨ ਝਗੜਿਉਂ ਝਗੜੇ ਰਿਹਾ ਚੁਕਾਈਆ । ਜਿਹੜਾ ਓਥੇ ਜਾਵੇ ਓਨੂੰ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਰੂਪ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਕੱਟੇ ਗੇੜਾ, ਆਪਣੀ ਗੋਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਇੱਟ ਕਹੇ ਕੀ ਰਿਹਾ ਫ਼ਰਕ, ਮੈਨੂੰ ਸਮਝ ਕੋਇ ਨਾ ਆਈਆ । ਰਵਦਾਸ ਕਿਹਾ ਮੈਨੂੰ ਵੇਖ ਕੇ ਆਵੇ ਹਰਖ਼, ਤੈਨੂੰ ਦਿਆਂ ਜਣਾਈਆ । ਸ੍ਰੀ ਭਗਵਾਨ ਲੇਖਾ ਲਿਖਿਆ ਲੇਖ ਨਧੜਕ, ਹਰਿਸੰਗਤ ਦਿਤੀ ਵਡਿਆਈਆ । ਜੋ ਗੁਰਮੁਖ ਦਰਵਾਜ਼ਾ ਲੰਘ ਕੇ ਪਵੇ ਸੜਕ, ਸੀਸ ਨਿਵਾ ਕੇ ਸਿਧਾ ਅੰਦਰ ਜਾਈਆ । ਇਸ ਵਿਚ ਥੋੜੀ ਰੜਕ, ਤੇਰੇ ਉਤੇ ਚਲਣ ਵਾਲਾ ਭੁੱਲ ਭੁੱਲ ਭੁੱਲ ਕਿਉਂ ਮੁਖ ਭਵਾਈਆ । ਇੱਟ ਕਹੇ ਮੈਂ ਜ਼ਰੂਰ ਦੇਵੂੰ ਵਰਜ਼, ਜਿਸ ਵੇਲੇ ਗੁਰਮੁਖ ਮੇਰੇ ਉਤੇ ਚਰਨ ਟਿਕਾਈਆ । ਅੰਦਰੋਂ ਬੋਲੂੰ ਕੂਕ ਗਰਜ਼, ਕਰੂੰ ਹਾਲ ਦੁਹਾਈਆ । ਓ ਭਗਤੋ ਗੁਰਮਖੋ ਗੁਰਸਿਖੋ ਕੂੜੀ ਕਿਰਿਆ ਕਰੋ ਗ਼ਰਕ, ਸੱਚਾ ਮਾਰਗ ਇਕ ਵਖਾਈਆ । ਜਿਸ ਦਵਾਰੇ ਜਾ ਕੇ ਲੋਕਮਾਤ ਕੋਈ ਨਾ ਆਵੇ ਪਰਤ, ਉਸ ਨੂੰ ਸਿਧੇ ਮਿਲੋ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਇੱਟ ਕਹੇ ਰਵਦਾਸ ਇਹ ਕੌਣ, ਜੋ ਮੈਨੂੰ ਫੜ ਕੇ ਤੇਰੇ ਕੋਲ ਲਿਆਈਆ । ਜਿਸ ਮੇਰੀ ਮਰੋੜੀ ਧੌਣ, ਪੰਜਾ ਉਂਗਲਾਂ ਵਿਚ ਫਸਾਈਆ । ਮੇਰੇ ਨੇਤਰ ਚਾਰੇ ਕੁੰਟ ਭੌਣ, ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦੇਣਾ ਸਮਝਾਈਆ । ਰਵਦਾਸ ਕਿਹਾ ਇਹ ਮੇਰਾ ਸੰਗੀ, ਜਗਤ ਯਾਰ

੫੩੨
੧੯

ਅਖਵਾਇੰਦਾ । ਕਦੀ ਕਦੀ ਗੱਲ ਕਰੇ ਚੰਗੀ, ਕੁਛ ਮੈਥੋਂ ਪੁੱਛ ਪੁਛਾਇੰਦਾ । ਤੂੰ ਕਿਵੇਂ ਝੱਟ ਲੰਘੌਨਾ ਏਂ ਨਾਲ ਆਰ ਰੰਬੀ, ਡੋਰੀ ਤੰਦ ਰਖਾਈਆ । ਤੇਰੀ ਹਾਲਤ ਸਦਾ ਰਹੇ ਮੰਦੀ, ਬਸਤਰ ਤਨ ਨਾ ਕੋਇ ਛੁਹਾਈਆ । ਮੈਂ ਹੱਸ ਕੇ ਕਹਿ ਛੱਡਦਾ ਯਾਰ ਇਹੋ ਗੱਲ ਚੰਗੀ, ਜੋ ਸਾਹਿਬ ਮੇਰੇ ਭਾਈਆ । ਓਸ ਕਿਹਾ ਵੇਖ ਰਵਦਾਸ ਮੈਂ ਤੇਰਾ ਸੱਜਣ ਤੂੰ ਇੱਟ ਮੈਥੋਂ ਮੰਗੀ, ਮੈਂ ਓਸੇ ਵੇਲੇ ਚੁੱਕ ਲਿਆਈਆ । ਜੇ ਪਰਮਾਤਮਾ ਤੇਰਾ ਸੰਗੀ, ਕਿਉਂ ਭੁੱਖ ਨੰਗ ਤੇਰੀ ਝੋਲੀ ਪਾਈਆ । ਰਵਦਾਸ ਕਿਹਾ ਮੇਰੀ ਬੰਦਗੀ ਵਿਚੋਂ ਥੋੜੀ ਬੰਦਗੀ ਬੰਦੀ, ਬੰਦਨਾ ਕਰ ਕੇ ਆਪਣਾ ਸਾਹਿਬ ਰਿਹਾ ਰੀਝਾਈਆ । ਕਦੀ ਦੇਵੇਗਾ ਬਸਤਰ ਸੇਜਾ ਸੌਣ ਨੂੰ ਮੰਜੀ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮਿੱਤਰ ਕਹੇ ਰਵਦਾਸ ਤੇਰੀ ਚੰਗੀ ਨਾਰ, ਘਰ ਗਿਆਂ ਨਾ ਕਰੇ ਲੜਾਈਆ । ਅੱਠੀਂ ਅੱਠੀਂ ਪਹਿਰੀਂ ਭੋਜਨ ਰਿਹਾ ਖਵਾਲ, ਦੋ ਦੋ ਦਿਨ ਫ਼ਾਕੇ ਵਿਚ ਲੰਘਾਈਆ । ਏਹਦੂੰ ਵੱਡਾ ਦੱਸ ਕਿਹੜਾ ਕੰਗਾਲ, ਦੁਖੀਆ ਦੇ ਸਮਝਾਈਆ । ਰਵਦਾਸ ਕਿਹਾ ਹੱਸ ਕੇ ਯਾਰ, ਤੂੰ ਸੱਚੀ ਸਚ ਸੁਣਾਈਆ । ਤੈਨੂੰ ਮੇਰੇ ਘਰ ਦਾ ਆਇਆ ਪਿਆਰ, ਪ੍ਰੇਮ ਪ੍ਰੇਮ ਨਾਲ ਵਧਾਈਆ । ਜੇ ਮੇਰੀ ਨਾਰ ਬਦਲੇ ਵੇਹਨੌਂ ਮੇਰਾ ਯਾਰ, ਜਿਸ ਯਾਰੀ ਤੇਰੇ ਨਾਲ ਲਗਾਈਆ । ਜਿਸ ਦਾ ਮੈਂ ਅਨਮੁਲੜਾ ਲਾਲ, ਕਾਇਆ ਚੀਥੜ ਵਿਚ ਛੁਪਾਈਆ । ਅੱਗੋਂ ਸੱਜਣ ਕਿਹਾ ਪੁਕਾਰ, ਇਕ ਆਵਾਜ਼ ਸੁਣਾਈਆ । ਮੈਂ ਨਹੀਂ ਭੁਖਿਆਂ ਨੰਗਿਆਂ ਦਾ ਕਰਦਾ ਪਿਆਰ, ਤੇਰਾ ਪ੍ਰਭ ਭੁੱਖਾ ਮੈਨੂੰ ਕਿਵੇਂ ਦਏ ਰਜਾਈਆ । ਰਵਦਾਸ ਕਿਹਾ ਉਠ ਵੇਖ ਕਰ ਧਿਆਨ, ਤੈਨੂੰ ਦਿਆਂ ਸਮਝਾਈਆ । ਇੱਟ ਫੜ ਕੇ ਹੱਥ ਦਿਤੀ ਉਛਾਲ, ਚਾਰੋਂ ਕੁੰਟ ਸਵਰਨ ਰੂਪ ਵਟਾਈਆ । ਫੇਰ ਕਹੇ ਇਕ ਵਾਰ ਮੈਨੂੰ ਵਖਾਲ, ਮੈਂ ਲੈ ਕੇ ਭੱਜਾਂ ਵਾਹੋ ਦਾਹੀਆ । ਤੂੰ ਕੀ ਕਰਨੀ ਇਹ ਕੰਗਾਲ, ਤੇਰੇ ਕੰਮ ਕਿਸੇ ਨਾ ਆਈਆ । ਰਵਦਾਸ ਮਿੱਤਰ ਕਰ ਕੇ ਹੌਲੀ ਜਿਹੀ ਚਪੇੜ ਦਿਤੀ ਮਾਰ, ਸੁਰਤੀ ਸੁਰਤ ਭਵਾਈਆ । ਦੋਏ ਜੋੜ ਕਰ ਨਿਮਸਕਾਰ, ਅਰਜ਼ ਇਕ ਸੁਣਾਈਆ । ਮੈਨੂੰ ਬਖ਼ਸ਼ ਬਖ਼ਸ਼ਣਹਾਰ, ਭੁੱਲ ਮੇਰੀ ਝੋਲੀ ਪਾਈਆ । ਰਵਦਾਸ ਕਿਹਾ ਮੇਰਾ ਤੇਰੇ ਨਾਲ ਉਧਾਰ, ਬਖ਼ਸ਼ਣਹਾਰਾ ਮੇਰਾ ਇਕੋ ਮਾਹੀਆ । ਤੂੰ ਮੇਰੀ ਨਾਰ ਵਲ ਕਰ ਧਿਆਨ ਦਿਤੀ ਵਿਚਾਰ, ਅੰਤਸ਼ਕਰਨ ਆਪਣਾ ਆਪ ਬਦਲਾਈਆ । ਇਸ ਕਾਰਨ ਤੈਨੂੰ ਜਾਮਾ ਲੈਣਾ ਪਏ ਵਿਚ ਸੰਸਾਰ, ਲੋਕਮਾਤ ਫੇਰਾ ਪਾਈਆ । ਜਿਸ ਵੇਲੇ ਮੇਰਾ ਆਵੇ ਸਿਰਜਣਹਾਰ, ਤੇਰਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮਿੱਤਰ ਕਹੇ ਸਚ ਸਮਝਾ, ਆਪਣੀ ਸਮਝ ਜਣਾਈਆ । ਕੀ ਤੂੰ ਵੀ ਫੇਰ ਜਾਵੇਗਾ ਆ, ਮੇਰਾ ਸੰਗ ਰਖਾਈਆ । ਰਵਦਾਸ ਕਿਹਾ ਸੁਣ ਭਰਾ, ਤੈਨੂੰ ਦਿਆਂ ਸਮਝਾਈਆ । ਤੇਰਾ ਜਾਮਾ ਨਾਰੀ ਰੂਪ ਲਏ ਬਦਲਾ, ਇਸਤਰੀ ਜਾਤੀ ਵਿਚ ਸਮਾਈਆ । ਘਰ ਗ਼ਰੀਬਾਂ ਜਨਮ ਦਵਾ, ਗ਼ਰੀਬਾਂ ਵਿਚੋਂ ਗ਼ਰੀਬੀ ਦੇਵਾਂ ਕਢਾਈਆ । ਓਧਰੋਂ ਇੱਟ ਰਹੀ ਸੁਣਾ, ਸੁਣ ਸਾਹਿਬ ਸੱਚੇ ਮਾਹੀਆ । ਮੈਂ ਤੇਰੇ ਗੁਟਣੇ ਦਾ ਸਰਹਾਣਾ ਰਹੀ ਬਣਾ, ਸਿਰ ਆਪਣੇ ਭਾਰ ਉਠਾਈਆ । ਮੇਰਾ ਨਾਤਾ ਨਾ ਦਈਂ ਤੁੜਾ, ਭੁੱਲ ਨਾ ਜਾਵੀਂ ਅਭੁੱਲ ਤੇਰੀ ਵਡਿਆਈਆ । ਰਵਦਾਸ ਕਿਹਾ ਪੁਰਖ ਅਕਾਲ ਵਿਚੋਲਾ ਲਵਾਂ ਬਣਾ, ਸਚ ਸੱਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਇੱਟ ਕਹੇ ਦੱਸ ਵਿਚੋਲਾ, ਕਿਸ ਬਿਧ ਤੇਰੇ ਯਾਰ ਨਾਲ ਮਿਲਾਈਆ ।

ਇਸ ਵਿਚ ਨਹੀਂ ਕੋਈ ਓਹਲਾ, ਪਰਦਾ ਦੇ ਸਮਝਾਈਆ । ਓਨੇ ਚਿਰ ਨੂੰ ਚਾਰ ਕਹਾਰ ਚੁੱਕੀ ਆਉਣ ਡੋਲਾ, ਆਪਣੇ ਕੰਧ ਉਠਾਈਆ । ਓਥੇ ਆ ਕੇ ਕਿਹਾ ਭਾਰ ਕਰੀਏ ਹੌਲਾ, ਪਿਛਲੀ ਵਾਟ ਮੁਕਾਈਆ । ਇਕ ਕਿਹਾ ਰਵਦਾਸ ਕੋਲੋਂ ਗੰਢਾ ਲਈਏ ਪੌਲਾ, ਪਾਹਣੀ ਅੱਗੇ ਟਿਕਾਈਆ । ਦੂਜਾ ਕਹੇ ਸਾਡੀ ਸਾਰ ਪਾਏ ਮੌਲਾ, ਮਿਹਰ ਨਜ਼ਰ ਉਠਾਈਆ । ਤੀਜਾ ਕਹੇ ਰਵਦਾਸ ਦਾ ਬਠਲ ਵੇਖੋ ਕੌਲਾ, ਚੰਮ ਵਾਲਾ ਪਾਣੀ ਨਜ਼ਰੀ ਆਈਆ । ਚੌਥਾ ਕਹੇ ਜੇ ਕੋਈ ਸਾਡਾ ਵੀ ਹੁੰਦਾ ਵਿਚੋਲਾ, ਸਾਚਾ ਮੇਲਾ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਪਾਣਾ ਗੰਢ ਰਵਦਾਸ ਪੁਛੇ, ਸੋਹਣੀ ਆਵਾਜ ਲਗਾਈਆ । ਹੁਣ ਤੁਸਾਂ ਜਾਣਾ ਕਿਥੇ, ਕਿਹੜਾ ਰਾਹ ਤਕਾਈਆ । ਭਾਰ ਚੁਕਦੇ ਸਾਰੇ ਹੋਏ ਛਿਥੇ, ਥੱਕੇ ਹੋਏ ਸੁਣਾਈਆ । ਇਹ ਬੀਬੀ ਰਾਣੀ ਡੋਲੀ ਵਿਚ ਬੈਠੀ ਪਾ ਕੇ ਲੀੜੇ ਚਿੱਟੇ, ਭਾਰ ਸਾਡੇ ਉਤੇ ਰਖਾਈਆ । ਜੇ ਅਸੀਂ ਵੀ ਕੁੜੀਆਂ ਬਣ ਦੇ ਹੁੰਦੇ ਕਿਤੇ, ਪੰਧ ਕੱਟਦੇ ਨਾ ਬਣ ਕੇ ਰਾਹੀਆ । ਸਾਡੇ ਵੀ ਮੱਥੀਂ ਸੋਹਦੇ ਟਿੱਕੇ, ਨੱਕ ਨੱਥ ਸੁਹਾਗ ਸੁਹਾਈਆ । ਸਾਡੇ ਲੇਖ ਪ੍ਰਭੂ ਨੇ ਕਿਹੋ ਜਿਹੇ ਲਿਖੇ, ਭਾਰ ਚੁੱਕ ਕੇ ਭੱਜੀਏ ਵਾਹੋ ਦਾਹੀਆ । ਜੇ ਕਿਤੇ ਸਾਨੂੰ ਹੁਣ ਦਿਸੇ, ਪੁੱਛੀਏ ਕਾਹਨੂੰ ਜਨਮ ਦਿਤਾ ਦਵਾਈਆ । ਸਾਡੇ ਕੀ ਕੁਛ ਆਇਆ ਹਿੱਸੇ, ਕਿਹੜੀ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਵਖਾਈਆ । ਰਵਦਾਸ ਹੌਲੀ ਹੌਲੀ ਸੁਣਦਾ ਰਿਹਾ ਕੰਨ, ਅੰਦਰੋਂ ਧਿਆਨ ਲਗਾਈਆ । ਓ ਵੀਰੋ ਭਰਾਵੋ ਖਬਰੇ ਮੇਰਾ ਸਾਹਿਬ ਜਾਵੇ ਮੰਨ, ਤੁਹਾਡੀ ਆਸਾ ਪੂਰ ਕਰਾਈਆ । ਹੁਣ ਨਹੀਂ ਫੇਰ ਬਦਲ ਦਏ ਤਨ, ਪੰਜ ਤਤ ਸੋਭਾ ਪਾਈਆ । ਤੁਹਾਡਾ ਪਿਛਲਾ ਨਿਕਲੇ ਜਨ, ਅੱਗੇ ਭੇਵ ਸਮਝਾਈਆ । ਤੁਸੀਂ ਹੁਣ ਵੀ ਕਹੋ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਸਭ ਦਾ ਬੇੜਾ ਰਿਹਾ ਬੰਨ੍ਹ, ਜੁਗ ਜੁਗ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਅਖਵਾਈਆ । ਚਾਰੇ ਕਹਿਣ ਛੱਡ ਯਾਰ, ਚਮਿਆਰ ਗੱਲਾਂ ਨਾਲ ਸਮਝਾਈਆ । ਇਹਨੂੰ ਮਤਲਬ ਸਾਨੂੰ ਪੈਸੇ ਦੇ ਦੇਣ ਹੋਰ ਚਾਰ, ਆਪਣੀ ਗੰਢ ਰਿਹਾ ਵਧਾਈਆ । ਦੂਜਾ ਆਖੇ ਇਹਦੇ ਆਖੇ ਅਸੀਂ ਕਿਸ ਤਰ੍ਹਾਂ ਬਣੀਏ ਨਾਰ, ਝੂਠੀਆਂ ਗੱਲਾਂ ਰਿਹਾ ਸਮਝਾਈਆ । ਤੀਜਾ ਕਹੇ ਕਮਲਾ ਜਿਹਾ ਚਮਿਆਰ, ਜੁੱਤੀਆਂ ਗੰਢ ਕੇ ਝੱਟ ਲੰਘਾਈਆ । ਚੌਥਾ ਕਹੇ ਸੁਣੋਂ ਨਾਲ ਧਿਆਨ, ਮੈਂ ਸਚ ਦਿਆਂ ਸਮਝਾਈਆ । ਮੈਨੂੰ ਇਹਦੇ ਥੱਲਿਉਂ ਨਜ਼ਰੀ ਆਏ ਲਾਲ, ਅਨਮੁਲੜੇ ਰੂਪ ਵਖਾਈਆ । ਪਹਿਲਾ ਕਹੇ ਇਹ ਚੰਮ ਲਾਹੀ ਖਾਲ, ਰੰਬੀਆਂ ਨਾਲ ਟੋਟੇ ਰਿਹਾ ਕਰਾਈਆ । ਦੂਜਾ ਕਹੇ ਕਿਸੇ ਢੋਰ ਦੇ ਚਮਕਣ ਵਾਲ, ਬੂਰੇ ਰੰਗ ਦਾ ਸੰਢਾ ਫੜ ਲਿਆਈਆ । ਤੀਜਾ ਕਹੇ ਇਹਦੀ ਕੋਈ ਠੱਗਾਂ ਵਾਲੀ ਚਾਲ, ਆਉਂਦਿਆਂ ਜਾਂਦਿਆਂ ਰਾਹੀਆਂ ਰਿਹਾ ਭਰਮਾਈਆ । ਚੌਥਾ ਕਹੇ ਨਹੀਂ ਓਏ ਕੁਛ ਕਰੋ ਖ਼ਿਆਲ, ਇਸ ਦੇ ਮਸਤਕ ਨੂਰ ਨਜ਼ਰੀ ਆਈਆ । ਓਨੇ ਚਿਰ ਨੂੰ ਆਇਆ ਜਵਾਨ ਬਨਾਰਸ ਬੇਟਾ, ਸੋਹਣਾ ਸੰਗ ਬਣਾਈਆ । ਨੇੜੇ ਆ ਕੇ ਧੋਤੀ ਲਾਹ ਕੇ ਲੇਟਾ, ਆਪਣੀ ਲੈ ਅੰਗੜਾਈਆ । ਫੇਰ ਆਇਆ ਚੇਤਾ, ਮੇਰੀ ਜੁੱਤੀ ਗੰਢਣ ਵਾਲੀ ਗੰਢ ਲਵਾਂ ਪਵਾਈਆ । ਉਠ ਕੇ ਜਾ ਕੇ ਰਵਦਾਸ ਵੇਖਾ, ਚਮਿਆਰ ਆਪਣੀ ਸੇਵ ਕਮਾਈਆ । ਬ੍ਰਾਹਮਣ ਕਿਹਾ ਕੀ ਤੇਰਾ ਏਥੇ ਠੇਕਾ, ਕੀ ਮਜ਼ਦੂਰੀ ਰਿਹਾ ਕਮਾਈਆ । ਰਵਦਾਸ ਕਿਹਾ ਕਰ ਕੇ ਕੱਠਾ ਪੈਸਾ ਪੈਸਾ, ਆਪਣਾ ਝੱਟ ਲੰਘਾਈਆ । ਬ੍ਰਾਹਮਣ ਕਿਹਾ ਵੇਖੋ ਇਹ ਕੈਸਾ,

ਕਿਹੋ ਜਿਹੀਆਂ ਗੱਲਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਰਿਹਾ ਵਖਾਈਆ । ਬ੍ਰਾਹਮਣ ਹੱਸ ਕੇ ਕਿਹਾ ਮੇਰੀ ਜੁੱਤੀ ਗੰਢੀ, ਸੋਹਣਾ ਗੰਢ ਪਵਾਈਆ । ਏਥੇ ਟੁਟਿਆਂ ਛਿਤਰਾਂ ਦੀ ਲਾਈ ਮੰਡੀ, ਕੀਮਤ ਕੀ ਰਖਾਈਆ । ਰਵਦਾਸ ਕਹੇ ਜੋ ਪੈਰੀਂ ਆਵੇ ਨੰਗੀ, ਇਹ ਮੈਂ ਓਨ੍ਹਾਂ ਦੀ ਭੇਟ ਚੜ੍ਹਾਈਆ । ਟੁੱਟੀ ਹੋਈ ਮੈਨੂੰ ਲੱਗੇ ਚੰਗੀ, ਜੋ ਟੁੱਟਿਆਂ ਗੰਢ ਵਖਾਈਆ । ਓਨ੍ਹੇ ਚਿਰ ਨੂੰ ਬ੍ਰਾਹਮਣ ਬੋਲੇ ਪਖੰਡੀ, ਇਕ ਮੈਨੂੰ ਦੇ ਦੇ ਮੇਰੇ ਭਾਈਆ । ਰਵਦਾਸ ਕਿਹਾ ਇਹ ਬੜੀ ਮੈਲੀ ਕੁਚੈਲੀ ਗੰਦੀ, ਤੇਰੇ ਕੰਮ ਕਿਸੇ ਨਾ ਆਈਆ । ਆਹ ਲੈ ਕਸੀਰਾ ਕੱਢ ਕੇ ਵਿਚੋਂ ਦਿਤਾ ਤਾਰ ਡੰਡੀ, ਖ਼ੁਸ਼ੀਆਂ ਨਾਲ ਹੱਥ ਫੜਾਈਆ । ਮੇਰੀ ਮਾਂ ਨੂੰ ਸਾਰੇ ਕਹਿੰਦੇ ਗੰਗੀ, ਬ੍ਰਾਹਮਣ ਗੰਗਾ ਮਈਆ ਕਹਿ ਸੁਣਾਈਆ । ਮੈਨੂੰ ਸੁਗ਼ਾਤ ਲੱਗੀ ਚੰਗੀ, ਤੇਰੇ ਹੱਥ ਫੜਾਈਆ । ਜਿਸ ਵੇਲੇ ਤੇਰੇ ਕੋਲੋਂ ਲਵੇ ਮੰਗੀ, ਓਸੇ ਵੇਲੇ ਭੇਟ ਦੇਣੀ ਕਰਾਈਆ । ਜਿਹੜੀ ਵਸਤ ਖ਼ੁਸ਼ੀ ਨਾਲ ਕਰੇ ਬਖ਼ਸ਼ੰਦੀ, ਸੋ ਬਖ਼ਿਸ਼ਸ਼ ਮੈਨੂੰ ਦੇਣੀ ਚਾਈਂ ਚਾਈਆ । ਓਨ੍ਹੇ ਚਿਰ ਨੂੰ ਗੱਲਾਂ ਸੁਣ ਕੇ ਡੋਲੇ ਵਾਲੀ ਸਵਾਣੀ ਬਾਹਰ ਨਿਕਲੀ ਪੈਰੀਂ ਨੰਗੀ, ਮੁਖ ਘੁੰਗਟ ਰਹੀ ਉਠਾਈਆ । ਆਪਣੀ ਵਾਹ ਕੇ ਪੱਟੀ ਕੰਘੀ, ਸੋਹਣਾ ਸ਼ਿੰਗਾਰ ਬਣਾਈਆ । ਸ਼ੀਸ਼ਾ ਵੇਖ ਕਹੇ ਮੈਂ ਚੰਗੀ, ਜੋਬਨ ਦੂਣ ਸਵਾਈਆ । ਰਵਦਾਸ ਵਲ ਤੱਕ ਕੇ ਅੱਖਾਂ ਤੋਂ ਹੋ ਗਈ ਅੰਧੀ, ਨਜ਼ਰ ਕੁਛ ਨਾ ਆਈਆ । ਅੰਦਰੇ ਅੰਦਰ ਫੁਰਨਾ ਫੁਰਿਆ ਮੈਂ ਜਨਮ ਕਰਮ ਦੀ ਗੰਦੀ, ਸ਼ਰਮ ਵਿਚ ਸ਼ਰਮਾਈਆ । ਮੇਰੇ ਕੰਮ ਨਾ ਆਈ ਕੰਨ ਪਾਈ ਡੰਡੀ, ਜ਼ੇਵਰ ਜ਼ਰ ਦਏ ਦੁਹਾਈਆ । ਮੇਰੇ ਨਾਲੋਂ ਉਹ ਟੁੱਟੀ ਜੁੱਤੀ ਚੰਗੀ, ਜਿਹੜੀ ਜਾਂਦਿਆਂ ਰਾਹੀਆਂ ਸੇਵ ਕਮਾਈਆ । ਚਾਰੇ ਕਹਾਰ ਉਠ ਕੇ ਕਹਿਣ ਤੂੰ ਬੀਬੀ ਰਾਣੀ ਚੰਗੀ, ਕਿਉਂ ਡੋਲਿਉਂ ਬਾਹਰ ਪੈਰ ਟਿਕਾਈਆ । ਓਸ ਨੇ ਕਿਹਾ ਮੈਂ ਏਸ ਚਮਿਆਰ ਨੂੰ ਵੇਖ ਕੇ ਸੁਹਾਗਣ ਹੋ ਗਈ ਰੰਡੀ, ਮੇਰਾ ਜਗਤ ਕੰਤ ਨਜ਼ਰ ਕੋਇ ਨਾ ਆਈਆ । ਜੇ ਲੱਗਾਂ ਤੇ ਏਸੇ ਦੀ ਅੰਗੀ, ਦੂਜਾ ਸੰਗ ਨਾ ਕੋਇ ਵਖਾਈਆ । ਮੈਂ ਦਰਸਨ ਕਰ ਕੇ ਹੋ ਗਈ ਠੰਡੀ, ਬ੍ਰਹਮ ਬ੍ਰਹਮ ਵਿਚੋਂ ਨਜ਼ਰੀ ਆਈਆ । ਚਾਹੇ ਮੰਦੀ ਚਾਹੇ ਚੰਗੀ, ਚੰਗੀ ਮੰਦੀ ਏਸੇ ਦੀ ਅਖਵਾਈਆ । ਗੁਸੇ ਨਾਲ ਪਾੜ ਕੇ ਆਪਣੀ ਅੰਗੀ, ਓਢਣ ਦਿਤਾ ਪਰੇ ਸੁਟਾਈਆ । ਮੈਂ ਖ਼ੁਸ਼ ਹੋਵਾਂ ਰਹਿ ਕੇ ਭੁੱਖੀ ਨੰਗੀ, ਜਗਤ ਪਦਾਰਥ ਮਿਲੇ ਨਾ ਕੋਇ ਵਡਿਆਈਆ । ਚਾਰ ਕਹਾਰ ਮੁੜ ਜਾਓ ਮੇਰੇ ਸੰਗੀ, ਮੇਰੇ ਮਾਪਿਆਂ ਦਿਓ ਵਧਾਈਆ । ਬੰਦੀਖਾਨਿਉਂ ਨਿਕਲੀ ਤੁਹਾਡੀ ਜੰਮੀ, ਧੰਨ ਜਣੇਂਦੀ ਮਾਈਆ । ਦਸ ਮਾਸ ਕੀਤਾ ਵਾਸ ਵਿਚ ਚੰਮੀ, ਮਾਤ ਗਰਭ ਸ਼ਿਕਮ ਡੇਰਾ ਲਾਈਆ । ਹੁਣ ਵਿਆਹ ਕੇ ਲੈ ਚਲੇ ਸੋਹਣੀ ਵੰਨੀ, ਸੋਹਣੀ ਡੋਲੀ ਪਾਈਆ । ਮੇਰੇ ਗੱਲ ਜ਼ਰੀ ਪੰਨੀ, ਲੜੀਆਂ ਹਾਰ ਵਖਾਈਆ । ਕਲੀਰੇ ਕਰਨ ਛੰਨ ਛੰਨੀ, ਮਹਿੰਦੀ ਰੰਗਲੀ ਹੱਥ ਚੜ੍ਹਾਈਆ । ਦੋਹਾਈ ਮੈਂ ਬਿਨ ਕੰਤ ਵੇਖਿਆਂ ਡੋਲੀ ਵਿਚ ਬਹਿ ਗਈ ਅੰਨੀ, ਭਾਈਆ ਫੜ ਕੇ ਦਿਤਾ ਟਿਕਾਈਆ । ਇਹ ਪ੍ਰਭ ਨੇ ਗੱਲ ਕੀਤੀ ਚੰਗੀ, ਦਇਆ ਰਹਿਮਤ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਚਾਰ ਕਹਾਰ ਕਹਿਣ ਉਠੋ ਚੁੱਕੋ ਭਾਰ, ਹੋਣੀ ਸਾਨੂੰ ਨਜ਼ਰੀ ਆਈਆ । ਜਿਸ ਦੇ ਪਿਛੇ ਪੰਧ ਰਹੇ ਮਾਰ, ਭੱਜੀਏ ਵਾਹੋ ਦਾਹੀਆ । ਇਹ ਵੱਡੀ ਸਾਰੀ ਮੁਟਿਆਰ, ਬਹੁਤਾ ਭਾਰ ਰਖਾਈਆ । ਅਸੀਂ ਨਿਮਾਣੇ ਕਹਾਰ, ਚਾਕਰ ਰੂਪ ਵਟਾਈਆ । ਜਿਸ ਵੇਲੇ ਕਦੀ ਸਾਡੇ ਆਵੇ ਦਵਾਰ, ਅਸੀਂ ਵੀਂ ਡੋਲੇ ਵਿਚ ਬਹੀਏ ਚਾਈਂ ਚਾਈਂਆ । ਸਾਨੂੰ

ਠੱਠੇ ਕਰੇ ਚਮਿਆਰ, ਮਖੌਲਾਂ ਨਾਲ ਸੁਣਾਈਆ । ਤੁਸਾਂ ਨੂੰ ਬਣਨਾ ਪਊ ਨਾਰ, ਲੋਕਮਾਤ ਰੂਪ ਧਰਾਈਆ । ਓਨੇ ਚਿਰ ਨੂੰ ਸੋਹਣੀ ਲਾੜ ਸੁਣ ਲਈ ਅਵਾਜ਼, ਜੋ ਕਹਾਰ ਰਹੇ ਸੁਣਾਈਆ । ਆਖੇ ਨੇੜੇ ਆਓ ਆ ਚੁੱਕ ਲਓ ਆਪਣਾ ਦਾਜ, ਮੇਰੇ ਕੰਮ ਕਿਸੇ ਨਾ ਆਈਆ । ਮੈਂ ਛੱਡਿਆ ਜਗਤ ਸਮਾਜ, ਸਮਗਰੀ ਦਿਤੀ ਲੁਟਾਈਆ । ਜਿਨ੍ਹਾਂ ਚਿਰ ਇਹ ਚਮਿਆਰ ਮੈਨੂੰ ਦੱਸੇ ਨਾ ਮੇਰਾ ਰਾਜ਼, ਰਾਜ਼ੀ ਹੋ ਕੇ ਅੱਗੇ ਕਦੇ ਨਾ ਜਾਈਆ । ਰਵਦਾਸ ਸੁਣ ਕੇ ਜਾਣਿਆ ਇਹ ਸੋਹਣਾ ਵੇਲਾ ਹੁੰਦਾ ਕਾਜ, ਵਿਆਹ ਸ਼ਾਦੀ ਦੋਹਾ ਧਿਰਾਂ ਖ਼ੁਸ਼ੀ ਮਨਾਈਆ । ਜਗਤ ਜੀਵਾਂ ਬਣਾਇਆ ਰਵਾਜ, ਧੀਆਂ ਭੈਣਾਂ ਡੋਲੀਆਂ ਵਿਚ ਘਲਾਈਆ । ਜੇ ਇਹਨਾਂ ਨੂੰ ਪਹਿਲੋ ਪ੍ਰਭ ਕੰਤ ਮਿਲਣ ਦੀ ਆ ਜਾਏ ਜਾਚ, ਆਪਣੇ ਘਰ ਵਿਚੋਂ ਘਰ ਬੈਠੇ ਸਗਨ ਮਨਾਈਆ । ਨੇਤਰ ਤੱਕ ਮਸਤਕ ਲੇਖਾ ਲਿਆ ਵਾਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਲਿਖਾਈਆ । ਰਵਦਾਸ ਕਿਹਾ ਨੇੜੇ ਆ ਬੱਚੀ, ਪਿਆਰ ਤੇਰੇ ਵੰਡੇ ਆਈਆ । ਤੂੰ ਸਰਬ ਨਾਲੋਂ ਲੱਗੀ ਸੱਚੀ, ਸਚ ਕਹਾਣੀ ਅੰਦਰੇ ਅੰਦਰ ਦਿਤੀ ਸੁਣਾਈਆ । ਪ੍ਰੀਤ ਵੇਖ ਜਗਤ ਕੱਚੀ, ਕੱਚਾ ਤੰਦ ਤੁੜਾਈਆ । ਮੇਰੀ ਵੇਖ ਜੁੱਤੀ ਟੁੱਟੀ, ਤੇਰੇ ਅੰਦਰ ਹੋਈ ਰੁਸ਼ਨਾਈਆ । ਜਿਹੜੇ ਕਹਾਰ ਤੇਰੀ ਕਰਨ ਆਏ ਬੁੱਤੀ, ਆਪਣਾ ਜਾਮਾ ਗਏ ਬਦਲਾਈਆ । ਏਸ ਬ੍ਰਾਹਮਣ ਦੀ ਸੁਰਤੀ ਅਜੇ ਸੁੱਤੀ, ਕਸੀਰਾ ਜਿਸ ਦੇ ਹੱਥ ਫੜਾਈਆ । ਪੁੱਤਰ ਆ ਲੈ ਮੇਰੇ ਕੋਲ ਰੋਟੀ ਇਕ ਰੁੱਖੀ, ਤੈਨੂੰ ਖ਼ੁਸ਼ੀਆਂ ਨਾਲ ਖਵਾਈਆ । ਤੇਰੀ ਆਤਮਾ ਰਹੇ ਸੁੱਚੀ, ਪਰਮਾਤਮਾ ਨਾਲ ਕੁੜਮਾਈਆ । ਕੰਨੋ ਹੋਵੇ ਕਦੇ ਨਾ ਬੁੱਚੀ, ਸਿਰ ਸੁਹਾਗ ਨਾ ਕੋਈ ਲੁਟਾਈਆ । ਪਾਣੀ ਪਾਣੇ ਵਾਲਾ ਭਰਕੇ ਚੁਲੀ ਵਰਤਾਇਆ ਨਾਲ ਮੁੱਠੀ, ਘੁਟ ਇਕੋ ਵਾਰ ਪਿਆਈਆ । ਦੁਆਰੇ ਆਈ ਜਾਏ ਨਾ ਲੁੱਟੀ, ਤੇਰਾ ਜੋਬਨ ਨਾ ਕੋਈ ਹੰਡਾਈਆ । ਤੇਰੀ ਔਧ ਏਥੇ ਮੁੱਕੀ, ਅਗਲਾ ਪੰਧ ਮੁਕਾਈਆ । ਇਕ ਵਾਰੀ ਮੇਰੇ ਸਾਹਿਬ ਦੀ ਕਰ ਰੁਚੀ, ਜੋ ਮੇਰੀਆਂ ਅੱਖਾਂ ਵਿਚ ਡੇਰਾ ਲਾਈਆ । ਫੇਰ ਉਸੇ ਕੋਲੋ ਪੁੱਛੀ, ਤੈਨੂੰ ਦਏ ਸਮਝਾਈਆ । ਬੀਬੀ ਰਾਣੀ ਉਠ ਕੇ ਆਈ ਅੱਡੀ ਉਚੀ, ਨੇਤਰ ਨੈਣ ਖੁਲ੍ਹਾਈਆ । ਓਸ ਨੂੰ ਧਾਰ ਨਜ਼ਰ ਆਈ ਵਿਚੋਂ ਲੁਕੀ, ਜੋਤੀ ਨੂਰ ਨੂਰ ਰੁਸ਼ਨਾਈਆ । ਜਿਹੜੀ ਪ੍ਰੇਮ ਪਿਆਰ ਦੀ ਭੁੱਖੀ, ਪ੍ਰੇਮੀਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਵੇਖ ਕੇ ਰਵਦਾਸ ਨੈਣ, ਨੈਣ ਨੈਣ ਨੈਣ ਬਿਗਸਾਈਆ । ਅੱਗੋ ਕੁੱਛ ਲੱਗੀ ਰਸਨਾ ਕਹਿਣ, ਕਹਿ ਸਕੀ ਨਾ ਰਾਈਆ । ਓਸੇ ਵੇਲੇ ਸਾਹਿਬ ਸਤਿਗੁਰ ਆਇਆ ਲੈਣ, ਪੁਰਖ ਅਕਾਲ ਦਇਆ ਕਮਾਈਆ । ਵਹਿਣ ਨਾ ਦੇਵੇ ਕੂੜੇ ਵਹਿਣ, ਝਗੜਾ ਚੁੱਕੇ ਲੋਕਾਈਆ । ਢਾਈ ਘੜੀਆਂ ਸੌਹਰਿਆਂ ਘਰ ਮਿਲੇ ਬਹਿਣ, ਸੱਸ ਸੌਹਰੇ ਮਿਲੇ ਵਧਾਈਆ । ਫੇਰ ਓਸੇ ਵੇਲੇ ਵੈਣ ਪੈਣ, ਨੇਤਰ ਨੈਣ ਨੀਰ ਵਹਾਈਆ । ਕਹਿਣ ਕਿਥੋਂ ਆ ਗਈ ਡੈਣ, ਸਾਡਾ ਕੋੜਮਾ ਗਈ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਵਦਾਸ ਗਵਾਹ ਲੈ ਬਣਾਈਆ । ਅਗਲੇ ਦਿਨ ਕਹਾਰ ਵੇਖੇ ਮੁੜਦੇ, ਖਾਲੀ ਡੋਲੀ ਕੰਧ ਉਠਾਈਆ । ਹੌਲੀ ਹੌਲੀ ਪੈਰੀਂ ਤੁਰਦੇ, ਨੈਣਾਂ ਨੀਰ ਵਹਾਈਆ । ਵੇਖੋ ਇਹੋ ਜਿਹੇ ਜੋੜ ਕਾਹਨੂੰ ਜੁੜਦੇ, ਜੋ ਜੁੜਦਿਆਂ ਹੋਏ ਜੁਦਾਈਆ । ਨਿਕਰਮਣਾਂ ਦੇ ਬੇੜੇ ਰੁੜਦੇ, ਭਾਗਾਂ ਵਾਲਿਆਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਵਖਾਈਆ । ਹੌਲੀ ਹੌਲੀ

ਆ ਗਏ ਅੱਗੇ, ਆਪਣਾ ਪੰਧ ਮੁਕਾਈਆ । ਰਵਦਾਸਾ ਓਸੇ ਤਰ੍ਹਾ ਸਜੇ, ਬੈਠਾ ਆਸਣ ਲਾਈਆ । ਚਾਰੇ ਬਹਿ ਗਏ ਸੱਜੇ ਖੱਬੇ, ਹੌਲੀ ਹੌਲੀ ਪੁੱਛਣ ਚਾਈਂ ਚਾਈਆ । ਦੱਸ ਕਲ ਜੋ ਨਾਰੀ ਆਈ ਤੇਰੇ ਕੋਲ ਪੈਰ ਦੱਬੇ, ਕੀ ਤੂੰ ਉਹਨੂੰ ਦਿਤਾ ਸਮਝਾਈਆ । ਉਹਨੂੰ ਧੁਰਦਰਗਾਹੋਂ ਆ ਗਏ ਸੱਦੇ, ਸੌਹਰਿਆ ਪੇਕਿਆਂ ਨਾਤਾ ਗਈ ਤੁੜਾਈਆ । ਅੱਖੀਂ ਰੋਣ ਲੱਗੇ ਬੰਦੇ, ਲਾਗੀਆਂ ਨਾਈਆਂ ਡੂਮਾਂ ਮਰਾਸੀਆਂ ਲਾਗ ਨਾ ਕੋਈ ਵਰਤਾਈਆ । ਬ੍ਰਾਹਮਣਾਂ ਦੇ ਖਾਲੀ ਰਹਿ ਗਏ ਖੀਰਾਂ ਵਾਲੇ ਡੱਬੇ, ਥਾਲ ਪਰੋਸ ਨਾ ਅੱਗੇ ਟਿਕਾਈਆ । ਦੱਛਣਾ ਘਰੋਂ ਨਾ ਕੋਈ ਲੱਭੇ, ਅੱਗੇ ਪਿਛੇ ਧਿਆਨ ਲਗਾਈਆ । ਬ੍ਰਾਹਮਣੀਆਂ ਦੇ ਦੇ ਥੱਕੀਆਂ ਸੱਦੇ, ਘਰ ਘਰ ਸਵਾਣੀਆਂ ਸੱਦ ਲਿਆਈਆ । ਕੁਛ ਸਵਾਣੀਆਂ ਦੇ ਪੈਸੇ ਅਜੇ ਨਾ ਲੱਭੇ, ਮੁਖ ਵਖਾਲੀ ਭੇਟ ਨਾ ਕੋਈ ਚੜ੍ਹਾਈਆ । ਹੱਥੀਂ ਗਾਨੇ ਰਹਿ ਗਏ ਬੱਧੇ, ਪਰਾਤਾਂ ਖਾਲੀ ਦੇਣ ਦੁਹਾਈਆ । ਸਾਲੂ ਸਿਰ ਤੇ ਰਹਿ ਗਏ ਰੰਗੇ, ਜੋਬਨ ਸਕੇ ਨਾ ਕੋਈ ਵਖਾਈਆ । ਪ੍ਰਭ ਨੇ ਕੀਤੇ ਖੇਲ ਬੇਢੰਗੇ, ਬੁਰਾ ਕਹੇ ਲੋਕਾਈਆ । ਲੋਹਾਂ ਤੇ ਪੱਕੇ ਰਹਿ ਗਏ ਮੰਡੇ, ਦਾਲਾਂ ਤੜਕਾ ਨਾ ਕੋਈ ਲਗਾਈਆ । ਭੰਗੀਆਂ ਦੇ ਹੱਥਾਂ ਵਿਚ ਰਹਿ ਗਏ ਡੰਡੇ, ਐਵੇਂ ਕੁਤਿਆਂ ਪਰ੍ਹੇ ਹਟਾਈਆ । ਮੂੰਹੋਂ ਦਾਨ ਮਿਲੇ ਨਾ ਮੰਗੇ, ਝੋਲੀ ਖਾਲੀ ਨਾ ਕੋਈ ਭਰਾਈਆ । ਸਾਰੇ ਕਹਿਣ ਸਾਡੇ ਹਾਲ ਮੰਦੇ, ਵਿਆਹੀ ਲਾੜੀ ਲਾੜੇ ਨਾਲ ਨਾ ਸੰਗ ਨਿਭਾਈਆ । ਉਧਰ ਓਹਨੂੰ ਚਾਰ ਕੁਹਾਰ ਚੁੱਕਣ ਵਾਲੇ ਕੰਧੇ, ਏਧਰ ਚਾਰੇ ਅਸੀਂ ਡੋਲੀ ਲੈ ਕੇ ਭੱਜੇ ਵਾਹੋ ਦਾਹੀਆ । ਤੇਰੇ ਕੋਲ ਆ ਕੇ ਥੋੜੇ ਹੋਏ ਠੰਡੇ, ਸਾਹ ਲੈ ਕੇ ਖ਼ੁਸ਼ੀ ਮਨਾਈਆ । ਰਵਦਾਸ ਡੋਰੀ ਨਾਲ ਕਸ ਕਸ ਕੇ ਛਿੱਤਰ ਗੰਢੇ, ਧਾਗਾ ਮੁਖ ਦੇ ਵਿਚ ਰਖਾਈਆ । ਕਿਥੋਂ ਪੇਸ਼ ਪੈ ਗਏ ਇਹ ਮੁਸ਼ਟੰਡੇ, ਮੇਰੇ ਕੰਮ ਵਿਚ ਹਰਜ ਕਰਾਈਆ । ਕਹਾਰ ਕਹਿਣ ਅਸੀਂ ਚਲ ਕੇ ਆਏ ਪੈਰੀਂ ਨੰਗੇ, ਏਥੇ ਓਥੇ ਦੋਹਾਂ ਘਰਾਂ ਵਿਚ ਸਾਡੀ ਸੇਵ ਨਾ ਕੋਈ ਕਮਾਈਆ । ਰਵਦਾਸ ਕਿਹਾ ਮੇਰੇ ਸੁੱਕੇ ਥੋੜੇ ਜਿਹੇ ਟੁਕੜੇ ਠੰਡੇ , ਭੋਰਾ ਭੋਰਾ ਲਵੋ ਖਾਈਆ । ਚਵਾਂ ਕਿਹਾ ਇਹ ਚੰਮ ਵਾਲੇ ਗੰਦੇ, ਚਮਿਆਰ ਤੇਰੇ ਹੱਥਾਂ ਨਾਲ ਲੱਗ ਕੇ ਆਪਣਾ ਆਪ ਬੈਠੇ ਭਿਟਾਈਆ । ਓਨੇ ਚਿਰ ਨੂੰ ਬ੍ਰਾਹਮਣ ਕਿਹਾ ਇਹਦੇ ਕੋਲੋਂ ਕੋਈ ਨਾ ਮੰਗੇ, ਇਹ ਚੰਡਾਲ ਨਜ਼ਰੀ ਆਈਆ । ਰਵਦਾਸ ਕਿਹਾ ਤਿੰਨਾਂ ਦਿਨਾਂ ਦੇ ਪੱਕੇ ਹੋ ਗਏ ਠੰਡੇ, ਮੇਰੀ ਘਰ ਵਾਲੀ ਖ਼ੁਸ਼ੀਆਂ ਨਾਲ ਪਕਾਈਆ । ਝੋਲੇ ਵਿਚੋਂ ਕੱਢੇ ਨਾਲ ਵਖਾਏ ਅਚਾਰ ਗੰਢੇ, ਇਹ ਵਸਤ ਨਾਲ ਵਖਾਈਆ । ਰੁੱਖੀ ਮੁਖ ਰੋਟੀ ਜਿਸ ਦੇ ਨਾਲ ਹੰਢੇ, ਇਹ ਵੀ ਪ੍ਰਭੂ ਦਏ ਵਡਾਈਆ । ਕਹਾਰ ਕਹਿਣ ਚਲੋ ਚੁਕੀਏ ਆਪਣੇ ਡੰਡੇ, ਭੱਜੀਏ ਵਾਹੋ ਦਾਹੀਆ । ਅਸੀਂ ਕੀ ਕਰਨੇ ਸੁੱਕੇ ਮੰਡੇ, ਅੱਗੇ ਪਿੰਡ ਗਰਾਂ ਬਥੇਰੇ ਜਿਥੇ ਮਰਜ਼ੀ ਲਈਏ ਖਾਈਆ । ਰਵਦਾਸ ਕਿਹਾਂ ਤੁਸੀਂ ਬੜੇ ਚੰਗੇ, ਬਾਹਰੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਛੱਡੋ ਵਿਚਾਰ, ਉਠੋ ਬਣੋ ਪਾਧੀਂ ਰਾਹੀਆ । ਏਸ ਕੀ ਦੇਣਾ ਚਮਿਆਰ, ਖਾਲੀ ਹੱਥ ਬੈਠਾ ਡੇਰਾ ਲਾਈਆ । ਨਹੀਂ ਤੇ ਮੇਰੇ ਨਾਲ ਚਲੋ ਮੈਂ ਤੁਹਾਨੂੰ ਵਖਾਵਾਂ ਆਪਣੇ ਜਜਮਾਨ, ਜੋ ਖੀਰਾਂ ਥਾਲੇ ਪਰੋਸ ਮੇਰੇ ਅੱਗੇ ਰਖਾਈਆ । ਓਥੇ ਮਿਲਣ ਸੋਹਣੇ ਪਕਵਾਨ, ਭਾਜੀਆਂ ਸਬਜੀਆਂ ਅੰਤ ਕੋਈ ਨਾ ਆਈਆ । ਫਿਰ ਖਾ ਕੇ ਅਸੀਂ ਓਹਨਾਂ ਸਿਰ ਚੜ੍ਹਾਈਏ ਅਹਿਸਾਨ, ਦੰਦ ਘਸਾਈ ਮੰਗੀਏ ਥਾਉਂ ਥਾਈਆ । ਵੇਖੋ ਸਾਡਾ ਈਮਾਨ, ਜੋ ਸਿਦਕ ਸਬੂਰੀ ਰਹੇ ਹੰਡਾਈਆ । ਤੁਸੀਂ ਕਿਡੇ ਵੱਡੇ ਜਵਾਨ, ਨੇੜੇ ਕਈ ਖੇੜੇ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਂਆ । ਕਹਾਰ ਕਹਿਣ ਪੰਡਤ ਜੋ ਰਿਹਾ ਆਖ, ਸੋਹਣੀ ਗੱਲ ਸੁਣਾਈਆ । ਇਹਦੇ ਕੋਲੋਂ ਸਿਖੀਏ ਜਾਚ, ਮੰਗਣ ਕਿਵੇਂ ਘਰ ਜਜਮਾਨਾਂ ਜਾਈਆ । ਬ੍ਰਾਹਮਣ ਕਿਹਾ ਇਹ ਡੂੰਘਾ ਰਾਜ਼, ਛੇਤੀ ਸਮਝ ਵਿਚ ਨਾ ਆਈਆ । ਪਹਿਲੋਂ ਕੁਛ ਮੈਨੂੰ ਦਿਓ ਦਾਨ, ਆਪਣੀ ਕਮਾਈ ਵਿਚੋਂ ਭੇਟ ਕਰਾਈਆ । ਫੇਰ ਮੇਰੇ ਨਾਲ ਚੱਲ ਕੇ ਗੰਗਾ ਕਰੋ ਅਸ਼ਨਾਨ, ਦਵੈਤ ਦੂਸ਼ਨਾ ਦੂਰ ਕਰਾਈਆ । ਫੇਰ ਮੇਰੇ ਚਰਨ ਘੁਟੋ ਆਣ, ਦੋਏ ਜੋੜ ਸੀਸ ਝੁਕਾਈਆ । ਜੇ ਮੈਂ ਹੋ ਜਾਵਾਂ ਮਿਹਰਵਾਨ, ਫਿਰ ਦੇਵਾਂ ਕੁਛ ਸਮਝਾਈਆ । ਜੇ ਤੁਹਾਡੇ ਨਾਲੋਂ ਪਹਿਲੋਂ ਮੈਨੂੰ ਗੁਸੇ ਵਿਚ ਮਿਲੇ ਮੇਰਾ ਜਜਮਾਨ, ਫੇਰ ਮੇਰੀ ਅੱਗ ਲੱਗੀ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇਕ ਕਹੇ ਚਲੋ ਚਲੀਏ ਉਠ, ਐਵੇਂ ਵਕਤ ਲੰਘਾਈਆ । ਦੂਜਾ ਕਹੇ ਚੁਮਿਆਰ ਕੋਲ ਨਹੀਂ ਕੁਛ, ਖਾਣ ਪੀਣ ਨਜ਼ਰ ਕੁਛ ਨਹੀਂ ਆਈਆ । ਤੀਜਾ ਕਹੇ ਇਹਦੇ ਤੋਂ ਲਈਏ ਪੁੱਛ, ਹੁਣ ਜਾਈਏ ਚਾਈਂ ਚਾਈਂਆ । ਚੌਥਾ ਥੋੜਾ ਗਿਆ ਝੁਕ, ਨੇਤਰ ਨੈਣ ਸ਼ਰਮਾਈਆ । ਜਿਸ ਵੇਲੇ ਵੇਖਿਆ ਰਵਦਾਸ ਦਾ ਮੁੱਖ, ਵਿਚੋਂ ਰਾਮ ਰੂਪ ਨਜ਼ਰੀ ਆਈਆ । ਅੱਗੇ ਹੋਰ ਨੇੜੇ ਗਿਆ ਢੁਕ, ਦੋਏ ਜੋੜ ਵਾਸਤਾ ਪਾਈਆ । ਸਾਡਾ ਪਹਿਲਾ ਪੈਂਡਾ ਗਿਆ ਮੁੱਕ, ਖਾਲੀ ਡੋਲੀ ਰਹੀ ਡਰਾਈਆ । ਜਿਸ ਘਰ ਲਾੜਾ ਗਿਆ ਸੀ ਢੁਕ, ਅੱਜ ਘਰ ਓਸ ਵੱਜਣ ਧਾਹੀਆ । ਅਸੀਂ ਤੈਨੂੰ ਰਹੇ ਪੁੱਛ, ਸਾਨੂੰ ਦੇ ਸਚ ਸਲਾਹੀਆ । ਅਸੀਂ ਕਿਥੇ ਜਾਈਏ ਲੁਕ, ਆਪਣਾ ਮੁਖ ਛੁਪਾਈਆ । ਰਵਦਾਸ ਅੱਗੋ ਹੋ ਗਿਆ ਚੁਪ, ਬਚਨ ਸਕੇ ਨਾ ਕੋਈ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਚੁੱਪ ਵਿਚੋਂ ਪਿਆ ਬੋਲ, ਇਕੋ ਅਵਾਜ਼ ਲਗਾਈਆ । ਤੁਸੀਂ ਕਿਉਂ ਬੈਠੇ ਮੇਰੇ ਕੋਲ, ਆਪਣਾ ਵਕਤ ਗਵਾਈਆ । ਉਠ ਕੇ ਜਾਓ ਅਡੋਲ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਈਆ । ਚਾਰੇ ਕਹਿਣ ਅਸੀਂ ਕਹਾਰ, ਡੋਲੀ ਕੰਧ ਉਠਾਈਆ । ਤੇਰੇ ਨਾਲ ਬਦੋ ਬਦੀ ਲਗਦਾ ਜਾਏ ਪਿਆਰ, ਅੰਦਰੇ ਅੰਦਰ ਪ੍ਰੇਮ ਵਧਾਈਆ । ਸਾਨੂੰ ਖੜਕਦੀ ਜਾਏ ਸਤਾਰ, ਜਿਵੇਂ ਕੋਈ ਸੁਤਿਆਂ ਰਿਹਾ ਉਠਾਈਆ । ਸਾਡੇ ਉਤੇ ਔਂਦੀ ਜਾਏ ਬਹਾਰ, ਖਿਜਾਂ ਬਸੰਤ ਰੂਪ ਵਟਾਈਆ । ਸਾਨੂੰ ਨਜ਼ਰੀ ਆਏ ਗੁਲਜਾਰ, ਪਤ ਡਾਹਲੀ ਫੁੱਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਭੇਵ ਅਭੇਦਾ ਦੇ ਖੁਲ੍ਹਾਈਆ । ਰਵਦਾਸ ਕਹੇ ਮੈਂ ਗੰਢ ਚੰਮ, ਨੀਚ ਜਾਤ ਅਖਵਾਇੰਦਾ । ਢੋਰ ਢੋਣਾ ਮੇਰਾ ਕੰਮ, ਖਲੜੀ ਤਨ ਲੁਹਾਇੰਦਾ । ਵਸੇਰਾ ਕਰਨਾ ਛੱਪਰੀ ਛੰਨ, ਮਹਲ ਅਟੱਲ ਨਾ ਕੋਈ ਸੋਭਾ ਪਾਇੰਦਾ । ਮੇਰੇ ਨਾਲੋ ਕਮਲੀ ਮੇਰੀ ਰੰਨ, ਜਿਹਨੂੰ ਔਰਤ ਲਾੜੀ ਕਰਕੇ ਜਗਤ ਸੁਣਾਇੰਦਾ । ਨਾ ਕੋਈ ਪੈਰੀ ਹੱਥੀ ਕੰਨ, ਜ਼ੇਵਰ ਜ਼ਰ ਨਾ ਕੋਈ ਵਖਾਇੰਦਾ । ਉਹ ਮੇਰਾ ਮੈਂ ਉਹਦਾ ਕਰਾਂ ਧੰਨ ਧੰਨ, ਦੋਹਾਂ ਦਾ ਧਨਾਢ ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਜੇ ਮੇਰੀ ਜਾਓ ਮੰਨ, ਮੈਂ ਸਚ ਸੱਚ ਸਚ ਸਮਝਾਇੰਦਾ । ਹੁਣ ਤੁਹਾਨੂੰ ਨਾਰੀ ਸਰੀਰ ਮਿਲਨਾ ਜ਼ਰੂਰੀ ਤਨ, ਲੋਕਮਾਤ ਜਨਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਝੋਲੀ ਪਾਇੰਦਾ । ਚਾਰੇ ਕਹਿਣ ਚਮਿਆਰ ਕੀ ਰਿਹਾ ਦੱਸ, ਹੌਲੀ ਹੌਲੀ ਸੁਣਾਈਆ । ਚੌਥਾ ਕਹਿੰਦਾ ਸਭ ਕੁਛ ਇਸ ਦੇ ਵਸ, ਬੈਠਾ ਪਰਦਾ ਪਾਈਆ । ਵੇਖੋ

ਕਿਡਾ ਹਠ, ਭੁੱਖਾ ਹੋ ਕੇ ਝੱਟ ਲੰਘਾਈਆ । ਜਿਸ ਦੇ ਕੋਲ ਪੁਰਖ ਸਮਰਥ, ਮੰਗਣ ਵਾਸਤੇ ਝੋਲੀ ਅਜੇ ਨਾ ਡਾਹੀਆ । ਜਲਵਾ ਤੱਕ ਕੇ ਨੂਰੀ ਅੱਖ, ਅੱਖ ਨੇਤਰ ਨੈਣ ਮਿਲਾਈਆ । ਉਸ ਦੇ ਹੁਕਮੇ ਅੰਦਰ ਵਸ, ਸੋਹਣੀ ਖ਼ੁਸ਼ੀ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਚਾਰੇ ਕਹਿਣ ਕੁਛ ਲਈਏ ਮੰਗ, ਇਹਦੇ ਵਿਚ ਨੂਰ ਨਜ਼ਰੀ ਆਈਆ । ਪਹਿਲਾ ਕਹੇ ਉਹ ਵੇਖੋ ਜਿਸ ਵੇਲੇ ਪੌਦਾ ਗੰਢ, ਗੰਢਾਂ ਦੇਣ ਵਾਲਾ ਇਸ ਦਾ ਸੰਗ ਰਖਾਈਆ । ਦੂਜਾ ਕਹੇ ਜਿਸ ਪਾਣੀ ਨਾਲ ਪਾਵੇ ਠੰਡ, ਸੁੱਕਾ ਛਿੱਤਰ ਗਿਲਾ ਕਰਕੇ ਲੰਮਾਂ ਲਏ ਵਧਾਈਆ । ਤੀਜਾ ਕਹੇ ਪਹਿਲੋਂ ਆਪਣੀ ਨਾਲ ਹਥੌੜੀ ਉਤੋਂ ਸਾਫ ਕਰਕੇ ਗੰਦ, ਫਿਰ ਦੋਹਾਂ ਹੱਥਾਂ ਨਾਲ ਜੁੜਾਈਆ । ਚੌਥਾਂ ਕਹੇ ਆਰ ਕਿਸ ਤਰ੍ਹਾ ਆਰ ਪਾਰ ਰਹੀ ਲੰਘ, ਜ਼ੋਰ ਨਾਲ ਦਬਾਈਆ । ਉਸ ਵੇਲੇ ਮੈਨੂੰ ਆਵੇ ਇਕ ਅਨੰਦ, ਜਿਸ ਵੇਲੇ ਟੁੱਟੀ ਗੰਢ ਵਖਾਈਆ । ਉਨੇ ਚਿਰ ਨੂੰ ਬ੍ਰਾਹਮਣ ਉਠ ਕੇ ਆਇਆ ਕੋਲੋਂ ਕੰਧ, ਧੋਤੀ ਝਾੜ ਮੋਢੇ ਉਤੇ ਟਿਕਾਈਆ । ਚਮਿਆਰ ਏਹ ਕੀ ਕੀਤਾ ਪਖੰਡ, ਜਾਂਦੇ ਰਾਹੀਆਂ ਭਰਮ ਭੁਲਾਈਆ । ਜਿਹੜਾ ਕਸੀਰਾ ਦਿਤਾ ਉਹ ਕੰਨ ਨਾਲ ਲਿਆ ਟੰਗ, ਜੰਞੂ ਨਾਲ ਬੰਧਾਇੰਦਾ । ਚਲੋਂ ਮੁਕਾਈਏ ਆਪਣਾ ਪੰਧ, ਸਾਥੀਆਂ ਤਾਈਂ ਸਮਝਾਇੰਦਾ । ਉਨੇ ਚਿਰ ਨੂੰ ਰਵਦਾਸ ਨੂੰ ਆਈ ਖੰਘ, ਖੰਘ ਨਾਲ ਅੰਦਰੋਂ ਲਾਲ ਬਾਹਰ ਕਢਾਇੰਦਾ । ਹੌਲੀ ਜਿਹੀ ਫੜਕੇ ਛਿਤਰਾਂ ਵਾਲੀ ਕਿਲੀ ਨਾਲ ਦਏ ਟੰਗ, ਜਗਤ ਨੇਤਰ ਵੇਖ ਕੋਈ ਨਾ ਪਾਇੰਦਾ । ਚਾਰੇ ਕਹਾਰ ਵੇਖ ਹੋਏ ਦੰਗ, ਇਹ ਕੀ ਖੇਲ ਰਚਾਇੰਦਾ । ਅਸੀਂ ਸਮਝਿਆ ਇਹਦੇ ਕੋਲ ਭੁੱਖ ਨੰਗ, ਇਹ ਲਾਲਾਂ ਢੇਰ ਛਿਤਰਾਂ ਵਿਚ ਟਿਕਾਇੰਦਾ । ਜੇ ਸਾਨੂੰ ਇਕ ਇਕ ਦੇਵੇ ਵੰਡ, ਸਾਡਾ ਸੋਹਣਾ ਝੱਟ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਵਰ, ਸਿਖਿਆ ਇਕ ਸਮਝਾਇੰਦਾ । ਰਵਦਾਸ ਵੇਖ ਅੰਦਰ ਖਾਹਿਸ਼, ਹੱਸ ਕੇ ਰਿਹਾ ਸੁਣਾਈਆ । ਇਹ ਕੰਗਨ ਕਿਸੇ ਹੱਟ ਬਜ਼ਾਰ ਨਾ ਕਰੇ ਤਲਾਸ਼, ਜ਼ਰਗਰ ਨਾ ਕੋਈ ਘੜਾਈਆ । ਜੌਹਰੀ ਰੱਖੇ ਕੋਈ ਨਾ ਪਾਸ, ਕੀਮਤ ਸਕੇ ਨਾ ਕੋਈ ਮੁਕਾਈਆ । ਇਕੋ ਰੱਖਿਓ ਆਸ, ਧੁਰ ਦੀ ਬਾਤ ਸੁਣਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਚਾਰੇ ਬੋਲੇ ਹੋ ਇਕੱਠੇ, ਇਕ ਆਵਾਜ਼ ਸੁਣਾਈਆ । ਰਵਦਾਸ ਤੇਰੀ ਚਰਨੀ ਢੱਠੇ, ਮਾਣ ਮੋਹ ਮਿਟਾਈਆ । ਸਾਨੂੰ ਦੱਸ ਸਾਚੇ ਪਤੇ, ਪਤਿਪਰਮੇਸ਼ਵਰ ਦੇ ਵਖਾਈਆ । ਅਸੀਂ ਵੇਖੀਏ ਆਪਣੀ ਅੱਖੇ, ਆਖਰ ਤੇਰਾ ਸੰਗ ਨਿਭਾਈਆ । ਸਾਡੀ ਸਾਹਿਬ ਪਤ ਰੱਖੇ, ਜਿਸ ਹੱਥ ਵੱਡੀ ਵਡਿਆਈਆ । ਤੇਰੇ ਬਚਨ ਹੋਣੇ ਸੱਚੇ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਡੇ ਕਾਇਆ ਮਾਟੀ ਭਾਂਡੇ ਕੱਚੇ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਸੁਣੋ ਕੰਨ ਲਾ, ਕਰਮਾਂ ਵਾਲਿਓ ਦਿਆਂ ਸਮਝਾਈਆ । ਮੇਰਾ ਸਾਹਿਬ ਬੇਪਰਵਾਹ, ਬੇਪਰਵਾਹ ਧਾਰ ਚਲਾਈਆ । ਸਭ ਦਾ ਲਹਿਣਾ ਦਏ ਮੁਕਾ, ਦੇਣਾ ਭੁੱਲ ਕਦੇ ਨਾ ਜਾਈਆ । ਜੋ ਇੱਟ ਕਰੀ ਦੁਆ, ਰਹਿਮਤ ਇਸ ਦੇ ਉਤੇ ਕਮਾਈਆ । ਜਿਸ ਨੇ ਇਹਨੂੰ ਲਿਆਂਦਾ ਉਠਾ, ਮੇਰਾ ਯਾਰ ਨਜ਼ਰੀ ਆਈਆ । ਪੰਜਾਂ ਨੂੰ ਦੇਵਾਂ ਇਕ ਸਲਾਹ, ਸਚ ਸਚ ਸਮਝਾਈਆ । ਓਸ ਮੇਰੀ ਨਾਰ ਵਲ ਲਿਆ ਧਿਆਨ ਲਗਾ, ਦੁੱਖ ਯਾਦ ਕਰਕੇ ਰਿਹਾ ਸਮਝਾਈਆ । ਤੁਸੀਂ

੫੩੮ ੧੯

ਡੋਲੀ ਚੁਕਣੀ ਸਮਝੀ ਗਨਾਹ, ਨਾਰ ਬਣਨਾ ਖ਼ੁਸ਼ੀ ਵਖਾਈਆ । ਮੈਨੂੰ ਮੇਰਾ ਹੋ ਕੇ ਰਿਹਾ ਸੁਣਾ, ਮੇਰੀ ਆਵਾਜ਼ ਸੁਣੇ ਧੁਰਦਰਗਾਹੀਆ । ਅੰਤ
ਔਣਾ ਪਊ ਵੇਸ ਵਟਾ, ਜਾਮਾ ਨਾਰੀ ਰੂਪ ਵਖਾਈਆ । ਉਸ ਵੇਲੇ ਮੈਂ ਤੁਹਾਡਾ ਜ਼ਰੂਰ ਬਣਾ ਗਵਾਹ, ਸ਼ਹਾਦਤ ਦੇਵਾਂ ਭੁਗਤਾਈਆ । ਮੇਰਾ
ਪੁਰਖ ਅਕਾਲ ਤਰਸ ਲਏ ਕਮਾ, ਮਿਹਰ ਨਜ਼ਰ ਉਠਾਈਆ । ਤੁਹਾਡੇ ਉਪਰ ਪਰਦਾ ਦੇਵੇ ਪਾ, ਏਥੇ ਓਥੇ ਸਦਾ ਸਹਾਈਆ । ਮਰਨ ਤੋਂ
ਪਹਿਲੋਂ ਲਏ ਬਚਾ, ਬੱਚਿਆਂ ਵਾਂਗ ਗੋਦ ਉਠਾਈਆ । ਹਰਿਸੰਗਤ ਦਏ ਸਮਝਾ, ਸਮਝ ਸਮਝ ਨਾਲ ਮਿਲਾਈਆ । ਬ੍ਰਾਹਮਣ ਫਿਰਦਾ ਤੁਰਦਾ
ਓਥੇ ਜਾਏ ਆ, ਨੌ ਜਨਮ ਪੰਧ ਮੁਕਾਈਆ । ਰਵਦਾਸ ਹੱਥ ਫੜਕੇ ਕਲਮ ਛਾਹ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਬਣ ਮਲਾਹ, ਬੇੜਾ ਸਭ ਦਾ ਇਕੱਠਾ ਪੂਰ ਤਰਾਈਆ । ਪੰਜ ਇਕੱਠੇ ਹੋ ਕੇ ਰਹੇ ਆਖ, ਆਖਰ
ਵਾਰ ਸੁਣਾਈਆ । ਸਾਨੂੰ ਨਹੀਂ ਰਹਿਣਾ ਯਾਦ, ਸਾਡੀ ਸਮਝ ਨਾ ਕੋਈ ਵਡਿਆਈਆ । ਰਵਦਾਸ ਕਿਹਾ ਪ੍ਰਭ ਮੇਰਾ ਸੁਣਨ ਵਾਲਾ ਫਰਿਆਦ,
ਸੁਤਿਆਂ ਲਏ ਜਗਾਈਆ । ਉਸ ਨੂੰ ਬੜੀ ਸੋਹਣੀ ਜਾਚ, ਜੋ ਮੈਨੂੰ ਜੁੱਤੀਆਂ ਗੰਢਣ ਲਾਈਆ । ਉਸ ਦੇ ਵਿਚ ਵੱਡਾ ਰਾਜ਼, ਜਿਸ ਦੀ
ਸਾਰ ਕੋਇ ਨਾ ਪਾਈਆ । ਉਹ ਲੇਖਾ ਜਾਣੇ ਸਵਾਸ ਸਵਾਸ, ਜੁਗ ਚੌਕੜੀ ਭੁੱਲ ਕਦੇ ਨਾ ਜਾਈਆ । ਮਿਤਰੋ ਤੁਸੀਂ ਰੱਖਿਓ ਆਸ, ਛਿੱਤਰਾਂ
ਵਿਚੋਂ ਮਿਲੀ ਵਡਿਆਈਆ । ਜੇ ਸਚ ਪੁੱਛੋਂ ਓਨ ਇਕ ਵਾਰ ਉਡਾਉਣੇ ਪਹਿਲੇ ਤਿੱਤਰਾਂ ਪਿਛੇ ਬਾਜ਼, ਸ਼ਾਹ ਸਵਾਰਾ ਰੂਪ ਵਟਾਈਆ । ਸੱਤਰਾਂ

ਦੇ ਕੇ ਜਾਵੇ ਦਾਜ, ਸਰਸੇ ਉਤੇ ਮੋਹਰ ਲਗਾਈਆ । ਕਲਜੁਗ ਅੰਤਮ ਮਾਰ ਅਵਾਜ਼, ਸਾਰੇ ਲਏ ਉਠਾਈਆ । ਪੂਰਬ ਜਨਮ ਦੀ ਪੂਰੀ
ਕਰਕੇ ਆਸ, ਆਸਾ ਤ੍ਰਿਸਨਾ ਦਏ ਮਿਟਾਈਆ । ਸਭ ਦੇ ਵਸੇ ਸਾਥ, ਵਿਛੜ ਕਦੇ ਨਾ ਜਾਈਆ । ਪੂਰਬ ਲੇਖਾ ਜਾਣੇ ਮਾਥ, ਮਸਤਕ

ਲਹਿਣਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਇੱਟ ਲਿਆਉਣ ਵਾਲਾ
ਜੋ ਰਵਦਾਸ ਯਾਰ, ਜਗਤ ਸੰਗੀ ਨਜ਼ਰੀ ਆਈਆ । ਥੋੜਾ ਘਰ ਕਰਨ ਨਾਲ ਪਿਆਰ, ਦਿਤੀ ਮਾਣ ਵਡਿਆਈਆ । ਜੋ ਡੋਲੀ ਵਾਲੇ ਕਹਾਰ,
ਹੌਲੀ ਹੌਲੀ ਦਏ ਸਮਝਾਈਆ । ਪੰਜੇ ਸੁਣੋ ਇਕੋ ਵਾਰ, ਏਕਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਸਚ ਦੇਵਣਹਾਰ ਵਡਿਆਈਆ । ਰਵਦਾਸ ਮਿੱਤਰ ਬੀਬੀ ਪਿਆਰੀ, ਪਿਆਰ ਨਾਲ ਸਮਝਾਈਆ । ਪਹਿਲਾ ਕਹਾਰ ਜੀਤਾਂ ਆਧਾਰੀ, ਅੰਤਰ
ਵੇਖ ਵਖਾਈਆ । ਦੂਜਾ ਕਹਾਰ ਬੀਬੀ ਚਰਨ ਸਹਾਰੀ, ਚਰਨੋਦਕ ਮੁਖ ਚੁਆਈਆ, ਤੀਜਾ ਕਹਾਰ ਬਾਵੀ ਨਾਮ ਕਰਕੇ ਰਹੇ ਪੁਕਾਰੀ, ਰਸਨਾ
ਜਿਹਵਾ ਸੁਣਾਈਆ । ਚੌਥਾ ਕਹਾਰ ਜਿਸ ਦੇ ਅੰਦਰ ਦਿਆਂ ਧਾਰੀ, ਸੁਲੱਖਣੀ ਰੂਪ ਵਟਾਈਆ । ਪੰਜਾਂ ਉਤੇ ਪ੍ਰਭ ਓਡਣ ਦੇ ਅਪਰ ਅਪਾਰੀ,
ਪਿਛਲਾ ਲੇਖ ਚੁਕਾਈਆ । ਰਵਦਾਸ ਨੂੰ ਨਾਲ ਲੈ ਕੇ ਖਰੀਦ ਲਿਆਇਆ ਬਣ ਵਪਾਰੀ, ਸਮਝ ਕਿਸੇ ਨਾ ਆਈਆ । ਕਰਨਹਾਰਾ ਸਚ
ਵਿਹਾਰੀ, ਆਪਣੀ ਬਿਧ ਆਪਣੇ ਹੱਥ ਰਖਾਈਆ । ਜਗਤ ਜਹਾਨ ਤੋੜ ਯਾਰੀ, ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਵਦਾਸ ਨੂੰ ਚੇਤਾ ਆਇਆ ਮੇਰੀ ਰੋਟੀ ਸੁੱਕੀ, ਅੱਜੇ ਨਾ ਕਿਸੇ ਵਰਤਾਈਆ ।
ਖਾਂਦਿਆ ਖਾਂਦਿਆ ਖਾਂਦਿਆ ਕਿਸੇ ਕੋਲੋਂ ਨਾ ਮੁੱਕੀ, ਆਪਣੇ ਭੰਡਾਰੇ ਬੈਠੀ ਭਰਾਈਆ । ਉਸ ਦਾ ਆਟਾ ਗੁੱਧਾ ਪ੍ਰੇਮ ਨਾਲ ਦੇ ਕੇ ਮੁੱਕੀ, ਪਾਣੀ

੫੩੯ ੧੯

ਜਲ ਹੱਥਾਂ ਨਾਲ ਤੁਣਕਾਈਆ । ਸੇਵਾ ਕਰੀ ਨਾਲ ਸ਼ੌਕੀ, ਅੰਦਰੇ ਅੰਦਰ ਧਿਆਨ ਲਗਾਈਆ । ਵਸਤ ਸਾਰੀ ਸਾਂਭ ਸੂਤ ਸਾਫ ਕੀਤੀ ਚੌਕੀ, ਚੌਂਕਾ ਚੌਕੇ ਨਾਲ ਪਵਿਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਪਿਛਲੇ ਲਹਿਣੇ ਰਿਹਾ ਮੁਕਾਈਆ । ਰਵਦਾਸ ਕਹੇ ਮੇਰੇ ਸੱਚੇ ਰੱਬ, ਆਦਿ ਜੁਗਾਦਿ ਤੇਰੀ ਵਡਿਆਈਆ । ਕੀ ਤੈਨੂੰ ਖਾਣ ਪੀਣ ਦਾ ਹੋ ਗਿਆ ਲਬ, ਮੇਰਾ ਵੇਲਾ ਗਿਆ ਭੁਲਾਈਆ । ਮੈਂ ਸੁੱਕੇ ਟੁੱਕੜੇ ਜੋ ਆਇਆ ਛੱਡ, ਸਾਭ ਸੂਤ ਕੇ ਤੇਰੀ ਝੋਲੀ ਪਾਈਆ । ਏਸੇ ਕਰਕੇ ਇਕ ਦਿਨ ਪਹਿਲੋਂ ਤੇਰੇ ਨੰਗੇ ਦੇਖੇ ਹੱਡ, ਵਾਂਗ ਗ਼ਰੀਬਾਂ ਨਜ਼ਰੀ ਆਈਆ । ਅੱਗੇ ਮੇਰੇ ਨਾਲੋਂ ਰਿਹਾ ਅੱਡ, ਹੁਣ ਸੋਹਣਾ ਜੋੜ ਵਖਾਈਆ । ਆਪਣੇ ਸੱਜਣ ਰਿਹੋਂ ਕੱਢ, ਗੁਰਮੁਖ ਰੂਪ ਵਖਾਈਆ । ਇਕ ਮੰਗਾ ਤੈਥੋਂ ਮੰਗ, ਸੋਹਣਾ ਵਕਤ ਸੁਹਾਈਆ । ਹੁਣ ਕੱਟ ਦੇ ਭੁੱਖ ਨੰਗ, ਦੁਖੀਆਂ ਦਰਦ ਵੰਡਾਈਆ । ਤੈਨੂੰ ਕਿਹੜਾ ਨਹੀਂ ਆਉਂਦਾ ਢੰਗ, ਕਿਹੜਾ ਦੇਵੇ ਜਾਚ ਸਿਖਾਈਆ । ਮਿਹਰ ਨਜ਼ਰ ਕਰੇਂ ਤੇ ਚਾੜ੍ਹੇਂ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਤੇਰੇ ਚਰਨਾਂ ਥੱਲੇ ਵਗਦੀ ਦਿਸੇ ਗੰਗ, ਗਹਿਰ ਗੰਭੀਰ ਮੇਰੇ ਗੁਸਾਈਆ । ਮੇਰਾ ਲਾ ਸਚ ਤੰਦ, ਪਾਣਾ ਗੰਡਣਵਾਲਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਸਾਹਿਬ ਮੇਰੇ ਤੈਨੂੰ ਬੜਾ ਚਾਹੀਦਾ ਸੁਖ, ਸੁਖਆਸਣ ਸੋਭਾ ਪਾਈਆ । ਮੈਂ ਤੇਰੇ ਪਿਛੇ ਕੱਟ ਰਿਹਾ ਭੁੱਖ, ਭੁੱਖ ਵਿਚ ਖ਼ੁਸ਼ੀ ਮਨਾਈਆ । ਸਾਡੀ ਵਾਰੀ ਹੋ ਗਿਉਂ ਚੁੱਪ, ਮੁਖ ਬੋਲ ਨਾ ਕੋਈ ਅਲਾਈਆ । ਅਸੀਂ ਤੈਨੂੰ ਰਹੇ ਪੁਛ, ਦੇ ਜਵਾਬ ਸਚ ਗੁਸਾਈਆ । ਕੀ ਤੇਰੇ ਕੋਲ ਨਹੀਂ ਕੁਛ, ਜੇ ਹੈ ਫਿਰ ਬੈਠਾ ਕਿਉਂ ਛੁਪਾਈਆ । ਅੱਜ ਅਸੀਂ ਤੇਰੇ ਨਾਲ ਜਾਣਾ ਰੁੱਸ, ਲੈਣਾ ਮੁਖ ਭਵਾਈਆ । ਰਾਤ ਸਾਰੀ ਤੇਰੇ ਵੰਡੇ ਦੇਣੀ ਭੁੱਖ, ਥਾਲੀ ਪਰੋਸ ਨਾ ਅੱਗੇ ਟਿਕਾਈਆ । ਤੇਰੇ ਲੱਗਣ ਨਹੀਂ ਦੇਣਾ ਕੁਛ ਮੁਖ, ਭੋਗ ਲਾ ਨਾ ਖ਼ੁਸ਼ੀ ਮੰਨਾਈਆ । ਤੇਰੇ ਵਿਛੋੜੇ ਅੰਦਰ ਗਏ ਸੁੱਕ, ਤੈਨੂੰ ਤਰਸ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਵਰ, ਮਿਹਰਵਾਨ ਤੇਰੀ ਸਰਨਾਈਆ । ਭਗਵਾਨ ਕਹੇ ਰਵਦਾਸ ਤੇਰਾ ਤੀਰ, ਨਿਰਾਲਾ ਨਜ਼ਰੀ ਆਈਆ । ਖਾਣ ਪੀਣ ਨਾ ਕੋਇ ਸੀਰ, ਮੁਖ ਵਸਤ ਨਾ ਕੋਇ ਟਿਕਾਈਆ । ਰਾਤੀਂ ਸੁਤਿਆਂ ਕੱਟਾਂ ਭੀੜ, ਦੁਖੀਆਂ ਪੀੜ ਆਪਣੀ ਝੋਲੀ ਪਾਈਆ । ਨਾ ਕੋਈ ਬ੍ਰਾਹਮਣ ਖਾਵੇ ਖੰਡ ਖੀਰ, ਭੋਜਨ ਭਾ ਨਾ ਕਿਸੇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਢੇ ਦਸ ਦੇਵੇ ਰਸ ਹੋ ਕੇ ਵਸ ਸਭ ਕਿਛ ਦਏ ਸਮਝਾਈਆ । ਬ੍ਰਾਹਮਣ ਫੜਕੇ ਡਗੋਰ ਹੱਥ ਰਖਾਈਆ । ਉਤੋਂ ਬੋਦੀ ਹਿਲੇ ਚੋਟੀ, ਸੋਹਣੀ ਟਿੰਡ ਬਣਾਈਆ । ਨਾਲ ਤ੍ਰਿਸਨਾ ਹੋਵੇ ਖੋਟੀ, ਜਿਸ ਉਤੇ ਭਾਰ ਲਦਾਈਆ । ਮਮਤਾ ਹੋਵੇ ਬਹੁਤੀ, ਮਾਇਆ ਸੰਗ ਵਖਾਈਆ । ਏਥੇ ਔਂਦਿਆਂ ਰਾਤ ਨੂੰ ਮਿਲੇ ਕੋਈ ਨਾ ਰੋਟੀ, ਭੁੱਖਿਆਂ ਰੈਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭਨਾ ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਸਾਡਾ ਕੀ ਗੁਨਾਹ, ਸਚ ਦੇ ਸਮਝਾਈਆ । ਸਾਰੇ ਤੇਰੀ ਸੇਵਾ ਰਹੇ ਕਮਾ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਬੱਚਿਆਂ ਉਤੇ ਤਰਸ ਰਖਾ, ਤੇਰੇ ਹੱਥ ਵਡਿਆਈਆ । ਜਿਨ੍ਹਾਂ ਮੀਹ ਅੰਧੇਰੇ ਬਾਰਸ਼ ਸਰਦੀ ਵਿਚ ਹੱਥ ਪੈਰ ਲਏ ਗਲਾ, ਦਿਵਸ ਰੈਣ ਇਕੋ ਰੰਗ ਨਜ਼ਰੀ ਆਈਆ । ਮੈਨੂੰ ਖੂਬ ਰਹੇ ਖਵਾ ਪਿਆ,

੫੪੦
੧੯

ਘਰ ਘਰ ਵਰਜਨ ਵੱਡੇ ਛੋਟੇ ਆਖਣ ਚਾਈਂ ਚਾਈਂਆ । ਸਾਰਾ ਦਿਨ ਦੁੱਧ ਰਹੇ ਪਿਆ, ਮਠਿਆਈਆ ਨਾਲ ਖਵਾਈਆ । ਮੈਂ ਖਾਣ ਪੀਣ ਲਈ ਇਨ੍ਹਾਂ ਦਾ ਬਣਾਂ ਗਵਾਹ, ਸ਼ਹਾਦਤ ਆਪਣੀ ਨਾਲ ਭੁਗਤਾਈਆ । ਰਵਦਾਸ ਨੂੰ ਲਵਾਂ ਮਨਾ, ਜੇ ਮੇਰਾ ਸੰਗ ਰਖਾਈਆ । ਕਹਿਵਾਂ ਯਾਰ ਕਿਉਂ ਭੁੱਖਿਆਂ ਰਿਹਾਂ ਮਰਵਾ, ਖਾਂਦਿਆਂ ਪੀਦਿਆਂ ਗਾਈਏ ਚਾਈਂ ਚਾਈਂਆ । ਰਵਦਾਸ ਅੱਗੋ ਦਏ ਸੁਣਾ, ਇਕੋ ਬੋਲ ਅਲਾਈਆ । ਜਿਵੇਂ ਮੰਨਦਾ ਉਸੇ ਤਰਾਂ ਲਵੋ ਮਨਾ, ਭੁੱਖੇ ਰਹਿ ਕੇ ਏਹਦਾ ਘਟ ਕੁਛ ਨਾ ਜਾਈਆ । ਤੁਸੀਂ ਜੇ ਕੁਛ ਖਾਣਾ ਤਾਂ ਲਵੋ ਖਾ, ਆਪਣਾ ਪੇਟ ਭਰਾਈਆ । ਮੈਂ ਢਾਈ ਟੁੱਕੜੇ ਸੁੱਕੇ ਅੱਗੇ ਦੇਣੇ ਟਿਕਾ, ਜੋ ਚਮੜੇ ਵਿਚ ਛੁਪਾਈਆ । ਇਕੋ ਘੁੱਟ ਪਾਣੀ ਦੇਣਾ ਪਿਆ, ਆਪਣੀ ਸੇਵ ਲਗਾਈਆ । ਜੇ ਭੁੱਖਾ ਰਹਿ ਕੇ ਮਰਦਾ ਦਿਸੇ ਖ਼ੁਦਾ, ਇਹੋ ਜਿਹੇ ਖ਼ੁਦਾ ਦੀ ਲੋੜ ਰਹੇ ਨਾ ਰਾਈਆ । ਅਸੀਂ ਹੋਣ ਨਹੀਂ ਦੇਣਾ ਜੁਦਾ, ਸਗਲਾ ਸੰਗ ਨਿਭਾਈਆ । ਰਲ ਮਿਲ ਅੱਜ ਸਾਰੇ ਮਤਾ ਲਈਏ ਪੱਕਾ, ਸਲਾਹ ਇਕ ਰਖਾਈਆ । ਨਾ ਮੰਨੇ ਤਾ ਵੀ ਲਈਏ ਮਨਾ, ਮਨਸਾ ਆਪਣੀ ਨਾਲ ਰਲਾਈਆ । ਸਾਢੇ ਦਸ ਅੰਦਰ ਵੜ ਕੇ ਲਈਏ ਸੁਣਾ, ਸੋਹਣਾ ਨਾਦ ਵਜਾਈਆ । ਇਕ ਅਦਾ ਏਹਦੀ ਝੋਲੀ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਦੇਵਣਹਾਰ ਸਰਬ ਵਡਿਆਈਆ । ਹਰਿਸੰਗਤ ਮੰਗਵੀਂ ਦਿਓ ਇਕ ਰਾਤ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਵਿਚ ਮੇਰੀ ਤੁਹਾਡੇ ਅੰਦਰ ਵੜੇ ਜਾਤ, ਜਾਹਰ ਰੂਪ ਵਖਾਈਆ । ਅੱਗੇ ਖ਼ੁਸ਼ੀਆਂ ਵਾਲੀ ਆਏ ਪਰਭਾਤ, ਸੋਹਣਾ ਰੰਗ ਵਟਾਈਆ । ਨੈਣ ਨੇਤਰ ਲਵਾਂ ਝਾਕ, ਧੁਰ ਦੀ ਅੱਖ ਖੁਲ੍ਹਾਈਆ । ਰਵਦਾਸ ਦਾ ਪੂਰਾ ਕਰਕੇ ਵਾਕ, ਭੁੱਖਿਆਂ ਰਹਿ ਕੇ ਝੱਟ ਲੰਘਾਈਆ । ਮੇਰਾ ਤੁਟ ਨਾ ਜਾਵੇ ਸਾਕ, ਮੇਰਾ ਸੱਜਣ ਨਾ ਮੁਖ ਭਵਾਈਆ । ਮੁੱਢ ਕੰਮ ਨਾ ਆਵੇ ਬਿਨ ਡਾਲ ਪਾਤ, ਬਿਨ ਸ਼ਾਖ ਨਾ ਕਦੇ ਲਹਿਰਾਈਆ । ਜੇ ਕੋਈ ਪਰਸੋਂ ਦੀ ਰਿਦੀ ਰਹਿ ਗਈ ਭਾਤ, ਉਹ ਖ਼ੁਸ਼ੀਆਂ ਨਾਲ ਝੋਲੀ ਪਾਈਆ । ਇਹ ਵੱਖਰੀ ਸਭ ਤੋਂ ਬਾਤ, ਸ਼ਬਦਾਂ ਵਿਚੋਂ ਸ਼ਬਦੀ ਰੂਪ ਵਟਾਈਆ । ਅੱਜੇ ਕੁਛ ਹੋਰਨਾ ਦੀ ਰਹਿੰਦੀ ਆਸ, ਜਿਹੜੇ ਬੈਠੇ ਰਾਹ ਤਕਾਈਆ । ਅੱਧੀ ਰਾਤ ਤੱਕ ਸੁਣੋ ਓਨ੍ਹਾਂ ਦੀ ਬਾਤ, ਆਪਣਾ ਧਿਆਨ ਲਗਾਈਆ । ਤੁਹਾਡੀ ਸਾਰਿਆਂ ਦੀ ਕੱਠੀ ਕਰਾਂ ਇਕੋ ਵਾਰ ਯਾਦ, ਯਾਦਾਸ਼ਤ ਇਕ ਬਣਾਈਆ । ਸੋਹਣੀ ਸੁਚੱਜੀ ਸੁਣਾਊਂ ਆਵਾਜ਼, ਧੁਰ ਦਾ ਰਾਗ ਪਰਗਟਾਈਆ । ਫਿਰ ਜਰੂਰ ਕਹੋਗੇ ਸਾਡਾ ਇਹ ਬਾਪ, ਪਿਤਾ ਪੁਰਖ ਅਕਾਲ ਬੇਪਰਵਾਹੀਆ । ਇਸ ਨੂੰ ਛੱਡ ਕੇ ਕਿਹੜਾ ਕਰੀਏ ਜਾਪ, ਮੰਗਣ ਕਿਸ ਘਰ ਜਾਈਆ । ਜੋ ਕੁਛ ਕਹੇ ਸੋ ਆਪੇ ਆਪ, ਆਪ ਆਪਣੇ ਵਿਚ ਸਮਾਈਆ । ਜੇ ਕੋਈ ਇਹਦੀ ਵਸਤ ਲੱਭੇ ਉਹ ਗੁਰਮੁਖਾਂ ਦੀ ਰਾਖ, ਜਿਹੜੀ ਸਾਹਿਬ ਭੇਟ ਚੜ੍ਹਾਈਆ । ਵੱਡੀ ਤੇ ਅਨਮੁਲੀ ਦਾਤ, ਛੋਟੇ ਬੱਚਿਆਂ ਨਾਲ ਰਲਾਈਆ । ਇਕੀਆਂ ਵਡਿਆਈ ਨਾਲ ਕਰੇ ਸਾਥ, ਜੋੜੀ ਜੁੜਦਿਆਂ ਨਾਲ ਜੁੜਾਈਆ । ਹੌਲੀ ਹੌਲੀ ਮੰਜ਼ਲ ਪੰਧ ਮੁਕਾ ਕੇ ਵਾਟ, ਦਰ ਦਰਵਾਜ਼ਾ ਖੋਲ੍ਹੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਕਰਨੀ ਕਾਰ ਕਮਾਈਆ ।

## ★ ੨੫ ਮਾਘ ੨੦੨੦ ਬਿਕ੍ਰਮੀ ਮੇਲਾ ਸਿੰਘ ਦੇ ਕਮਾਦ ਵਿਚ ਬਾਬੂਪੁਰ ਜ਼ਿਲਾ ਗੁਰਦਾਸਪੁਰ ★

ਸੁਣ ਆਵਾਜ਼ ਬ੍ਰਾਹਮਣ ਦੀ ਆਇਆ ਡੂਮ ਮਰਦਾਨਾ ਮਰਾਸੀ, ਵੇਖ ਪਿਛਲਾ ਕਰਮ ਧੁਰਦਾ ਸਾਥੀ, ਨੇਤਰ ਅੱਖ ਖੁਲ੍ਹਾਈਆ । ਜਿਸ ਮੰਨੀ ਨਹੀਂ ਸੀ ਨਾਨਕ ਆਖੀ, ਵਲੀਆਂ ਵਿਚੋਂ ਵਲੀ ਅਖਵਾਈਆ । ਕੰਧਿਆਂ ਨਾਲੋਂ ਜਿਸ ਦੀ ਚੌੜੀ ਛਾਤੀ, ਕੰਧਾਰੀ ਲੋਕੀ ਰਹੇ ਸਦਾਈਆ । ਮੈਨੂੰ ਪਿਛਲੀ ਆਈ ਯਾਦ ਸਾਖੀ, ਸੋਹਣੀ ਤਰਾਂ ਸੁਣਾਈਆ । ਮਾਰ ਏਸੇ ਵਲ ਝਾਤੀ, ਆਪਣੀ ਅੱਖ ਖੁਲ੍ਹਾਈਆ । ਔਖਾ ਹੋ ਕੇ ਚੜ੍ਹ ਕੇ ਗਿਆ ਉਤੇ ਘਾਟੀ, ਪਾਣੀ ਖਾਤਰ ਵਾਹੋ ਦਾਹੀਆ । ਏਸ ਮੈਨੂੰ ਗੱਲ ਅੱਗੋਂ ਇਹ ਆਖੀ, ਮਾਣ ਨਾਲ ਸੁਣਾਈਆ । ਜਾ ਮੁੜ ਕੇ ਪਿਛੇ ਲੈ ਜਾ ਖਾਲੀ ਬਾਟੀ, ਪਿਆਲਾ ਭਰੇ ਨਾ ਕੋਈ ਸੁਰਾਹੀਆ । ਨਾਨਕ ਤਪੇ ਜਾ ਕੇ ਆਖੀਂ, ਮੇਰਾ ਸੰਦੇਸਾ ਇਕ ਸੁਣਾਈਆ । ਏਥੇ ਕੁਛ ਨਹੀਂ ਤੇਰਾ ਬਾਕੀ, ਲਹਿਣਾ ਹੱਥ ਨਾ ਕਿਸੇ ਫੜਾਈਆ । ਜੇ ਜ਼ੋਰ ਹੈਗਾ ਛਾਤੀ, ਲੈ ਲਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਮਰਦਾਨਾ ਅੱਗੋਂ ਕਹੇ ਬੋਲ, ਮਰਦਾਂ ਵਾਲੀ ਜਣਾਈਆ । ਇਹ ਪਾਣੀ ਥੋੜਾ ਜਿਹਾ ਤੇਰੇ ਕੋਲ, ਉਹ ਭੀ ਪ੍ਰਭ ਇੱਟਾਂ ਵਿਚੋਂ ਧਾਰ ਵਹਾਈਆ । ਐਵੇਂ ਖਾਲੀ ਵਜਾਵੇਂ ਢੋਲ, ਕੂੜਾ ਡੱਗਾ ਲਗਾਈਆ । ਮੈਂ ਉਸ ਨੂੰ ਲੇਖਾ ਦੱਸਾਂ ਖੋਲ੍ਹ, ਸੱਚੀ ਤਰਾਂ ਸਮਝਾਈਆ । ਤੇਰਾ ਹੁਣੇ ਕੱਢ ਦਏ ਪੋਲ, ਤੁਟੇ ਮਾਣ ਵਡਿਆਈਆ । ਮੈਂ ਖ਼ੁਸ਼ ਨਹੀਂ ਵੇਖ ਕੇ ਘੋਲ, ਫੱਕਰਾਂ ਸਾਧਾਂ ਹੋਵੇ ਲੜਾਈਆ । ਜੇ ਤੂੰ ਕਿਹਾ ਨਾਲ ਮਖੌਲ, ਹੰਸੀ ਇਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਵਲੀ ਕੰਧਾਰੀ ਹੋ ਕੇ ਗੁਸੇ, ਗਹਿਰੀ ਅੱਖ ਨਾਲ ਡਰਾਈਆ । ਏਥੇ ਨਾਨਕ ਵਰਗਿਆਂ ਕੌਣ ਪੁੱਛੇ, ਫਿਰਨ ਵਾਹੋ ਦਾਹੀਆ । ਮੈਥੋਂ ਡਰਦੇ ਸਾਰੇ ਲੁਕੇ, ਸਿਰ ਨਾ ਕੋਈ ਉਠਾਈਆ । ਕਈ ਸਾਧ ਮੈਂ ਫੜ ਫੜ ਕੁੱਟੇ, ਭੁਜਾਂ ਨਾਲ ਦਬਾਈਆ । ਕਈ ਫੜ ਕੇ ਟੰਗੇ ਪੁੱਠੇ, ਦੋਹਰੀ ਦੇਵਾਂ ਸਜਾਈਆ । ਕਿਸੇ ਪਾਣੀ ਮੂਲ ਨਾ ਪਾਵਾਂ ਮੁੱਖੇ, ਤ੍ਰਿਖਾ ਵਿਚ ਤੜਫਾਈਆ । ਮੇਰੇ ਹੱਥੋ ਕੋਈ ਵਿਰਲਾ ਛੁੱਟੇ, ਜਿਸ ਉਪਰ ਰਹਿਮ ਕਮਾਈਆ । ਜਾ ਮੁੜ ਜਾ ਨਹੀਂ ਤੇ ਤੇਰਾ ਦਾਣਾ ਪਾਣੀ ਮੁੱਕੇ, ਇਕੋ ਮੁੱਕੀ ਨਾਲ ਮੁਕਾਈਆ । ਤੁਸੀਂ ਮੰਗ ਮੰਗ ਖਾਵਣਹਾਰੇ ਟੁੱਕੜੇ ਰੁੱਖੇ, ਮੈਂ ਭੇਡ ਖਾ ਕੇ ਖ਼ੁਸ਼ੀ ਮਨਾਈਆ । ਮੇਰੇ ਬੂਟੇ ਫੇਰ ਨਾ ਲੱਗੇ ਪੁੱਟੇ, ਜੜੋਂ ਦਿਆਂ ਉਖੜਾਈਆ । ਵੇਖ ਡੂੰਗੀਆਂ ਗਾਰਾ ਵਿਚ ਕਿੰਨੇ ਸੁੱਟੇ, ਹੱਡੀਆਂ ਪਿੰਜਰ ਨਜ਼ਰੀ ਆਈਆ । ਮਾਰ ਮਾਰ ਕੇ ਓਨ੍ਹਾਂ ਠੁੱਡੇ, ਸੁਰਤ ਦਿਤੀ ਭੁਲਾਈਆ । ਏਥੇ ਆ ਕੋਈ ਨਾ ਬੁੱਕੇ, ਭੈ ਮੇਰਾ ਸਰਬ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਵਰਤਾਈਆ । ਮਰਦਾਨੇ ਅੰਦਰੋਂ ਆਈ ਆਵਾਜ਼, ਹੌਲੀ ਜਿਹੀ ਸੁਣਾਈਆ । ਇਸ ਵਿਚ ਕੋਈ ਡੂੰਘਾ ਰਾਜ਼, ਕਰੀਂ ਨਾ ਸੰਗ ਲੜਾਈਆ । ਚੁਪ ਚਪੀਤਾ ਪਿਛੇ ਆ ਭਾਜ, ਨਾਨਕ ਰਾਹ ਤਕਾਈਆ । ਬਾਲਾ ਵਜਾਵਣ ਵਾਲਾ ਸਾਜ਼, ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰੇ ਅੰਦਰੇ ਅੰਦਰ ਭੇਵ ਖੁਲ੍ਹਾਈਆ । ਮਰਦਾਨਾ ਸੁਣ ਕੇ ਆਇਆ ਮੁੜ, ਖਾਲੀ ਕਾਸਾ ਹੱਥ ਰਖਾਈਆ । ਉਸ ਦੇ ਔਦਿਆਂ ਸਾਰ ਰਬਾਬੀ ਵੱਜੀ ਸੁਰ, ਸੋਹਣਾ ਤਾਲ ਬਣਾਈਆ । ਨਾਨਕ ਨਿਰੰਕਾਰ ਨਾਲ ਗਿਆ ਜੁੜ, ਇਕੋ ਰੂਪ ਸਮਾਈਆ । ਮਰਦਾਨੇ ਆ ਕੇ ਕਿਹਾ ਓਥੇ ਲੇਖਾ

ਹੋਰ, ਮੇਰੀ ਚਲੀ ਨਾ ਕੋਈ ਵਡਿਆਈਆ । ਵਲੀ ਸਭ ਨੂੰ ਵਖਾਵੇ ਜੋਰ, ਆਪਣਾ ਬਲ ਜਣਾਈਆ । ਅੱਗੇ ਓਸ ਮਾਨਸ ਰੱਖੇ ਨਾਲ ਢੋਰ, ਗਾਰਾਂ ਵਿਚ ਸੁਟਾਈਆ । ਏਥੇ ਨਾਨਕ ਤੇਰੀ ਲੋੜ, ਬਿਨ ਤੇਰੇ ਪਾਣੀ ਹੱਥ ਕਿਸੇ ਨਾ ਆਈਆ । ਨਾਨਕ ਕਿਹਾ ਮਰਦਾਨੇ ਨਾ ਪਾ ਸ਼ੋਰ, ਪੁਰਖ ਅਕਾਲ ਖੇਲ ਰਚਾਈਆ । ਓਨੇ ਚਿਰ ਨੂੰ ਵਲੀ ਓਠਿਆ ਦੋੜ, ਆਪਣਾ ਬਲ ਪਰਗਟਾਈਆ । ਸਹਿਜ ਸੁਭਾਓ ਪੱਥਰ ਦਿਤਾ ਰੋੜ੍ਹ, ਧੱਕਾ ਇਕ ਲਗਾਈਆ । ਨਾਨਕ ਤੱਕਿਆ ਕਰ ਕੇ ਗੌਰ, ਗਹਿਰ ਗਵਰਾ ਆਈਆ । ਪੌਂਦਾ ਆਵੇ ਡਾਹਡਾ ਸ਼ੋਰ, ਨਿਕਿਆਂ ਨਿਕਿਆਂ ਭੰਨ ਵਖਾਈਆ । ਸਤਿਗੁਰ ਹੱਥ ਲਾ ਕੇ ਕਿਹਾ ਤੇਰੀ ਨਹੀਂ ਅੱਜੇ ਲੋੜ, ਚੁਪ ਚਪੀਤਾ ਬਹਿ ਜਾ ਆਪਣੀ ਥਾਈਆ । ਉਸੇ ਵੇਲੇ ਧੁਰ ਦਾ ਮੰਤਰ ਫੁਰਿਆ ਫੋਰ, ਫੁਰਨਾ ਇਕ ਜਣਾਈਆ । ਨਿਰਗੁਣ ਬਣ ਕੇ ਆਇਆ ਚੋਰ, ਨਾਮ ਵਰਮਾ ਹੱਥ ਉਠਾਈਆ । ਜਿਥੋਂ ਪਹਾੜੀ ਦਾ ਆਵੇ ਮੋੜ, ਉਸ ਵਿਚੋਂ ਸੁਰਾਖ ਦਿਤਾ ਕਰਾਈਆ । ਹੌਲੀ ਹੌਲੀ ਪਾਣੀ ਦਿਤਾ ਰੋੜ, ਝਰਨਾ ਵਗੇ ਬੇਪਰਵਾਹੀਆ । ਮਰਦਾਨੇ ਪਿਆਲਾ ਭਰਿਆ ਜਿੰਨੀ ਲੋੜ, ਆ ਕੇ ਨਾਨਕ ਅਗੇ ਟਿਕਾਈਆ । ਨਾਨਕ ਕਿਹਾ ਬਾਲਿਆ ਇਹਦੇ ਵਿਚ ਮਿੱਠਾ ਰਸ ਖੋਰ, ਸੋਹਣਾ ਰਸ ਬਣਾਈਆ । ਬਾਲਾ ਕਹੇ ਮੇਰੇ ਨਹੀਂ ਕੁਛ ਕੋਲ, ਬਗਲੀ ਖਾਲੀ ਨਜ਼ਰੀ ਆਈਆ । ਨਾਨਕ ਕਿਹਾ ਮੈਂ ਨਹੀਂ ਪੀਣੀ ਪੋਹਲ, ਡੂਮਾ ਹੱਥ ਕਿਉਂ ਦਿਤਾ ਲਗਾਈਆ । ਮਰਦਾਨਾ ਕਹੇ ਨਾਨਕ ਤੂੰ ਆਪਣੀ ਗਠੜੀ ਖੋਲ, ਕਿਉਂ ਬੈਠਾ ਆਪ ਲੁਕਾਈਆ । ਨਾਨਕ ਕਿਹਾ ਮੇਰੇ ਚਰਨਾਂ ਉਤੇ ਡੋਲ੍ਹ, ਥੱਲੇ ਬਾਟਾ ਹੋਰ ਰਖਾਈਆ । ਮਿੱਠਾ ਰਸ ਪਰਮ ਪੁਰਖ ਪਰਮਾਤਮਾ ਇਹਦੇ ਵਿਚ ਦੇਵੇ ਘੋਲ, ਸੋਹਣਾ ਰਸ ਬਣਾਈਆ । ਏਨੇ੍ਹ ਚਿਰ ਨੂੰ ਵਲੀ ਕੰਧਾਰੀ ਆਇਆ ਕੋਲ, ਦਰਸ਼ਨ ਪਾ ਨੈਣ ਸ਼ਰਮਾਈਆ । ਮੇਰਾ ਮਾਫ ਕਰਦੇ ਬੋਲ, ਅਨਬੋਲਤ ਤੇਰੀ ਵਡਿਆਈਆ । ਮੈਂ ਸਾਧਾਂ ਵਾਂਗੂ ਕਰਦਾ ਰਿਹਾ ਮਖੌਲ, ਝੂਠਿਆਂ ਨਾਲ ਝੂਠੀ ਰੀਤ ਚਲਾਈਆ । ਤੂੰ ਬੈਠਾ ਦਿਸੇ ਅਡੋਲ, ਅਡੁਲ ਤੇਰੀ ਬੇਪਰਵਾਹੀਆ । ਖ਼ੁਸ਼ੀ ਨਾਲ ਨਾਨਕ ਆਪਣੇ ਬਾਟੇ ਵਿਚੋਂ ਭਰਕੇ ਦਿਤਾ ਇਕ ਨਿੱਕਾ ਜਿਹਾ ਕੌਲ, ਲੈ ਪੀ ਲੇ ਮੁਖ ਲਗਾਈਆ । ਮਰਦਾਨੇ ਗ਼ੁੱਸੇ ਨਾਲ ਹੱਥ ਮਾਰ ਕੇ ਦਿਤਾ ਡੋਲ੍ਹ, ਖਾਲੀ ਦਿਤਾ ਕਰਾਈਆ । ਮੈਂ ਗਿਆ ਤਾਂ ਮੈਨੂੰ ਅੱਗੋਂ ਮਾਰਨ ਲਗ ਪਿਆ ਧੌਲ, ਮੁੱਕੀਆਂ ਨਾਲ ਡਰਾਈਆ । ਹੁਣ ਵੇਖਾ ਇਹਦਾ ਘੋਲ, ਕਿਵੇਂ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਵੇਖ ਡੂਮ ਜਗਤ ਮਰਾਸੀ, ਮਸਲਾ ਗੁਰ ਸਮਝਾਈਆ । ਮੈਂ ਏਸੇ ਕਾਰਨ ਆਇਆ ਇਹਦੀ ਕਰਨੀ ਬੰਦ ਖਲਾਸੀ, ਬਿਨ ਬੰਦਗੀਉਂ ਬੰਦਾ ਦੇਵਾਂ ਬਣਾਈਆ । ਕੀ ਹੋਇਆ ਜੇ ਤੇਰੇ ਨਾਲ ਕਰੀ ਹਾਸੀ, ਮੇਰੇ ਨਾਲ ਚਲੇ ਨਾ ਕੋਇ ਚਤਰਾਈਆ । ਸਾਰੀ ਭੁੱਲੀ ਪਿਛਲੀ ਬਦਮੁਆਸ਼ੀ, ਨਿਉਂ ਨਿਉਂ ਸੀਸ ਰਿਹਾ ਝੁਕਾਈਆ । ਤੂੰ ਇਸ ਦੀ ਖਾਲੀ ਕੀਤੀ ਬਾਟੀ, ਕੌਲ ਹੱਥਾਂ ਨਾਲ ਰੁੜਾਈਆ । ਇਹ ਅੰਮ੍ਰਿਤ ਰਸ ਅਗੰਮ ਜੋ ਇਸ ਨੇ ਲਏ ਚਾਟੀਂ, ਤਿਸ ਰਸਨਾ ਧਰਤ ਮਿਲੇ ਵਡਿਆਈਆ । ਮਰਦਾਨੇ ਕਿਹਾ ਮੈਂ ਨਹੀਂ ਮੰਨਣਾ ਗੱਲੀ ਬਾਤੀਂ, ਮੈਨੂੰ ਸਚ ਦੇ ਸਮਝਾਈਆ । ਸਤਿਗੁਰ ਨਾਨਕ ਕਿਹਾ ਮਰਦਾਨਿਆਂ ਜਿਸ ਵੇਲੇ ਪੰਝੀ ਮਾਘ ਦੀ ਆਵੇ ਰਾਤੀ, ਰਾਤੀ ਸਭ ਕੁਛ ਦਿਆਂ ਸਮਝਾਈਆ । ਜਿਸ ਦੀ ਬਣੇ ਅਗੰਮੀ ਸਾਖੀ, ਪੁਰਖ ਅਕਾਲ ਦਏ ਵਡਿਆਈਆ । ਸਭ ਦਾ ਲਹਿਣਾ ਦੇਣਾ ਬਾਕੀ, ਦੂਈ ਦਵੈਤ ਨਾ ਕਦੇ ਰਖਾਈਆ । ਬੇਸ਼ਕ ਮੈਂ ਭੀ ਤੁਹਾਡੇ ਵਰਗਾ ਬੰਦਾ ਖਾਕੀ, ਮੇਰੇ ਅੰਦਰ ਨਿਰੰਕਾਰ ਨਿਰਾਕਾਰ ਡੇਰਾ ਲਾਈਆ ।

ਤੂੰ ਮੰਨ ਲੈ ਮੇਰੀ ਆਖੀ, ਤੈਨੂੰ ਸਚ ਦਿਆਂ ਸਮਝਾਈਆ । ਬੇਸ਼ਕ ਗੁਨਾਹੀ ਹੋਵੇ ਪਾਪੀ, ਮੈਂ ਸਾਰੇ ਦਿਆਂ ਤਰਾਈਆ । ਜਿਸ ਤਰਾਂ ਤੁਹਾਡੀ ਕਰਾਂ ਰਾਖੀ, ਏਸੇ ਤਰਾਂ ਸਰਬ ਸਹਾਈਆ । ਇਹ ਮੰਨੇ ਰਸੂਲ ਪਾਕੀ, ਮੁਹੰਮਦ ਅਨਹਦ ਰਾਗ ਅਲਾਈਆ । ਇਹ ਪੜ੍ਹੇ ਇਲਮ ਸਿਫ਼ਾਤੀ, ਆਫਤਾਬੀ ਨੂਰ ਰੁਸ਼ਨਾਈਆ । ਇਹ ਨਿਕੀ ਜਿਹੀ ਮਤਾਬੀ, ਸ਼ੋਹਲਿਆ ਨਾਲ ਜਗਾਈਆ । ਕੀ ਜਾਣੇ ਪਰਵਰਦਗਾਰ ਕਿਡਾ ਵੱਡਾ ਸਾਕੀ, ਸਾਖਿਆਤ ਆਪਣੀ ਰਚਨ ਰਚਾਈਆ । ਇਹ ਧੂੰਏਂ ਲਾਵੇ ਨਾਲ ਪਾਬੀ, ਈਂਦਨ ਲਕੜਾਂ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਵਿਚ ਸਮਾਈਆ । ਮਰਦਾਨਾ ਕਹੇ ਕੀ ਹੋਇਆ ਜੇ ਡਿਗਾ ਜਲ, ਪਾਣੀ ਏਸੇ ਦਾ ਨਜ਼ਰੀ ਆਈਆ । ਘੱਟੇ ਮਿੱਟੀ ਵਿਚ ਗਿਆ ਰਲ, ਆਪਣਾ ਆਪ ਮਿਟਾਈਆ । ਤੈਨੂੰ ਮੈਨੂੰ ਨਾਨਕ ਕਾਹਦਾ ਸੱਲ, ਆਪੇ ਭੁੱਖਾ ਮਰਦਾ ਨਾਲੇ ਤੇਹ ਸਤਾਈਆ । ਹੁਣ ਉਠ ਏਥੋਂ ਚਲ, ਬਣੀਏ ਪਾਂਧੀ ਰਾਹੀਆ । ਜਿਥੇ ਕੱਟੀਏ ਪਿਛਲੀ ਰਾਤ ਓਥੇ ਨਹੀਂ ਰਹਿਣਾ ਕੱਲ, ਘਰ ਅਗਲੇ ਡੇਰਾ ਲਾਈਆ । ਨਾਨਕ ਤੂੰ ਥੋੜਾ ਥੋੜਾ ਦੇਦਾਂ ਜਾ ਫਲ, ਕਿਉਂ ਐਵੇਂ ਰਿਹਾ ਲੁਟਾਈਆ । ਜੇ ਤੂੰ ਨਹੀਂ ਜਾਣਾ ਤੇ ਸਾਨੂੰ ਅੱਗੋਂ ਘੱਲ, ਕੋਈ ਜਜਮਾਨ ਲਈਏ ਮਨਾਈਆ । ਜਿਹੜਾ ਜਾਦਿਆਂ ਨੂੰ ਦੇਵੇ ਅੰਨ ਜਲ, ਬਿਸਤਰੇ ਦਏ ਵਿਛਾਈਆ । ਤੇਰੇ ਆਖੇ ਲੱਗੀਏ ਰਾਤ ਠਰ ਜਾਏ ਕਾਇਆ ਖੱਲ, ਓਢਨ ਨਜ਼ਰ ਕੋਈ ਨਾ ਆਈਆ । ਨਾਨਕ ਕਿਹਾ ਮਰਦਾਨਿਆਂ ਆ ਦੱਸਾਂ ਵਲ, ਤੈਨੂੰ ਦਿਆਂ ਸਮਝਾਈਆ । ਨੇਤਰ ਚੁਕ ਕੇ ਵੇਖ ਉਸ ਵਲ, ਜਿਹੜਾ ਵਿਚੋਂ ਕਤਰਾ ਬਚਿਆ ਨਜ਼ਰੀ ਆਈਆ । ਨਿਗਹ ਮਾਰੀ ਦੀਪਕ ਜੋਤ ਰਹੀ ਬਲ, ਨੂਰੋ ਨੂਰ ਰੁਸ਼ਨਾਈਆ । ਕੁਛ ਮਰਦਾਨਾ ਗਿਆ ਢਲ, ਬਾਲੇ ਨੂੰ ਅੱਖ ਨਾਲ ਸਮਝਾਈਆ । ਏ ਸਾਰਿਆਂ ਨਾਲ ਜਾਵੇ ਰਲ, ਸੱਜਣ ਦੁਸ਼ਮਣ ਸਮਝੇ ਕੋਈ ਨਾ ਰਾਈਆ । ਤੂੰ ਹੋ ਜਾ ਮੇਰੇ ਵਲ, ਦੋਵੇਂ ਬੈਠੇ ਸਲਾਹ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੁਣ ਕੇ ਗੱਲਾਂ ਵਲੀ ਕੰਧਾਰੀ, ਅੰਦਰੇ ਅੰਦਰ ਧਿਆਨ ਲਗਾਈਆ । ਏ ਕੋਈ ਵਲੀ ਔਲੀਆ ਗੌਂਸ ਭਾਰੀ, ਕੁਤਬਾ ਰਿਹਾ ਪੜ੍ਹਾਈਆ । ਇਹਦੇ ਨਾਲ ਲਾਉਣੀ ਚੰਗੀ ਯਾਰੀ, ਯਰਾਨਾ ਸੋਹਣਾ ਦਏ ਨਿਭਾਈਆ । ਜਿਨ ਮੇਰੀ ਇਸ਼ਾਰੇ ਨਾਲ ਡੱਕੀ ਪਹਾੜੀ, ਉਂਗਲਾਂ ਨਾਲ ਉਠਾਈਆ । ਜਿਨ ਅੰਦਰ ਖੇਲ ਕੀਤੀ ਨਿਆਰੀ, ਪਹਾੜਾਂ ਵਿਚੋਂ ਧਾਰ ਵਹਾਈਆ । ਕਿਉਂ ਨਾ ਮੈਂ ਇਹਦੇ ਚਰਨ ਛੁਹਾਵਾਂ ਰੱਤੀ ਨਿਕੀ ਜਿਹੀ ਦਾਹੜੀ, ਜੋ ਮਹਿੰਦੀ ਨਾਲ ਰੰਗਾਈਆ । ਇਹਦੀ ਪ੍ਰੇਮ ਪ੍ਰੀਤੀ ਲੱਗੇ ਗਾੜ੍ਹੀ, ਸੋਹਣਾ ਰੂਪ ਵਟਾਈਆ । ਅੰਦਰੇ ਅੰਦਰ ਸੱਟ ਲੱਗੀ ਨਿਆਰੀ, ਚੋਟੀ ਚੋਟ ਜਣਾਈਆ । ਦੋਏ ਜੋੜ ਕਰ ਨਿਮਸਕਾਰੀ, ਸੀਸ ਦਿਤਾ ਝੁਕਾਈਆ । ਨਾਨਕ ਬੈਠਾ ਵਿਚ ਨਾਮ ਖੁਮਾਰੀ, ਇਕ ਧਿਆਨ ਲਗਾਈਆ । ਰਬਾਬ ਕਰੇ ਤੂੰਹੀ ਨਿਰੰਕਾਰੀ, ਨਿਰੰਕਾਰ ਤੂੰਹੀ ਨਜ਼ਰੀ ਆਈਆ । ਤੇਰੀ ਰਹਿਮਤ ਸਦਾ ਨਿਆਰੀ, ਰਹਿਮਾਨ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਧਾਰ ਇਕ ਬੰਧਾਈਆ । ਪ੍ਰੇਮ ਧਾਰ ਬੰਧਾਈ ਰੀਤ, ਅੰਤਰ ਦਏ ਜਣਾਈਆ । ਸੁਣ ਕੇ ਸੋਹਣਾ ਸ਼ਬਦ ਸੰਗੀਤ, ਮਲੰਗ ਰੂਪ ਵਟਾਈਆ । ਉਠ ਕੇ ਨੱਚਿਆ ਭੁੱਲੀ ਮਸੀਤ, ਮਸਲਾ ਬੈਠਾ ਮੁਖ ਛੁਪਾਈਆ । ਚਰਨਾਂ ਉਤੇ ਡਿਗਾ ਹੋ ਕੇ ਡੀਠ, ਆਪਣਾ ਆਪ ਤਜਾਈਆ । ਨਾਨਕ ਅਚਾਨਕ ਤੇਰੇ ਨਾਲ ਲੱਗੀ ਪ੍ਰੀਤ, ਭਿਆਨਕ ਦੇ ਮਿਟਾਈਆ । ਮੇਰੇ ਹੱਥ ਨਾ ਆਇਆ ਅੰਮ੍ਰਿਤ ਬਾਟਾ ਮੈਂ ਪੀਂਦਾ ਲਾ ਕੇ ਡੀਕ, ਅੰਦਰ ਭੰਡਾਰ

ਭਰਾਈਆ । ਮਰਦਾਨਾ ਵੱਟ ਕੇ ਕਹੇ ਕਚੀਚ, ਅੱਖਾਂ ਲਾਲ ਵਖਾਈਆ । ਐਵੇਂ ਅੱਗੇ ਹੁੰਦੇ ਮਰਾਸੀ ਨੀਚ, ਡੂਮ ਕਰ ਬੁਲਾਈਆ । ਨਹੀਂ ਤੇ ਮੈਂ ਦੱਸਾਂ ਕਹਾਣੀ ਜੋ ਪਿਛੇ ਗਈ ਬੀਤ, ਜਿਹੜੀਆਂ ਗੱਲਾਂ ਮੈਨੂੰ ਰਿਹਾ ਸੁਣਾਈਆ । ਵਲੀ ਕਿਹਾ ਜੋ ਕਹੇਂ ਸੋ ਠੀਕ, ਮੇਰੇ ਮੌਲਾ ਖੇਲ ਖਿਲਾਈਆ । ਭਾਵੇਂ ਹੋ ਗੁਸੇ ਭਾਵੇਂ ਹੱਸ ਮੇਰੀ ਹੁਣ ਲੱਗ ਗਈ ਪ੍ਰੀਤ, ਸਕੇ ਨਾ ਕੋਈ ਤੁੜਾਈਆ । ਮੈਨੂੰ ਦੱਸ ਉਹ ਅੰਮ੍ਰਿਤ ਕਿਥੇ ਕਿਥੇ ਡੁੱਲਾ ਠੀਕ, ਮੈਂ ਵੇਖਾਂ ਚਾਈਂ ਚਾਈਂਆ । ਮਰਦਾਨੇ ਕਿਹਾ ਉਹ ਪਥਰਾਂ ਵਿਚ ਵੜ ਗਿਆ ਹੋ ਕੇ ਬਰੀਕ, ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸੁਣ ਕੰਧਾਰੀ ਆਇਆ ਚਾ, ਖ਼ੁਸ਼ੀਆਂ ਵਿਚ ਸਮਾਈਆ । ਰਸਨਾ ਨਾਲ ਚਟੀਏ ਉਹ ਥਾਂ, ਮਿਟੀ ਖ਼ਾਕ ਨਾ ਕੋਈ ਵਖਾਈਆ । ਨਾਲੇ ਕਰੇ ਹੂੰ ਨਾਲੇ ਕਰੇ ਹਾਂ, ਹਾਂ ਹੂੰ ਪਿਛੋਂ ਤੂੰ ਤੂੰ ਸੁਣਾਈਆ । ਬਾਲੇ ਰਬਾਬ ਸਤਾਰ ਖਿਚੀ ਕਰੇ ਊਂ ਊਂ, ਤੁਨਕ ਪੋਟੇ ਨਾਲ ਲਗਾਈਆ । ਰਮਜ਼ ਨਾਲ ਮਿਟੀ ਵਿਚ ਖੁਬਿਆ ਮੂੰਹ, ਆਪਣੀ ਸੁਧ ਭੁਲਾਈਆ । ਨਾਨਕ ਥਾਪੀ ਦੇ ਕੇ ਕਿਹਾ ਹੁਣ ਪਾਕ ਹੋਇਆ ਰੂਹ, ਬੁਤ ਦਇਆ ਕਮਾਈਆ । ਤੇਰਾ ਖ਼ੁਸ਼ੀ ਲੂੰ ਲੂੰ, ਰੋਮ ਰੋਮ ਵਡਿਆਈਆ । ਵਲੀ ਕਿਹਾ ਮੈਨੂੰ ਨਜ਼ਰੀ ਆਏ ਅੱਲਾ ਮੀਆਂ ਹੂਬਹੂ, ਨੂਰ ਨੂਰ ਰੁਸ਼ਨਾਈਆ । ਨਾਨਕ ਕਿਹਾ ਯਾਦ ਰੱਖੀਂ ਕਲਜੁਗ ਅੰਤ ਜ਼ਰੂਰ ਆਵੇ ਤੇਰੀ ਜੂਹ, ਆਪਣਾ ਫੇਰਾ ਪਾਈਆ । ਤੂੰ ਵਾਹਵੀਂ ਸੋਹਣਾ ਖੂਹ, ਗੇੜਾ ਗੇੜੇ ਨਾਲ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਕੇ ਬਾਤ ਕੌਲ ਵਾਲਾ ਜਲ ਪਿਆ ਹੱਸ, ਤਾਲੀ ਹੱਥ ਦੇ ਨਾਲ ਲਗਾਈਆ । ਨਾਨਕ ਕੁਛ ਮੈਨੂੰ ਵੀ ਦੱਸ, ਮੈਂ ਚਰਨ ਚੁੰਮ ਕੇ ਤੇਰੇ ਖ਼ੁਸ਼ੀ ਮਨਾਈਆ । ਕੀ ਹੋਇਆ ਜੇ ਮਰਦਾਨੇ ਮੈਨੂੰ ਬਾਹਿਰ ਦਿਤਾ ਸੱਟ, ਧਰਨੀ ਉਤੇ ਰੁੜ੍ਹਾਈਆ । ਮੇਰਾ ਕਿਥੇ ਗਿਆ ਰਸ, ਜੋ ਮਿੱਠਾ ਰੂਪ ਵਖਾਈਆ । ਇਹ ਮੇਰਾ ਨਹੀਂ ਕੁਛ ਵਸ, ਤੇਰੇ ਹੱਥ ਵਡਿਆਈਆ । ਜੋ ਹੁਣ ਨਹੀਂ ਆਇਆ ਇਸ ਦੇ ਹੱਥ, ਵਲੀ ਕੰਧਾਰੀ ਤੋਂ ਅੱਗੇ ਦਿਤਾ ਸਮਝਾਈਆ । ਨਾਨਕ ਕਿਹਾਂ ਤੈਨੂੰ ਬਖ਼ਸ਼ਿਆ ਏਸ ਦਾ ਸਾਥ, ਸੋਹਣੀ ਬਣਤ ਬਣਾਈਆ । ਕਾਨਾ ਕਲਮ ਫੜਕੇ ਪਾਈ ਵਿਚ ਦਵਾਤ, ਲੇਖਾ ਲਿਖਿਆ ਬੇਪਰਵਾਹੀਆ । ਕਾਨਾ ਕਹੇ ਹੁਣ ਮੈਨੂੰ ਦੱਸ ਬਾਤ, ਨਾਨਕ ਕਿਉਂ ਮੇਰੇ ਉਤੇ ਉਂਗਲ ਲਗਾਈਆ । ਮੈਂ ਭੁੱਖੇ ਘਰ ਨਹੀਂ ਰੱਖਣਾ ਵਾਸ, ਕੂੜਾ ਸੰਗ ਨਾ ਕੋਈ ਨਿਭਾਈਆ । ਮੈਂ ਵਿਚੋਂ ਪੋਲਾ ਅੰਦਰੋਂ ਮੰਗਾਂ ਦਾਤ, ਤੇਰੇ ਅੱਗੇ ਝੋਲੀ ਡਾਹੀਆ । ਨਾਨਕ ਸਚ ਸਹੀ ਦਿਤਾ ਆਖ, ਇਹਦੇ ਨਾਲ ਤੈਨੂੰ ਦਿਤੀ ਵਡਿਆਈਆ । ਕਲਜੁਗ ਅੰਤਮ ਤੇਰੀ ਬਦਲੇ ਜਾਤ, ਕਾਨਾ ਕਮਾਦ ਰੂਪ ਵਟਾਈਆ । ਵਲੀ ਕੰਧਾਰੀ ਤੈਨੂੰ ਆਪੇ ਕਰੇ ਅਬਾਦ, ਬੂਟਾ ਲਾਵੇ ਚਾਈਂ ਚਾਈਂਆ । ਪੁਰਖ ਅਕਾਲ ਵੇਖਣ ਆਵੇ ਆਪ, ਫੇਰਾ ਪਾ ਧੁਰਦਰਗਾਹੀਆ । ਮਰਦਾਨੇ ਕਿਹਾ ਕੀ ਪ੍ਰਭੂ ਕੱਲੇ ਦਾ ਇਹਦੇ ਨਾਲ ਸਾਕ, ਓਹ ਕੱਲਾ ਨਜ਼ਰ ਕਿਸੇ ਨਾ ਆਈਆ । ਬਾਲਾ ਕਹੇ ਮੈਂ ਮੰਗਾ ਹੋ ਕੇ ਦਾਸ, ਥੋੜੀ ਮੇਰੀ ਝੋਲੀ ਦੇ ਭਰਾਈਆ । ਮੈਂ ਸੁਣਿਆ ਸ੍ਰੀ ਭਗਵਾਨ ਸਦ ਭਗਤਾਂ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਨਾਨਕ ਕਿਹਾ ਜੇ ਸਚ ਪੁੱਛੋ ਉਹ ਭਗਤਾਂ ਨਾਲ ਲਿਆਏ ਬਣਾ ਜਮਾਤ, ਸੋਹਣੀ ਬਣਤ ਬਣਾਈਆ । ਅੱਗੋਂ ਕਾਨੇ ਲਿਆ ਆਖ, ਆਪਣੀ ਅੱਖ ਖੁਲ੍ਹਾਈਆ । ਜੇ ਓਸ ਵੇਲੇ ਮੈਨੂੰ ਕਹਿਣ ਕਮਾਦ, ਮੇਰੀ ਸਮਝ ਨਾ ਕੋਈ ਸਮਝਾਈਆ । ਨਾਨਕ ਕਿਹਾ ਉਹ ਆਪੇ ਰੱਖੇ ਯਾਦ, ਜਿਸ

੫੪੬



੧੯

ਹੱਥ ਦਿਤੀ ਵਡਿਆਈਆ । ਕੰਧਾਰੀ ਦਾ ਡੁਲਿਆ ਧਰਤੀ ਰਸ, ਧਰਨੀ ਵਿਚੋਂ ਗੰਨਿਆਂ ਵਿਚ ਭਰਾਈਆ । ਕਾਨੇ ਕਮਾਦ ਪੂਰੀ ਕਰਕੇ ਆਸ, ਲਹਿਣਾ ਦਏ ਚੁਕਾਈਆ । ਗੁਰਮੁਖ ਪੋਰੀ ਪੋਰੀ ਮੱਟੀ ਮੱਟੀ ਦਾ ਲੈਣ ਸਵਾਦ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਵਲੀ ਕੰਧਾਰੀ ਫੇਰ ਕਹੇ ਮੇਰਾ ਰਸੂਲ ਪਾਕ, ਬੇਪਰਵਾਹ ਨਜ਼ਰੀ ਆਈਆ । ਜਿਸ ਦਾ ਕਦੇ ਨਾ ਟੁੱਟੇ ਸਾਕ, ਸਾਚਾ ਨਾਤਾ ਰਿਹਾ ਜੁੜਾਈਆ । ਬਾਲਾ ਮਰਦਾਨਾ ਦੋਵੇਂ ਰਹੇ ਆਖ, ਸੱਚੀ ਕਹਾਣੀ ਰਹੇ ਸਮਝਾਈਆ । ਹੁਣ ਪੰਡਤ ਬ੍ਰਾਹਮਣ ਤੇਰੇ ਮੰਗਣ ਦੀ ਔਧੀ ਜਾਏ ਰਾਤ, ਸਾਡਾ ਪਿਛਲਾ ਪੰਧ ਮੁਕਾਈਆ । ਅਸੀਂ ਸਿਰਫ ਦੱਸਣ ਆਏ ਖਾਸ, ਇਹ ਓਹੋ ਦਾਤਾ ਬੇਪਰਵਾਹੀਆ । ਜਿਸ ਦੀ ਨਾਨਕ ਰੱਖੀ ਆਸ, ਨਿਰਗੁਣ ਨਿਰਵੈਰ ਨੂਰ ਰੁਸ਼ਨਾਈਆ । ਡੂਮਾਂ ਕੋਲੋਂ ਬ੍ਰਾਹਮਣਾਂ ਸਿਖੀ ਜਾਚ, ਬ੍ਰਾਹਮਣਾਂ ਕੋਲੋਂ ਡੂਮ ਕਰਨ ਪੜ੍ਹਾਈਆ । ਜਜਮਾਨ ਮੰਗਣ ਦੀ ਆਦਤ ਇਹਨਾਂ ਖਾਸ, ਮੰਗਦਿਆਂ ਸ਼ਰਮ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੂਮਾਂ ਕੋਲੋਂ ਬ੍ਰਾਹਮਣਾਂ ਜੋੜ ਜੁੜਾਈਆ । ਡੂਮ ਮਰਾਸੀ ਹੋ ਗਏ ਚੁੱਪ, ਆਪਣਾ ਹਾਲ ਸੁਣਾਈਆ । ਅੱਗੇ ਹੁਣ ਬ੍ਰਾਹਮਣ ਕੋਲੋਂ ਪੁੱਛ, ਕੀ ਆਪਣੀ ਮੰਗ ਰਖਾਈਆ । ਰਵਦਾਸ ਕੋਲੋਂ ਪਿਆ ਉਠ, ਨੇਤਰ ਅੱਖ ਖੁਲ੍ਹਾਈਆ । ਚਾਰ ਕਹਾਰ ਕਹਿਣ ਸਾਡਾ ਲੇਖਾ ਕਿਹੜਾ ਗਿਆ ਮੁੱਕ, ਲਹਿਣਾ ਦੇਣਾ ਬਾਕੀ ਨਜ਼ਰੀ ਆਈਆ । ਮਿੱਤਰ ਕਹੇ ਮੇਰਾ ਸਾਕ ਅਜੇ ਨਾ ਗਿਆ ਛੁਟ, ਮੁਖ ਸਕਿਆਂ ਨਾ ਕੋਈ ਭਵਾਈਆ । ਅਜੇ ਅੱਧਾ ਵਿਚਲਾ ਫੋਲਣਾ ਦੁੱਖ, ਜਿਹੜਾ ਸਕੇ ਨਾ ਕੋਈ ਸਮਝਾਈਆ । ਕੀ ਹੋਇਆ ਜੇ ਮਾਂ ਜਨਨੀ ਬਣਕੇ ਰੱਖੇ ਕੁੱਖ, ਮੁੰਮਾਂ ਸੀਰ ਰਸ ਪਿਆਈਆ । ਸਾਨੂੰ ਅਜੇ ਉਹ ਨਹੀਂ ਮਿਲਿਆ ਸੁਖ, ਜਿਹੜਾ ਚੁਮਿਆਰ ਦਿਤਾ ਸਮਝਾਈਆ । ਅੱਜੇ ਅਸਾਂ ਵੇਖਣਾ ਸੁੱਕਾ ਖਾਂਦਾ ਟੁੱਕ, ਰੁੱਖੀ ਰੋਟੀ ਖਾ ਕੇ ਖ਼ੁਸ਼ੀ ਮਨਾਈਆ । ਭੁੱਖਾ ਰਹਿ ਕੇ ਜੇ ਫੇਰ ਆਖੂ ਪੁੱਤ, ਬੱਚਿਆਂ ਵਾਗ ਬੁਲਾਈਆ । ਫੇਰ ਮੰਗਾਂਗੇ ਕੀ ਕੁਛ, ਝੋਲੀ ਆਪਣੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਲੀ ਕੰਧਾਰੀ ਇਹ ਤੇਰਾ ਧਨ, ਜਿਸ ਨੂੰ ਖਾ ਨਾ ਵਿਗੜੇ ਮਨ, ਅੰਮ੍ਰਿਤ ਤ੍ਰਿਪਤ ਰਹੇ ਤਨ, ਰਸ ਰਸਾਂ ਵਿਚੋਂ ਰਸ ਨਾਨਕ ਨਜ਼ਰੀ ਆਈਆ । ਵਲੋ ਨਾਲੋਂ ਇਹ ਚੰਗਾ, ਚੰਗੀ ਤਰ੍ਹਾਂ ਸਮਝਾਈਆ । ਬਿਨ ਬੰਦਗੀਉਂ ਬਣਿਆ ਬੰਦਾ, ਬੰਧਨ ਰਿਹਾ ਤੁੜਾਈਆ । ਜਨ ਭਗਤਾਂ ਪ੍ਰਭ ਆਪ ਵੰਡਾ, ਸੋਹਣੀ ਵੰਡ ਵੰਡਾਈਆ । ਖ਼ੁਸ਼ੀਆਂ ਨਾਲ ਪਹਿਲੋਂ ਹੱਥ ਵਿਚ ਫੜਕੇ ਵਾਂਗ ਡੰਡਾ, ਕਾਨਿਆਂ ਵਾਂਗ ਹਿਲਾਈਆ । ਫੇਰ ਸਭ ਨੇ ਰਸ ਮਾਣਿਆ ਇਕੋ ਜਿਹਾ ਚੰਗਾ, ਮੰਦਾ ਕਹਿ ਨਾ ਕੋਇ ਸੁਣਾਈਆ । ਬ੍ਰਾਹਮਣ ਯਾਦ ਆ ਗਈ ਗੰਗਾ, ਧੋਤੀ ਮੋਡੇ ਉਤੋਂ ਲਾਹੀਆ । ਮੈਂ ਕਿਹੜੇ ਬਹਿਵਾਂ ਕੰਢਾ, ਆਪਣਾ ਆਸਣ ਲਾਈਆ । ਜਿਥੇ ਮੈਨੂੰ ਸਾਰੇ ਦੇ ਕੇ ਜਾਣ ਮੰਡਾ, ਮੰਡਾ ਭੋਰਾ ਭੋਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਵਿਚੋਂ ਸਭ ਦਾ ਲੇਖਾ ਰਿਹਾ ਵਰਤਾਈਆ । ਕਮਾਦ ਕਹੇ ਮੈਂ ਕਾਨਾ ਜੜ, ਗੁਰਮੁਖ ਗੰਡਾਸਿਆਂ ਨਾਲ ਕਟਾਈਆ । ਨਾਲੇ ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਪੜ੍ਹ, ਸੋਹੰ ਰੂਪ ਸਮਾਈਆ । ਮੈਂ ਕਿਹਾ ਮੇਰੀ ਇਹਨਾਂ ਨਾਲ ਟੁੱਟੀ ਬੰਨ, ਪ੍ਰਭ ਜੋੜੀ ਆਪ ਜੁੜਾਈਆ । ਜਿਥੇ ਮੈਨੂੰ ਪੀੜ ਕੇ ਗੁੜ ਬਣੌਣਾ ਘਨ, ਕੜਾਹੇ ਵਿਚ ਤਪਾਈਆ । ਹੁਣ ਮੈਂ ਗੁਰਮੁਖਾਂ ਠੰਡਾਂ ਕਰਾਂ ਮਨ, ਆਪਣਾ ਰਸ ਪਿਆਈਆ । ਇਹਨਾ ਨਾਲ ਮਿਲ ਕੇ ਮੈਂ ਦਰ ਕਰਾਂ ਧੰਨ ਧੰਨ, ਧੰਨ ਤੇਰੀ ਵਡਿਆਈਆ ।

ਬਹੁਤਿਆਂ ਸਿਖਾਂ ਮੈਨੂੰ ਹੱਥਾਂ ਨਾਲ ਆਂਦਾ ਭੰਨ, ਹੁਲਾਰਾ ਇਕੋ ਵਾਰ ਲਗਾਈਆ । ਮੇਰੇ ਓਸੇ ਵੇਲੇ ਖੁਲ੍ਹ ਗਏ ਕੰਨ, ਨੇਤਰ ਚਾਰੋਂ ਤਰਫ਼ ਉਠਾਈਆ । ਜਾਂ ਵੇਖਿਆ ਨਜ਼ਰੀ ਆਇਆ ਸ੍ਰੀ ਭਗਵੰਨ, ਜਿਸ ਅਗਲੀ ਪਿਛਲੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਹਿਬ ਹੱਥ ਟਿਕਾਈਆ । ਗੁਰਮੁਖ ਪ੍ਰੇਮ ਨਾਲ ਕਰਨ ਟੋਟੇ, ਮੇਰੀਆਂ ਵੰਡੀਆਂ ਰਹੇ ਪਾਈਆ । ਜਿਸ ਤਰ੍ਹਾਂ ਸੰਗਤ ਵਿਚ ਬੱਚੇ ਨਿੱਕੇ ਵੱਡੇ ਛੋਟੇ, ਇਕੋ ਜਿਹਾ ਮੇਰਾ ਰੂਪ ਬਣਾਈਆ । ਮੈਨੂੰ ਛਿਲ ਕੇ ਹੱਥਾਂ ਨਾਲ ਪੋਟੇ, ਸੋਹਣਾ ਸਾਫ ਕਰਾਈਆ । ਮੁਖ ਵਿਚ ਪੌਣ ਹੋ ਕੇ ਸੌਖੇ, ਦੰਦਾਂ ਨਾਲ ਦਬਾਈਆ । ਲਾਹ ਕੇ ਛਿਲਕਾ ਫਿਰ ਸਿਖ ਕੁਛ ਨਾ ਸੋਚੇ, ਚਿਥ ਚਿਥ ਚੂਪੇ ਵਾਹੋ ਦਾਹੀਆ । ਮੇਰੇ ਰਸ ਵਿਚੋਂ ਘੁਟ ਔਣ ਬਹੁਤੇ, ਹਰਿਜਨ ਖ਼ੁਸ਼ੀਆਂ ਨਾਲ ਅੰਦਰ ਲੰਘਾਈਆ । ਮੇਰੇ ਮੁਹੰਮਦ ਨਾਲੋ ਚੰਗੇ ਬਣ ਗਏ ਰੋਜ਼ੇ, ਈਦ ਨਿਆਜ ਨਾਲੋਂ ਵਡਿਆਈਆ । ਮੇਰਾ ਛਿਲਕਾ ਕੀ ਹੁਣ ਸੋਚੇ, ਸੋਚ ਸਮਝ ਰਹੀ ਨਾ ਰਾਈਆ । ਗੁਰਸਿਖ ਅਕੱਠੇ ਹੋ ਕੇ ਆ ਗਏ ਬਹੁਤੇ, ਵਲੀ ਕੰਧਾਰੀ ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਜਿਨ੍ਹਾਂ ਪਿਛੇ ਮੈਂ ਲੌਂਦਾ ਰਿਹਾ ਜੋਤੇ, ਸੋਹਣਾ ਹਲ ਚਲਾਈਆ । ਪਾਣੀ ਦੇਂਦਾ ਰਿਹਾ ਬਹੁਤੇ, ਰਾਤ ਅੰਧੇਰੀ ਖੂਹ ਵਗਾਈਆ । ਓ ਮੇਰੇ ਪਿਛਲੇ ਸਾਰੇ ਕੱਢ ਜਾ ਰੋਸੇ, ਗੁਸਾ ਗਿਲਾ ਨਾ ਕੋਈ ਰਖਾਈਆ । ਪੁਰਖ ਅਕਾਲ ਨਾਲ ਮਿਲਕੇ ਪਹੁੰਚੇ, ਆਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸ ਇਕੋ ਇਕ ਵਖਾਈਆ । ਕੋਈ ਕਹੇ ਗੰਨਾ ਮੈਨੂੰ ਆਖਣ ਕਰੜਾ, ਡਾਹਡਾ ਰਹੇ ਜਣਾਈਆ । ਮੈਂ ਕਹਾਂ ਮੈਨੂੰ ਦੰਦਾ ਹੇਠਾਂ ਦਿਓ ਰਗੜਾ, ਮੇਰਾ ਦੁੱਖ ਰਹੇ ਨਾ ਰਾਈਆ । ਮੈਂ ਚੰਗਾ ਗੁੜ ਨਾਲੋਂ ਸ਼ਕਰਾ, ਸ਼ੁਕਰੀਆ ਤੁਹਾਡਾ ਰਿਹਾ ਸੁਣਾਈਆ । ਜਿਨ੍ਹਾਂ ਮੇਰਾ ਲੇਖ ਬਣਾਇਆ ਆ ਕੇ ਅੱਖਰਾਂ, ਅਖੀਰ ਆਪਣੇ ਨਾਲ ਰਲਾਈਆ । ਮੈਨੂੰ ਪਰਗਟ ਕੀਤਾ ਵਿਚੋਂ ਪੱਥਰਾਂ, ਜਿਥੇ ਮਰਦਾਨੇ ਕੌਲਾ ਦਿਤਾ ਰੁੜ੍ਹਾਈਆ । ਮੈਂ ਮਾਰਦਾ ਰਿਹਾ ਸੀ ਐਵੇ ਟੱਕਰਾਂ, ਆਪਣਾ ਆਪ ਗਵਾਈਆ । ਹੁਣ ਵਲੀ ਕੰਧਾਰੀ ਮੇਰਾ ਸਾਂਭ ਕੇ ਵੱਤਰਾ, ਸੋਹਣਾ ਖੇਤ ਬਣਾਈਆ । ਮੈਂ ਸਾਰਿਆਂ ਨਾਲੋ ਹੋ ਕੇ ਵੱਖਰਾ, ਗੁਰਮੁਖਾਂ ਅੰਦਰ ਬਹਿਕੇ ਡੇਰਾ ਲਾਈਆ । ਹੁਣ ਵੇਖੋ ਮੇਰਾ ਨਖਰਾ, ਮੈਂ ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਂਆ । ਅੱਜੇ ਵੀ ਬ੍ਰਾਹਮਣ ਦਿਸੇ ਮਕਰਾ, ਗਠੜੀ ਆਪਣੀ ਬੰਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੰਨਾ ਮੱਟੀ ਪੋਰੀ ਜੜ੍ਹ ਬੂਟੇ ਜਾਵੇ ਬੌਹੜੀ, ਲੇਖਾ ਦੇ ਦੇ ਖ਼ੁਸ਼ੀ ਮਨਾਈਆ ।

### ★ ੨੫ ਮਾਘ ੨੦੨੦ ਬਿਕ੍ਰਮੀ ਬੀਬੀ ਸਲਖਣੀ ਦੇ ਘਰ ਅਲੱੜਪਿੰਡੀ ਜ਼ਿਲਾ ਗੁਰਦਾਸਪੁਰ ★

ਡੋਲੇ ਵਾਲੀ ਬਹੂ ਕਰ ਗਈ ਵਿਹਾਰ, ਅੰਦਰੇ ਅੰਦਰ ਪ੍ਰੇਮ ਵਧਾਈਆ । ਸੱਜੀ ਬਾਂਹ ਨਾਲੋਂ ਕਲੀਰਾ ਦਿਤਾ ਉਤਾਰ, ਰਵਦਾਸ ਵਲ ਧਿਆਨ ਲਗਾਈਆ । ਸੰਗਦੀ ਸੰਗਦੀ ਕਰਕੇ ਨਿਮਸਕਾਰ, ਭੇਟਾ ਦਿਤਾ ਚੜ੍ਹਾਈਆ । ਮੇਰੀ ਸੁਣ ਪੁਕਾਰ, ਪੁਕਾਰ ਸੁਣ ਸੱਚੇ ਮਾਹੀਆ । ਰਵਦਾਸ ਉਸੇ ਵੇਲੇ ਲਿਆ ਉਠਾਲ, ਆਪਣਾ ਹੱਥ ਲਗਾਈਆ । ਕਿਲੀ ਨਾਲ ਟੰਗਿਆ ਆਣ, ਉਪਰੋਂ ਨੀਚੇ ਨੂੰ ਲਟਕਾਈਆ । ਆਪ ਫੜ

ਕੇ ਆਪਣੀ ਆਰ, ਪਾਣਾ ਗੰਢਣ ਲੱਗਾ ਚਾਈਂ ਚਾਈਂਆ । ਉਧਰੋਂ ਬ੍ਰਾਹਮਣ ਧੋਤੀ ਬੋਦੀ ਆ ਸਵਾਰ, ਗੱਲਾਂ ਰਿਹਾ ਜਣਾਈਆ । ਹੁਣ ਚਲੀਏ ਗੰਗਾ ਦਵਾਰ, ਮਈਆ ਦਰਸ਼ਨ ਪਾਈਆ । ਚਮਿਆਰ ਪੁੱਛੇ ਕਰ ਪਿਆਰ, ਕੀ ਕੁਛ ਭੇਟ ਚੜ੍ਹਾਈਆ । ਬ੍ਰਾਹਮਣ ਗਠੜੀ ਖੋਲ੍ਹ ਦਿਤਾ ਵਖਾਲ, ਅੱਡੋ ਅੱਡੀ ਗੰਢਾਂ ਦਿਆਂ ਜਣਾਈਆ । ਵੇਖ ਮੇਰੇ ਜਜਮਾਨਾਂ ਦਿਤਾ ਦਾਨ, ਜਿਹੜਾ ਗੰਗਾ ਮਾਤਾ ਗੰਗਾ ਵਿਚ ਸੁਟਾਈਆ । ਰਵਦਾਸ ਕਿਹਾ ਮੈਂ ਹੋਵਾਂ ਆਪ ਹੈਰਾਨ, ਹੌਲੀ ਜਿਹੀ ਜਣਾਈਆ । ਜੇ ਘਰ ਹੋਵੇ ਪਿਛੇ ਪੀਣ ਖਾਣ, ਮੈਂ ਭੀ ਦੇਖਾਂ ਚਾਈਂ ਚਾਈਂਆ । ਬ੍ਰਾਹਮਣ ਕਿਹਾ ਵਾਹ ਤੂੰ ਭੀ ਬਣ ਮੇਰਾ ਜਜਮਾਨ, ਕੁਛ ਮੇਰੀ ਝੋਲੀ ਪਾਈਆ । ਮੈਂ ਗੰਗਾ ਦੇਵਾਂ ਦਾਨ, ਤੇਰਾ ਨਾਉਂ ਕਹਿ ਕੇ ਵਿਚ ਸੁਟਾਈਆ । ਰਵਦਾਸ ਕਲੀਰੇ ਵਲ ਮਾਰਿਆ ਧਿਆਨ, ਵਿਚੋਂ ਨੌਜਵਾਨ ਜੋਬਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਰਵਦਾਸ ਵੇਖ ਅੱਖ, ਮੌਲੀ ਤੰਦ ਰਿਹਾ ਕੁਰਲਾਈਆ । ਸਭ ਤੋਂ ਪਹਿਲੋਂ ਮੇਰਾ ਹੱਕ, ਸਚ ਦੇ ਵਡਿਆਈਆ । ਬੱਧਾ ਕਸੀਰਾ ਕਹੇ ਮੈਂ ਲੰਮਕਦਾ ਗਿਆ ਥੱਕ, ਮੇਰਾ ਭਾਰ ਨਾ ਕੋਇ ਵੰਡਾਈਆ । ਮੇਰੀ ਕੀਮਤ ਪੈਣੀ ਨਹੀਂ ਕਿਸੇ ਹੱਟ, ਉਤੋਂ ਮੇਰਾ ਸਿਰ ਦਿਤਾ ਕਟਾਈਆ । ਇਸ ਬੰਦਸ਼ ਵਿਚੋਂ ਕਰ ਵੱਖ, ਰਵਦਾਸ ਤੇਰੀ ਸਰਨਾਈਆ । ਮੈਂ ਦੁੱਖਾਂ ਭਰਿਆ ਰਿਹਾ ਦੱਸ, ਦੁਖੀਆਂ ਦਰਦ ਲੈ ਵੰਡਾਈਆ । ਚਮਿਆਰ ਹੱਥ ਉਠਾਇਆ ਝੱਟ, ਤਿਖੀ ਰੰਬੀ ਨਾਲ ਮਿਲਾਈਆ । ਇਕੋ ਝੱਟਕੇ ਨਾਲ ਕੱਟ, ਆਪਣੀ ਤਲੀ ਟਿਕਾਈਆ । ਖ਼ੁਸ਼ੀਆਂ ਨਾਲ ਪਿਆ ਹੱਸ, ਬੁਲ੍ਹਾਂ ਮੁਸਕਰਾਈਆ । ਬ੍ਰਾਹਮਣ ਅੱਗੇ ਆ ਕੇ ਵੇਖ ਤੈਨੂੰ ਦੇਵਾਂ ਦੱਸ, ਸਚ ਸੱਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਖੇਲ ਰਚਾਈਆ । ਕਸੀਰਾ ਕਹੇ ਇਹ ਝੂਠਾ ਬ੍ਰਾਹਮਣ, ਬ੍ਰਹਮ ਰੂਪ ਨਜ਼ਰ ਨਾ ਆਈਆ । ਰਵਦਾਸ ਕਹੇ ਮੈਂ ਬਣ ਕੇ ਜਾਮਣ, ਤੈਨੂੰ ਹੱਥ ਫੜਾਈਆ । ਬ੍ਰਾਹਮਣ ਕਹੇ ਮੈਂ ਬਿਨ ਪੈਸਿਉਂ ਟਕਿਉਂ ਕਦੇ ਨਹੀਂ ਜਪਿਆਂ ਰਾਮ ਰਾਮਣ, ਕੌਡੀਆਂ ਪਿਛੇ ਆਪਣਾ ਨਾ ਵਕਤ ਗਵਾਈਆ । ਰਵਦਾਸ ਧੋਤੀ ਦਾ ਫੜ ਕੇ ਦਾਮਣ, ਹਲੂਣੇ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਉਹ ਚਮਿਆਰਾ ਕੋਡੀ, ਮੇਰੇ ਕੰਮ ਕਿਸੇ ਨਾ ਆਈਆ । ਨਾ ਤੂੰ ਮੇਰੇ ਹੱਥ ਲਾਇਆ ਗੋਡੀ, ਨਾ ਮਾਣ ਤਾਣ ਰਖਾਈਆ । ਨਾ ਤੂੰ ਮੇਰੀ ਉਤੋਂ ਹਿਲਦੀ ਵੇਖੀ ਬੋਦੀ, ਜੋ ਇਸ਼ਾਰਿਆਂ ਨਾਲ ਸਮਝਾਈਆ । ਤੈਨੂੰ ਅੱਜੇ ਨਾ ਆਈ ਸੋਝੀ, ਕੀ ਬ੍ਰਾਹਮਣ ਭੇਟ ਚੜ੍ਹਾਈਆ । ਬਣ ਕੇ ਦਲਿੱਦਰੀ ਰੋਗੀ, ਭੁੱਖਿਆ ਭੁੱਖ ਮੇਰੀ ਝੋਲੀ ਪਾਈਆ । ਮੈਨੂੰ ਮੱਥਾ ਟੇਕਣ ਲੋਕੀ, ਗਠੜੀਆਂ ਭਾਰ ਬੰਧਾਈਆ । ਤੂੰ ਕਿਥੋਂ ਰੱਖੀ ਮੇਰੇ ਜੋਗੀ ਕੌਡੀ, ਕੋਹੜਿਆ ਤੈਨੂੰ ਦੇਂਦਿਆ ਸ਼ਰਮ ਨਾ ਆਈਆ । ਰਵਦਾਸ ਕਹੇ ਮੇਰੀ ਮਈਆ ਦੀ ਇਹੋ ਲੈ ਜਾ ਗੋਦੀ, ਨਿਉਂ ਕੇ ਵਾਸਤਾ ਪਾਈਆ । ਜੇ ਤੈਨੂੰ ਦਿਸੇ ਖੋਟੀ, ਵਾਪਸ ਦੇਣੀ ਫੜਾਈਆ । ਜੇ ਗੰਗਾ ਮਾਤਾ ਕਹੇ ਮੇਰੇ ਘਰ ਦਾ ਸੁੱਚਾ ਮੋਤੀ, ਮਾਣਕ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਬ੍ਰਾਹਮਣ ਫੜ ਹੱਥ ਕਸੀਰਾ, ਮੱਥੇ ਤਿਉੜੀ ਪਾਈਆ । ਨਾ ਕੋਈ ਮਿਲਖ ਦਿਤੀ ਜਾਗੀਰਾ, ਨਾ ਕੋਈ ਝੋਲੀ ਦਿਤੀ ਭਰਾਈਆ । ਐਂ ਦਿਸੇ ਜਿਵੇਂ ਇਹਦੀ ਗੰਗਾ ਮਾਂ ਅੱਗੇ ਡਾਹ ਕੇ ਬੈਠੀ ਪੀੜ੍ਹਾ, ਸੋਹਣਾ ਸੁਭਰ ਸਾਲੂ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੫੪੮ ੧੯

ਕਰ, ਅਚਰਜ ਖੇਲ ਰਚਾਈਆ । ਬ੍ਰਾਹਮਣ ਕਹੇ ਮੇਰੀ ਜੁੱਤੀ ਦੇ ਦੇ ਜੋ ਦਿਤੀ ਗੰਢ, ਮੈਂ ਚਰਨ ਦੇਵਾਂ ਟਿਕਾਈਆ । ਜੋੜਾ ਦੇ ਕੇ ਰਵਦਾਸ ਟਕਾ ਲਿਆ ਮੰਗ, ਅੱਗੇ ਆਪਣਾ ਹੱਥ ਡਾਹੀਆ । ਬ੍ਰਾਹਮਣ ਪਾਸਾ ਵੱਟ ਕੇ ਰਿਹਾ ਖੰਘ, ਵੇਖੇ ਕੀ ਕਰੇ ਸੁਦਾਈਆ । ਇਹਨੂੰ ਪਤਾ ਨਹੀਂ ਬ੍ਰਾਹਮਣ ਹੁੰਦਾ ਬਖ਼ਸ਼ੰਦ, ਬਖ਼ਸ਼ਿਸ਼ ਝੋਲੀ ਪਾਈਆ । ਨਾ ਕੁਛ ਖਵਾਇਆ ਪਿਆਇਆ ਨਾ ਘਸਾਈ ਦਿਤੀ ਦੰਦ, ਦੱਛਨਾ ਹੋਰ ਨਾ ਨਾਲ ਰਲਾਈਆ । ਮੈਨੂੰ ਕਿਵੇਂ ਪਵੇ ਠੰਡ, ਮੇਰਾ ਅੰਦਰ ਮਾਰੇ ਧਾਈਆ । ਕੀ ਹੋਇਆ ਜੇ ਮੇਰੀ ਜੁੱਤੀ ਦਿਤੀ ਗੰਢ, ਹੋਰ ਕੁਛ ਭੇਟ ਨਾ ਦਿਤਾ ਚੜ੍ਹਾਈਆ । ਮੈਂ ਤੇਰੇ ਤੇ ਖ਼ੁਸ਼ ਨਹੀਂ ਅਨੰਦ, ਐਵੇਂ ਬਹਿ ਕੀ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਾਹਮਣ ਉਠ ਕੇ ਹੋ ਤਿਆਰ, ਆਪਣੀ ਲਈ ਅੰਗੜਾਈਆ । ਇਸ਼ਾਰੇ ਨਾਲ ਕਹੇ ਆਉ ਕਹਾਰ, ਯਾਰ ਚਲੀਏ ਚਾਈਂ ਚਾਈਆ । ਤੁਹਾਨੂੰ ਜਜਮਾਨਾਂ ਘਰੋਂ ਦੇਵਾਂ ਖਵਾਲ, ਖੀਰ ਕੜਾਹ ਮਿਲਾਈਆ । ਨਾਲੇ ਮੈਨੂੰ ਖੋਲ੍ਹ ਕੇ ਦੱਸੋ ਆਪਣੇ ਰੁਮਾਲ, ਕੀ ਕੁਛ ਇਨਾਂ ਵਿਚ ਬੰਦ ਕਰਾਈਆ । ਇਕ ਕਹੇ ਮੇਰੇ ਕੋਲ ਰੁਪੀਏ ਚਾਰ, ਸੋਹਣੀ ਗੰਢ ਰਖਾਈਆ । ਦੂਜਾ ਕਹੇ ਮੇਰੇ ਕੋਲ ਢਾਈ ਢਾਈਆਂ ਦਾ ਕੀਤਾ ਉਧਾਰ, ਦੋਵੇਂ ਜੁੜ ਕੇ ਪੰਜ ਰਕਮ ਜਣਾਈਆ । ਤੀਜਾ ਕਹੇ ਮੈਂ ਸੱਤ ਰੁਪੀਏ ਘਰੋਂ ਲੈ ਕੇ ਆਇਆ ਬਾਹਰ, ਆਪਣੀ ਗੰਢ ਰਖਾਈਆ । ਚੌਥਾ ਕਹੇ ਮੇਰੇ ਕੋਲ ਇਕ ਚਵੰਨੀ ਜਿਹੜੀ ਰੱਖੀ ਸੰਭਾਲ, ਖੋਟੀ ਖਰੀ ਸਮਝ ਨਾ ਪਾਈਆ । ਬ੍ਰਾਹਮਣ ਕਹੇ ਜਾ ਸ਼ੋਹਦੇ ਕੰਗਾਲ, ਤੇਰੀ ਗੱਲ ਮੋਹੇ ਨਾ ਭਾਈਆ । ਇਨ੍ਹਾਂ ਦੇ ਚੰਗੇ ਲੱਗਣ ਰੁਮਾਲ, ਜਿਨ੍ਹਾਂ ਮਾਇਆ ਨਾਲ ਰਖਾਈਆ । ਉਹ ਵੇਖੋ ਹਲਵਾਈ ਦੀ ਆਈ ਦੁਕਾਨ, ਅਧਵਾਟੇ ਡੇਰਾ ਲਾਈਆ । ਸਵਾ ਸਵਾ ਰੁਪੀਆ ਕਰ ਕੇ ਦਾਨ, ਕੁਛ ਮੈਨੂੰ ਦਿਉਂ ਖਵਾਈਆ । ਜਿਸ ਵੇਲੇ ਅੱਗੋਂ ਮੇਰਾ ਮਿਲੂ ਜਜਮਾਨ, ਤੁਹਾਡੇ ਪੱਲੇ ਦੇਵਾਂ ਭਰਾਈਆ । ਸੁਣ ਬਾਤ ਕਹਾਰ ਹੋਏ ਹੈਰਾਨ, ਇਕ ਦੂਜੇ ਨਾਲ ਕਰਨ ਸਲਾਹੀਆ । ਇਹ ਬ੍ਰਾਹਮਣ ਬੜਾ ਸ਼ੈਤਾਨ, ਸਾਨੂੰ ਵਿਚੋਂ ਨਜ਼ਰੀ ਆਈਆ । ਦੂਜਾ ਕਹੇ ਕਰੋ ਇਤਬਾਰ, ਥੋੜਾ ਥੋੜਾ ਦਈਏ ਖਵਾਈਆ । ਚਵਾਂ ਰੁਪੀਏ ਦੋ ਕੱਢੇ ਬਾਹਰ, ਇਸ਼ਾਰੇ ਨਾਲ ਵਖਾਈਆ । ਬ੍ਰਾਹਮਣ ਕਹੇ ਇਹਦੇ ਨਾਲ ਨਾ ਚਲੇ ਭੰਡਾਰ, ਮੇਰਾ ਭੰਡਾਰਾ ਬੇਪਰਵਾਹੀਆ । ਪਿਛਲੀਆਂ ਵਹੀਆਂ ਰਿਹਾ ਵਖਾਲ ਵੇਖੋ ਜਜਮਾਨਾਂ ਕੀ ਕੀ ਮੇਰੀ ਸੇਵ ਕਮਾਈਆ । ਚਾਰੇ ਕਹਿਣ ਇਹਨੂੰ ਦੇ ਦਿਉ ਦਾਨ, ਆਪੇ ਸ਼ਰਮਿੰਦਾ ਹੋ ਕੇ ਫਿਰ ਸਾਡੀ ਝੋਲੀ ਪਾਈਆ । ਚਵਾਂ ਰੱਲ ਕੇ ਸਾਰੇ ਪੈਸੇ ਦਿਤੇ ਨਕਾਲ, ਬ੍ਰਾਹਮਣ ਹੱਥ ਫੜਾਈਆ । ਬ੍ਰਾਹਮਣ ਹੋ ਕੇ ਦਿਆਲ, ਕਹੇ ਵਾਹ ਵਾਹ ਤੁਸੀਂ ਹੀ ਜਜਮਾਨ ਨਜ਼ਰੀ ਆਈਆ । ਤੁਸਾਂ ਮੈਨੂੰ ਰੱਜ ਕੇ ਦਿਤਾ ਖਵਾਲ, ਹੁਣ ਪਿਛੇ ਮੁੜੋ ਮੇਰੇ ਭਾਈਆ । ਜਾ ਕੇ ਮਿਲੋ ਯਾਰ ਚਮਿਆਰ, ਜੋ ਤੁਹਾਡੇ ਵਰਗਾਂ ਭੁੱਖਾ ਨੰਗਾ ਨਜ਼ਰੀ ਆਈਆ । ਬ੍ਰਾਹਮਣ ਅੱਗਾ ਪਿੱਛਾ ਵੇਖ ਕੇ ਮਾਰੀ ਛਾਲ, ਹੱਥ ਜੰਜੂ ਉਤੇ ਫਿਰਾਈਆ । ਵੇਖੋ ਮੈਂ ਕੀਤਾ ਬੜਾ ਕਮਾਲ, ਚੌਹਾਂ ਠੱਗ ਆਪਣੀ ਝੋਲੀ ਲਈ ਭਰਾਈਆ । ਵਿਚੋਂ ਥੋੜਾ ਜਿਹਾ ਫੁੱਲੀ ਭਰ ਕੇ ਥਾਲ, ਗੰਗਾ ਵਿਚ ਸੁਟਾਈਆ । ਜੇ ਉਥੇ ਕੋਈ ਫਿਰਦਾ ਤੁਰਦਾ ਮਿਲਿਆ ਜਜਮਾਨ, ਢਾਈ ਢਾਈ ਓਥੇ ਮੰਗ ਮੰਗਾਈਆ । ਜਿਹੜਾ ਕਸੀਰਾ ਦਿਤਾ ਚੁਮਿਆਰ, ਕੌਡੀ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨ ਰਚਾਈਆ । ਚਾਰ ਕਹਾਰ ਦੇ ਕੇ ਦਾਨ, ਵਿਚੇ ਵਿਚ ਪਛਤਾਈਆ । ਕਿਥੋਂ ਬ੍ਰਾਹਮਣ ਚੰਦਰਾ ਮਿਲਿਆ ਆਣ,

ਸਾਡੀਆਂ ਗੰਢਾਂ ਗਿਆ ਖੁਲ੍ਹਾਈਆ । ਜੇ ਘਰ ਜਾਂਦਿਆਂ ਨੂੰ ਧੀ ਵਾਲਿਆਂ ਘਰ ਬੈਠੀ ਹੋਏ ਮੁਕਾਣ, ਸਾਡੀ ਸਾਰ ਕੋਇ ਨਾ ਪਾਈਆ । ਚਲੋ ਚੱਲੀਏ ਪੁਛੀਏ ਰਵਦਾਸ ਚੁਮਾਰ, ਜੇ ਕੁਛ ਸਾਨੂੰ ਦਏ ਸਮਝਾਈਆ । ਸਾਨੂੰ ਬ੍ਰਾਹਮਣ ਕਰਕੇ ਗਿਆ ਕੰਗਾਲ, ਠੱਗ ਬਣ ਕੇ ਠੱਗੀ ਗਿਆ ਲਗਾਈਆ । ਜੇ ਸਾਨੂੰ ਇਕ ਇਕ ਰੋਟੀ ਦੇ ਦਏ ਨਾਲ ਦਾਲ, ਸਾਡਾ ਦਲਿੱਦਰ ਦਏ ਗਵਾਈਆ । ਫੇਰ ਫੜ ਲਈਏ ਆਪਣੀ ਚਾਲ, ਭੱਜੀਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਕਮਾਈਆ । ਚਾਰੇ ਮੁੜ ਕੇ ਲੈ ਕੇ ਆਏ ਡੋਲੀ, ਖਾਲੀ ਦਿਤੀ ਰਖਾਈਆ । ਹੌਲੀ ਹੌਲੀ ਆ ਕੇ ਮਾਰੀ ਬੋਲੀ, ਰਵਦਾਸ ਰਹੇ ਸੁਣਾਈਆ । ਸਾਡੀ ਗਠੜੀ ਬ੍ਰਾਹਮਣ ਫੋਲੀ, ਖਾਲੀ ਹੱਥ ਗਿਆ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਖੇਲ ਰਿਹਾ ਵਰਤਾਈਆ । ਰਵਦਾਸ ਚੁੱਪ ਵਿਚੋਂ ਪਿਆ ਹੱਸ, ਆਪਣੀ ਅੱਖ ਖੁਲ੍ਹਾਈਆ । ਤੁਸੀ ਕਿਉਂ ਪਏ ਉਹਦੇ ਵਸ, ਏਥੇ ਮੇਰਾ ਸੰਗ ਤਜਾਈਆ । ਹੁਣ ਕੀ ਦੇਵਾਂ ਦੱਸ, ਸਭ ਕੁਛ ਆਏ ਲੁਟਾਈਆ । ਮੈਨੂੰ ਦਿਖਾਉ ਦੋਵੇਂ ਦੋਵੇਂ ਹੱਥ, ਨੇਤਰ ਨੈਣਾਂ ਵਲ ਤਕਾਈਆ । ਚਾਰ ਕਹਾਰ ਕਰਨ ਝੱਟ ਪੱਟ, ਬਾਹਵਾਂ ਅੱਗੇ ਵਧਾਈਆ । ਚੁਮਿਆਰ ਵੇਖਿਆ ਇਨ੍ਹਾਂ ਦਾ ਲਹਿਣਾ ਕੁਛ ਹੱਕ, ਮੇਰੇ ਵਲ ਨਜ਼ਰੀ ਆਈਆ । ਇਕ ਤੇ ਰੰਬੀ ਇਕ ਤੇ ਆਰ ਦਿਤੀ ਰੱਖ, ਦੋਹਾਂ ਦੋਹਾਂ ਹੱਥਾਂ ਦਏ ਵਡਿਆਈਆ । ਕਿਰਪਾ ਕਰੇ ਪੁਰਖ ਸਮਰਥ, ਹੋਏ ਸਦ ਸਹਾਈਆ । ਚਾਰੇ ਕਹਾਰ ਚਰਨੀ ਡਿਗੇ ਢੱਠ, ਨਿਉਂ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਇਕ ਕਹੇ ਕੁਛ ਕਰੀਏ ਸੇਵਾ, ਭੁੱਖਿਆਂ ਦਏ ਰਜਾਈਆ । ਦੂਜਾ ਕਹੇ ਸੇਵਾ ਵਿਚੋਂ ਮਿਲਦਾ ਮੇਵਾ, ਪਿਛੇ ਗਏ ਸਮਝਾਈਆ । ਤੀਜਾ ਕਹੇ ਇਹਦੀ ਵਡਿਆਈ ਕਰੇ ਜਿਹਵਾ, ਵਾਹ ਵਾਹ ਕਰ ਸੁਣਾਈਆ । ਚੌਥਾ ਕਹੇ ਇਹਦੇ ਅੰਦਰ ਅਲੱਖ ਅਭੇਵਾ, ਮੈਨੂੰ ਬੈਠਾ ਨਜ਼ਰੀ ਆਈਆ । ਜੇ ਮਿਹਰ ਨਜ਼ਰ ਕਰਕੇ ਸਾਡੇ ਮਸਤਕ ਲਾਵੇ ਥੇਵਾ, ਕੌਸਤਕ ਮਣੀਆਂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਇਕ ਕਹੇ ਚਰਨ ਲਈਏ ਘੁੱਟ, ਹੱਥ ਹੌਲੀ ਜਿਹੀ ਲਗਾਇੰਦਾ । ਦੂਜਾ ਕਹੇ ਇਹਦੇ ਬਣੀਏ ਪੁੱਤ, ਪੁੱਤਾਂ ਵੇਖ ਤਰਸ ਕਮਾਇੰਦਾ । ਤੀਜਾ ਕਹੇ ਫੜਕੇ ਬਾਂਹੋਂ ਮੰਗੀਏ ਕੁਛ, ਕੁਛ ਨਾ ਕੁਛ ਝੋਲੀ ਦਏ ਪਾਈਆ । ਚੌਥਾ ਕਹੇ ਇਹ ਸਤਿ ਸਰੂਪ ਦਿਸੇ ਸਚ ਸੁਚ, ਸਤਿ ਸਤਿਵਾਦੀ ਨਾਲ ਸਮਾਈਆ । ਰਲ ਕੇ ਚਾਰੇ ਵੇਖੀਏ ਇਹਦਾ ਮੁੱਖ, ਮੁਖ ਵਿਚ ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਾਰ ਰਿਹਾ ਕਮਾਈਆ । ਚਾਰੇ ਕਰ ਸਲਾਹ, ਸੋਹਣਾ ਮਤਾ ਪਕਾਈਆ । ਸਾਨੂੰ ਭੁੱਖਿਆਂ ਕੁਛ ਖਵਾ, ਤ੍ਰਿਸਨਾ ਦੇ ਮਿਟਾਈਆ । ਭਾਵੇਂ ਪਾਣਾ ਗੰਢਣ ਲਾ, ਢੋਰਾ ਲੈ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਰਿਹਾ ਚੁਕਾਈਆ । ਰਵਦਾਸ ਕਹੇ ਤੁਸੀਂ ਚਾਰੇ ਸੱਚੇ, ਮੈਨੂੰ ਸਚ ਨਜ਼ਰੀ ਆਈਆ । ਬੇਸ਼ਕ ਰਸਨਾ ਨਾਲ ਕਹੋ ਤੇਰੇ ਬੱਚੇ, ਫਿਰ ਮਾਪਿਆ ਨਾਲੋਂ ਨਾ ਹੋਏ ਜੁਦਾਈਆ । ਹੁਣ ਰੋਟੀ ਕਾਰਨ ਮਾਰੋਂ ਭੱਚੇ, ਨਿਉਂ ਨਿਉਂ ਸੀਸ ਨਿਵਾਈਆ । ਏਸੇ ਕਰਕੇ ਲਗਦੇ ਹੱਛੇ, ਨੇਤਰ ਨੈਣਾਂ ਨੀਰ ਵਹਾਈਆ । ਵੇਖੋ ਫਿਰ ਨਾ ਬਣਿਉਂ ਕੱਚੇ, ਗੁੱਥੀ ਵਿਚੋਂ ਕੱਢ ਕੇ ਕੱਚਾ ਤੰਦ ਤੋੜ ਵਖਾਈਆ । ਸਾਰੇ ਰਹਿ ਗਏ ਹੱਕੇ ਬੱਕੇ, ਕੀ ਚਮਿਆਰ ਖੇਲ ਰਚਾਈਆ । ਕੱਚੇ

ਨੂੰ ਫੜਕੇ ਦੋਹਾਂ ਹੱਥਾਂ ਵੱਟ ਘੱਤੇ, ਦੰਦਾਂ ਵਿਚ ਲੈ ਕੇ ਪਾਣੀ ਨਾਲ ਸੂਤਾ ਖੂਬ ਲਗਾਈਆ । ਫਿਰ ਖਿਚ ਕੇ ਵੇਖਿਆ ਖੂਬ ਪੱਕੇ, ਤੰਦ ਟੁੱਟਦਾ ਨਜ਼ਰ ਕੋਇ ਨਾ ਆਈਆ । ਰਵਦਾਸ ਕਿਹਾ ਇਹੋ ਜਿਹਾ ਨਫੇ ਖੱਟੇ, ਝੋਲੀ ਲਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕਹਾਰ ਕਹਿਣ ਸਭ ਕੁਛ ਲਈਏ ਮੰਨ, ਮਣਸਾ ਰਹੇ ਨਾ ਰਾਈਆ । ਭੁੱਖ ਨਾਲ ਸੁੱਕਦਾ ਵੇਖ ਤਨ, ਦੁੱਖ ਰਿਹਾ ਸਤਾਈਆ । ਸਾਨੂੰ ਖਵਾਲ ਕੁਛ ਅੰਨ, ਧੀਰਜ ਰੂਪ ਵਟਾਈਆ । ਜੇ ਵੇਖੀਏ ਤੇਰੀ ਖਾਲੀ ਦਿਸੇ ਛੰਨ, ਤਵਾ ਪਰਾਤ ਨਾ ਕੋਈ ਸਹਾਈਆ । ਸਾਡਾ ਦੁਖੀ ਹੋਇਆ ਮਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇ ਸੱਚਾ ਵਰ, ਸਾਡੀ ਆਸਾ ਪੂਰ ਕਰਾਈਆ । ਰਵਦਾਸ ਅੰਦਰ ਆਈ ਖ਼ੁਸ਼ੀ, ਖ਼ੁਸ਼ੀ ਨਾਲ ਜਣਾਇੰਦਾ । ਮੇਰੇ ਕੋਲ ਰੋਟੀ ਸੁੱਕੀ, ਜੋ ਆਇਆਂ ਗਿਆਂ ਝੋਲੀ ਪਾਇੰਦਾ । ਦਿਨ ਸੁ ਰੈਣ ਕਦੇ ਨਾ ਮੁੱਕੀ, ਘਾਟਾ ਨਜ਼ਰ ਕੋਇ ਨਾ ਆਇੰਦਾ । ਹੱਥ ਲਾਇਆ ਗੰਢਦੇ ਜੁੱਤੀ, ਉਂਗਲਾਂ ਨਾਲ ਫੜਾਈਆ । ਕਹਾਰ ਕਹਿਣ ਇਹਨੂੰ ਮਾਰੋ ਮੁੱਕੀ, ਜੋ ਸਾਡਾ ਜਨਮ ਬਦਲਾਈਆ । ਰਵਦਾਸ ਕਹੇ ਮੈਂ ਤੁਹਾਡੇ ਨਾਲੋਂ ਦੁੱਖੀ, ਦੁਖੀਆਂ ਦਰਦ ਵੰਡਾਇੰਦਾ । ਏਧਰ ਵੇਖੋ ਸੁੱਕੀ ਦੀ ਬਣੀ ਪੂਰੀ ਲੁੱਚੀ, ਜਿਹੜੀ ਬ੍ਰਾਹਮਣਾ ਕੋਲੋਂ ਛੁਪਾਇੰਦਾ । ਏਧਰ ਵੇਖੋ ਫਲ ਫੁਲਵਾੜੀ ਫੁੱਟੀ, ਸੋਹਣਾ ਫਲ ਲਗਾਇੰਦਾ । ਏਧਰ ਵੇਖੋ ਥਾਲ ਪਰੋਸਿਆ ਵਿਚ ਸੁਚੀ, ਸੋਹਣੇ ਬਸਤਰ ਉਤੇ ਟਿਕਾਇੰਦਾ । ਏਧਰ ਵੇਖੋ ਟੀਸੀ ਸਭ ਦੇ ਨਾਲੋਂ ਉਚੀ, ਛੱਤੀ ਭੋਜਨ ਸੀਸ ਨਿਵਾਇੰਦਾ । ਏਧਰ ਵੇਖੋ ਇਹ ਚੋਗ ਨਾ ਕਦੇ ਨਖੁੱਟੀ, ਅਤੋਟ ਅਤੁਟ ਵਰਤਾਇੰਦਾ । ਕਹਾਰ ਕਹਿਣ ਹੁਣ ਤਾਅ ਦਿਓ ਮੁਛੀ, ਖਾਣਾ ਬਹੁਤਾ ਨਜ਼ਰੀ ਆਇੰਦਾ । ਰਵਦਾਸ ਫੜ ਕੇ ਆਪਣੀ ਗੁੱਛੀ, ਵਿਚੋਂ ਇਕ ਚਾਵਲ ਬਾਹਰ ਕਢਾਇੰਦਾ । ਜਿਹੜਾ ਉਖਲੀ ਵਿਚ ਲਿਆ ਕੁੱਟੀ, ਮੋਹਲੀ ਨਾਲ ਛੜਾਇੰਦਾ । ਏਸ ਨਾਲ ਲੱਖ ਚੁਰਾਸੀ ਰੱਜੇ ਭੁੱਖੀ, ਜੇ ਸਾਹਿਬ ਮੇਰਾ ਦਇਆ ਕਮਾਇੰਦਾ । ਇਹ ਮੈਂ ਸਾਂਭ ਕੇ ਰੱਖਿਆ ਗੁੱਠੀ, ਹੱਥ ਨਾ ਕਿਸੇ ਫੜਾਇੰਦਾ । ਗੁਜਾਰਾ ਕਰਾਂ ਗੰਢ ਕੇ ਜੁੱਤੀ, ਟਕਾ ਟਕਾ ਮੰਗ ਮੰਗਾਇੰਦਾ । ਅਗੋਂ ਕਹਾਰ ਰਹੇ ਪੁੱਛੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਕਹਾਰ ਕਹਿਣ ਲਿਆ ਖਾਈਏ ਖਾਣਾ, ਬੈਠੇ ਚੌਤੜਾ ਲਾਈਆ । ਰਵਦਾਸ ਕਹੇ ਗਾਓ ਗਾਣਾ, ਤੂੰ ਦੇਵਣਹਾਰ ਬੇਪਰਵਾਹੀਆ । ਕਹਾਰ ਕਹਿਣ ਸਾਨੂੰ ਦੇ ਪੀਣਾ, ਠੰਡਾ ਜਲ ਭਰਾਈਆ । ਰਵਦਾਸ ਕਹੇ ਪ੍ਰਭ ਨੂੰ ਕਹੋ ਅਸੀਂ ਮਸਕੀਨਾਂ, ਨਿਰਧਨ ਨਜ਼ਰੀ ਆਈਆ । ਇਧਰ ਵੇਖੋ ਚੌਲਾਂ ਦਾ ਬਣਿਆ ਚੀਣਾ, ਨਿੱਕਾ ਨਿੱਕਾ ਰੂਪ ਵਟਾਈਆ । ਇਕ ਇਕ ਦਾਣਾ ਸਭ ਦਾ ਠਾਂਡਾ ਕਰੇ ਸੀਨਾ, ਬਹੁਤੀ ਲੋੜ ਰਹੇ ਨਾ ਰਾਈਆ । ਫੇਰ ਭੁੱਖ ਨਾ ਲੱਗੇ ਮਹੀਨਾ, ਬੁੱਤੀਆਂ ਕਰੋ ਚਾਈਂ ਚਾਈਂਆ । ਤੁਸਾਂ ਥੋੜੇ ਦਿਨ ਜੀਣਾ, ਵੇਲਾ ਅੰਤਮ ਆਈਆ । ਪਾਟਾ ਚੀਥੜ ਕਿਨ੍ਹ ਨਾ ਸੀਣਾ, ਟੁੱਟੀ ਗੰਢ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਯਾਰ ਕਹੇ ਦੱਸ ਰਵਦਾਸ, ਕੀ ਗੱਲਾਂ ਨਾਲ ਪਰਚਾਈਆ । ਤੇਰੇ ਕੋਲ ਕੀ ਰਾਸ, ਕਿਹੜੀ ਵਸਤ ਵਰਤਾਈਆ । ਤੈਨੂੰ ਕਿਵੇਂ ਗਿਆ ਭਾਸ, ਇਨ੍ਹਾਂ ਅੱਗਾ ਨੇੜੇ ਆਈਆ । ਘੜੀ ਦੀ ਘੜੀ ਤੇਰੇ ਨਾਲ ਦਿਤਾ ਸਾਥ, ਕੋਲ ਬਹਿ ਕੇ ਝੱਟ ਲੰਘਾਈਆ । ਇਨ੍ਹਾਂ ਦੀ ਐਵੇ ਖੋਟੀ ਕਰੇਂ ਵਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ,


੫੫੧
੧੯

ਧੁਰ ਲੇਖਾ ਲੇਖ ਵੇਖ ਵਖਾਈਆ । ਰਵਦਾਸ ਕਹੇ ਵਾਟ ਨਹੀਂ ਖੋਟੀ, ਖੋਟਿਆਂ ਖਰੇ ਬਣਾਈਆ । ਇਨ੍ਹਾਂ ਮੰਗੀ ਮੇਥੋਂ ਰੋਟੀ, ਮੈਂ ਰੋਟੀ ਨਾਲ ਰਜਾਈਆ । ਇਨ੍ਹਾਂ ਚਵਾਂ ਗੱਲ ਸੋਚੀ, ਜਿਹੜੀ ਤੈਨੂੰ ਇਕ ਸਮਝਾਈਆ । ਬਾਕੀ ਸਾਰੇ ਮੈਨੂੰ ਸਮਝਣ ਮੋਚੀ, ਇਨ੍ਹਾਂ ਵਿਚੋ ਇਕ ਮੇਰਾ ਧਿਆਨ ਲਗਾਈਆ । ਤਿੰਨਾਂ ਗੱਲ ਨਾ ਦਿਸੇ ਔਖੀ, ਸੌਖੀ ਧਾਰ ਸਮਝਾਈਆ । ਇਨਾਂ ਪੌੜੀ ਚੜਨਾ ਚੌਥੀ, ਚੌਥਾ ਡੰਡਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਚਾਰ ਕਹਾਰ ਸੁਣਦੇ ਰਹੇ ਚੋਰੀ, ਕੰਨ ਰਵਦਾਸ ਵਲੇ ਲਗਾਈਆ । ਸਾਨੂੰ ਦਿਸੇ ਅੰਦਰ ਦਾ ਘੋਰੀ, ਗੁਝੀ ਰਮਜ਼ ਸੁਣਾਈਆ । ਬੇਸ਼ਕ ਇਹਦੇ ਹੱਥ ਵਿਚ ਆਰ ਡੋਰੀ, ਰੰਬੀ ਨਾਲ ਰਖਾਈਆ । ਏਹ ਛਿਤਰ ਟੁੱਟੇ ਰਿਹਾ ਜੋੜੀ, ਰੀਝ ਨਾਲ ਗੰਢ ਵਖਾਈਆ । ਜੇ ਸਾਡੀ ਅੱਗੇ ਉਮਰ ਰਹਿ ਗਈ ਥੋੜੀ, ਇਸ ਦੇ ਲੇਖੇ ਪਾਈਆ । ਪਰਾਂ ਸੁੱਟੋ ਖਾਲੀ ਡੋਲੀ, ਡੋਲੀ ਵਿਚ ਬਹਿਣ ਵਾਲੀ ਜਗਤ ਨਜ਼ਰ ਨਾ ਆਈਆ । ਇਹ ਸੁਣ ਕੇ ਉਚੀ ਬੋਲੀ, ਰਵਦਾਸ ਦਾ ਯਾਰ ਨੇੜੇ ਆਈਆ । ਕਾਰਜ ਰਾਸ ਨਾ ਆਵੇ ਬਿਨਾਂ ਵਿਚੋਲੀ, ਮੈਨੂੰ ਵਿਚੋਲਾ ਲਵੋ ਬਣਾਈਆ । ਮੈਂ ਇਹਦਾ ਪਿਛਲਾ ਬੇਲੀ, ਵੇਲੇ ਕਵੇਲੇ ਸਚ ਸੰਗ ਰਖਾਈਆ । ਇਹ ਚੁਮਿਆਰ ਤੇ ਮੈਂ ਤੇਲੀ, ਜਾਤ ਦੋਹਾਂ ਦੀ ਵਿਚ ਨਾ ਕੋਇ ਵਡਿਆਈਆ । ਮੈਨੂੰ ਆਪਣੀ ਬਣਾਓ ਸਹੇਲੀ, ਕਹਾਰੋ ਤੁਹਾਡੀ ਕੀ ਚਤਰਾਈਆ । ਤੁਹਾਡੀ ਬ੍ਰਾਹਮਣ ਲੁੱਟ ਕੇ ਲੈ ਗਿਆ ਥੈਲੀ, ਮੂਰਖੋ ਸਮਝ ਕੋਈ ਨਾ ਆਈਆ । ਤੁਹਾਡੀ ਡੋਲੀ ਦਿਸੇ ਵਿਹਲੀ, ਸੁਹਾਗਣ ਬਹਿ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਈਆ । ਚਾਰੇ ਕਹਿਣ ਆ ਜਾ ਨੇੜੇ, ਪੰਜਾਂ ਵਿਚ ਪਰਮੇਸ਼ਵਰ ਨਜ਼ਰੀ ਆਈਆ । ਸਾਰੇ ਰਵਦਾਸ ਦੇ ਪਈਏ ਖਹਿੜੇ, ਇਕੋ ਆਵਾਜ਼ ਸੁਣਾਈਆ । ਸਾਨੂੰ ਚੜ੍ਹਾਵੇ ਓਸ ਬੇੜੇ, ਜਿਹੜਾ ਧੁਰ ਦਾ ਮਲਾਹ ਨਜ਼ਰੀ ਆਈਆ । ਅਸੀਂ ਭੁੱਲੇ ਭਟਕੇ ਆ ਗਏ ਤੇਰੇ ਡੇਰੇ, ਤੇਰੇ ਨਾਲ ਪ੍ਰੇਮ ਰਖਾਈਆ । ਸਾਡੇ ਹੋਰ ਨਹੀਂ ਕੋਈ ਨੇੜੇ, ਸਾਕ ਸੱਜਣ ਸੰਗ ਨਾ ਕੋਈ ਵਖਾਈਆ । ਝੂਠੇ ਮਿੱਤਰ ਵੇਖੇ ਬਥੇਰੇ, ਲੱਗੀ ਤੋੜ ਨਾ ਕੋਇ ਨਿਭਾਈਆ । ਹੁਣ ਕਰੀਂ ਨਾ ਹੇਰੇ ਫੇਰੇ, ਸਚ ਸੱਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਰਵਦਾਸ ਕਹੇ ਸੁਣ ਯਾਰ, ਤੈਨੂੰ ਸਮਝ ਕਿਥੋਂ ਆਈਆ । ਇਹ ਕਿਧਰ ਦੇ ਚਾਰ ਕਹਾਰ, ਬੈਠਾ ਨਾਤਾ ਨਾਲ ਜੜਾਈਆ । ਪੰਜੇ ਕਹਿਣ ਸਾਡਾ ਬਣ ਗਿਆ ਪਿਆਰ, ਸੋਹਣੀ ਬਣਤ ਬਣਾਈਆ । ਇਕ ਨੇ ਫੜ ਕੇ ਤਿਖੀ ਆਰ, ਰੰਬੀ ਉਂਗਲੀ ਉਤੇ ਲਾਈਆ । ਦੂਜੇ ਖਿਚ ਕੇ ਕੱਡੀ ਬਾਹਰ, ਸੋਹਣੀ ਧਾਰ ਖ਼ੂਨ ਵਖਾਈਆ । ਤੀਜੇ ਕਰਕੇ ਸਚ ਪਿਆਰ, ਆਪਣਾ ਅਗੂੰਠਾ ਉਤੇ ਛੁਆਈਆ । ਚੌਥਾ ਬਾਂਹੋਂ ਫੜ ਉਠਾਲ, ਮਸਤਕ ਟਿੱਕੇ ਸਭ ਦੇ ਲਾਈਆ । ਪੰਜਵਾਂ ਕਹੇ ਵੇਖ ਰਵਦਾਸ ਯਾਰ, ਤੇਰੇ ਨਾਲ ਪ੍ਰੀਤ ਲਗਾਈਆ । ਜੇ ਮੇਰੇ ਔਂਦੇ ਦੁਆਰ, ਕੋਲ੍ਹੂ ਵਾਹ ਕੇ ਤੇਲ ਨਾਲ ਦੇਂਦਾ ਨੁਹਾਈਆ । ਤੇਰੀ ਰੰਬੀ ਹੋਈ ਖ਼ਬਰਦਾਰ, ਆਪਣਾ ਹਾਲ ਸੁਣਾਈਆ । ਤੇਰੀ ਆਰ ਹੋ ਕੇ ਆਰ ਪਾਰ, ਸਾਚਾ ਰੰਗ ਚੜ੍ਹਾਈਆ । ਤੂੰ ਚਮਿਆਰਾਂ ਵਰਗਾ ਨਹੀਂ ਚੁਮਿਆਰ, ਤੇਰੀ ਚਮੜੀ ਵਿਚ ਨੂਰੀ ਚਮਕ ਇਲਾਹੀਆ । ਤੇਰਾ ਨਜ਼ਰੀ ਆਵੇ ਉਹ ਦੀਦਾਰ, ਜਿਸ ਦੀਦਾਰ ਵਿਚੋਂ ਈਦ ਚੰਦ ਰੁਸ਼ਨਾਈਆ । ਜੇ ਭੁੱਲੇ ਭਟਕੇ ਆਏ ਕਹਾਰ, ਦਰ ਬੈਠੇ ਤੇਰੇ ਡੇਰਾ ਲਾਈਆ । ਇਕ ਦਰਦੀ ਤੇ ਕਰ ਪਿਆਰ, ਹੱਥ ਨਾਲ



੫੫੨
੧੯

ਹੱਥ ਮਿਲਾਈਆ । ਰਵਦਾਸ ਕਹਿੰਦਾ ਛੱਡ ਯਾਰ, ਕਿਹੜੀ ਗੱਲ ਸੁਣਾਈਆ । ਇਹ ਕੀ ਜਾਨਣ ਰੱਬ ਦੀ ਸਾਰ, ਪਰਮਾਤਮਾ ਕਵਣ ਅਖਵਾਈਆ । ਚੌਥਾ ਰੋਇਆ ਭੁੱਬਾਂ ਮਾਰ, ਤਿੰਨਾਂ ਰਿਹਾ ਰਲਾਈਆ । ਚਾਰੇ ਕੱਠੇ ਹੋ ਕੇ ਕਰੋ ਪੁਕਾਰ, ਮਿਲੇ ਬੇਪਰਵਾਹੀਆ । ਪੰਜਵਾਂ ਹੌਲੀ ਜਿਹੀ ਦਏ ਸਖਾਲ, ਗੁਝੀ ਰਮਜ਼ ਲਗਾਈਆ । ਇਸ ਨੂੰ ਕਰੋ ਦਿਆਲ, ਇਸ ਤੋਂ ਪਰੇ ਨਹੀਂ ਬੇਪਰਵਾਹੀਆ । ਇਹਦੀ ਰੰਬੀ ਵਿਚ ਪਿਆਰ, ਇਹਦੀ ਆਰ ਵਿਚ ਦਤਾਰ, ਇਸ ਦੇ ਧਾਗੇ ਵਿਚ ਆਧਾਰ, ਉਪਰ ਤੋਂ ਪਾਰ ਕਰਾਈਆ । ਜਨਮ ਮਰਨ ਤੋਂ ਕੱਢੇ ਬਾਹਰ, ਕਰਮ ਕਰਮ ਦਾ ਰੋਗ ਨਵਾਰ, ਸੋਗ ਚਿੰਤਾ ਦਏ ਗਵਾਈਆ । ਮੈਂ ਕੋਲੂ ਵੌਹਣ ਵਾਲਾ ਕਰਾਂ ਖ਼ਬਰਦਾਰ, ਤੁਸੀਂ ਲਾੜੀਆਂ ਚੁਕਣ ਵਾਲੇ ਅੱਖ ਨਾ ਕੋਈ ਖੁਲ੍ਹਾਈਆ । ਉਹ ਜੇ ਕਹਾਰੋ ਤੁਹਾਡਾ ਬਣ ਜਾਏ ਇਕ ਵਾਰ, ਡੋਲ ਆਪਣੀ ਵਿਚ ਰਖਾਈਆ । ਤੁਸੀਂ ਸਮਝੋ ਮੇਰਾ ਹੋ ਗਿਆ ਯਾਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਉਧਰ ਬ੍ਰਾਹਮਣ ਵੇਖੋ ਕੀ ਕਰੇ ਕਾਰ, ਗੰਗਾ ਕਿਨਾਰੇ ਡੇਰਾ ਲਾਈਆ । ਜੋ ਜਜਮਾਨਾਂ ਤੋਂ ਭੇਟਾ ਲਿਆਂਦੀ ਨਾਲ, ਗੰਗਾ ਨੂੰ ਵਖਾ ਵਖਾ ਫਿਰ ਆਪਣੀ ਗਠੜੀ ਵਿਚ ਬੰਧਾਈਆ । ਜਿਹੜੇ ਕਹਾਰਾਂ ਦੇ ਲਟਕੇ ਰੁਮਾਲ, ਸੋਹਣੇ ਉਤੇ ਰਿਹਾ ਵਿਛਾਈਆ । ਔਂਦਿਆ ਜਾਂਦਿਆਂ ਨੂੰ ਵਾਜਾਂ ਰਿਹਾ ਮਾਰ, ਕੁਛ ਪੁੱਛੋ ਮੇਰੇ ਭਾਈਆ । ਪਤਰੀ ਦੇ ਪਤਰੇ ਰਿਹਾ ਵਖਾਲ, ਕੁੰਡਲੀਆਂ ਨਾਲ ਸਮਝਾਈਆ । ਬਾਰਾ ਰਾਸੀ ਕਰ ਤਿਆਰ, ਮੇਖ ਕੁੰਬ ਦਏ ਵਡਿਆਈਆ । ਜੇ ਕੋਈ ਫਸ ਜਾਏ ਆਣ ਅਞਾਣ, ਸਭ ਕੁਛ ਲੁੱਟ ਕੇ ਆਪਣੀ ਝੋਲੀ ਪਾਈਆ । ਹੱਥ ਤੇ ਹੱਥ ਰੱਖ ਕੇ ਕਹੇ ਜਾ ਮੇਰੇ ਜਜਮਾਨ, ਘਰ ਜਾਂਦਿਆਂ ਨੂੰ ਗੰਗਾ ਮਾਤਾ ਤੇਰੇ ਘਰ ਮਾਇਆ ਢੇਰੀ ਦਏ ਲਗਾਈਆ । ਖਾਲੀ ਹੱਥ ਉਸ ਨੂੰ ਅੱਗੇ ਨਾ ਮਿਲੇ ਪਕਵਾਨ, ਪੇਟ ਧੀਰਜ ਨਾ ਕੋਈ ਰਖਾਈਆ । ਰਾਹੀ ਕਹੇ ਬ੍ਰਾਹਮਣ ਬੜਾ ਸ਼ੈਤਾਨ, ਸਰਾਰਤੀ ਕੱਟ ਕੇ ਲੈ ਗਿਆ ਮੇਰੀ ਖਾਲੀ ਗੰਢ ਕਰਾਈਆ । ਬ੍ਰਾਹਮਣ ਮੰਦਰ ਦੀ ਗੁੱਠੇ ਹੋ ਕੇ ਉਹਲੇ ਮਕਾਨ, ਆਪਣਾ ਪੈਸਾ ਟਕਾ ਗਿਣੇ ਚਾਈਂ ਚਾਈਆ । ਇਕ ਦਿਨ ਵਿਚ ਚਾਲੀਆਂ ਦਾ ਭਾਨ, ਚਾਲੀ ਪੈਸੇ ਨਾਲ ਰਲਾਈਆ । ਫਿਰ ਕਹੇ ਜੇ ਪੰਜ ਸੱਤ ਹੋਰ ਮਿਲ ਜਾਣ ਜਜਮਾਨ, ਗੰਢਾਂ ਭਾਰੀ ਲਵਾਂ ਬਣਾਈਆ । ਜਿਸ ਵੇਲੇ ਮਿਸ਼ਰਾਣੀ ਅੱਗੇ ਰੱਖਾਂ ਆਣ, ਉਹ ਸਾੜੀ ਲੈ ਕੇ ਭੱਜੇ ਵਾਹੋ ਦਾਹੀਆ । ਫਿਰ ਮੈਨੂੰ ਖ਼ੁਸ਼ੀਆਂ ਨਾਲ ਖਵਾਏ ਪਕਵਾਨ, ਪਰੋਸ ਥਾਲੇ ਖੀਰ ਟਿਕਾਈਆ । ਮੈਂ ਨਹਾ ਧੋ ਕਰਾਂ ਅਸ਼ਨਾਨ, ਨਾਲੇ ਚੋਰੀ ਨਾਲੇ ਹਰਾਮ, ਨਾਲੇ ਠੱਗੀ ਗਠੜੀ ਵਿਚ ਰਖਾਈਆ । ਮੇਰਾ ਸੁਫਲ ਹੋਵੇ ਕਾਮ, ਲੇਖੇ ਚੜ੍ਹੇ ਨਿਸ਼ਕਾਮ, ਆਸਾ ਪੂਰ ਕਰਾਈਆ । ਮੇਰਾ ਬਣਿਆ ਰਹੇ ਈਮਾਨ, ਸਿਦਕ ਭਰੋਸਾ ਇਹੋ ਜਿਹਾ ਰਖਾਈਆ । ਗਿਟੀਆਂ ਗਿਣਦਿਆਂ ਰਾਤ ਬੀਤੀ ਆਣ, ਸੂਰਜ ਦੇਵਤਾ ਆਪਣਾ ਨੂਰ ਚਮਕਾਈਆ । ਬ੍ਰਾਹਮਣ ਉਠ ਕੇ ਕਹੇ ਚਲੋ ਗੰਗਾ ਕਰੀਏ ਅਸ਼ਨਾਨ, ਲੱਖ ਲੱਖ ਸ਼ੁਕਰ ਮਨਾਈਆ । ਜਾ ਕੇ ਚਮਿਆਰ ਦਾ ਕਸੀਰਾ ਕਰਾਂ ਦਾਨ, ਐਂਵੇ ਭਾਰ ਚੁਕਾਈਆ । ਹੌਲੀ ਹੌਲੀ ਕੰਢੇ ਪਹੁੰਚਿਆ ਆਣ, ਤੱਟ ਕਿਨਾਰਾ ਸੋਭਾ ਪਾਈਆ । ਉਚੀ ਬੋਲ ਕਿਹਾ ਜ਼ਬਾਨ, ਸੁਣ ਮੇਰੀ ਗੰਗਾ ਮਾਈਆ । ਰਵਦਾਸ ਚੁਮਿਆਰ ਨੇ ਦਿਤਾ ਨਿਸ਼ਾਨ, ਤੇਰੀ ਕੀਮਤ ਕੌਡੀ ਪਾਈਆ । ਵਿਚੋਂ ਅਵਾਜ਼ ਆਈ ਹਾਏ ਮਿਹਰਵਾਨ, ਮੇਰਾ ਭਗਤ ਮੇਰੀ ਯਾਦ ਰਖਾਈਆ । ਬਾਂਹ ਕੱਢ ਕੇ ਕਿਹਾ ਸੁਣ ਜਵਾਨ, ਸੋਹਣੀ ਤਰ੍ਹਾਂ ਸਮਝਾਈਆ । ਉਹਦਾ ਕਸੀਰਾ ਮੈਨੂੰ ਪਰਵਾਨ, ਮੇਰਾ ਕੰਗਨ ਦੇਣਾ ਚਾਈਂ ਚਾਈਆ । ਬ੍ਰਾਹਮਣ ਵੇਖ ਹੋਇਆ ਹੈਰਾਨ, ਇਹ ਮੁਟਿਆਰ ਜੋਬਨਵੰਤੀ ਕਿਥੋਂ ਨਜ਼ਰੀ

ਆਈਆ । ਜੇ ਇਹੋ ਜਿਹੀ ਮੈਨੂੰ ਮਿਲ ਜਾਏ ਨਾਰ, ਜੀਵਣ ਖ਼ੁਸ਼ੀਆਂ ਨਾਲ ਹੰਡਾਈਆ । ਇਹਦੇ ਕੋਲ ਲੱਖਾਂ ਕਰੋੜਾਂ ਦਾ ਮਾਲ, ਜਿਹੜਾ ਬਾਹਵਾਂ ਨਾਲ ਲਟਕਾਈਆ । ਮੈਂ ਫਿਰ ਨਾ ਰਹਾਂ ਕੰਗਾਲ, ਭੁੱਖ ਨੰਗ ਨਜ਼ਰ ਕੋਇ ਨਾ ਆਈਆ । ਧੋਤੀ ਬੰਨਕੇ ਸਵਾ ਆਪਣੇ ਵਿਚ ਮਕਾਨ, ਲੱਤ ਉਤੇ ਲੱਤ ਟਿਕਾਈਆ । ਰੋਜ਼ ਨਿਤ ਨਵਾਂ ਮਿਲੇ ਪਕਵਾਨ, ਦਿਵਸ ਰੈਣ ਖਾਵਾਂ ਚਾਈਂ ਚਾਈਂਆ । ਫੇਰ ਕਹਾਂ ਤੂੰ ਮੇਰਾ ਭਗਵਾਨ, ਇਕੋ ਮੇਰੇ ਵੰਡੇ ਆਈਆ । ਮੇਰੇ ਵੱਲੋ ਸਾਰਾ ਭੁੱਖਾ ਮਰੇ ਜਹਾਨ, ਮੇਰੇ ਘਰ ਵਿਚ ਭੰਡਾਰਾ ਸੋਹਣਾ ਦੇਣਾ ਭਰਾਈਆ । ਮੈਂ ਬੜਾ ਖ਼ੁਸ਼ੀ ਹੋ ਕੇ ਕਹੂੰ ਮੇਰਾ ਇਹ ਜਜਮਾਨ, ਮੈਨੂੰ ਲੋਕੀ ਭਗਵਾਨ ਕਹਿ ਕਹਿ ਸੀਸ ਨਿਵਾਈਆ । ਮੈਂ ਝੂਠ ਨਹੀਂ ਬੋਲਿਆ ਤੁਫਾਨ, ਆਪਣੇ ਦਿਲ ਦੀ ਗੱਲ ਸੁਣਾਈਆ । ਮੈਂ ਮਿਸ਼ਰਾਣੀ ਲੈ ਕੇ ਜਾਉਂ ਪਾਨ, ਸਪਾਰੀ ਨਾਲ ਰਲਾਈਆ । ਉਹ ਮੇਰੇ ਖ਼ੁਸ਼ੀਆਂ ਨਾਲ ਗਾਊਂ ਗਾਣ, ਮੇਰਾ ਪਤੀ ਬੇਪਰਵਾਹੀਆ । ਜਿਹੜਾ ਲੁੱਟ ਲਿਆਇਆ ਦੁਕਾਨ, ਖੁੱਲੇ ਹੱਥ ਵਰਤਾਈਆ । ਫਿਰ ਮੈਂ ਕਹੂੰ ਤੂੰ ਵੀ ਮੇਰੇ ਵਰਗਾ ਕਰ ਇਮਾਨ, ਸਚ ਸੱਚ ਦ੍ਰਿੜਾਈਆ । ਆਂਢੀਆਂ ਗੁਆਢੀਆਂ ਘਰ ਕਦੀ ਨਾ ਦੇਵੀ ਪੀਣ ਖਾਣ, ਅਸੀਂ ਮੰਗਣ ਵਾਲੇ ਦੇਣ ਵਿਚ ਬਦਲ ਨਾ ਜਾਈਆ । ਉਧਰ ਚਾਰ ਕਹਾਰ ਖ਼ੁਸ਼ੀ ਮਨਾਣ, ਪੰਜਵਾਂ ਯਾਰ ਰਿਹਾ ਸਮਝਾਈਆ । ਰਵਦਾਸ ਕੁਛ ਤਾ ਦੇ ਗਿਆਨ, ਥੋੜਾ ਥੋੜਾ ਸਮਝਾਈਆ । ਮਰਨ ਪਿੱਛੋਂ ਕਿਵੇਂ ਮਿਲੇ ਭਗਵਾਨ, ਪਹਿਲੋਂ ਨਜ਼ਰ ਕਿਉਂ ਨਾ ਆਈਆ । ਕੀ ਉਹ ਵੱਡਾ ਛੋਟਾ ਕੇ ਬਾਲ ਅਞਾਣ, ਕੇ ਸੁਤਿਆ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਚਾਈਆ । ਸੁਣ ਕੇ ਗੱਲਾਂ ਡੋਲੀ ਪਈ ਰੋ, ਖਾਲੀ ਦਏ ਦੁਹਾਈਆ । ਮੇਰੇ ਨਾਲ ਕੀ ਹੋਇਆ ਧਰੋ, ਬਹੁੜੀ ਬਹੁੜੀ ਰਹੀ ਸੁਣਾਈਆ । ਮੇਰਾ ਛੱਡ ਕੇ ਨਾਤਾ ਮੋਹ, ਮੁਹੱਬਤ ਲਈ ਤੁੜਾਈਆ । ਅਜੇ ਪੈਂਡਾ ਘਰ ਦਾ ਰਹਿੰਦਾ ਪੰਜ ਕੋਹ, ਜਿਥੇ ਮੇਰਾ ਆਸਣ ਲਾਈਆ । ਮੇਰਾ ਕਪੜਿਆਂ ਨਾਲ ਦਰਵਾਜ਼ਾ ਦਿਤਾ ਢੋ, ਲਾਲ ਰੰਗ ਫੁਲਕਾਰੀਆਂ ਉਤੇ ਛੁਹਾਈਆ । ਮੇਰੇ ਕਾਲਜੇ ਪੈਂਦੀ ਖੋਹ, ਧੀਰਜ ਨਜ਼ਰ ਕੋਇ ਨਾ ਆਈਆ । ਇਹ ਕੀ ਗਿਆ ਹੋ, ਮੇਰਾ ਨਾਤਾ ਸਾਰੇ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਧਾਰ ਚਲਾਈਆ । ਡੋਲੀ ਨੂੰ ਕਹਿਣ ਉਸੇ ਦੇ ਡੰਡੇ ਬਾਂਸ ਮੁੱਠੀ, ਗੰਢ ਗੰਢ ਕੁਰਲਾਈਆ । ਸਾਨੂੰ ਪੁੱਛ ਜਿਹੜੇ ਤੈਨੂੰ ਫਿਰਦੇ ਚੁੱਕੀ, ਆਪਣੇ ਨਾਲ ਗੰਢ ਬੰਧਾਈਆ । ਤੂੰ ਮੋਡਿਆਂ ਉਤੇ ਚੜ੍ਹੀ ਅਜੇ ਨਾ ਅੱਕੀ, ਥਕਾਵਟ ਨਜ਼ਰ ਕੋਇ ਨਾ ਆਈਆ । ਵੇਖ ਤੇਰੇ ਅੰਦਰ ਬਹਿਣ ਵਾਲੀ ਕਿਥੇ ਗਈ ਛੱਡ ਕੇ ਹੱਥੋਂ ਪੱਖੀ, ਜਿਹੜੀ ਗਰਮੀ ਵਿਚ ਹਿਲਾਈਆ । ਸਾਨੂੰ ਸਚ ਸੱਚ ਦੱਸੀ, ਆਪਣਾ ਰਾਜ਼ ਸਮਝਾਈਆ । ਤੇਰੀ ਡੋਲੀ ਵਿਚ ਕੋਟਨ ਚੜ੍ਹ ਗਏ ਵੇਹਦਿਆਂ ਅੱਖੀ, ਨਾਤਾ ਜਗਤ ਕੰਤ ਨਾਲ ਜੁੜਾਈਆ । ਉਹ ਕਮਲੀਏ ਤੂੰ ਅਜੇ ਕਿਸੇ ਨੂੰ ਨਹੀਂ ਮਿਲਾਇਆ ਕਮਲਾਪਤੀ, ਪਤਿਪਰਮੇਸ਼ਵਰ ਪ੍ਰਨਾਵਣ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੁਨੀਆ ਨੂੰ ਕਹਿਣ ਸੁਣਦੇ ਰਹੇ ਰੱਸੇ , ਸੋਹਣੀ ਤਰ੍ਹਾਂ ਸਮਝਾਈਆ । ਵੇਖੋ ਅਸੀਂ ਪ੍ਰੇਮ ਨਾਲ ਕਸੇ, ਬੰਧਨ ਦਿਤਾ ਜੜਾਈਆ । ਦੋ ਦੇ ਚਾਰ ਚਾਰ ਦੇ ਅੱਠੇ, ਅੱਠਾ ਤੱਤਾ ਨਾਲ ਰਖਾਈਆ । ਸੇਵਾ ਕਰਦੇ ਅਜੇ ਨਾ ਥੱਕੇ, ਥਕਾਵਟ ਵਿਚ ਨਾ ਕਦੇ ਆਈਆ । ਕਦੀ ਸੌਹਰੇ ਕਦੀ ਪੇਕੇ, ਆਈਏ ਜਾਈਏ ਚਾਈਂ ਚਾਈਂਆ । ਪਹਿਲੋਂ ਸਾਨੂੰ ਕੋਈ ਦੇਖੇ, ਧਿਆਨ ਡੋਲੇ ਵਲ ਲਗਾਈਆ । ਫੇਰ ਪੱਲੂ ਉਤੋਂ ਲਪੇਟੇ, ਪਰਦਾ

ਦਏ ਚੁਕਾਈਆ । ਨਵ ਜੋਬਨ ਲਾੜੀ ਅੰਦਰ ਮੁਖ ਲੁਕਾ ਕੇ ਬੈਠੇ, ਸਿਰ ਗੋਡਿਆਂ ਵਿਚ ਟਿਕਾਈਆ । ਜੇ ਕੋਈ ਆਏ ਮੁਖ ਵੇਖੇ, ਨੀਵੇਂ ਨੈਣ ਕਰਕੇ ਚੋਰੀ ਜਿਹੇ ਅੱਖ ਉਠਾਈਆ । ਮੈਂ ਕਵਾਰ ਕੰਨਿਆਂ ਛੱਡ ਕੇ ਆਈ ਪੇਕੇ, ਸੌਹਰਿਆਂ ਘਰ ਸ਼ਰਮ ਹਯਾ ਮੇਰੇ ਉਤੇ ਛਾਈਆ । ਆਪਣਿਆਂ ਹੱਥਾਂ ਨੂੰ ਲਪੇਟੇ, ਮਹਿੰਦੀ ਰੰਗਲੇ ਬਾਹਰ ਨਾ ਸਕੇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਰੱਸੀਆਂ ਨੂੰ ਕਹੇ ਮਰੋੜੀ ਵਾਲੀ ਗੰਢ, ਉਚੀ ਹੋ ਸੁਣਾਈਆ । ਮੇਰੇ ਬਿਨਾਂ ਤੁਸੀਂ ਸਾਰੇ ਹੋ ਜਾਓ ਅੱਡ ਅੱਡ, ਮੇਲਾ ਨਾ ਸਕੇ ਕੋਇ ਮਿਲਾਈਆ । ਮੈਂ ਤੁਹਾਡੇ ਕੱਠੇ ਕੀਤੇ ਹੱਡ, ਹੱਡੀਆਂ ਜੋੜ ਜੁੜਾਈਆ । ਤੁਸਾਂ ਮੇਰੇ ਉਤੇ ਭਾਰ ਦਿਤਾ ਲੱਦ, ਅਪਣੀਆਂ ਭੁਜਾਂ ਖੁਲ੍ਹਾਈਆ । ਅਗਲੀ ਪਿਛਲੀ ਪਾਰ ਕਰਦੇ ਜਾਓ ਹੱਦ, ਬੇਗਾਨੀ ਹੱਦ ਵਿਚ ਮੈਨੂੰ ਸਾਹ ਦਵਾਈਆ । ਮੈਂ ਓਥੇ ਗਾਵਾਂ ਛੰਦ, ਵਾਹਵਾ ਪ੍ਰਭੂ ਤੇਰੀ ਬੇਪਰਵਾਹੀਆ । ਇਹ ਸਾਰੇ ਤੇਥੋਂ ਹੋਏ ਅਲੱਗ, ਪੇਟ ਕਾਰਨ ਡੋਲੀ ਕੰਧੇ ਰਹੇ ਉਠਾਈਆ । ਜਿਹੜੀ ਏਸ ਦੇ ਵਿਚ ਬੈਠੀ ਸਜ, ਸੋਹਣਾ ਰੰਗ ਚੜ੍ਹਾਈਆ । ਕੱਜਲ ਪਾ ਕੇ ਨੇਤਰ ਅੱਖ, ਧਾਰ ਨਾਲ ਮਟਕਾਈਆ । ਬਿੰਦੀ ਟਿੱਕਾ ਲਾ ਕੇ ਲਾਲ ਬੁੱਲ ਕੀਤੇ ਝੱਟ, ਸੁਰਖੀ ਹੱਟ ਬਜਾਰ ਮੰਗਾਈਆ । ਜਿਸ ਵੇਲੇ ਵੇਖਾਂ ਪ੍ਰਭ ਨਾਲੋਂ ਬੈਠੀ ਵੱਖ, ਧਿਆਨ ਜਗਤ ਵਿਚ ਲਗਾਈਆ । ਜਿਸ ਦੇ ਪਿਛੇ ਮਾਪਿਆਂ ਡੋਲੀ ਦਿਤਾ ਘੱਤ, ਉਹ ਕੰਤ ਅੰਤ ਨਾ ਤੋੜ ਨਿਭਾਈਆ । ਪਤਾ ਨਹੀਂ ਘਰ ਜਾਂਦੀ ਨੂੰ ਜਾਵੇ ਛੱਡ, ਜਾਂ ਮੁਕਲਾਵੇ ਪਹਿਲੋਂ ਨਾਤਾ ਜਾਏ ਤੁੜਾਈਆ । ਜਾਂ ਇਕ ਦੋ ਧੀਆਂ ਪੁੱਤਰ ਨਿਸ਼ਾਨ ਜਾਏ ਰੱਖ, ਜਾਂ ਜਾਂਦਾ ਜਾਂਦਾ ਆਪਣੀ ਜਾਇਦਾਦ ਦਾ ਮੈਨੂੰ ਦੇ ਜਾਏ ਹੱਕ, ਰੈਹਣ ਫੱਕ ਦਏ ਕਰਾਈਆ । ਜੇ ਸ਼ਰੀਕਾਂ ਨੂੰ ਪੈ ਜਾਏ ਸ਼ੱਕ, ਦਾਵਾ ਦਾਇਰ ਜਾਏ ਕਰਾਈਆ । ਮਿਲ ਜੁਲ ਕੇ ਮੈਨੂੰ ਘਰੋਂ ਕੱਢਣ ਧੱਕ, ਧੱਕਾ ਕਰਨ ਵਾਂਗ ਸੌਦਾਈਆ । ਮੈਂ ਨੇਤਰ ਰੋਵਾਂ ਅੱਖ, ਕਜਲ ਵਾਲੀ ਅੱਖ ਹੰਝੂਆਂ ਹਾਰ ਪਰੋਈਆ । ਵਿਚੋਂ ਆਵਾਜ਼ ਆਈ ਸੁਣ ਨੱਢੀ ਸੱਚ, ਤੈਨੂੰ ਸਚ ਦਿਆਂ ਸਮਝਾਈਆ । ਆਪਣੇ ਪਤੀ ਨੂੰ ਵੇਖਣ ਵਾਲੀ ਬਣਾ ਪਹਿਲੋਂ ਅੱਖ, ਦੋਹਾਂ ਅੱਖਾਂ ਨਾਤਾ ਦੇ ਤੁੜਾਈਆ । ਉਸ ਨੂੰ ਮੰਨ ਆਪਣਾ ਹੱਕ, ਹਕੀਕਤ ਵਿਚੋਂ ਨਜ਼ਰੀ ਆਈਆ । ਜੇ ਉਹ ਮਿਲ ਜਾਏ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਏਥੇ ਤੇਰੇ ਨਾਲ ਜਾਵੇ ਵਸ, ਅੱਗੇ ਲੈ ਕੇ ਜਾਵੇ ਚਾਈਂ ਚਾਈਆ । ਆਪਣੀ ਹੱਥੀ ਪਾਏ ਸੁਹਾਗ ਦੀ ਨੱਥ, ਸੁਹਾਗਣ ਆਪਣੇ ਨਾਲ ਹੰਡਾਈਆ । ਤੈਨੂੰ ਹੋਣ ਨਾ ਦੇਵੇ ਵੱਖ, ਵੱਖਰੀ ਰੋਟੀ ਨਾ ਕੋਇ ਪਕਾਈਆ । ਉਹ ਛੱਡ ਰਵਦਾਸ ਚੁਮਾਰ ਜਿਨ ਪਿਆਰ ਅੰਦਰ ਟੁਕੜਿਆਂ ਰੱਖਿਆ ਢਕ, ਖਾਣ ਨੂੰ ਆਵੇ ਸੱਚਾ ਮਾਹੀਆ । ਉਧਰ ਬ੍ਰਾਹਮਣ ਪੈ ਗਿਆ ਸ਼ੱਕ, ਗੰਗਾ ਮਾਤਾ ਕੰਗਣ ਦਿਤਾ ਫੜਾਈਆ । ਓਧਰੋਂ ਪੰਜਵਾਂ ਯਾਰ ਪਿਆ ਹੱਸ, ਉਚੀ ਉਚੀ ਸੁਣਾਈਆ । ਓ ਚਾਰੇ ਰਲ ਕੇ ਕਰੋ ਅਕੱਠ, ਇਕੋ ਮਤਾ ਪਕਾਈਆ । ਓਧਰੋ ਡੋਲੀ ਕਹੇ ਮੈਂ ਵਿਛੋੜੇ ਵਿਚ ਰਹੀ ਮੱਚ, ਆਪਣਾ ਹਾਲ ਸੁਣਾਈਆ । ਅੰਦਰੋਂ ਲਾੜੀ ਕਹੇ ਮੈਨੂੰ ਮਿਲੇ ਪੁਰਖ ਸਮਰਥ, ਮੇਰੀ ਆਸਾ ਪੂਰ ਕਰਾਈਆ । ਰਵਦਾਸ ਕਹੇ ਭਾਈ ਮੈਨੂੰ ਗਾ ਲੈਣ ਦਿਓ ਉਹਦਾ ਜਸ, ਜਿਸ ਮੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਕਹਾਰ ਕਹਿਣ ਪੰਜਵੇਂ ਮੀਤ, ਇਕ ਸਲਾਹ ਰਖਾਈਆ । ਡੋਲੀ ਕਹੇ ਮੇਰੀ ਤੁਹਾਡੇ ਨਾਲ ਰੀਝ, ਸੋਹਣੀ ਖ਼ੁਸ਼ੀ ਮਨਾਈਆ । ਲਾੜੀ ਕਹੇ ਮੈਂ ਓਸ ਪਤੀ ਨਾਲ ਜਾਵਾਂ ਪਤੀਜ, ਜੋ ਮੇਰੀ ਪੱਤ ਰੱਖੇ ਥਾਉਂ ਥਾਈਆ । ਰਵਦਾਸ

੫੫੫
੧੯

ਕਿਹਾ ਇਹ ਸਭ ਕੁਛ ਠੀਕ, ਜੇ ਠਾਕਰ ਸੱਚੇ ਭਾਈਆ । ਮੈਂ ਗ਼ਰੀਬ ਨਿਮਾਣਾ ਨਾਚੀਜ, ਪਾਣਾ ਗੰਢਣਹਾਰ ਅਖਵਾਈਆ । ਉਹਦੇ ਤੋਂ ਮੰਗਾਂ ਭੀਖ, ਆਪਣੀ ਝੋਲੀ ਡਾਹੀਆ । ਅਜੇ ਮੈਨੂੰ ਉਹਦੀ ਉਡੀਕ, ਸਾਇਦ ਆਵੇ ਮੇਰਾ ਮਾਹੀਆ । ਮੇਰੇ ਨਾਲ ਮਕੱਰਰ ਕਰਕੇ ਗਿਆ ਤਰੀਕ, ਤਰੀਕੇ ਨਾਲ ਸਮਝਾਈਆ । ਵੇਖੋ ਮੈਂ ਉਹਦੀ ਕਰਨ ਲੱਗਾ ਉਡੀਕ, ਬੁੱਕਲ ਵਿਚ ਧਿਆਨ ਲਗਾਈਆ । ਉਹਦੀ ਧਾਰ ਬੜੀ ਬਰੀਕ, ਇਨ੍ਹਾਂ ਅੱਖਾਂ ਨਜ਼ਰ ਨਾ ਆਈਆ । ਮੈਂ ਕਾਇਆ ਅੰਦਰ ਵੜ ਕੇ ਮਾਰਾਂ ਚੀਕ, ਉਚੀ ਉਚੀ ਸੁਣਾਈਆ । ਫਿਰ ਆਵੇ ਸਾਹਿਬ ਠੀਕ, ਹੌਲੀ ਹੌਲੀ ਕੁੰਡਾ ਲਾਹੀਆ । ਮੇਰੇ ਨਾਲ ਕਰਕੇ ਪ੍ਰੀਤ, ਘੁੱਟ ਗਲਵਕੜੀ ਲਏ ਪਾਈਆ । ਮੈਂ ਹੋ ਕੇ ਠੰਡਾ ਸੀਤ, ਆਪਣੀ ਛਾਤੀ ਸੇਜ ਸਵਾਈਆ । ਫਿਰ ਕਹਾਂ ਮੈਂ ਨੀਚਾਂ ਦਾ ਨੀਚ, ਤੂੰ ਸ਼ਹਿਨਸ਼ਾਹ ਬੇਪਰਵਾਹੀਆ । ਮੇਰਾ ਵੇਖ ਪਾਟਾ ਚੀਥ, ਚੀਥੜਾ ਰਿਹਾ ਕੁਰਲਾਈਆ । ਸ੍ਰੀ ਭਗਵਾਨ ਫੜ ਬਾਂਹੋਂ ਮੈਨੂੰ ਘਸੀਟ, ਮੇਰਾ ਬਸਤਰ ਦੇਵੇ ਲਾਹੀਆ । ਚੁਮਾਰਾ ਪੁਰਾਣੀ ਸੁਟ ਕਮੀਜ, ਦੁਸ਼ਾਲੇ ਤੇਰੇ ਉਤੇ ਟਿਕਾਈਆ । ਮੈਂ ਕਹਿਵਾਂ ਮੈਨੂੰ ਪ੍ਰੇਮ ਦੀ ਦੇਦੇ ਭੀਖ, ਭਿਛਿਆ ਮੇਰੀ ਝੋਲੀ ਪਾਈਆ । ਮੈਂ ਸੋਹਣਾ ਬਣਾ ਕਮੀਜ਼, ਤੇਰੇ ਚਰਨ ਧੂੜ ਮੇਰੇ ਉਤੇ ਓਢਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਉਹ ਸੁਣ ਰਵੀ, ਰਾਮ ਰਿਹਾ ਜਣਾਈਆ । ਮੈਂ ਤੇਰਾ ਬਣਕੇ ਕਵੀ, ਗਾਇਨ ਰਿਹਾ ਸੁਣਾਈਆ । ਮੈਂ ਰੋਟੀ ਵਾਂਗ ਤਪਾਂ ਉਤੇ ਤਵੀ, ਪਕਵਾਨ ਆਪਣਾ ਆਪ ਚੜ੍ਹਾਈਆ । ਤੂੰ ਮੇਰੀ ਸੇਜਾ ਸਵੀਂ, ਸੋਹਣਾ ਆਸਣ ਹੰਢਾਈਆ । ਮੇਰੇ ਮੰਦਰ ਵਿਚ ਬਵ੍ਹੀਂ, ਜੰਦਰ ਦਵਾਂ ਖੁਲ੍ਹਾਈਆ । ਫੇਰ ਇਕ ਵਾਰ ਕਹਵੀਂ, ਤੂੰ ਗ਼ਰੀਬਾਂ ਹੋਏਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਰਵਦਾਸ ਕਹੇ ਮੈਂ ਚੜ੍ਹ ਕੇ ਛਾਤੀ, ਛਤਰਧਾਰੀ ਵੇਖ ਵਖਾਈਆ । ਨਾਰ ਬਣ ਕੇ ਮਿਲਿਆ ਕਮਲਾਪਾਤੀ, ਕਵਲ ਨੈਣ ਸੋਭਾ ਪਾਈਆ । ਇਹੋ ਜਿਹਾ ਸੁੱਖ ਕਿਸੇ ਨਾ ਮਿਲਿਆ ਸੁਹਾਗੀ ਰਾਤੀ, ਕੋਟਨ ਕੋਟ ਸਖੀਆਂ ਗਏ ਹੰਡਾਈਆ । ਇਹੋ ਜਿਹਾ ਰਸ ਮਿਲਿਆ ਨਾ ਕਿਸੇ ਪਰਭਾਤੀ, ਕੋਟਨ ਕੋਟ ਗਾਣੇ ਗਏ ਸੁਣਾਈਆ । ਇਹੋ ਜਿਹਾ ਘਰ ਕਿਸੇ ਨਾ ਮਿਲਿਆ ਦੋ ਜਹਾਨਾਂ ਮਾਰੀ ਝਾਕੀ, ਨੇਤਰ ਨੈਣ ਉਠਾਈਆ । ਇਹੋ ਜਿਹਾ ਵਰ ਕਿਸੇ ਦਾ ਨਾ ਬਣਿਆ ਸਾਥੀ, ਜੋ ਜੀਵਦਿਆਂ ਮਰਿਆਂ ਮਰਿਆਂ ਜੀਵਦਿਆਂ ਆਪਣਾ ਸੰਗ ਨਿਭਾਈਆ । ਮੈਂ ਰਵਦਾਸ ਕੀ ਮੰਨਾਂ ਆਖੀ, ਆਪੇ ਰਿਹਾ ਸਮਝਾਈਆ । ਇਹ ਮੇਰਾ ਪੁਰਖ ਅਬਿਨਾਸ਼ੀ, ਮਿਹਰਵਾਨ ਵਡਿਆਈਆ । ਮੈਂ ਇਸ ਦਾ ਬਣਿਆ ਰਾਗੀ, ਸੋਹਣੀ ਸੇਵ ਕਮਾਈਆ । ਕਹਾਰੋ ਤੁਹਾਡੀ ਪ੍ਰੀਤ ਮੇਰੇ ਨਾਲ ਲਾਗੀ, ਮੈਂ ਅੱਗੇ ਦਿਆਂ ਜੁੜਾਈਆ । ਜਿਹੜਾ ਸਭ ਦਾ ਕੰਤ ਸੁਹਾਗੀ, ਸੋਹਣਾ ਰੂਪ ਵਟਾਈਆ । ਜਿਸ ਦੇ ਹੱਥ ਦੋ ਜਹਾਨਾਂ ਬਾਜ਼ੀ, ਲੱਖ ਚੁਰਾਸੀ ਆਪਣੇ ਹੁਕਮ ਭਵਾਈਆ । ਮੇਰਾ ਸਾਹਿਬ ਜੇ ਹੋਵੇ ਰਾਜ਼ੀ, ਤੁਹਾਨੂੰ ਰਾਜੇ ਨਾਲੋਂ ਉਚੇ ਦਏ ਬਣਾਈਆ । ਤੁਹਾਡੀ ਲਾ ਕੇ ਸੁਨ ਸਮਾਧੀ, ਆਪਣੇ ਵਿਚ ਸਮਾਈਆ । ਮੇਰੇ ਸਾਹਿਬ ਦੀ ਖੇਲ ਡਾਹਡੀ, ਕੋਈ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਚਾਰ ਕਹਾਰ ਪੰਜਵਾਂ ਸੱਜਣ, ਬਾਂਹਵਾਂ ਪੰਜੇ ਰਹੇ ਉਠਾਈਆ । ਖਾਲੀ ਹੱਥ ਆਏ ਮੰਗਨ, ਕੂਕਨ ਦੇਣ ਦੁਹਾਈਆ । ਜਿਸ ਵੇਲੇ ਡੋਲੀ ਦੇ ਕੋਲ ਦੀ ਲੱਗੇ ਲੰਘਣ, ਉਹ ਵੀ ਕੂੰਜ ਵਾਂਗ ਕੁਰਲਾਈਆ । ਓ ਸੱਜਣੋ, ਮੈਨੂੰ ਵੀ ਲੈ ਜਾਓ ਅੰਗਨ,

ਆਪਣੇ ਨਾਲ ਮਿਲਾਈਆ । ਵਿਚੋਂ ਲਾੜੀ ਕਹੇ ਮੈਨੂੰ ਨਹੀਂ ਰਹੀ ਕੋਈ ਸੰਗਨ, ਨੇਤਰ ਅੱਖ ਨਾ ਕੋਈ ਸ਼ਰਮਾਈਆ । ਮੈਂ ਵੇਖਾਂ ਤੁਹਾਡਾ ਨਾਲ ਸਾਹਿਬ ਬਖ਼ਸ਼ੰਦਨ, ਜੋ ਬਖ਼ਸ਼ਿਸ਼ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਰੀਤ ਚਲਾਈਆ । ਰਵਦਾਸ ਕਹੇ ਰੱਖੇ ਧੀਰ, ਧੀਰਜ ਨਾਲ ਜਣਾਈਆ । ਮੈਂ ਉਹਦੇ ਔਣ ਲਈ ਆਪਣੇ ਤਨ ਦੀ ਵਿਛਾਵਾਂ ਲੀਰ, ਬਿਸਤਰ ਇਕ ਸੁਹਾਈਆ । ਉਹ ਪੀਰਾਂ ਦਾ ਪੀਰ, ਮੈਂ ਨੀਚਾਂ ਵਿਚੋਂ ਨੀਚ ਅਖਵਾਈਆ । ਮੇਰੀ ਉਹਦੇ ਨਾਲ ਜੰਜੀਰ, ਕੜੀ ਕੜੀ ਨਾਲ ਜੁੜਾਈਆ । ਸੁਣ ਕੇ ਚੌਥੇ ਕਹਾਰ ਨੱਕ ਨਾਲ ਕੱਢੀ ਲਕੀਰ, ਫੜਕੇ ਤਿੰਨਾਂ ਸੀਸ ਨਿਵਾਈਆ । ਪੰਜਵਾਂ ਝੁਕਿਆ ਨਾਲ ਅਖੀਰ, ਆਪਣਾ ਮਾਣ ਮਿਟਾਈਆ । ਜੇ ਸਾਡੀ ਬਦਲ ਜਾਵੇ ਤਕਦੀਰ, ਸਿਰ ਆਪਣਾ ਹੱਥ ਟਿਕਾਈਆ । ਜੇ ਰਵਦਾਸ ਦੀ ਪਾਟੀ ਟਾਕੀ ਮੰਜ਼ੂਰ ਕਰੇ ਲੀਰ, ਘਰ ਗ਼ਰੀਬਾਂ ਫੇਰਾ ਪਾਈਆ । ਸਾਡੇ ਕੋਲ ਨਾ ਕਪੜਾ ਨਾ ਟਾਕੀ ਨਾ ਲੀਰ, ਲਕੀਰ ਉਂਗਲੀ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਸਮਝਾਈਆ । ਰਵਦਾਸ ਵਛਾ ਕੇ ਸੋਹਣਾ ਸਿੰਘਾਸਣ, ਕੰਨੀਆਂ ਰਿਹਾ ਲਮਕਾਈਆ । ਜਿਸ ਵੇਲੇ ਬਹੇ ਮੇਰਾ ਪੁਰਖ ਅਬਿਨਾਸ਼ਨ, ਸੋਹਣੀ ਸੇਜ ਸੁਹਾਈਆ । ਮੈਂ ਬਣ ਕੇ ਦਾਸੀ ਦਾਸਨ, ਇਹਦੀ ਸੇਵ ਕਮਾਈਆ । ਮੈਨੂੰ ਕੋਝਾ ਕਮਲਾ ਲੋਕੀ ਆਖਨ, ਮੇਰੀਆਂ ਅੱਖੀਆਂ ਦਰਸ਼ਨ ਪਾਈਆ । ਜਿਹੜਾ ਸਖੀਆਂ ਕੋਲੋਂ ਖਾਂਦਾ ਰਿਹਾ ਮਾਖਨ, ਭਗਵਨ ਰੂਪ ਵਟਾਈਆ । ਜਿਹੜਾ ਭੀਲਨੀ ਬਣਿਆ ਸਾਥਨ, ਰਾਮ ਰਮਈਆ ਹੋ ਕੇ ਜੂਠਿਆਂ ਬੇਰਾਂ ਭੋਗ ਲਗਾਈਆ । ਜਿਹੜਾ ਵਸੇ ਉਤੇ ਅਕਾਸਨ, ਅਗੰਮ ਅਥਾਹ ਗੋਸਾਈਆ । ਉਹ ਮੇਰੀ ਧਰਤੀ ਉਤੇ ਲਾਵੇ ਆਸਣ, ਅਸਲ ਰੂਪ ਵਟਾਈਆ । ਰਵਦਾਸ ਕਹੇ ਮੈਂ ਪ੍ਰੇਮ ਦੀ ਕਰਕੇ ਦਾਤਨ, ਹੱਸ ਕੇ ਦੰਦਾਸਾ ਦਿਆਂ ਵਖਾਈਆ । ਜੇ ਮੇਰੇ ਵਲੇ ਇਕ ਵਾਰ ਖ਼ੁਸ਼ੀ ਨਾਲ ਝਾਕਣ, ਮੈਂ ਆਖਾਂ ਤੂੰ ਮੇਰਾ ਮੈਂ ਤੇਰਾ ਤੂੰ ਦਾਤਾ ਬੇਪਰਵਾਹੀਆ । ਤੇਰਾ ਮੋਹ ਮੰਗਾਂ ਬਾਤਨ, ਅੰਦਰ ਤੇਰਾ ਨੂਰ ਰੁਸ਼ਨਾਈਆ । ਚਰਨ ਘੁਟ ਕੇ ਕਹਾਂ ਮੈਂ ਤੇਰੀ ਬਣਾਂ ਸਾਥਨ, ਅੰਤ ਤੇਰੀ ਅਖਵਾਈਆ । ਤੂੰ ਦੀਨਾਂ ਬੰਧਪ ਨਾਥ ਅਨਾਥਨ, ਅਨਾਥਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਰਵਦਾਸ ਕਹੇ ਇਹ ਸੇਜ ਅੱਜੇ ਨਹੀਂ ਹੋਈ ਸਾਫ, ਝਾੜ ਝਾੜ ਬਣਾਈਆ । ਪ੍ਰਭ ਮੇਰਾ ਗ਼ੁਸਾ ਕਰ ਦਏ ਮੁਆਫ, ਭੁੱਲ ਦੇਵੇ ਬਖ਼ਸ਼ਾਈਆ । ਜਿਹੜੀ ਮੈਨੂੰ ਬਖ਼ਸ਼ੀ ਓਸ ਦਾਤ, ਓਸੇ ਵਿਚੋਂ ਇਹ ਵੀ ਕੱਢ ਵਿਛਾਈਆ । ਜੇ ਕੁਛ ਲੁਕਾ ਕੇ ਰੱਖਾਂ ਫਿਰ ਬਣਾ ਨਾਰ ਕਮਜਾਤ, ਕੁਲਖਣੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਦਏ ਵਡਿਆਈਆ । ਰਵਦਾਸ ਸੇਜ ਕਰਕੇ ਸੋਹਣੀ, ਟੁੱਟੇ ਚਮੜੇ ਰਿਹਾ ਵਿਛਾਈਆ । ਪ੍ਰਭ ਮੇਰੇ ਨੂੰ ਲੱਗੇ ਸੋਹਣੀ, ਸੋਹਣੀ ਰੂਪ ਵਟਾਈਆ । ਇਕ ਟਕਾ ਜੋ ਕੀਤਾ ਬੌਹਣੀ, ਓਹੋ ਭੇਟ ਚੜ੍ਹਾਈਆ । ਨਾਲੇ ਕਹੇ ਇਹੋ ਮੇਰੀ ਹਾੜੀ ਸੌਣੀ, ਏਸੇ ਨਾਲ ਝੱਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਚਾਈਂ ਚਾਈਆ । ਰਵਦਾਸ ਸੇਜ ਹੋਈ ਤਿਆਰ, ਸੋਹਣੀ ਬਣਤ ਬਣਾਈਆ । ਦੂਰ ਦੁਰਾਡੇ ਆਦਿ ਨਿਰੰਕਾਰ, ਉਤੇ ਆਸਣ ਲਾਈਆ । ਖ਼ੁਸ਼ੀ ਵਿਚ ਕਹੇ ਵਾਹ ਮੇਰੇ ਯਾਰ, ਕਿੱਡੀ ਸੋਹਣੀ ਬਣਤ ਬਣਾਈਆ । ਇਹੋ ਜਿਹੀ ਲੱਭੀ ਨਹੀਂ ਜੁਗ ਚਾਰ, ਚਾਰੋਂ ਕੁੰਟ ਵੇਖ ਵਖਾਈਆ । ਇਹ ਵੇਖ ਕੇ ਕਹਾਰ ਹੋਏ ਹੈਰਾਨ, ਪ੍ਰਭ ਕੀ ਖੇਲ ਰਚਾਈਆ ।

ਭੁੱਖੇ ਨੰਗੇ ਦੇ ਘਰ ਬੈਠਾ ਆਣ, ਆਪਣਾ ਆਸਣ ਲਾਈਆ । ਓਧਰੋਂ ਡੋਲੀ ਵਿਚੋਂ ਨਿਕਲੀ ਰਕਾਨ, ਆਪਣਾ ਪੱਲਾ ਸਾਂਭ ਸੂਤ ਕੇ ਭੱਜੀ ਵਾਹੋ ਦਾਹੀਆ । ਮੈਂ ਸੁਣਿਆ ਰਵਦਾਸ ਘਰ ਆਇਆ ਭਗਵਾਨ, ਭਗਤਨ ਹਿਤ ਫੇਰਾ ਪਾਈਆ । ਡੋਲੀ ਕਿਹਾ ਜਾ ਨੀ ਉਹ ਸਭ ਦਾ ਸੱਚਾ ਕਾਹਨ, ਧੁਰ ਦਾ ਮਾਲਕ ਮਾਹੀਆ । ਜੇ ਓਸ ਉਤੇ ਰੱਖਣਾ ਇਮਾਨ, ਫਿਰ ਓਸ ਵਲ ਅੱਖ ਉਠਾਈਆ । ਜੇ ਲੋਕਮਾਤ ਕਰਨਾ ਹਰਾਮ, ਮੇਰੇ ਪ੍ਰਭ ਦੇ ਦਰ ਨਾ ਮੁਖ ਵਖਾਈਆ । ਰਵਦਾਸ ਚੁਮਾਰ ਕਰ ਪਰਨਾਮ, ਦੋਏ ਜੋੜ ਸੀਸ ਝੁਕਾਈਆ । ਹੇ ਭੁਖਿਆਂ ਦੇ ਭਗਵਾਨ, ਦੁਖੀਆਂ ਦੇ ਸਹਾਈਆ । ਇਹ ਚਾਰ ਕਹਾਰ ਤੈਥੋਂ ਮੰਗਦੇ ਰਹੇ ਪਕਵਾਨ, ਮੇਰੇ ਘਰ ਰੋਟੀ ਨਜ਼ਰ ਨਾ ਆਈਆ । ਏਹਨਾਂ ਨੂੰ ਮਿਲਿਆ ਬ੍ਰਾਹਮਣ ਸ਼ੈਤਾਨ, ਰਹਿੰਦੀ ਪੂੰਜੀ ਲੁਟ ਕੇ ਨਾਲ ਲੈ ਜਾਈਆ । ਓਧਰ ਕਸੀਰਾ ਮੈਂ ਭੇਜਿਆ ਮਹਾਨ, ਜਿਹੜਾ ਜੋਬਨਵੰਤੀ ਮੈਨੂੰ ਦੇ ਕੇ ਗਈ ਖ਼ੁਸ਼ੀ ਮਨਾਈਆ । ਸ਼ਹਿਨਸ਼ਾਹ ਕਹੇ ਰਵਦਾਸ ਮੈਂ ਕਿਹੜਾ ਅਨਜਾਣ, ਮੈਂ ਵੇਖਾਂ ਥਾਉਂ ਥਾਈਆ । ਮੈਂ ਬ੍ਰਾਹਮਣਾਂ ਦਾ ਬ੍ਰਾਹਮਣ ਸ਼ਤਾਨ, ਸ਼ਤਾਨੀ ਵਿਚ ਉਹਨੂੰ ਦੇਵਾਂ ਫਸਾਈਆ । ਮੇਰਾ ਦੇਖ ਖੇਲ ਮਹਾਨ, ਲੇਖਾ ਰਾਜੇ ਨਾਲ ਜੁੜਾਈਆ । ਦੋਵੇ ਚਲ ਕੇ ਔਣ ਬਣ ਦਰਬਾਨ, ਦਰ ਤੇਰੇ ਸੀਸ ਨਿਵਾਈਆ । ਤੇਰਾ ਕਸੀਰਾ ਤੇਰਾ ਕੰਗਣ ਤੇਰੀ ਆਏ ਪਛਾਣ, ਦੂਜਾ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਜਣਾਈਆ । ਭਗਵਨ ਬੈਠਾ ਚੁਪ ਚਪੀਤਾ, ਰਵਦਾਸ ਆਪਣੇ ਕੋਲ ਬੈਠਾਈਆ । ਪ੍ਰਭੂ ਮੈਂ ਅਜੇ ਜੋੜਾ ਇਕੋ ਗੰਢ ਕੇ ਸੀਤਾ, ਟਕਾ ਆਪਣੀ ਝੋਲੀ ਪਾਈਆ । ਨਵਾਂ ਦੀ ਬਾਕੀ ਰਹਿ ਗਈ ਰੀਤਾ, ਦਸ ਕਰਕੇ ਝੱਟ ਲੰਘਾਈਆ । ਮੇਰੀ ਤੇਰੇ ਨਾਲ ਠੀਕ ਪ੍ਰੀਤਾ, ਬੱਚਿਆਂ ਵਾਸਤੇ ਇਹ ਵੀ ਕਾਰ ਕਮਾਈਆ । ਬੜੀ ਖ਼ੁਸ਼ੀ ਤੂੰ ਆਇਓਂ ਘਰ ਨੀਚਾਂ, ਆਪਣਾ ਫੇਰਾ ਪਾਈਆ । ਮੇਰਾ ਵੇਖ ਖਾਲੀ ਖੀਸਾ, ਖਾਲੀ ਹੱਥ ਵਖਾਈਆ । ਉਧਰੋਂ ਬ੍ਰਾਹਮਣ ਰਾਜਾ ਆ ਗਏ ਮਾਰ ਕੇ ਚੀਕਾਂ, ਮਹਾਂਰਾਣੀ ਨਾਲ ਲਿਆਈਆ । ਡੰਡੌਤ ਕਰੇ ਹੋ ਕੇ ਨੀਕਨ ਨੀਕਾ, ਰਾਜਨ ਸੀਸ ਰਿਹਾ ਝੁਕਾਈਆ । ਰਵਦਾਸ ਜਾਣੇ ਭੇਵ ਜੀਵ ਜੀ ਕਾ, ਜੁਗਤੀ ਨਾਲ ਪੁੱਛੇ ਚਾਈਂ ਚਾਈਂਆ । ਸ਼ਹਿਨਸ਼ਾਹ ਮੈਂ ਕਮੀਨੀ ਜਾਤ ਹੋਛਾ ਨੀਚਾ, ਤੂੰ ਸ਼ਹਿਨਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ । ਅੰਦਰ ਬੈਠਾ ਭਗਵਾਨ ਕਹੇ ਰਵਦਾਸ ਚੁੱਪ, ਚੁੱਪ ਚਪੀਤਾ ਜਣਾਈਆ । ਪਹਿਲੋਂ ਇਨ੍ਹਾਂ ਕੋਲੋਂ ਪੁੱਛ, ਬ੍ਰਾਹਮਣ ਕੀ ਕੀ ਖੇਲ ਰਚਾਈਆ । ਬ੍ਰਾਹਮਣ ਡਰਦਾ ਮੌਤ ਤੋਂ ਗਿਆ ਝੁਕ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਕੰਗਣ ਲੈ ਕੇ ਰਵਦਾਸ ਤੈਥੋਂ ਗਿਆ ਲੁਕ, ਚੋਰੀ ਰਿਹਾ ਕਮਾਈਆ । ਰਾਜੇ ਕੋਲ ਜਾ ਕੇ ਦਿਤਾ ਸੁੱਟ, ਬਹੁਤਾ ਧਨ ਦੌਲਤ ਆਪਣੀ ਝੋਲੀ ਪਾਈਆ । ਏਸੇ ਕੰਗਣ ਮੇਰੀ ਜੜ ਦਿਤੀ ਪੁੱਟ, ਰਾਜਾ ਦੇਵਣਹਾਰਾ ਸਜਾਈਆ । ਮੇਰਾ ਕਾਲਾ ਕਰਕੇ ਮੁੱਖ, ਗਲੀਆਂ ਵਿਚ ਫਿਰਾਈਆ । ਮੈਨੂੰ ਧੀਆਂ ਪੁਤਾਂ ਦਾ ਪਿਛੇ ਲੱਗਾ ਦੁਖ, ਮਿਸ਼ਰਾਣੀ ਰੋਵੇ ਮਾਰੇ ਧਾਈਆ । ਜੇ ਮੈਂ ਸਿੱਧਾ ਆ ਕੇ ਤੇਰੀ ਚਰਨੀ ਜਾਂਦਾ ਝੁਕ, ਕਸੀਰੇ ਪਿਛੇ ਕੰਗਣ ਦਿੰਦਾ ਫੜਾਈਆ । ਫਿਰ ਮੈਨੂੰ ਹੋਣਾ ਨਹੀਂ ਸੀ ਕੋਈ ਦੁੱਖ, ਜੋ ਕੁਛ ਮਰਜੀ ਹੁੰਦੀ ਤੈਥੋਂ ਮੰਗਦਾ ਚਾਈਂ ਚਾਈਂਆ । ਸ੍ਰੀ ਭਗਵਾਨ ਹੌਲੀ ਜਿਹੀ ਕਿਹਾ ਬ੍ਰਾਹਮਣਾ ਕਿਹੜੀ ਗੱਲੇ ਖ਼ੁਸ਼, ਮੈਂ ਫੈਸਲਾ ਦਿਆਂ ਕਰਾਈਆ । ਬ੍ਰਾਹਮਣ ਕਹੇ ਤੇਰੇ ਜੀਂਦੇ ਰਹਿਣ ਪੁੱਤ, ਤੂੰ ਵੱਡਾ ਜਜਮਾਨ ਮੇਰਾ ਹੋ ਸਹਾਈਆ । ਇਹੋ ਜਿਹਾ ਕੰਗਣ ਮੈਨੂੰ ਇਕ ਹੋਰ ਦੇ ਦੇ ਚੁੱਕ, ਮੇਰਾ ਖੈਹੜਾ ਦੇ ਛੁਡਾਈਆ ।

ਸ੍ਰੀ ਭਗਵਾਨ ਰਵਦਾਸ ਵੱਲੇ ਕੀਤਾ ਮੁਖ, ਨੈਣ ਨੈਣਾਂ ਨਾਲ ਮਿਲਾਈਆ । ਓਥੇ ਉਹਦੇ ਫੂੜੀ ਹੇਠੋਂ ਕੋਟਨ ਕੋਟ ਕੰਗਣ ਲਏ ਪੁਟ, ਜਿਹੜਾ ਚੰਮ ਰੰਬੀਆਂ ਨਾਲ ਲਾਹ ਕੇ ਥੱਲੇ ਦਬਾਈਆ । ਬ੍ਰਾਹਮਣ ਖ਼ੁਸ਼ੀਆਂ ਨਾਲ ਹੋ ਕੇ ਖ਼ੁਸ਼, ਬੋਦੀ ਉਤੇ ਹੱਥ ਫਿਰਾਈਆ । ਮੈਂ ਹੁਣ ਵੇਖਾਂ ਆਪਣੇ ਪੁੱਤ, ਜਿਹੜੇ ਬ੍ਰਾਹਮਣੀ ਗੋਦ ਵਿਚ ਟਿਕਾਈਆ । ਏਥੋਂ ਭੱਜਾਂ ਓਹਲੇ ਜਾਵਾਂ ਲੁਕ, ਫਿਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਸਮਝਾਈਆ । ਵੇਖ ਕੇ ਬ੍ਰਾਹਮਣ ਮਿਲਦਾ ਕੰਗਣ, ਚਾਰ ਕਹਾਰ ਖ਼ੁਸ਼ੀ ਮਨਾਈਆ । ਚਲੋ ਪੰਜ ਉਠ ਕੇ ਚਲੀਏ ਮੰਗਣ, ਆਪਣੀ ਝੋਲੀ ਡਾਹੀਆ । ਜੇ ਸਾਨੂੰ ਚਾੜ੍ਹੇ ਰੰਗਣ, ਭੁੱਖਿਆਂ ਭੁੱਖ ਦਏ ਗਵਾਈਆ । ਡੋਲ ਕਹੇ ਮੈਂ ਕਿਹੜੀ ਭਾਗਾਂ ਮੰਦਨ, ਮੈਂ ਵੀ ਚਲਾਂ ਚਾਈਂ ਚਾਈਂਆ । ਲਾੜੀ ਖੜਕਾਉਂਦੀ ਆਈ ਛਣਕੰਗਣ, ਦੋਵੇਂ ਬਾਹਵਾਂ ਹਿਲਾਈਆ । ਮੈਂ ਵੇਖਾਂ ਸੂਰਾ ਸਰਬੰਗਨ, ਧੁਰ ਦਾ ਸਚ ਗੋਸਾਈਆ । ਜੇ ਲਾਵੇ ਆਪਣੇ ਅੰਗਣ, ਅੰਗੀਕਾਰ ਕਰਾਈਆ । ਮੈਂ ਖ਼ੁਸ਼ੀਆਂ ਨਾਲ ਹਿਲਾਵਾਂ ਕੰਧਨ, ਚਾਰੋਂ ਕੁੰਟ ਵੇਖਾਂ ਚਾਈਂ ਚਾਈਂਆ । ਚਾਰ ਕਹਾਰ ਕਹਿਣ ਫਿਰ ਅਸੀਂ ਵੀ ਤੇਰੇ ਮੱਥੇ ਲਾਏ ਚੰਦਨ, ਸੋਹਣਾ ਟਿੱਕਾ ਸੁਹਾਈਆ । ਪੰਜਵਾਂ ਕਹੇ ਮੈਂ ਫਿਰ ਖ਼ੁਸ਼ੀ ਵਿਚ ਤੈਥੋਂ ਕੁਛ ਆਵਾਂ ਮੰਗਣ, ਭਾਗਾ ਭਰੀਏ ਮਿੱਠਾ ਮੂੰਹ ਦੇ ਕਰਾਈਆ । ਸਾਰੇ ਸਲਾਹ ਕਰਕੇ ਅੱਗੇ ਲੰਘਣ, ਰਵਦਾਸ ਦਵਾਰੇ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਰਵਦਾਸ ਕਹੇ ਇਹ ਮੇਰਾ ਸ਼ਾਹ, ਸ਼ਹਿਨਸ਼ਾਹ ਅਖਵਾਈਆ । ਜਿਸ ਦੇ ਚਰਨਾਂ ਮਿਲੇ ਪਨਾਹ, ਰਹਿਮਤ ਹੱਥ ਉਠਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਧਵਾਈਆ । ਜੇ ਏਹਨੂੰ ਸਚ ਦੇਵੋ ਸੁਣਾ, ਦੁਖੀਆਂ ਦੁੱਖ ਮਿਟਾਈਆ । ਜੇ ਪਰਦਾ ਲਓਂ ਰਖਾ, ਲੱਖ ਚੁਰਾਸੀ ਵਿਚ ਭਵਾਈਆ । ਜੇ ਬਣਾਓਂ ਪਿਤਾ ਮਾਂ, ਗੋਦੀ ਰੱਖੇ ਚਾਈਂ ਚਾਈਂਆ । ਜੇ ਕੰਤ ਕਰਕੇ ਲਓ ਹੰਢਾ, ਸੋਹਣੀ ਸੇਜ ਸੁਹਾਈਆ । ਜੇ ਮਾਂਗਤ ਬਣ ਕੇ ਅੱਗੇ ਝੋਲੀ ਦੇਵੋਂ ਡਾਹ, ਅਨਮੁਲੜੀ ਦਾਤ ਝੋਲੀ ਪਾਈਆ । ਇਹ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਇਸ ਦੇ ਅੱਗੇ ਕਰੋ ਦੁਆ, ਦੋਏ ਜੋੜ ਵਾਸਤਾ ਪਾਈਆ । ਸਾਡਾ ਸੱਚਾ ਸੰਗ ਨਿਭਾ, ਵਿਛੜ ਕਦੇ ਨਾ ਜਾਈਆ । ਉਹ ਸੱਜਣੋ ਮੈਂ ਭੀ ਤੁਹਾਡਾ ਬਣਾਂ ਗਵਾਹ, ਮੇਰੇ ਘਰ ਜੋ ਬੈਠਾ ਡੇਰਾ ਲਾਈਆ । ਸਾਰੇ ਕਹਿਣ ਵਾਹ ਵਾਹ, ਰਵਦਾਸ ਤੇਰੀ ਵਡ ਵਡਿਆਈਆ । ਪਹਿਲੋਂ ਸਾਨੂੰ ਭੁੱਖਿਆਂ ਨੂੰ ਕੁਛ ਖਵਾ, ਭੁਖ ਰਹੀ ਸਤਾਈਆ । ਰਵਦਾਸ ਉਹ ਸੁੱਕੇ ਟੁੱਕੜੇ ਕੱਢ ਕੇ ਦਿਤੇ ਵਖਾ, ਇਹ ਮੇਰਾ ਭੋਜਨ ਸਹਿਜ ਸੁਭਾਈਆ । ਸ੍ਰੀ ਭਗਵਾਨ ਵੇਖ ਕੇ ਚੜ੍ਹਿਆ ਚਾ, ਖ਼ੁਸ਼ੀ ਵਿਚੋਂ ਖ਼ੁਸ਼ੀ ਪਰਗਟਾਈਆ । ਰਵਦਾਸ ਮੈਨੂੰ ਵੀ ਥੋੜਾ ਜਿਹਾ ਸਵਾਦ ਵਖਾ, ਮੈਂ ਆਪਣਾ ਆਪ ਪੂਰ ਕਰਾਈਆ । ਰਵਦਾਸ ਕਿਹਾ ਮੈਂ ਖਵੌਣਾ ਨਹੀਂ ਤੂੰ ਭੋਗ ਲਗਾ, ਇਹੋ ਤੇਰੀ ਵਡਿਆਈਆ । ਸ੍ਰੀ ਭਗਵਾਨ ਕਿਹਾ ਬੇਹੇ ਟੁਕਰ ਨਹੀਂ ਏ ਸ਼ੁਕਰ ਖ਼ੁਦਾ, ਸ਼ੁਕਰੀਏ ਨਾਲ ਸਮਝਾਈਆ । ਦਾਣੇ ਦਾਣੇ ਉਤੇ ਮੋਹਰ ਲਗਾ, ਭਗਤਾਂ ਹੱਥ ਫੜਾਈਆ । ਮਿਹਰ ਦ੍ਰਿਸ਼ਟੀ ਇਕੋ ਵਾਰ ਪਾ, ਸੁੱਕੇ ਟੁੱਕੜੇ ਸੋਹਣਾ ਪਲਾਓ ਬਣਾਈਆ । ਕਿਹਾ ਸਾਰੇ ਰਲ ਮਿਲ ਲਓ ਖਾ, ਭੁੱਖ ਰਹੇ ਨਾ ਰਾਈਆ । ਰਵਦਾਸ ਥੋੜੇ ਵਰਤਾ, ਉਂਗਲਾਂ ਪੰਜੇ ਨਾਲ ਛੁਹਾਈਆ । ਇਸ ਦੇ ਖਾਣ ਨਾਲ ਇਹਨਾਂ ਦਾ ਜਾਮਾਂ ਦਿਆਂ ਬਦਲਾਂ, ਜੋ ਤੇਰੇ ਕੋਲ ਦਿਤਾ ਸੁਣਾਈਆ । ਫਿਰ ਵੇਖਾਂ ਆਪ ਆ, ਲੋਕਮਾਤ ਫੇਰਾ ਪਾਈਆ । ਰਵਦਾਸ ਕਿਹਾ ਸਾਹਿਬ ਤੂੰ ਦਾਤਾ ਬੇਪਰਵਾਹ, ਤੇਰੇ


੫੫੯
੧੯

ਹੱਥ ਵਡਿਆਈਆ । ਮੈਂ ਚਲਾਂ ਤੇਰੀ ਰਜਾ, ਹੁਕਮ ਵਿਚ ਸਰਨਾਈਆ । ਸ੍ਰੀ ਭਗਵਾਨ ਕਹੇ ਹੁਣ ਬਣ ਗਵਾਹ, ਫਿਰ ਸਹਾਦਤ ਦਿਆਂ ਭੁਗਤਾਈਆ । ਤੇਰੇ ਹੱਥੋਂ ਲੇਖ ਲਿਖਾ, ਮੇਖ ਮਸਤਕ ਦਿਆਂ ਲਗਾਈਆ । ਪੰਜਾ ਚਰਨਾਂ ਨਾਲ ਛੁਹਾ, ਜਨਮ ਮਰਨ ਦਿਆਂ ਕਟਾਈਆ । ਸੋਹਣੀ ਡੋਲੀ ਇਕ ਸੁਹਾ, ਧੁਰ ਦੀ ਬਣਤ ਬਣਾਈਆ । ਚਾਰੇ ਜੁਗ ਕਹਾਰ ਲਗਾ, ਕੰਧਿਆਂ ਉਤੇ ਦਿਆਂ ਟਿਕਾਈਆ । ਸੋਹਣੀ ਲਾੜੀ ਰੂਪ ਵਟਾ, ਗੁਰਮੁਖ ਵਿਚ ਸਮਾਈਆ । ਹਾਰ ਸ਼ਿੰਗਾਰ ਖ਼ੂਬ ਕਰਾ, ਭੂਸ਼ਣ ਬਸਤਰ ਅੰਗਨ ਤਨ ਛੁਹਾਈਆ । ਰਵਦਾਸ ਚੁਮਿਆਰਾ ਨਾਲ ਰਲਾ, ਵੇਖਾਂ ਚਾਈਂ ਚਾਈਆ । ਸੁੱਕੇ ਟੁੱਕੜ ਤੋਂ ਜਿਸ ਪਕਵਾਨ ਦਿਤਾ ਬਦਲਾ, ਸੋਹਣਾ ਪਲਾਓ ਵਖਾਈਆ । ਉਸ ਪਲਾਓ ਵਿਚੋਂ ਥੋੜਾ ਰੱਖਾਂ ਛੁਪਾ, ਆਪਣੇ ਵਿਚ ਛੁਪਾਈਆ । ਜਿਸ ਵੇਲੇ ਫੇਰ ਜਾਵਾਂ ਆ, ਸੋਹਣੀ ਬਣਤ ਵਖਾਈਆ । ਸਾਰੇ ਸੰਤ ਭਗਤ ਅਕੱਠੇ ਲਵਾਂ ਕਰਾਂ, ਜੁਗ ਵਿਛੜੇ ਮੇਲ ਮਿਲਾਈਆ । ਧੁਰ ਦਾ ਹੁਕਮ ਦੇਵਾਂ ਸੁਣਾ, ਸੱਚੋ ਸਚ ਦਰਸਾਈਆ । ਹਰਿਸੰਗਤ ਰਲਕੇ ਮੇਰੇ ਪਿਛਲੇ ਚੌਲ ਲਓ ਬਣਾ, ਸੋਹਣੀ ਭੱਠੀ ਉਤੇ ਚੜ੍ਹਾਈਆ । ਥੋੜੇ ਜਿਹੇ ਵਿਚੋਂ ਲਾਲੋ ਗਿਆ ਖਾ, ਨਾਨਕ ਘਰ ਆਈਆ । ਓਦੋਂ ਬਣਿਆ ਗਵਾਹ, ਸਫਾਈ ਦੇਵੇ ਚਾਈਂ ਚਾਈਆ । ਗੁਰਮੁਖੋ ਤੁਹਾਡੇ ਸਿਰ ਤੋਂ ਲਾਹੇ ਕਜਾ, ਰਾਏ ਧਰਮ ਨੇੜ ਕੋਈ ਨਾ ਆਈਆ । ਇਸ ਦਾ ਵੇਖੋ ਇਕ ਮਜ਼ਾ, ਮੰਜ਼ਲ ਅਗਲੀ ਦਏ ਮੁਕਾਈਆ । ਖਾਣਾ ਖੁਰਾਕ ਨਹੀਂ ਗਜ਼ਾ, ਗਹਿਰ ਗੰਭੀਰ ਦਇਆ ਕਮਾਈਆ । ਫਿਰ ਵੀ ਇਹਦੇ ਵਿਚੋਂ ਲਏ ਬਚਾ, ਰਵਦਾਸ ਦਾ ਸੁੱਕਾ ਟੁੱਕੜਾ ਚੇਤੇ ਆਈਆ । ਸੰਗਤ ਸਾਰੀ ਨੂੰ ਆਪ ਖਵਾ, ਵਿਚੋਂ ਇਕ ਦਾਣਾ ਆਪਣੇ ਸੀਸ ਲੁਕਾਈਆ । ਜਿਹੜਾ ਫੇਰ ਆਪਣੇ ਵਿਚ ਲਿਆ ਛੁਪਾ, ਅੱਗੇ ਵਾਸਤੇ ਭੰਡਾਰਾ ਲਿਆ ਬਣਾਈਆ । ਤਿੰਨਾਂ ਲੋਕਾਂ ਵਲ ਤਿੰਨ ਦਿਨ ਤੱਕਦਾ ਰਿਹਾ ਰਾਹ, ਆਪਣਾ ਧਿਆਨ ਲਗਾਈਆ । ਤੀਜੇ ਦਿਨ ਇਕ ਅਵਾਜ਼ ਦਿਤੀ ਸੁਣਾ, ਸੋਹਣੀ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗੰਬਰੋ ਅਕੱਠੇ ਹੋਵੋ ਆ, ਆਪਣਾ ਪੰਧ ਮੁਕਾਈਆ । ਜਨ ਭਗਤੋ ਤੁਸੀਂ ਵੀ ਦਿਓ ਸਲਾਹ, ਸਭ ਨੂੰ ਪੁੱਛੇ ਬੇਪਰਵਾਹੀਆ । ਹਰਿਸੰਗਤ ਲਿਆ ਪਹਿਲੋਂ ਲਿਆ ਖਵਾ, ਬਚਿਆ ਤੁਹਾਡਾ ਹਿੱਸਾ ਬੇਹਾ ਰਖਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸੁਣ ਕੇ ਚੜ੍ਹਿਆ ਚਾ, ਵਾਹ ਵਾਹ ਤੇਰੀ ਵਡਿਆਈਆ । ਸ੍ਰੀ ਭਗਵਾਨ ਕਿਹਾ ਨਹੀਂ ਉਹਨਾਂ ਨੂੰ ਦਿਓ ਸਲਾਹ, ਜੋ ਮਿਟੀ ਗਾਰੇ ਚਿਕੜ ਵਿਚ ਸੱਚੀ ਸੇਵ ਕਮਾਈਆ । ਸਾਰੇ ਕਹਿਣ ਪ੍ਰਭੂ ਉਹਨਾ ਪੰਜਾਂ ਦੀ ਕੁਝ ਝੋਲੀ ਪਾ, ਜਿਹੜੇ ਤੇਰਾ ਧਿਆਨ ਲਗਾਈਆ । ਸ੍ਰੀ ਭਗਵਾਨ ਕਹੇ ਆਓ ਖੱਟਾ ਮਿੱਠਾ ਰਲਾਈਏ ਪਲਾ, ਸੋਹਣਾ ਜੋੜ ਜੁੜਾਈਆ । ਚੌਥਾ ਕਹਾਰ ਕਹੇ ਮੇਰੀ ਵਾਰੀ ਗਈ ਆ, ਮੇਰੀ ਆਸਾ ਪੂਰ ਕਰਾਈਆ । ਰਵਦਾਸ ਪਾਟਾ ਚੀਥੜ ਦਿਤਾ ਵਿਛਾ, ਮੇਰੇ ਕੋਲ ਉਹ ਵੀ ਨਜ਼ਰ ਨਾ ਆਈਆ । ਕਿਉਂ ਮੇਰੇ ਬਾਪੂ ਦਾ ਬਾਪੂ ਨਾਤਾ ਪਹਿਲੋਂ ਦਿਤਾ ਤੁੜਾ, ਦੇਵਣਹਾਰਾ ਤੁਧ ਬਿਨ ਨਜ਼ਰ ਕੋਇ ਨਾ ਆਈਆ । ਮੈਂ ਪ੍ਰੇਮ ਪਿਆਰ ਦਾ ਵਿਛੌਣਾ ਦਿਤਾ ਵਿਛਾ, ਸੋਹਣਾ ਰੰਗ ਰੰਗਾਈਆ । ਜਿਸ ਉਤੇ ਬਹਿ ਜੇ ਖਾਣਾ ਲਵੇ ਖਾ, ਗੁਰ ਅਵਤਾਰਾਂ ਨਾਲ ਮਿਲਾਈਆ । ਫੇਰ ਵੇਖੇ ਧਿਆਨ ਲਗਾ, ਪਿਛਲੀ ਯਾਦ ਕਰਾਈਆ । ਜਿਹੜੀ ਡੋਲੀ ਵਿਚ ਜਾਂਦੀ ਰੰਡੀ ਹੋਈ ਘੜੀਆਂ ਢਾਈ ਸੌਹਰੇ ਸੋਭਾ ਨਾ ਪਾਈਆ । ਉਸ ਦਾ ਲੇਖਾ ਸੋਹਣਾ ਦਿਤਾ ਬਣਾ, ਲਾਲੋ ਨਾਲ ਜੋੜ ਜੁੜਾਈਆ । ਰਵਦਾਸ ਚੁਮਿਆਰ ਵਲੇ ਰਹੀ ਤਕਾ, ਮੇਰਾ ਵਿਚੋਲਾ ਨਜ਼ਰੀ ਆਈਆ । ਜਿਸ ਝੂਠੇ ਸੌਹਰੇ ਦਿਤੇ ਛੁਡਾ, ਨਾਤਾ ਜਗਤ ਮੁਕਾਈਆ । ਫੇਰ

ਓਸ ਨਾਲ ਦਿਤਾ ਮਿਲਾ, ਜਿਸ ਨੂੰ ਮਿਲਕੇ ਮਿਲਿਆ ਬੇਪਰਵਾਹੀਆ । ਉਹ ਪਿਛਲਾ ਭਾਤ ਰਹੀ ਸੁਹਾ, ਚੌਕੀ ਉਂਗਲਾ ਨਾਲ ਹਿਲਾਈਆ । ਚੌਥੇ ਕਹਾਰ ਰਹੀ ਸਮਝਾ ਮਿੱਠਾ ਥੋੜਾ ਨਾਲ ਰਲਾਈਆ । ਜੋ ਸੰਗਤ ਕੋਲੋ ਬਚਾ ਕੇ ਦੁੱਧ ਰਿੜਕ ਕੇ ਘਿਓ ਲਿਆ ਕੱਢਾ, ਕਲ ਪਰਸੋਂ ਕੰਮ ਕਿਸੇ ਨਾ ਆਈਆ । ਅੱਜ ਓਸ ਨੂੰ ਵਿਚ ਦਿਤਾ ਰਲਾ, ਸੋਹਣਾ ਜੋੜ ਜੁੜਾਈਆ । ਖ਼ੁਸ਼ੀਆ ਨਾਲ ਪ੍ਰਭ ਅੱਗੇ ਦਿਓ ਟਿਕਾ, ਭੋਜਨ ਭਗਵਾਨ ਭਗਵਾਨ ਭੋਜਨ ਰੂਪ ਵਟਾਈਆ । ਦੋਹਾਂ ਬਿਨਾ ਨਾ ਜੀਵੇ ਜਹਾਂ, ਜਗਤ ਜੀਵਣ ਨਾ ਕੋਇ ਵਖਾਈਆ । ਖ਼ੁਸ਼ੀਆਂ ਨਾਲ ਰਿਹਾ ਖਾ, ਖਾ ਖਾ ਆਪਣਾ ਝੱਟ ਲੰਘਾਈਆ । ਲੈ ਰਵਦਾਸ ਜਿਹੜਾ ਪਿਛਲਾ ਸੁੱਕਾ ਟੁੱਕੜਾ ਲਿਆ ਬਚਾ, ਤੇਰੇ ਅੰਦਰ ਦਿਆਂ ਟਿਕਾਈਆ । ਜਿਥੇ ਗੋਬਿੰਦ ਬੱਚੇ ਰਿਹਾ ਸੁਹਾ, ਓਥੇ ਤੈਨੂੰ ਮਿਲੇ ਵਡਿਆਈਆ । ਤੇਰੇ ਪਿਛੇ ਪੰਜਾਂ ਬਖ਼ਸ਼ ਗੁਨਾਹ, ਪੰਚਮ ਸੋਭਾ ਪਾਈਆ । ਵਾਰੀ ਵਾਰੀ ਸਾਰੇ ਗਲੇ ਲਗਾ, ਇਕੋ ਰੰਗ ਚੜ੍ਹਾਈਆ । ਸੋਹਣੀ ਡੋਲੀ ਲਵੇ ਪਾ, ਆਪਣਾ ਖੇਲ ਵਖਾਈਆ । ਅੰਤ ਕੰਤ ਭਗਵੰਤ ਗੁਰਮੁਖ ਦੂਲਹਨ ਬਣਕੇ ਦੂਲ੍ਹਾ ਲਏ ਪ੍ਰਨਾ, ਪਰਮਾਤਮ ਆਤਮ ਜੋੜ ਜੁੜਾਈਆ । ਹਰਿਸੰਗਤ ਇਹ ਪਕਵਾਨ ਇਕ ਇਕ ਕਿਨਕਾ ਸਭ ਨੇ ਲੈਣਾ ਖਾ, ਖਾਂਦਿਆਂ ਖਾਂਦਿਆਂ ਖਾਂਦਿਆਂ ਖਾਹਿਸ਼ ਪੂਰੀ ਦਏ ਕਰਾਈਆ । ਖਾ ਪੀ ਕੇ ਫੇਰ ਕਹੋ ਇਹੋ ਪਿਤਾ ਇਹੋ ਮਾਂ, ਇਕੋ ਗੋਦ ਉਠਾਈਆ । ਖ਼ੁਸ਼ੀ ਨਾਲ ਕਹਿਣਾ ਸਾਡੇ ਬਖ਼ਸ਼ੇ ਗਏ ਗੁਨਾਹ, ਪਾਪ ਨਜ਼ਰ ਕੋਇ ਨਾ ਆਈਆ । ਰਵਦਾਸ ਨਾਲ ਮਿਲ ਕੇ ਪਕੜੀ ਬਾਂਹ, ਸੱਚਾ ਸੰਗ ਵਖਾਈਆ । ਰੰਬੀ ਕਹੇ ਮੈਨੂੰ ਚੜ੍ਹਿਆ ਚਾ, ਖ਼ੁਸ਼ੀਆਂ ਹਾਲ ਸੁਣਾਈਆ । ਆਰ ਕਹੇ ਮੈਂ ਭੁਲਾ ਨਾ, ਤਿਖੀ ਧਾਰ ਪ੍ਰਭ ਦੀ ਓਹੀ ਨਜ਼ਰੀ ਆਈਆ । ਕੱਚਾ ਤੰਦ ਕਹੇ ਰਵਦਾਸ ਜੋੜਾ ਦਿਤਾ ਜੁੜਾ, ਹੱਥੀਂ ਗੰਢ ਪੁਆਈਆ । ਧਾਗਾ ਕੋਰਾ ਦਿਤਾ ਲਾ, ਡੋਰਾ ਵਿਚ ਨਾ ਕੋਇ ਰਖਾਈਆ । ਕਲਜੁਗ ਰੁੜ੍ਹਦਿਆਂ ਰੁੜ੍ਹਦਿਆਂ ਜਾਦਿਆਂ ਮੋੜਾ ਦਿਤਾ ਪਾ, ਅੱਗੇ ਆਪਣਾ ਚਰਨ ਟਿਕਾਈਆ । ਜਿਸ ਵੇਲੇ ਭੋਰਾ ਭੋਰਾ ਦਿਤਾ ਖਵਾ, ਅੰਦਰੋ ਤ੍ਰਿਸਨਾ ਭੁੱਖ ਮਿਟਾਈਆ । ਫੇਰ ਇਕੋ ਜਪੀਏ ਇਹਦਾ ਨਾਂ, ਜਿਸ ਦੀ ਨਾਮ ਵਿਚ ਵਡਿਆਈਆ । ਧਾਮ ਸੋਹਣਾ ਲੱਗੇ ਮਕਾਮ, ਮੁਕਾਮੇ ਹੱਕ ਨੂਰ ਅਲਾਈਆ । ਸਭ ਨੂੰ ਦਏ ਪੈਗ਼ਾਮ, ਪੀਰ ਪੈਗੰਬਰਾਂ ਕਰੇ ਪੜ੍ਹਾਈਆ । ਔਖੀ ਮੁਸ਼ਕਲ ਕਰੇ ਆਸਾਨ, ਸੋਹਣਾ ਰਾਹ ਵਖਾਈਆ । ਇਕੋ ਦੱਸੇ ਗੁਰਮੁਖੋ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੀ ਕਰੇ ਨਾ ਕੋਈ ਪੜ੍ਹਾਈਆ । ਏਸੇ ਨਾਲ ਸਾਡੀ ਏਥੇ ਓਥੇ ਪਤ ਜਾਏ ਰਹਿ, ਪਰਮੇਸ਼ਵਰ ਹੋਵੇ ਆਪ ਸਹਾਈਆ । ਇਕੀਆਂ ਦਾ ਜੋ ਲੇਖਾ ਬਾਕੀ ਰਹੇ, ਅਗਲੇ ਲੇਖੇ ਵਿਚ ਲਿਖਾਈਆ । ਪੰਜਾਂ ਅੰਦਰ ਆਪੇ ਬਹੇ, ਆਪਣਾ ਬੰਕ ਸੁਹਾਈਆ । ਗੋਤਮ ਉਠ ਕੇ ਅੱਗੋ ਕਹੇ, ਵਾਹ ਵਾਹ ਤੇਰੀ ਵਡਿਆਈਆ । ਲੰਙਾ ਹੋ ਕੇ ਚੈਨ ਨਾਲ ਨਾ ਬਹੇ, ਭੱਜੇ ਵਾਹੋ ਦਾਹੀਆ । ਰੰਗੜ ਜਿਹੜਾ ਸੰਡੇ ਸੋਟਾ ਮਾਰੇ ਧੈ, ਜੋਰ ਨਾਲ ਲਗਾਈਆ । ਜਿਹੜਾ ਅਨਾਇਤ ਨਾਲ ਗੰਢੇ ਪੁੱਟ ਕੇ ਕਹੇ, ਇਹ ਵੀ ਤੇਰੀ ਵਡਿਆਈਆ । ਉਹਦੀ ਮੁਕਾ ਕੇ ਆਪਣੀ ਮੈਂ, ਮਮਤਾ ਵਿਚੋਂ ਚੁਕਾਈਆ । ਲੰਗਰ ਵਿਚ ਲਾਗਰੀ ਹੋ ਕੇ ਰਹੇ, ਲੰਗਰ ਮੰਦਰਾਂ ਨਾਲੋਂ ਚੰਗਾ ਨਜ਼ਰੀ ਆਈਆ । ਰਵਦਾਸ ਸੁੱਕਾ ਟੁਕੜਾ ਦੇ ਕੇ ਗਿਆ ਕਹਿ, ਸਭ ਨੂੰ ਸਚ ਸੁਣਾਈਆ । ਜਿਸ ਪਕਵਾਨ ਨੂੰ ਭਗਵਾਨ ਬੇਹਾ ਕਦੇ ਨਾ ਕਹੇ, ਸਦ ਅੰਮ੍ਰਿਤ ਰੂਪ ਵਖਾਈਆ । ਏਥੇ ਓਥੇ ਇਕੋ ਜਿਹਾ ਰਹੇ, ਹਰਿਸੰਗਤ ਲੰਗਰ ਕੂਕਰਾਂ ਸ਼ੂਕਰਾਂ ਅੱਗੇ ਨਾ ਕੋਈ ਸੁਟਾਈਆ । ਓਸ ਲੰਗਰ ਵਿਚ ਪਰਮਾਤਮਾ

੫੬੧
੧੯

ਬਹੇ, ਅੱਗ ਉਤੇ ਸੜ ਕੇ ਤਵੇ ਉਤੇ ਆਪਣਾ ਆਪ ਤਲ ਕੇ, ਪ੍ਰੇਮ ਪ੍ਰੀਤੀ ਵਿਚ ਰਲ ਕੇ, ਆਪਣਾ ਰੰਗ ਵਖਾਈਆ । ਗੁਰਮੁਖ ਜਿਹੜੇ ਆਵਣ ਚਲ ਕੇ, ਉਹਨਾ ਦਾ ਅੰਦਰ ਬਹੇ ਮਲ ਕੇ, ਸੋਹਣਾ ਆਸਣ ਲਾਈਆ । ਹਰਿਸੰਗਤ ਖਾਏ ਰਲ ਮਿਲ ਕੇ, ਵਿਛੜਿਆਂ ਜੋੜ ਜੁੜਾਈਆ । ਇਹ ਖੇਲ ਦਿਲਦਾਰ ਦਿਲ ਦੇ, ਦਿਲ ਵਿਚੋਂ ਦਲੀਲ ਦਲੀਲ ਨਾਲ ਮਿਲਾਈਆ । ਗੁਰਮੁਖ ਗੁਰ ਦੀ ਰਹਿਣੀਉਂ ਕਦੇ ਨਾ ਹਿਲਦੇ, ਡੁੱਲੇ ਸਰਬ ਲੋਕਾਈਆ । ਗੁਰਮੁਖ ਪ੍ਰਭ ਦੇ ਮੇਲੇ ਸਦਾ ਨਹੀਂ ਮਿਲਦੇ, ਜਿਸ ਮਿਲਿਆਂ ਵਿਛੋੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਭਾਤ ਰਿਹਾ ਖਾਈਆ । ਭਾਤ ਕਹੇ ਮੈਂ ਭਾਗਾਂ ਭਰਿਆ, ਪ੍ਰਭ ਮਿਹਰ ਨਜ਼ਰ ਉਠਾਈਆ । ਪਿਛਲੇ ਭੁੱਖੇ ਅੱਜ ਪੇਟ ਆਪਣਾ ਭਰਿਆ, ਨਾਲ ਰਵਦਾਸ ਦਿਤਾ ਰਜਾਈਆ । ਬਾਕੀ ਸੰਗਤ ਅੰਦਰ ਧਰਿਆ, ਭੋਰਾ ਭੋਰਾ ਚਖਾਈਆ । ਸਚ ਪ੍ਰੀਤੀ ਨਾਲ ਜੜਿਆ, ਸੋਹਣਾ ਜੋੜ ਬਣਾਈਆ । ਨਾ ਜੀਉਂਦਾ ਨਾ ਮਰਿਆ, ਮਰਨ ਜਨਮ ਵਿਚ ਨਜ਼ਰ ਕਦੇ ਨਾ ਆਈਆ । ਆਪਣਾ ਕਾਰਜ ਆਪੇ ਰਿਹਾ ਕਰਿਆ, ਕਰਨ ਕਰਾਵਨਹਾਰ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਸੇਜੇ ਆਪੇ ਚੜਿਆ, ਪਿਰ ਧਨ ਰਾਵੇ ਚਾਈਂ ਚਾਈਂਆ ।



## ★ ੨੯ ਮਾਘ ੨੦੨੦ ਬਿਕ੍ਰਮੀ ਚਰਨ ਕੌਰ ਦੇ ਘਰ ਅਲੱੜਪਿੰਡੀ ਜ਼ਿਲਾ ਗੁਰਦਾਸਪੁਰ ★



ਰਵਦਾਸ ਦਵਾਰੇ ਮਿਲ ਭਗਵਾਨ, ਸਭ ਨੇ ਖ਼ੁਸ਼ੀ ਮਨਾਈਆ । ਭੋਗ ਲੱਗ ਸੋਹਣਾ ਬਣਿਆ ਪਕਵਾਨ, ਸੁੱਕੇ ਟੁੱਕੜੇ ਰੂਪ ਵਟਾਈਆ । ਚਾਰ ਕਹਾਰ ਮਿਲ ਕੇ ਖਾਣ, ਪੰਜਵਾਂ ਯਾਰ ਨਾਲ ਮਿਲਾਈਆ । ਖਾਂਦਿਆਂ ਖਾਂਦਿਆਂ ਆਇਆ ਧਿਆਨ, ਅੰਦਰ ਦਲੀਲ ਬਣਾਈਆ । ਇਹਦਾ ਮਿੱਠਾ ਰਸ ਮਹਾਨ, ਸੋਹਣਾ ਨਜ਼ਰੀ ਆਈਆ । ਸਾਰੇ ਆਪਣੇ ਪੱਲੇ ਥੋੜੀ ਥੋੜੀ ਗੰਢ ਬੰਧਾਨ, ਇਹਨੂੰ ਨਾਲ ਲੈ ਕੇ ਜਾਈਆ । ਜਿਸ ਵੇਲੇ ਭੁੱਖ ਫੇਰ ਸਤਾਵੇ ਆਣ, ਉਸ ਵੇਲੇ ਲਈਏ ਖਾਈਆ । ਕਰੋ ਨਿਮਸਕਾਰ ਵਾਲੀ ਦੋ ਜਹਾਨ, ਜਿਸ ਸੋਹਣੀ ਬਣਤ ਬਣਾਈਆ । ਚੌਥਾ ਕਹੇ ਤੁਸੀਂ ਬਾਲ ਨਿਧਾਨ, ਰਸਨਾ ਮੰਗ ਨਾ ਮੰਗਾਈਆ । ਖ਼ੁਸ਼ੀ ਹੋ ਗਏ ਖਾ ਕੇ ਖਾਣ, ਆਪਣਾ ਪੇਟ ਭਰਾਈਆ । ਇਹੋ ਜਿਹਾ ਸਾਰਾ ਜਹਾਨ ਮੰਗੇ ਦਾਨ, ਦੇਵਣਹਾਰ ਸਦਾ ਸਦਾ ਵਰਤਾਈਆ । ਰਲ ਕੇ ਇਹਦੇ ਕੋਲੋਂ ਮੰਗ ਲਓ ਨਾਮ, ਜਿਸ ਵਿਚ ਮਿਲੇ ਵਡਿਆਈਆ । ਜੇ ਹੋਵੇ ਮਿਹਰਵਾਨ, ਸੋਹਣੀ ਵਸਤ ਦਏ ਵਰਤਾਈਆ । ਜੇ ਰਵਦਾਸ ਘਰ ਭੋਗ ਲਗਾਵੇ ਆਣ, ਸਾਡੇ ਘਰ ਕਿਉਂ ਨਾ ਆਈਆ । ਸਾਰੇ ਸੁਣ ਕੇ ਖ਼ੁਸ਼ੀਆਂ ਮੰਨਾਣ, ਅੰਦਰੇ ਅੰਦਰ ਧਿਆਈਆ । ਇਕੱਠੇ ਚਰਨੀ ਡਿਗੇ ਆਣ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਗੁਣ ਨਿਧਾਨ, ਤੇਰੇ ਹੱਥ ਵਡਿਆਈਆ । ਹਉਂ ਮੂਰਖ ਬਾਲ ਅਞਾਣ, ਸਮਝ ਸੋਚ ਨਾ ਰਾਈਆ । ਤੂੰ ਵੱਡਾ ਸ਼ਾਹ ਸੁਲਤਾਨ, ਸ਼ਹਿਨਸ਼ਾਹ ਅਖਵਾਈਆ । ਪੰਜਵਾਂ ਕਹੇ ਮੈਂ ਇਨ੍ਹਾਂ ਨਾਲੋਂ ਅਞਾਣ, ਜਗਤ ਯਰਾਨਾ ਚਮਰੇਟੇ ਨਾਲ ਰਖਾਈਆ । ਹੁਣ ਥੋੜੀ ਜਿਹੀ ਆਈ ਪਛਾਣ, ਜਿਸ ਵੇਲੇ ਪ੍ਰਭ ਤੇਰਾ ਦਰਸ਼ਨ ਪਾਈਆ । ਤੁਹਾਡਾ ਦੋਵਾਂ ਦਾ ਇਕੋ ਦਿਸੇ ਨਿਸ਼ਾਨ, ਇਕੋ ਰੰਗ ਵਖਾਈਆ । ਖ਼ਬਰੇ ਕੀ ਖਵਾਇਆ ਵਿਚ ਪਕਵਾਨ, ਮੈਨੂੰ ਅੰਦਰੋਂ

ਪੱਕਾ ਦਿਤਾ ਬਣਾਈਆ । ਮੈਂ ਵੀ ਮੰਗਾਂ ਇਨ੍ਹਾਂ ਨਾਲ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਪੰਜਾਂ ਸੁਣ ਕੇ ਸਚ ਅਰਦਾਸ, ਡੋਲੀ ਧਿਆਨ ਲਗਾਈਆ । ਮੈਂ ਵੀ ਸਦਾ ਇਨਾਂ ਸਾਥ, ਸੋਹਣਾ ਕਾਜ ਰਚਾਈਆ । ਮਾਪਿਆਂ ਘਰੋਂ ਚੁਕ ਕੇ ਧੀਆਂ ਵਰਗੀ ਦਾਤ, ਸੌਹਰਿਆਂ ਘਰ ਪੁਚਾਈਆ । ਲਾੜੀ ਲਾੜੇ ਦੀ ਪੂਰੀ ਕਰਕੇ ਆਸ, ਜੋੜੀ ਜਗਤ ਬਣਾਈਆ । ਡੋਲੀ ਵਿਚੋਂ ਲਾੜੀ ਮਾਰ ਆਵਾਜ਼, ਹੌਕੇ ਨਾਲ ਜਣਾਈਆ । ਮੈਂ ਵੀ ਤੇਰੇ ਦਰ ਦੀ ਮੁਹਤਾਜ, ਇਕੋ ਓਟ ਰਖਾਈਆ । ਮੇਰੇ ਬਿਨਾਂ ਕਿਸੇ ਕੰਮ ਨਾ ਆਵੇ ਸਾਜ ਬਾਜ, ਕਹਾਰਾਂ ਸੇਵ ਨਾ ਕੋਈ ਲਗਾਈਆ । ਕਿਉਂ ਪ੍ਰਭੂ ਮੇਰੇ ਨਾਲ ਨਰਾਜ, ਕਿਸ ਬਿਧ ਮੁਖ ਭਵਾਈਆ । ਜਾਂ ਮੈਨੂੰ ਮੰਗਣ ਦੀ ਨਹੀ ਜਾਚ, ਜਾਂ ਤੂੰ ਦੇਣ ਵਾਲਾ ਦੇ ਨਾ ਖ਼ੁਸ਼ੀ ਮਨਾਈਆ । ਮੈਂ ਜੋ ਕਿਹਾ ਸੋ ਸਾਚ, ਸੱਚੇ ਸਚ ਸਮਝਾਈਆ । ਸਭ ਦੀ ਪੂਰੀ ਕਰਦੇ ਆਸ, ਬੈਠੇ ਧਿਆਨ ਲਗਾਈਆ । ਚਰਨ ਪ੍ਰੀਤੀ ਤੇਰੀ ਖਾਹਸ਼, ਦੂਜੀ ਵਸਤ ਨਾ ਮੰਗ ਮੰਗਾਈਆ । ਰਵਦਾਸ ਕਿਹਾ ਸ਼ਾਬਾਸ਼, ਧੰਨ ਤੁਹਾਡੀ ਵਡਿਆਈਆ । ਜਿਨ੍ਹਾਂ ਮੇਰਾ ਦਿਤਾ ਸਾਥ, ਸਿਖਿਆ ਸਿਖ ਕੇ ਝੋਲੀ ਪਾਈਆ । ਉਧਰੋਂ ਬ੍ਰਾਹਮਣ ਝਾੜੀ ਉਹਲੇ ਬੈਠਾ ਰਿਹਾ ਝਾਕ, ਹਰਿ ਜੀ ਕੀ ਕੀ ਵਰਤਾਈਆ । ਜਾਂ ਮਿਲਦੀ ਵੇਖੀ ਦਾਤ, ਧੋਤੀ ਬੋਦੀ ਸਾਂਭ ਕੇ ਨੇੜੇ ਆਈਆ । ਡੰਡੌਤ ਕਰਕੇ ਕਹੇ ਗੁਰੂ ਮਹਾਰਾਜ, ਠਾਕਰ ਸਵਾਮੀ ਤੇਰੀ ਸੱਚੀ ਸ਼ਰਨਾਈਆ । ਮੈਨੂੰ ਭਾਤ ਵਿਚੋਂ ਦੇ ਖਾਜ, ਖਾਵਨ ਨੂੰ ਚਿਤ ਲਾਈਆ । ਰਵਦਾਸ ਕਿਹਾ ਤੂੰ ਰਲ ਉਸ ਜਮਾਤ, ਜੋ ਪੰਗਤ ਰੂਪ ਵਟਾਈਆ । ਬ੍ਰਾਹਮਣ ਇਦਰ ਉਦਰ ਵੇਖ ਕੇ ਕਹੇ ਮੈਨੂੰ ਤੱਕੇ ਨਾ ਮੇਰਾ ਸਾਕ, ਬ੍ਰਾਹਮਣ ਸ਼ੂਦਰਾਂ ਘਰ ਡੇਰਾ ਲਾਈਆ । ਪਹਿਲੋਂ ਪੇਟ ਭਰੀਏ ਪੂਰੀ ਕਰੀਏ ਆਸ, ਫਿਰ ਪਾਪ ਆਪਣੀ ਗਠੜੀ ਵਿਚ ਲੀਜੇ ਬੰਧਾਈਆ । ਜਿਸ ਵੇਲੇ ਗੰਗਾ ਕਿਨਾਰੇ ਜਾ ਕੇ ਓਮ ਕਰੂੰ ਜਾਪ, ਹਰੀਓਮ ਕਹਿਕੇ ਗੰਗਾ ਵਿਚ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਬ੍ਰਾਹਮਣ ਕੋਲ ਬਠਾ ਲਿਆ ਏਕ, ਚਾਰ ਕਹਾਰ ਬਾਹਵਾਂ ਰਹੇ ਫਰਕਾਈਆ । ਜਿਸ ਨੇ ਕੀਤਾ ਸਾਡੇ ਨਾਲ ਵੇਸ, ਉਹ ਅੜਿਕੇ ਗਿਆ ਆਈਆ । ਹੁਣ ਪੈਸਿਆਂ ਨਾਲ ਜਿੰਨਾਂ ਚਿਰ ਬਾਹਮਣੀ ਨਾ ਦੇਵੇ ਭੇਤ, ਪੱਲਾ ਸਕੇ ਨਾ ਸਾਥੋਂ ਛੁਡਾਈਆ । ਜੇ ਨਾ ਮੰਨੇ ਕਪੜਿਆਂ ਵਿਚ ਲਪੇਟ, ਡੋਲੀ ਵਿਚ ਲਈਏ ਟਿਕਾਈਆ । ਜੇ ਕੋਈ ਪੁੱਛੇ ਕਹੀਏ ਇਹ ਰਾਜੇ ਦੀ ਬੇਟ, ਇਹਦਾ ਮੂੰਹ ਵੇਖਣ ਕੋਈ ਨਾ ਆਈਆ । ਗੰਗਾ ਕਿਨਾਰੇ ਜਾ ਕੇ ਖੇਡੀਏ ਇਹਦੇ ਨਾਲ ਖੇਡ, ਫੜ ਬੋਦੀਉਂ ਰੇਤਾ ਉਤੇ ਫਿਰਾਈਆ । ਧੁਪ ਕੜਾਕੇ ਦੀ ਹੋਏ ਮਹੀਨਾਂ ਜੇਠ, ਉਤੇ ਮੁਠੀਆਂ ਨਾਲ ਟਿਕਾਈਆ । ਜਿਨਾਂ ਚਿਰ ਨਾ ਦੱਸੇ ਅੰਦਰਲਾ ਭੇਤ, ਮਾਰੀਏ ਕੁਟੀਏ ਵਾਹੋ ਦਾਹੀਆ । ਇਨੇ ਚਿਰ ਨੂੰ ਬ੍ਰਾਹਮਣ ਓਨ੍ਹਾਂ ਵਲ ਲਿਆ ਵੇਖ, ਹੌਲੀ ਹੌਲੀ ਗੱਲਾਂ ਕਰਦੇ ਨਜ਼ਰੀ ਆਈਆ । ਉਸੇ ਵੇਲੇ ਖੋਲ੍ਹ ਕੇ ਆਪਣੀ ਜੇਬ, ਦੂਣੇ ਪੈਸੇ ਦਿਤੇ ਫੜਾਈਆ । ਮੇਰੇ ਜਜਮਾਨਾਂ ਮੈਨੂੰ ਦਿਤੇ ਭੇਜ, ਮੈਂ ਤੁਹਾਡੇ ਵਾਸਤੇ ਲੈ ਕੇ ਆਈਆ । ਸਾਰੇ ਹੱਸ ਕੇ ਕਹਿਣ ਇਹ ਬੜਾ ਚੰਗਾ ਨਾ ਕਰੇ ਫਰੇਬ, ਏਸੇ ਨੂੰ ਦਿਉਂ ਫੜਾਈਆ । ਬ੍ਰਾਹਮਣ ਉਸੇ ਵੇਲੇ ਆਪਣੀ ਜੰਤਰੀ ਕੱਢ ਕੇ ਲਿਖੇ ਉਤੇ ਕਤੇਬ, ਹਿੰਨਸਿਆਂ ਵਿਚ ਗਣਾਈਆ । ਜਿਸ ਵੇਲੇ ਮੰਗੋ ਮੈਂ ਤੁਹਾਡੇ ਘਰੀਂ ਦੇਵਾਂ ਭੇਜ, ਸਵਾਏ ਡਿਉੜੇ ਨਾਲ ਰਲਾਈਆ । ਕਹਾਰਾਂ ਕਿਹਾ ਤੂੰ ਬ੍ਰਾਹਮਣ ਇਹਦਾ ਬਣਾਈਂ ਖੇਸ, ਉਤੇ ਲੈ ਕੇ ਜਗਤ ਹੰਡਾਈਆ । ਅਸੀਂ ਤੇਰੇ

ਜਜਮਾਨ ਤੂੰ ਸਾਨੂੰ ਦਈਂ ਆਦੇਸ਼, ਤੇਰੇ ਵਰਗਾ ਬ੍ਰਾਹਮਣ ਕੀਤੀ ਵਾਲਾ ਨਜ਼ਰ ਕੋਈ ਨਾ ਆਈਆ । ਓਧਰ ਰਵਦਾਸ ਕਿਹਾ ਤੂੰ ਕਿਹੜੀ ਖੇਲੇਂ ਖੇਲ, ਅੰਦਰੇ ਅੰਦਰ ਧਿਆਨ ਲਗਾਈਆ । ਸਾਰੇ ਮੰਗੋ ਇਹਦਾ ਮੇਲ, ਜੋ ਮਿਲਿਆ ਬੇਪਰਵਾਹੀਆ । ਖ਼ੁਸ਼ੀਆਂ ਨਾਲ ਇਕ ਦੂਜੇ ਦੀ ਝੋਲੀ ਪਾਓ ਵੇਲ, ਮੁੱਠੀ ਮੁੱਠੀ ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਾਰੇ ਕਹਿਣ ਰਵਦਾਸ ਅਸੀਂ ਕੁਛ ਲਈਏ ਸੋਚ, ਆਪਣਾ ਮਤਾ ਪਕਾਈਆ । ਸਾਨੂੰ ਪੂਰੀ ਨਹੀਂ ਹੋਸ਼, ਸਮਝ ਨਾ ਕੋਈ ਵਡਿਆਈਆ । ਕਿਤੇ ਠੱਠਾ ਕਰਨ ਨਾ ਲੋਕ, ਮਖੌਲ ਨਾ ਦੇਣ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਸਚ ਮਤ ਦੇ ਜਣਾਈਆ । ਰਵਦਾਸ ਕਿਹਾ ਥੋੜੀ ਦੇਰ ਬਾਹਰ ਜਾ ਕੇ ਕਰੋ ਸਲਾਹ, ਮਤਾ ਆਪਣੇ ਨਾਲ ਪਕਾਈਆ । ਉਨ੍ਹਾਂ ਚਿਰ ਮੇਰੇ ਘਰ ਸੁੱਤਾ ਰਹੇ ਬੇਪਰਵਾਹ, ਮੇਰੀ ਸੇਜਾ ਸੋਹਣੀ ਇਸ ਨੂੰ ਭਾਈਆ । ਮੈਂ ਇਸਦੇ ਉਤੇ ਕੱਚੇ ਚਮੜੇ ਦਾ ਦਸਾਲਾ ਦੇਵਾਂ ਪਾ, ਜਿਸ ਨੂੰ ਸੋਹਣਾ ਰੰਗ ਚੜ੍ਹਾਈਆ । ਥੋੜਾ ਚਿਰ ਕਰ ਲਈਏ ਆਰਾਮ, ਆਰਾਮਗਾਹ ਇਕੋ ਇਕ ਵਖਾਈਆ । ਫਿਰ ਤੁਹਾਡਾ ਕਰੇ ਕਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਸਾਰੇ ਘਰੋਂ ਗਏ ਬਾਹਰ, ਕਦਮ ਕਦਮ ਉਠਾਈਆ । ਚਾਰ ਕਹਾਰਾਂ ਨਾਲ ਪੰਜਵਾਂ ਯਾਰ, ਸੋਹਣਾ ਸੰਗ ਬਣਾਈਆ । ਬ੍ਰਾਹਮਣ ਗੜਵੀ ਲੈ ਕੇ ਚੜ੍ਹਦੀ ਦਿਸ਼ਾ ਵਿਚਾਰ, ਗਿਆ ਵਾਹੋ ਦਾਹੀਆ । ਕਰੇ ਖੇਲ ਕਰਤਾਰ, ਸਮਝ ਕਿਸੇ ਨਾ ਆਈਆ । ਉਧਰੋਂ ਖੋਤੇ ਉਤੇ ਚੜ੍ਹਿਆ ਆਵੇ ਘੁਮਿਆਰ, ਪਗੜੀ ਲਾਲ ਰੰਗ ਰੰਗਾਈਆ । ਵੱਟ ਚਾੜ੍ਹ ਬੰਨੀ ਦਸਤਾਰ, ਵੱਡਾ ਸਿਰ ਵਖਾਈਆ । ਹੱਥ

੫੬੪ ਵਿਚ ਡੰਡਾ ਰਿਹਾ ਹੁਲਾਰ, ਡਿਚਕਰ ਮਾਰੇ ਚਾਈਂ ਚਾਈਂਆ । ਉਸਦੇ ਨਾਲ ਖੋਤੇ ਹੋਰ ਚਾਰ, ਹਿਣਕ ਹਿਣਕ ਕੇ ਰੌਲਾ ਪਾਈਆ । ਚੌਵਾਂ ੫੬੪

੧੬ ਉਤੇ ਚਾਰ ਹੋਰ ਅਸਵਾਰ, ਨਿੱਕੇ ਬਾਲੇ ਨਜ਼ਰੀ ਆਈਆ । ਉਨ੍ਹਾਂ ਵਿਚੋਂ ਇਕ ਰੋ ਪਿਆ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਗੋਂ ੧੬

ਮਿਲ ਪਏ ਚਾਰ ਕਹਾਰ ਪੰਜਵਾਂ ਸੱਚਾ ਯਾਰ, ਸੋਹਣਾ ਜੋੜ ਜੁੜਾਈਆ । ਚੌਥੇ ਕਿਹਾ ਉਹ ਜਾਣ ਵਾਲੇ ਘੁਮਿਆਰ, ਕਿਉਂ ਬੱਚਿਆਂ ਰਿਹਾ ਰਵਾਈਆ । ਜਰਾ ਖੋਤੇ ਤੇ ਘਲਿਆਰ, ਖ਼ੁਸਿਆ ਟੁੱਟਿਆ ਭੱਜਾ ਜਾਵੇਂ ਵਾਹੋ ਦਾਹੀਆ । ਉਸ ਉਤੋਂ ਉਤਰ ਅੱਗੋਂ ਰੋਕੇ ਚਾਰ, ਡੰਡੇ ਨਾਲ ਡਰਾਈਆ । ਗਧੇ ਇਕ ਦੂਜੇ ਵਲ ਨੈਣ ਰਹੇ ਉਠਾਲ, ਵੇਖਣ ਚਾਈਂ ਚਾਈਂਆ । ਉਨ੍ਹੇ ਚਿਰ ਨੂੰ ਬੱਚੇ ਮਾਰੀ ਆਵਾਜ਼, ਉਚੀ ਕੂਕ ਸੁਣਾਈਆ । ਸਾਨੂੰ ਭੁੱਖ ਲੱਗੀ ਆਜ, ਬਹੁੜੀ ਰਹੀ ਸਤਾਈਆ । ਨਾ ਕੋਈ ਰੋਟੀ ਨਾ ਕੋਈ ਦਾਲ, ਕੁਲਰ ਕੁਟ ਨਾ ਕੋਈ ਬੰਧਾਈਆ । ਘੁਮਿਆਰ ਗੁੱਸੇ ਵਿਚ ਕਹੇ ਮੈਂ ਕੀ ਤੁਹਾਨੂੰ ਦੇਵਾਂ ਖਵਾਲ, ਨਾਲ ਲੈ ਕੇ ਕੁਛ ਨਾ ਆਈਆ । ਇਹ ਸੁਣਕੇ ਪੰਜਾਂ ਸਮਝਿਆ ਇਹ ਨਿੱਕੇ ਬਾਲ, ਸਭ ਨੂੰ ਇਕੋ ਜਿਹੇ ਨਜ਼ਰੀ ਆਈਆ । ਇਕ ਦੂਜੇ ਨੂੰ ਮਾਰ ਕੇ ਅਰਕ ਦੱਸਣ ਇਸ਼ਾਰੇ ਨਾਲ, ਹੌਲੀ ਹੌਲੀ ਸਮਝਾਈਆ । ਆਪਣੇ ਖੋਲ੍ਹੋ ਗੰਢ ਰੁਮਾਲ, ਜੋ ਰਵਦਾਸ ਦਵਾਰਿਉਂ ਭਾਤ ਲਿਆਂਦਾ ਬੰਧਾਈਆ । ਵਿਚੋਂ ਥੋੜਾ ਥੋੜਾ ਇਨ੍ਹਾਂ ਨੂੰ ਦਈਏ ਖਵਾਲ, ਸਾਡਾ ਕੀ ਘਟ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਏ ਵਡਿਆਈਆ । ਸਾਰਿਆਂ ਖੋਲ੍ਹੀ ਰੁਮਾਲ ਗੰਢ, ਵਿਚੋਂ ਖਾਣਾ ਇਕ ਇਕ ਉਠਾਈਆ । ਇਕ ਇਕ ਸਭ ਨੂੰ ਦਿਤਾ ਵੰਡ, ਪਿਉਂ ਪੁਤ ਰਲ ਕੇ ਖਾਈਆ । ਖਾਦਿਆਂ ਆਇਆ ਅਨੰਦ, ਖ਼ੁਸ਼ੀਆਂ ਢੋਲੇ ਗਾਈਆ । ਘੁਮਿਆਰ ਕਹੇ

ਕੁਛ ਮੈਥੋਂ ਲਓ ਮੰਗ, ਮੈਂ ਖੋਤੇ ਤੁਹਾਡੀ ਭੇਟ ਚੜ੍ਹਾਈਆ । ਉਨ੍ਹਾਂ ਕਿਹਾ ਤੂੰ ਪਹਿਲੋਂ ਸਾਡਾ ਕਰ ਸੰਗ, ਰਵਦਾਸ ਦਵਾਰੇ ਫੇਰਾ ਪਾਈਆ । ਓਥੇ ਵੇਖ ਖੇਲ ਅਗੰਮ, ਅਗੰਮੜੀ ਕਾਰ ਕਮਾਈਆ । ਤੇਰੇ ਕੋਲ ਖੋਤੇ, ਉਹ ਟੁੱਟੇ ਗੰਡੇ ਚੰਮ, ਇਹ ਓਹਦੀ ਵਡ ਵਡਿਆਈਆ । ਅਸੀਂ ਉਸੇ ਦੇ ਘਰੋਂ ਲਿਆਏ ਬੰਨ੍ਹ, ਜੋ ਤੁਹਾਨੂੰ ਦਿਤਾ ਖਵਾਈਆ । ਜੇ ਉਹਵੀ ਤੇਰੇ ਨਾਲ ਜਾਏ ਮੰਨ, ਤੇਰੇ ਬੱਚਿਆਂ ਨੂੰ ਭੁੱਖ ਰਹੇ ਨਾ ਰਾਈਆ । ਘੁਮਿਆਰ ਕਹੇ ਇਹੋ ਜਿਹਾ ਸੌਦਾ ਜੇ ਜਾਏ ਬਣ, ਮੈਂ ਵੀ ਲਵਾਂ ਚਾਈਂ ਚਾਈਂਆ । ਉਧਰੋਂ ਬ੍ਰਾਹਮਣ ਆਉਂਦੇ ਸੁਣ ਲਿਆ ਕੰਨ, ਇਹ ਕੀ ਮਤਾ ਪਕਾਈਆ । ਬ੍ਰਾਹਮਣ ਵੇਖ ਘੁਮਿਆਰ ਨੂੰ ਪੈ ਗਿਆ ਜਨ, ਕਹੇ ਇਸ ਤੋਂ ਪੁਛੀਏ ਕੀ ਇਹ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਚਾਲ ਚਲਾਈਆ । ਘੁਮਿਆਰ ਕਹੇ ਦੱਸ ਪਰੋਹਤ, ਸਾਚੀ ਮੰਗ ਮੰਗਾਈਆ । ਮੇਰੇ ਸਮਝ ਨਾ ਕੋਈ ਸੋਚ, ਗਵਾਰ ਨਜ਼ਰੀ ਆਈਆ । ਮੈਨੂੰ ਇਹ ਕੀ ਕਹਿੰਦੇ ਲੋਕ, ਚਲ ਰਵਦਾਸ ਦਵਾਰੇ ਦਰਸ਼ਨ ਪਾਈਆ । ਉਥੇ ਮਿਲਿਆ ਭੋਜਨ ਭੋਜ, ਜੋ ਭੋਰਾ ਭੋਰਾ ਮੈਨੂੰ ਬੱਚਿਆਂ ਸਮੇਤ ਦਿਤਾ ਖਵਾਈਆ । ਬੱਚੇ ਰੋਣੋਂ ਹੋ ਗਏ ਖਮੋਸ਼, ਸੋਹਣੀ ਠੰਡ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਵਲੱੜੀ ਚਾਲ ਚਲਾਈਆ । ਬ੍ਰਾਹਮਣ ਕਹੇ ਏਧਰ ਆ ਹੋ ਅਲੱਗ, ਵੱਖਰਾ ਹੋ ਸਮਝਾਈਆ । ਬਿਨ ਬ੍ਰਾਹਮਣ ਤੋਂ ਕਿਸੇ ਦਾ ਪੂਰਾ ਹੋਏ ਨਾ ਜੱਗ, ਸਮਗਰੀ ਕੰਮ ਕਿਸੇ ਨਾ ਆਈਆ । ਜੇ ਕੁਛ ਹੈ ਤਾਂ ਇਸ ਲੋਟੇ ਵਿਚ ਘੱਤ, ਪੱਲਾ ਉਤੇ ਰੱਖ ਕੇ ਚੋਰੀ ਚੋਰੀ ਵਖਾਈਆ । ਮੈਂ ਤੇਰੀ ਕੁੰਡਲੀ ਬਣਾਵਾ ਝੱਟ, ਗ੍ਰਹ ਰਹਿਣ ਕੋਇ ਨਾ ਪਾਈਆ । ਤੇਰੇ ਘਰ ਖਜਾਨੇ ਖੋਲ੍ਹਾਂ ਹੱਟ, ਵੱਡੀ ਦੇਵਾਂ ਵਡਿਆਈਆ । ਇਨ੍ਹਾਂ ਮੂਰਖਾਂ ਤੈਨੂੰ ਦੇਣਾ ਕੀ ਦੱਸ, ਬਿਨਾਂ ਬ੍ਰਾਹਮਣਾਂ ਸਮਝ ਕਿਸੇ ਨਾ ਆਈਆ । ਜੋ ਕੁਛ ਸੋ ਮੇਰੇ ਹੱਥ, ਮਣਕਾ ਮਣਕਾ ਰਿਹਾ ਭਵਾਈਆ । ਤੁਸੀਂ ਵੇਖੋ ਮੇਰੇ ਮੱਥੇ ਵਲ ਅੱਖ, ਸ਼ੰਕਰ ਤਰਸ਼ੂਲ ਲੈ ਕੇ ਬੈਠਾ ਚਾਈਂ ਚਾਈਂਆ । ਜਿਹੜੀ ਦੱਛਣਾ ਦੇਓ ਮੈਂ ਕਿਹੜੀ ਲੈਣੀ ਰੱਖ, ਮੈਂ ਸੋਹਣੇ ਕੰਮ ਲਗਾਈਆ । ਮੈਂ ਖੀਰ ਕੜਾਹ ਬਣਾ ਕੇ ਲੈਣਾ ਛੱਕ, ਤੁਹਾਡਾ ਸ਼ੁਕਰ ਮਨਾਈਆ । ਨਾਲੇ ਗੌਂਦਾ ਫਿਰਾਂ ਜਸ, ਖੋਤੇ ਵਾਲਾ ਹੋਰ ਵੀ ਕੋਈ ਨਜ਼ਰੀ ਆਈਆ । ਇਨੇ ਚਿਰ ਨੂੰ ਚੌਥਾ ਕਹਾਰ ਕਹੇ ਬ੍ਰਾਹਮਣਾ ਪਿਛਾ ਛੱਡ, ਐਵੇਂ ਰੌਲਾ ਪਾਈਆ । ਅਸੀਂ ਕੱਠਾ ਖਾਦਾ ਕਿਉਂ ਹੋਈਏ ਅੱਡ, ਜਿਹੜਾ ਰਵਦਾਸ ਦਿਤਾ ਵਰਤਾਈਆ । ਸਾਡੇ ਸਾਂਝੇ ਹੋ ਗਏ ਹੱਡ, ਨਾੜੀ ਨਾੜੀ ਜੋੜ ਜੁੜਾਈਆ । ਹੁਣ ਤੇ ਮੰਗਣ ਵਾਲੀ ਆਦਤ ਛੱਡ, ਦੇਣ ਵਾਲੇ ਨਜ਼ਰੀ ਆਈਆ । ਬ੍ਰਾਹਮਣ ਕਹੇ ਇਹ ਪਿਉ ਦਾਦੇ ਦੀ ਕਾਰ ਚਲੀ ਔਦੀ ਸਾਡੀ ਵਿਚ ਯੱਦ, ਵੱਡਿਆਂ ਦੀ ਰੀਤੀ ਦੇਵਾਂ ਕਿਵੇਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਘੁਮਿਆਰ ਅੰਦਰ ਆਇਆ ਉਛਾਲ, ਸੋਹਣਾ ਦਿਲ ਬਣਾਇੰਦਾ । ਭਰਾਵੋ ਮੈਨੂੰ ਉਹ ਦਿਓ ਦਿਖਾਲ, ਜਿਹੜਾ ਭੁੱਖਿਆਂ ਨੰਗਿਆਂ ਅੰਨ ਵਰਤਾਇੰਦਾ । ਪੰਜੇ ਉਠ ਕੇ ਤੁਰ ਪਏ ਨਾਲ, ਸੋਹਣਾ ਸੰਗ ਸੋਭਾ ਪਾਇੰਦਾ । ਬੱਚੇ ਕਹਿਣ ਸਾਨੂੰ ਵੀ ਦੇ ਦਿਓ ਇਹ ਰੁਮਾਲ, ਜਿਸ ਵਿਚੋਂ ਖਾਣਾ ਖਾਦਿਆਂ ਸੁਖ ਦੁਖ ਦਰਦ ਮਿਟਾਇੰਦਾ । ਰੋਣ ਵਾਲਾ ਬੱਚਾ ਕਹੇ ਮੈਂ ਜ਼ਰੂਰ ਲੈ ਕੇ ਜਾਣਾ ਨਾਲ, ਜ਼ਿਦ ਆਪਣੀ ਨਾ ਕਦੇ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਪੰਜ ਪੰਜ ਦੇ ਹੋ ਗਏ ਦਸ, ਦਹਿ ਦਿਸ਼ਾ ਖ਼ੁਸ਼ੀ ਮਨਾਈਆ । ਰਵਦਾਸ ਦਵਾਰੇ ਆਏ ਹੱਸ, ਸੋਹਣੀ

ਬਣਤ ਬਣਾਈਆ । ਚਮਿਆਰ ਯਾਰ ਦਿਤਾ ਦੱਸ, ਪੰਜਾਂ ਨਾਲ ਪੰਜ ਹੋਰ ਰਲਾਈਆ । ਇਨ੍ਹਾਂ ਵੀ ਖਾਧੀ ਤੇਰੀ ਭਾਤ, ਦਾਣਾ ਦਾਣਾ ਮੁਖ ਵਿਚ ਪਾਈਆ । ਇਹ ਬਣ ਗਏ ਸਾਡੇ ਸਾਕ, ਸੱਜਣਾ ਵਾਂਗੂ ਸੰਗ ਰਖਾਈਆ । ਪਰ ਇਹ ਬ੍ਰਾਹਮਣ ਬੜਾ ਚਲਾਕ, ਚਲਾਕੀ ਕਰਨ ਤੋਂ ਬਾਜ਼ ਨਾ ਆਈਆ । ਝੱਟ ਬ੍ਰਾਹਮਣ ਕਿਹਾ ਮੈਂ ਨਾਥਾਂ ਦਾ ਨਾਥ, ਗਰੀਬਾਂ ਵਿਚੋਂ ਗਰੀਬ ਗਰੀਬ ਨਜ਼ਰੀ ਆਈਆ । ਜੇ ਜਜਮਾਨ ਖ਼ੁਸ਼ੀਆਂ ਮੇਰੀ ਝੋਲੀ ਪਾਵਣ ਦਾਤ, ਮੈਂ ਖ਼ੁਸ਼ੀਆਂ ਨਾਲ ਗਾਈਆ । ਰਵਦਾਸ ਕਿਹਾ ਤੁਹਾਡੀ ਸੋਹਣੀ ਬਣੀ ਜਮਾਤ, ਦਸ ਇਕ ਗਿਆਰਾਂ ਗਿਆਰਾਂ ਦਾ ਏਕਾ ਏਕਾ ਇਕੋ ਨਜ਼ਰੀ ਆਈਆ । ਸਾਰੇ ਮੰਗੋ ਸੱਚੀ ਦਾਤ, ਮੈਂ ਸਚ ਦਿਆਂ ਸਮਝਾਈਆ । ਪ੍ਰਭ ਤੇਰੇ ਰਹੀਏ ਸਾਥ, ਸੋਹਣਾ ਸੰਗ ਨਿਭਾਈਆ । ਸਭ ਦੀ ਪੂਰੀ ਕਰੇ ਆਸ, ਹਰਿ ਵੱਡਾ ਵਡ ਵਡਿਆਈਆ । ਇਹਦੇ ਘਰ ਕਿਹੜਾ ਘਾਟ, ਦੇਦਿਆਂ ਤੋਟ ਰਹੇ ਨਾ ਰਾਈਆ । ਘੁਮਿਆਰ ਕਹੇ ਸਾਡੀ ਖੋਟੀ ਨਾ ਹੋਵੇ ਵਾਟ, ਆਉਂਣਾ ਜਾਣਾ ਲੇਖੇ ਪਾਈਆ । ਰੋਣ ਵਾਲਾ ਬੱਚਾ ਕਹੇ ਚੁਮਿਆਰ ਦਾ ਫੜ ਕੇ ਹਾਥ, ਮੈਨੂੰ ਭਾਤ ਦੇ ਖਵਾਈਆ । ਜਿਸ ਦੀ ਸੁਕਿਆਂ ਟੁਕੜਿਆਂ ਵਿਚੋਂ ਬਦਲੀ ਜਾਤ, ਮੇਰੀ ਜਾਤ ਦੇਵੇ ਵਟਾਈਆ । ਰਵਦਾਸ ਹੱਸ ਕੇ ਕਿਹਾ ਸ਼ਾਬਾਸ਼, ਕਿਡੀ ਸੋਹਣੀ ਗੱਲ ਸੁਣਾਈਆ । ਆਪਣੀ ਸਵਾਣੀ ਨੂੰ ਮਾਰ ਆਵਾਜ਼, ਨੇੜੇ ਲਿਆ ਬੁਲਾਈਆ । ਕੋਈ ਹੈ ਰੱਖਿਆ ਖਾਜ, ਬੱਚਿਆਂ ਦੇਵਾਂ ਵਰਤਾਈਆ । ਕਹੇ ਮੈਂ ਥੋੜੀ ਜਿਹੀ ਥੱਲਿਓ ਘਰੋੜੀ ਰੱਖੀ ਸਾਂਭ, ਖੁਰਪੀਆਂ ਨਾਲ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਰਵਦਾਸ ਸਵਾਣੀ ਲੈ ਕੇ ਆਈ ਵਸਤ, ਅੱਗੇ ਦਿਤੀ ਟਕਾਈਆ । ਰਵਦਾਸ ਫੜ ਕੇ ਹਸਤ, ਥੋੜੀ ਥੋੜੀ ਵਰਤਾਈਆ । ਖਾਂਦਿਆਂ ਸਾਰ ਸਾਰੇ ਹੋ ਗਏ ਮਸਤ, ਖ਼ੁਸ਼ੀ ਵਿਚ ਨੱਚਣ ਟੱਪਣ ਢੋਲੇ ਗਾਈਆ । ਛੋਟਾ ਬਾਲਾ ਕਹੇ ਮੈਨੂੰ ਨਜ਼ਰੀ ਆਇਆ ਅਰਸ਼ ਫਰਸ਼, ਮੇਰੀ ਸੋਹਣੀ ਅੱਖ ਖੁਲ੍ਹਾਈਆ । ਰਵਦਾਸ ਖ਼ੁਸ਼ੀ ਨਾਲ ਮਾਰ ਥੱਪੜ ਉਹ ਵੇਖ ਪੁਰਖ ਅਬਿਨਾਸ਼, ਬੈਠਾ ਡੇਰਾ ਲਾਈਆ । ਓਸ ਆਪਣਿਆਂ ਭਾਈਆਂ ਦਿਤਾ ਆਖ, ਇਨ੍ਹਾਂ ਦੇਵੇ ਸਮਝਾਈਆ । ਨਾਲੇ ਤੱਕ ਕੇ ਵਲ ਬਾਪ, ਕਹੇ ਬਾਪੂ ਜੀ ਓਹ ਬਾਪੂ ਬੇਪਰਵਾਹੀਆ । ਤੇਰਾ ਮੇਰਾ ਪਿਓ ਪੁਤ ਦਾ ਸਾਕ, ਮੈਂ ਬਾਲ ਤੂੰ ਪਿਤਾ ਜਗਤ ਅਖਵਾਈਆ । ਪਰ ਓਹੋ ਜਿਹਾ ਨਾ ਜਾਣੇ ਜਾਪ, ਜਿਸ ਦੇ ਅੰਦਰ ਨੂਰ ਜ਼ਹੂਰ ਨਜ਼ਰੀ ਆਈਆ । ਮੈਂ ਤੈਨੂੰ ਰਿਹਾ ਆਖ, ਓਸ ਦੇ ਲੱਗ ਪਾਈਆ । ਘੁਮਿਆਰ ਕਹੇ ਕੀ ਇਹ ਸਚ ਬਾਤ, ਜੋ ਕੁਛ ਮੈਨੂੰ ਰਿਹਾ ਜਣਾਈਆ । ਅੰਦਰੋਂ ਆਈ ਇਕ ਆਵਾਜ਼, ਸੋਹਣੀ ਧੁੰਨ ਉਪਜਾਈਆ । ਜੋ ਕੁਛ ਹੈ ਸੋ ਏਸੇ ਦੇ ਪਾਸ, ਦੇਵਣਹਾਰ ਅਖਵਾਈਆ । ਘੁਮਿਆਰ ਆਈ ਕਿਆਸ, ਕੀ ਕੁਛ ਇਸ ਦੀ ਭੇਟ ਡਾਈਆ । ਸਾਰੇ ਹੱਥ ਮਾਰਿਆ ਕੁਛ ਨਹੀਂ ਸਾਥ, ਅੰਦਰੇ ਅੰਦਰ ਸ਼ਰਮਾਈਆ । ਫਿਰ ਆ ਗਈ ਯਾਦ, ਖੁਰਜੀ ਖੋਤੇ ਉਤੇ ਟਿਕਾਈਆ । ਜੀਹਦੇ ਵਿਚ ਵਸਤ ਖਾਸ, ਮੈਂ ਆਪਣੀ ਲਈ ਰਖਾਈਆ । ਹੁਣ ਓਹੋ ਦੇਵਾਂ ਦਾਤ, ਇਸ ਦੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਘੁਮਿਆਰ ਉਠ ਕੇ ਖੁਰਜੀ ਰਿਹਾ ਫੋਲ, ਖ਼ੁਸ਼ੀਆਂ ਵਿਚ ਗਾਈਆ । ਏਹਦੇ ਵਿਚ ਵਸਤ ਅਨਮੋਲ, ਭੇਟਾ ਦੇਵਾਂ ਚੜ੍ਹਾਈਆ । ਇਕ ਨਿੱਕੀ ਜਹੀ ਗੁੱਛੀ ਤਮਾਕੂ ਦੀ ਜੋ ਸਦਾ ਤੋਲਾਂ ਤੋਲ, ਲੀਰਾਂ ਵਿਚ ਬੰਦ ਕਰਾਈਆ । ਚੁਪ ਕੀਤੇ ਹੌਲੀ ਜਿਹੀ ਅੱਗੇ ਰੱਖੀ ਅਡੋਲ, ਪ੍ਰਭ ਦੀ ਭੇਟ ਚੜ੍ਹਾਈਆ । ਮੂੰਹੋਂ ਕੁਛ ਨਾ ਸਕਿਆ ਬੋਲ, ਕਹਿ ਨਾ ਸਕੇ

੫੯੬
੧੯

ਰਾਈਆ । ਨਾਲੇ ਡਰੇ ਨਾਲੇ ਸ਼ਰਮਾਏ ਕਿਤੇ ਰਵਦਾਸ ਨਾ ਲਵੇ ਫੋਲ, ਕੀ ਕੁਛ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਚਾਈਆ । ਛੋਟਾ ਬੱਚਾ ਕਹੇ ਬਾਪੂ, ਕੀ ਪ੍ਰਭ ਨੂੰ ਭੇਟ ਚੜ੍ਹਾਈਆ । ਉਹ ਪੁਤਰ ਮੈਂ ਉਹ ਦਿਤਾ ਤਮਾਕੂ, ਜੋ ਆਪਣੇ ਲਈ ਰਖਾਈਆ । ਸਾਰੇ ਕਹਿਣ ਪਤਾ ਨਹੀਂ ਪਰਮਾਤਮਾ ਕੀ ਆਖੂ, ਗੁੱਸੇ ਵਿਚ ਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਤਮਾਕੂ ਭੇਟ ਚੜ੍ਹਿਆ, ਗਠੜੀ ਬੰਦ ਰਖਾਈਆ । ਸ੍ਰੀ ਭਗਵਾਨ ਹੱਥ ਫੜਿਆ, ਖ਼ੁਸ਼ੀਆਂ ਨਾਲ ਉਸੇ ਦੀ ਝੋਲੀ ਪਾਈਆ । ਤੇਰਾ ਕਾਰਜ ਪੂਰਾ ਸਰਿਆ, ਲੈਣ ਦੇਣ ਦੀ ਲੋੜ ਰਹੀ ਨਾ ਰਾਈਆ । ਜੇ ਘਮਿਆਰ ਕੋਈ ਭਾਂਡਾ ਘੜਿਆ, ਮੈਨੂੰ ਕੱਚਾ ਦੇਣਾ ਲਿਆਈਆ । ਉਸ ਵਿਚ ਪਾਣੀ ਰਹੇ ਠਰਿਆ, ਠੰਡਾ ਰੂਪ ਬਣਾਈਆ । ਘਮਿਆਰ ਕਹੇ ਮੈਂ ਚੱਕ ਤੇ ਚਾੜ੍ਹ ਆਵੀ ਵਿਚ ਧਰਿਆ, ਅਗਨ ਭੇਟ ਚੜ੍ਹਾਈਆ । ਜਿਸ ਵੇਲੇ ਘਰ ਜਾਵਾਂ ਮੁੜਿਆ, ਉਸੇ ਵੇਲੇ ਲੈ ਕੇ ਆਈਆ । ਉਧਰ ਚਾਰ ਕਹਾਰ ਪੰਜਵੇਂ ਯਾਰ ਫੁਰਨਾ ਫੁਰਿਆ, ਆਪਣੀ ਗੱਲ ਸੁਣਾਈਆ । ਘਮਿਆਰਾ ਕਿਉਂ ਲਾਲਚ ਵਿਚ ਜਾਂਦਾ ਰੁੜਿਆ, ਘੜੇ ਪਿਛੇ ਆਪਣਾ ਮੁਖ ਭਵਾਈਆ । ਓਏ ਏਥੇ ਆ ਕੇ ਨਾ ਰਹੀਂ ਨਗੁਰਿਆ, ਸਤਿਗੁਰ ਕੋਲੋਂ ਕੁਛ ਮੰਗ ਦਾਤ ਤੇਰੀ ਝੋਲੀ ਦੇਵੇ ਪਾਈਆ । ਓਨ੍ਹੇ ਚਿਰ ਨੂੰ ਨਿੱਕਾ ਬਾਲਾ ਪਾਓਣ ਡਹਿ ਪਿਆ ਡੰਡ, ਉਚੀ ਕੂਕ ਕੂਕ ਸੁਣਾਈਆ । ਜਿਨ੍ਹਾਂ ਚਿਰ ਮੇਰੇ ਮੂੰਹ ਵਿਚ ਪਾਏ ਨਾ ਮਿੱਠੀ ਖੰਡ, ਚੁਟਕੀ ਆਪਣੇ ਹੱਥ ਨਾਲ ਫੜਾਈਆ । ਮੈਂ ਰੋਣੋ ਨਹੀਂ ਹੋਣਾ ਬੰਦ, ਬਾਪੂ ਚੁੱਪ ਨਾ ਸਕੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਬੱਚਾ ਰੋਵੇ ਜ਼ੋਰੋ ਜ਼ੋਰ, ਹੌਕੇ ਲੈ ਲੈ ਰਿਹਾ ਸੁਣਾਈਆ । ਸਾਨੂੰ ਭੁਖਿਆਂ ਨਾ ਤੋਰ, ਤੇਰੇ ਦਰ ਤੇ ਮੰਗਣ ਆਈਆ । ਤੇਰੇ ਬਿਨਾਂ ਨਹੀਂ ਕੋਈ ਹੋਰ, ਸਿਰ ਸਾਡੇ ਹੱਥ ਟਿਕਾਈਆ । ਸਾਨੂੰ ਇਕੋ ਤੇਰੀ ਲੋੜ, ਦੂਜੀ ਲੋੜ ਨਾ ਕੋਈ ਰਖਾਈਆ । ਪੁਰਖ ਅਕਾਲ ਪਿਤਾ ਬਾਪੂ ਸਾਡੇ ਬਾਪੂ ਦੀ ਬੱਚਿਆਂ ਸੰਗ ਬੰਨ ਆਪਣੀ ਡੋਰ, ਸੋਹਣਾ ਜੋੜ ਜੁੜਾਈਆ । ਵਿਛੋੜਾ ਦੇ ਨਾ ਜਾਵੀ ਛੋੜ, ਛੋਟੇ ਛੋਟੇ ਰਹੇ ਕੁਰਲਾਈਆ । ਘੁਮਿਆਰ ਨੇ ਉਤੋਂ ਲਾਹ ਕੇ ਆਪਣੀ ਦੋਹਰ, ਲਾਲ ਪੱਟੀ ਵਾਲੀ ਪ੍ਰਭ ਦੀ ਭੇਟ ਚੜ੍ਹਾਈਆ । ਬੱਚਿਆਂ ਹੋਰ ਮਚਾਇਆ ਸ਼ੋਰ, ਨੈਣਾਂ ਨੀਰ ਵਹਾਈਆ । ਹੌਲੀ ਜਿਹੀ ਪ੍ਰਭੂ ਉਠ ਕੇ ਆਇਆ ਕੋਲ, ਫੜ ਬਾਹੋਂ ਗਲੇ ਲਗਾਈਆ । ਚੁੱਕ ਕੇ ਗੋਦੀ ਕਰੇ ਚੋਲ੍ਹ, ਹਲਾਰਿਆ ਨਾਲ ਹਿਲਾਈਆ । ਮੈਂ ਸਦਾ ਤੁਹਾਡੇ ਕੋਲ, ਵਸਾਂ ਹਰ ਘਟ ਥਾਈਂਆ । ਰਵਦਾਸ ਪਿਆ ਬੋਲ, ਏਸੇ ਦੀ ਵਡ ਵਡਿਆਈਆ । ਨਿੱਕਾ ਬੱਚਾ ਖੋਤੇ ਨੂੰ ਕੁੱਟਣ ਲੱਗਾ ਵਾਂਗ ਢੋਲ, ਡੱਗਾ ਹੱਥਾਂ ਨਾਲ ਬਣਾਈਆ । ਗਧਾ ਅੱਗੋਂ ਪਿਆ ਬੋਲ, ਹੀਂਗ ਹੀਂਗ ਸੁਣਾਈਆ । ਮੇਰਾ ਪਰਦਾ ਦਿਤਾ ਖੋਲ੍ਹ, ਮੈਨੂੰ ਵੀ ਇਹੋ ਨਜ਼ਰੀ ਆਈਆ । ਜਿਹੜਾ ਤੁਹਾਡੇ ਵਸੇ ਕੋਲ, ਓਹੋ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਓਧਰ ਵੇਖ ਘੁਮਿਆਰ ਦੀ ਦੋਹਰ, ਪੱਟੀ ਲਾਲ ਨਜ਼ਰੀ ਆਈਆ । ਰਵਦਾਸ ਕਿਹਾ ਕੁਛ ਮੰਗ ਲਾ ਹੋਰ, ਦੇਵਣਹਾਰ ਦਇਆ ਕਮਾਈਆ । ਫੜ ਕੇ ਗਠੜੀ ਤਮਾਕੂ ਵਾਲੀ ਕਹਿੰਦਾ ਅਜੇ ਮੈਨੂੰ ਇਹੋ ਲੋੜ, ਬਾਕੀ ਆਪੇ ਦੇਵੇ ਜਿਹੜੀ ਏਹਨੂੰ ਭਾਈਆ । ਬੱਚੇ ਕਹਿਣ ਇਹਦੇ ਅੱਗੇ ਕਿਹੜਾ ਜ਼ੋਰ, ਨਿਮਾਣੇ ਹੋ ਕੇ ਸੀਸ ਝੁਕਾਈਆ । ਸਾਡਾ ਜੇ ਹੋਵੇ ਸਾਨੂੰ ਜਾਵੇ ਬੌਹੜ, ਬੌਹੜ ਲਏ ਗਲ ਲਾਈਆ ।


੫੬੭ ੧੯

ਓਧਰੋਂ ਬ੍ਰਾਹਮਣ ਉਠ ਕੇ ਆਇਆ ਕੋਲ, ਇਹ ਕੀ ਰੌਲਾ ਰਹੇ ਪਾਈਆ । ਲੈਣ ਦੇਣ ਵਾਲੀ ਵਸਤ ਦੋਹਾਂ ਦੇ ਨਹੀਂ ਕੋਲ, ਗੱਲਾਂ ਨਾਲ ਪ੍ਰਚਾਈਆ । ਆਪਣੇ ਕੋਲੋਂ ਕੱਢ ਕੇ ਥੋੜੇ ਜਿਹੇ ਤਿਲ ਥੋੜੇ ਜਿਹੇ ਚੌਲ, ਕਣਕ ਦਾਲ ਆਟੇ ਵਿਚ ਸਤਨਾਜਾ ਦਿਤਾ ਬਣਾਈਆ । ਉਤੇ ਰੱਖ ਕੇ ਤੰਦ ਮੌਲ, ਚਿਟਾ ਲਾਲ ਰੰਗ ਵਖਾਈਆ । ਆ ਵੇਖੋ ਮੈਂ ਜਜਮਾਨਾਂ ਦੇ ਲੁੱਟ ਕੇ ਲਿਆਂਦੇ ਬੋਹਲ, ਘਰ ਮਿਸ਼ਰਾਨੀ ਕੋਲ ਰੱਖੇ ਟਿਕਾਈਆ । ਥੋੜੇ ਜਿਹੇ ਤੁਹਾਨੂੰ ਵਖਾਵਣ ਲਈ ਰੱਖੇ ਕੋਲ, ਤੁਸੀਂ ਵੀ ਮੈਨੂੰ ਏਸੇ ਤਰਾਂ ਦਿਓ ਚਾਈਂ ਚਾਈਂਆ । ਫਿਰ ਆਪਣੀ ਗਠੜੀ ਵਖਾਈ ਫੋਲ, ਗੰਡਾਂ ਇਕੀ ਵਿਚੋਂ ਬਾਹਰ ਕਢਾਈਆ । ਜਿਹੜੇ ਬਹੁਤੇ ਜਜਮਾਨ ਅਨਭੋਲ, ਓਹਨਾਂ ਕੋਲੋਂ ਪਗੜੀਆਂ ਮੰਗ ਕੇ ਲਿਆਈਆ । ਇਕ ਹੋਰ ਪਰਦਾ ਲਿਆ ਖੋਲ੍ਹ, ਜਿਸ ਵਿਚ ਤੱਕੜੀ ਪਸੇਰੀ ਰਿਹਾ ਟਿਕਾਈਆ । ਜੇ ਮਾਈਆਂ ਬੀਬੀਆਂ ਮਿਲਣ ਤਾਂ ਓਹਨਾਂ ਦੇ ਬੱਚਿਆਂ ਦੇ ਤੋਲਾਂ ਤੋਲ, ਆਟਾ ਦਾਣਾ ਢਾਈ ਗੁਣਾ ਪੁਆਈਆ । ਜੇ ਮੇਰੇ ਸਾਹਮਣੇ ਕੋਠੀ ਦਾ ਬੂਹਾ ਦੇਣ ਖੋਲ੍ਹ, ਅਗੋਂ ਵੱਡਾ ਭੰਡਾਰਾ ਨਜ਼ਰੀ ਆਈਆ । ਫਿਰ ਸੱਤ ਕਰਾਂ ਪੂਰੇ ਤੋਲ, ਜੇ ਭਾਰੇ ਹੋਣ ਜਜਮਾਨਾ ਨੂੰ ਚੁੱਕਣ ਨਾਲ ਲਿਆਈਆ । ਨਾਲੇ ਕਹਿਵਾਂ ਬੈਠੇ ਰਹੋ ਅਡੋਲ, ਮੈਂ ਤੁਹਾਡੇ ਗੁੱਡੇ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰਚਨ ਰਚਾਈਆ । ਸੁਣ ਕੇ ਬਚਨ ਬੋਲੇ ਚਾਰ ਕਹਾਰ, ਪੰਜਵਾਂ ਨਾਲ ਰਲਾਈਆ । ਘੁਮਿਆਰ ਦਾ ਸਾਡੇ ਨਾਲ ਕੀ ਵਿਹਾਰ, ਰਵਦਾਸ ਦੇ ਸਮਝਾਈਆ । ਰਵਦਾਸ ਕਹੇ ਇਹ ਖੇਲ ਕਰੇ ਕਰਤਾਰ, ਜੋ ਬੱਚਿਆਂ ਦਏ ਵਡਿਆਈਆ । ਬੱਚਾ ਕਹੇ ਅਸੀਂ ਭੁਖਿਆਂ ਮੰਗੀ ਦਾਤ, ਆਪਣੀ ਝੋਲੀ ਡਾਹੀਆ । ਬ੍ਰਾਹਮਣ ਕਹੇ ਮੈਂ ਮੰਗਣ ਨੂੰ ਇਕੋ ਤਕੜਾ ਤੁਸੀਂ ਮੈਨੂੰ ਕਹੋ ਸ਼ਾਬਾਸ਼, ਤੁਸੀਂ ਦੇਵਣਹਾਰ ਜਜਮਾਨ, ਮੰਗਣ ਕਿਉਂ ਆਈਆ । ਤੁਸੀਂ ਦੱਸੋ ਤੁਸਾਂ ਕਿਥੇ ਕੱਟਣੀ ਰਾਤ, ਮੈਂ ਉਥੇ ਤੁਹਾਡੇ ਕੋਲ ਆਵਾਂ ਬਣਕੇ ਪਾਂਧੀ ਰਾਹੀਆ । ਜਿਹੜੀ ਖ਼ੁਸ਼ੀ ਨਾਲ ਬਖ਼ਸ਼ੋਗੇ ਦਾਤ, ਉਸੇ ਨੂੰ ਲੈ ਕੇ ਤੁਹਾਡਾ ਜਸ ਗਾਈਆ । ਬਿਨਾਂ ਬ੍ਰਾਹਮਣਾਂ ਤੁਹਾਡੀ ਕਿਸੇ ਨਾ ਪੁਛਣੀ ਵਾਤ, ਬਿਨਾਂ ਸਾਨੂੰ ਦਿਤਾ ਦਾਨ ਅੱਗੇ ਹੱਥ ਕੋਈ ਨਾ ਆਈਆ । ਅਸੀਂ ਪਰੋਹਤ ਤੁਸੀਂ ਜਜਮਾਨ, ਪ੍ਰਭ ਨੇ ਬਣਤ ਬਣਾਈਆ । ਤੁਹਾਡਾ ਦਾਨ ਤੇ ਸਾਡਾ ਪੀਣ ਖਾਣ, ਦੋਹਾਂ ਨੂੰ ਨਜ਼ਰੀ ਆਈਆ । ਤੁਸੀਂ ਮੈਨੂੰ ਕਰੋ ਪਰਨਾਮ, ਮੈਂ ਭਗਵਾਨ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੀ ਖੇਲ ਰਚਾਈਆ । ਘਮਿਆਰ ਦੀ ਦੋਹਰ ਗਈ ਵਿਛ, ਚਾਰੇ ਕੰਨੀਆਂ ਗਈ ਫਲਾਈਆ । ਮੇਰੇ ਉਤੇ ਬਹਿਣ ਸਾਰੇ ਰਿਖ, ਸੋਹਣੀ ਸੰਗਤ ਬਣਾਈਆ । ਸ੍ਰੀ ਭਗਵਾਨ ਸਭ ਨੂੰ ਪਏ ਦਿਸ, ਇਕੋ ਰੂਪ ਨਜ਼ਰੀ ਆਈਆ । ਵਿਚੋਂ ਬ੍ਰਾਹਮਣ ਬਾਹਰ ਹੋ ਗਿਆ ਕਰਕੇ ਜਿਦ, ਮੇਰੀ ਵੱਖਰੀ ਜਗ੍ਹਾ ਕਿਉਂ ਨਹੀਂ ਰਖਾਈਆ । ਰਵਦਾਸ ਕਿਹਾ ਇਹ ਧੁਰ ਦੀ ਬਿਧ, ਬਿਧ ਦਾਤਾ ਰਿਹਾ ਬਣਾਈਆ । ਸ੍ਰੀ ਭਗਵਾਨ ਕਿਹਾ ਰਵਦਾਸ ਕੁਛ ਲੇਖ ਲਿਖ, ਜੋ ਮੈਂ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਛੋਟੇ ਬਾਲੇ ਕਿਹਾ ਪ੍ਰਭੂ ਲੱਗਾ ਕੀ ਲਿਖਾਉਣ, ਕਿਹੜੀ ਕਲਮ ਚਲਾਈਆ । ਕਿ ਬੱਚਿਆਂ ਵਾਂਗ ਸਾਨੂੰ ਲੱਗਾ ਪਰਚਾਉਣ, ਥੋੜੀ ਥੋੜੀ ਵਸਤ ਝੋਲੀ ਪਾਈਆ । ਜਿਨ੍ਹਾਂ ਚਿਰ ਰਵਦਾਸ ਨਾ ਆਵੇ ਸਮਝਾਉਣ, ਸਾਡੀ ਸਮਝ ਸਮਝ ਨਾਲ ਰਲਾਈਆ । ਅਸਾਂ ਕੋਈ ਅੱਖਰ ਨਹੀਂ ਦੇਣਾਂ ਪਾਉਣ, ਕਲਮ ਦੇਣੀ ਨਾ ਚਲਣ ਨਾਲ ਸਿਆਈਆ । ਮਾਰ ਦੁਹੱਥੜਾ ਲੱਗਾ ਰੋਣ ਅੱਖਾਂ ਵਿਚ ਘਸੁੰਨ ਰਖਾਈਆ । ਸਿਰ ਦੇ


੫੬੮
੧੯

ਵਾਲਾਂ ਲੱਗਾ ਖੋਹਣ, ਸੋਹਣਾ ਦੁੱਖ ਬਣਾਈਆ । ਮਾਰ ਟੱਕਰਾਂ ਛੁਰੀ ਲੱਗਾ ਵਖਾਉਣ, ਆਪਣਾ ਆਪ ਮਿਟਾਈਆ । ਧਰਤੀ ਉਤੇ ਲੇਟ ਕੇ ਲੰਮਾ ਪੈ ਕੇ ਲੱਗਾ ਸੌਣ, ਮੈਂ ਆਪਣਾ ਆਪ ਦੇਵਾਂ ਤਜਾਈਆ । ਅਸੀਂ ਆਏ ਪ੍ਰਭੂ ਮਨਾਉਣ, ਇਸ ਸਾਨੂੰ ਦਿਤਾ ਨਾ ਕੋਈ ਸਮਝਾਈਆ । ਕਹਾਰੋ ਕੀ ਸਾਨੂੰ ਲਿਆਏ ਖਵਾਉਣ, ਖਾਦਾ ਪੀਤਾ ਨਜ਼ਰ ਕੁਛ ਨਾ ਆਈਆ । ਅੱਗੋਂ ਬ੍ਰਾਹਮਣ ਉਠਕੇ ਆਇਆ ਪਿਛੇ ਹਟਾਉਣ, ਐਵੇਂ ਰੌਲਾ ਨਾ ਪਾਉ ਭਾਈਆ । ਘੁਮਿਆਰ ਨੂੰ ਗੁੱਸਾ ਚੜ੍ਹਿਆ ਉਨ ਮੁਕੀ ਮਾਰੀ ਧੌਣ, ਪਰਾਂ ਦਿਤਾ ਹਟਾਈਆ । ਮੈਂ ਬੱਚਿਆਂ ਰੋਂਦਿਆਂ ਨੂੰ ਆਇਆ ਹਸਾਉਣ, ਸੋ ਭੁੱਖੇ ਰਹੇ ਕੁਰਲਾਈਆ । ਇਹਦੇ ਕੋਲੋਂ ਆਇਆ ਕੁਛ ਦਵਾਉਣ, ਖਾਲੀ ਝੋਲੀ ਦੇਵਾਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦਏ ਲਿਖਾਈਆ । ਦੂਹਰੀ ਦੋਹਰ ਹੇਠਾਂ ਪਈ ਗਈ ਥੱਕ, ਹੌਲੀ ਜਹੀ ਸੁਣਾਈਆ । ਮੇਰੇ ਭਾਰ ਬਹੁਤਾ ਆਇਆ ਲੱਕ, ਹੌਲਾ ਦਿਉ ਕਰਾਈਆ । ਮੂਧੀ ਪਈ ਦਾ ਰਗੜਿਆ ਗਿਆ ਨੱਕ, ਮਸਤਕ ਦਰਦ ਮੰਨਾਈਆ । ਮੈਨੂੰ ਕੁਛ ਤੇ ਦਿਉ ਮੇਰਾ ਹੱਕ, ਤੁਹਾਡੀ ਸੋਹਣੀ ਸੇਵ ਕਮਾਈਆ । ਓਧਰੋ ਬ੍ਰਾਹਮਣ ਬੋਲਿਆ ਝੱਟ, ਜੇ ਔਖੀ ਆ ਕੇ ਮੇਰੀ ਭੇਟ ਦਿਓ ਚੜ੍ਹਾਈਆ । ਮੈਂ ਲੈ ਕੇ ਹੋਵਾ ਪਤ, ਬ੍ਰਾਹਮਣੀ ਹੱਥ ਫੜਾਈਆ । ਫੇਰ ਆਵਾਂ ਨੱਠ, ਆਪਣਾ ਪੰਧ ਮੁਕਾਈਆ । ਆ ਕੇ ਘੁਮਿਆਰ ਦਾ ਗਾਵਾਂ ਜਸ, ਜਿਸ ਦੂਹਰੀ ਦੋਹਰ ਤੈਨੂੰ ਦਾਨ ਕਰਾਈਆ । ਗੁੱਸਾ ਗਿਲਾ ਦੇਵਾਂ ਛੱਡ, ਜਿਹੜੀ ਧੌਲ ਸਿਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਚਲਾਈਆ । ਸੁਣਕੇ ਬ੍ਰਾਹਮਣ ਬਾਤ, ਚੌਥਾ ਕਹਾਰ ਰਿਹਾ ਸੁਣਾਈਆ । ਤੈਨੂੰ ਕਿਹੜੀ ਕਿਹੜੀ ਦਈਏ ਸੁਗਾਤ, ਤੇਰੀ ਆਸਾ ਪੂਰੀ ਨਜ਼ਰ ਨਹੀਂ ਆਈਆ । ਜੇ ਕੁਛ ਮੰਗਣਾਂ ਏਸ ਪ੍ਰਭੂ ਕੋਲੋਂ ਮੰਗ ਦਾਤ, ਤੇਰੀ ਤ੍ਰਿਖਾ ਦਏ ਬੁਝਾਈਆ । ਬ੍ਰਾਹਮਣ ਮਿਲ ਗਿਆ ਏਸ ਜਮਾਤ, ਆਪਣਾ ਆਪ ਗਵਾਈਆ । ਬ੍ਰਾਹਮਣ ਅੰਦਰੋ ਥੋੜੀ ਜਿਹੀ ਹੋਈ ਖਾਹਸ਼, ਆਪ ਆਪਣਾ ਧਿਆਨ ਲਗਾਈਆ । ਜੇ ਪਤਾ ਲੱਗ ਜਾਏ ਮੇਰੀ ਜਾਤ, ਬ੍ਰਾਹਮਣ ਸ਼ੂਦਰਾਂ ਵਿਚ ਡੇਰਾ ਲਾਈਆ । ਸਾਡੀ ਕੁਲ ਹੋ ਜਾਏ ਨਾਸ, ਅਗਾੜੀ ਝੋਲੀ ਦਾਨ ਕੋਈ ਨਾ ਪਾਈਆ । ਮੇਰੀ ਮਿਸ਼ਰਾਣੀ ਘਰ ਬੈਠੀ ਕਿਸ ਤਰ੍ਹਾ ਕਰੂ ਰਾਜ, ਖਾਣਾ ਪੀਣਾ ਸੋਹਣਾ ਬਣਾਈਆ । ਏਥੋਂ ਚੁਪ ਕਰਕੇ ਚੱਲੀਏ ਭਾਜ, ਆਪਣਾ ਪੱਲੂ ਛਡਾਈਆ । ਪਿਉਂ ਦਾਦੇ ਦਾ ਕਿਉਂ ਛੱਡੀਏ ਰਵਾਜ, ਖਾਣਾ ਪੀਣਾ ਇਹ ਰੰਗ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਦਏ ਵਡਿਆਈਆ । ਰਵਦਾਸ ਸਭ ਕੁਛ ਰਿਹਾ ਸੁਣਦਾ, ਆਪਣੇ ਅੰਦਰ ਧਿਆਨ ਲਗਾਈਆ । ਵੇਖੇ ਖੇਲ ਅਗੰਮੀ ਧੁਰ ਦਾ, ਧੁਰ ਦੀ ਧਾਰ ਵਡਿਆਈਆ । ਵੇਖੇ ਜੋੜ ਕਿਵੇਂ ਜੁੜਦਾ, ਪੰਜਾਂ ਹੋਵੇ ਕੁੜਮਾਈਆ । ਬ੍ਰਾਹਮਣ ਕਦੇ ਆਵੇ ਕਦੇ ਮੁੜਦਾ, ਸਲਾਹ ਵਿਚੋ ਵਿਚ ਰਖਾਈਆ । ਕਦੇ ਜੀਉਂਦਾ ਕਦੇ ਮੁਰਦਾ, ਅਪਣਾ ਰੂਪ ਵਟਾਈਆ । ਇਕ ਫੁਰਨਾਂ ਫੁਰਿਆ ਹਿਰਦਾ, ਇਹਦੇ ਵਿਚੋਂ ਅਵਾਜ਼ ਸੁਣਾਈਆ । ਜਿਸ ਨੂੰ ਲੱਭਦਾ ਫਿਰਦਾ ਚਿਰ ਦਾ, ਚਿਰੀ ਵਿਛੁੰਨਾ ਨੇੜੇ ਆਈਆ । ਵੇਖ ਕਹਾਰਾਂ ਗੇੜਾ ਗਿੜਦਾ, ਰਵਦਾਸ ਚਮਿਆਰੇ ਦਏ ਵਡਿਆਈਆ । ਘੁਮਿਆਰ ਕਿਧਰੋਂ ਆਇਆ ਫਿਰਦਾ ਫਿਰਦਾ, ਚੌਹਾਂ ਬੱਚਿਆਂ ਨਾਲ ਮਿਲਾਈਆ । ਸਚ ਦਵਾਰੇ ਘੇਰਾ ਘਿਰਦਾ, ਸੋਹਣਾ ਜੋੜ ਜੁੜਾਈਆ । ਵੇਖੇ ਅਗੰਮੀ ਗੇੜਾ ਗਿੜਦਾ, ਗੇੜੇ ਵਿਚ ਰਖਾਈਆ । ਕਿਹੜਾ ਲੇਖਾ ਅੱਗੇ ਛਿੜਦਾ, ਛੇਕੜ ਅਜੇ ਹੱਥ ਨਾ ਆਈਆ ।

੫੬੯
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਭਨਾ ਰਿਹਾ ਸਮਝਾਈਆ । ਸਾਹਿਬ ਸਤਿਗੁਰ ਕਰ ਪਿਆਰ, ਰਵਦਾਸ ਰਿਹਾ ਸੁਣਾਈਆ । ਪਹਿਲੋਂ ਸੱਦ ਚਾਰ ਕਹਾਰ, ਪੰਜਵਾਂ ਹੌਲੀ ਜਿਹੀ ਨਾਲ ਮਿਲਾਈਆ । ਉਨਾਂ ਦੇਵਾਂ ਜਗਤ ਹੁਦਾਰ, ਸਿਰ ਆਪਣਾ ਹੱਥ ਟਿਕਾਈਆ । ਟੁੱਕੜਿਆਂ ਵਿਚੋਂ ਜੇ ਟੁੱਕੜਾ ਦਿਤਾ ਖਵਾਲ, ਭਾਤ ਭਲੀ ਭੂਤ ਨਜ਼ਰੀ ਆਈਆ । ਉਨ੍ਹਾਂ ਸਿਰ ਤੇ ਦੇ ਰੁਮਾਲ, ਸੋਹਣਾ ਪਰਦਾ ਪਾਈਆ । ਮੰਗੀ ਮੰਗ ਦੇ ਕੇ ਦਾਨ, ਧੁਰ ਦੀ ਆਸ ਪੁਚਾਈਆ । ਤੇਰਾ ਸੰਗ ਨਾਲ ਮਹਾਨ, ਦੇਵਾਂ ਜੋੜ ਜੁੜਾਈਆ । ਬੇਸ਼ਕ ਬਦਲ ਦੇਵਾਂ ਜ਼ਿਮੀ ਅਸਮਾਨ, ਭਗਤ ਭਗਵੰਤ ਲੇਖਾ ਸਕੇ ਨਾ ਕੋਈ ਬਦਲਾਈਆ । ਮੇਰੀ ਤੇਰੇ ਨਾਲ ਜਬਾਨ, ਇਹਨਾਂ ਨਾਲ ਰਖਾਈਆ । ਪੰਜਾਂ ਨੂੰ ਜਾਮਾ ਮਿਲੇ ਮਹਾਨ, ਮਾਨਸ ਵਿਚੋਂ ਮਾਨਸ ਰੂਪ ਵਟਾਈਆ । ਚਿਨ੍ਹ ਬਦਲੇ ਨਿਸ਼ਾਨ, ਪੁਰਖ ਪੁਰਸ਼ ਨਾਰੀ ਨਰ ਨਰਾਇਣ ਦਰਸਾਈਆ । ਅਗਲਾ ਲੇਖਾ ਫੇਰ ਦੱਸੇ ਆਣ, ਲਹਿਣਾ ਮਾਤ ਚੁਕਾਈਆ । ਰਵਦਾਸ ਚਰਨ ਕਵਲ ਕਰ ਨਿਮਸਕਾਰ, ਦੋਵੇ ਜੋੜ ਸੀਸ ਝੁਕਾਈਆ । ਤੇਰੀਆਂ ਤੂੰ ਹੀ ਜਾਣੇਂ ਕਰਤਾਰ, ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਵਸਾਈਆ । ਰਵਦਾਸ ਘੁਮਿਆਰ ਸੱਦ, ਜਿਸ ਦੋਹਰ ਭੇਟ ਚੜ੍ਹਾਈਆ । ਅੰਦਰ ਲੰਘੇ ਹੱਦ, ਆਪਣਾ ਚਰਨ ਟਿਕਾਈਆ । ਉਹਦੇ ਨਾਲ ਬੱਚੇ ਆਵਣ ਭੱਜ, ਸੋਹਣਾ ਬੰਸ ਸੁਹਾਈਆ । ਮੈਂ ਰੱਖਾ ਉਨ੍ਹਾਂ ਲਜ, ਸਿਰ ਆਪਣਾ ਹੱਥ ਟਿਕਾਈਆ । ਉਨ੍ਹੇ ਚਿਰ ਨੂੰ ਨਿੱਕੇ ਬਾਲੇ ਕਿਹਾ ਗੱਜ, ਜ਼ੋਰ ਜ਼ੋਰ ਨਾਲ ਚਿਲਾਈਆ । ਚਰਨ ਫੜ ਕੇ ਮੁਖ ਚੁੱਕ ਕੇ ਅੱਖ ਖੋਲ੍ਹ ਕੇ ਕਹੇ ਦਰਸ ਕਰ ਲੈਣ ਦੇ ਰੱਜ, ਅੱਜ ਵੇਲਾ ਭੁਖਿਆਂ ਹੱਥ ਆਈਆ । ਬਾਕੀ ਸਾਰੇ ਬੱਚੇ ਪਏ ਨੱਚ, ਘੱਟਾ ਪੈਰਾਂ ਨਾਲ ਉਡਾਈਆ । ਉਨ੍ਹਾਂ ਦੇ ਹਿਰਦੇ ਵਸਿਆ ਸੱਚ, ਸਚ ਸਰੂਪ ਵੇਖ ਖ਼ੁਸ਼ੀ ਮਨਾਈਆ । ਪ੍ਰਭੂ ਅਸੀਂ ਗੁਨਾਹ ਤੋਂ ਜਾਈਏ ਬਚ, ਛੋਟੇ ਹੁੰਦਿਆਂ ਮੰਗ ਮੰਗਾਈਆ । ਤੇਰੇ ਪ੍ਰੇਮ ਵਿਚ ਰੰਗੀ ਜਾਏ ਰੱਤ, ਰੱਤੀ ਰੱਤ ਸੁਕਾਈਆ । ਛੋਟੇ ਬੱਚੇ ਪ੍ਰਭ ਦਾ ਫੜਕੇ ਹੱਥ, ਚੁੰਮਿਆਂ ਚਾਈਂ ਚਾਈਂਆ । ਚੁੰਮਣ ਨਾਲ ਗਿਆ ਢੱਠ, ਆਪਣੀ ਹੋਸ਼ ਗਿਆ ਭੁਲਾਈਆ । ਘੁਮਿਆਰ ਬੱਚੇ ਦੇ ਸਿਰ ਤੇ ਹੱਥ ਲਿਆ ਰੱਖ, ਹੌਲੀ ਹੌਲੀ ਹਿਲਾਈਆ । ਉਹ ਵੀ ਹੋਇਆ ਬੇਵਸ, ਸਿਰ ਤੋਂ ਪਗੜੀ ਲਾਹੀਆ । ਮੂੰਹ ਦੇ ਭਾਰ ਡਿਗਾ ਝੱਟ, ਆਪਣੀ ਹੋਸ਼ ਭੁਲਾਈਆ । ਬੋਝੇ ਵਿਚੋਂ ਡਿਗ ਪਈ ਤਮਾਕੂ ਵਾਲੀ ਗੱਠ, ਕਤਰਾ ਕਤਰਾ ਧਰਨੀ ਵੰਡ ਵੰਡਾਈਆ । ਬੇਹੋਸ਼ੀ ਵਿਚ ਮਾਰੇ ਹੱਥ, ਏਧਰ ਓਧਰ ਭੁਆਈਆ । ਭੌਂਦਿਆਂ ਭੌਂਦਿਆਂ ਪ੍ਰਭ ਚਰਨਾਂ ਤੇ ਗਿਆ ਲੱਗ, ਸੋਹਣੀ ਖ਼ੁਸ਼ੀ ਮੰਨਾਈਆ । ਉਸੇ ਵੇਲੇ ਖੁਲ੍ਹ ਗਈ ਅੱਖ, ਨਿਰਗੁਣ ਨਜ਼ਰੀ ਆਈਆ । ਜੋੜ ਕੇ ਕਿਹਾ ਹੱਥ, ਤੇਰੇ ਹੱਥ ਵਡਿਆਈਆ । ਜੇ ਮੇਰਾ ਬੱਚਾ ਜਾਏ ਬਚ, ਜੋ ਤੇਰੀ ਭੇਟ ਚੜ੍ਹਾਈਆ । ਮੇਰਾ ਇਸ ਦੇ ਉਤੇ ਨਹੀਂ ਹੱਕ, ਦਰ ਤੇਰੇ ਸੇਵ ਕਮਾਈਆ । ਸ੍ਰੀ ਭਗਵਾਨ ਕਿਹਾ ਹੱਸ, ਇਹ ਮੁਢ ਤੋਂ ਆਦਤ ਮੇਰੀ ਚਲੀ ਆਈਆ । ਜੋ ਮੇਰਾ ਮੈਂ ਉਹਦੇ ਹੋ ਜਾਂ ਵਸ, ਵਾਰਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਚਾਈਆ । ਵੇਖ ਖੇਲ ਬ੍ਰਾਹਮਣ ਸੋਚੇ, ਅੰਦਰੇ ਅੰਦਰ ਧਿਆਨ ਲਗਾਈਆ । ਮੇਰੇ ਖਾਲੀ ਹੋਏ ਬੋਝੇ, ਭੇਟ ਨਜ਼ਰ ਕੋਈ ਨਾ ਆਈਆ । ਘੁਮਿਆਰ ਕਦੋਂ ਹਿੱਕੇ ਖੋਤੇ, ਡੇਰਾ ਅਗਲੇ ਪਿੰਡ ਲਗਾਈਆ । ਬ੍ਰਾਹਮਣ ਇਸ ਦੇ ਕੋਲੋਂ ਹੇਰਾ ਫੇਰੀ ਨਾਲ ਸਭ ਕੁਛ ਬੋਚੇ, ਖਾਲੀ ਹੱਥ ਦਏ ਕਰਾਈਆ । ਅੰਮ੍ਰਿਤ

੫੭੦
੧੬

ਵੇਲੇ ਉਠ ਕੇ ਧੋਤੀ ਬੰਨ੍ਹੇ ਵਾਂਗ ਲੰਗੋਟੇ, ਚੋਰੀ ਭੱਜੇ ਵਾਹੋ ਦਾਹੀਆ । ਇਹੋ ਜਿਹੇ ਘੁਮਿਆਰ ਬਹੁਤੇ, ਮੈਂ ਲੁੱਟੇ ਰਾਹ ਜਾਂਦੇ ਰਾਹੀਆ । ਜੇ ਹੋਰ ਕੁਛ ਨਾ ਦਿਊ ਇਹਦੀ ਪੈਰੀਂ ਜੋੜਾ ਦਿਸੇ ਖੋਸੇ, ਅਗੋਂ ਨੋਕ ਉਠਾਈਆ । ਜਿਸ ਦੀ ਲੰਬਾਈ ਚੌਦਾਂ ਉਂਗਲਾਂ ਦੋ ਪੋਟੇ, ਅੱਖਾਂ ਨਾਲ ਤਕਾਈਆ । ਉਤੋਂ ਕੱਢੀ ਧਾਰ ਨਾਲ ਤਿਲੇ ਸੱਚੇ ਗੋਟੇ, ਸੋਹਣਾ ਰੰਗ ਵਖਾਈਆ । ਜੇ ਵੱਡੀ ਹੋਊ ਵਿਚੋਂ ਕਰ ਲਊਂ ਦੋ ਟੋਟੇ, ਬਗਲ ਵਿਚ ਟਿਕਾਈਆ । ਇਹਦਾ ਤਿਲਾ ਸਾਭ ਕੇ ਰਖੂੰ ਉਸ ਕੋਠੇ, ਜਿਸ ਕੋਠੇ ਵਿਚ ਬਹੁਤਾ ਧੰਨ ਰਖਾਈਆ । ਜਿਸ ਵੇਲੇ ਮੇਰੇ ਜੰਮਣਗੇ ਪੋਤੇ, ਇਹ ਵੱਡਿਆਂ ਪੈਰਾਂ ਨਿੱਕੇ ਪੈਰ ਦੇਵਾਂ ਬਣਾਈਆ । ਜੇ ਪੋਤਿਆਂ ਪਹਿਲੋਂ ਜੰਮਣ ਦੋਹਤੇ, ਉਨ੍ਹਾਂ ਦੀ ਭੇਟ ਚੜ੍ਹਾਈਆ । ਰਵਦਾਸ ਓਸੇ ਵੇਲੇ ਸੋਚੇ, ਅੰਤਰ ਧਿਆਨ ਲਗਾਈਆ । ਉਸ ਦੀ ਪਿਠ ਹੌਲੀ ਜਿਹੀ ਠੋਕੇ, ਬ੍ਰਾਹਮਣ ਨੂੰ ਸਮਝਾਈਆ । ਕਿਸੇ ਕੰਮ ਨਹੀਂ ਆਉਣੇ ਕੋਠੇ, ਕਿਧਰ ਧਿਆਨ ਲਗਾਈਆ । ਬ੍ਰਾਹਮਣਾ ਤੇਰੇ ਘਰ ਪੁਤ ਨਾ ਪੋਤੇ, ਪਰਮੇਸ਼ਵਰ ਬੈਠਿਆਂ ਇਹੋ ਨੀਤ ਰਖਾਈਆ । ਤੂੰ ਮੰਗ ਮੇਰੇ ਪਰਾਣ ਰਹਿਣ ਸੌਖੇ, ਦੁੱਖ ਦਰਦ ਨਾ ਲਾਗੇ ਰਾਈਆ । ਇਹੋ ਜਿਹੇ ਕਦੀ ਨਹੀਂ ਮਿਲਦੇ ਮੌਕੇ, ਮਿਲੇ ਮੇਲ ਬੇਪਰਵਾਹੀਆ । ਲੱਖ ਚੁਰਾਸੀ ਗਈ ਸੌਂ ਕੇ, ਨਾਰ ਕੰਤ ਸੇਜ ਹੰਡਾਈਆ । ਮੁੜ ਕੇ ਕੋਈ ਨਹੀਂ ਆਇਆ ਭੌਂ ਕੇ, ਮਾਨਸ ਮਾਨਸ ਵਿਚੋਂ ਰੂਪ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਗਏ ਗੌਂ ਕੇ, ਫੇਰ ਫੇਰਾ ਕੋਈ ਨਾ ਪਾਈਆ । ਬ੍ਰਾਹਮਣ ਪਿਛਾ ਵੇਖਿਆ ਭੌਂ ਕੇ, ਆਪਣਾ ਮੁਖ ਭੁਆਈਆ । ਇਕੋ ਵਾਰ ਅੰਦਰੋਂ ਨਿਕਲੇ ਹੌਕੇ, ਹੌਕਿਆਂ ਨਾਲ ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕੂੜੀ ਵਾਸਨਾ ਨਿਕਲੀ ਗੰਦੀ, ਆਪਣਾ ਗਈ ਤਜਾਈਆ । ਬ੍ਰਾਹਮਣ ਮੰਗ ਇਕ ਮੰਗੀ, ਰਵਦਾਸ ਨਾਲ ਮਿਲਾਈਆ । ਮੇਰੀ ਟੁੱਟੀ ਦੇਣੀ ਗੰਢੀ, ਧਾਗਾ ਡੋਰ ਤੇਰੀ ਹੱਥੀਂ ਨਜ਼ਰੀ ਆਈਆ । ਰਵਦਾਸ ਕਹੇ ਮੈਂ ਰੰਬੀ ਤਿਖੀ ਚੰਡੀ, ਉਚੇ ਨੀਚੇ ਸਾਰੇ ਪੱਧਰ ਦੇਵਾਂ ਕਰਾਈਆ । ਆਰ ਕਹੇ ਮੇਰੇ ਅਗੇ ਨਿਕੀ ਜਿਹੀ ਕੁੰਡੀ, ਫੜਕੇ ਤੰਦ ਧਾਗਾ ਡੋਰ ਖਿਚਕੇ ਬਾਹਰ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਬ੍ਰਾਹਮਣ ਖੁਲ੍ਹੀ ਅੱਖ, ਅੱਖਾਂ ਲਈਆਂ ਬਦਲਾਈਆ । ਮੈਨੂੰ ਕੀ ਚਮਿਆਰ ਦਿਤਾ ਦੱਸ, ਦੱਸਦਿਆਂ ਸੁਰਤ ਬਦਲਾਈਆ । ਮੇਰੇ ਕੁਛ ਨਹੀਂ ਰਹਿ ਗਿਆ ਵਸ, ਬ੍ਰਾਹਮਣੀ ਯਾਦ ਨਾ ਕੋਈ ਸਤਾਈਆ । ਹੁਣ ਮੈਂ ਕਿਸੇ ਵਸਤ ਨੂੰ ਲਾਉਣਾ ਨਹੀਂ ਹੱਥ, ਜਜਮਾਨਾਂ ਘਰ ਮੰਗਣ ਨਾ ਜਾਈਆ । ਪ੍ਰਭ ਦੀ ਚਰਨੀ ਗਿਆ ਢੱਠ, ਸੀਸ ਜਗਦੀਸ ਝੁਕਾਈਆ । ਪਤ ਮੇਰੀ ਲੈਣੀ ਰੱਖ, ਸਾਹਿਬ ਮੇਰੇ ਗੁਸਾਂਈਆ । ਉਧਰੋਂ ਚੌਥਾ ਕਹਾਰ ਪਿਆ ਹੱਸ, ਖ਼ੁਸ਼ੀ ਨਾਲ ਸੁਣਾਈਆ । ਪ੍ਰਭੂ ਇਹ ਬੜਾ ਠੱਗ, ਸਾਡੇ ਪੈਸੇ ਲੁੱਟ ਕੇ ਆਪਣੇ ਗੰਢ ਬੰਨਾਈਆ । ਬ੍ਰਾਹਮਣ ਕਹੇ ਮੈਂ ਫਿਰ ਡਰਦੇ ਇਨ੍ਹਾਂ ਅੱਗੇ ਦਿਤੇ ਰੱਖ, ਭਰੋਸਾ ਦਿਤਾ ਕਰਾਈਆ । ਇਹਨਾਂ ਭੁਖਿਆਂ ਫਿਰ ਮੇਰੇ ਅੱਗੇ ਦਿਤੇ ਸੱਟ, ਖ਼ੁਸ਼ੀਆਂ ਨਾਲ ਫੜਾਈਆ । ਮੈਂ ਬ੍ਰਾਹਮਣੀ ਦੀ ਘੜਾ ਕੇ ਆਇਆ ਨੱਥ, ਤਿੰਨ ਬਲਾਕ, ਰਖਾਈਆ । ਉਹ ਗਾਉਂਦੀ ਸਦਾ ਜਸ, ਸੋਹਣੀ ਖ਼ੁਸ਼ੀ ਮਨਾਈਆ । ਮੇਰੇ ਪ੍ਰਭੂ ਵੇਖ ਖਾਲੀ ਹੱਥ, ਮੈਂ ਏਧਰੋਂ ਲਿਆ ਏਧਰ ਦਿਤਾ ਭੇਟ ਚੜ੍ਹਾਈਆ । ਅੱਗੇ ਵਾਸਤੇ ਕੀਤੀ ਬੱਸ, ਤੇਰੇ ਅੱਗੇ ਵਾਸਤਾ ਪਾਈਆ । ਮੇਰੇ ਸਿਰ ਤੇ ਰੱਖੀਂ ਹੱਥ, ਦੇਵੀਂ ਸਚ ਸਰਨਾਈਆ । ਰਵਦਾਸ ਕਿਹਾ ਹੱਸ, ਨੌ ਦਵਾਰੇ ਵਾਸਨਾ ਦਿਤੀ ਤਜਾਈਆ । ਛੋਟਾ

ਬੱਚਾ ਬੋਲਿਆ ਝੱਟ, ਹੌਲੀ ਜਿਹੀ ਸਮਝਾਈਆ । ਅਜੇ ਥੋੜੀ ਜਿਹੀ ਖੁਲ੍ਹੀ ਅੱਖ, ਸਾਫ ਸੁਥਰੀ ਨਜ਼ਰ ਨਾ ਆਈਆ । ਇਹ ਚਾਹੁੰਦਾ ਸਾਰਿਆਂ ਨਾਲੋਂ ਬਹੁਤਾ ਮੈਨੂੰ ਮਿਲੇ ਹੱਕ, ਮੇਰੀ ਫੇਰ ਹੋਵੇ ਵਡਿਆਈਆ । ਇਸ ਦਾ ਕੱਢਣਾ ਚਾਹੀਏ ਸ਼ੱਕ, ਪੁਰਖ ਅਕਾਲ ਅੱਗੇ ਉਹਲਾ ਰਹਿਣ ਕੋਈ ਨਾ ਪਾਈਆ । ਸ੍ਰੀ ਭਗਵਾਨ ਖ਼ੁਸ਼ੀ ਨਾਲ ਕਿਹਾ ਹੱਸ, ਬੱਚਾ ਤੇਰੀ ਵਡ ਵਡਿਆਈਆ । ਇਸ ਸ਼ੱਕ ਵਿਚ ਨੌਂ ਜਨਮ ਦੇਵਾਂ ਰੱਖ, ਮਾਨਸ ਮਾਨਸ ਰੂਪ ਵਟਾਈਆ । ਅੱਗੇ ਕਰਕੇ ਪੂਰਾ ਹੱਕ, ਲੇਖਾ ਲੇਖੇ ਲਾਈਆ । ਰਵਦਾਸ ਪ੍ਰਭ ਨੂੰ ਕਿਹਾ ਝੱਟ, ਏਨੀ ਬੜੀ ਸਜਾਈਆ । ਮੇਰੇ ਸੰਗ ਇਹਨੂੰ ਲਵੀਂ ਰੱਖ, ਸੋਹਣਾ ਜੋੜ ਜੁੜਾਈਆ । ਬ੍ਰਾਹਮਣ ਕਿਹਾ ਕੰਗਣ ਪਿਛੇ ਮੈਂ ਗਿਆ ਨੱਠ, ਆਪਣਾ ਮੁਖ ਛੁਪਾਈਆ । ਵੇਖੋ ਰਵਦਾਸ ਨੇ ਫੇਰ ਵੀ ਦਿਤਾ ਛੱਡ, ਸਫਾਰਸ਼ ਕਰ ਕੇ ਮੈਨੂੰ ਰਿਹਾ ਤਰਾਈਆ । ਹੁਣ ਮੈਂ ਵੀ ਨਹੀਂ ਹੋਣਾਂ ਅੱਡ, ਸੋਹਣਾ ਸੰਗ ਨਿਭਾਈਆ । ਉਧਰੋਂ ਵੱਡੀ ਪੱਗ ਵਾਲਾ ਘੁਮਿਆਰ ਬੋਲਿਆ ਝੱਟ, ਇਕ ਵਾਰ ਸੁਣਾਈਆ । ਕੁਛ ਸਾਨੂੰ ਵੀ ਦੇ ਹੱਕ, ਚੜ੍ਹਕੇ ਖੋਤਿਆਂ ਉਤੇ ਮੰਗਣ ਆਈਆ । ਨਿੱਕਾ ਬੱਚਾ ਫੜਕੇ ਮੂੰਹ ਖੋਲਿਆ ਝੱਟ, ਆਂਦਾ ਪ੍ਰਭੂ ਇਹਦੇ ਵਿਚ ਸਭ ਕੁਛ ਦੇ ਟਿਕਾਈਆ । ਸ੍ਰੀ ਭਗਵਾਨ ਇਕ ਚੌਲਾਂ ਦਾ ਦਾਣਾ ਵਿਚ ਦਿਤਾ ਰੱਖ, ਸਿਰ ਤੇ ਹੱਥ ਟਿਕਾਈਆ । ਕਲਜੁਗ ਅੰਤਮ ਲਵਾਂ ਲੱਭ, ਆਪਣਾ ਭੇਵ ਚੁਕਾਈਆ । ਪਿਛਲਾ ਨਾਤਾ ਤੋੜ ਕੇ ਹੱਦ, ਅਗਲਾ ਜੋੜ ਜੁੜਾਈਆ । ਭਾਗ ਲਗਾ ਇਕੋ ਯਦ, ਇਕੋ ਬੰਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਰਵਦਾਸ ਕਿਹਾ ਸੁਣ ਘੁਮਿਆਰ, ਗੁੱਝੀ ਤੇਰੀ ਰਹਿਣ ਕੋਈ ਨਾ ਪਾਈਆ । ਤੈਨੂੰ ਲਿਆਏ ਚਾਰ ਕਹਾਰ, ਪੰਜਵਾਂ ਨਾਲ ਮਿਲਾਈਆ । ਤੁਸੀਂ ਪੰਜੇ ਖੋਤਿਆਂ ਤੇ ਅਸਵਾਰ, ਨੱਠੇ ਵਾਹੋ ਦਾਹੀਆ । ਬੱਚੇ ਕੀਤੀ ਗਿਰਿਆਜਾਰ, ਭੁੱਖ ਰਹੀ ਸਤਾਈਆ । ਚੌਥੇ ਆਇਆ ਇਕ ਪਿਆਰ, ਸਭਨਾਂ ਨੂੰ ਸਮਝਾਈਆ । ਥੋੜਾ ਥੋੜਾ ਇਹਨਾਂ ਦਈਏ ਖਵਾਲ, ਜੋ ਰੁਮਾਲ ਵਿਚ ਬੰਧਾਈਆ । ਉਸ ਖਾਦਿਆਂ ਮਿਲਿਆ ਜਮਾਲ, ਨੂਰ ਜ਼ਹੂਰ ਰੁਸ਼ਨਾਈਆ । ਤੁਸੀਂ ਆਏ ਘਰ ਸੱਚੀ ਧਰਮਸਾਲ, ਧਰਮ ਦਵਾਰਾ ਸੋਭਾ ਪਾਈਆ । ਵੇਖ ਇਕ ਤੂੰ ਚਾਰ ਲਾਲ, ਪਿਉ ਪੁਤ ਪੰਜੇ ਇਕੋ ਰੰਗ ਸਮਾਈਆ । ਛੋਟਾ ਬੱਚਾ ਫੇਰ ਕਰੇ ਕਮਾਲ, ਆਪਣੀ ਗੱਲ ਸੁਣਾਈਆ । ਸਾਡਾ ਪਿਉ ਖੋਤੇ ਵਾਹ ਕੇ ਕਰੇ ਵਣਜ ਵਪਾਰ, ਜਿਣਸ ਘਰੋ ਘਰੀ ਖਰੀਦ ਲਿਆਈਆ । ਹੁਣ ਅਸੀਂ ਤੱਕਿਆ ਤੇ ਇਕੋ ਬਣਾਉਣਾ ਦਲਾਲ, ਸੌਦਾ ਇਕੇ ਘਰੋਂ ਦਏ ਬੰਧਾਈਆ । ਨਾਲੇ ਭੁਖਿਆਂ ਪੁਛੇ ਹਾਲ, ਦੁਖੀਆਂ ਦੁੱਖ ਗਵਾਈਆ । ਜੇ ਕਿਤੇ ਸੰਸਾਰ ਵਿਚ ਪੈ ਜਾਏ ਕਾਲ, ਸਾਨੂੰ ਤੋਟ ਰਹੇ ਨਾ ਰਾਈਆ । ਜਿਹੜਾ ਇਕ ਦਾਣਾ ਦਏ ਖਵਾਲ, ਬਿਨ ਖਾਦਿਆਂ ਤ੍ਰਿਪਤ ਕਰਾਈਆ । ਇਹੋ ਜਿਹਾ ਸੋਦਾ ਕਿਤੇ ਨਹੀਂ ਮਿਲਣਾ ਮਾਲ, ਨਾਲੇ ਬਿਨ ਪੈਸਿਆਂ ਟਕਿਆ ਵਰਤਾਈਆ । ਜਿੰਨਾਂ ਚਿਰ ਨਾ ਮੰਨੇ ਸਵਾਲ, ਘਰ ਮੁੜ ਕੋਈ ਨਾ ਜਾਈਆ । ਰਵਦਾਸ ਕਿਹਾ ਸੁਣ ਬਾਲ, ਪ੍ਰਭ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਾਲ ਕਹੇ ਮੈਂ ਨਹੀਂ ਮੰਨਣਾ, ਪੱਕੀ ਜਿਦ ਰਖਾਈਆ । ਜੇ ਸਾਨੂੰ ਖਾਲੀ ਘੱਲਣਾ, ਫੇਰ ਅਸੀਂ ਏਥੇ ਬਹਿ ਕੇ ਝੱਟ ਲੰਘਾਈਆ । ਤੇਰੇ ਨਾਲ ਲਾਹੀਏ ਢੋਰਾਂ ਖੱਲਣਾ, ਜੁਤੀਆਂ ਸੀਣ ਦੀ ਜਾਚ ਦੇਣੀ ਸਿਖਾਈਆ । ਸਚ ਦਵਾਰਾ ਇਕੋ ਮੱਲਣਾ, ਬੇਸ਼ਕ ਸਾਨੂੰ ਮਲੇਸ਼ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ ।

ਸ੍ਰੀ ਭਗਵਾਨ ਸੁਣ ਕੇ ਕਿਹਾ ਰਵਦਾਸ, ਇਹਨਾਂ ਪੂਰੀ ਆਸ ਕਰਾਈਆ । ਆਹ ਲੈ ਵਸਤ ਖਾਸ, ਇਹਨਾਂ ਦੇ ਖਵਾਈਆ । ਕੋਈ ਨਾ ਹੋਵੇ ਨਿਰਾਸ਼, ਧੀਰਜ ਧੀਰ ਦਵਾਈਆ । ਜੇ ਮੰਗਦੇ ਮੇਰਾ ਸਾਥ, ਮੈਂ ਦੇਵਾਂ ਸਾਥ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਧਾਰ ਚਲਾਈਆ । ਰਵਦਾਸ ਫੜਿਆ ਇਕ ਭੋਰਾ, ਆਪਣੇ ਹੱਥ ਰਖਾਈਆ । ਸ੍ਰੀ ਭਗਵਾਨ ਕਿਹਾ ਇਹ ਅਜੇ ਥੋੜਾ, ਇਕ ਵੇਰਾਂ ਹੋਰ ਦੂਜਾ ਹੱਥ ਲਗਾਈਆ । ਬੱਚਾ ਰੋ ਕੇ ਪਾਵਣ ਲੱਗਾ ਸ਼ੋਰ, ਪਹਿਲੋਂ ਮੇਰੀ ਝੋਲੀ ਭਰਾਈਆ । ਰਵਦਾਸ ਖ਼ੁਸ਼ੀ ਨਾਲ ਥੋੜਾ ਜਿਹਾ ਵਿਚ ਦਿਤਾ ਭੋਰ, ਪਹਿਲਾ ਹਿੱਸਾ ਵਰਤਾਈਆ । ਫੇਰ ਦੂਜੇ ਦੀ ਪਈ ਲੋੜ, ਉਹ ਵੀ ਵਿਚ ਰਖਾਈਆ । ਏਸੇ ਤਰ੍ਹਾਂ ਪੰਜਾਂ ਨੂੰ ਵਰਤਾਇਆ ਜਿੰਨੀ ਲੋੜ, ਝੋਲੀ ਸਭ ਭਰਾਈਆ । ਜਿਸ ਵੇਲੇ ਦੋਵੇਂ ਉਗਲੀਆਂ ਦਿਤੀਆਂ ਖੋਲ੍ਹ, ਆਪਣੇ ਹੱਥ ਵਖਾਈਆ । ਸ੍ਰੀ ਭਗਵਾਨ ਕਿਹਾ ਬੋਲ, ਰਵਦਾਸ ਦਾ ਪ੍ਰਸ਼ਾਦਾ ਦੋ ਦੋ ਜਨਮ ਦਵਾਈਆ । ਪਹਿਲਾਂ ਜਨਮ ਦੱਸਾਂ ਅਨਮੋਲ, ਛੋਟਾ ਬੱਚਾ ਲਾਲੋ ਰੂਪ ਵਟਾਈਆ । ਨਾਨਕ ਤੋਲੇ ਤੋਲ, ਤੱਕੜੀ ਹੱਥ ਉਠਾਈਆ । ਇਹ ਚਾਰੇ ਆਂਢੀ ਗਵਾਢੀ ਬਣ ਕੇ ਵਸਣ ਕੋਲ, ਸੋਹਣਾ ਸੰਗ ਨਿਭਾਈਆ । ਨਾਨਕ ਕਰਕੇ ਜਾਏ ਘੋਲ, ਇਕ ਇਕਰਾਰ ਰਖਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਤੁਹਾਡੇ ਆਵੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਸਾਚਾ ਨਾਤਾ ਦੇਵੇ ਜੋੜ, ਪਿਤਾ ਪੁਤ ਪੰਜੇ ਜਣੇ ਭਾਈ ਭਾਈ ਬਣਾਈਆ । ਭੈਣਾਂ ਭਾਈਆਂ ਦੀ ਪ੍ਰਭ ਨੂੰ ਲੋੜਾ, ਵਿਚੋਂ ਲਾਲੋ ਮੁਖ ਰਖਾਈਆ । ਇਹ ਸੁਣ ਕੇ ਚਾਰ ਕਹਾਰ ਤੇ ਪੰਜਵੇਂ ਮਿੱਤਰ ਦਿਤਾ ਜ਼ੋਰ, ਰਵਦਾਸ ਫੜਕੇ ਰਹੇ ਹਿਲਾਈਆ । ਕੀ ਪ੍ਰਭ ਨੂੰ ਸਾਡੀ ਨਹੀਂ ਲੋੜ, ਜੇ ਆਵੇ ਤੇ ਕਿਉਂ ਨਾ ਸੰਗ ਲਿਆਈਆ । ਫੇਰ ਬੱਚੇ ਕਿਹਾ ਤੁਸੀਂ ਸਾਰੇ ਰੌਲਾ ਪਾਓ ਹੋਰ, ਰੋ ਰੋ ਕੇ ਲਓ ਮਨਾਈਆ । ਮੈਂ ਵੀ ਏਸੇ ਕਰਕੇ ਪਾਇਆ ਸ਼ੋਰ, ਸ਼ੋਰ ਵਿਚੋਂ ਇਹਦੀ ਰਹਿਮਤ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਸਾਰੇ ਰਹੋ ਅਡੋਲ, ਧੀਰਜ ਧਰਵਾਸ ਬੰਧਾਈਆ । ਮੈਂ ਤੁਹਾਡੇ ਹਿਸੇ ਦਾ ਸਾਂਭ ਕੇ ਰੱਖਿਆ ਇਕ ਚੌਲ, ਦਾਣਾ ਦਾਣੇ ਵਿਚੋਂ ਬਚਾਈਆ । ਸਾਰੇ ਅਕੱਠੇ ਕਰਕੇ ਰੱਖਾਂ ਆਪਣੇ ਕੋਲ, ਵਿਛੋੜਾ ਪੰਧ ਮੁਕਾਈਆ । ਨਾਲ ਬ੍ਰਾਹਮਣ ਰੱਖਾਂ ਚੋਰ, ਠੱਗਾਂ ਵਿਚੋਂ ਠੱਗ ਦਿਆਂ ਤਰਾਈਆ । ਪ੍ਰੀਤੀ ਰਵਦਾਸੇ ਨਾਲ ਜੋੜ, ਸੋਹਣੀ ਬਣਤ ਬਣਾਈਆ । ਚਾਰ ਕਹਾਰਾਂ ਕੋਲੋਂ ਜੋ ਪੈਸੇ ਲਏ ਬਟੋਰ, ਆਪਣੀ ਗੰਢ ਟਿਕਾਈਆ । ਓਸ ਵੇਲੇ ਮੈਨੂੰ ਪਵੇ ਓਹਨਾਂ ਦੀ ਲੋੜ, ਓਹ ਰਕਮ ਤੁਹਾਡੇ ਸਾਮ੍ਹਣੇ ਮੰਗ ਮੰਗਾਈਆ । ਬੇਸ਼ਕ ਮਿਸ਼ਰਾਣੀ ਸੂਮਣੀ ਹੋ ਕੇ ਲਏ ਜੋੜ, ਆਪਣੇ ਘਰ ਟਿਕਾਈਆ । ਜੇ ਨਾ ਦੇਵੇ ਉਹਦੇ ਨੱਕ ਨੱਥ ਸੁਹਾਗ ਦੀ ਟੁੱਟ ਜਾਏ ਡੋਰ, ਬ੍ਰਾਹਮਣ ਲੋਕਮਾਤ ਨਜ਼ਰ ਨਾ ਆਈਆ । ਕਿਸੇ ਕੰਮ ਨਹੀਂ ਔਣੇ ਬਲਾਕ ਬੋਰ, ਤਿੰਨਾਂ ਲੋਕਾਂ ਮਿਲੇ ਨਾ ਢੋਈਆ । ਸਾਰਿਆ ਕਿਹਾ ਪ੍ਰਭ ਜੇ ਤੂੰ ਜਾਏਂ ਬੌਹੜ, ਬੌਹੜੀ ਬੌਹੜੀ ਸਾਰੇ ਰਹੇ ਸੁਣਾਈਆ । ਸਾਨੂੰ ਕਿਸੇ ਦੀ ਨਹੀਂ ਲੋੜ, ਘਰ ਬਾਰ ਸਾਰੇ ਦਿਤੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਸ੍ਰੀ ਭਗਵਾਨ ਕਹੇ ਮੈਂ ਦਇਆਵਾਨ, ਦਇਆ ਵਿਚ ਸਮਾਈਆ । ਰਵਦਾਸ ਦੇ ਟੁੱਕੜੇ ਸੁੱਕੇ ਕਰ ਪਰਵਾਨ, ਲਹਿਜ ਫਹਿਜ ਭੱਖ ਭੋਜ ਰੂਪ ਵਟਾਈਆ । ਇਹੋ ਜਿਹਾ ਕਿਸੇ ਨਹੀਂ ਮਿਲਿਆ ਪਕਵਾਨ, ਖਾ ਖਾ ਗਈ ਜਗਤ ਲੋਕਾਈਆ । ਜਿਸ ਵਿਚੋਂ ਤੁਹਾਡੇ ਜੋਗਾ ਰੱਖ ਲਿਆ ਦਾਨ, ਆਪਣੇ ਕੋਲ ਛੁਪਾਈਆ । ਕਹਾਰੋ ਜਿਹੜੇ ਤੁਹਾਡੇ ਪੈਸੇ ਠੱਗ ਕੇ ਗਿਆ ਬੇਈਮਾਨ, ਮੇਰੇ ਸਾਮ੍ਹਣੇ ਠੱਗੀ

ਕਮਾਈਆ । ਰਵਦਾਸ ਨਾਲ ਨਾ ਸਾਬਤ ਰਿਹਾ ਈਮਾਨ, ਸਿਦਕ ਦਿਤਾ ਤੁੜਾਈਆ । ਇਹ ਲੇਖਾ ਕਦੀ ਨਾ ਛੱਡਾ ਵਿਚ ਜਹਾਨ, ਜਾਮਨ ਹੋ ਕੇ ਪੂਰ ਕਰਾਈਆ । ਓਸ ਵੇਲੇ ਰਵਦਾਸ ਕਿਹਾ ਸ੍ਰੀ ਭਗਵਾਨ, ਦੋਏ ਜੋੜ ਸੀਸ ਨਿਵਾਈਆ । ਜੇ ਕੁਛ ਲੇਖਾ ਹੈ ਮੈ ਵੀ ਇਸ ਬ੍ਰਾਹਮਣ ਠਗਣੇ ਨੂੰ ਦੇਵਾਂ ਦਾਨ, ਟਕਾ ਟਕਾ ਬਚਿਆ ਸਵਾ ਇਹਦੀ ਭੇਟ ਚੜ੍ਹਾਈਆ । ਪਾਰਬ੍ਰਹਮ ਕਹੇ ਇਹਦੇ ਵਲ ਮੇਰਾ ਧਿਆਨ, ਸਦ ਵੇਖਾਂ ਥਾਉਂ ਥਾਈਂਆ । ਲਹਿਣਾ ਦੇਣਾ ਚੁਕਾਵਾਂ ਆਣ, ਪਿਛਲਾ ਲੇਖਾ ਮਾਤ ਚੁਕਾਈਆ । ਓਨੇ ਚਿਰ ਨੂੰ ਘੁਮਿਆਰ ਉਠਿਆ ਬਲਵਾਨ, ਪਗੜ੍ਹੂ ਵਾਲਾ ਰਿਹਾ ਸੁਣਾਈਆ । ਮੈਂ ਪਹਿਲੋ ਲੈਣਾ ਤੈਥੋ ਬਿਆਨ, ਪ੍ਰਭ ਸਾਚੇ ਸਚ ਦੇ ਸੁਣਾਈਆ । ਦੂਜੇ ਜਨਮ ਵਿਚ ਕਿਥੇ ਮਿਲੇਂ ਆਣ, ਕਵਣ ਧਾਮ ਸੁਹਾਈਆ । ਪੰਜਾਂ ਕਿਵੇਂ ਕਰੇ ਪਰਵਾਨ, ਪਿਓ ਪੁੱਤ ਸਮਝ ਕਿਸੇ ਨਾ ਆਈਆ । ਭਾਈਆਂ ਨਾਲ ਭਾਈ ਮਾਤ ਸ਼ਿਕਮ ਵਿਚ ਕੱਠੇ ਕਰੇਂ ਆਣ, ਗਰਭ ਨਿਵਾਸ ਰਖਾਈਆ । ਰਵਦਾਸ ਕਿਹਾ ਇਹ ਮੇਰਾ ਮਿਹਰਵਾਨ, ਮਹਿਬੂਬ ਵਡ ਗੋਸਾਈਆ । ਘੁਮਿਆਰ ਪਿਛੇ ਆਇਆ ਧਿਆਨ, ਹੱਥ ਜੇਬ ਵਿਚ ਟਿਕਾਈਆ । ਤਮਾਕੂ ਵਾਲੀ ਗਠੜੀ ਦਾ ਨਾ ਮਿਲਿਆ ਨਿਸ਼ਾਨ, ਹੌਕੇ ਲੈ ਕੇ ਰਿਹਾ ਸੁਣਾਈਆ । ਮੇਰੀ ਇਹਦੇ ਵਿਚ ਜਾਨ, ਲੱਭੇ ਮੈਨੂੰ ਹੱਥ ਕਿਸੇ ਨਾ ਆਈਆ । ਛੋਟਾ ਬੱਚਾ ਕਹੇ ਬਾਪੂ ਕਿਡਾ ਨਿਧਾਨ, ਨਿੱਕੀ ਜਿਹੀ ਗੱਲ ਪਿੱਛੇ ਰੌਲੀ ਰਿਹਾ ਪਾਈਆ । ਅੱਗੋਂ ਗੁੱਸੇ ਨਾਲ ਕਿਹਾ ਚੱਲ ਮੇਰੇ ਸ਼ੈਤਾਨ, ਤੈਨੂੰ ਇਸ ਦੀ ਸਮਝ ਜਰਾ ਨਾ ਆਈਆ । ਜਿਸ ਵੇਲੇ ਖਾ ਪੀ ਕੇ ਇਹਦਾ ਸੂਟਾ ਲਾਵਾਂ ਧੂਆਂ ਉਡੇ ਅਸਮਾਨ, ਫੁਨਕਾਰਾ ਇਕੋ ਵਾਰ ਲਗਾਈਆ । ਗੁੜ ਗੁੜ ਕਰਕੇ ਖੇਲ ਕਰੇ ਮਹਾਨ, ਮੇਰਾ ਦਿਲ ਪ੍ਰਚਾਈਆ । ਥੱਕਿਆਂ ਟੁੱਟਿਆਂ ਦੀ ਲਾਹ ਦੇਵੇ ਥਕਾਨ, ਸੋਹਣਾ ਸੁਖ ਵਖਾਈਆ । ਜੇ ਕੋਈ ਘਰ ਵਿਚੋਂ ਸਾਥੀ ਕਰੇ ਨਾ ਬੋਲ ਚਾਲ, ਏਹਨੂੰ ਅੱਡ ਲੈ ਕੇ ਬਹਿ ਕੇ ਇਹਦੇ ਨਾਲ ਆਪਣਾ ਝੱਟ ਲੰਘਾਈਆ । ਜੀਵਣ ਬਣ ਜਾਏ ਸਾਥੀ, ਸਾਥੀਆਂ ਵਿਚੋਂ ਸਾਥੀ ਇਹੋ ਨਜ਼ਰੀ ਆਈਆ । ਇਸ ਤਮਾਕੂ ਪਿਛੇ ਆਪਣੀ ਦੋਹਰ ਥੱਲੇ ਦਿਤੀ ਵਿਛਾ ਭਗਵਾਨ, ਸਾਰਿਆਂ ਨੂੰ ਉਤੇ ਬਹਾਈਆ । ਤੁਸੀਂ ਮੈਨੂੰ ਸਾਰੇ ਇਹ ਮੰਗ ਦਿਓ ਨਿੱਕਾ ਜਿਹਾ ਦਾਨ, ਜੇ ਜੰਮਾਂ ਮੇਰੇ ਨਾਲ ਗਠੜੀ ਦੇਵੇ ਬੰਧਾਈਆ । ਮੇਰੇ ਏਸੇ ਵਿਚ ਪਰਾਨ, ਪਰਾਨਾਂ ਵਿਚੋਂ ਇਹੋ ਨਜ਼ਰੀ ਆਈਆ । ਜੇ ਘੁਮਿਆਰ ਨੂੰ ਤਾਰੇ ਭਗਵਾਨ, ਭਗਵਾਨ ਫਿਰ ਨਾ ਲਏ ਤਰਾਈਆ । ਇਹ ਵੇਖ ਖੇਲ ਮਹਾਨ, ਚਾਰ ਕਹਾਰ ਖ਼ੁਸ਼ੀਆਂ ਰਹੇ ਮਨਾਈਆ । ਪੰਜਵਾਂ ਬੋਲੇ ਨਾਲ ਜਬਾਨ, ਸੁਣੋ ਕੰਨ ਲਾਈਆ । ਅੱਜ ਸਾਰੇ ਇਕੋ ਪੱਕਾ ਕਰੋ ਈਮਾਨ, ਹੱਥ ਨਾਲ ਹੱਥ ਲਓ ਮਿਲਾਈਆ । ਇਕ ਦੂਜੇ ਦੀ ਬਣ ਜਾਓ ਜਾਨ, ਨਾਤਾ ਤੁਟ ਕਦੇ ਨਾ ਜਾਈਆ । ਜਿਹੜਾ ਪੰਡਤ ਸਾਥੋਂ ਲੈਂਦਾ ਰਿਹਾ ਦਾਨ, ਇਹਦੇ ਵਲ ਤੱਕੋ ਸਾਰੇ ਧਿਆਨ ਲਗਾਈਆ । ਫਿਰ ਸ਼ਰਾਰਤ ਕਰੇ ਨਾ ਬਣ ਸ਼ੈਤਾਨ, ਧੋਖਾ ਸਾਡੇ ਨਾਲ ਰਖਾਈਆ । ਅੱਗੋਂ ਖ਼ੁਸ਼ੀ ਹੋ ਕੇ ਕਿਹਾ ਸ੍ਰੀ ਭਗਵਾਨ, ਬੱਚਿਓ ਫਿਕਰ ਕਰੋ ਨਾ ਰਾਈਆ । ਤੁਹਾਡਾ ਦਿਤਾ ਆਪੇ ਦੇਵੇ ਆਣ, ਅਮਾਨਤ ਇਹਦੇ ਕੋਲ ਟਿਕਾਈਆ । ਕਰਾਂ ਖੇਲ ਮਹਾਨ, ਅਭੇਵ ਅਭੇਦ ਖੁਲ੍ਹਾਈਆ । ਬਣ ਕੇ ਵਾਲੀ ਦੋ ਜਹਾਨ, ਦੋਹਾਂ ਲੇਖ ਚੁਕਾਈਆ । ਪਹਿਲੋਂ ਸਾਰਿਆਂ ਨੂੰ ਰਵਦਾਸ ਦਾ ਖਵਾ ਪਕਵਾਨ, ਤ੍ਰਿਸਨਾ ਤ੍ਰਿਪਤ ਕਰਾਈਆ । ਫੇਰ ਬ੍ਰਾਹਮਣ ਕੋਲੋਂ ਰੱਖਿਆ ਲਵੇ ਦਾਨ, ਧੁਰ ਦੀ ਮੰਗ ਮੰਗਾਈਆ । ਬ੍ਰਾਹਮਣ ਹੋ ਕੇ ਕਹੇ ਹੈਰਾਨ, ਚੰਗਾ ਲੰਮਾ ਝੰਝਟ ਪਾਈਆ । ਪਤਾ ਨਹੀਂ ਫੇਰ ਮਿਸ਼ਰਾਣੀ ਸ਼ਾਇਦ ਹੋਵੇ ਮੇਰੇ ਨਾਲ, ਕੇ ਨਾਲੋਂ ਨਜ਼ਰ ਕੋਇ ਨਾ ਆਈਆ ।

ਰਵਦਾਸ ਕਿਹਾ ਇਹ ਨਾ ਕਰ ਖਿਆਲ, ਦਲੀਲ ਦਲੀਲ ਨਾ ਕੋਈ ਰਖਾਈਆ । ਜਿਹੜੀ ਨੱਕ ਨੱਥ ਪਾ ਕੇ ਸੁਹਾਗਣ ਬਣ ਗਈ ਰਕਾਨ, ਕੱਚਾ ਤੰਦ ਡੋਰ ਪਾ ਕੇ ਕੰਨ ਨਾਲ ਲਮਕਾਈਆ । ਉਸ ਦਾ ਖਹਿੜਾ ਛੁੱਟਾ ਨਾ ਮੇਰਾ ਵਿਚ ਜਹਾਨ, ਸੋਹਣੀ ਜੋੜੀ ਜੋੜ ਜੁੜਾਈਆ । ਉਹ ਤੇਰੇ ਪਿਛੇ ਕਰੇ ਦੁਕਾਨ, ਪਿਛਲਾ ਘਾਟਾ ਪੂਰ ਕਰਾਈਆ । ਚਾਲੀਆਂ ਵਿਚੋਂ ਵੀਹ ਪਰਵਾਨ, ਵੀਹ ਨਿਸ਼ਾਨ ਸੋਹਣਾ ਰੰਗ ਰੰਗਾਈਆ । ਚਾਲੀਆਂ ਪੈਸਿਆਂ ਨਾਲ ਚਾਲੀਆਂ ਵਾਲੀ ਚਲਦੀ ਰਹੇ ਦੁਕਾਨ, ਚਾਲੀ ਚਾਲੀਆਂ ਵਿਚੋਂ ਲੇਖੇ ਪਾਈਆ । ਬੀਸ ਚਾਲੀ ਇਕ ਫ਼ਰਮਾਣ, ਇਕ ਤੋਂ ਦੋ ਨਜ਼ਰੀ ਆਈਆ । ਲਹਿਣਾ ਅੱਜ ਮੁੱਕੇ ਜਹਾਨ, ਬਾਕੀ ਫੇਰ ਰਹੇ ਨਾ ਰਾਈਆ । ਸੰਗੀ ਸਾਥੀ ਸਾਰੇ ਮਿਲ ਕੇ ਖਾਣ, ਖ਼ੁਸ਼ੀਆਂ ਰੰਗ ਵਖਾਈਆ । ਰਵਦਾਸ ਕਿਹਾ ਸ੍ਰੀ ਭਗਵਾਨ, ਤੇਰੀ ਬੇਪਰਵਾਹੀਆ । ਕੀ ਇਹਦਾ ਪੱਕੂ ਪਕਵਾਨ, ਕਿਸ ਤਰ੍ਹਾ ਵੰਡ ਵੰਡਾਈਆ । ਸ਼ਹਿਨਸ਼ਾਹ ਕਹੇ ਮੈਥੋਂ ਵੱਡਾ ਕਿਸੇ ਦਾ ਨਹੀਂ ਪੀਣ ਖਾਣ, ਦੇਵਣ ਵਾਲਾ ਨਜ਼ਰ ਕੋਈ ਨਾ ਆਈਆ । ਜਿਸ ਉਤੇ ਹੋਵਾਂ ਮਿਹਰਵਾਨ, ਮਿਹਰ ਨਜ਼ਰ ਦਿਆਂ ਟਿਕਾਈਆ । ਸੋ ਮੇਰਿਆਂ ਭਗਤਾਂ ਸੇਵਾ ਕਰੇ ਮਹਾਨ, ਭੇਟਾ ਕੜਾਹ ਪ੍ਰਸ਼ਾਦਿ ਚੜ੍ਹਾਈਆ । ਜਿਸ ਪ੍ਰਸ਼ਾਦਿ ਵਿਚੋਂ ਪ੍ਰਸ਼ਾਦੀ ਮਿਲੇ ਆਣ, ਬ੍ਰਹਮ ਬ੍ਰਹਮਾਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਸੁਹੰਜਣਾ ਵੇਲਾ, ਘੁਮਿਆਰ ਲਏ ਅੰਗੜਾਈਆ । ਜਗਤ ਜਹਾਨੋ ਹੋ ਕੇ ਵੇਹਲਾ, ਸ਼ਬਦੀ ਫੇਰਾ ਪਾਈਆ । ਮੈਂ ਕੁਛ ਆਪਣੇ ਬੰਸ ਨੂੰ ਕਹਿਣਾ, ਕਹਿ ਕੇ ਦੇਵਾਂ ਸਮਝਾਈਆ । ਜਿਸ ਦੇ ਪਿਛੇ ਤੁਹਾਨੂੰ ਮਿਲਿਆ ਲਹਿਣਾ, ਪ੍ਰਭ ਦਰ ਮਿਲੀ ਵਡਿਆਈਆ । ਮੇਰੀ ਦੋਹਰ ਦਾ ਵਿਛੋੜਾ ਕਿਸੇ ਨਹੀਂ ਰਹਿਣਾ, ਸਚ ਸੱਚ ਦਿਆਂ ਜਣਾਈਆ । ਜਿਸ ਉਤੇ ਸ੍ਰੀ ਭਗਵਾਨ ਬਹਿਣਾ, ਸੋਹਣਾ ਆਸਣ ਲਾਈਆ । ਜੇ ਮੈਂ ਨਹੀਂ ਰਿਹਾ ਹੋਰ ਕਿਸੇ ਵੀ ਨਹੀਂ ਰਹਿਣਾ, ਸਭ ਨੇ ਔਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣ ਵਾਲਾ ਵਡਿਆਈਆ । ਘੁਮਿਆਰ ਕਹੇ ਮੈਂ ਆਇਆ ਘੁੰਮਦਾ, ਸੋਹਣਾ ਚੱਕਰ ਲਗਾਈਆ । ਮੈਨੂੰ ਯਾਦ ਆਇਆ ਲੇਖਾ ਪਿਛਲਾ ਗੁਣ ਦਾ, ਜੋ ਮਿਹਰਵਾਨ ਦਇਆ ਕਮਾਈਆ । ਮੇਰੇ ਬੰਸ ਵਿਚੋਂ ਕਿਸ਼ਨ ਸਿੰਘ ਵਕੀਲ ਸਿੰਘ ਅਛਰ ਸਿੰਘ ਜੇ ਹੋਵੇ ਸੁਣਦਾ, ਵੱਡਿਆਂ ਛੋਟਿਆਂ ਨਾਲ ਰਲਾਈਆ । ਵੇਖੋ ਕੀਮਤ ਚੁਕਾਵੇ ਮੁਲ ਦਾ, ਅਨਮੁਲ ਵਸਤ ਵਰਤਾਈਆ । ਜੇ ਮੈਂ ਵੱਡਾ ਨਾ ਹੁੰਦਾ ਇਸ ਕੁਲ ਦਾ, ਰਵਦਾਸ ਚਮਿਆਰ ਨਾ ਦੇਦਾਂ ਗਵਾਹੀਆ । ਪੰਜਾਂ ਦਾ ਪਰਵਾਰ ਨਾ ਏਨਾਂ ਫੁਲਦਾ, ਫੁਲਵਾੜੀ ਵਿਚ ਮਾਲੀ ਕਦੇ ਨਾ ਆਈਆ । ਗ਼ਰੀਬਾਂ ਪਿਛੇ ਗਹਿਰ ਗੰਭੀਰ ਕਦੇ ਨਾ ਰੁਲਦਾ, ਸਚਖੰਡ ਦਵਾਰ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਕਿਸ਼ਨ ਸਿੰਘ ਰੱਖ ਯਾਦ, ਫੇਰ ਦਿਆਂ ਸਮਝਾਈਆ । ਜਿਸ ਵੇਲੇ ਪ੍ਰਭੂ ਦੇ ਆਖੇ ਮੈਨੂੰ ਮਾਰੀ ਸੀ ਆਵਾਜ਼, ਆਪਣਾ ਜ਼ੋਰ ਲਗਾਈਆ । ਪ੍ਰਭ ਨੇ ਉਸੇ ਵੇਲੇ ਮੇਰਾ ਖੋਲ੍ਹ ਦਿਤਾ ਰਾਜ਼, ਰਵਦਾਸ ਵੇਲੇ ਦਾ ਚੇਤਾ ਦਿਤਾ ਕਰਾਈਆ । ਇਹ ਕੋਈ ਕੰਮ ਖਾਸ, ਜਿਸ ਦੇ ਪਿਛੇ ਫਿਰੇ ਬੇਪਰਵਾਹੀਆ । ਉਹ ਦੂਜੇ ਜਨਮ ਦੀ ਦੂਜੀ ਮਾਰੇ ਆਵਾਜ਼, ਪਿਛਲਾ ਲੇਖ ਮੁਕਾਈਆ । ਆਪਣੇ ਸਿਰੋ ਲਾਹ ਕੇ ਤਾਜ, ਗੁਰਸਿਖਾਂ ਸਿਰ ਪਹਿਨਾਈਆ । ਮੈਂ ਇਕੋ ਮੰਗ ਮੰਗਾਂ ਬਣ ਮੁਹਤਾਜ, ਸਭ ਪਰਵਾਰ ਅੱਗੇ ਝੋਲੀ ਡਾਹੀਆ । ਜਿਸ ਰੱਖੀ ਸਾਡੀ ਲਾਜ, ਓਸ ਦਾ ਸੰਗ ਲੈਣਾ ਰਖਾਈਆ । ਮੈਂ ਸਚ ਦੱਸਾਂ ਬਾਤ, ਤੁਹਾਨੂੰ ਦਿਆਂ ਸਮਝਾਈਆ ।

ਜਿਸ ਵੇਲੇ ਤੇਈ ਮਾਘ ਦੀ ਆਈ ਰਾਤ, ਘੜੀ ਅਠ ਦਸ ਵਜਾਈਆ । ਹੌਲੀ ਹੌਲੀ ਚੱਲ ਕੇ ਆਇਆ ਮੇਰੇ ਪਾਸ, ਬੈਠ ਸਰਹਾਣੇ ਖ਼ੁਸ਼ੀ ਮਨਾਈਆ । ਤਿੰਨ ਵਾਰ ਬੈਟਰੀ ਨਾਲ ਮਾਰ ਕੇ ਲਾਟ, ਮੇਰੀ ਲਲਾਟ ਵਿਚ ਕੀਤੀ ਰੁਸ਼ਨਾਈਆ । ਮੇਰੀਆਂ ਅੱਖਾਂ ਵਲ ਅੱਖਾਂ ਨਾਲ ਝਾਕ, ਆਖਰ ਆਪਣਾ ਰੰਗ ਵਖਾਈਆ । ਜਿਸ ਵੇਲੇ ਮੈਨੂੰ ਪੁੱਛੇ ਵਾਤ, ਹੌਲੀ ਜਿਹੀ ਤਿੰਨ ਵਾਰ ਹੌਲੀ ਜਿਹੀ ਊਂਹ ਕਰ ਸੁਣਾਈਆ । ਓਸੇ ਵੇਲੇ ਮੇਰੇ ਲਈ ਜਾ ਕੇ ਘਲਿਆ ਸੋਹਣਾ ਰਾਥ, ਘੋੜਾ ਵੱਡਾ ਦਏ ਵਖਾਈਆ । ਕਿਉਂ, ਮੇਰੀ ਘੋੜੀ ਤੇ ਚੜ੍ਹਿਆ ਮਾਰ ਪਲਾਕ, ਓਸ ਦੇ ਬਦਲੇ ਮੈਨੂੰ ਦਿਤਾ ਚੜ੍ਹਾਈਆ । ਨਾਲੇ ਕਰਕੇ ਪੂਰਾ ਵਾਕ, ਆਪਣਾ ਖੇਲ ਵਖਾਈਆ । ਮੈਨੂੰ ਜਾਣ ਲੱਗੇ ਨੂੰ ਚੇਤਾ ਆਇਆ ਤਮਾਕੂ ਨਹੀਂ ਸਾਥ, ਹੱਥ ਡੱਬ ਉਤੇ ਟਿਕਾਈਆ । ਓਨੇ ਚਿਰ ਨੂੰ ਮੇਰੇ ਨਿਕਲ ਗਏ ਸਾਸ, ਸਾਥ ਬਣਿਆ ਬੇਪਰਵਾਹੀਆ । ਅੱਗੇ ਵੇਖਿਆ ਖੇਲ ਤਮਾਸ਼, ਸੋਹਣਾ ਰੰਗ ਨਜ਼ਰੀ ਆਈਆ । ਨੱਚਣ ਕੁੱਦਣ ਟੱਪਣ ਪਰੀਆਂ ਕਰਨ ਨਾਚ, ਮੈਂ ਵੇਖਾਂ ਅਧਵਿਚਕਾਰ ਬੈਠਾ ਚਾਈਂ ਚਾਈਆ । ਓਨੇ ਚਿਰ ਨੂੰ ਪ੍ਰਭ ਨੇ ਵਿਚੋਂ ਸਮਝ ਲਿਆ ਰਾਜ਼, ਮੋਹਣੀ ਰੂਪ ਹੋ ਕੇ ਮੋਹਣੀਆਂ ਵਿਚ ਲੁਭਾਈਆ । ਛੋਟੇ ਬੱਚੇ ਪਿਛਲੇ ਜਨਮ ਦੇ ਲਾਲੋ ਦੂਜੇ ਜਨਮ ਦੇ ਕਿਸ਼ਨ ਸਿੰਘ ਨੂੰ ਸੁਣਾਈ ਆਵਾਜ਼, ਸੁਰਤੀ ਸੁਰਤ ਵਿਚੋਂ ਬਦਲਾਈਆ । ਹਰਿਸੰਗਤ ਵਿਚ ਸੱਦ ਕੇ ਰੱਖ ਚਰਨਾਂ ਪਾਸ, ਮਸਤਕ ਧੂੜੀ ਟਿੱਕਾ ਦਿਤਾ ਲਾਈਆ । ਪਿਠ ਤੇ ਰੱਖ ਕੇ ਹਾਥ, ਠੋਕਰ ਠੋਕ ਠੋਕ ਦਿਤਾ ਸਮਝਾਈਆ । ਹੁਣ ਚੜ੍ਹ ਜਾ ਉਤੇ ਅਕਾਸ਼, ਪਰਕਾਸ਼ ਵਿਚ ਸਮਾਈਆ । ਮੈਂ ਕਿਹਾ ਮੈਨੂੰ ਫਿਰ ਵੀ ਕਰੇਂਗਾ ਯਾਦ, ਆਪਣੇ ਕੋਲ ਬਹਾਈਆ । ਉਸ ਵੇਲੇ ਕਹਿਣਾ ਪਿਆ ਤੇਰਾ ਦੇਵਾਂ ਸਾਥ, ਸੋਹਣਾ ਸੰਗ ਨਿਭਾਈਆ । ਜੇ ਸਚ ਪੁੱਛੋ ਜਿਹੜੀ ਇਸ ਨੇ ਰਾਤ ਖਾਦੀ ਭਾਤ, ਓਸ ਵਿਚੋਂ ਥੋੜਾ ਜਿਹਾ ਹਿੱਸਾ ਸਾਨੂੰ ਦਿਤਾ ਪੁਚਾਈਆ । ਅਸੀਂ ਚਲਦੇ ਰਹੇ ਸਾਰੀ ਰਾਤ, ਖ਼ੁਸ਼ੀਆਂ ਪੰਧ ਮੁਕਾਈਆ । ਮੇਰੇ ਨਾਲ ਵੇਖੋ ਗੁਰਮੁਖ ਗੁਰਸਿਖ ਸਾਰੇ ਓਥੋਂ ਆਈ ਬਣ ਜਮਾਤ, ਸੋਹਣਾ ਜੋੜ ਜੁੜਾਈਆ । ਇਹਨਾਂ ਸਾਰਿਆਂ ਦੀ ਖਾਹਿਸ਼, ਰੱਜ ਬ੍ਰਾਹਮਣ ਦਾ ਭੋਜਨ ਖਾਈਆ । ਜੇ ਘਰ ਦੇ ਪੁੱਛਣ ਸਾਡੀ ਵਾਤ, ਅਸੀਂ ਖੇਲ ਵੇਖੀਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਖਿਲਾਈਆ । ਘੁਮਿਆਰ ਕਹੇ ਮੈਨੂੰ ਤੇਰੀ ਤਾਂਘ, ਤੇਰਾ ਧਿਆਨ ਲਗਾਈਆ । ਜੇ ਕੋਈ ਮੈਨੂੰ ਰੋਕੇ ਮੈਂ ਫੜ ਲਵਾਂ ਡਾਂਗ, ਚੌਧਰੀ ਸਾਰਿਆਂ ਨੂੰ ਦਏ ਡਰਾਈਆ । ਮੇਰੀ ਪੈਂਦੀ ਸੀ ਕਦੇ ਧਾਂਗ, ਜੋੜਿਆਂ ਸਿਰ ਹਿਲਾਈਆ । ਕਦੇ ਦੇਦਾਂ ਸਾ ਕੁਕੜ ਬਣ ਕੇ ਬਾਂਗ, ਸੰਤਾਂ ਸੁਤਿਆਂ ਦੇਵਾਂ ਉਠਾਈਆ । ਜੇ ਅਜ ਸਵਾਗੀ ਬਣ ਕੇ ਰਚਿਆ ਸਵਾਂਗ, ਸੋਹਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਓਧਰ ਬ੍ਰਾਹਮਣ ਰਿਹਾ ਸੋਚ, ਅੰਦਰੇ ਅੰਦਰ ਧਿਆਨ ਲਗਾਈਆ । ਅੱਗੇ ਵਸਤ ਖਾਣ ਪੀਣ ਦੀ ਮੌਜ, ਹੁਣ ਵਾਰੀ ਦੇਣ ਦੀ ਆਈਆ । ਮੈਂ ਕਿਥੋਂ ਖੋਜਿਆ ਖੋਜ, ਪਿਛਲਾ ਚੇਤਾ ਰਿਹਾ ਕਰਾਈਆ । ਪਰਦਾ ਲਾਹ ਕੇ ਗੋਝ, ਮੇਰੀ ਕਰਨੀ ਰਿਹਾ ਸਮਝਾਈਆ । ਅੱਜ ਮੈਨੂੰ ਕਿਸੇ ਨਹੀਂ ਦੇਣੀ ਮੋਖ, ਮੇਰੇ ਪੱਲੇ ਖਾਲੀ ਦੇਣ ਕਰਾਈਆ । ਫਿਰ ਬ੍ਰਾਹਮਣੀ ਦੀ ਟਿਕਾਣੇ ਆਊ ਹੋਸ਼, ਨੱਥ ਵੇਚ ਕੇ ਘਾਟਾ ਪੂਰ ਕਰਾਈਆ । ਕੀ ਕਹਿਣਗੇ ਲੋਕ, ਦੋਵੇਂ ਹੋਏ ਸ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਉਠੇ ਪੰਜ, ਚਾਰ ਕਹਾਰ ਪੰਜਵਾਂ ਮਿੱਤਰ ਨਜ਼ਰੀ ਆਈਆ ।


੫੭੬
੧੯

ਸਾਨੂੰ ਬ੍ਰਾਹਮਣ ਉਤੇ ਅਜੇ ਰੰਜ, ਗੁੱਸਾ ਅਜੇ ਨਿਕਲ ਨਾ ਜਾਈਆ । ਜੀ ਕਰਦਾ ਪਹਿਲੋਂ ਇਹਦਾ ਭੰਨੀਏ ਗੰਜ, ਠੋਕਰ ਸੀਸ ਲਗਾਈਆ । ਚੌਥਾ ਕਹੇ ਉਹ ਸਾਡੀ ਤਤ ਵਿਚੋਂ ਕੱਢੋ ਲੰਬੇ ਲੰਬੇ ਵੰਝ, ਮੈ ਵੀ ਮੋਟਾ ਤਾਜਾ ਨਜ਼ਰੀ ਆਈਆ । ਵੇਖੋ ਫਿਰ ਕਿਵੇਂ ਖੋਲ੍ਹਦਾ ਗੰਢ, ਬਾਕੀ ਬਚੇ ਵੀ ਨਾਲ ਰਖਾਈਆ । ਸਾਨੂੰ ਫਿਰ ਪਊਗੀ ਠੰਡ, ਜਿਸ ਵੇਲੇ ਕਹੇ ਛੱਡੋ ਮੇਰੇ ਭਾਈਆ । ਮੈਂ ਮੁੜਕੇ ਨਹੀਂ ਕਰਦਾ ਪਖੰਡ, ਪਖੰਡੀ ਰੂਪ ਨਾ ਕੋਈ ਵਟਾਈਆ । ਨਾਲੇ ਰੋਵੇ ਨਾਲੇ ਪਾਵੇ ਡੰਡ, ਹੌਕੇ ਲੈ ਸੁਣਾਈਆ । ਦੂਜਾ ਕਹੇ ਜੇ ਇਸ ਨੂੰ ਆਵੇ ਖੰਘ, ਇਹਦੀ ਸੰਘੀ ਦਿਓ ਦਬਾਈਆ । ਤੀਜਾ ਕਹੇ ਜੇ ਸਾਡੇ ਸਾਮ੍ਹਣੇ ਬਹੇ ਉਤੇ ਪਲੰਘ, ਏਹਨੂੰ ਥੱਲੇ ਦੇਓ ਲਾਹੀਆ । ਚੌਥਾ ਕਹੇ ਜੇ ਭੁੱਲ ਜਾਏ ਮੰਨ, ਬਖ਼ਸ਼ਸ਼ ਦਿਓ ਕਰਾਈਆ । ਪੰਜਵਾਂ ਕਹੇ ਚੋਰ ਕਦੀ ਨਾ ਛੱਡੋ ਫੜਿਆ ਸੰਨ, ਮੁਲਜਮ ਲਓ ਬਣਾਈਆ । ਜਿੰਨਾਂ ਚਿਰ ਕੱਢ ਕੇ ਨਾ ਦੇਵੇ ਜਨਮ ਦਾ ਲੁੱਟਿਆ ਧੰਨ, ਪ੍ਰਭ ਅੱਗੇ ਡੇਰਾ ਲਾਈਆ । ਓਨਾਂ ਚਿਰ ਇਹਦੇ ਪਕੜੇ ਛੱਡੋ ਨਾ ਕੰਨ, ਹੌਲੀ ਹੌਲੀ ਦਿਓ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦਏ ਮੁਕਾਈਆ । ਬ੍ਰਾਹਮਣ ਕਹੇ ਮੈਨੂੰ ਪੈਂਦੀ ਦਿਸਦੀ ਬਿਪਤਾ, ਸੱਜਣ ਨਜ਼ਰ ਕੋਈ ਨਾ ਆਈਆ । ਓਸ ਵੇਲੇ ਪਤਾ ਨਹੀਂ ਇਸ ਕਿਹੜੇ ਵੇਲੇ ਕੀਤੀ ਲਿਖਤਾ, ਰਵਦਾਸ ਦਿਤਾ ਸਮਝਾਈਆ । ਮੇਰਾ ਰੂਪ ਬਣਾਇਆ ਸਿਖ ਦਾ, ਮੇਰਾ ਗੁਨਾਹ ਰਿਹਾ ਨਾ ਰਾਈਆ । ਤੇਈ ਮਾਘ ਮੈਨੂੰ ਭਾਤ ਉਤੇ ਨਹੀਂ ਦਿਸਿਆ ਪਿਸਤਾ, ਮੇਰਾ ਮਨ ਫੇਰ ਲਲਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਕਢਾਈਆ । ਏਧਰੋਂ ਘੁਮਿਆਰ ਫੜ ਕੇ ਸੋਟਾ, ਡੰਡਾ ਬੇਰੀ ਰਿਹਾ ਉਠਾਈਆ । ਢਾਈ ਗਜ ਦੁਪੱਟੇ ਦਾ ਬੰਨ ਲੰਗੋਟਾ, ਸਾਂਭ ਸੂਤ ਲੱਕ ਰਖਾਈਆ । ਬ੍ਰਾਹਮਣ ਰਹਿਣ ਨਹੀਂ ਦੇਣਾ ਖੋਟਾ, ਖੋਟੀ ਮਤ ਕਢਾਈਆ । ਮੈਂ ਵੇਖਕੇ ਆਇਆ ਉਪਰ ਚੌਦਾਂ ਲੋਕਾ, ਜਿਸ ਘਰ ਵਸੇ ਬੇਪਰਵਾਹੀਆ । ਓਹਨੂੰ ਮਿਲਣਾ ਨਹੀਂ ਸੌਖਾ, ਲੱਭਿਆ ਹੱਥ ਕਿਸੇ ਨਾ ਆਈਆ । ਜੇ ਓਸ ਵੇਲੇ ਤੇਈ ਮਾਘ ਪਕਵਾਨ ਵਾਲਾ ਹੱਥ ਔਦਾ ਖੌਂਚਾ, ਮੈਂ ਪੰਡਤ ਦੇ ਸਿਰ ਵਿਚ ਮਾਰਨਾ ਸੀ ਚਾਈਂ ਚਾਈਂਆ । ਫੇਰ ਮੈਨੂੰ ਪਤਾ ਲੱਗਾ ਉਹਦਾ ਪ੍ਰਭ ਦੇ ਹੱਥ ਪੌਚਾ, ਹੱਥ ਨਾਲ ਹੱਥ ਮਿਲਾਈਆ । ਮੈਂ ਮੁੜ ਆਇਆ ਜਾ ਕੇ ਕੋਲ ਚੌਕਾ, ਆਪਣਾ ਮੁਖ ਭਵਾਈਆ । ਜੇ ਬ੍ਰਾਹਮਣ ਮਰ ਗਿਆ ਮੈਨੂੰ ਬ੍ਰਾਹਮਣੀ ਨਾ ਕਹੇ ਔਤਾ, ਔਤਰ ਜਾਏ ਮੇਰਾ ਘਰ ਦਿਤਾ ਡੁਬਾਈਆ । ਜੇ ਵੇਖਿਆ ਮੇਰਾ ਪਰਵਾਰ ਬਹੁਤਾ, ਵੱਡਾ ਘਰਾਨਾ ਨਜ਼ਰੀ ਆਈਆ । ਮੈਂ ਏਸੇ ਕਰਕੇ ਫੇਰ ਦੇਣ ਆਇਆ ਹੋਕਾ, ਸਭ ਨੂੰ ਰਿਹਾ ਸੁਣਾਈਆ । ਜੇ ਆਖੋ ਭਗਵਾਨ ਕੋਲੋਂ ਤੁਹਾਡੇ ਘਰ ਲੁਆ ਦਿਆ ਟੋਕਾ, ਪੱਠੇ ਦਿਆਂ ਕੁਤਰਾਈਆ । ਜੇ ਮਾੜਾ ਦਿਸੇ ਕੋਠਾ, ਨਵਾਂ ਦਿਆਂ ਬਣਵਾਈਆ । ਜੇ ਕੋਈ ਕਪੜਾ ਨਹੀਂ ਸੂਸਾ, ਸੋਹਣੇ ਬਸਤਰ ਦਿਆਂ ਸਵਾਈਆ । ਇਕ ਦੁੱਖ ਤੁਸਾਂ ਮੇਰਾ ਹੁੱਕਾ ਰੋਕਾ, ਇਸ ਹੁੱਕੇ ਪਿਛੇ ਤੁਹਾਨੂੰ ਮਿਲੀ ਵਡਿਆਈਆ । ਮੇਰੇ ਯਾਰ ਕੋਲ ਤਮਾਕੂ ਬਹੁਤਾ, ਵੇਖ ਵੇਖ ਕੇ ਖ਼ੁਸ਼ੀ ਮਨਾਈਆ । ਓਹ ਮੈਨੂੰ ਹੋਣ ਨਹੀਂ ਦੇਦਾ ਔਖਾ, ਔਖਿਆਂ ਸੌਖਿਆਂ ਕਰ ਵਖਾਈਆ । ਬੱਚਿਆਂ ਨਾਲੋਂ ਲਾਡ ਕਰੇ ਬਹੁਤਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੈਨੂੰ ਸਭ ਕੁਛ ਰਿਹਾ ਵਖਾਈਆ । ਅਜ ਮੈਂ ਵੇਖਣੇ ਉਹ ਬਲਾਕ ਤਿੰਨ, ਜਿਹੜੇ ਹੱਥ ਨਾਲ ਜੁੜਾਈਆ । ਜਿਨ੍ਹਾਂ ਨੂੰ ਸਵੇਰੇ ਉਠਕੇ ਬ੍ਰਾਹਮਣੀ ਲੈਂਦੀ ਗਿਣ, ਕੋਈ ਟੁੱਟ ਕੇ ਸਵੇਰੇ ਮੰਜੀ ਉਤੇ ਰਹਿ ਨਾ ਜਾਈਆ ।

ਕੋਈ ਮੈਨੂੰ ਨਾ ਲੈ ਜਾਏ ਲੁਟ ਪੁਟ ਕੇ, ਮੇਰਾ ਝੁਗਾ ਚੌੜ ਕਰਾਈਆ । ਜਿਸ ਵੇਲੇ ਬ੍ਰਾਹਮਣ ਲੜੇ ਮੈਂ ਪੇਕੇ ਜਾਊਂ ਰੁੱਸ ਕੇ, ਓਸ ਵੇਲੇ ਨੱਕ ਵਿਚ ਲਵਾਂ ਲਟਕਾਈਆ । ਘਰੋਂ ਨਿਕਲੂੰ ਹੌਲੀ ਚੁਪਕੇ, ਚੋਰੀ ਚੋਰੀ ਜਾਈਆ । ਜਿਹੜੇ ਮੇਰੀ ਮਾਂ ਨੇ ਪਾਏ ਝੁਮਕੇ, ਉਹ ਵੀ ਬਗਲ ਵਿਚ ਟਿਕਾਈਆ । ਜਿਹੜੀਆਂ ਪਤਰੀਆਂ ਆਦੀਆਂ ਲੁੱਟ ਕੇ, ਚਾਂਦੀ ਤੋਲ ਇਕੀ ਤੋਲੇ ਸਮਝਾਈਆ । ਮੈਂ ਉਹ ਵੀ ਨਹੀਂ ਜਾਣਾ ਪਿਛੇ ਸੁੱਟ ਕੇ, ਸੰਭਾਲ ਸੂਤ ਆਪਣੀ ਝੋਲੀ ਪਾਈਆ । ਜਿਸ ਵੇਲੇ ਘਰੋਂ ਗਈ ਉਠ ਕੇ, ਘਰ ਦੀ ਕਰ ਜਾਊਂ ਸਫਾਈਆ । ਮਾਪਿਆਂ ਕੋਲੋਂ ਪੁਛ ਕੇ, ਮਹੀਨੇ ਛੇ ਉਹਨਾਂ ਘਰ ਝੱਟ ਲੰਘਾਈਆ । ਫੇਰ ਬ੍ਰਾਹਮਣ ਚੋਰੀ ਚੋਰੀ ਮੇਰੇ ਕੋਲ ਆਊ ਲੁਕ ਕੇ, ਦੋਹਾਂ ਅੱਖਾਂ ਵਿਚੋਂ ਨੀਰ ਵਹਾਈਆ । ਚਲ ਮੈਂ ਤੇਰੀ ਗਠੜੀ ਲੈ ਜਾਵਾਂ ਚੁੱਕ ਕੇ, ਕਿਉਂ ਬੈਠੀ ਘਰ ਭੁਲਾਈਆ । ਤੂੰ ਕਮਲੀਏ ਮੈਨੂੰ ਤੇ ਔਦੀ ਪੁੱਛ ਕੇ, ਕਿਉਂ ਪਿਛਾ ਦੇ ਕੇ ਪੱਲੂ ਆਈ ਛੁਡਾਈਆ । ਮੇਰੇ ਤਾਅ ਮੱਠੇ ਕੀਤੇ ਮੁੱਛ ਦੇ, ਆਕੜ ਰਹੀ ਨਾ ਰਾਈਆ । ਬ੍ਰਾਹਮਣੀ ਕਹਿੰਦੀ ਹੁਣ ਬਚਨ ਨਹੀਂ ਲੁੱਕਦੇ, ਤੈਨੂੰ ਸਚ ਦਿਆਂ ਸਮਝਾਈਆ । ਸਾਡੇ ਸ਼ੌਕ ਪੂਰੇ ਕੌਣ ਕਰੇ ਪੁੱਤ ਦੇ, ਪੁੱਤਰ ਗੋਦ ਨਾ ਕੋਈ ਸੁਹਾਈਆ । ਮੇਰੇ ਅੰਦਰੋਂ ਉਬਾਲੇ ਉਠ ਦੇ, ਅਗਨ ਵਾਂਗ ਤਪਾਈਆ । ਤੂੰ ਵੇਖ ਤੇ ਸਹੀ ਉਹਨੂੰ ਪੁੱਛੇ ਕੇ, ਕਿਉਂ ਖਾਲੀ ਝੋਲੀ ਰਖਾਈਆ । ਓਧਰੋਂ ਰਵਦਾਸ ਆਇਆ ਉਠ ਕੇ, ਪਹਿਲਾ ਚੇਤਾ ਯਾਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਚਾਰ ਕਹਾਰ ਹੋਏ ਤਕੜੇ, ਪੰਜਵੇ ਨਾਲ ਰਲਾਈਆ । ਅੱਗੇ ਹੋ ਕੇ ਲੈਣ ਖ਼ਬਰੇ, ਆਪਣਾ ਬਲ ਧਰਾਈਆ । ਦੱਸੋ ਪੰਡਤ ਜੀ ਹੁਣ ਕਿਸ ਤਰ੍ਹਾ ਬਣੋਗੇ ਮਕਰੇ, ਫਰੇਬਾਂ ਨਾਲ ਪ੍ਰਚਾਈਆ । ਅਸੀਂ ਅਕੱਠੇ ਹੋਏ ਸਣੇ ਟੱਬਰੇ, ਵੱਡਾ ਜੋੜ ਜੁੜਾਈਆ । ਥੱਕ ਗਏ ਤੈਨੂੰ ਲੱਭਦੇ ਲੱਭਦੇ, ਹੁਣ ਹੱਥ ਅਸਾਡੇ ਆਈਆ । ਛੇਤੀ ਦੱਸਦੇ ਝੱਬ ਦੇ, ਕਿਸ ਵੇਲੇ ਧਰ ਲਈਏ ਕੜਾਹੀਆ । ਜਿਹੜੇ ਵੀਹ ਰੁਪਈਏ ਤੇਰੇ ਅੱਧ ਦੇ, ਉਹ ਅੱਧੇ ਸਾਡਾ ਹਿੱਸਾ ਨਜ਼ਰੀ ਆਈਆ । ਪੰਜ ਚੇਤ ਨੂੰ ਤੈਨੂੰ ਫੇਰ ਸੱਦ ਦੇ, ਚਾਰ ਚਾਰ ਪੰਜਾਂ ਹੱਥ ਫੜਾਈਆ । ਫੇਰ ਵੇਖੀਂ ਦੀਪਕ ਜਗਦੇ, ਘਰ ਸੱਚੇ ਹੋਏ ਰੁਸ਼ਨਾਈਆ । ਇਹ ਲੇਖੇ ਨਹੀਂ ਅੱਜ ਦੇ, ਰਵਦਾਸ ਦਏ ਗਵਾਹੀਆ । ਬੇਸ਼ਕ ਅਸੀਂ ਕੰਨਿਆਂ ਰੂਪ ਹੋ ਗਏ ਫਿਰ ਵੀ ਨਹੀਂ ਭੱਜਦੇ, ਸੋਹਣਾ ਬੈਠੇ ਜੋੜ ਜੁੜਾਈਆ । ਤੈਨੂੰ ਸੱਚੀ ਸੱਚੀ ਦੱਸਦੇ, ਆਪਣਾ ਹਾਲ ਸੁਣਾਈਆ । ਅਸੀਂ ਉਦੋਂ ਦੇ ਅੱਠੇ ਪਹਿਰ ਪ੍ਰਭ ਨਾਲ ਵਸਦੇ, ਰਵਦਾਸ ਚਮਿਆਰ ਸਾਡੀਆਂ ਫੜ ਫੜ ਰੱਖੇ ਬਾਂਹੀਆ । ਲੋਕੀ ਸੌਂਦੇ ਤੇ ਅਸੀਂ ਹੱਸਦੇ, ਹੱਸਦਿਆਂ ਵਿਚੋ ਹਸਤੀ ਇਕੋ ਨਜ਼ਰੀ ਆਈਆ । ਜਿਸ ਦੇ ਚਰਨ ਕਵਲਾਂ ਵਿਚ ਵਸਦੇ, ਸੋਹਣੀ ਸੇਵ ਕਮਾਈਆ । ਹੁਣ ਵੇਖੀਏ ਤੇਰੇ ਭੱਠ ਤਪਦੇ, ਕੜਾਹੀ ਕਿਹੜੀ ਲਏਂ ਚੜ੍ਹਾਈਆ । ਪਹਿਲੋਂ ਮੈਨੂੰ ਦਰਸ਼ਨ ਕਰਾਂ ਹੁਣ ਨਾਲ ਅੱਖ ਦੇ, ਤੇਰੇ ਕੋਲੋਂ ਮੰਗਾਂ ਸਫਾਈਆ । ਉਹ ਸਾਡੇ ਪੈਸੇ ਹੱਕ ਦੇ, ਜੋ ਲੁੱਟ ਕੇ ਘਰ ਦਏ ਪੁਚਾਈਆ । ਫਿਰ ਵੀ ਐਨਿਆਂ ਚਿਰਾਂ ਪਿਛੋਂ ਓਨੇ ਹੀ ਮੰਗਦੇ, ਵਾਧਾ ਲਾਇਆ ਕੋਈ ਨਾ ਰਾਈਆ । ਇਹ ਵੀ ਪ੍ਰਭ ਚਰਨਾਂ ਵਿਚ ਰੱਖਦੇ, ਤੈਨੂੰ ਸਤਿ ਸਮਝਾਈਆ । ਬ੍ਰਾਹਮਣ ਕਿਹਾ ਹੱਸਦੇ ਹੱਸਦੇ, ਆਪਣੀ ਖ਼ੁਸ਼ੀ ਵਖਾਈਆ । ਹੁਣ ਵੇਖੋ ਅਸੀਂ ਅਕੱਠੇ ਕਿਸ ਤਰ੍ਹਾ ਵਸਦੇ, ਪ੍ਰਭ ਸੋਹਣੀ ਖੇਲ ਰਚਾਈਆ । ਗੀਤ ਗੌਂਦੇ ਉਹਦੇ ਜਸ ਦੇ, ਸੋਹਣਾ ਨਾਦ ਸੁਣਾਈਆ । ਸਾਰੇ ਅਕੱਠੇ ਹੋ ਕੇ ਪ੍ਰੇਮ ਪ੍ਰੀਤੀ ਵਿਚ ਫਸਦੇ, ਪੱਲਾ ਸਕੇ ਨਾ ਕੋਈ ਛੁਡਾਈਆ । ਰਵਦਾਸ

ਗੁਰਮੁਖ ਸਿੰਘ ਰੂਪ ਆਇਆ ਬਣਕੇ, ਸੋਹਣੀ ਸੇਵ ਕਮਾਈਆ । ਬ੍ਰਾਹਮਣ ਤਾਰਾ ਸਿੰਘ ਘੱਲਿਆਂ ਮਾਂ ਜਣਕੇ, ਪੰਜ ਤਤ ਦਿਤੀ ਵਡਿਆਈਆ । ਓਧਰੋਂ ਗੋਤਮ ਆਇਆ ਗਿਰਧਾਰਾ ਬਣ ਕੇ, ਸੋਹਣੀ ਸੇਵ ਕਮਾਈਆ । ਰੰਗੜ ਆਇਆ ਇਰਾਦਾ ਤਣ ਕੇ, ਸਿੰਘ ਬਖ਼ਸ਼ੀਸ਼ ਰੂਪ ਵਟਾਈਆ । ਅਨਾਇਤ ਯਾਰ ਆਇਆ ਗੰਡੇ ਪੱਟਕੇ, ਪਾਲ ਪ੍ਰਿਤਪਾਲ ਪੱਲੂ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਮਗਰੀ ਰਹੀ ਬਣਾਈਆ । ਸੁਣ ਬਚਨ ਰੋਵੇ ਕੜਾਹੀ, ਦੇਣ ਲੱਗੀ ਦੁਹਾਈਆ । ਮੇਰਾ ਹੱਥਾ ਵੇਖ ਮੇਰੇ ਅੰਦਰ ਤੇਰੇ ਵਰਗੀ ਛਾਹੀ, ਸਾਫ ਨੌ ਵੇਰਾ ਕਰਾਈਆ । ਮੇਰੀ ਤੇਰੇ ਅੱਗੇ ਦੁਹਾਈ, ਮੈਂ ਵਾਸਤਾ ਪਾ ਸੁਣਾਈਆ । ਪੰਜਾਂ ਨਾਲ ਲੈਣਾ ਰਲਾਈ, ਸੋਹਣਾ ਰੰਗ ਚੜ੍ਹਾਈਆ । ਮੈਨੂੰ ਲੈ ਕੇ ਸਾਫ ਧੋ ਕੇ ਪ੍ਰਭ ਚਰਨ ਦੇਣਾ ਟਿਕਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲਏ ਉਠਾਈਆ । ਕੜਾਹੀ ਕਹੇ ਮੇਰੀ ਸੁਣ ਅਰਦਾਸ, ਬ੍ਰਾਹਮਣ ਭੁੱਲ ਕਦੇ ਨਾ ਜਾਈਆ । ਜਿਸ ਵੇਲੇ ਪ੍ਰਭ ਚਰਨ ਖੜੋ ਪਾਸ, ਪਾਸਾ ਬਦਲੀ ਲੈਣੀ ਕਰਾਈਆ । ਮੈਂ ਚਰਨ ਕਵਲ ਲੱਗ ਬੁਝਾਵਾਂ ਪਿਆਸ, ਆਪਣੀ ਤ੍ਰਿਸਨਾ ਤ੍ਰਿਖਾ ਬੁਝਾਈਆ । ਪੰਜਾਂ ਕੋਲ ਪੰਜ ਗਲਾਸ, ਸੇਵਾ ਕਰਨੀ ਤੇਰੇ ਦੋਵੇਂ ਹੱਥ ਧਾਰ ਵਾਰੋ ਵਾਰੀ ਪਾਈਆ । ਓਸ ਵੇਲੇ ਰਵਦਾਸ ਨੂੰ ਨਾਲ ਚਾਹੀਦੀ ਕਲਮ ਦਵਾਤ, ਲੇਖਾ ਲਿਖੇ ਛਾਹੀਆ । ਫਿਰ ਵੇਖੋ ਬਣਦਾ ਆਬੇ ਹਯਾਤ, ਅੰਮ੍ਰਿਤ ਵਿਚੋਂ ਅੰਮ੍ਰਿਤ ਨਜ਼ਰੀ ਆਈਆ । ਉਸ ਨੂੰ ਪੀ ਕੇ ਸਾਰੇ ਹੋ ਜਾਣ ਲਾਜਵਾਬ, ਮੇਰਾ ਦੁੱਖ ਰਹੇ ਨਾ ਰਾਈਆ । ਮੈਂ ਅੱਗ ਤੇ ਚੜ੍ਹ ਕੇ ਝੱਲਦੀ ਰਹੀ ਅਜਾਬ, ਭੱਠੀਆਂ ਉਤੇ ਦਿਤਾ ਤਪਾਈਆ । ਜਿਸ ਵੇਲੇ ਜਨ ਭਗਤ ਕਰਨ ਕੜਾਹ ਪ੍ਰਸ਼ਾਦਿ, ਤਿੰਨ ਵਸਤੂ ਦੇਣ ਮਿਲਾਈਆ । ਓਸ ਵੇਲੇ ਤਿੰਨ ਪਰਗਟ ਹੋਵਨ ਬਲਾਕ, ਜਿਹੜੇ ਬ੍ਰਾਹਮਣੀ ਨੱਥ ਸੁਹਾਈਆ । ਤੂੰ ਕਰੀਂ ਓਸ ਵੇਲੇ ਸੋਹੰ ਜਾਪ, ਆਪਣਾ ਮਾਣ ਮਿਟਾਈਆ । ਤੇਰੇ ਨਾਲ ਮੇਰਾ ਮਿਲ ਜਾਏ ਬਾਪ, ਪਤਤ ਪੁਨੀਤ ਦਏ ਕਰਾਈਆ । ਮੈਂ ਵੀ ਉਂਦੋ ਦਾ ਤੁਹਾਡਾ ਸਾਕ, ਸੱਜਣ ਪਹਿਲਾ ਨਜ਼ਰੀ ਆਈਆ । ਜੇ ਖੌਚਾ ਫਿਰੇ ਨਾਲ ਹਾਥ, ਚਾਰੋਂ ਕੁੰਟ ਭਵਾਈਆ । ਓਧਰੋਂ ਮੁੱਕੇ ਵਾਟ, ਸੇਵਾ ਕਰ ਕਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਖੌਚਾ ਕਹੇ ਮੇਰਾ ਸਾਥੀ ਰੁਮਾਲ, ਜਿਹੜਾ ਹੱਥਾਂ ਵਿਚ ਸੇਵ ਕਮਾਈਆ । ਗੁਰਮੁਖ ਜਿਸ ਵੇਲੇ ਕੜਾਹੀ ਚੁੱਕਣ ਉਹਨੂੰ ਰੱਖਣ ਨਾਲ, ਅਗਨੀ ਤਪਤ ਤੋਂ ਦਏ ਬਚਾਈਆ । ਤਿੰਨਾਂ ਮਿਲ ਕੇ ਇਕ ਦੱਸਣੀ ਬਾਤ, ਵੇਲੇ ਨਾਲ ਸੁਣਾਈਆ । ਪਤਾ ਨਹੀਂ ਅੱਜ ਦੀ ਕੋਈ ਕੱਟਣ ਦੇਵੇ ਏਥੇ ਰਾਤ, ਜੇ ਨਾ ਮੰਨਣ ਚਲੇ ਜਾਣਾ ਬਣ ਕੇ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਓਧਰੋਂ ਵੇਖੋ ਚੌਧਰੀ ਆਇਆ ਨੱਠਾ, ਖਲੜੀ ਸਾਹ ਨਾਲ ਭਰਾਈਆ । ਮੈਂ ਵੇਖਿਆ ਪਲੰਘ ਡੱਠਾ, ਮੇਰਾ ਅੰਤਰ ਖ਼ੁਸ਼ੀ ਮਨਾਈਆ । ਮੈਂ ਅਜੇ ਨਹੀਂ ਕੀਤਾ ਅੱਛਾ, ਤੈਨੂੰ ਕੱਲੇ ਨੂੰ ਦਿਆਂ ਜਣਾਈਆ । ਜਿੰਨਾਂ ਚਿਰ ਰਵਦਾਸ ਵਾਲਾ ਪਾਟਾ ਚੋਲਾ ਉਤੇ ਨਾ ਵਿਛਾ, ਸੋਹਣੀ ਸੇਜ ਸਹਾਈਆ । ਤੇਰਾ ਅੱਜੇ ਨਹੀਂ ਛੱਡਣਾ ਪਿਛਾ, ਚੌਥੀ ਰਾਤ ਚੌਥੇ ਘਰ ਨਾ ਹੋਏ ਜੁਦਾਈਆ । ਜਦੋਂ ਸਭ ਤੇ ਕਰਕੇ ਜਾਏਂ ਰਿਛਾ, ਰਿਛਕ ਤੇਰੇ ਨਾਮ ਵਡਿਆਈਆ । ਮੇਰੀ ਪਾਟੀ ਚਾਦਰ ਪਾ ਭਿਛਾ, ਜਿਹੜੀ ਗੰਢਾਂ ਨਾਲ ਜੋੜ ਜੁੜਾਈਆ । ਮੇਰੇ ਪਰਵਾਰ ਦਾ ਜ਼ਰੂਰ ਕੱਢ ਕੇ ਜਾਈਂ ਸਿਟਾ, ਚੋਟੀ ਤੇਰੇ ਹੱਥ ਨਜ਼ਰੀ ਆਈਆ । ਜੇ ਭੱਜੇਂ ਮੈਂ ਵੱਡਾ ਜਣਾ

ਤੇਰਾ ਫੜ ਲਊਂ ਗਿਟਾ, ਦੋਵੇਂ ਹੱਥ ਲਗਾਈਆ । ਆਹ ਵੇਖ ਘੁਮਿਆਰ ਵੇਲੇ ਦਾ ਚਿੱਠਾ, ਜੋ ਬੱਚਿਆਂ ਨਾਲ ਦਿਤਾ ਰਖਾਈਆ । ਹੁਣ ਕਿਉਂ ਪੈਨਾ ਫਿਕਾ, ਆਪਣਾ ਮੁਖ ਭਵਾਈਆ । ਇਹਨੂੰ ਤੂੰ ਦੱਸ ਜਾਈਂ ਤੁਹਾਡਾ ਪਿਤਾ, ਪਰਮ ਪੁਰਖ ਅਖਵਾਈਆ । ਮੈਨੂੰ ਇਕੋ ਜਿਹਾ ਵੱਡਾ ਨਿੱਕਾ, ਛੋਟੇ ਬਾਲੇ ਸਾਰੇ ਗਲੇ ਲਗਾਈਆ । ਆਪ ਬੜਾ ਸੋਹਣਾ ਬਣ ਕੇ ਬੈਠਾ ਰਹੀਂ ਚਿਟਾ, ਸਾਨੂੰ ਕੱਖਾਂ ਵਿਚ ਰੁਲਾਈਆ । ਹੁਣ ਮੈਨੂੰ ਤੇਰਾ ਦਰਬਾਰ ਦਿਸਾ, ਬਹੁਤਾ ਚੰਗਾ ਨਜ਼ਰੀ ਆਈਆ । ਜਿਸ ਵੇਲੇ ਵੇਖਿਆ ਬਿਸਤਰ ਵਿਛਾ, ਮੈਂ ਲੱਤਾਂ ਬਾਹਵਾਂ ਖਿਲਾਰਕੇ ਸੌਂ ਗਿਆ ਚਾਈਂ ਚਾਈਂਆ । ਮੈਨੂੰ ਭੁੱਲ ਗਿਆ ਪਿਛਾ, ਫੇਰ ਤੇਰੀ ਯਾਦ ਸਤਾਈਆ । ਅਜੇ ਮੈਂ ਵੀ ਬ੍ਰਾਹਮਣ ਦਾ ਖਾਣ ਔਣਾ ਹਿੱਸਾ, ਲੈ ਕੇ ਤੇਰੇ ਕੋਲੋਂ ਖਾਈਆ । ਜੇ ਨਾ ਦੇਵੇ ਜ਼ੋਰ ਵਖਾਊਂ ਹਿੱਕਾ, ਆਪਣਾ ਬਲ ਧਰਾਈਆ । ਸਾਰੀ ਰਾਤ ਸੌਣ ਨਾ ਦਊਂ ਕਰੂੰ ਜਿਚਾ, ਹੌਲੀ ਹੌਲੀ ਹਿਲਾਈਆ । ਜੇ ਮੁਕਰੇਂ ਫਿਰ ਵਖਾਉਂ ਲੇਖ ਧੁਰ ਦਾ ਲਿਖਾ, ਰਵਦਾਸ ਚਮਿਆਰ ਨਾਲ ਰਲਾਈਆ । ਰਵਦਾਸ ਨੂੰ ਕਹੂੰ ਗੁਰਮੁਖ ਸਿੰਘਾ ਤੂੰ ਮੇਰਾ ਭਰਾ ਨਿੱਕਾ, ਮੇਰੀ ਮਦਦ ਕਰਾਈਆ । ਜੇ ਇਕ ਵੇਰਾਂ ਕਾਲਾ ਪਾ ਦਏਂ ਉਤੇ ਚਿਟਾ, ਲਿਖ ਕੇ ਕਲਮ ਛਾਹੀਆ । ਮੈਂ ਬਦੋ ਬਦੀ ਵੰਡਾ ਲਵਾਂ ਹਿੱਸਾ, ਦਰਗਾਹ ਸਾਚੀ ਸਚ ਅਦਾਲਤ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਸਾਚੀ ਕਾਰ ਕਮਾਈਆ ।



ਕੜਾਹੀ ਕਹੇ ਪ੍ਰਭ ਸੁਣ ਹਾਲਤ, ਬਿਨਾਂ ਹਰਖ਼ ਸੋਗ ਸੁਣਾਈਆ । ਮੇਰੀ ਰਵਦਾਸ ਦੇਵੇ ਜ਼ਮਾਨਤ, ਜਾਮਨੀ ਕਾਗਜ਼ਾਂ ਉਤੇ ਭਰਾਈਆ । ਮੈਂ ਬਣੀ ਰਹੀ ਅਮਾਨਤ, ਦਰ ਘਰ ਡੇਰਾ ਲਾਈਆ । ਜਾਂ ਵੇਖਿਆ ਬ੍ਰਾਹਮਣ ਬਾਹਰੋਂ ਚਿਟਾ ਅੰਦਰੋਂ ਕਾਲਖ, ਨਾੜੀ ਨਾੜੀ ਨਜ਼ਰੀ ਆਈਆ । ਮੇਰਾ ਆਪ ਬਣੀਂ ਸਾਲਸ, ਬੇਪਰਵਾਹ ਹੋ ਸਹਾਈਆ । ਜੇ ਰਵਦਾਸ ਕਰੇ ਸਫਾਰਸ਼, ਰਸਨਾ ਬੋਲ ਜਣਾਈਆ । ਇਹਦਾ ਰੂਪ ਬਣੇ ਖਾਲਸ, ਖਾਲਸ ਤੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖ ਧੁਰਦਰਗਾਹੀਆ । ਕੜਾਹੀ ਕਹੇ ਮੇਰਾ ਵੇਖ ਬਾਹਰੋਂ ਕਾਲਾ ਰੰਗ, ਛਾਹੀ ਮੁਖ ਲਗਾਈਆ । ਮੈਨੂੰ ਅਗਨੀ ਡਾਹ ਡਾਹ ਕਰਦੇ ਤੰਗ, ਭਠੀਆਂ ਉਤੇ ਤਪਾਈਆ । ਮੇਰੀ ਅੰਦਰ ਇਕ ਉਮੰਗ, ਸਦਾ ਧਿਆਨ ਲਗਾਈਆ । ਜਿਹੜੀ ਵਸਤ ਸਭ ਦਾ ਦੇਵੇ ਸੰਗ, ਉਹ ਮੇਰੇ ਵਿਚ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਕੜਾਹੀ ਕਹੇ ਬਾਹਰੋਂ ਕਾਲੀ ਅੰਦਰੋਂ ਚਿਟੀ, ਸੋਹਣੀ ਸਾਫ ਨਜ਼ਰੀ ਆਈਆ । ਮੇਰੇ ਪੇਟ ਵਿਚ ਕੋਈ ਨਹੀਂ ਖੇਤ ਮਿੱਟੀ, ਕੂੜਾ ਕਿਰਕਟ ਨਾ ਕੋਈ ਰਖਾਈਆ । ਮੈਂ ਭਗਤਾਂ ਕੋਲੋਂ ਪਹਿਲਾਂ ਗੱਲ ਸਿਖੀ, ਸਿਖਿਆ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਹਾਲ ਬੇਪਰਵਾਹੀਆ । ਕੜਾਹੀ ਕਹੇ ਮੇਰਾ ਅੰਦਰ ਲਓ ਤੱਕ, ਸੋਹਣਾ ਸਾਫ ਨਜ਼ਰੀ ਆਈਆ । ਇਹੋ ਜਿਹਾ ਕੋਈ ਨਾ ਸਕੇ ਰੱਖ, ਮਲ ਮੂਤ ਭਰੀ ਲੋਕਾਈਆ । ਇਕੋ ਘਾਟਾ ਮੇਰੇ ਕੋਲ ਨਹੀਂ ਅੱਖ, ਤੇਰਾ ਦਰਸ਼ਨ ਪਾਈਆ । ਧੰਨ ਭਾਗ ਜਿਹਨਾਂ ਮੈਨੂੰ ਲਿਆਂਦਾ ਚੱਕ, ਚਰਨਾਂ ਵਿਚ ਰਖਾਈਆ । ਹੁਣ ਦੇਵੀਂ ਪੂਰਾ ਹੱਕ, ਦੂਸਰ ਕੋਈ ਰਹਿਣ ਨਾ

ਪਾਈਆ । ਮੈਂ ਤਪਦੀ ਸੜਦੀ ਗਈ ਥੱਕ, ਆਪਣਾ ਆਪ ਭੇਟ ਚੜ੍ਹਾਈਆ । ਅੱਜੇ ਤੱਕ ਮੇਰੇ ਵਿਚ ਸ੍ਰੀ ਭਗਵਾਨ ਚਰਨ ਨਾ ਦਿਤੇ ਰੱਖ, ਜੁਗ ਚੌਕੜੀ ਬੀਤੇ ਵਿਚ ਜਗਤ ਜਹਾਨ ਵਿਚ ਲੋਕਾਈਆ । ਜੇ ਪ੍ਰਭ ਮੇਰੇ ਹੋਣ ਹੱਥ, ਖ਼ੁਸ਼ੀਆਂ ਨਾਲ ਸੇਵ ਕਮਾਈਆ । ਇਹ ਵੀ ਮੇਰਾ ਨਹੀਂ ਵਸ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਕੜਾਹੀ ਕਹੇ ਮੇਰਾ ਵੇਖ ਅੰਦਰ, ਆਪਣਾ ਧਿਆਨ ਲਗਾਈਆ । ਨਾ ਕੋਈ ਕੁਫਲ ਨਾ ਕੋਈ ਜੰਦਰ, ਤਖਤਾ ਚੁਗਾਠ ਨਾ ਕੋਈ ਸਹਾਈਆ । ਇਸ ਕਾਰਨ ਇਹ ਸੋਹਣਾ ਬਣਿਆ ਮੰਦਰ, ਪ੍ਰਭ ਦਿਤਾ ਚਰਨ ਟਿਕਾਈਆ । ਇਹ ਦਾਤ ਭੀਲਣੀ ਲੱਗੀ ਸੀ ਮੰਗਣ, ਰਾਮ ਆਪਣਾ ਚਰਨ ਟਿਕਾਈਆ । ਉਹ ਭਰਾ ਕੇ ਕੋਝੀ ਕਮਲੀ, ਉਹਦੇ ਪੈਰ ਦਿਤੇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਕੜਾਹੀ ਕਹੇ ਕਰ ਧਿਆਨ, ਘਨੱਈਆ ਤੈਨੂੰ ਰਹੀ ਜਣਾਈਆ । ਦ੍ਰੋਪਤੀ ਕੋਲੋਂ ਸਿਖਿਆ ਮੈਂ ਗਿਆਨ, ਜਿਹੜੀ ਪੰਜਾਂ ਵਿਚੋਂ ਪਦਮ ਵਾਲਾ ਇਕ ਧਿਆਈਆ । ਉਸ ਵੇਲੇ ਉਹਦੇ ਆਪਣੇ ਨੈਣ ਨੀਰ ਵਹਾਨ, ਰੋਵੇ ਵਾਹੋ ਦਾਹੀਆ । ਮੈਂ ਕਿਥੇਂ ਵੇਖਾਂ ਭਗਵਾਨ, ਮੇਰਾ ਸਾਹਿਬ ਨਜ਼ਰ ਨਾ ਆਈਆ । ਮੇਰੀ ਕੋਝੀ ਵਲ ਪਿਆ ਧਿਆਨ, ਜੋ ਪਾਣੀ ਵਿਚ ਰੱਖਕੇ ਬੈਠੀ ਡੇਰਾ ਲਾਈਆ । ਓਸ ਜਲ ਵਿਚੋਂ ਨਜ਼ਰੀ ਆਇਆ ਲੱਖਮੀ ਨਰਾਇਣ, ਮਕੰਦ ਮਨੋਹਰ ਰੂਪ ਵਟਾਈਆ । ਮੈਂ ਰੋ ਕੇ ਪਾਇਆ ਵੈਣ, ਦੁਖੀ ਹਾਲ ਸੁਣਾਈਆ । ਵੇਖ ਦ੍ਰੋਪਤੀ ਮੇਰੀ ਭੈਣ, ਪੰਜਾਂ ਹੁੰਦਿਆਂ ਸ਼ਰਮਾਈਆ । ਇਹ ਸਭ ਦਾ ਦੇਵੇ ਦੇਣ, ਲਹਿਣਾ ਰਿਹਾ ਚੁਕਾਈਆ । ਜੇ ਚਰਨ ਕਵਲ ਇਹਦੇ ਮੇਰੇ ਵਿਚ ਰਹਿਣ, ਮੈਂ ਤੈਨੂੰ ਦਵਾਂ ਛੁਡਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਦ੍ਰੋਪਤੀ ਤੱਕਿਆ ਵਲ ਪਾਣੀ, ਕੜਾਹੀ ਵਿਚ ਨਜ਼ਰੀ ਆਈਆ । ਵਿਚ ਬੈਠਾ ਜਾਣ ਜਾਣੀ, ਜਾਣਨਹਾਰ ਗੋਸਾਈਆ । ਨੇਤਰਾਂ ਨਾਲ ਕਿਹਾ ਮੈਂ ਨਿਮਾਣੀ, ਅੱਖਾਂ ਨਾਲ ਸ਼ਰਮਾਈਆ । ਇਕੋ ਤੇਰੇ ਨਾਮ ਦੀ ਪੜ੍ਹਾਂ ਬਾਣੀ, ਦੂਜੀ ਓਟ ਨਾ ਕੋਈ ਤਕਾਈਆ । ਇਹ ਸੇਵਾ ਮੈਂ ਕਮਾਣੀ, ਮੇਰੇ ਵੰਡੇ ਆਈਆ । ਕੜਾਹੀ ਕਿਹਾ ਮੈਂ ਭਾਗਾਂ ਵਾਲੀ, ਜਿਸ ਘਰ ਬਿਨ ਸੱਦਿਆਂ ਪੁੱਛਿਆਂ ਫੇਰਾ ਪਾਈਆ । ਮੈਂ ਸੋਹਣੀ ਬਣ ਗਈ ਸਵਾਣੀ, ਆਪਣੇ ਕੰਤ ਨਾਲ ਸੋਭਾ ਪਾਈਆ । ਓਸ ਵੇਲੇ ਕ੍ਰਿਸ਼ਨ ਕਹਿ ਕੇ ਗਿਆ ਤੂੰ ਬਾਲ ਅਵਾਣੀ, ਤੈਨੂੰ ਅਗਲਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਆਵੇ ਜੋਤੀ ਨੂਰ ਸ਼ਾਹ ਸੁਲਤਾਨੀ, ਦਾਤਾ ਬੇਪਰਵਾਹੀਆ । ਤੇਰੀ ਲੇਖੇ ਲਾਏ ਕੁਰਬਾਨੀ, ਜੋ ਆਪਣਾ ਆਪ ਮੇਰੇ ਭੇਟ ਚੜ੍ਹਾਈਆ । ਕੜਾਹੀ ਕਹੇ ਪ੍ਰਭ ਦੱਸ ਕੇ ਜਾ ਨਿਸ਼ਾਨੀ, ਕਿਸ ਬਿਧ ਹੋਏ ਸਹਾਈਆ । ਓਸ ਕਿਹਾ ਬ੍ਰਾਹਮਣ ਫੜੇ ਵੱਡਾ ਵਿਦਵਾਨੀ, ਠੱਗ ਚੋਰ ਬੰਨ ਲਿਆਈਆ । ਰਵਦਾਸ ਨਾਲ ਹੋਵੇ ਨਿਸ਼ਾਨੀ, ਲੇਖਾ ਲਿਖੇ ਕਲਮ ਛਾਹੀਆ । ਪੰਜਾਂ ਦਾ ਪੰਜ ਖੇਲ ਮਹਾਨੀ, ਪੰਜ ਅਗਲਾ ਜੋੜ ਜੁੜਾਈਆ । ਸਭ ਦਾ ਲੇਖਾ ਦੇਵੇ ਦੋ ਜਹਾਨੀ, ਬਚਿਆ ਕੋਇ ਰਹਿਣ ਨਾ ਪਾਈਆ । ਕੜਾਹੀ ਕਹੇ ਕੁਛ ਹੋਰ ਦੱਸ ਭਗਵਾਨੀ, ਭਗਵਨ ਭੇਵ ਖੁਲਾਈਆ । ਅਵਾਜ਼ ਆਈ ਜਿਸ ਵੇਲੇ ਤੇਰੇ ਵਿਚ ਤੱਤੀ ਰੇਤ ਪੈ ਕੇ ਪਏ ਸਿਰ ਸੁਤ ਭਾਨੀ, ਕੜਛੀਆਂ ਧਾਰ ਵਹਾਈਆ । ਉਹ ਦੇ ਕੇ ਸਚ ਕੁਰਬਾਨੀ, ਮੁਖੋ ਆਖ ਸੁਣਾਈਆ । ਕਰਮਾਂ ਵਾਲੀਏ ਕਦੇ ਤੇਰੇ ਵਿਚ ਸ੍ਰੀ ਭਗਵਾਨ ਚਰਨ ਰੱਖ ਕੇ ਪਵਾਏ ਠੰਡਾ ਪਾਣੀ, ਪੰਜ ਆਪਣੇ ਨਾਲ ਰਲਾਈਆ । ਜਿਨ੍ਹਾਂ ਜਾਮਾ ਬਦਲ ਕੇ ਰਾਵੀ

ਕੰਢੇ ਕਰਾਇਆ ਅਸ਼ਨਾਨੀ, ਆਸਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦਏ ਚੁਕਾਈਆ । ਕੜਾਹੀ ਕਹੇ ਮੇਰਾ ਅੰਦਰ ਛੋਟਾ, ਤਿਲ ਰੱਤੀ ਨਜ਼ਰ ਨਾ ਆਈਆ । ਇਹੋ ਜਿਹਾ ਕਦੇ ਕਿਸੇ ਸਵਾਣੀ ਨਹੀਂ ਫੇਰਿਆ ਪੋਚਾ, ਆਪਣਾ ਘਰ ਬਣਾਈਆ । ਦੂਜੇ ਨੂੰ ਮਾਂਜਣਾ ਬੜਾ ਸੌਖਾ, ਆਪਣਾ ਰੋਗ ਨਾ ਕੋਈ ਮਿਟਾਈਆ । ਜਿਹੜਾ ਠੱਗਦਾ ਰਿਹਾ ਲੋਕਾਂ, ਧੋਤੀ ਟਿੱਕਾ ਬੋਦੀ ਖ਼ੂਬ ਸੁਹਾਈਆ । ਤੇਰੀ ਵਡਿਆਈ ਤੂੰ ਓਸ ਨੂੰ ਦਿਤਾ ਮੌਕਾ, ਜਨਮ ਜਨਮ ਦਾ ਰੋਗ ਗਵਾਈਆ । ਭਗਤੀਆਂ ਨਾਲੋ ਕਹਿੰਦਾ ਕੰਮ ਸੌਖਾ, ਘੜੀ ਪਲ ਵਿਚ ਆਪਣਾ ਲੇਖਾ ਪੂਰ ਕਰਾਈਆ । ਥੋੜੀ ਕਰਨੀ ਲਹਿਣਾ ਬਹੁਤਾ, ਬ੍ਰਾਹਮਣੀ ਦੀ ਆਦਤ ਅਜੇ ਨਾ ਜਾਈਆ । ਬ੍ਰਾਹਮਣ ਕਹੇ ਮੈਂ ਏਸੇ ਤਰ੍ਹਾ ਸਾਫ ਕਰਦਾ ਰਿਹਾ ਆਪਣਾ ਚੌਕਾ, ਜਿਸ ਉਤੇ ਬਹਿਕੇ ਜਜਮਾਨਾਂ ਘਰੋਂ ਖਾਈਆ । ਹੁਣ ਦੇਣ ਦਾ ਆ ਗਿਆ ਮੌਕਾ, ਮੁਕੀਆਂ ਵਾਲੇ ਰਹੇ ਡਰਾਈਆ । ਘੇਰੇ ਵਿਚ ਵੜ ਗਿਆ ਉਹਨਾਂ ਦੇ ਕੋਠਾ, ਚਾਰ ਦਿਵਾਰੀ ਬੰਦ ਕਰਾਈਆ । ਮੈਨੂੰ ਡਰ ਮੇਰੇ ਉਤੇ ਵੱਜਣ ਵਾਲਾ ਸੋਟਾ, ਆਪਣਾ ਬਲ ਧਰਾਈਆ । ਚੌਥਾ ਕਹਾਰ ਤਾਜਾ ਮੋਟਾ, ਪਿਛਲਾ ਰੂਪ ਨਜ਼ਰੀ ਆਈਆ । ਜਿਸ ਦੇ ਅੰਦਰ ਡੂੰਘੀ ਸੋਚਾ, ਸੋਚ ਕੇ ਦੂਜਿਆਂ ਦਏ ਸਮਝਾਈਆ । ਮੈਂ ਹੁਣ ਨਹੀਂ ਹੋਣਾ ਹੋਛਾ, ਚੁੱਪ ਕਰਕੇ ਵਕਤ ਲੰਘਾਈਆ । ਨਾ ਕੋਈ ਦੋਹਤਾ ਨਾ ਕੋਈ ਪੋਤਾ, ਰਵਦਾਸ ਵੇਖ ਲਾ ਖਾਲੀ ਘਰ ਨਜ਼ਰੀ ਆਈਆ । ਮੇਰੇ ਨਾਲ ਹੁਣ ਨਾ ਕਰੇਂ ਰੋਸਾ, ਰੁਸਿਆ ਲੈ ਮਨਾਈਆ । ਮੈਂ ਵਿਛੋੜਾ ਸਹਿ ਲਿਆ ਚੋਖਾ, ਨੌ ਜਨਮ ਜਨਮ ਵਿਚ ਭਵਾਈਆ । ਅੱਗੇ ਹਰਿਸੰਗਤ ਨਾਲ ਕਦੇ ਨਾ ਕਰਾਂ ਧੋਖਾ, ਧੋਖੇ ਕਰਨ ਵਾਲਿਆਂ ਦਿਆਂ ਹਟਾਈਆ । ਮੈਂ ਨਹੀਂ ਤੇ ਮੇਰੇ ਪਹਿਲੇ ਜਨਮ ਦਾ ਪੜ੍ਹ ਕੇ ਵੇਖ ਲਓ ਪੋਥਾ, ਪੁਸਤਕ ਸਭ ਨੂੰ ਦਿਆਂ ਵਖਾਈਆ । ਕੂੜੀ ਕਰਨੀ ਮੈਨੂੰ ਕੀਤਾ ਥੋਥਾ, ਹੋਛੀ ਮਤ ਬਣਾਈਆ । ਜੇ ਹੁਣ ਲੰਘ ਜਾਂਦਾ ਹੱਥੋਂ ਮੌਕਾ, ਫਿਰ ਲੱਖ ਚੁਰਾਸੀ ਪਾਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕੜਾਹੀ ਕਹੇ ਮੇਰਾ ਵੇਖੋ ਘੇਰਾ, ਇਕੋ ਜਿਹਾ ਨਜ਼ਰੀ ਆਈਆ । ਇਹਦੇ ਵਿਚ ਵੜੇ ਕਿਹੜਾ, ਜਿਹੜਾ ਵੜੇ ਅਗਨੀ ਨਾਲ ਤਪਾਈਆ । ਮੇਰੇ ਕੋਈ ਨਾ ਆਵੇ ਨੇੜਾ, ਦੂਰੋਂ ਖੌਚਿਆਂ ਨਾਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਬਣਾਈਆ । ਕੜਾਹੀ ਕਹੇ ਮੇਰੇ ਅੰਦਰ ਲੱਗਾ ਜੋੜ, ਜੋੜ ਜੋੜ ਰਿਹਾ ਦਰਸਾਈਆ । ਜਿਵੇਂ ਮੈਨੂੰ ਇਕ ਦੂਜੇ ਦੀ ਪਈ ਲੋੜ, ਸੋਹਣਾ ਸੰਗ ਬਣਾਈਆ । ਤੁਸੀਂ ਕਿਉਂ ਆਪਣਾ ਪ੍ਰਭੂ ਰਹੇ ਵਿਛੋੜ, ਜਿਸ ਵਿਛੜਿਆਂ ਸਾਥੀ ਕੋਈ ਰਹਿਣ ਨਾ ਪਾਈਆ । ਜਿਵੇਂ ਅੱਜ ਬ੍ਰਾਹਮਣ ਨੂੰ ਪੈ ਗਈ ਮੇਰੀ ਲੋੜ, ਪ੍ਰਭ ਮੇਰੇ ਵਿਚ ਚਰਨ ਟਿਕਾਈਆ । ਬਾਹਰੋਂ ਕਾਲੀ ਅੰਧ ਘੋਰ, ਕਾਲਖ ਟਿੱਕਾ ਨਜ਼ਰੀ ਆਈਆ । ਅੰਦਰੋਂ ਦਿਸਾਂ ਨਵੀ ਨਕੋਰ, ਸੋਹਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਕੜਾਹੀ ਕਹੇ ਮੇਰੇ ਜਾਗੇ ਕਰਮ, ਸਭਨਾ ਰਹੀ ਸੁਣਾਈਆ । ਮੈਂ ਪ੍ਰਭ ਦੀ ਆਈ ਸਰਨ, ਛਾਤੀ ਚਰਨਾਂ ਹੇਠ ਰਖਾਈਆ । ਮੈਂ ਦੋ ਜਹਾਨਾਂ ਆਈ ਤਰਨ, ਤਾਰੀ ਇਕ ਲਗਾਈਆ । ਮੈਂ ਠੱਗ ਚੋਰ ਆਈ ਫੜਨ, ਵਿਛੜੇ ਨਾਲ ਮਿਲਾਈਆ । ਸਚ ਪੁੱਛੋ ਮੈਂ ਸੇਵਾ ਆਈ ਕਰਨ, ਸੇਵਕ ਰੂਪ ਵਟਾਈਆ । ਥੱਲਿਉਂ ਖ਼ੁਸ਼ੀ ਹੋਵੇ ਧਰਤੀ ਧਰਨ, ਧੋਲ ਰਹੀ ਜਸ ਗਾਈਆ । ਧੰਨ ਭਾਗ ਤੇਰੇ ਅੰਦਰ ਕਵਲ ਚਰਨ, ਪ੍ਰਭ ਦਿਤਾ

ਟਿਕਾਈਆ । ਮੈਂ ਕਿਹੜੇ ਦਵਾਰਿਉਂ ਆਵਾਂ ਫੜਨ, ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਜੇ ਬਾਹਰੋਂ ਲੱਗਾ ਚੜ੍ਹਨ, ਜਨ ਭਗਤ ਘੇਰਾ ਬੈਠੇ ਪਾਈਆ । ਮੈਂ ਤੇਰੇ ਥੱਲੇ ਪਈ ਮੰਗਾਂ ਸਰਨ, ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖੇ ਦੇ ਮੁਕਾਈਆ । ਰਵਦਾਸ ਨਾਲ ਲਾ ਕੇ ਆਇਆ ਸ਼ਰਤ, ਸੋਹਣਾ ਮਤਾ ਪਕਾਈਆ । ਬ੍ਰਾਹਮਣ ਨੂੰ ਹੋਣ ਨਹੀਂ ਦੇਣਾ ਗਰਕ, ਮੇਰਾ ਦਰਸ਼ਨ ਗਿਆ ਪਾਈਆ । ਅੰਤਮ ਕਢਾ ਪਿਛਲੀ ਰੜਕ, ਰੇੜਕਾ ਨਜ਼ਰ ਕੋਈ ਨਾ ਆਈਆ । ਦੁਨੀਆ ਕੋਲੋਂ ਬਣਿਆ ਰਿਹਾ ਚਟਕ, ਏਥੇ ਚਲੇ ਨਾ ਕੋਈ ਚਤਰਾਈਆ । ਜਜਮਾਨਾਂ ਡਰੌਂਦਾ ਰਿਹਾ ਬਣ ਕੇ ਸਖ਼ਤ, ਆਪਣਾ ਭੈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਰਿਹਾ ਚੁਕਾਈਆ । ਬ੍ਰਾਹਮਣ ਕਹੇ ਸੁਣ ਕੜਾਹੀ, ਤੂੰ ਕਿਉਂ ਦਏ ਦੁਹਾਈਆ । ਮੈਂ ਤੇਰੀ ਸੇਵ ਵੇਖ ਕਮਾਈ, ਮਾਂਜ ਸਾਫ ਧੋ ਕਰਕੇ ਲਿਆਂਦਾ ਉਠਾਈਆ । ਤੂੰ ਮੇਰੇ ਵਲ ਦੀ ਹੋ, ਆਪਣਾ ਸੰਗ ਬਣਾਈਆ । ਤੇਰੇ ਵਿਚ ਚਰਨ ਗਿਆ ਛੋਹ, ਤੈਨੂੰ ਮਿਲੀ ਵਡਿਆਈਆ । ਮੈਨੂੰ ਥੋੜੀ ਥੋੜੀ ਹੋਈ ਲੋ, ਪਿਛਲਾ ਅੰਧੇਰਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕੜਾਹੀ ਕਹੇ ਸੁਣੋ ਪਰੋਹਤ, ਪੱਤਰੀ ਕਿਥੇ ਰਖਾਈਆ । ਕਿਥੇ ਗਈ ਚੌਮੁਖੀਏ ਵਿਚ ਜਗਣ ਵਾਲੀ ਜੋਤ, ਲਾਟਾਂ ਵਾਲੀ ਮੁਖ ਛੁਪਾਈਆ । ਕਿਧਰ ਗਏ ਖੀਰ ਖਾਣ ਵਾਲੇ ਹੋਂਟ, ਦੰਦ ਘਸਾਈ ਕਿਥੇ ਰਹਿਉਂ ਰਖਾਈਆ । ਕੀ ਇਹਨੂੰ ਸੋਚ, ਸਮਝ ਚਲੇ ਨਾ ਕੋਈ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸਮਝਾਈਆ । ਕੜਾਹੀ ਕਹੇ ਬ੍ਰਾਹਮਣ ਜੀ, ਜੀ ਜੀ ਵਡਿਆਈਆ । ਪਿਛੇ ਕੀਤਾ ਕੀ, ਹੁਣ ਕੀ ਆਸ ਰਖਾਈਆ । ਹੁਣ ਨਾ ਪੁੱਤ ਨਾ ਧੀ, ਕੱਲੀ ਨਾਰ ਰਹੀ ਕੁਰਲਾਈਆ । ਕਿਸ ਸਹਾਰੇ ਰਿਹੋਂ ਜੀ, ਕੀ ਮਿਲੀ ਵਡਿਆਈਆ । ਪ੍ਰਭ ਚਰਨ ਸਹਾਰੇ ਥੀ, ਆਪਣਾ ਮਾਣ ਮਿਟਾਈਆ । ਤੇਰੇ ਲੇਖੇ ਲੱਗੇ ਸਾਡੇ ਤਿੰਨ ਹੱਥ ਸੀਂ, ਰਵਦਾਸ ਚਮਿਆਰਾ ਦੋਹਰੀ ਕਰੇ ਲਿਖਾਈਆ । ਫਲ ਸੋਹਣਾ ਸੁੱਚਾ ਬੀ, ਤਨ ਕਿਆਰੀ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਮੈਂ ਆਵਾਂ ਅੱਗੇ, ਹੌਲੀ ਹੌਲੀ ਹੱਥ ਉਠਾਈਆ । ਪ੍ਰਭ ਚਰਨ ਜੇ ਮੇਰੀ ਉਂਗਲੀ ਲੱਗੇ, ਆਪਣੀ ਖ਼ੁਸ਼ੀ ਮਨਾਈਆ । ਸੁਣ ਕੇ ਬਚਨ ਖੌਂਚਾ ਅੱਗੋਂ ਉਠ ਕੇ ਭੱਜੇ, ਦੂਰੋਂ ਸੀਸ ਨਿਵਾਈਆ । ਫਿਰਦਾ ਸੱਜੇ ਖੱਬੇ, ਬਾਹਾਂ ਟੰਗ ਟੰਗ ਫੇਰੀਆਂ ਪਾਈਆ । ਜੇ ਕਿਤੇ ਮੈਨੂੰ ਬ੍ਰਾਹਮਣ ਲੱਭੇ, ਮੈਂ ਖੋਪਰੀ ਦਿਆਂ ਸਜਾਈਆ । ਜਿਹੜਾ ਖੀਰ ਮੇਰੇ ਉਤੋਂ ਰਸਨਾ ਲਾਲ ਚੱਟੇ, ਮੇਰਾ ਹਿੱਸਾ ਵੀ ਆਪਣੀ ਝੋਲੀ ਪਾਈਆ । ਮੈਂ ਉਹਨੂੰ ਦੱਸਾਂ ਸਾਰੇ ਪਤੇ, ਅਗਲੀ ਹੋਸ਼ ਭੁਲਾਈਆ । ਮੇਰੇ ਅੱਗੇ ਉਹਨੂੰ ਕਿਹੜਾ ਰੱਖੇ, ਸਕੇ ਕੌਣ ਬਚਾਈਆ । ਮੈਂ ਕੜਾਹੀ ਵਿਚ ਵੜ ਕੇ ਅੱਗ ਵਿਚ ਸੜਕੇ ਅੱਗੇ ਪਿਛੇ ਖਾਧੇ ਧੱਕੇ, ਚਾਰੋਂ ਕੁੰਟ ਆਪਣਾ ਆਪ ਭਵਾਈਆ । ਜਿਸ ਵੇਲੇ ਮੈਨੂੰ ਕੋਈ ਬਾਹਰ ਕੱਢੇ, ਮੇਰਾ ਹਿੱਸਾ ਉਤੇ ਠੋਕ ਠੋਕ ਵਿਚੇ ਦੇਣ ਸੁਟਾਈਆ । ਜੇ ਕੋਈ ਥੋੜਾ ਬਹੁਤਾ ਜਾਏ ਬਚੇ, ਬ੍ਰਾਹਮਣ ਉਂਗਲਾਂ ਨਾਲ ਲਾਹ ਕੇ ਮੂੰਹ ਦੇ ਵਿਚ ਲੈਣ ਪਾਈਆ । ਮੈਂ ਬਚਨ ਸੁਣਾਵਾਂ ਸੱਚੇ, ਝੂਠ ਜਰਾ ਨਾ ਕੋਈ ਰਖਾਈਆ । ਏਸੇ ਕਰਕੇ ਮੈਂ ਆਪਣੇ ਸਾਥੀ ਕੀਤੇ ਅਕੱਠੇ, ਰਲ ਮਿਲ ਖਾ ਕੇ ਖ਼ੁਸ਼ੀ ਬਣਾਈਆ । ਜੇ ਮੇਰੇ ਕੋਲੋਂ ਬਚੇ, ਮੈਂ ਭਰਾਵਾਂ ਵਾਜ ਲਗਾਈਆ । ਚਾਰ ਕਹਾਰ ਔਣ ਨੱਠੇ, ਡਾਗਾਂ

ਸੋਟੇ ਸੰਭਾਲ ਹੱਥਾਂ ਵਿਚ ਉਠਾਈਆ । ਪੰਜਵਾਂ ਯਾਰ ਕਹੇ ਇਹਦੇ ਖੋਹ ਦਿਓ ਪਟੇ, ਮਾਰੋ ਵਾਹੋ ਦਾਹੀਆ । ਬ੍ਰਾਹਮਣ ਕਹੇ ਹੁਣ ਕੌਣ ਪਤ ਰੱਖੇ, ਚਾਰੋ ਕੁੰਟ ਧਿਆਨ ਲਗਾਈਆ । ਰਵਦਾਸ ਹੌਲੀ ਜਿਹੀ ਖੋਲ੍ਹ ਆਪਣੀ ਅੱਖੇ, ਸਾਰਿਆਂ ਵਲ ਤਕਾਈਆ । ਗੁੱਸੇ ਵਾਲੇ ਸਾਰੇ ਹੋ ਗਏ ਅੱਛੇ, ਗੁੱਸਾ ਖ਼ੁਸ਼ੀ ਵਿਚ ਬਦਲਾਈਆ । ਨਾਲ ਇਸ਼ਾਰੇ ਦੱਸੇ, ਸ੍ਰੀ ਭਗਵਾਨ ਬੈਠਾ ਬੇਪਰਵਾਹੀਆ । ਪੰਜੇ ਪ੍ਰੇਮ ਨਾਲ ਰੱਤੇ, ਪ੍ਰੇਮੀ ਰੂਪ ਨਜ਼ਰੀ ਆਈਆ । ਕੜਛਾ ਵੇਖ ਵੇਖ ਹੱਸੇ, ਬ੍ਰਾਹਮਣ ਨੀਵੀਂ ਪਾਈਆ । ਕੜਾਹੀ ਕਹੇ ਮੇਰੇ ਵਿਚ ਸੋਹਣੇ ਖਾਦੇ ਭੱਤੇ, ਖੀਰ ਕੜਾਹ ਬਣਾਈਆ । ਹੁਣ ਕਿਉਂ ਪਿਛੇ ਹਟੇ, ਵਾਰੀ ਦੇਵਣ ਦੀ ਆਈਆ । ਬ੍ਰਾਹਮਣ ਸਿਰ ਚਰਨਾਂ ਤੇ ਰੱਖੇ, ਰੋ ਕੇ ਹਾਲ ਸੁਣਾਈਆ । ਭਈ ਤੁਸੀਂ ਸਾਰੇ ਹੋ ਗਏ ਅਕੱਠੇ, ਮੇਰੇ ਕੱਲੇ ਦੀ ਚਲੇ ਨਾ ਕੋਈ ਚਤੁਰਾਈਆ । ਮੈਂ ਵੀ ਯਾਦ ਕਰਾਵਾਂ ਤੂੰ ਧੰਨੇ ਦੇ ਚਾਰੇ ਵੱਛੇ, ਨਾਮੇ ਛੰਨ ਛੁਹਾਈਆ । ਤ੍ਰਲੋਚਣ ਬਹਿ ਕੇ ਹੱਟੇ, ਸੌਦਾ ਦਿਤਾ ਵਿਕਾਈਆ । ਸੁਦਾਮੇ ਤੰਦਲ ਚੱਬੇ, ਸੋਹਣੇ ਮਹਲ ਵਖਾਈਆ । ਬਿਦਰ ਅਲੂਣੇ ਸਾਗ ਭੋਗ ਲੱਗੇ, ਕੇਲਾ ਛਿਲਕਾ ਮੁਖ ਰਖਾਈਆ । ਦ੍ਰੋਪਤੀ ਪਿਛੇ ਦੋ ਜਹਾਨ ਛੱਡੇ, ਸਿਰ ਆਪਣਾ ਹੱਥ ਟਿਕਾਈਆ । ਭੀਲਣੀ ਤੈਨੂੰ ਕਿਥੋਂ ਲੱਭੇਂ, ਆਪੇ ਆਇਉਂ ਬੇਪਰਵਾਹੀਆ । ਗਜ ਦੀਆਂ ਤਾਰਾਂ ਆ ਕੇ ਕੱਟੇ, ਹੋਵੇਂ ਸਦਾ ਸਹਾਈਆ । ਪ੍ਰਹਲਾਦ ਅਗਨੀ ਵਿਚੋਂ ਰੱਖੇਂ, ਹਰਨਾਕਸ਼ ਦਿਤਾ ਖਪਾਈਆ । ਕਬੀਰ ਪਾਣੀ ਵਿਚ ਨਾ ਡੁੱਬੇ, ਜਲਧਾਰਾ ਦਿਤਾ ਰੁੜ੍ਹਾਈਆ । ਸੈਣ ਪਿਛੇ ਰਾਜੇ ਨੂੰ ਮੁਠੀਆਂ ਨਾਲ ਦੱਬੇਂ, ਘਰ ਘਰ ਸੇਵ ਕਮਾਈਆ । ਪ੍ਰਭੂ ਮੈਥੋਂ ਕਿਉਂ ਭੱਜੇਂ, ਮੇਰੀ ਲੱਜਿਆ ਤੈਨੂੰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬ੍ਰਾਹਮਣ ਕਹੇ ਸੁਣੋ ਯਾਰ, ਮੈਂ ਪੰਜਾਂ ਰਿਹਾ ਸੁਣਾਈਆ । ਸਾਰੇ ਮਿਲ ਕੇ ਕਰੋ ਵਿਚਾਰ, ਮੇਰਾ ਸੰਗ ਨਿਭਾਈਆ । ਮੈਥੋ ਝੱਲੀ ਨਹੀਂ ਜਾਣੀ ਤੁਹਾਡੀ ਮਾਰ, ਡਾਗਾਂ ਸੋਟਿਆਂ ਕੋਲੋਂ ਡਰ ਆਈਆ । ਜੇ ਮੇਰਾ ਸਿਰ ਦਿਤਾ ਪਾੜ, ਬ੍ਰਾਹਮਣੀ ਪੱਟੀ ਨਾ ਕੋਈ ਬੰਧਾਈਆ । ਓਧਰੋਂ ਚਲ ਕੇ ਆ ਗਿਆ ਘੁਮਿਆਰ, ਆਪਣਾ ਡੰਡਾ ਰਿਹਾ ਖੜਕਾਈਆ । ਬ੍ਰਾਹਮਣਾ ਹੋ ਜਾ ਖ਼ਬਰਦਾਰ, ਵਾਰੀ ਤੇਰੀ ਹੁਣ ਆਈਆ । ਨਹੀਂ ਤੇ ਕੱਢਦੇ ਪਿਛਲੇ ਲੁਕਾਏ ਹਾਰ, ਚਾਂਦੀ ਸਾਡੀ ਝੋਲੀ ਪਾਈਆ । ਨਹੀਂ ਤੇ ਆਵੀ ਵਿਚ ਦੇਊਂ ਚਾੜ੍ਹ, ਭਾਡਿਆਂ ਵਿਚ ਤਪਾਈਆ । ਫੇਰ ਕਰੀਂ ਪੁਕਾਰ, ਕੂਕੀ ਮਾਰੀਂ ਧਾਈਆ । ਬ੍ਰਾਹਮਣ ਓਸ ਵੇਲੇ ਆਈ ਵਿਚਾਰ, ਆਪਣਾ ਹਾਲ ਸੁਣਾਈਆ । ਅਸੀਂ ਅਕੱਠੇ ਯਾਰ ਯਾਰ, ਕਿਉਂ ਗੁੱਸੇ ਨਾਲ ਡਰਾਈਆ । ਸਾਡਾ ਓਸ ਦੇ ਨਾਲ ਪਿਆਰ, ਜਿਸ ਪ੍ਰਹਲਾਦ ਭੱਠੀ ਆਵੀ ਵਿਚੋਂ ਲਿਆ ਬਚਾਈਆ । ਘਰ ਆਇਆਂ ਨੂੰ ਨਾ ਮਾਰ, ਘਰ ਆਇਆ ਦੁਸ਼ਮਣ ਸੱਜਣ ਨਜ਼ਰੀ ਆਈਆ । ਸੋਟਾ ਸੁੱਟਕੇ ਪਰੇ ਘੁਮਿਆਰ, ਹੱਸ ਕੇ ਕਿਹਾ ਚਾਈਂ ਚਾਈਂਆ । ਮੈਂ ਵੇਖਿਆ ਤੇਰੇ ਨਾਲ ਮੈਨੂੰ ਨਜ਼ਰ ਆਇਆ ਮੇਰਾ ਪਰਵਾਰ, ਏਸੇ ਕਰਕੇ ਖਾਲੀ ਹੱਥ ਕਰਾਈਆ । ਨਹੀਂ ਤੇ ਖੋਤੇ ਉਤੇ ਦੇਣਾ ਸੀ ਚਾੜ੍ਹ, ਮੁਖ ਕਾਲਾ ਕਰ ਭਵਾਈਆ । ਤੈਨੂੰ ਛੱਡ ਕੇ ਔਣਾ ਸੀ ਓਸ ਉਜਾੜ, ਜਿਸ ਜੰਗਲ ਵਿਚ ਮਨੁਸ਼ ਨਜ਼ਰ ਕੋਇ ਨਾ ਆਈਆ । ਬ੍ਰਾਹਮਣ ਮਿੱਠਾ ਹੋ ਕੇ ਫਿਰ ਕਰੇ ਪਿਆਰ, ਹੌਲੀ ਹੌਲੀ ਰਿਹਾ ਸੁਣਾਈਆ । ਤੂੰ ਤੇਜਾ ਸਿੰਘ ਨਹੀਂ ਤਾਰਾ ਸਿੰਘ ਦੋਹਾਂ ਦਾ ਇਕੋ ਸਾਂਝਾ ਯਾਰ, ਤੇਰੇ ਘਰ ਬੈਠਾ ਚਾਈਂ ਚਾਈਂਆ । ਹੱਸ ਕੇ ਕਿਹਾ ਇਹ ਬੜਾ ਦਿਆਲ, ਮੇਰੇ ਉਤੇ ਗਿਆ ਤਰਸ ਕਮਾਈਆ । ਹੁਣ ਵੀ ਬ੍ਰਾਹਮਣਾ ਤੇਰੇ ਨਾਲ, ਸਫਾਰਸ਼ ਕਰਨ ਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਤੇਰੀ ਕਰਾਂ ਸਫਾਰਸ਼ ਬਹੁਤੀ, ਦੋ ਅੱਖਰਾਂ ਵਿਚ ਬਤਾਈਆ । ਪਹਿਲੋਂ ਆਪਣੀ ਮੈਨੂੰ ਦੇ ਦੇ ਧੋਤੀ, ਆਪਣਾ ਪਿਛਲਾ ਲੇਖ ਚੁਕਾਈਆ । ਮੈਨੂੰ ਇਕ ਵਾਰੀ ਹੱਥ ਲਾ ਲੈਣ ਦੇ ਬੋਦੀ, ਮੁੱਕੇ ਤੇਰੀ ਚਤਰਾਈਆ । ਮੈਨੂੰ ਹੁਣੇ ਚਾਰ ਦਿਨ ਪਿਛੋਂ ਆਈ ਸੋਝੀ, ਪਹਿਲੋਂ ਸਮਝ ਕੋਇ ਨਾ ਆਈਆ । ਹੁਣ ਇਕੋ ਗੱਲ ਸੋਚੀ, ਤੈਨੂੰ ਦਿਆਂ ਸਮਝਾਈਆ । ਚਮਿਆਰ ਨਹੀਂ ਏਹ ਮੋਚੀ, ਮੋਚੀ ਚਮਿਆਰ ਗੁਰਮੁਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕੜਾਹੀ ਕਹੇ ਮੈਂ ਕੀ ਕੁਛ ਸੁਣਦੀ, ਹੈਰਾਨੀ ਮੇਰੇ ਉਤੇ ਛਾਈਆ । ਮੈਂ ਸਭ ਨੂੰ ਆਪਣੇ ਵਿਚ ਪੁਣਦੀ, ਸਾਫ ਸੁਥਰਾ ਬਣਾਈਆ । ਮੈਂ ਕੀ ਸਾਰ ਜਾਣਾ ਬ੍ਰਾਹਮਣ ਗੁਣ ਦੀ, ਠੱਗ ਚੋਰ ਕਹਿ ਭਗਤ ਨਜ਼ਰੀ ਆਈਆ । ਜੇ ਮੇਰੇ ਅੰਦਰ ਵੜੇ ਮੈਂ ਕਬਾਬ ਵਾਂਗੂ ਭੁੰਨਦੀ, ਅਗਨੀ ਤਤ ਜਲਾਈਆ । ਜੇ ਰੋਂਦਾ ਪੁਕਾਰ ਕਦੇ ਨਾ ਸੁਣਦੀ, ਗਹਿਰ ਗੰਭੀਰ ਹੋ ਕੇ ਬਹਿੰਦੀ ਪੀੜਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖ ਵਖਾਈਆ । ਬ੍ਰਾਹਮਣ ਕਹੇ ਬਹੁਤ ਕੁਛ ਹੋਇਆ, ਹੌਕਾ ਲੈ ਕੇ ਰਿਹਾ ਸੁਣਾਈਆ । ਨੇਤਰ ਨੈਣਾਂ ਨਾਲ ਰੋਇਆ, ਰੋ ਰੋ ਦਏ ਦੁਹਾਈਆ । ਬਿਨ ਮਾਰਿਆਂ ਹੋਇਆ ਅਧ ਮੋਇਆ, ਬਲਹੀਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪਿਤਾ ਮਾਈਆ । ਕੜਾਹੀ ਕਹੇ ਸੁਣੋ ਸਾਰੇ, ਪੰਜਾਂ ਰਹੀ ਜਣਾਈਆ । ਹੁਣ ਅਕੱਠੇ ਹੋ ਕੇ ਆ ਗਏ ਪ੍ਰਭੂ ਦਵਾਰੇ, ਪਿਛਲੇ ਗੁੱਸੇ ਦਿਓ ਮਿਟਾਈਆ । ਤੁਸੀਂ ਦੋਵੇਂ ਇਹਦੇ ਸਹਾਰੇ, ਸਭ ਦਾ ਸੱਚਾ ਸਾਈਆ । ਕੋਈ ਵਿਆਹੇ ਕੋਈ ਕਵਾਰੇ, ਰੰਗ ਇਕੋ ਜਿਹਾ ਚੜ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਕਿਰਪਾ ਕਰੇ ਚਰਨ ਕਵਲਾਰੇ, ਚਰਨ ਚਰਨ ਨਾਲ ਮਿਲਾਈਆ । ਬ੍ਰਾਹਮਣ ਬਣੇ ਸੇਵਾਦਾਰੇ, ਦੋਹਾਂ ਹੱਥਾਂ ਸੇਵ ਕਮਾਈਆ । ਚੌਥਾ ਕਹਾਰ ਪਾਣੀ ਧਾਰ ਡਾਰੇ, ਸੁਲਖਣੀ ਸੁਖ ਸੰਦੇਸ਼ ਸੁਣਾਈਆ । ਬਾਵੀ ਜੀਤਾ ਚਰਨੋ ਚਰਨ ਦਵਾਰੇ, ਚਰਨੋਦਕ ਮੁਖ ਚੁਆਈਆ । ਪੰਜਵਾਂ ਪੰਜ ਪਿਆਰੀ ਪਿਆਰੀ ਨਾਮ ਉਚਾਰੇ, ਦੇਵੇ ਮਾਣ ਵਡਿਆਈਆ । ਬ੍ਰਾਹਮਣ ਖ਼ੁਸ਼ੀਆਂ ਨਾਲ ਹੱਥ ਮਾਰੇ, ਉਂਗਲਾਂ ਅੰਗੂਠੇ ਨਾਲ ਮਿਲਾਈਆ । ਸੰਗਤ ਵੇਖੇ ਇਹ ਨਜਾਰੇ, ਪ੍ਰਭ ਆਪੇ ਰਿਹਾ ਵਖਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਵੇਖੋ ਆਈਆਂ ਦਵਾਰੇ, ਆਪਣਾ ਧਿਆਨ ਲਗਾਈਆ । ਜੋ ਤ੍ਰਬੈਣੀ ਦੇ ਕੇ ਆਇਉਂ ਲਾਰੇ, ਇਕੀਆਂ ਸਿਖਾਂ ਕੋਲੋਂ ਚੁਲੀ ਚੁਲੀ ਆਪਣੇ ਚਰਨਾਂ ਉਤੇ ਪਵਾਈਆ । ਅਸੀਂ ਹੁਣ ਤੱਕ ਰਹੀਆਂ ਉਸੇ ਦੇ ਸਹਾਰੇ, ਦੂਜੀ ਆਸ ਨਾ ਕੋਈ ਰਖਾਈਆ । ਗੰਗਾ ਉਠਕੇ ਵਿਚੋਂ ਵਾਜ ਮਾਰੇ, ਰਵਦਾਸ ਸਾਡੀ ਦੇ ਗਵਾਹੀਆ । ਲੈ ਲਾ ਕੰਗਨ ਹੋਰ ਕੋਟ ਹਜਾਰੇ, ਮੇਰਾ ਪ੍ਰਭੂ ਦੇ ਮੰਨਾਈਆ । ਜੋ ਬ੍ਰਾਹਮਣ ਪੈਜ ਸਵਾਰੇ, ਚੋਰਾਂ ਠੱਗਾਂ ਰਿਹਾ ਤਰਾਈਆ । ਸਾਡੀ ਅਰਜ਼ ਮੰਜ਼ੂਰ ਕਰੇ ਦਰਬਾਰੇ, ਬੇਨੰਤੀ ਕਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਗੰਗਾ ਕਹੇ ਮੈਂ ਲੈ ਕੇ ਆਈ ਗੰਗਾ ਸਾਗਰ, ਫੁੱਲ ਠੂਠੀ ਸਿਰ ਨਾ ਕੋਈ ਰਖਾਈਆ । ਜਮਨਾ ਕਹੇ ਮੈਂ ਵੱਡੀ ਚੁੱਕੀ ਗਾਗਰ, ਸੋਹਣਾ ਬਿਨੂ ਹੇਠਾਂ ਬਣਾਈਆ । ਸੁਰਸਤੀ ਕਹੇ ਮੈਂ ਧੋ ਕੇ ਲਿਆਈ ਆਪਣੇ ਪ੍ਰੇਮ ਨਾਲ ਚਿਟੀ ਚਾਦਰ, ਜਿਹੜੀ ਤ੍ਰਬੈਣੀ ਕੰਢੇ ਵਿਛਾਈਆ । ਗੋਦਾਵਰੀ ਕਹੇ ਮੈਂ ਗੁਫਾ ਵਿਚ ਵੜਕੇ ਆਪਣਾ ਕਰਮ ਕਰਕੇ ਆਈ ਉਜਾਗਰ, ਜਿਸ ਵਿਚ ਸਿੰਘ ਗਿਰਧਾਰਾ ਦਿਤਾ ਲੰਘਾਈਆ । ਤੇਰੇ ਦਰ ਵਣਜ ਕਰੀਏ ਬਣ ਸੁਦਾਗਰ, ਵਸਤ ਅਮੋਲਕ

ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੰਗਾ ਕਹੇ ਮੇਰਾ ਸੋਹਣਾ ਨੀਰ, ਨਿਰਮਲ ਨਜ਼ਰੀ ਆਈਆ । ਔਹ ਵੇਖੋ ਆ ਗਿਆ ਕਬੀਰ, ਸ਼ਹਾਦਤ ਖ਼ੁਸ਼ੀਆਂ ਨਾਲ ਪਾਈਆ । ਏਸੇ ਮੈਨੂੰ ਡੁੱਬਦੀ ਦਿਤੀ ਧੀਰ, ਜਿਸ ਵਿਚ ਤੇਰਾ ਰੂਪ ਨਜ਼ਰੀ ਆਈਆ । ਮੇਰੇ ਕੱਟ ਦਿਤੇ ਜ਼ੰਜੀਰ, ਦੁੱਖ ਦਰਦ ਰਿਹਾ ਨਾ ਰਾਈਆ । ਪ੍ਰਭ ਏਹਨੂੰ ਹੋਣ ਨਾ ਦੇਵੀਂ ਦਿਲਗੀਰ, ਵੇਖ ਕਿੱਡੀ ਸੋਹਣੀ ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਮਨਾ ਚਲ ਕੇ ਆਈ ਨੇੜੇ, ਕਹਿ ਕਹਿ ਰਹੀ ਸੁਣਾਈਆ । ਮੇਰੇ ਕੰਢੇ ਘਨੱਈਏ ਲਾਏ ਡੇਰੇ, ਮਥਰਾ ਬਿੰਦਰਾਬਨ ਰਾਸ ਪਵਾਈਆ । ਸਖੀਆਂ ਨਾਲ ਕੀਤੇ ਖੇਲ ਬਥੇਰੇ, ਗੋਪੀਆਂ ਨਾਲ ਖ਼ੁਸ਼ੀ ਹੰਡਾਈਆ । ਮੇਰੇ ਅੰਦਰ ਵੜਕੇ ਕਰੇ ਕਲੋਲ ਬਥੇਰੇ, ਨਾਗਾਂ ਨੱਥ ਪਵਾਈਆ । ਹੁਣ ਪ੍ਰਭ ਆਈ ਤੇਰੇ ਖੇੜੇ, ਬਣ ਕੇ ਪਾਂਧੀ ਰਾਹੀਆ । ਮੇਰੀ ਗਾਗਰ ਉਛਲ ਉਛਲ ਕੇ ਮੇਰੇ ਕਪੜੇ ਲਬੇੜੇ, ਮੇਰੀ ਸਾੜੀ ਹਵਾ ਨਾਲ ਉਡ ਉਡ ਕੰਡਿਆਂ ਵਿਚ ਅੜ ਕੇ, ਲੀਰੋ ਲੀਰ ਵਖਾਈਆ । ਉਧਰੋਂ ਰਵਦਾਸ ਬੋਲਿਆਂ ਨਾਲ ਕੜਕੇ, ਉਚੀ ਦੇ ਸਮਝਾਈਆ । ਮੈਂ ਵੇਖਿਆ ਸਵੇਰੇ ਤੈਨੂੰ ਤੜਕੇ, ਤੂੰ ਸੁੱਤੀ ਹੋ ਕੇ ਗੁਮਰਾਹੀਆ । ਮੇਰੇ ਪ੍ਰਭੂ ਦਾ ਦਰ ਮਿਲਦਾ ਮਰ ਕੇ, ਜੀਵਦਿਆਂ ਹੱਥ ਕਿਸੇ ਨਾ ਆਈਆ । ਜਿਹੜੀ ਸੀਸ ਉਤੇ ਆਈ ਧਰਕੇ, ਸੋਹਣੀ ਮੈਂਡੀ ਥੱਲੇ ਗੁੰਦਾਈਆ । ਇਸ ਨੂੰ ਖੋਲ੍ਹ ਰਵਦਾਸ ਕਿਹਾ ਅੱਗੇ ਆ ਚੱਲ ਕੇ, ਤੈਨੂੰ ਦਿਆਂ ਸਮਝਾਈਆ । ਜਮਨਾ ਆਪਣਿਆਂ ਕੇਸਾਂ ਨਾਲ ਚੌਰ ਵੇਖ ਝੱਲ ਕੇ, ਏਹਨਾਂ ਮਿਲੇ ਵਡਿਆਈਆ । ਫੇਰ ਹੱਥ ਨਹੀਂ ਔਣਾ ਭਲਕੇ, ਵੇਲਾ ਇਕ ਸੁਹਾਈਆ । ਇਹ ਖ਼ੁਸ਼ੀ ਨਹੀਂ ਹੁੰਦਾ ਰੋਟੀ ਪਾਣੀ ਜਲ ਤੇ, ਪ੍ਰੇਮ ਪ੍ਰੀਤੀ ਅੰਦਰ ਸਮਾਈਆ । ਜਮਨਾ ਨੇਤਰ ਨੈਣਾਂ ਨੀਰ ਸੁੱਟ ਕੇ, ਹੰਝੂਆਂ ਹਾਰ ਬਣਾਈਆ । ਸੋਹਣੀ ਮੇਂਢੀ ਹੱਥਾਂ ਨਾਲ ਪੁਟ ਕੇ, ਖੁਲ੍ਹੀ ਗੁਤ ਵਖਾਈਆ । ਸਿਰ ਚਰਨਾਂ ਉਤੇ ਸੁੱਟ ਕੇ, ਧੂੜੀ ਟਿੱਕਾ ਮਸਤਕ ਲਾਈਆ । ਪ੍ਰਭੂ ਮੇਰਾ ਬ੍ਰਾਹਮਣ ਸਭ ਕੁਛ ਲੈ ਗਿਆ ਲੁਟ ਪੁਟ ਕੇ, ਰੋ ਕੇ ਦਏ ਦੁਹਾਈਆ । ਓਧਰੋਂ ਗੰਗਾ ਬੋਲੇ ਉਠ ਕੇ, ਨੀ ਤੇਰਾ ਕੀ ਖੜਿਆ ਮੇਰੇ ਬਾਹਵਾਂ ਕੰਗਨ ਗਿਆ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਸੁਰਸਤੀ ਕਹੇ ਮੈਂ ਲਿਆਈ ਚਾਦਰ, ਬਣ ਧੋਬਨ ਸੇਵ ਕਮਾਈਆ । ਮੈਨੂੰ ਏਥੇ ਮਿਲੇ ਆਦਰ, ਚਰਨ ਕਵਲ ਸਰਨਾਈਆ । ਰਵਦਾਸ ਕਿਹਾ ਨਹੀਂ ਇਹ ਮਾਣ ਤੇਗ ਬਹਾਦਰ, ਜਿਸ ਦਾ ਰੂਪ ਚਿਟੀ ਧਾਰ ਨਜ਼ਰੀ ਆਈਆ । ਤੇਰਾ ਗੰਗਾ ਜਮਨਾ ਵਿਚ ਮਿਲ ਕੇ ਹੋਵੇ ਆਦਰ, ਨਰਾਇਣ ਤਿੰਨਾਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੋਦਾਵਰੀ ਕਹੇ ਮੈਂ ਆਈ ਭੱਜੀ, ਆਪਣਾ ਪੰਧ ਮੁਕਾਈਆ । ਗੋਤਮ ਕਹੇ ਨੀ ਤੂੰ ਗੰਜੀ, ਮੈਂਡੀ ਸੀਸ ਨਾ ਕੋਈ ਗੁੰਦਾਈਆ । ਤੇਰੇ ਕੰਢੇ ਗਿਆ ਪੁਰਖ ਅਕਾਲ ਤੂੰ ਕੋਈ ਨਾ ਡਾਹ ਕੇ ਦਿਤੀ ਮੰਜੀ, ਕੰਢੀ ਉਤੇ ਡੇਰਾ ਲਾਈਆ । ਆਪਣੀ ਵੌਹਦੀ ਰਹੀਉਂ ਕੰਘੀ, ਪੱਟੀ ਮੁਖ ਸੀਸੇ ਨਾਲ ਸੁਹਾਈਆ । ਨੇਤਰ ਨੈਣ ਰਹੀਉਂ ਅੰਧੀ, ਅੱਖ ਨਾ ਕੋਈ ਖੁਲ੍ਹਾਈਆ । ਇਕ ਗੱਲੋਂ ਤੂੰ ਚੰਗੀ, ਤੇਰੇ ਅੰਦਰ ਗੁਰ ਗੋਬਿੰਦ ਚਰਨ ਗਿਆ ਟਿਕਾਈਆ । ਨਹੀਂ ਤੇ ਸਦਾ ਰਹਿੰਦੀਓ ਰੰਡੀ, ਸੁਹਾਗੀ ਕੰਤ ਨਾ ਕੋਈ ਹੰਢਾਈਆ । ਗੋਦਾਵਰੀ ਕਹੇ ਮੈਂ ਪੌਣ ਦਿਤੀ ਠੰਡੀ, ਜਿਸ ਵੇਲੇ ਹਰਿਸੰਗਤ ਮੇਰੇ ਅੰਦਰ ਨਹਾਵਣ ਜਾਈਆ । ਮੈਂ ਉਹਨਾਂ

ਦੇ ਅੰਦਰੋ ਪ੍ਰੇਮ ਦੀ ਲਈ ਸੁਗੰਧੀ, ਉਹ ਮੇਰੇ ਲੂੰ ਲੂੰ ਵਿਚ ਸਮਾਈਆ । ਭਾਵੇ ਚੰਗੀ ਭਾਵੇ ਮੰਦੀ, ਉਹਨਾਂ ਗੁਰਸਿਖਾਂ ਘਰ ਆਈਆ । ਇਕੀਆਂ ਵਿਚੋਂ ਕਿਸ਼ਨ ਸਿੰਘ ਦੇ ਘਰ ਦੀ ਲੱਭੀ ਡੰਡੀ, ਮੈਂ ਭੱਜੀ ਵਾਹੋ ਦਾਹੀਆ । ਰਾਹ ਵਿਚ ਤੀਰਥਾਂ ਉਤੇ ਵੇਖੀ ਗੁੰਡਿਆਂ ਦੀ ਲੱਗੀ ਮੰਡੀ, ਸੰਤ ਸਾਧ ਸਾਧਨਾ ਵਾਲਾ ਨਜ਼ਰ ਕੋਈ ਨਾ ਆਈਆ । ਏਥੇ ਆ ਕੇ ਵੇਖਿਆ ਹਰਿਸੰਗਤ ਸਾਰੀ ਲੱਗੀ ਚੰਗੀ, ਜੋ ਪ੍ਰਭ ਚਰਨ ਧਿਆਨ ਲਗਾਈਆ । ਚਰਨਾਂ ਵਿਚ ਬੈਠੀਆਂ ਜਮਨਾ ਗੰਗੀ, ਸੁਰਸਤੀ ਨਾਲ ਮਿਲਾਈਆ । ਮੈਂ ਇਕ ਨਾਲ ਲਿਆਈ ਰਬਾਬ ਤੰਦੀ, ਸੋਹਣੀ ਤਾਰ ਬਣਾਈਆ । ਜਿਸ ਵਿਚੋਂ ਗੋਬਿੰਦ ਗੀਤ ਨਿਕਲੇ ਪ੍ਰਭ ਤੋੜਣਹਾਰਾ ਖਾਨਾਬੰਦੀ, ਬੰਧਨ ਦਏ ਕਟਾਈਆ । ਵੇਖੋ ਮੇਰੀ ਭੱਜਦਿਆਂ ਭੱਜਦਿਆਂ ਤਣੀ ਟੁਟ ਗਈ ਅੰਗੀ, ਸੂਈ ਧਾਗਾ ਹੱਥ ਕੋਈ ਨਾ ਆਈਆ । ਮੇਰੀ ਅੱਧੀ ਛਾਤੀ ਨੰਗੀ, ਅੱਖਾਂ ਸ਼ਰਮ ਨਾਲ ਸ਼ਰਮਾਈਆ । ਪ੍ਰਭੂ ਧੰਨ ਭਾਗ ਇਹ ਗੁਰਮੁਖਾਂ ਦੀ ਸੰਗਤ ਚੰਗੀ, ਮੇਰੇ ਨਗਨ ਵਲ ਅੱਖ ਨਾ ਕਿਸੇ ਤਕਾਈਆ । ਮੈਂ ਹੋ ਗਈ ਠਾਰ ਠੰਡੀ, ਠੰਡਕ ਇਕ ਵਰਤਾਈਆ । ਜੇ ਸਚ ਪੁਛੇ ਏਥੇ ਇਕ ਬੈਠਾ ਪੋਸਤੀ ਭੰਗੀ, ਸਿੰਘ ਜਸਬੀਰ ਨਾਉਂ ਰਖਾਈਆ । ਜਿਸ ਨੂੰ ਘਰ ਮਿਲੀ ਸੀ ਤੰਗੀ, ਗੋਬਿੰਦ ਨਾਲ ਗੋਦਾਵਰੀ ਗਿਆ ਚਾਈਂ ਚਾਈਂਆ । ਮੈਂ ਉਹਦੇ ਲਈ ਇਕ ਮੰਗ ਮੰਗਣ ਲੱਗੀ, ਆਪਣੀ ਝੋਲੀ ਅੱਗੇ ਡਾਹੀਆ । ਵੀਹ ਸੌ ਇਕੀ ਬਿਕ੍ਰਮੀ ਇਹਦੀ ਸਵਾਣੀ ਹੋਣੀ ਰੰਡੀ, ਕੰਤ ਸੁਹਾਗ ਗਵਾਈਆ । ਜੇ ਸੰਗਤ ਹੋਵੇ ਚੰਗੀ, ਗਲ ਪੱਲੂ ਲਵੇ ਪਾਈਆ । ਤਿੰਨ ਦਿਨ ਪਹਿਲੋਂ ਅੱਠ ਫੱਗਣ ਸੰਗਤ ਹੋਏ ਅਕੱਠੀ, ਫਿਰ ਅਗਲਾ ਲੇਖਾ ਦਿਆਂ ਜਣਾਈਆ । ਓਨਾ ਚਿਰ ਮੈਂ ਨਹੀਂ ਕਰਨੀ ਪੱਕੀ, ਪੱਕਾ ਲੇਖ ਨਾ ਕੋਈ ਲਿਖਾਈਆ । ਮੈਂ ਏਸੇ ਕਰਕੇ ਆਈ ਨੱਸੀ, ਗੁਰਸਿਖ ਗੁਰਸਿਖਾਂ ਨਾਲੋ ਕਰੇ ਨਾ ਕਦੇ ਜੁਦਾਈਆ । ਮੈਂ ਤਿੰਨ ਵਾਰਾਂ ਡਿਗੀ ਵਿਚ ਪਾਣੀ ਕੱਸੀ, ਆਪਣੀ ਧੋਤੀ ਰਹੀ ਵਖਾਈਆ । ਇਕ ਦੋ ਵਾਰ ਤਰ ਗਈ ਵਾਂਗ ਮੱਛੀ, ਮੇਰੇ ਪੈਰ ਥੱਲੇ ਉਤੇ ਨਜ਼ਰੀ ਆਈਆ । ਗੁਰਮੁਖੋ ਮੈਂ ਇਹਦੀ ਕਿਰਪਾ ਨਾਲ ਬਚੀ, ਬੱਚਿਆਂ ਵਾਲਿਓ ਏਸੇ ਲਿਆ ਮੰਗਾਈਆ । ਮੈਂ ਕਰਾਂ ਗੱਲ ਸੱਚੀ, ਅੱਛੀ ਤਰ੍ਹਾ ਸਮਝਾਈਆ । ਪੈਰ ਖਿਚਣ ਲੱਗਾ ਮੈਨੂੰ ਕੰਢੇ ਉਤੇ ਕਰਕੇ ਗਿਆ ਪੱਕੀ, ਹੌਲੀ ਜਿਹੀ ਸਮਝਾਈਆ । ਮੇਰੇ ਭਗਤਾਂ ਦਾ ਸੰਗ ਰੱਖੀਂ, ਗੁਰਮੁਖਾਂ ਨਾਲ ਕਰੀਂ ਕੁੜਮਾਈਆ । ਫਿਰ ਪੁਰਖ ਅਕਾਲ ਤੈਨੂੰ ਦਿਸੇ ਅੱਖੀਂ, ਦਰ ਜਾ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਕੜਾਹੀ ਕਹੇ ਮੇਰਾ ਲੇਖ ਧੁਰ ਦਾ, ਰਵਦਾਸ ਰਿਹਾ ਜਣਾਈਆ । ਜਿਸ ਦੇ ਪਿਛੇ ਪਾੜ ਕੇ ਕੁੜਤਾ, ਕੂੜੀ ਕਿਰਿਆ ਗਲੋਂ ਲਾਹੀਆ । ਗੁਰਮੁਖ ਹੋਣ ਨਾ ਦੇਵੇ ਮੁਰਦਾ, ਮੁਰਸ਼ਦ ਬੇਪਰਵਾਹੀਆ । ਮੈਨੂੰ ਇਕੋ ਫੁਰਨਾ ਫੁਰਦਾ, ਦੋਹਾ ਕੁੰਡਿਆਂ ਵਾਲੀ ਰਹੀ ਸਮਝਾਈਆ । ਜਿਹੜਾ ਇਹਦੇ ਚਰਨਾਂ ਜੁੜਦਾ, ਜੋੜੀ ਦੋ ਜਹਾਨਾਂ ਵਖਾਈਆ । ਗੁਰਮੁਖੋ ਅੱਗੇ ਗਿਆ ਫੇਰ ਕੋਈ ਨਹੀਂ ਮੁੜਦਾ, ਘਰ ਸਾਚੇ ਲਏ ਬਹਾਈਆ । ਓਧਰੋ ਤੇਜਾ ਸਿੰਘ ਆ ਗਿਆ ਫਿਰਦਾ ਤੁਰਦਾ, ਹੌਲੀ ਜਿਹੀ ਸੁਣਾਈਆ । ਉਹ ਮੁੰਡਿਓ ਭਾ ਕੀ ਆ ਗੁੜ ਦਾ, ਸਾਰੇ ਦਿਓ ਸੁਣਾਈਆ । ਇਹ ਲੇਖਾ ਮੇਰਾ ਧੁਰ ਦਾ, ਜਿਸ ਕਾਰਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਗੁੜ ਕਿਹੜੇ ਕੰਮ, ਸਚ ਦੇ ਸਮਝਾਈਆ । ਘੁਮਿਆਰ ਕਹੇ ਤਮਾਕੂ ਕਿਹੜੇ ਕੰਮ, ਬਿਨਾਂ ਗੁੜ ਰਸ ਨਾ ਕੋਈ ਭਰਾਈਆ । ਮੇਰਾ ਹਲਕ ਨਾ ਸੁੱਕੇ ਦਮ,

੫੮੭
੧੯

ਸੌਖਾ ਸਾਹ ਰਖਾਈਆ । ਹਰਖ਼ ਸੋਗ ਨਾ ਗ਼ਮ, ਖ਼ੁਸ਼ੀਆਂ ਰੰਗ ਰੰਗਾਈਆ । ਰਵਦਾਸ ਪ੍ਰੇਮ ਨਾਲ ਕਿਹਾ ਤੇਰਾ ਚੰਗਾ ਲੱਗੇ ਚੰਮ, ਸੋਹਣਾ ਰੂਪ ਵਟਾਈਆ । ਘੁਮਿਆਰ ਕਹੇ ਮੇਰਾ ਬੇੜਾ ਦਿਤਾ ਬੰਨ, ਤਮਾਕੂ ਲੈਣ ਦੀ ਲੋੜ ਰਹੀ ਨਾ ਰਾਈਆ । ਮੇਰੇ ਵੰਡੇ ਦਾ ਗੁੜ ਸੰਗਤ ਵਿਚ ਦੇਣਾ ਵੰਡ, ਇਕੋ ਵਾਰ ਦੇਣਾ ਵਰਤਾਈਆ । ਨਾਲ ਬ੍ਰਾਹਮਣ ਨੂੰ ਪੈ ਜਾਏ ਠੰਡ, ਗੱਠੜੀ ਪਰਾਂ ਦਏ ਸੁਟਾਈਆ । ਅੰਮ੍ਰਿਤ ਧਾਰ ਬਣੇ ਜਲ, ਚਰਨਾਂ ਨਾਲ ਛੁਹਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਅੱਖਾਂ ਚੁੱਕ ਕੇ ਵੇਖਣ ਪਲ ਪਲ, ਪ੍ਰਭ ਇਹ ਕੀ ਖੇਲ ਰਚਾਈਆ । ਖੋਂਚਾ ਕਹੇ ਪ੍ਰਭ ਡਾਂਗਾ ਵਾਲੇ ਘਲ, ਸੋਹਣਾ ਸੰਗ ਬਣਾਈਆ । ਇਸ ਬ੍ਰਾਹਮਣ ਨੂੰ ਲਈਏ ਭੰਨ, ਹੰਕਾਰ ਵਿਕਾਰ ਗਵਾਈਆ । ਰਵਦਾਸ ਹੌਲੀ ਜਿਹੀ ਸਾਰਿਆਂ ਨੂੰ ਕਿਹਾ ਵਿਚ ਕੰਨ, ਪ੍ਰਭ ਅੱਗੇ ਦਿਓ ਸੀਸ ਨਿਵਾਈਆ । ਤੁਸੀ ਕਿਉਂ ਡਾਗਾਂ ਸੋਟੇ ਰਹੇ ਭੰਨ, ਪ੍ਰਭ ਕਿਰਪਾ ਨਾਲ ਦਏ ਸਮਝਾਈਆ । ਸਾਰੇ ਅਕੱਠੇ ਗਏ ਮੰਨ, ਦੋਏ ਜੋੜ ਪ੍ਰਭ ਚਰਨ ਸੀਸ ਨਿਵਾਈਆ । ਰਵਦਾਸ ਪੁੱਛੇ ਬ੍ਰਾਹਮਣਾ ਕੀ ਨਿਕਲਿਆ ਜਨ, ਕੇ ਬਾਕੀ ਕੁਛ ਰਖਾਈਆ । ਬ੍ਰਾਹਮਣ ਕਹੇ ਮੇਰੇ ਹੁਣ ਕੁਛ ਨਹੀਂ ਵਿਚ ਤਨ, ਸਾਫ ਭਾਂਡਾ ਦਿਤਾ ਕਰਾਈਆ । ਕੜਾਹੀ ਕਹੇ ਇਹ ਮੇਰੇ ਵਰਗਾ ਅੰਦਰੋਂ ਹੋ ਗਿਆ ਚੰਨ, ਸੋਹਣਾ ਰੂਪ ਵਟਾਈਆ । ਖੋਂਚਾ ਕਹੇ ਮੈਂ ਰਗੜ ਰਗੜ ਕੇ ਸਾਫ ਕੀਤੀ ਖਲ, ਸੋਹਣੀ ਸੇਵ ਕਮਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਕਹਿਣ ਅਸੀਂ ਵੇਖੀਏ ਅੰਮ੍ਰਿਤ ਚਰਨਾ ਵਿਚ ਜਲ, ਧੁਰ ਦਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੰਗਾ ਕਹੇ ਮੈਂ ਲਿਆਈ ਗੰਗਾ ਸਾਗਰ, ਲੁਟੀਆ ਨਜ਼ਰੀ ਆਈਆ । ਔਦੀ ਮਿਲਿਆ ਦਰ ਆਦਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਓਧਰੋਂ ਜਮਨਾ ਦੀ ਬੋਲੀ ਗਾਗਰ, ਉਚੀ ਉਚੀ ਸੁਣਾਈਆ । ਮੇਰਾ ਨਿਰਮਲ ਕਰਮ ਹੋਇਆ ਉਜਾਗਰ, ਸੋਹਣਾ ਰੂਪ ਵਟਾਈਆ । ਸੁਰਸਤੀ ਕਹੇ ਮੇਰੀ ਸੁਰਤੀ ਬਣੀ ਚਿਟੀ ਚਾਦਰ, ਕਿਸੇ ਸੂਤ ਤਾਣਾ ਪੇਟਾ ਨਾ ਕਰ ਉਣਾਈਆ । ਗੋਦਾਵਰੀ ਕਹੇ ਪ੍ਰਭ ਵੇਖਿਆ ਕਰਦਾ ਆਦਲ, ਅਦਾਲਤ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਪੰਜੇ ਫੜੋ ਸੋਟੇ, ਸੱਜੇ ਹੱਥ ਰਖਾਈਆ । ਇਕ ਦੇ ਦੋ ਦੋ ਕਰੋ ਟੋਟੇ, ਦੋਹਾਂ ਮਿਲੇ ਵਡਿਆਈਆ । ਬ੍ਰਾਹਮਣ ਨਾਲ ਕਾਹਦੇ ਰੋਸੇ, ਪ੍ਰਭ ਰੁਸਿਆਂ ਲਿਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਪਾਈਆ । ਇਕ ਦੇ ਟੋਟੇ ਕੀਤੇ ਦੋ, ਪੰਜਾਂ ਦਸ ਬਣਾਈਆ । ਦੱਸਾਂ ਵਿਚ ਪ੍ਰਭ ਆਪੇ ਹੋ, ਸੋਹਣਾ ਰੰਗ ਵਖਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਬ੍ਰਾਹਮਣ ਪੰਜੇ ਇਹਦੀ ਕੱਠੇ ਹੋ ਕੇ ਸੁਣੀ ਸੱਚੀ ਸੋ, ਸਚ ਧਿਆਨ ਲਗਾਈਆ । ਗੰਗਾ ਕਹੇ ਬੇਸ਼ਕ ਸਾਡੇ ਨਾਲ ਕਰਦਾ ਰਿਹਾ ਧਰੋ, ਪਰ ਤੇਰੇ ਚਰਨਾਂ ਬੈਠਾ ਚੰਗਾ ਨਜ਼ਰੀ ਆਈਆ । ਜਮਨਾ ਕਹੇ ਮੇਰਾ ਸਭ ਕੁਛ ਲਿਆ ਖੋਹ, ਠੱਗੀ ਚੋਰੀ ਨਾਲ ਰਲਾਈਆ । ਪ੍ਰਭ ਇਹਦਾ ਭਗਤ ਨਾਲ ਮੋਹ, ਇਸ ਕਰਕੇ ਕੁਛ ਕਹਿ ਨਾ ਸਕਾਂ ਰਾਈਆ । ਸੁਰਸਤੀ ਕਹੇ ਮੇਰੇ ਅੰਦਰ ਵੜ ਕੇ ਮੈਨੂੰ ਆਇਆ ਟੋਹ, ਮੇਰੀਆਂ ਡੰਡੀਆਂ ਲਿਆਇਆ ਚੁਰਾਈਆ । ਜੀ ਕਰਦਾ ਇਹਦੀ ਬੋਦੀ ਦੇਵਾਂ ਖੋਹ, ਪਰ ਤੇਰੇ ਦੁਆਰੇ ਬੈਠਾ ਤੇਰਾ ਨੂਰ ਨਜ਼ਰੀ ਆਈਆ । ਗੋਦਾਵਰੀ ਕਹੇ ਜਿਸ ਵੇਲੇ ਸੱਤ ਸੌ ਪੌੜੀ ਚੜ੍ਹ ਕੇ ਮੇਰੇ ਨਾਲ ਕੀਤਾ ਧਰੋਹ, ਮੇਰਾ ਲਹਿੰਗਾ ਲਿਆ ਉਠਾਈਆ । ਜੀ ਕਰਦਾ ਭੱਠੀ ਵਾਲਾ ਮਾਰਾਂ ਇਹਦੇ

ਸਿਰ ਵਿਚ ਚੋ, ਪਿਛਲਾ ਲੇਖਾ ਦਿਆਂ ਮੁਕਾਈਆ । ਪ੍ਰਭੂ ਤੇਰੇ ਚਰਨਾਂ ਵਲ ਤੱਕ ਕੇ ਮੈਂ ਪਈ ਰੋ, ਐਂ ਜਾਪੇ ਜਿਵੇਂ ਤੇਰੇ ਚਰਨਾਂ ਸੇਵ ਕਮਾਈਆ । ਚਾਰੇ ਕਹਿਣ ਨੀਂ ਹੁਣ ਇਹਦੇ ਨਾਲ ਜਾਏ ਛੋਹ, ਖਵਰੇ ਸਾਨੂੰ ਏਹਦੇ ਨਾਲ ਮਿਲਾਈਆ । ਜੋ ਦੋ ਜਹਾਨਾਂ ਦਾ ਵਾਲੀ ਬਣਿਆ ਛੱਬੀ ਪੋਹ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜਨ ਭਗਤਾਂ ਦੇਵਣ ਆਇਆ ਢੋਆ ਢੋ, ਧੁਰ ਦੀ ਵਸਤ ਵਰਤਾਈਆ । ਗੰਗਾ ਕਹੇ ਇਨ੍ਹਾਂ ਪੰਜਾਂ ਕੋਲੋਂ ਸੋਟੇ ਲਈਏ ਖੋਹ, ਪ੍ਰਭ ਚਰਨ ਭੇਟ ਚੜ੍ਹਾਈਆ । ਸਾਰੇ ਇਕੋ ਜਿਹੇ ਜਾਈਏ ਹੋ, ਹੋਕਾ ਦੇ ਕੇ ਇਕੋ ਅਵਾਜ਼ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹਦੇ ਜਾਮੇ ਕੱਟ ਦੇ ਪੂਰੇ ਨੌਂ, ਨੌਕਾ ਨਈਆ ਆਪਣੇ ਨਾਮ ਚੜ੍ਹਾਈਆ । ਹੁਣ ਬ੍ਰਾਹਮਣ ਨੂੰ ਘਰ ਦਾ ਨਹੀਂ ਗੌਂ, ਬ੍ਰਾਹਮਣੀ ਯਾਦ ਕਦੇ ਨਾ ਆਈਆ । ਕੱਖਾਂ ਉਤੇ ਜਾਂਦਾ ਸੌਂ, ਮੰਗੇ ਨਾ ਲੇਫ ਤੁਲਾਈਆ । ਸਾਡੇ ਵਿਚ ਬਹਿ ਕੇ ਜਾਂਦਾ ਗਾਓ, ਸੋਹਣਾ ਰਾਗ ਸੁਣਾਈਆ । ਲੇਖਾ ਛੱਡਿਆ ਮੈਂ ਹਉਂ, ਹੰਕਾਰ ਵਿਚੋਂ ਤਜਾਈਆ । ਹੰਸ ਬਣਿਆ ਕਾਉਂ, ਕਾਗ ਹੰਸ ਰੂਪ ਵਟਾਈਆ । ਰਵਦਾਸ ਕਹੇ ਪ੍ਰਭ ਇਹਦੇ ਸਿਰ ਤੇ ਰੱਖ ਠੰਡੀ ਛਾਉਂ, ਹਰਿਸੰਗਤ ਨਾਲ ਮਿਲਾਈਆ । ਤੂੰ ਹੀ ਮਾਤਾ ਤੂੰ ਹੀ ਪਿਤਾ ਮਾਉਂ, ਮਾਪਿਆ ਵਿਚੋਂ ਮਾਪਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲੀ ਭੁੱਲ ਸਰਬ ਬਖ਼ਸ਼ਾਈਆ । ਰਵਦਾਸ ਕਹੇ ਮੈਂ ਫੇਰਾਂ ਲੀਕ, ਕਲਮ ਸ਼ਾਹੀ ਨਾਲ ਲਗਾਈਆ । ਕੀ ਪ੍ਰਭੂ ਇਹ ਉਹੋ ਤਰੀਕ, ਜਿਹੜੀ ਪਿਛੇ ਗਿਆ ਸਮਝਾਈਆ । ਗੰਗਾ ਮਾਤਾ ਕਹੇ ਠੀਕ, ਮੈਂ ਏਸੇ ਕਰਕੇ ਵੇਖਣ ਆਈਆ । ਜਮਨਾ ਕਹੇ ਧੰਨ ਭਾਗ ਜੇ ਬ੍ਰਾਹਮਣ ਹੋਇਆ ਸੁਰਜੀਤ, ਸੋਈ ਸੁਰਤ ਜਗਾਈਆ । ਸੁਰਸਤੀ ਕਹੇ ਇਹ ਬਣਿਆ ਰਹੇ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਗੋਦਾਵਰੀ ਕਹੇ ਬਣੀ ਰਹੇ ਪ੍ਰੀਤ, ਪ੍ਰਭ ਚਰਨ ਮਿਲੇ ਸਰਨਾਈਆ । ਪੰਜ ਕਹਿਣ ਹੁਣ ਨਹੀਂ ਤੇਰੇ ਸ਼ਰੀਕ, ਸੋਟੇ ਪ੍ਰਭ ਦੇ ਹੱਥ ਫੜਾਈਆ । ਰਵਦਾਸ ਕਹੇ ਓਹ ਸਾਰੇ ਕੱਠੇ ਹੋ ਕੇ ਮੰਗ ਲਓ ਭੀਖ, ਆਪਣੀ ਝੋਲੀ ਅੱਗੇ ਡਾਹੀਆ । ਜੇ ਨੀਚੋਂ ਕਰ ਜਾਏ ਊਚ, ਆਪਣੇ ਰੰਗ ਰੰਗਾਈਆ । ਸਾਰੇ ਬਣ ਜਾਓ ਏਸੇ ਦੇ ਪੂਤ, ਪਿਤਾ ਇਕੋ ਬੇਪਰਵਾਹੀਆ । ਕਬੀਰ ਕਹੇ ਹੁਣ ਕੱਢਣਾ ਨਹੀਂ ਪੈਂਦਾ ਤਾਗਾ ਤਾਣਾ ਪੇਟਾ ਸੂਤ, ਕੁਛ ਨਾਲ ਕਰਨੀ ਨਾ ਪਏ ਸਫਾਈਆ । ਖੱਡੀਆਂ ਵਿਚ ਰਲਾਉਣਾ ਨਾ ਪਏ ਪੰਜ ਤਤ ਕਲਬੂਤ, ਨਲੀਆਂ ਵੱਟ ਚਰਖੇ ਉਤੇ ਨਾ ਕੋਈ ਚੜ੍ਹਾਈਆ । ਉਏ ਜਨ ਭਗਤੋ ਤੁਹਾਡਾ ਕਿਡਾ ਸੋਹਣਾ ਕੰਮ ਆਇਆ ਸੂਤ, ਵੇਲਾ ਵਕਤ ਲਓ ਸੁਹਾਈਆ । ਚੁਲ੍ਹਾ ਸਮਝੋ ਨਾ ਪੰਜ ਤਤ ਭੂਤ, ਬੇਅੰਤ ਬੇਪਰਵਾਹ ਨਰ ਨਿਰੰਕਾਰ ਨਜ਼ਰੀ ਆਈਆ । ਜਿਸ ਦਾ ਲੇਖਾ ਚਾਰ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਇਸ ਦੀ ਝੋਲੀ ਪਾਓ ਜੂਠ ਝੂਠ, ਸਾਫ ਆਪਣਾ ਆਪ ਕਰਾਈਆ । ਧੁਰ ਦਾ ਮਾਹੀ ਸੱਚਾ ਮਹਿਬੂਬ, ਮੁਹੱਬਤ ਕਰਨ ਲੋਕਮਾਤ ਆਈਆ । ਹਜ਼ਰ ਵਲੋ ਹਜ਼ੂਰ ਮੌਜੂਦ, ਹਜ਼ਰਤ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਰਿਹਾ ਕਮਾਈਆ । ਕੜਾਹੀ ਕੜਛਾ ਉਠੇ ਬੋਲ, ਇਕੱਠ ਰਹੇ ਸੁਣਾਈਆ । ਪ੍ਰਭ ਮਿੱਠਾ ਰਸ ਸਾਡੇ ਵਿਚ ਦਿਤਾ ਘੋਲ, ਅੰਮ੍ਰਿਤ ਅਮਰ ਰੂਪ ਵਖਾਈਆ । ਇਸ ਵਿਚ ਰਸਤ ਚੀਨੀ ਕਿਉਂ ਨਹੀਂ ਪੌਂਦੇ ਤੋਲ, ਤਕੜੀਆਂ ਵਟਿਆਂ ਲੇਖਾ ਦਏ ਚੁਕਾਈਆ । ਫੇਰ ਪੰਡਤ ਤੇਰੇ ਕੜਾਹ ਪਰਸ਼ਾਦ ਦੀ ਸਭ ਨੂੰ ਖਵਾਵੇ ਪੌਲ੍ਹ, ਵਿਚ ਆਪਣਾ ਹਿੱਸਾ ਰਖਾਈਆ । ਬੰਦ ਦਰਵਾਜੇ ਦੇਵੇ ਖੋਲ੍ਹ, ਖੁਲ੍ਹਾ ਰਾਹ ਸਮਝਾਈਆ । ਜੋਤੀ

੫੮੯
੧੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਏਧਰੋਂ ਕੜਾਹੀ ਨੀਰ ਕਰੇ ਪੁਕਾਰ, ਇਕੋ ਵਾਰ ਸੁਣਾਈਆ । ਪ੍ਰਭੂ ਤੇਰੇ ਚਰਨ ਬਲਹਾਰ, ਜਿਸ ਦਿਤੀ ਮਾਣ ਵਡਿਆਈਆ । ਮੈਂ ਮੰਗਾਂ ਮੰਗ ਬਣ ਭਿਖਾਰ, ਤੇਰੇ ਅੱਗੇ ਝੋਲੀ ਡਾਹੀਆ । ਜੇ ਆਪਣਿਆਂ ਭਗਤਾਂ ਕਰਾਏ ਮੈਨੂੰ ਦੀਦਾਰ, ਮੈਂ ਖ਼ੁਸ਼ੀਆਂ ਵਿਚ ਸੱਚਾ ਗੀਤ ਗਾਈਆ । ਅਬਿਨਾਸ਼ੀ ਕਰਤਾ ਦੀਨ ਦਿਆਲ, ਮਿਹਰ ਨਜ਼ਰ ਉਠਾਈਆ । ਆਪਣੇ ਹੱਥ ਦੇ ਉਤੇ ਲਏ ਬਹਾਲ, ਹਰਿਸੰਗਤ ਤੇਰਾ ਦਰਸ਼ਨ ਦਏ ਵਖਾਈਆ । ਜਿਸ ਵਿਚ ਬੈਠੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੂਪ ਰਖਾਈਆ । ਥੋੜਾ ਥੋੜਾ ਛਿਟਾ ਦੇਵੇ ਮਾਰ, ਤਨ ਮਾਟੀ ਸਾਫ ਕਰਾਈਆ । ਓਧਰੋਂ ਆਇਆ ਗੁਜਰੀ ਲਾਲ, ਗੋਬਿੰਦ ਸੱਚਾ ਮਾਹੀਆ । ਕੱਢ ਕੇ ਗੜ੍ਹੀ ਵਾਲਾ ਰੁਮਾਲ, ਮੁਖ ਸਿੱਖਾਂ ਸਾਫ ਕਰਾਈਆ । ਨੇਤਰ ਖੋਲ੍ਹੋ ਵੇਖੋ ਦੀਨ ਦਿਆਲ, ਪਾਰਬ੍ਰਹਮ ਪਤਿਪਰਮੇਸ਼ਵਰ ਬੈਠਾ ਆਸਣ ਲਾਈਆ । ਕਿਸੇ ਹੱਥ ਨਹੀਂ ਆਉਂਦਾ ਮੰਦਰ ਮਸਜਦ ਗੁਰਦਵਾਰ ਧਰਮਸਾਲ, ਤਟ ਤੀਰਥ ਰਹੇ ਕੁਰਲਾਈਆ । ਛੇਤੀ ਛੇਤੀ ਕੜਾਹੀ ਕਹੇ ਮੇਰੀ ਅਗਨ ਦਿਓ ਬਾਲ, ਮੈਂ ਉਤੇ ਆਵਾਂ ਚਾਈਂ ਚਾਈਂਆ । ਹੋਰ ਪਾਣੀ ਦੇਣਾ ਨਾਲ ਡਾਲ, ਤਿੰਨ ਲਾਗਰੀ ਇਕੋ ਜਿਹੀ ਸੇਵ ਕਮਾਈਆ । ਅਗਲਾ ਫੇਰ ਦੱਸਾਂ ਹਵਾਲ, ਬਾਕੀ ਕੀ ਕੁਛ ਦੇਣਾ ਵਰਤਾਈਆ । ਕਿਤੇ ਭੁੱਲ ਕੇ ਨਾ ਕਹੋਂ ਸਾਨੂੰ ਕਰਨ ਆਇਆ ਕੰਗਾਲ, ਖਾ ਪੀ ਆਪਣਾ ਝੱਟ ਲੰਘਾਈਆ । ਨਹੀਂ, ਇਹ ਧੁਰ ਦਾ ਬਣ ਦਲਾਲ, ਬੇੜਾ ਪਾਰ ਕਰਾਈਆ । ਏਥੇ ਓਥੇ ਏਸ ਦੇ ਅੱਗੇ ਕਿਸੇ ਦੀ ਕੀ ਮਜਾਲ, ਗੁਰਮੁਖਾਂ ਵਲ ਅੱਖ ਤੱਕ ਕੇ ਲਏ ਉਠਾਈਆ । ਏਥੋਂ ਚੁਕ ਕੇ ਸਚਖੰਡ ਦਏ ਬਹਾਲ, ਦਰਗਾਹ ਸਾਚੀ ਧਾਮ ਸੁਹਾਈਆ । ਗੁਰਸਿਖੋ ਥੋੜਾ ਚਿਰ ਖਾ ਪੀ ਕਰ ਲੋ ਕੁਛ ਆਰਾਮ, ਤੁਹਾਡੇ ਜੋਗੀ ਹੋਰ ਵਸਤੂ ਲੈ ਕੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਣ ਸੇਵਕ ਸੇਵ ਕਮਾਈਆ । ਕੜਾਹੀ ਕਹੇ ਕਿਰਪਾ ਕਰੀ ਪੁਰਖ ਸਮਰਥ, ਮਿਹਰਵਾਨ ਹੋ ਕੇ ਦਇਆ ਕਮਾਈਆ । ਚਰਨ ਕਵਲ ਦਿਤੇ ਰੱਖ, ਮੇਰੀ ਸੁਣ ਕੇ ਹਾਲ ਦੁਹਾਈਆ । ਸਭ ਨੇ ਵੇਖਿਆ ਆਪਣੀ ਅੱਖ, ਪੱਲਾ ਉਹਲਾ ਨਾ ਕੋਈ ਜਣਾਈਆ । ਬ੍ਰਾਹਮਣ ਦੋਵੇਂ ਲਾਏ ਹੱਥ, ਪਾਣੀ ਪੰਜਾਂ ਕੋਲੋਂ ਪੁਆਈਆ । ਨੌ ਜਨਮ ਦੇ ਗ੍ਰਹ ਇਕੋ ਵਾਰ ਕਰ ਅਕੱਠ, ਪ੍ਰਭ ਚਰਨ ਡਿਗੇ ਮਾਰਨ ਧਾਈਆ । ਹੁਣ ਅਸੀਂ ਪਿਛੇ ਆਏ ਹਟ, ਆਪਣਾ ਪੰਧ ਮੁਕਾਈਆ । ਬ੍ਰਾਹਮਣ ਦੀ ਗਠੜੀ ਵੀ ਖਾਲੀ ਰਹਿ ਗਈ ਗੱਠ, ਆਪਣਾ ਪੱਲੂ ਆਏ ਛੁਡਾਈਆ । ਤੇਰੇ ਚਰਨਾਂ ਜਾਏ ਵਸ, ਨਾਤਾ ਅਵਰ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਲੱਜਿਆ ਦਏ ਰਖਾਈਆ । ਗ੍ਰਹ ਕਹਿਣ ਅਸੀਂ ਪਏ ਗਿਰ, ਸਿਰ ਸਕੇ ਨਾ ਕੋਈ ਉਠਾਈਆ । ਨੌ ਜਨਮ ਵਖੇਰਾ ਲਿਆ ਫਿਰ, ਬ੍ਰਾਹਮਣ ਨਾਲ ਯਰਾਨਾ ਲਾਈਆ । ਅੰਤਮ ਢੈ ਢੇਰੀ ਹੋਏ ਢੇਰ, ਆਪਣਾ ਮਾਣ ਮਿਟਾਈਆ । ਸਾਡੇ ਲੇਖੇ ਆਂਦਾ ਢੇਰ, ਭੁਲੇਖੇ ਦਿਤੇ ਚੁਕਾਈਆ । ਕਿਥੋਂ ਚੇਤੇ ਰੱਖੇ ਸਿੰਘ ਸ਼ੇਰ, ਪਹਿਲੇ ਲਹਿਣੇ ਯਾਦ ਕਰਾਈਆ । ਲੱਖ ਸ਼ੁਕਰ ਜੇ ਹੁਣ ਦੇਵੇ ਨਬੇੜ, ਅੱਗੇ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰਾ ਦਏ ਕਰਾਈਆ । ਗ੍ਰਹ ਕਹਿਣ ਅਸੀਂ ਵੜ ਗਏ ਵਿਚ ਕੜਾਹੀ, ਪ੍ਰਭ ਚਰਨਾਂ ਸੀਸ ਨਿਵਾਈਆ । ਨਾਲੇ ਰੋਈਏ ਸਾਡੀ ਹੁੰਦੀ ਜਾਏ ਤਬਾਹੀ, ਸੰਗੀ ਸੰਗ ਨਾ ਕੋਈ ਨਿਭਾਈਆ । ਵੇਂਹਦਿਆਂ ਵੇਂਹਦਿਆਂ ਬ੍ਰਾਹਮਣ ਦੀ ਸਾਰੇ ਦੇ ਗਏ ਗਵਾਹੀ,

੫੯੦ ੧੯

ਸ਼ਹਾਦਤ ਰਵਦਾਸ ਨਾਲ ਰਲਾਈਆ । ਸਾਡੀਆਂ ਉਸ ਵੇਲੇ ਨਿਕਲਣ ਹਾਈਂ, ਸਾਨੂੰ ਖੀਰ ਕੜਾਹ ਕਵਣ ਖਵਾਈਆ । ਏਥੋਂ ਚਲੀਏ ਨੱਠ ਕੇ ਬਣ ਕੇ ਪਾਂਧੀ ਰਾਹੀ, ਆਪਣਾ ਪੱਲੂ ਛੁਡਾਈਆ । ਓਧਰੋਂ ਕੜਾਹੀ ਘੁਟ ਕੇ ਫੜਿਆ ਬਾਹੀਂ, ਬ੍ਰਾਹਮਣ ਬਦੋ ਬਦੀ ਵਿਚ ਟਿਕਾਈਆ । ਮੈਂ ਤੁਹਾਨੂੰ ਨਾਲ ਲੈ ਕੇ ਬੈਠੀ ਚੜਨਾ ਚਾਈਂ ਚਾਈਂ, ਸੋਹਣੀ ਅੱਗ ਤਪਾਈਆ । ਤੁਸੀਂ ਮਨਾਉਂਦੇ ਰਹੇ ਗਾਈਂ, ਧਾਨਾਂ ਨਾਲ ਘਰ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਵੇਖ ਵਖਾਈਆ । ਕੜਾਹੀ ਕਹੇ ਮੈਂ ਕੀਤੇ ਕਾਬੂ, ਆਪਣਾ ਘੇਰਾ ਪਾਈਆ । ਲਾਂਗਰੀ ਛੇਤੀ ਲਾਓ ਅੱਗ ਨੂੰ ਲਾਂਬੂ, ਅਗਨੀ ਰੂਪ ਵਟਾਈਆ । ਵੇਖਾਂ ਕਵਣ ਛੁਡਾਵੇ ਇਹਨਾਂ ਦਾ ਬਾਪੂ, ਬ੍ਰਾਹਮਣ ਬੈਠਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰਾ ਰਿਹਾ ਕਰਾਈਆ । ਕੜਾਹੀ ਮਾਰ ਕੇ ਛਾਲ ਚੜ੍ਹ ਗਈ ਉਤੇ ਭੱਠੀ, ਆਪਣਾ ਆਸਣ ਲਾਈਆ । ਥੱਲੇ ਅੱਗ ਲੱਗੀ ਮੱਠੀ ਮੱਠੀ, ਆਪਣੀ ਲਾਟ ਵਖਾਈਆ । ਗ੍ਰਹ ਕਹਿਣ ਅਸੀਂ ਕਿਹੜੀ ਖੱਟੀ ਖੱਟੀ, ਬ੍ਰਾਹਮਣ ਕਿਥੇ ਗਿਆ ਫਸਾਈਆ । ਅਸੀਂ ਇਹਦੇ ਪਿਛੇ ਭਰਦੇ ਰਹੇ ਚੱਟੀ, ਘਰ ਘਰ ਫੇਰਾ ਪਾਈਆ । ਇਹਦੇ ਕਿੱਲੇ ਬੰਨਦੇ ਰਹੇ ਢੱਗੀ ਵੱਛੀ, ਦਾਣੇ ਧੜਤਾਂ ਨਾਲ ਤੁਲਾਈਆ । ਓਧਰੋਂ ਇਕ ਚਲ ਕੇ ਆਇਆ ਵੱਛਾ ਖੱਸੀ, ਉਚੀ ਕੂਕ ਸੁਣਾਈਆ । ਮੈਂ ਵੀ ਵੇਖਿਆ ਅੱਖੀਂ, ਮੇਰੀ ਮਾਂ ਏਸੇ ਬ੍ਰਾਹਮਣ ਜਜਮਾਨਾਂ ਕੋਲੋ ਲੈ ਕੇ ਮੇਰਾ ਨਾਤਾ ਦਿਤਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਬੇਪਰਵਾਹੀਆ । ਕੜਾਹੀ ਕਹੇ ਮੇਰੇ ਅੰਦਰ ਗ੍ਰਹ, ਬ੍ਰਾਹਮਣ ਮੇਰੇ ਅੰਦਰ ਗਿਆ ਟਿਕਾਈਆ । ਤੁਸੀਂ ਭਰਾਵੋ ਏਥੇ ਬਹੋ, ਮੈਂ ਫਿਰ ਆਵਾਂ ਚਾਈਂ ਚਾਈਂਆ । ਘਰੋ ਆਵਾਂ ਭੌਂ, ਆਪਣਾ ਫੇਰਾ ਪਾਈਆ । ਹੌਲੀ ਜਿਹੀ ਦੱਸ ਕੇ ਗਿਆ ਹੁਣ ਨਹੀਂ ਮੈਨੂੰ ਤੁਹਾਡਾ ਕੋਈ ਗੌਂ, ਮੇਰਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਖੇਲ ਖਿਲਾਈਆ । ਗ੍ਰਹ ਕਹਿਣ ਅਸੀਂ ਜਾਈਏ ਸੜ, ਲੇਖਾ ਲੋਕਮਾਤ ਰਹਿਣ ਨਾ ਪਾਈਆ । ਸੜਨ ਤੋਂ ਪਹਿਲੋਂ ਜੇ ਜਾਈਏ ਮਰ, ਆਪਣਾ ਆਪ ਮਿਟਾਈਆ । ਮਰਨ ਤੋਂ ਪਹਿਲੋਂ ਜੇ ਗੁਰਮੁਖਾਂ ਦਰਸ਼ਨ ਲਈਏ ਕਰ, ਆਪਣਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਗ੍ਰਹ ਕਹਿਣ ਕੜਾਹੀ ਸੁਣ ਫਰਿਆਦ, ਤੇਰੇ ਅੱਗੇ ਅਵਾਜ਼ ਲਗਾਈਆ । ਸਾਨੂੰ ਥੋਹੜੀ ਜਿਹੀ ਦੇ ਦਾਦ, ਆਪਣੀ ਮਿਹਰ ਨਜ਼ਰ ਉਠਾਈਆ । ਇਕ ਵਾਰ ਦੱਸ ਕੇ ਖੋਲ੍ਹ ਰਾਜ਼, ਕਵਣ ਤੇਰੇ ਵਿਚ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਕੜਾਹੀ ਕਿਹਾ ਸੁਣੋ ਭੁੱਖੇ ਨੰਗੇ, ਸਚ ਦਿਆਂ ਸੁਣਾਈਆ । ਕਰਿਆ ਖੇਲ ਸੂਰੇ ਸਰਬੰਗੇ, ਸੂਰਬੀਰ ਵਡਿਆਈਆ । ਤੁਸੀਂ ਕਿਉਂ ਬੈਠੇ ਰਹੇ ਅੰਧੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਬ੍ਰਾਹਮਣ ਨੂੰ ਵੱਜਦੇ ਵੇਖੇ ਨਹੀ ਡੰਡੇ, ਜਿਨਾਂ ਨਾਲ ਤੁਹਾਨੂੰ ਸਿਰ ਤੋਂ ਦਿਤਾ ਲਾਹੀਆ । ਤੁਸੀਂ ਇਸ ਕਰਕੇ ਠੰਡੇ, ਗੁਰਮੁਖਾਂ ਦਿਤੀ ਸਜ਼ਾਈਆ । ਏਸੇ ਕਾਰਨ ਚੰਗੇ, ਮੇਰੇ ਵਿਚ ਡਿਗ ਕੇ ਪ੍ਰਭ ਚਰਨਾਂ ਨਾਲ ਆਪਣਾ ਆਪ ਛੁਹਾਈਆ । ਗ੍ਰਹ ਕਹਿਣ ਕੀ ਇਹ ਮਾਤਾ ਗੰਗਾ ਨਾਲੋਂ ਚੰਗੇ, ਚੰਗੀ ਤਰ੍ਹਾਂ ਜਣਾਈਆ । ਕੜਾਹੀ ਕਹੇ ਉਹ ਤੁਹਾਡੀ ਮਾਤਾ ਫਿਰ ਫਿਰ ਪੈਰੀਂ ਨੰਗੇ, ਗੰਗਾ ਮਈਆ ਵੇਸ ਵਟਾਈਆ । ਕੀ ਤੁਸੀਂ ਜਾਣਾ ਉਹਦੇ ਕੰਡੇ, ਓਸ ਦੇ ਲੁਟੀਆ ਵਿਚ ਬੰਦ ਕਰਾਈਆ । ਓਥੇ ਜਾ ਕੇ ਫੇਰ ਬਣੋ ਮੁਸ਼ਟੰਡੇ, ਕੂੜੀ

ਕਾਰ ਕਮਾਈਆ । ਗ੍ਰਹ ਕਹਿਣ ਨਹੀਂ ਅਸੀਂ ਹੁਣ ਏਥੇ ਚੰਗੇ, ਪ੍ਰੀਤੀ ਤੇਰੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਚਾਈਂ ਚਾਈਂਆ । ਕੜਾਹੀ ਕਹੇ ਮੇਰੇ ਨਾਲ ਜੇ ਦੇਣਾ ਸਾਥ, ਸਚ ਦਿਆਂ ਸਮਝਾਈਆ । ਪਹਿਲੋਂ ਆਪਣਾ ਆਪ ਬਣਾਓ ਖ਼ਾਕ, ਖ਼ਾਕੀ ਰੂਪ ਵਟਾਈਆ । ਫਿਰ ਭਗਤ ਬਣੋ ਸਾਕ, ਸੱਜਣ ਨਜ਼ਰੀ ਆਈਆ । ਸਚ ਦੁਆਰਿਉਂ ਮੰਗੋ ਦਾਤ, ਪ੍ਰਭ ਅੱਗੇ ਝੋਲੀ ਡਾਹੀਆ । ਕਿਰਪਾ ਕਰੇ ਜੇ ਪੁਰਖ ਅਬਿਨਾਸ਼, ਆਪਣੀ ਦਇਆ ਕਮਾਈਆ । ਤੁਹਾਡੇ ਮੁਖ ਵਿਚ ਪਾਵੇ ਥੋੜੀ ਜਿਹੀ ਭਾਤ, ਕਤਰਾ ਕਤਰਾ ਵਰਤਾਈਆ । ਓਧਰੋਂ ਪੰਜੇ ਉਠ ਕੇ ਕਹਿਣ ਇਹ ਠੀਕ ਬਾਤ, ਏਸੇ ਨਾਲ ਸਾਨੂੰ ਮਿਲੀ ਵਡਿਆਈਆ । ਸਾਡੀ ਪਵਿਤ ਹੋਈ ਜਾਤ, ਪਾਕ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਗ੍ਰਹ ਕਹਿਣ ਅਸੀਂ ਜਾਣਾ ਮਰ, ਨਾਤਾ ਅਵਰ ਰਹਿਣ ਨਾ ਪਾਈਆ । ਬ੍ਰਾਹਮਣ ਮਿਲ ਗਿਆ ਨਾਲ ਹਰਿ, ਹਰੀ ਰੂਪ ਸਮਾਈਆ । ਅਸੀਂ ਓਸੇ ਦੁਆਰੇ ਜਾਣਾ ਖੜ, ਇਕੋ ਓਟ ਤਕਾਈਆ । ਓਧਰੋਂ ਬ੍ਰਾਹਮਣ ਆਇਆ ਕੁਛ ਹੌਲੀ ਹੌਲੀ ਰਿਹਾ ਪੜ੍ਹ, ਨਿੰਮਾਂ ਨਿੰਮਾਂ ਰਾਗ ਅਲਾਈਆ । ਗ੍ਰਹ ਕਹਿਣ ਇਹ ਕੀ ਰਿਹਾ ਕਰ, ਸਮਝ ਨਾ ਕੋਈ ਸਮਝਾਈਆ । ਓਧਰੋਂ ਸੰਗਤ ਆ ਗਈ ਘਰ, ਕੱਠੀ ਹੋ ਕੇ ਸੋਭਾ ਪਾਈਆ । ਸਾਰਿਆ ਮਿਲ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਲਿਆ ਪੜ੍ਹ, ਗ੍ਰਹ ਸੁਣ ਕੇ ਖ਼ੁਸ਼ੀ ਮਨਾਈਆ । ਸੁਣਦਿਆਂ ਸਾਰ ਡਿਗੇ ਦੜ, ਆਪਣਾ ਆਪ ਗਏ ਤਜਾਈਆ । ਬ੍ਰਾਹਮਣ ਦਾ ਖਾਲੀ ਹੋਇਆ ਘਰ, ਸਾਥੀ ਗਏ ਮੁਖ ਛੁਪਾਈਆ । ਅੱਗੇ ਮਿਲੇ ਇਕੋ ਵਰ, ਜਿਸ ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦਿਤਾ ਚੁਕਾਈਆ । ਗ੍ਰਹ ਗਏ ਕੜਾਹੀ ਹੋਈ ਖ਼ੁਸ਼, ਖੌਂਚਾ ਰਿਹਾ ਹਸਾਈਆ । ਮੈਂ ਪਹਿਲੋਂ ਰਿਹਾ ਚੁੱਪ, ਬੈਠਾ ਮੁਖ ਛੁਪਾਈਆ । ਓਹਲੇ ਰਿਹਾ ਲੁਕ, ਪਰਦਾ ਅੱਗੇ ਟਿਕਾਈਆ । ਹੁਣ ਤਕੜਾ ਹੋ ਕੇ ਪਵਾ ਉਠ, ਆਪਣਾ ਬਲ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵੇ ਮਾਣ ਵਡਿਆਈਆ । ਖੌਂਚਾ ਕਹੇ ਮੈਂ ਕੜਾਹੀ ਸਾਥ, ਸੋਹਣਾ ਜੋੜ ਜੁੜਾਈਆ । ਘਿਰਤ ਪਾਣੀ ਆਟਾ ਬਣਾ ਪਰਸ਼ਾਦ, ਪਰਸ਼ਾਦੀ ਅੱਗੇ ਟਿਕਾਈਆ । ਜਿਸ ਦਾ ਡੂੰਘਾ ਰਾਜ਼, ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਪਰਸ਼ਾਦ ਕਹੇ ਪੰਜਾਂ ਦੀ ਧਾਰ, ਪਹਿਲੀ ਯਾਦ ਕਰਾਈਆ । ਬ੍ਰਾਹਮਣ ਦਾ ਚੁਕਿਆ ਉਧਾਰ, ਵੀਹ ਚਾਲੀ ਝੋਲੀ ਪਾਈਆ । ਅੱਗੇ ਨਾ ਹੋਵੇ ਖਵਾਰ, ਦੁੱਖ ਨਾ ਕੋਇ ਸਤਾਈਆ । ਜਿਸ ਦਾ ਲੇਖਾ ਨਾਲ ਘੁਮਿਆਰ, ਪੰਚ ਮਿਲੀ ਵਡਿਆਈਆ । ਬਣ ਵਿਚੋਲਾ ਚਮਿਆਰ, ਸਭ ਦਾ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਥਾਉਂ ਥਾਈਂਆ । ਵੀਹ ਕਹਿਣ ਅਸਾਂ ਪੁਜਾਈ ਵੀਹ, ਬੀਸ ਬੀਸ ਮਿਲੀ ਵਡਿਆਈਆ । ਸਾਡੇ ਪਿਛੇ ਨਾ ਘਰ ਪੁੱਤ ਨਾ ਧੀ, ਮਾਇਆ ਪਿਛੇ ਆਪਣਾ ਆਪ ਗਵਾਈਆ । ਅੱਗੇ ਵਾਸਤੇ ਗੁਰਮੁਖ ਕੋਈ ਨਾ ਬੀਜਿਓ ਇਹੋ ਜਿਹਾ ਬੀ, ਜਿਸ ਦਾ ਫਲ ਨਜ਼ਰ ਕੋਇ ਨਾ ਆਈਆ । ਬ੍ਰਾਹਮਣ ਤੁਹਾਨੂੰ ਦੱਸਣ ਆਇਆ ਅਗਲੀ ਲੀਹ, ਲਕੀਰ ਪਿਛਲੇ ਉਤੇ ਫਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਆਪਣੇ ਨੈਣ ਉਠਾਈਆ । ਚਾਲੀ ਕਹਿਣ ਅਸੀਂ ਸਾਰੇ ਚੰਗੇ, ਚੰਗੀ ਤਰ੍ਹਾ ਸਮਝਾਈਆ ।

ਬ੍ਰਾਹਮਣ ਸਾਨੂੰ ਖ਼ੁਸ਼ੀਆਂ ਨਾਲ ਮੰਗੇ, ਮੰਗ ਮੰਗ ਕੱਠਾ ਦਿਤਾ ਬਠਾਈਆ । ਜੇ ਵੱਜਦੇ ਨਾ ਇਸ ਦੇ ਡੰਡੇ, ਆਪਣੀ ਗੰਢ ਨਾ ਕਦੇ ਖੁਲ੍ਹਾਈਆ । ਵੇਖੇ ਜੇ ਖਾਂਦਾ ਰਿਹਾ ਖੀਰ ਮੰਡੇ, ਓਨਾਂ ਪਿਛੇ ਕੜਾਹ ਪਰਸ਼ਾਦ ਵਰਤਾਈਆ । ਜਿਸ ਨੂੰ ਖਾ ਕੇ ਮੰਦੇ ਹੋ ਜਾਣ ਚੰਗੇ, ਚੰਗੀ ਤਰ੍ਹਾਂ ਦੇਵੇ ਪ੍ਰਭ ਵਡਿਆਈਆ । ਕੋਈ ਵਿਚ ਧਾਰ ਨਹੀਂ ਫੇਰੀ ਖੰਡੇ, ਸ਼ਬਦੀ ਰੂਪ ਵਿਚ ਸਮਾਈਆ । ਇਸ ਨੇ ਸੋਹਣੇ ਬਣੌਂਣੇ ਬੰਦੇ, ਬੰਦਨਾ ਪ੍ਰਭ ਦੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸ਼ਾਦ ਕਹੇ ਮੈਂ ਹੋਇਆ ਪਾਰਸ, ਆਪਣਾ ਆਪ ਬਦਲਾਈਆ । ਪੰਡਤ ਦੀ ਰਵਦਾਸ ਕਹਿਣ ਸਫਾਰਸ਼, ਬਣ ਵਿਚੋਲਾ ਲਿਆ ਛੁਡਾਈਆ । ਨਾਲੇ ਲਿਖੇ ਸੋਹਣੀ ਅਬਾਰਤ, ਕਲਮ ਸ਼ਾਹੀ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਬੇਪਰਵਾਹੀਆ । ਵੀਹਾਂ ਦਾ ਲੇਖਾ ਚਾਲੀਆਂ ਦੀ ਪੱਤੀ, ਪਿਛਲਾ ਲਹਿਣਾ ਚੁਕਾਈਆ । ਜਿਸ ਦੀ ਰਸਦ ਲਈ ਪੱਕੀ, ਸੋਹਣਾ ਤੋਲ ਤੁਲਾਈਆ । ਚੱਲ ਕੇ ਵੇਖਣ ਆਈ ਅੱਖੀਂ, ਰਵਦਾਸ ਦੀ ਸਪੁਤ੍ਰੀ ਚਾਈਂ ਚਾਈਂਆ । ਜਿਸ ਨੂੰ ਪਰਸ਼ਾਦ ਦਿਤਾ ਸੀ ਹੱਥੀਂ, ਖ਼ੁਸ਼ੀਆਂ ਨਾਲ ਵਰਤਾਈਆ । ਦੁਆਰੇ ਆ ਕੇ ਚਰਨੀ ਢੱਠੀ, ਕਹਿ ਕੇ ਰਹੀ ਸੁਣਾਈਆ । ਪ੍ਰਭੂ ਮੈਂ ਤੇਰੀ ਉਹ ਸਵਰਨ ਬੱਚੀ, ਜਿਹੜੀ ਬੱਚਿਆਂ ਵਾਂਗ ਗੋਦ ਖਿਡਾਈਆ । ਮੇਰੇ ਹੱਥ ਵਿਚ ਵੇਖ ਕੱਚੀ ਲੱਸੀ, ਦੁਧ ਪਾਣੀ ਰਹੀ ਮਿਲਾਈਆ । ਇਹ ਦਾਤ ਓਦੋ ਦੀ ਸਾਂਭ ਕੇ ਰੱਖੀ ਜਿਸ ਵੇਲੇ ਘਰ ਸਾਡੇ ਚਲ ਕੇ ਆਇਉਂ ਬੇਪਰਵਾਹੀਆ । ਮੈਂ ਇਹਦੇ ਉਤੇ ਬਹਿਣ ਨਹੀਂ ਦਿਤੀ ਮੱਖੀ, ਪਰਦੇ ਨਾਲ ਢਕ ਵਖਾਈਆ । ਪਾਣੇ ਵਿਚੋਂ ਮੈਨੂੰ ਮਿਲੀ ਸੀ ਬੂੰਦ ਰੱਤੀ, ਮੇਰੀ ਅਗਲੀ ਪਿਛਲੀ ਸੁਰਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੈਂ ਦਰ ਤੋਂ ਮੰਗਣ ਆਈਆ । ਸਚ ਕਹੇ ਰਵਦਾਸ ਸਪੁਤਰੀ, ਆਪਣਾ ਹਾਲ ਸੁਣਾਈਆ । ਪ੍ਰਭੂ ਵੇਖ ਮੈਂ ਕਿਥੋਂ ਸਚਖੰਡ ਦਵਾਰਿਉਂ ਉਤਰੀ, ਤੇਰੇ ਕੋਲ ਆਈਆ । ਮੈਂ ਨਿੱਕੀ ਜਿਹੀ ਪੁਤਲੀ, ਵੱਡੀ ਝੋਲੀ ਡਾਹੀਆ । ਆਪਣੇ ਲੇਖਿਉਂ ਆਪ ਨਾ ਮੁਕਰੀ, ਏਸੇ ਕਰਕੇ ਫੇਰਾ ਪਾਈਆ । ਲੋਕਮਾਤ ਨਾ ਹੋਈ ਨਾਸ਼ਕਰੀ, ਸ਼ੁਕਰ ਕਹਿ ਕਹਿ ਖ਼ੁਸ਼ੀ ਮਨਾਈਆ । ਸ਼ਬਦੀ ਧਾਰ ਵੇਖਾ ਮੁਢਲੀ, ਕੀ ਓਹੋ ਕਾਰ ਕਮਾਈਆ । ਤੂੰ ਪਿਛਲੀ ਖੇਲ ਕਿਵੇਂ ਪੁੱਛ ਲਈ, ਕਹਾਰ ਯਾਰ ਘੁਮਿਆਰ ਕੱਠੇ ਕੀਤੇ ਆਈਆ । ਮੇਰਾ ਪਿਤਾ ਨਾਲ ਚਮਿਆਰ, ਤੇਰਾ ਸੰਗ ਰਖਾਈਆ । ਮੈਂ ਵੇਖਣ ਆਈ ਦਰਬਾਰ, ਆਪਣਾ ਪੰਧ ਮੁਕਾਈਆ । ਕੀ ਓਸੇ ਤਰ੍ਹਾਂ ਰਿਹਾ ਤਾਰ, ਜਿਸ ਤਰ੍ਹਾਂ ਮੇਰੇ ਉਤੇ ਦਇਆ ਕਮਾਈਆ । ਇਹ ਪੰਜੇ ਮੇਰੇ ਵਾਂਗ ਮੁਟਿਆਰ, ਲੋਕਮਾਤ ਨਜ਼ਰੀ ਆਈਆ । ਮੈਨੂੰ ਚੁਪ ਕੀਤਿਆਂ ਗੋਦੀ ਦਿਤਾ ਸੁਆਲ, ਸਿਰ ਆਪਣਾ ਹੱਥ ਟਿਕਾਈਆ । ਕੀ ਇਨ੍ਹਾਂ ਨੂੰ ਤੋਰੇਗਾ ਮੇਰੇ ਨਾਲ, ਸੋਹਣਾ ਸੰਗ ਬਣਾਈਆ । ਸੱਤ ਮਹੀਨੇ ਲੰਘਦਿਆਂ ਕਿਹੜੇ ਬੀਤਣੇ ਸਾਲ, ਘੜੀ ਪਲ ਐਵੇਂ ਜਾਣ ਵਿਹਾਈਆ । ਆਹ ਵੇਖ ਮੈਂ ਲੈ ਕੇ ਆਈ ਦੁਸ਼ਾਲ, ਸੋਹਣੇ ਪੱਟੂ ਉਣਾਈਆ । ਜੇ ਮੇਰਾ ਮੰਨੇ ਸਵਾਲ, ਹੁਣੇ ਜਾਵਾਂ ਫੜਾਈਆ । ਮੈਨੂੰ ਉਹ ਵੇਲਾ ਯਾਦ, ਭੁੱਲ ਕਦੇ ਨਾ ਜਾਈਆ । ਨਰੰਗਬਾਦ ਦਿਤੀ ਦਾਦ, ਪਰਸ਼ਾਦ ਆਪਣੇ ਹੱਥ ਦਾ ਘਲਾਈਆ । ਮੈਨੂੰ ਅਜੇ ਤੱਕ ਓਹੋ ਆਵੇ ਸੁਆਦ, ਓਸੇ ਸੁਆਦ ਦੀ ਮਾਰੀ ਚਲ ਕੇ ਆਈਆ । ਨਾਲੇ ਜਾਏ ਵੇਖਾਂ ਆਪਣਾ ਬਾਪ, ਕਿਹੜੀਆਂ ਖ਼ੁਸ਼ੀਆਂ ਵਿਚ ਸੋਭਾ ਪਾਈਆ । ਨਾਲੇ ਤੱਕਾਂ ਬਾਪ ਦਾ ਬਾਪ, ਜਿਸ ਸਭ ਦੀ ਬਣਤ ਬਣਾਈਆ । ਭਗਤ ਨਾਲ ਮਿਲਣ

ਦੀ ਦੱਸੀ ਜਾਚ, ਸਿਖਿਆ ਸਚ ਸਮਝਾਈਆ । ਜਿਸ ਦਾ ਲੇਖਾ ਆਦਿ ਜੁਗਾਦਿ, ਜੁਗ ਜੁਗ ਝੋਲੀ ਪਾਈਆ । ਸੰਤ ਸੁਹੇਲੇ ਲਏ ਲਾਧ, ਘਰ ਘਰ ਫੋਲ ਫੁਲਾਈਆ । ਮੈਂ ਵੇਖਣ ਆਈ ਕੀ ਇਹਦਾ ਅਜੇ ਵੀ ਓਹੋ ਰਵਾਜ, ਗ਼ਰੀਬ ਨਿਮਾਣਿਆਂ ਰਿਹਾ ਤਰਾਈਆ । ਏਥੇ ਆਣ ਕੇ ਵੇਖਿਆ ਇਹ ਓਦੂੰ ਚੰਗਾ ਕਰੇ ਕਾਜ, ਸੋਹਣੀ ਬਣਤ ਬਣਾਈਆ । ਖ਼ੁਸ਼ੀਆਂ ਨਾਲ ਝੋਲੀ ਪਾਵੇ ਦਾਤ, ਅਨਮੁਲੜੀ ਦਾਤ ਆਪ ਵਰਤਾਈਆ । ਖਾ ਕੇ ਰੁੱਖਾ ਸੁੱਕਾ ਭਾਤ, ਭਾਂਡੇ ਸਭ ਦੇ ਪੋਚ ਵਖਾਈਆ । ਹੋਰ ਕੁਛ ਵੇਖਿਆ ਪੰਜਾਂ ਹੱਥ ਗਲਾਸ, ਅੰਮ੍ਰਿਤ ਧਾਰ ਵਹਾਈਆ । ਮੇਰੀ ਵੇਖ ਕੇ ਬੁਝ ਗਈ ਪਿਆਸ, ਤ੍ਰਿਸ਼ਨਾ ਰਹੀ ਨਾ ਰਾਈਆ । ਵਾਜ ਆਈ ਉਤੋਂ ਆਕਾਸ, ਮੈਂ ਲਿਆ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗੰਬਰ ਭਗਤ ਸੰਤ ਸਾਰੇ ਹੱਥ ਜੋੜ ਕੇ ਕਰਨ ਅਰਦਾਸ, ਪ੍ਰਭੂ ਤੇਰੀ ਵਡਿਆਈਆ । ਥੱਲੇ ਤੱਕਿਆ ਗੁਰਮੁਖਾਂ ਦੀ ਸੋਹਣੀ ਨਜ਼ਰੀ ਆਈ ਜਮਾਤ, ਜਿਹੜੀ ਇਕੋ ਕਰਨ ਪੜ੍ਹਾਈਆ । ਅੱਖ ਖੋਲ੍ਹੀ ਨਜ਼ਰੀ ਆਇਆ ਸਾਖਿਆਤ, ਸਭ ਦਾ ਸੱਚਾ ਮਾਹੀਆ । ਅੱਗੇ ਹੋ ਕੇ ਵੇਖਿਆ ਮੇਰਾ ਪਿਤਾ ਲਿਖੇ ਕਲਮ ਦਵਾਤ, ਚਿਟੇ ਉਤੇ ਕਾਲਾ ਪਾਈਆ । ਮੈਨੂੰ ਇਕ ਹੋਰ ਗੱਲ ਆ ਗਈ ਯਾਦ, ਜਿਸ ਵੇਲੇ ਪਿਤਾ ਕੋਲ ਬੈਠੀ ਰੋਟੀ ਰਹੀ ਖਵਾਈਆ । ਬ੍ਰਾਹਮਣ ਗੱਲਾਂ ਕਰਨ ਵਾਲਾ ਬਦਮਾਸ਼, ਏਥੇ ਗਿਆ ਆਈਆ । ਮੈਂ ਹੁਣ ਚੰਗੀ ਤਰ੍ਹਾ ਲਿਆ ਜਾਚ, ਇਹ ਓਹੋ ਨਜ਼ਰੀ ਆਈਆ । ਹੁਣ ਪਤਾ ਨਹੀਂ ਕਿਸ ਤਰ੍ਹਾ ਬਣ ਗਿਆ ਸਾਧ, ਸਿਖਿਆ ਕਿਥੋਂ ਪਾਈਆ । ਓਧਰੋ ਪੰਜੇ ਬੋਲੇ ਅਸੀਂ ਡਾਗਾਂ ਨਾਲ ਇਹਦੇ ਨਾਲ ਕੀਤਾ ਫਸਾਦ, ਕੁੱਟ ਕੁੱਟ ਕੇ ਸਿਧਾ ਲਿਆ ਕਰਾਈਆ । ਓਧਰੋਂ ਘੁਮਿਆਰ ਕਹੇ ਮੈਂ ਦੱਸੀ ਜਾਚ, ਆਪਣਾ ਡਰ ਵਖਾਈਆ । ਰਵਦਾਸ ਕਹੇ ਬੱਚੀ ਨਹੀਂ ਮੇਰੇ ਪ੍ਰਭ ਨੇ ਚਰਨ ਧੂੜ ਦਿਤੀ ਦਾਤ, ਦੁਰਮਤ ਮੈਲ ਧਵਾਈਆ । ਬੱਚੀ ਕਹੇ ਪਿਤਾ ਜੀ ਕਦੋਂ, ਰਵਦਾਸ ਕਹੇ ਆਜ, ਹੁਣੇ ਲੇਖ ਮੁਕਾਈਆ । ਨਿੱਕੀ ਨੰਨ੍ਹੀ ਕਹੇ ਬ੍ਰਾਹਮਣਾ ਤੇਰੇ ਵੱਡੇ ਭਾਗ, ਬੁਢਿਆ ਤੇਰੀ ਲਾਜ ਰਖਾਈਆ । ਮੈਨੂੰ ਬੜੀ ਖ਼ੁਸ਼ੀ ਹੋਈ ਤੂੰ ਚੜ੍ਹਿਉਂ ਇਸ ਜਹਾਜ਼, ਜਿਸ ਦਾ ਮਲਾਹ ਬੇਪਰਵਾਹੀਆ । ਬ੍ਰਾਹਮਣ ਅੱਗੋਂ ਰਿਹਾ ਆਖ, ਖ਼ੁਸ਼ੀਆਂ ਨਾਲ ਸੁਣਾਈਆ । ਲੋਕੀ ਪਤਾ ਨਹੀਂ ਕਿਹੋ ਜਿਹਾ ਮਜਨ ਕਰਦੇ ਮਾਘ, ਮੇਰੇ ਵਰਗਾ ਮਜਨ ਹੱਥ ਕਿਸੇ ਨਾ ਆਈਆ । ਵੀਹਾਂ ਨਾਲ ਚਾਲੀ ਰਲਾਏ ਹੋ ਗਈ ਬੰਧ ਖਲਾਸ, ਪਿਛਲਾ ਲੇਖਾ ਦਿਤਾ ਮੁਕਾਈਆ । ਨਾਲੇ ਪ੍ਰਭੂ ਮਿਲ ਗਿਆ ਸਾਥ, ਨਾਲ ਹਰਿਸੰਗਤ ਜੋੜ ਜੁੜਾਈਆ । ਮੇਰੀ ਪੂੰਜੀ ਆਈ ਰਾਸ, ਪ੍ਰਭ ਮਿਲੀ ਸਰਨਾਈਆ । ਮੇਰੇ ਹੌਕਿਆਂ ਤੋਂ ਛੁਟੇ ਸਵਾਸ, ਖ਼ੁਸ਼ੀਆਂ ਰੰਗ ਵਟਾਈਆ । ਹੁਣ ਮੇਰੇ ਕੁਛ ਨਹੀਂ ਪਾਸ, ਖਾਲੀ ਹੱਥ ਰਖਾਈਆ । ਬੱਚੀ ਮੈਂ ਭੀ ਤੇਰੇ ਨਾਲ ਰੱਲ ਕੇ ਇਹਨੂੰ ਆਖਿਆ ਬਾਪ, ਖਾਣਾ ਪੀਣਾ ਇਹਦੀ ਝੋਲੀ ਪਾਈਆ । ਤੇਰੇ ਨਾਲੋਂ ਹੁਣ ਰਵਦਾਸ ਮੇਰਾ ਵੱਡਾ ਬਣ ਗਿਆ ਸਾਕ, ਜਿਸ ਸੱਜਣ ਦਿਤਾ ਮਿਲਾਈਆ । ਛੋਟੀ ਬੱਚੀ ਬ੍ਰਾਹਮਣ ਦੇ ਮੋਡਿਆਂ ਉਤੇ ਚੜ੍ਹ ਗਈ ਮਾਰ ਪਲਾਕ, ਫੜ ਕੇ ਸਿਰ ਰਹੀ ਹਿਲਾਈਆ । ਚਲ ਵਖੀਏ ਓਹ ਪਤਣ ਘਾਟ, ਜਿਸ ਕਨਾਰੇ ਉਤੇ ਬਾਪੂ ਓਥੇ ਕਿਹੋ ਜਿਹੀ ਪਾਣੀ ਦੀ ਵੱਜੇ ਠਾਠ, ਲਹਿਰ ਲਹਿਰ ਨਾਲ ਟਕਰਾਈਆ । ਨਾਲ ਵੇਖੀਏ ਬਚਨ ਸਿੰਘ ਕਿਹੋ ਜਿਹਾ ਰਾਠ, ਸੂਰਮਾ ਡੇਰਾ ਲਾਈਆ । ਆਰ ਪਾਰ ਦੋਵੇਂ ਉਸ ਦੇ ਘਾਟ, ਖ਼ੁਸ਼ੀਆਂ ਰੰਗ ਵਖਾਈਆ । ਫਿਰ ਭਠਿਆਰੇ ਦੀ ਕਰੀਏ ਤਲਾਸ਼, ਜਿਨ ਅਰਜਨ ਹੇਠਾਂ ਅਗਨੀ ਡਾਹ ਕੇ ਸੇਵ ਕਮਾਈਆ । ਕੜਾਹੀ ਕਹੇ ਮੈਨੂੰ ਪੁੱਛੋ ਬਾਤ, ਮੈਂ ਭੀ ਆਪਣਾ ਆਪ ਭੇਟ ਚੜ੍ਹਾਈਆ ।

ਜਿਸ ਵਿਚ ਸੋਹਣੀ ਬਣ ਗਈ ਸੁਗਾਤ, ਅੰਮ੍ਰਿਤ ਰੂਪ ਨਜ਼ਰੀ ਆਈਆ । ਜਿਸ ਦਾ ਸਵਾਦ ਤੋਂ ਪਰੇ ਸਵਾਦ, ਸਵਾਦ ਵਿਚੋਂ ਆਦਿ ਦਏ ਵਖਾਈਆ । ਸਵਾਦ ਨੂੰ ਸੁਣ ਕੇ ਉਹ ਵੇਖੇ ਹਿੱਸਾ ਵੰਡਾਵਣ ਆਇਆ ਕਮਾਦ, ਨਾਨਕ ਬਾਲਾ ਮਰਦਾਨਾ ਆਪਣੇ ਨਾਲ ਰਲਾਈਆ । ਹੌਲੀ ਜਿਹੀ ਮਾਰੀ ਅਵਾਜ਼, ਸ਼ਹਿਨਸ਼ਾਹ ਮੇਰੇ ਸ਼ਾਹ ਪਾਤਸ਼ਾਹ ਬੇਪਰਵਾਹੀਆ । ਮੈਂ ਵੀ ਸਰਨ ਜਾਵਾਂ ਲਾਗ, ਆਪਣਾ ਆਪ ਭੇਟ ਚੜ੍ਹਾਈਆ । ਬੇਸ਼ਕ ਮੇਰਾ ਸੁੱਕਾ ਉਤੋਂ ਆਗ, ਥੱਲੇ ਤੇਰਾ ਰਸ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਰਿਹਾ ਵਖਾਈਆ । ਬੱਚੀ ਕਹੇ ਬ੍ਰਾਹਮਣ ਬੁਢੇ, ਉਠ ਲੈ ਅੰਗੜਾਈਆ । ਵੇਖ ਰਵਦਾਸ ਭਗਵਾਨ ਦੋਵੇਂ ਰੁੱਝੇ, ਆਪਣੀ ਕਾਰ ਕਮਾਈਆ । ਇਨ੍ਹਾਂ ਦੀ ਜੇ ਕੋਈ ਰਮਜ਼ ਬੁਝੇ, ਆਪਣਾ ਆਪ ਦੇਵੇ ਮਿਟਾਈਆ । ਉਸ ਨੂੰ ਫਿਰ ਸਭ ਕੁਛ ਏਥੇ ਬੈਠਿਆ ਸੁਝੇ, ਦੋ ਜਹਾਨ ਨਜ਼ਰੀ ਆਈਆ । ਇਹਦੇ ਕੋਲ ਬੜੇ ਭੇਤ ਗੁੱਝੇ, ਬਿਨ ਗੁਰਮੁਖਾਂ ਹੱਥ ਨਾ ਕਿਸੇ ਫੜਾਈਆ । ਬੇਸ਼ਕ ਗਿਰਧਾਰੇ ਵਰਗੇ ਫਿਰਨ ਡੁੱਡੇ, ਲੰਗੜਿਆਂ ਲੂਲਿਆਂ ਦਏ ਵਡਿਆਈਆ । ਜਿਸ ਤਰਾਂ ਮੈਨੂੰ ਗੋਦੀ ਚੁੱਕੇ, ਆਪਣੀ ਛਾਤੀ ਲਾਈਆ । ਅੱਗੇ ਦਿਸਦਾ ਪੰਜਾਂ ਦਾ ਦਾਣਾ ਪਾਣੀ ਮੁੱਕੇ, ਮਹੀਨਾਂ ਸਾਵਣ ਰਾਹ ਤਕਾਈਆ । ਟਾਣੀਆਂ ਨਾਲੋਂ ਟਾਣੀ ਵਾਲੇ ਗੁੱਛੇ, ਕੱਚੇ ਫਲ ਰਹੇ ਕਮਲਾਈਆ । ਜੇ ਕੋਈ ਮੇਰੇ ਕੋਲੋਂ ਪੁੱਛੇ, ਮੈਂ ਸਚ ਦਿਆਂ ਸਮਝਾਈਆ । ਬਾਪੂ ਜੇ ਤੇਰਾ ਹੱਥ ਹੋਵੇ ਸਾਡੇ ਸਿਰ ਉਤੇ, ਲਾੜੀ ਮੌਤ ਕਿਉਂ ਲਏ ਪਰਨਾਈਆ । ਏਥੇ ਓਥੇ ਤੇਰੇ ਬੂਟੇ ਫੁੱਟੇ, ਪੱਤ ਡਾਲੀ ਰਹੀ ਮਹਿਕਾਈਆ । ਕਿਉਂ ਭੇਤ ਰੱਖਦਾ ਗੁੱਝੇ, ਸਚ ਸੱਚ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਨ ਅਰਜ਼ੋਈਆ । ਰਵਦਾਸ ਸਪੁੱਤਰੀ ਕਰੇ ਇਸ਼ਾਰਾ, ਚਰਨ ਧਿਆਨ ਲਗਾਈਆ । ਪ੍ਰਭ ਤੈਥੋਂ ਵੱਡਾ ਕੀਹਦਾ ਦੁਆਰਾ, ਕਿਸ ਘਰ ਮੰਗਣ ਜਾਈਆ । ਜਨ ਭਗਤ ਦਿਸੇ ਤੇਰਾ ਸਹਾਰਾ, ਦੂਜੀ ਓਟ ਨਾ ਕੋਇ ਰਖਾਈਆ । ਕੀ ਹੋਇਆ ਜੇ ਇਨ੍ਹਾਂ ਨੇੜੇ ਆਇਆ ਕਿਨਾਰਾ, ਬੈਠੇ ਪੰਧ ਮੁਕਾਈਆ । ਤੂੰ ਦੇਵਣਹਾਰ ਅਤੁਟ ਭੰਡਾਰਾ, ਆਪਣੀ ਦਾਤ ਦੇ ਵਰਤਾਈਆ । ਸਚ ਸੱਚਾ ਹੋ ਕੇ ਕਰ ਤਿਆਰਾ, ਸਚ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਪੁੱਤਰੀ ਮੈਂ ਸਭ ਕੁਛ ਕਰਨਜੋਗ, ਜਗਤ ਦਾਤਾ ਅਖਵਾਇੰਦਾ । ਮੇਰੇ ਹੱਥ ਸੰਜੋਗ ਵਜੋਗ, ਦੋਵੇਂ ਰਾਹ ਚਲਾਇੰਦਾ । ਜਿੰਨਾਂ ਚਿਰ ਚਾਹਾਂ ਖਵਾਵਾਂ ਚੋਗ, ਜਿਸ ਵੇਲੇ ਚਾਹਾਂ ਪੰਧ ਮੁਕਾਇੰਦਾ । ਮੇਰੇ ਹੱਥ ਦੁੱਖ ਚਿੰਤਾ ਰੋਗ, ਸੁਖ ਸਭ ਦੀ ਝੋਲੀ ਪਾਇੰਦਾ । ਮੇਰਾ ਲਹਿਣਾ ਲੋਕ ਪਰਲੋਕ, ਦੋਏ ਜਹਾਨ ਚਰਨਾਂ ਹੇਠ ਦਬਾਇੰਦਾ । ਮੇਰਾ ਨਾਉਂ ਸਤਿ ਕਿਲਾ ਕੋਟ, ਲੱਖ ਚੁਰਾਸੀ ਵਿਚ ਟਕਾਇੰਦਾ । ਮੇਰਾ ਪਰਕਾਸ਼ ਨਿਰਮਲ ਜੋਤ, ਜੋ ਘਟ ਘਟ ਨਜ਼ਰੀ ਆਇੰਦਾ । ਮੇਰਾ ਸ਼ਬਦ ਨਗਾਰਾ ਚੋਟ, ਜੋ ਤਨ ਰਬਾਬ ਵਜਾਇੰਦਾ । ਮੇਰਾ ਲੇਖ ਕੋਈ ਨਾ ਸਕੇ ਸੋਚ, ਸੋਚ ਵਿਚ ਕਦੇ ਨਾ ਲਿਆਇੰਦਾ । ਜੇ ਭਗਤਾਂ ਦੇਵਾ ਆਪਣੀ ਮੌਜ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਮੰਗਣ ਵਾਲੀ ਦੇ ਦੇ ਹੋਸ਼, ਸੁਰਤੀ ਸ਼ਬਦ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਬੱਚੀ ਕਹੇ ਸਭ ਕੁਛ ਤੇਰੇ ਹੱਥ, ਵੱਡੀ ਤੇਰੀ ਵਡਿਆਈਆ । ਮੈਨੂੰ ਦੇਦੇ ਕੁਛ ਹੱਕ, ਦਰ ਤੇਰੇ ਮੰਗਣ ਆਈਆ । ਪੰਜਾਂ ਮੇਰੀ ਖਾਤਰ ਲੈ ਰੱਖ, ਦੋਏ ਜੋੜ ਸੀਸ ਨਿਵਾਈਆ । ਏਥੇ ਓਥੇ ਤੇਰੇ ਵੱਸ, ਦੂਜਾ ਹੁਕਮ ਨਾ ਕੋਇ ਵਰਤਾਈਆ । ਤੇਰੇ ਚਰਨਾਂ ਦਾ ਚਰਨਾਮਤ ਚੜ੍ਹਿਆ


੫੯੫
੧੯

ਉਤੇ ਭੱਠ, ਜੋ ਪੰਜਾਂ ਧਾਰ ਵਹਾਈਆ । ਓਸ ਪਿਛੇ ਇਨ੍ਹਾਂ ਰੱਖ, ਤੇਰੀ ਕਰਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਹੋ ਸਹਾਈਆ । ਬੱਚੀ ਤੂੰ ਨਿੱਕੀ ਜਿਹੀ ਗੁਸਤਾਖ਼, ਅਚਰਜ ਗੱਲ ਸੁਣਾਈਆ । ਬੱਚੀ ਕਹੇ ਨਹੀਂ ਮੈਂ ਰਵਦਾਸ ਦੀ ਉਹ ਸ਼ਾਖ, ਜਿਸ ਵਿਚੋਂ ਤੇਰਾ ਨੂਰ ਨਜ਼ਰੀ ਆਈਆ । ਤੂੰ ਏਡਾ ਵੱਡਾ ਸਾਡਾ ਬਾਪ, ਕਿਉਂ ਨਾ ਮੰਗੀਏ ਚਾਈਂ ਚਾਈਂਆ । ਤੇਰੇ ਘਰ ਕੀ ਘਾਟ, ਦਿੰਦਿਆ ਤੋਟ ਰਹੇ ਨਾ ਰਾਈਆ । ਮੈਂ ਨੰਗੀਂ ਪੈਰੀਂ ਕੱਟ ਕੇ ਆਈ ਵਾਟ, ਤਾਜੇ ਛਾਲੇ ਰਹੀ ਵਖਾਈਆ । ਕਾਹੀ ਕਾਨੇ ਵੇਖੇ ਉਤੇ ਰਹਵਾਂ ਘਾਟ, ਸੋਹਣਾ ਰਸਤਾ ਨਜ਼ਰੀ ਨਾ ਆਈਆ । ਸਿਧੀ ਆਈ ਸੁਣ ਕੇ ਆਵਾਜ਼, ਗੁਰਮੁਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਭਗਵਾਨ ਕਹੇ ਇਹ ਨਿੱਕੀ ਨੰਨ੍ਹੀ, ਬੱਚੀਆਂ ਵਿਚ ਬੱਚੀ ਨਜ਼ਰੀ ਆਈਆ । ਕਿਥੋ ਆਈ ਭੰਨੀ, ਆਪਣਾ ਪੰਧ ਮੁਕਾਈਆ । ਕੋਈ ਕਹੇ ਬਾਬੂ ਪੂਰੋਂ ਕੋਈ ਕਹੇ ਹਰਦੋ ਛੰਨੀ, ਇਹੋ ਰਾਹ ਤਕਾਈਆ । ਬੱਚੀ ਕਹੇ ਪ੍ਰਭ ਕਿਰਪਾ ਨਾਲ ਮੈਂ ਕਿਡੀ ਹੋਈ ਲੰਮੀ, ਪਹਿਲਾ ਕਦਮ ਏਥੇ ਦਿਤਾ ਰਖਾਈਆ । ਕਿਉਂ ਰਵਦਾਸ ਘਰ ਜੰਮੀਂ, ਦਰ ਮਿਲੀ ਵਡਿਆਈਆ । ਮੇਰੀ ਵਡ਼ੀ ਪ੍ਰੇਮਣ ਅੰਮੀ, ਸੱਚੀ ਸੇਵ ਕਰਾਈਆ । ਚੰਗਿਆਂ ਮਾਪਿਆਂ ਦੀ ਧੀ ਕਦੇ ਨਾ ਹੋਵੇ ਨਿਕੰਮੀ, ਏਥੇ ਓਥੇ ਦੋਹਾਂ ਘਰਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲ ਰਿਹਾ ਵਖਾਈਆ । ਬੱਚੀ ਕਹੇ ਮੈਨੂੰ ਆਇਆ ਚੇਤਾ, ਪਿਛਲੀ ਯਾਦ ਕਰਾਈਆ । ਜਿਸ ਵੇਲੇ ਮੇਰੇ ਬਾਪੂ ਢੋਰ ਢੋਣ ਦਾ ਲਿਆ ਠੇਕਾ, ਚਾਲੀਆਂ ਉਤੇ ਮੁਕਾਈਆ । ਪਹਿਲੋਂ ਵੀਹ ਕੀਤੇ ਭੇਟਾ, ਵੀਹ ਅਗਲੀ ਦੇਣ ਛਿਮਾਹੀਆ । ਓਧਰੋਂ ਸੰਗ ਆਇਆ ਬਨਾਰਸ ਬੇਟਾ, ਬ੍ਰਾਹਮਣ ਨਾਲ ਰਲਾਈਆ । ਮੇਰੇ ਪਿਉਂ ਨੂੰ ਕਹਿਣ ਰਵਦਾਸ ਚਮਰੇਟਾ, ਚਮੜੇ ਗੰਢ ਵਖਾਈਆ । ਓਸ ਵੇਲੇ ਪਿਤਾ ਨੇ ਕਿਹਾ ਮੇਰਾ ਪ੍ਰਭ ਦੇ ਨਾਲ ਲੇਖਾ, ਕੋਈ ਸਮਝ ਨਾ ਸਕੇ ਰਾਈਆ । ਇਹ ਭੀ ਪ੍ਰਭ ਨੇ ਪਾਇਆ ਭੁਲੇਖਾ, ਪਰਦਾ ਸਕੇ ਨਾ ਕੋਇ ਉਠਾਈਆ । ਮੈਨੂੰ ਨਾਲ ਜਾਂਦੀ ਨੂੰ ਲੱਗਾ ਠੇਡਾ, ਮੂੰਹ ਦੇ ਭਾਰ ਸੁਟਾਈਆ । ਰਵਦਾਸ ਬਾਂਹੋਂ ਫੜ ਕੇ ਕਿਹਾ ਉਠ ਬੇਟਾ, ਬੱਚੀ ਕੋਈ ਸੱਟ ਨਹੀਂ ਲੱਗੀ ਰਾਈਆ । ਮੈਂ ਕਿਹਾ ਪ੍ਰਭੂ ਪਿਤਾ ਮੈਂ ਇਕ ਇਹੋ ਜਿਹਾ ਵੇਖਾ, ਜਿਸ ਵਿਚੋਂ ਇਕੋ ਨੂਰ ਹੋਵੇ ਰੁਸ਼ਨਾਈਆ । ਓਸ ਮੇਰੇ ਮਸਤਕ ਲਾਈ ਮੇਖਾ, ਹੌਲੀ ਜਿਹੀ ਉਂਗਲੀ ਦਿਤੀ ਛੁਹਾਈਆ । ਮੈਂ ਡਿਗੀ ਨਹੀਂ ਮੈਂ ਉਸ ਦੀ ਗੋਦ ਵਿਚ ਖੇਡਾ, ਦੋਹਾ ਭੁਜਾਂ ਉਤੇ ਹਿਲਾਈਆ । ਮੈਨੂੰ ਵਡ਼ੀ ਸੋਹਣੀ ਲੱਗੀ ਸੇਜਾ, ਮੇਰੀ ਮਾਂ ਓਹੋ ਜਿਹੀ ਕਦੀ ਨਾ ਬਣਾਈਆ । ਜੀ ਕਰੇ ਮੈਂ ਏਥੇ ਖ਼ੁਸ਼ੀਆਂ ਨਾਲ ਰੱਜ ਖੇਡਾਂ, ਕੱਲੀ ਬਹਿ ਕੇ ਝੱਟ ਲੰਘਾਈਆ । ਨਾਲੇ ਨੇਤਰਾਂ ਨਾਲ ਵੇਖਾਂ, ਜਿਸ ਦਾ ਨੂਰ ਸੋਹਣੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰਚਨ ਰਚਾਈਆ । ਬੱਚੀ ਕਹੇ ਰਵਦਾਸ ਬਾਪ, ਮੈਂ ਨਿੱਕੀ ਮੰਗ ਮੰਗਾਈਆ । ਤੂੰ ਦੱਸ ਕੀਹਦਾ ਕਰਦਾ ਐਂ ਜਾਪ, ਮੈਨੂੰ ਦੇ ਸਮਝਾਈਆ । ਸਾਰੇ ਛੱਡ ਗਏ ਸੱਜਣ ਸਾਕ, ਬੈਠਾ ਮੁਖ ਭਵਾਈਆ । ਮਾਪਿਆਂ ਨਾਲ ਨਹੀਂ ਕੋਈ ਮਿਲਾਪ, ਚਾਚਿਆਂ ਨਾਲ ਨਾ ਕੋਈ ਵਡਿਆਈਆ । ਸਜਣਾਂ ਨਾਲ ਨਾ ਜਾਵੇਂ ਸਾਥ, ਹਾਣੀਆਂ ਨਾਲ ਨਾ ਖੇਡ ਵਖਾਈਆ । ਪੈਸਾ ਧੇਲਾ ਨਹੀਂ ਕੁਛ ਪਾਸ, ਪੂੰਜੀ ਰਾਸ ਨਾ ਕੋਈ ਬਣਾਈਆ । ਤੈਨੂੰ ਦੱਸ ਕੀਹਦੀ ਆਸ, ਜਿਸ

ਪਿਛੇ ਸਭ ਕੁਛ ਦਿਤਾ ਤਜਾਈਆ । ਰਵਦਾਸ ਹੱਸ ਕੇ ਗਿਚੀਉਂ ਫੜ ਕੇ ਥੱਲੇ ਨੱਪ ਕੇ ਆਖੇ ਬੱਚੀ ਏਧਰ ਵੇਖ ਖਾਸ, ਦੋਵੇਂ ਅੱਖ ਖੁਲ੍ਹਾਈਆ । ਜਾਂ ਤੱਕਿਆ ਰਘੁਨਾਥ, ਹਰ ਘਟ ਵਸਿਆ ਸਾਖਿਆਤ, ਸਚ ਸਿੰਘਾਸਣ ਸੋਹਣਾ ਆਸਣ ਲਾਈਆ । ਬੱਚੀ ਕਹੇ ਮੈਂ ਕੀਹਦੀ ਕਰਾਂ ਤਲਾਸ਼, ਅੱਗੇ ਬੈਠਾ ਕੋਈ ਵੱਡਾ ਬੇਪਰਵਾਹੀਆ । ਰਵਦਾਸ ਕਿਹਾ ਇਹੋ ਸਭ ਦਾ ਬਾਪ, ਤੇਰਾ ਮੇਰਾ ਦੋਹਾਂ ਦਾ ਪਿਤਾ ਮਾਈਆ । ਬੱਚੀ ਕਹੇ ਕੀ ਮੈਨੂੰ ਅੱਗੇ ਵੀ ਰੱਖੇ ਸਾਥ, ਆਪਣੇ ਨਾਲ ਰਲਾਈਆ । ਰਵਦਾਸ ਕਿਹਾ ਇਹ ਇਹਦਾ ਖੇਲ ਤਮਾਸ਼, ਸਦ ਚਲੇ ਆਪਣੀ ਸਚ ਰਜ਼ਾਈਆ । ਓਸ ਰੋ ਕੇ ਦਿਤਾ ਆਖ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਨਹੀਂ ਆਪਣਾ ਮੇਟਣ ਦੇਣਾ ਸਾਕ, ਪਿਉਂ ਧੀ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਦਾ ਮਾਣ ਵਡਿਆਈਆ । ਨਿੱਕੀ ਨੱਢੀ ਪੰਜਾਂ ਵਲ ਰਹੀ ਤੱਕ, ਆਪਣਾ ਧਿਆਨ ਲਗਾਈਆ । ਤੁਸੀਂ ਵੀ ਭੈਣੋ ਮੰਗੋ ਆਪਣਾ ਹੱਕ, ਤੁਹਾਡੀ ਝੋਲੀ ਦਏ ਭਰਾਈਆ । ਇਹਦੇ ਸਭ ਕੁਛ ਦਿਸਦਾ ਹੱਥ, ਜਨਮ ਮਰਨ ਦੋਵੇਂ ਵੇਖ ਵਖਾਈਆ । ਜੇ ਪੁੱਛਣ ਤੋਂ ਪਹਿਲਾ ਗਿਆ ਨੱਠ, ਫਿਰ ਚਲੇ ਨਾ ਕੋਈ ਚਤੁਰਾਈਆ । ਮੈਂ ਤੁਹਾਨੂੰ ਜਾਚ ਦੇਵਾਂ ਦੱਸ, ਬੀਤੀ ਕਹਾਣੀ ਆਪਣੀ ਨਾਲ ਰਲਾਈਆ । ਜੇ ਮਰਨੋ ਜਾਣਾ ਜੇ ਬਚ, ਸਚ ਸੰਦੇਸਾ ਦਿਆਂ ਚਾਈਂ ਚਾਈਂਆ । ਹੱਸ ਕੇ ਰੋ ਕੇ ਚਰਨੀ ਢੱਠ ਕੇ ਕਰੋ ਹੱਠ, ਨੇਤਰ ਨੈਣਾਂ ਨੀਰ ਵਹਾਈਆ । ਜੇ ਸੀਤ ਪਰਸਾਦ ਦੇਵੇ ਆਪਣੇ ਹੱਥ, ਫਿਰ ਮਿਲੇ ਮਾਣ ਵਡਿਆਈਆ । ਮੈਂ ਵੀ ਤੁਹਾਡੇ ਨਾਲ ਰਲ਼ੂ ਨੱਠ, ਅੱਗੇ ਹੋ ਕੇ ਸੀਸ ਨਿਵਾਈਆ । ਜੇ ਪ੍ਰਭ ਕਿਰਪਾ ਕਰੇ ਪੁਰਖ ਸਮਰਥ, ਮਿਹਰ ਨਜ਼ਰ ਉਠਾਈਆ । ਏਥੇ ਓਥੇ ਸਭ ਦੀ ਰਹਿ ਜਾਏ ਪਤ, ਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਵੇਖਿਓ ਜਾਇਓ ਨਾ ਸੰਗ, ਮੈਂ ਇਕੋ ਵਾਰ ਜਣਾਈਆ । ਪ੍ਰਭ ਦੇ ਕੋਲੋਂ ਗੁਰ ਅਵਤਾਰ ਪੀਰ ਪੈਗੰਬਰ ਸਾਰੇ ਰਹੇ ਮੰਗ, ਝੋਲੀਆਂ ਆਪਣੀਆ ਅੱਗੇ ਡਾਹੀਆ । ਤੁਸੀਂ ਜੇ ਹੋਰ ਕੁਛ ਨਹੀਂ ਮੰਗਣਾ ਇਹੋ ਮੰਗੋ ਸਾਡਾ ਰਹੇ ਤੇਰੇ ਨਾਲ ਸੰਗ, ਹੋਏ ਨਾ ਕਦੇ ਜੁਦਾਈਆ । ਸਾਧ ਸੰਗਤ ਵਿਚ ਬਹਿ ਕੇ ਮਾਣੀਏ ਅਨੰਦ, ਸਚਖੰਡ ਇਹੋ ਨਜ਼ਰੀ ਆਈਆ । ਫੇਰ ਆਪੇ ਟੁਟੀ ਦੇਵੇ ਗੰਢ, ਅਗਲੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਰਵਦਾਸ ਸਪੁਤ੍ਰੀ ਕਹਿ ਕੇ ਰਹੀ ਸੁਣਾਈਆ । ਨੀ ਬੈਠੋ ਕਰੋ ਸਲਾਹ, ਮੈਂ ਸਚ ਸੱਚ ਦ੍ਰਿੜਾਈਆ । ਜੇ ਹੋਰ ਨਹੀਂ ਮੇਰਾ ਪਿਤਾ ਬਣਾ ਲਓ ਗਵਾਹ, ਜਿਹੜਾ ਲੇਖਾ ਰਿਹਾ ਲਿਖਾਈਆ । ਇਹਦੇ ਕੋਲੋਂ ਕਦੀ ਨਾ ਕਰੇ ਨਾਹ, ਸਦਾ ਹਾਂ ਵਿਚ ਹਾਂ ਮਿਲਾਈਆ । ਜੇ ਨਹੀਂ ਮੰਨਦਾ ਤੇ ਫੜ ਲਓ ਬਾਂਹ, ਆਪਣਾ ਪ੍ਰੇਮ ਵਖਾਈਆ । ਏਥੇ ਲੋੜ ਨਹੀਂ ਕਿਸੇ ਨੂੰ ਪਿਤਾ ਮਾਂ, ਭੈਣ ਭਾਈ ਸੰਗ ਨਾ ਕੋਈ ਰਖਾਈਆ । ਮਿਹਰਵਾਨ ਇਕੋ ਦੇਵਣ ਵਾਲਾ ਠੰਡੀ ਛਾਂ, ਸਿਰ ਆਪਣਾ ਹੱਥ ਟਕਾਈਆ । ਭੁੱਲਿਆਂ ਭਟਕਿਆਂ ਬੱਚਿਆਂ ਆਪਣੀ ਛਾਤੀ ਲਏ ਲਗਾ, ਸਤਿ ਸਰੂਪ ਨਜ਼ਰੀ ਆਈਆ । ਮੈਂ ਇਕ ਤੁਹਾਨੂੰ ਪੰਜਾਂ ਨੂੰ ਉਹ ਚਿਠੀ ਦੇਵਾਂ ਵਖਾ, ਜਿਹੜੀ ਸੁੱਕੇ ਟੁੱਕੜੇ ਖਾਣ ਲੱਗਿਆਂ ਲੇਖ ਦਿਤਾ ਲਿਖਾਈਆ । ਮੈਂ ਉਹ ਫੜ ਕੇ ਆਪਣੀ ਮਾਂ ਨੂੰ ਆਈ ਫੜਾ, ਜਿਸ ਸਾਂਭ ਕੇ ਮੇਰੀ ਝੋਲੀ ਪਾਈਆ । ਉਹਦੇ ਵਿਚ ਚਾਰ ਕਹਾਰ ਪੰਜਵੇਂ ਯਾਰ ਦਾ ਨਾਂ, ਸੋਹਣੀ ਮੋਹਰ ਲਗਾਈਆ । ਮੈਂ ਵੇਖੋ ਨਿੱਕੀ ਜਿਹੀ ਨੇ ਕਿੰਨਾਂ ਚਿਰ ਰੱਖੀ ਛੁਪਾ, ਅੱਜ ਤੁਹਾਡੇ ਪਿਛੇ ਲੈ ਕੇ ਏਥੇ ਆਈਆ । ਮੈਂ ਅੱਗੇ ਕਦੀ


੫੯੭ ੧੯

ਨਾ ਜਾਣਾ ਕਿਸੇ ਅਲੜਪਿੰਡੀ ਦਾ ਰਾਹ, ਦੂਜਾ ਸੰਗ ਨਾ ਕੋਈ ਰਖਾਈਆ । ਮੈਨੂੰ ਚੇਤਾ ਕਰਾਇਆ ਉਸ ਵੱਛੇ ਵਾਲੇ ਗਾਂ, ਜਿਹੜਾ ਬ੍ਰਾਹਮਣ ਆਪਣੀ ਭਿਛਿਆ ਵਿਚ ਮੰਗ ਲਿਆਈਆ । ਮੈਂ ਭੀ ਹੁੰਦੀ ਸੀ ਕਿਸੇ ਦੀ ਮਾਂ, ਪੁੱਤਰ ਨਾਲੋਂ ਕੀਤੀ ਜੁਦਾਈਆ । ਬੱਚਿਆਂ ਬਿਨਾਂ ਨਾ ਰਹੇ ਨਾਂ, ਮਿਲੇ ਨਾ ਮਾਣ ਵਡਿਆਈਆ । ਖਾਣਾ ਪੀਣਾ ਖੇਲ ਸਰਬ ਜਹਾਂ, ਚਾਰੇ ਖਾਣੀ ਪੇਟ ਭਰ ਕੇ ਵਕਤ ਲੰਘਾਈਆ । ਜਿਨ੍ਹਾਂ ਚਿਰ ਕੋਈ ਮਾਲਕ ਨਾ ਹੋਵੇ ਪਕੜਣ ਵਾਲਾ ਬਾਂਹ, ਸਾਈਂ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਖੁਲ੍ਹਾਈਆ । ਗਾਂ ਦਾ ਸੁਣ ਕੇ ਮੈਂ ਅੜਾਟ, ਆਪਣੀ ਅੱਖ ਖੁਲ੍ਹਾਈਆ । ਮੇਰੀ ਨਜ਼ਰ ਪਈ ਰਾਵੀ ਘਾਟ, ਜਿਥੇ ਕੰਡੇ ਬੇਲੇ ਕਾਨੇ ਕਾਹੀਆ । ਓਥੇ ਨਜ਼ਰੀ ਆਈ ਇਕ ਜਮਾਤ, ਪੰਜਾਂ ਜੋੜ ਜੁੜਾਈਆ । ਫੜੇ ਹੱਥਾਂ ਵਿਚ ਗਲਾਸ, ਹਿਰਦੇ ਅੰਦਰ ਰਾਮ ਧਿਆਈਆ । ਨਾਲੇ ਡੰਡੇ ਘੜੇ ਖਾਸ, ਵੰਜਾਂ ਵਾਂਗ ਵਡਿਆਈਆ । ਉਧਰੇ ਬ੍ਰਾਹਮਣ ਤੱਕਿਆ ਚਰਨ ਧੋਵੇ ਨਾਲ ਹਾਥ, ਆਪਣੀ ਸੇਵ ਕਮਾਈਆ । ਦੂਜੇ ਪਾਸੇ ਘੁਮਿਆਰ ਰਿਹਾ ਤਾਂਘ, ਆਪਣਾ ਬਲ ਧਰਾਈਆ । ਏਧਰ ਰਵਦਾਸ ਲਿਖੇ ਨਾਲ ਕਲਮ ਦਵਾਤ, ਸ਼ਾਹੀ ਚਿਟੇ ਉਤੇ ਸੋਹਣਾ ਰੰਗ ਚੜ੍ਹਾਈਆ । ਜਿਸ ਵੇਲੇ ਚੰਗੀ ਤਰ੍ਹਾਂ ਕੀਤੀ ਜਾਚ, ਬੇਪਰਵਾਹ ਵਿਚ ਬੈਠਾ ਸੋਭਾ ਪਾਈਆ । ਮੇਰੇ ਅੰਦਰ ਆਈ ਖ਼ਾਹਸ਼, ਮੈਂ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਚ ਬੱਚੀ ਤੇਰੀ ਆਸਾ ਕੀ, ਸ੍ਰੀ ਭਗਵਾਨ ਜਣਾਇੰਦਾ । ਤੂੰ ਰਵਦਾਸ ਦੀ ਪਿਆਰੀ ਜਿਹੀ ਧੀ, ਮੈਂ ਪੁਤਾਂ ਵਾਂਗ ਉਠਾਇੰਦਾ । ਉਹ ਕਹੇ ਹਾਂ ਜੀ, ਹਾਂ ਜੀ ਵਿਚੋਂ ਤੇਰਾ ਰੂਪ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲਾਇੰਦਾ । ਬੱਚੀ ਸਚ ਕੁਛ ਮੰਗ, ਜੇ ਮੰਗਣ ਦਰ ਤੇ ਆਈਆ । ਮੈਂ ਦੇਵਣਹਾਰ ਸੂਰਾ ਸਰਬੰਗ, ਸ਼ਹਿਨਸ਼ਾਹ ਅਖਵਾਈਆ । ਤੇਰਾ ਬਚਨ ਹੋਣ ਨਾ ਦੇਵਾਂ ਭੰਗ, ਮੂੰਹੋ ਮੰਗਿਆ ਝੋਲੀ ਪਾਈਆ । ਰਵਦਾਸ ਸਪੁਤ੍ਰੀ ਕਹੇ ਮੈਨੂੰ ਫੇਰ ਪਵੇ ਠੰਡ, ਜੇ ਮੇਰੀਆਂ ਭੈਣਾਂ ਉਤੇ ਦਇਆ ਕਮਾਈਆ । ਚਰਨ ਫੜ ਕੇ ਘੁਟ ਕੇ ਕਹੇ ਇਨ੍ਹਾਂ ਦੀ ਟੁੱਟੀ ਗੰਢ, ਤੇਰੇ ਨਾਲੋਂ ਨਾ ਹੋਏ ਜੁਦਾਈਆ । ਇਹ ਗਊਆਂ ਨਿਮਾਣੀਆਂ ਮਿਟੀ ਦੀ ਕੰਧ, ਆਪਣਾ ਜੋਰ ਨਾ ਕੋਈ ਵਖਾਈਆ । ਤੇਰੀ ਕਿਰਪਾ ਨਾਲ ਮੈਂ ਜਦੋਂ ਵੇਖਾਂ ਤੇਰਾ ਗੌਂਦੀਆਂ ਛੰਦ, ਤੇਰਾ ਨਾਮ ਧਿਆਈਆ । ਧੰਨ ਭਾਗ ਇਨ੍ਹਾਂ ਦੇ ਵੱਡੇ ਵੱਡਿਆਂ ਵਾਲੇ ਦੰਦ, ਬੱਤੀਆਂ ਵਿਚੋਂ ਬੱਤੀ ਸਿਫਤ ਸਾਲਾਹੀਆ । ਪੰਜਾਂ ਦਾ ਤੂੰ ਇਕੋ ਨੂਰੀ ਚੰਦ, ਤੇਰੀ ਕਿਰਨ ਕਿਰਨ ਰੁਸ਼ਨਾਈਆ । ਜੇ ਪਰਸ਼ਾਦ ਇਨ੍ਹਾਂ ਨੂੰ ਦੇਵੇਂ ਵੰਡ, ਕਰ ਕਿਰਪਾ ਆਪਣਾ ਹੱਥ ਰਖਾਈਆ । ਫਿਰ ਸਾਰੀ ਸੰਗਤ ਨੂੰ ਪੈ ਜਾਏ ਠੰਡ, ਹੌਕਾ ਲੈ ਨਾ ਕੋਈ ਸੁਣਾਈਆ । ਜੇ ਤਾਰਿਆ ਬ੍ਰਾਹਮਣ ਦਾ ਐਡਾ ਵੱਡਾ ਪਖੰਡ, ਗ੍ਰਹ ਏਸੇ ਕੜਾਹੀ ਵਿਚ ਤਪਾਈਆ । ਆਪਣਿਆਂ ਭਗਤਾਂ ਪ੍ਰਭ ਤੂੰ ਕਦੀ ਨਾ ਦੇਵੀਂ ਦੰਡ, ਭੁਲਿਆਂ ਭਟਕਿਆਂ ਸਦਾ ਗਲੇ ਲਗਾਈਆ । ਮੇਰੀ ਇਹੋ ਨਿਕੀ ਜਿਹੀ ਮੰਗ, ਪੂਰੀ ਕਰ ਦੇਈਂ ਹੁਣੇ ਉਠ ਕੇ ਅਪਣੇ ਘਰ ਤੁਰ ਜਾਈਆ । ਮੈਂ ਆਸਾ ਪੂਰੀ ਕਰਾਂ ਜਰੂਰ, ਮਿਹਰਵਾਨ ਹੋ ਕੇ ਦਇਆ ਕਮਾਈਆ । ਬ੍ਰਾਹਮਣ ਬਖ਼ਸ਼ੇ ਸਰਬ ਕਸੂਰ, ਸਾਫ ਸੁਥਰਾ ਦਿਤਾ ਬਣਾਈਆ । ਪੰਜਾਂ ਦਾ ਡੁੱਬਣ ਨਹੀਂ ਦੇਂਦਾ ਪੂਰ, ਬੇੜਾ ਲਵਾਂ ਤਰਾਈਆ । ਪਰ ਓਸ ਦਿਨ ਅਉਂਣਾ ਪਊ ਜਰੂਰ, ਆਪਣੀ ਰਹਿਮਤ ਨਾਲ ਲਿਆਈਆ । ਪੰਜਾਂ ਨਾਲ ਪੰਜਾਂ ਦਾ ਹੋਰ ਮੁਆਫ ਕਰਕੇ ਜਾਊਂ ਕਸੂਰ, ਜਿਨ੍ਹਾਂ ਦਾ ਅੱਗਾ


੫੯੮
੧੯

ਨੇੜੇ ਆਈਆ । ਜੋ ਲਿਖਿਆ ਨਾ ਹੋਵੇ ਕੂੜ, ਸਚ ਏਸੇ ਦੀ ਵਡਿਆਈਆ । ਭਗਤਾਂ ਪਿਛੇ ਮੈਨੂੰ ਹੋਣਾ ਪਏ ਮਜਬੂਰ, ਜੁਗ ਜੁਗ ਆਪਣੀ ਖੇਲ ਰਚਾਈਆ । ਜੇ ਭਗਤ ਨਾ ਹੋਣ ਮੈਨੂੰ ਕੌਣ ਕਰੇ ਮਸ਼ਹੂਰ, ਕਵਣ ਮੇਰਾ ਢੋਲਾ ਨਾਮ ਗਾਈਆ । ਏਸੇ ਕਰਕੇ ਮੈਂ ਤੁਹਾਡਾ ਬਣਿਆ ਮਸ਼ਕੂਰ, ਮੁਸ਼ਕਲ ਨਜ਼ਰ ਕੋਇ ਨਾ ਆਈਆ । ਪਰਮਾਤਮਾ ਸਮਝੋ ਭਾਵੇਂ ਸਮਝੋ ਮਜਦੂਰ, ਦੋਹਾਂ ਰੰਗਾਂ ਵਿਚ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਬੱਚੀ ਕਹੇ ਮੈਂ ਕਰਾਂ ਨਿੱਕੀ ਜਿਹੀ ਗੱਲ, ਹੌਲੀ ਜਿਹੀ ਸੁਣਾਈਆ । ਵੇਖੀਂ ਕਿਤੇ ਕਰ ਨਾ ਜਾਈਂ ਵਲ ਛਲ, ਅਛਲ ਅਛੱਲ ਤੇਰੇ ਅੱਗੇ ਵਾਸਤਾ ਪਾਈਆ । ਅੰਮ੍ਰਿਤ ਬਣਿਆ ਜੋ ਤੇਰੇ ਚਰਨਾਂ ਨਾਲ ਲੱਗਾ ਜਲ, ਵਿਚ ਕੜਾਹੀ ਸੋਭਾ ਪਾਈਆ । ਜਿਸ ਦੇ ਥੱਲੇ ਅਗਨੀ ਗਈ ਬਲ, ਆਪਣਾ ਜ਼ੋਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਕੀ ਤਰਸ ਰਿਹਾ ਕਮਾਈਆ । ਮੈਂ ਜ਼ਰੂਰ ਕਰਾਂ ਤਰਸ, ਦਇਆਵਾਨ ਅਖਵਾਈਆ । ਅੱਗੇ ਰਹਿਣ ਨਾ ਦੇਵਾਂ ਫ਼ਰਕ, ਪਿਛਲਾ ਲੇਖ ਚੁਕਾਈਆ । ਲਹਿਣਾ ਚੁਕਾ ਕੇ ਸੋਗ ਹਰਖ਼, ਚਿੰਤਾ ਗ਼ਮ ਮਿਟਾਈਆ । ਮਰਨ ਦੇ ਬਦਲੇ ਆ ਕੇ ਦੇਵਾਂ ਦਰਸ, ਸੱਚਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਪੁੱਤਰੀ ਕਹੇ ਰਵਦਾਸ ਪਿਤਾ, ਇਕ ਗੱਲ ਪ੍ਰਭ ਤੋਂ ਦੇ ਮਨਾਈਆ । ਸਭ ਨਾਲ ਕਰੀਂ ਇਕੋ ਜਿਹਾ ਹਿਤਾ, ਰਾਓ ਰੰਕ ਨਾ ਕੋਈ ਰਖਾਈਆ । ਤੇਰੇ ਘਰ ਨਾ ਕੋਈ ਵੱਡਾ ਨਾ ਕੋਈ ਨਿੱਕਾ, ਮਾਤ ਗਰਭ ਤੇਰੀ ਸਰਨਾਈਆ । ਵੇਖੀਂ ਭਗਤਾਂ ਨੂੰ ਕਦੀ ਨਾ ਦੇਵੀਂ ਪਿਛਾ, ਆਪਣਾ ਮੁਖ ਭਵਾਈਆ । ਜੇ ਕਰੇਂ ਤਾਂ ਕਰੀਂ ਸਦਾ ਰੱਛਿਆ, ਭਿਛਿਆ ਆਪਣੀ ਝੋਲੀ ਪਾਈਆ । ਜਗਤ ਜਹਾਨ ਦਿਸੇ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਤੇਰਾ ਲੇਖ ਪ੍ਰਭੂ ਕਦੇ ਨਾ ਮਿਟੇ ਲਿਖਿਆ, ਮਿਟਾਵਣਹਾਰਾ ਹੋਰ ਨਾ ਕੋਈ ਅਖਵਾਈਆ । ਵੇਖ ਰਵਦਾਸ ਦਾਸ ਚੀਥੜ ਪੁਰਾਣਾ ਤੇਰੇ ਸਿੰਘਾਸਣ ਉਤੇ ਵਿਛਿਆ, ਸੋਹਣੀ ਸੋਭਾ ਰਿਹਾ ਪਾਈਆ । ਇਹ ਕਦੀ ਨਾ ਜਾਵੇ ਭਿਟਿਆ, ਛੂਤ ਛਾਤ ਜਾਤ ਪਾਤ ਵਿਚ ਆਪਣਾ ਪੈਰ ਨਾ ਕਦੇ ਰਖਾਈਆ । ਦੋਹਰ ਵਾਲਾ ਆਇਆ ਨੱਸਿਆ, ਆਪਣਾ ਪੰਧ ਮੁਕਾਈਆ । ਬੱਲੇ ਕਿਡਾ ਸੋਹਣਾ ਲੱਗਦਾ ਫਬਿਆ, ਘਰ ਮੇਰੇ ਡੇਰਾ ਲਾਈਆ । ਮੈਨੂੰ ਪਹਿਲੋਂ ਕਿਉਂ ਨਾ ਤੂੰ ਲੱਭਿਆ, ਬੈਠਾ ਰਿਹੋਂ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਮੇਰੀ ਦੋਹਰ ਵੇਖ ਧੋਤੀ, ਮੈਲ ਨਜ਼ਰ ਕੋਇ ਨਾ ਆਈਆ । ਇਸ ਨੂੰ ਲਾ ਕੇ ਦੱਸੇ ਆਪਣੀ ਸੋਟੀ, ਹੌਲੀ ਜਿਹੀ ਛੁਹਾਈਆ । ਓਧਰੋਂ ਬ੍ਰਾਹਮਣ ਦੀ ਹਿਲਣ ਲੱਗੀ ਬੋਦੀ, ਹੌਲੀ ਹੌਲੀ ਆਪਣਾ ਸਿਰ ਉਠਾਈਆ । ਦੂਜੇ ਪਾਸੇ ਪੰਜਾਂ ਆ ਗਈ ਸੋਝੀ, ਆਪਣਾ ਧਿਆਨ ਲਗਾਈਆ । ਓਧਰੋਂ ਰਵਦਾਸ ਦੀ ਬੱਚੀ ਬਣ ਗਈ ਮੋਢੀ, ਅੱਗੇ ਕਦਮ ਉਠਾਈਆ । ਓਹ ਗੁਰਮੁਖੋ ਗੁਰਸਿਖੋ ਸੁਣੋ ਏਸੇ ਨੂੰ ਮੰਨਦੇ ਗਏ ਵੇਦੀ ਸੋਢੀ, ਇਹੋ ਪੁਰਖ ਅਕਾਲ ਨਜ਼ਰੀ ਆਈਆ । ਰਾਮ ਕ੍ਰਿਸ਼ਨ ਏਸੇ ਦੀ ਨੂਰੀ ਜੋਤੀ, ਜੋਤ ਜੋਤ ਵਿਚੋਂ ਰੁਸ਼ਨਾਈਆ । ਆਦਿ ਸ਼ਕਤ ਵੇਖੋ ਸੱਜੇ ਪਾਸੇ ਹੱਥ ਰੱਖ ਕੇ ਬੈਠੀ ਉਤੇ ਠੋਡੀ, ਅੱਖਾਂ ਨਾਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਆਦਿ ਸ਼ਕਤ ਕਹੇ ਮੈਂ ਦੱਸਾਂ ਕਹਾਣੀ, ਕਹਾਵਤ ਵਿਚ ਕਦੇ ਨਾ ਆਈਆ । ਬਾਣੀਆਂ ਤੋਂ ਵੱਖਰੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ ।

ਖਾਣੀਆਂ ਦਾ ਜਾਣ ਜਾਣੀ, ਜਾਨਣਹਾਰ ਵੱਡੀ ਵਡਿਆਈਆ । ਸਾਰੇ ਪਿਛਲੇ ਕੱਠੇ ਕੀਤੇ ਪਿਛਲੇ ਹਾਣੀ, ਸੋਹਣਾ ਮੇਲ ਮਿਲਾਈਆ । ਕਿਸੇ ਹੱਥ ਫੜਾਇਆ ਪਾਣੀ, ਕੋਈ ਚਰਨ ਧੋਵਣ ਡਾਹੀਆ । ਕੋਈ ਕਲਮ ਨਾਲ ਲਿਖੇ ਨਿਸ਼ਾਨੀ, ਸੋਹਣਾ ਲੇਖ ਬਣਾਈਆ । ਕੋਈ ਖੇਲ ਕਰੇ ਬਣ ਕੇ ਵਾਲੀ ਦੋ ਜਹਾਨੀ, ਨਿਰਗੁਣ ਆਪਣੀ ਕਾਰ ਕਰਾਈਆ । ਕਿਸੇ ਨੂੰ ਬੱਚੀ ਬਣਾ ਕੇ ਦਿਤਾ ਪਦ ਨਿਰਬਾਣੀ, ਘਰ ਸਾਚੇ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਰਿਹਾ ਦਰਸਾਈਆ । ਸਾਰੇ ਕੱਠੇ ਹੋ ਕੇ ਲੱਗੇ ਕਹਿਣ, ਇਕੋ ਵਾਰ ਜਣਾਈਆ । ਪ੍ਰਭ ਦਰਸ਼ਨ ਦੇ ਦੇ ਨੈਣ, ਨੇਤਰ ਲੋਚਾ ਪੂਰ ਕਰਾਈਆ । ਜੇ ਤੁਠਾ ਅਇਉਂ ਦੇਣ ਦੇਣ, ਖੁਲ੍ਹੇ ਭੰਡਾਰੇ ਦੇ ਵਰਤਾਈਆ । ਚਰਨਾਂ ਵਿਚ ਬਖ਼ਸ਼ ਸੱਚਾ ਬਹਿਣ, ਹੋਵੇ ਨਾ ਕਦੇ ਜੁਦਾਈਆ । ਹਰਿਸੰਗਤ ਨਾਤਾ ਜੁੜਿਆ ਰਹੇ ਭਾਈ ਭੈਣ, ਬੁਰੀ ਅੱਖ ਨਾ ਕੋਇ ਤਕਾਈਆ । ਤੇਰਾ ਸਹਾਰਾ ਸਾਰੇ ਲੈਣ, ਕਨਾਰਾ ਇਕੋ ਨਜ਼ਰੀ ਆਈਆ । ਜੇ ਕੋਈ ਰੋਵੇ ਗੁਰਮੁਖ ਤੇਰੇ ਵਿਛੋੜੇ ਦਾ ਪਾਵੇ ਵੈਣ, ਮਰਿਆਂ ਨੀਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਦੇ ਇਕੋ ਜਿਹੀ ਵਡਿਆਈਆ । ਸਭ ਨੂੰ ਵਡਿਆਈ ਦੇਵਾਂ ਕਿਹੜੀ, ਸਚ ਦੇ ਸੁਣਾਈਆ । ਗੁਰਮੁਖ ਕਹਿਣ ਅਸੀਂ ਚੜ੍ਹਨਾ ਤੇਰੀ ਬੇੜੀ, ਮਲਾਹ ਤੈਨੂੰ ਲੈਣਾ ਬਣਾਈਆ । ਤੇਰੇ ਅੱਗੇ ਗੱਲ ਕਿਹੜੀ, ਡੁੱਬਦਿਆਂ ਲਏਂ ਤਰਾਈਆ । ਤੇਰੀ ਪ੍ਰੀਤੀ ਸਦ ਲੱਗੀ ਰਹੇ ਬਥੇਰੀ, ਬਿਰਥਾ ਜਨਮ ਨਾ ਕੋਇ ਗਵਾਈਆ । ਰਵਦਾਸ ਸਪੁਤਰੀ ਤੇਰੀ ਚੇਰੀ, ਚੇਲਿਆਂ ਸਾਰਿਆਂ ਰਹੀ ਸਮਝਾਈਆ । ਇਸ ਦੇ ਹੱਥ ਸਾਢੇ ਤਿੰਨ ਹੱਥ ਢੇਰੀ, ਸਭ ਨੂੰ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰਕੇ ਲਾ ਭੋਗ, ਭਗਤ ਰਹੇ ਜਸ ਗਾਈਆ । ਪ੍ਰੇਮ ਦਾ ਦੇਦੇ ਸੱਚਾ ਜੋਗ, ਜੋਗੀ ਬਣ ਕੇ ਅਲਖ ਜਗਾਈਆ । ਤੇਰੇ ਨਾਲ ਹੋਵੇ ਸੰਜੋਗ, ਧੁਰ ਦੀ ਸਚ ਕੁੜਮਾਈਆ । ਆਤਮ ਪਰਮਾਤਮ ਤੇਰੀ ਸੇਜਾ ਲਏ ਭੋਗ, ਸੋਹਣਾ ਰੰਗ ਸੁਹਾਈਆ । ਘਰੋਂ ਕੱਢਦੇ ਹਰਖ਼ ਸੋਗ, ਚਿੰਤਾ ਗ਼ਮ ਗੁਆਈਆ । ਆਪਣੇ ਪ੍ਰੇਮ ਪਿਆਰ ਦੀ ਦੇਦੇ ਚੋਗ, ਤ੍ਰਿਸਨਾ ਭੁੱਖ ਮਿਟਾਈਆ । ਸਾਰੇ ਰਲ ਮਿਲ ਗਾਈਏ ਇਕ ਸਲੋਕ, ਤੇਰਾ ਨਾਮ ਵਡਿਆਈਆ । ਤੇਰੀ ਕਿਰਪਾ ਨਾਲ ਅੰਤ ਮਿਲੀਏ ਤੇਰੀ ਜੋਤ, ਜੋਤ ਜੋਤ ਵਿਚ ਸਮਾਈਆ । ਸਾਡੇ ਲਈ ਹੁਣ ਪ੍ਰਭ ਆਪ ਸਮਝ ਸੋਚ, ਸਭ ਕੁਛ ਤੇਰੀ ਝੋਲੀ ਪਾਈਆ । ਸਾਡੇ ਕੋਲੋਂ ਬ੍ਰਾਹਮਣ ਵਾਂਗਰਾਂ ਦਿਤੀ ਨਹੀਂ ਜਾਣੀ ਦੱਛਣਾ ਮੋਖ, ਨਾ ਕੋਈ ਭਿਛਾ ਭੇਟਾ ਦਈਏ ਚੜ੍ਹਾਈਆ । ਨਾ ਕੋਈ ਪਕਾ ਕੇ ਰੱਖੀਏ ਅੱਗੇ ਰੋਟ, ਪੀਰਾਂ ਵਾਂਗ ਮਨਾਈਆ । ਥਾਲ ਸੇਮੀਆਂ ਨਾ ਦਈਏ ਪਰੋਸ, ਘਿਰਤ ਪਾ ਨਾ ਖ਼ੁਸ਼ੀ ਮਨਾਈਆ । ਖੰਡ ਖੀਰ ਨਾ ਦਈਏ ਰੋਜ, ਦੁੱਧ ਨਾਲ ਨਾ ਮਿਲੇ ਮਲਾਈਆ । ਰੋਜ਼ ਥਾਂ ਨਾ ਬਹਾਈਏ ਪੋਚ, ਸਾਥੋਂ ਹੱਥ ਨਾ ਜਾਣ ਘਸਾਈਆ । ਦੰਦ ਘਸਾਈ ਨਹੀ ਦੇਣੀ ਕੋਈ ਹੋਂਟ, ਪੈਸਾ ਟਕਾ ਨਾ ਝੋਲੀ ਪਾਈਆ । ਜੇ ਘਰ ਆਵੇਂ ਤੇ ਬਹਿਣ ਨਹੀਂ ਦੇਣਾ ਖਮੋਸ਼, ਤੇਥੋਂ ਆਪਣਾ ਨਾਮ ਜਪੌਣ ਦੀ ਸੇਵਾ ਲਾਈਆ । ਤੇਰੀ ਫੇਰ ਟਕਾਣੇ ਆਊ ਹੋਸ਼, ਆਪਣੇ ਆਪ ਵੇਖੇ ਨੈਣ ਉਠਾਈਆ । ਜੇ ਮੈਂ ਭਗਤਾਂ ਦੀ ਲਾਜ ਨਾ ਰੱਖੀ ਮੈਨੂੰ ਕੀ ਕਹਿਣਗੇ ਲੋਗ, ਲੋਕਾਂ ਵਿਚ ਨਾ ਕੋਈ ਚਤੁਰਾਈਆ । ਜਨ ਭਗਤੋ ਤੁਸੀਂ ਕੁਛ ਨਾ ਸੋਚੋ ਸੋਚ, ਮੈਂ ਸਭ ਕੁਛ ਆਪੇ ਦਿਆਂ ਵਰਤਾਈਆ । ਤੁਹਾਨੂੰ ਮਾਣਦਿਆਂ ਵੇਖਾਂ ਮੌਜ, ਆਪ ਨੰਗੀ ਪੈਰੀਂ ਵੇਖਾਂ ਚਾਈਂ ਚਾਈਂਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸਚ ਕਹੇ ਤੂੰ ਕਿਹੜਾ ਸੱਚਾ, ਕੀ ਤੇਰੀ ਵਡਿਆਈਆ । ਸ੍ਰੀ ਭਗਵਾਨ ਬਾਂਹੋਂ ਫੜ ਵਖਾਇਆ ਵੇਖੇ ਰਵਦਾਸ ਦਾ ਬੱਚਾ, ਇਹੋ ਸੱਚਾ ਨਜ਼ਰੀ ਆਈਆ । ਜੇ ਹੋਰ ਕੁਛ ਵੇਖਣਾ ਲਿਖਿਆ ਲੇਖ ਨਾ ਹੋਵੇ ਕੱਚਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਰੇ ਕਹਿਣ ਪ੍ਰਭੂ ਜੋ ਕੁਛ ਹੈ ਸੋਈ ਅੱਛਾ, ਅੱਛਾ ਬੁਰਾ ਤੇਰਾ ਨਜ਼ਰੀ ਆਈਆ । ਰੋ ਕੇ ਕਹੇ ਉਹ ਗਾਂ ਵਾਲਾ ਵੱਛਾ, ਨੈਣਾਂ ਨੀਰ ਵਹਾਈਆ । ਮੈਂ ਤੇਰੇ ਭਗਤ ਦੇ ਕਿੱਲੇ ਬੱਧਾ, ਉਮਰ ਥੋੜੀ ਅਜੇ ਲੰਘਾਈਆ । ਜੋ ਛੇਤੀ ਦੇ ਦੇਵੇਂ ਸੱਦਾ, ਆਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਹੌਲੀ ਹੌਲੀ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਸੇ ਖੇਲ ਅੰਦਰ ਫਿਰੇ ਭੱਜਾ, ਹੋਰ ਕੰਮ ਕਾਜ ਨਾ ਕੋਈ ਰਖਾਈਆ । ਪਰਸਾਦ ਚੁਕੋ ਉਤੇ ਹੱਥ ਸੱਜਾ, ਨੇੜੇ ਲਿਆਉਂ ਚਾਈਂ ਚਾਈਆ । ਪਰਦਾ ਲਾਹੋ ਜੇ ਦੇ ਕੇ ਕੱਜਾ, ਸੋਹਣਾ ਰੂਪ ਪਰਗਟਾਈਆ । ਵੇਖਣ ਆਏ ਮਨਜੀਤ ਜੱਗਾ, ਸਵਰਨ ਗੁਰਦਿਆਲ ਨਾਲ ਮਿਲਾਈਆ । ਪਾਲ ਸਿੰਘ ਸੋਹਣਾ ਦਸਤਾਰ ਸੀਸ ਬੱਧਾ, ਖ਼ੁਸ਼ੀਆਂ ਰੰਗ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਗੋਬਿੰਦ ਨਾਲ ਰਲਾਇਆ ਬੱਚਾ, ਆਪਣਾ ਜੋੜ ਜੁੜਾਈਆ । ਖੱਬਾ ਹੱਥ ਰੱਖ ਕੇ ਉਤੇ ਮੱਥਾ, ਮਸਤੀ ਇਕ ਵਖਾਈਆ । ਹੱਥ ਨੀਵਾਂ ਕਰਕੇ ਸੱਜਾ, ਪੰਜਾਂ ਦਏ ਬਹਾਈਆ । ਵੇਖੋ ਐਸ ਪਰਸਾਦ ਦਾ ਮਜ਼ਾ, ਜਿਸ ਦਾ ਹਿੱਸਾ ਵਿਚ ਪਾਈਆ । ਅੱਗੇ ਕੋਈ ਨਾ ਦੇਵੇ ਸਜ਼ਾ, ਜੋ ਇਸ ਨੂੰ ਗਿਆ ਖਾਈਆ । ਘੁਮਿਆਰ ਆਪਣੇ ਲੈ ਕੇ ਆਇਆ ਪੰਜੇ ਗਧਾ, ਦਰਵਾਜਿਉਂ ਬਾਹਰ ਰਿਹਾ ਵਖਾਈਆ । ਮੇਰਾ ਨੇੜੇ ਲੱਗਾ ਅੱਡਾ, ਥੋੜੀ ਵਾਟ ਪੰਧ ਮੁਕਾਈਆ । ਓਧਰੋਂ ਸੰਡਿਆਂ ਵਾਲਾ ਆਵੇ ਗੱਡਾ, ਸ੍ਰੀ ਭਗਵਾਨ ਹਿੱਕੇ ਵਾਹੋ ਦਾਹੀਆ । ਸਾਰਿਆਂ ਦਾ ਜੋੜ ਇਕੇ ਥਾਂ ਬੱਝਾ, ਕੱਠਾ ਮੇਲ ਮਿਲਾਈਆ । ਮੇਲ ਮਿਲਾ ਕੇ ਕਹੇ ਗੁਰਮੁਖੋ ਤੁਹਾਡਾ ਵਧੇ ਅੱਗਾ, ਪਿਛਲਾ ਲੇਖ ਮੁਕਾਈਆ । ਥੱਲੇ ਰਵਦਾਸ ਦਾ ਪਿਛਲਾ ਵਛਾਇਆ ਝੱਗਾ, ਸੋਹਣੀ ਸੇਜ ਸੁਹਾਈਆ । ਉਪਰ ਸਾਹਿਬ ਸੁਲਤਾਨ ਸਜਾ, ਆਪਣਾ ਆਸਣ ਲਾਈਆ । ਤੁਹਾਡੇ ਨਾਲ ਕਦੇ ਨਾ ਕਰੇ ਦਗਾ, ਬ੍ਰਾਹਮਣ ਧੋਖਿਓ ਦਿਤਾ ਹਟਾਈਆ । ਜਦ ਵੇਖੋ ਤੇ ਦਿਸੇ ਉਪਰ ਸ਼ਾਹ ਰਗਾ, ਨਿਜ ਨੇਤਰ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਅੰਦਰ ਫਿਰੇ ਭੱਜਾ, ਸੋਹਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਸੰਗਤ ਸੀਤ ਪਰਸਾਦ ਮੁਖ ਵਿਚ ਦੇਵੇ ਪਾਈਆ । ਪੰਜੇ ਅੱਗੇ ਆਓ, ਪ੍ਰਭ ਦੇਵੇ ਮਾਣ ਵਡਿਆਈਆ । ਧੁਰ ਦੀ ਵਸਤ ਝੋਲੀ ਪਾਓ, ਭਿਛਿਆ ਇਕ ਵਰਤਾਈਆ । ਜਨਮ ਮਰਨ ਦਾ ਰੋਗ ਮਿਟਾਓ, ਸੋਹਣਾ ਰੰਗ ਵਖਾਈਆ । ਧੁਰਦਰਗਾਹੀ ਢੋਲਾ ਗਾਓ, ਇਕੋ ਰਾਗ ਅਲਾਈਆ । ਨੇਤਰ ਲੋਚਣ ਦਰਸ਼ਨ ਪਾਓ, ਪੁਰਖ ਅਬਿਨਾਸ਼ੀ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਧਿਆਓ, ਸਿਮਰਨ ਵਿਚੋ ਸਿਮਰਨ ਨਜ਼ਰੀ ਆਈਆ ।



★ ੨੭ ਮਾਘ ੨੦੨੦ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ ★

ਬੱਚਿਓ ਸਦਾ ਰਹੇ ਤੁਹਾਡਾ ਘੇਰਾ, ਘੇਰੇ ਅੰਦਰ ਸਾਹਿਬ ਸੋਭਾ ਪਾਇੰਦਾ । ਦੋ ਜਹਾਨਾਂ ਛੱਡਿਆ ਡੇਰਾ, ਡੇਰਿਆਂ ਵਿਚੋਂ ਡੇਰਾ ਗੁਰਮੁਖ

ਨਜ਼ਰੀ ਆਇੰਦਾ । ਸਭ ਦਾ ਕੱਠਾ ਬੰਨੇ ਬੇੜਾ, ਜਗਤ ਵਹਿਣ ਨਾ ਕੋਈ ਰੁੜ੍ਹਾਇੰਦਾ । ਅਜੇ ਅੱਗੇ ਲੇਖਾ ਬਥੇਰਾ, ਹੌਲੀ ਹੌਲੀ ਵਰਤਾਇੰਦਾ । ਪਹਿਲੀ ਚੇਤ ਦਾ ਆਏ ਸਵੇਰਾ, ਸੋਹਣਾ ਵਕਤ ਸੁਹਾਇੰਦਾ । ਮਿਹਰਵਾਨ ਕਰੇ ਆਪਣੀ ਮਿਹਰਾ, ਮਿਹਰ ਨਜ਼ਰ ਉਠਾਇੰਦਾ । ਜਨਮ ਜਨਮ ਚੁਕਾ ਝੇੜਾ, ਝਗੜਾ ਅਵਰ ਗਵਾਇੰਦਾ । ਦਰਸ ਦਿਖਾਏ ਹੋ ਕੇ ਨੇੜਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜਿਸ ਰਾਹ ਨੂੰ ਤੱਕੇ ਚਿੱਟਾ ਘੋੜਾ ਵਛੇਰਾ, ਆਪਣਾ ਨੈਣ ਉਠਾਇੰਦਾ । ਓਸ ਵੇਲੇ ਫੇਰ ਸੋਹਣਾ ਲੱਗੇ ਘੇਰਾ, ਚਾਰੋਂ ਕੁੰਟ ਗੁਰਮੁਖ ਗੁਰਮੁਖ ਗੁਰਮੁਖ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਘੇਰੇ ਵਾਲਿਓ ਰਹੋ ਖ਼ਬਰਦਾਰ, ਧੁਰ ਦੀ ਖ਼ਬਰ ਸੁਣਾਈਆ । ਪੰਜਾਂ ਅਜੇ ਹੋਰ ਉਧਾਰ, ਦੇਣਾ ਬਾਕੀ ਨਜ਼ਰੀ ਆਈਆ । ਪਹਿਲੀ ਚੇਤ ਕਿਰਪਾ ਕਰੇ ਨਿਰੰਕਾਰ, ਨਿਰਵੈਰ ਹੋਏ ਸਹਾਈਆ । ਚਿਟੇ ਬਸਤਰ ਕਰ ਤਿਆਰ, ਪੰਜਾਂ ਦੇਵੇ ਪਹਿਨਾਈਆ । ਇਕ ਇਕ ਨਾਲ ਰੱਖੇ ਰੁਮਾਲ, ਸੋਹਣੀ ਭੇਟ ਚੜ੍ਹਾਈਆ । ਪੰਜਾਂ ਬਹਾ ਕੇ ਖਵਾਏ ਇਕੋ ਥਾਲ, ਬ੍ਰਾਹਮਣ ਕੋਲੋਂ ਅੱਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਬਸਤਰ ਪਾਵੇ ਸੋਹਣੇ ਚਿੱਟੇ ਰੰਗ, ਰੰਗਤ ਆਪਣਾ ਨਾਮ ਰੰਗਾਈਆ । ਓਸ ਵੇਲੇ ਜਲ ਲੈ ਕੇ ਆਈ ਮਾਈ ਗੰਗ, ਜਮਨਾ ਸੁਰਸਤੀ ਨਾਲ ਰਲਾਈਆ । ਗੋਦਾਵਰੀ ਆ ਕੇ ਗਾਵੇ ਛੰਦ, ਸੋਹਣਾ ਰਾਗ ਅਲਾਈਆ । ਰਵਦਾਸ ਫੇਰ ਮੰਗੇ ਇਕ ਮੰਗ, ਪਿਛਲੀ ਯਾਦ ਕਰਾਈਆ । ਓਧਰੋ ਅਜੀਤ ਜੁਝਾਰ ਆ ਜਾਣ ਕਰਦੇ ਜੰਗ, ਆਪਣਾ ਸੰਗ ਵਖਾਈਆ । ਏਧਰੋ ਰੋ ਪਏ ਗੜ੍ਹੀ ਚਮਕੌਰ ਕੰਧ, ਨੈਣਾਂ ਨੀਰ ਵਹਾਈਆ । ਇਹ ਉਹ ਦਿਸਦੇ ਪੰਜ, ਜਿਨ੍ਹਾਂ ਗੋਬਿੰਦ ਦਿਤੀ ਵਡਿਆਈਆ । ਅੱਗੇ ਦੱਸਣਾ ਕਰਨਾ ਬੰਦ, ਲੇਖਾ ਫੇਰ ਦੇਵੇ ਸਮਝਾਈਆ । ਹੁਣ ਖ਼ੁਸ਼ੀਆਂ ਨਾਲ ਗਾ ਲਓ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਛੰਦ ।

## ★ ੨੮ ਮਾਘ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਵਿਚ ਅਜੀਤ ਸਿੰਘ ਦੇ ਨਵਿਤ ★

ਬੀਸ ਚਾਲੀ ਕਹੇ ਸਾਡਾ ਪਿਆ ਮੁਲ, ਕੀਮਤ ਕਰਤੇ ਅੰਤ ਚੁਕਾਈਆ । ਸਾਡਾ ਉਧਾਰ ਉਬਲਿਆ ਉਤੇ ਚੁਲ, ਅਗਨੀ ਪ੍ਰੇਮ ਪਿਆਰ ਵਧਾਈਆ । ਪਾਨ ਜਲ ਗਏ ਭੁੱਲ, ਆਪਣਾ ਆਪ ਛੁਪਾਈਆ । ਘਿਰਤ ਤੁਲ ਕੇ ਆਪਣੇ ਤੋਲ, ਤੁਰਤ ਆਪਣਾ ਰੂਪ ਵਟਾਈਆ । ਖ਼ੁਸ਼ੀਆਂ ਨਾਲ ਵਿਚ ਕੜਾਹੀ ਫਰਕਣ ਲਗੇ ਮੇਰੇ ਬੁੱਲ, ਸੋਹਣੀ ਅਵਾਜ਼ ਸੁਣਾਈਆ । ਇਕ ਦੂਜੇ ਨਾਲ ਰਹੇ ਘੁਲ, ਉਠ ਉਠ ਬਲ ਵਖਾਈਆ । ਕਰਿਆ ਖੇਲ ਪ੍ਰਭੂ ਅਨਮੁਲ, ਮਿਹਰ ਨਜ਼ਰ ਉਠਾਈਆ । ਭਾਗ ਲਗਾ ਕੇ ਭਗਵਨ ਕੁਲ, ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤੀ ਮਾਣ ਵਡਿਆਈਆ । ਪਰਸਾਦ ਕਹੇ ਮੈਂ ਸਤਿਗੁਰ ਕਿਰਪਾ, ਮਿਹਰ ਰੂਪ ਵਟਾਈਆ । ਮੇਰਾ ਰਸ ਨਾ ਜਾਏ ਬਿਰਥਾ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਇਹ ਲੇਖਾ ਪੂਰਬ ਦੇਰ ਦਾ, ਪਿਛਲਾ ਲਹਿਣਾ ਚੁਕਾਈਆ । ਸਾਂਭ ਰੱਖੀ ਜੋ ਬਣਾ ਕੇ ਵਿਰਸਾ, ਧੰਨ ਦੌਲਤ ਜਗਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ

ਕਮਾਈਆ । ਪਰਸਾਦ ਕਹੇ ਪ੍ਰਭ ਕੀਤੀ ਕਿਰਪਾ, ਕਿਰਪਾਨਿਧ ਦਇਆ ਕਮਾਈਆ । ਜਨ ਭਗਤਾਂ ਕੱਟਣਹਾਰਾ ਬਿਪਤਾ, ਪੂਰਬ ਵਜੋਗ ਚੁਕਾਈਆ । ਅੱਗੋ ਬੰਧਾਵੇ ਸੱਚਾ ਨਿਸਚਾ, ਚਰਨ ਪ੍ਰੀਤ ਜਣਾਈਆ । ਦੋ ਜਹਾਨਾਂ ਬਦਲਣਹਾਰਾ ਫਿਰਕਾ, ਹੁਕਮ ਹਾਕਮ ਇਕ ਸੁਣਾਈਆ । ਵੇਖੇ ਖੇਲ ਸਾਚੇ ਪਿਰ ਕਾ, ਪਰਮ ਪੁਰਖ ਰਿਹਾ ਜਣਾਈਆ । ਉਲਟਾ ਗੇੜ ਨਿਰਗੁਣ ਗਿੜਦਾ, ਸਰਗੁਣ ਧਾਰ ਜਣਾਈਆ । ਜਨ ਭਗਤਾਂ ਸਭ ਤੋਂ ਵੱਖਰਾ ਰੱਖੇ ਹਿਰਦਾ, ਸੰਤਾਂ ਹਿਰਦਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਰਸਾਦ ਕਹੇ ਮੇਰੀ ਬਣੀ ਬਣਤ, ਪੁਰਖ ਅਕਾਲ ਦਿਤੀ ਵਡਿਆਈਆ । ਗੁਰਮੁਖ ਖਾਏ ਵਿਰਲਾ ਸੰਤ, ਜਿਸ ਮਿਹਰ ਨਜ਼ਰ ਉਠਾਈਆ । ਮੇਲ ਮਿਲਾਵੇ ਨਰ ਹਰਿ ਕੰਤ, ਨਰ ਨਰਾਇਣ ਹੋਏ ਸਹਾਈਆ । ਉਤਮ ਸ੍ਰੇਸ਼ਟ ਵਿਚੋਂ ਜੰਤ, ਲੱਖ ਚੁਰਾਸੀ ਮਾਣ ਰਖਾਈਆ । ਲੇਖਾ ਜਾਣੇ ਬ੍ਰਾਹਮਣ ਪੰਡਤ, ਜਜਮਾਨ ਠਾਕਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਪਰਸਾਦ ਕਹੇ ਪ੍ਰਭ ਭਏ ਦਿਆਲ, ਦਿਤੀ ਮਾਣ ਵਡਿਆਈਆ । ਗੁਰਮੁਖ ਸੰਤ ਸੁਹੇਲੇ ਉਪਜਾ ਆਪਣੇ ਲਾਲ, ਲਾਲਨ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਪਰੋਸ ਥਾਲ, ਸੋਹਣੀ ਵੰਡ ਵੰਡਾਈਆ । ਧੁਰ ਦੇ ਵਿਛੜੇ ਮੇਲ ਨਾਲ, ਧੁਰ ਦਾ ਸੰਗ ਰਖਾਈਆ । ਜਗਤ ਅਵਲੜੀ ਚਲ ਕੇ ਚਾਲ, ਜਰਾ ਦਏ ਸਮਝਾਈਆ । ਭਗਤ ਵਛਲ ਬਣ ਕਿਰਪਾਲ, ਭਗਵਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਪਰਸਾਦ ਕਹੇ ਮੋਹੇ ਰੱਖਾ ਪਰਾਤ ਵਿਚ ਢਕ, ਓਡਣ ਉਤੇ ਪਾਈਆ । ਮੈਂ ਅੰਦਰ ਬੈਠਾ ਰਿਹਾ ਹੱਸ, ਖੁਸ਼ੀਆਂ ਰੰਗ ਚੜ੍ਹਾਈਆ । ਪ੍ਰਭ ਅੰਦਰੇ ਅੰਦਰ ਮੈਨੂੰ ਦੇਵੇ ਰਸ, ਆਪਣੀ ਧਾਰ ਚੁਆਈਆ । ਮੈਂ ਚਰਨੀ ਗਿਆ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਬਦ ਇਸ਼ਾਰੇ ਨਾਲ ਉਠਾਈਆ । ਉਠ ਲਵਾ ਮੇਰਾ ਧੁਰ ਦਾ ਹੱਥ, ਜਿਸ ਲੱਗਿਆਂ ਤੇਰੀ ਲਾਗਤ ਕੀਮਤ ਦਿਆਂ ਬਦਲਾਈਆ । ਤੇਰਾ ਗ੍ਰਿਹਿ ਤੇਰਾ ਮੰਦਰ ਤੇਰਾ ਘਰ ਗੁਰਮੁਖਾਂ ਅੰਦਰ ਵਸਿਆ, ਤੇਰਾ ਬੰਕ ਦਏ ਸਮਝਾਈਆ । ਉਥੇ ਜਾਵੀਂ ਨਾਲ ਚਾਵਾਂ ਨੱਠਿਆ, ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸਾਦ ਕਹੇ ਪ੍ਰਭ ਕੀਤੀ ਮਿਹਰ, ਮਿਹਰ ਨਜ਼ਰ ਉਠਾਈਆ । ਨਜ਼ਰੀ ਆਇਆ ਨੇੜਨ ਨੇੜ, ਦੂਰ ਦੁਰਾਡਾ ਪੰਧ ਮੁਕਾਈਆ । ਜਾਂ ਵੇਖਿਆ ਸ਼ਬਦ ਸਰੂਪ ਧੁਰ ਦਾ ਸ਼ੇਰ, ਭਬਕ ਆਪਣਾ ਨਾਮ ਲਗਾਈਆ । ਗੁਰ ਅਵਤਾਰ ਪੀਰ ਪੈਗੰਬਰ ਆ ਲਿਆਂਦੇ ਘੇਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਆਓ ਵੇਖੋ ਪ੍ਰਭ ਦਾ ਖੇਲ, ਨਿਰਵੈਰ ਨਿਰਾਕਾਰ ਨਿਰੰਕਾਰ ਰਿਹਾ ਵਖਾਈਆ । ਸਚ ਕਟਾਰ ਆਪਣਾ ਨਾਮ ਵਿਚ ਫੇਰ, ਚਾਰੋਂ ਕੁੰਟ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਵੇਖ ਪਰਸਾਦ, ਸਾਰੇ ਖ਼ੁਸ਼ੀਆਂ ਮਨਾਈਆ । ਪ੍ਰਭ ਏਸ ਵਿਚੋਂ ਜੇ ਥੋੜੀ ਥੋੜੀ ਦੇਵੇ ਦਾਦ, ਵਸਤ ਅਗੰਮੀ ਝੋਲੀ ਪਾਈਆ । ਅਸੀਂ ਏਥੇ ਓਥੇ ਰੱਖੀਏ ਯਾਦ, ਭੁੱਲ ਕਦੇ ਨਾ ਜਾਈਆ । ਅਗੰਮ ਅਗੰਮੜਾ ਆਵੇ ਸੁਆਦ, ਰਸਨਾ ਜਿਹਵਾ ਨਾ ਕੋਇ ਸਮਝਾਈਆ । ਸ੍ਰੀ ਭਗਵਾਨ ਵੇਖਣਹਾਰਾ ਖੇਲ ਤਮਾਸ਼, ਤਰ੍ਹਾ ਤਰ੍ਹਾ ਸਮਝਾਈਆ । ਜੁਗ ਚੌਕੜੀ ਪਾ ਕੇ ਗਏ ਗੋਪੀ ਕਾਹਨ ਰਾਸ, ਰਾਮ ਸੀਤਾ ਮਾਤ ਹੰਢਾਈਆ ।

ਰਸਨਾ ਜਿਹਵਾ ਬੱਤੀ ਦੰਦ ਕਰਦੇ ਗਏ ਬਲਾਸ, ਕਾਗਜ ਕਲਮ ਸ਼ਾਹੀ ਢੋਲ ਨਾਲ ਭਰਾਈਆ । ਲੱਖ ਚੁਰਾਸੀ ਜੀਵਾਂ ਜੰਤਾਂ ਗਏ ਆਖ, ਧੁਰ ਸੰਦੇਸਾ ਇਕ ਸੁਣਾਈਆ । ਚਾਰੋਂ ਕੁੰਟ ਕਹਿੰਦੇ ਗਏ ਅਸੀਂ ਪ੍ਰਭ ਦੀ ਜਾਤ, ਚਾਕਰ ਸੇਵਕ ਰੂਪ ਅਖਵਾਈਆ । ਨਿਤ ਨਵਿਤ ਧੁਰ ਦੀ ਰੱਖਦੇ ਗਏ ਆਸ, ਬੇਪਰਵਾਹ ਪਰਵਰਦਗਾਰ ਗੁਸਾਈਂਆ । ਸਭ ਦੀ ਪੂਰੀ ਕਰੇ ਖ਼ਾਹਸ਼, ਨਿਰਗੁਣ ਨਿਰਵੈਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਪਰਾਤ ਕਹੇ ਮੇਰਾ ਧੰਨ ਭਾਗ, ਭਾਗਾਂ ਭਰੀ ਆਪਣਾ ਨਾਮ ਰਖਾਈਆ । ਪੁਰਖ ਅਬਿਨਾਸ਼ੀ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਜਿਸ ਅੰਦਰ ਹਰਿ ਕਿਰਪਾ ਭਰਿਆ ਪਰਸਾਦ, ਪਰਸਾਦ ਆਪਣੀ ਮਿਹਰ ਸਮਝਾਈਆ । ਜਿਸ ਪਰਸਾਦ ਦਾ ਅੰਦਰ ਵੜ ਵੇਖਿਆ ਕਿਸੇ ਨਾ ਰਾਜ਼, ਪਰਦਾ ਸਕੇ ਨਾ ਕੋਇ ਰਖਾਈਆ । ਸਾਧ ਸੰਤ ਜੀਵ ਜੰਤ ਰਸਨਾ ਜਿਹਵਾ ਇਸ ਤੋਂ ਲੱਭਣ ਸੁਆਦ, ਮਨ ਵਾਸਨਾ ਖ਼ੁਸ਼ੀ ਮਨਾਈਆ । ਸਤਿ ਪਰਸਾਦ ਸਤਿਗੁਰ ਪਰਸਾਦ ਗੁਰ ਪਰਸਾਦ ਕਿਸੇ ਹੱਥ ਨਾ ਆਵੇ ਹਾਥ, ਪ੍ਰਿਥਮੀ ਆਕਾਸ਼ ਗਗਨ ਮੰਡਲ ਨਾ ਕੋਇ ਵਰਤਾਈਆ । ਜੇ ਵਰਤਾਵੇ ਤਾਂ ਪੁਰਖ ਅਬਿਨਾਸ਼, ਗੁਰ ਅਵਤਾਰਾਂ ਭੋਰਾ ਭੋਰਾ ਝੋਲੀ ਪਾਈਆ । ਦੂਜੀ ਵਾਰ ਕਿਸੇ ਫੇਰ ਲੱਭੇ ਨਾ ਉਹ ਸਵਾਦ, ਰਸ ਵਿਚੋਂ ਰਸ ਨਾ ਕੋਇ ਜਣਾਈਆ । ਜੁਗ ਚੌਕੜੀ ਕਰਦੇ ਫਿਰਨ ਤਲਾਸ਼, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਪਰਾਤ ਕਹੇ ਜਿਸ ਵੇਲੇ ਮੇਰੇ ਅੰਦਰ ਵੜਿਆ, ਪਰਸਾਦੀ ਆਪਣਾ ਰੂਪ ਵਟਾਈਆ । ਚਾਓ ਘਨੇਰਾ ਮੈਨੂੰ ਇਕੋ ਚੜ੍ਹਿਆ, ਖ਼ੁਸ਼ੀਆਂ ਰੰਗ ਵਖਾਈਆ । ਤਪਦਾ ਤਪਦਾ ਮੇਰੇ ਵਿਚ ਬਹਿ ਕੇ ਠਰਿਆ, ਆਪਣਾ ਰੂਪ ਵਟਾਈਆ । ਮੈਂ ਹੱਸ ਕੇ ਕਿਹਾ ਕਿਉਂ ਮੇਰੀ ਛਾਤੀ ਚੜ੍ਹਿਆ, ਆਪਣਾ ਭਾਰ ਟਿਕਾਈਆ । ਪਰਸਾਦ ਕਹੇ ਮੈਂ ਨਾ ਜੀਂਦਾ ਨਾ ਮਰਿਆ, ਖੌਂਚੇ ਮਾਰ ਮਾਰ ਮੇਰਾ ਅੱਗਾ ਪਿਛਾ ਦਿਤਾ ਹਿਲਾਈਆ । ਸਚ ਪੁੱਛੇਂ ਕੜਾਹੀ ਵਿਚ ਸੜਿਆ, ਅਗਨੀ ਭੇਟ ਚੜ੍ਹਾਈਆ । ਬਲ ਸੜ ਫੇਰ ਤੇਰੇ ਘਰ ਵੜਿਆ, ਆਪਣਾ ਵੇਸ ਵਟਾਈਆ । ਗੁਰਮੁਖਾਂ ਆਪਣੇ ਹੱਥ ਫੜਿਆ, ਸਚ ਦਵਾਰੇ ਦਿਤਾ ਟਿਕਾਈਆ । ਸਚ ਪੁੱਛੇਂ ਮੈਂ ਖ਼ੁਸ਼ੀਆਂ ਨਾਲ ਭਰਿਆ, ਪ੍ਰਭ ਦਰਸ਼ਨ ਸੱਚਾ ਪਾਈਆ । ਏਸੇ ਕਾਰਨ ਵੱਡਾ ਦੁੱਖ ਜਰਿਆ, ਚਿੰਤਾ ਗ਼ਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪ ਬਣਾਈਆ । ਪਰਾਤ ਕਹੇ ਸੁਣ ਮੇਰਾ ਬਲ, ਮੈਂ ਸਚ ਦਿਆਂ ਸੁਣਾਈਆ । ਸੜਦੇ ਬਲਦੇ ਨੂੰ ਆਪਣੇ ਉਤੇ ਲਿਆ ਝੱਲ, ਸੀ ਕੀਤੀ ਜਰਾ ਨਾ ਰਾਈਆ । ਉਤੋਂ ਵੇਖ ਮੇਰੀ ਸੜ ਗਈ ਖੱਲ, ਮਨਸੂਰ ਵੇਖ ਨੈਣ ਸ਼ਰਮਾਈਆ । ਥੱਲਿਉਂ ਅਜੇ ਨਾ ਜਾਵਾਂ ਹੱਲ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਪਰਸਾਦ ਕਹੇ ਤੇਰੇ ਮੇਰੇ ਕਿਛ ਨਹੀਂ ਵੱਸ, ਕਰਨ ਕਰਾਵਣਹਾਰ ਅਵਰ ਅਖਵਾਈਆ । ਮੈਂ ਤੱਕਾਂ ਕਿਸ ਵੇਲੇ ਪ੍ਰਭ ਮੇਰੇ ਉਤੇ ਰੱਖੇ ਹੱਥ, ਆਪਣੀ ਦਇਆ ਕਮਾਈਆ । ਮੇਰਾ ਪ੍ਰੇਮ ਭਰਿਆ ਸੁਆਦ ਲਏ ਚੱਖ, ਆਪਣੇ ਮੁਖ ਲਗਾਈਆ । ਪਰਾਤ ਕਹੇ ਮੈਂ ਵੇਖਾਂ ਆਪਣੀ ਅੱਖ, ਨੇਤਰ ਨੈਣ ਉਠਾਈਆ । ਘਿਰਤ ਕਹੇ ਮੇਰੀ ਪੂਰੀ ਹੋਵੇ ਆਸ, ਤ੍ਰਿਸਨਾ ਮੇਟ ਮਿਟਾਈਆ । ਜਲ ਕਹੇ ਮੈਂ ਧਰਾਂ ਧਰਵਾਸ, ਅੰਨ ਕਹੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਰਸਾਦ ਕਹੇ ਮੇਰੇ ਉਤੇ ਪ੍ਰਭ ਰਖਿਆ ਹੱਥ, ਹੌਲੀ

ਜਿਹੀ ਟਿਕਾਈਆ । ਮੇਰੀ ਸੁੱਤੇ ਦੀ ਖੁੱਲੀ ਅੱਖ, ਨੇਤਰ ਨੈਣਾਂ ਲਈ ਅੰਗੜਾਈਆ । ਜਾਂ ਵੇਖਿਆ ਪ੍ਰਭ ਨਿਰਗੁਣ ਰੂਪ ਲਿਆ ਤੱਕ, ਜੋਤੀ ਜਾਤਾ ਨਜ਼ਰੀ ਆਈਆ । ਮੈਂ ਚਰਨ ਕਵਲ ਗਿਆ ਢੱਠ, ਸੀਸ ਜਗਦੀਸ ਝੁਕਾਈਆ । ਨੇਤਰ ਰੋ ਕੇ ਕਿਹਾ ਮੈਨੂੰ ਦੇ ਮੇਰਾ ਹੱਕ, ਤੇਰੇ ਹੱਥ ਵਡਿਆਈਆ । ਮੈਂ ਜੁਗ ਚੌਕੜੀ ਕੌਲਿਆਂ ਵਿਚ ਵੜ ਵੜ ਗਿਆ ਥੱਕ, ਮੈਨੂੰ ਭੋਗ ਲਾਉਣ ਵਾਲਾ ਨਜ਼ਰ ਕੋਇ ਨਾ ਆਈਆ । ਚੋਰਾਂ ਵਾਂਗ ਪੀੜ੍ਹਿਆਂ ਥੱਲੇ ਛੱਡਿਆ ਰੱਖ, ਠੱਗਾਂ ਵਾਂਗ ਚੁਰਾਈਆ । ਪਿਛੇ ਹੋ ਕੇ ਖਾਵਣ ਝੱਟ, ਵੱਡੇ ਵੱਡੇ ਬਹਿ ਕੇ ਥਾਈਆ । ਜੇ ਭੌਂ ਤੇ ਜਾਂਵਾਂ ਢੱਠ, ਡਰਦੇ ਪੈਰਾਂ ਹੇਠ ਦੇਣ ਦਬਾਈਆ । ਏਸੇ ਕਰਕੇ ਮੈਂ ਗੋਬਿੰਦ ਇਕ ਵਾਰ ਦਿਤਾ ਦੱਸ, ਸੱਚੀ ਤਰ੍ਹਾਂ ਜਣਾਈਆ । ਕੁਛ ਮੈਨੂੰ ਸਭ ਤੇ ਹੋ ਗਿਆ ਸ਼ੱਕ, ਸਹਿਸਾ ਘਰ ਘਰ ਨਜ਼ਰੀ ਆਈਆ । ਕਸਾਈ ਕੋਈ ਨਾ ਲਾਵੇ ਮੈਨੂੰ ਹੱਥ, ਖਾਵੇ ਉਹ ਨਾ ਜਿਸ ਹੋਈ ਤੇਰੀ ਜੁਦਾਈਆ । ਮੈਂ ਵਿਕਣਾ ਨਹੀਂ ਕਿਸੇ ਹੱਟ, ਕੀਮਤ ਕੋਇ ਨਾ ਮੇਰੀ ਰਖਾਈਆ । ਇਕੋ ਆਸ ਪੁਰਖ ਸਮਰਥ, ਤੇਰੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਇਕ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਸਮਗਰੀ ਬੱਚੇ, ਸਗਲੀ ਚਿੰਤ ਮਿਟਾਈਆ । ਤੇਰੇ ਰਿੰਨ ਨਾ ਖਾਵੇ ਕੋਈ ਭੱਤੇ, ਖੁਸ਼ੀਆਂ ਰੰਗ ਉਡਾਈਆ । ਤੈਨੂੰ ਵੇਖ ਸਾਧ ਸੰਤ ਨਾ ਕੋਈ ਨੱਚੇ, ਬਾਟਿਆਂ ਵਿਚ ਨਾ ਕੋਈ ਛੁਪਾਈਆ । ਉਹਲੇ ਹੋ ਨਾ ਮਾਰੇ ਫੱਕੇ, ਮੂਠੀਆਂ ਨਾਲ ਅੰਦਰ ਧਕਾਈਆ । ਸਭ ਦੇ ਨਕੇਲ ਪਾਉਂ ਨੱਕੇ, ਬੰਦਰ ਕਲੰਦਰਾ ਵਾਂਗ ਨਚਾਈਆ । ਲੱਖ ਚੁਰਾਸੀ ਵਿਚੋਂ ਥੋੜੇ ਕੱਢਾਂ ਅੱਛੇ, ਜਿਨ੍ਹਾਂ ਅੱਛੀ ਤਰ੍ਹਾਂ ਸਮਝਾਈਆ । ਪਹਿਲੋਂ ਕੱਟ ਕੇ ਫਾਸੀ ਰੱਸੇ, ਜਮ ਕਾ ਤਰਾਸ ਗੁਆਈਆ । ਧੁਰ ਦਾ ਮਾਰਗ ਇਕੋ ਦੱਸੇ, ਸਚ ਕਰਾਂ ਪੜ੍ਹਾਈਆ । ਫੇਰ ਤੇਰੇ ਵੱਲ ਤੱਕੇ, ਆਪਣਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗੰਬਰ ਕਰ ਅਕੱਠੇ, ਸਭਨਾ ਦਏ ਦਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਪਰਸਾਦ ਕਹੇ ਪ੍ਰਭੂ ਤੇਰੀ ਓਟ, ਦੂਜਾ ਨਜ਼ਰ ਕੋਈ ਨਾ ਆਇੰਦਾ । ਤੇਰੀ ਕਿਰਪਾ ਇਕੋ ਬਹੁਤ, ਦੂਜੀ ਆਸ ਨਾ ਕੋਈ ਰਖਾਇੰਦਾ । ਤੇਰੀ ਵੱਡੀ ਸਭ ਤੋਂ ਸੋਚ, ਦੂਜਾ ਸੋਚ ਸਮਝ ਨਾ ਕੋਇ ਰਖਾਇੰਦਾ । ਬਿਨ ਤੇਰੀ ਕਿਰਪਾ ਮੇਰੇ ਖਾਦਿਆਂ ਕਿਸੇ ਨਾ ਆਵੇ ਮੌਜ, ਮੁਫਲਸ ਸ਼ਾਹ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੇਰੇ ਦਰ ਮੰਗ ਮੰਗਾਇੰਦਾ । ਸ੍ਰੀ ਭਗਵਾਨ ਬਖ਼ਸ਼ੇ ਟੇਕ, ਸਚ ਦੇਵਾਂ ਸਰਨਾਈਆ । ਜਿਸ ਵੇਲੇ ਗੁਰਮੁਖ ਮੇਰੀ ਕਰਨ ਭੇਟ, ਤੇਰਾ ਸੋਹਣਾ ਰੂਪ ਬਣਾਈਆ । ਮਿਹਰਵਾਨ ਹੋ ਕੇ ਅਗੰਮੇ ਨੇਤਰ ਲਵਾਂ ਵੇਖ, ਜਗਤ ਨੋਚਣ ਬੰਦ ਕਰਾਈਆ । ਤੈਨੂੰ ਅੱਗ ਕੜਾਹੀ ਦਾ ਲੱਗਿਆ ਭੁੱਲ ਜਾਏ ਸੇਕ, ਸਾਂਤਕ ਸਤਿ ਸਤਿ ਸਮਾਈਆ । ਸਚ ਪ੍ਰੇਮ ਕਰੇ ਹੇਤ, ਪ੍ਰੀਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਪਰਸਾਦ ਕਹੇ ਪ੍ਰਭ ਤੇਰਾ ਭੋਗ, ਭਗਵਨ ਮੋਹੇ ਭਾਈਆ । ਧੁਰ ਦਾ ਹੋਵੇ ਸਚ ਸੰਜੋਗ, ਮਿਲੇ ਨਾ ਕੋਇ ਜੁਦਾਈਆ । ਪੂਰਬ ਕੱਟਿਆ ਜਾਏ ਰੋਗ, ਅੱਗੇ ਚਿੰਤ ਨਾ ਕੋਇ ਰਖਾਈਆ । ਮੈਂ ਹੱਥ ਨਹੀਂ ਔਣਾ ਰੋਜ, ਬਿਨ ਤੇਰੀ ਕਿਰਪਾ ਮੇਰੀ ਬਣਤ ਨਾ ਕੋਇ ਬਣਾਈਆ । ਕੋਟ ਜਨਮ ਦੇ ਵਿਛੜੇ ਜੋ ਗੁਰਮੁਖ ਰਹੇ ਲੋਚ, ਤਿਨ੍ਹਾਂ ਦੇਣਾ ਆਪ ਵਰਤਾਈਆ । ਬਾਕੀ ਵਾਸਤੇ ਪ੍ਰਭ ਹੋ ਜਾਵੇ ਖਮੋਸ਼, ਸੱਦਾ ਦੇ ਨਾ ਕਿਸੇ ਖਵਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਦਾ ਸਦ ਹੋਣਾ ਸਹਾਈਆ । ਸੁਣ ਪਰਸਾਦ ਮੇਰੇ ਲਾਲ, ਬੱਚੂ ਅੱਛੀ ਤਰ੍ਹਾਂ ਜਣਾਈਆ । ਤੇਰਾ ਵਿਚੋਲਾ ਦੀਨ ਦਿਆਲ, ਦਇਆ ਰੂਪ ਸਮਾਈਆ । ਤੇਰੇ ਉਤੇ ਪਰਦਾ ਪਾਇਆ ਚਿਟਾ ਰੁਮਾਲ, ਧੁਰ ਦੀ ਧਾਰ ਵਖਾਈਆ । ਅੰਦਰ ਰੱਖਿਆ ਤੈਨੂੰ ਸੰਭਾਲ, ਸੋਹਣਾ ਘਰ ਵਖਾਈਆ । ਸਹਿਜ ਸਹਿਜ ਆਪਣੀ ਉਂਗਲੀ ਲਾਏ ਨਾਲ, ਤੇਰਾ ਜੋੜ ਜੁੜਾਈਆ । ਛੋਟਾ ਭੋਰਾ ਲਏ ਉਠਾਲ, ਆਪਣੇ ਮੁਖ ਲਗਾਈਆ । ਉਹ ਮੰਦਰ ਗੁਰੂਦਵਾਰਾ ਸੱਚੀ ਧਰਮਸਾਲ, ਜਿਸ ਗ੍ਰਿਹਿ ਸਾਹਿਬ ਸਤਿਗੁਰ ਪੁਰਖ ਅਕਾਲ ਪਰਗਟ ਹੋ ਕੇ ਤੇਰਾ ਰਸ ਬਣਾਈਆ । ਓਸੇ ਵੇਲੇ ਪਰਸਾਦ ਖ਼ੁਸ਼ੀ ਨਾਲ ਮਾਰੀ ਛਾਲ, ਪਰਾਤ ਵਿਚੋਂ ਥਾਲੀਆਂ ਵਿਚ ਆਈਆ । ਕਹੇ ਮੈਨੂੰ ਛੇਤੀ ਛੇਤੀ ਭਗਤਾਂ ਦਿਓ ਖਵਾਲ, ਮੈਂ ਭਗਤਾਂ ਅੰਦਰ ਰਲ ਕੇ ਭਗਤਾਂ ਵਿਚ ਸਮਾਈਆ । ਮੇਰੀ ਲੇਖੇ ਲੱਗੇ ਘਾਲ, ਪੁਰਖ ਅਬਿਨਾਸ਼ੀ ਥਾਏਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ ਪਰਸ਼ਾਦ ਪ੍ਰਭ ਦੱਸੇ ਸੱਚ, ਸਚ ਸੱਚ ਰਿਹਾ ਜਣਾਈਆ । ਤੇਰੇ ਅੰਦਰ ਮੇਰਾ ਰਸ, ਰਸੀਆ ਹੋ ਕੇ ਦਿਤਾ ਭਰਾਈਆ । ਜਨ ਭਗਤਾਂ ਹਿਰਦੇ ਜਾ ਕੇ ਵਸ, ਸੋਹਣਾ ਧਾਮ ਸੁਹਾਈਆ । ਕੂੜ ਅੰਧੇਰਾ ਮੇਟ ਹੱਸ, ਸੱਚਾ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ ਅਲਾਈਆ । ਪਰਸਾਦ ਕਹੇ ਮੈਂ ਅੰਦਰ ਵੜਦਾ ਹਾਂ । ਜਨ ਭਗਤਾਂ ਜਾ ਕੇ ਦੱਸਦਾ ਹਾਂ । ਸੋਹਣਾ ਰਸ ਭਰਦਾ ਹਾਂ । ਦਰ ਦਰ ਸੇਵਾ ਕਰਦਾ ਹਾਂ । ਪੰਚ ਵਿਕਾਰੇ ਨਾਲ ਲੜਦਾ ਹਾਂ । ਸੋਹਣੇ ਪੌੜੇ ਚੜ੍ਹਦਾ ਹਾਂ । ਨਾੜੀ ਨਾੜੀ ਫਿਰਦਾ ਹਾਂ । ਘੁੰਮਣ ਘੇਰੀ ਵਿਚ ਘਿਰਦਾ ਹਾਂ । ਫੇਰ ਜਨ ਭਗਤਾਂ ਹਿਰਦੇ ਵਿਚ ਖੜਦਾ ਹਾਂ । ਜਿਥੇ ਇਕੋ ਤੇਰਾ ਨਾਮ ਪੜ੍ਹਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਮੈਂ ਸੱਚੀ ਆਸਾ ਰਖਦਾ ਹਾਂ । ਸੱਚੀ ਆਸ ਪ੍ਰਭੂ ਮੇਰੀ ਏਕ, ਏਕੰਕਾਰ ਤੇਰੇ ਅੱਗੇ ਅਰਜ਼ੋਈਆ । ਮੇਰਾ ਲਿਖ ਅੱਗੇ ਲੇਖ, ਪਿਛਲਾ ਲੇਖ ਚੁਕਾਈਆ । ਜੋ ਤੇਰਾ ਕਰਨ ਹੇਤ, ਸਦ ਤੇਰੇ ਵਿਚ ਸਮਾਈਆ । ਮੈਨੂੰ ਓਨ੍ਹਾਂ ਕੋਲ ਭੇਜ, ਬਾਕੀ ਹੱਥ ਨਾ ਕਿਸੇ ਫੜਾਈਆ । ਮੈਂ ਮਾਣਾਂ ਭਗਤਾਂ ਸੇਜ, ਘਰ ਸੋਹਣੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸੁਣ ਪਰਸਾਦ, ਪਰਮ ਪੁਰਖ ਜਣਾਈਆ । ਜਨ ਭਗਤਾਂ ਦੇ ਕੇ ਸੱਚੀ ਦਾਦ, ਤੇਰਾ ਸੰਗ ਬਣਾਈਆ । ਅੱਡਰਾ ਵੱਖਰਾ ਸਭ ਤੋਂ ਸਵਾਦ, ਆਪਣਾ ਨਾਮ ਭਰਾਈਆ । ਦੀਨ ਦਿਆਲ ਰਚ ਕੇ ਕਾਜ, ਕਰਨੀ ਰਿਹਾ ਕਮਾਈਆ । ਪੂਰਬ ਲੇਖਾ ਪੂਰੀ ਕਰ ਕੇ ਖ਼ਾਹਸ਼, ਖ਼ਾਲਸ ਧਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਥਾਉਂ ਥਾਈਂਆ । ਪਰਸਾਦ ਕਹੇ ਮੈਂ ਭਗਤਾਂ ਰੰਗ ਰੰਗਾਵਾਂਗਾ । ਅੰਦਰ ਵੜ ਕੇ ਸਚ ਸਮਝਾਵਾਂਗਾ । ਪੌੜੇ ਚੜ੍ਹ ਕੇ ਕੁੰਡਾ ਲਾਹਵਾਂਗਾ । ਦਰ ਦਵਾਰੇ ਖੜ ਕੇ ਅਲਖ ਜਗਾਵਾਂਗਾ । ਪਰਤੱਖ ਤੇਰਾ ਰੂਪ ਦਰਸਾਵਾਂਗਾ । ਹੱਕ ਹਕੀਕਤ ਖੋਲ੍ਹ ਅੱਖ, ਨੇਤਰ ਨੈਣਾਂ ਨੈਣ ਮਿਲਾਵਾਂਗਾ । ਸਚ ਪ੍ਰੀਤੀ ਦੇ ਰਸ, ਅੰਮ੍ਰਿਤ ਇਕ ਚਵਾਵਾਂਗਾ । ਜੋ ਮੈਨੂੰ ਖਾਏ ਸੋ ਤੇਰਾ ਗਾਏ ਜਸ, ਜਸ ਵੇਦ ਪੁਰਾਨਾਂ ਨਾਲੋਂ ਵੱਖਰਾ, ਤੇਰਾ ਨਿਸ਼ਅੱਖਰਾਂ ਵਿਚ ਦ੍ਰਿੜ੍ਹਾਵਾਂਗਾ । ਵੇਖੀਂ ਮੇਰੀ ਭੇਟਾ ਨਾ ਕਰਾਈਂ ਅੱਗੇ ਪੱਥਰਾਂ, ਕੀਮਤ ਕਾਗ਼ਜ਼ਾਂ ਉਤੇ ਨਾ ਪਾਈਆ । ਮੈਂ ਵੀ ਵੱਖਰਾਂ ਤੂੰ ਵੀ ਵੱਖਰਾ ਤੇਰਾ ਭਗਤ ਵੱਖਰਾ, ਵੱਖਰਿਆਂ ਦੀ ਵੱਖਰੀ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੬੦੭
੧੯

ਕਰ, ਸਚ ਦੇ ਵਡਿਆਈਆ । ਪਰਸਾਦ ਸੋਹਣੇ ਸੁਤ, ਅੱਛੀ ਤਰ੍ਹਾ ਜਣਾਈਆ । ਅੱਛਾ ਹੋਇਆ ਤੂੰ ਲਿਆ ਪੁਛ, ਆਪਣਾ ਦੁੱਖ ਸੁਣਾਈਆ । ਹੁਣ ਨਾ ਉਹਲਾ ਨਾ ਕੋਈ ਲੁਕ, ਪਰਦਾ ਉਪਰ ਨਾ ਕੋਇ ਰਖਾਈਆ । ਕਰ ਕਿਰਪਾ ਤੈਨੂੰ ਆਪ ਪਾਵਾਂ ਭਗਤਾਂ ਮੁਖ, ਆਪਣੀ ਸੇਵ ਕਮਾਈਆ । ਜਿਨ੍ਹਾਂ ਦੇਵਾਂ ਸਦਾ ਸੁਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਿਗਹ ਉਠਾਈਆ । ਪ੍ਰਭੂ ਜੇ ਭਗਤਾਂ ਮੁਖ ਪਾਵੇਂਗਾ । ਮੇਰਾ ਧਿਆਨ ਰਖਾਵੇਂਗਾ । ਸੋਹਣਾ ਸੰਗ ਬਣਾਵੇਂਗਾ । ਆਪਣਾ ਰੰਗ ਚੜ੍ਹਾਵੇਂਗਾ । ਅੰਦਰ ਲੰਘ ਕੀ ਮੇਰੇ ਕੋਲ ਆਵੇਂਗਾ । ਸੋਹਣੀ ਸੇਜ ਪਲੰਘ ਹੰਢਾਵੇਂਗਾ । ਪ੍ਰੇਮ ਰਸ ਕਿਸ ਵੇਲੇ ਮੇਰਾ ਮੇਰੇ ਵਿਚੋਂ ਪਰਗਟਾਵੇਂਗਾ । ਸਚ ਦੱਸ ਆਪਣਾ ਦਸਤ ਮੁਬਾਰਕ ਹੱਥ, ਕਿਸ ਵੇਲੇ ਮੇਰੇ ਉਪਰ ਟਿਕਾਵੇਂਗਾ । ਆਪਣੇ ਪ੍ਰੇਮ ਪਿਆਰ ਦੀ ਖੋਲ੍ਹ ਕੇ ਅੱਖ, ਨੇਤਰ ਨੈਣ ਆਪਣੀ ਝਲਕ ਵਖਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵੇਂਗਾ । ਸਚ ਕਰਨੀ ਜ਼ਰੂਰ ਕਰਾਵਾਂਗਾ । ਜੋ ਜਨ ਆਏ ਸਰਨੀ, ਤਿਨ੍ਹਾਂ ਤੇਰਾ ਰਸ ਚਖਾਵਾਂਗਾ । ਰਸ ਖਾ ਕੇ ਚੁੱਕੇ ਮਰਨੀ ਡਰਨੀ, ਲੱਖ ਚੁਰਾਸੀ ਡੇਰਾ ਢਾਹਵਾਂਗਾ । ਸਚ ਤਰਾਵਾਂ ਇਕੋ ਤਰਨੀ, ਸ਼ੌਹ ਦਰਿਆ ਪਾਰ ਵਖਾਵਾਂਗਾ । ਲਹਿਣਾ ਚੁਕਾ ਵਰਨੀ ਬਰਨੀ, ਜਾਤ ਪਾਤ ਮੇਟ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰਾ ਸੰਗ ਰਖਾਵਾਂਗਾ । ਪਰਸਾਦ ਕਹੇ ਮੈਂ ਜਾਵਾਂ ਮੰਨ, ਮਨ ਮਨਸਾ ਰਹਿਣ ਨਾ ਪਾਈਆ । ਜਿਸ ਵੇਲੇ ਗੁਰਮੁਖ ਅੰਦਰ ਵਸਾਂ ਤਨ, ਤਪਦੇ ਹਿਰਦੇ ਠੰਡੇ ਦਿਆਂ ਕਰਾਈਆ । ਜੋ ਤੇਰੇ ਸੱਚੇ ਜਨ, ਤਿਨ੍ਹਾਂ ਭਰਮ ਭੁਲੇਖਾ ਮੇਟ ਮਿਟਾਈਆ । ਜੋ ਪ੍ਰਭੂ ਸਿਧੇ ਤੈਨੂੰ ਰਹੇ ਮੰਨ, ਤਿਨ੍ਹਾਂ ਮਿਲ ਕੇ ਤੇਰਾ ਰੂਪ ਵੇਖਾਂ ਚਾਈਂ ਚਾਈਂਆ । ਫੇਰ ਮੈਂ ਹੋਵਾਂ ਬੜਾ ਪਰਸੰਨ, ਪਰਸੰਤਾ ਵਿਚ ਗੁਰਮੁਖ ਸਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਪ੍ਰਭ ਕਹੇ ਪਰਸਾਦ ਤੇਰੀ ਸਚ ਵੰਡ, ਹਰਿ ਕਰਤਾ ਆਪ ਕਰਾਇੰਦਾ । ਭਗਤਾਂ ਨਾਲ ਨਾਤਾ ਗੰਢ, ਸੋਹਣਾ ਜੋੜ ਜੁੜਾਇੰਦਾ । ਦੋਹਾ ਮੇਲ ਮਿਲਾ ਕੇ ਪਾਵੇ ਠੰਡ, ਆਪਣੀ ਨਿਗਹ ਨਾਲ ਤਰਾਇੰਦਾ । ਜੇ ਤੈਨੂੰ ਗੁਰਮੁਖ ਖਾਵੇ ਬੱਤੀ ਦੰਦ, ਰਸ ਨਾਲ ਰਸਨਾ ਸੋਭਾ ਪਾਇੰਦਾ । ਸੋ ਸੰਤ ਸੁਹੇਲਾ ਮੇਰਾ ਚੰਦ, ਨੂਰੀ ਜੋਤ ਜਗਤ ਚਮਕਾਇੰਦਾ । ਜਨਮ ਮਰਨ ਦਾ ਤੋੜ ਕੇ ਫੰਦ, ਬੰਧਨ ਕੂੜ ਸਰਬ ਗੁਆਇੰਦਾ । ਦੀਨ ਦਿਆਲ ਠਾਕਰ ਸਵਾਮੀ ਹੋ ਬਖ਼ਸ਼ੰਦ, ਰਹਿਮਤ ਆਪਣਾ ਨਾਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਪਰਸਾਦ ਕਹੇ ਮੇਰਾ ਪੂਰਬ ਲੇਖਾ, ਰਵਦਾਸ ਰਿਹਾ ਚੁਕਾਈਆ । ਸ੍ਰੀ ਭਗਵਾਨ ਤੂੰ ਵੀ ਰੱਖਿਆ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਹੁਣ ਪਰੋਹਤ ਬਣ ਕਿਸੇ ਨਾ ਵਰਜਿਆ ਨੇਂਦਾ, ਘਰ ਸੱਦਣ ਕੋਇ ਨਾ ਜਾਈਆ । ਬ੍ਰਾਹਮਣ ਚਾਰੇ ਕੁੰਟ ਵੇਂਹਦਾ, ਨੇਤਰ ਨੈਣ ਉਠਾਈਆ । ਅਬਿਨਾਸ਼ੀ ਕਰਤਾ ਦੂਰ ਦੁਰਾਡਾ ਸਭ ਤਕੇਂਦਾ, ਬਿਨ ਅੱਖਾਂ ਨੈਣ ਉਠਾਈਆ । ਲਹਿਣਾ ਦੇਣਾ ਸਭ ਦਾ ਦੇਂਦਾ, ਦੇਵਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵੇਖਣਹਾਰਾ ਥਾਉਂ ਥਾਈਂਆ । ਪਰਸਾਦ ਕਹੇ ਪ੍ਰਭ ਮੈਂ ਤੇਰੇ ਨਵਿਤ, ਆਪਣਾ ਆਪ ਭੇਟ ਚੜ੍ਹਾਇੰਦਾ । ਮੈਨੂੰ ਕਿਸੇ ਗੋਚਰਾ ਨਾ ਦੇਵੀਂ ਸੁੱਟ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਚਿਰ ਹਾਜਰ ਹੋ ਨਾ ਲਾਵੇਂ ਮੁੱਖ, ਓਨ੍ਹਾਂ ਚਿਰ ਮੈਨੂੰ ਪਰਸਾਦ ਨਾ ਕੋਇ ਅਖਵਾਇੰਦਾ ।

ਇਹੋ ਮੈਨੂੰ ਵੱਡਾ ਦੁੱਖ, ਪੰਡਤ ਪਾਂਧਾ ਸਾਧੂ ਸੰਤ ਤੇਰਾ ਨਾਮ ਲੈ ਕੇ ਮੁੜਕੇ ਆਪੇ ਬਹਿ ਕੇ ਖਾਇੰਦਾ । ਵੱਡਾ ਕੱਢ ਕੇ ਬੁੱਕ, ਬੱਚਿਆਂ ਲਈ ਲੁਕਾਇੰਦਾ । ਸਾਹਿਬ ਤੇਰੇ ਅੱਗੇ ਕਾਹਦਾ ਲੁਕ, ਪਿਛਲਾ ਹਾਲ ਸੁਣਾਇੰਦਾ । ਵੱਡੀ ਗੱਲ ਛੋਟਾ ਮੁੱਖ, ਦੱਸਦਿਆਂ ਨੈਣ ਸ਼ਰਮਾਇੰਦਾ । ਤੇਰੇ ਬਿਨਾਂ ਕੋਈ ਨਹੀਂ ਰਿਹਾ ਪੁੱਛ, ਸਿਰ ਹੱਥ ਨਾ ਕੋਇ ਟਿਕਾਇੰਦਾ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦਾ ਜੇ ਲੋਕਮਾਤ ਠੇਕਾ ਗਿਆ ਮੁੱਕ, ਮੇਰਾ ਲੇਖ ਕਿਉਂ ਨਹੀਂ ਆਪਣੀ ਝੋਲੀ ਪਾਇੰਦਾ । ਬਿਨ ਤੇਰੇ ਕਿਤੋਂ ਨਾ ਮਿਲੇ ਸਚ ਸੁੱਚ, ਜੂਠ ਝੂਠ ਜਗਤ ਜਹਾਨ ਨਜ਼ਰੀ ਆਇੰਦਾ । ਜਨ ਭਗਤਾਂ ਸਦਾ ਪਾ ਮੁਖ, ਦੋਏ ਜੋੜ ਇਹੋ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਇੰਦਾ ।

★ ੨੯ ਮਾਘ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ★

ਜਨ ਭਗਤ ਕਹੇ ਪ੍ਰਭ ਸੱਚਾ, ਘਰ ਸਚ ਦੇਵੇ ਵਡਿਆਈਆ । ਹਰਿ ਸੰਤ ਕਹੇ ਪ੍ਰਭ ਪ੍ਰੇਮ ਰੱਤਾ, ਰੰਗ ਰੰਗੀਲਾ ਰੰਗ ਰੰਗਾਈਆ । ਗੁਰਮੁਖ ਕਹੇ ਸਦ ਖਵਾਏ ਅਗੰਮੀ ਭੱਤਾ, ਰਾਜ਼ਕ ਰਹੀਮ ਵੱਡੀ ਵਡਿਆਈਆ । ਗੁਰਸਿਖ ਕਹੇ ਸੀਤ ਪਰਸਾਦ ਜਿਸ ਵੇਲੇ ਚੱਖਾ, ਰਸਨਾ ਜਿਹਵਾ ਬੱਤੀ ਦੰਦ ਜੋੜ ਜੁੜਾਈਆ । ਕਾਇਆ ਦੁਆਰ ਡੂੰਘੀ ਭਵਰੀ ਰੱਖਾ, ਗ੍ਰਹਿ ਮੰਦਰ ਟਿਕਾਈਆ । ਸੋਹਣਾ ਰਸ ਵੇਖਿਆ ਮਿੱਠਾ, ਅਨਰਸ ਰੂਪ ਵਖਾਈਆ । ਅੰਤਰ ਖੁੱਲ ਗਈ ਇਕੋ ਅੱਖਾ, ਦੋਏ ਲੋਚਣ ਬੰਦ ਰਖਾਈਆ । ਆਤਮ ਪਰਮਾਤਮ ਗਾਵੇ ਜਸਾ, ਸੋਹਣਾ ਰਾਗ ਅਲਾਈਆ । ਮਿਟ ਗਈ ਰੈਣ ਅੰਧੇਰੀ ਮੱਸਾ, ਜੋਤੀ ਚੰਦ ਨੂਰ ਰੁਸ਼ਨਾਈਆ । ਠਾਕਰ ਮਿਲਿਆ ਅਲਖ ਅਲੱਖਾ, ਬੇਅੰਤ ਬੇਪਰਵਾਹੀਆ । ਰੋਮ ਰੋਮ ਅੰਦਰ ਰਚਾ, ਰਚਨਾ ਆਪਣੀ ਦਏ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਕਹੇ ਉਠ ਮੇਰੇ ਬੱਚਾ, ਮਿਹਰ ਨਜ਼ਰ ਉਠਾਈਆ । ਵੇਖ ਵਖਾਇਆ ਕਾਇਆ ਮਾਟੀ ਪੰਜ ਤਤ ਭਾਂਡਾ ਕੱਚਾ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਮਨ ਮਨੂਆ ਦਹਿ ਦਿਸ਼ਾ ਚਾਰ ਕੁੰਟ ਉਠ ਉਠ ਨੱਠਾ, ਦਿਵਸ ਰੈਣ ਭੱਜਾ ਵਾਹੋ ਦਾਹੀਆ । ਅੰਧ ਅੰਧੇਰੇ ਸੰਝ ਸਵੇਰ ਵਗਾ, ਸੀਤਲ ਪੌਣ ਨਾ ਕੋਈ ਵਖਾਈਆ । ਕੂੜੀ ਕਿਰਿਆ ਤਤ ਵਕਾਰੀ ਜਗਤ ਹੰਕਾਰੀ ਗੰਦਾ, ਵਾਸਨਾ ਮਮਤਾ ਮੋਹ ਜਣਾਈਆ । ਕਾਇਆ ਮਾਟੀ ਪੋਚ ਬਸਤਰ ਪਾ ਕੇ ਚੰਗਾ, ਸ਼ਸਤਰ ਆਪਣਾ ਅੰਗ ਬਣਾਈਆ । ਬਿਨ ਸਾਹਿਬ ਸਤਿਗੁਰ ਕਿਰਪਾ ਦਿਸੇ ਨੰਗਾ, ਓਡਣ ਸੀਸ ਨਾ ਕੋਇ ਟਿਕਾਈਆ । ਲੇਖਾ ਜਾਣੇ ਨਾ ਬ੍ਰਹਮ ਬ੍ਰਹਿਮੰਡਾ, ਭੇਵ ਅਭੇਦ ਨਾ ਕੋਈ ਖੁਲ੍ਹਾਈਆ । ਉਤਮ ਸ੍ਰੇਸ਼ਟ ਗੁਰਮੁਖ ਗੁਰਸਿਖ ਗੁਰਪਰਸਾਦ ਬਣਾਏ ਚੰਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਰਸਾਦ ਕਹੇ ਮੇਰਾ ਗੁਰਮੁਖ ਸੰਗ, ਨਿਤ ਨਵਿਤ ਵਡਿਆਈਆ । ਗੁਰਸਿਖ ਕਹੇ ਮੇਰੀ ਸਤਿਗੁਰ ਕੋਲੋਂ ਮੰਗ, ਧੁਰ ਕਿਰਪਾ ਝੋਲੀ ਪਾਈਆ । ਦੋਹਾ ਮਿਲ ਕੇ ਆਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮਿਲ ਕੇ ਢੋਲਾ ਗਾਵਣ ਛੰਦ, ਸ਼ਬਦ ਨਾਲ ਸ਼ਨਵਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ



੬੦੮
੧੯

ਕਹੇ ਮੈਂ ਸੀਤ ਪਰਸਾਦ ਖਾਦਾ, ਸਾਹਿਬ ਸਤਿਗੁਰ ਦਿਤਾ ਵਰਤਾਈਆ । ਮੈਨੂੰ ਨਜ਼ਰੀ ਆਇਆ ਗੋਬਿੰਦ ਪਿਤਾ ਪੁਰਖ ਅਕਾਲ ਦਾਦਾ, ਦੋ ਜਹਾਨਾਂ ਵੇਖ ਵਖਾਈਆ । ਉਪਰ ਤੱਕਿਆ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਿਸੇ ਰਾਜਾ, ਭੂਪਤ ਭੂਪ ਬੇਪਰਵਾਹੀਆ । ਚਾਰ ਕੁੰਟ ਪੇਖਿਆ ਨਿਰਗੁਣ ਸਰਗੁਣ ਕਰੇ ਕਾਜਾ, ਲੱਖ ਚੁਰਾਸੀ ਜੋੜ ਜੁੜਾਈਆ । ਭਵਿਖਤ ਵੇਖਿਆ ਨਿਰਗੁਣ ਨਿਰਵੈਰ ਨਿਰਾਕਾਰ ਜੋਤ ਪਰਕਾਸ਼ਾ, ਅਜੂਨੀ ਰਹਿਤ ਰੂਪ ਰੰਗ ਰੇਖ ਨਾ ਕੋਈ ਵਖਾਈਆ । ਅੰਦਰ ਤੱਕਿਆ ਘਰ ਸੱਜਣ ਬਣੇ ਸਾਥਾ, ਸੋਹਣਾ ਸੰਗ ਨਿਭਾਈਆ । ਪਰਦਾ ਚੁਕਿਆ ਧੁਰ ਦਾ ਰਾਗ ਸੁਣਾਈ ਗਾਥਾ, ਅਨਹਦ ਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇਵੇ ਮਾਣ ਵਡਿਆਈਆ । ਗੁਰਮੁਖ ਕਹੇ ਗੁਰ ਪਰਸਾਦ, ਹਰਿ ਕਿਰਪਾ ਨਜ਼ਰੀ ਆਈਆ । ਬਿਨ ਭਗਤਾਂ ਕਿਸੇ ਨਾ ਆਵੇ ਹਾਥ, ਲੱਖ ਚੁਰਾਸੀ ਰਹੀ ਕੁਰਲਾਈਆ । ਕੋਟਨ ਕੋਟ ਖਾ ਖਾ ਥੱਕੇ ਸਾਧ, ਸਾਧਨਾ ਸਕੇ ਨਾ ਕੋਇ ਕਰਾਈਆ । ਨੇਤਰ ਅੱਖ ਖੋਲ੍ਹ ਨਾ ਸਕੇ ਜਾਗ, ਆਲਸ ਨਿੰਦਰਾ ਨਾ ਦੂਰ ਕਰਾਈਆ । ਘਰ ਮੰਦਰ ਮਹਲ ਦੀਪਕ ਜੋਤ ਨਾ ਜਗੇ ਚਰਾਗ, ਹਵਣ ਪੌਣ ਸੁਗੰਧੀ ਸਤਿ ਨਾ ਕੋਇ ਸਮਾਈਆ । ਆਤਮ ਪਰਮਾਤਮ ਮਿਲ ਕੇ ਪੂਰੀ ਕਰੇ ਨਾ ਕੋਈ ਖਾਹਿਸ਼, ਖ਼ਾਲਸ਼ ਰੂਪ ਨਾ ਕੋਇ ਸਮਾਈਆ । ਕਰ ਕਿਰਪਾ ਜਿਸ ਦੇਵੇ ਦਾਤ, ਪ੍ਰਭ ਆਪਣੀ ਵਸਤ ਵਰਤਾਈਆ । ਗੁਰਮੁਖ ਗੁਰਸਿਖ ਹਰਿਜਨ ਬਣਾਏ ਸੱਜਣ ਸਾਕ, ਭਗਤ ਭਗਵਾਨ ਮੇਲ ਮਿਲਾਈਆ । ਬਜਰ ਕਪਾਟੀ ਖੋਲ੍ਹ ਤਾਕ, ਤਰ੍ਹਾਂ ਤਰ੍ਹਾਂ ਸਮਝਾਈਆ । ਸੰਤ ਸੁਹੇਲਾ ਬਣਕੇ ਪੁੱਛੇ ਬਾਤ, ਦਰ ਦਰਵੇਸ਼ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪਰਸਾਦ ਕਹੇ ਪ੍ਰਭ ਹੋਏ ਮਿਹਰਵਾਨ, ਹੱਥ ਤੇਰੇ ਵਡਿਆਈਆ । ਲੋਕਮਾਤ ਨਾ ਕੋਈ ਮਾਣ, ਨਵ ਖੰਡ ਨਾ ਕੋਈ ਚਤੁਰਾਈਆ । ਮੈਨੂੰ ਤੇਰੀ ਭੇਟ ਚਾੜ੍ਹਨ ਵਾਲੇ ਬੇਈਮਾਨ, ਹਿਰਦੇ ਹਰਿ ਨਾ ਕੋਈ ਵਸਾਈਆ । ਠੱਗ ਚੋਰ ਯਾਰ ਮੇਰਾ ਹਿੱਸਾ ਪਾਣ, ਪੈਸਿਆਂ ਟਕਿਆਂ ਨਾਲ ਤੈਨੂੰ ਰਹੇ ਮਨਾਈਆ । ਦਿਨੇ ਠੱਗੀ ਰਾਤ ਹਰਾਮ, ਸਤਿ ਸੰਤੋਖ ਨਾ ਕੋਈ ਵਖਾਈਆ । ਦਿਨੇ ਕਲਮਾ ਰਾਤ ਬੇਈਮਾਨ, ਸ਼ਰਅ ਸ਼ਰੀਅਤ ਝੂਠਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖ ਦੇ ਚੁਕਾਈਆ । ਪਰਸਾਦ ਕਹੇ ਪ੍ਰਭ ਮੇਰੇ ਠਾਕਰ, ਦਰ ਤੇਰੇ ਅਰਜ਼ੋਈਆ । ਕਲਜੁਗ ਜੀਵ ਬਣੇ ਸੁਦਾਗਰ, ਤੇਰਾ ਨਾਉਂ ਹੱਟ ਚਲਾਈਆ । ਨਿਰਮਲ ਕਰਮ ਕਰੇ ਨਾ ਕੋਈ ਉਜਾਗਰ, ਦੁਰਮਤ ਮੈਲ ਪਾਪਾਂ ਭਰੀ ਲੋਕਾਈਆ । ਕਿਸੇ ਦੁਆਰੇ ਮਿਲੇ ਨਾ ਮੈਨੂੰ ਆਦਰ, ਸਾਧ ਸੰਤ ਸੰਗ ਨਾ ਕੋਈ ਨਿਭਾਈਆ । ਕਿਸੇ ਗ੍ਰਿਹਿ ਕਿਸੇ ਮੰਦਰ ਕਿਸੇ ਗੁਰੂਦਵਾਰ ਸਾਹਿਬ ਸਤਿਗੁਰ ਆਪ ਕਦੇ ਨਾ ਹੋਇਓ ਹਾਜਰ, ਭੋਗ ਲਾ ਨਾ ਖ਼ੁਸ਼ੀ ਮਨਾਈਆ । ਤੇਰੇ ਸਾਮ੍ਹਣੇ ਤੇਰੇ ਦਵਾਰ ਤੇਰੇ ਨਾਲ ਕਰਦੇ ਸਾਜ਼ਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਪਰਸਾਦ ਕਹੇ ਮੇਰੇ ਸਚ ਭਗਵੰਤ, ਹੱਥ ਤੇਰੇ ਵਡਿਆਈਆ । ਉਠ ਕੇ ਵੇਖ ਕਲਜੁਗ ਸੰਤ, ਕੂੜੀ ਕਿਰਿਆ ਰਹੇ ਕਮਾਈਆ । ਗੁਰਮੁਖ ਗੁਰਸਿਖ ਗ਼ਰੀਬ ਨਿਮਾਣੇ ਤੇਰੀ ਭੇਟ ਚੜ੍ਹਾਵਣ ਸੰਤ, ਅੰਤਰ ਆਤਮ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇ ਵਡਿਆਈਆ । ਪ੍ਰਭੂ ਮੇਰੇ ਨਾਲ ਕਿਉਂ ਕਰੇਂ ਧਰੋਹ, ਦੁਖੀ ਹੋ ਕੇ ਹਾਲ ਸੁਣਾਈਆ । ਗੋਬਿੰਦ ਪਿਛੋਂ ਮੇਰੇ ਨਾਲੋਂ ਤੋੜਿਆ ਮੋਹ, ਢਈਆ

ਨਜ਼ਰ ਕਿਸੇ ਨਾ ਆਈਆ । ਜੂਠੇ ਝੂਠੇ ਮੇਰੇ ਨਾਲ ਰਹੇ ਛੋਹ, ਹੱਥਾਂ ਉਂਗਲੀਆਂ ਨਾਲ ਹਿਲਾਈਆ । ਨਾਲ ਪੋਟਿਆਂ ਰਹੇ ਕੋਹ, ਬਣੇ ਜਗਤ ਕਸਾਈਆ । ਸੰਗਤ ਤੇਰੀ ਕੋਲੋਂ ਖੋਹ, ਘਰ ਬੱਚਿਆ ਰਹੇ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਸਚ ਤੇਰੀ ਸ਼ਰਨਾਈਆ । ਪਰਸਾਦ ਕਹੇ ਮੇਰੇ ਸੁਲਤਾਨ, ਸ਼ਹਿਨਸ਼ਾਹ ਤੇਰੀ ਸਰਨਾਈਆ । ਕਲਜੁਗ ਵੇਖ ਮਾਰ ਧਿਆਨ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਧ ਸੰਤ ਬੇਈਮਾਨ, ਬੇਵਾ ਰੂਪ ਨਜ਼ਰੀ ਆਈਆ । ਸਾਬਤ ਦਿਸੇ ਨਾ ਕਿਸੇ ਈਮਾਨ, ਸਬਰ ਸਬੂਰੀ ਨਾ ਕੋਇ ਰਖਾਈਆ । ਰਸਨਾ ਜਿਹਵਾ ਕਰਨ ਕਲਾਮ, ਕਾਇਨਾਤ ਸੁਣਾਈਆ । ਬੱਤੀ ਦੰਦ ਪੜ੍ਹਨ ਨਾਮ, ਹਿਰਦੇ ਹਰਿ ਨਾ ਕੋਇ ਵਸਾਈਆ । ਕੂੜੀ ਕਿਰਿਆ ਸੰਗ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਦਲਾਸੇ ਧੀਰਜ ਦੇ ਦੇ ਸਰਬ ਪਰਚਾਣ, ਗਲ ਵਿਚ ਪੱਲੂ ਪਾਈਆ । ਰਸਨਾ ਬੋਲ ਭੋਗ ਲਗਵਾਣ, ਭੋਗਾਂ ਵਾਲਾ ਨਜ਼ਰ ਕਿਸੇ ਨਾ ਆਈਆ । ਝੂਠੀ ਕਿਰਿਆ ਵਿਚ ਆਪਣਾ ਝੱਟ ਲੰਘਾਣ, ਤੇਰੀ ਕਰੇ ਨਾ ਕੋਇ ਵਡਿਆਈਆ । ਆਪਣਾ ਪੀਣ ਆਪਣਾ ਖਾਣ, ਆਪਣਾ ਹੁਕਮ ਰਹੇ ਵਰਤਾਈਆ । ਸਾਹਿਬ ਤੂੰ ਕਿਹੜਾ ਅਣਜਾਣ, ਸਮਝ ਸੋਚ ਰੱਖੇਂ ਨਾ ਰਾਈਆ । ਲੱਖ ਚੁਰਾਸੀ ਭੁੱਲਿਆ ਤੇਰਾ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਪਰਸਾਦ ਕਹੇ ਤੇਰੀ ਮੰਗਦੇ ਮੋਖ, ਮੁਫਤ ਆਪਣਾ ਪੇਟ ਭਰਾਈਆ । ਪੇਟ ਕਾਰਨ ਜਗਾਵਣ ਜੋਤ, ਹਵਨ ਦੀਪ ਰੁਸ਼ਨਾਈਆ । ਮਾਇਆ ਕਾਰਨ ਅਰਦਾਸਾ ਸੋਧ, ਨੇਤਰ ਮੀਟ ਧਿਆਨ ਲਗਾਈਆ । ਉਚੀ ਬੋਲ ਨਾਲ ਜੋਸ਼, ਨਾਅਰਿਆਂ ਨਾਲ ਸੁਣਾਈਆ । ਜਿਸ ਵੇਲੇ ਮੈਂ ਤੱਕਾਂ ਤੇਰੇ ਮਿਲਣ ਦੀ ਕਿਸੇ ਨਾ ਆਵੇ ਸੋਚ, ਮਿਲ ਕੇ ਮੇਲ ਨਾ ਖ਼ੁਸ਼ੀ ਮਨਾਈਆ । ਰੋਜ਼ ਕਹਿਣ ਭਗਵਾਨ ਲਗਾਵੇ ਭੋਗ, ਥਾਲੇ ਬਾਟੇ ਅੱਗੇ ਡਾਹੀਆ । ਭਗਵਾਨ ਬਣ ਆਪ ਉਡਾਵਣ ਮੌਜ, ਮੌਜੂਦਾ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਪਰਸਾਦ ਕਹੇ ਪ੍ਰਭ ਪਾ ਪਰਦਾ, ਮੈਂ ਅੰਤਰ ਮੰਗ ਮੰਗਾਈਆ । ਚਾਰ ਜੁਗ ਤੈਥੋਂ ਰਿਹਾ ਡਰਦਾ, ਨਿਉਂ ਨਿਉਂ ਸੀਸ ਨਿਵਾਈਆ । ਅਗਨੀ ਉਤੇ ਰਿਹਾ ਸੜਦਾ, ਕੜਾਹੀ ਵਿਚ ਤਪਾਈਆ । ਬਿਨ ਤੇਰੇ ਮਿਲਿਆਂ ਜੀਵ ਜਹਾਨ ਰਿਹਾ ਪੜ੍ਹਦਾ, ਗਾ ਗਾ ਰਿਹਾ ਸਮਝਾਈਆ । ਕਿਸੇ ਦਰ ਨਾ ਵੇਖਿਆ ਤੇਰੇ ਘਰ ਦਾ, ਪਰਦਾ ਸਕੇ ਨਾ ਕੋਇ ਉਠਾਈਆ । ਦਰ ਦਰਵੇਸ਼ ਭਿਖਾਰੀ ਮੈਂ ਬਣਿਆ ਬਰਦਾ, ਨੀਵਾਂ ਹੋ ਕੇ ਸੀਸ ਝੁਕਾਈਆ । ਕਰੇਂ ਖੇਲ ਨਰ ਹਰਿ ਦਾ, ਨਰਾਇਣ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਰਸਾਦ ਕਹੇ ਮੈਂ ਕਹਾਂ ਹੱਕ, ਹਕੀਕਤ ਤੇਰੇ ਅੱਗੇ ਸੁਣਾਈਆ । ਮੈਂ ਬਹਿ ਬਹਿ ਗਿਆ ਥੱਕ, ਪਰਾਤਾਂ ਵਿਚ ਆਸਣ ਲਾਈਆ । ਕੋਟਨ ਕੋਟ ਸਾਧ ਸੰਤ ਮੇਰਾ ਲਾਹਾ ਖੱਟ, ਆਪਣੇ ਘਰ ਬਾਰ ਬਣਾਈਆ । ਮੈਨੂੰ ਵੇਚ ਕੇ ਕੂੜੇ ਹੱਟ, ਭੇਟਾ ਆਪਣੀ ਝੋਲੀ ਪਾਈਆ । ਮੈਂ ਔਖਾ ਹੋ ਕੇ ਸਾਹਿਬ ਤੈਨੂੰ ਰਿਹਾ ਦੱਸ, ਕਲਜੁਗ ਅੰਤਮ ਹਾਲ ਸੁਣਾਈਆ । ਮੇਰਾ ਹੁਣ ਨਹੀਂ ਕਿਛ ਵਸ, ਕੁਛ ਵਸਤ ਨਾ ਕੋਲ ਟਿਕਾਈਆ । ਮੇਰੇ ਖ਼ਾਲੀ ਦਿਸੇ ਹੱਥ, ਬਿਨ ਹਰਿ ਨਾਮੇ ਖ਼ਾਲੀ ਹੋਈ ਲੋਕਾਈਆ । ਨਾ ਪ੍ਰੇਮ ਨਾ ਰਸ, ਸਵਾਦ ਸਚ ਨਾ ਕੋਇ ਸਮਝਾਈਆ । ਤੇਰੇ ਨਾਲੋਂ ਕੀਤਾ ਵੱਖ, ਵੱਖਰੀ ਵੰਡ ਵੰਡਾਈਆ । ਪਰਦੇ ਨਾਲ

ਮੈਨੂੰ ਢਕ, ਬੈਠਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਚ ਦਰ, ਜਿਸ ਗ੍ਰਹਿ ਮਿਲੇ ਮਾਣ ਵਡਿਆਈਆ । ਪਰਸਾਦ ਕਹੇ ਮੇਰਾ ਆਖ਼ਰੀ ਪਰਚਾ, ਪਾਰਬ੍ਰਹਮ ਤੇਰੀ ਸਰਨਾਈਆ । ਬਿਨ ਭਗਤਾਂ ਮੇਰਾ ਕਿਤੇ ਨਾ ਬੰਨ੍ਹ ਖ਼ਰਚਾ, ਗਠੜੀ ਸੀਸ ਨਾ ਕੋਇ ਟਿਕਾਈਆ । ਮੰਦਰਾਂ ਮਸਜਦਾਂ ਸ਼ਿਵਦਵਾਲਿਆਂ ਮੱਠਾਂ ਵਿਚ ਮੇਰਾ ਚਰਚਾ, ਖਾਣ ਪੀਣ ਮਜ਼ਾ ਉਡਾਈਆ । ਇਸ ਵਿਚ ਪ੍ਰਭ ਮੇਰਾ ਹੋਵੇ ਹਰਜਾ, ਤੇਰਾ ਵਿਛੋੜਾ ਦੁੱਖ ਸਤਾਈਆ । ਨੇਤਰ ਰੋਇਆ ਅੰਤ ਮਰਦਾ ਮਰਦਾ, ਦਿਤੀ ਸਚ ਦੁਹਾਈਆ । ਮੈਂ ਮਿਲਾਪੀ ਸੰਤਾਂ ਦਰ ਦਾ, ਗੁਰਮੁਖਾਂ ਜੋੜ ਜੁੜਾਈਆ । ਗੁਰਸਿਖਾਂ ਲੜ ਫੜਦਾ, ਧੁਰ ਦਾ ਸੰਗ ਰਖਾਈਆ । ਜਿਸ ਵੇਲੇ ਗੁਰਮੁਖਾਂ ਅੰਦਰ ਵੜਦਾ, ਪ੍ਰੇਮ ਪ੍ਰੀਤੀ ਨਜ਼ਰੀ ਆਈਆ । ਓਨ੍ਹਾਂ ਨਾਲ ਮਿਲ ਕੇ ਤੇਰਾ ਨਾਉਂ ਪੜ੍ਹਦਾ, ਸੋਹਣੀ ਕਰਾਂ ਪੜ੍ਹਾਈਆ । ਵੇਖ ਗ੍ਰਹਿ ਨਰਾਇਣ ਨਰ ਦਾ, ਨਰ ਹਰਿ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਚੋਟੀ ਜੜਦਾ, ਭੇਵ ਅਭੇਦ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਿਰ ਮੇਰੇ ਹੱਥ ਰੱਖ ਮਹਿਬੂਬ, ਮੁਹੱਬਤ ਤੇਰੇ ਨਾਲ ਲਗਾਈਆ । ਮਹਲ ਅਟੱਲ ਅਗੰਮ ਅਥਾਹ ਤੇਰਾ ਅਰੂਜ, ਅਰਸ਼ ਫ਼ਰਸ਼ ਦੋਵੇਂ ਸੀਸ ਨਿਵਾਈਆ । ਤੇਰਾ ਧਾਮ ਸਚ ਮੰਜ਼ਲ ਮਕਸੂਦ, ਮਹਿਫ਼ਲ ਇਕੋ ਸੋਭਾ ਪਾਈਆ । ਪਰਵਰਦਗਾਰ ਨਾ ਕੋਈ ਦੂਜ, ਵਾਹਦ ਨੂਰ ਨੂਰ ਖ਼ੁਦਾਈਆ । ਤੁਧ ਬਿਨ ਸਚ ਦੇਵੇ ਨਾ ਕੋਇ ਸਬੂਤ, ਸਾਜ਼ਸ਼ ਭਰੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੁਣ ਪਰਸਾਦ ਧੁਰ ਦੇ ਰਸ, ਹਰਿ ਰਸੀਆ ਸਚ ਦ੍ਰਿੜਾਇੰਦਾ । ਪਰਮ ਪੁਰਖ ਪਰਮਾਤਮ ਸਭ ਦਾ ਦੇਵੇ ਹੱਕ, ਜੁਗ ਜੁਗ ਝੋਲੀ ਆਪ ਵਰਤਾਇੰਦਾ । ਕੂੜੀ ਕਿਰਿਆ ਜਗਤ ਖੇੜਾ ਹੋਵੇ ਭੱਠ, ਕਲਜੁਗ ਭਾਂਡਾ ਭਰਮ ਭੰਨਾਇੰਦਾ । ਲੇਖਾ ਚੁੱਕੇ ਮੰਦਰ ਮਸੀਤ ਸ਼ਿਵਦਵਾਲੇ ਮੱਠ, ਮਸਤ ਅਲਮਸਤ ਆਪਣੀ ਕਾਰ ਕਮਾਇੰਦਾ । ਪਰਗਟ ਹੋ ਪੁਰਖ ਸਮਰਥ, ਮੂਰਤ ਅਕਾਲ ਇਕੋ ਨੂਰ ਦਰਸਾਇੰਦਾ । ਸ਼ਬਦ ਸਤਿਗੁਰ ਸਭ ਕੁਛ ਲੈ ਕੇ ਆਪਣੇ ਹੱਥ, ਖ਼ਾਲੀ ਹੱਥ ਸਰਬ ਫਿਰਾਇੰਦਾ । ਦੋ ਜਹਾਨ ਬ੍ਰਹਿਮੰਡ ਖੰਡ ਜ਼ਿਮੀ ਅਸਮਾਨ ਜੇਰਜ ਅੰਡ ਉਤਭੁਜ ਸੇਤਜ ਖੋਲ੍ਹਣਹਾਰਾ ਅੱਖ, ਆਖਰ ਆਪਣਾ ਭੇਵ ਚੁਕਾਇੰਦਾ । ਆਤਮ ਪਰਮਾਤਮ ਸ੍ਰਿਸ਼ਟ ਸਬਾਈ ਦੇ ਬ੍ਰਹਮ ਮਤ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਕੂੜ ਕੂੜਿਆਰੇ ਤੇਰਾ ਸਾਥ ਜਾਇਣ ਛੱਡ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਲੇਖੇ ਵਿਚ ਰਖਾਇੰਦਾ ।



੬੧੧ ੧੯

★ ਪਹਿਲੀ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਪਰਸਾਦ ਕਹੇ ਪੁਰਖ ਸਮਰਥ, ਪੁਰਖ ਅਕਾਲ ਤੇਰੀ ਸਰਨਾਈਆ । ਆਦਿ ਜੁਗਾਦੀ ਧੁਰ ਦੀ ਵੱਥ, ਵਸਤ ਅਮੋਲਕ ਬੇਪਰਵਾਹੀਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਰਦਾ ਰਿਹਾ ਆਸ, ਨਿਤ ਨਵਿਤ ਤੇਰਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗੰਬਰ ਲੋਕਮਾਤ ਕੱਟ ਕੇ ਗਏ ਵਾਟ, ਬਣ ਪਾਂਧੀ ਪੰਧ ਮੁਕਾਈਆ । ਪੀਰਨ ਪੀਰ ਸਰਗੁਣ ਕਰਦੇ ਗਏ ਤਲਾਸ਼, ਲੋਕ ਪਰਲੋਕ ਤੇਰਾ ਧਿਆਨ ਲਗਾਈਆ ।

ਸਾਹਿਬ ਸਵਾਮੀ ਤੇਰੀ ਕਿਸੇ ਨਾ ਲੱਭੀ ਜਾਤ, ਜਾਤੀ ਰੂਪ ਨਾ ਕੋਇ ਜਣਾਈਆ । ਰਸਨਾ ਜਿਹਵਾ ਬੱਤੀ ਦੰਦ ਧੁਰ ਸੰਦੇਸਾ ਗਾ ਕੇ ਗਾਥ, ਸ਼ਬਦ ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇ ਵਡਿਆਈਆ । ਪਰਸਾਦ ਕਹੇ ਪ੍ਰਭ ਮੇਰੇ ਠਾਕਰ, ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਲੋਕਮਾਤ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਮੇਰਾ ਕਰਦੇ ਗਏ ਆਦਰ, ਥੋੜਾ ਥੋੜਾ ਪਰਦਾ ਪਾਈਆ । ਨਿਰਮਲ ਕਰਮ ਨਾ ਹੋਇਆ ਉਜਾਗਰ, ਮਿਹਰ ਨਜ਼ਰ ਨਾ ਕੋਇ ਉਠਾਈਆ । ਸਾਚਾ ਵਣਜ ਨਾ ਕੀਤਾ ਬਣ ਸੁਦਾਗਰ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪਰਸਾਦ ਕਹੇ ਮੇਰੇ ਅੰਤਰਜਾਮੀ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਖੇਲ ਖ਼ਾਲਕ ਖ਼ਲਕ ਮਹਾਨੀ, ਬੇਪਰਵਾਹ ਬੇਅੰਤ ਅੰਤ ਕਹਿਣ ਕੋਇ ਨਾ ਆਈਆ । ਜੁਗ ਚੌਕੜੀ ਗਾਵਤ ਗਾ ਗਏ ਸਚ ਗਿਆਨੀ, ਧੁਰ ਦਾ ਢੋਲਾ ਰਾਗ ਸੁਣਾਈਆ । ਰਸ ਅੰਮਿਉਂ ਰਸ ਠੰਡਾ ਪਾਣੀ, ਧਾਰਾ ਤੇਰੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੇਵ ਦਏ ਖੁਲ੍ਹਾਈਆ । ਸਾਚਾ ਭੇਵ ਖੋਲ੍ਹ ਨਿਰੰਕਾਰ, ਨਿਰਗੁਣ ਹੱਥ ਤੇਰੇ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਨਵ ਨੌ ਚਾਰ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਕੇ ਸੇਵਾਦਾਰ, ਨਿਤ ਸੇਵਾ ਰਹੇ ਕਮਾਈਆ । ਤ੍ਰੈਗੁਣ ਮਾਇਆ ਖੋਲ੍ਹ ਭੰਡਾਰ, ਪੰਜ ਤਤ ਕਰੀ ਕੁੜਮਾਈਆ । ਘਾੜਤ ਘੜ ਬਣ ਠਠਿਆਰ, ਲੱਖ ਚੁਰਾਸੀ ਰੰਗ ਰੰਗਾਈਆ । ਨਿਰਗੁਣ ਸਰਗੁਣ ਕਰ ਤਿਆਰ, ਨਾਤਾ ਜੋੜ ਜੁੜਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਈਆ । ਮਨ ਮਤ ਬੁਧ ਦਏ ਆਧਾਰ, ਨੌ ਦਰ ਜਗਤ ਰਸ ਵਖਾਈਆ । ਲੇਖਾ ਜਾਣ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਸਾਚਾ ਲੇਖਾ ਦੱਸ ਸ੍ਰੀ ਭਗਵੰਤ, ਬੇਅੰਤ ਤੇਰੀ ਸਰਨਾਈਆ । ਕਿਸ ਬਿਧ ਬਣਾਈ ਮੇਰੀ ਬਣਤ, ਕਵਣ ਧਾਰਾ ਰੰਗ ਰੰਗਾਈਆ । ਕਵਣ ਲੇਖਾ ਜਾਣੇ ਸਾਧ ਸੰਤ, ਗੁਰ ਅਵਤਾਰਾਂ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦੇ ਉਠਾਈਆ । ਸਾਚਾ ਪਰਦਾ ਦੇਣਾ ਖੋਲ੍ਹ, ਪ੍ਰਭ ਤੇਰੇ ਹੱਥ ਵਡਿਆਈਆ । ਦਰ ਦਰਵੇਸ਼ ਮੰਗਾਂ ਬੋਲ, ਅਲੱਖ ਨਿਰੰਜਣ ਇਕੋ ਅਲਖ ਜਗਾਈਆ । ਕਵਣ ਕੰਡੇ ਤੋਲੇਂ ਤੋਲ, ਤਰਾਜ਼ੂ ਕਵਣ ਹੱਥ ਉਠਾਈਆ । ਕਵਣ ਦਵਾਰਾ ਦੇਵੇਂ ਖੋਲ੍ਹ, ਬੰਦ ਕਿਵਾੜੀ ਕੁੰਡਾ ਲਾਹੀਆ । ਕਵਣ ਵਸਤ ਦੇਵੇਂ ਵਰੋਲ, ਅਨਮੁਲੜੀ ਦਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪ੍ਰਭ ਠਾਕਰ ਸਵਾਮੀ, ਦਰ ਤੇਰੇ ਇਕ ਅਰਜ਼ੋਈਆ । ਆਦਿ ਜੁਗਾਦੀ ਅੰਤਰਜਾਮੀ, ਦੇਣੀ ਦਰ ਦਵਾਰੇ ਸੱਚੀ ਢੋਈਆ । ਲੇਖਾ ਵੇਖਿਆ ਚਾਰੇ ਖਾਣੀ, ਚਾਰੇ ਬਾਣੀ ਕਰੇ ਰੁਸ਼ਨਾਈਆ । ਅੰਮ੍ਰਿਤ ਭਰੇ ਠੰਡਾ ਪਾਣੀ, ਸ਼ਬਦ ਸੁਰਤ ਰਿਹਾ ਢੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੂਜਾ ਨਜ਼ਰ ਨਾ ਆਵੇ ਕੋਈਆ । ਪਰਸਾਦ ਕਹੇ ਮੇਰੀ ਦੱਸ ਰੀਤਾ, ਕਿਸ ਬਿਧ ਮਾਤ ਬਣਾਈਆ । ਕਵਣ ਦਵਾਰੇ ਮੋਹੇ ਰਖੀਤਾ, ਕਵਣ ਮੰਦਰ ਸੁਹਾਈਆ । ਕਵਣ ਮਿਲੇ ਧੁਰ ਦੀ ਦੀਛਾ, ਝੋਲੀ ਕਵਣ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ

ਪਰਸਾਦ ਧੁਰ ਦੇ ਸੱਚੇ, ਹਰਿ ਸਚ ਸੱਚ ਜਣਾਈਆ । ਕਿਰਪਾ ਕਰੀ ਪੁਰਖ ਅਕਾਲ ਆਪਣੇ ਉਤੇ ਸ਼ਬਦੀ ਬੱਚੇ, ਮਿਹਰ ਨਜ਼ਰ ਨੈਣ ਉਠਾਈਆ । ਚਰਨ ਪ੍ਰੀਤੀ ਨਾਲ ਰੱਤੇ, ਰੰਗ ਇਕੋ ਇਕ ਰੰਗਾਈਆ । ਸਾਹਿਬ ਸਵਾਮੀ ਸਿਰ ਹੱਥ ਰੱਖੇ, ਸਮਰਥ ਦਏ ਵਡਿਆਈਆ । ਚਰਨਾਂ ਨਾਲ ਚਰਨ ਕਰ ਇਕੱਠੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰ ਪਾਰਬ੍ਰਹਮ, ਹਰਿ ਕਰਤਾ ਆਪ ਜਣਾਈਆ । ਸਤਿ ਪਰਸਾਦ ਸੁਣ ਲਾ ਕਰ ਕੰਨ, ਕਰਨਹਾਰ ਦ੍ਰਿੜਾਈਆ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਚਿਖਾ ਨਾ ਕੋਇ ਜਣਾਈਆ । ਹਉਮੇਂ ਰੋਗ ਨਾ ਤ੍ਰਿਸਨਾ ਤਮ, ਮਾਇਆ ਮਮਤਾ ਨਾ ਕੋਇ ਵਡਿਆਈਆ । ਜਿਸ ਦਵਾਰੇ ਸ਼ਬਦ ਸੁਤ ਬਿਨ ਜਨਨੀ ਲਿਆ ਜਣ, ਨਿਰਗੁਣ ਬਣਿਆ ਪਿਤਾ ਮਾਈਆ । ਓਸੇ ਦਰ ਬੇੜਾ ਦਿਤਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦਏ ਸਮਝਾਈਆ । ਸਾਚਾ ਲੇਖਾ ਸੁਣ ਲੈ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਥਿਰ ਘਰ ਚਲਾਈ ਤੇਰੀ ਰੀਤ, ਨਿਰਗੁਣ ਨਿਰਵੈਰ ਕਾਰ ਕਮਾਇੰਦਾ । ਸ਼ਬਦੀ ਝੋਲੀ ਪਾਇਆ ਠੀਕ, ਸੋਹਣੀ ਵਸਤ ਵਰਤਾਇੰਦਾ । ਰਸ ਦੇ ਕੇ ਅਗੰਮੀ ਸੀਤ, ਸਾਂਤਕ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਆਦਿ ਪੁਰਖ ਆਪ ਕਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਕਿਰਪਾ ਧਾਰ, ਅਜੂਨੀ ਰਹਿਤ ਦਿਤੀ ਵਡਿਆਈਆ । ਬਖ਼ਸ਼ਿਸ਼ ਕਰ ਅਗੰਮ ਅਪਾਰ, ਅਲੱਖ ਅਗੋਚਰ ਦਿਤਾ ਵਰਤਾਈਆ । ਆਪਣੇ ਚਰਨਾਂ ਦੀ ਲੈ ਕੇ ਧੂੜੀ ਛਾਰ, ਸ਼ਬਦੀ ਸੁਤ ਮੁਖ ਲਗਾਈਆ । ਇਹ ਪਰਸਾਦ ਸਦਾ ਨਿਰਾਹਾਰ, ਨਿਰਾਕਾਰ ਰਿਹਾ ਜਣਾਈਆ । ਜਿਸ ਦਾ ਭੇਵ ਪਾਏ ਨਾ ਕੋਇ ਜੁਗ ਚਾਰ, ਚੌਕੜ ਸਮਝ ਕੋਇ ਨਾ ਆਈਆ । ਏਸੇ ਪਰਸਾਦ ਵਿਚੋਂ ਪਰਗਟ ਕਰ ਗੁਰੂ ਅਵਤਾਰ, ਪੀਰ ਪੈਗੰਬਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਪਰਸਾਦ ਕਹੇ ਮੇਰੀ ਨਿਮਸਕਾਰ, ਦੋਏ ਜੋੜ ਜੋੜ ਸਰਨਾਈਆ । ਦਰ ਠਾਂਡਾ ਦਿਤਾ ਦਰਬਾਰ, ਥਿਰ ਘਰ ਵੱਜੀ ਵਧਾਈਆ । ਤੇਰਾ ਸ਼ਬਦੀ ਸੁਤ ਰੱਖੇ ਸੰਭਾਲ, ਆਪਣੇ ਨਾਲ ਨਿਭਾਈਆ । ਜੁਗ ਚੌਕੜੀ ਦੇ ਅਧਾਰ, ਲੋਕਮਾਤ ਦਏ ਵਰਤਾਈਆ । ਮੇਰਾ ਲੇਖਾ ਹੋਵੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸੁਣ ਪਰਸਾਦ ਬਾਲੇ ਨਿੱਕੇ, ਸ੍ਰੀ ਭਗਵਾਨ ਆਪ ਜਣਾਇੰਦਾ । ਚਾਰੋਂ ਕੁੰਟ ਸਾਹਿਬ ਸਵਾਮੀ ਤੇਰੇ ਅੰਦਰ ਦਿਸੇ, ਗ੍ਰਿਹ ਮੰਦਰ ਡੇਰਾ ਲਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕੀਤੇ ਤੇਰੇ ਹਿੱਸੇ, ਸੋਹਣਾ ਹਿੱਸਾ ਵੰਡ ਵੰਡਾਇੰਦਾ । ਸਚ ਬੰਧਾਵੇ ਧੁਰ ਦੇ ਨਿਸਚੇ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੁਣ ਪਰਸਾਦ ਚੜ੍ਹਿਆ ਚਾ, ਥਿਰ ਘਰ ਸਾਚੇ ਵੱਜੇ ਵਧਾਈਆ । ਸ਼ਬਦੀ ਸ਼ਬਦ ਬਣੇ ਗਵਾਹ, ਤੇਰੀ ਸ਼ਹਾਦਤ ਰਿਹਾ ਰਖਾਈਆ । ਅੱਗੇ ਮੰਗਾਂ ਮੰਗ ਬੇਪਰਵਾਹ, ਤੇਰੇ ਅੱਗੇ ਝੋਲੀ ਡਾਹੀਆ । ਜੁਗ ਚੌਕੜੀ ਸੇਵਾ ਲਵਾਂ ਕਮਾ, ਲੋਕਮਾਤ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਲੇਖਾ ਦੇਵਾਂ ਲਿਖਾ, ਜਿਸ ਲੇਖੇ ਵਿਚੋਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦੇ ਸਮਝਾਈਆ । ਸੁਣ ਲਾਲ ਸੋਹਣੇ ਸੁਚੱਜੇ, ਸਾਹਿਬ ਦੇਵੇ ਵਡਿਆਈਆ ।

ਅੰਤਕਾਲ ਤੇਰਾ ਪਰਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗੰਬਰ ਹੁਕਮੇ ਬੱਧੇ, ਜੁਗ ਚੌਕੜੀ ਕਾਰ ਕਮਾਈਆ । ਗੁਰਮੁਖ ਗੁਰਸਿਖ ਹਰਿਸੰਤ ਭਗਤ ਤੇਰੀ ਆਸ ਰੱਖੇ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਸਚ ਮਿਲੇ ਤੇਰੀ ਸਰਨਾਈਆ । ਸਚ ਸਰਨਾਈ ਦੇ ਭਗਵੰਤ, ਇਕੋ ਓਟ ਤਕਾਈਆ । ਕਵਣ ਵੇਲਾ ਬਣੇ ਸਾਚਾ ਕੰਤ, ਘਰ ਆਪਣਾ ਮੇਲ ਮਿਲਾਈਆ । ਬੋਧ ਅਗਾਧ ਬਣ ਕੇ ਪੰਡਤ, ਨਿਰਅੱਖਰ ਦਏ ਸਮਝਾਈਆ । ਸਤਿ ਸਤਿਵਾਦੀ ਦੇਵੇ ਸੰਗਤ, ਵਿਦਿਆ ਪਾਰਬ੍ਰਹਮ ਪੜ੍ਹਾਈਆ । ਦਰ ਦਰਵੇਸ਼ ਬਣ ਕੇ ਮੰਗਤ, ਇਕੋ ਅਲਖ ਜਗਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਸਮਝਾਈਆ । ਲੇਖਾ ਜਾਣੇ ਪੰਕਜ, ਪਵਿਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਵਡਿਆਈਆ । ਸਾਹਿਬ ਦੱਸ ਪੁਰਖ ਅਕਾਲ, ਦਰ ਕਰਤੇ ਮੰਗ ਮੰਗਾਈਆ । ਕਵਣ ਵੇਲੇ ਹੋਏ ਦਿਆਲ, ਦੀਨਨ ਆਪੇ ਹੋਏ ਸਹਾਈਆ । ਜੁਗ ਚੌਕੜੀ ਕਿਹੜੀ ਚਾਲ, ਕਵਣ ਧਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਸਮਝਾਈਆ । ਸ੍ਰੀ ਭਗਵਾਨ ਕਹੇ ਸੁਣ ਏਕ, ਏਕੰਕਾਰ ਜਣਾਈਆ । ਜੁਗ ਚੌਕੜੀ ਤੇਰੀ ਟੇਕ, ਗੁਰ ਅਵਤਾਰ ਪੀਰ ਪੈਗੰਬਰ ਨਾਲ ਮਿਲਾਈਆ । ਬਿਨ ਭਗਤਾਂ ਕਿਸੇ ਨਾ ਦੇਵਾਂ ਭੇਤ, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਘਰ ਨਾਮੇ ਆ ਕੇ ਲਵਾਂ ਵੇਖ, ਧੰਨੇ ਲੇਖਾ ਦਿਆਂ ਚੁਕਾਈਆ । ਰਵਦਾਸ ਚੁਮਾਰੇ ਕਰਕੇ ਚੇਤਨ ਚੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸੁਣ ਪਰਸਾਦ ਬਾਤ ਅਗੰਮ, ਲਿਖਣ ਪੜ੍ਹਨ ਵਿਚ ਨਾ ਆਈਆ । ਮੇਰੇ ਲਾਡਲੇ ਸੱਚੇ ਚੰਨ, ਚਮਤਕਾਰ ਦਿਆਂ ਚਮਕਾਈਆ । ਭੋਗ ਲਾ ਕੇ ਨਾਮੇ ਛੰਨ, ਛੰਨਾਂ ਸੋਭਾ ਪਾਈਆ । ਧੰਨੇ ਦੇਵਾਂ ਇਕੋ ਧੰਨ, ਆਪਣਾ ਆਪ ਝੋਲੀ ਪਾਈਆ । ਰਵਦਾਸ ਦਵਾਰੇ ਜਾਵਾਂ ਮੰਨ, ਸੋਹਣੀ ਬਣਤ ਬਣਾਈਆ । ਸਚ ਸੰਦੇਸਾ ਸੁਣ ਲੈ ਕੰਨ, ਹਰਿ ਕਰਤਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ ਕੇ ਬਚਨ ਹੋਇਆ ਚੁਪ, ਪਰਸਾਦ ਆਪਣਾ ਸੀਸ ਨਿਵਾਈਆ । ਸ੍ਰੀ ਭਗਵਾਨ ਕਵਣ ਵੇਲੇ ਵੇਖਾਂ ਮੁੱਖ, ਤੇਰਾ ਸਚ ਸਰੂਪੀ ਦਰਸ਼ਨ ਪਾਈਆ । ਪੁਰਖ ਅਕਾਲ ਕਿਹਾ ਤੁਠ, ਸਚ ਦਿਆਂ ਦਰਸਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਹੋਣਾ ਚੁਪ, ਨਵ ਨਵ ਚਾਰ ਚੌਕੜੀ ਜੁਗ ਪਾਰ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੈਨੂੰ ਆਪੇ ਲਏ ਪੁੱਛ, ਪਰਦਾ ਉਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪਰਸਾਦ ਕਿਹਾ ਮੇਰੀ ਅਰਦਾਸ, ਸਾਹਿਬ ਤੇਰੀ ਸਰਨਾਈਆ । ਤੇਰੇ ਮਿਲਣ ਦੀ ਇਕੋ ਖ਼ਾਹਸ਼, ਦੂਜੀ ਓਟ ਨਾ ਕੋਈ ਤਕਾਈਆ । ਜੁਗ ਚੌਕੜੀ ਕੀ ਰਵਾਜ, ਕਵਣ ਧਾਰ ਬੰਧਾਈਆ । ਸਾਹਿਬ ਸਮਰਥ ਮਾਰ ਅਵਾਜ਼, ਇਕੋ ਵਾਰ ਜਣਾਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣੇ ਸਮਾਜ, ਸੋਹਣੀ ਬਣਤ ਬਣਾਈਆ । ਗੁਰ ਅਵਤਾਰ ਪੀਰ ਪੈਗੰਬਰ ਦੇਵਾਂ ਸਾਥ, ਨਿਰਗੁਣ ਸਰਗੁਣ ਜੋੜ ਜੁੜਾਈਆ । ਤੇਰੀ ਵੱਖਰੀ ਮੰਡਲ ਬਣਾਵਾਂ ਰਾਸ, ਸੋਭਾਵੰਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਵਖਾਈਆ । ਤੇਰਾ ਲੇਖ ਪ੍ਰਭ ਜਣਾਉਂਦਾ ਏ । ਧੁਰ ਦੀ ਧਾਰ ਆਪ ਸਮਝਾਉਂਦਾ ਏ । ਲੋਕਮਾਤੀ ਵੰਡ ਵੰਡੌਂਦਾ ਏ । ਸਾਚਾ

੬੧੪ ੧੯

ਮੇਲਾ ਮੇਲ ਮਿਲੌਂਦਾ ਏ । ਜਲ ਅੰਮ੍ਰਿਤ ਰੂਪ ਵਟਾਉਂਦਾ ਏ । ਘਿਰਤ ਅਗੰਮੀ ਇਕੋ ਪਾਉਂਦਾ ਏ । ਅੰਨ ਝੋਲੀ ਦਾਨ ਵਖਾਉਂਦਾ ਏ । ਤਿੰਨਾਂ ਸਚ ਮੇਲ ਮਿਲਾਉਂਦਾ ਏ । ਫੜ ਅਗਨੀ ਭੇਟ ਚੜ੍ਹਾਉਂਦਾ ਏ । ਧੁਰ ਦਾ ਲੇਖਾ ਆਪ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਡੋਰ ਲੋਕਮਾਤ ਗੁਰ ਅਵਤਾਰਾਂ ਪੀਰ ਪੈਗੰਬਰਾਂ ਹੱਥ ਰਖਾਉਂਦਾ ਏ । ਪੀਰ ਪੈਗੰਬਰ ਮਾਤ ਆਉਣਗੇ । ਗੁਰ ਅਵਤਾਰ ਰੂਪ ਵਟੌਣਗੇ । ਮੇਰਾ ਧੁਰ ਦਾ ਨਾਮ ਜਪੌਣਗੇ । ਸਚ ਸੰਦੇਸ਼ ਇਕ ਸੁਣੌਣਗੇ । ਕਰ ਕੇ ਦੇਹੀ ਖੇਲ ਖਿਲਾਉਣਗੇ । ਬਣ ਨਰੇਸ਼ ਹੁਕਮ ਵਰਤੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਮਾਤ ਕਮੌਣਗੇ । ਸਾਚੀ ਕਰਨੀ ਮਾਤ ਕਮਾਵਣਗੇ । ਗੁਰ ਅਵਤਾਰ ਪੀਰ ਪੈਗੰਬਰ ਫੇਰਾ ਪਾਵਣਗੇ । ਧੁਰ ਸੰਦੇਸ ਇਕ ਸੁਣਾਵਣਗੇ । ਬਣ ਕਾਤਬ ਲੇਖ ਲਿਖਾਵਣਗੇ । ਸ਼ਾਸਤਰ ਸਿਮਰਤ ਵੇਦ ਪੁਰਨ, ਗੀਤਾ ਗਿਆਨ ਅੰਕ ਬਣਾਵਣਗੇ । ਅੰਜੀਲ ਕੁਰਾਨਾ ਕਰ ਪਰਵਾਨ, ਮਸਲਾ ਹੱਕ ਹੱਕ ਸੁਣਾਵਣਗੇ । ਗੁਰੂ ਗੁਰੂ ਗੁਰਦੇਵ ਅਗੰਮੀ ਬਾਣ, ਤੀਰ ਨਿਰਾਲਾ ਇਕ ਚਲਾਵਣਗੇ । ਲਾਲਚ ਦੇ ਕੇ ਜੀਵ ਜਹਾਨ, ਸੋਹਣੀ ਰੀਤੀ ਮਾਤ ਵਖਾਵਣਗੇ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਬਣਾ ਮਕਾਨ, ਸੋਹਣਾ ਬੰਕ ਵਡਿਆਵਣਗੇ । ਅੰਦਰ ਰੱਖ ਚਾਰ ਜੁਗ ਦੀ ਖਾਣੀ ਬਾਣੀ ਕਰ ਪਰਧਾਨ, ਸੋਹਣਾ ਰਾਹ ਵਖਾਵਣਗੇ । ਮਾਇਆ ਨਾਲ ਕਰ ਪਕਵਾਨ, ਪੱਕੀ ਤਰ੍ਹਾਂ ਜਗਤ ਸਮਝਾਵਣਗੇ । ਸਭ ਤੋਂ ਉਤਮ ਇਹ ਖਾਣ, ਸ੍ਰਿਸ਼ਟੀ ਇਸ਼ਟ ਦ੍ਰਿਸ਼ਟ ਇਹਦੇ ਵਿਚ ਵਖਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਣਗੇ । ਧੁਰ ਪਰਸਾਦ ਪਿਆ ਹੱਸ, ਪ੍ਰਭ ਅੱਗੇ ਆਖ ਸੁਣਾਈਆ । ਵੇਖੀਂ ਪ੍ਰਭ ਮੈਨੂੰ ਹੋਰ ਕਿਸੇ ਨਾ ਪਾਵੀਂ ਵਸ, ਵਾਸਤਾ ਤੇਰੇ ਨਾਲ ਰਖਾਵਾਂਗਾ । ਗੁਰ ਅਵਤਾਰ ਪੀਰ ਪੈਗੰਬਰ ਜੋ ਮੈਨੂੰ ਲਾਏ ਹੱਥ, ਉਸ ਹੱਥ ਵਿਚੋਂ ਤੇਰਾ ਰਸ ਆਪਣੇ ਮੁਖ ਲਗਾਵਾਂਗਾ । ਉਹ ਤੇਰੇ ਵਸ ਮੈਂ ਉਨ੍ਹਾਂ ਵਸ, ਫਿਰ ਭੀ ਵਾਸਤਾ ਤੇਰੇ ਅੱਗੇ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਨਿਵਾਵਾਂਗਾ । ਦਰ ਤੇਰੇ ਸੀਸ ਨਿਵਾਵਾਂਗਾ । ਅਲੱਖ ਅਗੋਚਰ ਇਕੋ ਸੰਗ ਨਿਭਾਵਾਂਗਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇ ਕੇ ਸੰਗ, ਲੱਗੀ ਤੋੜ ਨਿਭਾਵਾਂਗਾ । ਸ੍ਰਿਸ਼ਟ ਸਬਾਈ ਕਰ ਕੇ ਨੰਗ, ਚਾਰੋਂ ਕੁੰਟ ਖੇਲ ਕਰਾਵਾਂਗਾ । ਫਿਰੇ ਦਰੋਹੀ ਵਿਚ ਵਰਭੰਡ, ਬ੍ਰਹਿਮੰਡੀ ਨਾਦ ਵਜਾਵਾਂਗਾ । ਕਲਜੁਗ ਕੂੜੀ ਕਿਰਿਆ ਘਰ ਘਰ ਹੋਏ ਘਮੰਡ, ਮਾਇਆ ਮਮਤਾ ਮੋਹ ਵਧਾਵਾਂਗਾ । ਗੁਰ ਮਰਿਆਦਾ ਕਰ ਕੇ ਭੰਗ, ਭੰਗੜਾ ਆਪਣਾ ਫੇਰ ਵਖਾਵਾਂਗਾ । ਸਾਧ ਸੰਤ ਪੰਡਤ ਬ੍ਰਾਹਮਣ ਮੁੱਲਾ ਕਾਜ਼ੀ ਮੇਰੇ ਉਤੋਂ ਲੰਘਾਵਣ ਡੰਗ, ਸੋਹਣੀ ਕੂੜੀ ਵੰਡ ਵੰਡਾਵਾਂਗਾ । ਚਾਰੋਂ ਕੁੰਟ ਭੇਖ ਪਖੰਡ, ਆਤਮ ਪਰਮਾਤਮ ਭਰਮ ਭੁਲਾਵਾਂਗਾ । ਮੈਨੂੰ ਖਾ ਕੇ ਕਿਸੇ ਨਾ ਆਵੇ ਅਨੰਦ, ਅਨੰਦ ਵਿਚੋਂ ਅਨੰਦ ਬਾਹਰ ਕਢਾਵਾਂਗਾ । ਮੈਨੂੰ ਕਹਿ ਕੇ ਗਿਆ ਗੁਜਰੀ ਚੰਦ, ਸਚ ਸੰਦੇਸਾ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਵਾਂਗਾ । ਦਰ ਤੇਰੇ ਸੀਸ ਨਿਵਾਵਾਂਗਾ । ਦੋਏ ਜੋੜ ਵਾਸਤਾ ਪਾਵਾਂਗਾ । ਧੁਰ ਦਾ ਸਾਥ ਇਕ ਰਖਾਵਾਂਗਾ । ਪੁਰਖ ਅਕਾਲ ਓਟ ਤਕਾਵਾਂਗਾ । ਦੀਨ ਦਿਆਲ ਦਰਸ਼ਨ ਪਾਵਾਂਗਾ । ਤੋੜ ਜੰਜਾਲ ਜਗਤ, ਭਗਤ ਭਗਵਾਨ ਮਨਾਵਾਂਗਾ । ਮੰਦਰ ਮਸਜਦ ਬੇਸ਼ਕ ਮੇਰੀ ਸਾਰੇ ਚਾੜ੍ਹਨ ਰਸਦ, ਰਸਤਾ

੬੧੫
੧੬

ਸਭ ਦਾ ਬੰਦ ਕਰਾਵਾਂਗਾ । ਬਿਨ ਪੂਰੇ ਗੁਰਮੁਖ ਮੈਨੂੰ ਖਾ ਕੇ ਕੋਈ ਨਾ ਹੋਵੇ ਮਸਤ, ਗਧਿਆਂ ਵਾਂਗ ਸਰਬ ਲਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਵਾਂਗਾ । ਦਰ ਤੇਰੇ ਮੰਗ ਮੰਗੌਂਦਾ ਹਾਂ । ਦੋਏ ਜੋੜ ਵਾਸਤਾ ਪੌਂਦਾ ਹਾਂ । ਅੰਤਰ ਆਪਣੀ ਆਵਾਜ਼ ਸੁਣੌਂਦਾ ਹਾਂ । ਜੁਗ ਚੌਕੜੀ ਵੇਖ ਵਖੌਂਦਾ ਹਾਂ । ਗੁਰ ਅਵਤਾਰਾਂ ਪੀਰ ਪੈਗੰਬਰਾਂ ਨਾਲ ਤੋੜ ਨਿਭੌਂਦਾ ਹਾਂ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਸੋਭਾ ਪੌਂਦਾ ਹਾਂ । ਜਿੰਨਾਂ ਚਿਰ ਪਾਰਬ੍ਰਹਮ ਪਤਿਪਰਮੇਸ਼ਵਰ ਪਰਗਟ ਹੋ ਨਾ ਲਾਵੇਂ ਹੱਥ, ਪਰਸਾਦ ਰੂਪ ਨਾ ਮੈਂ ਵਖੌਂਦਾ ਹਾਂ । ਬੇਸ਼ਕ ਮੈਨੂੰ ਰੁਮਾਲਿਆਂ ਹੇਠ ਦੇਣ ਢਕ, ਓਪਰ ਪੱਖਿਆਂ ਚੌਰ ਝੁਲੌਂਦਾ ਹਾਂ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਥ, ਆਪਣੀ ਭੇਟ ਨਾ ਕਿਸੇ ਚੜ੍ਹੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਨਿਵੌਂਦਾ ਹਾਂ । ਸੁਣ ਪਰਸਾਦ ਸੱਚੀ ਬਾਤ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਤੇਰਾ ਲਹਿਣਾ ਕੋਇ ਨਾ ਜਾਣੇ ਵਿਚ ਪਰਾਤ, ਭੇਵ ਅਭੇਵ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਦੇਵਣ ਸਾਥ, ਲੋਕਮਾਤ ਸੰਗ ਨਿਭਾਈਆ । ਸਾਚਾ ਖੇਲ ਵੇਖੋ ਤਮਾਸ਼, ਸ਼ਬਦ ਸੁਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਇਕੋ ਰਿਹਾ ਦ੍ਰਿੜਾਈਆ । ਜੋ ਕਿਹਾ ਪੁਰਖ ਅਕਾਲ, ਧੁਰ ਦੀ ਬਾਤ ਸੁਣਾਈਆ । ਕਿਰਪਾ ਕਰੇ ਦੀਨ ਦਿਆਲ, ਦਇਆਨਿਧ ਵਡਿਆਈਆ । ਨਿਰਗੁਣ ਚਲੇ ਅਵਲੜੀ ਚਾਲ, ਲਿਖਣ ਪੜ੍ਹਨ ਵਿਚ ਲੇਖ ਨਾ ਕੋਈ ਬਣਾਈਆ । ਸਚਖੰਡ ਬੈਠ ਸੱਚੀ ਧਰਮਸਾਲ, ਸਚ ਪਰਸਾਦ ਤੈਨੂੰ ਦਏ ਪਰਗਟਾਈਆ । ਆ ਕੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋਹੇ ਦੇਵੇ ਸਚ ਵਡਿਆਈਆ । ਸਚ ਵਡਿਆਈ ਆਪ ਦਵਾਵਾਂਗਾ । ਨਿਰਗੁਣ ਹੋ ਕੇ ਵੇਸ ਵਟਾਵਾਂਗਾ । ਰਵਦਾਸ ਦਵਾਰੇ ਚੱਲ ਕੇ ਆਵਾਂਗਾ । ਸਚ ਸਿੰਘਾਸਣ ਸੋਭਾ ਪਾਵਾਂਗਾ । ਪਾਟਾ ਚੀਥੜ ਉਪਰ ਵਿਛਾਵਾਂਗਾ । ਬਣ ਕੇ ਮੀਤਲ, ਮਿੱਤਰ ਪਿਆਰ ਅਖਵਾਵਾਂਗਾ । ਕਰ ਕੇ ਠਾਂਡਾ ਸੀਤਲ, ਅੰਮ੍ਰਿਤ ਮੇਘ ਬਰਸਾਵਾਂਗਾ । ਤੂੰ ਰੱਖੀਂ ਮੇਰੀ ਉਡੀਕਣ, ਮੈਂ ਆਪਣਾ ਵੇਸ ਵਟਾਵਾਂਗਾ । ਭੁੱਲ ਨਾ ਜਾਈ ਤਰੀਕਣ, ਤਰੀਕੇ ਨਾਲ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਕੀ ਪ੍ਰਭੂ ਕਾਰ ਕਮਾਵੇਂਗਾ । ਜਿਸ ਵੇਲੇ ਰਵਦਾਸ ਕੋਲ ਆਵੇਂਗਾ । ਕਵਣ ਰੂਪ ਅਨੂਪ ਵਟਾਵੇਂਗਾ । ਕਵਣ ਕੂਟ ਸੋਭਾ ਪਾਵੇਂਗਾ । ਕਵਣ ਜੋਤ ਨੂਰ ਚਮਕਾਵੇਂਗਾ । ਕਵਣ ਸ਼ਬਦ ਚੋਟ ਨਗਾਰੇ ਲਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਿਸ ਬਿਧ ਆਪਣਾ ਮੇਲ ਮਿਲਾਵੇਂਗਾ । ਰਵਦਾਸ ਚਮਾਰੇ ਜਦੋਂ ਆਵਾਂਗਾ । ਨਿਰਵੈਰ ਨਿਰੰਕਾਰ ਨਿਰਾਕਾਰ ਅਖਵਾਵਾਂਗਾ । ਜੋਤੀ ਧਾਰ ਰੂਪ ਪਰਗਟਾਵਾਂਗਾ । ਸ਼ਬਦੀ ਤੂਰ ਨਾਦ ਇਕ ਵਜਾਵਾਂਗਾ । ਬ੍ਰਹਮ ਬ੍ਰਹਿਮਾਦ ਆਪ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਵਾਂਗਾ । ਸਵੱਛ ਸਰੂਪੀ ਹੋ ਪਰਤੱਖ, ਗ੍ਰਿਹ ਮੰਦਰ ਨਜ਼ਰੀ ਆਵਾਂਗਾ । ਲੈ ਕੇ ਵਸਤ ਇਕ ਅਕੱਥ, ਘਰ ਸਾਚੇ ਫੇਰਾ ਪਾਵਾਂਗਾ । ਅਗਲਾ ਮਾਰਗ ਦੇਵਾਂ ਦੱਸ, ਪਿਛਲਾ ਪੰਧ ਮੁਕਾਵਾਂਗਾ । ਸਚ ਪਰਸਾਦ ਤੇਰਾ ਰਸ, ਆਪਣੇ ਰਸ ਵਿਚੋਂ ਪਰਗਟਾਵਾਂਗਾ । ਜਿਸ ਦਾ ਕੋਈ ਗਾ ਨਾ ਸਕੇ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਕਿਸੇ ਦ੍ਰਿੜਾਵਾਂਗਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਪਰਸਾਦ ਕਹੇ ਮੋਏ ਚਾਓ ਘਨੇਰਾ, ਪ੍ਰਭ ਵੱਜੇ ਇਕ ਵਧਾਈਆ । ਨਾਤਾ ਜੁੜੇ ਤੇਰਾ ਮੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਧੰਨ ਭਾਗ ਮੇਰਾ ਬੰਨੇ ਬੇੜਾ, ਲੋਕਮਾਤ ਆਪਣੇ ਕੰਧ ਟਿਕਾਈਆ । ਮੈਂ ਵਸਦਾ ਵੇਖਾਂ ਸੋਹਣਾ ਖੇੜਾ, ਜਿਸ ਗ੍ਰਿਹ ਬਹਿ ਕੇ ਸੋਭਾ ਪਾਈਆ । ਜੁਗ ਚੌਕੜੀ ਰੱਖਾਂ ਜੇਰਾ, ਚਰਨ ਕਵਲ ਓਟ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਾਵੇ ਫੇਰਾ, ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੇ ਦੇਣੀ ਵਡਿਆਈਆ । ਸੁਣ ਪਰਸਾਦ ਮੇਰੇ ਲਾਲ, ਹਰਿ ਲਾਲਨ ਦਏ ਜਣਾਈਆ । ਸਚ ਦਵਾਰ ਸੋਹੇ ਸੱਚੀ ਧਰਮਸਾਲ, ਸ੍ਰੀ ਭਗਵਾਨ ਸੋਭਾ ਪਾਈਆ । ਇਕੋ ਖੇਲ ਕਰਾਂ ਮਹਾਨ, ਮਹਿਮਾ ਕਥ ਅਕੱਥ ਵਡਿਆਈਆ । ਰਵਦਾਸ ਦਾ ਲੈ ਸੁੱਕਾ ਪਕਵਾਨ, ਸਚ ਪਰਸਾਦ ਦਿਆਂ ਬਣਾਈਆ । ਗੁਰਮੁਖ ਵਿਰਲੇ ਗੁਰਸਿਖ ਖਾਣ, ਹਰਿਭਗਤ ਰਸਨਾ ਲੈਣ ਲਗਾਈਆ । ਖਾਦਿਆਂ ਲੇਖਾ ਚੁੱਕੇ ਦੋ ਜਹਾਨ, ਆਵਣ ਜਾਵਣ ਰਹਿਣ ਨਾ ਪਾਈਆ । ਸੋ ਪਰਸਾਦ ਮੋਹੇ ਪਰਵਾਨ, ਜੋ ਮੇਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰਸਾਦ ਕਹੇ ਪ੍ਰਭ ਉਹ ਕਿਹੜਾ ਪਰਸਾਦ, ਜੋ ਜਗਤ ਨਾਲ ਬੰਧਾਈਆ । ਜਿਹਨੂੰ ਖਾ ਖਾ ਕਹਿਣ ਜੀਵ ਜੰਤ ਬੜਾ ਸੁਆਦ, ਸਾਧ ਸੰਤ ਖ਼ੁਸ਼ੀਆਂ ਰਹੇ ਮੰਨਾਈਆ । ਰਸਨਾ ਕਹਿਣ ਅੱਜ ਵੱਡੇ ਹੋਏ ਭਾਗ, ਸੋਹਣਾ ਪੇਟ ਭਰਾਈਆ । ਐਹੋ ਜਿਹਾ ਮਿਲੇ ਰੋਜ਼ ਖਾਜ, ਪ੍ਰਭ ਆਸਾ ਪੂਰ ਕਰਾਈਆ । ਕਿਸ ਬਿਧ ਚਲਾਇਆ ਓਹ ਰਵਾਜ, ਜਗਤ ਜੀਵ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸੁਣ ਪਰਸਾਦ ਜਗਤ ਦਾ ਜਸ, ਜਗਜੀਵਣ ਦਾਤਾ ਆਪ ਜਣਾਈਆ । ਨੌਂ ਦਵਾਰੇ ਨੌਂ ਰਸ ਨੌਂ ਖੰਡ ਗਏ ਲੱਗ, ਮਨ ਵਾਸਨਾ ਧਿਆਨ ਲਗਾਈਆ । ਮਾਇਆ ਮਮਤਾ ਰਸਨ ਪਿਆਰ ਕਰਨ ਹੱਜ, ਹੁਜਰਾ ਹੱਕ ਨਾ ਕੋਇ ਵਖਾਈਆ । ਮਿੱਠਾ ਰਸ ਸ੍ਰਿਸ਼ਟ ਸਬਾਈ ਲਏ ਛਕ, ਸਿਕਵਾ ਅੰਦਰ ਨਾ ਕੋਇ ਮਿਟਾਈਆ । ਗੁਰ ਪਰਸਾਦ ਕਹਿ ਕੇ ਕਰਨ ਆਪਣਾ ਹੱਕ, ਹਕੀਕਤ ਵਿਚੋਂ ਸਾਰ ਕਿਸੇ ਨਾ ਆਈਆ । ਬਿਨ ਭੋਗ ਲਗਾਇਆ ਵਿਚੋਂ ਹਿੱਸਾ ਕੱਢ ਕੇ ਲੈਣ ਰੱਖ, ਆਪਣੀ ਵੰਡ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਸੇ ਨਜ਼ਰ ਨਾ ਆਵੇ ਪਰਤੱਖ, ਜਾਹਰ ਜਹੂਰ ਨੂਰ ਨਾ ਕੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਿਤਾ ਸਮਝਾਈਆ । ਪਰਸਾਦ ਕਹੇ ਓਹ ਵੇਲਾ ਕਿਹੜਾ, ਪ੍ਰਭ ਦੇਵੇਂ ਮਾਣ ਵਡਿਆਈਆ । ਲੋਕਮਾਤ ਚੁੱਕੇ ਝੇੜਾ, ਖਹਿੜਾ ਦਏਂ ਛੁਡਾਈਆ । ਨਜ਼ਰੀ ਆਵੇਂ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਮਿਹਰਵਾਨ ਹੋ ਕੇ ਕਰੇ ਮਿਹਰਾਂ, ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਚੁਕੇ ਝੇੜਾ, ਝੰਜਟ ਰਹਿਣ ਕੋਈ ਨਾ ਪਾਈਆ । ਇਕੋ ਮੰਦਰ ਇਕੋ ਗੁਰੂਦਵਾਰ ਪ੍ਰਭੂ ਤੇਰਾ, ਸ੍ਰੀ ਭਗਵਾਨ ਨਜ਼ਰੀ ਆਈਆ । ਉਸ ਗ੍ਰਿਹ ਲੱਗੇ ਮੇਰਾ ਡੇਰਾ, ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਚ ਦੇਵਾਂ ਸਮਝਾਈਆ । ਸੁਣ ਪਰਸਾਦ ਕਰ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਰਵਦਾਸ ਦਵਾਰੇ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਪਿਛਲਾ ਲੇਖਾ ਜਾਣੇ ਜੀਵ ਜਹਾਨ, ਪਰਮ ਪੁਰਖ ਪਰਦਾ ਲਾਹਿੰਦਾ । ਵੇਦ ਵਿਆਸਾ ਦੇ ਕੇ ਗਿਆ ਬਿਆਨ, ਨਾਰਦ ਮੁਨ ਸਮਝਾਇੰਦਾ । ਕਵਾਰੀ ਕੰਨਿਆ ਜੰਮਿਆਂ ਬਾਲ, ਪੂਤ ਸਪੂਤਾ ਆਪ ਅਖਵਾਇੰਦਾ । ਧੁਰ


੬੧੭ ੧੯

ਦਾ ਬਣ ਵੱਡਾ ਵਿਦਵਾਨ, ਬੋਧ ਅਗਾਧਾ ਲੇਖ ਜਣਾਇੰਦਾ । ਮਛੰਦਰੀ ਵੇਖ ਨੈਣ ਸਰਮਾਣ, ਨੇਤਰ ਨੈਣਾਂ ਨੀਰ ਵਹਾਇੰਦਾ । ਕਿਧਰੋਂ ਆਇਆ ਅਗੰਮੀ ਬਾਲ, ਰੂਪ ਅਨੂਪ ਕਵਣ ਵਖਾਇੰਦਾ । ਵੇਦ ਵਿਆਸ ਕਰ ਪਰਨਾਮ, ਮਾਤਾ ਕਹਿ ਕੇ ਸਚ ਸੁਣਾਇੰਦਾ । ਸਪਤ ਰਿਖੀ ਹੋਇਆ ਮਿਹਰਵਾਨ, ਨੌਕਾ ਨਈਆ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇੰਦਾ । ਵੇਦ ਵਿਆਸ ਫੜ ਕੇ ਲੋਟਾ, ਆਪਣਾ ਕਦਮ ਉਠਾਈਆ । ਬਣਿਆ ਬਾਲ ਨਾ ਵੱਡਾ ਨਾ ਛੋਟਾ, ਉਚਾ ਲੰਮਾ ਸਮਝ ਕਿਸੇ ਨਾ ਪਾਈਆ । ਢਾਈ ਗਜ ਤੇੜ ਬੱਧਾ ਧੋਤਾ, ਦੁਪੱਟਾ ਲਾਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਵਡਿਆਈਆ । ਵੇਦ ਵਿਆਸ ਫੜ ਕਰਮੰਡਲ, ਡੋਰੀ ਹੱਥ ਉਠਾਈਆ । ਵੇਖ ਬ੍ਰਹਿਮਾਂਡ ਧੁਰ ਦਾ ਮੰਡਲ, ਆਪਣੀ ਖ਼ੁਸ਼ੀ ਮਨਾਈਆ । ਮਸਤਕ ਲਗਾਇਆ ਅਗੰਮੀ ਚੰਦਨ, ਤਿਲਕ ਲਲਾਟ ਰੁਸ਼ਨਾਈਆ । ਮਿਲਿਆ ਮੇਲ ਅਗੰਮੀ ਨੰਦਨ, ਅਨੰਦ ਵਿਚ ਸਮਾਈਆ । ਕਰ ਕੇ ਆਪਣੀ ਬੰਦਗੀ ਬੰਦਨ, ਬੰਦੀਖਾਨਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਵੇਦ ਵਿਆਸ ਚਲਿਆ ਅੱਗੇ, ਆਪਣਾ ਕਦਮ ਉਠਾਈਆ । ਅੱਗੋਂ ਆਏ ਸ਼ੇਰ ਬੱਗੇ, ਪੰਜ ਰੂਪ ਵਖਾਈਆ । ਜਨਮ ਦੇ ਦਿਸਣ ਭਾਈ ਸਕੇ, ਭਈਆ ਰੂਪ ਵਟਾਈਆ । ਜਿਨ੍ਹਾਂ ਲੱਗੇ ਮਸਤਕ ਟਿੱਕੇ, ਸੋਹਣਾ ਰੰਗ ਵਖਾਈਆ । ਸਭ ਤੋਂ ਪਹਿਲਾ ਕਿਹਾ ਨਿੱਕੇ, ਕੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਵੇਦ ਵਿਆਸ ਕਹੇ ਮੈਂ ਦੱਸਾਂ ਏਕ, ਇਕੋ ਵਾਰ ਜਣਾਈਆ । ਪਹਿਲੀ ਵਾਰ ਤੁਸਾਂ ਮੈਨੂੰ ਲਿਆ ਵੇਖ, ਦੂਜਾ ਨਜ਼ਰ ਕੋਇ ਨਾ ਆਈਆ । ਇਧਰ ਤੱਕੋ ਓਹ ਮਾਤਾ ਮੇਰੀ ਅਚਨ ਚੇਤ, ਪਿਤਾ ਰੂਪ ਨਾ ਕੋਇ ਵਖਾਈਆ । ਜਿਸ ਦੇ ਜੰਮਿਆ ਪੇਟ, ਜਨਮ ਵਾਲੀ ਸਮਝ ਕੋਇ ਨਾ ਪਾਈਆ । ਆਪਣਾ ਆਪ ਲਿਆ ਲਪੇਟ, ਉਠ ਕੇ ਤੁਰਿਆ ਪਾਂਧੀ ਰਾਹੀਆ । ਪੁਰਖ ਅਕਾਲ ਅਗੰਮੀ ਖੇਲੇ ਖੇਲ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਨਾ ਕੋਈ ਰੂਪ ਰੰਗ ਨਾ ਰੇਖ, ਚੱਕਰ ਚਿਹਨ ਨਾ ਕੋਇ ਜਣਾਈਆ । ਸਪਤ ਰਿਖੀਆਂ ਕੀਤਾ ਹੇਤ, ਸਚ ਸੰਦੇਸਾ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ੇਰ ਕਹਿਣ ਉਹ ਮਾਤਾ ਚੰਗੀ, ਜਿਸ ਮਿਲੇ ਮਾਣ ਵਡਿਆਈਆ । ਸਾਡੀ ਕਿਸਮਤ ਤੈਥੋਂ ਮੰਦੀ, ਜੰਗਲ ਜੂਹ ਬੇਲੇ ਫੇਰਾ ਪਾਈਆ । ਅਸੀਂ ਵੇਖਿਆ ਕਿਨਾਰੇ ਨਦੀ, ਬੇੜਾ ਆਪਣਾ ਰਹੀ ਟਿਕਾਈਆ । ਜੋ ਆਰ ਪਾਰ ਕਰਕੇ ਹੱਦੀ, ਸੋਹਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਸ਼ੇਰਾਂ ਅੰਦਰ ਆਇਆ ਧਿਆਨ, ਅੰਦਰੇ ਅੰਦਰ ਮਿਲੇ ਵਡਿਆਈਆ । ਕਿਰਪਾ ਕਰੇ ਸ੍ਰੀ ਭਗਵਾਨ, ਸੋਹਣੀ ਸਾਡੀ ਬਣਤ ਬਣਾਈਆ । ਇਹੋ ਜਿਹਾ ਬਾਲ ਜੇ ਸਾਡੇ ਘਰ ਜਨਮੇ ਆਣ, ਦੋ ਜਹਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਚਾਈਆ । ਵੇਦ ਵਿਆਸ ਅੰਤਰਗਤ ਗਿਆ ਬੁਝ, ਸਭਨਾ ਸਚ ਸੁਣਾਈਆ । ਕਿਹੜੀ ਕਰਨੀ ਗਏ ਰੁਝ, ਨੀਤੀ ਵਿਚੋਂ ਬਦਲਾਈਆ । ਤੁਸੀਂ ਸ਼ੇਰ ਹੋ ਕੇ ਮਾਰੋ ਭਬਕ ਭੁੱਬ, ਉਚੀ ਕੂਕ ਸੁਣਾਈਆ । ਸਭ ਤੁਹਾਨੂੰ ਜਾਵਣ ਝੁਕ, ਆਪਣਾ ਸੀਸ ਨਿਵਾਈਆ । ਤੁਹਾਡੀ ਸੋਹਣੀ ਲੱਗੇ ਬੱਗੀ ਮੁੱਛ, ਮੁਖੜੇ ਉਤੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਚ ਦੇਵੇ ਵਡਿਆਈਆ । ਪੰਜੇ ਕਹਿਣ ਨੇਤਰ ਰੋ, ਨੈਣਾਂ ਨੀਰ ਵਹਾਈਆ । ਬੌਹੜੀ ਸਾਨੂੰ ਕੀ ਗਿਆ ਹੋ, ਸੋਚ ਸਮਝ ਰਹੀ ਨਾ ਰਾਈਆ । ਕਿਧਰ ਗਿਆ ਸਾਡਾ ਮੋਹ, ਮੁਹੱਬਤ ਕਵਣ ਰਖਾਈਆ । ਕਿਸ ਬਿਧ ਨਾਰੀ ਰੂਪ ਜਾਈਏ ਹੋ, ਜਾਮਾ ਆਪਣਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੱਚ ਦਏ ਸਮਝਾਈਆ । ਸਚ ਸੰਦੇਸਾ ਦੇ ਕੇ ਏਕ, ਵੇਦ ਵਿਆਸ ਜਣਾਇੰਦਾ । ਅੰਤਰ ਆਤਮ ਲਓ ਵੇਖ, ਭੇਵ ਅਭੇਦ ਖੁਲ੍ਹਾਇੰਦਾ । ਸਰਬ ਸਵਾਮੀ ਇਕੋ ਟੇਕ, ਰਘੁਨਾਥ ਇਕ ਵਡਿਆਇੰਦਾ । ਸਾਹਿਬ ਨਾਲ ਕਰੋ ਹੇਤ, ਮਿੱਤਰ ਪਿਆਰਾ ਸੋਭਾ ਪਾਇੰਦਾ । ਜੁਗ ਚੌਕੜੀ ਬਦਲਣਹਾਰਾ ਭੇਸ, ਵੇਸ ਅਨੇਕਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਇੰਦਾ । ਨਿੱਕਾ ਸ਼ੇਰ ਖੋਲ੍ਹ ਕੇ ਅੱਖ, ਵੇਦ ਵਿਆਸ ਵਲ ਤਕਾਈਆ । ਕਿਵੇਂ ਪਰਗਟ ਹੋਇਓਂ ਪਰਤੱਖ, ਸਾਖਿਆਤ ਨਜ਼ਰੀ ਆਈਆ । ਭੇਵ ਆਪਣਾ ਖੋਲ੍ਹ ਦੱਸ, ਮਛੋਦਰੀ ਕਿਹੜੀ ਮਾਈਆ । ਝੀਵਰ ਕੰਨਿਆ ਹੋ ਕੇ ਵਸ, ਮਲਾਹ ਬੇਟੀ ਜਨਮ ਦਵਾਈਆ । ਸਪਤ ਰਿਖੀ ਗਏ ਨੱਠ, ਆਪਣਾ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਦ੍ਰਿੜਾਈਆ । ਵੇਦ ਵਿਆਸ ਕਹੇ ਮੈਂ ਦੱਸਾਂ ਬਾਤ, ਬਾਤਨ ਦਿਆਂ ਜਣਾਈਆ । ਜਿਸ ਦਿਤੀ ਮੇਰੀ ਜਾਤ, ਸੋ ਮੇਰਾ ਜਾਹਰ ਜਹੂਰ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖ ਵਖਾਈਆ । ਦੋ ਜਹਾਨਾਂ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਅਲੱਖ ਅਗੋਚਰ ਅਗੰਮ ਅਥਾਹ ਕਰੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ੇਰ ਕਹਿਣ ਪੰਜ ਉਠਾ ਪੰਜਾ, ਇਕੋ ਵਾਰ ਜਣਾਈਆ । ਵੇਦ ਵਿਆਸ ਤੂੰ ਸਿਰੋਂ ਦਿਸੇਂ ਗੰਜਾ, ਜਟਾ ਜੂਟ ਨਾ ਕੋਇ ਵਡਿਆਈਆ । ਬਚਨ ਇਕੋ ਤੈਥੋਂ ਮੰਗਾ, ਸਚ ਸੱਚ ਦੇ ਸਮਝਾਈਆ । ਕਵਣ ਵੇਲੇ ਮਿਲੇ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਘਰ ਇਕੋ ਵੱਜੇ ਮਰਦੰਗਾ, ਢੋਲਕ ਛੈਣਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਗਾਵੇ ਛੰਦਾ, ਢੋਲਾ ਸਿਫ਼ਤ ਸਾਲਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜੋ ਲੱਖ ਚੁਰਾਸੀ ਨਾਲ ਹੰਢਾ, ਨਾ ਮਰੇ ਨਾ ਜਾਈਆ । ਸਾਡੀ ਓਸ ਨਾਲ ਪਵੇ ਗੰਢਾ, ਨਾਤਾ ਸਕੇ ਨਾ ਕੋਇ ਤੁੜਾਈਆ । ਵੇਦ ਵਿਆਸ ਕਿਹਾ ਸੁਣੋ ਸਚ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਹੋਏ ਬੰਦਾ, ਬੰਦਗੀ ਆਪਣੀ ਦਏ ਜਣਾਈਆ । ਦੋ ਜਹਾਨਾਂ ਨੂਰੀ ਚੰਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਖੁਸ਼ੀਆਂ ਵਿਚ ਸਤਿ ਧਰਮ ਦਾ ਫੜ ਕੇ ਖੰਡਾ, ਇਕੋ ਰੰਗ ਚਮਕਾਈਆ । ਲੱਖ ਚੁਰਾਸੀ ਜੀਵ ਜੰਤ ਵੇਖੇ ਗੰਦਾ, ਕੂੜੀ ਕਿਰਿਆ ਫੋਲ ਫੁਲਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਦੇਵੇ ਉਚਾ ਡੰਡਾ, ਚੌਥੇ ਪਦ ਆਪਣੇ ਘਰ ਬਹਾਈਆ । ਦੀਨ ਦਿਆਲ ਹੋ ਬਖ਼ਸ਼ੰਦਾ, ਮਿਹਰ ਨਜ਼ਰ ਉਠਾਈਆ । ਅੰਦਰ ਵੜ ਕੇ ਪਾਵੇ ਠੰਡਾ, ਅਗਨੀ ਤਪਤ ਬੁਝਾਈਆ । ਆਸਾ ਮਨਸਾ ਪੂਰੀ ਕਰੇ ਮੰਗਾ, ਜੋ ਬੈਠੇ ਧਿਆਨ ਲਗਾਈਆ । ਨਿਕਿਆਂ ਨਾਲੋਂ ਕਹੇ ਵੱਡਾ, ਮੈਂ ਇਕੋ ਵਾਰ ਸੁਣਾਈਆ । ਪੁਰਖ ਅਬਿਨਾਸ਼ੀ ਜੇ ਪਹਿਲੀ ਵਾਰ ਦੇਵੇ ਸੱਦਾ, ਅੱਧਾ ਨਿਉਂ ਕੇ ਸੀਸ ਨਿਵਾਈਆ । ਦੂਜਾ ਕਹੇ ਮੈਂ ਫੜ ਕੇ ਪਾੜਾਂ ਉਹਦਾ ਝੱਗਾ, ਚੋਲੀ ਸੋਹਣੀ ਨਾ ਕੋਇ

ਵਖਾਈਆ । ਤੀਜਾ ਕਹੇ ਮੈਂ ਵੇਖਾਂ ਉਹਦਿਆਂ ਹੱਡਾਂ, ਤਨ ਮਾਟੀ ਨਜ਼ਰੀ ਆਈਆ । ਚੌਥਾ ਕਹੇ ਮੈਂ ਚਰਨਾਂ ਵਿਚ ਢੱਠਾਂ, ਨਿਉਂ ਨਿਉਂ ਸੀਸ ਨਿਵਾਈਆ । ਪੰਜਵਾਂ ਕਹੇ ਮੈਂ ਨਿੱਕਾ ਹੋ ਕੇ ਉਹ ਦੀ ਸੋਹਣੀ ਗੋਦੀ ਵਸਾਂ, ਵਾਸਤਾ ਆਪਣੇ ਨਾਲ ਰਖਾਈਆ । ਦਰਸ਼ਨ ਕਰਾਂ ਆਪਣੀਆਂ ਅੱਖਾਂ, ਲੋਚਣ ਨੈਣਾਂ ਵਾਂਗ ਚਮਕਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਖ਼ੁਸ਼ੀਆਂ ਰੰਗ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਨੱਠਾਂ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵੇਦ ਵਿਆਸਾ ਕਹੇ ਸੁਣੋ ਸ਼ੇਰ, ਸ਼ੇਰ ਸ਼ੇਰਾਂ ਵਾਂਗ ਜਣਾਈਆ । ਪਰਮ ਪੁਰਖ ਪਰਮਾਤਮਾ ਕਲਜੁਗ ਅੰਤਮ ਆਵੇ ਫੇਰ, ਫੇਰਾ ਆਪਣਾ ਇਕ ਵਖਾਈਆ । ਜਿਸ ਨੂੰ ਕਹਿੰਦੇ ਬਬਰ ਕੇਹਰ, ਕੇਹਰਾਂ ਨਾਲੋਂ ਕੇਹਰ ਹੋ ਦਲੇਰ ਵੇਸ ਵਟਾਈਆ । ਲਹਿਣਾ ਦੇਣਾ ਦਏ ਨਬੇੜ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਛੋਟਾ ਕਹੇ ਮੈਂ ਸੁਣੀ ਬਾਤ ਧੁਰ ਪਰਸਾਦ, ਹੌਲੀ ਹੌਲੀ ਜਣਾਈਆ । ਸ੍ਰੀ ਭਗਵਾਨ ਘਰ ਔਣਾ ਰਵਦਾਸ, ਚਮਰੇਟੇ ਦਏ ਵਡਿਆਈਆ । ਓਥੇ ਕੰਮ ਕੋਈ ਖ਼ਾਸ਼, ਜਿਸ ਦੀ ਲਿਖਤ ਨਾ ਕੋਇ ਲਿਖਾਈਆ । ਉਸ ਦੇ ਕੋਲ ਵਸਤ ਅਗੰਮੀ ਹੋਣੀ ਸਾਥ, ਸਚ ਪਰਸਾਦ ਆਪਣਾ ਲੈ ਕੇ ਆਈਆ । ਓਨ੍ਹਾਂ ਦੇਣੀ ਦਾਦ, ਜਿਨ੍ਹਾਂ ਲੇਖਾ ਆਪਣੇ ਲੇਖੇ ਪਾਈਆ । ਵੇਦ ਵਿਆਸ ਕਿਹਾ ਮਾਰ ਆਵਾਜ਼, ਸੁਣੋ ਸਚ ਦਿਆਂ ਸੁਣਾਈਆ । ਪੰਜਾਂ ਪੰਜਾਂ ਦੇਵੇ ਦਾਤ, ਇਕ ਦੋ ਮਿਲੇ ਵਡਿਆਈਆ । ਸੋਹਣੀ ਬਣਾ ਕੇ ਆਪਣੀ ਭਾਤ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਦੇ ਕੇ ਖਾਜ, ਭਰਪੂਰ ਦਏ ਕਰਾਈਆ । ਮਾਰ ਕੇ ਇਕ ਆਵਾਜ਼, ਧੁਰ ਵਿਛੜੇ ਲਏ ਮਿਲਾਈਆ । ਬ੍ਰਾਹਮਣ ਕਹਾਰ ਦੇ ਕੇ ਅਵਾਜ਼, ਘੁਮਿਆਰ ਖ਼ੁਸ਼ੀ ਕਰਾਈਆ । ਡੋਲੀ ਡੰਡੇ ਰੱਸੇ ਦੇਵੇ ਲਾਗ, ਸੋਹਣਾ ਮੁੱਲ ਪਵਾਈਆ । ਲਾੜੀ ਵੇਖ ਨੱਕ ਨੱਥ ਸੁਹਾਗ, ਸਾਚਾ ਕੰਤ ਮਿਲਾਈਆ । ਪੰਜ ਸ਼ੇਰ ਓਸ ਵੇਲੇ ਜਾਣਾ ਜਾਗ, ਨੇਤਰ ਅੱਖ ਖੁਲ੍ਹਾਈਆ । ਜਨਮ ਵਿਚ ਜਨਮ ਨਾ ਹੋਵੇ ਕਰਮ ਵਿਚ ਕਰਮ ਨਾ ਹੋਵੇ ਕਰੇ ਖੇਲ ਤਮਾਸ਼, ਵਡ ਵੱਡਾ ਬੇਪਰਵਾਹੀਆ । ਸ਼ਬਦੀ ਸ਼ਬਦ ਹੋਏ ਮੁਹਤਾਜ, ਸ਼ਬਦੀ ਪੂਰੀ ਕਰੇ ਆਸ, ਖ਼ਾਹਸ਼ ਸ਼ਬਦ ਵਿਚ ਰਖਾਈਆ । ਘਰ ਸੱਦੇ ਦਰ ਰਵਦਾਸ, ਬਣ ਦਾਸ ਖ਼ੁਸ਼ੀ ਮਨਾਈਆ । ਥੋੜੀ ਜਿਹੀ ਖਵਾਵੇ ਤੁਹਾਨੂੰ ਭਾਤ, ਬਿਨ ਤੱਤਾਂ ਮੁਖ ਪਵਾਈਆ । ਨਿਰਗੁਣ ਹੋ ਕੇ ਆਪ, ਨਿਰਗੁਣ ਤੁਹਾਡੇ ਲੇਖੇ ਲਾਈਆ । ਓਸ ਵੇਲੇ ਖ਼ੁਸ਼ੀ ਨਾਲ ਕਹਿਣਾ ਬਾਪ, ਪਿਤਾ ਪੁਰਖ ਤੇਰੀ ਸਰਨਾਈਆ । ਚੌਥਾ ਕਹੇ ਮੈਂ ਮੰਨਾਂ ਇਕੋ ਸਾਕ, ਦੂਜਾ ਨਜ਼ਰ ਕੋਇ ਨਾ ਆਈਆ । ਪੰਜਵਾਂ ਕਹੇ ਮੈਂ ਫੜ ਲੈਣਾਂ ਹਾਥ, ਘੁਟ ਕੇ ਆਪਣੇ ਹੱਥਾਂ ਵਿਚ ਦਬਾਈਆ । ਹੁਣ ਨਹੀਂ ਛੱਡਣਾ ਤੇਰਾ ਸਾਥ, ਝੱਲੀ ਨਾ ਜਾਏ ਜੁਦਾਈਆ । ਸ੍ਰੀ ਭਗਵਾਨ ਸ਼ਬਦੀ ਧਾਰ ਜਾਏ ਆਖ, ਸੋਹਣਾ ਰਾਗ ਅਲਾਈਆ । ਵੇਦ ਵਿਆਸਾ ਵੇਖੇ ਮਾਰ ਝਾਤ, ਆਪਣੀ ਅੱਖ ਖੁਲ੍ਹਾਈਆ । ਪਰਮ ਪੁਰਖ ਪਰਮੇਸ਼ਵਰ ਕਿਸ ਬਿਧ ਰੱਖੇ ਯਾਦ, ਕਿਤਾਬ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ ਕੇ ਬਚਨ ਅਗੰਮੀ ਧੁਰ, ਧੁਨ ਵੱਜਦੀ ਸੋਭਾ ਪਾਈਆ । ਓਧਰੋਂ ਬ੍ਰਾਹਮਣ ਖੋਲ੍ਹ ਮੁਨ, ਆਪਣੇ ਨੈਣ ਉਠਾਈਆ । ਕਿਸ ਨਾਲ ਕਵਣ ਕਰੇ ਗੁਣ, ਗੁਣ ਨੇਤਰ ਨਜ਼ਰ ਨਾ ਕੋਈ ਵਖਾਈਆ । ਜੇ ਕੋਈ ਲੱਭੇ ਮੈਂ ਬਣਾ ਕੇ ਜਜਮਾਨ ਚੋਟੀ ਲਵਾਂ ਮੁੰਨ, ਖ਼ਾਲੀ ਹੱਥ ਫਿਰਾਈਆ । ਜੋ ਮੇਰੇ ਕੋਲ

ਆ ਜਾਏ ਭੁੱਲ, ਗ੍ਰਿਹਿ ਜਾਵੇ ਰੋਂਦਾ ਮਾਰਦਾ ਧਾਹੀਆ । ਮੇਰਾ ਭੰਡਾਰਾ ਜਾਵੇ ਖੁਲ੍ਹ, ਝੋਲੀ ਭਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਬ੍ਰਾਹਮਣ ਵੇਖ ਆਤਮ ਅੰਤਰ, ਰਵਦਾਸ ਰਿਹਾ ਸੁਣਾਈਆ । ਕਿਥੋਂ ਲੱਗੀ ਤੈਨੂੰ ਬਸੰਤਰ, ਤ੍ਰਿਖਾ ਰਹੀ ਤਪਾਈਆ । ਗੁਰਦੇਵ ਸਵਾਮੀ ਜੀਵ ਮੰਤਰ, ਨਮੋ ਸਤਿ ਵਡਿਆਈਆ । ਜਿਸ ਦਾ ਲੇਖਾ ਜੁਗਾ ਜੁਗੰਤਰ, ਜੁਗ ਚੌਕੜੀ ਰਚਨ ਰਚਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਪਰਦਾ ਸਕੇ ਨਾ ਕੋਇ ਲੁਕਾਈਆ । ਖੇਲੇ ਖੇਲ ਗਗਨ ਗਗਨੰਤਰ, ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਬ੍ਰਾਹਮਣ ਕਹੇ ਸੁਣ ਰਵਦਾਸ, ਮੈਂ ਆਪਣੀ ਨੀਤੀ ਦਿਆਂ ਜਣਾਈਆ । ਚਾਰ ਕਹਾਰਾਂ ਕੋਲ ਆਇਆ ਖ਼ਾਸ, ਪੱਲੂ ਸਭ ਦੇ ਖ਼ਾਲੀ ਗਿਆ ਕਰਾਈਆ । ਘੁਮਿਆਰ ਕੋਲ ਜਿਹੜੀ ਦਾਤ, ਜੋੜਾ ਚੁੱਕ ਕੇ ਆਪਣੀ ਗਠੜੀ ਬੰਧਾਈਆ । ਹੋਰ ਜਿਹੜੇ ਸੱਜਣ ਸਾਕ, ਸਾਰੇ ਠੱਗ ਕੇ ਖਾਈਆ । ਗੰਗਾ ਮਾਤਾ ਦੇ ਧਰਵਾਸ, ਤੇਰਾ ਕੰਗਣ ਲੈ ਕੇ ਆਈਆ । ਜੇ ਰਾਜਾ ਨਾ ਹੁੰਦਾ ਬਦਮਾਸ਼, ਫਿਰ ਮੇਰੀ ਵੱਜਦੀ ਰਹਿੰਦੀ ਵਧਾਈਆ । ਵੇਖ ਮੇਰਾ ਖੇਲ ਤਮਾਸ਼, ਮੈਂ ਸਭ ਦਾ ਭਲਾ ਤਕਾਈਆ । ਡੋਲੀ ਵਾਲੀ ਲਾੜੀ ਦੇ ਵੇਖ ਨੱਥ ਬਲਾਕ, ਮੇਰਾ ਮਨ ਗੋਤੇ ਖਾਈਆ । ਕਿਸ ਵੇਲੇ ਮੇਰਾ ਪਵੇ ਹਾਥ, ਜ਼ੋਰ ਆਪਣਾ ਦਿਆਂ ਵਖਾਈਆ । ਇਹ ਕਿਹੜੇ ਪੰਜ ਜਿਹੜੇ ਉਹਲੇ ਕਰਦੇ ਗੱਲ ਬਾਤ, ਅੱਖਾਂ ਵਿਚ ਨਜ਼ਰ ਨਾ ਆਈਆ । ਕਿਥੇ ਬੈਠਾ ਪੁਰਖ ਅਬਿਨਾਸ਼, ਨਿਰਗੁਣ ਆਪਣਾ ਡੇਰਾ ਲਾਈਆ । ਮੈਂ ਉਹਦੀ ਰੱਖਾਂ ਆਸ, ਜੇ ਕੁਛ ਮੇਰੀ ਝੋਲੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਾਹਿਬ ਪੁੱਛੇ ਰਵਦਾਸ ਕੀ, ਕੌਣ ਸੋਭਾ ਪਾਈਆ । ਰਵਦਾਸ ਕਿਹਾ ਜੀ, ਇਹ ਸਾਹਿਬ ਤੇਰੀ ਵਡਿਆਈਆ । ਸਾਹਿਬ ਕਿਹਾ ਵੰਡਾਂ ਵੰਡ ਸਾਢੇ ਤਿੰਨ ਹੱਥ ਸੀਂ, ਸਭ ਦੀ ਦਾਤ ਝੋਲੀ ਪਾਈਆ । ਰਵਦਾਸ ਕਹੇ ਤੇਰੀ ਮਿਹਰ ਅੰਮ੍ਰਿਤ ਮੀਂਹ, ਮੇਘ ਦੇ ਬਰਸਾਈਆ । ਭਗਵਾਨ ਕਿਹਾ ਕੀ ਸ਼ੇਰ ਬਣੇ ਧੀ, ਵੇਦ ਵਿਆਸਾ ਝੱਟ ਦੇਵੇ ਗਵਾਹੀਆ । ਸਾਹਿਬ ਪ੍ਰਭੂ ਇਹ ਠੀਕ, ਪਿਛਲਾ ਲਹਿਣਾ ਦਏ ਜਣਾਈਆ । ਸ਼ੇਰ ਕਹਿਣ ਅਸਾਂ ਮੰਗੀ ਭੀਖ, ਝੋਲੀ ਇਕੋ ਅੱਗੇ ਡਾਹੀਆ । ਤੇਰੇ ਨਾਲ ਮਿਲਣ ਦੀ ਰੱਖੀ ਉਡੀਕ, ਸਚ ਵਕਤ ਦੇ ਸੁਹਾਈਆ । ਰਵਦਾਸ ਕਹੇ ਪ੍ਰਭ ਚਰਨ ਕਰੋ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਚ ਸੱਚ ਦਏ ਦ੍ਰਿੜਾਈਆ । ਪੰਜੇ ਕਹਿਣ ਪ੍ਰਭ ਪ੍ਰੀਤੀ ਗਈ ਲੱਗ, ਸਰਨ ਤੇਰੀ ਸਰਨਾਈਆ । ਸਾਨੂੰ ਮਾਤ ਜਨਮ ਦਵੌਣਾ ਜਗ, ਜਗਦੀਸ਼ਰ ਤੇਰੇ ਹੱਥ ਵਡਿਆਈਆ । ਜਨਮ ਜਨਮ ਦੀ ਬੁਝੇ ਅੱਗ, ਤ੍ਰਿਸਨਾ ਰੋਗ ਮਿਟਾਈਆ । ਤੇਰਾ ਦਰਸ਼ਨ ਕਰ ਕੇ ਅੱਜ, ਘਰ ਸਾਚੇ ਖ਼ੁਸ਼ੀ ਵਖਾਈਆ । ਜਨਮ ਜਨਮ ਦੀ ਪਾਰ ਹੋਵੇ ਹੱਦ, ਕਰਮ ਕਰਮ ਦਾ ਰੋਗ ਗਵਾਈਆ । ਸਾਡੇ ਨਾਲ ਲਡੌਣਾ ਲਡ, ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਰਵਦਾਸ ਕਿਹਾ ਝੁਕਾਓ ਸੀਸ, ਚਰਨ ਕਵਲ ਸਰਨਾਈਆ । ਕਿਰਪਾ ਕਰੇ ਮੇਰਾ ਜਗਦੀਸ਼, ਜਗਦੀਸ਼ਰ ਹੱਥ ਵਡਿਆਈਆ । ਮਾਣ ਦਵਾਏ ਨੀਚਾਂ ਨੀਚ, ਊਚੋ ਊਚ ਰੂਪ ਨਜ਼ਰੀ ਆਈਆ । ਜੋ ਲੰਘ ਕੇ ਆਇਆ ਇਹਦੀ ਦਹਿਲੀਜ਼, ਦਰ ਦਰਵਾਜ਼ਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ । ਸ੍ਰੀ ਭਗਵਾਨ ਕਹੇ ਸਚ ਰਵਦਾਸ, ਪੰਜਾਂ ਦਿਆਂ ਵਡਿਆਈਆ । ਵੇਦ ਵਿਆਸਾ ਲੇਖਾ ਲਿਖੇ ਖਾਸ, ਲਹਿਣਾ ਦੇਣਾ ਆਪਣਾ ਰਿਹਾ ਭੁਗਤਾਈਆ । ਪੰਜਾਂ ਦੀ ਇਕ ਜਮਾਤ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਨਿੱਕਾ ਸ਼ੇਰ ਮਾਰ ਕੇ ਚੀਕ, ਨੇਤਰ ਨੈਣਾਂ ਨੀਰ ਵਹਾਈਆ । ਜੋ ਕਿਹਾ ਪ੍ਰਭੂ ਸੋ ਠੀਕ, ਸਚ ਤੇਰੀ ਵਡਿਆਈਆ । ਤੇਰੇ ਦਰ ਤੋਂ ਮੰਗਾਂ ਭੀਖ, ਭਿਛਿਆ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਗੋਦ ਬਹਾਈਆ । ਪਾਰਬ੍ਰਹਮ ਕਹੇ ਅਬਿਨਾਸ਼, ਦੀਨ ਦਿਆਲ ਦਇਆ ਕਮਾਈਆ । ਕਲਜੁਗ ਅੰਤਮ ਰੱਖਾਂ ਪਾਸ, ਸੋਹਣਾ ਜੋੜ ਜੁੜਾਈਆ । ਦੇਵਾਂ ਵਡਿਆਈ ਧਰਤ ਧਵਲ ਉਪਰ ਆਕਾਸ਼, ਆਕਾਸ਼ ਆਕਾਸ਼ਾਂ ਵਿਚੋਂ ਆਪਣਾ ਨੂਰ ਦਰਸਾਈਆ । ਪੂਰਬ ਜਨਮ ਲਹਿਣਾ ਦੇਣਾ ਕਰਾਂ ਰਾਸ, ਮਿਹਰ ਨਜ਼ਰ ਉਠਾਈਆ । ਓਧਰੋਂ ਰਵਦਾਸ ਅਰਜ਼ ਕੀਤੀ ਖ਼ਾਸ, ਖ਼ਾਹਸ਼ ਆਪਣੀ ਨਾਲ ਮਿਲਾਈਆ । ਛੋਟੀ ਸਪੁਤਰੀ ਆਈ ਭਾਜ, ਰਵਦਾਸ ਰਹੀ ਜਣਾਈਆ । ਪਿਤਾ ਅਜ ਮੈਂ ਦਰਸ਼ਨ ਕੀਤਾ ਜਿਸ ਦੇ ਸੀਸ ਉਤੇ ਅਗੰਮੀ ਤਾਜ, ਪੰਚਮ ਮੁਖ ਸੁਹਾਈਆ । ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਉਸ ਦੇ ਚਰਨ ਕਰਨ ਅਰਦਾਸ, ਸਜਦਾ ਸੀਸ ਰਹੇ ਝੁਕਾਈਆ । ਸ਼ਬਦ ਅਗੰਮੀ ਵਡ ਸੁਰੀਲੀ ਉਹਦੀ ਆਵਾਜ਼, ਤੰਦੀ ਤੰਦ ਸਤਾਰ ਕਿਸੇ ਨਾ ਬਾਹਰ ਕਢਾਈਆ । ਮੈਂ ਆਖਿਆ ਮੈਂ ਪੁਛਾਂ ਆਪਣੇ ਬਾਪ ਕੋਲੋਂ ਰਾਜ਼, ਜੋ ਪਾਣਾ ਗੰਢ ਕੇ ਆਪਣਾ ਯਾਰ ਮਨਾਈਆ । ਜਿਸ ਦੇ ਕੋਲ ਆਰ ਰੰਬੀ ਸੱਚਾ ਸਾਜ, ਕੱਚੇ ਤੰਦ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਰਵਦਾਸ ਕਹੇ ਸੁਣ ਸਪੁਤਰੀ, ਸਚ ਸੱਚ ਸਚ ਦਿਆਂ ਦ੍ਰਿੜਾਈਆ । ਇਹ ਧਾਰ ਧੁਰਦਰਗਾਹੋਂ ਉਤਰੀ, ਜਿਸ ਦੀ ਸਮਝ ਕਿਸੇ ਨਾ ਪਾਈਆ । ਮੇਰੀ ਏਸੇ ਸਾਹਿਬ ਸੁਹਾਈ ਰੁਤੜੀ, ਰੁੱਤ ਆਪਣੇ ਨਾਮ ਮਹਿਕਾਈਆ । ਦਰ ਆਇਆ ਵੇਖ ਕੇ ਕੋਹੜੀ ਚਮੜੀ, ਮੇਰੇ ਪਾਟੇ ਚੀਥੜ ਉਤੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਬੱਚੀ ਕਹੇ ਸੁਣ ਪਿਤਾ ਕਰ ਧਿਆਨ, ਹੋਲੀ ਜਿਹੀ ਜਣਾਈਆ । ਉਹ ਇਕੋ ਵਾਰ ਦੇਵੇ ਇਕ ਗਿਆਨ, ਇਕ ਆਪਣੇ ਨਾਲ ਮਿਲਾਈਆ । ਮੈਂ ਵੇਖਿਆ ਓਥੇ ਲੋੜ ਨਹੀਂ ਪੜ੍ਹਨ ਦੀ ਵੇਦ ਪੁਰਾਨ, ਸ਼ਾਸਤਰ ਸਿਮਰਤ ਗੀਤਾ ਗਿਆਨ ਕੰਮ ਕਿਸੇ ਨਾ ਆਈਆ । ਮੁੱਲਾ ਸ਼ੇਖ਼ ਮਸਾਇਕ ਪੰਡਤ ਪੀਰ ਫ਼ਕੀਰ ਸਰਬ ਸੀਸ ਨਿਵਾਣ, ਉਪਰ ਅੱਖ ਨਾ ਕੋਇ ਉਠਾਈਆ । ਤੂੰ ਹੀ ਤੂੰ ਹੀ ਰਾਗ ਗਾਣ, ਮੈਂ ਮਮਤਾ ਡੇਰਾ ਢਾਹੀਆ । ਮੈਂ ਵੇਖ ਕੇ ਹੋਈ ਹੈਰਾਨ, ਪ੍ਰਭ ਨਿੱਕਾ ਜਿਹਾ ਕਿੱਡੀ ਵੱਡੀ ਰਚਨ ਰਚਾਈਆ । ਜਗ ਨੇਤਰ ਖੋਲ੍ਹ ਕੇ ਵੇਖਿਆ ਨਜ਼ਰ ਨਾ ਆਇਆ ਨਿਸ਼ਾਨ, ਬੈਠਾ ਮੁਖ ਛੁਪਾਈਆ । ਅੰਦਰ ਵੜ ਕੇ ਮੈਂ ਬੋਲ ਬੋਲਿਆਂ ਬਿਨਾਂ ਜ਼ਬਾਨ, ਇਕ ਆਵਾਜ਼ ਸੁਣਾਈਆ । ਕਰ ਕਿਰਪਾ ਮੇਰੇ ਭਗਵਾਨ, ਬੇਪਰਵਾਹ ਤੇਰੀ ਸਰਨਾਈਆ । ਝਟ ਪਟ ਨੂਰੀ ਦੀਪਕ ਜੋਤ ਜਗੀ ਮਹਾਨ, ਇਕੋ ਵਾਰ ਡਗਮਗਾਈਆ । ਜਾਂ ਤੱਕਿਆ ਭਗਤ ਭਗਵਾਨ ਕੱਠੇ ਬਹਿ ਕੇ ਖ਼ੁਸ਼ੀ ਮਨਾਣ, ਸੇਜਾ ਇਕੋ ਇਕ ਸੁਹਾਈਆ । ਬਾਪੂ ਤੇਰੇ ਸੁੱਕੇ ਟੁਕੜਿਆਂ ਦਾ ਵੇਖਿਆ ਪਕਵਾਨ, ਦੋ ਜਹਾਨ ਖਾਧਿਆਂ ਮੁੱਕ ਕਦੇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਗਦੇ ਦਾਨ, ਦੇਵਣਹਾਰਾ ਦਾਤਾ ਇਕੋ ਨਜ਼ਰੀ ਆਈਆ । ਓਨ੍ਹਾਂ

ਮੈਨੂੰ ਕਿਹਾ ਤੇਰੇ ਬਾਪ ਦਾ ਵੱਡਾ ਖਾਨਦਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਰੇ ਸੀਸ ਨਿਵਾਈਆ । ਵੱਡੇ ਵੱਡੇ ਸ਼ੇਰ ਜਿਸ ਦਵਾਰੇ ਬੈਠੇ ਆਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕਿਣਕਾ ਕਿਣਕਾ ਖਾ ਕੇ ਓਨ੍ਹਾਂ ਆਇਆ ਗਿਆਨ, ਵੇਦ ਵਿਆਸਾ ਲੇਖਾ ਯਾਦ ਕਰਾਈਆ । ਕਰ ਬੇਨੰਤੀ ਮੰਗਣ ਦਾਨ, ਸੀਸ ਜਗਦੀਸ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਰਵਦਾਸ ਕਿਹਾ ਪੁਤਰੀ ਤੇਰਾ ਠੀਕ ਕਹਿਣਾ, ਪ੍ਰਭ ਦਿਤੀ ਮਾਣ ਵਡਿਆਈਆ । ਸੋਹੇ ਨੇਤਰ ਜਿਨ੍ਹਾਂ ਦਰਸ਼ਨ ਕੀਤਾ ਨੈਣਾਂ, ਅੱਖ ਪਰਤੱਖ ਖ਼ੁਸ਼ੀ ਮਨਾਈਆ । ਸਤਿਗੁਰ ਪਿਆਰ ਸਦਾ ਜਗ ਰਹਿਣਾ, ਦੂਜਾ ਸੰਗ ਨਾ ਕੋਇ ਨਿਭਾਈਆ । ਸਚ ਸੰਦੇਸ ਤੈਨੂੰ ਕਹਿਣਾ, ਕਹਿ ਕੇ ਦਿਆਂ ਸੁਣਾਈਆ । ਏਨ੍ਹਾਂ ਸੰਗ ਸਦਾ ਬਹਿਣਾ, ਜਿਨ੍ਹਾਂ ਵਿਚ ਮੇਰਾ ਪਤਿਪਰਮੇਸ਼ਵਰ ਰਿਹਾ ਸਮਾਈਆ । ਅੱਗੇ ਲੇਖਾ ਹੋਰ ਦੇਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਵੰਡਾਈਆ । ਬੱਚੀ ਕਹੇ ਕੀ ਪ੍ਰਭ ਖੇਲ, ਸਚ ਦੇ ਸਮਝਾਈਆ । ਕਿਸ ਬਿਧ ਹੋਵੇ ਅਗਲਾ ਮੇਲ, ਧੁਰ ਦਾ ਜੋੜ ਜੁੜਾਈਆ । ਠਾਕਰ ਮਿਲੇ ਸੱਜਣ ਸੁਹੇਲ, ਸੋਹਣਾ ਰੂਪ ਵਟਾਈਆ । ਵਸਣਹਾਰਾ ਸਦ ਨਵੇਲ, ਘਰ ਸੱਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਵਡਿਆਈਆ । ਰਵਦਾਸ ਕਹੇ ਪ੍ਰਭ ਸਾਚਾ ਦਇਆ ਕਮਾਵੇਗਾ । ਨਿਰਗੁਣ ਨਿਰਵੈਰ ਵੇਸ ਵਟਾਵੇਗਾ । ਲੇਖਾ ਪੇਖ ਪੂਰ ਕਰਾਵੇਗਾ । ਬ੍ਰਾਹਮਣ ਗੌੜਾ ਨਾਮ ਪਰਗਟਾਵੇਗਾ । ਸੰਬਲ ਡੇਰਾ ਇਕੋ ਲਾਵੇਗਾ । ਨਿਰਗੁਣ ਜੋਤ ਜੋਤ ਰੁਸ਼ਨਾਵੇਗਾ । ਸ਼ਬਦ ਨਾਦ ਚੋਟ ਸੁਣਾਵੇਗਾ । ਬੋਧ ਅਗਾਧ ਭੇਵ ਖੁਲ੍ਹਾਵੇਗਾ । ਸਾਜਣ ਸਚ ਸੱਚ ਬਣ, ਸਾਚੀ ਸੇਵ ਕਮਾਵੇਗਾ । ਪਰਗਟ ਹੋ ਪੁਰਖ ਸਮਰਥ, ਮਹਿਮਾ ਅਕਥ ਕਥ ਦ੍ਰਿੜ੍ਹਾਵੇਗਾ । ਸੰਤ ਸੁਹੇਲੇ ਲਏ ਰੱਖ, ਗੁਰਮੁਖ ਆਪਣੀ ਗੋਦ ਬਹਾਵੇਗਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਪਰਦਾ ਅਗਲਾ ਪਿਛਲਾ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਪ੍ਰਭ ਕਮਾਵੇਗਾ । ਭੇਵ ਅਭੇਦਾ ਆਪ ਖੁਲ੍ਹਾਵੇਗਾ । ਅਛਲ ਅਛੇਦਾ ਵੇਸ ਵਟਾਵੇਗਾ । ਅਚਰਜ ਖੇਲੇ ਖੇਡਾ, ਸਮਝ ਕੋਈ ਨਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਵੇਗਾ । ਸਾਚਾ ਰੰਗ ਪ੍ਰਭ ਰੰਗਾਏਗਾ । ਜਨ ਭਗਤਾਂ ਦਇਆ ਕਮਾਏਗਾ । ਹੋ ਪ੍ਰਿਤਪਾਲ ਵੇਖ ਵਖਾਏਗਾ । ਦਰ ਦਵਾਰਾ ਇਕ ਸੁਹਾਏਗਾ । ਗੜ੍ਹੀ ਚਮਕੌਰ ਡੇਰਾ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਤਾਣ ਆਪ ਦ੍ਰਿੜ੍ਹਾਏਗਾ । ਮਾਣ ਤਾਣ ਪ੍ਰਭੂ ਦਵੌਣਾ ਏਂ । ਅਚਰਜ ਖੇਲ ਖਿਲਾਉਣਾ ਏਂ । ਸ਼ਬਦ ਸੁਤ ਇਕ ਪਰਗਟੌਣਾ ਏਂ । ਅਬਿਨਾਸ਼ੀ ਅਚੁਤ ਫੇਰਾ ਪੌਣਾ ਏਂ । ਮਾਤਾ ਗੁਜਰੀ ਗੋਦ ਸੁਹੌਣਾ ਏਂ । ਤੇਗ ਬਹਾਦਰ ਮਾਣ ਦਵੌਣਾ ਏਂ । ਨੂਰ ਆਪਣਾ ਵਿਚ ਟਿਕਾਉਣਾ ਏਂ । ਗੋਬਿੰਦ ਧਾਰ ਵਿਚੋਂ ਗੋਬਿੰਦ ਆਪ ਪਰਗਟੌਣਾ ਏਂ । ਸ਼ਬਦ ਖੰਡਾ ਇਕ ਚਮਕਾਉਣਾ ਏਂ । ਬ੍ਰਹਿਮੰਡਾਂ ਖੋਜ ਖੁਜੌਣਾ ਏਂ । ਜੇਰਜ ਅੰਡਾਂ ਵੇਖ ਵਖਾਉਣਾ ਏਂ । ਉਤਭੁਜ ਸੇਤਜ ਡੇਰਾ ਢੌਣਾ ਏਂ । ਜਲ ਥਲ ਮਹੀਅਲ ਆਪ ਸਮੌਣਾ ਏਂ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਉਣਾ ਏਂ । ਗ੍ਰਹਿ ਮੰਦਰ ਮਹਲ ਅਟੱਲ ਆਪ ਸੁਹੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਵੇਸ ਆਪ ਧਰੌਣਾ ਏਂ । ਸੱਚਾ ਵੇਸ ਆਪ ਧਰਾਵੇਗਾ । ਸੁਤ ਦੁਲਾਰਾ ਇਕ ਪਰਗਟਾਵੇਗਾ । ਅਬਿਨਾਸ਼ੀ ਅਚੁਤ

ਖੇਲ ਖਿਲਾਵੇਗਾ । ਬਣਾ ਕੇ ਆਪਣਾ ਧੁਰ ਦਾ ਪੁਤ, ਗੋਬਿੰਦ ਸੀਸ ਜਗਦੀਸ ਛਤਰ ਸੀਸ ਝੁਲਾਵੇਗਾ । ਸਹਿਜ ਸੁਭਾਉ ਗੋਦੀ ਚੁੱਕ, ਅੰਗਣ ਇਕੋ ਇਕ ਸੁਹਾਵੇਗਾ । ਉਜਲ ਕਰ ਕੇ ਮੁੱਖ, ਮੁਖ ਮੁਖੜੇ ਨਾਲ ਵਡਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਗੜ੍ਹੀ ਚਮਕੌਰ, ਹਰਿ ਕਰਤਾ ਕਾਰ ਕਮਾਈਆ । ਵੇਖਣਹਾਰਾ ਕਰਕੇ ਗ਼ੌਰ, ਗਹਿਰ ਗੰਭੀਰ ਵੱਡੀ ਵਡਿਆਈਆ । ਪੰਜਾਂ ਹੱਥ ਵਿਚ ਫੜ ਕੇ ਡੋਰ, ਨਾਤਾ ਸਾਚਾ ਦਏ ਜੁੜਾਈਆ । ਇਕ ਇਕ ਨਾਲ ਜੋੜ, ਜੁਝਾਰ ਅਜੀਤ ਮੇਲ ਮਿਲਾਈਆ । ਆਪਣਾ ਮੰਤਰ ਦੱਸ ਕੇ ਫੋਰ, ਫੁਰਨਾ ਅਗਲਾ ਦਏ ਵਖਾਈਆ । ਪਾਰਬ੍ਰਹਮ ਪੁਰਖ ਅਕਾਲ ਪਤਿਪਰਮੇਸ਼ਵਰ ਤੇਰੀ ਲੋੜ, ਦੂਜਾ ਸੰਗ ਨਾ ਕੋਇ ਨਿਭਾਈਆ । ਸਚ ਪ੍ਰੀਤੀ ਸਚਖੰਡ ਦਵਾਰੇ ਜੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਗ੍ਰਹਿ ਵੇਖੇ ਚੜ੍ਹ ਕੇ ਧੁਰ ਦੇ ਘੋੜ, ਵਾਗਾਂ ਇਕੋ ਵਾਰ ਭਵਾਈਆ । ਦੀਨਾਂ ਬੰਧੂ ਤੇਰੀ ਲੋੜ, ਬੰਧਨ ਮਾਤ ਦੇ ਤੁੜਾਈਆ । ਅਬਿਨਾਸ਼ੀ ਕਰਤੇ ਕਿਹਾ ਅਗਲਾ ਖੇਲ ਹੋਰ, ਸਮਝ ਕਿਸੇ ਨਾ ਪਾਈਆ । ਹੌਲੀ ਹੌਲੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਦਏ ਤੋਰ, ਬੱਚਿਆਂ ਨਾਲ ਸੋਭਾ ਪਾਈਆ । ਅੰਤ ਕਾਲ ਪਤਿਪਰਮੇਸ਼ਵਰ ਨਿਰਗੁਣ ਆਪੇ ਜਾਏ ਬੌਹੜ, ਬੌਹੜੀ ਸੁਣੇ ਮਾਤ ਦੁਹਾਈਆ । ਉਧਰ ਪੰਜਾਂ ਸ਼ੇਰਾਂ ਪਾਇਆ ਸ਼ੋਰ, ਰਵਦਾਸ ਦਵਾਰੇ ਰਹੇ ਕੁਰਲਾਈਆ । ਚਾਰ ਕਹਾਰ ਪੰਜਵੇਂ ਰਹੇ ਲੋੜ, ਵਾਜਾਂ ਮਾਰ ਮਾਰ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸਚ ਵਡਿਆਈ ਦੇਵੇ ਮਾਣ, ਮਨ ਮਮਤਾ ਮੋਹ ਚੁਕਾਇੰਦਾ । ਜਿਸ ਉਪਰ ਕਿਰਪਾ ਕਰੇ ਭਗਵਾਨ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਆਤਮ ਪਰਮਾਤਮ ਦੇ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਸਭ ਦਾ ਲੇਖਾ ਦੇਖੇ ਜਹਾਨ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਪੰਜੇ ਸ਼ੇਰ ਨਿਵਾਵਣ ਸੀਸ, ਨੇਤਰ ਨੈਣ ਨੀਰ ਵਹਾਈਆ । ਕਿਰਪਾ ਕਰ ਪ੍ਰਭੂ ਜਗਦੀਸ਼, ਘਰ ਤੇਰੀ ਓਟ ਤਕਾਈਆ । ਵੇਦ ਵਿਆਸਾ ਲੇਖਾ ਠੀਕ, ਠੀਕਰ ਕੂੜਾ ਦਏ ਭੰਨਾਈਆ । ਤੇਰੀ ਰੱਖੀ ਇਕ ਉਡੀਕ, ਨੇਤਰ ਨੈਣ ਤਰਸਾਈਆ । ਸਾਡੀ ਕਰ ਕਾਇਆ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਅੰਮ੍ਰਿਤ ਪੀਵੇ ਲਾ ਕੇ ਝੀਕ, ਨਿਝਰ ਝਿਰਨਾ ਦੇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇ ਵਡਿਆਈਆ । ਰਵਦਾਸ ਕਹੇ ਪੰਜੇ ਲਾਵੋ ਪੰਜਾ, ਪੰਜ ਪੰਜਾਂ ਲੇਖ ਚੁਕਾਈਆ । ਵੇਦ ਵਿਆਸ ਵੇਖੇ ਸਿਰੋਂ ਗੰਜਾ, ਨਾਰਦ ਇਸ਼ਾਰੇ ਨਾਲ ਉਠਾਈਆ । ਪ੍ਰਭ ਦਾ ਖੇਲ ਲੱਗੇ ਚੰਗਾ, ਸੋਹਣੀ ਬਣਤ ਬਣਾਈਆ । ਮਿਲੇ ਜਨਮ ਮੂੰਹੋ ਮੰਗਾਂ, ਪੰਜ ਤਤ ਸੋਭਾ ਪਾਈਆ । ਕਰੇ ਖੇਲ ਸੂਰਾ ਸਰਬੰਗਾ, ਸ਼ਹਿਨਸ਼ਾਹ ਦਾਤਾ ਇਕ ਅਖਵਾਈਆ । ਵੰਡਣਵਾਲਾ ਧੁਰ ਦੀਆਂ ਵੰਡਾ, ਸੋਹਣੀ ਵੰਡ ਕਰਾਈਆ । ਦੇਵੇ ਵਡਿਆਈਆ ਵਿਚ ਵਰਭੰਡਾਂ, ਮਾਣਸ ਰੂਪ ਵਖਾਈਆ । ਗੁਰਮੁਖ ਲੱਖ ਚੁਰਾਸੀ ਵਿਚ ਕਦੇ ਨਾ ਹੋਵੇ ਗੰਦਾ, ਗੰਦਗੀ ਵਿਚ ਨਾ ਕਦੇ ਸਮਾਈਆ । ਜਦ ਆਵੇ ਪ੍ਰਭ ਦਾ ਬੰਦਾ, ਬੰਦਗੀ ਵਿਚ ਰਖਾਈਆ । ਇਸਤ੍ਰੀ ਪੁਰਸ਼ ਪ੍ਰਭ ਨੂੰ ਇਕੋ ਜਿਹਾ ਚੰਗਾ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇਵੇ ਪਰਮਾਨੰਦਾ, ਨਿਜ ਆਤਮ ਕਰੇ ਰਸਾਈਆ । ਤਿਨ੍ਹਾਂ ਲੇਖਾ ਚੁਕੇ ਹੰ ਬ੍ਰਹਮਾ, ਬ੍ਰਹਮ ਪਾਰਬ੍ਰਹਮ ਇਕੋ ਨਜ਼ਰੀ

੬੨੪ ੧੯

ਆਈਆ । ਪੂਰਬ ਕਰਮ ਵੇਖ ਕਰਮਾਂ, ਨਿਹਕਰਮੀ ਫੋਲ ਫੁਲਾਈਆ । ਨਾਤਾ ਤੋੜੇ ਵਰਨਾਂ ਬਰਨਾਂ, ਜਾਤ ਪਾਤ ਡੇਰਾ ਢਾਹੀਆ । ਪੁਰਖ ਅਕਾਲ ਜਿਸ ਜਨ ਲਾਏ ਆਪਣੇ ਚਰਨਾਂ, ਚਰਨੋਦਕ ਮੁਖ ਚੁਆਈਆ । ਉਸ ਖੁਲ੍ਹੇ ਹਰਨਾਂ ਫਰਨਾਂ, ਨਿਜ ਨੇਤਰ ਨਰ ਹਰਿ ਨਜ਼ਰੀ ਆਈਆ । ਭੌ ਚੁੱਕੇ ਮਰਨਾ ਡਰਨਾ, ਭਿਆਨਕ ਰੰਗ ਨਾ ਕੋਇ ਵਟਾਈਆ । ਸਾਹਿਬ ਸਤਿਗੁਰ ਸਰਨਾ ਇਕੋ ਪੜਨਾ, ਸਾਚੀ ਸਿਖਿਆ ਦਏ ਸਮਝਾਈਆ । ਸਚ ਦੁਆਰੇ ਧੁਰ ਦੇ ਵੜਨਾ, ਸਚਖੰਡ ਸਾਚੇ ਸੋਭਾ ਪਾਈਆ । ਅੰਤਮ ਜੋਤੀ ਜੋਤ ਰਲਨਾ, ਪੰਜ ਤਤ ਨਾਤਾ ਜਗਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਰਵਦਾਸ ਕਹੇ ਸੁਣੋ ਭਾਈ ਸ਼ੇਰ, ਪ੍ਰਭ ਦੀ ਸ਼ਰਅ ਦਿਆਂ ਸਮਝਾਈਆ । ਜਿਸ ਉਪਰ ਕਰੇ ਆਪਣੀ ਮਿਹਰ, ਓਸ ਦੂਜੀ ਲੋੜ ਰਹੇ ਨਾ ਰਾਈਆ । ਸਾਰੇ ਮਿਲ ਕੇ ਏਨੂੰ ਲਵੋ ਘੇਰ, ਪ੍ਰੇਮ ਪ੍ਰੀਤੀ ਘੇਰਾ ਪਾਈਆ । ਆਪਣਾ ਲਹਿਣਾ ਦੇਣਾ ਲਵੋ ਨਿਬੇੜ, ਹੱਕ ਹਕੀਕਤ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਦੇਵੇ ਵਡਿਆਈਆ । ਪੰਜਾਂ ਸ਼ੇਰਾਂ ਸਿਖਿਆ ਸਬਕ, ਰਵੀਦਾਸ ਦਿਤਾ ਸਮਝਾਈਆ । ਨਿਵਾ ਕੇ ਸੀਸ ਮਾਰੀ ਭਬਕ, ਤੁਧ ਬਿਨ ਭਵਜਲ ਪਾਰ ਕਵਣ ਕਰਾਈਆ । ਅਸੀਂ ਸਾਰੇ ਰਹੇ ਤਬਕ, ਭੈ ਭੌ ਰਿਹਾ ਸਤਾਈਆ । ਸਾਡੀ ਕਰਨੀ ਵਿਚ ਰਹੇ ਨਾ ਫਰਕ, ਫੈਸਲਾ ਤੇਰੇ ਅੱਗੇ ਰਖਾਈਆ । ਲੇਖਾ ਲਿਖ ਬਿਨਾਂ ਹਰਫ਼, ਅਲਫ ਯੇ ਨਾ ਕੋਈ ਵਡਿਆਈਆ । ਤੇਰੇ ਘਰ ਇਕੋ ਜਿਹਾ ਮਾਣ ਨਾਰ ਮਰਦ, ਮਰਦ ਮਰਦਾਨੇ ਤੇਰੀ ਬੇਪਰਵਾਹੀਆ । ਪੂਰਬ ਜਨਮ ਦਾ ਸਾਡਾ ਕਰਜ਼, ਮਕਰੂਜ਼ ਹੋ ਕੇ ਦੇਣਾ ਚੁਕਾਈਆ । ਆਪਣਾ ਪੂਰਾ ਕਰਨਾਂ ਫਰਜ਼, ਫੈਸਲਾ ਹੱਕ ਹੱਕ ਸੁਣਾਈਆ । ਸਾਹਿਬ ਸੁਲਤਾਨ ਤੇਰੇ ਅੱਗੇ ਅਰਜ਼, ਅਰਜ਼ੋਈ ਇਕੋ ਵਾਰ ਸੁਣਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਰੀਤੀ ਆਪਣੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਸ੍ਰੀ ਭਗਵਾਨ ਬੋਲਿਆ ਹੱਸ, ਖ਼ੁਸ਼ੀਆਂ ਨਾਲ ਜਣਾਈਆ । ਪੰਜਾਂ ਦੇਵਾਂ ਧੁਰ ਦਾ ਹੱਕ, ਸਭ ਦੀ ਝੋਲੀ ਪਾਈਆ । ਕਲਜੁਗ ਅੰਤਮ ਰੱਖੋ ਆਸ, ਵੇਲਾ ਵਕਤ ਸੁਹਾਈਆ । ਮਾਣਸ ਜਨਮ ਦੇਵੇ ਦਾਤ, ਪੰਜ ਤਿੰਨ ਨਾਤਾ ਜੋੜ ਜੁੜਾਈਆ । ਨਿਰਮਲ ਜੋਤ ਕਰ ਪਰਕਾਸ਼, ਆਤਮ ਬ੍ਰਹਮ ਮੇਲ ਮਿਲਾਈਆ । ਪਰਗਟ ਹੋ ਪੁਰਖ ਅਬਿਨਾਸ਼, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸੋਹਣਾ ਬਣਾਵੇ ਆਪਣਾ ਸਾਥ, ਸਗਲਾ ਸੰਗ ਰਖਾਈਆ । ਲੇਖਾ ਚੁਕਾ ਚੁਮਾਰ ਰਵਦਾਸ, ਚਾਰ ਕਹਾਰਾਂ ਜੋੜ ਜੁੜਾਈਆ । ਪੰਜਵਾਂ ਮਿੱਤਰ ਰੱਖਾਂ ਸਾਥ, ਸੋਹਣੀ ਬਣਤ ਬਣਾਈਆ । ਬ੍ਰਾਹਮਣ ਪੂਜਾ ਵੇਖਾਂ ਰਾਸ, ਚਾਲੀ ਚਾਲੀ ਹੋਏ ਸਹਾਈਆ । ਪੰਜ ਘੁਮਿਆਰਾਂ ਦੇ ਕੇ ਦਾਤ, ਜਨਮ ਜਨਮ ਵਿਚੋਂ ਬਦਲਾਈਆ । ਡੋਲੇ ਵਾਲੀ ਲਾੜੀ ਬਣਾ ਕੇ ਸਾਥ, ਸੋਹਣਾ ਸੰਗ ਵਸਾਈਆ । ਡੋਲੀ ਬਹਾ ਕੇ ਸਾਚੇ ਘਾਟ, ਪੱਤਣ ਇਕੋ ਦਿਆਂ ਜਣਾਈਆ । ਵੰਞਾਂ ਡੰਡਿਆਂ ਮੁੱਕੇ ਵਾਟ, ਗੱਸਿਆਂ ਗੰਢ ਖੁਲ੍ਹਾਈਆ । ਪਰਦਾ ਖੋਲ੍ਹ ਦੇਵਾਂ ਤਾਕ, ਮੁਖ ਨਕਾਬ ਦੇਵਾਂ ਉਠਾਈਆ । ਕੱਠੀ ਕਰਕੇ ਇਕ ਜਮਾਤ, ਰਵਦਾਸ ਸਪੁਤਰੀ ਸੋਭਾ ਪਾਈਆ । ਉਸ ਦੀ ਸੁਣ ਇਕ ਅਵਾਜ਼, ਧੁਰ ਦੀ ਲਵਾਂ ਅੰਗੜਾਈਆ । ਸਭ ਦੀ ਪੂਰੀ ਕਰੇ ਖ਼ਾਹਸ਼, ਖ਼ਾਹਸ਼ ਆਪਣੀ ਨਾਲ ਰਲਾਈਆ । ਅਗਲਾ ਚਲੇ ਖੇਲ ਤਮਾਸ਼, ਅਚਰਜ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਚਾਲੀ ਚਾਲੀ ਵਿਚੋਂ ਕਹਿਣ ਚਾਲੀ ਬੀਸ, ਚਾਰੋਂ

ਕੁੰਟ ਸੁਣਾਈਆ । ਵੇਖੋ ਲੇਖ ਚੁੱਕੇ ਬੀਸ ਬੀਸ, ਬੀਸ ਬੀਸਾ ਫੇਰਾ ਪਾਈਆ । ਜਿਸ ਦਾ ਕਲਮਾ ਇਕ ਹਦੀਸ, ਹਜ਼ਰਤ ਕਰੇ ਪੜ੍ਹਾਈਆ । ਜਿਸ ਦਾ ਮੁਕਾਮੇ ਹੱਕ ਠੀਕ, ਪਰਵਰਦਿਗਾਰ ਡੇਰਾ ਲਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਸ਼ਹਿਨਸ਼ਾਹ ਦਾਤਾ ਨੂਰ ਖ਼ੁਦਾਈਆ । ਜਿਹੜਾ ਸਚਖੰਡ ਦੱਸੇ ਇਕ ਪ੍ਰੀਤ, ਪ੍ਰੀਤੀਵਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬੀਸ ਕਹੇ ਮੇਰਾ ਪਿਛਲਾ ਲਹਿਣਾ, ਪਰੋਹਤ ਪੰਡਤ ਰਿਹਾ ਚੁਕਾਈਆ । ਹਰਿਸੰਗਤ ਵਿਚ ਮਿਲਿਆ ਬਹਿਣਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਬੀਸ ਲੇਖਾ ਅਜੇ ਲੈਣਾਂ, ਸਕੇ ਨਾ ਕੋਇ ਮੁਕਾਈਆ । ਬ੍ਰਾਹਮਣ ਦੱਬਿਆ ਕੱਢੇ ਗਹਿਣਾ, ਧਰਨੀ ਧਰਤ ਧੌਲ ਫੋਲ ਫੁਲਾਈਆ । ਵੇਲਾ ਆਇਆ ਅੰਤ ਮੀਟਣ ਵਾਲਾ ਨੈਣਾਂ, ਨਾਤਾ ਲੋਕਮਾਤ ਤੁੜਾਈਆ । ਪਿੱਛੋਂ ਸਭ ਨੇ ਕਹਿਣਾ, ਬ੍ਰਾਹਮਣ ਕਰਦਾ ਰਿਹਾ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਈਆ । ਅੰਦਰੋਂ ਰਵਦਾਸ ਰਿਹਾ ਤੱਕ, ਨੇਤਰ ਨੈਣ ਤਕਾਈਆ । ਵੇਖੇ ਸਭ ਨੂੰ ਮਿਲਦਾ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਜਿਨ੍ਹਾਂ ਨੂੰ ਅਜੇ ਰਹਿੰਦਾ ਸ਼ੱਕ, ਉਨ੍ਹਾਂ ਦੇ ਸ਼ੱਕ ਦੇਵੇ ਕਢਾਈਆ । ਜਿਸ ਵੇਲੇ ਪੰਜ ਤਤ ਕਾਇਆ ਕੀਤੀ ਫੱਕ, ਬਿਸਤਰੇ ਗੋਲ ਦੇਵੇ ਕਰਾਈਆ । ਬੇਸ਼ਕ ਅੱਗੇ ਸਚਖੰਡ ਲਵੇ ਰੱਖ, ਲੋਕਮਾਤ ਕਰੇ ਜੁਦਾਈਆ । ਪ੍ਰਭ ਕਾ ਖੇਲ ਜਗਤ ਜਹਾਨ ਜੀਵ ਨਾ ਹੱਸ, ਹੱਸੀਆਂ ਵਿਚ ਮਖੌਲ ਨਾ ਕਦੇ ਉਡਾਈਆ । ਜਿਸ ਸਾਹਿਬ ਦੇ ਹੱਥ ਨੱਥ, ਚਾਰੋਂ ਕੁੰਟ ਦਏ ਭਵਾਈਆ । ਫਰਕਣ ਨਾ ਦੇਵੇ ਕਿਸੇ ਅੱਖ, ਫੁਰਨੇ ਵਿਚ ਮੇਟੇ ਸਰਬ ਲੋਕਾਈਆ । ਉਸ ਦਾ ਕਿਆ ਕੋਈ ਦੇਵੇ ਦੱਸ, ਸਮਝਣਵਾਲਾ ਸਮਝ ਨਾ ਕੋਇ ਰਖਾਈਆ । ਕਰ ਕਿਰਪਾ ਜੇ ਮਿਹਰ ਕਰੇ ਪੁਰਖ ਸਮਰਥ, ਡੁੱਬਦੇ ਪਾਥਰ ਲਏ ਤਰਾਈਆ । ਓਧਰੋਂ ਪੰਜਾਂ ਸ਼ੇਰਾਂ ਖੋਲ੍ਹ ਅੱਖ, ਨੇਤਰ ਨੈਣ ਰਹੇ ਉਠਾਈਆ । ਪ੍ਰਭ ਸਾਡਾ ਲਹਿਣਾ ਦੇਣਾ ਦੱਸ, ਬੀਸ ਬੀਸਾ ਨੇੜੇ ਆਈਆ । ਪਹਿਲਾ ਜਨਮ ਦੇਣਾ ਹੱਕ, ਹਕੀਕਤ ਤੇਰੇ ਕੋਲ ਸਕੇ ਨਾ ਕੋਇ ਛੁਪਾਈਆ । ਅਜੀਤ ਜੁਝਾਰ ਆਵਣ ਨੱਠ, ਬਣ ਕੇ ਪਾਂਧੀ ਰਾਹੀਆ । ਤੇਰਾ ਸੋਹਣਾ ਬਣਿਆ ਸਾਥ, ਗੋਬਿੰਦ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ ਤੇਰੀ ਸਰਨਾਈਆ । ਰਵਦਾਸ ਕਹੇ ਉਹ ਨਹੀਂ ਰਵਦਾਸ, ਜਿਹੜਾ ਪਾਣਾ ਗੰਢ ਕੇ ਵਕਤ ਲੰਘਾਈਆ । ਹੁਣ ਕਲਮ ਦਵਾਤ ਮੇਰੇ ਪਾਸ, ਦੋ ਜਹਾਨਾਂ ਲੇਖ ਲਿਖਾਈਆ । ਜਿਹੜੀ ਸੇਵਾ ਕਿਸੇ ਨਹੀਂ ਲੱਭੀ ਖਾਸ, ਗੁਰ ਅਵਤਾਰ ਪੀਰ ਪੈਗੰਬਰ ਥੋੜਾ ਥੋੜਾ ਗਏ ਸਮਝਾਈਆ । ਪਰਮ ਪੁਰਖ ਪਤਿਪਰਮੇਸ਼ਵਰ ਨਿਰਗੁਣ ਹੋ ਕੇ ਕਿਸੇ ਨਾ ਚਲਿਆ ਸਾਥ, ਦਿਵਸ ਰੈਣ ਬਣ ਕੇ ਪਾਂਧੀ ਰਾਹੀਆ । ਜੋ ਆਇਆ ਸੋ ਉਸੇ ਦਾ ਕਰਕੇ ਗਿਆ ਪਾਠ, ਦੋਏ ਜੋੜ ਸੀਸ ਨਿਵਾਈਆ । ਖਾਲੀ ਝੋਲੀ ਮੰਗਦੇ ਗਏ ਦਾਤ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਵਰਗਾ ਕਿਸੇ ਦਾ ਨਾ ਬਣਿਆ ਸਾਕ, ਸੱਜਣ ਬਣ ਕੇ ਆਪਣੀ ਉਂਗਲੀ ਲਾਈਆ । ਇਹ ਆਰ ਪਾਰ ਕਿਨਾਰਾ ਘਾਟ, ਜਿਸ ਦੇ ਨਾਲ ਲੇਖ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਰਵਦਾਸ ਕਹੇ ਕੂਕਦੀ ਸ਼ਾਹੀ, ਸ਼ਹਿਨਸ਼ਾਹ ਸੇਵਾ ਲਾਈਆ । ਜ਼ਬਾਨੀ ਨਹੀਂ ਲਿਖ ਕੇ ਦਿਆਂ ਗੁਆਹੀ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਵਾਰੇ ਚਲਦੇ ਚਲਦੇ ਤਰੇ ਰਾਹੀ, ਡੋਲੀ ਵਾਲੇ ਕਹਾਰ ਪੰਜਵਾਂ ਯਾਰ ਨਾਲ ਰਲਾਈਆ । ਓਸ ਦਰ ਤੇ ਬੇਪਰਵਾਹੀ, ਬੇਅੰਤ ਨੂਰ ਖ਼ੁਦਾਈਆ ।

ਉਹ ਸਾਹਿਬ ਧੁਰਦਰਗਾਹੀ ਪਰਵਰਦਗਾਰ ਨੂਰ ਅਲਾਹੀ ਸਚਖੰਡ ਵਸੇ ਸਾਚੀ ਥਾਈ, ਸਚ ਸਿੰਘਾਸਣ ਡੇਰਾ ਲਾਈਆ । ਕਲਜੁਗ ਅੰਤ ਆ ਕੇ ਪਕੜੇ ਬਾਹੀ, ਨਿਰਗੁਣ ਆਪਣਾ ਫੇਰਾ ਪਾਈਆ । ਸਦਾ ਸੁਹੇਲਾ ਹੋ ਕੇ ਦੇਵੇ ਸਿਰ ਠੰਡੀਆਂ ਛਾਈਂ, ਮਿਹਰ ਨਜ਼ਰ ਇਕ ਉਠਾਈਆ । ਜਿਨ੍ਹਾਂ ਮਿਲਿਆ ਤਿਨਕਾ ਰਾਈ, ਓਹ ਉਚੀ ਕੂਕ ਕੂਕ ਕੂਕ ਗਏ ਸੁਣਾਈਆ । ਸਾਡਾ ਸੰਗ ਕਰੇ ਬਣ ਕੇ ਪਾਂਧੀ ਰਾਹੀ, ਰਹਿਬਰ ਦਾਤਾ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਰਵਦਾਸ ਕਹੇ ਉਹ ਸੁਣੋ ਪਿਛਲੇ ਸੰਗੀ, ਸਗਲਾ ਸੰਗ ਨਿਭਾਈਆ । ਇਹੋ ਦਾਤ ਜੁਗ ਜੁਗ ਜਨ ਭਗਤਾਂ ਮੰਗੀ, ਪ੍ਰਭ ਦੇਵਣਹਾਰ ਦੇ ਦੇ ਖ਼ੁਸ਼ੀ ਮਨਾਈਆ । ਨਾਮ ਭੰਡਾਰਿਉਂ ਕਦੀ ਔਣ ਨਾ ਦੇਵੇ ਤੰਗੀ, ਤੋਹਫਾ ਆਪਣੇ ਘਰੋਂ ਪਹੁੰਚਾਈਆ । ਗੁਰਮੁਖ ਕੰਡ ਹੋਣ ਨਾ ਦੇਵੇ ਨੰਗੀ, ਪੁਸ਼ਤ ਪਨਾਹ ਹੱਥ ਆਪਣਾ ਦਏ ਟਿਕਾਈਆ । ਪ੍ਰਭ ਵਡਿਆਈ ਜਿਸ ਟੁੱਟੀ ਗੰਢੀ, ਵਿਛੜਿਆਂ ਲਏ ਮਿਲਾਈਆ । ਦਰ ਔਣ ਨਾ ਦੇਵੇ ਕੋਈ ਪਖੰਡੀ, ਭੇਖੀਆਂ ਦਏ ਦੁਰਕਾਈਆ । ਸੋਭਾਵੰਤ ਗੁਰਮੁਖ ਨਾਰ ਸੁਹਾਗਣ ਚੰਗੀ, ਚੰਗੀ ਤਰ੍ਹਾਂ ਵਡਿਆਈਆ । ਮਨਮੁਖ ਕੂੜ ਕੁੜਿਆਰੀ ਫਿਰੇ ਦੁਹਾਗਣ ਰੰਡੀ, ਚਾਰੋਂ ਕੁੰਟ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਰਵਦਾਸ ਕਹੇ ਸੁਣ ਭਾਈ ਮੀਤ, ਸਚ ਦਿਆਂ ਸੁਣਾਈਆ । ਉਹ ਕਿਸੇ ਹੱਥ ਨਹੀਂ ਔਂਦਾ ਮੰਦਰ ਮਸੀਤ, ਸ਼ਿਵਦਵਾਲੇ ਦੋਹਰੇ ਮੱਠ ਰਹੇ ਕੁਰਲਾਈਆ । ਪਰਮ ਪੁਰਖ ਦੀ ਅਚਰਜ ਰੀਤ, ਅਗੰਮੀ ਧਾਰ ਜਣਾਈਆ । ਜੋ ਅੰਦਰੋਂ ਹੋਵੇ ਉਸ ਦੇ ਨਜ਼ਦੀਕ, ਦੂਰ ਦੁਰਾਡਾ ਚਲ ਕੇ ਆਵੇ ਮਾਹੀਆ । ਸਚ ਬੰਧਾਏ ਚਰਨ ਪ੍ਰੀਤ, ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਭਾਵੰਤ ਸੋਹਣੀ ਬਣਤ ਬਣਾਈਆ । ਸੋਹਣੀ ਬਣਤ ਬਣਾਏ ਆਪ, ਹੱਥ ਰੱਖੇ ਵਡਿਆਈਆ । ਦੋ ਜਹਾਨਾਂ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਕਰਦੇ ਗਏ ਜਾਪ, ਅੰਦਰ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਰਵਦਾਸ ਕਹੇ ਪ੍ਰਭ ਸ਼ੇਰਾਂ ਆਇਆ ਵਕਤ, ਧੁਰ ਦਾ ਲੇਖਾ ਦੇ ਸਮਝਾਈਆ । ਕੀ ਨਾਤਾ ਬਣਿਆ ਜਗਤ, ਕਵਣ ਪਿਤਾ ਕਵਣ ਮਾਈਆ । ਕਵਣ ਬੂੰਦ ਕਵਣ ਰਕਤ, ਕਵਣ ਲੇਖਾ ਲੇਖੇ ਪਾਈਆ । ਕਵਣ ਧਾਰ ਕਵਣ ਆਏ ਪਰਤ, ਕਵਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਰਵਦਾਸ ਸਪੁਤਰੀ ਕਹੇ ਮੈਨੂੰ ਆਈ ਯਾਦ, ਸਚ ਦਿਆਂ ਸੁਣਾਈਆ । ਓਨ੍ਹਾਂ ਅੰਦਰੇ ਅੰਦਰ ਕਰੀ ਫ਼ਰਿਆਦ, ਵੇਦ ਵਿਆਸ ਭੇਵ ਖੁਲ੍ਹਾਈਆ । ਧੁਰ ਦੀ ਸੁਣ ਇਕ ਆਵਾਜ਼, ਅਗੰਮੀ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਦੱਸ ਸਪੁੱਤਰੀ ਕੀ ਸੁਣਿਆ ਕੰਨ, ਰਸਨਾ ਦੇ ਜਣਾਈਆ । ਬੱਚੀ ਕਹੇ ਮੈਂ ਲਿਆ ਮੰਨ, ਜੋ ਧੁਰ ਦਾ ਖੇਲ ਵਖਾਈਆ । ਸ਼ੇਰਾਂ ਕਿਹਾ ਸਾਨੂੰ ਮਿਲੇ ਨਾਰੀ ਤਨ, ਪੰਜ ਤਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਰਵਦਾਸ ਕਹੇ ਪ੍ਰਭ ਲਿਖਾ ਕੇ ਸੱਚ, ਸਚ ਸੱਚ ਦ੍ਰਿੜਾਈਆ । ਪੰਜ ਤਤ ਕਾਇਆ ਮਾਟੀ ਕੱਚ, ਗਗਰੀਆ ਨਜ਼ਰੀ ਆਈਆ । ਨਿਰਗੁਣ ਅੰਦਰ ਗਿਆ ਰਚ, ਸਰਗੁਣ ਸੋਭਾ ਪਾਈਆ । ਨੇਤਰ ਲੋਚਣ ਲਾਏ

ਅੱਖ, ਆਪਣਾ ਦਰਸ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਰੰਗਾਈਆ। ਪੰਜ ਸ਼ੇਰ ਸ਼ਬਦੀ ਧਾਰ, ਸਾਚੀ ਮੰਗ ਮੰਗਾਈਆ। ਮਾਨਸ ਜਨਮ ਵਿਚ ਸੰਸਾਰ, ਸਚ ਦਏ ਸਮਝਾਈਆ। ਸਮਝ ਨਾ ਪਾਈ ਬਣ ਗਵਾਰ, ਪਰਦਾ ਨਾ ਕੋਇ ਉਠਾਈਆ। ਵੀਹ ਸੌ ਤਿੰਨ ਬਿਕ੍ਰਮੀ ਰੱਖੀ ਯਾਦ, ਸਾਲ ਸਤਾਰਾਂ ਪਹਿਲੇ ਦਏ ਜਣਾਈਆ। ਛੋਟੀ ਬੱਚੀ ਮਾਰ ਅਵਾਜ਼, ਆਪਣੇ ਕੋਲ ਲਿਆਂ ਬਠਾਈਆ। ਸਿਰ ਤੋਂ ਫੜ ਕੇ ਖੋਲ੍ਹਿਆ ਰਾਜ਼, ਨਿੱਕੇ ਨਿੱਕੇ ਵਾਲਾ ਰਿਹਾ ਖਿਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ। ਨਿੱਕਾ ਸ਼ੇਰ ਨਿੱਕੀ ਬੱਚੀ, ਬਚਪਨ ਇਕ ਵਖਾਇੰਦਾ। ਪੂਰਬ ਜਨਮ ਦੀ ਧੁਰ ਦੀ ਸੱਚੀ, ਨਾਤਾ ਆਪ ਬੰਧਾਇੰਦਾ। ਪਹਿਲੋਂ ਖੇਲ ਵਖਾਇਆ ਅੱਖੀਂ, ਦਾਦੀ ਪੋਤੀ ਆਪ ਸਮਝਾਇੰਦਾ। ਜੇਠ ਮਹੀਨਾ ਫੜ ਕੇ ਲਖੀਂ, ਸੋਹਣੀ ਠੰਡ ਵਰਤਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ। ਪਹਿਲੇ ਸ਼ੇਰ ਦਿਉ ਵਧਾਈ, ਵਾਹਵਾ ਸਾਹਿਬ ਹੱਥ ਵਡਿਆਈਆ। ਕੰਨਿਆ ਜਸਬੀਰ ਪ੍ਰੀਤਮ ਸਿੰਘ ਦੀ ਜਾਈ, ਸਿਰ ਆਪਣਾ ਹੱਥ ਟਿਕਾਇੰਦਾ। ਬੀਬੀ ਛਿੰਦੋ ਸੋਹਣਾ ਲੇਖ ਲਿਖਾਈ, ਪਰਦਾ ਉਹਲਾ ਆਪ ਚੁਕਾਇੰਦਾ। ਆਤਮਾ ਸਿੰਘ ਦਿਓ ਵਧਾਈ, ਜਿਸ ਦੀ ਆਤਮਾ ਪਰਮਾਤਮਾ ਆਪਣੇ ਨਾਲ ਰਲਾਇੰਦਾ। ਤੀਜਾ ਲੇਖਾ ਦਏ ਸਮਝਾਈ, ਤ੍ਰਿਪਤ ਤ੍ਰਿਸ਼ਨਾ ਲੋਕਮਾਤ ਗੁਆਇੰਦਾ। ਸ਼ਾਨ ਬੇਟਾ ਕਹਿ ਸੁਣਾਈ, ਰਾਮ ਸਿੰਘ ਜਗਤ ਪਿਤਾ ਅਖਵਾਇੰਦਾ। ਚੌਥੇ ਸ਼ੇਰ ਮਹਿੰਮਾ ਚੁਕੇ, ਚੁਕਾਵਣਹਾਰ ਦਇਆ ਕਮਾਈਆ। ਪਿਛਲੇ ਲੇਖੇ ਪੂਰਬ ਮੁੱਕੇ, ਮੁਫ਼ਤ ਦਇਆ ਕਮਾਈਆ। ਅਗਲੇ ਪਿਛਲੇ ਬੰਧਨ ਟੁੱਟੇ, ਕੂੜੀ ਕਿਰਿਆ ਡੇਰਾ ਢਾਹੀਆ। ਉਜਲ ਕਰੇ ਮਾਤ ਮੁਖੇ, ਸੋਹਣੀ ਦਏ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ। ਮਿਹਰ ਨਜ਼ਰ ਕਰੇ ਅਤੀਤ, ਹਰਿ ਕਰਤਾ ਵਡ ਵਡਿਆਈਆ। ਕਾਇਆ ਕਰੇ ਠੰਡੀ ਸੀਤ, ਮੁਖ ਅੰਮ੍ਰਿਤ ਧਾਰ ਚੁਆਈਆ। ਦਇਆਵਾਨ ਸਦਾ ਜਗਦੀਸ਼, ਜਾਗਰਤ ਜੋਤ ਕਰੇ ਰੁਸ਼ਨਾਈਆ। ਦੇਵੇ ਮਾਣ ਮਨ ਮਨਜੀਤ, ਪਿਤਾ ਅਰਜਨ ਸਿੰਘ ਅਖਵਾਈਆ। ਸਦਾ ਸਦਾ ਪ੍ਰਭ ਦੀ ਅਚਰਜ ਰੀਤ, ਕੋਈ ਸਮਝ ਨਾ ਸਕੇ ਰਾਈਆ। ਪੰਜਵਾਂ ਕਹੇ ਮੇਰਾ ਲੇਖ ਦੱਸ ਠੀਕ, ਮਿਹਰਵਾਨ ਮੇਰੇ ਗੁਸਾਈਆਂ। ਅੱਗੇ ਵੇਲਾ ਦਿਸੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ। ਹਉਂ ਕੀਟਾਂ ਦੇ ਕੀਟ, ਸ਼ਾਹ ਪਾਤਸ਼ਾਹ ਤੇਰੇ ਹੱਥ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੱਚ ਆਪਣਾ ਰੰਗ ਰੰਗਾਈਆ। ਪੰਜਵਾਂ ਕਹੇ ਰਵਦਾਸ ਕੁਛ ਦੱਸ, ਦਹਿ ਦਿਸ਼ਾ ਵੇਖ ਵਖਾਈਆ। ਮੇਰੀ ਅਜੇ ਨਾ ਖੁਲ੍ਹੀ ਅੱਖ, ਨੇਤਰ ਨੈਣ ਨੂਰ ਨਾ ਕੋਈ ਚਮਕਾਈਆ। ਪਿਛਲਾ ਪੂਰਾ ਕਰੇ ਹੱਕ, ਪ੍ਰਭ ਮੇਰਾ ਬੇਪਰਵਾਹੀਆ। ਜੇ ਮੇਰੇ ਖਾਲੀ ਹੱਥ, ਆਪਣੇ ਕੋਲੋਂ ਦੇਵੇ ਵਰਤਾਈਆ। ਕਿਉਂ ਪਿਛੇ ਰਿਹਾ ਛੱਡ, ਖਹਿੜਾ ਮਾਤ ਚੁਕਾਈਆ। ਮੇਰਾ ਨੇਤਰ ਰੋਵੇ ਅੱਖ, ਅੱਖੀਆਂ ਦੇਣ ਦੁਹਾਈਆ। ਕਵਣ ਵੇਲੇ ਪ੍ਰਭ ਮਿਲੇ ਹੱਸ ਹੱਸ, ਸੋਹਣਾ ਰੂਪ ਵਟਾਈਆ। ਚਰਨ ਕਵਲ ਜਾਵਾਂ ਢੱਠ, ਆਪਣਾ ਮਾਣ ਨਾ ਕੋਈ ਰਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਦੇਵਣਹਾਰ ਸੱਚੀ ਵਡਿਆਈਆ। ਰਵਦਾਸ ਕਹੇ ਸੁਣ ਮੇਰੀ ਰਮਜ਼, ਇਸ਼ਾਰੇ ਨਾਲ ਜਣਾਈਆ। ਪ੍ਰਭ ਦਾ ਖੇਲ ਪ੍ਰਭ ਹੀ ਜਾਏ ਸਮਝ, ਦੂਜੇ ਸਾਰ ਕਿਸੇ ਨਾ ਪਾਈਆ। ਜਗਤ ਜਹਾਨ ਕੋਈ

੬੨੯
੧੯

ਨਾ ਜਾਣੇ ਮਰਜ਼, ਤਬੀਬ ਰੂਪ ਨਾ ਕੋਇ ਵਟਾਈਆ । ਪਤਾ ਨਹੀਂ ਜੁਗ ਚੌਕੜੀ ਪਿਛੋਂ ਕਿਥੋਂ ਕੱਢੇ ਫਰਦ, ਫੋਲ ਵਖਾਵੇ ਥਾਉਂ ਥਾਈਆ । ਹੁਣ ਮੰਨ ਕੇ ਮੇਰੀ ਅਰਜ਼, ਆਰਜ਼ੂ ਆਪਣੀ ਝੋਲੀ ਪਾਈਆ । ਪਿਛਲਾ ਦੇਵੇ ਕਰਜ਼, ਲਹਿਣਾ ਮਾਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਲੇਖਾ ਦਏ ਜਣਾਈਆ । ਪੰਚਮ ਸੁਣ ਪ੍ਰਭ ਸੁਣਾਏ ਆਪ, ਸੋਹਣੀ ਬਣਤ ਬਣਾਈਆ । ਤੇਰਾ ਦਿਸੇ ਧੁਰ ਦਾ ਸਾਕ, ਸਚ ਸੱਚ ਸਮਝਾਈਆ । ਵੇਦ ਵਿਆਸ ਜੋ ਗਿਆ ਆਖ, ਆਖਰ ਪੂਰ ਕਰਾਈਆ । ਰਵਦਾਸ ਚੁਮਾਰਾ ਲਿਖੇ ਖਾਸ, ਗੁਰਮੁਖ ਆਪਣੀ ਕਲਮ ਉਠਾਈਆ । ਸਭ ਤੋਂ ਵੱਡਾ ਸਾਥ, ਸਭਨਾ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ ਕੇ ਬਚਨ ਜਾਵੇ ਮੰਨਣ, ਨੇਤਰ ਚਰਨਾਂ ਵਲ ਲਗਾਈਆ । ਕਰੇ ਖੇਲ ਸ੍ਰੀ ਭਗਵਾਨਨ, ਪਾਰਬ੍ਰਹਮ ਵਡਿਆਈਆ । ਧੁਰ ਸੰਦੇਸਾ ਸੁਣਾਏ ਕੰਨਣ, ਅਗੰਮੀ ਰਾਗ ਅਲਾਈਆ । ਪੰਜਵਾਂ ਸ਼ੇਰ ਕੌਰ ਚੰਨਣ, ਗੁਰਮੁਖ ਨਾਰੀ ਉਰਫ ਰਵਦਾਸ ਕਹਿ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਪੰਜਾਂ ਦਸਾਂ ਮਿਲਦਾ ਮਾਣ, ਬ੍ਰਾਹਮਣ ਵੇਖ ਵੇਖ ਨੈਣ ਉਠਾਈਆ । ਪ੍ਰਭ ਕਿਹਾ ਜਿਹਾ ਜਜਮਾਨ, ਕੋੜ੍ਹਿਆਂ ਕਮਲਿਆਂ ਰਿਹਾ ਤਰਾਈਆ । ਮੇਰੀ ਝੋਲੀ ਅਜੇ ਨਾ ਪਾਇਆ ਕੁਛ ਦਾਨ, ਖਾਲੀ ਗੁਛੀ ਰਿਹਾ ਦਖਾਈਆ । ਮੈਨੂੰ ਚੰਗਾ ਨਾ ਲੱਗੇ ਕਰਨਾਂ ਅਸ਼ਨਾਨ, ਪੀਣ ਖਾਣ ਨਾ ਸੋਭਾ ਪਾਈਆ । ਕਿਸੇ ਘਰ ਪਕਦਾ ਨਾ ਦਿਸੇ ਪਕਵਾਨ, ਖੀਰ ਕੜਾਹ ਨਾ ਕੋਇ ਚੜ੍ਹਾਈਆ । ਪੋਚਾ ਚੌਂਕਾ ਕੋਈ ਨਾ ਕਰੇ ਆਣ, ਪੋਹਤ ਜੀ ਬੈਠੇ ਆਸਣ ਲਾਈਆ । ਮੈਂ ਫਿਰ ਕਹਾਂ ਮੇਰੇ ਵਸ ਭਗਵਾਨ, ਬਿਨ ਮੇਰੇ ਹੱਥ ਕਿਸੇ ਨਾ ਆਈਆ । ਜੇ ਚੰਗਾ ਖਵਾਓ ਪਕਵਾਨ, ਮੈਂ ਪੱਕੀ ਤਰ੍ਹਾਂ ਸਮਝਾਈਆ । ਓਧਰੋਂ ਨੇੜੇ ਆਇਆ ਰਵਦਾਸ, ਸੁਣ ਕੇ ਹੱਸੀ ਰਿਹਾ ਉਡਾਈਆ । ਬ੍ਰਾਹਮਣ ਕਿਹੜੇ ਤੇਰੇ ਸਾਥ, ਕਿਥੇ ਡੇਰਾ ਲਾਈਆ । ਬ੍ਰਾਹਮਣ ਗਈ ਭਾਖ, ਝੱਟ ਆਪਣਾ ਆਪ ਬਦਲਾਈਆ । ਇਹੋ ਜਿਹੀ ਮੈਨੂੰ ਬੜੀ ਜਾਚ, ਹੇਰਾ ਫੇਰੀ ਤੇਰਾ ਸੰਗ ਰਖਾਈਆ । ਜਿਸ ਨੂੰ ਕਹਿੰਦੇ ਕਮਲਾਪਾਤ, ਕਵਲ ਨੈਣ ਨੂਰ ਖ਼ੁਦਾਈਆ । ਉਹ ਪੰਜਾਂ ਦੱਸਾਂ ਦੇਵੇ ਦਾਤ, ਸੋਹਣੀ ਵੰਡ ਵੰਡਾਈਆ । ਪਰਗਟ ਹੋਵੇ ਸਾਖਿਆਤ, ਸੋਹਣੀ ਤਰ੍ਹਾਂ ਸਮਝਾਈਆ । ਪਹਿਲੀ ਚੇਤਰ ਰੱਖਣੀ ਯਾਦ, ਧੁਰ ਦਾ ਹੁਕਮ ਸੁਣਾਈਆ । ਖੇਲ ਕਰੇ ਪੁਰਖ ਅਬਿਨਾਸ਼, ਬੇਪਰਵਾਹ ਧਾਰ ਚਲਾਈਆ । ਚਿਟੇ ਅਸਵ ਲੈ ਕੇ ਰਾਕ, ਸੋਹਣਾ ਆਸਣ ਲਾਈਆ । ਧੂੜੀ ਮਸਤਕ ਲਾਵੇ ਖ਼ਾਕ, ਇਕੋ ਟਿੱਕਾ ਨਾਮ ਵਖਾਈਆ । ਬ੍ਰਾਹਮਣ ਆਪਣੀ ਹੱਥੀਂ ਖਵਾਏ ਭਾਤ, ਸੋਹਣਾ ਭੋਜਨ ਦਏ ਬਣਾਈਆ । ਨਾਲੇ ਉਚੀ ਕੂਕ ਮਾਰੀ ਆਵਾਜ਼, ਸੁਣ ਫਰਿਆਦ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਦਏ ਮੁਕਾਈਆ । ਬ੍ਰਾਹਮਣ ਲਾ ਕੇ ਕੰਨ ਲਿਆ ਸੁਣ, ਅੰਦਰੇ ਅੰਦਰ ਧਿਆਨ ਲਗਾਈਆ । ਮੇਰੇ ਗੁਣ ਜਾਣੇ ਕਵਣ, ਕੀ ਮੇਰੀ ਵਡਿਆਈਆ । ਮੈਂ ਝੱਟ ਪਟ ਸਾਰਿਆਂ ਲਵਾਂ ਛਾਣ ਪੁਣ, ਗੰਢਾਂ ਕਵਣ ਆਪਣੇ ਪੱਲੇ ਬੰਨ ਵਖਾਈਆ । ਜੇ ਮੌਕਾ ਮਿਲੇ ਫੁਨ, ਸਾਰਿਆਂ ਹੱਥ ਖਾਲੀ ਦਿਆਂ ਵਖਾਈਆ । ਉਧਰੋ ਰਵਦਾਸ ਕਹੇ ਸ੍ਰੀ ਭਗਵਾਨ ਡਾਹਡਾ ਤੇਰੀ ਚੋਟੀ ਦੇਵੇ ਮੁੰਨ, ਬੋਦੀ ਹਿਲਣੋ ਦਏ ਹਟਾਈਆ । ਬਣ ਕੇ ਜੱਟ ਮਾਰੇ ਘਸੁਨ, ਸੁਰਤੀ ਅਗਲੀ ਪਿਛਲੀ ਦਏ ਭੁਲਾਈਆ । ਤੇਰੀਆਂ ਰੋਵਣ

ਅੱਖੀਆਂ ਫਰਕਣ ਬੁਲ੍ਹ, ਹੌਕੇ ਸਿਸਕੀਆਂ ਨਾਲ ਰਲਾਈਆ । ਕੂੜੀ ਕਿਰਿਆ ਤੇਰੀ ਝੋਲੀ ਵਿਚੋਂ ਜਾਵੇ ਡੁਲ, ਬੌਹੜ ਫੇਰ ਨਾ ਕੋਈ ਟਿਕਾਈਆ । ਤੈਨੂੰ ਹਰਿਸੰਗਤ ਵਿਚ ਆਵਣ ਜਾਵਣ ਦੀ ਦੇਵੇ ਖੁਲ੍ਹ, ਖੁਲ੍ਹੀ ਤਰ੍ਹਾਂ ਸਮਝਾਈਆ । ਪਰੋਹਤ ਦਸ ਲੈ ਕੇ ਔਣੇ ਫੁੱਲ, ਫੁੱਲਾਂ ਵਿਚੋਂ ਤੇਰੇ ਅੰਦਰ ਵਾਸਨਾਂ ਦਏ ਰਖਾਈਆ । ਫੇਰ ਨਹਾਂ ਧੋ ਕੇ ਲੰਗਰ ਵਿਚ ਬਨੌਣਾ ਚੁਲ, ਸਿੰਘ ਗਿਰਧਾਰਾ ਨਾਲ ਰਲਾਈਆ । ਦਾਲ ਵਾਂਗੂ ਪਾਣੀ ਅੰਦਰ ਜਾਣਾ ਘੁਲ, ਰੇੜਕਾ ਰੋੜ ਵਿਚ ਨਾ ਕੋਇ ਰਖਾਈਆ । ਤਿਨ ਪ੍ਰੇਮ ਪਿਆਰ ਨਾਲ ਗੁਰਮੁਖ ਲੈਣ ਗੁੰਨ, ਆਟਾ ਪਾਣੀ ਇਕੋ ਵਾਰ ਦੇਣ ਮਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸੁਣ ਪੰਡਤ ਖੋਲ੍ਹ ਅੱਖ, ਹਰਿ ਆਖਰ ਆਪ ਜਣਾਇੰਦਾ । ਪਿਛਲਾ ਲੇਖਾ ਰਹਿ ਗਿਆ ਵੱਖ, ਅੱਗੇ ਆਪਣੀ ਧਾਰ ਸਮਝਾਇੰਦਾ । ਹਿਰਦੇ ਅੰਦਰ ਹਰਿ ਜੀ ਵਸ, ਹਰਿਮੰਦਰ ਸੋਭਾ ਪਾਇੰਦਾ । ਨੇਤਰ ਖੋਲ੍ਹ ਨਿਜ ਅੱਖ, ਆਖਰ ਆਪਣਾ ਮੇਲ ਮਲਾਇੰਦਾ । ਓਧਰੋ ਰਵਦਾਸ ਚੁਮਾਰਾ ਕਰੇ ਝੱਟ, ਸੋਹਣੀ ਸੇਵ ਕਮਾਇੰਦਾ । ਜਿਹੜਾ ਚੋਲਾ ਗਿਆ ਫਟ, ਸਚ ਸਿੰਘਾਸਣ ਉਪਰ ਵਿਛਾਇੰਦਾ । ਉਪਰ ਬੈਠ ਪੁਰਖ ਸਮਰਥ, ਪੰਜਾਂ ਪੰਜਾਂ ਜੋੜ ਜੁੜਾਇੰਦਾ । ਲੇਖਾ ਦੇਵੇ ਹੱਥੋ ਹੱਥ, ਪੂਰਬ ਲਹਿਣਾ ਝੋਲੀ ਪਾਇੰਦਾ । ਰੱਖਣਹਾਰਾ ਧੁਰ ਦੀ ਪਤ, ਪਤਿਪਰਮੇਸ਼ਵਰ ਵੇਸ ਵਟਾਇੰਦਾ । ਚਿੱਟੇ ਬਸਤਰ ਪਹਿਨਣ ਦਾ ਸਭ ਨੂੰ ਹੱਕ, ਦਸਾਂ ਇਕੋ ਰੰਗ ਰੰਗਾਇੰਦਾ । ਅਗਲਾ ਲੇਖਾ ਫੇਰ ਦੇਵੇ ਦੱਸ, ਨਿੱਕੀਆਂ ਬੱਚੀਆਂ ਹੋਰ ਨਾਲ ਮਿਲਾਇੰਦਾ । ਮਿਲੌਂਦਾ ਮਿਲੌਂਦਾ ਆਪਣਾ ਕਰਕੇ ਝੱਟ, ਝਟਕਾ ਸ਼ਬਦੀ ਜੋਤ ਤੁਣਕਾ ਇਕ ਲਗਾਇੰਦਾ । ਬਜਰ ਕਪਾਟੀ ਜਾਏ ਫਟ, ਧੁਰਦਰਗਾਹੀ ਆਪ ਖੁਲ੍ਹਾਇੰਦਾ । ਅੰਦਰ ਵੜ ਕੇ ਪੁਰਖ ਸਮਰਥ, ਸੋਹਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਸਭ ਦੀ ਝੋਲੀ ਪਾਇੰਦਾ ।

### ★ ੧੧ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਦੇ ਵਿਚ ★

ਪੰਚ ਪਰਮੇਸ਼ਵਰ ਜਾਣਾ ਮੰਨ, ਪਰਪੰਚ ਰਹਿਣ ਨਾ ਪਾਈਆ । ਆਤਮ ਪਰਮਾਤਮ ਭਾਗ ਲੱਗੇ ਤਨ, ਕਾਇਆ ਮੰਦਰ ਵੱਜੇ ਵਧਾਈਆ । ਪਾਰਬ੍ਰਹਮ ਬ੍ਰਹਮ ਬੇੜਾ ਦੇਵੇ ਬੰਨ੍ਹ, ਸਾਹਿਬ ਸਮਰਥ ਆਪਣੇ ਕੰਧ ਉਠਾਈਆ । ਲੇਖੇ ਲਾਏ ਭਗਤ ਭਗਵਾਨ ਜਨ, ਸਿਰ ਆਪਣਾ ਹੱਥ ਟਿਕਾਈਆ । ਕਰ ਵਸੇਰਾ ਧੁਰ ਦੀ ਛੱਪਰੀ ਛੰਨ, ਮਹਲ ਅਟੱਲ ਦਏ ਵਡਿਆਈਆ । ਧੁਰ ਦਾ ਰਾਗ ਸੁਣਾਏ ਅਗੰਮ, ਸ਼ਬਦ ਅਨਾਦ ਸੱਚੀ ਸ਼ਨਵਾਈਆ । ਕਿਰਪਾਨਿਧਾਨ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਲੇਖ ਲਿਖਾਈਆ । ਪੰਚਮ ਲੇਖ ਦਰਗਾਹ ਸਚ, ਸਾਹਿਬ ਸੱਜਣ ਸਮਝਾਇੰਦਾ । ਤਨ ਮਾਟੀ ਵਿਚੋਂ ਪੰਜ ਤਤ, ਤਤਵ ਤਤ ਆਪਣਾ ਭੇਵ ਖੁਲਾਇੰਦਾ । ਵਸਤ ਅਮੋਲਕ ਬੁਧ ਮਨ ਮਤ, ਨਿਰਵੈਰ ਆਪਣੀ ਵੰਡ ਵੰਡਾਇੰਦਾ । ਧੀਰਜ ਸੰਤੋਖ ਦੇ ਸਤਿ, ਸਤਿ ਸਤਿਵਾਦੀ ਦਇਆ ਕਮਾਇੰਦਾ । ਧੁਰ ਲੇਖ

ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਦ੍ਰਿੜਾਇੰਦਾ । ਲੋਚਣ ਨੈਣ ਖੋਲ੍ਹੇ ਅੱਖ, ਆਖਰ ਆਪਣਾ ਪਰਦਾ ਲਾਇੰਦਾ । ਪਰਗਟ ਹੋ ਪੁਰਖ ਸਮਰਥ, ਸਚ ਕਰਨੀ ਕਾਰ ਕਮਾਇੰਦਾ । ਭਗਤ ਸੁਹੇਲੇ ਗਾਏ ਜਸ, ਸਿਫ਼ਤ ਸਾਲਾਹੀ ਰਾਗ ਅਲਾਇੰਦਾ । ਪੰਚ ਮਾਰਗ ਇਕੋ ਦੱਸ, ਦਹਿ ਦਿਸ਼ਾ ਭੇਵ ਚੁਕਾਇੰਦਾ । ਅੰਤਮ ਅੰਤਰ ਹਰਿ ਜੀ ਵਸ, ਵਸਲ ਆਪਣਾ ਸਚ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਇਕਾ ਘਰ ਵਖਾਇੰਦਾ । ਪੰਚਮ ਘਰ ਸਚ ਗਿਆਨ, ਸਾਹਿਬ ਸੁਲਤਾਨ ਦਏ ਸਮਝਾਈਆ । ਪੁਰਖ ਅਕਾਲ ਚਰਨ ਧਿਆਨ, ਮਹਲ ਅਟੱਲ ਹੋਏ ਰੁਸ਼ਨਾਈਆ । ਅੱਠੇ ਪਹਿਰ ਇਕ ਧਿਆਨ, ਅੰਤਰ ਆਤਮ ਪਰਮਾਤਮ ਲਿਵ ਲਾਈਆ । ਅੰਮ੍ਰਿਤ ਰਸ ਪੀਣ ਖਾਣ, ਨਿਝਰ ਝਿਰਨਾ ਨਾਮ ਝਿਰਾਈਆ । ਗੁਰਮੁਖ ਗੁਰ ਗੁਰ ਕਰ ਪਰਵਾਨ, ਗੁਰਸਿਖ ਵੇਖ ਵਖਾਈਆ । ਸੰਤ ਸੁਹੇਲੇ ਦੇਵੇ ਦਾਨ, ਭਗਤ ਭਗਵਾਨ ਅੰਕ ਲਗਾਈਆ । ਸਚ ਸੰਦੇਸਾ ਦੇਵੇ ਆਣ, ਦੋ ਜਹਾਨ ਵਾਲੀ ਫੇਰਾ ਪਾਈਆ । ਪੂਰਬ ਲਹਿਣਾ ਦੇਖੇ ਨੌਜਵਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮਿਹਰਵਾਨ ਹਰਿ ਪੰਚਮ ਮੀਤਾ, ਮਿਹਰ ਨਜ਼ਰ ਉਠਾਇੰਦਾ । ਜੁਗ ਜਨਮ ਦੀ ਜਾਣੇ ਰੀਤਾ, ਕਰਮ ਕਰਮ ਦਾ ਪਰਦਾ ਲਾਹਿੰਦਾ । ਕਰੇ ਖੇਲ ਇਕ ਅਨਡੀਠਾ, ਜਗਤ ਨੇਤਰ ਨਜ਼ਰ ਨਾ ਆਇੰਦਾ । ਜਨ ਭਗਤਾਂ ਬਖ਼ਸ਼ ਚਰਨ ਪ੍ਰੀਤਾ, ਨਾਤਾ ਧੁਰ ਦਾ ਜੋੜ ਜੁੜਾਇੰਦਾ । ਭਾਂਣਾ ਦੱਸੇ ਆਪਣਾ ਮਿੱਠਾ, ਭੈ ਭੌ ਨਾ ਕੋਈ ਰਖਾਇੰਦਾ । ਤ੍ਰੈਗੁਣ ਤਪੇ ਨਾ ਕੋਇ ਅੰਗੀਠਾ, ਪੰਜ ਤਤ ਨਾ ਕੋਇ ਤਪਾਇੰਦਾ । ਅੰਮ੍ਰਿਤ ਮੇਘ ਠੰਡਾ ਸੀਤਾ, ਰਸ ਆਪਣਾ ਆਪ ਝਿਰਾਇੰਦਾ । ਕਰਨਹਾਰ ਪਤਤ ਪੁਨੀਤਾ, ਪਤਤ ਪਾਪੀ ਪਾਰ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਪੰਚਮ ਖੇਲ ਖਿਲਾਇੰਦਾ । ਧੁਰ ਪੰਚ ਕਹੇ ਹੋਏ ਪੰਜ, ਪੰਚਮ ਮਿਲੀ ਵਡਿਆਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਚਿਖਾ ਨਾ ਕੋਈ ਜਲਾਈਆ । ਲੇਖਾ ਚੁਕਿਆ ਸਵੇਰ ਸੰਝ, ਅੱਠੇ ਪਹਿਰ ਇਕੋ ਨੂਰ ਜਹੂਰ ਸੋਭਾ ਪਾਈਆ । ਜਨਮ ਜਨਮ ਦਾ ਚੁੱਕਿਆ ਪੰਧ, ਜੁਗ ਜੁਗ ਦਾ ਡੇਰਾ ਢਾਹੀਆ । ਕੂੜੀ ਭਰਮਾਂ ਢਾਈ ਕੰਧ, ਭਾਂਡਾ ਭਰਮ ਨਾ ਕੋਈ ਵਖਾਈਆ । ਲਹਿਣਾ ਚੁਕਿਆ ਦੁਹਾਗਣ ਰੰਡ, ਜਗਤ ਸੰਤਾਪ ਨਾ ਕੋਈ ਸਤਾਈਆ । ਸਾਡੀ ਪੂਰੀ ਕਰਨੀ ਮੰਗ, ਮਾਂਗਤ ਹੋ ਕੇ ਸੀਸ ਝੁਕਾਈਆ । ਲੇਖਾ ਚੁਕੇ ਕੂੜ ਝੂਠ ਪਾਖੰਡ, ਮਾਇਆ ਮਮਤਾ ਮੂਲ ਤਜਾਈਆ । ਗ੍ਰਿਹ ਤੇਰੇ ਚਮਕੇ ਚੰਦ, ਭਾਨ ਕਰੇ ਰੁਸ਼ਨਾਈਆ । ਮਨਸਾ ਵਿਚ ਇਕ ਉਮੰਗ, ਮਾਨਸ ਲੇਖੇ ਲੈਣਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੰਚ ਸੁਣ ਸਾਹਿਬ ਫਰਿਆਦ, ਦਰਗਾਹ ਸਾਚੀ ਸਚ ਸੁਣਾਈਆ । ਪੂਰਬ ਜਨਮ ਦੀ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਈਆ । ਵੇਖ ਵਖਾਵੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਚੌਕੜੀ ਪਰਦਾ ਲਾਹੀਆ । ਦੀਨ ਦਿਆਲ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਜੋ ਦੇ ਗਏ ਆਵਾਜ਼, ਭਵਿਖਤ ਢੋਲਾ ਅਵਾਜ਼ ਸੁਣਾਈਆ । ਪੁਰਖ ਅਕਾਲ ਵਡ ਕਿਰਪਾਲ ਖੋਲ੍ਹੇ ਰਾਜ਼, ਰਹਿਮਤ ਆਪਣੀ ਆਪ ਕਮਾਈਆ । ਜਨ ਭਗਤਾਂ ਰੱਖੇ ਲਾਜ, ਵੇਖਣਹਾਰਾ ਜਗਤ ਸਮਾਜ, ਸਮਗਰੀ ਘਟ ਘਟ ਫੋਲ ਫੁਲਾਈਆ । ਭਗਤ ਸੁਹੇਲਾ ਮੀਤ ਮੁਰਾਰ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਕਰੇ ਮੋਹਤਾਜ, ਗੁਰ ਅਵਤਾਰ ਪੀਰ ਪੈਗ਼ੰਬਰ ਭਿਛਿਆ ਮੰਗਣ ਝੋਲੀ

੬੩੧
੧੯

ਡਾਹੀਆ । ਸਚ ਮਹੱਲੇ ਹੱਕ ਮਹਿਰਾਬ, ਮਹਿਬੂਬ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਾਬ ਇਕੋ ਇਕ ਸਮਝਾਈਆ । ਆਦਾਬ ਸਮਝਾਏ ਧੁਰ ਦਾ ਅਦਬ, ਅਦਨੇ ਦਏ ਵਡਿਆਈਆ । ਲੇਖਾ ਜਾਣਾ ਹਰਿਜਨ ਕਦਮ, ਮੰਜ਼ਲ ਮੰਜ਼ਲ ਖੋਜ ਖੁਜਾਈਆ । ਭੇਵ ਚੁਕਾ ਅਸੰਖ ਪਦਮ, ਅਸੰਖ ਆਪਣੇ ਹੱਥ ਰਖਾਈਆ । ਲੇਖਾ ਜਾਣ ਮੂਰਤ ਅਕਾਲ ਮੋਹਨ ਮਦਨ, ਸੂਤਰਧਾਰੀ ਸਹਿਜ ਸਚ ਸੁਖਦਾਈਆ । ਜੁਗ ਚੌਕੜੀ ਦੇਵੇ ਬਦਲ, ਤਬਦੀਲੀ ਆਪਣੇ ਹੱਥ ਰਖਾਈਆ । ਤਖ਼ਤ ਨਿਵਾਸੀ ਕਰੇ ਅਦਲ, ਸਚ ਅਦਾਲਤ ਇਕ ਲਗਾਈਆ । ਕਲਜੁਗ ਕੂੜੀ ਕਿਰਿਆ ਮਿਟੇ ਗਦਰ, ਗਦਾਗਰ ਵੇਖੇ ਸਰਬ ਲੋਕਾਈਆ । ਜਨ ਭਗਤਾਂ ਪੂਰੀ ਕਰੇ ਸਧਰ, ਸਦਕੇ ਵਾਰੀ ਘੋਲੀ ਸਤਿਗੁਰ ਘੋਲੀ ਘੋਲ ਘੁਮਾਈਆ । ਨਾਮ ਪਿਆਲਾ ਪਿਆਏ ਮਧੁਰ, ਰਸ ਇਕੋ ਇਕ ਬਣਾਈਆ । ਢੋਲਾ ਸੋਹਲਾ ਰਾਗ ਸੁਣਾਏ ਗ਼ਜ਼ਲ, ਤੋਹਫਾ ਇਕੋ ਇਕ ਜਣਾਈਆ । ਸਿਰ ਕਾਲ ਨਾ ਕੂਕੇ ਅਜਲ, ਅਜਰਾਈਲ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਰੰਗ ਰੰਗਾਈਆ । ਪੰਚਮ ਰੰਗ ਗੁਰਮੁਖ ਚੋਲਾ, ਕਾਇਆ ਤਤ ਦਏ ਦ੍ਰਿੜਾਈਆ । ਜਨਮ ਕਰਮ ਦਾ ਕਰੇ ਭਾਰ ਹੌਲਾ, ਹੌਲੀ ਹੌਲੀ ਦਰਦ ਵੰਡਾਈਆ । ਲਹਿਣਾ ਦੇਣਾ ਚੁਕਾਏ ਕੀਤਾ ਕੌਲਾ, ਇਕਰਾਰ ਆਪਣਾ ਤੋੜ ਨਿਭਾਈਆ । ਵੇਖਣਹਾਰ ਜਗਤ ਕਹਾਰ ਡੋਲਾ, ਰਵਦਾਸ ਵਿਚੋਲਾ ਨਜ਼ਰੀ ਆਈਆ । ਪੰਜਾਂ ਮੁਕਾਏ ਪਰਦਾ ਉਹਲਾ, ਮੰਤਰ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਚ ਕਹਿਣ ਪੰਚਮ ਮੇਲਾ, ਪੰਚ ਪੰਜ ਸਹਾਈਆ । ਨਜ਼ਰੀ ਆਏ ਸੱਜਣ ਸੁਹੇਲਾ, ਪੁਰਖ ਅਕਾਲ ਵੱਡੀ ਵਡਿਆਈਆ । ਦੱਸਣਹਾਰਾ ਧਾਮ ਨਵੇਲਾ, ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਵੇਖਣਹਾਰਾ ਉਚੇ ਟਿੱਲੇ ਜੰਗਲ ਜੂਹ ਪਰਬਤ ਬੇਲਾ, ਚਾਰ ਕੁੰਟ ਦਹਿ ਦਿਸ਼ਾ ਜਮੀਨ ਅਸਮਾਨ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵੇ ਵਡਿਆਈ ਪੁਰਖ ਸਮਰਥ, ਸਿਰ ਆਪਣਾ ਹੱਥ ਟਿਕਾਈਆ ।



੬੩੨
੧੯

## ★ ੧੨ ਫੱਗਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ★

ਪੰਚ ਕਹਿਣ ਅੱਨਾ ਹੂ, ਅਨਾਇਤ ਤੇਰੇ ਹੱਥ ਵਡਿਆਈਆ । ਤੇਰਾ ਕਲਮਾ ਤੇਰੀ ਰੂਹ, ਬ੍ਰਹਮ ਤੇਰਾ ਨੂਰ ਰੁਸ਼ਨਾਈਆ । ਤੇਰਾ ਨਾਅਰਾ ਅੱਲਾ ਹੂ, ਹੁਕਮ ਤੇਰਾ ਸ਼ਹਿਨਸ਼ਾਹੀਆ । ਜਾਂ ਤੱਕਾਂ ਨਜ਼ਰੀ ਆਵੇਂ ਹੂਬਹੂ, ਬੇਨਜ਼ੀਰ ਫਕੀਰ ਹਕੀਰ ਵੇਸ ਵਟਾਈਆ । ਨਾਦ ਸੁਣਾ ਤੂੰ ਹੀ ਤੂੰ, ਰਾਗ ਭੇਵ ਚੁਕਾਈਆ । ਨੈਣ ਵੇਖਾਂ ਨਿਰਾਕਾਰ ਜੂਹ, ਜਿਸ ਦੀ ਹੱਦ ਹਦੂਦ ਸਮਝ ਕੋਇ ਨਾ ਪਾਈਆ । ਆਫਤਾਬ ਨਾ ਕੋਈ ਤਲੂਹ, ਕੂਟ ਦਿਸ਼ਾ ਨਾ ਕੋਈ ਵਖਾਈਆ । ਤੇਰੇ ਪ੍ਰੇਮ ਦੀ ਇਕ ਰਜ਼ੂਹ, ਰੁਜਤ ਅਵਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਅੱਨਾ ਹੂ ਕਹੇ ਮੇਰੀ ਤੋਬਾ, ਸਬਕ ਆਪਣਾ ਰਿਹਾ ਜਣਾਈਆ । ਜੁਗ ਚੌਕੜੀ ਤੇਰੀ ਮੁੱਕੀ ਨਾ ਸੋਭਾ, ਸਿਫ਼ਤੀ ਸਾਹਿਬ ਨਾ ਕੋਈ ਸਾਲਾਹੀਆ । ਪੀਰ ਪੈਗੰਬਰ ਫਾਕੇ ਕੱਟਦੇ ਗਏ ਰੋਜ਼ਾ, ਤੇਰੇ ਰੋਜ਼ੇ ਵਿਚੋਂ ਤੇਰਾ ਨੂਰ ਜਹੂਰ ਨਾ ਕੋਈ ਦਰਸਾਈਆ ।

ਮੈਂ ਨਿੱਕਾ ਜਿਹਾ ਉਮਤ ਉਮਤੀ ਦੇਂਦਾ ਰਿਹਾ ਮੋਜਾ, ਮੁਅਜ਼ਜ਼ ਆਪਣਾ ਆਪ ਵਖਾਈਆ । ਤੋਫਿਆਂ ਵਿਚੋਂ ਬਣ ਕੇ ਨਿੱਕਾ ਤੋਫਾ, ਤਬੀਅਤ ਤਬਅ ਤਬਦੀਲ ਕਰਾਈਆ । ਮਿਹਰਵਾਨ ਹੋ ਕੇ ਕਰਦਾ ਰਿਹਾ ਰੋਸਾ, ਗੁੱਸਾ ਗ਼ਮ ਗ਼ਮਗੀਨ ਗ਼ਮਖ਼ਾਰ ਇਕ ਦ੍ਰਿੜਾਈਆ । ਬੇਜ਼ਬਾਨ ਬੇਦਰ ਬਣਿਆ ਰਿਹਾ ਖਮੋਸਾ, ਖਾਸ ਖਸੂਸੀਅਤ ਅਸਲੀਅਤ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੈਂ ਨਿੱਕਾ ਜਿਹਾ ਬੇਦੋਸ਼ਾ, ਦੋਸ਼ ਨਜ਼ਰ ਕੋਈ ਨਾ ਆਈਆ । ਅੱਨਾ ਹੂ ਕਹੇ ਨਾਅਰਾ ਹੱਕ, ਹਕੀਕਤ ਦੇ ਜਣਾਈਆ । ਮੈਂ ਵੇਖਾਂ ਖੁਲ੍ਹੀ ਅੱਖ, ਗ੍ਰਿਹ ਮੰਦਰ ਪਰਦਾ ਲਾਹੀਆ । ਸੋਹਣਾ ਸੁਹੰਜਣਾ ਦਿਸੇ ਹੱਟ, ਵਣਜਾਰਾ ਪਰਵਰਦਿਗਾਰ ਬੇਪਰਵਾਹੀਆ । ਮੈਂ ਓਹਲੇ ਹੋ ਕੇ ਪਈ ਹੱਸ, ਸਨਮੁਖ ਰੂਪ ਨਾ ਕੋਈ ਵਖਾਈਆ । ਅੱਲਾ ਮੀਆਂ ਮੈਨੂੰ ਰਹੇ ਲੱਭ, ਬਿਨ ਮੇਰੇ ਚਲੇ ਨਾ ਕੋਈ ਵਡਿਆਈਆ । ਮੈਂ ਬਹਿ ਕੇ ਆਪਣੀ ਹੱਦ, ਹੁਜਰਾ ਇਕੋ ਇਕ ਸੁਹਾਈਆ । ਸਾਚਾ ਢੋਲਾ ਗਾਵਾਂ ਛੰਦ, ਧਿਆਵਾਂ ਆਪਣਾ ਆਪ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਰਹਿਮਤ ਰਹਿਮਾਨ ਤੇਰੀ ਸਰਨਾਈਆ । ਅੱਨਾ ਹੂ ਕਹੇ ਮੇਰੇ ਮਹਿਬੂਬ, ਮੁਹੱਬਤ ਤੇਰੇ ਨਾਲ ਲਗਾਈਆ । ਅਵਰਾ ਦਰ ਮੇਲ ਤਤਵ ਤਤ ਕਲਬੂਤ, ਕਲਮਾ ਨੂਰ ਜੋੜ ਜੁੜਾਈਆ । ਪੀਰ ਪੈਗੰਬਰਾਂ ਸੂਫੀਆਂ ਦਿਤਾ ਸਬੂਤ, ਸਫਾ ਹਸਤੀ ਮਾਤ ਮਿਟਾਈਆ । ਮੈਂ ਵਸਾਂ ਥਾਂ ਮਹਿਫੂਜ਼, ਖਾਹਮਖਾਹ ਹੱਥ ਕਿਸੇ ਨਾ ਆਈਆ । ਜੇ ਕੋਈ ਸਮਝੇ ਮੇਰਾ ਅਰੂਜ਼, ਅਰਸ਼ ਕੁਰਸ਼ ਵੇਖਣ ਜਾਈਆ । ਹੱਥ ਨਾ ਆਏ ਕਿਸੇ ਹਦੂਦ, ਚਾਰੋਂ ਕੁੰਟ ਨਜ਼ਰ ਦੌੜਾਈਆ । ਮੁਰਸ਼ਦ ਮਿਹਰ ਮੁਰੀਦਾਂ ਸਦਾ ਮੌਜੂਦ, ਹੁਜਰਾ ਘਰ ਘਰ ਦਿਆਂ ਵਖਾਈਆ । ਨਾ ਤਤ ਨਾ ਕੋਈ ਵਜੂਦ, ਵਸਲ ਅਸਲ ਆਪਣਾ ਦਿਆਂ ਕਰਾਈਆ । ਮੰਜਲ ਵਖਾ ਮੰਜਲੇ ਮਕਸੂਦ, ਮਕਸਦ ਪਿਛਲਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਪਰਦਾ ਇਕ ਕਰਾਈਆ । ਅੱਨਾ ਹੂ ਕਹੇ ਮੇਰੇ ਖ਼ੁਦਾ, ਖ਼ਾਲਕ ਖ਼ਲਕ ਮਖ਼ਲੂਕ ਖ਼ਾਲਸ ਤੇਰੇ ਨੂਰ ਖ਼ੁਦਾਈਆ । ਤੂੰ ਮੇਰਾ ਮੈਂ ਤੈਥੋਂ ਨਾ ਹੋਵਾਂ ਜੁਦਾ, ਜੁਜ਼ ਵੰਡ ਨਾ ਕੋਈ ਵੰਡਾਈਆ । ਰਹਿਮਤ ਅੰਦਰ ਰਹਿਬਰ ਰਾਹ ਦਸਾ, ਮਾਰਗ ਪੰਧ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੱਨਾ ਹੂ ਕਹੇ ਮੇਰੇ ਆਲਮੀਨ, ਨੌਬਤ ਇਕੋ ਨਜ਼ਰੀ ਆਈਆ । ਤੇਰਾ ਖੇਲ ਯਾਮੁਬੀਨ, ਮੁਹੱਬਤ ਮਹਿਫਲ ਇਕ ਦਰਸਾਈਆ । ਸੂਫੀ ਕਰਕੇ ਗਏ ਤਲਕੀਨ, ਤੁਲਬਾ ਤਾਲਬ ਜਗਤ ਪੜ੍ਹਾਈਆ । ਪਰਵਰਦਗਾਰ ਬੇਜ਼ਬੀਨ, ਅਰਸ਼ ਕੁਰਸ਼ ਰੁਸ਼ਨਾਈਆ । ਨੂਰ ਨੁਰਾਨਾ ਜਿਸ ਦਾ ਸੀਨ, ਜਲਵਾਗਰ ਜਾਹਰ ਜਹੂਰ ਬੇਪਰਵਾਹੀਆ । ਨਾ ਨਰ ਨਾ ਮਦੀਨ, ਹਸਤੀ ਬਸਤੀ ਨਾ ਕੋਈ ਵਸਾਈਆ । ਪੈਗ਼ੰਬਰਾਂ ਦਿਤੀ ਗੋਈ ਪੇਸ਼ੀਨ, ਪੋਸ਼ੀਦਾ ਰਾਜ਼ ਇਕ ਸਮਝਾਈਆ । ਹਾਜ਼ਰ ਬੇਹਾਜਰ ਕਰੋ ਯਕੀਨ, ਆਲਮ ਉਲਮਾ ਇਕ ਪੜ੍ਹਾਈਆ । ਨੂਰੀ ਇਸਮ ਸ਼ਾਹ ਮੁਤਲਕੀਨ, ਸਮਸ ਤਬਰੇਜ਼ ਇਸ਼ਾਰਿਆ ਨਾਲ ਸਮਝਾਈਆ । ਜਿਸ ਦੀ ਧਾਰ ਲਕੀਰ ਮਹੀਨ, ਚਸ਼ਮਦੀਦ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਨੂਰ ਅਲਾਹੀਆ । ਅੱਨਾ ਹੂ ਕਹੇ ਮੇਰੇ ਸਾਹਿਬ ਸਾਦਕ, ਸਜਦਾ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰੀ ਥਾਂ ਮਹਾਵਤ, ਸਾਚੀ ਸੇਵ ਕਮਾਈਆ । ਪੀਰ ਪੈਗ਼ੰਬਰ ਤੇਰੀ ਦੱਸ ਕੇ ਗਏ ਅਲਾਮਤ, ਪਰਦਾ ਓਹਲਾ ਕੁਛ ਉਠਾਈਆ । ਜਾਮਨ ਬਣ ਦੇਵੇ ਨਾ ਕੋਈ ਜ਼ਮਾਨਤ, ਬਰੀਖਾਨਾ ਨਾ ਕੋਈ ਜਣਾਈਆ ।

ਐਨਲਹੱਕ ਕਿਹਾ ਤੇਰੀ ਮਹਾਨਤ, ਅਮਾਨਤ ਤੇਰੀ ਝੋਲੀ ਪਾਈਆ । ਮੈਂ ਕਿਹਾ ਖ਼ੁਦਾ ਸਹੀ ਸਲਾਮਤ, ਖ਼ੁਦਗਰਜ਼ੀ ਵਿਚ ਕਦੇ ਨਾ ਆਈਆ । ਅਨਾਇਤ ਕਿਹਾ ਮੈਨੂੰ ਇਕੋ ਕਰੇ ਮਮਾਨਤ, ਇਸ਼ਾਰੇ ਨਾਲ ਸਮਝਾਈਆ । ਰੂਹਾਂ ਵਿਚੋਂ ਰੂਹ ਨਬੀਆਂ ਵਿਚੋਂ ਨਬੀ ਪੈਗ਼ੰਬਰਾਂ ਵਿਚੋਂ ਪੈਗ਼ੰਬਰ ਇਨਸਾਨਾਂ ਵਿਚੋਂ ਇਨਸਾਨੀਅਤ, ਅਸਲੀਅਤ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਰ ਨੁਰਾਨਾ ਇਕ ਅਖਵਾਈਆ । ਅੱਨਾ ਹੂ ਕਹੇ ਤੇਰੀ ਯਾਦ ਪਿਛਲੀ, ਲੇਖਾ ਧੁਰਦਰਗਾਹੀਆ । ਪਰਦਾ ਲਾਹ ਘੁੰਡੀ ਖੋਲ੍ਹ ਵਿਚਲੀ, ਜਲਵਾ ਦਿਸੇ ਨੂਰ ਇਲਾਹੀਆ । ਬੇਪਰਵਾਹ ਤੇਰੀ ਚਮਕ ਕੋਟਨ ਧਾਰ ਚਲੇ ਨਾ ਬਿਜਲੀ, ਮੰਜ਼ਲ ਆਸਾਨ ਨਾ ਕੋਈ ਰਖਾਇੰਦਾ । ਸਰਬ ਜੀਆਂ ਜਾਣੇ ਦਿਲ ਦੀ, ਦਲੇਰ ਆਪਣੀ ਖੇਲ ਖਿਲਾਇੰਦਾ । ਬਿਨ ਪਰਵਰਦਿਗਾਰ ਮੇਰੀ ਤਾਰ ਮੁਰੀਦਾਂ ਨਾਲ ਨਾ ਮਿਲਦੀ, ਬਿਨ ਮੁਰਸ਼ਦ ਤੰਦੀ ਤੰਦ ਨਾ ਕੋਈ ਜੁੜਾਇੰਦਾ । ਖੇਲ ਦਿਸੇ ਨਾ ਕੋਈ ਧੁਰਦਰਗਾਹ ਦੀ, ਧੀਰਜ ਧੀਰ ਨਾ ਕੋਈ ਵਖਾਇੰਦਾ । ਅਗੰਮੀ ਖੇਲ ਮੇਰੇ ਪਿਰ ਦੀ, ਭੇਵ ਅਭੇਵ ਨਾ ਕੋਈ ਜਣਾਇੰਦਾ । ਮਿਹਰਵਾਨ ਮਹਿਬੂਬ ਤੇਰੀ ਉਡੀਕ ਚਿਰ ਦੀ, ਚੌਦਾਂ ਸਦੀਆਂ ਤੇਰਾ ਰਾਹ ਤਕਾਇੰਦਾ । ਪੜ੍ਹਦੀ, ਜਿਥੇ ਹਸਨ ਹੁਸੈਨ ਬਿਨ ਹੁਜਰੇ ਸ਼ੁਕਰ ਮਨਾਇੰਦਾ । ਲਾਸ਼ ਧਰਨੀ ਉਤੇ ਗਿਰਦੀ, ਸ਼ੰਕਰ ਕੈਲਾਸ਼ ਬਹਿ ਕੇ ਵੇਖ ਵਖਾਇੰਦਾ । ਅੱਗੇ ਛੇੜ ਹੋਰ ਛਿੜਦੀ, ਛੇਕੜ ਸਭ ਦੀ ਆਪਣੇ ਹੱਥ ਰਖਾਇੰਦਾ । ਮੈਂ ਜੰਗਲ ਬੇਲੇ ਰਹੀ ਫਿਰਦੀ, ਸਚ ਕਹਾਣੀ ਨਾ ਕੋਇ ਸੁਣਾਇੰਦਾ । ਅੱਖੀਂ ਵੇਖੀ ਜਵਾਨੀ ਮਸਤਾਨੀ ਮਸਤ ਨਾ ਕੋਇ ਕਰਾਇੰਦਾ । ਉਡੀਕ ਤੇਰੀ ਚਿਰ ਦੀ, ਹੰਝੂ ਆਂਸੂ ਮੋਤੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਵੇਖ ਯਾਰ ਆਪਣੀ ਕਰਬਲਾ, ਕਰਵਟ ਲੈ ਬਦਲਾਈਆ । ਮਿਹਰਵਾਨ ਹੋ ਕੇ ਕਹਿ ਦਿਤਾ ਮਸੀਹ ਮਰਹਬਾ, ਮਰਦ ਮਰਦਾਨ ਅਖਵਾਈਆ । ਸਿਫ਼ਤ ਸਾਲਾਹ ਜਗਤ ਕਰਤਬਾ, ਕਰਤਬ ਕਰਤਬ ਨਾਲ ਮਿਲਾਈਆ । ਹਸਨ ਹੁਸੈਨ ਕਿਹਾ ਉਹ ਰੱਬਾ ਰਬੀਹ ਰਬੀਹ ਬਿਸਤਰ ਮਰਗ ਇਕ ਸੁਹਾਈਆ । ਨੂਰੀ ਜਹੂਰ ਹੋ ਮੌਜੂਦ, ਮਸਕੂਕ ਮੁਸ਼ਕਲ ਹੱਲ ਕਰਾਈਆ । ਓਸ ਵੇਲੇ ਅੱਨਾ ਹੂ ਕਹੇ ਜਿਸ ਦਿਤਾ ਸਚ ਸਬੂਤ, ਵਿਚਲਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਨਜ਼ਰੀ ਆਈਆ । ਅੱਨਾ ਹੂ ਕਹੇ ਮੈਂ ਬਣਿਆ ਮੁਨਸਫ, ਮੁਨਸਫੀ ਆਪ ਕਰਾਈਆ । ਦੋਹਾਂ ਮਿਲ ਕੇ ਕੀਤੀ ਉਲਫਤ, ਮੁਹੱਬਤ ਸੰਗ ਰਲਾਈਆ । ਕੋਟਾਂ ਵਿਚੋਂ ਮੈਨੂੰ ਥੋੜਿਆਂ ਨਾਲ ਮਿਲਣ ਦੀ ਮਿਲੇ ਫੁਰਸਤ, ਮੁਰੀਦਾਂ ਵਿਚੋਂ ਮੁਰੀਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ ਵਰ, ਸਾਚੀ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ ।

★ ੧੩ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਘਰ ਕਰਤਾਰ ਪੁਰ ਜ਼ਿਲਾ ਜਲੰਧਰ ★

ਪੁਰਖ ਅਕਾਲ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਸਚਖੰਡ ਨਿਵਾਸੀ ਸਾਚੀ ਧਾਰ ਚਲਾ, ਸਾਚੀ ਖੇਲ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਸਲਾਹ, ਜੁਗ ਚੌਕੜੀ ਧੁਰ ਦਾ ਹੁਕਮ ਸੁਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾ, ਚਾਰੇ ਖਾਣੀ

ਚਾਰੇ ਬਾਣੀ ਮੇਲ ਮਿਲਾਇੰਦਾ । ਸਾਹਿਬ ਸੁਲਤਾਨ ਬਣ ਕੇ ਸ਼ਹਿਨਸ਼ਾਹ, ਭੂਪਤ ਭੂਪ ਆਪਣੀ ਕਾਰ ਕਰਾਇੰਦਾ । ਪੰਜਾਂ ਦੇਵੇ ਮਾਣ ਵਡਿਆ, ਵਡਿਆਈ ਆਪਣੇ ਹੱਥ ਵਖਾਇੰਦਾ । ਭੇਵ ਅਭੇਦਾ ਆਪ ਖੁਲ੍ਹਾ, ਪਰਦਾ ਓਹਲਾ ਮੂਲ ਚੁਕਾਇੰਦਾ । ਗੋਬਿੰਦ ਲੇਖਾ ਸਹਿਜ ਸੁਭਾ, ਨਰ ਨਿਰੰਕਾਰਾ ਝੋਲੀ ਪਾਇੰਦਾ । ਨਾਨਕ ਲਹਿਣਾ ਪੂਰ ਕਰਾ, ਪੰਚਮ ਸਾਚਾ ਸੰਗ ਨਿਭਾਇੰਦਾ । ਨਵ ਨੌ ਚਾਰ ਪੰਧ ਮੁਕਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਨਿਹਕਰਮੀ ਆਪਣਾ ਖੇਲ ਕਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸੰਤ ਸੁਹੇਲੇ ਲਏ ਉਠਾ, ਗੁਰ ਚੇਲੇ ਵੇਖ ਵਖਾਇੰਦਾ । ਜਨ ਭਗਤਾਂ ਗੋਦੀ ਲਏ ਟਿਕਾ, ਮਿਹਰਵਾਨ ਮਿਹਰ ਨਜ਼ਰ ਇਕ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਖੇਲ ਵਖਾਇੰਦਾ । ਸਾਚੀ ਕਰਨੀ ਕਰਨੇ ਆਇਆ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਨਿਰਗੁਣ ਵੇਸ ਵਟਾਇਆ, ਸਰਗੁਣ ਸਰਗੁਣ ਸੋਭਾ ਪਾਈਆ । ਜੋਤੀ ਜੋਤ ਨੂਰ ਰੁਸ਼ਨਾਇਆ, ਜਲਵਾ ਇਕੋ ਇਕ ਵਖਾਈਆ । ਦਸਤਗੀਰਾਂ ਦਸਤ ਫੜਾਇਆ, ਪੀਰ ਪੈਗੰਬਰਾਂ ਦਏ ਵਡਿਆਈਆ । ਬੇਨਜ਼ੀਰਾ ਨਜ਼ਰ ਨਾ ਆਇਆ, ਲਾਤਸਵੀਰ ਤਸੱਵਰ ਸਕੇ ਨਾ ਕੋਇ ਕਰਾਈਆ । ਸ਼ਾਹ ਫਕੀਰਾਂ ਵੇਖ ਵਖਾਇਆ, ਦਰਵੇਸ਼ ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰੇ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਮਹਿਬੂਬ ਮੁਹੱਬਤ ਇਕ ਸਮਝਾਇੰਦਾ । ਪੰਚਮ ਮੇਲਾ ਧੁਰ ਦਰਬਾਰ, ਸਚ ਦਵਾਰੇ ਸੋਭਾ ਪਾਇੰਦਾ । ਪੂਰਬ ਲੇਖਾ ਕਰਮ ਵਿਚਾਰ, ਸਚ ਸੰਦੇਸਾ ਇਕ ਸੁਣਾਇੰਦਾ । ਭਗਤਨ ਦੇਵਣਹਾਰਾ ਉਧਾਰ, ਲਹਿਣਾ ਪਿਛਲਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਦਇਆ ਕਮਾਇੰਦਾ । ਪੰਚ ਕਹੇ ਪ੍ਰਭ ਮਿਟੇ ਮੋਹ, ਮੁਹੱਬਤ ਜਗਤ ਰਹਿਣ ਨਾ ਪਾਈਆ । ਤੇਰੀ ਸੁਣੀਏ ਸੱਚੀ ਸੋ, ਸੋਭਾਵੰਤ ਸੱਚੀ ਸਰਨਾਈਆ । ਘਰ ਪਰਕਾਸ਼ ਕਰ ਅਗੰਮੀ ਲੋ, ਮੰਦਰ ਅੰਦਰ ਵੱਜੇ ਵਧਾਈਆ । ਅੰਮਿਉਂ ਰਸ ਅੰਮ੍ਰਿਤ ਇਕੋ ਚੋ, ਤ੍ਰਿਸਨਾ ਭੁੱਖ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰਾ ਮੰਗ ਮੰਗਾਈਆ । ਪੰਚ ਕਹੇ ਸੁਣ ਪੰਚ ਮੀਤ, ਪੰਚ ਦਏ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚੁੱਕੇ ਰੀਤ, ਰੀਤੀਵਾਨ ਆਪ ਚੁਕਾਈਆ । ਲੇਖਾ ਜਾਣੇ ਮੰਦਰ ਮਸੀਤ, ਮੱਠ ਸ਼ਿਵਦਵਾਲੇ ਖੋਜ ਖੁਜਾਈਆ । ਸਰਬ ਜੀਆਂ ਦਾ ਇਕੋ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਸਤਿ ਪੁਰਖ ਦੀ ਖੇਲ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਹਰਿਜਨ ਉਤਰ ਕਦੇ ਨਾ ਜਾਈਆ । ਧਰਮ ਦੁਆਰਿਉਂ ਪਾਏ ਭੀਖ, ਦੂਜੇ ਦਰ ਨਾ ਮੰਗਣ ਜਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਉਡੀਕ, ਨੇਤਰ ਨੈਣਾਂ ਧਿਆਨ ਲਗਾਈਆ । ਉਚੀ ਕੂਕ ਕੂਕ ਪੁਕਾਰ ਕਰਦੇ ਰਹੇ ਚੀਖ, ਨੈਣਾਂ ਨੀਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਆਪ ਸਮਝਾਈਆ । ਪੰਚ ਕਹਿਣ ਪ੍ਰਭ ਤੇਰੀ ਓਟ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਤੇਰੀ ਜੋਤ, ਪੀਰ ਪੈਗ਼ੰਬਰ ਤੇਰਾ ਨੂਰ ਰੁਸ਼ਨਾਇੰਦਾ । ਦੋ ਜਹਾਨਾਂ ਤੇਰਾ ਨਾਮ ਸਲੋਕ, ਸੋਹਲਾ ਢੋਲਾ ਇਕੋ ਨਜ਼ਰੀ ਆਇੰਦਾ । ਵੱਜੇ ਵਧਾਈ ਲੋਕ ਪਰਲੋਕ, ਮੰਡਲ ਮੰਡਪ ਡੰਕ ਸੁਣਾਇੰਦਾ । ਤੇਰੇ ਮਿਲਣ ਦਾ ਸਭ ਨੂੰ ਸ਼ੌਕ, ਬਿਨ ਤੇਰੀ ਕਿਰਪਾ ਜੋੜ ਨਾ ਕੋਈ ਜੁੜਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਆਸਾ ਰਖਾਇੰਦਾ । ਸੁਣ ਪੰਚ ਲੈ ਪਰਵਾਨਾ, ਪਾਰਬ੍ਰਹਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਦੇ ਗਏ ਜਮਾਨਾ, ਜਮਾਨਤ ਆਪਣੀ ਨਾਲ ਭਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲੇਖ ਜਾਣੇ ਨੌਜਵਾਨਾ, ਨੌਬਤ ਆਪਣਾ ਨਾਮ ਵਜਾਈਆ । ਲੱਖ ਚੁਰਾਸੀ ਬਣ ਕੇ ਕਾਹਨਾ, ਗੋਪੀ ਇਕੋ ਰੰਗ ਵਖਾਈਆ । ਨਾਮ ਧੁਨ ਸ਼ਬਦ ਤਰਾਨਾ, ਰਾਗੀ ਰਾਗ ਸੁਣਾਈਆ । ਦੀਆ ਜੋਤੀ ਦੀਪ ਮਹਾਨਾ, ਡਗਮਗ ਕਰੇ ਰੁਸ਼ਨਾਈਆ । ਪੰਚਮ ਮੇਲਾ ਸਾਹਿਬ ਸੁਲਤਾਨਾ, ਘਰ ਪੰਚਮ ਸੋਭਾ ਪਾਈਆ । ਭਗਤ ਦਵਾਰ ਸੁਹਾਏ ਮਕਾਨਾ, ਛੱਪਰ ਛੰਨ ਵਡਿਆਈਆ । ਚਰਨ ਪ੍ਰੀਤੀ ਦੇਵੇ ਮਾਣਾ, ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਪੰਚ ਪੰਚ ਪੰਚ ਪੰਚ ਪੰਚ ਦਏ ਜਣਾਈਆ ।

★ ੧੩ ਫੱਗਣ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਧੱਨੋਵਾਲੀ ਜ਼ਿਲਾ ਜਲੰਧਰ ★

ਚਾਰੇ ਜੁਗ ਹੋਏ ਇਕੱਠੇ, ਪ੍ਰਭ ਦਰ ਬੈਠੇ ਸੀਸ ਝੁਕਾਈਆ । ਚਾਰ ਕੁੰਟ ਫਿਰਨ ਨੱਠੇ, ਦਹਿ ਦਿਸ਼ਾ ਪਈ ਦੁਹਾਈਆ । ਚਾਰ ਵੇਦ ਹੱਕੇ ਬੱਕੇ, ਭੇਵ ਕਿਸੇ ਨਾ ਆਈਆ । ਚਾਰ ਵਰਨ ਮਾਇਆ ਮੋਹ ਰੱਤੇ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਚਾਰ ਯਾਰੀ ਕੂੜੀ ਕਿਰਿਆ ਹੱਸੇ, ਸਚ ਸੁੱਚ ਨਾ ਕੋਇ ਸਮਝਾਈਆ । ਜੀਵਾਂ ਜੰਤਾਂ ਕਲਜੁਗ ਪੱਤ ਕੋਇ ਨਾ ਰੱਖੇ, ਪਰਮੇਸ਼ਵਰ ਸੰਗ ਨਾ ਕੋਇ ਨਿਭਾਈਆ । ਨਿਜ ਨੇਤਰ ਨੈਣ ਸਤਿਗੁਰ ਦਰਸ ਨਾ ਕੋਇ ਤੱਕੇ, ਦੋਏ ਲੋਚਣ ਵੇਖਣ ਜਗਤ ਲੋਕਾਈਆ । ਅੰਮ੍ਰਿਤ ਆਤਮ ਰਸ ਘਰ ਸਰੋਵਰ ਕੋਈ ਨਾ ਚੱਖੇ, ਅਠ ਸਠ ਭੱਜਣ ਵਾਹੋ ਦਾਹੀਆ । ਅਨਹਦ ਨਾਦ ਅਨਾਦੀ ਧੁਨ ਅਗੰਮੀ ਸੱਟ ਕੋਈ ਨਾ ਵੱਜੇ, ਢੋਲ ਛੈਣੇ ਸਰਬ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਬੈਠੇ ਸੀਸ ਝੁਕਾਈਆ । ਚਾਰੇ ਜੁਗ ਰਹੇ ਬੋਲ, ਉਚੀ ਉਚੀ ਕੂਕ ਸੁਣਾਈਆ । ਸਤਿਜੁਗ ਕਹੇ ਮੈਂ ਹੋਇਆ ਅਨਭੋਲ, ਅਨੁਭਵ ਭੇਵ ਨਾ ਕੋਇ ਖੁਲ੍ਹਾਈਆ । ਤ੍ਰੇਤਾ ਕਹੇ ਕੋਈ ਨਾ ਤੋਲਿਆ ਤੋਲ, ਕੰਡਾ ਹੱਥ ਨਾ ਕਿਸੇ ਵਖਾਈਆ । ਦਵਾਪਰ ਕਹੇ ਵੇਖਿਆ ਘੋਲ, ਦੋ ਜਹਾਨ ਨੈਣ ਉਠਾਈਆ । ਕਲਜੁਗ ਕਹੇ ਚਾਰੋਂ ਕੁੰਟ ਜੂਠ ਝੂਠ ਵੱਜੇ ਢੋਲ, ਸਚ ਮਰਦੰਗ ਨਾਮ ਨਾ ਕੋਇ ਸੁਣਾਈਆ । ਵਸਤ ਅਮੋਲਕ ਦਿਸੇ ਨਾ ਕਿਸੇ ਕੋਲ, ਖਾਲੀ ਹੱਟ ਜਗਤ ਵਣਜਾਰਾ ਨਜ਼ਰੀ ਆਈਆ । ਸਚ ਪ੍ਰੀਤੀ ਪੁਰਖ ਅਕਾਲ ਕੋਈ ਨਾ ਜਾਏ ਮੌਲ, ਆਤਮ ਪਰਮਾਤਮ ਸੰਗ ਨਾ ਕੋਇ ਰਖਾਈਆ । ਸ੍ਰਿਸ਼ਟ ਸਬਾਈ ਮਾਤ ਗਰਭ ਭੁੱਲਣਾ ਕੌਲ, ਲਿਵ ਛੁਟਕੀ ਫੇਰ ਨਾ ਕੋਇ ਲਗਾਈਆ । ਸਾਚਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁੱਲਾਂ ਸ਼ੇਖ਼ ਮੁਸ਼ਾਇਕ ਕਾਜ਼ੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਚਾਰੇ ਜੁਗ ਚਰਨੀ ਢੱਠ, ਪ੍ਰਭ ਅੱਗੇ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਲੇਖਾ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟ ਸਬਾਈ ਨਾੜ ਬਹੱਤਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਹਰਿ ਚਰਨ ਪ੍ਰੀਤੀ ਕੋਈ ਨਾ ਬੰਨ੍ਹੇ ਨੱਤ, ਸਾਚਾ ਸੱਜਣ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪੜ੍ਹਾਈਆ । ਕਿਸੇ

ਨਾ ਮਿਲੇ ਮੁਕਾਮੇ ਹੱਕ, ਲਾਸ਼ਰੀਕ ਤੇਰਾ ਨੂਰ ਨਜ਼ਰ ਨਾ ਆਈਆ । ਮਨ ਵਾਸਨਾ ਦਰ ਦਰ ਘਰ ਘਰ ਰਹੇ ਨੱਠ, ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਓਟ ਰਖਾਈਆ । ਚਾਰੇ ਜੁਗ ਰਹੇ ਕੁਰਲਾ, ਦਰੋਹੀ ਤੇਰੇ ਨਾਮ ਖ਼ੁਦਾਈਆ । ਗੁਰ ਅਵਤਾਰ ਦੇਂਦੇ ਰਹੇ ਸਲਾਹ, ਪੀਰ ਪੈਗ਼ੰਬਰ ਇਸ਼ਾਰਿਆਂ ਨਾਲ ਜਣਾਈਆ । ਸਰਬ ਜੀਆਂ ਦਾ ਇਕ ਮਲਾਹ, ਪਰਮ ਪੁਰਖ ਵੱਡੀ ਵਡਿਆਈਆ । ਡੁੱਬਦੇ ਪਾਥਰ ਲਏ ਤਰਾ, ਮਿਹਰ ਨਜ਼ਰ ਨੈਣ ਉਠਾਈਆ । ਆਦਿ ਅੰਤ ਹੋ ਸਹਾ, ਨਿਰਗੁਣ ਸਰਗੁਣ ਦਇਆ ਕਮਾਈਆ । ਚਾਰੋਂ ਕੁੰਟ ਅੰਧੇਰਾ ਰਿਹਾ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਤੁਟਾ ਪੁੱਤਾਂ ਮਾਂ, ਪਿਤਾ ਪੂਤ ਸੰਗ ਨਾ ਕੋਇ ਰਖਾਈਆ । ਹੰਸ ਬੁੱਧੀ ਹੋਈ ਕਾਂ, ਰਸਨਾ ਕਾਗ ਵਾਂਗ ਕੁਰਲਾਈਆ । ਹਿਰਦੇ ਵਸਾਏ ਨਾ ਕੋਈ ਹਰਿ ਕਾ ਨਾਂ, ਹਰਿ ਸਤਿਗੁਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡਾ ਤੇਰਾ ਨਜ਼ਰੀ ਆਈਆ । ਚਾਰੇ ਜੁਗ ਰਹੇ ਦੱਸ, ਪੂਰਬ ਲੇਖ ਜਣਾਈਆ । ਤੇਰਾ ਖੇਲ ਪੁਰਖ ਸਮਰਥ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਕਲਜੁਗ ਅੰਤ ਰੈਣ ਅੰਧੇਰੀ ਮੱਸ, ਦਹਿ ਦਿਸ਼ਾ ਧਿਆਨ ਲਗਾਈਆ । ਤੇਰੇ ਮਿਲਣ ਦੀ ਕੋਇ ਨਾ ਰੱਖੇ ਆਸ, ਜਗਤ ਤ੍ਰਿਸਨਾ ਮਾਤ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਸ੍ਰੀ ਭਗਵਾਨ ਸਰਬ ਗੁਣਵੰਤਾ, ਹਰਿ ਕਰਤਾ ਆਪ ਜਣਾਈਆ । ਜੁਗ ਚੌਕੜੀ ਖੇਲ ਖਿਲੰਤਾ, ਖ਼ਾਲਕ ਖ਼ਲਕ ਰੂਪ ਵਟਾਈਆ । ਨਿਰਗੁਣ ਸਰਗੁਣ ਬਣਾਏ ਬਣਤਾ, ਲੱਖ ਚੁਰਾਸੀ ਘਾੜਨ ਆਪ ਘੜਾਈਆ । ਕੋਟਨ ਕੋਟ ਵਿਚੋਂ ਰੱਖੇ ਗੁਰਮੁਖ ਸਾਚੇ ਸੰਤਾ, ਹਰਿਜਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਚਾਰੇ ਜੁਗ ਕਹਿਣ ਸੱਚ, ਕਲਜੁਗ ਆਪਣਾ ਹਾਲ ਸੁਣਾਈਆ । ਨਵ ਨੌ ਚਾਰ ਵੇਖਿਆ ਨੱਠ, ਦਹਿ ਦਿਸ਼ਾ ਫੇਰਾ ਪਾਈਆ । ਕੂੜੀ ਕਿਰਿਆ ਚਲਾਇਆ ਰਥ, ਬਲ ਰਥਵਾਹੀ ਸੇਵ ਕਮਾਈਆ । ਸਾਧਾਂ ਸੰਤਾਂ ਖੇੜਾ ਕੀਤਾ ਭੱਠ, ਬਣ ਭਠਿਆਰਾ ਅਗਨੀ ਡਾਹੀਆ । ਕਿਸੇ ਰਹਿਣ ਨਾ ਦਿਤਾ ਧੀਰਜ ਜੱਤ, ਸਤਿ ਸਰੂਪ ਨਾ ਕੋਇ ਸਮਾਈਆ । ਜੋਤੀ ਅਗਨੀ ਲਾਈ ਮੱਠ, ਅੰਮ੍ਰਿਤ ਮੇਘ ਨਾ ਕੋਈ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਮੈਂ ਛੋਟਾ ਪੁੱਤ, ਪ੍ਰਭ ਤੇਰੀ ਇਕ ਸਰਨਾਈਆ । ਦੀਨ ਦਿਆਲ ਆ ਕੇ ਪੁਛ, ਲੋਕਮਾਤ ਫੇਰਾ ਪਾਈਆ । ਕਿਸੇ ਘਰ ਰਹਿਣ ਨਾ ਦਿਤੀ ਸੁੱਚ, ਸੰਜਮ ਚਲੇ ਨਾ ਕੋਇ ਚਤੁਰਾਈਆ । ਸੁਲੱਖਣੀ ਦਿਸੇ ਨਾ ਕੋਈ ਕੁੱਖ, ਭਗਤ ਜਣੇ ਨਾ ਕੋਈ ਮਾਈਆ । ਉਜਲ ਕਿਸੇ ਨਾ ਦਿਸੇ ਮੁਖ, ਮੁਖ ਕਾਲਖ ਟਿੱਕਾ ਲਾਇਆ ਸ਼ਾਹੀਆ । ਲੱਖ ਚੁਰਾਸੀ ਲੱਗਾ ਦੁੱਖ, ਹਉਮੇ ਹੰਗਤਾ ਗੜ ਬਣਾਈਆ । ਸਚ ਧਰਮ ਦਾ ਬੂਟਾ ਦਿਤਾ ਪੁੱਟ, ਸ਼ੋਹ ਦਰਿਆ ਰੁੜ੍ਹਾਈਆ । ਤੇਰੇ ਨਾਲੋਂ ਸ੍ਰੀ ਭਗਵਾਨ ਵੇਖ ਸਾਰੇ ਗਏ ਰੁੱਸ, ਗੁਰਮੁਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿ ਜੀ ਤੇਰੀ ਓਟ ਰਖਾਈਆ । ਸ੍ਰੀ ਭਗਵਾਨ ਕਹੇ ਸੁਣ ਛੋਟੇ ਬਾਲ, ਕਲਜੁਗ ਆਪ ਜਣਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਆਪ ਸਮਝਾਈਆ । ਜੁਗ ਚੌਕੜੀ ਮੇਰੀ ਅਵਲੱੜੀ ਚਾਲ ਭੇਵ

ਅਭੇਦ ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਹੋ ਕਿਰਪਾਲ, ਕਿਰਪਨ ਆਪਣਾ ਰੰਗ ਵਖਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਲਵਾਂ ਭਾਲ, ਗੁਰ ਚੇਲੇ ਵੇਖ ਵਖਾਈਆ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਡੇਰਾ ਢਾਹੀਆ । ਸ਼ਬਦ ਗੁਰੂ ਬਣ ਦਲਾਲ, ਘਰ ਘਰ ਆਪਣਾ ਹੱਟ ਚਲਾਈਆ । ਅੰਦਰ ਬਾਹਰ ਚਲਾ ਨਾਲ, ਗੁਪਤ ਜਾਹਰ ਸੰਗ ਰਖਾਈਆ । ਰਸ ਅੰਮ੍ਰਿਤ ਇਕ ਪਿਆਲ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਦੀਆ ਦੀਪਕ ਜੋਤੀ ਬਾਲ, ਅਗਿਆਨ ਅੰਧੇਰ ਗੁਆਈਆ । ਘਰ ਵਿਚ ਘਰ ਵਖਾ ਸੱਚੀ ਧਰਮਸਾਲ, ਮੰਦਰ ਇਕੋ ਇਕ ਸੁਹਾਈਆ । ਸਾਚੀ ਸਿਖਿਆ ਇਕ ਸਖਾਲ, ਧੁਰ ਦੀ ਧਰਮ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਕਲਜੁਗ ਕਹੇ ਪ੍ਰਭ ਤੇਰੀ ਓਟ, ਸਾਹਿਬ ਤੇਰੀ ਵਡ ਵਡਿਆਈਆ । ਮੈਂ ਲੱਖ ਚੁਰਾਸੀ ਭਰਿਆ ਖੋਟ, ਬਣ ਸੇਵਕ ਸੇਵ ਕਮਾਈਆ । ਕਿਸੇ ਘਰ ਪਰਗਟ ਦਿਸੇ ਨਾ ਤੇਰੀ ਜੋਤ, ਸ਼ਬਦ ਨਾਦ ਧੁਨ ਨਾ ਕੋਈ ਸੁਣਵਾਈਆ । ਜੀਆਂ ਜੰਤਾਂ ਭੁੱਲੀ ਹੋਸ਼, ਮਦਿਰਾ ਕੂੜਾ ਪਾਨ ਕਰਾਈਆ । ਕਵਣ ਮੰਦਰ ਕਵਣ ਦਵਾਰ ਕਵਣ ਮੰਜ਼ਲ ਬੈਠੋਂ ਆਪ ਖਾਮੋਸ਼, ਸੁਨ ਸਮਾਧ ਡੇਰਾ ਲਾਈਆ । ਤੇਰੇ ਨਾਮ ਦਾ ਲੋਕਮਾਤ ਰਹਿਣ ਨਾ ਦਿਤਾ ਖੋਜ, ਖ਼ਾਲਕ ਖ਼ਲਕ ਮਖਲੂਕ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਹੱਥ ਮੇਰੀ ਵਡਿਆਈਆ । ਭਗਵਨ ਕਹੇ ਕਲਜੁਗ ਸੋਚ, ਸੋ ਸਤਿਗੁਰ ਆਪ ਜਣਾਈਆ । ਪ੍ਰਭ ਦਰਸ਼ਨ ਗੁਰਮੁਖ ਵਿਰਲੇ ਰਹੇ ਲੋਚ, ਅੰਦਰ ਅੰਦਰ ਧਿਆਨ ਲਗਾਈਆ । ਸੋ ਸੰਤ ਸੁਹੇਲੇ ਵੇਖੇ ਨਿਰਦੋਸ਼, ਦੋਸ਼ੀ ਬਣਾ ਡੰਡ ਨਾ ਕੋਇ ਲਗਾਈਆ । ਨਾਮ ਅਧਾਰੀ ਕਰੇ ਸੰਤੋਸ਼, ਸੁਖ ਸਾਗਰ ਸਾਂਤਕ ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦਾ ਲੇਖਾ ਆਪ ਜਣਾਈਆ । ਕਲਜੁਗ ਕਹੇ ਪ੍ਰਭ ਤੇਰੇ ਕਿਹੜੇ ਭਗਤ, ਜਿਨ੍ਹਾਂ ਦੇਵੇਂ ਵਡਿਆਈਆ । ਮੈਂ ਬਚਿਆ ਰਹਿਣ ਨਾ ਦਿਤਾ ਕੋਈ ਜਗਤ, ਘਰ ਘਰ ਆਪਣਾ ਹੁਕਮ ਵਰਤਾਈਆ । ਦਰ ਦਰ ਵੇਖੇ ਬੂੰਦ ਰਕਤ, ਰਗ ਰਗ ਆਪਣੀ ਕਾਰ ਕਮਾਈਆ । ਸੇਵਾ ਵਿਚ ਪੈਣ ਨਹੀਂ ਦਿਤਾ ਫਰਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰਾ ਨਜ਼ਰੀ ਆਈਆ । ਭਗਵਨ ਕਹੇ ਕਲਜੁਗ ਸੁਣ, ਕਲਕਾਤੀ ਦਿਆਂ ਸਮਝਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਚੁਣ, ਚਰਨ ਕਵਲ ਦਿਆਂ ਸਰਨਾਈਆ । ਮੇਰੇ ਹੱਥ ਗੁਣ ਅਵਗੁਣ, ਪਤਤ ਪਾਪੀ ਪਵਿਤ ਕਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਹਿਬ ਸੁਲਤਾਨ ਦਇਆ ਕਮਾਈਆ । ਕਲਜੁਗ ਕਹੇ ਪ੍ਰਭ ਭਗਤ ਕਿਹੜਾ, ਸਚ ਸਚ ਦੇ ਜਣਾਈਆ । ਅਬਿਨਾਸ਼ੀ ਕਰਤਾ ਕਹੇ ਜਿਸ ਗ੍ਰਿਹਿ ਮੰਦਰ ਅੰਦਰ ਮੇਰਾ ਡੇਰਾ, ਸਚ ਸਿੰਘਾਸਣ ਸੋਭਾ ਪਾਈਆ । ਕਲਜੁਗ ਕਹੇ ਮੈਂ ਕਰਾਂ ਝੇੜਾ, ਝਗੜਾ ਆਪਣਾ ਆਪ ਰਖਾਈਆ । ਪੁਰਖ ਅਕਾਲ ਕਹੇ ਮੈਂ ਬੰਨਾਂ ਬੇੜਾ, ਜਿਨ੍ਹਾਂ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕਹੇ ਮੈਂ ਦੇਵਾਂ ਗੇੜਾ, ਉਲਟੀ ਲੱਠ ਭਵਾਈਆ । ਸ੍ਰੀ ਭਗਵਾਨ ਕਹੇ ਮੈਂ ਨੇੜਨ ਨੇੜਾ, ਸੰਤ ਸੁਹੇਲੇ ਰਿਹਾ ਤਰਾਈਆ । ਕਲਜੁਗ ਕਹੇ ਮੈਂ ਤੇਰਾ ਛੋਟਾ ਪੁੱਤ ਨੌਜਵਾਨ ਇਕ ਬਥੇਰਾ, ਲੱਖ ਚੁਰਾਸੀ ਭਰਮ ਭੁਲਾਈਆ । ਦੀਨ ਦਿਆਲ ਕਹੇ ਮੈਂ ਸ਼ਾਹ ਸੁਲਤਾਨ ਸ਼ਹਿਨਸ਼ਾਹ ਸ਼ੇਰਾ, ਭਬਕ ਆਪਣਾ ਨਾਮ ਲਗਾਈਆ । ਕਲਜੁਗ ਕਹੇ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ

ਹੱਥ ਸਚ ਨਬੇੜਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਪ੍ਰਭ ਤੇਰੀ ਸਰਨ, ਸਰਨਗਤ ਇਕ ਰਖਾਈਆ । ਦੇ ਵਡਿਆਈ ਆਪਣੇ ਚਰਨ, ਧੂੜੀ ਟਿੱਕਾ ਮਸਤਕ ਇਕ ਲਗਾਈਆ । ਲੇਖਾ ਚੁੱਕੇ ਵਰਨ ਬਰਨ, ਜਾਤ ਪਾਤ ਨਜ਼ਰ ਨਾ ਆਈਆ । ਗੁਰਮੁਖ ਤੇਰੇ ਤੇਰੇ ਪੌੜੇ ਚੜ੍ਹਨ, ਦੂਜੀ ਮੰਜ਼ਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਜਿਸ ਵਿਚ ਮੇਲਾ ਸਹਿਜ ਸੁਭਾਈਆ । ਪਰਮ ਪੁਰਖ ਕਹੇ ਸੁਲਤਾਨ, ਸੋ ਸਤਿਗੁਰ ਆਪ ਜਣਾਈਆ । ਸਾਚੇ ਭਗਤ ਮੋਹੇ ਪਰਵਾਨ, ਅੰਗੀਕਾਰ ਆਪ ਲਗਾਈਆ । ਕਿਰਪਾਨਿਧਾਨ ਹੋ ਕੇ ਦੇਵਾਂ ਦਾਨ, ਵਸਤ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਸੱਚਾ ਗਾਨ, ਗੀਤ ਗੋਬਿੰਦ ਇਕ ਸਮਝਾਈਆ । ਕੂੜੀ ਕਿਰਿਆ ਝਗੜੇ ਸਭ ਮਿਟ ਜਾਣ, ਜੂਠ ਝੂਠ ਨਜ਼ਰ ਕੋਇ ਨਾ ਆਈਆ । ਜਿਸ ਘਰ ਠਾਕਰ ਸਵਾਮੀ ਹਰਿ ਸਤਿਗੁਰ ਮਿਲੇ ਆਣ, ਬੇਪਰਵਾਹ ਆਪਣਾ ਫੇਰਾ ਪਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਚਤਰ ਸੁਘੜ ਸੁਜਾਨ, ਸੋਭਾਵੰਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੁਣਾਏ ਕਲਜੁਗ, ਸ੍ਰੀ ਭਗਵਾਨ ਹੁਕਮ ਵਰਤਾਇੰਦਾ । ਜੁਗ ਚੌਕੜੀ ਔਧ ਜਾਏ ਪੁਗ, ਨਵ ਨੌ ਚਾਰ ਡੇਰਾ ਢਾਹਿੰਦਾ । ਆਪਣੀ ਧਾਰੋਂ ਨਿਰਗੁਣ ਉਠ, ਸਰਗੁਣ ਸਾਖਿਆਤ ਵੇਖ ਵਖਾਇੰਦਾ । ਜਨ ਭਗਤਾਂ ਉਪਰ ਜਾਏ ਤੁਠ, ਵਸਤ ਅਮੋਲਕ ਝੋਲੀ ਪਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਇਕੋ ਇਕ ਵਖਾਇੰਦਾ । ਜਨਮ ਕਰਮ ਜੋ ਗਏ ਰੁੱਠ, ਫੜ ਬਾਂਹੋਂ ਗਲੇ ਲਗਾਇੰਦਾ । ਧੁਰ ਦਵਾਰੇ ਬਣਾ ਸਾਚੇ ਸੁਤ, ਜਨ ਜਨਨੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਆਪ ਪ੍ਰਭ, ਜੁਗ ਚੌਕੜੀ ਦਇਆ ਕਮਾਈਆ । ਗੁਰ ਗੁਰ ਸੱਜਣ ਲੱਭ, ਠਗੋਰੀ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਜਗਤ ਦੁਆਰ ਪਾਰ ਹੱਦ, ਨੌ ਦਰ ਡੇਰਾ ਢਾਹੀਆ । ਸਚ ਦੁਆਰੇ ਆਪੇ ਸੱਦ, ਸੁਨੇਹੜਾ ਆਪ ਇਕੋ ਨਾਮ ਸੁਣਾਈਆ । ਬਿਨ ਮੱਕੇ ਕਾਅਬਿਓਂ ਕਾਇਆ ਹੁਜਰੇ ਕਰਾਏ ਹੱਜ, ਮਹਿਬੂਬ ਇਕੋ ਨਜ਼ਰੀ ਆਈਆ । ਵਰਨ ਬਰਨ ਜਾਤ ਪਾਤ ਊਚ ਨੀਚ ਸ਼ਰਅ ਸ਼ਰੀਅਤ ਦੇਵੇ ਤਜ, ਲਾਸ਼ਰੀਕ ਤੌਫੀਕ ਇਕ ਖ਼ੁਦਾਈਆ । ਸਾਚੇ ਮੰਦਰ ਸ਼ਿਵਦਵਾਲੇ ਮੱਠ ਬਹੇ ਸਜ, ਇਸ਼ਟ ਦੇਵ ਸਵਾਮੀ ਚਤੁਰਭੁਜ ਬੇਪਰਵਾਹੀਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਪੁਰਖ ਅਬਿਨਾਸ਼ੀ ਸੋਭਾ ਪਾਈਆ । ਜਨ ਭਗਤਾਂ ਬਣ ਜਾਏ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਸਵੱਛ ਸਰੂਪੀ ਰੂਪ ਵਖਾਈਆ । ਲਹਿਣਾ ਦੇਣਾ ਚੁਕਾ ਪ੍ਰਿਥਮੀ ਆਕਾਸ਼, ਗਗਨ ਮੰਡਲ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਪੰਧ ਮੁਕਾਈਆ । ਸਚ ਦਵਾਰ ਚਰਨ ਕਵਲ ਕਰਾਏ ਨਿਵਾਸ, ਆਸਣ ਸਿੰਘਾਸਣ ਇਕ ਦਰਸਾਈਆ । ਕਲਜੁਗ ਜਨ ਭਗਤਾਂ ਕਦੇ ਨਾ ਆਵੇ ਪਾਸ, ਦੂਰ ਦੁਰਾਡਾ ਬਹਿ ਬਹਿ ਆਪਣਾ ਸੀਸ ਨਿਵਾਈਆ । ਕਲਜੁਗ ਜੀਵਾਂ ਕੂੜੀ ਕਿਰਿਆ ਪੂੰਜੀ ਦੇਵੇ ਰਾਸ, ਮਨਮੁਖਾਂ ਝੋਲੀ ਜਗਤ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖਾਂ ਵਸੇ ਸਦਾ ਸਾਥ, ਸਗਲਾ ਸੰਗ ਆਪ ਨਿਭਾਈਆ ।

## ★ ੧੩ ਫੱਗਣ ੨੦੨੦ ਬਿਕ੍ਰਮੀ ਮੱਸਾ ਸਿੰਘ ਦੇ ਘਰ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ★

ਜਨ ਭਗਤ ਮੰਗਣ ਮੰਗ, ਪ੍ਰਭ ਅੱਗੇ ਸੀਸ ਨਿਵਾਈਆ । ਕਲਜੁਗ ਵੇਖ ਕੂੜ ਪਖੰਡ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਮਿਲੇ ਨਾ ਕੋਈ ਸੰਗ, ਸੱਜਣ ਸੈਣ ਨਾ ਕੋਇ ਵਡਿਆਈਆ । ਮਾਇਆ ਮਮਤਾ ਹਉਮੇ ਹੰਗਤਾ ਪਾਏ ਡੰਡ, ਜੂਠ ਝੂਠ ਦਏ ਦੁਹਾਈਆ । ਆਤਮ ਪਰਮਾਤਮ ਤੇਰਾ ਕੋਈ ਨਾ ਗਾਵੇ ਛੰਦ, ਸਾਚਾ ਰਾਗ ਨਾ ਕੋਇ ਅਲਾਈਆ । ਦੂਈ ਦਵੈਤੀ ਘਰ ਨਾ ਢਾਹੇ ਕੰਧ, ਮਨ ਕਾ ਮਣਕਾ ਨਾ ਕੋਇ ਭਵਾਈਆ । ਕਿਰਪਾ ਕਰ ਸਾਹਿਬ ਬਖ਼ਸ਼ੰਦ, ਤੇਰੇ ਹੱਥ ਪ੍ਰਭ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਬੈਠੇ ਧਿਆਨ ਲਗਾਈਆ । ਹਰਿਜਨ ਮੰਗਣ ਧੁਰ ਦੀ ਦਾਤ, ਦਰ ਠਾਂਡੇ ਸੀਸ ਨਿਵਾਈਆ । ਠਾਕਰ ਸਵਾਮੀ ਵੇਖ ਅੰਧੇਰੀ ਰਾਤ, ਕਲਜੁਗ ਰੈਣ ਅੰਧੇਰਾ ਛਾਈਆ । ਝਗੜਾ ਪਿਆ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਗਏ ਆਖ, ਪੁਰਖ ਅਕਾਲ ਇਕੋ ਨੂਰ ਖ਼ੁਦਾਈਆ । ਕਾਇਆ ਮੰਦਰ ਸਚ ਦੁਆਰੇ ਕੋਈ ਨਾ ਖੋਲ੍ਹੇ ਤਾਕ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਆਵਣ ਜਾਵਣ ਕੱਟਣ ਵਾਟ, ਧੁਰ ਪਾਂਧੀ ਨਜ਼ਰ ਕੋਇ ਨਾ ਆਈਆ । ਸਾਹਿਬ ਸੁਲਤਾਨ ਸਚ ਸਵਾਮੀ ਜਾਹਰ ਬਾਤਨ ਕਰ ਬਾਤ, ਗਹਿਰ ਗੰਭੀਰ ਹਉਂ ਸਰਨਾਈਆ । ਨਾਮ ਅਮੋਲਕ ਸ਼ਬਦ ਅਗੰਮੀ ਦੇ ਦਾਤ, ਵਸਤੂ ਇਕੋ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਭਗਤ ਕਹਿਣ ਪ੍ਰਭ ਠਾਕਰ ਸਵਾਮੀ, ਤੁਧ ਬਿਨ ਨਜ਼ਰ ਕੋਇ ਆਈਆ । ਫਿਰ ਫਿਰ ਥੱਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਪੜ੍ਹ ਪੜ੍ਹ ਥੱਕੇ ਚਾਰੇ ਬਾਣੀ, ਨਿਰਗੁਣ ਤੇਰਾ ਮੇਲ ਨਾ ਕੋਇ ਮਿਲਾਇੰਦਾ । ਫਿਰ ਫਿਰ ਥੱਕੇ ਅੱਠ ਸੱਠ ਤੀਰਥ ਪਾਣੀ, ਅੰਮ੍ਰਿਤ ਸਰੋਵਰ ਘਰ ਸਾਚਾ ਜਾਮ ਨਾ ਕੋਇ ਪਿਆਇੰਦਾ । ਵੇਖ ਵੇਖ ਥੱਕੇ ਜਗਤ ਨਿਸ਼ਾਨੀ, ਧਰਮ ਨਿਸ਼ਾਨ ਨਜ਼ਰ ਕੋਇ ਨਾ ਆਇੰਦਾ । ਸ਼ਾਹ ਪਾਤਸ਼ਾਹ ਨਿਰਗੁਣ ਨੂਰ ਜੋਤ ਨੁਰਾਨੀ, ਨਿਰਵੈਰ ਨਿਰਾਕਾਰ ਤੇਰੀ ਕਰਨੀ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਹਰਿਜਨ ਪੰਚਮ ਧਿਆਨ ਲਗਾਇੰਦਾ । ਭਗਤ ਕਹੇ ਪ੍ਰਭ ਠਾਕਰ ਸਤਿ, ਸਤਿਗੁਰ ਤੇਰੇ ਹੱਥ ਵਡਿਆਈਆ । ਇਕੋ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਸਚ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਿਰ ਠਾਕਰ ਰੱਖ ਆਪਣਾ ਹੱਥ, ਮਿਹਰ ਨਜ਼ਰ ਉਠਾਈਆ । ਵਸਤ ਅਗੰਮੀ ਇਕੋ ਘਤ, ਕਾਇਆ ਚੋਲੀ ਦੇ ਭਰਾਈਆ । ਲਹਿਣਾ ਚੁੱਕੇ ਮਨਮਤ, ਗੁਰਮਤ ਇਕੋ ਇਕ ਸਮਝਾਈਆ । ਆਪਣੇ ਮਿਲਣ ਦੀ ਦੇ ਅੱਖ, ਜਗਤ ਲੋਚਣ ਬੰਦ ਕਰਾਈਆ । ਸਤਿਗੁਰ ਸਵਾਮੀ ਕਮਲਾਪਤ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਬੈਠੇ ਸੀਸ ਨਿਵਾਈਆ । ਪਾਰਬ੍ਰਹਮ ਹਰਿ ਸਤਿਗੁਰ ਮੀਤ, ਸੱਜਣ ਤੇਰੇ ਹੱਥ ਵਡਿਆਈਆ । ਕਿਸੇ ਹੱਥ ਨਾ ਆਇਉਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜੇ ਥਾਉਂ ਥਾਈਆ । ਕਵਣ ਦੁਆਰ ਧਾਮ ਅਨਡਿਠੜੇ ਵਸਿਉਂ ਠਾਂਡਾ ਸੀਤ, ਸੀਤਲ ਧਾਰ ਆਪਣੀ ਇਕ ਪਰਗਟਾਈਆ । ਰਸਨਾ ਜਿਹਵਾ ਬੱਤੀ ਦੰਦ ਗਾ ਗਾ ਥੱਕੇ ਗੀਤ, ਗੋਬਿੰਦ ਮਿਲਣ ਕਦੇ ਨਾ ਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਭਗਤ ਕਹੇ ਪ੍ਰਭ ਆ ਜਾ ਘਰ, ਘਰ ਘਰ ਵਿਚ ਰਾਹ ਤਕਾਇੰਦਾ । ਨਿਰਭੌ ਚੁਕਾ ਭੈ ਡਰ, ਭਿਆਨਕ ਤੇਰੀ ਝੋਲੀ ਪਾਇੰਦਾ । ਦਰਸ ਵਖਾ ਅੱਗੇ ਖੜ, ਨੇਤਰ ਲੋਚਣ ਨੈਣ ਇਕ ਉਠਾਇੰਦਾ । ਸਚ ਸਤਿਵਾਦੀ ਦੇ ਵਰ, ਵਰਦਾਤਾ ਤੇਰੀ ਓਟ ਤਕਾਇੰਦਾ । ਆਤਮ ਪਰਮਾਤਮ ਲਾ ਲੜ, ਪੱਲੂ ਤੇਰੀ ਗੰਢ ਬੰਧਾਇੰਦਾ । ਸਿਫ਼ਤ ਸਾਲਾਹੀ ਢੋਲਾ ਪੜ੍ਹ, ਸੋਹਣਾ ਰਾਗ ਅਲਾਇੰਦਾ । ਤੇਰਾ ਲੇਖਾ ਚੋਟੀ ਜੜ੍ਹ, ਮਧ ਤੇਰਾ ਨੂਰ ਵਿਚੋਂ ਟਪਕਾਇੰਦਾ । ਗੁਰ ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਦਰ, ਦਰ ਦਰਵਾਜ਼ਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਚ ਸਚ ਧਿਆਨ ਲਗਾਇੰਦਾ । ਭਗਤ ਮੰਗਣ ਤੇਰਾ ਨਾਉਂ, ਰਸਨਾਂ ਜਿਹਵਾ ਨਾ ਕੋਈ ਵਡਿਆਈਆ । ਮਿਲੇ ਮੇਲ ਅਗੰਮ ਅਥਾਹੋ, ਬੇਪਰਵਾਹ ਸਹਿਜ ਸੁਖਦਾਈਆ । ਨਿਰਧਨ ਪਕੜੇ ਆ ਕੇ ਬਾਂਹੋ, ਸਰਧਨ ਹੋਏ ਸਹਾਈਆ । ਬਣ ਸੁਹੇਲਾ ਦੇਵੇ ਠੰਡੀ ਛਾਉਂ, ਮਿਹਰਵਾਨ ਆਪਣਾ ਹੱਥ ਰਖਾਈਆ । ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਲੱਖ ਚੁਰਾਸੀ ਹੱਕ ਨਿਆਉਂ, ਹਕੀਕਤ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਦੂਰ ਦੁਰਾਡੇ ਸਾਹਿਬ ਸੁਲਤਾਨ, ਜਨ ਭਗਤਾਂ ਤੇਰੀ ਓਟ ਤਕਾਈਆ । ਆ ਕੇ ਵੇਖ ਸਾਢੇ ਤਿੰਨ ਹੱਥ ਮਕਾਨ, ਘਰ ਘਰ ਵਿਚ ਡੇਰਾ ਲਾਈਆ । ਦੀਆ ਦੀਪਕ ਜੋਤੀ ਏਕਾ ਜਗੇ ਮਹਾਨ, ਤੇਰਾ ਨੂਰ ਹੋਏ ਰੁਸ਼ਨਾਈਆ । ਅੰਮ੍ਰਿਤ ਆਤਮ ਮਿਲੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਰਹਿਣ ਨਾ ਪਾਈਆ । ਸ਼ਬਦ ਅਨਾਦ ਸੁਣਾ ਸੱਚੀ ਧੁਨਕਾਨ, ਅਨਹਦ ਨਾਦੀ ਰਾਗ ਸੁਣਾਈਆ । ਸਾਚੀ ਸਖੀ ਪ੍ਰਭੂ ਮਿਲ ਆ ਕੇ ਕਾਹਨ, ਗੋਪੀ ਤੇਰੀ ਰਹੀ ਕੁਰਲਾਈਆ । ਨੈਣ ਖੋਲ੍ਹ ਕਰ ਧਿਆਨ, ਬਿਨ ਅੱਖਾਂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਾਹਿਬ ਸਤਿਗੁਰ ਆ ਪ੍ਰਭ ਨੇੜੇ, ਹਰਿਜਨ ਚਰਨ ਕਵਲ ਧਿਆਨ ਲਗਾਈਆ । ਤੁਧ ਬਿਨ ਉਜੜੇ ਖਾਲੀ ਖੇੜੇ, ਮੰਦਰ ਸੋਭਾ ਕੋਈ ਨਾ ਪਾਈਆ । ਨੌ ਦੁਆਰੇ ਲੱਗੇ ਝੇੜੇ, ਪੰਚ ਵਕਾਰ ਕਰਨ ਲੜਾਈਆ । ਸਾਚੀ ਨਈਆ ਚੜ੍ਹਾਏ ਨਾ ਕੋਈ ਬੇੜੇ, ਪਾਰ ਕਿਨਾਰਾ ਸਕੇ ਨਾ ਕੋਇ ਦਿਖਾਈਆ । ਕੋਟਨ ਕੋਟ ਬੈਠੇ ਲਾ ਕੇ ਡੇਰੇ, ਸਾਧ ਸੰਤ ਕਲਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿ ਸਾਹਿਬ ਸਚ ਗੋਸਾਈਆ । ਵੇਖ ਗੋਸਾਈਂ ਭਗਤ ਰੰਗ, ਜਿਨ ਤੇਰਾ ਧਿਆਨ ਲਗਾਈਆ । ਖਾਲੀ ਦਿਸੇ ਸੇਜ ਪਲੰਘ, ਸੁੰਞੀ ਸੇਜ ਨਾ ਕੋਈ ਸੁਹਾਈਆ । ਤੁਧ ਬਿਨ ਮਿਲੇ ਨਾ ਕੋਈ ਅਨੰਦ, ਅਨੰਦ ਅਨੰਦ ਵਿਚੋਂ ਨਾ ਕੋਈ ਪਰਗਟਾਈਆ । ਘਰ ਪਰਕਾਸ਼ ਨਾ ਦਿਸੇ ਚੰਦ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਸੀਰ ਨਾ ਪਾਵੇ ਠੰਡ, ਝਿਰਨਾ ਨਿਝਰ ਨਾ ਕੋਇ ਝਿਰਾਈਆ । ਜੁਗ ਜਨਮ ਦੇ ਵਿਛੜਿਆਂ ਕੋਈ ਨਾ ਪਾਵੇ ਗੰਢ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਲ ਸਾਚਾ ਘਰ, ਜਿਸ ਘਰ ਆਪਣਾ ਆਸਣ ਲਾਈਆ । ਭਗਤ ਕਹੇ ਪ੍ਰਭ ਖੋਲ੍ਹ ਪਰਦਾ, ਓਹਲਾ ਰਹਿਣ ਕੋਇ ਨਾ ਪਾਈਆ । ਤੇਰੇ ਬਿਰਹੋਂ ਵੈਰਾਗ ਅੰਦਰ ਮਰਦਾ, ਮੁਰਦਾ ਗੋਰ ਨਜ਼ਰੀ ਆਈਆ । ਵਿਛੋੜੇ ਅੰਦਰ ਰਿਹਾ ਸੜਦਾ, ਅਗਨੀ ਤਤ ਜਲਾਈਆ । ਬਿਨ ਤੇਰੀ

ਕਿਰਪਾ ਸਾਚੀ ਮੰਜ਼ਲ ਕੋਈ ਨਾ ਚੜ੍ਹਦਾ, ਚੌਥੇ ਪਦ ਹੱਦ ਨਜ਼ਰ ਕਿਸੇ ਨਾ ਆਈਆ । ਹਉਂ ਗ਼ੁਲਾਮ ਸੇਵਕ ਤੇਰੇ ਦਰ ਦਾ ਬਰਦਾ, ਬੰਦੀਖਾਨਾ ਦੇ ਤੁੜਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਘਾੜਨ ਘੜਦਾ, ਘੜ ਘੜ ਵੇਖੇ ਥਾਉਂ ਥਾਈਆ । ਕਰ ਖੇਲ ਨਰਾਇਣ ਨਰ ਦਾ, ਨਰ ਹਰਿ ਤੇਰੀ ਇਕ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨੇਤਰ ਲੋਚਣ ਅੱਖ ਖੁਲ੍ਹਾਈਆ । ਸਾਹਿਬ ਪ੍ਰਭੂ ਖੋਲ ਅੱਖ, ਭਗਤ ਜਨ ਰਹੇ ਜਣਾਈਆ । ਘਰ ਮੇਲ ਮਿਲਾ ਪੁਰਖ ਸਮਰਥ, ਸਮਰਥ ਤੇਰੀ ਸਰਨਾਈਆ । ਪੂਰਬ ਲਹਿਣਾ ਦੇਵੇ ਹੱਥੋ ਹੱਥ, ਸੌਦਾ ਇਕੋ ਹੱਟ ਵਿਕਾਈਆ । ਜਿਉਂ ਭਾਵੇ ਤਿਉਂ ਲੈ ਰੱਖ, ਸਿਰ ਆਪਣਾ ਹੱਥ ਟਿਕਾਈਆ । ਦੂਰ ਦੁਰਾਡੇ ਨੇੜਨ ਨੇੜੇ ਘਰ ਆ ਕੇ ਮਾਰਗ ਸਚ ਦੱਸ, ਸਾਚੀ ਸਿਖਿਆ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਵਖਾਈਆ । ਭਗਤ ਕਹੇ ਪ੍ਰਭ ਕਿਉਂ ਰੱਖਿਆ ਓਹਲਾ, ਓਹਲੇ ਵਿਚ ਤੇਰੀ ਨਾ ਕੋਇ ਵਡਿਆਈਆ । ਧੁਰ ਸੁਣਾ ਸਚ ਬੋਲਾ, ਅਣਬੋਲਤ ਰਾਗ ਅਲਾਈਆ । ਤੇਰਾ ਨਾਉਂ ਪੀਰ ਪੈਗੰਬਰ ਕਹਿਣ ਮੌਲਾ, ਮੌਲਿਆ ਹਰ ਘਟ ਥਾਈਂਆ । ਤੇਰਾ ਆਦਿ ਜੁਗਾਦੀ ਧੁਰ ਦਾ ਸੋਹਲਾ, ਗੁਰ ਅਵਤਾਰ ਰਹੇ ਜਸ ਗਾਈਆ । ਈਸਾ ਮੂਸਾ ਮੁਹੰਮਦ ਗਾਇਆ ਢੋਲਾ, ਹੁਜਰਾ ਹੱਕ ਰਹੇ ਸੁਣਾਈਆ । ਸ਼ਬਦੀ ਧਾਰ ਬਣ ਵਿਚੋਲਾ, ਗੁਰ ਗੁਰ ਆਪਣਾ ਵੇਸ ਵਟਾਈਆ । ਕਲਜੁਗ ਵੇਖ ਚਾਰੋਂ ਕੁੰਟ ਪਿਆ ਰੌਲਾ, ਝਗੜਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਝਗੜਾ ਵੇਖ ਲੋਕਮਾਤ, ਜਨ ਭਗਤ ਰਹੇ ਜਣਾਈਆ । ਪੁਰਖ ਅਬਿਨਾਸ਼ੀ ਮਾਰ ਝਾਤ, ਝਾਕੀ ਆਪਣੀ ਅੱਖ ਖੁਲ੍ਹਾਈਆ । ਤੇਰੀ ਕੋਈ ਨਾ ਗਾਏ ਸਾਚੀ ਗਾਥ, ਹਿਰਦੇ ਸਚ ਨਾ ਕੋਇ ਵਸਾਈਆ । ਤੇਈ ਅਵਤਾਰ ਬਣ ਜ਼ਮਾਤ, ਭਗਤ ਅਠਾਰਾਂ ਜੋੜ ਜੁੜਾਈਆ । ਈਸਾ ਮੂਸਾ ਮੁਹੰਮਦ ਦੱਸਣ ਬਾਤਨ ਬਾਤ, ਜਾਹਰ ਜਹੂਰ ਕਰ ਰੁਸ਼ਨਾਈਆ । ਨਾਨਕ ਗੋਬਿੰਦ ਸਾਖਿਆਤ, ਨਿਰਗੁਣ ਸਰਗੁਣ ਰੂਪ ਦਰਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੱਸੇ ਹਾਲਾਤ, ਤੀਸ ਬਤੀਸਾ ਢੋਲਾ ਗਾਈਆ । ਖਾਣੀ ਬਾਣੀ ਪੂਰੀ ਕਰ ਆਸ, ਆਸਾਵੰਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਬੇਪਰਵਾਹ ਤੇਰੀ ਨਜ਼ਰੀ ਆਏ ਬੇਪਰਵਾਹੀਆ । ਭਗਤ ਕਹਿਣ ਪ੍ਰਭ ਉਠ ਕੇ ਵੇਖ, ਆਪਣੀ ਲੈ ਅੰਗੜਾਈਆ । ਸ੍ਰਿਸ਼ਟ ਸਬਾਈ ਕੂੜਾ ਭੇਖ, ਸਤਿ ਸਰੂਪ ਨਾ ਕੋਇ ਸਮਾਈਆ । ਮਾਇਆ ਮਮਤਾ ਰਹੇ ਖੇਡ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਚ ਸੰਦੇਸਾ ਧੁਰ ਦਾ ਭੇਜ, ਅਲੱਖ ਅਗੋਚਰ ਆਪਣਾ ਨਾਮ ਦ੍ਰਿੜ੍ਹਾਈਆ । ਜੋਤੀ ਜਲਵਾ ਦੇ ਤੇਜ, ਨੂਰੋ ਨੂਰ ਰੁਸ਼ਨਾਈਆ । ਸੁਹੰਜਣੀ ਸੋਭਾਵੰਤ ਕਰ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਚਾਰ ਜੁਗ ਦਾ ਪਿਛਲਾ ਵੇਖ ਲੇਖ, ਗੁਰ ਅਵਤਾਰ ਪੀਰ ਪੈਗੰਬਰ ਜੋ ਲੋਕਮਾਤ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣਾ ਇਕ ਵਰ, ਬਣ ਦਰਦੀ ਦਰਦੀਆਂ ਦਰਦ ਵੰਡਾਈਆ । ਭਗਤ ਕਹਿਣ ਨਾਲ ਗੁੱਸੇ, ਸ੍ਰੀ ਭਗਵਾਨ ਸਚ ਜਣਾਈਆ । ਤੇਰੇ ਨਾਲੋਂ ਸਾਰੇ ਰੁੱਸੇ, ਬੈਠੇ ਮੁਖ ਭਵਾਈਆ । ਸਤਿ ਧਰਮ ਪੈਂਡੇ ਮੁੱਕੇ, ਪਾਂਧੀ ਨਜ਼ਰ ਕੋਇ ਨਾ ਆਈਆ । ਖਾਲੀ ਦਿਸਣ ਪਾਣੀਉਂ ਹੁੱਕੇ, ਗਟਾ ਨੇਜ਼ਾ ਨਾ ਕੋਇ ਵਡਿਆਈਆ ।

ਨਬੀ ਰਸੂਲ ਸਾਰੇ ਰੁੱਠੇ, ਪਰਵਰਦਿਗਾਰ ਨਾ ਕੋਇ ਸਹਾਈਆ । ਗੁਰ ਅਵਤਾਰ ਕਿਸੇ ਨਾ ਪੁਛੇ, ਅੰਤਰ ਸਾਰ ਕੋਇ ਨਾ ਆਈਆ । ਬੇਪਰਵਾਹ ਤੇਰੇ ਦਰ ਸੀਸ ਕੋਇ ਨਾ ਝੁਕੇ, ਸਜਦਾ ਹੱਕ ਨਾ ਕੋਇ ਵਖਾਈਆ । ਕਲਜੁਗ ਕੂੜੀ ਕਿਰਿਆ ਰਾਹ ਪਏ ਪੁੱਠੇ, ਭਰਮੀ ਭਰਮ ਕਰੇ ਲੜਾਈਆ । ਨਾਤੇ ਤੁਟੇ ਮਾਤ ਪੁੱਤੇ, ਪਿਤਾ ਪੂਤ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਖੇਲ ਵਰਤਾਈਆ । ਪੰਜ ਤਤ ਕਾਇਆ ਜੁੱਸੇ ਅੱਠ ਤੱਤ, ਬ੍ਰਹਮ ਮਤ ਨਜ਼ਰ ਕੋਇ ਨਾ ਆਈਆ । ਭਗਤ ਕਹੇ ਭਗਵਾਨ ਦੱਸ ਸੱਚ, ਦਰ ਤੇਰੇ ਮੰਗ ਮੰਗਾਈਆ । ਕਾਇਆ ਮਾਟੀ ਦੇ ਕੇ ਭਾਂਡਾ ਕਚ, ਸੋਹਣਾ ਪੋਚ ਪੁਚਾਈਆ । ਡੂੰਘੀ ਕੰਦਰ ਬੈਠੋਂ ਰਚ, ਰਚਨਾ ਆਪਣੀ ਆਪ ਰਚਾਈਆ । ਕਿਉਂ ਸਾਥੋਂ ਹੋਇਓਂ ਵੱਖ, ਆਪਣਾ ਮੁਖ ਭਵਾਈਆ । ਠਾਕਰ ਹੋ ਕੇ ਦੇਦੇ ਹੱਕ, ਹਕੀਕਤ ਸਾਚੀ ਝੋਲੀ ਪਾਈਆ । ਚਰਨ ਪ੍ਰੀਤੀ ਜੋੜ ਨੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਸਚ ਸਰਨਾਈਆ । ਭਗਤਾਂ ਸੁਣ ਅਵਾਜ਼, ਕਲਜੁਗ ਲਏ ਅੰਗੜਾਈਆ । ਸਚ ਦੁਆਰੇ ਆਇਆ ਭਾਜ, ਉਚੀ ਕੂਕ ਕੂਕ ਸੁਣਾਈਆ । ਨਿਉਂ ਨਿਉਂ ਸਜਦਾ ਪੜ੍ਹੇ ਨਮਾਜ਼, ਸੀਸ ਜਗਦੀਸ਼ ਝੁਕਾਈਆ । ਸਾਹਿਬ ਮੇਰੇ ਇਸ ਦੇ ਵਿਚ ਕੋਈ ਰਾਜ਼, ਪਰਦਾ ਸਕੇ ਨਾ ਕੋਇ ਉਠਾਈਆ । ਮੇਰਾ ਬੇੜਾ ਭਰਿਆ ਜਹਾਜ਼, ਲੱਖ ਚੁਰਾਸੀ ਉਪਰ ਡੇਰਾ ਲਾਈਆ । ਕਿਸੇ ਮੰਦਰ ਅੰਦਰ ਰਹਿਣ ਨਾ ਦਿਤਾ ਕੋਈ ਰਾਗ, ਰਾਗਣ ਚਲੇ ਨਾ ਕੋਇ ਚਤੁਰਾਈਆ । ਭਰਮ ਭੁਲਾਇਆ ਜਗਤ ਸਮਾਜ, ਸਮਾਜੀ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਪ੍ਰਭ ਮੇਰੀ ਅਰਜ਼ੋਈ, ਧੁਰਦਰਗਾਹੀ ਇਕ ਜਣਾਇੰਦਾ । ਤੇਰੀ ਲਿਖਤ ਨਾ ਮੇਟੇ ਕੋਈ, ਮਿਟਾਵਣਹਾਰਾ ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਦੇਵੇ ਨਾ ਕੋਈ ਢੋਈ, ਸਿਰ ਹੱਥ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਤੇਰੇ ਅੱਗੇ ਝੋਲੀ ਡਾਹਿੰਦਾ । ਕਲਜੁਗ ਕਹੇ ਸੁਣ ਭਗਵੰਤ, ਵੇਖ ਮੇਰੀ ਚਤੁਰਾਈਆ । ਤੇਰੇ ਹੁਕਮੇ ਅੰਦਰ ਸੇਵਾ ਕੀਤੀ ਬੇਅੰਤ, ਚਾਕਰ ਆਪਣਾ ਆਪ ਬਣਾਈਆ । ਨਾਤਾ ਜੁੜਿਆ ਰਹਿਣ ਨਾ ਦਿਤਾ ਨਾਰ ਕੰਤ, ਸਚ ਸਰੂਪ ਸਚ ਨਾ ਕੋਇ ਸਮਾਈਆ । ਘਰ ਘਰ ਦਰ ਦਰ ਗੜ੍ਹ ਬਣਾਇਆ ਹਉਮੇ ਹੰਗਤ, ਕੂੜੀ ਕਿਰਿਆ ਕਰੇ ਲੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਬਣਨ ਨਾ ਦਿਤੀ ਸੰਗਤ, ਸਾਂਝਾ ਯਾਰ ਸਚ ਨਾ ਕਿਸੇ ਦਰਸਾਈਆ । ਖੇਲ ਖਿਲਾਇਆ ਮੁੱਲਾਂ ਸ਼ੇਖ਼ ਪੰਡਤ ਸੰਤ, ਗ੍ਰੰਥੀ ਪੰਥੀ ਧਾਰ ਜਣਾਈਆ । ਮਾਇਆ ਪਾਈ ਬੇਅੰਤ, ਤ੍ਰੈਗੁਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੇਰਾ ਲੇਖਾ ਪੂਰ ਕਰਾਈਆ । ਕਲਜੁਗ ਕਹੇ ਪ੍ਰਭ ਲੇਖਾ ਦੇਣਾ, ਦੇਵਣਹਾਰ ਇਕ ਅਖਵਾਇੰਦਾ । ਸਦੀ ਚੌਧਵੀਂ ਵੇਖਾਂ ਨੈਣਾਂ, ਨੇਤਰ ਨੈਣ ਇਕ ਉਠਾਇੰਦਾ । ਮੈਂ ਨਾਤਾ ਤੋੜਾਂ ਭਾਈ ਭੈਣਾਂ, ਸੱਜਣ ਸੰਗ ਨਾ ਕੋਇ ਰਖਾਇੰਦਾ । ਨੌ ਖੰਡ ਪ੍ਰਿਥਮੀ ਉਚਾ ਬੁਰਜ ਹੰਕਾਰੀ ਢਹਿਣਾ, ਚਾਰੋ ਕੁੰਟ ਨਜ਼ਰ ਕੋਇ ਨਾ ਆਇੰਦਾ । ਕੂੜੀ ਕਿਰਿਆ ਵਹਿਣ ਵਹਿਣਾ, ਬੱਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਖਾਲੀ ਝੋਲੀ ਆਪਣੀ ਡਾਹਿੰਦਾ । ਪੁਰਖ ਅਬਿਨਾਸ਼ੀ ਦਏ ਦਲਾਸਾ, ਹੱਕੋ ਹੱਕ ਜਣਾਈਆ । ਲੱਖ ਚੁਰਾਸੀ ਤੇਰਾ ਸਾਥਾ, ਸੋਹਣਾ ਸੰਗ ਬਣਾਈਆ । ਕੋਟਾਂ ਵਿਚੋਂ

੬੪੩ ੧੯

ਗੁਰਮੁਖ ਵਿਰਲੇ ਬਣਾਂ ਰਾਖਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਗੋਦੀ ਚੁੱਕਾਂ ਬਣ ਕੇ ਪਿਤਾ ਮਾਤਾ, ਸੋਹਣੀ ਸੇਵ ਕਮਾਈਆ । ਚਰਨ ਪ੍ਰੀਤੀ ਜੋੜਾਂ ਨਾਤਾ, ਧੁਰ ਦਾ ਮੇਲ ਮਿਲਾਈਆ । ਆਤਮ ਪਰਮਾਤਮ ਦੱਸਾਂ ਗਾਥਾ, ਪੂਜਾ ਪਾਠ ਇਕੋ ਇਕ ਸਮਝਾਈਆ । ਆਤਮ ਸਰੋਵਰ ਤੀਰਥ ਤਾਟਾ, ਘਰ ਇਸ਼ਨਾਨ ਇਕ ਨੁਹਾਈਆ । ਮੁੱਕੀ ਰੈਣ ਅੰਧੇਰੀ ਰਾਤਾ, ਜੋਤੀ ਨੂਰ ਚੰਦ ਚਮਕਾਈਆ । ਸ਼ਬਦ ਅਗੰਮੀ ਦੇਵਾਂ ਦਾਤਾ, ਨਿਰਅੱਖਰ ਇਕ ਸਮਝਾਈਆ । ਭਾਗ ਲਗਾਵਾਂ ਕਾਇਆ ਕਾਸਾ, ਖਾਲੀ ਭੰਡਾਰਾ ਇਕ ਭਰਾਈਆ । ਜਨਮ ਜਨਮ ਦੀ ਪੂਰੀ ਕਰਾਂ ਆਸਾ, ਕਰਮ ਕਰਮ ਦਾ ਰੋਗ ਗਵਾਈਆ । ਆਤਮ ਸੇਜਾ ਭੋਗ ਬਿਲਾਸਾ, ਸੋਹਣੀ ਰੁੱਤ ਸੁਹਾਈਆ । ਸੇਵਾ ਕਰਾਂ ਬਣ ਦਾਸੀ ਦਾਸਾ, ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਰਿਹਾ ਜਣਾਈਆ । ਕਲਜੁਗ ਕਹੇ ਪ੍ਰਭ ਮੇਰੀ ਨਿਮਸਕਾਰ, ਜਗਦੀਸ ਤੇਰੀ ਸਰਨਾਈਆ । ਤੇਰਾ ਭਗਤ ਸੋਹੇ ਤੇਰੇ ਦੁਆਰ, ਦਰ ਠਾਂਡੇ ਡੇਰਾ ਲਾਈਆ । ਮੈਂ ਦੂਰ ਦੁਰਾਡਾ ਵਸਾ ਬਾਹਰ, ਗੁਰਮੁਖ ਨੇੜ ਕਦੇ ਨਾ ਆਈਆ । ਲੱਖ ਚੁਰਾਸੀ ਕਰਾਂ ਖਵਾਰ, ਜੀਵ ਜੰਤ ਜਗਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਤੇਰੀ ਸਾਚੀ ਸੇਵ ਕਮਾਈਆ । ਸ੍ਰੀ ਭਗਵਾਨ ਕਹੇ ਸੁਣ ਕਲਜੁਗ ਅੰਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਜਨ ਭਗਤਾਂ ਮੇਲਾ ਜਿਉਂ ਨਾਰ ਕੰਤ, ਹਰਿ ਪੁਰਖ ਨਿਰੰਜਣ ਜੋੜ ਜੁੜਾਈਆ । ਆਤਮ ਪਰਮਾਤਮ ਚਾੜ੍ਹੇ ਰੰਗ ਬਸੰਤ, ਇਕਉਂਕਾਰ ਦਏ ਵਡਿਆਈਆ । ਬੋਧ ਅਗਾਧਾ ਬਣ ਕੇ ਪੰਡਤ, ਜੋਤੀ ਜਾਤਾ ਦਏ ਪੜ੍ਹਾਈਆ । ਚਰਨ ਕਵਲ ਲਗਾਏ ਅੰਗਤ, ਅਬਿਨਾਸ਼ੀ ਕਰਤਾ ਹੋਏ ਸਹਾਈਆ । ਮੇਲ ਮਿਲਾਵਾ ਸਾਚੀ ਸੰਗਤ, ਸ੍ਰੀ ਭਗਵਾਨ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਪਾਰਬ੍ਰਹਮ ਦਰਸਾਈਆ । ਕਲਜੁਗ ਕਹੇ ਮੇਰੇ ਵਖਾਏ ਭਾਗ, ਪ੍ਰਭ ਸਚ ਸਚ ਦ੍ਰਿੜਾਈਆ । ਜਨ ਭਗਤਾਂ ਮਿਲੇ ਕੰਤ ਸੁਹਾਗ, ਕਲ ਸੋਹਣੀ ਰੁੱਤ ਸੁਹਾਈਆ । ਦੀਪਕ ਜੋਤ ਜਗਾਏ ਚਿਰਾਗ, ਕਮਲਾਪਾਤੀ ਬੇਪਰਵਾਹੀਆ । ਅਗਨੀ ਤਤ ਬੁਝਾਏ ਆਗ, ਸਾਂਤਕ ਸਤਿ ਰੂਪ ਸਮਾਈਆ । ਸਰਗੁਣ ਨਿੰਦਰਾ ਖੋਲ੍ਹੇ ਜਾਗ, ਜਾਗਰਤ ਜੀਵਣ ਇਕ ਦ੍ਰਿੜਾਈਆ । ਘਰ ਵਿਚ ਘਰ ਖੁਲ੍ਹਾਏ ਰਾਜ਼, ਪਰਦਾ ਓਹਲਾ ਪਰੇ ਹਟਾਈਆ । ਨਾਤਾ ਤੋੜ ਕੂੜ ਸਮਾਜ, ਆਤਮ ਪਰਮਾਤਮ ਜੋੜ ਜੁੜਾਈਆ । ਸਚ ਸੁਣਾ ਅਗੰਮੀ ਅਵਾਜ਼, ਧੁਰ ਸੰਦੇਸਾ ਦਏ ਸਮਝਾਈਆ । ਬਣ ਸੁਹੇਲਾ ਵਸੇ ਪਾਸ, ਘਰ ਗੁਰਮੁਖ ਡੇਰਾ ਲਾਈਆ । ਜਨ ਭਗਤ ਕਹੇ ਸ਼ਾਬਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਭਗਤ ਕਹੇ ਪ੍ਰਭ ਮਿਲਾਏ ਕੌਣ, ਧੁਰ ਦਾ ਜੋੜ ਜੁੜਾਈਆ । ਭਗਵਨ ਕਹੇ ਜਨ ਭਗਤ ਗੂੜ੍ਹੀ ਨੀਂਦੇ ਸੌਣ, ਸੁਖ ਆਸਣ ਸੇਜ ਸੁਹਾਈਆ । ਅਬਿਨਾਸ਼ੀ ਕਰਤਾ ਨਿਰਗੁਣ ਆਏ ਆਪ ਉਠੌਣ, ਸਤਿ ਸਤਿਵਾਦੀ ਫੇਰਾ ਪਾਈਆ । ਮਹਲ ਅਟੱਲ ਸਚ ਦੁਆਰ ਆਏ ਬਹੌਣ, ਪਰਦਾ ਉਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸੱਚੀ ਵਡਿਆਈਆ । ਸਚ ਵਡਿਆਈ ਇਕ ਦਵਾਵਾਂਗਾ । ਹਰਿਜਨ ਸਾਚੇ ਸਚ ਉਠਾਵਾਂਗਾ । ਭਗਤ ਵਛਲ ਰੂਪ ਧਰਾਵਾਂਗਾ । ਅਛਲ ਅਛੱਲ ਖੇਲ ਖਿਲਾਵਾਂਗਾ । ਉਜਲ ਧਾਮ ਅਟੱਲ ਵਸਾਵਾਂਗਾ । ਦੀਪਕ ਜੋਤੀ ਜਾਏ ਬਲ, ਤੇਲ ਬਾਤੀ ਨਾ ਕੋਇ ਰਖਾਵਾਂਗਾ । ਧੁਰ ਸੰਦੇਸਾ ਸ਼ਬਦੀ

ਘੱਲ, ਗੁਰਮੁਖ ਆਪਣੇ ਨਾਲ ਮਿਲਾਵਾਂਗਾ । ਸੁੱਕੇ ਕਾਸ਼ਟ ਲਾਹ ਕੇ ਫਲ, ਅੰਮ੍ਰਿਤ ਰਸ ਚੁਆਵਾਂਗਾ । ਚਰਨ ਚਰਨੋਦਕ ਧੁਰ ਦਾ ਜਲ, ਅਮਿਉਂ ਰਸ ਇਕੋ ਮੁਖ ਚੁਆਵਾਂਗਾ । ਜੋਤੀ ਸ਼ਬਦੀ ਧਾਰ ਰਲ, ਨਿਰਗੁਣ ਨਿਰਵੈਰ ਖੇਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਰੰਗ ਰੰਗਾਵਾਂਗਾ । ਜਨ ਭਗਤ ਕਹੇ ਤੇਰਾ ਰੰਗ ਅਵੱਲਾ, ਨੇਤਰ ਜਗਤ ਨਜ਼ਰ ਨਾ ਆਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਉਚ ਮਹੱਲਾ, ਬਿਨ ਭਗਤਾਂ ਵੇਖਣ ਕੋਇ ਨਾ ਪਾਈਆ । ਜਨ ਭਗਤ ਕਹੇ ਤੇਰੀ ਡੂੰਘੀ ਡੱਲਾ, ਪਾਰ ਸਕੇ ਨਾ ਕੋਇ ਕਰਾਈਆ । ਸ੍ਰੀ ਭਗਵਾਨ ਕਹੇ ਜਿਸ ਫੜਾਵਾਂ ਪੱਲਾ, ਦੋ ਜਹਾਨਾਂ ਚਰਨਾਂ ਹੇਠ ਰਖਾਈਆ । ਭਗਤ ਕਹੇ ਤੂੰ ਅਛਲ ਅਛੱਲਾ, ਵਲ ਛਲਧਾਰੀ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਦਏ ਜਣਾਈਆ । ਭਗਤ ਕਹੇ ਘਰ ਆ ਠਾਕਰ, ਠੋਕਰ ਆਪਣਾ ਨਾਮ ਲਗਾਈਆ । ਕਲਜੁਗ ਭਵਰੀ ਡੂੰਘਾ ਸਾਗਰ, ਤੁਧ ਬਿਨ ਤਰਨ ਕੋਇ ਨਾ ਪਾਈਆ । ਕਿਰਪਾ ਕਰ ਕਰਤੇ ਕਾਦਰ, ਕਰੀਮ ਰਹੀਮ ਤੇਰੀ ਸਰਨਾਈਆ । ਨਿਰਮਲ ਕਰਮ ਹੋਣ ਉਜਾਗਰ, ਦੁਰਮਤ ਮੈਲ ਧਵਾਈਆ । ਬਣੀਏ ਤੇਰੇ ਦਰ ਸੁਦਾਗਰ, ਵਣਜ ਇਕੋ ਨਾਮ ਵਖਾਈਆ । ਗ਼ਰੀਬ ਨਿਮਣਿਆਂ ਦੇ ਆਦਰ, ਸਿਰ ਆਪਣਾ ਹੱਥ ਟਿਕਾਈਆ । ਸਿਦਕ ਸਬੂਰੀ ਬਖ਼ਸ਼ ਸਾਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤੋ ਸਦ ਰੱਖੋ ਯਾਦ, ਸੋ ਸਾਹਿਬ ਆਪ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਵ ਨੌਂ ਚਾਰ ਸੁਣੇ ਫਰਿਆਦ, ਅਭੁੱਲ ਭੁੱਲ ਕਦੇ ਨਾ ਜਾਈਆ । ਜਾਨਣਹਾਰਾ ਅੰਦਰੇ ਅੰਦਰ ਅੰਤਰ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਵੇਖਣਹਾਰਾ ਅਗੰਮ ਅਗੰਮੜਾ ਰਾਜ਼, ਪਰਦਾ ਉਹਲਾ ਦਏ ਚੁਕਾਈਆ । ਨਿਰਗੁਣ ਸਰਗੁਣ ਵਸੇ ਸਾਥ, ਸਗਲਾ ਸੰਗ ਨਿਭਾਈਆ । ਇਕੋ ਮੰਤਰ ਇਕੋ ਪੂਜਾ ਪਾਠ, ਇਸ਼ਟਦੇਵ ਸਵਾਮੀ ਇਕੋ ਇਕ ਦਰਸਾਈਆ । ਸੋ ਸਾਹਿਬ ਸਭ ਦੀ ਪਤ ਲਏ ਰਾਖ, ਪਰਮੇਸ਼ਵਰ ਪਰਮਾਤਮਾ ਆਤਮਾ ਬੰਧਨ ਪਾਈਆ । ਸਦਾ ਸੁਹੇਲਾ ਅਨਾਥਾਂ ਨਾਥ, ਦੀਨਨ ਦੀਨ ਗਲੇ ਲਗਾਈਆ । ਪੱਤਣ ਬਹਿ ਕੇ ਵੇਖੇ ਘਾਟ, ਮਾਹੀ ਆਪਣਾ ਡੇਰਾ ਲਾਈਆ । ਜਨ ਭਗਤਾਂ ਬਖ਼ਸ਼ ਸਚ ਪ੍ਰੀਤੀ ਦਾਤ, ਵਸਤ ਅਮੋਲਕ ਆਪ ਵਰਤਾਈਆ । ਲੇਖਾ ਚੁਕਾ ਜਾਤ ਪਾਤ, ਦੀਨ ਮਜ਼੍ਹਬ ਡੇਰਾ ਢਾਹੀਆ । ਊਚਾਂ ਨੀਚਾਂ ਰਾਓ ਰੰਕਾਂ ਦੇਵੇ ਸਗਲਾ ਸਾਥ, ਸਾਂਝਾ ਯਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿਭਗਤ ਸਦ ਦੇਵੇ ਮਾਣ ਵਡਿਆਈਆ ।



### ★ ੧੪ ਫੱਗਣ ੨੦੨੦ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ ★

ਵੇਖ ਖੇਲ ਪੁਰਖ ਸਮਰਥ, ਗੁਰ ਅਵਤਾਰ ਲੈਣ ਅੰਗੜਾਈਆ । ਪੀਰ ਪੈਗੰਬਰ ਖੋਲ੍ਹ ਅੱਖ, ਨੇਤਰ ਲੋਚਣ ਰਾਹ ਤਕਾਈਆ । ਨਿਰਗੁਣ ਧਾਰ ਰਹੇ ਦੱਸ, ਧੁਰ ਸੰਦੇਸ ਸ਼ਬਦ ਅਲਾਈਆ । ਸਚ ਦਵਾਰੇ ਕਰੋ ਇਕੱਠ, ਦਰਗਾਹ ਸਾਚੀ ਸੋਭਾ ਪਾਈਆ । ਖਾਲੀ ਵਖਾਓ ਆਪਣੇ ਹੱਥ, ਦੋਏ ਦੋਏ ਦੋਏ ਉਠਾਈਆ । ਜੁਗ ਚੌਕੜੀ ਜੋ ਮਾਰਗ ਆਏ ਦੱਸ, ਲੋਕਮਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਦੇ ਇਕ ਵਡਿਆਈਆ । ਵੇਖੇ ਖੇਲ ਪੁਰਖ ਅਕਾਲ, ਗੁਰ ਅਵਤਾਰ ਪੀਰ ਪੈਗੰਬਰ ਧਿਆਨ ਲਗਾਈਆ । ਨਿਰਗੁਣ ਜੋਤ ਸਤਿ ਸਰੂਪ ਸਚਖੰਡ ਬੈਠ ਸੱਚੀ ਧਰਮਸਾਲ, ਧਰਮ ਦੁਆਰਾ ਇਕ ਸੁਹਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠ ਦੀਨ ਦਿਆਲ, ਦਇਆਨਿਧ ਆਪਣੀ ਕਾਰ ਕਮਾਈਆ । ਸ਼ਬਦੀ ਸੁਤ ਸਚ ਦੁਲਾਰਾ ਵੇਖੇ ਆਪਣਾ ਲਾਲ, ਲਾਲਣ ਇਕੋ ਇਕ ਜਗਾਈਆ । ਚਾਰ ਜੁਗ ਦੀ ਦੱਸ ਘਾਲ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੇ ਖ਼ੁਸ਼ੀ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਸੋਚ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਦਾ ਖੇਲ ਲੋਕ ਪਰਲੋਕ, ਦੋ ਜਹਾਨਾਂ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਢੋਲਾ ਗੌਂਦੇ ਰਹੇ ਸਲੋਕ, ਨਾਮ ਨਿਧਾਨਾ ਮਾਤ ਪਰਗਟਾਈਆ । ਤਤ ਤਤਵ ਤੱਕਦੇ ਰਹੇ ਓਟ, ਨਿਉਂ ਨਿਉਂ ਚਰਨ ਕਵਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤੱਕ, ਨੇਤਰ ਲੋਚਣ ਨੈਣ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਬੈਠਾ ਅਲੱਗ, ਸਚਖੰਡ ਸਾਚੇ ਡੇਰਾ ਲਾਈਆ । ਦਰਗਾਹ ਸਾਚੀ ਨੂਰ ਪਰਗਟ, ਜਹੂਰ ਇਕੋ ਇਕ ਰੁਸ਼ਨਾਈਆ । ਪਰਵਰਦਿਗਾਰ ਮੁਕਾਮੇ ਹੱਕ, ਲਾਸ਼ਰੀਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਪੀਰ ਪੈਗ਼ੰਬਰ ਮਾਰਨ ਝਾਕ, ਪਰਦਾ ਉਹਲਾ ਇਕ ਉਠਾਈਆ । ਆਦਿ ਜੁਗਾਦੀ ਸੱਜਣ ਸਾਕ, ਸਾਹਿਬ ਸੁਲਤਾਨ ਇਕੋ ਨਜ਼ਰੀ ਆਈਆ । ਨਿਤ ਨਵਿਤ ਲੋਕਮਾਤ ਜੋ ਲੇਖਾ ਕਰੇ ਬੇਬਾਕ, ਲਹਿਣਾ ਦੇਣਾ ਮੂਲ ਚੁਕਾਈਆ । ਜੁਗ ਚੌਕੜੀ ਜਿਸ ਦੇ ਹਾਥ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਕਲਮਾ ਕਲਾਮ ਜਿਸ ਦੀ ਗਾਥ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੀਰ ਪੈਗ਼ੰਬਰ ਸਜਦਾ ਸੀਸ, ਦਰ ਸਾਚੇ ਇਕ ਕਰਾਈਆ । ਚਰਨ ਕਵਲ ਤੇਰੇ ਜਗਦੀਸ਼, ਜਗਦੀਸ਼ਰ ਸਚ ਸਰਨਾਈਆ । ਪਰਵਰਦਿਗਾਰ ਤੇਰੀ ਹਦੀਸ, ਹਕੀਕਤ ਹੱਕ ਦ੍ਰਿੜਾਈਆ । ਗਾ ਗਾ ਥੱਕੇ ਤੀਸ ਬਤੀਸ, ਲੋਕਮਾਤ ਰਸਨਾ ਜਿਹਵਾ ਬੱਤੀ ਦੰਦ ਹਲਕਾਈਆ । ਤੇਰਾ ਨਿਸ਼ਾਨਾ ਤੇਰੀ ਰਹਿਮਤ ਦੱਸਦੇ ਗਏ ਠੀਕ, ਠੋਕਰ ਤੇਰਾ ਨਾਮ ਲਗਾਈਆ । ਜਗਤ ਅੰਧੇਰਾ ਵੇਖ ਤਾਰੀਕ, ਨਵਾਂ ਚੰਦ ਸਚ ਚਮਕਾਈਆ । ਦੱਸਿਆ ਸਦਾ ਵਾਹਦ ਲਾਸ਼ਰੀਕ, ਸਚ ਤੌਫ਼ੀਕ ਇਕ ਖ਼ੁਦਾਈਆ । ਗ੍ਰਿਹਿ ਗ੍ਰਿਹਿ ਵਸੇ ਸਦਾ ਨਜ਼ਦੀਕ, ਸਚ ਮਹਿਰਾਬ ਡੇਰਾ ਲਾਈਆ । ਕਾਇਆ ਕਾਅਬੇ ਤੇਰੀ ਉਡੀਕ, ਹੁਜਰਾ ਇਕੋ ਇਕ ਵਡਿਆਈਆ । ਦਰ ਦਰਵੇਸ਼ ਮੰਗਦੇ ਭੀਖ, ਖਾਲੀ ਝੋਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਨੇਤਰ ਖੋਲ੍ਹ, ਦੋ ਜਹਾਨ ਧਿਆਨ ਲਗਾਈਆ । ਪਤਿਪਰਮੇਸ਼ਵਰ ਬੈਠਾ ਸਦਾ ਅਡੋਲ, ਡੁਲ ਕਦੇ ਨਾ ਜਾਈਆ । ਸਚ ਦੁਆਰੇ ਤੋਲੇ ਇਕੋ ਤੋਲ, ਨਾਮ ਕੰਡਾ ਹੱਥ ਉਠਾਈਆ । ਸ਼ਬਦ ਅਗੰਮੀ ਇਕੋ ਬੋਲ, ਬ੍ਰਹਿਮੰਡ ਖੰਡ ਪੁਰੀਆਂ ਲੋਆਂ ਪਤਾਲ ਅਕਾਸ਼ ਕਰੇ ਸ਼ਨਵਾਈਆ । ਲੱਖ ਚੁਰਾਸੀ ਅੰਦਰ ਕਾਇਆ ਮੰਦਰ ਵਜਾਵੇ ਢੋਲ, ਸੋਹਲਾ ਇਕੋ ਰਾਗ ਸੁਣਾਈਆ । ਸਚ ਦਵਾਰਾ ਜੁਗ ਜੁਗ ਖੋਲ੍ਹ, ਰਹਿਬਰ ਇਕੋ ਰਾਹ ਵਖਾਈਆ । ਦੇ ਵਸਤ ਨਾਮ ਅਨਮੋਲ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ,

੬੪੬
੧੯

ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਬੇਨਜ਼ੀਰ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਸਚ ਦਿਸੇ ਨਾ ਕੋਇ ਤਸਵੀਰ, ਮਸੱਵਰ ਰੰਗ ਨਾ ਕੋਇ ਰੰਗਾਇੰਦਾ । ਚੋਟੀ ਜਾਣੇ ਨਾ ਕੋਈ ਅਖ਼ੀਰ, ਆਖਰ ਹੱਦ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਗੁਰ ਅਵਤਾਰ ਰਹੇ ਆਖ, ਹੋਕਾ ਇਕੋ ਨਾਮ ਜਣਾਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਦੀਨ ਦਿਆਲ ਸਾਹਿਬ ਸਮਰਾਥ, ਬੇਅੰਤ ਵੱਡੀ ਵਡਿਆਈਆ । ਨਿਰਗੁਣ ਸਰਗੁਣ ਸ਼ਬਦ ਅਗੰਮੀ ਦੇਵੇ ਗਾਥ, ਧੁਰ ਦਾ ਰਾਗੀ ਰਾਗ ਸੁਣਾਈਆ । ਆਤਮ ਪਰਮਾਤਮ ਦੇਵੇ ਸਾਥ, ਸੱਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹ, ਘਰ ਸਾਚੇ ਮਤਾ ਪਕਾਈਆ । ਉਠੋ ਵੇਖੋ ਬੇਪਰਵਾਹ, ਪਰਦਾ ਓਹਲਾ ਰਿਹਾ ਚੁਕਾਈਆ । ਮੁਖ ਨਕਾਬ ਰਿਹਾ ਉਠਾ, ਘੁੰਗਟ ਰਹਿਣ ਕੋਈ ਨਾ ਪਾਈਆ । ਸਾਚਾ ਕਲਮਾ ਰਿਹਾ ਪੜ੍ਹਾ, ਮਹਿਬੂਬ ਇਕੋ ਹੁਕਮ ਵਰਤਾਈਆ । ਰਹਿਮਤ ਕਰੇ ਆਪ ਖ਼ੁਦਾ, ਮਿਹਰ ਨਜ਼ਰ ਉਠਾਈਆ । ਨਿਝ ਨੇਤਰ ਦਰਸ਼ਨ ਲਵਾਂ ਪਾ, ਸਾਚਾ ਦੀਦ ਕਰੇ ਰੁਸ਼ਨਾਈਆ । ਮੁਹੱਬਤ ਇਕੋ ਰਿਹਾ ਸਖਾ, ਸਖਾਵਤ ਆਪਣੀ ਰਿਹਾ ਵਰਤਾਈਆ । ਇਬਾਦਤ ਇਕੋ ਰਿਹਾ ਜਣਾ, ਅਵਲ ਅਲਾਹੀ ਨੂਰ ਇਕੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਹੋਏ ਦੋਏ ਜੋੜ, ਹਰਿ ਜੋੜੀ ਜੋੜ ਜੁੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਈ ਲੋੜ, ਆਸਾ ਆਸਾ ਨਾਲ ਵਧਾਈਆ । ਬਿਨ ਅੱਖਾਂ ਵੇਖੋ ਕਰ ਕੇ ਗੌਰ, ਗਹਿਰ ਗੰਭੀਰ ਸੋਭਾ ਪਾਈਆ । ਜਿਸ ਮੰਜ਼ਲ ਜਿਸ ਦੁਆਰੇ ਗ੍ਰਿਹਿ ਕੋਈ ਨਾ ਸਕੇ ਬੌਹੜ, ਤਿਸ ਮਹਲ ਅਟੱਲ ਬੈਠਾ ਡੇਰਾ ਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਜੋਤ ਨਾ ਕੋਈ ਔਰ, ਅਵਰ ਰੂਪ ਨਾ ਕੋਇ ਜਣਾਈਆ । ਜਿਸ ਦਾ ਮੰਤਰ ਆਦਿ ਜੁਗਾਦਿ ਸ਼ਬਦੀ ਫੇਰ, ਫੁਰਨਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਕਹਿਣ ਵੇਖੋ ਮੀਤ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਸਾਚੇ ਗ੍ਰਿਹਿ ਬੈਠਾ ਅਤੀਤ, ਸਚ ਸਿੰਘਾਸਣ ਸੋਭਾ ਪਾਈਆ । ਨਾ ਕੋਈ ਮੰਦਰ ਨਾ ਕੋਈ ਮਸੀਤ, ਸ਼ਿਵਦਵਾਲਾ ਮੱਠ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਇਕਓਂਕਾਰ ਇਕੋ ਜਾਣੇ ਗੀਤ, ਨਾਮ ਨਿਰੰਕਾਰਾ ਆਪ ਸੁਣਾਈਆ । ਜੁਗ ਚੌਕੜੀ ਨਿਤ ਨਵਿਤ ਜਾਣੇ ਸਾਚੀ ਰੀਤ, ਰੀਤੀਵਾਨ ਵੱਡੀ ਵਡਿਆਈਆ । ਸਤਿ ਸਚ ਦੱਸੇ ਇਕ ਪ੍ਰੀਤ, ਕੂੜਾ ਰਾਹ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਜਣਾ, ਜਾਨਣਹਾਰ ਵਡਿਆਈਆ । ਇਕੋ ਢੋਲਾ ਰਹੇ ਗਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਮੌਲਾ ਨੂਰੀ ਇਕ ਖ਼ੁਦਾ, ਹਜ਼ਰਤ ਵੱਡਾ ਬੇਪਰਵਾਹੀਆ । ਪੁਰਖ ਅਕਾਲ ਸ਼ਹਿਨਸ਼ਾਹ, ਰਾਜ ਰਾਜਾਨ ਆਪ ਅਖਵਾਈਆ । ਪਾਰਬ੍ਰਹਮ ਬੇਪਰਵਾਹ, ਬੇਅੰਤ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਗੁਰ ਅਵਤਾਰਾਂ ਸੁਣ ਸੁਣ ਬਾਤ, ਬਾਤਨ ਭੇਵ ਜਣਾਇੰਦਾ । ਉਠੋ ਵੇਖੋ ਲੋਕਮਾਤ ਮਾਰੋ ਝਾਤ, ਚਾਰੋਂ ਕੁੰਟ ਅੰਧ ਅੰਧੇਰਾ ਛਾਇੰਦਾ । ਤੇਈ ਅਵਤਾਰ ਖੋਲ੍ਹੋ ਆਖ, ਈਸਾ ਮੂਸਾ ਮੁਹੰਮਦ

ਨੈਣ ਉਠਾਇੰਦਾ । ਨਾਨਕ ਗੋਬਿੰਦ ਵੇਖੋ ਤਾਕ, ਦਹਿ ਦਿਸ਼ਾ ਭੇਵ ਚੁਕਾਇੰਦਾ । ਲੇਖਾ ਲਿਖ ਕੇ ਆਏ ਕਲਮ ਦਵਾਤ, ਕਾਗ਼ਜ਼ ਸ਼ਾਹੀ ਵੰਡ ਵੰਡਾਇੰਦਾ । ਨੇਤਰ ਰੋਵੇ ਜੀਵ ਜੰਤ ਸਾਧ ਸੰਤ, ਸੁਖ ਆਤਮ ਨਜ਼ਰ ਕਿਸੇ ਨਾ ਆਇੰਦਾ । ਨਾਰ ਵਿਛੋੜਾ ਹੋਇਆ ਕੰਤ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਇੰਦਾ । ਗੁਰ ਕਾ ਮੰਤਰ ਨਾ ਕੋਈ ਮੰਤ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਲੱਖ ਚੁਰਾਸੀ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਦ੍ਰਿੜਾਇੰਦਾ । ਚਾਰ ਵਰਨ ਦਿਸੇ ਨਾ ਕੋਈ ਸਾਚੀ ਸੰਗਤ, ਸ਼ੱਤਰੀ ਬ੍ਰਾਹਮਣ ਸ਼ੁਦਰ ਵੈਸ਼ ਜੋੜ ਨਾ ਕੋਇ ਜੁੜਾਇੰਦਾ । ਧੁਰ ਦਾ ਦਿਸੇ ਨਾ ਕੋਈ ਪੰਡਤ, ਬ੍ਰਹਮ ਵਿਦਿਆ ਨਾ ਕੋਇ ਸਿਖਾਇੰਦਾ । ਦੂਈ ਦਵੈਤ ਕੋਈ ਨਾ ਕਰੇ ਖੰਡਤ, ਖੰਡਾ ਖੜਗ ਨਾਮ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦਾ ਹੁਕਮ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਖਿਆਲ, ਹਰਿ ਕਰਤਾ ਆਪ ਜਣਾਈਆ । ਲੋਕਮਾਤ ਕਲਜੁਗ ਅੰਤ ਅੰਤ ਅੰਤ ਸਚ ਨਾ ਕੋਇ ਦਲਾਲ, ਸਾਚਾ ਵਣਜ ਨਾ ਕੋਇ ਕਰਾਈਆ । ਹਕੀਕਤ ਨਜ਼ਰ ਨਾ ਆਏ ਹਲਾਲ, ਹੱਕ ਝੋਲੀ ਨਾ ਕੋਇ ਪਾਈਆ । ਬਿਨ ਹਰਿ ਨਾਮੇ ਕਾਇਆ ਮਾਟੀ ਖਾਲੀ ਦਿਸੇ ਖਾਲ, ਖ਼ਾਲਕ ਖ਼ਲਕ ਗਈ ਭੁਲਾਈਆ । ਮੁਰੀਦਾਂ ਮੁਰਸ਼ਦ ਪੁਛੇ ਨਾ ਜਾਂ ਕੇ ਹਾਲ, ਫੇਰਾ ਮਾਰੇ ਨਾ ਚਾਈਂ ਚਾਈਂਆ । ਫਲ ਦਿਸੇ ਨਾ ਕਿਸੇ ਡਾਲ, ਸਿੰਮਲ ਰੁੱਖ ਨਜ਼ਰੀ ਆਈਆ । ਚਾਰੋਂ ਕੁੰਟ ਕੂਕੇ ਕਾਲ, ਦਹਿ ਦਿਸ਼ਾ ਮਹਾਂਕਾਲ ਦਏ ਦੁਹਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਨੇਤਰ ਰੋਵੇ ਧਰਮਸਾਲ, ਉਚੀ ਕੂਕ ਕੂਕ ਸੁਣਾਈਆ । ਆਤਮ ਪਰਮਾਤਮ ਘਾਲਣ ਕੋਈ ਨਾ ਰਿਹਾ ਘਾਲ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਗੁਰਮੁਖ ਲੱਭੇ ਨਾ ਸੱਚਾ ਲਾਲ, ਗੋਬਿੰਦ ਗੋਦ ਨਾ ਕੋਇ ਸੁਹਾਈਆ । ਮਾਇਆ ਮਮਤਾ ਕੂੜਾ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਾਹਿਬ ਸਤਿਗੁਰ ਅੰਤਰਜਾਮੀ ਸ਼ਬਦ ਸਵਾਮੀ ਕਿਸੇ ਨਾ ਵਸੇ ਨਾਲ, ਘਰ ਘਰ ਵਿਚ ਬੈਠਾ ਮੁਖ ਛੁਪਾਈਆ । ਆਤਮ ਦੀਪਕ ਦੀਆ ਜੋਤੀ ਦੇਵੇ ਨਾ ਕੋਇ ਬਾਲ, ਅਗਿਆਨ ਅੰਧੇਰ ਨਾ ਕੋਇ ਮੁਕਾਈਆ । ਅੰਮ੍ਰਿਤ ਜਾਮ ਸਚ ਪਿਆਲਾ ਦੇਵੇ ਨਾ ਕੋਇ ਆਣ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਾਚਾ ਖੰਡਾ ਖੜਗ ਤਨ ਗਾਤਰੇ ਪਾਏ ਨਾ ਕੋਈ ਕਿਰਪਾਨ, ਰੱਖਿਆ ਕਰੇ ਨਾ ਥਾਉਂ ਥਾਈਂਆ । ਨਾਤਾ ਤੁਟੇ ਨਾ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਸਾਧ ਸੰਤ ਕੂੜੀ ਕਿਰਿਆ ਖੋਲ੍ਹ ਕੇ ਬੈਠੇ ਦੁਕਾਨ, ਹਰਿ ਕਾ ਨਾਮ ਹੱਟ ਨਾ ਕੋਇ ਵਿਕਾਈਆ । ਮੁੱਲਾ ਸ਼ੇਖ਼ ਮੁਸ਼ਾਇਕ ਸਰਬ ਕੁਰਲਾਣ, ਤਸਬੀ ਮਾਲਾ ਤਬਅ ਸਕੇ ਨਾ ਕੋਇ ਬਦਲਾਈਆ । ਨੂਰੀ ਜਲਵਾ ਨਾ ਕੋਈ ਜਲਾਲ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਮਹਿਬਾਨ ਬੀਦੋ ਹੱਲ ਕਰੇ ਨਾ ਕੋਈ ਸਵਾਲ, ਮਜਲਸ ਕੂੜੀ ਡੇਰਾ ਕੋਇ ਨਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਮਾਤ, ਚਾਰੋਂ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਦਿਸੇ ਅੰਧੇਰੀ ਰਾਤ, ਉਤਰ ਪੂਰਬ ਪੱਛਮ ਦੱਖਣ ਨੂਰੀ ਚੰਦ ਨਾ ਕੋਈ ਚਮਕਾਈਆ । ਭਗਤ ਭਗਵੰਤ ਦਿਸੇ ਨਾ ਕੋਈ ਸਾਥ, ਮੁਰੀਦ ਮੁਰਸ਼ਦ ਜੋੜ ਨਾ ਕੋਇ ਜੁੜਾਈਆ । ਸਚੇ ਪੱਤਣ ਬਹੇ ਨਾ ਕੋਈ ਘਾਟ, ਮਿਲੇ ਮੇਲ ਨਾ ਬੇਪਰਵਾਹੀਆ । ਆਤਮ ਪਰਮਾਤਮ ਪੂਰੀ ਹੋਏ ਨਾ ਆਸ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਲੇਖਾ ਛੁੱਟੇ ਨਾ ਪ੍ਰਿਥਮੀ ਆਕਾਸ਼, ਗਗਨ ਮੰਡਲ ਬ੍ਰਹਿਮੰਡ ਖੰਡ ਪੰਧ ਨਾ ਕੋਇ ਮੁਕਾਈਆ ।

ਸੁਰਤੀ ਸ਼ਬਦ ਨਾ ਪਾਏ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਸੀਤਾ ਰਾਮ ਨਾ ਵਸੇ ਪਾਸ, ਮਹਲ ਅਟੱਲ ਨਾ ਕੋਇ ਵਡਿਆਈਆ । ਨਿਰਗੁਣ ਜੋਤ ਨਾ ਕੋਇ ਪਰਕਾਸ਼, ਨਾਨਕ ਨਿਰਵੈਰ ਦਰਸ ਨਾ ਕੋਇ ਕਰਾਈਆ । ਗੋਬਿੰਦ ਨਜ਼ਰ ਨਾ ਆਏ ਸਾਖਿਆਤ, ਸਾਹਿਬ ਸਤਿਗੁਰ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਤ੍ਰੈਗੁਣ ਮਾਇਆ ਮਮਤਾ ਪਈ ਦਾਤ, ਜੀਵ ਜੰਤ ਝੋਲੀ ਰਹੇ ਭਰਾਈਆ । ਨਾਤਾ ਜੁੜਿਆ ਕੂੜੇ ਸੱਜਣ ਸਾਕ, ਸੱਚਾ ਸੱਜਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਇਕੱਠੇ ਹੋਏ ਪਏ ਹੱਸ, ਸਚ ਦੁਆਰੇ ਖ਼ੁਸ਼ੀ ਮਨਾਈਆ । ਸਭ ਕੁਛ ਪੁਰਖ ਅਕਾਲ ਤੇਰੇ ਵਸ, ਪਰਵਰਦਿਗਾਰ ਤੇਰੀ ਵਡਿਆਈਆ । ਤੇਰਾ ਹੁਕਮ ਫ਼ਰਮਾਣ ਮਾਰਗ ਆਏ ਦੱਸ, ਲੋਕਮਾਤ ਜੀਵ ਜੰਤ ਜਣਾਈਆ । ਤੇਰੇ ਮਿਲਣ ਦੀ ਜਣਾ ਕੇ ਆਏ ਅੱਖ, ਨਿਝ ਨੇਤਰ ਇਕ ਸਮਝਾਈਆ । ਤੇਰੇ ਪ੍ਰੇਮ ਦਾ ਖੋਲ੍ਹ ਕੇ ਆਏ ਹੱਟ, ਬਣ ਵਣਜਾਰੇ ਹੱਟ ਚਲਾਈਆ । ਤੇਰੇ ਨਾਮ ਦੀ ਗਾ ਕੇ ਆਏ ਗਾਥ, ਸੋਹਣਾ ਢੋਲਾ ਕਲਮਾ ਰਾਗ ਸੁਣਾਈਆ । ਉਚੀ ਕੂਕ ਕਹਿ ਕੇ ਆਏ ਪਾਰਬ੍ਰਹਮ ਸਭ ਦਾ ਕਮਲਾਪਾਤ, ਪਤਿਪਰਮੇਸ਼ਵਰ ਇਕੋ ਇਕ ਅਖਵਾਈਆ । ਲੱਖ ਚੁਰਾਸੀ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਭਰਮੇ ਭੁੱਲੇ ਨਾ ਕੋਈ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਹਰ ਘਟ ਅੰਦਰ ਹਰਿ ਸਵਾਮੀ ਪੁਛੇ ਵਾਤ, ਘਟ ਘਟ ਵੇਖ ਵਖਾਈਆ । ਅਗੰਮ ਅਥਾਹ ਬੇਪਰਵਾਹ ਅਲੱਖਣਾ ਅਲਾਖ, ਅਲਖ ਨਿੰਰਜਣ ਨਰ ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਾਡੇ ਖਾਲੀ ਹੱਥ, ਦਰ ਤੇਰੇ ਇਕ ਅਰਜ਼ੋਈਆ । ਸਦੀ ਬੀਸਵੀਂ ਸਾਡੀ ਹੋਈ ਬਸ, ਵਾਸਤਾ ਤੇਰੇ ਅੱਗੇ ਪਾਈਆ । ਤੇਰਾ ਨਾਉਂ ਨਰ ਨਿਰੰਕਾਰ ਇਕੋ ਆਏ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਕਲ ਕਲਕੀ ਹੋਵੇ ਪਰਗਟ, ਨਿਹਕਲੰਕਾ ਨਾਉਂ ਧਰਾਈਆ । ਅਮਾਮ ਅਮਾਮਾ ਆਵੇ ਨੱਸ, ਦੋ ਜਹਾਨਾਂ ਰੰਗ ਰੰਗਾਈਆ । ਸਚ ਜਣਾਏ ਇਕ ਗਾਥ, ਕਥਨੀ ਕਥ ਨਾ ਸਕੇ ਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੁਛੇ ਵਾਤ, ਭੇਵ ਅਭੇਦਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਤੇਰੀ ਓਟ, ਪਾਰਬ੍ਰਹਮ ਤੇਰੀ ਸਰਨਾਈਆ । ਸਰਗੁਣ ਨਿਰਗੁਣ ਹੋ ਕੇ ਮਿਲੇ ਤੇਰੀ ਜੋਤ, ਕਾਇਆ ਨਾਤਾ ਪੰਜ ਤਤ ਤੁੜਾਈਆ । ਅੱਗੇ ਰਹੀ ਨਾ ਕੋਈ ਸੋਚ, ਸੋਚ ਸਮਝ ਤੇਰੇ ਵਿਚ ਛੁਪਾਈਆ । ਤੇਰਾ ਦਰਸ਼ਨ ਰਹੇ ਲੋਚ, ਦੂਜੀ ਲੋਚਾ ਨਾ ਕੋਇ ਵਧਾਈਆ । ਬ੍ਰਹਿਮੰਡ ਖੰਡ ਤੇਰੇ ਕਿਲੇ ਕੋਟ, ਗਗਨ ਮੰਡਲ ਤੇਰੀ ਵਡਿਆਈਆ । ਤੇਰਾ ਖੇਲ ਚੌਦਾਂ ਲੋਕ, ਤੇਰਾ ਹੁਕਮ ਚੌਦਾਂ ਤਬਕ ਮਨਾਈਆ । ਤੇਰੇ ਦਰ ਕੋਈ ਨਾ ਸਕੇ ਪਹੁੰਚ, ਅੰਤ ਦਿਸੇ ਨਾ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਚਨ ਕਹਿਣ ਸੱਚਾ, ਸਚ ਸਚ ਜਣਾਈਆ । ਆਹ ਵੇਖ ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਪਿਛਲਾ ਪਤਾ, ਤੇਰੇ ਅੱਗੇ ਧਰਾਈਆ । ਅੱਗੇ ਦਾ ਸਾਨੂੰ ਨਹੀਂ ਕੁਛ ਪਤਾ, ਬੇਅੰਤ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗੰਬਰ ਬਣਿਆ ਭਾਈ ਸਕਾ, ਪੂਤ ਸਪੂਤਾ ਤੇਰਾ ਇਕ ਅਖਵਾਈਆ । ਸਚ ਦੁਆਰੇ ਖੋਲ੍ਹ ਖਾਤਾ, ਖਤਾ ਸਭ ਦੀ ਦੇ ਸਮਝਾਈਆ । ਪਰਮ ਪੁਰਖ ਤੂੰ ਉਹ ਆਕਾ, ਮਾਲਕ ਵੱਡਾ



੬੪੯ ੧੯

ਵਡ ਵਡਿਆਈਆ । ਦੋ ਜਹਾਨਾਂ ਖੋਲ੍ਹੀਂ ਤਾਕਾ, ਕੋਟਨ ਕੋਟ ਬ੍ਰਹਿਮੰਡ ਆਪਣੀ ਧਾਰ ਚਲਾਈਆ । ਚਾਰ ਜੁਗ ਤੇਰੇ ਨਾਮ ਦਾ ਗਾਇਆ ਸਾਕਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰੰਗ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਸਿਮਰਨ ਪੂਜਾ ਦੱਸਿਆ ਪਾਠਾ, ਜੋਗ ਅਭਿਆਸ ਜੁਗਤ ਜਣਾਈਆ । ਅੰਮ੍ਰਿਤ ਸਰੋਵਰ ਖੇਲ ਵਖਾਇਆ ਤੀਰਥ ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਣ ਵਖਾਈਆ । ਘਰ ਵਿਚ ਘਰ ਸਚ ਵਖਾਇਆ ਤਮਾਸ਼ਾ, ਬ੍ਰਹਿਮੰਡ ਖੰਡ ਪਿੰਡੇ ਇਕ ਦਰਸਾਈਆ । ਨਿਰਮਲ ਨੂਰ ਤੇਰਾ ਪਰਕਾਸ਼ਾ, ਜੋਤੀ ਜੋਤ ਜੋਤ ਰੁਸ਼ਨਾਈਆ । ਅਨਹਦ ਵੱਜੇ ਨਾਮ ਅਨਾਦਾ, ਧੁਨ ਆਤਮਕ ਰਾਗ ਸੁਣਾਈਆ । ਸ਼ਬਦੀ ਢੋਲ ਬੋਧ ਅਗਾਧਾ, ਅਗੰਮ ਅਥਾਹ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਲੇਖਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਖਾਵਣ ਝੋਲੀ, ਕਲਜੁਗ ਖਾਲੀ ਨਜ਼ਰੀ ਆਈਆ । ਨੌਂ ਖੰਡ ਪ੍ਰਿਥਮੀ ਕੂੜੀ ਚੁਕੀ ਪੰਜ ਤਤ ਡੋਲੀ, ਸੱਚਾ ਸੰਗ ਨਾ ਕੋਇ ਨਿਭਾਈਆ । ਹੇ ਸੇਵਕ ਚਾਕਰ ਤੇਰੇ ਦਰ ਦੀ ਗੋਲੀ, ਫਰਮਾਬਰਦਾਰ ਬਰਖ਼ੁਰਦਾਰ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੇ ਹੁਕਮੇ ਅੰਦਰ ਗਾਈ ਬੋਲੀ, ਅਨਬੋਲਤ ਤੇਰਾ ਰਾਗ ਸੁਣਾਈਆ । ਲੱਖ ਚੁਰਾਸੀ ਫੁਲਵਾੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਤ ਮੌਲੀ, ਮੌਲਾ ਵੇਖੀ ਰੁਤ ਬਸੰਤ ਬਹਾਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਦ ਤੇਰੇ ਦਰ ਸੀਸ ਝੁਕਾਈਆ । ਗੁਰ ਅਵਤਾਰ ਕਹਿਣ ਤੇਰੀ ਰਜ਼ਾ, ਪੀਰ ਪੈਗ਼ੰਬਰ ਸਜਦਾ ਇਕ ਕਰਾਈਆ । ਤੇਰੇ ਨਾਮ ਦਾ ਕਲਜੁਗ ਅੰਤ ਕਿਸੇ ਨਾ ਆਏ ਮਜ਼ਾ, ਮਜ਼ਾਕ ਰਹੇ ਉਡਾਈਆ । ਦੀਨ ਮਜ਼੍ਹਬ ਦੀਆਂ ਲੰਘ ਕੇ ਹੱਦਾ, ਆਪਣੀ ਵੰਡ ਰਹੇ ਵਖਾਈਆ । ਤੇਰੇ ਨਾਮ ਦਾ ਦੇਵੇ ਕੋਈ ਨਾ ਸੱਦਾ, ਸਾਧ ਸੰਤ ਮੁੱਲਾ ਸ਼ੇਖ਼ ਪੰਡਤ ਪਾਂਧੇ ਆਪਣੀ ਕਰਨ ਚਤੁਰਾਈਆ । ਧੁਰ ਦਾ ਨਾਦ ਕਿਤੇ ਨਾ ਵੱਜਾ, ਸਾਚਾ ਰੰਗ ਨਾ ਕੋਇ ਵਖਾਈਆ । ਗ਼ਰੀਬ ਨਿਮਾਣਿਆਂ ਪਰਦਾ ਨਾ ਕਿਸੇ ਕੱਜਾ, ਕੂੜੀ ਦਿਸੇ ਜਗਤ ਸ਼ਾਹੀਆ । ਮੱਕੇ ਕਾਅਬੇ ਕੋਈ ਨਾ ਹੱਜਾ, ਹੱਕ ਮਹਿਬੂਬ ਨਾ ਕੋਇ ਮਿਲਾਈਆ । ਮਨ ਵਾਸਨਾ ਮੰਦਰ ਸ਼ਿਵਦਵਾਲੇ ਮੱਠ ਫਿਰੇ ਭੱਜਾ, ਮਨ ਕਾ ਮਣਕਾ ਨਾ ਕੋਇ ਭਵਾਈਆ । ਗੁਰਦਵਾਰ ਗੁਰ ਸਤਿ ਸਰੂਪ ਕਿਸੇ ਨਾ ਲੱਭਾ, ਨਿਝ ਨੇਤਰ ਲੋਚਣ ਨਿਰਵੈਰ ਤੇਰਾ ਦਰਸ਼ਨ ਕੋਇ ਨਾ ਪਾਈਆ । ਸਤਿ ਧਰਮ ਸਚ ਦਾ ਸਭ ਨੇ ਖਹਿੜਾ ਛੱਡਾ, ਭਰਮੇ ਭੁੱਲੀ ਮਾਤ ਲੋਕਾਈਆ । ਪ੍ਰੇਮ ਅੰਦਰ ਪ੍ਰੇਮ ਕਿਸੇ ਨਾ ਬੱਧਾ, ਪ੍ਰੀਤੀਵਾਨ ਹੋ ਕੇ ਪ੍ਰੀਤ ਨਾ ਕੋਇ ਲਗਾਈਆ । ਕੂੜੀ ਰਸਨਾ ਲੈਣ ਮਜ਼ਾ, ਆਤਮ ਰਸ ਨਿਝਰ ਝਿਰਨਾ ਨਾ ਕੋਇ ਝਿਰਾਈਆ । ਜਿਉਂ ਭਾਵੇ ਤਿਉਂ ਲੱਖ ਚੁਰਾਸੀ ਦੇ ਸਜ਼ਾ, ਗੁਰ ਅਵਤਾਰ ਪੀਰ ਪੈਗੰਬਰ ਅੱਗੇ ਦੇਵੇ ਨਾ ਕਿਸੇ ਗਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਨਾ ਕੋਈ ਸ਼ਹਾਦਤ, ਵੇਲੇ ਅੰਤ ਨਾ ਕੋਇ ਸਹਾਈਆ । ਜਿਨ੍ਹਾਂ ਭੁੱਲੀ ਤੇਰੀ ਇਬਾਦਤ, ਕਲਮਾ ਮਿਲੇ ਨਾ ਕੋਇ ਵਡਿਆਈਆ । ਅੱਗੇ ਦੇਵੇ ਨਾ ਕੋਈ ਜ਼ਮਾਨਤ, ਬਰੀਖ਼ਾਨਾ ਨਾ ਕੋਇ ਜਣਾਈਆ । ਤੂੰ ਸਾਹਿਬ ਸਦਾ ਸਲਾਮਤ, ਸਚ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਭ ਦਾ ਲਹਿਣਾ ਝੋਲੀ ਪਾਈਆ । ਗੁਰ ਅਵਤਾਰ ਕਹਿਣ ਪੁਰਖ ਸਮਰਥ, ਸਾਹਿਬ ਇਕ ਅਰਜ਼ੋਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੱਥ, ਜਿਉਂ ਭਾਵੇ ਲਏ ਚਲਾਈਆ । ਸ੍ਰਿਸ਼ਟ ਸਬਾਈ ਤੇਰੇ ਮਿਲਣ ਦੀ ਖੋਲ੍ਹੇ ਨਾ ਕੋਈ ਅੱਖ, ਦੋਏ ਲੋਚਣ

੬੫੦
੧੯

ਜਗਤ ਤਕਾਈਆ । ਤੇਰੇ ਨਾਮ ਦਾ ਕਿਸੇ ਨਾ ਆਵੇ ਰਸ, ਰਸਨਾ ਕੂੜੀ ਕਿਰਿਆ ਮਧ ਹਲਕਾਈਆ । ਧੀਰਜ ਦਿਸੇ ਨਾ ਕੋਈ ਜਤ, ਗੋਬਿੰਦ ਸਕੇ ਸੀਸ ਨਾ ਕੋਏ ਟਿਕਾਈਆ । ਅੰਮ੍ਰਿਤ ਜਾਮ ਪੀਏ ਨਾ ਕੋਈ ਘੁੱਟ, ਸਾਚਾ ਰਸ ਨਾ ਕੋਈ ਵਖਾਈਆ । ਬਿਨ ਸਖਾਵਤ ਖਾਲੀ ਹੱਥ, ਬਗ਼ਾਵਤ ਪੰਜ ਤਤ ਕਰੇ ਲੜਾਈਆ । ਨਾਮ ਅਮਾਨਤ ਸਭ ਤੋਂ ਗਈ ਨੱਸ, ਬੈਠੀ ਮੁਖ ਭਵਾਈਆ । ਨਾੜ ਨਾੜ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਨਾਨਕ ਗੋਬਿੰਦ ਭੁੱਲੀ ਗੁਰਮਤ, ਬ੍ਰਹਮਤ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਕਹਿਣ ਪ੍ਰਭ ਠਾਕਰ, ਵਡ ਤੇਰੀ ਵਡਿਆਈਆ । ਕਲਜੁਗ ਵੇਖ ਡੂੰਘਾ ਸਾਗਰ, ਭਵਰ ਭੌਰੀ ਖੋਜ ਖੁਜਾਈਆ । ਤੇਰਿਆਂ ਭਗਤਾਂ ਮਿਲੇ ਕੋਈ ਨਾ ਆਦਰ, ਅਦਲ ਕਰੇ ਨਾ ਕੋਇ ਜਗਤ ਲੋਕਾਈਆ । ਚਾਰੋਂ ਕੁੰਟ ਕੂੜੀ ਸਾਜ਼ਸ਼, ਦਰ ਦਰ ਘਰ ਘਰ ਬੈਠੀ ਆਸਣ ਲਾਈਆ । ਤੇਰੇ ਨਾਮ ਦੀ ਕਰੇ ਨਾ ਕੋਇ ਨਵਾਜ਼ਸ਼, ਨਗ਼ਮਾ ਸਚ ਨਾ ਕੋਇ ਸੁਣਾਈਆ । ਸਚ ਦੁਆਰਿਉਂ ਕਰਨ ਮਮਾਨਤ, ਰਹਿਮਤ ਰਹੀਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਘਰ ਵਿਚ ਵਸੇ ਜਗਤ ਲੋਕਾਈਆ । ਆ ਕੇ ਵੇਖ ਗ਼ਰੀਬ ਨਵਾਜ਼ਾ, ਨਿਰਗੁਣ ਆਪਣਾ ਫੇਰਾ ਪਾਈਆ । ਲੋਕਮਾਤ ਦਾ ਖੋਲ੍ਹ ਦਰਵਾਜ਼ਾ, ਵਾਹਦ ਆਪਣਾ ਭੇਵ ਚੁਕਾਈਆ । ਸ਼ਾਹ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਜੋ ਦੱਸ ਕੇ ਗਏ ਗਾਥਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਰੇ ਗਏ ਭੁਲਾਈਆ । ਸਤਿਗੁਰ ਸ਼ਬਦ ਕੋਈ ਨਾ ਮੰਨੇ ਆਖਾ, ਮਨਮਤ ਚਲੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣ ਕੇ ਬਾਤ, ਕਲਜੁਗ ਭੱਜਿਆ ਵਾਹੋ ਦਾਹੀਆ । ਦੂਰ ਦੁਰਾਡਾ ਕਰੇ ਅਰਦਾਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਮਿਹਰਵਾਨ ਤੇਰੀ ਸਰਨਾਈਆ । ਮੈਂ ਛੋਟਾ ਪੁੱਤ ਤੇਰਾ ਉਦਾਸ, ਬਣ ਸੇਵਕ ਸੇਵ ਕਮਾਈਆ । ਨੌਂ ਖੰਡ ਪ੍ਰਿਥਮੀ ਪਾਈ ਰਾਸ, ਸੱਤ ਦੀਪ ਕੂੜੀ ਕਿਰਿਆ ਗੋਪੀ ਕਾਹਨ ਨਚਾਈਆ । ਮੇਰਾ ਵੇਖ ਖੇਲ ਤਮਾਸ਼, ਸ੍ਰਿਸ਼ਟ ਸਬਾਈ ਰਿਹਾ ਜਣਾਈਆ । ਝਗੜਾ ਪਾਇਆ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਮੈਂ ਵੇਖਾਂ ਖੇਲ ਖ਼ਾਸ਼, ਖ਼ਾਹਿਸ਼ ਆਪਣੀ ਨਾਲ ਮਿਲਾਈਆ । ਮੇਰਾ ਮੁਹੰਮਦ ਦੇਵੇ ਸਾਥ, ਅੱਲਾ ਰਾਣੀ ਗੰਢ ਪਵਾਈਆ । ਚੌਦਾਂ ਤਬਕਾਂ ਫਿਰ ਕੇ ਵੇਖੀ ਵਾਟ, ਆਪਣਾ ਪੰਧ ਮੁਕਾਈਆ । ਅਲਫ ਯੇ ਸੁਣਕੇ ਆਇਆ ਅਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਲਜੁਗ ਦਰ ਤੇ ਮੰਗ ਮੰਗਾਈਆ । ਕਲਜੁਗ ਕਹੇ ਮੇਰੇ ਭਗਵਾਨ, ਹੱਥ ਤੇਰੇ ਵਡਿਆਈਆ । ਜਿਹੜਾ ਮੈਨੂੰ ਬਖ਼ਸ਼ਿਆ ਦਾਨ, ਸੋ ਮੇਰਾ ਪੂਰਾ ਦੇ ਕਰਾਈਆ । ਆ ਵੇਖ ਪੰਜ ਸ਼ੈਤਾਨ, ਪੰਜਾਂ ਤੱਤਾਂ ਨਾਲ ਮਿਲਾਈਆ । ਚਾਰੇ ਕੁੰਟ ਕਰਾਂ ਹਰਾਮ, ਸਤਿ ਧਰਮ ਨਾ ਕੋਇ ਜਣਾਈਆ । ਕੂੜੀ ਕਿਰਿਆ ਪੀਣ ਖਾਣ, ਸਚ ਸੁੱਚ ਨਾ ਕੋਇ ਸਮਝਾਈਆ । ਕਾਮ ਕਰੋਧ ਚਲੇ ਦੁਕਾਨ, ਕਲਜੁਗ ਸੰਤਾਂ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਪ੍ਰਭ ਮੇਰੀ ਮੰਗ, ਸਚ ਸਚ ਦ੍ਰਿੜਾਈਆ । ਕਾਇਆ ਚੋਲੀ ਚਾੜ੍ਹਿਆ ਸਭ ਨੂੰ ਰੰਗ, ਕੂੜਾ ਉਤਰ ਕਦੇ ਨਾ ਜਾਈਆ ।



੬੫੧
੧੯

ਘਰ ਘਰ ਨੱਚਦੇ ਵੇਖ ਮਲੰਗ, ਡੌਰੂ ਡੰਕਾ ਰਹੇ ਵਜਾਈਆ । ਕਿਸੇ ਨਾ ਆਵੇ ਪਰਮਾਨੰਦ, ਨਿਜ਼ਾ ਨੰਦ ਨਾ ਕੋਇ ਰਸਾਈਆ । ਮਦਿਰਾ ਮਾਸ ਪਾਨ ਕਰਨ ਗੰਦ, ਅੰਮ੍ਰਿਤ ਧਾਰ ਮੁਖ ਨਾ ਕੋਇ ਚੁਆਈਆ । ਸੁਰਤ ਦੁਹਾਗਣ ਹੋਈ ਸਭ ਦੀ ਰੰਡ, ਕੰਤ ਸੁਹਾਗੀ ਮੇਲ ਨਾ ਕੋਇ ਮਿਲਾਈਆ । ਜਿਧਰ ਵੇਖਾਂ ਨਜ਼ਰੀ ਆਵੇ ਭੇਖ ਪਖੰਡ, ਏਸੇ ਅੰਦਰ ਖ਼ੁਸ਼ੀ ਮਨਾਈਆ । ਮੈਂ ਤੇਰਾ ਨਿੱਕਾ ਪੁੱਤ ਸੋਹਣਾ ਚੰਦ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲੱਖ ਜਗਾਈਆ । ਦੀਨ ਦਿਆਲ ਪ੍ਰਭ ਵੇਖ ਮੇਰੀ ਸੇਵਾ, ਕਲਕਾਤੀ ਆਪ ਜਣਾਇੰਦਾ । ਅੰਮ੍ਰਿਤ ਫਲ ਕਿਸੇ ਨਾ ਦਿਸੇ ਮੇਵਾ, ਕੂੜਾ ਰੀਠਾ ਜਗਤ ਬਣਾਇੰਦਾ । ਸੰਗ ਤੁੜਾਇਆ ਦੇਵੀ ਦੇਵਾ, ਦੇਵਤ ਸੁਰ ਮੇਲ ਨਾ ਕੋਇ ਮਿਲਾਇੰਦਾ । ਨਾਤ ਤੁੜਾਇਆ ਅਲੱਖ ਅਭੇਵਾ, ਅਭੇਵ ਅਭੇਦਾ ਨਾ ਕੋਇ ਸਮਝਾਇੰਦਾ । ਸ੍ਰਿਸ਼ਟ ਸਬਾਈ ਗਾਵੇ ਰਸਨਾ ਜਿਹਵਾ, ਘਰ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਵਾਸਤਾ ਪਾਇੰਦਾ । ਪੁਰਖ ਅਕਾਲ ਸੁਣਾਏ ਇਕ, ਏਕਓਂਕਾਰ ਜਣਾਈਆ । ਕਲਜੁਗ ਤੇਰਾ ਲੇਖ ਦਿਤਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਹਮਣੇ ਰਹੇ ਵੇਖ, ਨੇਤਰ ਲੋਚਣ ਨੈਣ ਉਠਾਈਆ । ਕੋਈ ਨਾ ਕਰੇ ਸਾਚਾ ਹੇਤ, ਹਿਤਕਾਰੀ ਰੂਪ ਨਾ ਕੋਇ ਵਟਾਈਆ । ਅੰਤਰ ਅੰਤਰ ਦੇਵੇ ਨਾ ਸੱਚਾ ਭੇਤ, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਕਲਜੁਗ ਕਹੇ ਮੈਂ ਵੇਖਾ ਏਕ, ਏਕਓਂਕਾਰ ਤੇਰੀ ਸਰਨਾਈਆ । ਕੀਤੀ ਇਕ ਅਗੰਮੀ ਖੇਡ, ਦਰ ਤੇਰੀ ਓਟ ਤਕਾਈਆ । ਲਹਿਣਾ ਚੁਕਾਇਆ ਸ਼ਮਸ ਤਬਰੇਜ਼, ਮਨਸੂਰ ਸੂਲੀ ਉਤੇ ਚੜ੍ਹਾਈਆ । ਅਰਜਨ ਸੀਸ ਪਵਾਈ ਤੱਤੀ ਰੇਤ, ਗੋਬਿੰਦ ਬਾਲੇ ਨੀਹਾਂ ਹੇਠ ਰਖਾਈਆ । ਸੋਹਣੀ ਸੁਹੰਜਣੀ ਬਣਾ ਸੇਜ, ਸਚ ਸਿੰਘਾਸਣ ਦਿਤੇ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸੋਹਣੀ ਸੇਵ ਕਮਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤਾ, ਸ਼ਹਿਨਸ਼ਾਹ ਦਰ ਤੇਰੇ ਮੰਗ ਮੰਗਾਇੰਦਾ । ਮੈਂ ਸੁਹਾਈ ਆਪਣੀ ਰੁੱਤਾ, ਰੁੱਤ ਰੁਤੜੀ ਵੇਖ ਵਖਾਇੰਦਾ । ਗੋਬਿੰਦ ਸੂਲਾ ਸੇਜ ਮੇਰੇ ਵਿਚ ਸੁੱਤਾ, ਸੱਥਰ ਯਾਰੜੇ ਤੇਰਾ ਇਕ ਹੰਢਾਇੰਦਾ । ਤੂੰ ਮੇਰੇ ਉਤੇ ਕਾਹਦਾ ਕਰੇ ਗੁੱਸਾ, ਤੇਰਾ ਹੁਕਮ ਠੀਕ ਠੀਕ ਆਪਣੇ ਸਿਰ ਰਖਾਇੰਦਾ । ਪੁਰਖ ਅਕਾਲ ਕਰ ਪਿਆਰ ਮੈਨੂੰ ਕਹਿ ਆ ਮੇਰੇ ਲਾਡਲੇ ਪੁੱਤਾ, ਮੈਂ ਸਿਰ ਤੇਰੇ ਹੱਥ ਟਿਕਾਇੰਦਾ । ਮੈਂ ਤੇਰੇ ਦਰਸ ਦਾ ਭੁੱਖਾ, ਦੂਜੀ ਓਟ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਪੁਰਖ ਅਕਾਲ ਮੈਂ ਤੇਰਾ ਬੀ, ਚੌਥਾ ਜੁਗ ਨਾਮ ਧਰਾਈਆ । ਰਵਿਦਾਸ ਚੁਮਾਰੇ ਸਾਢੇ ਤਿੰਨ ਹੱਥ ਵੰਡੀ ਸੀਂ, ਸੋਹਣੀ ਬਣਤ ਬਣਾਈਆ । ਗੋਬਿੰਦ ਡੂੰਘੀ ਰੱਖੀ ਨੀਂ, ਬਾਲੇ ਇਕੋ ਰੰਗ ਰੰਗਾਈਆ । ਔਹ ਵੇਖ ਤੇਰੀ ਨੇਤਰ ਰੋਵੇ ਮੁਹੰਮਦ ਖ਼ਾਹਿਸ਼ ਅੱਲਾ ਰਾਣੀ ਧੀ, ਖੁਲ੍ਹੀ ਮੀਂਡੀ ਸੀਸ ਸਾਚ ਨਾ ਕੋਇ ਗੁੰਦਾਈਆ । ਮੈਨੂੰ ਬਰਖ਼ੁਰਦਾਰ ਕਹੇ ਤੂੰ ਸਦਾ ਜੀ, ਦਰ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪ੍ਰਭ ਤੇਰੀ ਸਰਨ ਮਿਲੇ ਸਰਨਾਈਆ । ਪੁਰਖ ਅਕਾਲ ਪਿਆ ਹੱਸ, ਧੁਰਦਰਗਾਹੀ ਸਚ ਜਣਾਇੰਦਾ । ਕਲਜੁਗ ਤੇਰਾ ਵੇਖਿਆ ਰਥ, ਚਾਰੋਂ ਕੁੰਟ ਖੋਜ ਖੁਜਾਇੰਦਾ । ਪੰਧ ਮੁਕਾਵੀਂ ਨੱਠ ਨੱਠ, ਦਿਵਸ ਰੈਣ ਪਾਂਧੀ ਨਜ਼ਰੀ ਆਇੰਦਾ ।

ਆਪਣੀ ਪੱਤ ਤੂੰ ਆਪੇ ਲਈਂ ਰੱਖ, ਬਣ ਸੇਵਕ ਸੇਵ ਕਮਾਇੰਦਾ । ਤੇਰੀ ਝੋਲੀ ਪਾਵਾਂ ਤੇਰਾ ਹੱਕ, ਹਕੀਕਤ ਸਭ ਦੇ ਨਾਲ ਮਿਲਾਇੰਦਾ । ਉਠ ਵੇਖ ਖੋਲ੍ਹ ਅੱਖ, ਗੋਬਿੰਦ ਇਕੋ ਨਜ਼ਰੀ ਆਇੰਦਾ । ਜਿਸ ਦੀ ਲੇਖੇ ਲੱਗੀ ਰੱਤ, ਰਤ ਆਪਣੇ ਰੰਗ ਰੰਗਾਇੰਦਾ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਇਕੋ ਮੱਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮਾਰਗ ਦੇਵੇਂ ਦੱਸ, ਰਹਿਬਰ ਇਕ ਅਖਵਾਇੰਦਾ । ਮੁਕਾਮੇ ਹੱਕ ਸਚਖੰਡ ਥਿਰ ਘਰ ਦੁਆਰੇ ਰਿਹਾ ਵਸ, ਸੁੰਨ ਅਗੰਮ ਬੇਪਰਵਾਹ ਆਪਣਾ ਰਾਹ ਚਲਾਇੰਦਾ । ਔਹ ਵੇਖ ਵਿਸ਼ਨ ਬ੍ਰਹਮਾ ਸ਼ਿਵ ਰੋਂਦੇ ਨੇਤਰ ਨੈਣ ਅੱਖ, ਹੰਝੂਆਂ ਹਾਰ ਸਰਬ ਬਣਾਇੰਦਾ । ਕਰੋੜ ਤੇਤੀਸਾ ਲੱਥਾ ਸੱਥ, ਸੀਸ ਉਪਰ ਨਾ ਕੋਇ ਉਠਾਇੰਦਾ । ਭਗਤ ਅਠਾਰਾਂ ਚਰਨੀ ਰਹੇ ਢੱਠ, ਦੋਏ ਜੋੜ ਸਰਬ ਵਾਸਤਾ ਪਾਇੰਦਾ । ਤ੍ਰੈਗੁਣ ਮਾਇਆ ਕਹੇ ਮੇਰਾ ਖੇੜਾ ਹੋਇਆ ਭੱਠ, ਪੰਜ ਤਤ ਸੰਗ ਨਾ ਕੋਇ ਨਿਭਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿ ਗਏ ਬੱਸ, ਅੱਗੇ ਹੁਕਮ ਨਾ ਕੋਇ ਵਰਤਾਇੰਦਾ । ਸਦੀ ਬੀਸਵੀਂ ਜੋ ਕੁਛ ਸੋ ਪ੍ਰਭ ਦਾ ਹੋਇਆ ਹੱਕ, ਹਕੂਕ ਆਪਣੇ ਹੱਥ ਰਖਾਇੰਦਾ । ਗੋਬਿੰਦ ਰਹਿਣ ਨਾ ਦਿਤਾ ਸ਼ੱਕ, ਸ਼ਿਕਵਾ ਸਰਬ ਮਿਟਾਇੰਦਾ । ਨਿਰਗੁਣ ਨਿਰਵੈਰ ਨਿਰੰਕਾਰ ਪੁਰਖ ਹੋ ਪਰਗਟ, ਜੋਤੀ ਜਾਮਾ ਵੇਸ ਵਟਾਇੰਦਾ । ਸੰਬਲ ਨਗਰੀ ਖੇਲ ਸਮਰਥ, ਮਹਿਮਾ ਅਕੱਥ ਆਪ ਦ੍ਰਿੜਾਇੰਦਾ । ਸ਼ਬਦ ਅਗੰਮ ਦੋ ਜਹਾਨ ਮਾਰੇ ਸੱਟ, ਆਲਸ ਨਿੰਦਰਾ ਸਰਬ ਗਵਾਇੰਦਾ । ਕਰੇ ਨਬੇੜਾ ਹੱਕੋ ਹੱਕ, ਲਾਸ਼ਰੀਕ ਸਚ ਤੌਫੀਕ ਵਡ ਮਿਹਰਵਾਨ ਮਹਿਬਾਨ ਆਪਣਾ ਹੁਕਮ ਵਰਤਾਇੰਦਾ । ਜਨ ਭਗਤ ਭਗਵੰਤ ਲਏ ਰੱਖ, ਸੰਤ ਸੁਹੇਲੇ ਕਰੇ ਵੱਖ, ਗੁਰਮੁਖਾਂ ਖੋਲ੍ਹ ਨਿਜ ਨੇਤਰ ਅੱਖ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਕੂੜਾ ਬੁਰਜ ਹੰਕਾਰੀ ਜਾਏ ਢੱਠ, ਭਾਂਡਾ ਭਰਮ ਭੌ ਭੰਨਾਇੰਦਾ । ਲੇਖਾ ਚੁੱਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣਾ ਹੁਕਮ ਵਰਤਾਇੰਦਾ । ਧੁਰਦਰਗਾਹੀ ਬੇਪਰਵਾਹੀ ਦੋ ਜਹਾਨ ਬ੍ਰਹਿਮੰਡ ਖੰਡ ਪੁਰੀਆਂ ਲੋਆਂ ਆਕਾਸ਼ ਪਾਤਾਲ ਗਗਨ ਗਗਨੰਤਰ ਇਕੋ ਨਾਮ ਦੇਵੇ ਦੱਸ, ਰਿਖ ਮੁਨ ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਹੱਸ ਹੱਸ, ਸੋਹੰ ਹੰਸਾ ਆਤਮ ਪਰਮਾਤਮ ਇਕੋ ਭੇਵ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਇਕੋ ਮੰਦਰ ਇਕੋ ਘਰ ਗ੍ਰਿਹ ਇਕੋ ਮਹਲ ਅਟੱਲ ਜਾਣਾ ਵਸ, ਸਾਢੇ ਤਿੰਨ ਹੱਥ ਅੰਦਰ ਘਰ ਘਰ ਵਿਚ ਮੇਲ ਮਿਲਾਇੰਦਾ । ਕੂੜੀ ਕਿਰਿਆ ਜਗਤ ਵਿਕਾਰ ਦਰ ਤੋਂ ਜਾਏ ਨੱਠ, ਜਿਸ ਜਨ ਆਪਣਾ ਰਾਹ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਿਰਗੁਣ ਨਿਰਵੈਰ ਨਿਰਾਕਾਰ ਅਜੂਨੀ ਰਹਿਤ ਅਨੁਭਵ ਪਰਕਾਸ਼ ਆਪਣਾ ਇਕ ਰਖਾਇੰਦਾ ।

★ ੧੫ ਫੱਗਣ ੨੦੨੦ ਬਿਕ੍ਰਮੀ ਮਨਸਾ ਸਿੰਘ ਰਾਮ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★

ਪਰਮ ਪੁਰਖ ਪ੍ਰਭ ਧੁਰ ਦਾ ਮਾਲਕ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਆਦਿ ਜੁਗਾਦੀ ਖ਼ਲਕ ਖ਼ਾਲਕ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਕਲਜੁਗ ਅੰਤਮ ਬਣੇ ਸਾਲਸ, ਸਚ ਸਾਲਸੀ ਆਪ ਕਮਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਕੱਢੇ ਖ਼ਾਲਸ, ਖ਼ਾਲਸ ਆਪਣਾ

੬੫੩
੧੯

ਸੰਗ ਵਖਾਇੰਦਾ । ਕੂੜੀ ਕਿਰਿਆ ਨਿੰਦਰਾ ਮੇਟੇ ਆਲਸ, ਦੁਰਮਤ ਮੈਲ ਧਵਾਇੰਦਾ । ਸਚ ਦੁਆਰੇ ਬਹਿ ਕਰੇ ਅਦਾਲਤ, ਹੱਕ ਹੁਕਮ ਇਕ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਕਰੇ ਨਾ ਕੋਈ ਸ਼ਫਾਰਸ਼, ਅੱਗੇ ਹੋ ਨਾ ਕੋਇ ਬਚਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੇ ਕੋਇ ਨਾ ਅਲਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਡੰਕ ਸੁਣਾਈਆ । ਸ਼ਬਦ ਸੰਦੇਸਾ ਸੁਣੇ ਕਾਨ, ਧੁਰ ਦਾ ਰਾਗੀ ਰਾਗ ਅਲਾਈਆ । ਕਲਜੁਗ ਅੰਤ ਮਿਟੇ ਨਿਸ਼ਾਨ, ਕੂੜੀ ਕਿਰਿਆ ਡੇਰਾ ਢਾਹੀਆ । ਸਤਿਜੁਗ ਸਤਿ ਹੋਏ ਪਰਧਾਨ, ਸਚ ਸੁਚ ਵੱਜੇ ਵਧਾਈਆ । ਜੀਵ ਜੰਤ ਸਾਧ ਸੰਤ ਸਾਚਾ ਢੋਲਾ ਇਕੋ ਗਾਣ, ਕਲਮਾ ਕਾਇਨਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਇਕ ਦ੍ਰਿੜਾਈਆ । ਧੁਰ ਦਾ ਲੇਖਾ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਇੰਦਾ । ਜੁਗ ਚੌਕੜੀ ਮਹਿਮਾ ਅਗਣਤ ਆਦਿ ਅੰਤ ਭੇਵ ਨਾ ਕੋਇ ਵਖਾਇੰਦਾ । ਹਰਿਜਨ ਉਠਾਏ ਗੁਰਮੁਖ ਸੰਤ, ਸੱਜਣ ਆਪਣੇ ਘਰ ਵਸਾਇੰਦਾ । ਮਾਨਸ ਜਨਮ ਬਣਾਏ ਬਣਤ, ਮਾਨੁਖ ਮਾਨਵ ਆਪਣੇ ਦਰ ਸੁਹਾਇੰਦਾ । ਗੁਰਮੁਖ ਨਾਰੀ ਸ਼ਬਦ ਪਿਆਰੀ ਮੇਲ ਮਿਲਾਵਾ ਨਰ ਹਰਿ ਨਰਾਇਣ ਕੰਤ, ਆਵਣ ਜਾਵਣ ਜਗਤ ਵਿਛੋੜਾ ਨਿਰਗੁਣ ਸਰਗੁਣ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਾਹਿਬ ਸੁਲਤਾਨ, ਕਰਤਾ ਪੁਰਖ ਆਪ ਕਰਾਈਆ । ਲੇਖ ਜਾਣ ਜ਼ਿਮੀ ਅਸਮਾਨ, ਰਵਦਾਸ ਹੁਕਮ ਮਨਾਈਆ । ਬ੍ਰਹਿਮੰਡ ਖੰਡ ਹੋ ਪਰਧਾਨ, ਜੇਰਜ ਅੰਡ ਦਏ ਸਮਝਾਈਆ । ਉਤਭੁਜ ਸੇਤਜ ਦੇ ਗਿਆਨ, ਸਚ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਦੋ ਜਹਾਨਾਂ ਵੇਖ ਵਖਾਇੰਦਾ । ਭੇਵ ਖੁਲ੍ਹਾਏ ਗਗਨ ਗਗਨੰਤਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਸ਼ਬਦ ਅਨਾਦੀ ਧੁਰ ਦਾ ਮੰਤਰ, ਸਤਿ ਸਤਿਵਾਦੀ ਆਪ ਪੜ੍ਹਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਲੱਖ ਚੁਰਾਸੀ ਘਟ ਘਟ ਅੰਦਰ ਵੇਖ ਵਖਾਇੰਦਾ । ਬੋਧ ਆਗਾਧਾ ਬਣ ਕੇ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਤ ਤਤਵ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਖੰਡ ਖੰਡ ਨਾ ਕੋਈ ਵੰਡ, ਦੂਜੀ ਧਾਰ ਨਾ ਕੋਈ ਚਲਾਈਆ । ਕਰੇ ਖੇਲ ਸੂਰਾ ਸਰਬੰਗ, ਰਾਜਨ ਰਾਜ ਬੇਪਰਵਾਹੀਆ । ਸਤਿ ਚੜ੍ਹਾਏ ਸਦਾ ਸੱਚਾ ਚੰਦ, ਜੋਤੀ ਨੂਰ ਨੂਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਛੰਦ, ਸੋਹਣਾ ਢੋਲਾ ਇਕੋ ਗਾਈਆ । ਗੁਰ ਅਵਤਾਰ ਪੀਰ ਪੈਗੰਬਰ ਮੰਗ ਮੰਗ, ਖਾਲੀ ਝੋਲੀ ਰਹੇ ਭਰਾਈਆ । ਨਿਰਗੁਣ ਸਰਗੁਣ ਵਸੇ ਸੰਗ, ਆਤਮ ਪਰਮਾਤਮ ਲੱਗੀ ਤੋੜ ਨਿਭਾਈਆ । ਆਵਣ ਜਾਵਣ ਪਤਤ ਪਾਵਣ ਗਿੜੌਂਦਾ ਰਹੇ ਪੰਧ, ਰਹਿਬਰ ਆਪਣਾ ਨਾਉਂ ਰਖਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਗੁਰਮੁਖ ਗੁਰ ਗੁਰ ਸੱਜਣ ਲਏ ਤਰਾਈਆ । ਲੇਖਾ ਜਾਣੇ ਜੀਉਂ ਪਿੰਡ, ਪੰਜ ਤਤ ਬ੍ਰਹਮ ਮਤ ਇਕ ਸਮਝਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਗੁਰਮੁਖ ਗੁਰਸਿਖ, ਗੁਰ ਮੰਤਰ ਨਾਮ

ਦ੍ਰਿੜਾਇੰਦਾ । ਨਾਮ ਅਨਾਦੀ ਪਾ ਭਿਖ, ਭਰਮ ਭੁਲੇਖਾ ਦੂਰ ਕਰਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਹਿਤ, ਘਰ ਸੱਜਣ ਮੇਲ ਮਿਲਾਇੰਦਾ । ਕਰਤਾ ਅਬਿਨਾਸ਼ੀ ਵਸੇ ਚਿਤ, ਚਿਤਵਤ ਠਗੌਰੀ ਮਨ ਨਾ ਕੋਈ ਰਖਾਇੰਦਾ । ਏਥੇ ਓਥੇ ਬਣ ਕੇ ਪਿਤ, ਪੂਤ ਸਪੂਤੇ ਗੋਦ ਬਹਾਇੰਦਾ । ਦਰਸ ਵਖਾਵੇ ਨਿਤ ਨਵਿਤ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਕਰੇ ਖੇਲ ਸਾਹਿਬ ਅਨਡਿਠ, ਅਨੁਭਵ ਆਪਣੀ ਧਾਰ ਵਖਾਇੰਦਾ । ਲੱਖ ਚੁਰਾਸੀ ਜਿਤ, ਹਾਰ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਹੁਕਮ ਵਰਤਾਏ ਇਕਓਂਕਾਰ, ਨਾ ਕੋਇ ਮੇਟੇ ਮੇਟ ਮਿਟਾਈਆ । ਲੇਖਾ ਜਾਣ ਜੁਗ ਚੌਕੜੀ ਚਾਰ, ਕੋਟਨ ਕੋਟ ਬ੍ਰਹਿਮੰਡ ਖੰਡ ਫੋਲ ਫੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਕਰੋੜ ਤੇਤੀਸਾ ਨਾਲ ਮਿਲਾਈਆ । ਸੁਰਪਤ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਛਹਿਬਰ ਰਿਹਾ ਵਖਾਈਆ । ਚਾਰੋਂ ਕੁੰਟ ਧੂਅੰਧਾਰ, ਦਹਿ ਦਿਸ਼ਾ ਨਾ ਕੋਈ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਡਾ ਕੋਈ ਨਾ ਕਰੇ ਇਤਬਾਰ, ਕਲਜੁਗ ਜੀਵ ਭਰਮੇ ਭੁੱਲੇ ਮਾਇਆ ਪਰਦਾ ਨਾ ਕੋਇ ਉਠਾਈਆ । ਜਾ ਕੇ ਵੇਖ ਆਪਣਾ ਸੰਸਾਰ, ਲੋਕਮਾਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਾਹਵਾ ਤੇਰੇ ਹੱਥ ਵਡਿਆਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਨਿਰਗੁਣ ਨਿਰਵੈਰ ਆਖ ਸਣੌਂਦਾ ਏ । ਲੋਕਮਾਤ ਕੂੜੀ ਕਿਰਿਆ ਚੜ੍ਹਿਆ ਕਹਿਰ, ਚਾਰੋਂ ਕੁੰਟ ਅੰਧੇਰਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸਣੌਂਦਾ ਏ । ਸਚ ਸੰਦੇਸਾ ਇਕ ਸੁਣਾਵਾਂਗਾ । ਹੋ ਕੇ ਨਿਰਵੈਰ ਕਾਰ ਕਮਾਵਾਂਗਾ । ਗੁਰਮੁਖ ਗੁਰਸਿਖ ਸੱਜਣ ਸੰਤ ਦੁਰਮਤ ਮੈਲ ਧੋ ਕੇ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਲੱਖ ਚੁਰਾਸੀ ਕੋਲੋਂ ਸਾਚੀ ਵਸਤ ਖੋਹ ਕੇ, ਹਰਿ ਭਗਤਾਂ ਝੋਲੀ ਆਪ ਭਰਾਵਾਂਗਾ । ਦੋ ਜਹਾਨਾਂ ਜ਼ਿਮੀ ਅਸਮਾਨਾਂ ਅੰਦਰ ਵੜਕੇ ਟੋਹ ਕੇ, ਕੁੰਡਾ ਖਿੜਕੀ ਸਭ ਦਾ ਆਪੇ ਲਾਹਵਾਂਗਾ । ਸਤਿ ਸਤਿਵਾਦੀ ਆਪੇ ਹੋ ਕੇ, ਹੋਕਾ ਦੇ ਕੇ ਨਾਮ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਪ੍ਰਭ ਆਪਣਾ ਵੇਸ ਵਟਾਵੇਗਾ । ਜੋਤੀ ਨੂਰ ਡਗਮਗਾਵੇਗਾ । ਸ਼ਬਦ ਨਾਦ ਤੂਰ ਸੁਣਾਵੇਗਾ । ਸਰਬ ਕਲਾ ਭਰਪੂਰ, ਸਮਰਥ ਆਪਣਾ ਹੁਕਮ ਦ੍ਰਿੜਾਵੇਗਾ । ਕਲਜੁਗ ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਮੇਟ ਮਿਟਾਵੇਗਾ । ਬਣ ਕੇ ਦਾਤਾ ਜੋਧਾ ਸੂਰ, ਗੁਰਮੁਖ ਸੂਰੇ ਆਪ ਉਠਾਵੇਗਾ । ਜਨਮ ਜਨਮ ਦੀ ਆਸਾ ਮਨਸਾ ਪੂਰ, ਕਰਮ ਕਰਮ ਦਾ ਰੋਗ ਗਵਾਵੇਗਾ । ਅੱਠੇ ਪਹਿਰ ਹਾਜ਼ਰ ਹਜ਼ੂਰ, ਸਵੱਛ ਸਰੂਪੀ ਦਰਸ ਵਖਾਵੇਗਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਸ਼ਬਦ ਗਿਆਨ ਇਕ ਦ੍ਰਿੜਾਵੇਗਾ । ਜਿਨ੍ਹਾਂ ਬਖ਼ਸ਼ੇ ਚਰਨ ਧੂੜ, ਮਸਤਕ ਟਿੱਕਾ ਇਕੋ ਨਾਮ ਲਗਾਵੇਗਾ । ਚਾਰ ਜੁਗ ਹੋਣ ਮਸ਼ਹੂਰ, ਮਸ਼ਵਰਾ ਆਪਣੇ ਨਾਲ ਰਖਾਵੇਗਾ । ਆਦਿ ਜੁਗਾਦੀ ਕਦੀ ਨਾ ਤੋੜੇ ਆਪਣਾ ਦਸਤੂਰ, ਦਸਤ ਬਦਸਤ ਆਪਣੀ ਵਸਤ ਹੱਥ ਫੜਾਵੇਗਾ । ਜਨ ਭਗਤ ਅਰਜ਼ੋਈ ਕਰ ਮਨਜ਼ੂਰ, ਮੰਜ਼ਲ ਆਪਣੀ ਸਚ ਚੜ੍ਹਾਵੇਗਾ । ਕੋਟ ਜਨਮ ਦੇ ਮੁਆਫ ਕਰ ਕਸੂਰ, ਪਤਤ ਪਾਪੀ ਪਾਰ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨੰਦ ਚੰਦ ਚੰਦ ਅਨੰਦ ਇਕ ਰੰਗ ਰੰਗਾਵੇਗਾ ।

ਅਨੰਦ ਚੰਦ ਗੁਜਰੀ ਲਾਲ, ਗੋਬਿੰਦ ਵੇਸ ਵਟਾਈਆ । ਸਚ ਦੁਆਰ ਸੱਚੀ ਧਰਮਸਾਲ, ਸੰਬਲ ਬੈਠਾ ਸੋਭਾ ਪਾਈਆ । ਨਾ ਸ਼ਾਹ ਨਾ ਦਿਸੇ ਕੰਗਾਲ, ਅਦਨੇ ਰੂਪ ਨਾ ਕੋਇ ਵਖਾਈਆ । ਸ਼ਬਦ ਅਗੰਮੀ ਵੱਜੇ ਤਾਲ, ਨਾੜ ਬਹੱਤਰ ਤਲਵਾੜਾ ਰਿਹਾ ਵਜਾਈਆ । ਅੰਮ੍ਰਿਤ ਸਰੋਵਰ ਸੁਹਾਏ ਤਾਲ, ਸਾਚਾ ਝਿਰਨਾ ਇਕ ਝਿਰਾਈਆ । ਸੁਣ ਮੁਰੀਦਾਂ ਹਾਲ, ਪੁਛਣਹਾਰਾ ਥਾਉਂ ਥਾਈਂਆ । ਨਾਤਾ ਤੋੜ ਕਾਲ ਮਹਾਂਕਾਲ, ਚਰਨ ਕਵਲ ਦਏ ਸਰਨਾਈਆ । ਠਾਕਰ ਸਵਾਮੀ ਹੋ ਦਿਆਲ, ਮਿਹਰ ਨਜ਼ਰ ਨੈਣ ਉਠਾਈਆ । ਜਨਮ ਜਨਮ ਦੀ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਲਾਈਆ । ਨਿਰਗੁਣ ਸਰਗੁਣ ਮੰਨ ਸਵਾਲ, ਸੋਹਣਾ ਆਪਣਾ ਮੇਲ ਮਿਲਾਈਆ । ਵੇਲੇ ਅੰਤ ਨਾ ਹੋਏ ਜ਼ਵਾਲ, ਜਾਹਰ ਜਹੂਰ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਗੁਰਮੁਖ ਸੱਚੀ ਮੰਗ ਮੰਗੌਂਦਾ ਏ । ਪ੍ਰਭ ਦਰ ਅਲੱਖ ਜਗੌਂਦਾ ਏ । ਕਵਣ ਵੇਲਾ ਹੋਏ ਪਰਤੱਖ, ਭੇਵ ਅਭੇਦਾ ਕਵਣ ਸਖੌਂਦਾ ਏ । ਲੱਖ ਚੁਰਾਸੀ ਵਿਚੋਂ ਰੱਖ, ਸਿਰ ਆਪਣਾ ਹੱਥ ਟਿਕੌਂਦਾ ਏ । ਨਾਮ ਅਮੋਲਕ ਦੇ ਕੇ ਵੱਥ, ਸਚ ਖਜੀਨਾ ਆਪ ਭਰੌਂਦਾ ਏ । ਆਪਣੇ ਮਿਲਣ ਦੀ ਦੇ ਕੇ ਅੱਖ, ਆਖਰ ਆਪਣਾ ਮੇਲ ਕਰੌਂਦਾ ਏ । ਹਕੀਕਤ ਜਾਣ ਹੱਕੋ ਹੱਕ, ਦੂਈ ਦਵੈਤ ਡੇਰਾ ਢੌਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੱਭਦੇ ਲੱਭਦੇ ਗਏ ਥੱਕ, ਲੱਭਿਆਂ ਹੱਥ ਕਿਸੇ ਨਾ ਔਂਦਾ ਏ । ਨੇਤਰ ਰੋਵੇ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਸ਼ਰਮੌਂਦਾ ਏ । ਉਚੇ ਟਿੱਲੇ ਪਰਬਤ ਸੱਥਰ ਬੈਠੇ ਘੱਤ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰੰਗ ਨਾ ਕੋਇ ਰੰਗੌਂਦਾ ਏ । ਨੌ ਖੰਡ ਪ੍ਰਿਥਮੀ ਸੱਤ ਦੀਪ ਖਾਲੀ ਦਿਸਣ ਹੱਟ, ਸਤਿ ਵਣਜਾਰਾ ਸੌਦਾ ਸਚ ਨਾ ਕੋਇ ਵਕੌਂਦਾ ਏ । ਚਲੇ ਚਤੁਰਾਈ ਨਾ ਕੋਇ ਮਨ ਬੁਧ ਮਤ, ਸੋਚ ਸਮਝ ਨਾ ਕੋਇ ਰਖੌਂਦਾ ਏ । ਕਿਰਪਾ ਕਰ ਪੁਰਖ ਸਮਰਥ, ਹਰਿਜਨ ਇਕੋ ਧਿਆਨ ਲਗੌਂਦਾ ਏ । ਤੇਰੀ ਮਿਹਰ ਕਿਰਪਾ ਨਾਲ ਚਰਨ ਜਾਏ ਢੱਠ, ਮਸਤਕ ਟਿੱਕਾ ਧੂੜੀ ਖ਼ਾਕ ਰਮੌਂਦਾ ਏ । ਸਚ ਸਰਨਾਈ ਜਾਏ ਲੱਗ, ਅਗਲਾ ਲੇਖਾ ਤੇਰੀ ਝੋਲੀ ਪੌਂਦਾ ਏ । ਦਰਸ ਵਖਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਤੇਰਾ ਨੂਰ ਇਕੋ ਇਕ ਡਗਮਗੌਂਦਾ ਏ । ਤ੍ਰੈਗੁਣ ਮਾਇਆ ਅਗਨੀ ਬੁਝੇ ਅੱਗ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਸਤੌਂਦਾ ਏ । ਕੂੜੀ ਕਿਰਿਆ ਜਾਵੇ ਛੱਡ, ਭਾਂਡਾ ਭਰਮ ਭੌ ਭੰਨੌਂਦਾ ਏ । ਤੇਰੀ ਆਤਮ ਪਰਮਾਤਮ ਕਿਉਂ ਹੋਵੇ ਤੈਥੋਂ ਅੱਡ, ਤੁਧ ਬਿਨ ਵਿਛੜੇ ਮੇਲ ਨਾ ਕੋਇ ਮਲੌਂਦਾ ਏ । ਨੌ ਦੁਆਰੇ ਜਗਤ ਵਾਸਨਾ ਚੁੱਕੇ ਹੱਦ, ਮਾਇਆ ਮਮਤਾ ਤ੍ਰਿਸਨਾ ਤ੍ਰਿਖਾ ਆਪ ਭਜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਗੁਰਮੁਖ ਝੋਲੀ ਇਕ ਵਖੌਂਦਾ ਏ । ਪੁਰਖ ਅਬਿਨਾਸ਼ੀ ਦਇਆ ਕਮੌਂਦਾ ਏ । ਮਿਹਰ ਨਜ਼ਰ ਇਕ ਉਠੌਂਦਾ ਏ । ਸਾਚਾ ਫਜ਼ਲ ਆਪ ਕਮੌਂਦਾ ਏ । ਧੁਰ ਦਾ ਨਾਮ ਗਜ਼ਲ ਸੁਣੌਂਦਾ ਏ । ਮੰਜ਼ਲ ਮੰਜ਼ਲ ਆਪ ਚੜ੍ਹੌਂਦਾ ਏ । ਹਰਦਿਲ ਬਣ ਸੇਵ ਕਮੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰ ਆਪਣੀ ਧਾਰ ਮਲੌਂਦਾ ਏ । ਗੁਰਮੁਖ ਗੁਰ ਗੁਰ, ਸਾਚਾ ਮੇਲ ਮਿਲੌਂਦਾ ਏ । ਲੇਖਾ ਜਾਣੇ ਲਿਖਿਆ ਧੁਰ, ਮਸਤਕ ਰੇਖਾ ਪਿਛਲੀ ਮੇਟ ਮਟੌਂਦਾ ਏ । ਸਚ ਪ੍ਰੀਤੀ ਜਾਏ ਜੁੜ, ਜੋੜੀ ਆਪਣੇ ਨਾਲ ਰਖੌਂਦਾ ਏ । ਸ਼ਬਦ ਅਗੰਮੀ ਚੜ੍ਹ ਕੇ ਘੁੜ, ਚਾਰੋਂ ਕੁੰਟ ਵੇਖ ਵਖੌਂਦਾ ਏ । ਜਨ ਭਗਤਾਂ ਪ੍ਰਭ ਰੱਖੀ ਲੋੜ, ਬਿਨ ਭਗਤਾਂ ਪ੍ਰਭੂ ਕੰਮ ਕਿਸੇ ਨਾ ਆਉਂਦਾ ਏ । ਲੱਖ ਚੁਰਾਸੀ ਕੂੜਾ

ਮੇਟੇ ਸ਼ੋਰ, ਸਾਚਾ ਕਲਮਾ ਇਕ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਗੁਰਸਿਖ ਗੁਰ ਗੁਰ ਗੋਦ ਬਹੌਂਦਾ ਏ । ਗੁਰਸਿਖ ਕਹੇ ਪ੍ਰਭ ਤੇਰੀ ਗੋਦੀ, ਸਾਹਿਬ ਸਤਿਗੁਰ ਮੋਹੇ ਭਾਈਆ । ਜਿਥੇ ਬਹਿ ਕੇ ਆਵੇ ਧੁਰ ਦੀ ਸੋਝੀ, ਕੂੜੀ ਸੋਚ ਸਮਝ ਗਵਾਈਆ । ਨਾਮ ਭੰਡਾਰਾ ਅੰਮ੍ਰਿਤ ਮਿਲੇ ਰੋਜ਼ੀ, ਰਾਜਕ ਰਹੀਮ ਦਏ ਪੁਚਾਈਆ । ਲੇਖਾ ਚੁਕੇ ਲੋਕ ਪਰਲੋਕੀ, ਦੋ ਜਹਾਨਾਂ ਡੇਰਾ ਢਾਹੀਆ । ਸ਼ਬਦ ਸੁਣਾ ਸਚ ਸਲੋਕੀ, ਤੂੰ ਮੇਰਾ ਮੈਂ ਤੇਰਾ ਸੋਹੰ ਇਕੋ ਰਾਗ ਅਲਾਈਆ । ਨਾਤਾ ਤੁਟੇ ਜਗਤ ਪੋਥੀ, ਪੁਸਤਕ ਹੱਥ ਨਾ ਕੋਇ ਉਠਾਈਆ । ਘਾਟੀ ਚੜ੍ਹਾਂ ਦਸ਼ਵਾਰ ਔਖੀ, ਦਰ ਤੇਰੇ ਸੋਭਾ ਪਾਈਆ । ਜਗਤ ਵਾਸਨਾ ਰਹੇ ਨਾ ਖੋਟੀ, ਕੂੜੀ ਕਿਰਿਆ ਡੇਰਾ ਢਾਹੀਆ । ਘਰ ਵੇਖਾਂ ਉਪਰ ਚੋਟੀ, ਚੋਟ ਨਗਾਰੇ ਨਾਮ ਲਗਾਈਆ । ਜਿਸ ਮੰਦਰ ਘਰ ਜਗੇ ਨਿਰਮਲ ਜੋਤੀ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਜਿਸ ਗ੍ਰਿਹ ਬਹਿ ਕੇ ਪੁਰਖ ਅਕਾਲ ਸੋਚ ਸੋਚੀ, ਜਨ ਭਗਤਾਂ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਨਾਮ ਵਰ, ਵਰ ਦਾਤੇ ਤੇਰੀ ਇਕ ਸਰਨਾਈਆ । ਗੁਰਸਿਖ ਕਹੇ ਪ੍ਰਭ ਤੇਰਾ ਸੰਗ, ਸਾਹਿਬ ਸਤਿਗੁਰ ਸੱਚਾ ਨਜ਼ਰੀ ਆਇੰਦਾ । ਜਿਸ ਵਿਚ ਇਕੋ ਪ੍ਰੇਮ ਅਨੰਦ, ਅਨੰਦ ਆਤਮ ਪਰਮਾਤਮ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਪਾਏ ਗੰਢ, ਨਾਤਾ ਧੁਰ ਦਾ ਜੋੜ ਜੁੜਾਇੰਦਾ । ਸਾਂਤਕ ਸਤਿ ਸਰੂਪ ਪਾਏ ਠੰਡ, ਅਗਨ ਤਤ ਨਾ ਕੋਇ ਰਖਾਇੰਦਾ । ਏਥੇ ਓਥੇ ਦੋ ਜਹਾਨ ਚਰਨ ਪ੍ਰੀਤੀ ਜਾਏ ਹੰਢ, ਅੱਧਵਿਚਕਾਰ ਨਾ ਕੋਇ ਤੁੜਾਇੰਦਾ । ਨਿਤ ਨਵਿਤ ਭਗਤ ਭਗਵੰਤ ਦਰ ਦਰਵੇਸ਼ ਮੰਗਣ ਮੰਗ, ਮਾਂਗਤ ਗੁਰਮੁਖ ਇਕ ਅਖਵਾਇੰਦਾ । ਤੂੰ ਸਾਹਿਬ ਸਤਿਗੁਰ ਦੇਵਣਹਾਰ ਸੂਰਾ ਸਰਬੰਗ, ਭੰਡਾਰਾ ਅਤੋਟ ਅਤੁਟ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਵਸਤ ਵਾਸਤਵ ਆਪਣੀ ਇਕ ਵਰਤਾਇੰਦਾ ।

### ★ ੧੫ ਫੱਗਣ ੨੦੨੦ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★

ਸ੍ਰੀ ਭਗਵਾਨ ਕਹੇ ਮੇਰਾ ਧੁਰ ਦਾ ਕਰਮ, ਨਿਹਕਰਮੀ ਹੋ ਕੇ ਦਇਆ ਕਮਾਇੰਦਾ । ਭਗਤ ਉਧਾਰਨਾ ਮੇਰਾ ਧਰਮ, ਸਚ ਧਰਮੀ ਧਰਮ ਰਖਾਇੰਦਾ । ਸਰਨ ਸਰਨਾਈ ਦੇਵਾਂ ਸਰਨ, ਸਰਨਗਤ ਇਕ ਸਮਝਾਇੰਦਾ । ਭੇਵ ਚੁਕਾ ਵਰਨ ਬਰਨ, ਜਾਤ ਪਾਤ ਡੇਰਾ ਢਾਇੰਦਾ । ਗੇੜ ਨਿਵਾਰ ਮਰਨ ਡਰਨ, ਲੱਖ ਚੁਰਾਸੀ ਪੰਧ ਮੁਕਾਇੰਦਾ । ਦਿਆਲ ਬਣਕੇ ਤਾਰਨ ਤਰਨ, ਸਿਰ ਆਪਣਾ ਹੱਥ ਰਖਾਇੰਦਾ । ਗੁਰਮੁਖ ਪੌੜ੍ਹੇ ਸਾਚੇ ਚੜ੍ਹਨ, ਫੜ ਬਾਂਹੋਂ ਆਪ ਉਠਾਇੰਦਾ । ਸਾਚਾ ਢੋਲਾ ਇਕੋ ਪੜ੍ਹਨ, ਜੁਗ ਚੌਕੜੀ ਸੋਹੰ ਰਾਗ ਸੁਣਾਇੰਦਾ । ਸਚਖੰਡ ਦੁਆਰੇ ਸਾਚੇ ਵੜਨ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿ ਜਨ ਜਨ ਸਾਚੇ ਆਪ ਸਮਝਾਇੰਦਾ । ਆਦਿ ਜੁਗਾਦੀ ਮੇਰੀ ਕਾਰ, ਹਰਿ ਕਰਤਾ ਆਪ ਜਣਾਇੰਦਾ । ਸੰਤ ਸੁਹੇਲੇ ਦੇਵਾਂ ਤਾਰ, ਭਵਜਲ ਪਾਰ ਕਨਾਰਾ ਆਪ ਵਖਾਇੰਦਾ । ਜਗਤ ਵਿਛੋੜਾ

ਦੇਵਾਂ ਨਵਾਰ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਵਖਾਇੰਦਾ । ਭਗਤ ਕਹੇ ਪ੍ਰਭ ਦੱਸ ਬਿਧ, ਦਰ ਇਕੋ ਮੰਗ ਮੰਗਾਈਆ । ਕਾਰਜ ਕਰ ਗੁਰਮੁਖ ਸਿਧ, ਸਿਧ ਸਾਧਕ ਤੇਰੀ ਸਰਨਾਈਆ । ਲੇਖਾ ਚੁੱਕੇ ਨੌ ਨਿਧ, ਸਿਧ ਅਠਾਰਾਂ ਡੇਰਾ ਢਾਹੀਆ । ਇਕੋ ਉਪਜੇ ਤੇਰਾ ਹਿਤ, ਸਚ ਪ੍ਰੇਮ ਦੇ ਪਰਗਟਾਈਆ । ਅੱਠੇ ਪਹਿਰ ਵਸੇਂ ਚਿਤ, ਨਿਤ ਨਵਿਤ ਆਪਣਾ ਨਾਮ ਜਪਾਈਆ । ਬਣ ਕੇ ਧੁਰਦਰਗਾਹੀ ਪਿਤ, ਪਤਿਪਰਮੇਸ਼ਵਰ ਗੋਦ ਉਠਾਈਆ । ਅਗਲਾ ਲੇਖਾ ਦੇ ਲਿਖ, ਪਿਛਲਾ ਲਹਿਣਾ ਦੇ ਮੁਕਾਈਆ । ਘਰ ਦਰਸ਼ਨ ਦੇਣਾ ਨਿਜ, ਨਿਜ ਗ੍ਰਿਹਿ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲੈ ਮਲਾਈਆ । ਜਨ ਭਗਤ ਮਿਲਾਉਣਾ ਮੇਰਾ ਖੇਲ, ਜੁਗ ਚੌਕੜੀ ਵੇਖ ਵਖਾਇੰਦਾ । ਆਦਿ ਜੁਗਾਦਿ ਬਣ ਕੇ ਸੱਜਣ ਸੁਹੇਲ, ਘਰ ਸੱਚਾ ਸੰਗ ਨਿਭਾਇੰਦਾ । ਪਰਦਾ ਲਾਹ ਧਾਮ ਨਵੇਲ, ਗ੍ਰਿਹਿ ਮੰਦਰ ਇਕ ਵਖਾਇੰਦਾ । ਕੂੜੀ ਕਿਰਿਆ ਕੱਟੇ ਜੇਲ, ਬੰਦੀਖਾਨਾ ਬੰਦ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਕਹੇ ਪ੍ਰਭ ਤੂੰ ਬੰਦੀ ਛੋੜ, ਸਾਡੇ ਬੰਧਨ ਦੇ ਕਟਾਈਆ । ਤੇਰੇ ਹੱਥ ਫੜਾਈ ਡੋਰ, ਦੂਜਾ ਨਜ਼ਰ ਕੋਈ ਨਾ ਆਈਆ । ਕਰ ਪਰਕਾਸ਼ ਅੰਧ ਘੋਰ, ਜਗਤ ਅੰਧੇਰ ਦੇ ਮਿਟਾਈਆ । ਨਾਦ ਸੁਣਾ ਸੱਚੀ ਘਨਘੋਰ, ਅਨਹਦ ਆਪਣਾ ਰਾਗ ਅਲਾਈਆ । ਲੇਖ ਚੁੱਕੇ ਮੋਰ ਤੋਰ, ਤੇਰਾ ਮੇਰਾ ਇਕੋ ਰੂਪ ਸਮਾਈਆ । ਦੀਨ ਦਿਆਲ ਤੇਰੀ ਲੋੜ, ਭਗਤ ਵਛਲ ਤੇਰੀ ਸਰਨਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਜਿਸ ਵਿਚ ਤੇਰਾ ਨੂਰ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਮੇਰਾ ਸੱਚਾ ਰਾਹ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਦਾ ਸੁਹੇਲਾ ਬਣ ਮਲਾਹ, ਖੇਵਟ ਖੇਟ ਸੇਵ ਕਮਾਇੰਦਾ । ਧੁਰ ਦੀ ਦੇਵਾਂ ਸਚ ਸਲਾਹ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸੰਤ ਸੁਹੇਲੇ ਆਪ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਪਰਮ ਪੁਰਖ ਦਾ ਸਿਮਰੋ ਨਾਂ, ਦੂਜਾ ਇਸ਼ਟ ਨਾ ਕੋਇ ਰਖਾਇੰਦਾ । ਦੀਨ ਦਿਆਲ ਹੋ ਕੇ ਮਿਹਰਵਾਂ, ਮਿਹਰ ਨਜ਼ਰ ਉਠਾਇੰਦਾ । ਕੋਟ ਜਨਮ ਦੇ ਪਾਪ ਗਵਾ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਰਖਾਇੰਦਾ । ਜਨ ਭਗਤ ਕਹੇ ਪ੍ਰਭ ਤੇਰੀ ਆਸ, ਇਕ ਧਿਆਨ ਲਗਾਈਆ । ਜਨਮ ਜਨਮ ਦੀ ਮਿਟੇ ਪਿਆਸ, ਤ੍ਰਿਸਨਾ ਤ੍ਰਿਖਾ ਰਹਿਣ ਨਾ ਪਾਈਆ । ਸਦਾ ਸਦਾ ਸਦ ਵਸੋ ਪਾਸ, ਜਗਤ ਵਿਛੋੜਾ ਪੰਧ ਮੁਕਾਈਆ । ਆਤਮ ਪਰਮਾਤਮ ਕਾਰਜ ਕਰੀਂ ਰਾਸ, ਮੰਡਲ ਰਾਸ ਆਪ ਰਚਾਈਆ । ਸਭ ਕੁਛ ਪ੍ਰਭ ਤੇਰੇ ਹਾਥ, ਬੇਪਰਵਾਹ ਤੇਰੀ ਵਡਿਆਈਆ । ਹਉਂ ਬਾਲਕ ਦੀਨ ਅਨਾਥਾਂ ਨਾਥ, ਚਾਕਰ ਖ਼ਾਕ ਰੂਪ ਅਖਵਾਈਆ । ਸਦਾ ਸਦਾ ਸਦ ਮੰਗਾਂ ਤੇਰਾ ਸਾਥ, ਸਚ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇ ਧੁਰ ਦਾ ਵਰ, ਜਿਸ ਵਿਚ ਤੇਰਾ ਵਿਚਲਾ ਘਰ ਨਜ਼ਰੀ ਆਈਆ ।

★ ੧੫ ਫੱਗਣ ੨੦੨੦ ਬਿਕ੍ਰਮੀ ਬੀਬੀ ਚਰਨ ਕੌਰ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★

ਜਨ ਭਗਤਾਂ ਦੇ ਨਾਮ ਵਸਤ, ਪ੍ਰਭੂ ਆਪਣੇ ਰੰਗ ਰੰਗਾਇੰਦਾ । ਨਾਮ ਖੁਮਾਰੀ ਕਰੇ ਮਸਤ, ਸਾਚਾ ਰਸ ਇਕ ਜਣਾਇੰਦਾ । ਲੇਖਾ ਚੁਕਾ ਕੀਟ ਹਸਤ, ਊਚ ਨੀਚ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਗਲੇ ਲਗਾਇੰਦਾ । ਨਾਮ ਵਸਤ ਸ਼ਬਦ ਖੁਮਾਰੀ, ਰੰਗ ਸੱਚਾ ਇਕ ਚੜ੍ਹਾਈਆ । ਸਚ ਪ੍ਰੀਤੀ ਦਰਸ ਦੀਦਾਰੀ, ਦੀਦ ਈਦ ਚੰਦ ਰੁਸ਼ਨਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਫੋਲ ਫੋਲਾਈਆ । ਨੌ ਸੌ ਚੁਰਾਨਵੇ ਜੁਗ ਪਿਛੋਂ ਜਨ ਭਗਤਾਂ ਆਈ ਇਕੋ ਵਾਰੀ, ਵਾਰ ਥਿਤ ਸਚ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਜੋ ਸਤਿ ਸਰੂਪ ਲਾ ਕੇ ਗਏ ਫੁਲਵਾੜੀ, ਸੋ ਪੁਰਖ ਅਕਾਲ ਪਤ ਡਾਲੀ ਵੇਖ ਵਖਾਇੰਦਾ । ਕਵਣ ਬੂਟਾ ਰੁੱਤ ਬਸੰਤ ਲਏ ਬਹਾਰੀ, ਕਵਣ ਖਿਜਾਂ ਵਿਚ ਸਮਾਇੰਦਾ । ਕਵਣ ਗੁਲਸ਼ਨ ਖਿਲੀ ਸਚ ਕਿਆਰੀ, ਕਵਣ ਗੁਲ ਫੁੱਲ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਗੁਰਮੁਖ ਗੁਰ ਗੁਰ ਲਏ ਜਗਾਇਆ, ਸੰਤ ਸੁਹੇਲੇ ਲਏ ਉਠਾਈਆ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਸਚ ਮੇਲਾ ਸਹਿਜ ਸੁਭਾਈਆ । ਸੱਜਣ ਸੁਹੇਲਾ ਅੱਖ ਖੁਲ੍ਹਾਇਆ, ਨੇਤਰ ਨੈਣ ਕਰੇ ਰੁਸ਼ਨਾਈਆ । ਮਹਲ ਅਟੱਲ ਇਕ ਦਰਸਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਆ ਬਾਤੀ ਕਮਲਾਪਾਤੀ ਇਕ ਜਗਾਇਆ, ਜੋਤੀ ਨੂਰ ਕਰੇ ਰੁਸ਼ਨਾਈਆ । ਬਣ ਕੇ ਸਾਕੀ ਜਾਮ ਪਿਆਇਆ, ਸਚ ਸੁਰਾਹੀ ਹੱਥ ਉਠਾਈਆ । ਨਾਮ ਖੁਮਾਰੀ ਨਸ਼ਾ ਚੜ੍ਹਾਇਆ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਕਹੇ ਮੇਰੇ ਮਹਿਬੂਬ, ਮੁਹੱਬਤ ਤੇਰੀ ਨਜ਼ਰੀ ਆਈਆ । ਮਹਲ ਅਟੱਲ ਤੇਰਾ ਅਰੂਜ਼, ਅਰਸ਼ ਕੁਰਸ਼ ਤੇਰੀ ਰੁਸ਼ਨਾਈਆ । ਤੇਰੇ ਚਰਨ ਦੁਆਰੇ ਸਦਾ ਮਹਿਫੂਜ਼, ਦੁੱਖ ਦਰਦ ਨਾ ਲਾਗੇ ਰਾਈਆ । ਸਾਚਾ ਦੇ ਇਕ ਹਕੂਕ, ਦਰ ਤੇਰੇ ਮੰਗ ਮੰਗਾਈਆ । ਤੇਰੇ ਹੋਈਏ ਸਦਾ ਮਸ਼ਕੂਰ, ਮੁਸ਼ਕਲ ਡੇਰਾ ਦੇ ਢਾਹੀਆ । ਨਾਮ ਜਣਾ ਬਿਨਾਂ ਹਰੂਫ਼, ਹਰਫ਼ ਤੇਰੀ ਸਿਫ਼ਤ ਸਾਲਾਹੀਆ । ਤੇਰੇ ਪ੍ਰੇਮ ਅੰਦਰ ਰਹੀਏ ਮਸਰੂਫ਼, ਅੱਠੇ ਪਹਿਰ ਧਿਆਨ ਲਗਾਈਆ । ਮੰਜ਼ਲ ਚੜ੍ਹੀਏ ਸਚ ਮਕਸੂਦ, ਸਾਹਿਬ ਤੇਰਾ ਦਰਸ਼ਨ ਪਾਈਆ । ਭੇਵ ਖੁਲ੍ਹਾ ਅਗੰਮੀ ਗੂੜ੍ਹ, ਗੁਰ ਪਰਦਾ ਦਏ ਉਠਾਈਆ । ਚਾਰੋਂ ਕੁੰਟ ਦਿਸੇ ਮੌਜੂਦ, ਹਰ ਘਟ ਬੈਠਾ ਨਜ਼ਰੀ ਆਈਆ । ਤੇਰੇ ਮਿਲਣ ਦੀ ਲੱਗੀ ਭੂਖ, ਭੁਖਿਆਂ ਤ੍ਰਿਪਤ ਦੇ ਕਰਾਈਆ । ਪਿਛਲਾ ਲਹਿਣਾ ਕਰ ਮਨਸੂਖ, ਅਗਲਾ ਲੇਖਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਲਗਾਈਆ । ਸਾਹਿਬ ਸਤਿਗੁਰ ਦੇਵੇ ਦੱਸ, ਪ੍ਰਭ ਹੱਥ ਵੱਡੀ ਵਡਿਆਈਆ । ਭਗਤ ਸੁਹੇਲਾ ਭਗਤਾਂ ਵਸ, ਵਾਸਤਾ ਆਪਣੇ ਨਾਲ ਰਖਾਈਆ । ਹਰਿਜਨ ਮੰਨੋਂ ਧੁਰ ਦਾ ਸੱਚ, ਸਚ ਸ਼ਬਦ ਗੁਰੂ ਸ਼ਨਵਾਈਆ । ਕਾਇਆ ਮਾਟੀ ਭਾਡਾ ਕੱਚ, ਪੰਜ ਤਤ ਵੱਜੇ ਵਧਾਈਆ । ਦੋਏ ਜੋੜ ਬੰਦਨ ਖੋਲ੍ਹ ਹੱਥ, ਸਰਨ ਧੂੜ ਚਰਨ ਰਮਾਈਆ । ਬਿਨ ਰਸਨਾ ਜਿਹਵਾ ਗਾਓ ਗਥ, ਆਤਮ ਪਰਮਾਤਮ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦੇ ਵਡਿਆਈਆ । ਜਨ ਭਗਤ ਕਹੇ ਪ੍ਰਭ ਦੇਣਾ ਕੀ, ਤੇਰੇ ਹੱਥ ਕੁਛ ਨਹੀਂ ਆਇੰਦਾ । ਪੁਰਖ ਅਬਿਨਾਸ਼ੀ

ਕਹੇ ਮੇਰਾ ਉਤਮ ਜੀ, ਬ੍ਰਹਮ ਮੇਰਾ ਰੂਪ ਸੋਭਾ ਪਾਇੰਦਾ । ਗੁਰਮੁਖ ਕਹੇ ਇਹ ਨਹੀਂ ਠੀਕ, ਤੇਰਾ ਭੇਵ ਸਚ ਨਾ ਕੋਇ ਸਮਝਾਇੰਦਾ । ਸ੍ਰੀ ਭਗਵਾਨ ਕਹੇ ਉਹ ਵੇਲਾ ਅੰਤ ਤਾਰੀਖ, ਥਿਤ ਵਾਰ ਵੇਖ ਵਖਾਇੰਦਾ । ਜਿਸ ਵੇਲੇ ਲੇਖਾ ਚੁਕਾਵੇ ਲਾਸ਼ਰੀਕ, ਸ਼ਰਾਰਤ ਸਭ ਦੀ ਆਪ ਗਵਾਇੰਦਾ । ਆਪਣੇ ਹੱਥ ਰੱਖ ਤੋਫੀਕ, ਤਾਬਿਆਦਾਰ ਸਰਬ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਪਾਰਬ੍ਰਹਮ ਕੀ ਤੇਰਾ ਹੁਕਮ, ਹੁਕਮੇ ਅੰਦਰ ਸਰਬ ਲੋਕਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਮੇਰਾ ਤੁਖ਼ਮ, ਤਾਸੀਰ ਆਪਣੇ ਨਾਲ ਮਿਲਾਈਆ । ਭਗਤ ਕਹੇ ਮੇਰਾ ਰੂਪ ਸੂਖਮ, ਸਤਿ ਸਤਿ ਤੇਰੀ ਵਡਿਆਈਆ । ਭਗਵਾਨ ਕਹੇ ਮੇਰਾ ਗੁਰਮੁਖ ਉਤਮ, ਸ੍ਰੇਸ਼ਟ ਇਕੋ ਨਜ਼ਰੀ ਆਈਆ । ਭਗਤ ਕਹੇ ਮੈਂ ਤੇਰਾ ਪੁੱਤਰ, ਪਿਤਾ ਪੁਰਖ ਅਕਾਲ ਮਨਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਕਰਾਂ ਸ਼ੁਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰਮੁਖ ਕਹੇ ਮੈਂ ਤੇਰੀ ਧਾਰੋਂ ਆਇਆ ਉਤਰ, ਘਰ ਘਰ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਖੇਲ ਰਿਹਾ ਵਖਾਈਆ । ਪੁਰਖ ਅਕਾਲ ਕਹੇ ਜਨ ਵੇਖ ਭਗਤ, ਸੁਰਤ ਤੇਰੀ ਖੁਲ੍ਹਾਈਆ । ਭਗਤ ਕਹੇ ਮੈਂ ਛੱਡਿਆ ਜਗਤ, ਪ੍ਰਭੂ ਤੇਰੀ ਓਟ ਤਕਾਈਆ । ਦੋਹਾਂ ਸੁਹੇਲਾ ਹੋਏ ਵਕਤ, ਘੜੀ ਸੁਹੰਜਣੀ ਸੋਭਾ ਪਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਰਹੇ ਕੋਈ ਨਾ ਫਰਕ, ਫੈਸਲਾ ਇਕੋ ਵਾਰ ਸਮਝਾਈਆ । ਜੁਗ ਚੌਕੜੀ ਜਿਸ ਦੀ ਲੌਂਦੇ ਗਏ ਸ਼ਰਤ, ਸੋ ਸ਼ਹਿਨਸ਼ਾਹ ਵੇਖ ਵਖਾਈਆ । ਨਿਰਗੁਣ ਹੋ ਕੇ ਆਇਆ ਪਰਤ, ਸਰਗੁਣ ਦੇਵਣਹਾਰ ਵਡਿਆਈਆ । ਪਿਛਲੀ ਵੇਖ ਲਿਖਤ ਪੜ੍ਹਤ, ਪਰਦੇ ਸਭ ਦੇ ਫੋਲ ਫੁਲਾਈਆ । ਕਰੇ ਖੇਲ ਆਪ ਨਧੜਕ, ਭੈ ਭੌ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹੋਣ ਨਾ ਦੇਵੇ ਹਰਜ, ਹਰਜਾਨਾ ਪਿਛਲਾ ਪੂਰ ਕਰਾਈਆ ।

### ★ ੧੫ ਫੱਗਣ ੨੦੨੦ ਬਿਕ੍ਰਮੀ ਬੀਬੀ ਹਰਬੰਸ ਕੌਰ ਦੇ ਗ੍ਰਿਹ ਆਰੀਆ ਮਹੱਲਾ ਲੁਧਿਆਣਾ ★

ਜੁਗ ਜੁਗ ਮੇਲਾ ਭਗਤ ਭਗਵੰਤ, ਹਰਿ ਕਰਤਾ ਆਪ ਕਰਾਇੰਦਾ । ਕੂੜੀ ਕਿਰਿਆ ਤੋੜ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਲਹਿਣਾ ਦੇਣਾ ਚੁਕਾ ਮਾਇਆ ਮਮਤ, ਤ੍ਰਿਸਨਾ ਭੁੱਖ ਸਰਬ ਗਵਾਇੰਦਾ । ਕਾਇਆ ਚੋਲੀ ਚਾੜ੍ਹ ਸਾਚਾ ਰੰਗਤ, ਰੰਗ ਅਗੰਮੜਾ ਆਪ ਰੰਗਾਇੰਦਾ । ਗੁਰਮੁਖ ਬਣਾ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਸੁਰਤੀ ਸ਼ਬਦੀ ਮੇਲ ਕਰਾਏ ਨਾਰ ਕੰਤ, ਘਰ ਘਰ ਸੇਜ ਸੁਹੰਜਣੀ ਆਪ ਸੁਹਾਇੰਦਾ । ਲਹਿਣਾ ਦੇਣਾ ਤੋੜ ਬਹਿਸ਼ਤ ਜਨਤ, ਸਵਰਗ ਚਰਨਾਂ ਹੇਠ ਰਖਾਇੰਦਾ । ਜੋਤ ਮਿਲਾਵਾ ਦੇਵੇ ਅੰਤ, ਜੋਤੀ ਜਾਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਭਗਵਨ ਆਪਣਾ ਖੇਲ ਵਖਾਇੰਦਾ । ਭਗਤ ਭਗਵਾਨ ਸਦਾ ਜਗ ਮੇਲਾ, ਨਿਰਗੁਣ ਸਰਗੁਣ ਵੇਖ ਵਖਾਈਆ । ਆਦਿ ਜੁਗਾਦਿ ਇਕ ਅਕੇਲਾ, ਵੇਸ ਅਵੱਲੜਾ ਰੂਪ ਵਟਾਈਆ । ਜਨ ਭਗਤ ਬਣਾ ਕੇ ਸੱਜਣ ਸੁਹੇਲਾ, ਧੁਰ ਦਾ ਸੰਗੀ ਸੰਗ ਨਿਭਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਧੁਰ ਦਾ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੬੬੦
੧੯

ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਮਿਲੇ ਪ੍ਰਭ ਠਾਕਰ ਸਵਾਮੀ, ਦੀਨ ਦਿਆਲ ਦਇਆ ਕਮਾਇੰਦਾ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਅੰਤਰ ਫੋਲ ਫੁਲਾਇੰਦਾ । ਬੋਧ ਅਗਾਧ ਅਗੰਮੀ ਸੁਣਾਏ ਬਾਣੀ, ਸ਼ਬਦ ਅਨਾਦੀ ਰਾਗ ਅਲਾਇੰਦਾ । ਅੰਮ੍ਰਿਤ ਆਤਮ ਪੀਏ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇੰਦਾ । ਪਰਦਾ ਲਾਹੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਹਾਣੀਆਂ ਹਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਆਤਮ ਪਰਮਾਤਮ ਕਰੇ ਮਿਲਾਪ, ਘਰ ਸਾਚੇ ਵੱਜੇ ਵਧਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਬਿਨ ਰਸਨਾ ਜਿਹਵਾ ਜਪਾਏ ਜਾਪ, ਬੱਤੀ ਦੰਦ ਨਾ ਕੋਇ ਹਿਲਾਈਆ । ਸ਼ਬਦ ਅਗੰਮੀ ਧੁਰ ਦਾ ਪਾਠ, ਪੂਜਾ ਸਿਮਰਨ ਇਕ ਰਖਾਈਆ । ਮਹਲ ਅਟੱਲ ਕਰ ਪਰਕਾਸ਼, ਜੋਤੀ ਨੂਰ ਕਰੇ ਰੁਸ਼ਨਾਈਆ । ਧੁਨ ਆਤਮਕ ਵੱਜੇ ਨਾਦ, ਅਨਹਦ ਸੇਵ ਕਮਾਈਆ । ਸੁਰਤ ਸ਼ਬਦ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜਾਹਰ ਪੁਛੇ ਬਾਤ, ਸਦਾ ਸੁਹੇਲਾ ਹੋਏ ਸਹਾਈਆ । ਲੇਖਾ ਜਾਣ ਤ੍ਰਲੋਕੀ ਨਾਥ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜਨ ਭਗਤਾਂ ਸੰਗ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਕਾਇਆ ਮੰਦਰ ਅੰਦਰ ਸਦ ਵਸੇ ਪਾਸ, ਬਾਹਰ ਖੋਜਣ ਕੋਇ ਨਾ ਜਾਈਆ । ਆਤਮ ਪਰਮਾਤਮ ਦੱਸੇ ਇਕੋ ਜਾਤ, ਪਾਰਬ੍ਰਹਮ ਬ੍ਰਹਮ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵੇਖ ਵਖਾਈਆ । ਭਗਤ ਸੁਹੇਲਾ ਸਾਹਿਬ ਠਾਕਰ, ਹਰਿ ਕਰਤਾ ਖੇਲ ਕਰਾਇੰਦਾ । ਜੁਗ ਚੌਕੜੀ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਗਾਗਰ, ਗਹਿਰ ਗੰਭੀਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖ ਹੋਏ ਦਿਆਲ, ਸਾਹਿਬ ਸਵਾਮੀ ਵਡ ਵਡਿਆਈਆ । ਹਰਿਜਨ ਬਣਾਏ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤਤ ਕਰੇ ਸਫ਼ਾਈਆ । ਦੀਆ ਬਾਤੀ ਜੋਤੀ ਨੂਰ ਇਕੋ ਬਾਲ, ਅੰਧ ਅੰਧੇਰ ਮਿਟਾਈਆ । ਭਾਗ ਲਗਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਜਿਸ ਗ੍ਰਿਹ ਪੋਹ ਨਾ ਸਕੇ ਕਾਲ, ਮਹਾਂਕਾਲ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਸਹਾਈ ਸਾਹਿਬ ਸੁਖ ਦਾਤਾ, ਭਗਵਨ ਆਪਣੀ ਖੇਲ ਵਰਤਾਇੰਦਾ । ਲੱਖ ਚੁਰਾਸੀ ਵਿਚੋਂ ਉਤਮ ਜਾਤਾ, ਅਜਾਤੀ ਰੂਪ ਨਾ ਕੋਇ ਵਟਾਇੰਦਾ । ਨਜ਼ਰੀ ਆਏ ਇਕ ਇਕਾਂਤਾ, ਇਕ ਇਕੱਲਾ ਸੋਭਾ ਪਾਇੰਦਾ । ਬਾਤਨ ਜਾਹਰ ਕਰੇ ਬਾਤਾਂ, ਗੁਫਤ ਸ਼ਨੀਦ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਹਰਿਜਨ ਵਸਾਏ ਸਾਚੇ ਮੰਦਰ, ਮਹਲ ਅਟੱਲ ਕਰੇ ਰੁਸ਼ਨਾਈਆ । ਭਾਗ ਲਗਾਏ ਕਾਇਆ ਕੰਦਰ, ਡੂੰਘੀ ਭਵਰੀ ਫੋਲ ਫੁਲਾਈਆ । ਆਪੇ ਤੋੜ ਹੰਕਾਰੀ ਜੰਦਰ, ਮਿਹਰ ਨਜ਼ਰ ਨੈਣ ਉਠਾਈਆ । ਮਨ ਵਾਸਨਾ ਭੱਜੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਦੇਵੇ ਹਰਿਜੂ ਜੋਗ, ਜੁਗਤ ਆਪਣੀ ਇਕ ਜਣਾਇੰਦਾ । ਆਤਮ ਪਰਮਾਤਮ ਧੁਰ

ਸੰਜੋਗ, ਬਣ ਸੰਜੋਗੀ ਮੇਲ ਮਲਾਇੰਦਾ । ਜਨਮ ਕਰਮ ਦਾ ਕੱਟੇ ਰੋਗ, ਚਿੰਤਾ ਰੋਗ ਸਰਬ ਚੁਕਾਇੰਦਾ । ਨਿਜ ਨੇਤਰ ਦੇਵੇ ਦਰਸ ਅਮੋਘ, ਦੋਏ ਲੋਚਣ ਬੰਦ ਵਖਾਇੰਦਾ । ਨਾਮ ਸੁਣਾਏ ਸਚ ਸਲੋਕ, ਸੋਹਲਾ ਇਕੋ ਰਾਗ ਅਲਾਇੰਦਾ । ਭੇਵ ਮਿਟਾਏ ਚੌਦਾਂ ਲੋਕ, ਚੌਦਾਂ ਤਬਕ ਡੇਰਾ ਢਾਇੰਦਾ । ਪੁਰਖ ਅਕਾਲ ਦੱਸੇ ਓਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪਣੇ ਰੰਗ ਰੰਗਾਇੰਦਾ । ਹਰਿ ਭਗਤ ਰੰਗੇ ਰੰਗ ਏਕ, ਇਕਓਂਕਾਰ ਵੱਡੀ ਵਡਿਆਈਆ । ਚਰਨ ਕਵਲ ਬਖ਼ਸ਼ੇ ਟੇਕ, ਦੂਜਾ ਇਸ਼ਟ ਨਾ ਕੋਇ ਵਖਾਈਆ । ਬੁਧੀ ਕਰੇ ਆਪ ਬਿਬੇਕ, ਵਿਵੇਕੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਏ ਵਡਿਆਈਆ । ਹਰਿ ਭਗਤ ਕਲਜੁਗ ਅੰਤ, ਸੋ ਸਾਹਿਬ ਸਤਿਗੁਰ ਆਪ ਬਣਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਕਰੇ ਨਾਮ ਪੜ੍ਹਾਈਆ । ਕੂੜੀ ਕਿਰਿਆ ਕਰਕੇ ਖੰਡਤ, ਅਖੰਡ ਰੂਪ ਦਰਸਾਈਆ । ਦਰ ਬਣ ਕੇ ਮੰਗਤ, ਸਾਚੀ ਭਿਛਿਆ ਇਕੋ ਇਕ ਸਮਝਾਈਆ । ਸਚ ਦਵਾਰਾ ਹਰਿ ਕੀ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਾਹ ਜਣਾਈਆ । ਜਨ ਭਗਤਾਂ ਰਾਹ ਦੱਸੇ ਅਵੱਲਾ, ਅਵੱਲ ਆਪਣਾ ਨੂਰ ਦ੍ਰਿੜ੍ਹਾਈਆ । ਪਰਵਰਦਿਗਾਰ ਫੜਾਏ ਪੱਲਾ, ਮੁਰੀਦ ਮੁਰਸ਼ਦ ਹੋਏ ਸਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਗੰਮ ਅਥਾਹ ਫੇਰਾ ਪਾਈਆ । ਜੋਤੀ ਸ਼ਬਦੀ ਧਾਰ ਰੱਲਾ, ਪੰਜ ਤਤ ਨਜ਼ਰ ਕੋਇ ਨਾ ਆਈਆ । ਵੇਖਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਸਚ ਸਿੰਘਾਸਣ ਜਿਸ ਨੇ ਮੱਲਾ, ਸਚਖੰਡ ਵਸੇ ਬੇਪਰਵਾਹੀਆ । ਜਨ ਭਗਤ ਦਵਾਰ ਫਿਰੇ ਹੋ ਕੇ ਝੱਲਾ, ਨਿਰਧਨ ਆਪਣੀ ਝਲਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦੇਵੇ ਥਾਉਂ ਥਾਈਂਆ । ਹਰਿਜਨ ਲੇਖਾ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਪਰਮ ਪੁਰਖ ਪ੍ਰਭ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਅੰਤਰ ਅੰਤਰ ਜਪਾਏ ਜਾਪ, ਸੋਹਣਾ ਮੰਤਰ ਇਕ ਸਮਝਾਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਭਵਣ ਧਨੀ ਆਪਣਾ ਫੇਰਾ ਪਾਈਆ । ਪਤਤ ਪੁਨੀਤ ਕਰੇ ਪਾਕ, ਪਵਿਤ ਆਪਣਾ ਰੰਗ ਵਖਾਈਆ । ਨਿਰਗੁਣ ਸਰਗੁਣ ਬਣ ਬਣ ਸੱਜਣ ਸਾਕ, ਬੰਧਪ ਬੰਦਨ ਇਕੋ ਇਕ ਰਖਾਈਆ । ਘਰ ਦਰਵਾਜ਼ਾ ਖੋਲ੍ਹ ਤਾਕ, ਪਰਦਾ ਓਹਲਾ ਦਏ ਉਠਾਈਆ । ਜੋਤੀ ਨੂਰ ਕਰ ਪਰਕਾਸ਼, ਸਾਚਾ ਚੰਦ ਇਕ ਚਮਕਾਈਆ । ਲੇਖੇ ਲਾ ਪਵਣ ਸਵਾਸ, ਪਵਣ ਪਵਣਾ ਰੰਗ ਰੰਗਾਈਆ । ਪ੍ਰੀਤਮ ਹੋ ਕੇ ਵਸੇ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਵਡਿਆਈ ਅੰਤਮ ਕਲ, ਹਰਿ ਕਰਤਾ ਆਪ ਜਣਾਇੰਦਾ । ਲੱਖ ਚੁਰਾਸੀ ਵਲ ਛਲ, ਅਛਲ ਅਛੱਲ ਆਪਣਾ ਖੇਲ ਵਖਾਇੰਦਾ । ਗੁਰਮੁਖਾਂ ਅੰਦਰ ਜਾਏ ਰਲ, ਰਚਿਆ ਨਜ਼ਰ ਕਿਸੇ ਨਾ ਆਇੰਦਾ । ਭਾਗ ਲਗਾ ਕਾਇਆ ਮਾਟੀ ਪੰਜ ਤਤ ਖੱਲ, ਦਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਲਏ ਫੜ, ਸ਼ਬਦੀ ਡੋਰੀ ਤੰਦ ਬੰਧਾਇੰਦਾ । ਭਗਤ ਭਗਵਾਨ ਆਪ ਫੜ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਕੂੜੀ ਕਿਰਿਆ ਡੇਰਾ ਢਾਹੀਆ । ਨਿਰਗੁਣ ਨਿਰਵੈਰ ਹੋਏ ਅੰਦਰ ਜਾਏ ਵੜ, ਸੁਖਮਣ ਟੇਢੀ ਬੰਕ ਪਾਰ ਕਰਾਈਆ । ਸਾਚਾ ਢੋਲਾ ਸੁਣਾਏ ਪੜ੍ਹ, ਤੂੰ ਮੇਰਾ ਮੈਂ ਤੇਰਾ ਇਕੋ ਰੂਪ ਨਜ਼ਰੀ ਆਈਆ । ਦਰਸ ਦਖਾਏ ਸਚ ਦਵਾਰੇ

ਖੜ੍ਹ, ਸਤਿ ਸਰੂਪੀ ਰੂਪ ਪਰਗਟਾਈਆ । ਨਾ ਜਨਮੇ ਨਾ ਜਾਏ ਮਰ, ਸਤਿਗੁਰ ਪੂਰੇ ਵਡ ਵਡਿਆਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲਾ ਲਗਾਏ ਲੜ, ਪੱਲੂ ਆਪਣੇ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜੁਗ ਜੁਗ ਭਗਤਾਂ ਲਏ ਤਰਾਈਆ । ਜੁਗ ਚੌਕੜੀ ਭਗਤਨ ਰੀਤਾ, ਕਲਜੁਗ ਅੰਤਮ ਵੇਖ ਵਖਾਈਆ । ਪੁਰਖ ਅਬਿਨਾਸ਼ੀ ਅਚਰਜ ਰੀਤਾ, ਅਸਚਰਜ ਆਪ ਸਮਝਾਈਆ । ਜਿਸ ਦੀ ਸਿਫ਼ਤ ਸ਼ਾਸਤਰ ਵੇਦ ਪੁਰਾਨ ਕਰੇ ਗੀਤਾ, ਅੰਜੀਲ ਕੁਰਾਨ ਮਸਲਾ ਹੱਕ ਸੁਣਾਈਆ । ਸੋ ਸਾਹਿਬ ਪੁਰਖ ਅਕਾਲ ਪਵਰਦਿਗਾਰ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਹਰ ਘਟ ਵਸਿਆ ਲੇਖਾ ਜਾਣੇ ਹਸਤ ਕੀਟਾ, ਊਚ ਨੀਚਾਂ ਮੇਲ ਮਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਪਰਗਟ ਕੀਤਾ, ਪੰਜ ਤਤ ਦਿਤੀ ਵਡਿਆਈਆ । ਸੋ ਸਾਹਿਬ ਸਤਿਗੁਰ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਅੰਤ ਸਰਬ ਜੀਆਂ ਪਰਖੇ ਨੀਤਾ, ਨੀਤੀਵਾਨ ਘਰ ਘਰ ਵੇਖ ਵਖਾਈਆ । ਫੋਲ ਫੁਲਾਏ ਮੰਦਰ ਮਸਜਿਦ ਮੱਠ ਸ਼ਿਵਦਵਾਲਾ ਮਸੀਤਾ, ਗੁਰਦਵਾਰਾ ਪਰਦਾ ਲਾਹੀਆ । ਗੁਰਮੁਖ ਵਿਰਲਾ ਜਿਸ ਹਰਿ ਹਿਰਦੇ ਵਸਿਆ ਚੀਤਾ, ਅੰਤਰ ਇਕ ਧਿਆਨ ਲਗਾਈਆ । ਤੱਤਾਂ ਪੁਰਖ ਅਕਾਲ ਚਾੜ੍ਹੇ ਰੰਗ ਇਕ ਮਜੀਠਾ, ਲੋਕਮਾਤ ਉਤਰ ਕਦੇ ਨਾ ਜਾਈਆ । ਕੂੜੀ ਕਿਰਿਆ ਤਪੇ ਨਾ ਕੋਇ ਅੰਗੀਠਾ, ਪੰਜ ਤਤ ਨਾ ਕੋਇ ਜਲਾਈਆ । ਮਿਹਰ ਨਜ਼ਰ ਮਿਹਰਵਾਨ ਕਰਕੇ ਹਰਿ ਭਗਤ ਕਰੇ ਠੰਡਾ ਸੀਤਾ, ਅੰਮ੍ਰਿਤ ਧਾਰ ਇਕ ਵਹਾਈਆ । ਏਥੇ ਓਥੇ ਦੋ ਜਹਾਨ ਰੱਖੇ ਅਤੀਤਾ, ਲੋਕ ਪਰਲੋਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਸਚ ਪ੍ਰੀਤੀ ਸ੍ਰੀ ਭਗਵਾਨ ਆਪਣੇ ਨਾਲ ਰਖਾਈਆ ।



## ★ ੧੫ ਫੱਗਣ ੨੦੨੦ ਬਿਕ੍ਰਮੀ ਨਛਤਰ ਸਿੰਘ ਦੇ ਗ੍ਰਿਹ ਦੋਰਾਹਾ ਜ਼ਿਲਾ ਲੁਧਿਆਣਾ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਸਤਿ ਸਤਿਵਾਦੀ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਪਣੀ ਖੇਲ ਕਰਾਇੰਦਾ । ਇਕਓਂਕਾਰ ਹੋ ਤਿਆਰ, ਧੁਰ ਦੀ ਧਾਰ ਆਪ ਪਰਗਟਾਇੰਦਾ । ਆਦਿ ਨਿਰੰਜਨ ਨੂਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਬੇਪਰਵਾਹ ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਸ੍ਰੀ ਭਗਵਾਨ ਵੇਖੇ ਵਿਗਸੇ ਵੇਖਣਹਾਰ, ਦੂਜਾ ਨਜ਼ਰ ਕੋਈ ਨਾ ਆਇੰਦਾ । ਪਾਰਬ੍ਰਹਮ ਪ੍ਰਭ ਖੋਲ੍ਹ ਕਿਵਾੜ, ਦਰ ਘਰ ਸਾਚਾ ਇਕ ਸੁਹਾਇੰਦਾ । ਸਚਖੰਡ ਦਵਾਰੇ ਖੇਲ ਨਿਆਰ, ਪਤਿਪਰਮੇਸ਼ਵਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਨਰ ਹਰਿ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਦਵਾਰੇ ਸਚ ਮਹੱਲੇ, ਹਰਿ ਸਾਚੀ ਰਚਨ ਰਚਾਈਆ । ਦੀਆ ਦੀਪਕ ਜੋਤੀ ਆਪੇ ਬਲੇ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸਚ ਸੰਦੇਸੇ ਬੋਧ ਅਗਾਧੀ ਆਪੇ ਘੱਲੇ, ਧੁਰ ਦੀ ਕਰੇ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਚਖੰਡ ਦਵਾਰੇ ਸਚ ਸਿੰਘਾਸਣ, ਸੋਭਾਵੰਤ ਸੋਭਾ ਪਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਨਿਰਮਲ

ਨੂਰ ਜੋਤ ਪਰਕਾਸ਼ਨ, ਨੂਰ ਜਹੂਰ ਇਕ ਜਣਾਈਆ । ਨਿਰਗੁਣ ਨਿਰਗੁਣ ਬਣਿਆ ਸਾਥਨ, ਦੂਜਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਸਚ ਦਵਾਰਾ ਧੁਰਦਰਗਾਹ, ਮੁਕਾਮੇ ਹੱਕ ਸੋਭਾ ਪਾਇੰਦਾ । ਲਾਸ਼ਰੀਕ ਇਕ ਖ਼ੁਦਾ, ਨੂਰੀ ਜਲਵਾ ਨੂਰ ਡਗਮਗਾਇੰਦਾ । ਸਤਿ ਸਤਿਵਾਦੀ ਵੇਸ ਵਟਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਲਗਾਇੰਦਾ । ਸਚ ਦਰਬਾਰਾ ਗਿਆ ਲੱਗ, ਸਚਖੰਡ ਵੱਜੇ ਵਧਾਈਆ । ਤਖ਼ਤ ਨਿਵਾਸੀ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਸੱਦ, ਸੱਦਾ ਇਕੋ ਨਾਮ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੀਵ ਜਗਤ ਵਖਾਈ ਹੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗੰਬਰ ਆਓ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨਿਰਭੈ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲੋਕਮਾਤ ਜੋ ਆਏ ਧਰ, ਧਰਨੀ ਧਰਤ ਧਵਲ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰੇ ਬੈਠ ਨਿਰੰਕਾਰ, ਨਿਰਗੁਣ ਆਪਣਾ ਹੁਕਮ ਮਨਾਈਆ । ਵਿਸ਼ਨੂੰ ਵੇਖ ਕਰ ਧਿਆਨ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਬ੍ਰਹਮੇ ਹੋ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਸ਼ੰਕਰ ਨੇਤਰ ਨੈਣ ਉਘਾੜ, ਜਟਾ ਜੂਟ ਦਏ ਸਮਝਾਈਆ । ਭਗਤ ਭਗਵਾਨ ਲਏ ਉਠਾਲ, ਭੇਵ ਅਭੇਦ ਆਪਣਾ ਆਪ ਖੁਲ੍ਹਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਪਰਦਾ ਓਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਚਖੰਡ ਦਵਾਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਵੇਖੋ ਤਮਾਸ਼ਾ, ਕਲਜੁਗ ਅੰਤਮ ਰਿਹਾ ਜਣਾਈਆ । ਚਾਰੋ ਕੁੰਟ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੀਵ ਜੰਤ ਧੁਰ ਦਾ ਭੁੱਲਿਆ ਪੂਜਾ ਪਾਠਾ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਆਤਮ ਪਰਮਾਤਮ ਦੇਵੇ ਕਿਸੇ ਨਾ ਸਾਥਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਲਾਈਆ । ਸਾਹਿਬ ਸਰਨਾਈ ਚਰਨ ਕਵਲ ਜੋੜੇ ਨਾ ਕੋਈ ਨਾਤਾ, ਬਿਧਾਤਾ ਸੀਸ ਨਾ ਕੋਇ ਝੁਕਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਾਇਆ ਭਰਿਆ ਬਾਟਾ, ਅੰਮ੍ਰਿਤ ਰਸ ਨਿਝਰ ਝਿਰਨਾ ਘਰ ਘਰ ਨਾ ਕੋਇ ਝਿਰਾਈਆ । ਨੇਤਰ ਰੋਵੇ ਤੀਰਥ ਅਠ ਸਾਠਾ, ਸਗਲਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਭੇਵ ਖੁਲ੍ਹਾਈਆ । ਜਨ ਭਗਤ ਕਰੋ ਵਿਚਾਰ, ਸਾਹਿਬ ਸਤਿਗੁਰ ਆਪ ਜਣਾਈਆ । ਸ੍ਰਿਸ਼ਟ ਸਬਾਈ ਧੂਅੰਧਾਰ, ਸਾਚਾ ਨੂਰ ਨਾ ਕੋਇ ਚਮਕਾਈਆ । ਦਰ ਦਰ ਘਰ ਘਰ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮਾਇਆ ਮਮਤਾ ਕਰੇ ਲੜਾਈਆ । ਸਤਿਗੁਰ ਸ਼ਬਦ ਨਾ ਕੋਇ ਪਿਆਰ, ਸੁਰਤ ਸੁਆਣੀ ਸਾਚਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਘਰ ਬੈਠਾ ਸੋਭਾ ਪਾਈਆ । ਸਚਖੰਡ ਦਵਾਰੇ ਹਰਿ ਜੂ ਚੜ੍ਹ, ਗੁਰ ਅਵਤਾਰ ਪੀਰ ਪੈਗ਼ੰਬਰਾਂ ਰਿਹਾ ਜਣਾਈਆ । ਲੱਖ ਚੁਰਾਸੀ ਵੇਖੇ ਖੜ੍ਹ, ਨਿਰਗੁਣ ਸਰਗੁਣ ਪਰਦਾ ਸਰਬ ਉਠਾਈਆ । ਜਾਨਣਹਾਰਾ ਚੋਟੀ

ਜੜ੍ਹ, ਮਧ ਆਪਣੀ ਧਾਰ ਪਰਗਟਾਈਆ । ਜੀਵ ਜੰਤ ਨੌਂ ਦਵਾਰੇ ਪਾਰ ਕਰੇ ਨਾ ਕੋਈ ਹੱਦ, ਘਰ ਵਿਚ ਘਰ ਹੋਏ ਨਾ ਕਿਸੇ ਰਸਾਈਆ । ਗੁਰਮਤ ਸਾਰੇ ਗਏ ਛੱਡ, ਮਨ ਮਤ ਫਿਰੇ ਜਗਤ ਹਲਕਾਈਆ । ਆਤਮ ਪਰਮਾਤਮ ਹੋਈ ਅੱਡ, ਧੁਰ ਦਾ ਮੇਲ ਨਾ ਕੋਇ ਮਲਾਈਆ । ਧੁਰ ਨਿਸ਼ਾਨਾ ਕੋਈ ਨਾ ਦੇਵੇ ਗੱਡ, ਸਾਚੇ ਤਖ਼ਤ ਸੋਭਾ ਕੋਇ ਨਾ ਪਾਈਆ । ਅਨਹਦ ਸ਼ਬਦ ਨਾਦ ਧੁਨ ਕੋਈ ਨਾ ਵਜਾਵੇ ਨਦ, ਆਤਮਕ ਰਾਗ ਨਾ ਕੋਇ ਸੁਣਾਈਆ । ਪੰਚ ਵਿਕਾਰਾ ਪਰਦਾ ਕੋਈ ਨਾ ਦੇਵੇ ਕੱਜ, ਓਢਣ ਨਜ਼ਰ ਕੋਇ ਨਾ ਆਈਆ । ਵਿਸ਼ਨੂੰ ਦਿਸੇ ਕੋਇ ਨਾ ਯਦ, ਜਾਤ ਪਾਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਾਚਾ ਪਰਦਾ ਆਪ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕੇ ਰਾਹ, ਹਰਿ ਕਰਤਾ ਆਪ ਜਣਾਇੰਦਾ । ਨਿਰਗੁਣ ਸਰਗੁਣ ਬਣ ਕੇ ਆਏ ਮਲਾਹ, ਬੇੜਾ ਲੋਕਮਾਤ ਇਕੋ ਕੰਧ ਉਠਾਇੰਦਾ । ਸ਼ਬਦ ਅਨਾਦੀ ਬ੍ਰਹਮ ਬ੍ਰਹਮਾਦੀ ਜੀਵਾਂ ਜੰਤਾਂ ਆਏ ਸੁਣਾ, ਸੋਹਲਾ ਢੋਲਾ ਰਾਗ ਅਲਾਇੰਦਾ । ਕਾਗਦ ਕਲਮ ਲਿਖ ਕੇ ਛਾਹ, ਨਾਤਾ ਜਗਤ ਮਾਤ ਜੁੜਾਇੰਦਾ । ਸਭ ਦਾ ਦਾਤਾ ਬੇਪਰਵਾਹ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋ ਵਸੇ ਉਚੇ ਟਿੱਲੇ ਪਰਬਤ ਜਲ ਅਸਗਾਹ, ਡੂੰਘੀ ਕੰਦਰ ਸਮੁੰਦ ਸਾਗਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਸਚਖੰਡ ਨਿਵਾਸੀ ਪੁਰਖ ਅਗੰਮ, ਅਗੰਮੜਾ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਵੇਖੇ ਕੰਮ, ਚਾਰੋਂ ਕੁੰਟ ਪਈ ਦੁਹਾਈਆ । ਹਰਿ ਕਾ ਨਾਮ ਕੋਈ ਨਾ ਗਾਏ ਦਮਾਂ ਦਮ, ਰਸਨਾ ਜਿਹਵਾ ਬੰਤੀ ਦੰਦ ਸੰਗ ਨਾ ਕੋਇ ਨਿਭਾਈਆ । ਮਾਇਆ ਮਮਤਾ ਹਉਮੇ ਹੰਗਤਾ ਪਿਆ ਜਨ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੂੜ ਵਿਕਾਰਾ ਦੇਵੇ ਡੰਨ, ਡੰਕਾ ਨਾਮ ਨਾ ਕੋਇ ਸੁਣਾਈਆ । ਦੋਏ ਲੋਚਣ ਹੋਏ ਅੰਨ੍ਹ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਸਚ ਸੰਗੀਤ ਨਾ ਸਰਵਣ ਸੁਣਨ ਕੰਨ, ਦੀਦ ਈਦ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਦਿਸ਼ਾ ਰਿਹਾ ਵਖਾਈਆ । ਪੀਰ ਪੈਗ਼ੰਬਰ ਵੇਖੇ ਹਾਲਾਤ, ਪਰਵਰਦਿਗਾਰ ਆਪ ਜਣਾਈਆ । ਚੌਦਾਂ ਤਬਕ ਖੇਲ ਤਮਾਸ਼, ਹਰਿ ਕਰਤਾ ਆਪ ਦ੍ਰਿੜਾਈਆ । ਲੇਖ ਵੇਖੇ ਲਿਖਿਆ ਕਲਮ ਦਵਾਤ, ਸ਼ਾਹੀ ਦੇਵੇ ਆਪ ਗਵਾਹੀਆ । ਅਲਫ਼ ਯੇ ਅੰਤ ਨਾ ਦੇਵੇ ਸਾਥ, ਨਾਤਾ ਲੋਕਮਾਤ ਤੁੜਾਈਆ । ਕਲਮਾ ਨਬੀ ਰਸੂਲ ਪਾਕ, ਬੇਪਰਵਾਹ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਸਮਝਾਈਆ । ਪੀਰ ਪੈਗ਼ੰਬਰ ਖੋਲ੍ਹੋ ਤਾਕ, ਹਰਿ ਤਕਵਾ ਇਕ ਜਣਾਇੰਦਾ । ਸਦੀ ਚੌਧਵੀਂ ਸਾਚਾ ਕਲਮਾ ਕਿਸੇ ਨਾ ਸਾਥ, ਕਾਇਮ ਨਜ਼ਰ ਕੋਇ ਨਾ ਆਇੰਦਾ । ਲਹਿਣਾ ਦੇਣਾ ਕੋਈ ਨਾ ਕਰੇ ਬੇਬਾਕ, ਹਿਸਾਬ ਕਤਾਬ ਨਾ ਕੋਇ ਚੁਕਾਇੰਦਾ । ਸਾਚੇ ਹੁਜਰੇ ਮਿਲੇ ਨਾ ਕੋਇ ਖਤਾਬ, ਮਹਿਰਾਬ ਹੱਕ ਨਾ ਕੋਇ ਵਖਾਇੰਦਾ । ਉਚੀ ਕੂਕ ਦੇਵੇ ਨਾ ਕੋਇ ਆਵਾਜ਼, ਬਾਂਗ ਸਦਾ ਨਾ ਕੋਇ ਅਲਾਇੰਦਾ । ਸਾਚੀ ਪੜ੍ਹੇ ਨਾ ਕੋਈ ਨਿਮਾਜ਼, ਰੋਜਾ ਹੱਕ ਨਾ ਕੋਇ ਵਖਾਇੰਦਾ । ਦਰਗਾਹ ਸਾਚੀ ਮਿਲੇ ਨਾ ਕੋਇ ਖਤਾਬ, ਖਤਾ ਮਾਫ਼ ਨਾ ਕੋਇ ਕਰਾਇੰਦਾ । ਸਜਦਾ ਸੀਸ ਨਾ ਝੁਕੇ ਆਦਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਪੀਰ ਪੈਗ਼ੰਬਰ ਲਾਹੋ ਪੜਦਾ, ਪਰਵਰਦਗਾਰ ਆਪ ਜਣਾਈਆ । ਮੁੱਲਾ ਸ਼ੇਖ਼ ਮੁਸ਼ਾਇਕ ਵੇਖੋ ਸੜਦਾ, ਕੂੜੀ ਕਿਰਿਆ ਕਲਜੁਗ ਅਗਨੀ ਲਾਈਆ । ਸਾਚੀ ਦਰਗਾਹ

੬੬੫
੧੯

ਕੋਈ ਨਾ ਵੜਦਾ, ਦੋਜ਼ਖ ਬਹਿਸ਼ਤ ਦੋਵੇਂ ਰਹੇ ਡਰਾਈਆ । ਦੀਨ ਦਿਆਲ ਕਰਤਾ ਪੁਰਖ ਹਰਿ ਕਰਨੀ ਆਪੇ ਕਰਦਾ, ਕੁਦਰਤ ਕਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚਾ ਧਾਮ ਅਵੱਲਾ, ਵਸਣਹਾਰਾ ਇਕ ਅਕੱਲਾ, ਆਲਮੀਨ ਰਿਹਾ ਸਮਝਾਈਆ । ਗੁਰ ਅਵਤਾਰ ਲਉਂ ਤੱਕ, ਸੋ ਸਾਹਿਬ ਸਚ ਸਚ ਜਣਾਈਆ । ਸ੍ਰਿਸ਼ਟ ਸਬਾਈ ਪਿਆ ਸ਼ੱਕ, ਪੁਰਖ ਅਕਾਲ ਧਿਆਨ ਨਾ ਕੋਇ ਲਗਾਈਆ । ਭੇਖ ਪਖੰਡ ਚਾਰੋਂ ਕੁੰਟ ਰਿਹਾ ਨੱਠ, ਭੱਜੇ ਵਾਹੋ ਦਾਹੀਆ । ਨਾ ਕੋਈ ਤੀਰਥ ਨਾ ਕੋਈ ਤੱਟ, ਸਰ ਸਰੋਵਰ ਸੋਭਾ ਕੋਇ ਨਾ ਪਾਈਆ । ਕਾਮ ਵਾਸਨਾ ਖੁਲ੍ਹਿਆ ਹੱਟ, ਲੱਖ ਚੁਰਾਸੀ ਜਗਤ ਵਣਜਾਰਾ ਨਜ਼ਰੀ ਆਈਆ । ਹਿਰਦੇ ਹਰਿ ਕਾ ਨਾਮ ਕੋਈ ਨਾ ਲਏ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਮਿਲੇ ਮੇਲ ਨਾ ਕਮਲਾਪਤਿ, ਕੰਤ ਕੰਤੂਹਲ ਘਰ ਸੇਜ ਨਾ ਕੋਈ ਸੁਹਾਈਆ । ਨਾੜ ਬਹੱਤਰ ਉਬਲੇ ਰੱਤ, ਅਗਨੀ ਤਤ ਨਾ ਕੋਇ ਬੁਝਾਈਆ । ਸਭ ਨੂੰ ਭੁੱਲੀ ਧੁਰ ਦੀ ਮਤ, ਗੁਰਮਤ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਰਿਹਾ ਤੱਕ, ਚਾਰ ਕੁੰਟ ਦਹਿ ਦਿਸ਼ਾ ਆਪਣਾ ਧਿਆਨ ਲਗਾਈਆ । ਸਚਖੰਡ ਨਿਵਾਸੀ ਹਰਿ ਨਿਰੰਕਾਰ, ਜਨ ਭਗਤਾਂ ਆਖ ਜਣਾਈਆ । ਉਠੋ ਵੇਖੋ ਮਾਤ ਸੰਸਾਰ, ਸਗਲ ਸ੍ਰਿਸ਼ਟੀ ਰਿਹਾ ਦ੍ਰਿੜਾਈਆ । ਘਰ ਘਰ ਦਿਸੇ ਕੂੜ ਵਿਭਚਾਰ, ਨਾਰ ਦੁਹਾਗਣ ਨਜ਼ਰੀ ਆਈਆ । ਹਰਿ ਕੰਤ ਨਾ ਕੋਇ ਪਿਆਰ, ਸੁਹੰਜਣੀ ਸੇਜ ਸੋਭਾ ਕੋਇ ਨਾ ਪਾਈਆ । ਮਿਲ ਸਖੀਆਂ ਕੋਈ ਨਾ ਮੰਗਲਾਚਾਰ, ਗੀਤ ਗੋਬਿੰਦ ਨਾ ਕੋਇ ਅਲਾਈਆ । ਗੁਰਦਵਾਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਹਾਹਾਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਧੁਰਦਰਬਾਰੀ ਪਰਦਾ ਆਪ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਕਰਨ ਸਲਾਹ, ਮਤਾ ਇਕੋ ਵਾਰ ਪਕਾਈਆ । ਕਲਜੁਗ ਅੰਤਮ ਭੁੱਲੇ ਸਾਰੇ ਰਾਹ, ਸਾਚਾ ਮਾਰਗ ਸਕੇ ਨਾ ਕੋਇ ਸਮਝਾਈਆ । ਨਾਨਕ ਨਿਰਗੁਣ ਨਿਰੰਕਾਰ ਦੱਸ ਕੇ ਆਇਆ ਇਕੋ ਬੇਪਰਵਾਹ, ਪਰਵਰਦਗਾਰ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਗੁਰ ਕਿਹਾ ਪੁਰਖ ਅਕਾਲ ਲਓ ਮਨਾ, ਦੂਜਾ ਇਸ਼ਟ ਦ੍ਰਿਸ਼ਟ ਨਾ ਕੋਈ ਖੁਲ੍ਹਾਈਆ । ਹਰ ਘਟ ਹਰ ਥਾਂ ਹੋਏ ਸਹਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਰਚਨ ਰਚਾਈਆ । ਆਦਿ ਜੁਗਾਦਿ ਜੁਗਾਂ ਜੁਗੰਤਰ ਸਰਬ ਜੀਆਂ ਦਾ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਇਕ ਜਣਾਏ ਧੁਰ ਦਾ ਨਾਂ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਚਾਰ ਵਰਨਾਂ ਦੇਵੇ ਸਚ ਪਨਾਹ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਘਰ ਵਖਾਈਆ । ਨਿਮਾਣਿਆਂ ਨਿਤਾਣਿਆਂ ਗ਼ਰੀਬਾਂ ਪਕੜੇ ਬਾਂਹ, ਕੋੜ੍ਹਿਆਂ ਕਮਲਿਆਂ ਆਪਣੇ ਗਲੇ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਸਤਿਗੁਰ ਪੁਰਖ ਆਪ ਲਏ ਮਿਲਾ, ਘਰ ਮਿਲਣੀ ਜਗਦੀਸ਼ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਪਰਕਾਸ਼ੀ, ਨੂਰ ਨੁਰਾਨਾ ਸ਼ਾਹ ਸੁਲਤਾਨਾ ਵਡ ਰਹਿਮਾਨਾ ਰਹੀਮ ਰਹਿਮਤ ਆਪਣੀ ਆਪ ਕਮਾਈਆ ।

★ ੧੫ ਫੱਗਣ ੨੦੨੦ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਬਰਕਤ ਪੁਰਾ ਜ਼ਿਲਾ ਪਟਿਆਲਾ ★

ਸਤਿਗੁਰ ਪਾਸ ਨਾ ਰਹੇ ਅੜਕ, ਅੜਿਕਣਾ ਕੂੜ ਨਾ ਕੋਇ ਵਖਾਇੰਦਾ । ਜੁਗ ਜਨਮ ਦੇ ਜੋ ਰਹੇ ਭਟਕ, ਕਰ ਕਿਰਪਾ ਭਟਕਣਾ ਸਰਬ ਮਿਟਾਇੰਦਾ । ਨੇਤਰ ਨਿਜ ਦਰਸ ਰਹੇ ਤੜਪ, ਤਿਨ੍ਹਾਂ ਆਪਣਾ ਰੰਗ ਵਖਾਇੰਦਾ । ਅਧਵਿਚਕਾਰ ਨਾ ਜਾਏ ਅਟਕ, ਫੜ ਬਾਂਹੋ ਪਾਰ ਕਰਾਇੰਦਾ । ਸਚ ਦੁਆਰ ਦੀ ਸਿਧੀ ਸੜਕ, ਸ਼ਬਦ ਇਸ਼ਾਰੇ ਨਾਲ ਵਖਾਇੰਦਾ । ਸ਼ਹਿਨਸ਼ਾਹ ਸੁਲਤਾਨ ਪਰਮ ਪੁਰਖ ਪ੍ਰਭ ਇਕੋ ਮਰਦ, ਮਰਦ ਮਰਦਾਨਾ ਇਕ ਅਖਵਾਇੰਦਾ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸਾਚੇ ਸੰਤਾਂ ਜੁਗ ਜੁਗ ਵੰਡੇ ਦਰਦ, ਦਰਦੀ ਹੋਏ ਫੇਰਾ ਪਾਇੰਦਾ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਹੋਣ ਨਾ ਦੇਵੇ ਹਰਜ, ਪੂਰਬ ਹਰਜਾਨਾਂ ਝੋਲੀ ਪਾਇੰਦਾ । ਘਰ ਮੁਕਾਮ ਮਹਿਬੂਬ ਵਖਾਏ ਅਸਚਰਜ, ਪਰਦਾ ਓਹਲਾ ਆਪ ਉਠਾਇੰਦਾ । ਆਸਾ ਤ੍ਰਿਸਨਾ ਪੂਰੀ ਕਰੇ ਗਰਜ਼, ਗਜ਼ਲ ਨਗਮਾ ਨਾਮ ਨਿਧਾਨ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਅੰਦਰ ਅੜਕ ਨਾ ਕੋਇ ਰਖਾਇੰਦਾ । ਅੜਕ ਕੱਢੇ ਪ੍ਰਭ ਸੱਚਾ ਆਪ, ਪੂਰੇ ਸਤਿਗੁਰ ਹੱਥ ਵਡਿਆਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਸਤਿ ਸਰੂਪ ਜਪਾਇਆ ਜਾਪ, ਸੋਹੰ ਸਚ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰੇ ਮਿਲਾਪ, ਦੂਈ ਦਵੈਤੀ ਡੇਰਾ ਢਾਹੀਆ । ਨਿਝ ਘਰ ਨਿਝ ਗ੍ਰਿਹਿ ਘਰ ਮਿਲੇ ਸੱਜਣ ਸਾਕ, ਸਗਲਾ ਸੰਗ ਵਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਵਸਤ ਵਕਾਏ ਇਕੋ ਹਾਟ, ਨਾਮ ਵਣਜਾਰਾ ਬੇਪਰਵਾਹੀਆ । ਜਗਤ ਮੇਟ ਅੰਧੇਰੀ ਰਾਤ, ਸ਼ਬਦੀ ਚੰਦ ਨੂਰ ਚਮਕਾਈਆ । ਤੂੰ ਮੇਰਾ ਮੈਂ ਤੇਰੀ ਦੋਹਾ ਦੀ ਇਕੋ ਗਾਥ, ਦੂਜੀ ਕਰੇ ਨਾ ਕੋਈ ਪੜ੍ਹਾਈਆ । ਏਥੇ ਓਥੇ ਮੁਕੇ ਵਾਟ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਅੜਕ ਅਟਕ ਰਹਿਣ ਕੋਇ ਨਾ ਪਾਈਆ । ਅੜਕ ਨਿਮਾਣੀ ਪਵੇ ਰੋ, ਨੇਤਰ ਨੈਣਾਂ ਮਾਰੇ ਧਾਈਆ । ਜਿਨ੍ਹਾਂ ਗੁਰਮੁਖਾਂ ਸਾਹਿਬ ਸਤਿਗੁਰ ਨਿਰਗੁਣ ਸਰਗੁਣ ਰੂਪ ਮਿਲਿਆ ਆਪੇ ਹੋ, ਪੰਜ ਤਤ ਕਾਇਆ ਚੋਲਾ ਵੇਖੇ ਚਾਈਂ ਚਾਈਂਆ । ਸ਼ਬਦ ਅਗੰਮ ਧੁਰਦਰਗਾਹੀ ਸੁਣਾਏ ਸੋ, ਸੋਹਲਾ ਢੋਲਾ ਰਾਗ ਅਲਾਹੀਆ । ਹੰ ਬ੍ਰਹਮ ਆਪੇ ਹੋ, ਘਰ ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇਵੇ ਚੋ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਸਤਿਗੁਰ ਮਿਲਿਆਂ ਅੜਕ ਹੋ ਜਾਏ ਚੂਰ, ਆਪਣਾ ਆਪ ਮਿਟਾਈਆ । ਨਜ਼ਰੀ ਆਏ ਹਾਜ਼ਰ ਹਜ਼ੂਰ, ਹਿਰਦੇ ਅੰਦਰ ਵਸਿਆ ਬੇਪਰਵਾਹੀਆ । ਸ਼ਬਦ ਨਾਦ ਧੁਨ ਉਪਜਾਏ ਸਾਚੀ ਤੂਰ, ਅਨਹਦ ਰਾਗੀ ਰਾਗ ਸੁਣਾਈਆ । ਕੂੜੀ ਕਿਰਿਆ ਨਾਤਾ ਤੋੜੇ ਕੂੜ, ਸਚ ਸੁੱਚ ਦਏ ਸਮਝਾਈਆ । ਆਸਾ ਮਨਸਾ ਕਰੇ ਪੂਰ, ਤ੍ਰਿਸਨਾ ਜਗਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਾਰਗ ਸਿਧ ਇਕੋ ਇਕ ਰਖਾਈਆ । ਅੜਕ ਕਹੇ ਮੈਂ ਹੋ ਨਿਮਾਣੀ, ਬਲਹੀਣ ਦਿਆਂ ਦੁਹਾਈਆ । ਜਿਨ੍ਹਾਂ ਗੁਰਮੁਖਾਂ ਸਾਹਿਬ ਸਤਿਗੁਰ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਇਕ ਦਰਸਾਈਆ । ਸੋ ਗੁਰਮੁਖ ਸਚ ਦਵਾਰ ਦੀ ਵੇਖਣ ਸਚ ਨਿਸ਼ਾਨੀ, ਸਚਖੰਡ ਹਰਿ ਸਾਚਾ ਨਜ਼ਰੀ ਆਈਆ । ਆਤਮ ਪਰਮਾਤਮ ਮਿਲ ਕੇ ਗਾਇਨ ਕਹਾਣੀ, ਕਥਾ ਵਾਰਤਾ ਇਕੋ ਇਕ

ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਤ ਸਾਲਾਹੀ ਜਗਤ ਬਾਣੀ, ਖਾਣੀ ਚਾਰੇ ਦਏ ਵਡਿਆਈਆ ।

★ ੧੫ ਫੱਗਣ ੨੦੨੦ ਬਿਕਰਮੀ ਹਰਬੰਸ ਸਿੰਘ ਦੇ ਗ੍ਰਿਹ ਠੀਕਰੀ ਛੰਨਾ ਜ਼ਿਲਾ ਕਰਨਾਲ ★

ਪਾਰਬ੍ਰਹਮ ਤੇਰਾ ਵੇਖਿਆ ਜੱਗ, ਜਨ ਭਗਤ ਰਹੇ ਸੁਣਾਈਆ । ਨਵ ਨੌ ਚਾਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਵਰਸਾਈਆ । ਕੂੜੀ ਕਿਰਿਆ ਸ੍ਰਿਸ਼ਟੀ ਰਹੀ ਭੱਜ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਤੇਰਾ ਦਰਸ ਮਿਲੇ ਨਾ ਕਿਸੇ ਉਪਰ ਸ਼ਾਹ ਰਗ, ਸ਼ਾਹ ਪਾਤਸ਼ਾਹ ਨਜ਼ਰ ਕਿਸੇ ਨਾ ਆਈਆ । ਸੂਫੀ ਕਰੇ ਕੋਈ ਨਾ ਹੱਜ, ਹਕੀਕਤ ਹੱਕ ਨਾ ਕੋਇ ਵਡਿਆਈਆ । ਸੰਤ ਖੋਲ੍ਹੇ ਕੋਈ ਨਾ ਅੱਖ, ਲੋਚਣ ਨੈਣ ਨਾ ਕੋਇ ਜਣਾਈਆ । ਦਹਿ ਦਿਸ਼ਾ ਖੇੜਾ ਦਿਸੇ ਭੱਠ, ਕਲਜੁਗ ਅਗਨੀ ਤਤ ਤਪਾਈਆ । ਫਿਰੀ ਦਰੋਹੀ ਅਠਸਠ, ਮੱਕਾ ਕਾਅਬਾ ਰਿਹਾ ਕੁਰਲਾਈਆ । ਕੂੜ ਨਗਾਰਾ ਰਿਹਾ ਵੱਜ, ਸਾਚਾ ਨਦ ਨਾ ਕੋਇ ਸ਼ਨਵਾਈਆ । ਮਿਲੇ ਮੇਲ ਨਾ ਸੂਰੇ ਸਰਬੱਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਮਿਲੇ ਤੇਰੀ ਸਰਨ ਸਰਨਾਈਆ । ਭਗਤ ਕਹਿਣ ਪ੍ਰਭ ਵੇਖਿਆ ਲੋਕਮਾਤ, ਤੇਰੇ ਹੁਕਮੇ ਅੰਦਰ ਫੇਰਾ ਪਾਈਆ । ਸਾਚੀ ਦਿਸੇ ਨਾ ਕੋਈ ਜਮਾਤ, ਵਰਨ ਬਰਨ ਕਰੇ ਲੜਾਈਆ । ਮੰਤਰ ਜਾਣੇ ਨਾ ਕੋਈ ਪਾਠ, ਪੂਜਾ ਕਰੇ ਸਰਬ ਲੋਕਾਈਆ । ਮੰਡਲ ਵੇਖੀ ਨਾ ਪੈਂਦੀ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਤੇਰੇ ਭਗਤ ਹੋਏ ਉਦਾਸ, ਬਿਨ ਤੇਰੇ ਰਹੇ ਕੁਰਲਾਈਆ । ਕਰ ਕਿਰਪਾ ਪੂਰੀ ਕਰ ਆਸ, ਕੂੜੀ ਤ੍ਰਿਸਨਾ ਦੇ ਮਿਟਾਈਆ । ਪਵਣਾਂ ਵਿਚੋਂ ਪਵਣ ਸਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮੀ ਵਰ, ਜਿਸ ਦਾ ਭੇਵ ਕੋਇ ਨਾ ਪਾਈਆ । ਜਨ ਭਗਤ ਕਹਿਣ ਪ੍ਰਭ ਦਰ ਤੇਰੇ ਕੂਕ, ਚਾਰ ਕੁੰਟ ਜਣਾਈਆ । ਕਿਹੜੀ ਨੀਂਦੇ ਸੁੱਤਾ ਘੂਕ, ਨਿਰਗੁਣ ਨਿਰਵੈਰ ਲੈ ਅੰਗੜਾਈਆ । ਨੇਤਰ ਵੇਖ ਚਾਰੇ ਕੂਟ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਘਰ ਘਰ ਅੰਦਰ ਦਿਸੇ ਝੂਠ, ਕੂੜੀ ਕਿਰਿਆ ਕਰੀ ਕੁੜਮਾਈਆ । ਜੀਵ ਜੰਤ ਬਣੇ ਕਪੂਤ, ਸਚ ਸਪੂਤ ਨਜ਼ਰ ਕੋਇ ਨਾ ਆਈਆ । ਭਾਗ ਲੱਗੇ ਨਾ ਪੰਜ ਤਤ ਕਾਇਆ ਭੂਤ, ਭੇਵ ਭਵਿਖਤ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਗੁਰ ਅਵਤਾਰ ਪੀਰ ਪੈਗੰਬਰ ਸਾਰੇ ਕਰਕੇ ਗਏ ਕੂਚ, ਕੂਚਾ ਗਲੀ ਖਾਲੀ ਨਜ਼ਰੀ ਆਈਆ । ਜਨ ਭਗਤ ਕਹਿਣ ਪ੍ਰਭ ਨੇਤਰ ਖੋਲ੍ਹ, ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਸਾਚੀ ਵਸਤ ਨਾ ਕਿਸੇ ਕੋਲ, ਚੌਦਾਂ ਲੋਕ ਖਾਲੀ ਦੇਣ ਦੁਹਾਈਆ । ਚੌਦਾਂ ਤਬਕ ਵੱਜਿਆ ਢੋਲ, ਪੀਰ ਪੈਗੰਬਰ ਹਾਹਾਕਾਰ ਰਹੇ ਸੁਣਾਈਆ । ਸਤਿ ਸਰੂਪੀ ਪੂਰਾ ਕਰ ਆਪਣਾ ਕੌਲ, ਅਭੁਲ ਭੁੱਲ ਕਦੇ ਨਾ ਜਾਈਆ । ਨੇਤਰ ਰੋਵੇ ਧਰਨੀ ਧਰਤ ਧੌਲ, ਧਵਲਾ ਹੌਲਾ ਭਾਰ ਨਾ ਕੋਇ ਕਰਾਈਆ । ਤੇਰਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਗ੍ਰੰਥੀ ਪੰਥੀ ਮੁੱਲਾਂ ਸ਼ੇਖ਼ ਮੁਸ਼ਾਇਕ ਸਮਝ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਪੰਜ ਤਤ ਪਿਆ ਘੋਲ, ਆਸਾ ਤ੍ਰਿਸ਼ਨਾ ਮਾਇਆ ਮਮਤਾ ਹਉਮੇ ਹੰਗਤਾ ਕਰੇ ਲੜਾਈਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਠੱਗਾਂ ਚੋਰਾਂ ਲਏ ਫੋਲ, ਦਿਵਸ ਰੈਣ ਵੇਖ ਵਖਾਈਆ । ਤੇਰੇ ਗੁਰਮੁਖ ਗੁਰਸਿਖ ਸੰਤ ਸੁਹੇਲੇ ਹੋਏ ਅਨਭੋਲ, ਬਿਨ ਤੇਰੀ ਕਿਰਪਾ

੬੬੯
੧੯

ਸੁਰਤ ਨਾ ਕੋਇ ਖੁਲ੍ਹਾਈਆ । ਪਰਮ ਪੁਰਖ ਪਰਮਾਤਮ ਆਤਮ ਵਸ ਕੋਲ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸਦਾ ਅਡੋਲ, ਅਡੁਲ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤ ਕਹਿਣ ਪ੍ਰਭ ਠਾਕਰ ਸਵਾਮੀ, ਸਚ ਤੇਰੀ ਓਟ ਤਕਾਈਆ । ਘਟ ਘਟ ਵੇਖੀਂ ਅੰਤਰਜਾਮੀ, ਭੇਵ ਅਭੇਦਾ ਨੈਣ ਖੁਲ੍ਹਾਈਆ । ਇਕੋ ਸੁਣੀਏ ਤੇਰੀ ਬੋਧ ਅਗਾਧ ਅਗੰਮੀ ਬਾਣੀ, ਦੂਜਾ ਰਾਗ ਨਾਦ ਨਾ ਕੋਇ ਵਡਿਆਈਆ । ਨਿਰਮਲ ਨੂਰੀ ਜੋਤ ਦਰਸ ਤੇਰਾ ਮਹਾਨੀ, ਸਵੱਛ ਸਰੂਪੀ ਨਜ਼ਰੀ ਆਈਆ । ਲੇਖਾ ਚੁੱਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾਤਾ ਦੇ ਤੁੜਾਈਆ । ਅੰਮ੍ਰਿਤ ਆਤਮ ਸਚ ਸਰੋਵਰ ਠੰਡਾ ਰਹੇ ਪਾਣੀ, ਅੰਮਿਉਂ ਰਸ ਇਕੋ ਬੂੰਦ ਚੁਆਈਆ । ਸ਼ਬਦ ਮਿਲਾਵਾ ਸੁਰਤੀ ਹਾਣੀ, ਘਰ ਸਾਚਾ ਜੋੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਘਰ, ਜਿਸ ਗ੍ਰਿਹ ਬਹਿ ਕੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਕੀ ਤੇਰੀ ਵਡਿਆਈਆ । ਕਲਜੁਗ ਵੇਖ ਜਗਤ ਰੁੱਤ, ਤੇਰੇ ਭਗਤਾਂ ਮੂਲ ਨਾ ਭਾਈਆ । ਬੇਪਰਵਾਹ ਕਿਉਂ ਬੈਠੋਂ ਲੁਕ, ਆਪਣਾ ਮੁਖ ਛੁਪਾਈਆ । ਨਿਰਗੁਣ ਨਿਰਗੁਣ ਧਾਰੋਂ ਉਠ, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰੇ ਦਵਾਰੇ ਮਿਲੇ ਸਚ ਸੁਚ, ਤੇਰਾ ਰੂਪ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਕੋਝਿਆ ਕਮਲਿਆਂ ਆ ਕੇ ਪੁਛ, ਬੇਨਜ਼ੀਰ ਆਪਣਾ ਪੰਧ ਮੁਕਾਈਆ । ਅਸੀਂ ਦਰਸ ਕਰੀਏ ਨੇਤਰ ਨੈਣ ਝੁਕ, ਚਰਨ ਕਵਲ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਮੁਕਾਈਆ । ਜਨ ਭਗਤ ਕਹਿਣ ਪ੍ਰਭ ਉਠ ਜਾਗ, ਸਚਖੰਡ ਨਿਵਾਸੀ ਆਪਣੀ ਲੈ ਅੰਗੜਾਈਆ । ਬਿਰਹੋਂ ਵਿਛੋੜਾ ਲੱਗਾ ਇਕ ਵਿਰਾਗ, ਧੀਰਜ ਧੀਰ ਨਾ ਕੋਇ ਰਖਾਈਆ । ਕਲਜੁਗ ਕੂੜਾ ਲੱਗੇ ਸਮਾਜ, ਸਚ ਸਮਗਰੀ ਹੱਥ ਕਿਸੇ ਨਾ ਆਈਆ । ਆਤਮ ਪਰਮਾਤਮ ਕਿਸੇ ਨਾ ਰਚਿਆ ਕਾਜ, ਲੱਖ ਚੁਰਾਸੀ ਘਰ ਘਰ ਕਰੇ ਕੁੜਮਾਈਆ । ਤੇਰਾ ਨਾਮ ਦੌਲਤ ਕੋਈ ਨਾ ਦੇਵੇ ਦਾਜ, ਵਸਤ ਅਮੋਲਕ ਹੱਥ ਨਾ ਕੋਇ ਫੜਾਈਆ । ਸ਼ਬਦ ਅਗੰਮ ਧੁਨ ਅਨਾਦ ਆਤਮ ਬੋਧ ਕੋਈ ਨਾ ਲਾਵੇ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਸਰਬ ਹਿਲਾਈਆ । ਬਿਨ ਤੇਰੀ ਕਿਰਪਾ ਕੋਈ ਨਾ ਕਰੇ ਵਿਸਮਾਦ, ਬਿਸਮਲ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਕਲਜੁਗ ਭਰਿਆ ਜਹਾਜ, ਡੂੰਘਾ ਸਾਗਰ ਪਾਰ ਨਾ ਕੋਇ ਕਰਾਈਆ । ਜਨ ਭਗਤ ਤੇਰਾ ਮੁਹਤਾਜ, ਮੁਹੱਬਤ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹੇ ਪ੍ਰਭ ਮੈਂ ਗ਼ਰੀਬ, ਮੇਰੇ ਵਿਚ ਨਾ ਕੋਇ ਵਡਿਆਈਆ । ਬਾਲਾ ਨੱਢਾ ਤੇਰਾ ਅਜ਼ੀਜ਼, ਬਾਲੀ ਬੁਧ ਰਖਾਈਆ । ਬੋਲਣ ਦੀ ਦੱਸੀ ਨਾ ਕਿਸੇ ਤਮੀਜ਼, ਤਬਅ ਦੇਵੇ ਨਾ ਕੋਇ ਬਦਲਾਈਆ । ਇਕੋ ਤੇਰੇ ਮਿਲਣ ਦੀ ਰੀਝ, ਦੂਜੀ ਆਸ ਨਾ ਕੋਇ ਤਕਾਈਆ । ਠਾਕਰ ਸਵਾਮੀ ਮੰਗਾਂ ਭੀਖ, ਭਿਖਕ ਭਿਛਿਆ ਝੋਲੀ ਦੇ ਭਰਾਈਆ । ਦੂਰ ਦੁਰਾਡੇ ਨਜ਼ਰ ਆ ਨਜ਼ਦੀਕ, ਬਣ ਪਾਂਧੀ ਪੰਧ ਮੁਕਾਈਆ । ਤੇਰਾ ਪੰਧ ਮਾਰਗ ਰਹਿਬਰ ਰਾਹ ਤੇਰਾ ਬਾਰੀਕ, ਰਸਤਾ ਸਮਝ ਕਿਸੇ ਨਾ ਆਈਆ । ਸਚਖੰਡ ਨਿਵਾਸੀ ਮੁਕਾਮੇ ਹੱਕ ਵਸੇਂ ਠੀਕ, ਲਾਸ਼ਰੀਕ ਆਪਣਾ ਨਾਉਂ ਰਖਾਈਆ । ਪਰਵਰਦਿਗਾਰਾ ਤੇਰੀ ਤੌਫ਼ੀਕ, ਤੁਆਰਫ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿਜਨ ਤੇਰਾ ਧਿਆਨ

ਲਗਾਈਆ । ਭਗਤ ਕਹੇ ਪ੍ਰਭ ਮੇਰੇ ਠਾਕਰ, ਸਚ ਸਚ ਦਿਆਂ ਦ੍ਰਿੜਾਈਆ । ਉਠ ਵੇਖ ਆਪਣਾ ਕਲਜੁਗ ਸਾਗਰ, ਭਵਰੀ ਇਕੋ ਨਜ਼ਰੀ ਆਈਆ । ਸਾਚਾ ਵਣਜ ਕਰੇ ਨਾ ਕੋਇ ਸੁਦਾਗਰ, ਕੂੜਾ ਹੱਟ ਜਗਤ ਲੋਕਾਈਆ । ਭਾਗ ਲੱਗੇ ਨਾ ਕਾਇਆ ਗਾਗਰ, ਗਹਿਰ ਗੰਭੀਰ ਨਜ਼ਰ ਕੋਇ ਨਾ ਉਠਾਈਆ । ਤੁਧ ਬਿਨ ਦੇਵੇ ਕੋਈ ਨਾ ਆਦਰ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸ੍ਰੀ ਭਗਵਾਨ ਕਹੇ ਜਨ ਭਗਤ, ਧੁਰ ਦਾ ਲੇਖ ਜਣਾਈਆ । ਸਚ ਵਡਿਆਈ ਦੇਵਾਂ ਜਗਤ, ਜਾਗਰਤ ਜੋਤ ਇਕ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਕੱਢ ਕੇ ਫਕਤ, ਫਿਕਰਾ ਆਪਣਾ ਨਾਮ ਸੁਣਾਈਆ । ਲੇਖੇ ਲਾ ਬੂੰਦ ਰਕਤ, ਰੱਤੀ ਰਤ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਦੇਵਾਂ ਸ਼ਕਤ, ਸ਼ਖ਼ਸੀਅਤ ਇਕੋ ਇਕ ਸਮਝਾਈਆ । ਸੋ ਵੇਲਾ ਸੁਹੰਜਣਾ ਆਏ ਵਕਤ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਲੇਖਾ ਚੁੱਕੇ ਚਿੰਤਾ ਸੋਗ ਹਰਖ਼, ਗ਼ਮੀ ਗ਼ਮ ਨਾ ਕੋਇ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰੇ ਪਰਖ, ਨਾਮ ਘਸਵਟੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਦੇਵੇ ਪ੍ਰਭੂ ਦਿਲਾਸਾ, ਸਿਰ ਆਪਣਾ ਹੱਥ ਟਿਕਾਈਆ । ਤੁਹਾਡੇ ਅੰਦਰ ਨਿਰਗੁਣ ਵਾਸਾ, ਸਰਗੁਣ ਸੋਭਾ ਪਾਈਆ । ਦੀਆ ਦੀਪਕ ਨਿਰਗੁਣ ਜੋਤ ਕਰੇ ਪਰਕਾਸ਼ਾ, ਅੰਧ ਅਗਿਆਨ ਮਿਟਾਈਆ । ਅੰਮ੍ਰਿਤ ਆਤਮ ਭਰ ਪਿਆਏ ਕਾਸਾ, ਸਾਚਾ ਜਾਮ ਇਕ ਰਖਾਈਆ । ਜਨਮ ਜਨਮ ਦਾ ਕੱਟੇ ਫਾਸਾ, ਕਰਮ ਕਰਮ ਦਾ ਰੋਗ ਗੁਆਈਆ । ਲੇਖਾ ਜਾਣੇ ਪਵਣ ਸਵਾਸਾ, ਪਵਣ ਪਵਣਾਂ ਵੇਖ ਵਖਾਈਆ । ਡੇਰਾ ਢਾਹੇ ਪ੍ਰਿਥਮੀ ਅਕਾਸ਼ਾ, ਮੰਡਲ ਮੰਡਪ ਚਰਨਾਂ ਹੇਠ ਰਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰਾ ਕਰੇ ਘਾਟਾ, ਲੇਖਾ ਲੇਖੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਹਰਿ ਭਗਵਨ ਬੱਚਾ, ਬਚਪਣ ਆਪਣੀ ਝੋਲੀ ਪਾਈਆ । ਜਨਮ ਕਰਮ ਦਾ ਹੋਇਆ ਸੱਚਾ, ਨਿਹਕਰਮੀ ਵੇਖ ਵਖਾਈਆ । ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਰੂਪ ਆਪ ਵਟਾਈਆ । ਲੂੰ ਲੂੰ ਅੰਦਰ ਨਿਰਗੁਣ ਰਚਾ, ਸਾਢੇ ਤਿੰਨ ਕਰੋੜ ਦਏ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਕਹੇ ਗੁਰਮੁਖ ਅੱਛਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਜਨ ਭਗਤ ਤੇਰਾ ਧੁਰ ਦਾ ਨਾਤਾ, ਹਰਿ ਸਤਿਗੁਰ ਆਪ ਬੰਧਾਈਆ । ਨਿਰਵੈਰ ਨਿਰਾਕਾਰ ਨਿਰਗੁਣ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਗ੍ਰਿਹ ਮੰਦਰ ਘਰ ਸਵਾਮੀ ਕਰੇ ਹਾਸਾ, ਖ਼ੁਸ਼ੀਆਂ ਗੀਤ ਅਲਾਈਆ । ਧੁਰਦਰਗਾਹੀ ਬੇਪਰਵਾਹੀ ਆਪਣੀ ਮੰਜ਼ਲ ਆਏ ਨਾਠਾ, ਬਣ ਪਾਂਧੀ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰੀ ਰਾਤਾ, ਸਤਿ ਸਤਿਵਾਦੀ ਚੰਦ ਚਮਕਾਈਆ । ਦੋ ਜਹਾਨਾਂ ਬਣਕੇ ਪਿਤਾ ਮਾਤਾ, ਹਰਿਜਨ ਆਪਣੀ ਗੋਦ ਉਠਾਈਆ । ਨਾਮ ਭੰਡਾਰਾ ਦੇ ਕੇ ਦਾਤਾ, ਦਾਤਾਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਵਾਨ ਕਹੇ ਜਨ ਭਗਤ ਸੁਤ, ਸੁਤ ਦੁਲਾਰਾ ਇਕ ਅਖਵਾਈਆ । ਦੋ ਜਹਾਨ ਸੁਹਾਏ ਰੁੱਤ, ਬਸੰਤ ਬਹਾਰ ਨੈਣ ਸ਼ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸੋ ਰਹੇ ਪੁਛ, ਸੁਰਪਤ ਇੰਦ ਕਰੋੜ ਤਤੀਸਾ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਝੁਕ, ਨੇਤਰ ਨੈਣ ਨੈਣ ਉਠਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਰੱਖੇ ਸਦਾ ਯਾਦ, ਹਰਿ ਕਰਤਾਰ ਆਪ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸੁਣੀ ਫਰਿਆਦ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਕਾਢ, ਬਿਨ ਨੇਤਰ ਅੱਖਾਂ ਵੇਖੇ ਚਾਈਂ ਚਾਈਂਆ । ਅੰਦਰ ਵੜ ਕੇ ਖੋਲ੍ਹੇ ਰਾਜ਼, ਗ੍ਰਿਹ ਮੰਦਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਜਨ ਭਗਤ ਅੱਗੋਂ ਸੁਣੌਂਦਾ ਏ । ਉਚੀ ਕੂਕ ਕੂਕ ਅਲੌਂਦਾ ਏ । ਪਿਛਲਾ ਦੁੱਖ ਆਪ ਏ । ਸੁਖ ਤੇਰੀ ਝੋਲੀ ਪੌਂਦਾ ਏ । ਕਿਸ ਦਵਾਰੇ ਬੈਠਾ ਲੁਕ, ਪ੍ਰਭ ਨਜ਼ਰ ਮੂਲ ਨਾ ਔਂਦਾ ਏ । ਸਾਡੇ ਕੋਲ ਨਹੀਂ ਕਿਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਇਕ ਰਖੌਂਦਾ ਏ । ਸ੍ਰੀ ਭਗਵਾਨ ਆਖ ਸੁਣਾਇਆ ਏ । ਧੁਰ ਦਾ ਬੋਲ ਇਕ ਜਣਾਇਆ ਏ । ਅਡੋਲ ਅਡੁਲ ਵੇਸ ਵਟਾਇਆ ਏ । ਹਰਿਜਨ ਵਸੇ ਸਦਾ ਕੋਲ, ਘਰ ਮੰਦਰ ਸੋਭਾ ਪਾਇਆ ਏ । ਸ਼ਬਦ ਅਗੰਮੀ ਕੰਡੇ ਤੋਲ, ਤਰਾਜ਼ੂ ਇਕੋ ਹੱਥ ਉਠਾਇਆ ਏ । ਸਚ ਭੰਡਾਰਾ ਦਏ ਅਨਮੋਲ, ਅਨਮੁਲੜੀ ਦਾਤ ਵਰਤਾਇਆ ਏ । ਹਿਰਦੇ ਅੰਤਰ ਆਤਮ ਜਾਏ ਮੌਲ, ਮੌਲਾ ਆਪਣਾ ਰੰਗ ਰੰਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪ ਵਡਿਆਇਆ ਏ । ਜਨ ਭਗਤ ਕਹੇ ਮੈਂ ਮੂਲ ਨਾ ਮੰਨਾਂ, ਮਨਸਾ ਤੇਰੇ ਨਾਲ ਮਿਲਾਈਆ । ਜਿੰਨਾਂ ਚਿਰ ਨਾ ਆਵੇਂ ਭੰਨਾਂ, ਘਰ ਮੈਂਡੇ ਫੇਰਾ ਪਾਈਆ । ਕੀ ਸਾਡੇ ਨਾਲੋਂ ਚੰਗਾ ਜਟ ਧੰਨਾ, ਜਿਸ ਗ੍ਰਿਹ ਆਪਣੀ ਖ਼ੁਸ਼ੀ ਮਨਾਈਆ । ਨਾਮੇ ਛੁਹਾਈ ਛੱਪਰ ਛੰਨਾ, ਮਿਹਰ ਨਜ਼ਰ ਟਿਕਾਈਆ । ਰਵਦਾਸ ਚੁਮਾਰੇ ਮੇਲ ਮਿਲਾਇਆ ਬਣ ਕੇ ਅੰਨਾ, ਨੇਤਰ ਨੈਣ ਵੇਸ ਵਟਾਈਆ । ਜੁਗ ਚੌਕੜੀ ਤੇਰੀਆਂ ਸੁਣਦੇ ਰਹੇ ਗੱਲਾਂ, ਵਲ ਛਲਧਾਰੀ ਬੇਪਰਵਾਹੀਆ । ਮੁਰੀਦ ਮੁਰਸ਼ਦ ਸੁਣੌਂਦੇ ਰਹੇ ਅੱਲਾ, ਅਲਾਹੀ ਨੂਰ ਧੁਰਦਰਗਾਹੀਆ । ਗੁਰ ਅਵਤਾਰ ਫੜੌਂਦੇ ਰਹੇ ਪੱਲਾ, ਪੱਲੂ ਤੇਰੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇ ਸਹਿਜ ਸੁਖਦਾਈਆ । ਭਗਤ ਕਹੇ ਪ੍ਰਭ ਮੈਂ ਹੋਇਆ ਹੈਰਾਨ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਬਣਿਆ ਰਿਹੋਂ ਸ਼ੈਤਾਨ, ਸ਼ਰਅ ਮਜ਼੍ਹਬ ਕਰੇ ਲੜਾਈਆ । ਚਾਰੋਂ ਕੁੰਟ ਕਰ ਵੈਰਾਨ, ਜੁਗ ਚੋਕੜੀ ਖੇਹ ਉਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲ ਨਿਧਾਨ, ਧੁਰ ਦਾ ਹੁਕਮ ਆਪ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਲੇਖਾ ਲਿਖ ਕੇ ਅੰਜੀਲ ਕੁਰਾਨ, ਤਰੈਤ ਸ਼ਰਾਇਤ ਇਕ ਦ੍ਰਿੜਾਈਆ । ਖਾਣੀ ਬਾਣੀ ਬੋਧ ਅਗਾਧ ਦੇ ਮਿਹਰਵਾਨ, ਪਰਵਾਨਾ ਆਪਣਾ ਨਾਮ ਹੱਥ ਫੜਾਈਆ । ਸੰਗ ਰਲਾ ਗੋਪੀ ਕਾਹਨ, ਮੰਡਲ ਮੰਡਪ ਰਾਸ ਰਚਾਈਆ । ਮਾਣ ਦੇ ਸੀਤਾ ਰਾਮ, ਸਖੀਆਂ ਮੰਗਲ ਇਕ ਸੁਣਾਈਆ । ਆਪ ਸਚਖੰਡ ਦਵਾਰੇ ਕਰਦਾ ਰਿਹੋਂ ਆਰਾਮ, ਸੇਜ ਸੁਹੰਜਣੀ ਸੋਭਾ ਪਾਈਆ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਕਲਮਾ ਕਾਇਨਾਤ ਪੜ੍ਹਾਈਆ । ਨਾਨਕ ਨਿਰਗੁਣ ਮੰਤਰ ਸਤਿਨਾਮ, ਸਤਿ ਸਤਿਵਾਦੀ ਇਕ ਸਮਝਾਈਆ । ਗੋਬਿੰਦ ਅੰਮ੍ਰਿਤ ਪਿਆ ਜਾਮ, ਰਸ ਇਕੋ ਇਕ ਵਖਾਈਆ । ਫਤਹਿ ਡੰਕਾ ਵਿਚ ਜਹਾਨ, ਵਾਹ ਵਾਹ ਗੁਰੂ ਕਰੀ ਸ਼ਨਵਾਈਆ । ਆਪਣਾ ਦੱਸਿਆ ਨਾ ਕਿਸੇ ਨਿਸ਼ਾਨ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਾਰੇ ਗਏ ਸੁਣਾਈਆ । ਕਲਜੁਗ ਅੰਤ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਆ ਕੇ ਵੇਖ ਆਪਣਾ ਜਹਾਨ, ਜਹਾਲਤ ਘਰ ਘਰ ਨਜ਼ਰੀ ਆਈਆ । ਕੂੜੀ ਕਿਰਿਆ

੬੭੧
੧੯

ਝੂਠ ਤੁਫਾਨ, ਤੋਹਫਾ ਕਲਜੁਗ ਰਿਹਾ ਵਰਤਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕਿਸੇ ਗਿਆਨ, ਆਤਮ ਪਰਮਾਤਮ ਪਰਦਾ ਕੋਇ ਨਾ ਲਾਹੀਆ । ਸਤਿ ਧਰਮ ਦਾ ਦਿਸੇ ਨਾ ਕੋਇ ਵਿਧਾਨ, ਰਾਓ ਰੰਕ ਰਾਜ ਰਾਜਾਨ ਬੈਠੇ ਢੇਰੀਆਂ ਢਾਹੀਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਪੰਡਤ ਪਾਂਧੇ ਗ੍ਰੰਥੀ ਪੰਥੀ ਧੀਆਂ ਭੈਣਾਂ ਤਕਾਣ, ਨੇਤਰ ਲੋਚਣ ਨੈਣ ਅੱਖ ਨਾ ਕਿਸੇ ਸ਼ਰਮਾਈਆ । ਅੱਠ ਸੱਠ ਤੀਰਥ ਕੂੜੀ ਕਿਰਿਆ ਖੁਲ੍ਹੀ ਦੁਕਾਨ, ਨਾਰੀ ਪੁਰਸ਼ ਨਰ ਨਰਾਇਣ ਸਾਰ ਕਿਸੇ ਨਾ ਆਈਆ । ਸਾਧ ਸੰਤ ਬੇਈਮਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਕਰ ਕਿਰਪਾ ਸ੍ਰੀ ਭਗਵਾਨ, ਇਕੋ ਤੇਰੀ ਓਟ ਤਕਾਈਆ । ਪੜ੍ਹ ਪੜ੍ਹ ਥੱਕਾ ਜੀਵ ਜਹਾਨ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਫਿਰ ਫਿਰ ਥੱਕੇ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਈਆ । ਪਰਮ ਪੁਰਖ ਪਤਿਪਰਮੇਸ਼ਵਰ ਤੇਰਾ ਮਿਲਿਆ ਨਾ ਕਿਸੇ ਨਿਸ਼ਾਨ, ਸਚ ਦਵਾਰਾ ਵੇਖਣ ਕੋਈ ਨਾ ਪਾਈਆ । ਸਿਦਕ ਸਬੂਰੀ ਸਤਿ ਸੰਤੋਖ ਨਾ ਰਿਹਾ ਈਮਾਨ, ਹਠ ਤਪ ਨਾ ਕੋਈ ਵਡਿਆਈਆ । ਉਠ ਵੇਖ ਸ਼ਾਸਤਰ ਸਿਮਰਤ ਚਾਰੇ ਵੇਦ ਸਰਬ ਕੁਰਲਾਣ, ਚਾਰੇ ਜੁਗ ਨਾਲ ਰਲਾਈਆ । ਹਾਹਾਕਾਰ ਕਰੇ ਅੰਜੀਲ ਕੁਰਾਨ, ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਖਾਣੀ ਕਰੇ ਨਾ ਕੋਇ ਪਰਵਾਨ, ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਢੋਲਾ ਨਾ ਕੋਈ ਸੁਣਾਈਆ । ਕਲਜੁਗ ਬੁਧੀ ਹੋਈ ਨਿਧਾਨ, ਮਨ ਮਨੂਆ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਨ ਭਗਤ ਦੇਣ ਦੁਹਾਈਆ । ਜਨ ਭਗਤ ਦੁਹਾਈ ਦੇਵਣ ਤੇਰੇ ਦਰ, ਦਰ ਠਾਂਡੇ ਅਲਖ ਜਗਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਬੇਪਰਵਾਹ ਫੇਰਾ ਪਾਈਆ । ਚਾਰੋਂ ਕੁੰਟ ਆਵੇ ਡਰ, ਚੌਥੇ ਪਦ ਨਾ ਕੋਈ ਸਮਾਈਆ । ਕੂੜੀ ਕਿਰਿਆ ਕੋਟ ਗੜ੍ਹ, ਕਾਇਆ ਕੰਚਨ ਰੂਪ ਨਾ ਕੋਇ ਵਟਾਈਆ । ਸ੍ਰਿਸ਼ਟ ਸਬਾਈ ਰਹੀ ਸੜ, ਤ੍ਰੈਗੁਣ ਅਗਨੀ ਤਤ ਤਪਾਈਆ । ਗੁਰਮੁਖ ਗੁਰਸਿਖ ਤੇਰਾ ਭਾਣਾ ਰਹੇ ਜਰ, ਅੰਤਰ ਅੰਤਰ ਧਿਆਨ ਲਗਾਈਆ । ਨਾ ਜਿਉਂਦੇ ਨਾ ਗਏ ਮਰ, ਇਕੋ ਤੇਰੀ ਆਸ ਤਕਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਘਰ ਸਵਾਮੀ ਆ ਕੇ ਵੜ, ਗ੍ਰਿਹ ਮੰਦਰ ਕੁੰਡਾ ਲਾਹੀਆ । ਹੌਲੀ ਹੌਲੀ ਸਚ ਦਵਾਰੇ ਚੜ੍ਹ, ਘਰ ਘਰ ਵਿਚ ਸੋਭਾ ਪਾਈਆ । ਆਪਣਾ ਮੰਤਰ ਅੰਤਰ ਆ ਕੇ ਪੜ੍ਹ, ਸਾਚਾ ਢੋਲਾ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾ ਇਕੋ ਘਰ, ਜਿਸ ਘਰ ਤੇਰਾ ਨੂਰ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਜਨ ਭਗਤਾਂ ਤੇਰੀ ਉਡੀਕ, ਧਿਆਨ ਇਕੋ ਇਕ ਲਗਾਈਆ । ਮਿਹਰ ਨਜ਼ਰ ਕਰ ਲਾਸ਼ਰੀਕ, ਸ਼ਰਕਤ ਪਿਛਲੀ ਦੇ ਗੁਆਈਆ । ਤੇਰੇ ਵਿਚ ਇਕ ਤੌਫੀਕ, ਤਾਰੀਫ਼ ਤੇਰੀ ਵੱਡੀ ਵਡ ਵਡਿਆਈਆ । ਚਰਨ ਕਵਲ ਦੇ ਪ੍ਰੀਤ, ਪ੍ਰੀਤੀਵਾਨ ਪਰਮ ਪੁਰਖ ਤੇਰੀ ਸਰਨਾਈਆ । ਸਾਚਾ ਢੋਲਾ ਸੁਣਾ ਅਗੰਮੀ ਗੀਤ, ਧੁਰ ਦਾ ਰਾਗ ਇਕ ਸ਼ਨਵਾਈਆ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਘਰ ਨਜ਼ਰੀ ਆਏ ਮੱਕਾ ਕਾਅਬਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਇਕੋ ਇਕ ਜਣਾਈਆ । ਆਦਿ ਅੰਤ ਦੀ ਤੇਰੀ ਰੀਤ, ਜੁਗਾ ਜੁਗੰਤ ਵੇਖ ਵਖਾਈਆ । ਤੇਰਾ ਲੇਖਾ ਬੀਸ ਬੀਸ, ਨਿਰਗੁਣ ਸਰਗੁਣ ਕਾਰ ਕਮਾਈਆ । ਤੇਰਾ ਕਲਮਾ ਇਕ ਹਦੀਸ, ਹਜ਼ਰਤ ਤੇਰੀ ਪੜ੍ਹਾਈਆ । ਤੇਰਾ ਅੰਕ ਸਚ ਇਕੀਸ, ਦੂਆ ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਵੇਖ ਮੁਰਸ਼ਦ ਮੁਰੀਦ, ਮਦਦ ਤੇਰੀ ਇਕ ਤਕਾਈਆ ।

੬੭੨
੧੯

ਸਾਚਾ ਜਲਵਾ ਦੇ ਨੂਰੀ ਦੀਦ, ਦੀਦਾ ਦਾਨਿਸਤਾ ਨਜ਼ਰੀ ਆਈਆ । ਈਸਾ ਮੂਸਾ ਮੁਹੰਮਦ ਦੇ ਕੇ ਗਏ ਰਸੀਦ, ਉਮਤ ਉਮਤੀ ਆਪ ਸਮਝਾਈਆ । ਸਦੀ ਚੌਧਵੀਂ ਵਕਤ ਕਰੀਬ, ਪਰਵਰਦਿਗਾਰ ਵੇਸ ਵਟਾਈਆ । ਦੋ ਜਹਾਨਾਂ ਬਣ ਤਬੀਬ, ਲੱਖ ਚੁਰਾਸੀ ਵੇਖ ਵਖਾਈਆ । ਕਰੇ ਖੇਲ ਇਕ ਅਜੀਬ, ਨੂਰ ਨੁਰਾਨਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਮੁਰੀਦ ਮੁਰਸ਼ਦ ਆ ਕੇ ਤੱਕ, ਤਾਕਤਵਰ ਤੇਰੀ ਸਰਨਾਈਆ । ਕਰ ਨਿਵੇੜਾ ਹੱਕੋ ਹੱਕ, ਹਕੀਕਤ ਤੇਰੇ ਵਿਚ ਨਜ਼ਰੀ ਆਈਆ । ਲੇਖਾ ਚੁੱਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਡੇਰਾ ਢਾਹੀਆ । ਸੱਚਾ ਮਾਰਗ ਇਕ ਦੱਸ, ਚਾਰ ਵਰਨ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਅਗੰਮ ਅਥਾਹ ਤੇਰੇ ਹੱਥ ਵਡਿਆਈਆ । ਸ੍ਰੀ ਭਗਵਾਨ ਪਿਆ ਹੱਸ, ਜਨ ਭਗਤਾਂ ਆਖ ਜਣਾਈਆ । ਆਦਿ ਜੁਗਾਦਿ ਮੇਰੇ ਵਸ, ਜੁਗ ਚੌਕੜੀ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਦੱਸ, ਇਕਾਵਨ ਬਾਵਨ ਬੰਧਨ ਇਕ ਪਵਾਈਆ । ਸ਼ਬਦ ਸਰੂਪੀ ਖੇਲ ਸਮਰਥ, ਪਿਤਾ ਪੂਤ ਦਏ ਵਡਿਆਈਆ । ਅੰਤਮ ਸਭ ਦੇ ਖਾਲੀ ਕਰ ਕੇ ਹੱਥ, ਖ਼ਾਲਕ ਖ਼ਲਕ ਦਏ ਵਖਾਈਆ । ਜਨ ਭਗਤਾਂ ਦੇ ਅਗੰਮੀ ਵਥ, ਵਸਲ ਆਪਣਾ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਜਨ ਭਗਤ ਮਾਰੇ ਤਾਲੀ, ਹਰਿ ਕਰਤਾ ਖ਼ੁਸ਼ੀ ਵਖਾਇੰਦਾ । ਪੁਰਖ ਅਬਿਨਾਸ਼ੀ ਕਰੇ ਦਲਾਲੀ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਜਲਵਾ ਨੂਰ ਜੋਤ ਜਲਾਲੀ, ਜਾਹਰ ਜਹੂਰ ਪਰਦਾ ਲਾਹਿੰਦਾ । ਜਗਤ ਵੇਖ ਹੱਕ ਹਲਾਲੀ, ਚਾਰੇ ਕੁੰਟ ਖੋਜ ਖੁਜਾਇੰਦਾ । ਹਰ ਘਟ ਹੋ ਕੇ ਧੁਰ ਦਾ ਮਾਲੀ, ਗੁਰਮੁਖ ਸਾਚੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵਡ ਵਡਿਆਇੰਦਾ । ਜਨ ਭਗਤੋ ਗਾਵੋ ਗੀਤ, ਸਦ ਢੋਲਾ ਇਕ ਜਣਾਈਆ । ਆਦਿ ਜੁਗਾਦੀ ਜਿਸ ਦੀ ਰੀਤ, ਸੋ ਰੀਤੀਵਾਨ ਫੇਰਾ ਪਾਈਆ । ਇਕੋ ਦੱਸੇ ਚਰਨ ਪ੍ਰੀਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਚ ਦਵਾਰਾ ਮੰਦਰ ਮਸੀਤ, ਸਚਖੰਡ ਨਿਵਾਸੀ ਇਕ ਵਖਾਈਆ । ਜਿਸ ਘਰ ਵਸੇ ਊਚ ਨੀਚ, ਰਾਓ ਰੰਕ ਮਿਲੇ ਵਡਿਆਈਆ । ਸੋ ਸਾਹਿਬ ਭਿਛਿਆ ਪਾਏ ਭੀਖ, ਧੁਰ ਦੀ ਵਸਤ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਗਏ ਉਡੀਕ, ਤਾਰੀਫ਼ ਅੱਖਰਾਂ ਨਾਲ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਈਆ । ਹਰਿਜਨ ਗਾਓ ਗਹਿਰ ਗੰਭੀਰ, ਗੁਣਵੰਤਾ ਆਪ ਜਣਾਈਆ । ਨਜ਼ਰੀ ਆਏ ਵਡ ਪੀਰਨ ਪੀਰ, ਦਸਤਗੀਰ ਇਕ ਅਖਵਾਈਆ । ਸ਼ਰਅ ਕੱਟ ਜਗਤ ਜ਼ੰਜੀਰ, ਤਕਦੀਰ ਦਏ ਬਦਲਾਈਆ । ਆਪਣੇ ਹੱਥ ਰੱਖ ਨਾਮ ਸ਼ਮਸ਼ੀਰ, ਦੋਹਰੀ ਧਾਰ ਰਿਹਾ ਚਮਕਾਈਆ । ਲੇਖਾ ਜਾਣ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਨੂੰ ਲੱਭਦੇ ਪੀਰ ਫ਼ਕੀਰ, ਚਾਰੋਂ ਕੁੰਟ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਦਏ ਵਡਿਆਈਆ । ਹਰਿਜਨ ਵੇਖੋ ਹਰਿ ਕਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਜਨ ਭਗਤਾਂ ਆਪਣੀ ਸੇਜ ਪਲੰਘ, ਸੋਹਣੀ ਸਚ ਹੰਢਾਈਆ । ਉਪਰ ਬੈਠ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਆਸਣ ਲਾਈਆ । ਨਾਮ ਨਿਧਾਨ ਵਜਾਏ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਈਆ । ਨਿਜ ਦੇਵੇ ਇਕ

ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਸੁਰਤੀ ਸ਼ਬਦ ਮਿਲ ਕੇ ਗਾਏ ਛੰਦ, ਸੋਹੰ ਢੋਲਾ ਇਕ ਸੁਣਾਈਆ । ਜਨਮ ਜਨਮ ਦਾ ਮੁਕਾਵੇ ਪੰਧ, ਲੱਖ ਚੁਰਾਸੀ ਡੇਰਾ ਢਾਹੀਆ । ਕਲਜੁਗ ਅਗਨੀ ਪਾਵੇ ਠੰਡ, ਅੰਮ੍ਰਿਤ ਮੇਘ ਬੂੰਦ ਬਰਸਾਈਆ । ਦੂਈ ਦਵੈਤੀ ਮੇਟੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਗੁਰਮੁਖ ਗੁਰ ਗੁਰ ਚਾੜ੍ਹੇ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਵਰਤਾਈਆ । ਸਦਾ ਸੁਹੇਲਾ ਨਿਭਾਏ ਧੁਰ ਦਾ ਸੰਗ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਦੇਵੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਪਾਰ ਕਰਾਈਆ । ਅੰਤਮ ਲੈ ਕੇ ਜਾਏ ਵਿਚ ਸਚਖੰਡ, ਸਚ ਦਵਾਰੇ ਆਪ ਟਿਕਾਈਆ । ਪਰਮ ਪੁਰਖ ਦਾ ਪਰਮਾਨੰਦ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜੁਗ ਜਨਮ ਦੇ ਵਿਛੜਿਆਂ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਮਿਹਰ ਨਜ਼ਰ ਇਕ ਉਠਾਈਆ । ਪੂਰੀ ਕਰੇ ਆਸਾ ਮਨਸਾ ਮੰਗ, ਮਾਂਗਤ ਭਿਛਿਆ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਏ ਲਗਾਈਆ । ਜਨ ਭਗਤ ਕਹੇ ਪ੍ਰਭ ਕੀ ਦੇਵੇਂਗਾ ਦਾਤ, ਦਰ ਤੇਰੇ ਅਲਖ ਜਗਾਈਆ । ਸਚ ਮੇਟੇਂਗਾ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਪਰੇ ਹਟਾਈਆ । ਚਾਰ ਵਰਨ ਬਣਾਏਂਗਾ ਇਕ ਜਮਾਤ, ਦੀਨ ਮਜ਼੍ਹਬ ਜਾਤ ਪਾਤ ਡੇਰਾ ਢਾਹੀਆ । ਨਿਰਗੁਣ ਹੋ ਕੇ ਸਰਗੁਣ ਦੇਵੇਂ ਆਪਣਾ ਸਾਥ, ਸਗਲਾ ਸੰਗ ਰਖਾਈਆ । ਸਚ ਦੱਸ ਕਵਣ ਮੰਤਰ ਦੱਸੇਂ ਪਾਠ, ਪੂਜਾ ਇਕੋ ਇਕ ਸਮਝਾਈਆ । ਸ੍ਰੀ ਭਗਵਾਨ ਕਹੇ ਸ਼ਾਬਾਸ਼, ਜਨ ਭਗਤ ਤੇਰੀ ਵਡਿਆਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਪਾਇਆ ਜਾਪ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਜਿਸ ਜਪਿਆਂ ਜਨਮ ਜਨਮ ਦਾ ਰਹੇ ਕੋਈ ਨਾ ਪਾਪ, ਪਤਿਤ ਪਾਪੀ ਪੁਨੀਤ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦਵਾਰੇ ਸਾਰੇ ਰਹੇ ਆਖ, ਵਾਹ ਵਾਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਤੇਰੀ ਸਚ ਸਰਨਾਈਆ । ਜਨ ਭਗਤ ਉਤਾਰੇ ਆਪਣੇ ਘਾਟ, ਪੱਤਣ ਬਹਿ ਕੇ ਸੱਚੇ ਮਾਹੀਆ । ਕਲਜੁਗ ਅੰਤਰ ਆਤਮ ਮਾਰ ਆਵਾਜ਼, ਗੁਰਮੁਖ ਸੋਏ ਰਿਹਾ ਜਗਾਈਆ । ਕੋਟਾਂ ਵਿਚੋਂ ਵਿਰਲੇ ਦੱਸੇ ਰਾਜ਼, ਆਪਣਾ ਭੇਵ ਖੁਲ੍ਹਾਈਆ । ਤਿਨ੍ਹਾਂ ਭੁੱਲ ਜਾਏ ਪੂਜਾ ਪਾਠ ਪੜ੍ਹਨੀ ਨਮਾਜ਼, ਸਜਦਾ ਸੀਸ ਜਗਦੀਸ਼ ਇਕ ਕਰਾਈਆ । ਮੱਕਾ ਕਾਅਬਾ ਛੱਡ ਕੇ ਹਾਜੀ ਹਾਜ, ਹੁਜਰਾ ਤੇਰਾ ਵੇਖ ਵਖਾਈਆ । ਜਿਸ ਘਰ ਮੰਦਰ ਮਹਲ ਅਟੱਲ ਮਹਿਬੂਬ ਮੁਹੱਬਤ ਕਰੇ ਸਾਚ, ਸਚ ਸਾਚਾ ਮੇਲ ਮਿਲਾਈਆ । ਸੋ ਸਾਹਿਬ ਬਣ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਭਗਤ ਕਹੇ ਪ੍ਰਭ ਵੇਲਾ ਕਿਹੜਾ, ਸਚ ਸਚ ਦੇ ਦ੍ਰਿੜਾਈਆ । ਜਿਸ ਵੇਲੇ ਮੇਟੇਂ ਝੂਠਾ ਝੇੜਾ, ਕਲਜੁਗ ਝਗੜਾ ਰਹਿਣ ਨਾ ਪਾਈਆ । ਉਜੜਿਆਂ ਵਸਾਵੇਂ ਫੇਰ ਖੇੜਾ, ਰੁੱਤ ਬਸੰਤੀ ਗੁਲਸ਼ਨ ਵਿਚ ਗੁਲ ਆਪ ਮਹਿਕਾਈਆ । ਡੁੱਬਦਾ ਤਾਰੇਂ ਫੜ ਕੇ ਬੇੜਾ, ਭਾਰ ਆਪਣੇ ਕੰਧ ਉਠਾਈਆ । ਬੇਪਰਵਾਹ ਨੌ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਰਿਹੋਂ ਕਰਕੇ ਵੱਡਾ ਜੇਰਾ, ਬੇਤਰਸ ਤੈਨੂੰ ਤਰਸ ਕੋਇ ਨਾ ਆਈਆ । ਲੱਖ ਚੁਰਾਸੀ ਫੇਰਦਾ ਰਿਹਾ ਗੇੜਾ, ਗੇੜਾ ਗੇੜੇ ਨਾਲ ਭਵਾਈਆ । ਮਿਹਰਵਾਨ ਸ੍ਰੀ ਭਗਵਾਨ ਹੁਣ ਕਰ ਆਪਣੀ ਮਿਹਰਾ, ਮਿਹਰਵਾਨ ਕਿਉਂ ਬੈਠਾ ਮੁਖ ਛੁਪਾਈਆ । ਤੇਰਿਆਂ ਭਗਤਾਂ ਤੇਰੇ ਚਰਨ ਲਾਇਆ ਡੇਰਾ, ਦੂਜੀ ਓਟ ਨਾ ਕੋਇ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਹੇ ਮੈਂ ਖੁਲ੍ਹਾ ਕਰਾਂ ਵਿਹੜਾ, ਦੋ ਜਹਾਨ


੬੭੪
੧੯

ਇਕ ਘਰ ਵਖਾਈਆ । ਸਚਖੰਡ ਜਨ ਭਗਤ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਬਹੁਤਿਆਂ ਵਿਚੋਂ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੱਚਾ ਸਚ ਬਬੇਰਾ, ਜਿਸ ਦਾ ਮਾਰਗ ਵੇਖੇ ਜਗਤ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ਼ਬਦੀ ਸ਼ੇਰਾ, ਪੰਜ ਤਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਬਿਨ ਭਗਤੀ ਪਾਰ ਕਰਾਈਆ । ਭਗਤ ਕਹੇ ਕੀ ਭਗਤੀ ਲੋੜ, ਲੋਹੜਾ ਭਗਤੀ ਕੰਮ ਕਿਸੇ ਨਾ ਆਈਆ । ਜਿਸ ਜਨ ਆਪਣੇ ਚਰਨ ਕਵਲ ਲਏ ਜੋੜ, ਦਰਗਾਹ ਸਾਚੀ ਮਿਲੇ ਮਾਣ ਵਡਿਆਈਆ । ਤੁਧ ਬਿਨ ਦੱਸ ਕਿਹੜਾ ਹੋਰ, ਜਿਸ ਦੀ ਮੰਗੀਏ ਜਾ ਸ਼ਰਨਾਈਆ । ਤੇਰਾ ਮੰਤਰ ਆਦਿ ਜੁਗਾਦਿ ਫੁਰਨਾ ਫੇਰ, ਕੂੜੀ ਕਿਰਿਆ ਦਏ ਮੁਕਾਈਆ । ਤੇਰਾ ਪਰਕਾਸ਼ ਅੰਧ ਘੋਰ, ਸਾਚਾ ਨੂਰ ਤੇਰੀ ਰੁਸ਼ਨਾਈਆ । ਪ੍ਰਭੂ ਸਦ ਤੈਨੂੰ ਭਗਤਾਂ ਲੋੜ, ਜਨ ਭਗਤਾਂ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਜਨ ਭਗਤੋ ਮੈਂ ਸੇਵਕ ਇਕ, ਪੁਰਖ ਅਕਾਲ ਦਏ ਜਣਾਈਆ । ਨਿਤ ਨਵਿਤ ਤੁਹਾਡਾ ਲੇਖਾ ਦੇਵਾਂ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਲੱਖ ਚੁਰਾਸੀ ਦੇ ਕੇ ਪਿਠ, ਜੁਗ ਚੌਕੜੀ ਕਰਵਟ ਨਾ ਕਦੇ ਬਦਲਾਈਆ । ਸੰਤ ਸੁਹੇਲੇ ਰੱਖਾਂ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਅੰਦਰ ਵੜ ਕੇ ਦੱਸਿਆ ਭੇਤ, ਬਾਹਰੋਂ ਕਰੀ ਨਾ ਕੋਈ ਪੜ੍ਹਾਈਆ । ਇਹੋ ਪ੍ਰਭੂ ਦੀ ਅਚਰਜ ਖੇਡ, ਜਿਹੜੀ ਹੱਥ ਕਿਸੇ ਨਾ ਆਈਆ । ਜਗਤ ਨੇਤਰ ਸਾਰੇ ਰਹੇ ਵੇਖ, ਬਿਨ ਸਤਿਗੁਰ ਨੇਤਰ ਸਾਰ ਕੋਇ ਨਾ ਪਾਈਆ । ਜਨ ਭਗਤੋ ਲੋਕਮਾਤ ਪ੍ਰਭ ਪਹਿਲੋਂ ਭੇਜ, ਫੇਰ ਆਪਣੇ ਨਾਲ ਮਿਲਾਈਆ । ਕਾਇਆ ਮੰਦਰ ਅੰਦਰ ਚੜ੍ਹ ਕੇ ਮਾਣੇ ਸੋਹਣੀ ਸੇਜ, ਛੈਲ ਛਬੀਲਾ ਬੇਪਰਵਾਹੀਆ । ਉਠੋ ਵੇਖੋ ਨੇਤਰ ਲੋਚਣ ਨੈਣ ਲਓ ਪੇਖ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਨੁਰਾਨਾ ਨਿਰਗੁਣ ਇਕੋ ਨਜ਼ਰੀ ਆਈਆ । ਹਰਿਜਨ ਕਰੇ ਸਾਚਾ ਹੇਤ, ਹਿਤਕਾਰੀ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕਰ ਆਪਣੀ ਭੇਟ, ਭੇਟਾ ਗੁਰਮੁਖ ਲਏ ਚੜ੍ਹਾਈਆ ।

### ★ ੧੯ ਫੱਗਣ ੨੦੨੦ ਬਿਕ੍ਰਮੀ ਜੱਸਾ ਸਿੰਘ ਦੇ ਗ੍ਰਿਹਿ ਪਹੇਵਾ ਨਹਿਰ ਕਾਲੋਨੀ ਜ਼ਿਲਾ ਕਰਨਾਲ ★

ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਦੇਵੇ ਦਾਨ, ਗੁਰ ਅਵਤਾਰ ਪੀਰ ਪੈਗੰਬਰ ਭੇਵ ਚੁਕਾਇੰਦਾ । ਜਨ ਭਗਤਾਂ ਉਪਰ ਹੋ ਮਿਹਰਵਾਨ, ਨੇਤਰ ਲੋਚਣ ਅੱਖ ਇਕ ਖੁਲ੍ਹਾਇੰਦਾ । ਆਤਮ ਪਰਮਾਤਮ ਦੇ ਕੇ ਦਾਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਲੱਖ ਚੁਰਾਸੀ ਦੇਵੇ ਇਕ ਗਿਆਨ, ਸ਼ਬਦ ਅਨਾਦੀ ਬੋਧ ਅਗਾਧ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਕਰਨੀ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਖੇਲ ਨਿਰੰਕਾਰ, ਹਰਿ ਕਰਤਾ ਆਪ ਕਰਾਈਆ । ਸਚਖੰਡ ਨਿਵਾਸੀ ਬੈਠ ਸੱਚੇ ਦਰਬਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਹੁਕਮੀ ਹੁਕਮ ਇਕ ਵਰਤਾਰ, ਦੋ ਜਹਾਨਾਂ ਵਾਲੀ ਆਪ ਜਣਾਈਆ । ਸ਼ਬਦ ਦੁਲਾਰਾ ਕਰ ਸਿਕਦਾਰ, ਬ੍ਰਹਿਮੰਡ ਖੰਡ ਗਗਨ ਗਗਨੰਤਰ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਦ੍ਰਿੜਾਈਆ । ਤ੍ਰੈਗੁਣ

੬੭੯

ਮਾਇਆ ਭਰ ਭੰਡਾਰ, ਪੰਚਮ ਮੇਲਾ ਸਹਿਜ ਸੁਭਾਈਆ । ਘਾੜਤ ਘੜ ਅਗੰਮ ਅਪਾਰ, ਚਾਰੇ ਖਾਣੀ ਸੋਭਾ ਪਾਈਆ । ਚਾਰੇ ਬਾਣੀ ਬੋਲ ਜੈਕਾਰ, ਸ਼ਬਦ ਅਨਾਦੀ ਰਾਗ ਸੁਣਾਈਆ । ਭੇਵ ਅਭੇਦਾ ਖੋਲ੍ਹ ਧੁਰ ਦਰਬਾਰ, ਅਨੁਭਵ ਆਪਣਾ ਰਾਹ ਜਣਾਈਆ । ਲੇਖਾ ਜਾਣ ਗੁਰ ਅਵਤਾਰ, ਪੀਰ ਪੈਗ਼ੰਬਰ ਮੁਰੀਦ ਮੁਰਸ਼ਦ ਪਰਦਾ ਆਪ ਉਠਾਈਆ । ਧੁਰ ਸੰਦੇਸਾ ਨਰ ਨਰੇਸ਼ਾ ਦੇਵੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖ ਵਖਾਈਆ । ਨਵ ਨੌ ਚਾਰ ਜਾਣੇ ਕਾਰ, ਦਹਿ ਦਿਸ਼ਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸ੍ਰੀ ਭਗਵਾਨ, ਜੁਗ ਚੌਕੜੀ ਆਪ ਕਰਾਇੰਦਾ । ਦੇਵਣਹਾਰਾ ਧੁਰ ਦਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਨਿਤ ਨਵਿਤ ਹੋ ਪਰਧਾਨ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਜਗਦੀਸ਼, ਜਗ ਜੀਵਣ ਦਾਤਾ ਆਪ ਵਰਤਾਈਆ । ਜੁਗ ਚੌਕੜੀ ਨਾਮ ਹਦੀਸ, ਕਲਮਾ ਹੱਕ ਹੱਕ ਸਮਝਾਈਆ । ਲੱਖ ਚੁਰਾਸੀ ਪੀਸਣ ਪੀਸ, ਘਟ ਘਟ ਵੇਖੇ ਥਾਉਂ ਥਾਈਂਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸੇ ਸੱਚੀ ਰੀਤ, ਸਾਚੀ ਸਿਖਿਆ ਇਕ ਸਮਝਾਈਆ । ਖੇਲਾਂ ਖੇਲ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਰੰਗ ਵਖਾਈਆ । ਲੇਖਾ ਜਾਣ ਊਚ ਨੀਚ, ਰਾਓ ਰੰਕ ਦੇਵਣਹਾਰ ਵਡਿਆਈਆ । ਸਭ ਤੋਂ ਉਤਮ ਦੱਸੇ ਪਾਰਬ੍ਰਹਮ ਪਤਿਪਰਮੇਸ਼ਵਰ ਚਰਨ ਪ੍ਰੀਤ, ਪਰਵਰਦਿਗਾਰ ਸੱਚੀ ਸਰਨਾਈਆ । ਜਿਸ ਘਰ ਲੇਖਾ ਚੁੱਕੇ ਹਸਤ ਕੀਟ, ਨਿਰਧਨ ਸਰਧਨ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੇ ਹੱਥ ਰੱਖੇ ਵਡਿਆਈਆ । ਸਤਿ ਸਤਿਵਾਦੀ ਪਾਰਬ੍ਰਹਮ, ਪਰਮ ਪੁਰਖ ਇਕ ਅਖਵਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਇੰਦਾ । ਜੁਗ ਚੌਕੜੀ ਜਾਣੇ ਕੰਮ, ਨਿਹਕਰਮੀ ਕਰਮ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੇੜਾ ਬੰਨ੍ਹ, ਧੁਰ ਫੁਰਮਾਨਾ ਹੁਕਮ ਸੁਣਾਇੰਦਾ । ਏਕਾ ਰਾਗ ਨਾਦ ਸੁਣਾਏ ਬਿਨ ਕੰਨ, ਧੁਨ ਅਨਾਦੀ ਨਾਦ ਵਜਾਇੰਦਾ । ਨਿਰਮਲ ਜੋਤ ਪਰਕਾਸ਼ ਕਰੇ ਧੁਰ ਦਾ ਚੰਨ, ਸੂਰਜ ਚੰਨ ਨੈਣ ਸ਼ਰਮਾਇੰਦਾ । ਲੇਖਾ ਜਾਣ ਕਾਇਆ ਪੰਜ ਤਤ ਤਨ, ਗ੍ਰਿਹ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਰੇ ਨਿਰੰਕਾਰ, ਨਿਰਗੁਣ ਨਿਰਵੈਰ ਬੇਪਰਵਾਹੀਆ । ਜੁਗ ਚੌਕੜੀ ਵੇਖੇ ਚਾਰ, ਚਾਰੇ ਵੇਦ ਸੰਗ ਨਿਭਾਈਆ । ਚਾਰੇ ਵਰਨ ਕਰ ਪਿਆਰ, ਚਾਰੇ ਖਾਣੀ ਖੋਜ ਖੁਜਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪਣੀ ਧਾਰ ਜਣਾਈਆ । ਚਾਰੋਂ ਕੁੰਟ ਹੋ ਉਜਿਆਰ, ਚਾਰ ਯਾਰੀ ਜੋੜ ਜੁੜਾਈਆ । ਚੌਥੇ ਪਦ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਗੁਰਮੁਖ ਹਰਿਜਨ ਭਗਤ ਸੁਹੇਲੇ ਸੱਦੇ ਕਰ ਪਿਆਰ, ਨਾਮ ਸੰਦੇਸਾ ਇਕ ਸੁਣਾਈਆ । ਕਾਗਦ ਕਲਮ ਨਾ ਲਿਖਣਹਾਰ, ਕਾਤਬ ਕਰੇ ਨਾ ਕੋਇ ਲਿਖਾਈਆ । ਜਗਤ ਮਜਲਸ ਨਾ ਕੋਇ ਗੁਫਤਾਰ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਮਨ ਮਤ ਬੁਧ ਨਾ ਪਾਵੇ ਸਾਰ, ਜੀਵ ਜੰਤ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾ ਕੇ ਸੇਵਾਦਾਰ, ਸਾਚੀ ਸੇਵਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਬੇਪਰਵਾਹੀਆ ।

ਹਰਿ ਕਰਤਾ ਆਦਿ ਜੁਗਾਦੀ ਬੇਪਰਵਾਹ, ਬੇਅੰਤ ਬੇਅੰਤ ਬੇਅੰਤ ਅਖਵਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਦੋ ਜਹਾਨ ਚਲਾਇੰਦਾ । ਸ਼ਬਦ ਅਗੰਮੀ ਦੇ ਸਲਾਹ, ਸਤਿ ਸਤਿਵਾਦੀ ਆਪ ਪੜ੍ਹਾਇੰਦਾ । ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹਾ, ਪੜਦਾ ਉਹਲਾ ਆਪ ਉਠਾਇੰਦਾ । ਜੋਤੀ ਜਲਵਾ ਨੂਰ ਕਰ ਰੁਸ਼ਨਾ, ਹੱਕ ਹਕੀਕਤ ਲਾਸ਼ਰੀਕ ਆਪ ਜਣਾਇੰਦਾ । ਦਰਗਾਹ ਸਾਚੀ ਸੋਭਾ ਪਾ, ਮੁਕਾਮੇ ਹੱਕ ਡੇਰਾ ਲਾਇੰਦਾ । ਨੌਬਤ ਨਾਮ ਇਕ ਵਜਾ, ਕਲਮਾ ਨਬੀ ਰਸੂਲ ਸੁਣਾਇੰਦਾ । ਮਹਿਬੂਬ ਖੇਲ ਕਰੇ ਇਕ ਖ਼ੁਦਾ, ਵਾਹਦ ਆਪਣੀ ਕਾਰ ਕਮਾਇੰਦਾ । ਸਚਖੰਡ ਨਿਵਾਸੀ ਨਿਰਗੁਣ ਜੋਤ ਕਰ ਰੁਸ਼ਨਾ, ਮਹਲ ਅਟੱਲ ਸੋਭਾ ਪਾਇੰਦਾ । ਦੀਵਾ ਬਾਤੀ ਕਮਲਾਪਾਤੀ ਇਕ ਜਗਾ, ਅੰਧ ਅੰਧੇਰ ਨਾ ਕੋਇ ਰਖਾਇੰਦਾ । ਲੇਖਾ ਜਾਣੇ ਦੋ ਜਹਾਂ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਜੇਰਜ ਅੰਡ ਰਚਨ ਰਚਾ, ਉਤਭੁਜ ਸੇਤਜ ਆਪਣਾ ਰੰਗ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸੰਦੇਸਾ ਇਕ ਸੁਣਾ, ਲੋਕਮਾਤ ਮਾਤ ਵਡਿਆਇੰਦਾ । ਤੇਈ ਅਵਤਾਰਾਂ ਬੰਧਨ ਪਾ, ਭਗਤ ਅਠਾਰਾਂ ਰੰਗ ਵਖਾਇੰਦਾ । ਈਸਾ ਮੂਸਾ ਮੁਹੰਮਦ ਨੇਤਰ ਨੈਣ ਖੁਲ੍ਹਾ, ਕਲਮਾ ਕਾਇਨਾਤ ਦ੍ਰਿੜ੍ਹਾਇੰਦਾ । ਨਾਨਕ ਨਿਰਗੁਣ ਗੋਬਿੰਦ ਜੋਤੀ ਜੋਤ ਜਗਾ, ਜੋਤੀ ਜਾਤਾ ਡਗਮਗਾਇੰਦਾ । ਧੁਰ ਸੰਦੇਸਾ ਇਕ ਸੁਣਾ, ਸਾਹਿਬ ਸੁਲਤਾਨ ਆਪਣਾ ਰਾਹ ਵਖਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਕਲਕਾਤੀ ਜਾਏ ਆ, ਸ੍ਰਿਸ਼ਟ ਸਬਾਈ ਅੰਧੇਰਾ ਛਾਇੰਦਾ । ਸਤਿ ਧਰਮ ਨਾ ਦੀਸੇ ਨਾਂ, ਸਚ ਸੁੱਚ ਨਾ ਕੋਇ ਵਡਿਆਇੰਦਾ । ਜਨ ਭਗਤਾਂ ਮਿਲੇ ਨਾ ਕੋਈ ਥਾਂ, ਥਾਨ ਥਨੰਤਰ ਸੋਭਾ ਕੋਇ ਨਾ ਪਾਇੰਦਾ । ਪਿਆਰ ਰਹੇ ਨਾ ਪੁੱਤਰ ਮਾਂ, ਪਿਤਾ ਪੂਤ ਨਾ ਗੋਦ ਸੁਹਾਇੰਦਾ । ਹੰਸ ਬੁਧੀ ਹੋਏ ਕਾਂ, ਕਲਜੁਗ ਜੀਵ ਕਾਗ ਵਾਂਗ ਕੁਰਲਾਇੰਦਾ । ਪਾਰਬ੍ਰਹਮ ਤੇਰਾ ਨਾਉਂ ਸਾਰੇ ਜਾਣ ਭੁੱਲਾ, ਹਰਿ ਮੰਦਰ ਅੰਦਰ ਬਹਿ ਕੇ ਦਰਸ ਕੋਇ ਨਾ ਪਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹ, ਅਠਸਠ ਮਾਣ ਨਾ ਕੋਇ ਰਖਾਇੰਦਾ । ਕੂੜੀ ਕਿਰਿਆ ਚਾਰੋਂ ਕੁੰਟ ਚੜ੍ਹੇ ਚਾ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਨਜ਼ਰੀ ਆਇੰਦਾ । ਸਾਚਾ ਇਸ਼ਟ ਦੇਵ ਸਵਾਮੀ ਕੋਈ ਨਾ ਸਕੇ ਮਨਾ, ਬੰਸਰੀ ਘਨੱਈਆ ਸ਼ਾਮ ਨਾਮ ਨਾਦ ਨਾ ਕੋਇ ਸੁਣਾਇੰਦਾ । ਸੀਤਾ ਸੁਰਤੀ ਰਾਮ ਸਕੇ ਨਾ ਕੋਇ ਪਰਨਾ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਇੰਦਾ । ਨਿਰਗੁਣ ਮੇਲਾ ਸਕੇ ਨਾ ਕੋਇ ਮਿਲਾ, ਗੁਰ ਚੇਲਾ ਰੂਪ ਨਾ ਕੋਇ ਵਟਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰ ਧੀਆਂ ਭੈਣਾਂ ਰਹੇ ਤਕਾ, ਕੂੜੀ ਕਿਰਿਆ ਤਨ ਦੂਰ ਨਾ ਕੋਇ ਕਰਾਇੰਦਾ । ਮਨ ਵਾਸਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਵੇਖ ਜਗ, ਚਾਰੋਂ ਕੁੰਟ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਲੱਗੀ ਅੱਗ, ਤ੍ਰੈ ਪੰਜ ਕਰੇ ਲੜਾਈਆ । ਵਰਨ ਬਰਨ ਰਹੇ ਭੱਜ, ਜਾਤ ਪਾਤ ਨਾਲ ਮਿਲਾਈਆ । ਨਾੜ ਬਹੱਤਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭੁੱਲੀ ਬ੍ਰਹਮ ਮਤ, ਵਿਦਿਆ ਬ੍ਰਹਮ ਨਾ ਕੋਇ ਪੜ੍ਹਾਈਆ । ਪਰਮ ਪੁਰਖ ਪਰਮਾਤਮ ਚਰਨ ਕਵਲ ਨਾ ਕੋਇ ਨਤ, ਨਾਤਾ ਬਿਧਾਤਾ ਨਾ ਕੋਇ ਜੁੜਾਈਆ । ਪ੍ਰਭ ਮਿਲਣ ਦੀ ਕਿਸੇ ਨਾ ਖੁਲ੍ਹੇ ਅੱਖ, ਨਿਜ ਨੇਤਰ ਕਰੇ ਨਾ ਕੋਇ ਰੁਸ਼ਨਾਈਆ । ਕਾਮ ਵਾਸਨਾ ਜਗਤ ਜਵਾਨੀ ਰਹੀ ਨੱਠ, ਜੋਬਨ ਸਚ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ

ਜਗਤ ਲੋਕਾਈਆ । ਵੇਖ ਲੋਕਾਈ ਲੋਕਮਾਤ, ਜਨ ਭਗਤ ਰਹੇ ਕੁਰਲਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਬੇਅੰਤ ਤੇਰੀ ਸਰਨਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਬੱਤੀ ਦੰਦ ਘਰ ਘਰ ਪੜ੍ਹਦੇ ਤੇਰਾ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ । ਜੀਵਾਂ ਜੰਤਾਂ ਕਰਦੇ ਘਾਤ, ਸਚ ਸੁੱਚ ਨਾ ਕੋਇ ਸਮਾਈਆ । ਗਿਆਨੀ ਧਿਆਨੀ ਰਹੇ ਆਖ, ਉਚੀ ਕੂਕ ਕੂਕ ਸਮਝਾਈਆ । ਪੰਡਤ ਪਾਂਧੇ ਕਰਨ ਬਾਤ, ਜਗਤ ਵਿਦਿਆ ਕਰੇ ਲੜਾਈਆ । ਮੁੱਲਾਂ ਸ਼ੇਖ਼ ਦੱਸਣ ਕਾਇਨਾਤ, ਕਲਮਾ ਹੱਕ ਰਸੂਲ ਸਮਝਾਈਆ । ਕੂੜੀ ਕਿਰਿਆ ਮਾਇਆ ਮਮਤਾ ਸਾਰੇ ਹੋਏ ਮੁਹਤਾਜ, ਮੁਹੱਬਤ ਤੇਰੇ ਨਾਲ ਨਾ ਕੋਇ ਰਖਾਈਆ । ਕਿਰਪਾ ਕਰ ਗ਼ਰੀਬ ਨਿਵਾਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਕੂੜਾ ਰੰਗ, ਹਰਿਜਨ ਕੂਕਣ ਦੇਣ ਦੁਹਾਈਆ । ਸ੍ਰੀ ਭਗਵਾਨ ਤੇਰਾ ਦੇਵੇ ਨਾ ਕੋਈ ਸੰਗ, ਨਾਤਾ ਜੁੜਿਆ ਕੂੜ ਲੋਕਾਈਆ । ਘਰ ਆਤਮ ਪਰਮਾਤਮ ਵੱਜੇ ਨਾ ਕੋਇ ਮਰਦੰਗ, ਸ੍ਰਿਸ਼ਟ ਸਬਾਈ ਕੂੜੇ ਤਾਲ ਰਹੀ ਵਜਾਈਆ । ਭੇਵ ਚੁੱਕੇ ਨਾ ਬ੍ਰਹਮ ਹੰ, ਸੋ ਸਚ ਨਾ ਕੋਇ ਸੁਹਾਈਆ । ਨਿਹਕਰਮੀ ਤੇਰਾ ਕਰੇ ਨਾ ਕੋਈ ਕਰਮ, ਕਰਮ ਕਾਂਡ ਫਸੀ ਸਰਬ ਲੋਕਾਈਆ । ਲੱਖ ਚੁਰਾਸੀ ਆਵੇ ਜਾਵੇ ਮਰੇ ਪਏ ਜੰਮ, ਜੰਮਣ ਮਰਨ ਗੇੜ ਨਾ ਕੋਇ ਕਟਾਈਆ । ਸਾਚਾ ਬੇੜਾ ਕੋਈ ਨਾ ਦੇਵੇ ਬੰਨ੍ਹ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਸਾਚਾ ਸੰਗ ਨਾ ਕੋਇ ਰਖਾਈਆ । ਲੱਗੀ ਅੱਗ ਪੰਜ ਤਤ ਤਨ, ਤਤਵ ਤਤ ਰਿਹਾ ਜਲਾਈਆ । ਦੋਏ ਨੇਤਰ ਹੋਏ ਅੰਨ੍ਹ, ਸਾਹਿਬ ਸਤਿਗੁਰ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਚ ਦਵਾਰੇ ਤੇਰੀ ਓਟ ਤਕਾਈਆ । ਜਨ ਭਗਤ ਕਹਿਣ ਪ੍ਰਭ ਕਲ ਵੇਖ ਅੰਧੇਰਾ, ਕਿਉਂ ਬੈਠਾ ਮੁਖ ਛੁਪਾਈਆ । ਕੂੜੀ ਕਿਰਿਆ ਲੱਗਾ ਡੇਰਾ, ਸਫ਼ਾ ਸਕੇ ਨਾ ਕੋਇ ਉਠਾਈਆ । ਮਾਇਆ ਮਮਤਾ ਪਾਇਆ ਘੇਰਾ, ਸਾਧ ਸੰਤ ਬਚਿਆ ਨਜ਼ਰ ਕੋਇ ਨਾ ਆਈਆ । ਹਉਮੇਂ ਹੰਗਤਾ ਦਿਤਾ ਗੇੜਾ, ਲੱਖ ਚੁਰਾਸੀ ਰਹੀ ਭਵਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਉਜੜਿਆ ਖੇੜਾ, ਬੰਦ ਕਿਵਾੜੀ ਕੁੰਡਾ ਕੋਇ ਨਾ ਲਾਹੀਆ । ਭੇਵ ਨਾ ਪਾਏ ਮੇਰਾ ਤੇਰਾ, ਤੇਰਾ ਮੇਰਾ ਭੇਵ ਨਾ ਕੋਇ ਚੁਕਾਈਆ । ਲਹਿਣਾ ਦੇਣਾ ਚੁਕਿਆ ਸੰਝ ਸਵੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਭਗਤ ਕਹਿਣ ਪ੍ਰਭ ਵੇਖ ਅੰਧੇਰਾ ਅੰਧ, ਵਰਭੰਡ ਧਿਆਨ ਲਗਾਈਆ । ਕਿਉਂ ਸੁੱਤਾ ਦੇ ਕਰ ਕੰਡ, ਕਰਵਟ ਆਪਣੀ ਲੈ ਬਦਲਾਈਆ । ਤੇਰੀ ਆਤਮ ਪਰਮਾਤਮ ਹੋਈ ਰੰਡ, ਸੁਹਾਗੀ ਕੰਤ ਸਚ ਨਾ ਕੋਇ ਹੰਢਾਈਆ । ਮਨ ਵਾਸਨਾ ਪੌਂਦੇ ਸਾਰੇ ਡੰਡ, ਡੰਕਾ ਨਾਮ ਨਾ ਕੋਇ ਲਗਾਈਆ । ਭਰਮ ਭੁਲੇਖਾ ਦੂਈ ਦਵੈਤੀ ਕੋਈ ਨਾ ਢਾਹੇ ਕੰਧ, ਦੀਨ ਮਜ਼੍ਹਬ ਜਾਤ ਪਾਤ ਲੇਖਾ ਨਾ ਕੋਇ ਮੁਕਾਈਆ । ਤੇਰਾ ਆਤਮ ਗਾਏ ਕੋਈ ਨਾ ਛੰਦ, ਸੋਹੰ ਢੋਲਾ ਰਾਗ ਨਾ ਕੋਇ ਸੁਣਾਈਆ । ਜਨਮ ਜਨਮ ਦਾ ਮਿਟੇ ਨਾ ਕਿਸੇ ਪੰਧ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤ ਵੇਖ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਸਜਦਾ ਸੀਸ ਜਗਦੀਸ ਝੁਕਾਈਆ ।


੬੯੮ ੧੯

ਸ੍ਰਿਸ਼ਟ ਸਬਾਈ ਸਚ ਨਾ ਦਿਸੇ ਕੋਈ ਪਿਆਰ, ਨਾਤਾ ਪ੍ਰੇਮ ਨਾ ਕੋਇ ਜੁੜਾਈਆ । ਲੇਖਾ ਲਿਖ ਲਿਖ ਜੋ ਦੇ ਕੇ ਆਏ ਜੁਗ ਚਾਰ, ਚਾਰੇ ਵਰਨਾਂ ਝੋਲੀ ਪਾਈਆ । ਤਿਸ ਦਾ ਕਰੇ ਨਾ ਕੋਇ ਵਿਚਾਰ, ਸਚ ਸਮਝ ਨਾ ਕੋਇ ਸਮਝਾਈਆ । ਪੂਜਾ ਪਾਠ ਕਰਨ ਕੱਢਣ ਮਾਤ ਵਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਹੋਕਾ, ਦਰ ਸਾਚੇ ਕੂਕ ਕੂਕ ਸੁਣਾਈਆ । ਫਿਰੀ ਦਰੋਹੀ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਸਚ ਗਾਏ ਨਾ ਕੋਈ ਸਲੋਕਾ, ਸੱਚਾ ਰਾਗ ਨਾ ਕੋਇ ਅਲਾਈਆ । ਜੀਵ ਜੰਤ ਸਾਧ ਸੰਤ ਮਨਮਤ ਹੋਇਆ ਹੋਛਾ, ਗੁਰਮਤ ਬੈਠੇ ਸਰਬ ਭੁਲਾਈਆ । ਪਾਰਬ੍ਰਹਮ ਪ੍ਰਭ ਤੇਰੇ ਨਾਲ ਕਰ ਕੇ ਰੋਸਾ, ਦੀਨ ਮਜ਼੍ਹਬ ਕਰਨ ਲੜਾਈਆ । ਮਨ ਵਾਸਨਾ ਜਗਤ ਜਹਾਨ ਹੋਇਆ ਖੋਟਾ, ਖ਼ੁਦੀ ਭਰੀ ਸਰਬ ਲੋਕਾਈਆ । ਤੇਰਾ ਨੂਰ ਨਜ਼ਰ ਨਾ ਆਏ ਨਿਰਮਲ ਜੋਤਾ, ਅਗਿਆਨ ਅੰਧੇਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਘਰ ਰਚਨਾ ਆਪ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਦੱਸ, ਸ੍ਰੀ ਭਗਵਾਨ ਸਾਡੀ ਅਰਜ਼ੋਈਆ । ਕਲਜੁਗ ਅੰਤਮ ਸਾਡਾ ਨਹੀਂ ਕੋਈ ਵਸ, ਲੋਕਮਾਤ ਮਿਲੇ ਨਾ ਢੋਈਆ । ਸ੍ਰਿਸ਼ਟ ਸਬਾਈ ਖੇੜਾ ਦਿਸੇ ਭੱਠ, ਕਲਜੁਗ ਅਗਨੀ ਤਤ ਤਪਾਈਆ । ਧੀਰਜ ਜਤ ਸਤਿ ਸੰਤੋਖ ਕੋਈ ਨਾ ਸਕੇ ਰੱਖ, ਸਤਿ ਸਤਿਵਾਦੀ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਖੁਲ੍ਹਿਆ ਹੱਟ, ਨਾਮ ਵਣਜਾਰਾ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜੋ ਮਾਰਗ ਰਹੀ ਦੱਸ, ਤਿਸ ਭੁੱਲੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਧੁਰ ਦੀ ਧਾਰ ਆਪ ਪਰਗਟਾਈਆ । ਗੁਰ ਅਵਤਾਰ ਪੀਰ ਪੈਗੰਬਰ ਦੱਸਣ ਹਾਲ, ਹਾਲਤ ਸਭ ਦੀ ਰਹੇ ਜਣਾਈਆ । ਸ੍ਰਿਸ਼ਟ ਸਬਾਈ ਸਚ ਵਸਤ ਰੱਖੇ ਨਾ ਕੋਈ ਧਨ ਮਾਲ, ਨਾਮ ਖ਼ਜ਼ਾਨਾ ਘਰ ਨਾ ਕੋਇ ਟਿਕਾਈਆ । ਕਾਇਆ ਮੰਦਰ ਅੰਦਰ ਨਾ ਵੇਖੇ ਕੋਈ ਧਰਮਸਾਲ, ਗ੍ਰਿਹਿ ਸੋਭਾ ਕੋਇ ਨਾ ਪਾਈਆ । ਦੀਆ ਬਾਤੀ ਕਮਲਾਪਾਤੀ ਮਹਲ ਅਟੱਲ ਸਕੇ ਕੋਈ ਨਾ ਬਾਲ, ਸਚ ਕਰੇ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਆਤਮ ਸੁਹਾਏ ਨਾ ਕੋਈ ਤਾਲ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਤੇਰੀ ਕਰਨ ਭਾਲ, ਆਤਮ ਪਰਮਾਤਮ ਧਿਆਨ ਨਾ ਕੋਇ ਲਗਾਈਆ । ਭਾਗ ਲੱਗਾ ਕਿਸੇ ਨਾ ਦਿਸੇ ਕਾਇਆ ਮਾਟੀ ਖਾਲ, ਚੰਮ ਦ੍ਰਿਸ਼ਟੀ ਜਗਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਦੱਸਣ ਬੋਲ, ਅਨਬੋਲਤ ਰਾਗ ਜਣਾਈਆ । ਚਾਰੋਂ ਕੁੰਟ ਡੌਰੂ ਡੰਕਾ ਵੱਜੇ ਢੋਲ, ਨਾਮ ਮਰਦੰਗ ਨਾ ਕੋਇ ਸੁਣਾਈਆ । ਸਾਚਾ ਤੋਲੇ ਨਾ ਕੋਇ ਤੋਲ, ਨਾਮ ਤਰਾਜ਼ੂ ਹੱਥ ਨਾ ਕੋਇ ਉਠਾਈਆ । ਅੰਤਰ ਆਤਮ ਪ੍ਰੇਮ ਰਸ ਦੇਵੇ ਨਾ ਕੋਈ ਪੌਹਲ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਸਾਹਿਬ ਸਤਿਗੁਰ ਕਿਸੇ ਨਾ ਵਸੇ ਕੋਲ, ਘਰ ਮੰਦਰ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਮਾਇਆ ਮਮਤਾ ਪਿਆ ਘੋਲ, ਦਿਵਸ ਰੈਣ ਕਰੇ ਲੜਾਈਆ । ਜਨ ਭਗਤ ਚੋਰੀ ਚੋਰੀ ਡਰ ਡਰ ਤੇਰਾ ਨਾਮ ਰਹੇ ਬੋਲ, ਨੇਤਰ ਨੈਣਾਂ ਨੀਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵੇਲਾ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

੬੭੯
੧੯

ਕਹੇ ਵੇਲਾ ਅੰਤਮ ਆਇਆ, ਚਾਰ ਜੁਗ ਪ੍ਰਭ ਤੇਰੀ ਓਟ ਤਕਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਮਾਇਆ ਘੇਰਾ ਪਾਇਆ, ਪੱਲੂ ਸਕੇ ਨਾ ਕੋਇ ਛੁਡਾਈਆ । ਜਗਤ ਜੰਜਾਲ ਨਾ ਕੋਇ ਤੁੜਾਇਆ । ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਸਚ ਦਵਾਰੇ ਮਾਂਗਤ ਏਕ, ਭਿਛਿਆ ਦੇ ਵਰਤਾਈਆ । ਸ੍ਰਿਸ਼ਟ ਸਬਾਈ ਕਰ ਬੁਧ ਬਿਬੇਕ, ਵਿਵੇਕੀ ਆਪਣੀ ਕਾਰ ਕਮਾਈਆ । ਸਤਿ ਸਤਿਵਾਦੀ ਲਿਖ ਲੇਖ, ਲੇਖਾ ਲਿਖਤ ਦੇ ਬਦਲਾਈਆ । ਸਰਬ ਜੀਆਂ ਸਚ ਦੇਣੀ ਟੇਕ, ਚਰਨ ਕਵਲ ਸਰਨਾਈਆ । ਕੂੜੀ ਕਿਰਿਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਤਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਦੱਸ ਆਪਣਾ ਭੇਤ, ਪਰਦਾ ਉਹਲਾ ਆਪ ਚੁਕਾਈਆ । ਆਤਮ ਪਰਮਾਤਮ ਬਖ਼ਸ਼ ਹੇਤ, ਸਚ ਪ੍ਰੀਤੀ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਦੇ ਵਡਿਆਈਆ । ਚਾਰ ਵਰਨ ਤੇਰਾ ਰੂਪ, ਦੂਜਾ ਨਜ਼ਰ ਕੋਇ ਨਾ ਆਇੰਦਾ । ਤੂੰ ਸਾਹਿਬ ਸੁਲਤਾਨ ਆਦਿ ਜੁਗਾਦੀ ਭੂਪ, ਸਚਖੰਡ ਸਾਚੇ ਸੋਭਾ ਪਾਇੰਦਾ । ਤੇਰਾ ਖੇਲ ਚਾਰੇ ਕੂਟ, ਦਹਿ ਦਿਸ਼ਾ ਤੂੰ ਹੀ ਨਜ਼ਰੀ ਆਇੰਦਾ । ਪਹਿਲਾ ਲੇਖਾ ਕਰ ਮਨਸੁਖ਼, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਧਿਆਨ ਲਗਾਇੰਦਾ । ਭਗਤ ਭਗਵਾਨ ਬਣਾ ਸਾਚੇ ਪੂਤ, ਗੋਦ ਸੁਹੰਜਣੀ ਇਕ ਸੁਹਾਇੰਦਾ । ਇਕੋ ਤਾਣਾ ਪੇਟਾ ਸੂਤ, ਇਕੋ ਨੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਧੁਰ ਦਾ ਵਰ, ਜਿਸ ਵਿਚੋਂ ਤੇਰਾ ਨੂਰ ਨਜ਼ਰੀ ਆਇੰਦਾ । ਪਰਮ ਪੁਰਖ ਪ੍ਰਭ ਦੇ ਗਿਆਨ, ਬੋਧ ਅਗਾਧ ਤੇਰੀ ਪੜ੍ਹਾਈਆ । ਕੂੜੀ ਕਿਰਿਆ ਝਗੜੇ ਸਰਬ ਮਿਟ ਜਾਣ, ਮਮਤਾ ਮੋਹ ਨਾ ਕਰੇ ਲੜਾਈਆ । ਚਾਰ ਵਰਨ ਮੰਨੇ ਤੇਰੀ ਆਣ, ਮਿਲੇ ਸਚ ਸਰਨਾਈਆ । ਇਕੋ ਨਾਮ ਸ੍ਰੀ ਭਗਵਾਨ, ਵਾਹਦ ਕਲਮਾ ਦੇ ਪੜ੍ਹਾਈਆ । ਪਰਵਰਦਿਗਾਰ ਤੇਰਾ ਈਮਾਨ, ਸਿਦਕ ਸਬੂਰੀ ਨਜ਼ਰੀ ਆਈਆ । ਪੁਰਖ ਅਕਾਲ ਤੇਰਾ ਮਕਾਨ, ਮੰਦਰ ਸੋਹਣਾ ਸੋਭਾ ਪਾਈਆ । ਅਬਿਨਾਸ਼ੀ ਕਰਤੇ ਤੇਰਾ ਨਿਸ਼ਾਨ, ਦੋ ਜਹਾਨ ਇਕ ਝੁਲਾਈਆ । ਪਾਰਬ੍ਰਹਮ ਕਰ ਪਰਵਾਨ, ਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਵਿਚੋਲਾ ਬਣ ਨਿਗਹਬਾਨ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਭ ਤੇਰਾ ਰਾਹ ਤਕਾਣ, ਤਕਵਾ ਤੇਰੇ ਉਪਰ ਰਖਾਈਆ । ਤੇਰੇ ਮਿਲਿਆਂ ਰੋਗ ਸੋਗ ਚਿੰਤਾ ਦੁੱਖ ਸਰਬ ਮਿਟ ਜਾਣ, ਭਰਮ ਭੈ ਭੌ ਰਹਿਣ ਨਾ ਪਾਈਆ । ਅੰਤਰ ਆ ਕੇ ਮਿਲ ਸ੍ਰੀ ਭਗਵਾਨ, ਬਾਹਰ ਮਿਲਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜੋ ਘਰ ਵਿਚ ਘਰ ਰਿਹਾ ਬਣਾਈਆ । ਵੇਖ ਘਰ ਆ ਕੇ ਠਾਕਰ, ਹਰਿਭਗਤ ਰਾਹ ਤਕਾਇੰਦਾ । ਕਾਇਆ ਡੂੰਘੀ ਭਵਰ ਦਿਸੇ ਸਾਗਰ, ਪਾਰ ਕਿਨਾਰਾ ਨਾ ਕੋਇ ਵਖਾਇੰਦਾ । ਕਿਰਪਾ ਨਿਧਾਨ ਨਿਰਮਲ ਕਰਮ ਕਰ ਉਜਾਗਰ, ਦਰ ਦਰਵੇਸ਼ ਮੰਗ ਮੰਗਾਇੰਦਾ । ਕੋਝਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਦੇ ਆਦਰ, ਆਦਰਸ਼ ਤੇਰਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾ ਆਪਣਾ ਘਰ, ਜਿਸ ਗ੍ਰਿਹਿ ਬਹਿ ਕੇ ਜੋਤੀ ਜੋਤ ਡਗਮਗਾਇੰਦਾ । ਭਗਤ ਕਹੇ ਪ੍ਰਭ ਘਰ ਦੱਸ ਆਪ, ਆਪਣਾ ਪਰਦਾ ਲਾਹੀਆ । ਜਿਸ ਮੰਦਰ ਤੇਰਾ ਮੇਰਾ ਇਕੋ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੈਂ ਪੂਤ ਤੂੰ ਮੇਰਾ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਆਦਿ

ਜੁਗਾਦਿ ਜੁਗ ਚੌਕੜੀ ਸਭ ਕੁਛ ਤੇਰੇ ਹਾਥ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਤੇਰੇ ਹੁਕਮੇ ਅੰਦਰ ਤ੍ਰਿਲੋਕੀ ਨਾਥ, ਰਾਮ ਰਮਈਆ ਸ਼ਾਮ ਘਨਈਆ ਲੋਕਮਾਤ ਸੋਭਾ ਪਾਈਆ । ਤੇਰਾ ਖੇਲ ਵਾਸਤਕ ਵਾਸ, ਦੇਵ ਆਤਮਾ ਤੇਰੀ ਓਟ ਰਖਾਈਆ । ਪਰਵਰਦਿਗਾਰ ਦੇ ਸਾਥ, ਬੇਪਰਵਾਹ ਤੇਰੀ ਇਕ ਸ਼ਰਨਾਈਆ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਸਚ ਦਵਾਰ ਮਿਲੇ ਨਿਵਾਸ, ਚਰਨ ਕਵਲ ਸਰਨਾਈਆ । ਤੇਰਾ ਮਹਲ ਅਟੱਲ ਸੋਹਣਾ ਪੁਰਖ ਅਬਿਨਾਸ਼, ਸਚਖੰਡ ਸਾਚਾ ਨਜ਼ਰੀ ਆਈਆ । ਜਿਥੇ ਨਿਰਗੁਣ ਨਿਰਗੁਣ ਗੋਪੀ ਕਾਹਨ ਪਾਵੇ ਰਾਸ, ਸਰਗੁਣ ਸਰੂਪ ਨਾ ਕੋਇ ਵਖਾਈਆ । ਪਰਮ ਪੁਰਖ ਪਤਿਪਰਮੇਸ਼ਵਰ ਤੇਰੇ ਮਿਲਣ ਦੀ ਇਕੋ ਆਸ, ਹਰਿਜਨ ਤੇਰੀ ਓਟ ਤਕਾਈਆ । ਸਦਾ ਸੁਹੇਲੇ ਇਕ ਇਕੱਲੇ ਰੱਖ ਆਪਣੇ ਪਾਸ, ਜਗਤ ਵਿਛੋੜਾ ਦੇ ਚੁਕਾਈਆ । ਆਵਣ ਜਾਵਣ ਲੱਖ ਚੁਰਾਸੀ ਮੁੱਕੇ ਵਾਟ, ਜਨਮ ਅਜਨਮ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਲ ਆਪਣਾ ਘਰ, ਜਿਸ ਘਰ ਤੇਰਾ ਨੂਰ ਜਹੂਰ ਰੁਸ਼ਨਾਈਆ ।

★ ੧੬ ਫੱਗਣ ੨੦੨੦ ਬਿਕ੍ਰਮੀ ਮੋਹਣ ਸਿੰਘ ਦੇ ਗ੍ਰਿਹਿ ਗੜ੍ਹੀ ਲਾਂਗਰੀ ਜ਼ਿਲਾ ਕਰਨਾਲ ★

ਜਨ ਭਗਤ ਤੇਰਾ ਸੋਹਣਾ ਮੰਦਰ, ਸੋ ਸਾਹਿਬ ਸਤਿਗੁਰ ਆਪ ਸੁਹਾਇੰਦਾ । ਭਾਗ ਲੱਗੇ ਡੂੰਘੀ ਕੰਦਰ, ਕਾਇਆ ਕਾਅਬਾ ਹੁਜਰਾ ਹੱਕ ਵਡਿਆਇੰਦਾ । ਮਨ ਵਾਸਨਾ ਬੰਨ੍ਹੇ ਬੰਦਰ, ਨਾਮ ਡੋਰੀ ਤੰਦ ਵਖਾਇੰਦਾ । ਸਚ ਦਵਾਰ ਵਖਾਏ ਅਗੰਮੀ ਮੰਜ਼ਲ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਹਰਿਜਨ ਸਾਚੇ ਵੇਖ ਵਖਾਇੰਦਾ । ਜਨ ਭਗਤ ਤੇਰਾ ਸੋਹਣਾ ਦਵਾਰ, ਸਾਢੇ ਤਿੰਨ ਹੱਥ ਅੰਦਰ ਨਜ਼ਰੀ ਆਈਆ । ਕਾਇਆ ਮਾਟੀ ਖੇਲ ਕਰੇ ਕਰਤਾਰ, ਗ੍ਰਿਹਿ ਸਾਚਾ ਵੇਖ ਵਖਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤ ਨੂਰ ਕਰੇ ਰੁਸ਼ਨਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਸ਼ਬਦ ਅਨਾਦ ਸੱਚੀ ਧੁਨਕਾਰ, ਅਨਰਾਗੀ ਆਪਣਾ ਰਾਗ ਸੁਣਾਈਆ । ਦਰ ਦਰਵਾਜ਼ਾ ਗ਼ਰੀਬ ਨਿਵਾਜਾ ਬੰਦ ਕਿਵਾੜੀ ਖੋਲ੍ਹ ਦੇਵੇ ਦੀਦਾਰ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਸਚ ਪ੍ਰੀਤੀ ਕਰੇ ਪਿਆਰ, ਸੁਰਤੀ ਸ਼ਬਦੀ ਸਾਚਾ ਜੋੜ ਜੁੜਾਈਆ । ਗੁਰਮੁਖ ਸਖੀਆਂ ਮਿਲ ਕੇ ਮੰਗਲਾਚਾਰ, ਅਨੰਦ ਮੰਗਲ ਇਕੋ ਗਾਈਆ । ਗੁਰਮੁਖ ਮਹਿਮਾਂ ਅਪਰ ਅਪਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਪੁਕਾਰ, ਖਾਣੀ ਬਾਣੀ ਕੂਕ ਕੂਕ ਸੁਣਾਈਆ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਆਣ, ਲੇਖਾ ਚੁੱਕੇ ਦੋ ਜਹਾਨ, ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੱਚਾ ਘਰ, ਹਰਿਜਨ ਅੰਤਰ ਫੋਲ ਫੁਲਾਈਆ । ਗੁਰਮੁਖ ਤੇਰਾ ਮੰਦਰ ਉਚਾ, ਸਾਹਿਬ ਸਤਿਗੁਰ ਸੋਭਾ ਪਾਈਆ । ਲੱਖ ਚੁਰਾਸੀ ਨਾਲੋਂ ਸੁੱਚਾ, ਨਿਰਮਲ ਰੂਪ ਇਕ ਦਰਸਾਈਆ । ਜਿਸ ਮੰਜ਼ਲ ਪੁਰਖ ਅਕਾਲ ਦੀਨ ਦਿਆਲ ਪੁੱਜਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸੇਜ ਸੁਹੰਜਣੀ ਸੋਹਣੀ ਸੁੱਤਾ, ਸਚ ਸਿੰਘਾਸਣ ਆਸਣ ਲਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤਾ, ਚੇਤਨ ਆਪਣੀ ਧਾਰ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲਾ ਬਣਾਏ ਨਾਦੀ ਸੁੱਤਾ, ਪਿਤਾ ਪੂਤ ਦਏ ਵਡਿਆਈਆ । ਉਜਲ ਕਰੇ ਮਾਤ ਮੁਖਾ,

ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਤੇਰੀ ਸਚ ਅਟਾਰੀ, ਛੱਪਰ ਛੰਨ ਮਿਲੇ ਵਡਿਆਈਆ । ਜਿਸ ਘਰ ਨਿਰਮਲ ਜੋਤ ਜਗੇ ਨਿਰੰਕਾਰੀ, ਨਿਰਵੈਰ ਆਪਣਾ ਰੂਪ ਵਖਾਈਆ । ਲੇਖਾ ਜਾਣੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰੀ, ਭੂਪਤ ਭੂਪ ਰਾਜ ਰਾਜਾਨ ਵੱਡਾ ਬੇਪਰਵਾਹੀਆ । ਸਾਚੇ ਮੰਦਰ ਸਚਖੰਡ ਨਿਵਾਸੀ ਖੇਲ ਕਰੇ ਨਿਆਰੀ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣੀ ਧਾਰ ਜਣਾਈਆ । ਆਤਮ ਪਰਮਾਤਮ ਨਾਮ ਰਸ ਦਏ ਖ਼ੁਮਾਰੀ, ਦਿਵਸ ਰੈਣ ਇਕੋ ਰੰਗ ਚੜ੍ਹਾਈਆ । ਕਾਗਦ ਕਲਮ ਨਾ ਕੋਈ ਲਿਖੇ ਲਿਖਾਰੀ, ਕਾਤਬ ਸ਼ਾਹੀ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰੇ ਸੋਭਾ ਪਾਈਆ । ਜਨ ਭਗਤ ਦਵਾਰੇ ਸੋਹੇ ਸ੍ਰੀ ਭਗਵੰਤ, ਪੁਰਖ ਅਕਾਲ ਸੋਭਾ ਪਾਇੰਦਾ । ਨਿਰਗੁਣ ਸਰਗੁਣ ਸੁਹਾਏ ਮਹਿਮਾ ਅਗਣਤ, ਅਲਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਉਠਾਏ ਸੰਤ, ਸਤਿ ਸਤਿਵਾਦੀ ਆਪਣਾ ਮੇਲ ਮਿਲਾਇੰਦਾ । ਕੂੜੀ ਕਿਰਿਆ ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦਾ ਰਾਗ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰਾ ਇਕ ਵਡਿਆਇੰਦਾ । ਜਨ ਭਗਤ ਦਵਾਰਾ ਸਾਚੀ ਕੂਟ, ਦਿਸ਼ਾ ਹਰਿ ਜੀ ਵੰਡ ਵੰਡਾਈਆ । ਕੂੜੀ ਕਿਰਿਆ ਕੱਢ ਕੇ ਜੂਠ ਝੂਠ, ਸਚ ਸੁੱਚ ਇਕ ਵਰਤਾਈਆ । ਜਨਮ ਕਰਮ ਦੀ ਮੇਟ ਕੇ ਭੁਖ, ਤ੍ਰਿਸਨਾ ਰੋਗ ਗਵਾਈਆ । ਵੇਖਣਹਾਰਾ ਕਾਇਆ ਪੰਜ ਤਤ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵੇਖੇ ਘਰ ਵਧਾਈਆ । ਜਨ ਭਗਤ ਘਰ ਵੱਜੇ ਵਧਾਈ ਨਾਮ, ਸਾਚੀ ਸਖੀਆਂ ਮੰਗਲ ਗਾਇੰਦਾ । ਸਚਖੰਡ ਨਿਵਾਸੀ ਵੇਖਣ ਆਏ ਰਾਮ, ਨਿਰਗੁਣ ਆਪਣਾ ਫੇਰਾ ਪਾਇੰਦਾ । ਨਿਰਇਛਤ ਪੂਰਾ ਕਰੇ ਕਾਮ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸੋਹਣਾ ਨਗਰ ਖੇੜਾ ਵੇਖੇ ਗਰਾਮ, ਜਿਸ ਗ੍ਰਿਹਿ ਆਪਣਾ ਚਰਨ ਟਿਕਾਇੰਦਾ । ਕਰ ਪਰਕਾਸ਼ ਕੋਟਨ ਭਾਨ, ਰਵ ਸਸ ਇਕੋ ਜੋਤੀ ਨੂਰ ਡਗਮਗਾਇੰਦਾ । ਸਚ ਸਿੰਘਾਸਣ ਕਰ ਆਰਾਮ, ਸੁਖ ਸਾਗਰ ਰੂਪ ਵਟਾਇੰਦਾ । ਜਨਮ ਜਨਮ ਦੀ ਮੁਸ਼ਕਲ ਕਰ ਆਸਾਨ, ਦੁੱਖ ਰੋਗ ਸੰਤਾਪ ਡੇਰਾ ਢਾਹਿੰਦਾ । ਸ਼ਬਦ ਅਗੰਮੀ ਮਾਰ ਬਾਣ, ਤੀਰ ਅਣਿਆਲਾ ਇਕ ਚਲਾਇੰਦਾ । ਅੰਮ੍ਰਿਤ ਨਿਝਰ ਝਿਰਨਾ ਝਿਰੇ ਮਹਾਨ, ਪ੍ਰੇਮ ਪਿਆਲਾ ਹੱਥ ਫੜਾਇੰਦਾ । ਨਿਰਧਨ ਦੇਵੇ ਧੁਰ ਦਾ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦਵਾਰਾ ਵੇਖ ਖ਼ੁਸ਼ੀ ਮਨਾਇੰਦਾ । ਹਰਿਜਨ ਦਵਾਰਾ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਮੰਦਰ ਅੰਦਰ ਇਕੋ ਤੂੰ ਹੀ ਜਾਪ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਬਜਰ ਕਪਾਟੀ ਖੁਲ੍ਹੇ ਤਾਕ, ਘਰ ਘਰ ਵਿਚ ਹੋਏ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਸਨਾ ਜਿਹਵਾ ਬੱਤੀ ਦੰਦ ਗਏ ਆਖ, ਧੁਰ ਸੰਦੇਸਾ ਹੁਕਮ ਸੁਣਾਈਆ । ਕਾਗ਼ਜ਼ ਕਲਮ ਸ਼ਾਹੀ ਲਿਖਿਆ ਭਵਿਖਤ ਵਾਕ, ਭਾਖਿਆ ਦਿਤੀ ਸਰਬ ਲੋਕਾਈਆ । ਚਾਰ ਵਰਨਾਂ ਦਾਤਾ ਇਕੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹਰਿ ਰਘੁਰਾਈਆ । ਹਰ ਘਟ ਨਿਰਗੁਣ ਜੋਤ ਕਰੇ ਪਰਕਾਸ਼, ਘਰ ਘਰ ਬੈਠਾ ਡੇਰਾ ਲਾਈਆ । ਜਾਗਤ ਸੋਵਤ ਕਰੇ ਬਾਤ, ਆਲਸ ਨਿੰਦਰਾ ਨਾ ਕੋਇ ਰਖਾਈਆ । ਸਦਾ ਸਹਾਈ ਬਾਅਦ ਵਫਾਤ, ਮਰਨ

ਜੀਵਤ ਇਕੋ ਰੰਗ ਜਣਾਈਆ । ਏਥੇ ਓਥੇ ਦਏ ਨਜਾਤ, ਦੋ ਜਹਾਨਾਂ ਹੋਏ ਸਹਾਈਆ । ਜਨ ਭਗਤਾਂ ਬਣੇ ਸੱਜਣ ਸਾਕ, ਬੰਧਪ ਇਕੋ ਨਜ਼ਰੀ ਆਈਆ । ਮੁਰੀਦ ਮੁਰਸ਼ਦ ਦੇਵੇ ਸਾਥ, ਪਰਵਰਦਿਗਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦਵਾਰੇ ਦੇਵੇ ਮਾਣ ਵਡਿਆਈਆ । ਗੁਰਮੁਖ ਬੰਕ ਸੋਹਣਾ ਸੁਹੰਜਣਾ, ਚਾਰ ਜੁਗ ਰਹੇ ਜਸ ਗਾਈਆ । ਜਿਸ ਘਰ ਦੀਵਾ ਬਾਤੀ ਬਲੇ ਆਦਿ ਨਿਰੰਜਣਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਹਿਬ ਸਤਿਗੁਰ ਪੁਰਖ ਅਬਿਨਾਸ਼ੀ ਵਸੇ ਸਾਚਾ ਸੱਜਣਾ, ਮੀਤ ਪਿਆਰਾ ਇਕ ਅਖਵਾਈਆ । ਚਰਨ ਧੂੜ ਸਤਿ ਸਰੋਵਰ ਕਰਾਏ ਮਜਨਾ, ਦੁਰਮਤ ਮੈਲ ਧਵਾਈਆ । ਆਦਿ ਜੁਗਾਦਿ ਜਿਸ ਪਰਦਾ ਕੱਜਣਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਗੁਰਮੁਖ ਘਰ, ਜਿਸ ਘਰ ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖ ਘਰ ਸੋਹਣਾ ਚੰਗਾ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਆਤਮ ਸੇਜਾ ਸਚ ਪਲੰਘਾ, ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਉਪਰ ਬੈਠ ਸੂਰਾ ਸਰਬੰਗਾ, ਸ੍ਰੀ ਭਗਵਾਨ ਆਪਣਾ ਹੁਕਮ ਵਰਤਾਈਆ । ਨਿਰਗੁਣ ਜੋਤ ਚਾੜ੍ਹੇ ਚੰਦਾ, ਅੰਧ ਅੰਧੇਰ ਨਾ ਕੋਇ ਵਖਾਈਆ । ਸਾਚਾ ਢੋਲਾ ਗਾਵੇ ਛੰਦਾ, ਤੂੰ ਮੇਰਾ ਮੈਂ ਤੇਰਾ ਧੁਰ ਦਾ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਦੇਵੇ ਅਨੰਦਾ, ਅਨੰਦ ਅਨੰਦ ਗੁਰੂ ਗੁਰਦੇਵ ਸਮਝਾਈਆ । ਕੂੜੀ ਕਿਰਿਆ ਮਾਰੇ ਸ਼ਬਦੀ ਖੰਡਾ, ਖੜਗ ਇਕੋ ਇਕ ਚਮਕਾਈਆ । ਲੇਖੇ ਲਾਏ ਆਪਣਾ ਬੰਦਾ, ਬੰਦਗੀ ਆਪਣੀ ਇਕ ਸਮਝਾਈਆ । ਲਹਿਣਾ ਦੇਣ ਚੁਕਾਏ ਵਿਚ ਬ੍ਰਹਿਮੰਡਾ, ਵਰਭੰਡਾ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੱਚਾ ਘਰ, ਗੁਰਮੁਖ ਮੰਦਰ ਇਕੋ ਨਜ਼ਰੀ ਆਈਆ । ਗੁਰਮੁਖ ਮੰਦਰ ਸੋਹਣੀ ਬਣਤ, ਪੁਰਖ ਅਬਿਨਾਸ਼ੀ ਆਪ ਬਣਾਈਆ । ਜਿਸ ਘਰ ਸਾਹਿਬ ਸਤਿਗੁਰ ਮਿਲੇ ਕੰਤ, ਨਿਰਗੁਣ ਆਪਣਾ ਫੇਰਾ ਪਾਈਆ । ਹਰਿਜਨ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਦੇਵੇ ਵਡਿਆਈ ਵਿਚੋਂ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੋ ਗੁਰਮੁਖ ਗੁਰਸਿਖ ਕਹੀਏ ਸੰਤ, ਜਿਸ ਮਿਲਿਆ ਬੇਪਰਵਾਹੀਆ । ਲੇਖ ਚੁਕਾਏ ਆਦਿ ਅੰਤ, ਅੰਤਸ਼ਕਰਨ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਦਏ ਸੁਹਾਈਆ । ਗੁਰਮੁਖ ਮੰਦਰ ਕੱਖਾਂ ਕੁਲੀ, ਕੁਲਵੰਤਾ ਵੇਖ ਵਖਾਇੰਦਾ । ਆਦਿ ਜੁਗਾਦਿ ਕੀਮਤ ਰੱਖੇ ਅਨਮੁਲੀ, ਜੁਗ ਚੌਕੜੀ ਖੇਲ ਕਰਾਇੰਦਾ । ਸ੍ਰਿਸ਼ਟ ਸਬਾਈ ਮਾਇਆ ਭਰਮ ਭੁੱਲੀ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਕਾਇਆ ਫਲਵਾੜੀ ਸਭ ਦੀ ਹੁਲੀ, ਪੱਤ ਡਾਲੀ ਨਜ਼ਰ ਕੋਇ ਨਾ ਆਇੰਦਾ । ਗੁਰਮੁਖ ਵਿਰਲੇ ਆਤਮ ਪ੍ਰਭ ਚਰਨ ਪ੍ਰੀਤੀ ਘੋਲ ਘੁਲੀ, ਘੋਲ ਘੁਮਾਈ ਆਪਣੇ ਲੇਖੇ ਲਾਇੰਦਾ । ਏਥੇ ਓਥੇ ਦੋ ਜਹਾਨ ਫਲੀ ਫੁਲੀ, ਰੁੱਤ ਬਸੰਤ ਬਹਾਰ ਖ਼ਿਜ਼ਾਂ ਰੂਪ ਵਿਚੋਂ ਪਰਗਟਾਇੰਦਾ । ਨਾਦ ਸ਼ਬਦ ਸੁਣਾਏ ਧੁਰ ਦੀ ਧੁਨੀ, ਆਤਮਕ ਇਕੋ ਰਾਗ ਅਲਾਇੰਦਾ । ਦਾਤਾ ਜੋਧਾ ਸੂਰਬੀਰ ਵਡ ਗੁਣ ਗੁਣੀ, ਗਹਿਰ ਗੰਭੀਰ ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦਵਾਰਾ ਇਕ ਸੁਹਾਇੰਦਾ । ਕੁਲੀ ਕੱਖ ਰਹੇ ਹੱਸ, ਖ਼ੁਸ਼ੀਆਂ ਗੀਤ ਗਾਈਆ । ਸ੍ਰੀ ਭਗਵਾਨ ਰਹੇ ਦੱਸ, ਆਪਣਾ ਹਾਲ ਜਣਾਈਆ । ਬੇਪਰਵਾਹ ਕਿਧਰੋਂ ਆਇਓ ਨੱਸ, ਬੇਅੰਤ ਆਪਣਾ ਪੰਧ ਮੁਕਾਈਆ । ਸਚਖੰਡ ਦਵਾਰਾ ਛੱਡ, ਲੋਕਮਾਤ ਵੇਖੇਂ ਚਾਈਂ ਚਾਈਂਆ । ਕੋਟਨ ਕੋਟ ਰਾਜ ਰਾਜਾਨ ਸ਼ਾਹ

ਸੁਲਤਾਨ ਏਥੋਂ ਗਏ ਲੱਦ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਦੱਸ, ਲੇਖਾ ਲਿਖਤ ਵਿਚ ਲਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਪੁਰਖ ਅਕਾਲ ਹੋਵੇ ਪਰਗਟ, ਹਰ ਘਟ ਵਾਸੀ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਮੇਲੇ ਨੱਠ ਨੱਠ, ਦਰ ਦਰ ਘਰ ਘਰ ਬਣ ਬਣ ਪਾਂਧੀ ਰਾਹੀਆ । ਵਸਤ ਅਮੋਲਕ ਨਾਮ ਨਿਧਾਨ ਦੇਵੇ ਵੱਥ, ਧੁਰ ਦੀ ਦਾਤ ਆਪ ਵਰਤਾਈਆ । ਅੰਮ੍ਰਿਤ ਸਾਚਾ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਆਪ ਅੱਖ, ਘਰ ਘਰ ਵਿਚ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਪ੍ਰੇਮ ਪ੍ਰੀਤੀ ਗਾਏ ਜਸ, ਜਸ ਵੇਦ ਪੁਰਾਨ ਸਿਫ਼ਤ ਨਾ ਕੋਇ ਸਾਲਾਹਿੰਦਾ । ਜਿਸ ਨਾਲੋਂ ਧਾਰ ਬਣ ਕੇ ਹੋਏ ਅੱਡ, ਕਰ ਕਿਰਪਾ ਅੰਤ ਓਸੇ ਵਿਚ ਮਿਲਾਇੰਦਾ । ਗੁਰਮੁਖ ਦਵਾਰਾ ਆਦਿ ਜੁਗਾਦਿ ਜੁਗ ਚੋਕੜੀ ਸਾਹਿਬ ਸਤਿਗੁਰ ਦੀ ਸਾਚੀ ਹੱਦ, ਦੂਜਾ ਦਰ ਵੇਖਣ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕੋ ਏਕ ਏਕੰਕਾਰ ਅਖਵਾਇੰਦਾ ।

## ★ ੧੯ ਫੱਗਣ ੨੦੨੦ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਗੜ੍ਹੀ ਲਾਂਗਰੀ ਜ਼ਿਲਾ ਕਰਨਾਲ ★

ਜੁਗ ਚੌਕੜੀ ਮੁਕਿਆ ਪੰਧ, ਦੋ ਜਹਾਨ ਰਹੇ ਕੁਰਲਾਈਆ । ਗੁਰ ਅਵਤਾਰ ਮੰਗਾਂ ਰਹੇ ਮੰਗ, ਖ਼ਾਲੀ ਝੋਲੀ ਇਕ ਵਖਾਈਆ । ਪੀਰ ਪੈਗ਼ੰਬਰ ਸੀਸ ਸਜਦਾ ਕਰਨ ਨੰਗ, ਸਿਰ ਹੱਥ ਨਾ ਕੋਇ ਟਿਕਾਈਆ । ਭਗਤ ਭਗਵਾਨ ਗਾਵਣ ਛੰਦ, ਸਾਚਾ ਢੋਲਾ ਇਕ ਇਲਾਹੀਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਸ੍ਰਿਸ਼ਟ ਸਬਾਈ ਆਤਮ ਦਿਸੇ ਰੰਡ, ਸਾਚਾ ਕੰਤ ਨਾ ਕੋਇ ਹੰਢਾਈਆ । ਨਵ ਨੌਂ ਚਾਰ ਭੇਖ ਪਖੰਡ, ਧਰਮੀ ਧਰਮ ਨਾ ਕੋਇ ਕਮਾਈਆ । ਆਤਮ ਪਰਮਾਤਮ ਕਿਸੇ ਨਾ ਮਿਲੇ ਅਨੰਦ, ਚਾਰੇ ਖਾਣੀ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸ਼ਾਹ ਪਾਤਸ਼ਾਹ ਦਰ ਤੇਰੇ ਆਸ ਰਖਾਈਆ । ਜੁਗ ਚੌਕੜੀ ਰਹੀ ਲੰਘ, ਥਿਰ ਕੋਇ ਰਹਿਣ ਨਾ ਪਾਈਆ । ਸਾਚਾ ਦਿਸੇ ਨਾ ਕੋਇ ਸਚ ਪਲੰਘ, ਸਿੰਘਾਸਣ ਆਸਣ ਕੋਇ ਨਾ ਲਾਈਆ । ਸਤਿਗੁਰ ਸ਼ਬਦ ਨਾ ਕੋਇ ਮਰਦੰਗ, ਤਾਲ ਤਲਵਾੜਾ ਨਾ ਕੋਇ ਵਜਾਈਆ । ਸੁਰਤੀ ਸ਼ਬਦੀ ਕੋਈ ਨਾ ਪਾਏ ਗੰਢ, ਗੰਢਣਹਾਰ ਗੋਪਾਲ ਸਵਾਮੀ ਨਜ਼ਰ ਨਾ ਕੋਇ ਜਣਾਈਆ । ਦਹਿ ਦਿਸ਼ਾ ਨਵ ਖੰਡ ਸੱਤ ਦੀਪ ਨੂਰੀ ਚਮਕੇ ਕੋਈ ਨਾ ਚੰਦ, ਘਟ ਅੰਧੇਰਾ ਨਜ਼ਰੀ ਆਈਆ । ਕਲਜੁਗ ਔਧ ਰਹੀ ਹੰਢ, ਸਦੀ ਸਦੀਵੀ ਵਕਤ ਚੁਕਾਈਆ । ਸਾਹਿਬ ਸਤਿਗੁਰ ਠਾਕਰ ਸਵਾਮੀ ਸਚ ਦਵਾਰ ਆਪਣਾ ਲੰਘ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜੁਗ ਚੌਕੜੀ ਗਈ ਬੀਤ, ਬੀਤੀ ਕਹਾਣੀ ਸਮਝ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪਾਰਬ੍ਰਹਮ ਚਲਾਈ ਰੀਤ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਭੇਵ ਅਭੇਦਾ ਅਛਲ ਅਛੇਦਾ ਮਾਰਗ ਦੱਸਦਾ ਰਿਹਾ ਠੀਕ, ਠੀਕਰ ਕੂੜਾ ਭੰਨ ਵਖਾਈਆ । ਲੇਖ ਜਣੌਂਦਾ ਰਿਹਾ ਊਚ ਨੀਚ, ਰਾਓ ਰੰਕ ਆਪ ਸਮਝਾਈਆ । ਪੰਜ ਤਤ ਕਾਇਆ ਸਾਢੇ

ਤਿੰਨ ਹੱਥ ਮੰਦਰ ਵਸਦਾ ਰਿਹਾ ਬੀਚ, ਘਰ ਘਰ ਵਿਚ ਡੇਰਾ ਲਾਈਆ । ਜਨ ਭਗਤਾਂ ਸਦਾ ਸੁਹੇਲਾ ਕਰਦਾ ਰਿਹਾ ਸ਼ਬਦੀ ਰੀਝ, ਸੋਹਣੀ ਆਪਣੀ ਸੇਵ ਕਮਾਈਆ । ਚਰਨ ਪ੍ਰੀਤੀ ਧੁਰ ਦੀ ਨੀਤੀ ਦੱਸਦਾ ਰਿਹਾ ਰੀਤ, ਰੀਤੀਵਾਨ ਆਪ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਮੰਗਦੇ ਰਹੇ ਭੀਖ, ਭਿਛਿਆ ਇਕੋ ਨਾਮ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਬਣਿਆ ਰਿਹਾ ਸੁਰਜੀਤ, ਜੀਵਣ ਮਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਜਾਏ ਨੱਠ, ਲੋਕਮਾਤ ਰਹਿਣ ਨਾ ਪਾਈਆ । ਕਿਰਪਾ ਕਰ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਸ੍ਰਿਸ਼ਟ ਸਬਾਈ ਖੇੜਾ ਦਿਸੇ ਭੱਠ, ਕਲਜੁਗ ਅਗਨੀ ਤਤ ਤਪਾਈਆ । ਗੁਰ ਅਵਤਾਰ ਜੋ ਮਾਰਗ ਗਏ ਦੱਸ, ਜੀਵ ਜੰਤ ਗਏ ਭੁਲਾਈਆ । ਪੀਰ ਪੈਗ਼ੰਬਰ ਮੇਲ ਮਿਲੇ ਨਾ ਹੱਕ, ਹਕੀਕਤ ਹੱਥ ਕਿਸੇ ਨਾ ਆਈਆ । ਜਗਤ ਵਾਸਨਾ ਕੂੜੀ ਕਿਰਿਆ ਹੋਏ ਵੱਸ, ਹਰਿ ਕਾ ਸ਼ਬਦ ਸਚ ਨਾ ਕੋਇ ਕਮਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪਾਈ ਨੱਥ, ਡੋਰੀ ਤੰਦ ਹੱਥ ਉਠਾਈਆ । ਲੇਖਾ ਚੁੱਕੇ ਨਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਸਾਰ ਨਾ ਕੋਇ ਜਣਾਈਆ । ਨਿਜ ਆਤਮ ਨਿਜ ਘਰ ਨਿਝਰ ਮਿਲੇ ਨਾ ਕੋਇ ਰਸ, ਰਸਨਾ ਕੂੜ ਰੂਪ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਠਾਂਡੇ ਭੀਖ ਇਕੋ ਮੰਗ ਮੰਗਾਈਆ । ਜੁਗ ਚੌਕੜੀ ਰਿਹਾ ਮੁੱਕ, ਕਲਜੁਗ ਵੇਲਾ ਅੰਤਮ ਆਈਆ । ਆਤਮ ਮਿਲੇ ਨਾ ਕਿਸੇ ਸੁਖ, ਪਰਮਾਤਮ ਰੰਗ ਨਾ ਕੋਇ ਰੰਗਾਈਆ । ਮਾਇਆ ਮਮਤਾ ਲੱਗੀ ਭੁੱਖ, ਤ੍ਰਿਸਨਾ ਸਕੇ ਨਾ ਕੋਇ ਬੁਝਾਈਆ । ਸਫ਼ਲ ਹੋਏ ਨਾ ਕੋਈ ਕੁੱਖ, ਜਨਨੀ ਜਨ ਨਾ ਕੋਇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਨਰਾਇਣ ਵੇਖ ਲੋਕਮਾਤ ਥਾਉਂ ਥਾਈਂਆ । ਜੁਗ ਚੌਕੜੀ ਅੰਤਮ ਵੇਲਾ, ਵੇਲਾ ਵਕਤ ਸਰਬ ਜਣਾਈਆ । ਵਰਨ ਬਰਨ ਨਾ ਕੋਇ ਸੱਜਣ ਸੁਹੇਲਾ, ਸਰਨਗਤ ਨਾ ਕੋਇ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਉਂ ਵਸਿਉਂ ਘਰ ਨਵੇਲਾ, ਸਚਖੰਡ ਬੈਠਾ ਮੁਖ ਛੁਪਾਈਆ । ਜੋਤ ਨਿਰੰਜਣ ਚਾੜ੍ਹੇ ਕੋਈ ਨਾ ਤੇਲਾ, ਆਦਿ ਨਿਰੰਜਣ ਸਗਨ ਨਾ ਕੋਇ ਮਨਾਈਆ । ਜੁਗ ਚੌਕੜੀ ਅਚਰਜ ਤੇਰੀ ਖੇਲਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਆਪਣੀ ਮਾਤ ਲੋਕਾਈਆ । ਜੁਗ ਚੌਕੜੀ ਰਹੀ ਰੋ, ਕਲ ਅੰਤ ਧਿਆਨ ਲਗਾਈਆ । ਪਤਿਪਰਮੇਸ਼ਵਰ ਤੇਰਾ ਤੁਟਾ ਮੋਹ, ਮੁਹੱਬਤ ਮਹਿਬੂਬ ਨਾ ਕੋਇ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਦੇ ਕੇ ਗਏ ਸੋ, ਹੰ ਬ੍ਰਹਮ ਕਰ ਪੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਆਪੇ ਜਾਏ ਹੋ, ਹੋਕਾ ਆਪਣਾ ਨਾਮ ਸੁਣਾਈਆ । ਬ੍ਰਹਿਮੰਡ ਖੰਡ ਵੇਖੇ ਪੁਰੀ ਲੋਅ, ਬਿਨ ਅੱਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦੇ ਘਰ, ਦੋ ਜਹਾਨ ਤੇਰੀ ਵਡਿਆਈਆ । ਜੁਗ ਚੌਕੜੀ ਵੇਖ ਹਾਲ, ਪੁਰਖ ਅਕਾਲ ਤੇਰੀ ਸਰਨਾਈਆ । ਕੂੜੀ ਕਿਰਿਆ ਕਰ ਬਹਾਲ, ਮਿਹਰਵਾਨ ਦਇਆ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਬਣ ਕੇ ਫੇਰਾ ਪਾਈਆ । ਸਾਚਾ ਸੋਹੇ ਨਾ ਕੋਈ ਤਾਲ, ਅਠਸਠ ਅੰਮ੍ਰਿਤ ਸੀਰ ਨਾ ਕੋਇ ਜਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾ ਕੋਈ ਧਰਮਸਾਲ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ ।

ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਡੌਰੂ ਡੰਕ ਨਗਾਰਾ ਰਿਹਾ ਵਜਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਬਿਨ ਤੇਰੇ ਹੋਏ ਬੇਹਾਲ, ਬਿਹਬਲ ਹੋ ਕੇ ਦੇਣ ਦੁਹਾਈਆ । ਗੁਰ ਅਵਤਾਰ ਕਰਨ ਸਵਾਲ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਈਆ । ਭਗਤ ਵਛਲ ਭਗਵਨ ਕਰ ਖਿਆਲ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਿਸੇ ਨਾ ਕੋਇ ਦਲਾਲ, ਰਹਿਬਰ ਰਾਹ ਨਾ ਕੋਇ ਵਖਾਈਆ । ਦੀਆ ਦੀਪਕ ਜੋਤੀ ਘਰ ਮੰਦਰ ਦੇਵੇ ਕੋਈ ਨਾ ਬਾਲ, ਰੈਣ ਅੰਧੇਰੀ ਨਜ਼ਰੀ ਆਈਆ । ਪੁਰਖ ਅਗੰਮ ਅਥਾਹ ਕਰ ਖੇਲ ਬੇਮਿਸਾਲ, ਤੇਰੀ ਮਿਸਲ ਸਕੇ ਨਾ ਕੋਇ ਸਮਝਾਈਆ । ਲੇਖਾ ਕੋਈ ਨਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਅੰਤ ਕਹਿਣ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਜਿਸ ਘਰ ਲੱਖ ਚੁਰਾਸੀ ਰਚਨ ਰਚਾਈਆ । ਜੁਗ ਚੌਕੜੀ ਮੁੱਕੇ ਝੇੜਾ, ਲੋਕਮਾਤ ਰਹਿਣ ਨਾ ਪਾਈਆ । ਪਰਵਰਦਿਗਾਰ ਕਰ ਹੱਕ ਨਿਬੇੜਾ, ਲਾਸ਼ਰੀਕ ਤੇਰੀ ਸਰਨਾਈਆ । ਸ੍ਰੀ ਭਗਵਾਨ ਆਪਣਾ ਵਸਾ ਧੁਰ ਦਾ ਖੇੜਾ, ਘਰ ਮੰਦਰ ਦੇ ਵਡਿਆਈਆ । ਦੂਰ ਦੁਰਾਡੇ ਨਜ਼ਰੀ ਆ ਨੇਰਨ ਨੇਰਾ, ਨਿਰਗੁਣ ਆਪਣਾ ਪੰਧ ਮੁਕਾਈਆ । ਚਾਰੋਂ ਕੁੰਟ ਦਿਸੇ ਅੰਧੇਰਾ, ਤੁਧ ਬਿਨ ਨੂਰ ਨਾ ਕੋਇ ਰੁਸ਼ਨਾਈਆ । ਧਰਤ ਮਾਤ ਦਾ ਖੁਲ੍ਹਾ ਕਰ ਵਿਹੜਾ, ਧਰਨੀ ਧਵਲ ਰਹੀ ਕੁਰਲਾਈਆ । ਜਨ ਭਗਤਾਂ ਪਾਰ ਕਰ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਬਥੇਰਾ, ਨਾਤਾ ਜੋੜ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਕਰੇ ਪੁਕਾਰ, ਨੇਤਰ ਰੋ ਰੋ ਦਏ ਦੁਹਾਈਆ । ਉਠ ਵੇਖ ਦੀਨ ਦਿਆਲ, ਦੀਨਨ ਸਾਰੇ ਰਹੇ ਕੁਰਲਾਈਆ । ਲੇਖਾ ਲਿਖ ਕੇ ਕਿਉਂ ਰੱਖਿਆ ਸੰਭਾਲ, ਸਚਖੰਡ ਦਵਾਰੇ ਆਪਣੇ ਵਿਚ ਛੁਪਾਈਆ । ਮੰਗੀ ਮੰਗ ਗੋਬਿੰਦ ਸੁਤ ਦੁਲਾਰ, ਦੋਏ ਜੋੜ ਸੀਸ ਝੁਕਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਤੇਰੀ ਵਡਿਆਈਆ । ਜੋਤੀ ਜਾਮਾ ਖੇਲ ਅਪਾਰ, ਨੂਰ ਜਹੂਰ ਇਕ ਰੁਸ਼ਨਾਈਆ । ਸਚਖੰਡ ਸੋਹੇ ਸਚ ਦਵਾਰ, ਥਿਰ ਘਰ ਵੱਜੇ ਤੇਰੀ ਵਧਾਈਆ । ਸੁਨ ਅਗੰਮ ਪਾਰ ਕਿਨਾਰ, ਮੰਡਲ ਮੰਡਪ ਸੋਭਾ ਪਾਈਆ । ਸਾਚਾ ਦੇ ਆਪ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਪੀਰ ਪੈਗੰਬਰ ਸਜਦਾ ਕਰਨ ਵਾਰੋ ਵਾਰ, ਮਸਤਕ ਟਿੱਕਾ ਧੂੜੀ ਲਾਈਆ । ਕਲਮਾ ਨਬੀ ਰਸੂਲ ਕੂਕ ਕਰਨ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਸਾਰ ਕੋਇ ਨਾ ਪਾਈਆ । ਆ ਕੇ ਵੇਖ ਪ੍ਰਭ ਲੋਕਮਾਤ, ਮਾਤਰ ਭੂਮੀ ਦਏ ਦੁਹਾਈਆ । ਸਚ ਦਿਸੇ ਨਾ ਕੋਈ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਨਾ ਕੋਇ ਰੰਗਾਈਆ । ਨਿਰਧਨ ਸਰਧਨ ਦੇਵੇ ਨਾ ਕੋਇ ਸਾਥ, ਰਾਓ ਰੰਕ ਊਚ ਨੀਚ ਮੇਲ ਨਾ ਕੋਇ ਮਿਲਾਈਆ । ਆਤਮ ਪਰਮਾਤਮ ਕੋਇ ਨਾ ਪੂਜਾ ਪਾਠ, ਜਗਤ ਵਿਦਿਆ ਕਰੇ ਲੜਾਈਆ । ਚੌਦਾਂ ਲੋਕ ਵੇਖ ਖੇਲ ਤਮਾਸ਼, ਚੌਦਾਂ ਤਬਕਾਂ ਪਰਦਾ ਲਾਹੀਆ । ਅਲਿਫ਼ ਯੇ ਲੇਖਾ ਬਣਿਆ ਜਗਤ ਲੁਗ਼ਾਤ, ਤੇਰਾ ਹਰਫ਼ ਹਰੂਫ਼ ਹਾਸਲ ਹੱਕ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਜਗਤ ਲੋਕਾਈਆ । ਜਗਤ ਲੋਕਾਈ ਵੇਖ ਆਪ, ਨਿਰਗੁਣ ਆਪਣਾ ਵੇਸ ਵਟਾਈਆ । ਚਾਰੋਂ ਕੁੰਟ ਦਿਸੇ ਪਾਪ, ਸਤਿ

ਧਰਮ ਨਾ ਕੋਇ ਰਖਾਈਆ । ਰੂਹ ਬੁਤ ਨਾ ਕੋਈ ਪਾਕ, ਪਵਿਤ ਰੂਪ ਨਾ ਕੋਇ ਜਣਾਈਆ । ਘਰ ਮੰਦਰ ਖੋਲ੍ਹੇ ਨਾ ਕੋਈ ਤਾਕ, ਹਰਿਮੰਦਰ ਸੋਭਾ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਜੋ ਧੁਰ ਸੰਦੇਸਾ ਗਏ ਆਖ, ਕਲਜੁਗ ਅੰਤਮ ਭੁਲੀ ਸਰਬ ਲੋਕਾਈਆ । ਸਚ ਕਿਨਾਰਾ ਹੱਥ ਨਾ ਆਵੇ ਘਾਟ, ਪਤਣ ਮਿਲੇ ਨਾ ਬੇਪਰਵਾਹੀਆ । ਜਨਮ ਜਨਮ ਦੀ ਮੇਟੇ ਕੋਈ ਨਾ ਵਾਟ, ਕਰਮ ਕਰਮ ਦਾ ਰੋਗ ਨਾ ਕੋਇ ਗਵਾਈਆ । ਘਰ ਦੀਪ ਨਾ ਕੋਇ ਪਰਕਾਸ਼, ਅਨਹਦ ਨਾਦ ਸ਼ਬਦੀ ਧੁਨ ਨਾ ਕੋਇ ਸ਼ਨਵਾਈਆ । ਕੂੜੀ ਕਿਰਿਆ ਭੋਗ ਬਲਾਸ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਸਾਚਾ ਸ਼ਬਦ ਨਾ ਕੋਇ ਬਲਾਸ, ਰਸ ਅਨਡਿਠਾ ਹੱਥ ਕਿਸੇ ਨਾ ਆਈਆ । ਜਗਤ ਮਦਿਰਾ ਹੱਥ ਗਲਾਸ, ਅੰਮ੍ਰਿਤ ਝਿਰਨਾ ਸੀਰ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਅਗੰਮੀ ਘਰ, ਜਿਸ ਦੀ ਬਣਤ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਬੋਲ, ਧੁਰ ਦੀ ਆਵਾਜ਼ ਸੁਣਾਈਆ । ਸ੍ਰਿਸ਼ਟ ਸਬਾਈ ਰਹੀ ਡੋਲ, ਧੀਰਜ ਧੀਰ ਨਾ ਕੋਇ ਰਖਾਈਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਠੂਠੇ ਜਗਤ ਲੋਕਾਈਆ । ਪਰਮ ਪੁਰਖ ਤੇਰੀ ਪ੍ਰੀਤੀ ਕੋਈ ਨਾ ਜਾਏ ਮੌਲ, ਬਿਸਮਲ ਰੂਪ ਨਾ ਕੋਇ ਸਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਪੂਰਬ ਕੀਤਾ ਕੋਲ, ਇਕਰਾਰ ਆਪਣਾ ਪੂਰਾ ਦੇ ਕਰਾਈਆ । ਪਰਗਟ ਹੋ ਕੇ ਉਪਰ ਧੌਲ, ਧਰਨੀ ਧਰਤ ਧਵਲ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕੋ ਖੋਲ੍ਹ, ਜਿਸ ਘਰ ਤੇਰਾ ਰੂਪ ਨਜ਼ਰੀ ਆਈਆ । ਸਚ ਦਵਾਰ ਖੋਲ੍ਹ ਪ੍ਰਭ ਮਾਤ, ਦਰ ਤੇਰੇ ਮੰਗ ਮੰਗਾਈਆ । ਚਾਰ ਵਰਨਾਂ ਦੇ ਦਾਤ, ਬਰਨ ਅਠਾਰਾਂ ਆਪ ਸਮਝਾਈਆ । ਮਨਮਤ ਨਾਤਾ ਤੋੜ ਨਾਰ ਕਮਜਾਤ, ਗੁਰਮਤ ਇਕੋ ਇਕ ਵਖਾਈਆ । ਅੰਤਰ ਆਤਮ ਦੇ ਸਾਥ, ਪਰਮਾਤਮ ਆਪਣਾ ਮੇਲ ਮਿਲਾਈਆ । ਲੇਖਾ ਚੁੱਕੇ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਨਜ਼ਰੀ ਆਏਂ ਸਾਖਿਆਤ, ਹਰ ਘਟ ਬੈਠਾ ਡੇਰਾ ਲਾਈਆ । ਪੂਰਾ ਕਰ ਭਵਿਖਤ ਵਾਕ, ਸਦੀ ਬੀਸਵੀਂ ਰਹੀ ਕੁਰਲਾਈਆ । ਨੇਤਰ ਖੋਲ੍ਹ ਮਾਰ ਝਾਕ, ਝਲਕ ਆਪਣੀ ਦੇ ਜਣਾਈਆ । ਜੁਗ ਚੌਕੜੀ ਤੇਰੀ ਕਰਦੇ ਰਹੇ ਤਲਾਸ਼, ਲੱਭਿਆਂ ਹੱਥ ਕਿਸੇ ਨਾ ਆਈਆ । ਸ਼ਿਵ ਜੀ ਰੋਵੇ ਉਤੇ ਕੈਲਾਸ਼, ਹੱਥ ਤ੍ਰਿਸੂਲ ਰਿਹਾ ਸੁਟਾਈਆ । ਬ੍ਰਹਮਾ ਲੱਭਦਾ ਫਿਰੇ ਪਰਕਾਸ਼, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਵਿਸ਼ਨ ਬਣ ਕੇ ਦਾਸੀ ਦਾਸ, ਸੇਵਾ ਕਰੇ ਸੇਵਕ ਰੂਪ ਵਟਾਈਆ । ਗੁਰ ਅਵਤਾਰਾਂ ਪੂਰੀ ਕਰ ਖ਼ਾਹਸ਼, ਖ਼ਾਹਸ਼ ਆਪਣੀ ਨਾਲ ਮਿਲਾਈਆ । ਪੀਰ ਪੈਗੰਬਰਾਂ ਦੇ ਸਾਥ, ਪਰਵਰਦਿਗਾਰ ਹੋ ਸਹਾਈਆ । ਤ੍ਰੈਗੁਣ ਮਾਇਆ ਵੇਖ ਘਾਟ, ਘਾਟਾ ਪੂਰਾ ਦੇ ਕਰਾਈਆ । ਪੰਜ ਤਤ ਕੂੜੀ ਮਿਟੇ ਵਾਟ, ਸਾਚਾ ਮਾਰਗ ਪੰਥ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਪ੍ਰਭ ਨਿਰਗੁਣ ਆ, ਆਦਤ ਆਪਣੀ ਦੇ ਬਦਲਾਈਆ । ਦੋ ਜਹਾਨਾਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਦੇ ਕੇ ਗਏ ਸਲਾਹ, ਪੀਰ ਪੈਗ਼ੰਬਰ ਇਸ਼ਾਰੇ ਨਾਲ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਬਣੇ ਗਵਾਹ, ਖਾਣੀ ਬਾਣੀ ਸ਼ਹਾਦਤ ਇਕੋ ਵਾਰ ਭੁਗਤਾਈਆ । ਪਰਮ ਪੁਰਖ ਪਤਿਪਰਮੇਸ਼ਵਰ ਕਲ ਆਵੇ ਵੇਸ ਵਟਾ, ਕਲ ਕਲਕੀ ਫੇਰਾ ਪਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਨਜ਼ਰ ਕੋਇ ਨਾ ਆਈਆ । ਸਾਕ ਸੱਜਣ ਸਕੇ ਨਾ ਕੋਇ ਬਣਾ, ਬੰਧਨ

੬੮੮
੧੯

ਬੰਧਪ ਅਵਰ ਨਾ ਕੋਇ ਰਖਾਈਆ । ਸਾਚੇ ਮੰਦਰ ਸਚ ਸਿੰਘਾਸਣ ਲਏ ਰਖਾ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਸੰਬਲ ਰੱਖੇ ਸੋਹਣਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਵੇਦ ਵਿਆਸਾ ਚਰਨੀ ਡਿਗੇ ਆ, ਮੂਸਾ ਈਸਾ ਨੇਤਰ ਨੈਣਾਂ ਦਰਸ਼ਨ ਪਾਈਆ । ਮੁਹੰਮਦ ਰੋ ਕੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਨਾਨਕ ਨਿਰਗੁਣ ਕਹੇ ਮੇਰਾ ਸਾਹਿਬ ਬੇਪਰਵਾਹ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਮੇਰਾ ਨਾਤਾ ਲਏ ਜੁੜਾ, ਪਿਤਾ ਪੂਤ ਦੇਵੇ ਮਾਣ ਵਡਿਆਈਆ । ਚਾਰੇ ਜੁਗ ਕਹਿਣ ਪੁਰਖ ਅਬਿਨਾਸ਼ੀ ਹੋਏ ਸਹਾ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਗੀਤ ਸੁਹਾਗੀ ਲੈਣ ਗਾ, ਸੋਹਲਾ ਢੋਲਾ ਰਾਗ ਅਲਾਈਆ । ਕਰੋੜ ਤੇਤੀਸ ਸੁਰਪਤ ਇੰਦ ਸਾਚੀ ਛਹਿਬਰ ਲੈਣ ਲਾ, ਬਰਖਾ ਇਕੋ ਪ੍ਰੇਮ ਕਰਾਈਆ । ਧਰਨੀ ਧਰਤ ਧਵਲ ਚੜ੍ਹੇ ਚਾ, ਚਾਓ ਘਨੇਰਾ ਦਏ ਵਡਿਆਈਆ । ਬ੍ਰਹਿਮੰਡ ਖੰਡ ਨੇਤਰ ਨੈਣ ਲੈਣ ਖੁਲ੍ਹਾ, ਰਵ ਸਸ ਨਿਉਂ ਨਿਉਂ ਸੀਸ ਝੁਕਾਈਆ । ਸਮੁੰਦ ਸਾਗਰ ਉਛਾਲੇ ਲੈਣ ਲਗਾ, ਅਠਸਠ ਤੀਰਥ ਆਪਣਾ ਸੀਸ ਭੇਟ ਕਰਾਈਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਖ਼ੁਸ਼ੀਆਂ ਨਾਲ ਲੈਣ ਧਿਆਨ ਲਗਾ, ਸਾਡਾ ਆਏ ਬੇਪਰਵਾਹੀਆ । ਹਕੀਰ ਫ਼ਕੀਰ ਬੇਨਜ਼ੀਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਸੂਫੀ ਕਹਿਣ ਸਾਡਾ ਮਿਲੇ ਇਕ ਖ਼ੁਦਾ, ਮਹਿਬੂਬ ਇਕੋ ਨਜ਼ਰੀ ਆਈਆ । ਭਗਤ ਕਹਿਣ ਭਗਵਨ ਹੋਏ ਨਾ ਕਦੇ ਜੁਦਾ, ਸਦਾ ਸੁਹੇਲਾ ਸੱਚਾ ਮਾਹੀਆ । ਸੰਤ ਕਹਿਣ ਸਚ ਸਵਾਮੀ ਮਿਲੇ ਆ, ਜਿਸ ਦਾ ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਗੁਰਮੁਖ ਕਹਿਣ ਗੁਰ ਸਤਿਗੁਰ ਡੇਰਾ ਦੇਵੇ ਲਾ, ਘਰ ਸਾਚੇ ਸੋਭਾ ਪਾਈਆ । ਗੁਰਸਿਖ ਕਹਿਣ ਗੁਰ ਗੁਰ ਦਰਸ਼ਨ ਲਈਏ ਪਾ, ਨਿਜ ਨੇਤਰ ਨੈਣ ਖੁਲ੍ਹਾਈਆ । ਪਾਰਬ੍ਰਹਮ ਪੁਰਖ ਅਕਾਲ ਦੀਨ ਦਿਆਲ ਸਰਬ ਦਏ ਸਮਝਾ, ਜੀਵ ਜੰਤ ਲੱਖ ਚੁਰਾਸੀ ਏਕਾ ਨਾਮ ਨਗਾਰੇ ਚੋਟ ਲਗਾਈਆ । ਨਵ ਨੌ ਚਾਰ ਕਰੋ ਧਿਆਂ, ਸਤਿ ਸਤਿਵਾਦੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਰਹੀ ਕੂਕ, ਦਰੋਹੀ ਤੇਰੇ ਨਾਮ ਖ਼ੁਦਾਈਆ । ਕਲਜੁਗ ਮਾਇਆ ਰਹੀ ਫੂਕ, ਅਗਨੀ ਤਤ ਤੱਤ ਜਲਾਈਆ । ਉਠ ਕੇ ਵੇਖ ਆਪਣੀ ਕੂਟ, ਚਾਰੋਂ ਕੁੰਟਾਂ ਖੋਜ ਖੁਜਾਈਆ । ਜਿਧਰ ਵੇਖੇਂ ਨਜ਼ਰੀ ਆਏ ਝੂਠ, ਇਹ ਵੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਰਾਹ ਤੱਕੇ ਖ਼ਲਕ ਖ਼ੁਦਾਈਆ । ਰਾਹ ਤੱਕੇ ਖ਼ਾਲਕ ਮਖ਼ਲੂਕ, ਬੇਨਜ਼ੀਰ ਨੈਣ ਉਠਾਈਆ । ਤੇਰਾ ਮਿਲੇ ਨਾ ਕੋਇ ਸਬੂਤ, ਸਚ ਤਸਵੀਰ ਨਾ ਕੋਇ ਵਖਾਈਆ । ਭਾਗ ਲੱਗੇ ਨਾ ਤਤ ਕਲਬੂਤ, ਕਾਇਆ ਕਾਅਬਾ ਨਾ ਕੋਇ ਜਣਾਈਆ । ਸਚ ਦਿਸੇ ਨਾ ਕੋਇ ਅਰੂਜ, ਅਰਸ਼ ਕੁਰਸ਼ ਪਰਦਾ ਨਾ ਕੋਇ ਉਠਾਈਆ । ਮਿਲੇ ਕਿਸੇ ਨਾ ਆਪ ਮਹਿਬੂਬ, ਮੁਹੱਬਤ ਸਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਆਪਣਾ ਮੇਲ ਮਿਲਾਈਆ । ਸ੍ਰੀ ਭਗਵਾਨ ਸਚ ਜਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸਮਝੌਂਦਾ ਏ । ਸੁਰਪਤ ਇੰਦ ਆਪ ਉਠੌਂਦਾ ਏ । ਗੁਰ ਅਵਤਾਰ ਰੰਗ ਰੰਗੌਂਦਾ ਏ । ਪੀਰ ਪੈਗੰਬਰ ਸੰਗ ਬਣੌਂਦਾ ਏ । ਭਗਤ ਭਗਵੰਤ ਛੰਦ ਅਲੌਂਦਾ ਏ । ਸਚ ਅਨੰਦ ਇਕ ਦਰਸੌਂਦਾ ਏ । ਜੁਗ ਜਨਮ ਦੀ ਟੁੱਟੀ ਗੰਢ, ਧੁਰ ਦਾ ਜੋੜ ਜੁੜੌਂਦਾ ਏ । ਚਾਰ ਜੁਗ ਦੀ ਮੰਗੀ ਮੰਗ, ਕਲਜੁਗ ਅੰਤਮ ਪੂਰ ਕਰੌਂਦਾ ਏ । ਪਰਗਟ ਹੋ ਸੂਰਾ ਸਰਬੰਗ,

ਸ਼ਹਿਨਸ਼ਾਹ ਆਪਣਾ ਹੁਕਮ ਵਰਤੌਂਦਾ ਏ । ਪੁਰੀ ਲੋਅ ਬ੍ਰਹਿਮੰਡ ਖੰਡ ਆਪੇ ਲੰਘ, ਲੋਕਮਾਤ ਵੇਖਣ ਔਂਦਾ ਏ । ਸਚ ਸੁਹੰਜਣਾ ਵੇਖ ਪਲੰਘ, ਸਚ ਸਿੰਘਾਸਣ ਸੋਭਾ ਪੌਂਦਾ ਏ । ਧੁਰ ਦਾ ਢੋਲਾ ਇਕੋ ਗਾਏ ਛੰਦ, ਤੂੰ ਮੇਰਾ ਮੈਂ ਤੇਰਾ ਸੋਹੰ ਸਾਚਾ ਰਾਗ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਅਖਵੌਂਦਾ ਏ । ਕਰਨੀ ਕਰਤਾ ਹਰਿ ਅਖਵੌਂਦਾ ਏ । ਨਿਰਗੁਣ ਨਿਰਵੈਰ ਵੇਸ ਵਟੌਂਦਾ ਏ । ਜੋਤੀ ਜਾਮਾ ਨੂਰ ਚਮਕੌਂਦਾ ਏ । ਸ਼ਬਦ ਦਮਾਮਾਂ ਇਕ ਸੁਣੌਂਦਾ ਏ । ਵਡ ਅਮਾਮ ਫੇਰਾ ਪੌਂਦਾ ਏ । ਮੁਕਾਮੇ ਹੱਕ ਸੋਭਾ ਪੌਂਦਾ ਏ । ਕਲਜੁਗ ਅੰਤ ਹੋ ਪਰਗਟ, ਹਰ ਘਟ ਆਪਣਾ ਡੇਰਾ ਲੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲੀ ਖੋਲ੍ਹ ਅੱਖ, ਨੇਤਰ ਲੋਚਣ ਸਰਬ ਦਰਸੌਂਦਾ ਏ । ਸਚ ਦਵਾਰੇ ਹੋਇਆ ਇਕੱਠ, ਸੋਹਣਾ ਮੇਲਾ ਮੇਲ ਮਿਲੌਂਦਾ ਏ । ਕਲਜੁਗ ਕੂੜੀ ਕਿਰਿਆ ਦੇਵੇ ਕੱਟ, ਬਿਨ ਕਲਮ ਸ਼ਾਹੀ ਲੇਖ ਲਿਖੌਂਦਾ ਏ । ਸਚ ਦਵਾਰਾ ਖੋਲ੍ਹੇ ਹੱਟ, ਸਤਿਗੁਰ ਇਕੋ ਘਰ ਦਸੌਂਦਾ ਏ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਉਬਲੇ ਰੱਤ, ਅੰਮ੍ਰਿਤ ਮੇਘ ਇਕ ਬਰਸੌਂਦਾ ਏ । ਚਾਰ ਵਰਨਾਂ ਇਕੋ ਮਤ, ਸਾਚਾ ਨਤ ਆਪ ਜੁੜੌਂਦਾ ਏ । ਅੰਦਰ ਵੜ ਚਲਾਏ ਰਥ, ਬਾਹਰੋਂ ਨਜ਼ਰ ਕਿਸੇ ਨਾ ਔਂਦਾ ਏ । ਕਿਰਪਾ ਕਰੇ ਪੁਰਖ ਸਮਰਥ, ਸਾਹਿਬ ਸਤਿਗੁਰ ਦਇਆ ਕਮੌਂਦਾ ਏ । ਸਤਿਜੁਗ ਪੂਰਾ ਦੇ ਕੇ ਹੱਕ, ਉਪਰ ਆਪਣੀ ਮੋਹਰ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਮਿਹਰ ਨਜ਼ਰ ਇਕ ਉਠਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖਿਆ ਲੇਖ ਪੂਰ ਕਰਾਵਾਂਗਾ । ਲੋਕਮਾਤ ਰਚ ਸਵੰਬਰ, ਸੋਹਣੀ ਸਾਚੀ ਬਣਤ ਬਣਾਵਾਂਗਾ । ਸਰਬ ਕਲਾਂ ਬਣ ਭਰਤੰਬਰ, ਭਰਪੂਰ ਹਰ ਘਟ ਨਜ਼ਰੀ ਆਵਾਂਗਾ । ਕੂੜੀ ਕਿਰਿਆ ਮੇਟ ਅਡੰਬਰ, ਸਚ ਸੁਚ ਇਕ ਦ੍ਰਿੜਾਵਾਂਗਾ । ਕਰ ਪਰਕਾਸ਼ ਅੰਧੇਰੀ ਕੰਦਰ, ਜੋਤੀ ਨੂਰ ਇਕ ਚਮਕਾਵਾਂਗਾ । ਮਨ ਵਾਸਨਾ ਮਿਟੇ ਬੰਦਰ, ਦਹਿ ਦਿਸ਼ਾ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪਣੇ ਹੱਥ ਰਖਾਵਾਂਗਾ । ਸਾਚੀ ਕਰਨੀ ਆਪਣੇ ਹੱਥ ਰਖਾਵੇਗਾ । ਪੁਰਖ ਅਬਿਨਾਸ਼ੀ ਰਾਹ ਚਲਾਵੇਗਾ । ਘਟ ਘਟ ਵਾਸੀ ਵੇਖ ਵਖਾਵੇਗਾ । ਮੁਲਾਂ ਸ਼ੇਖ਼ ਮਸਾਇਕ ਪੀਰ ਫ਼ਕੀਰ ਪੰਡਤ, ਪਾਂਧਾ ਗ੍ਰੰਥੀ ਪੰਥੀ ਆਪ ਸਮਝਾਵੇਗਾ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਬਣਾਏ ਨਾਇਕ, ਹੁਕਮ ਇਕੋ ਇਕ ਵਰਤਾਵੇਗਾ । ਨਾਮ ਨਿਧਾਨਾ ਕਰ ਅਨਾਇਤ, ਰਹਿਮਤ ਫ਼ਜ਼ਲ ਆਪ ਰਖਾਵੇਗਾ । ਚਾਰ ਜੁਗ ਦੀ ਪੂਰੀ ਕਰ ਸ਼ਰਾਇਤ, ਸ਼ਿਰਕਤ ਪਿਛਲੀ ਮੇਟ ਮਿਟਾਵੇਗਾ । ਅੱਗੇ ਕਰੇ ਇਕ ਹਦਾਇਤ, ਹਜ਼ਰਤ ਇਕੋ ਨਾਮ ਸਮਝਾਵੇਗਾ । ਜਿਸ ਦੀ ਕੋਈ ਨਾ ਕਰੇ ਅਜ਼ਮਾਇਸ਼, ਆਲਮ ਉਲਮਾ ਸਮਝ ਨਾ ਕੋਇ ਰਖਾਵੇਗਾ । ਜਿਸ ਦੀ ਦੋ ਜਹਾਨ ਨੁਮਾਇਸ਼, ਫੁਲ ਫੁਲਵਾੜੀ ਲੱਖ ਚੁਰਾਸੀ ਵੇਖ ਵਖਾਵੇਗਾ । ਜਿਸ ਦੀ ਸਚਖੰਡ ਮੁਕਾਮੇ ਹੱਕ ਰਿਹਾਇਸ਼, ਦਰਗਾਹ ਸਾਚੀ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਦ੍ਰਿੜਾਵੇਗਾ । ਸਾਚਾ ਹੁਕਮ ਪ੍ਰਭੂ ਦ੍ਰਿੜਾਵੇਗਾ । ਸਤਿਜੁਗ ਸਾਚਾ ਰਾਹ ਵਖਾਵੇਗਾ । ਵੇਖਣਹਾਰਾ ਜਲ ਥਲ ਅਸਗਾਹ, ਉਚੇ ਟਿੱਲੇ ਪਰਬਤ ਖੋਜ ਖੁਜਾਵੇਗਾ । ਜਪਾਵਣਹਾਰਾ ਧੁਰ ਦਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਵੇਗਾ । ਵਸਾਵਣਹਾਰਾ ਸੱਚਾ ਥਾਂ, ਮਹਲ ਅਟੱਲ ਇਕ ਸੁਹਾਵੇਗਾ । ਕਾਇਆ ਮੰਦਰ ਭਾਗ ਲਗਾ, ਵੱਜਾ ਜੰਦਰ ਆਪ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਮਾਰਗ ਇਕ ਸਮਝਾਵੇਗਾ । ਸਾਚਾ ਮਾਰਗ ਪ੍ਰਭੂ ਸਮਝਾਉਣਾ ਏਂ । ਕਲਜੁਗ ਅੰਤਮ ਵੇਖ ਵਖਾਉਣਾ ਏਂ । ਪਿਛਲਾ ਲੇਖਾ ਸਰਬ ਚੁਕਾਉਣਾ ਏਂ । ਕੂੜੀ ਕਿਰਿਆ ਡੇਰਾ ਢੌਣਾ ਏਂ । ਸਤਿਜੁਗ ਮਾਰਗ ਇਕੋ ਲਾਉਣਾ ਏਂ । ਚਾਰ ਵਰਨ ਹਰਿ ਕੀ ਸਰਨ ਇਕ ਤਕਾਉਣਾ ਏਂ । ਪੁਰਖ ਅਕਾਲ ਇਸ਼ਟ ਗੁਰਦੇਵ ਸਵਾਮੀ ਇਕੋ ਨਜ਼ਰੀ ਔਣਾ ਏਂ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਸਰਬ ਸਮਝਾਉਣਾ ਏਂ । ਨਾਮ ਅਨਮੁਲੜੀ ਦੇ ਕੇ ਦਾਤ, ਖ਼ਾਲੀ ਭੰਡਾਰਾ ਪੂਰ ਕਰੌਣਾ ਏਂ । ਮੇਲ ਮਿਲਾ ਕੇ ਕਮਲਾਪਾਤ, ਆਵਣ ਜਾਵਣ ਜਗਤ ਵਿਛੋੜਾ ਪੰਧ ਮੁਕਾਉਣਾ ਏਂ । ਜਨ ਭਗਤਾਂ ਦੇ ਕੇ ਧੁਰ ਦਾ ਸਾਥ, ਸਗਲਾ ਸੰਗ ਨਿਭੌਣਾ ਏਂ । ਸਤਿਜੁਗ ਪੁਛੇ ਤੇਰੀ ਵਾਤ, ਵਾਸਤਾ ਤੇਰੇ ਨਾਲ ਰਖਾਉਣਾ ਏਂ । ਆਦਿ ਅੰਤ ਦਾ ਸੋਹੰ ਜਾਪ, ਜਪ ਜੀਵਤ ਜੀਵ ਜਗਤ ਦ੍ਰਿੜੌਣਾ ਏਂ । ਨਾਨਕ ਗੋਬਿੰਦ ਅੰਤਮ ਗਏ ਆਖ, ਬਿਨ ਆਤਮ ਪਰਮਾਤਮ ਮੇਲ ਕਿਸੇ ਨਾ ਮਿਲਾਉਣਾ ਏਂ । ਜੁਗ ਚੌਕੜੀ ਜਿਸ ਦਾ ਕਰਦੇ ਪਾਠ, ਪੂਜਾ ਸਿਮਰਨ ਜੋਗ ਅਭਿਆਸ ਹਠ ਤਪ ਜਿਸ ਦਾ ਨਾਦ ਵਜੌਣਾ ਏਂ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਜੋਤ ਸਰੂਪੀ ਵੇਖੇ ਆਪ, ਪਰਦਾ ਆਪਣਾ ਆਪ ਉਠੌਣਾ ਏਂ । ਜਨ ਭਗਤਾਂ ਕੋਟ ਜਨਮ ਦੇ ਲਾਹ ਕੇ ਪਾਪ, ਪਤਤ ਪਾਪੀ ਪਾਰ ਕਰੌਣਾ ਏਂ । ਮੁਰੀਦਾਂ ਮੁਰਸ਼ਦ ਖੋਲ੍ਹੇ ਤਾਕ, ਤਸਬੀ ਮਾਲਾ ਗਲ ਨਾ ਕੋਇ ਲਟਕਾਉਣਾ ਏਂ । ਕਰ ਕਿਰਪਾ ਕਰੇ ਪਾਕ, ਪਾਕ ਰਸੂਲ ਰੰਗ ਚੜ੍ਹੌਣਾ ਏਂ । ਪਰਮ ਪੁਰਖ ਦੀ ਇਕੋ ਜਾਤ, ਲੱਖ ਚੁਰਾਸੀ ਆਪਣੀ ਜਾਤ ਵਿਚ ਰਲਾਉਣਾ ਏਂ । ਪਿਛਲਾ ਲੇਖਾ ਜੋ ਲਿਖਿਆ ਕਲਮ ਦਵਾਤ, ਕਾਗ਼ਜ਼ ਸ਼ਾਹੀ ਵੰਡ ਵੰਡੌਣਾ ਏਂ । ਅੰਤਮ ਸਭ ਨੂੰ ਦੇ ਨਜਾਤ, ਸਚ ਘਰ ਸਾਚੇ ਆਪ ਬਹੌਣਾ ਏਂ । ਸਤਿਜੁਗ ਸਤਿ ਸਤਿਵਾਦੀ ਤੇਰਾ ਇਕੋ ਸਿਮਰਨ ਪੂਜਾ ਚਲੇ ਪਾਠ, ਪਾਠਸ਼ਾਲਾ ਅੰਦਰ ਸਵਾਮੀ ਇਕੋ ਨਜ਼ਰੀ ਔਣਾ ਏਂ । ਇਕੋ ਸਰੋਵਰ ਤੀਰਥ ਤਟ ਘਾਟ, ਸਚ ਕਿਨਾਰਾ ਆਪ ਵਡਿਔਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਭ ਦੀ ਪੂਰੀ ਕਰੇ ਆਸ, ਨਿਰਾਸਾ ਦੋ ਜਹਾਨ ਨਜ਼ਰ ਕੋਇ ਨਾ ਔਣਾ ਏਂ । ਆਦਿ ਪੁਰਖ ਜਿਸ ਰਚਨ ਰਚਾਈ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਜਿਸ ਬਣਤ ਬਣਾਈ, ਏਕੰਕਾਰ ਰਾਹ ਚਲਾਇੰਦਾ । ਆਦਿ ਨਿਰੰਜਣ ਜਿਸ ਜੋਤ ਜਗਾਈ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਸ੍ਰੀ ਭਗਵਾਨ ਜਿਸ ਕਰੀ ਪੜ੍ਹਾਈ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਸਮਝਾਇੰਦਾ । ਸਚਖੰਡ ਜਿਸ ਜੋਤ ਟਿਕਾਈ, ਥਿਰ ਘਰ ਆਪਣੀ ਵੰਡ ਵੰਡਾਇੰਦਾ । ਨਾਰ ਕੰਤ ਜਿਸ ਕਰੀ ਕੁੜਮਾਈ, ਸੋ ਨਿਰਗੁਣ ਨਿਰਵੈਰ ਆਪਣੀ ਕਾਰ ਕਮਾਇੰਦਾ । ਸੁਤ ਦੁਲਾਰਾ ਜੋ ਰਿਹਾ ਜਾਈ, ਸ਼ਬਦੀ ਨਾਉਂ ਵਡਿਆਇੰਦਾ । ਆਪਣੀ ਇਛਿਆ ਜਿਸ ਪਰਗਟਾਈ, ਵਿਸ਼ਨ ਬ੍ਰਹਮਾ ਸ਼ਿਵ ਧਾਰ ਉਪਾਇੰਦਾ । ਸਾਚੀ ਭਿਛਿਆ ਜਿਸ ਵਰਤਾਈ, ਤ੍ਰੈਗੁਣ ਮਾਇਆ ਪੰਜ ਤਤ ਵੰਡ ਵਖਾਇੰਦਾ । ਕਿਰਪਾ ਕਰੀ ਜਿਸ ਰਘੁਰਾਈ, ਲੱਖ ਚੁਰਾਸੀ ਘਾੜਤ ਘੜਤ ਘੜਾਇੰਦਾ । ਨਵ ਦਰ ਜਿਸ ਨੇ ਖੇਲ ਰਚਾਈ, ਘਰ ਘਰ ਵਿਚ ਆਪਣਾ ਨੂਰ ਟਿਕਾਇੰਦਾ । ਕਰਮ ਕਾਂਡ ਜਿਸ ਬਣਤ ਬਣਾਈ, ਪਰਕਿਰਤੀ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤੇ ਹੱਥ ਵਡਿਆਈਆ । ਲੇਖਾ ਲਿਖ ਕੇ ਅਗੰਮ ਅਪਾਰ, ਘਰ ਆਪਣੇ ਲਿਆ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਹੁਕਮ ਵਰਤਾਈਆ । ਲੱਖ ਚੁਰਾਸੀ ਕਰ ਉਜਿਆਰ, ਨਿਰਗੁਣ ਸਰਗੁਣ ਰੂਪ ਵਖਾਈਆ । ਆਪਣੀ


੬੯੦
੧੯

ਕਿਰਪਾ ਆਪੇ ਕਰ ਪਿਆਰ, ਆਪ ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਸ਼ਬਦ ਰੂਪ ਸਮਝਾਈਆ । ਲੇਖਾ ਲਿਖ ਕੇ ਅਗੰਮ ਅਪਾਰ, ਕਾਤਬ ਬਣ ਕੇ ਕਲਮ ਚਲਾਈਆ । ਸਿਖਿਆ ਦੇ ਸਰਬ ਸੰਸਾਰ, ਸ੍ਰਿਸ਼ਟੀ ਕਰੀ ਜਗਤ ਪੜ੍ਹਾਈਆ । ਉਹਲੇ ਬੈਠ ਸਿਰਜਣਹਾਰ, ਸੋਹਣੀ ਆਪਣੀ ਖੇਲ ਖਿਲਾਈਆ । ਨਿਹਕਰਮੀ ਕਰਮ ਕਰੇ ਅਪਾਰ, ਅਪਰੰਪਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਰਚਨਾ ਰਚ ਕੇ ਹਰਿ ਮੀਤ, ਪ੍ਰਭ ਆਪਣੀ ਖੇਲ ਰਚਾਈਆ । ਸ੍ਰਿਸ਼ਟ ਸਬਾਈ ਦੱਸ ਕੇ ਰੀਤ, ਗੁਣ ਅਵਗੁਣ ਦੋਵੇਂ ਦਏ ਸਮਝਾਈਆ । ਮਨ ਮਤ ਬੁਧ ਘਰ ਘਰ ਵਿਚ ਪਾਈ ਠੀਕ, ਬੱਚਿਆ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਸਭ ਦੀ ਕੀਤੀ ਰੀਝ, ਸਿਰ ਆਪਣਾ ਹੱਥ ਟਿਕਾਈਆ । ਮਾਤ ਗਰਭ ਸਭ ਦੇ ਨਾਲ ਕੀਤੀ ਪ੍ਰੀਤ, ਪ੍ਰੇਮ ਪ੍ਰੀਤੀ ਇਕ ਜੁੜਾਈਆ । ਜਨਮ ਤੋਂ ਪਹਿਲੋਂ ਦੱਸਿਆ ਠੀਕ, ਸਾਚੀ ਸਮਝ ਇਕ ਸਮਝਾਈਆ । ਪ੍ਰਭ ਦਾ ਗੌਣਾ ਗੀਤ, ਢੋਲਾ ਇਕੋ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਦਾ, ਕਰਨਹਾਰਾ ਆਪ ਅਖਵਾਇੰਦਾ । ਲੱਖ ਚੁਰਾਸੀ ਘਾੜਨ ਘੜਦਾ, ਘੜ ਘੜ ਆਪੇ ਵੇਖ ਵਖਾਇੰਦਾ । ਨਿਰਗੁਣ ਹੋ ਕੇ ਅੰਦਰ ਵੜਦਾ, ਸਰਗੁਣ ਸਾਚੇ ਸੋਭਾ ਪਾਇੰਦਾ । ਮਹਲ ਅਟੱਲ ਅਗੰਮੀ ਚੜ੍ਹਦਾ, ਜਿਸ ਘਰ ਨਜ਼ਰ ਕਿਸੇ ਨਾ ਆਇੰਦਾ । ਪਿਆਰ ਵਿਕਾਰ ਦੋਵੇਂ ਘੱਲਦਾ, ਕਾਇਆ ਤਤ ਸ਼ੰਗਾਰ ਬਣਾਇੰਦਾ । ਸ੍ਰਿਸ਼ਟ ਸਬਾਈ ਆਪੇ ਰਲਦਾ, ਰਲ ਮਿਲ ਆਪਣਾ ਖੇਲ ਵਖਾਇੰਦਾ । ਗੁਰ ਅਵਤਾਰ ਬਣ ਕੇ ਆਪਣਾ ਸੰਦੇਸਾ ਘੱਲਦਾ, ਧੁਰ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਨਿਰਗੁਣ ਸਰਗੁਣ ਆਪ ਜਣਾਈਆ । ਦੋਵੇਂ ਰੂਪ ਧਰੇ ਸੰਸਾਰ, ਵਡ ਸੰਸਾਰੀ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਕਰ ਤਿਆਰ, ਗੇੜਾ ਗੇੜੇ ਵਿਚ ਰਖਾਈਆ । ਕਰਮ ਕਰਮ ਦਾ ਕਰ ਵਿਹਾਰ, ਜਨਮ ਜਨਮ ਦਾ ਮੇਲ ਮਿਲਾਈਆ । ਧਰਮ ਧਰਮ ਦਾ ਕਰ ਪਰਚਾਰ, ਸੋਹਣੀ ਕਰੇ ਪੜ੍ਹਾਈਆ । ਵਰਨ ਵਰਨ ਦਾ ਲੱਗੇ ਅਖਾੜ, ਬਰਨ ਬਰਨ ਦੀ ਵੰਡ ਵੰਡਾਈਆ । ਗੁਰ ਅਵਤਾਰ ਭੇਜ ਵਾਰੋ ਵਾਰ, ਜੁਗ ਚੌਕੜੀ ਹੁਕਮ ਸੁਣਾਈਆ । ਅੰਦਰੋਂ ਦੱਸੇ ਮੈਂ ਸਭ ਦਾ ਸਾਂਝਾ ਯਾਰ, ਬਾਹਰੋਂ ਦੀਨ ਮਜ਼੍ਹਬ ਸਮਝਾਈਆ । ਅੰਦਰੋਂ ਦੱਸੇ ਨਿਰਗੁਣ ਨੂਰ ਜੋਤ ਉਜਿਆਰ, ਸ਼ਬਦੀ ਨਾਦ ਧੁਨ ਸ਼ਨਵਾਈਆ । ਬਾਹਰੋਂ ਦੱਸੇ ਚੰਮ ਦਿਸ਼ਟੀ ਚੰਗੀ ਬਹਾਰ, ਮਾਇਆ ਮਮਤਾ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਪਰਨਾਈਆ । ਦੋਹਾਂ ਅੰਦਰ ਵਸ ਕੇ ਕਰੇ ਖੇਲ ਆਪ ਕਰਤਾਰ, ਆਪਣੀ ਖ਼ੁਸ਼ੀ ਵਿਚ ਸਮਾਈਆ । ਸਾਚਾ ਮਾਰਗ ਆਪੇ ਦੱਸ ਕੇ, ਭਰਮ ਭੁਲੇਖੇ ਆਪਣੇ ਇਸ਼ਾਰੇ ਨਾਲ ਜਣਾਈਆ । ਗੁਰਮੁਖਾਂ ਅੰਦਰ ਰਲ ਕੇ, ਗੁਰ ਗੁਰ ਆਪਣੀ ਧਾਰ ਪਰਗਟਾਈਆ । ਜਿਨ੍ਹਾਂ ਕੋਲੋਂ ਜਾਏ ਨੱਠ ਕੇ, ਜਾਂਦਾ ਔਂਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਰਨੀ ਆਪ ਕਮਾਈਆ । ਆਪੇ ਰਹਿਬਰ ਬਣੇ ਖ਼ੁਦਾ, ਪੀਰ ਪੈਗ਼ੰਬਰ ਆਪ ਅਖਵਾਇੰਦਾ । ਆਪੇ ਬੈਠੇ ਹੋ ਜੁਦਾ, ਪਰਦਾ ਉਹਲਾ ਵਿਚ ਟਿਕਾਇੰਦਾ । ਆਪੇ ਫ਼ਿਤਰਤ ਦਏ ਵਖਾ, ਆਪੇ ਸੰਬਲ ਰੂਪ ਸਮਾਇੰਦਾ । ਆਪ ਕਲਮਾ ਦਏ ਪੜ੍ਹਾ, ਆਪੇ ਮੁਖ ਭਵਾਇੰਦਾ । ਦੋਹਾਂ ਵਿਚੋਲਾ ਬਣ ਕੇ ਬੇਪਰਵਾਹ, ਹਰਿ ਕਰਨੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੬੯੧ ੧੯

ਆਪਣੀ ਕਿਰਪਾ ਕਰ, ਗੁਰ ਅਵਤਾਰ ਆਪਣਾ ਹੁਕਮ ਵਖਾਇੰਦਾ । ਗੁਰ ਅਵਤਾਰ ਬਣਦਾ ਆਇਆ, ਨਿਰਗੁਣ ਸਰਗੁਣ ਲੈ ਅੰਗੜਾਈਆ । ਆਪੇ ਰਾਮ ਕ੍ਰਿਸ਼ਨ ਅਖਵਾਇਆ, ਤੇਈ ਅਵਤਾਰ ਆਪੇ ਗੰਢ ਪਵਾਈਆ । ਆਪੇ ਈਸਾ ਮੂਸਾ ਮੁਹੰਮਦ ਹੋ ਕੇ ਕਲਮਾ ਪੜ੍ਹਾਇਆ, ਦੂਈ ਦਵੈਤ ਵਿਚੋਂ ਗੰਢ ਜਣਾਈਆ । ਆਪੇ ਨਾਨਕ ਹੋ ਕੇ ਮੰਤਰ ਸਤਿਨਾਮ ਦ੍ਰਿੜਾਇਆ, ਆਪੇ ਗੋਬਿੰਦ ਹੋ ਕੇ ਫ਼ਤਹਿ ਡੰਕਾ ਇਕ ਸੁਣਾਈਆ । ਆਪੇ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖਾਇਆ, ਆਪੇ ਅੰਜੀਲ ਕੁਰਾਨਾ ਵੰਡ ਵੰਡਾਈਆ । ਆਪੇ ਸ਼ਬਦੀ ਰਾਗ ਅਲਾਇਆ, ਗੁਰੂ ਗ੍ਰੰਥ ਗੁਰਦੇਵ ਸਵਾਮੀ ਇਕੋ ਰੂਪ ਵਖਾਈਆ । ਆਪੇ ਭਰਮ ਭੁਲੇਖਾ ਪਾਇਆ, ਹਰ ਘਟ ਆਪਣਾ ਖੇਲ ਰਚਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਸੇ ਕਰਨੀ ਵਿਚ ਸਭ ਦਾ ਮਾਣ ਗਵਾਇਆ, ਮਾਲਕ ਕੋਇ ਨਜ਼ਰ ਨਾ ਆਈਆ । ਜੋ ਆਇਆ ਸੋ ਪ੍ਰਭੂ ਧਿਆਇਆ, ਪੁਰਖ ਅਕਾਲ ਸੀਸ ਨਿਵਾਈਆ । ਜੇ ਸਭ ਨੂੰ ਦੇਂਦਾ ਹੁਕਮ ਮਨਾਇਆ, ਹਰਿ ਕਾ ਜਸ ਫੇਰ ਕੋਈ ਨਾ ਗਾਈਆ । ਇਹੋ ਪ੍ਰਭ ਨੇ ਭੇਵ ਛੁਪਾਇਆ, ਜੁਗ ਜੁਗ ਗੁਰਮੁਖ ਵਿਰਲੇ ਲਏ ਜਗਾਈਆ । ਜਿਨ੍ਹਾਂ ਸਿੱਧਾ ਆਪਣਾ ਮੇਲ ਮਿਲਾਇਆ, ਲਿਖਣ ਪੜ੍ਹਨ ਦੀ ਗੱਲ ਰਹੀ ਨਾ ਰਾਈਆ । ਜਿਨ੍ਹਾਂ ਮਿਲਿਆ ਉਨ੍ਹਾਂ ਗਾਇਆ, ਉਨ੍ਹਾਂ ਦਾ ਗਾਇਆ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਰਿਹਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਜੋ ਰਿਹਾ ਘੱਲਦਾ, ਲੋਕਮਾਤ ਦਏ ਵਡਿਆਈਆ । ਚਰਨ ਸਾਇਆ ਹੇਠਾਂ ਰਿਹਾ ਪਲਦਾ, ਦੂਜੀ ਓਟ ਨਾ ਕੋਇ ਤਕਾਈਆ । ਦਿਵਸ ਰੈਣ ਰਿਹਾ ਡਰਦਾ, ਪ੍ਰਭ ਨਿਉਂ ਨਿਉਂ ਸੀਸ ਝੁਕਾਈਆ । ਲੇਖਾ ਸਮਝਾ ਘੜੀ ਘੜੀ ਪਲ ਪਲ ਦਾ, ਛਿਨ ਛਿਨ ਰਿਹਾ ਦ੍ਰਿੜਾਈਆ । ਸਭ ਦਾ ਡੇਰਾ ਅਜ ਕਲ ਦਾ, ਥਿਰ ਕੋਇ ਰਹਿਣ ਨਾ ਪਾਈਆ । ਕਰਿਆ ਖੇਲ ਅਛਲ ਅਛੱਲ ਦਾ, ਵਲ ਛਲ ਧਾਰੀ ਆਪਣੀ ਰਚਨ ਰਚਾਈਆ । ਪਰਮ ਪੁਰਖ ਦਾ ਦੀਪਕ ਇਕੋ ਬਲਦਾ, ਜਿਸ ਘਰ ਵਿਚੋਂ ਕੋਟਨ ਕੋਟ ਸ਼ਮਾ ਗੁਰੂ ਅਵਤਾਰ ਪੀਰ ਪੈਗੰਬਰ ਮਾਤ ਪਰਗਟਾਈਆ । ਲੇਖਾ ਜਾਣੇ ਮਹਲ ਅਟੱਲ ਦਾ, ਜਿਸ ਘਰ ਸੱਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਰਮ ਭੁਲੇਖਾ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਇਆ ਜਗ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰੀ ਪੜ੍ਹਾਈਆ । ਮੰਦਰ ਮਸਜਦ ਸ਼ਿਵਦਵਾਲੇ ਬਣਾਏ ਮੱਠ, ਤੀਰਥ ਤਟ ਗਏ ਜਣਾਈਆ । ਸ੍ਰਿਸ਼ਟ ਸਬਾਈ ਦੱਸਦੇ ਗਏ ਪੁਰਖ ਅਕਾਲ ਅੱਗੇ ਜੋੜ ਕੇ ਹੱਥ, ਸਮਰਥ ਇਕੋ ਨਜ਼ਰੀ ਆਈਆ । ਨਾਨਕ ਗੋਬਿੰਦ ਕਿਹਾ ਸੱਚ, ਪੁਰਖ ਅਕਾਲ ਲਓ ਮਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਤੋਂ ਬੈਠਾ ਵੱਖ, ਜੇ ਵੇਖੋਂ ਤਾਂ ਘਟ ਘਟ ਨਜ਼ਰੀ ਆਈਆ । ਜਿਨ੍ਹਾਂ ਦੇਵੇ ਆਪਣੀ ਅੱਖ, ਤਿਨ੍ਹਾਂ ਅਸਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਆਪ ਰਚਾਈਆ । ਸਾਚਾ ਖੇਲ ਗੁਰਮੁਖ ਮਨਮੁਖ, ਹਰਿ ਕਰਤੇ ਧਾਰ ਚਲਾਈਆ । ਦੋਹਾਂ ਵਿਚ ਇਕੋ ਸੁਖ, ਸ੍ਰੀ ਭਗਵਾਨ ਰੋਗ ਸੋਗ ਨਾ ਕੋਇ ਸਤਾਈਆ । ਜੇ ਸਾਰੇ ਸੰਤ ਭਗਤ ਬਣਾ ਕੇ ਗੋਦੀ ਲਏ ਚੁਕ, ਲੱਖ ਚੁਰਾਸੀ ਕਾਇਮ ਰਹਿਣ ਨਾ ਪਾਈਆ । ਅੰਤ ਨੂੰ ਸ੍ਰਿਸ਼ਟੀ ਜਾਏ ਮੁਕ, ਜੂਨੀ ਜੂਨ ਨਾ ਕੋਇ ਭਵਾਈਆ । ਇਹ ਪ੍ਰਭ ਨੇ ਪਹਿਲੋਂ ਸੋਚੀ ਸੋਚ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਬੇਸ਼ਕ ਸਚਖੰਡ ਦਵਾਰੇ ਬੈਠਾ ਰਹੇ ਖ਼ਮੋਸ਼, ਜਨ

੬੯੨
੧੯

ਭਗਤਾਂ ਅੱਠੇ ਪਹਿਰ ਗੀਤ ਗਾਏ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ ਦੇ ਵਿਚ ਸਾਰੇ ਨਿਰਦੋਸ਼, ਪਰਮ ਪੁਰਖ ਅਕਾਲ ਹੁਕਮੇ ਅੰਦਰ ਸਾਰੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਕਰਤਾਰ ਕੁਦਰਤ ਕਾਦਰ ਵੇਖਣਹਾਰਾ ਵੇਖੇ ਵਿਗਸੇ ਬੇਪਰਵਾਹੀਆ ।

★ ੧੯ ਫੱਗਣ ੨੦੨੦ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਕੌਮੀ ਫ਼ਾਰਮ ਜ਼ਿਲਾ ਕਰਨਾਲ ★

ਖ਼ੁਸ਼ੀ ਮਨਾਏ ਧਰਨੀ ਧਰਤ ਧਵਲ, ਜਨ ਭਗਤਾਂ ਰਹੀ ਜਣਾਈਆ । ਉਠੋ ਵੇਖੋ ਜੋਧਾ ਸੂਰਬੀਰ ਹਰਿ ਮਰਦ, ਮਰਦ ਮਰਦਾਨਗੀ ਇਕ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਵੰਡੇ ਦਰਦ, ਦਰ ਦਰਵੇਸ਼ਾ ਰੂਪ ਵਟਾਈਆ । ਨਿਰਗੁਣ ਨਿਰਗੁਣ ਪੁਰਖ ਅਕਾਲ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਨਾਮ ਦੀ ਲਾ ਕੇ ਗਏ ਸ਼ਰਤ, ਲੱਖ ਚੁਰਾਸੀ ਜੀਵ ਜੰਤ ਜਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੋਕਮਾਤ ਆਏ ਨਿਧੜਕ, ਨਿਰਗੁਣ ਆਪਣਾ ਵੇਸ ਵਟਾਈਆ । ਸ਼ਬਦ ਖੰਡਾ ਅਗੰਮੀ ਖੜਗ, ਤਿਖੀ ਧਾਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਇਆ ਆਪ ਕਮਾਈਆ । ਧਰਨੀ ਕਹੇ ਮੋਹੇ ਚਾਓ ਘਨੇਰਾ, ਘਰ ਵੱਜੇ ਨਾਮ ਵਧਾਈਆ । ਪੁਰਖ ਅਬਿਨਾਸ਼ੀ ਪਾਇਆ ਫੇਰਾ, ਪਰਵਰਦਿਗਾਰ ਵੇਸ ਵਟਾਈਆ । ਕੂੜੀ ਕਿਰਿਆ ਢਾਹੇ ਢੇਰਾ, ਮਾਇਆ ਮਮਤਾ ਮੋਹ ਚੁਕਾਈਆ । ਕਲਜੁਗ ਅੰਤਮ ਦੇਵੇ ਗੇੜਾ, ਲੱਖ ਚੁਰਾਸੀ ਲੱਠ ਭਵਾਈਆ । ਬ੍ਰਹਿਮੰਡ ਖੰਡ ਵੇਖੇ ਖੇੜਾ, ਦੋ ਜਹਾਨਾਂ ਖੋਜ ਖੁਜਾਈਆ । ਲਹਿਣਾ ਦੇਣ ਚੁਕਾਏ ਗੁਰੂ ਗੁਰ ਚੇਰਾ, ਚੇਲਾ ਗੁਰ ਭੇਵ ਖੁਲ੍ਹਾਈਆ । ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਲੇਖ ਚੁਕਾਏ ਤੇਰਾ ਮੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਧਰਨੀ ਕਹੇ ਮੋਹੇ ਦਿਓ ਵਧਾਈ, ਗੁਰਮੁਖਾਂ ਰਹੀ ਸਮਝਾਈਆ । ਪਰਮ ਪੁਰਖ ਪ੍ਰਭ ਜੋਤ ਜਗਾਈ, ਨੂਰੀ ਜਲਵਾ ਇਕ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਚਾਈਂ ਚਾਈਂ, ਬਿਨ ਅੱਖਾਂ ਨੈਣ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਨ ਰਾਹੀ, ਪਾਂਧੀ ਆਪਣਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਢੋਲਾ ਜਸ ਰਹੇ ਗਾਈ, ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਮੁਲਾਂ ਸ਼ੇਖ਼ ਮੁਸਾਇਕ ਵੇਖਣ ਨੂਰ ਇਲਾਹੀ, ਜਲਵਾਗਰ ਇਕੋ ਨਜ਼ਰੀ ਆਈਆ । ਨੇਤਰ ਤੱਕੋ ਖ਼ਲਕ ਖ਼ੁਦਾਈ, ਖ਼ਾਲਕ ਖ਼ਲਕ ਵੇਸ ਵਟਾਈਆ । ਦੀਦ ਈਦ ਕਰੇ ਰੁਸ਼ਨਾਈ, ਨੂਰੀ ਚੰਦ ਇਕ ਚਮਕਾਈਆ । ਗੁਰਸਿਖ ਗੁਰਮੁਖ ਹਰਿਜਨ ਸੁੱਤੇ ਰਿਹਾ ਉਠਾਈ, ਕੂੜੀ ਨਿੰਦਰਾ ਆਲਸ ਲਾਹੀਆ । ਆਤਮ ਅੰਤਰ ਨਾਦ ਧੁਨ ਕਰੇ ਸ਼ਨਵਾਈ, ਅਨਹਦ ਰਾਗੀ ਰਾਗ ਸੁਣਾਈਆ । ਅੰਮ੍ਰਿਤ ਆਤਮ ਜਾਮ ਰਿਹਾ ਪਿਆਈ, ਨਿਝਰ ਝਿਰਨਾ ਇਕ ਝਿਰਾਈਆ । ਜੁਗ ਜਨਮ ਦੇ ਵਿਛੜੇ ਰਿਹਾ ਮਿਲਾਈ, ਘਰ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਦਰਸ਼ਨ ਰਿਹਾ ਦਿਖਾਈ, ਸਵੱਛ ਸਰੂਪੀ ਨਜ਼ਰੀ ਆਈਆ । ਚਾਰ ਵਰਨ ਬਣਾਏ ਭਾਈ ਭਾਈ, ਜਾਤ ਪਾਤ ਡੇਰਾ ਢਾਹੀਆ । ਸਾਚਾ ਕਲਮਾ ਰਿਹਾ ਸਮਝਾਈ, ਨੌਬਤ ਆਪਣਾ ਨਾਮ ਵਜਾਈਆ । ਸਾਚਾ ਨਗਮਾ ਰਿਹਾ ਗਾਈ, ਧੁਰ ਦਾ ਰਾਗ ਆਪ ਸੁਣਾਈਆ । ਸਾਚਾ ਮੰਤਰ ਰਿਹਾ ਸਮਝਾਈ, ਭੇਵ ਅਭੇਦਾ ਆਪ ਖੁਲ੍ਹਾਈਆ । ਸਾਚਾ ਮੰਦਰ ਰਿਹਾ ਵਖਾਈ, ਘਰ ਘਰ

ਵਿਚ ਡੇਰਾ ਲਾਈਆ । ਸਾਚਾ ਦੀਪਕ ਕਰ ਰਿਹਾ ਰੁਸ਼ਨਾਈ, ਜੋਤੀ ਜਾਤਾ ਡਗਮਗਾਈਆ । ਸੁਰਤੀ ਸ਼ਬਦ ਕਰੇ ਕੁੜਮਾਈ, ਸਚਖੰਡ ਵਾਸੀ ਇਕੋ ਸਗਨ ਮਨਾਈਆ । ਉਠੋ ਵੇਖੋ ਚਾਈਂ ਚਾਈਂ, ਚਾਉਂ ਘਨੇਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਗਾਓ ਗੀਤ, ਸਾਹਿਬ ਸਤਿਗੁਰ ਸੋਭਾ ਪਾਈਆ । ਆਦਿ ਜੁਗਾਦੀ ਜਿਸ ਦੀ ਰੀਤ, ਜੁਗ ਚੌਕੜੀ ਵੇਸ ਵਟਾਈਆ । ਜਿਸ ਦੇ ਮੰਦਰ ਮਸਜਦ ਸ਼ਿਵਦਵਾਲੇ ਮੱਠ ਮਸੀਤ, ਸੋ ਸਾਹਿਬ ਨੂਰੀ ਨੂਰ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਸਦਾ ਅਤੀਤ, ਤ੍ਰੈਗੁਣ ਅਤੀਤਾ ਨਜ਼ਰੀ ਆਈਆ । ਦੇਵੇ ਵਡਿਆਈ ਹਸਤ ਕੀਟ, ਊਚਾਂ ਨੀਚਾਂ ਵੇਖ ਵਖਾਈਆ । ਸਚ ਪ੍ਰੀਤੀ ਬਖ਼ਸ਼ੇ ਹਰਿ ਚਰਨ ਕਵਲ ਪ੍ਰੀਤ, ਦੂਜਾ ਇਸ਼ਟ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਰਹੇ ਅਨਡੀਠ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੈਂ ਦੱਸਾਂ ਸੱਚ, ਸਚ ਸਚ ਜਣਾਈਆ । ਜਨ ਭਗਤੋ ਵੇਖੋ ਨਿਰਗੁਣ ਸਰਗੁਣ ਰਿਹਾ ਵਸ, ਸਾਚੀ ਕਰਨੀ ਕਾਰ ਕਮਾਈਆ । ਸ਼ਬਦ ਅਗੰਮੀ ਦੇਵੇ ਰਸ, ਅੰਮ੍ਰਿਤ ਆਤਮ ਜਾਮ ਪਿਆਈਆ । ਨਾਮ ਅਮੋਲਕ ਧੁਰ ਦੀ ਵੱਥ, ਹਰਿ ਕਰਤਾ ਇਕ ਵਰਤਾਈਆ । ਸਤਿ ਸਤਿਵਾਦੀ ਮਾਰਗ ਦੱਸ, ਕਰੇ ਹੱਕ ਪੜ੍ਹਾਈਆ । ਪ੍ਰਭ ਮਿਲਣ ਦੀ ਖੋਲ੍ਹੇ ਅੱਖ, ਤੀਜੇ ਲੋਚਣ ਕਰ ਰੁਸ਼ਨਾਈਆ । ਕੂੜੀ ਰੈਣ ਮੇਟੇ ਅੰਧੇਰੀ ਮਸ, ਸਾਚੇ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਧਰਨੀ ਕਹੇ ਆਓ ਵੇਖੋ ਮੇਰਾ ਘਰ, ਜਿਸ ਗ੍ਰਿਹਿ ਹਰਿ ਜੂ ਸੋਭਾ ਪਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਡੇਰਾ ਦੇਵੇ ਢਾਹੀਆ । ਸੰਤ ਸੁਹੇਲੇ ਲਾਏ ਲੜ, ਸ਼ਬਦੀ ਡੋਰੀ ਗੰਢ ਬੰਧਾਈਆ । ਚਰਨ ਧੂੜ ਨੁਹਾਏ ਸਾਚੇ ਸਰ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਢੋਲਾ ਲੈਣਾ ਪੜ੍ਹ, ਗੀਤ ਸੁਹਾਗੀ ਇਕ ਜਣਾਈਆ । ਕਲਜੁਗ ਅਗਨ ਨਾ ਜਾਣਾ ਸੜ, ਤ੍ਰੈਗੁਣ ਲੇਖਾ ਦਏ ਮੁਕਾਈਆ । ਵੇਖ ਵਖਾਏ ਕਾਇਆ ਮਾਟੀ ਪੰਜ ਤਤ ਧੜ, ਮਾਸ ਨਾੜੀ ਹੱਡ ਫੋਲ ਫੁਲਾਈਆ । ਡੂੰਘੀ ਭਵਰੀ ਕਵਰੀ ਕਾਇਆ ਮੰਦਰ ਅੰਦਰ ਜਾਏ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰਾ ਵੇਖੋ ਰੰਗ, ਪੁਰਖ ਅਕਾਲ ਆਪ ਰੰਗਾਈਆ । ਪਰਗਟ ਹੋ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਸਤਿ ਸਤਿਵਾਦੀ ਸ਼ਬਦ ਪਲੰਘ, ਪਾਵਾ ਚੂਲ ਨਾ ਕੋਇ ਵਖਾਈਆ । ਭਗਤਾਂ ਦੇਵੇ ਇਕ ਅਨੰਦ, ਨਿਜ ਆਤਮ ਰਸ ਚਖਾਈਆ । ਪੰਚ ਵਿਕਾਰ ਨਾ ਪਾਵੇ ਡੰਡ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਨਾਤਾ ਤੋੜੇ ਭੇਖ ਪਖੰਡ, ਸਚ ਸੁਚ ਦਏ ਸਮਝਾਈਆ । ਭਗਤਾਂ ਨਾਲ ਮਿਲ ਕੇ ਗਾਵੇ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਰੂਪ ਦਰਸਾਈਆ । ਸੁਖੀ ਕਰੇ ਬੰਦ ਬੰਦ, ਬੰਦਗੀ ਹਰਿ ਹਰਿ ਨਾਮ ਜਣਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦੀ ਕੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਉਠ ਵੇਖੋ ਸਖੀ, ਸਾਹਿਬ ਸਤਿਗੁਰ ਫੇਰਾ ਪਾਈਆ । ਨੂਰ ਜਹੂਰ ਤੱਕੋ ਅੱਖੀਂ, ਆਖ਼ਰ ਆਪਣਾ ਰੰਗ ਰੰਗਾਈਆ । ਘਰ ਮੰਦਰ ਜਗਾਵੇ ਦੀਆ ਬੱਤੀ, ਜੋਤੀ ਨੂਰ ਕਰੇ ਰੁਸ਼ਨਾਈਆ । ਨਜ਼ਰੀ ਆਏ ਕਮਲਾਪਤੀ, ਪਤਿਪਰਮੇਸ਼ਵਰ ਸ਼ਹਿਨਸ਼ਾਹੀਆ ।

੬੯੫
੧੬

ਜੁਗ ਚੌਕੜੀ ਗੁਰ ਅਵਤਾਰ ਕਹਾਣੀ ਜਿਸ ਨੇ ਦੱਸੀ, ਪੀਰ ਪੈਗ਼ੰਬਰ ਭੇਵ ਖੁਲ੍ਹਾਈਆ । ਜਿਸ ਦਾ ਨਾਮ ਅਨੋਖਾ ਰੱਤੀ, ਰੱਤੀ ਰੰਗ ਦਏ ਚੜ੍ਹਾਈਆ । ਭੇਵ ਚੁਕਾਏ ਕੂੜੀ ਕਿਰਿਆ ਮਨਮਤੀ, ਗੁਰਮਤ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਧਰਨੀ ਕਹੇ ਜਨ ਭਗਤ ਜਾਗ, ਸਚ ਸੰਦੇਸਾ ਇਕ ਸੁਣਾਈਆ । ਸੰਤ ਸੁਹੇਲੇ ਕਰ ਵੈਰਾਗ, ਵੈਰਾਗੀ ਰੂਪ ਵਟਾਈਆ । ਗੁਰਮੁਖ ਬੁਝਾ ਆਪਣੀ ਆਗ, ਤ੍ਰਿਸਨਾ ਤ੍ਰਿਖਾ ਤ੍ਰਿਪਤ ਕਰਾਈਆ । ਗੁਰਸਿਖ ਸਰਨਾਈ ਸਾਚੀ ਲਾਗ, ਚਰਨ ਕਵਲ ਮਿਲੇ ਵਡਿਆਈਆ । ਲੱਖ ਚੁਰਾਸੀ ਉਠ ਉਠ ਭਾਗ, ਸਦਾ ਹਰਿ ਹਰਿ ਨਾਮ ਸੁਣਾਈਆ । ਨਿਰਗੁਣ ਸਰਗੁਣ ਰਚਿਆ ਕਾਜ, ਹਰਿ ਕਰਤਾ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਤ, ਦਾਤਾ ਦਾਨੀ ਇਕ ਅਖਵਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਖ਼ਸ਼ੇ ਸਾਥ, ਸਗਲਾ ਸੰਗ ਨਿਭਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੱਸੇ ਪੂਜਾ ਪਾਠ, ਸਿਮਰਨ ਜੋਗ ਅਭਿਆਸ ਆਪ ਸਮਝਾਈਆ । ਨਿਤ ਨਵਿਤ ਨਿਰਗੁਣ ਜੋਤ ਕਰ ਪਰਕਾਸ਼, ਸਰਗੁਣ ਭੇਵ ਅਭੇਦ ਖੁਲ੍ਹਾਈਆ । ਲਹਿਣਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖ ਵਖਾਈਆ । ਜਨ ਭਗਤਾਂ ਬਣ ਕੇ ਜੁਗ ਜੁਗ ਦਾਸ, ਸੇਵਕ ਸੇਵਾ ਸਚ ਕਮਾਈਆ । ਆਪਣੇ ਰੱਖੇ ਖ਼ਾਲੀ ਹਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਵੇਖ ਵਖਾਈਆ । ਧਰਨੀ ਕਹੇ ਮੈਂ ਦਿਆਂ ਸੰਦੇਸਾ, ਸਚ ਸਚ ਦ੍ਰਿੜ੍ਹਾਈਆ । ਪਰਮ ਪੁਰਖ ਪ੍ਰਭ ਇਕ ਨਰੇਸਾ, ਨਰ ਨਿਰੰਕਾਰ ਵੇਸ ਵਟਾਈਆ । ਸੰਬਲ ਨਗਰ ਸਾਚਾ ਦੇਸਾ, ਮਹਲ ਅਟੱਲ ਸੋਭਾ ਪਾਈਆ । ਬਿਨ ਗੋਬਿੰਦ ਜਾਣੇ ਨਾ ਕੋਈ ਭੇਤਾ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਕਰੇ ਸਾਚਾ ਹੇਤਾ, ਗੁਰਮੁਖ ਆਪ ਉਠਾਈਆ । ਦੋ ਜਹਾਨਾਂ ਬਣ ਕੇ ਨੇਤਾ, ਸੱਚਾ ਹੁਕਮ ਮਨਾਈਆ । ਲਹਿਣਾ ਦੇਣਾ ਮੁਕਾਏ ਮੁਲਾਂ ਸ਼ੇਖ਼ ਮਸਾਇਕ ਪੂਰਬ ਕਰਾਏ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਦੱਸਾਂ ਏਕ, ਏਕਾ ਵਾਰ ਜਣਾਈਆ । ਜੁਗ ਚੌਕੜੀ ਜਿਸ ਦੀ ਟੇਕ, ਸੋ ਕਰਤਾ ਖੇਲ ਵਖਾਈਆ । ਜੋਤੀ ਜਾਮਾ ਧਰ ਕੇ ਭੇਖ, ਵੇਸ ਅਵਲੱੜਾ ਲਿਆ ਵਟਾਈਆ । ਨਾ ਕੋਈ ਰੂਪ ਰੰਗ ਨਾ ਰੇਖ, ਚੱਕਰ ਚਿਨ੍ਹ ਨਾ ਕੋਇ ਸਮਝਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਹਲ ਅਟੱਲ ਵਸੇ ਅਗੰਮੀ ਦੇਸ, ਅਗੰਮ ਅਗੰਮੜੀ ਕਾਰ ਕਮਾਈਆ । ਲੱਖ ਚੁਰਾਸੀ ਰਿਹਾ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਸੇਵਾ ਲਾ ਵਿਸ਼ਨ ਬ੍ਰਹਮ ਸ਼ਿਵ ਮਹੇਸ਼, ਮਸ਼ਵਰਾ ਆਪਣਾ ਨਾਮ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਭੇਜ, ਧੁਰ ਸੰਦੇਸਾ ਇਕ ਸੁਣਾਈਆ । ਬੋਧ ਅਗਾਧਾ ਸ਼ਬਦ ਅਨਾਦਾ ਦੱਸੇ ਲੇਖ, ਜੁਗ ਚੌਕੜੀ ਹੁਕਮ ਮਨਾਈਆ । ਘਟ ਘਟ ਅੰਦਰ ਲੱਖ ਚੁਰਾਸੀ ਮਾਣੇ ਸੇਜ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਗੁਰਮੁਖ ਵਿਰਲੇ ਦੱਸੇ ਭੇਤ, ਭਗਤ ਭਗਵਾਨ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਰਿਹਾ ਚੁਕਾਈਆ । ਧਰਨੀ ਕਹੇ ਉਠ ਜੀਵ ਜਗ, ਧੁਰ ਦੀ ਬਾਤ ਸੁਣਾਈਆ । ਸਾਹਿਬ ਸੁਲਤਾਨ ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਘਰ ਘਰ ਮੱਕਾ ਕਾਅਬਾ ਵਖਾ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਆਤਮ ਸੇਜਾ ਚੜ੍ਹੇ ਭੱਜ, ਦੂਰ ਦੁਰਾਡਾ ਸੱਚਾ ਮਾਹੀਆ । ਨਿਜ

ਨੇਤਰ ਦਰਸ਼ਨ ਕਰੋ ਰੱਜ, ਜਗ ਲੋਚਣ ਨਜ਼ਰ ਕਿਸੇ ਨਾ ਆਈਆ । ਸਚ ਪ੍ਰੀਤੀ ਜਾਓ ਬੱਝ, ਨਾਤਾ ਸਕੇ ਨਾ ਕੋਇ ਤੁੜਾਈਆ । ਅੰਮ੍ਰਿਤ ਜਾਮ ਪੀਓ ਮਦਿ, ਰਸਨਾ ਜਿਹਵਾ ਨਾ ਹੋਏ ਹਲਕਾਈਆ । ਨਾਮ ਜੈਕਾਰਾ ਬੋਲੋ ਗੱਜ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਭਰਮ ਭੁਲੇਖਾ ਦਿਓ ਕੱਢ, ਭਾਂਡਾ ਭਰਮ ਭੌ ਭੰਨਾਈਆ । ਜਿਸ ਪਰਮਾਤਮ ਨਾਲੋਂ ਹੋਏ ਅੱਡ, ਸੋ ਆਤਮ ਆਪਣੇ ਨਾਲ ਮਿਲਾਈਆ । ਕੂੜੀ ਕਿਰਿਆ ਜਗਤ ਦਵਾਰ ਪਾਰ ਕਰਾਏ ਹੱਦ, ਘਰ ਮੇਲਾ ਸਹਿਜ ਸੁਭਾਈਆ । ਸਚ ਸਰਨਾਈ ਜਾਓ ਲੱਗ, ਲਾਗਤ ਮੰਗੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਧਰਤੀ ਕਹੇ ਮੈਂ ਮਿੱਟੀ ਖ਼ਾਕ, ਕੋਝੀ ਕਮਲੀ ਨਜ਼ਰੀ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੇ ਜਾਗੇ ਭਾਗ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਗੇ ਚਿਰਾਗ, ਦੀਆ ਬਾਤੀ ਇਕੋ ਇਕ ਰੁਸ਼ਨਾਈਆ । ਮੈਂ ਸਾਧਾਂ ਸੰਤਾਂ ਸੂਫੀਆਂ ਰਹੀ ਆਖ, ਗੁਰਮੁਖ ਉਠੋ ਚਾਈਂ ਚਾਈਆ । ਕਾਇਆ ਮੰਦਰ ਅੰਦਰ ਬੰਦ ਕਿਵਾੜੀ ਖੋਲ੍ਹੋ ਤਾਕ, ਬਜਰ ਕਪਾਟੀ ਪਰਦਾ ਲਾਹੀਆ । ਪਤਿਪਰਮੇਸ਼ਵਰ ਪੁਰਖ ਅਕਾਲ ਆਪਣੇ ਅੰਦਰ ਵੇਖੋ ਸਾਥ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਗੁਪਤ ਜਾਹਰ ਬਾਤਨ ਕਰੇ ਬਾਤ, ਦੀਦ ਸ਼ੁਨੀਦ ਇਕ ਸ਼ਨਵਾਈਆ । ਡੂੰਘੀ ਭਵਰੀ ਖੋਲ੍ਹੇ ਰਾਜ਼, ਰਹਿਮਤ ਆਪਣੀ ਆਪ ਕਮਾਈਆ । ਲੇਖਾ ਚੁੱਕੇ ਰੋਜ਼ਾ ਨਿਮਾਜ਼, ਵੁਜ਼ੂ ਬਾਂਗ ਨਾ ਕੋਇ ਸੁਣਾਈਆ । ਨਜ਼ਰੀ ਆਏ ਸਾਖਿਆਤ, ਪੀਰ ਪੀਰਾਂ ਬੇਪਰਵਾਹੀਆ । ਸਚ ਪਿਆਏ ਆਬੇ ਹਯਾਤ, ਹਯਾਤੀ ਦੇਵੇ ਆਪ ਬਦਲਾਈਆ । ਧੁਰ ਦਾ ਦੇਵੇ ਸਚ ਖ਼ਤਾਬ, ਖ਼ਤਾ ਪਿਛਲੀ ਮੁਆਫ ਕਰਾਈਆ । ਮੇਲ ਮਿਲਾਏ ਹੱਕ ਜਨਾਬ, ਪਰਵਰਦਿਗਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇਵੇ ਵਡਿਆਈਆ । ਧਰਨੀ ਕਹੇ ਮੇਰੀ ਵੇਖੋ ਧੂੜੀ, ਚਾਰ ਕੁੰਟ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਆਸਾ ਕਰੀ ਪੂਰੀ, ਮਨਸਾ ਅਵਰ ਨਾ ਕੋਇ ਵਧਾਈਆ । ਦਰਸ਼ਨ ਦਿਤਾ ਇਕੋ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਰੰਗ ਚਾੜ੍ਹ ਅਗੰਮੀ ਗੂੜ੍ਹੀ, ਲੋਕਮਾਤ ਉਤਰ ਕਦੇ ਨਾ ਜਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੀ ਸਿਫ਼ਤਾਂ ਨਾਲ ਕਰਦੇ ਰਹੇ ਮਸ਼ਹੂਰੀ, ਅੰਜੀਲ ਕੁਰਾਨਾ ਲੇਖ ਲਿਖਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਜੁਗ ਚੌਕੜੀ ਬੜਾ ਦਸਤੂਰੀ, ਹੁਕਮ ਆਪਣਾ ਆਪ ਵਰਤਾਈਆ । ਜਿਸ ਦੇ ਪਿਛੇ ਸਰਗੁਣ ਨਾਨਕ ਨਿਰਗੁਣ ਚੁੱਕੀ ਭੂਰੀ, ਚਾਰੇ ਕੁੰਟਾਂ ਵੇਖ ਵਖਾਈਆ । ਸੋ ਪੁਰਖ ਅਕਾਲ ਜਨ ਭਗਤਾਂ ਪਿਛੇ ਕਰੇ ਮਜ਼ਦੂਰੀ, ਬਣ ਸੇਵਕ ਸੇਵ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਹਾਜ਼ਰ ਹਜ਼ੂਰੀ, ਹਜ਼ਰਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਧਰਨੀ ਕਹੇ ਮੇਰਾ ਰੂਪ ਮਿੱਟੀ ਘੱਟਾ, ਸੋਹਣਾ ਰੰਗ ਨਾ ਕੋਇ ਵਖਾਈਆ । ਪਰਮ ਪੁਰਖ ਮੈਨੂੰ ਲੱਗੇ ਅੱਛਾ, ਚਰਨ ਮੇਰੇ ਉਤੇ ਟਿਕਾਈਆ । ਜਾਂ ਨੈਣਾਂ ਤੱਕਾਂ ਗੋਬਿੰਦ ਦਿਸੇ ਉਸ ਦਾ ਬੱਚਾ, ਜਿਸ ਵਿਚ ਵੱਡੀ ਵਡਿਆਈਆ । ਚਾਰੋਂ ਕੁੰਟ ਵੇਖਾਂ ਗੁਰਸਿਖ ਮੈਨੂੰ ਲੱਗੇ ਅੱਛਾ, ਜੋ ਸਤਿਗੁਰ ਸਤਿ ਰਿਹਾ ਧਿਆਈਆ । ਗੁਰਮੁਖਾਂ ਵੇਖ ਮੈਂ ਖ਼ੁਸ਼ੀ ਖ਼ੁਸ਼ੀ ਹੱਸਾਂ, ਘਰ ਖ਼ੁਸ਼ੀਆਂ ਰੰਗ ਵਖਾਈਆ । ਜਨ ਸੰਤਾਂ ਵੇਖ ਬਣ ਨਿਮਾਣੀ ਹੋ ਹੋ ਨੱਠਾਂ, ਭੱਜਾਂ ਵਾਹੋ ਦਾਹੀਆ । ਜਨ ਭਗਤਾਂ ਵੇਖ ਸੀਸ ਪੈਰਾਂ ਹੇਠਾਂ ਰੱਖਾਂ, ਬਣ ਨਿਮਾਣੀ ਆਪਣਾ ਆਪ ਮਿਟਾਈਆ । ਸਚ ਸੰਦੇਸਾ ਕਲਜੁਗ ਅੰਤਮ ਵਾਰ ਦੱਸਾਂ, ਜੁਗ ਚੌਕੜੀ ਹਾਲ ਸੁਣਾਈਆ । ਨਵ

ਨੌ ਚਾਰ ਪਿਛੋਂ ਵੇਲਾ ਆਇਆ ਮਸਾਂ, ਮਸਤੀ ਨਾਮ ਇਕੋ ਇਕ ਚੜ੍ਹਾਈਆ । ਚਰਨ ਕਵਲ ਸਰਨਾਈ ਢੱਠਾਂ, ਪ੍ਰਭ ਮਿਲੇ ਬੇਪਰਵਾਹੀਆ । ਜਿਸ ਦਾ ਰਾਗ ਸਵੱਯਾਂ ਵਿਚ ਗਾਇਆ ਭੱਟਾਂ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਜਿਸ ਦਾ ਖੇਲ ਤੀਰਥ ਤੱਟਾਂ, ਅਠਸਠ ਆਪਣਾ ਭੇਵ ਚੁਕਾਈਆ । ਜਿਸ ਦਾ ਨਾਮ ਦਿਵਸ ਰੈਣ ਅੰਤਰ ਅੰਤਰ ਰਟਾਂ, ਸੋਹਣਾ ਰਾਗ ਸੁਣਾਈਆ । ਜਿਸ ਦਾ ਖੇਲ ਵੇਖਾਂ ਚੌਦਾਂ ਲੋਕ ਹੱਟਾਂ, ਚੌਦਾਂ ਤਬਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਮੈਂ ਵੇਖਾਂ ਸਨਮੁਖ, ਹਰਿ ਸਤਿਗੁਰ ਦਰਸਨ ਪਾਈਆ । ਨੇਤਰ ਰੋ ਕੇ ਦੱਸਾਂ ਦੁੱਖ, ਦੁਖੀਆਂ ਹਾਲ ਜਣਾਈਆ । ਮੇਰੀ ਸਫ਼ਲ ਨਾ ਹੋਏ ਕੁੱਖ, ਜਨਨੀ ਰੂਪ ਨਾ ਕੋਇ ਵਟਾਈਆ । ਗੋਦ ਸੋਹੇ ਨਾ ਸੋਹਣਾ ਪੁੱਤ, ਸੁਹੰਜਣਾ ਰੰਗ ਨਾ ਕੋਇ ਵਖਾਈਆ । ਕਲਜੁਗ ਅੰਤਮ ਪਈ ਲੁੱਟ, ਲੁੱਟੀ ਜਾਏ ਖ਼ਲਕ ਖ਼ੁਦਾਈਆ । ਸਾਧਾਂ ਸੰਤਾਂ ਅੰਦਰ ਫੁੱਟ, ਗੁਰਮੁਖ ਰੂਪ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਆ ਕੇ ਪੁਛ, ਆਪਣੀ ਅੱਖ ਖੁਲ੍ਹਾਈਆ । ਤੇਰੇ ਤੇਰੇ ਨਾਲੋਂ ਗਏ ਰੁਠ, ਸਚ ਧਿਆਨ ਨਾ ਕੋਇ ਲਗਾਈਆ । ਮੈਂ ਉਨ੍ਹਾਂ ਦਾ ਭਾਰ ਰਹੀ ਚੁੱਕ, ਜੋ ਤੈਨੂੰ ਰਹੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਆ ਪ੍ਰਭ ਵੇਖ ਹਾਲ, ਹਾਲਤ ਆਪਣੀ ਦਿਆਂ ਜਣਾਈਆ । ਕਲਜੁਗ ਅੰਤ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਾਚੀ ਦਿਸੇ ਨਾ ਕੋਈ ਧਰਮਸਾਲ, ਮੰਦਰ ਮਸਜਦ ਮੱਠ ਕੂੜੀ ਕਿਰਿਆ ਹੋਈ ਹਲਕਾਈਆ । ਹਕੀਕਤ ਜਾਣੇ ਨਾ ਕੋਈ ਹਲਾਲ, ਹੱਕ ਹੱਕ ਨਾ ਕੋਇ ਸਮਝਾਈਆ । ਸਾਧਾਂ ਸੰਤਾਂ ਉਲਟੀ ਪਕੜੀ ਚਾਲ, ਆਪਣਾ ਆਪਣਾ ਨਾਉਂ ਰਹੇ ਦ੍ਰਿੜਾਈਆ । ਧੁਰ ਦਾ ਬਣੇ ਨਾ ਕੋਈ ਦਲਾਲ, ਸੱਚਾ ਸੰਗ ਨਾ ਕੋਇ ਰਖਾਈਆ । ਠੱਗ ਚੋਰ ਲੁੱਟਣ ਧਨ ਮਾਲ, ਕੂੜ ਕੁੜਿਆਰ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਇਕ ਵਡਿਆਈਆ । ਧਰਨੀ ਕਹੇ ਮੈਂ ਰੋਵਾਂ ਨੇਤਰ, ਨੈਣਾਂ ਨੀਰ ਵਹਾਈਆ । ਕਲਜੁਗ ਅੰਤ ਵੇਖ ਝੱਖੜ, ਜਗਤ ਰੈਣ ਅੰਧੇਰੀ ਛਾਈਆ । ਰੁੱਤ ਬਸੰਤੀ ਦਿਸੇ ਨਾ ਕੋਈ ਚੇਤਰ, ਗੁਰਮੁਖ ਫੁਲਵਾੜੀ ਨਾ ਕੋਇ ਮਹਿਕਾਈਆ । ਕਾਮ ਵਾਸਨਾ ਸਾਰੇ ਖੇਡਣ, ਹੰਕਾਰ ਕਰੇ ਲੜਾਈਆ । ਸੁਹੰਜਣੀ ਦਿਸੇ ਨਾ ਕੋਇ ਸੇਜਣ, ਨਾਰ ਕੰਤ ਨਾ ਕੋਇ ਵਡਿਆਈਆ । ਮਸਤਕ ਲਾਏ ਨਾ ਕੋਈ ਮੇਖਨ, ਜੋਤ ਲਲਾਟ ਨਾ ਕੋਇ ਰੁਸ਼ਨਾਈਆ । ਭਰਮੇ ਭੁੱਲੇ ਮੁਲਾਂ ਸ਼ੇਖ਼ਣ, ਮਸਲਾ ਸਚ ਨਾ ਕੋਇ ਸਮਝਾਈਆ । ਪੰਡਤ ਪਾਂਧੇ ਧੀਆਂ ਭੈਣਾਂ ਵੇਖਣ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਆ ਕੇ ਵੇਖ ਮੇਰੀ ਹਾਲਤ, ਧਰਨੀ ਸਚ ਸਚ ਜਣਾਈਆ । ਤੁਧ ਬਿਨ ਕਰੇ ਨਾ ਕੋਈ ਧੁਰ ਅਦਾਲਤ, ਅਦਲੀ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਕਰੇ ਬਗ਼ਾਵਤ, ਬਗਲਗੀਰ ਸੱਜਣ ਨਾ ਕੋਇ ਅਖਵਾਈਆ । ਸਤਿ ਧਰਮ ਦੀ ਦੇਵੇ ਨਾ ਕੋਈ ਜ਼ਮਾਨਤ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਤੁਧ ਬਿਨ ਦਿਸੇ ਨਾ ਕੋਈ ਸਹੀ ਸਲਾਮਤ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਕੂੜੀ ਕਿਰਿਆ ਮੇਟ ਅਲਾਮਤ, ਆਲਮ ਉਲਮਾ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਪ੍ਰਭ ਨੇਤਰ ਵੇਖ, ਕਿਉਂ ਬੈਠਾ ਮੁਖ ਛੁਪਾਈਆ । ਕਲਜੁਗ ਅੰਤਮ ਮੇਰੇ ਖੁਲ੍ਹੜੇ ਕੇਸ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਮੈਨੂੰ ਹੌਲੀ ਜਿਹੀ


੬੯੭
੧੯

ਦੱਸ ਕੇ ਗਿਆ ਗੁਰੂ ਦਸਮੇਸ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਤੇਰੀ ਸੋਹਣੀ ਲੱਗੇ ਸੇਜ, ਮਾਛੂਵਾੜੇ ਜੋ ਹੰਢਾਈਆ । ਮੈਂ ਤੇਰਾ ਸੁਨੇਹੜਾ ਦੇਵਾਂ ਭੇਜ, ਪੁਰਖ ਅਕਾਲ ਜਣਾਈਆ । ਕਲਜੁਗ ਅੰਤਮ ਬਦਲੇ ਤੇਰੀ ਰੇਖ, ਲੇਖਾ ਆਪਣੇ ਹੱਥ ਰਖਾਈਆ । ਸਚ ਦਵਾਰ ਵਸਾਏ ਤੇਰਾ ਦੇਸ, ਦੇਸ ਦਸੰਤਰ ਖੋਜ ਖੁਜਾਈਆ । ਜੋਤੀ ਜਾਮਾ ਧਰ ਕੇ ਭੇਸ, ਸੰਬਲ ਬੈਠੇ ਡੇਰਾ ਲਾਈਆ । ਸਚ ਸੁਨੇਹੜਾ ਤੈਨੂੰ ਦੇਵੇ ਭੇਜ, ਕੋਝੀ ਕਮਲੀ ਲਏ ਬੁਲਾਈਆ । ਪੂਰਬ ਲੇਖਾ ਵਖਾਏ ਲੇਖ, ਦੇਵਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਦ੍ਰਿੜਾਈਆ । ਗੋਬਿੰਦ ਕਿਹਾ ਸੁਣ ਧਰਨੀ ਬਾਤ, ਇਕੋ ਵਾਰ ਜਣਾਈਆ । ਸਦੀ ਬੀਸਵੀਂ ਮਾਰ ਝਾਤ, ਝਾਕੀ ਹਰਿ ਹਰਿ ਆਪ ਵਖਾਈਆ । ਤੇਰੀ ਆ ਕੇ ਪੁਛੇ ਵਾਤ, ਦਾਤਾ ਦਾਨੀ ਖੋਜ ਖੁਜਾਈਆ । ਜਿਉਂ ਭਾਵੇ ਪੱਤ ਲਏ ਰਾਖ, ਪਤਿਪਰਮੇਸ਼ਵਰ ਹੱਥ ਵਡਿਆਈਆ । ਤੇਰਾ ਭਗਤਾਂ ਨਾਲ ਬਣਾਏ ਸਾਥ, ਸੋਹਣਾ ਸੰਗ ਰਚਾਈਆ । ਆਪੇ ਵੇਖੇ ਖੇਲ ਤਮਾਸ਼, ਚਾਰੋਂ ਕੁੰਟ ਧਿਆਨ ਲਗਾਈਆ । ਤੇਰੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਧਰਨੀ ਤੈਨੂੰ ਦੇਵੇ ਮਾਣ, ਹਰਿ ਕਰਤੇ ਹੱਥ ਵਡਿਆਈਆ । ਸਤਿ ਧਰਮ ਦਾ ਸਚ ਨਿਸ਼ਾਨ, ਤੇਰੇ ਉਤੇ ਦਏ ਝੁਲਾਈਆ । ਤੇਰੀ ਭੇਟਾ ਕਰ ਕੇ ਨੀਹਾਂ ਹੇਠ ਦਬਾਏ ਬਾਲ, ਸੋਹਣੀ ਸਾਚੀ ਸੇਵ ਕਮਾਈਆ । ਉਪਰ ਮੰਦਰ ਬਣਾਏ ਮਹਾਨ, ਮਹਿਫਲ ਆਪਣਾ ਨਾਮ ਲਗਾਈਆ । ਦੋ ਜਹਾਨ ਝੁਲਾਏ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਖ਼ੁਸ਼ੀਆਂ ਗਾਏ ਸੱਚਾ ਗਾਣ, ਗੀਤ ਗੋਬਿੰਦ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਖ਼ੁਸ਼ੀ ਮਨਾਣ, ਦਰ ਦਰ ਘਰ ਘਰ ਦੇਣ ਵਧਾਈਆ । ਭਗਤਨ ਮੇਲਾ ਵਿਚ ਜਹਾਨ, ਸੋਹਣਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਮਿਲੇ ਮਾਤ, ਕਲਜੁਗ ਅੰਤਮ ਸੋਭਾ ਪਾਈਆ । ਸਚ ਸੁਹੰਜਣੀ ਦੇਵੇ ਦਾਤ, ਵਸਤ ਅਮੋਲਕ ਇਕ ਵਰਤਾਈਆ । ਚਰਨ ਕਵਲ ਬੰਧਾਏ ਨਾਤ, ਬਿਧ ਆਪਣੀ ਇਕ ਸਮਝਾਈਆ । ਲੇਖਾ ਲਿਖ ਬਿਨ ਕਲਮ ਦਵਾਤ, ਸ਼ਾਹੀ ਆਪਣਾ ਪ੍ਰੇਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸੁਣ ਕੇ ਹੁਕਮ ਧੁਰ ਫ਼ਰਮਾਣਾ, ਧਰਨੀ ਖ਼ੁਸ਼ੀ ਮਨਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪੇ ਹੋਏ ਸਹਾਈਆ । ਗੁਰਮੁਖ ਗੁਰਸਿਖ ਕਰੇ ਪਰਵਾਨਾ, ਹਰਿਜਨ ਮੇਲਾ ਸਹਿਜ ਸੁਭਾਈਆ । ਸਚ ਸੁਣਾਏ ਇਕੋ ਗਾਣਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਹਰਿ ਗੋਬਿੰਦ, ਗਹਿਰ ਗੰਭੀਰ ਕਰਾਇੰਦਾ । ਜੁਗ ਚੌਕੜੀ ਮੇਟੇ ਚਿੰਦ, ਚਿੰਤਾ ਰੋਗ ਗਵਾਇੰਦਾ । ਦੀਨ ਦਿਆਲ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਆਪਣਾ ਨਾਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਧੌਲ ਵਡਿਆਇੰਦਾ । ਧਰਨੀ ਕਹੇ ਮੇਰੀ ਆਸਾ ਪੂਰ, ਹਰਿ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਉਤੇ ਫਿਰਨ ਜ਼ਰੂਰ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲ ਕੇ ਤੇਰਾ ਗਾਇਣ ਜਹੂਰ, ਨੂਰ ਤੇਰਾ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਝੋਲੀ ਪਾਈਆ । ਤੇਰਾ ਲਹਿਣਾ ਦੇਵੇ ਹੱਥ, ਹਰਿ ਕਰਤਾ ਦਇਆ ਕਮਾਇੰਦਾ ।

੬੯੯
੧੯

ਮਿਹਰਵਾਨ ਪੁਰਖ ਸਮਰਥ, ਜੁਗ ਜੁਗ ਲੇਖਾ ਆਪ ਚੁਕਾਇੰਦਾ । ਭਗਤ ਸੱਜਣ ਦੇਵਣ ਸਾਥ, ਸੋਹਣਾ ਸੰਗ ਬਣਾਇੰਦਾ । ਦੋਹਾਂ ਮਿਲ ਕੇ ਗੌਣੀ ਸੱਚੀ ਗਾਥ, ਸੱਚਾ ਮਾਰਗ ਇਕ ਸਮਝਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਪੁਰਖ ਅਬਿਨਾਸ਼, ਦੂਜਾ ਨਜ਼ਰ ਕੋਇ ਨਾ ਆਇੰਦਾ । ਧਰਨੀ ਧਰਤ ਧਵਲ ਨਿਰਗੁਣ ਸਰਗੁਣ ਤੇਰੇ ਉਤੇ ਪਾਏ ਰਾਸ, ਗੋਪੀ ਕਾਹਨ ਵੇਸ ਵਟਾਇੰਦਾ । ਜੰਗਲ ਜੂਹ ਉਜਾੜ ਪਹਾੜ ਸੁਹਾਏ ਪਰਭਾਸ, ਟਿੱਲੇ ਪਰਬਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਸਾ ਮਨਸਾ ਮਨਸਾ ਆਸਾ ਸਭ ਦੀ ਪੂਰ ਕਰਾਇੰਦਾ ।

## ★ ੧੭ ਫੱਗਣ ੨੦੨੦ ਬਿਕ੍ਰਮੀ ਗੁਰਮੇਜ ਸਿੰਘ ਦੇ ਗ੍ਰਹਿ ਪਿੰਡ ਖਰਕਾ ਜ਼ਿਲਾ ਕਰਨਾਲ ★

ਸੋ ਪੁਰਖ ਨਿਰੰਜਣ ਆਦਿ ਜੁਗਾਦੀ, ਹਰਿ ਕਰਤਾ ਖੇਲ ਰਚਾਇੰਦਾ । ਸਚਖੰਡ ਨਿਵਾਸੀ ਖੇਲੇ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਇੰਦਾ । ਬੋਧ ਅਗਾਧ ਇਕ ਚਲਾਏ ਸ਼ਬਦ ਅਨਾਦੀ, ਨਿਰਗੁਣ ਨਿਰਵੈਰ ਹੁਕਮ ਵਰਤਾਇੰਦਾ । ਥਿਰ ਘਰ ਸਾਜਣਾ ਸਚ ਸਵਾਮੀ ਸਾਜੀ, ਮਹਲ ਅਟੱਲ ਸੋਭਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਆਬਾਦੀ, ਸੋਹਣੀ ਰਚਨਾ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਸੀਤਾ, ਸਾਹਿਬ ਸਤਿਗੁਰ ਬੇਪਰਵਾਹੀਆ । ਕਰੇ ਖੇਲ ਸਦਾ ਅਨਡੀਠਾ, ਸਮਝ ਸਕੇ ਕੋਇ ਨਾ ਰਾਈਆ । ਨਿਰਗੁਣ ਨਿਰਗੁਣ ਬੈਠਾ ਰਹੇ ਅਤੀਤਾ, ਸਚਖੰਡ ਦਵਾਰੇ ਸੋਭਾ ਪਾਈਆ । ਮਿਹਰਵਾਨ ਹੋ ਕੇ ਦੇਵੇ ਭੀਖਾ, ਭਿਛਿਆ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਏਕੰਕਾਰ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਸਚਖੰਡ ਦਵਾਰੇ ਹੋ ਉਜਿਆਰ, ਥਿਰ ਘਰ ਆਪਣਾ ਨੂਰ ਵਖਾਇੰਦਾ । ਸ਼ਬਦੀ ਸੁਤ ਵਡ ਸਿਕਦਾਰ, ਸ਼ਾਹ ਪਾਤਸ਼ਾਹ ਆਪ ਪਰਗਟਾਇੰਦਾ । ਧੁਰ ਦਾ ਹੁਕਮ ਸੱਚੀ ਸਰਕਾਰ, ਪੁਰਖ ਅਕਾਲ ਆਪ ਦ੍ਰਿੜਾਇੰਦਾ । ਆਦਿ ਜੁਗਾਦੀ ਤੇਰੀ ਧਾਰ, ਦੋ ਜਹਾਨਾਂ ਆਪ ਸਮਝਾਇੰਦਾ । ਭੇਵ ਅਭੇਦਾ ਖੋਲ੍ਹ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਤੇਰਾ ਰੰਗ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਰਵ ਸਸ ਤੇਰਾ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਸ਼ਬਦੀ ਸੁਤ, ਹਰਿ ਕਰਤਾ ਆਪ ਖੁਲ੍ਹਾਈਆ । ਮਿਹਰਵਾਨ ਮਿਹਰ ਕਰ ਅਬਿਨਾਸ਼ੀ ਅਚੁੱਤ, ਦੇਵਣਹਾਰ ਸਤਿ ਵਡਿਆਈਆ । ਸਾਚੀ ਧਾਰੋਂ ਪੈਣਾ ਉਠ, ਥਿਰ ਘਰ ਸਾਚੇ ਸੋਭਾ ਪਾਈਆ । ਲੱਖ ਚੁਰਾਸੀ ਅੰਦਰ ਤੇਰਾ ਨੂਰੀ ਇਕੋ ਮੁਖ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਚ ਪ੍ਰੀਤੀ ਉਤਮ ਸੁਖ, ਸਤਿ ਸਤਿਵਾਦੀ ਆਪ ਦ੍ਰਿੜਾਈਆ । ਘਟ ਘਟ ਅੰਦਰ ਬੈਠਾ ਲੁਕ, ਆਪਣਾ ਆਪ ਛੁਪਾਈਆ । ਪੁਰਖ ਅਕਾਲ ਦੀਨ ਦਿਆਲ ਜੁਗ ਚੌਕੜੀ ਲਏ ਪੁਛ, ਦੂਰ ਦੁਰਾਡਾ ਫੇਰਾ ਪਾਈਆ । ਤੇਰਾ ਪੈਂਡਾ ਨਾ ਜਾਏ ਮੁੱਕ, ਪਾਂਧੀ ਬਣੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਤ ਸ਼ਬਦ ਸੁਣ ਧੁਰ ਦੀ ਧਾਰ, ਹਰਿ ਕਰਤਾ ਆਪ ਜਣਾਈਆ । ਲੱਖ

੭੦੦
੧੯

ਚੁਰਾਸੀ ਤੇਰਾ ਪਸਾਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਚਾਰੋਂ ਕੁੰਟ ਤੇਰਾ ਜੈਕਾਰ, ਦਹਿ ਦਿਸ਼ਾ ਤੇਰੀ ਸ਼ਨਵਾਈਆ । ਤੇਰਾ ਰੂਪ ਗੁਰੂ ਅਵਤਾਰ, ਪੀਰ ਪੈਗ਼ੰਬਰ ਵੇਸ ਵਟਾਈਆ । ਤੇਰਾ ਪ੍ਰੇਮ ਭਗਤ ਭੰਡਾਰ, ਤੇਰਾ ਨਾਮ ਸੰਤਨ ਢੋਲਾ ਗਾਈਆ । ਤੇਰਾ ਰੰਗ ਗੁਰਮੁਖ ਲੈਣ ਚਾੜ੍ਹ, ਗੁਰਸਿਖ ਤੇਰੇ ਵਿਚ ਸਮਾਈਆ । ਤੇਰਾ ਹੁਕਮ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਜਣਾਈਆ । ਤੇਰਾ ਲੇਖਾ ਸ਼ਾਸਤਰ ਸਿਮਰਤ ਵੇਦ ਪੁਰਾਨ ਕੁਰਾਨ, ਗੀਤਾ ਗਿਆਨ ਅੰਜੀਲ ਨਾਲ ਕੁੜਮਾਈਆ । ਤੇਰਾ ਮੰਦਰ ਕਾਇਆ ਬੰਕ ਸਾਢੇ ਤਿੰਨ ਹੱਥ ਮਨਾਰ, ਮਹਲ ਅਟੱਲ ਨਜ਼ਰੀ ਆਈਆ । ਤੇਰਾ ਨਾਦ ਸੱਚੀ ਧੁਨਕਾਰ, ਘਰ ਘਰ ਆਪਣਾ ਰਾਗ ਸੁਣਾਈਆ । ਤੇਰਾ ਸਰੋਵਰ ਅੰਮ੍ਰਿਤ ਠੰਡਾ ਠਾਰ, ਨਿਝਰ ਝਿਰਨਾ ਇਕ ਵਖਾਈਆ । ਤੇਰਾ ਨੂਰ ਜੋਤ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਤੇਰਾ ਘਰ ਵਿਚ ਘਰ ਸੋਹੇ ਸਚ ਦਰਬਾਰ, ਧੁਰ ਦਰਬਾਰੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਏ ਵਡਿਆਈਆ । ਸ਼ਬਦ ਸੁਤ ਵੱਡ ਬਲਵਾਨ, ਹਰਿ ਕਰਤਾ ਆਪ ਕਰਾਈਆ । ਦੋ ਜਹਾਨ ਤੇਰਾ ਨਿਸ਼ਾਨ, ਬ੍ਰਹਿਮੰਡ ਖੰਡ ਵਖਾਈਆ । ਗੁਰ ਅਵਤਾਰ ਮੰਨਣ ਆਣ, ਪੀਰ ਪੈਗ਼ੰਬਰ ਸੀਸ ਝੁਕਾਈਆ । ਸ਼ਾਹ ਸੁਲਤਾਨ ਵੇਖਣ ਆਣ, ਰਾਓ ਰੰਕ ਸੇਵ ਕਮਾਈਆ । ਦਰੋਹੀ ਫਿਰੇ ਜ਼ਿਮੀਂ ਅਸਮਾਨ, ਚੌਦਾਂ ਤਬਕ ਧੂੜੀ ਖ਼ਾਕ ਰਮਾਈਆ । ਚੌਦਾਂ ਤਬਕ ਮੰਨਣ ਈਮਾਨ, ਸਿਦਕ ਸਬੂਰੀ ਤੇਰੇ ਨਾਲ ਹੰਡਾਈਆ । ਲੇਖਾ ਜਾਣੇ ਸ੍ਰੀ ਭਗਵਾਨ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਸੁਤ ਸਚ ਤੇਰਾ ਜ਼ੋਰ, ਹਰਿ ਕਰਤਾ ਆਪ ਰਖਾਇੰਦਾ । ਦੋ ਜਹਾਨਾਂ ਤੇਰੀ ਲੋੜ, ਦੂਜਾ ਨਜ਼ਰ ਕੋਇ ਨਾ ਆਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਹੱਥ ਡੋਰ, ਵਾਗਾਂ ਚਾਰੋਂ ਕੁੰਟ ਭਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਜਾਏ ਬੌਹੜ, ਨਿਰਗੁਣ ਨਿਰਵੈਰ ਮੇਲ ਮਿਲਾਇੰਦਾ । ਤੇਰਾ ਮੰਤਰ ਫੁਰਨਾ ਫੋਰ, ਸਾਹਿਬ ਸੁਲਤਾਨ ਆਪ ਦ੍ਰਿੜਾਇੰਦਾ । ਨਿਜ ਘਰ ਵਾਸੀ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਇੰਦਾ । ਚਾਰ ਜੁਗ ਵੱਜਦਾ ਰਹੇ ਢੋਲ, ਚਾਰ ਵਰਨਾਂ ਆਪ ਸੁਣਾਇੰਦਾ । ਨਿਤ ਨਵਿਤ ਅਵਲੜਾ ਬੋਲ, ਅਨਬੋਲਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਡਿਆਈ ਇਕ ਵਖਾਇੰਦਾ । ਸ਼ਬਦ ਸੁਤ ਅੱਗੋਂ ਪਿਆ ਹੱਸ, ਪੁਰਖ ਅਕਾਲ ਸੀਸ ਨਿਵਾਈਆ । ਸਚਖੰਡ ਨਿਵਾਸੀ ਸਚ ਦੱਸ, ਕੀ ਅਚਰਜ ਖੇਲ ਰਚਾਈਆ । ਜੁਗ ਚੌਕੜੀ ਵੇਖਾਂ ਨੱਸ ਨੱਸ, ਬਣ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਦੇਵਾਂ ਦੱਸ, ਤੇਰਾ ਕੋਟਨ ਕੋਟ ਨਾਮ ਸਮਝਾਈਆ । ਸਤਿ ਧਰਮ ਦਾ ਖੋਲ੍ਹਾਂ ਹੱਟ, ਕੂੜੀ ਕਿਰਿਆ ਨਾਲ ਮਿਲਾਈਆ । ਲੱਖ ਚੁਰਾਸੀ ਚਲਾਵਾਂ ਰਥ, ਬਣ ਰਥਵਾਹੀ ਸੇਵ ਕਮਾਈਆ । ਤੇਰਾ ਪ੍ਰੇਮ ਦੇਵਾਂ ਰਸ, ਰਸੀਆ ਇਕੋ ਰੂਪ ਵਟਾਈਆ । ਸਭ ਦੀ ਝੋਲੀ ਪਾਵਾਂ ਹੱਕ, ਹਕੀਕਤ ਵੇਖਾਂ ਥਾਉਂ ਥਾਈਆ । ਤੇਰੇ ਅੱਗੇ ਜੋੜ ਕੇ ਦੋਵੇਂ ਹੱਥ, ਕਵਲ ਚਰਨ ਸੀਸ ਨਿਵਾਈਆ । ਕਿਰਪਾ ਕਰ ਪੁਰਖ ਸਮਰਥ, ਬੇਪਰਵਾਹ ਦੇ ਸਮਝਾਈਆ । ਕਵਣ ਵੇਲਾ ਮੇਰੀ ਪੂਰੀ ਕਰੇਂ ਆਸ, ਜੁਗ ਚੌਕੜੀ ਤ੍ਰਿਸ਼ਨਾ ਦਏਂ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਰ ਦਾਤੇ ਤੇਰੀ ਵਡਿਆਈਆ । ਸ਼ਬਦ ਕਹੇ ਪ੍ਰਭ ਮੇਰੇ ਪਿਤ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਸੱਚਾ ਲੇਖਾ ਮੇਰਾ ਲਿਖ, ਆਦਿ ਜੁਗਾਦਿ ਸਕੇ ਨਾ ਕੋਇ ਮਿਟਾਈਆ । ਕਵਣ

ਵੇਲਾ ਕਰੇਂ ਹਿਤ, ਸੁਹੰਜਣੀ ਘੜੀ ਸੁਹਾਈਆ । ਦਰਸ ਦੀਦਾਰ ਦੀ ਪਾਵੇਂ ਭਿਖ, ਪਰਦਾ ਮੁਖ ਨਕ਼ਾਬ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਸ੍ਰੀ ਭਗਵਾਨ ਦੱਸੇ ਬੋਲ, ਬਿਨ ਰਸਨਾ ਜਿਹਵਾ ਗਾਈਆ । ਜੁਗ ਚੌਕੜੀ ਤੋਲਾਂ ਤੋਲ, ਨਿਰਗੁਣ ਕੰਡਾ ਨਾਮ ਉਠਾਈਆ । ਲੱਖ ਚੁਰਾਸੀ ਜੀਵ ਜੰਤ ਕਰਾਂ ਅਨਭੋਲ, ਕੋਟਾਂ ਵਿਚੋਂ ਗੁਰਮੁਖ ਵਿਰਲੇ ਸੋਝੀ ਪਾਈਆ । ਅੰਤਰ ਆਤਮ ਪਰਦਾ ਦੇਵਾਂ ਖੋਲ੍ਹ, ਦੂਈ ਦਵੈਤੀ ਪਰੇ ਹਟਾਈਆ । ਅੰਮ੍ਰਿਤ ਆਤਮ ਬਖ਼ਸ਼ਾਂ ਪੌਹਲ, ਨਿਝਰ ਝਿਰਨਾ ਇਕ ਝਿਰਾਈਆ । ਸੁਰਤੀ ਸ਼ਬਦੀ ਜਾਵਾਂ ਮੌਲ, ਮੌਲਾ ਆਪਣਾ ਨਾਮ ਸਮਝਾਈਆ । ਉਲਟਾ ਕਰਾਂ ਨਾਭ ਕਵਲ, ਕਵਲਾ ਮੁਖ ਆਪ ਭਵਾਈਆ । ਦੇਵਾਂ ਵਡਿਆਈ ਉਪਰ ਧੌਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਭੇਵ ਚੁਕਾਵਾਂ ਪਰਦਾ ਓਹਲ, ਓਢਣ ਨਜ਼ਰ ਕੋਇ ਨਾ ਆਈਆ । ਸਾਰ ਪਾਏ ਨਾ ਕੋਈ ਪੰਡਤ ਪਾਂਧਾ ਰੌਲ, ਮੁੱਲਾਂ ਸ਼ੇਖ਼ ਸਮਝ ਕੋਇ ਨਾ ਆਈਆ । ਨਿਰਗੁਣ ਪਰਗਟ ਹੋਵਾਂ ਅਡੋਲ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਵਸਾਂ ਕੋਲ, ਦੂਰ ਦੁਰਾਡਾ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਪ੍ਰਭ ਤੇਰੀ ਵਡਿਆਈ, ਹਉਂ ਸੇਵਕ ਚਾਕਰ ਸੇਵ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਧਿਆਨ ਲਗਾਈ, ਚਰਨ ਕਵਲ ਮੰਗਾਂ ਸਰਨਾਈਆ । ਦੋਏ ਜੋੜ ਨਮਸਕਾਰ ਨਮੋ ਸੀਸ ਨਿਵਾਈ, ਵਾਹਦ ਤੇਰੀ ਓਟ ਤਕਾਈਆ । ਪਰਵਰਦਿਗਾਰ ਨੂਰ ਖ਼ੁਦਾਈ, ਲਾਸ਼ਰੀਕ ਤੂੰ ਹੀ ਤੂੰ ਹੀ ਗਾਈਆ । ਜੁਗ ਚੌਕੜੀ ਵੇਖਾਂ ਚਾਈਂ ਚਾਈਂ, ਨਵ ਨੌਂ ਚਾਰ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰਾ ਨਾਮ ਨਾਦ ਵਜਾਈ, ਸ੍ਰਿਸ਼ਟ ਸਬਾਈ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਲੇਖਾ ਲੇਖੇ ਪਾਈਆ । ਪੁਰਖ ਅਬਿਨਾਸ਼ੀ ਦੱਸੇ ਸਤਿ, ਸਤਿ ਸਤਿਵਾਦੀ ਦਇਆ ਕਮਾਇੰਦਾ । ਕਲਜੁਗ ਅੰਤ ਹੋਵਾਂ ਪਰਗਟ, ਨਿਰਗੁਣ ਨੂਰ ਡਗਮਗਾਇੰਦਾ । ਧਰਮ ਦਵਾਰਾ ਖੋਲ੍ਹਾਂ ਹੱਟ, ਵਸਤ ਨਾਮ ਇਕ ਵਰਤਾਇੰਦਾ । ਸ੍ਰਿਸ਼ਟ ਸਬਾਈ ਬ੍ਰਹਮ ਮਤ, ਵਿਦਿਆ ਧੁਰ ਦੀ ਇਕ ਪੜ੍ਹਾਇੰਦਾ । ਨਿਜ ਨੇਤਰ ਖੋਲ੍ਹ ਅੱਖ, ਪਰਤੱਖ ਆਪਣਾ ਰੂਪ ਦਰਸਾਇੰਦਾ । ਦੁਰਮਤ ਮੈਲ ਦੇਵਾਂ ਕੱਟ, ਪਤਤ ਪਾਪੀ ਪਾਰ ਕਰਾਇੰਦਾ । ਸ਼ਬਦ ਅਗੰਮੀ ਮਾਰਾਂ ਸੱਟ, ਤੇਰਾ ਨਾਦ ਰਾਗ ਅਲਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਗਵਾਇੰਦਾ । ਲੇਖੇ ਲਾ ਪਵਣ ਸਵਾਸ, ਸਵਾਸ ਸਵਾਸਾਂ ਵੰਡ ਆਪਣਾ ਮੇਲ ਮਿਲਾਇੰਦਾ । ਜਨ ਭਗਤਾਂ ਪੂਰੀ ਕਰ ਕੇ ਆਸ, ਜਨਮ ਜਨਮ ਦਾ ਤ੍ਰਿਸਨਾ ਰੋਗ ਗਵਾਇੰਦਾ । ਨਿਰਗੁਣ ਸਰਗੁਣ ਰੱਖਾਂ ਪਾਸ, ਆਤਮ ਪਰਮਾਤਮ ਮਿਲ ਮਿਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਸੁਤ ਕਹੇ ਪ੍ਰਭ ਮੋਹੇ ਤੇਰਾ ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਤੂੰ ਪਿਤਾ ਹਉਂ ਬਾਲ ਅਞਾਣ, ਠਾਕਰ ਸਵਾਮੀ ਤੇਰੀ ਇਕ ਸਰਨਾਈਆ । ਤੂੰ ਘਾੜਤ ਘੜੇਂ ਮਹਾਨ, ਲੱਖ ਚੁਰਾਸੀ ਬਣਤ ਬਣਾਈਆ । ਮੈਂ ਅੰਦਰ ਵੜਿਆ ਆਣ, ਘਰ ਘਰ ਵਿਚ ਡੇਰਾ ਲਾਈਆ । ਅੱਠੇ ਪਹਿਰ ਕਰਾਂ ਫ਼ਰਮਾਣ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਲੋਕਮਾਤ ਨਾ ਬਣੋ ਅਣਜਾਣ, ਧੁਰ ਸੰਦੇਸਾ ਇਕ ਅਲਾਈਆ । ਪਰਮ ਪੁਰਖ ਪਤਿਪਰਮੇਸ਼ਵਰ ਮਿਲੋ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿ ਸਚ ਤੇਰੀ ਸਰਨਾਈਆ । ਸ਼ਬਦ ਸੁਤ ਤੇਰੀ ਸੇਵਾ ਸੱਚ, ਹਰਿ

੭੦੧
੧੯

੭੦੨

੧੯

ਕਰਤਾ ਆਪ ਜਣਾਇੰਦਾ । ਭਾਗ ਲਗਾਏ ਕਾਇਆ ਮਾਟੀ ਕੱਚ, ਪੰਜ ਤਤ ਮੰਦਰ ਵੇਖ ਵਖਾਇੰਦਾ । ਸ਼ਬਦ ਅਗੰਮੀ ਗਾਏ ਗਾਥ, ਧੁਰ ਦਾ ਰਾਗ ਅਲਾਇੰਦਾ । ਜਨ ਭਗਤਾਂ ਮਾਰਗ ਦੇਵੇਂ ਦੱਸ, ਸਚ ਸੰਤਾਂ ਰਾਹ ਜਣਾਇੰਦਾ । ਗੁਰਮੁਖਾਂ ਦੇਵੇਂ ਅੰਮ੍ਰਿਤ ਰਸ, ਨਿਝਰ ਝਿਰਨਾ ਇਕ ਝਿਰਾਇੰਦਾ । ਗੁਰਸਿਖਾਂ ਪ੍ਰਭ ਮਿਲਣ ਦੀ ਦੇ ਕੇ ਅੱਖ, ਘਰ ਸੱਚਾ ਇਕ ਜਣਾਇੰਦਾ । ਜਿਨ੍ਹਾਂ ਉਤੇ ਪੈ ਜਾਏ ਸ਼ੱਕ, ਤਿਨ੍ਹਾਂ ਲੱਖ ਚੁਰਾਸੀ ਵਿਚ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਇੰਦਾ । ਸ਼ਬਦ ਕਹੇ ਮੈਂ ਮੰਗਾਂ ਚਰਨ ਧੂੜੀ ਖ਼ਾਕ, ਪ੍ਰਭ ਅਵਰ ਨਾ ਕੋਇ ਵਡਿਆਈਆ । ਜਨ ਭਗਤਾਂ ਬਣਾਂ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਨਿਰਮਾਣਤਾ ਵਿਚ ਧੂੜੀ ਟਿੱਕਾ ਮਸਤਕ ਲਾਵਾਂ ਖ਼ਾਕ, ਅਭਿਮਾਨ ਰਹਿਣ ਕੋਇ ਨਾ ਪਾਈਆ । ਤੇਰਾ ਦਰਸ ਮੰਗਾਂ ਕਮਲਾਪਾਤ, ਨਿਜ ਨੇਤਰ ਧਿਆਨ ਲਗਾਈਆ । ਸਚ ਪ੍ਰੀਤੀ ਪੂਜਾ ਪਾਠ, ਸਿਮਰਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਸ੍ਰੀ ਭਗਵਾਨ ਦੇਵੇ ਦਾਨ, ਦਇਆਵਾਨ ਦਇਆ ਕਮਾਈਆ । ਜੁਗ ਚੌਕੜੀ ਵੇਖਾਂ ਆਣ, ਨਿਤ ਨਵਿਤ ਵੇਸ ਵਟਾਈਆ । ਸਤਿ ਧਰਮ ਦਾ ਸਚ ਨਿਸ਼ਾਨ, ਗੁਰਮੁਖ ਸਾਚੇ ਦਿਆਂ ਪਰਗਟਾਈਆ । ਭਗਤਾਂ ਦੇਵਾਂ ਭਗਤੀ ਗਿਆਨ, ਨਾਮ ਨਿਧਾਨ ਝੋਲੀ ਪਾਈਆ । ਮਿਲ ਮਿਲ ਸੋਹਲਾ ਇਕੋ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸ਼ਬਦ ਕਹੇ ਪ੍ਰਭ ਦੱਸ ਸਚ ਸਵਾਮੀ, ਦਹਿ ਦਿਸ਼ਾ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀ, ਅੰਤਰਗਤ ਸਭ ਦੀ ਵੇਖ ਵਖਾਈਆ । ਬੋਧ ਅਗਾਧ ਅਗੰਮੀ ਤੇਰੀ ਬਾਣੀ, ਸ਼ਬਦ ਨਾਦ ਸੱਚੀ ਸ਼ਨਵਾਈਆ । ਗੁਰਮੁਖ ਵਿਰਲੇ ਮਾਤ ਪਹਿਚਾਨੀ, ਜਿਸ ਆਪਣੀ ਬੂਝ ਬੁਝਾਈਆ । ਭਰਮੇ ਭੁੱਲੀ ਚਾਰੇ ਖਾਣੀ, ਹਰਿ ਕਾ ਭੇਵ ਕਿਸੇ ਨਾ ਆਈਆ । ਸ੍ਰੀ ਭਗਵਾਨ ਕਹੇ ਦੇਵਾਂ ਧੁਰ ਫ਼ਰਮਾਨੀ, ਸਚ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਕਹੇ ਤੇਰਾ ਨਿਸ਼ਾਨਾ ਭਗਤ, ਬਿਨ ਭਗਤਾਂ ਪ੍ਰਭ ਜੂ ਨਜ਼ਰ ਕਿਤੇ ਨਾ ਆਈਆ । ਦੇਵੇ ਵਡਿਆਈ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਇਕੋ ਸ਼ਕਤ, ਸ਼ਖ਼ਸ਼ੀਅਤ ਆਪਣੀ ਦਏ ਸਮਝਾਈਆ । ਚਿੰਤਾ ਸੋਗ ਰਹੇ ਨਾ ਹਰਖ਼, ਗ਼ਮ ਨੇੜ ਕੋਇ ਨਾ ਆਈਆ । ਮਨ ਵਾਸਨਾ ਮੂਲ ਨਾ ਜਾਏ ਭਟਕ, ਮਤ ਮਤਵਾਲੀ ਨਾ ਦਏ ਦੁਹਾਈਆ । ਬੁਧੀ ਵਿਚ ਨਾ ਰਹੇ ਫ਼ਰਕ, ਫ਼ੈਸਲਾ ਇਕੋ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਪ੍ਰਭ ਤੇਰਾ ਭਗਤ ਚੰਗਾ, ਚਾਰੋਂ ਕੁੰਟ ਨਜ਼ਰੀ ਆਈਆ । ਜਿਸ ਦੇ ਅੰਦਰ ਤੇਰਾ ਮਰਦੰਗਾ, ਸਾਚਾ ਨਾਮ ਢੋਲਾ ਰਾਗ ਸੁਣਾਈਆ । ਦੂਈ ਦਵੈਤੀ ਢਾਏ ਕੰਧਾ, ਭਾਂਡਾ ਭਰਮ ਭੌ ਭੰਨਾਈਆ । ਸਚ ਪ੍ਰੀਤੀ ਗਾਏ ਛੰਦਾ, ਇਕੋ ਨਾਮ ਧਿਆਈਆ । ਅੱਠੇ ਪਹਿਰ ਪਰਮਾਨੰਦਾ, ਨਿਜ ਆਤਮ ਕਰੇ ਰਸਾਈਆ । ਰਸਨਾ ਜਿਹਵਾ ਹੋਏ ਨਾ ਗੰਦਾ, ਕੂੜੀ ਕਿਰਿਆ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਗ੍ਰਿਹ ਸ਼ਬਦੀ ਮੰਗ ਮੰਗਾਈਆ । ਸ਼ਬਦ ਕਹੇ ਪ੍ਰਭ ਤੇਰਾ ਭਗਤ ਅਮੋਲਾ, ਅਮੁਲੜਾ ਨਜ਼ਰੀ ਆਈਆ । ਤੇਰੇ ਘਰ ਦਾ ਹੋਇਆ ਗੋਲਾ, ਸਾਚੀ ਸੇਵ ਕਮਾਈਆ । ਆਪਣਾ ਆਪ ਨਾਮ ਕੰਡੇ ਤੋਲਾ, ਤਰਾਜ਼ੂ ਅਵਰ ਨਾ



੭੦੨

੧੯

ਕੋਇ ਰਖਾਈਆ । ਸਚ ਦਵਾਰਾ ਇਕੋ ਖੋਲ੍ਹਾ, ਜਿਸ ਘਰ ਵਸੇ ਬੇਪਰਵਾਹੀਆ । ਸ਼ਬਦ ਅਨਾਦੀ ਗਾਵੇ ਢੋਲਾ, ਅਨਹਦ ਨਾਦੀ ਰਾਗ ਅਲਾਈਆ । ਏਥੇ ਓਥੇ ਦੋ ਜਹਾਨ ਸਾਹਿਬ ਸਤਿਗੁਰ ਲੱਭੇ ਵਿਚੋਲਾ, ਦੂਜਾ ਬੰਧਨ ਨਾ ਕੋਇ ਪਾਈਆ । ਕੂੜੀ ਕਿਰਿਆ ਮਨ ਵਾਸਨਾ ਜਗਤ ਨਾ ਪਾਏ ਰੌਲਾ, ਕੂਕ ਕੂਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸ਼ਬਦ ਕਹੇ ਪ੍ਰਭ ਹਰਿਜਨ ਤੇਰਾ, ਤੇਰਾ ਰੂਪ ਨਜ਼ਰੀ ਆਈਆ । ਧੰਨ ਭਾਗ ਉਹ ਵਸੇ ਖੇੜਾ, ਜਿਸ ਗ੍ਰਿਹ ਤੇਰਾ ਨੂਰ ਰੁਸ਼ਨਾਈਆ । ਮਾਇਆ ਮਮਤਾ ਚੁੱਕੇ ਝੇੜਾ, ਹਉਮੇਂ ਹੰਗਤਾ ਗੜ੍ਹ ਨਾ ਕੋਇ ਵਖਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇੜਨ ਨੇੜਾ, ਪਾਂਧੀ ਪੰਧ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਚ ਸਰਨਾਈ ਰਾਖੇ ਏਕ, ਹਰਿ ਕਰਤਾ ਆਪ ਜਣਾਇੰਦਾ । ਸ਼ਬਦ ਸਵਾਮੀ ਦੇਵੇ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਮਨ ਮਤ ਬੁਧ ਕਰੇ ਬਿਬੇਕ, ਖ਼ਾਲਸ ਆਪਣਾ ਰੂਪ ਵਟਾਇੰਦਾ । ਕੂੜੀ ਕਿਰਿਆ ਲੇਖ ਚੁਕਾਏ ਭੇਖ, ਸਤਿ ਸਰੂਪੀ ਨਜ਼ਰੀ ਆਇੰਦਾ । ਆਤਮ ਪਰਮਾਤਮ ਕਰੇ ਹੇਤ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸੁਰਤੀ ਸ਼ਬਦੀ ਖੇਲੇ ਖੇਡ, ਗੋਪੀ ਕਾਹਨ ਰਾਸ ਰਚਾਇੰਦਾ । ਭਾਗ ਲਗਾਏ ਸੁਹੰਜਣੀ ਸੇਜ, ਹਰਿ ਕੰਤ ਕੰਤੂਹਲ ਸੋਭਾ ਪਾਇੰਦਾ । ਜੋਤੀ ਜਲਵਾ ਨੂਰੀ ਤੇਜ, ਦੀਆ ਬਾਤੀ ਇਕੋ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਵੜ ਕੇ ਦੱਸੇ ਭੇਤ, ਭੇਵ ਅਭੇਵ ਅਭੇਦ ਆਪ ਖੁਲ੍ਹਾਇੰਦਾ ।



★ ੧੭ ਫੱਗਣ ੨੦੨੦ ਬਿਕ੍ਰਮੀ ਕਰਨੈਲ ਸਿੰਘ, ਜਰਨੈਲ ਸਿੰਘ ਦੇ ਗ੍ਰਿਹ ਖਰਕਾ ਜ਼ਿਲਾ ਕਰਨਾਲ ★

ਧੁਰ ਦਾ ਸ਼ਬਦ ਸਤਿਗੁਰ ਪਿਆਰ, ਹਰੀ ਨਾਮ ਮਿਲੇ ਵਡਿਆਈਆ । ਦੋ ਜਹਾਨਾਂ ਬਣੇ ਸਹਾਰ, ਏਥੇ ਓਥੇ ਵੇਖ ਵਖਾਈਆ । ਡੂੰਘੀ ਭਵਰੀ ਕਰੇ ਪਾਰ, ਭਵ ਸਾਗਰ ਪੰਧ ਮੁਕਾਈਆ । ਲੱਖ ਚੁਰਾਸੀ ਗੇੜ ਨਿਵਾਰ, ਆਵਣ ਜਾਵਣ ਦਏ ਕਟਾਈਆ । ਮਾਣਸ ਜਨਮ ਪੈਜ ਸੁਆਰ, ਦੇਵਤ ਸੁਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਬੁਝਾਈਆ । ਹਰਿ ਕਾ ਸ਼ਬਦ ਸਤਿਗੁਰ ਰੂਪ, ਆਦਿ ਜੁਗਾਦੀ ਨਜ਼ਰੀ ਆਇੰਦਾ । ਕੂੜੀ ਕਿਰਿਆ ਮਿਟਾਏ ਝੂਠ, ਸਚ ਸੁਚ ਇਕ ਸਮਝਾਇੰਦਾ । ਭੇਵ ਚੁਕਾਏ ਚਾਰੇ ਕੂਟ, ਦਹਿ ਦਿਸ਼ਾ ਪਰਦਾ ਲਾਹਿੰਦਾ । ਘਰ ਆਤਮ ਦੇਵੇ ਸੂਖ, ਪਰਮਾਤਮ ਮੇਲ ਮਿਲਾਇੰਦਾ । ਜੁਗ ਜਨਮ ਦੀ ਮੇਟੇ ਭੂਖ, ਸਚ ਭੰਡਾਰ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਇਕ ਵਡਿਆਇੰਦਾ । ਹਰਿ ਕਾ ਨਾਮ ਠਾਂਡਾ ਸੀਤਾ, ਅਗਨੀ ਤਤ ਬੁਝਾਈਆ । ਘਰ ਸਵਾਮੀ ਮਿਲੇ ਧੁਰ ਦਾ ਮੀਤਾ, ਪੁਰਖ ਅਕਾਲ ਨਜ਼ਰੀ ਆਈਆ । ਲੇਖਾ ਚੁੱਕੇ ਮੰਦਰ ਮਸੀਤਾ, ਸ਼ਿਵਦਵਾਲਾ ਮੱਠ ਇਕੋ ਰੂਪ ਦਰਸਾਈਆ । ਦੇਵੇ ਵਡਿਆਈ ਊਚਾਂ ਨੀਚਾਂ, ਰਾਉ ਰੰਕਾਂ ਗਲੇ ਲਗਾਈਆ । ਸਚ ਦਵਾਰ ਮਾਰਗ ਦੱਸੇ ਸੀਧਾ, ਸਿਧ ਸਾਧਕ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਦੇਵੇ ਵਡਿਆਈਆ । ਸਤਿਗੁਰ ਨਾਮ ਸਰਬ ਸੁਖ ਸਾਗਰ, ਚਿੰਤਾ ਰੋਗ ਸੋਗ ਗਵਾਇੰਦਾ ।

ਤਾਲ ਸੁਹਾਏ ਅੰਮ੍ਰਿਤ ਗਾਗਰ, ਕਾਇਆ ਬੰਕ ਵਡਿਆਇੰਦਾ । ਭਗਤ ਵਛਲ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਤਰ ਨਾਮ ਸਮਝਾਇੰਦਾ । ਸਤਿਗੁਰ ਨਾਮ ਸਾਹਿਬ ਦੇਵੇ ਸਚ ਮੰਤਰ, ਅੰਤਸ਼ਕਰਨ ਵੇਖ ਵਖਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਪਰਦਾ ਉਹਲਾ ਦਏ ਚੁਕਾਈਆ । ਵੇਖ ਵਖਾਏ ਊਚ ਅਗੰਮ ਗਗਨ ਗਗਨੰਤਰ, ਮੰਡਲ ਮੰਡਪ ਖੋਜ ਖੁਜਾਈਆ । ਜੁਗ ਚੌਕੜੀ ਜਗਤ ਵਾਸਨਾ ਮੇਟੇ ਬਸੰਤਰ, ਅਗਨੀ ਅੱਗ ਬੁਝਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਤਮ ਕਰੇ ਸੁਤੰਤਰ, ਸੁਰਤੀ ਸ਼ਬਦ ਨਾਲ ਮਿਲਾਈਆ । ਸਤਿ ਧਰਮ ਬਣਾਏ ਬਣਤਰ, ਘੜਨ ਭੰਨਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਇਕ ਦਰਸਾਈਆ । ਸਤਿਗੁਰ ਸ਼ਬਦ ਅਲੱਖ ਅਭੇਵਾ, ਅਨੁਭਵ ਧਾਰ ਚਲਾਇੰਦਾ । ਅੰਮ੍ਰਿਤ ਰਸ ਅਗੰਮੀ ਮੇਵਾ, ਦੋ ਜਹਾਨਾਂ ਹੱਥ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਦੇਵੇ ਵੱਡ ਦੇਵੀ ਦੇਵਾ, ਦੇਵਤ ਸੁਰ ਸਰਬ ਧਿਆਨ ਲਗਾਇੰਦਾ । ਗੁਰਮੁਖ ਵਿਰਲਾ ਰਸ ਵੇਖੇ ਬਿਨ ਰਸਨਾ ਜਿਹਵਾ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਭੇਵ ਖੁਲ੍ਹਾਏ ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵਾ, ਨਿਰਗੁਣ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਨਾਮ ਆਪ ਸਾਲਾਹਿੰਦਾ । ਸਤਿਗੁਰ ਨਾਮ ਸਤਿ ਸਰੂਪ, ਜਗ ਨੇਤਰ ਨਜ਼ਰ ਨਾ ਆਈਆ । ਰੂਪ ਰੰਗ ਕੋਈ ਨਾ ਜਾਣੇ ਭੂਪ, ਰਾਜ ਰਾਜਾਨ ਵੇਖਣ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਉਪਰ ਜਾਏ ਤੂਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੂਈ ਦਵੈਤ ਪੰਚ ਵਿਕਾਰਾ ਕਾਮ ਕਰੋਧ ਲੋਭ ਮੋਹ ਹੰਕਾਰਾ ਕੱਢੇ ਕੁੱਟ, ਖੰਡਾ ਖੜਗ ਨਾਮ ਚਮਕਾਈਆ । ਮਿਹਰਵਾਨ ਸ੍ਰੀ ਭਗਵਾਨ ਸੁਹਾਏ ਸਾਚੀ ਰੁੱਤ, ਪਤ ਡਾਲੀ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਾਮ ਇਕ ਉਪਜਾਈਆ । ਸਚ ਨਾਮ ਸਤਿਗੁਰ ਬਾਣ, ਅਣਿਆਲਾ ਤੀਰ ਲਗਾਇੰਦਾ । ਗੁਰਮੁਖ ਵਿਰਲਾ ਕਰੇ ਪਛਾਣ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਜੀਵ ਜੰਤ ਸ਼ੈਤਾਨ, ਸ਼ਰਅ ਵਿਚ ਸਰਬ ਲੜਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਰਖਾਇੰਦਾ । ਦੀਨ ਮਜ਼੍ਹਬ ਦਿਸੇ ਨਾ ਕੋਇ ਈਮਾਨ, ਇਸ਼ਟ ਦੇਵ ਨਾ ਕੋਇ ਜਣਾਇੰਦਾ । ਕਾਗ਼ਜ਼ ਕਲਮ ਸ਼ਾਹੀ ਨੇਤਰ ਨੈਣਾਂ ਨੀਰ ਵਹਾਣ, ਮਿਹਰਵਾਨ ਮਿਹਰ ਨਜ਼ਰ ਨਾ ਕੋਇ ਉਠਾਇੰਦਾ । ਗੁਰਮੁਖ ਵਿਰਲੇ ਆਦਿ ਜੁਗਾਦਿ ਹਰਿ ਕਾ ਨਾਮ ਮਿਲੇ ਦਾਨ, ਹਰਿ ਕਰਤਾ ਵਸਤ ਅਮੋਲਕ ਝੋਲੀ ਪਾਇੰਦਾ । ਸੋ ਗੁਰਮੁਖ ਗੁਰਸਿਖ ਚਤਰ ਸੁਘੜ ਸੁਜਾਨ, ਮੂਰਖ ਮੂੜ੍ਹ ਨਜ਼ਰ ਕੋਇ ਨਾ ਆਇੰਦਾ । ਅੰਤਰ ਆਤਮ ਬਿਨ ਪੜ੍ਹਿਆਂ ਉਪਜੇ ਗਿਆਨ, ਅਲਫ਼ ਯੇ ਪੱਟੀ ਨਾ ਕੋਇ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਵਖਾਇੰਦਾ । ਸਤਿਗੁਰ ਨਾਮ ਸਦਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਦੇ ਕਰ ਪਿਠ, ਘਰ ਘਰ ਵਿਚ ਰਿਹਾ ਡੇਰਾ ਲਾਈਆ । ਭਗਤਾਂ ਕਰੇ ਸਾਚਾ ਹਿਤ, ਹਿਤਕਾਰੀ ਲਏ ਅੰਗੜਾਈਆ । ਕਰ ਪਰਕਾਸ਼ ਘਰ ਨਿਜ, ਨਿਜ ਮੰਤਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਉਪਾਈਆ । ਸਾਚਾ ਨਾਮ ਹਰਿ ਦੀ ਉਪਮਾ, ਮਹਿਮਾ ਅਕਥ ਕਥ ਦ੍ਰਿੜਾਈਆ । ਸ੍ਰਿਸ਼ਟ ਸਬਾਈ ਦੀਸੇ ਸੁਫਨਾ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਪੰਧ ਅੰਤਮ ਮੁਕਣਾ,

ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਭੱਜਣ ਵਾਹੋ ਦਾਹੀਆ । ਕੂੜੀ ਕਿਰਿਆ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਈਆ । ਲੱਖ ਚੁਰਾਸੀ ਜੀਵ ਜੰਤ ਮਾਤ ਗਰਭ ਉਲਟਾ ਰੁੱਖਣਾ, ਜਮ ਕੀ ਫਾਸੀ ਸਕੇ ਨਾ ਕੋਇ ਤੁੜਾਈਆ । ਗੁਰਮੁਖ ਵਿਰਲੇ ਸਤਿਗੁਰ ਮਾਰਗ ਪੁੱਛਣਾ, ਨੇਤਰ ਰੋ ਰੋ ਨੈਣਾਂ ਨੀਰ ਵਹਾਈਆ । ਕਵਣ ਪ੍ਰਭ ਜਿਸ ਠਾਕਰ ਅੰਤਮ ਗੋਦੀ ਚੁੱਕਣਾ, ਜਨਮ ਮਰਨ ਦੋਵੇਂ ਦਏ ਮੁਕਾਈਆ । ਸਚ ਦਵਾਰੇ ਸਚਖੰਡ ਜਿਸ ਦੇ ਚਰਨਾਂ ਹੇਠਾਂ ਲੁਕਣਾ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਤੋਂ ਉਚਾ, ਪ੍ਰਭ ਦਿਤੀ ਮੋਹੇ ਵਡਿਆਈਆ । ਆਦਿ ਜੁਗਾਦਿ ਮੇਰਾ ਪੈਂਡਾ ਨਾ ਮੁੱਕਾ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਆਏ ਰਾਹੀਆ । ਦੋ ਜਹਾਨ ਉਜਲ ਮੁਖਾ, ਦੁਰਮਤ ਮੈਲ ਨਾ ਕੋਇ ਲਗਾਈਆ । ਮੇਰਾ ਬੂਟਾ ਕਦੇ ਨਾ ਸੁੱਕਾ, ਸਿਮਲ ਰੂਪ ਨਾ ਕੋਇ ਵਟਾਈਆ । ਫੁਲ ਫਲਵਾੜੀ ਨਾਲ ਝੁਕਾ, ਚਾਰੋਂ ਕੁੰਟ ਸੋਭਾ ਪਾਈਆ । ਦੀਨ ਦਿਆਲ ਹਰਿ ਕਿਰਪਾਲ ਹੋ ਕੇ ਤੁਠਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸੋਹਣਾ ਮਹੱਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਸਚ ਦਵਾਰੇ ਰਹਿਵਾਂ ਇਕੱਲਾ, ਏਕੰਕਾਰ ਦਿਤੀ ਵਡਿਆਈਆ । ਜੋਤੀ ਨੂਰ ਆਪੇ ਬਲਾ, ਢੋਲਾ ਰਾਗ ਸ਼ਬਦੀ ਆਪੇ ਗਾਈਆ । ਪਾਵਾਂ ਸਾਰ ਜਲਾਂ ਥਲਾਂ, ਡੂੰਘੇ ਸਾਗਰ ਵੇਖ ਵਖਾਈਆ । ਜੁਗ ਚੌਕੜੀ ਜਨ ਭਗਤ ਫੜਾਵਾਂ ਪੱਲਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਸੂਫੀਆਂ ਮੈਨੂੰ ਕਿਹਾ ਹਕੀਕਤ ਵਿਚ ਅੱਲਾ, ਆਲਮੀਨ ਨੂਰ ਖ਼ੁਦਾਈਆ । ਮੇਰੀ ਧਾਰ ਸਦਾ ਬਿਸਮਿੱਲਾ, ਬਿਸਮਿਲ ਆਪਣਾ ਆਪ ਵਖਾਈਆ । ਮੇਰਾ ਨਾਅਰਾ ਇਲਲਿੱਲਾ, ਲਾਸ਼ਰੀਕ ਖ਼ੁਸ਼ੀਆਂ ਨਾਲ ਸੁਣਾਈਆ । ਊਚ ਅਗੰਮ ਅਥਾਹ ਮੇਰਾ ਟਿੱਲਾ, ਮੁਕਾਮੇ ਹੱਕ ਮਿਲੇ ਵਡਿਆਈਆ । ਜੁਗ ਚੌਕੜੀ ਕੋਈ ਨਾ ਕੱਟਿਆ ਛਿਲਾ, ਸਚ ਦਵਾਰੇ ਸੋਭਾ ਪਾਈਆ । ਪੀਰ ਪੈਗ਼ੰਬਰ ਮੁਰਸ਼ਦ ਮੁਰੀਦਾਂ ਆ ਕੇ ਮਿਲਾ, ਨੂਰ ਜਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਕਲਮਾ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਮੇਰਾ ਭੇਵ ਨਾ ਪਾਏ ਆਲਮ ਉਲਮਾ, ਚੌਦਾਂ ਵਿਦਿਆ ਦਏ ਦੁਹਾਈਆ । ਬਿਨ ਪਰਵਰਦਿਗਾਰ ਕਿਸੇ ਦਵਾਰਿਉਂ ਮੂਲ ਨਾ ਮਿਲਣਾ, ਹੱਟ ਬਾਜ਼ਾਰ ਨਾ ਕੋਇ ਵਿਕਾਈਆ । ਅਗੰਮ ਅਥਾਹ ਲੋਕ ਪਰਲੋਕ ਖੇਲ ਖੇਲਣਾ, ਖ਼ਾਲਕ ਖ਼ਲਕ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਇਕ ਸਮਝਾਈਆ । ਸਚ ਸ਼ਬਦ ਕਹੇ ਮੇਰਾ ਪਿਤਾ ਪਰਵਰਦਿਗਾਰ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦਾ ਲੇਖਾ ਧੁਰ ਦਰਬਾਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਮੱਕਾ ਕਾਅਬਾ ਜਿਸ ਖੁਲ੍ਹਾਇਆ ਕਿਵਾੜ, ਜਗਤ ਹੁਜਰਾ ਇਕ ਵਖਾਈਆ । ਸੋ ਮਹਿਬੂਬ ਮੁਹੱਬਤ ਕਰੇ ਅਪਾਰ, ਮਹਿਵ ਆਪਣਾ ਮੇਲ ਮਿਲਾਈਆ । ਤਾਲਬ ਤੁਲਬਾ ਕਰੇ ਵਿਚਾਰ, ਭੇਵ ਅਭੇਦ ਆਪਣਾ ਆਪ ਜਣਾਈਆ । ਕਾਗਦ ਕਲਮ ਨਾ ਲਿਖਣਹਾਰ, ਅੰਜੀਲ ਕੁਰਾਨ ਨਾ ਸਕੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਆਪਣਾ ਸ਼ਬਦ ਨਾਮ ਕਲਮਾ ਇਕੋ ਇਕ ਦ੍ਰਿੜਾਈਆ । ਕਲਮਾ ਸ਼ਬਦ ਨਾਮ ਕਰੇ ਪਰਸਿਧ, ਪੁਸ਼ਤ ਦਰ ਪੁਸ਼ਤ ਵੇਖ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਮ ਜਪਣ ਦੀ ਦੱਸੀ ਬਿਧ, ਮਾਰਗ ਧੁਰ

੭੦੫
੧੯

ਦਾ ਆਪ ਸਮਝਾਇੰਦਾ । ਆਤਮ ਪਰਮਾਤਮ ਤੀਰ ਨਿਸ਼ਾਨੇ ਦਿਤਾ ਵਿਧ, ਮੁਖੀ ਤਿਖੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਪਰਗਟਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਮਿੱਤਰ, ਗੁਰਮੁਖਾਂ ਸੰਗ ਨਿਭਾਈਆ । ਸਚ ਦਵਾਰਿਉਂ ਆਵਾਂ ਨਿਕਲ, ਘਰ ਘਰ ਵਿਚ ਪਰਦਾ ਲਾਹੀਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਮੇਰਾ ਕਰੇ ਜ਼ਿਕਰ, ਜ਼ਿਕਰੀਆ ਮੇਰੇ ਪਿਛੇ ਆਪਣਾ ਆਪ ਬੈਠਾ ਚਿਰਾਈਆ । ਸਾਚੇ ਸੰਤਾਂ ਮੈਨੂੰ ਸਦਾ ਫਿਕਰ, ਫਿਕਰੇ ਅੰਦਰ ਸਿਫ਼ਤੀ ਨਾਮ ਪੜ੍ਹਾਈਆ । ਦੋ ਜਹਾਨਾਂ ਲੋਕਮਾਤ ਬਣ ਕੇ ਸਾਚਾ ਮਿੱਤਰ, ਮੀਤ ਮੁਰਾਰਾ ਰੂਪ ਵਟਾਈਆ । ਆਤਮ ਪਰਮਾਤਮ ਮਿਲਾਉਣ ਦਾ ਨਿਤ ਨਵਿਤ ਮੈਨੂੰ ਇਸ਼ਕ, ਆਸ਼ਕ ਮਾਸ਼ੂਕ ਹਕੂਕ ਇਕੋ ਜਿਹਾ ਰਖਾਈਆ । ਸਰਬ ਜੀਆਂ ਦਾ ਬਣ ਸਵਾਮੀ ਇਸ਼ਟ, ਦ੍ਰਿਸ਼ਟ ਦੇਵਾਂ ਪਰਦਾ ਲਾਹੀਆ । ਜਿਸ ਨੂੰ ਰਾਮ ਗੁਰੂ ਦੋਵੇਂ ਮੰਨਦੇ ਰਹੇ ਵਸ਼ਿਸ਼ਟ, ਵਿਸ਼ੇਸ਼ਤਾ ਸਭ ਨੂੰ ਦਿਆਂ ਜਣਾਈਆ । ਜਿਸ ਦਾ ਖੇਲ ਸਵਰਗ ਬਹਿਸ਼ਤ, ਦੋਜ਼ਖ਼ ਅਗਨੀ ਭਾ ਤਪਾਈਆ । ਸੋ ਸਤਿਗੁਰ ਸ਼ਬਦ ਗੁਰਮੁਖਾਂ ਦੇਵੇ ਅੰਤਰ ਸਿਦਕ, ਭਰੋਸਾ ਸਚ ਸਚ ਸਚ ਦ੍ਰਿੜਾਈਆ । ਕੂੜੀ ਕਿਰਿਆ ਨੇੜ ਨਾ ਆਵੇ ਨਿੰਦਿਆ ਨਿੰਦਕ, ਰਸਨਾ ਜਿਹਵਾ ਹਰਿ ਹਰਿ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸੱਚਾ ਵਰ, ਹਰਿਜਨ ਹਰਿ ਹਰਿ ਰੂਪ ਸਮਾਈਆ ।



★ ੧੭ ਫੱਗਣ ੨੦੨੦ ਬਿਕ੍ਰਮੀ ਚਾਨਣ ਸਿੰਘ ਦੇ ਗ੍ਰਿਹਿ ਪਿੰਡ ਹੰਡੋਲਾ ਜ਼ਿਲਾ ਕਰਨਾਲ ★

ਸਚਖੰਡ ਨਿਵਾਸੀ ਤੇਰੀ ਓਟ, ਪੁਰਖ ਅਕਾਲ ਤੇਰੀ ਸਰਨਾਈਆ । ਫਿਰੀ ਦਰੋਹੀ ਲੋਕ ਪਰਲੋਕ, ਦੋ ਜਹਾਨ ਰਹੇ ਕੁਰਲਾਈਆ । ਬ੍ਰਹਿਮੰਡ ਖੰਡ ਕਰੇ ਨਾ ਕੋਈ ਸੋਚ, ਜ਼ਿਮੀ ਅਸਮਾਨ ਧੀਰ ਨਾ ਕੋਇ ਧਰਾਈਆ । ਸਚ ਪਰਕਾਸ਼ ਨਜ਼ਰ ਨਾ ਆਵੇ ਨਿਰਮਲ ਜੋਤ, ਅੰਧ ਅਗਿਆਨ ਨਾ ਕੋਇ ਮਿਟਾਈਆ । ਲੱਖ ਚੁਰਾਸੀ ਜੀਵ ਜੰਤ ਤਨ ਮਾਟੀ ਭਰਿਆ ਖੋਟ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਸਾਹਿਬ ਸਤਿਗੁਰ ਪਾਰਬ੍ਰਹਮ ਕਿਉਂ ਬੈਠਾ ਅੰਤ ਖ਼ਮੋਸ਼, ਨਿਰਵੈਰ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਸਚਖੰਡ ਨਿਵਾਸੀ ਆ ਕੇ ਵੇਖ, ਗੁਰ ਅਵਤਾਰ ਮੰਗ ਮੰਗਾਈਆ । ਸ੍ਰਿਸ਼ਟ ਸਬਾਈ ਕੂੜਾ ਭੇਖ, ਚਾਰੋਂ ਕੁੰਟ ਅੰਧੇਰਾ ਛਾਈਆ । ਹਰਿ ਕਾ ਨਾਉਂ ਕੋਈ ਨਾ ਲਏ ਚੇਤ, ਚੇਤਨ ਰੂਪ ਨਾ ਕੋਇ ਵਟਾਈਆ । ਮਾਇਆ ਮਮਤਾ ਰਹੇ ਖੇਡ, ਹਉਮੇਂ ਹੰਗਤਾ ਗੜ੍ਹ ਬਣਾਈਆ । ਕਿਸੇ ਨਜ਼ਰ ਨਾ ਆਵੇ ਨੇਤਨ ਨੇਤ, ਨਿਜ ਘਰ ਦਰਸ ਕੋਇ ਨਾ ਪਾਈਆ । ਕੋਈ ਨਾ ਜਾਣੇ ਤੇਰਾ ਭੇਤ, ਭਰਮੇ ਭੁਲੀ ਸਰਬ ਲੋਕਾਈਆ । ਲੱਖ ਚੁਰਾਸੀ ਸੁੰਞਾਂ ਖੇਤ, ਤੁਧ ਬਿਨ ਹੋਵੇ ਨਾ ਕੋਇ ਸਹਾਈਆ । ਆਤਮ ਪਰਮਾਤਮ ਮਾਣੇ ਨਾ ਕੋਈ ਸੇਜ, ਘਰ ਵੱਜੇ ਨਾ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਪੀਰ ਪੈਗ਼ੰਬਰ ਤੱਕਣ ਰਾਹ, ਨੇਤਰ ਨੈਣ ਉਠਾਈਆ । ਪਰਵਰਦਿਗਾਰ ਬਣ ਮਲਾਹ, ਬੇਨਜ਼ੀਰ ਨਿਰਗੁਣ ਨੂਰ ਜਹੂਰ ਕਰੇ ਰੁਸ਼ਨਾਈਆ । ਉਮਤ ਉਮਤੀ ਭਰੀ ਗੁਨਾਹ, ਮੁਹੱਬਤ ਸਚ ਨਾ ਕੋਇ ਸਮਝਾਈਆ । ਸਾਚਾ ਦਿਸੇ ਨਾ ਕੋਈ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਤੇਰਾ ਕਲਮਾ ਗਏ ਭੁਲਾ, ਸਚ ਸਜਦਾ ਸੀਸ ਨਾ ਕੋਇ ਝੁਕਾਈਆ । ਮੱਕਾ

ਕਾਅਬਾ ਕੋਈ ਨਾ ਪੜ੍ਹੇ ਦੁਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਜੋਤੀ ਜੋਤ ਕਰ ਰੁਸ਼ਨਾਈਆ । ਪੀਰ ਪੈਗ਼ੰਬਰ ਮਾਰਨ ਤਾਅਨਾ, ਪਰਵਰਦਿਗਾਰ ਸਚ ਜਣਾਈਆ । ਚੌਦਾਂ ਤਬਕ ਦਿਸੇ ਵੈਰਾਨਾ, ਸਚ ਫੁਲਵਾੜੀ ਰੰਗ ਨਾ ਕੋਇ ਵਖਾਈਆ । ਨਾ ਕੋਈ ਦਿਸੇ ਮੁਲਾਂ ਸ਼ੇਖ਼ ਮੁਸਾਇਕ ਮੌਲਾਨਾ, ਮੁਹੱਬਤ ਹੱਕ ਨਾ ਕੋਇ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਪੰਚ ਵਿਕਾਰੀ ਫਿਰੇ ਸ਼ੈਤਾਨਾ, ਘਰ ਘਰ ਸ਼ਰਅ ਕਰੇ ਲੜਾਈਆ । ਸਾਬਤ ਰਿਹਾ ਨਾ ਕੋਈ ਈਮਾਨਾ, ਅਮਲ ਆਲਮ ਕਰੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਭਗਤ ਜਨ ਰਹੇ ਚੀਕ, ਅੰਤਰ ਰੋ ਰੋ ਰਹੇ ਜਣਾਈਆ । ਪਰਮ ਪੁਰਖ ਤੇਰੀ ਇਕ ਉਡੀਕ, ਨੇਤਰ ਨੈਣ ਧਿਆਨ ਲਗਾਈਆ । ਦਰਸ ਦੇ ਸ਼ਾਹ ਪਾਤਸ਼ਾਹ ਮੰਗਣ ਭੀਖ, ਭਿਛਿਆ ਇਕੋ ਨਾਮ ਝੋਲੀ ਪਾਈਆ । ਮਿਹਰ ਨਜ਼ਰ ਮਿਹਰਵਾਨ ਕਰ ਬਖ਼ਸ਼ੀਸ਼, ਰਹਿਮਤ ਤੇਰੇ ਹੱਥ ਵਡਿਆਈਆ । ਭਗਤ ਨਵ ਨੌ ਚਾਰ ਕਰਦੇ ਰਹੇ ਉਡੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੰਤ ਕਹਿਣ ਪ੍ਰਭ ਮਾਰ ਝਾਤ, ਝਾਕੀ ਆਪਣੀ ਆਪ ਜਣਾਈਆ । ਕਲਜੁਗ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਪੜ੍ਹੇ ਕੋਈ ਨਾ ਗਾਥ, ਰਸਨਾ ਜਿਹਵਾ ਬੱਤੀ ਦੰਦ ਸਰਬ ਹਲਕਾਈਆ । ਸਚ ਪ੍ਰੀਤੀ ਕੋਈ ਨਾ ਜੋੜੇ ਨਾਤ, ਨਾਤਾ ਬਿਧਾਤਾ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੀਰ ਪੈਗੰਬਰ ਜੋ ਗਏ ਆਖ, ਧੁਰ ਸੰਦੇਸਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਫੇਰਾ ਪਾਈਆ । ਗੁਰਮੁਖ ਕਹਿਣ ਪ੍ਰਭ ਖੋਲ੍ਹ ਅੱਖ, ਨੇਤਰ ਨੈਣ ਨੈਣ ਉਘੜਾਈਆ । ਤੇਰੇ ਉਤੇ ਸਭ ਨੂੰ ਪਿਆ ਸ਼ੱਕ, ਤੇਰਾ ਇਸ਼ਟ ਨਾ ਕੋਇ ਮਨਾਈਆ । ਕੂੜੀ ਵਾਸਨਾ ਜਗਤ ਖੁੱਲ੍ਹਿਆ ਹੱਟ, ਤੇਰਾ ਨਾਉਂ ਸਚ ਨਾ ਕੋਇ ਜਣਾਈਆ । ਸਾਧ ਸੰਤ ਕਲਜੁਗ ਅੰਤ ਧੀਆਂ ਭੈਣਾਂ ਰਹੇ ਤੱਕ, ਨੇਤਰ ਲੱਜਿਆ ਸ਼ਰਮ ਹਯਾ ਨਾ ਕੋਇ ਰਖਾਈਆ । ਕੂੜੀ ਕਿਰਿਆ ਨੱਚੇ ਮੰਦਰ ਮਸਜਦ ਮੱਠ, ਸ਼ਿਵਦਵਾਲੇ ਦੇਣ ਦੁਹਾਈਆ । ਧਾਹੀਂ ਮਾਰੇ ਤੀਰਥ ਤਟ, ਇਸਤਰੀ ਪੁਰਸ਼ ਨੰਗੇ ਤਾਰੀਆਂ ਰਹੇ ਲਾਈਆ । ਘਰ ਘਰ ਦਰ ਦਰ ਉਬਲੇ ਬਹੱਤਰ ਨਾੜੀ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੇ ਮਿਲਣ ਦੀ ਕਿਸੇ ਨਾ ਖੁਲ੍ਹੀ ਅੱਖ, ਨਿਜ ਨੇਤਰ ਦਰਸਨ ਕੋਇ ਨਾ ਪਾਈਆ । ਮਣਕਾ ਮਣਕਾ ਮਾਲਾ ਸਾਰੇ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਸਿਖ ਕਹਿਣ ਪ੍ਰਭ ਫੇਰਾ ਪਾ, ਸਤਿਗੁਰ ਤੇਰੇ ਹੱਥ ਵਡਿਆਈਆ । ਨਾਤਾ ਤੁਟਾ ਪੁਤਰਾਂ ਮਾਂ, ਪਿਤਾ ਪੂਤ ਨਾ ਕੋਇ ਵਡਿਆਈਆ । ਭਾਈ ਭੈਣਾਂ ਰਹੇ ਤਕਾ, ਨਾਰ ਕੰਤ ਸੇਜ ਸੁਹੰਜਣੀ ਸੋਭਾ ਕੋਈ ਨਾ ਪਾਈਆ । ਹਰਿ ਹਰਿ ਭੁਲਿਆ ਘਰ ਘਰ ਨਾਂ, ਕੂੜੀ ਕਿਰਿਆ ਨਾਚ ਨਚਾਈਆ । ਸਾਚਾ ਇਸ਼ਟ ਲਵੇ ਨਾ ਕੋਈ ਮਨਾ, ਦ੍ਰਿਸ਼ਟ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਰੋਵੇ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਤੇਰੀ ਓਟ ਤਕਾਈਆ । ਜੁਗ ਚੌਕੜੀ ਬੀਤੇ ਚਾਰ, ਚਾਰੋਂ ਕੁੰਟ ਵੇਖ ਵਖਾਈਆ । ਸੱਜਣ ਮਿਲੇ ਨਾ ਕੋਈ ਯਾਰ, ਮੀਤ ਮੁਰਾਰਾ ਨਜ਼ਰ ਕੋਇ ਨਾ ਆਈਆ । ਆਏ

ਗਏ ਗੁਰੂ ਅਵਤਾਰ ਪੀਰ ਪੈਗ਼ੰਬਰ ਫੇਰਾ ਪਾਈਆ । ਲਿਖ ਲਿਖ ਲੇਖਾ ਕਲਮ ਦਵਾਤ, ਕਲਮ ਸ਼ਾਹੀ ਜੋੜ ਜੁੜਾਈਆ । ਅੰਤ ਕਿਸੇ ਨਾ ਦਿਤਾ ਸਾਥ, ਪੱਲੂ ਸਾਰੇ ਗਏ ਛੁਡਾਈਆ । ਮੇਰਾ ਵੇਖ ਲੇਖ ਮਸਤਕ ਮਾਥ, ਮੁਖ ਘੁੰਗਟ ਰਹੀ ਉਠਾਈਆ । ਬਣ ਨਿਮਾਣੀ ਹੋ ਅਨਾਥ, ਨਾਥ ਅਨਾਥਾਂ ਸੀਸ ਝੁਕਾਈਆ । ਜਿਉਂ ਭਾਵੇ ਪਤ ਲੈ ਰਾਖ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਕੂੜੀ ਕਿਰਿਆ ਮੇਰੇ ਉਤੇ ਕਰੇ ਨਾਚ, ਸਤਿ ਧਰਮ ਬੈਠਾ ਮੁਖ ਛੁਪਾਈਆ । ਮਾਇਆ ਮਮਤਾ ਲੱਗੀ ਆਂਚ, ਅਗਨੀ ਤਤ ਨਾ ਕੋਇ ਬੁਝਾਈਆ । ਠੱਗ ਚੋਰ ਯਾਰ ਪਾਇਣ ਰਾਸ, ਗੋਪੀ ਕਾਹਨ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਮਾਰਨ ਧਾਹ, ਸ੍ਰੀ ਭਗਵਾਨ ਰਹੇ ਜਣਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਹੋਏ ਬੇਵਫ਼ਾ, ਵਫ਼ਾਦਾਰੀ ਸਚ ਨਾ ਕੋਇ ਕਮਾਈਆ । ਤੇਰੇ ਦਰ ਦਿਵਸ ਰੈਣ ਹੋਵਣ ਗੁਨਾਹ, ਪਾਕ ਪਵਿਤ ਨਜ਼ਰ ਕੋਇ ਨਾ ਆਈਆ । ਤੁਧ ਬਿਨ ਪਕੜੇ ਕੋਈ ਨਾ ਬਾਂਹ, ਫੜ ਬਾਂਹੋਂ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਦਰ ਠਾਂਡਾ ਮੰਗ ਮੰਗਾਈਆ । ਤੀਰਥ ਤਟ ਰਹੇ ਦੱਸ, ਆਪਣਾ ਹਾਲ ਜਣਾਈਆ । ਸਾਡੇ ਰਿਹਾ ਨਹੀਂ ਕਿਛ ਵਸ, ਵਾਸਤਾ ਤੇਰੇ ਅੱਗੇ ਪਾਈਆ । ਰੈਣ ਅੰਧੇਰੀ ਕਲਜੁਗ ਦਿਸੇ ਮਸ, ਮਸਤੀ ਕੂੜੀ ਚੜ੍ਹੀ ਲੋਕਾਈਆ । ਲੇਖਾ ਕੋਈ ਨਾ ਜਾਣੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੋਜ ਨਾ ਕੋਇ ਖੁਜਾਈਆ । ਸਚ ਦਵਾਰ ਨਜ਼ਰ ਨਾ ਆਵੇ ਹੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਇਕ ਵਰ, ਸਚ ਤੇਰੀ ਸਰਨਾਈਆ । ਸਚ ਸਰਨਾਈ ਤੇਰੀ ਏਕ, ਏਕੰਕਾਰ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਚੇਤ, ਚੇਤਨ ਹੋ ਕੇ ਧਿਆਨ ਲਗਾਈਆ । ਪਰਮ ਪੁਰਖ ਪ੍ਰਭ ਆ ਕੇ ਵੇਖ, ਵਾਸਤਾ ਇਕੋ ਵਾਰ ਪਾਈਆ । ਕੋਈ ਨਾ ਕਰੇ ਸਾਚਾ ਹੇਤਾ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਕੂੜਾ ਭੇਖ, ਸੱਤ ਦੀਪ ਸਤਿ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਜਿਸ ਘਰ ਕਲਜੁਗ ਡੇਰਾ ਲਾਈਆ । ਸੁਣ ਕੇ ਕਲਜੁਗ ਪਿਆ ਉਠ, ਆਪਣੀ ਲੈ ਅੰਗੜਾਈਆ । ਪਾਰਬ੍ਰਹਮ ਪ੍ਰਭ ਅੱਗੇ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਮੈਂ ਤੇਰਾ ਪ੍ਰਭੂ ਛੋਟਾ ਪੁਤ, ਚੌਥਾ ਜੁਗ ਨਾਉਂ ਰਖਾਈਆ । ਕਿਸੇ ਘਰ ਰਹਿਣ ਨਾ ਦਿਤਾ ਸੁਖ, ਵੇਖ ਮੇਰੀ ਵੱਡੀ ਵਡਿਆਈਆ । ਮਾਵਾਂ ਪੁੱਤਰਾਂ ਲੱਗਾ ਦੁੱਖ, ਨੇਤਰ ਨੈਣਾਂ ਨੀਰ ਵਹਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪਾਈ ਲੁੱਟ, ਬਚਿਆ ਕੋਈ ਰਹਿਣ ਨਾ ਪਾਈਆ । ਤੇਰੀ ਪ੍ਰੀਤੀ ਸਭ ਦੇ ਕੋਲੋਂ ਗਈ ਛੁਟ, ਹਿਰਦੇ ਤੇਰਾ ਨਾਮ ਨਾ ਕੋਇ ਧਿਆਈਆ । ਸਤਿ ਧਰਮ ਦਾ ਬੂਟਾ ਪੁੱਟ, ਮੈਂ ਦਿਤੀ ਜੜ ਉਖੜਾਈਆ । ਪੁਰਖ ਅਕਾਲ ਤੂੰ ਮੇਰੇ ਉਤੇ ਹੋ ਖ਼ੁਸ਼, ਤੇਰੀ ਸੋਹਣੀ ਸੇਵ ਕਮਾਈਆ । ਗੋਬਿੰਦ ਸੁਤ ਨੀਹਾਂ ਹੇਠਾਂ ਦਿਤੇ ਸੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਮੋਹੇ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਮੈਂ ਕੀਤਾ ਕੰਮ, ਪ੍ਰਭ ਤੇਰੀ ਕਰਨੀ ਕਾਰ ਕਮਾਈਆ । ਕਿਸੇ ਨਾਮ ਜਪਣ ਨਾ ਦੇਵਾਂ ਦਮੋ ਦਮ, ਪਵਣ ਵਾਸਨਾ ਆਪਣਾ ਰੂਪ ਵਖਾਈਆ । ਧੰਨ ਭਾਗ ਮੈਂ ਤੇਰੇ ਘਰ ਪਿਆ ਜੰਮ, ਧਰਨੀ ਧਰਤ ਧਵਲ ਉਪਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਤੇਰੀ ਸਾਚੀ ਸੇਵ ਕਮਾਈਆ । ਸੁਣ


੭੦੮
੧੯

ਕੇ ਕਲਜੁਗ ਕਲ ਦੀ ਬਾਤ, ਸਤਿਜੁਗ ਨੈਣ ਖੁਲ੍ਹਾਈਆ । ਪਰਮ ਪੁਰਖ ਉਠ ਵੇਖ ਮਾਰ ਝਾਤ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਗੋਬਿੰਦ ਸੂਰਾ ਅੰਤਮ ਗਿਆ ਆਖ, ਸਚ ਸੰਦੇਸਾ ਜਗਤ ਸੁਣਾਈਆ । ਕਲ ਕਲਕੀ ਹੋਵੇ ਪਰਗਟ, ਨਿਰਗੁਣ ਨਿਰਵੈਰ ਰੂਪ ਵਟਾਈਆ । ਸ਼ਬਦ ਅਗੰਮੀ ਮਾਰੇ ਸੱਟ, ਦੋ ਜਹਾਨਾਂ ਡੇਰਾ ਢਾਹੀਆ । ਸਤਿ ਧਰਮ ਦਾ ਖੋਲ੍ਹੇ ਹੱਟ, ਬਣ ਹਟਵਾਣਾ ਹੱਟ ਚਲਾਈਆ । ਕਲਜੁਗ ਕੂੜੀ ਕਿਰਿਆ ਖੇੜਾ ਕਰੇ ਭੱਠ, ਜੋਤੀ ਲੰਬੂ ਅਗਨੀ ਲਾਈਆ । ਸ੍ਰਿਸ਼ਟ ਸਬਾਈ ਇਕੋ ਮਾਰਗ ਦੇਵੇ ਦੱਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਊਚਾਂ ਨੀਚਾਂ ਰਾਉ ਰੰਕਾਂ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਈਆ । ਨਿਜ ਨੇਤਰ ਖੋਲ੍ਹੇ ਅੱਖ, ਦੋਏ ਲੋਚਣ ਮਿਲੇ ਵਡਿਆਈਆ । ਸਤਿ ਸੰਤੋਖ ਧੀਰਜ ਦੇਵੇ ਜਤ, ਰੱਤੀ ਰਤ ਆਪਣੇ ਰੰਗ ਰੰਗਾਈਆ । ਭਗਤ ਸੁਹੇਲੇ ਮੇਲੇ ਪੁਰਖ ਸਮਰਥ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਸਤਿਜੁਗ ਬਾਤ ਸੁਣ, ਗੁਰ ਅਵਤਾਰ ਪੀਰ ਪੈਗੰਬਰ ਸ੍ਰੀ ਭਗਵਾਨ ਰਹੇ ਜਣਾਈਆ । ਅਬਿਨਾਸ਼ੀ ਕਰਤੇ ਤੇਰੇ ਗੁਣ, ਹੱਥ ਤੇਰੇ ਵਡਿਆਈਆ । ਲੱਖ ਚੁਰਾਸੀ ਵੇਖ ਛਾਣ ਪੁਣ, ਨਾਮ ਮਧਾਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਤੇਰੇ ਹੱਥ ਵਡਿਆਈਆ । ਸ੍ਰੀ ਭਗਵਾਨ ਪਿਆ ਹੱਸ, ਸਚਖੰਡ ਨਿਵਾਸੀ ਖ਼ੁਸ਼ੀ ਮਨਾਇੰਦਾ । ਸੋ ਪੁਰਖ ਨਿਰੰਜਣ ਆਪ ਸਮਰਥ, ਹਰਿ ਪੁਰਖ ਨਿਰੰਜਣ ਕਾਰ ਕਮਾਇੰਦਾ । ਏਕੰਕਾਰ ਚਲਾਏ ਰਥ, ਆਦਿ ਨਿਰੰਜਣ ਸੇਵ ਕਮਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਵੱਥ, ਸ੍ਰੀ ਭਗਵਾਨ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਗਟ, ਬ੍ਰਹਮ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਇਕ ਸੁਣਾਇੰਦਾ । ਸ਼ਬਦ ਸੰਦੇਸਾ ਸ੍ਰੀ ਭਗਵਾਨ, ਆਦਿ ਜੁਗਾਦੀ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰੋ ਤੁਹਾਡਾ ਲੇਖ ਕਰੇ ਪਰਵਾਨ, ਲਿਖਿਆ ਲੇਖ ਨਾ ਕੋਇ ਮਿਟਾਈਆ । ਪੀਰ ਪੈਗ਼ੰਬਰ ਸਜਦਾ ਸੀਸ ਕਰੋ ਸਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਪੀਰ ਪੈਗ਼ੰਬਰ ਰੱਖਣਾ ਯਾਦ, ਯਾਦਦਾਸ਼ਤ ਹਰਿ ਜਣਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਧੁਰਦਰਗਾਹੀ ਗਾਡ, ਵਾਹਦ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਦਏ ਚੁਕਾਈਆ । ਲਹਿਣਾ ਚੁਕਾਏ ਸ੍ਰੀ ਭਗਵੰਤ, ਆਪਣੇ ਹੱਥ ਰੱਖੇ ਵਡਿਆਈਆ । ਮਾਣ ਦਿਵਾਏ ਜਨ ਭਗਤਾਂ ਜਗਤ, ਜੁਗ ਚੌਕੜੀ ਹੋਏ ਸਹਾਈਆ । ਸੰਤਾਂ ਸੁਹੇਲਾ ਕਰੇ ਵਕਤ, ਵਾਰ ਥਿਤ ਆਪਣੇ ਹੱਥ ਰਖਾਈਆ । ਗੁਰਮੁਖਾਂ ਲੇਖੇ ਲਾਏ ਬੂੰਦ ਰਕਤ, ਸੁਤ ਨਾਦੀ ਰੂਪ ਵਟਾਈਆ । ਗੁਰਸਿਖਾਂ ਦੇਵੇ ਸ਼ਬਦੀ ਸ਼ਕਤ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਲਹਿਣਾ ਦੇਣਾ ਚੁਕਾਏ ਧਰਨੀ ਧਵਲ ਧਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਵੇਖ ਵਖਾਏ ਆਪ ਪ੍ਰਭ, ਬੇਅੰਤ ਖੇਲ ਕਰਾਇੰਦਾ । ਕਲਜੁਗ ਕੂੜੀ ਕਿਰਿਆ ਮੇਟੇ ਹੱਦ, ਲਹਿਣਾ ਦੇਣਾ ਝੋਲੀ ਪਾਇੰਦਾ । ਵੇਖ ਵਖਾਣੇ ਮੱਕਾ ਕਾਅਬਾ ਹੁਜਰਾ ਹੱਜ, ਹੱਕ ਹਕੀਕਤ ਖੋਜ ਖੁਜਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਜਾਏ ਭੱਜ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਇਕ ਸੁਣਾਏ ਅਗੰਮੀ ਨਦ, ਅਨਹਦ ਰਾਗੀ ਰਾਗ ਸੁਣਾਇੰਦਾ । ਗ਼ਰੀਬ ਨਿਮਾਣਿਆਂ ਕੋਝਿਆਂ

ਕਮਲਿਆਂ ਪਰਦੇ ਲਏ ਕਜ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਸਤਿਜੁਗ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਲਏ ਸੱਦ, ਸੱਦਾ ਸਾਚਾ ਨਾਮ ਸੁਣਾਇੰਦਾ । ਧਰਤ ਮਾਤ ਦੀ ਗੋਦੀ ਬਹਿਣਾ ਭੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰਾਂ ਸੰਸਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਧੀਰਜ ਰੱਖੇ ਗੁਰੂ ਅਵਤਾਰ, ਪੀਰ ਪੈਗ਼ੰਬਰ ਧਰਵਾਸ ਰਿਹਾ ਰਖਾਈਆ । ਜਨ ਭਗਤੋ ਨੇਤਰ ਨੈਣ ਵੇਖੋ ਉਘਾੜ, ਘਰ ਬੈਠਾ ਬੇਪਰਵਾਹੀਆ । ਸੰਤੋ ਸ਼ਬਦ ਅਗੰਮੀ ਮਾਰੋ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਗੁਰਮੁਖੋ ਅੰਦਰ ਵੜ ਕੇ ਸਮਝੋ ਰਾਜ਼, ਬਾਹਰ ਢੂੰਡਣ ਕੋਇ ਨਾ ਜਾਈਆ । ਗੁਰਸਿਖ ਤੇਰੀ ਕਾਇਆ ਅੰਦਰ ਵਸੇ ਸਾਥ, ਘਰ ਘਰ ਵਿਚ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਪਰਮ ਪੁਰਖ ਸਦ ਗਾਏ ਗਾਥ, ਆਤਮ ਪਰਮਾਤਮ ਭੁੱਲ ਕਦੇ ਨਾ ਜਾਈਆ । ਕਰੇ ਖੇਲ ਪੁਰਖ ਅਬਿਨਾਸ਼, ਨਿਰਗੁਣ ਜੋਤ ਕਰ ਪਰਕਾਸ਼, ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖੇ ਚਾਈਂ ਚਾਈਂਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਦੇਵੇ ਸਾਚੀ ਦਾਤ, ਕਿਰਪਾ ਕਰੇ ਪੁਰਖ ਸਮਰਾਥ, ਨਾਮ ਅਨਮੁਲੜੀ ਦੌਲਤ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਵਖਾਏ ਕਾਜ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਜ਼ਰੀ ਆਏ ਗੁਰੂ ਮਹਾਰਾਜ, ਭਗਤਾਂ ਸੰਤਾਂ ਰੱਖੇ ਮਾਤ ਲਾਜ ਗੁਰਮੁਖ ਗੁਰਸਿਖ ਆਪਣੀ ਗੋਦ ਉਠਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਝਾਤ, ਸੱਤਾਂ ਦੀਪਾਂ ਡੂੰਘਾ ਫੋਲੇ ਖਾਤ, ਜ਼ਿਮੀਂ ਅਸਮਾਨਾਂ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣੇ ਹੱਥ ਰਖਾਈਆ । ਸ੍ਰੀ ਭਗਵਾਨ ਦਏ ਦਿਲਾਸਾ, ਸਚ ਸਵਾਮੀ ਆਪ ਜਣਾਈਆ । ਪਰਮ ਪੁਰਖ ਤੇ ਰੱਖੋ ਭਰਵਾਸਾ, ਦੂਜੀ ਓਟ ਨਾ ਕੋਇ ਤਕਾਈਆ । ਆਦਿ ਜੁਗਾਦਿ ਜਿਸ ਸਾਜਣ ਸਾਜਾ, ਨਿਤ ਨਵਿਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਾਸੀ ਦਾਸਾ, ਸਰਗੁਣ ਨਿਰਗੁਣ ਸੇਵ ਕਮਾਈਆ । ਕਲਜੁਗ ਅੰਤ ਸਭ ਦੀ ਪੂਰੀ ਕਰੇ ਆਸਾ, ਨਿਰਾਸਾ ਕੋਇ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਜਿਸ ਦਾ ਗਾਏ ਖ਼ੁਲਾਸਾ, ਖਾਣੀ ਬਾਣੀ ਜਿਸ ਦਾ ਨਾਮ ਧਿਆਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਸਰਬ ਜੀਆਂ ਦਾ ਸੱਜਣ ਸਾਕਾ, ਘਰ ਘਰ ਨਾਤਾ ਜੋੜ ਜੁੜਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਜਨਮ ਜਨਮ ਦਾ ਪੂਰਾ ਕਰੇ ਘਾਟਾ, ਨਾਮ ਅਮੋਲਕ ਝੋਲੀ ਪਾਈਆ । ਬੰਦ ਕਿਵਾੜੀ ਖੋਲ੍ਹੇ ਤਾਕਾ, ਨਿਰਮਲ ਜੋਤ ਕਰੇ ਪਰਕਾਸ਼ਾ, ਆਤਮ ਸੇਜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੁਣ ਨਿਰੰਕਾਰ, ਸਾਰੇ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਦੂਜੇ ਨੂੰ ਵਾਜਾਂ ਰਹੇ ਮਾਰ, ਇਸ਼ਾਰਿਆਂ ਨਾਲ ਸਮਝਾਈਆ । ਗੁਰ ਅਵਤਾਰ ਕਰਨ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਈਆ । ਪੀਰ ਪੈਗ਼ੰਬਰ ਕਰਨ ਗੁਫਤਾਰ, ਗੁਫਤ ਸ਼ੁਨੀਦ ਖ਼ੁਸ਼ੀ ਮਨਾਈਆ । ਭਗਤ ਕਹਿਣ ਸੱਚੀ ਸਰਕਾਰ, ਕਰਤਾ ਪੁਰਖ ਦੇਵੇ ਵਡਿਆਈਆ । ਸੰਤ ਕਹਿਣ ਹਰਿ ਸਤਿਗੁਰ ਮਿਲੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਗੁਰਮੁਖ ਕਹਿਣ ਮਿਲੇ ਇਕੋ ਸਚ ਧਿਆਨ, ਲਿਵ ਛੁਟਕੀ ਫੇਰ ਲਗਾਈਆ । ਗੁਰਸਿਖ ਕਹਿਣ ਲੱਖ ਚੁਰਾਸੀ ਮਿਟੇ ਨਿਸ਼ਾਨ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਸਭ ਦਾ ਜਾਣੀ ਜਾਣ, ਅਭੁੱਲ ਭੁੱਲ ਕਦੇ ਨਾ ਜਾਈਆ । ਸਚਖੰਡ ਦਵਾਰ ਸਚ ਬੇਨੰਤੀ ਕਰਾਂ ਪਰਵਾਨ,

ਪਰਵਾਨਾ ਆਪਣੇ ਲੇਖੇ ਲਾਈਆ । ਕਲਜੁਗ ਅੰਤ ਹੋ ਪਰਧਾਨ, ਸ਼ਬਦ ਪਰਧਾਨਗੀ ਇਕ ਕਮਾਈਆ । ਸ਼ਾਹੋ ਭੂਪ ਬਣ ਰਾਜਾਨ, ਡੰਕਾ ਆਪਣਾ ਨਾਮ ਵਜਾਈਆ । ਬ੍ਰਹਿਮੰਡ ਖੰਡ ਲੋਕ ਪਰਲੋਕ ਪੁਰੀ ਲੋਅ ਆਕਾਸ਼ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਢੋਲਾ ਇਕੋ ਗਾਣ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਸਤਿ ਧਰਮ ਦੀ ਖੋਲ੍ਹਾਂ ਇਕ ਦੁਕਾਨ, ਮਜਲਸ ਆਪਣਾ ਨਾਮ ਵਖਾਈਆ । ਲੇਖਾ ਚੁੱਕੇ ਕੂੜੀ ਕਿਰਿਆ ਜਗਤ ਸ਼ੈਤਾਨ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਜਾਤ ਪਾਤ ਊਚ ਨੀਚ ਰਾਉ ਰੰਕ ਸਰਬ ਮਿਟ ਜਾਣ, ਸੀਸ ਤਾਜ ਨਾ ਕੋਇ ਰਖਾਈਆ । ਕਰੇ ਖੇਲ ਸ੍ਰੀ ਭਗਵਾਨ, ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵਾਲੀ ਜੋਤ ਅਕਾਲੀ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਝਗੜਾ ਦਏ ਚੁਕਾਈਆ । ਕੂੜਾ ਝਗੜਾ ਜਾਏ ਮੁੱਕ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਕਾਲ ਆਪੇ ਤੁਠ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕੂੜਾ ਕੱਢੇ ਕੁੱਟ, ਨਾਮ ਖੰਡਾ ਸਚ ਚਮਕਾਈਆ । ਸਤਿਜੁਗ ਉਪਜਾਏ ਸਾਚਾ ਸੁਤ, ਧਰਮ ਵਸਤ ਝੋਲੀ ਪਾਈਆ । ਦਰ ਦਰ ਘਰ ਘਰ ਜਾ ਜਾ ਗੁਰਮੁਖਾਂ ਲਏ ਪੁਛ, ਗੁਰਸਿਖਾਂ ਮੇਲ ਮਿਲਾਈਆ । ਉਜਲ ਕਰੇ ਸਾਰੇ ਮੁਖ, ਲੱਖ ਚੁਰਾਸੀ ਵਿਚੋਂ ਮਾਨਸ ਜਨਮ ਉਤਮ ਨਜ਼ਰੀ ਆਈਆ । ਪ੍ਰਭ ਮਿਲਣ ਦੀ ਇਕੋ ਭੁੱਖ, ਦੂਜੀ ਤ੍ਰਿਸਨਾ ਨਾ ਕੋਇ ਵਧਾਈਆ । ਸਫਲ ਕਰੇ ਮਾਤ ਕੁਖ, ਜਨ ਜਨਨੀ ਮਿਲੇ ਵਡਿਆਈਆ । ਦੂਜੀ ਵਾਰ ਨਾ ਹੋਵੇ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਗੁਰਮੁਖ ਬਣੇ ਸਾਚੇ ਗੁਰਸਿਖ, ਸਿਖਿਆ ਗੋਬਿੰਦ ਇਕ ਦ੍ਰਿੜਾਈਆ । ਤੁਹਾਡੇ ਪਿਛੇ ਨੀਂਹਾਂ ਹੇਠ ਰਖਾਏ ਪੁਤ, ਪਿਤਾ ਮਾਤ ਭੇਟ ਚੜ੍ਹਾਈਆ । ਉਸ ਕੋਲੋਂ ਜਾ ਕੇ ਲਵੋ ਪੁਛ, ਜੋ ਦੁਖੀਆਂ ਦੁੱਖ ਦਰਦੀਆਂ ਦਰਦ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਗੁਰਮੁਖ ਵੇਖ ਗੁਰ ਕਾ ਰੰਗ, ਹਰਿ ਸਤਿਗੁਰ ਆਪ ਜਣਾਈਆ । ਆਤਮ ਸੇਜਾ ਬੈਠਾ ਪਲੰਘ, ਸੋਹਣਾ ਆਸਣ ਲਾਈਆ । ਦਿਵਸ ਰੈਣ ਵਜਾਏ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਧਾਰਾ ਦੇਵੇ ਗੰਗ, ਨਿਝਰ ਝਿਰਨਾ ਇਕ ਝਿਰਾਈਆ । ਨਿਰਗੁਣ ਜੋਤ ਪਰਕਾਸ਼ ਕਰੇ ਚੰਦ, ਕੋਟਨ ਕੋਟ ਰਵ ਸਸ ਨੈਣ ਸ਼ਰਮਾਈਆ । ਪੁਰੀ ਅਨੰਦ ਵਾਲਾ ਦੇਵੇ ਇਕ ਅਨੰਦ, ਜਿਸ ਅਨੰਦ ਵਿਚੋਂ ਆਪਾ ਨਜ਼ਰੀ ਆਈਆ । ਕੂੜੀ ਕਿਰਿਆ ਰਸਨਾ ਜਿਹਵਾ ਬੱਤੀ ਦੰਦ ਨਾ ਲਾਏ ਗੰਦ, ਅੰਮ੍ਰਿਤ ਬਾਣੀ ਇਕੋ ਜਾਮ ਪਿਆਈਆ । ਪੰਚ ਵਿਕਾਰਾ ਕਰੇ ਖੰਡ ਖੰਡ, ਨਾਮ ਖੰਡਾ ਸਚ ਚਮਕਾਈਆ । ਆਤਮ ਹੋਣ ਨਾ ਦੇਵੇ ਰੰਡ, ਪਰਮਾਤਮ ਮੇਲਾ ਸਹਿਜ ਸੁਭਾਈਆ । ਜੁਗ ਜਨਮ ਦੀ ਟੁੱਟੀ ਗੁਰਮੁਖ ਗੰਢ, ਬਿਨ ਸਤਿਗੁਰ ਪੂਰੇ ਤੋੜ ਨਾ ਕੋਇ ਨਿਭਾਈਆ । ਸਚ ਵਸਤ ਅਮੋਲਕ ਦਾਤ ਧੁਰਦਰਗਾਹੋਂ ਮੰਗ, ਦੇਵਣਹਾਰ ਦਾਤਾਰ ਅਤੋਟ ਅਤੁਟ ਵਰਤਾਈਆ । ਸਚ ਦੁਆਰਿਉਂ ਕਦੇ ਨਾ ਸੰਗ, ਭੱਜਾ ਜਾ ਵਾਹੋ ਦਾਹੀਆ । ਕਰ ਕਿਰਪਾ ਗੁਰ ਸ਼ਬਦੀ ਕਾਇਆ ਚੋਲੀ ਚਾੜ੍ਹੇ ਰੰਗ, ਏਥੇ ਓਥੇ ਉਤਰ ਕਦੇ ਨਾ ਜਾਈਆ । ਜਗਤ ਨਾਤਾ ਤੁਟੇ ਸੰਗ, ਸਤਿਗੁਰ ਮੇਲਾ ਗੁਰ ਚੇਲਾ ਸਹਿਜ ਸੁਭਾਈਆ । ਮਿਲ ਪਏ ਸੀਤਲ ਧਾਰ ਠੰਡ, ਅਗਨੀ ਅੱਗ ਬੁਝਾਈਆ । ਗੁਰਸਿਖ ਤੂੰ ਸਦਾ ਸਦਾ ਗੁਰ ਪੂਰੇ ਦਾ ਸਿਖੀ ਚੰਦ, ਦੋ ਜਹਾਨ ਤੇਰੀ ਚਮਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਸਚ ਮੰਤਰ ਇਕ ਆਪਣਾ ਨਾਮ ਦ੍ਰਿੜਾਈਆ ।

### ★ ੧੮ ਫੱਗਣ ੨੦੨੦ ਬਿਕ੍ਰਮੀ ਅਰਜਨ ਸਿੰਘ, ਗੁਰਦੀਪ ਸਿੰਘ ਦੇ ਗ੍ਰਿਹ ਬਲੋਚਪੁਰਾ ਜ਼ਿਲਾ ਕਰਨਾਲ ★

ਸਚਖੰਡ ਨਿਵਾਸੀ ਪੁਰਖ ਸੁਲਤਾਨ, ਆਦਿ ਜੁਗਾਦੀ ਇਕ ਅਖਵਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਨਾਉਂ ਵਡਿਆਇੰਦਾ । ਤਖ਼ਤ ਨਿਵਾਸੀ ਹੁਕਮਰਾਨ, ਧੁਰ ਦੀ ਧਾਰ ਆਪ ਸਮਝਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਵਸਤ ਅਗੰਮ ਆਪ ਵਰਤਾਇੰਦਾ । ਏਕੰਕਾਰਾ ਵੱਡ ਬਲਵਾਨ, ਬਲਧਾਰੀ ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਵਸਣਹਾਰਾ ਸਚ ਮੁਕਾਮ, ਮਹਲ ਅਟੱਲ ਡੇਰਾ ਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਤਿ ਪਰਧਾਨਗੀ ਇਕ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪਰਵਰਦਿਗਾਰ, ਹਰਿ ਕਰਤਾ ਆਪ ਕਰਾਈਆ । ਨੂਰ ਨੁਰਾਨਾ ਹੋ ਉਜਿਆਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਦਰਗਾਹ ਸਾਚੀ ਧਾਮ ਨਿਆਰ, ਮੁਕਾਮੇ ਹੱਕ ਡੇਰਾ ਲਾਈਆ । ਸਚ ਤੌਫ਼ੀਕ ਹਰਿ ਸਾਂਝੇ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਰਿਹਾ ਕਮਾਈਆ । ਸਚਖੰਡ ਨਿਵਾਸੀ ਏਕੰਕਾਰ, ਆਪਣੇ ਹੱਥ ਰੱਖੇ ਵਡਿਆਈਆ । ਮਹਲ ਅਟੱਲ ਇਕ ਉਸਾਰ, ਮਹਿਫ਼ਲ ਆਪਣੀ ਆਪ ਲਗਾਈਆ । ਦੂਜਾ ਨਾ ਕੋਈ ਮੀਤ ਮੁਰਾਰ, ਸੰਗੀ ਸੰਗ ਨਾ ਕੋਇ ਨਿਭਾਈਆ । ਕਮਲਾਪਾਤੀ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਵਸਣਹਾਰਾ ਠਾਂਡੇ ਦਰਬਾਰ, ਦਰ ਘਰ ਸਾਚਾ ਇਕ ਸੁਹਾਈਆ । ਆਪਣੀ ਇਛਿਆ ਆਪੇ ਧਾਰ, ਭਿਛਿਆ ਦੇਵਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਪੁਰਖ ਸਮਰਥ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਨਿਰਵੈਰ ਹੋ ਪਰਗਟ, ਅਜੂਨੀ ਰਹਿਤ ਆਪਣਾ ਵੇਸ ਵਟਾਇੰਦਾ । ਸਚਖੰਡ ਦਵਾਰਾ ਖੋਲ੍ਹ ਹੱਟ, ਦਰਗਾਹ ਸਾਚੀ ਸੋਭਾ ਪਾਇੰਦਾ । ਸਤਿ ਸਤਿ ਬੋਲ ਅਲੱਖ, ਅਲੱਖ ਅਗੋਚਰ ਅਗੰਮ ਅਥਾਹ ਆਪਣਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੇਖਾ ਜਾਣ ਸਚ ਮਹਾਨ, ਮਹਿਮਾ ਕਥਨੀ ਕਥ ਸਕੇ ਕੋਇ ਨਾ ਰਾਈਆ । ਮਹਲ ਅਟੱਲ ਇਕ ਮਕਾਨ, ਸਚ ਦਵਾਰ ਦਏ ਵਡਿਆਈਆ । ਨਿਰਗੁਣ ਰੂਪ ਨਿਰਗੁਣ ਜੋਤ ਨਿਰਗੁਣ ਨਿਸ਼ਾਨ, ਨਿਰਗੁਣ ਵੇਖੇ ਚਾਈਂ ਚਾਈਂਅ । ਨਿਰਗੁਣ ਮਰਦ ਨਿਰਗੁਣ ਮਰਦਾਨ, ਨਿਰਗੁਣ ਦਇਆ ਇਕ ਕਮਾਈਆ । ਨਿਰਗੁਣ ਵਸਤ ਨਿਰਗੁਣ ਦੇਵਣਹਾਰ, ਨਿਰਗੁਣ ਝੋਲੀ ਆਪਣੀ ਆਪ ਭਰਾਈਆ । ਨਿਰਗੁਣ ਗੋਪੀ ਨਿਰਗੁਣ ਕਾਹਨ, ਸੁਰਤੀ ਸ਼ਬਦੀ ਸੋਭਾ ਪਾਈਆ । ਨਿਰਗੁਣ ਮੇਲਾ ਮੇਲ ਮਿਲਾਏ ਆਣ, ਦੂਜਾ ਵਿਚੋਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੱਚਾ ਇਕੋ ਇਕ ਅਖਵਾਈਆ । ਨਿਰਗੁਣ ਦਾਤਾ ਗਹਿਰ ਗੰਭੀਰ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਨਾ ਹੋਏ ਦਿਲਗੀਰ, ਦੁਤੀਆ ਰੂਪ ਨਾ ਕੋਇ ਵਟਾਇੰਦਾ । ਨਿਰਗੁਣ ਦੇਵੇ ਆਪੇ ਧੀਰ, ਧੀਰਜਵਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ ।

ਸਾਚੀ ਕਰਨੀ ਕਰ ਨਿਰੰਕਾਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਆਪਣੀ ਇਛਿਆ ਕਰ ਵਿਚਾਰ, ਭਿਛਿਆ ਇਕ ਵਰਤਾਈਆ । ਪ੍ਰੇਮ ਪ੍ਰੀਤੀ ਬੰਨ੍ਹ ਪਿਆਰ, ਨਾਤਾ ਆਪਣੇ ਨਾਲ ਜੁੜਾਈਆ । ਆਪੇ ਪੁਰਖ ਆਪੇ ਨਾਰ, ਕੰਤ ਕੰਤੂਹਲ ਆਪਣਾ ਵੇਸ ਵਟਾਈਆ । ਆਪੇ ਸੇਜ ਸੁਹੰਜਣੀ ਪਾਵੇ ਸਾਰ, ਸੋਭਾਵੰਤੀ ਹੋ ਖ਼ੁਸ਼ੀ ਮਨਾਈਆ । ਆਪੇ ਗਾਵੇ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਆਪੇ ਦੀਆ ਬਾਤੀ ਕਰ ਉਜਿਆਰ, ਘਰ ਵੇਖੇ ਬੇਪਰਵਾਹੀਆ । ਆਪੇ ਮਹਲ ਅਟੱਲ ਪਾਵੇ ਸਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸਚਖੰਡ ਦਵਾਰੇ ਇਕ ਜੈਕਾਰ, ਨਰ ਹਰਿ ਕਰਤਾ ਆਪ ਕਰਾਈਆ । ਵੇਖੇ ਵਿਗਸੇ ਵੇਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚਖੰਡ ਦਵਾਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧਾਰ ਚਲਾਇੰਦਾ । ਵੇਖਣਹਾਰਾ ਖੇਲ ਤਮਾਸ਼ਾ, ਨਿਰਗੁਣ ਨਿਰਗੁਣ ਪਰਦਾ ਆਪੇ ਲਾਹਿੰਦਾ । ਆਪਣੇ ਅੰਦਰ ਆਪੇ ਕਰ ਕੇ ਵਾਸਾ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਘਰ ਵਿਚ ਘਰ ਕਰ ਪਰਕਾਸ਼ਾ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਚਖੰਡ ਦਵਾਰਾ ਕਹੇ ਮੋਹੇ ਚਾਉ ਘਨੇਰਾ, ਘਰ ਵੱਜੀ ਇਕ ਵਧਾਈਆ । ਸ੍ਰੀ ਭਗਵਾਨ ਬੱਧਾ ਬੇੜਾ, ਆਪਣੇ ਕੰਧ ਉਠਾਈਆ । ਦੂਜਾ ਅਵਰ ਨਾ ਦਿਸੇ ਕੋਈ ਡੇਰਾ, ਚਾਰ ਦੀਵਾਰ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਵਸਾਇਆ ਖੇੜਾ,ਗ੍ਰਿਹਿ ਮੰਦਰ ਸੋਭਾ ਪਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇਵੇ ਵਡਿਆਈਆ । ਸਚਖੰਡ ਕਹੇ ਮੈਂ ਕਰਾਂ ਦੀਦਾਰ, ਨਿਤ ਨਿਤ ਹਰਿ ਹਰਿ ਦਰਸ਼ਨ ਪਾਈਆ । ਅੱਠੇ ਪਹਿਰ ਇਕ ਪਿਆਰ, ਅਭੁੱਲ ਭੁੱਲ ਕਦੇ ਨਾ ਜਾਈਆ । ਸੱਜਣ ਮਿਲਿਆ ਮੀਤ ਮੁਰਾਰ, ਸਾਹਿਬ ਸੱਚਾ ਬੇਪਰਵਾਹੀਆ । ਸਚ ਦਵਾਰੇ ਜੋ ਬੈਠਾ ਆਣ, ਸਚ ਸਿੰਘਾਸਣ ਸੋਭਾ ਪਾਈਆ । ਦੀਵਾ ਬਾਤੀ ਜਗਿਆ ਮਹਾਨ, ਨੂਰ ਇਕੋ ਇਕ ਰੁਸ਼ਨਾਈਆ । ਬਾਢੀ ਘਾੜਤ ਘੜੇ ਨਾ ਕੋਇ ਤਰਖਾਣ, ਬਣਾਵਣਹਾਰ ਆਪ ਅਖਵਾਈਆ । ਮਹਲ ਅਟੱਲ ਬਣਾਈ ਮੇਰੀ ਸ਼ਾਨ, ਸ਼ਹਿਨਸ਼ਾਹ ਰਹਿਮਤ ਆਪ ਕਮਾਈਆ । ਚਰਨ ਕਵਲ ਧਰੇ ਉਪਰ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਵਡਿਆਈਆ । ਸਚਖੰਡ ਕਹੇ ਮੈਂ ਕਹਾਂ ਸਤਿ, ਸਤਿ ਸਤਿ ਜਣਾਈਆ । ਪੁਰਖ ਅਬਿਨਾਸ਼ੀ ਰੱਖੀ ਪੱਤ, ਸਿਰ ਮੇਰੇ ਹੱਥ ਟਿਕਾਈਆ । ਅੰਦਰ ਵੜ ਪੁਰਖ ਸਮਰਥ, ਸੋਹਣੀ ਸੇਜ ਹੰਢਾਈਆ । ਹੌਲੀ ਹੌਲੀ ਮੈਨੂੰ ਰਿਹਾ ਦੱਸ, ਬਿਨ ਰਸਨਾ ਜਿਹਵਾ ਬੋਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦਵਾਰਾ ਕਹੇ ਮੋਹੇ ਚੜ੍ਹਿਆ ਚਾ, ਘਰ ਮੇਰੇ ਵੱਜੀ ਵਧਾਈਆ । ਪਰਮ ਪੁਰਖ ਮੇਰੀ ਬਣਤ ਲਈ ਬਣਾ, ਆਦਿ ਜੁਗਾਦਿ ਸਕੇ ਨਾ ਕੋਇ ਮਿਟਾਈਆ । ਨਿਰਗੁਣ ਨਿਰਵੈਰ ਹੋ ਕੇ ਬੈਠਾ ਆ, ਮੂਰਤ ਅਕਾਲ ਜੋਤ ਰੁਸ਼ਨਾਈਆ । ਪਰਦਾ ਓਹਲਾ ਦਿਤਾ ਚੁਕਾ, ਮੁਖ ਨਕਾਬ ਨਾ ਕੋਇ ਟਿਕਾਈਆ । ਨੂਰੋ ਨੂਰ ਪਰਵਰਦਿਗਾਰ ਸਚ ਖ਼ੁਦਾ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੇਰੇ ਨਾਲ ਨਾ ਹੋਏ ਜੁਦਾ, ਜੁਜ਼ ਅੰਗ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚਖੰਡ ਅੰਦਰ ਖ਼ੁਸ਼ੀ ਕਰੇ ਸਿੰਘਾਸਣ, ਹੱਸ ਹੱਸ ਰਿਹਾ ਸੁਣਾਈਆ । ਮੈਂ ਸੇਵਕ ਸੇਵਾ ਕਰਾਂ ਬਣ ਕੇ ਦਾਸੀ ਦਾਸਣ,

ਚਾਕਰ ਖ਼ਾਕ ਰੂਪ ਵਟਾਈਆ । ਮੇਰੇ ਉਤੇ ਬਹੇ ਪੁਰਖ ਸਮਰਾਥਣ, ਮਿਹਰਵਾਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹੀ ਪੁਰਖ ਅਗੰਮ ਨਿਰਗੁਣ ਧਾਰ ਆਪੇ ਬੋਲ, ਸਚ ਸੰਦੇਸਾ ਇਕ ਜਣਾਈਆ । ਸਚ ਸਿੰਘਾਸਣ ਰਹਿਣਾ ਅਡੋਲ, ਡੁਲ ਕਦੇ ਨਾ ਜਾਈਆ । ਸਚਖੰਡ ਵਸਾਂ ਤੇਰੇ ਕੋਲ, ਸਦ ਤੇਰਾ ਸੰਗ ਨਿਭਾਈਆ । ਬਣਤ ਬਣਾਈ ਆਪ ਅਨਮੋਲ, ਅਨਮੁਲੜੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਦ੍ਰਿਸ਼ਟੀ ਇਕ ਜਣਾਈਆ । ਦੋਹਾਂ ਦ੍ਰਿਸ਼ਟੀ ਦੇ ਇਕ, ਇਕਓਂਕਾਰ ਦਏ ਵਡਿਆਈਆ । ਮੇਰਾ ਲੇਖਾ ਕੋਈ ਨਾ ਸਕੇ ਲਿਖ, ਇਕੋ ਵਾਰ ਦਿਆਂ ਜਣਾਈਆ । ਮੇਰਾ ਸਦਾ ਰਹੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਆਦਿ ਜੁਗਾਦਿ ਨਾ ਦੇਵਾਂ ਪਿਠ, ਕਰਵਟ ਸਦ ਨਾ ਕਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸਚਖੰਡ ਕਹੇ ਪ੍ਰਭ ਤੇਰਾ ਮੇਰੇ ਨਾਲ ਪਿਆਰ, ਅੰਤਰ ਅੰਤਰ ਨਜ਼ਰੀ ਆਈਆ । ਅਗੰਮ ਅਥਾਹ ਤੇਰਾ ਵਿਹਾਰ, ਸੋਚ ਸਮਝ ਸਕੇ ਨਾ ਰਾਈਆ । ਤੇਰਾ ਮੰਦਰ ਤੇਰਾ ਮਨਾਰ, ਤੇਰਾ ਮਹਲ ਕਰੇ ਰੁਸ਼ਨਾਈਆ । ਤੇਰਾ ਰੂਪ ਸੱਚੀ ਸਰਕਾਰ, ਸ਼ਹਿਨਸ਼ਾਹ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਖ਼ੁਸ਼ੀ ਖ਼ੁਸ਼ੀ ਜਣਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚ ਕਹਾਣੀ ਦੇਵਾਂ ਦੱਸ, ਭੇਵ ਅਭੇਦ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਾਂ ਵੱਥ, ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਪੁਰਖ ਅਕਾਲ ਕਹੇ ਕਰਤਾਰ, ਹਰਿ ਕਰਤਾ ਆਪ ਜਣਾਈਆ । ਕਰਾਂ ਖੇਲ ਪੁਰਖ ਨਾਰ, ਆਪ ਆਪਣਾ ਭੇਵ ਚੁਕਾਈਆ । ਬਾਲ ਜਨਮਾਂ ਅਪਰ ਅਪਾਰ, ਜਨਨੀ ਜਨ ਨਾਉਂ ਧਰਾਈਆ । ਸ਼ਬਦੀ ਸੁਤ ਇਕ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਤੋਹੇ ਮਾਣ ਵਡਿਆਈਆ । ਸਚਖੰਡ ਸੁਣ ਧੁਰ ਦੀ ਗਾਥ, ਹਰਿ ਕਰਤਾ ਆਪ ਜਣਾਈਆ । ਪੁੱਤਰ ਜਨਮੇ ਕਮਲਾਪਾਤ, ਸਪੂਤ ਇਕੋ ਨਜ਼ਰੀ ਆਈਆ । ਸ਼ਬਦ ਦੁਲਾਰਾ ਤੇਰਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜਿਸ ਦਾ ਸਚ ਦਵਾਰੇ ਕਰੇ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚਖੰਡ ਕਹੇ ਪ੍ਰਭ ਉਹ ਕਿਹੜਾ ਘਰ, ਜਿਸ ਘਰ ਮਿਲੇ ਮਾਣ ਵਡਿਆਈਆ । ਸੁਤ ਦੁਲਾਰਾ ਜਾਵੇ ਵੜ, ਸੋਭਾਵੰਤ ਸੋਭਾ ਪਾਈਆ । ਨਿਤ ਨਵਿਤ ਤੇਰਾ ਦਰਸ਼ਨ ਲਏ ਕਰ, ਬਿਨ ਅੱਖਾਂ ਨਜ਼ਰੀ ਆਈਆ । ਕਵਣ ਕੂਟੇ ਜਾਏ ਚੜ੍ਹ, ਕਵਣ ਮਹਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਕਹੇ ਸਚਖੰਡ, ਸਚ ਸਚ ਦ੍ਰਿੜਾਈਆ । ਘਰ ਵਿਚ ਘਰ ਵੰਡਾਂ ਵੰਡ, ਤੇਰੇ ਅੰਦਰ ਥਿਰ ਘਰ ਰੂਪ ਵਟਾਈਆ । ਉਸ ਵਿਚ ਵੜੇ ਮੇਰਾ ਚੰਦ, ਸ਼ਬਦੀ ਡੇਰਾ ਲਾਈਆ । ਪੂਰੀ ਕਰਾਂ ਧੁਰ ਦੀ ਮੰਗ, ਵਸਤ ਆਪਣੀ ਝੋਲੀ ਪਾਈਆ । ਆਦਿ ਜੁਗਾਦੀ ਇਕੋ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਕਿਰਪਾ ਕਰਾਂ ਹੋ ਸੂਰਾ ਸਰਬੰਗ, ਸ਼ਹਿਨਸ਼ਾਹ ਹੋ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਘਰ ਵਿਚ ਘਰ ਬਣੇ ਅਵੱਲਾ, ਸੋ ਸਾਹਿਬ ਆਪ ਜਣਾਈਆ । ਥਿਰ ਘਰ ਵਸੇ ਇਕ ਮਹੱਲਾ, ਪੁਰਖ


੭੧੪
੧੯

ਅਬਿਨਾਸ਼ੀ ਸੋਭਾ ਪਾਈਆ । ਸ਼ਬਦੀ ਸੁਤ ਫੜਾਏ ਪੱਲਾ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸੁਤ ਜੰਮਿਆ ਹਰਿ ਜੂ ਬਾਲ, ਜਨ ਜਨਨੀ ਨਾਉਂ ਧਰਾਇੰਦਾ । ਜਿਸ ਨੂੰ ਆਦਿ ਜੁਗਾਦਿ ਕੋਈ ਨਾ ਖਾਏ ਕਾਲ, ਮਹਾਂਕਾਲ ਨੇੜ ਕੋਇ ਨਾ ਆਇੰਦਾ । ਸਚ ਦਵਾਰੇ ਵਸੇ ਸੱਚੀ ਧਰਮਸਾਲ, ਘਰ ਘਰ ਵਿਚ ਡੇਰਾ ਲਾਇੰਦਾ । ਥਿਰ ਘਰ ਸਾਚੇ ਦਏ ਬਹਾਲ, ਸਚਖੰਡ ਆਪਣਾ ਆਸਣ ਲਾਇੰਦਾ । ਚਰਨ ਕਵਲ ਦਏ ਧਿਆਨ, ਸਾਚਾ ਮੇਲਾ ਮੇਲ ਮਿਲਾਇੰਦਾ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣੀ ਕਾਰੇ ਲਾਇੰਦਾ । ਧੁਰ ਦਾ ਦੇ ਇਕ ਫ਼ਰਮਾਨ, ਸਚ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਪੁਰਖ ਸਮਰਥ, ਬੇਪਰਵਾਹ ਦਇਆ ਕਮਾਈਆ । ਧੁਰ ਦਾ ਮਾਰਗ ਅਗੰਮੀ ਦੱਸ, ਕਰੇ ਸਤਿ ਪੜ੍ਹਾਈਆ । ਵਸਤ ਅਮੋਲਕ ਦੇ ਕੇ ਵੱਥ, ਵਾਹ ਵਾਹ ਬਣਤ ਬਣਾਈਆ । ਸ਼ਬਦ ਸੁਤ ਖੋਲ੍ਹ ਅੱਖ, ਹਰਿ ਸਤਿਗੁਰ ਨੇਤਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਦਏ ਵਡਿਆਈਆ । ਸੁਤ ਦੁਲਾਰਾ ਛੋਟਾ ਬਾਲਾ ਰਿਹਾ ਕੂਕ, ਪ੍ਰਭ ਅੱਗੇ ਸੀਸ ਨਿਵਾਈਆ । ਮੈਂ ਤੇਰੀ ਗੋਦੀ ਸੁੱਤਾ ਰਹਾਂ ਘੂਕ, ਸੁਖ ਆਸਣ ਡੇਰਾ ਲਾਈਆ । ਸਾਹਿਬ ਸੁਲਤਾਨ ਤੇਰਾ ਬਣ ਕੇ ਪੂਤ, ਦੁੱਖ ਰੋਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਇਕ ਵਡਿਆਈਆ । ਸ੍ਰੀ ਭਗਵਾਨ ਕਹੇ ਤੂੰ ਬਾਲਾ ਸੱਚਾ, ਬਚਪਨ ਤੇਰਾ ਆਪਣੀ ਝੋਲੀ ਪਾਈਆ । ਸਚ ਦਵਾਰ ਦਾ ਦੇਵਾਂ ਪਤਾ, ਪਤਣ ਬਹਿ ਕੇ ਬੇਪਰਵਾਹੀਆ । ਤੇਰੀ ਲੱਜਿਆ ਸਦਾ ਰੱਖਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਸਮਝਾਈਆ । ਸੁਤ ਦੁਲਾਰਾ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਸਤਿਗੁਰ ਸਿਰਜਣਹਾਰ, ਪਾਰਬ੍ਰਹਮ ਤੇਰੀ ਸਰਨਾਈਆ । ਹਉਂ ਬਾਲਕ ਨੱਢਾ ਇਕ ਅਵਾਣ, ਤੇਰਾ ਭੇਵ ਕੋਇ ਨਾ ਪਾਈਆ । ਤੇਰੀ ਕਿਰਪਾ ਮੰਗਾਂ ਮਹਾਨ, ਤੇਰੀ ਮਹਿਮਾ ਸਿਫ਼ਤ ਸਾਲਾਹੀਆ । ਤੇਰੀ ਭਿਛਿਆ ਮਿਲੇ ਦਾਨ, ਮੇਰੀ ਇਛਿਆ ਪੂਰ ਕਰਾਈਆ । ਤੇਰਾ ਮੇਰਾ ਇਕ ਮਕਾਨ, ਘਰ ਇਕੋ ਸੋਭਾ ਪਾਈਆ । ਤੂੰ ਸਚਖੰਡ ਨਿਵਾਸੀ ਨੌਜਵਾਨ, ਮੈਂ ਥਿਰ ਘਰ ਤੇਰੇ ਮੰਦਰ ਡੇਰਾ ਲਾਈਆ । ਤੂੰ ਦੇਵਣਹਾਰਾ ਦਾਨ, ਮੈਂ ਮਾਂਗਤ ਰੂਪ ਵਟਾਈਆ । ਤੇਰਾ ਸੁਣ ਸੱਚਾ ਫ਼ਰਮਾਨ, ਹਉਂ ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਮਿਹਰਵਾਨ ਦਇਆ ਕਮਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਸੋ ਪੁਰਖ ਨਿਰੰਜਣ ਭੇਵ ਖੁਲ੍ਹਾਉਂਦਾ ਏ । ਹਰਿ ਪੁਰਖ ਨਿਰੰਜਣ ਰਾਹ ਜਣਾਉਂਦਾ ਏ । ਏਕੰਕਾਰਾ ਰੰਗ ਚੜ੍ਹਾਉਂਦਾ ਏ । ਆਦਿ ਨਿਰੰਜਣ ਨੂਰ ਰੁਸ਼ਨਾਉਂਦਾ ਏ । ਅਬਿਨਾਸ਼ੀ ਕਰਤਾ ਵਡ ਵਡਿਆਉਂਦਾ ਏ । ਸ੍ਰੀ ਭਗਵਾਨ ਪਕੜ ਉਠਾਉਂਦਾ ਏ । ਪਾਰਬ੍ਰਹਮ ਪੜਦਾ ਲਾਹਉਂਦਾ ਏ । ਸਚਖੰਡ ਨਿਵਾਸੀ ਸਾਚੀ ਕਰਨੀ ਕਾਰ ਆਪ ਸਮਝਾਉਂਦਾ ਏ । ਧੁਰ ਦਾ ਕਰਨਾ ਇਕੋ ਕੰਮ, ਨਿਹਕਰਮੀ ਆਪ ਦ੍ਰਿੜਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਬੇੜਾ ਬੰਨ੍ਹ, ਸਾਚਾ ਮਾਰਗ ਇਕ ਵਖਾਉਂਦਾ ਏ । ਤ੍ਰੈਗੁਣ ਮਾਇਆ ਦੇਵੇ ਬੰਨ੍ਹ, ਪੰਚਮ ਮੇਲਾ ਮੇਲ ਮਿਲਾਉਂਦਾ ਏ । ਬ੍ਰਹਿਮੰਡ ਖੰਡ ਬੇੜਾ ਦੇਣਾ ਬੰਨ੍ਹ, ਜ਼ਿਮੀ ਅਸਮਾਨ ਸੂਰਜ ਚੰਨ ਨੂਰੀ ਨੂਰ ਰੁਸ਼ਨਾਉਂਦਾ ਏ । ਮੰਡਲ ਮੰਡਪ ਖੇਲ ਕਰੇ ਭਗਵਨ, ਸ੍ਰੀ ਭਗਵਾਨ ਸਾਚਾ ਰਾਹ ਚਲਾਉਂਦਾ ਏ । ਲੱਖ ਚੁਰਾਸੀ ਦੇਵੇ ਦਾਨ,

ਚਾਰੇ ਖਾਣੀ ਤੇਰੀ ਝੋਲੀ ਪਾਉਂਦਾ ਏ । ਚਾਰੇ ਬਾਣੀ ਗਾਉਂਣਾ ਗਾਣ, ਸੋਹਲਾ ਢੋਲਾ ਰਾਗ ਅਲਾਉਂਦਾ ਏ । ਨਿਰਗੁਣ ਸਰਗੁਣ ਕਰ ਪਰਧਾਨ, ਪੰਚ ਤਤ ਚੋਲਾ ਜਗਤ ਵਖਾਉਂਦਾ ਏ । ਨੌ ਦਵਾਰੇ ਖੋਲ੍ਹ ਦੁਕਾਨ, ਘਰ ਵਿਚ ਘਰ ਦਸਵੇਂ ਧਾਰ ਬੰਧਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਉਂਦਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਜਗਤ ਦ੍ਰਿੜਾਉਂਦਾ ਏ । ਤੇਰਾ ਨਾਉਂ ਇਕ ਪਰਧਾਨ, ਜੁਗ ਜੁਗ ਸੋਹਣਾ ਰਾਗ ਸੁਣਾਉਂਦਾ ਏ । ਈਸਾ ਮੂਸਾ ਮੁਹੰਮਦ ਕਰ ਪਰਵਾਨ, ਕਲਮਾ ਨਬੀ ਰਸੂਲ ਪੜ੍ਹਾਉਂਦਾ ਏ । ਮੁਕਾਮੇ ਹੱਕ ਇਕ ਨਿਸ਼ਾਨ, ਨੌਬਤ ਇਕੋ ਨਾਮ ਵਜਾਉਂਦਾ ਏ । ਭਗਤ ਭਗਵਾਨ ਬਖ਼ਸ਼ ਧਿਆਨ, ਸਚ ਪ੍ਰੀਤੀ ਜੋੜ ਜੁੜਾਉਂਦਾ ਏ । ਸੰਤਨ ਦੇ ਕੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਸਮਝਾਉਂਦਾ ਏ । ਗੁਰਮੁਖ ਗੁਰ ਗੁਰ ਮੇਲੇ ਆਣ, ਗੁਰ ਸਤਿਗੁਰ ਸੱਚਾ ਸੰਗ ਨਿਭਾਉਂਦਾ ਏ । ਗੁਰਸਿਖ ਅੱਠੇ ਪਹਿਰ ਮੰਗੇ ਧਿਆਨ, ਸਦ ਤੇਰਾ ਰਾਹ ਤਕਾਉਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਸਿਫ਼ਤ ਦੀ ਕਰਨ ਕਲਿਆਣ, ਰਸਨਾ ਜਿਹਵਾ ਬੱਤੀ ਦੰਦ ਜੀਵ ਜੰਤ ਸਾਧ ਸੰਤ ਬੱਤੀ ਦੰਦ ਸਿਫ਼ਤ ਸਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਤੇਰਾ ਮਾਣ ਰਖਾਉਂਦਾ ਏ । ਸੁਣ ਸੰਦੇਸਾ ਸ੍ਰੀ ਭਗਵੰਤ, ਸੁਤ ਸ਼ਬਦੀ ਖ਼ੁਸ਼ੀ ਮਨਾਈਆ । ਪਾਰਬ੍ਰਹਮ ਤੇਰੀ ਮਹਿਮਾ ਅਗਣਤ, ਹਉਂ ਸੇਵਕ ਕਹਿਣ ਕਿਛ ਨਾ ਪਾਈਆ । ਜੁਗ ਚੌਕੜੀ ਮਹਿਮਾ ਅਗਣਤ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਧਾਰ ਨਜ਼ਰੀ ਆਈਆ । ਦਰ ਦਰਵੇਸ਼ ਰਹਾਂ ਮੰਗਤ, ਬਣ ਭਿਖਾਰੀ ਅਲਖ ਜਗਾਈਆ । ਬੋਧ ਅਗਾਧੇ ਹਰਿ ਜੂ ਪੰਡਤ, ਸਾਚੀ ਸਿਖਿਆ ਦੇਣੀ ਪੜ੍ਹਾਈਆ । ਦੂਜੇ ਦਰ ਨਾ ਜਾਵਾਂ ਮੰਗਤ, ਤੇਰਾ ਮੰਦਰ ਸੋਹਣਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਸੁਤ ਦੁਲਾਰੇ ਆਪ ਸਮਝਾਉਂਦਾ ਏ । ਸਿਰ ਆਪਣਾ ਹੱਥ ਟਿਕਾਉਂਦਾ ਏ । ਮਿਹਰ ਨਜ਼ਰ ਇਕ ਤਕਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਲਗਾਉਂਦਾ ਏ । ਤ੍ਰੈ ਪੰਜ ਸੋਹਣਾ ਜੋੜ ਜੁੜਾਉਂਦਾ ਏ । ਨੌ ਅੱਠ ਗੰਢ ਪਵਾਉਂਦਾ ਏ । ਦਸਵੇਂ ਤੇਰੀ ਧਾਰ ਪਰਗਟਾਉਂਦਾ ਏ । ਗੁਰ ਅਵਤਾਰ ਹੁਕਮ ਮਨਾਉਂਦਾ ਏ । ਜੁਗ ਚੌਕੜੀ ਵੇਖ ਸੰਸਾਰ, ਨਿਰਗੁਣ ਸਰਗੁਣ ਵੇਸ ਧਰਾਉਂਦਾ ਏ । ਕਾਗ਼ਜ਼ ਕਲਮ ਦੇ ਅਧਾਰ, ਸ਼ਾਹੀ ਨਾਤਾ ਜੋੜ ਜੁੜਾਉਂਦਾ ਏ । ਰਸਨਾ ਜਿਹਵਾ ਬੋਲ ਜੈਕਾਰ, ਮਾਨਸ ਮਾਨੁਖ ਆਪ ਦ੍ਰਿੜਾਉਂਦਾ ਏ । ਅਠਸਠ ਤੀਰਥ ਖੋਲ੍ਹ ਕਿਵਾੜ, ਤਟ ਕਿਨਾਰੇ ਸੋਭਾ ਪਾਉਂਦਾ ਏ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਵੇਖ ਵਖਾਉਂਦਾ ਏ । ਜਲ ਥਲ ਮਹੀਅਲ ਪਾਵੇ ਸਾਰ, ਸਮੁੰਦ ਸਾਗਰ ਵਿਰੋਲ ਆਪਣੀ ਕਾਰ ਕਮਾਉਂਦਾ ਏ । ਵਸਣਹਾਰਾ ਨਿਹਚਲ ਧਾਮ ਅਟੱਲ ਅਪਾਰ, ਦੋ ਜਹਾਨਾਂ ਹੁਕਮ ਵਰਤਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਸੀਸ ਝੁਕਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਮਦਦਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਇਕੋ ਤੇਰਾ ਨਾਮ ਵਡਿਆਉਂਦਾ ਏ । ਸੁਤ ਸ਼ਬਦ ਗਿਆ ਝੁਕ, ਪ੍ਰਭ ਚਰਨ ਸੀਸ ਨਿਵਾਈਆ । ਤੇਰਾ ਲੇਖਾ ਨਾ ਜਾਏ ਮੁੱਕ, ਅਗਣਤ ਗਣਤ ਨਾ ਕੋਇ ਕਰਾਈਆ । ਜੁਗ ਚੌਕੜੀ ਵੇਖਣ ਲੁਕ ਲੁਕ, ਨਿਰਗੁਣ ਸਰਗੁਣ ਧਿਆਨ ਲਗਾਈਆ । ਸਦਾ ਸਦਾ ਸਦ ਤੈਨੂੰ ਲਵਾਂ ਪੁਛ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ

ਪੀਰ ਪੈਗੰਬਰ ਜਣਾਂ ਆਪਣੀ ਕੁੱਖ, ਜਨਨੀ ਨਾਉਂ ਧਰਾਈਆ । ਵਸਤ ਅਮੋਲਕ ਅੰਮ੍ਰਿਤ ਧਾਰਾ ਦੇਵਾਂ ਘੁਟ, ਨਿਝਰ ਝਿਰਨਾ ਇਕ ਝਿਰਾਈਆ । ਨਿਰਮਲ ਜੋਤ ਕਰ ਪਰਕਾਸ਼ ਆਪਣੀ ਧਾਰੋਂ ਪਵਾਂ ਉਠ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਕਾਲ ਨਗਾਰਾ ਪੰਜ ਤਤ ਅਗੰਮੀ ਮਾਰਾਂ ਸੱਟ, ਦੂਈ ਦਵੈਤੀ ਡੇਰਾ ਢਾਹੀਆ । ਸਾਚਾ ਮੰਦਰ ਖੋਲ੍ਹ ਹੱਟ, ਵਸਤ ਇਕੋ ਨਾਮ ਵਰਤਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖਾਂ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਸ੍ਰੀ ਭਗਵਾਨ ਤੇਰੇ ਭਗਤਾਂ ਦੀ ਖੋਲ੍ਹ ਕੇ ਅੰਤਰ ਅੱਖ, ਨਿਝ ਨੇਤਰ ਪੜਦਾ ਲਾਹੀਆ । ਸਾਚਾ ਮਾਰਗ ਦੇਵਾਂ ਦੱਸ, ਬੋਧ ਅਗਾਧ ਕਰ ਪੜ੍ਹਾਈਆ । ਚੌਦਾਂ ਵਿਦਿਆ ਕਰ ਕੇ ਭੱਠ, ਪ੍ਰੇਮ ਵਿਦਿਆ ਇਕ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਦਿਆਂ ਸੁਕਾਈਆ । ਸਭ ਦੀ ਝੋਲੀ ਪਾਵਾਂ ਹਕੀਕਤ ਹੱਕ, ਅਦਾਲਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਮੰਗੇ ਮੰਗ ਸ਼ਬਦ ਦੁਲਾਰਾ, ਆਦਿ ਆਦੀ ਸੀਸ ਨਿਵਾਇੰਦਾ । ਸਚ ਦਸ ਮੇਰੇ ਨਿਰੰਕਾਰਾ, ਦਰ ਤੇਰੇ ਵਾਸਤਾ ਪਾਇੰਦਾ । ਜੁਗ ਚੌਕੜੀ ਸੇਵਾ ਕਰਾਂ ਵਿਚ ਸੰਸਾਰਾ, ਲੋਕ ਪਰਲੋਕ ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਿਆਂ ਸਹਾਰਾ, ਨਿਤ ਨਿਤ ਆਪਣੀ ਕਾਰ ਕਮਾਇੰਦਾ । ਲੱਖ ਚੁਰਾਸੀ ਬਣ ਵਣਜਾਰਾ, ਘਟ ਘਟ ਤੇਰਾ ਵਣਜ ਕਰਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਗ੍ਰਿਹ ਮੰਦਰ ਰਾਗ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦਰ ਲਿਖਾਰਾ, ਕਾਤਬ ਇਕੋ ਕਲਮ ਚਲਾਇੰਦਾ । ਮਹਲ ਅਟੱਲ ਕਰ ਉਜਿਆਰਾ, ਭਗਤ ਦਵਾਰਾ ਸੋਭਾ ਪਾਇੰਦਾ । ਤੀਰਥ ਤਟ ਵੇਖ ਕਿਨਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਣ ਦੁਆਇੰਦਾ । ਨਿਸ਼ਾਨ ਜਣਾ ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰਦਵਾਰਾ, ਤੇਰਾ ਹੱਕ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲੇ ਪ੍ਰਭ ਤੇਰਾ ਸੰਗ ਰਖਾਇੰਦਾ । ਸਚ ਦੱਸ ਪ੍ਰਭ ਮੇਰੇ ਠਾਕਰ, ਸੁਤ ਸ਼ਬਦ ਰਿਹਾ ਸੁਣਾਈਆ । ਦੋ ਜਹਾਨ ਤੇਰਾ ਵੱਡਾ ਸਾਗਰ, ਮੈਂ ਅਣਤਾਰੂ ਤਰਨ ਨਾ ਪਾਈਆ । ਜੁਗ ਚੌਕੜੀ ਬਣ ਸੁਦਾਗਰ, ਤੇਰਾ ਵਣਜ ਹੱਟ ਚਲਾਈਆ । ਮਿਹਰਵਾਨ ਕਿਰਪਾ ਕਰ ਕਰੀਮ ਕਾਦਰ, ਕੁਦਰਤ ਤੇਰੀ ਵੇਖਾਂ ਚਾਈਂ ਚਾਈਂਆ । ਸਚ ਦੱਸ ਕਵਣ ਵੇਲਾ ਕਵਣ ਵਕਤ ਕਵਣ ਰੁੱਤ ਦੇਵੇਂ ਆਦਰ, ਅਦਰਸ਼ ਆਪਣਾ ਇਕ ਵਖਾਈਆ । ਸਭ ਤੋਂ ਵੱਡਾ ਸਾਹਿਬ ਸੁਲਤਾਨ ਜੋਧਾ ਸੂਰਬੀਰ ਬਹਾਦਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਮੇਰਾ ਨਿਹਕਰਮੀ ਕਰਮ ਕਰੇਂ ਉਜਾਗਰ, ਕਰਮ ਕਾਂਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਚ ਦੱਸ ਮੇਰੇ ਭਗਵੰਤ, ਤੇਰੇ ਅੱਗੇ ਮੇਰੀ ਅਰਜ਼ੋਈਆ । ਕਵਣ ਵੇਲਾ ਮਿਲੇਂ ਕੰਤ, ਘਰ ਸਾਚੇ ਸੋਭਾ ਪਾਈਆ । ਮੈਂ ਸੇਵਾ ਕਰਾਂ ਤੇਰੀ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਲੇਖਾ ਜਾਣਾਂ ਜੇਰਜ ਅੰਡਜ, ਉਤਭੁਜ ਸੇਤਜ ਸੋਭਾ ਪਾਈਆ । ਚਾਰੇ ਖਾਣੀ ਚਾਰੇ ਬਾਣੀ ਦੱਸਾਂ ਮੰਤ, ਸੋਹਲਾ ਢੋਲਾ ਰਾਗ ਅਲਾਈਆ । ਤੇਰਾ ਖੇਲ ਵੇਖਾਂ ਉਪਰ ਗਗਨ ਗਗਨੰਤ, ਪਾਤਾਲ ਆਕਾਸ਼ਾਂ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੀ ਪੂਰੀ ਆਸ ਕਰਾਈਆ । ਸ੍ਰੀ ਭਗਵਾਨ ਸਚ ਦ੍ਰਿੜੌਂਦਾ ਏ । ਪੁਰਖ ਅਕਾਲ ਆਪ ਸਮਝੌਂਦਾ ਏ । ਦੀਨ ਦਿਆਲ ਦਿਆਲਤਾ ਵਿਚ ਔਂਦਾ ਏ । ਸੁਤ ਦੁਲਾਰੇ ਲਾਲ, ਗੋਦੀ ਆਪਣੀ ਵਿਚ

ਬਹੌਂਦਾ ਏ । ਉਠ ਵੇਖ ਕਰ ਧਿਆਨ, ਹਰਿ ਧਿਆਨੀ ਧਿਆਨ ਲਗੌਂਦਾ ਏ । ਸਚਖੰਡ ਦਵਾਰ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠੌਂਦਾ ਏ । ਸੁਤ ਸ਼ਬਦ ਤੇਰੀ ਬੇਨੰਤੀ ਕਰ ਪਰਵਾਨ, ਬੇੜਾ ਆਪਣੇ ਕੰਧ ਟਿਕੌਂਦਾ ਏ । ਜੁਗ ਚੌਕੜੀ ਬੀਤੇ ਵਿਚ ਜਹਾਨ, ਨਵ ਨੌ ਚਾਰ ਪੰਧ ਮੁਕੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸਰਬ ਮਨਾਣ, ਢੋਲਾ ਸੋਹਲਾ ਹਰ ਘਟ ਰਾਗ ਦ੍ਰਿੜੌਂਦਾ ਏ । ਤੇਈ ਅਵਤਾਰ ਕਰ ਕੇ ਜਾਣੀ ਜਾਣ, ਭਗਤ ਅਠਾਰਾਂ ਜੋੜ ਜੁੜੌਂਦਾ ਏ । ਈਸਾ ਮੂਸਾ ਮੁਹੰਮਦ ਕਰੇ ਕਲਿਆਣ, ਕਲਮਾ ਨਬੀ ਰਸੂਲ ਪੜ੍ਹੌਂਦਾ ਏ । ਪਰਵਰਦਿਗਾਰ ਵਡ ਅਮਾਮ, ਜੋਤੀ ਨੂਰ ਨੂਰ ਰੁਸ਼ਨੌਂਦਾ ਏ । ਨਾਨਕ ਗੋਬਿੰਦ ਰਸਨਾ ਜਿਹਵਾ ਬੋਲ ਜ਼ਬਾਨ, ਧੁਰ ਦਾ ਸ਼ਬਦ ਰਾਗ ਅਲੌਂਦਾ ਏ । ਲੇਖਾ ਚੁੱਕੇ ਜਗਤ ਜਹਾਨ, ਪੁਰਖ ਅਕਾਲ ਵੇਸ ਵਟੌਂਦਾ ਏ । ਜੋਤੀ ਜਾਮਾ ਨੌਜਵਾਨ, ਬਿਰਧ ਬਾਲ ਨਜ਼ਰ ਕੋਇ ਨਾ ਔਂਦਾ ਏ । ਸ਼ਬਦੀ ਨਾਦ ਵੱਜੇ ਮਹਾਨ, ਬ੍ਰਹਮ ਬ੍ਰਹਿਮਾਦ ਆਪ ਸੁਣੌਂਦਾ ਏ । ਵਸਣਹਾਰਾ ਸਚ ਮਕਾਨ, ਸਾਚੇ ਮੰਦਰ ਡੇਰਾ ਲੌਂਦਾ ਏ । ਜਿਸ ਦੀ ਕਰੇ ਨਾ ਕੋਈ ਪਹਿਚਾਨ, ਬੇਪਹਿਚਾਨ ਫੇਰਾ ਪੌਂਦਾ ਏ । ਸੁਤ ਸ਼ਬਦ ਤੇਰਾ ਲੇਖਾ ਵੇਖੇ ਆਣ, ਅਲੇਖ ਲਿਖਿਆ ਨਾ ਕੋਇ ਮਿਟੌਂਦਾ ਏ । ਕਲਜੁਗ ਅੰਤ ਹੋਏ ਪਰਧਾਨ, ਸਤਿ ਪਰਧਾਨਗੀ ਆਪ ਕਮੌਂਦਾ ਏ । ਮਹਾਂਬਲੀ ਸ੍ਰੀ ਭਗਵਾਨ, ਜੋਤੀ ਜਾਮਾ ਡਗਮਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣੌਂਦਾ ਏ । ਸਚ ਸੰਦੇਸਾ ਇਕ ਜਣਾਇਆ ਏ । ਸ੍ਰੀ ਭਗਵਾਨ ਸਚ ਸੁਣਾਇਆ ਏ । ਸੁਤ ਦੁਲਾਰੇ ਧੀਰਜ ਧੀਰ ਰਖਾਇਆ ਏ, ਜੁਗ ਚੌਕੜੀ ਤੇਰੀ ਸੇਵ ਲਗਾਇਆ ਏ । ਵਡ ਦੇਵੀ ਦੇਵ, ਭੇਵ ਅਭੇਦਾ ਆਪ ਖੁਲ੍ਹਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇਆ ਏ । ਸੁਤ ਦੁਲਾਰੇ ਅੰਤਮ ਆਵਾਂਗਾ । ਨਿਰਗੁਣ ਨੂਰੀ ਜੋਤ ਚਮਕਾਵਾਂਗਾ । ਵਰਨ ਗੋਤ ਨਾ ਕੋਇ ਵਖਾਵਾਂਗਾ । ਜਾਤ ਪਾਤ ਨਾ ਕੋਇ ਵਡਿਆਵਾਂਗਾ । ਬ੍ਰਹਮ ਬ੍ਰਹਿਮਾਦ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਤ੍ਰੈਗੁਣ ਪਰਦਾ ਆਪੇ ਲਾਹਵਾਂਗਾ । ਪੰਜ ਤਤ ਨੇਤਰ ਅੱਖ ਖੁਲ੍ਹਾਵਾਂਗਾ । ਸਚ ਦਰਬਾਰ ਇਕ ਲਗਾਵਾਂਗਾ । ਗੁਰ ਅਵਤਾਰ ਵਿਚ ਬਹਾਵਾਂਗਾ । ਪੀਰ ਪੈਗ਼ੰਬਰ ਵੇਖ ਵਖਾਵਾਂਗਾ । ਭਗਤ ਅਠਾਰਾਂ ਆਖ ਜਣਾਵਾਂਗਾ । ਸਾਖਿਆਤ ਨਜ਼ਰੀ ਆਵਾਂਗਾ । ਬਿਨ ਕਲਮ ਦਵਾਤ ਲਿਖਿਆ ਲੇਖ ਪੂਰ ਕਰਾਵਾਂਗਾ । ਕਲਜੁਗ ਅੰਤ ਨੇਤਰ ਪੇਖ, ਦੋਏ ਲੋਚਣ ਡੇਰਾ ਢਾਵਾਂਗਾ । ਸਚਖੰਡ ਦੀ ਸਾਚੀ ਖੇਡ, ਲੋਕਮਾਤ ਆਪ ਕਰਾਵਾਂਗਾ । ਜਿਸ ਕਾਰਨ ਤੈਨੂੰ ਦਿਤਾ ਭੇਜ, ਸੋ ਅਨੰਦ ਆਪਣੀ ਝੋਲੀ ਪਾਵਾਂਗਾ । ਸੋਹਣੀ ਸੁਹੰਜਣੀ ਮਾਣਾਂ ਸੇਜ, ਗੋਬਿੰਦ ਆਸਣ ਇਕ ਸੁਹਾਵਾਂਗਾ । ਜੋਤੀ ਜਲਵਾ ਚਮਕੇ ਤੇਜ, ਨੂਰੀ ਚੰਦ ਇਕ ਚਮਕਾਵਾਂਗਾ । ਕੋਈ ਨਾ ਜਾਣੇ ਹਰਿ ਕਾ ਭੇਖ, ਜਗਤ ਅਵੱਲੜੀ ਕਾਰ ਕਮਾਵਾਂਗਾ । ਨਜ਼ਰ ਆਏ ਰੂਪ ਰੰਗ ਨਾ ਰੇਖ, ਅਨਡਿਠੜਾ ਆਪਣਾ ਖੇਲ ਵਖਾਵਾਂਗਾ । ਜਨ ਭਗਤਾਂ ਦੱਸ ਕੇ ਅੰਦਰੇ ਅੰਦਰ ਭੇਤ, ਪਰਦਾ ਉਹਲਾ ਆਪ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰੀ ਪੈਜ ਰਖਾਵਾਂਗਾ । ਸਦ ਤੇਰੀ ਪੈਜ ਰਖਾਵਾਂਗਾ । ਦਾਤਾ ਦਾਨੀ ਹੋ ਕੇ ਆਵਾਂਗਾ । ਬ੍ਰਹਮ ਗਿਆਨੀ ਹੋ ਕੇ ਸਮਝਾਵਾਂਗਾ । ਸ਼ਬਦ ਨਿਸ਼ਾਨ ਇਕ ਵਖਾਵਾਂਗਾ । ਜੋਤ ਮਹਾਨੀ ਨੂਰ ਚਮਕਾਵਾਂਗਾ । ਚੌਦਾਂ ਲੋਕਾਂ ਵੇਖ ਵਖਾਵਾਂਗਾ । ਚੌਦਾਂ ਤਬਕਾਂ ਪੜਦਾ ਲਾਹਵਾਂਗਾ । ਚੌਦਾਂ ਵਿਦਿਆ ਮਾਣ ਗਵਾਵਾਂਗਾ । ਚੌਧਵੀਂ ਚੰਦ ਨੈਣ ਸ਼ਰਮਵਾਂਗਾ । ਸਾਚਾ ਭਗਤਾਂ ਦੇ ਅਨੰਦ, ਅਨੰਦ ਤੇਰੇ ਨਾਲ ਮਿਲਾਵਾਂਗਾ ।

ਜੁਗ ਚੌਕੜੀ ਮੇਟ ਪੰਧ, ਅੰਤਮ ਆਪਣਾ ਖੇਲ ਵਖਾਵਾਂਗਾ । ਕੂੜੀ ਕਿਰਿਆ ਢਾਵਾਂ ਕੰਧ, ਭਾਂਡਾ ਭਰਮ ਭੌ ਭੰਨਾਵਾਂਗਾ । ਗੁਰਮੁਖ ਆਤਮ ਕੋਈ ਨਾ ਹੋਵੇ ਰੰਡ, ਕੰਤ ਸੁਹਾਗੀ ਮੇਲ ਮਿਲਾਵਾਂਗਾ । ਸਚ ਸੁਣਾਵਾਂ ਧੁਰ ਦਾ ਛੰਦ, ਸੋਹੰ ਢੋਲਾ ਇਕ ਦ੍ਰਿੜਾਵਾਂਗਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਵਰਤਾਵਾਂਗਾ । ਗੁਰ ਅਵਤਾਰ ਪੀਰ ਪੈਗੰਬਰ ਜੋ ਮੰਗਾਂ ਗਏ ਮੰਗ, ਸਭ ਦੀ ਇਛਿਆ ਪੂਰ ਕਰਾਵਾਂਗਾ । ਵੇਖ ਵਖਾਵਾਂ ਨਵ ਖੰਡ, ਸੱਤ ਦੀਪ ਇਕੋ ਧਾਰ ਚਲਾਵਾਂਗਾ । ਚਾਰ ਵਰਨ ਮੇਟਾਂ ਭੇਖ ਪਖੰਡ, ਅਠਾਰਾਂ ਬਰਨ ਇਕੋ ਘਰ ਵਖਾਵਾਂਗਾ । ਪਿਛਲੀ ਕੀਤੀ ਜੋ ਗਈ ਲੰਘ, ਉਸ ਦਾ ਲੇਖਾ ਸਭ ਦੀ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਬਿਨ ਲਿਖਿਆਂ ਲੇਖ ਤੈਨੂੰ ਆਪ ਸਮਝਾਵਾਂਗਾ । ਬਿਨ ਲਿਖਿਆਂ ਲੇਖ ਤੈਨੂੰ ਦ੍ਰਿੜਾਵਾਂਗਾ । ਸ਼ਾਸਤਰ ਸਿਮਰਤ ਵੇਦ ਵਿਚੋਂ ਹੱਥ ਨਾ ਆਵਾਂਗਾ । ਹੋ ਕੇ ਪੁਰਖ ਸਮਰਥ, ਅਗੰਮੀ ਕਾਰ ਕਰਾਵਾਂਗਾ । ਸਤਿ ਸਤਿ ਬੋਲ ਅਲੱਖ, ਨਾਅਰਾ ਇਕੋ ਇਕ ਜਣਾਵਾਂਗਾ । ਸਭ ਦੀ ਝੋਲੀ ਪਾ ਕੇ ਹੱਕ, ਤੇਰਾ ਧੁਰ ਦਾ ਮੇਲ ਮਿਲਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਥੱਕ, ਕਲਜੁਗ ਵੇਲਾ ਵਕਤ ਵਖਾਵਾਂਗਾ । ਲੋਕਮਾਤ ਵਿਚੋਂ ਜਾਣ ਨੱਠ, ਪੰਜ ਤਤ ਨਾਤਾ ਚੋਲਾ ਜਗਤ ਤੁੜਾਵਾਂਗਾ । ਪੁਰਖ ਅਬਿਨਾਸ਼ੀ ਸਰਨ ਸਰਨਾਈ ਸਚਖੰਡ ਦਵਾਰੇ ਜਾਵਣ ਢੱਠ, ਜਾਹਰ ਜਹੂਰ ਪਰਦਾ ਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਤੇਰਾ ਸੰਗ ਨਿਭਾਵਾਂਗਾ । ਸ਼ਬਦ ਸੁਤ ਕਹੇ ਮੇਰੇ ਭਗਵਾਨ, ਵਾਹ ਵਾ ਤੇਰੀ ਵੱਡੀ ਵਡਿਆਈਆ । ਮੇਰਾ ਲੇਖਾ ਪੂਰਾ ਕਰੇਂ ਆਣ, ਅਲੇਖ ਤੇਰੀ ਸ਼ਰਨਾਈਆ । ਹਉਂ ਯਾਚਕ ਮੰਗਿਆ ਦਾਨ, ਤੂੰ ਦੇਵਣਹਾਰ ਬੇਪਰਵਾਹੀਆ । ਕਲਜੁਗ ਅੰਤਮ ਆਪਣਾ ਮੇਲਾ ਮੇਲੇਂ ਆਣ, ਮਿਲਣੀ ਜਗਦੀਸ਼ ਆਪ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਹੋਏ ਹੈਰਾਨ, ਨੇਤਰ ਨੈਣ ਤੱਕਣ ਧਿਆਨ ਲਗਾਈਆ । ਵੇਖੋ ਕੀ ਖੇਲ ਕਰੇ ਮਿਹਰਵਾਨ, ਜਿਸ ਦੀ ਸਮਝ ਕੋਇ ਨਾ ਪਾਈਆ । ਅਸੀਂ ਚਾਰ ਜੁਗ ਲਿਖ ਲਿਖ ਸਿਫ਼ਤੀ ਕਰਦੇ ਰਹੇ ਬਿਆਨ, ਨਾਤਾ ਜੋੜ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਜਿਸ ਵੇਲੇ ਪ੍ਰਭੂ ਆਵੇਂਗਾ । ਸਚ ਦੱਸ ਕੀ ਕੀ ਖੇਲ ਖਿਲਾਵੇਂਗਾ । ਕਵਣ ਰੂਪ ਨਜ਼ਰੀ ਆਵੇਂਗਾ । ਕਵਣ ਕੂਟ ਡੇਰਾ ਲਾਵੇਂਗਾ । ਪੂਤ ਸਪੂਤ ਮਾਤ ਪਰਗਟਾਵੇਂਗਾ । ਕਵਣ ਕੂਟ ਦੂਤ ਦੁਸ਼ਟ ਦੌੜਾਵੇਂਗਾ । ਕਵਣ ਤੇਰਾ ਦਏ ਸਚ ਸਬੂਤ, ਸਾਬਤ ਸੂਰਤ ਕਿਸ ਦਵਾਰੇ ਨਜ਼ਰੀ ਆਵੇਂਗਾ । ਕੀ ਵਸੇਂ ਪੰਜ ਤਤ ਕਾਇਆ ਕਲਬੂਤ, ਮਾਤ ਪਿਤ ਕਵਣ ਬਣਾਵੇਂਗਾ । ਕੀ ਉਲਟਾ ਹੋਵੇਂ ਰੁੱਖ, ਦਸ ਦਸ ਮਾਸ ਆਪਣਾ ਆਪ ਅਗਨ ਤਪਾਵੇਂਗਾ । ਕੀ ਤੇਰਾ ਸੋਹਣਾ ਹੋਵੇ ਮੁਖ, ਕੀ ਕਰੂਪ ਨਜ਼ਰੀ ਆਵੇਂਗਾ । ਸਚ ਦੱਸ ਅਬਿਨਾਸ਼ੀ ਅਚੁਤ, ਚੇਤਨ ਕਿਹੜੀ ਕਾਰ ਕਮਾਵੇਂਗਾ । ਕਿ ਬੈਠਾ ਰਹੇਂ ਲੁਕ, ਪੜਦਾ ਉਹਲਾ ਇਕ ਉਠਾਵੇਂਗਾ । ਕਿ ਸ਼ਬਦ ਮਾਲਕ ਹੋ ਕੇ ਪਏਂ ਬੁੱਕ, ਭਬਕ ਆਪਣੀ ਇਕ ਲਗਾਵੇਂਗਾ । ਬਾਲੇ ਨਿੱਕੇ ਛੋਟੇ ਗੋਦੀ ਲਏਂ ਚੁੱਕ, ਫੜ ਬਾਂਹੋਂ ਗਲੇ ਲਗਾਵੇਂਗਾ । ਪ੍ਰੇਮ ਪ੍ਰੀਤੀ ਨਾਲ ਚੁੰਮੇਂ ਮੁਖ, ਸਿਰ ਆਪਣਾ ਹੱਥ ਟਿਕਾਵੇਂਗਾ । ਕਰ ਨਿਮਸਕਾਰ ਦਰ ਭਿਖਾਰ ਰਿਹਾ ਪੁਛ, ਭਿਛਿਆ ਭਿਖਕ ਕਵਣ ਵਸਤ ਝੋਲੀ ਪਾਵੇਂਗਾ । ਸ੍ਰੀ ਭਗਵਾਨ ਸਚ ਦ੍ਰਿੜੌਂਦਾ ਏ । ਸ਼ਬਦੀ ਧਾਰ ਆਪ ਸੁਣੌਂਦਾ ਏ । ਭੇਵ ਅਭੇਦਾ ਭੇਵ ਖੁਲੌਂਦਾ ਏ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠੌਂਦਾ ਏ । ਸੁਤ ਸ਼ਬਦ ਨਿਰਗੁਣ ਨੂਰ ਰੂਪ ਹੋ ਕੇ ਆਵਾਂਗਾ । ਸਤਿ ਸਰੂਪ ਸਮਾਵਾਂਗਾ । ਮਾਤ ਪਿਤ ਨਾ ਕੋਈ ਬਣਾਵਾਂਗਾ । ਪੂਤ ਹੋ ਕੇ ਗੋਦੀ ਨਾ ਡੇਰਾ ਲਾਵਾਂਗਾ । ਜਨਨੀ ਕੁੱਖ ਨਾ ਕੋਈ ਸੁਹਾਵਾਂਗਾ । ਉਲਟਾ ਰੁੱਖ ਨਾ ਦੁੱਖ ਉਠਾਵਾਂਗਾ । ਹੱਥ ਪੈਰ ਨਾ ਕੋਇ ਮੁਖ, ਨੱਕ ਕੰਨ ਨਾ ਕੋਇ ਪਰਗਟਾਵਾਂਗਾ । ਜੋਤ ਸਰੂਪੀ ਆਪਣੀ ਧਾਰੋਂ ਉਠ, ਜੋਤੀ ਜਾਮਾ ਵੇਸ ਵਟਾਵਾਂਗਾ । ਭਗਤ ਸੁਹੇਲੇ ਗੋਦੀ ਚੁੱਕ, ਫੜ ਬਾਂਹੋਂ ਗਲੇ ਲਗਾਵਾਂਗਾ । ਇਕੋ ਲਾਡਲਾ ਗੋਬਿੰਦ ਹੋਵੇ ਸੁਤ, ਗੋਬਿੰਦ ਸ਼ਬਦੀ ਸ਼ਬਦ ਆਪਣਾ ਨਾਉਂ ਪਰਗਟਾਵਾਂਗਾ । ਜਿਸ ਮੰਦਰ ਬਹਿਵਾਂ ਲੁਕ, ਤਿਸ ਸੰਬਲ ਨਾਮ ਰਖਾਵਾਂਗਾ । ਕਰ ਪਰਕਾਸ਼ ਅਗੰਮੀ ਜੋਤ, ਦੀਪਕ ਇਕੋ ਡਗਮਗਾਵਾਂਗਾ । ਤੇਰੇ ਪ੍ਰੇਮ ਦੀ ਵੱਜੇ ਚੋਟ, ਸ਼ਬਦੀ ਨਾਦ ਇਕ ਅਲਾਵਾਂਗਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗੰਬਰ ਜੇ ਕੋ ਮੇਰੀ ਸੋਚੇ ਸੋਚ, ਆਦਿ ਅੰਤ ਸੋਚ ਵਿਚ ਕਦੇ ਨਾ ਆਵਾਂਗਾ । ਹਰ ਘਟ ਬੈਠਾ ਰਹਾਂ ਖ਼ਾਮੋਸ਼, ਖ਼ਾਲਸ ਆਪਣਾ ਰੂਪ ਵਖਾਵਾਂਗਾ । ਦੋ ਜਹਾਨ ਬਣਿਆ ਰਹਾਂ ਰੂਪੋਸ਼, ਜਗ ਨੇਤਰ ਨਜ਼ਰ ਕਿਸੇ ਨਾ ਆਵਾਂਗਾ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦਰਸ਼ਨ ਰਹੇ ਲੋਚ, ਤਿਨ੍ਹਾਂ ਲੋਚਾ ਆਸਾ ਪੂਰ ਕਰਾਵਾਂਗਾ । ਪ੍ਰੇਮ ਪ੍ਰੀਤੀ ਪਿਆਰ ਅੰਦਰ ਹੋ ਕੇ ਮੋਹਤ, ਮੁਹੱਬਤ ਆਪਣੇ ਨਾਮ ਰਖਾਵਾਂਗਾ । ਘਰ ਵਿਚ ਘਰ ਪਰਕਾਸ਼ ਕਰ ਕੇ ਆਪਣੀ ਜੋਤ, ਜੋਤੀ ਜੋਤ ਜੋਤ ਰੁਸ਼ਨਾਵਾਂਗਾ । ਸੁਤ ਸ਼ਬਦ ਤੇਰੀ ਮੇਰੀ ਨਾ ਕੋਈ ਗੋਤ, ਬਿਨ ਗੋਤ ਵਰਨ ਤੋਂ ਗੁਰਮੁਖ ਆਪ ਪਰਗਟਾਵਾਂਗਾ । ਕੂੜੀ ਕਿਰਿਆ ਕੱਢ ਕੇ ਖੋਟ, ਨਾਮ ਕਸਵਟੀ ਇਕ ਲਗਾਵਾਂਗਾ । ਸਚ ਸਚ ਸਚ ਦੇ ਇਕ ਓਟ, ਆਸਰਾ ਇਕ ਰਖਾਵਾਂਗਾ । ਸਜਦਾ ਕਰੇ ਲੋਕ ਪਰਲੋਕ, ਬ੍ਰਹਿਮੰਡ ਖੰਡ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਪਿਤਾ ਪੂਤ ਪੁਰਖ ਅਕਾਲ ਸੁਤ ਦੁਲਾਰਾ ਕਰ ਪਿਆਰਾ ਕਲਜੁਗ ਅੰਤ ਸ੍ਰੀ ਭਗਵੰਤ ਸਾਹਿਬ ਸਤਿਗੁਰ ਸੱਚਾ ਸੰਗੀ ਸੰਗ ਨਿਭਾਵਾਂਗਾ ।



## ★ ੧੮ ਫੱਗਣ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਨਾਨਕ ਪੁਰਾ ਜ਼ਿਲਾ ਕਰਨਾਲ ★

ਆਦਿ ਜੁਗਾਦੀ ਪਿਤਾ ਪੁਰਖ ਅਕਾਲ, ਹਰਿ ਕਰਤਾ ਨਰ ਨਰਾਇਣ ਅਖਵਾਇੰਦਾ । ਸਚਖੰਡ ਵਸੇ ਸਚ ਸੱਚੀ ਧਰਮਸਾਲ, ਥਿਰ ਘਰ ਪਰਦਾ ਉਹਲਾ ਆਪ ਚੁਕਾਇੰਦਾ । ਜੁਗ ਚੌਕੜੀ ਵੇਖੇ ਵਿਗਸੇ ਦੋ ਜਹਾਨ, ਬ੍ਰਹਿਮੰਡ ਖੰਡ ਭੇਵ ਅਭੇਦ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਨਿਰਗੁਣ ਸਰਗੁਣ ਬਣੇ ਦਲਾਲ, ਨਿਰਵੈਰ ਨਿਰਾਕਾਰ ਖੇਲ ਖਿਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਲੱਭੇ ਸਾਚੇ ਲਾਲ, ਲਾਲ ਅਨਮੋਲਾ ਰੰਗ ਚੜ੍ਹਾਇੰਦਾ । ਜੋਤੀ ਜਲਵਾ ਨੂਰੀ ਦੇ ਜਲਾਲ, ਅਗਿਆਨ ਅੰਧੇਰ ਮਿਟਾਇੰਦਾ । ਦੀਆ ਬਾਤੀ ਕਮਲਾਪਾਤੀ ਏਕਾ ਬਾਲ, ਸਤਿ ਸਰੂਪ ਅਨੂਪ ਵਟਾਇੰਦਾ । ਸ਼ਬਦ ਅਗੰਮੀ ਵਜਾਏ ਤਾਲ, ਅਨਹਦ ਨਾਦੀ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਨਿਝਰ ਰਸ ਦਏ ਪਿਆਲ, ਸਚ ਪਿਆਲਾ ਜਾਮ ਹੱਥ ਉਠਾਇੰਦਾ । ਲੇਖਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜਨਮ ਦੀ ਵੇਖੇ ਕੀਤੀ ਘਾਲ, ਪੂਰਬ ਲਹਿਣਾ ਝੋਲੀ ਪਾਇੰਦਾ । ਅੰਦਰ ਬਾਹਰ ਚਲੇ ਨਾਲ, ਗੁਪਤ ਜਾਹਰ ਖੇਲ ਖਿਲਾਇੰਦਾ । ਨਿਤ ਨਵਿਤ ਅਵੱਲੜੀ ਚਾਲ, ਜੋਤੀ ਜਾਤਾ

ਪੁਰਖ ਬਿਧਾਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵੰਤ, ਹਰਿ ਕਰਤਾ ਆਪ ਕਰਾਈਆ । ਲੇਖਾ ਜਾਣੇ ਜੁਗੋ ਜੁਗੰਤ, ਜੁਗ ਚੌਕੜੀ ਵੇਖ ਵਖਾਈਆ । ਬੋਧ ਅਗਾਧਾ ਧੁਰ ਦਾ ਮੰਤ, ਹਰਿ ਸਤਿਗੁਰ ਨਾਮ ਦ੍ਰਿੜਾਈਆ । ਨਿਤ ਨਵਿਤ ਮਹਿਮਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਧੁਰਦਰਗਾਹੀ ਬਣ ਕੇ ਪੰਡਤ, ਪਰਮ ਪੁਰਖ ਪ੍ਰਭ ਕਰੇ ਸਚ ਪੜ੍ਹਾਈਆ । ਗੁਰਮੁਖਾਂ ਗੁਰਸਿਖਾਂ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਬਣਾਈਆ । ਮਾਣਸ ਜਨਮ ਬਣਾਏ ਬਣਤ, ਸਾਢੇ ਤਿੰਨ ਹੱਥ ਸੋਭਾ ਪਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮਿਲੇ ਕੰਤ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸਾਹਿਬ ਸਮਰਥ, ਹਰਿ ਕਰਤਾ ਦਇਆ ਕਮਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਮਾਰਗ ਦੱਸ, ਰਹਿਬਰ ਆਪਣਾ ਹੁਕਮ ਵਰਤਾਇੰਦਾ । ਸਚ ਦਵਾਰ ਖੋਲ੍ਹ ਹੱਟ, ਨਾਮ ਵਣਜਾਰਾ ਰੂਪ ਧਰਾਇੰਦਾ । ਇਕੋ ਦੇਵੇ ਬ੍ਰਹਮ ਮਤ, ਸਚ ਵਿਦਿਆ ਆਪ ਪੜ੍ਹਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲੇਖਾ ਜਾਣੇ ਹਕੀਕਤ ਹੱਕ, ਹੱਕ ਹਕੂਕ ਸਭ ਦੀ ਝੋਲੀ ਪਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਰੱਖ, ਲੱਖ ਚੁਰਾਸੀ ਵਿਚੋਂ ਪਾਰ ਕਰਾਇੰਦਾ । ਚਰਨ ਕਵਲ ਬੰਧਾਏ ਨੱਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਪ੍ਰਭ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਪਾਰਬ੍ਰਹਮ, ਬ੍ਰਹਮਵੇਤਾ ਵਡ ਵਡਿਆਈਆ । ਨਿਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਡੇਰਾ ਢਾਹੀਆ । ਲੇਖਾ ਜਾਣੇ ਪੂਰਬ ਜਨਮ, ਜਨਮ ਅਜਨਮ ਦੋਵੇਂ ਫੋਲ ਫੁਲਾਈਆ । ਨਾਤਾ ਤੋੜ ਵਰਨ ਬਰਨ, ਸਾਚੀ ਸਰਨ ਇਕ ਦਰਸਾਈਆ । ਕਰਤਾ ਪੁਰਖ ਹਰਿ ਕਰਨੀ ਕਰਨ, ਕਰਨਹਾਰ ਹੋਏ ਸਹਾਈਆ । ਆਦਿ ਜੁਗਾਦੀ ਘਾੜਨ ਘੜਨ, ਘੜ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਤਰਾਈਆ । ਜਨ ਭਗਤਾਂ ਤਾਰੇ ਆਪ ਪ੍ਰਭ, ਬੇਅੰਤ ਬੇਪਰਵਾਹ ਅਖਵਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਕੋਟਨ ਕੋਟਾਂ ਵਿਚੋਂ ਆਪ ਜਗਾਇੰਦਾ । ਕੂੜੀ ਕਿਰਿਆ ਕਰ ਕੇ ਪਾਰ ਹੱਦ, ਮਹਲ ਅਟੱਲ ਇਕ ਵਖਾਇੰਦਾ । ਜਿਸ ਘਰ ਵਸੇ ਪੁਰਖ ਸਮਰਥ, ਸੋ ਦਵਾਰਾ ਸੋਭਾ ਪਾਇੰਦਾ । ਘਰ ਵਿਚ ਘਰ ਵਖਾਏ ਸਾਚਾ ਹੱਟ, ਵਸਤ ਅਮੋਲਕ ਆਪ ਵਰਤਾਇੰਦਾ । ਅੰਮ੍ਰਿਤ ਆਤਮ ਤੀਰਥ ਤੱਟ, ਸਰ ਸਰੋਵਰ ਇਕ ਨੁਹਾਇੰਦਾ । ਕੂੜੀ ਕਿਰਿਆ ਮੇਟੇ ਝੱਟ, ਨਾਮ ਖੰਡਾ ਖੜਗ ਚਮਕਾਇੰਦਾ । ਸ਼ਬਦ ਅਗੰਮੀ ਮਾਰੇ ਸੱਟ, ਬਜਰ ਕਪਾਟੀ ਤੋੜ ਤੁੜਾਇੰਦਾ । ਆਤਮ ਪਰਮਾਤਮ ਕਰ ਕੇ ਵਸ, ਸੁਰਤੀ ਸ਼ਬਦੀ ਡੋਰ ਬੰਧਾਇੰਦਾ । ਸਚ ਸਵਾਮੀ ਦੇਵੇ ਰਸ, ਅਨਰਸ ਆਪਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਦਇਆ ਕਮਾਏ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਆਵਣ ਜਾਵਣ ਗੇੜ ਚੁਕਾਏ ਲੱਖ ਚੁਰਾਸੀ, ਪਤਤ ਪਾਵਨ ਡੇਰਾ ਢਾਹੀਆ । ਗਲੋਂ ਕੱਟੇ ਜਮ ਕੀ ਫਾਸੀ, ਰਾਏ ਧਰਮ ਨਾ ਦਏ ਸਜ਼ਾਈਆ । ਜਨਮ ਜਨਮ ਦੀ ਪੂਰੀ ਕਰੇ ਆਸੀ, ਆਸਾ ਤ੍ਰਿਸਨਾ ਆਪਣੀ ਨਾਲ ਮਿਲਾਈਆ । ਔਖੀ ਚੜ੍ਹਾਏ ਸਤਿਗੁਰ ਘਾਟੀ, ਪੱਤਣ

ਬੈਠਾ ਬੇਪਰਵਾਹੀਆ । ਕਲਜੁਗ ਵੇਖ ਅੰਧੇਰੀ ਰਾਤੀ, ਰੰਗ ਰਾਤਾ ਫੇਰਾ ਪਾਈਆ । ਜਨ ਭਗਤਾਂ ਦੇਵੇ ਅਗੰਮੀ ਦਾਤੀ, ਵਸਤ ਅਮੋਲਕ ਆਪ ਵਰਤਾਈਆ । ਘਰ ਦੀਪਕ ਦੀਆ ਜਗਾਏ ਸੱਚੀ ਬਾਤੀ, ਤੇਲ ਵੱਟੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਸਹਾਈ ਜੁਗ ਜੁਗ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦਏ ਗਵਾਹੀਆ । ਸੰਤ ਸੁਹੇਲੇ ਗੁਰਮੁਖ ਗੋਦੀ ਲਏ ਚੁੱਕ, ਸਿਰ ਆਪਣਾ ਹੱਥ ਟਿਕਾਈਆ । ਉਜਲ ਕਰੇ ਮਾਤ ਮੁਖ, ਪ੍ਰਭ ਦੁਰਮਤ ਮੈਲ ਧਵਾਈਆ । ਸਫਲ ਕਰੇ ਜਨਨੀ ਕੁੱਖ, ਧੰਨ ਜਣੇਂਦੀ ਮਾਈਆ । ਮਾਤ ਗਰਭ ਨਾ ਹੋਵੇ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਸੰਤ ਸੁਹੇਲੇ ਲਏ ਪੁਛ, ਪੂਰਬ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਭਗਤਨ ਮੀਤਾ, ਹਰਿ ਭਗਵਨ ਇਕ ਅਖਵਾਇੰਦਾ । ਸਚਖੰਡ ਨਿਵਾਸੀ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਇੰਦਾ । ਵਸਣਹਾਰਾ ਹਰ ਘਟ ਚੀਤਾ, ਗ੍ਰਹਿ ਮੰਦਰ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਇਕਰਾਰ ਜੋ ਕੀਤਾ, ਕੀਤਾ ਕੌਲ ਤੋੜ ਨਿਭਾਇੰਦਾ । ਬੇਪਰਵਾਹ ਸਦਾ ਅਨਡੀਠਾ, ਅਨਡਿਠੜੀ ਕਾਰ ਕਮਾਇੰਦਾ । ਕੂੜੀ ਕਿਰਿਆ ਤਪੇ ਅੰਗੀਠਾ, ਚਾਰੋਂ ਕੁੰਟ ਨਾ ਕੋਇ ਬੁਝਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਇਆ ਰਾਣੀ ਭਰੇ ਨਾ ਖੀਸਾ, ਗ਼ਰੀਬ ਨਿਮਾਣਿਆਂ ਦੁਖੀਆਂ ਦਰਦ ਨਾ ਕੋਇ ਵੰਡਾਇੰਦਾ । ਸਾਚਾ ਕਲਮਾ ਪੜ੍ਹੇ ਨਾ ਕੋਇ ਹਦੀਸਾ, ਹਜ਼ਰਤ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਆਪ ਜਗਾਇੰਦਾ । ਜਨ ਭਗਤ ਜਗ ਜਾਣਾ ਉਠ, ਸੋ ਪੁਰਖ ਨਿਰੰਜਣ ਆਪ ਉਠਾਈਆ । ਹਰਿ ਪੁਰਖ ਨਿਰੰਜਣ ਗਿਆ ਤੁਠ, ਏਕੰਕਾਰ ਹੋਏ ਸਹਾਈਆ । ਆਦਿ ਨਿਰੰਜਣ ਕਰੇ ਪਰਕਾਸ਼ ਨਿਰਮਲ ਜੋਤ, ਅਬਿਨਾਸ਼ੀ ਕਰਤਾ ਵੇਖੇ ਚਾਈਂ ਚਾਈਆ । ਸ੍ਰੀ ਭਗਵਾਨ ਲਗਾਏ ਸੱਚੀ ਚੋਟ, ਨਗਾਰਾ ਇਕੋ ਇਕ ਸੁਣਾਈਆ । ਪਾਰਬ੍ਰਹਮ ਪ੍ਰਭ ਦੇਵੇ ਭੰਡਾਰ ਅਤੋਟ, ਅਤੁਟ ਆਪ ਵਰਤਾਈਆ । ਉਠ ਬ੍ਰਹਮ ਕਰ ਖੋਜ, ਹਰਿ ਖੋਜਤ ਖੋਜਤ ਰਿਹਾ ਜਣਾਈਆ । ਜਿਸ ਦਰਸ਼ਨ ਨੂੰ ਗੁਰ ਅਵਤਾਰ ਪੀਰ ਪੈਗੰਬਰ ਰਹੇ ਲੋਚ, ਸੋ ਸਾਹਿਬ ਖੇਲ ਕਰਾਈਆ । ਜਿਸ ਦੀ ਆਦਿ ਜੁਗਾਦਿ ਮਨ ਮਤ ਬੁਧ ਕੋਈ ਨਾ ਕਰੇ ਸੋਚ, ਸਮਝ ਸਮਝ ਵਿਚ ਨਾ ਆਈਆ । ਜਿਸ ਦਾ ਲੇਖਾ ਲੋਕ ਪਰਲੋਕ, ਦੋ ਜਹਾਨਾਂ ਹੁਕਮ ਵਰਤਾਈਆ । ਜਿਸ ਦਾ ਪਰਕਾਸ਼ ਨਿਰਮਲ ਜੋਤ, ਰਵ ਸਸ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸਮਝਾਈਆ । ਜਨ ਭਗਤ ਉਠ ਖੋਲ੍ਹ ਅੱਖ, ਸੋ ਸਤਿਗੁਰ ਸਚ ਦ੍ਰਿੜਾਇੰਦਾ । ਨਿਰਗੁਣ ਰੂਪ ਵੇਖ ਪਰਤੱਖ, ਪਾਰਬ੍ਰਹਮ ਹਰ ਘਟ ਡੇਰਾ ਲਾਇੰਦਾ । ਆਤਮ ਉਸ ਦੇ ਕਰ ਵਸ, ਵਸਲ ਸਾਚਾ ਇਕ ਵਖਾਇੰਦਾ । ਗ੍ਰਹਿ ਮੰਦਰ ਮਿਲ ਕੇ ਹੱਸ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਆਪਣਾ ਦੁਖੜਾ ਓਹਨੂੰ ਦੱਸ, ਜੋ ਦਰਦੀਆਂ ਦਰਦ ਵੰਡਾਇੰਦਾ । ਸਚ ਸਰਨਾਈ ਸਤਿਗੁਰ ਢੱਠ, ਜੋ ਢੱਠਿਆਂ ਗਲੇ ਲਗਾਇੰਦਾ । ਜਨਮ ਮਰਨ ਦੁੱਖ ਦੇਵੇ ਕੱਟ, ਹਉਮੇ ਰੋਗ ਚੁਕਾਇੰਦਾ । ਸਾਚੀ ਦੇਵੇ ਇਕੋ ਮਤ, ਗੁਰਮਤ ਇਕ ਦ੍ਰਿੜਾਇੰਦਾ । ਅੰਤਮ ਪਤ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਸੰਤਾਂ ਭਗਤਾਂ ਸਦ ਗਾਏ ਜਸ, ਸਿਫ਼ਤ ਸਾਲਾਹੀ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਜਨ ਭਗਤਾਂ ਆਪ ਉਠਾਇੰਦਾ । ਜਨ ਭਗਤ ਉਠ ਜਾਗ, ਹਰਿ ਜਾਗਰਤ ਜੋਤ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮਾਤ ਤਿਆਗ, ਮਾਇਆ ਮਮਤਾ ਡੇਰਾ ਢਾਹੀਆ । ਹੰਸ ਬਣ ਕਲ ਕਾਗ, ਕਾਗ ਹੰਸ ਰੂਪ ਵਟਾਈਆ । ਘਰ ਦੀਪਕ ਜਗੇ ਚਰਾਗ, ਅੰਧ ਅੰਧੇਰ ਗੁਆਈਆ । ਆਤਮ ਪਰਮਾਤਮ ਮਿਲੇ ਸਾਕ, ਸੱਜਣ ਇਕੋ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਭਵਿਖਤ ਵਾਕ, ਅੱਖਰਾਂ ਨਾਲ ਕਰ ਪੜ੍ਹਾਈਆ । ਕਲਜੁਗ ਅੰਤਮ ਵੇਸ ਵਟਾਏ ਪੁਰਖ ਸਮਰਾਥ, ਜੋਤੀ ਜਾਮਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਹੇ ਪ੍ਰਭ ਮੈਂ ਬਾਲਾ ਨਿੱਕਾ, ਸੋਚ ਸਮਝ ਜਰਾ ਨਾ ਰਾਈਆ । ਤੂੰ ਠਾਕਰ ਸਵਾਮੀ ਮੇਰਾ ਪਿਤਾ, ਸ਼ਹਿਨਸ਼ਾਹ ਅਖਵਾਈਆ । ਮੈਂ ਕੀ ਜਾਣਾ ਕਿਹੜਾ ਰਸ ਮਿੱਠਾ ਫਿੱਕਾ, ਸਭ ਕੁਛ ਤੇਰੇ ਹੱਥ ਵਡਿਆਈਆ । ਮਿਹਰਵਾਨ ਹੋ ਕੇ ਕਰ ਹਿਤਾ, ਹਿਤਕਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਭਗਤ ਕਹੇ ਪ੍ਰਭ ਮੈਂ ਬਾਲ ਅਞਾਣਾ, ਬਾਲੀ ਬੁਧ ਅਖਵਾਈਆ । ਤੂੰ ਸਾਹਿਬ ਚਤਰ ਸੁਘੜ ਸਿਆਣਾ, ਸਮਰਥ ਤੇਰੀ ਸਰਨਾਈਆ । ਦੇ ਨਾਮ ਗੁਣ ਨਿਧਾਨਾ, ਗੁਣ ਆਪਣਾ ਝੋਲੀ ਪਾਈਆ । ਮੈਂ ਗੋਪੀ ਤੂੰ ਮੇਰਾ ਕਾਹਨਾ, ਸਾਚੀ ਬੰਸਰੀ ਨਾਮ ਸੁਣਾਈਆ । ਤੂੰ ਜੋਧਾ ਸੂਰਬੀਰ ਮਰਦ ਮਰਦਾਨਾ, ਬਲ ਤੇਰੇ ਵਿਚ ਨਜ਼ਰੀ ਆਈਆ । ਹਉਂ ਬਾਲਾ ਨੱਢਾ ਏਕਾ ਮੰਗਾਂ ਚਰਨ ਧਿਆਨਾ, ਦੂਜੀ ਆਸ ਨਾ ਕੋਇ ਰਖਾਈਆ । ਤੂੰ ਦੇਵਣਹਾਰਾ ਬੀਨਾ ਦਾਨਾ, ਦੇਂਦਿਆ ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪੂਰਬ ਲਹਿਣਾ ਝੋਲੀ ਪਾਈਆ । ਸ੍ਰੀ ਭਗਵਾਨ ਕਹੇ ਸੁਣ ਗੁਰਮੁਖ ਗੁਰਸਿਖ, ਗੁਰ ਸਤਿਗੁਰ ਦਇਆ ਕਮਾਈਆ । ਸਚ ਨਾਮ ਦੀ ਪਾਵੇ ਭਿਖ, ਭਿਛਿਆ ਇਕੋ ਵਾਰ ਵਰਤਾਈਆ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਮੂਲ ਰਹੇ ਨਾ ਰਾਈਆ । ਦਰਸ਼ਨ ਦੇਵੇ ਘਰ ਨਿਜ, ਨਿਜ ਨੇਤਰ ਨੈਣ ਖੁਲ੍ਹਾਈਆ । ਆਪਣੇ ਮਿਲਣ ਦੀ ਦੱਸ ਕੇ ਬਿਧ, ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਜਨਮ ਦੇ ਕਾਰਜ ਸਿਧ, ਕਰਮ ਕਰਮ ਦਾ ਰੋਗ ਗੁਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਹੋਏ ਸਹਾਈਆ । ਗੁਰਮੁਖ ਤੇਰਾ ਰਾਹ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਕਰੋੜ ਤੇਤੀਸਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤ ਕਹੇ ਪ੍ਰਭ ਕੱਟ ਦੇ ਗੇੜਾ, ਗੇੜੇ ਵਿਚ ਨਾ ਕੋਇ ਭਵਾਈਆ । ਜਨਮ ਮਰਨ ਦਾ ਚੁੱਕੇ ਝੇੜਾ, ਝਗੜਾ ਲਾੜੀ ਮੌਤ ਨਾ ਕੋਇ ਰਖਾਈਆ । ਨਜ਼ਰੀ ਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਖੁੱਲ੍ਹਾ ਕਰ ਗੁਰਮੁਖ ਵਿਹੜਾ, ਜਿਸ ਗ੍ਰਿਹਿ ਬੈਠਾ ਸੋਭਾ ਪਾਈਆ । ਕੂੜੀ ਕਿਰਿਆ ਮਿਟੇ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਪਾਰ ਕਰਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਜਨ ਭਗਤ ਰਿਹਾ ਜਣਾਈਆ । ਉਠ ਵੇਖ ਬਾਲ ਅਞਾਣ, ਬਾਲੀ ਬੁਧ ਸਮਝਾਈਆ । ਤੇਰਾ ਪਿਤਾ ਪੁਰਖ ਸੁਲਤਾਨ, ਸ਼ਹਿਨਸ਼ਾਹ ਅਖਵਾਈਆ । ਜਿਸ ਦੇ ਹੁਕਮੇ ਅੰਦਰ ਦੋ ਜਹਾਨ, ਬ੍ਰਹਿਮੰਡ ਖੰਡ ਭੱਜਣ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਣ, ਗੁਰ ਅਵਤਾਰ ਪੀਰ ਪੈਗੰਬਰ ਸੀਸ ਝੁਕਾਈਆ । ਜਿਸ ਦਾ ਆਦਿ ਜੁਗਾਦੀ ਇਕੋ ਨਾਮ, ਜੁਗ ਚੌਕੜੀ ਮਾਤ ਵਰਤਾਈਆ । ਜੋ ਲੱਖ ਚੁਰਾਸੀ ਸ੍ਰਿਸ਼ਟੀ ਦਿਸੇ ਕਾਹਨ, ਇਸ਼ਟੀ ਇਕੋ ਰੂਪ ਦਰਸਾਈਆ । ਸਵਰਗ ਬਹਿਸ਼ਤੀ ਜਿਸ ਦਾ

ਨਿਸ਼ਾਨ, ਦੋਜ਼ਖ ਅਗਨੀ ਭਾਹ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਧੰਨ ਭਾਗ ਪ੍ਰਭ ਤਾਰੇਂ ਭਗਤ, ਸਚ ਤੇਰੀ ਸਰਨਾਈਆ । ਲੇਖਾ ਚੁੱਕੇ ਦੁਨੀਆ ਜਗਤ, ਜਗ ਜੀਵਣ ਦਾਤਾ ਮਿਲਿਆ ਬੇਪਰਵਾਹੀਆ । ਸੋਹਣਾ ਸੁਹੰਜਣਾ ਹੋਵੇ ਵਕਤ, ਘੜੀ ਪਲ ਖ਼ੁਸ਼ੀ ਮਨਾਈਆ । ਨਿਰਗੁਣ ਹੋ ਕੇ ਆਇਉਂ ਪਰਤ, ਸਰਗੁਣ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਮੇਘ ਦਿਤਾ ਬਰਸ, ਧੁਰ ਦਾ ਝਿਰਨਾ ਇਕ ਝਿਰਾਈਆ । ਮੰਜ਼ਲ ਵਿਚ ਰਹੀ ਨਾ ਅਟਕ, ਬੰਧਨ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਵਿਚ ਰਿਹਾ ਨਾ ਫਰਕ, ਮਿਲਿਆ ਮੇਲ ਸਹਿਜ ਸੁਭਾਈਆ । ਆਵਣ ਜਾਵਣ ਕੀਤਾ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਗੋਬਿੰਦ ਨਾਲ ਲਾਈ ਸ਼ਰਤ, ਕੀਤਾ ਕੌਲ ਤੋੜ ਨਿਭਾਈਆ । ਗੁਰਮੁਖ ਤੇਰੇ ਫਿਰਨ ਨਧੜਕ, ਜਮ ਕਾਲ ਨੇੜ ਨਾ ਆਈਆ । ਹੱਥ ਫੜ ਨਾਮ ਖੰਡਾ ਸਾਚੀ ਖੜਗ, ਦੋ ਜਹਾਨਾਂ ਰਹੇ ਚਮਕਾਈਆ । ਤੇਰੇ ਪ੍ਰੇਮ ਦੀ ਗਾ ਕੇ ਤਰਜ਼, ਸੋਹੰ ਢੋਲਾ ਇਕ ਸੁਣਾਈਆ । ਚਾਰੇ ਜੁਗ ਹੋਏ ਅਸਚਰਜ, ਉਂਗਲੀਆਂ ਮੁਖ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਜਨ ਭਗਤੋ ਹੋਵੋ ਖ਼ੁਸ਼, ਹਰਿ ਖ਼ੁਸ਼ੀਆਂ ਨਾਲ ਜਣਾਇੰਦਾ । ਲੱਖ ਚੁਰਾਸੀ ਵਿਚੋਂ ਤੁਹਾਡੀ ਕੀਤੀ ਪੁਛ, ਸ੍ਰਿਸ਼ਟ ਸਬਾਈ ਲੱਭਿਆਂ ਹੱਥ ਕਿਸੇ ਨਾ ਆਇੰਦਾ । ਆਵਣ ਜਾਵਣ ਲੱਖ ਚੁਰਾਸੀ ਪੈਂਡਾ ਗਿਆ ਮੁੱਕ, ਮੁਕਤੀ ਮੁਫਤ ਚਰਨਾਂ ਹੇਠ ਦਬਾਇੰਦਾ । ਗੁਰਮੁਖ ਬੂਟਾ ਕਦੇ ਨਾ ਜਾਵੇ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਲੁਕ, ਕਲਜੁਗ ਅੰਤਮ ਵੇਸ ਵਟਾਇੰਦਾ । ਦੀਨ ਅਨਾਥਾਂ ਮੇਟੇ ਆਵਣ ਜਾਵਣ ਦੁੱਖ, ਰੋਗ ਸੋਗ ਚਿੰਤਾ ਗ਼ਮ ਗੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਜਨ ਭਗਤੋ ਦੋ ਹੱਥਾਂ ਮਾਰੋ ਤਾਲੀ, ਤਾਲ ਤਲਵਾੜਾ ਇਕ ਰਖਾਇੰਦਾ । ਮਿਲਿਆ ਮੇਲ ਜੋਤ ਅਕਾਲੀ, ਅਕਲ ਕਲਧਾਰੀ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਦਾ ਮਾਲੀ, ਮਾਲਕ ਦੋ ਜਹਾਨਾਂ ਫੇਰਾ ਪਾਇੰਦਾ । ਗਗਨ ਮੰਡਲ ਮਸਤਕ ਵੇਖੇ ਥਾਲੀ, ਦੀਆ ਦੀਪਕ ਜੋਤੀ ਜੋਤ ਜਗਾਇੰਦਾ । ਆਤਮ ਪਰਮਾਤਮ ਬਣ ਕੇ ਪਾਲੀ, ਪਾਲਣਹਾਰਾ ਸੋਭਾ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲੀ, ਜੀਵਨ ਜੁਗਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਦਵਾਇੰਦਾ । ਜਨ ਭਗਤ ਮਾਰਨ ਗਿੱਧਾ, ਖ਼ੁਸ਼ੀਆਂ ਰਾਗ ਅਲਾਈਆ । ਪਰਮ ਪੁਰਖ ਪ੍ਰਭ ਆ ਕੇ ਮਿਲਿਆ ਸਿਧਾ, ਜਗਤ ਵਿਚੋਲਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾ ਕੋਈ ਜਾਣੇ ਹਰਿ ਕਾ ਰੂਪ ਕਿਡਾ, ਰੇਖ ਰੰਗ ਨਾ ਕੋਇ ਵਖਾਈਆ । ਜਿਸ ਪਾਇਆ ਤਿਸ ਆਤਮ ਨਿਜਾ, ਨਿਜ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਲਿਖਾਈਆ । ਜਨ ਭਗਤ ਕਹੇ ਦੱਸ ਸਚ ਭਗਵਾਨ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਗੁਰਮੁਖਾਂ ਕਰੇਂ ਵੈਰਾਨ, ਵੈਰੀ ਘਰ ਘਰ ਦਏਂ ਬਣਾਈਆ । ਜੇ ਕੋਈ ਤੇਰਾ ਗਾਵੇ ਗਾਣ, ਸ਼ਰੀਅਤ ਸ਼ਰਅ ਕਰੇ ਲੜਾਈਆ । ਅਸੀਂ ਵੇਖ ਹੋਏ ਹੈਰਾਨ, ਹਰਿ ਜੂ ਹਰਿ ਤੈਨੂੰ ਤਰਸ ਨਾ ਆਈਆ । ਕਲਜੁਗ ਕੂੜੀ ਕਿਰਿਆ ਵੇਖ ਦੁਕਾਨ, ਚਾਰੋਂ ਕੁੰਟ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਗੁਰ ਕਾ ਸ਼ਬਦ ਧਰੇ ਨਾ ਕੋਈ ਧਿਆਨ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਰਸ ਨਾ ਮਿਲੇ ਪੀਣ ਖਾਣ, ਕੂੜੀ ਕਿਰਿਆ ਰਸਨਾ ਜਿਹਵਾ ਮੁਖ

ਰਖਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਦਰੋਹੀ ਤੇਰਾ ਨਾਉਂ ਹਿਰਦੇ ਹੱਕ ਨਾ ਕੋਇ ਵਸਾਈਆ । ਸਾਬਤ ਦਿਸੇ ਨਾ ਕੋਈ ਈਮਾਨ, ਇਸ਼ਮ ਆਜਮ ਨੂਰ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਸਰਬ ਕੁਰਲਾਣ, ਉਚੀ ਕੂਕਣ ਦੇਣ ਦੁਹਾਈਆ । ਉਠ ਵੇਖ ਭਗਤਾਂ ਦੇ ਭਗਵਾਨ, ਕਿਉਂ ਬੈਠਾ ਮੁਖ ਛੁਪਾਈਆ । ਤੇਰੇ ਵਿਛੋੜੇ ਅੰਦਰ ਵਿਛੜੇ ਸਰਬ ਕੁਰਲਾਣ, ਵਿਛੋੜਾ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਹੇ ਭਗਵੰਤ, ਜਨ ਭਗਤਾਂ ਸਚ ਦ੍ਰਿੜਾਈਆ । ਨੇਤਰ ਪੇਖੋ ਹਰਿਜਨ ਸੰਤ, ਸਤਿ ਸਤਿਵਾਦੀ ਨਜ਼ਰੀ ਆਈਆ । ਆਤਮ ਪਰਮਾਤਮ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਮਿਲਿਆ ਮੇਲ ਘਰ ਨਾਰ ਕੰਤ, ਸੁਰਤੀ ਸ਼ਬਦੀ ਕਰੇ ਕੁੜਮਾਈਆ । ਗੁਰਮੁਖ ਦੂਜੇ ਦਰ ਨਾ ਹੋਵਣਾ ਮੰਗਤ, ਵਡ ਅਨਮੁਲੀ ਦੌਲਤ ਤੇਰੀ ਕਾਇਆ ਅੰਦਰ ਦਏ ਟਿਕਾਈਆ । ਮਿਲੇ ਮਾਣ ਮਿਲ ਕੇ ਹਰਿ ਕੀ ਸੰਗਤ, ਹਰਿ ਜੂ ਆਪਣਾ ਰੰਗ ਚੜ੍ਹਾਈਆ । ਜਿਸ ਦਾ ਭੇਵ ਕੋਈ ਨਾ ਜਾਣੇ ਪਾਂਧਾ ਪੰਡਤ, ਮੁਲਾਂ ਸ਼ੇਖ਼ ਮੁਸਾਇਕ ਸਕੇ ਨਾ ਕੋਈ ਸਮਝਾਈਆ । ਜਿਸ ਦੀ ਮਹਿਮਾਂ ਆਦਿ ਅੰਤ, ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਸੋ ਸਾਹਿਬ ਦਿਆਲ ਹੋ ਬਣਾਏ ਤੁਹਾਡੀ ਬਣਤ, ਸਾਚੀ ਘਾੜਤ ਆਪ ਘੜਾਈਆ । ਨਾਤਾ ਤੁੜਾਏ ਬਹਿਸ਼ਤ ਜੰਨਤ, ਸਵਰਗ ਡੇਰਾ ਢਾਹੀਆ । ਮੇਲ ਮਿਲਾਵਾ ਕਰੇ ਨਿਰਗੁਣ ਜੋਤ ਅੰਤ, ਅੰਤ ਆਪਣੇ ਵਿਚ ਸਮਾਈਆ । ਸਚਖੰਡ ਦਵਾਰਾ ਸੋਭਾਵੰਤ, ਜਿਸ ਘਰ ਬਹਿ ਕੇ ਹਰਿ ਭਗਤ ਸੋਹਣੀ ਖ਼ੁਸ਼ੀ ਮਨਾਈਆ । ਮਿਲੇ ਵਡਿਆਈਆ ਵਿਚੋਂ ਜੀਵ ਜੰਤ, ਲੱਖ ਚੁਰਾਸੀ ਵਿਚੋਂ ਫੜ ਬਾਂਹੋਂ ਪਾਰ ਕਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਪ੍ਰਭ ਸਮਝਾਉਂਦਾ ਏ । ਵੇਲਾ ਅੰਤ ਇਕ ਦ੍ਰਿੜਾਉਂਦਾ ਏ । ਮਹਿਮਾ ਅਗਣਤ ਆਪ ਸਮਝਾਉਂਦਾ ਏ । ਠਾਕਰ ਸਵਾਮੀ ਹੋ ਬੇਅੰਤ, ਬੇਅੰਤ ਖੇਲ ਕਰਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਆਪ ਦ੍ਰਿੜਾਉਂਦਾ ਏ । ਜਨ ਭਗਤੋ ਅੰਤ ਜਦ ਆਵੇਗਾ । ਪੁਰਖ ਅਬਿਨਾਸ਼ੀ ਦਰਸ ਦਖਾਵੇਗਾ । ਸਤਿ ਸਰੂਪ ਨਜ਼ਰੀ ਆਵੇਗਾ । ਚਾਰੇ ਕੂਟ ਡੇਰਾ ਢਾਹਵੇਗਾ । ਜੂਠ ਝੂਠ ਪੰਧ ਮੁਕਾਵੇਗਾ । ਗੁਰਮੁਖ ਗੁਰਸਿਖ ਸਚ ਸਪੂਤ, ਆਪਣੀ ਗੋਦ ਬਹਾਵੇਗਾ । ਮਹਲ ਅਟੱਲ ਊਚੋ ਊਚ, ਸਚਖੰਡ ਦਵਾਰ ਇਕ ਵਖਾਵੇਗਾ । ਜਗਤ ਜਹਾਨੋਂ ਕਰ ਕੇ ਕੂਚ, ਦਰਗਾਹ ਸਾਚੀ ਆਪ ਟਿਕਾਵੇਗਾ । ਪੂਰਬ ਪਿਛਲਾ ਮੇਟ ਕੇ ਸਾਰਾ ਦੂਖ, ਦੁਖ ਸੁਖ ਵਿਚ ਬਦਲਾਵੇਗਾ । ਦੋ ਜਹਾਨਾਂ ਕਰ ਕੇ ਉਜਲ ਮੁਖ, ਸਨਮੁਖ ਆਪਣਾ ਦਰਸ ਕਰਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਵੇਖਣ ਉਠ, ਅਬਿਨਾਸ਼ੀ ਕਰਤਾ ਸਭ ਦੀ ਅੱਖ ਖੁਲ੍ਹਾਵੇਗਾ । ਭਗਤ ਭਗਵਾਨ ਨਿਰਗੁਣ ਨਿਰਗੁਣ ਗੋਦੀ ਲਿਆਵੇ ਚੁੱਕ, ਬਣ ਸੇਵਕ ਸੇਵ ਕਮਾਵੇਗਾ । ਪ੍ਰਭ ਨਾਲ ਮਿਲ ਕੇ ਜੋਤੀ ਜੋਤ ਰਲ ਕੇ ਸਚਖੰਡ ਦਵਾਰ ਮੱਲ ਕੇ ਹੋਣਾ ਖ਼ੁਸ਼, ਖ਼ੁਸ਼ੀਆਂ ਵਿਚੋਂ ਖ਼ੁਸ਼ੀ ਆਪਣੇ ਨਾਲ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਦਰ ਘਰ ਸਾਚੇ ਆਪ ਟਿਕਾਵੇਗਾ ।

★ ੧੯ ਫੱਗਣ 2020 ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ ਨਾਨਕ ਪੁਰਾ ਜ਼ਿਲਾ ਕਰਨਾਲ ★

ਹੰ ਕਹੇ ਪ੍ਰਭ ਸੁਣ ਸੋ, ਪੁਰਖ ਅਕਾਲ ਨੈਣ ਖੁਲ੍ਹਾਈਆ । ਤੇਰਾ ਤੇਰੇ ਦਰ ਰਿਹਾ ਰੋ, ਧੀਰਜ ਨਜ਼ਰ ਕੋਇ ਨਾ ਆਈਆ । ਸਚ ਘਰ ਦਿਸੇ ਕੋਈ ਨਾ ਲੋਅ, ਪਰਕਾਸ਼ ਰੂਪ ਨਾ ਕੋਇ ਵਟਾਈਆ । ਮੇਰਾ ਦਰਵਾਜ਼ਾ ਦਿਤਾ ਢੋ, ਕਲਜੁਗ ਕੂੜਾ ਪਰਦਾ ਲਾਈਆ । ਤੇਰੇ ਨਾਲੋਂ ਮੁਹੱਬਤ ਚੁੱਕੀ ਮੋਹ, ਪਿਆਰ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਲਈ ਖੋਹ, ਖਾਲੀ ਹੱਥ ਦਿਆਂ ਦੁਹਾਈਆ । ਜਗਤ ਵਾਸਨਾ ਕਰੇ ਧ੍ਰੋਹ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰਵਾਜ਼ਾ ਬੈਠੇ ਢੋ, ਬੰਦ ਕਿਵਾੜੀ ਸਕੇ ਨਾ ਕੋਇ ਖੁਲ੍ਹਾਈਆ । ਚਰਨ ਕਵਲ ਤੇਰੇ ਮੂਲ ਨਾ ਜਾਵਾਂ ਛੋਹ, ਨੇਰਨ ਨੇਰ ਨਜ਼ਰ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰ ਸਕੇ ਕੋਈ ਨਾ ਧੋ, ਅੰਮ੍ਰਿਤ ਜਲ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸੋ ਕਹੇ ਸੁਣ ਹੰ, ਪ੍ਰਭ ਸਾਚਾ ਦਇਆ ਕਮਾਇੰਦਾ । ਵੇਖਣਹਾਰਾ ਦੋ ਜਹਾਨ ਕਰਮ, ਕਾਇਆ ਕੱਪੜ ਖੋਜ ਖੁਜਾਇੰਦਾ । ਸਤਿ ਧਰਮ ਜਾਣੇ ਵਰਨ, ਬਰਨ ਭੇਵ ਚੁਕਾਇੰਦਾ । ਦੋ ਜਹਾਨਾਂ ਵਾਲੀ ਦੇਵੇ ਏਕਾ ਸਰਨ, ਦੂਜੀ ਓਟ ਨਾ ਕੋਇ ਵਖਾਇੰਦਾ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਹੋ ਕੇ ਤੈਨੂੰ ਆਵੇ ਫੜਣ, ਨਿਰਵੈਰ ਹੋ ਕੇ ਫੇਰਾ ਪਾਇੰਦਾ । ਸਾਚੇ ਮੰਦਰ ਆਵੇ ਚੜ੍ਹਨ, ਮਹਲ ਅਟੱਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੇਰਾ ਲੇਖ ਚੁਕਾਇੰਦਾ । ਹੰ ਕਹੇ ਪ੍ਰਭ ਮੇਰਾ ਤੁੱਟਾ ਮਾਣ, ਜ਼ੋਰ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਹੋਇਆ ਹੈਰਾਨ, ਹਉਕਾ ਲੈ ਕੇ ਰਿਹਾ ਸੁਣਾਈਆ । ਚਾਰ ਵਰਨ ਨਾ ਕੋਇ ਗਿਆਨ, ਬਰਨ ਅਠਾਰਾਂ ਨਾ ਕੋਇ ਪੜ੍ਹਾਈਆ । ਕਲਜੁਗ ਸੰਤ ਹੋਏ ਸ਼ੈਤਾਨ, ਮੁਲਾਂ ਸ਼ਰਅ ਕਰੇ ਲੜਾਈਆ । ਮਸਾਇਕ ਨਿਭਾਏ ਨਾ ਕੋਈ ਈਮਾਨ, ਸਿਦਕ ਸਬੂਰੀ ਝੋਲੀ ਨਾ ਕੋਈ ਪਾਈਆ । ਬਗਲੇ ਮਾਰ ਅੰਜੀਲ ਕੁਰਾਨ, ਮਸਲੇ ਰਸਨਾ ਜਿਹਵਾ ਸੁਣਾਈਆ । ਮੰਦਰ ਮਸੀਤ ਦਿਸੇ ਹਰਾਮ, ਕਾਅਬਾ ਹੱਕ ਨਾ ਕੋਇ ਖੁਲ੍ਹਾਈਆ । ਮੈਂ ਸੁਣ ਸੁਣ ਤੇਰਾ ਪੈਗ਼ਾਮ, ਆਪਣਾ ਧਿਆਨ ਲਗਾਈਆ । ਕਿਸੇ ਨਜ਼ਰ ਨਾ ਆਵੇ ਰਾਮ, ਰਮਈਆ ਰੰਗ ਨਾ ਕੋਇ ਚੜ੍ਹਾਈਆ । ਸੰਗ ਵਸੇ ਨਾ ਕਿਸੇ ਕਾਹਨ, ਗੋਪੀ ਸੇਜ ਨਾ ਕੋਇ ਸੁਹਾਈਆ । ਧਾਈਂ ਮਾਰੇ ਵੇਦ ਪੁਰਾਨ, ਸ਼ਾਸਤਰ ਆਪਣਾ ਆਪ ਮਿਟਾਈਆ । ਤੇਰਾ ਰੰਗ ਨਾ ਚੜ੍ਹੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭੂ ਸਚ ਦੇ ਸਰਨਾਈਆ । ਹੰ ਕਹੇ ਪ੍ਰਭ ਮੇਰੇ ਭਗਵੰਤ, ਤੇਰੀ ਇਕ ਸਰਨਾਈਆ । ਉਠ ਵੇਖ ਆਪਣਾ ਜੀਵ ਜੰਤ, ਜਗਤ ਜੁਗ ਦਏ ਦੁਹਾਈਆ । ਹੋਇਆ ਵਿਛੋੜਾ ਨਾਰ ਕੰਤ, ਸਚ ਮੇਲ ਨਾ ਕੋਇ ਮਿਲਾਈਆ । ਤੇਰਾ ਘਰ ਬਣਿਆ ਹਉਮੇ ਹੰਗਤ, ਹੰ ਬ੍ਰਹਮ ਸਾਰ ਕੋਇ ਨਾ ਪਾਈਆ । ਬਣ ਭਿਖਾਰੀ ਮੰਗਾਂ ਮੰਗਤ, ਭਿਛਿਆ ਇਕੋ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਸੋ ਕਹੇ ਸੁਣ ਹੰ ਆਪ, ਹਰਿ ਕਰਤਾ ਆਪ ਜਣਾਈਆ । ਤੇਰਾ ਮੇਰਾ ਨਾਤਾ ਪੂਤ ਬਾਪ, ਪੁਰਖ ਅਕਾਲ ਦਏ ਸਮਝਾਈਆ । ਜੁਗ ਚੌਕੜੀ ਕਰਦਾ ਰਿਹਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਗੁਰ ਅਵਤਾਰ ਕਰ ਕਰ ਦਾਸ, ਪੀਰ ਪੈਗ਼ੰਬਰ ਬਰਖ਼ੁਰਦਾਰ ਬਾਲ ਅਵਾਣੇ ਮਾਤ ਪਰਗਟਾਈਆ । ਬੋਧ ਅਗਾਧੀ ਦੱਸਦਾ ਰਿਹਾ ਗਾਥ, ਕੋਟਨ ਕੋਟ ਸ਼ਬਦੀ ਨਾਉਂ ਪਰਗਟਾਈਆ । ਨਿਰਗੁਣ ਸਰਗੁਣ ਦੇਂਦਾ ਰਿਹਾ ਦਾਤ, ਗੁਰ ਅਵਤਾਰ ਪੀਰ

੭੨੬
੧੯

੭੨੭
੧੯

ਪੈਗ਼ੰਬਰ ਝੋਲੀ ਇਕ ਭਰਾਈਆ । ਆਤਮ ਜੋਤੀ ਕਰ ਪਰਕਾਸ਼, ਗ੍ਰਿਹ ਮੰਦਰ ਕਰ ਰੁਸ਼ਨਾਈਆ । ਸ਼ਬਦ ਅਗੰਮੀ ਦੇ ਨਾਦ, ਸਾਚੀ ਧੁਨ ਇਕ ਸੁਣਾਈਆ । ਸਚ ਸੰਦੇਸਾ ਭਵਿਖਤ ਵਾਕ, ਜੁਗ ਚੌਕੜੀ ਆਪ ਸਮਝਾਈਆ । ਕਲਜੁਗ ਅੰਤਮ ਵੇਖੇ ਪੁਰਖ ਸਮਰਾਥ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਹੰ ਕਹੇ ਪ੍ਰਭ ਮੈਂ ਜਾਣਾ ਕੀ, ਕੀ ਤੇਰੀ ਚਤਰਾਈਆ । ਜੁਗ ਚੌਕੜੀ ਤੇਰੀ ਨੀਂਹ, ਲੋਕਮਾਤ ਆਪ ਟਿਕਾਈਆ । ਲੱਖ ਚੁਰਾਸੀ ਬੀਜ ਬੀ, ਮੇਰਾ ਰੂਪ ਦਰਸਾਈਆ । ਕਲਜੁਗ ਅੰਤਮ ਸਾਢੇ ਤਿੰਨ ਹੱਥ ਸੀਂ, ਰਵਦਾਸ ਚਮਾਰਾ ਗਿਆ ਸਮਝਾਈਆ । ਨਾਤਾ ਤੁਟੇ ਜੀਵਨ ਜੀ, ਮਾਟੀ ਖ਼ਾਕ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਸਰਨਾਈਆ । ਸੋ ਕਹੇ ਸੁਣ ਹੰ ਏਕ, ਏਕੰਕਾਰ ਜਣਾਈਆ । ਸਤਿ ਸਤਿਵਾਦੀ ਦੇਵਾਂ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਨਿਰਵੈਰ ਹੋ ਕੇ ਧਰਾਂ ਭੇਖ, ਨਿਰਾਕਾਰ ਹੋ ਕੇ ਆਈਆ । ਪਾਰਬ੍ਰਹਮ ਹੋ ਕੇ ਦੱਸਾਂ ਭੇਤ, ਬ੍ਰਹਮ ਪੜਦਾ ਆਪ ਉਠਾਈਆ । ਪਰਮਾਤਮ ਹੋ ਕੇ ਖੇਲਾ ਖੇਲ, ਆਤਮ ਹੋ ਕੇ ਮੇਲ ਮਿਲਾਈਆ । ਠਾਕਰ ਹੋ ਕੇ ਵਸਾਂ ਦੇਸ, ਸਵਾਮੀ ਹੋ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸੋ ਕਹੇ ਸੁਣ ਹੰ ਮੇਰੇ, ਹਰਿ ਕਰਤਾ ਆਪ ਜਣਾਈਆ । ਪੁਰਖ ਅਬਿਨਾਸ਼ੀ ਕਰੇ ਮਿਹਰੇ, ਮਿਹਰਵਾਨ ਦਇਆ ਕਮਾਈਆ । ਕਲਜੁਗ ਅੰਤਮ ਮੇਟੇ ਝੇੜੇ, ਝਗੜਾ ਵਿਚ ਰਹਿਣ ਨਾ ਪਾਈਆ । ਭਾਗ ਲਗਾਏ ਕਾਇਆ ਖੇੜੇ, ਖਿੜਕੀ ਕੁੰਡਾ ਆਪ ਖੁਲ੍ਹਾਈਆ । ਦੂਰ ਦੁਰਾਡਾ ਆਵੇ ਨੇੜੇ, ਹਰਿ ਜੂ ਬਣ ਕੇ ਪਾਂਧੀ ਰਾਹੀਆ । ਕਰੇ ਕਰਾਏ ਹੱਕ ਨਿਬੇੜੇ, ਹਕੂਕ ਸਭ ਦੀ ਝੋਲੀ ਪਾਈਆ । ਤੂੰ ਬੈਠਾ ਰਹਿਉਂ ਕਰ ਕੇ ਵੱਡੇ ਜੇਰੇ, ਨੌ ਸੌ ਚੁਰਾਨਵੇਂ ਚੌਕੜੀ ਜੁਗ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਬਿਨਾਸ਼ੀ ਆਵੇ ਤੇਰੇ ਡੇਰੇ, ਮੰਦਰ ਤੇਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਰਿਹਾ ਸਮਝਾਈਆ । ਹੰ ਕਹੇ ਪ੍ਰਭ ਮੋਹੇ ਚਾਉ ਘਨੇਰਾ, ਤੇਰਾ ਸੁਣਿਆ ਇਕ ਸੰਦੇਸਾ । ਧੰਨ ਵਡਿਆਈ ਪਾਵੇਂ ਫੇਰਾ, ਮੇਰੇ ਸਾਹਿਬ ਸੁਲਤਾਨ ਨਰ ਨਰੇਸ਼ਾ । ਭਵ ਸਾਗਰ ਪਾਰ ਕਰਾਏਂ ਬੇੜਾ, ਨਿਰਗੁਣ ਨਿਰਵੈਰ ਧਾਰ ਭੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਲਹਿਣ ਚੁਕਾਏਂ ਪਿਛਲਾ ਪੂਰਬ ਲੇਖਾ । ਸੋ ਕਹੇ ਸੁਣ ਹੰ ਪੁੱਤਰ, ਪਿਤਾ ਪੁਰਖ ਅਕਾਲ ਜਣਾਈਆ । ਜੋਤੀ ਧਾਰੋਂ ਆਵਾਂ ਉਤਰ, ਮਾਤ ਪਿਤਾ ਨਾ ਕੋਇ ਬਣਾਈਆ । ਤੇਰਾ ਕਰਾਂ ਸ਼ੁਕਰ, ਜਿਸ ਸੱਦਾ ਦਿਤਾ ਚਾਈਂ ਚਾਈਂਆ । ਕਰ ਪ੍ਰੀਤੀ ਚੁਕਾਂ ਕੁਛੜ, ਬਾਲ ਅਵਾਣਾ ਗੋਦ ਉਠਾਈਆ । ਸੁਹੰਜਣੀ ਸੋਹੇ ਇਕੋ ਰੁੱਤੜ, ਦੋ ਜਹਾਨ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਹੰ ਕਹੇ ਮੈਂ ਦੇਵਾਂ ਹੋਕਾ, ਜਿਸ ਵੇਲੇ ਹਰਿ ਜੂ ਆਈਆ । ਢੋਲਾ ਗਾਵਾਂ ਨਾਲ ਸ਼ੌਂਕਾ, ਸੋਹਣਾ ਰਾਗ ਅਲਾਈਆ । ਜੁਗ ਚੌਕੜੀ ਪਿਛੋਂ ਮਿਲੇ ਮੌਕਾ, ਮਿਹਰਵਾਨ ਦਇਆ ਕਮਾਈਆ । ਮਾਰਗ ਦੱਸੇ ਕੋਈ ਨਾ ਔਖਾ, ਸਾਚੇ ਮਗ ਆਪ ਚਲਾਈਆ । ਮੈਂ ਘਰ ਸਾਫ਼ ਕਰ ਕੇ ਰੱਖਾਂ ਚੌਂਕਾ, ਕਾਇਆ ਮਾਟੀ ਪੋਚ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸੋ ਕਹੇ ਸੁਣ ਬਾਲੇ ਬੱਚੇ, ਪ੍ਰਭ ਸੱਚੀ ਤਰ੍ਹਾ ਸਮਝਾਈਆ । ਤੇਰੇ ਬੋਲ ਦਿਸਣ ਸੱਚੇ, ਕੂੜਾ ਰੰਗ ਨਾ ਕੋਇ ਵਖਾਈਆ । ਸ੍ਰੀ ਭਗਵਾਨ ਭਾਗ ਲਗਾਏ ਕਾਇਆ

ਮਾਟੀ ਕੱਚੇ, ਕਾਚੀ ਗਗਰੀਆਂ ਸੋਭਾ ਪਾਈਆ । ਸਾਢੇ ਤਿੰਨ ਕਰੋੜ ਅੰਤਰ ਰਚੇ, ਲੂੰ ਲੂੰ ਅੰਦਰ ਆਪਣਾ ਡੇਰਾ ਲਾਈਆ । ਪ੍ਰੇਮ ਪ੍ਰੀਤੀ ਦੇਵੇ ਸੱਦੇ, ਸੋਹਣਾ ਹੁਕਮ ਸੁਣਾਈਆ । ਸਾਚੇ ਮੰਦਰ ਬਹਿ ਕੇ ਸਜੇ, ਕਾਇਆ ਬੰਕ ਵਡਿਆਈਆ । ਸ਼ੇਰ ਰੂਪ ਹੋ ਕੇ ਸ਼ਹਿਨਸ਼ਾਹ ਗੱਜੇ, ਨਾਮ ਭਬਕ ਇਕ ਲਗਾਈਆ । ਪੰਚ ਵਿਕਾਰ ਜਾਣ ਭੱਜੇ, ਕੂੜੀ ਕਿਰਿਆ ਮੁਖ ਛੁਪਾਈਆ । ਫਿਰ ਆਵੇ ਤੇਰੀ ਹੱਦੇ, ਹਦ ਹਦੂਦ ਰਹਿਣ ਕੋਇ ਨਾ ਪਾਈਆ । ਬਣ ਸਹਾਈ ਫਿਰੇ ਸੱਜੇ ਖੱਬੇ, ਅੱਗੇ ਪਿਛੇ ਆਪਣੀ ਸੇਵ ਕਮਾਈਆ । ਪ੍ਰਿਤਪਾਲਕ ਹੋ ਕੇ ਪਰਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਹੌਲੀ ਹੌਲੀ ਤੈਨੂੰ ਲੱਭੇ, ਪਰਦਾ ਉਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਦ੍ਰਿੜਾਈਆ । ਹੰ ਕਹੇ ਮੈਂ ਗਾਵਾਂ ਗੀਤ, ਪ੍ਰਭ ਤੇਰਾ ਨਾਮ ਵਡਿਆਈਆ । ਹੱਥ ਰੱਖੇਂ ਸਾਹਿਬ ਮੇਰੇ ਸੀਸ, ਜਗਦੀਸ ਹੋਵੇਂ ਸਹਾਈਆ । ਮੈਂ ਬਾਲ ਅਵਾਣਾ ਨੀਕਨ ਨੀਕ, ਤੂੰ ਊਚੋ ਊਚ ਅਗੰਮ ਅਥਾਹ ਅਖਵਾਈਆ । ਜਿਸ ਵੇਲੇ ਮੇਰੇ ਕਾਇਆ ਮੰਦਰ ਅੰਦਰ ਲੰਘੇਂ ਦਹਿਲੀਜ਼, ਆਪਣਾ ਚਰਨ ਆਪ ਟਿਕਾਈਆ । ਮੈਂ ਪ੍ਰੇਮ ਪ੍ਰੀਤੀ ਕਰਾਂ ਰੀਝ, ਆਪ ਆਪਾ ਭੇਟ ਚੜ੍ਹਾਈਆ । ਤੇਰਾ ਦਰਸ਼ਨ ਦੇਖਾਂ ਠੀਕ, ਠਾਕਰ ਇਕੋ ਨਜ਼ਰੀ ਆਈਆ । ਤੂੰ ਮੈਨੂੰ ਪੌਣੀ ਭੀਖ, ਸਾਚੀ ਭਿਛਿਆ ਇਕ ਵਰਤਾਈਆ । ਤੇਰੇ ਚਰਨ ਲੱਗੇ ਪ੍ਰੀਤ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਸੋ ਕਹੇ ਸੁਣ ਹੰ ਤੇਰਾ ਪਰਤਾਪ, ਪ੍ਰਭ ਕਰਤਾ ਦਏ ਕਰਾਈਆ । ਜਿਸ ਵੇਲੇ ਮਿਲਾਂ ਆਪ, ਆਪਣਾ ਭੇਵ ਖੁਲ੍ਹਾਈਆ । ਸਾਂਝਾ ਦੱਸ ਕੇ ਸੱਚਾ ਜਾਪ, ਸੋਹੰ ਢੋਲਾ ਦਿਆਂ ਸਮਝਾਈਆ । ਤੂੰ ਕਹਿਣਾ ਮੇਰਾ ਬਾਪ, ਮੈਂ ਪੂਤ ਸਪੂਤਾ ਫੜ ਕੇ ਗੋਦ ਉਠਾਈਆ । ਹੰ ਰਹੇ ਨਾ ਕੋਇ ਸੰਤਾਪ, ਸੋ ਸਾਕ ਸੱਜਣ ਨਜ਼ਰੀ ਆਈਆ । ਦੋਹਾਂ ਮਿਲ ਕੇ ਇਕੋ ਪਏ ਰਾਸ, ਮੰਡਲ ਮੰਡਪ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਪੂਰੀ ਹੋਵੇ ਆਸ, ਨਿਰਾਸਾ ਕੋਇ ਨਜ਼ਰ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੇਣਾ ਸਾਥ, ਨਾਤਾ ਸਕੇ ਨਾ ਕੋਇ ਤੁੜਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਗਾਥ, ਸੋਹੰ ਢੋਲਾ ਇਕ ਸੁਣਾਈਆ । ਤੂੰ ਮੇਰਾ ਮੈਂ ਤੈਨੂੰ ਦੇਵਾਂ ਆਖ, ਸਚ ਸਚ ਜਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਘਰ ਵਾਸ, ਘਰ ਘਰ ਵਿਚ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਪਰਕਾਸ਼, ਜੋਤੀ ਨੂਰ ਨੂਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਪਾਠ, ਪਾਠਸ਼ਾਲਾ ਇਕੋ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦਾਸ, ਸੇਵਕ ਸੇਵਾ ਰੂਪ ਕਮਾਈਆ । ਤੂੰ ਮੇਰਾ ਮੈਂ ਤੇਰਾ ਤਾਟ, ਸਰ ਸਰੋਵਰ ਇਕੋ ਇਕ ਸੁਹਾਈਆ । ਤੂੰ ਮੇਰਾ ਮੈਂ ਤੇਰਾ ਘਾਟ, ਪੱਤਣ ਬਹਿ ਕੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਵਸੂਰਾ ਜਾਏ ਲਾਥ, ਸੋਗ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਾਤ, ਅਜਾਤੀ ਰੂਪ ਨਾ ਕੋਇ ਵਟਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕ ਪਰਭਾਤ, ਸੰਧਿਆ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਪੂਰੀ ਹੋਵੇ ਖ਼ਾਹਸ਼, ਆਸਾ ਆਸਾ ਵਿਚ ਸਮਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਤੇਰਾ ਜੋੜੇ ਨਾਤ, ਨਾਤਾ ਬਿਧਾਤਾ ਆਪਣੇ ਨਾਲ ਰਖਾਈਆ । ਬਿਨ ਭਗਤਾਂ ਮੌਕਾ ਕਿਸੇ ਨਾ ਆਵੇ ਹਾਥ, ਖ਼ਾਲੀ ਹੱਥ ਸਰਬ ਲੋਕਾਈਆ । ਜੁਗ ਚੌਕੜੀ ਪਿਛੋਂ ਕਿਰਪਾ ਕਰੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੰ ਬ੍ਰਹਮ ਪਾਰਬ੍ਰਹਮ ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਮੇਲਾ ਮੇਲੇ ਸਹਿਜ ਸੁਭਾਈਆ ।

੭੨੮
੧੯

## ★ ੧੯ ਫੱਗਣ ੨੦੨੦ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ ਗੁਰੂਕੁਲ ਫ਼ਾਰਮ ਜ਼ਿਲਾ ਕਰਨਾਲ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਰਾਜ ਰਾਜਾਨ, ਭੂਪਤ ਭੂਪ ਇਕ ਅਖਵਾਈਆ । ਏਕੰਕਾਰਾ ਵਡ ਬਲਵਾਨ, ਜੋਧਾ ਸੂਰਬੀਰ ਭੇਵ ਨਾ ਰਾਈਆ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਵਸਣਹਾਰਾ ਸਚ ਮਕਾਨ, ਸਚ ਦਵਾਰੇ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪੁਰਖ ਸਮਰਥ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਜੋਤ ਨੂਰ ਪਰਗਟ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਕਰੇ ਖੇਲ ਅਲਖਨਾ ਅਲੱਖ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੀ ਧਾਰ ਚਲਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਮਾਰਗ ਆਪੇ ਦੱਸ, ਰਹਿਬਰ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਸਾਚੇ ਸੋਭਾ ਪਾਈਆ । ਦੀਆ ਬਾਤੀ ਇਕ ਉਜਿਆਰ, ਕਮਲਾਪਾਤੀ ਕਰੇ ਰੁਸ਼ਨਾਈਆ । ਨਾ ਕੋਈ ਦੂਜਾ ਮੀਤ ਮੁਰਾਰ, ਸੰਗੀ ਸੰਗ ਨਾ ਕੋਇ ਰਖਾਈਆ । ਮਹਲ ਅਟੱਲ ਉਚ ਮਨਾਰ, ਦਰਗਾਹ ਸਾਚੀ ਸੋਭਾ ਪਾਈਆ । ਮੁਕਾਮੇ ਹੱਕ ਨੂਰ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਸਤਿਗੁਰ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਚੌਕੜੀ ਵੇਖ ਵਖਾਇੰਦਾ । ਵਸਣਹਾਰਾ ਸਚ ਮਹੱਲਾ, ਨਿਹਚਲ ਆਪਣਾ ਆਸਣ ਲਾਇੰਦਾ । ਨਿਰਗੁਣ ਨਿਰਗੁਣ ਫੜਾਏ ਪੱਲਾ, ਬਣ ਸੰਗੀ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਇੰਦਾ । ਦਰਗਾਹ ਸਾਚੀ ਉਚ ਮਨਾਰ, ਮਹਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜਲਵਾ ਨੂਰ ਉਜਿਆਰ, ਪਰਵਰਦਿਗਾਰ ਇਕ ਰੁਸ਼ਨਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਕਰਤਾ ਪੁਰਖ, ਸ੍ਰੀ ਭਗਵਾਨ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਪਰਗਟਾਇੰਦਾ । ਕਰੇ ਖੇਲ ਸਦਾ ਨਿਧੜਕ, ਨਿਰਵੈਰ ਆਪਣੀ ਕਾਰ ਕਮਾਇੰਦਾ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਅੱਖਸ਼ਰ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਹਰਿ ਕਰਤਾ ਆਪ ਵਰਤਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਦਾਨ, ਦਾਤਾ ਇਕੋ ਬੇਪਰਵਾਹੀਆ । ਤ੍ਰੈਗੁਣ ਮਾਇਆ ਕਰਨਹਾਰ ਪਰਧਾਨ, ਪੰਜ ਤਤ ਲੇਖਾ ਜਾਣੇ ਥਾਉਂ ਥਾਈਆ । ਲੱਖ ਚੁਰਾਸੀ ਖੇਲ ਮਹਾਨ, ਚਾਰੇ ਖਾਣੀ ਦਏ ਵਡਿਆਈਆ । ਚਾਰੇ ਬਾਣੀ ਬੋਲ ਬਿਨਾਂ ਜ਼ਬਾਨ, ਨਿਰਅੱਖਰ ਅੱਖਰ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ

ਕਰੇ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਆਦਿ ਜੁਗਾਦੀ ਡੂੰਘਾ ਸਾਗਰ ਸਿੰਧ, ਭੇਵ ਅਭੇਦ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਬਣਾਏ ਆਪਣੀ ਬਿੰਦ, ਸੁਤ ਨਾਦੀ ਨਾਉਂ ਧਰਾਈਆ । ਦੀਨ ਦਿਆਲ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਲੇਖਾ ਜਾਣੇ ਕਰੋੜ ਤੇਤੀਸਾ ਸੁਰਪਤ ਇੰਦ, ਨਿਰਗੁਣ ਸਰਗੁਣ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਬੇਪਰਵਾਹੀਆ । ਬੇਪਰਵਾਹ ਪਰਵਰਦਿਗਾਰ, ਦਰਗਾਹ ਸਾਚੀ ਸੋਭਾ ਪਾਇੰਦਾ । ਆਦਿ ਜੁਗਾਦੀ ਸਾਂਝਾ ਯਾਰ, ਸਾਚੀ ਕਰਨੀ ਕਾਰ ਕਮਾਇੰਦਾ । ਪੀਰ ਪੈਗੰਬਰ ਦੇ ਆਧਾਰ, ਕਲਮਾ ਨਬੀ ਰਸੂਲ ਸਮਝਾਇੰਦਾ । ਕਾਤਬ ਬਣ ਅਗੰਮ ਅਪਾਰ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਸਜਦਾ ਸੀਸ ਇਕ ਦਰਬਾਰ, ਮਹਲ ਅਟੱਲ ਹੁਜਰਾ ਇਕ ਸੁਹਾਇੰਦਾ । ਨੌਬਤ ਵੱਜੇ ਦੋ ਜਹਾਨ, ਲੋਕ ਪਰਲੋਕ ਰਾਗ ਅਲਾਇੰਦਾ । ਹੱਕ ਹਕੀਕਤ ਵੇਖੇ ਆਣ, ਲਾਸ਼ਰੀਕ ਸਿਰਕਤ ਅਵਰ ਨਾ ਕੋਇ ਰਖਾਇੰਦਾ । ਮਿਹਬਾਨ ਬੀਦੋ ਸਦਾ ਮਿਹਬਾਨ, ਮੁਹੱਬਤ ਆਪਣੇ ਨਾਲ ਜੁੜਾਇੰਦਾ । ਸਾਚਾ ਕਾਅਬਾ ਵੇਖੇ ਮਾਰ ਧਿਆਨ, ਮਹਿਬੂਬ ਹੁਜਰਾ ਹੱਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚਾ ਖੇਲ ਦਰਗਾਹ ਸਾਚੀ, ਹਰਿ ਕਰਤਾ ਆਪ ਜਣਾਈਆ । ਲੱਖ ਚੁਰਾਸੀ ਕਾਇਆ ਮਾਟੀ, ਕਾਚੀ ਗਗਰੀਆ ਵੇਖੇ ਥਾਉਂ ਥਾਈਂਆ । ਮੰਡਲ ਮੰਡਪ ਪਾਵੇ ਰਾਸੀ, ਨਿਰਗੁਣ ਸਰਗੁਣ ਗੋਪੀ ਕਾਹਨ ਨਾਚ ਨਚਾਈਆ । ਦੀਆ ਬਾਤੀ ਇਕੋ ਜੋਤ ਪਰਕਾਸ਼ੀ, ਘਟ ਘਟ ਕਰੇ ਰੁਸ਼ਨਾਈਆ । ਸ਼ਬਦ ਅਨਾਦ ਬੋਧ ਅਗਾਧ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਏ ਸਾਚੀ ਸਾਖੀ, ਸ਼ਬਦੀ ਨਾਦ ਧੁਨ ਵਜਾਈਆ । ਸਿਮਰਤ ਸ਼ਾਸਤਰ ਵੇਦ ਪੁਰਾਨ ਦੇਵੇ ਦਾਤੀ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਅੰਜੀਲ ਕੁਰਾਨ ਬਣ ਕੇ ਸਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਇਆਵਾਨ ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਬਿਨਾਸ਼ੀ ਏਕੰਕਾਰ, ਅਕਲ ਕਲਧਾਰੀ ਵਡ ਵਡਿਆਈਆ । ਆਦਿ ਜੁਗਾਦਿ ਜਿਸ ਦਾ ਅੰਤ ਨਾ ਪਾਰਾਵਾਰ, ਗੁਰ ਅਵਤਾਰ ਪੀਰ ਪੈਗੰਬਰ ਬੇਅੰਤ ਕਹਿ ਕਹਿ ਸੀਸ ਨਿਵਾਈਆ । ਪੰਡਤ ਪਾਂਧਾ ਮੁਲਾਂ ਸ਼ੇਖ਼ ਮੁਸਾਇਕ ਕੋਈ ਨਾ ਪਾਵੇ ਸਾਰ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਾਲਾਹੀਆ । ਚੌਦਾਂ ਵਿਦਿਆ ਜਾਏ ਹਾਰ, ਚੌਦਾਂ ਲੋਕ ਹਾਹਾਕਾਰ, ਚੌਦਾਂ ਤਬਕ ਕਰਨ ਨਿਮਸਕਾਰ, ਸੀਸ ਸਕੇ ਨਾ ਕੋਇ ਉਠਾਈਆ । ਦਰ ਦਰਵੇਸ਼ ਮੰਗਣ ਬਣ ਭਿਖਾਰ, ਤੇਈ ਅਵਤਾਰ ਆਪਣੀ ਝੋਲੀ ਡਾਹੀਆ । ਗੁਰ ਗੁਰ ਸਵਾਮੀ ਮੰਨਣ ਏਕੰਕਾਰ, ਬੇਪਰਵਾਹ ਤੇਰੀ ਬੇਪਰਵਾਹੀਆ । ਈਸਾ ਮੂਸਾ ਮੁਹੰਮਦ ਦਰ ਧੂੜੀ ਮੰਗਣ ਖ਼ਾਕ ਛਾਰ, ਮਸਤਕ ਟਿੱਕਾ ਇਕੋ ਇਕ ਲਗਾਈਆ । ਸਜਦਾ ਤੋਹੇ ਪਰਵਰਦਿਗਾਰ, ਤੋਬਾ ਤੋਬਾ ਰਹੇ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਤੇਰੀ ਕਾਰ, ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਕਮਾਈਆ । ਤੇਰੇ ਨਾਮ ਦਾ ਬੋਲ ਜੈਕਾਰ, ਜੈ ਜੈਕਾਰ ਇਕੋ ਢੋਲਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਬੈਠਾ ਸੋਭਾ ਪਾਈਆ । ਸਚਖੰਡ ਦਵਾਰੇ ਸਾਹਿਬ ਚੜ੍ਹ, ਨਿਰਗੁਣ ਆਪਣਾ ਡੇਰਾ ਲਾਇੰਦਾ । ਦੋ ਜਹਾਨ ਬ੍ਰਹਿਮੰਡ ਖੰਡ ਵੇਖੇ ਖੜ੍ਹ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਖੋਜ ਖੁਜਾਇੰਦਾ । ਲੱਖ ਚੁਰਾਸੀ ਅੰਦਰ ਵੜ, ਘਟ ਘਟ ਆਪੇ ਸੋਭਾ ਪਾਇੰਦਾ । ਸ਼ਬਦ ਅਨਾਦੀ ਏਕਾ ਪੜ੍ਹ, ਸਾਚਾ ਰਾਗ ਅਲਾਇੰਦਾ । ਸਚ ਸਰੋਵਰ ਦੇ ਕੇ ਸਰ, ਤਟ ਕਿਨਾਰਾ

ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਖੇਲ ਜਣਾਇੰਦਾ । ਭਗਵਨ ਕਰੇ ਖੇਲ ਅਗੰਮ, ਅਗੰਮੜੀ ਕਾਰ ਕਮਾਈਆ । ਆਦਿ ਜੁਗਾਦੀ ਬੇੜਾ ਬੰਨ੍ਹ, ਜੁਗ ਚੌਕੜੀ ਕੰਧ ਉਠਾਈਆ । ਨਿਰਮਲ ਜੋਤ ਚਾੜ੍ਹ ਚੰਨ, ਸਚ ਦਵਾਰ ਕਰੇ ਰੁਸ਼ਨਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਵਖਾਈਆ । ਲੱਖ ਚੁਰਾਸੀ ਵੇਖ ਵਖਾਏ ਕਾਇਆ ਮਾਟੀ ਪੰਜ ਤਤ ਤਨ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਨਿਰਵੈਰ ਪੁਰਖ ਬਣ ਕੇ ਜਨਨੀ ਜਨ, ਧਨ ਜਣੇਂਦੀ ਮਾਈ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖੇ ਵਡਿਆਈ, ਵੱਡਾ ਹਰਿ ਜੂ ਇਕ ਅਖਵਾਇੰਦਾ । ਜੁਗ ਚੌਕੜੀ ਖੇਲ ਰਚਾਈ, ਸਮਝ ਕੋਇ ਨਾ ਪਾਇੰਦਾ । ਘਟ ਘਟ ਅੰਦਰ ਕਰ ਰੁਸ਼ਨਾਈ, ਜੋਤੀ ਜਾਤਾ ਪੁਰਖ ਬਿਧਾਤਾ ਘਰ ਵਿਚ ਘਰ ਸੋਭਾ ਪਾਈ, ਮਹਲ ਅਟੱਲ ਵੇਖ ਵਖਾਇੰਦਾ । ਆਤਮ ਪਰਮਾਤਮ ਵੰਡ ਵੰਡਾਈ, ਰੂਪ ਅਨੂਪ ਆਪ ਜਣਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਵਖਾਈ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਰੂਹ ਬੁਤ ਬਣਤ ਬਣਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇਹਾਰਾ, ਕੁਦਰਤ ਕਾਦਰ ਵੇਖ ਵਖਾਈਆ । ਆਦਿ ਜੁਗਾਦੀ ਕਰ ਪਸਾਰਾ, ਨਿਤ ਨਵਿਤ ਫੇਰਾ ਪਾਈਆ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਮਿਲੇ ਨਾ ਕੋਇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਥੱਕੇ ਵਿਚ ਸੰਸਾਰਾ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਦਰ ਦਰਵੇਸ਼ ਮੰਗਦੇ ਗਏ ਬਣ ਭਿਖਾਰਾ, ਖ਼ਾਲੀ ਝੋਲੀ ਅੱਗੇ ਡਾਹੀਆ । ਤੂੰ ਸਾਹਿਬ ਸਤਿਗੁਰ ਸਿਰਜਣਹਾਰਾ, ਬੇਅੰਤ ਤੇਰੀ ਵਡਿਆਈਆ ।

੭੩੧ ੧੯
ਸ਼ਾਹੋ ਭੂਪ ਵਡ ਸਿਕਦਾਰਾ, ਆਦਿ ਜੁਗਾਦੀ ਆਪਣਾ ਹੁਕਮ ਚਲਾਈਆ । ਨਾ ਕੋਈ ਮੇਟੇ ਮੇਟਣਹਾਰਾ, ਅਭੁੱਲ ਭੁੱਲ ਕਦੇ ਨਾ ਜਾਈਆ । ਨਾ ਕੋਈ ਤੋਲੇ ਤੋਲਣਹਾਰਾ, ਕੰਡਾ ਤਰਾਜ਼ੂ ਨਜ਼ਰ ਕਿਸੇ ਨਾ ਆਈਆ । ਆਪਣੀ ਧਾਰਨ ਬੋਲਣਹਾਰਾ, ਅਨੁਭਵ ਆਪਣਾ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗੰਮ ਅਥਾਹ ਅਲੱਖ ਅਗੋਚਰ ਆਪਣਾ ਖੇਲ ਵਖਾਈਆ । ਆਪਣੀ ਖੇਲ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਲੇਖਾ ਜਾਣੇ ਜੀਵ ਜੰਤ, ਸਾਧ ਸੰਤ ਪੜਦਾ ਲਾਹਿੰਦਾ । ਆਤਮ ਪਰਮਾਤਮ ਮਣੀਆਂ ਮੰਤ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਨਾਰ ਸੁਹਾਗਣ ਮੇਲਾ ਨਰ ਹਰਿ ਕੰਤ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਪੰਜ ਤਤ ਬਣਾ ਬਣਤ, ਘਾੜਤ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਉਪਦੇਸ਼ ਨਰ ਨਰੇਸ਼ ਨਿਰਗੁਣ ਸਰਗੁਣ ਆਪ ਸਮਝਾਇੰਦਾ । ਨਿਰਗੁਣ ਸਰਗੁਣ ਕਰੇ ਉਪਦੇਸ਼, ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਨਾਲ ਰਲਾਈਆ । ਧੁਰਦਰਗਾਹੀ ਦੇਵੇ ਸਚ ਸੰਦੇਸ, ਮੰਤਰ ਸਤਿ ਸਤਿ ਪੜ੍ਹਾਈਆ । ਨਿਜ ਨੇਤਰ ਲੋਚਣ ਨੈਣ ਲੈਣਾ ਪੇਖ, ਦੋਏ ਅੱਖ ਨਾ ਕੋਇ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰ ਕੇ ਹੇਤ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਜੁਗ ਚੌਕੜੀ ਜਨ ਭਗਤਾਂ ਦੱਸਦਾ ਰਿਹਾ ਭੇਤ, ਅੰਦਰ ਵੜ ਕੇ ਆਪ ਸਮਝਾਈਆ । ਲੱਖ ਚੁਰਾਸੀ ਖਲੌਂਦਾ ਰਿਹਾ ਖੇਡ, ਆਵਣ ਜਾਵਣ ਗੇੜੇ ਵਿਚ ਭਵਾਈਆ । ਸੰਤ ਸੁਹੇਲੇ ਵਿਰਲੇ ਦੇਵੇ ਜੋਤੀ ਜਲਵਾ ਨੂਰੀ ਤੇਜ, ਅੰਧ ਅਗਿਆਨ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਕਰੇ ਖੇਲ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਗੁਰ ਗੁਰ

ਆਪੇ ਮੇਲ, ਜਗਤ ਵਿਛੋੜਾ ਦਏ ਕਟਾਈਆ । ਕਰ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਨੂਰ ਕਰੇ ਰੁਸ਼ਨਾਈਆ । ਸਾਹਿਬ ਸੱਜਣ ਬਣ ਸੁਹੇਲ, ਸਗਲਾ ਸੰਗ ਨਿਭਾਈਆ । ਜੁਗ ਜਨਮ ਦੇ ਵਿਛੜੇ ਲਏ ਮੇਲ, ਮਿਲਣੀ ਆਪਣੇ ਨਾਲ ਕਰਾਈਆ । ਲੱਖ ਚੁਰਾਸੀ ਕੱਟੇ ਜੇਲ, ਰਾਏ ਧਰਮ ਨਾ ਦਏ ਸਜਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰ ਸ਼ਬਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਥਾਉਂ ਥਾਈਂਆ । ਵੇਖ ਵਖਾਏ ਥਾਨ ਥਨੰਤਰ, ਸਚਖੰਡ ਨਿਵਾਸੀ ਵੱਡੀ ਵਡਿਆਈਆ । ਫੋਲ ਫੁਲਾਏ ਗਗਨ ਗਗਨੰਤਰ, ਮੰਡਲ ਮੰਡਪ ਫੇਰਾ ਪਾਈਆ । ਨਾਮ ਜਣਾਏ ਧੁਰ ਦਾ ਮੰਤਰ, ਮੰਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਦੇਵੇ ਆਪ, ਹਰਿ ਕਰਤਾ ਖੇਲ ਰਚਾਇੰਦਾ । ਜਨ ਭਗਤਾਂ ਬਣ ਕੇ ਮਾਈ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਇੰਦਾ । ਸਚ ਸੁਨੇਹੜਾ ਦੇਵੇ ਅਗੰਮੀ ਜਾਪ, ਸਤਿ ਸਤਿਵਾਦੀ ਆਪ ਸਮਝਾਇੰਦਾ । ਨਿਰਗੁਣ ਨਿਰਗੁਣ ਜਾਏ ਆਖ, ਸਰਗੁਣ ਪਰਦਾ ਆਪ ਉਠਾਇੰਦਾ । ਨਿਰਮਲ ਸਵੱਛ ਕਰ ਪਾਕ, ਪਵਿਤ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਇੰਦਾ । ਜੁਗ ਜੁਗ ਖੇਲ ਜਨ ਭਗਤਾਂ ਜੋਗ, ਜੋਗੀਸ਼ਰ ਆਪਣਾ ਭੇਵ ਚੁਕਾਈਆ । ਅੰਮ੍ਰਿਤ ਦੇਵੇ ਸਾਚੀ ਚੋਗ, ਤ੍ਰਿਸਨਾ ਭੁੱਖ ਗਵਾਈਆ । ਹਉਮੇ ਕੱਟੇ ਕੂੜਾ ਰੋਗ, ਮਾਇਆ ਮਮਤਾ ਮੋਹ ਮਿਟਾਈਆ । ਲੇਖਾ ਚੁਕੇ ਚਿੰਤਾ ਸੋਗ, ਸਾਂਤਕ ਸਤਿ ਸਤਿ ਕਰਾਈਆ । ਨਾਮ ਜਣਾਏ ਸਚ ਸਲੋਕ, ਸੋਹਲਾ ਢੋਲਾ ਇਕੋ ਗਾਈਆ । ਦਰਸ ਦੇਵੇ ਆਪ ਅਮੋਘ, ਜੋਤੀ ਜਾਤਾ ਨੂਰੀ ਨਜ਼ਰੀ ਆਈਆ । ਮਨ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਨਗਾਰੇ ਲਾਏ ਚੋਟ, ਹਰਿ ਸ਼ਬਦ ਡੰਕਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਖੁਲ੍ਹਾਈਆ । ਜਨ ਭਗਤਾਂ ਸਦਾ ਭੇਵ ਖੋਲ੍ਹੇ, ਪਰਦਾ ਉਹਲਾ ਨਾ ਕੋਇ ਰਖਾਈਆ । ਅੰਦਰੇ ਅੰਦਰ ਆਪੇ ਬੋਲੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਬਜਰ ਕਪਾਟੀ ਕੁੰਡਾ ਖੋਲ੍ਹੇ, ਖਿੜਕੀ ਬੰਦ ਨਾ ਕੋਇ ਵਖਾਈਆ । ਆਤਮ ਸੇਜਾ ਸਾਚੀ ਮੌਲੇ, ਮੌਲਾ ਆਪਣਾ ਡੇਰਾ ਲਾਈਆ । ਅੰਮ੍ਰਿਤ ਝਿਰਨਾ ਝਿਰਾਏ ਸਾਚੇ ਕੌਲੇ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਸਹਾਈ ਸਦਾ ਸੰਗ, ਨਿਰਗੁਣ ਸਰਗੁਣ ਵਿਛੜ ਕਦੇ ਨਾ ਜਾਇੰਦਾ । ਜੁਗ ਚੌਕੜੀ ਗਈ ਲੰਘ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕੋਟਨ ਕੋਟ ਰੂਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਮੰਗਾਂ ਗਏ ਮੰਗ, ਪੁਰਖ ਅਬਿਨਾਸ਼ੀ ਅੱਗੇ ਸੀਸ ਸਰਬ ਝੁਕਾਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਲੰਘ, ਲੋਕਮਾਤ ਸੋਭਾ ਪਾਇੰਦਾ । ਨੌ ਖੰਡ ਪ੍ਰਿਥਮੀ ਚਾੜ੍ਹੇ ਇਕੋ ਚੰਦ, ਸੱਤ ਦੀਪ ਨਾਮ ਰੁਸ਼ਨਾਇੰਦਾ । ਕੂੜੀ ਕਿਰਿਆ ਮੇਟੇ ਭੇਖ ਪਖੰਡ, ਸਚ ਸੁੱਚ ਇਕ ਦ੍ਰਿੜਾਇੰਦਾ । ਹਰਿ ਕਾ ਨਾਮ ਵਸਤ ਅਮੋਲਕ ਘਰ ਘਰ ਦੇਵੇ ਵੰਡ, ਦੀਨ ਮਜ਼੍ਹਬ ਜਾਤ ਪਾਤ ਭੇਵ ਨਾ ਕੋਇ ਜਣਾਇੰਦਾ । ਆਤਮ ਪਰਮਾਤਮ ਢੋਲਾ ਸੁਣਾਏ ਛੰਦ, ਸੋਹਲਾ ਇਕੋ ਇਕ ਦ੍ਰਿੜਾਇੰਦਾ । ਕੋਝੇ ਕਮਲਿਆਂ ਸਿਰ ਹੋਣ ਨਾ ਦੇਵੇ ਨੰਗ, ਸੀਸ ਆਪਣਾ ਹੱਥ ਟਿਕਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਇੰਦਾ । ਭਗਤ ਸੁਹੇਲੇ ਵਖਾਏ ਆਪਣੇ ਚੰਦ, ਜੋਤੀ ਜਲਵਾ ਇਕ

ਜਗਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਇਕੋ ਇਕ ਸਮਝਾਇੰਦਾ । ਘਰ ਘਰ ਵਿਚ ਦੇਵੇ ਅਨੰਦ, ਗ੍ਰਿਹ ਗ੍ਰਿਹ ਵਿਚ ਖ਼ੁਸ਼ੀ ਮਨਾਇੰਦਾ । ਭਗਤ ਦਵਾਰੇ ਪਏ ਠੰਡ, ਅਗਨੀ ਤਤ ਨਾ ਕੋਇ ਤਪਾਇੰਦਾ । ਮਾਣਸ ਜਨਮ ਨਾ ਹੋਵੇ ਭੰਗ, ਮਾਨੁਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਭਗਤ ਆਪ ਪਰਗਟਾਇੰਦਾ । ਜੁਗ ਜੁਗ ਭਗਤਾਂ ਬਣੇ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਕਰੇ ਖੇਲ ਸਾਹਿਬ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਵਸਣਹਾਰਾ ਹਰ ਘਟ ਚੀਤਾ, ਚੇਤਨ ਆਪਣੀ ਧਾਰ ਚਲਾਈਆ । ਜਨ ਭਗਤਾਂ ਦੱਸੇ ਸਾਚੀ ਰੀਤਾ, ਧੁਰ ਦੀ ਕਰੇ ਪੜ੍ਹਾਈਆ । ਕਾਇਆ ਮੰਦਰ ਮਸਜਦ ਸ਼ਿਵਦਵਾਲੇ ਮੱਠ ਸਚ ਮਸੀਤਾ, ਗੁਰੂਦਵਾਰ ਇਕੋ ਨਜ਼ਰੀ ਆਈਆ । ਜਿਸ ਗ੍ਰਿਹ ਬਹਿ ਕੇ ਸਵਾਮੀ ਭੇਵ ਜਾਣੇ ਜੀਵ ਜੀਅ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਦੇਵੇ ਵੱਡਾ, ਸੋ ਪੁਰਖ ਦਇਆ ਕਮਾਇੰਦਾ । ਭਗਤ ਭਗਵਾਨ ਵੇਖੇ ਬਾਲਾ ਨੱਢਾ, ਨੰਨ੍ਹਾ ਆਪਣੀ ਗੋਦ ਸੁਹਾਇੰਦਾ । ਕੂੜੀ ਕਿਰਿਆ ਪਾਰ ਕਰਾ ਕੇ ਹੱਦਾ, ਨੌ ਦਰ ਡੇਰਾ ਢਾਹਿੰਦਾ । ਘਰ ਸਾਚੇ ਦੇਵੇ ਸੱਦਾ, ਧੁਰ ਦਾ ਨਾਮ ਆਪ ਸੁਣਾਇੰਦਾ । ਆਤਮ ਰਸ ਅਗੰਮੀ ਮਜ਼ਾ, ਬਿਨ ਰਸਨਾ ਜਿਹਵਾ ਆਪ ਚਖਾਇੰਦਾ । ਸੁਰਤ ਸਵਾਣੀ ਸ਼ਬਦ ਹਾਣੀ ਰੱਖੇ ਲੱਜਾ, ਲਾਜਾਵੰਤ ਵੇਖ ਵਖਾਇੰਦਾ । ਆਤਮ ਸੇਜ ਸੁਹੰਜਣੀ ਸੋਹਣਾ ਦਿਸੇ ਮੰਜਾ, ਪਾਵਾ ਚੂਲ ਵੰਡ ਨਾ ਕੋਇ ਵੰਡਾਇੰਦਾ । ਜਿਸ ਉਪਰ ਸਚ ਸਵਾਮੀ ਇਕੋ ਸਜਾ, ਸੋਹਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਚੁਕਾਇੰਦਾ । ਭਗਤਾਂ ਭੇਵ ਚੁਕਾਏ ਪਰਦਾ, ਦੂਈ ਦਵੈਤੀ ਡੇਰਾ ਢਾਹੀਆ । ਲੇਖਾ ਸਮਝਾਏ ਘਰ ਵਿਚ ਘਰ ਦਾ, ਘਰ ਘਰ ਕਰੇ ਰੁਸ਼ਨਾਈਆ । ਪੁਰਖ ਅਕਾਲ ਬਣ ਕੇ ਬਰਦਾ, ਸੇਵਕ ਸੇਵ ਕਮਾਈਆ । ਸਚ ਦਵਾਰੇ ਆਪੇ ਖੜਦਾ, ਸਵੱਛ ਸਰੂਪੀ ਰੂਪ ਵਟਾਈਆ । ਪੰਚ ਵਿਕਾਰੇ ਨਾਲ ਲੜਦਾ, ਨਾਮ ਖੰਡਾ ਹੱਥ ਚਮਕਾਈਆ । ਜਨ ਭਗਤਾਂ ਅੰਦਰ ਹੌਲੀ ਹੌਲੀ ਵੜਦਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸੁਖਮਨ ਟੇਢੀ ਬੰਕ ਪਾਰ ਕਰ ਦਾ, ਅੰਧ ਅੰਧੇਰਾ ਦਏ ਗਵਾਈਆ । ਮੰਜ਼ਲ ਮੰਜ਼ਲ ਆਪੇ ਚੜ੍ਹਦਾ, ਪੰਧ ਆਪਣਾ ਲਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਹੋਏ ਸਹਾਈਆ । ਜਨ ਭਗਤ ਮਿਲਾਏ ਮੇਲਣਹਾਰਾ, ਕਿਰਪਾਨਿਧ ਵੱਡੀ ਵਡਿਆਈਆ । ਆਦਿ ਜੁਗਾਦੀ ਖੇਲ ਨਿਆਰਾ, ਨਿਰਗੁਣ ਸਰਗੁਣ ਸੰਗ ਨਿਭਾਈਆ । ਭਗਤ ਵਛਲ ਗਿਰਵਰ ਗਿਰਧਾਰਾ, ਗਹਿਰ ਗੰਭੀਰ ਆਪਣੀ ਕਾਰ ਕਮਾਈਆ । ਸੁਰਤੀ ਸ਼ਬਦੀ ਸਚ ਪਿਆਰਾ, ਪ੍ਰੇਮ ਡੋਰ ਬੰਧਨ ਪਾਈਆ । ਨਾਦ ਧੁਨ ਸ਼ਬਦ ਜੈਕਾਰਾ, ਸੋਹਣਾ ਰਾਗ ਅਲਾਈਆ । ਘਰ ਘਰ ਦਿਸੇ ਦਰਬਾਰਾ, ਮਹਲ ਅਟੱਲ ਸੋਭਾ ਪਾਈਆ । ਦੀਆ ਬਾਤੀ ਇਕ ਉਜਿਆਰਾ, ਜੋਤੀ ਨੂਰ ਨੂਰ ਰੁਸ਼ਨਾਈਆ । ਭਗਤਨ ਮੇਲਾ ਮੇਲ ਅਪਾਰਾ, ਜਗਤ ਵਿਛੋੜਾ ਪੰਧ ਮੁਕਾਈਆ । ਦੋਹਾਂ ਮਿਲ ਕੇ ਗਾਇਆ ਇਕੋ ਨਾਅਰਾ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਤੇਰਾ ਮਹਲ ਮੇਰਾ ਮਨਾਰਾ, ਮੇਰਾ ਮਨਾਰਾ ਤੇਰੀ ਛੱਪਰੀ ਰੂਪ ਵਖਾਈਆ । ਤੇਰਾ ਨਾਉਂ ਮੇਰਾ ਧੁਨਕਾਰਾ, ਧੁਨਕਾਰਾ ਤੇਰਾ ਰਾਗ ਅਖਵਾਈਆ । ਤੇਰਾ ਸੰਗ ਸਚ ਨਿਰੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤਾਂ ਵੇਖਣ ਆਏ ਏਕ, ਏਕੰਕਾਰ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ

ਦੇਵੇ ਟੇਕ, ਮਿਹਰ ਨਜ਼ਰ ਨੈਣ ਉਠਾਈਆ । ਬੁਧੀ ਕਰੇ ਜਗਤ ਬਿਬੇਕ, ਬਿਬੇਕੀ ਰੰਗ ਰੰਗਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਡੇਰਾ ਢਾਹੀਆ । ਪੂਰਬ ਲੇਖਾ ਜਾਣੇ ਲੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਜਗਾਈਆ । ਜਨ ਭਗਤ ਜਾਏ ਜਾਗ, ਸੋ ਸਤਿਗੁਰ ਆਪ ਜਗਾਈਆ । ਆਤਮ ਉਪਜੇ ਇਕ ਵੈਰਾਗ, ਧੀਰਜ ਸਕੇ ਨਾ ਕੋਇ ਧਰਾਈਆ । ਅੰਦਰੇ ਅੰਦਰ ਮਾਰੇ ਇਕ ਆਵਾਜ਼, ਉਚੀ ਕੂਕ ਕੂਕ ਸੁਣਾਈਆ । ਆ ਵੇਖ ਆਪਣਾ ਰਾਗ, ਰਹਿਮਤ ਇਕ ਕਮਾਈਆ । ਨਾ ਕੋਈ ਰੋਜ਼ਾ ਨਾ ਨਿਮਾਜ਼, ਸਜਦਾ ਸੀਸ ਨਾ ਕੋਇ ਨਿਵਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਜੋਗ ਅਭਿਆਸ ਨਾ ਕੋਇ ਸਮਝਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰੋਵਰ ਨੁਹਾਵਣ ਨਜ਼ਰ ਕੋਈ ਨਾ ਆਈਆ । ਨਾ ਕੋਈ ਪੱਤਣ ਨਾ ਕੋਈ ਘਾਟ, ਨਾ ਕੋਈ ਵੰਞ ਮੁਹਾਣਾ ਰਿਹਾ ਵਖਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਥ, ਅੰਜੀਲ ਕੁਰਾਨ ਨਾ ਕੋਈ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸਵਾਮੀ ਇਕੋ ਮੰਗਾਂ ਤੇਰਾ ਸਾਥ, ਦੂਜੀ ਓਟ ਨਾ ਕੋਈ ਰਖਾਈਆ । ਤੂੰ ਦੀਨਨ ਦੀਨਾਂ ਸਦਾ ਨਾਥ, ਦੀਨਾਂ ਬੰਧਪ ਤੇਰੀ ਸਚ ਸਰਨਾਈਆ । ਨਿਤ ਨਵਿਤ ਦਿਵਸ ਰੈਣ ਘੜੀ ਪਲ ਤੇਰਾ ਗਾਵਾਂ ਜਸ, ਸੋਹਣਾ ਸਚ ਨਾਮ ਸਾਲਾਹੀਆ । ਜੁਗਾ ਜੁਗੰਤ ਸ੍ਰੀ ਭਗਵੰਤ ਕਲਜੁਗ ਅੰਤ ਮੇਰੀ ਪੂਰੀ ਕਰਨੀ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਮੈਂ ਕਾਗ ਬਣੌਣਾ ਹੰਸ, ਸੋਹੰ ਹੰਸਾ ਮਾਣਕ ਮੋਤੀ ਜਾਪ ਜਪਾਈਆ । ਜਨ ਭਗਤ ਤੇਰਾ ਬੰਸ, ਸਰਬੰਸ ਵੇਖਾਂ ਚਾਈਂ ਚਾਈਆ । ਕਾਮ ਕਰੋਧ ਕੂੜ ਕੁੜਿਆਰ ਮੇਟੇ ਕੰਸ, ਘਨੱਈਆ ਆਪਣਾ ਵੇਸ ਵਟਾਈਆ । ਤੇਰਾ ਨਾਮ ਕੋਟਨ ਕੋਟ ਮੁਖ ਗਾਏ ਸਹੰਸ, ਦੋ ਸਹੰਸਰ ਜਿਹਵਾ ਬਾਸ਼ਕ ਤਸ਼ਕਾ ਨਾਲ ਮਿਲਾਈਆ । ਆਦਿ ਜੁਗਾਦਿ ਤੇਰਾ ਕਿਸੇ ਨਾ ਪਾਇਆ ਅੰਤ, ਬੇਅੰਤ ਤੇਰੀ ਸ਼ਰਨਾਈਆ । ਜਨ ਭਗਤ ਕਰਨ ਬੇਨੰਤ, ਦੋਏ ਜੋੜ ਵਾਸਤਾ ਪਾਈਆ । ਹੇ ਪ੍ਰਭੂ ਕਲਜੁਗ ਤੇਰੇ ਮਿਲਣ ਦੀ ਸਾਡੇ ਵਿਚ ਰਹੀ ਨਾ ਹਿੰਮਤ, ਤੂੰ ਆਪੇ ਲੈਣਾ ਮਿਲਾਈਆ । ਤੇਰੇ ਨਾਮ ਦੀ ਕੋਈ ਨਾ ਪਾਵੇ ਕੀਮਤ, ਹੱਟੋ ਹੱਟ ਜਗਤ ਵਕਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲਿਆ ਗਨੀਮਤ, ਗ਼ਮੀ ਖ਼ੁਸ਼ੀ ਇਕੋ ਰੰਗ ਵਖਾਈਆ । ਤੇਰਾ ਨਿਸ਼ਾਨ ਅਜ਼ੀਮੁਲ ਅਜ਼ੀਮਤ, ਇਸਮ ਆਜ਼ਮ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿਜਨ ਸਾਚੇ ਧਿਆਨ ਲਗਾਈਆ । ਹਰਿਜਨ ਧਿਆਨ ਲਗਾਏ ਇਕ, ਇਕੋ ਓਟ ਤਕਾਈਆ । ਘਰ ਆਏ ਪ੍ਰਭੂ ਪਾ ਭਿਖ, ਦੇਵਣਹਾਰ ਤੇਰੀ ਸਰਨਾਈਆ । ਅਗਲਾ ਲੇਖਾ ਆਪੇ ਦੇ ਲਿਖ, ਪੂਰਬ ਲਹਿਣਾ ਦੇ ਚੁਕਾਈਆ । ਤੇਰੇ ਨਾਲ ਪ੍ਰੇਮ ਹੋਵੇ ਹਿਤ, ਪ੍ਰੀਤੀ ਇਕੋ ਇਕ ਲਗਾਈਆ । ਆਤਮ ਪਰਮਾਤਮ ਰਹੇ ਕੋਈ ਨਾ ਭਿਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰਾ ਨੂਰ ਨਜ਼ਰੀ ਆਈਆ । ਅੰਮ੍ਰਿਤ ਬੂੰਦ ਸਵਾਂਤੀ ਦੇ ਛਿਟ, ਮੇਘਲਾ ਇਕੋ ਵਾਰ ਵਰਸਾਈਆ । ਆਪਣੀ ਕਰਨੀ ਕਰਤੇ ਪੁਰਖ ਆਪੇ ਲਏ ਨਜਿਠ, ਤੇਰਾ ਮਨ ਤੇਰਾ ਤਨ ਤੇਰਾ ਧਨ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਕਰ ਕਾਰਜ ਸਿਧ, ਦੂਰ ਦੁਰਾਡੇ ਨੇੜਨ ਨੇੜੇ ਸੱਚੇ ਮਾਹੀ ਦੂਰ ਦੁਰਾਡਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਦੇਣ ਗਵਾਹੀ, ਅੰਜੀਲ ਕੁਰਾਨ ਸ਼ਹਾਦਤ ਰਹੀ ਭੁਗਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸਿਖਿਆ ਗਏ ਦ੍ਰਿੜਾਈ, ਜੀਵਾਂ ਜੰਤਾਂ ਮਾਤ ਜਣਾਈਆ । ਬਿਨ ਸਤਿਗੁਰ ਪੂਰੇ ਪੁਰਖ ਅਕਾਲ ਕੋਈ ਨਾ ਪਕੜੇ ਬਾਂਹੀਂ, ਫੜ ਬਾਂਹੋਂ ਗਲੇ



੭੩੪ ੧੯

ਨਾ ਕੋਇ ਲਗਾਈਆ । ਸਾਰੇ ਓਸ ਦੇ ਅੱਗੇ ਕਰਦੇ ਰਹੇ ਸਵਾਲ, ਬਣ ਸਵਾਲੀ ਅਲਖ ਜਗਾਈਆ । ਨਿਰਗੁਣ ਸਰਗੁਣ ਹੋ ਕੇ ਗਏ ਦਲਾਲ, ਜਗਤ ਦਲਾਲੀ ਇਕ ਕਮਾਈਆ । ਅੰਤ ਕਹਿ ਕੇ ਗਏ ਪਰਮ ਪੁਰਖ ਪਰਮਾਤਮ ਆਤਮ ਕਰੇ ਸਦਾ ਸੰਭਾਲ, ਨਿਤ ਨਵਿਤ ਕਰ ਕਰ ਹਿਤ, ਆਪਣਾ ਮੇਲ ਮਿਲਾਈਆ । ਜਿਸ ਦੇ ਦਰ ਨਾ ਕੋਈ ਸ਼ਾਹ ਨਾ ਕੰਗਾਲ, ਰਾਉ ਰੰਕ ਇਕੋ ਨਜ਼ਰੀ ਆਈਆ । ਊਚ ਨੀਚ ਰਾਉ ਰੰਕ ਹਰ ਘਟ ਅੰਦਰ ਜੋਤੀ ਰਿਹਾ ਬਾਲ, ਦੀਨ ਮਜ਼੍ਹਬ ਪੁਰਖ ਅਕਾਲ ਸਚਖੰਡ ਵੰਡ ਨਾ ਕੋਇ ਰਖਾਈਆ । ਜੁਗ ਚੌਕੜੀ ਭਗਤ ਭਗਵੰਤ ਲਏ ਭਾਲ, ਲੱਭਣ ਆਵੇ ਚਾਈਂ ਚਾਈਆ । ਕਾਇਆ ਮੰਦਰ ਵੇਖ ਸੱਚੀ ਧਰਮਸਾਲ, ਧਰਮ ਦਵਾਰੇ ਲਏ ਮਿਲਾਈਆ । ਮੇਲ ਮਿਲਾਏ ਹੋਏ ਖ਼ੁਸ਼ਹਾਲ, ਖ਼ੁਸ਼ੀਆਂ ਗੀਤ ਸੁਣਾਈਆ । ਸੰਤ ਸੁਹੇਲਾ ਮੇਰਾ ਲਾਲ, ਅਨਮੁਲੜਾ ਮਾਣਕ ਮੋਤੀ ਨਜ਼ਰੀ ਆਈਆ । ਜਿਸ ਦਾ ਗੁਰੂ ਸ਼ਬਦ ਬਣੇ ਦਲਾਲ, ਪੰਜ ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਇਕੇਲਾ ਨਿਤ ਨਵਿਤ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸਾਚੀ ਸੇਵ ਕਮਾਈਆ ।

★ ੧੯ ਫੱਗਣ ੨੦੨੦ ਬਿਕ੍ਰਮੀ ਮਾਨ ਸਿੰਘ ਦੇ ਗ੍ਰਿਹਿ ਪਿੰਡ ਬੋਡੀ ਜ਼ਿਲਾ ਕਰਨਾਲ ★



ਨਿਰਗੁਣ ਰੂਪ ਪੁਰਖ ਸਮਰਥ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਸਚਖੰਡ ਨਿਵਾਸੀ ਖੋਲ੍ਹ ਅੱਖ, ਆਖਰ ਤੇਰੀ ਓਟ ਤਕਾਈਆ । ਗੁਰ ਅਵਤਾਰ ਜੋੜਨ ਹੱਥ, ਨਿਉਂ ਨਿਉਂ ਸੀਸ ਨਿਵਾਈਆ । ਪੀਰ ਪੈਗ਼ੰਬਰ ਚਰਨੀ ਰਹੇ ਢੱਠ, ਸਜਦਾ ਇਕੋ ਇਕ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਨੱਠ, ਭੱਜਣ ਵਾਹੋ ਦਾਹੀਆ । ਤ੍ਰੈਗੁਣ ਮਾਇਆ ਵਾਸਤਾ ਰਹੀ ਘੱਤ, ਗਲ ਪੱਲੂ ਏਕਾ ਪਾਈਆ । ਪੰਜ ਤਤ ਅਗਨੀ ਰਿਹਾ ਮੱਚ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨੌ ਖੰਡ ਪ੍ਰਿਥਮੀ ਲੱਗੀ ਅੱਗ, ਸੱਤ ਦੀਪ ਨਾ ਕੋਇ ਬੁਝਾਈਆ । ਕਿਸੇ ਦਰਸ ਮਿਲੇ ਨਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਨਜ਼ਰ ਨਾ ਆਈਆ । ਮੱਕੇ ਕਾਅਬੇ ਭੁੱਲਾ ਸਭ ਨੂੰ ਹੱਜ, ਹੁਜਰਾ ਹੱਕ ਨਾ ਕੋਇ ਵਖਾਈਆ । ਸਚ ਈਮਾਨ ਸਾਰੇ ਗਏ ਤਜ, ਤਕਵਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚਖੰਡ ਨਿਵਾਸੀ ਪੁਰਖ ਅਕਾਲ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਗੁਰ ਅਵਤਾਰ ਸੁਣਾਵਣ ਹਾਲ, ਬਿਨ ਰਸਨਾ ਜਿਹਵਾ ਬੋਲ ਅਲਾਈਆ । ਪੀਰ ਪੈਗ਼ੰਬਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਖ਼ਾਲਕ ਖ਼ਲਕ ਵੇਖ ਆਪਣਾ ਸੰਸਾਰ, ਮਖ਼ਲੂਕ ਰੋਵੇ ਦਏ ਦੁਹਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਮਿਲੇ ਮੇਲ ਨਾ ਪਰਵਰਦਿਗਾਰ, ਸ਼ਿਰਕਤ ਸਕੇ ਨਾ ਕੋਇ ਮਿਟਾਈਆ । ਕਾਤਬ ਬਣੇ ਨਾ ਕੋਇ ਲਿਖਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਧੂਅੰਧਾਰ, ਦੀਆ ਬਾਤੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਦੱਸ, ਸਚ ਸਚ ਹਾਲ ਜਣਾਈਆ । ਪੁਰਖ ਅਬਿਨਾਸ਼ੀ ਸਾਡੇ ਨਹੀਂ ਕੁਛ ਵਸ, ਵਾਸਤਾ ਤੇਰੇ ਅੱਗੇ ਪਾਈਆ । ਕਲਜੁਗ ਕੂੜੀ ਰੈਣ ਅੰਧੇਰੀ ਮਸ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ ।

ਫਿਰੀ ਦੁਹਾਈ ਸ਼ਿਵਦਵਾਲੇ ਮੰਦਰ ਮਸਜਦ ਮੱਠ, ਸਚ ਪ੍ਰੀਤੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਅਗੰਮ ਅਥਾਹ ਆਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਬੋਲ, ਅਨਬੋਲਤ ਰਾਗ ਸੁਣਾਈਆ । ਸਚ ਵਸਤ ਨਾ ਸਾਡੇ ਕੋਲ, ਖ਼ਾਲੀ ਹੱਥ ਰਹੇ ਦਰਸਾਈਆ । ਕਲਜੁਗ ਕੂੜਾ ਵੱਜੇ ਢੋਲ, ਸਚ ਮਰਦੰਗ ਨਾ ਕੋਇ ਸੁਣਾਈਆ । ਚਾਰ ਵਰਨਾਂ ਬਣੇ ਨਾ ਕੋਇ ਵਿਚੋਲ, ਸਾਚਾ ਮੇਲ ਨਾ ਕੋਇ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਚਾਇਆ ਘੋਲ, ਮਾਇਆ ਮਮਤਾ ਕਰੇ ਲੜਾਈਆ । ਸਾਚੇ ਕੰਡੇ ਤੋਲੇ ਕੋਈ ਨਾ ਤੋਲ, ਨਾਮ ਤਰਾਜ਼ੂ ਹੱਥ ਕਿਸੇ ਨਾ ਆਈਆ । ਆਤਮ ਪਰਮਾਤਮ ਦਵਾਰਾ ਦੇਵੇ ਨਾ ਕੋਈ ਖੋਲ੍ਹ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਚੌਦਾਂ ਵਿਦਿਆ ਹੋਏ ਅਨਭੋਲ, ਪੁਰਖ ਅਬਿਨਾਸ਼ੀ ਤੇਰੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਤੇਈ ਅਵਤਾਰ ਮਾਰਨ ਧਾਹ, ਸਚਖੰਡ ਦਵਾਰੇ ਆਪ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਗਵਾਹ, ਸ਼ਹਾਦਤ ਦੇਵਣ ਥਾਉਂ ਥਾਈਂਆ । ਸ੍ਰਿਸ਼ਟ ਸਬਾਈ ਆਤਮ ਪਰਮਾਤਮ ਢੋਲਾ ਕੋਈ ਨਾ ਸਕੇ ਗਾ, ਨਾਉਂ ਨਿਰੰਕਾਰਾ ਹਿਰਦੇ ਹਰਿ ਨਾ ਕੋਇ ਵਸਾਈਆ । ਹੰਸ ਬੁਧੀ ਹੋਏ ਕਾਂ, ਚਾਰੋਂ ਕੁੰਟ ਕਾਗ ਵਾਂਗ ਕੁਰਲਾਈਆ । ਸਿਰ ਦੇਵੇ ਕੋਈ ਨਾ ਠੰਡੀ ਛਾਂ, ਅਗਨੀ ਤਤ ਨਾ ਕੋਇ ਬੁਝਾਈਆ । ਗ਼ਰੀਬ ਨਿਮਾਣਿਆਂ ਪਕੜੇ ਕੋਈ ਨਾ ਬਾਂਹ, ਸ਼ਾਹ ਪਾਤਸ਼ਾਹ ਰਾਜ ਰਾਜਾਨ ਸਾਚਾ ਅਦਲ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੌਣ ਸੱਚ, ਸਚ ਸਚ ਦ੍ਰਿੜਾਈਆ । ਆ ਕੇ ਵੇਖ ਆਪਣੀ ਅੱਖ, ਨਿਜ ਨੇਤਰ ਇਕ ਖੁਲ੍ਹਾਈਆ । ਸ੍ਰਿਸ਼ਟ ਸਬਾਈ ਤੁਟਾ ਹਠ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਘਰ ਘਰ ਨਾੜੀ ਨਾੜੀ ਉਬਲੇ ਰਤ, ਭਾਈ ਭਾਈ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਫੇਰਾ ਪਾਈਆ । ਤ੍ਰੈਗੁਣ ਮਾਇਆ ਰਹੀ ਰੋ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਕੋਈ ਨਾ ਦੇਵੇ ਢੋਆ ਢੋ, ਸਾਚੀ ਵਸਤ ਸੰਗ ਨਾ ਕੋਇ ਨਿਭਾਈਆ । ਆਤਮ ਪਰਮਾਤਮ ਪ੍ਰਭ ਤੇਰਾ ਤੁਟਾ ਮੋਹ, ਕਲਜੁਗ ਸਦ ਅਨੰਤ ਕੂੜੀ ਕਿਰਿਆ ਡੇਰਾ ਲਾਈਆ । ਤੇਰਾ ਰੂਪ ਸਤਿ ਸਰੂਪ ਕੋਈ ਨਾ ਜਾਵੇ ਹੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਾਹਿਬ ਸਤਿਗੁਰ ਦੀਨ ਦਿਆਲ, ਬੇਪਰਵਾਹ ਦਇਆ ਕਮਾਇੰਦਾ । ਸਚਖੰਡ ਨਿਵਾਸੀ ਪੁਰਖ ਅਕਾਲ, ਧੁਰ ਸੰਦੇਸਾ ਇਕ ਅਲਾਇੰਦਾ । ਨਿਰਗੁਣ ਸਰਗੁਣ ਕਰੇ ਖ਼ਿਆਲ, ਪਰਦਾ ਆਪਣਾ ਆਪ ਚੁਕਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਦੋ ਜਹਾਨਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਵੇ ਸਾਰ, ਮਹਾਂਸਾਰਥੀ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਏ ਅਧਾਰ, ਸਚ ਸੰਦੇਸਾ ਇਕ ਅਲਾਇੰਦਾ । ਪੂਰਬ ਲੇਖਾ ਲਓ ਵਿਚਾਰ, ਵਾਕ ਭਵਿਖਤ ਆਪ ਦ੍ਰਿੜਾਇੰਦਾ । ਕਲਮ ਸ਼ਾਹੀ ਕਰੇ ਪੁਕਾਰ, ਕਾਗ਼ਜ਼ ਆਪਣਾ ਰੰਗ ਵਖਾਇੰਦਾ । ਕਲਜੁਗ ਖੇਲ ਕਰੇ ਨਿਰੰਕਾਰ, ਅੰਤਮ ਆਪਣਾ ਵੇਸ ਵਟਾਇੰਦਾ । ਜੋਤੀ ਜਾਤਾ ਸਿਰਜਣਹਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਅਲਖ ਅਗੋਚਰ ਅਗੰਮ ਅਥਾਹ ਹੋਏ ਉਜਿਆਰ, ਦੋ ਜਹਾਨਾ ਵਾਲੀ ਫੇਰਾ ਪਾਇੰਦਾ । ਪੀਰ ਪੈਗ਼ੰਬਰਾਂ ਜਾਏ ਪੈਜ ਸੁਆਰ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਆਪ

ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੱਸੇ ਭਗਵਾਨ, ਸੋ ਸਾਹਿਬ
ਸਤਿਗੁਰ ਆਪ ਜਣਾਈਆ । ਸ਼ਾਹੋ ਭੂਪ ਰਾਜ ਰਾਜਾਨ, ਬੇਪਰਵਾਹ ਆਪਣਾ ਫੇਰਾ ਪਾਈਆ । ਆਦਿ ਜੁਗਾਦੀ ਹੁਕਮਰਾਨ, ਹੁਕਮ ਹਾਕਮ ਇਕ
ਦ੍ਰਿੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਵੇਖੇ ਮਾਰ ਧਿਆਨ, ਗਗਨ ਗਗਨੰਤਰ ਖੋਜ ਖੁਜਾਈਆ । ਲਹਿਣਾ ਦੇਣਾ ਚੁਕਾਏ ਜ਼ਿਮੀ
ਅਸਮਾਨ, ਮੰਡਲ ਮੰਡਪ ਆਪਣਾ ਫੇਰਾ ਪਾਈਆ । ਗੁਰ ਅਵਤਾਰ ਕਰੋ ਧਿਆਨ, ਸਚਖੰਡ ਨਿਵਾਸੀ ਅੱਖ ਖੁਲ੍ਹਾਈਆ । ਪੀਰ ਪੈਗੰਬਰ ਕਰੋ
ਪਹਿਚਾਨ, ਵਾਹਦ ਲਾਸ਼ਰੀਕ ਇਕੋ ਨਜ਼ਰੀ ਆਈਆ । ਜਿਸ ਦਾ ਕਲਮਾ ਇਲਾਹੀ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਿਸ ਦਾ ਮੰਤਰ
ਸਤਿਨਾਮ, ਦੋ ਜਹਾਨਾਂ ਦਏ ਸੁਣਾਈਆ । ਜਿਸ ਦਾ ਫ਼ਤਹਿ ਡੰਕਾ ਵੱਜੇ ਲੱਖ ਚੁਰਾਸੀ ਸੁਣੇ ਜੀਵ ਅਵਾਣ, ਸੋਇਆ ਕੋਇ ਰਹਿਣ ਨਾ ਪਾਈਆ ।
ਜਿਸ ਦਾ ਪੂਤ ਸਪੂਤਾ ਗੋਬਿੰਦ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ ਦਾ ਖੜਗ ਖੰਡਾ ਤਿਖਾ ਤੇਜ਼ ਕਿਰਪਾਨ, ਦੋ ਧਾਰਾ
ਮੁਖ ਵਖਾਈਆ । ਜਿਸ ਦਾ ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਸੁਣਾ, ਪਾਰਬ੍ਰਹਮ ਤੇਰੀ ਵਡ ਵਡਿਆਈਆ ।
ਪੁਰਖ ਅਕਾਲ ਫੇਰਾ ਪਾ, ਅਕਲ ਕਲ ਤੇਰੀ ਇਕ ਸ਼ਰਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ ।
ਚਾਰ ਵਰਨਾਂ ਅਠਾਰਾਂ ਬਰਨਾਂ ਦੇ ਸਲਾਹ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਸਮਝਾਈਆ । ਪੁਰਖ ਅਕਾਲ ਇਕੋ ਇਸ਼ਟ ਲਵੋ ਮਨਾ, ਦ੍ਰਿਸ਼ਟ
ਸਭ ਦੀ ਦਏ ਖੁਲ੍ਹਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰ ਇਕੋ ਰੰਗ ਰੰਗਾ, ਰੰਗ ਤੇਰਾ ਨਜ਼ਰੀ ਆਈਆ । ਹੰ ਬ੍ਰਹਮ ਦਏ
ਸਮਝਾ, ਆਤਮ ਪਰਮਾਤਮ ਮੇਲ ਮਿਲਾਈਆ । ਤੇਰਾ ਨੂਰ ਨਾ ਹੋਏ ਜੁਦਾ, ਮੁਰੀਦ ਮੁਰਸ਼ਦ ਏਕਾ ਧਾਮ ਸੋਭਾ ਪਾਈਆ । ਮੁਕਾਮੇ ਹੱਕ ਕਰ
ਰੁਸ਼ਨਾ, ਨੂਰੀ ਜਲਵਾ ਇਕ ਵਖਾਈਆ । ਈਸਾ ਮੂਸਾ ਮੁਹੰਮਦ ਦਰ ਸੀਸ ਰਹੇ ਝੁਕਾ, ਮੱਥੇ ਧੂੜੀ ਟਿੱਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਇਕ ਸਰਨਾਈਆ । ਪੀਰ ਪੈਗੰਬਰ ਕਹਿਣ ਅਮਾਮ, ਹੱਕ ਤੇਰੀ ਸਰਨਾਈਆ । ਦਾਮਨਗੀਰ ਪਕੜ
ਦਾਮ, ਪੱਲੂ ਆਪਣੇ ਨਾਲ ਬੰਧਾਈਆ । ਪੁਰਖ ਅਬਿਨਾਸ਼ੀ ਧੁਰ ਦੇ ਰਾਮ, ਰਮਈਆ ਤੇਰੀ ਇਕ ਸਰਨਾਈਆ । ਸਤਿ ਸਰੂਪੀ ਪੁਰਖ ਅਕਾਲ,
ਅਕਲ ਕਲਧਾਰੀ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਸਤਿਜੁਗ ਤ੍ਰੇਤਾ
ਦਵਾਪਰ ਕਲਜੁਗ ਤੇਰੇ ਅੱਗੇ ਕਰਦੇ ਗਏ ਸਵਾਲ, ਬਣ ਸਵਾਲੀ ਅਲਖ ਜਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਪੌਣੀ
ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੁਧ ਬਿਨ ਨਜ਼ਰ ਕੋਈ ਨਾ ਆਈਆ ।
ਸਚਖੰਡ ਨਿਵਾਸੀ ਪਾਰਬ੍ਰਹਮ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਤੇਰਾ ਖੇਲ ਅਲਖ ਅਗੰਮ, ਅਗੋਚਰ ਤੇਰੀ ਸਾਰ ਕਿਸੇ ਨਾ ਆਈਆ ।
ਨਾ ਮਰੇ ਨਾ ਪਏ ਜੰਮ, ਅਜੂਨੀ ਰਹਿਤ ਬੇਪਰਵਾਹੀਆ । ਜੁਗ ਚੌਕੜੀ ਬੇੜਾ ਦੇਵੇ ਬੰਨ੍ਹ, ਨਵ ਨਵ ਚਾਰ ਵੇਖ ਵਖਾਈਆ । ਸ਼ਬਦ ਨਾਦ ਸੁਣਾਏ
ਧੁੰਨ, ਸਾਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਲਜੁਗ ਚਾਰੋਂ ਕੁੰਟ ਅੰਧੇਰਾ

ਛਾਈਆ । ਕਲਜੁਗ ਵੇਖੋ ਅੰਧੇਰੀ ਰਾਤ, ਚੰਦ ਚਾਂਦਨਾ ਨਜ਼ਰ ਕੋਈ ਨਾ ਆਈਆ । ਨਾਤਾ ਤੁਟਾ ਪਿਤਾ ਪੂਤ ਮਾਤ, ਨਾਰ ਕੰਤ ਨਾ ਕੋਇ ਹੰਢਾਈਆ । ਮਿਲੇ ਮੇਲ ਨਾ ਸੱਜਣ ਸਾਕ, ਬੰਧਨ ਬੰਦਪ ਨਾ ਕੋਇ ਰਖਾਈਆ । ਕੂੜੀ ਕਿਰਿਆ ਉਡੇ ਖ਼ਾਕ, ਸਾਚੀ ਧੂੜ ਨਾ ਕੋਇ ਰਮਾਈਆ । ਊਚ ਨੀਚ ਨਾ ਦਿਸੇ ਕੋਈ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਕਾਇਆ ਮੰਦਰ ਖੋਲ੍ਹੇ ਕੋਈ ਨਾ ਤਾਕ, ਬਜਰ ਕਪਾਟੀ ਕੁੰਡਾ ਕੋਇ ਨਾ ਲਾਹੀਆ । ਕੋਈ ਨਾ ਜਾਣੇ ਤੇਰੇ ਭਵਿਖਤ ਵਾਕ, ਭਾਂਡਾ ਭਰਮ ਨਾ ਕੋਇ ਭੰਨਾਈਆ । ਸ੍ਰਿਸ਼ਟ ਸਬਾਈ ਭੁੱਲੀ ਜਾਤ ਪਾਤ, ਦੀਨ ਮਜ਼੍ਹਬ ਊਚ ਨੀਚ ਕਰੇ ਲੜਾਈਆ । ਨਾਨਕ ਨਿਰਗੁਣ ਸਤਿ ਸਤਿ ਸਭ ਨੂੰ ਗਿਆ ਆਖ, ਗੋਬਿੰਦ ਅੰਮ੍ਰਿਤ ਜਾਮ ਪਿਆਈਆ । ਸਰਬ ਜੀਆਂ ਦਾ ਪੁਰਖ ਅਬਿਨਾਸ਼, ਪਿਤਾ ਮਾਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਸੱਚਾ ਘਰ, ਜਿਸ ਘਰ ਲੱਖ ਚੁਰਾਸੀ ਡੇਰਾ ਲਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ, ਪ੍ਰਭ ਤੇਰੀ ਆਸ ਰਖਾਈਆ । ਆਪਣੇ ਲੇਖੇ ਲਾ ਬੂੰਦ ਰਕਤ, ਪੰਜ ਤਤ ਤੇਰੀ ਝੋਲੀ ਪਾਈਆ । ਮਾਨਸ ਜਨਮ ਵਿਚ ਰਹਿ ਨਾ ਜਾਏ ਫਰਕ, ਫੈਸਲਾ ਇਕੋ ਦੇ ਸੁਣਾਈਆ । ਕਰਮ ਕਾਂਡ ਕਰ ਤਰਕ, ਕੂੜੀ ਕਿਰਿਆ ਡੇਰਾ ਢਾਹੀਆ । ਨਾਮ ਕਸਵੱਟੀ ਲਾ ਕੇ ਪਰਖ, ਪਾਰਖੂ ਆਪੇ ਹੋਏ ਸਹਾਈਆ । ਮਰਦ ਮਰਦਾਨੇ ਸੂਰੇ ਮਰਦ, ਸਚ ਮਰਦਾਨਗੀ ਤੇਰੀ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਨਾਲ ਵੰਡ ਦਰਦ, ਦਰਦੀ ਹੋ ਕੇ ਸੇਵ ਕਮਾਈਆ । ਸਚਖੰਡ ਦਵਾਰੇ ਇਕੋ ਅਰਜ਼, ਆਰਜ਼ੂ ਤੇਰੇ ਅੱਗੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜਨ ਭਗਤ ਰਹੇ ਕੁਰਲਾਈਆ । ਸੰਤ ਕਹਿਣ ਸੁਣ ਸਤਿਗੁਰ ਸਤਿ, ਸਚ ਸਚ ਦ੍ਰਿੜਾਈਆ । ਕਲਜੁਗ ਜੀਵਾਂ ਭੁੱਲੀ ਬ੍ਰਹਮ ਮਤ, ਮਨਮਤ ਰਹੀ ਕੁਰਲਾਈਆ । ਘਰ ਘਰ ਉਬਲੇ ਬਹੱਤਰ ਨਾੜੀ ਰੱਤ, ਤਿੰਨ ਸੌ ਸੱਠ ਹਾਡੀ ਧੀਰ ਨਾ ਕੋਈ ਧਰਾਈਆ । ਹਰਿ ਕਾ ਨਾਮ ਕੋਈ ਨਾ ਲਏ ਰਟ, ਮਨ ਕਾ ਮਣਕਾ ਨਾ ਕੋਈ ਭਵਾਈਆ । ਤੇਰੇ ਮਿਲਣ ਦੀ ਕੋਈ ਨਾ ਰੱਖੇ ਆਸ, ਕੂੜੀ ਕਿਰਿਆ ਮੇਲਾ ਆਪਣਾ ਰਹੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਾਹਿਬ ਸੁਲਤਾਨ ਹਰਿ ਸਮਝੌਂਦਾ ਏ । ਦੀਨ ਦਿਆਲ ਦਇਆ ਕਮੌਂਦਾ ਏ । ਵਿਸ਼ਨ ਵਿਸ਼ਵ ਧਾਰ ਵਖੌਂਦਾ ਏ । ਬ੍ਰਹਮਾ ਬ੍ਰਹਮ ਰੂਪ ਉਠੌਂਦਾ ਏ । ਸ਼ੰਕਰ ਤੇਰਾ ਸਹਿੰਸਾ ਰੋਗ ਚੁਕੌਂਦਾ ਏ । ਗੁਰ ਅਵਤਾਰ ਲਿਖਿਆ ਲੇਖ ਪੂਰ ਕਰੌਂਦਾ ਏ । ਪੀਰ ਪੈਗ਼ੰਬਰ ਤੇਰੀ ਆਸਾ ਮਨਸਾ ਆਪਣੇ ਨਾਲ ਮਲੌਂਦਾ ਏ । ਭਗਤ ਭਗਵਾਨ ਪਰਦਾ ਆਪ ਚੁਕੌਂਦਾ ਏ । ਸਚ ਧਰਮ ਦਾ ਇਕ ਨਿਸ਼ਾਨ, ਸਾਚੇ ਤਿੰਨ ਹੱਥ ਅੰਦਰ ਆਪ ਪਰਗਟੌਂਦਾ ਏ । ਦੀਆ ਬਾਤੀ ਜੋਤੀ ਜਗੇ ਮਹਾਨ, ਘਰ ਮੰਦਰ ਸੋਭਾ ਪੌਂਦਾ ਏ । ਸ਼ਬਦ ਅਗੰਮ ਸੁਣਾਏ ਧੁਨਕਾਨ, ਅਗੰਮੀ ਰਾਗ ਅਲੌਂਦਾ ਏ । ਕਲਜੁਗ ਕੂੜੀ ਕਿਰਿਆ ਮਿਟੇ ਸ਼ੈਤਾਨ, ਸ਼ਰਅ ਸ਼ਰੀਅਤ ਡੇਰਾ ਢੌਂਦਾ ਏ । ਸਾਚਾ ਬਦਲੇ ਆਪ ਨਜ਼ਾਮ, ਨੌਬਤ ਆਪਣਾ ਨਾਮ ਵਜੌਂਦਾ ਏ । ਚੌਦਾਂ ਲੋਕ ਹੋਣ ਹੈਰਾਨ, ਚੌਦਾਂ ਤਬਕ ਭੇਵ ਖੁਲ੍ਹੌਂਦਾ ਏ । ਚੌਦਾਂ ਸਦੀ ਕਰੇ ਪਰਨਾਮ, ਨਿਉਂ ਨਿਉਂ ਸੀਸ ਝੁਕੌਂਦਾ ਏ । ਧੁਰ ਸੰਦੇਸਾ ਇਕ ਪੈਗ਼ਾਮ, ਪੀਰ ਪੈਗ਼ੰਬਰਾਂ ਆਪ ਪੜ੍ਹਾਉਂਦਾ ਏ । ਸ਼ਬਦ ਅਗੰਮੀ ਨੌਜਵਾਨ, ਸਤਿਗੁਰ ਆਪਣਾ ਹੁਕਮ ਵਰਤੌਂਦਾ ਏ । ਸਾਚਾ ਚਿੱਲਾ ਤੀਰ ਕਮਾਨ, ਤਰਕਸ ਆਪਣੇ ਹੱਥ ਉਠੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵਾਲੀ ਵੇਖ

ਵਖੌਂਦਾ ਏ । ਦੋ ਜਹਾਨਾਂ ਵੇਖ ਵਖਾਵੇਗਾ । ਸੋ ਪੁਰਖ ਨਿਰੰਜਣ ਵੇਸ ਵਟਾਵੇਗਾ । ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਨਾਮ ਧਰਾਵੇਗਾ । ਸਚਖੰਡ ਦਵਾਰੇ ਹੋ ਉਜਿਆਰ, ਜੋਤੀ ਜਾਤਾ ਸਤਿ ਸਰੂਪ ਆਪਣਾ ਰੂਪ ਆਪ ਪਰਗਟਾਵੇਗਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਵੇਗਾ । ਕੂੜੀ ਕਿਰਿਆ ਮਾਰੇ ਮਾਰ, ਨਾਮ ਖੰਡਾ ਇਕ ਚਮਕਾਵੇਗਾ । ਨੌ ਸੌ ਚੁਰਾਨਵੇ ਜੁਗ ਕਰਨਹਾਰਾ ਪਾਰ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਵੇਗਾ । ਸਤਿਜੁਗ ਸਾਚੇ ਦਏ ਅਧਾਰ, ਰਹਿਬਰ ਇਕੋ ਇਕ ਅਖਵਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਪ੍ਰਭੂ ਕਰਾਵੇਗਾ । ਕਲਜੁਗ ਅੰਤਮ ਡੇਰਾ ਢਾਵੇਗਾ । ਮਾਇਆ ਮਮਤਾ ਮੋਹ ਚੁਕਾਵੇਗਾ । ਹਉਮੇਂ ਹੰਗਤਾ ਰੋਗ ਗਵਾਵੇਗਾ । ਚਾਰ ਵਰਨ ਦੀ ਇਕੋ ਸੰਗਤਾ, ਸਤਿ ਸਤਿਵਾਦੀ ਆਪ ਬਣਾਵੇਗਾ । ਹਰਿ ਕਾ ਭੇਵ ਨਾ ਪਾਵੇ ਕੋਈ ਪੰਡਤਾ, ਮੁਲਾਂ ਸ਼ੇਖ਼ ਹੱਥ ਕਿਸੇ ਨਾ ਆਵੇਗਾ । ਦੇਵੇ ਵਡਿਆਈ ਜੋ ਭੁੱਖਾ ਨੰਗਤਾ, ਗ਼ਰੀਬ ਨਿਮਾਣਿਆਂ ਆਪਣੀ ਗੋਦ ਬਹਾਵੇਗਾ । ਲੇਖਾ ਜਾਣੇ ਜੇਰਜ ਅੰਡਜਾ, ਉਤਭੁਜ ਸੇਤਜ ਪਰਦਾ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਇਕ ਉਠਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਇਸ਼ਾਰਾ, ਹਰਿ ਸਾਚੇ ਸਚ ਜਣਾਈਆ । ਕਲਜੁਗ ਅੰਤਮ ਸੰਤਾਂ ਭਗਤਾਂ ਚਲੇ ਨਾ ਕੋਈ ਚਾਰਾ, ਸਾਰੇ ਬੈਠੇ ਮੁਖ ਛੁਪਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਮਾਰੇ ਇਕ ਲਲਕਾਰਾ, ਉਚੀ ਕੂਕ ਕੂਕ ਸੁਣਾਈਆ । ਸਾਧ ਸੰਤ ਆਤਮ ਪਰਮਾਤਮ ਕਰੇ ਨਾ ਕੋਈ ਪਿਆਰਾ, ਪਾਰਬ੍ਰਹਮ ਮੇਲ ਨਾ ਕੋਈ ਮਿਲਾਈਆ । ਦਰ ਦਰ ਨੱਚੇ ਪੰਚ ਪੰਚ ਵਕਾਰਾ, ਪੰਚਮ ਸ਼ਬਦ ਨਾਦ ਧੁਨ ਸਚ ਕਰੇ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਚ ਤੇਰੀ ਇਕ ਸਰਨਾਈਆ । ਸਾਹਿਬ ਸਤਿਗੁਰ ਸਚ ਦ੍ਰਿੜੌਂਦਾ ਏ । ਪੁਰਖ ਅਕਾਲ ਹੁਕਮ ਸੁਣੌਂਦਾ ਏ । ਦੋ ਜਹਾਨ ਵੇਖ ਵਖੌਂਦਾ ਏ । ਬ੍ਰਹਿਮੰਡ ਖੰਡ ਖੋਜ ਖੁਜੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਹਿਲੌਂਦਾ ਏ । ਗੁਰ ਅਵਤਾਰ ਨਾਲ ਮਿਲੌਂਦਾ ਏ । ਪੀਰ ਪੈਗ਼ੰਬਰ ਉਂਗਲੀ ਲੌਂਦਾ ਏ । ਲੋਕਮਾਤ ਵੇਖ ਵਖੌਂਦਾ ਏ । ਸਚ ਵਸਤ ਨਾ ਕਿਸੇ ਪਾਸ, ਲੱਖ ਚੁਰਾਸੀ ਫੋਲ ਫੁਲੌਂਦਾ ਏ । ਕੋਟਨ ਵਿਚੋਂ ਗੁਰਮੁਖ ਵਿਰਲੇ ਬੈਠੇ ਉਦਾਸ, ਜੋ ਹਿਰਦੇ ਹਰਿ ਹਰਿ ਧਿਆਨ ਲਗੌਂਦਾ ਏ । ਰਸਨਾ ਜਪਣ ਸਵਾਸ ਸਵਾਸ, ਪਵਣ ਓਵੰਜਾ ਡੇਰਾ ਢੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣੌਂਦਾ ਏ । ਸਾਚਾ ਖੇਲ ਸਚ ਜਣਾਏਗਾ । ਪ੍ਰਭੂ ਆਪਣੀ ਰਚਨ ਰਚਾਏਗਾ । ਪੂਰਬ ਕੀਤਾ ਬਚਨ ਤੋੜ ਨਿਭਾਏਗਾ । ਗੁਰਮੁਖ ਹੀਰੇ ਲਾਲ ਅਮੋਲਕ ਰਤਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਏਗਾ । ਆਪ ਬਣਾਏ ਕਾਇਆ ਮਾਟੀ ਕੰਚਨ, ਸਚ ਪਾਰਸ ਨਾਮ ਲਗਾਏਗਾ । ਕਲਜੁਗ ਅਗਨੀ ਮੂਲ ਨਾ ਮੱਚਣ, ਅੰਮ੍ਰਿਤ ਮੇਘ ਇਕ ਬਰਸਾਏਗਾ । ਕੂੜੀ ਕਿਰਿਆ ਹਰਿਜਨ ਤੱਜਣ, ਸਚ ਸੁਚ ਇਕ ਸਮਝਾਏਗਾ । ਪਰਮ ਪੁਰਖ ਦਾ ਕਰਨ ਭਜਨ, ਬੰਦਗੀ ਇਕੋ ਇਕ ਵਖਾਏਗਾ । ਅੱਠੇ ਪਹਿਰ ਰਹਿਣ ਮਗਨ, ਜੋਤੀ ਜੋਤ ਜੋਤ ਮਿਲਾਏਗਾ । ਘਰ ਠਾਕਰ ਮਿਲੇ ਸੱਜਣ, ਨਿਰਗੁਣ ਆਪਣਾ ਫੇਰਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਏਗਾ । ਹਰਿਜਨ ਵੇਖੇ ਕਲਜੁਗ ਅੰਤ, ਹਰਿ ਕਰਤਾ ਵਡ ਵਡਿਆਈਆ । ਜਿਨ੍ਹਾਂ ਹਰਿ ਹਰਿ ਹਿਰਦੇ ਮਣੀਆ ਮੰਤ,

੭੪੦ ੧੯

ਗੁਰ ਕਾ ਸ਼ਬਦ ਰਹੇ ਕਮਾਈਆ । ਸੋ ਗੁਰਮੁਖ ਸੱਚੇ ਕਹੀਏ ਸੰਤ, ਵਡ ਮਿਲੇ ਬੇਪਰਵਾਹੀਆ । ਕਰੇ ਮਿਲਾਵਾ ਨਾਰ ਕੰਤ, ਘਰ ਸੱਜਣ ਸਹਿਜ ਸੁਭਾਈਆ । ਮਾਣਸ ਜਨਮ ਬਣਾਏ ਬਣਤ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸਚ ਬੋਲ, ਦਰਗਾਹ ਸਾਚੀ ਸਚ ਸੁਣਾਈਆ । ਕਲਜੁਗ ਵੇਖ ਚਾਰੋਂ ਕੁੰਟ ਸ੍ਰਿਸ਼ਟ ਸਬਾਈ ਹੋਈ ਅਨਭੋਲ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੁਗ ਚੌਕੜੀ ਤੇਰਾ ਨਾਮ ਨਿਧਾਨਾ ਸ਼ਬਦ ਗਿਆਨਾ ਬੋਧ ਅਗਾਧਾ ਆਏ ਬੋਲ, ਲੇਖਾ ਲਿਖ ਕੇ ਕਲਮ ਸ਼ਾਹੀਆ । ਜੀਵ ਜੰਤ ਰਹੇ ਨਾ ਕੋਈ ਅਨਭੋਲ, ਮੂਰਖ ਮੂੜ੍ਹਾਂ ਮਿਲੇ ਵਡਿਆਈਆ । ਅੰਮ੍ਰਿਤ ਆਤਮ ਸਾਚਾ ਰਸ ਦੇ ਕੇ ਆਏ ਪੌਹਲ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਨਾਮ ਸਤਿ ਬ੍ਰਹਮ ਮਤ ਵਜਾ ਕੇ ਆਏ ਢੋਲ, ਡੰਕਾ ਫ਼ਤਹਿ ਇਕ ਸੁਣਾਈਆ । ਸਚ ਜੈਕਾਰਾ ਤੇਰਾ ਬੋਲ, ਖ਼ਬਰਦਾਰ ਕਰੀ ਲੋਕਾਈਆ । ਕਿਸੇ ਨਾਲ ਨਹੀਂ ਮਾਰਿਆ ਰੋਲ, ਧੋਖਾ ਜਗਤ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਸਦਾ ਵਿਚੋਲ, ਵਿਚੋਲਾ ਇਕੋ ਇਕ ਦ੍ਰਿੜਾਈਆ । ਹਰ ਘਟ ਜਾਏ ਮੌਲ, ਮੌਲਾ ਆਪਣਾ ਖੇਲ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਨਾਲ ਜੋ ਕਰ ਕੇ ਗਏ ਕੌਲ, ਕੀਤਾ ਕੌਲ ਇਕਰਾਰ ਤੋੜ ਨਿਭਾਈਆ । ਪੰਜ ਤਤ ਕਾਇਆ ਚੋਲਾ ਪਾ ਕੇ ਧਰਨੀ ਧਰਤ ਉਪਰ ਧੌਲ, ਧੌਲਾ ਹੌਲਾ ਭਾਰ ਕਰਾਈਆ । ਅੰਤਮ ਆਏ ਤੇਰੇ ਕੋਲ, ਤੇਰੇ ਚਰਨ ਮਿਲੀ ਸਰਨਾਈਆ । ਸਚਖੰਡ ਦਵਾਰੇ ਬੈਠੇ ਰਹੇ ਅਡੋਲ, ਅਡੁਲ ਡੁਲ ਕਦੇ ਨਾ ਜਾਈਆ । ਉਠ ਵੇਖ ਕਲਜੁਗ ਕੂੜੀ ਕਿਰਿਆ ਤ੍ਰੈਗੁਣ ਮਾਇਆ ਪੰਜ ਤਤ ਰਚਿਆ ਘੋਲ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਇਕ ਅਖਾੜਾ ਨਜ਼ਰੀ ਆਈਆ । ਮਨ ਮਮਤਾ ਹਉਮੇਂ ਹੰਗਤਾ ਵਜਾਏ ਢੋਲ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਮੁਕਾਈਆ । ਸੁਣ ਕੇ ਬਚਨ ਕਲਜੁਗ ਆਇਆ ਨੱਠ, ਦੂਰ ਦੁਰਾਡਾ ਪੰਧ ਮੁਕਾਈਆ । ਸ੍ਰੀ ਭਗਵਾਨ ਸਰਨਾਈ ਗਿਆ ਢੱਠ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੇਰਾ ਦੇ ਦੇ ਮੈਨੂੰ ਹੱਕ, ਹਕੀਕਤ ਮੇਰੀ ਝੋਲੀ ਪਾਈਆ । ਮੈਂ ਸਚ ਸਚ ਦੇਵਾਂ ਦੱਸ, ਜੋ ਲੋਕਮਾਤ ਸੇਵ ਕਮਾਈਆ । ਤੇਰੇ ਮਿਲਣ ਦੀ ਖੁਲ੍ਹਣ ਨਾ ਦਿਤੀ ਕਿਸੇ ਅੱਖ, ਸਾਧ ਸੰਤ ਦਿਤੇ ਭੁਲਾਈਆ । ਮੁਲਾਂ ਸ਼ੇਖ਼ ਪੰਡਤ ਪਾਂਧੇ ਧੀਆਂ ਭੈਣਾਂ ਨੇਤਰ ਰਹੇ ਤੱਕ, ਆਤਮ ਪਰਮਾਤਮ ਤੇਰਾ ਗਿਆਨ ਨਾ ਕੋਇ ਜਣਾਈਆ । ਲੱਖ ਚੁਰਾਸੀ ਨੱਕ ਵਿਚ ਪਾਈ ਨੱਥ, ਚਾਰੋਂ ਕੁੰਟ ਰਿਹਾ ਭਵਾਈਆ । ਸਭ ਦੇ ਖੇੜੇ ਕੀਤੇ ਭੱਠ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਕਾਮ ਵਾਸਨਾ ਸਾਰੇ ਰਹੇ ਹੱਸ, ਲੋਭ ਮੋਹ ਹੰਕਾਰ ਕਰੇ ਲੜਾਈਆ । ਸਭ ਦੇ ਖਾਲੀ ਵੇਖ ਹੱਡ, ਰਕਤ ਬੂੰਦ ਸੋਭਾ ਕੋਇ ਨਾ ਪਾਈਆ । ਤੇਰਾ ਪਿਆਰ ਪ੍ਰਭੂ ਸਾਰੇ ਗਏ ਛੱਡ, ਕੂੜੀ ਕਿਰਿਆ ਕਰੀ ਕੁੜਮਾਈਆ । ਕੋਈ ਨਾ ਬਣੇ ਵਿਸ਼ਵ ਯੱਦ, ਵਾਸਤਾ ਤੇਰੇ ਨਾਲ ਰਖਾਈਆ । ਨੌ ਦਵਾਰੇ ਕਿਸੇ ਪਾਰ ਨਾ ਹੋਵੇ ਹੱਦ, ਦਸਵੇਂ ਮੇਲ ਨਾ ਕੋਇ ਮਿਲਾਈਆ । ਮਾਇਆ ਮਮਤਾ ਘਰ ਘਰ ਲਾਈ ਅੱਗ, ਪਿਤਾ ਪੂਤ ਸਕੇ ਨਾ ਕੋਇ ਬੁਝਾਈਆ । ਹੁਣ ਤੇਰੇ ਕੋਲ ਆਇਆ ਭੱਜ, ਸਚ ਸੰਦੇਸਾ ਦਿਆਂ ਸੁਣਾਈਆ । ਮੱਕੇ ਕਾਅਬੇ ਕਿਸੇ ਦਾ ਪੂਰਾ ਹੋਵੇ ਨਾ ਹੱਜ, ਸਚ ਅਮਾਮ ਨਜ਼ਰ ਕਿਸੇ ਨਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਚਾ ਕਾਹਨ ਕੋਈ ਲਏ ਨਾ ਲੱਭ, ਬੰਸਰੀ ਨਾਮ ਨਾ ਕੋਇ ਸੁਣਾਈਆ । ਨਾਨਕ ਗੋਬਿੰਦ ਮਨਮੁਖਾਂ ਕੋਲੋਂ ਹੋਏ ਅਲੱਗ, ਅੰਦਰ ਵੜ ਦਰਸ ਕੋਇ ਨਾ ਪਾਈਆ ।

ਮੈਂ ਖ਼ੁਸ਼ੀਆਂ ਨਾਲ ਰਿਹਾ ਦੱਸ, ਹਰਿ ਜੂ ਤੇਰੀ ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਸੀਸ ਨਿਵਾਈਆ । ਕਲਜੁਗ ਕਹੇ ਮੈਂ ਤੇਰਾ ਛੋਟਾ ਬੱਚਾ, ਪ੍ਰਭ ਚੌਥਾ ਜੁਗ ਨਜ਼ਰੀ ਆਈਆ । ਸਭ ਨਾਲੋਂ ਨਿਕਲਿਆ ਬਹੁਤਾ ਸੱਚਾ, ਸੱਚੀ ਗੱਲ ਸਮਝਾਈਆ । ਖ਼ੁਸ਼ੀਆਂ ਨਾਲ ਮਾਰੇ ਕੱਛਾਂ, ਬਗਲਾ ਰਿਹਾ ਹਿਲਾਈਆ । ਨੌ ਖੰਡ ਪ੍ਰਿਥਮੀ ਪ੍ਰਭੂ ਮੈਂ ਨਟੂਆ ਬਣ ਕੇ ਨੱਚਾ, ਬਣ ਸਵਾਂਗੀ ਵੇਸ ਵਟਾਈਆ । ਜੀਵ ਜੰਤ ਮਨ ਮਮਤਾ ਕੀਤਾ ਕੱਚਾ, ਕੱਚਾ ਤੰਦ ਡੋਰੀ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਇਕ ਵਡਿਆਈਆ । ਪ੍ਰਭੂ ਮੈਨੂੰ ਕਹੁ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੈਂ ਕਿਸੇ ਮੰਦਰ ਪੈਣ ਨਾ ਦੇਵਾਂ ਰਾਸ, ਸਾਚੀ ਗੋਪੀ ਕਾਹਨ ਨਾ ਕੋਇ ਨਚਾਈਆ । ਸੀਤਾ ਸੁਰਤੀ ਰਾਮ ਨਾ ਵਸੇ ਪਾਸ, ਬਨ ਖੰਡ ਇਕੋ ਨਜ਼ਰੀ ਆਈਆ । ਨਿਰਮਲ ਜੋਤ ਹੋਣ ਨਾ ਦੇਵਾਂ ਪਰਕਾਸ਼, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਅੰਤਰ ਆਤਮ ਕੋਈ ਨਾ ਕਰੇ ਪੂਜਾ ਪਾਠ, ਰਸਨਾ ਜਿਹਵਾ ਬੱਤੀ ਦੰਦ ਸਰਬ ਹਲਕਾਈਆ । ਗੋਬਿੰਦ ਸੂਰਾ ਇਕੋ ਇਕ ਗਿਆ ਆਖ, ਸਚ ਸੰਦੇਸਾ ਮੋਹੇ ਸੁਣਾਈਆ । ਕਲਜੁਗ ਧੂੜੀ ਉਡੇ ਰਾਖ, ਚਾਰੋਂ ਕੁੰਟ ਖ਼ਾਕ ਵਖਾਈਆ । ਸ੍ਰਿਸ਼ਟ ਸਬਾਈ ਲੱਗੇ ਆਂਚ, ਅਗਨੀ ਸਕੇ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਮੇਰੀ ਚਤਰਾਈਆ । ਕਲਜੁਗ ਕਹੇ ਪ੍ਰਭ ਮੈਂ ਜੋਧਾ ਸੂਰਬੀਰ, ਤੇਰੇ ਹੁਕਮੇ ਅੰਦਰ ਖੇਲ ਕਰਾਇੰਦਾ । ਜੂਠ ਝੂਠ ਚਲਾਇਆ ਤੀਰ, ਚਾਰ ਵਰਨਾਂ ਪਾਰ ਕਰਾਇੰਦਾ । ਸ਼ਰਅ ਪਾ ਜਗਤ ਜ਼ੰਜੀਰ, ਕੜੀ ਕੜੀ ਨਾਲ ਬੰਧਾਇੰਦਾ । ਸਭ ਦੀ ਬਦਲ ਦਿਤੀ ਤਕਦੀਰ, ਸਚ ਤਦਬੀਰ ਨਾ ਕਿਸੇ ਸਮਝਾਇੰਦਾ । ਚੋਟੀ ਚੜ੍ਹੇ ਨਾ ਕੋਈ ਅਖ਼ੀਰ, ਮੰਜ਼ਲ ਸਭ ਦੀ ਬੰਦ ਕਰਾਇੰਦਾ । ਜੋ ਕਲਮਾ ਦੱਸ ਕੇ ਗਏ ਪੀਰ ਦਸਤਗੀਰ, ਵਾਸਤਾ ਸਭ ਦੇ ਨਾਲੋਂ ਤੁੜਾਇੰਦਾ । ਭੇਵ ਰਖਾਇਆ ਹਸਤ ਕੀਟ, ਸ਼ਾਹ ਫ਼ਕੀਰ ਪਰਦਾ ਨਾ ਕੋਇ ਉਠਾਇੰਦਾ । ਰਾਜ ਰਾਜਾਨਾਂ ਕਰਾਂ ਦਿਲਗੀਰ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਤੇਰਾ ਨੂਰ ਨਜ਼ਰ ਨਾ ਆਏ ਬੇਨਜ਼ੀਰ, ਨਜ਼ਮ ਨਗ਼ਮਾ ਹੱਕ ਨਾ ਕੋਇ ਸੁਣਾਇੰਦਾ । ਸਭ ਨੂੰ ਭੁੱਲੇ ਸਚ ਤਸਵੀਰ, ਤਸਬੀ ਮਾਲਾ ਸਭ ਦੇ ਗਲ ਵਿਚ ਲਟਕਾਇੰਦਾ । ਘਰ ਘਰ ਹਉਮੇਂ ਲੱਗੇ ਪੀੜ, ਬਿਰਹੋਂ ਰੋਗ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਮੋਹੇ ਵਰ, ਦਰ ਤੇਰੇ ਮੰਗ ਮੰਗਾਇੰਦਾ । ਮੇਰੀ ਮੰਗ ਤੇਰੇ ਦਰਬਾਰ, ਸਚਖੰਡ ਨਿਵਾਸੀ ਤੇਰੀ ਸਰਨਾਈਆ । ਉਠ ਵੇਖ ਮੇਰੇ ਨਿਰੰਕਾਰ, ਨਿਰਗੁਣ ਨਿਰਵੈਰ ਧਿਆਨ ਲਗਾਈਆ । ਪੰਜ ਤਤ ਅਖਾੜਾ ਬਣਿਆ ਹੰਕਾਰ, ਗੜ੍ਹ ਦਿਤਾ ਇਕ ਸੁਹਾਈਆ । ਕੂੜੀ ਕਿਰਿਆ ਬੋਲੇ ਜੈਕਾਰ, ਇਕੋ ਰਾਗ ਅਲਾਈਆ । ਸਚ ਨਾ ਕਰੇ ਕੋਈ ਪਿਆਰ, ਮੁਹੱਬਤ ਨਾਮ ਨਾ ਕੋਇ ਜੁੜਾਈਆ । ਮੈਂ ਬਰਖ਼ੁਰਦਾਰ ਤੇਰਾ ਪੁੱਤ ਤਾਬਿਆਦਾਰ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਮੇਰਾ ਲੇਖਾ ਚੌਦਾਂ ਸਦ, ਈਸਾ ਮੂਸਾ ਮੁਹੰਮਦ ਮੰਗ ਮੰਗਾਈਆ । ਫਿਰ ਵੇਖਾਂ ਤੇਰੀ ਹੱਦ, ਹਦੂਦ ਤੇਰੇ ਚਰਨਾਂ ਹੇਠ ਦਬਾਈਆ । ਪਤਿਪਰਮੇਸ਼ਵਰ ਮੈਂ ਨਿਤ ਸੁਣਾਵਾਂ ਆਪਣਾ ਸਦ, ਸਾਚਾ ਢੋਲਾ ਇਕ ਅਲਾਈਆ । ਤੇਰੇ ਨਾਲੋ ਕਦੀ ਨਾ ਹੋਵਾਂ ਅਲੱਗ, ਵਖਰਾ ਨਾਂ ਨਾ ਕੋਇ ਵਖਾਈਆ । ਤੇਰੇ ਹੁਕਮੇ ਅੰਦਰ ਸੇਵਾ ਕਰਾਂ ਹੱਸ ਹੱਸ, ਚਾਰੋਂ ਕੁੰਟ ਵੇਖ ਵਖਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਪ੍ਰਭ ਤੇਰੀ ਓਟ ਤਕਾਈਆ । ਗੁਰ

੭੪੧
੧੯

ਅਵਤਾਰ ਪੀਰ ਪੈਗ਼ੰਬਰ ਅੰਤਮ ਸਾਰੇ ਕਰ ਜਾਣ ਬਸ, ਬਸਤਾ ਲੋਕਮਾਤ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਣੀ ਇਕ ਵਡਿਆਈਆ । ਪੁਰਖ ਅਕਾਲ ਕਹੇ ਸੁਣ ਕਲਜੁਗ ਨੀਕੇ, ਨੰਨ੍ਹੇ ਨੰਨ੍ਹੇ ਦਿਆਂ ਜਣਾਈਆ । ਤੇਰੇ ਖੇਲ ਵੇਖ ਅਨਡੀਠੇ, ਪ੍ਰਭ ਸਾਚਾ ਖ਼ੁਸ਼ੀ ਮਨਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਅੱਗੇ ਕਰਨੇ ਖ਼ਾਲੀ ਸ਼ੀਸੇ, ਸੀਸ ਤਾਜ ਨਾ ਕੋਇ ਟਿਕਾਈਆ । ਹੁਕਮ ਦੇਵੇ ਹਰਿ ਜਗਦੀਸੇ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਓ ਚੜ੍ਹੇ ਸੰਮਤ ਬੀਸੇ, ਬੀਸ ਬੀਸਾ ਪਰਦਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਲਾ ਵਕਤ ਇਹੋ ਉਡੀਕੇ, ਬੈਠੇ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਸਮਝਾਈਆ । ਸੁਣ ਕਲਜੁਗ ਧੁਰ ਦਾ ਹਾਲ, ਹਰਿ ਅਗਲੀ ਹਾਲਤ ਦਏ ਜਣਾਈਆ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਸਭ ਦੇ ਸਿਰ ਤੇ ਕੂਕੇ ਕਾਲ, ਮਹਾਕਾਲ ਨਗਾਰਾ ਇਕ ਵਜਾਈਆ । ਜੀਵ ਜੰਤ ਸੁਰਤ ਸਕੇ ਨਾ ਕੋਇ ਸੰਭਾਲ, ਸਾਧਨਾ ਨਜ਼ਰ ਕੋਇ ਨਾ ਆਈਆ । ਫਲ ਦਿਸੇ ਨਾ ਕਿਸੇ ਡਾਲ, ਸਿਮਲ ਬਿਨ ਫਲ ਫੁਲ ਲਹਿਰਾਈਆ । ਤ੍ਰੈਗੁਣ ਮਾਇਆ ਪਾ ਜੰਜਾਲ, ਚਾਰੋਂ ਕੁੰਟ ਘੇਰਾ ਪਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਹਰਿ ਭਗਤ ਲਏ ਉਠਾਲ, ਰਾਤੀਂ ਸੁਤਿਆਂ ਚੋਰੀ ਚੋਰੀ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਕਲਜੁਗ ਕਹੇ ਮੇਰੇ ਜਗਦੀਸ, ਤੇਰੇ ਅੱਗੇ ਇਕ ਅਰਜ਼ੋਈਆ । ਤੇਰਾ ਲੇਖਾ ਬੀਸ ਬੀਸ, ਬਿਸਤਰੇ ਸਭ ਦੇ ਰਿਹਾ ਬੰਧਾਈਆ । ਗੋਬਿੰਦ ਗੁਰ ਸਤਿਗੁਰ ਲਿਖ ਕੇ ਗਿਆ ਤਰੀਕ, ਤਰੀਕੇ ਨਾਲ ਸਮਝਾਈਆ । ਜਿਸ ਦੀ ਕਿਸੇ ਹੱਥ ਨਾ ਆਵੇ ਤਵਾਰੀਖ਼, ਹਿੰਸਿਆਂ ਜੋੜ ਨਾ ਕੋਇ ਜੁੜਾਈਆ । ਜਿਸ ਦਾ ਖੇਲ ਬੜਾ ਬਾਰੀਕ, ਜਗ ਨੇਤਰ ਨਜ਼ਰ ਨਾ ਆਈਆ । ਮੈਂ ਉਹਦੀ ਰੱਖੀ ਉਡੀਕ, ਕਵਣ ਵੇਲਾ ਹੋਏ ਸਹਾਈਆ । ਤੇਰੀ ਉਸ ਦੇ ਨਾਲ ਪ੍ਰੀਤ, ਨਾਤਾ ਜੁੜਿਆ ਬੇਪਰਵਾਹੀਆ । ਓਧਰ ਮੁਹੰਮਦ ਮਾਰੇ ਚੀਕ, ਨਾਅਰਾ ਇਕ ਸੁਣਾਈਆ । ਓਧਰ ਧਰਨੀ ਕਹੇ ਮੈਂ ਨੀਚਨ ਨੀਚ, ਕਮੀਨੀ ਆਪਣੀ ਝੋਲੀ ਡਾਹੀਆ । ਓਧਰ ਕਲਮਾ ਕਹੇ ਮੇਰਾ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਏਧਰ ਨਾਨਕ ਕਹੇ ਪੁਰਖ ਅਕਾਲ ਜੋ ਕਿਛ ਕਰੇ ਸੋ ਠੀਕ, ਕੂੜੀ ਧਾਰ ਨਜ਼ਰ ਕੋਇ ਨਾ ਆਈਆ । ਸਾਰੇ ਰਲ ਮਿਲ ਇਕ ਦਵਾਰਿਉਂ ਮੰਗੋ ਭੀਖ, ਪ੍ਰਭ ਦੇਵਣਹਾਰ ਸਚ ਗੋਸਾਈਆ । ਦਰ ਦਰਵੇਸ ਬਣੋ ਨੀਚੋਂ ਨੀਚ, ਊਚੋ ਊਚ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਦਏ ਕਮਾਈਆ । ਕਲਜੁਗ ਕਹੇ ਮੇਰੀ ਅਰਦਾਸ ਗੁਰ ਗੋਬਿੰਦ ਅੱਗੇ, ਪ੍ਰਭ ਸਚ ਸਚ ਦ੍ਰਿੜਾਈਆ । ਜਿਸ ਦੇ ਬੱਚੇ ਨੀਹਾਂ ਹੇਠਾਂ ਦੱਬੇ, ਮੇਰੀ ਜੜ ਗਿਆ ਉਖੜਾਈਆ । ਚਾਰ ਕੁੰਟ ਮੈਨੂੰ ਲੱਭਿਆਂ ਕਿਤੋਂ ਨਾ ਲੱਭੇ, ਜਗ ਨੇਤਰ ਨਜ਼ਰ ਨਾ ਆਈਆ । ਮੈਂ ਜਾਣਿਆ ਸਦ ਵਸੇ ਤੇਰੀ ਹੱਦੇ, ਸਚਖੰਡ ਬੈਠਾ ਡੇਰਾ ਲਾਈਆ । ਤੂੰ ਆਦਿ ਜੁਗਾਦਿ ਉਸ ਦੇ ਸੱਜੇ ਖੱਬੇ, ਅੱਗੇ ਪਿਛੇ ਫਿਰੇਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਮੋਹੇ ਗੋਬਿੰਦ ਦੇ ਮਿਲਾਈਆ । ਪੁਰਖ ਅਕਾਲ ਕਹੇ ਔਹ ਵੇਖ ਮੇਰਾ ਸੁਤ, ਗੋਬਿੰਦ ਸ਼ਬਦੀ ਧਾਰ ਨਜ਼ਰੀ ਆਇੰਦਾ । ਮੇਰੇ ਹੁਕਮੇ ਅੰਦਰ ਬੈਠਾ ਚੁੱਪ, ਉਚੀ ਆਵਾਜ਼ ਨਾ ਕੋਇ ਸੁਣਾਇੰਦਾ । ਉਹਦੇ ਚਰਨਾਂ ਜਾਏ ਝੁਕ, ਅਭੁੱਲ ਭੁੱਲ ਇਕ ਦ੍ਰਿੜਾਇੰਦਾ । ਜੇ ਮੈਨੂੰ ਲਏ ਪੁਛ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਇਕ ਮਿਲਾਇੰਦਾ । ਕਲਜੁਗ


੭੪੨
੧੯

ਖੋਲ੍ਹ ਨੇਤਰ ਤੱਕਿਆ ਰਾਹ, ਇਕੋ ਨੂਰ ਨਜ਼ਰੀ ਆਈਆ । ਸਤਿ ਸਰੂਪੀ ਬੈਠਾ ਡੇਰਾ ਲਾ, ਗੋਬਿੰਦ ਗਹਿਰ ਗੰਭੀਰ ਬੇਪਰਵਾਹੀਆ । ਦਰ ਦਰਵੇਸ਼ ਝੋਲੀ ਅੱਗੇ ਡਾਹ, ਦੋਏ ਜੋੜ ਵਾਸਤਾ ਪਾਈਆ । ਰਹਿਮਤ ਕਰ ਦੇ ਪਨਾਹ, ਚਰਨ ਤੇਰੇ ਸਰਨਾਈਆ । ਮੇਰਾ ਪਿਛਲਾ ਬਖ਼ਸ਼ ਗੁਨਾਹ, ਗੁਨਾਹਗਾਰ ਇਕ ਅਖਵਾਈਆ । ਮੇਰੇ ਉਤੇ ਰਹਿਮਤ ਇਕ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਗੋਬਿੰਦ ਅੱਗੋਂ ਪਿਆ ਹੱਸ, ਕਲਜੁਗ ਆਖ ਸੁਣਾਈਆ । ਉਠ ਛੇਤੀ ਏਥੋਂ ਨੱਠ, ਧੁਰ ਦੀ ਧਾਰ ਜਣਾਈਆ । ਪਹਿਲੋਂ ਮੁਹੰਮਦ ਜਾ ਕੇ ਦੱਸ, ਜੋ ਬੈਠਾ ਅੱਖ ਸ਼ਰਮਾਈਆ । ਅੱਲਾ ਰਾਣੀ ਵੇਖ ਨੱਕ ਨੱਥ, ਸੁਹਾਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਲਜੁਗ ਕਹੇ ਮੋਹੇ ਦੇ ਪਿਆਰ, ਤੇਰੀ ਸਰਨ ਇਕ ਤਕਾਈਆ । ਗੋਬਿੰਦ ਕਹੇ ਕਰ ਨਿਮਸਕਾਰ, ਪੁਰਖ ਅਕਾਲ ਤੇਰਾ ਸਹਾਈਆ । ਓਧਰੋਂ ਚਲ ਕੇ ਆਏ ਮੁਹੰਮਦ ਯਾਰ, ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਖ਼ੁਦਾਏ ਮੇਰੀ ਕੋਈ ਨਾ ਪਾਵੇ ਸਾਰ, ਸੂਰਤ ਸਚ ਨਾ ਕੋਇ ਦਰਸਾਈਆ । ਚੌਦਾਂ ਤਬਕ ਹੋਏ ਖਵਾਰ, ਧੀਰਜ ਧੀਰ ਨਾ ਕੋਇ ਰਖਾਈਆ । ਕਲਮਾ ਕਾਇਨਾਤ ਕਰੇ ਹਾਹਾਕਾਰ, ਨਬੀ ਰਸੂਲ ਨਾ ਕੋਇ ਪੜ੍ਹਾਈਆ । ਸਚ ਦੁਆ ਨਾ ਪਰਵਰਦਿਗਾਰ, ਖ਼ੁਦਾ ਮਿਲੇ ਨਾ ਬੇਪਰਵਾਹੀਆ । ਮੇਰੀ ਇਬਾਦਤ ਹੋਈ ਬੇਜ਼ਾਰ, ਗਫਲਤ ਵਿਚ ਰਹਿਮਤ ਨਜ਼ਰੀ ਆਈਆ । ਸਫ਼ਾਰਸ਼ ਕਰੇ ਨਾ ਕੋਈ ਵਿਚ ਸੰਸਾਰ, ਅਦਾਲਤ ਹੱਕ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਰਿਹਾ ਚੁਕਾਈਆ । ਮੁਹੰਮਦ ਕਹੇ ਕਲਜੁਗ ਸੁਣ, ਅਣਡਿਠੜਾ ਹਾਲ ਜਣਾਈਆ । ਪ੍ਰਭ ਕਾ ਭੇਵ ਜਾਣੇ ਕੌਣ, ਵਲ ਛਲਧਾਰੀ ਅਛਲ ਛਲ ਕਮਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਵਿਚੋਂ ਜਿਸ ਗੋਬਿੰਦ ਸੂਰਾ ਲਿਆ ਚੁਣ, ਸੂਰਬੀਰ ਇਕ ਬਣਾਈਆ । ਓਸ ਦਾ ਸ਼ਬਦ ਨਾਦ ਵੱਜੇ ਧੁਨ, ਅਨਰਾਗੀ ਰਾਗ ਸੁਣਾਈਆ । ਓਸ ਦਾ ਖੇਲ ਅਗੰਮੀ ਕੁੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਦਾ ਦਏ ਉਠਾਈਆ । ਕਲਜੁਗ ਕਹੇ ਮੁਹੰਮਦ ਮੀਤ, ਭੇਵ ਅਭੇਦ ਜਣਾਈਆ । ਪਰਵਰਦਿਗਾਰ ਸਾਚੀ ਰੀਤ, ਗੋਬਿੰਦ ਦਏ ਸਮਝਾਈਆ । ਗੋਬਿੰਦ ਸੂਰਾ ਠਾਂਡਾ ਸੀਤ, ਸਤਿ ਸਰੂਪ ਨਜ਼ਰੀ ਆਈਆ । ਇਕੋ ਢੋਲਾ ਗਾਵੇ ਗੀਤ, ਪੁਰਖ ਅਕਾਲ ਰਾਗ ਅਲਾਈਆ । ਆਪ ਬਣ ਕੇ ਨੀਕਣ ਨੀਕ, ਗੁਰਮੁਖ ਊਚੇ ਊਚ ਬਣਾਈਆ । ਜਿਸ ਗੁਰਮੁਖਾਂ ਕੋਲੋਂ ਮੰਗੀ ਭੀਖ, ਨਿਉਂ ਕੇ ਆਪਣੀ ਝੋਲੀ ਡਾਹੀਆ । ਜੋ ਮਾਛੂਵਾੜੇ ਸੂਲਾਂ ਸੱਥਰ ਠੀਕ, ਸੱਥਰ ਯਾਰੜਾ ਇਕ ਹੰਢਾਈਆ । ਓਸ ਦਵਾਰਿਉਂ ਮਿਲਣੀ ਭੀਖ, ਦੂਜਾ ਸਕੇ ਨਾ ਕੋਇ ਵਰਤਾਈਆ । ਜਿਸ ਦੇ ਸੀਸ ਪੀਤੰਬਰ ਸੋਹੇ ਪੀਤ, ਜਗਦੀਸ ਦਏ ਵਡਿਆਈਆ । ਜਿਸ ਦਾ ਕਲਮਾ ਇਕ ਹਦੀਸ, ਨਾਮ ਜੈਕਾਰਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਓਧਰੋਂ ਗੋਬਿੰਦ ਆਇਆ ਨੇੜੇ, ਘਰ ਘਰ ਵਿਚ ਪੰਧ ਮੁਕਾਈਆ । ਕਲਜੁਗ ਕਾਹਦੇ ਕਰੇਂ ਝੇੜੇ, ਊਚੀ ਕੂਕ ਕੂਕ ਸੁਣਾਈਆ । ਮੁਹੰਮਦ ਕਹੇ ਮੇਰੇ ਡੁੱਬਦੇ ਬੇੜੇ, ਮਲਾਹ ਨਜ਼ਰ ਕੋਇ ਨਾ ਆਈਆ । ਉਮਤ ਉਮਤੀ ਉਜੜਦੇ ਦਿਸਦੇ ਖੇੜੇ, ਖ਼ਾਲਕ ਅੱਗੇ ਹੋ ਨਾ ਬਚਾਈਆ । ਚਾਰੋਂ ਕੁੰਟ ਆਇਆ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਹੱਕ ਨਬੇੜਾ ਨਾ ਕੋਇ ਨਬੇੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਜਣਾਈਆ ।

ਗੋਬਿੰਦ ਕਹੇ ਮੁਹੰਮਦ ਉਪਰ ਤੱਕ, ਕਿਉਂ ਨੇਤਰ ਨੈਣ ਸ਼ਰਮਾਈਆ । ਸਦੀ ਚੌਧਵੀਂ ਕਿਉਂ ਪਿਆ ਸ਼ੱਕ, ਹਰਿ ਸ਼ਿਕਵਾ ਦਏ ਮਿਟਾਈਆ । ਜਿਸ ਮਾਸੂਮ ਬਾਲੇ ਨੀਹਾਂ ਹੇਠਾਂ ਦਿਤੇ ਦੱਬ, ਤੇਰਾ ਜ਼ੁਲਮ ਜ਼ਾਲਮ ਵੇਖ ਵਖਾਈਆ । ਕਲਜੁਗ ਅੰਤਮ ਕਿਧਰ ਜਾਵੇਂ ਬਚ, ਰਾਹ ਖੈਹੜਾ ਨਜ਼ਰ ਕੋਇ ਨਾ ਆਈਆ । ਮੇਰੇ ਬੁੱਢੇ ਹੋਏ ਹੱਡ, ਮੈਂ ਜੋਬਨ ਜ਼ੋਰ ਜਵਾਨ ਇਕ ਹੰਡਾਈਆ । ਚੌਦਾਂ ਤਬਕਾਂ ਵਿਚੋਂ ਲਵਾਂ ਕੱਢ, ਸਾਚਾ ਖੰਡਾ ਇਕ ਚਮਕਾਈਆ । ਪਿਛੇ ਕੁਛ ਨਾ ਦੇਵਾਂ ਛੱਡ, ਹਸਤੀ ਭੇਟ ਕਰਾਈਆ । ਸਫਾ ਸਦੀ ਚੌਧਵੀਂ ਕਰਕੇ ਰੱਦ, ਰਸਤਾ ਇਕੋ ਇਕ ਸਮਝਾਈਆ । ਤੂੰ ਪੁਰਖ ਅਕਾਲ ਦਾ ਢੋਲਾ ਗੌਣਾ ਛੰਦ, ਕਲਮਾ ਪਿਛਲਾ ਦੇਣਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਜਣਾਈਆ । ਮੁਹੰਮਦ ਕਹੇ ਬੇਸ਼ਕ ਮੈਂ ਬੁੱਢਾ ਸ਼ੇਖ਼, ਦਾੜ੍ਹੀ ਮਹਿੰਦੀ ਨਾਲ ਰੰਗਾਈਆ । ਲਾਲ ਕੀਤੇ ਉਤੋਂ ਕੇਸ, ਅਧਵਿਚਕਾਰ ਕਟਾਈਆ । ਮੇਰੀਆਂ ਲਬਾਂ ਵਿਚ ਭੇਤ, ਜੋ ਬੈਠੀ ਸ਼ਰਅ ਮੁੰਨਾਈਆ । ਮੈਂ ਪਰਵਰਦਿਗਾਰ ਦਾ ਬਣਿਆ ਨੇਕ, ਕਮਚ ਖੇਲ ਖੇਲ ਖਿਲਾਈਆ । ਮੈਂ ਆਪਣਾ ਦੱਸਾਂ ਭੇਤ, ਭੇਵ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਕਲਜੁਗ ਕਹੇ ਸੁਣ ਗੋਬਿੰਦ ਮਿੱਤਰ, ਹੱਥ ਤੇਰੇ ਵਡਿਆਈਆ । ਧੰਨ ਭਾਗ ਤੂੰ ਸਾਚੀ ਧਾਰੋਂ ਆਇਉਂ ਨਿਕਲ, ਨਿਰਗੁਣ ਨਿਰਵੈਰ ਰੂਪ ਵਟਾਈਆ । ਸਾਡਾ ਮੁਲੱਮਾ ਲਾਹਵੇਂ ਪਿੱਤਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਵੇ ਸਾਚਾ ਵਰ, ਮੈਂ ਬਾਹਰ ਕਰਦਾ ਜ਼ਿਕਰ, ਜ਼ਾਕਰ ਹੋ ਕੇ ਹਾਲ ਸੁਣਾਈਆ । ਗੋਬਿੰਦ ਕਹੇ ਜ਼ਿਕਰ ਦੀ ਨਹੀਂ ਲੋੜ, ਜਾਹਰ ਜਹੂਰ ਵੇਖ ਵਖਾਈਆ । ਧੁਰਦਰਗਾਹੋਂ ਆਇਆ
੭੪੪ ਦੌੜ, ਵੇਸ ਅਵੱਲੜਾ ਰੂਪ ਵਖਾਈਆ । ਹੱਥ ਪਕੜ ਅਗੰਮੀ ਡੋਰ, ਦੋ ਜਹਾਨਾਂ ਤੰਦ ਬੰਧਾਈਆ । ਕਲਜੁਗ ਅੰਤਮ ਰਹਿਣ ਦੇਵਾਂ ਨਾ ਕੋਈ ੭੪੪
੧੯ ਹਰਾਮਖੋਰ, ਚੋਰ ਯਾਰ ਨਜ਼ਰ ਕੋਇ ਨਾ ਆਈਆ । ਸਭ ਨੂੰ ਦੱਸਾਂ ਪੁਰਖ ਅਕਾਲ ਦੀ ਲੋੜ, ਇਸ਼ਟ ਦੇਵ ਸਵਾਮੀ ਇਕੋ ਇਕ ਸਮਝਾਈਆ । ੧੯
ਮੁਹੰਮਦ ਵੇਖ ਕਰਕੇ ਗੌਰ, ਗਹਿਰ ਗੰਭੀਰ ਖੇਲ ਖਿਲਾਈਆ । ਸ਼ਾਹਸਵਾਰਾ ਚੜ੍ਹਿਆ ਘੋੜ, ਘੋੜਾ ਨੀਲਾ ਨੀਲੀ ਧਾਰੋਂ ਪਾਰ ਟਪਾਈਆ । ਲੋਕਮਾਤ ਮਾਰੇ ਆਪਣਾ ਪੌੜ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਅਗਲਾ ਭੇਵ ਜਾਣੇ ਕੌਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਕੇ ਨਾ ਕੋਇ ਸਮਝਾਈਆ । ਲੇਖਾ ਲਿਖਿਆ ਸਾਰੇ ਗੌਣ, ਜੀਵ ਜੰਤ ਸਾਧ ਸੰਤ ਢੋਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਗੋਬਿੰਦ ਸੂਰਾ ਨਾਲ ਲੈ ਕੇ ਪਿਛਲੀ ਆਵੇ ਢੌਣ, ਅਗਲੀ ਖੇਲ ਅਵਰ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਦਏ ਮੁਕਾਈਆ । ਕਲਜੁਗ ਲੇਖਾ ਮੁਕੇ ਅੰਤ, ਅੰਤਸ਼ਕਰਨ ਸਰਬ ਵੇਖ ਵਖਾਈਆ । ਵੇਸ ਵਟਾਏ ਸ੍ਰੀ ਭਗਵੰਤ, ਭਗਵਨ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਚੁਕਾਏ ਜੀਵ ਜੰਤ, ਜੀਵਣ ਜੁਗਤ ਆਪ ਸਮਝਾਈਆ । ਲੱਖ ਚੁਰਾਸੀ ਮਣੀਆਂ ਮੰਤ, ਬੋਧ ਅਗਾਧ ਕਰੇ ਪੜ੍ਹਾਈਆ । ਆਤਮ ਪਰਮਾਤਮ ਮੇਲ ਮਿਲਾਏ ਨਰ ਨਰਾਇਣ ਕੰਤ, ਸੇਜ ਸੁਹੰਜਣੀ ਸੋਭਾ ਪਾਈਆ । ਨਾਮ ਸੁਣਾਏ ਧੁਰ ਦਾ ਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲੱਗੇ ਜਗ, ਸਤਿ ਸਤਿ ਸਤਿਵਾਦੀ ਆਪ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ

ਗਏ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਸਭ ਦੀ ਪੂਰੀ ਕਰੇ ਆਸ, ਨਿਰਾਸ਼ਾ ਕੋਇ ਨਜ਼ਰ ਨਾ ਆਈਆ । ਵੇਖਣਹਾਰਾ ਪ੍ਰਿਥਮੀ ਅਕਾਸ਼, ਦੋ ਜਹਾਨਾਂ ਖੋਜ ਖੁਜਾਈਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜ ਪਰਭਾਸ, ਡੂੰਘੀ ਕੰਦਰ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਲੱਖ ਚੁਰਾਸੀ ਘਟ ਘਟ ਅੰਦਰ ਕਰ ਕੇ ਵਾਸ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਇਕੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਨੇਤਰ ਅੱਖ, ਹਰਿ ਜੂ ਆਪਣੀ ਖੇਲ ਵਖਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਬੋਧ ਅਗਾਧ ਸ਼ਬਦ ਮਹਿਮਾ ਅਕੱਥ, ਸ਼ਬਦੀ ਨੂਰੀ ਇਕ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰਸ, ਰਸ ਰਸੀਯਾ ਆਪ ਚਖਾਈਆ । ਪਾਰਬ੍ਰਹਮ ਬ੍ਰਹਮ ਗਾਵੇ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਾਉ ਰੰਕ ਊਚ ਨੀਚ ਰਾਜ ਰਾਜਾਨ ਇਕੋ ਮਾਰਗ ਦੇਵੇ ਦੱਸ, ਚਾਰ ਕੁੰਟ ਦਹਿ ਦਿਸ਼ਾ ਕਰੇ ਇਕ ਪੜ੍ਹਾਈਆ । ਸਤਿ ਸੰਤੋਖ ਦੇਵੇ ਧੀਰਜ ਜਤ, ਹਠ ਤਪ ਇਕੋ ਨਜ਼ਰੀ ਆਈਆ । ਭੇਵ ਖੁਲ੍ਹਾਏ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪਰਦਾ ਆਪ ਉਠਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਕੇ ਦਾਸੀ ਦਾਸ, ਸਤਿ ਸਰੂਪ ਸਵਾਮੀ ਸੇਵਾ ਆਪ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਦਾ ਵਸੇ ਪਾਸ, ਘਰ ਵਿਛੋੜਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਆਰ ਪਾਰ ਮੰਝਧਾਰ ਉਤਾਰੇ ਘਾਟ, ਪਤਣ ਬਹਿ ਕੇ ਸੱਚਾ ਮਾਹੀਆ । ਲੱਖ ਚੁਰਾਸੀ ਵਿਚੋਂ ਗੁਰਮੁਖ ਉਤਮ ਸ੍ਰੇਸ਼ਟ ਵੇਖੇ ਆਪ, ਵਿਸ਼ੇਸ਼ਤਾ ਆਪਣੀ ਦਏ ਜਣਾਈਆ । ਮੁਰੀਦ ਮੁਰਸ਼ਦ ਕਰੇ ਪਾਕ, ਪਾਕੀਜ਼ਾ ਇਕੋ ਨਾਮ ਸਮਝਾਈਆ । ਦਰ ਦਰਵੇਸ਼ ਦਰ ਪਰਦਾ ਖੋਲ੍ਹ ਤਾਕ, ਬੇਨਜ਼ੀਰ ਨੂਰ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬਿਨ ਕਲਮਿਉਂ ਮਾਰੇ ਆਵਾਜ਼, ਸੰਦੇਸਾ ਆਪਣਾ ਇਕ ਸੁਣਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਮਹਲ ਅਟੱਲ ਖੜ ਕੇ ਖੋਲ੍ਹੇ ਰਾਜ਼, ਰਹਿਮਤ ਆਪ ਕਮਾਈਆ । ਸਾਹਿਬ ਸਤਿਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਗੁਰਮੁਖਾਂ ਗੁਰਸਿਖਾਂ ਹਰਿਭਗਤਾਂ ਕਹੇ ਸ਼ਾਬਾਸ਼, ਸ਼ਨਾਖਤ ਆਪਣੀ ਇਕ ਕਰਾਈਆ । ਸੰਤ ਸੁਹੇਲਾ ਕਦੇ ਨਾ ਹੋਵੇ ਉਦਾਸ, ਚਿੰਤਾ ਰੋਗ ਗ਼ਮ ਹਰਖ਼ ਸੋਗ ਨੇੜ ਕਦੇ ਨਾ ਆਈਆ । ਲੋਕਮਾਤ ਸੋਇਆ ਜਾਏ ਜਾਗ, ਜਾਗਰਤ ਜੋਤ ਜਗ ਜੀਵਣ ਦਾਤਾ ਇਕ ਜਗਾਈਆ । ਹੰਸ ਬਣੇ ਸਤਿ ਸਰੂਪ ਕਾਗ, ਕਾਗ ਹੰਸ ਰੂਪ ਵਟਾਈਆ । ਘਰ ਮੰਦਰ ਦੀਪਕ ਜਗੇ ਚਿਰਾਗ਼, ਜੋਤੀ ਜਾਤਾ ਕਰੇ ਰੁਸ਼ਨਾਈਆ । ਆਤਮ ਪਰਮਾਤਮ ਹੋਵੇ ਕਾਜ, ਗ੍ਰਿਹ ਮੰਦਰ ਸੋਹਣਾ ਜੋੜ ਜੁੜਾਈਆ । ਭਗਤ ਭਗਵਾਨ ਇਕ ਦੂਜੇ ਦੇ ਸਦਾ ਸਦਾ ਸਦ ਮੁਹਤਾਜ, ਬਿਨ ਮੁਹੱਬਤ ਮਹਿਬੂਬ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਚਲਦਾ ਰਿਹਾ ਰਿਵਾਜ, ਰਾਜਾ ਸ਼ਾਹੋ ਰੰਕ ਦਰਬਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਸ੍ਰੀ ਭਗਵਾਨ ਇਕ ਅਖਵਾਈਆ ।

### ★ ੨੧ ਫੱਗਣ ੨੦੨੦ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਹਿ ਮੇਰਠ ਛਾਉਣੀ ਉਤਰ ਪ੍ਰਦੇਸ਼ ★

ਪਾਰਬ੍ਰਹਮ ਪ੍ਰਭ ਵੇਖ ਭਵਿਖਤ, ਗੁਰ ਅਵਤਾਰ ਰਹੇ ਸੁਣਾਈਆ । ਪੀਰ ਪੈਗ਼ੰਬਰ ਵਖਾਵਣ ਲਿਖਤ, ਜਿਸ ਦਾ ਲੇਖ ਬਿਨ ਕਲਮ ਸ਼ਾਹੀਆ । ਸ੍ਰਿਸ਼ਟ ਸਬਾਈ ਨਵ ਨੌਂ ਚਾਰ ਸ੍ਰੀ ਭਗਵਾਨ ਕੋਈ ਨਾ ਮੰਨੇ ਤੇਰਾ ਇਸ਼ਟ, ਪਰਵਰਦਗਾਰ ਧਿਆਨ ਨਾ ਕੋਇ ਲਗਾਈਆ । ਅੰਤਰ ਆਤਮ ਖੁਲ੍ਹੇ ਨਾ ਕਿਸੇ ਦ੍ਰਿਸ਼ਟ, ਬ੍ਰਹਮ ਪਰਦਾ ਨਾ ਕੋਇ ਚੁਕਾਈਆ । ਕੂੜੀ ਕਿਰਿਆ ਫਿਰੀ ਦਰੋਹੀ ਸਰਬ ਸ੍ਰਿਸ਼ਟ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਨੈਣ ਉਠਾਈਆ । ਗੁਰ ਅਵਤਾਰ ਪੂਰਬ ਲੇਖ, ਸਚਖੰਡ ਨਿਵਾਸੀ ਰਹੇ ਵਖਾਈਆ । ਪੀਰ ਪੈਗ਼ੰਬਰ ਦੱਸਣ ਭੇਤ, ਪਰਦਾ ਉਹਲਾ ਆਪ ਚੁਕਾਈਆ । ਫਿਰੀ ਦਰੋਹੀ ਚੌਦਾਂ ਤਬਕ ਲੋਕਮਾਤ ਦੇਸ, ਬ੍ਰਹਿਮੰਡ ਖੰਡ ਧੀਰ ਨਾ ਕੋਇ ਧਰਾਈਆ । ਗਗਨ ਗਗਨੰਤਰ ਮਿਟਦੀ ਦਿਸੇ ਰੇਖ, ਸਚ ਪਰਕਾਸ਼ ਨਜ਼ਰ ਕੋਇ ਨਾ ਆਈਆ । ਚਾਰੇ ਖਾਣੀ ਕੂੜੀ ਕਿਰਿਆ ਵਧਿਆ ਭੇਖ, ਚਾਰੇ ਬਾਣੀ ਨਾ ਸਿਫ਼ਤ ਸਾਲਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਸ਼ਬਦ ਨਾਉਂ ਰੱਖੇ ਕੋਈ ਨਾ ਟੇਕ, ਸੀਸ ਜਗਦੀਸ ਨਾ ਕੋਇ ਝੁਕਾਈਆ । ਆਤਮ ਪਰਮਾਤਮ ਕਰੇ ਕੋਈ ਨਾ ਹੇਤ, ਕੂੜੀ ਕਿਰਿਆ ਨਾਤਾ ਜਗਤ ਲੋਕਾਈਆ । ਕਾਮ ਵਾਸਨਾ ਸਾਰੇ ਰਹੇ ਖੇਡ, ਪ੍ਰੇਮ ਪ੍ਰੀਤੀ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਤ ਨਵਿਤ ਜੋ ਦਿਤਾ ਭੇਜ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸਚ ਸਵਾਮੀ ਅੰਤਰਜਾਮੀ ਤੇਰੀ ਮਾਣ ਕੇ ਆਏ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖ ਆਪਣਾ ਦਰ, ਲੋਕਮਾਤ ਫੇਰਾ ਪਾਈਆ । ਗੁਰ ਅਵਤਾਰ ਦੱਸਣ ਪਿਛਲਾ ਹਾਲ, ਹਾਲਤ ਕਲਜੁਗ ਰਹੇ ਜਣਾਈਆ । ਪੀਰ ਪੈਗ਼ੰਬਰ ਦੇਣ ਅਹਿਵਾਲ, ਪਰਦਾ ਉਹਲਾ ਆਪ ਉਠਾਈਆ । ਪਰਵਰਦਿਗਾਰ ਨੂਰ ਇਲਾਹੀ ਤੇਰਾ ਜਲਵਾ ਨਾ ਦਿਸੇ ਜਲਾਲ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਸਾਚਾ ਕਲਮਾ ਪੜ੍ਹੇ ਨਾ ਕੋਇ ਜ਼ਬਾਨ, ਈਮਾਨ ਹੱਕ ਨਾ ਕੋਇ ਵਖਾਈਆ । ਕਾਇਆ ਕਾਅਬਾ ਕਰੇ ਨਾ ਕੋਇ ਧਿਆਨ, ਸਚ ਮਹਿਰਾਬੇ ਆਸਣ ਕੋਇ ਨਾ ਲਾਈਆ । ਤੇਰਾ ਨਗ਼ਮਾ ਸੁਣੇ ਨਾ ਕੋਇ ਪੈਗ਼ਾਮ, ਹਕੀਕਤ ਨਜ਼ਰ ਕਿਸੇ ਨਾ ਆਈਆ । ਮੁਲਾਂ ਸ਼ੇਖ਼ ਮਸਾਇਕ ਕਰਨ ਹਰਾਮ, ਕੂੜੀ ਕਿਰਿਆ ਨਾਤਾ ਜਗਤ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖ ਥਾਉਂ ਥਾਈਂਆ । ਗੁਰ ਅਵਤਾਰ ਦੱਸਣ ਸੱਚ, ਸਾਚੀ ਦਿਸ਼ਾ ਰਹੇ ਜਣਾਈਆ । ਸ੍ਰੀ ਭਗਵਾਨ ਸਾਡੇ ਖ਼ਾਲੀ ਹੱਥ, ਦੋਏ ਦੋਏ ਰਹੇ ਜਣਾਈਆ । ਲੋਕਮਾਤ ਵਿਚੋਂ ਆਏ ਨੱਠ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਤੇਰਾ ਸੰਦੇਸਾ ਬੋਧ ਅਗਾਧ ਨਾਮ ਆਏ ਦੱਸ, ਲੇਖਾ ਲਿਖ ਕੇ ਕਲਮ ਸ਼ਾਹੀਆ । ਸ੍ਰਿਸ਼ਟ ਸਬਾਈ ਖੋਲ੍ਹ ਕੇ ਆਏ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਘਰ ਵਿਚ ਘਰ ਬਣਾ ਕੇ ਆਏ ਹੱਟ, ਗ੍ਰਹਿ ਮੰਦਰ ਪਰਦਾ ਲਾਹੀਆ । ਜੁਗ ਚੌਕੜੀ ਹੁਕਮੇ ਅੰਦਰ ਚਲਾ ਕੇ ਆਏ ਰਥ, ਬਣ ਰਥਵਾਹੀ ਸੇਵ ਕਮਾਈਆ । ਸ੍ਰਿਸ਼ਟ ਸਬਾਈ ਆਏ ਦੱਸ, ਸਚ ਸੰਦੇਸਾ ਤੇਰਾ ਨਾਮ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਸਮਰਥ, ਸਚਖੰਡ ਨਿਵਾਸੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਨੇਤਰ ਵੇਖ ਪਰਵਰਦਿਗਾਰਾ, ਲਾਸ਼ਰੀਕ ਤੇਰੀ ਸਰਨਾਈਆ ।

ਉਮਤ ਉਮਤੀ ਧੂਅੰਧਾਰਾ, ਚੌਦਸ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸੱਜਣ ਮਿਲੇ ਨਾ ਮੀਤ ਮੁਰਾਰਾ, ਸਗਲਾ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਧੂਅੰਧਾਰਾ, ਅੰਧ ਅੰਧੇਰ ਨਾ ਕੋਇ ਗਵਾਈਆ । ਕੂੜੀ ਕਿਰਿਆ ਲੱਗਾ ਅਖਾੜਾ, ਮਾਇਆ ਮਮਤਾ ਨਾਚ ਨਚਾਈਆ । ਕਿਥੇ ਛੁਪਿਉ ਡੂੰਘੀ ਗ਼ਾਰਾ, ਬੇਨਜ਼ੀਰ ਸਚ ਤਸਵੀਰ ਨਜ਼ਰ ਕਿਸੇ ਨਾ ਆਈਆ । ਈਸਾ ਮੂਸਾ ਮੁਹੰਮਦ ਤੇਰਾ ਕਰ ਕੇ ਗਏ ਇਸ਼ਾਰਾ, ਅੰਜੀਲ ਕੁਰਾਨ ਕਰ ਕਰ ਸਿਫ਼ਤ ਸਾਲਾਹੀਆ । ਅਲਫ਼ ਯੇ ਤੇਰੀ ਗੌਂਦੀ ਫਿਰੇ ਵਾਰਾ, ਢੋਲਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਮਾਰਨ ਤਾਅਨਾ, ਸ੍ਰੀ ਭਗਵਾਨ ਰਹੇ ਜਣਾਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ, ਭਗਵਨ ਤੇਰੀ ਓਟ ਤਕਾਈਆ । ਭੂਪਤ ਭੂਪ ਵਡ ਰਾਜਾਨਾ, ਨੌਜਵਾਨਾ ਤੇਰੇ ਹੱਥ ਵਡਿਆਈਆ । ਜੋਧਾ ਸੂਰਬੀਰ ਬਣ ਬਲਵਾਨਾ, ਬਲਧਾਰੀ ਆਪ ਅਖਵਾਈਆ । ਨੇਤਰ ਵੇਖ ਦੋ ਜਹਾਨਾਂ, ਪੁਰੀ ਲੋਅ ਬ੍ਰਹਿਮੰਡ ਖੰਡ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਝੁੱਲੇ ਨਿਸ਼ਾਨਾ, ਸਤਿ ਸਰੂਪ ਨਜ਼ਰ ਕੋਇ ਨਾ ਆਈਆ । ਅੰਤਰ ਆਤਮ ਪਰਮ ਪੁਰਖ ਤੇਰਾ ਕੋਈ ਨਾ ਗਾਏ ਗਾਨਾ, ਰਸਨਾ ਜਿਹਵਾ ਬੱਤੀ ਦੰਦ ਗਾ ਗਾ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਬੇਪਰਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਮਿਲ ਕੇ ਗਾਵਣ ਗੀਤ, ਪੁਰਖ ਅਕਾਲ ਰਹੇ ਜਣਾਈਆ । ਫਿਰੀ ਦਰੋਹੀ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਕੂੜੀ ਰੀਤ, ਸਚ ਪ੍ਰੀਤ ਨਾ ਕੋਇ ਲਗਾਈਆ । ਉਠ ਕੇ ਵੇਖ ਬੀਸਾ ਬੀਸ, ਬਿਸਮਲ ਰੂਪ ਨਾ ਕੋਇ ਸਮਾਈਆ । ਜੀਵ ਜੰਤ ਸਾਧ ਸੰਤ ਕੌੜਾ ਹੋਇਆ ਰੀਠ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਝਗੜਾ ਪਿਆ ਜਾਤ ਪਾਤ ਊਚ ਨੀਚ, ਰਾਉ ਰੰਕ ਰਾਜ ਰਾਜਾਨ ਮਿਲੇ ਨਾ ਕੋਇ ਸ਼ਰਨਾਈਆ । ਸਾਚਾ ਕਲਮਾ ਪੜ੍ਹੇ ਨਾ ਕੋਈ ਹਦੀਸ, ਮੰਤਰ ਸਤਿ ਨਾਮ ਨਾ ਕੋਇ ਦ੍ਰਿੜਾਈਆ । ਲਹਿਣਾ ਮੁੱਕੇ ਨਾ ਹਸਤ ਕੀਟ, ਹਉਮੇਂ ਹੰਗਤਾ ਮਾਇਆ ਮਮਤਾ ਮੋਹ ਨਾ ਕੋਇ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਤੇਰੀ ਰੱਖੀ ਬੈਠੇ ਉਡੀਕ, ਦੋ ਜਹਾਨਾਂ ਵਾਲੀ ਧਿਆਨ ਲਗਾਈਆ । ਮੁਹੰਮਦ ਕਹੇ ਵੇਖ ਤਾਰੀਖ਼, ਈਸਾ ਲੇਖਾ ਰਿਹਾ ਵਖਾਈਆ । ਮੂਸਾ ਨੇਤਰ ਰੋਵੇ ਮਾਰੇ ਚੀਕ, ਪੂਰਬ ਲਹਿਣਾ ਰਿਹਾ ਸਮਝਾਈਆ । ਗੋਬਿੰਦ ਕਹੇ ਮੈਂ ਮੰਗਿਆ ਠੀਕ, ਸਚ ਭੰਡਾਰਾ ਝੋਲੀ ਡਾਹੀਆ । ਨਾਨਕ ਕਹੇ ਮੈਂ ਚਿਟੇ ਉਤੇ ਪਾਈ ਲੀਕ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਰ ਹਰਿ ਨਰਾਇਣ ਕਰੇ ਆਪ ਤਸਦੀਕ, ਪੁਰਖ ਅਕਾਲਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਨੇਤਰ ਰੋ, ਸਚਖੰਡ ਦਵਾਰ ਰਹੇ ਸੁਣਾਈਆ । ਲੋਕਮਾਤ ਕੋਈ ਨਾ ਦੇਵੇ ਢੋਆ ਢੋ, ਸਚ ਪ੍ਰੇਮ ਨਾ ਕੋਇ ਲਗਾਈਆ । ਸਤਿ ਧਰਮ ਸਾਰੇ ਬੈਠੇ ਖੋ, ਖਾਲੀ ਹੱਥ ਫਿਰੇ ਲੋਕਾਈਆ । ਅੰਮ੍ਰਿਤ ਆਤਮ ਕੋਈ ਨਾ ਦੇਵੇ ਚੋ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋਤ ਨਿਰੰਜਣ ਕਰੇ ਕੋਈ ਨਾ ਲੋ, ਘਰ ਵਿਚ ਘਰ ਦੀਪ ਨਾ ਕੋਇ ਰੁਸ਼ਨਾਈਆ । ਸੁਰਤੀ ਸ਼ਬਦੀ ਸਚ ਮੁਹੱਬਤ ਨਾਤਾ ਜੁੜੇ ਨਾ ਮੋਹ, ਬੰਧਨ ਬੰਦਗੀ ਵਿਚ ਨਾ ਕੋਇ ਜਣਾਈਆ ।

ਕਲਜੁਗ ਅੰਤਮ ਕੀ ਗਿਆ ਹੋ, ਹੌਕਾ ਲੈ ਕੇ ਰਹੇ ਸੁਣਾਈਆ । ਗੁਰਦਵਾਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਹੋਵੇ ਧਰੋਹ, ਤੇਰਾ ਭੈ ਸੀਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਸੁਣ ਕੇ ਬਾਤ, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਕਰ ਨਮਸਕਾਰ ਦਰ ਦਰਵੇਸ਼ ਰਹੇ ਆਖ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਚ ਵਸਤ ਪ੍ਰਭ ਕਿਸੇ ਨਾ ਪਾਸ, ਖਾਲੀ ਭਾਂਡੇ ਨਜ਼ਰੀ ਆਈਆ । ਬ੍ਰਹਮ ਜੋਤ ਨਾ ਕੋਇ ਪਰਕਾਸ਼, ਆਤਮ ਨੂਰ ਨਾ ਕੋਇ ਰੁਸ਼ਨਾਈਆ । ਕਲਜੁਗ ਦਿਸੇ ਅੰਧੇਰੀ ਰਾਤ, ਸੱਚਾ ਚੰਦ ਨਾ ਕੋਇ ਚਮਕਾਈਆ । ਪੱਤਣ ਮਿਲੇ ਨਾ ਕਿਸੇ ਘਾਟ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਦੇ ਵਡਿਆਈ ਲੋਕਮਾਤ ਜਗਤ, ਜਗ ਜੀਵਣ ਦਾਤੇ ਤੇਰੀ ਇਕ ਸਰਨਾਈਆ । ਨੇਤਰ ਰੋਵਣ ਤੇਰੇ ਭਗਤ, ਭਗਵਨ ਤੇਰਾ ਧਿਆਨ ਲਗਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਸ਼ਕਤ, ਸ਼ਖ਼ਸੀਅਤ ਨਜ਼ਰ ਕੋਇ ਨਾ ਆਈਆ । ਕਿਸੇ ਕੰਮ ਨਾ ਆਈ ਪੜ੍ਹੀ ਅਲਿਫ਼, ਫ਼ਿਕਰਾ ਹੱਕ ਨਾ ਕੋਇ ਸਮਝਾਈਆ । ਤੇਰੇ ਨਾਲੋਂ ਹੋਈ ਬਤਰਫ਼, ਤਰਫ਼ਦਾਰੀ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਨਵ ਨੌ ਫੇਰਾ ਪਾਈਆ । ਭਗਤ ਕਹਿਣ ਸੁਣ ਪੁਰਖ ਅਗੰਮ, ਕੀ ਤੇਰੀ ਵਡਿਆਈਆ । ਨੇਤਰ ਰੋਵਣ ਛੰਮ ਛੰਮ, ਨੈਣਾਂ ਛਹਿਬਰ ਇਕ ਲਗਾਈਆ । ਕੂੜੀ ਕਿਰਿਆ ਭਾਂਡਾ ਕੋਈ ਨਾ ਦੇਵੇ ਭੰਨ, ਭੈ ਭੌ ਨਾ ਕੋਇ ਮਿਟਾਈਆ । ਪਰਕਾਸ਼ ਮਿਲੇ ਨਾ ਕਾਇਆ ਤਨ, ਘਰ ਜੋਤ ਨਾ ਕੋਇ ਰੁਸ਼ਨਾਈਆ । ਅਨਹਦ ਸ਼ਬਦ ਨਾ ਕੋਈ ਧੁਨ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਸੱਚਾ ਨਜ਼ਰ ਨਾ ਆਵੇ ਗੁਣ, ਅਵਗੁਣ ਬੈਠਾ ਡੇਰਾ ਲਾਈਆ । ਭਰਮੇ ਭੁੱਲੇ ਰਿਖ ਮੁਨ, ਮੁਨੀ ਮੁਨੀਸ਼ਰ ਸਚ ਪੀਤੰਬਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੰਤ ਸੁਹੇਲੇ ਮਾਰਨ ਧਾਹ, ਅਬਿਨਾਸ਼ੀ ਕਰਤੇ ਰਹੇ ਜਣਾਈਆ । ਸੋ ਪੁਰਖ ਨਿਰੰਜਣ ਅੱਖ ਖੁਲ੍ਹਾ, ਹਰਿ ਪੁਰਖ ਨਿਰੰਜਣ ਨੈਣ ਉਠਾਈਆ । ਏਕੰਕਾਰ ਬਣ ਮਲਾਹ, ਨਿਰਗੁਣ ਬੇੜਾ ਕੰਧ ਰਖਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਜੋਤ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤੇ ਪਕੜ ਬਾਂਹ, ਫੜ ਬਾਂਹੋਂ ਗਲੇ ਲਗਾਈਆ । ਸ੍ਰੀ ਭਗਵਾਨ ਹੋ ਸਹਾ, ਸਾਹਿਬ ਸਤਿਗੁਰ ਤੇਰੀ ਇਕ ਸਰਨਾਈਆ । ਪਾਰਬ੍ਰਹਮ ਬ੍ਰਹਮ ਆਪਣਾ ਲਏ ਮਿਲਾ, ਜਗਤ ਵਿਛੋੜਾ ਦਏ ਚੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਬਣੇ ਮਲਾਹ, ਜੁਗ ਚੌਕੜੀ ਸ਼ਹਾਦਤ ਇਕੋ ਰਹੇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚਾ ਹੱਥ ਰਖਾਈਆ । ਗੁਰਮੁਖ ਕਹਿਣ ਉਠ ਵੇਖ ਮਹਿਬੂਬ, ਮੁਹੱਬਤ ਨਜ਼ਰ ਕੋਇ ਨਾ ਆਈਆ । ਸੂਫ਼ੀ ਕਹਿਣ ਤੇਰਾ ਮਿਲੇ ਨਾ ਕੋਇ ਅਰੂਜ, ਮੱਕਾ ਕਾਅਬਾ ਮਿਲੇ ਨਾ ਕੋਇ ਵਡਿਆਈਆ । ਤੇਰੇ ਨਾਮ ਦਾ ਦੱਸੇ ਨਾ ਕੋਈ ਸਬੂਤ, ਸਾਬਤ ਸੂਰਤ ਨਾ ਕੋਇ ਦਰਸਾਈਆ । ਪੰਜ ਤਤ ਕਾਇਆ ਖ਼ਾਲੀ ਦਿਸੇ ਕਲਬੂਤ, ਰੂਹ ਪਾਕ ਨਾ ਕੋਇ ਵਡਿਆਈਆ । ਹੋਇਆ ਅੰਧੇਰਾ ਚਾਰੇ ਕੂਟ, ਦਹਿ ਦਿਸ਼ਾ ਸ਼ਮਾ ਨਾ ਕੋਇ ਚਮਕਾਈਆ । ਤੇਰੇ ਉਤੇ ਕੌਣ ਹੋਵੇ ਮਸ਼ਕੂਕ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਅਰਸ਼ ਫ਼ਰਸ਼ ਨਾ ਤੇਰਾ ਅਰੂਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਜਣਾਈਆ । ਗੁਰਸਿਖ ਕਹਿਣ ਸੁਣ

ਸਤਿਗੁਰ ਮੀਤ, ਮਿੱਤਰ ਪਿਆਰੇ ਤੇਰੀ ਓਟ ਤਕਾਈਆ । ਹਉਂ ਬਾਲ ਅਵਾਣਾ ਨੀਕਨ ਨੀਕ, ਬੇਅੰਤ ਤੇਰਾ ਭੇਵ ਕੋਇ ਨਾ ਆਈਆ । ਕਲਜੁਗ ਲੇਖਾ ਵੇਖ ਠੀਕ, ਚਾਰੋਂ ਕੁੰਟ ਖੋਜ ਖੁਜਾਈਆ । ਸਚ ਦਵਾਰੇ ਕਿਸੇ ਨਾ ਮਿਲੇ ਭੀਖ, ਭਿਛਿਆ ਨਾਮ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਲੇਖਾ ਦੇ ਚੁਕਾਈਆ । ਕਰੇ ਪੁਕਾਰ ਧਰਨੀ ਧਰਤ, ਧਵਲ ਰਹੀ ਜਣਾਈਆ । ਜੋਧੇ ਸੂਰ ਹਰਿ ਉਠ ਮਰਦ, ਮਰਦਾਨਗੀ ਆਪਣੀ ਦੇ ਵਖਾਈਆ । ਕਲਜੁਗ ਜਲਾਦ ਮੇਰੀ ਛਾਤੀ ਫੇਰੇ ਕਰਦ, ਛੁਰੀ ਆਪਣੇ ਹੱਥ ਟਿਕਾਈਆ । ਪੰਡਤ ਪਾਂਧਾ ਮੁਲਾਂ ਸ਼ੇਖ਼ ਸੰਤ ਕੋਈ ਨਾ ਮਿਟਾਵੇ ਮੇਰਾ ਦਰਦ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਚਾਰ ਕੁੰਟ ਵੇਖ ਹੋਈ ਮੈਂ ਅਸਚਰਜ, ਨੇਤਰ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਸਿਖਿਆ ਦੇ ਜੋ ਗਏ ਵਰਜ, ਲੇਖਾ ਲੇਖ ਲਿਖ ਕੇ ਕਾਗ਼ਜ਼ ਕਲਮ ਸ਼ਾਹੀਆ । ਹੁਕਮੇ ਨਾਲ ਫ਼ਰਮਾਣ ਦੇ ਕੇ ਗਏ ਵਰਜ, ਵਸਲ ਸਦ ਇਕ ਸਮਝਾਈਆ । ਬਿਨ ਆਤਮ ਪਰਮਾਤਮ ਦੂਜੀ ਅਵਰ ਨਾ ਕੋਈ ਗ਼ਰਜ਼, ਗ਼ਜ਼ਲ ਨਗ਼ਮਾ ਨਾਮ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਢ ਕੇ ਵੇਖਣ ਪਿਛਲੀ ਫ਼ਰਦ, ਲੇਖਾ ਲਿਖਿਆ ਬੇਪਰਵਾਹੀਆ । ਕਲਜੁਗ ਅੰਤ ਸ੍ਰਿਸ਼ਟ ਸਬਾਈ ਪ੍ਰਭ ਹੋਈ ਨਪੜਦ, ਤੇਰਾ ਮੰਤਰ ਨਾਮ ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਰਹੇ ਆਖ, ਪਤਿਪਰਮੇਸ਼ਵਰ ਤੇਰੇ ਅੱਗੇ ਦੁਹਾਈਆ । ਸਾਡਾ ਕੋਈ ਨਾ ਦੇਵੇ ਸਾਥ, ਸੰਗੀ ਨਜ਼ਰ ਕੋਇ ਨਾ ਆਈਆ । ਬੇਸ਼ਕ ਰਸਨਾ ਜਿਹਵਾ ਬੱਤੀ ਦੰਦ ਕਰਦੇ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ । ਦਿਵਸ ਰੈਣ ਕੂੜੀ
੭੪੯ ਕਿਰਿਆ ਕਰਨ ਘਾਤ, ਮਾਇਆ ਮਮਤਾ ਹਉਮੇਂ ਹੰਗਤਾ ਖੰਡਾ ਹੱਥ ਉਠਾਈਆ । ਸਚ ਪ੍ਰੀਤੀ ਕੋਈ ਨਾ ਜੋੜੇ ਨਾਤ, ਸਾਕ ਸੱਜਣ ਸੈਣ ਸਾਰੇ ੭੪੯
੧੯ ਰਹੇ ਅਖਵਾਈਆ । ਸਚ ਸੁਹੰਜਣੀ ਸੋਭਾਵੰਤੀ ਹੱਥ ਨਾ ਆਏ ਕਿਸੇ ਰਾਤ, ਪਤਿਪਰਮੇਸ਼ਵਰ ਸੇਜ ਨਾ ਕੋਇ ਸੁਹਾਈਆ । ਜੀਵ ਜੰਤ ਸਾਧ ਸੰਤ ੧੯
ਬਣੇ ਕੁਲਖਣੀ ਨਾਰ ਜਾਤ ਕਮਜਾਤ, ਸਚ ਨਾਮ ਜੋਬਨ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮੀ ਵਰ, ਜਿਸ ਦੀ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪਏ ਕੂਕ, ਬੌਹੜੀ ਬੌਹੜੀ ਰਹੇ ਜਣਾਈਆ । ਮਿਹਰਵਾਨ ਕਿਉਂ ਸੁਤਾ ਘੂਕ, ਅੰਜੀਲ ਕੁਰਾਨ ਰਹੀ ਜਣਾਈਆ । ਸਾਡੀ ਸਾਰ ਪਾਏ ਨਾ ਕੋਈ ਚਾਰ ਕੂਟ, ਦਹਿ ਦਿਸ਼ਾ ਮਿਲੇ ਨਾ ਕੋਇ ਵਡਿਆਈਆ । ਅਸੀਂ ਤੇਰਾ ਦੱਸਦੇ ਰਹੇ ਸਬੂਤ, ਅੱਖਰ ਅੱਖਰਾਂ ਨਾਲ ਮਿਲਾਈਆ । ਮੁਕਾਮੇ ਹੱਕ ਵਸੇ ਮਹਿਬੂਬ, ਸਚਖੰਡ ਦਵਾਰੇ ਨਰ ਨਿਰੰਕਾਰ ਸੋਭਾ ਪਾਈਆ । ਸਰਗੁਣ ਮੇਲਾ ਪੰਜ ਤਤ ਕਲਬੂਤ, ਸਾਢੇ ਤਿੰਨ ਹੱਥ ਦਏ ਵਡਿਆਈਆ । ਘਟ ਘਟ ਦਿਸੇ ਸਦਾ ਮੌਜੂਦ, ਆਤਮ ਸੇਜਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਬੇਪਰਵਾਹੀਆ । ਖਾਣੀ ਬਾਣੀ ਰਹੀ ਉਠ, ਚਾਰ ਕੁੰਟ ਲਏ ਅੰਗੜਾਈਆ । ਸ੍ਰੀ ਭਗਵਾਨ ਆ ਕੇ ਤੁਠ, ਦਇਆਵਾਨ ਦਇਆ ਕਮਾਈਆ । ਲੱਖ ਚੁਰਾਸੀ ਤੇਰਾ ਬੂਟਾ ਰਿਹਾ ਸੁੱਕ, ਮਾਣਸ ਮਾਨੁਖ ਮਾਨੁਸ਼ ਨਜ਼ਰ ਕੋਇ ਨਾ ਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਕਲਜੁਗ ਕੂੜੀ ਕਿਰਿਆ ਕੋਲੋਂ ਬੈਠੇ ਲੁਕ, ਸੀਸ ਸਕੇ ਨਾ ਕੋਇ ਉਠਾਈਆ । ਠਾਕਰ ਸਵਾਮੀ ਅੰਤਰਜਾਮੀ ਏਨ੍ਹਾਂ ਆ ਕੇ ਪੁਛ, ਜੋ ਅੰਤਰ ਅੰਤਰ ਤੇਰਾ ਧਿਆਨ ਲਗਾਈਆ । ਸਚ ਸੁਹੰਜਣੀ ਆਪਣੀ ਗੋਦੀ ਚੁਕ, ਜਿਉਂ ਬਾਲਕ ਪਿਤਾ ਮਾਈਆ । ਲੋਕਮਾਤ

ਕਰ ਉਜਲ ਮੁਖ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਦੇ ਸੁੱਖ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਜਿਉਂ ਗੋਬਿੰਦ ਬਣਾਇਆ ਪੁੱਤ, ਪੋਤਰੇ ਗੁਰਮੁਖ ਆਪਣੀ ਗੋਦ ਉਠਾਈਆ । ਚਾਰ ਵਰਨਾਂ ਰਹੇ ਨਾ ਕੋਈ ਫੁੱਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਨਾ ਕੋਇ ਲੜਾਈਆ । ਸਜਦਾ ਸੀਸ ਝੁਕਾਵਣ ਤੇਰੇ ਚਰਨੀ ਜਾਵਣ ਝੁਕ, ਹਉਮੇ ਹੰਗਤਾ ਗੜ੍ਹ ਨਾ ਕੋਇ ਬਣਾਈਆ । ਆਵਣ ਜਾਵਣ ਪੈਂਡੇ ਜਾਵਣ ਮੁੱਕ, ਲੱਖ ਚੁਰਾਸੀ ਮਾਤ ਗਰਭ ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨ ਪਾਏ ਵੱਥ, ਮੁਸ਼ਕਲ ਸਾਰੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਚੁਕਾਈਆ । ਕਲਜੁਗ ਵੇਖ ਰੋਵਣ ਜ਼ਿਮੀਂ ਅਸਮਾਨ, ਹਾਲਤ ਆਪਣੀ ਰਹੇ ਜਣਾਈਆ । ਪਰਵਰਦਗਾਰ ਮੁਹੱਬਤ ਰਹੀ ਨਾ ਅੰਜੀਲ ਕੁਰਾਨ, ਬਗ਼ਲੇ ਮੁਲਾਂ ਰਹੇ ਉਠਾਈਆ । ਸਚ ਦਿਸੇ ਨਾ ਕੋਈ ਈਮਾਨ, ਹਜ਼ਰਤ ਹੱਕ ਨਾ ਕੋਇ ਪੜ੍ਹਾਈਆ । ਦਰੋਹੀ ਫਿਰੀ ਦੋ ਜਹਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਤੇਰੀ ਸਾਰ ਕਿਸੇ ਨਾ ਪਾਈਆ । ਕਲਮਾ ਸੁਣੇ ਨਾ ਕੋਈ ਪੈਗ਼ਾਮ, ਸਜਦਾ ਸੀਸ ਨਾ ਕੋਇ ਨਿਵਾਈਆ । ਕਿਸੇ ਕੰਮ ਨਾ ਆਈ ਵੇਲੇ ਪੰਜ ਪੜ੍ਹੀ ਨਿਮਾਜ਼, ਵੁਜ਼ੂ ਬਾਂਗ ਬੈਠੇ ਡੇਰਾ ਢਾਹੀਆ । ਤੇਰੇ ਮਿਲਣ ਦੀ ਸੂਫੀ ਵਿਰਲਾ ਰੱਖੇ ਤਾਂਘ, ਨਿਜ ਨੇਤਰ ਧਿਆਨ ਲਗਾਈਆ । ਪਰਵਰਦਗਾਰ ਸਾਂਝੇ ਯਾਰ ਵੇਸ ਵਟਾ ਅਗੰਮੀ ਸਵਾਂਗ, ਅਛਲ ਛਲਧਾਰੀ ਆਪਣਾ ਫੇਰਾ ਪਾਈਆ । ਪੀਰ ਪੈਗ਼ੰਬਰ ਮੰਗ ਕੇ ਗਏ ਮਾਂਗ, ਪਰਗਟ ਹੋਵੇ ਵਡ ਅਮਾਮ, ਪਰਵਰਦਗਾਰ ਆਵੇ ਨੂਰ ਇਲਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਤਿ ਧਰਮ ਦਾ ਇਕ ਇਸਲਾਮ, ਇਸਮ ਆਜ਼ਮ ਦਏ ਜਣਾਈਆ । ਕੂੜੀ ਕਿਰਿਆ ਲਾਏ ਨਾ ਕੋਈ ਅਲਜ਼ਾਮ, ਅਜ਼ਲ ਨੇੜ ਕੋਇ ਨਾ ਆਈਆ । ਸ਼ਾਹ ਸੁਲਤਾਨ ਸ਼ਹਿਨਸ਼ਾਹ ਤੇਰਾ ਨਾਉਂ ਹੋਇਆ ਬਦਨਾਮ, ਬਦੀ ਨੇਕੀ ਸਮਝ ਕੋਇ ਨਾ ਪਾਈਆ । ਸਾਚਾ ਬਰਦਾ ਦਿਸੇ ਨਾ ਕੋਈ ਗ਼ੁਲਾਮ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਸਦੀ ਚੌਧਵੀਂ ਚਾਰੋਂ ਕੁੰਟ ਕੂੜ ਤੂਫਾਨ, ਮਾਇਆ ਮਮਤਾ ਤੋਹਫਾ ਘਰ ਘਰ ਨਜ਼ਰੀ ਆਈਆ । ਕਿਰਪਾ ਕਰ ਵਡ ਅਮਾਮ, ਇਲਮ ਆਲਮ ਉਲਮਾ ਚਲੇ ਨਾ ਕੋਇ ਚਤਰਾਈਆ । ਤੇਰਾ ਬਰਦਾ ਕਰੇ ਸਲਾਮ, ਦਰ ਦਰਵੇਸ਼ ਸੀਸ ਝੁਕਾਈਆ । ਤੇਰੇ ਹੱਥ ਤੇਰਾ ਨਜ਼ਾਮ, ਅਦਾਲਤ ਇਕੋ ਦਏ ਵਖਾਈਆ । ਤੇਰਾ ਨਜ਼ਰ ਨਾ ਆਏ ਕਿਸੇ ਅਸ਼ਟਾਮ, ਲੇਖਾ ਕੋਈ ਨਾ ਜਾਣੇ ਬੇਪਰਵਾਹੀਆ । ਵੁਕਲਾ ਕਰੇ ਨਾ ਕੋਈ ਬਿਆਨ, ਵਾਹਦ ਆਪਣੀ ਖੇਲ ਵਖਾਈਆ । ਸਚ ਦਵਾਰੇ ਨਾ ਕਰ ਅਰਾਮ, ਆਰਾਮਗਾਹ ਆਪਣੀ ਦੇ ਤਜਾਈਆ । ਕਲਜੁਗ ਵੇਖ ਅੰਧੇਰੀ ਸ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਜਿਸ ਵਿਚ ਤੇਰੀ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਗਏ ਥੱਕ, ਹੋਕਾ ਤੇਰਾ ਨਾਮ ਜਗ ਸੁਣਾਈਆ । ਲੇਖਾ ਲਿਖ ਕੇ ਆਏ ਰੱਖ, ਭੇਵ ਅਭੇਦ ਖੁਲ੍ਹਾਈਆ । ਸ਼ਬਦ ਅਗੰਮੀ ਤਨ ਨਗਾਰੇ ਮਾਰ ਕੇ ਆਏ ਸੱਟ, ਡੰਕਾ ਇਕੋ ਹੱਥ ਉਠਾਈਆ । ਤੇਰੇ ਮਿਲਣ ਦੀ ਖੋਲ੍ਹ ਕੇ ਆਏ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਨਿਝਰ ਝਿਰਨਾ ਅੰਮ੍ਰਿਤ ਆਤਮ ਆ ਕੇ ਝੱਟ, ਸਰ ਸਰੋਵਰ ਇਕ ਦ੍ਰਿੜਾਈਆ । ਘਰ ਵਿਚ ਘਰ ਜੋਤ ਕਰ ਕੇ ਆਏ ਪਰਗਟ, ਦਸਮ ਦਵਾਰੀ ਕੁੰਡਾ ਲਾਹੀਆ । ਸੁਖਮਨ ਟੇਢੀ ਬੰਕ ਪਿੰਗਲ ਈੜਾ ਮਾਰ ਕੇ ਆਏ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਆਤਮ ਪਰਮਾਤਮ ਇਕੋ ਘਰ ਰਹੇ ਵਸ, ਪੜਦਾ ਉਹਲਾ ਰਹੇ ਚੁਕਾਈਆ । ਜੀਵ ਜੰਤ ਪ੍ਰਭ ਮਿਲਣ ਦੀ ਸਾਰੇ ਰੱਖੇ

ਆਸ, ਆਸਾ ਤ੍ਰਿਸ਼ਨਾ ਇਕੋ ਇਕ ਵਧਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮਿਟੇ ਫਾਸ, ਅਧਰਮ ਧਰਮ ਦਾ ਵਜੋਗ ਗਵਾਈਆ । ਲੇਖੇ ਲਾਵੇ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਈਆ । ਸੋ ਸਭ ਦੇ ਵਸੇ ਪਾਸ, ਸਤਿਗੁਰ ਸਵਾਮੀ ਵਿਛੜ ਕਦੇ ਨਾ ਜਾਈਆ । ਰਾਮ ਰਾਮ ਕਰ ਕੇ ਆਏ ਆਖ, ਧੁਰ ਸੰਦੇਸਾ ਇਕ ਸੁਣਾਈਆ । ਘਨਈਆ ਸ਼ਾਮ ਹੋ ਕੇ ਪਾਏ ਆਪੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਮੂਸਾ ਕੋਹਤੂਰ ਡਿਗਾ ਸਫ਼ਾ ਹਸਤੀ ਆਪਣੀ ਆਪ ਮਿਟਾਈਆ । ਈਸਾ ਕਿਹਾ ਮੇਰਾ ਬਾਪ, ਨੂਰ ਨੂਰ ਰੁਸ਼ਨਾਈਆ । ਮੁਹੰਮਦ ਕਿਹਾ ਖੋਲ੍ਹੇ ਤਾਕ, ਵਡ ਅਮਾਮ ਪਰਦਾ ਦਏ ਉਠਾਈਆ । ਨਾਨਕ ਨਿਰਗੁਣ ਕਿਹਾ ਸਾਖਿਆਤ, ਪੁਰਖ ਅਕਾਲ ਨਜ਼ਰੀ ਆਈਆ । ਗੋਬਿੰਦ ਕਿਹਾ ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਦਾਤ, ਗਹਿਰ ਗੰਭੀਰ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਵੇ ਸਭ ਦਾ ਸਾਥ, ਬਣ ਸੰਗੀ ਸੰਗ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦੀ ਸਿਫ਼ਤੀ ਗਾਥ, ਗੁਰ ਅਵਤਾਰ ਪੀਰ ਪੈਗੰਬਰ ਢੋਲੇ ਰਾਗ ਗਏ ਸੁਣਾਈਆ । ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਜਿਸ ਦੀ ਸੱਚੀ ਜਾਤ, ਅਜਾਤੀ ਰੂਪ ਨਾ ਕੋਇ ਵਟਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣੀ ਧਾਰ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਕਰੋੜ ਤੇਤੀਸਾ ਜਿਸ ਦੀ ਰੱਖੇ ਆਸ, ਮੁਨ ਜਨ ਬੈਠੇ ਧਿਆਨ ਲਗਾਈਆ । ਸਰ ਸਰੋਵਰ ਕਿਨਾਰਾ ਜਿਸ ਦਾ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਦੀ ਧਾਰ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਖੇਲ ਤਮਾਸ਼, ਨਿਰਗੁਣ ਸਰਗੁਣ ਵੇਸ ਵਟਾਈਆ । ਸੋ ਸਾਹਿਬ ਪੁਰਖ ਅਗੰਮ ਅਥਾਹ ਬੇਪਰਵਾਹ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਧਰਨੀ ਧਵਲ ਪ੍ਰਿਥਮੀ ਆਕਾਸ਼ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਆਦਿ ਜੁਗਾਦੀ ਪਤਿਪਰਮੇਸ਼ਵਰ ਕਮਲਾਪਾਤ, ਸੇਜ ਸੁਹੰਜਣੀ ਡੇਰਾ ਲਾਈਆ । ਨਿਤ ਨਵਿਤ ਹੋਏ ਸਹਾਈ ਅਨਾਥਾਂ ਨਾਥ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਅੰਤਮ ਕਰੇ ਘਾਤ, ਘਾਉ ਆਪਣਾ ਨਾਮ ਲਗਾਈਆ । ਗ਼ਰੀਬ ਨਿਮਾਣਿਆਂ ਕਮਲਿਆਂ ਕੋਝਿਆਂ ਭੁੱਖੇ ਨੰਗਿਆਂ ਪੁਛੇ ਵਾਤ, ਵਾਸਤਾ ਆਪਣੇ ਨਾਲ ਜੁੜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਾਕ, ਸੀਸ ਤਾਜ ਨਾ ਕੋਇ ਟਿਕਾਈਆ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਵੇਦ ਵਿਆਸਾ ਲਿਖਿਆ ਪੂਰਾ ਕਰੇ ਭਵਿਖਤ ਵਾਕ, ਵਾਤਾਵਰਨ ਆਪਣੇ ਹੱਥ ਰਖਾਈਆ । ਪਰਦਾ ਉਹਲਾ ਦੋ ਜਹਾਨਾਂ ਖੋਲ੍ਹ ਤਾਕ, ਤਕਦੀਰ ਤਦਬੀਰ ਤਕਬੀਰ ਦਏ ਸਮਝਾਈਆ । ਲੱਖ ਚੁਰਾਸੀ ਘਟ ਘਟ ਅੰਦਰ ਕਾਇਆ ਮੰਦਰ ਲਏ ਝਾਕ, ਬਜਰ ਕਪਾਟੀ ਪਰਦਾ ਆਪ ਉਠਾਈਆ । ਮੁਰੀਦ ਮੁਰਸ਼ਦ ਵੇਖਣਹਾਰਾ ਰੂਹ ਬੁਤ ਪਾਕ, ਪਾਕੀਜ਼ਾ ਆਪਣਾ ਖੇਲ ਵਖਾਈਆ । ਸਾਹਿਬ ਸਤਿਗੁਰ ਦੀਨ ਦਿਆਲ ਖੋਲ੍ਹਣਹਾਰਾ ਰਾਜ਼, ਅਨੁਭਵ ਅਪਣੀ ਧਾਰ ਜਣਾਈਆ । ਦੋ ਜਹਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਮਾਰਨਹਾਰਾ ਆਵਾਜ਼, ਸੁਤ ਦੁਲਾਰਾ ਥਿਰ ਘਰ ਵਾਸੀ ਆਪਣੀ ਸੇਵਾ ਲਾਈਆ । ਸਚਖੰਡ ਨਿਵਾਸੀ ਖੇਲ ਤਮਾਸ਼ ਅਵਣ ਗਵਣ, ਤ੍ਰੈਭਵਨ ਲੋਕ ਪਰਲੋਕ ਵੇਖ ਵਖਾਈਆ । ਨਿਤ ਨਵਿਤ ਖੇਲੇ ਖੇਲ ਲੇਖਾ ਜਾਣੇ ਦੁਸ਼ਟ ਦਮਨ, ਗੋਬਿੰਦ ਦੇਵਣਹਾਰ ਵਡਿਆਈਆ । ਭੇਵ ਚੁਕਾਏ ਦਿਤਾ ਸੰਦੇਸਾ ਮਾਛੂਵਾੜਾ ਪਵਣ, ਪਵਣ ਪਵਣਾਂ

ਵਿਚੋਂ ਬਾਹਰ ਕਢਾਈਆ । ਕਰ ਪਰਕਾਸ਼ ਮੂਰਤ ਗੋਪਾਲ ਮਦਨ, ਮਦ ਸੂਦਨ ਆਪਣੀ ਕਾਰ ਕਮਾਈਆ । ਪੰਜ ਤਤ ਕਾਇਆ ਚੋਲਾ ਹੱਡ ਮਾਸ ਨਾੜੀ ਨਾ ਕੋਈ ਬਦਨ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਨੂਰੀ ਜਲਵਾ ਜਾਹਰ ਜਹੂਰ ਹੋਏ ਮਗਨ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਪਰਮ ਪੁਰਖ ਸੱਚਾ ਲਾਵੇ ਮੁਖ ਸਗਨ, ਥਿਤ ਵਾਰ ਘੜੀ ਪਲ ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਸਤਿਵਾਦੀ ਕਰੇ ਅਦਲ, ਅਦਲ ਅਦਾਲਤ ਇਕ ਵਖਾਈਆ । ਕੂੜੀ ਕਿਰਿਆ ਮਾਇਆ ਮਮਤਾ ਜੂਠ ਝੂਠ ਦੇਵੇ ਬਦਲ, ਸਚ ਸੁਚ ਸਤਿਜੁਗ ਧਾਰ ਦੇਵਣਹਾਰ ਵਡਿਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਕੋਈ ਨਾ ਪਾਵੇ ਗ਼ਦਰ, ਗਦਾ ਚੱਕਰ ਨਾਮ ਖੰਡਾ ਇਕੋ ਇਕ ਚਮਕਾਈਆ । ਬੇਪਰਵਾਹ ਰਹਿਮਤ ਕਰੇ ਆਪਣਾ ਫ਼ਜ਼ਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਕਰੇ ਵਜ਼ਨ, ਨਾਮ ਕੰਡਾ ਸ਼ਬਦ ਤਰਾਜ਼ੂ ਧੁਰ ਦਾ ਹੱਥ ਉਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇਵੇ ਸਚ ਸਮਝਾਈਆ । ਗੁਰ ਅਵਤਾਰਾਂ ਹਰਿ ਜਣੈਂਦਾ ਏ । ਪੀਰ ਪੈਗ਼ੰਬਰਾਂ ਧੀਰ ਰਖੌਂਦਾ ਏ । ਪਤਿਪਰਮੇਸ਼ਵਰ ਚੋਟੀ ਚੜ੍ਹ ਅਖ਼ੀਰ, ਵੇਖ ਵਖੌਂਦਾ ਏ । ਸੁਚ ਦ੍ਰਿੜਾ ਸਚ ਤਸਵੀਰ, ਤਾਲਬ ਤੁਲਬਾ ਆਪ ਪੜ੍ਹੌਂਦਾ ਏ । ਜੋਤੀ ਜਲਵਾ ਬੇਨਜ਼ੀਰ, ਬਿਨ ਅੱਖਾਂ ਆਪ ਰੁਸ਼ਨੌਂਦਾ ਏ । ਨਾ ਸ਼ਾਹ ਨਾ ਹਕੀਰ, ਸ਼ਹਿਨਸ਼ਾਹ ਆਪਣੀ ਕਲ ਵਰਤੌਂਦਾ ਏ । ਨਾ ਸ਼ਰਅ ਨਾ ਜ਼ੰਜੀਰ, ਤਸਬੀ ਮਾਲਾ ਨਾ ਕੋਇ ਲਟਕੌਂਦਾ ਏ । ਨਾ ਪੈਗ਼ੰਬਰ ਨਾ ਪੀਰ, ਫ਼ਤਵਾ ਕਾਜ਼ੀ ਨਾ ਕੋਇ ਵਖੌਂਦਾ ਏ । ਨਾ ਨੇਤਰ ਨਾ ਨੀਰ, ਹੰਝੂਆਂ ਧਾਰ ਨਾ ਕੋਇ ਬਣੌਂਦਾ ਏ । ਨਾ ਰੋਗ ਸੋਗ ਨਾ ਕੋਇ ਪੀੜ, ਚਿੰਤਾ ਦੁੱਖ ਨਾ ਕੋਇ ਜਣੌਂਦਾ ਏ । ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਏ ਦਿਲਗਾਰ, ਦਿਲਬਰ ਆਪਣੀ ਕਾਰ ਕਮੌਂਦਾ ਏ । ਹੱਥ ਫੜ ਨਾਮ ਸ਼ਮਸ਼ੀਰ, ਖੰਡਾ ਖੜਗ ਇਕ ਚਮਕੌਂਦਾ ਏ । ਵਡ ਦਾਤਾ ਗੁਣੀ ਗਹੀਰ, ਗਹਿਰ ਗਵਰ ਆਪਣਾ ਪਰਦਾ ਲੌਂਹਦਾ ਏ । ਕਰੇ ਖੇਲ ਬਿਨ ਸਰੀਰ, ਸਦਕਾ ਆਪਣਾ ਨਾਮ ਜਣੌਂਦਾ ਏ । ਦੋ ਜਹਾਨਾਂ ਪਾ ਕੇ ਚੀਰ, ਕੂੜੀ ਕਿਰਿਆ ਮੇਟ ਮਿਟੌਂਦਾ ਏ । ਧੁਰਦਰਗਾਹੀ ਬਣ ਮਸ਼ੀਰ, ਮਸਲਾ ਹੱਕ ਆਪ ਸਮਝੌਂਦਾ ਏ । ਕਾਇਆ ਬਣ ਤਤ ਤਬੀਬ, ਮਰਜ਼ ਮਮਤਾ ਮੋਹ ਚੁਕੌਂਦਾ ਏ । ਪਿਆਰ ਕਰ ਸਚ ਹਬੀਬ, ਅਹਿਬਾਬ ਰਬਾਬ ਤਨ ਸਤਾਰ ਇਕ ਵਜੌਂਦਾ ਏ । ਦੂਰ ਦੁਰਾਡਾ ਆ ਕਰੀਬ, ਕਾਇਆ ਕਾਅਬਾ ਸੋਭਾ ਪੌਂਦਾ ਏ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਸੋ ਮੌਜੂਦਾ ਹੋ ਕੇ ਵੇਖ ਵਖੌਂਦਾ ਏ । ਈਸਾ ਮੂਸਾ ਮੁਹੰਮਦ ਜਿਸ ਦੀ ਕਰ ਕੇ ਗਏ ਤਾਈਦ, ਸੋ ਤੁਆਰਫ਼ ਆਪਣੇ ਨਾਲ ਜਣੌਂਦਾ ਏ । ਬਿਨ ਅੱਖਰਾਂ ਲਿਖੀ ਵਖਾਵੇ ਰਸੀਦ, ਲਿਖਤ ਪੜ੍ਹਤ ਆਪਣੀ ਆਪ ਸਮਝੌਂਦਾ ਏ । ਸਦੀ ਚੌਧਵੀਂ ਲੇਖਾ ਆਏ ਨਜ਼ਦੀਕ, ਚੌਦਾਂ ਤਬਕਾਂ ਡੇਰਾ ਢੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠੌਂਦਾ ਏ । ਗੁਰ ਅਵਤਾਰਾਂ ਦੇਵੇ ਓਟ, ਆਸਰਾ ਇਕ ਜਣਾਈਆ । ਕਰ ਪਰਕਾਸ਼ ਨਿਰਮਲ ਜੋਤ, ਕਲਜੁਗ ਅੰਧੇਰਾ ਦਏ ਮਿਟਾਈਆ । ਜਿਸ ਦੀ ਕਿਸੇ ਨਾ ਆਈ ਸੋਚ, ਸੋਚਿਆਂ ਸਮਝ ਕੋਇ ਨਾ ਪਾਈਆ । ਜਿਸ ਦਰਸ਼ਨ ਨੂੰ ਰਹੇ ਲੋਚ, ਨੇਤਰ ਨੈਣ ਅੱਖ ਖੁਲ੍ਹਾਈਆ । ਸੋ ਪੁਰਖ ਅਕਾਲ ਨਿਰਗੁਣ ਨਿਰਵੈਰ ਜਾਏ ਪਹੁੰਚ, ਦੂਰ ਦੁਰਾਡਾ ਬਣ ਕੇ ਪਾਂਧੀ ਰਾਹੀਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਵਿਦਿਆ ਪਰਦਾ ਦਏ ਉਠਾਈਆ । ਜੁਗ ਚੌਕੜੀ ਜਿਸ ਦਾ ਨਾਮ ਸਚ ਸਲੋਕ, ਸੋਹਲਾ ਢੋਲਾ ਰਹੇ ਗਾਈਆ ।



੭੫੨
੧੯

ਨੌ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਖ਼ਾਮੋਸ਼, ਗੁਰ ਅਵਤਾਰਾਂ ਸ਼ਬਦ ਇਸ਼ਾਰੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਅੰਤ ਬੇਅੰਤ ਬੇਅੰਤ ਅੰਤ ਆਪਣੇ ਹੱਥ ਰਖਾਈਆ । ਗੁਰ ਅਵਤਾਰਾਂ ਦੇਵੇ ਧੀਰ, ਧੀਰਜਵਾਨ ਧੀਰ ਧਰਾਇੰਦਾ । ਕਲਜੁਗ ਅੰਤ ਕਰੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਜਨ ਭਗਤਾਂ ਕੱਟੇ ਭੀੜ, ਔਝੜ ਰਾਹ ਨਜ਼ਰ ਕੋਇ ਨਾ ਆਇੰਦਾ । ਕੂੜੀ ਕਿਰਿਆ ਕੱਟ ਜ਼ੰਜੀਰ, ਨਾਮ ਡੋਰੀ ਤੰਦ ਬੰਧਾਇੰਦਾ । ਪਿਛਲੇ ਲੇਖੇ ਉਤੇ ਮਾਰੇ ਲਕੀਰ, ਚੌਥੇ ਜੁਗ ਪੰਧ ਮੁਕਾਇੰਦਾ । ਅਗਲੀ ਫੇਰ ਬਣਾਏ ਤਕਦੀਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਰੱਖ ਹੱਥ, ਹਰਿ ਕਰਤਾ ਦਏ ਵਡਿਆਈਆ । ਪਾਰਬ੍ਰਹਮ ਪੁਰਖ ਸਮਰਥ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਦੋ ਜਹਾਨਾਂ ਪਾਏ ਨੱਥ, ਸ਼ਬਦ ਡੋਰੀ ਤੰਦ ਵਖਾਈਆ । ਬ੍ਰਹਿਮੰਡ ਖੰਡ ਵੇਖਣਹਾਰਾ ਨੱਠ ਨੱਠ, ਬਿਨ ਲੱਤਾਂ ਬਾਂਹਵਾਂ ਭੱਜੇ ਵਾਹੋ ਦਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਗਲਾ ਲੇਖਾ ਦੇਵੇ ਦੱਸ, ਪਿਛਲਾ ਪਹਿਲੋਂ ਪੰਧ ਮੁਕਾਈਆ । ਕਿਸੇ ਦੇ ਕੁਛ ਨਾ ਰਹੇ ਵਸ, ਖ਼ਾਲੀ ਹੱਥ ਸਰਬ ਕਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਵਿਰਲੇ ਖੋਲ੍ਹੇ ਅੱਖ, ਜਿਸ ਆਪਣਾ ਮੇਲ ਮਿਲਾਈਆ । ਦੂਈ ਦਵੈਤੀ ਮੇਟ ਫੱਟ, ਪਟੀ ਇਕੋ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਜਨ ਭਗਤਾਂ ਪ੍ਰਭ ਦਏ ਦਿਲਾਸਾ, ਸੰਤਾਂ ਸੀਸ ਜਗਦੀਸ ਹੱਥ ਟਿਕਾਈਆ । ਗੁਰਮੁਖਾਂ ਪੂਰੀ ਕਰੇ ਆਸਾ, ਗੁਰਸਿਖ ਆਪਣੇ ਰੰਗ ਰੰਗਾਈਆ । ਚਰਨ ਕਵਲ ਧਰ ਭਰਵਾਸਾ, ਸਰਨ ਦੇਵੇ ਇਕ ਸਰਨਾਈਆ । ਪੂਰਬ ਕਰੇ ਪੂਰਾ ਘਾਟਾ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿ ਸਤਿਵਾਦੀ ਚੰਦ ਚਮਕਾਈਆ । ਨਿਰਧਨਾਂ ਪੁਛੇ ਵਾਤਾ, ਸਰਧਨ ਨਾਲ ਮਿਲਾਈਆ । ਲੇਖਾ ਜਾਣੇ ਰਸੂਲ ਪਾਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਧੁਰ ਦਾ ਰਾਜਾ, ਰੱਯਤ ਦੋ ਜਹਾਨ ਵੇਖ ਵਖਾਇੰਦਾ । ਸੀਸ ਜਗਦੀਸ ਸੋਹੇ ਤਾਜਾ, ਭੂਪਤ ਭੂਪ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰੇ ਸਾਜਣ ਸਾਜਾ, ਥਿਰ ਘਰ ਸ਼ਬਦੀ ਸੁਤ ਆਪ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਖਾ, ਧੁਰ ਸੰਦੇਸਾ ਇਕ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਰਨ ਝਾਕਾ, ਝਾਕੀ ਆਪਣੇ ਨਾਲ ਮਿਲਾਇੰਦਾ । ਕਵਣ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਤਿਗੁਰ ਮੰਨੇ ਆਖਾ, ਕਵਣ ਗੂੜ੍ਹੀ ਨੀਂਦ ਗ਼ਫ਼ਲਤ ਵਿਚ ਨਜ਼ਰੀ ਆਇੰਦਾ । ਕਵਣ ਅਨਹਦ ਧੁਨ ਆਤਮ ਅੰਤਰ ਸੁਣੇ ਗਾਥਾ, ਕਵਣ ਰਸਨਾ ਜਿਹਵਾ ਪੜ੍ਹ ਪੜ੍ਹ ਆਪਣਾ ਆਪ ਭੁਲਾਇੰਦਾ । ਕਵਣ ਹਿਰਦੇ ਹਰਿ ਵਸਾਏ ਆਤਮ ਪਰਮਾਤਮ ਜੋੜੇ ਨਾਤਾ, ਕਵਣ ਸੀਸ ਨਿਵਾ ਨਿਵਾ ਭੁੱਲ ਭੁੱਲ ਆਪਣਾ ਮੁਖ ਭਵਾਇੰਦਾ । ਵੇਖਣਹਾਰਾ ਪ੍ਰਭੂ ਅਜਬ ਤਮਾਸ਼ਾ, ਨਿਰਗੁਣ ਨਿਰਵੈਰ ਪੁਰਖ ਅਕਾਲ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰ ਮੰਗਣ ਦਾਤਾ, ਦੇਵਣਹਾਰ ਦਇਆ ਕਮਾਇੰਦਾ । ਉਠੋ ਵੇਖੋ ਪਿਛਲਾ ਆਪਣਾ ਖਾਤਾ, ਬਿਨ ਖਤਰੇ ਖੌਫ਼ ਖ਼ਾਸ ਹਰਿ ਜੂ ਆਪ ਵਖਾਇੰਦਾ । ਝਗੜਾ ਪਿਆ ਵਰਨ ਬਰਨ ਜਾਤਾ ਪਾਤਾ, ਅਠਾਰਾਂ ਬਰਨ ਭੇਵ ਨਾ ਕੋਇ ਚੁਕਾਇੰਦਾ । ਜਿਨ੍ਹਾਂ ਇਕੋ ਪਰਮ ਪੁਰਖ ਪਰਮਾਤਮ ਮਿਲਣ ਦੀ ਖ਼ਾਹਸ਼ਾ, ਤਿਨ੍ਹਾਂ ਖ਼ਾਲਸ ਆਪਣਾ ਰੂਪ ਵਖਾਇੰਦਾ । ਲੱਭਿਆਂ ਤੀਰਥ

ਤਟ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਕਿਸੇ ਨਾ ਆਵੇ ਹਾਥਾ, ਬਾਂਹੋਂ ਫੜ ਗਲੇ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਫੜ ਆਪ ਆਪਣੇ ਰੰਗ ਰੰਗਾਇੰਦਾ । ਹਰਿ ਹਰਿ ਰੰਗੇ ਆਪਣੇ ਰੰਗ, ਰੰਗ ਰਾਤਾ ਵਡ ਵਡਿਆਈਆ । ਆਤਮ ਸੇਜ ਸੁਹਾਏ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਉਪਰ ਬੈਠ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਖ਼ੁਸ਼ੀ ਵਖਾਈਆ । ਆਤਮ ਪਰਮਾਤਮ ਦੇ ਅਨੰਦ, ਨਿਜਾਨੰਦ ਕਰੇ ਰਸਾਈਆ । ਨਿਰਗੁਣ ਜੋਤ ਚਾੜ੍ਹ ਚੰਦ, ਘਰ ਦੀਪ ਨੂਰ ਰੁਸ਼ਨਾਈਆ । ਨਾਦ ਸ਼ਬਦ ਧੁਨ ਅਗੰਮ, ਅਗੰਮੜਾ ਰਾਗ ਅਲਾਈਆ । ਭਾਗ ਲਗਾ ਕਾਇਆ ਮਾਟੀ ਚੰਮ, ਘਰ ਅੰਮ੍ਰਿਤ ਆਤਮ ਸਰੋਵਰ ਇਕ ਨੁਹਾਈਆ । ਕੂੜੀ ਕਿਰਿਆ ਡੁੱਬਦਾ ਬੇੜਾ ਦੇਵੇ ਬੰਨ੍ਹ, ਫੜ ਆਪਣੇ ਕੰਧ ਉਠਾਈਆ । ਮਨ ਵਾਸਨਾ ਦਹਿ ਦਿਸ਼ਾ ਨਾ ਭਟਕੇ ਮਨ, ਮਨ ਮਣਕਾ ਆਪ ਭਵਾਈਆ । ਕਰ ਪਰਕਾਸ਼ ਚੋਲੇ ਤਨ, ਤਤਵ ਤਤ ਦਏ ਸਮਝਾਈਆ । ਕੂੜੀ ਕਿਰਿਆ ਠੀਕਰ ਦੇਵੇ ਭੰਨ, ਭਾਂਡਾ ਭਰਮ ਭੌ ਮਿਟਾਈਆ । ਗੁਰਮੁਖ ਬਣਾਏ ਆਪਣਾ ਜਨ, ਬਣੇਂ ਧੰਨ ਜਣੇਂਦੀ ਮਾਈਆ । ਕਿਰਪਾ ਕਰ ਸ੍ਰੀ ਭਗਵਨ, ਜਨ ਭਗਤਾਂ ਲਏ ਮਿਲਾਈਆ । ਸਚਖੰਡ ਦਵਾਰੇ ਚਾੜ੍ਹੇ ਚੰਨ, ਸੂਰਜ ਚੰਦ ਦੋਵੇਂ ਨੈਣ ਸ਼ਰਮਾਈਆ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ ਧੰਨ ਧੰਨ, ਸੋਹੰ ਢੋਲਾ ਸੱਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਵੇਖ ਅੰਧੇਰੀ ਰਾਤੀ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨੇ ਆਖੀ, ਸਤਿਜੁਗ ਆਪ ਜਣਾਏ ਸਾਚੀ ਸਾਖੀ , ਪਰਗਟ ਹੋਏ ਕਮਲਾਪਾਤੀ, ਨਾਮ ਨਿਧਾਨਾ ਦੇਵੇ ਦਾਤੀ, ਅੰਮ੍ਰਿਤ ਬੂੰਦ ਪਿਆਏ ਸਵਾਂਤੀ, ਮੇਟ ਮਿਟਾਏ ਪਾਤ ਜਾਤੀ, ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸ਼ਹਿਨਸ਼ਾਹ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰ ਏਕੰਕਾਰ ਪਰਵਰਦਗਾਰ ਸਾਂਝਾ ਯਾਰ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਦਇਆਨਿਧ ਠਾਕਰ ਸਵਾਮੀ ਅੰਤਰਜਾਮੀ ਇਕੋ ਇਕ ਇਕ ਨਜ਼ਰੀ ਆਈਆ ।



੭੫੪ ੧੯

★ ੨੨ ਫੱਗਣ ੨੦੨੦ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ਉਤਰ ਪ੍ਰਦੇਸ਼ ★

ਗੁਰਮੁਖ ਆਸਾ ਕਰੇ ਪਿਆਰ, ਤ੍ਰਿਸਨਾ ਜਗਤ ਮਿਟਾਈਆ । ਕਰ ਕਿਰਪਾ ਸਿਰਜਣਹਾਰ, ਪੁਰਖ ਅਕਾਲ ਬੇਪਰਵਾਹੀਆ । ਰਾਹ ਤੱਕਦੀ ਰਹੀ ਜੁਗ ਚਾਰ, ਜੁਗ ਚੌਕੜੀ ਧਿਆਨ ਲਗਾਈਆ । ਨੇਤਰ ਨੈਣ ਨੈਣ ਉਘਾੜ, ਅੱਖ ਪਰਤੱਖ ਰੂਪ ਵਟਾਈਆ । ਫਿਰ ਫਿਰ ਥੱਕੀ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਭੱਜੀ ਵਾਹੋ ਦਾਹੀਆ । ਬਣ ਵੈਰਾਗਣ ਵਾਜਾਂ ਰਹੀ ਮਾਰ, ਬੌਹੜੀ ਕੂਕ ਕੂਕ ਸੁਣਾਈਆ । ਕਾਗ਼ਜ਼ ਕਲਮ ਸ਼ਾਹੀ ਤੇਰਾ ਦੱਸਦੀ ਗਈ ਨਿਸ਼ਾਨ, ਗੁਰ ਅਵਤਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ

੭੫੫
੧੯

ਮੰਗਾਈਆ । ਗੁਰਮੁਖ ਆਸਾ ਫਿਰੇ ਦੌੜੀ, ਚਾਰੋਂ ਕੁੰਟ ਧਿਆਨ ਲਗਾਈਆ । ਪੁਰਖ ਅਕਾਲ ਆ ਕੇ ਬੌਹੜੀ, ਬੌਹੜੀ ਬੌਹੜੀ ਰਹੀ ਸੁਣਾਈਆ । ਸਚ ਦਵਾਰੇ ਲਾ ਪੌੜੀ, ਡੰਡਾ ਆਪਣਾ ਹੱਥ ਫੜਾਈਆ । ਸਤਿ ਸਤਿਵਾਦੀ ਚੜ੍ਹ ਕੇ ਆ ਅਗੰਮੀ ਘੋੜੀ, ਬੇਪਰਵਾਹ ਆਸਣ ਲਾਈਆ । ਮੇਰੀ ਕਾਇਆ ਅੰਦਰ ਨਿਕੀ ਜਿਹੀ ਮੋਰੀ, ਦਰ ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਲੰਘ ਕੇ ਆ ਚੋਰੀ ਚੋਰੀ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੁਰਮੁਖ ਆਸਾ ਕਹੇ ਬਸਤਰ ਲਾਹ ਚੀਰ, ਪਰਦਾ ਦੇ ਉਠਾਈਆ । ਮੈਂ ਫੋਲ ਥੱਕੀ ਅਠ ਸਠ ਤੀਰਥ ਨੀਰ, ਤਟ ਕਿਨਾਰੇ ਵੇਖੇ ਚਾਈਂ ਚਾਈਂਆ । ਵਰਨ ਬਰਨ ਵੇਖੇ ਸ਼ਰਅ ਵੱਝਾ ਜ਼ੰਜੀਰ, ਸ਼ਰੀਅਤ ਲੇਖਾ ਦੇ ਮੁਕਾਈਆ । ਦਰ ਦਰਵੇਸ਼ ਮੰਗਦੇ ਵੇਖੇ ਫ਼ਕੀਰ, ਸ਼ਾਹ ਹਕੀਰ ਭੱਜਣ ਵਾਹੋ ਦਾਹੀਆ । ਹਰਿ ਜੂ ਤੇਰੀ ਨਜ਼ਰ ਨਾ ਆਈ ਕਿਸੇ ਤਸਵੀਰ, ਤਸਬੀ ਮਾਲਾ ਗਲ ਵਿਚ ਜਗਤ ਰਹੇ ਲਟਕਾਈਆ । ਚੋਟੀ ਚੜ੍ਹ ਕੇ ਵੇਖ ਅਖ਼ੀਰ, ਮੰਜ਼ਲ ਆਪਣੀ ਇਕ ਸੁਹਾਈਆ । ਤੂੰ ਪੀਰਾਂ ਦਾ ਪੀਰ, ਦਸਤਗੀਰ ਤੇਰੀ ਵਡਿਆਈਆ । ਘਰ ਸਾਚੇ ਦੇ ਧੀਰ, ਧੀਰਜਵਾਨ ਤੇਰੀ ਸਰਨਾਈਆ । ਮੇਰੀ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਬਿਰਹੋਂ ਵਿਛੋੜਾ ਕੱਟ ਪੀੜ, ਹਉਮੈਂ ਰੋਗ ਗਵਾਈਆ । ਮੈਂ ਰੱਖਾਂ ਨਿਤ ਉਡੀਕ, ਦਿਵਸ ਰੈਣ ਧਿਆਨ ਲਗਾਈਆ । ਮਿਹਰਵਾਨ ਲਾਸ਼ਰੀਕ, ਪਿਛਲੀ ਸ਼ਿਰਕਤ ਦੇ ਗਵਾਈਆ । ਤੇਰੇ ਵਿਚ ਇਕ ਤੌਫ਼ੀਕ, ਤੋਬਾ ਤੋਬਾ ਰਹੀ ਸੁਣਾਈਆ । ਦੂਰ ਦੁਰਾਡੇ ਆ ਨਜ਼ਦੀਕ, ਨੇਰਨ ਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਗੁਰਸਿਖ ਆਸਾ ਫਿਰੇ ਨੱਠੀ, ਦਹਿ ਦਿਸ਼ਾ ਵੇਖ ਵਖਾਈਆ । ਸਚ ਦਵਾਰਾ ਖੋਲ੍ਹ ਹੱਟੀ, ਪਰਦਾ ਦੂਈ ਦਵੈਤ ਚੁਕਾਈਆ । ਭਾਗ ਲਗਾ ਕਾਇਆ ਮੱਟੀ, ਮਟਕਾ ਸੋਹਣਾ ਦੇ ਬਣਾਈਆ । ਬਖ਼ਸ਼ਿਸ਼ ਕਰ ਨਾਮ ਰੱਤੀ, ਰੱਤੀ ਰੱਤ ਦਏ ਬਦਲਾਈਆ । ਮੇਲ ਮਿਲਾ ਕਮਲਾਪਤੀ, ਕਵਲ ਨੈਣ ਤੇਰੀ ਸਰਨਾਈਆ । ਮੈਂ ਦਰਸਨ ਦੇਖਾਂ ਆਪਣੀ ਅੱਖੀ, ਘਰ ਸਾਚੇ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਦੀ ਲੈ ਕੇ ਪੱਖੀ, ਪਰਮ ਪੁਰਖ ਤੇਰੀ ਸੋਹਣੀ ਸੇਵ ਕਮਾਈਆ । ਤੇਰੇ ਨਾਮ ਦੀ ਪੜ੍ਹਾਂ ਪੱਟੀ, ਲੇਖਾ ਚੁਕੇ ਕਲਮ ਦਵਾਤ ਸ਼ਾਹੀਆ । ਸਚ ਦਵਾਰੇ ਬਣਾਂ ਸਖੀ, ਆਪਣਾ ਆਪ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਆਸਾ ਕਹੇ ਕਰ ਮੰਜ਼ੂਰ, ਬੇਨੰਤੀ ਤੇਰੇ ਅੱਗੇ ਜਣਾਈਆ । ਸ਼ਾਹ ਸੁਲਤਾਨ ਹਾਜ਼ਰ ਹਜ਼ੂਰ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਮੈਂ ਕੋਝੀ ਕਮਲੀ ਭਰੀ ਨਾਲ ਕਸੂਰ, ਤੂੰ ਮਿਹਰਵਾਨ ਮਹਿਬੂਬ ਨਜ਼ਰੀ ਆਈਆ । ਦਰ ਬਾਂਦੀ ਸੇਵਾ ਕਰਾਂ ਬਣ ਮਜ਼ਦੂਰ, ਚਾਕਰ ਆਪਣਾ ਨਾਉਂ ਧਰਾਈਆ । ਮੈਂ ਹੋਵਾਂ ਸਦਾ ਮਸ਼ਕੂਰ, ਮੇਰੀ ਮੁਸ਼ਕਲ ਹੱਲ ਕਰਾਈਆ । ਕਿਉਂ ਸਾਹਿਬ ਹੋਇਉਂ ਮਫ਼ਰੂਰ, ਬੈਠਾ ਮੁਖ ਛੁਪਾਈਆ । ਮੇਰਾ ਮਾਣ ਤੁਟਾ ਗ਼ਰੂਰ, ਗ਼ੁਰਬਤ ਨਜ਼ਰ ਕੋਇ ਨਾ ਆਈਆ । ਜੋਤੀ ਜਲਵਾ ਦੇ ਨੂਰ, ਸਚ ਜਹੂਰ ਕਰ ਰੁਸ਼ਨਾਈਆ । ਪੰਜ ਤਤ ਨਾ ਮਚਾਏ ਫ਼ਤੂਰ, ਫਤਵਾ ਮਨ ਨਾ ਕੋਇ ਲਗਾਈਆ । ਸਚ ਦਵਾਰਾ ਲੰਘ ਆਪਣੀ ਵੇਖ ਹਦੂਦ, ਮੰਦਰ ਅੰਦਰ ਡੇਰਾ ਲਾਈਆ । ਮੈਂ ਵੇਖਾਂ ਹੱਕ ਮਹਿਬੂਬ, ਮਹਿਵ ਇਕੋ ਨਜ਼ਰੀ ਆਈਆ । ਮੇਰਾ ਲੇਖਾ ਚੁੱਕੇ ਮਸ਼ਰਕ ਮਗ਼ਰਬ ਸ਼ਿਮਾਲ ਜਨੂਬ, ਚਾਰ ਕੁੰਟ ਅੱਖ ਨਾ ਕੋਇ ਖੁਲ੍ਹਾਈਆ । ਤੇਰਾ ਸਿਫ਼ਤ ਸਾਲਾਹੀ ਗਾਵਾਂ ਹਜ਼ਾਰਾ ਦਰੂਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਦੇ ਮਾਣ ਵਡਿਆਈਆ । ਗੁਰਮੁਖ ਆਸਾ ਕਹੇ ਮੇਰਾ ਪੂਰਾ ਕਰ ਦੇ ਸ਼ੌਕ, ਸ਼ਖ਼ਸੀਅਤ ਆਪਣੀ ਲੈਂ ਪਰਗਟਾਈਆ । ਪਰਮ ਪੁਰਖ ਮੇਰੇ ਸਾਚੇ ਖ਼ੌਤ, ਬੀਵੀ ਬੈਵਾ ਰੂਪ ਨਾ ਕੋਇ ਵਟਾਈਆ । ਸਚ ਸਵਾਮੀ ਆ ਕੇ ਪਹੁੰਚ, ਘਰ ਮੰਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਗੁਰਮੁਖ ਆਸਾ ਭਰੇ ਹੌਕਾ, ਹਾਏ ਹਾਏ ਰਹੀ ਸੁਣਾਈਆ । ਤੁਧ ਬਿਨ ਸਾਚੀ ਮਿਲੇ ਨਾ ਕੋਈ ਨੌਕਾ, ਨਈਆ ਨਾਮ ਨਾ ਕੋਇ ਵਖਾਈਆ । ਲੱਖ ਚੁਰਾਸੀ ਵਿਚੋਂ ਮਾਣਸ ਜਨਮ ਮੌਕਾ, ਸ੍ਰੀ ਭਗਵਾਨ ਦਇਆ ਕਮਾਈਆ । ਕਰ ਕਿਰਪਾ ਮਾਰਗ ਦੇ ਸੌਖਾ, ਅੱਛੀ ਤਰ੍ਹਾ ਸਮਝਾਈਆ । ਤੇਰਾ ਪਰਕਾਸ਼ ਵੇਖਾਂ ਨਿਰਮਲ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਮੇਰੀ ਤੇਰੇ ਉਤੇ ਓਟਾ, ਪੁਰਖ ਅਕਾਲ ਤੇਰੀ ਸਰਨਾਈਆ । ਮੈਂ ਕੂਕ ਸੁਣਾਵਾਂ ਲੋਕਾਂ, ਪਰਲੋਕਾਂ ਦਿਆਂ ਦੁਹਾਈਆ । ਤੇਰੇ ਨਾਮ ਦਾ ਬਣ ਕੇ ਪੋਥਾ, ਪੁਸਤਕ ਆਪਣਾ ਤਨ ਵਖਾਈਆ । ਪ੍ਰਭੂ ਤੇਰਾ ਕੀ ਮੇਰੇ ਨਾਲ ਰੋਸਾ, ਤੂੰ ਸਦ ਰੁੱਸਿਆਂ ਲਏਂ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੁਰਮੁਖ ਆਸਾ ਮੰਗੇ ਜਗਦੀਸ, ਜਗ ਜੀਵਣ ਦਾਤੇ ਝੋਲੀ ਡਾਹੀਆ । ਨਿਤ ਨਵਿਤ ਤੇਰੀ ਉਡੀਕ, ਨੇਤਰ ਅੱਖ ਰਾਹ ਤਕਾਈਆ । ਸਚ ਮਿਲਣ ਦੀ ਮੋਹੇ ਪ੍ਰੀਤ, ਪ੍ਰੀਤੀਵਾਨ ਹੋ ਸਹਾਈਆ । ਮੈਂ ਨਕਰਮਣ ਨੀਚਨ ਨੀਚ, ਤੂੰ ਉਚੋ ਊਚ ਊਚ ਅਖਵਾਈਆ । ਮੇਰੀ ਲੰਘ ਕੇ ਵੇਖ ਦਹਿਲੀਜ਼, ਕਿਸ ਬਿਧ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਆਸਾ ਦੇਵੇ ਸੱਦਾ, ਸਦਕੇ ਵਾਰੀ ਘੋਲੀ ਘੋਲ ਘੋਲ ਘੁਮਾਈਆ । ਤੇਰੇ ਪ੍ਰੇਮ ਅੰਦਰ ਤਨ ਮਨ ਬੱਧਾ, ਨਾਤਾ ਤੁਟਿਆ ਜਗਤ ਲੋਕਾਈਆ । ਵਿਛੋੜੇ ਵਾਲੀ ਦੇ ਨਾ ਸਜ਼ਾ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਘਰ ਠਾਕਰ ਆ ਭੱਜਾ, ਦੂਰ ਦੁਰਾਡਾ ਬਣ ਕੇ ਰਾਹੀਆ । ਮੈਂ ਖ਼ੁਸ਼ੀਆਂ ਨਾਲ ਹੱਸਾਂ, ਪ੍ਰੇਮ ਨਾਲ ਮੁਸਕਰਾਈਆ । ਗੁਰਮੁਖ ਸਖੀਆਂ ਸਚ ਸਚ ਦੱਸਾਂ, ਤੇਰਾ ਨਾਮ ਵਡਿਆਈਆ । ਸਿਰ ਚਰਨਾਂ ਹੇਠਾਂ ਰੱਖਾਂ, ਧੂੜੀ ਟਿੱਕਾ ਮਸਤਕ ਲਾਈਆ । ਇਕੋ ਸੋਹਲਾ ਨਾਮ ਰਟਾਂ, ਤੂੰ ਹੀ ਤੂੰ ਹੀ ਰਾਗ ਅਲਾਈਆ । ਦਰਸਨ ਪਾ ਕੇ ਆਪਣੀ ਅੱਖਾਂ, ਅੱਖੀਆਂ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਲੈ ਮਿਲਾਈਆ । ਗੁਰਮੁਖ ਆਸਾ ਕਹੇ ਉਠ ਵੇਖ ਅਗੰਮ, ਕਿਉਂ ਬੈਠਾ ਮੁਖ ਛੁਪਾਈਆ । ਕਾਇਆ ਮਾਟੀ ਸੁੱਕਾ ਚੰਮ, ਰੱਤੀ ਰਤ ਸੁਕਾਈਆ । ਹਰਖ ਸੋਗ ਦਿਸੇ ਗ਼ਮ, ਗ਼ਮਖਾਰ ਨਜ਼ਰ ਕੋਇ ਨਾ ਆਈਆ । ਨੇਤਰਹੀਣ ਹੋਏ ਅੰਨ੍ਹ, ਚੰਨ ਨੂਰ ਨਾ ਕੋਇ ਚਮਕਾਈਆ । ਡੁੱਬਦਾ ਬੇੜਾ ਆ ਕੇ ਬੰਨ੍ਹ, ਆਪਣੇ ਕੰਧ ਉਠਾਈਆ । ਇਕੋ ਮਿੰਨਤ ਮੇਰੀ ਮੰਨ, ਹਿੰਮਤ ਆਪਣੀ ਨਾਲ ਰਲਾਈਆ । ਵਸਤ ਅਮੋਲਕ ਦੇ ਧਨ, ਦੌਲਤ ਇਕ ਵਖਾਈਆ । ਭਾਗ ਲੱਗੇ ਸਾਢੇ ਤਿੰਨ ਹੱਥ ਤਨ, ਤਤਵ ਤਤ ਆਪਣਾ ਦੇ ਜਣਾਈਆ । ਆ ਵੇਖ ਸ੍ਰੀ ਭਗਵਨ, ਭਗਵਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲੈ ਲਗਾਈਆ । ਗੁਰਮੁਖ ਆਸਾ ਰਹੀ ਲੜ, ਗ਼ੁਸੇ ਨਾਲ ਜਣਾਈਆ । ਬਿਨ ਹੱਥਾਂ ਪੱਲੂ ਰਹੀ ਫੜ, ਬਿਨ ਬਾਂਹਵਾਂ ਰਹੀ ਹਿਲਾਈਆ । ਸਚ ਦਵਾਰੇ ਆ ਕੇ ਖੜ, ਕਿਉਂ ਬੈਠਾ ਨੈਣ ਭਵਾਈਆ । ਮੇਰੀ ਮੰਜ਼ਲ ਆਪੇ ਚੜ੍ਹ, ਬਣ ਪਾਂਧੀ ਪੰਧ ਮੁਕਾਈਆ । ਮੇਰਾ ਢੋਲਾ ਆਪੇ ਪੜ੍ਹ, ਧੁਰ ਦਾ ਰਾਗ ਅਲਾਈਆ । ਮੇਰੀ ਮਰਨੀ ਆਪੇ ਮਰ, ਮਰ ਜੀਵਤ ਰੂਪ ਵਟਾਈਆ । ਮੇਰੀ ਕਰਨੀ ਆਪੇ ਕਰ, ਕਰਤਾ

੭੫੬
੧੯

ਪੁਰਖ ਤੇਰੀ ਸਰਨਾਈਆ । ਮੈਂ ਇਕੋ ਮੰਗਾਂ ਤੇਰੇ ਦਰ, ਦਰ ਸਚ ਅਲਖ ਜਗਾਈਆ । ਕਰ ਕਿਰਪਾ ਜੇ ਲਏ ਵਰ, ਵਸਲ ਆਪਣਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਘਰ, ਜਿਸ ਘਰ ਮਿਲਿਆਂ ਵਿਛੋੜਾ ਰਹਿਣ ਕੋਇ ਨਾ ਪਾਈਆ ।

★ ੨੨ ਫੱਗਣ ੨੦੨੦ ਬਿਕ੍ਰਮੀ ਵਿਸ਼ਵਾਮਿੱਤਰ ਦੇ ਗ੍ਰਿਹ ਮੇਰਠ ਛਾਉਣੀ ਉਤਰ ਪ੍ਰਦੇਸ਼ ★

ਸਤਿਗੁਰ ਕਿਰਪਾ ਮਿਲੇ ਪਰਸਾਦ, ਨਾਮ ਅਮੋਲਕ ਝੋਲੀ ਪਾਇੰਦਾ । ਘਰ ਸੁਰਤ ਸਵਾਣੀ ਸੁਣੇ ਨਾਦ, ਅਨਹਦ ਨਾਦੀ ਨਾਦ ਵਜਾਇੰਦਾ । ਭੇਵ ਖੁਲ੍ਹਾਏ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹਿੰਦਾ । ਕੂੜੀ ਕਿਰਿਆ ਦੂਰ ਦੁਰਾਡੀ ਜਾਏ ਭਾਜ, ਮਾਇਆ ਮਮਤਾ ਮੋਹ ਮਿਟਾਇੰਦਾ । ਬਿਨ ਰਸਨਾ ਜਿਹਵਾ ਦੇਵੇ ਇਕ ਸਵਾਦ, ਅਨਰਸ ਮਿੱਠਾ ਆਪ ਵਖਾਇੰਦਾ । ਨਿਜ ਨੇਤਰ ਖੁਲ੍ਹੇ ਜਾਗ, ਘਰ ਚੰਦ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਚ ਪਰਸਾਦ ਇਕ ਵਖਾਇੰਦਾ । ਸਚ ਪਰਸਾਦ ਸਤਿਗੁਰ ਮਿਹਰ, ਲੋਕਮਾਤ ਵਡਿਆਈਆ । ਪੰਚ ਵਿਕਾਰਾ ਕਰੇ ਢੇਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਮਨ ਕਾ ਮਣਕਾ ਦੇਵੇ ਫੇਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਉਲਟਾ ਗੇੜਨਹਾਰਾ ਗੇੜ, ਘਰ ਘਰ ਵਿਚ ਪੜਦਾ ਦਏ ਉਠਾਈਆ । ਲੇਖ ਚੁਕਾਵੇ ਮੇਰ ਤੇਰ, ਤੂੰ ਮੈਂ ਰਹਿਣ ਨਾ ਪਾਈਆ । ਲੱਖ ਚੁਰਾਸੀ ਆਵਣ ਜਾਵਣ ਲੇਖਾ ਦਏ ਨਬੇੜ, ਮਾਤ ਗਰਭ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨਾਮ ਅਮੋਲਕ ਵਸਤ ਵਰਤਾਈਆ । ਸਚ ਪਰਸਾਦ ਸਤਿਗੁਰ ਦੇਵਣ ਜੋਗ, ਜੁਗਤੀ ਆਪਣੇ ਹੱਥ ਰਖਾਇੰਦਾ । ਨਾਮ ਸੁਣਾਏ ਅਗੰਮ ਸਲੋਕ, ਬਿਨ ਰਸਨਾ ਜਿਹਵਾ ਗਾਇੰਦਾ । ਤਨ ਨਗਾਰੇ ਲਾਏ ਚੋਟ, ਧੁਨ ਆਤਮਕ ਰਾਗ ਅਲਾਇੰਦਾ । ਕਰੇ ਪਰਕਾਸ਼ ਨਿਰਮਲ ਜੋਤ, ਘਰ ਅੰਧੇਰਾ ਆਪ ਮਿਟਾਇੰਦਾ । ਕੂੜੀ ਕਿਰਿਆ ਕੱਢੇ ਖੋਟ, ਸਤਿ ਧਰਮ ਇਕ ਵਖਾਇੰਦਾ । ਆਤਮ ਪਰਮਾਤਮ ਮਿਲ ਕੇ ਮਾਣੇ ਮੌਜ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਤਿ ਪਰਸਾਦ ਆਪ ਚਖਾਇੰਦਾ । ਸਤਿ ਪਰਸਾਦ ਜੋ ਹਰਿਜਨ ਲਏ ਚੱਖ, ਤਿਸ ਭਗਤ ਮਿਲੇ ਵਡਿਆਈਆ । ਪ੍ਰਭ ਮਿਲਣ ਦੀ ਖੁੱਲੇ ਅੱਖ, ਨਿਜ ਨੇਤਰ ਹੋਏ ਰੁਸ਼ਨਾਈਆ । ਅੰਮ੍ਰਿਤ ਮਿਲੇ ਆਤਮ ਰਸ, ਨਿਝਰ ਝਿਰਨਾ ਇਕ ਝਿਰਾਈਆ । ਜਗਤ ਵਿਸੂਰੇ ਜਾਇਣ ਲੱਥ, ਦੁੱਖ ਰੋਗ ਸੰਤਾਪ ਮਿਟਾਈਆ । ਕਰੇ ਨਿਮਸਕਾਰ ਨਮੋ ਗੁਰਦੇਵ ਜੋੜ ਹੱਥ, ਚਰਨ ਕਵਲ ਸੀਸ ਨਿਵਾਈਆ । ਅਗਨੀ ਬੁਝੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਚ ਪਰਸਾਦ, ਤਿਸ ਪਾਰਸ ਰੂਪ ਦਏ ਵਟਾਈਆ । ਸਤਿਗੁਰ ਪਰਸਾਦ ਸਦਾ ਸਤਿ, ਸਤਿ ਸਤਿਵਾਦੀ ਰੂਪ ਵਟਾਇੰਦਾ । ਘਰ ਉਪਜਾਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਨਿਝਰ ਦੇਵੇ ਅਗੰਮੀ ਰਸ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਕਰ ਪਰਕਾਸ਼ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਇੰਦਾ । ਸਾਚਾ ਮਾਰਗ ਦੇਵੇ ਦੱਸ, ਨੌ ਦਵਾਰੇ ਪਾਰ ਕਰਾਇੰਦਾ । ਸੁਖਮਨ ਟੇਢੀ ਬੰਕ ਆਪੇ ਦੱਸ, ਔਝੜ ਘਾਟੀ ਪਾਰ ਕਰਾਇੰਦਾ । ਈੜਾ ਪਿੰਗਲ ਵੇਖੇ ਆਪਣੀ ਅੱਖ, ਗ੍ਰਿਹ ਮੰਦਰ ਖੋਜ ਖੁਜਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਤਿ ਪਰਸਾਦ ਇਕੋ ਝੋਲੀ ਪਾਇੰਦਾ । ਸਤਿ ਪਰਸਾਦ ਸਤਿਗੁਰ ਕਿਰਪਾ, ਹਰਿਜਨ ਸਾਚਾ ਮੰਗ ਮੰਗਾਈਆ । ਜਨਮ ਕਰਮ ਦੀ ਰਹੇ ਨਾ ਬਿਪਤਾ, ਆਵਣ ਜਾਵਣ ਪੰਧ ਮੁਕਾਈਆ । ਲੇਖਾ ਚੁਕੇ ਸਵਰਗ ਬਹਿਸ਼ਤਾ, ਪ੍ਰਭ ਜੋਤੀ ਜੋਤ ਜੋਤ ਮਿਲਾਈਆ । ਨਜ਼ਰੀ ਆਏ ਇਕੋ ਇਸ਼ਟਾ, ਸ੍ਰੀ ਭਗਵਾਨ ਨੂਰ ਇਲਾਹੀਆ । ਬੰਦ ਕਿਵਾੜੀ ਖੋਲ੍ਹੇ ਦ੍ਰਿਸ਼ਟਾ, ਮਿਹਰ ਨਜ਼ਰ ਅੱਖ ਉਠਾਈਆ । ਹੋਏ ਮਿਲਾਵਾ ਜਿਉਂ ਰਾਮ ਵਸ਼ਿਸ਼ਟਾ, ਵਿਸ਼ਵ ਆਪਣੀ ਧਾਰ ਸਮਝਾਈਆ । ਸੋ ਸੁਹੰਜਣਾ ਹੋਏ ਪਰਵਿਸ਼ਟਾ, ਘੜੀ ਪਲ ਮਿਲੇ ਵਡਿਆਈਆ । ਸਾਹਿਬ ਸਤਿਗੁਰ ਦੀਨ ਦਿਆਲ ਕਰਾਵਣਹਾਰਾ ਪੂਰਾ ਨਿਸਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਤਿ ਪਰਸਾਦ ਇਕ ਸਮਝਾਈਆ । ਸਤਿ ਪਰਸਾਦ ਸਤਿਗੁਰ ਹੱਥ, ਜੁਗ ਚੌਕੜੀ ਆਪ ਵਰਤਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਭਗਤ ਭਗਵਾਨ ਵੇਖ ਵਖਾਇੰਦਾ । ਮਿਹਰਵਾਨ ਸਿਰ ਰੱਖ ਹੱਥ, ਓਟ ਇਕੋ ਇਕ ਜਣਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਤਪਾਇੰਦਾ । ਜਾਨਣਹਾਰਾ ਮਿਤ ਗਤ, ਅੰਦਰ ਬਾਹਰ ਗੁਪਤ ਜਾਹਰ ਖੋਜ ਖੁਜਾਇੰਦਾ । ਬੀਜ ਬੀਜੇ ਸਾਚੇ ਵਤ, ਫੁਲ ਫਲਵਾੜੀ ਨਾਮ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਸਾਦ ਇਕ ਵਡਿਆਇੰਦਾ । ਸਚ ਪਰਸਾਦ ਸਦਾ ਭਰਪੂਰ, ਸ੍ਰੀ ਭਗਵਾਨ ਦਏ ਵਡਿਆਈਆ । ਨਾਤਾ ਤੋੜੇ ਕੂੜੋ ਕੂੜ, ਮਾਇਆ ਮਮਤਾ ਮੋਹ ਚੁਕਾਈਆ । ਅੰਤਰ ਦੇਵੇ ਇਕ ਸਰੂਰ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਜਲਵਾ ਜੋਤੀ ਬਖ਼ਸ਼ੇ ਨੂਰ, ਜਾਹਰ ਜਹੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ ਸਚ ਪਰਸਾਦ ਜਨ ਭਗਤਾਂ ਝੋਲੀ ਪਾਈਆ । ਜਨ ਭਗਤਾਂ ਝੋਲੀ ਦੇਵੇ ਪਾ, ਭਗਵਨ ਆਪਣੀ ਸੇਵ ਕਮਾਇੰਦਾ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਦਸਮ ਦਵਾਰੀ ਖੜ ਕੇ ਦੇਵੇ ਸਲਾਹ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਨਿਰਗੁਣ ਸਰਗੁਣ ਆਦਿ ਜੁਗਾਦਿ ਬਣੇ ਮਲਾਹ, ਨਿਤ ਨਵਿਤ ਬੇੜਾ ਪਾਰ ਕਰਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ, ਗੁਰਮੁਖਾਂ ਪਕੜੇ ਬਾਂਹ, ਫੜ ਬਾਂਹੋਂ ਗਲੇ ਲਗਾਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਇਕੋ ਦੇਵੇ ਨਾਂ, ਨਰ ਨਿਰੰਕਾਰਾ ਆਪ ਸਮਝਾਇੰਦਾ । ਜਲਵਾ ਨੂਰ ਦਰਸਾਏ ਇਕ ਖ਼ੁਦਾ, ਮਹਿਬੂਬ ਮੁਹੱਬਤ ਇਕ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਹਰਿਭਗਤਾਂ ਸਾਚੇ ਸੰਤਾਂ ਆਪਣਾ ਪਰਸਾਦ ਸਚ ਸਚ ਸਚ ਦਏ ਖਵਾ, ਤਿਨ੍ਹਾਂ ਆਤਮ ਪਰਮਾਤਮ ਖ਼ਾਹਸ਼ ਪੂਰੀ ਆਪ ਕਰਾਇੰਦਾ । ਸਤਿਗੁਰ ਪੂਰਾ ਦੇਵੇ ਨਾਮ, ਬਿਨ ਅੱਖਰਾਂ ਆਪ ਜਣਾਈਆ । ਅੰਤਰ ਆਤਮ ਪਿਆਏ ਜਾਮ, ਅੰਮ੍ਰਿਤ ਮੁਖ ਚੁਆਈਆ । ਸਫਲ ਕਰਾਏ ਹਰਿਜਨ ਕਾਮ, ਕਾਮ ਵਾਸਨਾ ਮੇਟ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਚਾਮ, ਪੰਜ ਤਤ ਮਿਲੇ ਵਡਿਆਈਆ । ਰੈਣ ਅੰਧੇਰੀ ਮੇਟੇ ਸ਼ਾਮ, ਅੰਧ ਅੰਧਿਆਰ ਦਏ ਗਵਾਈਆ । ਘਰ ਸਾਹਿਬ ਸਤਿਗੁਰ ਮਿਲੇ ਰਾਮ, ਰਮਈਆ ਆਪਣਾ ਫੇਰਾ ਪਾਈਆ । ਨਜ਼ਰੀ ਆਏ ਘਨੱਈਆ ਸ਼ਾਮ, ਨਾਮ ਬੰਸਰੀ ਇਕ ਸੁਣਾਈਆ । ਗੁਰਮੁਖ ਸਖੀ ਕਰੇ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਸਚ ਸੰਦੇਸਾ ਦੇ ਫ਼ਰਮਾਣ, ਆਤਮ ਪਰਮਾਤਮ ਇਕੋ ਨਾਮ ਕਰੇ ਪੜ੍ਹਾਈਆ । ਬ੍ਰਹਮ ਪਾਰਬ੍ਰਹਮ ਕਰੇ ਪਛਾਣ, ਪਰਦਾ ਉਹਲਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਨਿਸ਼ਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ

ਤੇਰਾ ਰੂਪ ਨਜ਼ਰੀ ਆਈਆ । ਲੇਖਾ ਜਾਣ ਦੋ ਜਹਾਨ, ਭੇਵ ਚੁੱਕੇ ਜ਼ਿਮੀਂ ਅਸਮਾਨ, ਗਗਨ ਮੰਡਲ ਬ੍ਰਹਿਮੰਡ ਖੰਡ ਸਤਿ ਸਰੂਪ ਵੇਖ ਵਖਾਈਆ । ਕਰ ਕਿਰਪਾ ਸਤਿਗੁਰ ਸਤਿ ਪੁਰਸ਼ ਪੁਰਖ ਪੁਰਖੋਤਮ ਦੇ ਦਾਨ, ਜਿਸ ਮਿਲਿਆਂ ਅੰਤਰ ਉਪਜੇ ਗਿਆਨ, ਬਾਹਰ ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਦਾਨ , ਨਾਮ ਸ਼ਬਦ ਭੰਡਾਰਾ ਸਤਿ, ਜਨ ਭਗਤਾਂ ਅੰਦਰ ਰੱਖ, ਬਿਨ ਮੰਗਿਆਂ ਝੋਲੀ ਪਾਈਆ ।

## ★ ੨੨ ਫੱਗਣ ੨੦੨੦ ਬਿਕ੍ਰਮੀ ਦਿਲੀ ਦਰਬਾਰ ਵਿਚ ★

ਸਚਖੰਡ ਨਿਵਾਸੀ ਤੇਰੇ ਦੇਸ, ਸੋਭਾਵੰਤ ਵੱਜੇ ਵਧਾਈਆ । ਜੋਤੀ ਜਾਮਾ ਨਿਰਗੁਣ ਵੇਸ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਵੇਖ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਸਜਦਾ ਸੀਸ ਝੁਕਾ ਕਰਨ ਆਦੇਸ਼, ਨਮੋ ਨਮੋ ਰਹੇ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਖੇਡ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਜ਼ਰੀ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਕਿਸੇ ਨਾ ਆਇਆ ਭੇਤ, ਅੰਤ ਕਹਿਣ ਕੋਇ ਨਾ ਪਾਈਆ । ਨਿਰਗੁਣ ਸਰਗੁਣ ਮਾਣੀ ਤੇਰੀ ਸੇਜ, ਸਚ ਸਿੰਘਾਸਣ ਆਸਣ ਡੇਰਾ ਲਾਈਆ । ਸ਼ਬਦ ਸੁਨੇਹੜਾ ਦਿਤਾ ਭੇਜ, ਧੁਰ ਦਾ ਰਾਗ ਇਕ ਸੁਣਾਈਆ । ਬਿਨ ਕਲਮ ਸ਼ਾਹੀ ਲਿਖਿਆ ਲੇਖ, ਬਿਨ ਕਾਗ਼ਜ਼ ਦਿਤੀ ਵਡਿਆਈਆ । ਨਿਰਵੈਰ ਪੁਰਖ ਕਰ ਕੇ ਹੇਤ, ਹਿਤਕਾਰੀ ਮੇਲ ਮਿਲਾਈਆ । ਸ਼ਾਹੋ ਭੂਪ ਬਣ ਨਰੇਸ਼, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਿਤੀ ਮਾਣ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਕਾਲ, ਦਰ ਤੇਰੇ ਓਟ ਤਕਾਈਆ । ਜੁਗ ਚੌਕੜੀ ਤੇਰਾ ਵੇਖਿਆ ਖੇਲ ਕਮਾਲ, ਕਮਲੇ ਰਮਲੇ ਤੇਰੀ ਸਾਰ ਕੋਇ ਨਾ ਆਈਆ । ਜੋਤੀ ਜਲਵਾ ਤੇਰਾ ਤੱਕ ਜਲਾਲ, ਨੂਰ ਜਹੂਰ ਪਰਵਰਦਿਗਾਰ ਸੱਚੀ ਰੁਸ਼ਨਾਈਆ । ਦੀਪਕ ਦੀਆ ਜੋਤੀ ਜਗੇ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਸਚਖੰਡ ਦਵਾਰ ਸੋਹੇ ਸੱਚੀ ਧਰਮਸਾਲ, ਮੁਕਾਮੇ ਹੱਕ ਤੇਰਾ ਜਹੂਰ ਨਜ਼ਰੀ ਆਈਆ । ਸ਼ਬਦ ਅਗੰਮ ਬੋਧ ਅਗਾਧ ਵੱਜੇ ਤਾਲ, ਤਰਜ਼ ਸੁਣਨ ਕੋਇ ਨਾ ਪਾਈਆ । ਨਿਤ ਨਵਿਤ ਅਵੱਲੜੀ ਚਾਲ, ਚਾਲ ਨਿਰਾਲੀ ਆਪਣੀ ਇਕ ਸਮਝਾਈਆ । ਨਾਮ ਨਿਧਾਨਾ ਅੰਤਰ ਅੰਤਰ ਦਿਤਾ ਸਿਖਾਲ, ਸਾਚੀ ਸਿਖਿਆ ਇਕ ਦ੍ਰਿੜ੍ਹਾਈਆ । ਦੀਪਕ ਦੀਆ ਜੋਤੀ ਇਕੋ ਬਾਲ, ਕਾਇਆ ਮਾਟੀ ਪੰਜ ਤਤ ਕਰੀ ਰੁਸ਼ਨਾਈਆ । ਬ੍ਰਹਮ ਮਤ ਸਾਚੀ ਸਿਖਿਆ ਇਕ ਸਿਖਾਲ, ਧੁਰ ਦੀ ਕਰੀ ਅਗੰਮ ਪੜ੍ਹਾਈਆ । ਅੰਦਰ ਵੜ ਕੇ ਚਲਿਉਂ ਨਾਲ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਮੰਦਰ ਚੜ੍ਹ ਕੇ ਵਜਾਵੇਂ ਤਾਲ, ਧੁਰ ਦਾ ਰਾਗ ਸੁਣਾਈਆ । ਦਵਾਰੇ ਖੜ ਕੇ ਵੇਖੇਂ ਹਾਲ, ਮੁਰਸ਼ਦ ਵੱਡੇ ਬੇਪਰਵਾਹੀਆ । ਸਾਡਾ ਹੱਲ ਕਰੇ ਸਵਾਲ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਚਖੰਡ ਨਿਵਾਸੀ ਪੁਰਖ ਅਥਾਹ, ਦੋ ਜਹਾਨ ਤੇਰੀ ਸ਼ਰਨਾਈਆ । ਧੁਰ ਦੇ ਰਹਿਬਰ ਨੂਰੀ ਇਕ ਖ਼ੁਦਾ, ਖ਼ਾਹਸ਼ ਸਾਚੀ ਪੂਰ ਕਰਾਈਆ । ਤੇਰੇ ਚਰਨ ਕਵਲ ਫ਼ਿਦਾ, ਹਜ਼ਰਤ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਚ ਸਰਨਾਈ ਤੇਰੇ ਦਰ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਚਰਨ ਕਵਲ ਬੈਠੇ ਵੜ, ਨੇਤਰ ਨੈਣ ਨਾ ਕੋਇ ਉਠਾਈਆ । ਦਰੋਹੀ ਖ਼ੁਦਾਏ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟ ਸਬਾਈ ਰਹੀ ਸੜ, ਅਗਨੀ ਤਤ ਨਾ ਕੋਇ ਬੁਝਾਈਆ । ਆਪਣੀ ਕਰਨੀ ਅਸੀਂ ਗਏ ਹਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਜੀਵਤ ਜੀ ਕੋਈ ਨਾ ਜਾਏ ਮਰ, ਮਰਨਾ ਸਮਝ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਅੱਖਰੀ ਢੋਲਾ ਰਹੇ ਪੜ੍ਹ, ਨਿਰਅੱਖਰ ਸਮਝ ਕਿਸੇ ਨਾ ਆਈਆ । ਦਰ ਦਰਵੇਸ਼ ਤੇਰੇ ਦਵਾਰੇ ਗਏ ਖੜ, ਅਲਖ ਅਗੋਚਰ ਇਕੋ ਮੰਗ ਮੰਗਾਈਆ । ਨਾ ਚੋਟੀ ਨਾ ਦਿਸੇ ਜੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਚਖੰਡ ਨਿਵਾਸੀ ਧੁਰ ਦੇ ਬਾਪ, ਪਿਤਾ ਪੁਰਖ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਹੋ ਕੇ ਰਹੇ ਆਖ, ਆਖ਼ਰ ਤੇਰੇ ਚਰਨਾਂ ਸੀਸ ਨਿਵਾਈਆ । ਚਾਰ ਜੁਗ ਦੀ ਰਹੀ ਕਲਜੁਗ ਗਾਥ, ਸਾਚੀ ਸਿਖਿਆ ਹੱਕ ਨਾ ਕੋਇ ਦ੍ਰਿੜ੍ਹਾਈਆ । ਪੱਟੀ ਪੜ੍ਹੇ ਨਾ ਕੋਈ ਜਮਾਤ, ਨਾਮ ਰਮਜ਼ ਨਾ ਕੋਇ ਲਗਾਈਆ । ਖ਼ਾਲੀ ਦਿਸੇ ਕਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਜਸ ਨਾ ਕੋਇ ਲਿਖਾਈਆ । ਤਨ ਵਜਾਏ ਨਾ ਕੋਇ ਰਬਾਬ, ਮਹਿਬੂਬ ਰਾਗ ਨਾ ਕੋਇ ਸੁਣਾਈਆ । ਪਿਆਲਾ ਮਿਲੇ ਨਾ ਆਬੇ ਹਯਾਤ, ਹਯਾਤੀ ਸਕੇ ਨਾ ਕੋਇ ਬਦਲਾਈਆ । ਜੁਗ ਚੌਕੜੀ ਤੇਰਾ ਲੈਂਦੇ ਰਹੇ ਖ਼ਵਾਬ, ਖ਼ਾਹਸ਼ ਤੇਰੇ ਨਾਲ ਮਿਲਾਈਆ । ਸਜਦਾ ਕਰਦੇ ਰਹੇ ਆਦਾਬ, ਨਿਉਂ ਨਿਉਂ ਲਾਗੇ ਪਾਈਆ । ਰਸਨਾ ਜਿਹਵਾ ਬੱਤੀ ਦੰਦ ਸ੍ਰਿਸ਼ਟ ਸਬਾਈ ਗਏ ਆਖ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਆਪ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਨੂਰ ਇਲਾਹੀ ਪਾਕੀ ਪਾਕ, ਪਰਵਰਦਿਗਾਰ ਅਮਾਮ ਇਕੋ ਨਜ਼ਰੀ ਆਈਆ । ਸਚ ਦਵਾਰੇ ਦਿਸੇ ਸਾਖਿਆਤ, ਜਾਹਰ ਜਹੂਰ ਪੜਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਆਵਾਜ਼, ਇਕੋ ਵਾਰ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਆ ਸਾਂਭ ਆਪਣਾ ਰਾਜ, ਰਈਅਤ ਤੇਰੀ ਜਗਤ ਲੋਕਾਈਆ । ਤੇਰੀ ਝੋਲੀ ਪਾਇਆ ਤੇਰਾ ਤਾਜ, ਤਖ਼ਤ ਨਿਵਾਸੀ ਲੋਕਮਾਤ ਤਖ਼ਤਾ ਦਿਤਾ ਕਰਾਈਆ । ਮੱਕਾ ਕਾਅਬਾ ਕੋਈ ਨਾ ਹਾਜੀ ਹਾਜ, ਹੁਜਰੇ ਮਿਲੇ ਨਾ ਕੋਇ ਵਡਿਆਈਆ । ਦਰ ਬਰਦੇ ਤੇਰੇ ਬਣ ਕੇ ਦਾਸ, ਘਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਅੱਗੇ ਕਰਨ ਸਲਾਮ, ਸਜਦਾ ਸੀਸ ਝੁਕਾਈਆ । ਤੇਰਾ ਲੇਖਾ ਝੋਲੀ ਪਾਇਆ ਸਰਬ ਤਮਾਮ, ਬਾਕੀ ਕੋਇ ਨਜ਼ਰ ਨਾ ਆਈਆ । ਹਉਂ ਬਰਦੇ ਠਾਕਰ ਤੇਰੇ ਗ਼ੁਲਾਮ, ਸੇਵਕ ਨਜ਼ਰੀ ਆਈਆ । ਲੋਕਮਾਤ ਸਾਡੀ ਕੋਈ ਨਾ ਕਰੇ ਪਹਿਚਾਨ, ਕਲਜੁਗ ਜੀਵ ਬੈਠੇ ਮੁਖ ਭਵਾਈਆ । ਚਾਰ ਕੁੰਟ ਦਹਿ ਦਿਸ਼ਾ ਗੁਰ ਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਹੋਵੇ ਹਰਾਮ, ਧੀਰਜ ਜਤ ਸਤਿ ਨਜ਼ਰ ਕੋਇ ਨਾ ਆਈਆ । ਅਠ ਸਠ ਅੰਤਰ ਆਤਮ ਕਰੇ ਨਾ ਕੋਇ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਨਿਜ ਨੇਤਰ ਘਰ ਮਿਲੇ ਨਾ ਸ੍ਰੀ ਭਗਵਾਨ, ਸੋਹੰ ਕਾਹਨ ਘਨੱਈਆ ਦਰਸ ਨਾ ਕੋਇ ਵਖ । ਸੀਤਾ ਸੁਰਤੀ ਹੋਈ ਬਦਨਾਮ, ਰਾਮ ਰਮਈਆ ਬਨ ਖੋਜਣ ਕੋਇ ਨਾ ਜਾਈਆ । ਕਲਜੁਗ ਰਾਵਣ ਫਿਰੇ ਸ਼ੈਤਾਨ,


੭੬੦
੧੬

ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸ਼ਬਦ ਨਿਰਾਲਾ ਤੀਰ ਮਾਰੇ ਕੋਈ ਨਾ ਬਾਣ, ਤਿਖੀ ਮੁਖੀ ਨਾ ਕੋਇ ਵਖਾਈਆ । ਚਿੱਲਾ ਚੜ੍ਹੇ ਨਾ ਕਿਸੇ ਕਮਾਨ, ਗੋਸ਼ਾ ਸਚ ਨਾ ਕੋਇ ਵਖਾਈਆ । ਖੜਗ ਖੰਡਾ ਨਾ ਕੋਇ ਕਿਰਪਾਨ, ਤੇਜ਼ ਕਟਾਰ ਨਾ ਕੋਇ ਵਡਿਆਈਆ । ਸ਼ਰਅ ਸ਼ਰੀਅਤ ਹੋਈ ਬੇਈਮਾਨ, ਬੈਵਾ ਰੂਪ ਦਿਸੇ ਸਰਬ ਲੋਕਾਈਆ । ਅੰਤਰ ਆਤਮ ਕਿਸੇ ਨਾ ਮਿਲੇ ਆਰਾਮ, ਸੇਜ ਸੁਹੰਜਣੀ ਸੋਭਾ ਕੋਈ ਨਾ ਪਾਈਆ । ਕੂੜੀ ਕਿਰਿਆ ਪੀਣ ਖਾਣ, ਰਸਨਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਤੇਰੇ ਅੱਗੇ ਦਿਤਾ ਧਰ, ਖ਼ਾਲੀ ਹੱਥ ਸਾਰੇ ਰਹੇ ਵਖਾਈਆ । ਪਰਮ ਪੁਰਖ ਲੈ ਆਪਣਾ ਰਾਜ, ਸਾਡੇ ਕੰਮ ਕਿਸੇ ਨਾ ਆਈਆ । ਤੇਰੀ ਚਰਨੀ ਸੁਟਿਆ ਸੀਸ ਦਾ ਤਾਜ, ਜਗਦੀਸ ਤੇਰੀ ਸਰਨਾਈਆ । ਕਲਜੁਗ ਬੇੜਾ ਆਪੇ ਤਾਰ ਜਹਾਜ਼, ਸਾਡੀ ਚਲੇ ਨਾ ਕੋਇ ਚਤੁਰਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਤੇਰਾ ਸੰਦੇਸਾ ਜੋ ਆਏ ਆਖ, ਅੱਖਰਾਂ ਨਾਲ ਕਰ ਪੜ੍ਹਾਈਆ । ਸੋ ਸਮਝ ਆਈ ਨਾ ਕਿਸੇ ਬਾਤ, ਬਾਤਨ ਤੇਰਾ ਦਰਸ ਕੋਇ ਨਾ ਪਾਈਆ । ਕਲਜੁਗ ਜੀਵ ਬਣ ਕੇ ਨਾਰ ਕਮਜਾਤ, ਕੁਲੱਖਣੀ ਬੈਠੀ ਰੂਪ ਧਰਾਈਆ । ਗੁਰਮਖ ਕੋਈ ਨਾ ਕਹੇ ਬਾਪ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਆਤਮ ਪਰਮਾਤਮ ਤੇਰਾ ਕਰੇ ਨਾ ਕੋਈ ਜਾਪ, ਰਸਨਾ ਜਿਹਵਾ ਬੱਤੀ ਦੰਦ ਹੋਈ ਹਲਕਾਈਆ । ਚਰਨ ਕਵਲ ਬਨ੍ਹੇ ਕੋਈ ਨਾ ਨਾਤ, ਕੂੜਾ ਬੰਧਨ ਰਹੇ ਪਾਈਆ । ਸਾਚਾ ਕਰੇ ਨਾ ਕੋਈ ਪਾਠ, ਅਜਪਾ ਜਾਪ ਨਾ ਕੋਇ ਕਰਾਈਆ । ਪਤਣ ਨਜ਼ਰ ਨਾ ਆਏ ਘਾਟ, ਘਰ ਮਿਲਿਆ ਮੇਲ ਨਾ ਸੱਚੇ ਮਾਹੀਆ । ਸਾਡੀ ਪੂਰੀ ਨਾ ਹੋਈ ਖ਼ਾਹਸ਼, ਖ਼ਾਲਸ਼ ਰੂਪ ਨਾ ਕੋਇ ਵਟਾਈਆ । ਪ੍ਰਭ ਸਭ ਕੁਛ ਦਿਤਾ ਤੇਰੇ ਹਾਥ, ਪਿਛਲਾ ਲੇਖਾ ਤੇਰੀ ਝੋਲੀ ਪਾਈਆ । ਅੰਤ ਵਾਰ ਸਦੀ ਬੀਸਵੀਂ ਕਰੀਏ ਦੋਏ ਜੋੜ ਅਰਦਾਸ, ਸਚ ਦਵਾਰੇ ਧਿਆਨ ਲਗਾਈਆ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਕਹਿਣ ਤਖ਼ਤ ਤਾਜ ਲੈ ਸੇਲੀ ਟੋਪੀ, ਕਲਗੀ ਕੰਮ ਕਿਸੇ ਨਾ ਆਈਆ । ਨਾਤਾ ਤੁਟਿਆ ਕਾਹਨ ਗੋਪੀ, ਮੰਡਲ ਰਾਸ ਨਾ ਕੋਇ ਰਚਾਈਆ । ਕਲਜੁਗ ਜੀਵ ਸਾਰੇ ਹੋਏ ਦੋਸ਼ੀ, ਨਿਰਦੋਸ਼ੀ ਨਜ਼ਰ ਕੋਇ ਨਾ ਆਈਆ । ਸਾਚੀ ਸੋਚ ਕਿਸੇ ਨਾ ਸੋਚੀ, ਤੇਰੀ ਸਮਝ ਕੋਇ ਨਾ ਪਾਈਆ । ਤੇਰਾ ਲੇਖਾ ਲਿਖੇ ਰਵਦਾਸ ਚੁਮਾਰਾ ਮੋਚੀ, ਮੁਚਲਕਾ ਸਭ ਦਾ ਰਿਹਾ ਭਰਾਈਆ । ਵੇਖ ਜਗਤ ਵਾਸਨਾ ਖੋਟੀ, ਖ਼ਾਲਕ ਖ਼ਲਕ ਧਿਆਨ ਲਗਾਈਆ । ਤੂੰ ਸਰਬ ਦਵਾਰੇ ਬੈਠੋਂ ਜੋਤੀ, ਬਣ ਜਾਤਾ ਆਪਣਾ ਮੁਖ ਛੁਪਾਈਆ । ਸਾਨੂੰ ਤਾਅਨੇ ਦੇਵਣ ਲੋਕੀਂ, ਪਰਲੋਕ ਨਾ ਕੋਇ ਵਡਿਆਈਆ । ਸਾਡੀ ਪੁਸਤਕ ਹੋ ਗਈ ਥੋਥੀ, ਕੀਮਤ ਮਾਤ ਨਾ ਕੋਇ ਚੁਕਾਈਆ । ਚਾਰੇ ਬਾਣੀ ਲੋਕਮਾਤ ਹੋ ਗਈ ਔਖੀ, ਸੱਚਾ ਸੰਗ ਨਾ ਕੋਇ ਰਖਾਈਆ । ਤੇਰੇ ਨਾਮ ਪਿਛੇ ਸਾਧ ਸੰਤ ਮੰਗਦੇ ਫਿਰਨ ਰੋਟੀ, ਦਰ ਦਰ ਘਰ ਘਰ ਫੇਰਾ ਪਾਈਆ । ਮੁਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਜੀਵਾਂ ਜੰਤਾਂ ਕੱਟਦੇ ਬੋਟੀ, ਆਪ ਆਪਣਾ ਹੁਕਮ ਵਰਤਾਈਆ । ਨਿਰਮਲ ਨੂਰ ਤੇਰੀ ਕਿਸੇ ਨਜ਼ਰ ਆਈ ਨਾ ਜੋਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਵ ਨੌਂ ਚਾਰ ਸ੍ਰਿਸ਼ਟ ਸਬਾਈ ਵੇਖੀ ਠੋਕੀ, ਠੋਕਰ ਨਾਮ ਲੱਗੇ ਕਿਸੇ ਨਾ ਰਾਈਆ । ਸਭ ਦੀ ਮਤ ਹੋਈ ਹੋਛੀ, ਗੁਰਮਤ ਘਰ ਨਾ ਕੋਇ ਵਸਾਈਆ । ਖ਼ਾਲੀ ਦਿਸੇ ਜੰਞੂ ਬੋਦੀ ਧੋਤੀ, ਤਿਲਕ ਲਲਾਟ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ



੭੬੧
੧੬

ਸਾਚਾ ਵਰ, ਤੇਰੀ ਵਸਤ ਤੇਰੇ ਅੱਗੇ ਟਿਕਾਈਆ । ਆਹ ਲੈ ਆਪਣੇ ਦੀਨ ਮਜ਼ਬ, ਗੁਰ ਅਵਤਾਰ ਰਹੇ ਜਣਾਈਆ । ਪੀਰ ਪੈਗ਼ੰਬਰ ਕਹਿਣ ਹੋਇਆ ਗ਼ਜ਼ਬ, ਗ਼ਾਫ਼ਲ ਸੁੱਤੀ ਸਰਬ ਲੋਕਾਈਆ । ਸਦੀ ਚੌਧਵੀਂ ਵੇਖ ਹੋਏ ਤਅੱਜਬ, ਹੈਰਾਨੀ ਸਭ ਦੇ ਉਤੇ ਛਾਈਆ । ਸਾਡੇ ਚਲਿਆ ਨਾ ਕੋਈ ਕਦਮ, ਮਾਰਗ ਮਨ ਨਾ ਕੋਇ ਵਖਾਈਆ । ਅਸੀਂ ਕਿਸੇ ਨਹੀਂ ਜਾਣਾ ਸੱਦਣ, ਨਾਤਾ ਤੇਰੇ ਨਾਲ ਜੁੜਾਈਆ । ਕੂੜੀ ਕਿਰਿਆ ਵਿਚ ਮੱਚਣ, ਤ੍ਰੈਗੁਣ ਅਗਨੀ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਾਡਾ ਚੁਕਿਆ ਠੇਕਾ, ਸਦੀ ਬੀਸਵੀਂ ਅੰਤ ਦਿਤਾ ਜਣਾਈਆ । ਆਪਣੀ ਝੋਲੀ ਪਾ ਲੈ ਲੇਖਾ, ਲਿਖਤ ਆਪਣੀ ਪੂਰ ਕਰਾਈਆ । ਆਦਿ ਜੁਗਾਦੀ ਬਣ ਨਰੇਸ਼ਾ, ਨਰ ਨਰਾਇਣ ਹੁਕਮ ਵਰਤਾਈਆ । ਜੁਗ ਚੌਕੜੀ ਤੇਰਾ ਖੇਲ ਵੇਖਾ, ਵੱਖਰੀ ਵੱਖਰੀ ਧਾਰ ਤੇਰੇ ਹੁਕਮ ਰਖਾਈਆ । ਕਿਸੇ ਦੇ ਸੀਸ ਰਖਾਇਆ ਕੇਸਾ, ਕਿਸੇ ਦੀ ਚੋਟੀ ਮੂੰਡ ਮੁੰਡਾਈਆ । ਕਿਸੇ ਦੇ ਬਾਲ ਦਵਾਏ ਭੇਟਾ, ਕਿਸੇ ਦੀ ਪੁਠੀ ਖੱਲ ਲੁਹਾਈਆ । ਕਿਸੇ ਦਾ ਬਣ ਕੇ ਸੱਚਾ ਨੇਤਾ, ਸੀਸ ਤਾਜ ਸੁਹਾਈਆ । ਕਿਸੇ ਦਾ ਭੁੱਲ ਕੇ ਪ੍ਰਭੂ ਚੇਤਾ, ਗ਼ਰੀਬ ਨਿਮਾਣਿਆਂ ਦਿਤਾ ਰਵਾਈਆ । ਕਿਸੇ ਨੂੰ ਅੰਦਰ ਵੜ ਕੇ ਦੱਸਿਆ ਭੇਤਾ, ਜਨ ਭਗਤਾਂ ਪਰਦਾ ਲਾਹੀਆ । ਕਿਸੇ ਨੂੰ ਸੇਲੀ ਟੋਪੀ ਦੇ ਕੇ ਖੇਸਾ, ਅਲਫ਼ੀ ਇਕੋ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਆਪਣਾ ਲੇਖਾ ਲੇਖੇ ਲਾਈਆ । ਸ੍ਰੀ ਭਗਵਾਨ ਆਹ ਲੈ ਆਪਣੇ ਵੇਦ ਕਤੇਬ, ਸ਼ਾਸਤਰ ਸਿਮਰਤ ਤੇਰੀ ਝੋਲੀ ਪਾਈਆ । ਅਠ ਦਸ ਲੈ ਵੇਖ, ਅਠਾਰਾਂ ਅੰਤ ਪੂਰ ਕਰਾਈਆ । ਅੰਜੀਲ ਕੁਰਾਨਾ ਲੈ ਲਪੇਟ, ਪੜਦਾ ਆਪਣਾ ਉਪਰ ਪਾਈਆ । ਕਲਜੁਗ ਜੀਵ ਛੱਡ ਗਏ ਹੇਤ, ਸਾਡਾ ਸੰਗ ਨਾ ਕੋਇ ਨਿਭਾਈਆ । ਜਿਸ ਕਾਰਨ ਦਿਤਾ ਭੇਜ, ਸੋ ਵੇਲਾ ਦਿਤਾ ਭੁਗਤਾਈਆ । ਅੰਤਮ ਸੋਈਏ ਤੇਰੀ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਆਪ ਆਪਣਾ ਧਰੇ ਭੇਖ, ਭੇਖਾਧਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਚੁਕਾਈਆ । ਤੀਰਥ ਤਟ ਮਾਰਨ ਧਾਹ, ਕੂਕ ਇਕੋ ਵਾਰ ਸੁਣਾਈਆ । ਤੂੰ ਵਸੇਂ ਥਲ ਅਸਗਾਹ, ਜੰਗਲ ਜੂਹ ਪਹਾੜ ਉਚੇ ਟਿੱਲੇ ਪਰਬਤ ਸੋਭਾ ਪਾਈਆ । ਸਾਰੇ ਵਿਚ ਬੰਧੇ ਗੁਨਾਹ, ਗੁਨਾਹ ਭਰੀ ਸਰਬ ਲੋਕਾਈਆ । ਤਟ ਕਿਨਾਰੇ ਧੀਆਂ ਭੈਣਾਂ ਸਾਰੇ ਰਹੇ ਤਕਾ, ਨੇਤਰ ਨੈਣ ਅੱਖ ਨਾ ਕੋਇ ਸ਼ਰਮਾਈਆ । ਨੰਗੇ ਤਾਰੀਆਂ ਰਹੇ ਲਾ, ਪੜਦਾ ਉਪਰ ਨਾ ਕੋਇ ਟਿਕਾਈਆ । ਐਵੇਂ ਗਾਵਾਂ ਰਹੇ ਮਣਸਾ, ਤੇਰਾ ਨਾਮ ਵਿਚੋਲਾ ਹੱਥ ਕਿਸੇ ਨਾ ਆਈਆ । ਉਚੀ ਰੋਈਏ ਕਰ ਕੇ ਬਾਂਹ, ਦੋਹਾਂ ਹੱਥਾਂ ਦਈਏ ਦੁਹਾਈਆ । ਸਾਡਾ ਲਹਿਣਾ ਦੇ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਤੇਰੇ ਚਰਨਾਂ ਮਿਲੇ ਪਨਾਹ, ਦਵਾਰ ਸਚ ਸਰਨਾਈਆ । ਕਲਜੁਗ ਜੀਵਾਂ ਕੋਲੋਂ ਪੱਲੂ ਛੁਡਾ, ਨਾਤਾ ਝੂਠਾ ਦੇ ਤੁੜਾਈਆ । ਤੇਰਾ ਦਰਸਨ ਕਰੀਏ ਆ, ਚਰਨ ਕਵਲ ਮਿਲੇ ਸਰਨਾਈਆ । ਤੂੰ ਹੀ ਪਿਤਾ ਤੂੰ ਹੀ ਮਾਂ, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੱਥ ਨਿਆਂ, ਅਦਾਲਤ ਤੇਰੀ ਸੱਚੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਖ਼ਰ ਸੋਚ, ਸਚ ਸਚ ਜਣਾਈਆ । ਪੁਰਖ ਅਕਾਲ ਕਿਉਂ ਬੈਠਾ ਖ਼ਾਮੋਸ਼, ਆਪਣਾ ਧਿਆਨ ਲਗਾਈਆ । ਕੂੜੀ ਕਿਰਿਆ ਕਲਜੁਗ ਮਾਣੇ ਮੌਜ, ਸਤਿ ਧਰਮ ਬੈਠਾ ਮੁਖ ਛੁਪਾਈਆ । ਲੇਖਾ ਵੇਖ ਆਪਣੇ

ਲੋਕ, ਲੁਕ ਲੁਕ ਆਪਣੀ ਅੱਖ ਖੁਲ੍ਹਾਈਆ । ਵਰਨਾਂ ਬਰਨਾਂ ਕੱਢ ਖੋਜ, ਦੀਨਾਂ ਮਜ਼੍ਹਬਾਂ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅੰਤਮ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਮੁਕਿਆ ਹਿੱਸਾ, ਹਿੱਸੇਦਾਰੀ ਨਜ਼ਰ ਕੋਇ ਨਾ ਆਈਆ । ਕਲਜੁਗ ਰਸ ਹੋਇਆ ਫਿਕਾ, ਪਾਪਾਂ ਭਰੀ ਲੋਕਾਈਆ । ਤੇਰਾ ਸੰਦੇਸਾ ਸੱਚਾ ਨਾਮ ਦੇ ਕੇ ਆਏ ਚਿਠਾ, ਬਣ ਚਿਠੀ ਰਸਾਇਣ ਸੇਵ ਕਮਾਈਆ । ਤੇਰਾ ਖੇਲ ਪ੍ਰਭੂ ਕਿਸੇ ਨਾ ਡਿਠਾ, ਨੇਤਰ ਖੋਲ੍ਹ ਦਰਸ ਕੋਇ ਨਾ ਪਾਈਆ । ਅੰਤਮ ਸਭ ਨੂੰ ਦਿਤਾ ਪਿਛਾ, ਕਰਵਟ ਲੈ ਨਾ ਮੁਖ ਵਖਾਈਆ । ਜਗਤ ਕਹਾਣੀ ਗੌਂਦੇ ਫਿਰਦੇ ਕਿੱਸਾ, ਕਿਸਮਤ ਲਏ ਨਾ ਕੋਇ ਬਦਲਾਈਆ । ਤੇਰਾ ਨੂਰ ਜਹੂਰ ਕਿਸੇ ਨਾ ਲੱਭਿਆ ਵਿਚੋਂ ਇੱਟਾਂ, ਪੱਥਰਾਂ ਵਿਚੋਂ ਮੇਲ ਨਾ ਕੋਇ ਮਿਲਾਈਆ । ਕਾਗ਼ਜ਼ ਕਲਮ ਕਿਸੇ ਨਾ ਡਿੱਠਾ, ਸ਼ਾਹੀ ਪਰਦਾ ਨਾ ਕੋਇ ਚੁਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤਾ, ਚੇਤਨ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦਏ ਵਡਿਆਈਆ । ਪਾਰਬ੍ਰਹਮ ਪ੍ਰਭ ਸਭ ਕੁਛ ਤੇਰੀ ਝੋਲੀ, ਕਲਜੁਗ ਅੰਤ ਦਿਤਾ ਟਿਕਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸੇਵਾ ਕੀਤੀ ਬਣ ਕੇ ਗੋਲੀ, ਚਾਕਰ ਆਪਣਾ ਨਾਉਂ ਧਰਾਈਆ । ਨਾਮ ਸ਼ਬਦ ਧੁਰ ਸੁਣਾਈ ਬੋਲੀ, ਕਲਮਾ ਨਬੀ ਰਸੂਲ ਪੜ੍ਹਾਈਆ । ਬਣ ਵਣਜਾਰੇ ਹਟ ਸੱਚੀ ਖੋਲੀ, ਵਸਤ ਇਕੋ ਇਕ ਟਿਕਾਈਆ । ਨਾਮ ਕੰਡੇ ਧੁਰ ਦੇ ਤੋਲੀ, ਤਕੜੀ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਭ ਕੁਛ ਤੇਰੇ ਹੱਥ ਫੜਾਈਆ । ਤੇਰੇ ਹੱਥ ਫੜਾਈ ਡੋਰ, ਖ਼ਾਲੀ ਹੱਥ ਰਹੇ ਵਖਾਈਆ । ਕਲਜੁਗ ਵੇਖ ਅੰਧ ਘੋਰ, ਆਪਣਾ ਬਲ ਤੇਰੀ ਝੋਲੀ ਪਾਈਆ । ਤੂੰ ਸਾਹਿਬ ਵਸਣਹਾਰਾ ਠੱਗ ਚੋਰ, ਘਟ ਘਟ ਅੰਦਰ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਤੇਰੀ ਲੋੜ, ਸਾਚੇ ਸੰਤਾਂ ਵੇਖ ਵਖਾਈਆ । ਆਪਣੀ ਕਿਰਪਾ ਸਚ ਦਵਾਰਾ ਦੇ ਖੋਲ੍ਹ, ਖ਼ਾਲਸ ਆਪਣਾ ਨਾਮ ਦ੍ਰਿੜਾਈਆ । ਦੋ ਜਹਾਨ ਵਜਾ ਢੋਲ, ਨਿਰਗੁਣ ਸਰਗੁਣ ਆਪ ਸਮਝਾਈਆ । ਨਾਮ ਨਿਧਾਨ ਤੋਲ ਤੋਲ, ਤੋਲਣਹਾਰਾ ਆਪ ਅਖਵਾਈਆ । ਘਟ ਸਵਾਮੀ ਵਸੇਂ ਕੋਲ, ਬ੍ਰਹਿਮੰਡ ਤੇਰੀ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਲਏਂ ਵਰੋਲ, ਗੁਰਮੁਖ ਗੁਰ ਗੁਰ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਮੁੱਕੀ ਪਟੇਦਾਰੀ, ਹੱਕ ਨਜ਼ਰ ਕੋਇ ਨਾ ਆਈਆ । ਸਦੀ ਬੀਸਵੀਂ ਤੇਰੀ ਯਾਰੀ, ਸਚ ਯਾਰਾਨਾ ਇਕ ਲਗਾਈਆ । ਸਦੀ ਚੌਧਵੀਂ ਸ਼ਹਿਨਸ਼ਾਹ ਪਰਵਰਦਗਾਰੀ, ਸਾਚੀ ਓਟ ਰਖਾਈਆ । ਲੇਖ ਚੁਕਾ ਵਡ ਸੰਸਾਰੀ ਭੰਡਾਰੀ, ਭੰਡਾਰਾ ਆਪਣੇ ਹੱਥ ਵਖਾਈਆ । ਕਾਗ਼ਜ਼ ਕਲਮ ਨੇਤਰ ਰੋਵੇ ਬਣ ਲਿਖਾਰੀ, ਕਾਤਬ ਚਲੇ ਨਾ ਕੋਇ ਚਤਰਾਈਆ । ਹਉਮੈਂ ਮਿਟੀ ਨਾ ਕਿਸੇ ਬੀਮਾਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸਾਹਿਬ ਸਤਿਗੁਰ ਸ਼ਬਦ ਮਿਲਿਆ ਨਾ ਸੱਚਾ ਹਾਣੀ, ਸੁਰਤ ਸਵਾਣੀ ਕੰਤ ਨਾ ਕਿਸੇ ਪਰਨਾਈਆ । ਨੇਤਰ ਰੋਵੇ ਚਾਰੇ ਖਾਣੀ, ਅੰਡਜ ਜੇਰਜ ਸੇਤਜ ਉਤਭੁਜ ਦਏ ਦੁਹਾਈਆ । ਮਿਲੇ ਮਾਣ ਨਾ ਚਾਰੇ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਨਵ ਨੌ ਚਾਰ ਨਾ ਕੋਈ ਨਿਸ਼ਾਨੀ, ਸਚ ਧਰਮ ਰੂਪ ਨਾ ਕੋਇ ਵਖਾਈਆ । ਜੀਵ ਜੰਤ ਸਾਧ ਸੰਤ ਮਨ ਵਾਸਨਾ ਕਰਨ ਮਨ ਮਾਨੀ, ਮਮਤਾ ਮੋਹ ਆਪਣੇ ਨਾਲ ਰਖਾਈਆ । ਧੁਰ



੭੬੩
੧੯

ਦਾ ਲੇਖਾ ਲਿਖ ਕੇ ਗਿਆ ਸੁਤ ਭਾਨੀ, ਗੁਰੂ ਗੁਰਦੇਵ ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਮਾਰਨ ਝਾਤ, ਪ੍ਰਭ ਤੇਰਾ ਰਾਹ ਤਕਾਈਆ । ਲੇਖਾ ਲਿਖ ਦੇ ਬਿਨ ਕਲਮ ਦਵਾਤ, ਸ਼ਾਹੀ ਪ੍ਰੇਮ ਨਾਲ ਮਿਲਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੂਰੀ ਕਰਦੇ ਆਸ, ਤ੍ਰਿਸਨਾ ਕੋਇ ਰਹਿਣ ਨਾ ਪਾਈਆ । ਤੇਰਾ ਰੂਪ ਨਜ਼ਰੀ ਆਏ ਖ਼ਾਸ, ਖ਼ਾਲਸ ਆਪਣਾ ਰੰਗ ਦੇ ਸਮਝਾਈਆ । ਤੇਰੀ ਕਰਦੇ ਰਹੇ ਤਲਾਸ਼, ਚਾਰ ਕੁੰਟ ਵੇਖ ਵਖਾਈਆ । ਸ਼ਿਵ ਜੀ ਲੱਭੇ ਉਤੇ ਕੈਲਾਸ਼, ਬ੍ਰਹਮਾ ਸ੍ਰੀ ਬ੍ਰਹਮ ਧਿਆਨ ਲਗਾਈਆ । ਵਿਸ਼ਨੂੰ ਵੇਖੇ ਆਪਣੇ ਸਾਂਗੋ ਪਾਂਗ, ਬਾਸ਼ਕ ਤਸ਼ਕਾ ਸੇਜਾ ਆਸਣ ਲਾਈਆ । ਪਰਮ ਪੁਰਖ ਪਰਮਾਤਮ ਤੇਰਾ ਕੋਈ ਨਾ ਜਾਣੇ ਸਵਾਂਗ, ਸਵਾਂਗੀ ਕੀ ਕੀ ਖੇਲ ਰਚਾਈਆ । ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਰੱਖੀ ਤਾਂਘ, ਨੇਤਰ ਲੋਚਣ ਨੈਣ ਵੇਖਣ ਚਾਈਂ ਚਾਈਂਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਪਾਰਬ੍ਰਹਮ ਪ੍ਰਭ ਇਕ ਚੜ੍ਹਾ ਅਗੰਮੀ ਕਾਂਗ, ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਦਏ ਰੁੜ੍ਹਾਈਆ । ਸਚ ਸ਼ਬਦ ਧੁਰ ਕਲਮਾ ਬਿਨ ਨਬੀ ਰਸੂਲੋਂ ਦੇ ਬਾਂਗ, ਹਜ਼ਰਤ ਹੱਕ ਕਰ ਪੜ੍ਹਾਈਆ । ਦੋ ਜਹਾਨਾਂ ਤੇਰੇ ਨਾਮ ਦੀ ਪਏ ਧਾਂਗ, ਨਾਮ ਸਤਿ ਫ਼ਤਹਿ ਡੰਕਾ ਇਕ ਵਜਾਈਆ । ਰਵ ਸਸ ਰਾਹ ਤੱਕਣ ਸੂਰਜ ਚਾਂਦ, ਮੰਡਲ ਮੰਡਪ ਬੈਠੇ ਧਿਆਨ ਲਗਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਕੋਈ ਨਾ ਪਾਵੇ ਸਾਂਤ, ਤ੍ਰੈਗੁਣ ਅਗਨੀ ਪੰਜ ਤਤ ਅੱਗ ਨਾ ਕੋਇ ਬੁਝਾਈਆ । ਮਿਹਰਵਾਨ ਮਿਹਰਵਾਨ ਗੁਣ ਨਿਧਾਨ ਵਖਾ ਆਪਣਾ ਸਵਾਂਗ, ਅਛਲ ਛਲਧਾਰੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗੰਬਰ ਬੈਠੇ ਝੁਕ, ਤਖ਼ਤ ਨਿਵਾਸੀ ਤੇਰੇ ਅੱਗੇ ਸੀਸ ਨਿਵਾਈਆ । ਪਰਵਰਦਗਾਰ ਸਾਂਝੇ ਯਾਰ ਦੀਨ ਦਿਆਲ ਪੁਰਖ ਅਕਾਲ ਸਾਡਾ ਪੈਂਡਾ ਗਿਆ ਮੁੱਕ, ਮੁਕੰਮਲ ਦਰ ਤੇਰੇ ਰਹੇ ਜਣਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਆਪਣੀ ਧਾਰੋਂ ਉਠ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਾਡੇ ਕੋਲੋਂ ਸਭ ਕੁਛ ਗਿਆ ਖ਼ੁਸ, ਖ਼ਸਮ ਡੋਰ ਤੇਰੇ ਹੱਥ ਫੜਾਈਆ । ਦਇਆਵਾਨ ਹੋ ਕੇ ਪੁਛ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਸਚਖੰਡ ਨਿਵਾਸੀ ਸਚ ਦਵਾਰੇ ਕਿਉਂ ਬੈਠਾ ਲੁਕ, ਕਲਜੁਗ ਵੇਲਾ ਅੰਤਮ ਦਏ ਦੁਹਾਈਆ । ਰਾਹ ਤੱਕੇ ਗੋਬਿੰਦ ਤੇਰਾ ਸੂਰਾ ਪੁੱਤ, ਪੋਤਰੇ ਗੁਰਮੁਖ ਨਾਲ ਮਿਲਾਈਆ । ਨਿਰਧਨ ਸਰਧਨ ਜਾ ਕੇ ਪੁਛ, ਅਗਲਾ ਪਿਛਲਾ ਲੇਖਾ ਤੈਨੂੰ ਦੇਣ ਜਣਾਈਆ । ਅੰਮ੍ਰਿਤ ਇਕੋ ਦੇ ਘੁੱਟ, ਜਿਸ ਪੀਤਿਆਂ ਦੁੱਖ ਰਹੇ ਨਾ ਰਾਈਆ । ਉਜਲ ਕਰ ਮਾਤ ਮੁਖ, ਦੁਰਮਤ ਮੈਲ ਧਵਾਈਆ । ਸਚ ਸੁਹਾ ਆਪਣੀ ਰੁੱਤ, ਪੱਤ ਡਾਲੀ ਫੁਲ ਮਹਿਕਾਈਆ । ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਰਹੇ ਵਖਾਈਆ । ਤੇਰੇ ਪ੍ਰੇਮ ਦੀ ਮਿਲੇ ਸੁਚ, ਸੰਜਮ ਇਕੋ ਦੇ ਜਣਾਈਆ । ਕੂੜੀ ਕਿਰਿਆ ਜੜ ਦੇਣੀ ਪੁਟ, ਬੂਟਾ ਆਪਣਾ ਨਾਮ ਲਗਾਈਆ । ਦੀਨ ਮਜ਼੍ਹਬ ਜਾਤ ਪਾਤ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕੂੜੀ ਕਿਰਿਆ ਕੱਢ ਫੁੱਟ, ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਤੁੜਾਈਆ । ਜਨ ਭਗਤਾਂ ਨਾਲ ਦੀਨ ਦਿਆਲ ਮੂਲ ਨਾ ਰੁੱਸ, ਕਰ ਕਿਰਪਾ ਰੁਸਿਆਂ ਲੈ ਮਿਲਾਈਆ । ਤੇਰੇ ਵਿਛੋੜੇ ਦਾ ਝੱਲਿਆਂ ਨਾ ਜਾਏ ਦੁੱਖ, ਬਿਰਹੋਂ ਰੋਗ ਨਾ ਕੋਇ ਮਿਟਾਈਆ । ਪ੍ਰੇਮ ਪ੍ਰੀਤੀ ਦੇ ਅਤੁਟ, ਚਰਨ ਕਵਲ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਥਾਉਂ ਥਾਈਂਆ ।

ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪ੍ਰਭ ਵੇਖ ਆਪਣਾ ਜਗਤ, ਜਗ ਜੀਵਣ ਦਾਤੇ ਤੇਰੇ ਹੱਥ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਨਾੜੀ ਨਾੜੀ ਵੇਖ ਬੂੰਦ ਰਕਤ, ਗ੍ਰਿਹ ਗ੍ਰਿਹ ਘਰ ਘਰ ਆਪਣਾ ਫੇਰਾ ਪਾਈਆ । ਤੇਰੇ ਮਿਲਣ ਦਾ ਆਇਆ ਵਕਤ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਰਾਹ ਵੇਖਣ ਨੇਤਰ ਭਗਤ, ਭਗਵਨ ਇਕ ਧਿਆਨ ਲਗਾਈਆ । ਜੇ ਨਾ ਮਿਲੇਂ ਤੇਰੇ ਉਤੇ ਕਰਨ ਹਰਖ਼, ਗੁਸੇ ਹੋ ਕੇ ਮੁਖ ਭਵਾਈਆ । ਫੇਰ ਏਨ੍ਹਾਂ ਤੇਰੇ ਕੋਲ ਨਹੀਂ ਔਣਾ ਪਰਤ, ਅੱਖ ਆਪਣੀ ਲੈਣ ਭਵਾਈਆ । ਸ੍ਰੀ ਭਗਵਾਨ ਕਹੇ ਮੈਂ ਕਰਾਂ ਖੇਲ ਨਧੜਕ, ਭੈ ਭੌ ਸਰਬ ਮਿਟਾਈਆ । ਜਨ ਭਗਤਾਂ ਉਤੇ ਕਰ ਕੇ ਤਰਸ, ਮੇਲ ਮਿਲਾਵਾਂ ਚਾਈਂ ਚਾਈਂਆ । ਦੇਵਾਂ ਵਡਿਆਈ ਅਰਸ਼ ਫ਼ਰਸ਼, ਦੋ ਜਹਾਨਾਂ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਪਿਛੇ ਰਹਿ ਗਿਆ ਫ਼ਰਕ, ਅੱਗੇ ਪੂਰਾ ਘਾਟਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੁਸੀਂ ਵੇਖ ਹੋਵੇ ਅਸਚਰਜ, ਹਰਿ ਜੂ ਅਚਰਜ ਖੇਲ ਰਚਾਈਆ । ਕਿਸ ਬਿਧ ਆਪਣਾ ਪੂਰਾ ਕਰੇ ਫ਼ਰਜ਼, ਫ਼ਰਦ ਸਭ ਦੀ ਵੇਖ ਵਖਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਸਚ ਮਰਦਾਨਗੀ ਆਪ ਕਮਾਈਆ । ਨਾਮ ਖੰਡਾ ਫੜੇ ਖੜਗ, ਦੋ ਜਹਾਨਾਂ ਰਿਹਾ ਡਰਾਈਆ । ਚਾਲ ਅਗੰਮੀ ਚਲੇ ਮਟਕ, ਕਦਮ ਕਦਮ ਨਾਲ ਉਠਾਈਆ । ਕੂੜੀ ਕਿਰਿਆ ਸ਼ੌਹ ਦਰਿਆਏ ਦੇਵੇ ਪਟਕ, ਪਟਨੇਵਾਲਾ ਬੇਪਰਵਾਹੀਆ । ਪੰਚ ਵਿਕਾਰ ਨਾ ਰਹੇ ਕਟਕ, ਕੰਡਾ ਸਭ ਦਾ ਦਏ ਕਢਾਈਆ । ਅਧਵਿਚਕਾਰ ਜੋ ਰਹੇ ਲਟਕ, ਆਰ ਪਾਰ ਕਿਨਾਰੇ ਦਏ ਜਣਾਈਆ । ਜਨ ਭਗਤ ਲੋਕਮਾਤ ਜਗਤ ਵਾਸਨਾ ਕਦੇ ਨਾ ਹੋਵੇ ਗ਼ਰਕ, ਵਹਿਣ ਕੂੜ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦੀ ਪੂਰੀ ਕਰੇ ਸ਼ਰਤ, ਸ਼ਰੀਅਤ ਸ਼ਰਅ ਆਪਣੀ ਝੋਲੀ ਪਾਈਆ । ਸੱਚੀ ਸਰਨ ਏਕੰਕਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਅਗੰਮ ਅਪਾਰ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਂਡੇ ਦਰਬਾਰ, ਸ੍ਰੀ ਭਗਵਾਨ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਦਏ ਅਧਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚਖੰਡ ਨਿਵਾਸੀ ਖੇਲ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਪਰਮਾਤਮ ਆਤਮ ਖੇਲ ਨਿਆਰ, ਨਿਰਗੁਣ ਨਿਰਵੈਰ ਧਾਰ ਚਲਾਈਆ । ਪਾਰਬ੍ਰਹਮ ਬ੍ਰਹਮ ਭੇਵ ਨਿਆਰ, ਪੜਦਾ ਉਹਲਾ ਆਪ ਉਠਾਈਆ । ਬਣ ਵਿਚੋਲਾ ਪੁਰਖ ਅਕਾਲ, ਆਦਿ ਜੁਗਾਦਿ ਜੁਗ ਚੌਕੜੀ ਆਪਣੀ ਖੇਲ ਵਖਾਈਆ । ਭਗਤ ਭਗਵੰਤ ਲਏ ਉਠਾਲ, ਸੰਤ ਸੁਹੇਲੇ ਅੱਖ ਖੁਲ੍ਹਾਈਆ । ਗੁਰਮੁਖ ਗੁਰ ਗੁਰ ਬਣ ਦਲਾਲ, ਸ਼ਬਦ ਦਲਾਲਾ ਰੂਪ ਵਟਾਈਆ । ਗੁਰਸਿਖ ਕਰ ਕਰ ਪੂਰੇ ਕਾਮ, ਚਰਨ ਕਵਲ ਦਏ ਸਰਨਾਈਆ । ਸਾਚਾ ਢੋਲਾ ਧੁਰ ਦਾ ਨਾਮ, ਓਅੰਕਾਰ ਏਕੰਕਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਏਕੰਕਾਰ ਸਤਿ ਸਰੂਪ, ਸਤਿ ਸਤਿਵਾਦੀ ਇਕ ਅਖਵਾਇੰਦਾ । ਰੇਖ ਰੰਗ ਨਾ ਕੋਇ ਰੂਪ, ਜਾਤ ਪਾਤ ਨਾ ਕੋਇ ਜਣਾਇੰਦਾ । ਵਸਣਹਾਰਾ ਦਹਿ ਦਿਸ਼ਾ ਚਾਰੇ ਕੂਟ, ਘਰ ਘਰ ਵਿਚ ਸੋਭਾ ਪਾਇੰਦਾ । ਭਾਗ ਲਗਾਏ ਪੰਜ ਤਤ ਕਾਇਆ ਕਲਬੂਤ, ਅਨੁਭਵ ਆਪਣੀ ਖੇਲ ਵਖਾਇੰਦਾ । ਨਾਤਾ ਤੋੜੇ ਜੂਠ ਝੂਠ, ਮਾਇਆ ਮਮਤਾ ਮੋਹ ਮਿਟਾਇੰਦਾ । ਪਰਮਾਤਮ ਆਤਮ ਬਣਾਏ ਸਚ ਸਪੂਤ, ਪਿਤਾ ਪੂਤ ਗੋਦ ਉਠਾਇੰਦਾ । ਉਜਲ ਕਰੇ ਨਿਰਗੁਣ


੭੬੫ ੧੯

ਮੁਖ, ਪਰਦਾ ਉਹਲਾ ਰਹਿਣ ਕੋਇ ਨਾ ਪਾਇੰਦਾ । ਘਰ ਆਤਮ ਘਰ ਬ੍ਰਹਮ ਘਰ ਦੇਵਣਹਾਰਾ ਸੁਖ, ਸਾਂਤਕ ਸਦ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕੰਕਾਰ ਸਚ ਸਚ ਦ੍ਰਿੜਾਇੰਦਾ । ਏਕੰਕਾਰ ਇਕ ਇਕੱਲਾ, ਸਚਖੰਡ ਨਿਵਾਸੀ ਸਚਖੰਡ ਦਵਾਰੇ ਸੋਭਾ ਪਾਈਆ । ਪਰਮ ਪੁਰਖ ਪਰਮਾਤਮ ਵਸਾਵਣਹਾਰਾ ਸਚ ਮਹੱਲਾ, ਮਹਿਫਲ ਇਕੋ ਇਕ ਵਖਾਈਆ । ਦੀਪਕ ਜੋਤੀ ਆਪੇ ਬਲਾ, ਸ਼ਬਦੀ ਰਾਗ ਧੁਨ ਸ਼ਨਵਾਈਆ । ਜਿਸ ਸੁਰਤੀ ਗੁਰ ਸ਼ਬਦ ਫੜਾਵੇ ਪੱਲਾ, ਸੋ ਆਤਮ ਏਕੰਕਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਧੁਰਦਰਗਾਹੀ ਅਗੰਮ ਜਾਪ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਇਕ ਦ੍ਰਿੜਾਈਆ । ਏਕੰਕਾਰ ਜੋ ਜਨ ਜਪਦੇ, ਮਾਇਆ ਮਮਤਾ ਮੋਹ ਮਿਟਾਈਆ । ਤ੍ਰੈਗੁਣ ਅਗਨ ਕਦੇ ਨਾ ਤਪਦੇ, ਕੂੜੀ ਕਿਰਿਆ ਨਾ ਕੋਇ ਲੜਾਈਆ । ਨੌ ਦਵਾਰੇ ਪਾਰ ਲੰਘਦੇ, ਸੁਖਮਨ ਟੇਢੀ ਬੰਕ ਪੰਧ ਮੁਕਾਈਆ । ਪੜਦਾ ਲਾਹ ਨੇਤਰ ਨਿਜ ਅੱਖ ਦੇ, ਘਰ ਲੋਚਣ ਦਰਸਨ ਪਾਈਆ । ਸ਼ਬਦ ਅਗੰਮੀ ਨਾਦ ਵੱਜਦੇ, ਅਨਹੱਦ ਰਾਗੀ ਰਾਗ ਸੁਣਾਈਆ । ਖ਼ੁਸ਼ੀ ਨਾਲ ਆਤਮ ਪਰਮਾਤਮ ਮਿਲ ਮਿਲ ਹੱਸਦੇ, ਚਿੰਤਾ ਗ਼ਮ ਨਾ ਕੋਇ ਰਖਾਈਆ । ਸਚ ਦਵਾਰ ਸੋਹਣੇ ਮੰਦਰ ਮਹਲ ਅਟੱਲ ਇਕੋ ਵਸਦੇ, ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਲੇਖਾ ਜਾਨਣ ਧੁਰ ਦੇ ਰਸ ਦੇ, ਰਸ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਏਕੰਕਾਰ ਮਿਹਰ ਨਜ਼ਰ ਆਪਣੀ ਇਕ ਉਠਾਈਆ । ਨਾਮ ਮੰਤਰ ਏਕੰਕਾਰ ਜਿਨ੍ਹਾਂ ਮਿਲਿਆ ਸਤਿ, ਘਰ ਸਾਚੇ ਵੱਜੇ ਵਧਾਈਆ । ਮਨ ਮਤ ਬੁਧ ਮੂੰਹ ਦੇ ਭਾਰ ਦੇਵੇ ਸੱਟ, ਬ੍ਰਹਮ ਮਤ ਇਕ ਪਰਗਟਾਈਆ । ਕਰ ਪਰਕਾਸ਼ ਨਿਰਮਲ ਜੋਤ ਝੱਟ, ਅੰਧ ਅੰਧੇਰ ਚੁਕਾਈਆ । ਸ਼ਬਦ ਅਗੰਮੀ ਵੱਜੇ ਸੱਟ, ਘਰ ਤਾਲ ਤਲਵਾੜਾ ਇਕੋ ਨਜ਼ਰੀ ਆਈਆ । ਅੱਠੇ ਪਹਿਰ ਖੁਲ੍ਹੀ ਰਹੇ ਅੱਖ, ਨਿਜ ਨੇਤਰ ਨੂਰ ਹੋਏ ਰੁਸ਼ਨਾਈਆ । ਲੇਖਾ ਚੁਕੇ ਸਿਮਰਨ ਪੂਜਾ ਪਾਠ ਜੋਗ ਅਭਿਆਸ ਜਪ ਤਪ, ਸੰਜਮ ਨੇਮ ਕਰਮ ਕਾਂਡ ਰਹਿਣ ਕੋਇ ਨਾ ਪਾਈਆ । ਸੱਚਾ ਨਾਅਰਾ ਸੁਣ ਅਲੱਖ, ਪਰਤੱਖ ਪਾਰਬ੍ਰਹਮ ਪਤਿਪਰਮੇਸ਼ਵਰ ਦਰਸ਼ਨ ਪਾਈਆ । ਹਕੀਕਤ ਵੇਖ ਧੁਰ ਦੀ ਹੱਕ, ਮੁਕਾਮੇ ਹੱਕ ਮਿਲੇ ਵਡਿਆਈਆ । ਸਗਲ ਵਿਸੂਰੇ ਜਾਣ ਲੱਥ, ਜੋ ਜਨ ਗੁਰਮੁਖ ਏਕੰਕਾਰ ਨਾਮ ਸਿਮਰਨ ਸਿਮਰ ਸਿਮਰ ਪ੍ਰਭ ਦੇ ਵਿਚ ਸਮਾਈਆ । ਏਕੰਕਾਰ ਜਿਨ੍ਹਾਂ ਮਿਲਿਆ ਨਾਮ, ਸਤਿਗੁਰ ਪੂਰਾ ਸਿਰ ਆਪਣਾ ਹੱਥ ਟਿਕਾਈਆ । ਤੀਰ ਨਿਰਾਲਾ ਵੱਜੇ ਬਾਣ, ਅਨਿਆਲਾ ਇਕ ਵਖਾਈਆ । ਪੰਚ ਵਿਕਾਰ ਨਾ ਰਹੇ ਸ਼ੈਤਾਨ, ਸ਼ਰਅ ਮਜ਼੍ਹਬ ਨਾ ਕੋਇ ਲੜਾਈਆ । ਅੰਤਰ ਅੰਤਰ ਹੋਏ ਗਿਆਨ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਜਿਸ ਦਾ ਕਰੇ ਗਿਆਨ, ਅੱਖਰਾਂ ਨਾਲ ਸਿਫ਼ਤੀ ਢੋਲਾ ਗਾਈਆ । ਸੋ ਸਾਹਿਬ ਸਤਿਗੁਰ ਪੁਰਖ ਦੀਨ ਦਿਆਲ ਸਾਚੇ ਮੰਦਰ ਘਰ ਸਵਾਮੀ ਮਿਲੇ ਆਣ, ਨਿਰਗੁਣ ਨਿਰਵੈਰ ਬੇਪਰਵਾਹੀਆ । ਤਿਨ੍ਹਾਂ ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸਾਚੇ ਸੰਤਾਂ ਪੂਰਨ ਹੋਵੇ ਕਾਮ, ਕਾਮਨਾ ਕੂੜੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰ ਇਕੋ ਨਾਮ ਦਏ ਵਡਿਆਈਆ । ਏਕੰਕਾਰ ਕਹੇ ਮੇਰਾ ਨਾਅਰਾ ਹੱਕ, ਹਕੀਕਤ ਵਿਚੋਂ ਨਜ਼ਰੀ ਆਈਆ । ਆਦਿ ਜੁਗਾਦਿ ਮਹਿਮਾ ਅਕੱਥ, ਰਸਨਾ ਕਥ ਨਾ ਸਕੇ ਕੋਈ ਰਾਈਆ । ਜਿਨ੍ਹਾਂ ਸਾਹਿਬ ਸਤਿਗੁਰ


੭੬੬
੧੯

ਦੀਨ ਦਿਆਲ ਅੰਦਰ ਵੜ ਪੌੜੇ ਚੜ੍ਹ ਮਾਰਗ ਦੇਵੇ ਦੱਸ, ਬਾਹਰ ਖੋਜਣ ਕੋਇ ਨਾ ਜਾਈਆ । ਧੀਰਜ ਜਤ ਸਤਿ ਸੰਤੋਖ ਗ੍ਰਹਿ ਮੰਦਰ ਮਿਲੇ ਹਠ ਤਪ, ਤਪੀਸ਼ਰ ਬੈਠਣ ਸੀਸ ਝੁਕਾਈਆ । ਬਿਨ ਰਸਨਾ ਜਿਹਵਾ ਏਕੰਕਾਰ ਹਰਿਜਨ ਨਾਮ ਲਏ ਰਟ, ਮਨ ਕਾ ਮਣਕਾ ਆਪ ਭਵਾਈਆ । ਦੂਈ ਦਵੈਤੀ ਮਿਟੇ ਫਟ, ਭਾਂਡਾ ਭਰਮ ਭੌ ਭੰਨਾਈਆ । ਸੋ ਸੱਜਣ ਗੁਰਮੁਖ ਅੱਠੇ ਪਹਿਰ ਮਿਲੇ ਰਹਿਣ ਪੁਰਖ ਸਮਰਥ, ਦਿਵਸ ਰੈਣ ਘੜੀ ਪਲ ਹੋਏ ਨਾ ਕਦੇ ਜੁਦਾਈਆ । ਏਕੰਕਾਰ ਹਰ ਘਟ ਅੰਦਰ ਨਿਜ ਸਵਾਮੀ ਰਿਹਾ ਵਸ, ਸਚ ਸਿੰਘਾਸਣ ਸੋਭਾ ਪਾਈਆ । ਧੰਨ ਭਾਗ ਜਨ ਭਗਤਾਂ ਜੋ ਪਰਮ ਪੁਰਖ ਦਾ ਲੈਣ ਰਸ, ਨਾਮ ਸਿਮਰਨ ਇਕੋ ਏਕੰਕਾਰ ਧਿਆਈਆ । ਏਕੰਕਾਰ ਕਹੇ ਮੈਂ ਬੜਾ ਚੰਗਾ, ਚੰਗੀ ਤਰ੍ਹਾ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਘਰ ਘਰ ਅੰਦਰ ਡੱਠਿਆ ਮੰਜਾ, ਨਜ਼ਰ ਕਿਸੇ ਨਾ ਆਈਆ । ਉਪਰ ਬੈਠਾ ਸੂਰਾ ਸਰਬੰਗਾ, ਸਤਿਗੁਰ ਦਾਤਾ ਬੇਪਰਵਾਹੀਆ । ਜਿਸ ਦਾ ਨਾਦ ਅਗੰਮਾ, ਸੁਰ ਤਾਲ ਸਮਝ ਕਿਸੇ ਨਾ ਆਈਆ । ਗੁਰਮੁਖ ਕਰ ਪਿਆਰ ਸਚ ਧਰਮਸਾਲ ਅੰਦਰ ਲੰਘਾ, ਵੇਂਹਦਿਆਂ ਵੇਂਹਦਿਆਂ ਖ਼ੁਸ਼ੀ ਮਨਾਈਆ । ਸਤਿਗੁਰ ਦਇਆ ਕਰ ਕੇ ਸ਼ਬਦੀ ਹੱਥ ਉਠਾਇਆ ਡੰਡਾ, ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਕੂੜੀ ਕਿਰਿਆ ਸਾਰੀ ਪਿਛੇ ਹਟਾਈਆ । ਸਤਿ ਸਰੂਪ ਸ਼ਾਹੋ ਭੂਪ ਦੋ ਜਹਾਨਾਂ ਵਾਲੀ ਇਕ ਵਖਾਏ ਧੁਰ ਦਾ ਖੰਡਾ, ਖੜਗ ਇਕੋ ਇਕ ਚਮਕਾਈਆ । ਕਰੇ ਪਰਕਾਸ਼ ਜਗਤ ਅੰਧੇਰੇ ਅੰਧਾ, ਨਿਜ ਨੇਤਰ ਨੈਣ ਲੋਚਣ ਇਕ ਰੁਸ਼ਨਾਈਆ । ਘਰ ਘਰ ਦਰ ਦਰ ਜਨ ਭਗਤਾਂ ਪਾਵਾਂ ਠੰਡਾ, ਅੰਮ੍ਰਿਤ ਮੇਘ ਨਿਝਰ ਝਿਰਨਾ ਨਾਭੀ ਕਵਲ ਚੁਆਈਆ । ਗੁਰਸਿਖ ਭਾਵੇਂ ਚੰਗਾ ਭਾਵੇਂ ਮੰਦਾ, ਜੋ ਮੇਰਾ ਨਾਮ ਸਿਮਰੇ ਫੜ ਬਾਂਹੋਂ ਗਲੇ ਲਗਾਈਆ । ਪਾਰ ਕਰ ਕੇ ਕੋਟਨ ਕੋਟ ਬ੍ਰਹਿਮੰਡਾਂ ਖੰਡਾਂ, ਸਚਖੰਡ ਦਵਾਰੇ ਚਰਨ ਕਵਲ ਦਿਆਂ ਸਰਨਾਈਆ । ਓਥੇ ਨਾ ਕੋਈ ਸੂਰਜ ਨਾ ਚੰਦਾ, ਮੰਡਲ ਮੰਡਪ ਗੋਪੀ ਕਾਹਨ ਮਿਲ ਸਖੀਆਂ ਰਾਸ ਨਾ ਕੋਇ ਰਚਾਈਆ । ਏਕੰਕਾਰ ਪਰਵਰਦਿਗਾਰ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਜਨ ਭਗਤਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਗੁਣੀ ਗਹਿੰਦਾ, ਗਹਿਰ ਗੰਭੀਰ ਬੇਨਜ਼ੀਰ ਲਾ ਤਸਵੀਰ ਹਰਿਜਨ ਇਕੋ ਰੰਗ ਵਖਾਈਆ । ਏਕੰਕਾਰ ਕਹੇ ਮੇਰਾ ਗੁਰਮੁਖ ਸੱਚਾ, ਜੋ ਮੇਰਾ ਨਾਮ ਧਿਆਈਆ । ਲੱਖ ਚੁਰਾਸੀ ਨਾਲੋਂ ਪਿਆਰਾ ਬੱਚਾ, ਵਾਂਗ ਬੱਚਿਆਂ ਗੋਦ ਉਠਾਈਆ । ਲੂੰ ਲੂੰ ਅੰਦਰ ਸਾਢੇ ਤਿੰਨ ਕਰੋੜ ਰਚਾ, ਬਹੱਤਰ ਨਾੜ ਖ਼ੁਸ਼ੀ ਵਖਾਈਆ । ਭਾਗ ਲਗਾ ਸਾਢੇ ਤਿੰਨ ਹੱਥਾ, ਕਾਇਆ ਮਾਟੀ ਸੋਭਾ ਪਾਈਆ । ਲੇਖਾ ਜਾਣੇ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਆਪਣਾ ਖੇਲ ਵਖਾਈਆ । ਆਵਣ ਜਾਵਣ ਲੱਖ ਚੁਰਾਸੀ ਮਿਟੇ ਰੱਟਾ, ਮਾਤ ਗਰਭ ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜਿਸ ਉਪਰ ਮਿਹਰ ਨਜ਼ਰ ਕਰ ਕੇ ਏਕੰਕਾਰ ਆਪਣਾ ਹੱਥ ਰੱਖਾ, ਰੱਖਿਆ ਕਰੇ ਥਾਈਂ ਥਾਈਂਆ । ਅੰਦਰੇ ਅੰਦਰ ਖੋਲ੍ਹ ਕੇ ਆਪਣੀ ਅੱਖਾ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੰਨ ਧੰਨ ਧੰਨ ਗੁਰਸਿਖ ਜਿਨ੍ਹਾਂ ਏਕੰਕਾਰ ਇਕੋ ਨਾਮ ਜਪਾ, ਦੂਜਾ ਇਸਟ ਨਜ਼ਰ ਕੋਇ ਨਾ ਆਈਆ । ਵਾਕ ਸ਼ਬਦ ਨਾਮ ਰਹਿਮਤ, ਗੁਰ ਸ਼ਬਦ ਸਵਾਮੀ ਦਇਆ ਕਮਾਇੰਦਾ । ਅੰਦਰੇ ਅੰਦਰ ਸੁਰਤ ਸਵਾਣੀ ਨਾਲ ਹੋਵੇ ਸਹਿਮਤ, ਸਗਲਾ ਸੰਗ ਨਿਭਾਇੰਦਾ । ਜਗਤ ਵਿਕਾਰ ਕੂੜ ਹੰਕਾਰ ਮੇਟੇ ਜ਼ਹਿਮਤ, ਚਿੰਤਾ ਰੋਗ ਸੋਗ ਚੁਕਾਇੰਦਾ । ਅੰਦਰ ਵੜ

ਕੇ ਮਾਰੇ ਆਪਣੀ ਇਕੋ ਸੈਨਤ, ਇਸ਼ਾਰਾ ਦੇਂਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਸ਼ ਵਿਚੋਂ ਬਖ਼ਸ਼ੀਸ਼ ਬਖ਼ਸ਼ੀਸ਼ ਜਗਦੀਸ ਜਨ ਭਗਤਾਂ ਝੋਲੀ ਪਾਇੰਦਾ ।

★ ੨੪ ਫੱਗਣ ੨੦੨੦ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ ਇਟਾਰਸੀ ਮਧ ਪ੍ਰਦੇਸ਼ ★

ਜਨ ਭਗਤ ਕਹੇ ਪ੍ਰਭ ਤੇਰੀ ਉਡੀਕ, ਆਦਿ ਜੁਗਾਦਿ ਧਿਆਨ ਲਗਾਈਆ । ਬੇਪਰਵਾਹ ਲਾਸ਼ਰੀਕ, ਸ਼ਹਿਨਸ਼ਾਹ ਤੇਰੀ ਸਰਨਾਈਆ । ਸ਼ਬਦ ਅਗੰਮੀ ਦੇ ਭੀਖ, ਭਿਛਿਆ ਇਕ ਵਰਤਾਈਆ । ਆਤਮ ਪਰਮਾਤਮ ਬਦਲੇ ਰੀਤ, ਘਰ ਘਰ ਵਿਚ ਖੇਲ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਲੇਖਾ ਪੰਧ ਮੁਕਾਈਆ । ਸਚ ਨਿਸ਼ਾਨਾ ਦੱਸ ਠੀਕ, ਤੀਰ ਨਿਰਾਲਾ ਇਕ ਚਲਾਈਆ । ਧੁਰਦਰਗਾਹੀ ਸੱਜਣ ਮੀਤ, ਮਿੱਤਰ ਪਿਆਰੇ ਮੰਗ ਮੰਗਾਈਆ । ਹਉਂ ਬਾਲ ਅੰਜਾਣਾ ਨੀਚੋਂ ਨੀਚ, ਉਚ ਅਗੰਮ ਅਥਾਹ ਇਕ ਤੇਰੀ ਓਟ ਤਕਾਈਆ । ਲੇਖਾ ਜਾਣੇ ਹਸਤ ਕੀਟ, ਘਰ ਘਰ ਰਿਹਾ ਸਮਾਈਆ । ਤੇਰਾ ਨਾਉਂ ਬੀਠਲੋ ਬੀਠ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਧੁਰ ਦਾ ਠਾਕਰ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਜਨ ਭਗਤ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਭਾਗ ਲਗਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਰੰਗ ਵਖਾਈਆ । ਦਰ ਘਰ ਸਾਚੇ ਦੇਵੇ ਆਦਰ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਮੰਦਰ ਵਸੀਏ ਇਕੋ ਖੇੜੇ, ਘਰ ਘਰ ਵਿਚ ਡੇਰਾ ਲਾਈਆ । ਕੂੜੀ ਕਿਰਿਆ ਚੁੱਕਣ ਝੇੜੇ, ਮਾਇਆ ਮਮਤਾ ਮੋਹ ਮਿਟਾਈਆ । ਲੇਖਾ ਚੁਕੇ ਸੰਝ ਸਵੇਰੇ, ਦਿਵਸ ਰੈਣ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ੍ਰੀ ਭਗਵਾਨ ਕਹੇ ਸੁਣ ਧੁਰ ਦੇ ਭਗਤ, ਸਚ ਦੇਵਾਂ ਵਡਿਆਈਆ । ਸਿਰ ਰੱਖਾਂ ਹੱਥ ਵਿਚ ਜਗਤ, ਜਾਗਰਤ ਜੋਤ ਇਕ ਰੁਸ਼ਨਾਈਆ । ਲੇਖੇ ਲਾਵਾਂ ਬੂੰਦ ਰਕਤ, ਰੱਤੀ ਰੱਤ ਵੇਖ ਵਖਾਈਆ । ਅੰਤਰ ਦੇਵਾਂ ਬ੍ਰਹਮ ਮਤ, ਬਾਹਰ ਕਰਾਂ ਨਾ ਕੋਇ ਪੜ੍ਹਾਈਆ । ਸਤਿ ਸੰਤੋਖ ਧੀਰਜ ਜਤ, ਵਸਤ ਅਮੋਲਕ ਝੋਲੀ ਪਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਪੜਦਾ ਉਹਲਾ ਦਿਆਂ ਉਠਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਵੱਖ, ਸੋਹਣਾ ਮਾਰਗ ਇਕ ਦ੍ਰਿੜਾਈਆ । ਲੇਖਾ ਚੁਕਾ ਚੌਦਾਂ ਹੱਟ, ਲੋਕ ਪਰਲੋਕ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਦੇਵਾਂ ਸੱਚ, ਕੂੜੀ ਕਿਰਿਆ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵੇ ਆਪ ਸਹਾਈਆ । ਜਨ ਭਗਤ ਕਹੇ ਪ੍ਰਭ ਤੇਰੀ ਲੋੜ, ਦੂਜਾ ਇਸ਼ਟ ਨਾ ਕੋਇ ਮਨਾਈਆ । ਆਤਮ ਪਰਮਾਤਮ ਨਾਤਾ ਜੋੜ, ਲੇਖਾ ਮੁੱਕੇ ਜਗਤ ਲੋਕਾਈਆ । ਘਰ ਸਵਾਮੀ ਆ ਕੇ ਬੌਹੜ, ਬੌਹੜੀ ਬੌਹੜੀ ਦਿਆਂ ਦੁਹਾਈਆ । ਸ਼ਬਦ ਅਗੰਮੀ ਚੜ੍ਹ ਘੋੜ, ਦੋ ਜਹਾਨਾਂ ਪੰਧ ਮੁਕਾਈਆ । ਨਿਰਗੁਣ ਤੇਰੇ ਹੱਥ ਡੋਰ, ਸਰਗੁਣ ਸਚ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

ਸ੍ਰੀ ਭਗਵਾਨ ਕਹੇ ਜਨ ਭਗਤ ਮੀਤ, ਸਚ ਸਚ ਦਿਆਂ ਦ੍ਰਿੜਾਈਆ । ਆਦਿ ਜੁਗਾਦਿ ਗਾਵਾਂ ਤੇਰਾ ਗੀਤ, ਲੇਖਾ ਲਿਖ ਲਿਖ ਕਲਮ ਸ਼ਾਹੀਆ । ਸਾਚਾ ਕਲਮਾ ਦਿਆਂ ਹਦੀਸ, ਨਾਮ ਨਿਧਾਨ ਇਕ ਸਮਝਾਈਆ । ਘਰ ਘਰ ਵਿਚ ਕਰਾਂ ਰੀਝ, ਮਿਹਰ ਨਜ਼ਰ ਨੈਣ ਤਕਾਈਆ । ਜੁਗ ਚੌਕੜੀ ਮੇਟਣਹਾਰਾ ਲੀਕ, ਲੇਖਾ ਆਪਣੇ ਹੱਥ ਵਖਾਈਆ । ਦੂਰ ਦੁਰਾਡਾ ਆਏ ਨਜ਼ਦੀਕ, ਬੇਪਰਵਾਹ ਫੇਰਾ ਪਾਈਆ । ਚਰਨ ਕਵਲ ਦਏ ਪ੍ਰੀਤ, ਨਾਤਾ ਇਕੋ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ ਭਗਤ ਕਹੇ ਪ੍ਰਭ ਬਣ ਮਲਾਹ, ਖੇਵਟ ਖੇਟਾ ਰੂਪ ਬਣਾਈਆ । ਦਰ ਮੰਗਾਂ ਇਕ ਪਨਾਹ, ਚਰਨ ਕਵਲ ਸਰਨਾਈਆ । ਸਾਚੀ ਦੇ ਸ਼ਬਦ ਸਲਾਹ, ਨਾਮ ਨਿਧਾਨ ਕਰ ਪੜ੍ਹਾਈਆ । ਮਹਲ ਅਟੱਲ ਇਕ ਸੁਹਾ, ਗ੍ਰਿਹਿ ਹੋਏ ਸਤਿ ਰੁਸ਼ਨਾਈਆ । ਜਨਮ ਜਨਮ ਦਾ ਲੇਖ ਮੁਕਾ, ਕਰਮ ਕਰਮ ਦਾ ਡੇਰਾ ਢਾਹੀਆ । ਦਰ ਤੇਰੇ ਸੀਸ ਦਿਤਾ ਝੁਕਾ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਤੇਰਾ ਨੂਰੀ ਜਲਵਾ ਇਕ ਖ਼ੁਦਾ, ਤਤਵ ਤਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਬਖ਼ਸ਼ ਸਰਨਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਸੁਤ, ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਮੌਲੇ ਤੇਰੀ ਰੁੱਤ, ਫੁਲ ਫੁਲਵਾੜੀ ਪੱਤ ਡਾਲੀ ਆਪ ਮਹਿਕਾਈਆ । ਅੰਦਰ ਵੜ ਕੇ ਲਏ ਪੁਛ, ਸੁਰਤ ਸਵਾਣੀ ਆਪ ਉਠਾਈਆ । ਪਰਗਟ ਹੋਏ ਜੋ ਬੈਠਾ ਲੁਕ, ਆਪ ਆਪਣਾ ਮੁਖ ਵਖਾਈਆ । ਜਨਮ ਕਰਮ ਦਾ ਮੇਟੇ ਦੁੱਖ, ਮਰਨ ਮਰਨ ਦਾ ਰੋਗ ਗਵਾਈਆ । ਉਜਲ ਕਰੇ ਮਾਤ ਮੁਖ, ਸਿਰ ਆਪਣਾ ਹੱਥ ਟਿਕਾਈਆ । ਆਪਣੀ ਗੋਦੀ ਲਏ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ ਭਗਤ ਕਹੇ ਪ੍ਰਭ ਆ ਘਰ, ਗ੍ਰਿਹਿ ਮੰਦਰ ਧਿਆਨ ਲਗਾਈਆ । ਨਿਰਭੌ ਚੁਕਾ ਭੈ ਡਰ, ਭਿਆਨਕ ਰਹਿਣ ਕੋਇ ਨਾ ਪਾਈਆ । ਨਿਰਗੁਣ ਆਪਣੇ ਲਗਾ ਲੜ, ਪੱਲੂ ਡੋਰੀ ਤੰਦ ਜੁੜਾਈਆ । ਸਾਚੇ ਪੌੜੇ ਆਪੇ ਚੜ੍ਹ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਦਰਸ ਦਿਖਾ ਅੱਗੇ ਖੜ, ਸਵੱਛ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਵਿਸ਼ਨੂੰ ਸੁਣ ਲੈ ਲਾ ਕਰ ਕਾਨ, ਹਰਿ ਕਰਤਾ ਆਪ ਜਣਾਇੰਦਾ । ਬ੍ਰਹਮੇ ਕਰ ਇਕ ਧਿਆਨ, ਪਾਰਬ੍ਰਹਮ ਭੇਵ ਖੁਲ੍ਹਾਇੰਦਾ । ਸ਼ੰਕਰ ਉਠਣਾ ਨੌਜਵਾਨ, ਬਲਧਾਰੀ ਆਪ ਸਮਝਾਇੰਦਾ । ਤੇਈ ਅਵਤਾਰ ਸੁਣੋ ਫ਼ਰਮਾਣ, ਧੁਰ ਸੰਦੇਸਾ ਇਕ ਜਣਾਇੰਦਾ । ਈਸਾ ਮੂਸਾ ਮੁਹੰਮਦ ਕਰੋ ਪਰਵਾਨ, ਸਚ ਪਰਵਾਨਾ ਇਕ ਘਲਾਇੰਦਾ । ਭਗਤਾਂ ਦਏ ਭਗਵਨ ਗਿਆਨ, ਭੇਵ ਅਭੇਵ ਇਕ ਦ੍ਰਿੜਾਇੰਦਾ । ਨਾਨਕ ਨਿਰਗੁਣ ਔਣਾ ਚਲ ਮਕਾਨ, ਬੇਮੁਕਾਮ ਆਪ ਸਮਝਾਇੰਦਾ । ਗੋਬਿੰਦ ਅਵਸਥਾ ਦੱਸਣੀ ਬਾਲ ਅਵਾਣ, ਬਾਲੀ ਬੁਧ ਖੇਲ ਖਿਲਾਇੰਦਾ । ਸਾਚਾ ਮੰਦਰ ਸੋਹੇ ਮਕਾਨ, ਮਹਲ ਅਟੱਲ ਇਕ ਵਡਿਆਇੰਦਾ । ਚਾਰ ਕੁੰਟ ਦਹਿ ਦਿਸ਼ਾ ਖੇਲੇ ਖੇਲ ਸ੍ਰੀ ਭਗਵਾਨ, ਮਿਹਰ ਨਜ਼ਰ ਆਪ ਉਠਾਇੰਦਾ । ਨਵ ਨੌ ਚਾਰ ਦਾ ਸਤਿ ਪਕਵਾਨ, ਭੋਜਨ ਬ੍ਰਹਮ ਆਪ ਵਖਾਇੰਦਾ । ਜਿਸ ਦਾ ਦੋ ਜਹਾਨ ਨਾ ਮਿਲੇ ਨਿਸ਼ਾਨ, ਲੋਕਮਾਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਗਏ ਝੁਕ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਬੇਪਰਵਾਹ ਤੇਰੀ ਸਰਨਾਈਆ । ਸਚ ਦਵਾਰੇ ਕਰੀਏ ਰੁਖ਼, ਆਪਣਾ ਆਪ

ਬਦਲਾਈਆ । ਜਿਹੜਾ ਤੈਨੂੰ ਲੱਗੇ ਤੇਰਾ ਪੁਤ, ਪਿਤਾ ਪੁਤ ਗੋਦ ਉਠਾਈਆ । ਉਸ ਦਵਾਰੇ ਆ ਕੇ ਮੇਟੀਏ ਭੁੱਖ, ਤ੍ਰਿਸਨਾ ਤ੍ਰਿਖਾ ਬੁਝਾਈਆ । ਦਰਸਨ ਕਰ ਕੇ ਹੋਈਏ ਖ਼ੁਸ਼, ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਨਿਰਗੁਣ ਧਾਰ, ਘਰ ਸਾਚੇ ਦਰਸਨ ਪਾਵੋਗੇ । ਪੁਰਖ ਅਗੰਮ ਕਰੇ ਪਿਆਰ, ਸਤਿ ਸਤਿਵਾਦੀ ਰੰਗ ਰੰਗਾਵੋਗੇ । ਦਰਸਨ ਕਰ ਇਕ ਦੀਦਾਰ, ਦੀਦ ਈਦ ਚੰਦ ਚਮਕਾਵੋਗੇ । ਸੋਹਣੇ ਭਰੇ ਵੇਖ ਭੰਡਾਰ, ਨੇਤਰ ਨੈਣਾਂ ਤ੍ਰਿਸਨ ਮਿਟਾਵੋਗੇ । ਬਿਨ ਖਾਧਿਆਂ ਹੋਏ ਆਧਾਰ, ਬਿਨ ਪੀਤਿਆਂ ਖ਼ੁਸ਼ੀ ਮਨਾਵੋਗੇ । ਸੋਹਣਾ ਮਿਲੇ ਮੀਤ ਮੁਰਾਰ, ਮਿੱਤਰ ਪਿਆਰਾ ਇਕ ਬਣਾਵੋਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਵੇ ਇਕ ਵਰ, ਨਾਤਾ ਇਕੋ ਘਰ ਜੁੜਾਵੋਗੇ । ਸਚ ਦਸ ਪ੍ਰਭ ਘਰ ਉਹ ਕਿਹੜਾ ਏ । ਕਿਸ ਬਿਧ ਲਈਏ ਲੱਭ, ਦੂਰ ਦੁਰਾਡਾ ਕਰ ਨੇਰਨ ਨੇਰਾ ਏ । ਚਲ ਕੇ ਆਈਏ ਝੱਬ, ਵੇਖੀਏ ਸੱਚਾ ਡੇਰਾ ਏ । ਦੋ ਜਹਾਨਾਂ ਮੁੱਕੇ ਹੱਦ, ਚੁੱਕੇ ਜਗਤ ਅੰਧੇਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਤੇਰਾ ਹੁਕਮ ਹੱਕ ਸਾਹਿਬ ਬਬੇਰਾ ਏ । ਸ੍ਰੀ ਭਗਵਾਨ ਕਹੇ ਜਿਸ ਵੇਲੇ ਚਲ ਕੇ ਆਓਗੇ । ਖ਼ੁਸ਼ੀਆਂ ਨਾਲ ਪੰਧ ਮੁਕਾਓਗੇ । ਤੇਰਾ ਮੇਰਾ ਰਾਗ ਅਲਾਓਗੇ । ਦੂਰ ਦੁਰਾਡਾ ਨੇੜਾ ਪੰਧ ਮੁਕਾਓਗੇ । ਸਾਚਾ ਖੇੜਾ ਇਕ ਸੁਹਾਓਗੇ । ਪਟਨੇ ਸ਼ਹਿਰ ਡੇਰਾ ਲਾਓਗੇ । ਗੋਬਿੰਦ ਮਾਤਾ ਵੇਖ ਖ਼ੁਸ਼ੀ ਮਨਾਓਗੇ । ਰਾਜ ਨਰਾਇਣ ਨਹੀਂ ਹੁਣ ਰਾਜਾ, ਰਾਜਿਉਂ ਉਪਰ ਦਰਸਨ ਪਾਓਗੇ । ਜਿਸ ਦਾ ਕਾਰਜ ਕਰੇ ਗ਼ਰੀਬ ਨਿਵਾਜ਼ਾ, ਗਹਿਰ ਗੰਭੀਰ ਵੇਖ ਵਖਾਓਗੇ । ਏਥੇ ਓਥੇ ਰੱਖੇ ਲਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਓਗੇ । ਸ੍ਰੀ ਭਗਵਾਨ ਜਿਸ ਵੇਲੇ ਚਲ ਕੇ ਆਵਾਂਗੇ । ਤੇਰਾ ਮੇਰਾ ਰਾਗ ਅਲਾਵਾਂਗੇ । ਨੇਤਰ ਨੈਣਾਂ ਨੈਣ ਸ਼ਰਮਾਵਾਂਗੇ । ਰਾਹ ਵਿਚ ਨਾ ਕਿਸੇ ਤਕਾਵਾਂਗੇ । ਗੁਰਮੁਖ ਦਵਾਰੇ ਸਿਧੇ, ਆਪਣਾ ਸੀਸ ਨਿਵਾਵਾਂਗੇ । ਜਿਸ ਘਰ ਪ੍ਰਭੂ ਤੇਰੇ ਪਕਵਾਨ ਰਿਧੇ, ਬਹਿ ਖ਼ੁਸ਼ੀਆਂ ਨਾਲ ਖਾਵਾਂਗੇ । ਪ੍ਰੇਮ ਪ੍ਰੀਤੀ ਵਿਚ ਭਿਜੇ, ਰਸ ਇਕੋ ਵੇਖ ਵਖਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਘਰ ਬਹਿ ਕੇ ਖ਼ੁਸ਼ੀ ਮਨਾਵਾਂਗੇ । ਸ੍ਰੀ ਭਗਵਾਨ ਕਹੇ ਸਾਰੇ ਕਰੋ ਤਿਆਰੀ, ਤਰ੍ਹਾ ਤਰ੍ਹਾ ਸਮਝਾਇੰਦਾ । ਅੱਜ ਦੀ ਨਹੀਂ ਇਹ ਪਿਛਲੀ ਯਾਰੀ, ਯਾਰਾਨੇ ਯਾਰਾਂ ਨਾਲ ਨਿਭਾਇੰਦਾ । ਯਾਰੀ ਨਹੀਂ ਇਹ ਗੋਬਿੰਦ ਮਾਂ ਪਿਆਰੀ, ਬਿਨ ਕੁੱਖੋਂ ਭਾਗ ਲਗਾਇੰਦਾ । ਇਹ ਖੇਲ ਅਗੰਮ ਅਪਾਰੀ, ਜਿਸ ਦਾ ਅੰਤ ਕਿਸੇ ਨਾ ਆਇੰਦਾ । ਆਪਣੀ ਆਪਣੀ ਕਰਿਓ ਅਸਵਾਰੀ, ਸ਼ਬਦ ਘੋੜਾ ਸਭ ਦੇ ਪਾਸ ਘਲਾਇੰਦਾ । ਮਾਰਨੀ ਇਕੋ ਇਕ ਉਡਾਰੀ, ਦੋ ਜਹਾਨਾਂ ਪੰਧ ਮੁਕਾਇੰਦਾ । ਮਹਲ ਅਟੱਲ ਸੋਹੇ ਅਟਾਰੀ, ਜਿਸ ਘਰ ਭਗਤ ਭਗਵਾਨ ਸੋਭਾ ਪਾਇੰਦਾ । ਵਾਰ ਥਿਤ ਅਪਰ ਅਪਾਰੀ, ਪਰਵਿਸ਼ਟਾ ਇਕੋ ਇਕ ਜਣਾਇੰਦਾ । ਇਕੀ ਚੇਤ ਮਿਲੇ ਮੇਲ ਇਕੋ ਵਾਰੀ, ਜੁਗ ਚੌਕੜੀ ਵਿਛੜੇ ਕੱਠੇ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦੇਵੇ ਵਾਰੋ ਵਾਰੀ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਸੋ ਪੁਰਖ ਨਿਰੰਜਣ ਤੇਰਾ ਦਰਬਾਰ, ਸਤਿ ਸਤਿਵਾਦੀ ਇਕੋ ਨਜ਼ਰੀ ਆਈਆ । ਹਰਿ ਪੁਰਖ ਨਿਰੰਜਣ ਤੇਰਾ ਘਰ ਬਾਰ, ਛੱਪਰ ਛੰਨ ਨਾ ਕੋਇ ਵਡਿਆਈਆ । ਏਕੰਕਾਰ ਤੇਰਾ ਆਕਾਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਦਿ ਨਿਰੰਜਣ

ਤੇਰਾ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਖੇਲ ਅਪਾਰ, ਅਲਖ ਅਗੋਚਰ ਅਗੰਮ ਅਥਾਹ ਵੱਡ ਵੱਡੇ ਬੇਪਰਵਾਹੀਆ । ਸ੍ਰੀ ਭਗਵਾਨ ਤੇਰਾ ਮੁਕਾਮੇ ਹੱਕ ਖੇਲ ਨਿਆਰ, ਜਲਵਾ ਇਕੋ ਇਕ ਜਣਾਈਆ । ਪਾਰਬ੍ਰਹਮ ਤੇਰਾ ਆਦਿ ਜੁਗਾਦਿ ਲੇਖਾ ਜੁਗ ਚੌਕੜੀ ਚਾਰ, ਭੇਵ ਅਭੇਵ ਨਾ ਕੋਇ ਸਮਝਾਈਆ । ਸਚਖੰਡ ਨਿਵਾਸੀ ਤੇਰਾ ਸਿੰਘਾਸਣ ਨਜ਼ਰ ਨਾ ਆਵੇ ਵਿਚ ਸੰਸਾਰ, ਸੋਭਾਵੰਤ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਜਣਾਈਆ । ਸਚਖੰਡ ਨਿਵਾਸੀ ਤੇਰਾ ਮਨਾਰਾ, ਊਚ ਅਟੱਲ ਇਕ ਅਖਵਾਇੰਦਾ । ਦੀਆ ਬਾਤੀ ਨਾ ਕੋਇ ਉਜਿਆਰਾ, ਜੋਤੀ ਨੂਰ ਇਕ ਰਖਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਸੰਗੀ ਸੰਗ ਨਾ ਕੋਇ ਬਣਾਇੰਦਾ । ਨਾ ਕੋਈ ਗੁਰੂ ਪੀਰ ਅਵਤਾਰਾ, ਪੈਗੰਬਰ ਅੱਖ ਨਾ ਕੋਇ ਖੁਲਾਇੰਦਾ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਉਚਾਰਾ, ਗੀਤਾ ਗਿਆਨ ਅੰਜੀਲ ਕੁਰਾਨ ਨਾ ਕੋਇ ਦ੍ਰਿੜਾਇੰਦਾ । ਨਾ ਕੋਈ ਨਾਮ ਸ਼ਬਦ ਧੁਨ ਜੈਕਾਰਾ, ਰਾਗੀ ਰਾਗ ਨਾ ਕੋਇ ਸੁਣਾਇੰਦਾ । ਨਾ ਕੋਈ ਜ਼ਿਮੀਂ ਅਸਮਾਨ ਸੂਰਜ ਚੰਦ ਸਤਾਰਾ, ਮੰਡਲ ਮੰਡਪ ਸੋਭਾ ਕੋਇ ਨਾ ਪਾਇੰਦਾ । ਨਾ ਕੋਈ ਜੰਗਲ ਜੂਹ ਉਜਾੜ ਪਹਾੜਾ, ਜਲ ਥਲ ਮਹੀਅਲ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਵਿਸ਼ਨ ਬ੍ਰਹਮਾ ਸ਼ਿਵ ਬਣੇ ਸੇਵਾਦਾਰਾ, ਚਾਕਰ ਰੂਪ ਨਾ ਕੋਇ ਜਣਾਇੰਦਾ । ਨਾ ਕੋਈ ਤ੍ਰੈਗੁਣ ਮਾਇਆ ਦਿਸੇ ਭੰਡਾਰਾ, ਪੰਜ ਤਤ ਵਸਤ ਨਾ ਕੋਇ ਵਰਤਾਇੰਦਾ । ਨਾ ਕੋਈ ਖੇਲੇ ਖੇਲ ਖੇਲਣਹਾਰਾ, ਚਾਰੇ ਖਾਣੀ ਰੰਗ ਰੰਗਾਇੰਦਾ । ਨਾ ਕੋਈ ਚਾਰੇ ਬਾਣੀ ਬਣੇ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਇਕ ਵਰ, ਦਰ ਤੇਰੇ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਅਗੰਮ ਅਥਾਹ, ਪਰਵਰਦਿਗਾਰ ਤੇਰੀ ਵਡਿਆਈਆ । ਮੁਕਾਮੇ ਹੱਕ ਕਰ ਰੁਸ਼ਨਾ, ਜਹੂਰ ਇਕੋ ਇਕ ਜਣਾਈਆ । ਸਤਿ ਸਤਿਵਾਦੀ ਬਣ ਮਲਾਹ, ਨਿਰਗੁਣ ਬੇੜਾ ਆਪ ਚਲਾਈਆ । ਘਰ ਵਿਚ ਘਰ ਲਏਂ ਵਸਾ, ਸਚਖੰਡ ਦੇਵੇਂ ਮਾਣ ਵਡਿਆਈਆ । ਥਿਰ ਘਰ ਆਪਣਾ ਲਏਂ ਬਣਾ, ਘਾੜਤ ਆਪਣੇ ਹੱਥ ਵਖਾਈਆ । ਜਿਸ ਦਾ ਲੇਖਾ ਕੋਈ ਨਾ ਸਕੇ ਸਮਝਾ, ਪਰਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਪੜਦਾ ਉਹਲਾ ਆਪ ਉਠਾਈਆ । ਪਰਦਾ ਉਹਲਾ ਲਾਹ ਪ੍ਰਭ ਇਕ, ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀ ਡਿਗਣ ਝੁਕ, ਸੀਸ ਸਕੇ ਨਾ ਕੋਇ ਉਠਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਤੇਰੀ ਵੇਖੀ ਹੱਦ, ਲੋਕਮਾਤ ਫੇਰਾ ਪਾਈਆ । ਵਰਨ ਬਰਨ ਤੇਰਾ ਨਾਮ ਵਜਾ ਕੇ ਆਏ ਨੱਦ, ਅਨਹਦ ਰਾਗੀ ਰਾਗ ਸੁਣਾਈਆ । ਮੱਕਾ ਕਾਅਬਾ ਹਜ਼ਰਤ ਪੀਰ ਪੈਗ਼ੰਬਰ ਕਰਾ ਕੇ ਆਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਨਿਰਗੁਣ ਸਰਗੁਣ ਤੇਰਾ ਵਜਾ ਕੇ ਆਏ ਨਦ, ਆਤਮ ਪਰਮਾਤਮ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਇਕ ਵਡਿਆਈਆ । ਸੁਣ ਸੰਦੇਸ ਸਚਖੰਡ, ਪੁਰਖ ਅਬਿਨਾਸ਼ੀ ਲਏ ਅੰਗੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਇਕ ਅਨੰਦ, ਅਨੰਦ ਆਪਣਾ ਆਪ ਜਣਾਈਆ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੇ ਹੱਥ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੋਕਮਾਤ ਗਿਆ ਹੰਢ, ਵੇਲਾ ਅੰਤਮ ਨੇੜੇ ਆਈਆ । ਸਿਫ਼ਤ ਸਲਾਹੀ ਰਸਨਾ ਜਿਹਵਾ ਬੱਤੀ ਦੰਦ ਜੋ ਗੌਂਦੇ ਆਏ ਛੰਦ, ਜੀਵ ਜੰਤ ਜਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ ।

ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹੋ ਅੱਖ, ਹਰਿ ਲੋਚਣ ਆਪ ਜਣਾਈਆ । ਕਲਜੁਗ ਅੰਤ ਕਰੇ ਖੇਲ ਪੁਰਖ ਸਮਰਥ, ਬੇਪਰਵਾਹ ਵੱਡੀ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਮਾਰਗ ਰਹੇ ਦੱਸ, ਖਾਣੀ ਬਾਣੀ ਕਰੇ ਪੜ੍ਹਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਤੋਂ ਵਸੇ ਵੱਖ, ਹਰ ਘਟ ਆਪਣਾ ਡੇਰਾ ਲਾਈਆ । ਜਿਸ ਦੀ ਮਹਿਮਾਂ ਸਦਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋ ਲੱਖ ਚੁਰਾਸੀ ਪਾਵੇ ਨੱਥ, ਡੋਰੀ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਇਸ਼ਾਰਿਆਂ ਨਾਲ ਰਿਹਾ ਦੱਸ, ਹੁਕਮੇ ਨਾਲ ਫਿਰਾਈਆ । ਉਸ ਦਾ ਖੇੜਾ ਕਦੀ ਨਾ ਹੋਵੇ ਭੱਠ, ਆਪਣਾ ਮਾਰਗ ਆਪੇ ਲਏ ਬਦਲਾਈਆ । ਵੇਖਣਹਾਰਾ ਮੰਦਰ ਮਸਜਦ ਸ਼ਿਵਦਵਾਲੇ ਮੱਠ, ਗੁਰੂਦਵਾਰੇ ਖੋਜ ਖੁਜਾਈਆ । ਪੜਦਾ ਲਾਹੇ ਤੀਰਥ ਤਟ, ਅਠ ਸਠ ਮੁਖ ਨਾ ਕੋਇ ਲੁਕਾਈਆ । ਕਲਜੁਗ ਜੀਵ ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਰਹੇ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਖੇਲਣ ਖੇਲ ਬਾਜ਼ੀਗਰ ਨਟ, ਬਣ ਸਵਾਂਗੀ ਸਵਾਂਗ ਰਚਾਈਆ । ਮੁਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਸਾਧਾਂ ਸੰਤਾਂ ਤੁਟਾ ਜਤ, ਧੀਰਜ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਨਾਲੋਂ ਹੋਈ ਵੱਖ, ਤ੍ਰੈਗੁਣ ਮਾਇਆ ਜਗਤ ਜੰਜਾਲ ਨਾ ਕੋਇ ਤੁੜਾਈਆ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਸ਼ਬਦ ਅਗੰਮੀ ਲਾਏ ਕੋਈ ਨਾ ਸੱਟ, ਸੋਈ ਸੁਰਤ ਨਾ ਕੋਇ ਉਠਾਈਆ । ਦੂਈ ਦਵੈਤੀ ਮੇਟੇ ਕੋਈ ਨਾ ਫਟ, ਪੱਟੀ ਨਾਮ ਨਾ ਕੋਇ ਬੰਧਾਈਆ । ਚਾਰ ਵਰਨ ਅਠਾਰਾਂ ਬਰਨ ਪੱਤ ਸਕੇ ਨਾ ਕੋਈ ਰੱਖ, ਰਾਉ ਰੰਕ ਊਚ ਨੀਚ ਲੇਖਾ ਨਾ ਕੋਇ ਚੁਕਾਈਆ । ਕਿਸੇ ਨਾ ਮਿਲਿਆ ਹਕੀਕਤ ਹੱਕ, ਲਾਸ਼ਰੀਕ ਨਜ਼ਰ ਨਾ ਆਏ ਨੂਰ ਖ਼ੁਦਾਈਆ । ਕਲਮਾ ਅਲਫ਼ ਯੇ ਰਸਨਾ ਜਿਹਵਾ ਪੜ੍ਹ ਪੜ੍ਹ ਗਏ ਥੱਕ, ਕਾਇਆ ਕਾਅਬਾ ਹੁਜਰਾ ਸਚ ਨਾ ਕੋਇ ਵਖਾਈਆ । ਮੁਰੀਦ ਮੁਰਸ਼ਦ ਘਰ ਮਿਲੇ ਨਾ ਆ ਕੇ ਝੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਦਰ, ਧੁਰਦਰਗਾਹੀ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਲਗ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਸੂਰੇ ਸਰਬੱਗ, ਸ਼ਹਿਨਸ਼ਾਹ ਤੇਰੀ ਸਰਨਾਈਆ । ਕਲਜੁਗ ਵੇਖ ਅਗਨੀ ਅੱਗ, ਜੀਵ ਜੰਤ ਰਹੀ ਤਪਾਈਆ । ਸਾਚਾ ਮਿਲੇ ਨਾ ਕਿਸੇ ਸਾਥ, ਸੰਗੀ ਸਾਥੀ ਚੋਰ ਯਾਰ ਨਜ਼ਰੀ ਆਈਆ । ਤੇਰਾ ਨਾਮ ਬਿਨ ਅੱਖਰਾਂ ਕੋਈ ਨਾ ਰਿਹਾ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਫੋਲੋ ਪਿਛਲਾ ਵਰਕਾ, ਵਾਕਿਆ ਤੁਹਾਡੇ ਨਾਲ ਮਿਲਾਈਆ । ਸ਼ਾਸਤਰ ਸਿਮਰਤ ਜੋ ਪੌਂਦਾ ਰਿਹਾ ਪਰਚਾ, ਲਿਖ ਲਿਖ ਪੱਟੀ ਕਲਮ ਸ਼ਾਹੀਆ । ਸ੍ਰੀ ਭਗਵਾਨ ਹੋ ਮਿਹਰਵਾਨ ਕਲਜੁਗ ਅੰਤਮ ਪੂਰਾ ਕਰੇ ਸਭ ਦਾ ਹਰਜਾ, ਹਰਜਾਨਾ ਦੇਵੇ ਥਾਉਂ ਥਾਈਂਆ । ਜਨ ਭਗਤਾਂ ਝੋਲੀ ਪਾਏ ਕਰਜ਼ਾ, ਮਕਰੂਜ਼ ਆਪਣਾ ਲੇਖ ਮੁਕਾਈਆ । ਜੁਗ ਚੌਕੜੀ ਵੇਖਣਹਾਰਾ ਫ਼ਰਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਦਾ ਉਹਲਾ ਦਏ ਉਠਾਈਆ । ਕਰੇ ਖੇਲ ਇਕ ਅਸਚਰਜਾ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋੜ ਹੱਥ, ਗਲ ਪੱਲੂ ਰਹੇ ਪਾਈਆ । ਸਚਖੰਡ ਨਿਵਾਸੀ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੁਗ ਚੌਕੜੀ ਤੇਰਾ ਨਾਉਂ ਦੇ ਦੇ ਆਏ ਥੱਕ, ਸਦਾ ਘਰ ਘਰ ਆਪ ਸੁਣਾਈਆ । ਬਿਨ ਆਤਮ ਪਰਮਾਤਮ ਕਿਸੇ ਨਾ

ਮੁੱਕੇ ਪੰਧ, ਲੱਖ ਚੁਰਾਸੀ ਗੇੜ ਨਾ ਕੋਇ ਮਿਟਾਈਆ । ਕੂੜੀ ਕਿਰਿਆ ਰਸਨਾ ਜਿਹਵਾ ਬੱਤੀ ਦੰਦ ਲਾਓ ਨਾ ਗੰਦ, ਹਉਮੇਂ ਰੋਗ ਗਵਾਈਆ । ਪਰਮ ਪੁਰਖ ਦਾ ਇਕੋ ਗਾਓ ਛੰਦ, ਜੋ ਆਦਿ ਜੁਗਾਦਿ ਹੋਏ ਸਹਾਈਆ । ਘਰ ਵਿਚ ਘਰ ਮਾਣੋ ਅਨੰਦ, ਨਿਜਾਨੰਦ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਪਿਆ ਹੱਸ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰੋ ਕੀ ਕੁਛ ਰਹੇ ਦੱਸ, ਹਕੀਕਤ ਆਪਣੀ ਆਪ ਜਣਾਈਆ । ਚੌਦਾਂ ਤਬਕ ਵੇਖੋ ਨੱਠ ਨੱਠ, ਬਣ ਕੇ ਪਾਂਧੀ ਰਾਹੀਆ । ਕਵਣ ਮਿਲੇ ਵਾਂਗ ਐਨਲਹਕ, ਹੱਕ ਆਪਣਾ ਤੁਹਾਡੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਕਹਿਣ ਕੀ ਦੱਸੀਏ ਮੁਰਸ਼ਦ, ਪਾਕ ਰਸੂਲ ਕੀ ਤੇਰੀ ਵਡਿਆਈਆ । ਤੈਨੂੰ ਮਿਲਣ ਦੀ ਕਲਜੁਗ ਕਿਸੇ ਕੋਲ ਨਹੀਂ ਫ਼ੁਰਸਤ, ਤੇਰਾ ਧਿਆਨ ਨਾ ਕੋਇ ਲਗਾਈਆ । ਅਸੀਂ ਚੌਦਾਂ ਲੋਕਾਂ ਵਿਚੋਂ ਪਾ ਕੇ ਆਏ ਰੁਖ਼ਸਤ, ਆਪਣਾ ਪੱਲੂ ਛੁਡਾਈਆ । ਸਾਚਾ ਦਿਸੇ ਨਾ ਕੋਈ ਮਕਤਬ, ਅਲਫ਼ ਯੇ ਕਰੇ ਮਾਤ ਪੜ੍ਹਾਈਆ । ਤੇਰਾ ਤੂੰ ਹੀ ਜਾਣੇਂ ਕਰਤਬ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਨੇਤਰ ਵਹਾਇਣ ਨੀਰ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਪਰਵਰਦਿਗਾਰ ਤੇਰੀ ਤਦਬੀਰ, ਸਮਝ ਵਿਚ ਕਿਸੇ ਨਾ ਆਈਆ । ਤੇਰਾ ਲੇਖਾ ਸ਼ਾਹ ਹਕੀਰ, ਸ਼ਹਿਨਸ਼ਾਹ ਵੱਡੀ ਤੇਰੀ ਵਡਿਆਈਆ । ਤੂੰ ਖਿਚਦਾ ਜਾਏਂ ਲਕੀਰ, ਬਿਨ ਅੱਖਰਾਂ ਅੱਖਰ ਬਣਾਈਆ । ਤੇਰੇ ਬਰਦੇ ਪੀਰ ਫ਼ਕੀਰ, ਗ਼ੁਲਾਮ ਰੂਪ ਅਖਵਾਈਆ । ਤੇਰਾ ਜਲਵਾ ਬੇਨਜ਼ੀਰ, ਨਜ਼ਰ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਆਪਣੀ ਆਪ ਲੋਕਾਈਆ । ਗੁਰ ਅਵਤਾਰ ਕੱਠੇ ਹੋ ਕੇ ਦੇਵਣ ਹੋਕਾ, ਨਾਅਰਾ ਇਕ ਲਗਾਈਆ । ਪ੍ਰਭ ਫਿਰੀ ਦੁਹਾਈ ਚੌਦਾਂ ਲੋਕਾਂ, ਚੌਦਾਂ ਵਿਦਿਆ ਮਾਤ ਨਾ ਕੋਇ ਚਤਰਾਈਆ । ਤੇਰਾ ਪੜ੍ਹੇ ਨਾ ਕੋਈ ਸਲੋਕਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਘਰ ਘਰ ਰੱਖੀ ਫਿਰਦੇ ਪੋਥਾ, ਕਾਇਆ ਪੁਸਤਕ ਵੇਖਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਇਕੋ ਮੌਕਾ, ਵੇਲਾ ਗਿਆ ਫੇਰ ਸਰਬ ਪਛਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਚਖੰਡ ਨਿਵਾਸੀ ਮਿਹਰ ਨਜ਼ਰ ਉਠੌਂਦਾ ਏ । ਸੋ ਪੁਰਖ ਨਿਰੰਜਣ ਸਿਰ ਆਪਣਾ ਹੱਥ ਟਿਕੌਂਦਾ ਏ । ਹਰਿ ਪੁਰਖ ਨਿਰੰਜਣ ਧੁਰ ਦੀ ਅੱਖ ਇਕ ਖੁਲ੍ਹੌਂਦਾ ਏ । ਆਦਿ ਨਿਰੰਜਣ ਸਾਚਾ ਦੀਪ ਜੋਤ ਰੁਸ਼ਨੌਂਦਾ ਏ । ਅਬਿਨਾਸ਼ੀ ਕਰਤਾ ਸਚਖੰਡ ਕਿਲਾ ਕੋਟ ਵਸੌਂਦਾ ਏ । ਸ੍ਰੀ ਭਗਵਾਨ ਸ਼ਬਦ ਅਗੰਮੀ ਚੋਟ ਜਣੌਂਦਾ ਏ । ਪਾਰਬ੍ਰਹਮ ਪ੍ਰਭ ਲੱਖ ਚੁਰਾਸੀ ਬ੍ਰਹਮ, ਪਰਦਾ ਆਪ ਉਠੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਕੰਮ, ਹਰਿ ਕਰਤਾ ਕਰਨੀ ਕਾਰ ਕਮੌਂਦਾ ਏ । ਤ੍ਰੈਗੁਣ ਮਾਇਆ ਪੰਜ ਤਤ ਜੋ ਬੇੜਾ ਦਿਤਾ ਬੰਨ੍ਹ, ਤਤਵ ਤਤ ਸੋਭਾ ਪੌਂਦਾ ਏ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਚਾੜ੍ਹੇ ਚੰਨ, ਨਿਰਗੁਣ ਜੋਤੀ ਜੋਤ ਰੁਸ਼ਨੌਂਦਾ ਏ । ਨਾਮ ਅਮੋਲਕ ਦੇ ਕੇ ਧਨ, ਵਸਤ ਇਕੋ ਇਕ ਵਖੌਂਦਾ ਏ । ਰਾਗ ਅਨਾਦ ਸੁਣਾ ਕੰਨ, ਅਗੰਮੀ ਢੋਲਾ ਆਪ ਜਣੌਂਦਾ ਏ । ਸਤਿ ਸਤਿਵਾਦੀ ਬੇੜਾ ਬੰਨ੍ਹ, ਫੜ ਆਪਣੇ ਕੰਧ ਉਠੌਂਦਾ ਏ । ਕਲਜੁਗ ਅੰਤਮ ਸਭ ਦੀ ਪੂਰੀ ਕਰੇ ਮੰਗ, ਆਸਾ ਤ੍ਰਿਸਨਾ ਵੇਖ ਵਖੌਂਦਾ ਏ । ਪਾਵੇ ਸਾਰ ਕੋਟ

ਬ੍ਰਹਿਮੰਡ, ਗਗਨ ਮੰਡਲ ਪ੍ਰਿਥਮੀ ਆਕਾਸ਼ ਖੋਜ ਖੁਜੌਂਦਾ ਏ । ਲਹਿਣਾ ਚੁਕਾ ਸੂਰਜ ਚੰਦ, ਰਵ ਸਸ ਭੇਵ ਮਿਟੌਂਦਾ ਏ । ਤੋੜਨਹਾਰਾ ਬੰਦੀ ਬੰਦ, ਬੰਦੀਖਾਨਾ ਨਾ ਕੋਇ ਰਖੌਂਦਾ ਏ । ਭਗਤ ਸੁਹੇਲੇ ਲਾਏ ਅੰਗ, ਅੰਗੀਕਾਰ ਆਪ ਕਰੌਂਦਾ ਏ । ਘਰ ਆਤਮ ਪਰਮਾਤਮ ਦੇਵੇ ਅਨੰਦ, ਸੁਖ ਸਾਗਰ ਰੂਪ ਵਟੌਂਦਾ ਏ । ਕੂੜੀ ਕਿਰਿਆ ਕਰੇ ਖੰਡ ਖੰਡ, ਨਾਮ ਖੰਡਾ ਖੜਗ ਚਮਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਸਮਝੌਂਦਾ ਏ । ਗੁਰ ਅਵਤਾਰਾਂ ਪ੍ਰਭੂ ਜਣੌਂਦਾ ਏ । ਸਚ ਸੰਦੇਸ ਇਕ ਸੁਣੌਂਦਾ ਏ । ਨਰ ਨਰੇਸ਼ ਰੂਪ ਵਟੌਂਦਾ ਏ । ਜਿਸ ਦਾ ਭੇਵ ਕਿਸੇ ਨਾ ਔਂਦਾ ਏ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਸ਼ੁਕਰ ਮਨੌਂਦਾ ਏ । ਆਦਿ ਜੁਗਾਦਿ ਮਹਿਮਾਂ ਅਗਣਤ, ਅਲਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮੌਂਦਾ ਏ । ਜਿਸ ਨੂੰ ਜੁਗ ਚੌਕੜੀ ਸਜਦਾ ਕਰਦੇ ਰਹੇ ਸਾਧ ਸੰਤ, ਪੀਰ ਪੈਗੰਬਰ ਸੀਸ ਨਵੌਂਦਾ ਏ । ਸੋ ਕਲਜੁਗ ਅੰਤ ਸਚ ਬਣਾਏ ਬਣਤ, ਸੋਹਣੀ ਘਾੜਤ ਆਪ ਘੜੌਂਦਾ ਏ । ਵੇਖਣਹਾਰਾ ਲੱਖ ਚੁਰਾਸੀ ਜੰਤ, ਜਾਗਰਤ ਜੋਤ ਇਕ ਰੁਸ਼ਨੌਂਦਾ ਏ । ਗੜ੍ਹ ਤੋੜਨਹਾਰਾ ਹਉਮੇਂ ਹੰਗਤ, ਹੰ ਬ੍ਰਹਮ ਆਪ ਦ੍ਰਿੜੌਂਦਾ ਏ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਵਿਦਿਆ ਇਕ ਸਮਝੌਂਦਾ ਏ । ਤੁਹਾਡੀ ਮੰਨ ਕੇ ਦਰ ਤੇ ਮਿੰਨਤ, ਮਿਹਰ ਨਜ਼ਰ ਇਕ ਉਠੌਂਦਾ ਏ । ਤੁਸਾਂ ਇਕੋ ਕਰਨੀ ਹਿੰਮਤ, ਤੁਹਾਡਾ ਹੌਸਲਾ ਆਪ ਰਖੌਂਦਾ ਏ । ਲੇਖਾ ਚੁਕੇ ਸਵਰਗ ਜੰਨਤ, ਬਹਿਸ਼ਤ ਚਰਨਾਂ ਹੇਠ ਦਬੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ ਅਗੰਮ ਸੁਣੌਂਦਾ ਏ । ਸੁਣ ਸੰਦੇਸ ਹੋਏ ਖ਼ੁਸ਼ੀ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਪ੍ਰਭ ਸੂਚਨਾ ਦਿਤੀ ਸੁਚੀ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਲੋਕਮਾਤ ਪੁਰਖ ਅਕਾਲ ਕਰੇ ਰੁਚੀ, ਨਿਰਗੁਣ ਨਿਰਗੁਣ ਵੇਸ ਵਟਾਈਆ । ਸਾਡਾ ਪੂਰਾ ਕਰੇ ਵਾਕ ਭਵਿਖਤ ਜੋ ਬੋਲਿਆ ਮੁਖੀ, ਰਸਨਾ ਜਿਹਵਾ ਨਾਲ ਮਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਹੌਲੀ ਜਿਹੀ ਦਿਤਾ ਸੁਣਾ, ਸਚਖੰਡ ਅੰਦਰ ਅਵਾਜ਼ ਲਗਾਈਆ । ਥਿਰ ਘਰ ਵੇਖੋ ਸ਼ਬਦੀ ਸੁਤ ਮੰਗੇ ਪਨਾਹ, ਬੈਠਾ ਡੇਰਾ ਲਾਈਆ । ਜਿਸ ਨੇ ਤੁਹਾਡਾ ਰੂਪ ਦਿਤਾ ਵਟਾ, ਪੰਜ ਤਤ ਚੋਲਾ ਜਗਤ ਵਡਿਆਈਆ । ਜੋ ਤੁਹਾਡੇ ਅੰਦਰ ਵੜ ਕੇ ਮੇਰਾ ਢੋਲਾ ਆਇਆ ਗਾ, ਸੋਹਣਾ ਰਾਗ ਅਲਾਈਆ । ਜੋ ਦੱਸ ਕੇ ਆਇਆ ਨੂਰੀ ਖ਼ੁਦਾ, ਜਲਵਾਗਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਧਿਆਨ ਆਪ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਝਾਕੀ, ਥਿਰ ਘਰ ਦਵਾਰੇ ਧਿਆਨ ਲਗਾਈਆ । ਸ਼ਬਦ ਸੁਤ ਅੱਗੋਂ ਹੌਲੀ ਜਿਹੀ ਖੋਲ੍ਹੀ ਤਾਕੀ, ਨਿਰਗੁਣ ਨਿਰਗੁਣ ਰੂਪ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਤੁਸੀਂ ਜੁਗ ਚੌਕੜੀ ਮੇਰੇ ਸਾਥੀ, ਲੋਕਮਾਤ ਸੇਵ ਕਮਾਈਆ । ਦੱਸੋ ਕੀ ਕੁਛ ਰਹਿ ਗਈ ਬਾਕੀ, ਮੈਂ ਬਾਕੀ ਨਵੀਸ ਹੋ ਕੇ ਲਹਿਣਾ ਦਿਆਂ ਮੁਕਾਈਆ । ਸਾਰੇ ਕਹਿਣ ਇਹ ਖੇਲ ਪੁਰਖ ਸਮਰਾਥੀ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੁਗ ਚੌਕੜੀ ਸੁਨੇਹਾ ਦੇ ਕੇ ਆਏ ਧੁਰ ਦੀ ਪਾਤੀ, ਬਣ ਹਲਕਾਰੇ ਸੇਵ ਕਮਾਈਆ । ਲੇਖਾ ਲਿਖਿਆ ਕਲਮ ਦਵਾਤੀ, ਕਾਤਬ ਆਪਣਾ ਰੂਪ ਵਟਾਈਆ । ਨਾਮ ਭੰਡਾਰਾ ਖੋਲ੍ਹ ਕੇ ਹਾਟੀ, ਕਾਗ਼ਜ਼ਾਂ ਅੱਖਰਾਂ ਦਿਤੀ ਵਡਿਆਈਆ । ਸਭ ਨੂੰ ਦੱਸ ਕੇ ਆਏ ਇਕੋ ਪੁਰਖ ਅਕਾਲ ਅਬਿਨਾਸ਼ੀ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਸਭ ਦੀ ਪੂਰੀ ਕਰੇ ਆਸੀ, ਤ੍ਰਿਸਨਾ ਮੇਟੇ ਥਾਉਂ

ਬਾਈਆ । ਉਸ ਦੇ ਨਾਲ ਕਰੇ ਕਿਆ ਕੋਈ ਬਦਮਾਸ਼ੀ, ਜੋ ਘਰ ਘਰ ਬੈਠਾ ਸੋਭਾ ਪਾਈਆ । ਕਲਜੁਗ ਅੰਤ ਸ੍ਰਿਸ਼ਟ ਸਬਾਈ ਕੋਈ ਨਾ ਮੰਨੇ ਆਖੀ, ਸਾਡਾ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸ਼ਬਦ ਕਹੇ ਕਿਉਂ ਰਹੇ ਡੋਲ, ਪ੍ਰਭ ਦੇਵਣਹਾਰ ਵਡਿਆਈਆ । ਵੇਦ ਵਿਆਸਾ ਤੇਰੇ ਨਾਲ ਕਰ ਕੇ ਆਇਆ ਕੌਲ, ਲੇਖਾ ਚਾਰ ਲੱਖ ਸਤਾਰਾਂ ਹਜਾਰ ਸਲੋਕ ਲਿਖਾਈਆ । ਮੂਸਾ ਤੈਨੂੰ ਸੁੱਟ ਕੇ ਉਪਰ ਧੌਲ, ਹੋਸ਼ ਹਵਾਸ ਦਿਤਾ ਗਵਾਈਆ । ਈਸਾ ਤੇਰੇ ਨਾਲ ਮਿਲ ਕੇ ਗਿਆ ਮੌਲ, ਧੁਰ ਸੰਦੇਸ ਇਕ ਜਣਾਈਆ । ਮੁਹੰਮਦ ਕਰ ਕੇ ਆਪ ਅਡੋਲ, ਪੈਗ਼ੰਬਰ ਇਕੋ ਕਰੀ ਪੜ੍ਹਾਈਆ । ਸਦੀ ਚੌਧਵੀਂ ਨੂਰ ਨੁਰਾਨਾ ਵਜਾਵਾਂ ਢੋਲ, ਲੋਕ ਪਰਲੋਕ ਕਰਾਂ ਸ਼ਨਵਾਈਆ । ਨਾਨਕ ਨਿਰਗੁਣ ਸ਼ਬਦ ਅਗੰਮੀ ਆਇਆ ਬੋਲ, ਸ੍ਰਿਸ਼ਟ ਸਬਾਈ ਅੱਖ ਖੁਲ੍ਹਾਈਆ । ਨਿਹਕਲੰਕ ਪਰਗਟ ਹੋਵੇ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਗੋਬਿੰਦ ਤੋਲ ਕੇ ਆਇਆ ਸਾਚੇ ਤੋਲ, ਕੰਡਾ ਇਕੋ ਨਾਮ ਹੱਥ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲ ਸਚ ਦਵਾਰਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਦਏ ਸਮਝਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਗੁਰਮੁਖ ਚੇਲੇ ਭਗਤ ਭਗਵਾਨ ਦਏ ਵਿਰੋਲ, ਨਾਮ ਮਧਾਣਾ ਨਾਲ ਲਿਆਈਆ । ਕੂੜੀ ਕਿਰਿਆ ਜੂਠ ਝੂਠ ਕੱਢੇ ਪੋਲ, ਪਰਦਾ ਉਹਲਾ ਸਰਬ ਮਿਟਾਈਆ । ਸੋ ਸਾਹਿਬ ਸਤਿਗੁਰ ਪੁਰਖ ਅਬਿਨਾਸ਼ੀ ਆਪਣਾ ਪੂਰਾ ਕਰੇ ਕੌਲ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀ ਡਿਗੇ ਝੱਟ, ਧੁਰ ਦੇ ਸ਼ਬਦ ਤੇਰੀ ਵਡਿਆਈਆ । ਕਰਵਟ ਆਪਣੀ ਬਦਲ ਖੋਲ੍ਹ ਵਖਾ ਹੱਟ, ਪਰਦਾ ਰਹਿਣ ਕੋਇ ਨਾ ਪਾਈਆ । ਕਰੇ ਖੇਲ ਕੀ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਸ਼ਬਦੀ ਸ਼ਬਦ ਇਸ਼ਾਰੇ ਨਾਲ ਰਿਹਾ ਦੱਸ, ਇਕੋ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਇਸ਼ਾਰਾ ਦਿਤਾ ਇਕੋ ਵਾਰ, ਬਿਨ ਅੱਖਾਂ ਨੇਤਰਾਂ ਆਪ ਸਮਝਾਈਆ । ਸਾਰੇ ਉਠ ਕੇ ਕਰੋ ਖਿਆਲ, ਦਲੀਲ ਪਿਛਲੀ ਲਓ ਬਦਲਾਈਆ । ਮੈਂ ਤੁਹਾਡਾ ਬਣਾਂ ਦਲਾਲ, ਬਣ ਵਿਚੋਲਾ ਸੇਵ ਕਮਾਈਆ । ਜਿਸ ਨੂੰ ਕਹਿੰਦੇ ਏਕੰਕਾਰ, ਅਕਲ ਕਲਾ ਅਖਵਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਬੇਪਰਵਾਹ ਵੱਡੀ ਵਡਿਆਈਆ । ਜਿਸ ਨੂੰ ਸਜਦਾ ਕਰੇ ਜੁਗ ਚਾਰ, ਵਿਸ਼ਨ ਬ੍ਰਹਮਾ ਸ਼ਿਵ ਭੀਖ ਮੰਗ ਮੰਗਾਈਆ । ਜਿਸ ਦੀ ਸਿਫ਼ਤ ਕਰੇ ਸੰਸਾਰ, ਕਾਗ਼ਜ਼ ਕਲਮ ਸ਼ਾਹੀ ਦਏ ਗਵਾਹੀਆ । ਜਿਸ ਨੇ ਤੁਹਾਡੇ ਨਾਲ ਕੀਤਾ ਉਧਾਰ, ਵਾਕ ਭਵਿਖਤ ਆਇਆ ਸਮਝਾਈਆ । ਜੋ ਸਭ ਦਾ ਸਾਂਝਾ ਯਾਰ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜਿਸ ਦਾ ਕਲਮਾ ਇਕ ਜੈਕਾਰ, ਜਿਸ ਦਾ ਨਾਮ ਇਕ ਰੁਸ਼ਨਾਈਆ । ਜਿਸ ਦਾ ਮਹਲ ਅਟੱਲ ਮਨਾਰ, ਜਿਸ ਦਾ ਹੁਜਰਾ ਸੋਭਾ ਪਾਈਆ । ਜਿਸ ਦਾ ਨੂਰ ਸਦਾ ਉਜਿਆਰ, ਅੰਧ ਅੰਧੇਰ ਨਾ ਕੋਇ ਵਖਾਈਆ । ਜਿਸ ਦੀ ਸਦਾ ਰਹੇ ਗੁਲਜਾਰ, ਗੁਲਸ਼ਨ ਆਪਣਾ ਰਿਹਾ ਮਹਿਕਾਈਆ । ਗੁਰ ਅਵਤਾਰ ਪੀਰ ਪੈਗੰਬਰ ਲੋਕਮਾਤ ਵੇਖੋ ਬਹਾਰ, ਖਿਜ਼ਾਂ ਵਿਚੋਂ ਰੁੱਤ ਬਸੰਤ ਵਟਾਈਆ । ਜੁਗ ਚੌਕੜੀ ਪਿਛਲੇ ਮੇਲੇ ਆਣ, ਲਹਿਣਾ ਦੇਵੇ ਥਾਉਂ ਥਾਈਂਆ । ਸ੍ਰੀ ਭਗਵਾਨ ਨਹੀਂ ਅੰਜਾਣ, ਸਿਖਿਆ ਸਕੇ ਨਾ ਕੋਇ ਸਮਝਾਈਆ । ਜਿਸ ਨੂੰ ਵੇਖ ਅੰਜੀਲ ਕੁਰਾਨ ਹੋਵੇ ਹੈਰਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੱਖ ਨਾ ਕੋਇ ਉਠਾਈਆ । ਜਿਸ ਦਾ ਸੰਦੇਸਾ ਇਕ ਫ਼ਰਮਾਣ, ਨਾ

ਕੋਈ ਮੇਟੇ ਮੇਟ ਮਿਟਾਈਆ । ਜੋ ਜਨ ਭਗਤਾਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਜੋ ਲੱਖ ਚੁਰਾਸੀ ਸੱਚਾ ਕਾਹਨ, ਬੰਸਰੀ ਇਕੋ ਨਾਮ ਸੁਣਾਈਆ । ਜੋ ਧੁਰਦਰਗਾਹੀ ਰਾਮ, ਰਮਿਆ ਹਰ ਘਟ ਥਾਈਆ । ਜਿਸ ਦਾ ਕਲਮਾ ਇਕ ਕਲਾਮ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਨੂਰ ਇਲਾਹੀਆ । ਜਿਸ ਨੂੰ ਸਜਦਾ ਕਰੇ ਦੋ ਜਹਾਨ, ਸੀਸ ਸਕੇ ਨਾ ਕੋਇ ਉਠਾਈਆ । ਜਾ ਕੇ ਵੇਖੋ ਜਨ ਭਗਤਾਂ ਦਏ ਪੈਗ਼ਾਮ, ਧੁਰ ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਦੱਸ ਕਿਹੜੀ ਤਾਰੀਖ਼, ਸਚਖੰਡ ਕੀ ਹਿਸਾਬ ਲਗਾਈਆ । ਘਰ ਘਰ ਮੰਗੀ ਇਕੋ ਭੀਖ, ਅੱਗੇ ਝੋਲੀ ਰਹੇ ਵਖਾਈਆ । ਸ਼ਬਦ ਕਹੇ ਵੇਖੋ ਗੌਂਦਾ ਧੁਰ ਦੇ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲੇ ਮੱਠ ਨਾ ਕੋਇ ਵਡਿਆਈਆ । ਅਚਰਜ ਪ੍ਰਭੂ ਚਲਾਈ ਰੀਤ, ਸੰਬਲ ਬੈਠਾ ਡੇਰਾ ਲਾਈਆ । ਜੋ ਗੁਰਮੁਖ ਭਗਤ ਕਰਦੇ ਉਹਦੀ ਉਡੀਕ, ਉਨ੍ਹਾਂ ਮਿਲੇ ਚਾਈਂ ਚਾਈਆ । ਸਦਾ ਸਦਾ ਨਿਤ ਨਵਿਤ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਪਰਮ ਪੁਰਖ ਪਰਮਾਤਮ ਬਣ ਕੇ ਮੀਤ, ਮਿੱਤਰ ਪਿਆਰਾ ਆਪ ਹੋ ਜਾਈਆ । ਲੇਖਾ ਜਾਣੇ ਊਚ ਨੀਚ, ਰਾਉ ਰੰਕਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੋਚ, ਚਰਨ ਕਵਲ ਧਿਆਨ ਲਗਾਈਆ । ਜਿਸ ਦੀ ਜੁਗ ਚੌਕੜੀ ਰੱਖੀ ਓਟ, ਨਿਉਂ ਨਿਉਂ ਲਾਗੇ ਪਾਈਆ । ਸੋ ਪੁਰਖ ਅਕਾਲ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜਾਤ ਪਾਤ ਨਾ ਕੋਇ ਰਖਾਈਆ । ਨਾ ਕੋਈ ਕਿਲਾ ਨਾ ਕੋਈ ਕੋਟ, ਮਹਲ ਅਟੱਲ ਨਾ ਸੋਭਾ ਪਾਈਆ । ਲੇਖਾ ਜਾਣੇ ਲੋਕ ਪਰਲੋਕ, ਦੋ ਜਹਾਨਾਂ ਖੋਜ ਖੁਜਾਈਆ । ਜਿਸ ਦੀ ਕਿਸੇ ਨਾ ਆਵੇ ਸੋਚ, ਸੋਚ ਸਮਝ ਵਿਚ ਸਕੇ ਨਾ ਕੋਇ ਸਮਝਾਈਆ । ਚਲੋ ਉਸ ਦੀ ਵੇਖੀਏ ਜਾ ਕੇ ਮੌਜ, ਜੋ ਮੌਜੂਦਾ ਹੋ ਕੇ ਦਰਸ ਦਿਖਾਈਆ । ਜਿਸ ਦੀ ਕਿਸੇ ਹੱਥ ਨਾ ਆਈ ਖੋਜ, ਫੜ ਬਾਂਹੋਂ ਗਲੇ ਨਾ ਕੋਇ ਲਗਾਈਆ । ਉਹਦੇ ਖੇਲ ਅਗੰਮੇ ਚੋਜ, ਚੋਜੀ ਪ੍ਰੀਤਮ ਇਕ ਅਖਵਾਈਆ । ਉਹਦਾ ਜਾ ਕੇ ਸੁਣੀਏ ਸਲੋਕ, ਕੀ ਢੋਲਾ ਰਿਹਾ ਗਾਈਆ । ਕੀ ਭਗਤਾਂ ਦੇਵੇ ਮੋਖ, ਕਿ ਮੁਕਤੀ ਪੈਰਾਂ ਹੇਠ ਦਬਾਈਆ । ਕਿ ਬੈਠਾ ਚੁਪ ਖ਼ਾਮੋਸ਼, ਪੜਦਾ ਉਹਲਾ ਆਪ ਆਪਣੇ ਉਤੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਮੇਲਾ ਲਏ ਮਿਲਾਈਆ । ਚਲੋ ਚਲੀਏ ਬਣ ਕੇ ਸੰਗ, ਸਚਖੰਡ ਦਵਾਰੇ ਸਾਰੇ ਮਤਾ ਪਕਾਈਆ । ਜਾ ਕੇ ਵੇਖੀਏ ਸੂਰਾ ਸਰਬੰਗ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਗੋਬਿੰਦ ਇਕੋ ਚੰਦ, ਗੁਜਰੀ ਸੁਤ ਦਿਤੀ ਵਡਿਆਈਆ । ਉਸ ਨੂੰ ਵੇਖ ਕੇ ਪਏ ਠੰਡ, ਕਲਜੁਗ ਅਗਨ ਨਾ ਲਾਗੇ ਰਾਈਆ । ਜਿਸ ਭਗਤਾਂ ਨਾਲ ਪਾਈ ਗੰਢ, ਨਾਤਾ ਗੁਰਮੁਖਾਂ ਨਾਲ ਜੁੜਾਈਆ । ਜੋ ਛੱਡ ਕੇ ਪੁਰੀ ਅਨੰਦ, ਸਿੰਘ ਸਿੰਘਾਸਣ ਸੋਭਾ ਪਾਈਆ । ਜੋ ਕੱਟ ਕੇ ਦੂਰ ਦੁਰਾਡਾ ਦੋ ਜਹਾਨਾਂ ਪੰਧ, ਮੰਜ਼ਲ ਮੰਜ਼ਲ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਸਰਬ ਵਡਿਆਈਆ । ਚਲੋ ਉਠ ਕੇ ਬਣੀਏ ਪਾਂਧੀ ਰਾਹੀ, ਆਪਣਾ ਪੰਧ ਮੁਕਾਈਆ । ਪਿਛਲਾ ਲੇਖਾ ਸ਼ਹਾਦਤ ਦੇਵੇ ਗਵਾਹੀ, ਕੂੜਾ ਰੂਪ ਨਾ ਕੋਇ ਵਟਾਈਆ । ਪਰਮ ਪੁਰਖ ਪਤਿਪਰਮੇਸ਼ਵਰ ਪੁੱਛੀਏ ਸੱਚਾ ਮਾਹੀ, ਪੱਤਣ ਕਿਹੜੇ ਡੇਰਾ ਲਾਈਆ । ਜਨ ਭਗਤਾਂ ਸਾਚੇ ਸੰਤਾਂ ਜੁਗ ਵਿਛੜੇ ਮੇਲਾ ਰਿਹਾ ਮਿਲਾਈ, ਮਿਲਣੀ


੭੭੬
੧੬

ਆਪਣੇ ਨਾਲ ਕਰਾਈਆ । ਜੁਗ ਜਨਮ ਦੀ ਕੂੜੀ ਮੇਟ ਕੇ ਛਾਹੀ, ਦੁਰਮਤ ਮੈਲ ਧਵਾਈਆ । ਹਰਿ ਸੰਗਤ ਨਾਤਾ ਜੋੜ ਕੇ ਭੈਣ ਭਾਈ, ਨੇਤਰ ਅੱਖ ਸਭ ਦੀ ਦਿਤੀ ਬਦਲਾਈਆ । ਸਚ ਪ੍ਰੀਤ ਜਿਸ ਨੇ ਲਾਈ, ਦੋ ਜਹਾਨ ਸਕੇ ਨਾ ਕੋਇ ਤੁੜਾਈਆ । ਗੁਰਮੁਖ ਉਠਾਵੇ ਆਪਣੀ ਬਾਂਹੀਂ, ਸਚ ਗੋਦੀ ਆਪ ਸੁਹਾਈਆ । ਸਚਖੰਡ ਦਵਾਰੇ ਲੈ ਕੇ ਜਾਏ ਚਾਈਂ ਚਾਈਂ, ਅਧਵਿਚਕਾਰ ਨਾ ਕੋਇ ਅਟਕਾਈਆ । ਜਿਸ ਦੇ ਨਾਮ ਦੀ ਦੇਂਦੇ ਆਏ ਦੁਹਾਈ, ਤੋਬਾ ਤੋਬਾ ਕਹਿ ਕੇ ਆਏ ਸੁਣਾਈਆ । ਸੋ ਸਾਹਿਬ ਵੇਖਣਹਾਰਾ ਜਲ ਥਲ ਅਸਗਾਹੀਂ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਲੱਖ ਚੁਰਾਸੀ ਆਵਣ ਜਾਵਣ ਰਾਏ ਧਰਮ ਦੀ ਕੱਟੇ ਫਾਹੀ, ਮਾਤ ਗਰਭ ਦਸ ਦਸ ਮਾਸ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਭੱਜੇ, ਨਿਰਗੁਣ ਧਾਰ ਨਜ਼ਰ ਕਿਸੇ ਨਾ ਆਈਆ । ਨਾਨਕ ਸਤਿਗੁਰ ਸਭ ਤੋਂ ਅੱਗੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸਾਰੇ ਫਿਰਨ ਖੱਬੇ ਸੱਜੇ, ਪਿਛੇ ਆਵਣ ਵਾਹੋ ਦਾਹੀਆ । ਚਲੋ ਰਲ ਮਿਲ ਕਰੀਏ ਸੱਚਾ ਹੱਜੇ, ਹਾਜਤ ਹੋਰ ਰਹੇ ਨਾ ਰਾਈਆ । ਜਿਸ ਦਾ ਨਗ਼ਮਾ ਨਾਮ ਨਿਧਾਨ ਦੋ ਜਹਾਨ ਵੱਜੇ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਿਹਾ ਸੁਣਾਈਆ । ਉਸ ਦੇ ਹੁਕਮੇ ਅੰਦਰ ਬੱਧੇ, ਆਪਣਾ ਪੰਧ ਮੁਕਾਈਆ । ਜਾ ਕੇ ਵੇਖੀਏ ਕਵਣ ਸਿੰਘਾਸਣ ਪੁਰਖ ਅਬਿਨਾਸ਼ੀ ਨਰ ਨਰਾਇਣ ਸਜੇ, ਪਰਵਰਦਿਗਾਰ ਡੇਰਾ ਲਾਈਆ । ਸਚ ਪਿਆਲੇ ਅੰਮ੍ਰਿਤ ਦੇਵੇ ਮਧੇ, ਰਸ ਇਕੋ ਇਕ ਵਖਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਜਨ ਭਗਤਾਂ ਪੜਦੇ ਕੱਜੇ, ਸ਼ਬਦ ਦੋਸ਼ਾਲਾ ਉਪਰ ਪਾਈਆ । ੭੭੭
ਸਚ ਦਵਾਰੇ ਕਰ ਕੇ ਕੱਠੇ, ਇਕੱਠ ਆਪਣੇ ਨਾਲ ਵਖਾਈਆ । ਜਨਮ ਜਨਮ ਦੇ ਮੇਟ ਕੇ ਰੱਟੇ, ਕਰਮ ਕਰਮ ਦਾ ਝੇੜਾ ਦਏ ਗਵਾਈਆ । ਭਾਗ ਲਗਾ ਕੇ ਕਾਇਆ ਪੰਜ ਤਤ ਬੁੱਤੇ, ਤ੍ਰੈਗੁਣ ਲਹਿਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਕਹਿਣ ਉਲਮਲਾਇਕ ਉਲ ਅਮਾਮ ਫ਼ਲੀਸਾ, ਫ਼ਜ਼ਲ ਰਹਿਮਤ ਇਕ ਕਮਾਈਆ । ਗੁਰ ਅਵਤਾਰ ਕਹਿਣ ਉਹ ਸਰਬ ਸਦਾ ਨਜ਼ਦੀਕਾ, ਦੂਰ ਦੁਰਡਾ ਪੰਧ ਮੁਕਾਈਆ । ਜਿਸ ਘਰ ਉਸ ਹੋਣ ਉਡੀਕਾਂ, ਓਥੇ ਆਵੇ ਚਾਈਂ ਚਾਈਂਆ । ਮੁਸ਼ਕਲ ਲਾਉਣੀਆਂ ਸਚ ਪ੍ਰੀਤਾਂ, ਪ੍ਰੀਤਮ ਬਿਨ ਪ੍ਰੀਤੀ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਮੁਹੰਮਦ ਕਹੇ ਬੈਤੁਲ ਧਾਮ ਮੰਜ਼ਲ ਮਿਲਾਇਸੀ, ਮਹਿਬੂਬ ਬੇਪਰਵਾਹੀਆ । ਗੁਰ ਅਵਤਾਰ ਕਹਿਣ ਨਹੀਂ ਉਹਦਾ ਨਾਮ ਇਟਾਰਸੀ, ਹਿੰਦੀ ਫ਼ਾਰਸੀ ਸਮਝ ਕਿਸੇ ਨਾ ਆਈਆ । ਜਿਸ ਦੀ ਜੁਗ ਚੌਕੜੀ ਕਰ ਦੇ ਰਹੇ ਆਰਤੀ, ਘਿਰਤ ਦੀਵਿਆਂ ਵਿਚ ਟਿਕਾਈਆ । ਜਿਸ ਦਾ ਲੇਖਾ ਲਿਖਦੇ ਰਹੇ ਨਾਲ ਇਬਾਰਤੀ, ਕਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਜਿਸ ਦੇ ਹੱਟ ਚਲੌਂਦੇ ਰਹੇ ਬਣ ਕੇ ਆੜਤੀ, ਲੋਕਮਾਤ ਫੇਰਾ ਪਾਈਆ । ਉਹ ਜਨ ਭਗਤਾਂ ਬਣਿਆ ਸਫ਼ਾਰਸ਼ੀ, ਬਰੀਖ਼ਾਨਾ ਇਕ ਖੁਲ੍ਹਾਈਆ । ਅਗਲਾ ਲੇਖਾ ਅੱਗੇ ਦੱਸੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਦਇਆ ਕਮਾਈਆ ।

★ ੨੯ ਫੱਗਣ ੨੦੨੦ ਬਿਕ੍ਰਮੀ ਇਟਾਰਸੀ ਔਰੰਗਾਬਾਦ ਸੰਗਤ ਦੇ ਨਵਿਤ ਮਧ ਪ੍ਰਦੇਸ਼ ★

ਦੂਰ ਦੁਰਾਡੇ ਗਏ ਆ, ਆਪਣਾ ਪੰਧ ਮੁਕਾਈਆ । ਦਰਸਨ ਕਰੀਏ ਬੇਪਰਵਾਹ, ਪਾਰਬ੍ਰਹਮ ਸਰਨਾਈਆ । ਲੇਖਾ ਜਾਣੀਏ ਦੋ ਜਹਾਨ, ਦੋ ਜਹਾਨਾਂ ਵਾਲੀ ਕੀ ਕੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਚ ਦਰਵਾਜ਼ਾ ਆਏ ਲੰਘ, ਆਪਣਾ ਪੰਧ ਮੁਕਾਈਆ । ਸਚ ਸਿੰਘਾਸਣ ਵੇਖ ਪਲੰਘ, ਸਚ ਵੱਜੀ ਇਕ ਵਧਾਈਆ । ਜਿਸ ਉਪਰ ਸੂਰਾ ਸਰਬੰਗ, ਸਾਹਿਬ ਸੁਲਤਾਨ ਆਸਣ ਲਾਈਆ । ਦੇਵਣਹਾਰਾ ਧੁਰ ਅਨੰਦ, ਰਸ ਆਪਣਾ ਨਾਮ ਪਿਆਈਆ । ਕਰ ਪਰਕਾਸ਼ ਨੂਰੀ ਚੰਦ, ਸਾਚੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਪਾਵੇ ਠੰਡ, ਗੁਰਮੁਖਾਂ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਸਿੰਘਾਸਣ ਰਹੇ ਤੱਕ, ਅੰਤਰ ਇਕ ਧਿਆਨ ਲਗਾਈਆ । ਇਕ ਦੂਜੇ ਨੂੰ ਰਹੇ ਦੱਸ, ਇਸ਼ਰਿਆਂ ਨਾਲ ਰਹੇ ਸਮਝਾਈਆ । ਵੇਖੇ ਸਾਹਿਬ ਪੁਰਖ ਸਮਰਥ, ਸ਼ਹਿਨਸ਼ਾਹ ਏਕਾ ਡੇਰਾ ਲਾਈਆ । ਦਰ ਦਰਵੇਸ਼ ਨਾਅਰਾ ਬੋਲੇ ਅਲਖ, ਅਲਖ ਜੈਕਾਰ ਇਕ ਸੁਣਾਈਆ । ਸਭ ਦੀ ਝੋਲੀ ਪਾਏ ਹੱਕ, ਹਾਜ਼ਰ ਹੋ ਕੇ ਲੇਖ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛੇ ਮਾਰਿਆ ਧਿਆਨ, ਆਪਣੀ ਅੱਖ ਖੁਲ੍ਹਾਈਆ । ਜਨ ਭਗਤ ਕਰਨ ਪਰਨਾਮ, ਬੈਠੇ ਸੀਸ ਨਿਵਾਈਆ । ਸਾਰੇ ਵੇਖ ਹੋਏ ਹੈਰਾਨ, ਹਰਿ ਜੂ ਅਚਰਜ ਖੇਲ ਰਚਾਈਆ । ਉਚੀ ਕੂਕ ਕੂਕ ਮੰਗਣ ਦਾਨ, ਹੋਕਾ ਦੇ ਦੇ ਰਹੇ ਸੁਣਾਈਆ । ਆਦਿ ਜੁਗਾਦੀ ਇਕ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦੇ ਜਣਾਈਆ । ਭਗਤ ਕਹਿਣ ਭਗਵਾਨ ਬੋਲ, ਆਪਣਾ ਰਾਗ ਸੁਣਾਈਆ । ਕੀ ਇਹ ਸਿੰਘਾਸਣ ਉਹ ਅਡੋਲ, ਜਿਸ ਦੀ ਸਮਝ ਕਿਸੇ ਨਾ ਪਾਈਆ । ਜਿਸ ਉਪਰ ਬੈਠਾ ਆਦਿ ਜੁਗਾਦਿ ਸਦਾ ਅਨਭੋਲ, ਅਭੁਲ ਰੂਪ ਵਟਾਈਆ । ਜੋਤੀ ਜਾਤਾ ਹੋ ਕੇ ਰਿਹੋਂ ਮੌਲ, ਬਿਸਮਲ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਸਚ ਦੇ ਸਮਝਾਈਆ । ਸਚ ਦੱਸ ਪ੍ਰਭ ਇਹ ਕਿਹੜੀ ਸੇਜ, ਸੁਹੰਜਣੀ ਨਜ਼ਰੀ ਆਈਆ । ਜਿਸ ਉਪਰ ਬਹਿ ਕੇ ਗੁਰ ਅਵਤਾਰ ਦੇਵੇਂ ਭੇਜ, ਪੀਰ ਪੈਗ਼ੰਬਰ ਹੁਕਮ ਵਰਤਾਈਆ । ਜਿਸ ਉਪਰ ਬਹਿ ਕੇ ਦੋ ਜਹਾਨਾਂ ਲਵੇਂ ਪੇਖ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਜਿਸ ਉਪਰ ਬਹਿ ਕੇ ਲੱਖ ਚੁਰਾਸੀ ਅੰਦਰ ਜੋਤੀ ਜਲਵਾ ਦੇਵੇਂ ਤੇਜ, ਨੂਰੀ ਨੂਰ ਨੂਰ ਚਮਕਾਈਆ । ਜਿਸ ਉਪਰ ਬਹਿ ਕੇ ਨਿਰਗੁਣ ਸਰਗੁਣ ਖੇਲੇਂ ਖੇਡ, ਬਣ ਖਿਲਾਰੀ ਬੇਪਰਵਾਹੀਆ । ਜਿਸ ਉਪਰ ਬਹਿ ਕੇ ਲੋਕ ਪਰਲੋਕ ਬ੍ਰਹਿਮੰਡ ਖੰਡ ਪੁਰੀ ਲੋਅ ਵੇਖੇਂ ਦੇਸ, ਗਗਨ ਗਗਨੰਤਰ ਫੇਰਾ ਪਾਈਆ । ਜਿਸ ਉਪਰ ਬਹਿ ਕੇ ਘਾੜਤ ਘੜੇਂ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕਰੋੜ ਤੇਤੀਸਾ ਸੁਰਪਤ ਸੰਗ ਰਖਾਈਆ । ਜਿਸ ਉਪਰ ਬਹਿ ਕੇ ਆਦਿ ਜੁਗਾਦਿ ਜੁਗ ਚੌਕੜੀ ਲਿਖਾਵੇਂ ਲੇਖ, ਧੁਰ ਸੰਦੇਸਾ ਇਕ ਜਣਾਈਆ । ਜਿਸ ਉਪਰ ਬਹਿ ਕੇ ਜਨ ਭਗਤਾਂ ਖੋਲੇਂ ਭੇਤ, ਪੜਦਾ ਉਹਲਾ ਆਪ ਉਠਾਈਆ । ਜਿਸ ਉਪਰ ਬਹਿ ਕੇ ਸੂਫ਼ੀਆਂ ਸੂਲੀ ਸਵਾਏਂ ਸੇਜ, ਪੁਠੜੀ ਖਲ ਲੁਹਾਈਆ । ਜਿਸ ਉਪਰ ਬਹਿ ਕੇ ਸੀਸ ਤੱਤੀ ਪਵਾਵੇਂ ਰੇਤ, ਅਗਨੀ ਅੱਗ ਤਪਾਈਆ । ਜਿਸ ਉਪਰ ਬਹਿ ਕੇ ਬਾਲੇ ਰੱਖੇਂ ਨੀਹਾਂ ਹੇਠ, ਧੁਰ ਦਾ ਹੁਕਮ ਮਨਾਈਆ । ਜਿਸ ਉਪਰ ਬਹਿ ਕੇ ਸਤਿਜੁਗ ਤ੍ਰੇਤਾ ਦਵਾਪਰ

ਕਲਜੁਗ ਆਪਣੀ ਮਾਣੇਂ ਆਪੇ ਸੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਸਾਚੀ ਮੰਗ ਮੰਗਾਈਆ । ਜਨ ਭਗਤ ਕਹਿਣ ਕੀ ਸਿੰਘਾਸਣ ਸੱਚ, ਸਚ ਮਿਲੇ ਵਡਿਆਈਆ । ਆਦਿ ਜੁਗਾਦੀ ਧੁਰੋਂ ਦੱਸ, ਬੋਲ ਅਗੰਮ ਸਮਝਾਈਆ । ਸਾਡੀ ਸਭ ਦੀ ਹੋਈ ਬਸ, ਸਮਝ ਚਲੇ ਕੋਇ ਨਾ ਰਾਈਆ । ਜੁਗ ਚੌਕੜੀ ਤੇਰੇ ਹੁਕਮੇ ਅੰਦਰ ਚਲਦਾ ਰਿਹਾ ਰਥ, ਬਣ ਰਥਵਾਹੀ ਸੇਵ ਕਮਾਈਆ । ਅੰਤਮ ਸਾਰੇ ਚਰਨੀ ਗਏ ਢੱਠ, ਨਿਉਂ ਨਿਉਂ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਲੇਖਾ ਦੇ ਜਣਾਈਆ । ਭਗਤ ਕਹਿਣ ਪ੍ਰਭ ਤੇਰੇ ਆਏ ਪਾਸ, ਅੱਗਾ ਪਿੱਛਾ ਦਿਤਾ ਤਜਾਈਆ । ਚਰਨ ਕਵਲ ਦੋਏ ਅਰਦਾਸ, ਨਿਉਂ ਨਿਉਂ ਮਸਤਕ ਟਿੱਕਾ ਧੂੜੀ ਸ਼ਾਹੀਆ । ਰਸਨਾ ਜਿਹਵਾ ਪਵਣ ਸਵਾਸ, ਸੁਰਤੀ ਸ਼ਬਦ ਸ਼ਬਦ ਚਿਤ ਲਾਈਆ । ਬਾਲ ਨਾਦਾਨੇ ਬਣ ਅਨਾਥ, ਦੀਨਨ ਮੰਗ ਮੰਗਾਈਆ । ਕਿਰਪਾ ਕਰ ਪੁਰਖ ਸਮਰਾਥ, ਸਾਹਿਬ ਤੇਰੀ ਵਡਿਆਈਆ । ਤੇਰੇ ਚਰਨਾਂ ਵਿਚ ਅਰਦਾਸ, ਆਰਜ਼ੂ ਇਕੋ ਇਕ ਸੁਣਾਈਆ । ਕੀ ਉਹ ਸਿੰਘਾਸਣ ਜਿਹੜਾ ਘਰ ਰਵਦਾਸ, ਰਵੀ ਆਪਣਾ ਆਪ ਬਣਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਦੱਸ ਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਸਚ ਸਚ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਭਗਤ ਜਨ, ਸਚ ਸਚ ਦ੍ਰਿੜਾਈਆ । ਸੁਣੋ ਅਗੰਮੀ ਲਾ ਕਰ ਕੰਨ, ਦੋਏ ਕੰਨਾਂ ਮਾਣ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਮਿਲ ਮਿਲ ਕਹੋ ਧੰਨ ਧੰਨ, ਧੰਨ ਪ੍ਰਭੂ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜੋ ਬੇੜਾ ਦੇਵੇ ਬੰਨ੍ਹ, ਫੜ ਆਪਣੇ ਕੰਧ ਉਠਾਈਆ । ਕਰੇ ਵਸੇਰਾ ਬਿਨ ਛੱਪਰੀ ਛੰਨ, ਮਹਲ ਅਟੱਲ ਇਕੋ ਇਕ ਸੁਹਾਈਆ । ਜਨ ਭਗਤਾਂ ਅਮੋਲਕ ਦੇਵਣਹਾਰਾ ਧੰਨ, ਸਾਚੀ ਵਸਤੂ ਆਪ ਵਰਤਾਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਜਨ ਭਗਤਾਂ ਉਤੇ ਜਾਏ ਮੰਨ, ਮਨਸਾ ਆਪਣੇ ਨਾਲ ਮਿਲਾਈਆ । ਪ੍ਰਭ ਸਿੰਘਾਸਣ ਸਦ ਇਕੋ ਪਲੰਘ, ਘਰ ਘਰ ਦਏ ਸੁਹਾਈਆ । ਜਿਉਂ ਰਵਦਾਸ ਕਾਚੀ ਖਲੜੀ ਰੰਗੇ ਰੰਗ, ਢੋਰਾਂ ਸੇਵ ਕਮਾਈਆ । ਕਲਜੁਗ ਅੰਤਮ ਆਈ ਵੰਡ, ਸਾਹਿਬ ਬਖ਼ਸ਼ੰਦ ਦਇਆ ਕਮਾਈਆ । ਮੇਲਾ ਮੇਲ ਗੋਬਿੰਦ ਚੰਦ, ਨੂਰੀ ਜੋਤ ਕਰ ਰੁਸ਼ਨਾਈਆ । ਭਗਤ ਦਵਾਰੇ ਸੋਹਣੀ ਠੰਡ, ਅੰਮ੍ਰਿਤ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁੱਚ ਸਤਿ ਜਣਾਈਆ । ਸਚ ਸਿੰਘਾਸਣ ਸੋਹੇ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਨਜ਼ਰੀ ਆਇੰਦਾ । ਨਮਸਕਾਰ ਕਰਨ ਦੋ ਜਹਾਨ, ਜ਼ਿਮੀਂ ਅਸਮਾਨ ਸੀਸ ਝੁਕਾਇੰਦਾ । ਜੁਗ ਚੌਕੜੀ ਮੰਗਣ ਦਾਨ, ਬ੍ਰਹਿਮੰਡ ਖੰਡ ਝੋਲੀ ਡਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਣ, ਗੁਰ ਅਵਤਾਰ ਪੀਰ ਪੈਗੰਬਰ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਚ ਸਿੰਘਾਸਣ ਸ੍ਰੀ ਭਗਵੰਤ, ਹਰਿ ਕਰਤਾ ਸੋਭਾ ਪਾਇੰਦਾ । ਸਚਖੰਡ ਨਿਵਾਸੀ ਆਦਿ ਅੰਤ, ਨਿਰਗੁਣ ਨਿਰਵੈਰ ਕਾਰ ਕਮਾਇੰਦਾ । ਜਨ ਭਗਤ ਬਣਾਏ ਸਾਚੀ ਬਣਤ, ਘਾੜਤ ਅਗੰਮ ਅਥਾਹ ਘੜਾਇੰਦਾ । ਪਰਗਟ ਕਰ ਆਪਣਾ ਸੰਤ, ਸਤਿ ਸਤਿਵਾਦੀ ਮੇਲ ਮਿਲਾਇੰਦਾ, ਨਾਮ ਨਿਧਾਨਾ ਦੇ ਮੰਤ, ਮੰਤਰ ਇਕੋ ਇਕ ਸਮਝਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹਰੀ ਮੰਦਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਇਕ ਸੁਹਾਇੰਦਾ ।

ਸਚ ਸਿੰਘਾਸਣ ਸ੍ਰੀ ਭਗਵਾਨ, ਪੁਰਖ ਅਕਾਲ ਸੋਭਾ ਪਾਈਆ । ਸਤਿ ਸਤਿ ਝੁੱਲੇ ਨਿਸ਼ਾਨ, ਸਚ ਸਚ ਰੂਪ ਲਹਿਰਾਈਆ । ਸੰਦੇਸਾ ਦੇਵੇ ਹੁਕਮਰਾਨ, ਧੁਰ ਦੀ ਧਾਰ ਆਪ ਜਣਾਈਆ । ਲੱਖ ਚੁਰਾਸੀ ਇਕ ਫ਼ਰਮਾਣ, ਪਾਰਬ੍ਰਹਮ ਪ੍ਰਭ ਆਪ ਦ੍ਰਿੜਾਈਆ । ਆਤਮ ਪਰਮਾਤਮ ਕਰੋ ਧਿਆਨ, ਸੱਚਾ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਚ ਸਿੰਘਾਸਣ ਪਾਰਬ੍ਰਹਮ, ਹਰਿ ਕਰਤਾ ਸੋਭਾ ਪਾਈਆ । ਸਦਾ ਸੁਹੇਲਾ ਆਪੇ ਜਾਣੇ ਆਪਣਾ ਕਰਮ, ਨਿਹਕਰਮੀ ਆਪਣੀ ਕਾਰ ਕਮਾਈਆ । ਆਦਿ ਜੁਗਾਦਿ ਜਿਸ ਦਾ ਸਤਿ ਸਰੂਪ ਇਕੋ ਧਰਮ, ਦੀਨ ਮਜ਼ਬ ਸਮਝ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਜਿਸ ਦਾ ਵਰਨ, ਅਵਰਨ ਨਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੀ ਸ਼ਰਨ, ਸਰਨਗਤ ਇਕ ਰਖਾਈਆ । ਮੰਜ਼ਲ ਮੰਜ਼ਲ ਜਿਸ ਦੇ ਪੌੜੇ ਚੜ੍ਹਨ, ਬੇਅੰਤ ਨੂਰ ਖ਼ੁਦਾਈਆ । ਸਿਫ਼ਤ ਸਾਲਾਹੀ ਰਸਨਾ ਜਿਹਵਾ ਜਿਸ ਦੇ ਢੋਲੇ ਪੜ੍ਹਨ, ਰਾਗਾਂ ਨਾਦਾਂ ਨਾਲ ਗਾਈਆ । ਪ੍ਰੇਮ ਪ੍ਰੀਤੀ ਅੰਦਰ ਜਿਸ ਦੇ ਪਿਛੇ ਮਰਨ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਸਚ ਸਿੰਘਾਸਣ ਆਦਿ ਨਿਰੰਜਣ, ਨਰ ਨਰਾਇਣ ਸੋਭਾ ਪਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਵੇਖ ਵਖਾਇੰਦਾ । ਨਿਜ ਨੇਤਰ ਨਾਮ ਨਿਧਾਨ ਪਾਵਣਹਾਰਾ ਅੰਜਨ, ਗੁਰ ਨੇਤਰ ਆਪ ਖੁਲਾਇੰਦਾ । ਆਤਮ ਪਰਮਾਤਮ ਸਤਿ ਸਰੋਵਰ ਕਰਾਵਣਹਾਰਾ ਮਜਨ, ਦੁਰਮਤ ਮੈਲ ਆਪ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਲੇਖਾ ਆਪ ਦ੍ਰਿੜਾਇੰਦਾ । ਸਚ ਸਿੰਘਾਸਣ ਪੁਰਖ ਅਗੰਮ, ਹਰਿ ਅਗੰਮੜਾ ਸੋਭਾ ਪਾਈਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਚਿਨ੍ਹ, ਜੋਤੀ ਜਾਤਾ ਜੋਤ ਰੁਸ਼ਨਾਈਆ । ਜਿਸ ਦਾ ਲੇਖ ਅਲੇਖ ਕੋਈ ਨਾ ਸਕੇ ਗਿਣ, ਗਿਣਤੀ ਗਣਤ ਨਾ ਕੋਇ ਗਣਾਈਆ । ਜਿਸ ਦਾ ਖੇਲ ਭਿੰਨ ਭਿੰਨ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜਿਸ ਦਾ ਆਦਿ ਅੰਤ ਕੋਈ ਨਾ ਸਕੇ ਮਿਣ, ਪੈਮਾਨਾ ਨਾਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸਚ ਸਿੰਘਾਸਣ ਪਰਵਰਦਿਗਾਰ, ਬੇਪਰਵਾਹ ਸੋਭਾ ਪਾਈਆ । ਸਾਚਾ ਜਲਵਾ ਕਰ ਉਜਿਆਰ, ਨੂਰ ਜਹੂਰ ਕਰੇ ਰੁਸ਼ਨਾਈਆ । ਸਚ ਮਹਿਬੂਬ ਬੈਠ ਦਵਾਰ, ਦੂਆ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼, ਘਰ ਅਬਿਨਾਸ਼ੀ ਸੋਭਾ ਪਾਇੰਦਾ । ਮਿਹਰਵਾਨ ਸਰਬ ਗੁਣਤਾਸ, ਗੁਣਵੰਤਾ ਖੇਲ ਕਰਾਇੰਦਾ । ਜੁਗ ਚੌਕੜੀ ਕਰ ਪਰਕਾਸ, ਨੂਰ ਜਹੂਰ ਇਕ ਰੁਸ਼ਨਾਇੰਦਾ । ਸੇਵਕ ਬਣ ਕੇ ਦਾਸੀ ਦਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਚ ਸਿੰਘਾਸਣ ਚੜ੍ਹ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖ਼ੁਸ਼ੀਆਂ ਨਾਲ ਵੇਖਣ ਗੁਰੂ ਅਵਤਾਰ, ਪੀਰ ਪੈਗ਼ੰਬਰ ਦਰਸਨ ਪਾਈਆ । ਭਗਤ ਨਿਉਂ ਨਿਉਂ ਕਰਨ ਨਮਸਕਾਰ, ਸੰਤ ਖ਼ੁਸ਼ੀਆਂ ਸੀਸ ਝੁਕਾਈਆ । ਗੁਰਮੁਖ ਮੰਗਣ ਦਰ ਭਿਖਾਰ, ਗੁਰਸਿਖ ਝੋਲੀ ਰਹੇ ਭਰਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਸਚ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਚੁਕਾਈਆ । ਲੇਖਾ ਚੁੱਕਦਾ ਵੇਖ ਮਾਤ, ਜਗਤ ਸਿੰਘਾਸਣ ਖ਼ੁਸ਼ੀ ਮਨਾਇੰਦਾ । ਸਚ ਪ੍ਰਭੂ ਪ੍ਰਭ ਦੇ ਦਾਤ, ਦਇਆਵਾਨ ਇਕ ਅਖਵਾਇੰਦਾ । ਦੋ ਜਹਾਨਾਂ ਤੇਰਾ ਰਾਜ,

ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸੀਸ ਸੁਲਤਾਨ ਤੇਰੇ ਤਾਜ, ਭੂਪ ਤੇਰਾ ਨਾਮ ਵਡਿਆਇੰਦਾ । ਜਗਤ ਜਹਾਨ ਤੇਰਾ ਕਾਜ, ਲੱਖ ਚੁਰਾਸੀ ਤੇਰੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਸਿੰਘਾਸਣ ਕਹੇ ਸੁਣ ਮੇਰੇ ਮੀਤ, ਪਰਮ ਪੁਰਖ ਤੇਰੀ ਸਰਨਾਈਆ । ਮੈਂ ਹੋਇਆ ਠਾਂਡਾ ਸੀਤ, ਅਗਨੀ ਤਤ ਰਿਹਾ ਨਾ ਰਾਈਆ । ਮੈਂ ਅਦਨਾ ਗ਼ਰੀਬ ਨਿਮਾਣਾ ਨੀਚੋਂ ਨੀਚ, ਤੂੰ ਊਚੋ ਊਚ ਅਖਵਾਈਆ । ਦਰ ਠਾਂਡੇ ਮੰਗਾਂ ਭੀਖ, ਭਿਛਿਆ ਇਕੋ ਦੇਣੀ ਵਰਤਾਈਆ । ਜੁਗ ਚੌਕੜੀ ਰਹੀ ਉਡੀਕ, ਨਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਿੰਘਾਸਣ ਕਹੇ ਪ੍ਰਭ ਮੇਰੇ ਠਾਕਰ, ਤੇਰੀ ਵਡ ਵਡਿਆਈਆ । ਤੁਧ ਬਿਨ ਦੇਵੇ ਕੋਈ ਨਾ ਆਦਰ, ਸਿਰ ਹੱਥ ਨਾ ਕੋਇ ਟਿਕਾਈਆ । ਤੂੰ ਸਾਹਿਬ ਇਕ ਬਹਾਦਰ, ਸਚ ਤੇਰੀ ਸਰਨਾਈਆ । ਤੂੰ ਕਰੀਮ ਦਿਸੇਂ ਕਾਦਰ, ਕੁਦਰਤ ਵਿਚ ਸਮਾਈਆ । ਮੇਰਾ ਕਰਮ ਕਰ ਉਜਾਗਰ, ਉਜਰਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਿੰਘਾਸਣ ਕਹੇ ਮੈਂ ਬੇਸ਼ਕ ਨਿੱਕਾ, ਦਿਸੇ ਨਾ ਮਾਣ ਵਡਿਆਈਆ । ਮੇਰਾ ਬਸਤਰ ਵੇਖ ਚਿਟਾ, ਕਾਲਾ ਦਾਗ਼ ਨਜ਼ਰ ਕੋਇ ਨਾ ਆਈਆ । ਮੈਂ ਧੁਰ ਦੀ ਸਿਖਿਆ ਸਿਖਾ, ਜਨ ਭਗਤਾਂ ਕਰੀ ਪੜ੍ਹਾਈਆ । ਪਾਰਬ੍ਰਹਮ ਪ੍ਰਭ ਤੇਰੇ ਹੇਠਾਂ ਵਿਛਾ, ਨਿਉਂ ਨਿਉਂ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ ਇਕ ਸਰਨਾਈਆ । ਸ੍ਰੀ ਭਗਵਾਨ ਕਹੇ ਤੇਰੀ ਸੇਵਾ ਸੱਚ, ਸਾਹਿਬ ਸਤਿਗੁਰ ਸੱਚੇ ਭਾਈਆ । ਇਹ ਕਹਾਣੀ ਭਗਤਾਂ ਦੱਸ, ਆਪਣਾ ਹਾਲ ਸੁਣਾਈਆ । ਮੈਂ ਹੋਇਆ ਉਨ੍ਹਾਂ ਵਸ, ਮੇਰੀ ਚਲੇ ਨਾ ਕੋਇ ਵਡਿਆਈਆ । ਮੇਰੇ ਖਾਲੀ ਦਿਸਣ ਹੱਥ, ਵਸਤ ਸੰਗ ਨਾ ਕੋਇ ਜਣਾਈਆ । ਜਿਸ ਵੇਲੇ ਮਿਹਰਵਾਨ ਹੋ ਕੇ ਮਿਹਰ ਦੀ ਖੋਲ੍ਹਾਂ ਅੱਖ, ਆਖ਼ਰ ਲੇਖਾ ਦਿਆਂ ਚੁਕਾਈਆ । ਜੁਗ ਚੌਕੜੀ ਤੂੰ ਬੈਠਾ ਰਿਹੋਂ ਕਰ ਕੇ ਹਠ, ਸਚ ਇਕ ਧਿਆਨ ਲਗਾਈਆ । ਕਵਣ ਵੇਲਾ ਆਏ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੇਰਾ ਪੂਰਬ ਦੇਵੇ ਹੱਕ, ਪਿਛਲਾ ਲਹਿਣਾ ਝੋਲੀ ਪਾਈਆ । ਮੇਰੇ ਉਤੇ ਬਹੇ ਸਜ, ਮੇਰੀ ਆਸਾ ਪੂਰ ਕਰਾਈਆ । ਮੈਂ ਦਰਸਨ ਕਰਾਂ ਰੱਜ, ਬਿਨ ਨੈਣਾਂ ਨੈਣ ਤ੍ਰਿਪਤਾਈਆ । ਮੇਰਾ ਪੜਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਿੰਘਾਸਣ ਕਹੇ ਸੁਣ ਮੇਰੇ ਸਵਾਮੀ, ਸਚ ਕਰਾਂ ਜਣਾਈਆ । ਪੁਰਖ ਅਕਾਲ ਅੰਤਰਜਾਮੀ, ਬੇਪਰਵਾਹ ਤੇਰੀ ਵਡਿਆਈਆ । ਤੈਨੂੰ ਦੱਸਾਂ ਕੀ ਕਹਾਣੀ, ਕਹਿਣ ਸੁਣਨ ਵਿਚ ਕਦੇ ਨਾ ਆਈਆ । ਮੇਰੀ ਸੇਜਾ ਅਜੇ ਨਾ ਹੋਈ ਪੁਰਾਣੀ, ਪਾਟਾ ਚੀਥੜ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਚਾਈਂ ਚਾਈਂਆ । ਸਿੰਘਾਸਣ ਕਹੇ ਮੇਰਾ ਵੇਖ ਸੁਹੰਜਣਾ ਵੇਲਾ, ਵਕਤ ਤੇਰਾ ਗਿਆ ਆਈਆ । ਮੈਂ ਰਾਹ ਤੱਕਾਂ ਇਕ ਇਕੇਲਾ, ਸੰਗੀ ਨਜ਼ਰ ਨਾ ਕੋਇ ਮਿਲਾਈਆ । ਕੋਟਾਂ ਵਿਚੋਂ ਤੇਰਾ ਗੁਰਮੁਖ ਲੱਭੇ ਚੇਲਾ, ਜਿਸ ਆਪਣੀ ਬੂਝ ਬੁਝਾਈਆ । ਅਚਰਜ ਖੇਲ ਪ੍ਰਭੂ ਪ੍ਰਭ ਪਤਿਪਰਮੇਸ਼ਵਰ ਤੂੰ ਆਪੇ ਖੇਲਾ, ਖੇਲਣਹਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਪਾਟੇ ਚੀਥੜ ਨਾ ਵੇਖ ਲੀਰ, ਕਲੀ ਕਲੀ ਧਿਆਨ ਲਗਾਈਆ । ਤੇਰਾ ਖੇਲ ਬੇਨਜ਼ੀਰ, ਸ਼ਹਿਨਸ਼ਾਹ ਦੇ

ਵਡਿਆਈਆ । ਮੈਨੂੰ ਤੱਕਣ ਆਏ ਗੁਰ ਅਵਤਾਰ ਪੀਰ ਫ਼ਕੀਰ, ਪੈਗ਼ੰਬਰ ਪੰਧ ਮੁਕਾਈਆ । ਜਨ ਭਗਤ ਵੇਖ ਨਾ ਹੋਵਣ ਦਿਲਗੀਰ, ਦਿਲ ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੀ ਝੋਲੀ ਪਾਈਆ । ਸਿੰਘਾਸਣ ਕਹੇ ਸੁਣ ਮੇਰੀ ਫ਼ਰਿਆਦ, ਦਰ ਤੇਰੇ ਅਰਜ਼ੋਈਆ । ਰਵੀ ਵੇਲਾ ਰੱਖ ਯਾਦ, ਪੂਰਬ ਰਿਹਾ ਜਣਾਈਆ । ਜਿਸ ਵੇਲੇ ਬਖ਼ਸ਼ਿਸ਼ ਕੀਤੀ ਦਾਦ, ਰਹਿਮਤ ਆਪ ਕਮਾਈਆ । ਦੋ ਜਹਾਨਾਂ ਛੱਡ ਕੇ ਰਾਜ, ਸਚਖੰਡ ਨਿਵਾਸੀ ਡੇਰਾ ਲਾਈਆ । ਹੌਲੀ ਜਿਹੀ ਮਾਰ ਆਵਾਜ਼, ਮੈਨੂੰ ਜਾਂਦਾ ਗਿਆ ਸਮਝਾਈਆ । ਕਲਜੁਗ ਅੰਤ ਤੇਰਾ ਪੂਰਾ ਕਰਾਂ ਕਾਜ, ਮਿਹਰ ਨਜ਼ਰ ਉਠਾਈਆ । ਨਾਲੇ ਗੋਬਿੰਦ ਨਾਲ ਗੁਰੂ ਮਹਾਰਾਜ, ਮਹਾਂਬਲੀ ਵੇਸ ਵਟਾਈਆ । ਨਾਲੇ ਸ਼ਬਦ ਖੰਡਾ ਨਾਲ ਦੋ ਜਹਾਨਾਂ ਸੀਸ ਤਾਜ, ਨਿਰਗੁਣ ਨਿਰਵੈਰ ਰੂਪ ਵਟਾਈਆ । ਤੇਰੇ ਉਤੇ ਬਹਿ ਕੇ ਜਨ ਭਗਤਾਂ ਰੱਖਾਂ ਲਾਜ, ਸਚ ਸੰਤ ਦਿਆਂ ਵਡਿਆਈਆ । ਅੰਦਰ ਵੜ ਕੇ ਖੋਲ੍ਹਾਂ ਰਾਜ਼, ਪੜਦਾ ਉਹਲਾ ਆਪ ਚੁਕਾਈਆ । ਤੂੰ ਮੇਰਾ ਮੈਂ ਤੇਰਾ ਮਾਰ ਆਵਾਜ਼, ਸੋਈ ਸੁਰਤ ਆਪ ਉਠਾਈਆ । ਲੇਖਾ ਲਿਖੇ ਕਲਮ ਦਵਾਤ, ਰਵਦਾਸ ਚੁਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਗਤ ਵਡਿਆਈ ਦੀ ਨਹੀਂ ਲੋੜ, ਸਚ ਸਿੰਘਾਸਣ ਆਖ ਜਣਾਈਆ । ਜੇ ਤੁਠਾਂ ਪ੍ਰਭ ਚਰਨ ਪ੍ਰੀਤੀ ਜੋੜ, ਦੂਜੀ ਆਸ ਨਾ ਕੋਇ ਤਕਾਈਆ । ਮੇਰੇ ਉਤੇ ਚਰਨ ਕਵਲ ਧਰ ਅਡੋਲ, ਸਹਿਜ ਸੁਭਾਉ ਸੋਭਾ ਪਾਈਆ । ਪ੍ਰੇਮ ਪਿਆਰ ਦੇ ਸ਼ਬਦ ਅਗੰਮੀ ਬੋਲ, ਅਨਬੋਲਤ ਰਾਗ ਸੁਣਾਈਆ । ਮੈਂ ਭਗਤ ਸੁਹੇਲੇ ਵੇਖਾਂ ਤੇਰੇ ਕੋਲ, ਆਪ ਆਪਣੀ ਅੱਖ ਖੁਲ੍ਹਾਈਆ । ਜੋ ਤੇਰੇ ਅੰਤਰ ਰਹੇ ਮੌਲ, ਬਸੰਤਰ ਬਾਹਰੋਂ ਦੇ ਬੁਝਾਈਆ । ਮੇਰਾ ਪੂਰਾ ਕਰੇਂ ਕੌਲ, ਇਕਰਾਰ ਭੁੱਲ ਕਦੇ ਨਾ ਜਾਈਆ । ਏਥੇ ਓਥੇ ਰਹੇ ਅਡੋਲ, ਅਤੁਲ ਤੇਰੀ ਵਡਿਆਈਆ । ਧੰਨ ਭਾਗ ਉਹ ਧਰਤੀ ਸੋਹੇ ਧੌਲ, ਜਿਸ ਧਰਨੀ ਉਤੇ ਤੇਰਾ ਆਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸੁਣ ਸਿੰਘਾਸਣ ਉਹ ਸੋਭੇ ਧਰਤ, ਜਿਸ ਉਪਰ ਦਇਆ ਕਮਾਈਆ । ਪਰਗਟ ਕਰ ਧੁਰ ਦੇ ਭਗਤ, ਭਗਵਨ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਤਰਸ, ਆਪਣਾ ਜੋੜ ਜੁੜਾਈਆ । ਜਨਮ ਕਰਮ ਦਾ ਕੱਢ ਕੇ ਫ਼ਰਕ, ਫ਼ੈਸਲਾ ਇਕ ਸੁਣਾਈਆ । ਦੇ ਵਡਿਆਈ ਵਿਚੋਂ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਦੇਵੇ ਮਾਣ ਵਡਿਆਈਆ । ਧਰਨੀ ਕਹੇ ਮੈਂ ਸੋਈ ਜਾਗੀ, ਆਪਣੀ ਅੱਖ ਖੁਲ੍ਹਾਈਆ । ਧੰਨ ਭਗਤ ਧੰਨ ਗੁਰਮੁਖ ਜਿਨ੍ਹਾਂ ਪ੍ਰਭ ਚਰਨ ਪ੍ਰੀਤ ਲਾਗੀ, ਸੇਵਾ ਸਚ ਸਤਿ ਕਮਾਈਆ । ਸਾਹਿਬ ਸੁਲਤਾਨ ਹੋ ਮਿਹਰਵਾਨ ਲੇਖੇ ਲਾਵਣ ਆਇਆ ਕੋਟ ਜਨਮ ਦੀ ਪਿਛਲੀ ਬਾਜ਼ੀ, ਸਵਾਂਗੀ ਆਪਣਾ ਸਵਾਂਗ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਵੇਖੇ ਹਾਜ਼ੀ, ਨਿਮਾਜ਼ੀ ਸੀਸ ਝੁਕਾਈਆ । ਨਮਸਕਾਰ ਕਰ ਕਰ ਕਹਿਣ ਤੂੰ ਪੁਰਖ ਸਮਰਾਥੀ, ਦੀਨ ਅਨਾਥੀ ਹੋਏਂ ਸਹਾਈਆ । ਜੁਗ ਚੌਕੜੀ ਜਿਸ ਦੀ ਗੌਂਦੀ ਗਈ ਸਾਖੀ, ਸੋ ਸਾਖਿਆਤ ਨਜ਼ਰੀ ਆਈਆ । ਉਨ੍ਹਾਂ ਚੁਕਾਵੇ ਬਾਕੀ ਜਿਨ੍ਹਾਂ ਖੋਲ੍ਹੀ ਅੰਦਰੋਂ ਤਾਕੀ, ਕਮਲਾਪਾਤੀ ਮੇਲ ਮਿਲਾਈਆ । ਰਵੀਦਾਸ ਬਣਿਆ ਸਾਥੀ, ਸ੍ਰੀ ਭਗਵਾਨ ਮੰਨੀ ਆਖੀ, ਸਚ ਸਿੰਘਾਸਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰੀ ਹਰਿ

ਆਪਣੀ ਕਾਰ ਕਮਾਈਆ । ਧਰਨੀ ਕਹੇ ਮੇਰਾ ਸੱਚਾ ਦਾਅਵਾ, ਹੱਕ ਆਪਣਾ ਰਹੀ ਜਣਾਈਆ । ਜਿਸ ਵੇਲੇ ਸਾਹਿਬ ਸਿੰਘਾਸਣ ਮੇਰੀ ਛਾਤੀ ਉਤੇ ਰੱਖਿਆ ਪਾਵਾ, ਖ਼ੁਸ਼ੀਆਂ ਹਾਲ ਸੁਣਾਈਆ । ਮੇਰਾ ਸਚ ਦਵਾਰੇ ਲੱਗਾ ਨਾਵਾਂ, ਬਿਨ ਅੱਖਰਾਂ ਲੇਖ ਲਿਖਾਈਆ । ਮੈਂ ਗੀਤ ਇਕੋ ਗਾਵਾਂ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਤੇਰੇ ਚਰਨ ਕਵਲ ਸਦ ਬਲ ਬਲ ਜਾਵਾਂ, ਨੇਤਰ ਨੈਣਾਂ ਨੀਰ ਵਹਾਈਆ । ਨਿਤ ਨਿਤ ਤੇਰਾ ਦਰਸਨ ਪਾਵਾਂ, ਜਨ ਭਗਤਾਂ ਸੰਗ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਧਰਤੀ ਸੁਣ ਸਿੰਘਾਸਣ ਆਖੇ, ਸਚ ਦਿਆਂ ਜਣਾਈਆ । ਇਹ ਖੇਲ ਪ੍ਰਭੂ ਅਬਿਨਾਸ਼ੇ, ਤੇਰੀ ਮੇਰੀ ਨਾ ਕੋਇ ਵਡਿਆਈਆ । ਉਹ ਭਗਤਾਂ ਲੱਗਾ ਆਖੇ, ਦੂਜਾ ਸਕੇ ਨਾ ਕੋਇ ਮਨਾਈਆ । ਜਿਨ੍ਹਾਂ ਅੰਦਰ ਵੜ ਵੜ ਝਾਕੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਪੰਧ ਮੁਕਾ ਕੇ ਆਇਆ ਵਾਟੇ, ਬਣ ਕੇ ਪਾਂਧੀ ਰਾਹੀਆ । ਜਨਮ ਜਨਮ ਦੇ ਪੂਰੇ ਕਰੇ ਘਾਟੇ, ਲਹਿਣਾ ਅਗਲਾ ਝੋਲੀ ਪਾਈਆ । ਜਿਸ ਦੀ ਕਿਰਪਾ ਨਾਲ ਸਾਡੇ ਜੁੜੇ ਨਾਤੇ, ਧੁਰ ਦਾ ਮੇਲ ਮਿਲਾਈਆ । ਭਗਤ ਦਵਾਰੇ ਬਹਿ ਗਏ ਸੱਚੇ ਅਹਾਤੇ, ਆਪਣੀ ਵੰਡ ਵੰਡਾਈਆ । ਕਿਰਪਾ ਕਰ ਜੇ ਲੇਖਾ ਲਾ ਲਏ ਖਾਤੇ, ਖ਼ਤਰਾ ਸਾਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਧਰਤੀ ਅੱਗੋਂ ਨੇਤਰ ਨੀਰ ਲਿਆ ਵਹਾ, ਛਹਿਬਰ ਇਕ ਲਗਾਈਆ । ਸਿੰਘਾਸਣ ਮੇਰਾ ਰਵਦਾਸ ਇਕ ਗਵਾਹ, ਮੈਂ ਸਚ ਦਿਆਂ ਜਣਾਈਆ । ਜਿਸ ਨੇ ਪਾਟਾ ਚੀਥੜ ਥੱਲੇ ਦਿਤਾ ਵਿਛਾ, ਸੋਹਣੀ ਸੇਜ ਬਣਾਈਆ । ਪ੍ਰਭ ਚਰਨ ਦੀ ਧੂੜੀ ਮਸਤਕ ਟਿੱਕਾ ਆਪਣੇ ਲਾ, ਮੈਨੂੰ ਦਿਤੀ ਮਾਣ ਵਡਿਆਈਆ । ਮੈਂ ਉਸ ਵੇਲੇ ਰੋ ਕੇ ਮਾਰੀ ਸੀ ਧਾਹ, ਹਾਏ ਹਾਏ ਕਰ ਸੁਣਾਈਆ । ਮੇਰਾ ਵਿਛੋੜਾ ਹੋਵੇ ਨਾ, ਝੱਲੀ ਨਾ ਜਾਏ ਜੁਦਾਈਆ । ਜਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਰ ਜਾਵੇ ਆ, ਨਿਰਗੁਣ ਲੋਕਮਾਤ ਵੇਸ ਵਟਾਈਆ । ਮੈਨੂੰ ਕੋਝੀ ਕਮਲੀ ਨੂੰ ਲਏ ਗਲੇ ਲਗਾ, ਦੁਰਮਤ ਮੈਲ ਦੇਵੇ ਧਵਾਈਆ । ਮੈਨੂੰ ਖ਼ੁਸ਼ੀਆਂ ਨਾਲ ਚੜ੍ਹਿਆ ਚਾ, ਤੇਰੇ ਘਰ ਸੋਹਣੇ ਬਸਤਰ ਸੁੱਤਾ ਬੇਪਰਵਾਹੀਆ । ਸ੍ਰੀ ਭਗਵਾਨ ਹੌਲੀ ਜਿਹੀ ਦਿਤਾ ਸਮਝਾ, ਸੁਣ ਨਢੀ ਧਿਆਨ ਲਗਾਈਆ । ਤੈਨੂੰ ਏਸੇ ਕਰਕੇ ਦਿਆਂ ਵਡਿਆ, ਤੇਰੇ ਉਤੇ ਬਹਿ ਕੇ ਜਨ ਭਗਤਾਂ ਹੋਵਾਂ ਸਹਾਈਆ । ਅੱਗੋਂ ਰਵਦਾਸ ਇਕ ਆਵਾਜ਼ ਦਿਤੀ ਲਗਾ, ਅੰਤਰ ਅੰਤਰ ਜਣਾਈਆ । ਇਹ ਦਾਤਾ ਬੇਪਰਵਾਹ, ਬੇਅੰਤ ਅੰਤ ਅਖਵਾਈਆ । ਭਗਤਾਂ ਵਿਚ ਜੇ ਆਪ ਜਾਏ ਸਮਾ, ਭਗਤ ਆਪਣੇ ਲਏ ਬਣਾਈਆ । ਇਹਦੀ ਕਿਰਪਾ ਬਿਨਾਂ ਕੋਈ ਭਗਤ ਨਾ ਸਕੇ ਅਖਵਾ, ਲੋਕ ਪਰਲੋਕ ਨਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਕਿਹਾ ਹੱਸ, ਹਸਤੀ ਦੋਹਾਂ ਵਿਚੋਂ ਇਕੋ ਨਜ਼ਰੀ ਆਈਆ । ਰਵਦਾਸ ਕੀ ਰਿਹਾ ਦੱਸ, ਧਰਨੀ ਕੀ ਮੰਗ ਮੰਗਾਈਆ । ਦੋਹਾਂ ਕਰ ਇਕੱਠ, ਇਕੋ ਕੂਕ ਸੁਣਾਈਆ । ਤੇਰਾ ਦਰਸ ਪੁਰਖ ਸਮਰਥ, ਸਾਚੀ ਮੰਗ ਮੰਗਾਈਆ । ਜਿਸ ਵੇਲੇ ਹੋਏਂ ਪਰਗਟ, ਲੋਕਮਾਤ ਫੇਰਾ ਪਾਈਆ । ਸਤਿ ਧਰਮ ਦਾ ਖੋਲ੍ਹੇਂ ਹੱਟ, ਨਾਮ ਵਣਜਾਰਾ ਵਣਜ ਕਰਾਈਆ । ਜਨ ਭਗਤਾਂ ਦੇਵੇਂ ਧੁਰ ਦੀ ਮੱਤ, ਸਚ ਨਾਮ ਸਮਝਾਈਆ । ਨਿਜ ਨੇਤਰ ਖੋਲ੍ਹੇਂ ਅੱਖ, ਆਪਣਾ ਰੰਗ ਚੜ੍ਹਾਈਆ । ਸਚ ਸਿੰਘਾਸਣ ਬਹੇਂ ਨੱਠ, ਦੋ ਜਹਾਨਾਂ ਪੰਧ ਮੁਕਾਈਆ । ਤੇਰੀ ਮਿਹਰ ਤੇਰੀ ਕਿਰਪਾ ਤੇਰੇ ਸੰਗ ਜਾਈਏ ਵਸ, ਵਾਸਤਾ ਤੇਰੇ ਅੱਗੇ ਪਾਈਆ । ਜੋਤੀ ਜੋਤ

੭੮੩
੧੯

ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਚ ਵਰ, ਵਰ ਦਾਤੇ ਤੇਰੇ ਹੱਥ ਸਰਬ ਵਡਿਆਈਆ ।

★ ੨੭ ਫੱਗਣ ੨੦੨੦ ਬਿਕ੍ਰਮੀ ਸੰਤ ਸਿੰਘ ਦੇ ਗ੍ਰਿਹ ਇਟਾਰਸੀ ਮਧ ਪ੍ਰਦੇਸ਼ ★

ਸਿੰਘਾਸਣ ਕਹੇ ਪ੍ਰਭ ਕਿਰਪਾਲ, ਦੀਨ ਦਿਆਲ ਤੇਰੀ ਸਰਨਾਈਆ । ਸਾਹਿਬ ਸਤਿਗੁਰ ਹੋ ਦਿਆਲ, ਵਡ ਵੱਡੇ ਤੇਰੀ ਵਡਿਆਈਆ । ਸੰਤ ਸੁਹੇਲੇ ਗੁਰਮੁਖ ਭਾਲ, ਗੁਰ ਚੇਲੇ ਰੰਗ ਚੜ੍ਹਾਈਆ । ਨਿਰਗੁਣ ਨਿਰਵੈਰ ਸੁਣ ਹਾਲ, ਬੇਹਾਲ ਰਹੇ ਕੁਰਲਾਈਆ । ਸਚ ਵਸਤ ਨਾ ਕੋਈ ਨਾਲ, ਖ਼ਾਲੀ ਹੱਥ ਦੇਣ ਦੁਹਾਈਆ । ਚਾਰ ਕੁੰਟ ਥੱਕੇ ਭਾਲ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਜਨਮ ਕਰਮ ਦੇ ਵੇਖ ਕੰਗਾਲ, ਪੂਰਬ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦੇ ਸਰਨਾਈਆ । ਸਿੰਘਾਸਣ ਕਹੇ ਸਾਹਿਬ ਵੇਖ ਗੁਰਸਿਖ, ਮਿਹਰ ਨਜ਼ਰ ਇਕ ਉਠਾਈਆ । ਦਰ ਦਰਵੇਸ਼ ਮੰਗਣ ਭਿਖ, ਭਿਛਿਆ ਇਕੋ ਦੇ ਵਰਤਾਈਆ । ਜੇ ਲੇਖਾ ਨਹੀਂ ਤੇ ਹੋਰ ਲਿਖ, ਸਭ ਕੁਛ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਆਦਿ ਜੁਗਾਦਿ ਤੂੰ ਦੇਵਣਹਾਰਾ ਨਿਤ, ਨਵਿਤ ਫੇਰਾ ਪਾਈਆ । ਠੱਗਾਂ ਚੋਰਾਂ ਯਾਰਾਂ ਬਣੇ ਮਿਤ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਹੋ ਸਹਾਈ ਪ੍ਰਭੂ ਭਗਵਾਨ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਕਿਰਪਾ ਵਿਚੋਂ ਮਿਹਰ ਕਰ ਦਾਨ, ਮਿਹਰ ਨਿਗਾਹਬਾਨ ਰੂਪ ਵਟਾਈਆ । ਦਰਦੀਆਂ ਵਿਚੋਂ ਦਰਦੀ ਦਰਦ ਵੰਡ ਮਹਾਨ, ਦੁਖੀਆਂ ਵਿਚੋਂ ਦੁੱਖ ਆਪਣੀ ਝੋਲੀ ਪਾਈਆ । ਭੁੱਖਿਆਂ ਵਿਚੋਂ ਭੁੱਖ ਆਪਣੇ ਚਰਨ ਕਰ ਪਰਵਾਨ, ਸੁਖਾਂ ਵਿਚੋਂ ਸੁਖ ਗੁਰਮੁਖਾਂ ਦੇ ਵਰਤਾਈਆ । ਬੇਪਰਵਾਹ ਬੇਅੰਤ ਬਣ ਨਿਮਾਣਾ ਕਿਉਂ ਬੈਠੋਂ ਲੁਕ, ਬੇਅੰਤ ਆਪਣਾ ਨਾਉਂ ਰਖਾਈਆ । ਠਾਕਰ ਹੋ ਕੇ ਜਾ ਤੁਠ, ਅਤੁਟ ਦਇਆ ਕਮਾਈਆ । ਜਨ ਭਗਤਾਂ ਭਾਗ ਕਦੇ ਨਾ ਜਾਏ ਨਿਖੁਟ, ਜਿਨ੍ਹਾਂ ਮਿਲੇ ਤੇਰੀ ਸਰਨਾਈਆ । ਪਿਤਾ ਹੋ ਕੇ ਬਾਲਕ ਗੋਦੀ ਚੁੱਕ, ਅਕਾਲ ਹੋ ਕੇ ਗੁਰਮੁਖ ਆਪਣੀ ਕੁਲ ਤਰਾਈਆ । ਤੇਰਾ ਬੂਟਾ ਕਦੇ ਨਾ ਜਾਵੇ ਸੁੱਕ, ਅੰਮ੍ਰਿਤ ਸਿੰਚ ਹਰਿਆ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੇ ਵਸਤ ਸਚ ਦਵਾਰ, ਤੂੰ ਦੇਵਣਹਾਰ ਅਖਵਾਇੰਦਾ । ਵਸਤ ਅਮੋਲਕ ਝੋਲੀ ਡਾਰ, ਗੋਲਕ ਇਕੋ ਵਾਰ ਭਰਾਇੰਦਾ । ਤੇਰਾ ਲੇਖਾ ਅਲਖ ਅਗੋਚਰ ਅਗੰਮ ਅਪਾਰ, ਆਦਿ ਜੁਗਾਦਿ ਭੇਵ ਕੋਇ ਨਾ ਆਇੰਦਾ । ਨਿਰਧਨ ਸਰਧਨ ਸਭ ਤੇਰੇ ਦਵਾਰ, ਨਿਰਗੁਣ ਸਰਗੁਣ ਤੇਰਾ ਖੇਲ ਇਕੋ ਨਜ਼ਰੀ ਆਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦਰ ਘਰ ਠਾਂਡੇ ਕਰ ਪਰਵਾਨ, ਦਰ ਦਰਬਾਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਬਖ਼ਸ਼ੀਸ਼ ਕਰ ਦਾਨ, ਜਿਸ ਦਾਨ ਵਿਚੋਂ ਦਾਤਾਰ ਦਾਤ ਰੂਪ ਨਜ਼ਰੀ ਆਇੰਦਾ ।

★ ੨੭ ਫੱਗਣ ੨੦੨੦ ਬਿਕ੍ਰਮੀ ਹਰਦਿਤ ਸਿੰਘ ਦੇ ਗ੍ਰਿਹ ਇਟਾਰਸੀ ਮਧ ਪ੍ਰਦੇਸ਼ ★

ਸਿੰਘਾਸਣ ਕਹੇ ਮੇਰੇ ਸੋਹਣੇ ਸੁੱਚੇ, ਪ੍ਰਭ ਪ੍ਰਭੂ ਵਡਿਆਈਆ । ਪਾਰਬ੍ਰਹਮ ਪ੍ਰਭ ਉਤਮ ਉਚੇ, ਸ਼ਹਿਨਸ਼ਾਹ ਸਚ ਤੇਰੀ ਸ਼ਹਿਨਸ਼ਾਹੀਆ ।

ਤੇਰੇ ਚਰਨਾਂ ਹੇਠ ਕੋਟਨ ਕੋਟ ਬ੍ਰਹਿਮੰਡ ਖੰਡ ਲੁਕੇ, ਸਿਰ ਬੈਠੇ ਪਰਦਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਪੈਂਡੇ ਕਦੇ ਨਾ ਮੁੱਕੇ, ਅੰਤ ਕਹਿ ਨਾ ਕੋਇ ਸਮਝਾਈਆ । ਨਿਤ ਨਵਿਤ ਤੇਰੇ ਸੁਹੇਲੇ ਗੁਰਮੁਖ ਚੇਲੇ ਬੂਟੇ ਕਦੇ ਨਾ ਸੁੱਕੇ, ਲੱਖ ਚੁਰਾਸੀ ਨਿਤ ਨਵਿਤ ਜੁਗ ਕੁਮਲਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤ ਤੇਰੇ ਪ੍ਰੇਮ ਪਿਆਰ ਦੇ ਭੁੱਖੇ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਸਚ ਭਰੋਸੇ ਤੇਰੇ ਚਰਨਾਂ ਉਤੇ ਸੁੱਟੇ, ਦੂਜੀ ਓਟ ਨਾ ਕੋਇ ਤਕਾਈਆ । ਤੇਰੀ ਲੱਗੀ ਦੋ ਜਹਾਨ ਨਾ ਟੁੱਟੇ, ਗੰਢ ਇਕੋ ਵਾਰ ਪਵਾਈਆ । ਅੰਤ ਕਾਲ ਕੋਈ ਨਾ ਪੁਛੇ, ਲੇਖਾ ਸਕੇ ਨਾ ਕੋਇ ਵਖਾਈਆ । ਤੇਰੇ ਮਾਰਗ ਰਾਹ ਤੋਂ ਗੁਰਮੁਖ ਕੋਈ ਨਾ ਘੁੱਥੇ, ਭਰਮੇ ਭੁੱਲੇ ਸਰਬ ਲੋਕਾਈਆ । ਤੇਰੇ ਦਵਾਰ ਤੇਰੇ ਮੰਦਰ ਰੰਗ ਤੇਰਾ ਇਕੋ ਲੁੱਟੇ, ਘਰ ਆਪਣੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਸਿੰਘਾਸਣ ਕਹੇ ਪਿਛਲਾ ਲੇਖਾ ਦੱਸਾਂ ਖੋਲ, ਸਚ ਸਚ ਸਮਝਾਈਆ । ਜਿਸ ਵੇਲੇ ਗੋਬਿੰਦ ਨਾਲ ਕਰੇਂ ਚੋਹਲ, ਪ੍ਰੇਮ ਪਿਆਰ ਇਕ ਵਧਾਈਆ । ਗੜ੍ਹੀ ਚਮਕੌਰ ਸੇਜਾ ਕਿਹੜੀ ਅਡੋਲ, ਜਿਸ ਉਪਰ ਸੋਭਾ ਪਾਈਆ । ਲੇਫ ਤਲਾਈ ਤਕੀਆ ਚਾਰਪਾਈ ਨਾ ਦਿਸੇ ਕੋਲ, ਗੋਬਿੰਦ ਕੱਚੀ ਦੀਵਾਰ ਸਹਾਰਾ ਇਕ ਬਣਾਈਆ । ਓਸ ਵੇਲੇ ਬਚਨ ਕਿਹਾ ਅਨਮੋਲ, ਹੌਲੀ ਹੌਲੀ ਜਣਾਈਆ । ਟਾਂਕ ਨਾਲ ਤੀਰ ਤੋਲ, ਤੀਰ ਚਿੱਲੇ ਨਾਲ ਮਿਲਾਈਆ । ਕਮਰ ਨਾਲੋਂ ਕਮਚ ਖੋਲ੍ਹ, ਖ਼ੰਜਰ ਸ਼ਮਸ ਰੂਪ ਵਟਾਈਆ । ਖੜਗ ਖੜਕਾ ਵਾਂਗ ਢੋਲ, ਚੰਡ ਪਰਚੰਡ ਰੂਪ ਵਖਾਈਆ । ਠੋਕਰ ਮਾਰ ਕੇ ਉਪਰ ਧੌਲ, ਧਰਨੀ ਦਿਤਾ ਸਮਝਾਈਆ । ਉਠ ਜਾਗ ਨਾ ਹੋ ਅਨਭੋਲ, ਸੋਝੀ ਇਕ ਜਣਾਈਆ । ਤੇਰੇ ਉਤੇ ਸਤਿ ਧਰਮ ਦਾ ਕਰਨ ਆਇਆ ਘੋਲ, ਸਾਚੀ ਵੰਡ ਵੰਡਾਈਆ । ਆਪਣਾ ਖ਼ੂਨ ਖ਼ੂਨ ਵਿਚੋਂ ਖ਼ੂਨ ਦੇਵਾਂ ਡੋਲ, ਰੰਗ ਰਤੜੀ ਰੰਗ ਘਤ ਕੇ ਗਈ ਰੰਗ ਮਿਲੇ ਸੱਚੇ ਮਾਹੀਆ । ਪੰਜ ਸਿਖ ਓਸੇ ਵੇਲੇ ਪਏ ਬੋਲ, ਗੋਬਿੰਦ ਚਰਨਾਂ ਉਤੇ ਸੀਸ ਟਿਕਾਈਆ । ਦਾਤਾਰ ਸਤਿਗੁਰ ਸਾਡੇ ਨਾਲ ਨਾ ਮਾਰ ਰੋਲ, ਅਸੀਂ ਬੱਚਿਆਂ ਨਾਲੋਂ ਬੱਚੇ ਤੇਰੇ ਨਜ਼ਰੀ ਆਈਆ । ਏਨ੍ਹਾਂ ਨਾਲ ਜੇ ਸਾਨੂੰ ਦੇਵੇਂ ਤੋਰ, ਆਪਣੀ ਹੱਥੀਂ ਮਸਤਕ ਟਿੱਕਾ ਲਾਈਆ । ਸਤਿ ਦਵਾਰਾ ਆਪਣਾ ਇਕ ਖੋਲ੍ਹ, ਮਾਰਗ ਇਕ ਦ੍ਰਿੜਾਈਆ । ਫਿਰ ਵੀ ਔਣਾ ਤੇਰੇ ਕੋਲ, ਹੋਵੇ ਨਾ ਕਦੇ ਜੁਦਾਈਆ । ਗੋਬਿੰਦ ਹੱਸ ਕੇ ਕਿਹਾ ਜਿਉਂ ਸੱਜਣਾ ਨਾਲ ਕਰੇ ਮਖ਼ੌਲ, ਮੁਖੋਂ ਇਕ ਆਵਾਜ਼ ਸੁਣਾਈਆ । ਬੱਚਿਓ ਤੁਸੀਂ ਅਜੇ ਅਨਭੋਲ, ਮੇਰੀ ਸਮਝ ਕਿਸੇ ਨਾ ਆਈਆ । ਆਹ ਵੇਖੋ ਜਿਹੜਾ ਮੇਰਾ ਤੋਲਣ ਵਾਲਾ ਤੋਲ, ਕੱਚੀ ਗੜ੍ਹੀ ਵਿਚੋਂ ਮੇਰੀ ਕਾਇਆ ਗੜ੍ਹੀ ਵਿਚੋਂ ਨਜ਼ਰੀ ਆਈਆ । ਉਹ ਹੌਲੀ ਹੌਲੀ ਦੱਸ ਕੇ ਰਿਹਾ ਬੋਲ, ਬੋਲੀ ਬੋਲ ਮੇਰੇ ਨਾਲ ਮਿਲਾਈਆ । ਗੋਬਿੰਦ ਕਲਜੁਗ ਅੰਤ ਤੇਰੇ ਨਾਲ ਤੇਰਿਆਂ ਸਿਖਾਂ ਦੀ ਵੀ ਲੋੜ, ਜਿਨ੍ਹਾਂ ਡੋਰ ਤੇਰੇ ਉਤੇ ਟਿਕਾਈਆ । ਕਰ ਪ੍ਰੇਮ ਘੋੜੀ ਚਾੜ੍ਹ ਦੇਣੇ ਤੋਰ, ਤਰ੍ਹਾ ਤਰ੍ਹਾ ਸਮਝਾਈਆ । ਅੱਗੇ ਆਪੇ ਜਾਵਾਂ ਬੌਹੜ, ਆਪਣੀ ਗੋਦ ਉਠਾਈਆ । ਪਾਤਸ਼ਾਹਾਂ ਘਰ ਸ਼ਹਿਜ਼ਾਦੇ ਨਾਂ ਰਖੌਂਦੇ ਕੌਰ, ਗੋਬਿੰਦ ਘਰ ਗੁਰਮੁਖਾਂ ਮਿਲੇ ਵਡਿਆਈਆ । ਏਨ੍ਹਾਂ ਪੰਜਾਂ ਉਤੇ ਪੁਰਖ ਅਕਾਲ ਲਾਵੇ ਮੋਹਰ, ਬਿਨ ਹਰਫ਼ਾਂ ਹਰਫ਼ ਬਣਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਨਵੇਂ ਨਕੋਰ, ਹਿੰਦਸਾ ਸਕੇ ਕੋਇ ਨਾ ਬਦਲਾਈਆ । ਨਾ ਕੋਈ ਲਏ ਚੁਰਾਏ ਠੱਗ ਚੋਰ, ਭੰਨ ਤੋੜ ਪਰੇ ਨਾ ਕੋਇ ਸੁਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਖੇਲ ਅਵਰ ਕਾ ਹੋਰ, ਹਰਿ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੭੮੫ ੧੯

ਸਾਚਾ ਵਰ, ਜਗ ਜੁਗ ਜਗਤ ਭਗਤ ਭਗਵਾਨ ਆਪਣਾ ਅੰਗ ਬਣਾਈਆ । ਗੋਬਿੰਦ ਥੋੜਾ ਪਾਸਾ ਪਰਤ, ਤੀਰ ਮੁਖੀ ਨਾਲ ਸੀਸ ਝੁਕਾਈਆ । ਪ੍ਰਭੂ ਇਹ ਤੇਰੀ ਮੇਰੀ ਲਿਖਤ ਪੜ੍ਹਤ, ਦੂਜਾ ਸੁਣਨ ਕੋਇ ਨਾ ਪਾਈਆ । ਪਿਓ ਪੁੱਤ ਦੀ ਲੱਗ ਗਈ ਸ਼ਰਤ, ਦੋਹਾਂ ਵਿਚੋਂ ਭੱਜ ਕੋਇ ਨਾ ਜਾਈਆ । ਜੇ ਤੂੰ ਆਵੇਂ ਪਰਤ, ਮੈਂ ਅੱਗੋਂ ਹੋ ਕੇ ਮਿਲਾਂ ਚਾਈਂ ਚਾਈਂਆ । ਮੇਰਾ ਹੋਣ ਨਾ ਦੇਵੀਂ ਹਰਜ, ਹਰਜਾਨਾ ਤੇਰੇ ਕੋਲੋਂ ਮੰਗ ਮੰਗਾਈਆ । ਪੁਰਖ ਅਕਾਲ ਆਦੀ ਕੱਢ ਕੇ ਫ਼ਰਦ, ਪਹਿਲਾ ਫ਼ੈਸਲਾ ਲਿਖਿਆ ਦਿਤਾ ਵਖਾਈਆ । ਅਗਲਾ ਪਾਸਾ ਅੱਧਾ ਚੁਕ ਕੇ ਥੋੜਾ ਦੱਸਿਆ ਗੋਬਿੰਦ ਉਹ ਖੇਲ ਅਸਚਰਜ, ਜੋ ਖੇਲ ਆਪਣੇ ਹੱਥ ਰਖਾਈਆ । ਤੂੰ ਸੂਰਬੀਰ ਮੈਂ ਮਰਦ ਮਰਦਾਨਾ ਹੋ ਕੇ ਆਵਾਂ ਮਰਦ, ਮਿਹਰਵਾਨ ਇਕ ਅਖਵਾਈਆ । ਆਪਣੀ ਖ਼ਾਹਿਸ਼ ਤੇਰੀ ਨਾਲ ਰਲਾਵਾਂ ਗ਼ਰਜ਼, ਮਤਲਬ ਦੋਹਾਂ ਦਾ ਇਕੋ ਰੂਪ ਵਟਾਈਆ । ਕਾਰਨ ਕਰ ਕੇ ਪੂਰਾ ਕਰਾਂ ਫ਼ਰਜ਼, ਫ਼ਜ਼ੂਲ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੋਬਿੰਦ ਕਿਹਾ ਬੇਪਰਵਾਹ ਬੇਰਹਿਮ, ਤੇਰੀ ਤੇਰੇ ਹੱਥ ਵਡਿਆਈਆ । ਆਪਣਾ ਸੁਤ ਦੁਲਾਰਾ ਰੱਖੀਂ ਕਾਇਮ, ਕਿਆਮਤ ਇਹਦਿਆਂ ਚਰਨਾਂ ਹੇਠ ਦਬਾਈਆ । ਨੁਕਤਾ ਕੋਈ ਨਾ ਰਹੇ ਐਨ ਗੈਨ, ਸਿਫ਼ਰਾ ਰੂਪ ਸਰਬ ਲੋਕਾਈਆ । ਪੁਰਖ ਅਕਾਲ ਤੂੰ ਮੇਰੇ ਘਰ ਆਇਉਂ ਸਿਹਨ, ਗੜ੍ਹੀ ਘੜੀ ਘੜੀ ਘੜੀ ਵਿਚੋਂ ਮੇਲ ਮਿਲਾਈਆ । ਤੂੰ ਵੀ ਕੱਲਾ ਮੈਂ ਵੀ ਕੱਲਾ ਨਾ ਕੋਈ ਭਾਈ ਨਾ ਕੋਈ ਭੈਣ, ਪੁੱਤਰ ਤੇਰੀ ਭੇਟ ਚੜ੍ਹਾਈਆ । ਦੋਹਾਂ ਨੂੰ ਕੱਠਾ ਮਿਲੇ ਬਹਿਣ, ਵਾਹ ਵਾ ਸੋਹਣੀ ਬਣਤ ਬਣਾਈਆ । ਇਕ ਖ਼ੁਸ਼ੀ ਅਜੀਤ ਜੁਝਾਰ ਝੂਜਦੇ ਵੇਖ ਆਪਣੇ ਨੈਣ, ਫਿਰ ਮੇਰੇ ਸ਼ਬਦ ਠੰਡ ਵਰਤਾਈਆ । ਮੇਰੇ ਪੰਜ ਸਿਖ ਫੇਰ ਤੇਰਾ ਦਰਸ ਕਰਨ ਨੈਣ, ਨਹੀਂ ਤੇ ਤੇਰਾ ਮੁਖ ਵੇਖਣ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਗੋਬਿੰਦ ਮੈਂ ਸੇਵਕ ਬਣ ਤੇਰੇ ਬੱਚੇ ਆਇਆ ਲੈਣ, ਫੜ ਆਪਣੀ ਗੋਦ ਬਿਠਾਈਆ । ਇਕ ਸੰਦੇਸਾ ਆਇਆ ਦੇਣ, ਅਗਲਾ ਲੇਖ ਜਣਾਈਆ । ਤੇਰੇ ਬੱਚਿਆਂ ਦੀ ਧੂੜੀ ਰੇਣ, ਜੁਗ ਚੌਕੜੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਚਾਈਂ ਚਾਈਂਆ । ਗੋਬਿੰਦ ਕਹੇ ਪ੍ਰਭ ਵੇਖ ਖੇਲ ਕਮਾਲ, ਮੈਂ ਅੱਛੀ ਦਿਤੀ ਸਿਖਲਾਈਆ । ਗੁਰਮੁਖ ਬੱਚੇ ਸੋਹਣੇ ਲਾਲ, ਲਾਲ ਲਾਲ ਰੰਗ ਰੰਗਾਈਆ । ਛੁਰੀਆਂ ਨਾਲ ਹੋ ਹਲਾਲ, ਤੇਰੇ ਚਰਨਾਂ ਰਾਹ ਤਕਾਈਆ । ਜੇ ਡੋਲਣ ਲੱਗਣ ਮੈਂ ਅੰਦਰ ਵੜ ਕੇ ਬਣਾਂ ਦਲਾਲ, ਫੜ ਬਾਂਹੋਂ ਲਵਾਂ ਉਠਾਈਆ । ਉਠੋ ਬੱਚਿਓ ਚਲੋ ਓਸ ਧਰਮਸਾਲ, ਜਿਸ ਘਰ ਵਸੇ ਬੇਪਰਵਾਹੀਆ । ਹੌਲੀ ਹੌਲੀ ਤੇਰੇ ਦਰਵਾਜ਼ੇ ਤੱਕ ਚਲਾਂ ਨਾਲ ਨਾਲ, ਅੰਦਰ ਵਾੜ ਕੇ ਫੇਰ ਏਥੇ ਨਜ਼ਰੀ ਆਈਆ । ਓਧਰੋਂ ਗੜ੍ਹੀ ਚਮਕੌਰ ਦੀ ਰੋ ਪਈ ਦੀਵਾਰ, ਕੂਕ ਕੂਕ ਮਾਰੇ ਧਾਹੀਂਆ । ਓ ਯਾਰਾਂ ਦੇ ਯਾਰ ਓ ਪਿਆਰਾ ਦੇ ਪਿਆਰ ਦੁਖੀਆਂ ਦੇ ਦਿਲਦਾਰ ਦਰਦੀਆਂ ਦੇ ਦਰਦੀ, ਤੈਨੂੰ ਦਰਦ ਜ਼ਰਾ ਨਾ ਆਈਆ । ਮੈਂ ਵੇਖ ਵੇਖ ਹੌਕੇ ਲੈ ਲੈ ਮਰਦੀ, ਸਹਿਜ ਸਹਿਜ ਆਪਣਾ ਆਪ ਗਵਾਈਆ । ਤੂੰ ਛੋਟਿਆਂ ਬੱਚਿਆਂ ਨੂੰ ਸੋਹਣੀ ਪਹਿਨਾ ਕੇ ਵਰਦੀ, ਮਸਤਕ ਟਿੱਕਾ ਲਾ ਪਿਠ ਠੋਕ ਅਗਲਾ ਮੁਖ ਵਖਾਈਆ । ਨਾਲੇ ਖ਼ੁਸ਼ੀ ਨਾਲੇ ਸ਼ੌਕ, ਨਾਲੇ ਗੀਤ ਨਾਲੇ ਸਲੋਕ, ਸੋਹਣਾ ਰਾਗ ਸੁਣਾਈਆ । ਖ਼ੁਸ਼ੀ ਖ਼ੁਸ਼ੀ ਓਥੇ ਜਾਣਾ ਪਹੁੰਚ, ਜਿਸ ਘਰ ਮਿਲੇ ਮਾਣ ਵਡਿਆਈਆ । ਪੰਜਾਂ ਤੁਰਨ ਲੱਗਿਆਂ ਆਈ ਹੋਸ਼, ਸੋਧ ਅਰਦਾਸ ਅਰਜ਼ ਇਕ ਸੁਣਾਈਆ । ਸਾਹਿਬ ਸਤਿਗੁਰ ਸਦਾ ਤੇਰੇ ਕੋਲ ਰਹੇ ਖ਼ਾਮੋਸ਼, ਸਨਮੁਖ ਹੋ ਬਚਨ ਸਕੇ ਨਾ ਕੋਇ ਜਣਾਈਆ ।

ਇਕ ਖ਼ਾਹਸ਼ ਸਦ ਤੇਰਾ ਸੰਗ ਤੇਰੇ ਦਰਸਨ ਦੀ ਹੋਵੇ ਲੋਚ, ਆਸਾ ਹੋਰ ਨਾ ਕੋਇ ਰਖਾਈਆ । ਇਹੋ ਜਿਹੀ ਫੇਰ ਨਹੀਂ ਲੱਭਣੀ ਮੌਜ, ਆਪਣੀ ਹੱਥੀਂ ਸੇਵਾ ਰਿਹੋਂ ਕਰਾਈਆ । ਅਸੀਂ ਬਣ ਕੇ ਤੇਰੀ ਰੰਗਲੀ ਫ਼ੌਜ, ਫ਼ੈਸਲੇ ਫ਼ਾਸਲੇ ਦੋ ਜਹਾਨਾਂ ਰਹੇ ਮੁਕਾਈਆ । ਸਚ ਦੱਸ ਤੇਰੇ ਮਿਲਣ ਦੀ ਬਾਕੀ ਕਿਤਨੀ ਔਧ, ਆਯੂ ਇਕੋ ਵਾਰ ਜਣਾਈਆ । ਗੋਬਿੰਦ ਕਿਹਾ ਇਹ ਆਦਿ ਜੁਗਾਦਿ ਵੱਖਰੀ ਸੋਚ, ਸੋਚ ਸਚ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਅਖਵਾਈਆ ।

★ ੨੭ ਫੱਗਣ ੨੦੨੦ ਬਿਕ੍ਰਮੀ ਸੁਰਿੰਦਰ ਸਿੰਘ ਦੇ ਗ੍ਰਹਿ ਇਟਾਰਸੀ ਮਧ ਪ੍ਰਦੇਸ਼ ★

ਕਰ ਅਰਦਾਸ ਝੁਕਿਆ ਸੀਸ, ਨੇਤਰ ਨੈਣ ਨੀਰ ਵਹਾਈਆ । ਮਿਲੇ ਮੇਲ ਪ੍ਰਭੂ ਜਗਦੀਸ, ਜਗਦੀਸ਼ਰ ਦਏ ਵਡਿਆਈਆ । ਛਤਰ ਝੁਲਦਾ ਵੇਖੀਏ ਸੀਸ, ਦੋ ਜਹਾਨਾਂ ਨਜ਼ਰੀ ਆਈਆ । ਇਸ ਦੇ ਨਾਲ ਨਿਭੇ ਪ੍ਰੀਤ, ਨਾਤਾ ਸਕੇ ਨਾ ਕੋਇ ਤੁੜਾਈਆ । ਰਣ ਭੂਮੀ ਰਣ ਜਾਈਏ ਜੀਤ, ਸੰਗ ਅਜੀਤ ਸੋਭਾ ਪਾਈਆ । ਤਨ ਕਾਇਆ ਮਾਟੀ ਹੋਵੇ ਠਾਂਡੀ ਸੀਤ, ਅੰਮ੍ਰਿਤ ਰੂਪ ਸਮਾਈਆ । ਗੌਂਦੇ ਜਾਈਏ ਖ਼ੁਸ਼ੀ ਦੇ ਗੀਤ, ਤੂੰ ਹੀ ਤੂੰ ਰਾਗ ਅਲਾਈਆ । ਸਚ ਦਵਾਰੇ ਪਹੁੰਚੀਏ ਠੀਕ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਜਾ ਕੇ ਕਰੀਏ ਇਕ ਹਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਅਰਦਾਸ ਅੰਦਰ ਅੰਤਰ ਰੁਚੀ, ਬੇਨਜ਼ੀਰ ਨਜ਼ੀਰ ਲਗਾਈਆ । ਬਿਨ ਬੋਲਿਆਂ ਰਸਨਾ ਬਾਤ ਅਗੰਮੀ ਪੁੱਛੀ, ਨਿਰਧਨ ਹੋ ਕੇ ਮੰਗ ਮੰਗਾਈਆ । ਏਥੇ ਔਧ ਤੇਰੇ ਚਰਨਾਂ ਵਿਚ ਮੁੱਕੀ, ਅੱਗੇ ਸਰਨ ਪ੍ਰਭੂ ਸਰਨਾਈਆ । ਸਾਹਿਬ ਕਦੇ ਕਦੇ ਖ਼ੁਸ਼ੀ ਵਿਚ ਦੱਸਦਾ ਮੈਂ ਮੇਰੇ ਸਾਹਿਬ ਦਾ ਤਾਜ ਪੰਜ ਮੁਖੀ, ਪੰਜਾਂ ਉਹਦੇ ਬਦਲੇ ਦਿਤੀ ਵਡਿਆਈਆ । ਜਿਨ੍ਹਾਂ ਪਿਛੇ ਮੋਰੋ ਪਰਵਾਰਾ ਵਸੇ ਸੁਖੀ, ਦੁੱਖ ਸੁੱਖ ਰੂਪ ਬਦਲਾਈਆ । ਗੰਢ ਪਵਾਏਂ ਦੁਧੀਂ ਪੁਤੀਂ, ਬੰਸ ਸਰਬੰਸ ਜੋੜ ਜੁੜਾਈਆ । ਸਾਡੀ ਓਸੇ ਨਾਲ ਲਗਾਵੀਂ ਰੁੱਚੀ, ਰੁਖ਼ਸਤ ਦੇ ਨਾ ਕਰੀਂ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਣਾ ਆਪ ਸਹਾਈਆ । ਅੰਤਰ ਧਿਆਨ ਲੱਗਾ ਇਕ, ਘਰ ਵੱਜੀ ਸਚ ਵਧਾਈਆ । ਏਸ ਜਨਮ ਨੂੰ ਲਿਆ ਜਿਤ, ਅੱਗੇ ਮਿਲੇ ਮਾਣ ਵਡਿਆਈਆ । ਪਰਮ ਪੁਰਖ ਨਾਲ ਕਰੀਏ ਹਿਤ, ਦਰ ਠਾਂਡੇ ਸੇਵ ਕਮਾਈਆ । ਜੋ ਲੋਕਮਾਤ ਆਵੇ ਜਾਵੇ ਨਿਤ ਨਵਿਤ, ਜੁਗ ਚੌਕੜੀ ਫੇਰਾ ਪਾਈਆ । ਜਿਸ ਨੂੰ ਕਹਿੰਦੇ ਗੋਬਿੰਦ ਪੁਰਖ ਅਕਾਲ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਉਸ ਦਵਾਰੇ ਜਾਈਏ ਵਿਕ, ਕੀਮਤ ਆਪਣਾ ਮੂਲ ਚੁਕਾਈਆ । ਉਹਦੀ ਸੇਜਾ ਜਾਈਏ ਲਿਟ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਬੇਪਰਵਾਹੀਆ । ਅੰਤਰ ਆਈ ਇਕ ਵਿਚਾਰ, ਵਿਚਲਾ ਭੇਵ ਚੁਕਾਈਆ । ਮੰਗੀਏ ਮੰਗ ਜਾਂਦੀ ਵਾਰ, ਬੇਨੰਤੀ ਹਿਰਦੇ ਇਕ ਸੁਣਾਈਆ । ਜੇ ਗੋਬਿੰਦ ਆਵੇਂ ਦੂਜੀ ਵਾਰ, ਵਿਛੋੜਾ ਦੇਣਾ ਸਾਨੂੰ ਨਾ ਰਾਈਆ । ਤੇਰਾ ਮੇਲਾ ਪੁਰਖ ਅਕਾਲ, ਸੋਹਣਾ ਜੋੜਾ ਰੂਪ ਵਟਾਈਆ । ਸਾਡੇ ਉਪਰ ਹੋਣਾ ਦਿਆਲ, ਫੜ ਬਾਂਹੋਂ ਲੈਣਾ ਉਠਾਈਆ । ਲੋਕਮਾਤ ਲਿਔਣਾ ਆਪ ਸੰਭਾਲ, ਮਾਣਸ ਰੂਪ ਦਿਵਾਈਆ । ਜਗਤ ਮਾਇਆ ਤੋੜ ਜੰਜਾਲ, ਕੂੜੀ ਕਿਰਿਆ ਡੇਰਾ ਢਾਹੀਆ । ਆਪੇ ਲੈਣੀ ਸੁਰਤ ਸੰਭਾਲ,

ਪਰਦਾ ਉਹਲਾ ਪਰੇ ਹਟਾਈਆ । ਤੂੰ ਸ਼ਹਿਨਸ਼ਾਹ ਹਉਂ ਤੇਰੇ ਬਾਲ ਅਵਾਣ ਕੰਗਾਲ, ਸਭ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨ ਕਰਾਵਣ ਆਪ ਅਖਵਾਈਆ । ਸੁਣ ਆਵਾਜ਼ ਅੰਤਰਜਾਮੀ, ਗੋਬਿੰਦ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਦਾ ਅੰਮ੍ਰਿਤ ਜਲ ਠੰਡਾ ਪਾਣੀ, ਖ਼ੁਸ਼ੀਆਂ ਨਾਲ ਪਿਆਈਆ । ਵੇਖੋ ਜਾ ਘਰ ਸਚ ਨਿਸ਼ਾਨੀ, ਸਚ ਦਵਾਰਾ ਇਕ ਦਰਸਾਈਆ । ਮਿਲੇ ਮੇਲ ਵਾਲੀ ਦੋ ਜਹਾਨੀ, ਜਗਤ ਜਹਾਨ ਡੇਰਾ ਢਾਹੀਆ । ਅੰਤਮ ਲੇਖਾ ਪੂਰਾ ਕਰੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪਣੇ ਵਿਚ ਰਖਾਈਆ ।



## ★ ੨੭ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ਮਧ ਪ੍ਰਦੇਸ਼ ★

ਵਕਤ ਸੁਹੰਜਣਾ ਆਵੇ ਜਗ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾਲ ਹੋ ਕੇ ਲਏ ਸੱਦ, ਸੰਦੇਸਾ ਆਪਣਾ ਨਾਮ ਸੁਣਾਈਆ । ਦਰਸ ਕਰਾਵੇ ਰੱਜ ਰੱਜ, ਤ੍ਰਿਸਨਾ ਭੁੱਖ ਗਵਾਈਆ । ਪਾਰ ਕਰਾਕੇ ਕੂੜੀ ਹੱਦ, ਘਰ ਇਕੋ ਇਕ ਵਖਾਈਆ । ਚਾਰੇ ਖਾਣੀ ਵਿਚੋਂ ਕੱਢ, ਚੁਰਾਸੀ ਡੇਰਾ ਢਾਹੀਆ । ਪ੍ਰੇਮ ਪਿਆਲਾ ਪਿਆ ਮਦਿ, ਨਾਮ ਖ਼ੁਮਾਰੀ ਇਕ ਰਖਾਈਆ । ਪੁਰਖ ਅਕਾਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਭੁੱਲ ਆਪਣਾ ਨਾਉਂ ਰਖਾਈਆ । ਸੱਦੇ ਆਪ ਪੁਰਖ ਅਕਾਲ, ਅਕਲ ਕਲਧਾਰੀ ਹੋਏ ਸਹਾਈਆ । ਗੁਰਮੁਖ ਬਣਿਓ ਸੋਹਣੇ ਲਾਲ, ਗੁਰ ਗੁਰ ਗੋਦ ਸੁਹਾਈਆ । ਲੇਖੇ ਲਾਏ ਕੀਤੀ ਘਾਲ, ਘਾਲਣ ਆਪਣੀ ਝੋਲੀ ਪਾਈਆ । ਬਣ ਸਹਾਇਕ ਕਰੇ ਪ੍ਰਿਤਪਾਲ, ਮਿਹਰ ਨਜ਼ਰ ਉਠਾਈਆ । ਗੋਦ ਉਠਾਏ ਨੰਨ੍ਹੇ ਬਾਲ, ਬਾਲਕ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਇਕ ਅਖਵਾਈਆ । ਕਰਤਾ ਪੁਰਖ ਮਾਰੇ ਆਵਾਜ਼, ਅਵਲ ਆਪਣੀ ਦਇਆ ਕਮਾਈਆ । ਅੰਤਰ ਅੰਤਰ ਖੋਲ੍ਹ ਰਾਜ਼, ਰਸਤਾ ਸਚ ਦਏ ਸਮਝਾਈਆ । ਨਾਮ ਪਦਾਰਥ ਦੇ ਕੇ ਦਾਤ, ਘਰ ਖ਼ਜ਼ਾਨਾ ਇਕ ਵਖਾਈਆ । ਆਤਮ ਪਰਮਾਤਮ ਦੱਸ ਕੇ ਗਾਥ, ਸੋਹਣੀ ਕਰ ਪੜ੍ਹਾਈਆ । ਲਹਿਣਾ ਚੁਕਾ ਮਸਤਕ ਮਾਥ, ਪੂਰਬ ਅੰਕੁਰ ਦਏ ਜਗਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਨੂਰ ਕਰ ਰੁਸ਼ਨਾਈਆ । ਜੋ ਗੋਬਿੰਦ ਦਿਤਾ ਆਖ, ਸੋ ਪੂਰਾ ਪ੍ਰਭ ਪਰਮਾਤਮ ਆਪ ਕਰਾਈਆ । ਲੇਖਾ ਨਹੀਂ ਭਵਿਖਤ ਵਾਕ, ਭਾਸ਼ਾ ਵਿਚ ਲੇਖ ਸਕਿਆ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪਰਵਾਹੀਆ ।

## ★ ੨੭ ਫੱਗਣ ੨੦੨੦ ਬਿਕ੍ਰਮੀ ਟੋਪਨ ਲਾਲ ਦੇ ਗ੍ਰਿਹਿ ਇਟਾਰਸੀ ਮਧ ਪ੍ਰਦੇਸ਼ ★

ਪੁਰਖ ਅਕਾਲ ਅਰਦਾਸ ਲਏ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਲੋਕਮਾਤ ਚੜ੍ਹਾਏ ਚੰਨ, ਸਚ ਨੂਰ ਨੂਰ ਕਰ ਰੁਸ਼ਨਾਈਆ । ਦੌਲਤ ਦੇ ਨਾਮ ਧੰਨ, ਤ੍ਰਿਸਨਾ ਭੁੱਖ ਗਵਾਈਆ । ਭਗਤ ਬਣਾ ਸਾਚੇ ਜਨ, ਸਿਰ ਆਪਣਾ ਹੱਥ ਟਿਕਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਆਪਣਾ

ਨੂਰ ਦਏ ਦਰਸਾਈਆ । ਕੂੜੀ ਕਿਰਿਆ ਭਾਂਡਾ ਭੰਨ, ਭੈ ਭੌ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਕਰੇ ਮੰਜ਼ੂਰ, ਪੰਚ ਅਰਦਾਸ ਜਣਾਈਆ । ਅੰਤਮ ਹਾਜ਼ਰ ਕਰੇ ਹਜ਼ੂਰ, ਹਾਜ਼ਤ ਸਭ ਦੀ ਪੂਰ ਕਰਾਈਆ । ਲਹਿਣਾ ਦੇਣਾ ਚੁਕਾਏ ਜ਼ਰੂਰ, ਜ਼ਰੂਰਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲੇਖੇ ਲਏ ਲਗਾਈਆ । ਸਚ ਬੇਨੰਤੀ ਝੋਲੀ ਪਾ, ਆਪਣੀ ਦਇਆ ਕਮਾਈਆ । ਕਲਜੁਗ ਅੰਤ ਲਏ ਪਰਗਟਾ, ਪਰਗਟ ਜੋਤ ਦਏ ਵਡਿਆਈਆ । ਘਰ ਸਾਚੇ ਸੱਜਣ ਲਏ ਬੁਲਾ, ਧੁਰ ਦਾ ਨਾਦ ਵਜਾਈਆ । ਪਿਛਲਾ ਲੇਖਾ ਦਏ ਸਮਝਾ, ਅੱਗੇ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

### ★ ੨੭ ਫੱਗਣ ੨੦੨੦ ਬਿਕ੍ਰਮੀ ਕਲਾ ਬਾਈ ਪਟੋਲਾ ਬਾਈ ਦੇ ਗ੍ਰਿਹ ਇਟਾਰਸੀ ਮਧ ਪ੍ਰਦੇਸ਼ ★

ਆਦਿ ਜੁਗਾਦਿ ਜੋ ਮੰਗੇ ਮੰਗ, ਜੁਗ ਚੌਕੜੀ ਆਸ ਰਖਾਇੰਦਾ । ਪਰਮ ਪੁਰਖ ਪਰਮਾਤਮ ਦੇਵੇ ਸੰਗ, ਸ੍ਰੀ ਭਗਵਾਨ ਤੋੜ ਨਿਭਾਇੰਦਾ । ਜੁਗ ਜਨਮ ਕਰਮ ਦੀ ਟੁਟੀ ਗੰਢ, ਧੁਰ ਦਾ ਮੇਲਾ ਆਪ ਮਿਲਾਇੰਦਾ । ਨਿਰਗੁਣ ਸਰਗੁਣ ਪਾਵੇ ਠੰਡ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਘਰ ਨਿਝਰ ਦੇਵੇ ਅਨੰਦ, ਗ੍ਰਿਹ ਗ੍ਰਿਹ ਆਪਣੀ ਖ਼ੁਸ਼ੀ ਵਖਾਇੰਦਾ । ਕੂੜ ਵਿਕਾਰਾ ਕਰੇ ਖੰਡ ਖੰਡ, ਸਤਿ ਧਰਮ ਇਕ ਦ੍ਰਿੜਾਇੰਦਾ । ਲੋਕਮਾਤ ਸੰਤ ਸੁਹੇਲੇ ਚਾੜ੍ਹ ਚੰਦ, ਰੋਸ਼ਨ ਮਨਾਰ ਆਪ ਪਰਗਟਾਇੰਦਾ । ਬੋਧ ਅਗਾਧ ਸਮਝਾ ਛੰਦ, ਸੋਹੰ ਢੋਲਾ ਇਕ ਵਖਾਇੰਦਾ । ਲਹਿਣਾ ਚੱਕੇ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਨਜ਼ਰੀ ਆਇੰਦਾ । ਲੇਖੇ ਲੱਗੇ ਪਵਣ ਸਵਾਸ ਦਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਮਨਸਾ ਵੇਖ ਵਖਾਇੰਦਾ । ਪ੍ਰਭ ਮਿਲਣ ਦੀ ਜੋ ਰੱਖਣ ਆਸ, ਅੰਤਸ਼ਕਰਨ ਧਿਆਨ ਲਗਾਈਆ । ਸਾਹਿਬ ਸਤਿਗੁਰ ਮਿਟਾਵਣਹਾਰ ਪਿਆਸ, ਜਨਮ ਜਨਮ ਦੀ ਤ੍ਰਿਖਾ ਗਵਾਈਆ । ਨਿਰਗੁਣ ਹੋ ਕੇ ਵਸੇ ਪਾਸ, ਸਰਗੁਣ ਪਰਦਾ ਦਏ ਉਠਾਈਆ । ਜੋਤੀ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਪਾਰਬ੍ਰਹਮ ਬ੍ਰਹਮ ਦੇਵੇ ਸਾਥ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਸਾ ਮਨਸਾ ਵਿਚ ਰਖਾਈਆ । ਪਰਮ ਪੁਰਖ ਦਾ ਜਿਸ ਰੱਖਿਆ ਚਾਅ, ਨਿਜ ਨੇਤਰ ਧਿਆਨ ਲਗਾਈਆ । ਸਤਿਗੁਰ ਮੇਲਾ ਲਏ ਮਿਲਾ, ਵਿਛੜੇ ਜੋੜ ਜੁੜਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਧਵਾਈਆ । ਸੱਚੇ ਮੰਦਰ ਲਏ ਬਹਾ, ਕਾਇਆ ਅੰਦਰ ਸੋਭਾ ਪਾਈਆ । ਬੰਦ ਕਿਵਾੜੀ ਜੰਦਾ ਦਏ ਤੁੜਾ, ਨਾਮ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਏ ਵਡਿਆਈਆ । ਭਗਤਨ ਆਸ ਪੂਰੀ ਕਰੇ ਸਤਿ, ਸਤਿਗੁਰ ਹੱਥ ਵੱਡੀ ਵਡਿਆਈਆ । ਅੰਤਰ ਆਤਮ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਸਚ ਪੜ੍ਹਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਘਰ ਆਪਣਾ ਦਰਸ ਦਿਖਾਈਆ । ਸਚਖੰਡ ਨਿਵਾਸੀ ਆਵੇ ਨੱਠ, ਲੋਕਮਾਤ ਫੇਰਾ ਪਾਈਆ । ਹਰਿਜਨ ਹਰਿ ਹਰਿ ਕਰਕੇ ਇਕ ਇਕੱਠ, ਸੋਹਣੀ ਬਣਤ ਲਏ ਬਣਾਈਆ । ਜੋ ਪਿਛੇ ਆਵੇ ਦੱਸ, ਸੋ ਅੱਗੇ ਲਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ


੭੮੯ ੧੯

ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਅਰਦਾਸ ਲੇਖੇ ਜਾਏ ਲੱਗ, ਲਗਾਵਣਹਾਰਾ ਆਪ ਲਗਾਈਆ । ਕਲਜੁਗ ਅੰਤ ਸਚ ਦਵਾਰੇ ਸੱਦ, ਸਾਚਾ ਲੇਖਾ ਦਏ ਮੁਕਾਈਆ । ਜਗਤ ਜਹਾਨ ਦੀ ਮੇਟ ਕੇ ਹੱਦ, ਘਰ ਆਪਣਾ ਇਕ ਵਖਾਈਆ । ਜਿਸ ਗ੍ਰਿਹਿ ਵੱਜੇ ਅਗੰਮੀ ਨਦ, ਅਨਹਦ ਧੁਨ ਸ਼ਨਵਾਈਆ । ਬਿਨ ਮੱਕੇ ਕਾਅਬਿਉਂ ਹੋਵੇ ਹੱਜ, ਬਿਨ ਮੰਦਰ ਮਸਜਦ ਨਜ਼ਰੀ ਨੂਰ ਇਲਾਹੀਆ । ਜਗਤ ਵਿਕਾਰੇ ਨਾਲੋਂ ਕਰ ਕੇ ਅਲੱਗ, ਅਗਲਾ ਪੜਦਾ ਦਏ ਉਠਾਈਆ । ਸਚ ਪ੍ਰੀਤੀ ਜਾਏ ਬੱਝ, ਨਾਤਾ ਇਕੋ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਮਾਣ ਵਡਿਆਈਆ । ਵਡਿਆਈ ਵਿਚੋਂ ਦੇਵੇ ਬਦਲਾ, ਬਦਲੀ ਜਨਮ ਜਨਮ ਕਰਾਇੰਦਾ । ਪੰਧ ਮੁਕਾਏ ਮਜ਼ਲੋ ਮਜ਼ਲਾ, ਰਾਹੀ ਬੇਪਰਵਾਹੀ ਆਪ ਅਖਵਾਇੰਦਾ । ਜੁਗ ਚੌਕੜੀ ਕਦੇ ਨਾ ਹੋਵੇ ਅੰਧਲਾ, ਅਗਿਆਨ ਅੰਧੇਰ ਸਰਬ ਮਿਟਾਇੰਦਾ । ਜਨ ਭਗਤ ਸੁਹਾਵਣਹਾਰਾ ਤਨ ਮਨਾਰਾ ਬੰਗਲਾ, ਸਾਢੇ ਤਿੰਨ ਹੱਥ ਵੇਖ ਵਖਾਇੰਦਾ । ਰੰਗ ਚੜ੍ਹਾਵੇ ਸ਼ਾਹ ਕੰਗਲਾ, ਸ਼ਹਿਨਸ਼ਾਹ ਮਿਹਰ ਨਜ਼ਰ ਟਿਕਾਇੰਦਾ । ਲੇਖਾ ਰਹਿਣ ਨਾ ਦੇਵੇ ਗੰਧਲਾ, ਪਤਿਤ ਪੁਨੀਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਪਰਦਾ ਆਪ ਉਠਾਈਆ । ਪਰਦੇ ਵਿਚੋਂ ਚੁੱਕੇ ਉਹਲਾ, ਉਹਲੇ ਵਿਚੋਂ ਭੇਵ ਅਭੇਵ ਖੁਲ੍ਹਾਈਆ । ਭੇਵ ਵਿਚੋਂ ਨਿਕਲੇ ਮੌਲਾ, ਮੌਲਾ ਵਿਚੋਂ ਨੂਰ ਇਲਾਹੀਆ । ਨੂਰ ਵਿਚੋਂ ਸੁਣੀਏ ਢੋਲਾ, ਢੋਲੇ ਵਿਚੋਂ ਗੀਤ ਗੋਬਿੰਦ ਬੇਪਰਵਾਹੀਆ । ਗੋਬਿੰਦ ਵਿਚੋਂ ਸੁਣੀਏ ਸੋਹਲਾ, ਸੋਹਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਵਿਚੋਂ ਪ੍ਰਭ ਵੱਡਾ ਹੋਇਆ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਨਾ ਜਨਮੇ ਨਾ ਕਦੇ ਮੋਇਆ, ਆਵਣ ਜਾਵਣ ਲੱਖ ਚੁਰਾਸੀ ਖੇਲ ਖਿਲਾਇੰਦਾ । ਆਲਸ ਨਿੰਦਰਾ ਗ਼ਫ਼ਲਤ ਵਿਚ ਕਦੇ ਨਾ ਸੋਇਆ, ਖ਼ੁਸ਼ੀ ਗ਼ਮੀ ਹਰਖ਼ ਸੋਗ ਚਿੰਤਾ ਦੁਖ ਨਾ ਕੋਇ ਜਣਾਇੰਦਾ । ਵੈਰਾਗ ਵਿਛੋੜੇ ਵਿਚ ਕਦੇ ਨਾ ਰੋਇਆ, ਨੇਤਰ ਨੈਣਾਂ ਨੀਰ ਨਾ ਕੋਇ ਵਹਾਇੰਦਾ । ਕਰ ਪਰਕਾਸ਼ ਲੋਕ ਪਰਲੋਕ ਦੋ ਜਹਾਨ ਇਕੋ ਜਿਹਾ ਹੋਇਆ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਨਜ਼ਰੀ ਆਇੰਦਾ । ਜੁਗ ਚੌਕੜੀ ਜਨ ਭਗਤ ਧੁਰ ਦਾ ਬੀਜ ਜਿਸ ਬੋਇਆ, ਸੋ ਫੁਲ ਫੁਲਵਾੜੀ ਪੱਤ ਡਾਲੀ ਵੇਖ ਵਖਾਇੰਦਾ । ਪ੍ਰੇਮ ਪ੍ਰੀਤੀ ਅੰਤਰ ਜਿਸ ਗੁਰਮੁਖ ਗੁਰਸਿਖ ਮੋਹਿਆ, ਮੁਹੱਬਤ ਆਪਣੇ ਨਾਲ ਰਖਾਇੰਦਾ । ਸੋ ਸਾਹਿਬ ਦਿਆਲ ਕਿਰਪਾਲ ਠਾਕਰ ਸਵਾਮੀ ਸਦਾ ਨਵਾਂ ਨਰੋਇਆ, ਨਿਰਵੈਰ ਨਿਰਾਕਾਰ ਨਿਰਾਹਾਰ ਆਧਾਰ ਸਰਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਅਗਲਾ ਚੇਤਾ ਦੋਹਾਂ ਵਿਚੋਲਾ ਆਪਣਾ ਆਪ ਬਣਾਇੰਦਾ ।

### ★ ੨੭ ਫੱਗਣ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ਮਧਯਾ ਪ੍ਰਦੇਸ਼ ★

ਪੂਰਬ ਲੇਖਾ ਦੇਵਣ ਜੋਗ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦੀ ਮੇਲਣਹਾਰ ਸੰਜੋਗ, ਪਾਰਬ੍ਰਹਮ ਪ੍ਰਭ ਜੋੜ ਜੁੜਾਇੰਦਾ । ਮਿਲਾਵਣਹਾਰਾ ਆਪਣੀ ਗੋਤ, ਵਰਨ ਅਵਰਨ ਡੇਰਾ ਢਾਹਿੰਦਾ । ਕਰ ਪਰਕਾਸ਼ ਸਾਚੀ ਜੋਤ, ਜਾਗਰਤ ਰੂਪ ਇਕ ਦਰਸਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਕੱਚੀ ਮਿਟੀ ਪਾਵੇ ਸ਼ੋਰ, ਬਿਨ ਅੱਖਾਂ ਨੈਣਾਂ ਨੀਰ ਵਹਾਈਆ । ਮੇਰੇ ਕੋਲ ਨਹੀਂ ਕੁਛ ਹੋਰ, ਜੋ ਤੇਰੀ ਭੇਟ ਚੜ੍ਹਾਈਆ । ਕਿਰਪਾ ਕਰ ਕੇ ਚਰਨ ਕਵਲ ਮੇਰੇ ਨਾਲ ਠਕੋਰ, ਮੇਰਾ ਦਰਦ ਦੇ ਮਿਟਾਈਆ । ਤੇਰੀ ਕਿਰਪਾ ਮਿਟੇ ਅੰਧੇਰਾ ਘੋਰ, ਕਲਜੁਗ ਰੈਣ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪਿਠ ਬਦਲ ਕੇ ਲਾ ਚਰਨ, ਕਰਵਟ ਲੈ ਬਦਲਾਈਆ । ਮੇਰਾ ਖੁਲ੍ਹੇ ਨੇਤਰ ਹਰਨ ਫਰਨ, ਪੜਦਾ ਇਕ ਉਠਾਈਆ । ਮੈਂ ਗੁਰਮੁਖ ਵੇਖਾਂ ਜੋ ਸਚ ਦਵਾਰੇ ਚੜ੍ਹਨ, ਮਰਨ ਨਜ਼ਰ ਕੋਇ ਨਾ ਆਈਆ । ਗੀਤ ਸੁਹਾਗੀ ਤੇਰਾ ਢੋਲਾ ਪੜ੍ਹਨ, ਗਾਵਣ ਚਾਈਂ ਚਾਈਂਆ । ਜਾ ਕੇ ਮਿਲਣ ਪ੍ਰਭੂ ਦੀ ਸਰਨ, ਸਚ ਦਵਾਰੇ ਸੋਭਾ ਪਾਈਆ । ਪ੍ਰੇਮ ਪ੍ਰੀਤੀ ਠੰਡੀ ਮਿਲੇ ਪਵਣ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਚਰਨ ਛੁਹਾ ਮੋਹੇ ਮਿਟੀ ਖ਼ਾਕ, ਖ਼ਾਲਕ ਤੂੰ ਹੀ ਨਜ਼ਰੀ ਆਇੰਦਾ । ਦਰ ਤੇਰੇ ਹੋਵਾਂ ਪਾਕ, ਪਤਤ ਰੂਪ ਨਾ ਕੋਇ ਵਖਾਇੰਦਾ । ਜੁਗ ਚੌਕੜੀ ਮੋਹੇ ਕਿਸੇ ਨਾ ਦਿਤੀ ਦਾਤ, ਸਾਚੀ ਵੰਡ ਨਾ ਕੋਇ ਵੰਡਾਇੰਦਾ । ਕਿਰਪਾ ਕਰ ਅਨਾਥਾਂ ਨਾਥ, ਦੀਨਨ ਦੀਨ ਦਿਆਲ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਲੇਖਾ ਤੇਰੇ ਹੱਥ ਨਜ਼ਰੀ ਆਇੰਦਾ । ਗੋਬਿੰਦ ਚਰਨ ਦਿਤਾ ਲਾ, ਸੱਜਾ ਅੰਗੂਠਾ ਨਾਲ ਛੁਹਾਈਆ । ਅੱਖ ਖੁਲ੍ਹੀ ਵੇਖਿਆ ਬੇਪਰਵਾਹ, ਨੂਰ ਨੁਰਾਨਾ ਨੂਰ ਇਲਾਹੀਆ । ਪੰਜ ਤਤ ਅੰਦਰ ਖੇਲ ਰਿਹਾ ਖਲਾ, ਤ੍ਰੈਗੁਣ ਦੇਵਣਹਾਰ ਵਡਿਆਈਆ । ਸ੍ਰਿਸ਼ਟ ਸਬਾਈ ਭਰਮ ਰਿਹਾ ਭੁਲਾ, ਧੁਰ ਦਾ ਭੇਦ ਇਕ ਛੁਪਾਈਆ । ਉਠ ਕੇ ਤੱਕਿਆ ਨੂਰੀ ਜਲਵਾ ਨਜ਼ਰ ਆਇਆ ਖ਼ੁਦਾ, ਰਹਿਮਤ ਭਰਿਆ ਬੇਪਰਵਾਹੀਆ । ਜਿਸ ਦੇ ਅੱਗੇ ਸਜਦੇ ਕਰਦੇ ਝੁਕ ਝੁਕ ਮੰਗਣ ਦੁਆ, ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਲਵਾ ਤੱਕ ਨੂਰੀ ਅੱਖ, ਬਿਨ ਅੱਖਰਾਂ ਦਏ ਸੁਣਾਈਆ । ਮੇਰੀ ਪੂਰੀ ਹੋਈ ਆਸ, ਅਸਲੀ ਤੇਰਾ ਰੂਪ ਨਜ਼ਰੀ ਆਈਆ । ਅੱਗੇ ਕਹਿਣ ਤੋਂ ਹੋ ਗਈ ਬਸ, ਬਸਤਾ ਆਪਣਾ ਬੰਦ ਕਰਾਈਆ । ਜੋ ਕਿਛ ਸਭ ਤੇਰੇ ਹੱਥ, ਏਥੇ ਓਥੇ ਦੋ ਜਹਾਨ ਚਲੇ ਕਿਸੇ ਨਾ ਕੋਇ ਵਡਿਆਈਆ । ਬੇਸ਼ਕ ਮੈਂ ਜਾਣਾ ਢੱਠ, ਖ਼ਾਕੀ ਖ਼ਾਕ ਰੂਪ ਵਟਾਈਆ । ਤੇਰੀ ਕਿਰਪਾ ਮਿਹਰ ਨਾਲ ਜੁਗ ਚੌਕੜੀ ਮੇਰਾ ਗਾਵੇ ਜਸ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਗੋਬਿੰਦ ਸੂਰੇ ਕਿਰਪਾ ਕਰ ਕੇ ਜੇ ਮੇਰੇ ਅੰਦਰ ਨਾ ਜਾਨੋਂ ਵਸ, ਮੇਰੀ ਕਰੇ ਨਾ ਕੋਇ ਵਡਿਆਈਆ । ਤੂੰ ਮੇਰੀ ਲੱਜਿਆ ਲਈ ਰੱਖ, ਚਾਰ ਕੁੰਟ ਵੱਜੇ ਵਧਾਈਆ । ਮੇਰੇ ਦੋਵੇਂ ਖ਼ਾਲੀ ਦਿਸਣ ਹੱਥ, ਤੇਰੀ ਭੇਟ ਨਾ ਕਿਛ ਚੜ੍ਹਾਈਆ । ਨਿਉਂ ਨਿਉਂ ਕਰ ਨਿਮਸਕਾਰ ਤੇਰੇ ਚਰਨੀ ਜਾਵਾਂ ਢੱਠ, ਇਹੋ ਵਸਤ ਮੇਰੇ ਹਿੱਸੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਸਦਾ ਤੇਰੀ ਸਰਨਾਈਆ । ਨਾ ਰੋ ਕੱਚੀ ਗੜ੍ਹੀ ਕੰਧ, ਗੋਬਿੰਦ ਕੰਧਿਉਂ ਫੜ ਹਿਲਾਈਆ । ਉਠ ਵੇਖ ਮੇਰੇ ਦੁਲਾਰੇ ਚੰਦ, ਜੋ ਚੰਦ ਰੋਸ਼ਨੀ ਤੇਰੇ ਉਤੇ ਪਾਈਆ । ਓਨ੍ਹਾਂ ਪਿਛੇ ਗੁਰਮੁਖ ਤੇਰੇ ਗਾਵਣ ਛੰਦ, ਸੋਹਣਾ ਆਪਣਾ ਰਾਗ ਅਲਾਈਆ । ਤੂੰ ਬੜੀ ਸੁਚੱਜੀ ਜਿਨ ਪਿਆਰ ਕਰ ਕੇ ਗੋਬਿੰਦ ਅੰਦਰ ਕੀਤਾ ਬੰਦ, ਲੱਖਾਂ ਵਿਚੋਂ ਹੱਥ ਕਿਸੇ ਨਾ ਆਈਆ । ਤੇਰੀ ਮੇਰੇ ਨਾਲ ਜਾਏ ਹੰਢ, ਅੰਤ ਲੱਗੀ ਤੋੜ ਨਿਭਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਜਣਾਈਆ । ਗੜ੍ਹੀ ਕਹੇ ਕੋਝੀ ਕਮਲੀ, ਮਾਤਲੋਕ ਨਾ ਕੋਇ ਵਡਿਆਈਆ । ਧੂੜੀ ਖ਼ਾਕ ਦਿਸਾਂ ਬਵਲੀ, ਸੋਭਾਵੰਤ ਨਾ ਕੋਇ ਸੁਹਾਈਆ । ਨਾ ਅਲਫ਼ੀ ਨਾ ਕਫ਼ਨੀ ਬਗਲੀ, ਫਿਰਾਂ ਵਾਹੋ ਦਾਹੀਆ । ਮਿਲੇ ਵਡਿਆਈ ਸੁਹੰਜਣੀ ਧਵਲੀ, ਜਿਸ ਧਰਤ ਤੇਰਾ ਚਰਨ ਕਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਇਕ ਵਰ, ਲੇਖਾ ਆਪਣੇ ਨਾਲ ਰਖਾਈਆ । ਲੇਖਾ ਮੰਗਿਆ ਅਗਲੀ ਦਾਤ, ਲਿਖਣਵਾਲਾ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਸੰਗੀ ਨਾ ਕੋਈ ਸਾਥ, ਕਲਮ ਦਵਾਤ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਸੱਜਣ ਨਾ ਕੋਈ ਸਾਕ, ਬੰਧਪ ਮੇਲ ਨਾ ਕੋਇ ਮਿਲਾਇੰਦਾ । ਨਾ ਕੋਈ ਮਾਤਾ ਪਿਤਾ ਬਾਪ, ਸੈਣ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਹੋ ਕੇ ਨਿਰਵੈਰ ਰਿਹਾ ਆਖ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਤੇਰੀ ਲੇਖੇ ਲਾਵਾਂ ਧੂੜੀ ਖ਼ਾਕ, ਜਿਸ ਖ਼ਾਕ ਨਾਲ ਆਪਣਾ ਚਰਨ ਛੁਹਾਇੰਦਾ । ਕਰ ਕੇ ਜਾਵਾਂ ਭਵਿਖਤ ਵਾਕ, ਵਾਕਿਆ ਆਪਣਾ ਆਪ ਜਣਾਇੰਦਾ । ਕਲਜੁਗ ਅੰਤਮ ਤੇਰਾ ਮੇਲਾ ਕਰਾਂ ਇਤਫ਼ਾਕ, ਇਤਫ਼ਾਕੀਆ ਆਪਣਾ ਰੰਗ ਰੰਗਾਇੰਦਾ । ਲਹਿਣਾ ਦੇਣਾ ਕਰਾਂ ਬੇਬਾਕ, ਹਿਸਾਬ ਖਾਤੇ ਵਿਚੋਂ ਪੂਰ ਕਰਾਇੰਦਾ । ਦੋ ਜਹਾਨਾਂ ਬਣ ਕੇ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣੇ ਸੰਗ ਰਖਾਇੰਦਾ । ਤੇਰੇ ਲੇਖ ਦੀ ਕੱਢਾਂ ਫੇਰ ਕਿਤਾਬ, ਕੁਤਬਖ਼ਾਨਾ ਬਿਨ ਆਪਣੇ ਹੋਰ ਨਾ ਕਿਸੇ ਵਖਾਇੰਦਾ । ਢੂੰਡਿਆ ਹੱਥ ਨਾ ਆਏ ਪ੍ਰਿਥਮੀ ਆਕਾਸ਼, ਦੋ ਜਹਾਨਾਂ ਨਜ਼ਰ ਕੋਇ ਨਾ ਪਾਇੰਦਾ । ਬਿਨਾਂ ਪੁਰਖ ਅਕਾਲ ਮੇਰੀ ਕੋਈ ਨਾ ਜਾਣੇ ਬਾਤ, ਬਾਤਨ ਹਾਲ ਨਾ ਕਿਸੇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਲੇਖ ਬਿਨ ਲਿਖਿਆਂ ਆਪ ਜਣਾਇੰਦਾ । ਮਿਟੀ ਕੰਧ ਕੱਚੀ ਢੇਰੀ, ਖ਼ੁਸ਼ੀਆਂ ਨਾਲ ਸੁਣਾਈਆ । ਮੇਰੇ ਵਿਚੋਂ ਮੁੱਕੀ ਮੈਂ ਮੇਰੀ, ਤੇਰੀ ਹੋ ਕੇ ਤੇਰੇ ਚਰਨ ਸੀਸ ਨਿਵਾਈਆ । ਮੇਰਾ ਲਹਿਣਾ ਹੱਕ ਹਕੀਕਤ ਵਿਚੋਂ ਨਬੇੜੀਂ, ਲੇਖਾ ਦੇਣਾ ਬੇਪਰਵਾਹੀਆ । ਤੇਰੇ ਸਹਾਰੇ ਤੇਰੇ ਕੰਧੇ ਸੁੱਟੀ ਆਪਣੀ ਬੇੜੀ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਚੁਕਾਈਆ । ਖੇਵਟ ਵੇਖਿਆ ਸੱਚਾ ਖੇਟਾ, ਮਲਾਹ ਇਕੋ ਨਜ਼ਰੀ ਆਈਆ । ਮੈਂ ਸੁਣਦੀ ਰਹੀ ਜਿਸ ਵੇਲੇ ਪੁਰਖ ਅਕਾਲ ਆ ਕੇ ਤੈਨੂੰ ਕਿਹਾ ਬੇਟਾ, ਘਰ ਮੇਰੇ ਫੇਰਾ ਪਾਈਆ । ਮੈਂ ਵੇਖ ਹੈਰਾਨ ਹੋਈ ਅਗੰਮੀ ਖੇਡਾ, ਹਰਿ ਜੂ ਇਹ ਕੀ ਰਿਹਾ ਜਣਾਈਆ । ਤੇਰੀ ਖਿਚ ਕੇ ਵੇਖੀ ਤੇਗ਼ਾ, ਕਮਚ ਆਪਣਾ ਹੱਥ ਛੁਹਾਈਆ । ਤਿਖੀ ਧਾਰ ਉਸ ਦਾ ਚਮਕਦਾ ਆਇਆ ਨੇਜ਼ਾ, ਸ਼ਬਦੀ ਨੂਰ ਨੂਰ ਅਲਾਹੀਆ । ਮੇਰੇ ਵੇਂਹਦਿਆਂ ਵੇਂਹਦਿਆਂ ਬਦਲ ਕੇ ਭੇਸਾ, ਸਾਚੇ ਦੇਸਾ ਗਿਆ ਧਾਈਆ । ਸ਼ਹਿਨਸ਼ਾਹ ਨਜ਼ਰੀ ਆਇਆ ਇਕ ਨਰੇਸ਼ਾ, ਨਰ ਨਿਰੰਕਾਰ ਨੂਰ ਇਲਾਹੀਆ । ਪੂਰਾ ਕਰ ਕੇ ਗਿਆ ਵਾਅਦਾ, ਇਕਰਾਰ ਇਕੋ ਇਕ ਜਣਾਈਆ । ਗੋਬਿੰਦ ਜੇ ਤੇਰੇ ਨਾਲ ਮੇਰਾ ਹੋ ਜਾਏ ਫਾਇਦਾ, ਫੜ ਬਾਂਹੋਂ ਮੁਫ਼ਤ ਲੈਣਾ ਤਰਾਈਆ । ਮਿਹਰਵਾਨ ਦਾ ਸਦਾ ਇਹੋ ਕਾਇਦਾ, ਕਾਤਲ ਮਕਤੂਲ ਦੋਵੇਂ ਲਏ ਬਚਾਈਆ । ਮੇਰੇ ਨਾਲ ਕਰ ਇਕ ਮੁਆਹਿਦਾ, ਆਪਣਾ ਦਸਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਿਲੇ ਵਡਿਆਈਆ । ਪ੍ਰੇਮ ਪਿਆਰ ਦੀ ਸੁਣ ਕੇ ਕੂਕ, ਅੰਤਰ ਅੰਤਰ ਖ਼ੁਸ਼ੀ ਮਨਾਈਆ । ਕਿਥੋਂ ਉਠੀ ਇਹ ਸੁੱਤੀ ਘੂਕ, ਆਪਣੀ ਨੈਣ ਅੱਖ ਖੁਲ੍ਹਾਈਆ । ਕਰੇ ਦੁਹਾਈ ਚਾਰੇ ਕੂਟ, ਹੌਕਿਆਂ ਨਾਲ ਜਣਾਈਆ । ਮੈਂ ਵੇਖਾਂ ਤੇਰੇ ਸਚ


੭੯੨
੧੯

ਸਪੂਤ, ਪੁਰਖ ਅਕਾਲ ਪੋਤਰੇ ਜਿਨ੍ਹਾਂ ਬਣਾਈਆ । ਬਾਹਰੋਂ ਪੰਜ ਤਤ ਕਾਇਆ ਦਿਸੇ ਭੂਤਕ ਭੂਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਪਾ ਵਾਰ ਜਿਨ੍ਹਾਂ ਤੇਰੇ ਮਿਲਣ ਦੀ ਭੁਖ, ਜਗਤ ਤ੍ਰਿਸਨਾ ਗਏ ਚੁਕਾਈਆ । ਮੈਂ ਓਨ੍ਹਾਂ ਨੂੰ ਆਪਣੇ ਅੰਦਰ ਦਿਤਾ ਸੁੱਖ, ਗੋਦੀ ਵਿਚ ਟਿਕਾਈਆ । ਤੇਰੇ ਚਰਨ ਫੜੇ ਥੱਲਿਉਂ ਘੁੱਟ, ਸੋਹਣੀ ਸੇਵ ਕਮਾਈਆ । ਤੇਰੀ ਪ੍ਰੀਤੀ ਕਿਵੇਂ ਜਾਵੇ ਛੁੱਟ, ਛੁਡਾਵਣ ਵਾਲਾ ਨਜ਼ਰ ਕੋਇ ਨਾ ਆਈਆ । ਓਨ੍ਹਾਂ ਪੰਜਾਂ ਕੋਲੋਂ ਪੁਛ, ਜੋ ਮੇਰੇ ਅੰਦਰ ਵੜ ਕੇ ਤੇਰੇ ਅੱਗੇ ਬੇਨੰਤੀ ਗਏ ਸੁਣਾਈਆ । ਮੈਂ ਸਭ ਕਿਛ ਓਸੇ ਵੇਲੇ ਲਿਆ ਬੁਝ, ਆਪ ਆਪਣੀ ਮਤ ਗਵਾਈਆ । ਜੇ ਗੋਬਿੰਦ ਜਾਏ ਤੁਠ, ਇਸ ਤੋਂ ਪਰੇ ਨਹੀਂ ਬੇਪਰਵਾਹੀਆ । ਜਿਸ ਵੇਲੇ ਫੇਰ ਨਿਰਗੁਣ ਹੋ ਕੇ ਆਪਣੀ ਧਾਰੋਂ ਆਵੇ ਉਠ, ਲੋਕਮਾਤ ਵੇਸ ਵਟਾਈਆ । ਜਨ ਭਗਤਾਂ ਮੇਟੇ ਤ੍ਰਿਸਨਾ ਭੁੱਖ, ਗੁਰਮੁਖਾਂ ਹਰਸ ਗਵਾਈਆ । ਮੈਂ ਫਿਰ ਵੀ ਇਸ ਨੂੰ ਆਪਣੇ ਉਤੇ ਲਵਾਂ ਚੁੱਕ, ਬਣ ਸੇਵਕ ਸਾਚੀ ਸੇਵ ਕਮਾਈਆ । ਮੇਰਾ ਕਰੇ ਉਜਲ ਮੁਖ, ਦੇਵੇ ਮਾਣ ਵਡਿਆਈਆ । ਪਰ ਇਕ ਮੰਗ ਗੜ੍ਹੀ ਚਮਕੌਰ ਵਰਗਾ ਨਾ ਵੇਖਾਂ ਦੁਖ, ਜਿਧਰ ਜਾਵੇਂ ਖ਼ੁਸ਼ੀਆਂ ਰੰਗ ਵਖਾਈਆ । ਤੇਰੇ ਨਾਲ ਸਦਾ ਰਹੇ ਅਬਿਨਾਸ਼ੀ ਅਚੁਤ, ਦੋ ਜਹਾਨ ਵੱਜਦੀ ਜਾਏ ਵਧਾਈਆ । ਕੱਠੇ ਇਕੋ ਦਰ ਇਕੋ ਘਰ ਇਕੋ ਮੰਦਰ ਇਕੋ ਸਿੰਘਾਸਣ ਸੋਹਵੇ ਪਿਓ ਪੁਤ, ਪੁਰਖ ਅਕਾਲ ਗੋਬਿੰਦ ਇਕੋ ਰੂਪ ਨਜ਼ਰੀ ਆਈਆ । ਉਹ ਦਵਾਰਾ ਮੈਨੂੰ ਨਜ਼ਰੀ ਆਵੇ ਸਚ ਸੁਚ, ਪਿਛਲਾ ਵੇਲਾ ਯਾਦ ਕਰਾਈਆ । ਗੋਬਿੰਦ ਪਿਆਰ ਨਾਲ ਕਿਹਾ ਉਠ, ਧੁਰ ਦੀ ਦਿਆਂ ਜਣਾਈਆ । ਵੀਹ ਸੌ ਵੀਹ ਬਿਕ੍ਰਮੀ ਤੱਕ ਬੈਠੀ ਰਹੀਂ ਚੁਪ, ਆਪਣਾ ਬਚਨ ਨਾ ਕਿਸੇ ਸੁਣਾਈਆ । ਆਪੇ ਆ ਕੇ ਤੈਨੂੰ ਲਵੇ ਪੁਛ, ਪਸਚਾਤਾਪ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਕੀ ਵਡਿਆਈ ਦੇਵੇ ਅੰਤ, ਆਸਾ ਕੀ ਰਖਾਈਆ । ਕੀ ਖੇਲ ਕਰੇ ਭਗਵੰਤ, ਕੀ ਕਵਣ ਰੂਪ ਵਟਾਈਆ । ਕੀ ਦੇਵੇ ਮਣੀਆਂ ਮੰਤ, ਕੀ ਕਵਣ ਨਾਮ ਸਮਝਾਈਆ । ਕੀ ਵੇਖੇ ਲੇਖਾ ਜੀਵ ਜੰਤ, ਕੀ ਕਵਣ ਗੁਰੂ ਅਵਤਾਰ ਲਏ ਸਮਝਾਈਆ । ਕੀ ਬਣਾਏ ਬਣਤ, ਕੀ ਕਵਣ ਘਾੜਤ ਲਏ ਘੜਾਈਆ । ਗੋਬਿੰਦ ਕਹੇ ਪ੍ਰਭੂ ਦੀ ਮਹਿਮਾ ਅਗਣਤ, ਆਦਿ ਅੰਤ ਕਿਛ ਕੋਈ ਕਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਰਚਨਾ ਲਏ ਰਚਾਈਆ । ਅਚਰਜ ਰਚਨਾ ਰਚ ਨਿਰੰਕਾਰ, ਆਪਣੀ ਖੇਲ ਖਿਲਾਵੇਗਾ । ਨਿਰਗੁਣ ਨਿਰਵੈਰ ਲੈ ਅਵਤਾਰ, ਜੋਤੀ ਜੋਤ ਡਗਮਗਾਵੇਗਾ । ਸ਼ਬਦੀ ਸੁਤ ਕਰ ਪਿਆਰ, ਗੋਬਿੰਦ ਨਾਮ ਵਡਿਆਵੇਗਾ । ਸੰਬਲ ਖੇਲ ਅਪਾਰ, ਸਾਢੇ ਤਿੰਨ ਹੱਥ ਰੰਗ ਰੰਗਾਵੇਗਾ । ਧੁਨ ਸ਼ਬਦ ਜੈਕਾਰ, ਆਤਮ ਪਰਮਾਤਮ ਢੋਲਾ ਗਾਵੇਗਾ । ਭਗਤ ਵਛਲ ਗਿਰਧਾਰ, ਗ੍ਰਹਿ ਮੰਦਰ ਸੋਭਾ ਪਾਵੇਗਾ । ਲੇਖ ਮੁਕਾ ਜੁਗ ਚੌਕੜੀ ਚਾਰ, ਚਾਰੋਂ ਕੁੰਟ ਹੁਕਮ ਵਰਤਾਵੇਗਾ । ਹੁਕਮੇ ਅੰਦਰ ਗੁਰੂ ਅਵਤਾਰ, ਪੀਰ ਪੈਗੰਬਰ ਸਦ ਬਹਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਵੇਗਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਵੇਗਾ । ਪੂਰਬ ਲਹਿਣਾ ਸਰਬ ਵਿਚਾਰ, ਜੁਗ ਵਿਛੜੇ ਮੇਲ ਮਿਲਾਵੇਗਾ । ਰਵਦਾਸ ਚੁਮਾਰੇ ਨਾਲ ਜੋ ਕੀਤਾ ਉਧਾਰ, ਲਹਿਣਾ ਉਸ ਦੀ ਝੋਲੀ ਪਾਵੇਗਾ । ਪੰਜਾਂ ਪੰਜਾਂ ਬੇੜਾ ਕਰ ਕੇ ਪਾਰ, ਪੰਜਾਂ ਆਪਣੇ ਕੰਧ ਉਠਾਵੇਗਾ । ਪੰਜਾਂ ਪੰਜਾਂ ਦਾ ਲੇਖ ਲਿਖ ਕੇ ਭਗਤ ਦਵਾਰ, ਸੋਹਣੀ ਵੰਡ ਵੰਡਾਵੇਗਾ । ਪੰਜਾਂ ਵਿਚੋਂ ਪੰਜ ਗੜ੍ਹੀ ਮੇਰੀ ਕਰਾਵਣ ਯਾਦ, ਵੇਲਾ ਵਕਤ ਫੇਰ ਸੁਹਾਵੇਗਾ ।

ਬੀਸ ਇਕੀਸਾ ਦੇ ਕੇ ਦਾਦ, ਦੋਹਰਾ ਤਾਲ ਵਜਾਵੇਗਾ । ਜਨ ਭਗਤਾਂ ਘਰ ਘਰ ਲੱਗੇ ਭਾਗ, ਭਾਗ ਹਿੱਸਾ ਸਭ ਦੀ ਝੋਲੀ ਪਾਵੇਗਾ । ਗੁਰਮੁਖ ਖੇੜੇ ਕਰੇ ਆਬਾਦ, ਸਾਚੀ ਸੇਵਾ ਆਪ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਪੂਰਨ ਕਰ ਕੇ ਖ਼ਾਹਸ਼, ਖ਼ਾਸ ਖ਼ਾਸ ਸਭ ਦੇ ਨਾਮ ਲਿਖਾਵੇਗਾ ।

★ ਪਹਿਲੀ ਚੇਤ ੨੦੨੧ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਰਵੀ ਵੇਖੇ ਖੋਲ੍ਹ ਕਿਤਾਬ, ਅੰਤਰ ਧਿਆਨ ਲਗਾਈਆ । ਪਿਛਲਾ ਲੇਖਾ ਆਇਆ ਯਾਦ, ਘਰ ਪਰਮੇਸ਼ਵਰ ਗਿਆ ਸਮਝਾਈਆ । ਨਿਰਗੁਣ ਹੋ ਕੇ ਖੇਲ ਖੇਲਿਆ ਇਕ ਤਮਾਸ਼, ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਬਹਿ ਕੇ ਦਿਤੀ ਦਾਤ, ਵਸਤ ਅਮੋਲਕ ਇਕ ਵਰਤਾਈਆ । ਸੋ ਸੁਹੰਜਣੀ ਸੋਭਾਵੰਤੀ ਰਾਤ, ਭਿੰਨੜੀ ਰੈਣ ਨਾਉਂ ਰਖਾਈਆ । ਮੁਖ ਤੋਂ ਪੜਦਾ ਲਾਹ ਨਕਾਬ, ਘੁੰਗਟ ਦਿਤਾ ਪਰੇ ਹਟਾਈਆ । ਰਾਹ ਤੱਕ ਪ੍ਰਿਥਮੀ ਆਕਾਸ਼, ਦੋ ਜਹਾਨਾਂ ਨੈਣ ਪਾਰ ਕਰਾਈਆ । ਤਖ਼ਤ ਨਿਵਾਸੀ ਬੈਠਾ ਇਕ ਜਨਾਬ, ਹਕੀਕਤ ਹੱਕ ਰਿਹਾ ਦ੍ਰਿੜਾਈਆ । ਨਿਉਂ ਸਜਦਾ ਕੀਤਾ ਆਦਾਬ, ਚਰਨ ਕਵਲ ਸੀਸ ਟਿਕਾਈਆ । ਹੁਜਰਾ ਸੋਹਿਆ ਇਕ ਮਹਿਰਾਬ, ਮਹਲ ਅਟੱਲ ਹੋਈ ਰੁਸ਼ਨਾਈਆ । ਘਰ ਸੱਜਣ ਆਇਆ ਸਾਕ, ਸਤਿਗੁਰ ਦਾਤਾ ਬੇਪਰਵਾਹੀਆ । ਪ੍ਰੀਤ ਅਗੰਮੀ ਜੋੜੇ ਨਾਤ, ਰਿਸ਼ਤਾ ਆਪਣੇ ਨਾਲ ਰਖਾਈਆ । ਟੁਕੜਿਆਂ ਰੰਗ ਰੰਗਾਇਆ ਆਪਣੀ ਭਾਤ, ਮਿਹਰ ਨਜ਼ਰ ਨੈਣ ਉਠਾਈਆ । ਸਚ ਧਰਮ ਦਾ ਇਕ ਖਾਜ, ਸੋਹਣਾ ਭੋਜਨ ਆਪ ਬਣਾਈਆ । ਚਾਰ ਕਹਾਰਾਂ ਮਾਰ ਆਵਾਜ਼, ਪੰਜਵੇਂ ਯਾਰ ਦਿਤਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਰਵਦਾਸ ਪਿਛਲਾ ਆਇਆ ਚੇਤਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਆਦਿ ਜੁਗਾਦੀ ਧੁਰ ਦਾ ਨੇਤਾ, ਨਰ ਨਿਰੰਕਾਰ ਇਕ ਅਖਵਾਇੰਦਾ । ਜੁਗ ਚੌਕੜੀ ਭਗਤ ਉਧਾਰਨ ਜਿਸ ਦਾ ਪੇਸ਼ਾ, ਦੂਜੀ ਕਾਰ ਨਾ ਕੋਇ ਕਮਾਇੰਦਾ । ਨਿਤ ਨਵਿਤ ਵਟਾਏ ਵੇਸਾ, ਰੂਪ ਰੰਗ ਰੇਖ ਨਾ ਕੋਇ ਸਮਝਾਇੰਦਾ । ਨਿਰਗੁਣ ਸਰਗੁਣ ਦਏ ਸੰਦੇਸਾ, ਧੁਰ ਦਾ ਅੱਖਰ ਨਾਮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਰਵਦਾਸ ਪਿਛਲਾ ਆਇਆ ਖ਼ਿਆਲ, ਅੰਤਰ ਧਿਆਨ ਲਗਾਈਆ । ਪ੍ਰਭ ਦੀ ਦਿਸੀ ਅਵੱਲੜੀ ਚਾਲ, ਨਿਰਗੁਣ ਆਪਣੀ ਕਾਰ ਕਮਾਈਆ । ਸਚ ਦਵਾਰੇ ਮੈਂ ਬਣਿਆ ਮਾਤ ਦਲਾਲ, ਵਿਚੋਲਾ ਰੂਪ ਨਜ਼ਰੀ ਆਈਆ । ਜਨਮ ਵਿਛੜੇ ਲੈਣੇ ਭਾਲ, ਘਰ ਮੇਲਾ ਸਹਿਜ ਸੁਭਾਈਆ । ਲੇਖਾ ਪਿਛਲਾ ਦੱਸਾਂ ਅਹਿਵਾਲ, ਪਰਦਾ ਆਪ ਉਠਾਈਆ । ਜਿਨ੍ਹਾਂ ਸੰਗ ਮੇਰੇ ਨਾਲ, ਤਿਨ੍ਹਾਂ ਪ੍ਰਭੂ ਮਿਲਾਵਾ ਚਾਈਂ ਚਾਈਂਆ । ਜਗਤ ਕੂੜੀ ਕਿਰਿਆ ਮੇਟ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਪੂਰਬ ਹਲ ਕਰਾਂ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚੇਤਾ ਆਇਆ ਪਗੜੀ ਵਾਲੇ ਘੁਮਿਆਰ, ਅੰਤ ਇਕੋ ਗੱਲ ਸੁਣਾਈਆ । ਸੁਣ ਪਾਣਾ ਗੰਢਣਵਾਲੇ ਚਮਿਆਰ, ਤੇਰੀ ਦਲੀਲ ਮੋਹੇ ਭਾਈਆ । ਤੇਰਾ ਪਰਮਾਤਮ ਨਾਲ ਪਿਆਰ, ਸਾਡਾ ਮੇਲਾ ਦਿਤਾ ਮਿਲਾਈਆ । ਜੋ ਕੁਛ ਮੰਗਣਾ ਮੈਂ ਦੇਵਣਹਾਰ, ਦੋਹਰ ਆਪਣੀ ਰਿਹਾ ਵਖਾਈਆ । ਰਵੀ


੭੯੪ ੧੯

ਹੱਸ ਕੇ ਕਿਹਾ ਵਾਹ ਮੇਰੇ ਯਾਰ, ਯਾਰੀ ਤੇਰੀ ਮੋਹੇ ਭਾਈਆ । ਤੇਰਾ ਮੇਰਾ ਇਕ ਉਧਾਰ, ਹੌਲੀ ਹੌਲੀ ਦਿਤਾ ਸਮਝਾਈਆ । ਕਲਜੁਗ ਅੰਤਮ ਲੋਕਮਾਤ ਮੰਗਾਂ ਆਣ, ਦਰ ਦਰ ਆਪਣਾ ਫੇਰਾ ਪਾਈਆ । ਤੂੰ ਰਹਿਣਾ ਚਤਰ ਸੁਘੜ ਸੁਜਾਨ, ਮੂਰਖ ਮਤ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਘੁਮਿਆਰ ਫੜ ਕੇ ਸੋਟਾ, ਧਰਤੀ ਨਾਲ ਟਕਰਾਈਆ । ਵੇਖ ਮੇਰਾ ਬਦਨ ਤਾਜ਼ਾ ਮੋਟਾ, ਸੋਹਣੀ ਤਰ੍ਹਾ ਸਮਝਾਈਆ । ਮੈਂ ਅਸਵਾਰ ਰਹਾਂ ਉਤੇ ਖੋਤਾ, ਨਾਲ ਬੱਚਿਆਂ ਜੋੜ ਜੁੜਾਈਆ । ਮੈਂ ਨਿਤ ਨਵਿਤ ਲੁਟਦਾ ਫਿਰਾਂ ਲੋਕਾਂ, ਘਰ ਘਰ ਸੌਦੇ ਵਣਜ ਕਰਾਈਆ । ਫਿਰਦਿਆਂ ਫਿਰਦਿਆਂ ਤੇਰੇ ਦਰ ਤੇ ਪ੍ਰਭ ਦਾ ਮਿਲ ਗਿਆ ਮੌਕਾ, ਮਿਲਿਆ ਮੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਜੋੜ ਰਿਹਾ ਜੁੜਾਈਆ । ਰਵਦਾਸ ਕਹੇ ਲੈ ਦੇਵਾਂ ਦਾਤ, ਇਕੋ ਵਾਰ ਵਰਤਾਈਆ । ਉਤੋਂ ਵੇਖ ਅੰਧੇਰੀ ਰਾਤ, ਜਗਤ ਅੰਧੇਰਾ ਛਾਈਆ । ਨਿੱਕੇ ਨਿੱਕੇ ਬੱਚੇ ਤੇਰੇ ਸਾਥ, ਨੰਨ੍ਹੇ ਰੂਪ ਵਟਾਈਆ । ਪ੍ਰਭ ਦੇ ਖਾਤੇ ਵਿਚੋਂ ਬਚੀ ਭਾਤ, ਦਾਣਾ ਦਾਣਾ ਮੁਖ ਛੁਹਾਈਆ । ਜਿਸ ਨਾਲ ਬਦਲੇ ਤੇਰੀ ਜਾਤ, ਅਜਾਤੀ ਰੂਪ ਵਟਾਈਆ । ਪਰਮ ਪੁਰਖ ਦਾ ਬਣੇ ਸਾਥ, ਜਨਮ ਜਨਮ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਰਵਦਾਸ ਪਿਛੇ ਕਰੇ ਧਿਆਨ, ਮਨ ਮਣਕਾ ਆਪ ਬਦਲਾਈਆ । ਬ੍ਰਾਹਮਣ ਦੇਵਣਹਾਰਾ ਗਿਆਨ, ਯਾਦ ਪਿਛਲੀ ਰਿਹਾ ਕਰਾਈਆ । ਨੇਤਰ ਖੋਲ੍ਹ ਚਤਰ ਸੁਜਾਨ, ਕਿਉਂ ਬੈਠਾ ਮੁਖ ਭਵਾਈਆ । ਤੇਰੇ ਹੁਕਮੇ ਅੰਦਰ ਪੰਧ ਕੱਟ ਕੇ ਆਇਆ ਵਿਚ ਜਹਾਨ, ਸਰਗੁਣ ਆਪਣਾ ਰੂਪ ਵਟਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਸਾਮ੍ਹਣੇ ਦਿਤਾ ਬਿਆਨ, ਧੁਰ ਫ਼ਰਮਾਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵੀਦਾਸ ਆਪਣਾ ਖੋਲ੍ਹ ਵਰਕਾ, ਬਿਨ ਅੱਖਰਾਂ ਵੇਖ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਲਾ ਕੇ ਗਿਆ ਸ਼ਰਤਾ, ਲੱਗੀ ਆਪਣੀ ਤੋੜ ਨਿਭਾਈਆ । ਜੋਧਾ ਸੂਰਬੀਰ ਮਰਦ ਮਰਦਾ, ਮਰਦਾਨਗੀ ਆਪਣੇ ਹੱਥ ਰਖਾਈਆ । ਪੂਰਬ ਜਨਮ ਦਾ ਲਾਹਵੇ ਕਰਜ਼ਾ, ਮਕਰੂਜ਼ ਕਰਜ਼ਾ ਦਏ ਚੁਕਾਈਆ । ਕਰੇ ਖੇਲ ਇਕ ਅਸਚਰਜਾ, ਅਚਰਜ ਆਪਣਾ ਹੁਕਮ ਵਰਤਾਈਆ । ਜਿਨ੍ਹਾਂ ਦੀ ਪੁੱਠੀ ਹੋਈ ਨਰਦਾ, ਸਿਧੀ ਆਪਣੇ ਹੱਥ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਨਾਰਦ ਕਹੇ ਮੈਂ ਛੱਡਿਆ ਸਾਰ ਪਾਸ਼ਾ, ਮਾਣ ਜਗਤ ਨਾ ਕੋਇ ਰਖਾਈਆ । ਚਾਰ ਕੁੰਟ ਨਾ ਕੋਇ ਦਿਲਾਸਾ, ਧੀਰਜ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ ਰਵੀ ਦਾ ਮੰਨਿਆ ਇਕੋ ਆਖਾ, ਆਖ਼ਰ ਆਪਣਾ ਖੇਲ ਕਰਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵੀਦਾਸ ਖੋਲ੍ਹ ਅੱਖ, ਅੱਗੇ ਪਿਛੇ ਧਿਆਨ ਲਗਾਈਆ । ਉਨ੍ਹਾਂ ਲੇਖਾ ਦੇਣਾ ਹੱਕ, ਜਿਨ੍ਹਾਂ ਹੁਕਮ ਮਿਲਿਆ ਬੇਪਰਵਾਹੀਆ । ਵੇਂਹਦਿਆਂ ਵੇਂਹਦਿਆਂ ਨੈਣ ਗਏ ਥੱਕ, ਲੋਚਣ ਸਾਰ ਕੋਇ ਨਾ ਆਈਆ । ਪਾਂਧੀ ਬਣ ਬਣ ਰਹੇ ਨੱਠ, ਦੋ ਜਹਾਨ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਵਰਤਾਈਆ । ਰਵੀ ਕਹੇ ਮੈਨੂੰ ਦੇਣਾ ਪਿਆ ਉਧਾਰ, ਲੇਖਾ ਰਹਿਣ ਕੋਇ ਨਾ ਪਾਈਆ । ਇਕ ਮਿੱਤਰ ਤੇ ਚਾਰ ਕਹਾਰ, ਡੋਲੀ ਵਾਲੇ ਨਜ਼ਰ ਨਾ ਆਈਆ ।



੭੯੫
੧੯

ਨਾਲ ਬ੍ਰਾਹਮਣ ਦਿਸੇ ਚੰਡਾਲ, ਆਪਣਾ ਰੰਗ ਵਟਾਈਆ । ਜਿਸ ਦਾ ਲੇਖਾ ਦੀਨ ਦਿਆਲ, ਦੇਵਣਹਾਰ ਇਕ ਗੋਸਾਈਆ । ਜਿਸ ਵੇਲੇ ਮੇਰੇ ਘਰ ਗ੍ਰਿਹਿ ਸੁੱਕੇ ਟੁਕੜਿਆਂ ਭੋਗ ਲਗਾਇਆ ਥਾਲ, ਸੋਹਣੀ ਵਸਤ ਰੂਪ ਵਟਾਈਆ । ਓਸੇ ਵਿਚੋਂ ਥੋੜਾ ਸਾਂਭ ਕੇ ਰੱਖਿਆ ਵਿਚ ਰੁਮਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਨਾਨਕ ਲਾਲੋ ਦਿਤਾ ਖਵਾਲ, ਭੋਰਾ ਭੋਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਥਾਲ ਵਿਚੋਂ ਰੱਖਿਆ ਭੋਰਾ, ਸਮਝ ਕਿਸੇ ਨਾ ਆਈਆ । ਪਰਮ ਪੁਰਖ ਪ੍ਰਭ ਬਣ ਕੇ ਚੋਰਾ, ਚੋਰੀ ਆਪਣੀ ਗਿਆ ਕਮਾਈਆ । ਰਵਦਾਸ ਨੂੰ ਕਹਿ ਕੇ ਗਿਆ ਇਸ ਦੀ ਪਏ ਲੋੜਾ, ਕਲਜੁਗ ਅੰਤਮ ਭੇਵ ਅਭੇਦ ਖੁਲ੍ਹਾਈਆ । ਬਾਕੀ ਸਭ ਨੂੰ ਮਿਲਿਆ ਜਵਾਬ ਕੋਰਾ, ਧੁਰ ਫ਼ਰਮਾਣਾ ਆਪ ਦ੍ਰਿੜਾਈਆ । ਤੇਰਾ ਲੇਖੇ ਲਾਏ ਢੋਇਆ ਢੋਰਾ, ਦ੍ਰਿਸ਼ਟੀ ਚੰਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰਵਦਾਸ ਕਹੇ ਸੁਣ ਬ੍ਰਾਹਮਣ ਸੰਗੀ, ਸਚ ਦਿਆਂ ਜਣਾਈਆ । ਵਸਤ ਪਿਛਲੀ ਦੇ ਦੇ ਮੰਗੀ, ਪਰਦਾ ਉਹਲਾ ਰਹਿਣ ਕੋਇ ਨਾ ਪਾਈਆ । ਅੱਗੇ ਵਾਸਨਾ ਰਹੇ ਨਾ ਗੰਦੀ, ਦੁਰਮਤ ਮੈਲ ਧਵਾਈਆ । ਕੂੜੀ ਕਿਰਿਆ ਨਾ ਕੋਈ ਪਖੰਡੀ, ਭੇਖ ਸੰਗ ਨਾ ਕੋਇ ਜਣਾਈਆ । ਅੰਤਰ ਆਤਮ ਨਾ ਹੋਏ ਅੰਧੀ, ਮਨ ਵਾਸਨਾ ਦੇਵੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਸੁਣ ਦਾਸ ਰਵੀ, ਰੰਗ ਆਪਣਾ ਦਿਆਂ ਜਣਾਈਆ । ਮੈਂ ਕਸਮ ਖਾਵਾਂ ਓਸ ਨਿਸ਼ਾਨ ਥੱਲੇ ਜਿਸ ਦਾ ਲੇਖਾ ਹੱਥ ਚਵੀ, ਦੋ ਜਹਾਨਾਂ ਹੱਥ ਕਿਸੇ ਨਾ ਆਈਆ । ਅੱਗੇ ਮੇਰੀ ਜ਼ਿੰਦਗੀ ਬਣ ਗਈ ਨਵੀਂ, ਪਿਛਲਾ ਡੇਰਾ ਦਿਤਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਸੁਣ ਪੰਡਤ ਯਾਰ, ਸਚ ਬ੍ਰਹਮ ਦਿਆਂ ਦ੍ਰਿੜਾਈਆ । ਔਹ ਵੇਖ ਪਿਛਲੇ ਚਾਰ ਕਹਾਰ, ਜਿਨ੍ਹਾਂ ਠੱਗੀ ਗਿਆ ਕਮਾਈਆ । ਚਾਲੀ ਚਾਲੀ ਦਾ ਵਣਜ ਵਪਾਰ, ਗੰਗਾ ਮਈਆ ਰਹੀ ਸੁਣਾਈਆ । ਪਿਛਲਾ ਕਰਜ਼ਾ ਪਹਿਲੋਂ ਉਤਾਰ, ਅੱਗੇ ਮਿਲੇ ਫੇਰ ਵਡਿਆਈਆ । ਵੀਹ ਦਾ ਲੇਖਾ ਹਰਿ ਸੰਗਤ ਅੰਤਰ ਪਿਆਰ, ਗੁਰ ਪਰਸਾਦੀ ਹੋਏ ਸਹਾਈਆ । ਵੀਹਾਂ ਦਾ ਨਾਤਾ ਤੁਟੇ ਵਿਚ ਸੰਸਾਰ, ਸੰਸਾਰੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਾਹਮਣ ਕਹੇ ਮੈਨੂੰ ਦਿਸਦੇ ਸੱਜਣ, ਨੇਤਰ ਨੈਣਾਂ ਨਜ਼ਰੀ ਆਈਆ । ਭਗਤ ਪਿਆਰੇ ਸਾਚੇ ਮੰਗਣ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਪਿਛਲਾ ਲੇਖਾ ਆਇਆ ਮੰਗਣ, ਆਪਣੀ ਝੋਲੀ ਅੱਗੇ ਡਾਹੀਆ । ਮੈਂ ਕੋਝਾ ਕਮਲਾ ਹੋਇਆ ਨੰਗਨ, ਖ਼ਾਲੀ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਸੁਣ ਬ੍ਰਾਹਮਣ ਏਕ, ਸਚ ਦਿਆਂ ਦ੍ਰਿੜਾਈਆ । ਔਹ ਵੇਖ ਆਪਣਾ ਪਿਛਲਾ ਲੇਖ, ਸ੍ਰੀ ਭਗਵਾਨ ਰਿਹਾ ਸਮਝਾਈਆ । ਨੌ ਜਨਮ ਭਰਮ ਕੇ ਬਣ ਜਾ ਨੇਕ, ਨੀਤੀਵਾਨ ਇਕ ਅਖਵਾਈਆ । ਅੱਗੇ ਮਾਣਸ ਜਨਮ ਦੀ ਮੁਕਣ ਵਾਲੀ ਖੇਡ, ਤਤ ਚੋਲਾ ਸੰਗ ਨਾ ਕੋਇ ਨਿਭਾਈਆ । ਜਿਸ ਨੇ ਮਾਤਲੋਕ ਦਿਤਾ ਭੇਜ, ਸੋ ਵੇਖਣ ਆਇਆ ਬੇਪਰਵਾਹੀਆ । ਤੇਰੇ ਸੰਗ ਤੱਤਾਂ ਸੱਜਣਾ ਖ਼ਾਲੀ ਹੋਵਣ ਵਾਲੀ ਸੇਜ, ਨਾਰ ਕੰਤ ਹੋਏ ਜੁਦਾਈਆ । ਪ੍ਰਭ ਦਾ ਕੋਈ ਨਾ ਮੇਟੇ ਲੇਖ, ਲੇਖਾ ਸਕੇ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ ।


੭੯੬
੧੯

ਬ੍ਰਾਹਮਣ ਅੰਦਰੋਂ ਰਿਹਾ ਰੋ, ਹੌਕਿਆਂ ਨਾਲ ਸੁਣਾਈਆ । ਤੁਧ ਬਿਨ ਪ੍ਰਭੂ ਨਾ ਦਿਸੇ ਕੋ, ਨਾਤਾ ਤੁਟਾ ਜਗਤ ਲੋਕਾਈਆ । ਆਪਣਾ ਆਪ ਬੈਠਾ ਖੋ, ਚਲੇ ਨਾ ਕੋਇ ਚਤਰਾਈਆ । ਦੁਰਮਤ ਮੈਲ ਪਾਂਪਾ ਧੋ, ਨਿਰਮਲ ਰੂਪ ਵਖਾਈਆ । ਜੁਗ ਚੌਕੜੀ ਪਿਛੋਂ ਤੇਰੀ ਸੁਣੀ ਸੋ, ਸੋ ਪੁਰਖ ਨਿਰੰਜਣ ਇਕੋ ਮਾਹੀਆ । ਮੇਰੇ ਅੰਦਰ ਕਰ ਲੋ, ਸਚ ਪਰਕਾਸ਼ ਨੂਰ ਇਲਾਹੀਆ । ਬਿਨ ਮਾਤ ਗਰਭ ਤੂੰ ਮੇਰਾ ਬੀਜ ਬੋ, ਫੁਲ ਫਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਸੁਣ ਬ੍ਰਾਹਮਣ ਜਾਤੀ, ਜ਼ਰਾ ਪਿਛਲਾ ਧਿਆਨ ਦ੍ਰਿੜਾਈਆ । ਮੇਰੇ ਘਰ ਵਾਲਾ ਇਹ ਓਹੋ ਸਾਥੀ, ਜਿਸ ਕੋਲੋਂ ਕੰਗਣ ਦਿਤਾ ਝੋਲੀ ਪਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਆਦਿ ਜੁਗਾਦਿ ਮੰਨੇ ਆਖੀ, ਜੋ ਚਰਨ ਕਵਲ ਮੰਗਣ ਸਰਨਾਈਆ । ਮੇਰੇ ਸਾਹਿਬ ਦੀ ਵੱਡੀ ਹਾਟੀ, ਬੇਅੰਤ ਅਤੋਟ ਅਤੁਟ ਭੰਡਾਰ ਵਰਤਾਈਆ । ਦੋ ਜਹਾਨਾਂ ਸੱਚਾ ਸਾਕੀ, ਭਰ ਪਿਆਲਾ ਜਾਮ ਪਿਆਈਆ । ਆ ਵੇਖ ਪਿਛਲੀ ਲਿਖੀ ਪਾਤੀ, ਜੋ ਮੇਰੇ ਹੱਥ ਫੜਾਈਆ । ਇਸ ਵਿਚ ਲਹਿਣਾ ਦਿਸੇ ਬਾਕੀ, ਰਵਦਾਸ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੁਣ ਕੇ ਬਚਨ ਕੂਕੀ ਡੋਲੇ ਵਾਲੀ ਨਾਰ, ਸੋਹਣਾ ਬਚਨ ਸੁਣਾਈਆ । ਮੇਰੇ ਸਾਹਿਬ ਸਤਿਗੁਰ ਸਾਂਝੇ ਯਾਰ, ਪੁਰਖ ਅਕਾਲ ਤੇਰੀ ਸਰਨਾਈਆ । ਮੈਨੂੰ ਤੱਕ ਲੈਣ ਦੇ ਉਹ ਕਹਾਰ, ਜਿਹੜੇ ਨਾਰੀ ਰੂਪ ਜਾਮਾ ਬੈਠੇ ਬਦਲਾਈਆ । ਭਗਤ ਦਵਾਰ ਦਾ ਮਿਲਿਆ ਪਿਆਰ, ਪਿਆਰ ਵਿਚੋਂ ਪ੍ਰੇਮ ਨਜ਼ਰੀ ਆਈਆ । ਰਵਦਾਸ ਚੁਮਾਰੇ ਜਿਨ੍ਹਾਂ ਤੇਰਾ ਭੋਜਨ ਦਿਤਾ ਖਵਾਲ, ਪਕਵਾਨ ਇਕੋ ਅੱਗੇ ਟਿਕਾਈਆ । ਨਾਲੇ ਦਿਤਾ ਧੁਰ ਦਾ ਦਾਨ, ਪੁਰਖ ਅਬਿਨਾਸ਼ੀ ਕਲਜੁਗ ਅੰਤਮ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਓਧਰੋਂ ਡੋਲੀ ਉਠ ਕੇ ਪਈ ਹੱਸ, ਘੁੰਗਟ ਲਾਲ ਵੇਖ ਵਖਾਈਆ । ਮੈਂ ਪੰਧ ਮੁਕਾਇਆ ਨੱਸ ਨੱਸ, ਭੱਜੀ ਵਾਹੋ ਦਾਹੀਆ । ਨੇਤਰ ਖੋਲ੍ਹ ਕੇ ਵੇਖਿਆ ਅੱਖ, ਮੈਨੂੰ ਮੋਢਿਆਂ ਉਤੇ ਚੁੱਕਣ ਵਾਲੇ ਨਜ਼ਰੀ ਆਈਆ । ਇਹ ਸਭ ਕੁਝ ਰਵਦਾਸ ਦੇ ਹੱਥ, ਜਿਸ ਦਾ ਲੇਖ ਨਾ ਕੋਇ ਮਿਟਾਈਆ । ਸ੍ਰੀ ਭਗਵਾਨ ਉਹਦੇ ਵਸ, ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਹੁਣ ਖੇਲ ਵੇਖੋ ਪਰਤੱਖ, ਵੱਖਰੀ ਧਾਰ ਚਲਾਈਆ । ਕਿਰਪਾ ਕਰ ਪੁਰਖ ਸਮਰਥ, ਗੁਰਮੁਖ ਆਪਣੀ ਗੰਢ ਪਵਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਵਣਜ ਇਕੋ ਇਕ ਕਰਾਈਆ । ਪਿਛਲਾ ਲੇਖਾ ਕਰ ਕੇ ਯਾਦ, ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਆਪ ਬਣਾਈਆ । ਡੋਲੀ ਵਾਲੇ ਡੰਡੇ ਕਰਨ ਮਖ਼ੌਲ, ਦੋ ਹੱਥਾਂ ਤਾਲੀ ਰਹੇ ਵਜਾਈਆ । ਉਠੋ ਵੇਖੋ ਬ੍ਰਾਹਮਣ ਰੌਲ, ਪੰਡਤ ਬੈਠਾ ਡੇਰਾ ਲਾਈਆ । ਚਾਰ ਕਹਾਰ ਉਸ ਦੇ ਕੋਲ, ਆਪਣਾ ਮਾਣ ਤਾਣ ਗਵਾਈਆ । ਰਵਦਾਸਾ ਲੇਖਾ ਰਿਹਾ ਫੋਲ, ਸ੍ਰੀ ਭਗਵਾਨ ਰਿਹਾ ਸਮਝਾਈਆ । ਸਭ ਦਾ ਪੂਰਾ ਕਰੇ ਕੌਲ, ਕੀਤਾ ਇਕਰਾਰ ਵਿਸਰ ਕਦੇ ਨਾ ਜਾਈਆ । ਲਹਿਣਾ ਦੇਵੇ ਉਪਰ ਧੌਲ, ਧਰਨੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਸੇ ਕਹਿਣ ਅਸੀਂ ਦੱਸੀਏ ਰਸਤਾ, ਭੇਵ ਅਭੇਵ ਖੁਲ੍ਹਾਈਆ । ਗੁਰਮੁਖ ਖੋਲ੍ਹਿਆ ਪਿਛਲਾ ਬਸਤਾ, ਸ੍ਰੀ ਭਗਵਾਨ ਰਿਹਾ ਦ੍ਰਿੜਾਈਆ । ਵੇਖੋ ਬ੍ਰਾਹਮਣ ਹਾਲ ਖ਼ਸਤਾ, ਖ਼ੁਸ਼ੀ ਗ਼ਮੀ ਦੋਵੇਂ ਬੈਠੀਆਂ ਡੇਰਾ ਲਾਈਆ । ਅੱਗੇ ਜਾਣ ਦਾ ਨਹੀਂ ਖ਼ਰਚਾ, ਪਿਛੇ ਰਹਿਣ ਤੋਂ ਸਕੇ

ਨਾ ਕੋਇ ਬਚਾਈਆ । ਸਾਮ੍ਹਣੇ ਅੱਖੀਆਂ ਪੈ ਗਿਆ ਪਰਚਾ, ਹੱਲ ਸਵਾਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬ੍ਰਾਹਮਣ ਕਹੇ ਮੇਰੇ ਰਾਮ, ਰਮਈਆ ਇਕ ਸਰਨਾਈਆ । ਮੇਰਾ ਪਿਛਲਾ ਲੇਖਾ ਹੋਇਆ ਹਰਾਮ, ਹੁਰਮਤ ਕੋਇ ਰਹਿਣ ਨਾ ਪਾਈਆ । ਅਗਲਾ ਸੁਣਿਆ ਤੇਰਾ ਨਿਸ਼ਾਨ, ਨਿਸ਼ਾਨਾ ਤੇਰਾ ਬੇਪਰਵਾਹੀਆ । ਚਰਨ ਕਵਲ ਕਰ ਧਿਆਨ, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਮੁਸ਼ਕਲ ਕਰ ਆਸਾਨ, ਦੁਖੀਆਂ ਦਰਦ ਗਵਾਈਆ । ਸਾਰੇ ਕੱਠੇ ਹੋਏ ਆਣ, ਵਿਛੜਿਆਂ ਰਹਿਣ ਕੋਇ ਨਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨ, ਸਚ ਤੇਰੀ ਸਰਨਾਈਆ । ਤੇਰੇ ਹੁਕਮੇ ਅੰਦਰ ਮੈਂ ਤਿਆਰ ਕੀਤਾ ਪਕਵਾਨ, ਭੋਜਨ ਭੇਟਾ ਤੇਰੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇ ਮਾਣ ਵਡਿਆਈਆ । ਬ੍ਰਾਹਮਣ ਤੇਰਾ ਭੋਜਨ ਹੋਇਆ ਤਿਆਰ, ਸ੍ਰੀ ਭਗਵਾਨ ਧਿਆਨ ਲਗਾਈਆ । ਤੇਰੀ ਗੰਗਾ ਮਈਆ ਲਿਆਏ ਉਠਾਲ, ਨੇਤਰ ਨੈਣਾਂ ਦਰਸ ਕਰੇ ਜਮਨਾ ਸੁਰਸਤੀ ਦਿਸੇ ਨਾਲ, ਭੱਜਣ ਵਾਹੋ ਦਾਹੀਆ । ਗੋਦਾਵਰੀ ਵੇਖੇ ਆ ਕੇ ਹਾਲ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਆਈਆਂ ਨੇੜੇ, ਆਪਣਾ ਪੰਧ ਮੁਕਾਈਆ । ਪੰਡਤ ਕਿਥੇ ਲਾਏ ਡੇਰੇ, ਬ੍ਰਾਹਮਣ ਦੇ ਸਮਝਾਈਆ । ਸਾਡੇ ਕੰਢੇ ਤੂੰ ਜਜਮਾਨ ਲੁੱਟੇ ਬਥੇਰੇ, ਆਪਣੇ ਹੱਥ ਵਖਾਈਆ । ਹੁਣ ਆਇਉਂ ਕਿਹੜੇ ਗੇੜੇ, ਤੈਨੂੰ ਸਕੇ ਨਾ ਕੋਇ ਬਚਾਈਆ । ਪੰਡਤ ਹੰਝੂਆਂ ਨਾਲ ਕਪੜੇ ਰਿਹਾ ਲਬੇੜੇ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਗੰਗਾ ਜਮਨਾ ਸੁਰਸਤੀ ਖ਼ੁਸ਼ੀ ਹੋ ਕੇ ਗਾਵਣ ਗੀਤ, ਬ੍ਰਾਹਮਣ ਰਹੇ ਸੁਣਾਈਆ । ਪੰਡਤ ਜੀ ਤੁਹਾਡੀ ਪ੍ਰਭ ਨੇ ਵਾਹਵਾ ਵੇਖੀ ਰੀਤ, ਨੀਤ ਤੁਹਾਡੀ ਤੁਹਾਡੇ ਨਾਲ ਪਰਨਾਈਆ । ਜੋ ਕੁਛ ਹੋ ਰਿਹਾ ਸੋ ਹੋਵੇ ਠੀਕ, ਫ਼ਰਕ ਰਹਿਣ ਕੋਇ ਨਾ ਪਾਈਆ । ਸਾਡੇ ਨਾਲ ਝੂਠੀ ਕਰਦਾ ਰਿਹੋਂ ਪ੍ਰੀਤ, ਸੱਚੀ ਯਾਰੀ ਤੋੜ ਨਾ ਕਿਤੇ ਨਿਭਾਈਆ । ਜਿਸ ਰਵਦਾਸ ਨੂੰ ਕਹਿੰਦਾ ਰਿਹੋਂ ਨੀਚ, ਕਸੀਰਾ ਆਪਣੀ ਝੋਲੀ ਪਾਈਆ । ਉਹਦੀ ਚੋਲੀ ਵੇਖ ਰੰਗ ਚੜ੍ਹਿਆ ਬਸੀਠ, ਰੂਪ ਇਕੋ ਇਕ ਦਰਸਾਈਆ । ਓਸ ਦਰ ਤੋਂ ਮੰਗ ਲੈ ਭੀਖ, ਤੇਰਾ ਵਿਚੋਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਕਰਾਈਆ । ਬ੍ਰਾਹਮਣ ਕਹੇ ਸੁਣ ਗੰਗਾ ਮਈਆ, ਮੈਂ ਮਮਤਾ ਦਿਤੀ ਤਜਾਈਆ । ਮੇਰੀ ਡੁੱਬਦੀ ਵੇਖ ਨਈਆ, ਬੇੜਾ ਪਾਰ ਨਾ ਕੋਇ ਲੰਘਾਈਆ । ਸੱਜਣ ਦਿਸੇ ਨਾ ਕੋਈ ਸਈਆ, ਸੰਗ ਨਾ ਕੋਇ ਵਖਾਈਆ । ਮੇਰੀ ਪਕੜੇ ਕੋਈ ਨਾ ਬਹੀਆ, ਬ੍ਰਾਹਮਣੀ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਰਿਹਾ ਕਮਾਈਆ । ਬ੍ਰਾਹਮਣ ਕਹੇ ਸੁਣ ਜਮਨਾ ਭੈਣ, ਸੁਰਸਤੀ ਨਾਲ ਰਲਾਈਆ । ਮੇਰੇ ਨੇਤਰ ਰੋਵਣ ਵਹਾਇਣ ਨੀਰ ਨੈਣ, ਧੀਰਜ ਨਜ਼ਰ ਕੋਇ ਨਾ ਆਈਆ । ਮੈਂ ਸਚ ਸਚ ਤੁਹਾਨੂੰ ਆਇਆ ਕਹਿਣ, ਕਹਿ ਕਹਿ ਰਿਹਾ ਜਣਾਈਆ । ਅੱਜ ਚੁਕਣਾ ਲਹਿਣ ਦੇਣ, ਮੇਰੀ ਸੋਚ ਸਮਝ ਰਹੀ ਨਾ ਰਾਈਆ । ਨਾਤਾ ਤੁਟਣਾ ਸੱਜਣ ਸਾਕ ਸੈਣ, ਭਾਈ ਭੈਣ ਜਾਣਾ ਮੁਖ ਭਵਾਈਆ । ਹਰਿ ਸੰਗਤ ਵਿਚ ਨਾ ਮਿਲਣਾ ਬਹਿਣ, ਪ੍ਰਭ ਚਰਨ ਧੂੜੀ ਟਿੱਕਾ ਨਾ ਕੋਇ ਲਗਾਈਆ । ਮੇਰਾ ਸਾਢੇ ਤਿੰਨ ਹੱਥ ਬੁਰਜ ਲੱਗਾ ਢਹਿਣ, ਢੇਰੀ ਖ਼ਾਕ ਵਿਚ ਰਲ ਜਾਈਆ । ਅੰਦਰੇ ਅੰਦਰ ਚੋਰੀ ਘਰਾਂ ਵਿਚ ਦਿਸੇ

ਡਾਇਣ, ਬਾਹਰੋਂ ਸਕੇ ਨਾ ਕੋਇ ਸਮਝਾਈਆ । ਔਹ ਵੇਖ ਮੈਨੂੰ ਨਜ਼ਰੀ ਆਏ ਜੋ ਮੈਨੂੰ ਆਏ ਲੈਣ, ਲਹਿਣਾ ਦੇਣਾ ਰਹੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਚੁਕਾਈਆ । ਚਾਰੇ ਭੈਣਾਂ ਕਰਨ ਸਲਾਹ, ਅੰਦਰੇ ਅੰਦਰ ਧਿਆਨ ਲਗਾਈਆ । ਐਸ ਵੇਲੇ ਕਿਹੜਾ ਬਣੇ ਮਲਾਹ, ਜੋ ਬੇੜਾ ਪਾਰ ਕਰਾਈਆ । ਗੰਗਾ ਹੌਲੀ ਜਿਹੀ ਦਿਤਾ ਸੁਣਾ, ਇਸ਼ਾਰੇ ਨਾਲ ਦ੍ਰਿੜਾਈਆ । ਰਵਦਾਸ ਚੁਮਾਰਾ ਗੁਰਮੁਖ ਬੈਠਾ ਰੂਪ ਵਟਾ, ਜਿਸ ਦੇ ਨਾਲ ਸਚ ਗੋਸਾਈਆਂ । ਉਸ ਦੇ ਅੱਗੇ ਰਲ ਕੇ ਸਾਰੇ ਵਾਸਤਾ ਲਵੋ ਪਾ, ਦੋਏ ਜੋੜ ਜੋੜ ਆਪਣੀ ਝੋਲੀ ਡਾਹੀਆ । ਜੇ ਮਿਹਰਵਾਨ ਮਿਹਰ ਨੈਣ ਲਏ ਉਠਾ, ਦੁਖੀਆਂ ਦੁੱਖ ਦਰਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਵਰਤਾਈਆ । ਚਾਰੇ ਭੈਣਾਂ ਹੌਲੀ ਜਿਹੀ ਰਵਦਾਸ ਨੂੰ ਰਹੀਆਂ ਆਖ, ਬਿਨ ਰਸਨਾ ਜਿਹਵਾ ਬੋਲ ਸੁਣਾਈਆ । ਤੇਰਾ ਪ੍ਰਭ ਦੇ ਨਾਲ ਸਾਥ, ਨਾਤਾ ਜੁੜਿਆ ਬੇਪਰਵਾਹੀਆ । ਤੈਨੂੰ ਗ਼ਰੀਬ ਨੂੰ ਮੰਗਣ ਦੀ ਸੋਹਣੀ ਜਾਚ, ਕੋਝੇ ਕਮਲੇ ਆਪਣੀ ਝੋਲੀ ਅੱਗੇ ਡਾਹੀਆ । ਸਾਨੂੰ ਯਾਦ ਉਹ ਪਿਛਲੀ ਰਾਤ, ਜਿਸ ਰੈਣ ਅੰਦਰ ਸੋਹਣਾ ਭਾਤ ਦਿਤਾ ਖਵਾਈਆ । ਚਾਰ ਕਹਾਰਾਂ ਖੋਲ੍ਹ ਕੇ ਰਾਜ਼, ਪੰਜਵੇਂ ਯਾਰ ਦੇ ਕੇ ਦਾਤ, ਸਾਥ ਪੰਜ ਘੁਮਿਆਰ ਜਣਾਈਆ । ਪੰਡਤ ਬ੍ਰਾਹਮਣ ਗਿਉਂ ਆਖ, ਇਸ਼ਾਰਾ ਇਕੋ ਇਕ ਲਗਾਈਆ । ਕਲਜੁਗ ਅੰਤ ਵੇਖਾਂ ਆਣ ਤਮਾਸ਼, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚ ਗੋਸਾਈਆਂ । ਰਵਦਾਸ ਕਹੇ ਸੁਣ ਲਓ ਸੱਚੀ, ਇਕੋ ਵਾਰ ਸਮਝਾਈਆ । ਮੈਂ ਪ੍ਰਭ ਦੇ ਨਾਲ ਕੀਤੀ ਪੱਕੀ, ਆਪਣੀ ਗੰਢ ਬੰਧਾਈਆ । ਮੇਰੀ ਡੋਰੀ ਨਹੀਂ ਤੰਦ ਕੱਚੀ, ਆਦਿ ਜੁਗਾਦਿ ਟੁਟ ਨਾ ਜਾਈਆ । ਗੱਲ ਇਕ ਸੁਣਾਵਾਂ ਅੱਛੀ, ਬੁਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਮੇਰਾ ਰਿਹਾ ਦ੍ਰਿੜਾਈਆ । ਸੁਣ ਗੰਗਾ ਕਰ ਕੇ ਕੰਨ, ਰਵੀ ਰਿਹਾ ਜਣਾਈਆ । ਸਾਹਿਬ ਮੇਰਾ ਜਾਏ ਮੰਨ, ਜੇ ਵਾਸਤਾ ਅੱਗੇ ਪਾਈਆ । ਜਿਸ ਪੂਰਬ ਜਨਮ ਦਾ ਲੇਖਾ ਦੇਣਾ ਸੋ ਅੱਗੇ ਨਾ ਦੇਵੇ ਡੰਨ, ਡੌਰੂ ਡੰਕ ਕੂੜ ਨਾ ਕੋਇ ਵਜਾਈਆ । ਭਾਗ ਲਗਾਵੇ ਸਾਢੇ ਤਿੰਨ ਹੱਥ ਤਨ, ਰੰਗ ਆਪਣਾ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਏਧਰੋਂ ਬ੍ਰਾਹਮਣ ਮਾਰੀ ਧਾਹ, ਕੂਕ ਕੂਕ ਸੁਣਾਈਆ । ਓਧਰੋਂ ਗੰਗਾ ਨੀਰ ਰਹੀ ਵਹਾ, ਨੈਣਾਂ ਛਹਿਬਰ ਲਾਈਆ । ਜਮਨਾ ਖੁਲ੍ਹੇ ਕੇਸ ਰਹੀ ਵਖਾ, ਮੀਢੀ ਸੀਸ ਨਾ ਕੋਇ ਗੁੰਦਾਈਆ । ਸੁਰਸਤੀ ਧੂੜੀ ਟਿੱਕਾ ਖ਼ਾਕ ਰਮਾ, ਮੁਖ ਭਬੂਤੀ ਇਕ ਜਣਾਈਆ । ਗੋਦਾਵਰੀ ਤਨ ਅਲਫ਼ੀ ਲੀਰੋ ਲੀਰ ਲਈ ਕਰਾ, ਹਾਰ ਸ਼ਿੰਗਾਰ ਨਜ਼ਰ ਕੋਇ ਨਾ ਆਈਆ । ਚਰਨ ਕਵਲ ਮੰਗ ਪਨਾਹ, ਸਚ ਬੇਨੰਤੀ ਇਕ ਸੁਣਾਈਆ । ਪ੍ਰਭੂ ਏਸ ਬ੍ਰਾਹਮਣ ਦਾ ਬਖ਼ਸ਼ ਗੁਨਾਹ, ਜਿਨ ਤੇਰਾ ਪਰਸਾਦ ਦਿਤਾ ਬਣਾਈਆ । ਜੁਗ ਜਨਮ ਦੀ ਕੜਾਹੀ ਦੀ ਆਸਾ ਪੂਰ ਕਰਾ, ਤੇਰਾ ਚਰਨ ਕਵਲ ਵਿਚ ਟਿਕਾਈਆ । ਪ੍ਰੇਮ ਪਿਆਰ ਨਾਲ ਸੇਵ ਕਮਾ, ਸੋਹਣੀ ਖ਼ੁਸ਼ੀ ਵਖਾਈਆ । ਪੰਜਾਂ ਕੋਲੋਂ ਜਲ ਪਵਾ, ਮੰਤਰ ਪੜ੍ਹਿਆ ਬੇਪਰਵਾਹੀਆ । ਸਾਡਾ ਲਿਆਦਾਂ ਲੇਖੇ ਲਿਆ ਲਾ, ਜੋ ਦੂਰ ਦੁਰਾਡਾ ਤੇਰੇ ਦਰ ਤੇ ਲਿਆ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਹਿਮਤ ਦੇ ਕਮਾਈਆ । ਰਹਿਮਤ ਕਰ ਸ੍ਰੀ ਭਗਵਾਨ, ਬੇਪਰਵਾਹ ਤੇਰੀ ਸਰਨਾਈਆ । ਰਲ ਮਿਲ ਸਾਰੇ ਮੰਗੀਏ ਦਾਨ, ਝੋਲੀ ਇਕ ਵਖਾਈਆ । ਤੂੰ ਸਾਹਿਬ ਸੱਜਣ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ ।

ਜੁਗ ਚੌਕੜੀ ਮੇਟਣਹਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਹਉਂ ਬਾਲੇ ਬਾਲਕ ਬਾਲ ਅਵਾਣ, ਬਾਲੀ ਬੁਧ ਰਖਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਸਹਿਜ ਸੁਖਦਾਈਆ । ਤੇਰਾ ਪ੍ਰਭੂ ਇਕ ਆਧਾਰ, ਰਵਦਾਸ ਚੁਮਾਰਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਚੁਕਾਈਆ । ਪ੍ਰਭੂ ਕਹੇ ਰਵਦਾਸ ਦਾਸ ਦਾ ਕੀ, ਸਚ ਦਿਓ ਜਣਾਈਆ । ਸਾਰੇ ਕਹਿਣ ਓਸ ਵੰਡ ਵੰਡੀ ਸਾਢੇ ਤਿੰਨ ਹੱਥ ਨੀਂਹ, ਜਿਸ ਦਾ ਲੇਖਾ ਤੇਰੇ ਹੱਥ ਫੜਾਈਆ । ਲੱਖ ਚੁਰਾਸੀ ਤੇਰਾ ਜੰਤ ਜੀਵ ਜੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਮੇਘ ਬਰਸ ਮੀਂਹ, ਧਾਰ ਇਕੋ ਇਕ ਵਹਾਈਆ । ਕਿਰਪਾਲ ਹੋ ਕੇ ਠਾਕਰ ਥੀ, ਸਾਹਿਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਸਚ ਦੱਸੇ ਕੀ ਰਵਦਾਸ ਦੱਸੇ, ਪ੍ਰਭ ਜੂ ਆਖ ਜਣਾਈਆ । ਰਵੀ ਖ਼ੁਸ਼ੀਆਂ ਵਿਚ ਹੱਸੇ, ਗੁਰਮੁਖ ਆਪਣਾ ਰੰਗ ਚੜ੍ਹਾਈਆ । ਪ੍ਰਭੂ ਪ੍ਰੇਮ ਪ੍ਰੀਤੀ ਅੰਦਰ ਫਸੇ, ਦੂਸਰ ਹੱਥ ਕਿਸੇ ਨਾ ਆਈਆ । ਬ੍ਰਾਹਮਣ ਚਰਨਾਂ ਉਤੇ ਢੱਠੇ, ਜਮਨਾ ਸੁਰਸਤੀ ਗੰਗਾ ਗੋਦਾਵਰੀ ਨਾਲ ਮਿਲਾਈਆ । ਦੀਨ ਦਿਆਲ ਵਸਤ ਅਮੋਲਕ ਝੋਲੀ ਘੱਤੇ, ਦਾਤਾ ਦਾਨੀ ਆਪ ਵਰਤਾਈਆ । ਪਿਛਲੇ ਵੇਖ ਕੇ ਹਿਸਾਬ ਖਤੇ, ਖਾਤਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਮੈਂ ਖਾਤਾ ਦੱਸਾਂ ਏਕ, ਜਿਸ ਵਿਚੋਂ ਮਿਲੇ ਵਡਿਆਈਆ । ਪਰਮ ਪੁਰਖ ਦੀ ਰਾਖੋ ਟੇਕ, ਸਚ ਸਚ ਸਰਨਾਈਆ । ਚਰਨ ਕਵਲ ਕਰੋ ਆਦੇਸ਼, ਨਿਉਂ ਨਿਉਂ ਲਾਗੋ ਪਾਈਆ । ਨਿਰਵੈਰ ਪੁਰਖ ਵਟਾਇਆ ਭੇਖ, ਜੋਤੀ ਜਾਤਾ ਨੂਰ ਰੁਸ਼ਨਾਈਆ । ਇਕੋ ਵਸੇ ਸੰਬਲ ਦੇਸ, ਸਾਚੇ ਮੰਦਰ ਡੇਰਾ ਲਾਈਆ । ਸਚ ਦਵਾਰੇ ਖੇਲੇ ਖੇਡ, ਜਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਲੇਖਾ ਦਏ ਮੁਕਾਈਆ । ਰਵਦਾਸ ਕਹੇ ਸੁਣ ਸਚ ਕਹਾਣੀ, ਅੱਛੀ ਤਰ੍ਹਾ ਜਣਾਈਆ । ਜਿਸ ਨੇ ਰਚਨ ਰਚਾਈ ਚਾਰੇ ਖਾਣੀ, ਸੋ ਖ਼ਾਲਸ ਰੂਪ ਵਟਾਈਆ । ਜਿਸ ਦੀ ਸਿਫ਼ਤ ਕਰੇ ਚਾਰ ਬਾਣੀ, ਆਦਿ ਜੁਗਾਦਿ ਰਹੀ ਜਸ ਗਾਈਆ । ਸੋ ਸਾਹਿਬ ਸਤਿਗੁਰ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਵੇਖ ਵਖਾਈਆ । ਉਸ ਦੇ ਚਰਨ ਕਵਲ ਵਿਟੁਹ ਜਾਓ ਕੁਰਬਾਨੀ, ਨਿਮੁਖ ਨਿਮੁਖ ਆਪਣਾ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਰਵਦਾਸ ਕਹੇ ਮੇਰਾ ਸੁੱਕਾ ਭੋਜਨ, ਜਿਸ ਸਤਿ ਰੂਪ ਬਣਾਈਆ । ਜਿਸ ਨੂੰ ਨਾਨਕ ਮਿਲਿਆ ਉਪਰ ਕੋਟਨ ਜੋਜਨ, ਜਿਸ ਦੀ ਸਿਫ਼ਤ ਗਗਨ ਗਗਨੰਤਰ ਨਾ ਕੋਇ ਕਰਾਈਆ । ਜਿਸ ਦੇ ਦਰਸ਼ਨ ਨੂੰ ਆਦਿ ਜੁਗਾਦਿ ਜੁਗ ਚੌਕੜੀ ਲੋਚਣ, ਨਿਤ ਨਵਿਤ ਧਿਆਨ ਲਗਾਈਆ । ਜਿਸ ਦਾ ਲਹਿਣਾ ਗੁਰ ਅਵਤਾਰ ਪੀਰ ਪੈਗ਼ੰਬਰ ਸੋਚਣ, ਸੋਚ ਵਿਚ ਕਿਸੇ ਨਾ ਆਈਆ । ਜਿਸ ਦਾ ਵਾਸਾ ਲੋਕ ਪਰਲੋਕਨ, ਦੋ ਜਹਾਨਾਂ ਖੇਲ ਖਿਲਾਈਆ । ਜਿਸ ਦੇ ਨਾਲ ਰਵਦਾਸ ਮਾਣੇ ਮੌਜਨ, ਗੁਰਮੁਖ ਸਿੰਘ ਗੁਰ ਗੁਰ ਗੋਦ ਉਠਾਈਆ । ਪ੍ਰਭੂ ਸਭ ਦੇ ਸਿਰ ਉਤੇ ਦੇਵੇ ਓਢਨ, ਸਿਰ ਆਪਣਾ ਹੱਥ ਟਿਕਾਈਆ । ਉਹਦੇ ਹੁਕਮੇ ਅੰਦਰ ਜੁਗ ਚੌਕੜੀ ਭੋਗ ਭੋਗਣ, ਨਿਰਗੁਣ ਸਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਰਵਦਾਸ ਕਹੇ ਸਚ ਦੱਸਾਂ ਬਾਤ, ਬਾਤਨ ਦਿਆਂ ਜਣਾਈਆ । ਨਾਲ ਲੇਖਾ ਲਿਖ ਕੇ ਕਲਮ ਦਵਾਤ, ਕਾਲਖ ਟਿੱਕਾ ਦਿਆਂ ਗਵਾਈਆ । ਪ੍ਰਭ ਮਿਲਣ

ਦੀ ਸਿਖੋ ਜਾਚ, ਪੜਦਾ ਉਹਲਾ ਇਕ ਉਠਾਈਆ । ਅੰਤਰ ਨਿਵਣਾ ਮਸਤਕ ਮਾਥ, ਡੰਡੌਤ ਬੰਦਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਹੋਏ ਸਹਾਈ ਸਦ, ਗਹਿਰ ਗੰਭੀਰ ਦਇਆ ਕਮਾਇੰਦਾ । ਜੋ ਸਚ ਦਵਾਰੇ ਰਿਹਾ ਸਜ, ਸੋਹਣਾ ਆਸਣ ਲਾਇੰਦਾ । ਸਭ ਦੇ ਪੜਦੇ ਦੇਵੇ ਕਜ, ਮਿਹਰ ਨਜ਼ਰ ਇਕ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਚੁਕਾਇੰਦਾ । ਪੂਰਬ ਲੇਖਾ ਕਹੇ ਉਧਾਰ, ਰਵਦਾਸੇ ਇਕ ਜਣਾਈਆ । ਬਣ ਵਿਚੋਲਾ ਵਿਚ ਸੰਸਾਰ, ਸੋਹਣਾ ਮੇਲ ਮਿਲਾਈਆ । ਮੇਰਾ ਭੁਲਿਆ ਨਾ ਸਿਰਜਣਹਾਰ, ਭੁਲਿਆਂ ਰਿਹਾ ਉਠਾਈਆ । ਪੰਡਤ ਬ੍ਰਾਹਮਣ ਹੋਣਾ ਖ਼ਬਰਦਾਰ, ਤੇਰਾ ਲੇਖਾ ਪੂਰ ਕਰਾਈਆ । ਪਿਛਲਾ ਵੇਲਾ ਕਰ ਲੈ ਯਾਦ, ਤੇਰੀ ਫ਼ਰਿਆਦ ਆਪਣੀ ਝੋਲੀ ਪਾਈਆ । ਉਸ ਦਾ ਭੇਵ ਖੋਲ੍ਹੇ ਰਾਜ਼, ਰਹਿਮਤ ਇਕ ਕਮਾਈਆ । ਖੀਰ ਕੜਾਹ ਦਾ ਨਹੀਂ ਸਵਾਦ, ਦੰਦ ਘਸਾਈ ਨਜ਼ਰ ਕੋਇ ਨਾ ਆਈਆ । ਮਿਸ਼ਰਾਣੀ ਵਾਸਤੇ ਦੇਵੇ ਕੋਈ ਨਾ ਦਾਤ, ਪੱਲੂ ਗੰਢ ਨਾ ਕੋਇ ਬੰਧਾਈਆ । ਪਰਮ ਪੁਰਖ ਦਾ ਉਲਟਾ ਵੇਖ ਰਵਾਜ, ਅਚਰਜ ਆਪਣੀ ਖੇਲ ਰਚਾਈਆ । ਜਿਨ੍ਹਾਂ ਕਹਾਰਾਂ ਮੰਗੀ ਦਾਤ, ਤਿਨ੍ਹਾਂ ਮਨੁੱਖਾਂ ਨਾਰੀ ਰੂਪ ਵਖਾਈਆ । ਜਿਸ ਰਵਦਾਸ ਦੇ ਯਾਰ ਉਸ ਦੀ ਇਸਤਰੀ ਵਲ ਲਿਆ ਝਾਕ, ਪੰਜਵਾਂ ਯਾਰ ਸੋਭਾ ਪਾਈਆ । ਰਵਦਾਸ ਚੁਮਾਰਾ ਵਿਚੋਲਾ ਬਣ ਕੇ ਰਿਹਾ ਆਖ, ਧੁਰ ਦਾ ਢੋਲਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਡਤ ਜੀ ਅੱਗੇ ਕਿਸੇ ਬ੍ਰਾਹਮਣ ਮਿਲੇ ਨਾ ਥਾਲ ਪਰੋਸਾ, ਖੀਰ ਕੜਾਹ ਨਾ ਕੋਇ ਖਵਾਈਆ । ਕਿਸੇ ਨਾਲ ਨਾ ਕਰਨਾ ਰੋਸਾ, ਉਲਟੀ ਕਲ ਪ੍ਰਭੂ ਭਵਾਈਆ । ਅੱਗੇ ਜੀਂਦਿਆਂ ਸਾਧ ਕੋਈ ਨਾ ਕਰੇ ਮ੍ਰੋਛਾ, ਮ੍ਰੋਛਾ ਕੀਤਾ ਕੰਮ ਕਿਸੇ ਨਾ ਆਈਆ । ਕਿਸੇ ਕੰਮ ਨਾ ਆਇਆ ਨੀਤੀ ਵਿਚੋਂ ਘੁਮਿਆਰ ਦਾ ਚੁਕਿਆ ਖੋਸਾ, ਪੁੱਤ ਪੋਤਰੇ ਨਾਤਾ ਗਿਆ ਤੁੜਾਈਆ । ਧਨ ਦੌਲਤ ਦਿਸੇ ਮਕਾਨ ਕੋਠਾ, ਇਸਤਰੀ ਅੰਗੀਕਾਰ ਨਾ ਕੋਇ ਕਰਾਈਆ । ਧੋਤੀ ਬੋਦੀ ਨਜ਼ਰ ਨਾ ਆਵੇ ਫੜਿਆ ਸੋਟਾ, ਮੱਥੇ ਤ੍ਰਿਸ਼ੂਲ ਨਾ ਕੋਇ ਵਖਾਈਆ । ਗੰਗਾ ਸਾਗਰ ਮੂਧਾ ਹੋਇਆ ਲੋਟਾ, ਪਰਦਾ ਰੱਖ ਦਾਨ ਨਾ ਵਿਚ ਟਿਕਾਈਆ । ਰਵਦਾਸ ਨੇ ਮਾਰਗ ਦੱਸਿਆ ਸੌਖਾ, ਹੌਲੀ ਜਿਹੀ ਸਮਝਾਈਆ । ਜਨਮ ਕਰਮ ਤੋਂ ਬਚਣ ਦਾ ਇਕੋ ਮੌਕਾ, ਹਰਿ ਚਰਨ ਮਿਲੇ ਸਰਨਾਈਆ । ਜਿਥੇ ਕਦੇ ਨਾ ਹੋਵੇ ਧੋਖਾ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਡਤ ਜੀ ਵੇਖੋ ਚਾਰ ਕਹਾਰ, ਪੰਜਵਾਂ ਯਾਰ ਨਜ਼ਰੀ ਆਈਆ । ਕਲਜੁਗ ਅੰਤ ਜਾਮਾ ਧਰ ਕੇ ਰੂਪ ਨਾਰ, ਨਰ ਨਰਾਇਣ ਸੰਗ ਰਖਾਈਆ । ਦੋਹਾਂ ਵਿਚੋਲਾ ਬਣਿਆ ਯਾਰ, ਗੁਰਮੁਖ ਇਕੋ ਨਜ਼ਰੀ ਆਈਆ । ਏਨ੍ਹਾਂ ਭੋਜਨ ਦੇਣਾ ਖਵਾਲ, ਹਿਰਦੇ ਹਰਿ ਹਰਿ ਨਾਮ ਧਿਆਈਆ । ਰੋਗਨ ਸੋਗਨ ਚਿੰਤਾ ਕਰੇ ਬਾਹਰ, ਦੁੱਖ ਨੇੜ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਪੰਜ ਥਾਲ ਦਾਲ ਰੋਟੀ, ਪੰਜਾਂ ਦਏ ਵਡਿਆਈਆ । ਤੇਰੀ ਵਾਸਨਾ ਕੱਢ ਕੇ ਖੋਟੀ, ਕੀਮਤ ਖਰੀ ਦਏ ਬਣਾਈਆ । ਏਥੇ ਨਾਲ ਮੇਲ ਕੇ ਜੋਤੀ, ਜੋਤੀ ਜੋਤ ਕਰੇ ਰੁਸ਼ਨਾਈਆ । ਤੇਰੀ ਸੁਰਤ ਉਠਾ ਕੇ ਸੋਤੀ, ਘਰ ਸਵਾਣੀ ਦਏ ਸਮਝਾਈਆ । ਤੇਰੀ ਫੇਰ ਨਾ ਹਿਲੇ ਬੋਦੀ, ਇਸ਼ਾਰਾ ਕਰ ਕੇ ਜਜਮਾਨ ਨਾ ਕੋਇ ਫਸਾਈਆ । ਤੂੰ ਵੇਖੀ ਚੜ੍ਹ ਕੇ ਚੋਟੀ, ਚਤਰ ਦਾਨ ਇਕੋ ਨਜ਼ਰੀ ਆਈਆ । ਜਿਸ ਦੇ ਹੱਥ ਵਿਚ ਦੋ ਜਹਾਨਾਂ ਰੋਜ਼ੀ,

ਆਦਿ ਜੁਗਾਦਿ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਇਕ ਸਰਨਾਈਆ । ਰਵਦਾਸ ਕਹੇ ਜੋ ਰੂਪ ਗੁਰਮੁਖ, ਅੱਛੀ ਤਰ੍ਹਾ ਸਮਝਾਈਆ । ਸਚ ਦਵਾਰਿਉਂ ਮਿਲੇ ਭਿਖ, ਭਿਛਿਆ ਪ੍ਰਭੂ ਵਰਤਾਈਆ । ਪਿਛਲਾ ਲਹਿਣਾ ਲਏ ਨਜਿਠ, ਅੱਗੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਏ ਵਡਿਆਈਆ । ਰਵਦਾਸ ਕਹੇ ਸੁਣ ਠਾਕਰ ਬ੍ਰਾਹਮਣ, ਠੋਕਰ ਦਿਆਂ ਲਗਾਈਆ । ਮੈਂ ਤੇਰਾ ਬਣਿਆ ਪਹਿਲੋਂ ਜ਼ਾਮਨ, ਜ਼ਾਮਨੀ ਤੋੜ ਨਿਭਾਈਆ । ਤੂੰ ਵੇਖ ਮੇਰਾ ਰਾਮਨ, ਜਿਸ ਰਾਮ ਵਿਚੋਂ ਰਹਿਮਤ ਆਪ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਵਡਿਆਈਆ । ਰਵਦਾਸ ਕਹੇ ਤੂੰ ਪਰੋਸ ਥਾਲ, ਵਸਤ ਅਮੋਲਕ ਵਿਚ ਟਿਕਾਈਆ । ਮੈਂ ਦੋਹਾਂ ਹੱਥਾਂ ਫੜ ਕੇ ਠਾਕਰ ਆਪਣੇ ਦੇਵਾਂ ਖਵਾਲ, ਜੋ ਖਾ ਕੇ ਤੇਰਾ ਸ਼ੁਕਰ ਮਨਾਈਆ । ਤੇਰਾ ਕੱਟ ਕੇ ਜਾਏ ਜੰਜਾਲ, ਜੀਵਣ ਜੁਗਤ ਆਪਣੇ ਨਾਲ ਰਖਾਈਆ । ਪੰਜਾਂ ਸੁਰਤ ਲਏ ਸੰਭਾਲ, ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਪੰਜ ਕਹਾਰੋ ਖਾਣਾ ਖਾਓ, ਹਰਿ ਸਾਹਿਬ ਸਤਿਗੁਰ ਆਪ ਜਣਾਈਆ । ਪਰਮ ਪੁਰਖ ਦਾ ਦਰਸਨ ਪਾਓ, ਪਿਛਲਾ ਲੇਖ ਮਿਟਾਈਆ । ਇਕੀ ਦਿਨ ਘਰ ਸੁਤਿਆਂ ਰੋਜ਼ ਰਾਤ ਨੂੰ ਦਰਸਨ ਪਾਓ, ਸਾਖਿਆਤ ਪ੍ਰਭ ਨੂਰ ਜਹੂਰ ਨਜ਼ਰੀ ਆਈਆ । ਇਕ ਗਲਾਸ ਜਲ ਦਾ ਸਰਹਾਣੇ ਰਖਾਓ, ਰਾਤੀਂ ਪੀ ਕੇ ਤੁਹਾਨੂੰ ਦਏ ਉਠਾਈਆ । ਸੱਤਵੇਂ ਸੱਤਵੇਂ ਦਿਨ ਰਵਦਾਸ ਚੁਮਾਰ ਨੂੰ ਲਾਗੇ ਚਰਨ ਤਕਾਓ, ਪੁਰਖ ਅਬਿਨਾਸ਼ੀ ਅਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਚ ਪਰਸਾਦ ਲੈਣਾ ਛਕ, ਬ੍ਰਾਹਮਣ ਰਿਹਾ ਵਰਤਾਈਆ । ਇਹ ਰਵਦਾਸ ਨੇ ਤੁਹਾਡੀ ਝੋਲੀ ਪਾਇਆ ਹੱਕ, ਜੋ ਪਿਛਲਾ ਰੱਖਿਆ ਕੋਲ ਲੁਕਾਈਆ । ਸ੍ਰੀ ਭਗਵਾਨ ਹੋ ਪਰਗਟ, ਲਹਿਣਾ ਦਿਤਾ ਥਾਉਂ ਥਾਈਂਆ । ਇਹਦਾ ਲੇਖਾ ਹੱਥੋ ਹੱਥ, ਜੁਗ ਚੌਕੜੀ ਰਿਹਾ ਮੁਕਾਈਆ । ਮਰਨ ਤੋਂ ਪਹਿਲੋਂ ਮਾਰਗ ਦਿਤਾ ਦੱਸ, ਮੁਰਦਾ ਹੋ ਨਾ ਕੋਇ ਪਛਤਾਈਆ । ਸਚ ਸੁਚ ਦਾ ਖੋਲ੍ਹ ਹੱਟ, ਘਰ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਪ੍ਰਭੂ ਤੇਰੀ ਮਿਹਰ ਅਪਾਰ, ਅਪਰੰਪਰ ਦਏਂ ਵਡਿਆਈਆ । ਮੇਰਾ ਲਹਿਣਾ ਦਿਤਾ ਕਰਜ਼ ਉਤਾਰ, ਬਖ਼ਸ਼ਿਸ਼ ਆਪ ਕਮਾਈਆ । ਬੇਸ਼ਕ ਪੰਜੇ ਬਣੇ ਨਾਰ, ਆਸਾ ਅੰਤਰ ਇਕ ਰਖਾਈਆ । ਅੱਗੇ ਦੇਣੀ ਪੈਜ ਸੁਆਰ, ਜਨਮ ਜਨਮ ਦਾ ਗੇੜ ਕਟਾਈਆ । ਸੱਤਾਂ ਮਹੀਨਿਆਂ ਦਾ ਜੋ ਰੱਖਿਆ ਉਧਾਰ, ਉਹ ਵੀ ਲੇਖਾ ਤੇਰੇ ਹੱਥ ਜਿਉਂ ਭਾਵੇ ਤਿਵੇਂ ਚਲਾਈਆ । ਦੁਰਮਤ ਮੈਲ ਉਤਾਰ, ਚਿੱਟੇ ਬਸਤਰ ਦਿਤੇ ਪਹਿਨਾਈਆ । ਹੱਥਾਂ ਵਿਚ ਜੋ ਪੰਜ ਰੁਮਾਲ, ਉਹ ਜਿਨ੍ਹਾਂ ਵਿਚ ਖਾਣਾ ਕਿਣਕਾ ਕਿਣਕਾ ਦਿਤਾ ਟਿਕਾਈਆ । ਏਨ੍ਹਾਂ ਵਿਚੋਂ ਖੋਲ੍ਹ ਕੇ ਪੰਜਾਂ ਕਹਾਰਾਂ ਕੀਤਾ ਪਿਆਰ, ਘੁਮਿਆਰਾਂ ਨਾਲ ਦਰਦੀਆਂ ਹੋ ਕੇ ਦਰਦ ਵੰਡਾਈਆ । ਏਨ੍ਹਾਂ ਨੂੰ ਲੱਗਣ ਨਾ ਦੇਣਾ ਦਾਗ਼, ਲੋਕਮਾਤ ਸਿਰ ਆਪਣਾ ਹੱਥ ਟਿਕਾਈਆ । ਸਦ ਜੋਤੀ ਜਗਦੀ ਰਹੇ ਚਿਰਾਗ਼, ਤੇਰਾ ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਚ ਸਚ ਵਡਿਆਈਆ । ਪੰਜਾਂ ਵੇਖ ਬਸਤਰ ਚਿੱਟੇ, ਦੋ ਜਹਾਨ ਖ਼ੁਸ਼ੀ ਮੰਨਾਇੰਦਾ । ਵੇਦ ਵਿਆਸਾ ਆ ਕੇ ਦਰ ਤੇ ਪਿਟੇ, ਨੇਤਰ ਰੋ ਰੋ ਹਾਲ ਸੁਣਾਇੰਦਾ । ਪ੍ਰਭੂ ਤੇਰੇ ਲੇਖ ਕੌਣ ਮੇਟੇ ਲਿਖੇ, ਲਿਖਿਆ ਲੇਖ ਨਾ ਕੋਇ ਗਵਾਇੰਦਾ । ਮੈਨੂੰ ਤੇਰਾ

ਰੂਪ ਇਕੋ ਦਿਸੇ, ਜੋ ਹਰ ਘਟ ਅੰਦਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਭ ਦਾ ਲੇਖਾ ਤੇਰੇ ਹੱਥ ਫੜਾਇੰਦਾ । ਵੇਦ ਵਿਆਸ ਪ੍ਰਭੂ ਹੋਇਆ ਦਲੇਰ, ਅੱਛੀ ਤਰ੍ਹਾ ਜਣਾਈਆ । ਤੇਰਾ ਲੇਖਾ ਲਹਿਣਾ ਦੇਵੇ ਨਬੇੜ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਮੈਨੂੰ ਸੁਣ ਕੇ ਧਾਹਾਂ ਮਾਰਦੇ ਤੇਰੇ ਪੰਜੇ ਸ਼ੇਰ, ਜੋ ਜਨਮਦਿਆਂ ਤੇਰਾ ਦਰਸ਼ਨ ਪਾਈਆ । ਬੀਸ ਇਕੀਸਾ ਇਹੋ ਮੰਗਦਾ ਰਿਹਾ ਮਿਹਰ, ਮਿਹਰ ਨਜ਼ਰ ਉਠਾਈਆ । ਪੰਜਾਂ ਤੋਂ ਦਸ ਦਸਾਂ ਵਿਚ ਆਪਣਾ ਗੇੜ, ਗੇੜੇ ਵਿਚ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਨਬੇੜ, ਸਤਿਜੁਗ ਸਾਚੀ ਧਾਰ ਬੰਧਾਈਆ । ਓਧਰੋਂ ਪੰਜ ਔਣ ਦੌੜੇ, ਗੜ੍ਹੀ ਚਮਕੌਰ ਧਿਆਨ ਲਗਾਈਆ । ਅਜੀਤ ਜੁਝਾਰ ਚੜ੍ਹੇ ਘੋੜੇ, ਸੋਹਣੀ ਵਾਗ ਭਵਾਈਆ । ਓਸ ਦੇ ਚਲੀਏ ਕੋਲੇ, ਜਿਸ ਕਲਗ਼ੀਆਂ ਵਾਲੇ ਕਲਗ਼ੀ ਵਾਲੇ ਦੀ ਬਣਤ ਬਣਾਈਆ । ਉਸ ਦੇ ਪ੍ਰੇਮ ਅੰਦਰ ਫਰਕਣ ਡੌਲੇ, ਜੋਬਨ ਖ਼ੁਸ਼ੀਆਂ ਰੰਗ ਬੇਪਰਵਾਹੀਆ । ਦੋ ਜਹਾਨਾਂ ਤੋਲ ਤੋਲੇ, ਨਾਮ ਤਰਾਜ਼ੂ ਹੱਥ ਉਠਾਈਆ । ਅਗੰਮ ਅਥਾਹ ਬੋਲ ਬੋਲੇ, ਜਿਸ ਦੀ ਸਮਝ ਕਿਸੇ ਨਾ ਪਾਈਆ । ਅਜ ਓਸ ਆਪਣੇ ਕੀਤੇ ਕੌਲ ਪੂਰੇ ਕਰਕੇ ਉਪਰ ਧਵਲੇ, ਲੇਖਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਪੰਜ ਸ਼ੇਰ ਪਏ ਗਰਜ, ਆਪਣੀ ਭਬਕ ਲਗਾਈਆ । ਇਸ਼ਾਰੇ ਨਾਲ ਪ੍ਰਭ ਗਿਉਂ ਵਰਜ, ਸ਼ਬਦੀ ਸ਼ਬਦ ਜਣਾਈਆ । ਤੁਹਾਡੀ ਸੁਣਾਂ ਇਕ ਅਰਜ਼, ਅਰਜ਼ੋਈ ਆਪਣੀ ਝੋਲੀ ਪਾਈਆ । ਮਾਤਾ ਘਰ ਪੂਤ ਜੰਮੇ ਮਰਦ, ਸੂਰਬੀਰ ਅਖਵਾਈਆ । ਤੁਹਾਡੇ ਨਾਲ ਵੰਡਾਂ ਦਰਦ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਾ ਕਰਾਂ ਫ਼ਰਜ਼, ਫ਼ੈਸਲਾ ਸਚ ਸਚ ਸਚ ਦ੍ਰਿੜਾਈਆ । ਸਚ ਫ਼ੈਸਲਾ ਨੌ ਬੀਸ, ਪਹਿਲੀ ਚੇਤ ਖ਼ੁਸ਼ੀ ਮਨਾਈਆ । ਪੰਜਾਂ ਦੇਵੇ ਇਕ ਹਦੀਸ, ਸਚ ਸਚ ਸਮਝਾਈਆ । ਕਿਰਪਾ ਕਰੇ ਹਰਿ ਜਗਦੀਸ, ਜਗਦੀਸ਼ਰ ਖ਼ੁਸ਼ੀ ਮਨਾਈਆ । ਸਤਿਜੁਗ ਸਾਚਾ ਕਰੇ ਉਡੀਕ, ਨੇਤਰ ਨੈਣ ਉਠਾਈਆ । ਚਿੱਟਾ ਬਾਣਾ ਮੰਗੇ ਭੀਖ, ਸੋਹਣੇ ਬਸਤਰ ਰਾਹ ਤਕਾਈਆ । ਇਹ ਲੇਖਾ ਜੁਝਾਰ ਅਜੀਤ, ਅੱਛੀ ਤਰ੍ਹਾ ਦ੍ਰਿੜਾਈਆ । ਸਤਿ ਧਰਮ ਦੀ ਚਲੇ ਰੀਤ, ਪਰਮ ਪੁਰਖ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਦਸ ਦਸ ਪੰਜ ਇਕੋ ਰੰਗ ਵਖਾਈਆ । ਦਸ ਪੰਜ ਬਸਤਰ ਚਿੱਟੇ, ਪੁਰਖ ਅਕਾਲ ਸੇਵ ਕਮਾਈਆ । ਹਰਿ ਸੰਗਤ ਵੇਖੇ ਵੱਡੇ ਨਿੱਕੇ, ਬਿਰਧ ਬਾਲ ਖੋਜ ਖੁਜਾਈਆ । ਫੜ ਕੇ ਤਾਰੇ ਜਿਥੇ ਕਿਥੇ, ਦੂਰ ਦੁਰਾਡੇ ਵੇਖ ਵਖਾਈਆ । ਪਿਛੋਂ ਕਹਾਣੀਆਂ ਰਹਿ ਜਾਣ ਕਿਸੇ, ਕਿਸਮਤ ਜਨ ਭਗਤਾਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਦ ਦੇਵਣਹਾਰ ਵਡਿਆਈਆ । ਪਿਛਲੇ ਜਨਮ ਦੀ ਰਵਦਾਸ ਜ਼ਮਾਨਤ, ਗੁਰਮੁਖ ਹੋ ਕੇ ਰਿਹਾ ਜਣਾਈਆ । ਪ੍ਰਭ ਤੇਰੀ ਝੋਲੀ ਰੱਖੀ ਅਮਾਨਤ, ਆਪਣੀ ਹੱਥੀਂ ਟਿਕਾਈਆ । ਪਹਿਲੀ ਚੇਤ ਕਰ ਦੇ ਸਹੀ ਸਲਾਮਤ, ਸੁੱਤਿਆਂ ਦੇ ਜਗਾਈਆ । ਅੱਗੇ ਦਿਸੇ ਨਾ ਕੋਈ ਅਦਾਵਤ, ਝਗੜਾ ਪਿਛਲਾ ਦਿਤਾ ਚੁਕਾਈਆ । ਕੂੜੀ ਕਰੇ ਨਾ ਕੋਈ ਬਗ਼ਾਵਤ, ਠੱਗੀ ਚੋਰੀ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਰਵਦਾਸ ਕਹੇ ਪ੍ਰਭ ਖਾ ਲੈ ਟੁਕਰ, ਟੁਕੜਾ ਤੇਰੇ ਹੱਥ ਫੜਾਈਆ । ਗੁਰਮੁਖ ਭੁੱਲਾ ਫੇਰ ਵੀ ਤੇਰਾ ਪੁੱਤਰ, ਤੇਰਾ ਰੋਸ ਨਜ਼ਰ ਨਾ ਆਈਆ । ਤੇਰੀ ਧਾਰੋਂ ਆਏ ਉਤਰ,

ਪਿਤਾ ਮਾਤ ਜਗਤ ਹੰਢਾਈਆ । ਤੈਥੋਂ ਭੁਲਿਆਂ ਤੇਰਾ ਕੀਤਾ ਨਾ ਸ਼ੁਕਰ, ਸ਼ਹਿਨਸ਼ਾਹ ਤੇਰਾ ਸੰਗ ਨਾ ਕੋਇ ਨਿਭਾਈਆ । ਅੱਗੇ ਵਾਸਤੇ ਕਦੇ ਨਾ ਜਾਵੇ ਮੁੱਕਰ, ਮੁਖ ਸਕੇ ਨਾ ਮਾਤ ਭਵਾਈਆ । ਜੇ ਤੂੰ ਇਕ ਦਾਣੇ ਪਿਛੇ ਤਾਰਿਆ ਠਠਿਆਰ ਦਾ ਕੁਕੜ, ਨਾਨਕ ਨਿਰਗੁਣ ਸਰਗੁਣ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਰਵਦਾਸ ਕਹੇ ਮੇਰੀ ਮੰਜ਼ੂਰ ਕਰ ਅਰਜ਼ੀ, ਆਰਜ਼ੂ ਇਕ ਰਖਾਈਆ । ਤੇਰਾ ਪ੍ਰਭੂ ਕੰਮ ਨਹੀਂ ਕੋਈ ਫ਼ਰਜ਼ੀ, ਸਚ ਸੁਚ ਤੇਰੀ ਸਰਨਾਈਆ । ਬੇਸ਼ਕ ਅਸੀਂ ਸਾਰੇ ਸਦਾ ਗ਼ਰਜ਼ੀ, ਪਰ ਵੱਡੀ ਗ਼ਰਜ਼ ਤੇਰੇ ਮਿਲਣ ਦੀ ਇਕ ਰਖਾਈਆ । ਤੁਧ ਬਿਨ ਦਿਸੇ ਨਾ ਕੋਈ ਦਰਦੀ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਤਨ ਪਾਟਾ ਸੀਵੇ ਨਾ ਕੋਈ ਦਰਜ਼ੀ, ਬਿਨ ਰਵਦਾਸ ਚੁਮਾਰੇ ਟੁੱਟੀ ਗੰਢ ਨਾ ਕੋਇ ਵਖਾਈਆ । ਤੇਰੀ ਪ੍ਰੇਮ ਵੈਰਾਗਣ ਗੁਰਮੁਖ ਆਤਮ ਮਰਦੀ, ਵਿਛੋੜਾ ਸਹਿ ਸਕੇ ਨਾ ਰਾਈਆ । ਬਿਨ ਤੇਰੀ ਕਿਰਪਾ ਤੇਰੀ ਮੰਜ਼ਲ ਕੋਈ ਨਾ ਚੜ੍ਹਦੀ, ਘਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸੁਣ ਰਵੀਦਾਸ ਬ੍ਰਾਹਮਣ ਨਹੀਂ ਇਹ ਚਾਰ, ਚਾਰੋਂ ਦੀ ਵਾਰੀ ਆਈਆ । ਜੇ ਬਖ਼ਸ਼ਾਂ ਤੇ ਸਾਰੇ ਕਰਾਂ ਪਾਰ, ਨਹੀਂ ਤੇ ਸੰਗ ਨਾ ਕੋਇ ਤੁੜਾਈਆ । ਬੇਸ਼ਕ ਵਿਛੋੜਨ ਵਾਲੇ ਨਹੀਂ ਗਲ ਵਿਚੋਂ ਹਾਰ, ਮਾਣਕ ਮੋਤੀ ਨਜ਼ਰੀ ਆਈਆ । ਪਰ ਮੇਰਾ ਓਥੇ ਏਥੇ ਇਕ ਜਿਹਾ ਪਿਆਰ, ਘਾਟਾ ਰਹਿਣ ਕੋਇ ਨਾ ਪਾਈਆ । ਜੇ ਦੁੱਖ ਹੋਵੇ ਮਾਂ ਪਿਉ ਭੈਣ ਭਰਾ ਸੱਜਣ ਸਾਕ ਸੈਣ ਪਿਆਰੀ ਨਾਰ, ਮੋਹੇ ਦੁੱਖ ਨਾ ਲਾਗੇ ਰਾਈਆ । ਜਨ ਭਗਤ ਸਾਚੇ ਸੰਤ ਗੁਰਮੁਖ ਗੋਦੀ ਆਪ ਉਠਾਲ, ਬੈਠਾਂ ਚਾਈਂ ਚਾਈਂਆ । ਦਿਵਸ ਰੈਣ ਅੱਠੇ ਪਹਿਰ ਵਸਾਂ ਨਾਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਅਗੰਮੀ ਥਾਈਂਆ । ਰਵਦਾਸ ਕਹੇ ਮੇਰੀ ਤੇਰੇ ਨਾਲ ਯਾਰੀ, ਵਾਅਦਾ ਕਰ ਕੇ ਪਿਛਲਾ ਆਈਆ । ਏਥੇ ਓਥੇ ਤੇਰੀ ਖ਼ੁਮਾਰੀ, ਤੇਰੇ ਹੱਥ ਵਡਿਆਈਆ । ਜੇ ਮਨੁਖ ਤੋਂ ਬਣਾਏਂ ਨਾਰੀ, ਬ੍ਰਾਹਮਣ ਦੇ ਕੋਟਨ ਪਿਛਲੇ ਪਾਪ ਗਵਾਈਆ । ਥੋੜੇ ਸਵਾਸਾਂ ਦੀ ਹੋਰ ਕਰ ਦੇ ਕਾਰੀ, ਤੇਰੀ ਕੀਮਤ ਲਾਗੇ ਕੋਈ ਨਾ ਰਾਈਆ । ਸਾਡਾ ਸੰਗ ਬਣਿਆ ਸੰਸਾਰੀ, ਸੋਹਣਾ ਮੇਲਾ ਮਿਲਿਆ ਬੇਪਰਵਾਹੀਆ । ਅਜੀਤ ਸਿੰਘ ਕਹੇ ਮੋਹੇ ਲੋਕ ਲੱਜਿਆ ਜਾਂਦੀ ਮਾਰੀ, ਅੱਖ ਸਕੇ ਨਾ ਉਪਰ ਉਠਾਈਆ । ਫੁੱਮਣ ਸਿੰਘ ਕਹੇ ਮੇਰੀ ਕੀ ਕਰੂਗੀ ਨਾਰੀ, ਬੱਚਿਆਂ ਪਾਲਣ ਵਾਲਾ ਨਜ਼ਰ ਕੋਇ ਨਾ ਆਈਆ । ਡੱਲਾ ਕਹੇ ਬ੍ਰਾਹਮਣ ਬ੍ਰਾਹਮਣੀ ਮੇਰੇ ਪਿਛੇ ਆਪੇ ਕਰੇ ਗਿਰਿਆਜ਼ਾਰੀ, ਨੇਤਰ ਨੈਣਾਂ ਨੀਰ ਵਹਾਈਆ । ਵਿਛੋੜਾ ਝੱਲ ਨਾ ਸਕੇ ਮਾਂ ਪਿਆਰੀ, ਪਿਤਾ ਪੁੱਤ ਝੱਲੀ ਨਾ ਜਾਏ ਜੁਦਾਈਆ । ਰਵਦਾਸ ਕਹੇ ਮੈਂ ਸੁਣਨ ਤੋਂ ਅੱਗੇ ਇਨਕਾਰੀ, ਜੋ ਸੁਣਾਵੇਂ ਮੈਂ ਮੋੜ ਕੇ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਰਵਦਾਸ ਨਾ ਕਰ ਜ਼ਿਦ, ਸ੍ਰੀ ਭਗਵਾਨ ਸਚ ਜਣਾਇੰਦਾ । ਇਹ ਵੇਖ ਮੇਰੀ ਵੱਡੀ ਬਿਧ, ਭੇਵ ਅਭੇਦ ਖੁਲ੍ਹਾਇੰਦਾ । ਜੇ ਮਰਨ ਤੋਂ ਪਹਿਲੋਂ ਇਹੋ ਜਿਹੀਆਂ ਮੰਗਾਂ ਮੰਗਣ ਗਏ ਗਿਝ, ਅੱਗੇ ਮੇਰਾ ਸੰਗ ਨਾ ਕੋਇ ਰਖਾਇੰਦਾ । ਭਾਵੇਂ ਓਥੇ ਬੱਚਿਆ ਨਾਲੋਂ ਜ਼ਿਆਦਾ ਦੇਵਾਂ ਨਿਘ, ਸੋਹਣੀ ਆਪਣੀ ਗੋਦ ਬਹਾਇੰਦਾ । ਪ੍ਰੇਮ ਪ੍ਰੀਤੀ ਅੰਦਰ ਜਾਵਾਂ ਭਿਜ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਖੁਲ੍ਹਾਇੰਦਾ । ਰਵਦਾਸ ਕਹੇ ਮੈਂ ਬੈਠਾਂ ਆਖ, ਵੱਡਾ ਮਾਣ ਤੇਰੇ ਉਤੇ ਟਿਕਾਈਆ ।



੮੦੪ ੧੯

੮੦੫ ੧੯

ਇਹ ਵੀ ਸਿਖੀ ਤੈਥੋਂ ਜਾਚ, ਪ੍ਰਭੂ ਤੂੰ ਆਪੇ ਦਿਤਾ ਸਮਝਾਈਆ । ਹੌਲੀ ਜਿਹੀ ਮੇਰੇ ਅੰਦਰ ਕਰ ਕੇ ਵਾਸ, ਆਪਣੀ ਅੱਖ ਖੁਲ੍ਹਾਈਆ । ਰਵਦਾਸ ਜਿਹੜਾ ਸੁਖ ਪੰਜ ਤਤ ਚੋਲੇ ਮੇਰੇ ਸਾਥ, ਫੇਰ ਹੱਥ ਕਦੇ ਨਾ ਆਈਆ । ਚਲਦਿਆਂ ਫਿਰਦਿਆਂ ਖੇਲਦਿਆਂ ਕੁਦਦਿਆਂ ਪ੍ਰੇਮ ਨਾਲ ਕਰਨ ਬਾਤ, ਖ਼ੁਸ਼ੀਆਂ ਰੰਗ ਚੜ੍ਹਾਈਆ । ਸੱਜਣਾ ਵਾਂਗ ਬਹਿਣਾ ਵਿਚ ਜਮਾਤ, ਭਰਾਵਾਂ ਵਾਂਗ ਗਲਵਕੜੀ ਪਾਈਆ । ਦਾਤਿਆਂ ਵਾਂਗ ਬਖ਼ਸ਼ਣੀ ਦਾਤ, ਸ਼ਹਿਨਸ਼ਾਹ ਵਾਂਗ ਆਪਣਾ ਹੁਕਮ ਸੁਣਾਈਆ । ਰਾਤੀਂ ਸੁੱਤਿਆਂ ਮਿਲਣਾ ਵਿਚ ਖ਼ਵਾਬ, ਦਿਨੇ ਜਾਗਦਿਆਂ ਉਂਗਲਾਂ ਨਾਲ ਲਗਾਈਆ । ਸਾਥੋਂ ਫੇਰ ਕਿਹੜਾ ਲੇਖਾ ਮੰਗੇ ਹਿਸਾਬ, ਜੇ ਮਿਲੇ ਤੇਰੀ ਸਰਨਾਈਆ । ਪ੍ਰਭੂ ਉਹ ਚੰਗੀ ਨਹੀਂ ਮਹਿਰਾਬ, ਜਿਸ ਦਵਾਰੇ ਤੇਰਾ ਚਰਨ ਕਵਲ ਨਜ਼ਰ ਨਾ ਆਈਆ । ਸਾਨੂੰ ਇਹੋ ਤੇਰੀ ਚੰਗੀ ਲਗੇ ਰਬਾਬ, ਜੋ ਤਨ ਸਤਾਰ ਅੰਦਰੇ ਅੰਦਰ ਹਿਲਾਈਆ । ਇਸ ਦਾ ਮੈਨੂੰ ਦੇ ਜਵਾਬ, ਜਿਹੜਾ ਮੇਰੇ ਵਿਚ ਬਹਿ ਕੇ ਸੁੱਕਾ ਟੁੱਕਰ ਭੋਗ ਲਗਾ ਕੇ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਸੱਜਣ ਲੈ ਤਰਾਈਆ । ਰਵਦਾਸ ਕਹੇ ਮੇਰੇ ਨਾਲ ਤੇਰਾ ਇਕਰਾਰ, ਇਰਾਰਨਾਮਾ ਰਿਹਾ ਵਖਾਈਆ । ਮੇਰੀ ਸ਼ਹਾਦਤ ਦੇਣ ਚਾਰ ਕਹਾਰ, ਪੰਜਵਾਂ ਤੇਲੀ ਯਾਰ ਆਪਣਾ ਰੂਪ ਵਟਾਈਆ । ਘੁਮਿਆਰਾਂ ਵਿਚੋਂ ਰੋਣ ਵਾਲਾ ਬੱਚਾ ਪਿਛਲੇ ਜਨਮ ਦਾ ਲਾਲੋ ਜਿਸ ਨਾਲ ਕੀਤਾ ਉਧਾਰ, ਉਹ ਵੇਖੇ ਨੈਣ ਉਠਾਈਆ । ਉਹ ਇੱਟ ਕਰੇ ਪੁਕਾਰ, ਜਿਸ ਦਾ ਮਾਣ ਤਾਣ ਦਿਤਾ ਮਿਟਾਈਆ । ਉਹ ਬਾਲੇ ਹੋਏ ਹੁਸ਼ਿਆਰ, ਜਿਨ੍ਹਾਂ ਨੀਹਾਂ ਹੇਠ ਦਬਾਈਆ । ਤੇਰਾ ਵੇਖ ਸੱਚਾ ਦਰਬਾਰ, ਸਾਰੇ ਸੋਭਾ ਪਾਈਆ । ਇਕੋ ਬੋਲਣ ਉਚੀ ਆਵਾਜ਼, ਧੁਰ ਸੰਦੇਸਾ ਰਹੇ ਜਣਾਈਆ । ਸ੍ਰੀ ਭਗਵਾਨ ਵੀਹ ਸੌ ਇਕੀ ਬਿਕ੍ਰਮੀ ਗੁਰਸਿਖ ਤੇਰਾ ਮਾਤ ਵਿਚੋਂ ਕੋਈ ਹੋ ਕੇ ਨਾ ਜਾਏ ਨਿਰਾਸ, ਪੰਜ ਤਤ ਚੋਲਾ ਨਾ ਕੋਇ ਤਜਾਈਆ । ਜੇ ਤੇਰੇ ਕੋਲ ਦੇਣ ਜੋਗੀ ਨਹੀਂ ਦਾਤ, ਸਾਨੂੰ ਆਪਣੇ ਖ਼ਾਲੀ ਹੱਥ ਦੇ ਵਖਾਈਆ । ਜਾਂ ਕਹੁ ਮੈਂ ਨਹੀਂ ਪੁਰਖ ਅਬਿਨਾਸ਼, ਠੱਗ ਚੋਰ ਯਾਰ ਬੈਠਾ ਡੇਰਾ ਲਾਈਆ । ਜਾਂ ਕਹੁ ਮੈਂ ਭਗਤਾਂ ਨੂੰ ਲੁੱਟਣ ਵਾਲਾ ਬਦਮਾਸ਼, ਬੇਵਫ਼ਾ ਹੋ ਕੇ ਫੇਰੀ ਪਾਈਆ । ਜਾਂ ਕਹੁ ਮੈਂ ਸਰਬ ਗੁਣਤਾਸ, ਹਰਿ ਕਰਤਾ ਰੂਪ ਵਟਾਈਆ । ਜਿੰਨਾ ਚਿਰ ਮੇਰੀ ਪੂਰੀ ਨਾ ਕਰੇਂ ਆਸ, ਗੁਰਮੁਖ ਆਪਣੀ ਆਸਾ ਨਾ ਕਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਰੋਟੀ ਦਾਲ ਪਾਵੇ ਸ਼ੋਰ, ਬੌਹੜੀ ਬੌਹੜੀ ਸੁਣਾਈਆ । ਰਵਦਾਸ ਤੇਰੀ ਕਲਮ ਵਿਚ ਹੈ ਨਹੀਂ ਜ਼ੋਰ, ਜ਼ੋਰ ਨਾਲ ਦੇ ਦਬਾਈਆ । ਤੇਰੇ ਹੱਥ ਵਿਚ ਪ੍ਰਭ ਦੀ ਡੋਰ, ਵਾਂਗ ਪਤੰਗੇ ਰਿਹਾ ਉਡਾਈਆ । ਜੇ ਭਗਵਾਨ ਦਾ ਨਹੀਂ ਬਦਲਦਾ ਬੋਲ, ਬੋਲ ਭਗਤਾਂ ਬਦਲ ਕਦੇ ਨਾ ਜਾਈਆ । ਪਿਛਲਾ ਤੇਰੇ ਨਾਲ ਕੌਲ, ਇਕਰਾਰ ਰਿਹਾ ਦਸਾਈਆ । ਹੁਣ ਆ ਗਿਆ ਉਤੇ ਧੌਲ, ਧੌਲ ਧਰਨੀ ਉਤੇ ਰੂਪ ਵਟਾਈਆ । ਫੜ ਬਾਂਹੋਂ ਬਹਾਇਆ ਕੋਲ, ਦੂਰ ਦੁਰਾਡਾ ਪੰਧ ਚੁਕਾਈਆ । ਜਿਸ ਤੇਰੇ ਘਰ ਵਿਚੋਂ ਲੁਕਾ ਕੇ ਰੱਖਿਆ ਇਕ ਚੌਲ, ਥੋੜਾ ਨਾਨਕ ਦਿਤਾ ਖਵਾਈਆ । ਉਸ ਦਾ ਅਜੇ ਨਾ ਮੁੱਕਿਆ ਮੂਲ, ਲੇਖਾ ਬਹੁਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਰੋਟੀ ਦਾਲ ਕਹੇ ਮੇਰਾ ਵੇਖੋ ਸਬਰ, ਥਾਲ ਪਰੋਸੀ ਰਹੀ ਸੁਣਾਈਆ । ਜਿਸ ਦਾ ਲੇਖਾ ਮਿਲੇ ਉਤੇ ਅੰਬਰ, ਧਰਨੀ ਥੱਲੇ ਹੱਥ ਕਿਸੇ ਨਾ ਆਈਆ । ਸਰਬ ਵਿਆਪੀ ਸਦਾ ਭਰਤੰਬਰ, ਹਰ ਘਟ ਸਵਾਮੀ ਬੇਪਰਵਾਹੀਆ । ਸੋ ਸਾਹਿਬ ਰਚ ਆਪਣਾ ਅਡੰਬਰ, ਅਚਰਜ ਖੇਲ ਕਰਾਈਆ । ਜਨ

੮੦੯
੧੯

ਭਗਤਾਂ ਸੋਹਣਾ ਬਣੇ ਸਵੰਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਵੇ ਚੁਕਾਈਆ । ਪੁਰਖ ਅਕਾਲ ਖੇਲ ਅਨਦ੍ਰਿਸ਼ਟਾ, ਸ਼ਬਦੀ ਦਾਤਾ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਲਿਖਤਾ, ਪੂਰਬ ਧਿਆਨ ਲਗਾਈਆ । ਗੁਰ ਅਵਤਾਰ ਵਿਚਾਰਨ ਵਾਕ ਭਵਿਖਤਾ, ਜੋ ਭਾਖਿਆ ਗਏ ਸੁਣਾਈਆ । ਪੀਰ ਪੈਗ਼ੰਬਰ ਭੱਜਣ ਦੋਜ਼ਖ਼ ਬਹਿਸ਼ਤਾ, ਚੌਦਾਂ ਤਬਕਾਂ ਵਾਹੋ ਦਾਹੀਆ । ਭਗਤ ਭਗਵਾਨ ਵੇਖਣ ਇਸ਼ਟਾ, ਨਿਜ ਅੰਤਰ ਧਿਆਨ ਲਗਾਈਆ । ਧੰਨ ਭਾਗ ਪ੍ਰਭ ਨਵ ਨੌ ਚਾਰ ਪਿਛੋਂ ਪਹਿਲੀ ਚੇਤ ਲਿਆਂਦਾ ਪਰਵਿਸ਼ਟਾ, ਬੀਸ ਇਕੀਸਾ ਰੰਗ ਰੰਗਾਈਆ । ਸੰਤ ਸੁਹੇਲੇ ਗੁਰਮੁਖ ਚੇਲੇ ਖੋਲ੍ਹੇ ਦ੍ਰਿਸ਼ਟਾ, ਅਨੁਭਵ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਿਜੁਗ ਤ੍ਰੇਤਾ ਤੱਕਣ ਰਾਹ, ਦਵਾਪਰ ਕਲਜੁਗ ਧਿਆਨ ਲਗਾਈਆ । ਚਾਰੇ ਵੇਦ ਨੈਣ ਰਹੇ ਉਠਾ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਚਾਰੇ ਖਾਣੀ ਰਹੀ ਰਾਹ ਤੱਕਾ, ਤਕਵਾ ਇਕੋ ਇਕ ਜਣਾਈਆ । ਚਾਰੇ ਬਾਣੀ ਰਹੀ ਸਮਝਾ, ਬੋਧ ਅਗਾਧ ਕਰੇ ਸ਼ਨਵਾਈਆ । ਚਾਰ ਵਰਨ ਪਰਦਾ ਰਿਹਾ ਉਠਾ, ਚਾਰ ਯਾਰੀ ਸੰਗ ਨਿਭਾਈਆ । ਚੌਥੇ ਪਦ ਭੇਵ ਰਿਹਾ ਖੁਲ੍ਹਾ, ਮਹਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੋ ਜਹਾਨ ਰਹੇ ਤੱਕ, ਨੇਤਰ ਨੈਣ ਅੱਖ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਾਤਾਲ ਰਹੇ ਨੱਠ, ਭੱਜਣ ਵਾਹੋ ਦਾਹੀਆ । ਜੁਗ ਚੌਕੜੀ ਨਿਰਗੁਣ ਸਰਗੁਣ ਖੇਲ ਕਰੇ ਸਮਰਥ, ਮਹਿਮਾਂ ਅਕੱਥ ਆਪਣੇ ਹੱਥ ਰਖਾਈਆ । ਵੇਖ ਵਖਾਣੇ ਤੀਰਥ ਤਟ, ਅਠਸਠ ਮੰਦਰ ਮੱਠ ਸ਼ਿਵਦਵਾਲੇ ਪਰਦਾ ਆਪ ਚੁਕਾਈਆ । ਨਿਤ ਨਵਿਤ ਕਰੇ ਖੇਲ ਬਾਜ਼ੀਗਾਰ ਨਟ, ਸਵਾਂਗੀ ਹਰਿ ਕਰਤਾ ਆਪਣਾ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਖੇਲ ਰਚਾਈਆ । ਬੇਪਰਵਾਹ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਕਰਤਾ ਸੋਭਾ ਪਾਇੰਦਾ । ਸੁਹਾਵਣਹਾਰਾ ਮੁਕਾਮੇ ਹੱਕ ਸਚ ਮਹੱਲਾ, ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਆਪ ਹੋ ਜਾਇੰਦਾ । ਆਪਣੇ ਹੱਥ ਰੱਖੇ ਤੌਫ਼ੀਕ, ਦੇਵਣਹਾਰਾ ਸਦ ਹਦੀਸ, ਕਲਮਾ ਨਬੀ ਰਸੂਲ ਕਾਇਨਾਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਵ ਆਪ ਖੁਲ੍ਹਾਇੰਦਾ । ਭੇਵ ਅਭੇਵ ਖੋਲ੍ਹਣਹਾਰਾ, ਏਕੰਕਾਰ ਵੱਡੀ ਵਡਿਆਈਆ । ਆਦਿ ਜੁਗਾਦੀ ਨਿਰਗੁਣ ਸਰਗੁਣ ਲੈ ਅਵਤਾਰਾ, ਵੇਖਣਹਾਰਾ ਥਾਉਂ ਥਾਈਂਆ । ਕਾਗ਼ਜ਼ ਕਲਮ ਸ਼ਾਹੀ ਕਾਤਬ ਬਣ ਲਿਖਾਰਾ, ਨਿਤ ਨਵਿਤ ਕਰੇ ਸਚ ਪੜ੍ਹਾਈਆ । ਨਾਮ ਧੁਨ ਸ਼ਬਦ ਨਾਦ ਦਰਸਾਵਣਹਾਰ ਜੈਕਾਰਾ, ਅਨਬੋਲਤ ਆਪਣਾ ਰਾਗ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਜੀਵਾਂ ਜੰਤਾਂ ਜੋ ਦੇਂਦਾ ਰਿਹਾ ਲਾਰਾ, ਸਤਿ ਇਸ਼ਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਲੱਖ ਚੁਰਾਸੀ ਵੇਖੇ ਖੇਲ ਤਮਾਸ਼, ਘਟ ਘਟ ਅੰਦਰ ਡੇਰਾ ਲਾਈਆ । ਬੋਧ ਅਗਾਧ ਵਜਾਏ ਨਾਦ, ਧੁਨ ਸੁਣਾਏ ਸੁਨ ਸਮਾਧ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਭੇਵ ਖੁਲ੍ਹਾਈਆ । ਪੂਰਬ ਲਹਿਣਾ ਰੱਖੇ ਯਾਦ, ਜਨ ਭਗਤ ਸੁਣੇ ਫ਼ਰਿਆਦ, ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ

ਦੇਵੇ ਦਾਦ, ਦੇਵਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸੰਦੇਸਾ ਇਕ, ਹਰਿ ਕਰਤਾ ਆਪ ਜਣਾਈਆ । ਨਿਤ ਨਵਿਤ ਜੋ ਲੇਖਾ ਦਿਤਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਸ੍ਰੀ ਭਗਵਾਨ ਬਦਲੇ ਆਪਣੀ ਪਿਠ, ਕਰਵਟ ਇਕੋ ਲੈ ਅੰਗੜਾਈਆ । ਜਨ ਭਗਤਾਂ ਕਰੇ ਹਿਤ, ਹਿਤਕਾਰੀ ਬਣ ਕੇ ਵੇਸ ਵਟਾਈਆ । ਅੰਤਰ ਆਤਮ ਵਸੇ ਚਿਤ, ਮਨ ਠਗੌਰੀ ਕੋਇ ਨਾ ਪਾਈਆ । ਪ੍ਰੇਮ ਪਿਆਰ ਦੀ ਦੇ ਕੇ ਭਿਖ, ਭਿਛਿਆ ਇਕੋ ਵਾਰ ਵਰਤਾਈਆ । ਆਤਮ ਪਰਮਾਤਮ ਦੇਵੇ ਸਿਖ, ਸਿਖਿਆ ਸਚ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਹੋ ਜਾਈਆ । ਮਿਹਰਵਾਨ ਪ੍ਰਭ ਹੋਇਆ ਏਕ, ਏਕੰਕਾਰ ਆਪ ਅਖਵਾਇੰਦਾ । ਜੁਗ ਚੌਕੜੀ ਜਿਸ ਦੀ ਟੇਕ, ਸੋ ਸਾਹਿਬ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤੱਕਣ ਨੇਤਨ ਨੇਤ, ਨੇਤਰ ਨੈਣ ਸਰਬ ਉਠਾਇੰਦਾ । ਘਰ ਪ੍ਰੀਤਮ ਪੀਆ ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਹੇਤ, ਹਿਤਕਾਰੀ ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਜਿਸ ਦੇ ਹੱਥ ਦੋ ਜਹਾਨਾਂ ਲੇਖ, ਲੋਕ ਪਰਲੋਕ ਬਣਤ ਬਣਾਇੰਦਾ । ਲੱਖ ਚੁਰਾਸੀ ਜਿਸ ਦੀ ਖੇਡ, ਗੁਰ ਅਵਤਾਰ ਪੀਰ ਪੈਗ਼ੰਬਰ ਨਾਚ ਨਚਾਇੰਦਾ । ਘਟ ਘਟ ਅੰਦਰ ਜਿਸ ਦਾ ਜੋਤੀ ਤੇਜ, ਆਦਿ ਨਿਰੰਜਣ ਨੂਰ ਰੁਸ਼ਨਾਇੰਦਾ । ਆਤਮ ਪਰਮਾਤਮ ਮਾਣੇ ਸੇਜ, ਸਚ ਸਿੰਘਾਸਣ ਸੋਭਾ ਪਾਇੰਦਾ । ਸੁਹਾਵਣਹਾਰਾ ਸਚਖੰਡ ਦੇਸ, ਮਹਲ ਅਟੱਲ ਆਪ ਵਡਿਆਇੰਦਾ । ਸੁਤ ਦੁਲਾਰਾ ਸ਼ਬਦੀ ਦੇਵੇ
੮੦੭ ਭੇਜ, ਹੁਕਮ ਹਾਕਮ ਇਕ ਦ੍ਰਿੜਾਇੰਦਾ । ਕਲਜੁਗ ਅੰਤਮ ਧਰ ਕੇ ਭੇਖ, ਪੜਦਾ ਉਹਲਾ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ੮੦੭
੧੯ ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਦ੍ਰਿਸ਼ਟਾਇੰਦਾ । ਸਾਚੀ ਖੇਲ ਕਰੇ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਜਨ ਭਗਤਾਂ ੧੯
ਮੇਟਣ ਆਇਆ ਚਿੰਦ, ਚਿੰਤਾ ਚਿਖਾ ਦਏ ਮਿਟਾਈਆ । ਵਡ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਤਿਸ ਦੀ ਕਿਆ ਕੋਈ ਕਰੇ ਨਿੰਦ, ਕੋਟਨ ਕੋਟ ਨਿੰਦਕ ਨਿੰਦਿਆ ਮੁਖ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਬਣ ਸਾਹਿਬ ਬਖ਼ਸ਼ਿੰਦ, ਬਖ਼ਸ਼ਸ਼ ਰਹਿਮਤ ਆਪ ਵਰਤਾਈਆ । ਬਖ਼ਸ਼ਸ਼ ਰਹਿਮਤ ਵਰਤੇ ਜਗ, ਕਲਜੁਗ ਅੰਤ ਦਏ ਵਡਿਆਈਆ । ਪਰਗਟ ਹੋ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟ ਸਬਾਈ ਵੇਖ ਲੱਗੀ ਅੱਗ, ਨੌ ਖੰਡ ਪ੍ਰਿਥਮੀ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚਾ ਹਾਜੀ ਕਰੇ ਨਾ ਕੋਈ ਹੱਜ, ਹੁਜਰਾ ਹੱਕ ਨਾ ਕੋਇ ਸੁਹਾਈਆ । ਸੂਫੀ ਬਣ ਕੇ ਸਾਹਿਬ ਕੋਈ ਨਾ ਲਏ ਲੱਭ, ਸੁਹਬਤ ਵਿਚ ਫਸੀ ਲੋਕਾਈਆ । ਮਨ ਵਾਸਨਾ ਰਹੇ ਨੱਚ, ਮਤ ਮਤਵਾਲੀ ਰਹੀ ਕੁਰਲਾਈਆ । ਬੁਧ ਸਵਾਣੀ ਗਈ ਨੱਠ, ਸੁਰਤੀ ਹਾਣੀ ਸ਼ਬਦ ਨਾ ਕੋਇ ਮਿਲਾਈਆ । ਮਣਕਾ ਮਣਕਾ ਜਗਤ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਜਨ ਭਗਤ ਵਿਰਲਾ ਅੰਦਰ ਵੜ ਕੇ ਵਾਸਤਾ ਰਿਹਾ ਘੱਤ, ਸਾਢੇ ਤਿੰਨ ਹੱਥ ਅੰਦਰ ਧਿਆਨ ਲਗਾਈਆ । ਆਪਣੇ ਮਿਲਣ ਦੀ ਦੇ ਅੱਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਦੇ ਲੋਕਮਾਤ, ਪ੍ਰਭ ਤੇਰੇ ਅੱਗੇ ਇਕ ਅਰਜ਼ੋਈਆ । ਸਾਹਿਬ ਸੱਜਣ ਬਣ ਸਾਕ, ਸਗਲਾ ਸੰਗ ਨਿਭਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਪਰਦਾ ਦੇ ਮਿਟਾਈਆ । ਕਰ ਪਰਕਾਸ਼ ਨਿਰਮਲ ਜੋਤ ਲਲਾਟ, ਨੂਰੀ ਨੂਰ ਨੂਰ ਰੁਸ਼ਨਾਈਆ ।

ਪੱਤਣ ਵੇਖੀਏ ਤੇਰਾ ਘਾਟ, ਕਵਣ ਕੰਢੇ ਬੈਠਾ ਸੋਭਾ ਪਾਈਆ । ਬਾਤਨ ਜਾਹਰ ਕਰ ਬਾਤ, ਗੁਫ਼ਤ ਸ਼ੁਨੀਦ ਭੇਵ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਸਿਫ਼ਤ ਸਾਲਾਹ ਸਾਰੇ ਗਏ ਆਖ, ਬਾਂਹੋਂ ਫੜ ਸਕੇ ਨਾ ਕੋਇ ਮਿਲਾਈਆ । ਕਲਜੁਗ ਅੰਤਮ ਅਸੀਂ ਸਿਖਣ ਆਏ ਜਾਚ, ਕੋਝੇ ਕਮਲੇ ਬਾਲੇ ਨੱਢੇ, ਅੰਜਾਣੀ ਬੁਧ ਆਪਣੀ ਆਪ ਰਖਾਈਆ । ਸਾਕ ਸੱਜਣ ਭਾਈ ਭੈਣ ਮਿੱਤਰ ਪਿਆਰ ਸਾਰੇ ਛੱਡੇ, ਨਾਤਾ ਤੁਟਿਆ ਜਗਤ ਲੋਕਾਈਆ । ਕੂੜ ਕੁੜਿਆਰ ਪੰਚ ਵਿਕਾਰ ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰੋਂ ਕੱਢੇ, ਹਉਮੇਂ ਹੰਗਤਾ ਮਾਇਆ ਮਮਤਾ ਗੜ੍ਹ ਤੁੜਾਈਆ । ਤੇਰੇ ਨਾਉਂ ਦਾ ਗਾਈਏ ਇਕੋ ਛੰਦੇ, ਧੁਰ ਦਾ ਢੋਲਾ ਰਾਗ ਅਲਾਈਆ । ਰਵਦਾਸ ਚੁਮਾਰਾ ਤੇਰੇ ਦਰ ਤੇ ਮੰਗ ਮੰਗੇ, ਝੋਲੀ ਆਪਣੀ ਇਕ ਵਖਾਈਆ । ਪ੍ਰਭੂ ਵੇਖ ਮੇਰੇ ਵਰਗੇ ਭੁੱਖੇ ਨੰਗੇ, ਜਗਤ ਖ਼ਜ਼ਾਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਰਵਦਾਸ ਕਹੇ ਪ੍ਰਭ ਖੋਲ੍ਹ ਅੱਖ, ਮੈਂ ਸਚ ਦਿਆਂ ਜਣਾਈਆ । ਏਨ੍ਹਾਂ ਦੇ ਕਿਛ ਨਹੀਂ ਵਸ, ਸਭ ਤੇਰੇ ਹੱਥ ਵਡਿਆਈਆ । ਤੂੰ ਸਾਹਿਬ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਘਰ ਘਰ ਦੇ ਦੇ ਪਿਛਲਾ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਅੰਦਰ ਵੜ ਕੇ ਦੇ ਮਤ, ਬਾਹਰੋਂ ਸਮਝ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਈਆ । ਰਵਦਾਸ ਕਹੇ ਪ੍ਰਭ ਔਹ ਵੇਖ ਬ੍ਰਾਹਮਣ, ਬਨਾਰਸ ਬੈਠਾ ਨਜ਼ਰੀ ਆਈਆ । ਜਿਸ ਦਾ ਬਣਿਆ ਮੈਂ ਜ਼ਾਮਨ, ਪੱਲੂ ਤੇਰੇ ਨਾਲ ਬੰਧਾਈਆ । ਅੰਤ ਛੱਡਣਾ ਨਾ ਪਏ ਦਾਮਨ, ਦਾਮਨਗੀਰ ਤੇਰੀ ਸਰਨਾਈਆ । ਲੇਖਾ ਪੂਰਾ ਕਰਦੇ ਕਾਮਨ, ਕਰਮ ਕਾਂਡ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇਣੀ ਇਕ ਵਡਿਆਈਆ । ਧੁਰ ਦੀ ਵਡਿਆਈ ਮੰਗੇ ਪਹਿਲੀ ਚੇਤ, ਬੀਸ ਇਕੀਸਾ ਧਿਆਨ ਲਗਾਈਆ । ਜੁਗ ਚੌਕੜੀ ਤੇਰੀ ਵਲ ਛਲਧਾਰੀ ਵੇਖੀ ਖੇਡ, ਅਛਲ ਛਲ ਤੇਰੀ ਸਾਰ ਕਿਸੇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਦਿਤੇ ਭੇਜ, ਹੌਲੀ ਹੌਲੀ ਨਾਦ ਸੁਣਾਈਆ । ਪੰਜ ਤਤ ਕਾਇਆ ਮਾਣ ਕੇ ਗਏ ਸੇਜ, ਸੁਹੰਜਣਾ ਆਸਣ ਇਕ ਸੁਹਾਈਆ । ਖ਼ਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਦੇ ਕੇ ਗਏ ਸਦੇਸ਼, ਰਸਨਾ ਜਿਹਵਾ ਢੋਲਾ ਬੱਤੀ ਦੰਦ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਪਾਰਬ੍ਰਹਮ ਪਤਿਪਰਮੇਸ਼ਵਰ ਆਵੇ ਜਾਵੇ ਸਦਾ ਹਮੇਸ਼, ਨਿਤ ਨਵਿਤ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਲਿਖਣਹਾਰਾ ਲੇਖ, ਵਿਸ਼ਨ ਬ੍ਰਹਮਾ ਧੁਰ ਦਾ ਹੁਕਮ ਇਕ ਸਮਝਾਈਆ । ਜਨ ਭਗਤਾਂ ਅੰਦਰ ਵੜ ਕੇ ਦੇਵੇ ਭੇਤ, ਪੜਦਾ ਉਹਲਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਪਹਿਲੀ ਚੇਤ ਚੁੱਕੇ ਹੱਥ, ਪੰਜਾਂ ਉਂਗਲਾਂ ਨਾਲ ਇਸ਼ਾਰਾ ਰਿਹਾ ਕਰਾਈਆ । ਵੇਖੇ ਖੇਲ ਪੁਰਖ ਸਮਰਥ, ਦੀਨ ਦਿਆਲ ਧਾਰ ਚਲਾਈਆ । ਨਿਰਗੁਣ ਜੋਤ ਕਰ ਪਰਗਟ, ਸਾਚੀ ਕਰਨੀ ਕਾਰ ਕਮਾਈਆ । ਪੂਰਬ ਲਹਿਣਾ ਦੇਵੇ ਵੱਥ, ਲੇਖਾ ਪਿਛਲਾ ਸਰਬ ਮਿਟਾਈਆ । ਅੱਗੇ ਮਾਰਗ ਦੇਵੇ ਦੱਸ, ਅਭੁੱਲ ਭੁੱਲ ਕਦੇ ਨਾ ਜਾਈਆ । ਜਨ ਭਗਤ ਖੋਲ੍ਹ ਕੇ ਨਿਜ ਅੱਖ, ਨੇਤਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਹਰਿ ਜੂ ਵੱਡਾ, ਕਲ ਕਰਤਾ ਖੇਲ ਕਰਾਇੰਦਾ । ਗੁਰਮੁਖ ਵੇਖੇ ਬਾਲਾ ਨੱਢਾ, ਦੂਰ ਦੁਰਾਡਾ ਮੇਲ ਮਿਲਾਇੰਦਾ । ਜਗਤ ਵਿਕਾਰ

ਦੀ ਤੋੜ ਕੇ ਹੱਦਾ, ਘਰ ਸਾਚਾ ਇਕ ਸਮਝਾਇੰਦਾ । ਘਰ ਨਾਦ ਵਜਾਏ ਸਚ ਅਨਹਦਾ, ਧੁਰ ਦੀ ਧਾਰ ਆਪ ਸਮਝਾਇੰਦਾ । ਪ੍ਰੇਮ ਪ੍ਰੀਤੀ ਅੰਦਰ ਬੱਝਾ, ਹਰਿ ਕਰਤਾ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਪਹਿਲੀ ਚੇਤ ਕਰਨੀ ਕਰਤਾਰ, ਹਰਿ ਕਰਤਾ ਆਪ ਕਰਾਈਆ । ਲੇਖਾ ਲਿਖੇ ਰਵਦਾਸ ਚਮਿਆਰ, ਗੁਰਮੁਖ ਦੇਵੇ ਵਡਿਆਈਆ । ਪੂਰਬ ਜਨਮ ਦਾ ਕਰਜ਼ ਉਤਾਰ, ਹਿਸਾਬ ਬੇਬਾਕ ਰਿਹਾ ਵਖਾਈਆ । ਕੱਠੇ ਕਰ ਇਕ ਦਰਬਾਰ, ਧੁਰ ਦਰਬਾਰਾ ਦਏ ਜਣਾਈਆ । ਇੱਟ ਦਾ ਰਿਹਾ ਨਾ ਕੋਈ ਉਧਾਰ, ਚਾਰ ਕਹਾਰ ਲੇਖੇ ਪਾਈਆ । ਪੰਜਵੇਂ ਮਿੱਤਰ ਕਰ ਪਿਆਰ, ਬੇੜਾ ਸਾਚਾ ਕੰਧ ਉਠਾਈਆ । ਬ੍ਰਾਹਮਣ ਨਾਲ ਕਰ ਵਿਹਾਰ, ਲੇਖਾ ਲੇਖੇ ਰਿਹਾ ਲਗਾਈਆ । ਸੰਗ ਵੇਖਿਆ ਓਨ੍ਹਾਂ ਚਾਰ, ਮਿਲਿਆ ਮੇਲ ਸਾਚੇ ਥਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਾਹਮਣ ਕਹੇ ਮੇਰੇ ਸੰਗੀ ਚਾਰ, ਚੌਹਾਂ ਬਣਤ ਬਣਾਈਆ । ਚਾਰੇ ਜੁਗ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਚਾਰੇ ਵੇਦ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਚਾਰੇ ਬਾਣੀ ਵਾਜਾਂ ਰਹੀ ਮਾਰ, ਸੋਹਣਾ ਢੋਲਾ ਰਾਗ ਸੁਣਾਈਆ । ਚਾਰੇ ਖ਼ਾਣੀ ਨੇਤਰ ਰੋਵੇ ਜ਼ਾਰੋ ਜ਼ਾਰ, ਧੀਰਜ ਨਜ਼ਰ ਕੋਇ ਨਾ ਆਈਆ । ਚੌਥੇ ਜੁਗ ਪਰਮ ਪੁਰਖ ਪ੍ਰਭ ਲੇਖਾ ਰਿਹਾ ਵਿਚਾਰ, ਦੂਜਾ ਸੰਗ ਨਾ ਕੋਇ ਰਲਾਈਆ । ਲੋਕਮਾਤ ਸਚ ਲੱਗਾ ਇਕ ਦਰਬਾਰ, ਧੁਰ ਦਰਬਾਰੀ ਸੋਭਾ ਪਾਈਆ । ਪਿਛੇ ਕਰ ਆਇਆ ਉਧਾਰ, ਅੱਗੇ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਰਵਦਾਸ ਕਹੇ ਸੁਣ ਬ੍ਰਾਹਮਣ ਮਿਤ, ਤੈਨੂੰ ਸਚ ਦਿਆਂ ਦ੍ਰਿੜਾਈਆ ।





ਪਹਿਲੀ ਚੇਤਰ ਆ ਗਈ ਥਿਤ, ਆਪਣਾ ਆਪ ਬਦਲਾਈਆ । ਪ੍ਰਭੂ ਦਵਾਰਿਉਂ ਮੰਗ ਲੈ ਭਿਖ, ਖ਼ਾਲੀ ਝੋਲੀ ਅੱਗੇ ਡਾਹੀਆ । ਕਿਰਪਾਨਿਧਾਨ ਜੇ ਲੇਖਾ ਦੇਵੇ ਲਿਖ, ਸਭ ਦੀ ਟੁੱਟੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬ੍ਰਾਹਮਣ ਕਹੇ ਸੁਣ ਚਮਿਆਰ ਮੋਚੀ, ਗੁਰਮੁਖ ਤੈਨੂੰ ਦਿਆਂ ਜਣਾਈਆ । ਇਹੋ ਜਿਹੀ ਗੱਲ ਮੈਂ ਕਦੇ ਨਾ ਸੋਚੀ, ਜਿਸ ਵਿਚ ਮੇਰੀ ਹੋਵੇ ਭਲਿਆਈਆ । ਨੌਂ ਜਨਮ ਮੇਰੀ ਵਾਸਨਾ ਰਹੀ ਖੋਟੀ, ਫਿਰਦਾ ਰਿਹਾ ਵਾਹੋ ਦਾਹੀਆ । ਕਲਜੁਗ ਅੰਤ ਮੈਂ ਇਕੋ ਸੁਣਿਆ ਸਚ ਸਲੋਕੀ, ਜਿਸ ਦੀ ਸਮਝ ਅਜੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਵਦਾਸ ਕਹੇ ਚੇਤ ਮਹੀਨਾ, ਨਵ ਨੌਂ ਚਾਰ ਪਿਛੋਂ ਮਾਤ ਆਈਆ । ਜਿਸ ਦਿਵਸ ਉਤੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣਾ ਛੱਡਣਾ ਮਜ਼੍ਹਬ ਦੀਨਾ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਦੋ ਜਹਾਨ ਚੌਦਾਂ ਲੋਕ ਚੌਦਾਂ ਤਬਕ ਸਭ ਦਾ ਛੁੱਟੇ ਖਾਣਾ ਪੀਣਾ, ਰਸ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਵਦਾਸ ਕਹੇ ਪੰਡਤ ਉਠ ਡਾਹ ਝੋਲੀ, ਸਾਹਿਬ ਸਤਿਗੁਰ ਦਇਆ ਕਮਾਈਆ । ਦਰ ਦਰਵੇਸ ਬਣ ਗੋਲੀ, ਗੋਲਕ ਪਿਛਲੀ ਦੇ ਗਵਾਈਆ । ਰਵਦਾਸ ਦੀ ਸਮਝ ਇਕੋ ਬੋਲੀ, ਜੋ ਦੋ ਅੱਖਰਾਂ ਵਿਚ ਜਣਾਈਆ । ਅਬਿਨਾਸ਼ੀ ਕਰਤਾ ਤੋਲ ਰਿਹਾ ਤੋਲੀ, ਤੋਲਣਹਾਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਪੰਡਤ ਕਹੇ ਸੁਣ ਰਵਦਾਸ ਸੱਜਣ, ਇਕ ਦਿਆਂ ਜਣਾਈਆ । ਫੜ ਬਾਂਹੋਂ ਕਰਾ ਦੇ ਮਜਨ, ਮੇਰੀ ਦੁਰਮਤ ਮੈਲ ਧਵਾਈਆ । ਕੂੜੀ ਕਿਰਿਆ ਭਾਂਡੇ ਭੱਜਣ, ਭਰਮ ਭੌ ਰਹੇ

ਨਾ ਰਾਈਆ । ਪ੍ਰੇਮ ਪ੍ਰੀਤੀ ਵਿਚ ਹੋਵਾਂ ਮਗਨ, ਸੁਰਤੀ ਸ਼ਬਦ ਨਾਲ ਜੁੜਾਈਆ । ਇਕੋ ਆਵੇ ਪਰਮਾਨੰਦਨ, ਨਿਜਾਨੰਦ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਰਵੀ ਕਿਹਾ ਇਹ ਨਹੀਂ ਬਾਤ, ਪਿਛਲਾ ਲੇਖ ਜਣਾਈਆ । ਪਰਮ ਪੁਰਖ ਪ੍ਰਭ ਦੇਵਣਹਾਰਾ ਦਾਤ, ਜੋ ਭਿਖਾਰੀ ਮੰਗਣ ਆਈਆ । ਉਠ ਵੇਖ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦੇ ਪੂਰੇ ਕਰੇ ਭਵਿਖਤ ਵਾਕ, ਵਾਕਿਆ ਆਪਣੇ ਨਾਲ ਮਿਲਾਈਆ । ਸਚ ਧਰਮ ਦਾ ਖੋਲ੍ਹਣ ਆਇਆ ਤਾਕ, ਪਰਦਾ ਉਹਲਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਾਹਮਣ ਉਠ ਕੇ ਵੇਖਿਆ ਚਾਰੋਂ ਕੁੰਟ, ਨੈਣ ਅੱਖ ਖੁਲ੍ਹਾਈਆ । ਕੀ ਰਵਦਾਸ ਦੱਸੇਂ ਸਚ ਇਹ ਬੈਕੁੰਠ, ਧਾਮ ਅਵੱਲੜਾ ਸੋਭਾ ਪਾਈਆ । ਮੇਰਾ ਹਰਖ਼ ਸੋਗ ਨਾ ਰਹੇ ਕੋਈ ਚਿੰਤ, ਗ਼ਮੀ ਗ਼ਮ ਨਾ ਕੋਇ ਸਤਾਈਆ । ਪ੍ਰਭ ਮਿਲਣ ਦੀ ਹੋਵੇ ਹਿੰਮਤ, ਹੌਸਲਾ ਇਕੋ ਵਾਰ ਵਧਾਈਆ । ਦਰ ਠਾਂਡੇ ਕਰਾਂ ਮਿੰਤ, ਨਿਉਂ ਨਿਉਂ ਲਾਗਾਂ ਪਾਈਆ । ਅੱਗੇ ਫੇਰ ਨਾ ਕਰਾਂ ਇੱਲਤ, ਕੂੜੀ ਕਿਰਿਆ ਨਾ ਕੋਇ ਚਤਰਾਈਆ । ਮੇਰੀ ਪਿਛਲੀ ਪੋਸ਼ਾਕ ਲਹੇ ਖ਼ਿਲਤ, ਚੋਲਾ ਚੋਲੇ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਬ੍ਰਾਹਮਣ ਸੁਣ ਕੇ ਬਲਾਸ, ਸ੍ਰੀ ਭਗਵਾਨ ਲਏ ਅੰਗੜਾਈਆ । ਅੰਦਰੇ ਅੰਦਰ ਕਰ ਤਲਾਸ਼, ਖੋਜਤ ਖੋਜਤ ਭੇਵ ਚੁਕਾਈਆ । ਦੋਹਾਂ ਦੀ ਵੇਖ ਕੇ ਹਰਿ ਜੂ ਖ਼ਾਹਿਸ਼, ਖ਼ਾਲਸ ਆਪਣਾ ਹੁਕਮ ਵਰਤਾਈਆ । ਸਾਚਾ ਕਾਰਜ ਆਵੇ ਰਾਸ, ਧੁਰ ਦੀ ਧਾਰ ਇਕ ਦ੍ਰਿੜਾਈਆ । ਚਾਰੇ ਮਿਲ ਜਾਣ ਇਕ ਜਮਾਤ, ਨਾਤਾ ਜੁੜੇ ਭਾਈ ਭਾਈਆ । ਕੱਠੇ ਹੋ ਕੇ ਮੰਗਣ ਦਾਤ, ਦੋਏ ਜੋੜ ਸੀਸ ਨਿਵਾਈਆ । ਤਾਰਾ ਸਿੰਘ ਪਿਛੇ ਖੋਲ੍ਹੇ ਸਭ ਦਾ ਖਾਤ, ਅਜੀਤ ਸਿੰਘ ਪਰਦਾ ਰਹੇ ਨਾ ਰਾਈਆ । ਫੁੰਮਣ ਸਿੰਘ ਪਿਛਲਾ ਨਾਤਾ ਤੁਟੇ ਪਿਤਾ ਮਾਤ, ਅੱਗੇ ਪੁਰਖ ਅਕਾਲ ਜੁੜਾਈਆ । ਨਾਜ਼ਰ ਸਿੰਘ ਲੇਖਾ ਜਾਣੇ ਸੱਜਣ ਸਾਕ, ਗੋਬਿੰਦ ਮੇਲਾ ਸਹਿਜ ਸੁਭਾਈਆ । ਡੱਲੇ ਨਾਲ ਕੀਤਾ ਵਾਕ, ਬਿਨ ਅੱਖਰਾਂ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਚੌਹਾਂ ਲੇਖਾ ਹੱਥ ਨਿਰੰਕਾਰ, ਦੂਸਰ ਸਕੇ ਨਾ ਕੋਇ ਸਮਝਾਈਆ । ਕਰੇ ਖੇਲ ਅਗੰਮ ਅਪਾਰ, ਪਾਰਬ੍ਰਹਮ ਬੇਪਰਵਾਹੀਆ । ਵੇਦ ਵਿਆਸਾ ਉਠ ਕੇ ਰੋਵਣ ਲੱਗਾ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਤੇਰੀ ਸੋਹਣੀ ਦਿਸੇ ਗੁਲਜ਼ਾਰ, ਫੁਲ ਫਲਵਾੜੀ ਮਾਤ ਮਹਿਕਾਈਆ । ਮੈਨੂੰ ਯਾਦ ਆਇਆ ਪੰਜਾਂ ਪਿਆਰ, ਜਿਸ ਵੇਲੇ ਮੇਰਾ ਜਨਮ ਦਿਤਾ ਮੇਰੀ ਮਾਈਆ । ਨਾ ਜ਼ਿਮੀ ਨਾ ਅਸਮਾਨ, ਨਾ ਮੰਦਰ ਘਰ ਕੋਈ ਮਕਾਨ, ਜੰਗਲ ਜੂਹ ਉਜਾੜ ਖ਼ੁਸ਼ੀ ਮਨਾਈਆ । ਪੰਜੇ ਬੱਚੇ ਬਾਲ ਨਾਦਾਨ, ਅੰਦਰੇ ਅੰਦਰ ਆਇਆ ਧਿਆਨ, ਕਿਰਪਾ ਕਰੇ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਸਾਨੂੰ ਦੇਵੇ ਸੱਚਾ ਮਾਣ, ਬਾਲਕ ਜੰਮੀਏ ਵਿਚ ਜਹਾਨ, ਜਿਨ੍ਹਾਂ ਮਿਲੇ ਸ੍ਰੀ ਭਗਵਾਨ, ਭਗਵਨ ਰੂਪ ਅਨੂਪ ਸਮਾਈਆ । ਉਨ੍ਹਾਂ ਲੇਖਾ ਚੁੱਕੇ ਆਣ, ਨਾ ਕੋਈ ਸਕੇ ਮਾਤ ਪਛਾਣ, ਲੇਖਾ ਲਿਖੇ ਨਾ ਕੋਈ ਬੁਧੀਵਾਨ, ਮਨਮਤ ਸਮਝ ਕਿਸੇ ਨਾ ਆਈਆ । ਓਧਰ ਰਵਦਾਸ ਗਾਏ ਗਾਨ, ਤੇਰਾ ਖੇਲ ਪ੍ਰਭੂ ਮਹਾਨ, ਤੇਰਾ ਝੁੱਲਦਾ ਰਹੇ ਨਿਸ਼ਾਨ, ਦੋ ਜਹਾਨਾਂ ਇਕੋ ਰੰਗ ਵਖਾਈਆ । ਓਧਰ ਤੇਈ ਅਵਤਾਰ ਕਰਨ ਪਹਿਚਾਨ, ਈਸਾ ਮੂਸਾ ਮੁਹੰਮਦ ਵੇਖਣ ਮਾਰ ਧਿਆਨ, ਨਾਨਕ ਗੋਬਿੰਦ ਰਾਹ ਤਕਾਣ, ਕਬੀਰ ਜੋਲਾਹਾ ਭਗਤ ਅਠਾਰਾਂ ਰਿਹਾ ਉਠਾਈਆ । ਓਧਰ ਰੰਬੀ ਆਰ

ਕਹੇ ਮੈਂ ਬਲਵਾਨ, ਤਾਗਾ ਕਹੇ ਮੈਂ ਮਿਹਰਵਾਨ, ਜਿਸ ਕੋਟਨ ਕੋਟ ਜੋੜੇ ਜੋੜੇ ਵਿਚ ਜਹਾਨ, ਪਾਣਾ ਗੰਢ ਕੇ ਖ਼ੁਸ਼ੀ ਮਨਾਈਆ । ਓਧਰੋਂ ਖ਼ੁਸ਼ੀ ਹੋਇਆ ਭਗਵਾਨ, ਸਚ ਸੰਦੇਸਾ ਦੇਵੇ ਆਣ, ਸ਼ਬਦ ਅਗੰਮੀ ਬੋਲੇ ਬੇ ਜ਼ਬਾਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਮੇਰਾ ਰਵਦਾਸ ਨਾਲ ਮੇਲ ਮਹਾਨ, ਨਾਤਾ ਛੁੱਟੇ ਜ਼ਿਮੀਂ ਅਸਮਾਨ, ਨੇਤਰ ਰੋਵਣ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਣ, ਕਰੋੜ ਤੇਤੀਸਾ ਸੁਰਪਤ ਧੀਰ ਨਾ ਕੋਇ ਧਰਾਈਆ । ਪਿਛਲਾ ਲੇਖਾ ਕੱਢ ਕੇ ਦੋਵੇਂ ਖ਼ੁਸ਼ੀ ਮਨਾਣ, ਘਰ ਬਹਿ ਕੇ ਸੋਹਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸੁਣ ਕੇ ਕਰਨੀ ਕਰਤਾ ਪੁਰਖ, ਚਾਰੇ ਜੁਗ ਭੱਜੇ ਵਾਹੋ ਦਾਹੀਆ । ਚਲੋ ਮੇਟੀਏ ਚਿੰਤਾ ਦੁੱਖ, ਹਰਖ਼ ਸੋਗ ਗਵਾਈਆ । ਪਰਮ ਪੁਰਖ ਦਾ ਤੱਕੀਏ ਮੁਖ, ਜਲਵਾ ਜੋਤ ਨੂਰ ਰੁਸ਼ਨਾਈਆ । ਦਰ ਆਇਆ ਘਰ ਲਏ ਪੁਛ, ਮਿਹਰ ਨਜ਼ਰ ਉਠਾਈਆ । ਵਸਤ ਅਮੋਲਕ ਦੇਵੇ ਕੁਛ, ਜੋ ਆਪਣੇ ਸੰਗ ਰਖਾਈਆ । ਜਗਤ ਭੰਡਾਰਾ ਨਾ ਜਾਵੇ ਮੁੱਕ, ਅਤੋਟ ਅਤੁਟ ਵਰਤਾਈਆ । ਨੌਂ ਸੌ ਚੁਰਾਨਵੇ ਚੌਕੜੀ ਜੋ ਰਿਹਾ ਲੁੱਕ, ਕਲਜੁਗ ਅੰਤਮ ਪੜਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰੇ ਬੇਨਜ਼ੀਰ, ਦਇਆਵਾਨ ਅਖਵਾਇੰਦਾ । ਜਿਸ ਦੀ ਖਿਚੇ ਨਾ ਕੋਈ ਤਸਵੀਰ, ਮੁਸੱਵਰ ਭੇਵ ਕੋਇ ਨਾ ਪਾਇੰਦਾ । ਸੋ ਬਦਲਣ ਆਇਆ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਔਹ ਵੇਖੋ ਚਾਰ ਕਹਾਰ ਪਿਛਲੇ ਵੀਰ, ਪੰਜਵਾਂ ਸੰਗੀ ਜੋੜ ਜੁੜਾਇੰਦਾ । ਅੰਤਮ ਚੋਟੀ ਚਾੜ੍ਹ ਅਖ਼ੀਰ, ਹਰਿ ਕਰਤਾ ਖੇਲ ਵਖਾਇੰਦਾ । ਰਵਦਾਸ ਚਿੱਟੇ ਉਤੇ ਪਾ ਕਾਲੀ ਲਕੀਰ, ਲੇਖਾ ਅਗਲਾ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਵੇਖਣ ਅਵਤਾਰ ਗੁਰੂ, ਪੀਰ ਪੈਗ਼ੰਬਰ ਧਿਆਨ ਲਗਾਈਆ । ਵੇਖੋ ਸਤਿਜੁਗ ਹੁੰਦਾ ਸ਼ੁਰੂ, ਜਿਸ ਦੀ ਸ਼ਰਅ ਸਮਝ ਕਿਸੇ ਨਾ ਆਈਆ । ਪਰਮ ਪੁਰਖ ਦਾ ਮੰਤਰ ਇਕੋ ਫੁਰੂ, ਫੁਰਨੇ ਸਭ ਦੇ ਬੰਦ ਕਰਾਈਆ । ਸੱਚੇ ਮਾਰਗ ਗੁਰਮੁਖ ਵਿਰਲਾ ਤੁਰੂ, ਭਰਮੇ ਭੁੱਲੇ ਸਰਬ ਲੋਕਾਈਆ । ਕਲਜੁਗ ਕੂੜੀ ਕਿਰਿਆ ਬੇੜਾ ਰੁੜੂ, ਅੱਗੇ ਸਕੇ ਨਾ ਕੋਇ ਬਚਾਈਆ । ਹਰਿ ਕਾ ਸ਼ਬਦ ਕਦੇ ਨਾ ਮੁੜੂ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਿਜੁਗ ਵੇਖੋ ਲੱਗਦਾ ਮਾਤ, ਪ੍ਰਭ ਇਕੋ ਮਤ ਸਮਝਾਈਆ । ਦੇਵੇ ਵਡਿਆਈ ਵੇਦ ਵਿਆਸ ਆਪਣੀ ਦਾਤ, ਜਿਸ ਰਾਤ ਰੁੱਤੜੀ ਇਕ ਸੁਹਾਈਆ । ਪੰਜਾਂ ਪੂਰੀ ਕਰ ਕੇ ਆਸ, ਆਸਾ ਤੋੜ ਰਖਾਈਆ । ਜਨਮ ਜਨਮ ਦੀ ਮੇਟ ਪਿਆਸ, ਹਰਖ਼ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਵੇਦ ਵਿਆਸ ਤੇਰੇ ਪੰਜੇ ਸ਼ੇਰ, ਸ਼ਹਿਨਸ਼ਾਹ ਦਿਤੀ ਸਰਨਾਈਆ । ਜੁਗ ਚੋਕੜੀ ਪਿਛੋਂ ਜਾਮਾ ਬਦਲਿਆ ਫੇਰ, ਬਦਲੀ ਆਪਣੀ ਆਪ ਕਰਾਈਆ । ਮਿਹਰ ਨਜ਼ਰ ਕਰ ਲਿਆਂਦੇ ਘੇਰ, ਹੁਕਮੇ ਹੁਕਮ ਵਰਤਾਈਆ । ਜਿਸ ਦਾ ਪੁਰਾਨ ਅਠਾਰਾਂ ਨਾ ਪਾਵਣ ਭੇਦ, ਗੀਤਾ ਗਿਆਨ ਨਾ ਕੋਇ ਸਮਝਾਈਆ । ਇਹੋ ਖੇਲ ਅਛਲ ਅਛੇਦ, ਵਲ ਛਲਧਾਰੀ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਆਪੇ ਭੇਜ, ਫੁਰਨੇ ਅੰਦਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਉਠਾਈਆ । ਪੜਦਾ ਉਹਲਾ ਦੇਵੇ ਚੁੱਕ, ਮੁਖ ਨਕਾਬ ਨਾ ਕੋਇ ਰਖਾਇੰਦਾ ।

ਹਰਿ ਭਗਤ ਭਬਕ ਲਾ ਕੇ ਪਏ ਬੁੱਕ, ਭੈ ਭੌ ਸਰਬ ਮਿਟਾਇੰਦਾ । ਉਜਲ ਕਰੇ ਹਰਿ ਜੂ ਮੁਖ, ਸਿਰ ਆਪਣਾ ਹੱਥ ਟਿਕਾਇੰਦਾ । ਕੂੜੀ ਕਿਰਿਆ ਮੇਟ ਕੇ ਦੁੱਖ, ਸੁਖ ਸਾਗਰ ਇਕ ਸਮਝਾਇੰਦਾ । ਸਫਲ ਕਰਾ ਕੇ ਜਨਨੀ ਕੁੱਖ, ਅੰਤਮ ਆਪਣੀ ਗੋਦ ਬਹਾਇੰਦਾ । ਕਰੇ ਪਿਆਰ ਜਿਉਂ ਮਾਤਾ ਪੁੱਤ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਪੰਜਾਂ ਦੇ ਵਡਿਆਈ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਓਧਰੋਂ ਰਵਦਾਸ ਚੁਮਾਰ ਹੁਕਮੇ ਅੰਦਰ ਲਿਆਂਦੇ ਸੱਦ, ਚਾਰ ਕਹਾਰ ਪੰਜਵਾਂ ਭਾਈਆ । ਯਾਰ ਯਾਰੀ ਨਾਲ ਲਈ ਗੰਢ, ਲੱਗੀ ਸਕੇ ਨਾ ਕੋਇ ਤੁੜਾਈਆ । ਪਿਛਲੀ ਪਿਛੇ ਗਈ ਹੰਢ, ਅਗਲਾ ਪੜਦਾ ਦਏ ਉਠਾਈਆ । ਆਤਮ ਅੰਤਰ ਦੇ ਅਨੰਦ, ਗੁਰਮੁਖ ਚੰਦ ਨੂਰ ਰੁਸ਼ਨਾਈਆ । ਸਾਚਾ ਢੋਲਾ ਦੱਸ ਕੇ ਛੰਦ, ਕਰੇ ਕਰਾਏ ਹੱਕ ਪੜ੍ਹਾਈਆ । ਓਧਰੋਂ ਪੰਡਤ ਮੁਕਿਆ ਪੰਧ, ਜਨਮ ਨੌ ਲੇਖ ਚੁਕਾਈਆ । ਚਾਰ ਸੱਜਣਾ ਬਣਿਆ ਸੰਗ, ਜਿਨ੍ਹਾਂ ਮਈਆ ਬੈਠੀ ਰਾਹ ਤਕਾਈਆ । ਓਧਰੋਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੁਕਾ ਕੇ ਆਈਆਂ ਪੰਧ, ਦਰ ਬੈਠੀਆਂ ਸੀਸ ਨਿਵਾਈਆ । ਦੋਏ ਜੋੜ ਮੰਗਾਂ ਰਹੀਆਂ ਮੰਗ, ਗਲ ਪੱਲੂ ਇਕੋ ਪਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸਰਨਾਈਆ । ਅਸੀਂ ਵੇਖੀਏ ਤੇਰੇ ਚਮਕਦੇ ਚੰਦ, ਜਲਵਾ ਤੇਜ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਗੰਗਾ ਕਹੇ ਮੇਰਾ ਗੰਗਾ ਜਲ, ਪ੍ਰਭ ਸੇਵਾ ਤੇਰੀ ਕਮਾਈਆ । ਜਮਨਾ ਕਹੇ ਮੈਂ ਦੂਰ ਦੁਰਾਡੇ ਆਈ ਲੰਘ, ਸਿਰ ਗਗਰੀਆ ਇਕ ਉਠਾਈਆ । ਸੁਰਸਤੀ ਕਹੇ ਮੇਰਾ ਮੁੱਕਿਆ ਪਿਛਲਾ ਪੰਧ, ਦਰ ਇਕੋ ਓਟ ਰਖਾਈਆ । ਗੋਦਾਵਰੀ ਕਹੇ ਮੈਨੂੰ ਢਈਏ ਪਿਛੋਂ ਪਈ ਠੰਡ, ਦਰ ਤੇਰਾ ਦਰਸ਼ਨ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਮਾਰ ਕੇ ਤਾਲੀ ਕਹਿਣ ਸਾਹਿਬ ਬਖ਼ਸ਼ੰਦ, ਬਖ਼ਸ਼ਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੰਗਾ ਜਲ ਖ਼ੁਸ਼ ਹੋਵੇ ਪਾਣੀ, ਸੰਮਤ ਪੰਦਰਾਂ ਰਾਹ ਤਕਾਈਆ । ਪਾਰਬ੍ਰਹਮ ਪ੍ਰਭ ਇਕੀਆਂ ਨਾਲ ਦੇ ਕੇ ਆਇਆ ਨਿਸ਼ਾਨੀ, ਤ੍ਰਿਬੈਣੀ ਆਪਣਾ ਚਰਨ ਛੁਹਾਈਆ । ਗੋਦਾਵਰੀ ਕਹੇ ਮੈਨੂੰ ਆਵੇ ਹਾਨੀ, ਨੇਤਰ ਅੱਖ ਨਾ ਸਕਾਂ ਖੁਲ੍ਹਾਈਆ । ਮੈਂ ਚੁਪ ਚੁਪੀਤੀ ਸੁਣਦੀ ਰਹੀ ਬਾਣੀ, ਹਰਿ ਜੂ ਕੀ ਕੀ ਹੁਕਮ ਵਰਤਾਈਆ । ਸਾਨੂੰ ਪ੍ਰਭੂ ਤਰਸ ਆਵੇ ਅੰਦਰੇ ਅੰਦਰ ਰੋਵੇ ਮਿਸ਼ਰਾਣੀ, ਬਾਹਰੋਂ ਹੌਸਲਾ ਰਹੀ ਵਖਾਈਆ । ਓਹਨੂੰ ਪਿਛਲੀ ਭੁੱਲੀ ਕਹਾਣੀ, ਜੋ ਬ੍ਰਾਹਮਣ ਨਾਲ ਮਿਲੀ ਵਡਿਆਈਆ । ਨੱਥ ਸੁਹਾਗ ਸਦਾ ਰਹੇ ਨਾ ਬਣੀ ਰਹੇ ਨਾ ਰਾਣੀ, ਘਰ ਮਹਲ ਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਜਲ ਵਿਚੋਂ ਬੋਲਿਆ ਨੀਰ, ਆਪਣਾ ਹਾਲ ਸੁਣਾਈਆ । ਮੇਰੇ ਅੰਦਰ ਲੱਗੀ ਪੀੜ, ਦੁੱਖ ਸਕੇ ਨਾ ਕੋਇ ਮਿਟਾਈਆ । ਮੈਂ ਤੀਰਥ ਤੱਟਾਂ ਉਤੇ ਹੋਇਆ ਦਿਲਗੀਰ, ਧੀਰਜ ਨਜ਼ਰ ਕੋਇ ਨਾ ਆਈਆ । ਬਿਰਹੋਂ ਵਿਛੋੜਾ ਲੱਗਾ ਤੀਰ, ਪ੍ਰਭੂ ਅਣਿਆਲਾ ਦਿਤਾ ਚਲਾਈਆ । ਤੇਰੇ ਕੋਲ ਆਇਆ ਅਖ਼ੀਰ, ਦੋਏ ਜੋੜ ਲਾਗਾਂ ਪਾਈਆ । ਮੇਰੀ ਬਦਲ ਦੇ ਤਕਦੀਰ, ਤਦਬੀਰ ਹੱਥ ਤੇਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਨੀਰ ਵੇਖ ਰੋਈ ਕੜਾਹੀ, ਦੋਹਾਂ ਕੁੰਡਿਆਂ ਹਾਲ ਸੁਣਾਈਆ । ਪ੍ਰਭ ਮੇਰੇ ਵਲ ਧਿਆਨ ਲਗਾਈਂ, ਦਰ ਵਾਸਤਾ ਰਹੀ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਬੀਤਿਆਂ

ਤੇਰੀ ਆਸ ਤਕਾਈ, ਕਲਜੁਗ ਅੰਤ ਖ਼ੁਸ਼ੀ ਮਨਾਈਆ । ਮੇਰੇ ਅੰਦਰੋਂ ਧੋ ਕੇ ਦੁਰਮਤ ਮੈਲ ਛਾਹੀ, ਬ੍ਰਾਹਮਣ ਕੋਲੋਂ ਸਾਫ਼ ਕਰਾਈਆ । ਹਰਿ ਸੰਗਤ ਦੇਵੇ ਸਚ ਗਵਾਹੀ, ਸ਼ਹਾਦਤ ਇਕੋ ਵਾਰ ਭੁਗਤਾਈਆ । ਮੈਂ ਤਪਦੀ ਰਹੀ ਵਾਂਗ ਅੰਗਿਆਰ ਤੱਤੀ ਰੇਤ ਸੀਸ ਗੁਰ ਅਰਜਨ ਪਾਈ, ਸਾਂਤ ਮੈਨੂੰ ਕੋਇ ਨਾ ਆਈਆ । ਜੁਗ ਚੌਕੜੀ ਪਿਛੋਂ ਚਰਨ ਕਵਲ ਦਿਤਾ ਟਿਕਾਈ, ਰਵਦਾਸ ਚੁਮਾਰਾ ਲੇਖਾ ਰਿਹਾ ਲਿਖਾਈਆ । ਪੰਜਾਂ ਸੇਵਾ ਇਕ ਲਗਾਈ, ਅੰਮ੍ਰਿਤ ਧਾਰ ਆਪ ਵਹਾਈਆ । ਪਿਛਲਾ ਲੇਖਾ ਚੁਕਿਆ ਮੇਰੇ ਮਾਹੀ, ਕਲਜੁਗ ਖੇੜਾ ਦੇਣਾ ਢਾਹੀਆ । ਸਤਿਜੁਗ ਸੱਚਾ ਰਾਹ ਵਖਾਈ, ਤੇਰੇ ਹੱਥ ਪ੍ਰਭੂ ਵਡਿਆਈਆ । ਚੌਹਾਂ ਹੋਏ ਨਾ ਅੰਤ ਜੁਦਾਈ, ਸੰਮਤ ਇਕੀ ਖ਼ੁਸ਼ੀਆਂ ਨਾਲ ਲੰਘਾਈਆ । ਤੇਰਾ ਢੋਲਾ ਗਾਈਏ ਚਾਈਂ ਚਾਈਂ, ਸੋ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਸਤਿ ਵਰ, ਦਰ ਤੇਰੇ ਅਲੱਖ ਜਗਾਈਆ । ਸੁਣ ਅਲਖ ਪੁਕਾਰ ਪ੍ਰਭ ਠਾਕਰ, ਆਪਣਾ ਧਿਆਨ ਲਗਾਈਆ । ਹਰਿ ਭਗਤ ਨਾ ਰੁੜੇ ਕਲਜੁਗ ਸਾਗਰ, ਫੜ ਬਾਹੋਂ ਪਾਰ ਲੰਘਾਈਆ । ਕਿਰਪਾ ਕਰੇ ਕਰੀਮ ਕਾਦਰ, ਕਰਤਾ ਹੋਏ ਸਹਾਈਆ । ਜਨਮ ਜਨਮ ਵਿਚੋਂ ਦੇਵੇ ਆਦਰ, ਆਦਰਸ਼ ਆਪਣਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਸਚ ਸਰਨਾਈ ਦੇਵਣ ਆਇਆ, ਸਾਹਿਬ ਸੁਲਤਾਨ ਸ੍ਰੀ ਭਗਵਾਨ । ਕੂੜੀ ਕਿਰਿਆ ਡੇਰਾ ਢਾਹਿਆ, ਸਚ ਝੁੱਲਦਾ ਰਹੇ ਨਿਸ਼ਾਨ । ਸਾਚਾ ਮੰਦਰ ਇਕ ਵਖਾਇਆ, ਜਿਸ ਗ੍ਰਿਹਿ ਵਸੇ ਆਪ ਮਿਹਰਵਾਨ । ਦੀਵਾ ਬਾਤੀ ਇਕ ਰੁਸ਼ਨਾਇਆ, ਜੋਤੀ ਜੋਤ ਜੋਤ ਮਹਾਨ । ਸ਼ਬਦ ਨਾਦ ਇਕ ਸ਼ਨਵਾਇਆ, ਬੱਤੀ ਦੰਦ ਨਾ ਕੋਈ ਗਾਨ । ਧੁਰ ਦਾ ਲੇਖਾ ਆਪ ਦ੍ਰਿੜਾਇਆ, ਨਾ ਕੋਈ ਲਿਖੇ ਵਿਚ ਜਹਾਨ । ਸਾਚਾ ਮਾਰਗ ਇਕੋ ਲਾਇਆ, ਦੇਵੇ ਧੁਰ ਫ਼ਰਮਾਣ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਖਾਇਆ, ਨਾਲ ਇਸ਼ਾਰੇ ਨੌਜਵਾਨ । ਪਹਿਲੀ ਚੇਤ ਰੁੱਤ ਸੁਹਾਇਆ, ਹਰਿ ਕਰਤਾ ਕਰੇ ਖੇਲ ਮਹਾਨ । ਪੰਜ ਪੰਜ ਦਾ ਮੇਲ ਮਿਲਾਇਆ, ਦਸ ਦਸ ਹੋਵੇ ਪਰਧਾਨ । ਨਾਰੀ ਪੁਰਖ ਇਕੋ ਰੰਗ ਰੰਗਾਇਆ, ਵੱਡਾ ਛੋਟਾ ਨਾ ਕੋਈ ਜਹਾਨ । ਸੋਹਣਾ ਬਸਤਰ ਤਨ ਪਹਿਨਾਇਆ, ਸੇਵਾ ਕਰ ਸਾਹਿਬ ਸੁਲਤਾਨ । ਦਸਮ ਦਵਾਰੀ ਰੰਗ ਚੜ੍ਹਾਇਆ, ਚਿੱਟੀ ਧਾਰ ਹੋਇਆ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ੍ਰੀ ਭਗਵਾਨ । ਸ੍ਰੀ ਭਗਵਾਨ ਵੇਖ ਕੇ ਲੇਖਾ, ਦੋ ਜਹਾਨ ਰਹੇ ਜਸ ਗਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਤੱਕ ਕੇ ਮਿਟੇ ਭੁਲੇਖਾ, ਭਰਮ ਸਕੇ ਨਾ ਕੋਇ ਜਣਾਈਆ । ਜਿਸ ਜੁਗ ਚੌਕੜੀ ਪਿਛਲਾ ਰੱਖਿਆ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਨਿਰਗੁਣ ਨਿਰਵੈਰ ਨਿਰੰਕਾਰ ਧਰ ਕੇ ਵੇਸਾ, ਨਿਰਾਕਾਰ ਰੂਪ ਵਖਾਈਆ । ਪੰਜਾਂ ਦੇਵੇ ਇਕ ਸੰਦੇਸਾ, ਵੇਦ ਵਿਆਸਾ ਨਾਲ ਮਿਲਾਈਆ । ਸੁੱਤਿਆਂ ਖੋਲ੍ਹਿਆ ਆਪੇ ਭੇਤਾ, ਰਵਦਾਸ ਚੁਮਾਰਾ ਦਏ ਗਵਾਹੀਆ । ਦਸਾਂ ਦਾ ਇਕੋ ਨਜ਼ਰੀ ਆਏ ਨੇਤਾ, ਨਰ ਨਿਰੰਕਾਰ ਬੇਪਰਵਾਹੀਆ । ਜਿਸ ਦੀ ਅੰਤਰ ਆਤਮ ਸੋਹਣੀ ਸੇਜਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਪੂਰਬ ਲੇਖਾ ਵੇਖੋ ਮੁਕਦਾ, ਸੋ ਪੁਰਖ ਨਿਰੰਜਣ ਆਪ ਮੁਕਾਈਆ । ਅੱਗੇ ਮਾਰਗ ਪੁਰਖ ਅਬਿਨਾਸ਼ੀ ਅਚੁੱਤ ਦਾ, ਚੇਤਨ ਸਭ ਨੂੰ ਦਏ ਕਰਾਈਆ । ਭਗਤ ਭਗਵਾਨ ਨਾਤਾ ਜੁੜਿਆ ਪਿਉ ਪੁੱਤ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਗੁਰਮੁਖਾਂ ਆ ਕੇ ਪੁੱਛਦਾ, ਅਗਲਾ ਲੇਖਾ ਦਏ

ਜਣਾਈਆ । ਗੜ੍ਹੀ ਵਾਲਾ ਸਾਕਾ ਕਦੇ ਨਾ ਲੁਕ ਦਾ, ਪਰਦਾ ਉਪਰ ਨਾ ਕੋਇ ਰਖਾਈਆ । ਕੱਚੀ ਦੀਵਾਰ ਨਾਲੋਂ ਉਠ ਦਾ, ਟੰਕ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸਤਿਗੁਰ ਪੂਰਾ, ਪੂਰੇ ਹੱਥ ਵਡਿਆਈਆ । ਆਪਣਾ ਬਚਨ ਕਰੇ ਪੂਰਾ, ਕੀਤਾ ਕੌਲ ਤੋੜ ਨਿਭਾਈਆ । ਪੰਜਾਂ ਦੇ ਕੇ ਸਤਿ ਸਰੂਰਾ, ਸਿਦਕੀਆਂ ਸਿਦਕ ਵਖਾਈਆ । ਜਗਤ ਜਹਾਨ ਦਿਸੇ ਕੂੜਾ, ਸੱਚਾ ਮੀਤ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਚਰਨ ਮਸਤਕ ਲਾਈ ਧੂੜਾ, ਫ਼ਤਹਿ ਜੈਕਾਰ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਓਹ ਪੰਜਾਂ ਕੀਤੀ ਇਕ ਅਰਦਾਸ, ਚਰਨ ਧਿਆਨ ਲਗਾਈਆ । ਗੋਬਿੰਦ ਸਾਡੀ ਅੰਤਮ ਖ਼ਾਹਸ਼, ਸਦ ਤੇਰੀ ਸੇਵ ਕਮਾਈਆ । ਪੁਰਖ ਅਕਾਲ ਤੇਰੇ ਸਾਥ, ਪਿਤਾ ਪੂਤ ਨਜ਼ਰੀ ਆਈਆ । ਜਾਂਦੀ ਵਾਰ ਚਲੇ ਆਖ, ਆਖ਼ਰ ਬੇਨੰਤੀ ਤੇਰੀ ਝੋਲੀ ਪਾਈਆ । ਕਲਜੁਗ ਅੰਤਮ ਜਿਸ ਵੇਲੇ ਪਰਗਟ ਹੋਵੇਂ ਸਾਖਿਆਤ, ਪੁਰਖ ਅਕਾਲ ਨਾਲ ਖ਼ੁਸ਼ੀ ਮਨਾਈਆ । ਸਦੀ ਬੀਸਵੀਂ ਸਾਡੀ ਕਰੀਂ ਯਾਦ, ਇਕੀਵਾਂ ਹਿੱਸਾ ਤੇਰੇ ਨਾਲ ਰਲਾਈਆ । ਜੋ ਇਕੀਆਂ ਮਿਲੀ ਦਾਤ, ਪ੍ਰਭ ਦਿਤੀ ਮਾਣ ਵਡਿਆਈਆ । ਓਸ ਵੇਲੇ ਪੁਛੀਂ ਵਾਤ, ਦਰ ਦੋਏ ਜੋੜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਗੁਰ ਗੋਬਿੰਦ ਸਚ ਜਣੌਂਦਾ ਏ । ਗੜ੍ਹੀ ਚਮਕੌਰ ਭਾਗ ਲਗੌਂਦਾ ਏ । ਲੱਗੀ ਆਦਿ ਜੁਗਾਦਿ ਤੋੜ ਨਿਭੌਂਦਾ ਏ । ਮੈਂ ਵੇਖਾਂ ਕਰ ਕੇ ਗ਼ੌਰ, ਜਿਸ ਵੇਲੇ ਕਲਜੁਗ ਵੇਲਾ ਅੰਤਮ ਔਂਦਾ ਏ । ਪੁਰਖ ਅਕਾਲ ਤੇਰੇ ਨਾਲ ਜਾਵੇ ਬੌਹੜ, ਦੂਰ ਦੁਰਾਡਾ ਪੰਧ ਮੁਕੌਂਦਾ ਏ । ਦੋ ਜਹਾਨ ਵੇਖਾਂ ਅੰਧ ਘੋਰ, ਚੋਰ ਯਾਰ ਠੱਗ ਮੇਲ ਮਿਲੌਂਦਾ ਏ । ਜੋ ਤੁਹਾਡੇ ਨਾਲ ਦਿਤੇ ਤੋਰ, ਅਜੀਤ ਜੁਝਾਰ ਜੋੜ ਜੁੜੌਂਦਾ ਏ । ਓਨ੍ਹਾਂ ਸਿਰ ਤੇ ਝੁਲਣੇ ਚੌਰ, ਸੋਹਣੀ ਆਪਣੀ ਬਣਤ ਬਣੌਂਦਾ ਏ । ਜੋ ਨੀਹਾਂ ਥੱਲੇ ਰੱਖ ਕੇ ਉਤੇ ਖੇਲ ਕੀਤੀ ਹੋਰ, ਸੋ ਅਵਰੀ ਬਣਤ ਬਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ । ਸਾਹਿਬ ਸਤਿਗੁਰ ਤੇਰੀ ਸਰਨਾਈਆ । ਡੋਰੀ ਤੇਰੇ ਹੱਥ ਫੜਾਈਆ । ਤੇਰੀ ਜੋੜੀ ਵੇਖ ਖ਼ੁਸ਼ੀ ਨਾਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲੈਣਾ ਬੁਲਾਈਆ । ਕੀ ਆਪਣੇ ਕੋਲ ਬੁਲਾਵੇਂਗਾ । ਪਰਦਾ ਖੋਲ੍ਹ ਅਹਿਵਾਲ ਜਣਾਵੇਂਗਾ । ਸਾਚੇ ਕੰਡੇ ਤੋਲ ਕੇ ਤੋਲ, ਤਰਾਜ਼ੂ ਇਕੋ ਇਕ ਵਖਾਵੇਂਗਾ । ਆਪ ਬੈਠ ਸਿੰਘਾਸਣ ਅਡੋਲ, ਸ੍ਰਿਸ਼ਟ ਸਬਾਈ ਜਗਤ ਡੁਲਾਵੇਂਗਾ । ਸਾਡਾ ਪੂਰਬ ਲਹਿਣਾ ਫੋਲ, ਲੇਖਾ ਧੁਰ ਦਾ ਝੋਲੀ ਪਾਵੇਂਗਾ । ਕਿ ਮਾਰ ਕੇ ਅੰਤਮ ਰੋਲ, ਆਪਣੇ ਦਰ ਤੋਂ ਦੂਰ ਦੁਰਕਾਵੇਂਗਾ । ਅਸੀਂ ਬੱਚੇ ਤੇਰੇ ਅਣਭੋਲ, ਕੀ ਭੁੱਲਿਆਂ ਗਲੇ ਲਗਾਵੇਂਗਾ । ਗੋਬਿੰਦ ਹੱਸ ਕੇ ਕੀਤਾ ਕੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਾਡੀ ਟੁੱਟੀ ਜੋੜ ਜੁੜਾਵੇਂਗਾ । ਤੁਹਾਡੀ ਤੁੱਟੀ ਆਪਣੇ ਨਾਲ ਜੁੜਾਵਾਂਗਾ । ਬਾਤ ਕਰਾਂ ਧੁਰ ਦੀ ਸੁੱਚੀ, ਘਰ ਮੇਲਾ ਸਚ ਮਿਲਾਵਾਂਗਾ । ਗੰਢ ਪਵਾ ਕੇ ਆਪਣੀ ਪੁੱਤੀਂ, ਨਾਤਾ ਧੁਰ ਦਾ ਆਪ ਬਣਾਵਾਂਗਾ । ਆਪ ਖਾ ਕੇ ਰੁੱਖੀ ਸੁੱਖੀ, ਤੁਹਾਡਾ ਸੋਹਣਾ ਝੱਟ ਲੰਘਾਵਾਂਗਾ । ਜਿਹੜੀ ਲਾਲੋ ਘਰ ਲੱਭੀ ਨਹੀਂ ਪੂਰੀ ਲੁਚੀ, ਨਾਨਕ ਕੋਲੋਂ ਮੰਗ ਮੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਠਾਂਡੇ ਸੋਭਾ ਪਾਵਾਂਗਾ । ਦਰ ਠਾਂਡਾ ਅੰਤ ਸੁਹਾਵਾਂਗਾ । ਕਲਜੁਗ ਵੇਲਾ ਵੇਖ ਵਖਾਵਾਂਗਾ ।

੮੧੫ ੧੯

ਬਣ ਸੁਹੇਲਾ ਫੇਰਾ ਪਾਵਾਂਗਾ । ਗੁਰ ਚੇਲਾ ਮੇਲ ਮਿਲਾਵਾਂਗਾ । ਸੱਜਣ ਸੁਹੇਲਾ ਇਕ ਅਖਵਾਂਗਾ । ਵੀਹ ਸੌ ਵੀਹ ਬਿਕ੍ਰਮੀ ਅੰਤ, ਆਪਣਾ ਰੰਗ ਰੰਗਵਾਂਗਾ । ਇਕੀਆਂ ਦੀ ਕੋਈ ਨਾ ਜਾਣੇ ਗਣਤ, ਦੂਆ ਏਕਾ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਆਪਣੇ ਕੋਲ ਮੰਗਾਵਾਂਗਾ । ਪੰਜੇ ਮੇਰੇ ਕੋਲ ਆਓਗੇ । ਪੂਰਬ ਪਿਛਲਾ ਪੰਧ ਮੁਕਾਓਗੇ । ਗੁਰਮੁਖ ਗੁਰਸਿਖ ਹੋ ਕੇ ਮੇਰਾ ਨੂਰ ਚੰਦ ਰੁਸ਼ਨਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਘਰ ਸੱਚੇ ਸੋਭਾ ਪਾਓਗੇ । ਪੰਜੇ ਕਹਿਣ ਪ੍ਰਭ ਤੇਰੀ ਓਟ, ਦੂਜੀ ਸਰਨ ਨਾ ਕੋਇ ਤਕਾਈਆ । ਹੁਣ ਮਿਲੀਏ ਤੇਰੀ ਜੋਤ, ਅੰਤਮ ਤੇਰਾ ਦੀਪ ਕਰੀਏ ਰੁਸ਼ਨਾਈਆ । ਬਿਨ ਤੇਰੇ ਕਿਸੇ ਦਵਾਰੇ ਨਾ ਮਾਣੀਏ ਮੌਜ, ਘਰ ਵੇਖਣ ਕੋਇ ਨਾ ਪਾਈਆ । ਤੂੰ ਆਪੇ ਕਰੀਂ ਸਾਡੀ ਖੋਜ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਲੈਣਾ ਬੁਲਾਈਆ । ਦਰ ਠਾਂਡੇ ਅੰਤ ਬੁਲਾਵਾਂਗਾ । ਪੂਰਬ ਲਹਿਣਾ ਮੂਲ ਚੁਕਾਵਾਂਗਾ । ਗੁਰਮੁਖ ਸੱਚੇ ਆਪ ਪਰਗਟਾਵਾਂਗਾ । ਮੱਖਣ ਸਿੰਘ ਵਡ ਵਡਿਆਵਾਂਗਾ । ਸਿੰਘ ਕਪੂਰ ਜੋੜ ਜੁੜਾਵਾਂਗਾ । ਅਰਜਨ ਸਿੰਘ ਅੰਗ ਲਗਾਵਾਂਗਾ । ਜੋਗਿੰਦਰ ਸਿੰਘ ਚੰਦ ਚਮਕਾਵਾਂਗਾ । ਤਰਲੋਚਨ ਇਕ ਅਨੰਦ ਰਖਾਵਾਂਗਾ । ਪੰਜਾਂ ਪਾ ਕੇ ਪ੍ਰੇਮ ਪਿਆਰ ਦੀ ਗੰਢ, ਪਿਛਲਾ ਲਹਿਣਾ ਮੂਲ ਮੁਕਾਵਾਂਗ । ਸਾਚਾ ਢੋਲਾ ਦੱਸ ਕੇ ਛੰਦ, ਆਤਮ ਪਰਮਾਤਮ ਭੇਵ ਖੁਲਾਵਾਂਗਾ । ਲੇਖਾ ਚੁਕੇ ਹੰ ਬ੍ਰਹਮ, ਪਾਰਬ੍ਰਹਮ ਆਪਣਾ ਰੰਗ ਦ੍ਰਿੜਾਵਾਂਗਾ । ਨਿਹਕਰਮੀ ਹੋ ਕੇ ਕਰਾਂ ਕੰਮ, ਕਰਮ ਕਾਂਡ ਦਾ ਡੇਰਾ ਢਾਹਵਾਂਗਾ । ਬੇਸ਼ਕ ਨਜ਼ਰ ਨਾ ਆਵੇ ਪੁਰੀ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਵਾਂਗਾ । ਮੇਰਾ ਨੂਰ ਗੁਜਰੀ ਚੰਦ, ਜਿਸ ਦਾ ਨੂਰ ਗੁਰਮੁਖਾਂ ਉਪਰ ਇਕੋ ਇਕ ਬਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਆਪਣੀ ਵੰਡ ਵੰਡਾਵਾਂਗਾ । ਸੋਹਣੀ ਵੰਡ ਵੇਖ ਕੇ ਚੇਤ ਪਹਿਲੀ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਪਰਮ ਪੁਰਖ ਲੋਕਮਾਤ ਨਹੀਂ ਬਣਨਾ ਵੈਲੀ, ਵਹਿਸ਼ਤ ਸਭ ਦੀ ਦਏ ਗਵਾਈਆ । ਜਿਸ ਨੂੰ ਪੀਰ ਪੈਗ਼ੰਬਰ ਸਜਦਾ ਕਰੇ ਐਲੀ, ਇਲਾਹੀ ਇਕੋ ਨੂਰ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਨਜ਼ਰ ਨਾ ਆਏ ਕੋਈ ਵੈਰੀ, ਦੋਖੀ ਦੋਖ ਨਾ ਕੋਇ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਪਾਏ ਫੇਰੀ, ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾਈਆ । ਜਿਸ ਨੇ ਪੰਜਾਂ ਡੁੱਬਦੀ ਤਾਰੀ ਬੇੜੀ, ਭਾਰ ਆਪਣੇ ਕੰਧ ਉਠਾਈਆ । ਪੂਰਬ ਜਨਮ ਦੀ ਢਾਹ ਕੇ ਢੇਰੀ, ਸਾਚੀ ਬਣਤ ਦਿਤੀ ਬਣਾਈਆ । ਜਿਸ ਦੀ ਸਿਫ਼ਤ ਕਰੇ ਕਿਆ ਕੋਈ ਕਿਹੜੀ ਕਿਹੜੀ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਕੂੜੀ ਕਿਰਿਆ ਜੜ ਜਿਸ ਉਖੇੜੀ, ਅੱਗੇ ਧੱਕਾ ਦਿਤਾ ਲਾਈਆ । ਕੋਈ ਨਾ ਕਹੇ ਮੇਰੀ ਮੇਰੀ, ਮਾਇਆ ਮਮਤਾ ਰਿਹਾ ਗਵਾਈਆ । ਆਤਮ ਕਹੇ ਪਰਮਾਤਮ ਮੈਂ ਤੇਰੀ ਚੇਰੀ, ਚੇਲਾ ਗੁਰੂ ਸ਼ਬਦ ਸੁਰਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੰਜਾਂ ਲਹਿਣਾ ਦਿਤਾ ਨਿਵਾਰ, ਵੇਦ ਵਿਆਸਾ ਖ਼ੁਸ਼ੀ ਮਨਾਇੰਦਾ । ਪੰਜਾਂ ਪੈਜ ਦਿਤੀ ਸੁਆਰ, ਪੁਰਸ਼ ਨਾਰੀ ਰੂਪ ਵਖਾਇੰਦਾ । ਪੰਜਾਂ ਉਤੋਂ ਪੰਜਾਂ ਉਧਾਰ, ਦਸ ਦਸ ਜੋੜ ਜੁੜਾਇੰਦਾ । ਚਿੱਟੇ ਬਸਤਰ ਕਰ ਤਿਆਰ, ਸੋਹਣਾ ਰੂਪ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਚਿੱਟੇ ਬਸਤਰ ਮੰਗਦੇ

ਗਏ ਪੋਸ਼ਾਕ, ਗੁਰ ਅਵਤਾਰ ਪੀਰ ਪੈਗੰਬਰ ਸਾਰੇ ਧਿਆਨ ਲਗਾਈਆ । ਪ੍ਰਭ ਨਾਲ ਮਿਲ ਕੇ ਹੋਈਏ ਪ੍ਰਭੂ ਦੀ ਜਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਮੜੀ ਗੋਰ ਨਾ ਰਲੀਏ ਖ਼ਾਕ, ਅਗਨੀ ਤਤ ਨਾ ਕੋਇ ਤਪਾਈਆ । ਕੂੜੇ ਵਿਕੀਏ ਨਾ ਕਿਸੇ ਹਾਟ, ਕਰਤਾ ਕੀਮਤ ਦਏ ਚੁਕਾਈਆ । ਪ੍ਰਭੂ ਚਰਨ ਬੰਧਾਈਏ ਨਾਤ, ਸੱਜਣ ਇਕੋ ਇਕ ਅਖਵਾਈਆ । ਘਰ ਮੰਦਰ ਖੋਲ੍ਹੇ ਤਾਕ, ਮੰਦਰ ਸ਼ਿਵਦਵਾਲੇ ਮੱਠ ਲੱਭਣ ਕੋਇ ਨਾ ਜਾਈਆ । ਘਰ ਸਰੋਵਰ ਦੇਵੇ ਤਾਟ, ਅਠ ਸਠ ਲੇਖਾ ਰਹੇ ਨਾ ਰਾਈਆ । ਅੰਦਰ ਵੜ ਕੇ ਕਰੇ ਬਾਤ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਗਹਿਰ ਗੰਭੀਰ ਹੋ ਕੇ ਦੇਵੇ ਦਾਤ, ਬੇਨਜ਼ੀਰ ਵਰਤਾਈਆ । ਲੇਖਾ ਮੰਗੇ ਨਾ ਕੋਇ ਹਿਸਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਕੇ ਰੰਗ ਚਿੱਟਾ ਸਫੇਦ, ਗੁਰ ਅਵਤਾਰ ਰਹੇ ਜਸ ਗਾਈਆ । ਪ੍ਰਭ ਸਾਡੇ ਨਾਲ ਪੂਰਾ ਕੀਤਾ ਜੋ ਕਰਿਆ ਅਹਿਦ, ਅਦਾਲਤ ਆਪਣੀ ਸਚ ਵਖਾਈਆ । ਤੇਰੇ ਕੋਈ ਨਾ ਬਦਲੇ ਕਾਨੂੰਨ ਕਵਾਇਦ, ਬੇਕਾਇਦਗੀ ਵਿਚ ਕਦੇ ਨਾ ਆਈਆ । ਲੇਖਾ ਮੁਕਣਾ ਸ਼ਰਅ ਸ਼ਰਾਇਤ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਸਤਿ ਸਵਾਮੀ ਅੰਤਰਜਾਮੀ ਧੁਰ ਦੀ ਕਰ ਇਕ ਹਦਾਇਤ, ਹਦੀਸ ਇਕੋ ਇਕ ਸਮਝਾਈਆ । ਆਪਣਾ ਨਾਮ ਕਰ ਅਨਾਇਤ, ਦਰ ਠਾਂਡੇ ਦੇ ਵਰਤਾਈਆ । ਅਸੀਂ ਪੂਰਾ ਕਰੀਏ ਫ਼ਰਾਇਜ਼, ਬਰਦੇ ਗ਼ੁਲਾਮ ਬਣ ਕੇ ਫ਼ਰਮਾਂਬਰਦਾਰ ਸੇਵ ਕਮਾਈਆ । ਕਲਜੁਗ ਅੰਤ ਕਰੀਂ ਨਾ ਕੋਈ ਅਜ਼ਮਾਇਸ਼, ਪੈਮਾਨੇ ਵਿਚ ਕੋਈ ਨਾ ਆਈਆ । ਕਲਜੁਗ ਜੀਵ ਦਿਸਣ ਨਾਲਾਇਕ, ਲਿਆਕਤ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਹ ਵਾ ਦਿਤੀ ਮਾਣ ਵਡਿਆਈਆ । ਚਿੱਟੇ ਬਸਤਰ ਵੇਖ ਖ਼ੁਸ਼ੀਆਂ ਨਾਲ ਨੱਚਣ ਮਲੰਗ, ਮਤੈਹਰੇ ਮੋਢਿਆਂ ਉਤੇ ਰਖਾਈਆ । ਸਾਨੂੰ ਪਿਛਲੀ ਭੁੱਲ ਗਈ ਪੀਤੀ ਭੰਗ, ਭੰਗੜਾ ਤੇਰੇ ਨਾਮ ਦਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਗਈ ਹੰਢ, ਆਪਣਾ ਪੰਧ ਮੁਕਾਈਆ । ਕੂੜੀ ਕਿਰਿਆ ਵਿਕਾਰ ਵੇਖਿਆ ਗੰਦ, ਆਸਾ ਤ੍ਰਿਸਨਾ ਜਗਤ ਹਲਕਾਈਆ । ਤੇਰਾ ਗੁਰਮੁਖ ਤੇਰਾ ਭਗਤ ਵੇਖਿਆ ਨੂਰੀ ਚੰਦ, ਕਿਰਨ ਕਿਰਨ ਵਿਚੋਂ ਰੁਸ਼ਨਾਈਆ । ਗੁਰ ਅਵਤਾਰ ਹੋਏ ਅਨੰਦ, ਗੀਤ ਸੁਹਾਗੀ ਸੋਹਣੇ ਗਾਈਆ । ਸਾਡੀ ਪੂਰੀ ਹੋਈ ਮੰਗ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਮਸਕਾਰ, ਸਜਦਾ ਸੀਸ ਝੁਕਾਈਆ । ਤੇਰੀ ਕਿਰਪਾ ਪਰਵਰਦਗਾਰ, ਰਹਿਮਤ ਤੇਰੀ ਸਰਨਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਧਰਨੀ ਧਰਤ ਧਵਲ ਵਡਿਆਈਆ । ਪੂਰਬ ਲੇਖਾ ਸਰਬ ਨਿਵਾਰ, ਅਗਲੇ ਮਾਰਗ ਪਾਈਆ । ਉਤਮ ਸ੍ਰੇਸ਼ਟ ਤੇਰਾ ਬਿਵਹਾਰ, ਬਿਵਹਾਰੀ ਤੇਰੀ ਸਚ ਸਰਨਾਈਆ । ਨੇਤਰ ਵੇਖਿਆ ਸੋਹਣਾ ਜਮਾਲ, ਜਲਵਾ ਜੋਤ ਨੂਰ ਰੁਸ਼ਨਾਈਆ । ਕੰਨੀਂ ਸੁਣਿਆ ਪੂਰਬ ਹਾਲ, ਅਹਿਵਾਲ ਇਕ ਦ੍ਰਿੜਾਈਆ । ਜਾਮਾ ਬਦਲੀ ਵਿਚੋਂ ਬਦਲ ਕੇ ਨਾਰ, ਨਰ ਨਰਾਇਣ ਖ਼ੁਸ਼ੀ ਵਖਾਈਆ । ਕਿਰਪਾ ਕਰ ਕੇ ਪੈਜ ਸੁਆਰ, ਪੰਜਾਂ ਪੰਜਾਂ ਹੋਏ ਸਹਾਈਆ । ਮੁਸ਼ਕਲ ਰਹੀ ਨਾ ਕੋਈ ਦੁਸ਼ਵਾਰ, ਔਖੀ ਘਾਟੀ ਨਾ ਕੋਇ ਦਰਸਾਈਆ । ਸਾਚੀ ਮੰਜ਼ਲ ਦਿਤਾ ਚਾੜ੍ਹ, ਫੜ ਬਾਂਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਸਤਰ ਚਿੱਟੇ ਵੇਖ ਸਤਿਜੁਗ, ਹੋਕਾ ਦੇ ਕੇ ਰਿਹਾ ਸੁਣਾਈਆ । ਕਲਜੁਗ ਔਧ ਗਈ ਪੁਗ, ਕਾਲਖ ਮਿਟੀ ਕੂੜੀ ਸ਼ਾਹੀਆ । ਕਿਰਪਾ ਕਰੇ ਪ੍ਰਭ ਠਾਕਰ ਮੁਝ, ਮੁਫ਼ਤ ਦਇਆ ਕਮਾਈਆ । ਰਵਦਾਸ ਦਾ ਲਹਿਣਾ

ਪਿਛਲਾ ਬੁਝ, ਪੂਰਬ ਲੇਖ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦਸਾਂ ਬਸਤਰ ਦਹਿ ਦਿਸ਼ ਧਾਰ, ਚਾਰ ਕੁੰਟ ਸ਼ਨਵਾਈਆ । ਸਤਿਜੁਗ ਸਤਿ ਸਤਿ ਕਰੇ ਪਿਆਰ, ਸਤਿ ਸਤਿ ਸਮਝਾਈਆ । ਇਕੋ ਦਰਜਾ ਪੁਰਖ ਨਾਰ, ਪਰਮ ਪੁਰਖ ਦਏ ਵਡਿਆਈਆ । ਦੋਹਾਂ ਵਿਚੋਲਾ ਸਿਰਜਣਹਾਰ, ਨਿਰਗੁਣ ਨਿਰਵੈਰ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗੰਬਰ ਵੇਖ ਵੇਖ ਜਾਣ ਬਲਹਾਰ, ਬਲਹਾਰੀ ਗੁਰੂ ਤੇਰੀ ਵਡਿਆਈਆ । ਦੋਏ ਜੋੜ ਕਰ ਨਮਸਕਾਰ, ਨਮਸਕਾਰ ਹਰਿ ਸੰਗਤ ਰਹੇ ਸਮਝਾਈਆ । ਪਿਛਲਾ ਕਰਜ਼ਾ ਲਹਿਣਾ ਚੁਕਿਆ ਉਧਾਰ, ਲੇਖਾ ਮੂਲ ਰਹਿਣ ਨਾ ਪਾਈਆ । ਪਰਮ ਪੁਰਖ ਦਾ ਦਰਸ ਕਰੋ ਦੀਦਾਰ, ਦੀਦ ਈਦ ਚੰਦ ਚਮਕਾਈਆ । ਜਿਸ ਦਾ ਗੁਲਸ਼ਨ ਹਰਿ ਸੰਗਤ ਖਿਲੀ ਗੁਲਜ਼ਾਰ, ਪੱਤ ਡਾਲੀ ਫੁਲ ਮਹਿਕਾਈਆ । ਸੋ ਸਾਹਿਬ ਵੇਖਣ ਆਇਆ ਵਿਚ ਸੰਸਾਰ, ਵਡ ਸੰਸਾਰੀ ਫੇਰਾ ਪਾਈਆ । ਦੇਵੇ ਵਡਿਆਈ ਪੁਰਖ ਨਾਰ, ਹਰਿ ਕਰਤਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਪੰਜ ਹੋਏ ਇਕੱਠੇ, ਦਸ ਜੋੜ ਜੁੜਾਈਆ । ਪ੍ਰਭ ਸਰਨਾਈ ਸਾਰੇ ਢੱਠੇ, ਇਕ ਆਵਾਜ਼ ਅਲਾਈਆ । ਪਿਛਲੇ ਪ੍ਰਭੂ ਪਾੜ ਪਟੇ, ਲੇਖਾ ਰਹਿਣ ਕੋਇ ਨਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਰੱਤੇ, ਰੰਗ ਤੇਰਾ ਇਕ ਚੜ੍ਹਾਈਆ । ਚਾਹੇ ਮੰਦੇ ਚਾਹੇ ਚੰਗੇ, ਸਦ ਤੇਰੇ ਹੀ ਅਖਵਾਈਆ । ਬੇਸ਼ਕ ਨੇਤਰ ਨੈਣਹੀਣ ਅੰਧੇ, ਅੰਤਰ ਅੰਤਰ ਬੈਠੇ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗੇ, ਸ਼ਹਿਨਸ਼ਾਹ ਤੇਰੀ ਸ਼ਹਿਨਸ਼ਾਹੀਆ । ਤੁਧ ਬਿਨ ਟੁੱਟੀ ਕੋਈ ਨਾ ਗੰਢੇ, ਗੰਢਣਹਾਰ ਗੋਪਾਲ ਸਵਾਮੀ ਤੇਰੇ ਹੱਥ ਵਡਿਆਈਆ । ਤੂੰ ਰਵਦਾਸ ਦੇ ਖਾ ਕੇ ਸੁੱਕੇ ਮੰਡੇ, ਮੰਡਲੀ ਘਰ ਵਿਚ ਦਿਤੀ ਲਗਾਈਆ । ਉਹਦੇ ਚੰਗੇ ਲੱਗੇ ਚਾਰ ਗੰਢੇ, ਚਾਰ ਜੁਗਾਂ ਵਿਚੋਂ ਉਤਮ ਦਿਤੇ ਬਣਾਈਆ । ਚਾਰ ਕਹਾਰ ਤੇਰੇ ਨਾਲ ਹੰਢੇ, ਜੋ ਚਾਰੇ ਡੋਲੀ ਡੰਡੇ ਰਹੇ ਉਠਾਈਆ । ਡੋਲੇ ਵਾਲੀ ਸਵਾਣੀ ਮੰਗ ਇਕੋ ਮੰਗੇ, ਘਰ ਸੱਚੇ ਵਾਸਤਾ ਪਾਈਆ । ਕਲਜੁਗ ਅੰਤ ਮੇਰਾ ਛੁਟ ਨਾ ਜਾਏ ਸੰਗੇ, ਸੋਹਣਾ ਸੰਗ ਵਖਾਈਆ । ਮੈਂ ਰਾਹ ਤੱਕਾਂ ਬੈਠੀ ਕੰਢੇ, ਕੰਢੀ ਵਾਟ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਸਰਨਾਈਆ । ਸਚ ਸਰਨਾਈ ਦੇਣੀ ਏਕੰਕਾਰ, ਬੇਪਰਵਾਹ ਦਰ ਤੇਰੇ ਮੰਗ ਮੰਗਾਈਆ । ਲਹਿਣਾ ਦੇਣਾ ਸਰਬ ਨਿਵਾਰ, ਚਿੰਤਾ ਰੋਗ ਸੋਗ ਮਿਟਾਈਆ । ਬਾਰਾਂ ਚੇਤ ਜੋ ਵਿਛੜਨ ਵਾਲੇ ਹਰਿ ਸੰਗਤ ਦੇ ਮੀਤ ਮੁਰਾਰ, ਸੱਜਣ ਸੰਗੀ ਨਜ਼ਰੀ ਆਈਆ । ਕਰ ਕਿਰਪਾ ਓਨ੍ਹਾਂ ਕਰ ਉਧਾਰ, ਸਿਰ ਆਪਣਾ ਹੱਥ ਟਿਕਾਈਆ । ਇਕੀ ਜੀਵ ਕਰਨ ਪੁਕਾਰ, ਅੰਦਰੇ ਅੰਦਰ ਰਹੇ ਸੁਣਾਈਆ । ਕਿਸੇ ਦੇ ਦੋ ਕਿਸੇ ਦੇ ਚਾਰ, ਕਿਸੇ ਦੇ ਸੱਤ ਕਿਸੇ ਦੇ ਅੱਠਾਂ ਤੱਤਾਂ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਲੇਖਾ ਦੇ ਮੁਕਾਈਆ । ਪ੍ਰਭ ਦੀ ਖੇਲ ਵੇਖ ਅਜੀਬ, ਹੈਰਾਨੀ ਸਭ ਦੇ ਉਤੇ ਛਾਈਆ । ਗੁਰ ਅਵਤਾਰ ਆਏ ਕਰੀਬ, ਪੀਰ ਪੈਗ਼ੰਬਰ ਨੇੜਨ ਨੇੜੇ ਡੇਰਾ ਲਾਈਆ । ਪਰਵਰਦਿਗਾਰ ਜੁਗ ਚੌਕੜੀ ਤੇਰੀ ਮੰਨ ਦੇ ਗਏ ਹਦੀਸ, ਤੇਰਾ ਹੁਕਮ ਫ਼ਰਮਾਣ ਆਪਣੀ ਝੋਲੀ ਪਾਈਆ । ਤੇਰੇ ਹੁਕਮੇ ਅੰਦਰ ਜੂਝ ਗਏ ਜੁਝਾਰ ਅਜੀਤ, ਨਿੱਕੇ ਬਾਲੇ ਨੀਹਾਂ ਹੇਠ ਆਸਣ ਲਾਈਆ । ਗੋਬਿੰਦ ਉਹ ਨਾ ਕੀਤੇ ਸਰਜੀਤ, ਸੁੱਤਿਆਂ ਨਾ ਫੇਰ ਉਠਾਈਆ । ਇਹ ਖੇਲ ਦਿਸੇ ਅਨਡੀਠ, ਬਿਨ ਅੱਖਾਂ ਨਜ਼ਰੀ ਆਈਆ । ਕਲਜੁਗ ਅੰਤ ਬੇਸ਼ਕ ਤੇਰੀ ਭਗਤਾਂ ਨਾਲ ਪ੍ਰੀਤ, ਜਨ ਭਗਤ ਤੇਰਾ ਜਸ ਗਾਈਆ ।

ਮਾਣ ਦੇਵੇਂ ਊਚ ਨੀਚ, ਰਾਉ ਰੰਕ ਇਕ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਭੀਖ, ਖ਼ਾਲੀ ਝੋਲੀ ਸਰਬ ਭਰਾਈਆ । ਨਿਤ ਨਵਿਤ ਤੇਰੀ ਕਰਦੇ ਸਰਬ ਉਡੀਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਕਲਜੁਗ ਅੰਤ ਅਚਰਜ ਚਲਾਵੇਂ ਰੀਤ, ਰੀਤੀਵਾਨ ਤੇਰੀ ਸਮਝ ਕੋਇ ਨਾ ਆਈਆ । ਨਾਤਾ ਤੋੜ ਮੰਦਰ ਮਸੀਤ, ਹਰਿਜਨ ਆਪਣੇ ਰੰਗ ਰੰਗਾਈਆ । ਪ੍ਰੇਮ ਪਿਆਰ ਦੀ ਗੰਢ ਪੀਚ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਅਚਰਜ ਲੀਲਾ, ਸਮਝ ਵਿਚ ਕਿਸੇ ਨਾ ਆਈਆ । ਲਾਲ ਕੰਚਨ ਸੂਹਾ ਚਿਟਾ ਵੇਖ ਪੀਲਾ, ਨੀਲਾ ਕਾਲਾ ਸੋਭਾ ਪਾਈਆ । ਸ਼ਬਦੀ ਗੁਰ ਬਣੌਂਦੇ ਰਹੇ ਸਰਬ ਵਸੀਲਾ, ਲੋਕਮਾਤ ਜੋੜ ਜੁੜਾਈਆ । ਭਗਤ ਭਗਵਾਨ ਬਣਦਾ ਰਿਹਾ ਕਬੀਲਾ, ਸੋਹਣੀ ਵੰਡ ਵੰਡਾਈਆ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਆਪ ਆਪਣਾ ਕਰ ਕੇ ਹੀਲਾ, ਸਾਚਾ ਮੇਲਾ ਲਿਆ ਮਿਲਾਈਆ । ਖ਼ੁਸ਼ੀਆਂ ਨਾਲ ਕਹੇ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਿੰਨਾਂ ਚਿਰ ਚਾਹੇ ਓਨਾਂ ਚਿਰ ਜੀ ਲਾ, ਜਗ ਜੀਵਣ ਦਾਤਾ ਦਇਆ ਕਮਾਈਆ । ਨਾਮ ਨਿਧਾਨ ਬਿਨ ਪਿਆਸਿਉਂ ਪੀ ਲਾ, ਰਸ ਆਪਣਾ ਇਕ ਚਖਾਈਆ । ਰਵਦਾਸ ਚੁਮਾਰਾ ਗੁਰਮੁਖ ਰੂਪ ਹੋ ਕੇ ਜਿਨ੍ਹਾਂ ਬਣਿਆ ਵਸੀਲਾ, ਵਸਲ ਸਾਚਾ ਦਏ ਕਰਾਈਆ । ਚੌਕੜੀ ਪਿਛੋਂ ਆਇਆ ਵੀਹ ਸੌ ਇਕੀ ਦਾ ਚੇਤ ਮਹੀਨਾ, ਚੇਤਨ ਸਭ ਨੂੰ ਦਏ ਕਰਾਈਆ । ਜਨ ਭਗਤੋ ਤੁਹਾਡਾ ਠਾਂਡਾ ਕਰੇ ਸੀਨਾ, ਅੰਮ੍ਰਿਤ ਧਾਰ ਇਕ ਵਹਾਈਆ । ਪਰਮ ਪੁਰਖ ਪ੍ਰਭ ਦਾਨਾ ਬੀਨਾ, ਗਹਿਰ ਗੰਭੀਰ ਬੇਪਰਵਾਹੀਆ । ਏਥੇ ਮਿਸਾਲ ਨਹੀਂ ਕੋਈ ਜਲ ਮੀਨਾ, ਹਾਜ਼ਰ ਹੋ ਕੇ ਰਹਿਮਤ ਆਪ ਕਮਾਈਆ । ਚਰਨਾਂ ਹੇਠ ਦਬਾਏ ਲੋਕ ਤੀਨਾਂ, ਚੌਦਾਂ ਤਬਕਾਂ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਅੱਗੇ ਹੋਏ ਅਧੀਨਾ, ਅਦਨੇ ਹੋ ਕੇ ਸੇਵ ਕਮਾਈਆ । ਗੁਰਮੁਖੋ ਤਪਸਿਆ ਵਿਚ ਤਪ ਕੇ ਕਿਸੇ ਦਾ ਵਗਣ ਨਾ ਦੇਵੇ ਪਸੀਨਾ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਪਰਮ ਪੁਰਖ ਪਰਮਾਤਮਾ ਕਦੇ ਨਾ ਜਾਣੋ ਨਾਬੀਨਾ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਹ ਅਸਵਾਰ ਬਣ ਕੇ ਪਾਖਰਾਂ ਪਾਓ ਜੀਨਾ, ਅਸਵ ਆਪਣੇ ਉਤੇ ਦਿਤੇ ਚੜ੍ਹਾਈਆ । ਆ ਕੇ ਵੇਖੋ ਗੁਰਮੁਖ ਗੁਰਸਿਖ ਮੇਰਾ ਨਗੀਨਾ, ਜਿਸ ਦੀ ਕੀਮਤ ਲੋਕਮਾਤ ਨਾ ਕੋਇ ਚੁਕਾਈਆ । ਦੇਵੇ ਵਡਿਆਈ ਸਾਹਿਬ ਪਰਬੀਨਾ, ਪਤਿਪਰਮੇਸ਼ਵਰ ਬੇਪਰਵਾਹੀਆ । ਆਪ ਬਣਿਆ ਰਹੇ ਮਸਕੀਨਾ, ਗ਼ਰੀਬਾਂ ਵਿਚੋਂ ਗ਼ਰੀਬ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਦੂਰ ਦੁਰਾਡੇ ਆ ਗਏ ਨੇੜੇ, ਆਪਣਾ ਪੰਧ ਮੁਕਾਈਆ । ਚਲੋ ਵੇਖੀਏ ਜਿਥੇ ਪ੍ਰਭੂ ਦੇ ਲੱਗੇ ਡੇਰੇ, ਜਨ ਭਗਤਾਂ ਸੰਗ ਨਿਭਾਈਆ । ਸ਼ੇਰ ਹੋ ਕੇ ਸ਼ੇਰਾਂ ਪਾਏ ਘੇਰੇ, ਭਬਕ ਆਪਣਾ ਨਾਮ ਸੁਣਾਈਆ । ਪਿਛਲੇ ਲੇਖੇ ਰਿਹਾ ਨਬੇੜੇ, ਜਗਤ ਝੇੜੇ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਆ ਕੇ ਅੱਗੇ ਤੱਕਿਆ ਖੇਲ, ਖ਼ਲਕ ਰਹੇ ਜਣਾਈਆ । ਨਿਰਗੁਣ ਦਾ ਨਿਰਗੁਣ ਨਾਲ ਹੋਇਆ ਮੇਲ, ਸਰਗੁਣ ਸਰਗੁਣ ਖ਼ੁਸ਼ੀ ਵਖਾਈਆ । ਪਰਮ ਪੁਰਖ ਪ੍ਰਭ ਸੱਜਣ ਸੁਹੇਲ, ਸਾਹਿਬ ਸਤਿਗੁਰ ਦਇਆ ਕਮਾਈਆ । ਇਕੋ ਰੰਗ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਰੰਗ ਸਮਾਈਆ । ਪਾਰਬ੍ਰਹਮ ਪ੍ਰਭ ਅਚਰਜ ਕਰਿਆ ਖੇਲ, ਸਤਿਜੁਗ ਸਾਚੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰਵਾਨ ਲੇਖਾ ਦਏ ਦ੍ਰਿੜਾਈਆ । ਜਨਮ ਜਨਮ ਦਾ ਜਾਵੇ ਖਟਕਾ, ਪਿਛਲੀ ਖੱਟੀ ਝੋਲੀ ਪਾਈਆ । ਭਾਗ ਲਗਾਵੇ ਕਾਇਆ ਮਟਕਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਤੇਰਾ ਮੁਆਫ਼ ਕੀਤਾ ਪਿਛਲਾ ਖਾਧਾ ਝਟਕਾ, ਛੁਰੀ ਭੁੱਲ ਨਾ ਕੋਇ ਟਿਕਾਈਆ । ਤੇਰਾ ਲੇਖੇ ਲੱਗਾ ਨੀਲਾ ਬੱਧਾ ਪਟਕਾ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਤੇਰਾ ਕਾਇਆ ਗਠੜੀ ਫੋਲ ਕੇ ਵੇਖੇ ਬਸਤਾ, ਜਿਸ ਅੰਦਰ ਗੋਬਿੰਦ ਪ੍ਰੀਤੀ ਬੰਦ ਕਰਾਈਆ । ਗੋਬਿੰਦ ਮੇਲ ਨਹੀਂ ਜਗ ਸਸਤਾ, ਬਿਨ ਪੁਰਖ ਅਕਾਲ ਨਾ ਕੋਇ ਕਰਾਈਆ । ਅੱਗੇ ਸੋਗ ਰਿਹਾ ਨਾ ਹਰਖਾ, ਚਿੰਤਾ ਗ਼ਮ ਚੁਕਾਈਆ । ਗੁਰਮੁਖ ਬਿਨ ਕਸਵਟੀਓਂ ਗਿਆ ਪਰਖਾ, ਪਾਰਖੂ ਇਕੋ ਬੇਪਰਵਾਹੀਆ । ਜਿਸ ਦੇ ਹੱਥ ਧੁਰ ਦਾ ਪਰਚਾ, ਚੌਦਾਂ ਵਿਦਿਆ ਵਿਚੋਂ ਸਮਝ ਕਿਸੇ ਨਾ ਆਈਆ । ਦਰ ਆਇਆ ਨੂੰ ਅਨਮੁਲਾ ਦਿਤਾ ਖ਼ਰਚਾ, ਨਾਮ ਭੰਡਾਰਾ ਝੋਲੀ ਪਾਈਆ । ਦਰ ਦਰ ਘਰ ਘਰ ਗਲੀ ਕੂਚੇ ਹੁਣ ਸਾਡਾ ਕਰਦੇ ਚਰਚਾ, ਉਹਲਾ ਕੋਈ ਰਹਿਣ ਨਾ ਪਾਈਆ । ਚਾਲੀ ਸਾਲ ਦਾ ਪੂਰਾ ਕੀਤਾ ਹਰਜਾ, ਖ਼ਜ਼ਾਨਾ ਇਕੋ ਵਾਰ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਖਟਕਾ ਰਹਿਣ ਨਾ ਦੇਵੇ ਹਰਿ ਜੂ ਅੰਦਰ ਗੁਰਸਿਖ, ਭਗਤਾਂ ਦਏ ਵਡਿਆਈਆ । ਧੁਰ ਦਾ ਲੇਖਾ ਦੇਵੇ ਲਿਖ, ਨਾ ਕੋਈ ਸਕੇ ਮਾਤ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨਾਂ ਪਏ ਦਿਸ, ਨਿਰਗੁਣ ਨਿਰਵੈਰ ਬੇਪਰਵਾਹੀਆ । ਅਨਮੁਲੜੀ ਦੌਲਤ ਪਾਏ ਭਿਖ, ਭਿਛਿਆ ਇਕੋ ਵਾਰ ਵਰਤਾਈਆ । ਜੋ ਹਿਰਦਿਉਂ ਗੋਬਿੰਦ ਦਾ ਬਣਿਆ ਸਿਖ, ਤਿਨ੍ਹਾਂ ਸਿਖਾਂ ਲਏ ਮਿਲਾਈਆ । ਜੋ ਬੇਮੁਖ ਹੋ ਕੇ ਬੈਠੇ ਦੇ ਕੇ ਪਿਠ, ਤਿਨ੍ਹਾਂ ਦੇਵੇ ਦਰ ਦੁਰਕਾਈਆ । ਪ੍ਰਭੂ ਦੇ ਹੱਥ ਅੰਦਰ ਦੀ ਖਿਚ, ਤਾਰ ਆਪਣੀ ਆਪ ਹਿਲਾਈਆ । ਜੇ ਗੁਰਮੁਖ ਮਿਲਣ ਨੂੰ ਹੋਵੇ ਜਿਚ, ਰਾਤੀਂ ਸੁੱਤਿਆਂ ਦਰਸ ਦਿਖਾਈਆ । ਗੁਰਮੁਖ ਚੌੜੀ ਕਰ ਕੇ ਫਿਰ ਹਿਕ, ਸਤਿਗੁਰ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਵੇਖ ਵਡਿਆਈ ਮਿਲਦੀ ਮਾਤ, ਭੁੱਲ ਰਹੇ ਨਾ ਰਾਈਆ । ਜਿਨ੍ਹਾਂ ਦਾ ਲੇਖਾ ਲਿਖਿਆ ਬਿਨ ਕਲਮ ਦਵਾਤ, ਤਿਨ੍ਹਾਂ ਦੀ ਸ਼ਹਾਦਤ ਦੇਵੇ ਗਵਾਹੀਆ । ਸਾਹਿਬ ਸਤਿਗੁਰ ਪਰਗਟ ਹੋ ਸਾਖਿਆਤ, ਸਚ ਸਿਖਿਆ ਇਕ ਦ੍ਰਿੜਾਈਆ । ਏਧਰ ਤੱਕੋ ਬੇਸ਼ਕ ਪੰਜ ਪੰਜ ਦੇ ਦਸ ਨਾਰੀ ਜਾਤ, ਨਰਾਇਣ ਏਨ੍ਹਾਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਮਾਣਸ ਜਨਮ ਵਿਚੋਂ ਦਿਤੀ ਆਪਣੀ ਦਾਤ, ਮਾਨੁਖ ਰੂਪ ਵਟਾਈਆ । ਪੂਰਬ ਪੂਰੀ ਕੀਤੀ ਆਸ, ਸੋਹਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਬੇਪਰਵਾਹੀਆ । ਜਿਸ ਪਿਛਲਾ ਲੇਖੇ ਲਾਇਆ ਪੰਡਤ, ਜਨਮ ਜਨਮ ਜਨਮ ਵਿਚ ਭਵਾਈਆ । ਸੋ ਲੇਖਾ ਜਾਣੇ ਜੇਰਜ ਅੰਡਜ, ਉਤਭੁਜ ਸੇਤਜ ਵੇਖ ਵਖਾਈਆ । ਜੋ ਗੁਰਮੁਖ ਇਕ ਵਾਰ ਮਿਲ ਗਿਆ ਹਰਿ ਸੰਗਤ, ਤਿਸ ਅੱਗੇ ਦੇਵੇ ਨਾ ਕੋਇ ਸਜ਼ਾਈਆ । ਸਾਹਿਬ ਸਤਿਗੁਰ ਚਾੜ੍ਹੇ ਆਪਣੀ ਰੰਗਤ, ਰੰਗ ਰੱਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਰਵਦਾਸ ਨੇ ਮਾਰਿਆ ਇਕ ਹਨੋਰਾ, ਖ਼ੁਸ਼ੀਆਂ ਨਾਲ ਜਣਾਈਆ । ਜੇ ਨਾਤਾ ਜੁੜਿਆ ਤੋਰਾ ਮੋਰਾ, ਹੋਵੇ ਨਾ ਕੋਇ ਜੁਦਾਈਆ । ਬੇਸ਼ਕ ਏਨ੍ਹਾਂ ਦਾ ਵਕਤ ਕਹਿ ਗਿਆ ਥੋੜਾ, ਅੱਗਾ ਨੇੜੇ ਆਈਆ । ਪ੍ਰਭੂ ਤੇਰੇ ਕੋਲੋਂ ਵਿਛੜਨ ਨਹੀਂ ਦੇਣਾ ਜੋੜਾ, ਜੋੜਾ ਜੋੜੀ ਜੋੜੀ ਤੇਰੇ ਚਰਨਾਂ ਰੰਗ ਰੰਗਾਈਆ । ਮੇਰੇ ਕੋਲ ਅਜੇ ਉਹ ਚਿਟਾ ਕਾਗ਼ਜ਼ ਕੋਰਾ, ਜੋ ਪਿਛਲੇ

ਜਨਮ ਵਿਚ ਲੇਖਾ ਲਿਆ ਲਿਖਾਈਆ । ਕਿਉਂ ਤਰਸਾਏਂ ਆਪਣਾ ਭੰਡਾਰਾ ਵਰਤਾਏਂ ਭੇਰਾ ਭੇਰਾ, ਭੁਖਿਆ ਨਾ ਕੋਇ ਸਵਾਈਆ । ਜੇ ਹੁਣ ਨਾ ਪਾਵੇਂ ਮੋੜਾ, ਮੁੜ ਕੇ ਤੇਰਾ ਸੰਗ ਨਾ ਕਦੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਲ ਠਾਕਰ ਠੋਕਰ ਦੇ ਲਗਾਈਆ । ਰਵਦਾਸ ਕਿਹਾ ਮਨਾਈਏ ਨਾਲ ਜ਼ੋਰ, ਬਲ ਆਪਣਾ ਆਪ ਪਰਗਟਾਈਆ । ਤੇਰੇ ਹੱਥ ਕਿਹੜੀ ਥੋੜ, ਦੇਂਦਿਆਂ ਕੀ ਘਟ ਜਾਈਆ । ਏਨ੍ਹਾਂ ਦੀ ਭੈਣਾਂ ਭਰਾਵਾਂ ਪੁੱਤਰਾਂ ਇਸਤਰੀ ਸਭ ਨੂੰ ਲੋੜ, ਹੌਕੇ ਲੈ ਲੈ ਅੰਦਰੇ ਅੰਦਰ ਸਰਬ ਸੁਣਾਈਆ । ਮੈਂ ਕੋਟਨ ਕੋਟ ਟੁੱਟੇ ਛਿੱਤਰ ਦਿਤੇ ਜੋੜ, ਆਰ ਡੋਰੀ ਗੰਢ ਪਵਾਈਆ । ਪਾਰਬ੍ਰਹਮ ਤੇਰੇ ਦਰ ਕਿਹੜੀ ਥੋੜ, ਅਤੋਟ ਅਤੁਟ ਤੇਰੀ ਬੇਪਰਵਾਹੀਆ । ਇਹ ਨਿਕੀ ਜਿਹੀ ਪਈ ਮੈਨੂੰ ਲੋੜ, ਤੈਨੂੰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਦੇ ਧੁਰ ਦਾ ਵਰ, ਮੇਰਾ ਸੰਗ ਲੈਣਾ ਤਰਾਈਆ ।

## ★ ੨ ਚੇਤ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਬੀਸ ਇਕੀਸਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਖੋਲ੍ਹ ਠਾਂਡਾ ਦਰਬਾਰ, ਸਤਿ ਦਵਾਰਾ ਇਕ ਸੁਹਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਏਕੰਕਾਰ ਕਾਰ ਕਮਾਇੰਦਾ । ਆਦਿ ਨਿਰੰਜਣ ਕਰ ਉਜਿਆਰ, ਜੋਤੀ ਜਾਤਾ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰ, ਸ੍ਰੀ ਭਗਵਾਨ ਭੇਵ ਚੁਕਾਇੰਦਾ । ਪਾਰਬ੍ਰਹਮ ਪ੍ਰਭ ਕਰੇ ਖ਼ਬਰਦਾਰ, ਬ੍ਰਹਮ ਸੋਇਆ ਆਪ ਉਠਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਹਰ ਘਟ ਵਾਸੀ ਫੇਰਾ ਪਾਇੰਦਾ । ਮੰਡਲ ਰਾਸੀ ਖੇਲ ਅਪਾਰ, ਦੋ ਜਹਾਨਾਂ ਸੋਭਾ ਪਾਇੰਦਾ । ਜੁਗ ਚੌਕੜੀ ਵੇਖੇ ਵਿਗਸੇ ਵੇਖਣਹਾਰ, ਆਦਿ ਜੁਗਾਦਿ ਆਪਣਾ ਹੁਕਮ ਵਰਤਾਇੰਦਾ । ਲਹਿਣਾ ਦੇਣਾ ਦੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਸਾ ਪੂਰ ਕਰਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਸੰਸਾਰ, ਕਲਜੁਗ ਅੰਤਮ ਵੇਲਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਅਚਰਜ ਖੇਲ ਵਖਾਇੰਦਾਫ਼ । ਬੀਸ ਇਕੀਸਾ ਹਰਿ ਨਿਰੰਕਾਰਾ, ਦੇਵਣਹਾਰ ਵਡਿਆਈਆ । ਜਨ ਭਗਤਾਂ ਵਖਾ ਇਕ ਦਵਾਰਾ, ਦਰ ਦਰਵਾਜ਼ਾ ਦਏ ਜਣਾਈਆ । ਪੂਰਬ ਜਨਮ ਦਾ ਲਾਹੇ ਉਧਾਰਾ, ਮਕਰੂਜ਼ ਕਰਜ਼ਾ ਆਪ ਚੁਕਾਈਆ । ਸਾਚਾ ਦੇਵੇ ਇਕ ਪਿਆਰਾ, ਪ੍ਰੇਮ ਪ੍ਰੀਤੀ ਸਰਬ ਦ੍ਰਿੜਾਈਆ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਜੁਗ ਚੌਕੜੀ ਮੁਕਿਆ ਪੰਧ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਕਰ ਕੇ ਕਲਮ ਬੰਦ, ਬੰਦਗੀ ਲੱਖ ਚੁਰਾਸੀ ਜੀਵ ਜੰਤ ਗਏ ਦ੍ਰਿੜਾਈਆ । ਢੋਲਾ ਗੀਤ ਕਲਮਾ ਨਬੀ ਰਸੂਲ ਗਾ ਕੇ ਛੰਦ, ਕਾਇਨਾਤ ਕਰੀ ਪੜ੍ਹਾਈਆ । ਭੇਵ ਖੁਲੌਂਦੇ ਰਹੇ ਹੰ ਬ੍ਰਹਮ, ਸੋ ਸਾਹਿਬ ਸਿਫ਼ਤ ਸੁਣਾਈਆ । ਨਾਮ ਜਪੌਂਦੇ ਰਹੇ ਦਮਾ ਦਮ, ਪਵਣ ਸਵਾਸੀ ਸਵਾਸਾਂ ਨਾਲ ਮਿਲਾਈਆ । ਨੇਤਰ ਨੀਰ ਵਹੌਂਦੇ ਰਹੇ ਛਮਾ ਛਮ, ਬਣ ਵੈਰਾਗੀ ਇਕ ਵੈਰਾਗ ਜਣਾਈਆ । ਨਾਮ ਖ਼ਜ਼ਾਨਾ ਦੇਂਦੇ ਰਹੇ ਦੌਲਤ ਧਨ, ਅਨਮੁਲੜੀ ਦਾਤ ਵਰਤਾਈਆ । ਭੇਵ ਖੁਲੌਂਦੇ ਰਹੇ ਫੂਕਾਂ ਮਾਰ ਕੇ ਵਿਚ ਕੰਨ, ਨੇਤਰ ਲੋਚਣ ਬੰਦ ਜਣਾਈਆ । ਜੋਤ ਨਿਰੰਜਣ ਚਾੜ੍ਹਦੇ ਰਹੇ ਘਰ ਘਰ ਚੰਨ, ਨੂਰੋ ਨੂਰ ਨੂਰ ਸਮਝਾਈਆ । ਬਣ ਖੇਵਟ

ਖੇਟ ਬੇੜਾ ਚਲੌਂਦੇ ਰਹੇ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਕਰ ਦੇ ਰਹੇ ਬਿਵਹਾਰ, ਬਣ ਬਿਵਹਾਰੀ ਫੇਰਾ ਪਾਈਆ । ਲੈ ਕੇ ਹੁਕਮ ਸੱਚੀ ਸਰਕਾਰ, ਸਾਚਾ ਨੂਰ ਰੁਸ਼ਨਾਈਆ । ਚਾਕਰ ਬਣ ਕੇ ਤੇਈ ਅਵਤਾਰ, ਲੋਕਮਾਤ ਚਰਨ ਕਵਲ ਧਿਆਨ ਲਗਾਈਆ । ਈਸਾ ਮੂਸਾ ਮੁਹੰਮਦ ਮੰਗਦੇ ਰਹੇ ਧੂੜੀ ਛਾਰ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਨਾਨਕ ਗੋਬਿੰਦ ਦੱਸ ਦੇ ਰਹੇ ਪਿਆਰ, ਚਰਨ ਪ੍ਰੀਤੀ ਇਕ ਜਣਾਈਆ । ਰਸਨਾ ਜਿਹਵਾ ਬੱਤੀ ਦੰਦ ਨਾਅਰਾ ਹੱਕ ਬੋਲ ਜੈਕਾਰ, ਨਾਦੀ ਸ਼ਬਦੀ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਮੰਗਦੇ ਰਹੇ ਭਿਖ਼, ਪ੍ਰਭ ਅੱਗੇ ਝੋਲੀ ਡਾਹੀਆ । ਸ਼ਾਸਤਰ ਸਿਮਰਤ ਲੇਖਾ ਰਹੇ ਲਿਖ, ਗੀਤਾ ਗਿਆਨ ਅੰਜੀਲ ਕੁਰਾਨ ਦਏ ਗਵਾਹੀਆ । ਬਿਨ ਸਤਿਗੁਰ ਪੂਰੇ ਆਤਮ ਪਰਮਾਤਮ ਕਿਸੇ ਨਾ ਕੀਤਾ ਹਿਤ, ਘਰ ਸੱਜਣ ਨਾ ਕੋਇ ਮਿਲਾਈਆ । ਕਰਵਟ ਲਏ ਨਾ ਜੋ ਸੁੱਤਾ ਦੇ ਕਰ ਪਿਠ, ਸਨਮੁਖ ਹੋ ਨਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜੁਗ ਚੌਕੜੀ ਕਹਿੰਦੇ ਗਏ ਬੀਸ ਇਕੀਸ, ਇਕੀ ਸਤਿਗੁਰ ਇਕੋ ਪਾਈਆ । ਪਰਗਟ ਹੋਵੇ ਹਰਿ ਜਗਦੀਸ, ਜਗਦੀਸ਼ਰ ਦਾਤਾ ਬੇਪਰਵਾਹੀਆ । ਜਿਸ ਦੀ ਕੋਈ ਨਾ ਕਰੇ ਰੀਸ, ਸਾਨੀ ਨਜ਼ਰ ਕੋਇ ਨਾ ਆਈਆ । ਧੁਰ ਫ਼ਰਮਾਣਾ ਦੇਵੇ ਠੀਕ, ਠੀਕਰ ਜੁਗ ਚੌਕੜੀ ਭੰਨ ਵਖਾਈਆ । ਜਿਸ ਦੀ ਆਦਿ ਜੁਗਾਦਿ ਧਾਰ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਸ ਦੀ ਸਾਰੇ ਕਰਨ ਉਡੀਕ, ਦੋ ਜਹਾਨ ਰਾਹ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਕਰੇ ਪ੍ਰੀਤ, ਸਚ ਪ੍ਰੀਤੀ ਇਕ ਲਗਾਈਆ । ਨਾਤਾ ਤੋੜ ਊਚ ਨੀਚ, ਰਾਓ ਰੰਕ ਦਏ ਸਰਨਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੈਂ ਹੰਗਤਾ ਮੇਟੇ ਲੀਕ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਭੇਵ ਖੁਲ੍ਹਾਏ ਲਾਸ਼ਰੀਕ, ਸਿਰਕਤ ਸਭ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਰੁੱਤੜੀ ਰਿਹਾ ਸੁਹਾਈਆ । ਸੋ ਸਾਹਿਬ ਸਤਿਗੁਰ ਆਇਆ ਏਕ, ਏਕੰਕਾਰ ਵੱਡੀ ਵਡਿਆਈਆ । ਪੂਰਬ ਪੂਰਾ ਕਰੇ ਲੇਖ, ਅਗਲਾ ਲੇਖਾ ਦਏ ਜਣਾਈਆ । ਭਾਗਾਂ ਭਰਿਆ ਮਹੀਨਾ ਚੇਤ, ਰੁੱਤ ਬਸੰਤੀ ਇਕ ਮਹਿਕਾਈਆ । ਜਨ ਭਗਤਾਂ ਕਰ ਕੇ ਹੇਤ, ਪ੍ਰੇਮ ਪ੍ਰੀਤੀ ਇਕ ਦ੍ਰਿੜਾਈਆ । ਸ਼ਬਦ ਸੰਦੇਸਾ ਧੁਰ ਦਾ ਭੇਜ, ਗੁਰਮੁਖ ਸੋਏ ਰਿਹਾ ਉਠਾਈਆ । ਅੰਤਰ ਆਤਮ ਮਾਣੇ ਸੇਜ, ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤੋ ਵਾਟ ਅੱਗੇ ਨਿੱਕੀ, ਪ੍ਰਭ ਪੈਂਡਾ ਰਿਹਾ ਮੁਕਾਈਆ । ਜਿਸ ਦੀ ਧਾਰ ਦੱਸਦੇ ਰਹੇ ਤਿਖੀ, ਸੋ ਦਾਤਾਰੀ ਆਪਣੀ ਕਾਰ ਕਮਾਈਆ । ਚਾਰ ਵਰਨ ਦੀ ਸਾਚੀ ਸਿਖੀ, ਪੁਰਖ ਅਕਾਲ ਇਕ ਬਣਾਈਆ । ਜਗਤ ਨੇਤਰ ਕਿਸੇ ਨਾ ਦਿਸੀ, ਨਿਜ ਨੇਤਰ ਰਿਹਾ ਸਮਝਾਈਆ । ਐਧਰ ਵੇਖੋ ਗੋਬਿੰਦ ਪਿਛਲੀ ਲੈ ਕੇ ਆਇਆ ਚਿਠੀ, ਪਰਵਾਨਾ ਆਪਣਾ ਰਿਹਾ ਫੜਾਈਆ । ਪ੍ਰਭੂ ਤੇਰੀ ਪ੍ਰੀਤੀ ਲੱਗੇ ਮਿਠੀ, ਦੂਜਾ ਸੰਗ ਨਾ ਕੋਇ ਨਿਭਾਈਆ । ਦਰ ਦਰਵੇਸ਼ ਖੜੇ ਕੋਟਨ ਕੋਟ ਮੁਨੀ ਰਿਖੀ, ਤਪੀ ਤਪੀਸ਼ਰ ਨੈਣਾਂ ਨੀਰ ਵਹਾਈਆ । ਸਾਡੀ ਕਿਸੇ ਕੰਮ ਨਾ ਲੱਗੀ ਪੰਜ ਤਤ ਕਾਇਆ ਮਿਟੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਕੋਇ ਨਾ ਪਾਈਆ । ਜਗਤ ਵਾਸਨਾ ਵੇਖੀ ਫਿਕੀ, ਕੂੜੀ ਕਿਰਿਆ ਮੋਹ ਹਲਕਾਈਆ । ਮਨ ਮਤ ਦੁਹਾਗਣ ਆ ਕੇ ਪਿੱਟੀ, ਖੁਲ੍ਹੜੇ ਕੇਸ ਰਹੀ ਕੁਰਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਸੁਹੇਲੇ ਸੁਣੋ ਮਿਤ, ਮਿੱਤਰ ਪਿਆਰਾ ਇਕ ਦ੍ਰਿੜਾਈਆ । ਏਥੇ ਓਥੇ ਸਤਿਗੁਰ ਕਦੀ ਨਾ ਦੇਵੇ ਪਿਠ, ਸਾਮ੍ਹਣੇ ਹੋ ਕੇ ਦਰਸ ਦਿਖਾਈਆ । ਧੁਰ ਦਾ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਾਚੀ ਸਿਖਿਆ ਲੈਣੀ ਸਿਖ, ਝੂਠੀ ਕਰੇ ਨਾ ਕੋਇ ਪੜ੍ਹਾਈਆ । ਜਾਤ ਪਾਤ ਦੀ ਨਹੀਂ ਕੋਈ ਭਿਟ, ਵਰਨ ਬਰਨ ਨਾ ਕੋਇ ਲੜਾਈਆ । ਆਤਮ ਪਰਮਾਤਮ ਸਾਚਾ ਹਿਤ, ਘਰ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਪ੍ਰਭੂ ਦ੍ਰਿੜੌਂਦਾ ਏ । ਧੁਰ ਦਾ ਭੇਵ ਆਪ ਖੁਲੌਂਦਾ ਏ । ਨਿਰਗੁਣ ਹੋ ਕੇ ਸਰਗੁਣ ਸੇਵ ਕਮੌਂਦਾ ਏ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਰਦਾ ਲੌਂਹਦਾ ਏ । ਸਚ ਦਵਾਰਾ ਇਕ ਖੁਲ੍ਹਾ, ਕੂੜੀ ਕਿਰਿਆ ਡੇਰਾ ਢੌਂਦਾ ਏ । ਪਤਿਪਰਮੇਸ਼ਵਰ ਬਣ ਮਲਾਹ, ਬੇੜਾ ਆਪਣੇ ਕੰਧ ਉਠੌਂਦਾ ਏ । ਗੁਰ ਅਵਤਾਰ ਬਣਾ ਗਵਾਹ, ਸੋਹਣਾ ਹੁਕਮ ਆਪ ਸੁਣੌਂਦਾ ਏ । ਜੋ ਸਾਹਿਬ ਸਰਨਾਈ ਗਿਆ ਆ, ਲੱਖ ਚੁਰਾਸੀ ਫੰਦ ਕਟੌਂਦਾ ਏ । ਰਾਏ ਧਰਮ ਨਾ ਦਏ ਸਜ਼ਾ, ਚਿਤਰਗੁਪਤ ਨਾ ਲੇਖ ਵਖੌਂਦਾ ਏ । ਲਾੜੀ ਮੌਤ ਨਾ ਲਏ ਪਰਨਾ, ਸਵਰਗ ਬਹਿਸ਼ਤ ਦੋਜ਼ਖ਼ ਸਭ ਦਾ ਡੇਰਾ ਢੌਂਹਦਾ ਏ । ਕੋਟਨ ਕੋਟ ਜਨਮ ਦੇ ਬਖ਼ਸ਼ ਗੁਨਾਹ, ਸਿਰ ਆਪਣਾ ਹੱਥ ਰਖੌਂਦਾ ਏ । ਆਪੇ ਬਣ ਕੇ ਪਿਤਾ ਮਾਂ, ਗੁਰਮੁਖ ਬਾਲੇ ਗੋਦ ਸੁਹੌਂਦਾ ਏ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡੌਂਦਾ ਏ । ਨਿਥਾਵਿਆਂ ਦੇਵੇ ਥਾਂ, ਸਾਚੀ ਭੂਮਿਕਾ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰੌਂਦਾ ਏ । ਹਰਿਜਨ ਸਾਚੇ ਆਪ ਤਰਾਵਾਂਗਾ । ਧੁਰ ਦਾ ਲੇਖਾ ਝੋਲੀ ਪਾਵਾਂਗਾ । ਭਰਮ ਭੁਲੇਖਾ ਦੂਰ ਕਰਾਵਾਂਗਾ । ਸਾਚਾ ਨੇਤਾ ਇਕੋ ਨਜ਼ਰੀ ਆਵਾਂਗਾ । ਖੇਵਟ ਖੇਟਾ ਬਣ ਕੇ ਬੇੜਾ ਆਪ ਚਲਾਵਾਂਗਾ । ਧੁਰ ਸੰਦੇਸ ਇਕੋ ਭੇਜਾ, ਭਾਂਡਾ ਭਰਮ ਭੌ ਭੰਨਾਵਾਂਗਾ । ਜਨ ਭਗਤਾਂ ਅੰਦਰ ਵੜ ਕੇ ਮਾਣਾਂ ਸੇਜਾ, ਪਲੰਘ ਰੰਗੀਲਾ ਇਕ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਮੁਲੜੀ ਦਾਤ ਆਪ ਵਰਤਾਵਾਂਗਾ । ਅਨਮੁਲੜੀ ਦਾਤ ਪ੍ਰਭੂ ਵਰਤਾਵੇਗਾ । ਮਿਹਰਵਾਨ ਦਇਆ ਕਮਾਵੇਗਾ । ਨੌ ਦਵਾਰੇ ਵੇਖ ਵਖਾਵੇਗਾ । ਸੁਖਮਨ ਟੇਢੀ ਬੰਕ ਪਾਰ ਕਰਾਵੇਗਾ । ਈੜਾ ਪਿੰਗਲ ਲਹਿਣਾ ਦੇਣਾ ਆਪ ਚੁਕਾਵੇਗਾ । ਅੰਮ੍ਰਿਤ ਆਤਮ ਜਾਮ ਪਿਆਵੇਗਾ । ਅਨਹਦ ਨਾਦ ਅਨਹਦ ਰਾਗ ਸੁਣਾਵੇਗਾ । ਬਜਰ ਕਪਾਟੀ ਪੜਦਾ ਆਪ ਉਠਾਵੇਗਾ । ਕਾਇਆ ਮੰਦਰ ਸਾਚੀ ਹਾਟੀ, ਸੋਹਣੀ ਵਸਤ ਇਕ ਦਰਸਾਵੇਗਾ । ਕਰ ਪਰਕਾਸ਼ ਬਿਨ ਤੇਲ ਬਾਤੀ, ਦੀਆ ਇਕੋ ਇਕ ਡਗਮਗਾਵੇਗਾ । ਸਚ ਸੁਹੰਜਣਾ ਕਮਲਾਪਾਤੀ, ਸਚ ਸਿੰਘਾਸਣ ਸੋਭਾ ਪਾਵੇਗਾ । ਮੇਲ ਮਿਲਾਵਾ ਦਿਵਸ ਰਾਤੀ, ਪਿਛਲਾ ਵਿਛੋੜਾ ਦੂਰ ਕਰਾਵੇਗਾ । ਆਤਮ ਪਰਮਾਤਮ ਬਣ ਕੇ ਸਾਥੀ, ਸੋਹਣਾ ਸੰਗ ਆਪ ਹੋ ਜਾਵੇਗਾ । ਮੰਜ਼ਲ ਮੰਜ਼ਲ ਪਾਰ ਕਰਾ ਕੇ ਘਾਟੀ, ਸਾਚੇ ਮੰਦਰ ਆਪ ਬਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਵੇਗਾ । ਜਨ ਭਗਤਾਂ ਰੰਗ ਰੰਗਾਏਗਾ । ਕਾਇਆ ਮੰਦਰ ਮਰਦੰਗ ਵਜਾਏਗਾ । ਸਚ ਦਵਾਰੇ ਲੰਘ, ਪਰਦਾ ਆਪ ਉਠਾਏਗਾ । ਕਿਰਪਾ ਕਰ ਸੂਰਾ ਸਰਬੰਗ, ਸੁਹਬਤ ਆਪਣੀ ਆਪ ਸਮਝਾਏਗਾ । ਕਰ ਪਰਕਾਸ਼ ਅਗੰਮੀ ਚੰਦ, ਅਗਿਆਨ ਅੰਧੇਰ ਮਿਟਾਏਗਾ । ਭੇਵ ਚੁਕੇ ਹੰ ਬ੍ਰਹਮ, ਸੋ ਆਪਣਾ ਰਾਹ ਵਖਾਵੇਗਾ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਡੇਰਾ

ਢਾਹੇਗਾ । ਭਾਗ ਲਗਾਵੇ ਕਾਇਆ ਮਾਟੀ ਚੰਮ, ਸਾਢੇ ਤਿੰਨ ਹੱਥ ਬੰਕ ਸੁਹਾਏਗਾ । ਨਾਮ ਦ੍ਰਿੜਾਏ ਦਮਾ ਦਮ, ਅਜੱਪਾ ਜਾਪ ਆਪ ਕਰਾਏਗਾ । ਮਨ ਵਾਸਨਾ ਮੇਟੇ ਮਨ, ਮਨ ਕਾ ਮਣਕਾ ਆਪ ਭਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਉਠਾਏਗਾ । ਜਨ ਭਗਤਾਂ ਪ੍ਰਭੂ ਉਠਾਵੇਗਾ । ਨਿਰਗੁਣ ਹੋ ਕੇ ਦਰਸ ਦਿਖਾਵੇਗਾ । ਸਰਗੁਣ ਪੜਦਾ ਉਹਲਾ ਆਪ ਚੁਕਾਵੇਗਾ । ਬਣ ਵਿਚੋਲਾ ਵੇਖ ਵਖਾਵੇਗਾ । ਸੋਹੰ ਢੋਲਾ ਇਕ ਸੁਣਾਵੇਗਾ । ਜਨਮ ਜਨਮ ਦਾ ਕਰ ਕੇ ਭਾਰ ਹੌਲਾ, ਤੁਰਤ ਆਪਣਾ ਰੰਗ ਰੰਗਾਵੇਗਾ । ਉਲਟਾ ਕਰ ਕੇ ਨਾਭ ਕੌਲਾ, ਬੂੰਦ ਸਵਾਂਤੀ ਮੁਖ ਚਵਾਵੇਗਾ । ਦੇਵੇ ਵਡਿਆਈ ਉਪਰ ਧਵਲਾ, ਸਿਰ ਆਪਣਾ ਹੱਥ ਰਖਾਵੇਗਾ । ਨੂਰ ਇਲਾਹੀ ਇਕੋ ਅਵਲਾ, ਆਲਮੀਨ ਵੇਸ ਵਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਗੋਦ ਬਹਾਵੇਗਾ । ਜਨ ਭਗਤਾਂ ਮੇਲਾ ਪੁਰਖ ਸਮਰਥ, ਪ੍ਰਭੂ ਦਏ ਵਡਿਆਈਆ । ਸਭ ਦੀ ਝੋਲੀ ਪਾਏ ਹੱਕ, ਬਚਿਆ ਕੋਇ ਰਹਿਣ ਨਾ ਪਾਈਆ । ਗੁਰਮੁਖਾਂ ਅੰਦਰ ਵੜ ਕੇ ਗਾਵੇ ਜਸ, ਸਚ ਨਾਮ ਸਿਫ਼ਤ ਸਾਲਾਹੀਆ । ਜਿਨ੍ਹਾਂ ਦੇ ਅੰਦਰ ਰੱਖੇ ਸ਼ੱਕ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਗੁਰਮੁਖੇ ਆਪਣੇ ਮਿਲਣ ਦੀ ਖੋਲ੍ਹੇ ਅੱਖ, ਜਾਗਤ ਸੋਵਤ ਦਰਸ ਦਿਖਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਵੱਖਰੀ ਧਾਰ ਇਕ ਦ੍ਰਿੜਾਈਆ । ਦੂਰ ਦੁਰਾਡਾ ਆਵੇ ਨੱਠ, ਦੋ ਜਹਾਨਾਂ ਪੰਧ ਮੁਕਾਈਆ । ਸਤਿ ਸੰਤੋਖ ਧੀਰਜ ਦੇਵੇ ਜਤ, ਬ੍ਰਹਮ ਮਤ ਇਕ ਪੜ੍ਹਾਈਆ । ਨਾਮ ਜੈਕਾਰਾ ਬੋਲ ਅਲੱਖ, ਅਲੱਖ ਅਲੱਖਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸਾਰੇ ਹੋਏ ਇਕੱਠੇ, ਅੰਤਰ ਆਤਮ ਰਹੇ ਜਣਾਈਆ । ਪਰਮ ਪੁਰਖ ਪ੍ਰਭ ਤੇਰੇ ਬੱਚੇ, ਬਚਪਨ ਤੇਰੀ ਝੋਲੀ ਪਾਈਆ । ਨਾਤਾ ਜੋੜ ਭੈਣ ਭਾਈ ਸਕੇ, ਹਰਿ ਸੰਗਤ ਇਕੋ ਰੂਪ ਨਜ਼ਰੀ ਆਈਆ । ਤੇਰਾ ਦਰਸ ਕਰਦਿਆਂ ਕੋਈ ਨਾ ਅੱਕੇ, ਥਕਾਵਟ ਸੰਗ ਨਾ ਕੋਇ ਰਖਾਈਆ । ਕੋਈ ਰਹੇ ਲੋੜ ਨਾ ਮਦੀਨੇ ਮੱਕੇ, ਕਾਇਆ ਕਾਅਬਾ ਸਾਚਾ ਹੁਜਰਾ ਇਕ ਸੁਹਾਈਆ । ਮੁਰੀਦ ਮੁਰਸ਼ਦ ਬਾਹਰ ਜਾ ਕੋਈ ਨਾ ਲੱਭੇ, ਘਰ ਦੀਦਾਰ ਦੇਣਾ ਬੇਪਰਵਾਹੀਆ । ਪਰਵਰਦਿਗਾਰ ਰਹਿਣਾ ਸੱਜੇ ਖੱਬੇ, ਅੱਗੇ ਪਿਛੇ ਤੇਰੀ ਸ਼ਰਨਾਈਆ । ਸਾਡੀ ਤੇਰੇ ਹੱਥ ਲੱਜੇ, ਲੱਜਿਆਵਾਨ ਨੂਰ ਖ਼ੁਦਾਈਆ । ਤੇਰੇ ਹੁਕਮੇ ਅੰਦਰ ਬੱਧੇ, ਪ੍ਰੀਤੀ ਪਰੇਮ ਵਿਚ ਜੁੜਾਈਆ । ਪੀਰ ਪੈਗੰਬਰ ਨਬੀ ਰਸੂਲ ਕਲਮ ਸ਼ਾਹੀ ਸਾਰੇ ਲੇਖ ਛੱਡੇ, ਝਗੜਾ ਮੁਕਿਆ ਜਗਤ ਲੋਕਾਈਆ । ਪਰਮ ਪੁਰਖ ਪਤਿਪਰਮੇਸ਼ਵਰ ਤੇਰੀ ਲੰਘ ਕੇ ਵੇਖੀ ਹੱਦੇ, ਘਰ ਸੱਚਾ ਸੋਭਾ ਪਾਈਆ । ਜਿਥੇ ਵਿਸ਼ਵ ਇਕੋ ਯੱਦੇ, ਬ੍ਰਹਮ ਰੂਪ ਨਜ਼ਰੀ ਆਈਆ । ਬੋਧ ਅਗਾਧਾ ਨਾਦ ਵੱਜੇ, ਤੰਦ ਸਤਾਰ ਨਾ ਕੋਇ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਕਰਦੇ ਅੱਗੇ, ਸੀਸ ਜਗਦੀਸ ਝੁਕਾਈਆ । ਸਾਰੇ ਵੇਖੇ ਪੈਰੀ ਨੰਗੇ, ਨੇਤਰ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਸਚ ਵਖਾ ਹਰੀ ਹਰਿ ਮੰਦਰ, ਕਾਇਆ ਬੰਕ ਮਿਲੇ ਵਡਿਆਈਆ । ਤੇਰਾ ਮੇਲਾ ਹੋਵੇ ਅੰਦਰੇ ਅੰਦਰ, ਆਤਮ ਪਰਮਾਤਮ ਰੰਗ ਰੰਗਾਈਆ । ਬਜਰ ਕਪਾਟੀ ਤੋੜ ਜੰਦਰ, ਨਾਮ ਖੰਡਾ ਇਕ ਖੜਕਾਈਆ । ਮਨ ਵਾਸਨਾ ਭਵੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਕਿਸੇ ਦਵਾਰੇ ਨਾ ਜਾਈਏ ਮੰਗਣ, ਘਰ ਘਰ ਅਲੱਖ ਨਾ ਕੋਇ ਜਗਾਈਆ । ਤੇਰੇ ਪਰੇਮ ਦੀ ਚੜ੍ਹ ਜਾਏ ਰੰਗਣ, ਜੁਗ ਚੌਕੜੀ ਉਤਰ ਕਦੇ ਨਾ ਜਾਈਆ ।

ਸਾਚਾ ਦੇ ਦੇ ਪਰਮਾਨੰਦਨ, ਨਿਜਾਨੰਦ ਤੇਰੀ ਰਸਾਈਆ । ਕੋਟਨ ਕੋਟ ਤੇਰੇ ਦਰ ਤੇ ਖੜੇ ਤ੍ਰਿਲੋਕੀ ਨੰਦਨ, ਰਾਮ ਕ੍ਰਿਸ਼ਨ ਬੈਠੇ ਸੀਸ ਝੁਕਾਈਆ । ਤੇਰੇ ਚਰਨਾਂ ਹੇਠ ਕੋਟਨ ਕੋਟ ਦਿਸੇ ਬ੍ਰਹਿਮੰਡਨ, ਬ੍ਰਹਿਮਾਂਡ ਵੱਜੇ ਤੇਰੀ ਵਧਾਈਆ । ਤੇਰਾ ਲੇਖਾ ਜੇਰਜ ਅੰਡਨ, ਉਤਭੁਜ ਸੇਤਜ ਤੇਰੀ ਸਰਨਾਈਆ । ਕਰ ਕਿਰਪਾ ਮਸਤਕ ਚਰਨ ਧੂੜੀ ਲਾਵੇ ਚੰਦਨ, ਟਿੱਕਾ ਇਕੋ ਸੋਭਾ ਪਾਈਆ । ਕੂੜੀ ਕਿਰਿਆ ਦੂਈ ਦਵੈਤੀ ਢਾਹ ਦੇ ਕੰਧਨ, ਭਾਂਡਾ ਭਰਮ ਭੌ ਭੰਨਾਈਆ । ਤੇਰੇ ਗੁਰਮੁਖ ਗੁਰਸਿਖ ਸੰਤ ਸੁਹੇਲੇ ਤੇਰੇ ਨਾਲ ਹੰਢਣ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਇਕ ਵਡਿਆਈਆ । ਜਨ ਭਗਤ ਕਹਿਣ ਪ੍ਰਭ ਸੁਣ ਲੈ ਠਾਕਰ, ਤੇਰੇ ਅੱਗੇ ਇਕ ਅਰਜ਼ੋਈਆ । ਕਲਜੁਗ ਦਿਸੇ ਡੂੰਘਾ ਸਾਗਰ, ਸਰਗੁਣ ਦੇਵੇ ਕੋਈ ਨਾ ਢੋਈਆ । ਨਿਰਮਲ ਕਰਮ ਨਾ ਹੋਏ ਉਜਾਗਰ, ਦੁਰਮਤ ਮੈਲ ਨਾ ਕੋਇ ਧਵਾਈਆ । ਸਚ ਦਵਾਰ ਮਿਲੇ ਨਾ ਆਦਰ, ਚਾਰੋਂ ਕੁੰਟ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਜਨ ਭਗਤ ਨੇਤਰ ਨੈਣ ਵਹਾਵਣ ਨੀਰ, ਉਚੀ ਕੂਕ ਕੂਕ ਸੁਣਾਈਆ । ਬਿਰਹੋਂ ਵਿਛੋੜਾ ਲੱਗੀ ਪੀੜ, ਤੁਧ ਬਿਨ ਸਕੇ ਨਾ ਕੋਇ ਮਿਟਾਈਆ । ਜਗਤ ਬੰਧਨ ਬੰਧਪ ਵਿਚ ਹੋਏ ਦਿਲਗੀਰ, ਧੀਰਜ ਸਕੇ ਨਾ ਕੋਇ ਧਰਾਈਆ । ਦੀਨ ਮਜ਼੍ਹਬ ਸ਼ਰਅ ਵੱਝਾ ਜ਼ੰਜੀਰ, ਕੜੀ ਕੜੀ ਸਕੇ ਨਾ ਕੋਇ ਖੁਲ੍ਹਾਈਆ । ਤੇਰਾ ਦਰਸ ਦਰਸ ਹੋਵੇ ਬੇਨਜ਼ੀਰ, ਨਜ਼ਰੀਆ ਨਜ਼ਰ ਦੇ ਬਦਲਾਈਆ । ਅੱਠੇ ਪਹਿਰ ਇਕ ਤਸਵੀਰ, ਬਿਨ ਤਸਬੀ ਮਾਲਾ ਵੇਖ ਵਖਾਈਆ । ਆਦਿ ਜੁਗਾਦੀ ਧੁਰ ਦੇ ਪੀਰ, ਪੈਗ਼ੰਬਰ ਤੇਰੀ ਸ਼ਰਨਾਈਆ । ਤੇਰਾ ਲੇਖਾ ਸ਼ਾਹ ਹਕੀਰ, ਹਜ਼ਰਤ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਾਚੀ ਦਇਆ ਆਪ ਕਮੌਂਦਾ ਏ । ਜਨ ਭਗਤਾਂ ਭੇਵ ਖੁਲ੍ਹੌਂਦਾ ਏ । ਜੁਗ ਚੌਕੜੀ ਮੇਲ ਮਿਲੌਂਦਾ ਏ । ਕਲਜੁਗ ਅੰਤਮ ਰੰਗ ਰੰਗੌਂਦਾ ਏ । ਨਿਰਗੁਣ ਹੋ ਕੇ ਵਸੇ ਸੰਗ, ਸਰਗੁਣ ਸੋਹਣੀ ਬਣਤ ਬਣੌਂਦਾ ਏ । ਆਤਮ ਪਰਮਾਤਮ ਦੇ ਅਨੰਦ, ਰਸ ਇਕੋ ਇਕ ਵਖੌਂਦਾ ਏ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਵੇ ਛੰਦ, ਤਿਸ ਆਪਣੇ ਘਰ ਬਹੌਂਦਾ ਏ । ਏਥੇ ਓਥੇ ਪਾਵੇ ਠੰਡ, ਅਗਨੀ ਤਤ ਆਪ ਬੁਝੌਂਦਾ ਏ । ਸੁਰਤ ਸਵਾਣੀ ਨਾ ਹੋਵੇ ਰੰਡ, ਕੰਤ ਸੁਹਾਗੀ ਮੇਲ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਦ੍ਰਿੜੌਂਦਾ ਏ । ਸੱਚਾ ਮਾਰਗ ਇਕ ਦ੍ਰਿੜੌਂਦਾ ਏ । ਸ੍ਰਿਸ਼ਟ ਸਬਾਈ ਆਪ ਸਮਝੌਂਦਾ ਏ । ਨੌ ਖੰਡ ਪ੍ਰਿਥਮੀ ਹੁਕਮ ਵਰਤੌਂਦਾ ਏ । ਸੱਤ ਦੀਪ ਭੇਵ ਖੁਲ੍ਹੌਂਦਾ ਏ । ਵੱਡ ਦੇਵੀ ਦੇਵ ਵੇਸ ਵਟੌਂਦਾ ਏ । ਨਿਹਚਲ ਧਾਮ ਇਕ ਸੁਹੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਮਨੌਂਦਾ ਏ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਆਪਣੀ ਕਾਰ ਕਮੌਂਦਾ ਏ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਔਂਦਾ ਏ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਫੇਰਾ ਪੌਂਦਾ ਏ । ਜਲਵਾਗਰ ਦਏ ਦੀਦਾਰ, ਦੀਦ ਇਕ ਚੰਦ ਰੁਸ਼ਨੌਂਦਾ ਏ । ਕੂੜੀ ਕਿਰਿਆ ਮੇਟ ਧੁੰਧੂਕਾਰ, ਅੰਧ ਅਗਿਆਨ ਆਪ ਗਵੌਂਦਾ ਏ । ਆਦਿ ਜੁਗਾਦੀ ਸਚ ਜੈਕਾਰ, ਸ਼ਬਦੀ ਜੋਤੀ ਢੋਲਾ ਰਾਗ ਸੁਣੌਂਦਾ ਏ । ਅੱਖਰਾਂ ਨਾਲ ਨਾ ਕਰੇ ਪਿਆਰ, ਨਿਰਅੱਖਰ ਆਪ ਪਰਗਟੌਂਦਾ ਏ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਆਧਾਰ, ਆਤਮ ਪਰਮਾਤਮ

ਆਪਣੀ ਕਾਰ ਕਮੌਂਦਾ ਏ । ਪੰਜ ਤਤ ਕਾਇਆ ਚੋਲਾ ਤਨ ਸ਼ੰਗਾਰ, ਹੱਡ ਮਾਸ ਨਾੜੀ ਜੋੜ ਜੁੜੌਂਦਾ ਏ । ਤ੍ਰੈਗੁਣ ਮਾਇਆ ਦੇ ਭੰਡਾਰ, ਰਜੋ ਤਮੋ ਸਤੋ ਆਪ ਵਰਤੌਂਦਾ ਏ । ਕਰ ਖੇਲ ਅਪਰ ਅਪਾਰ, ਅਪਰੰਪਰ ਆਪਣਾ ਰੰਗ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੱਚਾ ਰਾਹ ਚਲੌਂਦਾ ਏ । ਸਤਿਜੁਗ ਰਾਹ ਸੋਹੰ ਸੋ, ਸੋ ਸਾਹਿਬ ਕਰੇ ਪੜ੍ਹਾਈਆ । ਆਤਮ ਪਰਮਾਤਮ ਲੱਗੇ ਮੋਹ, ਘਰ ਮੇਲਾ ਸਹਿਜ ਸੁਭਾਈਆ । ਗ੍ਰਿਹ ਮੰਦਰ ਕਰੇ ਲੋ, ਦੀਪਕ ਜੋਤ ਇਕ ਰੁਸ਼ਨਾਈਆ । ਸਾਚਾ ਢੋਆ ਦੇਵੇ ਢੋ, ਵਸਤ ਅਮੋਲਕ ਨਾਮ ਵਰਤਾਈਆ । ਜਨ ਭਗਤਾਂ ਜੋਗਾ ਆਪੇ ਹੋ, ਆਪਣੇ ਨਾਲ ਕਰੇ ਕੁੜਮਾਈਆ । ਕੂੜੀ ਕਿਰਿਆ ਅੰਦਰੋਂ ਲਵੇ ਖੋਹ, ਦੁਰਮਤ ਮੈਲ ਦਏ ਧਵਾਈਆ । ਜਗਤ ਪਿਆਰ ਨਾਲੋਂ ਕਰ ਨਿਰਮੋਹ, ਨਾਤਾ ਆਪਣੇ ਨਾਲ ਜੁੜਾਈਆ । ਆਤਮ ਪਰਮਾਤਮ ਜਾਵੇ ਛੋਹ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਈਆ । ਜਨ ਭਗਤਾਂ ਮੇਲ ਮਿਲਾਵਾ ਕਰੇ ਆਪ, ਘਰ ਘਰ ਵਿਚ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਪ ਦੇ ਗਏ ਸੋਹੰ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਵਾਧਾ ਆਪਣੇ ਹੱਥ ਰਖਾਇੰਦਾ । ਨਾ ਕੋਈ ਪੁੰਨ ਨਾ ਕੋਈ ਪਾਪ, ਨਾ ਕੋਈ ਰੋਗ ਨਾ ਸੰਤਾਪ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਬਣ ਵਣਜਾਰਾ ਖੋਲ੍ਹੇ ਹਾਟ, ਦੇਵਣਹਾਰਾ ਧੁਰ ਦੀ ਦਾਤ, ਅਲੱਖ ਅਗੋਚਰ ਆਪ ਵਰਤਾਇੰਦਾ । ਚਰਨ ਪ੍ਰੀਤੀ ਜੋੜੇ ਨਾਤ, ਦਰਸ ਦਿਖਾਏ ਸਾਖਿਆਤ, ਸਖ਼ੀ ਸਰਵਰ ਫੇਰਾ ਪਾਇੰਦਾ । ਦੇਵਣਹਾਰਾ ਆਬੇਹਯਾਤ, ਵੇਖਣਹਾਰਾ ਕਾਇਨਾਤ, ਦੋ ਜਹਾਨਾਂ ਪਰਦਾ ਆਪ ਚੁਕਾਇੰਦਾ । ਭਗਤ ਭਗਵੰਤ ਦੇਵੇ ਸਾਥ, ਸਚ ਸੁਣਾਏ ਇਕੋ ਗਾਥ, ਢੋਲਾ ਆਪਣਾ ਰਾਗ ਅਲਾਇੰਦਾ । ਤੇਰੀ ਮੇਰੀ ਇਕੋ ਜਾਤ, ਆਦਿ ਜੁਗਾਦਿ ਨਾ ਹੋਏ ਵਫ਼ਾਤ, ਗੁਰਮੁਖ ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਰਖਾਇੰਦਾ । ਜਨ ਭਗਤਾਂ ਮਾਣ ਰਖੌਂਦਾ ਏ । ਸ੍ਰੀ ਭਗਵਾਨ ਸੰਗ ਨਿਭੌਂਦਾ ਏ । ਘਰ ਆਤਮ ਦੇ ਅਨੰਦ, ਚੰਦ ਨੂਰ ਜੋਤ ਰੁਸ਼ਨੌਂਦਾ ਏ । ਜੁਗ ਜਨਮ ਦੀ ਟੁਟੀ ਗੰਢ, ਘਰ ਮੇਲਾ ਸਚ ਮਿਲੌਂਦਾ ਏ । ਤੂੰ ਮੇਰਾ ਮੈਂ ਤੇਰਾ ਛੰਦ, ਸੋਹਣਾ ਵਕਤ ਆਪ ਸੁਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਰਖੌਂਦਾ ਏ । ਸਾਚੀ ਦੇਵੇ ਧੁਰ ਦੀ ਸਿਖਿਆ, ਹਰਿ ਮੰਤਰ ਨਾਮ ਪੜ੍ਹਾਈਆ । ਸ੍ਰਿਸ਼ਟ ਸਬਾਈ ਜਾਣੇ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਜੋ ਗੁਰਮੁਖ ਗੁਰਸਿਖ ਸਤਿਗੁਰ ਹੱਟ ਵਿਕਿਆ, ਤਿਸ ਕੀਮਤ ਦਏ ਚੁਕਾਈਆ । ਮਾਣਸ ਜਨਮ ਅਨਮੁਲਾ ਜਿਤਿਆ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਦੇ ਦਿਲਾਸਾ, ਜਗਤ ਦਲਿੱਦਰ ਦੇ ਮਿਟਾਈਆ । ਅੰਤਮ ਪੂਰੀ ਕਰ ਦੇ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਨਾਮ ਭੰਡਾਰਾ ਭਰ ਦੇ ਕਾਸਾ, ਵਸਤ ਅਮੋਲਕ ਇਕ ਵਰਤਾਈਆ । ਗੁਰ ਅਵਤਾਰ ਤੇਰਾ ਦੇਂਦੇ ਗਏ ਭਰਵਾਸਾ, ਲੇਖਾ ਲਿਖ ਕੇ ਕਲਮ ਸ਼ਾਹੀਆ । ਤੁਧ ਬਿਨ ਪੂਰਾ ਕਰੇ ਕੋਈ ਨਾ ਘਾਟਾ, ਮਿਹਰ ਨਜ਼ਰ ਨਾ ਕੋਇ ਉਠਾਈਆ । ਅੰਤਮ ਨੇੜੇ ਆਈ ਵਾਟਾ, ਪਿਛਲਾ ਪੰਧ ਬੈਠੇ ਚੁਕਾਈਆ । ਸਾਡਾ ਲਹਿਣਾ ਛੁੱਟ ਜਾਏ ਤੀਰਥ ਤਾਟਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾਵਣ ਕੋਇ ਨਾ ਜਾਈਆ । ਝਗੜਾ ਚੁੱਕੇ ਮੰਦਰ ਮਸਜਦ ਮਾਠਾ, ਸਿਲ ਪੂਜਸ ਸੀਸ ਨਾ ਕੋਇ ਨਿਵਾਈਆ ।

ਘਰ ਵਿਚ ਘਰ ਕਰ ਜੋਤ ਪਰਕਾਸਾ, ਅਨਹਦ ਨਾਦੀ ਧੁਨ ਦੇ ਸ਼ਨਵਾਈਆ । ਤੂੰ ਮੇਰਾ ਮੈਂ ਤੇਰੀ ਜਾਤਾ, ਕਿਉਂ ਬੈਠਾ ਮੁਖ ਛੁਪਾਈਆ । ਆਤਮ ਪਰਮਾਤਮ ਪੁਛ ਆਣ ਕੇ ਵਾਤਾ, ਸਨਮੁਖ ਹੋ ਕੇ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮਿਹਰਵਾਨ ਕਿਉਂ ਬੈਠੋਂ ਚੁਪ, ਘਰ ਘਰ ਵਿਚ ਡੇਰਾ ਲਾਈਆ । ਭਗਤਾਂ ਕੋਲੋਂ ਕਿਉਂ ਰਿਹੋਂ ਲੁਕ, ਅੱਖ ਸ਼ਰਮ ਕਿਉਂ ਸ਼ਰਮਾਈਆ । ਅਸੀਂ ਕਬੀਰ ਜੁਲਾਹੇ ਕੋਲੋਂ ਲਿਆ ਪੁਛ, ਘਰ ਮਿਲੇ ਬੇਪਰਵਾਹੀਆ । ਸਦਾ ਦੇਵੇ ਖ਼ਜ਼ਾਨਾ ਅਤੁਟ, ਨਾਮ ਭੰਡਾਰ ਆਪ ਵਰਤਾਈਆ । ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਆਪੇ ਦੇਵੇ ਲਾਈਆ । ਆਵਣ ਜਾਵਣ ਓਸੇ ਵੇਲੇ ਜਾਏ ਛੁਟ, ਜਿਸ ਵੇਲੇ ਆਪਣੀ ਦਇਆ ਕਮਾਈਆ । ਜੇ ਪ੍ਰੇਮ ਕਰ ਕੇ ਕਹੇ ਆ ਮੇਰੇ ਪੁਤ, ਪਿਤਾ ਬਣ ਕੇ ਗੋਦ ਉਠਾਈਆ । ਫਿਰ ਦੋ ਜਹਾਨ ਗੁਰਮੁਖ ਤੈਨੂੰ ਜਾਵਣ ਝੁਕ, ਅੱਗੇ ਅੱਖ ਨਾ ਕੋਇ ਉਠਾਈਆ । ਜੇ ਤੁਹਾਡੇ ਨਾਲੋਂ ਸਾਹਿਬ ਜਾਵੇ ਰੁੱਸ, ਘਰ ਸੱਜਣ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਮੁਕਾਈਆ । ਜਨ ਭਗਤ ਉਠ ਕੇ ਰਹੇ ਘੂਰ, ਸ੍ਰੀ ਭਗਵਾਨ ਰਹੇ ਡਰਾਈਆ । ਪ੍ਰਭ ਸਾਡਾ ਦੇਦੇ ਸਾਨੂੰ ਨੂਰ, ਕਿਉਂ ਬੈਠਾ ਬੰਦ ਕਰਾਈਆ । ਚਾਰ ਕੁੰਟ ਤੈਨੂੰ ਕਰੀਏ ਮਸ਼ਹੂਰ, ਡੰਕਾ ਤੇਰਾ ਨਾਮ ਵਜਾਈਆ । ਸਾਡੇ ਵਿਚ ਜੇ ਕੋਈ ਕਸੂਰ, ਉਹ ਵੀ ਤੇਰੀ ਝੋਲੀ ਪਾਈਆ । ਤੈਨੂੰ ਹੋਣ ਨਹੀਂ ਦੇਣਾ ਮਫ਼ਰੂਰ, ਭੱਜ ਸਕੇ ਨਾ ਬੇਪਰਵਾਹੀਆ । ਪਹਿਲੀ ਚੇਤ ਪਾ ਕੇ ਜੂੜ, ਕਾਇਆ ਅੰਦਰ ਲੈਣਾ ਟਿਕਾਈਆ । ਜਿੰਨਾ ਚਿਰ ਕਾਇਆ ਚੋਲੀ ਰੰਗ ਨਾ ਚਾੜ੍ਹੇਂ ਗੂੜ੍ਹ, ਤੇਰੀ ਸੇਵਾ ਸਾਨੂੰ ਕਦੇ ਨਾ ਭਾਈਆ । ਪ੍ਰਭੂ ਤੂੰ ਸਾਡਾ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਜਿੰਨਾ ਚਿਰ ਸਾਖਿਆਤ ਨਜ਼ਰੀ ਆਵੇਂ ਨਾ ਹਾਜ਼ਰ ਹਜ਼ੂਰ, ਸਾਰੇ ਬੈਠੀਏ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਅਜੇ ਪ੍ਰਭੂ ਤੇਰੇ ਨਾਲ ਝਗੜਾ, ਜਨ ਭਗਤ ਰਹੇ ਜਣਾਈਆ । ਪਾਣੀ ਵਿਚ ਠਾਰ ਕੇ ਗੁਫਾ ਵਿਚ ਵੜ ਕੇ ਸਾਥੋਂ ਸਹਿਆ ਨਾ ਜਾਏ ਰਗੜਾ, ਅੱਠੇ ਪਹਿਰ ਤੇਰਾ ਧਿਆਨ ਨਾ ਕੋਇ ਲਗਾਈਆ । ਸੰਮਤ ਇਕੀ ਤੈਨੂੰ ਹੋਣ ਨਹੀਂ ਦੇਣਾ ਵੱਖਰਾ, ਫ਼ਰੇਬੀਆ ਤੇਰਾ ਫ਼ਰੇਬ ਦੇਣਾ ਗਵਾਈਆ । ਅਸੀਂ ਕੋਈ ਨਹੀਂ ਫੋਲਣਾ ਚਾਰ ਜੁਗ ਦਾ ਪੱਤਰਾ, ਤੇਰਾ ਨਾਮ ਤੇਰਾ ਗਿਆਨ ਆਪਣੇ ਅੰਦਰ ਬੰਦ ਕਰਾਈਆ । ਤੇਰੇ ਸੰਗ ਰਲ ਕੇ ਸਾਨੂੰ ਕੋਈ ਨਾ ਰਹੇ ਖ਼ਤਰਾ, ਦੋ ਜਹਾਨ ਭੈ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਥੋਂ ਮੰਗਦੇ ਰਹੇ ਇਕੋ ਕਤਰਾ, ਅਸੀਂ ਝੋਲੀਆਂ ਲੈਣੀਆਂ ਭਰਾਈਆ । ਤੇਰੀ ਭੇਟਾ ਕੋਈ ਨਹੀਂ ਦੇਣਾ ਬੱਕਰਾ ਛੱਤਰਾ, ਮੁਰਗਾ ਅੱਗੇ ਨਾ ਕੋਇ ਟਿਕਾਈਆ । ਪ੍ਰਭੂ ਸਾਡੇ ਨਾਲ ਲੱਖ ਚੁਰਾਸੀ ਨਾਲੋਂ ਹੋ ਕੇ ਵੱਖਰਾ, ਕੌਲ ਇਕਰਾਰ ਦੇ ਨਿਭਾਈਆ । ਬੇਪਰਵਾਹ ਤੇਰਾ ਚੱਲਣ ਨਹੀਂ ਦੇਣਾ ਨਖ਼ਰਾ, ਸਾਰਿਆਂ ਇਕੋ ਸਲਾਹ ਰਖਾਈਆ । ਭਗਤਾਂ ਕੋਲੋਂ ਪ੍ਰਭ ਕਿਉਂ ਰਹੇ ਅੱਡਰਾ, ਘਰ ਵੱਖਰਾ ਕਿਉਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦੇ ਚੁਕਾਈਆ । ਪਰਦਾ ਓਹਲਾ ਚੁਕ ਭਗਵਾਨ, ਜਨ ਭਗਤ ਰਹੇ ਜਣਾਈਆ । ਚਾਰ ਜੁਗ ਤੇਰਾ ਲੱਭਦੇ ਰਹੇ ਨਿਸ਼ਾਨ, ਤੂੰ ਲੁਕਿਆ ਰਿਹੋਂ ਬੇਪਰਵਾਹੀਆ । ਤੇਰਾ ਅੱਖਰਾਂ ਵਿਚੋਂ ਹੱਥ ਨਾ ਆਇਆ ਕਿਸੇ ਗਿਆਨ, ਅਲਫ਼ ਯੇ ਰਹੀ ਕੁਰਲਾਈਆ । ਆਪਣਾ ਦੱਸ ਇਕ ਈਮਾਨ, ਜਿਸ ਵਿਚ ਰਹਿਮਤ ਨੂਰ ਇਲਾਹੀਆ । ਆ ਕੇ ਦੇ ਸੰਦੇਸਾ ਪੈਗ਼ਾਮ, ਆਪਣੀ ਕਰ ਸਚ ਪੜ੍ਹਾਈਆ । ਤੂੰ ਸਾਹਿਬ ਵਡ ਅਮਾਮ, ਸਹੀ ਸਲਾਮਤ ਨਜ਼ਰੀ ਆਈਆ । ਦਰ ਬਰਦੇ ਹੋ

੮੨੬
੧੯

ਕੇ ਕਰੀਏ ਸਲਾਮ, ਸਜਦਾ ਸੀਸ ਝੁਕਾਈਆ । ਸਾਡੇ ਅੰਦਰੇ ਅੰਦਰ ਬਦਲ ਦੇ ਨਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਕੂੜੀ ਕਿਰਿਆ ਸਾਨੂੰ ਦਿਸੇ ਹਰਾਮ, ਇਕੋ ਹੁਜਰਾ ਤੇਰਾ ਸੋਭਾ ਪਾਈਆ । ਨਗ਼ਮਾ ਨਾਅਰਾ ਤੇਰੀ ਸੁਣ ਕਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੇ ਰਹੇ ਸੁਣਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਵੇਖ ਬਲ, ਬਲ ਤੇਰਾ ਨਜ਼ਰੀ ਆਈਆ । ਹੁਣ ਨਹੀਂ ਕਰਨ ਦੇਣਾ ਵਲ ਛਲ, ਅਛਲ ਛਲਧਾਰੀ ਤੇਰੀ ਚਲੇ ਨਾ ਕੋਇ ਚਤਰਾਈਆ । ਨਿਰਗੁਣ ਹੋ ਕੇ ਸਾਡੇ ਅੰਦਰ ਰਲ, ਰਲ ਮਿਲ ਸੋਹਣੀ ਖ਼ੁਸ਼ੀ ਮਨਾਈਆ । ਦੀਪਕ ਹੋ ਕੇ ਜੋਤੀ ਬਲ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਅੰਮ੍ਰਿਤ ਹੋ ਕੇ ਬਰਖ ਜਲ, ਅਗੰਮੀ ਧਾਰ ਵਹਾਈਆ । ਧੁਰ ਸੰਦੇਸ ਆਪਣਾ ਘੱਲ, ਬੋਧ ਅਗਾਧ ਸਮਝਾਈਆ । ਸਚ ਸਿੰਘਾਸਣ ਇਕੋ ਮੱਲ, ਆਤਮ ਸੇਜਾ ਸੋਭਾ ਪਾਈਆ । ਕਰ ਕਿਰਪਾ ਜੇ ਹੋ ਜਾਏ ਸਾਡੇ ਵਲ, ਸਾਨੂੰ ਹੋਰ ਲੋੜ ਰਹੇ ਨਾ ਰਾਈਆ । ਸਾਡੇ ਨਾਲ ਤੂੰ ਪਰਬਲ, ਬਿਨ ਭਗਤਾਂ ਤੇਰਾ ਨਾਮ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜਲ ਥਲ, ਮਹੀਅਲ ਤੇਰੀ ਓਟ ਤਕਾਈਆ ।

### ★ ੨ ਚੇਤ ੨੦੨੧ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹ ਵੇਰਕਾ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਸਤਿ ਸਤਿਵਾਦੀ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਦਰਗਾਹ ਸਾਚੀ ਧਾਮ ਸੁਹਾਇੰਦਾ । ਏਕੰਕਾਰ ਹੋ ਤਿਆਰ, ਹਰਿ ਕਰਤਾ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਘਰ ਦੀਆ ਦੀਪਕ ਇਕੋ ਡਗਮਗਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸ੍ਰੀ ਭਗਵਾਨ ਨਿਰਗੁਣ ਧਾਰ, ਅਨੁਭਵ ਆਪਣੀ ਖੇਲ ਰਚਾਇੰਦਾ । ਪਾਰਬ੍ਰਹਮ ਬੇਅੰਤ ਬੇਐਬ ਪਰਵਰਦਗਾਰ, ਨੂਰੀ ਜਲਵਾ ਡਗਮਗਾਇੰਦਾ । ਮੁਕਾਮੇ ਹੱਕ ਸ਼ਾਹ ਸਿਕਦਾਰ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਮਹਲ ਅਟੱਲ ਉਚ ਮਨਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਰੂਪ ਰੰਗ ਰੇਖ ਨਾ ਪਾਵੇ ਕੋਈ ਸਾਰ, ਪਰਦਾ ਓਹਲਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਸਾਚੇ ਸਾਹਿਬ ਡੇਰਾ, ਪੁਰਖ ਅਕਾਲ ਇਕ ਲਗਾਈਆ । ਦੂਰ ਦੁਰਾਡਾ ਨੇਰਨ ਨੇਰਾ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਕਰੇ ਹੱਕ ਨਿਬੇੜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਘਰ ਸਚ ਸੁਹਾਏ ਸੋਭਾਵੰਤ, ਸਚਖੰਡ ਵੱਜੇ ਇਕ ਵਧਾਈਆ । ਪੁਰਖ ਅਕਾਲ ਸ੍ਰੀ ਭਗਵੰਤ, ਸ਼ਾਹੋ ਭੂਪ ਡੇਰਾ ਲਾਈਆ । ਦੋ ਜਹਾਨਾਂ ਸਾਚਾ ਕੰਤ, ਨਰ ਹਰਿ ਨਰਾਇਣ ਇਕ ਅਖਵਾਈਆ । ਘਰ ਵਿਚ ਘਰ ਬਣਾਏ ਬਣਤ, ਘਾੜਤ ਅਗੰਮ ਅਥਾਹ ਘੜਾਈਆ । ਆਪਣਾ ਲੇਖਾ ਰੱਖੇ ਬੇਅੰਤ, ਸੋਚ ਸਮਝ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਘਾੜਤ ਘੜੇ ਅਗੰਮ ਅਥਾਹ, ਅਪਰੰਪਰ ਧਾਰ ਚਲਾਇੰਦਾ । ਸਚਖੰਡ ਨਿਵਾਸੀ ਬੇਪਰਵਾਹ, ਪਰਦਾਨਸ਼ੀਂ ਨਜ਼ਰ ਕਿਸੇ ਨਾ ਆਇੰਦਾ । ਮੁਕਾਮੇ ਹੱਕ ਸੋਭਾ ਪਾ, ਲਾਸ਼ਰੀਕ ਡੇਰਾ ਲਾਇੰਦਾ । ਨਿਰਗੁਣ ਨਿਰਗੁਣ

ਆਪਣੀ ਵੰਡ ਵੰਡਾ, ਸਾਚਾ ਹਿੱਸਾ ਆਪਣੇ ਹੱਥ ਰਖਾਇੰਦਾ । ਸਚਖੰਡ ਅੰਦਰ ਥਿਰ ਘਰ ਸਾਚਾ ਦਏ ਸੁਹਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤ ਅਗੰਮੀ ਦਏ ਜਗਾ, ਸਚ ਪਰਕਾਸ਼ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਆਦਿ ਪੁਰਖ ਪ੍ਰਭ ਹੋ ਤਿਆਰ, ਆਪਣੀ ਕਰਨੀ ਕਾਰ ਕਮਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸੰਗੀ ਸੰਗ ਨਾ ਕੋਇ ਰਖਾਈਆ । ਕਰ ਖੇਲ ਸੱਚੀ ਸਰਕਾਰ, ਸਾਖਿਆਤ ਆਪਣੀ ਧਾਰ ਪਰਗਟਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਾਰ ਕੰਤ ਜੋੜ ਜੁੜਾਈਆ । ਨਿਰਗੁਣ ਮੇਲਾ ਅਪਰ ਅਪਾਰ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਆਪ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਨਿਰਗੁਣ ਦੇਵੇ ਸਾਥ, ਸਮਰਥ ਪੁਰਖ ਬੇਪਰਵਾਹੀਆ । ਆਪਣਾ ਜਾਣੇ ਖੇਲ ਤਮਾਸ਼, ਰਚਨਾ ਆਪਣੀ ਆਪ ਰਚਾਈਆ । ਸਚ ਦਵਾਰਾ ਖੋਲ੍ਹ ਤਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਪਿਆਰਾ, ਨਿਰਗੁਣ ਸੇਜ ਸੁਹੰਜਣੀ ਆਪ ਹੰਢਾਈਆ । ਨਿਰਗੁਣ ਪੁਰਖ ਨਿਰਗੁਣ ਨਾਰਾ, ਨਿਰਗੁਣ ਪੂਤ ਸਪੂਤਾ ਇਕੋ ਜਾਈਆ । ਨਿਰਗੁਣ ਮਹਲ ਸਚ ਮਨਾਰਾ, ਨਿਰਗੁਣ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਮਾਣ ਵਡਿਆਈ ਦੇਵੇ ਭਗਵੰਤ, ਹਰਿ ਕਰਤਾ ਦਇਆ ਕਮਾਇੰਦਾ । ਸੁਤ ਦੁਲਾਰੇ ਬਣਾ ਬਣਤ, ਸ਼ਬਦੀ ਰੂਪ ਆਪ ਸਮਝਾਇੰਦਾ । ਤੇਰਾ ਲੇਖਾ ਆਦਿ ਅੰਤ, ਮਧ ਤੇਰੀ ਧਾਰ ਵਖਾਇੰਦਾ । ਤੇਰੀ ਮਹਿਮਾ ਸਦਾ ਬੇਅੰਤ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਤੇਰਾ ਨਾਉਂ ਬੋਧ ਅਗਾਧਾ ਪੰਡਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੁੱਤ ਦੁਲਾਰੇ ਮਾਣ ਰਖਾਇੰਦਾ । ਸ਼ਬਦੀ ਸੁਤ ਥਿਰ ਘਰ ਵੜ, ਸਚਖੰਡ ਵੇਖੇ ਬੇਪਰਵਾਹੀਆ । ਚਰਨ ਕਵਲ ਸੀਸ ਧਰ, ਨਮਸਕਾਰ ਇਕ ਕਰਾਈਆ । ਸਾਚਾ ਨਾਮ ਰਿਹਾ ਪੜ੍ਹ, ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਲੱਗਾ ਡੇਰਾ, ਡੰਡੌਤ ਆਪਣੀ ਇਕ ਵਖਾਈਆ । ਨਿਤ ਨਵਿਤ ਆਦਿ ਜੁਗਾਦਿ ਜੁਗ ਚੌਕੜੀ ਬੰਨਣਾ ਬੇੜਾ, ਬੇਪਰਵਾਹ ਤੇਰੀ ਸਰਨਾਈਆ । ਪੁਰਖ ਸੁਲਤਾਨ ਸ੍ਰੀ ਭਗਵਾਨ ਹਰਿ ਮਿਹਰਵਾਨ ਸਚਖੰਡ ਵਸਦਾ ਰਹੇ ਤੇਰਾ ਖੇੜਾ, ਥਿਰ ਘਰ ਮਿਲੇ ਮੋਹੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਜਣਾਈਆ । ਸਾਚਾ ਲੇਖਾ ਸ਼ਬਦੀ ਸੁਤ, ਘਰ ਸਾਚੇ ਮੰਗ ਮੰਗਾਇੰਦਾ । ਵੇਖਾਂ ਖੇਲ ਅਬਿਨਾਸ਼ੀ ਅਚੁਤ, ਮਿਹਰਵਾਨ ਤੇਰੀ ਆਸ ਰਖਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਮੌਲੇ ਤੇਰੀ ਰੁੱਤ, ਦੋ ਜਹਾਨ ਤੇਰੀ ਫੁਲ ਫੁਲਵਾੜੀ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਜਲ ਕਰਾਂ ਮੁਖ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਾਚਾ ਲੇਖਾ ਤੇਰੇ ਹੱਥ ਰਖਾਇੰਦਾ । ਸਾਚਾ ਲੇਖਾ ਪ੍ਰਭ ਸਮਰਥ, ਤੇਰੇ ਹੱਥ ਵਖਾਈਆ । ਨਿਰਗੁਣ ਹੋ ਕੇ ਮਹਿਮਾਂ ਗਾਵਾਂ ਅਕੱਥ, ਸੋਹਣਾ ਢੋਲਾ ਰਾਗ ਸੁਣਾਈਆ । ਸਾਚੇ ਗ੍ਰਿਹਿ

੮੨੮
੧੬

ਮੰਦਰ ਘਰ ਜਾਵਾਂ ਵਸ, ਚਰਨ ਕਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਦੇਣੀ ਵਡਿਆਈ ਪਾਰਬ੍ਰਹਮ, ਤੇਰੀ ਇਕੋ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਜਨਮਾਂ ਨਾ ਜਾਵਾਂ ਮਰ, ਜਨਮ ਮਰਨ ਵਿਚ ਕਦੇ ਨਾ ਆਈਆ । ਨਿਰਗੁਣ ਸਰਗੁਣ ਖੇਲ ਕਰ, ਲੱਖ ਚੁਰਾਸੀ ਬੰਧਨ ਪਾਈਆ । ਅੰਡਜ ਜੇਰਜ ਉਤਭੁਜ ਸੇਤਜ ਘਾੜਤ ਘੜ, ਚਾਰੇ ਖਾਣੀ ਰੰਗ ਰੰਗਾਈਆ । ਚਾਰੇ ਬਾਣੀ ਧੁਰ ਦਾ ਢੋਲਾ ਲਵਾਂ ਪੜ੍ਹ, ਗਹਿਰ ਗੰਭੀਰ ਬੇਨਜ਼ੀਰ ਤੇਰਾ ਨਾਉਂ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਇਕ ਬੰਧਾਵਾਂ ਸਾਚੇ ਲੜ, ਪੱਲੂ ਧੁਰ ਦੀ ਗੰਢ ਬੰਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਜੋਤ ਧਰ, ਪੰਜ ਤਤ ਦਿਆਂ ਮਾਣ ਵਡਿਆਈਆ । ਸ਼ਬਦੀ ਸ਼ਬਦ ਜੈਕਾਰ ਬੋਲ ਨਾਅਰ, ਸੋਹਣਾ ਰਾਗ ਅਨਾਦ ਸੁਣਾਈਆ । ਜਨ ਭਗਤਾਂ ਦੇ ਕੇ ਧੁਰ ਦਾ ਵਰ, ਵਸਤ ਅਮੋਲਕ ਝੋਲੀ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਵਾਂ ਫੜ, ਅੰਤਰ ਆਤਮ ਮੇਲਾ ਸਹਿਜ ਸੁਭਾਈਆ । ਗੁਰਮੁਖ ਗੁਰਸਿਖ ਚੁਕਾਵਾਂ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਨਿਤ ਨਵਿਤ ਸਾਚੀ ਸੇਵ ਕਮਾਈਆ । ਨਿਤ ਨਵਿਤ ਸੇਵ ਕਰਾਂ ਸੰਸਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਮ ਜੈਕਾਰਾ ਬੋਲ ਅਪਾਰ, ਧੁਰ ਦਾ ਰਾਗ ਦਿਆਂ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਭੇਵ ਚੁਕਾਈਆ । ਅੰਜੀਲ ਕੁਰਾਨਾ ਦੇ ਨਿਸ਼ਾਨ, ਸਚ ਈਮਾਨ ਇਕ ਦ੍ਰਿੜਾਈਆ । ਕਲਮਾ ਨਬੀ ਰਸੂਲ ਬੋਲ ਜ਼ਬਾਨ, ਅਲਿਫ਼ ਯੇ ਮੇਲਾ ਸਹਿਜ ਸੁਭਾਈਆ । ਖਾਣੀ ਬਾਣੀ ਕਰ ਪਰਵਾਨ, ਨਾਮ ਪਰਵਾਨਾ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਦਾ ਸਵਾਮੀ ਤੇਰੀ ਸੇਵ ਕਮਾਈਆ । ਸਦਾ ਸੇਵ ਤੇਰੀ ਸਵਾਮੀ, ਸ਼ਬਦੀ ਸ਼ਬਦ ਆਪ ਕਮਾਈਆ । ਧੁਰਦਰਗਾਹੀ ਅਗੰਮੀ ਬਾਣੀ, ਲੇਖਾ ਲਿਖਾਂ ਕਲਮ ਸ਼ਾਹੀਆ । ਹਰ ਘਟ ਬਣ ਕੇ ਅੰਤਰਜਾਮੀ, ਵੇਖ ਵਖਾਵਾਂ ਥਾਉਂ ਥਾਈਂਆ । ਜਨ ਭਗਤਾਂ ਦੇ ਇਕ ਨਿਸ਼ਾਨੀ, ਸਚ ਨਿਸ਼ਾਨਾ ਦਿਆਂ ਵਖਾਈਆ । ਜੁਗ ਚੌਕੜੀ ਖੇਲ ਮਹਾਨੀ, ਮਹਾਂਬਲੀ ਸੂਰਬੀਰ ਤੇਰੀ ਵੇਖ ਵਖਾਈਆ । ਨਾਮ ਨਿਧਾਨਾ ਤੇਰਾ ਤੀਰ ਕਾਨੀ, ਚਿਲਾ ਸ਼ਸਤਰ ਧਨਖ ਟੰਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇਅੰਤ ਤੇਰੀ ਸਰਨਾਈਆ । ਬੇਅੰਤ ਬੇਪਰਵਾਹ ਠਾਕਰ, ਦਰ ਤੇਰੇ ਮੰਗ ਮੰਗਾਈਆ । ਦੋ ਜਹਾਨ ਡੂੰਘਾ ਸਾਗਰ, ਜੀਵ ਜੰਤ ਭੇਵ ਨਾ ਪਾਈਆ । ਜੋਧੇ ਸੂਰਬੀਰ ਬਹਾਦਰ, ਸ਼ਾਹ ਸੁਲਤਾਨ ਤੇਰੇ ਹੱਥ ਸੱਚੀ ਸ਼ਹਿਨਸ਼ਾਹੀਆ । ਧੁਰਦਰਗਾਹੀ ਕਰੀਮ ਕਰਤੇ ਕਾਦਰ, ਕੁਦਰਤ ਤੇਰਾ ਨੂਰ ਨਜ਼ਰੀ ਆਈਆ । ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਮਸਾਇਕ ਤੇਰੇ ਦਰ ਤੇ ਮੰਗਦੇ ਆਦਰ, ਆਦਰਸ਼ ਤੇਰਾ ਵੇਖ ਵਖਾਈਆ । ਲੋਕ ਪਰਲੋਕ ਚੌਦਾਂ ਤਬਕ ਕਰਨਾ ਅਦਲ, ਅਦਾਲਤ ਇਕੋ ਇਕ ਵਖਾਈਆ । ਲੇਖਾ ਜਾਣੇ ਮਕਤੂਲ, ਕਾਤਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਦੇਣੀ ਵਡਿਆਈ ਸ੍ਰੀ ਭਗਵਾਨ, ਸ਼ਬਦੀ ਸੁਤ ਮੰਗ ਮੰਗਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਇੰਦਾ । ਦਰ ਦਰਵੇਸ਼ ਬਣ ਕੇ ਮੰਗਣ ਦਾਨ, ਖ਼ਾਲੀ ਝੋਲੀ ਸਰਬ ਡਾਹਿੰਦਾ । ਤੂੰ ਲੇਖਾ ਜਾਣੇ ਨੌਜਵਾਨ, ਨਈਆ ਨੌਕਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ,

ਦਰ ਤੇਰੇ ਅਲੱਖ ਜਗਾਇੰਦਾ । ਤੇਰੇ ਦਰ ਇਕ ਅਲੱਖ ਹਰਿ ਕਰਤੇ ਸਚ ਜਣਾਈਆ । ਨਿਰਗੁਣ ਸਰਗੁਣ ਖੇਲ ਸਮਰਥ, ਨਿਤ ਨਵਿਤ ਰਚਨ ਰਚਾਈਆ । ਬੋਧ ਅਗਾਧ ਸ਼ਬਦ ਨਾਦ ਬੋਲ ਅਕੱਥ, ਖਾਣੀ ਬਾਣੀ ਵੰਡ ਵੰਡਾਈਆ । ਲੱਖ ਚੁਰਾਸੀ ਜੀਵ ਜੰਤ ਚਲਾ ਰਥ, ਬਣ ਰਥਵਾਹੀ ਸੇਵ ਕਮਾਈਆ । ਜਨ ਭਗਤਾਂ ਖੋਲ੍ਹ ਅੰਤਰ ਅੱਖ, ਮੇਲ ਮਿਲਾਵਾ ਏਕਾ ਥਾਈਆ । ਸ਼ਬਦ ਅਗੰਮੀ ਮਾਰ ਸੱਟ, ਦੂਈ ਦਵੈਤੀ ਡੇਰਾ ਢਾਹੀਆ । ਸਚ ਦ੍ਰਿੜ੍ਹਾ ਸਤਿਗੁਰ ਮਤ, ਮਨਮਤ ਲੇਖਾ ਦਏ ਮੁਕਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰਤ ਲੇਖੇ ਪਾਈਆ । ਏਥੇ ਓਥੇ ਰੱਖੇਂ ਪੱਤ, ਦੋ ਜਹਾਨਾਂ ਇਕ ਸਰਨਾਈਆ । ਕਲਜੁਗ ਅੰਤ ਹੋ ਪਰਗਟ, ਪਰਗਟ ਆਪਣਾ ਖੇਲ ਵਖਾਈਆ । ਸਤਿ ਧਰਮ ਦਾ ਖੋਲ੍ਹ ਹੱਟ, ਚਾਰ ਵਰਨਾਂ ਦਏਂ ਸਰਨਾਈਆ । ਬਰਨ ਅਠਾਰਾਂ ਵੇਖੇਂ ਨੱਠ ਨੱਠ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਸਚ ਤੇਰੀ ਸਰਨਾ, ਸੋ ਸਾਹਿਬ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਕਰਨ ਦੁਆ, ਸਜਦਾ ਸੀਸ ਇਕ ਝੁਕਾਈਆ । ਹਜ਼ਰਤ ਹਾਜ਼ਰ ਹੋ ਕੇ ਦਰਸ਼ ਦਿਖਾ, ਪਰਦਾ ਉਹਲਾ ਮੇਟ ਮਿਟਾਈਆ । ਮੁਖ ਨਕਾਬ ਦੇ ਉਠਾ, ਨੂਰ ਜਹੂਰ ਕਰ ਰੁਸ਼ਨਾਈਆ । ਕਾਇਆ ਕਾਅਬਾ ਇਕੋ ਨਜ਼ਰੀ ਜਾਏ ਆ, ਹੁਜਰਾ ਹੱਕ ਹੱਕ ਸੁਹਾਈਆ । ਨੌਬਤ ਵੱਜੇ ਬੇਪਰਵਾਹ, ਕਲਮਾ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਗੁਰ ਅਵਤਾਰ ਮੰਗਣ ਭਿਖ, ਦਰ ਠਾਂਡੇ ਸੀਸ ਨਿਵਾਈਆ । ਸ੍ਰੀ ਭਗਵਾਨ ਲੇਖਾ ਲਿਖ, ਅਲੇਖ ਤੇਰੀ ਸ਼ਰਨਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਕਰਨਾ ਹਿਤ, ਨਵਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਈਆ । ਘਰ ਸਾਚਾ ਪ੍ਰਭੂ ਇਕ ਵਖਾਉਣਾ, ਚਾਰੇ ਜੁਗ ਮੰਗ ਮੰਗਾਈਆ । ਕਲਜੁਗ ਵੇਲਾ ਸਚ ਸੁਹੌਣਾ, ਸੋਹਣੀ ਬਣਤ ਬਣਾਈਆ । ਦੀਨ ਮਜ਼੍ਹਬ ਜਾਤ ਪਾਤ ਡੇਰਾ ਢੌਹਣਾ, ਰੰਗ ਇਕੋ ਇਕ ਚੜ੍ਹਾਈਆ । ਆਤਮ ਪਰਮਾਤਮ ਢੋਲਾ ਸਰਬ ਜਣੌਣਾ, ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਫੜ ਫੜ ਹੰਸ ਕਾਗ ਬਣੌਣਾ, ਮਾਣਕ ਮੋਤੀ ਚੋਗ ਚੁਗਾਈਆ । ਬੰਦ ਕਿਵਾੜੀ ਪਰਦਾ ਉਹਲਾ ਆਪ ਹਟੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਵਖਾਈਆ । ਸਾਚਾ ਦਰ ਵਖਾਉਣਾ ਪ੍ਰਭ, ਜੁਗ ਚੌਕੜੀ ਧਿਆਨ ਲਗਾਈਆ । ਕਲਜੁਗ ਕੂੜੀ ਮੇਟਣੀ ਹੱਦ, ਪੰਧ ਮੁਕਾਉਣਾ ਥਾਉਂ ਥਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਠਾਂਡੇ ਰਹੇ ਸੱਦ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਔਣਾ ਭੱਜ, ਜੋਤੀ ਜਾਮਾ ਵੇਸ ਵਟਾਈਆ । ਭਗਤ ਭਗਵਾਨ ਸੰਤ ਸੁਹੇਲੇ ਲੈਣੇ ਕੱਢ, ਗੁਰਮੁਖ ਗੁਰਸਿਖ ਖੋਜ ਖੁਜਾਈਆ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ, ਕੇ ਵਜੌਣਾ ਨਦ, ਅਨਹਦ ਰਾਗੀ ਰਾਗ ਸੁਣਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਲੇਖੇ ਲਾਉਣਾ ਪਵਣ ਸਵਾਸ, ਪਵਣ ਉਣੰਜਾ ਨੈਣ ਸ਼ਰਮਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਵਖਾਈਆ । ਆਤਮ ਪਰਮਾਤਮ ਦੇਣਾ ਸਾਥ, ਘਰ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਮੁਕਾਈਆ । ਪੂਰਬ ਲੇਖਾ ਮੁਕਾਉਣਾ ਮਾਤ, ਗੁਰ ਅਵਤਾਰ ਪੀਰ ਪੈਗ਼ੰਬਰ ਮਤਾ ਤੇਰੇ ਨਾਲ ਪਕਾਈਆ । ਪਤਿਪਰਮੇਸ਼ਵਰ ਨੂਰ

੮੩੦ ੧੯

ਇਲਾਹੀ ਤੇਰੀ ਵੇਖੀਏ ਇਕੋ ਜਾਤ, ਅਜਾਤੀ ਰੂਪ ਨਾ ਕੋਇ ਜਣਾਈਆ । ਤੇਰਾ ਕਲਮਾ ਢੋਲਾ ਨਾਦ ਸੁਣੀਏ ਕਾਇਨਾਤ, ਮਖ਼ਲੂਕ ਖ਼ਾਲਕ ਖ਼ਲਕ ਤੇਰਾ ਨਾਮ ਸ਼ਨਵਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰਾ ਦਾਸੀ ਦਾਸ, ਸੇਵਕ ਇਕੋ ਰੂਪ ਨਜ਼ਰੀ ਆਈਆ । ਪੰਜ ਤਤ ਕਾਇਆ ਮਾਟੀ ਤ੍ਰੈਗੁਣ ਮਾਇਆ ਦਿਸੇ ਖ਼ਾਕ, ਖ਼ਾਕੀ ਰੂਪ ਸਰਬ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪੂਰਾ ਕਰਨਾ ਭਵਿਖਤ ਵਾਕ, ਲਿਖਿਆ ਲੇਖ ਨਾ ਕੋਇ ਮਿਟਾਈਆ । ਜਨ ਭਗਤਾਂ ਦੇਣਾ ਅੰਤਰ ਸਾਥ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸਾਚੀ ਦੱਸਣੀ ਪੂਜਾ ਪਾਠ, ਇਕੋ ਮੰਤਰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਸਾਚੇ ਘਰ ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਗ੍ਰਿਹਿ ਮੰਦਰ ਔਣਾ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਾਹ ਪਾਤਸ਼ਾਹ ਸੂਰੇ ਸਰਬੱਗ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਚਾਰੋਂ ਕੁੰਟ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨੌ ਦਵਾਰੇ ਕੋਈ ਪਾਰ ਨਾ ਕਰੇ ਹੱਦ, ਸਾਢੇ ਤਿੰਨ ਹੱਥ ਮਹਲ ਅਟੱਲ ਨਾ ਕੋਇ ਸੁਹਾਈਆ । ਘਰ ਸਾਹਿਬ ਸਵਾਮੀ ਲਏ ਨਾ ਕੋਈ ਸੱਦ, ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਵਿਸ਼ਵ ਨਜ਼ਰ ਨਾ ਆਏ ਕੋਈ ਯੱਦ, ਦੂਈ ਦਵੈਤੀ ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਨਿਰਵੈਰ ਪੁਰਖ ਅਕਾਲ ਦੀਨ ਦਿਆਲ ਤੇਰਾ ਦਰਸ ਕਰੇ ਨਾ ਕੋਈ ਰੱਜ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਾਇਆ ਮਾਟੀ ਵਿਚੋਂ ਕੋਈ ਨਾ ਸਕੇ ਕੱਢ, ਸਤਿਗੁਰ ਖੰਡਾ ਸ਼ਬਦ ਸਕੇ ਨਾ ਕੋਇ ਚਮਕਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਸਾਢੇ ਤਿੰਨ ਕਰੋੜ ਰੋਮ ਰੋਮ ਹਰਿ ਕਾ ਨਾਮ ਨਾ ਕੋਇ ਸ਼ਨਵਾਈਆ । ਪਰਮ ਪੁਰਖ ਪਤਿਪਰਮੇਸ਼ਵਰ ਤੇਰੀ ਆਤਮ ਤੈਥੋਂ ਹੋਈ ਅਲੱਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਹੰਸ ਰੂਪ ਹੋਏ ਕੱਗ, ਕੂੜੀ ਕਿਰਿਆ ਕਾਗ ਵਾਂਗ ਕੁਰਲਾਈਆ । ਮਨ ਵਾਸਨਾ ਸਾਰੇ ਰਹੇ ਨੱਚ, ਮਨ ਕਾ ਮਣਕਾ ਨਾ ਕੋਇ ਭਵਾਈਆ । ਗੁਰ ਅਵਤਾਰ ਪੀਰ ਪੈਗੰਬਰ ਜੋ ਧੁਰ ਦਾ ਮਾਰਗ ਗਏ ਦੱਸ, ਕਲਜੁਗ ਜੀਵ ਬਣ ਕੇ ਪਾਂਧੀ ਪੰਧ ਨਾ ਕੋਇ ਮੁਕਾਈਆ । ਕੂੜੀ ਕਿਰਿਆ ਅੰਦਰ ਰਹੇ ਹੱਸ, ਜਗਤ ਵਾਸਨਾ ਸੰਗ ਨਿਭਾਈਆ । ਪ੍ਰਭੂ ਤੇਰੇ ਮਿਲਣ ਦੀ ਕਿਸੇ ਨਾ ਖੁਲ੍ਹੀ ਅੱਖ, ਦੋਏ ਲੋਚਣ ਜਗਤ ਨੈਣ ਨਾ ਕੋਇ ਸ਼ਰਮਾਈਆ । ਬਣ ਵਣਜਾਰਾ ਸਚ ਚਲਾਵੇ ਨਾ ਕੋਈ ਹੱਟ, ਸੌਦਾ ਸਤਿ ਨਾ ਕੋਇ ਵਿਕਾਈਆ । ਨਾੜ ਬਹੱਤਰ ਤਿੰਨ ਸੌ ਸੱਠ ਹਾਡੀ ਉਬਲੇ ਰਤ, ਅੰਮ੍ਰਿਤ ਮੇਘ ਸਾਂਤਕ ਸਤਿ ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਦਰਸ ਕਿਸੇ ਨਾ ਮਿਲੇ ਉਪਰ ਸ਼ਾਹ ਰਗ, ਸਾਖਿਆਤ ਸਵੱਛ ਸਰੂਪੀ ਮਿਲੇ ਮੇਲ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਪ੍ਰਭ ਇਕੋ ਮੰਗ, ਸ਼ਬਦੀ ਸੁਤ ਸਚ ਜਣਾਇੰਦਾ । ਸ੍ਰਿਸ਼ਟ ਸਬਾਈ ਕਿਸੇ ਨਾ ਮਿਲੇ ਅਨੰਦ, ਨਿਜਾਨੰਦ ਰਸ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਦੂਈ ਦਵੈਤੀ ਢਾਹੇ ਕੋਈ ਨਾ ਕੰਧ, ਸ਼ਰਅ ਸ਼ਰੀਅਤ ਭੇਵ ਨਾ ਕੋਇ ਚੁਕਾਇੰਦਾ । ਤੇਰਾ ਮੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਗਾਏ ਕੋਇ ਨਾ ਛੰਦ, ਧੁਰ ਦਾ ਰਾਗ ਨਾ ਕੋਇ ਅਲਾਇੰਦਾ । ਜਨਮ ਕਰਮ ਦੀ ਟੁੱਟੀ ਤੇਰੇ ਨਾਲ ਦੇਵੇ ਕੋਈ ਨਾ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰਾ ਮੇਲ ਨਾ ਕੋਇ ਮਿਲਾਇੰਦਾ । ਦੀਨ ਦਿਆਲ ਸਾਹਿਬ ਹੋ ਬਖ਼ਸ਼ੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ

ਵਰ, ਸ਼ਬਦੀ ਸੁਤ ਝੋਲੀ ਡਾਹਿੰਦਾ । ਸ਼ਬਦ ਸੁਤ ਪ੍ਰਭੂ ਤੇਰਾ ਦੁਲਾਰਾ, ਪਿਤਾ ਪੁਰਖ ਅਕਾਲ ਇਕੋ ਇਕ ਮਨਾਈਆ । ਦੋ ਜਹਾਨਾਂ ਦੇ ਹੁਲਾਰਾ, ਚਾਰੋਂ ਕੁੰਟ ਇਕੋ ਰੰਗ ਰੰਗਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰਾ, ਗੀਤਾ ਗਿਆਨ ਉਚੀ ਕੂਕ ਨਾਅਰਾ ਰਹੀ ਸੁਣਾਈਆ । ਅੰਜੀਲ ਕੁਰਾਨਾ ਹਾਹਾਕਾਰਾ, ਤੀਸ ਬਤੀਸਾ ਸਾਰ ਕੋਇ ਨਾ ਪਾਈਆ । ਖ਼ਾਣੀ ਬਾਣੀ ਭੇਵ ਜਾਣੇ ਨਾ ਕੋਈ ਵਿਚ ਸੰਸਾਰਾ, ਵਡ ਸੰਸਾਰੀ ਕੀ ਕੀ ਰਚਨ ਰਚਾਈਆ । ਕਾਗਦ ਕਲਮ ਸ਼ਾਹੀ ਨੇਤਰ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਨਵ ਨੌ ਚਾਰ ਫਿਰੀ ਦਰੋਹੀ ਨਵ ਖੰਡ ਸੱਤ ਦੀਪ ਚੌਦਾਂ ਤਬਕ ਨਾ ਕੋਈ ਮੀਤ ਮੁਰਾਰਾ, ਹਰਿ ਗੋਪਾਲਾ ਨਜ਼ਰ ਨਾ ਆਏ ਨੂਰ ਇਲਾਹੀਆ । ਚੌਦਾਂ ਲੋਕ ਸਤਿ ਸਲੋਕ ਸੁਣਾਏ ਨਾ ਕੋਈ ਜੈਕਾਰਾ, ਡੰਕਾ ਫ਼ਤਹਿ ਨਾ ਕੋਇ ਗਜਾਈਆ । ਮਹਲ ਅਟੱਲ ਸੋਭਾਵੰਤ ਸੁਹਾਏ ਨਾ ਕੋਇ ਮਨਾਰਾ, ਮਹਿਫਲ ਨਾਮ ਨਾ ਕੋਇ ਲਗਾਈਆ । ਭਗਤ ਭਗਵਾਨ ਮਿਲੇ ਮੇਲ ਨਾ ਦਰ ਦਵਾਰਾ, ਦਰਵਾਜ਼ਾ ਖੋਲ੍ਹ ਅੰਦਰ ਲੰਘ ਬੈਠ ਪਲੰਘ ਸਾਚੀ ਸੇਜਾ ਸੋਭਾ ਕੋਇ ਨਾ ਪਾਈਆ । ਚਾਰੋਂ ਕੁੰਟ ਧੁਅੰਧਾਰਾ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗੰਬਰ ਸ਼ਬਦੀ ਬੋਲ ਜੈਕਾਰਾ, ਕਲਜੁਗ ਅੰਤਮ ਦੇ ਸਹਾਰਾ, ਜੀਵ ਜੰਤਾਂ ਗਏ ਦ੍ਰਿੜਾਈਆ । ਕਲ ਕਲਕੀ ਲੈ ਅਵਤਾਰਾ, ਮਹਾਂਬਲੀ ਅਗੰਮ ਅਪਾਰਾ, ਨਾ ਕੋਈ ਜਨਮੇ ਪਿਤਾ ਮਾਈਆ । ਵਸਣਹਾਰਾ ਧਾਮ ਨਿਆਰਾ, ਸਾਢੇ ਤਿੰਨ ਹੱਥ ਦਏ ਸਹਾਰਾ, ਸਾਹਿਬ ਸਤਿਗੁਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਠਾਂਡਾ ਤੇਰਾ ਪਾਰਬ੍ਰਹਮ, ਲੱਖ ਚੁਰਾਸੀ ਅਗਨੀ ਅੱਗ ਤਪਾਈਆ । ਨਿਹਕਰਮੀ ਕਰ ਆਪਣਾ ਕਰਮ, ਕਾਰਨ ਤੇਰੇ ਹੱਥ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਸਾਚਾ ਰਿਹਾ ਨਾ ਕਿਸੇ ਧਰਮ, ਧੀਰਜ ਸਤਿ ਸੰਤੋਖ ਬੈਠਾ ਮੁਖ ਛੁਪਾਈਆ । ਝਗੜਾ ਪਿਆ ਵਰਨ ਬਰਨ, ਚਾਰ ਅਠਾਰਾਂ ਕਰੇ ਲੜਾਈਆ । ਸਾਧ ਸੰਤ ਸਾਚੀ ਮੰਜ਼ਲ ਮੂਲ ਨਾ ਚੜ੍ਹਨ, ਆਪਣਾ ਪੰਧ ਨਾ ਕੋਇ ਮੁਕਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਪੂਜਾ ਪਾਠ ਕਰਨ, ਹਿਰਦੇ ਤੇਰਾ ਨਾਉਂ ਨਾ ਕੋਇ ਵਸਾਈਆ । ਸੀਸ ਨਿਵੇਂ ਨਾ ਕੋਇ ਸਰਨਾਈ ਸਰਨ, ਚਰਨ ਚਰਨੋਦਕ ਮੁਖ ਨਾ ਕੋਇ ਚੁਆਈਆ । ਨੇਤਰ ਖੁਲ੍ਹੇ ਨਾ ਹਰਨ ਫਰਨ, ਘਰ ਮਿਲਿਆ ਮੇਲ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਦੇ ਵਖਾਈਆ । ਦਰ ਸਾਚਾ ਪ੍ਰਭੂ ਇਕ ਵਖਾਲ, ਵਿਆਖਿਆ ਨਾਲ ਦੇ ਜਣਾਈਆ । ਜਿਥੇ ਦੀਆ ਬਾਤੀ ਜੋਤੀ ਨੂਰ ਜਗੇ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਸੋਹਣਾ ਮੰਦਰ ਨਜ਼ਰੀ ਆਏ ਧਰਮਸਾਲ, ਸਚਖੰਡ ਦਵਾਰਾ ਦਰਗਾਹ ਸਾਚੀ ਸੋਭਾ ਪਾਈਆ । ਸ਼ਬਦ ਅਗੰਮੀ ਵੱਜੇ ਤਾਲ, ਰਾਗ ਨਾਦ ਸਕੇ ਨਾ ਕੋਇ ਸਮਝਾਈਆ । ਤੇਰਾ ਜਲਵਾ ਨੂਰੀ ਜਲਾਲ, ਜਾਹਰ ਜਹੂਰ ਬੇਨਜ਼ੀਰ ਲਾਤਸਵੀਰ ਸਚ ਮਹਿਬੂਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਲ ਆਪਣਾ ਘਰ, ਦਰ ਵੇਖੀਏ ਚਾਈਂ ਚਾਈਂਆ । ਘਰ ਵਖਾ ਪ੍ਰਭੂ ਪ੍ਰਭ ਏਕ, ਜਿਸ ਘਰ ਵੱਜੇ ਨਾਮ ਵਧਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਿਸ ਦੀ ਟੇਕ, ਗੁਰ ਅਵਤਾਰ ਪੀਰ ਪੈਗੰਬਰ ਭਗਤ ਭਗਵਾਨ ਬੈਠੇ ਧਿਆਨ ਲਗਾਈਆ । ਤ੍ਰੈਗੁਣ ਮਾਇਆ ਨਾ ਕੋਈ ਸੇਕ, ਪੰਜ ਤਤ ਨਾ ਕੋਇ ਭੇਖ, ਲੇਖਾ ਲਿਖਤ ਨਾ ਕੋਇ ਜਣਾਈਆ । ਤੇਰਾ ਦਰਸਨ ਲਈਏ ਪੇਖ, ਰੂਪ ਰੰਗ ਨਾ ਕੋਇ ਰੇਖ, ਮੁੱਛ ਦਾੜ੍ਹੀ ਮੂਡ ਮੁੰਡਾਇਆ

ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਲ ਅਗੰਮੀ ਖੇਡ, ਅਗੰਮ ਅਗੰਮੜੇ ਆਪਣੀ ਕਾਰ ਜਣਾਈਆ । ਅਗੰਮ ਅਗੰਮੜੇ ਹਰਿ ਬੇਪਰਵਾਹ, ਦਰ ਤੇਰਾ ਵੇਖਣ ਆਈਆ । ਗੁਰ ਅਵਤਾਰ ਦੇ ਕੇ ਗਏ ਸਲਾਹ, ਬਿਨ ਪੁਰਖ ਅਕਾਲ ਸਾਚੀ ਧੀਰ ਨਾ ਕੋਇ ਧਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਅਹਿਵਾਲ, ਹਾਲਤ ਤੇਰੀ ਰਹੇ ਦ੍ਰਿੜਾਈਆ । ਤੇਰਾ ਜਲਵਾ ਬੇਮਿਸਾਲ, ਤੇਰਾ ਨੂਰੋ ਨੂਰ ਇਕੋ ਘਰ ਕਰੇ ਰੁਸ਼ਨਾਈਆ । ਤੂੰ ਆਦਿ ਜੁਗਾਦੀ ਸਦਾ ਦਿਆਲ, ਰਹਿਮਤ ਤੇਰੇ ਵਿਚੋਂ ਨਜ਼ਰੀ ਆਈਆ । ਜੁਗ ਚੌਕੜੀ ਕਿਰਪਾ ਕਰੇਂ ਕਿਰਪਾਲ, ਕਿਰਪਨ ਆਪਣੇ ਲੇਖੇ ਲਾਈਆ । ਜਨ ਭਗਤਾਂ ਵਖਾਏਂ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਜਣਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਤੇਰਾ ਬੈਠੇ ਰਾਹ ਤਕਾਈਆ । ਜੁਗ ਚੌਕੜੀ ਪੂਰੀ ਕਰ ਘਾਲ, ਕੀਤੀ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਦਰ ਤੇਰੇ ਪ੍ਰਭੂ ਸੀਸ ਜਾਏ ਝੁਕ, ਨਮੋ ਨਮੋ ਇਕ ਸਰਨਾਈਆ । ਅਗਲਾ ਪਿਛਲਾ ਪੈਂਡਾ ਜਾਏ ਮੁਕ, ਪਾਂਧੀ ਪੰਧ ਨਾ ਕੋਇ ਵਖਾਈਆ । ਘਰ ਸਵਾਮੀ ਠਾਕਰ ਦਰਸ ਦਿਖਾ ਆਪਣਾ ਮੁਖ, ਮੁਖਾਤਬ ਹੋ ਕੇ ਦੇ ਜਣਾਈਆ । ਮਿਹਰਵਾਨ ਹੋ ਕੇ ਗੋਦੀ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਨਿਰਗੁਣ ਹੋ ਕੇ ਨਿਰਗੁਣ ਧਾਰੋਂ ਉਠ, ਸ਼ਬਦੀ ਸ਼ਬਦ ਆਪਣਾ ਰੂਪ ਵਟਾਈਆ । ਜਨ ਭਗਤਾਂ ਲੋਕਮਾਤ ਆ ਕੇ ਪੁਛ, ਕਿਉਂ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈ ਮਿਲਾਈਆ । ਘਰ ਮਿਲਣ ਦਾ ਤੇਰਾ ਚਾਉ, ਗ੍ਰਹਿ ਵੱਜੇ ਇਕ ਵਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚੀ ਦਰਗਾਹ ਵੇਖੀਏ ਅਗੰਮੜਾ ਥਾਉਂ, ਥਾਨ ਥਨੰਤਰ ਸੋਭਾ ਪਾਈਆ । ਇਕੋ ਸਿਮਰੀਏ ਤੇਰਾ ਨਾਉਂ, ਨਾਉਂ ਨਿਰੰਕਾਰਾ ਢੋਲਾ ਗਾਈਆ । ਕਲਜੁਗ ਜੀਵ ਅੰਤਮ ਹੰਸ ਬਣੇ ਕਾਉਂ, ਕਾਗ ਹੰਸ ਰੂਪ ਵਟਾਈਆ । ਸਦਾ ਸੁਹੇਲੇ ਇਕ ਇਕੇਲੇ ਤੇਰੀ ਮਾਣੀਏ ਠੰਡੀ ਛਾਉਂ, ਦੋ ਜਹਾਨ ਅਗਨੀ ਤਤ ਨਾ ਲਾਗੇ ਰਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਗੁਰਮੁਖ ਬਾਲ ਅਞਾਣੇ ਗੋਦ ਉਠਾਈਆ । ਤੇਰਾ ਵੇਖੀਏ ਸਚ ਨਿਆਉਂ, ਹੱਕ ਹਕੀਕਤ ਦੇ ਦ੍ਰਿੜਾਈਆ । ਕੋਝੇ ਕਮਲੇ ਭੁੱਲੇ ਰਾਹੋਂ, ਸਾਚੇ ਮਾਰਗ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਤਿ ਪੁਰਖ ਤੇਰੀ ਸਰਨਾਈਆ । ਸਤਿ ਪੁਰਖ ਪ੍ਰਭ ਆਦਿ ਦਰ ਤੇਰੇ ਸੀਸ ਨਿਵਾਈਆ । ਤੇਰਾ ਖੇਲ ਵੇਖੀਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਵੱਜੇ ਤੇਰੀ ਵਧਾਈਆ । ਘਰ ਘਰ ਵਿਚ ਸੁਣੀਏ ਨਾਦ, ਅਨਹਦ ਰਾਗ ਆਪਣਾ ਰਾਗ ਸੁਣਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਹਿਬ ਸਤਿਗੁਰ ਸੱਚਾ ਚੰਦ ਚਮਕਾਈਆ । ਚਰਨ ਕਵਲ ਪ੍ਰੀਤੀ ਨਾਤਾ ਜੋੜ ਆਪਣੇ ਸਾਥ, ਆਪ ਸਗਲਾ ਸੰਗ ਨਿਭਾਈਆ । ਅਜੱਪਾ ਜਾਪ ਦੇ ਪੂਜਾ ਪਾਠ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਮਾਤ ਗਰਭ ਫੇਰ ਨਾ ਹੋਵੇ ਵਾਸ, ਦਸ ਦਸ ਮਾਸ ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਦੇ ਵਖਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਧੁਰ ਸੰਦੇਸ ਇਕ ਸੁਣੌਂਦਾ ਏ । ਲਿਖਿਆ ਲੇਖ ਆਪ ਵਖੌਂਦਾ ਏ । ਨਿਰਗੁਣ ਨਿਰਵੈਰ ਨਿਰਾਕਾਰ ਵੇਸ ਵਟੌਂਦਾ ਏ । ਵਸਣਹਾਰਾ ਸਚਖੰਡ ਦੇਸ, ਸੰਬਲ ਆਪਣਾ ਡੇਰਾ ਲੌਂਦਾ ਏ । ਦੋ ਜਹਾਨਾਂ ਬਣ ਕੇ ਨਰ ਨਰੇਸ਼, ਧੁਰ ਫ਼ਰਮਾਣਾ ਇਕ ਸੁਣੌਂਦਾ ਏ । ਕਲਜੁਗ ਅੰਤਮ ਵੇਖਾਂ ਖੇਡ,

ਬਣ ਖਿਲਾਰੀ ਰਚਨ ਰਚੌਂਦਾ ਏ । ਜਨ ਭਗਤਾਂ ਦੇਵਾਂ ਭੇਤ, ਬਾਕੀ ਹੱਥ ਕਿਸੇ ਨਾ ਔਂਦਾ ਏ । ਜੋਤੀ ਜਾਮਾ ਧਰਿਆ ਵੇਸ, ਸ਼ਬਦੀ ਨਾਦ ਡੰਕ ਵਜੌਂਦਾ ਏ । ਸਚ ਸੰਦੇਸਾ ਦੇਵੇ ਭੇਜ, ਅੰਦਰੇ ਅੰਦਰ ਆਪ ਸੁਣੌਂਦਾ ਏ । ਧੁਰ ਮਸਤਕ ਲਾਵੇ ਮੇਖ, ਪੂਰਬ ਲਹਿਣਾ ਝੋਲੀ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਹੇਤ, ਹਿਤਕਾਰੀ ਮੇਲ ਮਿਲੌਂਦਾ ਏ । ਜਨ ਭਗਤਾਂ ਮੇਲ ਮਿਲਾਇਆ ਏ । ਪੁਰਖ ਅਬਿਨਾਸ਼ੀ ਖੇਲ ਰਚਾਇਆ ਏ । ਜੋਤ ਪਰਕਾਸ਼ੀ ਨੂਰੋ ਨੂਰ ਡਗਮਗਾਇਆ ਏ । ਕਿਸੇ ਹੱਥ ਨਾ ਆਵੇ ਪੰਡਤ ਕਾਸੀ, ਮੁੱਲਾਂ ਸ਼ੇਖ਼ ਮਸਾਇਕ ਸਰਬ ਕੁਰਲਾਇਆ ਏ । ਲੱਭਦੇ ਫਿਰਦੇ ਚਾਰੋਂ ਕੁੰਟ ਜਗਤ ਵਿਦਵਾਨੀ ਪਾਠੀ, ਗਿਆਨੀ ਧਿਆਨੀ ਧਿਆਨ ਲਗਾਇਆ ਏ । ਸਾਚਾ ਮਿਲਿਆ ਨਾ ਧੁਰ ਦਾ ਸਾਥੀ, ਸਗਲਾ ਸੰਗ ਨਾ ਕੋਇ ਜੁੜਾਇਆ ਏ । ਰਾਤੀਂ ਦਰਸ ਨਾ ਮਿਲੇ ਇਕਾਂਤੀ, ਪਰਭਾਤੀ ਭੇਵ ਨਾ ਕੋਇ ਖੁਲ੍ਹਾਇਆ ਏ । ਦੀਵਾ ਜੋਤ ਨਾ ਜਗੇ ਬਾਤੀ, ਬਿਨ ਤੇਲ ਸ਼ਮਅ ਕੋਈ ਨਾ ਡਗਮਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ ਏ । ਹਰਿਜਨ ਸਾਚੇ ਵੇਖ ਵਖੌਂਦਾ ਏ । ਦੀਨ ਦਿਆਲ ਦਇਆ ਕਮੌਂਦਾ ਏ । ਕਾਇਆ ਬੰਕ ਸੱਚੀ ਧਰਮਸਾਲ, ਘਰ ਸੱਜਣ ਡੇਰਾ ਲੌਂਦਾ ਏ । ਦੀਵਾ ਬਾਤੀ ਇਕੋ ਬਾਲ, ਅਗਿਆਨ ਅੰਧੇਰ ਮਿਟੌਂਦਾ ਏ । ਸ਼ਬਦ ਅਗੰਮੀ ਵੱਜੇ ਤਾਲ, ਤੁਰਯਾ ਰਾਗ ਇਕ ਸੁਣੌਂਦਾ ਏ । ਜੁਗ ਚੌਕੜੀ ਅਵਲੱੜੀ ਚਾਲ, ਮਾਰਗ ਪੰਥ ਆਪ ਸਮਝੌਂਦਾ ਏ । ਨਿਰਗੁਣ ਸਰਗੁਣ ਬਣ ਦਲਾਲ, ਗੁਰਮੁਖ ਗੁਰ ਗੁਰ ਵੇਖ ਵਖੌਂਦਾ ਏ । ਸੰਤ ਸੁਹੇਲੇ ਸੱਚੇ ਲਾਲ, ਲਾਲਨ ਆਪਣੇ ਰੰਗ ਰੰਗੌਂਦਾ ਏ । ਨਾਤਾ ਤੋੜ ਕਾਲ ਮਹਾਂਕਾਲ, ਮਹਿਬੂਬ ਆਪਣੇ ਘਰ ਵਸੌਂਦਾ ਏ । ਵਸਲ ਦੇਵੇ ਸਚ ਜੁਮਾਲ, ਜੁਮਲਾ ਅੱਖਰ ਆਪਣਾ ਨਾਮ ਪੜ੍ਹੌਂਦਾ ਏ । ਲੱਖ ਚੁਰਾਸੀ ਵਿਚੋਂ ਕਰ ਕੇ ਭਾਲ, ਜਮ ਕੀ ਫਾਸੀ ਆਪ ਤੁੜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਮਿਟੌਂਦਾ ਏ । ਜਨ ਭਗਤਾਂ ਲੇਖਾ ਜਾਣੇ ਹਰਿ, ਲਿਖਤ ਲੇਖ ਨਾ ਕੋਇ ਵਡਿਆਈਆ । ਪਰਮ ਪੁਰਖ ਪ੍ਰਭ ਕਿਰਪਾ ਕਰ, ਕਿਰਪਾਲ ਹੋਏ ਸਹਾਈਆ । ਜੁਗ ਜਨਮ ਦੇ ਵਿਛੜੇ ਕੱਠੇ ਕਰ, ਘਰ ਸਾਚੇ ਜੋੜ ਜੁੜਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰਹਿਣ ਕੋਇ ਨਾ ਪਾਈਆ । ਦਰਸ ਦਿਖਾਏ ਅੰਦਰ ਵੜ, ਘਰ ਘਰ ਵਿਚ ਮੇਲ ਮਿਲਾਈਆ । ਲਹਿਣਾ ਚੁੱਕੇ ਚੇਤਨ ਜੜ, ਹਰਿ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਚ ਉਠਾਈਆ । ਹਰਿਜਨ ਉਠਿਆ ਕਲਜੁਗ ਜਗਤ, ਜਗਜੀਵਣ ਦਾਤਾ ਹੋਏ ਸਹਾਈਆ । ਲੇਖੇ ਲਾਏ ਬੂੰਦ ਰਕਤ, ਪੰਜ ਤਤ ਵੱਜੇ ਵਧਾਈਆ । ਸੋਹਣਾ ਸੁਹੰਜਣਾ ਸੋਹੇ ਵਕਤ, ਘੜੀ ਪਲ ਖ਼ੁਸ਼ੀ ਮਨਾਈਆ । ਦੇਵੇ ਵਡਿਆਈ ਹਰਿਜਨ ਭਗਤ, ਭਗਵਨ ਮਿਹਰ ਨਜ਼ਰ ਉਠਾਈਆ । ਆਤਮ ਪਰਮਾਤਮ ਧੁਰ ਦੀ ਸ਼ਕਤ, ਸ਼ਖ਼ਸੀਅਤ ਵਿਚੋਂ ਦਏ ਸਮਝਾਈਆ । ਸਾਚੇ ਸੰਤਾਂ ਨਾਲ ਕਰੇ ਨਾ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਲੱਖ ਚੁਰਾਸੀ ਕਰ ਕੇ ਤਰਕ, ਤੁਰਤ ਆਪਣਾ ਹੁਕਮ ਵਰਤਾਈਆ । ਨਿਰਗੁਣ ਹੋ ਕੇ ਆਇਆ ਪਰਤ, ਪਰਤੀਨਿਧ ਬੇਪਰਵਾਹੀਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਗੁਰਮੁਖਾਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਝੋਲੀ ਪਾਈਆ । ਪ੍ਰਭ ਦਰਸ਼ਨ ਕੋ ਜੋ ਜਨ ਰਹੇ ਭਟਕ, ਤਿਨ੍ਹਾਂ ਭਟਕਨਾ ਦਏ ਬੁਝਾਈਆ । ਸੁਖਮਨ ਟੇਢੀ ਬੰਕ ਜੋ ਰਹੇ ਅਟਕ, ਤਿਨ੍ਹਾਂ ਦਸਮ ਦਵਾਰੀ ਸਹਿਜ ਸੁਭਾਉ ਮੇਲ ਮਿਲਾਈਆ । ਪੰਚ ਵਿਕਾਰਾ ਕੋਈ ਨਾ ਚੜ੍ਹੇ

ਕਟਕ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਜਗਤ ਤ੍ਰਿਸਨਾ ਜੋ ਜਨ ਰਹੇ ਲਟਕ, ਤਿਨ੍ਹਾਂ ਮੰਜ਼ਲ ਪੰਧ ਦੇਵੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਏ ਲਗਾਈਆ । ਹਰਿਜਨ ਮੰਗੇ ਇਕੋ ਮੰਗ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਅੰਤਰ ਨਿਭੇ ਤੇਰਾ ਸੰਗ, ਬਾਹਰ ਤੇਰੀ ਸਰਨਾਈਆ । ਘਰ ਨਾਮ ਨਿਧਾਨ ਵੱਜੇ ਮਰਦੰਗ, ਧੁਨ ਆਤਮਕ ਰਾਗ ਸ਼ਨਵਾਈਆ । ਜਗਤ ਦਵਾਰੇ ਜਾਈਏ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਆਤਮ ਸੇਜਾ ਬੈਠਾ ਵੇਖੀਏ ਉਪਰ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜਨ ਭਗਤ ਗਾਵੇਂ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਖਾਈਆ । ਘਰ ਸਵਾਮੀ ਪੌਣੀ ਠੰਡ, ਅੰਮ੍ਰਿਤ ਮੇਘ ਇਕ ਬਰਖਾਈਆ । ਤੇਰਾ ਪ੍ਰੇਮ ਪਿਆਰ ਮਿਲੇ ਸਚ ਅਨੰਦ, ਅਨੰਦ ਅਨੰਦ ਵਿਚੋਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਦੇਣਾ ਚੁਕਾਈਆ । ਘਰ ਠਾਕਰ ਸਵਾਮੀ ਮਿਲਣਾ ਆਪ, ਜਨ ਭਗਤ ਧਿਆਨ ਲਗਾਈਆ । ਕਰ ਕਿਰਪਾ ਦੇਣੀ ਦਾਤ, ਵਸਤ ਅਗੰਮ ਅਥਾਹ ਵਰਤਾਈਆ । ਤੂੰ ਆਦਿ ਜੁਗਾਦੀ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਨਿਰਗੁਣ ਨਿਰਵੈਰ ਨੂਰੀ ਪਾਕ, ਖ਼ਾਕੀ ਖ਼ਾਕ ਨਾ ਕੋਇ ਜਣਾਈਆ । ਪੀਰ ਪੈਗ਼ੰਬਰ ਜਿਸ ਨੂੰ ਸਚ ਰਸੂਲ ਮੰਨਦੇ ਗਏ ਸਾਕ, ਸੱਜਣ ਯਾਰ ਇਕੋ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਦੱਸਦੇ ਗਏ ਭਵਿਖਤ ਵਾਕ, ਵਾਸਤਾ ਆਪਣੇ ਨਾਲ ਜੁੜਾਈਆ । ਸੋ ਸਾਹਿਬ ਸਤਿਗੁਰ ਪੁਰਖ ਅਬਿਨਾਸ਼, ਸਾਚਾ ਪੱਤਣ ਵੇਖਣਾ ਘਾਟ, ਖੇਵਟ ਖੇਟਾ ਆਪਣਾ ਰੂਪ ਵਟਾਈਆ । ਨਈਆ ਨੌਕਾ ਤੇਰੇ ਕੰਧੇ ਦਿਸੇ ਜਹਾਜ਼, ਭਵ ਸਾਗਰ ਬੇੜਾ ਪਾਰ ਕਰਾਈਆ । ਬਿਨ ਤੇਰੀ ਕਿਰਪਾ ਕਿਸੇ ਕੰਮ ਨਾ ਆਏ ਰੋਜ਼ਾ ਵੁਜ਼ੂ ਨਮਾਜ਼, ਸਜਦਾ ਸੀਸ ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਜਾਹਰ ਬਾਤਨ ਕਰ ਬਾਤ, ਬੈਤੁਲ ਧਾਮ ਮੁਕਦੱਸ ਇਕੋ ਦੇ ਵਖਾਈਆ । ਤੈਨੂੰ ਮਿਲ ਕੇ ਏਥੇ ਓਥੇ ਮਿਲੇ ਨਜਾਤ, ਨਛਾਵਰ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸੂਫੀ ਬੈਠੇ ਧਿਆਨ ਲਗਾਈਆ । ਸੂਫੀ ਬੈਠੇ ਮੰਗਣ ਦੀਦ, ਦੀਦਾ ਦਾਨਿਸਤਾ ਨਜ਼ਰੀ ਆਈਆ । ਤੇਰਾ ਜਲਵਾ ਗੁਫ਼ਤ ਸ਼ਨੀਦ, ਸ਼ਾਇਰ ਮੁਸ਼ਾਇਰੇ ਨਾਲ ਸਕੇ ਨਾ ਕੋਇ ਗਾਈਆ । ਤੇਰਾ ਕਲਮਾ ਤੇਰਾ ਨਾਮ ਤੇਰਾ ਨਜ਼ਾਮ ਆਦਿ ਜੁਗਾਦਿ ਲੋਕ ਪਰਲੋਕ ਠੀਕ, ਠੋਕਰ ਸਕੇ ਨਾ ਕੋਇ ਲਗਾਈਆ । ਸਦੀ ਚੌਧਵੀਂ ਪਰਵਰਦਗਾਰ ਤੇਰੀ ਇਕ ਤਾਰੀਖ਼, ਈਸਾ ਮੂਸਾ ਮੁਹੰਮਦ ਤਰੀਕੇ ਨਾਲ ਗਿਆ ਸਮਝਾਈਆ । ਸੋ ਸਾਹਿਬ ਵੇਲਾ ਵਕਤ ਆਇਆ ਨਜ਼ਦੀਕ, ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਭੱਜਣ ਵਾਹੋ ਦਾਹੀਆ । ਚੌਦਾਂ ਤਬਕ ਨੱਕ ਨਾਲ ਕੱਢਣ ਲੀਕ, ਅਲਫ਼ ਇਕੋ ਰਹੇ ਵਖਾਈਆ । ਜਿਸ ਦੀ ਧਾਰ ਦੋ ਜਹਾਨ ਦਿਸੇ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਚ ਸਵਾਮੀ ਅੰਤਰਜਾਮੀ ਪਿਛਲੇ ਲੇਖੇ ਕਰ ਤਸਦੀਕ, ਮੋਹਰ ਆਪਣੀ ਹੱਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਮੁਰੀਦ ਮੁਰਸ਼ਦ ਮੰਗਣ ਮੁਰਾਦ, ਮੁਰਦਾ ਰੂਹ ਨਜ਼ਰ ਕੋਇ ਨਾ ਆਈਆ । ਉਮਤ ਉਮਤੀ ਹੁੰਦੀ ਦਿਸੇ ਬਰਬਾਦ, ਬੈਵਾ ਰੂਪ ਜਗਤ ਲੋਕਾਈਆ । ਸਾਚੇ ਹੁਜਰੇ ਉਚ ਮਹੱਲੇ ਸੁਣੇ ਕੋਈ ਨਾ ਸਚ ਬਾਂਗ, ਹੱਕ ਆਵਾਜ਼ ਨਾ ਕੋਇ ਅਲਾਈਆ । ਤੇਰੇ ਮਿਲਣ ਦੀ ਵਡ ਅਮਾਮ ਰੱਖੀ ਤਾਂਘ, ਤਸਬੀ ਮਾਲਾ ਬੈਠੀ ਢੇਰੀਆਂ ਢਾਹੀਆ । ਸਾਹਿਬ ਸਵਾਂਗੀ ਆਪਣਾ ਦੱਸ ਸਚ ਸਵਾਂਗ, ਬਾਜੀਗਰ ਨਟੂਆ

ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਲ ਧੁਰ ਦਾ ਘਰ, ਜਿਸ ਘਰ ਬਹਿ ਕੇ ਖ਼ੁਸ਼ੀ ਮਨਾਈਆ । ਘਰ ਵਖਾਲ ਉਹ ਪ੍ਰਭ, ਜਿਸ ਦਾ ਨਕਸ਼ਾ ਸਕੇ ਨਾ ਕੋਇ ਬਣਾਈਆ । ਬਿਨ ਤੇਰੀ ਕਿਰਪਾ ਕਿਸੇ ਨਾ ਸਕੇ ਲੱਭ, ਕੋਟਨ ਕੋਟ ਫਿਰ ਫਿਰ ਥੱਕੇ ਪਾਂਧੀ ਰਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਆਰ ਪਾਰ ਨਾ ਦੱਸੀ ਹੱਦ, ਕਿਨਾਰਾ ਸਕੇ ਨਾ ਕੋਇ ਸਮਝਾਈਆ । ਜਿਸ ਸਿੰਘਾਸਣ ਪੁਰਖ ਅਬਿਨਾਸ਼ਨ ਨਿਰਗੁਣ ਰੂਪ ਬਹੇਂ ਸਜ, ਜੋਤੀ ਜੋਤ ਕਰ ਰੁਸ਼ਨਾਈਆ । ਜਿਸ ਗ੍ਰਿਹ ਅਗੰਮੀ ਤਾਲ ਵੱਜੇ ਨਦ, ਤੰਦੀ ਤੰਦ ਸਤਾਰ ਨਾ ਕੋਇ ਹਿਲਾਈਆ । ਜਿਸ ਦੀ ਘਾੜਤ ਘੜੀ ਆਪ ਸਮਰਥ, ਬਾਢੀ ਬਣਤ ਨਾ ਕੋਇ ਬਣਾਈਆ । ਜਿਥੇ ਨਾ ਕੋਈ ਸੂਰਜ ਚੰਦ ਰਵ ਸਸ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਨਾ ਕੋਈ ਤੱਕੇ ਨੇਤਰ ਨੈਣ ਅੱਖ, ਨਾ ਕੋਈ ਰਸਨਾ ਜਿਹਵਾ ਕਰੇ ਸਿਫ਼ਤ ਸਾਲਾਹੀਆ । ਇਹ ਸਭ ਕੁਛ ਮੇਰੇ ਸਾਹਿਬ ਤੇਰੇ ਹੱਥ, ਜਿਸ ਭਾਵੇ ਦੇਵੇਂ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪੂਰੀ ਕਰ ਆਸ, ਤ੍ਰਿਸਨਾ ਆਪਣੀ ਝੋਲੀ ਪਾਈਆ । ਸਤਿਜੁਗ ਸਤਿ ਧਰਮ ਦੀ ਦੱਸ ਦੇ ਜਾਚ, ਧੁਰ ਦੀ ਕਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰਾ ਵੇਖੀਏ ਚਾਈਂ ਚਾਈਂਆ । ਤੇਰਾ ਘਰ ਵੇਖਣ ਦਾ ਚਾਓ ਅਵੱਲਾ, ਜਨ ਭਗਤ ਰਹੇ ਸੁਣਾਈਆ । ਜਿਸ ਮੰਦਰ ਬੈਠੇਂ ਇਕ ਇਕੱਲਾ, ਨਿਰਗੁਣ ਨਿਰਵੈਰ ਡੇਰਾ ਲਾਈਆ । ਜੋਤੀ ਦੀਪ ਹੋ ਕੇ ਬਲਾ, ਦੀਵਾ ਬਾਤੀ ਘਿਰਤ ਸੰਗ ਨਾ ਕੋਇ ਰਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫੜਾਵੇਂ ਪੱਲਾ, ਨਾਮ ਪੱਲੂ ਗੰਢ ਬੰਧਾਈਆ । ਜਿਸ ਘਰ ਸੋਭਾ ਪਾ ਕੇ ਰਚਨ ਰਚਾਏਂ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਜ਼ਿਮੀਂ ਅਸਮਾਨ ਟਿੱਲੇ ਪਰਬਤ ਚੋਟੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇ ਜਣਾਈਆ । ਸਾਚਾ ਮੰਦਰ ਵੇਖੀਏ ਰੱਜ, ਘਰ ਠਾਂਡੇ ਦਰਸਨ ਪਾਈਆ । ਬਿਨ ਮੱਕੇ ਕਾਅਬਿਓਂ ਹੋਏ ਹੱਜ, ਬਿਨ ਮੰਦਰ ਸ਼ਿਵਦਵਾਲੇ ਮਠ ਤੇਰਾ ਰੂਪ ਨਜ਼ਰੀ ਆਈਆ । ਤੇਰੀ ਚਰਨ ਧੂੜੀ ਨਹਾਈਏ ਝੱਟ, ਅਠ ਸਠ ਤੀਰਥ ਪੰਧ ਮੁਕਾਈਆ । ਘਰ ਜੋਤ ਹੋਵੇ ਪਰਕਾਸ਼, ਨੂਰੋ ਨੂਰ ਨੂਰ ਸਮਾਈਆ । ਲੱਖ ਚੁਰਾਸੀ ਵਿਚੋਂ ਮਾਣਸ ਜਨਮ ਪੂਰੀ ਹੋਵੇ ਆਸ, ਤ੍ਰਿਸਨਾ ਕੂੜੀ ਦੇਣੀ ਗਵਾਈਆ । ਹਉਂ ਬਾਲਕ ਅਨਾਥਾਂ ਅਨਾਥ, ਤੂੰ ਬੇਅੰਤ ਬੇਪਰਵਾਹ ਸਚ ਗੋਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦੇਣਾ ਸੁਹਾਈਆ । ਘਰ ਮੰਦਰ ਸਤਿਗੁਰ ਤੇਰੇ ਚਰਨਾਂ, ਜਨ ਭਗਤ ਰਹੇ ਜਣਾਈਆ । ਚਰਨ ਕਵਲ ਸਰਨਾਈ ਸਾਚੀ ਪੜਨਾ, ਨਿਉਂ ਨਿਉਂ ਸੀਸ ਨਿਵਾਈਆ । ਸੋਹੰ ਢੋਲਾ ਤੇਰਾ ਮੇਰਾ ਇਕੋ ਪੜ੍ਹਨਾ, ਸ਼ਬਦੀ ਸ਼ਬਦ ਸ਼ਬਦ ਵੰਡ ਵੰਡਾਈਆ । ਨਾ ਜੀਉਂਣਾ ਨਾ ਕਦੇ ਮਰਨਾ, ਮਰ ਜੀਵਤ ਰੂਪ ਵਟਾਈਆ । ਸਚ ਦਵਾਰੇ ਸਾਚੇ ਖੜਨਾ, ਸਨਮੁਖ ਤੇਰਾ ਦਰਸ਼ਨ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਾਣਸ ਜਨਮ ਮੂਲ ਨਾ ਹਰਨਾ, ਹਰਿ ਜੂ ਤੇਰਾ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣਾ ਸੰਗ ਨਿਭਾਈਆ । ਜਨ ਭਗਤ ਕਹੇ ਨਾਲ ਜ਼ੋਰ, ਪ੍ਰਭ ਤੈਨੂੰ ਸਚ ਸੁਣਾਈਆ । ਜੁਗ ਜੁਗ ਅਸੀਂ ਤੇਰੀ ਪੂਰੀ ਕਰੀਏ ਲੋੜ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਤੂੰ ਠਾਕਰ ਹੋ ਕੇ ਜਾਏਂ ਬੌਹੜ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਅੰਤ ਤੇਰੇ ਹੱਥ ਡੋਰ, ਅਬਿਨਾਸ਼ੀ ਕਰਤੇ ਇਕੋ ਇਕ ਰਖਾਈਆ । ਆਤਮ ਪਰਮਾਤਮ ਨਾਤਾ ਜੋੜ, ਰਵਦਾਸ ਚੁਮਾਰਾ

ਦਏ ਗਵਾਹੀਆ । ਕਬੀਰ ਜੁਲਾਹਾ ਦਿਸੇ ਕੋਲ, ਦੂਰ ਦੁਰਾਡਾ ਨੇੜੇ ਆਈਆ । ਪਰਮ ਪੁਰਖ ਪ੍ਰਭ ਅੰਤਰਜਾਮੀ ਜਾਣਾ ਮੌਲ, ਬਿਸਮਲ ਆਪਣੀ ਧਾਰ ਵਖਾਈਆ । ਪਿਛਲਾ ਯਾਦ ਕਰ ਲੈ ਕੌਲ, ਕੀਤਾ ਇਕਰਾਰ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪਣਾ ਲੇਖਾ ਰਹੇ ਮੰਗ ਮੰਗਾਈਆ । ਸਾਡਾ ਲੇਖਾ ਦੇ ਦੇ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਕਲਜੁਗ ਵੇਖ ਬੇੜਾ ਰੁੜ੍ਹਦਾ, ਤੇਰਾ ਇਕ ਧਿਆਨ ਲਗਾਈਆ । ਕਿਸੇ ਮੰਤਰ ਯਾਦ ਨਾ ਰਿਹਾ ਗੁਰ ਦਾ, ਸਤਿਗੁਰ ਸਿਖਿਆ ਗਏ ਸਰਬ ਭੁਲਾਈਆ । ਅੰਤਰ ਆਤਮ ਅੱਠੇ ਪਹਿਰ ਫੁਰਨਾ ਕਿਸੇ ਨਾ ਫੁਰਦਾ, ਮੰਤਰ ਇਕੋ ਨਾ ਕੋਇ ਜਣਾਈਆ । ਆਤਮ ਪਰਮਾਤਮ ਨਾਲ ਮਿਲ ਕੋਈ ਨਾ ਤੁਰਦਾ, ਬਾਹਰੋਂ ਭੱਜਣ ਵਾਹੋ ਦਾਹੀਆ । ਲੇਖਾ ਚੁਕੇ ਨਾ ਅੰਧੇਰ ਘੋਰ ਦਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਸੀਸ ਨਿਵਾਈਆ । ਸੀਸ ਨਿਵਾਇਆ ਦਰ ਤੇਰੇ ਪ੍ਰਭ, ਪਰਮ ਪੁਰਖ ਤੇਰੀ ਸਰਨਾਈਆ । ਕਲਜੁਗ ਅੰਤਮ ਵੇਖੇ ਹੱਦ, ਹੱਦ ਹਦੂਦ ਆਪਣੇ ਚਰਨਾਂ ਹੇਠ ਦਬਾਈਆ । ਭਗਤ ਭਗਵਾਨ ਲੈਣੇ ਸੱਦ, ਸੱਦਾ ਆਪਣਾ ਨਾਮ ਜਣਾਈਆ । ਅੰਮ੍ਰਿਤ ਜਾਮ ਪਿਔਣਾ ਧੁਰ ਦੀ ਮਦਿ, ਸਚ ਖ਼ੁਮਾਰੀ ਇਕ ਵਖਾਈਆ । ਦਰਸ ਦਿਖਾਉਣਾ ਰੱਜ ਰੱਜ, ਪੂਰਬ ਜਨਮ ਦੀ ਤ੍ਰਿਸਨਾ ਭੁੱਖ ਮਿਟਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ, ਘਰ ਸਾਚੇ ਲੈਣਾ ਬਹਾਈਆ । ਨਾਮ ਨਿਧਾਨ ਸੁਣੌਣਾ ਨਦ, ਅਨਰਾਗੀ ਰਾਗ ਅਲਾਈਆ । ਤੇਰਾ ਦਰਸ ਕਰਨ ਭੱਜ ਭੱਜ, ਕੂੜੀ ਕਿਰਿਆ ਪੰਧ ਮੁਕਾਈਆ । ਜਿਸ ਦਰਬਾਰ ਹਰਿ ਕਰਤਾਰ ਸੋ ਪੁਰਖ ਨਿਰੰਜਣ ਬਹੇਂ ਸਜ, ਸਚ ਸਿੰਘਾਸਣ ਸੋਭਾ ਪਾਈਆ । ਓਸ ਨਾਲੋਂ ਕਦੇ ਨਾ ਕਰੀਂ ਅਲੱਗ, ਵਿਛੋੜਾ ਭਗਤ ਸਹਿ ਸਕੇ ਨਾ ਰਾਈਆ । ਪ੍ਰੇਮ ਪ੍ਰੀਤੀ ਅੰਦਰ ਜਾਣਾ ਬੱਝ, ਡੋਰੀ ਤੰਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਜਨ ਭਗਤ ਮਿਲਾਉਣਾ ਭਗਤੀ ਮੀਤ, ਭਗਵਨ ਭਾਉ ਭਾਵ ਸਮਝਾਈਆ । ਆਦਿ ਜੁਗਾਦਿ ਤੇਰੀ ਸਾਚੀ ਰੀਤ, ਰੀਤੀਵਾਨ ਵੱਡੀ ਵਡਿਆਈਆ । ਕਾਇਆ ਕਾਅਬਾ ਵਖਾਉਣਾ ਸਚ ਮਸੀਤ, ਮੰਦਰ ਇਕੋ ਸੋਭਾ ਪਾਈਆ । ਜਿਸ ਘਰ ਲਹਿਣਾ ਦੇਣਾ ਚੁੱਕੇ ਊਚ ਨੀਚ, ਰਾਓ ਰੰਕ ਰਾਜ ਰਾਜਾਨ ਨਾ ਕੋਇ ਵਡਿਆਈਆ । ਤਿਸ ਦਵਾਰਿਉਂ ਦੇਣੀ ਭੀਖ, ਭਿਛਿਆ ਭਗਤ ਆਪਣਾ ਨਾਮ ਵਰਤਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਰੱਖਦੇ ਗਏ ਉਡੀਕ, ਛੱਤੀ ਜੁਗ ਦਾ ਬੰਧਨ ਪਾਈਆ । ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਤੈਨੂੰ ਦੱਸਦੇ ਰਹੇ ਨਜ਼ਦੀਕ, ਦੂਰ ਦੁਰਾਡਾ ਨੇਰਨ ਨੇਰ ਨਜ਼ਰੀ ਆਈਆ । ਸੋ ਵਕਤ ਸੁਹੰਜਣਾ ਸੋਭਾਵੰਤ ਹੋਵੇ ਠੀਕ, ਠਾਕਰ ਦੇਣੀ ਇਕ ਸਰਨਾਈਆ । ਤੇਰੇ ਸੀਸ ਪੀਤੰਬਰ ਸੋਹੇ ਪੀਤ, ਪਾਤਸ਼ਾਹ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦੀ ਲਾਸ਼ਰੀਕ, ਸ਼ਿਰਕਤ ਸਾਹਿਬ ਕਦੇ ਨਾ ਭਾਈਆ । ਕਲਜੁਗ ਮੇਟ ਅੰਧੇਰਾ ਤਾਰੀਕ, ਨਿਰਗੁਣ ਚੰਦ ਕਰ ਰੁਸ਼ਨਾਈਆ । ਜਨ ਭਗਤਾਂ ਆਪਣਾ ਦਰਸ ਕਰ ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਤੇਰਾ ਕਲਮਾ ਨਾਮ ਪੜ੍ਹਨ ਹਦੀਸ, ਹਜ਼ਰਤ ਢੋਲਾ ਇਕੋ ਗਾਈਆ । ਚਰਨ ਕਵਲ ਉਪਰ ਧਵਲ ਬੰਨ੍ਹ ਪ੍ਰੀਤ, ਨਾਤਾ ਬਿਧਾਤਾ ਆਪਣੇ ਨਾਲ ਜੁੜਾਈਆ । ਘਰ ਸੱਜਣ ਮਿਲਣਾ ਆ ਕੇ ਮੀਤ, ਬਾਹਰ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋਣਾ ਸਹਾਈਆ । ਘਰ ਸਾਚਾ ਦਿਸੇ ਊਚ ਅਗੰਮ, ਅਲਖ ਅਗੋਚਰ ਤੇਰੀ


੮੩੭
੧੯

ਵਡਿਆਈਆ । ਸ੍ਰੀ ਭਗਵਾਨ ਰਹਾਏ ਬਿਨ ਥੰਮ, ਪੌੜਾ ਡੰਡਾ ਨਜ਼ਰ ਕੋਇ ਨਾ ਆਈਆ । ਜਿਥੇ ਪਰਕਾਸ਼ ਨਾ ਸੂਰਜ ਚੰਨ, ਪੁਰੀ ਲੋਅ ਨਜ਼ਰ ਕੋਇ ਨਾ ਆਈਆ । ਸਚ ਨਿਵਾਸ ਸ੍ਰੀ ਭਗਵਨ, ਹਰਿ ਕਰਤਾ ਆਪ ਰਖਾਈਆ । ਜਨ ਭਗਤਾਂ ਉਪਰ ਜਾਏ ਮਨ, ਮਨਸਾ ਮੋਹ ਮਿਟਾਈਆ । ਭਾਗ ਲਗਾਏ ਕਾਇਆ ਪੰਜ ਤਤ ਤਨ, ਤਤਵ ਆਪਣਾ ਦਏ ਸਮਝਾਈਆ । ਮੇਲ ਮਿਲਾਵਾ ਕਰ ਕੇ ਆਤਮ ਅੰਨ੍ਹ, ਪਰਮਾਤਮ ਜੋੜ ਜੁੜਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਜਨ ਭਗਤ ਕਹੇ ਧੰਨ ਧੰਨ, ਧੰਨ ਧੰਨ ਪ੍ਰਭੂ ਤੇਰੀ ਸ਼ਰਨਾਈਆ । ਏਥੇ ਓਥੇ ਦੋ ਜਹਾਨ ਕੋਈ ਨਾ ਦੇਵੇ ਡੰਨ, ਲੇਖਾ ਮੰਗਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣਾ ਘਰ ਵਖਾਈਆ । ਜਨ ਭਗਤ ਵਖਾਏ ਸਚ ਦਰਬਾਰਾ, ਦਰਗਾਹ ਸੱਚੀ ਤਾਕ ਖੁਲ੍ਹਾਈਆ । ਜਿਸ ਘਰ ਵਸੇ ਪਰਵਰਦਿਗਾਰਾ, ਪਾਰਬ੍ਰਹਮ ਬੇਪਰਵਾਹੀਆ । ਸਚ ਸਿੰਘਾਸਣ ਸੋਭਾਵੰਤ ਅਪਰ ਅਪਾਰਾ, ਚਾਰੋਂ ਕੁੰਟ ਇਕੋ ਰੂਪ ਨਜ਼ਰੀ ਆਈਆ । ਦੀਆ ਬਾਤੀ ਹੋਏ ਉਜਿਆਰਾ, ਕਮਲਾਪਾਤੀ ਕਰੇ ਰੁਸ਼ਨਾਈਆ । ਧੁਰ ਦਾ ਸਾਥੀ ਬੋਲੇ ਜੈਕਾਰਾ, ਅਗੰਮ ਨਾਮ ਜਣਾਈਆ । ਜਿਸ ਦਾ ਹੁਕਮ ਵਰਤੇ ਜੁਗ ਚਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਖੇਲ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਪਸਾਰਾ, ਲੱਖ ਚੁਰਾਸੀ ਚਾਰੇ ਖਾਣੀ ਘਾੜਤ ਲਿਆ ਘੜਾਈਆ । ਜਿਸ ਦਾ ਨਾਮ ਨਿਧਾਨ ਚਾਰੇ ਬਾਣੀ ਇਕ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਜਿਸ ਦਾ ਰੂਪ ਗੁਰੂ ਅਵਤਾਰਾ, ਗੁਰ ਪੀਰ ਪੈਗ਼ੰਬਰ ਅਖਵਾਈਆ । ਜਿਸ ਦਾ ਸਿਫ਼ਤੀ ਸਚ ਭੰਡਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਜਿਸ ਦਾ ਨਾਮ ਹੱਟ ਵਣਜਾਰਾ, ਲੋਕ ਪਰਲੋਕ ਆਪ ਵਖਾਈਆ । ਜਿਸ ਦਾ ਸਰਗੁਣ ਬਣੇ ਲਿਖਾਰਾ, ਬਣ ਕੇ ਕਾਤਬ ਕਲਮ ਚਲਾਈਆ । ਜਿਸ ਦਾ ਭਗਤ ਦਿਸੇ ਮਨਾਰਾ, ਲੋਕਮਾਤ ਸੋਭਾ ਪਾਈਆ । ਜਿਸ ਦਾ ਸੰਤ ਸਚ ਦੁਲਾਰਾ, ਸੁਤ ਨਾਦੀ ਨਾਉਂ ਧਰਾਈਆ । ਜਿਸ ਦਾ ਗੁਰਮੁਖ ਇਕ ਅਧਾਰਾ, ਸੋਹਣਾ ਰੰਗ ਚੜ੍ਹਾਈਆ । ਜਿਸ ਦਾ ਗੁਰਸਿਖ ਕਰੇ ਪਿਆਰਾ, ਪ੍ਰੇਮ ਪ੍ਰੀਤੀ ਚਰਨ ਕਵਲ ਰਖਾਈਆ । ਜਿਸ ਦਾ ਆਦਿ ਜੁਗਾਦਿ ਪਸਾਰਾ, ਨਿਤ ਨਵਿਤ ਖੇਲ ਕਰਾਈਆ । ਸੋ ਸਾਹਿਬ ਪੁਰਖ ਅਕਾਲ ਨਿਹਕਲੰਕ ਨਰਾਇਣ ਨਰ ਅਵਤਾਰਾ, ਜਿਸ ਦੀ ਸਮਝ ਕੋਇ ਨਾ ਪਾਈਆ । ਜਨ ਭਗਤਾਂ ਵਖਾਏ ਠਾਂਡਾ ਇਕ ਦਰਬਾਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਗਹਿਰ ਗੰਭੀਰ ਆਪ ਖੁਲ੍ਹਾਈਆ । ਜਿਸ ਦਾ ਆਦਿ ਅੰਤ ਸਦਾ ਬੇਅੰਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜੈ ਜੈਕਾਰ ਬ੍ਰਹਿਮੰਡ ਖੰਡ ਦੋ ਜਹਾਨ ਪੁਰੀ ਲੋਅ ਆਕਾਸ਼ ਗਗਨ ਗਗਨੰਤਰ ਮੰਤਰ ਇਕੋ ਇਕ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ, ਆਪਣਾ ਲੇਖਾ ਲੇਖੇ ਵਿਚੋਂ ਸਮਝਾਈਆ ।

## ★ ੩ ਚੇਤ ੨੦੨੧ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਿਹ ਵੇਰਕਾ ਜ਼ਿਲਾ ਅੰਮ੍ਰਿਤਸਰ ★

ਸ਼ਾਹੀ ਕਹੇ ਮੇਰੀ ਮੇਟ ਸ਼ਾਹੀ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜੁਗ ਚੌਕੜੀ ਬਣੀ ਰਹੀ ਪਾਂਧੀ ਰਾਹੀ, ਨਿਤ ਨਵਿਤ ਚਲਾਂ ਵਾਹੋ ਦਾਹੀਆ । ਕਾਗ਼ਜ਼ਾਂ ਉਤੇ ਮੇਰੀ ਗਵਾਹੀ, ਸ਼ਹਾਦਤ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਪਾਈਆ । ਨਿਰਗੁਣ ਸਰਗੁਣ ਅੱਖਰਾਂ ਬਣਤ ਬਣਾਈ,

ਲੇਖਾ ਲਿਖ ਲਿਖ ਬੇਪਰਵਾਹੀਆ । ਸਚ ਦਵਾਰ ਮਿਲੀ ਨਾ ਕਿਤੇ ਵਡਿਆਈ, ਮੇਰਾ ਨਾਉਂ ਨਾ ਕੋਇ ਜਣਾਈਆ । ਬਿਨ ਮੇਰੇ ਲੇਖ ਪਾਰਬ੍ਰਹਮ ਤੇਰੀ ਚਲੇ ਨਾ ਕੋਇ ਚਤਰਾਈ, ਨਿਸ਼ਾਨੀ ਜਗਤ ਨਾ ਕੋਇ ਰਖਾਈਆ । ਨਿਤ ਨਵਿਤ ਤੇਰੇ ਨਾਮ ਦੀ ਲਿਖਾਂ ਕਹਾਣੀ, ਸਿਫ਼ਤੀ ਢੋਲਾ ਧੁਰ ਦਾ ਗਾਈਆ । ਤੇਰੀ ਮਹਿਮਾਂ ਜੀਵਾਂ ਜੰਤਾਂ ਬਾਣੀ, ਚਾਰ ਕੁੰਟ ਚਾਰ ਵਰਨ ਬੈਠੇ ਧਿਆਨ ਲਗਾਈਆ । ਮੈਂ ਲਿਖਣਹਾਰੀ ਅੰਨ੍ਹੀ ਕਾਣੀ, ਤੇਰੀ ਸਾਰ ਪ੍ਰਭੂ ਨਾ ਆਈਆ । ਜਨ ਭਗਤ ਕਹਿਣ ਤੇਰਾ ਪਦ ਨਿਰਬਾਣੀ, ਅਗੰਮ ਅਥਾਹ ਅਖਵਾਈਆ । ਓਥੇ ਲੇਖ ਨਾ ਕੋਇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰਾ ਲੇਖਾ ਦੇ ਸਮਝਾਈਆ । ਸ਼ਾਹੀ ਕਹੇ ਮੈਂ ਕੀਤੇ ਸ਼ਾਹ, ਸ਼ਹਿਨਸ਼ਾਹ ਜੁਗ ਜੁਗ ਲੇਖ ਲਿਖਾਈਆ । ਨਿਰਗੁਣ ਸਰਗੁਣ ਦੱਸਦੀ ਰਹੀ ਰਾਹ, ਰਹਿਬਰ ਬਣ ਕੇ ਜਗਤ ਲੋਕਾਈਆ । ਪਤਿਪਰਮੇਸ਼ਵਰ ਤੇਰਾ ਦ੍ਰਿੜੌਂਦੀ ਰਹੀ ਨਾਂ, ਅੱਖਰਾਂ ਵੱਖਰਾ ਮੇਲ ਮਿਲਾਈਆ । ਮੇਰੀ ਹਾਂ ਵਿਚ ਕਿਸੇ ਨਾ ਮਿਲਾਈ ਹਾਂ, ਹਾਸਾ ਕਰੇ ਸਰਬ ਲੋਕਾਈਆ । ਬੌਹੜੀ ਦਰੋਹੀ ਕੋਈ ਮਿਲੇ ਨਾ ਥਾਂ, ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਕੁੰਟ ਚਾਰ ਜੁਗ ਦਹਿ ਦਿਸ਼ਾ ਰਹੀ ਕੁਰਲਾ, ਕੂਕ ਫ਼ਰਿਆਦ ਸੁਣਨ ਵਾਲਾ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਵਖਾਈਆ । ਸ਼ਾਹੀ ਕਹੇ ਮੈਂ ਪਾਵਾਂ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰ, ਜਾਬਰ ਤੇਰੇ ਹੱਥ ਵਡਿਆਈਆ । ਧੁਰ ਦੀ ਵਸਤ ਇਕ ਅਨਮੋਲ, ਦਰ ਠਾਂਡੇ ਮੰਗ ਮੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰਾ ਲੇਖਾ ਲੈ ਵਰੋਲ, ਨਾਮ ਮਧਾਣਾ ਏਕਾ ਪਾਈਆ । ਨਿਤ ਨਵਿਤ ਆਦਿ ਅੰਤ ਵਸਾਂ ਤੇਰੇ ਕੋਲ, ਤੁਧ ਬਿਨ ਸੰਗੀ ਨਜ਼ਰ ਕੋਇ ਨਾ ਆਈਆ । ਤੇਰੇ ਪਰੇਮ ਪਿਆਰ ਅੰਦਰ ਕਾਗ਼ਜ਼ਾਂ ਉਪਰ ਕਰਾਂ ਚੋਲ੍ਹ, ਅੱਗੇ ਪਿਛੇ ਚਲਾਂ ਵਾਹੋ ਦਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅਗਲਾ ਦੱਸਾਂ ਬੋਲ, ਧੁਰ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸ਼ਾਹੀ ਕਹੇ ਮੈਂ ਮੰਗਾਂ ਮੰਗ, ਦਰ ਤੇਰੇ ਸੀਸ ਨਿਵਾਈਆ । ਧੁਰ ਦਰਬਾਰ ਵੇਖਾਂ ਲੰਘ, ਮੰਜ਼ਲ ਪੰਧ ਮੁਕਾਈਆ । ਨਾਮ ਖ਼ੁਮਾਰੀ ਚੜ੍ਹੇ ਰੰਗ, ਮਸਤੀ ਇਕੋ ਇਕ ਨਜ਼ਰੀ ਆਈਆ । ਤੇਰੀ ਕਿਰਪਾ ਜਨ ਭਗਤਾਂ ਟੁੱਟੀ ਦੇਵਾਂ ਗੰਢ, ਸੋਹਣੀ ਆਪਣੀ ਸੇਵ ਕਮਾਈਆ । ਤੇਰੀ ਮਹਿਮਾ ਲਿਖ ਕੇ ਪਾਵਾਂ ਠੰਡ, ਦੂਜਾ ਰਾਗ ਨਾ ਕੋਇ ਅਲਾਈਆ । ਤੇਰੇ ਵੈਰਾਗ ਵਿਚੋਂ ਲਵਾਂ ਅਨੰਦ, ਰਸ ਆਪਣੀ ਝੋਲੀ ਪਾਈਆ । ਗਹਿਰ ਗੰਭੀਰ ਗਾ ਕੇ ਤੇਰਾ ਛੰਦ, ਘਰ ਬੈਠਾਂ ਚਾਈਂ ਚਾਈਂਆ । ਅੱਗੇ ਪ੍ਰੀਤੀ ਤੇਰੇ ਨਾਲ ਜਾਏ ਹੰਢ, ਦੂਜਾ ਕਰੇ ਨਾ ਕੋਇ ਕੁੜਮਾਈਆ । ਸਦਾ ਸੁਹਾਗਣ ਲੋਕਮਾਤ ਨਾ ਹੋਵਾਂ ਰੰਡ, ਦੁਹਾਗਣ ਕਹਿ ਨਾ ਕੋਇ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ । ਸ਼ਾਹੀ ਕਹੇ ਮੈਂ ਕਮਾਵਾਂ ਜੋਗ, ਜੋਗਣ ਹੋ ਕੇ ਦਰ ਦਰ ਅਲਖ ਜਗਾਈਆ । ਮੇਰਾ ਭਗਤਾਂ ਨਾਲ ਕਰ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਤੇਰੇ ਪਰੇਮ ਪਿਆਰ ਦੀ ਅੰਮ੍ਰਿਤ ਰਸ ਦੇਵਾਂ ਸਾਚੀ ਚੋਗ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਆਵਣ ਜਾਵਣ ਲਿਖ ਸੰਦੇਸਾ ਦੇਵਾਂ ਕੱਟਾਂ ਹਉਮੇ ਰੋਗ, ਮਾਇਆ ਮਮਤਾ ਮੋਹ ਮਿਟਾਈਆ । ਸਚ ਦਵਾਰਾ ਤੇਰਾ ਦਸਾਵਾਂ ਕਿਲਾ ਕੋਟ, ਮਹਲ ਅਟੱਲ ਇਕੋ ਨਜ਼ਰੀ ਆਈਆ । ਤੇਰੇ ਨਾਮ ਦੀ ਬਿਨ ਲਿਖਿਆਂ ਲਾਵਾਂ ਚੋਟ, ਸਚ ਨਿਸ਼ਾਨਾ ਤੀਰ ਚਲਾਈਆ । ਜਿਸ ਜੋਜਨ ਨੂੰ ਕਹਿੰਦੇ ਗਏ ਚਾਰ ਕੋਸ, ਸੋ ਕੋਟਨ

ਕੋਟ ਜੋਜਨ ਤੇਰੇ ਚਰਨਾਂ ਹੇਠਾਂ ਬੈਠਣ ਪੰਧ ਮੁਕਾਈਆ । ਮੈਂ ਉਨ੍ਹਾਂ ਨਾਲ ਮਿਲ ਕੇ ਮਾਣਾਂ ਮੌਜ, ਜੋ ਤੇਰਾ ਨਾਮ ਬਿਨ ਅੱਖਰਾਂ ਰਹੇ ਗਾਈਆ । ਸਾਚਾ ਰਸ ਲਵਾਂ ਭੋਗ, ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਦ੍ਰਿੜਾਈਆ । ਸ਼ਾਹੀ ਕਹੇ ਪ੍ਰਭ ਮੈਂ ਤੇਰਾ ਵੇਖਾਂ ਨਿਰਅੱਖਰ, ਜਿਸ ਦੀ ਬਣਤ ਨਜ਼ਰ ਕਿਸੇ ਨਾ ਆਈਆ । ਨੇਤਰ ਨੀਰ ਵਹਾਵਾਂ ਅੱਥਰ, ਰੋ ਰੋ ਦਿਆਂ ਦੁਹਾਈਆ । ਬੌਹੜੀ ਮੈਂ ਲਿਖ ਲਿਖ ਓਸ ਧਾਮ ਨਾ ਸਕੀ ਅੱਪੜ, ਘਰ ਵੇਖ ਨਾ ਖ਼ੁਸ਼ੀ ਮਨਾਈਆ । ਕੋਟਨ ਕੋਟ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਰੇ ਲਿਖੇ ਪੱਤਰ, ਮਹਿਮਾਂ ਤੇਰੀ ਗਣਤ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਚੁਕਾਈਆ । ਸ਼ਾਹੀ ਕਹੇ ਮੇਰਾ ਤੁਟਾ ਮਾਣ, ਮੇਰੀ ਲੇਖਣੀ ਰਹੀ ਕੁਰਲਾਈਆ । ਪਾਰਬ੍ਰਹਮ ਤੇਰਾ ਅਗੰਮ ਅਗੰਮੜਾ ਵੇਖਿਆ ਇਕ ਗਿਆਨ, ਜਿਸ ਗਿਆਨ ਵਿਚ ਧਿਆਨ ਤੇਰਾ ਨਜ਼ਰੀ ਆਈਆ । ਰਸਨਾ ਜਿਹਵਾ ਨਾ ਕੋਈ ਪੜ੍ਹੇ ਨਾ ਕੋਈ ਸੁਣੇ ਕਾਨ, ਨਾ ਕੋਈ ਉਚੀ ਕੂਕ ਕੂਕ ਅਲਾਈਆ । ਨਾ ਕੋਈ ਦਵਾਤ ਨਾ ਕਲਮਦਾਨ, ਪਾਣੀ ਮੇਲ ਨਾ ਕੋਇ ਮਿਲਾਈਆ । ਅੱਠੇ ਪਹਿਰ ਦਿਵਸ ਰੈਣ ਆਦਿ ਜੁਗਾਦਿ ਤੇਰਾ ਚੱਲਦਾ ਰਹੇ ਫ਼ਰਮਾਣ, ਹੁਕਮ ਇਕੋ ਵਾਹੋ ਦਾਹੀਆ । ਓਥੇ ਕੋਈ ਲਿਖਣ ਵਾਲਾ ਦਿਸੇ ਨਾ ਕੋਈ ਵਿਦਵਾਨ, ਕਾਤਬ ਨਜ਼ਰ ਕੋਇ ਨਾ ਆਈਆ । ਮੈਂ ਕੋਝੀ ਕਮਲੀ ਬੈਠੀ ਪਿਛੇ ਨਾਦਾਨ, ਤੇਰਾ ਦਰ ਵੇਖ ਨਾ ਖ਼ੁਸ਼ੀ ਮਨਾਈਆ । ਜੁਗ ਜਨਮ ਦੀ ਬਣੀ ਰਹੀ ਅਣਜਾਣ, ਬਾਲੀ ਬੁਧ ਸੁਧ ਸਮਝ ਨਾ ਕੋਇ ਰਖਾਈਆ । ਕਲਜੁਗ ਅੰਤਮ ਜਨ ਭਗਤਾਂ ਵੇਖ ਮੇਰੇ ਨੈਣ ਸਰਬ ਸ਼ਰਮਾਣ, ਅੱਖ ਸਕਾਂ ਨਾ ਕੋਇ ਉਠਾਈਆ । ਜਿਨ੍ਹਾਂ ਪ੍ਰਭ ਠਾਕਰ ਬਿਨ ਪੜ੍ਹਿਆਂ ਦੇਵੇ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਏਕਾ ਢੋਲਾ ਦੱਸੇ ਆਣ, ਸੋਹਲਾ ਧੁਰ ਦਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇ ਦੇ ਸਾਚੇ ਦਰ, ਦਰ ਥੱਕੀ ਮਾਂਦੀ ਦਏ ਦੁਹਾਈਆ । ਛਾਹੀ ਕਹੇ ਮੈਂ ਕੀ ਕਰਾਂ ਸ਼ੁਕਰ, ਸ਼ੁਕਰਾਨਾ ਨਜ਼ਰ ਕੋਇ ਨਾ ਆਈਆ । ਪ੍ਰਭੂ ਤੇਰਾ ਲੇਖ ਮੈਂ ਨਕਰਮਣ ਕਿਤੇ ਨਾ ਲਿਖਿਆ ਰਵਦਾਸ ਚੁਮਾਰੇ ਘਰੋਂ ਖਾਧਾ ਟੁੱਕਰ, ਜਿਸ ਦਾ ਰਸ ਦੋ ਜਹਾਨਾਂ ਹੱਥ ਕਿਸੇ ਨਾ ਆਈਆ । ਬਿਨ ਲਿਖਿਆਂ ਪੜ੍ਹਿਆਂ ਪਤਿਪਰਮੇਸ਼ਵਰ ਤੂੰ ਆਪ ਨਾ ਗਿਉਂ ਮੁਕਰ, ਮੁਫ਼ਤ ਆਪਣੀ ਕਾਰ ਕਮਾਈਆ । ਮੇਰੀ ਸਮਝ ਨਾ ਆਈ ਕਿਸ ਦਵਾਰਿਉਂ ਆਇਉਂ ਉਤਰ, ਕਵਣ ਮੰਜ਼ਲ ਪੰਧ ਮੁਕਾਈਆ । ਜਨ ਭਗਤਾਂ ਉਜਲ ਕਰੇਂ ਮੁਖੜ, ਮੁਖ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਾਹੀ ਕਹੇ ਸੁਣ ਮੇਰੇ ਸ਼ਾਲਾ, ਛਹਿਬਰ ਤੇਰੀ ਇਕੋ ਨਜ਼ਰੀ ਆਈਆ । ਮੈਂ ਜੁਗ ਚੌਕੜੀ ਤੇਰੇ ਨਾਮ ਦਾ ਲਿਖ ਲਿਖ ਦੇਂਦੀ ਰਹੀ ਅਹਿਵਾਲਾ, ਜੀਵਾਂ ਜੰਤਾਂ ਜਗਤ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਦੀਨ ਦਿਆਲਾ, ਦਇਆਨਿਧ ਫੇਰੀ ਪਾਈਆ । ਸਾਚਾ ਮੰਦਰ ਸੁਹਾਏ ਇਕੋ ਧਰਮਸਾਲਾ, ਬੰਕ ਦਵਾਰੀ ਸੋਭਾ ਪਾਈਆ । ਦੋ ਜਹਾਨ ਸ੍ਰੀ ਭਗਵਾਨ ਬਣੇ ਰਖਵਾਲਾ, ਰੱਖਿਆ ਕਰੇ ਥਾਉਂ ਥਾਈਂਆ । ਜਨ ਭਗਤਾਂ ਤਨ ਪਹਿਨਾਏ ਅਗੰਮੀ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਤੋੜੇ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਾਰਗ ਠਾਂਡਾ ਦੱਸੇ ਇਕ ਸੁਖਾਲਾ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਹੋਏ ਸਹਾਈਆ । ਮੈਂ ਲਿਖ ਲਿਖ ਲੇਖ ਦੱਸਿਆ ਅਪਾਰ, ਸੋਹਣੀ ਸੇਵ ਕਮਾਈਆ ।

ਸੰਗੀ ਰੱਖ ਗੁਰੂ ਅਵਤਾਰ, ਪੀਰ ਪੈਗ਼ੰਬਰ ਜੋੜ ਜੁੜਾਈਆ । ਕਲਜੁਗ ਅੰਤਮ ਕਲਜੁਗ ਜੀਵ ਮੇਰਾ ਲਿਖਿਆ ਸਾਰੇ ਗਏ ਵਿਸਾਰ, ਤੇਰਾ ਸੰਗ ਨਾ ਕੋਇ ਰਖਾਈਆ । ਏਸੇ ਕਾਰਨ ਆਈ ਤੇਰੇ ਦਵਾਰ, ਨੇਤਰ ਰੋਵਾਂ ਨੈਣਾਂ ਨੀਰ ਵਹਾਈਆ । ਮੇਰਾ ਨਾਤਾ ਤੋੜ ਪ੍ਰਭੂ ਸੰਸਾਰ, ਜਗਤ ਮੀਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈ ਮਿਲਾਈਆ । ਮੇਰਾ ਲਿਖਿਆ ਗਏ ਭੁੱਲ, ਜੀਵ ਜੰਤ ਜਾਗ ਨਾ ਆਈਆ । ਸਚ ਦਵਾਰੇ ਪਿਆ ਕੋਈ ਨਾ ਮੁਲ, ਕੀਮਤ ਸਕੇ ਨਾ ਕੋਇ ਚੁਕਾਈਆ । ਕੂੜੀ ਮਾਇਆ ਅੰਦਰ ਗਈ ਰੁੱਲ, ਦਰ ਦਰ ਘਰ ਘਰ ਕਲਜੁਗ ਹੱਟ ਵਿਕਾਈਆ । ਮੇਰਾ ਰਸ ਅੰਤਰ ਗਿਆ ਡੁੱਲ, ਸਚ ਵਸਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਚੁਕਾਈਆ । ਮੈਂ ਭੁੱਲੀ ਲੋਕਮਾਤ ਨਿਭਾਗਣ, ਭਾਗ ਮੇਰਾ ਨਜ਼ਰ ਕੋਇ ਨਾ ਆਈਆ । ਮੇਰਾ ਲਿਖਿਆ ਸੁਣ ਸੁਣ ਕਲਜੁਗ ਜੀਵ ਮੂਲ ਨਾ ਜਾਗਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਹੰਸ ਬੁਧੀ ਹੋਏ ਕਾਗਣ, ਕੂੜੀ ਕਿਰਿਆ ਰਹੀ ਕੁਰਲਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗਣ, ਸਵੱਛ ਸਰੂਪ ਨਾ ਕੋਇ ਸਮਾਈਆ । ਮਿਲੇ ਮੇਲ ਨਾ ਰਾਜ ਰਾਜਨ, ਸ਼ਾਹ ਪਾਤਸ਼ਾਹ ਦੇਵੇ ਨਾ ਕੋਇ ਸਰਨਾਈਆ । ਸਾਚੇ ਬੇੜੇ ਚੜ੍ਹੇ ਨਾ ਕੋਇ ਜਹਾਜ਼ਨ, ਨਈਆ ਨੌਕਾ ਨਾਮ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਦੇ ਇਕ ਵਰ, ਦਰ ਤੇਰੇ ਆਸ ਰਖਾਈਆ । ਸ਼ਾਹੀ ਕਹੇ ਮੈਂ ਹੋਈ ਖ਼ੁਸ਼, ਜਨ ਭਗਤਾਂ ਵੇਖ ਵਖਾਈਆ । ਜਿਨ੍ਹਾਂ ਅੰਦਰ ਵੜਿਉਂ ਚੁਪ, ਆਪ ਆਪਣਾ ਭੇਵ ਜਣਾਈਆ । ਲਿਖਤ ਪੜ੍ਹਤ ਨਾ ਦਿਸੇ ਕੁਛ, ਕਾਗ਼ਜ਼ ਛਾਹੀ ਜੋੜ ਨਾ ਕੋਇ ਜੁੜਾਈਆ । ਜਨਮ ਕਰਮ ਦੀ ਲਾਹ ਕੇ ਭੁੱਖ, ਤ੍ਰਿਸਨਾ ਦਿਤੀ ਗਵਾਈਆ । ਉਜਲ ਕਰ ਕਰ ਮਾਤ ਮੁਖ, ਸਚ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਤੇਰਾ ਪ੍ਰਭੂ ਵੇਖ ਪ੍ਰਭਾਵ, ਪਰਫੁਲਤ ਨਜ਼ਰੀ ਆਈਆ । ਜਿਨ੍ਹਾ ਦੇਵੇਂ ਆਪਣਾ ਨਾਮ, ਬਿਨ ਅੱਖਰਾਂ ਅੱਖ ਖੁਲ੍ਹਾਈਆ । ਕੋਈ ਨਾ ਜਾਣੇ ਤੇਰਾ ਭਾਵ, ਭੇਦ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਉਠਾਈਆ । ਤੇਰੇ ਭਗਤ ਵੇਖੇ ਗੌਂਦੇ, ਅੱਖਰੀ ਕਰਨ ਨਾ ਕੋਇ ਪੜ੍ਹਾਈਆ । ਰਾਤੀਂ ਸੁੱਤਿਆਂ ਦਰਸ਼ਨ ਪੌਂਦੇ, ਦਿਨੇ ਜਾਗਦਿਆਂ ਖ਼ੁਸ਼ੀ ਮਨਾਈਆ । ਪਰੇਮ ਪ੍ਰੀਤੀ ਤੀਰਥ ਨਹੌਂਦੇ, ਸਰੋਵਰ ਮਜਨ ਚਾਈਂ ਚਾਈਂਆ । ਲੱਖ ਲੱਖ ਤੇਰਾ ਸ਼ੁਕਰ ਮਨੌਂਦੇ, ਸ਼ਹਿਨਸ਼ਾਹ ਇਕ ਸਰਨਾਈਆ । ਜਨਮ ਜਨਮ ਦਾ ਪੰਧ ਮੁਕੌਂਦੇ, ਭੱਜਣ ਵਾਹੋ ਦਾਹੀਆ । ਸਿੱਧੇ ਸਚਖੰਡ ਦਾ ਰਾਹ ਤਕੌਂਦੇ, ਅਧਵਿਚਕਾਰ ਨਾ ਕੋਇ ਅਟਕਾਈਆ । ਓਨ੍ਹਾਂ ਅੱਗੇ ਮੇਰੇ ਨੈਣ ਸ਼ਰਮੌਂਦੇ, ਮੈਂ ਅੱਖ ਨਾ ਸਕਾਂ ਖੁਲ੍ਹਾਈਆ । ਮੇਰਾ ਲਿਖਿਆ ਲੇਖ ਜੋ ਪੜ੍ਹ ਪੜ੍ਹ ਪਾਰਬ੍ਰਹਮ ਭੁਲੌਂਦੇ, ਤਿਨ੍ਹਾਂ ਦੋ ਜਹਾਨਾਂ ਮਿਲੇ ਕੋਇ ਨਾ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਹੋ ਨਾ ਕੋਈ ਬਚੌਂਦੇ, ਫੜ ਬਾਂਹੋਂ ਗਲੇ ਨਾ ਕੋਇ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਅੱਗੇ ਹੋ ਨਾ ਕੋਈ ਛੁਡੌਂਦੇ, ਲੇਖਾ ਸਕੇ ਨਾ ਕੋਇ ਮੁਕਾਈਆ । ਧੰਨ ਵਡਿਆਈ ਪਾਰਬ੍ਰਹਮ ਜੋ ਗੁਰਮੁਖ ਤੇਰਾ ਦਰਸ਼ਨ ਪੌਂਦੇ, ਤਿਨ੍ਹਾਂ ਮੇਰੇ ਲੇਖ ਦੀ ਲੋੜ ਰਹੀ ਨਾ ਰਾਈਆ । ਚਰਨ ਕਵਲ ਉਪਰ ਧਵਲ ਬਹਿ ਬਹਿ ਸੋਭਾ ਪੌਂਦੇ, ਥਾਨ ਥਨੰਤਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੋਹਣਾ ਸੰਗ ਬਣਾਈਆ । ਵੇਖੇ ਭਗਤ ਗਹਿਰ ਗੰਭੀਰ,

ਮਕਤਬ ਪੜ੍ਹਨ ਕੋਇ ਨਾ ਜਾਈਆ । ਅੰਤਰ ਠਾਂਡਾ ਤਤ ਸਰੀਰ, ਮਨ ਮਮਤਾ ਮੋਹ ਮਿਟਾਈਆ । ਤੇਰੇ ਨਾਮ ਦਾ ਵੱਜਾ ਅਣਿਆਲਾ ਤੀਰ, ਆਰ ਪਾਰ ਨਜ਼ਰੀ ਆਈਆ । ਸ਼ਰਅ ਮਜ਼੍ਹਬ ਦਾ ਕੱਟ ਜ਼ੰਜੀਰ, ਛੁਰੀ ਚਲੀ ਨਾ ਜਗਤ ਕਸਾਈਆ । ਨਾਤਾ ਤੋੜ ਪੀਰ ਫ਼ਕੀਰ, ਬੇਨਜ਼ੀਰ ਰਹੇ ਤਕਾਈਆ । ਚੋਟੀ ਮੰਜ਼ਲ ਚੜ੍ਹ ਅਖ਼ੀਰ, ਤੇਰਾ ਦਰਸਨ ਰਹੇ ਪਾਈਆ । ਮੇਰੇ ਵੇਂਹਦਿਆਂ ਵੇਂਹਦਿਆਂ ਬਦਲ ਦਿਤੀ ਤਕਦੀਰ, ਤਸਬੀ ਮਾਲਾ ਪਰੇ ਸੁਟਾਈਆ । ਮੇਰੀ ਲਿਖੀ ਲੇਖਣੀ ਕਿਸੇ ਕੰਮ ਨਾ ਆਈ ਲਕੀਰ, ਬਿਨ ਲਕੀਰੋਂ ਲਾਇਕ ਨਾਲਾਇਕ ਦਿਤੇ ਬਣਾਈਆ । ਮੈਂ ਓਥੇ ਹਾਰੀ ਜਿਥੇ ਵਸੇ ਪੀਰਾਂ ਦਾ ਪੀਰ, ਬੇਐਬ ਬੇਪਰਵਾਹੀਆ । ਓਥੇ ਲਿਖਣ ਪੜ੍ਹਨ ਵਾਲਿਆਂ ਦੀ ਨਹੀਂ ਕੋਈ ਭੀੜ, ਗੁਰਮੁਖ ਵਿਰਲਾ ਨਜ਼ਰੀ ਆਈਆ । ਗੁਰਮੁਖ ਕਿਹੜਾ ਨਾ ਸ਼ਾਹ ਨਾ ਫ਼ਕੀਰ, ਨਾ ਫ਼ਿਕਰਿਆਂ ਅੱਖਰਾਂ ਵਿਚ ਕਰੇ ਪੜ੍ਹਾਈਆ । ਜਿਸ ਦੀ ਕਿਸੇ ਨਜ਼ਰ ਨਾ ਆਵੇ ਤਸਵੀਰ, ਸੋ ਤਸੱਵਰ ਆਪਣਾ ਆਪ ਦਏ ਕਰਾਈਆ । ਜਨ ਭਗਤਾਂ ਵੇਖ ਮੈਂ ਲਿਖਣਵਾਲੀ ਹੋਈ ਦਿਲਗੀਰ, ਬੈਠੀ ਆਪਣਾ ਹੌਸਲਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਹਰਿ ਸੱਜਣ ਗੁਰਮੁਖ ਗੁਰਸਿਖ ਵੇਖਾਂ ਥਾਉਂ ਥਾਈਂਆ ।

## ★ ੩ ਚੇਤ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਵੇਰਕਾ ਜ਼ਿਲਾ ਅੰਮ੍ਰਿਤਸਰ ★



ਤੇਰਾ ਲੇਖਾ ਪ੍ਰਭ ਸੱਚਾ ਲੇਖ, ਆਦਿ ਜੁਗਾਦਿ ਨਾ ਕੋਇ ਮਿਟਾਈਆ । ਇਕੋ ਵੇਖਿਆ ਸਚਖੰਡ ਦੇਸ, ਦੂਜੇ ਮੰਡਲ ਨਜ਼ਰ ਕੋਇ ਨਾ ਆਈਆ । ਤੇਰਾ ਨਿਰਅੱਖਰ ਜਨ ਭਗਤਾਂ ਕਰੇ ਹੇਤ, ਸੰਤਾਂ ਮੇਲ ਮਿਲਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵੇਂ ਭੇਜ, ਹੁਕਮੇ ਅੰਦਰ ਹੁਕਮ ਸਮਝਾਈਆ । ਮੈਂ ਲਿਖ ਲਿਖ ਤੇਰਾ ਕੋਈ ਨਾ ਪਾਇਆ ਭੇਤ, ਭੇਵ ਸਕੀ ਨਾ ਕੋਇ ਸਮਝਾਈਆ । ਅੰਤ ਰੱਖ ਕੇ ਤੇਰੀ ਟੇਕ, ਮਾਣ ਤਾਣ ਦਿਤਾ ਮਿਟਾਈਆ । ਤੇਰੇ ਹੱਥ ਸਭ ਦੀ ਰੇਖ, ਲੇਖਾ ਤੇਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਤੇਰਾ ਲੇਖਾ ਬਿਨ ਸ਼ਾਹੀ ਕਲਮ, ਕਾਗ਼ਜ਼ ਪੇਪਰ ਸੰਗ ਨਾ ਕੋਇ ਰਖਾਈਆ । ਧੁਰਦਰਗਾਹੀ ਅਗੰਮੀ ਇਲਮ, ਆਲਮ ਕਰੇ ਨਾ ਕੋਇ ਪੜ੍ਹਾਈਆ । ਮੈਨੂੰ ਨਜ਼ਰੀ ਆਏ ਸ੍ਰਿਸ਼ਟ ਸਬਾਈ ਹੋਈ ਬੇਇਲਮ, ਤੇਰੀ ਸਮਝ ਸਮਝ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਸਤਾ ਦੇ ਸਮਝਾਈਆ । ਨਿਰਅੱਖਰ ਵੇਖ ਅਗੰਮ, ਮਾਣ ਤਾਣ ਰਹਿਣ ਨਾ ਪਾਈਆ । ਪਵਣ ਸਵਾਸ ਜਪੇ ਨਾ ਕੋਈ ਦਮ, ਰਸਨਾ ਜਿਹਵਾ ਨਾ ਕੋਇ ਸੁਣਾਈਆ । ਬਿਨ ਲੇਖਿਉਂ ਚੁਕਿਆ ਹਰਖ਼ ਸੋਗ ਗ਼ਮ, ਚਿੰਤਾ ਸੰਗ ਨਾ ਕੋਇ ਵਖਾਈਆ । ਆਦਿ ਜੁਗਾਦਿ ਸਭ ਦਾ ਬੇੜਾ ਰਿਹਾ ਬੰਨ੍ਹ, ਤੇਰਾ ਹੁਕਮ ਇਕੋ ਇਕ ਨਜ਼ਰੀ ਆਈਆ । ਮੈਂ ਨੇਤਰਹੀਣ ਬੈਠੀ ਅੰਨ੍ਹ, ਨੈਣ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਪਾ ਮਿਹਰਵਾਨ, ਤੇਰੇ ਅੱਗੇ ਇਕ ਅਰਜ਼ੋਈਆ । ਮੇਰਾ ਚਿਟੇ ਕਾਲੇ ਉਤੇ ਮਿਟਦਾ ਜਾਏ ਨਿਸ਼ਾਨ, ਨਿਸ਼ਾਨਾ ਭੁੱਲਿਆ ਸ੍ਰਿਸ਼ਟ ਸਬਾਈਆ । ਮਿਲੇ ਮੇਲ ਨਾ ਕਿਸੇ ਸ੍ਰੀ ਭਗਵਾਨ, ਲਿਖਿਆ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਜਿਉਂ ਜਿਉਂ ਪੜ੍ਹਦੇ ਅੰਦਰ ਵੜਿਆ ਕੂੜ ਸ਼ੈਤਾਨ, ਘਰ ਘਰ ਡੰਕਾ ਰਿਹਾ ਵਜਾਈਆ । ਸਾਬਤ ਰਿਹਾ ਨਾ ਕਿਸੇ

ਈਮਾਨ, ਬਗ਼ਲ ਕੁਰਾਨ ਬੈਠੀ ਦਏ ਦੁਹਾਈਆ । ਤੇਰਾ ਨੂਰ ਇਸਮ ਕੋਈ ਨਾ ਸਕੇ ਪਹਿਚਾਨ, ਪੜਦਾ ਮਾਤ ਨਾ ਕੋਇ ਚੁਕਾਈਆ । ਚਾਰੋਂ ਕੁੰਟ ਦਿਸੇ ਹਰਾਮ, ਧੀਰਜ ਜਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਤੇਰੇ ਅੱਗੇ ਪਰਨਾਮ, ਪੁਨਹਿ ਪੁਨਹਿ ਸੀਸ ਨਿਵਾਈਆ । ਮੇਰਾ ਲਿਖਿਆ ਲੇਖ ਜੋ ਜਨ ਪੜ੍ਹਦਾ, ਰਸਨਾ ਜਿਹਵਾ ਬੱਤੀ ਦੰਦ ਮੇਲ ਮਿਲਾਈਆ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧਾ ਬਿਰਹੋਂ ਅਗਨੀ ਵਿਚ ਨਾ ਵੇਖਿਆ ਸੜਦਾ, ਮਾਇਆ ਮਮਤਾ ਕਰੀ ਕੁੜਮਾਈਆ । ਤੇਰੀ ਮੰਜ਼ਲ ਪਰਵਰਦਿਗਾਰ ਕੋਈ ਨਾ ਚੜ੍ਹਦਾ, ਪੰਧ ਸਕੇ ਨਾ ਕੋਇ ਮੁਕਾਈਆ । ਤੇਰੇ ਕੋਲੋਂ ਕੋਈ ਨਾ ਡਰਦਾ, ਭੈ ਸੀਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਥਾਉਂ ਥਾਈਂਆ । ਮੇਰਾ ਲੇਖਾ ਅੱਖੀਂ ਤੱਕ, ਵੇਖ ਵੇਖ ਥੱਕੀ ਸਰਬ ਲੋਕਾਈਆ । ਪਰਮ ਪੁਰਖ ਤੇਰੇ ਉਤੇ ਸਭ ਨੂੰ ਪੈ ਗਿਆ ਸ਼ੱਕ, ਸ਼ਨਾਖ਼ਤ ਵਿਚ ਕਿਸੇ ਨਾ ਆਈਆ । ਜਿਧਰ ਵੇਖਾਂ ਖ਼ਾਲੀ ਦਿਸਣ ਹੱਥ, ਝੋਲੀ ਨਾਮ ਨਾ ਕੋਇ ਭਰਾਈਆ । ਜਗਤ ਖੇੜਾ ਵੇਖਿਆ ਭੱਠ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ । ਲੱਗੀ ਅੱਗ ਪੰਜ ਤੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋ ਸਹਾਈਆ । ਲਿਖਣ ਪੜ੍ਹਨ ਤੋਂ ਆਵੇ ਡਰ, ਡਰਦੀ ਦਿਆਂ ਦੁਹਾਈਆ । ਕਿਰਪਾ ਕਰ ਨਰਾਇਣ ਨਰ, ਨਰ ਹਰਿ ਤੇਰੀ ਇਕ ਸਰਨਾਈਆ । ਪੱਲੂ ਤੇਰਾ ਰਹੀ ਫੜ, ਨਾਤਾ ਤੋੜ ਜਗਤ ਲੋਕਾਈਆ । ਮੈਂ ਵੇਖਿਆਂ ਗੁਰਮੁਖ ਘਰ, ਹਰਿਜਨ ਸਾਚਾ ਸੋਭਾ ਪਾਈਆ । ਜਿਨ੍ਹਾਂ ਆਤਮ ਪਰਮਾਤਮ ਦਿਤਾ ਵਰ, ਮਿਹਰ ਨਜ਼ਰ ਆਪ ਉਠਾਈਆ । ਤਿਨ੍ਹਾਂ ਭੌ ਚੁਕਿਆ ਡਰ, ਭੈ ਨੇੜ ਨਾ ਕੋਇ ਆਈਆ । ਸੋ ਤੇਰਾ ਨਾਮ ਨਿਸ਼ਕਾਮ ਰਹੇ ਪੜ੍ਹ, ਨਿਰਗੁਣ ਨਿਰਗੁਣ ਰਾਗ ਅਲਾਈਆ । ਸਾਚੀ ਮੰਜ਼ਲ ਉਚੇ ਪੌੜੇ ਜਾਵਣ ਚੜ੍ਹ, ਘਰ ਬੈਠਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖ ਵਡਿਆਈਆ । ਮੈਂ ਲਿਖਣ ਵਾਲੀ ਰਹੀ ਬੋਲ, ਸਚ ਸਚ ਦ੍ਰਿੜਾਈਆ । ਕਰ ਕਿਰਪਾ ਜਿਨ੍ਹਾਂ ਆਪਣੇ ਰੱਖੇ ਕੋਲ, ਤਿਨ੍ਹਾਂ ਮੇਰੀ ਲੋੜ ਰਹੇ ਨਾ ਰਾਈਆ । ਮੈਂ ਜਗਤ ਜੀਵ ਜਹਾਨ ਸੰਸਾਰੀਆਂ ਸੁਨਾਵਣਹਾਰੀ ਢੋਲ, ਡੰਕਾ ਤੇਰਾ ਨਾਮ ਸੁਣਾਈਆ । ਕਰ ਕਿਰਪਾ ਜਿਨ੍ਹਾਂ ਮਿਲੇਂ ਆਪ ਅਡੋਲ, ਦਰ ਠਾਂਡੇ ਲਏਂ ਬੁਲਾਈਆ । ਓਨ੍ਹਾਂ ਦਾ ਪੜਦਾ ਕੀ ਕਿਛ ਸਕਾਂ ਫੋਲ, ਕਥਨੀ ਕਹਿਣ ਕੁਛ ਨਾ ਪਾਈਆ । ਮੈਂ ਬੈਠੀ ਆਪ ਅਨਭੋਲ, ਭੇਤ ਤੇਰਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇ ਵਡਿਆਈਆ । ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀਆਂ ਗੀਤ ਜਣਾਇੰਦਾ । ਆਦਿ ਜੁਗਾਦਿ ਮੈਂ ਭਗਤਾਂ ਵਸ, ਗੁਰਮੁਖ ਆਪਣੇ ਘਰ ਬਹਾਇੰਦਾ । ਮੇਰਾ ਲੇਖ ਅਗੰਮ ਲਿਖਾ ਬਿਨ ਕਲਮ ਸ਼ਾਹੀ ਹੱਥ, ਕਾਗ਼ਜ਼ ਸੰਗ ਨਾ ਕੋਇ ਰਲਾਇੰਦਾ । ਨਿਜ ਨੇਤਰ ਖੋਲ੍ਹ ਕੇ ਅੱਖ, ਸਾਚਾ ਅੱਖਰ ਇਕ ਪੜ੍ਹਾਇੰਦਾ । ਜੋ ਆਦਿ ਜੁਗਾਦਿ ਸਭ ਤੋਂ ਵੱਖ, ਘਰ ਸਾਚੇ ਸਚ ਟਿਕਾਇੰਦਾ । ਅੰਤਰ ਵੜ ਕੇ ਦੇਵਾਂ ਦੱਸ, ਬਾਹਰੋਂ ਬੋਲ ਨਾ ਕੋਇ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਇੰਦਾ । ਛਾਹੀ ਸੁਣ ਸਚ ਸੰਦੇਸ, ਸਾਹਿਬ ਸੁਲਤਾਨ ਜਣਾਈਆ । ਮੇਰਾ ਲਿਖਿਆ ਨਾ ਮੇਟੇ ਕੋਈ ਲੇਖ, ਤੇਰਾ ਲਿਖਿਆ ਲੇਖ ਕਾਗਜ਼ ਹੱਟਾਂ ਵਿਚ ਵਿਕਾਈਆ । ਵੱਡੇ ਛੋਟੇ ਬਾਲੇ ਤੇਰੇ ਨਾਲ ਰਹੇ ਖੇਡ, ਠੱਗ ਚੋਰ ਯਾਰ ਤੇਰੇ ਨਾਲ ਅੰਗ ਲਗਾਈਆ । ਬਿਨ ਭਗਤਾਂ ਮੇਰੇ ਲਿਖੇ ਦਾ ਕੋਈ ਨਾ ਜਾਣੇ ਭੇਤ,

ਪਾਠਸ਼ਾਲਾ ਵਿਚ ਕਰੇ ਨਾ ਕੋਇ ਪੜ੍ਹਾਈਆ । ਸਮਝਾ ਸਕੇ ਨਾ ਕੋਈ ਮੁੱਲਾਂ ਸ਼ੇਖ਼, ਅਲਫ਼ ਯੇ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਬਿਨ ਲਿਖਿਆ ਲੇਖ ਜਿਸ ਦੇਵਾਂ ਦੱਸ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਸੋ ਗੁਰਮੁਖ ਗੁਰਸਿਖ ਪਰਮ ਪੁਰਖ ਅਕਾਲ ਚਰਨੀ ਜਾਏ ਢੱਠ, ਬਿਨ ਚਰਨਾਂ ਸੀਸ ਨਿਵਾਈਆ । ਦਰਸਨ ਕਰ ਕੇ ਆਪਣੀ ਅੱਖ, ਬਿਨ ਅੱਖਰਾਂ ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਮਿਲੇ ਮੇਲ ਪੁਰਖ ਸਮਰਥ, ਘਰ ਵੱਜੇ ਨਾਮ ਵਧਾਈਆ । ਲਹਿਣਾ ਚੁੱਕੇ ਤਤ ਅੱਠ, ਨੌ ਦਰ ਪੰਧ ਮੁਕਾਈਆ । ਲਿਖਣ ਪੜ੍ਹਨ ਦੀ ਹੋ ਜਾਏ ਬਸ, ਬਸਤਾ ਬੰਨ੍ਹ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਦਏ ਸੁਟਾਈਆ । ਸਤਿਗੁਰ ਮਿਲ ਕੇ ਗੁਰਮੁਖ ਕਹੇ ਮੇਰਾ ਮਿਲਿਆ ਹੱਕ, ਦੂਜੀ ਲੋੜ ਰਹੀ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਇਹੋ ਵੱਡਾ ਗਾਵਣਵਾਲਾ ਜਸ, ਜਿਸ ਜਸ ਵਿਚੋਂ ਬੇਬਸ ਨਜ਼ਰੀ ਆਏ ਬੇਪਰਵਾਹੀਆ । ਓਥੇ ਕੋਟਨ ਕੋਟ ਕਾਤਬ ਲਿਖਾਰੀ ਚਰਨ ਕਵਲ ਰਹੇ ਢੱਠ, ਆਪਣਾ ਮਾਣ ਤਾਣ ਮਿਟਾਈਆ । ਪ੍ਰਭੂ ਜੇ ਥੋੜਾ ਭੇਤ ਦੇਵੇਂ ਦੱਸ, ਫਿਰ ਤੇਰੀ ਸਿਫ਼ਤ ਵਿਚ ਚਲੇ ਕਲਮ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹੇ ਇਹ ਭਗਤਾਂ ਦੀ ਵੱਥ, ਬਿਨ ਗੁਰਮੁਖਾਂ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਅਲੱਖ ਅਲੱਖਨਾ ਆਪਣੇ ਹੱਥ ਰੱਖੇ ਵਡਿਆਈਆ ।



੮੪੪ ੧੯

## ★ ੩ ਚੇਤ ੨੦੨੧ ਬਿਕ੍ਰਮੀ ਪਸ਼ੌਰਾ ਸਿੰਘ ਦੇ ਗ੍ਰਹਿ ਵੇਰਕਾ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਕਰੇ ਪ੍ਰਭ ਕਿਰਪਾ, ਆਦਿ ਜੁਗਾਦਿ ਦਇਆ ਕਮਾਇੰਦਾ । ਜਨ ਭਗਤਾਂ ਮੇਟੇ ਕੂੜੀ ਬਿਪਤਾ, ਮਾਇਆ ਮਮਤਾ ਮੋਹ ਚੁਕਾਇੰਦਾ । ਨਾਤਾ ਤੋੜ ਸਵਰਗ ਬਹਿਸ਼ਤਾ, ਮਾਰਗ ਇਕੋ ਇਕ ਦਰਸਾਇੰਦਾ । ਸ੍ਰੀ ਭਗਵਾਨ ਸਾਚਾ ਇਸ਼ਟਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਨਮ ਜਨਮ ਦੀ ਪੂਰਬ ਵੇਖਣਹਾਰਾ ਲਿਖਤਾ, ਲੇਖ ਅਲੇਖ ਆਪਣੇ ਹੱਥ ਰਖਾਇੰਦਾ । ਸਚ ਸਰਨਾਈ ਜਿਨ੍ਹਾਂ ਧੁਰ ਦਾ ਦੇਵੇ ਨਿਸਚਾ, ਨਿਹਚਲ ਧਾਮ ਇਕ ਵਖਾਇੰਦਾ । ਮੇਟ ਮਿਟਾਏ ਚਿੰਤਾ ਸੋਗ ਹਰਖਾ, ਗ਼ਮੀ ਰੋਗ ਨਾ ਕੋਇ ਵਖਾਇੰਦਾ । ਮਾਣਸ ਜਨਮ ਬਣਾਏ ਬਣਤਾ, ਘਾੜਨ ਘੜਨਹਾਰ ਵੇਖ ਵਖਾਇੰਦਾ । ਦੇਵੇ ਵਡਿਆਈ ਗੁਰਮੁਖ ਸਾਚੇ ਸੰਤਾਂ, ਸੰਤ ਸਤਿਗੁਰ ਸੱਜਣ ਆਪਣਾ ਮੇਲ ਮਿਲਾਇੰਦਾ । ਮਹਿਮਾ ਸ਼ਬਦ ਸੁਣਾਏ ਅਗਣਤਾ, ਬੋਧ ਅਗਾਧਾ ਆਪ ਪੜ੍ਹਾਇੰਦਾ । ਗੜ੍ਹ ਤੋੜ ਹਉਮੇਂ ਹੰਗਤਾ, ਹੰ ਬ੍ਰਹਮ ਇਕ ਦਰਸਾਇੰਦਾ । ਮੇਲ ਮਿਲਾਵਾ ਸਾਚੀ ਸੰਗਤਾ, ਚਾਰ ਵਰਨ ਊਚ ਨੀਚ ਇਕੋ ਘਰ ਬਹਾਇੰਦਾ । ਕੋਈ ਭੇਵ ਨਾ ਪਾਏ ਗਿਆਨੀ ਧਿਆਨੀ ਵਡ ਪੰਡਤਾ, ਚੌਦਾਂ ਵਿਦਿਆ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਕਿਰਪਾ ਕਰੇ ਪੁਰਖ ਅਕਾਲ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਦੀਨ ਦਿਆਲ, ਦੀਨਾ ਨਾਥਾ ਹੋਏ ਸਹਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਭਾਲ, ਹਰਿਜਨ ਸਾਚੇ ਮੇਲ ਮਿਲਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਜਣ ਇਕ ਵਖਾਈਆ । ਕਾਇਆ ਮੰਦਰ ਅੰਦਰ ਘਰ ਵਿਚ ਘਰ ਸੱਚੀ ਧਰਸਾਲ, ਮਹਲ ਅਟੱਲ ਕਰੇ ਰੁਸ਼ਨਾਈਆ ।

ਅੰਮ੍ਰਿਤ ਸੋਹੇ ਧੁਰ ਦਾ ਤਾਲ, ਸਰੋਵਰ ਇਕੋ ਇਕ ਜਣਾਈਆ । ਅਨਹਦ ਸ਼ਬਦ ਨਾਦੀ ਵੱਜੇ ਤਾਲ, ਤੰਦ ਸਤਾਰ ਨਾ ਕੋਇ ਹਿਲਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪੁਛੇ ਹਾਲ, ਮੁਰਸ਼ਦ ਮੁਰੀਦ ਵੇਖੇ ਚਾਈਂ ਚਾਈਂਆ । ਨਾਤਾ ਤੋੜ ਕਾਲ ਮਹਾਂਕਾਲ, ਮਿਹਰਵਾਨ ਹੋਏ ਸਹਾਈਆ । ਸਚ ਦਵਾਰਾ ਇਕੋ ਦਏ ਵਖਾਲ, ਜਿਸ ਘਰ ਵਸੇ ਬੇਪਰਵਾਹੀਆ । ਦੀਵਾ ਜੋਤੀ ਜਗੇ ਇਕ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਤਖ਼ਤ ਨਿਵਾਸੀ ਨੌਜਵਾਨ, ਸਚ ਸਿੰਘਾਸਣ ਸਾਹਿਬ ਡੇਰਾ ਲਾਈਆ । ਨਿਤ ਨਵਿਤ ਆਦਿ ਅੰਤ ਜੁਗਾ ਜੁਗੰਤ ਦੇਵਣਹਾਰ ਫ਼ਰਮਾਣ, ਸਚ ਸੰਦੇਸਾ ਰਿਹਾ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਲਜੁਗ ਅੰਤ ਕਰੋ ਧਿਆਨ, ਅੰਤਰ ਆਤਮ ਖੋਜ ਖੁਜਾਈਆ । ਹਰਿ ਕਾ ਮੰਤਰ ਨਾਮ ਪੜ੍ਹੋ ਬਿਨਾਂ ਜ਼ਬਾਨ, ਬੱਤੀ ਦੰਦ ਚਲੇ ਨਾ ਕੋਇ ਚਤਰਾਈਆ । ਕਲਮਾ ਸਿਖੋ ਇਕ ਕਲਾਮ, ਹਰਫ਼ ਹਰੂਫ਼ ਨਾ ਕੋਇ ਜਣਾਈਆ । ਜਨ ਭਗਤਾਂ ਮੁਸ਼ਕਲ ਕਰੇ ਆਸਾਨ, ਅਸਲੀਯਤ ਆਪਣੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਉਪਰ ਮਿਹਰ ਨਜ਼ਰ ਟਿਕਾਈਆ । ਕਿਰਪਾ ਕਰੇ ਪਰਵਰਦਿਗਾਰ, ਬੇਅੰਤ ਬੇਪਰਵਾਹ ਅਖਵਾਇੰਦਾ । ਗੁਰਮੁਖ ਮੇਲੇ ਸੱਜਣ ਯਾਰ, ਜਗਤ ਵਿਛੜੇ ਅੰਗ ਲਗਾਇੰਦਾ । ਦੂਈ ਦਵੈਤੀ ਸ਼ਰਅ ਸ਼ਰਾਇਤੀ ਕਰ ਖ਼ਵਾਰ, ਖ਼ਾਲਸ਼ ਆਪਣਾ ਆਪ ਜਣਾਇੰਦਾ । ਮਾਇਆ ਮਮਤਾ ਮੋਹ ਨਾ ਕੋਇ ਪਿਆਰ, ਆਤਮ ਪਰਮਾਤਮ ਸਾਚਾ ਸੰਗ ਵਖਾਇੰਦਾ । ਮੰਜ਼ਲ ਮੰਜ਼ਲ ਦੇਵੇ ਚਾੜ੍ਹ, ਮਹਲ ਅਟੱਲ ਇਕ ਸੁਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਗੁਰਮੁਖ ਨਾਦ ਇਕ ਸੁਣਾਇੰਦਾ । ਸੰਤ ਸੁਹੇਲਾ ਪੜ੍ਹਨ ਸੁਣਨ ਤੋਂ ਹੋ ਜਾਏ ਬਾਹਰ, ਸੁਨ ਸਮਾਧ ਡੇਰਾ ਢਾਹਿੰਦਾ । ਘਰ ਮੰਦਰ ਹੋਏ ਉਜਿਆਰ, ਅੰਦਰੇ ਅੰਦਰ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਰਾਹ ਵਖਾਇੰਦਾ । ਪੂਰਾ ਸਤਿਗੁਰ ਹੋਏ ਦਿਆਲ, ਗੁਰਮੁਖ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਕਿਰਪਾ ਕਰੇ ਹਰਿ ਠਾਕਰ ਸਵਾਮੀ, ਪਾਰਬ੍ਰਹਮ ਵੱਡੀ ਵਡਿਆਈਆ । ਪਰਮ ਪੁਰਖ ਪਤਿਪਰਮੇਸ਼ਵਰ ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਖਾਣੀ ਬਾਣੀ, ਦੋ ਜਹਾਨ ਢੋਲਾ ਜਸ ਰਹੀ ਗਾਈਆ । ਸੋ ਜਨ ਭਗਤਾਂ ਦੇਵੇ ਇਕੋ ਆਪਣਾ ਨਾਮ ਨਿਸ਼ਾਨੀ, ਸਚ ਨਿਸ਼ਾਨਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦੇਵੇ ਥਾਉਂ ਥਾਈਂਆ । ਹਰਿਜਨ ਉਠੋ ਮਾਰੋ ਝਾਕ, ਹਰਿ ਕਰਤਾ ਦਇਆ ਕਮਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਅੰਤਰ ਦ੍ਰਿਸ਼ਟੀ ਆਪ ਖੁਲ੍ਹਾਈਆ । ਆਤਮ ਪਰਮਾਤਮ ਮੇਲਾ ਸੱਜਣ ਸਾਕ, ਪਾਰਬ੍ਰਹਮ ਬ੍ਰਹਮ ਜੋੜਾ ਦਏ ਜੁੜਾਈਆ । ਲੇਖਾ ਚੁੱਕੇ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪੰਧ ਦਏ ਮੁਕਾਈਆ । ਸਚ ਵਿਛੌਣਾ ਦੇਵੇ ਖਾਟ, ਪਲੰਘ ਰੰਗੀਲਾ ਆਤਮ ਸੇਜ ਵਡਿਆਈਆ । ਅੰਮ੍ਰਿਤ ਰਸ ਨਿਝਰ ਚਾਟ, ਘਰ ਝਿਰਨਾ ਦਏ ਝਿਰਾਈਆ । ਲੇਖਾ ਚੁੱਕੇ ਚੌਦਾਂ ਲੋਕ ਹਾਟ, ਚੌਦਾਂ ਤਬਕ ਚਰਨਾਂ ਹੇਠ ਵਖਾਈਆ । ਜਿਸ ਮੰਦਰ ਇਕੋ ਪੁਰਖ ਅਗੰਮ ਦੀ ਗਾਓ ਗਾਥ, ਦੂਜੀ ਅਵਰ ਨਾ ਕਰੇ ਪੜ੍ਹਾਈਆ । ਕੋਟਨ ਕੋਟ ਖੜੇ ਤ੍ਰਿਲੋਕੀ ਨਾਥ, ਰਾਮ ਰਾਮਾ ਸੀਸ ਨਿਵਾਈਆ । ਪੀਰ ਪੈਗੰਬਰ ਬੰਨ੍ਹੀ ਬੈਠੇ ਜਮਾਤ, ਗਲ ਅਲਫ਼ੀ ਤਨ ਹੰਢਾਈਆ । ਨਿਰਗੁਣ

ਸਰਗੁਣ ਵੇਖੇ ਖੇਲ ਤਮਾਸ਼, ਬੇਪਰਵਾਹ ਧਾਰ ਚਲਾਈਆ । ਜੁਗ ਜਨਮ ਦਿਆਂ ਵਿਛੜਿਆਂ ਪੂਰੀ ਕਰੇ ਖ਼ਾਹਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਕਿਰਪਾ ਕਰੇ ਠਾਂਡਾ ਸੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਜੁਗ ਚੌਕੜੀ ਜਿਸ ਦੀ ਰੀਤ, ਮੰਦਰ ਮਸੀਤ ਰਾਹ ਚਲਾਇੰਦਾ । ਲੱਖ ਚੁਰਾਸੀ ਵਸਣਹਾਰਾ ਠੀਕ, ਘਟ ਘਟ ਅੰਦਰ ਸੋਭਾ ਪਾਇੰਦਾ । ਆਦਿ ਜੁਗਾਦੀ ਰੱਖੇ ਧਾਰ ਬਾਰੀਕ, ਜਗਤ ਨੇਤਰ ਅੱਖ ਨਾ ਕੋਇ ਤਕਾਇੰਦਾ । ਚਿੱਟੇ ਉਪਰ ਕਾਲੀ ਮਾਰੀ ਜਾਏ ਲੀਕ, ਲੇਖਾ ਲਿਖਤ ਭਵਿਖਤ ਸਮਝਾਇੰਦਾ । ਹਰ ਘਟ ਵਸਿਆ ਭੀਤਰ ਭੀਤ, ਨਿਰਗੁਣ ਨਿਰਵੈਰ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਫੋਲ ਫੁਲਾਇੰਦਾ । ਜਿਸ ਦੇ ਹੱਥ ਹਾਰ ਜੀਤ, ਦੋ ਜਹਾਨਾਂ ਹੁਕਮ ਵਰਤਾਇੰਦਾ । ਸੋ ਗੁਰਮੁਖਾਂ ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਬੁਝਾਇੰਦਾ । ਨਾਮ ਸੁਣਾਏ ਧੁਰ ਦਾ ਗੀਤ, ਸੋਹੰ ਢੋਲਾ ਆਪ ਅਲਾਇੰਦਾ । ਕਰਵਟ ਲੈ ਬਦਲੇ ਪੀਠ, ਸਨਮੁਖ ਇਕੋ ਨਜ਼ਰੀ ਆਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਰੰਗਣਹਾਰ ਸੇਵ ਕਮਾਇੰਦਾ । ਸਦਾ ਸਵਾਮੀ ਸਾਹਿਬ ਅਤੀਤ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਗੁਰਮਖਾਂ ਗੁਰਸਿਖਾਂ ਕਲਜੁਗ ਬਖ਼ਸ਼ੇ ਸਚ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇੰਦਾ । ਲੇਖਾ ਜਾਣੇ ਬੀਸ ਬੀਸ, ਇਕੀਸ ਆਪਣਾ ਹੁਕਮ ਵਰਤਾਇੰਦਾ । ਏਕਾ ਛਤਰ ਝੁੱਲੇ ਸਾਹਿਬ ਸਤਿਗੁਰ ਜਗਦੀਸ, ਦੋ ਜਹਾਨਾਂ ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਸਾਚੇ ਸੰਤਾਂ ਦੇਵੇ ਭੀਖ, ਭਿਛਿਆ ਆਪਣਾ ਨਾਮ ਵਰਤਾਇੰਦਾ । ਚਾਰ ਵਰਨ ਸਾਚੀ ਸਿਖਿਆ ਲੈਣੀ ਸੀਖ, ਸੋਚ ਸਮਝ ਪਿਛਲੀ ਸਰਬ ਚੁਕਾਇੰਦਾ । ਲੇਖਾ ਚੁੱਕੇ ਊਚ ਨੀਚ, ਰਾਉ ਰੰਕ ਇਕੋ ਆਤਮ ਪਰਮਾਤਮ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੋਜ ਖੁਜਾਇੰਦਾ । ਕਿਰਪਾ ਕਰੇ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਗੁਰਮੁਖ ਵੇਖੇ ਸਾਚੇ ਸੰਤ, ਹਰਿ ਸੱਜਣ ਲਏ ਜਗਾਈਆ । ਮੇਲ ਮਿਲਾਵਾ ਨਾਰ ਕੰਤ, ਘਰ ਘਰ ਵਿਚ ਕਰੇ ਕੁੜਮਾਈਆ । ਨਾਮ ਦਰਸਾਏ ਇਕੋ ਮੰਤ, ਮੰਤਵ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਕਿਰਪਾ ਕਰੇ ਪ੍ਰਭ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਜੁਗ ਚੌਕੜੀ ਗੁਰਮੁਖਾਂ ਬਣ ਮਲਾਹ, ਬੇੜਾ ਦੋ ਜਹਾਨਾਂ ਪਾਰ ਕਰਾਇੰਦਾ । ਸ਼ਬਦੀ ਦੇਵੇ ਸ਼ਬਦ ਸਲਾਹ, ਗੁਰ ਮੰਤਰ ਨਾਮ ਪੜ੍ਹਾਇੰਦਾ । ਜਗਤ ਬਸੰਤਰ ਦਏ ਬੁਝਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਆਤਮ ਬ੍ਰਹਮ ਨਿਰੰਤਰ ਦਏ ਵਖਾ, ਮਾਇਆ ਬ੍ਰਹਮ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਸਾਚੀ ਗੋਦ ਸਾਹਿਬ ਸਤਿਗੁਰ, ਹਰਿ ਕਰਤਾ ਇਕ ਜਣਾਈਆ । ਜਿਨ੍ਹਾਂ ਲੇਖਾ ਮਸਤਕ ਧੁਰ, ਤਿਨ੍ਹਾਂ ਮੇਲੇ ਸਹਿਜ ਸੁਭਾਈਆ । ਜੋ ਦੂਰ ਦੁਰਾਡੇ ਹਰਿ ਸੰਗਤ ਨਾਲ ਆਵਣ ਤੁਰ, ਤਿਨ੍ਹਾਂ ਲੇਖਾ ਲਾਏ ਥਾਉਂ ਥਾਈਂਆ । ਅੰਤਰ ਅੰਤਰ ਸ਼ਬਦ ਮਿਲਾਵਾ ਸੁਰਤੀ ਸੁਰ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹੋਏ ਆਪ ਸਹਾਈਆ । ਦਇਆਵਾਨ ਠਾਕਰ ਏਕ, ਏਕੰਕਾਰ ਹਰਿ ਅਖਵਾਇੰਦਾ । ਜਨ ਭਗਤਾਂ ਦੇਵੇ ਧੁਰ ਦੀ ਟੇਕ, ਕੂੜਾ ਬੰਧਨ ਨਾ ਕੋਇ ਪਾਇੰਦਾ । ਘਰ ਵਿਚ ਘਰ ਖੁਲ੍ਹਾਏ ਭੇਤ, ਦਰ ਦਰ ਵਿਚ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਇੰਦਾ । ਆਤਮ ਪਰਮਾਤਮ

੮੪੬
੧੯

ਦੱਸੇ ਖੇਡ, ਸਚ ਖਿਲਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚੇ ਜਾਣਾ ਉਠ, ਸੋ ਸਤਿਗੁਰ ਆਪ ਉਠਾਈਆ । ਦੀਨ ਦਿਆਲਾ ਜਾਏ ਤੁਠ, ਪੁਰਖ ਅਕਾਲਾ ਹੋਏ ਸਹਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਧਾਰ ਵਹਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਮਾਤ ਗਰਭ ਨਾ ਫੇਰਾ ਪਾਈਆ । ਲੋਕਮਾਤ ਦਾ ਬੂਟਾ ਪੁਟ, ਸਚਖੰਡ ਦਵਾਰੇ ਦਏ ਲਗਾਈਆ । ਸਾਹਿਬ ਸਤਿਗੁਰ ਨਾਲ ਗੁਰਮੁਖ ਕਦੀ ਨਾ ਜਾਣਾ ਰੁੱਸ, ਹਰਿ ਜੂ ਰੁਸਿਆਂ ਸਦਾ ਮਨਾਈਆ । ਕਬੀਰ ਜੁਲਾਹੇ ਕੋਲੋਂ ਅੱਗੇ ਜਾ ਕੇ ਲੈਣਾ ਪੁਛ, ਜੋ ਉਚੇ ਮੰਦਰ ਚੜ੍ਹ ਕੇ ਰਿਹਾ ਢੋਲਾ ਗਾਈਆ । ਰਵਦਾਸ ਚੁਮਾਰਾ ਲੇਖਾ ਲਿਖਦਾ ਜਾਏ ਕੁਛ, ਨਾਤਾ ਜੋੜ ਕਲਮ ਛਾਹੀਆ । ਜਿਸ ਗੋਬਿੰਦ ਬਣਾਇਆ ਆਪਣਾ ਸੁਤ, ਸੋ ਸਾਹਿਬ ਹੋਏ ਸਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਕਲਜੁਗ ਅੰਤਮ ਸ਼ਬਦੀ ਮੌਲੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਜਗਤ ਠਗੌਰੀ ਰਹਿਣ ਕੋਇ ਨਾ ਪਾਈਆ । ਗੁਰਮੁਖਾਂ ਉਜਲ ਕਰੇ ਮੁਖ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਮਿਲ ਕੇ ਆਵੇ ਸੁਖ, ਜਗਤ ਸੁਖ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਮਿਲਾਈਆ । ਹਰਿਜਨ ਮਿਲਾਏ ਹਰਿ ਜੂ ਆਪ, ਆਪਣੀ ਦਇਆ ਕਮਾਇੰਦਾ । ਸਤਿਜੁਗ ਜਣਾਏ ਸਾਚਾ ਜਾਪ, ਸੋਹੰ ਢੋਲਾ ਰਾਗ ਅਲਾਇੰਦਾ । ਕੋਟਨ ਕੋਟ ਜਨਮ ਦੇ ਮੇਟ ਪਾਪ, ਪੁਨੀਤ ਪਵਿਤ ਪਤਤ ਆਪ ਕਰਾਇੰਦਾ । ਵਸਤ ਅਮੋਲਕ ਦੇ ਕੇ ਦਾਤ, ਖ਼ਾਲੀ ਭੰਡਾਰੇ ਤਨ ਭਰਾਇੰਦਾ । ਲਹਿਣਾ ਮੇਟ ਜਾਤ ਪਾਤ, ਚਾਰੇ ਵਰਨ ਇਕੋ ਘਰ
੮੪੭ ੧੯ ੮੪੭ ੧੯
ਵਸਾਇੰਦਾ । ਧੂੜੀ ਮਸਤਕ ਟਿੱਕਾ ਲਾਵੇ ਖ਼ਾਕ, ਜੋਤ ਲਲਾਟੀ ਡਗਮਗਾਇੰਦਾ । ਅੰਤਰ ਅੰਤਰ ਨਾਤਾ ਜੋੜ ਧੁਰ ਦਾ ਸਾਕ, ਸੱਜਣ ਇਕੋ ਇਕ ਵੇਖ ਵਖਾਇੰਦਾ । ਬੰਦ ਕਿਵਾੜੀ ਖੁਲ੍ਹੇ ਤਾਕ, ਦੂਈ ਦਵੈਤੀ ਪੜਦਾ ਲਾਹਿੰਦਾ । ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਰੂਪ ਨਾ ਕੋਇ ਵਖਾਇੰਦਾ । ਮਨ ਵਾਸਨਾ ਮੇਟੇ ਨਾਰ ਕਮਜਾਤ, ਗੁਰਮਤ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਵਖਾਇੰਦਾ । ਕਿਰਪਾ ਕਰੇ ਪ੍ਰਭ ਸੱਜਣ ਸੱਚ, ਸਤਿ ਸਤਿ ਸਮਝਾਈਆ । ਕਾਇਆ ਮਾਟੀ ਭਾਂਡਾ ਕੱਚ, ਥਿਰ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਸ੍ਰਿਸ਼ਟੀ ਰਹੀ ਨੱਚ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਨਿਜ ਨੇਤਰ ਖੁਲ੍ਹੀ ਕਿਸੇ ਨਾ ਅੱਖ, ਦੋਏ ਲੋਚਣ ਤੱਕਣ ਸਰਬ ਲੋਕਾਈਆ । ਕੂੜੀ ਕਿਰਿਆ ਰਹੇ ਨੱਠ, ਮਾਇਆ ਮਮਤਾ ਮੋਹ ਹਲਕਾਈਆ । ਅੰਤਰ ਕਿਸੇ ਨਾ ਮਿਲੇ ਬ੍ਰਹਮ ਮਤ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਗੰਮ ਅਥਾਹੀਆ । ਅਗੰਮ ਅਥਾਹ ਅਲੱਖ ਅਗੋਚਰ ਹਰਿ-ਜੂ ਸਵਾਮੀ, ਬੇਅੰਤ ਬੇਪਰਵਾਹ ਅਖਵਾਇੰਦਾ । ਜਨ ਭਗਤਾਂ ਵੇਖੇ ਗੁਣ ਨਿਧਾਨੀ, ਗੁਣਵੰਤਾ ਭੇਵ ਚੁਕਾਇੰਦਾ । ਅੰਤਰ ਅੰਤਰ ਹਰਿ ਮੰਤਰ ਪੜ੍ਹੇ ਧੁਰ ਦੀ ਬਾਣੀ, ਸਚ ਲੇਖ ਆਪ ਸਮਝਾਇੰਦਾ । ਘਰ ਬੈਠਾ ਠਾਕਰ ਹੋਵੇ ਜਾਣ ਜਾਣੀ, ਜਾਨਣਹਾਰਾ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਸਚ ਕਰਨੀ ਕਾਰ ਕਰਦਾ ਆਇਆ, ਜੁਗ ਕਰਤਾ ਵਡ ਵਡਿਆਈਆ । ਜਨ ਭਗਤਾਂ ਸਦਾ ਹੋਏ ਸਹਾਇਆ, ਸਹਾਇਕ ਆਪਣਾ ਨਾਉਂ ਰਖਾਈਆ । ਤ੍ਰੈਗੁਣ ਮਾਇਆ ਪੜਦਾ ਦਏ ਉਠਾਇਆ, ਉਹਲਾ ਰਹਿਣ ਕੋਇ

ਨਾ ਪਾਈਆ । ਬਣ ਵਿਚੋਲਾ ਫੇਰਾ ਪਾਇਆ, ਸ਼ਬਦੀ ਢੋਲਾ ਰਾਗ ਸੁਣਾਈਆ । ਸਾਚਾ ਸੋਹਲਾ ਇਕੋ ਗਾਇਆ, ਤਨ ਰਬਾਬ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸਮਝਾਈਆ । ਹਰਿਜਨ ਸਾਚੇ ਜਾਣਾ ਸਮਝ, ਸਾਹਿਬ ਦਏ ਵਡਿਆਈਆ । ਗੁਰ ਕੀ ਧਾਰ ਅਗੰਮੀ ਰਮਜ਼, ਇਸ਼ਾਰੇ ਨਾਲ ਸਮਝਾਈਆ । ਜਿਸ ਦਾ ਲੇਖਾ ਜਾਣਿਆ ਤਬਰੇਜ਼ ਸ਼ਮਸ, ਸ਼ਮਾਂ ਆਪਣੀ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਇਕੋ ਰਾਹ ਦਰਸਾਈਆ । ਗੁਰਮੁਖ ਰਾਹ ਵੇਖਣਾ ਨੇਤਰ ਦਰਸ, ਹਰਿ ਕਰਤਾ ਆਪ ਜਣਾਇੰਦਾ । ਪੁਰਖ ਅਕਾਲ ਕਰ ਕੇ ਤਰਸ, ਰਹਿਮਤ ਸਭ ਦੀ ਝੋਲੀ ਪਾਇੰਦਾ । ਕਿਰਪਾ ਕਰੇ ਮਰਦਾਨਾ ਮਰਦ, ਸਚ ਮਰਦਾਨਗੀ ਆਪ ਕਮਾਇੰਦਾ । ਗ਼ਰੀਬ ਨਿਮਾਣਿਆਂ ਨਾਲ ਵੰਡੇ ਦਰਦ, ਦਰਦੀ ਹੋ ਕੇ ਵੇਖ ਵਖਾਇੰਦਾ । ਪੂਰਬ ਜਨਮ ਦੀ ਫੋਲ ਕੇ ਵੇਖੇ ਫਰਦ, ਜੁਗ ਚੌਕੜੀ ਭੁੱਲ ਕਦੇ ਨਾ ਜਾਇੰਦਾ । ਜਿਨ੍ਹਾਂ ਸਤਿਜੁਗ ਤ੍ਰੇਤਾ ਦਵਾਪਰ ਪ੍ਰਭ ਤੇਰੇ ਨਾਲ ਮਿਲਣ ਦੀ ਕੀਤੀ ਅਰਜ਼, ਤਿਨ੍ਹਾਂ ਆਰਜ਼ੂ ਆਪਣੀ ਝੋਲੀ ਪਾਇੰਦਾ । ਅੰਤਮ ਨਿਭਾਵਣ ਆਇਆ ਆਪਣਾ ਫਰਜ਼, ਫ਼ਜ਼ਲ ਆਪਣੇ ਨਾਲ ਰਖਾਇੰਦਾ । ਇਹੋ ਖੇਲ ਪ੍ਰਭੂ ਅਸਚਰਜ, ਜੀਵ ਜੰਤ ਸਮਝ ਕੋਇ ਨਾ ਪਾਇੰਦਾ । ਜਿਨ੍ਹਾਂ ਦੀ ਪ੍ਰਭ ਨੂੰ ਆਪੇ ਪਈ ਗ਼ਰਜ਼, ਤਿਨ੍ਹਾਂ ਦੂਰੋਂ ਨੇੜਿਉਂ ਫੜ ਬਾਂਹੋਂ ਗਲੇ ਲਗਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਸ੍ਰੀ ਭਗਵਾਨ ਸਚ ਜੈਕਾਰਾ ਬੋਲੇ ਕੜਕ, ਜੈਕਾਰਾ ਇਕੋ ਇਕ ਸੁਣਾਇੰਦਾ । ਗੁਰਮੁਖ ਗੁਰਸਿਖ ਆਪਣੀ ਮੰਜ਼ਲ ਵਿਚ ਕੋਈ ਨਾ ਜਾਵੇ ਅਟਕ, ਵਿਸ਼ਨ ਬ੍ਰਹਮਾ ਸ਼ਿਵ ਅਧਵਿਚਕਾਰੇ ਬੈਠਾ ਗੁਰਮੁਖ ਤੇਰਾ ਧਿਆਨ ਲਗਾਇੰਦਾ । ਕਦੀ ਵਿਚਾਰ ਨਾ ਲਿਔਣੀ ਸਵਰਗ ਨਰਕ, ਦੋਜ਼ਖ਼ ਬਹਿਸ਼ਤ ਦੋਹਾਂ ਤੋਂ ਪਾਰ ਕਰਾਇੰਦਾ । ਲੇਖਾ ਚੁਕਾ ਫ਼ਰਸ਼ ਅਰਸ਼, ਆਸਾ ਮਨਸਾ ਆਪਣੇ ਵਿਚ ਮਿਲਾਇੰਦਾ । ਕਰ ਕਿਰਪਾ ਜਿਨ੍ਹਾਂ ਉਪਰ ਕਰੇ ਤਰਸ, ਤਿਨ੍ਹਾਂ ਆਪਣੇ ਘਰ ਬਹਾਇੰਦਾ । ਸਚ ਸਮਝੋ ਸ੍ਰੀ ਭਗਵਾਨ ਜਨ ਭਗਤਾਂ ਕਦੇ ਹੋਣ ਨਾ ਦੇਵੇ ਹਰਜ਼, ਪਿਛਲੇ ਹਰਜਾਨੇ ਛਿਨ ਵਿਚ ਪੂਰ ਕਰਾਇੰਦਾ । ਜਿਸ ਦਾ ਰਾਗ ਨਾਦ ਤਾਲ ਕਿਸੇ ਨਾ ਸਮਝੀ ਤਰਜ਼, ਛੱਤੀ ਰਾਗ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਕਿਰਪਾ ਕਰ ਕੇ ਚਾੜ੍ਹੇ ਰੰਗ, ਅਨਡਿਠੜਾ ਆਪ ਰੰਗਾਈਆ । ਸਾਹਿਬ ਸਤਿਗੁਰ ਸੂਰਾ ਸਰਬੰਗ, ਪੁਰਖ ਅਕਾਲ ਵੱਡੀ ਵਡਿਆਈਆ । ਆਤਮ ਸੇਜਾ ਬੈਠ ਸਚ ਪਲੰਘ, ਸਚ ਸਿੰਘਾਸਣ ਦਏ ਸੁਹਾਈਆ । ਘਰ ਵਿਚ ਘਰ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਘਰ ਜੋਤ ਚਾੜ੍ਹੇ ਚੰਦ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਵੱਜੇ ਅਨਹਦ, ਅਨਹਤ ਮੇਲਾ ਸਹਿਜ ਸੁਭਾਈਆ । ਜਨਮ ਕਰਮ ਦੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਕਲਜੁਗ ਅੰਤ ਜਿਨ੍ਹਾਂ ਗੁਰਮੁਖਾਂ ਸੋਹੰ ਸ਼ਬਦ ਗਾਇਆ ਛੰਦ, ਤਿਨ੍ਹਾਂ ਸੰਸਾ ਸਾਗਰ ਨਜ਼ਰ ਕੋਇ ਨਾ ਆਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪ੍ਰਭ ਹੋਇਆ ਆਪ ਬਖ਼ਸ਼ੰਦ, ਬਖ਼ਸ਼ਸ਼ ਲੈ ਕੇ ਲੋਕਮਾਤ ਫੇਰਾ ਪਾਈਆ । ਗੁਰਸਿਖ ਖ਼ੁਸ਼ੀਆਂ ਨਾਲ ਕਹਿਣ ਸਾਡਾ ਅਗਲਾ ਮੁਕਿਆ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਖਹਿੜਾ ਛੁਟਿਆ ਪੂਜਣਾ ਕਰੀਰ ਜੰਡ, ਮੜ੍ਹੀ ਗੋਰ ਸੀਸ ਨਾ ਕੋਇ ਨਿਵਾਈਆ । ਗੁਰ ਗੋਬਿੰਦ ਪੂਰੀ ਆਸਾ ਮਨਸਾ ਕਰੀ ਮੰਗ, ਤ੍ਰਿਸਨਾ ਤ੍ਰਿਪਤ ਰੂਪ ਵਖਾਈਆ । ਨਾਤਾ ਤੁਟਿਆ ਜੇਰਜ ਅੰਡ, ਉਤਭੁਜ ਸੇਤਜ ਫੇਰਾ ਕੋਇ ਨਾ ਪਾਈਆ ।

ਅੰਤਮ ਵਸਣਾ ਉਪਰ ਬ੍ਰਹਿਮੰਡ, ਸਚਖੰਡ ਸਾਚੇ ਡੇਰਾ ਲਾਈਆ । ਜਿਥੇ ਮਿਲੇ ਇਕ ਅਨੰਦ, ਅਨੰਦ ਇਕੋ ਇਕ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਰਬ ਸਵਾਮੀ ਮਿਲ ਕੇ ਪਏ ਠੰਡ, ਸਤਿ ਸਤਿ ਸਤਿ ਇਕੋ ਇਕ ਨਜ਼ਰੀ ਆਈਆ । ਏਥੇ ਓਥੇ ਸਚ ਪ੍ਰੀਤੀ ਲਈਏ ਗੰਢ, ਦਿਤੀ ਗੰਢ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਜਨ ਭਗਤਾਂ ਦੇਵੇ ਅਗੰਮੀ ਵੰਡ, ਵਸਤ ਅਮੋਲਕ ਆਪ ਵਰਤਾਈਆ ।

★ ੫ ਚੇਤ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ ਬਟਾਲਾ ਜ਼ਿਲਾ ਗੁਰਦਾਸਪੁਰ ★

ਵੇਦ ਵਿਆਸ ਲਿਖਿਆ ਲੇਖ ਅਲੇਖ, ਸਮਝ ਕੋਇ ਨਾ ਪਾਈਆ । ਪਰਮ ਪੁਰਖ ਦਾ ਕੋਈ ਨਾ ਜਾਣੇ ਭੇਸ, ਵੇਸ ਅਵਲੜਾ ਕਵਣ ਵਟਾਈਆ । ਥੋੜਾ ਥੋੜਾ ਸਾਰੇ ਦੇ ਕੇ ਗਏ ਸੰਦੇਸ, ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਨਾਲ ਸਮਝਾਈਆ । ਅਗੰਮ ਅਥਾਹ ਬੇਪਰਵਾਹ ਆਦਿ ਜੁਗਾਦੀ ਸਤਿ ਜੋਤ ਪਰਵੇਸ਼, ਬੇਅੰਤ ਖੇਲ ਖਿਲਾਈਆ । ਦੋ ਜਹਾਨ ਸ੍ਰੀ ਭਗਵਾਨ ਸ਼ਾਹ ਸੁਲਤਾਨਾ ਵਡ ਨਰੇਸ਼, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਨਿਤ ਨਵਿਤ ਨਰ ਨਰਾਇਣ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਲੱਖ ਚੁਰਾਸੀ ਰਿਹਾ ਵੇਖ, ਨੇਤਰ ਅੱਖ ਲੋਚਣ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਸਦਾ ਸਦਾ ਸਦ ਨਿਰਗੁਣ ਸਰਗੁਣ ਕਰੇ ਹੇਤ, ਨਿਰਵੈਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਨਿਰਾਕਾਰ ਵੱਡੀ ਵਡਿਆਈਆ । ਵੇਦ ਵਿਆਸ ਦਿਤੀ ਦਾਤ, ਦਾਤਾ ਦਇਆ ਕਮਾਈਆ । ਭੇਵ ਖੁਲ੍ਹਾਇਆ ਲੋਕਮਾਤ, ਮਾਣ ਦਿਵਾਇਆ ਕਲਮ ਸ਼ਾਹੀਆ । ਪਰਗਟ ਹੋਏ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਬੇਪਰਵਾਹੀਆ । ਨਿਰਗੁਣ ਜੋਤ ਧੁਰ ਦੀ ਮਾਤ, ਪਿਤਾ ਮਾਤ ਇਕੋ ਰੰਗ ਸਮਾਈਆ । ਕਵਾਰ ਕੰਨਿਆ ਉਸ ਨੂੰ ਗਿਆ ਆਖ, ਜਿਸ ਦਾ ਕੰਤ ਬਿਨਾਂ ਬੇਅੰਤ ਨਜ਼ਰ ਕਿਸੇ ਨਾ ਆਈਆ । ਸਚ ਦਵਾਰੇ ਰੱਖੇ ਵਾਸ, ਸੰਬਲ ਆਪਣਾ ਡੇਰਾ ਲਾਈਆ । ਜਿਸ ਸੰਬਲ ਇਕੋ ਦੀਪਕ ਜੋਤ ਪਰਕਾਸ਼, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਸਚ ਸਮਗਰੀ ਧੁਰ ਦੀ ਰਾਸ, ਪਾਰਬ੍ਰਹਮ ਪ੍ਰਭ ਆਪ ਟਿਕਾਈਆ । ਖੇਲੇ ਖੇਲ ਪੁਰਖ ਸਮਰਾਥ, ਮਹਿਮਾਂ ਅਕਥ ਆਪ ਜਣਾਈਆ । ਜਿਸ ਦਾ ਲੇਖ ਅਲੇਖ ਕਿਸੇ ਨਾ ਆਵੇ ਹਾਥ, ਅੰਤ ਕਹਿ ਨਾ ਕੋਇ ਸਮਝਾਈਆ । ਸ਼ਬਦ ਇਸ਼ਾਰਾ ਜਗਤ ਭਵਿਖਤ ਵਾਕ, ਭਾਖਿਆ ਭਾਸ਼ਾ ਵਿਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਤਿ ਸਤਿਵਾਦੀ ਸਦ ਵਡਿਆਈਆ । ਵੇਦ ਵਿਆਸ ਸ਼ਬਦੀ ਦਿਤਾ ਇਕ ਇਸ਼ਾਰਾ, ਤਰ੍ਹਾ ਤਰ੍ਹਾ ਸਮਝਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਭੇਵ ਅਭੇਦ ਆਪਣੇ ਵਿਚ ਰਖਾਈਆ । ਕਲਜੁਗ ਅੰਤ ਹੋਏ ਉਜਿਆਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੰਬਲ ਵਸੇ ਧਾਮ ਨਿਆਰਾ, ਬੰਕ ਇਕੋ ਇਕ ਵਖਾਈਆ । ਨਾਮ ਨਿਧਾਨ ਬੋਲ ਜੈਕਾਰਾ, ਬ੍ਰਹਿਮੰਡ ਖੰਡ ਕਰੇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਮੰਗਣਹਾਰਾ, ਬੈਠਣ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗੰਬਰ ਕਰਨ ਨਿਮਸਕਾਰਾ, ਨਿਉਂ ਨਿਉਂ ਲਾਗਣ ਪਾਈਆ । ਭਗਵਨ ਦੇਵੇ ਸਚ ਭੰਡਾਰਾ, ਭਗਵਨ ਵਸਤ ਅਮੋਲਕ ਨਾਮ ਵਰਤਾਈਆ ।

ਕਲਜੁਗ ਵੇਖੇ ਵਿਗਸੇ ਵੇਖਣਹਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਾਨਣਹਾਰਾ ਬਿਰਧ ਬਾਲ ਜੋਬਨ ਅਵਸਥਾ ਵਿਚ ਸੰਸਾਰਾ, ਰੰਗ ਰੱਤਾ ਇਕ ਅਖਵਾਈਆ । ਕਾਗਦ ਕਲਮ ਸ਼ਾਹੀ ਨਾ ਪਾਵੇ ਸਾਰਾ, ਅੰਤ ਕਹਿ ਨਾ ਕੋਇ ਜਣਾਈਆ । ਕੋਟਨ ਕੋਟ ਸਾਧ ਸੰਤ ਪੜ੍ਹ ਪੜ੍ਹ ਅੰਤਰ ਆਤਮ ਕਰਨ ਵਿਚਾਰਾ, ਬਿਨ ਪਰਮਾਤਮ ਭੇਵ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਵਾਲੀ ਮਾਲਕ ਧੁਰਦਰਗਾਹੀਆ । ਵੇਦ ਵਿਆਸ ਬੋਲ ਜੈਕਾਰ, ਜੀਵ ਜਗਤ ਜਹਾਨ ਕਰੀ ਜਣਾਈਆ । ਕਲ ਕਲਕੀ ਕਲ ਲੈ ਅਵਤਾਰ, ਕਲ ਆਪਣੀ ਆਪ ਵਰਤਾਈਆ । ਖੇਲੇ ਖੇਲ ਅਪਰ ਅਪਾਰ, ਅਪਰੰਪਰ ਸਵਾਮੀ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਆਤਮ ਪਰਮਾਤਮ ਹੋਵੇ ਅੰਤਰਜਾਮੀ, ਪਰਦਾ ਉਹਲਾ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਸੁਣਾਏ ਸਚ ਕਹਾਣੀ, ਸਤਿ ਸੰਦੇਸਾ ਧੁਰ ਦਾ ਬੋਧ ਅਗਾਧਾ ਰਾਗ ਅਲਾਈਆ । ਜਿਸ ਦੀ ਸਿਫ਼ਤ ਕਰੇ ਚਾਰੇ ਬਾਣੀ, ਚਾਰੇ ਖਾਣੀ ਜਿਸ ਦਾ ਧਿਆਨ ਲਗਾਈਆ । ਚਾਰ ਵੇਦ ਜਿਸ ਦੀ ਦੱਸਣ ਨਿਸ਼ਾਨੀ, ਪੁਰਾਨ ਅਠਾਰਾਂ ਢੋਲੇ ਰਹੇ ਸੁਣਾਈਆ । ਅੰਜੀਲ ਕੁਰਾਨ ਜਿਸ ਨੂੰ ਕਹੇ ਜਾਣ ਜਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਹਿਜ ਸੁਖਦਾਈਆ । ਵੇਦ ਵਿਆਸਾ ਲਿਖ ਕੇ ਗਿਆ ਕਲਮ, ਸ਼ਾਹੀ ਕਾਗ਼ਜ਼ ਦਏ ਗਵਾਹੀਆ । ਹਰਿ ਕੇ ਭੇਵ ਦਾ ਕਿਸੇ ਨਾ ਆਏ ਇਲਮ, ਆਲਮ ਉਲਮਾ ਬੈਠਣ ਮੁਖ ਭਵਾਈਆ । ਪਰਮ ਪੁਰਖ ਪਰਮਾਤਮ ਮਿਹਰਵਾਨ ਹੋ ਕੇ ਜਨ ਭਗਤਾਂ ਆਏ ਮਿਲਣ, ਜਗਦੀਸ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਚਾਰ ਕੁੰਟ ਜੀਵ ਜੰਤ ਸਤਿ ਧਰਮ ਤੋਂ ਸਾਰੇ ਹਿਲਣ, ਸਤਿ ਸਤਿਵਾਦੀ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਵੇਦ ਵਿਆਸ ਲਿਖ ਕੇ ਏਕ, ਏਕਾ ਗਿਆ ਜਣਾਈਆ । ਸ੍ਰਿਸ਼ਟ ਸਬਾਈ ਸਾਚੀ ਟੇਕ, ਸ੍ਰੀ ਭਗਵਾਨ ਇਸ਼ਟ ਦੇਵ ਮਨਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਝੂਠਾ ਦੇਸ, ਸਚ ਦੇਸ ਨਜ਼ਰ ਕਿਸੇ ਨਾ ਆਈਆ । ਹਰਿਜਨ ਵਿਰਲਾ ਕਾਇਆ ਮੰਦਰ ਅੰਦਰ ਖੇਲੇ ਸੱਚੀ ਖੇਡ, ਆਤਮ ਪਰਮਾਤਮ ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਨਿਰਗੁਣ ਜੋਤੀ ਨੂਰ ਸਚ ਪਰਕਾਸ਼ ਮਿਲੇ ਤੇਜ, ਅੰਧ ਅਗਿਆਨ ਮਿਟਾਈਆ । ਘਰ ਸੁਹੰਜਣੀ ਸੋਭਾਵੰਤ ਸੁਹਾਏ ਸੇਜ, ਪਲੰਘ ਰੰਗੀਲਾ ਨਜ਼ਰੀ ਆਈਆ । ਜੋ ਵੇਦ ਵਿਆਸ ਨਰੰਤਰ ਲਿਆ ਵੇਖ, ਅੰਤਰ ਬ੍ਰਹਮ ਸਮਝਾਈਆ । ਸੋ ਦੱਸ ਕੇ ਗਿਆ ਕਲਜੁਗ ਬਸੰਤਰ ਕੂੜਾ ਮਮਤਾ ਭੇਖ, ਤਨ ਮਾਟੀ ਖ਼ਾਕ ਜਲਾਈਆ । ਪਤਿਪਰਮੇਸ਼ਵਰ ਕੋਈ ਨਾ ਕਰੇ ਹੇਤ, ਜਗਤ ਪਿਆਰ ਸਰਬ ਲੋਕਾਈਆ । ਬਿਨ ਅੱਖਾਂ ਨੇਤਰ ਨੈਣਾਂ ਲੋਚਣਾਂ ਲਏ ਵੇਖ, ਵੇਖਣਹਾਰਾ ਹਰ ਘਟ ਸਵਾਮੀ ਸੋਭਾਵੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਦ ਵਿਆਸਾ ਦੇ ਭਰਵਾਸਾ, ਲੇਖ ਲਿਖਾ ਪਵਣ ਸਵਾਸਾ, ਮੰਡਲ ਰਾਸਾ ਅਨੁਭਵ ਆਪਣਾ ਰਾਹ ਜਣਾਈਆ । ਵੇਦ ਵਿਆਸਾ ਲਿਖ ਲਿਖ ਗਿਆ ਥੱਕ, ਥਕਾਵਟ ਵਿਚ ਗਿਆ ਸਮਝਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੱਖ ਚੁਰਾਸੀ ਪ੍ਰਭ ਦਾ ਹੱਟ, ਤ੍ਰੈਗੁਣ ਮਾਇਆ ਪੰਜ ਤਤ ਜਗਤ ਵਸਤੂ ਬਿਨ ਕੀਮਤ ਕਰਤਾ ਆਪ ਵਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਵੇਖਣ ਨੱਠ ਨੱਠ, ਹੁਕਮੇ ਅੰਦਰ ਜਿਨ੍ਹਾਂ ਰਿਹਾ ਭਵਾਈਆ । ਜੋ ਕੁਛ ਪਰਮ ਪੁਰਖ ਦੱਸਿਆਂ ਮੈਂ ਓਹੋ ਰਿਹਾ ਦੱਸ, ਸ਼ਹਾਦਤ ਆਪਣੀ ਨਾਲ ਭੁਗਤਾਈਆ ।


੮੫੦
੧੯

ਕਲਜੁਗ ਅੰਤ ਜੋ ਕੁਛ ਹੈ ਸੋ ਪ੍ਰਭ ਦੇ ਵਸ, ਕਰਨ ਕਰਾਵਣਹਾਰ ਇਕ ਅਖਵਾਈਆ । ਜਗਤ ਆਯੂ ਕਰ ਦੇਵੇ ਭੱਠ, ਬਣ ਭਠਿਆਲਾ ਅਗਨੀ ਅੱਗ ਤਪਾਈਆ । ਕਰਨ ਕਰਾਵਣਹਾਰ ਪੁਰਖ ਸਮਰਥ, ਸਾਹਿਬ ਦਾਤਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਖੇਲਣਹਾਰਾ ਇਕੋ ਨਜ਼ਰੀ ਆਈਆ । ਆਓ ਦੋਵੇਂ ਅੰਦਰ ਵੜੀਏ, ਘਰ ਆਪਣਾ ਵੇਖੀਏ ਚਾਈਂ ਚਾਈਂਆ । ਬਿਨ ਅੱਖਰਾਂ ਤੋਂ ਨਿਰਅੱਖਰ ਪੜ੍ਹੀਏ, ਬਿਨ ਨਾਮ ਤੋਂ ਨਾਮ ਮਿਲੇ ਵਡਿਆਈਆ । ਓਸ ਪ੍ਰਭੂ ਦਾ ਦਰਸਨ ਕਰੀਏ, ਜਿਸ ਦਾ ਰੂਪ ਰੰਗ ਬਾਹਰੋਂ ਨਜ਼ਰ ਕਿਸੇ ਨਾ ਆਈਆ । ਬਿਨ ਹੱਥਾਂ ਬਾਹਵਾ ਓਹਨੂੰ ਫੜੀਏ, ਫੜ ਆਪਣੇ ਕੋਲ ਬਹਾਈਆ । ਉਸ ਦੇ ਕੋਲੋਂ ਕਦੀ ਨਾ ਡਰੀਏ, ਜੋ ਘਰ ਵਿਚ ਬੈਠਾ ਬੇਪਰਵਾਹੀਆ । ਜੇ ਨਾ ਮਿਲੇ ਤੇ ਦਿਵਸ ਰੈਣ ਲੜੀਏ, ਜੇ ਰੁਸਿਆ ਹੋਵੇ ਫੜ ਚਰਨਾਂ ਲਈਏ ਮਨਾਈਆ । ਉਹਦੇ ਪਿਛੇ ਜੀਵਦਿਆਂ ਜਗ ਮਰੀਏ, ਮਰ ਜੀਵਤ ਓਹੋ ਪਾਈਆ । ਆਪਣਾ ਲੇਖਾ ਉਹਦੀ ਝੋਲੀ ਧਰੀਏ, ਉਹ ਦਾ ਲੇਖਾ ਆਪਣੇ ਨਾਲ ਰਲਾਈਆ । ਨਿਰਗੁਣ ਜੋਤ ਹੋ ਕੇ ਨਿਰਗੁਣ ਜੋਤ ਮਿਲੀਏ, ਮਿਲ ਕੇ ਇਕੋ ਰੰਗ ਸਮਾਈਆ । ਸਚ ਦਵਾਰੇ ਸਚਖੰਡ ਓਸ ਸੱਜਣ ਦੀ ਗਲੀ ਵਿਚ ਫਿਰੀਏ, ਜਿਥੇ ਰੋਕਣਵਾਲਾ ਨਜ਼ਰ ਕੋਇ ਨਾ ਆਈਆ । ਜੇ ਭੁੱਲ ਜਾਵੇ ਮਾਰ ਕੇ ਛਾਲ ਛਾਤੀ ਉਤੇ ਚੜ੍ਹੀਏ, ਹਲੂਣੇ ਦੇ ਕੇ ਲਈਏ ਉਠਾਈਆ । ਬਿਰਹੋਂ ਵਿਛੋੜੇ ਵਿਚ ਕਿਉਂ ਸੜੀਏ, ਘਰ ਸੱਜਣ ਬੈਠਾ ਲਈਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲੇ ਮੇਲ ਬੇਪਰਵਾਹੀਆ । ਓਸ ਪ੍ਰਭੂ ਦਾ ਛੋਟਾ ਜਿਹਾ ਢੰਗ, ਵੱਡੀ ਲੋੜ ਰਹੇ ਨਾ ਰਾਈਆ । ਹੌਲੀ ਜਿਹੀ ਅੰਦਰੇ ਅੰਦਰ ਲਓ ਮੰਗ, ਦੇਵਣਹਾਰਾ ਬੇਪਰਵਾਹੀਆ । ਸਹਿਜ ਸੁਭਾਉ ਤੁਹਾਡੀ ਖੋਲ੍ਹ ਦੇਵੇ ਗੰਢ, ਪਰਦਾ ਬਜਰ ਕਪਾਟੀ ਪਰੇ ਹਟਾਈਆ । ਅੰਮ੍ਰਿਤ ਝਿਰਨਾ ਝਿਰਾ ਕੇ ਪਾਵੇ ਠੰਡ, ਕਵਲ ਕਵਲ ਮੁਖ ਭਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਬੋਲ ਸੁਣਾਏ ਛੰਦ, ਅਨਹਦ ਰਾਗ ਅਲਾਈਆ । ਬਿਨ ਮੱਠਾਂ ਮੰਦਰਾਂ ਗੁਰਦਵਾਰਿਆਂ ਮਸੀਤਾਂ ਆਵੇ ਘਰੋਂ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮਿਲ ਸੱਜਣ ਚੜ੍ਹੇ ਉਹ ਰੰਗ, ਜਿਹੜਾ ਉਤਰ ਕਦੇ ਜਾਈਆ । ਸਦਾ ਵਸੇ ਆਤਮ ਸੇਜ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੱਸੇ ਆਪਣੇ ਮਿਲਣ ਦਾ ਢੰਗ, ਕਰਮ ਕਾਂਡ ਦਾ ਢੰਗਾ ਦਏ ਤੁੜਾਈਆ । ਕਰਮ ਕਾਂਡ ਨੇ ਪਾਇਆ ਢੰਗਾ, ਡੋਰੀ ਨਜ਼ਰ ਕਿਸੇ ਨਾ ਆਈਆ । ਕੋਈ ਗੋਦਾਵਰੀ ਕੋਈ ਜਾਏ ਗੰਗਾ, ਜਮਨਾ ਸੁਰਸਤੀ ਕੋਈ ਫੇਰਾ ਪਾਈਆ । ਕੋਈ ਤੀਰਥ ਤੱਟਾਂ ਉਤੇ ਨਹੌਂਦਾ ਜਾ ਜਾ ਨੰਗਾ, ਅੰਦਰ ਵੜ ਵੜ ਤਾਰੀਆਂ ਲਾਈਆ । ਕੋਈ ਗੁਰਦਵਾਰੇ ਮੰਦਰ ਮਸਜਦ ਸ਼ਿਵਦਵਾਲੇ ਮੱਠ ਮੰਗੇ ਮੰਗਾਂ, ਆਪਣੀ ਝੋਲੀ ਡਾਹੀਆ । ਸਾਰਿਆਂ ਨਾਲੋਂ ਗੁਰਮੁਖ ਭਗਤ ਉਹ ਚੰਗਾ, ਜੋ ਅੰਦਰ ਬੈਠਾ ਧਿਆਨ ਲਗਾਈਆ । ਓਥੇ ਸਾਹਿਬ ਸਤਿਗੁਰ ਪਰਮ ਪੁਰਖ ਪਤਿਪਰਮੇਸ਼ਰ ਭੱਜਾ ਆਵੇ ਪੈਰੀਂ ਨੰਗਾ, ਵਾਹੋ ਦਾਹੀ ਪੰਧ ਮੁਕਾਈਆ । ਹੌਲੀ ਜਿਹੀ ਅੰਦਰ ਵੜ ਕੇ ਪੌੜੇ ਚੜ੍ਹ ਕੇ ਦਸਮ ਦਵਾਰੀ ਖੜ ਕੇ ਆਪਣੇ ਮਿਲਣ ਦਾ ਦੱਸ ਜਾਏ ਢੰਗਾ, ਬਾਹਰ ਲੱਭਣ ਕੋਇ ਨਾ ਜਾਈਆ । ਬਿਨ ਬੰਦਗੀਉਂ ਬਣਾ ਦਏ ਬੰਦਾ, ਬੰਦੀਖਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਆਪਣਾ ਘਰ, ਘਰ ਘਰ ਵਿਚ ਮੇਲਾ ਮੇਲ ਮਿਲਾਈਆ ।



੮੫੧
੧੯

★ ੫ ਚੇਤ ੨੦੨੧ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਸੁਣ ਧੁਰ ਦੇ ਬਾਪ, ਪ੍ਰਭੂ ਤੇਰੀ ਸਰਨਾਈਆ । ਰਵਦਾਸ ਸਪੁਤਰੀ ਕਹੇ ਮੈਨੂੰ ਆਇਆ ਯਾਦ, ਪਿਛਲਾ ਲੇਖ ਜਣਾਈਆ । ਤੇਰੇ ਪਰਸਾਦ ਦਾ ਅਗੰਮ ਸਵਾਦ, ਰਸ ਮਿਲਿਆ ਬੇਪਰਵਾਹੀਆ । ਚਰਨੀ ਢਹਿ ਕੇ ਅੰਤਮ ਗਈ ਆਖ, ਸਚ ਸੁਨੇਹੜਾ ਇਕ ਸੁਣਾਈਆ । ਪਰਮ ਪੁਰਖ ਪਤਿਪਰਮੇਸ਼ਵਰ ਪੁਛਣੀ ਵਾਤ, ਮਿਹਰਵਾਨ ਨਿਗਹ ਉਠਾਈਆ । ਕਲਜੁਗ ਰੈਣ ਅੰਧੇਰੀ ਦਿਸੇ ਰਾਤ, ਸਤਿ ਚੰਦ ਨਾ ਕੋਇ ਚਮਕਾਈਆ । ਪੰਜਾਂ ਬਣਦੀ ਦਿਸੇ ਜਮਾਤ, ਧੁਰ ਦਾ ਜੋੜ ਜੁੜਾਈਆ । ਬ੍ਰਾਹਮਣ ਖੋਲ੍ਹ ਕੇ ਗਠੜੀ ਗਾਠ, ਲੇਖਾ ਰਿਹਾ ਵਖਾਈਆ । ਰਵਦਾਸ ਜੁੜਿਆ ਤੇਰਾ ਨਾਤ, ਘਰ ਬਿਧਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਮੁਕਾਈਆ । ਰਵਦਾਸ ਸਪੁਤਰੀ ਪਾ ਕੇ ਰੌਲਾ, ਸਚ ਗਈ ਸਮਝਾਈਆ । ਪਰਮ ਪੁਰਖ ਨਾ ਪਰਦਾ ਕੋਈ ਓਹਲਾ, ਓਢਣ ਸਕੇ ਨਾ ਕੋਇ ਛੁਪਾਈਆ । ਮੇਰਾ ਬਾਪ ਤੇਰਾ ਜਾਪ ਕਰਦਾ ਰਿਹਾ ਗੰਢ ਕੇ ਪੌਲਾ, ਪਾਹਨੀ ਸਾਚਾ ਸੰਗ ਨਿਭਾਈਆ । ਤੇਰਾ ਪਿਛਲਾ ਭੁੱਲਿਆ ਅਜੇ ਨਾ ਕੌਲਾ, ਇਕਰਾਰ ਆਪਣੀ ਝੋਲੀ ਪਾਈਆ । ਵੇਖ ਖ਼ੁਸ਼ੀ ਹੋਈ ਉਪਰ ਧੌਲਾ, ਧਰਨੀ ਰਹੀ ਜਸ ਗਾਈਆ । ਲੇਖੇ ਲਾਏ ਚਾਰ ਕਹਾਰ ਚੁੱਕਣ ਵਾਲੇ ਡੋਲਾ, ਅੰਤਰ ਲਾੜੀ ਸੋਭਾ ਪਾਈਆ । ਪੰਜਵੇਂ ਮਿੱਤਰ ਪਰਦਾ ਫੋਲਾ, ਭੇਵ ਅਭੇਦਾ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਰਵਦਾਸ ਸਪੁਤਰੀ ਬਾਲੀ ਨਿੱਕੀ, ਨੰਨ੍ਹੀ ਰਹੀ ਜਣਾਈਆ । ਮੈਂ ਵੇਖੀ ਧਾਰ ਅਗੰਮ ਚਿੱਟੀ, ਰੂਪ ਨਜ਼ਰੀ ਆਇਆ ਬੇਪਰਵਾਹੀਆ । ਜਿਸ ਦੇ ਉਤੇ ਪੰਚਮ ਚੇਤ ਲਿਖੀ ਮਿਤੀ, ਬੀਸ ਇਕੀਸ ਬਿਕ੍ਰਮੀ ਖ਼ੁਸ਼ੀ ਮਨਾਈਆ । ਮੈਂ ਖੋਲ੍ਹ ਕੇ ਵੇਖੀ ਰਵਦਾਸ ਵਾਲੀ ਪਿਛਲੀ ਚਿਠੀ, ਜੋ ਆਪਣੇ ਕੋਲ ਛੁਪਾਈਆ । ਉਸ ਦੀ ਧਾਰ ਬੜੀ ਸਿਧੀ, ਸਾਧਨਾ ਰਹੀ ਦ੍ਰਿੜਾਈਆ । ਪ੍ਰਭੂ ਖੇਲ ਕਰਨਾ ਨਿਜੀ, ਨਿਜ ਘਰ ਵੇਖ ਵਖਾਈਆ । ਬਿਨ ਰਵਦਾਸ ਕਿਸੇ ਹੱਥ ਨਾ ਆਵੇ ਬਿਧੀ, ਲੱਖ ਚੁਰਾਸੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਸਚ ਵਡਿਆਈ ਤੇਰੇ ਹੱਥ, ਦੇਵਣਹਾਰ ਅਖਵਾਇੰਦਾ । ਉਠ ਖੋਲ੍ਹ ਪ੍ਰਭੂ ਆਪਣੀ ਅੱਖ, ਤੇਰਾ ਨੈਣ ਇਕੋ ਸੋਭਾ ਪਾਇੰਦਾ । ਖ਼ੁਸ਼ੀਆਂ ਨਾਲ ਗੀਤ ਗਾ ਕੇ ਪਵਾਂ ਹੱਸ, ਹੰਸ ਮੁਖ ਰੂਪ ਵਟਾਇੰਦਾ । ਪਿਛਲੀ ਪੂਰਬ ਪੂਰੀ ਕਰ ਆਸ, ਤ੍ਰਿਸਨਾ ਤ੍ਰਿਖਾ ਡੇਰਾ ਢਾਹਿੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅਗਿਆਨ ਮੁਖ ਛੁਪਾਇੰਦਾ । ਬ੍ਰਾਹਮਣ ਵੇਖ ਆਪਣੇ ਪਾਸ, ਬ੍ਰਹਮ ਲੇਖਾ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਤੇਰੇ ਦਰ ਨਜ਼ਰੀ ਆਇੰਦਾ । ਰਵਦਾਸ ਸਪੁਤਰੀ ਸੁਣ ਕੇ ਬਾਤ, ਬ੍ਰਾਹਮਣ ਲਏ ਅੰਗੜਾਈਆ । ਚਾਰ ਕਹਾਰ ਕਹਿਣ ਸਾਨੂੰ ਯਾਦ ਆਇਆ ਖਾਧਾ ਭਾਤ, ਪਿਛਲੀ ਅੱਖ ਖੁਲ੍ਹਾਈਆ । ਯਾਰ ਕਹੇ ਮੈਂ ਧੁਰ ਦਾ ਵੇਖਿਆ ਨਾਤ, ਸੱਜਣ ਰਵਦਾਸ ਬੈਠਾ ਸੰਗ ਨਿਭਾਈਆ । ਓਧਰ ਖੋਤੇ ਵਾਲਾ ਘੁਮਿਆਰ ਰਿਹਾ ਆਖ, ਧੁਰ ਦੀ ਧਾਰ ਜਣਾਈਆ । ਨਿਰਗੁਣ ਨਿਰਵੈਰ ਸਾਰੇ ਵੇਖੇ ਸਾਖਿਆਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸੇਜ ਸੁਹੰਜਣੀ ਸੋਭਾਵੰਤੀ ਪਰਭਾਤ, ਜਲਵਾ ਨੂਰ ਨੂਰ ਰੁਸ਼ਨਾਈਆ । ਲਹਿਣਾ ਚੁਕਾਏ ਰਵਦਾਸ ਖਾਟ, ਖਟੀਆ ਆਪਣਾ ਰੰਗ ਰੰਗਾਈਆ । ਅਗਲੀ ਪਿਛਲੀ ਕੱਟ ਕੇ ਆਇਆ ਵਾਟ, ਬਣ ਪਾਂਧੀ ਫੇਰਾ ਪਾਈਆ । ਜੋ ਰਸ ਰਸਨਾ ਦੇ ਕੇ ਗਿਆ ਅਗੰਮ ਅਥਾਹ ਸਵਾਦ, ਪਰਸਾਦ ਇਕੋ

ਇਕ ਵਰਤਾਈਆ । ਚਰਨ ਚਰਨੋਦਕ ਦਿਤੀ ਦਾਦ, ਨਾਤਾ ਨਾਨਕ ਦਾਦਕ ਦੋਹਾਂ ਗਿਆ ਤੁੜਾਈਆ । ਜਿਸ ਦਾ ਖੇਲ ਜੁਗਾਦਿ ਆਦਿ, ਜੁਗ ਚੌਕੜੀ ਵੇਖ ਵਖਾਈਆ । ਜੋ ਵਸੇ ਵਿਚ ਬ੍ਰਹਿਮਾਦ, ਬ੍ਰਹਿਮੰਡ ਸੋਭਾ ਪਾਈਆ । ਜਿਸ ਦਾ ਦੋ ਜਹਾਨਾਂ ਸੁਣੇ ਨਾਦ, ਢੋਲਾ ਅਗੰਮ ਅਥਾਹੀਆ । ਜਿਸ ਦਾ ਨਾਮ ਕਦੇ ਨਾ ਹੋਵੇ ਬਰਬਾਦ, ਨੇਸਤੋ ਨਾਬੂਦ ਨਾ ਕੋਇ ਕਰਾਈਆ । ਉਹ ਸਾਹਿਬ ਸਭ ਦੀ ਪੂਰੀ ਕਰੇ ਖ਼ਾਹਸ਼, ਖ਼ਾਲਸ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲਹਿਣਾ ਦਏ ਚੁਕਾਈਆ । ਸੁਣ ਕੇ ਬਾਤ ਧੁਰ ਦੀ ਹਰਿ, ਵੱਜੀ ਇਕ ਵਧਾਈਆ । ਭੈ ਭੌ ਵਿਚ ਬ੍ਰਾਹਮਣ ਰਿਹਾ ਡਰ, ਨੇਤਰ ਨੈਣ ਨਾ ਕੋਇ ਉਠਾਈਆ । ਹੌਲੀ ਉਠ ਕੇ ਰਵਦਾਸ ਬਾਂਹੋਂ ਲਏ ਫੜ, ਇਸ਼ਾਰੇ ਨਾਲ ਜਣਾਈਆ । ਮੇਰਾ ਬੰਨ੍ਹਾ ਧੁਰ ਦਾ ਲੜ, ਪੱਲੂ ਸਕੇ ਨਾ ਕੋਇ ਛੁਡਾਈਆ । ਮੇਰੀ ਪਿਛਲੀ ਵਿਦਿਆ ਗਈ ਹੜ, ਮਨ ਮਤ ਬੁਧ ਨਾ ਕੋਇ ਚਤਰਾਈਆ । ਮੇਰੀ ਹਉਮੇ ਹੰਗਤਾ ਮਾਇਆ ਮਮਤਾ ਗਈ ਸੜ, ਆਸਾ ਤ੍ਰਿਸਨਾ ਬੈਠੀ ਮੁਖ ਛੁਪਾਈਆ । ਕੂੜ ਕੁੜਿਆਰਾ ਭੁਲਿਆ ਘਰ, ਦਰ ਵੇਖਣ ਕੋਇ ਨਾ ਪਾਈਆ । ਮੈਂ ਜੀਵਦਿਆਂ ਜੱਗ ਗਿਆ ਮਰ, ਮਰਨੇ ਵਿਚੋਂ ਜੀਵਣ ਨਜ਼ਰੀ ਆਈਆ । ਮੇਰਾ ਪੂਰਬ ਜਨਮ ਦਾ ਪੂਰਾ ਹੋਇਆ ਵਰ, ਲਹਿਣਾ ਦੇਣਾ ਦੇਣਾ ਮੁਕਾਈਆ । ਚਾਲੀਆਂ ਦਾ ਭਾਨ ਚਾਲੀ ਪੈਸੇ ਜੋ ਛੱਡੇ ਘਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਉਣਾ ਧੁਰ ਦਰ, ਦਰ ਇਕੋ ਨਜ਼ਰੀ ਆਈਆ । ਰਵਦਾਸ ਕਹੇ ਸੁਣ ਬ੍ਰਾਹਮਣ ਮਿਤ, ਮਿੱਤਰਾ ਹਾਲ ਸੁਣਾਈਆ । ਕਰੇ ਖੇਲ ਪ੍ਰਭ ਨਿਤ ਨਵਿਤ, ਜੁਗ ਚੌਕੜੀ ਵੇਸ ਵਟਾਈਆ । ਜਨ ਭਗਤਾਂ ਕਰੇ ਸੱਚਾ ਹਿਤ, ਮਨਮੁਖ ਦੇਵੇ ਦਰ ਦੁਰਕਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਆਪਣਾ ਰੂਪ ਧਰਾਈਆ । ਤੇਰਾ ਲਹਿਣਾ ਦੇਣਾ ਦਰ ਠਾਂਡੇ ਲਏ ਨਜਿਠ, ਮਿਹਰ ਨਜ਼ਰ ਨੈਣ ਉਠਾਈਆ । ਆਪਣੇ ਅੰਦਰ ਵੇਖੀਂ ਰਹਿਣ ਨਾ ਦੇਵੀਂ ਵਿਖ, ਵਿਖ ਅੰਮ੍ਰਿਤ ਰੂਪ ਬਣਾਈਆ । ਮੇਲ ਮਿਲਾਵਾਂ ਸਾਚੇ ਪਿਤ, ਪਤਿਪਰਮੇਸ਼ਵਰ ਜੋੜ ਜੁੜਾਈਆ । ਅੰਤਰ ਆਤਮ ਮਾਰੇ ਖਿਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਮੈਨੂੰ ਆਇਆ ਖ਼ਿਆਲ, ਪਿਛਲੀ ਬਾਤ ਜਣਾਈਆ । ਮੈਂ ਧੁਰ ਦਾ ਬਣਿਆ ਦਲਾਲ, ਵਣਜ ਵਪਾਰ ਇਕ ਵਖਾਈਆ । ਔਹ ਵੇਖ ਤੱਕਣ ਚਾਰ ਕਹਾਰ, ਇਸ਼ਾਰਿਆਂ ਨਾਲ ਜਣਾਈਆ । ਸਾਡਾ ਇਹਦੇ ਕੋਲ ਉਧਾਰ, ਗਿਣਤੀ ਏਸੇ ਹੱਥ ਰਖਾਈਆ । ਜਿਸ ਦਾ ਲਹਿਣਾ ਲਏ ਪੁਰਖ ਅਕਾਲ, ਦਰ ਤੇਰੇ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਵੇਖੇ ਥਾਉਂ ਥਾਈਆ । ਬ੍ਰਾਹਮਣ ਕਹੇ ਮੈਂ ਗਿਆ ਭੁੱਲ, ਪਿਛਲੀ ਯਾਦ ਕਿਛ ਨਾ ਆਈਆ । ਕੂੜੀ ਕਿਰਿਆ ਮਾਇਆ ਮਮਤਾ ਜਨਮ ਜਨਮ ਗਿਆ ਰੁਲ, ਦੁਰਮਤ ਮੈਲ ਨਾ ਕੋਇ ਧਵਾਈਆ । ਭਾਗ ਨਾ ਲੱਗਾ ਕਿਸੇ ਕੁੱਲ, ਮਾਤ ਸੁਲੱਖਣੀ ਨਾ ਮਿਲੀ ਵਡਿਆਈਆ । ਮੇਰਾ ਕੀਮਤ ਪਿਆ ਨਾ ਕੋਈ ਮੁਲ, ਕੌਡੀ ਕੌਡੀ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਦਏ ਚੁਕਾਈਆ । ਰਵਦਾਸ ਕਹੇ ਦੱਸਾਂ ਸੱਚ, ਤੇਰੇ ਅੰਤਰ ਦਿਆਂ ਸਮਝਾਈਆ । ਬਾਹਰੋਂ ਕਾਇਆ ਮਾਟੀ ਭਾਂਡਾ ਕੱਚ, ਸੋਹਣਾ ਨਜ਼ਰੀ ਆਈਆ । ਅੰਦਰ ਮਨ ਵਾਸਨਾ ਰਹੀ ਨੱਚ, ਮੁਖ ਘੁੰਗਟ ਆਪ ਰਖਾਈਆ । ਕਰੇ ਖੇਲ ਬਾਜ਼ੀਗਰ ਨਟ, ਬਣ ਸਵਾਂਗੀ ਸਵਾਂਗ ਰਚਾਈਆ । ਕੂੜੀ ਕਿਰਿਆ ਮਾਇਆ ਮਮਤਾ ਖੇੜਾ ਕੀਤਾ ਭੱਠ, ਹਉਮੇ ਹੰਗਤਾ ਅਗਨੀ ਤਤ ਜਲਾਈਆ ।

ਧੀਰਜ ਰਿਹਾ ਨਾ ਕੋਈ ਸਤਿ, ਸੰਤੋਖ ਅੱਖ ਨਾ ਕੋਇ ਖੁਲ੍ਹਾਈਆ । ਏਸੇ ਕਰ ਕੇ ਮੈਂ ਗੁਰਮੁਖ ਹੋ ਕੇ ਰਿਹਾ ਹੱਸ, ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬ੍ਰਾਹਮਣ ਕਹੇ ਮੈਂ ਬਦਲਿਆ ਜਨਮ, ਨਵ ਨੌਂ ਗੇੜ ਚੁਕਾਈਆ । ਸ੍ਰੀ ਭਗਵਾਨ ਮੇਟਿਆ ਭਰਮ, ਭਾਂਡਾ ਭਰਮ ਭੰਨਾਈਆ । ਹਰਿ ਸੰਗਤ ਮਿਲ ਕੇ ਮੇਰਾ ਉਚਾ ਹੋਇਆ ਕਰਮ, ਕਰਮ ਕਾਂਡ ਰਹਿਣ ਕੋਇ ਨਾ ਪਾਈਆ । ਰਵਦਾਸ ਤੇਰੀ ਕਿਰਪਾ ਮਿਲੀ ਸਰਨ, ਗੁਰਮੁਖ ਤੇਰਾ ਮੇਲਾ ਸਹਿਜ ਸੁਭਾਈਆ । ਮੈਂ ਨਿਮਾਣਾ ਡਿਗਾ ਚਰਨ, ਬਲਹੀਣ ਦਿਆਂ ਦੁਹਾਈਆ । ਜਿਸ ਕਿਰਪਾ ਕਰ ਕੇ ਮੇਰਾ ਪਹਿਲੋਂ ਬਖ਼ਸ਼ਿਆ ਮਰਨ, ਜਨਮ ਜਨਮ ਵਿਚੋਂ ਬਦਲਾਈਆ । ਦੂਜੇ ਸਾਥੀ ਮੇਰੇ ਨਾਲ ਤਰਨ, ਸੋਹਣਾ ਜੋੜ ਦਿਤਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਰਵਦਾਸ ਕਹੇ ਪ੍ਰਭੂ ਬੜਾ ਗੰਭੀਰ, ਗਹਿਰ ਗਵਰ ਅਖਵਾਇੰਦਾ । ਸ੍ਰਿਸ਼ਟੀ ਦਿਸੇ ਪੰਜ ਤਤ ਸਰੀਰ, ਮੋਹੇ ਨਿਰਗੁਣ ਨਿਰਵੈਰ ਨਜ਼ਰੀ ਆਇੰਦਾ । ਜਿਸ ਦੀ ਮੰਜ਼ਲ ਚੋਟੀ ਇਕ ਅਖ਼ੀਰ, ਬਿਨ ਕਬੀਰ ਚੜ੍ਹ ਦਰਸ ਕੋਇ ਨਾ ਪਾਇੰਦਾ । ਰਵਦਾਸ ਕਹੇ ਮੇਰਾ ਚੋਲਾ ਵੇਖ ਲੀਰੋ ਲੀਰ, ਜਿਸ ਦਾ ਸਿੰਘਾਸਣ ਪੁਰਖ ਅਕਾਲ ਇਕ ਵਡਿਆਇੰਦਾ । ਪੰਡਤ ਇਹਦੇ ਵਿਚ ਤੇਰੀ ਤਕਦੀਰ, ਤਦਬੀਰ ਹੌਲੀ ਜਿਹੀ ਸਮਝਾਇੰਦਾ । ਤੂੰ ਤੱਕ ਲਾ ਨਾਲ ਨਜ਼ੀਰ, ਬੇਨਜ਼ੀਰ ਨਜ਼ਰੀ ਆਇੰਦਾ । ਜਿਸ ਨੇ ਮਾਰੀ ਸ਼ਬਦ ਲਕੀਰ, ਕਲਮ ਸ਼ਾਹੀ ਸੰਗ ਨਾ ਕੋਇ ਵਖਾਇੰਦਾ । ਦਰ ਠਾਂਡੇ ਹੋ ਅਧੀਨ, ਸਾਹਿਬ ਮਸਕੀਨ ਦਇਆ ਕਮਾਇੰਦਾ । ਜਲਵਾ ਨੂਰੀ ਇਕ ਰੰਗੀਨ, ਰਹਿਮਤ ਬਖ਼ਸ਼ਿਸ਼ ਸਚ ਸਚ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਰਵਦਾਸ ਸੱਚੀ ਦੱਸੀ ਗਾਥ, ਪਿਛਲਾ ਲੇਖਾ ਨਾਲ ਰਲਾਈਆ । ਓਧਰ ਚਾਰ ਕਹਾਰਾਂ ਸੁਣ ਲਈ ਬਾਤ, ਪੰਜਵਾਂ ਯਾਰ ਲਏ ਅੰਗੜਾਈਆ । ਪੰਜੇ ਮਿਲ ਕੇ ਇਕ ਜਮਾਤ, ਆਪਣਾ ਹਾਲ ਸੁਣਾਈਆ । ਰਵੀ ਸਾਡੇ ਵਲ ਝਾਕ, ਨੇਤਰ ਅੱਖ ਖੁਲ੍ਹਾਈਆ । ਸਾਡਾ ਬ੍ਰਾਹਮਣ ਹਿਸਾਬ ਨਾ ਕੀਤਾ ਬੇਬਾਕ, ਖਾਤਾ ਸਾਫ਼ ਨਾ ਕੋਇ ਵਖਾਈਆ । ਸ੍ਰੀ ਭਗਵਾਨ ਤੇਰੇ ਘਰ ਬਹਿ ਕੇ ਗਿਆ ਆਖ, ਪਰੇਮ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦਏ ਮੁਕਾਈਆ । ਰਵਦਾਸ ਕਹੇ ਸੁਣੋ ਮੇਰੇ ਬੱਚੇ, ਬਾਲੀ ਬੁਧ ਜਣਾਈਆ । ਬੇਸ਼ਕ ਤੁਸੀਂ ਸਾਰੇ ਸੱਚੇ, ਸੱਚਿਆਂ ਵਿਚੋਂ ਸੋਹਣੇ ਨਜ਼ਰੀ ਆਈਆ । ਪਰਮ ਪੁਰਖ ਦੇ ਬੋਲ ਕਦੇ ਨਾ ਕੱਚੇ, ਕੂੜੀ ਗੰਢ ਨਾ ਕੋਇ ਵਖਾਈਆ । ਚਾਲੀਆਂ ਵਿਚੋਂ ਜੋ ਬੀਸ ਬਚੇ, ਸੋ ਲੇਖਾ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਕਹਾਣੀ ਪਿਛਲੀ ਏਕ, ਰਵਦਾਸ ਸਿੰਘਾਸਣ ਰਿਹਾ ਸੁਣਾਈਆ । ਬ੍ਰਾਹਮਣ ਪਹਿਲੋਂ ਕਰੇ ਬੁਧ ਬਿਬੇਕ, ਅੰਤਰ ਆਤਮ ਸਾਫ਼ ਕਰਾਈਆ । ਫੇਰ ਹਰਿ ਸੰਗਤ ਲਏ ਵੇਖ, ਚਾਰੋਂ ਕੁੰਟ ਨੈਣ ਉਠਾਈਆ । ਦੋਏ ਜੋੜ ਕਹੇ ਮੈਂ ਬਣਿਆ ਨੇਕ, ਪਿਛਲੀ ਆਦਤ ਦਿਤੀ ਗਵਾਈਆ । ਜੂਠਾ ਝੂਠਾ ਛੱਡਿਆ ਭੇਖ, ਕੂੜੀ ਕਿਰਿਆ ਛੱਡੀ ਕਮਾਈਆ । ਰਵਦਾਸ ਅੰਦਰ ਵੜ ਕੇ ਦੱਸ ਭੇਤ, ਬਾਹਰੋਂ ਦੇ ਜਣਾਈਆ । ਮੈਂ ਵੇਖਾਂ ਸੱਚੀ ਖੇਡ, ਜਿਸ ਖੇਲ ਵਿਚ ਵਸੇ ਬੇਪਰਵਾਹੀਆ । ਜਿਸ ਤੇਰੀ ਸੁਹਾਈ ਸੇਜ, ਸੋਹਣਾ ਆਸਣ ਲਾਈਆ । ਸੋ ਮੇਰਾ ਮੰਦਰ ਲਏ ਵੇਖ, ਕਾਇਆ ਕੰਦਰ ਫੇਰਾ ਪਾਈਆ । ਮੈਨੂੰ ਆਵੇ ਉਸ ਦਾ ਹੇਤ, ਬਿਰਹੋਂ ਰੋਗ ਲੱਗਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ

ਦੇਵੇ ਮਾਣ ਵਡਿਆਈਆ । ਪੰਜ ਕਹਿਣ ਸਾਡਾ ਲੇਖਾ ਅਜੇ ਨਾ ਚੁੱਕਾ, ਬਾਕੀ ਸਾਰੇ ਰਹੇ ਵਖਾਈਆ । ਨਾਲੇ ਬ੍ਰਾਹਮਣ ਵਲ ਵਖਾਵਣ ਮੁੱਕਾ, ਪੰਜੇ ਉਂਗਲਾਂ ਬੰਦ ਕਰਾਈਆ । ਹੁਣ ਜਾਣ ਨਹੀਂ ਦੇਣਾ ਸੁੱਕਾ, ਫ਼ਰੇਬ ਛਲ ਰਹਿਣ ਕੋਇ ਨਾ ਪਾਈਆ । ਜਿੰਨਾਂ ਚਿਰ ਸਾਡੇ ਪੁਰਖ ਅਕਾਲ ਪਿਤਾ ਦਾ ਬਣੇ ਆਪ ਨਾ ਪੁੱਤਾ, ਪਤਿਪਰਮੇਸ਼ਵਰ ਮੰਗੇ ਇਕ ਸਰਨਾਈਆ । ਓਧਰੋਂ ਸਿੰਘ ਤੇਜਾ ਸਿੰਘ ਹੱਥ ਵਿਚ ਲੈ ਕੇ ਆ ਗਿਆ ਹੁੱਕਾ, ਹੋਕਾ ਦੇ ਕੇ ਰਿਹਾ ਸੁਣਾਈਆ । ਮੈਂ ਉਹ ਘੁਮਿਆਰ ਨਹੀਂ ਹੁਣ ਭੁੱਖਾ, ਜੋ ਬੱਚਿਆਂ ਰਿਹਾ ਰੁਵਾਈਆ । ਮੈਂ ਸੋਹਣੀ ਸੇਜੇ ਸੁੱਤਾ, ਸਚ ਸਿੰਘਾਸਣ ਡੇਰਾ ਲਾਈਆ । ਬ੍ਰਾਹਮਣਾ ਓਥੇ ਬ੍ਰਾਹਮਣ ਕੋਈ ਨਹੀਂ ਲੁੱਚਾ, ਪਖੰਡੀ ਨਜ਼ਰ ਕੋਇ ਨਾ ਆਈਆ । ਵੇਖਿਆ ਗੁਰਮੁਖ ਗੁਰਸਿਖ ਸੋਹਣਾ ਸੁੱਚਾ, ਸਚ ਸੁੱਚ ਵਿਚ ਸਮਾਈਆ । ਮੈਨੂੰ ਯਾਦ ਆਇਆ ਰਵਦਾਸ ਦਵਾਰਿਉਂ ਖਾਧਾ ਟੁੱਕਰ ਰੁੱਖਾ, ਜਿਸ ਉਪਰ ਦ੍ਰਿਸ਼ਟੀ ਸ੍ਰੀ ਭਗਵਾਨ ਪਾਈਆ । ਮੇਰਾ ਉਜਲ ਹੋਇਆ ਮੁਖਾ, ਸੋਹਣਾ ਜੋਬਨ ਆਪਣਾ ਰੰਗ ਵਟਾਈਆ । ਦੀਨ ਦਿਆਲ ਸਾਹਿਬ ਤੁੱਠਾ, ਮਿਹਰਵਾਨ ਆਪਣੀ ਮਿਹਰ ਨਜ਼ਰ ਟਿਕਾਈਆ । ਵੇਖ ਨਾਤਾ ਪਿਛਲਾ ਪਿਉ ਪੁੱਤਾ, ਕਲਜੁਗ ਅੰਤਮ ਭਾਈਆਂ ਵਿਚੋਂ ਭਾਈ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਲੇਖ ਅਥਾਹ, ਸਮਝ ਕੋਇ ਨਾ ਪਾਇੰਦਾ । ਰਵਦਾਸ ਨੈਣ ਰਿਹਾ ਉਠਾ, ਗੁਰਮੁਖ ਅੱਖ ਆਪ ਖੁਲ੍ਹਾਇੰਦਾ । ਚਾਰੋਂ ਕੁੰਟ ਧਿਆਨ ਲਗਾ, ਦਹਿ ਦਿਸ਼ਾ ਪੜਦਾ ਆਪ ਚੁਕਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਵੇਖੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਸਚ ਸਿੰਘਾਸਣ ਸੋਭਾ ਪਾਇੰਦਾ । ਪਾਟਾ ਚੀਥੜ ਜਿਸ ਨੂੰ ਰਿਹਾ ਸੁਹਾ, ਦੋ ਜਹਾਨਾਂ ਸੋਹਣਾ ਰੰਗ ਰੰਗਾਇੰਦਾ । ਵੇਖ ਵੇਖ ਗੁਰ ਅਵਤਾਰ ਪੀਰ ਪੈਗੰਬਰ ਖ਼ੁਸ਼ੀ ਰਹੇ ਮਨਾ, ਖ਼ੁਸ਼ੀਆਂ ਅੰਦਰ ਖ਼ਾਹਸ਼ ਸਭ ਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਚੌਥਾ ਕਹਾਰ ਕਹੇ ਮੇਰੀ ਯਾਦ ਇਕ, ਇਕੋ ਵਾਰ ਜਣਾਈਆ । ਰਵਦਾਸ ਜੋ ਲੇਖਾ ਦਿਤਾ ਲਿਖ, ਸ੍ਰੀ ਭਗਵਾਨ ਆਪ ਦ੍ਰਿੜਾਈਆ । ਉਹ ਅੱਖਰ ਅਜੇ ਨਾ ਪਏ ਦਿਸ, ਰੂਪ ਰੰਗ ਨਾ ਸਕੇ ਕੋਇ ਪਰਗਟਾਈਆ । ਦੱਸ ਰੱਖੇ ਕਿਹੜੀ ਗੁਠ, ਚਾਰੇ ਕੁੰਟਾਂ ਵਿਚੋਂ ਦਬਾਈਆ । ਓਧਰੋਂ ਰਵਦਾਸ ਸਪੁਤਰੀ ਹੱਸ ਕੇ ਕਹੇ ਵੀਰ ਮੈਨੂੰ ਪੁਛ, ਮੈਂ ਤੈਨੂੰ ਦਿਆਂ ਸਮਝਾਈਆ । ਨਾ ਪਰਦਾ ਨਾ ਕੋਈ ਲੁਕ, ਭੇਵ ਸਕੇ ਨਾ ਕੋਇ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਆਹ ਵੇਖ ਚਿਠੀ ਉਹ ਅਪਾਰ, ਬਾਲੀ ਨੰਨ੍ਹੀ ਨੱਢੀ ਰਹੀ ਜਣਾਈਆ । ਜਿਸ ਵਿਚ ਲੇਖ ਲਿਖਾਇਆ ਹਰਿ ਨਿਰੰਕਾਰ, ਰਵਦਾਸ ਚੁਮਾਰ ਦਏ ਗਵਾਹੀਆ । ਤੁਹਾਡਾ ਜਾਮਾ ਬਦਲਿਆ ਨਾਰ, ਵਿਚ ਸੰਸਾਰ ਮਿਲੀ ਵਡਿਆਈਆ । ਓਧਰ ਬ੍ਰਾਹਮਣ ਦਾ ਬਾਕੀ ਰਿਹਾ ਉਧਾਰ, ਲੇਖਾ ਜਾਣੇ ਬੇਪਰਵਾਹੀਆ । ਸਮੇਂ ਵਿਚੋਂ ਸਮਾਂ ਲਿਆ ਵਿਚਾਰ, ਵਕਤ ਵਿਚੋਂ ਆਪਣਾ ਵਕਤ ਸਾਚੇ ਲੇਖੇ ਲਾਈਆ । ਜਿਸ ਦੀ ਸਮਝ ਕਿਸੇ ਨਾ ਆਈ ਜੁਗ ਚਾਰ, ਚੌਕੜੀ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੁਕਾਈਆ । ਲਹਿਣਾ ਦੇਣਾ ਮੁਕਾਉਣਾ ਅੱਜ, ਪੰਜ ਚੇਤ ਵੱਜੇ ਵਧਾਈਆ । ਸਚ ਸਿੰਘਾਸਣ ਸਾਹਿਬ ਸਜ, ਪੁਰਖ ਅਕਾਲ ਖ਼ੁਸ਼ੀ ਵਖਾਈਆ । ਨੌਂ ਜਨਮ ਦੀ ਬ੍ਰਾਹਮਣ ਮੁੱਕੀ ਹੱਦ, ਗੇੜਾ ਗੇੜ ਨਾ ਕੋਇ ਵਖਾਈਆ । ਪਿਛਲੀ ਆਦਤ ਦਿਤੀ ਛੱਡ, ਨਾਤਾ ਛੱਡਿਆ ਜਗਤ ਲੋਕਾਈਆ । ਮਰਨ ਤੋਂ ਪਹਿਲੋਂ ਲੇਖੇ ਲਾ ਕੇ ਹੱਡ, ਹੱਡੀਆਂ ਵਿਚੋਂ ਹਦੀਸ ਇਕੋ ਝੋਲੀ ਪਾਈਆ ।

ਸੰਗੀ ਸਾਥੀ ਸਾਰੇ ਸੱਦ, ਗੁਰਮੁਖ ਮੇਲ ਮਿਲਾਈਆ । ਦਰ ਦਰਵਾਜ਼ਾ ਆਓ ਲੰਘ, ਸਚ ਬੰਕ ਸੁਹਾਈਆ । ਪਰਮ ਪੁਰਖ ਦਾ ਸੋਹੇ ਪਲੰਘ, ਰਵਦਾਸ ਸੇਜ ਮਿਲੇ ਵਡਿਆਈਆ । ਨਾਤਾ ਤੋੜ ਭੁੱਖ ਨੰਗ, ਜਗਤ ਵੇਸ ਗ਼ਰੀਬੀ ਡੇਰਾ ਢਾਹੀਆ । ਸਚ ਦੇਵਣ ਆਇਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਚਾਰ ਕਹਾਰਾਂ ਪੂਰਬ ਕਰੇ ਪੂਰੀ ਮੰਗ, ਪੰਜਵਾਂ ਲੇਖਾ ਸਹਿਜ ਸੁਭਾਈਆ । ਜੋ ਮੰਦਰ ਕੋਲ ਬਹਿ ਕੇ ਗਿਣੀ ਆਪਣੀ ਗੰਢ, ਤਿਸ ਦਾ ਹਿੱਸਾ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸੁਣ ਲੈ ਮਿਸਰ, ਮਸਲਾ ਇਕ ਜਣਾਈਆ । ਪਿਛਲਾ ਲੇਖਾ ਜਾਏ ਵਿਸਰ, ਵਿਸਰੇ ਵਸਤ ਪਰਾਈਆ । ਕੂੜੀ ਕਿਰਿਆ ਵਿਚੋਂ ਉਜਲ ਨੂਰ ਆਏ ਨਿੱਤਰ, ਸਵੱਛ ਸਰੂਪ ਵਖਾਈਆ । ਪਰਮ ਪੁਰਖ ਘਰ ਮਿਲੇ ਮਿੱਤਰ, ਮਿੱਤਰ ਪਿਆਰਾ ਹੋਏ ਸਹਾਈਆ । ਰਵਦਾਸ ਦੇ ਹੁਣ ਨਾ ਵੇਖ ਟੁੱਟੇ ਛਿੱਤਰ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਅੱਗੇ ਕਦੇ ਨਾ ਜਾਏ ਵਿਛੜ, ਪਿਛਲੇ ਵਿਛੜੇ ਰਿਹਾ ਮਿਲਾਈਆ । ਗਲ ਲਾਵੇ ਭਰੀਆਂ ਚਿੱਕੜ, ਕੋੜ੍ਹੇ ਕਮਲੇ ਗੋਦ ਉਠਾਈਆ । ਗੁਰਮੁਖੋ ਤੁਹਾਡਾ ਪਿਛਲਾ ਕਰਦਾ ਆਇਆ ਫ਼ਿਕਰ, ਨਾਵੇਂ ਜਨਮ ਲਹਿਣਾ ਦੇਣਾ ਰਿਹਾ ਮੁਕਾਈਆ । ਸੋਹਣਾ ਅੱਗੇ ਚਿਤਰ ਦੇਵੇ ਚਿਤਰ, ਸਚ ਤਰਾਸ਼ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਾਹਮਣ ਕਹੇ ਮੈਂ ਕਿਹੜੀ ਪਾਈ ਲੁੱਟ, ਪਿਉ ਦਾਦੇ ਦੀ ਰੀਤੀ ਤੋੜ ਨਿਭਾਈਆ । ਕੀ ਹੋਇਆ ਜੇ ਗੰਗਾ ਕਿਨਾਰੇ ਜਾ ਕੇ ਚੁਲੀ ਪੀ ਕੇ ਇਕ ਘੁੱਟ, ਆਪਣੇ ਅੰਦਰ ਅੰਤਰ ਲਿਆ ਦਸਾਈਆ । ਬਾਹਰ ਆ ਕੇ ਰਾਹੀਆਂ ਪਾਂਧੀਆਂ ਲਿਆ ਪੁਛ, ਸਿੱਧੇ ਰਸਤੇ ਦਿਤਾ ਪਾਈਆ । ਉਨ੍ਹਾਂ ਨੂੰ ਭਾਰ ਨਾ ਚੁੱਕਣਾ ਪਿਆ ਕੁਛ, ਸਭ ਕੁਛ ਆਪਣੀ ਝੋਲੀ ਲਵਾਂ ਬੰਧਾਈਆ । ਮਾਰ ਕੇ ਥਾਪੀਆਂ ਸਭ ਨੂੰ ਦੇਵਾਂ ਪੁੱਤ, ਅੱਖਾਂ ਨਾਲ ਸਮਝਾਈਆ । ਜੇ ਕੋਈ ਜਜਮਾਨ ਕੋਲ ਬਹੇ ਓਨੂੰ ਕਹਾਂ ਮੇਰੇ ਚਰਨ ਘੁੱਟ, ਮੇਰੇ ਚਰਨਾਂ ਵਿਚੋਂ ਚਾਨਣ ਨਜ਼ਰੀ ਆਈਆ । ਜੇ ਕੋਈ ਅਗਲੀ ਗੱਲ ਲਏ ਪੁਛ, ਕੁੰਡਲੀਆਂ ਪਾ ਕੇ ਰੁਪਈਆ ਸਵਾ ਰੋਕ ਉਤੇ ਟਿਕਾਈਆ । ਜੇ ਕਿਸੇ ਦਾ ਜੋੜਾ ਹੋਵੇ ਦਾਰ ਨੋਕ, ਅੰਦਰ ਨੀਤੀ ਨਾਲ ਲਵਾਂ ਚੁਰਾਈਆ । ਘਰ ਮਿਸ਼ਰਾਣੀ ਨਾਲ ਮਾਣਾਂ ਮੌਜ, ਸੋਹਣਾ ਸੰਗ ਨਿਭਾਈਆ । ਇਹੋ ਜਿਹੇ ਜਨਮ ਫੇਰ ਨਹੀਂ ਮਿਲਣੇ ਰੋਜ਼, ਬ੍ਰਾਹਮਣੀ ਗੋਦ ਨਾ ਕੋਇ ਸੁਹਾਈਆ । ਬੌਹੜੀ ਰਵਦਾਸ ਨਾਲ ਮਿਲ ਕੇ ਮੇਰਾ ਪੂਰਾ ਨਾ ਹੋਇਆ ਸ਼ੌਕ, ਮਨ ਆਸਾ ਪੂਰ ਨਾ ਕੋਇ ਕਰਾਈਆ । ਜਿਸ ਅੰਦਰ ਵਾੜ ਕੇ ਪ੍ਰਭ ਦੀ ਜਗਦੀ ਵਖਾਈ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮੇਰੀ ਪਿਛਲੀ ਭੁੱਲ ਗਈ ਸੋਚ, ਬੇਸਮਝ ਦਿਤਾ ਬਣਾਈਆ । ਅੱਖ ਖੁਲ੍ਹੀ ਤੇ ਆਈ ਹੋਸ਼, ਨੇਤਰ ਨੈਣਾਂ ਲਈ ਅੰਗੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਇਆ ਬੈਠਾ ਖ਼ਾਮੋਸ਼, ਖ਼ਾਲਸ ਆਪਣਾ ਰੂਪ ਧਰਾਈਆ । ਸਚ ਪ੍ਰੀਤੀ ਅੰਦਰ ਹੋਇਆ ਮਦਹੋਸ਼, ਮਧੁਰ ਰਸ ਇਕੋ ਇਕ ਜਣਾਈਆ । ਮੇਰੇ ਹਿਲਣੋਂ ਹਟ ਗਏ ਹੋਂਟ, ਜਿਹਵਾ ਸਕੇ ਨਾ ਕੋਇ ਜਣਾਈਆ । ਮੈਂ ਚਾਰ ਕੁੰਟ ਵੇਖ ਕੇ ਕਿਹਾ ਮੈਂ ਅਜੇ ਨਿਰਦੋਸ਼, ਦੋਸ਼ੀ ਸਕੇ ਨਾ ਕੋਇ ਠਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਬੇਪਰਵਾਹੀਆ । ਰਵਦਾਸ ਕਹੇ ਬ੍ਰਾਹਮਣ ਤੇਰੀ ਅੰਤਰ ਜਾਣਾ ਗਤ, ਤੈਨੂੰ ਦਿਆਂ ਸਮਝਾਈਆ । ਹੁਣ ਛੱਡ ਦੇ ਪਿਛਲੀ ਮੱਤ, ਮਤਿਆਂ ਵਿਚ ਨਾ ਜਨਮ ਗਵਾਈਆ । ਪ੍ਰਭ ਮਿਲਣ ਦੀ ਖੋਲ੍ਹ ਅੱਖ, ਦੋਹ ਅੱਖਾਂ ਵਿਚੋਂ ਅੱਖ ਇਕੋ ਸੋਭਾ ਪਾਈਆ । ਸਤਿ ਪਰੇਮ ਦਾ


੮੫੬
੧੯

ਲੈ ਰਸ, ਕੂੜੀ ਕਿਰਿਆ ਹੋਏ ਜੁਦਾਈਆ । ਪੰਜਾਂ ਦਾ ਦੇ ਦੇ ਪਿਛਲਾ ਹੱਕ, ਜੋ ਬੈਠਾ ਆਪ ਦਬਾਈਆ । ਸ੍ਰੀ ਭਗਵਾਨ ਲਹਿਣਾ ਦੇਵੇ ਕਿਸੇ ਨਾ ਛੱਡ, ਜੁਗ ਚੌਕੜੀ ਜਨਮ ਜਨਮ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ ਇਕ ਸੁਣਾਈਆ । ਚਾਰ ਕਹਾਰ ਪੰਜਵਾਂ ਯਾਰ ਕਰਨ ਸਲਾਹ, ਆਪਣਾ ਮੱਤਾ ਪਕਾਈਆ । ਬੀਸਾਂ ਦਾ ਲੇਖਾ ਗਿਆ ਚੁਕਾ, ਸਚ ਪਰਸਾਦ ਸੰਗਤ ਵਰਤਾਈਆ । ਬੀਸ ਬਕਾਇਆ ਗਿਆ ਰਖਾ, ਰਵਦਾਸ ਚੁਮਾਰ ਗਵਾਹ ਬਣਾਈਆ । ਪੰਜਵੀਂ ਚੇਤ ਸਾਹ ਸੁਧਾ, ਪਰਵਿਸ਼ਟਾ ਸਚ ਗਿਆ ਦ੍ਰਿੜਾਈਆ । ਦਰ ਦਵਾਰੇ ਜਾਵਾਂ ਆ, ਆਪਣਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਏਧਰ ਬ੍ਰਾਹਮਣ ਅੰਦਰ ਪਵੇ ਹੌਲ, ਬੌਹੜੀ ਬੌਹੜੀ ਕਰ ਰਿਹਾ ਕੁਰਲਾਈਆ । ਮੈਂ ਕਾਹਨੂੰ ਕਰ ਲਿਆ ਕੌਲ, ਵੇਲਾ ਅੰਤਮ ਗਿਆ ਆਈਆ । ਮੈਂ ਮਾਰਿਆ ਗਿਆ ਅਣਭੋਲ, ਮੇਰੀ ਸੋਚ ਸਮਝ ਰਹੀ ਨਾ ਰਾਈਆ । ਪਹਿਲੋਂ ਮੇਰੀ ਗਠੜੀ ਫੋਲ, ਇਕੀ ਪਗੜੀਆਂ ਸਿਖਾਂ ਦਿਤੀਆਂ ਵਰਤਾਈਆ । ਫੇਰ ਘੁਮਿਆਰ ਦੀ ਵੱਜੀ ਚੇਤੇ ਆਈ ਧੌਲ, ਜੋ ਦੋਹਰ ਪਿਛੇ ਸੀਸ ਟਿਕਾਈਆ । ਓਧਰੋਂ ਰੜਕਣ ਲੱਗੇ ਰਵਦਾਸ ਦੇ ਖਾਧੇ ਚੌਲ, ਜਿਨ੍ਹਾਂ ਸ੍ਰੀ ਭਗਵਾਨ ਭੋਗ ਲਗਾਈਆ । ਏਧਰੋਂ ਚਾਰ ਕਹਾਰ ਪਏ ਬੋਲ, ਧੁਰ ਸੰਦੇਸਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਅੰਦਰ ਬਾਹਰ ਵੇਖ ਵਖਾਈਆ । ਬ੍ਰਾਹਮਣ ਕਹੇ ਕਰਾਂ ਕੀ, ਸਮਝ ਵਿਚ ਕਿਛ ਨਾ ਆਈਆ । ਨਾ ਪੁੱਤ ਨਾ ਧੀ, ਬੰਸ ਸਰਬੰਸ ਨਾ ਕੋਇ ਸੁਹਾਈਆ । ਨੌਂ ਜਨਮ ਕਿਹੜਾ ਫਲ ਲਿਆ ਬੀ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਜਨਮ ਜਨਮ ਵਿਚ ਸਤਿ ਧਰਮ ਦੀ ਰੱਖੀ ਕੋਈ ਨਾ ਨੀਂਹ, ਮਹਲ ਅਟੱਲ ਨਾ ਕੋਇ ਸੁਹਾਈਆ । ਮੇਰੀ ਹੱਡੀਂ ਦਰਦ ਹੋਇਆ ਰੀਹ, ਅੱਠੇ ਪਹਿਰ ਰਹੀ ਸਤਾਈਆ । ਇਕ ਬ੍ਰਾਹਮਣੀ ਇਕ ਨਿਕਰਮਣ ਜੀਅ, ਜਗਤ ਜਹਾਨ ਵਿਚ ਨੇਤਰ ਰੋਵੇ ਮਾਰੇ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੰਗੇ, ਏਕਾ ਹੁਕਮ ਸੁਣਾਈਆ । ਬ੍ਰਾਹਮਣ ਕਹੇ ਮੇਰੀ ਡੁੱਬਦੀ ਜਾਏ ਨਈਆ, ਕਿਨਾਰਾ ਨਜ਼ਰ ਕੋਇ ਨਾ ਆਇੰਦਾ । ਹਾਏ ਬੌਹੜੀ ਮੈਂ ਕਿਸ ਤਰ੍ਹਾਂ ਕੋਲੋਂ ਕੱਢ ਕੇ ਦੇਵਾਂ ਰੁਪੱਯਾ, ਦੇਣਾ ਔਖਿਉਂ ਔਖਾ ਨਜ਼ਰੀ ਆਇੰਦਾ । ਮੇਰੀ ਕਿਧਰ ਗਈ ਜਜਮਾਨਾਂ ਵਾਲੀ ਵਹੀਆ, ਜਿਸ ਦਾ ਹਿਸਾਬ ਖਾਤਾ ਸਭ ਵਲ ਬਕਾਏ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਬ੍ਰਾਹਮਣ ਅੰਦਰੋਂ ਹੋਇਆ ਦਿਲਗੀਰ, ਸਹਿਮ ਸਹਿਮ ਕੁਰਲਾਈਆ । ਮੇਰੇ ਨਾਲ ਕੀ ਹੋਇਆ ਅਖ਼ੀਰ, ਅੱਖੀਂ ਵੇਂਹਦਿਆਂ ਵੇਂਹਦਿਆਂ ਅੱਖੀ ਗਿਆ ਬਦਲਾਈਆ । ਮੇਰੀ ਬਦਲਦੀ ਜਾਏ ਤਕਦੀਰ, ਤਦਬੀਰ ਸਮਝ ਕੋਇ ਨਾ ਪਾਈਆ । ਮੇਰੀ ਕਵਣ ਕੱਟੇ ਭੀੜ, ਦੁਖੀ ਦਰਦ ਵੰਡਾਈਆ । ਨੇਤਰ ਰੋਵੇ ਨੀਰ, ਨੈਣਾਂ ਛਹਿਬਰ ਰਿਹਾ ਵਖਾਈਆ । ਸਿੰਘਾਸਣ ਉਪਰ ਚੋਲਾ ਵੇਖ ਕੇ ਲੀਰੋ ਲੀਰ, ਹੌਸਲਾ ਆਪਣਾ ਫੇਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਵੇਖ ਬ੍ਰਾਹਮਣ ਵਿਚਾਰ, ਇਕੋ ਵਾਰ ਸਮਝਾਈਆ । ਉਠ ਠੱਗਾ ਹੋ ਖ਼ਬਰਦਾਰ, ਸਾਚੀ ਖ਼ਬਰ ਦਿਆਂ ਸੁਣਾਈਆ । ਪਰਮ ਪੁਰਖ ਪਤਿਪਰਮੇਸ਼ਵਰ ਸਰਬ ਜੀਆਂ ਦਾ ਸਾਂਝਾ ਯਾਰ, ਦੂਈ ਸੰਗ ਨਾ ਕੋਇ ਰਖਾਈਆ । ਪਤਤ ਪਾਪੀ ਜੁਗ ਚੌਕੜੀ ਰਿਹਾ ਤਾਰ, ਜੋ ਚਲ ਆਇਣ ਸਰਨਾਈਆ । ਰੋਗ ਸੋਗ ਚਿੰਤਾ ਦੁਖ ਦਏ ਨਿਵਾਰ, ਮਾਇਆ ਮਮਤਾ ਮੋਹ ਮਿਟਾਈਆ ।

ਦੋਏ ਜੋੜ ਦਰ ਕਰ ਨਿਮਸਕਾਰ, ਮਾਣ ਅਭਿਮਾਨ ਦੋਵੇਂ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਏ ਲਗਾਈਆ । ਬ੍ਰਾਹਮਣ ਕਹੇ ਮੈਂ ਕਿਸ ਬਿਧ ਜਾਵਾਂ ਉਠ, ਆਪਣਾ ਬਲ ਧਰਾਈਆ । ਬ੍ਰਾਹਮਣੀ ਫੋਲਣ ਨਹੀਂ ਦਿਤੀ ਉਹ ਗੁਠ, ਜਿਸ ਵਿਚ ਜਗਤ ਖ਼ਜ਼ਾਨਾ ਲਿਆ ਲੁਕਾਈਆ । ਮੇਰੇ ਹੱਥ ਵਿਚ ਨਹੀਂ ਕੁਛ, ਖ਼ਾਲੀ ਦਿਆਂ ਦੁਹਾਈਆ । ਨਾ ਧੀ ਨਾ ਕੋਈ ਪੁੱਤ, ਨਿਸ਼ਾਨੀ ਜਗਤ ਨਾ ਕੋਇ ਜਣਾਈਆ । ਬਾਰਾਂ ਚੇਤ ਔਧ ਜਾਣੀ ਸੀ ਮੁੱਕ, ਪਿਛੇ ਯਾਦ ਨਾ ਕੋਇ ਰਖਾਈਆ । ਰਵਦਾਸ ਤੇਰੇ ਜੀਊਂਦੇ ਰਹਿਣ ਪੁੱਤ, ਜਿਸ ਮੇਰੀ ਫੇਰ ਬਣਤ ਬਣਾਈਆ । ਤੇਰੇ ਕਹਿਣੇ ਨੌ ਜਨਮ ਦਾ ਅਪਰਾਧੀ ਗਿਆ ਛੁੱਟ, ਕਰਮ ਕਾਂਡ ਦਾ ਡੇਰਾ ਢਾਹੀਆ । ਬਾਕੀ ਤਿੰਨਾਂ ਮਾਂਵਾਂ ਨੂੰ ਹੋਰ ਮਿਲ ਗਏ ਪੁੱਤ, ਖ਼ਾਲੀ ਗੋਦ ਭਾਗਾਂਵੰਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਕਹੇ ਤੂੰ ਕੀ ਜਾਣੇਂ ਅਣਜਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਪਰਮ ਪੁਰਖ ਸ਼ੈਤਾਨਾਂ ਵਿਚੋਂ ਸ਼ੈਤਾਨ, ਸ਼ੈਤਾਨੀ ਸਮਝ ਕਿਸੇ ਨਾ ਆਈਆ । ਮਿਹਰਵਾਨਾਂ ਵਿਚੋਂ ਮਿਹਰਵਾਨ, ਮਹਿਬੂਬ ਦਾਤਾ ਬੇਪਰਵਾਹੀਆ । ਕਾਹਨਾਂ ਵਿਚੋਂ ਵੱਡਾ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਰਾਮਾਂ ਵਿਚੋਂ ਵੱਡਾ ਰਾਮ, ਸੀਤਾ ਸੁਰਤੀ ਸਰਬ ਪਰਨਾਈਆ । ਗੁਰੂਆਂ ਵਿਚੋਂ ਗੁਰੂ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਮਹੱਲਾਂ ਵਿਚੋਂ ਅਟੱਲ ਮਕਾਨ, ਸਚ ਮਨਾਰਾ ਸੋਭਾ ਪਾਈਆ । ਨਿਸ਼ਾਨਾਂ ਵਿਚੋਂ ਉਚ ਨਿਸ਼ਾਨ, ਸ਼ਹਿਨਸ਼ਾਹ ਇਕੋ ਇਕ ਝੁਲਾਈਆ । ਰਾਜ ਰਾਜਾਨਾਂ ਵਿਚੋਂ ਇਕ ਰਾਜਾਨ, ਵਾਲੀ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਰਵਦਾਸ ਕਹੇ ਬ੍ਰਾਹਮਣ ਖੋਲ੍ਹ ਗੰਢ, ਤੈਨੂੰ ਦੇਵਾਂ ਸਚ ਜਣਾਈਆ । ਪਿਛਲਾ ਲੇਖਾ ਮੁਕਿਆਂ ਪਵੇ ਠੰਡ, ਅਗਨੀ ਤਤ ਨਾ ਲਾਗੇ ਰਾਈਆ । ਘਰ ਘਰ ਵਿਚ ਲੈ ਅਨੰਦ, ਸੁਖ ਸਾਗਰ ਰੂਪ ਸਮਾਈਆ । ਤੇਰਾ ਜਨਮ ਜਨਮ ਦਾ ਮੁੱਕਿਆ ਪੰਧ, ਕੂੜੀ ਕਿਰਿਆ ਡੇਰਾ ਢਾਹੀਆ । ਖ਼ੁਸ਼ੀਆਂ ਨਾਲ ਗੌਣਾ ਛੰਦ, ਗੀਤ ਗੋਬਿੰਦ ਅਲਾਈਆ । ਤੇਰਾ ਲੇਖਾ ਮੁੱਕੇ ਨਾਲ ਪੰਜ, ਪੰਜਾਂ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਬ੍ਰਾਹਮਣ ਅੰਦਰ ਆਈ ਵਿਚਾਰ, ਧਿਆਨ ਧਿਆਨ ਵਿਚੋਂ ਪਰਗਟਾਈਆ । ਪਿਛਲਾ ਲਹਿਣਾ ਦੇਵਾਂ ਉਧਾਰ, ਕਰਜ਼ਾ ਸੀਸ ਨਾ ਕੋਇ ਟਿਕਾਈਆ । ਮੈਨੂੰ ਚਾਰੇ ਦਿਸਣ ਉਹ ਕਹਾਰ, ਪੰਜਵਾਂ ਤੇਲੀ ਰੂਪ ਵਟਾਈਆ । ਲਿਖਣ ਵਾਲਾ ਰਵਦਾਸ ਚਮਿਆਰ, ਗੁਰਮੁਖ ਸੋਹਣਾ ਲੇਖ ਲਿਖਾਈਆ । ਵੇਖਣਹਾਰਾ ਸਿਰਜਣਹਾਰ, ਸਾਹਿਬ ਸੁਲਤਾਨ ਬੇਪਰਵਾਹੀਆ । ਪਰਖਣਹਾਰਾ ਦੋ ਜਹਾਨ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਏਧਰ ਬ੍ਰਾਹਮਣ ਗੰਢ ਨੂੰ ਪਾਏ ਹੱਥ, ਪੰਜਾਂ ਉਂਗਲਾਂ ਨਾਲ ਰਲਾਈਆ । ਸਚਖੰਡ ਦਵਾਰਿਉਂ ਸਿੰਘ ਪਾਲ ਆਇਆ ਨੱਠ, ਹੌਲੀ ਜਿਹੀ ਜਣਾਈਆ । ਓ ਬ੍ਰਾਹਮਣਾ ਤੇਰੀ ਜਾਤ ਬ੍ਰਾਹਮਣ ਬਦਲ ਕੇ ਹੋਈ ਜੱਟ, ਜੱਟਾਂ ਘਰ ਵੜਿਆ ਬੇਪਰਵਾਹੀਆ । ਤੂੰ ਜੱਟਾਂ ਦਾ ਪੁੱਤ ਇਕ ਵਾਰੀ ਪ੍ਰਭ ਦੇ ਅੱਗੇ ਡਟ, ਆਪਣਾ ਹੌਸਲਾ ਦੇ ਵਖਾਈਆ । ਨਹੀਂ ਤੇ ਉਠ ਕੇ ਜਾ ਨੱਠ, ਦੋ ਜਹਾਨ ਵੇਖ ਚਾਈਂ ਚਾਈਂਆ । ਅੱਗੋਂ ਘੁਮਿਆਰ ਦਿਸ ਪਿਆ ਬ੍ਰਾਹਮਣਾ ਮੇਰੇ ਖੋਤੇ ਦੀ ਲਾਹ ਛੱਟ, ਨਹੀਂ ਤੇ ਲੋਟਾ ਤੇਰਾ ਦਿਆਂ ਭੰਨਾਈਆ । ਬ੍ਰਾਹਮਣ ਇਧਰ ਉਧਰ ਮਾਰਨ ਲੱਗਾ ਹੱਥ, ਗਠੜੀ ਹੱਥ ਕੋਇ ਨਾ ਆਈਆ । ਰਵਦਾਸ ਲਿਖਦਾ ਲਿਖਦਾ

ਪਿਆ ਹੱਸ, ਖ਼ੁਸ਼ੀਆਂ ਹਾਲ ਸੁਣਾਈਆ । ਮੂਰਖਾ ਸਭ ਨਾਲੋਂ ਪਹਿਲੋਂ ਪ੍ਰਭ ਦੀ ਚਰਨੀ ਢੱਠ, ਜਿਸ ਦਰ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਵਦਾਸ ਸੁਣ ਕੇ ਇਕ ਸੰਦੇਸਾ, ਸਿੰਘ ਪਾਲ ਖ਼ੁਸ਼ੀ ਮਨਾਈਆ । ਪ੍ਰਭ ਦਾ ਪਿਛਲਾ ਨਹੀਂ ਹੁਣ ਵੇਸਾ, ਅਗਲੀ ਖੇਲ ਰਚਾਈਆ । ਦੋ ਜਹਾਨਾਂ ਬਣ ਕੇ ਨਰ ਨਰੇਸ਼ਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਬ੍ਰਾਹਮਣਾ ਨੌ ਜਨਮ ਤੂੰ ਚੁੱਕੀ ਰੱਖਿਆ ਠੇਕਾ, ਏਸੇ ਦੇ ਹੁਕਮੇ ਅੰਦਰ ਫੇਰਾ ਪਾਈਆ । ਹੁਣ ਭੁੱਲ ਨਾ ਜਾਵੀਂ ਵੇਖੀ ਵੇਖਾ, ਤੈਨੂੰ ਧੁਰ ਦੀ ਕਹਾਣੀ ਦਿਆਂ ਦ੍ਰਿੜਾਈਆ । ਜਿੰਨਾ ਚਿਰ ਤੇਰੇ ਅੰਦਰ ਵੜ ਕੇ ਦੱਸੇ ਨਾ ਭੇਤਾ, ਓਨ੍ਹਾਂ ਚਿਰ ਮੰਨੀਂ ਨਾ ਕੋਈ ਰਜ਼ਾਈਆ । ਓਧਰੋਂ ਹੁੱਕੇ ਵਾਲਾ ਕਹੇ ਪਹਿਲੋਂ ਮੇਰਾ ਸਾਫ਼ ਕਰ ਨੇਜਾ, ਸੋਹਣੀ ਸੇਵ ਕਮਾਈਆ । ਫੇਰ ਤੈਨੂੰ ਵੀ ਮਿਲੇ ਮੇਰੇ ਵਰਗੀ ਸੇਜਾ, ਜਿਸ ਸੇਜ ਉਤੇ ਸੁੱਤਾ ਬੇਪਰਵਾਹੀਆ । ਮੈਨੂੰ ਏਸੇ ਕਰ ਕੇ ਭੇਜਾ, ਜਾ ਕੇ ਭਗਤਾਂ ਦੇ ਜਗਾਈਆ । ਮਾਣਸ ਜਨਮ ਦੀ ਲੱਖ ਚੁਰਾਸੀ ਵਿਚੋਂ ਇਕੋ ਵਾਰ ਹੱਥ ਆਵੇ ਖੇਡਾ, ਫੇਰ ਖ਼ਲਾਰੀ ਖੇਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਪਾਲ ਸਿੰਘ ਕਹੇ ਓ ਜੱਟਾ ਖੋਲ੍ਹ ਪਲਕ, ਤੈਨੂੰ ਸਚ ਦਿਆਂ ਦ੍ਰਿੜਾਈਆ । ਇਹ ਵਾਲੀ ਦੋ ਜਹਾਨ ਖ਼ਾਲਕ ਖ਼ਲਕ, ਮਖ਼ਲੂਕ ਵਿਚ ਸਮਾਈਆ । ਜਿਸ ਮੇਰੇ ਨਾਲ ਲਾਇਆ ਤਅਲਕ, ਤਲਾਕ ਦੋ ਜਹਾਨਾਂ ਦਿਤੇ ਤੁੜਾਈਆ । ਮੇਰਾ ਵਸੇਰਾ ਉਪਰ ਫਲਕ, ਫ਼ਰਸ਼ ਵੇਖਣ ਆਇਆ ਚਾਈਂ ਚਾਈਂਆ । ਤੇਰਾ ਚਰਨਾਂ ਨਾਲ ਰਗੜ ਦੇਵੇ ਤਿਲਕ, ਤਅੱਲਕ ਆਪਣੇ ਨਾਲ ਰਖਾਈਆ । ਲੇਖਾ ਚੁੱਕੇ ਰੋਣ ਵਿਲਕ, ਕੂਕ ਦੇਵੇ ਨਾ ਕੋਇ ਦੁਹਾਈਆ । ਤਨ ਪਹਿਨਾਏ ਸਾਚੀ ਖ਼ਿਲਤ, ਸ਼ਹਿਨਸ਼ਾਹ ਸ਼ਹਿਨਸ਼ਾਹ ਸ਼ਹਿਨਸ਼ਾਹ ਸ਼ਾਹ ਦਏ ਬਣਾਈਆ । ਤੇਰੀ ਪਿਛਲੀ ਮੇਟੀ ਸਾਰੀ ਜ਼ਿਲਤ, ਖ਼ਵਾਰੀ ਆਪਣੀ ਝੋਲੀ ਪਾਈਆ । ਵੇਖੀਂ ਫੇਰ ਨਾ ਕਦੇ ਕਰੀਂ ਇਲਤ, ਆਦਤ ਸਾਹਿਬ ਸਤਿਗੁਰ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਾਲ ਸਿੰਘ ਕਹੇ ਗਲ ਪਾ ਪੱਲਾ, ਪਾਲਕੀ ਵਾਲਾ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਨੂਰੀ ਅੱਲਾ, ਅੱਲਾ ਨੂਰ ਨੂਰ ਵਿਚੋਂ ਪਰਗਟਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਿੰਘਾਸਣ ਜਿਸ ਨੇ ਮੱਲਾ, ਸੋਭਾਵੰਤ ਸੋਹਣੀ ਸੇਜ ਸੁਹਾਈਆ । ਸਚਖੰਡ ਦਵਾਰਿਉਂ ਜਿਸ ਲੋਕਮਾਤ ਮੈਨੂੰ ਘੱਲਾ, ਖ਼ੁਸ਼ੀਆਂ ਨਾਲ ਆਪਣਾ ਹੁਕਮ ਮਨਾਈਆ । ਜਾ ਕੇ ਦੱਸ ਬ੍ਰਾਹਮਣ ਫੇਰ ਨਾ ਹੋਵੇ ਝੱਲਾ, ਝੱਲਿਆ ਝਲਕ ਦੇਵੇ ਬੇਪਰਵਾਹੀਆ । ਤੇਰੇ ਨਾਲ ਤਾਰਿਆ ਡੱਲਾ, ਮਾਂ ਜਨਮ ਕੁੱਖ ਨਾ ਫੇਰ ਦਿਵਾਈਆ । ਚੌਥੇ ਯਾਰ ਫੜਾ ਕੇ ਪੱਲਾ, ਮੁਹੰਮਦ ਦੀ ਸ਼ਹਾਦਤ ਦਿਤੀ ਭੁਗਤਾਈਆ । ਅਜੀਤ ਸਿੰਘ ਨਹੀਂ ਇਕੱਲਾ, ਗ਼ਰੀਬ ਨਿਮਾਣਾ ਨਿਮਾਣਿਆਂ ਵਿਚੋਂ ਸੱਚਾ ਸੰਗ ਬਣਾਈਆ । ਕਰਿਆ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਧਾਰ ਵਖਾਈਆ । ਪਿਛਲਾ ਬਦਲ ਗਿਆ ਜ਼ਮਾਨਾ, ਜ਼ਮਾਨਤ ਦੇਣ ਵਾਲਾ ਚਮਿਆਰ ਇਕੋ ਨਜ਼ਰੀ ਆਈਆ । ਜਿਸ ਦੇ ਕੋਲ ਪਰਮ ਪੁਰਖ ਦਾ ਪੈਮਾਨਾ, ਪੈਮਾਇਸ਼ ਕਰੇ ਥਾਉਂ ਥਾਈਂਆ । ਨਾਲ ਰੱਖ ਗੁਣ ਨਿਧਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਾਲ ਸਿੰਘ ਕਹੇ ਮੇਰੀ ਮੰਨੋ ਆਖੀ, ਬਿਨ ਅੱਖਰਾਂ ਦਿਆਂ ਸਮਝਾਈਆ । ਓਥੇ ਵੇਖਿਆ ਐਥੇ ਤੱਕਿਆ ਇਕੋ ਸਾਥੀ, ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਓਥੇ ਪੜ੍ਹਦੇ ਸਾਖੀ, ਏਥੇ ਗੁਰਮੁਖ ਰਾਗ

ਅਲਾਈਆ । ਦੋਹਾਂ ਦਾ ਮਾਲਕ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਇਸ ਦੇ ਕੋਲੋਂ ਖੁਲ੍ਹਾ ਲਓ ਤਾਕੀ, ਦਰਵਾਜ਼ਾ ਬੰਦ ਫੇਰ ਨਾ ਕੋਇ ਕਰਾਈਆ । ਵੇਖਿਓ ਭੁੱਲ ਨਾ ਜਾਇਓ ਇਹ ਬੰਦਾ ਖ਼ਾਕੀ, ਬੰਦਾ ਖ਼ਾਕੀ ਨਹੀਂ ਨੂਰ ਇਲਾਹੀਆ । ਜੇ ਪੀਓ ਤੇ ਜਾਮ ਦੇਵੇ ਬਣ ਕੇ ਸਾਕੀ, ਸਾਖਿਆਤ ਬੇਪਰਵਾਹੀਆ । ਮੈਂ ਸੁਣਾਵਾਂ ਬਾਤ ਸਾਚੀ, ਸਚ ਸਚ ਸਚ ਦਿਆਂ ਦ੍ਰਿੜ੍ਹਾਈਆ । ਇਹ ਪੰਜਾਂ ਦਸਾਂ ਦਾ ਅੰਮ੍ਰਿਤ ਪੀਵੇ ਰਾਤੀ, ਔਂਦਾਂ ਜਾਂਦਾ ਨਜ਼ਰ ਕਿਸੇ ਨਾ ਆਈਆ । ਇਹ ਉਹ ਅਗੰਮੀ ਸਾਖੀ, ਜੋ ਪਹਿਲੀ ਵਾਰ ਨਾਨਕ ਅੰਗਦ ਦਿਤੀ ਸਮਝਾਈਆ । ਏਸੇ ਕਾਰਨ ਮੈਂ ਸੁਨੇਹੜਾ ਲੈ ਕੇ ਆਇਆ ਧੁਰ ਦੀ ਪਾਤੀ, ਪਤਿਪਰਮੇਸ਼ਵਰ ਲੇਖਾ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਪਾਲ ਸਿੰਘ ਕਹੇ ਰਵਦਾਸ ਹੋਇਆ ਗੁਰਮੁਖ, ਸਾਹਿਬ ਸਤਿਗੁਰ ਖੇਲ ਖਿਲਾਈਆ । ਬ੍ਰਾਹਮਣ ਸੰਗੀ ਬਣ ਮਿਟਾ ਲੈ ਦੁੱਖ, ਦਰਦ ਜਗਤ ਵੰਡਾਈਆ । ਬੇਸ਼ਕ ਭਾਗ ਨਹੀਂ ਲੱਗਾ ਬ੍ਰਾਹਮਣੀ ਕੁੱਖ, ਤੇਰਾ ਨਾਮ ਢੋਲੇ ਗਾਏ ਜਗਤ ਲੋਕਾਈਆ । ਕਿਉਂ, ਸਤਿਗੁਰ ਪੂਰੇ ਗੋਦੀ ਲਿਆ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਇਸ ਤੋਂ ਵੱਡਾ ਹੋਰ ਨਹੀਂ ਕੋਈ ਸੁਖ, ਕੋਟਨ ਕੋਟ ਰਾਜ ਰਾਜਾਨ ਕੋਟਨ ਕੋਟ ਰਾਣੀਆਂ ਮਹਾਂਰਾਣੀਆਂ ਗਏ ਹੰਢਾਈਆ । ਕੋਟਨ ਕੋਟ ਸਾਧ ਸੰਤ ਜਲ ਧਾਰਾ ਬਹਿ ਕੇ ਚੁੱਪ, ਅੰਧੇਰੇ ਘੁੱਪ ਅੱਖੀਂ ਮੀਟ ਧਿਆਨ ਲਗਾਈਆ । ਕਿਸੇ ਨਹੀਂ ਕਿਹਾ ਆ ਗੁਰਸਿਖ ਮੇਰੇ ਪੁੱਤ, ਪਰਮ ਪੁਰਖ ਬੱਚਿਆਂ ਵਾਂਗ ਆਪਣੀ ਉਂਗਲੀ ਲਾਈਆ । ਬਾਹਰੋਂ ਵੇਖ ਨਾ ਭੁੱਲਣਾ ਇਹ ਪੰਜ ਤਤ ਮਨੁੱਖ, ਮਨੁੱਖਾਂ ਵਿਚੋਂ ਮਾਣਸ ਮਾਣਸਾਂ ਵਿਚੋਂ ਮਾਲਕ ਮਾਲਕਾਂ ਵਿਚੋਂ ਖ਼ਾਲਕ ਖ਼ਾਲਕ ਵਿਚੋਂ ਖ਼ਲੀਲ ਬੇਪਰਵਾਹੀਆ । ਉਪਰ ਨਾ ਵੇਖੋ ਚਰਨੀ ਵੇਖੋ ਝੁਕ, ਜਿਥੋਂ ਮਿਲੇ ਵਡਿਆਈਆ । ਜਿਸ ਖਵਾਇਆ ਰਵਦਾਸ ਦਾ ਸੁੱਕਾ ਟੁੱਕ, ਸੋ ਟੁਕੜਿਆਂ ਗੁਰਮੁਖਾਂ ਦੇ ਟੋਕਰਿਆਂ ਵਿਚ ਭਰਾਈਆ । ਘਰ ਆ ਫੇਰਾ ਪਾ ਲਏ ਪੁਛ, ਹੌਲੀ ਹੌਲੀ ਉਠਾਈਆ । ਜੇ ਕੁਛ ਬੱਚਿਓ ਤੁਹਾਨੂੰ ਦੁੱਖ, ਮੇਰੀ ਝੋਲੀ ਦਿਓ ਪਾਈਆ । ਮੈਂ ਸਭ ਦਾ ਭਾਰ ਲਵਾਂ ਚੁੱਕ, ਚੁੱਕ ਥੱਕ ਕਦੇ ਨਾ ਜਾਈਆ । ਜੇ ਕਿਸੇ ਗੱਲੋਂ ਗਏ ਰੁੱਸ, ਰੁਸਿਆਂ ਲਵਾਂ ਮਨਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆ ਕੇ ਕਿਹਾ ਆਓ ਮੇਰੇ ਪੁੱਤ, ਪਿਤਾ ਪੂਤ ਗੋਦੀ ਲਏ ਸੁਹਾਈਆ । ਬ੍ਰਾਹਮਣਾ ਏਸ ਨਿਸ਼ਾਨਿਉਂ ਕਦੇ ਨਾ ਜਾਈਂ ਉਕ, ਵੇਲਾ ਗਿਆ ਹੱਥ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪਾਲ ਸਿੰਘ ਕਹੇ ਓ ਬ੍ਰਾਹਮਣਾ ਅੱਗੇ ਅੜ, ਅੜਿਕਾ ਦੇ ਵਖਾਈਆ । ਜਿਨ੍ਹਾਂ ਚਿਰ ਮੇਰੇ ਅੰਦਰ ਨਾ ਜਾਵੇਂ ਚੜ੍ਹ, ਗੁਰਮੁਖਾਂ ਘਰ ਘਰ ਦਰਸ ਦਿਖਾਈਆ । ਆਤਮ ਸੇਜਾ ਬਹਿ ਕੇ ਸਾਡਾ ਨਾਮ ਨਾ ਲਏਂ ਪੜ੍ਹ, ਤੇਰੀ ਕਰੇ ਨਾ ਕੋਇ ਵਡਿਆਈਆ । ਸਾਡੇ ਪਿਛੇ ਜੇ ਤੂੰ ਨਾ ਜਾਵੇਂ ਮਰ, ਅਬਿਨਾਸ਼ੀ ਤੇਰੀ ਦਿਸੇ ਨਾ ਕੋਇ ਚਤਰਾਈਆ । ਅਸੀਂ ਤੇਰੇ ਆਏ ਦਰ, ਤੂੰ ਸਾਡੇ ਵਸਿਉਂ ਘਰ, ਘਰ ਵਿਚੋਂ ਘਰ ਤੇਰੀ ਝੋਲੀ ਪਾਈਆ । ਅਸੀਂ ਨਹੀਂ ਜਾਣਦੇ ਚੇਤਨ ਜੜ, ਚੇਤਨ ਜੜ ਤੇਰੀ ਵਸਤ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪਾਲ ਸਿੰਘ ਕਹੇ ਮੂਲ ਨਹੀਂ ਡਰਨਾ, ਡਰਿਆਂ ਹੱਥ ਕਿਸੇ ਨਾ ਆਈਆ । ਵੇਖਿਓ ਪਾਣੀ ਵਿਚ ਨਹੀਂ ਠਰਨਾ, ਠਰਿਆਂ ਪਾਰ ਨਾ ਕੋਇ ਲੰਘਾਈਆ । ਲੰਬੂ ਅਗਨੀ ਕਦੇ ਨਾ ਸੜਨਾ, ਸੜਿਆਂ ਸੰਗ ਨਾ ਕੋਇ ਰਖਾਈਆ । ਮਿਤਰੋ ਅੱਠੇ ਪਹਿਰ ਕਦੇ ਨਾ ਪੜ੍ਹਨਾ, ਪੜ੍ਹਿਆਂ ਰੰਗ ਨਾ ਕੋਇ ਵਖਾਈਆ । ਸਚ

ਪੁਛੇ ਇਕੇ ਵਾਰ ਢਹਿ ਪਓ ਸਰਨਾ, ਸਰਨ ਵਿਚੋਂ ਚਰਨ ਚਰਨ ਵਿਚੋਂ ਤਰਨੀ ਤਰਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸਚ ਦਏ ਸਮਝਾਈਆ । ਪਾਲ ਸਿੰਘ ਕਹੇ ਮੈਂ ਆਪਣੀ ਦੱਸਾਂ ਕਹਾਣੀ, ਪਿਛਲੀ ਯਾਦ ਕਰਾਈਆ । ਮੈਨੂੰ ਅੱਖਰਾਂ ਵਿਚ ਦੱਸਣ ਲੱਗਾ ਬਾਣੀ, ਉਂਗਲਾਂ ਰੱਖ ਰੱਖ ਆਪ ਪੜ੍ਹਾਈਆ । ਮੈਨੂੰ ਵਖਾਉਣ ਲੱਗਾ ਚਾਰ ਖਾਣੀ, ਜੇਰਜ ਅੰਡਜ ਉਤਭੁਜ ਸੇਤਜ ਵਿਚ ਭਵਾਈਆ । ਮੈਨੂੰ ਰਾਜਾ ਬਣਾ ਕੇ ਦਸੌਣ ਲੱਗਾ ਰਾਣੀ, ਸੋਹਣਾ ਹਾਰ ਸ਼ਿੰਗਾਰ ਜਣਾਈਆ । ਮੈਨੂੰ ਮਿੱਤਰ ਬਣ ਕੇ ਪਿਔਣ ਲੱਗਾ ਠੰਡਾ ਪਾਣੀ, ਭਰ ਕਟੋਰਾ ਹੱਥ ਫੜਾਈਆ । ਮੈਨੂੰ ਪਰੇਮ ਕਰ ਕੇ ਸਵੌਣ ਲੱਗਾ ਉਪਰ ਲੇਫ਼ ਨਿਹਾਲੀ, ਬਸਤਰ ਸੇਜ ਸੁਹਾਈਆ । ਗੁਰਮੁਖੋ ਮੈਂ ਆਪਣੀ ਅੱਖ ਬਦਲਾ ਲਈ, ਏਧਰ ਧਿਆਨ ਨਾ ਕੋਇ ਟਿਕਾਈਆ । ਜਿੰਨਾ ਚਿਰ ਪੁਰਖ ਅਕਾਲ ਆਪ ਨਾ ਮਿਲੇ ਜੋਤ ਅਕਾਲੀ, ਅਕਲ ਕਲਧਾਰੀ ਬੇਪਰਵਾਹੀਆ । ਮੇਰੇ ਵਾਸਤੇ ਦੋ ਜਹਾਨ ਦਿਸਣ ਖ਼ਾਲੀ, ਖ਼ਾਲਕ ਨਜ਼ਰ ਕੋਇ ਨਾ ਆਈਆ । ਨਾਲੇ ਬਣ ਮਾਲਕ ਨਾਲੇ ਕਰ ਦਲਾਲੀ, ਫੇਰ ਮਰਜ਼ੀ ਮੇਰੀ ਤੇਰੇ ਨਾਲ ਚੰਗੀ ਤਰ੍ਹਾ ਬਣ ਆਈਆ । ਸ੍ਰੀ ਭਗਵਾਨ ਕਹੇ ਤੂੰ ਕਿਥੋਂ ਇਹੋ ਜਿਹਾ ਆ ਗਿਉਂ ਸਵਾਲੀ, ਜਿਸ ਮੇਰੇ ਅੰਦਰੋਂ ਮੇਰੀ ਮੰਗ ਮੰਗਾਈਆ । ਮੈਂ ਖ਼ੁਸ਼ੀ ਨਾਲ ਵਜਾ ਕੇ ਤਾਲੀ, ਖ਼ੁਸ਼ੀਆਂ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪਾਲ ਸਿੰਘ ਕਹੇ ਸੁਣੋ ਕਹਾਣੀ, ਕਹਾਵਤ ਵਿਚੋਂ ਕਥਾ ਦਿਆਂ ਸਮਝਾਈਆ । ਇਸ ਦੀ ਮੰਗੋ ਉਹ ਬਾਣੀ, ਜਿਸ ਬਾਣੀ ਵਿਚੋਂ ਬਾਣ ਸਭ ਨੂੰ ਰਿਹਾ ਲਗਾਈਆ । ਇਸ ਦੀ ਮੰਗੋ ਉਹ ਨਿਸ਼ਾਨੀ, ਜਿਸ ਨਿਸ਼ਾਨੇ ਵਿਚ ਨਛਾਵਰ ਹੋਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਹਬ ਕਿਛ ਅਖਵਾਈਆ । ਹਬ ਕਿਛ ਦਵੰਦੜੇ, ਦਇਆਨਿਧ ਦਿਆਲ । ਗੁਰਮੁਖੋ ਗੁਰਸਿਖੋ ਜਨ ਭਗਤੋ ਇਹ ਵੇਲਾ ਕੁਛ ਮੰਗ ਲਓ, ਸਾਹਿਬ ਸਤਿਗੁਰ ਹੋਏ ਕਿਰਪਾਲ । ਹੁਣ ਦੀ ਮੰਗੀ ਮੰਗ ਅੱਗੇ ਅਨੰਦ ਲਓ, ਜਨਮ ਮਰਨ ਦਾ ਚੁੱਕੇ ਕਾਣ । ਡੁੱਬਦਾ ਬੇੜਾ ਮਾਤ ਬੰਨ੍ਹ ਲਓ, ਤਰਨਾ ਹੋਏ ਸੁਖਾਲ । ਅੰਗੀਕਾਰ ਹੋ ਕੇ ਅੰਗ ਲਾਓ, ਏਥੇ ਓਥੇ ਆਪੇ ਕਰੇ ਸੰਭਾਲ । ਜੇ ਹੋਰ ਕਿਛ ਨਹੀਂ ਇਕੋ ਸੱਚਾ ਛੰਦ ਗਾਓ, ਤੂੰ ਮੇਰਾ ਮੈਂ ਤੇਰਾ ਲਾਲ । ਪੰਡਤ ਜੀ ਆਪਣੀ ਗੰਢ ਖੁਲ੍ਹਾਓ, ਵੀਹ ਰੁਪੱਯੇ ਕੱਢੋ ਬਾਹਰ । ਪੰਜੇ ਮਿੱਤਰ ਅੱਗੇ ਹੱਥ ਉਠਾਓ, ਚਾਰ ਚਾਰ ਆਪਣਾ ਪਿਛਲਾ ਲਓ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੀਨ ਦਿਆਲ । ਰਵਦਾਸ ਕਹੇ ਗਿਣੋ ਚਾਰ, ਚਵਾਂ ਭੇਤ ਜਣਾਈਆ । ਇਕ ਇਕੱਲਾ ਏਕੰਕਾਰ, ਦੂਜੀ ਕੁਦਰਤ ਖੇਲ ਵਖਾਈਆ । ਤੀਜੇ ਨਿਰਗੁਣ ਸਰਗੁਣ ਕਰ ਪਿਆਰ, ਚੌਥੇ ਜੀਵਤ ਜੀ ਤਰਾਈਆ । ਚਾਰ ਚਾਰ ਦਾ ਇਕ ਪਿਆਰ, ਪੰਚਮ ਸੰਗ ਵਖਾਈਆ । ਪੰਚਮ ਲਹਿਣਾ ਰਵਦਾਸ ਚੁਮਾਰ, ਸੋਹਣਾ ਜੋੜ ਜੁੜਾਈਆ । ਰਵਦਾਸ ਨਾਲ ਹਰਿ ਨਿਰੰਕਾਰ, ਕਰਤਾ ਪੁਰਖ ਬੇਪਰਵਾਹੀਆ । ਜਿਹੜਾ ਵਿਸਰ ਨਾ ਜਾਏ ਕਦੀ ਜੁਗ ਚਾਰ, ਚੌਕੜੀ ਆਪਣੀ ਖੇਲ ਵਖਾਈਆ । ਠੱਗਾਂ ਵਿਚੋਂ ਠੱਗ ਤਰਿਆ ਬੁਰਿਆਰ, ਪਿਛਲੀ ਠਗੌਰੀ ਦਿਤੀ ਗਵਾਈਆ । ਕਹਾਰਾਂ ਦੀ ਆਸਾ ਨੱਚੀ ਬਣ ਕੇ ਨਾਰ, ਨਰ ਨਰਾਇਣ ਹੋਏ ਸਹਾਈਆ । ਰਵਦਾਸ ਦਾ ਮਿੱਤਰ ਰਵਦਾਸ ਸਵਾਣੀ ਵਲ ਕਰ ਖਿਆਲ, ਆਪਣਾ ਜਾਮਾ ਆਇਆ ਬਦਲਾਈਆ । ਪੁਰਖ ਅਕਾਲ ਸੱਚੇ ਦਾ ਗੁਰਮੁਖੋ ਅੰਦਰ ਕੋਈ ਨਾ ਕਰਿਓ ਵਿਚਾਰ, ਅੰਤਸ਼ਕਰਨ ਪ੍ਰਭ ਸਦਾ ਵੇਖ ਵਖਾਈਆ । ਭਗਤਾਂ ਕੋਲ ਕਦੇ ਹੱਸ ਕੇ

ਨਾ ਕਰਿਓ ਇਹੋ ਜਿਹਾ ਬਿਵਹਾਰ, ਭਗਤਾਂ ਆਵਾਜ਼ ਭਗਵਨ ਆਪਣੇ ਵਿਚ ਟਿਕਾਈਆ । ਏਨ੍ਹਾਂ ਪਿਛੇ ਸਾਰੀ ਸੰਗਤ ਦਏ ਸੁਧਾਰ, ਸੁਧ ਆਤਮਾ ਆਪ ਕਰਾਈਆ । ਪ੍ਰਭ ਦਾ ਭਾਣਾ ਮੰਨੋ ਵਿਚ ਸੰਸਾਰ, ਮਨ ਵਾਸਨਾ ਨਾ ਕੋਇ ਕੁਰਲਾਈਆ । ਸ੍ਰੀ ਭਗਵਾਨ ਇਕੋ ਜਿਹੇ ਰੱਖੇ ਪੁਰਖ ਨਾਰ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਖ਼ਾਹਿਸ਼ ਅੰਦਰ ਕਰੇ ਪਿਆਰ, ਤਲਾਸ਼ ਅੰਦਰ ਫਿਰੇ ਸ਼ੌਦਾਈਆ । ਨਿਰਾਸ ਵੇਖ ਦਏ ਪਿਆਰ, ਰਵਦਾਸ ਸੋਹਣਾ ਲੇਖ ਲਿਖਾਈਆ । ਪੰਡਤ ਜੀ ਅੱਗੇ ਨਾ ਕਰਨਾ ਕੋਈ ਵਿਭਚਾਰ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਵੀਹ ਵੀਹ ਪਿਛਲਾ ਲਾਹ ਉਧਾਰ, ਚਾਲੀਆਂ ਲੇਖ ਚੁਕਾਈਆ । ਚਾਲੀਆਂ ਪੈਸਿਆਂ ਪਿਛੇ ਤੇਰੀ ਤਰ ਜਾਏ ਨਾਰ, ਮਾਣਸ ਜਨਮ ਲੇਖੇ ਪਾਈਆ । ਨੌ ਜਨਮ ਭੋਗਣੇ ਪਏ ਵਿਚ ਸੰਸਾਰ, ਚੌਥੇ ਕਹਾਰ ਇਸ਼ਾਰਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਪੰਜੇ ਕਹਿਣ ਸਾਨੂੰ ਮਿਲ ਗਿਆ ਲੇਖਾ, ਰਕਮ ਪਿਛਲੀ ਹੱਥ ਆਈਆ । ਅੱਗੇ ਪਏ ਨਾ ਕੋਇ ਭੁਲੇਖਾ, ਭਰਮ ਵਿਚ ਨਾ ਕੋਇ ਭੁਲਾਈਆ । ਜਿਸ ਸਾਹਿਬ ਨੇ ਅੱਗੇ ਰੱਖਿਆ ਚੇਤਾ, ਲੇਖਾ ਦਿਤਾ ਥਾਉਂ ਥਾਈਂਆ । ਕਰ ਪਿਆਰ ਕੀਤਾ ਹੇਤਾ, ਹਿਤਕਾਰੀ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਹੋਏ ਸਹਾਈਆ । ਪੰਜੇ ਕਹਿਣ ਖੋਲ੍ਹੀਏ ਅੱਖ, ਇਕ ਦੂਜੇ ਰਹੇ ਜਣਾਈਆ । ਸਾਹਿਬ ਸਤਿਗੁਰ ਦਰਸ ਪਾਈਏ ਪਰਤੱਖ, ਪਾਰਖੂ ਬੈਠਾ ਬੇਪਰਵਾਹੀਆ । ਸਾਹਿਬ ਸਤਿਗੁਰ ਸਭ ਕੁਛ ਤੇਰੇ ਹੱਥ, ਸਾਡੀ ਚਲੇ ਨਾ ਕੋਇ ਚਤਰਾਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਸਭ ਕੁਛ ਤੇਰਾ ਤੇਰੀ ਭੇਟ ਚੜ੍ਹਾਈਆ । ਤੂੰ ਪਿਤਾ ਪੁਰਖ ਸਮਰਥ, ਬਾਪੂ ਇਕੋ ਨਜ਼ਰੀ ਆਈਆ । ਜੇ ਸਾਡਾ ਲਹਿਣਾ ਦਿਤਾ ਝੱਟ, ਪੂਰਬ ਝੋਲੀ ਪਾਈਆ । ਅੱਗੇ ਸਾਡੇ ਵੀਰ ਜੋ ਪੰਜ ਸਾਨੂੰ ਰਹੇ ਛੱਡ, ਨਾਤਾ ਜਗਤ ਤੁੜਾਈਆ । ਸਾਡੇ ਪਿਛੇ ਓਨ੍ਹਾਂ ਰੱਖ, ਇਹੋ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਾਣ ਵਡਿਆਈਆ । ਪੰਜ ਕਹਿਣ ਸਾਡਾ ਜਾਮਾ ਨਾਰ, ਕੰਨਿਆ ਰੂਪ ਨਜ਼ਰੀ ਆਈਆ । ਪ੍ਰਭੂ ਭੈਣਾਂ ਦਾ ਭਾਈਆਂ ਨਾਲ ਪਿਆਰ, ਇਹ ਵੀ ਤੇਰੇ ਹੱਥ ਵਡਿਆਈਆ । ਜਿਨ੍ਹਾਂ ਦਾ ਛੁਟਣ ਵਾਲਾ ਸੰਸਾਰ, ਮੁਖ ਛੁਪਾ ਕੇ ਆਪਣਾ ਆਪ ਲੈਣ ਲੁਕਾਈਆ । ਪਿਛੋਂ ਕਿਨ੍ਹਾਂ ਕਰੀਏ ਗਿਰਿਆਜ਼ਾਰ, ਘਰ ਮਿਲਣ ਕੋਇ ਨਾ ਆਈਆ । ਕਿਸੇ ਦੀ ਮਾਂ ਬੁਢੜੀ ਰੋਵੇ ਜ਼ਾਰੋ ਜ਼ਾਰ, ਕਿਸੇ ਦੀ ਨਾਰ ਮੁਟਿਆਰ ਦਏ ਦੁਹਾਈਆ । ਕਿਸੇ ਦੇ ਬੱਚੇ ਕਰਨ ਪੁਕਾਰ, ਹੌਕੇ ਲੈ ਲੈ ਰਹੇ ਸੁਣਾਈਆ । ਕਿਸੇ ਦੀ ਗੰਢ ਨਹੀਂ ਪਈ ਸੰਸਾਰ, ਇਕ ਇਕੱਲੀ ਜਾਨ ਕੁਰਲਾਈਆ । ਸਭ ਕੁਛ ਤੇਰੇ ਹੱਥ ਮੇਰੇ ਨਿਰੰਕਾਰ, ਤੂੰ ਦਾਤਾ ਬੇਪਰਵਾਹੀਆ । ਜੇ ਬ੍ਰਾਹਮਣ ਕੋਲੋਂ ਸਾਡਾ ਪਿਛਲਾ ਦਿਤਾ ਉਧਾਰ, ਕਰਜ਼ਾ ਝੋਲੀ ਪਾਈਆ । ਖ਼ੁਸ਼ੀਆਂ ਨਾਲ ਅੱਜ ਓਨ੍ਹਾਂ ਤਾਰ, ਜਿਨ੍ਹਾਂ ਦੀ ਨਈਆ ਡੁੱਬਣ ਕਿਨਾਰੇ ਆਈਆ । ਤੇਰੇ ਬਿਨਾਂ ਦੇਵੇ ਕੌਣ ਸਹਾਰ, ਫੜ ਬਾਂਹੋਂ ਪਾਰ ਲੰਘਾਈਆ । ਪੰਜੇ ਉਠ ਕੇ ਕਰੋ ਅਰਦਾਸ, ਪ੍ਰਭੂ ਇਹੋ ਬੇਨੰਤੀ ਖ਼ਾਸ, ਸਭ ਨੂੰ ਬਖ਼ਸ਼ ਦੇ ਅੱਗੇ ਹੋਰ ਸਵਾਸ, ਸਵਾਸ ਸਵਾਸਿਆਂ ਨਾਲ ਮਿਲਾਈਆ । ਖ਼ੁਸ਼ੀ ਵਿਚ ਗ਼ਮੀ ਨਾ ਹੋਏ ਪਰਕਾਸ਼, ਪੰਚਮ ਚੇਤ ਇਹੋ ਨਿਸ਼ਾਨੀ ਨਜ਼ਰੀ ਆਈਆ । ਸਾਰੇ ਕਹੋ ਲਿਖ ਚਮਿਆਰ ਰਵਦਾਸ, ਤੇਰੀ ਕਲਮ ਛਾਹੀ ਟੁਟਿਆਂ ਗੰਢ ਵਖਾਈਆ । ਵੇਖ ਤੱਕਣ ਪ੍ਰਿਥਮੀ ਆਕਾਸ਼, ਨੇਤਰ ਲੋਚਣ ਨੈਣ ਉਠਾਈਆ । ਏਧਰੋਂ ਪਾਲ ਸਿੰਘ ਮਾਰੀ ਆਵਾਜ਼, ਹਰਿ ਸੰਗਤ ਸੁਣੋ ਅੰਤਰ ਧਿਆਨ ਲਗਾਈਆ । ਸਾਰੇ ਕਹੋ ਪ੍ਰਭੂ ਤੂੰ ਸਾਡਾ ਬਾਪ, ਬਖ਼ਸ਼ ਬੱਚੇ ਚਾਈਂ ਚਾਈਂਆ ।


੮੬੨
੧੯

ਆਓ ਤੁਹਾਨੂੰ ਵਖਾਵਾਂ ਜਿਨ੍ਹਾਂ ਦਾ ਵੱਡਾ ਪਰਤਾਪ, ਜਗਦੀਸ਼ ਮਨਜੀਤ ਉਂਗਲੀ ਲਾਈਆ । ਗੁਰਦਿਆਲ ਸਿੰਘ ਲੈ ਕੇ ਸਾਥ, ਸਵਰਨ ਸੰਗਤ ਬਣਾਈਆ । ਅਸੀਂ ਵੀ ਪੰਜੇ ਬਣ ਕੇ ਆਏ ਇਕ ਜਮਾਤ, ਪੰਜਾਂ ਮਿਲੀਏ ਚਾਈਂ ਚਾਈਆ । ਸ੍ਰੀ ਭਗਵਾਨ ਨੂੰ ਜਾਈਏ ਆਖ, ਗਲ ਪੱਲੂ ਚਰਨ ਧਿਆਨ ਲਗਾਈਆ । ਪੁਰਖ ਅਕਾਲ ਇਕ ਵਾਰ ਮਾਪਿਆਂ ਬਖ਼ਸ਼ ਜਾ ਦਾਤ, ਭਾਈ ਭਾਈਆਂ ਸੰਗ ਰਖਾਈਆ । ਤੈਨੂੰ ਕਿਹੜਾ ਆਵੇ ਘਾਟ, ਏਥੇ ਓਥੇ ਤੇਰੀ ਇਕੋ ਇਕ ਵਡਿਆਈਆ । ਰਵਦਾਸ ਕਹੇ ਮੈਂ ਵੀ ਥੋੜੀ ਜਿਹੀ ਦੱਸਾਂ ਬਾਤ, ਜੋ ਮੇਰੇ ਪ੍ਰਭੂ ਮੈਨੂੰ ਦਿਤੀ ਸਮਝਾਈਆ । ਛੇ ਚੇਤ ਦੀ ਆਵੇ ਰਾਤ, ਪੰਜੇ ਮਿਲ ਕੇ ਬੇਨੰਤੀ ਕਰੋ ਖ਼ਾਸ, ਖ਼ਾਹਸ਼ ਸਭ ਦੀ ਪੂਰ ਕਰਾਈਆ । ਅੱਗੇ ਲੇਖਾ ਲਿਖੇ ਫੇਰ ਲਲਾਟ, ਬਿਧਨਾ ਲੇਖ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੇਪਰਵਾਹੀਆ । ਪੰਜ ਕਹਿਣ ਸਾਡੇ ਨਾਲ ਤਾਰ ਪੰਜ, ਪਿਛਲੀ ਲਿਖਤ ਚੇਤੇ ਆਈਆ । ਪ੍ਰਭੂ ਸਾਡੇ ਉਤੇ ਕਾਹਦਾ ਰੰਜ, ਕਿਹੜੀ ਗੱਲੋਂ ਮੁਖ ਭਵਾਈਆ । ਜੇ ਪਿਛਲੀ ਪੂਰੀ ਕੀਤੀ ਮੰਗ, ਅੱਗੇ ਝੋਲੀ ਦੇ ਭਰਾਈਆ । ਹਰਿ ਸੰਗਤ ਖ਼ੁਸ਼ੀ ਬਣਿਆ ਰਹੇ ਸੰਗ, ਸੋਹਣਾ ਬੰਸ ਸਰਬੰਸ ਸੁਹਾਈਆ । ਜਿਸ ਸੰਗਤ ਵਿਚ ਬਹਿ ਕੇ ਬ੍ਰਾਹਮਣ ਛੱਡ ਗਿਆ ਭੇਖ ਪਖੰਡ, ਕੂੜੀ ਕਿਰਿਆ ਗਿਆ ਤਜਾਈਆ । ਦੀਨ ਦਿਆਲ ਹੋ ਕੇ ਆਪ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਧੁਰ ਦਾ ਦੇ ਕੇ ਇਕ ਅਨੰਦ, ਸਦਾ ਅਨੰਦ ਚਿਤ ਸਮਾਈਆ । ਉਹਦੇ ਪੱਲਿਉਂ ਖੋਲ੍ਹ ਕੇ ਗੰਢ, ਪੰਜਾਂ ਦਿਤੀ ਵਰਤਾਈਆ । ਕੱਠੇ ਕਰ ਕੇ ਸਾਰਿਆਂ ਪਾਈ ਠੰਡ, ਅਗਨੀ ਤਤ ਦਿਤਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਹਿਨਸ਼ਾਹ ਤੇਰੀ ਇਕ ਸ਼ਰਨਾਈਆ । ਸ਼ਹਿਨਸ਼ਾਹ ਕਹੇ ਮੰਗੋ ਮੰਗਤੇ, ਦੇਵਣਹਾਰਾ ਬੇਪਰਵਾਹੀਆ । ਇਹ ਮੌਕਾ ਤੁਹਾਨੂੰ ਮਿਲਿਆ ਸੰਗਤੇ, ਲੱਖ ਚੁਰਾਸੀ ਹੱਥ ਕਿਸੇ ਨਾ ਆਈਆ । ਗੁਰਮੁਖ ਵਿਰਲੇ ਚੋਲੀ ਰੰਗਦੇ, ਰੰਗ ਅਗੰਮੀ ਇਕ ਚੜ੍ਹਾਈਆ । ਘਰ ਠਾਂਡੇ ਦਰ ਸਾਚੇ ਲੰਘਦੇ, ਜਿਸ ਘਰ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰਵਦਾਸ ਕਹੇ ਸੁਣੋ ਸਿਖਿਆ, ਜੋ ਸਾਹਿਬ ਸਤਿਗੁਰ ਭਾਈਆ । ਪ੍ਰਭ ਦਾ ਲੇਖ ਕਦੇ ਨਾ ਮਿਟਿਆ, ਮੇਟਣਹਾਰਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਜਾਣੋ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਜਨ ਭਗਤੋ ਜਿਹੜੀ ਸਾਖਿਆਤ ਤੁਹਾਨੂੰ ਮਿਲਦੀ ਭਿਛਿਆ, ਵਿਸ਼ਨ ਬ੍ਰਹਮਾ ਸ਼ਿਵ ਅੱਗੇ ਡਾਹ ਝੋਲੀ ਨਾ ਕਿਸੇ ਭਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਸੇ ਦੀ ਕਰ ਕੇ ਗਏ ਇਛਿਆ, ਆਸ਼ਾ ਆਪਣੀ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਰਵਦਾਸ ਕਹੇ ਪ੍ਰਭੂ ਪੰਜ ਕਿਹੜੇ, ਜਿਨ੍ਹਾਂ ਵਕਤ ਨੇੜੇ ਆਈਆ । ਸ੍ਰੀ ਭਗਵਾਨ ਕਹੇ ਛੱਡ ਝੇੜੇ, ਇਹੋ ਖੇਲ ਮੇਰੀ ਵਡਿਆਈਆ । ਕਰ ਕਿਰਪਾ ਜਿਸ ਨੂੰ ਚਾੜ੍ਹਾਂ ਆਪਣੇ ਬੇੜੇ, ਦੋ ਜਹਾਨਾਂ ਪਾਰ ਕਰਾਈਆ । ਮਿਹਰ ਕਰ ਕੇ ਜੇ ਏਥੇ ਕਾਇਆ ਵਸਾਵਾਂ ਖੇੜੇ, ਖਿੜਕੀ ਕੁੰਡਾ ਅੰਦਰੋਂ ਲਾਹੀਆ । ਨਜ਼ਰੀ ਆਵਾਂ ਨੇਰਨ ਨੇਰੇ, ਦੂਰ ਦੁਰਾਡਾ ਪੰਧ ਮੁਕਾਈਆ । ਜਿਨ੍ਹਾਂ ਢੋਲੇ ਗਾਏ ਤੇਰੇ ਮੇਰੇ, ਤਿਨ੍ਹਾਂ ਨਾਲ ਮੇਰੀ ਕੁੜਮਾਈਆ । ਐਥੇ ਓਥੇ ਓਹੋ ਬਥੇਰੇ, ਜਿਨ੍ਹਾਂ ਆਪਣੀ ਗੋਦ ਬਿਠਾਈਆ । ਤਿਨ੍ਹਾਂ ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਪਰਮ ਪੁਰਖ ਨਾਲ ਲੈ ਲਏ ਫੇਰੇ, ਫੇਰੀ ਆਵਣ ਜਾਵਣ ਮੁਕਾਈਆ । ਉਹ ਖ਼ੁਸ਼ੀਆਂ ਨਾਲ ਕਹਿਣ ਅਸੀਂ ਪਰਮ ਪੁਰਖ ਦੇ ਚੇਰੇ,

੮੬੩
੧੯

ਜਿਸ ਘਰ ਗੁਰੂ ਚੇਲੇ ਦੋਵੇਂ ਨੈਣ ਤਕਾਈਆ । ਸਾਨੂੰ ਐਥੇ ਓਥੇ ਚਾਉ ਘਨੇਰੇ, ਖ਼ੁਸ਼ੀਆਂ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪਾਲ ਸਿੰਘ ਕਹੇ ਇਹ ਗੱਲਾਂ ਬਾਤਾਂ ਵਿਚ ਦਏ ਵਡਿਆਈ, ਖ਼ੁਸ਼ੀਆਂ ਨਾਲ ਉਚੇ ਰਿਹਾ ਕਰਾਈਆ । ਗੁਰਮੁਖ ਗੁਰਸਿਖ ਜਗਤ ਨਾਲੋਂ ਕਰ ਕੇ ਸ਼ੌਦਾਈ, ਆਪਣੇ ਨਾਲ ਲਏ ਮਿਲਾਈਆ । ਜਗਤ ਕਹੇ ਡਿਗੇ ਡੂੰਘੀ ਖਾਈ, ਭਗਵਨ ਕਹੇ ਸਚਖੰਡ ਦਵਾਰੇ ਦੇਵਾਂ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਾਲ ਸਿੰਘ ਕਹੇ ਪ੍ਰਭੂ ਬੜਾ ਚਾਲਾਕ, ਹੇਰਾ ਫੇਰੀ ਆਪਣੇ ਹੱਥ ਰਖਾਈਆ । ਜੁਗ ਚੌਕੜੀ ਜਿਨ੍ਹਾਂ ਬਣੌਂਦਾ ਰਿਹਾ ਸੱਜਣ ਸਾਕ, ਆਪਣਾ ਸੰਗ ਵਖਾਈਆ । ਕਲਜੁਗ ਅੰਤਮ ਉਨ੍ਹਾਂ ਗੁਰੂਆਂ ਅਵਤਾਰਾਂ ਦੇ ਕੇ ਸਰਬ ਤਲਾਕ, ਨਾਤਾ ਭਗਤਾਂ ਨਾਲ ਜੁੜਾਈਆ । ਓ ਗੁਰਸਿਖੋ ਛੋਟੀ ਜਿਹੀ ਸਿਖੋ ਜਾਚ, ਹੌਲੀ ਹੌਲੀ ਦਿਆਂ ਬਤਾਈਆ । ਸਭ ਕੁਛ ਛੱਡ ਕੇ ਚਰਨ ਕਵਲ ਬੰਧਾ ਲਓ ਨਾਤ, ਨਾਤਾ ਬਿਧਾਤਾ ਸਕੇ ਨਾ ਫੇਰ ਤੁੜਾਈਆ । ਇਕੋ ਵਾਰ ਕਹਿ ਦਿਓ ਅਸੀਂ ਤੇਰੀ ਜਾਤ, ਤੂੰ ਸਾਡਾ ਬੇਪਰਵਾਹੀਆ । ਫੇਰ ਗੁਰਮੁਖ ਕੋਈ ਨਾ ਰਹੇ ਨਾਰ ਕਮਜਾਤ, ਘਰ ਘਰ ਸੁਹਾਗਣ ਨਜ਼ਰੀ ਆਈਆ । ਸੌਹਰੇ ਪੇਈਏ ਪ੍ਰਭ ਦੇ ਕੇ ਅਗੰਮੀ ਦਾਤ, ਘਰ ਖ਼ਜ਼ਾਨਾ ਦਏ ਭਰਾਈਆ । ਰੰਗ ਵਖਾਏ ਪਹਿਲੀ ਸੁਹਾਗ ਰਾਤ, ਪਿਰ ਪਤਿਪਰਮੇਸ਼ਵਰ ਆਪਣਾ ਮੇਲ ਮਿਲਾਈਆ । ਪਾ ਗਲਵਕੜੀ ਕਰੇ ਅਗੰਮੀ ਬਾਤ, ਸ਼ਬਦੀ ਨਾਦ ਧੁਨ ਸ਼ਨਵਾਈਆ । ਸੇਜੇ ਚੜ੍ਹ ਕੇ ਜਾਏ ਆਖ, ਬਿਨ ਅੱਖਰਾਂ ਲੇਖ ਵਖਾਈਆ । ਉਠ ਸਵਾਣੀ ਮਾਰ ਝਾਕ, ਝਾਕੀ ਝਲਕ ਇਕ ਦਰਸਾਈਆ । ਘਰ ਬੈਠਾ ਕਮਲਾਪਾਤ, ਹਰਿ ਕੰਤ ਬੇਪਰਵਾਹੀਆ । ਜਿਨ ਪੰਜਾਂ

੮੬੪ ਕੀਤਾ ਪਾਕ, ਪੰਜਾਂ ਪਤਤ ਰੂਪ ਬਣਾਈਆ । ਜਿਸ ਪੰਜਾਂ ਦਿਤੀ ਦਾਤ, ਬ੍ਰਾਹਮਣ ਲੇਖਾ ਦਿਤਾ ਮੁਕਾਈਆ । ਅੱਗੇ ਪੰਜਾਂ ਬਖ਼ਸ਼ੇ ਫੇਰ ਨਜਾਤ, ੮੬੪

੧੯ ਮਰਨ ਤੋਂ ਪਹਿਲੋਂ ਲਏ ਤਰਾਈਆ । ਇਹੋ ਜਿਹੀ ਅੱਗੇ ਕਿਸੇ ਨਹੀਂ ਦਿਤੀ ਦਾਤ, ਦਇਆਵਾਨ ਹੋ ਕੇ ਦਇਆ ਨਾ ਕਿਸੇ ਕਮਾਈਆ । ਇਹ ੧੯

ਸਭ ਕੁਛ ਜਨ ਭਗਤਾਂ ਪਿਛੇ ਕਰੇ ਪੁਰਖ ਸਮਰਾਥ, ਸਮਰਥ ਬੇਪਰਵਾਹੀਆ । ਓਧਰ ਖ਼ੁਸ਼ੀਆਂ ਨਾਲ ਰਵਦਾਸ ਦੇ ਚਲਣ ਹੱਥ, ਗੁਰਮੁਖ ਕਲਮ ਨੱਚੇ ਚਾਈਂ ਚਾਈਂਆ । ਛਾਹੀ ਕਹੇ ਮੈਂ ਉਨ੍ਹਾਂ ਦੇ ਗਾਵਾਂ ਜਸ, ਜਿਨ੍ਹਾਂ ਘਰ ਬੈਠਾ ਬੇਪਰਵਾਹੀਆ । ਬੇਪਰਵਾਹ ਨੂੰ ਵੇਖ ਕੇ ਮੇਰੀ ਖੁਲ੍ਹ ਗਈ ਅੱਖ, ਨੇਤਰਾਂ ਲਈ ਅੰਗੜਾਈਆ । ਜਾਂ ਤੱਕਿਆ ਹਰਿ ਸੰਗਤ ਵਿਚ ਪਰਗਟ, ਜੋਤੀ ਨੂਰ ਇਲਾਹੀਆ । ਗੁਰਮੁਖ ਗੁਰਸਿਖ ਸਾਰੇ ਬਿਨ ਢਾਹਿਉਂ ਗਏ ਢੱਠ, ਮਾਣ ਅਭਿਮਾਨ ਮਿਟਾਈਆ । ਅੰਦਰ ਵੜ ਕੇ ਵੇਖਿਆ ਪ੍ਰਭੂ ਦਾ ਖੁਲ੍ਹਾ ਸੋਹਣਾ ਹੱਟ, ਭੰਡਾਰਾ ਨਾਮ ਅਤੋਟ ਅਤੁਟ ਵਰਤਾਈਆ । ਅੰਮ੍ਰਿਤ ਸੋਹਣਾ ਰਿਹਾ ਝੱਟ, ਛਹਿਬਰ ਇਕੋ ਇਕ ਲਗਾਈਆ । ਗੁਰਸਿਖ ਸਾਰੇ ਹੋਏ ਬੇਵਸ, ਆਪਣਾ ਆਪ ਬੈਠੇ ਭੁਲਾਈਆ । ਪ੍ਰਭੂ ਕਹੇ ਮੈਂ ਵੀ ਏਨ੍ਹਾਂ ਅੰਦਰ ਗਿਆ ਵਸ, ਨਾਤਾ ਤੋੜ ਜਗਤ ਲੋਕਾਈਆ । ਦੋਹਾਂ ਨੇ ਧੁਰ ਦਾ ਲਾਹਾ ਲਿਆ ਖੱਟ, ਘਰ ਸਾਚੇ ਵੱਜੀ ਵਧਾਈਆ । ਆਓ ਰਲ ਮਿਲ ਸਾਰੇ ਖ਼ੁਸ਼ੀਆਂ ਵਿਚ ਲਈਏ ਹੱਸ, ਹੱਸਦਿਆਂ ਖੇਲੰਦਿਆਂ ਲੇਖਾ ਰਿਹਾ ਮੁਕਾਈਆ । ਬ੍ਰਾਹਮਣ ਨਾਵੇਂ ਜਨਮ ਬਦਲ ਗਿਆ ਜੱਟ, ਤਾਰਾ ਸਿੰਘ ਤਾਰਾ ਪ੍ਰਭ ਦੀ ਛਾਤੀ ਉਤੇ ਸੋਹਣੀ ਚਮਕ ਵਖਾਈਆ । ਰਵਦਾਸ ਚੁਮਾਰਾ ਬਣਿਆ ਸਾਥ, ਸੰਗੀ ਇਕੋ ਨਜ਼ਰੀ ਆਈਆ । ਚਾਰ ਕਹਾਰਾਂ ਖੁਲ੍ਹ ਗਈ ਅੱਖ, ਪਿਛਲਾ ਲਹਿਣਾ ਝੋਲੀ ਪਾਈਆ । ਪੰਜਵਾਂ ਯਾਰ ਮਿਲਿਆ ਝੱਟ, ਪਾਂਧੀ ਆਪਣਾ ਪੰਧ ਗਵਾਈਆ । ਘੁਮਿਆਰ ਫੋਲਣ ਵਾਲਾ

ਛੱਟ, ਤਮਾਕੂ ਗੰਢ ਭੇਟ ਚੜ੍ਹਾਈਆ । ਉਸ ਦੀ ਲਾਜ ਲਈ ਰੱਖ, ਪਿਉ ਪੁੱਤ ਭਾਈ ਭਾਈ ਰੂਪ ਵਟਾਈਆ । ਪੰਜਾਂ ਨਾਲ ਪਰਮੇਸ਼ਵਰ ਮਿਲਾ ਕੇ ਹੱਥ, ਮਰਿਆਂ ਜੀਂਦਿਆਂ ਸਾਰਿਆਂ ਰਿਹਾ ਤਰਾਈਆ । ਦੂਜਾ ਨਾਨਕ ਦੇ ਗਿਆ ਹੱਕ, ਲਾਲੋ ਹੱਥ ਫੜਾਈਆ । ਲਾਲੋ ਖੋਲ੍ਹ ਕੇ ਅੱਖ, ਨਿਜ ਨੇਤਰ ਦਰਸ਼ਨ ਕਰ ਬਿਗਸਾਈਆ । ਪੁਰਖ ਅਬਿਨਾਸ਼ੀ ਸਾਹਿਬ ਸਦਾ ਸਮਰਥ, ਦਾਤਾ ਦਾਤਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਲੇਖਾ ਲੇਖੇ ਵਿਚ ਰਖਾਈਆ । ਤਾਰਾ ਸਿੰਘ ਕਹੇ ਜੱਟ ਬ੍ਰਾਹਮਣ ਕਿਹੜੀ ਜਾਤ, ਮੇਰੀ ਸਮਝ ਵਿਚ ਨਾ ਆਈਆ । ਅਬਿਨਾਸ਼ੀ ਕਰਤਾ ਕਹੇ ਦੋਵੇਂ ਮੇਰਾ ਰੂਪ ਖ਼ਾਸ, ਖ਼ਾਹਸ਼ ਆਪਣੀ ਨਾਲ ਪਰਗਟਾਈਆ । ਜੋ ਚਰਨ ਕਵਲ ਹੋ ਜਾਏ ਦਾਸ, ਤਿਸ ਆਪਣਾ ਦਸਤ ਮਿਲਾਈਆ । ਸਦਾ ਸੁਹੇਲਾ ਹੋ ਕੇ ਵਸਾਂ ਪਾਸ, ਗੁਰ ਚੇਲਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬ੍ਰਾਹਮਣ ਜੱਟ ਨਾ ਹੋਣਾ ਹੋਛਾ, ਅੱਛੀ ਤਰ੍ਹਾ ਜਣਾਈਆ । ਨੌ ਜਨਮ ਦਾ ਮਿਟਿਆ ਰੋਸਾ, ਰੁਖ਼ਸਤ ਦਿਤੀ ਬੇਪਰਵਾਹੀਆ । ਪੰਜਾਂ ਸੋਹਣਾ ਜੁੜਿਆ ਮੌਕਾ, ਹਰਿ ਸੰਗਤ ਮੇਲਾ ਸਹਿਜ ਸੁਭਾਈਆ । ਅੱਗੇ ਬ੍ਰਾਹਮਣਾਂ ਲਈ ਕਦੇ ਕੋਈ ਸਾਫ਼ ਨਾ ਕਰੇ ਚੌਂਕਾ, ਪਰੋਹਤ ਘਰ ਨਾ ਕੋਇ ਬਿਠਾਈਆ । ਕਿਸੇ ਪੀਰ ਚੜ੍ਹੌਣਾ ਨਹੀਂ ਪਰੌਂਠਾ, ਸੇਵੀਆਂ ਥਾਲ ਨਾ ਕੋਇ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਾਰ ਕਰਾਏ ਲੋਕ ਪਰਲੋਕਾ, ਦੋ ਜਹਾਨਾਂ ਪੰਧ ਮੁਕਾਈਆ । ਪੰਜ ਕਹਿਣ ਦੋਏ ਜੋੜ ਹੱਥ, ਪੁਰਖ ਅਕਾਲ ਤੇਰੀ ਸਰਨਾਈਆ । ਅਸੀਂ ਨਾਰੀ ਰੂਪ ਪੈਣਾ ਬੇਗਾਨੇ ਵਸ, ਲਜ ਪਤ ਤੇਰੇ ਹੱਥ ਰਖਾਈਆ । ਵੇਖੀਂ ਚਰਨਾਂ ਨਾਲੋਂ ਕਰੀਂ ਨਾ ਅੱਡ, ਹਰਿ ਸੰਗਤ ਨਾ ਹੋਏ ਜੁਦਾਈਆ । ਬਿਨ ਸਤਿਗੁਰ ਪਿਆਰ ਖ਼ਾਲੀ ਦਿਸਣ ਹੱਡ, ਕਾਇਆ ਮਾਟੀ ਕੰਮ ਕਿਸੇ ਨਾ ਆਈਆ । ਪਿਤਾ ਪੁਰਖ ਰੱਖਣੀ ਪੱਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਤਿ ਸੰਤੋਖ ਧੀਰਜ ਦੇਣਾ ਜਤ, ਸ੍ਰਿਸ਼ਟ ਸਬਾਈ ਨੇਤਰ ਅੱਖ ਤੱਕੇ ਭਾਈ ਭਾਈਆ । ਇਹ ਸਭ ਕੁਛ ਤੇਰੇ ਵਸ, ਡੋਰੀ ਤੇਰੇ ਹੱਥ ਫੜਾਈਆ । ਆਪਣੇ ਮਿਲਣ ਦੀ ਖੋਲ੍ਹੀ ਰੱਖੀਂ ਅੱਖ, ਅੱਖ ਖੁਲ੍ਹਿਆਂ ਹੋਵੇ ਨਾ ਕਦੇ ਜੁਦਾਈਆ । ਸਾਡੀ ਝੋਲੀ ਪੌਣਾ ਸਾਡਾ ਹੱਕ, ਦੂਜੀ ਲੋੜ ਰਹੇ ਨਾ ਰਾਈਆ । ਸ੍ਰੀ ਭਗਵਾਨ ਕਿਰਪਾ ਨਿਧਾਨ ਪੁਰਖ ਸਮਰਥ ਰੱਖੇ ਸਿਰ ਦੇ ਕਰ ਹੱਥ, ਸਦਾ ਸਦਾ ਸਦ ਸੰਗ ਨਿਭਾਈਆ । ਬੱਚਿਓ ਸਦਾ ਗੌਣਾ ਇਕੋ ਜਸ, ਗਹਿਰ ਗੰਭੀਰ ਗੁਣ ਬੇਪਰਵਾਹੀਆ । ਤੁਹਾਡੀ ਕਦੀ ਨਾ ਬਦਲੇ ਮਤ, ਬੁਧ ਬਿਬੇਕੀ ਰੂਪ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਅੰਦਰ ਬਾਹਰ ਤੇਰਾ ਸਦਾ ਦੇਵੇ ਸਾਥ, ਵਿਛੋੜਾ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਆਪਣੇ ਸੰਗ ਵਖਾਈਆ ।

★ ੬ ਚੇਤ ੨੦੨੧ ਬਿਕ੍ਰਮੀ ਆਸਾ ਸਿੰਘ, ਬਲਾਕਾ ਸਿੰਘ, ਹਜ਼ਾਰਾ ਸਿੰਘ, ਪਿਆਰਾ ਸਿੰਘ ਦੇ ਗ੍ਰਿਹ ਬਾਬੂਪੁਰਾ ਜ਼ਿਲਾ ਗੁਰਦਾਸਪੁਰ ★

ਸੂਫ਼ੀ ਕਹਿਣ ਅਸਾਂ ਸੰਦੇਸ ਪੜ੍ਹਿਆ, ਉਪਰੋਂ ਨੀਚੇ ਧਿਆਨ ਲਗਾਈਆ । ਨੌ ਜਨਮ ਦਾ ਬ੍ਰਾਹਮਣ ਫੜਿਆ, ਪ੍ਰਭ ਬੇੜਾ ਪਾਰ ਕਰਾਈਆ । ਮਨਸੂਰ ਕਹੇ ਮੈਂ ਤੇਰੇ ਪਿਆਰ ਅੰਦਰ ਸੂਲੀ ਚੜ੍ਹਿਆ, ਐਨਲਹਕ ਹੱਕ ਨਾਅਰਾ ਲਾਈਆ । ਮੇਰੀ ਵਾਰੀ ਕਿਥੇ ਵੜਿਆ, ਸਨਮੁਖ ਨਜ਼ਰ ਕੋਇ

ਨਾ ਆਈਆ । ਅੰਦਰੇ ਅੰਦਰ ਹੂ ਹੂ ਕਰਿਆ, ਕਾਇਆ ਤੂੰਬਾ ਤਨ ਰਬਾਬ ਵਜਾਈਆ । ਤੇਰੇ ਵੈਰਾਗ ਵਿਛੋੜੇ ਅੰਦਰ ਮਰਿਆ, ਤਨ ਖ਼ਾਕੀ ਖ਼ਾਕ ਮਿਲਾਈਆ । ਪਰਵਰਦਗਾਰ ਤੂੰ ਤਰਸ ਜ਼ਰਾ ਨਾ ਕਰਿਆ, ਬੇਤਰਸ ਕੀ ਤੇਰੀ ਚਤਰਾਈਆ । ਅਰਸ਼ ਫ਼ਰਸ਼ ਦੋਵੇਂ ਰੋਣ ਜ਼ਾਰੋ ਜ਼ਰਿਆ, ਨੇਤਰ ਹੰਝੂਆਂ ਹਾਰ ਬਣਾਈਆ । ਤੂੰ ਸਚ ਸਿੰਘਾਸਣ ਗੋਡੇ ਉਤੇ ਚਰਨ ਧਰਿਆ, ਬੈਠਾ ਰਿਹੋਂ ਬੇਪਰਵਾਹੀਆ । ਮੈਂ ਕਲਮਾ ਤੇਰਾ ਪੜ੍ਹਿਆ, ਤੇਰੀ ਕਲਾਮ ਕੰਮ ਕਿਸੇ ਨਾ ਆਈਆ । ਮੈਂ ਰਾਤੀ ਤੱਕਦਾ ਰਿਹਾ ਤੂੰ ਕਿਥੇ ਖੜਿਆ, ਕਵਣ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੱਸ ਇਕ ਗੱਲ, ਗੱਲਾਂ ਵਿਚੋਂ ਇਕੋ ਮੰਗ ਮੰਗਾਈਆ । ਹੱਸ ਕੇ ਕਹੇ ਖ਼ੁਸ਼ੀਆਂ ਗੀਤ ਮਨਸੂਰ, ਮਸਲਾ ਤੇਰਾ ਬੇਪਰਵਾਹੀਆ । ਮੇਰਾ ਦੱਸ ਕੀ ਕਸੂਰ, ਕਿਸ ਪਿਛੇ ਸੂਲੀ ਦਿਤਾ ਚੜ੍ਹਾਈਆ । ਕੀ ਮੈਥੋਂ ਹੋਇਉਂ ਮਜਬੂਰ, ਕੀ ਤੇਰਾ ਨਾਮ ਧਿਆਈਆ । ਮੈਂ ਮੂਰਖ ਮੁਗਧ ਮੂੜ੍ਹ, ਤੇਰਾ ਸੰਗ ਬਣ ਸੰਗੀ ਨਾ ਕੋਇ ਰਖਾਈਆ । ਇਕੋ ਤਲਬ ਤੇਰੀ ਮੰਗੀ ਧੂੜ, ਚਰਨ ਸਚ ਸਰਨਾਈਆ । ਇਕੋ ਅਲਫ਼ ਮੈਨੂੰ ਹੋਈ ਮੰਜ਼ੂਰ, ਜਿਹੜੀ ਲਿਖੀ ਬਿਨ ਕਲਮ ਸ਼ਾਹੀਆ । ਉਹ ਮੰਜ਼ਲ ਵੇਖੀ ਜ਼ਰੂਰ, ਜਿਸ ਘਰ ਬਹਿ ਕੇ ਡੇਰਾ ਲਾਈਆ । ਤੇਰਾ ਭੰਡਾਰਾ ਬੇਅੰਤ ਭਰਪੂਰ, ਅਤੋਟ ਅਤੁਟ ਅਖਵਾਈਆ । ਆਪਣੀ ਰਜ਼ਾ ਵਿਚ ਬਣੇਂ ਮਜ਼ਦੂਰ, ਸਾਡੀ ਰਜ਼ਾ ਵਿਚ ਹਾਜ਼ਰ ਹਜ਼ੂਰ ਮੁਖ ਸ਼ਰਮਾਈਆ । ਤੇਰਾ ਅਜਬ ਨਿਰਾਲਾ ਦਸਤੂਰ, ਤੇਰਾ ਖੇਲ ਬੇਸਮਝ ਦਏ ਬਣਾਈਆ । ਵੱਡੀ ਖ਼ੁਸ਼ੀ ਤੇਰੇ ਪਿਛੇ ਮਰ ਕੇ ਮਰਨ ਹੋਇਆ ਮਸ਼ਹੂਰ, ਮਸ਼ਵਰਾ ਦੇਣ ਵਾਲਾ ਨੇੜੇ ਕੋਇ ਨਾ ਆਈਆ । ਪਤਾ ਨਹੀਂ ਕੀ ਅੰਦਰੋਂ ਵੱਜਿਆ ਤੰਬੂਰ, ਤੋਬਾ ਤੋਬਾ ਦਿਤੀ ਕਰਾਈਆ । ਮੇਰਾ ਨਾਤਾ ਟੁੱਟ ਗਿਆ ਕੂੜ, ਖਹਿੜਾ ਛੁਟਿਆ ਜਗਤ ਲੋਕਾਈਆ । ਮੈਂ ਤੈਨੂੰ ਲੱਭਦਾ ਫਿਰਿਆ ਜਿਹੜਾ ਬਨਿਆ ਰਿਹਾ ਮਫ਼ਰੂਰ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕੀ ਖੇਲ ਰਚਾਈਆ । ਮਨਸੂਰ ਕਹੇ ਮੈਂ ਵੇਖੀ ਤੇਰੀ ਹਾਲਤ, ਹਾਲਾਂਕਿ ਵੇਖਣ ਵਾਲਾ ਨਜ਼ਰ ਕੋਇ ਨਾ ਆਈਆ । ਬੇਪਰਵਾਹ ਹੋ ਕੇ ਕਰੇਂ ਅਦਾਲਤ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਬਿਨ ਵੁਕਲਾ ਕਰੇਂ ਵਕਾਲਤ, ਬਿਨ ਸ਼ਹਾਦਤੋਂ ਸ਼ਹਾਦਤ ਦਏਂ ਭੁਗਤਾਈਆ । ਮੈਂ ਹੋਇਆ ਹੈਰਾਨ ਪਿਛਲੇ ਜਨਮ ਰਵਦਾਸ ਨੇ ਜਿਨ੍ਹਾਂ ਦੀ ਦਿਤੀ ਜ਼ਮਾਨਤ, ਸਾਫ਼ ਦਿਤੇ ਛੁਡਾਈਆ । ਨਾਲੇ ਲੇਖਾ ਦਿਵਾਇਆ ਜੋ ਸਾਂਭ ਕੇ ਰੱਖੀ ਅਮਾਨਤ, ਖਿਆਨਤ ਵਿਚ ਨਾ ਕੋਇ ਕਰਾਈਆ । ਸੰਗ ਲਿਖ ਕੇ ਅਗੰਮੀ ਇਬਾਰਤ, ਸੋਹਣਾ ਲੇਖ ਦਿਤਾ ਬਣਾਈਆ । ਹੋਰ ਕੁਛ ਵੇਖਿਆ ਮੇਰੇ ਪਰਵਰਦਿਗਾਰ ਸਾਂਝੇ ਯਾਰ ਆਪਣਾ ਕਰੇ ਤੁਆਰਫ਼, ਬਿਨ ਸਫ਼ਾਰਸ਼ ਮੇਲ ਮਿਲਾਈਆ । ਮਨਸੂਰ ਕਹੇ ਮੈਂ ਏਨ੍ਹਾਂ ਦੇਣ ਆਇਆ ਮੁਬਾਰਕ, ਆਦਾਬ ਕਰ ਸੀਸ ਨਿਵਾਈਆ । ਆਓ ਵੇਖੋ ਕਰੋ ਜਿਆਰਤ, ਜ਼ਰਾ ਜ਼ਰਾ ਜ਼ਰਾ ਵਿਚੋਂ ਓਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਮਨਸੂਰ ਕਹੇ ਮੈਂ ਪੜ੍ਹਿਆ ਰੁੱਕਾ, ਬਿਨ ਅੱਖਰਾਂ ਨਜ਼ਰੀ ਆਈਆ । ਮੇਰਾ ਓਥੇ ਪੈਂਡਾ ਮੁੱਕਾ, ਅਗਲੀ ਪਿਛਲੀ ਸੁਧ ਰਹੀ ਨਾ ਰਾਈਆ । ਜਿਸ ਨੇ ਸਚ ਦਵਾਰੇ ਪਾਰ ਉਤਾਰੇ ਜੋ ਪੀਂਦੇ ਰਹੇ ਹੁੱਕਾ, ਹੁਕਮ ਨਾਲ ਲੇਖੇ ਲਾਈਆ । ਜਾਂ ਵੇਖਿਆ ਮੇਰੇ ਨਾਲੋਂ ਉਜਲ ਉਹ ਦਾ ਮੁਖਾ, ਜਿਨ੍ਹਾਂ ਗੁਰਮੁਖਾਂ ਆਪਣੀ ਗੋਦ ਬਹਾਈਆ । ਮੈਂ ਰਾਤ ਸਾਰੀ ਹੌਲੀ ਹੌਲੀ ਲੈਂਦਾ ਰਿਹਾ ਪੁਛਾਂ, ਹਾਲ ਦੱਸੋ ਮੇਰੇ ਮਾਹੀਆ । ਸਾਰੇ ਕਹਿੰਦੇ ਰਹੇ ਉਹ ਜਨ ਭਗਤਾਂ ਅੰਦਰ ਸੁੱਤਾ, ਛੱਡੀ ਸਰਬ ਲੋਕਾਈਆ । ਖ਼ੁਸ਼ੀ ਮਾਣੇ

ਟੁੱਕਰ ਖਾ ਕੇ ਰੁੱਖਾ, ਰੁੱਖੇ ਟੁੱਕਰ ਵਿਚੋਂ ਰੁਖ਼ਸਾਰੇ ਲਾਲ ਰੂਪ ਵਟਾਈਆ । ਫੇਰ ਵੀ ਕਹੇ ਓਨ੍ਹਾਂ ਆਓ ਮੇਰੇ ਪੁੱਤਾ, ਪਿਤਾ ਹੋ ਕੇ ਗੋਦ ਉਠਾਈਆ । ਜਿਹੜਾ ਬ੍ਰਾਹਮਣ ਨੌ ਜਨਮ ਰਿਹਾ ਰੁੱਸਾ, ਆਪਣਾ ਮੁਖ ਵਖਾਈਆ । ਫੇਰ ਵੀ ਉਹਦੇ ਉਤੇ ਨਹੀਂ ਕੀਤਾ ਗ਼ੁੱਸਾ, ਫੜ ਬਾਂਹੋਂ ਗ਼ਫ਼ਲਤ ਦਿਤੀ ਗਵਾਈਆ । ਸੁਣ ਕੇ ਬਚਨ ਵੇਖਣ ਲੱਗੇ ਈਸਾ ਮੂਸਾ, ਕਵਣ ਮੁਸ਼ਕਲ ਢੋਲੇ ਰਿਹਾ ਗਾਈਆ । ਮਨਸੂਰ ਕਿਹਾ ਨਹੀਂ ਕੋਈ ਉਹਲਾ ਲੁਕਾ, ਲੋਕਮਾਤ ਇਸ਼ਾਰੇ ਨਾਲ ਸਮਝਾਈਆ । ਵੇਖੋ ਕੀ ਕਰੇ ਖੇਲ ਅਬਿਨਾਸ਼ੀ ਅਚੁੱਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਮਿਹਰਵਾਨ ਹੋ ਕੇ ਮੁਹੱਬਤ ਅੰਦਰ ਤੁੱਠਾ, ਮਹਿਬੂਬ ਬੇਪਰਵਾਹੀਆ । ਸੁਣ ਸੰਦੇਸ ਸਾਰੇ ਹੋਏ ਚੁੱਪਾ, ਨੇਤਰ ਨੈਣਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਮਨਸੂਰ ਕਹੇ ਮੈਂ ਵੇਖੀ ਮਨਸਾ, ਮਾਣਸਾਂ ਵਿਚੋਂ ਭਗਤਾਂ ਅੰਦਰ ਦਿਤੀ ਬਣਾਈਆ । ਕਾਗੋਂ ਰੂਪ ਬਣਾ ਕੇ ਹੰਸਾ, ਹਸਤੀ ਵਿਚੋਂ ਹਸਤੀ ਦਿਤੀ ਉਲਟਾਈਆ । ਬੰਸ ਸੁਹਾ ਸੋਹਣਾ ਸਰਬੰਸਾ, ਸੱਚਾ ਸੰਗ ਵਖਾਈਆ । ਲੇਖਾ ਚੁਕਾ ਬਹਿਸ਼ਤ ਜੱਨਤਾ, ਸਵਰਗਾਂ ਡੇਰਾ ਢਾਹੀਆ । ਅੰਤਰ ਫੇਰ ਮਨ ਕਾ ਮਣਕਾ, ਮਮਤਾ ਮੋਹ ਗਵਾਈਆ । ਲੇਖਾ ਜਾਣ ਪੰਜ ਤਨ ਕਾ, ਤਤਵ ਤਤ ਸਮਝਾਈਆ । ਲਹਿਣਾ ਦੇਣਾ ਚੁਕਾਏ ਪਿਛਲੇ ਰਵਦਾਸ ਅੰਨ ਕਾ, ਅਨਕ ਕਲ ਆਪਣਾ ਖੇਲ ਵਖਾਈਆ । ਪਾਰ ਕਰਾਇਆ ਬ੍ਰਾਹਮਣ ਪੰਡਤਾ, ਸਿਰ ਆਪਣਾ ਹੱਥ ਰਖਾਈਆ । ਅੱਗੇ ਕਿਸੇ ਦਰ ਨਾ ਹੋਵੇ ਮੰਗਤਾ, ਭੰਡਾਰਾ ਆਪਣਾ ਨਾਮ ਭਰਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤਾ, ਹੰ ਬ੍ਰਹਮ ਰੂਪ ਦਰਸਾਈਆ । ਲੇਖੇ ਲਾਇਆ ਭੁੱਖਾ ਨੰਗਤਾ, ਦਰਦੀਆਂ ਦਰਦ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਵੇਖਿਆ ਤੱਕਿਆ ਗ਼ਰੀਬਾਂ ਦਰ ਔਣੋਂ ਕਦੇ ਨਾ ਸੰਗਦਾ, ਸੰਗਲ ਸ਼ਰਅ ਜ਼ੰਜੀਰ ਨਾ ਕੋਇ ਰਖਾਈਆ । ਬਿਨ ਲਲਾਰੀਓਂ ਸਭ ਦੇ ਚੋਲੇ ਰੰਗਦਾ, ਰੰਗ ਰਤੜਾ ਸੱਚਾ ਸ਼ਹਿਨਸ਼ਾਹੀਆ । ਚਰਨ ਧੂੜ ਕਰਾਵੇ ਗੰਗ ਦਾ, ਗੰਗਾ ਨੇਤਰ ਨੈਣਾਂ ਨੀਰ ਵਹਾਈਆ । ਵੇਖਿਆ ਖੇਲ ਅਜਬ ਨਿਰਾਲੇ ਢੰਗ ਦਾ, ਚਾਰ ਜੁਗ ਵਿਚ ਮਿਸਲ ਮਿਸਾਲ ਨਾ ਕੋਇ ਵਖਾਈਆ । ਲਹਿਣਾ ਦੇਣਾ ਦੇਵੇ ਜੋ ਗੁਰਮੁਖ ਮੂੰਹੋਂ ਮੰਗਦਾ, ਅਨਮੰਗੀ ਦੌਲਤ ਵਾਧੂ ਝੋਲੀ ਪਾਈਆ । ਲੇਖਾ ਚੁਕਾਏ ਲੱਖ ਚੁਰਾਸੀ ਮੇਲ ਵਰਭੰਡ ਦਾ, ਜੇਰਜ ਅੰਡ ਪੰਧ ਮੁਕਾਈਆ । ਪਰਕਾਸ਼ ਕਰਾਏ ਆਪਣੇ ਨੂਰੀ ਚੰਦ ਦਾ, ਸੂਰਜ ਚੰਦ ਦੋਵੇਂ ਮੁਖ ਸ਼ਰਮਾਈਆ । ਅੰਮ੍ਰਿਤ ਰਸ ਦੇਵੇ ਅਗੰਮੀ ਅਨੰਦ ਦਾ, ਅਨੰਦ ਆਪਣੇ ਵਿਚੋਂ ਪਰਗਟਾਈਆ । ਮੈਂ ਸੀਤਲ ਫੁਹਾਰਾ ਵੇਖਿਆ ਧੁਰ ਦੀ ਠੰਡ ਦਾ, ਗੁਰਮੁਖਾਂ ਸਾਂਤਕ ਸਤਿ ਰਿਹਾ ਕਰਾਈਆ । ਨਾਲ ਰਵਦਾਸ ਚੁਮਾਰਾ ਉਹਦਿਆਂ ਟੁਟਿਆਂ ਦੀ ਟੁੱਟੀ ਗੰਢਦਾ, ਗੰਢ ਇਕੋ ਵੇਰ ਪਾਈਆ । ਬਟਵਾਰਾ ਜਿਸ ਦੇ ਨਾਲ ਪ੍ਰੀਤੀ ਅੰਦਰ ਹੰਡ ਦਾ, ਸਾਚੀ ਡੋਰੀ ਤੰਦ ਜੁੜਾਈਆ । ਸਾਹਿਬ ਸਤਿਗੁਰ ਸ੍ਰੀ ਭਗਵਾਨ ਕਰੇ ਖੇਲ ਨੰਦ ਚੰਦ ਦਾ, ਚੰਦ ਗੁਜਰੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ । ਮਨਸੂਰ ਕਹੇ ਹੱਲ ਹੁੰਦੀ ਵੇਖੀ ਮੁਸ਼ਕਲ, ਪਰਵਰਦਿਗਾਰ ਦਇਆ ਕਮਾਈਆ । ਮੁਰੀਦਾਂ ਮੁਰਸ਼ਦ ਕਰੇ ਖ਼ੁਸ਼ਦਿਲ, ਖ਼ੁਸ਼ੀਆਂ ਰੰਗ ਚੜ੍ਹਾਈਆ । ਅਜ਼ੀਜ਼ ਪਿਆਰਾ ਹੋਇਆ ਹਰ ਦਿਲ, ਅਜ਼ਮਤ ਆਪਣੀ ਨਾਲ ਮਿਲਾਈਆ । ਜੁਗ ਚੌਕੜੀ ਵਕਤ ਲੰਘਾਇਆ ਗਿਣ ਗਿਣ, ਘੜੀ ਪਲ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਨਸੂਰ ਕਹੇ ਮੋਹੇ ਆਈ ਹੈਰਾਨੀ, ਹੈਬਤ ਮੇਰੇ ਉਤੇ ਛਾਈਆ । ਪ੍ਰਭੂ ਦੀ ਵੇਖ ਅਗੰਮੀ ਨਿਸ਼ਾਨੀ, ਨਿਸ਼ਾਨੇ

ਸਾਰੇ ਬੈਠੇ ਮੁਖ ਭਵਾਈਆ । ਰੋਂਦੀ ਵੇਖੀ ਆਦਿ ਸ਼ਕਤ ਭਵਾਨੀ, ਭਾਵਨਾ ਸੰਗ ਨਾ ਕੋਇ ਰਖਾਈਆ । ਚਤਰਭੁਜ ਕਹੇ ਮੋਹੇ ਆਈ ਹਾਨੀ, ਹੌਕੇ ਲੈ ਲੈ ਰਿਹਾ ਸੁਣਾਈਆ । ਅੱਲਾ ਕਹੇ ਮੈਂ ਬਾਲੀ ਅਵਾਣੀ, ਸੋਚ ਸਮਝ ਜ਼ਰਾ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਹੁਕਮੇ ਅੰਦਰ ਲਿਖ ਕੇ ਗਏ ਬਾਣੀ, ਸਿਫ਼ਤ ਸਾਲਾਹੀ ਰਾਗ ਸੁਣਾਈਆ । ਵਿਸ਼ਨੂੰ ਕਹੇ ਮੈਂ ਸੇਵਕ ਦਰ ਦਰ ਘਰ ਘਰ ਦੇਵਣਹਾਰਾ ਅੰਨ ਪਾਣੀ, ਚਾਕਰ ਰੂਪ ਅਖਵਾਈਆ । ਬ੍ਰਹਮਾ ਕਹੇ ਮੇਰੀ ਸੇਵਾ ਲੱਗੀ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਘਾੜਤ ਦਿਤਾ ਘੜਾਈਆ । ਸ਼ੰਕਰ ਕਹੇ ਮੈਂ ਸਭ ਦਾ ਲੇਖਾ ਕਰਾਂ ਫਾਨੀ, ਫ਼ੈਸਲਾ ਤਤਵ ਤਤ ਮੁਕਾਈਆ । ਭਗਤ ਕਹਿਣ ਅਸੀਂ ਮੰਗਦੇ ਰਹੇ ਚਰਨ ਧਿਆਨੀ, ਧਿਆਨ ਧਿਆਨ ਵਿਚੋਂ ਪਰਗਟਾਈਆ । ਸੂਫ਼ੀ ਕਹਿਣ ਅਸੀਂ ਕਰ ਗਏ ਆਪਣਾ ਆਪ ਕੁਰਬਾਨੀ, ਭੇਟਾ ਪਰਵਰਦਿਗਾਰ ਚੜ੍ਹਾਈਆ । ਪਰ ਐਹੋ ਜਿਹਾ ਮਹਿਬੂਬ ਨਹੀਂ ਮਿਲਿਆ ਜੋ ਘਰ ਆ ਕੇ ਖਾਏ ਮਹਿਮਾਨੀ, ਮਹਿਮਾ ਭਗਤਾਂ ਦਏ ਸੁਣਾਈਆ । ਨਾਲੇ ਦੇਵੇ ਪਦ ਨਿਰਬਾਣੀ, ਫੜ ਬਾਂਹੋਂ ਗਲੇ ਲਗਾਈਆ । ਦੋ ਜਹਾਨ ਏਥੇ ਓਥੇ ਅੱਗੇ ਪਿਛੇ ਨਾ ਆਵੇ ਹਾਨੀ, ਸਿਰ ਆਪਣਾ ਹੱਥ ਟਿਕਾਈਆ । ਨਾਲੇ ਲੇਖ ਲਿਖਾਵੇ ਕਲਮ ਸ਼ਾਹੀ ਕਾਨੀ, ਕਾਇਨਾਤ ਵਿਚੋਂ ਪਾਰ ਕਰਾਈਆ । ਘਰ ਵਖਾਏ ਆਲਮੇ ਜਾਵਦਾਨੀ, ਰਹਿਮਤ ਇਕੋ ਇਕ ਦਰਸਾਈਆ । ਕੂੜੀ ਕਿਰਿਆ ਜੋ ਕਾਂਗ ਚੜ੍ਹੀ ਤੁਗਿਆਨੀ, ਚਰਨ ਨਾਲ ਪਰੇ ਹਟਾਈਆ । ਗੁਰਮੁਖਾਂ ਬਣ ਕੇ ਆਪ ਬਾਨੀ, ਰਹਿਬਰ ਹੋ ਕੇ ਰਿਹਾ ਸਮਝਾਈਆ । ਨਾਲੇ ਪੰਡਤ ਨਾਲ ਤਾਰੇ ਉਹਦੀ ਮਿਸ਼ਰਾਣੀ, ਮਿਸ਼ਰਾਣੀ ਦੀ ਮੁਸ਼ਕਲ ਹੱਲ ਕਰਾਈਆ । ਮਨਸੂਰ ਕਹੇ ਮੈਂ ਵੇਖਿਆ ਜੋ ਪੰਜਾਂ ਦਸਾਂ ਦਾ ਰਾਤੀਂ ਠੰਡਾ ਪੀਵੇ ਪਾਣੀ, ਆਬੇਹਯਾਤ ਆਪਣੇ ਵਿਚ ਲੁਕਾਈਆ । ਇਸ ਦੀ ਕੋਈ ਕਥਾ ਨਾ ਸਕੇ ਗਾ ਕਹਾਣੀ, ਨਾ ਲੇਖਾ ਦਏ ਬਣਾਈਆ । ਪਨਿਹਾਰਨ ਦਿਸੇ ਚਾਰੇ ਬਾਣੀ, ਚਾਰੇ ਖਾਣੀ ਵਣਜਾਰਨ ਰੂਪ ਨਜ਼ਰੀ ਆਈਆ । ਮਨਸੂਰ ਕਹੇ ਮੇਰੇ ਮੁਸਾਇਬ ਤਿਨ੍ਹਾਂ ਨਾ ਦੇਵੇ ਕੋਈ ਗ਼ੁਲਾਮੀ, ਗ਼ੁਲਾਮ ਅਵਰ ਨਾ ਕਿਸੇ ਬਣਾਈਆ । ਏਸੇ ਕਰ ਕੇ ਮੈਂ ਆਪਣਾ ਆਪ ਕੀਤਾ ਕੁਰਬਾਨੀ, ਕਰਬਲਾ ਵਿਚ ਡੇਰਾ ਕੋਇ ਨਾ ਲਾਈਆ । ਹਦ ਹਦੂਦ ਨਾ ਹੋਇਆ ਮਹਿਦੂਦ, ਪਰੇਸ਼ਾਨੀ ਨੇੜ ਨਾ ਕੋਇ ਰਖਾਈਆ । ਸਚ ਵੇਖਿਆ ਓਸੇ ਤਰ੍ਹਾ ਜਨ ਭਗਤਾਂ ਕੀਤਾ ਮਹਿਫ਼ੂਜ਼, ਸਚ ਫ਼ਸੀਲ ਚਾਰ ਕੁੰਟ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਚੁਕਾਈਆ । ਮਨਸੂਰ ਕਹੇ ਵੇਖੋ ਰਵੀ ਦੀ ਕਾਰ, ਕਰਨੀ ਸਚ ਕਮਾਈਆ । ਟੁੱਟੇ ਚੰਮ ਗੰਢੇ ਚਮਿਆਰ, ਚੰਮਾਂ ਦਾ ਮਾਲਕ ਧੁਰ ਦਾ ਖ਼ਾਲਕ ਚੰਮ ਬਣਾਵਣ ਵਾਲਾ ਆਪਣੇ ਕੋਲ ਬਹਾਈਆ । ਜਿਸ ਦਾ ਲਹਿਣਾ ਵਿਚ ਸੰਸਾਰ, ਪੰਜਾਂ ਫੜ ਕੇ ਦੇਵੇ ਤਾਰ, ਬ੍ਰਾਹਮਣ ਦਿਤਾ ਇਕ ਆਧਾਰ, ਗੁਰਮੁਖ ਗੁਰਸਿਖ ਲੇਖੇ ਰਿਹਾ ਵਿਚਾਰ, ਵਿਚਾਰ ਆਪਣਾ ਨਾਲ ਮਿਲਾਈਆ । ਮੈਂ ਕਰ ਕੇ ਦਰਸ ਦੀਦਾਰ, ਸੋਹਣਾ ਸਚ ਕਰਾਂ ਇਜ਼ਹਾਰ, ਅੱਜੋ ਜਾ ਕੇ ਪੀਰ ਪੈਗ਼ੰਬਰ ਗੁਰ ਅਵਤਾਰ, ਬਿਨ ਅੱਖਰਾਂ ਦੇਵਾਂ ਇਕ ਇਸ਼ਤਿਹਾਰ, ਜਿਸ ਇਸ਼ਤਿਹਾਰ ਉਤੇ ਇਸ਼ਟ ਇਕੋ ਨਜ਼ਰੀ ਆਈਆ । ਚਲੋ ਅਜ ਰਾਤ ਨੂੰ ਚਲ ਕੇ ਵੇਖੀਏ ਵਿਚ ਲੋਕਮਾਤ ਸੰਸਾਰ, ਜਨ ਭਗਤਾਂ ਕਿਵੇਂ ਸੰਸੇ ਰਿਹਾ ਚੁਕਾਈਆ । ਮੁਹੱਬਤ ਕਰੇ ਬਣ ਕੇ ਯਾਰ, ਰਹਿਮਤ ਕਰੇ ਬਣ ਕੇ ਗ਼ਮਖ਼ਾਰ, ਗ਼ਮੀ ਖ਼ੁਸ਼ੀ ਬੈਠਾ ਝੋਲੀ ਪਾਈਆ । ਸਿਫ਼ਤ ਸਾਲਾਹੀ ਹੋ ਕੇ ਬਾਹਰ, ਗ੍ਰਿਫ਼ਤ ਹੋਇਆ ਵਿਚ ਭਗਤ ਪਿਆਰ, ਨਿਸਬਤ ਕੋਈ ਕੱਢ ਨਾ ਸਕੇ ਵੱਡਾ ਵੱਡਾ ਵਿਦਵਾਨ, ਕਸਰ ਇਸ਼ਾਰੀਏ ਨਾਲ ਮਸਲਾ ਹੱਲ ਨਾ ਕੋਇ ਕਰਾਈਆ ।

ਪੈਗ਼ੰਬਰਾਂ ਵਿਚੋਂ ਪੈਗ਼ੰਬਰ ਸਰਦਾਰ, ਨਬੀਆਂ ਵਿਚੋਂ ਨਬੀ ਮਿਹਰਵਾਨ, ਰਸੂਲਾਂ ਵਿਚੋਂ ਰਸੂਲ ਕਮਾਲ, ਈਮਾਨਾਂ ਵਿਚੋਂ ਜਿਸ ਦਾ ਈਮਾਨ, ਅਲਾਮਤ ਨਜ਼ਰ ਕੋਇ ਨਾ ਆਈਆ । ਸਚ ਪੁਛੇ ਘਰ ਜਾ ਕੇ ਦਏ ਪੈਗ਼ਾਮ, ਮੁਰੀਦੋ ਮੁਰਸ਼ਦ ਸਾਮ੍ਹਣੇ ਕਦੇ ਕਰਿਓ ਨਾ ਕੋਇ ਹਰਾਮ, ਹਰਾਮੀਆਂ ਮਿਲੇ ਨਾ ਢੋਈ ਦੋਏ ਠਾਈਂਆ । ਚਸ਼ਮ ਦੀਦ ਮੇਰੀ ਕਰੋ ਪਹਿਚਾਨ, ਨਾਤਾ ਚੁੱਕੇ ਈਦ ਜਿਹਾਨ, ਇਜ਼ਤ ਆਬਰੂ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੁਸਵਾ ਹੋ ਕੇ ਰਸਤਾ ਰਿਹਾ ਜਣਾਈਆ । ਮਨਸੂਰ ਕਹੇ ਅੱਲਾ ਮਾਸ਼ਾ, ਮਹਿਵੇ ਰਬੀ ਲਾਉਲਤਾਨੀ ਤੇਰੀ ਵਡਿਆਈਆ । ਮੈਂ ਵੇਖਿਆ ਅਜਬ ਤਮਾਸ਼ਾ, ਜ਼ਿਮੀ ਅਸਮਾਨ ਬੈਠੇ ਮੁਖ ਸ਼ਰਮਾਈਆ । ਮੁਰਸ਼ਦ ਮੁਰੀਦਾਂ ਭਰੇ ਜਾਮ ਸਾਚੇ ਕਾਂਸਾ, ਪਿਆਲਾ ਇਕੋ ਇਕ ਵਖਾਈਆ । ਦਿਲਬਰ ਹੋ ਕੇ ਦੇਵੇ ਦਿਲਾਸਾ, ਭਗਵਨ ਹੋ ਕੇ ਭਾਗ ਲਗਾਈਆ । ਪਰਵਰਦਿਗਾਰ ਹੋ ਕੇ ਦੇਵੇ ਭਰਵਾਸਾ, ਸਹੀ ਸਲਾਮਤ ਹੋ ਕੇ ਸਾਚਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਹੋ ਕੇ ਅੰਦਰ ਕਰੇ ਵਾਸਾ, ਸਰਗੁਣ ਲਹਿਣਾ ਦੇਣਾ ਰਿਹਾ ਮੁਕਾਈਆ । ਸਿਧੀ ਸਰਲ ਸਾਫ ਸੁਣਾਏ ਭਾਸ਼ਾ, ਭਾਖਿਆ ਦੇਵੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਪਵਣ ਸਵਾਸਾ, ਸਾਹ ਸਾਹ ਆਪਣਾ ਆਪ ਵਿਚ ਟਿਕਾਈਆ । ਮਨਸੂਰ ਕਹੇ ਮੈਂ ਚੜ੍ਹ ਕੇ ਸੂਲੀ, ਸੁਲਹਾਕੁਲ ਨਾਲ ਸੁਲਹਾ ਕਰਾਈਆ । ਹੁਣ ਕੀ ਵੇਖਿਆ ਜਿਨ੍ਹਾਂ ਸੁਣਾਈ ਆਪਣੀ ਬੋਲੀ, ਸਚ ਕਹਾਣੀ ਆਪ ਦ੍ਰਿੜਾਈਆ । ਤਿਨ੍ਹਾਂ ਪਰੇਮ ਪ੍ਰੀਤੀ ਅੰਤਰ ਆਪਣਾ ਆਪ ਘੋਲ ਘੋਲੀ, ਘੋਲ ਘੁਮਾਈ ਵੇਖ ਵਖਾਈਆ । ਵਣਜ ਵਪਾਰ ਦੀ ਦੁਕਾਨ ਅਗੰਮੀ ਖੋਲੀ, ਬਣ ਵਣਜਾਰਾ ਹੱਟ ਰਿਹਾ ਚਲਾਈਆ । ਸਾਚੇ ਕੰਡੇ ਧੁਰ ਦੇ ਤੱਕੜ ਤੋਲ ਰਿਹਾ ਤੋਲੀ, ਧੜੀ ਪਸੇਰੀ ਸੰਗ ਨਾ ਕੋਇ ਵਖਾਈਆ । ਅਜਬ ਲੀਲ੍ਹਾ ਰਵਦਾਸ ਵੇਲੇ ਦੀ ਜਿਨ੍ਹਾਂ ਚੁੱਕੀ ਡੋਲੀ, ਨਾਲ ਇੱਟ ਪਿਆਰ ਰਖਾਈਆ । ਓਨ੍ਹਾਂ ਦੀ ਗਠੜੀ ਫੇਰ ਫੋਲੀ, ਕਾਇਆ ਕਪੜ ਖੋਜ ਖੁਜਾਈਆ । ਨਾਲ ਨਿੱਕੀ ਜਿਹੀ ਨਜ਼ਰੀ ਆਈ ਵਿਚੋਲੀ, ਰਵਦਾਸ ਸਪੁੱਤਰੀ ਸਵਰਨ ਸੋਭਾ ਪਾਈਆ । ਉਚੀ ਕੂਕ ਪਾਵੇ ਰੌਲੀ, ਪਿਛਲੀ ਚਿਠੀ ਰਹੀ ਵਖਾਈਆ । ਜੋ ਬੱਧੀ ਤੰਦ ਮੌਲੀ, ਸੁਹਾਗਣ ਕਲੀਰੇ ਵਾਲੀ ਕਲੀਰਾ ਭੇਟ ਚੜ੍ਹਾਈਆ । ਓਸ ਕਸੀਰੇ ਦੀ ਗੰਗਾ ਆਪਣੀ ਪਰੇਮ ਪਿਆਰ ਦੁਕਾਨ ਖੋਲ੍ਹੀ, ਸੋਹਣੀ ਵਸਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮਨਸੂਰ ਕਹੇ ਵੇਖੋ ਯਾਰੋ ਹੋਈ ਹੱਦ, ਹਜ਼ਰਤ ਅਚਰਜ ਖੇਲ ਰਚਾਈਆ । ਬਿਨ ਜਾਣਿਆਂ ਬੁਝਿਆਂ ਪਿਛਲੇ ਵਿਛੜੇ ਲਏ ਸੱਦ, ਜੋਗ ਅਭਿਆਸ ਨਮਾਜ਼ ਵੁਜ਼ੂ ਪੂਜਾ ਪਾਠ ਨਾ ਕੋਇ ਦ੍ਰਿੜਾਈਆ । ਸਨਮੁਖ ਹੋ ਕੇ ਕਾਅਬੇ ਦੇ ਮਾਲਕ ਆਪਣਾ ਕਰਾਇਆ ਹੱਜ, ਹਾਜਤ ਅਗਲੀ ਪਿਛਲੀ ਪੂਰ ਕਰਾਈਆ । ਮਹਿਬੂਬ ਹੋ ਕੇ ਮੁਹੱਬਤਖ਼ਾਨੇ ਅੰਦਰ ਲੰਘ, ਸਦਾ ਸਾਚੀ ਬਾਂਗ ਸੁਣਾਈਆ । ਬਿਨ ਤੰਦ ਰਬਾਬ ਵਜਾ ਨਦ, ਧੁਨ ਆਤਮਕ ਰਾਗ ਅਲਾਈਆ । ਆਬੇਹਯਾਤ ਪਿਆ ਬੁਝਾਈ ਅੱਗ, ਅੰਮ੍ਰਿਤ ਰਸ ਮੁਖ ਚੁਆਈਆ । ਮਰਨ ਤੋਂ ਪਹਿਲੋਂ ਵਡਿਆਈ ਦੇ ਕੇ ਜੱਗ, ਜੀਵਣ ਆਪਣੀ ਝੋਲੀ ਪਾਈਆ । ਜਨਮ ਜਨਮ ਦੇ ਵਿਛੜੇ ਪਤਾ ਨਹੀਂ ਕਿਥੋਂ ਲਏ ਲੱਭ, ਕਿਸ ਬਿਧ ਆਪਣਾ ਮੇਲ ਮਿਲਾਈਆ । ਜੋ ਸੱਜਣ ਸਾਕ ਸੈਣ ਭਾਈ ਭੈਣ ਛੱਡ, ਨਾਤਾ ਇਕੋ ਘਰ ਰਖਾਈਆ । ਓਨ੍ਹਾਂ ਪਿਛੇ ਨਿਰਗੁਣ ਨਿਰਵੈਰ ਨਿਰੰਕਾਰ ਆਇਆ ਭੱਜ, ਪਰਵਰਦਿਗਾਰ ਮੇਰਾ ਬੇਪਰਵਾਹੀਆ । ਉਚਾ ਲੰਮਾਂ ਕਿਸੇ ਨਾ ਲੱਭੇ ਕੱਦ, ਮੁਸਵੱਰ ਤਸਵੱਰ ਤਸਵੀਰਾਂ ਵਿਚੋਂ ਸਕੇ ਨਾ ਕੋਇ ਕਰਾਈਆ । ਜੇ ਵੇਖੋ ਤੇ ਸਭ ਤੋਂ

੮੭੦
੧੯

ਅਲੱਗ, ਜੇ ਤੱਕੋ ਤੁਹਾਡੇ ਅੰਦਰ ਡੇਰਾ ਲਾਈਆ । ਬਜਵਾੜੇ ਕੋਲੋਂ ਪੁਛੇ ਬੈਠਾ ਉਪਰ ਪਲੰਘ, ਰਵਦਾਸ ਚੁਮਾਰਾ ਦਏ ਗਵਾਹੀਆ । ਮਨਸੂਰ ਕਹੇ ਇਹ ਮੈਨੂੰ ਨਹੀਂ ਲੱਭਾ ਰੰਗ, ਸੂਲੀ ਚੜ੍ਹ ਕੇ ਲਾਲਨ ਲਾਲ ਲਾਲ ਰੰਗ ਵਖਾਈਆ । ਮੈਂ ਏਸੇ ਕਰ ਕੇ ਕੱਟ ਕੇ ਆਇਆ ਪੰਧ, ਜਾ ਕੇ ਵੇਖਾਂ ਬੇਪਰਵਾਹੀਆ । ਜਿਸ ਨੇ ਢੋਲਾ ਇਕੋ ਸੁਣਾਇਆ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤਾਂ ਅੰਦਰ ਪੌਂਦੇ ਡੰਡ, ਡੰਕੇ ਲਾ ਲਾ ਜਗਤ ਰਹੇ ਜਗਾਈਆ । ਸਮਝੋ ਬਾਂਹੋਂ ਫੜ ਕੇ ਅੱਗੇ ਹੋ ਕੋਈ ਨਾ ਮਿਲਾਵੇ ਨਿਸ਼ੰਗ, ਨਿਸ਼ਾਨੇ ਸਾਰੇ ਰਹੇ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਇਹ ਕਿਸੇ ਹੱਥ ਨਹੀਂ ਆਇਆ ਅਨੰਦ, ਅਨੰਦ ਪੁਰੀ ਵਾਲਾ ਅਨੰਦ ਆਪਣੀ ਝੋਲੀ ਪਾਈਆ । ਇਹ ਗੁਜਰੀ ਦਾ ਗੁਜਰਿਆ ਨਹੀਂ ਚੰਦ, ਗੋਝ ਭੇਵ ਰਿਹਾ ਖੁਲ੍ਹਾਈਆ । ਜਿਸ ਦਾ ਲੇਖਾ ਕਿਸੇ ਕਦੇ ਨਾ ਕੀਤਾ ਕਲਮ ਬੰਦ, ਕਾਗ਼ਜ਼ਾਂ ਉਪਰ ਨੁਕਤੇ ਨਾਲ ਸਮਝਾਈਆ । ਜਿਸ ਦਾ ਖੇਲ ਕੋਟਨ ਕੋਟ ਕੋਟ ਕੋਟ ਬ੍ਰਹਿਮੰਡ, ਬ੍ਰਹਮਾ ਵਿਸ਼ਨ ਸ਼ਿਵ ਦਿਵਸ ਰੈਣ ਸੇਵ ਕਮਾਈਆ । ਸੋ ਸਾਹਿਬ ਸਤਿਗੁਰ ਦੋ ਜਹਾਨਾਂ ਲੰਘ, ਨਿੱਕਾ ਵੱਡਾ ਲੰਮਾਂ ਛੋਟਾ ਹੋ ਕੇ, ਖੋਟੇ ਖਰੇ ਰਿਹਾ ਬਣਾਈਆ । ਕੂੜੀ ਕਿਰਿਆ ਦੁਰਮਤ ਮੈਲ ਧੋ ਕੇ, ਹਰਿਜਨ ਸਾਚੇ ਦਏ ਵਡਿਆਈਆ । ਜਨ ਭਗਤਾਂ ਸਚ ਸਿੰਘਾਸਣ ਆਤਮ ਸੇਜਾ ਸੌਂ ਕੇ, ਆਪ ਆਪਣਾ ਘਰ ਵਸਾਈਆ । ਪਿਛੇ ਪਿਛੇ ਕਦੇ ਕੋਈ ਨਹੀਂ ਆਇਆ ਭੌਂ ਕੇ, ਸਚਖੰਡ ਨਿਵਾਸੀ ਸਾਹਿਬ ਸਤਿਗੁਰ ਰੂਪ ਵਟਾਈਆ । ਕੋਟਨ ਕੋਟ ਗੁਰੂ ਅਵਤਾਰ ਪੀਰ ਪੈਗ਼ੰਬਰ ਗਏ ਗੌਂ ਕੇ, ਲੇਖਾ ਜੀਵ ਜੰਤ ਜਗਤ ਜਹਾਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੇਪਰਵਾਹੀਆ । ਮਨਸੂਰ ਵੇਖ ਕਹੇ ਤਬਰੇਜ਼ ਸ਼ਮਸ, ਓ ਮੈਂ ਆਪਣੀ ਸ਼ਮਾਂ ਦਿਤੀ ਬੁਝਾਈਆ । ਮੇਰੇ ਮਹਿਬੂਬ ਨੂੰ ਮੇਰੀ ਮੁਹੱਬਤ ਵਿਚ ਨਾ ਆਇਆ ਤਰਸ, ਕਾਤਲਗਾਹ ਵਿਚ ਆਪਣਾ ਕਾਤਲਾ ਦਿਤਾ ਚਲਾਈਆ । ਖਲੜੀ ਲਾਹ ਕੇ ਡਿਗਾ ਫ਼ਰਸ਼, ਅਰਸ਼ ਮਿਲਿਆ ਬੇਪਰਵਾਹੀਆ । ਫਿਰ ਵੀ ਥੋੜਾ ਜਿਹਾ ਵਿਚ ਰਹਿ ਗਿਆ ਫ਼ਰਕ, ਮਰਨ ਤੋਂ ਪਹਿਲੋਂ ਮੈਨੂੰ ਸਾਖਿਆਤ ਨਜ਼ਰ ਨਾ ਆਈਆ । ਜਿਸ ਵੇਲੇ ਮੇਰਾ ਤਨ ਮਾਟੀ ਖ਼ਾਕੀ ਹੋਣ ਲੱਗਾ ਗ਼ਰਕ, ਆਪਣੀ ਗ਼ਰਜ਼ ਬਦਲੇ ਫਿਰ ਦਿਤਾ ਦਰਸ ਦਿਖਾਈਆ । ਮੈਂ ਓਸੇ ਵੇਲੇ ਕਾਇਆ ਚੋਲਾ ਕੀਤਾ ਤਰਕ, ਤੁਰਤ ਆਪਣਾ ਮੇਲ ਮਿਲਾਈਆ । ਸਬਰ ਅੰਦਰ ਨਹੀਂ ਹਰਖ, ਸੋਗ ਸੰਗ ਨਾ ਕੋਇ ਰਖਾਈਆ । ਪਰੇਮ ਪਿਆਰ ਅੰਦਰ ਨਿਭਾਇਆ ਆਪਣਾ ਫ਼ਰਜ਼, ਫ਼ਜ਼ਲ ਰਹਿਮਤ ਰਹਿਮਾਨ ਆਪੇ ਦਏ ਵਖਾਈਆ । ਮਨਸੂਰ ਮੈਂ ਵੀ ਵੇਖ ਕੇ ਹੋਇਆ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਸੂਰਬੀਰ ਜੋਧਾ ਬਣ ਕੇ ਮਰਦਾਨਾ ਮਰਦ, ਮਦਦ ਕਰੇ ਆਪ ਗੋਸਾਈਆ । ਕੋੜ੍ਹਿਆਂ ਕਮਲਿਆਂ ਗ਼ਰੀਬਾਂ ਨਿਮਾਣਿਆਂ ਨਾਲ ਵੰਡਦਾ ਦਰਦ, ਦੁਖੀਆਂ ਦੁੱਖ ਆਪਣੇ ਵਿਚ ਲੁਕਾਈਆ । ਫਿਰ ਵੀ ਇਹਦਾ ਕੁਛ ਨਹੀਂ ਹੁੰਦਾ ਹਰਜ, ਹਰਜਾਨੇ ਸਭ ਦੇ ਪੂਰੇ ਰਿਹਾ ਕਰਾਈਆ । ਜਨ ਭਗਤਾਂ ਮਿਲਣ ਦੀ ਏਨੂੰ ਧੁਰ ਦੀ ਪੈ ਗਈ ਮਰਜ਼, ਕੋਈ ਤਬੀਬ ਸਕੇ ਨਾ ਮਾਤ ਹਟਾਈਆ । ਅੱਗੇ ਹੋ ਕੇ ਕੋਈ ਨਾ ਸਕੇ ਵਰਜ, ਬਾਂਹੋਂ ਫੜ ਨਾ ਪਿਛੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਾਚੀ ਖੇਲ ਰਚਾਈਆ । ਬੋਲ ਕਹੇ ਤਬਰੇਜ਼ ਸ਼ਮਸ, ਸਚ ਸਚ ਦ੍ਰਿੜਾਈਆ । ਮੈਂ ਵੇਖੀ ਇਸ ਦੀ ਅਨੋਖੀ ਰਮਜ਼, ਇਸ਼ਾਰਿਆਂ ਨਾਲ ਜਣਾਈਆ । ਚਤਰ ਸੁਘੜ ਬਣਾਏ ਮੂਰਖ ਬੇਸਮਝ, ਸੁਰਤੀ ਆਪਣੇ ਸੰਗ ਰਲਾਈਆ । ਬੌਹੜੀ ਦਰੋਹੀ ਖ਼ੁਦਾ ਦੀ ਹੋਇਆ

ਗ਼ਜ਼ਬ, ਗ਼ਰਜ਼ ਆਪਣੀ ਇਕ ਵਧਾਈਆ । ਬ੍ਰਾਹਮਣ ਤਰਦਾ ਵੇਖ ਮੈਂ ਹੋਇਆ ਤਅੱਜਬ, ਹੈਰਾਨੀ ਉਤੇ ਛਾਈਆ । ਇਸ ਦਾ ਲਹਿਣਾ ਦੇਣਾ ਤਅਲਕ ਕਿਸੇ ਨਾਲ ਨਹੀਂ ਮਜ਼੍ਹਬ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਪਤਾ ਨਹੀਂ ਕਿਥੋਂ ਪਿਛਲੀ ਕੱਢ ਲਈ ਫ਼ਰਦ, ਲੇਖਾ ਵੇਖੇ ਥਾਉਂ ਥਾਈਆ । ਪੰਜਾਂ ਮੰਨ ਕੇ ਮਨਜ਼ੂਰ ਕੀਤੀ ਅਰਜ਼, ਆਰਜ਼ੂ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸ਼ਮਸ ਕਹੇ ਇਕ ਖੇਲ ਅਵਰ, ਸੁਣਨ ਮੇਰੇ ਵਿਚ ਆਈਆ । ਕਿਰਪਾ ਕਰੇ ਗਹਿਰ ਗਵਰ, ਗੰਭੀਰ ਬੇਪਰਵਾਹੀਆ । ਜਿਨ੍ਹਾਂ ਪੰਜਾਂ ਨੂੰ ਉਡੀਕੇ ਕਬਰ, ਤਿਨ੍ਹਾਂ ਨੂੰ ਤਸਵਰ ਆਪੇ ਰਿਹਾ ਕਰਾਈਆ । ਇਸ ਦੇ ਕੋਲੋਂ ਦੋ ਜਹਾਨ ਡਰਦੇ ਇਸ ਦਾ ਨਾਂ ਸਿੰਘ ਸ਼ੇਰ ਬੱਬਰ, ਭਬਕ ਇਕੋ ਇਕ ਜਣਾਈਆ । ਨਿਕੇ ਨਿਕੇ ਬਾਲੇ ਨੱਢੇ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਇਸ ਦਾ ਟੱਬਰ, ਦੇਵਣਹਾਰਾ ਰਿਜ਼ਕ ਰਾਜਕ ਰਹੀਮ ਆਪ ਅਖਵਾਈਆ । ਮੈਂ ਵੇਖਾਂ ਤੇ ਉਤੇ ਅੰਬਰ, ਤੱਕਾਂ ਖ਼ਾਕ ਉਤੇ ਸੋਭਾ ਪਾਈਆ । ਸੋਹਣਾ ਜਨ ਭਗਤਾਂ ਰਚਿਆ ਸਵੰਬਰ, ਖ਼ੁਸ਼ੀਆਂ ਰੰਗ ਵਖਾਈਆ । ਸੀਸ ਸੋਹੇ ਪੀਤ ਪੀਤੰਬਰ, ਛਹਿਬਰ ਆਪਣਾ ਨਾਮ ਲਗਾਈਆ । ਭਾਗ ਲਗਾ ਕੇ ਕਾਇਆ ਕੰਦਰ, ਘਰ ਨੂਰ ਕਰੇ ਰੁਸ਼ਨਾਈਆ । ਜੁਗ ਜਨਮ ਦਾ ਵੱਜਾ ਜੰਦਰ, ਬਿਨ ਕੁੰਜੀਉਂ ਦਏ ਖੁਲ੍ਹਾਈਆ । ਠੱਗ ਚੋਰ ਯਾਰ ਪਿਛਲਾ ਤਾਰੇ ਪੰਡਤ, ਬ੍ਰਾਹਮਣ ਲੇਖ ਮੁਕਾਈਆ । ਅੱਗੇ ਮਾਣ ਦੇਵੇ ਸਾਚੀ ਸੰਗਤ, ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸ਼ਮਸ ਕਹੇ ਮੇਰੀ ਗਈ ਅਕਲ, ਅਸਲੀਯਤ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਵੇਖਿਆ ਇਕ ਮੁਅੱਕਲ, ਮੁਕੰਮਲ ਨੂਰ ਬੇਪਰਵਾਹੀਆ । ਜਿਸ ਦੀ ਬਿਨ ਸੂਫੀਆਂ ਭਗਤਾਂ ਨਜ਼ਰ ਕਿਸੇ ਨਾ ਆਏ ਸ਼ਕਲ, ਜਹੂਰ ਵਿਚ ਨਾ ਕੋਇ ਰੁਸ਼ਨਾਈਆ । ਉਸ ਦਾ ਓਹੋ ਧਾਮ ਮੁਕਦਸ ਬੈਤਲ, ਜਿਸ ਉਪਰ ਚਰਨ ਟਿਕਾਈਆ । ਅੰਤਰ ਆਤਮ ਕਰੇ ਅਨਾਇਤੁਲ, ਬਖ਼ਸ਼ਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸ਼ਮਸ ਕਹੇ ਮੈਂ ਵੇਖਿਆ ਬ੍ਰਾਹਮਣ, ਪਿਛਲੀ ਗਈ ਸ਼ਰਮ ਹੱਯਾ ਨਜ਼ਰ ਕੋਇ ਨਾ ਆਈਆ । ਪਤਿਪਰਮੇਸ਼ਵਰ ਬਦਲ ਦਿਤਾ ਕਰਮ, ਨਿਹਕਰਮਣ ਆਪਣੇ ਲੇਖੇ ਲਾਈਆ । ਨੌ ਜਨਮ ਦਾ ਮਿਟਿਆ ਜਨਮ, ਜਰਮ ਆਪਣੇ ਘਰ ਦਿਵਾਈਆ । ਪੂਰਬ ਲਹਿਣਾ ਮੁਕਿਆ ਭਰਮ, ਭਾਂਡਾ ਕੂੜ ਤੁੜਾਈਆ । ਹਰਿ ਸੰਗਤ ਵਿਚ ਬਹਿਣਾ ਮਿਲਿਆ ਵਤਨ, ਗੁਰਮੁਖਾਂ ਸੰਗ ਸੋਭਾ ਪਾਈਆ । ਕਿਉਂ, ਲਾਲੋ ਵੇਲੇ ਡੂਮ ਦੇ ਸਿਰ ਉਤੇ ਨਾਨਕ ਦਾ ਆਇਆ ਚਰਨ, ਜੋ ਮੰਜੀ ਹੇਠਾਂ ਸਿਰ ਲੁਕਾਈਆ । ਏਸੇ ਕਾਰਨ ਅੱਗੇ ਲੇਖਾ ਚੁਕਿਆ ਮਰਨ, ਲੱਖ ਚੁਰਾਸੀ ਜੂਨ ਨਾ ਕੋਇ ਭਵਾਈਆ । ਸਾਹਿਬ ਸਤਿਗੁਰ ਬਖ਼ਸ਼ੀ ਇਕ ਸਰਨ, ਸਰਨਗਤ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਬਾਨ ਪੀਰਨ ਪੀਰ ਨੂਰ ਖ਼ੁਦਾਈਆ । ਸ਼ਮਸ ਕਹੇ ਮੈਨੂੰ ਯਾਦ ਆਈ ਅੱਗੇ ਪੰਜ, ਬਿਨ ਪੰਜ ਨਿਮਾਜ਼ ਰਿਹਾ ਤਰਾਈਆ । ਜਿਨ੍ਹਾਂ ਘਰ ਸੋਗ ਹੋਣ ਵਾਲਾ ਰੰਜ, ਚਿੰਤਾ ਬੈਠੀ ਪੀੜ੍ਹਾ ਡਾਹੀਆ । ਲਾੜੀ ਮੌਤ ਨਾਲ ਚੜ੍ਹਨ ਵਾਲੀ ਜੰਜ, ਰਾਏ ਧਰਮ ਸਾਹ ਰਿਹਾ ਸੁਧਾਈਆ । ਚਿਤਰ ਗੁਪਤ ਪੰਡਤ ਪਾਂਧਾ ਗਿਆ ਮੰਨ, ਆਪਣੀ ਪੱਤਰੀ ਰਿਹਾ ਵਖਾਈਆ । ਦਸ ਵਸਾਖ ਤੋਂ ਪਹਿਲੋਂ ਸਭ ਦੇ ਕਾਚੇ ਭਾਂਡੇ ਦੇਣੇ ਭੰਨ, ਮਾਟੀ ਖ਼ਾਕ ਮਿਲਾਈਆ । ਏਧਰੋਂ ਪੰਜਾਂ ਪਾਈ ਡੰਡ, ਜੋ ਮਾਣਸ ਤੋਂ ਨਾਰੀ ਰੂਪ ਬੈਠੇ ਵਟਾਈਆ । ਪ੍ਰਭ ਸਾਡੀ ਇਕੋ

ਮੰਗ, ਪੰਜਾਂ ਨਾਲ ਪੰਜੇ ਦੇ ਛੁਡਾਈਆ । ਜੇ ਚੜ੍ਹਨ ਤੇ ਤੇਰੇ ਪਰੇਮ ਦੀ ਘੋੜੀ ਅਗੰਮੀ ਜੰਜ, ਲਾੜੀ ਮੌਤ ਨੇੜ ਨਾ ਆਈਆ । ਅਸੀਂ ਭੈਣਾਂ ਬਣ ਕੇ ਢੋਲੇ ਗਾਈਏ ਛੰਦ, ਵਾਗ ਗੁੰਦ ਆਪਣੀ ਖ਼ੁਸ਼ੀ ਮਨਾਈਆ । ਜੇ ਮੁੱਕੇ ਤੇ ਤੇਰੇ ਘਰ ਦਾ ਪੰਧ, ਦੂਜੇ ਘਰ ਚਰਨ ਨਾ ਕੋਇ ਟਿਕਾਈਆ । ਦੀਨ ਦਿਆਲ ਸਾਹਿਬ ਤੂੰ ਬਖ਼ਸ਼ੰਦ, ਬਖ਼ਸ਼ਸ਼ ਤੇਰੇ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਪਾ ਕੇ ਜਾਣੀ ਠੰਡ, ਟੁੱਟੀ ਗੰਢ ਜੋੜ ਜੁੜਾਈਆ । ਇਹੋ ਜਿਹਾ ਫੇਰ ਨਹੀਂ ਲੱਭਣਾ ਅਨੰਦ, ਕਿਉਂ ਅਨੰਦ ਵਿਚੋਂ ਅਨੰਦ ਰਿਹਾ ਛੁਡਾਈਆ । ਅੱਗੇ ਤੇਰਾ ਸਦਾ ਸੰਗ, ਇਹ ਗੁਰਮੁਖ ਏਥੇ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਲੇਖਾ ਲੇਖੇ ਲਾਏ ਭਾਗਾਂ ਮੰਦ, ਨਕਰਮਣ ਕਰਮਾਂ ਵਾਲਿਆਂ ਨਾਲੋਂ ਉਚੇ ਦਏ ਬਣਾਈਆ ।

## ★ ੬ ਚੇਤ ੨੦੨੧ ਬਿਕ੍ਰਮੀ ਸੰਤ ਸਿੰਘ ਦੇ ਗ੍ਰਿਹਿ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਇਕ ਸਮਰਥ, ਹਰਿ ਸੱਜਣ ਵਡ ਅਖਵਾਇੰਦਾ । ਗੁਰ ਅਵਤਾਰਾਂ ਦੇਵੇ ਵੱਥ, ਨਿਤ ਨਵਿਤ ਆਪ ਵਰਤਾਇੰਦਾ । ਜਨ ਭਗਤਾਂ ਖੋਲ੍ਹ ਕੇ ਨੇਤਰ ਅੱਖ, ਪਰਦਾ ਓਹਲਾ ਆਪ ਮਿਟਾਇੰਦਾ । ਸੰਤਾਂ ਨਾਮ ਜਣਾਏ ਸੱਚ, ਸਚ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖਾਂ ਝੋਲੀ ਪਾਏ ਹੱਕ, ਪੂਰਬ ਲਹਿਣਾ ਫੋਲ ਫੁਲਾਇੰਦਾ । ਗੁਰਸਿਖਾਂ ਮਾਰਗ ਦੇਵੇ ਦੱਸ, ਮੰਜ਼ਲ ਇਕੋ ਰਾਹ ਜਣਾਇੰਦਾ । ਸਚ ਬਾਜ਼ਾਰ ਖੋਲ੍ਹ ਹੱਟ, ਵਸਤ ਅਮੋਲਕ ਝੋਲੀ ਪਾਇੰਦਾ । ਧੁਰ ਦੀ ਵਿਦਿਆ ਬ੍ਰਹਮ ਮਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਮੇਲ ਮਿਲਾਵਾ ਨੱਸ ਨੱਸ, ਦੂਰ ਦੁਰਾਡਾ ਪੰਧ ਚੁਕਾਇੰਦਾ । ਭਾਗ ਲਗਾ ਕਾਇਆ ਛੱਪਰ ਛੱਤ, ਬੰਕ ਦਵਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਪੁਰਖ ਅਕਾਲ ਸਚ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰਾਂ ਨਿਗਹਬਾਨ, ਵੇਖ ਵਖਾਣੇ ਬੇਪਰਵਾਹੀਆ । ਭਗਤਾਂ ਦੇਵੇ ਸਾਚਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਸੰਤਾਂ ਜਣਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਈਆ । ਗੁਰਮੁਖਾਂ ਭੇਵ ਅਭੇਦ ਗੋਝ ਖੋਲ੍ਹੇ ਆਣ, ਪਰਦਾ ਓਹਲਾ ਦਏ ਚੁਕਾਈਆ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਸੱਚੀ ਸਰਨ ਦਏ ਸਰਨਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਹੋ ਪਰਧਾਨ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਬੇਅੰਤ ਆਪਣੀ ਕਲ ਵਰਤਾਈਆ । ਸਤਿਗੁਰ ਪੂਰਾ ਪੁਰਖ ਅਕਾਲ, ਪਾਰਬ੍ਰਹਮ ਵੱਡੀ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੋਏ ਦਿਆਲ, ਮਿਹਰ ਨਜ਼ਰ ਨੈਣ ਅੱਖ ਉਠਾਈਆ । ਜਨ ਭਗਤਾਂ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਦ੍ਰਿੜਾਈਆ । ਸਾਚੇ ਸੰਤਾਂ ਲਏ ਉਠਾਲ, ਆਲਸ ਨਿੰਦਰਾ ਦੂਰ ਕਰਾਈਆ । ਗੁਰਮੁਖ ਗੋਦੀ ਲਏ ਬਹਾਲ, ਸ਼ਾਹ ਕੰਗਾਲ ਨਾ ਵੰਡ ਵੰਡਾਈਆ । ਗੁਰਸਿਖਾਂ ਚਲੇ ਨਾਲ ਨਾਲ, ਸਗਲਾ ਸੰਗ ਨਿਭਾਈਆ । ਮੁਰੀਦ ਮੁਰਸ਼ਦ ਦੇ ਜਲਾਲ, ਨੂਰੀ ਜਲਵਾ ਇਕ ਰੁਸ਼ਨਾਈਆ । ਹਕੀਕਤ ਵੇਖੇ ਹੱਕ ਹਲਾਲ, ਲਾਸ਼ਰੀਕ ਖੋਜ ਖੁਜਾਈਆ । ਨਿਰਗੁਣ ਸਰਗੁਣ ਬਣ ਦਲਾਲ, ਘਰ ਮੇਲਾ ਆਪ ਮਿਲਾਈਆ । ਦੀਪਕ ਦੀਆ ਇਕੋ ਬਾਲ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਸ੍ਰੀ ਭਗਵੰਤ, ਭਗਵਨ ਆਪਣੀ ਖੇਲ ਕਰਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਜਨ ਭਗਤ ਮਿਲਾਵਾ ਨਾਰ ਕੰਤ, ਸੇਜ ਸੁਹੰਜਣੀ ਆਪ ਸੁਹਾਇੰਦਾ । ਸੱਚੇ ਸੰਤਾਂ ਗੜ੍ਹ ਤੋੜ ਹਉਮੇਂ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਗੁਰਮੁਖਾਂ ਦੇ ਵਡਿਆਈ ਵਿਚੋਂ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਗੁਰਸਿਖਾਂ ਸੁਣਾਏ ਸਾਚਾ ਛੰਤ, ਢੋਲਾ ਸੋਹਲਾ ਰਾਗ ਸਮਝਾਈਆ । ਮਾਣਸ ਜਨਮ ਬਣਾਏ ਬਣਤ, ਘਾੜਤ ਆਪਣਾ ਆਪ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਰਘੁਰਾਈਆ । ਲੇਖਾ ਜਾਣੇ ਪੁਰਖ ਅਗੰਮ, ਅਗੰਮੜੀ ਖੇਲ ਖਿਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੇੜਾ ਬੰਨ੍ਹ, ਭਗਤਾਂ ਨਈਆ ਆਪ ਚਲਾਇੰਦਾ । ਸੰਤਾਂ ਸੱਜਣ ਦੇ ਕੇ ਨਾਮ ਦਾਨ, ਗੁਰਮੁਖ ਗੁਰ ਗੁਰ ਵੇਖ ਵਖਾਇੰਦਾ । ਗੁਰਸਿਖ ਚਾੜ੍ਹ ਸਾਚੇ ਚੰਨ, ਫ਼ਲਕ ਜੋਤ ਨੂਰ ਰੁਸ਼ਨਾਇੰਦਾ । ਕੂੜੀ ਕਿਰਿਆ ਮੇਟ ਵਾਸਨਾ ਮਨ, ਮਨਸਾ ਆਸਾ ਆਪਣੇ ਨਾਲ ਵਖਾਇੰਦਾ । ਧੁਰ ਦਾ ਰਾਗ ਸੁਣਾਏ ਕੰਨ, ਸ਼ਬਦ ਅਨਾਦੀ ਨਾਦ ਵਜਾਇੰਦਾ । ਭਾਗ ਲਗਾਏ ਕਾਇਆ ਤਨ, ਤਤਵ ਤਤ ਖੋਜ ਖੁਜਾਇੰਦਾ । ਪੰਚ ਵਿਕਾਰਾ ਦੇ ਡੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਵਖਾਏ ਖ਼ਾਲਕ, ਸੂਫ਼ੀ ਬੈਠੇ ਧਿਆਨ ਲਗਾਈਆ । ਆਦਿ ਜੁਗਾਦੀ ਬਣ ਕੇ ਪਾਲਕ, ਪ੍ਰਿਤਪਾਲੇ ਹਰ ਘਟ ਥਾਈਂਆ । ਨਿਰਗੁਣ ਸਰਗੁਣ ਬਣ ਕੇ ਸਾਲਸ, ਸਾਚਾ ਲੇਖਾ ਦਏ ਮੁਕਾਈਆ । ਕੋਟਾਂ ਵਿਚੋਂ ਗੁਰਮੁਖ ਵੇਖੇ ਆਪ ਖ਼ਾਲਸ, ਜਿਨ੍ਹਾਂ ਖ਼ਾਸ ਆਪਣਾ ਸੰਗ ਵਖਾਈਆ । ਲਹਿਣਾ ਦੇਣਾ ਚੁਕਾ ਨਿੰਦਰਾ ਆਲਸ, ਕੂੜੀ ਕਿਰਿਆ ਮੇਟ ਮਿਟਾਈਆ । ਸੰਤ ਸੁਹੇਲੇ ਬਣਾ ਬਾਲਕ, ਬਾਲੀ ਬੁਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਂਆ । ਹਰਿਜਨ ਵੇਖੇ ਚਾਉ ਘਨੇਰਾ, ਨਿਤ ਨਵਿਤ ਧਿਆਨ ਲਗਾਈਆ । ਭਗਤ ਭਗਵਾਨ ਲੱਗੇ ਡੇਰਾ, ਘਰ ਸੁਹੰਜਣਾ ਸੋਭਾ ਪਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸਚ ਸੁਹੰਜਣਾ ਹੋਏ ਖੇੜਾ, ਮਹਿਫ਼ਲ ਲੱਗੇ ਬੇਪਰਵਾਹੀਆ । ਕੂੜੀ ਕਿਰਿਆ ਚੁੱਕੇ ਝੇੜਾ, ਮਮਤਾ ਮੋਹ ਨਾ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਰਿਹਾ ਲਗਾਈਆ । ਲੇਖਾ ਲਾਵੇ ਸਾਹਿਬ ਏਕ, ਪਰਮ ਪੁਰਖ ਦਇਆ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਿਸ ਦੀ ਟੇਕ, ਟਿੱਕਾ ਮਸਤਕ ਸੋਭਾ ਪਾਇੰਦਾ । ਭਗਤ ਭਗਵਾਨ ਜੁਗ ਚੌਕੜੀ ਜੋ ਰਿਹਾ ਭੇਜ, ਭਜਨ ਬੰਦਗੀ ਨਾਮ ਸਮਝਾਇੰਦਾ । ਸੰਤਾਂ ਦੇ ਕੇ ਧੁਰ ਦਾ ਤੇਜ, ਜੋਤੀ ਨੂਰ ਡਗਮਗਾਇੰਦਾ । ਗੁਰਮੁਖਾਂ ਮਾਣ ਸੁਹੰਜਣੀ ਸੇਜ, ਸੋਭਾਵੰਤ ਆਪ ਸੋਭਾ ਪਾਇੰਦਾ । ਗੁਰਸਿਖਾਂ ਲਿਖ ਕੇ ਧੁਰ ਦਾ ਲੇਖ, ਪੂਰਬ ਲਹਿਣਾ ਮੇਟ ਮਿਟਾਇੰਦਾ । ਰੁਤ ਸੁਹੰਜਣੀ ਮੌਲੇ ਚੇਤ, ਫੁਲ ਫਲਵਾੜੀ ਆਪ ਮਹਿਕਾਇੰਦਾ । ਨਿਰਗੁਣ ਸਰਗੁਣ ਕਰੇ ਹੇਤ, ਹਿਤਕਾਰੀ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਖੇਲਣ ਆਇਆ ਖੇਡ, ਸਾਚੀ ਖੇਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਲੇਖਾ ਆਪਣੇ ਹੱਥ ਰਖਾਇੰਦਾ । ਸੱਚਾ ਲੇਖਾ ਹਰਿ ਨਿਰੰਕਾਰ, ਏਕਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਪੁਕਾਰ, ਭਗਤ ਭਗਵਾਨ ਰਹੇ ਜਸ ਗਾਈਆ । ਸੰਤ ਸੱਜਣ ਕਰਨ ਵਿਚਾਰ, ਅੰਤਰ ਅੰਤਰ ਧਿਆਨ ਲਗਾਈਆ । ਗੁਰਮੁਖ ਵਾਜਾਂ ਰਹੇ ਮਾਰ, ਉਚੀ ਕੂਕ ਕੂਕ ਸੁਣਾਈਆ ।

ਗੁਰਸਿਖ ਖੋਲ੍ਹ ਬੰਦ ਕਿਵਾੜ, ਨੇਤਰ ਨੈਣ ਰਹੇ ਉਠਾਈਆ । ਧਨ ਸੋ ਵੇਲਾ ਆਵੇ ਪਰਵਰਦਿਗਾਰ, ਬੇਪਰਵਾਹ ਫੇਰਾ ਪਾਈਆ । ਸੂਫ਼ੀ ਮੰਗਣ ਇਕ ਦੀਦਾਰ, ਦੀਦ ਚੰਦ ਕਰੇ ਰੁਸ਼ਨਾਈਆ । ਦਰ ਬਰਦੇ ਬਣੀਏ ਮੁਹਤਾਜ, ਸਾਚੀ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੂਫ਼ੀ ਕਹਿਣ ਘੋਲੀ ਸਦਕੇ, ਬਲਹਾਰ ਤੇਰੀ ਸਰਨਾਈਆ । ਤੇਰਾ ਦਰਸਨ ਕਰੀਏ ਰੱਜ ਕੇ, ਰਜੂਹ ਤੇਰੇ ਨਾਲ ਮਿਲਾਈਆ । ਢੋਲੇ ਗਾਈਏ ਬਣ ਮਲੰਗ ਨੱਚਕੇ, ਸੇਲੀ ਟੋਪੀ ਸੀਸ ਟਿਕਾਈਆ । ਕਦਮ ਧਰੀਏ ਸੰਭਲ ਸੰਭਲ ਬਚ ਕੇ, ਕਾਂਟਾ ਚੁਭ ਕੋਇ ਨਾ ਜਾਈਆ । ਤੇਰੀ ਪਰੇਮ ਪ੍ਰੀਤੀ ਅੰਦਰ ਜਾਈਏ ਹੱਸ ਕੇ, ਸੋਹਣਾ ਖ਼ੁਸ਼ੀਆਂ ਰਾਗ ਅਲਾਈਆ । ਤੇਰੀ ਛਤਰ ਛਾਇਆ ਹੇਠ ਪ੍ਰਭੂ ਵਸ ਕੇ, ਵਾਸਤਾ ਤੇਰੇ ਨਾਲ ਜੁੜਾਈਆ । ਤੇਰਾ ਨਾਮ ਅਗੰਮੀ ਰਟ ਕੇ, ਰੱਟਾ ਮੇਟੀਏ ਕਲਮ ਸ਼ਾਹੀਆ । ਤੇਰੇ ਮੰਦਰ ਸਾਚੇ ਵਸ ਕੇ, ਕੂੜਾ ਡੇਰਾ ਦਈਏ ਤਜਾਈਆ । ਜਲਵਾ ਨੂਰ ਤੇਰਾ ਤੱਕ ਕੇ, ਤਕਵਾ ਇਕੋ ਇਕ ਰਖਾਈਆ । ਦੂਰ ਦੁਰਾਡੇ ਪਾਂਧੀ ਆਏ ਨੱਸ ਕੇ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸੂਫ਼ੀ ਕਹਿਣ ਸੁਫਨਾ ਨਹੀਂ ਇਹ ਖ਼ਵਾਬ, ਮਹਾਂਬਲੀ ਦਏ ਵਡਿਆਈਆ । ਹਕੀਕਤ ਵਿਚੋਂ ਨਜ਼ਰੀ ਆਏ ਜਨਾਬ, ਜੁਬਾ ਅਵਸਥਾ ਬੇਪਰਵਾਹੀਆ । ਸਾਚੀ ਹਸਤੀ ਕਰੋ ਆਦਾਬ, ਮਸਤੀ ਦੇਵੇ ਨਾਮ ਚੜ੍ਹਾਈਆ । ਸ਼ਾਹ ਗ਼ਫ਼ੂਰ ਮੰਨੋ ਨਵਾਬ, ਮਹਿਬੂਬ ਬੇਪਰਵਾਹੀਆ । ਜਿਸ ਦੇ ਅੱਗੇ ਸਾਰੇ ਲਾਜਬਾਬ, ਸਿਰ ਸਕੇ ਨਾ ਕੋਇ ਉਠਾਈਆ । ਦਰ ਦਰਵੇਸ਼ ਬਣੇ ਮੁਹਤਾਜ, ਗਲ ਅਲਫ਼ੀ ਕਫ਼ਨੀ ਚੋਲੀ ਪਾਈਆ । ਜਿਸ ਦੀ ਤੰਦ ਸਤਾਰ ਵੱਜੇ ਰਬਾਬ, ਅਹਿਬਾਬ ਕਰੇ ਸ਼ਨਵਾਈਆ । ਮਹਲ ਅਟੱਲ ਸੁਹਾਏ ਮਹਿਰਾਬ, ਹੁਜਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸੂਫ਼ੀ ਕਹਿਣ ਖੁਲ੍ਹੀ ਸੁਰਤ, ਸੁੱਤੀ ਸਵਾਣੀ ਆਪ ਜਗਾਈਆ । ਨਾਦ ਸੁਣਿਆ ਅਗੰਮੀ ਤੂਰਤ, ਤੁਰੀਆ ਨੈਣ ਸ਼ਰਮਾਈਆ । ਨਜ਼ਰੀ ਆਇਆ ਅਕਾਲ ਮੂਰਤ, ਅਕਲ ਕਲ ਬੇਪਰਵਾਹੀਆ । ਆਸਾ ਮਨਸਾ ਸਭ ਦੀ ਪੂਰਤ, ਇਛਿਆ ਪੂਰੀ ਰਿਹਾ ਕਰਾਈਆ । ਲੇਖਾ ਜਾਣੇ ਮੂਰਖ ਮੂੜ੍ਹਤ, ਚਤਰ ਸੁਘੜ ਖੋਜ ਖੁਜਾਈਆ । ਜਨ ਭਗਤਾਂ ਦੇਣ ਆਇਆ ਚਰਨ ਧੂੜਤ, ਟਿੱਕਾ ਇਕੋ ਮਸਤਕ ਲਾਈਆ । ਨਾਤਾ ਤੋੜੇ ਕੂੜੋ ਕੂੜਤ, ਸਾਚੀ ਸਿਖਿਆ ਕਰੇ ਪੜ੍ਹਾਈਆ । ਮਰਨ ਤੋਂ ਪਹਿਲੋਂ ਜਨਮ ਵਿਚੋਂ ਜਨਮ ਦੀ ਕਰੇ ਮਹੂਰਤ, ਮੁਖ ਵਾਕ ਆਪਣਾ ਨਾਮ ਸੁਣਾਈਆ । ਏਸੇ ਸਾਹਿਬ ਦੀ ਸਦਾ ਜ਼ਰੂਰਤ, ਜਿਸ ਸਾਹਿਬ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਅਖਵਾਈਆ । ਸੂਫ਼ੀ ਕਹਿਣ ਵੇਖੋ ਮਲਕ, ਮਾਲਕ ਨੂਰ ਖ਼ੁਦਾਈਆ । ਜਲਵਾ ਨੂਰਾਨੀ ਜਿਸ ਦੀ ਝਲਕ, ਸੋਭਾ ਦੋ ਜਹਾਨ ਪਾਈਆ । ਬ੍ਰਾਹਮਣ ਦਾ ਪਿਛਲਾ ਲਾਹ ਕੇ ਕੂੜਾ ਤਿਲਕ, ਤੁਅੱਲਕ ਆਪਣੇ ਨਾਲ ਬਣਾਈਆ । ਪੂਰਬ ਜਨਮ ਜੋ ਵਿਛੜੇ ਰਹੇ ਵਿਲਕ, ਨੇਤਰ ਰੋ ਰੋ ਦੇਣ ਦੁਹਾਈਆ । ਪ੍ਰਭ ਓਨ੍ਹਾਂ ਦੀ ਸੁਣ ਕੇ ਕਿਲਕ, ਕਲ ਕਲਕੀ ਫੇਰਾ ਪਾਈਆ । ਕਲਜੁਗ ਚਿਕੜ ਭਰੀ ਗਲੀ ਗੁਰਮੁਖ ਨਾ ਜਾਏ ਤਿਲਕ, ਫੜ ਬਾਂਹੋਂ ਗੋਦ ਉਠਾਈਆ । ਅੰਦਰ ਵੜ ਕੇ ਸ਼ੈਤਾਨ ਕਰੇ ਨਾ ਕੋਈ ਇਲਤ, ਜ਼ਿਲਤ ਖ਼ਵਾਰੀ ਦੂਰ ਕਰਾਈਆ । ਸਾਚੀ ਸਿਖਿਆ ਦੇ ਕਰ ਧੁਰ ਦੀ ਮਿਲਤ, ਮੇਲ ਮਿਲਾਇਆ ਧੁਰਦਰਗਾਹੀਆ । ਰਹੀ ਲੋੜ ਨਾ ਸਵਰਗ ਬਹਿਸ਼ਤ, ਸਵਰਗ

ਬਹਿਸ਼ਤ ਦੋਹਾਂ ਡੇਰਾ ਢਾਹੀਆ । ਸੂਫ਼ੀ ਕਹਿਣ ਜਿਨ੍ਹਾਂ ਨੂੰ ਸਾਫ ਮਿਲ ਗਿਆ ਪਰਵਰਦਿਗਾਰ ਇਸ਼ਟ, ਤਿਸ ਅੱਗੇ ਰਾਮਾ ਵਸ਼ਿਸ਼ਟ ਬੈਠੇ ਸੀਸ ਝੁਕਾਈਆ । ਓਨ੍ਹਾਂ ਗੁਰਮੁਖਾਂ ਦੀ ਸਦਾ ਖੁਲ੍ਹੀ ਸਮਝੋ ਦ੍ਰਿਸ਼ਟ, ਜਿਨ੍ਹਾਂ ਸੁੱਤਿਆਂ ਜਾਗਦਿਆਂ ਦਰਸ ਕਰਾਈਆ । ਵੱਡੇ ਭਾਗ ਜਿਨ੍ਹਾਂ ਦੀ ਪ੍ਰਭ ਆਪ ਕਰਾਈ ਲਿਖਤ, ਲਿਖਿਆ ਲੇਖ ਨਾ ਕੋਇ ਮਿਟਾਈਆ । ਇਹੋ ਗੁਰੂ ਅਵਤਾਰ ਪੀਰ ਪੈਗ਼ੰਬਰ ਵਾਕ ਕਹਿ ਕੇ ਗਏ ਭਵਿਖਤ, ਪਾਰਬ੍ਰਹਮ ਪ੍ਰਭ ਜਨ ਭਗਤਾਂ ਦੇਵੇ ਮਾਣ ਵਡਿਆਈਆ । ਆਪ ਹੋਏ ਸਦਾ ਨਿਰਇਛਤ, ਇਛਿਆ ਸਭ ਦੀ ਪੂਰ ਕਰਾਈਆ । ਤੁਹਾਡੇ ਸਾਮ੍ਹਣੇ ਬ੍ਰਾਹਮਣ ਕੋਲੋਂ ਪਿਛਲੀ ਦਵਾਈ ਕਿਸ਼ਤ, ਲਹਿਣਾ ਦੇਣਾ ਬੇਬਾਕ ਦਿਤਾ ਕਰਾਈਆ । ਸਭ ਤੋਂ ਉਤਮ ਸ੍ਰੇਸ਼ਟ ਲੇਖਾ ਵਿਚ ਸ੍ਰਿਸ਼ਟ, ਜਿਨ੍ਹਾਂ ਸਤਿਗੁਰ ਸਾਹਿਬ ਪੂਰਾ ਮਿਲਿਆ ਬੇਪਰਵਾਹੀਆ । ਓਨ੍ਹਾਂ ਲੋੜ ਰਹੇ ਨਾ ਕਿਸੇ ਜਾਗੀਰ ਮਿਲਖ, ਰਾਜ ਜੋਗ ਦੋਵੇਂ ਦੇਣ ਤਜਾਈਆ । ਆਪਣੀ ਫਲਵਾੜੀ ਵੇਖਣ ਸਦਾ ਪਰਫੁਲਤ, ਪੱਤ ਟਹਿਣੀ ਰਹੀ ਮਹਿਕਾਈਆ । ਜਨ ਭਗਤਾਂ ਦੇ ਜਹਾਨਾਂ ਉਤੇ ਆਪਣਾ ਵਸਾਇਆ ਮੁਲਕ, ਜਿਸ ਦਾ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਦਾ ਹੋਏ ਸਹਾਈਆ ।

★ ੯ ਚੇਤ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਹਿ ਅਲੱੜ੍ਹਪਿੰਡੀ ਜ਼ਿਲਾ ਗੁਰਦਾਸਪੁਰ ★

ਫ਼ਰੀਦ ਕਹੇ ਮੈਂ ਵੇਖਿਆ ਆਜ, ਅਜਬ ਖੇਲ ਕਰਾਇੰਦਾ । ਜਿਸ ਦੇ ਪਿਛੇ ਕਾਂਵਾਂ ਖਾਧਾ ਮਾਸ, ਤਨ ਮਾਟੀ ਜਗਤ ਸੁਕਾਇੰਦਾ । ਨੇਤਰ ਨੈਣ ਨਾ ਬੁਝੀ ਪਿਆਸ, ਦਰਸਨ ਦਰ ਨਾ ਆਪ ਵਖਾਇੰਦਾ । ਉਸ ਦੀ ਸੁਣ ਅਗੰਮੀ ਬਾਤ, ਮੇਰਾ ਬਾਤਨ ਖ਼ੁਸ਼ੀ ਮਨਾਇੰਦਾ । ਕਲਜੁਗ ਅੰਤ ਜਨ ਭਗਤਾਂ ਦੇਵੇ ਆਪਣੀ ਦਾਤ, ਦਾਤਾ ਹੋ ਕੇ ਹਰਿ ਵਰਤਾਇੰਦਾ । ਨਾ ਕੋਈ ਮੁਸ਼ੱਕਤ ਦੱਸੇ ਪੂਜਾ ਪਾਠ, ਜੰਗਲ ਜੂਹ ਨਾ ਕੋਇ ਫਿਰਾਈਆ । ਨਾਤਾ ਤੋੜ ਤੀਰਥ ਤਾਟ, ਟਿੱਲੇ ਪਰਬਤ ਪੰਧ ਮੁਕਾਈਆ । ਨਾ ਛੱਡਣੀ ਪਏ ਖਾਟ, ਘਰ ਬਾਰ ਨਾ ਕੋਇ ਤਜਾਈਆ । ਨਾਰ ਕੰਤ ਨਾ ਟੁੱਟੇ ਸਾਕ, ਪੁੱਤਰ ਧੀ ਨਾ ਹੋਏ ਜੁਦਾਈਆ । ਤਨ ਰਮੌਣੀ ਪਏ ਨਾ ਖ਼ਾਕ, ਧੂਣੀ ਅਗਨ ਨਾ ਕੋਇ ਤਪਾਈਆ । ਡੂੰਘੀ ਕੰਦਰ ਨਾ ਲੈਣਾ ਝਾਕ, ਸਮੁੰਦ ਖਾਈ ਨਾ ਕੋਇ ਫਿਰਾਈਆ । ਝਗੜਾ ਰਹੇ ਨਾ ਕਿਸੇ ਸਮਾਜ, ਸਮਗਰੀ ਮੰਗਣ ਕੋਇ ਨਾ ਜਾਈਆ । ਕਿਰਪਾ ਕਰ ਪੁਰਖ ਸਮਰਾਥ, ਦੀਨ ਦਿਆਲ ਹੋਏ ਸਹਾਈਆ । ਘਰ ਸੱਜਣ ਮਿਲੇ ਸਾਚ, ਸਤਿ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫ਼ਰੀਦ ਕਹੇ ਨਾ ਗਲੀਆਂ ਚਿਕੜ, ਖੋਜਤ ਖੋਜ ਨਾ ਕੋਇ ਖੁਜਾਈਆ । ਤਨ ਬਸਤਰ ਮਾਟੀ ਖ਼ਾਕ ਨਾ ਜਾਏ ਲਿਬੜ, ਮੂੰਹ ਦੇ ਭਾਰ ਨਾ ਕੋਇ ਸੁਟਾਈਆ । ਵੇਸਵਾ ਦਵਾਰੇ ਨਾ ਕੋਈ ਫ਼ਿਕਰ, ਚਿੰਤਾ ਗ਼ਮ ਨਾ ਕੋਇ ਜਣਾਈਆ । ਮੁਰਸ਼ਦ ਮਿਲਿਆ ਧੁਰ ਦਾ ਮਿੱਤਰ, ਬੇਪਰਵਾਹ ਹੋਏ ਸਹਾਈਆ । ਫੜ ਚੋਟੀ ਚਾੜ੍ਹੇ ਸਿਖਰ, ਸਚ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਫ਼ਰੀਦ ਕਹੇ ਨਾ ਕੀਮਤ ਨੇਤਰ ਅੱਖ, ਹੱਟੋ ਹੱਟ ਨਾ ਕੋਇ ਵਿਕਾਈਆ । ਨਾ ਭਠਿਆਲਾ ਬਣ ਕੇ ਝੋਕਣਾ ਪਏ ਭੱਠ, ਸੇਵਾ ਜਗਤ ਨਾ ਕੋਇ ਵਖਾਈਆ । ਨਾ ਯੂਸਫ਼ ਬਣ ਕੇ ਕੀਮਤ ਪੌਣੀ ਪਏ ਅੱਟ, ਸੁਲੇਮਾਨ ਤਖ਼ਤ ਨਾ ਕੋਇ ਸੁਹਾਈਆ । ਨਾ

੮੭੫ ੧੯

ਜ਼ਿਕਰੀਆ ਬਣ ਕੇ ਲਗੌਣਾ ਪਏ ਘਾਉ ਫੱਟ, ਤਿਖੀ ਧਾਰ ਧਾਰ ਜਣਾਈਆ । ਨਾ ਫਿਰਨਾ ਪਏ ਅਠਸਠ, ਤੀਰਥ ਤਟ ਨਾ ਕੋਇ ਵਡਿਆਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਤਿਗੁਰ ਹੋਏ ਸਹਾਈਆ । ਜਨ ਭਗਤਾਂ ਖੋਲ੍ਹ ਕੇ ਅੰਤਰ ਅੱਖ, ਅੱਖਰ ਆਪਣੇ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਫ਼ਰੀਦ ਕਹੇ ਨਾ ਪਏ ਫਿਰਨਾ, ਬਨ ਖੋਜਣ ਕੋਇ ਨਾ ਜਾਈਆ । ਮਹਲ ਚੋਟੀ ਪਰਬਤ ਚੜ੍ਹ ਪਏ ਨਾ ਗਿਰਨਾ, ਡੂੰਘੀ ਕੰਦਰ ਨਾ ਕੋਇ ਸੁਟਾਈਆ । ਚਿੰਤਾ ਰੋਗ ਨਾ ਕੋਈ ਮਰਨਾ, ਸੋਗ ਗ਼ਮ ਨੇੜ ਨਾ ਆਈਆ । ਕਰ ਕਿਰਪਾ ਪ੍ਰਭ ਅੰਮ੍ਰਿਤ ਮੇਘ ਬਰਸੇ ਕਿਰਨਾ, ਕਿਰਨ ਬੂੰਦ ਸਵਾਂਤੀ ਆਪ ਟਪਕਾਈਆ । ਘਰ ਸਚ ਖੁਲ੍ਹਾਇਆ ਝਿਰਨਾ, ਰਮਕ ਰਮਕ ਧਾਰ ਵਹਾਈਆ । ਕਵਲ ਨਾਭੀ ਫੁਲ ਖਿੜਨਾ, ਪੰਖੜੀ ਆਪਣਾ ਰੰਗ ਵਖਾਈਆ । ਸਾਚਾ ਗੇੜ ਅਗੰਮੀ ਗਿੜਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫ਼ਰੀਦ ਕਹੇ ਨਾ ਢੂੰਡੋ ਜਗ, ਮੈਂ ਸਚ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਲੱਗੀ ਅੱਗ, ਸਕੇ ਨਾ ਕੋਇ ਬੁਝਾਈਆ । ਮੈਂ ਵੇਖਿਆ ਖੇਲ ਪੁਰਖ ਸਮਰਥ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਨਿਰਗੁਣ ਜੋਤ ਕਰ ਪਰਗਟ, ਦਵਾਰਾ ਬੰਕ ਗੁਰਮੁਖ ਰਿਹਾ ਸੁਹਾਈਆ । ਸੰਤ ਸੁਹੇਲੇ ਕਰ ਇਕੱਠ, ਗੁਰ ਚੇਲੇ ਜੋੜ ਜੁੜਾਈਆ । ਸਚ ਸਰਨਾਈ ਮਾਰਗ ਦੱਸ, ਚਰਨ ਚਰਨੋਦਕ ਮੁਖ ਚੁਆਈਆ । ਪਰੇਮ ਪਿਆਰ ਅੰਦਰ ਕਰ ਕੇ ਵਸ, ਵਸਲ ਇਕੋ ਇਕ ਜਣਾਈਆ । ਦਿਆਲ ਠਾਕਰ ਹੋ ਕੇ ਗਾਵੇ ਜਸ, ਢੋਲਾ ਰਾਗ ਸੁਣਾਈਆ । ਨਾਮ ਅਮੋਲਕ ਦੇ ਕੇ ਦਾਤ, ਝੋਲੀ ਸਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੮੭੬ ੧੯
ਕਰ, ਕਰੇ ਖੇਲ ਸਾਹਿਬ ਗੋਸਾਈਆ । ਫ਼ਰੀਦ ਕਹੇ ਨਾ ਹੋਣਾ ਪਏ ਮੁਰਦਾ, ਮੜ੍ਹੀ ਗੋਰ ਡੇਰਾ ਕੋਇ ਨਾ ਲਾਈਆ । ਮੈਂ ਸ੍ਰੀ ਭਗਵਾਨ ਨਿਰਗੁਣ ਸਰਗੁਣ ਹੋ ਕੇ ਵੇਖਿਆ ਫਿਰਦਾ ਤੁਰਦਾ, ਆਵੇ ਜਾਵੇ ਆਪਣਾ ਖੇਲ ਕਰਾਈਆ । ਜਿਸ ਦਾ ਫੁਰਨਾ ਆਦਿ ਜੁਗਾਦਿ ਇਕੋ ਫੁਰਦਾ, ਫੁਰਨੇ ਵਿਚ ਰੱਖੇ ਸਰਬ ਲੋਕਾਈਆ । ਜੋ ਭੇਵ ਅਭੇਦ ਦੱਸੇ ਸਾਚੇ ਗੁਰੂ ਗੁਰ ਦਾ, ਪਰਦਾ ਉਹਲਾ ਦਏ ਉਠਾਈਆ । ਉਹ ਠਾਕਰ ਜਨ ਭਗਤ ਦਵਾਰਿਉਂ ਕਦੇ ਨਾ ਮੁੜਦਾ, ਪਿਛਾ ਪਰਤ ਨਾ ਮੁਖ ਭਵਾਈਆ । ਖੇਲ ਅਨੋਖਾ ਹਰਿ ਸੰਤਾਂ ਸੰਗ ਆਪੇ ਜੁੜਦਾ, ਜੋੜੀ ਸੋਹਣੀ ਜਗਤ ਬਣਾਈਆ । ਸੰਜੋਗੀ ਮੇਲ ਮਿਲਾਏ ਧੁਰ ਦਾ, ਵਜੋਗ ਰਹਿਣ ਕੋਇ ਨਾ ਪਾਈਆ । ਜਿਸ ਵੇਲੇ ਜਨ ਭਗਤਾਂ ਬੇੜਾ ਵੇਖੇ ਰੁੜ੍ਹਦਾ, ਫੜ ਬਾਂਹੋਂ ਪਾਰ ਕਢਾਈਆ । ਵਰ ਘਰ ਦੇਵੇ ਜਿਹੋ ਜਿਹਾ ਲੋੜ ਦਾ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਫ਼ਰੀਦ ਕਹੇ ਨਾ ਰੋਟੀ ਖਾਣੀ ਪਏ ਕਾਠ, ਕਠਨਤਾ ਨਜ਼ਰ ਕੋਇ ਨਾ ਆਈਆ । ਜੰਗਲ ਬੇਲੇ ਕੱਟਣੀ ਪਏ ਨਾ ਵਾਟ, ਪਾਂਧੀ ਬਣ ਨਾ ਪੰਧ ਮੁਕਾਈਆ । ਰਾਤ ਬਹਿ ਬਹਿ ਉਠ ਉਠ ਵੇਖਣਾ ਪਏ ਨਾ ਝਾਕ, ਨੇਤਰ ਲੋਚਣ ਨੈਣ ਧਿਆਨ ਲਗਾਈਆ । ਕਲਜੁਗ ਅੰਤ ਕਿਰਪਾ ਕਰ ਪੁਰਖ ਅਬਿਨਾਸ਼, ਮਿਹਰਵਾਨ ਦਇਆ ਕਮਾਈਆ । ਦੂਰ ਦੁਰਾਡਾ ਨੇਰਨ ਨੇਰਾ ਚਲ ਕੇ ਆਵੇ ਖ਼ਾਸ਼, ਖ਼ਾਹਸ਼ ਭਗਤਾਂ ਵੇਖ ਵਖਾਈਆ । ਦਰਸਨ ਦੇ ਕੇ ਵਿਚ ਖ਼ਵਾਬ, ਖ਼ਬਰ ਆਪਣੀ ਜਾਏ ਸਮਝਾਈਆ । ਗੁਰਮੁਖ ਮੇਰਾ ਨੂਰ ਚੰਦ ਮਹਿਤਾਬ, ਆਫਤਾਬ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਆ । ਫ਼ਰੀਦ ਕਹੇ ਨਾ ਫਿਰਨਾ ਪਏ ਜੰਗਲ, ਜੂਹ ਵਿਚ ਨਾ ਡੇਰਾ ਲਾਈਆ । ਨਾ ਲਟਕਣਾ

ਪਏ ਨਾਲ ਸੰਗਲ, ਉਲਟਾ ਆਪਣਾ ਆਪ ਕਰਾਈਆ । ਗੁਰਮੁਖੋ ਤੁਹਾਡੇ ਘਰ ਵਿਚ ਲੱਗਾ ਮੰਗਲ, ਮੰਗਤਾ ਬਣਿਆ ਬੇਪਰਵਾਹੀਆ । ਸਦਾ ਸੁਹੇਲਾ ਹੋ ਕੇ ਰੱਖੇ ਅੰਗਣ, ਆਪਣੀ ਗੋਦ ਉਠਾਈਆ । ਮੇਰੇ ਵੇਂਹਦਿਆਂ ਬਰੀ ਕੀਤਾ ਜਿਸ ਬ੍ਰਾਹਮਣ ਚੁਰਾਇਆ ਕੰਗਣ, ਗੰਗਾ ਮਈਆ ਨਾਲ ਠੱਗੀ ਕਮਾਈਆ । ਓਧਰੋਂ ਉਹ ਵੀ ਆਈ ਕੁਛ ਮੰਗਣ, ਲਹਿੰਗਾ ਸੁਆਰ ਸੂਤ ਕੇ ਆਪਣਾ ਘੁੰਗਟ ਰਹੀ ਉਠਾਈਆ । ਦੋਏ ਜੋੜ ਕਰੇ ਬੰਦਨ, ਬੰਦਗੀ ਡੰਡਾਵਤ ਕਰ ਕਰ ਖ਼ੁਸ਼ੀ ਮਨਾਈਆ । ਮੈਂ ਵੇਖਾਂ ਕਿਵੇਂ ਪ੍ਰਭੂ ਕੱਟੇ ਫੰਦਨ, ਫਾਸੀ ਗਲ ਨਾ ਕੋਇ ਲਟਕਾਈਆ । ਜਮਨਾ ਕਹੇ ਨੀਂ ਮੈਂ ਲੱਗਦਾ ਵੇਖਿਆ ਚੰਦਨ, ਸੁਰਸਤੀ ਕਹੇ ਮੈਂ ਘੋਲੀ ਘੋਲ ਘੁਮਾਈਆ । ਗੋਦਾਵਰੀ ਕਹੇ ਮੇਰਾ ਪ੍ਰਭੂ ਪੜਦਾ ਪਾਏ ਜੋ ਬੈਠੇ ਨੰਗਣ, ਸਿਰ ਆਪਣਾ ਹੱਥ ਟਿਕਾਈਆ । ਖ਼ੁਸ਼ੀਆਂ ਨਾਲ ਗੀਤ ਗੌਂਦੀ ਆਈ ਜਿਸ ਦੇ ਹੱਥ ਕੋਟ ਸ਼ਕੰਗਣ, ਆਪਣਾ ਜੋਬਨ ਰੂਪ ਵਖਾਈਆ । ਮੈਂ ਵੇਖਾਂ ਉਹ ਜਿਸ ਭਗਤਾਂ ਬਣਾਇਆ ਸੰਗਨ, ਸੋਹਣਾ ਸੰਗ ਬਣਾਈਆ । ਜਿਸ ਗੋਬਿੰਦ ਦਿਤੀ ਚੰਡ ਪਰਚੰਡਨ, ਖੰਡਾ ਖੜਗ ਚੰਡੀ ਇਕ ਚਮਕਾਈਆ । ਉਹ ਅਨਾਥਾਂ ਦਾ ਨਾਥ ਅਨੰਦਾਂ ਦਾ ਅਨੰਦਨ, ਤ੍ਰਿਲੋਕੀ ਦਾ ਤ੍ਰਲੋਕ ਸਲੋਕ ਸੋਹਲਾ ਇਕ ਸੁਣਾਈਆ । ਚਰਨਾਂ ਹੇਠਾਂ ਦੱਬ ਕੇ ਮੁਕਤੀ ਮੋਖ, ਮੁਫ਼ਤ ਜਨ ਭਗਤਾਂ ਪਾਰ ਕਰਾਈਆ । ਆਦਿ ਜੁਗਾਦਿ ਏਹਨੂੰ ਗੁਰਮੁਖ ਪਾਰ ਉਤਾਰਨ ਦਾ ਸ਼ੌਕ, ਸ਼ੌਕੀਨ ਬਣਿਆ ਬੇਪਰਵਾਹੀਆ । ਇਸ ਦੀ ਨਜ਼ਮ ਨਗ਼ਮਾ ਕਿਆ ਕੋਈ ਗਾਏ ਜ਼ੌਕ, ਕੋਟਨ ਕੋਟ ਜ਼ੌਕ ਬੈਠੇ ਸੀਸ ਨਿਵਾਈਆ । ਇਸ ਦੀ ਮੰਜ਼ਲ ਕੋਈ ਨਾ ਸਕੇ ਪਹੁੰਚ, ਅੰਦਰ ਵੜ ਖ਼ੁਸ਼ੀ ਨਾ ਕੋਇ ਮਨਾਈਆ । ਜਿਸ ਦੇ ਦਰਸਨ ਆਦਿ ਜੁਗਾਦਿ ਸਾਰੇ ਰਹੇ ਲੋਚ, ਦੂਰ ਦੁਰਾਡਾ ਤੱਕਣ ਮਾਹੀਆ । ਇਸ ਦੀ ਸ਼ਹਾਦਤ ਕੋਈ ਦੇ ਨਾ ਸਕੇ ਪੁਨੂੰ ਸੱਸੀ ਬਲੋਚ, ਰਾਂਝਾ ਹੀਰ ਨਾ ਕੋਇ ਵਡਿਆਈਆ । ਸੋਹਣੀ ਮਹੀਵਾਲ ਨਾ ਖੋਜੀ ਖੋਜ, ਲੇਲਾ ਮਜਨੂੰ ਮਜ਼ਲ ਨਾ ਪੰਧ ਮੁਕਾਈਆ । ਸ਼ੀਰੀਂ ਫ਼ਰਿਹਾਦ ਪੱਥਰਾਂ ਉਤੇ ਲੌਂਦੇ ਰਹੇ ਚੋਟ, ਸਚ ਨਗਾਰਾ ਨਾਮ ਨਾ ਕੋਇ ਵਜਾਈਆ । ਫ਼ਰੀਦ ਕਹੇ ਇਹਦਾ ਲੇਖ ਵੇਖ ਮੈਂ ਹੋਇਆ ਮਦਹੋਸ਼, ਮਧੁਰ ਰਸ ਇਕੋ ਨਜ਼ਰੀ ਆਈਆ । ਜਿਸ ਨੇ ਮੇਰਾ ਤਨ ਸੁਕਾਇਆ ਪੋਸ਼, ਫੇਰ ਪੁਸ਼ਤ ਪਨਾਹ ਹੱਥ ਟਿਕਾਈਆ । ਬਾਰਾਂ ਸਾਲ ਰਿਹਾ ਖ਼ਮੋਸ਼, ਇਕ ਵਾਰ ਬੋਲ ਨਾ ਖ਼ੁਸ਼ੀ ਮਨਾਈਆ । ਜਿਸ ਨੂੰ ਤੱਕਦੇ ਲੋਕ ਪਰਲੋਕ, ਦੋ ਜਹਾਨ ਅੱਖ ਖੁਲ੍ਹਾਈਆ । ਗੁਰਮੁਖੋ ਉਹ ਤੁਹਾਨੂੰ ਦਰਸਨ ਦੇਵੇ ਰੋਜ਼, ਬਿਨ ਰੋਜ਼ਿਆਂ ਬਿਨ ਫ਼ਾਕਿਆਂ ਫ਼ਿਕਰ ਤੁਹਾਡਾ ਆਪਣੀ ਝੋਲੀ ਪਾਈਆ । ਤੁਹਾਨੂੰ ਅੱਗੇ ਕੋਈ ਨਹੀਂ ਰਹੀ ਸੋਚ, ਸੋਚਣ ਵਾਲਾ ਇਕੋ ਬੇਪਰਵਾਹੀਆ । ਜਿਸ ਨੇ ਪਾਪੀ ਪਤਤ ਕੀਤੇ ਨਿਰਦੋਸ਼, ਦੋਸ਼ੀਆਂ ਉਤੇ ਦੋਸ਼ ਨਾ ਕੋਇ ਲਗਾਈਆ । ਆਹਲਣਿਉਂ ਡਿਗੇ ਉਠਾਏ ਬੋਟ, ਸਚ ਘੌਂਸਲੇ ਵਿਚ ਟਿਕਾਈਆ । ਘੌਂਸਲਾ ਨਹੀਂ ਉਹ ਧੁਰ ਦਾ ਕਿਲਾ ਕੋਟ, ਜਿਸ ਨੂੰ ਪੰਛੀ ਪੰਖੀ ਤਿਨਕੇ ਨਾਲ ਨਾ ਕੋਇ ਜੁੜਾਈਆ । ਓਥੇ ਖਾਣ ਪੀਣ ਨੂੰ ਮਿਲੇ ਕੋਈ ਨਾ ਰੋਟ, ਖੀਰ ਕੜਾਹ ਅੱਗੇ ਨਾ ਕੋਇ ਟਿਕਾਈਆ । ਓਥੇ ਇਕੋ ਪ੍ਰਭ ਦਰਸਨ ਦੀ ਮੌਜ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਕਾਰ ਕਮਾਈਆ । ਫ਼ਰੀਦ ਕਹੇ ਮੈਂ ਵੇਖੀ ਸਚ ਤੌਫੀਕ, ਤੋਹਫਾ ਦੇਵੇ ਮੇਰਾ ਗੋਸਾਈਆਂ । ਸਾਥੀ ਸੱਜਣ ਬਣੇ ਰਫੀਕ, ਫਰੀਕ ਨਜ਼ਰ ਕੋਇ ਨਾ ਆਈਆ । ਸਚ ਦੁਲਾਰੇ ਬਣੇ ਅਜ਼ੀਜ਼, ਪਰੇਮ ਪ੍ਰੀਤੀ ਇਕ ਵਧਾਈਆ । ਗੁਰਮੁਖ ਗੁਰਮੁਖਾਂ ਕਰੋ ਤਮੀਜ਼, ਤਮਾਂ ਹਿੰਸਾ ਸਰਬ ਮਿਟਾਈਆ । ਮਾਇਆ ਮਮਤਾ ਕਦੇ ਨਾ ਬਣੇ ਮਰੀਜ਼, ਕੂੜਾ ਨਾਤਾ ਦੇਣਾ ਜਗਤ ਛੁਡਾਈਆ ।

੮੭੮
੧੯

ਪਰਮ ਪੁਰਖ ਪਰਮਾਤਮ ਸਦਾ ਵੇਖੋ ਕਰੀਬ, ਘਰ ਬੈਠਾ ਡੇਰਾ ਲਾਈਆ । ਜਿਸ ਦਾ ਨਜ਼ਾਰਾ ਅਜਬ ਅਜੀਬ, ਉਜਾਲਾ ਨੂਰ ਕਰੇ ਰੁਸ਼ਨਾਈਆ । ਜੋ ਰਵਦਾਸ ਨੂੰ ਲਿਖ ਕੇ ਪਿਛੇ ਦੇ ਗਿਆ ਰਸੀਦ, ਕਾਗ਼ਜ਼ ਟੁੱਕੜਾ ਹੱਥ ਫੜਾਈਆ । ਕਲਜੁਗ ਅੰਤ ਓਸੇ ਦੀ ਉਡੀਕ, ਰਾਹ ਤੱਕੇ ਸਰਬ ਲੋਕਾਈਆ । ਜਿਸ ਦੀ ਧਾਰ ਸਦਾ ਬਾਰੀਕ, ਕਦਮ ਸਕੇ ਨਾ ਕੋਇ ਰਖਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਸ਼ਿਰਕਤ ਵਿਚ ਨਾ ਕਰੇ ਲੜਾਈਆ । ਜਨ ਭਗਤੋ ਤੁਹਾਡੇ ਨਾਲ ਸਿਧੀ ਕਰੇ ਪ੍ਰੀਤ, ਸੁਧਾਸਰ ਵਾਲਾ ਆਪਣੇ ਨਾਲ ਰਲਾਈਆ । ਖ਼ੁਸ਼ੀਆਂ ਨਾਲ ਮਾਣਸ ਜਨਮ ਜਾਓ ਜੀਤ, ਜਗਤ ਜੀਵ ਮਿਲੇ ਵਡਿਆਈਆ । ਮੰਗਿਆਂ ਕਿਸੇ ਦਰ ਤੋਂ ਇਹ ਨਾ ਮਿਲੇ ਭੀਖ, ਜੋ ਸਾਹਿਬ ਮੇਰਾ ਵਰਤਾਈਆ । ਵੇਖੋ ਕਬਾਬਾਂ ਵਾਂਗੂ ਭੁੰਨ ਕੇ ਉਤੇ ਚਾੜ੍ਹੇ ਸੀਖ, ਖੱਲ ਹੱਡੀਆਂ ਨਾਲੋਂ ਦੂਰ ਕਰਾਈਆ । ਮਨਸੂਰ ਦੀ ਇਕੋ ਵੱਜੀ ਚੀਕ, ਐਨਲਹਕ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਲਹਿਣਾ ਦੇਣਾ ਲੇਖੇ ਲਾਏ ਠੀਕ, ਠਾਕਰ ਆਇਆ ਨੂਰ ਖ਼ੁਦਾਈਆ ।

## ★ ੬ ਚੇਤ ੨੦੨੧ ਬਿਕ੍ਰਮੀ ਮੇਲਾ ਸਿੰਘ ਬਾਬੂਪੁਰਾ ਜ਼ਿਲਾ ਗੁਰਦਾਸਪੁਰ ★

ਲਹਿਣੇ ਵਾਲਿਓ ਚੁੱਕਿਆ ਲਹਿਣਾ, ਕਾਦਰ ਕਰਤਾ ਆਪ ਚੁਕਾਇੰਦਾ । ਅੱਖੀਆਂ ਨਾਲ ਵਖਾਏ ਨੈਣਾਂ, ਨੇਤਰਾਂ ਨਾਲ ਦਰਸਾਇੰਦਾ । ਪਿਛਲਾ ਦੁੱਖ ਕੋਇ ਨਾ ਰਹਿਣਾ, ਵਿਛੋੜਾ ਵਿਛੜਿਆਂ ਮੇਲ ਮਿਲਾਇੰਦਾ । ਸਭ ਨੂੰ ਕੱਠਾ ਮਿਲਿਆ ਬਹਿਣਾ, ਘਰ ਇਕੋ ਇਕ ਵਡਿਆਇੰਦਾ । ਕੂੜੀ ਕਿਰਿਆ ਕਦੇ ਨਾ ਵਹਿਣਾ, ਸਾਚਾ ਮੇਲਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਲਹਿਣੇ ਵਾਲਿਓ ਲਹਿਣਾ ਗਿਆ ਚੁੱਕ, ਚੁੱਕੀ ਚੂਕ ਲੋਕਾਈਆ । ਪਿਛਲਾ ਲੇਖਾ ਗਿਆ ਮੁੱਕ, ਅੱਗੇ ਮੇਲ ਬੇਪਰਵਾਹੀਆ । ਚੁਰਾਸੀ ਵਿਚੋਂ ਇਹੋ ਸੁਖ, ਸੁਖ ਸਾਗਰ ਰੂਪ ਸਮਾਈਆ । ਪ੍ਰਭ ਸੱਜਣ ਮੇਟੀ ਭੁੱਖ, ਦੁਖੀਆਂ ਦਰਦ ਵੰਡਾਈਆ । ਅੱਗੇ ਬ੍ਰਾਹਮਣ ਠੱਗੀ ਕਰੇ ਨਾ ਕੁਛ, ਚੋਰੀ ਗੰਢ ਨਾ ਕੋਇ ਖੁਲ੍ਹਾਈਆ । ਕਹਾਰਾਂ ਵਾਂਗ ਸਤਿਗੁਰ ਪਾਸ ਅੰਦਰ ਖ਼ਾਹਿਸ਼ ਬਾਹਰੋਂ ਕਹੇ ਨਾ ਕੋਈ ਮੁਖ, ਅੰਤਰ ਬਾਹਰ ਵੇਖਣਹਾਰਾ ਲੇਖਾ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਲਹਿਣੇ ਵਾਲਿਓ ਲੈ ਲਓ ਆਪਣੀ ਵਸਤ, ਪ੍ਰਭ ਦੇਵਣਹਾਰ ਝੋਲੀ ਪਾਈਆ । ਨਾਮ ਖ਼ੁਮਾਰੀ ਨਾਲ ਹੋ ਜਾਓ ਮਸਤ, ਅੰਤਰ ਸੋਹਣਾ ਰੰਗ ਚੜ੍ਹਾਈਆ । ਹੱਥ ਨਾਲ ਮਿਲਾਓ ਦਸਤ, ਦਸਤਗੀਰ ਮਿਲੇ ਬੇਪਰਵਾਹੀਆ । ਏਸ ਪ੍ਰਭੂ ਦੀ ਆਦਿ ਜੁਗਾਦਿ ਕਿਸੇ ਨਾ ਕੀਤੀ ਪਰਖ, ਪਰਖ ਵਿਚ ਕਦੇ ਨਾ ਆਈਆ । ਜੇ ਤਾਰੇ ਤੇ ਕਰੇ ਤਰਸ, ਤਰਸ ਵਿਚੋਂ ਆਪਣਾ ਤੁਰੰਗ ਦੌੜਾਈਆ । ਓਸ ਉਤੇ ਕਾਹਦਾ ਹਰਖ, ਜੋ ਹਾਕਮ ਦੋ ਜਹਾਨਾਂ ਹੁਕਮ ਮਨਾਈਆ । ਪਿਛਲਾ ਲੇਖਾ ਜੋ ਭਗਤਾਂ ਨਾਲ ਲਾ ਕੇ ਗਿਆ ਸ਼ਰਤ, ਧੁਰ ਦੀ ਗੰਢ ਪਵਾਈਆ । ਓਸ ਵਿਚ ਪੈਣ ਨਹੀਂ ਦਿਤਾ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਬ੍ਰਾਹਮਣ ਹੋਣ ਨਹੀਂ ਦਿਤਾ ਗ਼ਰਕ, ਕਹਾਰਾਂ ਵੇਖਿਆ ਆਣ ਪਰਤ, ਯਾਰ ਯਾਰਾਂ ਨਾਲ ਰਲਾਈਆ । ਕਰ ਖੇਲ ਪ੍ਰਭੂ ਅਸਚਰਜ, ਅੱਗੇ ਜਨਮ ਮਰਨ ਤੋਂ ਸਾਰੇ ਦਿਤੇ ਵਰਜ, ਦਸ ਦਸ ਮਾਸ ਅਗਨੀ ਤਤ ਨਾ ਕੋਇ ਤਪਾਈਆ । ਸਭ ਦੀ ਪੁਠੀ ਸਿਧੀ ਕੀਤੀ ਨਰਦ, ਪਾਪ

ਖੰਢੇ ਨਾਲ ਤਿਖੀ ਧਾਰ ਕਰਦ ਬਣ ਮਰਦ ਮਰਦਾਨਗੀ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਰਿਹਾ ਮੁਕਾਈਆ । ਲੇਖੇ ਵਿਚੋਂ ਰੁਪੱਏ ਬੋਲਣ ਚਾਰ, ਚਾਰ ਚਾਰੋਂ ਕੁੰਟ ਦੇਣ ਦੁਹਾਈਆ । ਚਾਰ ਜੁਗ ਦਾ ਜਗਤ ਵਿਹਾਰ, ਚਾਰੇ ਵੇਦ ਨੈਣ ਸ਼ਰਮਾਈਆ । ਚਾਰੇ ਵਰਨ ਰੋਵਣ ਜ਼ਾਰੋ ਜ਼ਾਰ, ਚਾਰ ਯਾਰੀ ਰਹੀ ਕੁਰਲਾਈਆ । ਇਹ ਚੌਂਹ ਦਾ ਪਿਛਲਾ ਉਧਾਰ, ਲੇਖਾ ਵੇਖੇ ਬੇਪਰਵਾਹੀਆ । ਚਾਰ ਚਾਰ ਦਾ ਚੱਕ ਕਰ ਤਿਆਰ, ਕੋਹਲੂ ਚਰਖ਼ਾ ਆਪ ਭਵਾਈਆ । ਪੰਖੀ ਉਡ ਉਡ ਵੇਖਣ ਵਿਚ ਸੰਸਾਰ, ਚਾਰੋਂ ਕੁੰਟ ਨੱਠਣ ਵਾਹੋ ਦਾਹੀਆ । ਪੰਜਾਂ ਦੇ ਕੇ ਇਕ ਪਿਆਰ, ਧੁਰ ਦਾ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਜਣਾਈਆ । ਚਾਰ ਕਹਿਣ ਸਾਨੂੰ ਆਇਆ ਚੱਜ, ਪ੍ਰਭੂ ਚੰਗੀ ਤਰ੍ਹਾ ਸਮਝਾਈਆ । ਪਿਛਲਾ ਪੂਰਬ ਮਿਲਿਆ ਹੱਕ, ਲੇਖਾ ਦਿਤਾ ਬੇਪਰਵਾਹੀਆ । ਇਸ ਦੇ ਨਾਲ ਚੌਥੇ ਘਰ ਜਾਈਏ ਵਸ, ਵਾਸਤਾ ਇਕੋ ਘਰ ਰਖਾਈਆ । ਸਾਡੇ ਖ਼ਾਲੀ ਕਦੀ ਨਾ ਹੋਵਣ ਹੱਥ, ਦੁੱਖ ਦਰਦ ਨਾ ਲਾਗੇ ਰਾਈਆ । ਚਾਰੋਂ ਕੁੰਟ ਖੁੱਲ੍ਹੀ ਰਹੇ ਅੱਖ, ਦਰਸਨ ਪਾਈਏ ਧੁਰਦਰਗਾਹੀਆ । ਚਾਰ ਚੌਫੇਰੇ ਗਾਈਏ ਜਸ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਸਾਡਾ ਸੱਚਾ ਸੰਗ ਨਿਭਾਈਆ । ਚਾਰ ਕਹਿਣ ਅਸੀਂ ਤੱਕਿਆ ਨਾਲ ਗੌਰ, ਆਪਣਾ ਧਿਆਨ ਲਗਾਈਆ । ਪ੍ਰਭ ਦੇ ਹੱਥ ਸਭ ਦੀ ਡੋਰ, ਲੱਖ ਚੁਰਾਸੀ ਬੰਧਨ ਪਾਈਆ । ਜਿਸ ਨੂੰ ਚਾਹੇ ਉਸ ਨੂੰ ਦੇਵੇ ਛੋੜ, ਫਾਸੀ ਗਲ ਨਾ ਕੋਇ ਲਟਕਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਰੱਖੇ ਲੋੜ, ਵੇਖ ਵਖਾਵੇ ਬੇਪਰਵਾਹੀਆ । ਨਿਮਸਕਾਰ ਨਿਮਸਕਾਰ ਨਮੋ ਨਮੋ ਹੱਥ ਜੋੜ, ਸਜਦਾ ਸੀਸ ਨਿਵਾਈਆ । ਠੱਗ ਠੱਗ ਰਿਹਾ ਨਾ ਚੋਰ, ਪੁਰਖ ਅਬਿਨਾਸ਼ੀ ਗਿਆ ਬੌਹੜ, ਘੁਮਿਆਰ ਦੀ ਲੇਖੇ ਲੱਗੀ ਦੋਹਰ, ਦੋਹਰਾ ਜਨਮ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਸਰਬ ਚੁਕਾਈਆ । ਲਹਿਣਾ ਚੁਕਾਇਆ ਲਹਿਣੇਦਾਰ, ਵਹੀਖਾਤਾ ਨਜ਼ਰ ਕੋਇ ਨਾ ਆਈਆ । ਹਰਿ ਸੰਗਤ ਬਖ਼ਸ਼ ਕੇ ਸਚ ਪਿਆਰ, ਪਰੇਮ ਪ੍ਰੀਤੀ ਇਕ ਜੁੜਾਈਆ । ਪਿਛਲਾ ਲੇਖਾ ਸਰਬ ਨਵਾਰ, ਭਰਮ ਭੁਲੇਖਾ ਦੂਰ ਕਰਾਈਆ । ਗੁਰਮੁਖ ਅੱਗੇ ਇਹੋ ਜਿਹਾ ਕੋਈ ਨਾ ਕਰੇ ਪੇਸ਼ਾ ਵਿਚ ਸੰਸਾਰ, ਸ੍ਰੀ ਭਗਵਾਨ ਲੇਖਾ ਦੇਵਣਹਾਰਾ ਥਾਉਂ ਥਾਈਆ । ਕੀ ਹੋਇਆ ਜੇ ਬ੍ਰਾਹਮਣ ਦਿਤਾ ਤਾਰ, ਮਿਹਰ ਨਜ਼ਰ ਇਕ ਉਠਾਈਆ । ਇਹ ਬ੍ਰਾਹਮਣ ਨਹੀਂ ਬ੍ਰਹਮ ਦੀ ਕਾਰ, ਜੋ ਪਾਰਬ੍ਰਹਮ ਆਪਣੇ ਲੇਖ ਬਦਲੇ ਮਾਤ ਕਰਾਈਆ । ਏਸੇ ਕਰ ਕੇ ਪਿਛਲਾ ਕੇਸ ਆਇਆ ਵਿਚ ਦਰਬਾਰ, ਦਸ ਦਸਮੇਸ ਵੇਖੇ ਚੋਰੀ ਅੱਖ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਜਾਵਣ ਬਲਹਾਰ, ਵਾਹ ਵਾ ਤੇਰੀ ਵਡ ਵਡਿਆਈਆ । ਤੂੰ ਸੱਜਣਾ ਦਾ ਸੱਜਣ ਯਾਰਾਂ ਦਾ ਯਾਰ, ਦੁਖੀਆਂ ਦਾ ਦੁੱਖ ਦਰਦ ਵੰਡੇਂ ਥਾਉਂ ਥਾਈਆ । ਪੰਜਾਂ ਦਾ ਬ੍ਰਾਹਮਣ ਕੋਲੋਂ ਚੁੱਕਿਆ ਉਧਾਰ, ਚਾਰ ਚਾਰ ਸਭ ਦੀ ਝੋਲੀ ਪਾਈਆ । ਇਹ ਚਾਰ ਨਹੀਂ ਚੌਥੇ ਘਰ ਦਾ ਪਿਆਰ, ਚੌਥੇ ਜੁਗ ਦਾ ਮਾਲਕ ਇਕੋ ਨਜ਼ਰੀ ਆਈਆ । ਜਿਹੜਾ ਪੁੱਤਰਾਂ ਵਾਂਗ ਸਭ ਨਾਲ ਕਰੇ ਪਿਆਰ, ਪਾਲ ਪਲੋਸ ਆਪਣੀ ਗੋਦ ਬਹਾਈਆ । ਹਰਿ ਸੰਗਤ ਦੇ ਕੇ ਇਕ ਆਧਾਰ, ਸਾਚੀ ਸਿਖਿਆ ਝੋਲੀ ਪਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੋ ਜੈਕਾਰ, ਤੁਹਾਡਾ ਅੱਗੇ ਲੇਖਾ ਮੰਗਣ ਵਾਲਾ ਨਜ਼ਰ ਕੋਇ ਨਾ ਆਈਆ । ਬ੍ਰਾਹਮਣ ਕਹੇ ਮੈਨੂੰ

ਦਿਓ ਵਧਾਈ, ਵਾਅਦਾ ਸਤਿਗੁਰ ਪੂਰ ਕਰਾਈਆ । ਅੱਗੇ ਕਦੇ ਨਾ ਮੰਗਾਂ ਵੱਛਾ ਗਾਈਂ, ਝੋਲੀ ਅੱਡ ਨਾ ਕੋਇ ਵਖਾਈਆ । ਧੰਨ ਭਾਗ ਰਵਦਾਸ ਨੇ ਦੇ ਕੇ ਗਵਾਹੀ, ਮੇਰੀ ਫਾਹੀ ਦਿਤੀ ਕਟਾਈਆ । ਨਾਲੇ ਮੁਖ ਤੋਂ ਲੱਭੀ ਸ਼ਾਹੀ, ਨਾਲੇ ਮਿਲੀ ਮਾਣ ਵਡਿਆਈਆ । ਬ੍ਰਾਹਮਣੀ ਦੀ ਹੋਣ ਨਾ ਦਿਤੀ ਜੁਦਾਈ, ਨੱਥ ਨੱਕ ਸੁਹਾਗ ਓਹੋ ਲਏ ਹੰਢਾਈਆ । ਮੈਂ ਡਰਦਾ ਡਰਦਾ ਓਨੂੰ ਵੇਖਾਂ ਚਾਈਂ ਚਾਈਂ, ਨੇਤਰ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਮੁਕਾਈਆ । ਬ੍ਰਾਹਮਣ ਕਹੇ ਮੈਨੂੰ ਦਿਓ ਥਪਕੀ, ਹੌਸਲਾ ਇਕ ਵਧਾਈਆ । ਮੈਨੂੰ ਲੋੜ ਰਹੀ ਨਾ ਤਪ ਦੀ, ਜਪ ਦੱਸਿਆ ਬੇਪਰਵਾਹੀਆ । ਮਿਲਣੀ ਹੋਈ ਪੁਰਖ ਸਮਰਥ ਦੀ, ਘਰ ਸੱਜਣ ਜੋੜ ਜੁੜਾਈਆ । ਹੁਣ ਲੋੜ ਨਹੀਂ ਤੀਸਰੀ ਅੱਖ ਦੀ, ਅੱਖਾਂ ਵਾਲਾ ਮਾਲਕ ਮਿਲਿਆ ਬੇਪਰਵਾਹੀਆ । ਏਥੇ ਲੋੜ ਨਹੀਂ ਸਿਫ਼ਤ ਜਸ ਦੀ, ਬਿਨ ਅੱਖਰਾਂ ਰਿਹਾ ਸਮਝਾਈਆ । ਮੇਰੀ ਅੰਦਰੋਂ ਆਤਮ ਹੱਸ ਦੀ, ਜਨ ਭਗਤਾਂ ਸਚ ਸਚ ਦੱਸਦੀ, ਉਚੀ ਕੂਕੇ ਦਏ ਦੁਹਾਈਆ । ਮੈਂ ਸਵਾਣੀ ਓਸ ਪ੍ਰਭੂ ਨਾਲ ਵਸਦੀ, ਜਿਸ ਦਾ ਰੰਡੇਪਾ ਨਜ਼ਰ ਕਦੇ ਨਾ ਆਈਆ । ਮੇਰੇ ਪਿਛੇ ਬ੍ਰਾਹਮਣੀ ਵੇਖੋ ਨੱਸ ਦੀ, ਭੱਜੇ ਵਾਹੋ ਦਾਹੀਆ । ਦਰਸਨ ਕਰ ਕੇ ਦਰਸ ਵਿਚੋਂ ਨਫਾ ਖਟਦੀ, ਖੱਟੀ ਪਿਛਲੀ ਦਿਤੀ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੱਜਣੋ ਮੈਨੂੰ ਕਹੋ ਚੰਗਾ, ਬ੍ਰਾਹਮਣ ਰਿਹਾ ਸੁਣਾਈਆ । ਮੇਰਾ ਔਣਾ ਜਾਣਾ ਮੁੱਕਿਆ ਗੰਗਾ, ਗੰਗਾ ਵਰਗੀ ਸੋਹਣੀ ਨਾਰ ਮੈਂ ਅੱਖ ਥੱਲੇ ਕਦੀ ਨਾ ਲਿਆਈਆ । ਮੈਨੂੰ ਵੇਲਾ ਆਇਆ ਯਾਦ ਜਿਸ ਵੇਲੇ ਮੁਟਿਆਰ ਆਪਣੀ ਬਾਂਹ ਨਾਲੋਂ ਲਾਹ ਕੇ ਕੰਗਣ ਮੇਰੇ ਵਲ ਕੀਤਾ ਨੰਗਾ, ਅੱਖ ਇਸ਼ਾਰੇ ਨਾਲ ਸਮਝਾਈਆ । ਓਸ ਵੇਲੇ ਮੈਂ ਕਿਹਾ ਮੈਂ ਏਸੇ ਨਾਲ ਹੰਡਾਂ, ਕਰਾਂ ਜਗਤ ਕੁੜਮਾਈਆ । ਜੇ ਨਾ ਮਿਲੇ ਤੇ ਚੰਗਾ ਰੰਡਾ, ਬ੍ਰਾਹਮਣੀ ਕੰਮ ਕਿਸੇ ਨਾ ਆਈਆ । ਹੱਥੋਂ ਸੁੱਟ ਦੇਵਾਂ ਕੁੱਤਿਆਂ ਹਟਾਵਣ ਵਾਲਾ ਡੰਡਾ, ਬਗ਼ਲੀ ਕੰਧੇ ਨਾਲੋਂ ਪਰਾਂ ਹਟਾਈਆ । ਇਹਦਾ ਸੋਹਣਾ ਬਣਾਵਾਂ ਪਲੰਘਾ, ਪੀੜ੍ਹਾ ਰੰਗਲਾ ਇਕ ਸੁਹਾਈਆ । ਜੇ ਮੇਰਾ ਇਹਦੇ ਨਾਲ ਹੋਏ ਕਾਰਜ ਅਨੰਦਾ, ਅਨੰਦ ਇਕੋ ਨਜ਼ਰੀ ਆਈਆ । ਅੰਦਰ ਮਾਰ ਕੇ ਵੇਖਿਆ ਧਿਆਨ ਮੈਂ ਜਨਮ ਕਰਮ ਦਾ ਗੰਦਾ, ਓਨੇ ਚਿਰ ਨੂੰ ਗੰਗਾ ਗਈ ਮੁਖ ਛੁਪਾਈਆ । ਨਾਵੇਂ ਜਨਮ ਪਿਛੋਂ ਫੇਰ ਬਣਿਆ ਬੰਦਾ, ਪ੍ਰਭੂ ਬੰਦਗੀ ਆਪਣੀ ਇਕ ਸਮਝਾਈਆ । ਗੁਰਸਿਖੋ ਤੁਹਾਡਾ ਦਰਸਨ ਕਰ ਕੇ ਹੋਇਆ ਠੰਡਾ, ਮੇਰਾ ਅਗਨੀ ਤਤ ਗਵਾਈਆ । ਮੈਨੂੰ ਪੰਜਾਂ ਦਾ ਅਜੇ ਵੀ ਦਿਸਦਾ ਉਹ ਡੰਡਾ, ਜਿਹੜਾ ਸ੍ਰੀ ਭਗਵਾਨ ਹੱਥ ਫੜਾਈਆ । ਮੈਂ ਬਿਨਾਂ ਪ੍ਰਭ ਦੀ ਕਿਰਪਾ ਬਣਿਆ ਰਿਹਾ ਅੰਧਾ, ਮੇਰੀ ਅੱਖ ਨਾ ਕਿਸੇ ਖੁਲ੍ਹਾਈਆ । ਜੇ ਰਵਦਾਸ ਨਾ ਪੌਂਦਾ ਗੰਢਾ, ਨਾਤਾ ਤੁਟਾ ਕਵਣ ਜੁੜਾਈਆ । ਹਰਿ ਸੰਗਤ ਕੋਲੋਂ ਇਹੋ ਮੰਗ ਮੰਗਾਂ, ਗੁਰਮੁਖ ਗੁਰਮੁਖ ਮਿਲਣਾ ਚਾਈਂ ਚਾਈਂਆ । ਪੁਰਖ ਅਕਾਲ ਦਾ ਗੌਣਾ ਛੰਦਾ, ਸੋਹੰ ਢੋਲਾ ਰਾਗ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਮੁਕਾਈਆ । ਲਹਿਣਾ ਮੁੱਕਿਆ ਮੇਰੇ ਮੁਖ ਤੇ ਚੜ੍ਹੀ ਲਾਲੀ, ਮਸਤਕ ਡਲਕ ਇਕ ਲਗਾਈਆ । ਲੇਖੇ ਲੱਗੀ ਘਾਲ ਘਾਲੀ, ਪੁਰਖ ਅਬਿਨਾਸ਼ੀ ਹੋਇਆ ਸਹਾਈਆ । ਬਣ ਵਿਚੋਲਾ ਮੰਗੀ ਨਾ ਕੋਇ ਦਲਾਲੀ, ਬਿਨ ਪੈਸੇ ਟਕਿਉਂ ਬੇੜਾ ਪਾਰ ਕਰਾਈਆ । ਚਾਰ ਚਾਰ ਦੇ ਪੰਜ ਸਵਾਲੀ, ਵੀਹਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਇਆ ਸਾਚੇ ਹਰਿ, ਮੁਫ਼ਤ ਆਪਣੀ ਦਇਆ ਕਮਾਈਆ । ਬ੍ਰਾਹਮਣ ਕਹੇ ਸਾਰੇ

ਗਾਓ ਗੀਤ, ਖ਼ੁਸ਼ੀਆਂ ਹਾਲ ਜਣਾਈਆ । ਪ੍ਰਭ ਮੇਰੇ ਵਾਂਗ ਸਭ ਉਤੇ ਕਰੇ ਬਖ਼ਸ਼ੀਸ਼, ਰਹਿਮਤ ਇਕ ਵਰਤਾਈਆ । ਹਰਿ ਕਰਤਾ ਬਣ ਜਗਦੀਸ, ਜਗਦੀਸ਼ਰ ਹੋਏ ਸਹਾਈਆ । ਜਿਸ ਦੇ ਛਤਰ ਝੁੱਲੇ ਸੀਸ, ਦੋ ਜਹਾਨ ਮਾਲਕ ਨਜ਼ਰੀ ਆਈਆ । ਓਸ ਨੇ ਪੰਜ ਮਰਨ ਵਾਲੇ ਕੀਤੇ ਸਰਜੀਤ, ਸੁਰਤੀ ਆਪਣੇ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਦਇਆ ਕਮਾਈਆ । ਪੰਜਾਂ ਨਾਲ ਪੰਜ ਤਾਰ, ਤਾਰ ਸਤਾਰ ਰਿਹਾ ਹਿਲਾਈਆ । ਆਪਣਾ ਕਰ ਕੇ ਸਚ ਵਿਹਾਰ, ਬਿਵਹਾਰੀ ਦਏ ਸਮਝਾਈਆ । ਖ਼ੁਸ਼ੀਆਂ ਨਾਲ ਵਕਤ ਲੈਣਾ ਗੁਜ਼ਾਰ, ਫ਼ਕਤ ਇਕੋ ਪੁਰਖ ਅਕਾਲ ਮਨਾਈਆ । ਨਾਤਾ ਜੋੜ ਫੇਰ ਸੰਸਾਰ, ਡੋਰ ਦਿਤੀ ਗੰਢ ਪਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਅਪਾਰ, ਅਪਰੰਪਰ ਹੋਇਆ ਆਪ ਸਹਾਈਆ । ਪੰਜਾਂ ਬਖ਼ਸ਼ ਬਖ਼ਸ਼ਸ਼ ਬੇੜਾ ਲਾਏ ਪਾਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਦੇ ਇਕ ਸਹਾਰ, ਸਹਾਰਾ ਬਣ ਕੇ ਆਪਣਾ ਸੰਗ ਰਖਾਈਆ ।

★ ੭ ਚੇਤ ੨੦੨੧ ਬਿਕਰਮੀ ਮੱਖਣ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ★

ਕਰੋੜ ਛਿਆਨਵੇਂ ਕਹੇ ਸਾਡਾ ਤੁਟਾ ਮਾਣ, ਨੇਤਰ ਨੈਣ ਰਹੇ ਸ਼ਰਮਾਈਆ । ਲੋਕਮਾਤ ਵੇਖਿਆ ਮਾਰ ਧਿਆਨ, ਅੱਖਾਂ ਵਿਚੋਂ ਅੱਖ ਖੁਲ੍ਹਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਨਿਰਗੁਣ ਨਿਰੰਕਾਰ ਬੇਪਰਵਾਹੀਆ । ਗੁਰਮੁਖਾਂ ਬਖ਼ਸ਼ ਅੰਤਰ ਗਿਆਨ, ਆਤਮ ਚੋਟ ਲਗਾਈਆ । ਗੀਤ ਸੁਹਾਗੀ ਸੋਹਲੇ ਗਾਨ, ਖ਼ੁਸ਼ੀਆਂ ਰੰਗ ਵਖਾਈਆ । ਪਰੇਮ ਪ੍ਰੀਤੀ ਅੰਦਰ ਹੰਝੂਆਂ ਨੀਰ ਵਹਾਣ, ਮੇਰੀ ਛਹਿਬਰ ਕੰਮ ਕਿਸੇ ਨਾ ਆਈਆ । ਦੇਵਤ ਸੁਰ ਸਰਬ ਪਛਤਾਣ, ਹੱਥ ਮਰੋੜਨ ਸਰ ਸਕੇ ਨਾ ਕੋਇ ਉਠਾਈਆ । ਗੁਰਮੁਖ ਗੁਰਸਿਖ ਵੱਡੇ ਸੋਹਣੇ ਚੰਗੇ ਬਲਵਾਨ, ਬਲ ਨਾਲੋਂ ਬਲਧਾਰੀ ਨਜ਼ਰੀ ਆਈਆ । ਜਿਨ੍ਹਾਂ ਅੰਤਰ ਖੇਲ ਕਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਰਘੁਰਾਈਆ । ਇੰਦਰ ਕਹੇ ਮੈਂ ਚੁਕੀ ਧੌਣ, ਸਿਰ ਆਪਣਾ ਉਪਰ ਉਠਾਈਆ । ਲੋਕਮਾਤ ਦੀ ਵੇਖ ਠੰਡੀ ਪੌਣ, ਸੁਗੰਧੀ ਮੇਰੇ ਅੰਦਰ ਮਹਿਕਾਈਆ । ਮੈਂ ਓਸੇ ਵੇਲੇ ਲੱਗਾ ਗੌਣ, ਵਾਹ ਵਾ ਤੇਰੀ ਬੇਪਰਵਾਹੀਆ । ਬੇਪਰਵਾਹ ਰਾਤ ਨਾਮ ਹੁਲਾਰੇ ਵਿਚ ਨਾ ਦੇਵੇ ਸੌਣ, ਜਾਗਦਿਆਂ ਨੇਤਰ ਨੈਣਾਂ ਨੀਰ ਵਹਾਈਆ । ਏਸੇ ਰਾਗ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗੌਣ, ਗਾ ਗਾ ਖ਼ੁਸ਼ੀ ਮਨਾਈਆ । ਮੈਂ ਪਿਛਲੀ ਕਹਾਣੀ ਆਇਆ ਸੁਣੌਣ, ਵੀਹ ਸੌ ਦਸ ਯਾਦ ਕਰਾਈਆ । ਛੋਟੇ ਬੱਚੇ ਬਾਲੇ ਨੱਢੇ ਮੇਰਾ ਲੇਖਾ ਆਇਆ ਮੁਕਾਉਣ, ਅਗਲਾ ਹੁਕਮ ਸੁਣਾਈਆ । ਉਨ੍ਹਾਂ ਨਾਲ ਮਿਲੇ ਕੌਣ, ਜਿਨ੍ਹਾਂ ਸਾਹਿਬ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਕਰੋੜ ਛਿਆਨਵੇਂ ਮੇਘ ਮਾਲਾ, ਬਰਖਾ ਕਣੀ ਕਣੀ ਟਪਕਾਈਆ । ਜਨ ਭਗਤਾਂ ਮਿਲਿਆ ਹਰਿ ਗੋਪਾਲਾ, ਗੋਕਲ ਬਿੰਦਰਾਬਨ ਮੰਡਲ ਰਾਸੀ ਸਰਬ ਸ਼ਰਮਾਈਆ । ਚਲਦਿਆਂ ਫਿਰਦਿਆਂ ਮਾਰਗ ਦੱਸਿਆ ਇਕ ਸੁਖਾਲਾ, ਸੁਚੱਜਾ ਰਾਹ ਸਮਝਾਈਆ । ਕਰੇ ਖੇਲ ਹਰਿ ਪ੍ਰੀਤਮ ਬਾਲਾ, ਬਾਲਿਆਂ ਵਿਚੋਂ ਬਾਲੇ ਨਾਲ ਮਿਲਾਈਆ । ਅੰਤਰ ਪੁਕਾਰ ਸੁਣੇ ਹਾਲਾ, ਹਾਲਤ ਵੇਖ ਦਇਆ ਕਮਾਈਆ । ਸਤਿ ਪੁਰਖ ਨਿਰੰਜਣ ਬਣ ਦਲਾਲਾ, ਵਸਤ

ਅਮੋਲਕ ਝੋਲੀ ਪਾਈਆ । ਲੇਖਾ ਚੁਕਿਆ ਸ਼ਾਹ ਕੰਗਾਲਾ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਅੰਤਰ ਆਤਮ ਪਰਮਾਤਮ ਜਨ ਭਗਤਾਂ ਪਾਈ ਸੋਹੰ ਮਾਲਾ, ਸੋਝੀ ਆਪਣੀ ਆਪ ਦ੍ਰਿੜਾਈਆ । ਗੁਰਮੁਖੋ ਕਾਇਆ ਮੰਦਰ ਬੈਠੇ ਸੱਚੀ ਧਰਮਸਾਲਾ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲਹਿਣਾ ਰਿਹਾ ਮੁਕਾਈਆ । ਮੇਘ ਕਹੇ ਮੇਰੀ ਧਾਰ ਅਗੰਮ, ਜੁਗ ਚੌਕੜੀ ਖ਼ੁਸ਼ੀ ਵਖਾਈਆ । ਜਨ ਭਗਤ ਕਹਿਣ ਸਾਡਾ ਮੇਲ ਸ੍ਰੀ ਭਗਵਨ, ਅੰਮ੍ਰਿਤ ਆਪਣਾ ਰਸ ਮੁਖ ਚੁਆਈਆ । ਦੋਹਾਂ ਦਾ ਨਿਕਲੇ ਜਨ, ਸ਼ੰਕਾ ਸੰਸਾ ਰੋਗ ਪ੍ਰਭੂ ਹਟਾਈਆ । ਪਰੇਮ ਪ੍ਰੀਤੀ ਅੰਤਰ ਗੁਰਮੁਖਾਂ ਲੈਣਾ ਮੰਨ, ਹੁਕਮੇ ਅੰਦਰ ਇੰਦਰ ਸੇਵ ਕਮਾਈਆ । ਗੁਰਮੁਖ ਸੋਹਣਾ ਨੂਰੀ ਚੰਨ, ਦੋ ਜਹਾਨ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਦੀਨ ਦਿਆਲ ਹੋ ਕਿਰਪਾਲ ਸਤਿ ਬੇੜਾ ਜਾਏ ਬੰਨ੍ਹ, ਸਚ ਚੱਪੂ ਨਾਮ ਲਗਾਈਆ । ਪਿਆਰਿਓ ਬੱਚਿਓ ਤੁਸੀਂ ਕਹੋ ਧੰਨ ਧੰਨ ਧੰਨ, ਧਰਨੀ ਉਤੇ ਮਿਲੀ ਜਗਤ ਵਡਿਆਈਆ । ਨਾਲੇ ਦਰਸਨ ਨਾਲੇ ਰਾਗ ਸੁਣੇਂਦਾ ਕੰਨ, ਅੰਦਰ ਵੜ ਕੇ ਸੋਹਣੀ ਤੰਦ ਸਤਾਰ ਹਿਲਾਈਆ । ਕਰ ਵਸੇਰਾ ਛਪਰੀ ਛੰਨ, ਮਹਲ ਅਟੱਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਘ ਇਕੋ ਇਕ ਸਮਝਾਈਆ । ਸੱਚਾ ਮੇਘ ਗੁਰਮੁਖ ਤੇਰਾ ਨੇਤਰ ਨੀਰ, ਨੈਣਾਂ ਵਿਚੋਂ ਰੰਗ ਚੜ੍ਹਾਈਆ । ਬਿਰਹੋਂ ਕਟਾਕਸ਼ ਲੱਗੇ ਤੀਰ, ਅਣਿਆਲਾ ਆਪ ਚਲਾਈਆ । ਅੰਮ੍ਰਿਤ ਬਖ਼ਸ਼ ਧੁਰ ਦਾ ਸੀਰ, ਸੁਖ ਸਾਂਤਕ ਰੂਪ ਵਟਾਈਆ । ਹਰਿ ਸੰਗਤ ਭਾਈ ਭਾਈ ਭੈਣਾਂ ਨਾਲ ਮਿਲੇ ਵੀਰ, ਵੀਰਾਂ ਸੰਗ ਗੁਣੀ ਗਹੀਰ ਨਜ਼ਰੀ ਆਈਆ । ਤੁਹਾਡੀ ਘਰ ਆ ਕੇ ਬਦਲ ਜਾਏ ਤਕਦੀਰ, ਤਦਬੀਰ ਆਪਣੀ ਆਪ ਬਣਾਈਆ । ਬੇਸ਼ਕ ਤੁਸੀਂ ਜਗਤ ਦਿਸੋ ਕੰਗਾਲ ਫ਼ਕੀਰ, ਸ਼ਹਿਨਸ਼ਾਹ ਵਾਸਤੇ ਸ਼ਹਿਨਸ਼ਾਹ ਨਾਲੋਂ ਚੰਗੇ ਨਜ਼ਰੀ ਆਈਆ । ਗ਼ਮ ਵਿਚ ਨਾ ਹੋਣਾ ਦਿਲਗੀਰ, ਦੁੱਖ ਵਿਚ ਨਾ ਰੋਗ ਸਤਾਈਆ । ਤੁਹਾਡੀ ਕੱਟਣ ਆਇਆ ਭੀੜ, ਭੀੜੀ ਗਲੀ ਅਧਵਿਚਕਾਰ ਨਾ ਕੋਇ ਅਟਕਾਈਆ । ਪਹਿਰੇਦਾਰ ਪ੍ਰਭੂ ਨਾਮ ਖੰਡਾ ਹੱਥ ਸ਼ਮਸ਼ੀਰ, ਚਾਰੋਂ ਕੁੰਟ ਵੇਖੇ ਚਾਈਂ ਚਾਈਂਆ । ਜਿਹੜੀ ਚਿੱਟੇ ਉਤੇ ਕਾਲੀ ਖਿਚ ਕੇ ਜਾਏ ਲਕੀਰ, ਲੇਖਾ ਅਗਲਾ ਪਿਛਲਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਨਾਲ ਮਿਲਾਈ ਤਾਸੀਰ, ਜੋਤੀ ਜੋਤ ਜੋਤ ਕਰ ਰੁਸ਼ਨਾਈਆ । ਸਾਰੇ ਖ਼ੁਸ਼ੀਆਂ ਨਾਲ ਕਹੋ ਪ੍ਰਭੂ ਘਤ ਆਪਣੀ ਵਹੀਰ, ਅਸੀਂ ਘਰ ਬਹਿ ਕੇ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਜਗਤ ਖੇਲ, ਆਤਮ ਪਰਮਾਤਮ ਵਿਛੜ ਕਦੇ ਨਾ ਜਾਈਆ ।

### ★ ੧੨ ਚੇਤ ੨੦੨੧ ਬਿਕ੍ਰਮੀ ਨਾਜ਼ਰ ਸਿੰਘ, ਅਜੀਤ ਸਿੰਘ ਜੇਠੂਵਾਲ ਦਰਬਾਰ ਵਿਚ ★

ਕਬੀਰ ਕਹੇ ਉਠੋ ਭਗਤ, ਨਿਜ ਨੇਤਰ ਧਿਆਨ ਲਗਾਈਆ । ਪਰਮ ਪੁਰਖ ਪ੍ਰਭ ਖੇਲੇ ਖੇਲ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖਾਂ ਮੇਟੇ ਪੂਰਬ ਜਨਮ ਦੀ ਹਰਸ, ਚਿੰਤਾ ਰੋਗ ਸੋਗ ਚੁਕਾਈਆ । ਜੁਗ ਜਨਮ ਦਿਆਂ ਵਿਛੜਿਆਂ ਕਰ ਤਰਸ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਨਿਰਵੈਰ ਹੋ ਕੇ ਗਿਆ ਪਰਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਫੇਰਾ ਪਾਈਆ । ਨਿਰਾਕਾਰ ਨਿਰੰਕਾਰ ਦੇਵੇ ਦਰਸ, ਨਿਰਗੁਣ ਸਰਗੁਣ

ਵੇਖ ਵਖਾਈਆ । ਅੰਮ੍ਰਿਤ ਮੇਘ ਧੁਰ ਦਾ ਬਰਖ, ਕੂੜੀ ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹੋਏ ਸਹਾਈਆ । ਵੇਖੇ ਭਗਤ ਜਨ ਆਪਣੇ ਨੈਣ, ਲੋਚਣ ਸਚ ਮਿਲੇ ਵਡਿਆਈਆ । ਹਰਿ ਕੀ ਸਿਫ਼ਤ ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਨਾ ਕੋਇ ਜਣਾਈਆ । ਗੁਰਮੁਖਾਂ ਚੁਕਾਏ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਈਆ । ਬੇਪਰਵਾਹ ਬਣ ਕੇ ਸਾਕ ਸੱਜਣ ਸੈਣ, ਸਾਹਿਬ ਸਤਿਗੁਰ ਹੋਏ ਸਹਾਈਆ । ਸੰਤ ਸੁਹੇਲੇ ਦੇਵੇ ਦੇਣ, ਸਵਾਸ ਸਵਾਸਾਂ ਝੋਲੀ ਪਾਈਆ । ਸਚ ਪਰਵਿਸ਼ਟੇ ਪੈਣ ਨਾ ਦਿਤਾ ਵੈਣ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਲਾੜੀ ਮੌਤ ਨਾ ਖਾਵੇ ਡੈਣ, ਕਾਲ ਗ੍ਰਾਸ ਨਾ ਕੋਇ ਕਰਾਈਆ । ਸਚ ਦਵਾਰ ਬਖ਼ਸ਼ਿਆ ਬਹਿਣ, ਬੇਅੰਤ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਕਬੀਰ ਕਹੇ ਵੇਖੀ ਅਜਬ ਲੀਲ੍ਹਾ, ਰਸਨਾ ਜਿਹਵਾ ਕਹਿਣ ਨਾ ਪਾਈਆ । ਪੁਰਖ ਅਕਾਲ ਨਿਰਗੁਣ ਧਾਰ ਬਣਿਆ ਆਪ ਵਸੀਲਾ, ਸਚ ਸਰੂਪੀ ਫੇਰਾ ਪਾਈਆ । ਆਦਿ ਜੁਗਾਦਿ, ਜੁਗ ਚੌਕੜੀ ਜੋ ਕਿਸੇ ਵਿਚ ਨਾ ਆਏ ਦਲੀਲਾ, ਸੋਚ ਸਮਝ ਮਨ ਮਤ ਬੁਧ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਕਬੀਰ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਛਾਈਆ । ਕਰਿਆ ਕੀ ਖੇਲ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਜਿਸ ਦਾ ਨਿਤ ਨਵਿਤ ਗੌਂਦੇ ਰਹੇ ਗਾਨ, ਢੋਲਾ ਸਿਫ਼ਤੀ ਸਿਫ਼ਤ ਸਾਲਾਹੀਆ । ਜਿਸ ਦੇ ਦਰ ਦਰਵੇਸ਼ ਭਿਖਾਰੀ ਬਣ ਕੇ ਮੰਗਦੇ ਰਹੇ ਦਾਨ, ਜੁਗ ਚੌਕੜੀ ਅਲਖ ਜਗਾਈਆ । ਸੋ ਕਰਤਾ ਪੁਰਖ ਆਪਣੀ ਕਰਨੀ ਅੰਦਰ ਹੋ ਮਿਹਰਵਾਨ, ਹਰਿਜਨ ਸਾਚੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਬੀਰ ਕਹੇ ਉਠ ਲਓ ਤੱਕ, ਇਸ਼ਾਰੇ ਨਾਲ ਜਣਾਇੰਦਾ । ਵੇਖੋ ਕਲਜੁਗ ਮਿਲਦਾ ਹੱਕ, ਹਰਿ ਜੂ ਹਰਿ ਭਗਤਾਂ ਝੋਲੀ ਪਾਇੰਦਾ । ਧੁਰ ਦਾ ਲੇਖਾ ਰੱਖ ਹੱਥ, ਮਹਿਮਾ ਅਕਥ ਆਪ ਦ੍ਰਿੜਾਇੰਦਾ । ਹੋ ਸਹਾਈ ਸਾਹਿਬ ਸਮਰਥ, ਪੁਰਖ ਅਕਾਲ ਗੰਢ ਪਵਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਸਹਾਰਾ ਗਏ ਦੱਸ, ਸੋ ਸੁਲਤਾਨ ਸ਼ਹਿਨਸ਼ਾਹ ਮਿਹਰ ਨਜ਼ਰ ਉਠਾਇੰਦਾ । ਸੰਤ ਸੁਹੇਲਾ ਆਵੇ ਨੱਸ, ਗੁਰ ਚੇਲਾ ਵੇਖ ਵਖਾਇੰਦਾ । ਸਤਿ ਸਤਿਵਾਦੀ ਦੇ ਕੇ ਅਗੰਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਲੇਖੇ ਲਾ ਕੇ ਪੰਜ ਤਤ ਕਾਇਆ ਰਤ, ਤਤਵ ਤਤ ਗੰਢ ਪਵਾਇੰਦਾ । ਕੂੜੀ ਕਿਰਿਆ ਜਗਤ ਜਹਾਨ ਤੋੜ ਕੇ ਨਾਤ, ਸੱਜਣ ਸਾਕ ਸੈਣ ਇਕੋ ਆਪ ਅਖਵਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਪੜਦਾ ਓਹਲਾ ਆਪ ਚੁਕਾਇੰਦਾ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਸਚ ਪਿਆਲਾ ਮੁਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਕਬੀਰ ਕਹੇ ਕੀ ਕਰੇ ਹਰਿ, ਹਰਿ ਜੂ ਆਪਣੀ ਖੇਲ ਵਖਾਈਆ । ਪਰਗਟ ਹੋ ਨਰਾਇਣ ਨਰ, ਨਰ ਧੁਰ ਦਾ ਹੁਕਮ ਵਰਤਾਈਆ । ਕਾਲ ਮਹਾਂਕਾਲ ਚੁਕਾ ਭੈ ਡਰ, ਭਿਆਨਕ ਲੇਖਾ ਦਏ ਮੁਕਾਈਆ । ਗੁਰਮੁਖ ਗੁਰਸਿਖ ਆਪੇ ਫੜ, ਜੁਗ ਵਿਛੜੇ ਮੇਲ ਮਿਲਾਈਆ । ਲੇਖੇ ਲਾ ਕਾਇਆ ਧੜ, ਧਰਨੀ ਧਰਤ ਰੰਗ ਰੰਗਾਈਆ । ਲੋਕਮਾਤ ਉਖੜਨ ਨਾ ਦੇਵੇ ਜੜ, ਪੱਤ ਡਾਲੀ ਫੁਲ ਫੁਲਵਾੜੀ ਆਪ ਮਹਿਕਾਈਆ । ਜਗਤ ਮਰਨੀ ਗੁਰਮੁਖ ਕਦੇ ਨਾ ਜਾਏ ਮਰ, ਜੀਵਣ ਜੀਵਣ ਵਿਚੋਂ ਬਦਲਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਦੇਵਣਹਾਰਾ ਵਰ, ਵਸਤ ਅਮੋਲਕ ਕਾਇਆ

ਗੋਲਕ ਪਵਣ ਸਵਾਸਾਂ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਜਨ ਭਗਤ ਕਹਿਣ ਇਹ ਕੀ ਹੋਇਆ, ਹੋਕਾ ਦੇ ਦੇ ਰਹੇ ਸੁਣਾਈਆ । ਚਾਰਾਂ ਵਿਚੋਂ ਕੋਈ ਨਾ ਮੋਇਆ, ਸੰਦੇਸਾ ਦੇ ਨਾ ਕੋਇ ਸਮਝਾਈਆ । ਜਗਤ ਕੁਟੰਬ ਨੇਤਰ ਨੈਣ ਕੋਇ ਨਾ ਰੋਇਆ, ਹੰਝੂ ਅੱਖ ਨਾ ਕੋਇ ਵਹਾਈਆ । ਗੁਰਮੁਖ ਵੇਖਿਆ ਨਵਾਂ ਨਰੋਇਆ, ਘਰ ਸਾਚੇ ਸਚ ਧਿਆਨ ਟਿਕਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਸ੍ਰੀ ਭਗਵਾਨ ਲੈ ਕੇ ਆਇਆ ਢੋਆ, ਸਾਚੀ ਕਰਨੀ ਕਾਰ ਕਮਾਈਆ । ਕਰ ਪਰਕਾਸ਼ ਸਾਚੀ ਲੋਆ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕਬੀਰ ਕਹੇ ਜਨ ਭਗਤ ਕਦੇ ਨਾ ਮਰਦਾ, ਲਾੜੀ ਮੌਤ ਨਾ ਮਾਤ ਪਰਨਾਈਆ । ਸਤਿਗੁਰ ਪੌੜੇ ਸਾਚੇ ਚੜ੍ਹਦਾ, ਘਰ ਮੰਦਰ ਵੇਖ ਵਖਾਈਆ । ਨਿਰਭੈ ਹੋ ਕਦੇ ਨਾ ਡਰਦਾ, ਭੈ ਭੌ ਸਰਬ ਚੁਕਾਈਆ । ਧੁਰ ਦਾ ਮੰਤਰ ਇਕੋ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਕਿਰਪਾ ਕਰਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਠਾਂਡਾ ਕਰੇ ਹਿਰਦਾ, ਹਿਰਦੇ ਆਪਣਾ ਡੇਰਾ ਲਾਈਆ । ਮੇਲ ਮਿਲਾਏ ਨਾਤਾ ਧਿਰ ਦਾ, ਧੁਰ ਦਾ ਲੇਖਾ ਆਪ ਸਮਝਾਈਆ । ਇਹੋ ਖੇਲ ਅਗੰਮੀ ਪਿਰ ਦਾ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਦੋ ਜਹਾਨਾਂ ਅੰਦਰ ਫਿਰਦਾ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਨਿਤ ਨਵਿਤ ਜਿਸ ਵੇਲੇ ਜਨ ਭਗਤਾਂ ਵੇਖੇ ਬੇੜਾ ਰੁੜਦਾ, ਫੜ ਬਾਂਹੋਂ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਜਨ ਭਗਤ ਕਹਿਣ ਕੀ ਇਹ ਸੱਚ, ਸਚ ਦੇ ਸਮਝਾਈਆ । ਕਬੀਰ ਜੁਲਾਹਾ ਪਿਆ ਹੱਸ, ਖ਼ੁਸ਼ੀਆਂ ਵਿਚ ਦ੍ਰਿੜ੍ਹਾਈਆ । ਉਠੋ ਵੇਖੋ ਸ੍ਰੀ ਭਗਵਾਨ ਭਗਤਾਂ ਵਸ, ਭਗਵਨ ਆਪਣਾ ਆਪ ਮਿਟਾਈਆ । ਕਲਜੁਗ ਅੰਤ ਗੁਰਮੁਖਾਂ ਦੇਵੇ ਧੁਰ ਦਾ ਰਸ, ਰਸੀਆ ਰਸ ਆਪਣਾ ਮੁਖ ਚੁਆਈਆ । ਸਿਫ਼ਤੀ ਸਿਫ਼ਤ ਸਾਲਾਹੀ ਕਰੇਂ ਜਸ, ਢੋਲਾ ਇਕੋ ਰਾਗ ਸੁਣਾਈਆ । ਲੋਕਮਾਤ ਗਿਆ ਨੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਕਰ ਇਕੱਠ, ਧੁਰ ਦਾ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਰਚਾਈਆ । ਜਨ ਭਗਤ ਕਹਿਣ ਅਸੀਂ ਰਹੇ ਸੋਚ, ਆਪਣਾ ਅੰਤਰ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਕੀ ਖੇਲ ਕਰੇ ਮਾਤਲੋਕ, ਪਰਲੋਕ ਆਪਣੀ ਧਾਰ ਬੰਧਾਈਆ । ਆਪਣਾ ਭਾਣਾ ਆਪੇ ਰੋਕ, ਆਪੇ ਵੇਖੇ ਚਾਈਂ ਚਾਈਆ । ਆਪਣਾ ਦੱਸ ਸਚ ਸਲੋਕ, ਸੋਹੰ ਢੋਲਾ ਇਕ ਦ੍ਰਿੜ੍ਹਾਈਆ । ਜੀਂਵਦਿਆਂ ਜਗ ਦੇ ਕੇ ਮੋਖ, ਮੁਕਤੀ ਮੁਫ਼ਤ ਗੁਰਮੁਖਾਂ ਚਰਨਾਂ ਹੇਠ ਦਬਾਈਆ । ਚਾਰ ਜੁਗ ਕਿਸੇ ਨਾ ਕੀਤੀ ਆਪਣੀ ਪਹੁੰਚ, ਹੁਕਮੇ ਅੰਦਰ ਫਿਰ ਫਿਰ ਗਏ ਵਾਹੋ ਦਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਇਕ ਅਖਵਾਈਆ । ਜਿਸ ਦੇ ਹੱਥ ਕਾਲ ਮਹਾਂਕਾਲ ਜਨਮ ਕਰਮ ਦੀ ਮੌਤ, ਮਰਨਾ ਜੀਣਾ ਇਕੋ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਜਨ ਭਗਤ ਕਹਿਣ ਖੇਲ ਅਗੰਮ, ਪੁਰਖ ਅਕਾਲ ਆਪ ਕਰਾਇੰਦਾ । ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਬੰਨ੍ਹਣਹਾਰਾ ਸੇਵ ਕਮਾਇੰਦਾ । ਸਾਡਾ ਸਿਕਵਾ ਸ਼ਕ ਨਾ ਰਿਹਾ ਜਨ, ਭਰਮ ਭੁਲੇਖਾ ਨਜ਼ਰ ਕੋਇ ਨਾ ਆਇੰਦਾ । ਜਿਸ ਪੰਜ ਤਤ ਕਾਇਆ ਮਾਟੀ ਦਿਤਾ ਤਨ, ਮਨ ਮਤ ਬੁਧ ਜੋੜ

੬੬੫ ੧੯

ਜੁੜਾਇੰਦਾ । ਸੋ ਸੰਤ ਸੁਹੇਲੇ ਗੁਰਮੁਖ ਚਾੜ੍ਹੇ ਚੰਨ, ਧੁਰ ਦਾ ਚੰਦ ਨੂਰ ਚਮਕਾਇੰਦਾ । ਕਲਜੁਗ ਅੰਤ ਇਕੋ ਰਾਗ ਸੁਣਾਇਆ ਕੰਨ, ਕਰਨੀ ਕਰਤਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਤਾ ਵੇਖ ਵਖਾਇੰਦਾ । ਕਬੀਰ ਕਹੇ ਆਓ ਨਜ਼ਦੀਕ, ਨੇਰਨ ਨੇਰ ਦਿਆਂ ਵਖਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਉਸ ਦੀ ਧਾਰ ਸਦਾ ਬਰੀਕ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰਦੇ ਰਹੇ ਉਡੀਕ, ਲੋਚਣ ਨੈਣ ਅੱਖ ਖੁਲ੍ਹਾਈਆ । ਕਵਣ ਵੇਲਾ ਪ੍ਰਭ ਜਨ ਭਗਤਾਂ ਦੱਸੇ ਇਕ ਪ੍ਰੀਤ, ਨਾਤਾ ਚਰਨ ਕਵਲ ਜੁੜਾਈਆ । ਅੰਤਰ ਆਤਮ ਕਰੇ ਸੁਰਜੀਤ, ਪਰਮਾਤਮ ਆਪਣੇ ਘਰ ਵਸਾਈਆ । ਅਨਮੰਗੀ ਦਰ ਤੋਂ ਪਾਏ ਭੀਖ, ਭਿਛਿਆ ਸਚ ਨਾਮ ਵਰਤਾਈਆ । ਸੰਤ ਸੁਹੇਲੇ ਕਰ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਕਾਇਆ ਚੋਲਾ ਠਾਂਡਾ ਸੀਤ, ਸੀਤਲ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲੇਖਾ ਦਏ ਮੁਕਾਈਆ । ਕਬੀਰ ਕਹੇ ਨਹੀਂ ਵੇਲਾ ਲੁੱਕਦਾ, ਪਰਦਾ ਉਹਲਾ ਨਜ਼ਰ ਕੋਇ ਨਾ ਆਈਆ । ਦੀਨ ਦਿਆਲ ਦਇਆਵਾਨ ਹੋ ਕੇ ਪੁੱਛਦਾ, ਗੁਰਮੁਖ ਗੁਰਸਿਖ ਆਪ ਉਠਾਈਆ । ਨਾਤਾ ਜੁੜਿਆ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਵੇਖ ਵਖਾਈਆ । ਪਰਵਰਦਿਗਾਰ ਕਦੇ ਨਾ ਰੁੱਸਦਾ, ਜੁਗ ਰੁਸਿਆਂ ਲਏ ਮਨਾਈਆ । ਜਿਸ ਵੇਲੇ ਗੁਰਮੁਖ ਸਚ ਤਾਰਾ ਵੇਖੇ ਟੁੱਟਦਾ, ਕਰ ਕਿਰਪਾ ਜੋੜ ਜੁੜਾਈਆ । ਅਨ ਜਲ ਪਾਣੀ ਵੇਖੇ ਮੁੱਕਦਾ, ਸਚ ਭੰਡਾਰਾ ਝੋਲੀ ਦੇਵੇ ਪਾਈਆ । ਲੇਖਾ ਜਾਣੇ ਆਪਣੀ ਕੁੱਖ ਦਾ, ਮਾਤਾ ਜਨਮ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਜਨ ਭਗਤ ਕਹਿਣ ਕੀ ਲੱਗੇ ਦਮ, ਕਰਤਾ ਕੀਮਤ ਕਿਸ ਬਿਧ ਪਾਈਆ । ਨਿਰਗੁਣ ਨਿਰਵੈਰ ਬਣ ਕੇ ਜਨਨੀ ਜਨ, ਪੂਤ ਸਪੂਤ ਗੋਦ ਉਠਾਈਆ । ਭਾਗ ਲਗਾ ਕੇ ਕਾਇਆ ਤਨ, ਤਤ ਆਪਣਾ ਦਏ ਸਮਝਾਈਆ । ਜੋ ਪਰੇਮ ਪ੍ਰੀਤੀ ਅੰਦਰ ਗਏ ਮੰਨ, ਤਿਨ੍ਹਾਂ ਮਨਸਾ ਆਸਾ ਆਪਣੀ ਝੋਲੀ ਪਾਈਆ । ਪੰਜ ਤਤ ਕਾਇਆ ਭਾਂਡਾ ਹੁਕਮੇ ਅੰਦਰ ਭੰਨ, ਸ਼ਬਦੀ ਮੇਲਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਕਬੀਰ ਕਹੇ ਪ੍ਰਭ ਦਾ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਜਿਸ ਦਾ ਲੇਖਾ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਜਿਸ ਦਾ ਲੇਖਾ ਲੇਖ ਸਦਾ ਜੁਗ ਚਾਰ, ਚੌਕੜੀ ਹੁਕਮੇ ਅੰਦਰ ਭਵਾਈਆ । ਸੋ ਕਰਨੀ ਕਰਨਹਾਰ ਕਰਤਾਰ, ਕਾਦਰ ਕਰਤਾ ਇਕ ਅਖਵਾਈਆ । ਮਰਨ ਤੋਂ ਪਹਿਲੋਂ ਜਵਾਲੇ ਆਪੇ ਚਾਰ, ਚਾਰਾਂ ਵਿਚੋਂ ਚੌਥਾ ਯਾਰ ਨਜ਼ਰੀ ਆਈਆ । ਜਿਸ ਦਾ ਗੋਬਿੰਦ ਨਾਲ ਉਧਾਰ, ਸੋ ਗੋਬਿੰਦ ਪੂਰਬ ਵੇਖ ਵਖਾਈਆ । ਜਿਸ ਦਾ ਲਹਿਣਾ ਰਵਦਾਸ ਚੁਮਾਰ, ਤਿਸ ਝੋਲੀ ਆਪ ਭਰਾਈਆ । ਜਿਸ ਦੀ ਮੰਗ ਦਵਾਪਰ ਰੋ ਕੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚਵਾਂ ਮੰਗਿਆ ਇਕ ਦੀਦਾਰ, ਹਜ਼ਰਤ ਮਿਲੇ ਬੇਪਰਵਾਹੀਆ । ਮੁਨਸਫ਼ ਬਣ ਕੇ ਪਰਵਰਦਿਗਾਰ, ਨਿਰਗੁਣ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਲਹਿਣਾ ਦੇਣਾ ਪੂਰਬ ਜਾਣ, ਹਰਿ ਕਰਤਾ ਦਇਆ ਕਮਾਇੰਦਾ । ਜੁਗ ਜਨਮ ਦਾ ਖੇਲ ਮਹਾਨ, ਮਿਹਰਵਾਨ ਝੋਲੀ ਪਾਇੰਦਾ । ਸਚ ਪ੍ਰੀਤੀ ਬਖ਼ਸ਼ ਦਾਨ, ਦਾਤਾ ਦਾਨੀ ਵੇਖ ਵਖਾਇੰਦਾ । ਜਨ ਭਗਤ ਕਿਸੇ ਘਰ ਨਾ ਆਈ ਮੁਕਾਣ, ਕਾਇਆ ਮਕਾਨ ਖ਼ਾਲੀ ਨਾ ਕੋਇ ਕਰਾਇੰਦਾ ।

ਨਿਗਹ ਮਾਰ ਸ੍ਰੀ ਭਗਵਾਨ, ਭੇਵ ਅਭੇਦਾ ਆਪ ਜਣਾਇੰਦਾ । ਪਿਛਲੇ ਲਹਿਣੇ ਪਿਛੇ ਅੱਗੇ ਬਖ਼ਸ਼ ਜਾਨ, ਜਾਨਣਹਾਰਾ ਜਾਣਕਾਰੀ ਆਪ ਕਰਾਇੰਦਾ । ਗੁਰਮੁਖ ਭੁੱਲਣਾ ਨਹੀਂ ਨਾਦਾਨ, ਬਾਲੀ ਬੁੱਧ ਸਚ ਸਮਝਾਇੰਦਾ । ਪੰਜ ਜੈਕਾਰੇ ਨਿਤ ਨਵਿਤ ਲਾਉਣੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਆਪਣਾ ਭਾਗ ਭਗਤਾਂ ਝੋਲੀ ਪਾਇੰਦਾ ।

★ ੨੧ ਚੇਤ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਗ੍ਰਹਿ ਮੁਸੱਲਾ ਪੁਰ ਹਾਟ ਪਟਣਾ ਬਿਹਾਰ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਹਰਿ ਪੁਰਖ ਨਿਰੰਜਣ ਆਪ ਲਗਾਇੰਦਾ । ਏਕੰਕਾਰ ਹੋ ਤਿਆਰ, ਆਦਿ ਨਿਰੰਜਣ ਜੋਤੀ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਭੇਵ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਕਰ ਪਿਆਰ, ਬ੍ਰਹਮ ਪਰਦਾ ਆਪ ਚੁਕਾਇੰਦਾ । ਸਚਖੰਡ ਨਿਵਾਸੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕੋ ਹੁਕਮ ਸੁਣਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕਲਜੁਗ ਅੰਤ ਖੇਲ ਮਹਾਨ, ਸ੍ਰੀ ਭਗਵੰਤ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਧਿਆਨ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਨਿਰੰਕਾਰ ਨਰ ਹਰਿ ਆਪਣੀ ਖੇਲ ਖਿਲਾਇੰਦਾ । ਨਰ ਹਰਿ ਖੇਲ ਕਰੇ ਨਰਾਇਣ, ਮਹਿਮਾ ਅਕਥ ਕਥੀ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆਪਣੇ ਨੈਣ, ਅੱਖ ਪਰਤੱਖ ਇਕ ਖੁਲ੍ਹਾਈਆ । ਨਿਰਗੁਣ ਸਰਗੁਣ ਬਣਿਆ ਸੱਜਣ ਸੈਣ, ਬੰਧਨ ਆਪਣਾ ਆਪ ਪਵਾਈਆ । ਜਨ ਭਗਤ ਚੁਕਾਏ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸ੍ਰੀ ਭਗਵੰਤ, ਹਰਿ ਕਰਤਾ ਦਇਆ ਕਮਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਵੇਖ ਵਖਾਇੰਦਾ । ਮੇਲ ਮਿਲਾਵਾ ਸਾਚੇ ਸੰਤ, ਭਗਤ ਭਗਵੰਤ ਅੰਗ ਲਗਾਇੰਦਾ । ਦੇ ਵਡਿਆਈ ਵਿਚੋਂ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਅਗੰਮ, ਅਗੰਮੜੀ ਕਾਰ ਕਮਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਚਲਾਈਆ । ਕਰ ਪਰਕਾਸ਼ ਨਿਰਗੁਣ ਜੋਤੀ ਚੰਨ, ਨੂਰ ਜਹੂਰ ਇਕ ਰੁਸ਼ਨਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਦੇਵਣਹਾਰਾ ਆਪਣਾ ਨਾਮ ਧਨ, ਵਸਤ ਇਕੋ ਇਕ ਵਰਤਾਈਆ । ਮੇਟਣਹਾਰਾ ਵਾਸਨਾ ਮਨ, ਮਨ ਮਮਤਾ ਮੋਹ ਚੁਕਾਈਆ । ਲੇਖੇ ਲਾਵਣਹਾਰਾ ਜਨਨੀ ਜਨ, ਭਗਤ ਸੁਹੇਲੇ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਓ ਉਠ, ਸਚਖੰਡ ਨਿਵਾਸੀ ਆਪ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਲੋਕਮਾਤ ਕਰਿਆ ਰੁਖ਼, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇੰਦਾ । ਹਰਿਜਨ ਭਗਤ ਸੁਹੇਲੇ ਵੇਖੇ ਆਪਣੇ ਸੁਤ, ਪਿਤਾ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਅਬਿਨਾਸ਼ੀ ਅਚੁਤ, ਚਿਤ ਵਿਤ ਠਗੌਰੀ ਨਾ ਕੋਇ ਰਖਾਇੰਦਾ । ਜਨ ਭਗਤਾਂ ਉਜਲ ਕਰੇ ਮੁਖ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਸਮਝਾਇੰਦਾ । ਧੁਰ ਦੀ ਖੇਲ ਦੱਸੇ ਸਮਰਥ, ਬੇਅੰਤ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਨੈਣਾਂ ਖੋਲ੍ਹੇ ਅੱਖ, ਨਿਜ ਨੇਤਰ ਆਪ ਜਣਾਈਆ । ਭਗਤ ਭਗਵਾਨ ਮੇਲਾ ਵੇਖੇ ਹੱਸ ਹੱਸ, ਨਿਰਗੁਣ ਸਰਗੁਣ

੮੮੭
੧੯

ਕਰੇ ਕੁੜਮਾਈਆ । ਸਚ ਦਵਾਰੇ ਜਾਣਾ ਨੱਠ, ਜੋਤੀ ਜਾਮਾ ਵੇਸ ਵਟਾਈਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਕਿਸੇ ਨਾ ਆਵੇ ਹੱਥ, ਖੋਜ ਖੋਜ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਹਰਿ ਕਰਤਾ ਆਪ ਜਣਾਈਆ । ਭਗਤ ਵਛਲ ਸ੍ਰੀ ਭਗਵਾਨ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਜੁਗ ਜਨਮ ਦੇ ਵਿਛੜਿਆਂ ਦੇਵੇ ਦਾਨ, ਦਾਤਾ ਦਾਨੀ ਇਕ ਹੋ ਜਾਈਆ । ਸੁਰਤੀ ਸ਼ਬਦੀ ਵੇਖ ਗੋਪੀ ਕਾਹਨ, ਘਰ ਬੰਸਰੀ ਨਾਮ ਨਿਧਾਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੈਣ ਅੰਗੜਾਈ, ਕਰਵਟ ਆਪਣੀ ਆਪ ਬਦਲਾਈਆ । ਇਕ ਦੂਜੇ ਨਾਲ ਕਰਨ ਸਲਾਹੀ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਬੇਪਰਵਾਹੀ, ਭੇਵ ਅਭੇਦਾ ਸਮਝ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦਏ ਗਵਾਹੀ, ਸ਼ਹਾਦਤ ਇਕੋ ਇਕ ਦਏ ਭੁਗਤਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਧਿਆਨ ਲਏ ਲਗਾਈ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸੋ ਸਾਹਿਬ ਸਮਰਥ ਕੂੜੀ ਕਿਰਿਆ ਕਲਜੁਗ ਮੇਟਣਹਾਰਾ ਸ਼ਾਹੀ, ਸਤਿਜੁਗ ਸਾਚਾ ਚੰਦ ਚਮਕਾਈਆ । ਜਨ ਭਗਤਾਂ ਸਾਚੇ ਸੰਤਾਂ ਕਰੇ ਰੁਸ਼ਨਾਈ, ਹਰਿਜਨ ਵੇਖੇ ਥਾਉਂ ਥਾਈਂਆ । ਇਕੀ ਚੇਤ ਕਰ ਕੇ ਹੇਤ ਰਾਜ ਨਰਾਇਣ ਨੈਣ ਅੱਖ ਇਕ ਖੁਲਾਈ, ਬੇਪਰਵਾਹ ਬੇਪਰਵਾਹ ਬੇਪਰਵਾਹ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਰਹੇ ਆਖ, ਉਚੀ ਕੂਕ ਕੂਕ ਸੁਣਾਈਆ । ਜਨ ਭਗਤ ਵੇਖੇ ਸਾਖਿਆਤ, ਜਿਸ ਭਗਵਨ ਮਿਲਿਆ ਚਾਈਂ ਚਾਈਂਆ । ਜਿਸ ਚਰਨ ਕਵਲ ਬੰਧਾਇਆ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਾਚੇ ਸ਼ਬਦ ਮਿਲਾਇਆ ਘਾਟ, ਤਟ ਕਿਨਾਰਾ ਇਕ ਜਣਾਈਆ । ਜਨਮ ਜਨਮ ਦੀ ਮਿਟੀ ਵਾਟ, ਕਰਮ ਕਰਮ ਦਾ ਗੇੜ ਚੁਕਾਈਆ । ਆਤਮ ਸੇਜਾ ਵੇਖ ਸੁਹੰਜਣੀ ਖਾਟ, ਸਚ ਸਿੰਘਾਸਣ ਦਏ ਸੁਹਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰੀ ਜੋਤ ਕਰੇ ਰੁਸ਼ਨਾਈਆ । ਪਰਮਾਤਮ ਪੁਛੇ ਵਾਤ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਦੇਵਣਹਾਰ ਇਕ ਹੋ ਜਾਈਆ । ਗੁਰ ਅਵਤਾਰ ਰਹੇ ਬੋਲ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਨਿਰਗੁਣ ਵੇਖੇ ਤੋਲੇ ਤੋਲ, ਨਿਰਗੁਣ ਕੰਡਾ ਤਰਾਜ਼ੂ ਹੱਥ ਉਠਾਈਆ । ਜਨ ਭਗਤ ਰਖਾਏ ਅਡੋਲ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਘਟ ਆਤਮ ਅੰਤਰ ਜਾਏ ਮੌਲ, ਪੂਰਬ ਜਨਮ ਦਾ ਪੂਰਾ ਕੀਤਾ ਕੌਲ, ਇਕਰਾਰ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਇਕੋ ਖੇਲ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪੈਣ ਹੱਸ, ਖ਼ੁਸ਼ੀਆਂ ਰਾਗ ਅਲਾਈਆ । ਵੇਖ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪਣੀ ਧਾਰ ਚਲਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਜਸ, ਢੋਲਾ ਇਕੋ ਨਾਦ ਸੁਣਾਈਆ । ਸੋ ਜਨ ਭਗਤਾਂ ਦੇਵਣਹਾਰਾ ਅਮੋਲਕ ਵੱਥ, ਨਾਮ ਖ਼ਜ਼ਾਨਾ ਆਪ ਵਰਤਾਈਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਘਰ ਮੇਲਾ ਸਹਿਜ ਸੁਭਾਈਆ । ਸਚ ਦਵਾਰ ਖੋਲ੍ਹ ਹੱਟ, ਮੰਦਰ ਇਕੋ ਇਕ ਕਰੇ ਰੁਸ਼ਨਾਈਆ । ਨਿਰਗੁਣ ਜੋਤ ਜਗੇ ਲਟ

ਲਟ, ਅਗਿਆਨ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹ, ਮਤਾ ਇਕ ਦੂਜੇ ਨਾਲ ਪਕਾਈਆ । ਚਲੋ ਵੇਖੀਏ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਨੂਰ ਅਲਾਹ, ਜਲਵਾ ਨੂਰ ਜਹੂਰ ਕਰੇ ਰੁਸ਼ਨਾਈਆ । ਜਿਸ ਨੂੰ ਰਾਮ ਰਮਈਆ ਕਹਿ ਕੇ ਸੀਸ ਰਹੇ ਝੁਕਾ, ਸੋ ਰਹਿਮਤ ਆਪਣੀ ਰਿਹਾ ਕਮਾਈਆ । ਜਿਸ ਨੂੰ ਕਾਹਨਾ ਕ੍ਰਿਸ਼ਨਾ ਕਹਿ ਕਹਿ ਮੰਡਲ ਰਾਸ ਰਹੇ ਰਚਾ, ਬੰਸਰੀ ਇਕੋ ਨਾਮ ਸੁਣਾਈਆ । ਜਿਸ ਨੂੰ ਸਜਦਾ ਸੀਸ ਰਹੇ ਝੁਕਾ, ਚਾਰੋਂ ਕੁੰਟ ਆਪਣੀ ਧਾਰ ਚਲਾਈਆ । ਮੰਤਰ ਢੋਲਾ ਨਾਮ ਨਿਧਾਨ ਰਹੇ ਗਾ, ਗੀਤ ਗੋਬਿੰਦ ਇਕ ਅਲਾਈਆ । ਸੋ ਜਨ ਭਗਤਾਂ ਮੇਲਾ ਰਿਹਾ ਮਿਲਾ, ਜੁਗ ਵਿਛੜੇ ਅੰਗ ਲਗਾਈਆ । ਰਾਜ ਨਰਾਇਣ ਰਾਜਿਆਂ ਵਿਚੋਂ ਰਾਜਾ ਪੁਰਖ ਅਬਿਨਾਸ਼ੀ ਦਿਤਾ ਬਣਾ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਪੂਰਬ ਜਨਮ ਦਾ ਰਿਹਾ ਨਾ ਕੋਈ ਗੁਨਾਹ, ਜਨਮ ਕਰਮ ਦਾ ਲੇਖਾ ਆਪਣੀ ਝੋਲੀ ਪਾਈਆ । ਦਿਨੇ ਜਾਗਦਿਆਂ ਰਾਤੀ ਸੁੱਤਿਆਂ ਦਰਸ ਦੇਵੇ ਦਿਖਾ, ਸਵੱਛ ਸਰੂਪੀ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਇਕੋ ਰੰਗ ਵਖਾ, ਦੂਜੀ ਪ੍ਰੀਤ ਨਾ ਕੋਇ ਜਣਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਂ, ਬਾਲਕ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਇਕ ਰਘਰਾਈਆ । ਭਗਤ ਵੇਖੋ ਰਘਨਾਥ, ਹਰਿ ਜੂ ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਦੇ ਕੇ ਸਾਥ, ਸਗਲਾ ਸੰਗ ਨਿਭਾਇੰਦਾ । ਸਤਿ ਨਰਾਇਣ ਨਰਾਇਣ ਪੜ੍ਹਾਏ ਗਾਥ, ਨਿਰਅੱਖਰ ਆਪ ਪੜ੍ਹਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰਾਏ ਪਾਠ, ਅਜੱਪਾ ਜਾਪ ਆਪ ਸਮਝਾਇੰਦਾ । ਅੰਦਰ ਵੜ ਕੇ ਪੁਛੇ ਵਾਤ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਅੰਮ੍ਰਿਤ ਬੂੰਦ ਦੇਵੇ ਸਵਾਂਤ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਸੇਜ ਸੁਹਾਏ ਖਾਟ, ਸਾਚੀ ਖਟੀਆ ਡੇਰਾ ਲਾਇੰਦਾ । ਸ਼ਬਦ ਅਗੰਮ ਦੇ ਕੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸੱਚਾ ਚੰਦ ਨੂਰ ਚਮਕਾਇੰਦਾ । ਘਰ ਮੰਦਰ ਵਖਾਏ ਇਕੋ ਘਾਟ, ਮਹਲ ਅਟੱਲ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਉਠ, ਆਪਣਾ ਬਲ ਧਰਾਈਆ । ਵੇਖੋ ਖੇਲ ਕਰੇ ਸਚ ਮੁਚ, ਸਤਿ ਸਤਿਵਾਦੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਰਿਹਾ ਲੁਕ, ਨਿਰਗੁਣ ਆਪਣਾ ਮੁਖ ਛੁਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਭਗਤਾਂ ਕਹਿੰਦਾ ਰਿਹਾ ਆਪਣੇ ਸੁਤ, ਸੁਤ ਨਾਦੀ ਨਾਉਂ ਧਰਾਈਆ । ਕਲਜੁਗ ਅੰਤ ਹੋ ਮਿਹਰਵਾਨ ਜਨ ਭਗਤਾਂ ਆਪੇ ਰਿਹਾ ਪੁਛ, ਫੇਰਾ ਘਰ ਘਰ ਦਰ ਦਰ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਪੀਰ ਪੈਗ਼ੰਬਰ ਕਰਨ ਤਿਆਰੀ, ਆਪਣਾ ਬਲ ਧਰਾਈਆ । ਚੌਦਾਂ ਤਬਕ ਨਾ ਕੋਇ ਵਿਚਾਰੀ, ਸੋਚ ਸਮਝ ਨਾ ਕੋਇ ਰਖਾਈਆ । ਗੁਰ ਅਵਤਾਰ ਹੋਕਾ ਦੇਵਣ ਵਾਰੋ ਵਾਰੀ, ਉਚੀ ਕੂਕ ਕੂਕ ਸੁਣਾਈਆ । ਚੌਦਾਂ ਲੋਕ ਕਰਨ ਖ਼ਬਰਦਾਰੀ, ਬੇਖ਼ਬਰ ਖ਼ਬਰ ਸੁਣਾਈਆ । ਬ੍ਰਹਿਮੰਡ ਖੰਡ ਵੇਖਣ ਚਾਰੋਂ ਕੁੰਟ ਨੈਣ ਉਘਾੜੀ, ਨੇਤਰ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਵਣ ਧਾਮ ਕਵਣ ਰਾਮ ਕਵਣ ਵੇਸ ਵਟਾਈਆ । ਕਵਣ

ttt ੧੯

ਵੇਸ ਵਟਾਏ ਅਵੱਲਾ, ਸਮਝ ਵਿਚ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਇਕ ਇਕੱਲਾ, ਅਕਲ ਕਲਧਾਰੀ ਬੇਪਰਵਾਹੀਆ । ਜਾਂ ਤੱਕਣ ਵੇਖਣ ਘਰ ਰਾਜ ਨਰਾਇਣ ਪੁਰ ਮੁਸੱਲਾ, ਮਿਸਾਲ ਮਿਸਲ ਆਪਣੀ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਦੇਵੇ ਆਪ, ਜੁਗ ਜੁਗ ਦਇਆ ਕਮਾਇੰਦਾ । ਜਨ ਭਗਤਾਂ ਬਣ ਕੇ ਮਾਈ ਬਾਪ, ਪਿਤਾ ਪੁਰਖ ਗੋਦ ਉਠਾਇੰਦਾ । ਜਨ ਭਗਤਾਂ ਬਿਨ ਪੜ੍ਹਿਆਂ ਦੇਵੇ ਜਾਪ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਅੰਦਰ ਵੜ ਕੇ ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦੀ ਜਾਏ ਆਖ, ਆਦਿ ਜੁਗਾਦੀ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਸਾਚਾ ਲੇਖਾ ਅੰਤਰ ਏਕ, ਹਰਿ ਕਰਤਾ ਆਪ ਜਣਾਈਆ । ਭਗਤ ਭਗਵਾਨ ਬਖ਼ਸ਼ੇ ਟੇਕ, ਚਰਨ ਕਵਲ ਸਰਨਾਈਆ । ਜੋ ਜਨ ਕਰੇ ਸਚ ਬਿਬੇਕ, ਬਿਬੇਕੀ ਬੁਧ ਰਖਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਨਾ ਕਰੇ ਕੁੜਮਾਈਆ । ਨਿਜ ਨੇਤਰ ਹਰਿ ਸੱਜਣ ਲਏ ਪੇਖ, ਘਰ ਇਕੋ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ ਕਰੇ ਸਾਚਾ ਹੇਤ, ਹਿਤਕਾਰੀ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਘਰ ਸਾਚੇ ਹੋਏ ਸਹਾਈਆ । ਘਰ ਸਾਚਾ ਮੰਦਰ ਵੇਖ ਹੱਟ, ਗ੍ਰਿਹ ਪਰਦਾ ਦਏ ਉਠਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਘਰ ਜੋਤੀ ਨੂਰ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਨਿਰੰਤਰ ਬ੍ਰਹਮ ਦੱਸੇ ਸਚ ਮੰਤਰ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕੋ ਇਕ ਸੁਣਾਈਆ । ਸਚ ਸੰਦੇਸਾ ਦੇਵੇ ਜਗਤ, ਹਰਿ ਭਗਵਨ ਦਇਆ ਕਮਾਇੰਦਾ । ਲੇਖੇ ਲਾਏ ਬੂੰਦ ਰਕਤ, ਪੰਜ ਤਤ ਲਹਿਣਾ ਮੂਲ ਚੁਕਾਇੰਦਾ । ਆਪਣੇ ਮਿਲਣ ਦਾ ਆਪੇ ਜਾਣੇ ਵਕਤ, ਥਿਤ ਵਾਰ ਨਾ ਭੇਤ ਖੁਲਾਇੰਦਾ । ਪੂਰਬ ਜਨਮ ਜੋ ਰਿਹਾ ਫ਼ਰਕ, ਕਲਜੁਗ ਅੰਤਮ ਲੇਖਾ ਆਪਣੀ ਝੋਲੀ ਪਾਇੰਦਾ । ਭੇਵ ਚੁਕਾਏ ਅਰਸ਼ ਫ਼ਰਸ਼, ਕਾਇਆ ਕਾਅਬਾ ਖੋਜ ਖੁਜਾਇੰਦਾ । ਰਹਿਮਾਨ ਹੋ ਕੇ ਕਰੇ ਤਰਸ, ਰਹਿਮਤ ਆਪਣੀ ਇਕ ਕਮਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚਵਾਇੰਦਾ । ਅਗਲਾ ਲੇਖਾ ਖੇਲ ਅਸਚਰਜ, ਅਚਰਜ ਆਪਣੀ ਧਾਰ ਬੰਧਾਇੰਦਾ । ਸਾਹਿਬ ਸਤਿਗੁਰ ਜੁਗ ਚੌਕੜੀ ਪੂਰਾ ਕਰੇ ਆਪਣਾ ਫ਼ਰਜ਼, ਬਣ ਸੇਵਕ ਸੇਵਕ ਸੇਵ ਕਮਾਇੰਦਾ । ਜੋ ਗੋਬਿੰਦ ਅੱਗੇ ਨਰਾਇਣ ਹੋ ਕੇ ਕੀਤੀ ਅਰਜ਼, ਸੋ ਆਰਜੂ ਆਪਣੇ ਲੇਖੇ ਲਾਇੰਦਾ । ਭੇਵ ਖੁਲ੍ਹਾਏ ਮਰਦਾਨਾ ਮਰਦ, ਸਚ ਮਰਦਾਨਗੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਚ ਦਰ, ਦਰ ਦਵਾਰਾ ਇਕੋ ਇਕ ਵਡਿਆਇੰਦਾ ।



★ ੨੨ ਚੇਤ ੨੦੨੧ ਬਿਕ੍ਰਮੀ ਰਾਜ ਨਰਾਇਣ ਦੇ ਗ੍ਰਿਹ ਪਟਣਾ ਸਾਹਿਬ ਮੁਸੱਲਾ ਪੁਰ ਹਾਟ ਬਿਹਾਰ ★

ਗੁਰ ਅਵਤਾਰ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਚਰਨ ਧਿਆਨ, ਸਜਦਾ ਜਗਦੀਸ ਸੀਸ ਇਕ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੈਣ ਉਘਾੜ, ਅੱਖ ਪਰਤੱਖ ਇਕ ਖੁਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬਣ ਭਿਖਾਰ, ਦਰ ਠਾਂਡੇ ਅਲਖ

ਜਗਾਈਆ । ਭਗਤ ਸੂਫ਼ੀ ਕਰਨ ਦੀਦਾਰ, ਲੋਚਣ ਆਪਣਾ ਨਾਲ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਸ ਗਾਵਣ ਵਾਰੋ ਵਾਰ, ਗੀਤਾ ਗਿਆਨ ਭੇਵ ਗੋਝ ਸਮਝਾਈਆ । ਖਾਣੀ ਬਾਣੀ ਬੋਲ ਜੈਕਾਰ, ਅੰਜੀਲ ਕੁਰਾਨ ਕਲਮਾ ਹੱਕ ਪੜ੍ਹਾਈਆ । ਤਸਬੀ ਮਾਲਾ ਬਣ ਪਨਹਾਰ, ਦਰ ਸੇਵਕ ਰੂਪ ਵਟਾਈਆ । ਤੀਰਥ ਤਟ ਮਜਨ ਸਰੋਵਰ ਨੀਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਵੇਖ ਖੇਲ ਪਰਵਰਦਗਾਰ, ਬੇਪਰਵਾਹ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਇਸ਼ਾਰਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਵੇਖੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਇਕ ਵਖਾਈਆ । ਜਿਸ ਦੀ ਸਿਫ਼ਤ ਕਰਦੇ ਰਹੇ ਜੁਗ ਚਾਰਾ, ਰਸਨਾ ਜਿਹਵਾ ਕਰ ਪੜ੍ਹਾਈਆ । ਜਿਸ ਦੀ ਮਹਿਮਾਂ ਲੇਖ ਲਿਖਦੇ ਬਣ ਲਿਖਾਰਾ, ਕਾਤਬ ਬਣ ਕੇ ਕਲਮ ਚਲਾਈਆ । ਜਿਸ ਦੇ ਨਾਮ ਦਾ ਬੋਲਦੇ ਰਹੇ ਜੈਕਾਰਾ, ਉਚੀ ਕੂਕ ਕੂਕ ਅਲਾਈਆ । ਜਿਸ ਦਾ ਮੰਦਰ ਦੱਸਦੇ ਸਚਖੰਡ ਦਵਾਰਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਜਿਸ ਦਾ ਲੱਖ ਚੁਰਾਸੀ ਕਹਿੰਦੇ ਰਹੇ ਪਸਾਰਾ, ਹਰ ਘਟ ਬੈਠਾ ਡੇਰਾ ਲਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਆਧਾਰਾ, ਤ੍ਰੈ ਪੰਜ ਸਚ ਸਮਝਾਈਆ । ਜਿਸ ਦਾ ਨਿਰਗੁਣ ਸਰਗੁਣ ਬਣਿਆ ਅਖਾੜਾ, ਤਤਵ ਤਤ ਖੇਲ ਰਚਾਈਆ । ਜਿਸ ਦਾ ਅਗੰਮ ਅਥਾਹ ਮਹਲ ਉਚ ਮਨਾਰਾ, ਮੁਕਾਮੇ ਹੱਕ ਸੋਭਾ ਪਾਈਆ । ਜਿਸ ਦਾ ਨੂਰ ਜਹੂਰ ਇਕ ਉਜਿਆਰਾ, ਜਲਵਾਗਰ ਸਚ ਖ਼ੁਦਾਈਆ । ਜੋ ਧੁਰ ਸੰਦੇਸਾ ਦੇਵਣਹਾਰਾ ਵਾਰੋ ਵਾਰਾ, ਨਿਤ ਨਵਿਤ ਆਪਣਾ ਫ਼ਰਮਾਣ ਸੁਣਾਈਆ । ਜੋ ਭਗਤਾਂ ਕਰੇ ਸਚ ਪਿਆਰਾ, ਭਗਵਨ ਆਪਣੀ ਗੋਦ ਉਠਾਈਆ । ਜੋ ਸੰਤਾਂ ਦੇਵੇ ਨਾਮ ਹੁਲਾਰਾ, ਆਤਮ ਅੰਤਰ ਆਪਣਾ ਪਰਦਾ ਲਾਹੀਆ । ਜੋ ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਭੇਵ ਅਭੇਦਾ ਦਏ ਜਣਾਈਆ । ਜੋ ਗੁਰਸਿਖਾਂ ਚਰਨ ਧੂੜੀ ਬਖ਼ਸ਼ੇ ਛਾਰਾ, ਮਸਤਕ ਟਿੱਕਾ ਇਕੋ ਲਾਈਆ । ਜਿਸ ਤੇਈ ਅਵਤਾਰਾਂ ਦੇ ਸਹਾਰਾ, ਭਗਤ ਅਠਾਰਾਂ ਉਂਗਲੀ ਨਾਲ ਫਿਰਾਈਆ । ਜਿਸ ਈਸਾ ਮੂਸਾ ਮੁਹੰਮਦ ਜਣਾਇਆ ਹੱਕ ਨਾਅਰਾ, ਹਕੀਕਤ ਆਪਣੀ ਆਪ ਸਮਝਾਈਆ । ਜਿਸ ਨਾਨਕ ਨਿਰਗੁਣ ਜੋਤ ਕੀਆ ਉਜਿਆਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਸੋ ਪਰਮ ਪੁਰਖ ਹਰਿ ਕਰਨੇਹਾਰਾ, ਕਰਤਾ ਕਰਨੀ ਆਪਣੇ ਹੱਥ ਰਖਾਈਆ । ਜੋ ਸਚਖੰਡ ਨਿਵਾਸੀ ਥਿਰ ਘਰ ਖੋਲ੍ਹੇ ਆਪ ਕਿਵਾੜਾ, ਭੇਵ ਸਕੇ ਕੋਇ ਨਾ ਪਾਈਆ । ਜਿਸ ਮੰਦਰ ਅੰਦਰ ਵਸਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰ ਅਵਤਾਰ ਵੇਖਣ ਖੇਲ, ਖ਼ਾਲਕ ਖ਼ਲਕ ਆਪ ਖਿਲਾਈਆ । ਸ਼ਬਦੀ ਜੋਤੀ ਮੇਲ, ਸ਼ਬਦੀ ਸ਼ਬਦ ਧਾਰ ਪਰਗਟਾਈਆ । ਆਦਿ ਜੁਗਾਦੀ ਸੱਜਣ ਸੁਹੇਲ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਵਸਣਹਾਰਾ ਧਾਮ ਨਵੇਲ, ਸਚਖੰਡ ਬੈਠਾ ਸੋਭਾ ਪਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰੂ ਆਪਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਹੱਸਣ, ਹਸਤੀ ਵੇਖ ਬੇਪਰਵਾਹੀਆ । ਦੋ ਜਹਾਨਾਂ ਨਿਰਗੁਣ ਧਾਰ ਨੱਸਣ, ਸਰਗੁਣ ਰੂਪ ਨਾ ਕੋਇ ਵਖਾਈਆ । ਪਰੇਮ ਪ੍ਰੀਤੀ ਧੁਰ ਦੀ ਦੱਸਣ, ਦਰਗਾਹ ਸਚ ਸਚ ਪੜ੍ਹਾਈਆ । ਸਰਨ ਸਰਨਾਈ ਇਕੋ ਢੱਠਣ, ਪੁਰਖ ਅਕਾਲ ਨਜ਼ਰੀ ਆਈਆ । ਗੀਤ ਗਾ ਖ਼ੁਸ਼ੀਆਂ ਵਿਚ ਨੱਚਣ, ਢੋਲਾ ਰਾਗ ਅਲਾਈਆ । ਪਰੇਮ ਪ੍ਰੀਤੀ ਹੋਏ ਮਗਨ, ਮਧਸੂਦਨ ਵੇਖ ਵਖਾਈਆ । ਸਾਚੀ

ਵਸਤ ਅਮੋਲਕ ਮੰਗਣ, ਦਰ ਠਾਂਡੇ ਅਲਖ ਜਗਾਈਆ । ਪਰਮ ਪੁਰਖ ਪ੍ਰਭ ਰੱਖੀਂ ਅੰਗਨ, ਸਚ ਤੇਰੀ ਸਰਨਾਈਆ । ਓਢਣ ਦੇਵੀਂ ਪੜਦਾ ਢਕਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੋਚ, ਖ਼ੁਸ਼ੀ ਆਪਣੇ ਅੰਦਰ ਟਿਕਾਈਆ । ਜੁਗ ਚੌਕੜੀ ਜਿਸ ਦੀ ਲੋਚਾ ਰਹੇ ਲੋਚ, ਬਿਨ ਲੋਚਣ ਨੈਣ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਜਿਸ ਦੀ ਕਰਦੀ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਜਿਸ ਦਾ ਖੇਲ ਦੋ ਜਹਾਨ ਲੋਕ ਪਰਲੋਕ, ਬ੍ਰਹਿਮੰਡ ਖੰਡ ਆਪਣਾ ਰੰਗ ਰੰਗਾਈਆ । ਜਿਸ ਦੇ ਚਰਨ ਕਵਲ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਣੀ ਮੌਜ, ਮੌਜੂਦਾ ਹੋ ਕੇ ਵੇਖ ਵਖਾਈਆ । ਸਰਬ ਜੀਆਂ ਦਾ ਦਾਤਾ ਇਕੋ ਬਹੁਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਝੁਕ, ਦਰ ਠਾਂਡੇ ਸੀਸ ਨਿਵਾਈਆ । ਸ੍ਰੀ ਭਗਵਾਨ ਸਾਡਾ ਪੈਂਡਾ ਗਿਆ ਮੁੱਕ, ਮੁੱਕੀ ਵਾਟ ਪਰਾਈਆ । ਸਚ ਦਵਾਰਿਉਂ ਰਹੇ ਪੁਛ, ਦਰ ਤੇਰੇ ਅਲਖ ਜਗਾਈਆ । ਕਵਣ ਵੇਲਾ ਸੁਹੰਜਣੀ ਰੁੱਤ, ਰੁਤੜੀ ਆਪ ਮਹਿਕਾਈਆ । ਪਰਗਟ ਹੋ ਅਬਿਨਾਸ਼ੀ ਅਚੁਤ, ਚੇਤਨ ਧਾਰ ਪਰਗਟਾਈਆ । ਸਾਚੀ ਦੇਵੇ ਇਕੋ ਸੁਚ, ਸਚ ਵਸਤ ਵਰਤਾਈਆ । ਸਫਲ ਕਰਾਏ ਮਾਤ ਕੁੱਖ, ਹਰਿਭਗਤ ਆਪਣੇ ਰੰਗ ਰੰਗਾਈਆ । ਉਜਲ ਕਰੇ ਜਨਨੀ ਮੁਖ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਜਾਮ ਪਿਆਏ ਘੁਟ, ਰਸ ਇਕੋ ਇਕ ਚੁਆਈਆ । ਦਿਖਾਏ ਦਰਸ ਜੋ ਬੈਠਾ ਲੁਕ, ਪਰਦਾ ਉਹਲਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਗੋਬਿੰਦ ਪੁਰਖ ਅਕਾਲ ਤੇਰਾ ਪੁੱਤ, ਪਿਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪਿਤਾ ਪੂਤ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਦਹਿ ਦਿਸ਼ਾ ਵੇਖਿਆ ਚਾਰੇ ਕੂਟ, ਜ਼ਿਮੀਂ ਅਸਮਾਨ ਖੋਜ ਖੁਜਾਈਆ । ਸ੍ਰਿਸ਼ਟ ਸਬਾਈ ਦਿਸੇ ਝੂਠ, ਸਚ ਸੁਚ ਨਜ਼ਰ ਕੋਇ ਨਾ ਆਈਆ । ਖ਼ਾਲੀ ਦਿਸਣ ਕਾਇਆ ਠੂਠ, ਨਾਮ ਸਤਿ ਵਸਤ ਨਾ ਕੋਇ ਟਿਕਾਈਆ । ਤੇਰੇ ਦਵਾਰਿਉਂ ਗਏ ਰੂਠ, ਪਰੇਮ ਪ੍ਰੀਤੀ ਨਾਤਾ ਨਾ ਕੋਇ ਜੁੜਾਈਆ । ਕੂੜੀ ਕਿਰਿਆ ਲੱਗੀ ਭੁੱਖ, ਤ੍ਰਿਸਨਾ ਨਾਮ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਣ ਹਾਲ, ਹਾਲਤ ਸਾਰੇ ਰਹੇ ਜਣਾਈਆ । ਨੇਤਰ ਖੋਲ੍ਹ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਸ੍ਰਿਸ਼ਟ ਸਬਾਈ ਕੂੜੀ ਕਿਰਿਆ ਘਾਲਨ ਰਹੀ ਘਾਲ, ਸਤਿ ਸਰੂਪ ਨਾ ਕੋਇ ਸਮਾਈਆ । ਤ੍ਰੈਗੁਣ ਮਾਇਆ ਨਾ ਤੋੜੇ ਕੋਇ ਜੰਜਾਲ, ਜਾਗਰਤ ਜੋਤ ਨਾ ਕਰੇ ਰੁਸ਼ਨਾਈਆ । ਸਾਧ ਸੰਤ ਹੋਏ ਬੇਹਾਲ, ਬਹਿਬਲ ਹੋ ਕੇ ਦੇਣ ਦੁਹਾਈਆ । ਹੱਲ ਹੋਵੇ ਨਾ ਕੋਇ ਸਵਾਲ, ਲੇਖਾ ਚੁੱਕੇ ਨਾ ਥਾਉਂ ਥਾਈਂਆ । ਫਲ ਦਿਸੇ ਨਾ ਕਿਸੇ ਡਾਲ, ਸਿਮਲ ਰੁੱਖ ਰਹੇ ਲਹਿਰਾਈਆ । ਤੇਰੀ ਚਾਰੋਂ ਕੁੰਟ ਕਰਦੇ ਭਾਲ, ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰ ਖੋਜਣ ਨੇਤਰ ਨੈਣ ਨੈਣ ਉਠਾਈਆ । ਸਚ ਸਵਾਮੀ ਮਿਲੇ ਨਾ ਕੋਇ ਦਲਾਲ, ਵਿਚੋਲਾ ਹੱਕ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਦੋਏ ਜੋੜ ਕਰ ਅਰਜ਼ੋਈਆ ।



੮੯੧
੧੯

ਅਬਿਨਾਸ਼ੀ ਕਰਤੇ ਚਾੜ੍ਹ ਰੰਗ, ਏਥੇ ਓਥੇ ਦੋ ਜਹਾਨ ਮਿਲੇ ਢੋਈਆ । ਨਾਮ ਨਿਧਾਨ ਵਜਾ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਸੁਣਾ ਛੰਦ, ਲੱਖ ਚੁਰਾਸੀ ਸੁਰਤੀ ਸ਼ਬਦੀ ਜੋੜ ਜੁੜਾਈਆ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਸਵਾਮੀ ਤੇਰੀ ਇਕ ਸਰਨਾਈਆ । ਕਰ ਖੇਲ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਤੇਰਾ ਨੂਰ ਨਜ਼ਰੀ ਆਏ ਅਗੰਮੀ ਚੰਦ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਭੂਪਨ ਭੂਪ, ਭੂਪਤ ਤੇਰੀ ਇਕ ਸਰਨਾਈਆ । ਨਿਰਗੁਣ ਤੇਰਾ ਸਤਿ ਸਰੂਪ, ਸਤਿ ਸਤਿਵਾਦੀ ਨਜ਼ਰੀ ਆਈਆ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਈਆ । ਲੇਖਾ ਦੇਵੇਂ ਆਪਣੇ ਪੂਤ, ਸੁਤ ਦੁਲਾਰੇ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਪਰਦਾ ਦਏ ਮਿਟਾਈਆ । ਪਰਦਾ ਉਹਲਾ ਚੁੱਕ ਸ੍ਰੀ ਭਗਵਾਨ, ਸਚ ਤੇਰੀ ਸਰਨਾਈਆ । ਜੁਗ ਚੌਕੜੀ ਮੰਗਦੇ ਰਹੇ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਕਾਗ਼ਜ਼ ਕਲਮ ਸ਼ਾਹੀ ਲਿਖਦੇ ਰਹੇ ਬਿਆਨ, ਕਲਮਾ ਤੇਰਾ ਨਾਮ ਪੜ੍ਹਾਈਆ । ਦੱਸਦੇ ਰਹੇ ਧੁਰ ਫ਼ਰਮਾਣ, ਸਚ ਸੰਦੇਸਾ ਜਗਤ ਸੁਣਾਈਆ । ਅੱਖਰਾਂ ਨਾਲ ਦੇਂਦੇ ਰਹੇ ਗਿਆਨ, ਜੀਵ ਜੰਤ ਜਗਤ ਸਮਝਾਈਆ । ਢੋਲਾ ਸੁਣੌਂਦੇ ਰਹੇ ਕਾਨ, ਰਸਨਾ ਜਿਹਵਾ ਕਰ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾ ਥਾਉਂ ਥਾਈਂਆ । ਗੁਰ ਅਵਤਾਰ ਕਹਿਣ ਆਖ਼ਰ, ਇਕੋ ਇਕ ਜਣਾਈਆ । ਤੇਰਾ ਲੇਖਾ ਪਾਹਨ ਪਾਥਰ, ਜਲ ਥਲ ਮਹੀਅਲ ਤੇਰੀ ਓਟ ਤਕਾਈਆ । ਪਰਮ ਪੁਰਖ ਪ੍ਰਭ ਬਣ ਸਾਥਨ, ਸੰਗੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਅਖ਼ੀਰੀ, ਇਕ ਆਵਾਜ਼ ਉਠਾਈਆ । ਪਰਮ ਪੁਰਖ ਤੇਰੇ ਹੱਥ ਪੀਰੀ, ਪੀਰਨ ਪੀਰ ਬੇਪਰਵਾਹੀਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਕੱਟ ਜ਼ੰਜੀਰੀ, ਲਾਸ਼ਰੀਕ ਤੇਰੀ ਬੇਪਰਵਾਹੀਆ । ਤੇਰਾ ਖੇਲ ਬੇਨਜ਼ੀਰੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਚਾਰੋਂ ਕੁੰਟ ਹੋਈ ਦਿਲਗੀਰੀ, ਧੀਰਜ ਧੀਰ ਨਾ ਕੋਇ ਵਖਾਈਆ । ਰੱਖੇਂ ਲੱਜਿਆ ਜਿਉਂ ਪ੍ਰਹਿਲਾਦ ਕੀੜੀ, ਅਗਨੀ ਥੱਮਾਂ ਤਤ ਬੁਝਾਈਆ । ਤੇਰੇ ਹੱਥ ਸਚ ਅਸੀਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਵਾਰ ਪਏ ਬੋਲ, ਅਨਬੋਲਤ ਰਾਗ ਸੁਣਾਈਆ । ਸਚ ਵਸਤ ਪ੍ਰਭ ਤੇਰੇ ਕੋਲ, ਅਤੋਟ ਅਤੁਟ ਨਜ਼ਰੀ ਆਈਆ । ਧੁਰ ਭੰਡਾਰਾ ਇਕੋ ਖੋਲ੍ਹ, ਪਰਦਾ ਉਹਲਾ ਦੇ ਚੁਕਾਈਆ । ਨਿਰਵੈਰ ਹੋ ਕੇ ਤੋਲ ਤੋਲ, ਸਾਚਾ ਤੱਕੜ ਨਾਮ ਚਲਾਈਆ । ਤੇਰੇ ਨਾਮ ਦਾ ਵਜਾ ਕੇ ਗਏ ਸਾਰੇ ਢੋਲ, ਹੋਕਾ ਦੇ ਦੇ ਜਗਤ ਲੋਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਆਵੇ ਕੋਲ, ਸਾਚੇ ਸੰਤਾਂ ਲਏ ਜਗਾਈਆ । ਆਤਮ ਪਰਮਾਤਮ ਪੜਦਾ ਲਏ ਫੋਲ, ਮੰਦਰ ਅੰਦਰ ਵੜ ਕੇ ਘਰ ਘਰ ਵਿਚ ਖੇਲ ਖਿਲਾਈਆ । ਸਚ ਪ੍ਰੀਤੀ ਕਰੇ ਚੋਲ੍ਹ, ਪਰੇਮ ਆਪਣਾ ਰੰਗ ਵਖਾਈਆ । ਹਰਿਜਨ ਰਹੇ ਨਾ ਕੋਇ ਅਨਭੋਲ, ਸੁਤਿਆਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਦੇ ਦੇ ਏਕ, ਏਕੰਕਾਰ ਤੇਰੀ ਸਰਨਾਈਆ । ਗੋਬਿੰਦ ਵੇਖੇ ਤੇਰੀ ਖੇਡ, ਭੇਵ ਅਭੇਦਾ ਦਏ ਜਣਾਈਆ ।

ਜਿਸ ਕਾਰਨ ਕਰਤੇ ਦਿਤਾ ਭੇਜ, ਹੁਕਮੇ ਅੰਦਰ ਹੁਕਮ ਮਨਾਈਆ । ਤੇਰੇ ਮੰਦਰ ਤੇਰੀ ਮਾਣੀ ਸੇਜ, ਸਿੰਘਾਸਣ ਸੁਹੰਜਣਾ ਇਕੋ ਵੇਖ ਵਖਾਈਆ । ਤੇਰਾ ਜੋਤੀ ਜਲਵਾ ਨੂਰੀ ਵੇਖਿਆ ਤੇਜ, ਅਨੁਭਵ ਤੇਰਾ ਰੂਪ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਵੇਖ ਗੋਬਿੰਦ, ਗਹਿਰ ਗੰਭੀਰ ਤੇਰੀ ਸਰਨਾਈਆ । ਦਾਤੇ ਦਾਨੀ ਵਡ ਬਖ਼ਸ਼ਿੰਦ, ਬੇਅੰਤ ਤੇਰੀ ਵਡਿਆਈਆ । ਦਰ ਤੇਰੇ ਮੰਗਣ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਕਰੋੜ ਤੇਤੀਸਾ ਸੀਸ ਝੁਕਾਈਆ । ਤੂੰ ਸੂਰਬੀਰ ਵਡ ਮਰਗਿੰਦ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਤੇਰਾ ਲੇਖਾ ਦੋ ਜਹਾਨ ਸਾਹਿਬ ਨਰਿੰਦ, ਤੇਰਾ ਹੁਕਮ ਚਲੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਸਮਝਾਈਆ । ਪੂਰਬ ਲਹਿਣਾ ਗੋਬਿੰਦ ਧਾਰ, ਪ੍ਰਭ ਭੇਵ ਅਭੇਦ ਜਣਾਈਆ । ਵੇਖੇ ਖੇਲ ਅਗੰਮ ਅਪਾਰ, ਅਪਰੰਪਰ ਆਪਣਾ ਇਕ ਵਖਾਈਆ । ਜਿਸ ਦਾ ਲੇਖਾ ਲਿਖਿਆ ਮਿਲੇ ਨਾ ਵਿਚ ਸੰਸਾਰ, ਕਲਮ ਸ਼ਾਹੀ ਸ਼ਹਾਦਤ ਦੇਣ ਕੋਇ ਨਾ ਆਈਆ । ਜਿਸ ਦਾ ਹੁਕਮ ਰਹੇ ਜੁਗ ਚਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਇਕੋ ਧਾਰ ਬੰਧਾਈਆ । ਸੋ ਖੇਲ ਕਰੇ ਆਪ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚੋਂ ਛੋਟਾ ਸੁਤ ਲਏ ਉਠਾਲ, ਗੋਬਿੰਦ ਆਪਣੀ ਗੋਦ ਉਠਾਈਆ । ਪਰੇਮ ਪ੍ਰੀਤੀ ਅੰਦਰ ਕਰੇ ਪਿਆਰ, ਸਾਚੀ ਰੀਤੀ ਮਾਤ ਚਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਵਿਹਾਰ, ਦੂਜੀ ਧਾਰ ਨਾ ਕੋਇ ਬੰਧਾਈਆ । ਸੱਥਰ ਹੰਢੌਣਾ ਇਕੋ ਯਾਰ, ਸੇਜ ਸੁਹੰਜਣੀ ਦੇ ਵਖਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਸੰਦੇਸਾ ਦੇ ਕੇ ਗਿਆ ਇਕੋ ਵਾਰ, ਏਕੰਕਾਰ ਹੁਕਮ ਮਨਾਈਆ । ਕਲ ਕਲਕੀ ਲੈ ਅਵਤਾਰ, ਜੋਤੀ ਜਾਮਾ ਵੇਸ ਵਟਾਈਆ । ਸੰਬਲ ਨਗਰ ਪਾਵੇ ਸਾਰ, ਸਚ ਸਿੰਘਾਸਣ ਸੋਭਾ ਪਾਈਆ । ਤੇਰਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੁਣ ਸੰਦੇਸਾ ਪੁਰਖ ਅਕਾਲ, ਗੋਬਿੰਦ ਖ਼ੁਸ਼ੀ ਮਨਾਈਆ । ਪੈਗ਼ੰਬਰਾਂ ਵਿਚੋਂ ਮੇਰਾ ਸੁਣਿਆ ਹਾਲ, ਪੀਰਾਂ ਵਿਚੋਂ ਮੇਰੀ ਪੀੜ ਮਿਟਾਈਆ । ਅਵਤਾਰਾਂ ਵਿਚੋਂ ਮੇਰੇ ਉਤੇ ਹੋਇਆ ਦਿਆਲ, ਗੁਰੂਆਂ ਵਿਚੋਂ ਗੁਰ ਗੋਬਿੰਦ ਦਿਤੀ ਵਡਿਆਈਆ । ਮੰਦਰ ਵਿਚੋਂ ਧਰਮਸਾਲ, ਮਸੀਤਾਂ ਵਿਚੋਂ ਮਹਿਰਾਬ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੁਣ ਸੰਦੇਸ ਗੋਬਿੰਦ ਲਾਲ, ਬਿਨ ਰਸਨਾ ਜਿਹਵਾ ਰਿਹਾ ਜਣਾਈਆ । ਉਠ ਵੇਖ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਜੁਗ ਚੌਕੜੀ ਬੀਤੇ ਕਾਲ, ਕੋਟਨ ਕੋਟ ਕਾਲ ਵਿਹਾਈਆ । ਸਤਿਜੁਗ ਤ੍ਰੇਤਾ ਦਵਾਪਰ ਤੈਨੂੰ ਮੰਨਦੇ ਰਹੇ ਦਲਾਲ, ਸ਼ਬਦ ਵਿਚੋਲਾ ਬੇਪਰਵਾਹੀਆ । ਕਲਜੁਗ ਅੰਤਮ ਵੇਖ ਹਾਲ, ਮੁਰੀਦ ਨੇਤਰ ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਚੁਕਾਈਆ । ਗੋਬਿੰਦ ਕਹੇ ਮੈਂ ਤੇਰਾ ਬੱਚਾ, ਪਰਮ ਪੁਰਖ ਤੇਰੀ ਸਰਨਾਈਆ । ਸਚ ਦਵਾਰੇ ਬਣਿਆ ਸੱਚਾ, ਸਿਖਿਆ ਸਚ ਦ੍ਰਿੜਾਈਆ । ਤੇਰੇ ਹੁਕਮੇ ਅੰਦਰ ਕੀਤਾ ਅੱਛਾ, ਸੀਸ ਜਗਦੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਰੱਤਾ, ਰੱਤੀ ਰੱਤ ਦੇ ਸੁਕਾਈਆ । ਰੱਤੀ ਰੱਤ ਤੇਰੇ ਲੇਖੇ, ਰਚਨਾ ਤੇਰੀ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਮਿਟੇ ਭਰਮ ਭੁਲੇਖੇ, ਕੂੜੀ

੮੯੩
੧੯

ਕਿਰਿਆ ਡੇਰਾ ਢਾਹੀਆ । ਜਨਮ ਜਨਮ ਦੀ ਮੇਟ ਰੇਖੇ, ਕਰਮ ਕਾਂਡ ਦੇ ਗਵਾਈਆ । ਜਿਸ ਖ਼ਾਤਰ ਲੋਕਮਾਤ ਭੇਜੇ, ਤਿਸ ਖ਼ਾਤਰ ਹੁਕਮ ਸੁਣਾਈਆ । ਸੋ ਖੇਲ ਤੇਰੇ ਘਰ ਵਿਚ ਖੇਡੇ, ਖ਼ਾਲਕ ਵੇਖਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲਹਿਣਾ ਦੇਣਾ ਚੁਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਅੰਤਰ ਅੰਤਰ ਧਾਰ ਜਣਾਈਆ । ਤੇਰਾ ਮੇਰਾ ਇਕ ਨਿਸ਼ਾਨ, ਦੂਜੀ ਵੰਡ ਨਾ ਕੋਇ ਵੰਡਾਈਆ । ਤੂੰ ਸੁਤ ਦੁਲਾਰਾ ਵਡ ਬਲਵਾਨ, ਬਲ ਧਾਰੀ ਨਜ਼ਰੀ ਆਈਆ । ਤੇਰਾ ਲੇਖਾ ਜਾਣਾ ਬਾਲ ਅਵਾਣ, ਬਾਲੀ ਬੁਧ ਮਿਲੇ ਵਡਿਆਈਆ । ਤੇਰਾ ਮੇਲਾ ਰਾਜ ਰਾਜਾਨ, ਸ਼ਹਿਨਸ਼ਾਹ ਤੇਰਾ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੋਬਿੰਦ ਕਹੇ ਮੇਰੀ ਪਿਛਲੀ ਯਾਦ, ਬਾਲ ਅਵਸਥਾ ਰਿਹਾ ਜਣਾਈਆ । ਜਿਸ ਘਰ ਮਿਲੀ ਧੁਰ ਦੀ ਦਾਦ, ਵਸਤ ਅਮੋਲਕ ਹੱਥ ਫੜਾਈਆ । ਓਸ ਦਾ ਫੇਰ ਨਾ ਲੱਭਾ ਸਵਾਦ, ਦੋ ਜਹਾਨਾਂ ਖੋਜ ਖੁਜਾਈਆ । ਕਿਰਪਾ ਕਰ ਗ਼ਰੀਬ ਨਿਵਾਜ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਕਹੇ ਸਵਾਦ ਕਿਹੜਾ, ਸਚ ਸਚ ਦੇ ਜਣਾਈਆ । ਜਿਸ ਦੇ ਪਿਛੇ ਪਾਇਆ ਫੇਰਾ, ਝਗੜਾ ਮੇਰੇ ਨਾਲ ਰਖਾਈਆ । ਮੈਂ ਤੇਰਾ ਲਹਿਣਾ ਦੇਣਾ ਬਥੇਰਾ, ਸਭ ਕੁਛ ਹੱਥੀਂ ਰਿਹਾ ਵਰਤਾਈਆ । ਮੈਂ ਵੇਖਾਂ ਤੇਰੇ ਪਰੇਮ ਵਾਲਾ ਡੇਰਾ, ਕਵਣ ਖੇੜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਰਿਹਾ ਸੁਣਾਈਆ । ਗੋਬਿੰਦ ਕਹੇ ਮੇਰੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਜਿਸ ਦਾ ਭੇਵ ਨਾ ਪਾਇਆ ਕਿਸੇ ਵਿਦਵਾਨੀ, ਗਿਆਨੀ ਸਮਝ ਕੋਇ ਨਾ ਆਈਆ । ਜਿਸ ਦੀ ਸਾਰ ਨਾ ਪਾਈ ਚਾਰੇ ਖਾਣੀ, ਚਾਰੇ ਬਾਣੀ ਗੀਤ ਨਾ ਕੋਇ ਅਲਾਈਆ । ਜਿਸ ਦਾ ਰੂਪ ਸਮਝੇ ਨਾ ਤੀਰਥ ਤਟ ਪਾਣੀ, ਅਠ ਸਠ ਨਾ ਕੋਇ ਵਡਿਆਈਆ । ਜਿਸ ਦਾ ਲੇਖ ਲਿਖ ਕੇ ਬਣਾਏ ਨਾ ਕੋਈ ਨਿਸ਼ਾਨੀ, ਨਿਸ਼ਾਨਾ ਜਗਤ ਨਾ ਕੋਇ ਬਣਾਈਆ । ਮੈਂ ਓਸ ਦੀ ਦੱਸਾਂ ਕਹਾਣੀ, ਕਹਿ ਕਹਿ ਆਪਣੀ ਖ਼ੁਸ਼ੀ ਮਨਾਈਆ । ਜਿਨ੍ਹਾਂ ਨੂੰ ਸੱਦਦੇ ਰਾਜਾ ਰਾਣੀ, ਰਈਅਤ ਪਟਨੇ ਵਿਚ ਰਖਾਈਆ । ਤਿਨ੍ਹਾਂ ਦਾ ਲੇਖਾ ਬਿਨ ਲਿਖਤੋਂ ਮੇਰੇ ਨਾਲ ਬਣਾ ਦੋ ਜਹਾਨੀ, ਲੋਕ ਪਰਲੋਕ ਇਕੋ ਰੰਗ ਨਜ਼ਰੀ ਆਈਆ । ਤਿਸ ਦਵਾਰਿਉਂ ਹੋਏ ਪੀਣਾ ਠੰਡਾ ਪਾਣੀ, ਕੋਟਨ ਕੋਟ ਅੰਮ੍ਰਿਤ ਜਲ ਬੈਠਣ ਨੈਣ ਸ਼ਰਮਾਈਆ । ਚਾਰ ਜੁਗ ਜਿਸ ਦੀ ਰਹੇ ਤੇਰੇ ਨਾਮ ਦੀ ਸਚ ਕਹਾਣੀ, ਕਥਾ ਸ੍ਰਿਸ਼ਟ ਸਬਾਈ ਆਪਣਾ ਰਾਗ ਸੁਣਾਈਆ । ਸਿਫ਼ਤਾਂ ਵਿਚ ਸਿਫ਼ਤ ਸਾਲਾਹੇ ਧੁਰ ਦੀ ਬਾਣੀ, ਬਾਣੀ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਜਗਾਈ ਅਲਖ, ਅਲੱਖ ਅਗੋਚਰ ਇਕੋ ਮੰਗ ਮੰਗਾਇੰਦਾ । ਸਚ ਦਵਾਰ ਹੋ ਪਰਤੱਖ, ਨਿਰਗੁਣ ਸਰਗੁਣ ਆਪਣਾ ਰੂਪ ਜਣਾਇੰਦਾ । ਮੈਨੂੰ ਆਪਣੀ ਗੋਦੀ ਜਿਸ ਲਿਆ ਚੁੱਕ, ਕਰ ਪਿਆਰ ਵਾਂਗ ਪੁੱਤਰਾਂ ਜੋੜ ਜੁੜਾਇੰਦਾ । ਇਨ੍ਹਾਂ ਦਾ ਲਹਿਣਾ ਦੇਣ ਆਇਆ ਹੱਕ, ਹਕੀਕਤ ਤੇਰੇ ਵਿਚੋਂ ਬਾਹਰ ਕਰਾਇੰਦਾ । ਤੇਰੇ ਉਤੇ ਕਿਸੇ ਦਾ ਨਾ ਰਹੇ ਸ਼ੱਕ, ਸ਼ਿਕਵਾ ਸਭ ਦਾ ਮੇਟ ਮਿਟਾਇੰਦਾ । ਅੰਦਰ ਵੜ ਕੇ ਕਾਇਆ ਮੰਦਰ ਚੜ੍ਹ ਕੇ ਆਪਣਾ ਨੂਰ ਜਹੂਰ ਦੇਣਾ ਦੱਸ, ਅੰਧ ਅੰਧੇਰ ਕੋਈ ਰਹਿਣ ਨਾ ਪਾਇੰਦਾ । ਅੰਤਰ ਆਤਮ ਨਿਝਰ ਦੇਣਾ ਰਸ, ਸਰੋਵਰ ਇਕੋ ਇਕ ਨਜ਼ਰੀ

ਆਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਜਾਣਾ ਅੱਖ, ਆਖ਼ਰ ਤੇਰੇ ਅੱਗੇ ਇਕੋ ਵਾਸਤਾ ਪਾਇੰਦਾ । ਤੇਰਾ ਮੇਲ ਮਿਲਿਆ ਮੇਰੇ ਪੁਰਖ ਸਮਰਥ, ਨਾਤਾ ਦੋ ਜਹਾਨ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪੂਰਬ ਲੇਖਾ ਜਨਮ ਜਨਮ ਵਿਚ ਝੋਲੀ ਪਾਇੰਦਾ ।

## ★ ੨੨ ਚੇਤ ੨੦੨੧ ਬਿਕ੍ਰਮੀ ਪਟਣਾ ਸਾਹਿਬ ਗੋਬਿੰਦ ਘਾਟ ਬਿਹਾਰ ★



ਰਵੀਦਾਸ ਵੇਖ ਪਿਛਲਾ ਹਿਸਾਬ, ਬੇਪਰਵਾਹ ਰਿਹਾ ਜਣਾਈਆ । ਜਿਸ ਦਾ ਲੇਖਾ ਮਿਲੇ ਨਾ ਵਿਚ ਕਿਤਾਬ, ਕਲਮ ਸ਼ਾਹੀ ਨਾ ਵੰਡ ਵੰਡਾਈਆ । ਨੇਤਰ ਖੋਲ੍ਹ ਦੇ ਜਵਾਬ, ਪਾਰਬ੍ਰਹਮ ਪ੍ਰਭ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਰਘਰਾਈਆ । ਰਵਦਾਸ ਵੇਖ ਔਹ ਮਾਈ ਗੰਗਾ, ਨਿਜ ਨੇਤਰ ਧਿਆਨ ਲਗਾਈਆ । ਜਿਸ ਨੂੰ ਕਸੀਰਾ ਲੱਗਾ ਚੰਗਾ, ਬ੍ਰਾਹਮਣ ਭੇਟ ਚੜ੍ਹਾਈਆ । ਕਰ ਖੇਲ ਸੂਰਾ ਸਰਬੰਗਾ, ਭੇਵ ਖੁਲਾਏ ਚਾਈਂ ਚਾਈਂਆ । ਨੌਂ ਜਨਮ ਦਾ ਤਾਰ ਮੁਸ਼ਟੰਡਾ, ਮੁਸ਼ਕਲ ਹੱਲ ਕਰਾਈਆ । ਫੇਰ ਵੇਖੇ ਘਾਟ ਕੰਢਾ, ਤਟ ਕਿਨਾਰਾ ਸੋਭਾ ਪਾਈਆ । ਭੇਵ ਚੁਕਾਏ ਗੁਜਰੀ ਚੰਦਾ, ਨੰਦ ਅਨੰਦ ਅਨੰਦ ਵਿਚੋਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਰਵਦਾਸ ਵੇਖ ਗੰਗਾ ਮਾਈ, ਨੇਤਰ ਨੈਣਾਂ ਨੀਰ ਵਹਾਈਆ । ਉਚੀ ਕੂਕ ਕੂਕ ਰਹੀ ਸੁਣਾਈ, ਚਾਰੋਂ ਕੁੰਟ ਧਿਆਨ ਲਗਾਈਆ । ਧੰਨ ਭਾਗ ਪ੍ਰਭ ਮਿਲਿਆ ਮਾਹੀ, ਜਿਸ ਰਵਦਾਸ ਦਿਤੀ ਵਡਿਆਈਆ । ਸਚ ਕਸੀਰਾ ਭੇਟ ਚੜ੍ਹਾਈ, ਕੰਗਣ ਵੰਡ ਵੰਡਾਈਆ । ਉਸ ਕੰਗਣ ਅੰਦਰ ਲਿਖਿਆ ਲੇਖ ਬੇਪਰਵਾਹੀ, ਜਿਸ ਦੀ ਲਿਖਤ ਪੜ੍ਹਨ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਸੀਰੇ ਪਿਛੇ ਵਟਿਆ ਕੰਗਣ, ਕਰਨੀ ਕਰਤਾ ਖੇਲ ਕਰਾਇੰਦਾ । ਰਵਦਾਸ ਚਾੜ੍ਹੀ ਹਰਿ ਹਰਿ ਰੰਗਣ, ਅੰਗਣ ਆਪਣੇ ਆਪ ਬਹਾਇੰਦਾ । ਨਾਮ ਨਿਧਾਨ ਇਕ ਵਜਾਏ ਮਰਦੰਗਨ, ਸੋਹਣਾ ਰਾਗ ਅਲਾਇੰਦਾ । ਸਚ ਪ੍ਰੀਤੀ ਪਾ ਕੇ ਬੰਧਨ, ਬੰਦਗੀ ਇਕ ਸਮਝਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਛੰਦਨ, ਸਾਚਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਰਵਦਾਸ ਕਹੇ ਬੋਲ ਚਮਿਆਰ, ਨੀਚ ਕੁਲ ਸੀਸ ਨਿਵਾਈਆ । ਵਾਹ ਵਾ ਮੇਰੇ ਸਾਹਿਬ ਨਿਰੰਕਾਰ, ਤੇਰੇ ਹੱਥ ਵਡਿਆਈਆ । ਗੰਗਾ ਮਈਆ ਕੰਗਣ ਦਿਤਾ ਉਤਾਰ, ਭੇਟਾ ਆਪਣੀ ਸੇਵ ਕਮਾਈਆ । ਜਿਸ ਦਾ ਖੇਲ ਅਪਰ ਅਪਾਰ, ਇਕ ਦੋ ਮੇਲਾ ਸਹਿਜ ਸੁਭਾਈਆ । ਉਸ ਦੇ ਅੰਦਰ ਨਿਰਗੁਣ ਲੇਖ ਲਿਖਿਆ ਨਿਰੰਕਾਰ, ਨਿਰਅੱਖਰ ਨਾਲ ਬਣਤ ਬਣਾਈਆ । ਗੰਗਾ ਸੁਣ ਕਰ ਵਿਚਾਰ, ਗੰਗੋਤਰੀ ਭੇਵ ਚੁਕਾਈਆ । ਤੇਰਾ ਹੋਇਆ ਮਾਤ ਉਧਾਰ, ਲਹਿਣਾ ਦੇਣਾ ਦੇਵੇ ਬੇਪਰਵਾਹੀਆ । ਤੇਰਾ ਖ਼ਾਲੀ ਦਿਸੇ ਸ਼ੰਗਾਰ, ਜੋਬਨ ਨੈਣ ਅੱਖ ਸ਼ਰਮਾਈਆ । ਓਸੇ ਵੇਲੇ ਨੇਤਰ ਰੋਈ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਮੇਰੇ ਕਰਤਾਰ, ਕਰਤਾ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ ।

ਸ੍ਰੀ ਭਗਵਾਨ ਅਗੰਮ ਅਥਾਹ, ਸ਼ਬਦੀ ਨਾਦ ਸੁਣਾਇੰਦਾ । ਸਚ ਸਵਾਣੀ ਤਕਣਾ ਰਾਹ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਤੇਰਾ ਲਹਿਣਾ ਦੇਣਾ ਦਿਆਂ ਮੁਕਾ, ਪੂਰਬ ਲੇਖਾ ਝੋਲੀ ਪਾਇੰਦਾ । ਨਿਰਗੁਣ ਨੂਰੀ ਜੋਤ ਕਰ ਰੁਸ਼ਨਾ, ਸ਼ਬਦੀ ਸੁਤ ਪੰਜ ਤਤ ਵਡਿਆਇੰਦਾ । ਗੋਬਿੰਦ ਸੂਰਾ ਨਾਉਂ ਰਖਾ, ਸਿਰ ਆਪਣਾ ਹੱਥ ਟਿਕਾਇੰਦਾ । ਪਿਛਲਾ ਕਰਜ਼ਾ ਦਏ ਮੁਕਾ, ਬਾਕੀ ਹੱਕ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਸਾਚਾ ਲੇਖਾ ਦੱਸੇ ਭਗਵਾਨ, ਰਵਦਾਸ ਚੁਮਾਰੇ ਨਾਲ ਰਲਾਈਆ । ਲੇਖਾ ਚੁੱਕੇ ਵਿਚੋਂ ਜਹਾਨ, ਦੋ ਜਹਾਨਾਂ ਵਾਲੀ ਆਪ ਮੁਕਾਈਆ । ਇਕ ਕੰਗਣ ਕਰ ਪਰਵਾਨ, ਦੂਜਾ ਸ਼ਕੰਗਣ ਰਵਦਾਸ ਤੇਰੀ ਵਡਿਆਈਆ । ਦੋਹਾਂ ਅੰਦਰ ਖੇਲ ਮਹਾਨ, ਹਰਿ ਕਰਤਾ ਆਪ ਵਖਾਈਆ । ਜਿਸ ਉਪਰ ਲੇਖ ਲਿਖਿਆ ਸੋ ਪੁਰਖ ਨਿਰੰਜਣ ਮਿਹਰਵਾਨ, ਹਰਿ ਹਰਿ ਜੂ ਵੇਸ ਵਟਾਈਆ । ਬਾਲੀ ਅਵਸਥਾ ਬਾਲ ਅਵਾਣ, ਗੋਬਿੰਦ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬੇਪਰਵਾਹੀਆ । ਗੋਬਿੰਦ ਕੰਗਣ ਪਿਛਲਾ ਕੜਾ, ਗੰਗਾ ਝੋਲੀ ਪਾਈਆ । ਜਿਸ ਦਾ ਅੱਖਰ ਕਿਸੇ ਨਾ ਪੜ੍ਹਾ, ਜਗਤ ਵਿਦਿਆ ਨਾ ਕੋਇ ਸਮਝਾਈਆ । ਓਸੇ ਘਾਟ ਕਿਨਾਰੇ ਖੜਾ, ਜਿਸ ਤਟ ਕਿਨਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੁਕਾਈਆ । ਇਕ ਨਾਲ ਦੂਜਾ ਸੁੱਟ, ਰਵਦਾਸ ਗੰਗਾ ਦੋਹਾਂ ਲੇਖ ਮੁਕਾਈਆ । ਆਪਣੇ ਕੋਲ ਨਾ ਦੱਸੇ ਕੁਛ, ਬਣ ਦਾਤਾ ਧੁਰ ਦਾ ਬੇਪਰਵਾਹੀਆ । ਜੇ ਕੋਈ ਅੱਗੋਂ ਲਏ ਪੁਛ, ਹੱਸ ਕੇ ਦਏ ਵਖਾਈਆ । ਮੈਂ ਨਿੱਕਾ ਬਾਲਾ ਗੁਜਰੀ ਪੁੱਤ, ਬਾਲਾ ਰੂਪ ਵਟਾਈਆ । ਬ੍ਰਾਹਮਣ ਵੇਖ ਅੰਦਰ ਸੁੱਚ, ਸਚ ਦਏ ਸਮਝਾਈਆ । ਸਾਚੀ ਧਾਰੋਂ ਨਿਰਗੁਣ ਉਠ, ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਕੰਗਣ ਗੰਗਾ ਆਈ ਮੰਗਣ, ਪਿਛਲਾ ਲਹਿਣਾ ਆਪਣੀ ਝੋਲੀ ਪਾਈਆ । ਕੰਗਣ ਦੇ ਕੇ ਗੰਗਾ ਹੱਥ, ਗਹਿਰ ਗੰਭੀਰ ਖੇਲ ਕਰਾਇੰਦਾ । ਤੇਰਾ ਲੇਖਾ ਅੰਤ ਪੁਰਖ ਸਮਰਥ, ਧੁਰ ਅਨਾਦੀ ਸ਼ਬਦ ਸੁਣਾਇੰਦਾ । ਕਲਜੁਗ ਅੰਤ ਹੋਏ ਪਰਗਟ, ਜੋਤੀ ਜਾਮਾ ਵੇਸ ਵਟਾਇੰਦਾ । ਜਨਮ ਕਰਮ ਬ੍ਰਾਹਮਣ ਦਾ ਕੱਟ, ਤਟ ਕਿਨਾਰਾ ਫੇਰ ਵੇਖ ਵਖਾਇੰਦਾ । ਰਵਦਾਸ ਚੁਮਾਰਾ ਨਾਲ ਰੱਖ, ਆਪ ਆਪਣਾ ਜੋੜ ਜੁੜਾਇੰਦਾ । ਤੇਰੇ ਨੱਕ ਵੇਖ ਸੁਹਾਗ ਨੱਥ, ਸੋਹਣੀ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਕੰਗਣ ਗੰਗਾ ਹੱਥ ਫੜਾਇੰਦਾ । ਗੰਗਾ ਕਹੇ ਮੋਹੇ ਚੜ੍ਹਿਆ ਚਾ, ਘਰ ਵੱਜੀ ਇਕ ਵਧਾਈਆ । ਪਿਛਲਾ ਲੇਖਾ ਦਿਤਾ ਮੁਕਾ, ਅੱਗੇ ਆਪਣਾ ਰਾਹ ਵਖਾਈਆ । ਜਿਧਰ ਵੇਖਾਂ ਨਿਰਗੁਣ ਧਾਰ ਗੋਬਿੰਦ ਦਿਸੇ ਮਲਾਹ, ਸਰਗੁਣ ਬੇੜੇ ਰਿਹਾ ਤਰਾਈਆ । ਰੂਪ ਅਨੇਕ ਕੋਟ ਸਰੂਪ ਵਟਾ, ਸਤਿ ਅਸਤਿ ਦਏ ਸਮਝਾਈਆ । ਜਿਸ ਦਾ ਭੇਵ ਅਭੇਦ ਕੋਇ ਜਾਣੇ ਨਾ, ਲੇਖਾ ਲਿਖਤ ਨਾ ਕੋਇ ਵਖਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਹੋ ਕਿਰਪਾਲ ਸਾਚੇ ਤਟ ਕਿਨਾਰੇ ਵੇਖੇ ਆ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਘਾਟ ਬਿਨ ਘਾਟਿਉਂ ਘਾਟਾ ਪਿਛਲਾ ਲੇਖੇ ਲਾਈਆ ।

੮੯੬

੧੯

## ★ ੨੨ ਚੇਤ ੨੦੨੧ ਬਿਕ੍ਰਮੀ ਪਟਣਾ ਸਾਹਿਬ ਗੁਰੂ ਕਾ ਬਾਗ਼ ਬਿਹਾਰ ★

ਸਤਿ ਦਰੋਪਤੀ ਕ੍ਰਿਸ਼ਨ ਧਿਆਇਆ, ਨੇਤਰ ਨੈਣਾਂ ਨੀਰ ਵਹਾਈਆ । ਅੰਤਰ ਆਤਮ ਧਿਆਨ ਲਗਾਇਆ, ਨਿਜ ਨੇਤਰ ਅੱਖ ਖੁਲ੍ਹਾਈਆ । ਕਿਰਪਾ ਕਰ ਹਰਿ ਰਘੁਰਾਇਆ, ਬੇਅੰਤ ਤੇਰੀ ਵਡਿਆਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਸਚ ਚੰਦ ਨਾ ਕੋਇ ਚਮਕਾਈਆ । ਪੰਜੇ ਪਾਂਡੋ ਮਾਣ ਗਵਾਇਆ, ਸਿਰ ਸਕੇ ਨਾ ਕੋਇ ਉਠਾਈਆ । ਦਰਯੋਧਨ ਹੰਕਾਰੀ ਹੁਕਮ ਸੁਣਾਇਆ, ਦੋਸਾਸਨ ਨਾਲ ਮਿਲਾਈਆ । ਸਭਾਪਤੀ ਉਹ ਵੇਖ ਵਖਾਇਆ, ਬਲਧਾਰੀ ਲਏ ਅੰਗੜਾਈਆ । ਤੁਧ ਬਿਨ ਕੋਈ ਨਜ਼ਰ ਨਾ ਆਇਆ, ਜੋ ਹੋਵੇ ਅੰਤ ਸਹਾਈਆ । ਨਿਰਗੁਣ ਤੇਰਾ ਰਾਹ ਤਕਾਇਆ, ਸਰਗੁਣ ਓਟ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਦਏ ਸਮਝਾਈਆ । ਦਰੋਪਤੀ ਸੁਣ ਹਾਹਾਕਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਭਗਤ ਵਛਲ ਗਿਰਵਰ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਖੇਲ ਕਰਾਇੰਦਾ । ਕੂੜੀ ਮਾਇਆ ਕਰ ਪਸਾਰ, ਪਸਰ ਪਸਾਰੀ ਰੰਗ ਰੰਗਾਇੰਦਾ । ਰਾਜ ਰਾਜਾਨ ਨੇਤਰ ਅੱਖ ਕੋਈ ਨਾ ਸਕੇ ਉਘਾੜ, ਪਰਤੱਖ ਰੂਪ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਣ ਪੁਕਾਰ ਦਇਆ ਕਮਾਇੰਦਾ । ਸੁਣੀ ਪੁਕਾਰ ਠਾਕਰ ਸਵਾਮੀ, ਅੰਤਰ ਵੇਖ ਵਖਾਈਆ । ਲੇਖਾ ਜਾਣੇ ਅੰਤਰਜਾਮੀ, ਭੇਵ ਅਭੇਦ ਖੁਲ੍ਹਾਈਆ । ਰੱਖੇ ਪੱਤ ਦੋ ਜਹਾਨੀ, ਲੋਕਮਾਤ ਹੋਏ ਸਹਾਈਆ । ਮਾਇਆ ਰੂਪ ਖੇਲ ਸ਼ੈਤਾਨੀ, ਸ਼ੈਤਾਨਾਂ ਮਾਣ ਗਵਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸਿਰ ਆਪਣਾ ਹੱਥ ਟਿਕਾਈਆ । ਹੱਥ ਨਾ ਲਾਏ ਕੋਈ ਦੂਤ ਚਤਰ ਸੁਘੜ ਸੁਚੱਜੀ ਸਵਾਣੀ, ਓਢਣ ਆਪਣਾ ਏਕੋ ਪਾਈਆ । ਨੇਤਰ ਅੱਖ ਹੋਈ ਹੈਰਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਗੰਮ ਅਥਾਹੀਆ । ਮਾਇਆ ਰੂਪ ਕੱਪੜ ਕੋਟ, ਜਗਤ ਨੇਤਰ ਨਜ਼ਰੀ ਆਈਆ । ਫਿਰੀ ਦੁਹਾਈ ਵਿਚ ਲੋਕ, ਚਾਰੋਂ ਕੁੰਟ ਰਹੀ ਕੁਰਲਾਈਆ । ਸਾਚਾ ਢੋਲਾ ਇਕ ਸਲੋਕ, ਧੁਰ ਦਾ ਰਹੇ ਗਾਈਆ । ਧੰਨ ਵਡਿਆਈ ਨਿਰਮਲ ਜੋਤ, ਪਰਕਾਸ਼ ਰੂਪ ਸਮਾਈਆ । ਜਿਸ ਦੀ ਗਿਆਨੀ ਧਿਆਨੀ ਕੋਈ ਨਾ ਕੱਢੇ ਖੋਜ, ਸ਼ਹਾਦਤ ਵਿਚ ਗਵਾਹ ਨਾ ਕੋਇ ਭੁਗਤਾਈਆ । ਪਰਮ ਪੁਰਖ ਪਰਮਾਤਮ ਵਖਾਈ ਆਪਣੀ ਮੌਜ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਮਾਇਆ ਪਰਦਾ ਏਕਾ ਪਾਈਆ । ਮਾਇਆ ਪਰਦਾ ਪਾਇਆ ਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਮਝ ਸਕੇ ਨਾ ਕੋਈ ਸ਼ਾਹ ਕੰਗਾਲ, ਰਾਜ ਭੂਪ ਨਾ ਕੋਇ ਵਡਿਆਈਆ । ਕਿਰਪਾ ਕਰ ਦੀਨ ਦਿਆਲ, ਦਇਆਨਿਧ ਹੋਇਆ ਸਹਾਈਆ । ਆ ਕੇ ਪੁਛੇ ਭਗਤਾਂ ਹਾਲ, ਦਰੋਪਤ ਲੱਜਿਆ ਲਾਜਾਵੰਤ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਰੂਪੀ ਖੇਲ ਕਿਰਪਾਲ, ਕਰਨੀ ਆਪਣੀ ਰਿਹਾ ਜਣਾਈਆ ।


੮੯੭
੧੯

## ★ ੨੨ ਚੇਤ ੨੦੨੧ ਬਿਕ੍ਰਮੀ ਰਾਜ ਨਰੈਣ ਦੇ ਗ੍ਰਿਹ ਮੁਸੱਲਾ ਪੁਰ ਹਾਟ ਪਟਣਾ ਸਾਹਿਬ ਬਿਹਾਰ ★

ਸਚਖੰਡ ਨਿਵਾਸੀ ਸਚ ਦਰਬਾਰ, ਪਾਰਬ੍ਰਹਮ ਪ੍ਰਭ ਇਕ ਲਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ ।

੮੯੮
੧੯

ਥਿਰ ਘਰ ਖੋਲ੍ਹ ਆਪ ਕਿਵਾੜ, ਭੇਵ ਅਭੇਦਾ ਆਪ ਜਣਾਇੰਦਾ । ਸ਼ਬਦੀ ਸੁਤ ਵਡ ਬਲਕਾਰ, ਸੁਤ ਦੁਲਾਰਾ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰ, ਧੁਰ ਦੀ ਸਿਖਿਆ ਇਕ ਸਮਝਾਇੰਦਾ । ਤ੍ਰੈਗੁਣ ਖੇਲ ਕਰੇ ਅਪਾਰ, ਪੰਜ ਤਤ ਆਪਣਾ ਰੰਗ ਵਖਾਇੰਦਾ । ਘਾੜਤ ਘੜ ਬਣ ਠਠਿਆਰ, ਲੱਖ ਚੁਰਾਸੀ ਰੰਗ ਚੜ੍ਹਾਇੰਦਾ । ਚਾਰੇ ਖਾਣੀ ਕਰ ਪਿਆਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਇੰਦਾ । ਚਾਰੋਂ ਕੁੰਟ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਰਤਾ ਖੇਲ ਕਰਾਇੰਦਾ । ਹਰਿ ਕਰਤਾ ਖੇਲ ਕਰੇ ਬੇਪਰਵਾਹ, ਬੇਅੰਤ ਵੱਡੀ ਵਡਿਆਈਆ । ਨਿਰਗੁਣ ਨਿਰਵੈਰ ਨਿਰੰਕਾਰ ਵੇਸ ਵਟਾ, ਜੋਤੀ ਜੋਤ ਜੋਤ ਰੁਸ਼ਨਾਈਆ । ਤਮਾਸ਼ ਵੇਖੇ ਥਾਉਂ ਥਾਂ, ਪਤਿਪਰਮੇਸ਼ਵਰ ਬੇਪਰਵਾਹੀਆ । ਜੁਗ ਚੌਕੜੀ ਵੰਡ ਵੰਡਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਉਂ ਧਰਾਈਆ । ਨਾਮ ਸੰਦੇਸਾ ਧੁਰ ਸੁਣਾ, ਸਚ ਕਰੇ ਪੜ੍ਹਾਈਆ । ਵਸਤ ਅਮੋਲਕ ਇਕ ਵਰਤਾ, ਵਿਸ਼ਨੂੰ ਝੋਲੀ ਪਾਈਆ । ਬ੍ਰਹਮਾ ਲੇਖਾ ਦਏ ਲਿਖਾ, ਬ੍ਰਹਮ ਵਿਦਿਆ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਸ਼ਬਦੀ ਖੇਲ ਖਿਲਾਇੰਦਾ । ਵਿਸ਼ਨੂੰ ਦੱਸੇ ਵਿਸ਼ਵ ਧਾਰ, ਵਾਸਤਕ ਆਪਣਾ ਮੇਲ ਮਿਲਾਇੰਦਾ । ਬ੍ਰਹਮਾ ਬ੍ਰਹਮ ਕਰੇ ਪਸਾਰ, ਬ੍ਰਹਮ ਵੇਤਾ ਇਕੋ ਨਜ਼ਰੀ ਆਇੰਦਾ । ਸ਼ੰਕਰ ਹੱਥ ਤ੍ਰਿਸੂਲ ਦੇ ਕਟਾਰ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪੁਰਖ ਸਮਰਥ, ਅਬਿਨਾਸ਼ੀ ਕਰਤਾ ਆਪ ਕਰਾਈਆ । ਸਚਖੰਡ ਦਵਾਰੇ ਹੋ ਪਰਗਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਜੈਕਾਰਾ ਬੋਲ ਅਲੱਖ, ਨਰ ਨਿਰੰਕਾਰਾ ਆਪ ਪਰਗਟਾਈਆ । ਧੁਰ ਦਾ ਮਾਰਗ ਸਾਚਾ ਦੱਸ, ਸਤਿ ਸਤਿ ਕਰੇ ਪੜ੍ਹਾਈਆ । ਥਿਰ ਘਰ ਦਵਾਰੇ ਕਰ ਵਾਸ, ਸਿੰਘਾਸਣ ਆਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਰਚਨਾ ਵੇਖ ਵਖਾਈਆ । ਆਦਿ ਪੁਰਖ ਅਪਰੰਪਰ ਸਵਾਮੀ, ਬੇਅੰਤ ਆਪ ਅਖਵਾਇੰਦਾ । ਘਟ ਘਟ ਵੇਖੇ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਇੰਦਾ । ਬੋਧ ਅਗਾਧ ਸੁਣਾ ਧੁਨ ਬਾਣੀ, ਨਾਦ ਅਨਾਦੀ ਸ਼ਬਦ ਸੁਣਾਇੰਦਾ । ਲੇਖਾ ਜਾਣੇ ਜੁਗ ਚੌਕੜੀ ਚਾਰੇ ਖਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਾਚਾ ਲੇਖਾ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਵਸਣਹਾਰਾ ਸਚਖੰਡ ਸਚ ਮਕਾਨ, ਮਹਲ ਅਟੱਲ ਕਰੇ ਰੁਸ਼ਨਾਈਆ । ਦੀਵਾ ਬਾਤੀ ਜਗੇ ਮਹਾਨ, ਕਮਲਾਪਾਤੀ ਵੇਖ ਵਖਾਈਆ । ਅਨੁਭਵ ਖੇਲ ਕਰੇ ਮਹਾਨ, ਅਸੁੱਤੇ ਪਰਕਾਸ਼ ਨੂਰ ਇਲਾਹੀਆ । ਵਸਣਹਾਰਾ ਸਚ ਮਕਾਨ, ਹੱਕ ਮੁਕਾਮੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਪਰਵਰਦਿਗਾਰ, ਜਲਵਾ ਨੂਰ ਨੂਰ ਉਪਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣੀ ਧਾਰ ਚਲਾਇੰਦਾ । ਵਸਣਹਾਰਾ ਧਾਮ ਨਿਆਰ, ਦਰਗਾਹ ਸਾਚੀ ਸੋਭਾ ਪਾਇੰਦਾ । ਸ਼ਬਦ ਨਾਦ ਧੁਨ ਜੈਕਾਰ, ਧੁਰ ਦਾ ਰਾਗ ਆਪ ਸੁਣਾਇੰਦਾ । ਘਰ ਸਾਚੇ ਮੰਗਲਾਚਾਰ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲਾਇੰਦਾ । ਸਾਚਾ ਭੇਵ ਖੋਲ੍ਹੇ ਆਪ, ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਉਪਮਾ ਦੱਸ ਕੇ ਜਾਪ, ਜੀਵਣ ਜੁਗਤ

ਦਏ ਜਣਾਈਆ । ਲੱਖ ਚੁਰਾਸੀ ਥਾਪਣ ਥਾਪ, ਵੇਖੇ ਥਾਉਂ ਥਾਈਆ । ਬਣਿਆ ਰਹੇ ਰਸੂਲ ਪਾਕ, ਪੁਨੀਤ ਹੋਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਸਚ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਸਚ ਦ੍ਰਿੜਾਈਆ । ਦੋ ਜਹਾਨਾਂ ਰਹਿਣਾ ਖ਼ਬਰਦਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਇਕੋ ਹੁਕਮ ਵਰਤਾਈਆ । ਜੇਰਜ ਅੰਡਜ ਉਤਭੁਜ ਸੇਤਜ ਵੇਖਣਾ ਖੇਲ ਵਿਚ ਸੰਸਾਰ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਰਤਾ ਆਪ ਕਮਾਈਆ । ਧੁਰ ਕਰਨੀ ਕਰੇ ਪਾਰਬ੍ਰਹਮ, ਪੁਰਖ ਅਬਿਨਾਸ਼ੀ ਇਕੋ ਬੇਪਰਵਾਹੀਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਪਵਣ ਸਵਾਸ ਨਾ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਰਾਗ ਨਾ ਸੁਣੇ ਕਿਸੇ ਕੰਨ, ਸਰਵਣ ਨਜ਼ਰ ਕੋਇ ਨਾ ਆਈਆ । ਨਿਰਗੁਣ ਨੂਰ ਨੁਰਾਨਾ ਸਤਿ ਸਰੂਪੀ ਚੜ੍ਹੇ ਚੰਨ, ਦਰ ਘਰ ਸਾਚੇ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸ਼ਬਦੀ ਸੁਤ, ਹਰਿ ਆਪਣੀ ਖੇਲ ਕਰਾਇੰਦਾ । ਲੇਖਾ ਜਾਣ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਪਰਗਟਾਇੰਦਾ । ਏਥੇ ਓਥੇ ਦੋ ਜਹਾਨਾਂ ਮੌਲੇ ਰੁੱਤ, ਫੁਲ ਫਲਵਾੜੀ ਆਪ ਮਹਿਕਾਇੰਦਾ । ਨਿਰਗੁਣ ਹੋ ਕੇ ਬੈਠਾ ਲੁਕ, ਸਰਗੁਣ ਆਪਣਾ ਮੁਖ ਛੁਪਾਇੰਦਾ । ਉਜਲ ਕਰੇ ਪੰਜ ਤਤ ਕਾਇਆ ਮੁਖ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਵਡਿਆਇੰਦਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਪਰਮ ਪੁਰਖ ਸਚ ਜਣਾਏ ਆਪਣੀ ਗੋਤ, ਬਰਨ ਵਰਨ ਆਪ ਜਣਾਇੰਦਾ । ਧੁਰ ਸੰਦੇਸਾ ਇਕ ਸਲੋਕ, ਸੋਹੰ ਢੋਲਾ ਰਾਗ ਅਲਾਇੰਦਾ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਆਤਮ ਪਰਮਾਤਮ ਮਿਲਣ ਦੀ ਦੱਸੇ ਖੋਜ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਾਗ ਅਲਾਇੰਦਾ । ਧੁਰ ਸੰਦੇਸਾ ਦੇਵੇ ਨਿਰੰਕਾਰ, ਨਰ ਨਰਾਇਣ ਵੱਡੀ ਵਡਿਆਈਆ । ਵੇਖਣਹਾਰਾ ਦੋ ਜਹਾਨ, ਪੁਰੀ ਲੋਅ ਖੋਜ ਖੁਜਾਈਆ । ਲੱਖ ਚੁਰਾਸੀ ਸੁਣਾਵਣਹਾਰਾ ਸ਼ਬਦ ਗਿਆਨ, ਕਰੇ ਇਕ ਪੜ੍ਹਾਈਆ । ਅੰਮ੍ਰਿਤ ਜਾਮ ਪਿਆਏ ਆਣ, ਨਿਝਰ ਝਿਰਨਾ ਇਕ ਝਿਰਾਈਆ । ਨਿਜ ਨੇਤਰ ਖੋਲ੍ਹੇ ਆਪ ਮਹਾਨ, ਘਰ ਘਰ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਦਾਤਾ ਦਾਤਾਰ, ਦਇਆਨਿਧ ਅਖਵਾਇੰਦਾ । ਜਿਸ ਦੀ ਸਿਫ਼ਤ ਮਹਿੰਮਾ ਸਦਾ ਰਹੇ ਜੁਗ ਚਾਰ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਲੇਖਾ ਜਾਣੇ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਵਰਤਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬੋਲ ਜੈਕਾਰ, ਜੈ ਜੈਕਾਰ ਆਪਣਾ ਨਾਮ ਸੁਣਾਇੰਦਾ । ਗੀਤਾ ਗਿਆਨ ਦਏ ਆਧਾਰ, ਅਠ ਦਸ ਇਕੋ ਗੰਢ ਪਵਾਇੰਦਾ । ਅੰਜੀਲ ਕੁਰਾਨਾਂ ਵੇਖਣਹਾਰ, ਤੀਸ ਬਤੀਸਾ ਆਪ ਅਲਾਇੰਦਾ । ਸਾਚੀ ਬਾਣੀ ਕਰ ਪਿਆਰ, ਧੁਰ ਦਾ ਅਨਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ਼ਬਦੀ ਸੁਤ ਦੁਲਾਰਾ, ਹਰਿ ਕਰਤਾ ਆਪ ਜਣਾਈਆ । ਸਚਖੰਡ ਦਵਾਰ ਮਹਲ ਅਟੱਲ ਉਚ ਮਨਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਥਿਰ ਘਰ ਸੋਹੇ ਧਾਮ ਨਿਆਰਾ, ਅਲੱਖ ਅਗੰਮ ਅਥਾਹ ਬੇਪਰਵਾਹ ਇਕ ਸਮਝਾਈਆ । ਨਿਤ ਨਵਿਤ ਤੇਰਾ ਪਸਾਰਾ, ਸਤਿ ਸਤਿਵਾਦੀ ਹੋਏ ਸਹਾਈਆ ।

ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੇਖਾ ਜਾਣ ਗੁਰੂ ਅਵਤਾਰਾ, ਤੇਈ ਅਵਤਾਰ ਇਕੋ ਹੁਕਮ ਵਰਤਾਈਆ । ਭਗਤ ਅਠਾਰਾਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਈਸਾ ਮੂਸਾ ਮੁਹੰਮਦ ਖੋਲ੍ਹ ਕਿਵਾੜਾ, ਨਿਜ ਨੇਤਰ ਕਰੇ ਰੁਸ਼ਨਾਈਆ । ਨਾਨਕ ਗੋਬਿੰਦ ਵਖਾਇਆ ਧਰਮ ਅਖਾੜਾ, ਸਾਚਾ ਮੰਡਲ ਇਕ ਸੁਹਾਈਆ । ਖੜਗ ਖੰਡਾ ਚੰਡ ਪਰਚੰਡਾ ਤੇਜ ਕਟਾਰ, ਨਾਮ ਨਿਧਾਨਾ ਝੋਲੀ ਪਾਈਆ । ਧੁਰ ਸੰਦੇਸਾ ਦੇ ਕੇ ਗਿਆ ਸੰਸਾਰ, ਵੇਦ ਵਿਆਸਾ ਪੂਤ ਸਪੂਤਾ ਬ੍ਰਾਹਮਣ ਗੌੜਾ ਨਿਰਅੱਖਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਰ ਦਾਤਾ ਬੇਪਰਵਾਹੀਆ । ਬੇਪਰਵਾਹ ਹਰਿ ਬੇਅੰਤ, ਮਹਿਮਾਂ ਅਕਥ ਕਥੇ ਨਾ ਕੋਇ ਰਾਈਆ । ਜੁਗ ਚੌਕੜੀ ਤਾਰੇ ਭਗਤ ਸੰਤ, ਭਗਵਨ ਆਪਣੀ ਦਇਆ ਕਮਾਈਆ । ਆਤਮ ਅੰਤਰ ਬ੍ਰਹਮ ਨਿਰੰਤਰ ਜਣਾਏ ਮੰਤ, ਮੰਤਰ ਇਕੋ ਇਕ ਸਮਝਾਈਆ । ਸੁਰਤੀ ਸ਼ਬਦੀ ਮੇਲ ਮਿਲਾਏ ਨਾਰ ਕੰਤ, ਗ੍ਰਿਹਿ ਸੁਹੰਜਣੀ ਸੇਜ ਦਏ ਸੁਹਾਈਆ । ਹਰਿ ਕਾ ਭੇਵ ਕੋਈ ਨਾ ਜਾਣੇ ਪਾਂਧਾ ਪੰਡਤ, ਮੁੱਲਾਂ ਸ਼ੇਖ਼ ਮਸਾਇਕ ਚਲੇ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਅਗੰਮ ਅਥਾਹ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਸ਼ਬਦੀ ਸੁਤ ਵਡ ਬਲਕਾਰ, ਧੁਰ ਦੀ ਸੇਵਾ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੀਤੇ ਵਿਚ ਸੰਸਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣ ਖ਼ਬਰਦਾਰ, ਕਰੋੜ ਤੇਤੀਸਾ ਸੁਰਪਤ ਨਾਲ ਰਲਾਇੰਦਾ । ਗਣ ਗੰਧਰਬ ਗਾਇਣ ਆਪਣੀ ਵਾਰ, ਸ਼ਬਦ ਅਨਾਦੀ ਨਾਦ ਅਲਾਇੰਦਾ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਤੇਈ ਅਵਤਾਰ ਉਠ ਉਠ ਨੇਤਰ ਖੋਲ੍ਹ ਵੇਖਣ ਸੰਸਾਰ, ਚਾਰੋਂ ਕੁੰਟ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਇੰਦਾ । ਅਚਰਜ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਸ਼ਬਦੀ ਸਚ ਪੜ੍ਹਾਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰ ਪਰਵਾਨ, ਚਾਰ ਵਰਨ ਅਠਾਰਾਂ ਬਰਨ ਆਪ ਸਮਝਾਈਆ । ਆਤਮ ਅੰਤਰ ਵੇਖੇ ਮਾਰ ਧਿਆਨ, ਕਾਇਆ ਮੰਦਰ ਖੋਜ ਖੁਜਾਈਆ । ਘਰ ਘਰ ਵਿਚ ਸ਼ਬਦ ਦੇ ਧੁਨਕਾਨ, ਅਨਹਦ ਰਾਗੀ ਰਾਗ ਸੁਣਾਈਆ । ਗ੍ਰਿਹਿ ਮਿਲੇ ਅੰਮ੍ਰਿਤ ਰਸ ਪੀਣ ਖਾਣ, ਰਸ ਇਕੋ ਇਕ ਚੁਆਈਆ । ਸਤਿ ਪੁਰਖ ਨਿਰੰਜਣ ਹਰਿ ਮਿਹਰਵਾਨ, ਸਤਿ ਸਰੂਪੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਵਡਿਆਈ ਦੇਵੇ ਅਤੀਤ, ਤ੍ਰੈਗੁਣ ਲੇਖਾ ਆਪ ਚੁਕਾਈਆ । ਲੱਖ ਚੁਰਾਸੀ ਪਰਮ ਪੁਰਖ ਦਾ ਗਾਓ ਗੀਤ, ਵਡ ਦਾਤਾ ਇਕੋ ਨਜ਼ਰੀ ਆਈਆ । ਜਿਸ ਨੇ ਬਣਾਈ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਸੋਭਾ ਪਾਈਆ । ਸੋ ਵਸੇ ਹਸਤ ਕੀਟ, ਊਚ ਨੀਚ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਗਏ ਉਡੀਕ, ਨੇਤਰ ਲੋਚਣ ਨੈਣ ਧਿਆਨ ਲਗਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ ਲਾਸ਼ਰੀਕ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਜਿਸ ਨੂੰ ਕਹਿੰਦੇ ਰਾਮ ਰਮਈਆ ਠਾਂਡਾ ਸੀਤ, ਸੀਤਾ ਸੁਰਤੀ ਲਏ ਪਰਨਾਈਆ । ਜਿਸ ਨੂੰ ਕਹਿੰਦੇ ਕਾਹਨ ਘਨਈਆ ਸਚ ਕਰੇ ਬਖ਼ਸ਼ੀਸ਼, ਵਸਤ ਅਮੋਲਕ ਝੋਲੀ ਪਾਈਆ । ਜਿਸ ਨੂੰ ਕਹਿੰਦੇ ਨਾਨਕ ਗੋਬਿੰਦ ਮੇਲ ਮਿਲਾਏ ਠੀਕ, ਕੂੜਾ ਠੀਕਰ

ਭੰਨ ਵਖਾਈਆ । ਸੋ ਸਾਹਿਬ ਸ੍ਰੀ ਭਗਵਾਨ ਏਕੰਕਾਰ ਕਰੇ ਖੇਲ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਕਰੇ ਠੀਕ, ਜੂਠ ਝੂਠ ਨਿੰਦਰਾ ਦਏ ਮਿਟਾਈਆ । ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚਾ ਕਲਮਾ ਦੇ ਹਦੀਸ, ਹਜ਼ਰਤ ਇਕੋ ਕਰੇ ਪੜ੍ਹਾਈਆ । ਆਤਮ ਪਰਮਾਤਮ ਧੁਰ ਦੀ ਸਚ ਪ੍ਰੀਤ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹਿਜ ਸੁਖਦਾਈਆ । ਸਹਿਜ ਸੁਖਦਾਈ ਹਰਿ ਨਿਰੰਕਾਰ, ਨਰ ਹਰਿ ਇਕੋ ਨਜ਼ਰੀ ਆਇੰਦਾ । ਜਿਸ ਦਾ ਹੁਕਮ ਰਹੇ ਜੁਗ ਚਾਰ, ਨਿਤ ਨਵਿਤ ਆਪਣਾ ਖੇਲ ਵਖਾਇੰਦਾ । ਸੋ ਕਲਜੁਗ ਅੰਤਮ ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਵੇਸ ਵਟਾਇੰਦਾ । ਸ਼ਬਦ ਡੰਕਾ ਵਜਾਏ ਅਪਰ ਅਪਾਰ, ਦੋ ਜਹਾਨ ਆਪ ਉਠਾਇੰਦਾ । ਜਨ ਭਗਤਾਂ ਲਹਿਣਾ ਦੇਣਾ ਪੂਰਬ ਕਰਮ ਵਿਚਾਰ, ਜਰਮ ਕਰਮ ਦਾ ਲੇਖ ਚੁਕਾਇੰਦਾ । ਫੜ ਫੜ ਬਾਂਹੋਂ ਲਏ ਉਠਾਲ, ਗੂੜੀ ਨੀਂਦ ਨਾ ਕੋਇ ਸਵਾਇੰਦਾ । ਅੰਮ੍ਰਿਤ ਆਤਮ ਠੰਡਾ ਜਲ ਦਏ ਪਿਆਲ, ਸਚ ਪਿਆਲਾ ਕਾਇਆ ਕਾਸਾ ਇਕ ਵਖਾਇੰਦਾ । ਦੀਨਾਂ ਬੰਧਪ ਦੀਨਾਂ ਨਾਥ ਹੋ ਦਿਆਲ, ਦਇਆਨਿਧ ਠਾਕਰ ਸਵਾਮੀ ਮਿਹਰ ਨਜ਼ਰ ਉਠਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਰਾਏ ਧਰਮ ਭੈ ਮਿਟਾਇੰਦਾ । ਸਾਚਾ ਮਾਰਗ ਇਕ ਸਖਾਲ, ਮਾਰਗ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਕਲਜੁਗ ਅੰਤਮ ਅੰਤ ਕਰਾਈਆ । ਜਨ ਭਗਤਾਂ ਮੇਟੇ ਜਰਮ ਕਰਮ ਦਾ ਦੁੱਖ, ਕਰਮ ਕਾਂਡ ਕੋਇ ਰਹਿਣ ਨਾ ਪਾਈਆ । ਪ੍ਰਭ ਦਰਸਨ ਦੀ ਲੱਗੇ ਭੁੱਖ, ਆਸਾ ਤ੍ਰਿਸਨਾ ਦਏ ਖਪਾਈਆ । ਕਰੇ ਪਰਕਾਸ਼ ਜੋ ਬੈਠਾ ਲੁਕ, ਕਾਇਆ ਮੰਦਰ ਸਵੱਛ ਸਰੂਪੀ ਨਜ਼ਰੀ ਆਈਆ । ਲੇਖਾ ਜਾਣੇ ਪੰਜ ਤਤ ਕਾਇਆ ਭੂਤ, ਅਨੁਭਵ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਡਿਆਈ ਇਕੋ ਇਕ, ਏਕੰਕਾਰ ਆਪ ਜਣਾਇੰਦਾ । ਅਗਲਾ ਪਿਛਲਾ ਲੇਖਾ ਦੇਵੇ ਲਿਖ, ਲਿਖਣਹਾਰ ਆਪਣਾ ਹੁਕਮ ਵਰਤਾਇੰਦਾ । ਨਾਮ ਵਸਤ ਅਮੋਲਕ ਪਾਵੇ ਭਿਖ, ਭਿਛਿਆ ਸਚ ਸਚ ਵਰਤਾਇੰਦਾ । ਧਾਮ ਵਖਾਏ ਇਕ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਆਪਣੇ ਮਿਲਣ ਦੀ ਆਪੇ ਦੱਸੇ ਬਿਧ, ਕਾਇਆ ਮੰਦਰ ਅੰਦਰ ਵੜ ਕੇ ਕੁੰਡਾ ਲਾਹਿੰਦਾ । ਪਰੇਮ ਪਿਆਰ ਦੀ ਲਾਏ ਖਿਚ, ਸ਼ਬਦ ਡੋਰੀ ਤਾਰ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਦੇਵੇ ਦੱਸ, ਜਨ ਭਗਤਾਂ ਦਇਆ ਕਮਾਈਆ । ਹਿਰਦੇ ਅੰਦਰ ਜਾਏ ਵਸ, ਵਾਸਤਾ ਆਪਣੇ ਨਾਲ ਰਖਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਸ਼ਬਦ ਚਲਾਏ ਬਿਨ ਪਵਣ ਸਵਾਸ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਆਪਣੇ ਵਿਚ ਸਮਾਈਆ । ਸਚ ਖ਼ਜ਼ਾਨਾ ਭਰੇ ਖਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਦਇਆ ਕਰੇ ਪ੍ਰਭ ਠਾਕਰ ਏਕ, ਕਲਜੁਗ ਅੰਤ ਦਏ ਵਡਿਆਈਆ । ਜਨ ਭਗਤਾਂ ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਲੇਖਾ ਚੁੱਕੇ ਬਾਲੂ ਰੇਤ, ਅੰਮ੍ਰਿਤ ਮੇਘ ਇਕ ਬਰਸਾਈਆ । ਧਾਰ ਚਲਾਏ ਚੇਤਨ ਚੇਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ



੯੦੧
੧੬

ਮੇਟੇ ਭੇਖ, ਜੂਠ ਝੂਠ ਡੇਰਾ ਢਾਹੀਆ । ਹਰਿ ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਵੇਖ ਵਖਾਈਆ । ਅਚਰਜ ਪਾਰਬ੍ਰਹਮ ਵਖਾਏ ਖੇਲ, ਖ਼ਾਲਕ ਖ਼ਲਕ ਬੇਪਰਵਾਹੀਆ । ਕਰੇ ਪਰਕਾਸ਼ ਦੀਪਕ ਬਿਨ ਬਾਤੀ ਤੇਲ, ਜੋਤੀ ਜੋਤ ਜੋਤ ਰੁਸ਼ਨਾਈਆ । ਦਾਤਾ ਦਾਨੀ ਸੱਜਣ ਸੁਹੇਲ, ਸਮਰਥ ਪੁਰਖ ਇਕ ਅਖਵਾਈਆ । ਵਸਣਹਾਰਾ ਧਾਮ ਨਵੇਲ, ਕਲਜੁਗ ਅੰਤਮ ਫੇਰਾ ਪਾਈਆ । ਜਨ ਭਗਤਾਂ ਧਰਮ ਰਾਏ ਦੀ ਕੱਟੇ ਜੇਲ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦੇਵੇ ਮੇਲ, ਜਗਤ ਵਿਛੋੜਾ ਦੂਰ ਕਰਾਈਆ । ਆਤਮ ਪਰਮਾਤਮ ਕਰੇ ਮਿਲਾਪ, ਸਤਿਗੁਰ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਜਾਪ, ਸੋਹੰ ਢੋਲਾ ਇਕ ਸੁਣਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਾਕ ਭਵਿਖਤ ਜੋ ਗਏ ਆਖ, ਅੰਤਮ ਸਭ ਦਾ ਲਹਿਣਾ ਝੋਲੀ ਪਾਇੰਦਾ । ਸਚ ਦਵਾਰਾ ਖੋਲ੍ਹ ਤਾਕ, ਪਰਦਾ ਉਹਲਾ ਆਪ ਉਠਾਇੰਦਾ । ਦੋ ਜਹਾਨਾਂ ਬੰਨ੍ਹੇ ਨਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਚਾਰ ਵਰਨ ਦੀ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਸੱਜਣ ਸਾਕ, ਸਗਲਾ ਸੰਗ ਵਖਾਇੰਦਾ । ਪਾਰ ਉਤਾਰੇ ਆਪਣੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜਨਮ ਜਨਮ ਦੀ ਮੁੱਕੇ ਵਾਟ, ਕਰਮ ਕਰਮ ਦਾ ਲੇਖ ਮੁਕਾਇੰਦਾ । ਜਨ ਭਗਤਾਂ ਕਰੇ ਪੂਰੀ ਆਸ, ਆਸਾ ਤ੍ਰਿਸਨਾ ਆਪਣੀ ਝੋਲੀ ਪਾਇੰਦਾ । ਅੰਤਰ ਆਤਮ ਪਰਮਾਤਮ ਜਾਏ ਭਾਖ, ਭਾਖਿਆ ਆਪਣੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸੁਹੇਲਾ ਦਇਆ ਕਮਾਇੰਦਾ । ਸੱਜਣ ਸੁਹੇਲਾ ਸਾਹਿਬ ਗੁਰ ਮੀਤ, ਸਤਿਗੁਰ ਇਕੋ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦੀ ਚਲੇ ਰੀਤ, ਰੀਤੀਵਾਨ ਵੱਡੀ ਵਡਿਆਈਆ । ਵਸਣਹਾਰਾ ਊਚ ਨੀਚ, ਹਰ ਘਟ ਰਿਹਾ ਸਮਾਈਆ । ਤਿਸ ਠਾਕਰ ਸੰਗ ਕਰੋ ਪ੍ਰੀਤ, ਜੋ ਠੋਕਰ ਇਕੋ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦਏ ਸਮਝਾਈਆ । ਕਲਜੁਗ ਕਹੇ ਮੇਰਾ ਲੇਖਾ ਲੱਖ ਚਾਰ ਬੱਤੀ ਹਜ਼ਾਰ, ਦੰਦ ਬਤੀਸੇ ਨਾਲ ਸਮਝਾਈਆ । ਵੇਦ ਵਿਆਸ ਕਰੇ ਪੁਕਾਰ, ਵਾਕ ਭਵਿਖਤ ਇਕ ਦ੍ਰਿੜਾਈਆ । ਈਸਾ ਕਰੇ ਹਾਹਾਕਾਰ, ਉਚੀ ਕੂਕ ਕੂਕ ਸੁਣਾਈਆ । ਮੁਹੰਮਦ ਬਾਤਨ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਸਮਝ ਕੋਇ ਨਾ ਪਾਈਆ । ਨਾਨਕ ਨਿਰਗੁਣ ਕਰੇ ਵਿਚਾਰ, ਸਰਗੁਣ ਦਏ ਸਚ ਸਾਲਾਹੀਆ । ਗੋਬਿੰਦ ਕਹੇ ਪਰਮ ਪੁਰਖ ਮੇਰਾ ਅਕਾਲ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਆਵੇ ਵਿਚ ਸੰਸਾਰ, ਜੋਤੀ ਜਾਤਾ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰ, ਮਹਲ ਅਟੱਲ ਸੋਭਾ ਪਾਈਆ । ਸ਼ਬਦੀ ਡੰਕ ਵਜਾਏ ਦੋ ਜਹਾਨ, ਲੱਖ ਚੁਰਾਸੀ ਰਾਉ ਰੰਕ ਸ਼ਾਹ ਸੁਲਤਾਨ ਆਪ ਜਗਾਈਆ । ਜਨ ਭਗਤਾਂ ਦੇਵੇ ਇਕ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਸਾਚਾ ਹਰਿ ਕਾ ਸੋਹਲਾ ਗਾਣ, ਢੋਲਾ ਇਕੋ ਰਾਗ ਸੁਣਾਈਆ । ਘਰ ਬੈਠਿਆਂ ਪਤਿਪਰਮੇਸ਼ਵਰ ਦਰਸਨ ਪਾਣ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜਣ ਕੋਇ ਨਾ ਜਾਈਆ । ਘਰ ਵਿਚ ਘਰ ਖੇਲ ਹੋਵੇ ਮਹਾਨ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਲੇਖਾ ਅਪਾਰ, ਜੁਗ ਚੌਕੜੀ ਆਪ ਜਣਾਇੰਦਾ । ਭਗਤ ਵਛਲ ਗਿਰਵਰ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣੀ ਖੇਲ ਵਖਾਇੰਦਾ । ਕਵਲ ਨੈਣ ਹੋ ਤਿਆਰ,

ਮੁਕਟ ਬੈਣ ਸੀਸ ਤਾਜ ਸੁਹਾਇੰਦਾ । ਲੇਖਾ ਵੇਖ ਤੇਈ ਅਵਤਾਰ, ਬ੍ਰਹਮਾ ਸੁਤ ਕਰ ਪਿਆਰ, ਬਰਾਹ ਦੇਵੇ ਇਕ ਆਧਾਰ, ਜੁਗੈ ਪੁਰਸ਼ ਅੰਤ ਮੇਲ ਮਹਾਨ, ਹਾਵ ਗ਼ਰੀਵ ਕਰ ਉਜਿਆਰ, ਨਰ ਨਰਾਇਣ ਵਖਾਏ ਘਰ ਬਾਰ, ਮੰਦਰ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਚੁਕਾਇੰਦਾ । ਲੇਖਾ ਜਾਣੇ ਕਪਲ ਮੁਨ, ਦੇਵਣਹਾਰ ਵੱਡੀ ਵਡਿਆਈਆ । ਦੱਤਾਤ੍ਰੈ ਭੇਵ ਚੁਕਾਏ ਸਾਚੇ ਤਨ, ਪੜਦਾ ਉਹਲਾ ਆਪ ਉਠਾਈਆ । ਰਿਖਵ ਦੇਵ ਹੁਕਮ ਸੁਣਾਏ ਕੰਨ, ਪਿਰਥੂ ਲਹਿਣਾ ਝੋਲੀ ਪਾਈਆ । ਮਤਸ ਜਾਣੇ ਆਪੇ ਚੰਨ, ਕਛਪ ਭਾਰ ਸਚ ਉਠਾਈਆ । ਧਨੰਤਰ ਲੇਖਾ ਦੇਵੇ ਗਿਣ ਗਿਣ, ਮੋਹਣੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹੰਸਾ ਬਾਵਨ ਖੇਲ ਖਿਲਾਈਆ । ਨਰ ਸਿੰਘ ਹੋ ਤਿਆਰ, ਨਰਾਇਣ ਪੜਦਾ ਲਾਹੀਆ । ਹਰੀ ਹਰਿ ਪਾਵੇ ਸਾਰ, ਹਰਿ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਸਤਿਜੁਗ ਤ੍ਰੇਤਾ, ਤ੍ਰੈਗੁਣ ਅਤੀਤਾ ਖੇਲ ਖਿਲਾਇੰਦਾ । ਰਾਮ ਦੁਲਾਰਾ ਦਸਰਥ ਬੇਟਾ, ਨਰ ਨਿਰੰਕਾਰ ਆਪ ਜਣਾਇੰਦਾ । ਸਤਿ ਸਤਿਵਾਦੀ ਜਾਣੇ ਆਪਣਾ ਪੇਸ਼ਾ, ਪੇਸ਼ੀਨਗੋਈ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਆਪ ਦ੍ਰਿੜਾਇੰਦਾ । ਸਤਿ ਸਤਿਵਾਦੀ ਬ੍ਰਾਹਮਣ ਮਿੱਤਰ, ਪਾਰਬ੍ਰਹਮ ਵੱਡੀ ਵਡਿਆਈਆ । ਸਾਚੀ ਧਾਰੋਂ ਆਪੇ ਨਿਕਲ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਦੇ ਜਿਕਰ, ਰਸਨਾ ਜਿਹਵਾ ਢੋਲਾ ਰਾਗ ਅਲਾਈਆ । ਸੋ ਸਾਹਿਬ ਸਵਾਮੀ ਸਭ ਦਾ ਕਰੇ ਫ਼ਿਕਰ, ਫ਼ਿਕਰਾ ਨਾਮ ਸਭ ਨੂੰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹੀ ਖੇਲ ਅਥਾਹ, ਅਲੱਖ ਅਗੋਚਰ ਆਪ ਕਰਾਇੰਦਾ । ਵੇਦ ਵਿਆਸਾ ਭੇਵ ਖੁਲ੍ਹਾ, ਕਵਾਰੀ ਕੰਨਿਆ ਮਾਣ ਦਿਵਾਇੰਦਾ । ਪੁਰਾਨ ਅਠਾਰਾਂ ਰੰਗ ਚੜ੍ਹਾ, ਲੱਖ ਚਾਰ ਸਤਾਰਾਂ ਹਜ਼ਾਰ ਸਲੋਕ ਸੁਣਾਇੰਦਾ । ਧੁਰ ਦਾ ਲੇਖ ਆਪ ਸਮਝਾ, ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਾਹਨ ਕ੍ਰਿਸ਼ਨ, ਦੇਵ ਦੇਵਾ ਆਪ ਕਰਾਈਆ । ਧੁਰ ਦਾ ਮੇਲਾ ਸ਼ੰਕਰ ਬ੍ਰਹਮਾ ਵਿਸ਼ਨ, ਪਾਰਬ੍ਰਹਮ ਵੇਖ ਵਖਾਈਆ । ਬਿਨ ਅੰਤਰ ਨੇਤਰ ਕਿਸੇ ਨਾ ਦਿਸਣ, ਜਗ ਨੇਤਰ ਵੇਖ ਸਕੇ ਨਾ ਕੋਇ ਲੋਕਾਈਆ । ਭਗਤ ਭਗਵਾਨ ਇਕ ਦੂਜੇ ਦਾ ਲੇਖਾ ਲਿਖਣ, ਗੀਤਾ ਗਿਆਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਪਰਵਰਦਿਗਾਰ, ਪਰਮ ਪੁਰਖ ਖੇਲ ਕਰਾਇੰਦਾ । ਈਸਾ ਮੂਸਾ ਦਰਸ ਦੀਦਾਰ, ਜਲਵਾਗਰ ਆਪ ਕਰਾਇੰਦਾ । ਮੁਹੰਮਦ ਕਲਮਾ ਦਏ ਅਪਾਰ, ਨਬੀ ਰਸੂਲ ਆਪ ਪੜ੍ਹਾਇੰਦਾ । ਹੱਕ ਹਕੀਕਤ ਖੋਲ੍ਹ ਕਿਵਾੜ, ਲਾਸ਼ਰੀਕ ਵੇਖ ਵਖਾਇੰਦਾ । ਅੰਜੀਲ ਕੁਰਾਨ ਧੁਰ ਗੁਫ਼ਤਾਰ, ਬਾਈਬਲ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣੀ ਧਾਰ ਬਦਲਾਇੰਦਾ । ਜੁਗ ਚੌਕੜੀ ਵਿਚ ਸੰਸਾਰ, ਹਰਿ ਕਰਤਾ ਆਪ ਹੰਢਾਈਆ । ਲੱਖ ਚੁਰਾਸੀ ਵੇਖਣਹਾਰ, ਘਟ ਘਟ ਰਿਹਾ ਸਮਾਈਆ । ਸਤਿਜੁਗ ਤ੍ਰੇਤਾ ਦਵਾਪਰ ਬੀਤਿਆ ਵਿਚ ਸੰਸਾਰ, ਕਲਜੁਗ ਆਪਣਾ ਵੇਸ ਵਟਾਈਆ । ਨਾਨਕ ਨਿਰਗੁਣ ਕਰ

ਪਿਆਰ, ਸਰਗੁਣ ਪੰਜ ਤਤ ਕਾਇਆ ਚੋਲਾ ਦਿਤਾ ਪਹਿਨਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਗੋਦ ਸੁਹਾਈਆ । ਗੋਬਿੰਦ ਕਰ ਪਿਆਰ, ਸੁਤ ਦੁਲਾਰ ਇਕ ਵਡਿਆਈਆ । ਚਾਰੋਂ ਕੁੰਟ ਹੋਇਆ ਉਜਿਆਰ, ਜੋਤੀ ਨੂਰ ਨੂਰ ਰੁਸ਼ਨਾਈਆ । ਕਰਿਆ ਖੇਲ ਅਪਰ ਅਪਾਰ, ਬੇਅੰਤ ਬੇਅੰਤ ਆਪਣੀ ਕਾਰ ਕਮਾਈਆ । ਬਿਨਾਂ ਤੇਰੇ ਫ਼ਾਨੀ ਦਿਸੇ ਸੰਸਾਰ, ਸੋਭਾ ਮਿਲੇ ਨਾ ਕੋਇ ਵਡਿਆਈਆ । ਚਲ ਆਏ ਨਾ ਰਾਜ ਦਰਬਾਰ, ਰਾਣੀ ਰੰਗ ਮਹਲ ਵੇਖ ਨਾ ਖ਼ੁਸ਼ੀ ਮਨਾਈਆ । ਅੱਠੇ ਪਹਿਰ ਇਕ ਸਿਕਦਾਰ, ਘਰ ਆਵੇ ਬੇਪਰਵਾਹੀਆ । ਬਾਲੀ ਬਾਲਾ ਏਕੰਕਾਰ, ਦਰ ਠਾਂਡੇ ਫੇਰਾ ਪਾਈਆ । ਸਚ ਪਰੇਮ ਦਾ ਲਏ ਪਿਆਰ, ਗੋਦੀ ਗੋਦ ਸੁਹਾਈਆ । ਨਿਮੀ ਬੋਲੀ ਬੋਲ ਗੁਫ਼ਤਾਰ, ਮਈਆ ਕਹਿ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਮਈਆ ਨਹੀਂ ਤੂੰ ਜਗਤ ਮਾਤਾ, ਮਾਤਰ ਭੂਮੀ ਸੋਭਾ ਪਾਈਆ । ਸਤਿ ਧਰਮ ਦਾ ਤੇਰਾ ਨਾਤਾ, ਪਰਮ ਪੁਰਖ ਮੇਲ ਮਿਲਾਈਆ । ਤੇਰੇ ਦਰ ਤੇ ਮੰਨਿਆ ਆਖਾ, ਆਖ਼ਰ ਤੇਰਾ ਰੂਪ ਅਖਵਾਈਆ । ਵੇਖ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਖੋਜ ਖੁਜਾਈਆ । ਦੋ ਜਹਾਨ ਪੈਂਦੀ ਰਾਸਾ, ਗੋਪੀ ਕਾਹਨ ਨਚਾਈਆ । ਰਾਮ ਸੀਤਾ ਦਾਸੀ ਦਾਸਾ, ਸੇਵਕ ਸੇਵਾ ਰੂਪ ਵਟਾਈਆ । ਸਚ ਪੁਛੇਂ ਮੈਨੂੰ ਆਵੇ ਹਾਸਾ, ਖ਼ੁਸ਼ੀਆਂ ਨਾਲ ਜਣਾਈਆ । ਕਲਜੁਗ ਅੰਤ ਤੇਰਾ ਲਹਿਣਾ ਚੁਕਾਵੇ ਪੁਰਖ ਅਬਿਨਾਸ਼ਾ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਣ ਮਾਤਾ ਮੇਰੀ ਜਗਤ ਭੋਲੀ, ਹਉਂ ਬਾਲਕ ਸਚ ਦ੍ਰਿੜਾਈਆ । ਬੇਸ਼ਕ ਤੇਰੀ ਪੰਜ ਤਤ ਕਾਇਆ ਬਦਲੇ ਚੋਲੀ, ਚੋਲਾ ਜਗਤ ਰਹਿਣ ਨਾ ਪਾਈਆ । ਪਰਮ ਪੁਰਖ ਪਤਿਪਰਮੇਸ਼ਵਰ ਤੇਰਾ ਪੜਦਾ ਦੇਵੇ ਖੋਲ੍ਹੀ, ਨਿਰਗੁਣ ਨਿਰਵੈਰ ਦਇਆ ਕਮਾਈਆ । ਤੂੰ ਸਚ ਰੰਗ ਵਿਚ ਖੇਲੀਂ ਸਾਚੀ ਹੋਲੀ, ਰੰਗ ਗੁਲਾਲਾ ਇਕ ਚੜ੍ਹਾਈਆ । ਤੇਰੀ ਸਮਝ ਨਾ ਆਏ ਕਿਸੇ ਨੂੰ ਬੋਲੀ, ਆਦਿ ਸ਼ਕਤ ਆਦਿ ਭਵਾਨੀ ਸਾਰੇ ਤੇਰਾ ਰੰਗ ਰੰਗਾਈਆ । ਸਾਚੇ ਕੰਡੇ ਤੋਲ ਇਕੋ ਤੋਲੀਂ, ਅਤੋਲ ਅਤੁਲ ਨਾਮ ਦਿਤਾ ਤੇਰੇ ਹੱਥ ਫੜਾਈਆ । ਜੋਤ ਅਕਾਲਣ ਤੇਰੀ ਬਣੇ ਵਿਚੋਲੀ, ਘਰ ਸਾਚੇ ਮੇਲ ਮਿਲਾਈਆ । ਲੇਖਾ ਜਾਣੇ ਕਲਾ ਨਾ ਸੋਲੀ, ਸੋਲਾਂ ਕਲਾ ਆਪਣਾ ਰੰਗ ਰੰਗਾਈਆ । ਕਲਜੁਗ ਨਈਆ ਵੇਖ ਕਦੇ ਨਾ ਡੋਲੀਂ, ਅਡੋਲ ਅਡੁੱਲ ਰਿਹਾ ਦ੍ਰਿੜਾਈਆ । ਤੇਰੀ ਸੁਰਤੀ ਕਦੇ ਨਾ ਰਹੇ ਭੋਲੀ, ਭੋਲੇ ਭਾਉ ਮਿਲੇ ਸਹਿਜ ਸੁਭਾਈਆ । ਸਾਚੇ ਦਰ ਧੁਰ ਦੇ ਘਰ ਬਣਿਆ ਗੋਲੀ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਜੋੜ ਜੁੜਾਈਆ । ਸ਼ਬਦੀ ਜੋੜਾ ਜੁੜੇ ਅਪਾਰ, ਹਰਿ ਕਰਤਾ ਆਪ ਜੁੜਾਈਆ । ਬੇਸ਼ਕ ਰਾਜਾ ਨਹੀਂ ਵਿਚ ਰਾਜ ਦਰਬਾਰ, ਨਰ ਨਿਰੰਕਾਰ ਆਪਣੀ ਗੋਦ ਉਠਾਈਆ । ਰਾਜ ਨਰੈਣ ਨਰ ਨਰਾਇਣ ਵੇਖ ਨੈਣ ਉਘਾੜ, ਘਰ ਬੈਠਿਆਂ ਇਕੋ ਨੂਰ ਨਜ਼ਰੀ ਆਈਆ । ਜਿਸ ਹਰਨਾਕਸ਼ ਦਬਾਇਆ ਆਪਣੀ ਦਾੜ੍ਹ, ਨਰ ਸਿੰਘ ਰੂਪ ਧਰਾਈਆ । ਜਿਸ ਪ੍ਰਹਿਲਾਦ ਗੋਦ ਲਿਆ ਉਠਾਲ, ਅਗਨੀ ਥੰਮ ਨਾ ਕੋਇ ਤਪਾਈਆ । ਜਿਸ ਧਰੂ ਬਾਲ ਦਿਤਾ ਗਿਆਨ, ਕਰ ਸਚ ਪੜ੍ਹਾਈਆ । ਜਿਸ ਅਮਰੀਕ ਦਿਤਾ ਮਾਣ, ਦੁਰਬਾਸਾ ਮਾਣ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਾਜਿਆਂ ਨਾਲੋਂ ਵੱਡਾ ਰਾਜਾ, ਜਨ ਭਗਤ ਮਿਲੇ ਵਡਿਆਈਆ । ਜਿਸ ਪਤਿਪਰਮੇਸ਼ਵਰ ਮਿਲਿਆ ਗ਼ਰੀਬ ਨਿਵਾਜਾ, ਪਾਰਬ੍ਰਹਮ ਹੋਏ ਸਹਾਈਆ । ਸਤਿ


੯੦੪
੧੯

ਧਰਮ ਦਾ ਸੀਸ ਰਖਾਏ ਤਾਜਾ, ਜਗਦੀਸ਼ਰ ਜਗਦੀਸ ਵੇਖ ਵਖਾਈਆ । ਗੋਬਿੰਦ ਤੇਰੀ ਧਰਮ ਦੀ ਮਾਤਾ, ਮਾਤਰ ਭੂਮੀ ਉਤੋਂ ਸਚਖੰਡ ਬਹਾਈਆ । ਨਿਰਗੁਣ ਜੋੜੇ ਆਪਣਾ ਨਾਤਾ, ਸਰਗੁਣ ਲੇਖਾ ਦਏ ਲਗਾਈਆ । ਚਤਰਭੁਜ ਨਜ਼ਰੀ ਆਏ ਸਾਖਿਆਤਾ, ਅਨੁਭਵ ਆਪਣਾ ਭੇਵ ਵਖਾਈਆ । ਅੰਦਰ ਬਾਹਰ ਗੁਪਤ ਜਾਹਰ ਸਦ ਵਸੇ ਸਾਥਾ, ਸਗਲਾ ਸੰਗ ਨਿਭਾਈਆ । ਪਿਛਲੀ ਭੁੱਲੀ ਪੂਜਾ ਪਾਠਾ, ਅੱਗੇ ਮੰਤਰ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਨਾਰ ਪੁਰਖ, ਪੁਰਖ ਪੁਰਖੋਤਮ ਦਇਆ ਕਮਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਨਿਤ ਨਵਿਤ ਦਾ ਬਖ਼ਸ਼ੇ ਦਰਸ, ਆਤਮ ਦਰਸੀ ਮੇਲ ਮਿਲਾਇੰਦਾ । ਜਨਮ ਕਰਮ ਦੀ ਮਿਟੀ ਹਰਸ, ਅੱਗੇ ਹਵਸ ਨਾ ਕੋਇ ਵਧਾਇੰਦਾ । ਲੇਖਾ ਚੁਕਿਆ ਅਰਸ਼ ਫ਼ਰਸ਼, ਦੋ ਜਹਾਨਾਂ ਪਾਰ ਕਰਾਇੰਦਾ । ਨਾ ਕੋਈ ਢੋਲਾ ਰਾਗ ਸੁਣਾਏ ਤਰਜ਼, ਸਚ ਜੋਤੀ ਜੋਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਇੰਦਾ । ਹਰਿ ਕਰਨੀ ਕਾਰ ਕਰਨੇ ਆਇਆ, ਕਰਤਾ ਪੁਰਖ ਵੱਡੀ ਵਡਿਆਈਆ । ਕੂੜੀ ਕਿਰਿਆ ਮੇਟੇ ਮਾਇਆ, ਤ੍ਰੈਗੁਣ ਲੇਖਾ ਰਿਹਾ ਚੁਕਾਈਆ । ਸਮਰਥ ਪੁਰਖ ਸਿਰ ਰੱਖੇ ਠੰਡੀ ਛਾਇਆ, ਮਿਹਰ ਨਜ਼ਰ ਉਠਾਈਆ । ਆਤਮ ਪਰਮਾਤਮ ਜਿਸ ਨੇ ਢੋਲਾ ਗਾਇਆ, ਸ਼ਬਦ ਵਿਚੋਲਾ ਲਏ ਬਣਾਈਆ । ਪੜਦਾ ਉਹਲਾ ਦਏ ਉਠਾਇਆ, ਬਜਰ ਕਪਾਟੀ ਕੁੰਡਾ ਲਾਹੀਆ । ਅਨਹਦ ਰਾਗੀ ਨਾਦ ਸੁਣਾਇਆ, ਧੁਨ ਆਤਮਕ ਰਾਗ ਇਕੋ ਇਕ ਸਮਝਾਈਆ । ਅੰਮ੍ਰਿਤ ਝਿਰਨਾ ਦਏ ਝਿਰਾਇਆ, ਨਿਝਰ ਰਸ ਮੁਖ ਚੁਆਈਆ । ਨਿਰਗੁਣ ਜੋਤ ਕਰੇ ਰੁਸ਼ਨਾਇਆ, ਜੋਤ ਨਿਰੰਜਣ ਡਗਮਗਾਈਆ । ਆਤਮ ਅੰਤਰ ਨਜ਼ਰੀ ਆਇਆ, ਬ੍ਰਹਮ ਨਿਰੰਤਰ ਦਏ ਸਮਝਾਈਆ । ਕੂੜੀ ਤਪਸ਼ ਦਏ ਬੁਝਾਇਆ, ਅਗਨੀ ਤਤ ਨਜ਼ਰ ਨਾ ਪਾਈਆ । ਸਾਚੀ ਸੇਜਾ ਡੇਰਾ ਲਾਇਆ, ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਭਗਤ ਲਏ ਤਰਾਈਆ । ਜਨ ਭਗਤ ਤਰਾਏ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਕਾਇਆ ਮੰਦਰ ਧਰਮ ਸੱਚੀ ਧਰਮਸਾਲ, ਘਰ ਘਰ ਵਿਚ ਭੇਵ ਚੁਕਾਇੰਦਾ । ਅੱਠੇ ਪਹਿਰ ਦਿਵਸ ਰੈਣ ਸ਼ਬਦ ਅਗੰਮੀ ਵੱਜੇ ਤਾਲ, ਢੋਲਕ ਛੈਣਾ ਨਾ ਕੋਇ ਖੜਕਾਇੰਦਾ । ਨਿਰਗੁਣ ਸਰਗੁਣ ਵਸੇ ਨਾਲ, ਦੂਰ ਦੁਰਾਡਾ ਪੰਧ ਮੁਕਾਇੰਦਾ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਜਿਸ ਗ੍ਰਿਹਿ ਗੋਬਿੰਦ ਭੋਗ ਲਗਾਇਆ ਥਾਲ, ਚਨੇ ਨਿਤ ਚੱਬ ਆਪਣਾ ਸ਼ੁਕਰ ਮਨਾਇੰਦਾ । ਤਿਸ ਦਾ ਲੇਖਾ ਵੇਖੋ ਕਮਾਲ, ਲਿਖਣ ਪੜ੍ਹਨ ਵਿਚ ਕਿਸੇ ਨਾ ਆਇੰਦਾ । ਪੂਰਬ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਅੱਗੇ ਪਿਆਏ ਨਾਮ ਜਾਮ, ਮਦਿ ਪਿਆਲਾ ਇਕੋ ਹੱਥ ਫੜਾਇੰਦਾ । ਅੱਠੇ ਪਹਿਰ ਦਿਵਸ ਰੈਣ ਨਜ਼ਰੀ ਆਏ ਸੱਚਾ ਰਾਮ, ਜਿਸ ਰਾਮ ਵਿਚੋਂ ਰਾਮ ਪਰਗਟ ਹੋ ਕੇ ਲੋਕਮਾਤ ਖੇਲ ਕਰਾਇੰਦਾ । ਮੇਲ ਮਿਲਾਏ ਸਾਚੇ ਕਾਹਨ, ਜਿਸ ਕਾਹਨ ਦੀ ਧੁਨ ਵਿਚੋਂ ਬੰਸਰੀ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਝੋਲੀ ਪਾਇੰਦਾ । ਪੂਰਬ ਲਹਿਣਾ ਝੋਲੀ ਪਾ, ਪਰਮ ਪੁਰਖ ਦਏ ਵਡਿਆਈਆ । ਨਿਰਗੁਣ ਸਰਗੁਣ ਹੋਏ ਸਹਾ, ਸਮਰਥ ਪੁਰਖ ਫੇਰਾ ਪਾਈਆ । ਜਨਮ ਜਨਮ ਦਾ ਪੰਧ ਮੁਕਾ, ਲੱਖ ਚੁਰਾਸੀ ਡੇਰਾ ਢਾਹੀਆ । ਸਾਚਾ ਮੰਦਰ ਦਏ ਵਖਾ,

ਘਰ ਮਹਲ ਅਟੱਲ ਹੋਵੇ ਰੁਸ਼ਨਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਨੂਰ ਦਏ ਚਮਕਾ, ਸਤਿ ਸਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਰ ਨਰਾਇਣ ਹੋਏ ਸਹਾਈਆ । ਨਰ ਨਰਾਇਣ ਤਾਰੇ ਨਰੈਣ, ਨਰ ਹਰਿ ਦਇਆ ਕਮਾਇੰਦਾ । ਨਾਤਾ ਤੋੜ ਸਾਕ ਸੱਜਣ ਸੈਣ, ਸਗਲਾ ਸੰਗ ਇਕ ਬਣਾਇੰਦਾ । ਨੁਕਤਾ ਮਿਟਿਆ ਐਨ ਗ਼ੈਨ, ਅੱਖਰ ਇਕੋ ਇਕ ਜਣਾਇੰਦਾ । ਮਹਲ ਅਟੱਲ ਦੱਸੇ ਸਾਚੇ ਬਹਿਣ, ਮੰਦਰ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਮਿਹਰਵਾਨ ਪੁਰਖ ਅਬਿਨਾਸ਼ੀ, ਅਬਿਨਾਸ਼ ਹੋਏ ਸਹਾਈਆ । ਘਟ ਜੋਤ ਨੂਰ ਪਰਕਾਸ਼ੀ, ਨਿਰਗੁਣ ਚੰਦ ਚਮਕਾਈਆ । ਆਤਮ ਪਰਮਾਤਮ ਮੇਲਾ ਨਰ ਹਰਿ ਨਰਾਇਣ ਕਮਲਾਪਾਤੀ, ਕੰਤ ਕਤੂਹਲ ਇਕੋ ਨਜ਼ਰੀ ਆਈਆ । ਬੰਦ ਕਿਵਾੜਾ ਖੋਲ੍ਹ ਕੇ ਵੇਖੇ ਤਾਕੀ, ਦੂਈ ਦਵੈਤੀ ਪਰੇ ਹਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਦੱਸ ਕੇ ਗਏ ਸਾਖੀ, ਸਾਖਿਆਤ ਹੋਏ ਸਹਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਚ ਵਰ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਜਨ ਭਗਤਾਂ ਵਰ ਦੇਵੇ ਭਗਵੰਤ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਸੋਭਾਵੰਤ, ਸੋਭਨੀਕ ਇਕੋ ਦਰ ਸੁਹਾਈਆ । ਜਨ ਭਗਤ ਕਹਿਣ ਹਰਿ ਜੂ ਹਰਿਜਨ ਨਾਰੀ ਮਿਲਿਆ ਕੰਤ, ਘਰ ਸੱਜਣ ਫੇਰਾ ਪਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਲਏ ਸਮਾਈਆ । ਮੇਲ ਮਿਲਾਇਆ ਧੁਰ ਦੀ ਸੰਗਤ, ਹਰਿ ਭਗਤ ਇਕੋ ਗੰਢ ਪਵਾਈਆ । ਪੰਚ ਵਿਕਾਰਾ ਕੀਤਾ ਖੰਡਤ, ਖੰਡਾ ਖੜਗ ਨਾਮ ਚਮਕਾਈਆ । ਗੁਰਮੁਖ ਬਣਾਏ ਸਾਚੇ ਪੰਡਤ, ਧੁਰ ਦਾ ਨਾਮ ਇਕ ਸਮਝਾਈਆ । ਲੇਖਾ ਚੁੱਕੇ ਜੇਰਜ ਅੰਡਤ, ਉਤਭੁਜ ਸੇਤਜ ਰਹਿਣ ਨਾ ਪਾਈਆ । ਹਰਿਜਨ ਦੂਜੇ ਦਰ ਨਾ ਹੋਵੇ ਮੰਗਤ, ਜਿਸ ਪ੍ਰਭ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਹੋਏ ਸਹਾਈਆ । ਜਨ ਭਗਤ ਸੁਹੇਲਾ ਬਣੇ ਆਪ, ਸਮਰਥ ਪੁਰਖ ਵੱਡੀ ਵਡਿਆਈਆ । ਜੁਗ ਚੌਕੜੀ ਬਣਦਾ ਰਿਹਾ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਨਿਰਅੱਖਰ ਦੱਸਦਾ, ਰਿਹਾ ਜਾਪ, ਅੱਖਰਾਂ ਨਾਲ ਜਗਤ ਸਮਝਾਈਆ । ਰੂਹ ਬੁੱਤ ਦੋਵੇਂ ਕਰਦਾ ਰਿਹਾ ਪਾਕ, ਪਤਤ ਪੁਨੀਤ ਲਏ ਬਣਾਈਆ । ਆਤਮ ਪਰਮਾਤਮ ਬਣੌਂਦਾ ਰਿਹਾ ਸਾਕ, ਸੱਜਣ ਇਕੋ ਇਕ ਅਖਵਾਈਆ । ਅੰਦਰ ਵੜ ਕੇ ਖੋਲ੍ਹਦਾ ਰਿਹਾ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਦੱਸਦਾ ਰਿਹਾ ਭਵਿਖਤ ਵਾਕ, ਧੁਰ ਦਾ ਢੋਲਾ ਰਾਗ ਸੁਣਾਈਆ । ਪਾਰਬ੍ਰਹਮ ਬ੍ਰਹਮ ਦੱਸਦਾ ਰਿਹਾ ਆਪਣੀ ਜਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਆਤਮ ਸੇਜ ਸੁਹੰਜਣੀ ਸੋਹੌਂਦਾ ਰਿਹਾ ਖਾਟ, ਖਟੀਆ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਜਨ ਭਗਤ ਉਠਾਏ ਖੋਲ੍ਹੇ ਜਾਗ, ਆਲਸ ਨਿੰਦਰਾ ਦਏ ਮਿਟਾਈਆ । ਅੰਤਰ ਦੇਵੇ ਇਕ ਵੈਰਾਗ, ਵੈਰਾਗੀ ਰੂਪ ਵਖਾਈਆ । ਬਿਰਹੋਂ ਵਿਛੋੜਾ ਤੀਰ ਨਿਸ਼ਾਨਾ ਜਾਏ ਲਾਗ, ਅਣਿਆਲਾ ਆਪ ਚਲਾਈਆ । ਫੜ ਫੜ ਹੰਸ ਬਣਾਵੇ ਕਾਗ, ਕਾਗੋਂ ਹੰਸ ਉਡਾਈਆ । ਦੁਰਮਤ ਮੈਲ ਧੋਵੇ ਦਾਗ਼, ਕੂੜੀ ਕਿਰਿਆ ਪਰੇ ਹਟਾਈਆ । ਚਰਨ ਧੂੜੀ ਮਜਨ ਕਰੇ ਮਾਘ, ਸਚ ਸਰੋਵਰ ਇਕ ਨੁਹਾਈਆ । ਨਿਰਮਲ ਜੋਤ ਜਲਾਏ

ਚਿਰਾਗ, ਅੰਧ ਅੰਧੇਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਦੇਵੇ ਮਾਣ ਵਡਿਆਈਆ । ਜਨ ਭਗਤਾਂ ਅੰਦਰ ਦੀਵਾ ਬਾਤੀ, ਹਰਿ ਕਰਤਾ ਆਪ ਜਗਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਠਾਂਡਾ ਸੀਰ ਚੁਆਈਆ । ਨਜ਼ਰੀ ਆਏ ਬੈਠਾ ਇਕ ਇਕਾਂਤੀ, ਨਿਰਗੁਣ ਦਾਤਾ ਵਡ ਵਡਿਆਈਆ । ਕੰਨ ਸੁਣਾਏ ਆਪਣੀ ਸਾਚੀ ਕਹਾਣੀ, ਇਕੋ ਰਿਹਾ ਪੜ੍ਹਾਈਆ । ਧੁਰ ਸੰਦੇਸਾ ਦੇਵੇ ਬਾਣੀ, ਪੱਤਣ ਬੈਠਾ ਬੇਪਰਵਾਹੀਆ । ਲਹਿਣਾ ਦੇਣਾ ਚੁਕਾਏ ਜਾਣ ਜਾਣੀ, ਲੇਖਾ ਮੰਗੇ ਕੋਇ ਨਾ ਰਾਈਆ । ਪਾਰ ਉਤਾਰਾ ਕਰੇ ਧੁਰ ਦੀ ਘਾਟੀ, ਮੰਝਧਾਰ ਨਾ ਕੋਇ ਰੁੜ੍ਹਾਈਆ । ਲੇਖਾ ਚੁੱਕੇ ਜਾਤ ਪਾਤੀ, ਆਤਮ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਆਪਣੇ ਲੋਚਣ, ਨਿਜ ਨੇਤਰ ਪੜਦਾ ਲਾਹੀਆ । ਭੇਵ ਖੁਲ੍ਹੇ ਲੋਕ ਪਰਲੋਕਨ, ਦੋ ਜਹਾਨ ਹੋਏ ਰੁਸ਼ਨਾਈਆ । ਧੁਰ ਦਾ ਢੋਲਾ ਦੱਸੇ ਸਲੋਕਨ, ਸੱਚਾ ਰਾਗ ਸੁਣਾਈਆ । ਚਰਨਾਂ ਹੇਠ ਦਬਾਏ ਮੁਕਤੀ ਮੋਖਨ, ਸਿਰ ਆਪਣਾ ਹੱਥ ਰਖਾਈਆ । ਅੰਤ ਮਿਲਾਵਾ ਨਿਰਗੁਣ ਜੋਤਨ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਲਏ ਤਰਾਈਆ । ਹਰਿ ਭਗਤ ਰੱਖਣ ਇਕੋ ਆਸ, ਤ੍ਰਿਸਨਾ ਜਗਤ ਵਧਾਈਆ । ਕਵਣ ਵੇਲਾ ਪ੍ਰਭ ਬੁਝਾਏ ਪਿਆਸ, ਆਪਣਾ ਦਰਸ ਦਿਖਾਈਆ । ਘਰ ਆਵੇ ਸੱਜਣ ਸਾਹਿਬ ਗੁਣਤਾਸ, ਗਹਿਰ ਗੰਭੀਰ ਵੇਸ ਵਟਾਈਆ । ਕਾਇਆ ਮੰਦਰ ਅੰਦਰ ਵੜ ਕੇ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਜਿਸ ਦਾ ਨੂਰ ਨੁਰਾਨਾ ਇਕੋ ਜਾਤ, ਬੰਧਨ ਵਿਚ ਨਾ ਕੋਇ ਰਖਾਈਆ । ਗਲ ਵਿਚ ਰੱਸਾ ਰਹੇ ਨਾ ਕੋਈ ਜਮ ਫਾਸ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਲੇਖ ਵਖਾਏ ਕੋਈ ਲਿਖਿਆਸ, ਲਾੜੀ ਮੌਤ ਨਾ ਅੰਤ ਪਰਨਾਈਆ । ਲੇਖਾ ਚੁੱਕੇ ਮਸਾਣ ਭੂਮੀ ਘਾਟ, ਮੜੀ ਗੋਰ ਨਾ ਕੋਇ ਦਬਾਈਆ । ਜਿਸ ਵਿਚੋਂ ਹੋਈ ਬ੍ਰਹਮ ਤੇਰੀ ਜਾਤ, ਅੰਤਮ ਮੇਲਾ ਪਾਰਬ੍ਰਹਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਉਧਾਰੇ ਸੂਰਾ ਸਰਬੰਗਾ, ਸਾਹਿਬ ਹੱਥ ਵੱਡੀ ਵਡਿਆਈਆ । ਨੇਤਰ ਵੇਖੇ ਜਮਨਾ ਸੁਰਸਤੀ ਗੰਗਾ, ਗੋਦਾਵਰੀ ਧਿਆਨ ਲਗਾਈਆ । ਦੇਵੇ ਵਡਿਆਈ ਵਿਚ ਵਰਭੰਡਾ, ਬ੍ਰਹਿਮੰਡਾਂ ਲੇਖ ਚੁਕਾਈਆ । ਆਤਮ ਪਰਮਾਤਮ ਜਿਸ ਦਾ ਨਿਜਾਨੰਦਾ, ਅਨੰਦ ਇਕੋ ਇਕ ਵਖਾਈਆ । ਦੂਈ ਦਵੈਤੀ ਢਾਹਵੇ ਕੰਧਾ, ਭਾਂਡਾ ਭਰਮ ਭੌ ਭੰਨਾਈਆ । ਤੂੰ ਮੇਰਾ ਮੈਂ ਤੇਰਾ ਸੁਣਾਵੇ ਸਾਚਾ ਛੰਦਾ, ਸੋਹੰ ਰਾਗ ਅਲਾਈਆ । ਲੇਖੇ ਲਾਏ ਬਿਨ ਬੰਦਗੀਉਂ ਆਪਣਾ ਬੰਦਾ, ਜਿਸ ਬੰਦਨਾ ਆਪਣੀ ਝੋਲੀ ਪਾਈਆ । ਮਾਇਆ ਮਮਤਾ ਮੋਹ ਤੋੜ ਘਮੰਡਾ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਭਗਤ ਬਿਨ ਭਗਵਾਨ ਕਦੇ ਨਾ ਹੋਵੇ ਰੰਡਾ, ਜਗਤ ਦੁਹਾਗਣ ਰੂਪ ਨਾ ਕੋਇ ਵਖਾਈਆ । ਏਥੇ ਓਥੇ ਰੱਖੇ ਸਦਾ ਸੰਗਾ, ਸੱਚਾ ਸੰਗ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਦਇਆ ਕਮਾਈਆ । ਭਗਤ ਵਛਲ ਹਰਿ ਗਹਿਰ ਗੰਭੀਰ, ਗੁਣਵੰਤਾ ਆਪ ਅਖਵਾਇੰਦਾ । ਲੇਖਾ ਜਾਣੇ ਪੰਜ ਤਤ ਕਾਇਆ ਸ਼ਰੀਰ, ਤਤਵ ਤਤ ਵੇਖ ਵਖਾਇੰਦਾ । ਨਿਤ ਨਵਿਤ ਭਗਵਨ ਕੱਟਣਹਾਰਾ ਭੀੜ, ਔਖਾ ਰਾਹ ਨਾ ਕੋਇ ਦਰਸਾਇੰਦਾ । ਜਨ ਭਗਤਾਂ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਦੀਨ ਮਜ਼੍ਹਬ ਸ਼ਰਅ ਤੋੜ ਜ਼ੰਜੀਰ, ਲਾਸ਼ਰੀਕ ਆਪਣੇ ਨਾਲ ਮਿਲਾਇੰਦਾ । ਫੜ ਕੇ ਚੋਟੀ ਚਾੜ੍ਹੇ ਅਖ਼ੀਰ, ਕਬੀਰ ਜੁਲਾਹਾ ਖ਼ੁਸ਼ੀ ਮਨਾਇੰਦਾ । ਰਵਦਾਸ


੯੦੭
੧੯

ਚੁਮਾਰੇ ਦਿਤੀ ਧੀਰ, ਸੈਣ ਨਾਈ ਗੰਢ ਪਵਾਇੰਦਾ । ਦਰੋਪਤ ਲੱਭਣ ਨਾ ਦਿਤੇ ਚੀਰ, ਮਿਹਰ ਨਜ਼ਰ ਇਕ ਉਠਾਈਆ । ਰਾਜ ਨਰਾਇਣ ਕਿਉਂ ਹੋਏ ਦਿਲਗੀਰ, ਜਿਸ ਦਾ ਦਿਲਬਰ ਘਰ ਵਿਚ ਫੇਰੀ ਪਾਇੰਦਾ । ਨਾਰੀ ਸੰਗ ਚੋਟੀ ਚੜ੍ਹਿਆ ਅਖ਼ੀਰ, ਆਖ਼ਰ ਮੰਜ਼ਲ ਪੰਧ ਮੁਕਾਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਹਰਿ ਠਾਕਰ ਮਿਲਿਆ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਰਾਜ ਨਰਾਇਣ ਕਹੇ ਮੈਂ ਨਰ ਹਰਿ ਪਾਇਆ, ਘਰ ਵੱਜੀ ਨਾਮ ਵਧਾਈਆ । ਪਤਿਪਰਮੇਸ਼ਵਰ ਨਿਰਗੁਣ ਰੂਪ ਚਲ ਕੇ ਆਇਆ, ਜੋਤੀ ਜਾਮਾ ਵੇਸ ਵਟਾਈਆ । ਨਾਰ ਸੁਰਸਤੀ ਨਾਲ ਤਰਾਇਆ, ਬਸਤੀ ਦੋਹਾਂ ਇਕੋ ਇਕ ਬਣਾਈਆ । ਨਾਮ ਮਸਤੀ ਦਏ ਚੜ੍ਹਾਇਆ, ਖ਼ੁਮਾਰੀ ਉਤਰ ਕਦੇ ਨਾ ਜਾਈਆ । ਸਭ ਨਾਲੋਂ ਸਸਤੀ ਆਪਣੀ ਵਸਤ ਨਾਮ ਵਰਤਾਇਆ, ਕੀਮਤ ਕਰਤਾ ਨਾ ਕੋਇ ਰਖਾਈਆ । ਖਾਈਂ ਖ਼ਰਚੀ ਸਚ ਖ਼ਜ਼ਾਨਾ ਘਰ ਭਰਾਇਆ, ਅਤੋਟ ਅਤੁਟ ਦਏ ਵਰਤਾਈਆ । ਗੋਦ ਸੁਲਖਣੀਂ ਗੋਬਿੰਦ ਸੁਹਾਇਆ, ਮਖਣੀ ਖ਼ੁਸ਼ੀਆਂ ਨਾਲ ਖਵਾਈਆ । ਪੱਤ ਪੱਤਣੀ ਦੋਵੇਂ ਪਾਰ ਕਰਾਇਆ, ਸਚ ਦਵਾਰੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰ ਨੈਣ ਇਕ ਉਠਾਈਆ । ਦੋਵੇਂ ਕਹਿਣ ਸਾਡੀ ਅਰਦਾਸ, ਪ੍ਰਭੂ ਤੇਰੇ ਅੱਗੇ ਅਰਜ਼ੋਈਆ । ਸਦ ਵਸੀਂ ਸਾਡੇ ਪਾਸ, ਦਿਵਸ ਰੈਣ ਸੰਗ ਨਿਭਾਈਆ । ਤੂੰ ਸਾਡਾ ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਨਿਤ ਨਵਿਤ ਕਰੀਏ ਤੇਰਾ ਜਾਪ, ਪੂਜਾ ਪਾਠ ਹਵਨ ਇਸ਼ਟ ਦ੍ਰਿਸ਼ਟ ਤੂੰ ਹੀ ਨਜ਼ਰੀ ਆਈਆ । ਏਥੇ ਓਥੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਧੰਨ ਭਾਗ ਘਰ ਆ ਕੇ ਅੰਤਰ ਖੋਲਿਆ ਤਾਕ, ਪਰਦਾ ਦਿਤਾ ਚੁਕਾਈਆ । ਅੱਜ ਦਰਸਨ ਕਰੀਏ ਸਾਰੀ ਰਾਤ, ਰਾਤੀ ਸੁੱਤਿਆਂ ਗੁਰ ਅਵਤਾਰ ਪੀਰ ਪੈਗ਼ੰਬਰ ਪਿਛਲੇ ਨਜ਼ਰੀ ਆਈਆ । ਜਿਨ੍ਹਾਂ ਦੀ ਬਣੀ ਇਕ ਜਮਾਤ, ਨਾਤਾ ਜੁੜਿਆ ਭਾਈ ਭਾਈਆ । ਲੇਖਾ ਲਿਖ ਦੇ ਨਾਲ ਕਲਮ ਦਵਾਤ, ਤੇਰਾ ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋ ਸਹਾਈਆ । ਦੀਨ ਦਿਆਲ ਪਰਮ ਪੁਰਖ ਹਰਿ ਠਾਕਰ, ਸਚ ਸਚ ਦਏ ਜਣਾਈਆ । ਜਨ ਭਗਤ ਪਾਰ ਕਰਾਏ ਡੂੰਘੇ ਸਾਗਰ, ਕਲਜੁਗ ਭਵਰ ਨਾ ਕੋਇ ਰੁੜ੍ਹਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਸਚ ਦਵਾਰੇ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਏ ਲਗਾਈਆ । ਪੱਤ ਪੱਤਣੀ ਦੋਵੇਂ ਰਹੇ ਆਖ, ਅੰਤਰ ਅੰਤਰ ਕੂਕ ਸੁਣਾਈਆ । ਪ੍ਰਭੂ ਸਦ ਨਜ਼ਰੀ ਆਵੀਂ ਸਾਖਿਆਤ, ਆਸਾ ਤ੍ਰਿਸਨਾ ਮੇਟ ਮਿਟਾਈਆ । ਤੇਰੇ ਵਾਸਤੇ ਕੋਈ ਵੱਡੀ ਨਹੀਂ ਵਾਟ, ਜਨ ਭਗਤਾਂ ਹੋਏਂ ਸਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਾਚੇ ਸੰਤਾਂ ਤੈਥੋਂ ਸਿਖੀ ਜਾਚ, ਅੰਦਰ ਵੜ ਕੇ ਗਿਉਂ ਸਮਝਾਈਆ । ਨਿਰਗੁਣ ਹੋ ਕੇ ਜੋੜਿਆ ਸਾਥ, ਸਰਗੁਣ ਮੇਲਾ ਸਹਿਜ ਸੁਭਾਈਆ । ਸੇਜੇ ਚੜ੍ਹ ਕੇ ਦੱਸੀ ਗਾਥ, ਸੋਹਣੀ ਕਰੀ ਪੜ੍ਹਾਈਆ । ਸੁਹੰਜਣੀ ਬਣਾਈ ਇਕੋ ਰਾਤ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਗ੍ਰਹਿ ਮਿਲੇ ਕਮਲਾਪਾਤ, ਘਰ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਸੁਹਾਈਆ । ਸਾਚਾ ਮੰਦਰ ਛਪਰੀ ਛੰਨ, ਹਰਿ ਛਹਿਬਰ ਨਾਮ ਲਗਾਈਆ । ਭਗਤ ਵਡਿਆਈ ਸਦਾ ਜਗ ਧੰਨ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਨ੍ਹਾਂ ਉਪਰ ਸ੍ਰੀ ਭਗਵਾਨ ਗਿਆ ਮੰਨ, ਮਨ ਕਾ

ਮਣਕਾ ਦਏ ਭਵਾਈਆ । ਭਾਗ ਲਗਾਏ ਪੰਜ ਤਤ ਕਾਇਆ ਤਨ, ਸਾਢੇ ਤਿੰਨ ਹੱਥ ਖ਼ੁਸ਼ੀ ਵਖਾਈਆ । ਕੂੜ ਵਿਕਾਰੇ ਦੇਵੇ ਡੰਨ, ਜੂਠ ਝੂਠ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਵਾਰ ਇਕ ਸੁਹਾਈਆ । ਭਗਤ ਦਵਾਰਾ ਸੋਹਣਾ ਮੰਦਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਹਰਿ ਸਵਾਮੀ ਵਸਿਆ ਸਾਚੇ ਅੰਦਰ, ਸਚ ਸਿੰਘਾਸਣ ਸੋਭਾ ਪਾਈਆ । ਕੂੜੀ ਕਿਰਿਆ ਤੋੜ ਜੰਦਰ, ਪਰਦਾ ਉਹਲਾ ਦਿਤਾ ਮਿਟਾਈਆ । ਮਨ ਮਨੂਆ ਦਹਿ ਦਿਸ਼ਾ ਨਾ ਭਵੇ ਬੰਦਰ, ਚਾਰ ਕੁੰਟ ਨਾ ਉਠ ਉਠ ਧਾਈਆ । ਆਪ ਬਹਾਏ ਆਪਣੇ ਅੰਗਨ, ਸਾਚੀ ਗੋਦ ਸੁਹਾਈਆ । ਘਰ ਮੇਲਾ ਸਹਿਜ ਸੁਭਾਉ ਅਨੰਦ ਅਨੰਦਨ, ਛੰਦਨ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਵਿਚ ਰਖਾਈਆ । ਹਰਿਜਨ ਲੇਖਾ ਗਿਆ ਲੱਗ, ਲਗਾਵਣਹਾਰ ਦਇਆ ਕਮਾਇੰਦਾ । ਬਿਨ ਮੱਕੇ ਕਾਅਬਿਉਂ ਕਰਾਏ ਸੱਚਾ ਹੱਜ, ਹੁਜਰਾ ਹੱਕ ਇਕ ਵਖਾਇੰਦਾ । ਮੰਦਰ ਸ਼ਿਵਦਵਾਲਾ ਮੱਠ ਕਾਇਆ ਵੇਖਣਾ ਭੱਜ, ਸੇਜ ਸੁਹੰਜਣੀ ਆਪ ਸੁਹਾਇੰਦਾ । ਸ਼ਬਦ ਨਗਾਰਾ ਬਿਨ ਤੰਦ ਸਤਾਰਾ ਰਿਹਾ ਵੱਜ, ਤਲਵਾੜਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਤਿ ਪਿਆਲਾ ਨਾਮ ਪਿਆਏ ਮਦਿ, ਸਚ ਖ਼ੁਮਾਰੀ ਇਕ ਚੜ੍ਹਾਇੰਦਾ । ਸਚ ਖ਼ੁਮਾਰੀ ਚੜ੍ਹੇ ਅੰਤਰ ਆਤਮ, ਅੱਠੇ ਪਹਿਰ ਖ਼ੁਸ਼ੀ ਰਖਾਈਆ । ਮਿਲਿਆ ਰਹੇ ਮੇਲ ਪਰਮ ਪੁਰਖ ਪਰਮਾਤਮ, ਲੋਕਮਾਤ ਨਾ ਹੋਏ ਜੁਦਾਈਆ । ਬੇਸ਼ਕ ਜੀਵ ਜੰਤ ਜੋ ਮਰਜ਼ੀ ਸੋ ਭਗਤਾਂ ਆਖਣ, ਹਰਿਜਨ ਡੋਲ ਕਦੇ ਨਾ ਜਾਈਆ । ਜਿਨ੍ਹਾਂ ਪੁਰਖ ਅਬਿਨਾਸ਼ੀ ਮਿਲਿਆ ਧੁਰ ਦਾ ਸਾਥਨ, ਸਗਲਾ ਸੰਗ ਨਿਭਾਈਆ । ਸੋ ਸਖੀਆਂ ਚਲ ਕੇ ਆਵਣ ਸਾਚੇ ਪਾਤਨ, ਘਾਟ ਇਕੋ ਇਕ ਵਖਾਈਆ । ਉਚੀ ਕੂਕ ਸਾਚਾ ਸੋਹਲਾ ਢੋਲਾ ਆਖਣ, ਤੂੰ ਪ੍ਰਭ ਮੇਰਾ ਸਾਹਿਬ ਸਚ ਗੋਸਾਈਆ । ਕੀ ਹੋਇਆ ਗਵਾਲਿਆਂ ਘਰ ਖਾਂਦਾ ਰਿਹਾ ਮਾਖਣ, ਬਾਲੀ ਅਵਸਥਾ ਵੇਸ ਵਟਾਈਆ । ਕੀ ਹੋਇਆ ਰਾਣੀ ਗੋਦ ਬਹਿ ਕੇ ਕੋਟ ਜਨਮ ਦੀ ਉਧਾਰੀ ਪਾਪਣ, ਪੁਨੀਤ ਆਪਣੇ ਨਾਲ ਕਰਾਈਆ । ਅੰਤਮ ਸ੍ਰੀ ਭਗਵਾਨ ਇਨ੍ਹਾਂ ਦਾ ਲੇਖਾ ਆਇਆ ਵਾਚਣ, ਬਿਨ ਲਿਖਤੋਂ ਕਰੇ ਪੜ੍ਹਾਈਆ । ਅੱਗੇ ਮਿਲੇ ਮੇਲ ਸਚਖੰਡ ਦਵਾਰ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਜੁਗਾ ਜੁਗੰਤਰ ਚਲਾਏ ਧੁਰ ਦਾ ਮੰਤਰ, ਮੰਤਰ ਸਚ ਨਾਮ ਦ੍ਰਿੜ੍ਹਾਈਆ ।

★ ੨੩ ਚੇਤ ੨੦੨੧ ਬਿਕ੍ਰਮੀ ਲਛਮਣ ਪਾਂਡੇ ਦੇ ਗ੍ਰਿਹਿ ਪਟਣਾ ਸਾਹਿਬ ਬਿਹਾਰ ★

ਜੁਗ ਜੁਗ ਕਿਰਪਾ ਕਰੇ ਪ੍ਰਭ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਨ ਭਗਤ ਸੁਹੇਲੇ ਲਏ ਲੱਭ, ਲੱਖ ਚੁਰਾਸੀ ਖੋਜ ਖੁਜਾਇੰਦਾ । ਪਾਰ ਕਰਾਏ ਜਗਤ ਹੱਦ, ਨੌ ਦਰ ਪੰਧ ਮੁਕਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਰਸ ਇਕੋ ਇਕ ਵਖਾਇੰਦਾ । ਲੇਖੇ ਲਾਏ ਤਨ ਮਾਸ ਨਾੜੀ ਹੱਡ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਵਡਿਆਈ ਸਾਚੀ ਯੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਚੌਕੜੀ ਭਗਤ ਸੁਹੇਲਾ, ਪਾਰਬ੍ਰਹਮ ਬੇਪਰਵਾਹੀਆ । ਹਰਿਜਨ ਕਰੇ ਆਪਣਾ ਮੇਲਾ, ਨਿਰਗੁਣ ਸਰਗੁਣ ਜੋੜ ਜੁੜਾਈਆ ।



੯੦੯
੧੯

ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰਦੇਵ ਸਵਾਮੀ ਇਕ ਰਘਰਾਈਆ । ਵਸਣਹਾਰਾ ਧਾਮ ਨਵੇਲਾ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਜਨ ਭਗਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਲੇਖੇ ਲਾਏ ਬੂੰਦ ਰਕਤ, ਤਨ ਮਾਟੀ ਸੋਭਾ ਪਾਇੰਦਾ । ਆਤਮ ਪਰਮਾਤਮ ਦੇਵੇ ਸਾਚੀ ਸ਼ਕਤ, ਸ਼ਖ਼ਸੀਅਤ ਇਕੋ ਇਕ ਸਮਝਾਇੰਦਾ । ਨਿਜ ਨੇਤਰ ਬਖ਼ਸ਼ੇ ਸੱਚਾ ਦਰਸ, ਅੱਖ ਪਰਤੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਜੁਗ ਚੌਕੜੀ ਚਾਰ, ਸਤਿ ਸਤਿਵਾਦੀ ਦਏ ਵਡਿਆਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਬੇਪਰਵਾਹੀਆ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਈਆ । ਚਾਰੋਂ ਕੁੰਟ ਵੇਖਣਹਾਰ, ਉਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਸੰਤ ਸੁਹੇਲੇ ਲੱਭੇ ਮੀਤ ਮੁਰਾਰ, ਮਿੱਤਰ ਪਿਆਰਾ ਵਡ ਵਡਿਆਈਆ । ਜਨਮ ਕਰਮ ਦੇ ਵਿਛੜੇ ਘਰ ਮੇਲੇ ਮੇਲਣਹਾਰ, ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਭਗਵਾਨ, ਜਨ ਭਗਤਾਂ ਦਇਆ ਕਮਾਇੰਦਾ । ਸਾਚਾ ਦੇ ਕੇ ਮੰਤਰ ਨਾਮ, ਰਮਈਆ ਰੰਗ ਇਕ ਰੰਗਾਇੰਦਾ । ਸੱਚਾ ਸਈਆ ਧੁਰ ਦਾ ਕਾਹਨ, ਸਾਹਿਬ ਸੁਲਤਾਨ ਵੇਖ ਵਖਾਇੰਦਾ । ਧੁਰ ਸੰਦੇਸਾ ਇਕ ਪੈਗ਼ਾਮ, ਅੱਖਰ ਵੱਖਰ ਆਪ ਪੜ੍ਹਾਇੰਦਾ । ਤੀਰ ਅਗੰਮੀ ਮਾਰੇ ਬਾਣ, ਚਿੱਲਾ ਇਕੋ ਇਕ ਖਿਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਅੰਦਰ ਵੜ, ਕਾਇਆ ਮੰਦਰ ਖੋਜ ਖੁਜਾਈਆ । ਸਚ ਦਵਾਰੇ ਜਾਏ ਚੜ੍ਹ, ਦਸਮ ਦਵਾਰੀ ਸੋਭਾ ਪਾਈਆ । ਸਵੱਛ ਸਰੂਪੀ ਅੱਗੇ ਖੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਿਨ ਅੱਖਰਾਂ ਨਾਮ ਲਏ ਪੜ੍ਹ, ਕਰੇ ਕਰਾਏ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਥਾਨ ਥਨੰਤਰ, ਦੋ ਜਹਾਨਾਂ ਖੋਜ ਖੁਜਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਵੇਖ ਵਖਾਇੰਦਾ । ਗੁਰਮੁਖ ਹਰਿਜਨ ਭਗਤ ਭਗਵੰਤ ਪੜ੍ਹਦੇ ਇਕੋ ਮੰਤਰ, ਮਤ ਭੇਦ ਸਰਬ ਚੁਕਾਇੰਦਾ । ਲੇਖਾ ਜਾਣੇ ਧੁਰ ਨਿਰੰਤਰ, ਜੋਤੀ ਜਾਤਾ ਡਗਮਗਾਇੰਦਾ । ਕੂੜੀ ਮੇਟੇ ਜਗਤ ਲੱਗੀ ਬਸੰਤਰ, ਅਗਨੀ ਤਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਵੇਖ ਵਖਾਇੰਦਾ । ਹਰਿਜਨ ਵੇਖੇ ਪਾਰਬ੍ਰਹਮ, ਪਤਿਪਰਮੇਸ਼ਵਰ ਵੱਡੀ ਵਡਿਆਈਆ । ਨਿਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਦਏ ਗਵਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਅਨਾਦੀ ਦੱਸੇ ਇਕੋ ਧਰਮ, ਸਾਚਾ ਧਰਮ ਇਕ ਵਖਾਈਆ । ਪਰਮ ਪੁਰਖ ਪਰਮਾਤਮ ਸਵਾਮੀ ਸੱਚੀ ਸਰਨ, ਚਰਨ ਕਵਲ ਮਿਲੇ ਵਡਿਆਈਆ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੈਣ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਜਨ ਭਗਤਾਂ ਸਤਿ, ਸਤਿ ਸਤਿ ਦ੍ਰਿੜ੍ਹਾਇੰਦਾ । ਅੰਤਰ ਅੰਤਰ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਨਿਰਗੁਣ ਨਿਰਗੁਣ ਜੋੜ ਨਤ, ਘਰ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਭਗਤ ਜਨਾਂ ਦਏ ਸੰਦੇਸਾ, ਧੁਰ ਦੀ ਧਾਰ ਜਣਾਈਆ । ਸ੍ਰੀ ਭਗਵਾਨ ਸਚ ਨਰੇਸ਼ਾ, ਭੂਪਤ ਭੂਪ ਬੇਪਰਵਾਹੀਆ । ਜੁਗ ਚੌਕੜੀ ਧਾਰੇ ਵੇਸਾ,

੬੧੦
੧੯

ਨਿਤ ਨਵਿਤ ਫੇਰਾ ਪਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਪੜਦਾ ਉਹਲਾ ਦਏ ਚੁਕਾਈਆ । ਸਤਿ ਪੁਰਖ ਸਤਿ ਸਤਿਵਾਦੀ ਬਣੇ ਨੇਤਾ, ਨਰ ਨਿਰੰਕਾਰ ਇਕੋ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹਰਿਜਨ ਸਾਚੇ ਕਰੇ ਹੇਤਾ, ਹਿਤਕਾਰੀ ਵੇਖ ਵਖਾਈਆ । ਜਿਨ੍ਹਾਂ ਪੂਰਬ ਜਨਮ ਦਾ ਨਹੀਂ ਕੋਈ ਚੇਤਾ, ਸੋ ਸੋਏ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਪੂਰਬ ਲੇਖਾ ਜਾਣੇ ਹਰਿ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਦੇਵਣਹਾਰਾ ਵਰ, ਵਰ ਦਾਤਾ ਬੇਪਰਵਾਹੀਆ । ਜਨਮ ਜਨਮ ਦੇ ਵਿਛੜੇ ਲਏ ਫੜ, ਫੜ ਬਾਂਹੋਂ ਜੋੜ ਜੁੜਾਈਆ । ਲੇਖਾ ਜਾਣੇ ਸੀਸ ਧੜ, ਪੰਜ ਤਤ ਖੋਜ ਖੁਜਾਈਆ । ਵੇਖ ਵਖਾਣੇ ਨਾਰੀ ਨਰ, ਨਰ ਨਰਾਇਣ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਂਆ । ਲੇਖਾ ਦੇਵਣਹਾਰ ਦਾਤਾਰ, ਮਿਹਰਵਾਨ ਇਕ ਅਖਵਾਇੰਦਾ । ਜਿਸ ਦਾ ਹੁਕਮ ਚਲੇ ਜੁਗ ਚਾਰ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਜਿਸ ਦੀ ਖਾਣੀ ਬਾਣੀ ਸਿਫ਼ਤ ਕਰੇ ਸੰਸਾਰ, ਰਸਨਾ ਜਿਹਵਾ ਬੱਤੀ ਦੰਦ ਸਰਬ ਸਾਲਾਹਿੰਦਾ । ਜਿਸ ਦਾ ਲੋਕ ਪਰਲੋਕ ਇਕ ਦਵਾਰ, ਬ੍ਰਹਿਮੰਡ ਖੰਡ ਖੇਲ ਖਿਲਾਇੰਦਾ । ਜਿਸ ਦਾ ਜੋਤੀ ਜੋਤ ਹੋਏ ਪਰਕਾਸ, ਨੂਰ ਨੁਰਾਨਾ ਚੰਦ ਚਮਕਾਇੰਦਾ । ਜੋ ਆਦਿ ਜੁਗਾਦਿ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਖੋਜ ਖੁਜਾਇੰਦਾ । ਜੋ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸੀਸ ਟਿਕਾਏ ਤਾਜ, ਤਖ਼ਤ ਨਿਵਾਸੀ ਹੁਕਮ ਮਨਾਇੰਦਾ । ਜੋ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਭ ਨੂੰ ਦੇਂਦਾ
੯੧੧ ਰਿਹਾ ਖ਼ਤਾਬ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ੯੧੧
੧੯ ਅਭੇਦਾ ਦੇਵੇ ਖੋਲ੍ਹ, ਅਨੁਭਵ ਆਪਣੀ ਧਾਰ ਚਲਾਈਆ । ਤੋਲਣਹਾਰਾ ਸਾਚਾ ਤੋਲ, ਕੰਡਾ ਨਾਮ ਤਰਾਜ਼ੂ ਹੱਥ ਉਠਾਈਆ । ਜਨਮ ਜਨਮ ਦੇ ੧੯
ਪਰਦੇ ਦੇਵੇ ਫੋਲ, ਕੂੜੀ ਕਿਰਿਆ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਦਰਦ ਦੁੱਖ ਭੈ ਭੰਜਨ, ਕਰਤਾ ਪੁਰਖ ਆਪ ਅਖਵਾਇੰਦਾ । ਜਨ ਭਗਤਾਂ ਨਿਜ ਨੇਤਰ ਪਾ ਕੇ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਘਰ ਨਜ਼ਰੀ ਆਏ ਸੱਜਣ, ਸਾਹਿਬ ਸਤਿਗੁਰ ਖੇਲ ਖਿਲਾਇੰਦਾ । ਦੀਪਕ ਜੋਤੀ ਧੁਰ ਦੇ ਜਗਣ, ਨੂਰੋ ਨੂਰ ਨੂਰ ਚਮਕਾਇੰਦਾ । ਸ਼ਬਦ ਅਨਾਦੀ ਨਾਦ ਵੱਜਣ, ਅਨਹਦ ਰਾਗ ਸੁਣਾਇੰਦਾ । ਕਰ ਪਰਕਾਸ਼ ਸਾਚੇ ਗਗਨ, ਮੰਡਲ ਇਕੋ ਇਕ ਵਡਿਆਇੰਦਾ । ਭਗਤ ਸੁਹੇਲੇ ਆਇਆ ਸੱਦਣ, ਹਰਿਜਨ ਵਿਛੜੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਪੂਰਬ ਖੇਲ, ਜਨਮ ਜਨਮ ਖੋਜ ਖੁਜਾਈਆ । ਪਰਮ ਪੁਰਖ ਪਰਮਾਤਮ ਆਤਮ ਚਾੜ੍ਹਨਹਾਰਾ ਤੇਲ, ਧੁਰ ਦਾ ਸਗਨ ਇਕ ਮਨਾਈਆ । ਸਤਿ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਵਸਣਹਾਰਾ ਧਾਮ ਨਵੇਲ, ਅਨਡਿਠੜੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਮਾਣ ਜਗ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਗੁਰਮੁਖ ਹਰਿਜਨ ਹਰਿ ਭਗਤ ਭਗਵੰਤ ਲਏ ਸੱਦ, ਸੱਦਾ ਆਪਣਾ ਨਾਮ ਸੁਣਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਨੌ ਦਵਾਰੇ ਪੰਧ ਮੁਕਾਇੰਦਾ । ਜਨਮ ਕਰਮ ਦੀ ਲੱਗੀ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਹੱਥ

ਰੱਖੇ ਨਿਰੰਕਾਰ, ਨਰ ਨਰਾਇਣ ਵੱਡੀ ਵਡਿਆਈਆ । ਪਿਛਲੇ ਜਨਮ ਦਾ ਕਰਜ਼ਾ ਦਏ ਉਤਾਰ, ਮਕਰੂਜ਼ ਆਪਣਾ ਫ਼ਰਜ਼ ਨਿਭਾਈਆ । ਰਾਜਾ ਰਾਣੀ ਵੇਖੇ ਵੇਖਣਹਾਰ, ਬੇਪਰਵਾਹ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਬੇਪਰਵਾਹੀਆ । ਲੇਖਾ ਦੇਵੇ ਧੁਰ ਦਾ ਦਾਨ, ਪਿਛਲੀ ਕਰਨੀ ਝੋਲੀ ਪਾਈਆ । ਵੇਖਣਹਾਰ ਸ੍ਰੀ ਭਗਵਾਨ, ਬੇਪਰਵਾਹ ਵੱਡੀ ਵਡਿਆਈਆ । ਜਿਸ ਵੇਲੇ ਗੋਬਿੰਦ ਮਹਿਲੀਂ ਵੜਿਆ ਆਣ, ਦਰ ਦਰਬਾਨ ਨਿਉਂ ਕੇ ਸੀਸ ਝੁਕਾਈਆ । ਤੇਰੀ ਖੇਲ ਨੰਨ੍ਹੇ ਬਾਲ, ਛੋਟੇ ਬਾਲੇ ਮੋਹੇ ਭਾਈਆ । ਅੱਗੋਂ ਹੱਸ ਕੇ ਕਿਹਾ ਨੌਜਵਾਨ, ਵਾਹ ਵਾ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਦਰ ਦਰਬਾਨ ਝੁਕਾਇਆ ਸੀਸ, ਅੰਤਰ ਖ਼ੁਸ਼ੀ ਮਨਾਈਆ । ਪ੍ਰਭ ਨਜ਼ਰੀ ਆਏ ਇਕ ਜਗਦੀਸ, ਜਗਦੀਸ਼ਰ ਵਡ ਵਡਿਆਈਆ । ਜਿਸ ਦੇ ਤਾਜ ਦਿਸੇ ਸੀਸ, ਸੋਹਣੀ ਝਲਕ ਵਖਾਈਆ । ਸੋ ਸਾਹਿਬ ਅੰਤਰ ਅੰਤਰ ਪਰਖੀ ਨੀਤ, ਨੀਤੀਵਾਨ ਗਿਆ ਦ੍ਰਿੜਾਈਆ । ਬਰਖ਼ੁਰਦਾਰ ਦਰ ਦਰਬਾਨ ਰੱਖਣੀ ਉਡੀਕ, ਨਿਜ ਨੇਤਰ ਅੱਖ ਖੁਲ੍ਹਾਈਆ । ਸੰਮਤ ਬੀਸ ਇਕੀਸਾ ਆਏ ਤੁਹਾਡੀ ਤਾਰੀਖ਼, ਤਰੀਕਾ ਹੌਲੀ ਗਿਆ ਸਮਝਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਧਾਰ ਮਿਲੇ ਮੀਤ, ਗੋਬਿੰਦ ਸ਼ਬਦੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਦਰਬਾਨ ਕਹੇ ਮੈਂ ਦਰ ਦਰਵੇਸ਼, ਇਕੋ ਮੰਗ ਮੰਗਾਈਆ । ਕਵਣ ਵੇਲਾ ਮੇਲਾ ਮਿਲੇ ਧੁਰ ਨਰੇਸ਼, ਨਰ ਨਰਾਇਣ ਹੋਏ ਸਹਾਈਆ । ਮੈਂ ਨਿਉਂ ਨਿਉਂ ਕਰਾਂ ਆਦੇਸ, ਚਰਨ ਕਵਲ ਸੀਸ ਝੁਕਾਈਆ । ਸਾਚੇ ਲੋਚਣ ਲਵਾਂ ਪੇਖ, ਨੈਣਾਂ ਦਰਸਨ ਪਾਈਆ । ਕਾਇਆ ਤਤ ਕਰਾਂ ਖੇਤ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮੇਲਾ ਲਏਂ ਮਿਲਾਈਆ । ਗੋਬਿੰਦ ਗੁਰ ਗੁਰ ਸਚ ਦ੍ਰਿੜੌਂਦਾ ਏ । ਸ਼ਬਦ ਅਗੰਮੀ ਇਕੋ ਰਾਗ ਦ੍ਰਿੜੌਂਦਾ ਏ । ਕਲਜੁਗ ਵੇਲਾ ਵਕਤ ਰਾਹ ਤਕੌਂਦਾ ਏ । ਪੁਰਖ ਅਬਿਨਾਸ਼ੀ ਖੇਲ ਖਿਲੌਂਦਾ ਏ । ਘਟ ਘਟ ਵਾਸੀ ਫੇਰਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਸ਼ਬਦੀ ਧਾਰ ਹੋ ਕੇ ਆਵਾਂਗਾ । ਪੁਰਖ ਅਕਾਲ ਸੰਗ ਰਖਾਵਾਂਗਾ । ਜੋਤੀ ਨੂਰ ਡਗਮਗਾਵਾਂਗਾ । ਬੀਸ ਇਕੀਸਾ ਰੁੱਤ ਸੁਹਾਵਾਂਗਾ । ਰਾਜਾ ਰਾਣੀ ਖੋਜ ਖੁਜਾਵਾਂਗਾ । ਪਿਛਲਾ ਕੀਤਾ ਚੋਜ, ਸੋਹਣੀ ਯਾਦ ਕਰਾਵਾਂਗਾ । ਦਰ ਦਰਬਾਨ ਤੇਰੀ ਕਰ ਕੇ ਆਪੇ ਖੋਜ, ਘਰ ਸਾਚਾ ਵੇਖ ਵਖਾਵਾਂਗਾ । ਰਲ ਮਿਲ ਕੱਠੇ ਮਾਣੀਏ ਮੌਜ, ਸੱਚਾ ਮੰਦਰ ਇਕ ਸੁਹਾਵਾਂਗਾ । ਜਿਸ ਦਰਸਨ ਨੂੰ ਨੇਤਰ ਰਹਿਣ ਲੋਚ, ਸੋ ਲੋਚਾ ਪੂਰ ਕਰਾਵਾਂਗਾ । ਅੱਗੇ ਜਨਮ ਮਰਨ ਦੀ ਮੁੱਕੇ ਸੋਚ, ਲੱਖ ਚੁਰਾਸੀ ਫੰਦ ਕਟਾਵਾਂਗਾ । ਸ਼ਬਦੀ ਸੁਰਤ ਮੇਲ ਮਿਲਾਵਾਂ ਰੋਜ਼, ਨਿਤ ਨਵਿਤ ਆਪਣਾ ਦਰਸ ਦਿਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਝੋਲੀ ਪਾਵਾਂਗਾ । ਦਰ ਦਰਬਾਨ ਪਿਆ ਹੱਸ, ਬੱਤੀ ਦੰਦ ਖ਼ੁਸ਼ੀ ਮਨਾਈਆ । ਸਭ ਕੁਛ ਸਾਹਿਬ ਤੇਰੇ ਵਸ, ਕੀ ਮੇਰੀ ਵਡਿਆਈਆ । ਜੋ ਕੁਛ ਦੇਣਾ ਸੋ ਤੇਰੇ ਹੱਥ, ਹਉਂ ਸੇਵਕ ਰੂਪ ਨਜ਼ਰੀ ਆਈਆ । ਕਰ ਪਰਨਾਮ ਡੰਡਾਵਤ ਚਰਨੀ ਗਿਆ ਢੱਠ, ਪੂਰਬ ਦਿਸ਼ਾ ਮੁਖ ਰਖਾਈਆ । ਮੇਰਾ ਲੇਖਾ ਚੁੱਕੇ ਅੱਠ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਚਲੇ ਨਾ ਕੋਇ ਚਤਰਾਈਆ । ਨੌ ਦਵਾਰੇ ਰਹੇ ਨਾ ਕੋਈ ਹੱਕ, ਹਕੀਕਤ

ਆਪਣੀ ਦਿਤੀ ਸਮਝਾਈਆ । ਧੰਨ ਭਾਗ ਜੇ ਗ੍ਰਿਹਿ ਮੰਦਰ ਸਵਾਮੀ ਆ ਕੇ ਜਾਵੇਂ ਵਸ, ਨਿਹਕਰਮੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਗੋਬਿੰਦ ਕਹੇ ਬਾਲ ਬਾਲੀ ਬੁੱਧ, ਬਚਪਨ ਵਿਚ ਦਿਆਂ ਵਡਿਆਈਆ । ਭਰਮ ਭੁਲੇਖਾ ਰਹੇ ਨਾ ਤੁਛ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਪੜਦਾ ਉਹਲਾ ਚੁਕਾਵਾਂ ਕੁਛ, ਦੂਈ ਦਵੈਤੀ ਭੇਵ ਚੁਕਾਈਆ । ਇਕੋ ਘਰ ਜਾਏ ਸੁਝ, ਗ੍ਰਿਹਿ ਮੰਦਰ ਇਕੋ ਨਜ਼ਰੀ ਆਈਆ । ਸਚ ਪ੍ਰੀਤੀ ਜਾਏ ਲੁਝ, ਨਾਤਾ ਪਰੇਮ ਜੁੜਾਈਆ । ਉਜਲ ਹੋਵੇ ਮਾਤ ਮੁਖ, ਦੋ ਜਹਾਨ ਮਿਲੇ ਵਡਿਆਈਆ । ਆਤਮ ਪਰਮਾਤਮ ਦੇਵਾਂ ਸੁੱਖ, ਸੁਖ ਸਾਗਰ ਆਪ ਵਖਾਈਆ । ਸਾਚੀ ਗੋਦੀ ਲਵਾਂ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦਰ ਦਰਬਾਨ ਨੇਤਰ ਰੋ, ਖ਼ੁਸ਼ੀ ਵਿਚ ਨੈਣਾਂ ਨੀਰ ਵਹਾਇੰਦਾ । ਕਵਣ ਦੇਵੇ ਪ੍ਰਭ ਤੇਰੀ ਸੋ, ਸੁਤਿਆਂ ਕਵਣ ਉਠਾਇੰਦਾ । ਗੋਬਿੰਦ ਅੱਗੋਂ ਕਰ ਪਰਕਾਸ਼ ਬਖ਼ਸ਼ੀ ਲੋ, ਨੂਰ ਨੂਰ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਨਿਰੰਕਾਰ, ਕਰਨਹਾਰ ਇਕ ਅਖਵਾਇੰਦਾ । ਵੇਖੇ ਵਿਗਸੇ ਵੇਖਣਹਾਰ, ਨਿਜ ਲੋਚਣ ਫੋਲ ਫੁਲਾਇੰਦਾ । ਕਲ ਕਲਕੀ ਲਏ ਅਵਤਾਰ, ਦਰ ਠਾਂਡੇ ਸੋਭਾ ਪਾਇੰਦਾ । ਸਾਚੀ ਵਸਤ ਕਰੇ ਉਜਿਆਰ, ਮਹਲ ਅਟੱਲ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੁਕਮ ਵਰਤਾਇੰਦਾ । ਮਿਹਰਵਾਨ ਵਡ ਮਹਿਬੂਬ, ਮੁਹੱਬਤ ਇਕੋ ਇਕ ਜਣਾਈਆ । ਸਾਚਾ ਹੁਜਰਾ ਵੇਖ ਅਰੂਜ, ਅਰਸ਼ ਫਰਸ਼ ਫੋਲ ਫੁਲਾਈਆ । ਲੇਖਾ ਜਾਣ ਮੰਜ਼ਲ ਮਕਸੂਦ, ਪੰਧ ਮੁਕਾਏ ਚਾਈਂ ਚਾਈਆ । ਜਿਸ ਦੀ ਸਿਫ਼ਤ ਕਰੇ ਹਜ਼ਾਰਾ ਦਰੂਦ, ਇਸਮ ਆਜ਼ਮ ਦਏ ਦ੍ਰਿੜਾਈਆ । ਸੋ ਅਸਲ ਨਾਲ ਵਾਪਸ ਕਰੇ ਸੂਦ, ਰਕਮ ਵੱਡੀ ਝੋਲੀ ਪਾਈਆ । ਜਨਮ ਜਨਮ ਦੀ ਮੇਟੇ ਭੁਖ, ਤ੍ਰਿਸਨਾ ਰੋਗ ਗਵਾਈਆ । ਘਰ ਆਤਮ ਦੇਵੇ ਸੁਖ, ਪਰਮਾਤਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਨਾਮ ਵਡਿਆਈਆ । ਵੇਖ ਵਡਿਆਈ ਮਿਲਦੀ ਮਾਤ, ਦੋ ਜਹਾਨ ਰਹੇ ਜਸ ਗਾਈਆ । ਅਬਿਨਾਸ਼ੀ ਕਰਤਾ ਦੇਵੇ ਦਾਤ, ਸ੍ਰੀ ਭਗਵਾਨ ਰਿਹਾ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਦਿਸੇ ਅੰਧੇਰੀ ਰਾਤ, ਹਰਿਜਨ ਵਿਰਲੇ ਗੁਰ ਗੁਰ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਦਇਆ ਕਮਾਈਆ । ਦੇਵਣਹਾਰਾ ਠਾਕਰ ਸਵਾਮੀ, ਸਾਹਿਬ ਸਤਿਗੁਰ ਇਕ ਅਖਵਾਇੰਦਾ । ਨਿਤ ਨਵਿਤ ਹਰ ਘਟ ਅੰਤਰ ਜਾਣ ਜਾਣੀ, ਸ੍ਰਿਸ਼ਟ ਸਬਾਈ ਖੋਜ ਖੁਜਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਚਲ ਕੇ ਆਏ ਸਾਹਿਬ ਸੁਲਤਾਨੀ, ਸਤਿ ਸਤਿਵਾਦੀ ਫੇਰਾ ਪਾਇੰਦਾ । ਲੇਖਾ ਆਪ ਚੁਕਾਏ ਰਾਜਾ ਰਾਣੀ, ਦਰਬਾਨ ਲੇਖਾ ਝੋਲੀ ਆਪ ਟਿਕਾਇੰਦਾ । ਪਿਛੋਂ ਜੁਗ ਚਾਰ ਚਲਦੀ ਰਹੇ ਕਹਾਣੀ, ਹੁਣ ਨੇਤਰ ਵੇਖ ਧੀਰ ਨਾ ਕੋਇ ਧਰਾਇੰਦਾ । ਇਹੋ ਖੇਲ ਪ੍ਰਭ ਮਹਾਨੀ, ਜੁਗ ਜੁਗ ਮਾਇਆ ਪੜਦਾ ਸਭ ਤੇ ਪਾਇੰਦਾ । ਜਨ ਭਗਤਾਂ ਦੇਵੇ ਸਚ ਨਿਸ਼ਾਨੀ, ਦਰ ਘਰ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਗਿਰਵਰ ਗਿਰਧਾਰ, ਹਰਿਜਨ ਕਰੇ ਸਚ ਪਿਆਰ, ਪਰੇਮ ਪ੍ਰੀਤੀ ਇਕ ਵਖਾਇੰਦਾ । ਪਰੇਮ ਪ੍ਰੀਤੀ ਨਾਤਾ ਦਏ ਅਤੁਟ, ਸਮਰਥ ਪੁਰਖ ਵੱਡੀ ਵਡਿਆਈਆ । ਸਤਿ ਸਤਿਵਾਦੀ ਜੋ ਬੈਠਾ ਲੁਕ, ਸੋ ਪੜਦਾ ਉਹਲਾ ਦਏ ਚੁਕਾਈਆ । ਉਜਲ ਕਰ

ਗੁਰਮੁਖਾਂ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਜਨਮ ਕਰਮ ਦਾ ਮੇਟ ਕੇ ਦੁੱਖ, ਆਵਣ ਜਾਵਣ ਦਏ ਚੁਕਾਈਆ । ਸਫਲ ਕਰਾਏ ਜਨਨੀ ਕੁੱਖ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਦ੍ਰਿੜਾਈਆ । ਜਨ ਭਗਤਾਂ ਮਾਰਗ ਪ੍ਰਭ ਚਰਨ ਕਵਲ, ਸਚ ਸਿਖਿਆ ਇਕ ਦ੍ਰਿੜਾਇੰਦਾ । ਮਿਲੇ ਵਡਿਆਈ ਉਪਰ ਧਵਲ, ਧਰਨੀ ਧਰਤ ਲੇਖੇ ਪਾਇੰਦਾ । ਆਪ ਖਿਲਾਏ ਨਾਭ ਕਵਲ, ਕਵਲ ਨਾਭੀ ਝਿਰਨਾ ਇਕ ਝਿਰਾਇੰਦਾ । ਨੂਰ ਇਲਾਹੀ ਨਜ਼ਰੀ ਆਏ ਅਵਲ, ਆਲਮੀਨ ਫੇਰਾ ਪਾਇੰਦਾ । ਭੇਵ ਚੁਕਾਏ ਸਾਵਲ ਸਵਲ, ਸੁੰਦਰ ਰੂਪ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੰਗ ਨਿਭਾਇੰਦਾ । ਜਨ ਭਗਤਾਂ ਸੰਗ ਸੁਣਾਏ ਸੰਗੀਤ, ਧੁਨ ਅਨਹਦ ਰਾਗ ਅਲਾਈਆ । ਸਤਿਜੁਗ ਦੱਸੇ ਸਾਚੀ ਰੀਤ, ਮਾਰਗ ਇਕੋ ਇਕ ਦ੍ਰਿੜਾਈਆ । ਲੇਖਾ ਜਾਣ ਊਚ ਨੀਚ, ਚਾਰ ਵਰਨ ਕਰੇ ਕੁੜਮਾਈਆ । ਬਰਨ ਅਠਾਰਾਂ ਠਾਂਡਾ ਸੀਤ, ਹਰ ਘਟ ਬੈਠਾ ਸੋਭਾ ਪਾਈਆ । ਲੇਖਾ ਜਾਣ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਇਕ ਪੜ੍ਹਾਈਆ । ਜਨ ਭਗਤ ਸਦਾ ਨਿਰਅੱਖਰ ਪੜ੍ਹਦਾ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਮੰਜ਼ਲ ਮੰਜ਼ਲ ਪੌੜੇ ਚੜ੍ਹਦਾ, ਘਰ ਘਰ ਵਿਚ ਪੰਧ ਮੁਕਾਈਆ । ਸ਼ਬਦੀ ਪੱਲੂ ਇਕੋ ਫੜਦਾ, ਸੁਰਤੀ ਤੰਦ ਡੋਰ ਬੰਧਾਈਆ । ਵੇਖੇ ਖੇਲ ਨਰ ਹਰਿ ਦਾ, ਨਰ ਨਰਾਇਣ ਨਜ਼ਰੀ ਆਈਆ । ਕੂੜੀ ਕਿਰਿਆ ਕੋਲੋਂ ਕਦੇ ਨਾ ਡਰਦਾ, ਪੰਜ ਤਤ ਨਾ ਕੋਇ ਹਲਕਾਈਆ । ਸਚ ਦਵਾਰੇ ਇਕੋ ਖੜਦਾ, ਜਿਸ ਘਰ ਵਸੇ ਬੇਪਰਵਾਹੀਆ । ਨਾ ਜੀਂਦਾ ਨਾ ਕਦੇ ਮਰਦਾ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਅੰਗ ਲਗਾਈਆ । ਜਨ ਭਗਤਾਂ ਕਰੇ ਅੰਗੀਕਾਰ, ਆਂਗਣ ਆਪਣੇ ਵਿਚ ਬਹਾਇੰਦਾ । ਸਾਚੀ ਰੀਤੀ ਵਿਚ ਸੰਸਾਰ, ਨੀਤੀਵਾਨ ਆਪ ਦ੍ਰਿੜਾਇੰਦਾ । ਹਸਤ ਕੀਟੀ ਇਕੋ ਜਿਹਾ ਪਿਆਰ, ਸ਼ਾਹ ਸੁਲਤਾਨ ਰਾਉਂ ਰੰਕ ਆਪ ਸਮਝਾਇੰਦਾ । ਅਨਡੀਠੀ ਮੰਜ਼ਲ ਦਏ ਵਖਾਲ, ਪੜਦਾ ਉਹਲਾ ਆਪ ਹਟਾਇੰਦਾ । ਦੀਆ ਬਾਤੀ ਕਮਲਾਪਾਤੀ ਨਿਰਮਲ ਜੋਤ ਜਗਾਏ ਅਗੰਮ ਅਪਾਰ, ਤੇਲ ਬਾਤੀ ਵਿਚ ਨਾ ਕੋਇ ਟਿਕਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਸਦਾ ਰਹੇ ਉਜਿਆਰ, ਅੰਧ ਅੰਧੇਰ ਨਜ਼ਰ ਕੋਇ ਨਾ ਆਇੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਖੇਲ ਕਰੇ ਅਪਾਰ, ਅਪਰੰਪਰ ਆਪਣੀ ਕਲ ਧਰਾਇੰਦਾ । ਭਗਤ ਸੁਹੇਲੇ ਸੱਜਣ ਲਏ ਉਠਾਲ, ਸੋਇਆਂ ਅੱਖ ਪਰਤੱਖ ਖੁਲ੍ਹਾਇੰਦਾ । ਵਿਛੜੇ ਮੇਲੇ ਮੇਲਣਹਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਭਗਤੀ ਮਾਰਗ ਇਕ ਵਖਾਇੰਦਾ । ਜਨ ਭਗਤਾਂ ਦੇਵੇ ਮਾਰਗ ਭਗਤੀ, ਭਗਵਨ ਆਪਣੀ ਦਇਆ ਕਮਾਈਆ । ਅੰਤਰ ਪਰਗਟੇ ਆਤਮ ਸਕਤੀ, ਮਨ ਵਾਸਨਾ ਦਏ ਖਪਾਈਆ । ਕਾਇਆ ਵਸੇ ਸੁਹੰਜਣੀ ਬਸਤੀ, ਘਰ ਠਾਂਡੇ ਖ਼ੁਸ਼ੀ ਮਨਾਈਆ । ਨਜ਼ਰੀ ਆਏ ਇਕੋ ਹਸਤੀ, ਨਰ ਨਿਰੰਕਾਰ ਬੇਪਰਵਾਹੀਆ । ਨਾਮ ਖ਼ੁਮਾਰੀ ਚੜ੍ਹੇ ਮਸਤੀ, ਆਲਸ ਨਿੰਦਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਵਡਿਆਈ ਲੋਕਮਾਤ, ਧਰਤ ਧਵਲ ਸੁਹਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਸੋਹੰ ਸਤਿ ਸਰੂਪ ਜਣਾਏ

ਗਾਥ, ਆਤਮ ਪਰਮਾਤਮ ਇਕ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਇਕੋ ਜਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਲਹਿਣਾ ਦੇਣ ਚੁਕਾਏ ਹਾਥੋ ਹਾਥ, ਨਾਮ ਵਸਤ ਅਮੋਲਕ ਝੋਲੀ ਪਾਈਆ । ਅਬਿਨਾਸ਼ੀ ਕਰਤਾ ਪੁਰਖ ਸਮਰਾਥ, ਸ੍ਰੀ ਭਗਵਾਨ ਸਦਾ ਸਹਾਈਆ । ਦੂਰ ਦੁਰਾਡਾ ਕੱਟਣਹਾਰਾ ਆਪਣੀ ਵਾਟ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਤਿ ਵਰ, ਅਸਤਿ ਨਜ਼ਰ ਕੋਇ ਨਾ ਆਈਆ ।

★ ੨੩ ਚੇਤ ੨੦੨੧ ਬਿਕ੍ਰਮੀ ਸੁੰਦਰ ਦਾਸ ਦੇ ਨਵਿਤ ਪਟਣਾ ਸਾਹਿਬ ਮੁਸੱਲਾ ਪੁਰ ਹਟ ਬਿਹਾਰ ★

ਸ੍ਰੀ ਭਗਵਾਨ ਸੁਹਾਏ ਦਵਾਰ ਸਚਖੰਡ, ਸਤਿ ਪੁਰਖ ਨਿਰੰਜਣ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਰਹੇ ਸਚ ਅਨੰਦ, ਗ੍ਰਿਹ ਮੰਦਰ ਖ਼ੁਸ਼ੀ ਮਨਾਇੰਦਾ । ਬੋਧ ਅਗਾਧ ਸ਼ਬਦ ਗੀਤ ਦੋ ਜਹਾਨ ਸੁਣਾਏ ਛੰਦ, ਨਾਉਂ ਨਿਰੰਕਾਰ ਆਪ ਪਰਗਟਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਵੰਡੇ ਵੰਡ, ਸਾਚੀ ਕਰਨੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋ ਬਖ਼ਸ਼ੰਦ, ਬਖ਼ਸ਼ਸ਼ ਇਕੋ ਇਕ ਸਮਝਾਇੰਦਾ । ਤ੍ਰੈਗੁਣ ਮਾਇਆ ਧੁਰ ਦਾ ਸੰਗ, ਪੰਜ ਤਤ ਨਾਤਾ ਜੋੜ ਜੁੜਾਇੰਦਾ । ਜੋਤ ਨੂਰਾਨੀ ਚਾੜ੍ਹ ਚੰਦ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਕਰ ਖੇਲ ਅਗੰਮ, ਬ੍ਰਹਿਮੰਡ ਪੁਰੀ ਲੋਅ ਆਪਣੀ ਧਾਰ ਬੰਧਾਇੰਦਾ । ਲੇਖਾ ਜਾਣ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਖੇਲ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਭੇਵ ਅਭੇਦ ਅਲੱਖ ਨਿਰੰਜਣ, ਨਿਰਗੁਣ ਆਪਣੇ ਵਿਚ ਛੁਪਾਈਆ । ਜੁਗ ਚੌਕੜੀ ਖੇਲੇ ਖੇਲ ਬਣ ਬਣ ਸੱਜਣ, ਸਰਗੁਣ ਮੇਲਾ ਸਹਿਜ ਸੁਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇ ਮੰਗਣ, ਬਣ ਦਰਵੇਸ਼ ਸੀਸ ਨਿਵਾਈਆ । ਢੋਲਾ ਸੋਹਲਾ ਗੀਤ ਗਾਵਣ ਅਗੰਮੀ ਛੰਦਨ, ਕਲਮਾ ਇਕੋ ਇਕ ਪੜ੍ਹਾਈਆ । ਲੇਖਾ ਜਾਣ ਖ਼ਾਨਾ ਬੰਦਨ, ਬੰਦੀਖ਼ਾਨਾ ਵੇਖ ਵਖਾਈਆ । ਸਚ ਦਰਸਾਏ ਪਰਮਾਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਖੇਲੇ ਖੇਲ ਤ੍ਰਿਲੋਕੀ ਨੰਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਵਡਿਆਈ ਸਚਖੰਡ ਦਵਾਰ, ਹਰਿ ਕਰਤਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਰ ਭੰਡਾਰ, ਸਿਰ ਆਪਣਾ ਹੱਥ ਰਖਾਇੰਦਾ । ਲੇਖਾ ਜਾਣ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤਾਇੰਦਾ । ਵੰਡੇ ਵੰਡ ਅਗੰਮ ਅਪਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਖੇਲ ਵਖਾਇੰਦਾ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਨਿਤ ਨਵਿਤ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਕਰਾਇੰਦਾ । ਅਚਰਜ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਵੇਖੇ ਆਣ, ਨਿਰਗੁਣ ਨਿਰਵੈਰ ਫੇਰਾ ਪਾਈਆ । ਚਾਰ ਜੁਗ ਦਾ ਪਿਛਲਾ ਜਾਣੇ ਸਰਬ ਫ਼ਰਮਾਣ, ਗੁਰ ਅਵਤਾਰ ਜੋ ਗਏ ਸੁਣਾਈਆ । ਕਲ ਕਲਕੀ ਹੋ ਬਲਵਾਨ, ਸੂਰਬੀਰ ਵੇਸ ਵਟਾਈਆ । ਜਿਸ ਦਾ ਕਿਸੇ ਨਾ ਮਿਲੇ ਨਿਸ਼ਾਨ, ਚਾਰੋਂ ਕੁੰਟ ਫੜੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਫੇਰਾ ਪਾਈਆ । ਸੋ ਸਾਹਿਬ ਹਰਿ ਜੂ ਫੇਰਾ ਪਾਇਆ, ਵੇਖਣਹਾਰਾ ਅੰਤ ਲੋਕਾਈਆ ।

ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਤ੍ਰੈਗੁਣ ਮਾਇਆ, ਪ੍ਰਕਿਰਤੀ ਹੁਕਮੇ ਵਿਚ ਫਿਰਾਈਆ । ਪੰਜ ਤਤ ਜਿਸ ਜੋੜ ਜੁੜਾਇਆ, ਬੰਧਨ ਇਕੋ ਇਕ ਰਖਾਈਆ । ਆਤਮ ਬ੍ਰਹਮ ਜਿਸ ਪਰਗਟਾਇਆ, ਈਸ਼ ਜੀਵ ਕਰੀ ਕੁੜਮਾਈਆ । ਜੋਤੀ ਨੂਰ ਸਤਿ ਧਰਾਇਆ, ਕਾਇਆ ਬੰਕ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਸੁਣਾਇਆ, ਅਗੰਮੀ ਵਾਕ ਅਲਾਈਆ । ਅੰਮ੍ਰਿਤ ਝਿਰਨਾ ਆਪ ਝਿਰਾਇਆ, ਰਸ ਇਕੋ ਇਕ ਟਪਕਾਈਆ । ਅਚਰਜ ਵਿਸਮਾਦੀ ਹੋ ਕੇ ਖੇਲ ਖਿਲਾਇਆ, ਬ੍ਰਹਮ ਬ੍ਰਹਮਾਦੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਧਾਰ ਚਲਾਈਆ । ਕਲਜੁਗ ਅੰਤਮ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਸਮਰਥ ਪੁਰਖ ਇਕ ਇਕੱਲਾ, ਏਕੰਕਾਰਾ ਫੇਰਾ ਪਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਚਾਰੋਂ ਕੁੰਟ ਦਹਿ ਦਿਸ਼ਾ ਡੇਰਾ ਢਾਹਿੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਪੱਲੂ ਸਾਚੀ ਗੰਢ ਬੰਧਾਇੰਦਾ । ਸ਼ਬਦੀ ਜੋਤੀ ਧਾਰ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸਤਿ ਸਤਿਵਾਦੀ ਹਰਿ ਬਿਸਮਿੱਲਾ, ਬਿਸਮਲ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਰਾਇੰਦਾ । ਸਚ ਕਰਨੀ ਕਰੇ ਅੰਤਮ ਕਲਜੁਗ, ਕਰਤਾ ਪੁਰਖ ਫੇਰਾ ਪਾਈਆ । ਭਗਤ ਭਗਵਾਨ ਲਏ ਚੁਗ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਉਜਲ ਕਰੇ ਮਾਤ ਮੁਖ, ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਜਣਾਏ ਸਾਚਾ ਸੁਖ, ਕੂੜੀ ਕਿਰਿਆ ਡੇਰਾ ਢਾਹੀਆ । ਆਬੇਹਯਾਤ ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਇਕੋ ਇਕ ਵਖਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧਿਆਰ ਚੁਕਾਈਆ । ਸ਼ਬਦ ਸੁਣਾਏ ਸਚ ਸਲੋਕ, ਸੋਹੰ ਢੋਲਾ ਰਾਗ ਅਲਾਈਆ । ਪਾਰ ਕਰਾਏ ਮੁਕਤੀ ਮੋਖ, ਭਗਤ ਭਗਵੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਵੇਖਣਹਾਰਾ ਕਲਜੁਗ ਧਾਰ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਚਾਰ ਕੁੰਟ ਦਿਸੇ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਸ਼ਾਸਤਰ ਸਿਮਰਤ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਗੀਤਾ ਗਿਆਨ ਨਾ ਦੇਵੇ ਕੋਇ ਆਧਾਰ, ਅਠ ਦਸ ਅਠਾਰਾਂ ਸੰਗ ਨਾ ਕੋਇ ਨਿਭਾਇੰਦਾ । ਅੰਜੀਲ ਕੁਰਾਨ ਹਾਹਾਕਾਰ, ਹਰਖ ਸੋਗ ਚਿੰਤਾ ਦੁੱਖ ਨਾ ਕੋਇ ਮਿਟਾਇੰਦਾ । ਖਾਣੀ ਬਾਣੀ ਕਰੇ ਨਾ ਕੋਇ ਪਿਆਰ, ਸਚ ਪ੍ਰੀਤੀ ਲੋਕਮਾਤ ਨਾ ਕੋਇ ਕਮਾਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਦਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਤ੍ਰਿਸ਼ਨਾ ਅੱਗ ਨਾ ਕੋਇ ਬੁਝਾਇੰਦਾ । ਨਾਤਾ ਤੁਟਾ ਸਾਕ ਸੈਣ ਯਾਰ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਇੰਦਾ । ਭਾਈ ਭੈਣ ਮਾਤ ਪਿਤ ਦੇਵੇ ਨਾ ਕੋਈ ਕਿਸੇ ਸਹਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਸ੍ਰਿਸ਼ਟ ਸਬਾਈ ਨਾਰ ਹੋਈ ਵਿਭਚਾਰ, ਹਰਿ ਜੂ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਕਲਜੁਗ ਅੰਤ, ਚਾਰ ਕੁੰਟ ਰਹੀ ਕੁਰਲਾਈਆ । ਸਾਚਾ ਮਿਲੇ ਨਾ ਕੋਈ ਸੰਤ, ਸਾਧਨਾ ਸਕੇ ਨਾ ਕੋਇ ਸਮਝਾਈਆ । ਮਿਲੇ ਮੇਲ ਨਾ ਧੁਰ ਦੇ ਕੰਤ, ਨਾਰ ਵਿਛੁਨੀ ਰਹੀ ਕੁਰਲਾਈਆ । ਪਰਦਾ ਚੁੱਕੇ ਨਾ ਜੀਵ ਜੰਤ, ਘਰ ਜੋਤ ਨਾ ਕੋਇ ਰੁਸ਼ਨਾਈਆ । ਅੰਤਰ ਆਤਮ ਮਿਲੇ ਨਾ ਕੋਈ ਮੰਤ, ਪਰਮਾਤਮ ਸੰਗ ਨਾ ਕੋਇ ਰਖਾਈਆ । ਰਸਨਾ ਜਿਹਵਾ ਢੋਲੇ ਗਾ ਗਾ ਥੱਕੇ ਛੰਤ, ਸ਼ਹਿਨਸ਼ਾਹ ਸਿਰ ਹੱਥ ਨਾ ਕੋਇ ਰਖਾਈਆ । ਕਲਜੁਗ ਮਾਇਆ ਪਾਈ ਬੇਅੰਤ, ਪਰਦਾ ਸਕੇ ਨਾ ਕੋਇ ਚੁਕਾਈਆ । ਗੜ੍ਹ

ਬਣਿਆ ਹਉਮੇਂ ਹੰਗਤ, ਹੰ ਬ੍ਰਹਮ ਨਾ ਕੋਇ ਰਸਾਈਆ । ਭੇਵ ਨਾ ਜਾਣੇ ਕੋਈ ਬੋਧ ਅਗਾਧਾ ਬਣ ਕੇ ਪੰਡਤ, ਜਗਤ ਵਿਦਿਆ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖੇਲ ਬੇਪਰਵਾਹੀਆ । ਕਲਜੁਗ ਚਾਰੋਂ ਕੁੰਟ ਰਿਹਾ ਕੂਕ, ਦਹਿ ਦਿਸ਼ਾ ਰਿਹਾ ਜਣਾਈਆ । ਫਿਰੀ ਦਰੋਹੀ ਕੋਈ ਨਜ਼ਰ ਨਾ ਆਏ ਸਚ ਸਪੂਤ, ਪਿਤਾ ਪੁਰਖ ਨਾ ਕੋਇ ਮਨਾਈਆ । ਘਰ ਘਰ ਵੜਿਆ ਜੂਠ ਝੂਠ, ਸਚ ਸੁਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਈਆ । ਕਲ ਕਲਕੀ ਫੇਰਾ ਇਕੋ ਪਾ, ਪਾਰ੍ਬ੍ਰਹਮ ਪ੍ਰਭ ਖੇਲ ਖਿਲਾਇੰਦਾ । ਭਗਤ ਭਗਵਾਨ ਲਏ ਉਠਾ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਆਲਸ ਨਿੰਦਰਾ ਦਏ ਗਵਾ, ਨਾਮ ਨਗਾਰੇ ਚੋਟ ਸੁਣਾਇੰਦਾ । ਸਵੱਛ ਸਰੂਪੀ ਨਜ਼ਰੀ ਜਾਏ ਆ, ਸਤਿ ਸਤਿਵਾਦੀ ਸਾਚਾ ਮੇਲ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਇੰਦਾ । ਨਿਰਗੁਣ ਫੇਰਾ ਪਾਰਬ੍ਰਹਮ, ਹਰਿ ਹਰਿ ਜੂ ਆਪ ਪਾਈਆ । ਲੱਖ ਚੁਰਾਸੀ ਵੇਖੇ ਕਰਮ, ਕਰਮ ਕਾਂਡ ਖੋਜ ਖੁਜਾਈਆ । ਸਾਚਾ ਦਿਸੇ ਨਾ ਕੋਈ ਧਰਮ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਰੇ ਰਹੇ ਕੁਰਲਾਈਆ । ਝਗੜਾ ਪਿਆ ਵਰਨ ਬਰਨ, ਜਾਤ ਪਾਤ ਕਰੇ ਲੜਾਈਆ । ਸਾਚੇ ਪੌੜੇ ਜੀਵ ਜੰਤ ਮੂਲ ਨਾ ਚੜ੍ਹਨ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਕੂੜੀ ਕਿਰਿਆ ਹਉਮੇਂ ਹੰਗਤਾ ਅੰਦਰ ਲੜਨ, ਮਨ ਵਾਸਨਾ ਕਰੇ ਲੜਾਈਆ । ਨਿਰਭੈ ਕੋਲੋਂ ਭੈ ਕਰ ਨਾ ਡਰਨ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਲੇਖਾ ਰਿਹਾ ਜਾਣ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਕਲਜੁਗ ਜੀਵ ਹੋਏ ਅਵਾਣ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਅੰਦਰ ਵੜਿਆ ਕੂੜ ਸ਼ੈਤਾਨ, ਸ਼ਰਅ ਆਪਣੇ ਨਾਲ ਲੜਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰ ਦਿਸੇ ਹਰਾਮ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਘਰ ਬੰਸਰੀ ਨਾਮ ਵਜਾਏ ਨਾ ਕੋਈ ਕਾਹਨ, ਸਾਚੀ ਸਖੀ ਮੇਲ ਨਾ ਕੋਇ ਮਿਲਾਇੰਦਾ । ਸੀਤਾ ਸੁਰਤੀ ਮਿਲੇ ਨਾ ਸੱਚਾ ਰਾਮ, ਰਮਈਆ ਆਪਣਾ ਰੰਗ ਨਾ ਕੋਇ ਰੰਗਾਇੰਦਾ । ਪੈਗੰਬਰ ਦੇਵੇ ਨਾ ਕੋਈ ਪੈਗ਼ਾਮ, ਸੰਦੇਸਾ ਹੱਕ ਨਾ ਕੋਇ ਅਲਾਇੰਦਾ । ਗੁਰੂ ਗੁਰਦੇਵ ਪਿਆਏ ਨਾ ਕੋਈ ਜਾਮ, ਅੰਮ੍ਰਿਤ ਰਸ ਨਾ ਕੋਇ ਚਵਾਇੰਦਾ । ਆਤਮ ਪਰਮਾਤਮ ਕਰੇ ਨਾ ਕੋਇ ਪਹਿਚਾਨ, ਪੜਦਾ ਮਾਇਆ ਨਾ ਕੋਇ ਚੁਕਾਇੰਦਾ । ਸਾਚਾ ਸ਼ਬਦ ਨਾ ਕੋਇ ਗਿਆਨ, ਮੰਤਰ ਨਾਮ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਠਾਏ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਗੁਰਮੁਖ ਵੇਖੇ ਸਾਚੇ ਸੰਤ, ਸਤਿ ਸਤਿਵਾਦੀ ਫੇਰਾ ਪਾਈਆ । ਮਹਿੰਮਾ ਜਣਾਏ ਆਪਣੀ ਅਗਣਤ, ਅਲਖ ਅਗੋਚਰ ਬੇਪਰਵਾਹੀਆ । ਦੇਵੇ ਵਡਿਆਈ ਵਿਚੋਂ ਜੀਵ ਜੰਤ, ਸਾਧ ਸੰਤ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਕਹਿਣ ਪ੍ਰਭ ਸਚ ਦੱਸ, ਦਰ ਤੇਰੇ ਇਕ ਅਰਜ਼ੋਈਆ । ਕਵਣ ਦਵਾਰੇ ਰਿਹੋਂ ਵਸ, ਕਵਣ ਮੰਦਰ ਸੋਭਾ ਪਾਈਆ । ਕਵਣ ਨੂਰ ਜੋਤ ਕਰੇਂ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਕਵਣ ਸਰੂਪ ਹੋ ਕੇ ਦੇਵੇਂ ਸਾਥ, ਸਗਲਾ ਸੰਗ ਨਿਭਾਈਆ । ਕਿਸ ਬਿਧ ਪਾਰ ਉਤਾਰੇਂ ਆਪਣੇ ਘਾਟ, ਤਟ ਕਿਨਾਰਾ ਇਕ ਵਖਾਈਆ । ਕਵਣ ਵੇਲਾ ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸੱਚਾ ਰਾਹ ਜਣਾਈਆ । ਗੁਰ ਅਵਤਾਰ

ਪੀਰ ਪੈਗੰਬਰ ਤੇਰਾ ਦੱਸਦੇ ਗਏ ਭਵਿਖਤ ਵਾਕ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਕਮਲਾਪਾਤ, ਕਵਲ ਨੈਣ ਨੈਣ ਰੁਸ਼ਨਾਈਆ । ਜਿਸ ਦੀ ਨਾ ਕੋਈ ਜਾਤ ਨਾ ਕੋਈ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਸ਼ਬਦ ਸਰੂਪੀ ਸਾਖਿਆਤ, ਜੋਤੀ ਜੋਤ ਜੋਤ ਰੁਸ਼ਨਾਈਆ । ਸਚਖੰਡ ਦਵਾਰਾ ਖੋਲ੍ਹੇ ਇਕੋ ਹਾਟ, ਵਸਤ ਅਮੋਲਕ ਨਾਮ ਸਚ ਵਰਤਾਈਆ । ਜਨ ਭਗਤਾਂ ਅੰਦਰ ਵੜ ਕੇ ਕਰੇ ਬਾਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਬਣਾਏ ਸੱਚਾ ਸਾਕ, ਸੱਜਣ ਇਕੋ ਇਕ ਅਖਵਾਈਆ । ਜੁਗ ਚੌਕੜੀ ਕਦੀ ਨਾ ਹੋਏ ਵਿਨਾਸ, ਅਬਿਨਾਸ਼ੀ ਆਪਨਾ ਨਾਉਂ ਧਰਾਈਆ । ਸਾਚੇ ਸੰਤਾਂ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਸਭ ਦੀ ਪੂਰੀ ਕਰੇ ਆਸ, ਜੋ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਅੰਧੇਰਾ, ਤੇਰਾ ਰੂਪ ਨਜ਼ਰ ਕੋਈ ਨਾ ਆਈਆ । ਕੂੜੀ ਕਿਰਿਆ ਦਿਤਾ ਗੇੜਾ, ਚਾਰੋਂ ਕੁੰਟ ਰਹੀ ਭਵਾਈਆ । ਊਚ ਨੀਚ ਜਾਤ ਪਾਤ ਦੀਨ ਮਜ਼੍ਹਬ ਝੂਠਾ ਝੇੜਾ, ਝਗੜਾ ਸਕੇ ਨਾ ਕੋਇ ਮਿਟਾਈਆ । ਸਾਚਾ ਦਿਸੇ ਸਤਿ ਨਾ ਕੋਈ ਖੇੜਾ, ਖਿੜਕੀ ਬੰਦ ਕਿਵਾੜੀ ਨਾ ਕੋਇ ਖੁਲ੍ਹਾਈਆ । ਤੇਰਾ ਮਾਰਗ ਰਾਹ ਪੰਧ ਦਿਸੇ ਨਾ ਨੇੜਾ, ਦੂਰ ਦੁਰਾਡੇ ਮਿਲਣ ਕੋਇ ਨਾ ਜਾਈਆ । ਭਰਮੇ ਭੁੱਲੇ ਗੁਰੂ ਗੁਰ ਚੇਲਾ, ਗੁਰ ਇਕੋ ਰੰਗ ਨਾ ਕੋਇ ਸਮਾਈਆ । ਤੇਰਾ ਕੋਈ ਨਾ ਜਾਣੇ ਸਾਚਾ ਵੇਲਾ, ਵਾਰ ਥਿਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਜਨ ਭਗਤਾਂ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਦੇ ਦਾਤ, ਹੱਥ ਤੇਰੇ ਵਡਿਆਈਆ । ਗਾ ਗਾ ਥੱਕੇ ਤੇਰੀ ਗਾਥ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਪੜ੍ਹ ਪੜ੍ਹ ਥੱਕੇ ਵਿਚ ਜਮਾਤ, ਮਕਤਬ ਪਾਠਸ਼ਾਲਾ ਫੇਰਾ ਪਾਈਆ । ਤੇਰਾ ਲੇਖਾ ਕਿਸੇ ਨਾ ਆਇਆ ਵਿਚ ਹਿਸਾਬ, ਭੇਤ ਸਕੇ ਨਾ ਕੋਇ ਜਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਰਮ ਪੁਰਖ ਨਵਾਬ, ਨੌਬਤ ਆਪਨੇ ਨਾਮ ਦਏ ਜਣਾਈਆ । ਗੁਰ ਅਵਤਾਰ ਜਿਸ ਦਾ ਲੈਂਦੇ ਰਹੇ ਖ਼ਵਾਬ, ਸੋ ਖ਼ਾਹਿਸ ਸਭ ਦੀ ਪੂਰੀ ਦਏ ਕਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸੀਸ ਸੋਹੇ ਤਾਜ, ਦੋ ਜਹਾਨਾਂ ਹੁਕਮ ਵਰਤਾਈਆ । ਕਲਜੁਗ ਅੰਤ ਜਨ ਭਗਤਾਂ ਰੱਖ ਲਾਜ, ਸਿਰ ਆਪਨਾ ਹੱਥ ਟਿਕਾਈਆ । ਝਗੜਾ ਰਹੇ ਨਾ ਕੋਈ ਸਮਾਜ, ਲੇਖਾ ਮੁਕੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਸਾ ਨਿਰਾਸਾ ਦਏ ਚੁਕਾਈਆ । ਜਨ ਭਗਤ ਕਹਿਣ ਪ੍ਰਭ ਕਰ ਤਰਸ, ਮਿਹਰਵਾਨ ਤੇਰੀ ਸਰਨਾਈਆ । ਸਚ ਦਵਾਰੇ ਦੇ ਦਰਸ, ਘਰ ਸਤਿਗੁਰ ਫੇਰਾ ਪਾਈਆ । ਜਨਮ ਜਨਮ ਦੀ ਮਿਟੇ ਹਰਸ, ਰੋਗ ਸੋਗ ਚਿੰਤਾ ਦੁੱਖ ਗਵਾਈਆ । ਭਗਤਾਂ ਮਿਲਣ ਦਾ ਤੇਰਾ ਫ਼ਰਜ਼, ਫ਼ਜ਼ਲ ਰਹਿਮਤ ਆਪਨੀ ਇਕ ਕਮਾਈਆ । ਤੇਰਾ ਕੋਈ ਨਾ ਹੋਵੇ ਹਰਜ, ਹਰਿ ਜੂ ਵੱਡਾ ਤੂੰ ਦਾਤਾ ਬੇਪਰਵਾਹੀਆ । ਪਰੇਮ ਪ੍ਰੀਤੀ ਸਾਥੋਂ ਲੈ ਖ਼ਰਚ, ਧਨ ਦੌਲਤ ਹੱਥ ਨਾ ਕੋਇ ਰਖਾਈਆ । ਅਬਿਨਾਸ਼ੀ ਕਰਤੇ ਤੇਰਾ ਖੇਲ ਸਦਾ ਅਸਚਰਜ, ਅਚਰਜ ਤੇਰੀ ਲੀਲ੍ਹਾ ਨਜ਼ਰੀ ਆਈਆ । ਹਵਨ ਧਾਰ ਨਾ ਰੱਖਿਆ ਬਰਤ, ਧੂੜੀ ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਘਰ ਔਣਾ ਚਾਈਂ ਚਾਈਂਆ । ਜਨ ਭਗਤ ਕਹਿਣ ਪ੍ਰਭ ਗ਼ਰੀਬ ਨਿਵਾਜ, ਦੀਨਾ ਨਾਥਾਂ ਹੋ ਸਹਾਈਆ । ਕੋੜ੍ਹਿਆਂ ਕਮਲਿਆਂ ਸੁਣ ਆਵਾਜ਼, ਆਪਨੀ ਲੈ ਅੰਗੜਾਈਆ । ਅੰਦਰ ਵੜ ਕੇ ਖੋਲ੍ਹ ਰਾਜ਼, ਭੇਵ ਅਭੇਦਾ ਦੇ

ਸਮਝਾਈਆ । ਮੁਰੀਦਾਂ ਕੋਲੋਂ ਮੁਰਸ਼ਦ ਤੇਰੀ ਪੜ੍ਹੀ ਨਾ ਜਾਏ ਨਿਮਾਜ, ਵੁਜ਼ੂ ਹੱਕ ਨਾ ਕੋਇ ਕਰਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਤੈਨੂੰ ਲੱਭ ਲੱਭ ਥੱਕੇ ਸੰਤ ਸਾਧ, ਲੱਭਿਆ ਹੱਥ ਕਿਸੇ ਨਾ ਆਈਆ । ਆਤਮਕ ਧੁਨ ਤੇਰਾ ਸੁਣਿਆ ਕੋਈ ਨਾ ਨਾਦ, ਅਨਹਦ ਰਾਗ ਨਾ ਕੋਇ ਸੁਣਾਈਆ । ਕਰ ਕਿਰਪਾ ਕਾਇਆ ਮੰਦਰ ਅੰਦਰ ਹੋ ਵਿਸਮਾਦ, ਵਿਸਮਾਦੀ ਆਪਣਾ ਫੇਰਾ ਪਾਈਆ । ਤੇਰਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਮੁੱਕ ਕਦੇ ਨਾ ਜਾਈਆ । ਤੇਰਾ ਰੂਪ ਬ੍ਰਹਮ ਬ੍ਰਹਿਮਾਦ, ਸਤਿ ਸਰੂਪ ਤੇਰੀ ਸਰਨਾਈਆ । ਤੂੰ ਰਾਮ ਅੱਲਾ ਵਾਹਿਗੁਰੂ ਦਿਸੇਂ ਗਾਡ, ਵਾਹਦ ਤੇਰੀ ਓਟ ਤਕਾਈਆ । ਭਗਤਾਂ ਸੁਣ ਫ਼ਰਿਆਦ, ਦਰ ਤੇਰੇ ਰਹੇ ਕੁਰਲਾਈਆ । ਕਲਜੁਗ ਕੂੜੀ ਕਿਰਿਆ ਭਰਿਆ ਇਕ ਜਹਾਜ਼, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਤੀਰਥ ਤਟ ਰਹੇ ਕੁਰਲਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਕਲਜੁਗ ਜੀਵ ਸਾਡੇ ਅੰਦਰ ਨੰਗੇ ਤਾਰੀਆਂ ਰਹੇ ਲਾ, ਕੂੜੀ ਕਿਰਿਆ ਨਾਲ ਮਿਲਾਈਆ । ਚਾਰੋਂ ਕੁੰਟ ਨੈਣ ਰਹੇ ਸ਼ਰਮਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਤੂੰ ਬਣਨਾ ਇਕ ਗਵਾਹ, ਸ਼ਹਾਦਤ ਆਪਣੀ ਆਪ ਭੁਗਤਾਈਆ । ਸਦੀ ਚੌਧਵੀਂ ਪਿਛਲਾ ਲੇਖਾ ਰਿਹਾ ਜਣਾ, ਬੀਸ ਬੀਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਜਨ ਭਗਤ ਕਹਿਣ ਪ੍ਰਭ ਪੀਰ ਪੈਗੰਬਰ ਵੇਖ ਰੋਂਦੇ, ਨੇਤਰ ਨੈਣਾਂ ਨੀਰ ਵਹਾਈਆ । ਸਚਖੰਡ ਦਵਾਰ ਸੁਣੌਂਦੇ, ਸਿਖਿਆ ਸਚ ਨਾ ਕੋਇ ਜਣਾਈਆ । ਇਕੋ ਢੋਲਾ ਤੇਰਾ ਗੌਂਦੇ, ਗਹਿਰ ਗੰਭੀਰ ਧਿਆਨ ਲਗਾਈਆ । ਪਿਛਲੀ ਕੀਤੀ ਭੁੱਲ ਬਖ਼ਸ਼ੌਂਦੇ, ਅੱਗੇ ਆਪਣੀ ਝੋਲੀ ਡਾਹੀਆ । ਚੌਦਾਂ ਤਬਕਾਂ ਫੇਰਾ ਪੌਂਦੇ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਵੇਖ ਗੁਰੂ ਅਵਤਾਰ, ਦਰ ਤੇਰੇ ਕਰਨ ਅਰਜ਼ੋਈਆ । ਚੌਦਾਂ ਲੋਕ ਹਾਹਾਕਾਰ, ਸਤਿ ਸਤਿਵਾਦੀ ਸਤਿ ਨਾ ਕੋਇ ਰਖਾਈਆ । ਫਿਰੀ ਦਰੋਹੀ ਵਿਚ ਸੰਸਾਰ, ਵਰਭੰਡ ਰਹੀ ਕੁਰਲਾਈਆ । ਵਿਸ਼ਨੂੰ ਵਿਸ਼ਵ ਨਾ ਕੋਇ ਪਿਆਰ, ਸਾਚਾ ਮੇਲ ਨਾ ਕੋਇ ਮਿਲਾਈਆ । ਬ੍ਰਹਮੇ ਬ੍ਰਹਮ ਨਾ ਕੋਇ ਉਜਿਆਰ, ਤ੍ਰੈਗੁਣ ਪੜਦਾ ਰਿਹਾ ਪਾਈਆ । ਸ਼ੰਕਰ ਕਰੇ ਨਾ ਕੋਇ ਧਿਆਨ, ਹੱਥ ਤ੍ਰਿਸੂਲ ਨਜ਼ਰ ਕਿਸੇ ਨਾ ਆਈਆ । ਚਾਰੇ ਵੇਦ ਭੁੱਲਿਆ ਜਗਤ ਗਿਆਨ, ਸਿਖਿਆ ਸਚ ਨਾ ਕੋਇ ਕਮਾਈਆ । ਵੇਦ ਵਿਆਸ ਹੋਇਆ ਹੈਰਾਨ, ਹਰਿ ਜੂ ਕੀ ਕੀ ਖੇਲ ਰਚਾਈਆ । ਗੀਤਾ ਗਿਆਨ ਕਰੇ ਨਾ ਕੋਈ ਪਰਵਾਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸ੍ਰੀ ਭਗਵਾਨ ਤੇਰੀ ਕਰੇ ਨਾ ਕੋਈ ਪਹਿਚਾਨ, ਇਸ਼ਟ ਦੇਵ ਸਵਾਮੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਭਗਤ ਕਹਿਣ ਪ੍ਰਭ ਤੇਰੀ ਕੋਈ ਨਾ ਖੋਜੇ ਖੋਜ, ਸਚ ਦਵਾਰੇ ਮਿਲਣ ਕੋਇ ਨਾ ਜਾਈਆ । ਨੇਤਰ ਕੋਈ ਨਾ ਲੋਚਣ ਸਾਚੀ ਕਰੇ ਲੋਚ, ਮਨਸਾ ਮਨ ਨਾ ਕੋਇ ਗਵਾਈਆ । ਆਤਮ ਪਰਮਾਤਮ ਕਰੇ ਨਾ ਕੋਈ ਸੋਚ, ਕੂੜੀ ਕਿਰਿਆ ਅੰਦਰ ਫਸੀ ਸਰਬ ਲੋਕਾਈਆ । ਹਰਿਜਨ ਗੁਰਸਿਖ ਗੁਰਮੁਖ ਹਰਿਭਗਤ ਪ੍ਰਭੂ ਤੇਰੇ ਸਦਾ ਨਿਰਦੋਸ਼, ਦਰ ਬੈਠੇ ਸੀਸ ਝੁਕਾਈਆ । ਰਸਨਾ ਜਿਹਵਾ ਕੁਛ ਨਾ ਬੋਲਣ ਅੰਤਰ ਅੰਤਰ ਬੜੇ ਖ਼ਾਮੋਸ਼, ਮੰਤਰ ਤੇਰਾ ਨਾਮ ਧਿਆਈਆ । ਸਚ ਪ੍ਰੀਤੀ ਚਰਨ ਕਵਲ ਅੰਤਰਜਾਮੀ ਤੇਰੀ ਓਟ,

੬੨੦

੧੬

ਸਰਨ ਸਰਨਾਈ ਇਕੋ ਇਕ ਰਖਾਈਆ । ਤੇਰਾ ਨੂਰ ਵੇਖਣ ਨਿਰਮਲ ਜੋਤ, ਇਸ਼ਟ ਦ੍ਰਿਸ਼ਟ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ੍ਰੀ ਭਗਵਾਨ ਗਹਿਰ ਗੰਭੀਰ, ਸੋ ਕਰਤਾ ਆਪ ਜਣਾਇੰਦਾ । ਜਨ ਭਗਤੋ ਚੋਟੀ ਵੇਖੋ ਚੜ੍ਹ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਜਿਥੇ ਨਿਰਗੁਣ ਨੂਰ ਸਚ ਤਸਵੀਰ, ਮੁਸਵੱਰ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਸ਼ਰਅ ਦਿਸੇ ਜ਼ੰਜੀਰ, ਜ਼ਾਲਮ ਰੂਪ ਨਾ ਕੋਇ ਵਟਾਇੰਦਾ । ਜਿਸ ਦਰ ਤੇ ਝੁਕੇ ਪੈਗ਼ੰਬਰ ਪੀਰ, ਗੁਰ ਅਵਤਾਰ ਸੀਸ ਨਿਵਾਇੰਦਾ । ਜਿਥੇ ਲੇਖਾ ਅੱਖਰਾਂ ਵਿਚ ਨਾ ਹੋਏ ਮਾਰ ਲਕੀਰ, ਪੱਥਰਾਂ ਉਤੇ ਭੇਵ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਜਨ ਭਗਤੋ ਵੇਖੋ ਹਰਿ ਕਾ ਰਾਹ, ਹਰਿ ਰਹਿਬਰ ਆਪ ਜਣਾਈਆ । ਸਤਿ ਸਰੂਪ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸ਼ਬਦ ਗੁਰੂ ਗੁਰ ਦੇਵ ਸਵਾਮੀ ਦਏ ਸਲਾਹ, ਅੰਤਰਜਾਮੀ ਹੁਕਮ ਵਰਤਾਈਆ । ਕੋਟ ਜਨਮ ਦੇ ਬਖ਼ਸ਼ੇ ਆਪ ਗੁਨਾਹ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਪਕੜ ਉਠਾਏ ਗੋਦੀ ਜਿਉਂ ਪੁੱਤਰ ਮਾਂ, ਪਿਤਾ ਪੂਤ ਸਹਿਜ ਸੁਖਦਾਈਆ । ਸੱਚਾ ਸਿਮਰੋ ਓਸ ਦਾ ਨਾਂ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਹੋਏ ਸਹਾਈ ਦੋ ਜਹਾਂ, ਏਥੇ ਓਥੇ ਸਿਰ ਆਪਣਾ ਹੱਥ ਟਿਕਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਜੁਗ ਵਿਛੜਿਆਂ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਣਾਈਆ । ਜਨ ਭਗਤੋ ਉਠੋ ਲਓ ਤੱਕ, ਹਰਿ ਤਕਵਾ ਇਕ ਵਖਾਇੰਦਾ । ਸਭ ਦੀ ਝੋਲੀ ਪਾਏ ਹਕੀਕਤ ਹੱਕ, ਪੂਰਬ ਲੇਖਾ ਆਪ ਵਖਾਇੰਦਾ । ਘਰ ਮੇਲ ਮਿਲਾਵਾ ਕਮਲਾਪਤ, ਪਤਿਪਰਮੇਸ਼ਵਰ ਨਜ਼ਰੀ ਆਇੰਦਾ । ਨਿਜ ਨੇਤਰ ਖੋਲ੍ਹੋ ਅੱਖ, ਦਿੱਬ ਆਪਣਾ ਪਰਦਾ ਲਾਹਿੰਦਾ । ਸਤਿ ਸਰੂਪ ਵੇਖੋ ਪਰਤੱਖ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਜਗਾਏ ਲਟ ਲਟ, ਅਗਿਆਨ ਅੰਧੇਰਾ ਦੂਰ ਕਰਾਇੰਦਾ । ਜਨ ਭਗਤੋ ਉਠੋ ਖੋਲ੍ਹੋ ਅੱਖ, ਸੋ ਸਾਹਿਬ ਆਪ ਸਮਝਾਈਆ । ਆਤਮ ਪਰਮਾਤਮ ਮਿਲ ਕੇ ਪੈਣਾ ਹੱਸ, ਖ਼ੁਸ਼ੀਆਂ ਰਾਗ ਅਲਾਈਆ । ਕੂੜ ਕੁੜਿਆਰਾ ਜਗਤ ਵਿਕਾਰਾ ਜਾਏ ਨੱਸ, ਮਨ ਵਾਸਨਾ ਦੂਰ ਕਰਾਈਆ । ਸਿਰ ਰੱਖੇ ਸਾਹਿਬ ਹੱਥ, ਸਮਰਥ ਦਏ ਵਡਿਆਈਆ । ਧੀਰਜ ਸੰਤੋਖ ਦੇਵੇ ਜਤ, ਹਠ ਕਾਮ ਵਾਸਨਾ ਮੇਟ ਮਿਟਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਤਿੰਨ ਸੌ ਸੱਠ ਹਾਡੀ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਤਮ ਅੰਤਰ ਬੂਝ ਬੁਝਾਈਆ । ਜਨ ਭਗਤੋ ਅੰਦਰ ਮਾਰੋ ਝਾਕੀ, ਦੋਏ ਲੋਚਣ ਬੰਦ ਕਰਾਈਆ । ਤਨ ਮੰਦਰ ਅੰਦਰ ਮਿਲੇ ਪੁਰਖ ਅਬਿਨਾਸ਼ੀ, ਘਰ ਬੈਠਾ ਡੇਰਾ ਲਾਈਆ । ਸਦਾ ਸੁਹੇਲਾ ਸਚ ਪਿਆਲਾ ਜਾਮ ਪਿਆਏ ਸਾਕੀ, ਰਸ ਆਪਣਾ ਨਾਮ ਚਖਾਈਆ । ਪਾਰ ਉਤਾਰੇ ਡੂੰਘੀ ਘਾਟੀ, ਔਝੜ ਰਾਹ ਪੰਧ ਮੁਕਾਈਆ । ਏਥੇ ਓਥੇ ਦੋ ਜਹਾਨਾਂ ਬਣੇ ਸਾਥੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਸਮਝਾਈਆ । ਜਨ ਭਗਤ ਕਹਿਣ ਪ੍ਰਭ ਸਚ ਕਿਹੜਾ ਖੇੜਾ, ਘਰ ਮੰਦਰ ਦੇ ਜਣਾਈਆ । ਜਿਥੇ ਚੁੱਕੇ ਝੂਠਾ ਝੇੜਾ, ਝਗੜਾ ਕੋਇ ਰਹਿਣ ਨਾ ਪਾਈਆ । ਰੂਪ ਨਜ਼ਰੀ ਆਏ ਤੇਰਾ ਮੇਰਾ, ਮੇਰਾ ਤੇਰਾ ਨੂਰ ਇਕ ਰੁਸ਼ਨਾਈਆ । ਅੱਠੇ ਪਹਿਰ ਰਹੇ ਚਾਉ ਘਨੇਰਾ, ਖ਼ੁਸ਼ੀਆਂ ਰੰਗ ਰੰਗਾਈਆ । ਸਚਖੰਡ ਦਵਾਰੇ ਲੱਗੇ ਡੇਰਾ, ਸਿੰਘਾਸਣ

ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇਣਾ ਵਖਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਬੱਚੇ, ਸਾਚੀ ਸਿਖਿਆ ਇਕ ਦ੍ਰਿੜਾਈਆ । ਭਾਗ ਲਗਾਵਾਂ ਮਾਟੀ ਭਾਂਡੇ ਕੱਚੇ, ਤਤਵ ਤਤ ਖੋਜ ਖੁਜਾਈਆ । ਆਤਮ ਪਰਮਾਤਮ ਦੋਵੇਂ ਸੱਚੇ, ਸਚ ਦਵਾਰ ਸਹਿਜ ਸਮਝਾਈਆ । ਪਰੇਮ ਪ੍ਰੀਤੀ ਆਵਣ ਮਜ਼ੇ, ਰਸ ਇਕੋ ਇਕ ਚਖਾਈਆ । ਸਚ ਦਵਾਰਾ ਗੁਰਮੁਖ ਲੰਘੇ, ਹਰਿਜਨ ਆਪਣੇ ਘਰ ਫੇਰਾ ਪਾਈਆ । ਨਿਜ ਆਤਮ ਦੇਵੇ ਪਰਮਾਨੰਦੇ, ਨਿਜਾਨੰਦ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜਨ ਭਗਤ ਕਹਿਣ ਪ੍ਰਭ ਤੇਰਾ ਚਰਨ, ਸਤਿ ਸਤਿਵਾਦੀ ਸਾਚਾ ਨਜ਼ਰੀ ਆਈਆ । ਜਿਸ ਮਸਤਕ ਲਾਇਆਂ ਖੁਲ੍ਹੇ ਹਰਨ ਫਰਨ, ਨਿਜ ਨੇਤਰ ਹੋਏ ਰੁਸ਼ਨਾਈਆ । ਜਿਸ ਦੀ ਧੂੜ ਰੁਲਦਿਆਂ ਚੁੱਕੇ ਮਰਨ ਡਰਨ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇਣਾ ਮੁਕਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਸੁਹੇਲੇ, ਸਚ ਸਹਿਜ ਗੁਣ ਸਰਬ ਸਮਝਾਈਆ । ਕੋਟਨ ਕੋਟਾਂ ਵਿਚੋਂ ਵਿਰਲੇ ਹੋਵਣ ਮੇਲੇ, ਜਿਸ ਪੂਰਬ ਲੇਖਾ ਨਾਲ ਮਿਲਾਈਆ । ਚਾਰੋਂ ਕੁੰਟ ਲੱਭਦੇ ਫਿਰਦੇ ਗੁਰੂ ਗੁਰ ਚੇਲੇ, ਚੇਲੇ ਗੁਰੂਆਂ ਹੱਥ ਕਿਸੇ ਨਾ ਆਈਆ । ਪਾਰਬ੍ਰਹਮ ਅਚਰਜ ਖੇਲ ਨਿਤ ਨਵਿਤ ਸਦਾ ਸਦਾ ਖੇਲੇ, ਖ਼ਾਲਕ ਖ਼ਲਕ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਮੰਦਰ ਸਚ, ਸਚ ਮਿਲੇ ਸਰਨਾਈਆ । ਓਸ ਦਵਾਰੇ ਜਾਈਏ ਵਸ, ਜਿਥੇ ਮਿਲੇ ਨਾ ਕੋਇ ਸਜ਼ਾਈਆ । ਰਾਏ ਧਰਮ ਨਾ ਉਠਾਏ ਆਪਣੀ ਅੱਖ, ਚਿਤਰ ਗੁਪਤ ਨਾ ਲੇਖ ਵਖਾਈਆ । ਇਕੋ ਮਿਲੇ ਪੁਰਖ ਸਮਰਥ, ਦੂਜੀ ਆਸ ਨਾ ਕੋਇ ਤਕਾਈਆ । ਜਨਮ ਮਰਨ ਆਵਣ ਜਾਵਣ ਲੱਖ ਚੁਰਾਸੀ ਗੇੜਾ ਦੇਣਾ ਕੱਟ, ਮਾਤ ਗਰਭ ਨਾ ਫੇਰ ਭਵਾਈਆ । ਲੇਖੇ ਲਾਉਣੀ ਭਗਤਾਂ ਰੱਤ, ਰੱਤੀ ਰੱਤ ਤੇਰੀ ਭੇਟ ਚੜ੍ਹਾਈਆ । ਆਪਣੀ ਕਿਰਪਾ ਦੇਣੀ ਬ੍ਰਹਮ ਮਤ, ਮਨਮਤ ਪਰੇ ਹਟਾਈਆ । ਕਲਜੁਗ ਅੰਤ ਤੇਰੇ ਮਿਲਣ ਵਿਚ ਰਹੇ ਨਾ ਕੋਈ ਸ਼ੱਕ, ਸੰਸਾ ਰੋਗ ਨਾ ਕੋਇ ਸਤਾਈਆ । ਜਨ ਭਗਤਾਂ ਦੇਣਾ ਅਗਲਾ ਪਿਛਲਾ ਹੱਕ, ਦੇਵਣਹਾਰ ਇਕ ਅਖਵਾਈਆ । ਸ੍ਰਿਸ਼ਟ ਸਬਾਈ ਦੇਣ ਛੱਡ, ਖਹਿੜਾ ਛੁੱਟੇ ਮਾਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਹੋਣਾ ਆਪ ਸਹਾਈਆ । ਕਲਜੁਗ ਵੇਖੇ ਕੂੜੋ ਕੂੜ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਹੋਈ ਮੂਰਖ ਮੂੜ੍ਹ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਪੁਰਖ ਅਬਿਨਾਸ਼ੀ ਕੋਲੋਂ ਹੋਏ ਦੂਰ, ਘਰ ਘਰ ਵਿਚ ਦਰਸ ਕੋਇ ਨਾ ਪਾਇੰਦਾ । ਸਾਚਾ ਮਿਲੇ ਨਾ ਕਿਸੇ ਨੂਰ, ਦੀਵਾ ਬੱਤੀ ਮੰਦਰ ਸ਼ਿਵਦਵਾਲੇ ਮੱਠ ਸਰਬ ਜਗਾਇੰਦਾ । ਵਿਦਿਆ ਕਾਰਨ ਹੋਏ ਮਸ਼ਹੂਰ, ਪੰਡਤ ਪਾਂਧਾ ਮੁਲਾਂ ਸ਼ੇਖ਼ ਮਸਾਇਕ ਢੋਲਾ ਗਾਇੰਦਾ । ਪਰਮ ਪੁਰਖ ਦੀ ਵੜੇ ਨਾ ਕੋਇ ਹਦੂਦ, ਸਾਚੀ ਮੰਜ਼ਲ ਵੇਖ ਨਾ ਜੋਤ ਜਗਾਇੰਦਾ । ਸ੍ਰੀ ਭਗਵਾਨ ਦਾ ਦੇਵੇ ਨਾ ਕੋਈ ਸਬੂਤ, ਸਾਚਾ ਭੇਵ ਨਾ ਕੋਇ ਖੁਲ੍ਹਾਇੰਦਾ । ਰਸਨਾ ਜਿਹਵਾ ਸਾਰੇ ਕਹਿਣ ਮਿਲਿਆ ਮਹਿਬੂਬ, ਮੁਹੱਬਤ ਕਰਨ ਵਾਲਾ ਨਜ਼ਰ ਕੋਇ ਨਾ ਆਇੰਦਾ । ਮਾਇਆ ਮਮਤਾ ਘਰ ਘਰ ਲੱਗੀ ਭੁਖ, ਜਗਤ ਤ੍ਰਿਸਨਾ ਨਾ ਕੋਇ ਮਿਟਾਇੰਦਾ । ਹਉਮੇਂ ਹੰਗਤਾ ਲੱਗਾ ਦੁਖ, ਸੁਖ ਆਤਮ ਨਜ਼ਰ ਕਿਸੇ ਨਾ ਆਇੰਦਾ । ਮਿਲੇ ਮੇਲ ਨਾ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਨਾ ਕੋਇ ਕਰਾਇੰਦਾ । ਸਾਚੀ ਮੌਲੇ ਨਾ ਕੋਈ ਰੁੱਤ, ਬਸੰਤ ਬਹਾਰ

ਨਾ ਕੋਇ ਵਖਾਇੰਦਾ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਦਸਮ ਦਵਾਰੀ ਕੋਈ ਨਾ ਲਏ ਬੁਝ, ਨੌ ਦਵਾਰੇ ਪੰਧ ਨਾ ਕੋਇ ਚੁਕਾਇੰਦਾ । ਸੀਸ ਜਗਦੀਸ ਸਚ ਕਿਸੇ ਨਾ ਜਾਏ ਝੁਕ, ਚਰਨ ਕਵਲ ਧਿਆਨ ਨਾ ਕੋਇ ਰਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਕਿਸੇ ਨਾ ਕਹੇ ਆ ਮੇਰੇ ਲਾਡਲੇ ਪੁੱਤ, ਬਿਨ ਭਗਤਾਂ ਅੰਗ ਨਾ ਕਿਸੇ ਲਗਾਇੰਦਾ । ਹਰ ਘਟ ਅੰਦਰ ਬੈਠਾ ਚੁੱਪ, ਬਿਨ ਸਾਚੇ ਸੰਤਾਂ ਆਪਣਾ ਰਾਗ ਨਾ ਕਿਸੇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਖਿਲਾਇੰਦਾ । ਕਲਜੁਗ ਅੰਤਮ ਖੇਲ ਖੇਲੇ ਖ਼ਾਲਕ, ਮਖਲੂਕ ਵੱਡੀ ਵਡਿਆਈਆ । ਨਿਰਗੁਣ ਸਰਗੁਣ ਬਣ ਕੇ ਸਾਲਸ, ਸਾਹਿਬ ਸਤਿਗੁਰ ਵੇਖੇ ਚਾਈਂ ਚਾਈਂਆ । ਸ੍ਰਿਸ਼ਟ ਸਬਾਈ ਗੂੜ੍ਹੀ ਨਿੰਦਰਾ ਸੁਤੀ ਆਲਸ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਨੌ ਖੰਡ ਕਰੇ ਨਾ ਕੋਇ ਸਫ਼ਾਰਸ਼, ਗੁਰ ਅਵਤਾਰ ਸਾਚਾ ਸੰਗ ਨਾ ਕੋਇ ਨਿਭਾਈਆ । ਕਲਮ ਛਾਹੀ ਨਾਲ ਕਾਗ਼ਜ਼ਾਂ ਉਤੇ ਲਿਖੀ ਪੜ੍ਹਨ ਇਬਾਰਤ, ਨਿਰਅੱਖਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਜਨ ਭਗਤ ਇਕੋ ਅੱਖਰ ਪੜ੍ਹਨਾ, ਜਿਸ ਵਿਚ ਮਿਲੇ ਵਡਿਆਈਆ । ਲਹਿਣਾ ਚੁਕੇ ਜੰਮਣਾ ਮਰਨਾ, ਮਰ ਜੀਵਤ ਰੂਪ ਵਟਾਈਆ । ਪਰਮ ਪੁਰਖ ਦੀ ਮਿਲੇ ਸਰਨਾ, ਸਰਨਗਤ ਇਕ ਦਰਸਾਈਆ । ਸਚ ਦਵਾਰੇ ਸਚਖੰਡ ਚੜ੍ਹਨਾ, ਪੌੜੀ ਪੌੜੀ ਪੰਧ ਮੁਕਾਈਆ । ਪਰਮ ਪੁਰਖ ਅਬਿਨਾਸ਼ੀ ਕਰਤੇ ਦਰਸਨ ਕਰਨਾ, ਨਿਜ ਨੇਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਕਵਣ ਭਗਤ, ਹਰਿ ਜੂ ਕਵਣ ਦਇਆ ਕਮਾਇੰਦਾ । ਅੰਤਰ ਆਤਮ ਦੇਵੇ ਸ਼ਕਤ, ਸਾਚੀ ਬਸਤੀ ਵਿਚ ਟਿਕਾਇੰਦਾ । ਸੋਗ ਮਿਟਾਏ ਚਿੰਤਾ ਹਰਖ਼, ਗ਼ਮ ਨੇੜ ਕੋਇ ਨਾ ਆਇੰਦਾ । ਨਿਰਗੁਣ ਹੋ ਕੇ ਵੇਖਿਆ ਪਰਤ, ਪਾਰਬ੍ਰਹਮ ਬ੍ਰਹਮ ਆਪਣਾ ਘਰ ਵਖਾਇੰਦਾ । ਨਿਜ ਦਰਸੀ ਦੇਵੇ ਸਾਚਾ ਦਰਸ, ਪੜਦਾ ਓਹਲਾ ਆਪ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਪਿਛਲੇ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਜਿਸ ਨੇ ਤੇਰੇ ਨਾਲ ਕੀਤਾ ਪਿਆਰ, ਮੁਹੱਬਤ ਸਚ ਇਕ ਵਖਾਈਆ । ਇਸ ਦਾ ਲਹਿਣਾ ਦੇਣਾ ਆਪਣੀ ਝੋਲੀ ਲਵੇ ਡਾਰ, ਕਰਮ ਕਾਂਡ ਕੋਈ ਰਹਿਣ ਨਾ ਪਾਈਆ । ਬੇਸ਼ਕ ਘਵਿੰਡ ਨੂੰ ਛੱਡ ਕੇ ਵਸੇਂ ਵਿਚ ਬਿਹਾਰ, ਪਟਣੇ ਵਿਚ ਰਹਾਈਆ । ਰਾਜ ਨਰੈਣ ਨਾਲ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਭਗਤ ਵਛਲ ਗਿਰਵਰ ਗਿਰਧਾਰ, ਪੁਰਖ ਅਕਾਲ ਬੇਪਰਵਾਹੀਆ । ਡੁੱਬਦੇ ਪਾਥਰ ਲਏ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਇਹੋ ਰਾਮ ਇਹੋ ਕ੍ਰਿਸ਼ਨ ਮੁਰਾਰ, ਗੁਰ ਅਵਤਾਰ ਇਕੋ ਰੂਪ ਅਨੂਪ ਦਰਸਾਈਆ । ਜਿਸ ਦੀ ਮਹਿਮਾਂ ਸ਼ਾਸਤਰ ਸਿਮਰਤ ਵੇਦ ਕਰਦੇ ਰਹੇ ਜੁਗ ਚਾਰ, ਲੇਖਾ ਲਿਖ ਲਿਖ ਜਗਤ ਸੁਣਾਈਆ । ਸਰਬ ਜੀਆਂ ਦਾ ਪਾਲਣਹਾਰ, ਪਰਮ ਪੁਰਖ ਪਰਮਾਤਮ, ਵਡ ਦਾਤਾ ਸਹਿਜ ਸੁਖਦਾਈਆ । ਜਿਸ ਦਾ ਸਾਚਾ ਜਾਣੇ ਨਾ ਕੋਈ ਧਰਮ ਸਨਾਤਨ, ਸਤਿ ਸਤਿਵਾਦੀ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਓਸ ਦੀ ਆਤਮ, ਪਰਮਾਤਮ ਇਕੋ ਨਜ਼ਰੀ ਆਈਆ । ਜਿਨ੍ਹਾਂ ਕਿਰਪਾ ਕਰੀ ਭੇਵ ਖੋਲ੍ਹਿਆ ਬਾਤਨ, ਜਾਹਰ ਜਹੂਰ ਕਰੇ ਰੁਸ਼ਨਾਈਆ । ਰਸਨਾ ਜਿਹਵਾ ਬੱਤੀ ਦੰਦ ਜੀਵ ਜੰਤ ਸਾਰੇ ਆਖਣ, ਬਿਨ ਭਗਤਾਂ ਅੰਦਰ ਵੜ ਕੇ ਦਰਸ ਕੋਇ ਨਾ ਪਾਈਆ । ਗੁਰਮੁਖ ਉਤਰੇ ਸਾਚੇ ਘਾਟਨ, ਘਾਟਾ ਪਿਛਲਾ ਪੂਰ ਕਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬੇਸ਼ਕ ਛੱਡਿਆ ਪਿਛੇ ਘਵਿੰਡ, ਘਨਕਪੁਰ ਵਾਸੀ ਭੁੱਲ ਕਦੇ ਨਾ ਜਾਇੰਦਾ । ਜਿਸ ਦਾ ਲੇਖਾ ਲੋਕ ਪਰਲੋਕ ਦੋ ਜਹਾਨ ਸਾਗਰ ਸਿੰਧ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਨਵ ਨੌ ਚਾਰ ਖੋਜ ਖੁਜਾਇੰਦਾ । ਜਿਸ ਦੇ ਹੁਕਮੇ ਅੰਦਰ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਕਾਰ ਕਮਾਇੰਦਾ । ਜਿਸ ਦੀ ਧਾਰ ਡੂੰਘੀ ਸਾਗਰ ਸਿੰਧ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਜਾਮ ਪਿਆਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਅਨਾਦੀ ਬਿੰਦ, ਸੋ ਸਤਿ ਸਤਿਵਾਦੀ ਸਾਚਾ ਹੁਕਮ ਵਰਤਾਇੰਦਾ । ਜਿਸ ਦਾ ਨਾਮ ਨਿਧਾਨ ਨਿਤ ਨਵਿਤ ਘਰ ਘਰ ਵੱਜੇ ਸਾਚੀ ਕਿੰਗ, ਕਿੰਗਰੇ ਕਿੰਗਰੇ ਮਰਦੰਗ ਇਕੋ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਇੰਦਾ । ਪਾਰ ਕਰਾਏ ਅੰਦਰ ਪਿਆਰ, ਪ੍ਰੀਤੀ ਸਤਿਗੁਰ ਸੱਚੇ ਭਾਈਆ । ਰਾਜ ਨਰਾਇਣ ਇਕ ਦੋ ਲੇਖਾ ਤਿੰਨ ਚਾਰ, ਚੌਹਾਂ ਖੇਲ ਇਕੋ ਘਰ ਵਖਾਈਆ । ਜਿਸ ਮੰਜ਼ਲ ਬੈਠੇ ਆਪ ਨਿਰੰਕਾਰ, ਤਿਸ ਮੰਦਰ ਦੇਵੇ ਮਾਣ ਵਡਿਆਈਆ । ਘਰ ਦੀਵਾ ਬਾਤੀ ਜਗੇ ਇਕ ਅਪਾਰ, ਨੂਰ ਕਰੇ ਰੁਸ਼ਨਾਈਆ । ਸਾਚਾ ਸਾਥੀ ਹਰਿ ਜੂ ਮਿਲਿਆ ਮਦਦਗਾਰ, ਲੋਕਮਾਤ ਦਇਆ ਕਮਾਈਆ । ਪਿਛੇ ਬਣਿਆ ਰਿਹਾ ਬਾਢੀ ਦਾ ਯਾਰ, ਅੱਗੇ ਪੁਰਖ ਅਕਾਲ ਹੋ ਕੇ ਹੋਏ ਸਹਾਈਆ । ਖੇਲੇ ਖੇਲ ਅਵੱਲੜੀ ਚਾਲ, ਜੀਵ ਜੰਤ ਸਮਝ ਸਕੇ ਕੋਇ ਨਾ ਰਾਈਆ । ਰਾਜ ਨਰਾਇਣ ਬਣਿਆ ਵਿਚ ਦਲਾਲ, ਸੌਦਾ ਸਾਚੇ ਹੱਟ ਕਰਾਈਆ । ਅੱਗੇ ਵੇਖਣਾ ਖੇਲ ਕਮਾਲ, ਹਰਿ ਕਰਤਾ ਆਪਣਾ ਭੇਵ ਦਏ ਜਣਾਈਆ । ਭਗਤ ਜਨ ਵੇਖੇ ਸਾਚੇ ਲਾਲ, ਲਾਲਨ ਆਪਣੀ ਗੋਦ ਉਠਾਈਆ । ਜਨਮ ਜਨਮ ਕਰਮ ਕਰਮ ਦੇ ਵਿਛੜੇ ਭਾਲ, ਵਰਨ ਬਰਨ ਵਿਚੋਂ ਬਾਹਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਵਛਲ ਇਕ ਰਘੁਰਾਈਆ । ਭਗਤ ਵਛਲ ਇਕ ਰਘੁਪਤ ਰਘੁਨਾਥ, ਅਨਾਥਾਂ ਦਇਆ ਕਮਾਇੰਦਾ । ਸਾਚੀ ਸਖੀਆਂ ਦੇਵੇ ਸਾਥ, ਕਾਹਨ ਆਪਣੀ ਸੇਵ ਕਮਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਇੰਦਾ । ਅੰਤਰ ਬਾਹਰ ਪੁਛੇ ਵਾਤ, ਵਾਤਾਵਰਨ ਸਭ ਦਾ ਵੇਖ ਵਖਾਇੰਦਾ । ਜਨ ਭਗਤਾਂ ਸੰਝ ਸਵੇਰ ਇਕੋ ਇਕ ਵਖਾਏ ਪਰਭਾਤ, ਪਰਭਾਤੀ ਆਪਣਾ ਰੰਗ ਰੰਗਾਇੰਦਾ । ਘਰ ਮੇਲਾ ਕਮਲਾਪਾਤ, ਪਤਿਪਰਮੇਸ਼ਵਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦੀ ਦਾਤ, ਨਾਮ ਨਿਰੰਕਾਰ ਝੋਲੀ ਪਾਇੰਦਾ । ਨਾਮ ਨਿਧਾਨਾ ਗੌਣਾ ਏਕ, ਅਕਲ ਕਲਧਾਰੀ ਆਪ ਸਮਝਾਈਆ । ਪਤਿਪਰਮੇਸ਼ਵਰ ਸਾਚੀ ਟੇਕ, ਜਨ ਭਗਤਾਂ ਇਕੋ ਇਕ ਸਮਝਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਪੰਜ ਤਤ ਨਾ ਹੋਏ ਹਲਕਾਈਆ । ਅੰਦਰ ਵੜ ਕੇ ਦੱਸੇ ਭੇਤ, ਕਾਇਆ ਮੰਦਰ ਚੜ੍ਹ ਕੇ ਖ਼ੁਸ਼ੀ ਵਖਾਈਆ । ਆਤਮ ਸੁਹਾਏ ਸੁਹੰਜਣੀ ਸੇਜ, ਖਟੀਆ ਇਕੋ ਇਕ ਵਡਿਆਈਆ । ਦਰਸ ਦਿਖਾਏ ਨੇਤਨ ਨੇਤ, ਨਿਜ ਨੇਤਰ ਨਜ਼ਰੀ ਆਈਆ । ਰੁੱਤ ਬਸੰਤੀ ਮੌਲੇ ਗੁਰਮੁਖ ਤੇਰੀ ਚੇਤ, ਸੁਰਤੀ ਚੇਤਨ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਜਣਾਂ ਮਿੱਤਰਾਂ ਦੇਵੇ ਆਪ ਗਿਆਨ, ਅਗਿਆਨਤਾ ਵਿਚੋਂ ਬਾਹਰ ਕਢਾਈਆ ।

★ ੨੪ ਚੇਤ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪਰਦੇਸ਼ ★

ਐਰਾਪਤ ਕਹੇ ਮੋਹੇ ਮਿਲਿਆ ਆਰਾਮ, ਅਗਲੀ ਪਿਛਲੀ ਮੁੱਕੀ ਜੁਦਾਈਆ । ਰਤਨਾਂ ਵਿਚੋਂ ਰਤਨ ਹੋਇਆ ਪਰਵਾਨ, ਪਰਵਾਨਗੀ ਦਿਤੀ ਬੇਪਰਵਾਹੀਆ । ਚਰਨ ਛੋਹ ਸ੍ਰੀ ਭਗਵਾਨ, ਨੇਤਰ ਨੈਣ ਖ਼ੁਸ਼ੀ ਮਨਾਈਆ । ਦਰਸ ਕਰ ਸ਼ਾਹ ਸੁਲਤਾਨ, ਸੰਸਾ ਰੋਗ ਲਿਆ ਮਿਟਾਈਆ । ਨਰ ਹਰਿ ਮਿਲਿਆ ਨੌਜਵਾਨ, ਨਿਰਵੈਰ ਪੁਰਖ ਬੇਪਰਵਾਹੀਆ । ਨਜ਼ਰੀ ਆਇਆ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਮੇਰਾ ਪੂਰਬ ਲੇਖਾ ਕਰ ਪਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗਜ ਕਹੇ ਮੇਰੀ ਆਸਾ ਪੂਰ, ਪਤਿਪਰਮੇਸ਼ਵਰ ਹੋਇਆ ਸਹਾਈਆ । ਜਨਮ ਜਨਮ ਦਾ ਪੈਂਡਾ ਮੁਕਿਆ ਦੂਰ, ਪੰਧ ਰਹਿਣ ਕੋਇ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦਿਸਿਆ ਹਾਜ਼ਰ ਹਜ਼ੂਰ, ਹਜ਼ਰਤ ਇਕੋ ਨੂਰੋ ਨੂਰ ਖ਼ੁਦਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਤੁਟਾ ਗ਼ਰੂਰ, ਸਾਚੀ ਰੀਤੀ ਪਤਤ ਪੁਨੀਤੀ ਚਰਨ ਪ੍ਰੀਤੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫ਼ੀਲ ਕਹੇ ਮੋਹੇ ਚੜ੍ਹਿਆ ਚਾਓ, ਗ੍ਰਿਹਿ ਵੱਜੀ ਸਚ ਵਧਾਈਆ । ਦਰਸ ਪਾਇਆ ਅਗੰਮ ਅਥਾਹੋ, ਬੇਪਰਵਾਹ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਦੋ ਜਹਾਨ ਪਸਾਓ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਰੰਗ ਰੰਗਾਈਆ । ਨਿਹਚਲ ਦੇਵਣਹਾਰਾ ਸਾਚਾ ਥਾਉਂ, ਮਹਲ ਅਟੱਲ ਇਕੋ ਇਕ ਵਖਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਚਰਨ ਕਵਲ ਸੀਸ ਜਗਦੀਸ ਧਰਿਆ ਪਾਉਂ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਜਲਵਾ ਨੂਰ ਇਕ ਖ਼ੁਦਾਈਆ । ਨਿਤ ਨਵਿਤ ਨਰਾਇਣ ਕਰਨਹਾਰ ਸਚ ਨਿਆਉਂ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਮੇਰੇ ਚਰਨ ਛੁਹਾਈਆ । ਚਰਨ ਸੋਹਿਆ ਉਪਰ ਸੀਸ, ਨੇਤਰ ਨੈਣ ਅੱਖ ਅੱਖ ਖੁਲ੍ਹਾਈਆ । ਮਿਲਿਆ ਮੇਲ ਪ੍ਰਭ ਜਗਦੀਸ, ਜਗਦੀਸ਼ਰ ਰੰਗ ਵਖਾਈਆ । ਜੁਗ ਚੌਕੜੀ ਰੱਖਦਾ ਰਿਹਾ ਉਡੀਕ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਧਿਆਨ ਲਗਾਈਆ । ਕਵਣ ਵੇਲਾ ਪਰਮ ਪੁਰਖ ਪਰਮੇਸ਼ਵਰ ਬਖ਼ਸ਼ੇ ਇਕ ਪ੍ਰੀਤ, ਸਾਚੀ ਰੀਤ ਦਏ ਜਣਾਈਆ । ਪੰਜ ਤਤ ਕਾਇਆ ਮਾਟੀ ਕਰੇ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਪੁਰਖ ਸਮਰਥ, ਆਦਿ ਜੁਗਾਦਿ ਦਇਆ ਕਮਾਇੰਦਾ । ਝੋਲੀ ਪਾਏ ਹਕੀਕਤ ਹੱਕ, ਲਾਸ਼ਰੀਕ ਵੇਖ ਵਖਾਇੰਦਾ । ਅੰਤਰ ਦੇਵੇ ਬ੍ਰਹਮ ਮਤ, ਵਿਦਿਆ ਸਤਿ ਸਤਿ ਪੜ੍ਹਾਇੰਦਾ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਖਾਇੰਦਾ । ਦਰ ਘਰ ਸਾਚਾ ਵੇਖਿਆ ਅਗੰਮ, ਅੰਤਰ ਵੱਜੀ ਵਧਾਈਆ । ਸਾਹਿਬ ਸਤਿਗੁਰ ਬੇੜਾ ਦਿਤਾ ਬੰਨ੍ਹ, ਡੁੱਬਦਾ ਪਾਥਰ ਪਾਰ ਕਰਾਈਆ । ਘਰ ਪਰਕਾਸ਼ ਕਰਾਇਆ ਚੰਨ, ਨਿਰਗੁਣ ਨੂਰ ਚੰਦ ਰੁਸ਼ਨਾਈਆ । ਜਗ ਨੇਤਰ ਹੋਏ ਅੰਨ੍ਹ, ਲੋਚਨ ਇਕੋ ਮਿਲੀ ਵਡਿਆਈਆ । ਪੂਰੀ ਮਨਸਾ ਹੋਈ ਮਨ, ਮਮਤਾ ਮੋਹ ਚੁਕਾਈਆ । ਕਰ ਨਿਮਸਕਾਰ ਕਰਾਂ ਧੰਨ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹੱਥ ਟਿਕਾਏ ਸਾਹਿਬ ਸੁਲਤਾਨ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਮਿਲਿਆਂ ਉਪਜੇ ਇਕ ਗਿਆਨ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਸਤਿ ਧਰਮ ਦਾ ਦੱਸੇ ਸਚ ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਝੁਲਾਈਆ । ਜਿਸ ਨੂੰ ਸਜਦਾ ਕਰੇ ਜ਼ਿਮੀਂ ਅਸਮਾਨ, ਲੋਕ ਪਰਲੋਕ ਚੌਦਾਂ ਤਬਕ ਬੈਠੇ ਨੈਣ ਸ਼ਰਮਾਈਆ । ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਮੰਨਣ ਆਣ, ਸੀਸ ਸਕੇ ਨਾ ਕੋਇ ਉਠਾਈਆ । ਓਸ ਪ੍ਰਭੂ ਪੂਰਬ ਲੇਖਾ ਵੇਖਿਆ ਆਣ, ਅਨੁਭਵ ਆਪਣੀ ਧਾਰ ਬੰਧਾਈਆ । ਮੈਂ ਬਾਲੀ ਬੁਧ ਅਵਾਣ, ਸਮਝ ਸੋਚ ਰੱਖਾਂ ਨਾ ਰਾਈਆ । ਮਸਤੀ ਵਿਚ ਹੋ ਹੈਰਾਨ, ਪੰਜ ਤਤ ਸੇਵਾ ਸੱਚੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਫ਼ੀਲ ਕਹੇ ਮੈਂ ਮਸਤ ਹਾਥੀ, ਹੱਥ ਕਿਸੇ ਨਾ ਆਇੰਦਾ । ਜਿਸ ਦੀ ਜਾਤ ਕਿਸੇ ਨਾ ਜਾਤੀ, ਜਾਨਣਹਾਰਾ ਇਕੋ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਬਣੇ ਸਾਥੀ, ਪਤਿਪਰਮੇਸ਼ਵਰ ਨਾਉਂ ਧਰਾਇੰਦਾ । ਨਿਰਗੁਣ ਸਰਗੁਣ ਮਿਲੇ ਕਮਲਾਪਾਤੀ, ਆਤਮ ਪਰਮਾਤਮ ਆਪ ਪਰਨਾਇੰਦਾ । ਨਿਰਧਨ ਸਰਧਨ ਦੇਵੇ ਦਾਤੀ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਗੁਰਦੇਵ, ਸਚ ਸਵਾਮੀ ਵਡ ਵਡਿਆਈਆ । ਦਾਤਾ ਦਾਨੀ ਅਲਖ ਅਭੇਵ, ਅਗੰਮ ਅਥਾਹ ਸਾਰ ਕੋਇ ਨਾ ਪਾਈਆ । ਕਥਨੀ ਕਥ ਨਾ ਸਕੇ ਕੋਈ ਰਸਨਾ ਜਿਹਵ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਜਨਮ ਕਰਮ ਦਾ ਲੇਖਾ ਦੇਵੇ ਅਗੰਮੀ ਮੇਵ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਐਰਾਪਤ ਕਹੇ ਮੋਹੇ ਆਈ ਯਾਦ, ਯਾਦਦਾਸ਼ਤ ਆਪਣੀ ਫੇਰ ਬਣਾਈਆ । ਕਿਸ ਕਾਰਨ ਸੁਣੀ ਮੇਰੀ ਫ਼ਰਿਆਦ, ਮਿਹਰਵਾਨ ਦਇਆ ਕਮਾਈਆ । ਮੇਰੇ ਅੰਤਰ ਵੱਜਾ ਨਾਦ, ਧੁਨ ਰਾਗ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਧੁਰਦਰਗਾਹੀ, ਦਰ ਸਾਚੇ ਦਇਆ ਕਮਾਇੰਦਾ । ਨਿਰਵੈਰ ਹੋ ਕੇ ਬਣਿਆ ਜਗਤ ਮਲਾਹੀ, ਬੇੜਾ ਆਪਣੇ ਕੰਧ ਉਠਾਇੰਦਾ । ਸਾਚੀ ਅਨੁਭਵ ਦਏ ਸਲਾਹੀ, ਸੋਹਣੀ ਗੁਫ਼ਤਾਰ ਨਾਲ ਸਮਝਾਇੰਦਾ । ਨਿਉਂ ਨਿਉਂ ਲਾਗੇ ਇਸ ਦੇ ਪਾਈਂ, ਚਰਨ ਕਵਲ ਇਕ ਵਖਾਇੰਦਾ । ਜਿਸ ਦਾ ਖੇਲ ਜਲ ਥਲ ਅਸਗਾਹੀ, ਮਹੀਅਲ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਗ਼ਰੀਬ ਨਿਮਾਣਿਆਂ ਪਕੜੇ ਬਾਂਹੀਂ, ਨਿਰਧਨ ਸਾਚੀ ਗੋਦ ਉਠਾਇੰਦਾ । ਜਨ ਭਗਤਾਂ ਦੇਵੇ ਸਿਰ ਤੇ ਛਾਈਂ, ਸਮਰਥ ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਜਿਸ ਨੇ ਖੇਲ ਰਚਾਈ, ਲੱਖ ਚੁਰਾਸੀ ਅੰਦਰ ਪ੍ਰਭ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਗਜ ਕਹੇ ਨਮੋ ਦੇਵ ਸਵਾਮੀ, ਸਾਹਿਬ ਸਤਿਗੁਰ ਇਕੋ ਨਜ਼ਰੀ ਆਈਆ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਥਨੀ ਕਥ ਗੌਣ ਕਹਾਣੀ, ਧੁਰ ਸੰਦੇਸਾ ਰਾਗ ਸੁਣਾਈਆ । ਜਿਸ ਦੀ ਸਿਫ਼ਤ ਕਰੇ ਚਾਰੇ ਖਾਣੀ, ਚਾਰੇ ਬਾਣੀ ਮੇਲ ਮਿਲਾਈਆ । ਸੋ ਠਾਕਰ ਸਵਾਮੀ ਘਟ ਘਟ ਬਣਿਆ ਜਾਣ ਜਾਣੀ, ਭੇਵ ਅਭੇਦਾ ਅਛਲ ਅਛੇਦਾ ਰਿਹਾ ਖੁਲ੍ਹਾਈਆ । ਸਚ ਸਿੰਘਾਸਣ ਪ੍ਰਭ ਅਬਿਨਾਸ਼ਨ ਬੈਠਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੇਵੇ ਪਦ ਨਿਰਬਾਣੀ, ਘਰ ਇਕੋ ਇਕ ਵਖਾਈਆ ।

੯੨੫
੧੯

ਘਰ ਵੇਖਿਆ ਪਾਰਬ੍ਰਹਮ, ਵੱਜੇ ਸਚ ਵਧਾਈਆ । ਨਾ ਕੋਈ ਕਾਂਡ ਨਾ ਕੋਈ ਕਰਮ, ਨਿਹਕਰਮੀ ਆਪਣੀ ਖੇਲ ਖਿਲਾਈਆ । ਨਾ ਕੋਈ ਮਰਨ ਨਾ ਕੋਈ ਜਨਮ, ਮਾਤ ਗਰਭ ਨਾ ਕੋਇ ਟਿਕਾਈਆ । ਨਾ ਕੋਈ ਸੰਸਾ ਨਾ ਕੋਈ ਭਰਮ, ਰੋਗ ਸੋਗ ਨੇੜ ਕੋਇ ਨਾ ਆਈਆ । ਇਕੋ ਬਖ਼ਸ਼ੇ ਸਾਚੀ ਸਰਨ, ਸਰਨਗਤ ਇਕ ਅਖਵਾਈਆ । ਸਚ ਮਹਿਰਾਬੇ ਆਇਆ ਚੜ੍ਹਨ, ਨਾਮ ਖ਼ੁਮਾਰੀ ਕੋਲ ਰਖਾਈਆ । ਸੰਤ ਸੁਹੇਲੇ ਆਇਆ ਵਰਨ, ਬੇਅੰਤ ਆਪਣਾ ਵੇਸ ਵਟਾਈਆ । ਦੋ ਜਹਾਨ ਜਿਸ ਦਾ ਨਾਮ ਨਿਧਾਨ ਢੋਲਾ ਪੜ੍ਹਨ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸਰਨੀ ਪੜ੍ਹਨ, ਮਸਤਕ ਟਿੱਕਾ ਧੂੜ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫੀਲ ਕਹੇ ਮੇਰੀ ਵੇਖੋ ਚਰਚਾ, ਜੁਗ ਚੌਕੜੀ ਸਮਝ ਕਿਸੇ ਨਾ ਪਾਈਆ । ਗੁਰਮੁਖ ਮਾਰਿਆ ਮਸਤਕ ਬਰਛਾ, ਪਿਛਲੀ ਕਹਾਣੀ ਅੱਖਾਂ ਅੱਗੇ ਨਜ਼ਰੀ ਆਈਆ । ਨਾ ਕੋਈ ਰੋਗ ਨਾ ਕੋਈ ਹਰਖਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬਰਛਾ ਲੱਗਾ ਤਿਖਾ ਘਾਉ, ਗੋਬਿੰਦ ਧਿਆਨ ਲਗਾਈਆ । ਨਮੋ ਕਰ ਚਰਨ ਕਵਲ ਵੇਖਿਆ ਇਕੋ ਥਾਉਂ, ਨੇਤਰ ਨੈਣ ਨੈਣ ਸ਼ਰਮਾਈਆ । ਤੂੰ ਦਾਤਾ ਬੇਪਰਵਾਹੋ, ਬੇਅੰਤ ਤੇਰੀ ਵਡਿਆਈਆ । ਆਦਿ ਜੁਗਾਦੀ ਪਿਤਾ ਮਾਉਂ, ਮਿਹਰਵਾਨ ਅਖਵਾਈਆ । ਏਥੇ ਓਥੇ ਕਰੇਂ ਸਚ ਨਿਆਉਂ, ਅਦਾਲਤ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਸਚ ਤੇਰੀ ਸਰਨਾਈਆ । ਘਾਉ ਖਾ ਕੇ ਕਰੇ ਧਿਆਨ, ਅੰਤਰ ਮੰਗ ਮੰਗਾਈਆ । ਤੂੰ ਦਾਤਾ ਦਾਨੀ ਮਿਹਰਵਾਨ, ਸੂਰਬੀਰ ਅਖਵਾਈਆ । ਮੈਂ ਬਲਹੀਣ ਨਾਦਾਨ, ਹੰਕਾਰ ਰੂਪ ਵਟਾਈਆ । ਮਦਿ ਮਸਤੀ ਵਿਚ ਸ਼ੈਤਾਨ, ਸ਼ਰਅ ਨਾਲ ਲੜਾਈਆ । ਤੁਧ ਬਿਨ ਸਹਾਈ ਕੋਈ ਨਾ ਦਿਸੇ ਵਿਚ ਜਹਾਨ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਫ਼ੀਲ ਮੰਗੀ ਅੰਤਰ ਮੰਗ, ਬਿਨ ਰਸਨਾ ਜਿਹਵਾ ਬੋਲ ਸੁਣਾਈਆ । ਗੋਬਿੰਦ ਸੂਰਾ ਚੜ੍ਹ ਤੁਰੰਗ, ਵੇਖੇ ਚਾਈਂ ਚਾਈਆ । ਤੇਰੀ ਅੰਤਮ ਪੂਰੀ ਹੋਏ ਉਮੰਗ, ਆਸਾ ਤੇਰੇ ਨਾਲ ਰਖਾਈਆ । ਮੇਰੇ ਨਾਲ ਹੋਵੇ ਮੇਰਾ ਸਾਹਿਬ ਸਰਬੰਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਤੇਰੀ ਨੰਗੀ ਹੋਣ ਨਾ ਦੇਵੇ ਕੰਡ, ਚਰਨ ਕਵਲ ਉਪਰ ਲਏ ਟਿਕਾਈਆ । ਅੰਤਰ ਆਤਮ ਦੇਵੇ ਇਕ ਅਨੰਦ, ਪੁਰੀ ਅਨੰਦ ਵਾਲਾ ਸੱਚਾ ਮਾਹੀਆ । ਜੁਗ ਜਨਮ ਦੀ ਪਿਛਲੀ ਅੱਗੇ ਲਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਈਆ । ਦਿਵਸ ਰੈਣ ਚਲਦਿਆਂ ਫਿਰਦਿਆਂ ਦੇਵੇ ਠੰਡ, ਸਾਂਤਕ ਸਤਿ ਸਤਿ ਵਰਤਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਵੇਖਣੇ ਨੂਰੀ ਚੰਦ, ਜਿਨ੍ਹਾਂ ਅੰਦਰ ਨਿਰਗੁਣ ਜੋਤ ਕਰੀ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਭਗਤ ਭਗਵਾਨ ਬਣਿਆ ਸੰਗ, ਨਾਤਾ ਸਕੇ ਕੋਇ ਤੁੜਾਈਆ । ਮਿਲੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਖ਼ੁਸ਼ੀਆਂ ਗੀਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫ਼ੀਲ ਕਹੇ ਮੇਰੀ ਗਈ ਹਉਮੇ, ਮਮਤਾ ਮੂਲ ਰਹਿਣ ਨਾ ਪਾਈਆ । ਇਹ ਲੇਖ ਲਿਖਾਇਆ ਸਤਿਗੁਰ ਨੌਂਵੇਂ, ਗੋਬਿੰਦ ਲੇਖਾ ਦਏ ਜਣਾਈਆ । ਧੁਰ ਦਾ ਲੇਖਾ ਜਾਣੇ ਕਵਣੇ, ਅਗੰਮ ਅਥਾਹ ਬੇਪਰਵਾਹ ਸਮਝ ਨਾ ਕਿਸੇ ਜਣਾਈਆ । ਲੱਖ ਚੁਰਾਸੀ ਜੀਵ ਜੰਤ ਭਰਮੇ ਫਿਰਦੇ ਅਵਣੇ ਗਵਣੇ, ਅੰਡਜ ਜੇਰਜ ਸੇਤਜ ਉਤਭੁਜ ਫੇਰਾ

ਪਾਈਆ । ਲੇਖ ਚੁਕਾਇਆ ਦੁਸ਼ਟ ਦਮਨੇ, ਦਾਮਨਗੀਰ ਹੋ ਕੇ ਦਇਆ ਕਮਾਈਆ । ਲਹਿਣਾ ਦੇਣਾ ਮੁਕਾਇਆ ਹਰਿ ਸੰਗਤ ਸਾਮ੍ਹਣੇ, ਸਮਝ ਆਪਣੇ ਨਾਲ ਮਿਲਾਈਆ । ਕੋਈ ਭੇਵ ਨਾ ਪਾਵੇ ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਬ੍ਰਾਹਮਣੇ, ਗ੍ਰੰਥੀ ਪੰਥੀ ਧਾਰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਇਕ ਅਖਵਾਈਆ । ਚੁਕਾ ਲੇਖਾ ਵਿਚ ਮਾਤ, ਸਚ ਦਵਾਰ ਮਿਲੇ ਵਡਿਆਈਆ । ਲੇਖਾ ਲਿਖਿਆ ਕਲਮ ਦਵਾਤ, ਛਾਹ ਸ਼ਹਾਦਤ ਦਏ ਭੁਗਤਾਈਆ । ਸਾਹਿਬ ਸਤਿਗੁਰ ਦਰਸ਼ਨ ਪਾਇਆ ਸਾਖਿਆਤ, ਸਖ਼ੀ ਸਰਵਰ ਇਕੋ ਨਜ਼ਰੀ ਆਈਆ । ਅੱਗੇ ਵਾਸਤੇ ਜਨਮ ਮਰਨ ਵਿਚੋਂ ਹੋਇਆ ਆਜ਼ਾਦ, ਜੂਨੀ ਜੂਨ ਨਾ ਕੋਇ ਭਵਾਈਆ । ਖੇੜਾ ਵਸਿਆ ਤਨ ਹੋਇਆ ਬਰਬਾਦ, ਅੰਤਰ ਆਤਮ ਘਰ ਮਹਿਕਾਈਆ । ਚਰਨ ਕਵਲ ਲੱਗ ਧੁਰ ਦਾ ਆਇਆ ਇਕ ਸਵਾਦ, ਰਸਨਾ ਰਸ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਿਤਾ ਮੁਕਾਈਆ । ਫ਼ੀਲ ਕਹੇ ਮੇਰੇ ਸਚ ਸਵਾਮੀ, ਦਰ ਤੇਰੇ ਸਚ ਅਰਜ਼ੋਈਆ । ਲੱਖ ਚੁਰਾਸੀ ਘਟ ਘਟ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਂਆ । ਭਗਤ ਵਛਲ ਸਾਹਿਬ ਸੁਲਤਾਨੀ, ਪੁਰਖ ਅਕਾਲ ਤੇਰੀ ਸਰਨਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰੀ ਲੋਕਮਾਤ ਦਿਸਣ ਨਿਸ਼ਾਨੀ, ਨਿਸ਼ਾਨਾ ਤੇਰਾ ਨਾਉਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਫ਼ੀਲ ਕਹੇ ਤੂੰ ਸਾਹਿਬ ਫ਼ਾਜ਼ਲ, ਰਹਿਮਤ ਤੇਰੇ ਹੱਥ ਵਡਿਆਈਆ । ਆਦਿ ਜੁਗਾਦੀ ਧੁਰ ਦਾ ਆਦਲ, ਅਦਾਲਤ ਇਕੋ ਇਕ ਵਖਾਈਆ । ਜਨਮ ਕਰਮ ਕਰੇਂ ਤਬਾਦਲ, ਬਦਲੀ ਆਪਣੇ ਹੱਥ ਰਖਾਈਆ । ਮੇਰੇ ਸੰਗ ਪਾਰ ਕਰੌਣਾ ਮੇਰਾ ਮਹਾਵਤ, ਜਿਸਦੀ ਅਦਾਵਤ ਗੋਬਿੰਦ ਨਾਲ ਨਜ਼ਰੀ ਆਈਆ । ਦਰ ਦਰਬਾਰ ਅੱਗੇ ਹੋ ਕੇ ਦੇਵੇ ਵਿਚ ਜ਼ਮਾਨਤ, ਸਫ਼ਾਰਸ਼ ਤੇਰਾ ਨਾਮ ਰਖਾਈਆ । ਤੂੰ ਸਾਹਿਬ ਸਤਿਗੁਰ ਸਹੀ ਸਲਾਮਤ, ਆਦਿ ਪੁਰਖ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਸਾਹਿਬ ਸਤਿਗੁਰ ਨਿਰਗੁਣ ਧਾਰ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜੁਗ ਚੌਕੜੀ ਆਦਿ ਜੁਗਾਦਿ ਨਿਤ ਨਵਿਤ ਵੇਖੇ ਸਚ ਸੁਚ, ਘਟ ਘਟ ਅੰਤਰ ਬਾਹਰ ਖੋਜ ਖੁਜਾਇੰਦਾ । ਅੰਦਰ ਵੜ ਕੇ ਪੌੜੇ ਚੜ੍ਹ ਕੇ ਸੁਰਤੀ ਸ਼ਬਦੀ ਲਏ ਪੁਛ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਸਜਦਾ ਸੀਸ ਝੁਕਾਇਆ ਚਰਨ ਕਵਲ ਝੁਕ, ਨੇਤਰ ਨੈਣ ਨੈਣ ਧਿਆਨ ਲਗਾਇੰਦਾ । ਤੇਰਾ ਪੈਂਡਾ ਗਿਆ ਮੁੱਕ, ਸੰਗੀ ਸਾਥੀ ਪਾਰ ਕਰਾਇੰਦਾ । ਧੰਨ ਵਡਿਆਈ ਸਾਚੇ ਗੁਰਮੁਖ ਗੁਰਸਿਖ, ਜੋ ਤੇਰਾ ਪਿਛਲਾ ਮੇਲ ਕਰਾਇੰਦਾ । ਲਹਿਣਾ ਦੇਣਾ ਮਾਤਲੋਕ ਵਿਚੋਂ ਗਿਆ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਲਹਿਣਾ ਦੇਣਾ ਚੁੱਕਿਆ ਜੱਗ, ਜਗ ਜੀਵਣਦਾਤਾ ਆਪ ਮੁਕਾਈਆ । ਜਨਮ ਕਰਮ ਦੀ ਤ੍ਰਿਸਨਾ ਮਿਟੀ ਅੱਗ, ਤਤਵ ਤਤ ਨਾ ਕੋਇ ਤਪਾਈਆ । ਆਵਣ ਜਾਵਣ ਪਾਰ ਕਿਨਾਰਾ ਪੰਧ ਮੁਕਾਇਆ ਹੱਦ, ਹਦੂਦ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫ਼ੀਲ ਕਹੇ ਮੈਂ ਤੋੜਾਂ ਫ਼ਸੀਲ, ਫ਼ੈਸਲਾ ਹੁਕਮੇ ਅੰਦਰ ਰਸਾਈਆ । ਅੰਦਰੋਂ ਮੇਰੀ ਗੋਬਿੰਦ ਨਾਲ ਦਲੀਲ, ਬਾਹਰੋਂ ਕੂੜ ਕਰਾਂ ਲੜਾਈਆ । ਹੁਣ ਬਣਿਆ ਇਕ ਵਕੀਲ, ਵਕਾਲਤ ਸਾਚੀ ਵਿਚ ਫ਼ੈਸਲਾ ਹੱਕ ਸੁਣਾਈਆ । ਚੌਥੇ ਜੁਗ

ਮੇਰੀ ਅੰਤਮ ਇਕ ਅਪੀਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਦਰ ਠਾਂਡਾ ਨਜ਼ਰੀ ਆਈਆ । ਗਜ ਕਹੇ ਮੇਰੇ ਸੁਹਾਏ ਪੈਰ, ਚੌਥੇ ਜੁਗ ਚੌਂਹ ਮਿਲੀ ਵਡਿਆਈਆ । ਜਿਸ ਦੀ ਕੋਈ ਨਾ ਜਾਣੇ ਲਹਿਰ, ਲਹਿਰ ਵਿਚੋਂ ਧਾਰ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਸਚ ਸਿੰਘਾਸਣ ਬਹਿ ਕੇ ਦੋ ਜਹਾਨਾਂ ਕਰੀ ਸੈਰ, ਲੋਕਮਾਤ ਆਪਣੀ ਖੇਲ ਵਖਾਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਉਤੇ ਕਰੀ ਮਿਹਰ, ਆਸਣ ਸਿੰਘਾਸਣ ਸੋਹਣਾ ਆਪ ਸੁਹਾਈਆ । ਦੂਰ ਦੁਰਾਡਾ ਚਲ ਕੇ ਆਇਆ ਨੇਰਨ ਨੇਰ, ਪੁਰੀ ਲੋਅ ਬ੍ਰਹਿਮੰਡ ਖੰਡ ਆਰ ਪਾਰ ਕਿਨਾਰਾ ਆਪਣਾ ਪੰਧ ਮੁਕਾਈਆ । ਪੂਰਬ ਲਹਿਣਾ ਪਿਛਲਾ ਲੇਖਾ ਮੇਰਾ ਦਿਤਾ ਨਬੇੜ, ਝਗੜਾ ਝੇੜਾ ਅੱਗੇ ਨਾ ਕੋਇ ਜਣਾਈਆ । ਅੰਦਰੇ ਅੰਦਰ ਚਰਨ ਕਵਲ ਮੈਂ ਢਹਿ ਢਹਿ ਹੋਇਆ ਢੇਰ, ਢੇਰੀ ਆਪਣੀ ਖ਼ਾਕ ਜਣਾਈਆ । ਸ਼ਰਨ ਤੱਕੀ ਸ਼ਹਿਨਸ਼ਾਹ ਇਕੋ ਸ਼ੇਰ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜਿਸ ਜੁਗ ਚੌਕੜੀ ਗੇੜਾ ਦਿਤਾ ਗੇੜ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਹੁਕਮੇ ਵਿਚ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਲਹਿਣਾ ਦੇਣਾ ਦੇਵੇ ਥਾਉਂ ਥਾਈਂਆ ।

★ ੨੫ ਚੇਤ ੨੦੨੧ ਬਿਕ੍ਰਮੀ ਬਾਲਮੀਕ ਦੀ ਕੁਟੀਆ ਉਤੇ ਬਿਠੂਰ ਕਾਨਪੁਰ ਉਤਰ ਪ੍ਰਦੇਸ਼ ★



ਪੰਡਤ ਕਵਣ ਸਾਚਾ ਚਰਨਾਮਿਤ, ਮਿੱਤਰ ਸ੍ਰੀ ਭਗਵਾਨ ਮਿਲਾਈਆ । ਨਿਰੰਤਰ ਬ੍ਰਹਮ ਕਰੇ ਹਿਤ, ਮਾਇਆ ਪਰਦਾ ਪਰੇ ਹਟਾਈਆ । ਦਿਬ ਨੇਤਰ ਆਏ ਦਿਸ, ਨਿਰਗੁਣ ਨਿਰੰਕਾਰ ਨਿਰਾਕਾਰ ਜੋਤ ਰੁਸ਼ਨਾਈਆ । ਬਾਲਮੀਕ ਜੋ ਲਗਾਵੇ ਖਿਚ, ਧੁਨ ਆਤਮਕ ਰਾਗ ਸੁਣਾਈਆ । ਧਾਮ ਵਖਾਏ ਅਵੱਲੜਾ ਅਨਡਿਠ, ਜਗ ਨੇਤਰ ਨਜ਼ਰ ਨਾ ਆਈਆ । ਸਤਿ ਵਿਦਿਆ ਕਿਥੋਂ ਲਈ ਸਿਖ, ਕਵਣ ਕਰੇ ਪੜ੍ਹਾਈਆ । ਕਵਣ ਕਹੇ ਕਲਮ ਛਾਹੀ ਕਾਗ਼ਜ਼ ਲੇਖ ਲਿਖ, ਧੁਰ ਦਾ ਹੁਕਮ ਫ਼ਰਮਾਣ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨਾਮਿਤ ਇਕੋ ਦਰ ਰਖਾਈਆ । ਚਰਨਾਮਿਤ ਕਵਣ ਸਤਿ, ਸ਼ੰਕਰ ਪਿੰਡੀ ਕਵਣ ਵਡਿਆਈਆ । ਕਿਸ ਬਿਧ ਉਪਜੇ ਬ੍ਰਹਮ ਮਤ, ਬ੍ਰਹਮ ਵਿਦਿਆ ਸਚ ਪੜ੍ਹਾਈਆ । ਲੇਖਾ ਮੁਕੇ ਤਤਵ ਤਤ, ਵਾਸਤਕ ਵਸਤੂ ਇਕੋ ਨਜ਼ਰੀ ਆਈਆ । ਮਿਲੇ ਮੇਲ ਪੁਰਖ ਸਮਰਥ, ਸ੍ਰੀ ਭਗਵਾਨ ਜੋੜ ਜੁੜਾਈਆ । ਬਾਲਮੀਕ ਜਿਸ ਦੀ ਚਰਨੀ ਗਿਆ ਢੱਠ, ਸੀਸ ਜਗਦੀਸ ਝੁਕਾਈਆ । ਸੋ ਭੂਮਿਕਾ ਅਸਥਾਨ ਸਾਚਾ ਗ੍ਰਿਹਿ ਦੇਣਾ ਦੱਸ, ਮੰਦਰ ਕਵਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਚਰਨੋਦਕ ਕਵਣ ਰੂਪ ਵਟਾਈਆ । ਚਰਨ ਚਰਨੋਦਕ ਕਿਸੇ ਹੱਥ ਨਾ ਆਵੇ ਪੰਡਤ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਾਰ ਕੁੰਟ ਚਾਰੇ ਖਾਣੀ ਧਿਆਨ ਲਗਾਈਆ । ਕੋਟਾਂ ਵਿਚੋਂ ਭਗਤ ਭਗਵਾਨ ਦਰ ਬਣੇ ਮੰਗਤ, ਆਪਣੀ ਇਛਿਆ ਝੋਲੀ ਅੱਗੇ ਡਾਹੀਆ । ਕਿਰਪਾ ਕਰੇ ਸਾਹਿਬ ਸੂਰਾ ਸਰਬੰਗਤ, ਸਤਿ ਸਤਿਵਾਦੀ ਦਇਆ ਕਮਾਈਆ । ਨਿਰਗੁਣ ਨਿਰੰਕਾਰ ਸਰਗੁਣ ਅੰਗੀਕਾਰ ਕਾਰ ਅੰਗਤ, ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਕਾਇਆ ਚੋਲੀ ਨਾਮ ਨਿਧਾਨ ਚਾੜ੍ਹ ਰੰਗਤ, ਅੰਮ੍ਰਿਤ ਰਸ ਅੰਤਰ ਜਾਮ ਪਿਆਈਆ । ਮਾਨੁਸ਼ ਮਾਨੁਖ ਮਾਨਵ ਬਣਾਏ ਬਣਤਰ, ਘਰ ਸਚ ਦੇਵੇ ਵਡਿਆਈਆ । ਸਚ ਚਰਨੋਦਕ ਚਰਨਾਮਿਤ

ਨਿਜ ਘਰ ਪਿਆਏ ਆਪ ਨਿਰੰਤਰ, ਝਿਰਨਾ ਇਕੋ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚਰਨਾਮਿਤ ਇਕ ਵਖਾਈਆ । ਚਰਨਾਮਿਤ ਨਜ਼ਰ ਨਾ ਆਵੇ ਜਗਤ ਕਟੋਰੇ, ਗੜਵਾ ਖ਼ੁਸ਼ੀ ਨਾ ਕੋਇ ਜਣਾਈਆ । ਜੁਗ ਚੌਕੜੀ ਜਨ ਭਗਤਾਂ ਸ੍ਰੀ ਭਗਵਾਨ ਆਪ ਵਰਤਾਏ ਭੋਰੇ ਭੋਰੇ, ਥੋੜਾ ਥੋੜਾ ਮੁਖ ਅੰਤਰ ਜਾਮ ਪਿਆਈਆ । ਜਿਨ੍ਹਾਂ ਪੀਤਾ ਤਿੰਨਾਂ ਆਪੇ ਬੌਹੜੇ, ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਖ਼ੁਸ਼ੀ ਮਨਾਈਆ । ਬਾਲਮੀਕ ਬਟਵਾਰਾ ਵਰ ਇਕੋ ਲੋੜੇ, ਨੇਤਰ ਨੈਣ ਅੱਖ ਧਿਆਨ ਲਗਾਈਆ । ਅੰਤ ਕਾਲ ਕਲ ਕਾਤੀ ਕੋਈ ਨਾ ਬੌਹੜੇ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨਾਮਿਤ ਚਰਨੋਦਕ ਆਪਣੇ ਹੱਥ ਰਖਾਈਆ । ਸਾਚਾ ਚਰਨਾਮਿਤ ਪੰਡਤ ਜੀ ਦੇਣਾ ਦੱਸ, ਕਵਣ ਸਚ ਸਚ ਵਰਤਾਈਆ । ਜਿਸ ਦੇ ਪੀਤਿਆਂ ਮਨ ਵਾਸਨਾ ਹੋਵੇ ਵਸ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਕਾਇਆ ਮੰਦਰ ਅੰਦਰ ਨਿਰਗੁਣ ਜੋਤ ਹੋਵੇ ਪਰਕਾਸ਼, ਜੋਤ ਨਿਰੰਜਣ ਡਗਮਗਾਈਆ । ਜਨਮ ਕਰਮ ਦੀ ਪੂਰਬ ਪੂਰੀ ਹੋਵੇ ਆਸ, ਤ੍ਰਿਸਨਾ ਕੂੜੀ ਦਏ ਚੁਕਾਈਆ । ਜਿਸ ਦਵਾਰੇ ਬਾਲਮੀਕ ਹੋਇਆ ਦਾਸੀ ਦਾਸ, ਬਜਵਾੜਾ ਆਪਣਾ ਸੀਸ ਨਿਵਾਈਆ । ਸੋ ਜੰਗਲ ਜੂਹ ਉਜਾੜ ਪਹਾੜ ਪ੍ਰਭ ਵੇਖਣਹਾਰ ਪਰਭਾਸ, ਡੂੰਘੀ ਕੰਦਰ ਖੋਜ ਖੁਜਾਈਆ । ਲੇਖਾ ਜਾਣੇ ਚੋਟੀ ਪਰਬਤ ਉਤੇ ਕੈਲਾਸ਼, ਪਾਰਬ੍ਰਹਮ ਬ੍ਰਹਮ ਪੜਦਾ ਆਪ ਚੁਕਾਈਆ । ਵਿਸ਼ਨ ਹੋ ਕੇ ਵਿਸ਼ਵ ਕਰੇ ਤਲਾਸ਼, ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨਾਂ ਖੋਜ ਖੁਜਾਈਆ । ਹਰਿ ਕਾ ਚਰਨਾਮਿਤ ਕੋਈ ਪਿਆਏ ਨਾ ਵਿਚ ਗਲਾਸ, ਕਟੋਰਾ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਜਿਨ੍ਹਾਂ ਆਪ ਦੇਵੇ ਪੁਰਖ ਅਬਿਨਾਸ਼, ਅਬਿਨਾਸ਼ੀ ਰੂਪ ਦਏ ਬਣਾਈਆ । ਇਕ ਚਰਨਾਮਿਤ ਪੀਣ ਦੀ ਸਭਨਾਂ ਰੱਖੀ ਆਸ, ਬਿਨ ਭਗਤਾਂ ਲੋਕਮਾਤ ਹੱਥ ਕਿਸੇ ਨਾ ਆਈਆ । ਸਾਚੀ ਪੂੰਜੀ ਧੁਰ ਦੀ ਰਾਸ, ਪਰਮ ਪੁਰਖ ਪੁਰਖੋਤਮ ਪਾਰਬ੍ਰਹਮ ਪਤਿਪਰਮੇਸ਼ਵਰ ਸਦ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨਾਮਿਤ ਆਪਣਾ ਆਪ ਬਣਾਈਆ । ਪੰਡਤ ਜੀ ਦੱਸੋ ਕੀ ਅੰਮ੍ਰਿਤ ਰਸ, ਚਰਨਾਮਿਤ ਕਵਣ ਵਡਿਆਈਆ । ਕਵਣ ਮਾਰਗ ਦੇਵੇ ਦੱਸ, ਰਾਹ ਸਾਚਾ ਇਕ ਸਮਝਾਈਆ । ਮਿਲੇ ਮੇਲ ਪੁਰਖ ਸਮਰਥ, ਮਹਿਮਾ ਅਕਥ ਦਏ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗੁਰ ਅਵਤਾਰ ਜਿਸ ਦਾ ਗੌਂਦੇ ਜਸ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਦੂਰ ਦੁਰਾਡਾ ਨੇਰਨ ਨੇਰਾ ਘਰ ਸਾਚੇ ਆਵੇ ਨੱਸ, ਬਣ ਪਾਂਧੀ ਪੰਧ ਮੁਕਾਈਆ । ਗੱਲਾਂ ਬਾਤਾਂ ਦੀ ਨਹੀਂ ਕੋਈ ਗਾਥ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਅੰਦਰ ਵੜ ਕੇ ਵੇਖੋ ਮਾਰ ਝਾਤ, ਕੀ ਅੰਮ੍ਰਿਤ ਰਸ ਤੁਹਾਡੇ ਨਿਝਰ ਝਿਰਨਾ ਝਿਰ ਝਿਰ ਆਪਣਾ ਇਸ਼ਟ ਪਕਾਈਆ । ਬੰਦ ਕਿਵਾੜੀ ਖੋਲ੍ਹ ਕੇ ਵੇਖੋ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਪੜ੍ਹਿਆਂ ਉਹ ਨਾ ਆਵੇ ਸਵਾਦ, ਅੰਦਰ ਵੜਿਆਂ ਸਤਿ ਸਰੂਪ ਸਮਾਈਆ । ਸੋ ਪੰਡਤ ਜੋ ਪਾਰਬ੍ਰਹਮ ਵਿਚ ਹੋਏ ਵਿਸਮਾਦ, ਬ੍ਰਹਮ ਵਿਸਮਾਦੀ ਰੂਪ ਸਮਾਈਆ । ਜਿਸ ਦਾ ਖੇਲ ਆਦਿ ਜੁਗਾਦਿ, ਨਾਦ ਅਨਾਦੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਸਾਚਾ ਇਕੋ ਇਕ ਮੰਗ ਮੰਗਾਈਆ । ਪੰਡਤ ਜੀ ਕੀ ਤੁਸਾਂ ਅੰਮ੍ਰਿਤ ਪੀਤਾ, ਚੁੱਲੀ ਹੱਥਾਂ ਉਤੇ ਟਿਕਾਈਆ । ਤਨ ਮਨ ਹੋਇਆ ਠਾਂਡਾ ਸੀਤਾ, ਪੰਜ ਤਤ ਅੱਗ ਨਾ ਕੋਇ ਜਲਾਈਆ । ਕੀ ਆਇਆ ਗਿਆਨ ਬਿਨ ਪੜ੍ਹਿਆਂ ਅਠਾਰਾਂ

੯੨੯
੧੯

ਧਿਆਏ ਗੀਤਾ, ਰਾਮ ਕ੍ਰਿਸ਼ਨਾ ਸਨਮੁਖ ਨਜ਼ਰੀ ਆਈਆ । ਕੀ ਮਿੱਠਾ ਹੋਇਆ ਕੌੜਾ ਰੀਠਾ, ਸਚ ਮਿਠਾਸ ਇਕੋ ਤਤ ਭਰਾਈਆ । ਕੀ ਲੇਖਾ ਚੁਕਿਆ ਨੀਚਾਂ ਊਚਾਂ, ਜਾਤ ਅਜਾਤ ਲੇਖਾ ਦਿਤਾ ਗਵਾਈਆ । ਜਿਸ ਅੰਮ੍ਰਿਤ ਰਸ ਨਾਮ ਨਿਧਾਨ ਸਚ ਦਵਾਰਿਉਂ ਪੀਤਾ, ਸੋ ਪਤਤ ਪਾਪੀ ਪੁਨੀਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਚਰਨਾਮਿਤ ਧੁਰ ਦਾ ਆਪ ਵਰਤਾਈਆ । ਪੰਡਤ ਜੀ ਅੰਮ੍ਰਿਤ ਵਸਤੂ ਕੀ, ਕਵਣ ਦੇਵੇ ਵਰਤਾਈਆ । ਜਿਸ ਨਾਲ ਨਿਰਮਲ ਹੋਵੇ ਜੀ, ਜੀਵ ਆਤਮਾ ਭੇਵ ਰਹਿਣ ਕੋਇ ਨਾ ਪਾਈਆ । ਲੇਖਾ ਚੁਕੇ ਸਾਢੇ ਤਿੰਨ ਹੱਥ ਸੀਂ, ਰਵਦਾਸ ਚੁਮਾਰਾ ਦਏ ਗਵਾਹੀਆ । ਬਟਵਾਰਾ ਬਜਵਾੜਾ ਬਾਲਮੀਕ ਫੇਰ ਓਸੇ ਦਾ ਅਧੀਨ, ਜਿਸ ਮਸਕੀਨ ਦਿਤਾ ਬਣਾਈਆ । ਧੁਰ ਦੇ ਪੰਡਤ ਕੋਲੋਂ ਪੜ੍ਹੋ ਤਾਅਲੀਮ, ਵਿਦਿਆ ਇਕੋ ਦਏ ਸਮਝਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨਾਂ ਵਾਲੀ ਵਖਾਏ ਆਪਣਾ ਨਿਰਗੁਣ ਨੂਰ ਸਚ ਸੀਨ, ਸਵੱਛ ਸਰੂਪੀ ਰੂਪ ਵਟਾਈਆ । ਜਿਸ ਦਾ ਫ਼ਰਮਾਣ ਹੁਕਮ ਚੌਦਾਂ ਲੋਕ ਤ੍ਰੈਭਵਨ ਚਲੇ ਲੱਖ ਚੁਰਾਸੀ ਜੀਵ ਜੰਤ ਅਧੀਨ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨਾਮਿਤ ਚੁਲੀ ਦਿਸੇ ਅਨਮੁਲੀ, ਜਿਸ ਦੀ ਕੀਮਤ ਕਿਸੇ ਨਾ ਪਾਈਆ । ਪੰਡਤ ਜੀ ਚਰਨਾਮਿਤ ਕਿਸ ਨੂੰ ਵਰਤਾਇਆ, ਪੀਵਣਹਾਰ ਕਵਣ ਅਖਵਾਈਆ । ਜੇ ਅੰਤਰ ਅੱਖ ਹੈ ਵੇਖੋ ਖੋਲ੍ਹ ਨਜ਼ਾਰਾ, ਕੀ ਕੁਛ ਸਾਮ੍ਹਣੇ ਨਜ਼ਰੀ ਆਈਆ । ਜਿਸ ਦੇ ਪਿਛੇ ਬਾਲਮੀਕ ਰੁਲਿਆ ਵਿਚ ਉਜਾੜਾਂ, ਸੋ ਠੋਕਰ ਨਾਮ ਲਗਾਈਆ । ਜਿਸ ਰਾਮ ਦਾ ਨਾਮ ਕੀਤਾ ਉਜਿਆਰਾ, ਲੇਖਾ ਲਿਖ ਕੇ ਸ਼ਹਾਦਤ ਦਿਤੀ ਗਵਾਹੀਆ । ਤਿਸ ਰਾਮ ਦਾ ਅੰਤ ਨਾ ਪਾਰਾਵਾਰਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੁਗ ਚੌਕੜੀ ਵੇਖਣਹਾਰਾ ਖੇਲ ਨਿਆਰਾ, ਨਿਰਗੁਣ ਸਰਗੁਣ ਰੂਪ ਵਟਾਈਆ । ਚਾਰੇ ਵੇਦਾਂ ਦਏ ਸਹਾਰਾ, ਪੁਰਾਨ ਅਠਾਰਾਂ ਕਰੇ ਉਜਿਆਰਾ, ਗੀਤਾ ਗਿਆਨ ਅੱਠ ਦਸ ਜੋੜ ਜੁੜਾਈਆ । ਸਾਚੀ ਸਖੀਆਂ ਵੇਖ ਆਖਾੜਾ, ਦੋ ਜਹਾਨਾਂ ਮੰਗਲਾਚਾਰਾ, ਮੰਡਲ ਰਾਸ ਇਕ ਰਚਾਈਆ । ਵੇਖਣਹਾਰਾ ਗੰਗਾ ਕਿਨਾਰਾ, ਬਖ਼ਸ਼ਣਹਾਰਾ ਚਰਨਾਮਿਤ ਸਾਚਾ ਠੰਡੀ ਠਾਰਾ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਜਾਣੇ ਥਾਉਂ ਥਾਈਂਆ । ਪੰਡਤ ਜੀ ਗੜਵੀ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਿਸ ਦਾ ਆਦਿ ਜੁਗਾਦੀ ਤੀਰਥ ਤਟ ਸਰੋਵਰ ਧੁਰ ਦਾ ਸਚ ਭੰਡਾਰ, ਗੰਗਾ ਜਮਨਾ ਸੁਰਸਤੀ ਗੋਦਾਵਰੀ ਧਾਰ ਚਲਾਈਆ । ਸੋ ਕਰਤਾ ਪੁਰਖ ਕਰਨੇਹਾਰਾ ਖੇਲ ਕਰੇ ਕਰਤਾਰ, ਕਾਹਨ ਘਨੱਈਆ ਰਾਮ ਰਮਈਆ ਨਿਰਗੁਣ ਸਰਗੁਣ ਵੇਸ ਵਟਾਈਆ । ਸਾਚਾ ਜਾਮ ਮੀਤ ਪਿਆਰ ਪਿਲਾਵਣਹਾਰ, ਰਸ ਇਕੋ ਇਕ ਵਖਾਈਆ । ਤਿਸ ਦਾ ਨੇਤਰ ਨੈਣ ਅੱਖ ਕਰੋ ਦਰਸ ਦੀਦਾਰ, ਸਨਮੁਖ ਹੋ ਕੇ ਰਿਹਾ ਸਮਝਾਈਆ । ਜਗਤ ਵਿਦਿਆ ਵਸੇ ਬਾਹਰ, ਭਗਤ ਵਿਦਿਆ ਇਕ ਸਮਝਾਈਆ । ਜਿਸ ਧਾਰ ਵਿਚੋਂ ਨਿਰਅੱਖਰ ਸਾਚੇ ਕਰ ਪਿਆਰ, ਬਾਲਮੀਕ ਆਪਣੀ ਕਲਮ ਚਲਾਈਆ । ਸੋ ਬਾਲਮੀਕ ਕਲਜੁਗ ਵਿਚ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਇਹ ਮੇਰਾ ਓਹੋ ਯਾਰ, ਜੋ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਸੇ ਦਾ ਸੱਚਾ ਭੰਡਾਰ, ਜਿਸ ਨੂੰ ਕੋਟਨ ਕੋਟ ਪੰਡਤ ਪਾਂਧੇ ਰਹੇ ਵਰਤਾਈਆ । ਪਰ ਅਬ ਨਾ ਕੋਈ ਪੀਵਣਹਾਰ, ਅੰਮ੍ਰਿਤ ਪੀ ਅਮਰ ਰੂਪ ਨਾ ਕੋਏ ਵਟਾਈਆ । ਸ਼ੰਕਰ ਨੈਣ ਰਿਹਾ ਉਘਾੜ, ਆਪਣੀ ਤ੍ਰਿਸ਼ੂਲ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਰਨਾਮਿਤ ਇਕੋ ਘਰ ਵਖਾਈਆ । ਚਰਨਾਮਿਤ ਅੰਦਰ ਵਸੇ ਭਗਵਾਨ, ਜਲ ਸਾਚਾ ਰਿਹਾ ਸੁਣਾਈਆ । ਇਸ ਦੀ ਕਰੋ ਪਛਾਣ, ਪੰਡਤ ਜੀ ਆਪਣਾ ਧਿਆਨ ਲਗਾਈਆ । ਫੇਰ ਦੇਵੋ ਫ਼ਰਮਾਣ, ਹੁਕਮ ਸੰਦੇਸਾ ਇਕ ਸੁਣਾਈਆ । ਧੁਰ ਦਾ ਵੇਖ ਖੇਲ ਮਹਾਨ, ਮਹਾਂਬਲੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਚ ਦਰ, ਜਿਸ ਘਰ ਬਹਿ ਕੇ ਅੰਮ੍ਰਿਤ ਜਲ ਜਨ ਭਗਤ ਪੀਵਣ ਚਾਈਂ ਚਾਈਂਆ ।

ਸਾਚੀ ਸੀਤਾ ਵਖਾਈ ਸੁਰਤੀ, ਸਾਚੇ ਰਾਮ ਨਾਲ ਪਰਨਾਈਆ । ਜਿਸ ਦਾ ਰੂਪ ਅਕਾਲ ਮੂਰਤੀ, ਸਤਿ ਸਰੂਪ ਸਮਾਈਆ । ਆਸਾ ਮਨਸਾ ਸਰਬ ਪੂਰਤੀ, ਭਰਤੰਬਰ ਵੇਖ ਵਖਾਈਆ । ਵਾਸ ਚੁਕੇ ਨੇੜ ਦੂਰਤੀ, ਗੰਗਾ ਆਰ ਪਾਰ ਕਿਨਾਰਾ ਇਕੋ ਘਾਟ ਨਜ਼ਰੀ ਆਈਆ । ਓਸ ਦੀ ਸਾਚਾ ਰਾਮ ਕਰੇ ਸਚ ਮਹੂਰਤੀ, ਮੁਸ਼ਕਲ ਪਿਛਲੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਸੀਤਾ ਮੰਦਰ ਦੇਣਾ ਵਖਾਲ, ਜਿਸ ਅੰਤਰ ਇਕੋ ਜੋਤ ਹੋਵੇ ਰੁਸ਼ਨਾਈਆ । ਇਹਦੇ ਨਾਲ ਰਾਮ ਵਸੇ ਦੀਨ ਦਿਆਲ, ਸੋਹਣਾ ਆਪਣਾ ਜੋੜ ਜੁੜਾਈਆ । ਬੇਸ਼ਕ ਬਾਹਰੋਂ ਕੱਟਦਾ ਫਿਰੇ ਬਨਬਾਸ, ਪੰਜ ਤਤ ਕਾਇਆ ਮਾਟੀ ਦੁਖਦਾਈ ਨਜ਼ਰੀ ਆਈਆ । ਅੰਦਰੋਂ ਕਰੇ ਸਾਚੀ ਸੰਭਾਲ, ਬਣ ਪ੍ਰੀਤਮ ਬੇਪਰਵਾਹੀਆ । ਕਿਆ ਕੋਈ ਸਮਝੇ ਲਵ ਕੁਸ਼ ਕਿਸ ਦੇ ਬਾਲ, ਬਾਲਮੀਕ ਬਜਵਾੜਾ ਦਏ ਗਵਾਹੀਆ । ਕਵਣ
੬੩੧ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਕਵਣ ਜੰਗਲ ਜੂਹ ਉਜਾੜ ਪਹਾੜ ਰੱਖੇ ਸੰਭਾਲ, ਆਪਣੀ ਗੋਦ ਉਠਾਈਆ । ਕਿਸ ਬਿਧ ੬੩੧
੧੯ ਅੰਮ੍ਰਿਤ ਸਤਿ ਜਾਮ ਦਏ ਪਿਆਲ, ਸੋਹਣਾ ਰੰਗ ਰੰਗਾਈਆ । ਸੋ ਪੰਡਤ ਜੀ ਮੰਦਰ ਦੇਣਾ ਵਖਾਲ, ਜਿਸ ਅੰਦਰ ਸੀਤਾ ਸੋਹਣਾ ਰੂਪ ਵਟਾਈਆ । ੧੯
ਸੀਤਾ ਨਜ਼ਰੀ ਆਏ ਸਤਿ, ਸਤਿ ਸਤਿਵਾਦ ਵਿਚ ਬੈਠੀ ਆਸਣ ਲਾਈਆ । ਇਕੋ ਰਾਮ ਰਹੀ ਜਪ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਨਾਲੇ ਬਨਬਾਸ ਨਾਲੇ ਤਪ, ਦੋਵੇਂ ਰੰਗ ਵਖਾਈਆ । ਨਾਲੇ ਬਾਲਮੀਕ ਸਿਰ ਉਤੇ ਰੱਖੇ ਹੱਥ, ਸਗਲਾ ਸੰਗ ਨਿਭਾਈਆ । ਨਾਲ ਪ੍ਰਭ ਮਿਲਣ ਦੀ ਖੋਲ੍ਹੀ ਅੱਖ, ਅੰਤਰ ਦਰਸ਼ਨ ਪਾਈਆ । ਬਾਹਰੋਂ ਸਾਰੇ ਰਹੇ ਦੱਸ, ਸਾਚਾ ਭੇਵ ਨਾ ਕੋਇ ਖੁਲ੍ਹਾਈਆ । ਉਹ ਸੀਤਾ ਮਈਆ ਸਭ ਦੇ ਅੰਦਰ ਰਹੀ ਵਸ, ਜਿਹੜੀ ਸੀਤਾ ਸਾਚੇ ਰਾਮ ਪਰਨਾਈਆ । ਉਸ ਦਾ ਲੇਖਾ ਕਦੇ ਨਾ ਮੁੱਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਾਚਾ ਜੋੜ ਜੁੜਾਈਆ । ਸੋ ਮੰਦਰ ਖ਼ੁਸ਼ੀਆਂ ਨਾਲ ਦੇਣਾ ਦੱਸ, ਵੇਖੀਏ ਚਾਈਂ ਚਾਈਂਆ । ਮੰਦਰ ਉਹ ਨਾ ਦੱਸਣਾ ਜਿਸ ਵਿਚੋਂ ਸੀਤਾ ਜਾਏ ਨੱਠ, ਲੱਭਿਆਂ ਹੱਥ ਕਿਸੇ ਨਾ ਆਈਆ । ਜਿਸ ਦੇ ਪਿਛੇ ਰਾਮ ਹੋਵੇ ਬੇਬਸ, ਭੱਜੇ ਵਾਹੋ ਦਾਹੀਆ । ਜਿਸ ਰਾਵਣ ਸੱਥਰ ਦਿਤਾ ਘੱਤ, ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਵੇਖੇ ਬੇਪਰਵਾਹੀਆ । ਸੀਤਾ ਮੰਦਰ ਵਖਾਉਣਾ ਸੋਹਣਾ, ਸੋਹਣੀ ਬਣਤ ਬਣਾਈਆ । ਜਿਥੇ ਨਾ ਹੱਸਣਾ ਨਾ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਰਖਾਈਆ । ਨਾ ਬਿਸਤਰ ਨਾ ਸੇਜੇ ਸੌਣਾ, ਆਲਸ ਨਿੰਦਰਾ ਨਾ ਕੋਇ ਵਡਿਆਈਆ । ਨਾ ਗੀਤ ਨਾ ਛੰਦ ਗੌਣਾ, ਤਾਲ ਤਲਵਾੜਾ ਨਾ ਕੋਇ ਵਜਾਈਆ । ਜਿਸ ਮੰਦਰ ਅੰਦਰ ਪਰਮ ਪੁਰਖ ਪਰਮਾਤਮ ਅੰਤਰ ਦਰਸ ਪੌਣਾ, ਸੀਤਾ ਖ਼ੁਸ਼ੀਆਂ

ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣ ਆਇਆ ਉਹ ਦਾ, ਜਿਸ ਘਰ ਸੀਤਾ ਸਵਾਣੀ ਬਹਿ ਬਹਿ ਖ਼ੁਸ਼ੀ ਮਨਾਈਆ । ਸੀਤਾ ਮੰਦਰ ਕਿਡਾ ਚੰਗਾ, ਪੰਡਤ ਜੀ ਕਵਣ ਦਏ ਵਖਾਈਆ । ਜਿਸ ਦੇ ਵੈਰਾਗ ਅੰਦਰ ਰੋਂਦੀ ਫਿਰ ਦੀ ਗੰਗਾ, ਨੇਤਰ ਨੈਣਾਂ ਨੀਰ ਵਹਾਈਆ । ਜਿਸ ਦਾ ਰਾਮ ਛੱਡਿਆ ਸੰਗਾ, ਨਾਤਾ ਤੁਟਿਆ ਸੰਗੀ ਲੋਕਾਈਆ । ਬਿਨ ਰਾਮ ਸੀਤਾ ਉਹ ਨਾ ਆਵੇ ਅਨੰਦਾ, ਜੋ ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਘਰ ਬਿਨ ਤੇਲ ਬਾਤੀ ਦੀਆ ਜਗਾਏ ਅਗੰਮੀ ਚੰਦਾ, ਅੱਠੇ ਪਹਿਰ ਹੋਏ ਰੁਸ਼ਨਾਈਆ । ਕੂੜੇ ਕਿਰਕਟ ਨਾਲ ਕਦੀ ਨਾ ਹੋਵੇ ਗੰਦਾ, ਜਗਤ ਵਾਸਨਾ ਅੰਦਰ ਵੇਖਣ ਕੋਇ ਨਾ ਪਾਈਆ । ਓਥੇ ਨਾ ਕੋਈ ਸਿੰਘਾਸਣ ਨਾ ਕੋਈ ਪਲੰਘ ਨਾ ਕੋਈ ਖਟੀਆ ਨਾ ਕੋਈ ਮੰਜਾ, ਇਕੋ ਜੋਤ ਨੂਰ ਰੁਸ਼ਨਾਈਆ । ਸ਼ਬਦ ਅਨਾਦ ਧੁਨ ਵੱਜੇ ਮਰਦੰਗਾ, ਤੰਦ ਸਤਾਰ ਨਾ ਕੋਇ ਹਿਲਾਈਆ । ਜਿਸ ਮੰਦਰ ਨੂੰ ਕੋਟਨ ਕੋਟ ਲੱਭਦੇ ਫਿਰਦੇ ਵਿਚ ਬ੍ਰਹਿਮੰਡਾ, ਜੀਵ ਜੰਤ ਸਾਧ ਸੰਤ ਬੈਠੇ ਧਿਆਨ ਲਗਾਈਆ । ਸੋ ਮੰਦਰ ਵਖਾਉਣਾ ਜਿਥੇ ਵੜਦਿਆਂ ਕੋਈ ਨਾ ਆਵੇ ਸੰਗਾ, ਸਨਮੁਖ ਸਾਖਿਆਤ ਸੀਤਾ ਰਾਮ ਦੋਵੇਂ ਨਜ਼ਰੀ ਆਈਆ । ਬਾਲਮੀਕ ਅੰਦਰੋਂ ਰਿਹਾ ਗਾ, ਖ਼ੁਸ਼ੀਆਂ ਗੀਤ ਸੁਣਾਈਆ । ਪ੍ਰਭੂ ਕੀਤਾ ਕੌਲ ਰਿਹਾ ਨਿਭਾ, ਪੂਰਬ ਲੇਖਾ ਭੁੱਲ ਨਾ ਜਾਈਆ । ਏਨ੍ਹਾਂ ਕੋਲੋਂ ਮੈਨੂੰ ਭਗਤ ਲਿਆ ਬਣਾ, ਆਪਣੀ ਗੋਦ ਉਠਾਈਆ । ਰਵਦਾਸ ਨਾਲ ਜੋੜ ਜੁੜਾ, ਦੇਵੇ ਮਾਣ ਵਡਿਆਈਆ । ਪਿਛਲਾ ਚੇਤਾ ਦਏ ਕਰਾ, ਚੇਤਨ ਰੂਪ ਵਖਾਈਆ । ਏਸੇ ਕਾਰਨ ਕਰਤਾ ਗਿਆ ਆ, ਗ੍ਰਹਿ ਮੰਦਰ ਘਰ ਵੇਖੇ ਨੈਣ ਉਠਾਈਆ । ਜਿਸ ਦੀ ਆਸਾ ਰੱਖ ਚਰਨ ਭਰਵਾਸਾ ਗਿਆ ਤਕਾ, ਸੋ ਸਾਹਿਬ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਾਲਮੀਕ ਤੇਰੀ ਕਰੇ ਭਾਲ, ਪਾਲ ਸਿੰਘ ਸਰਨ ਰਖਾਈਆ । ਸਾਢੇ ਤਿੰਨ ਹੱਥ ਏਥੋਂ ਦੂਰ, ਫ਼ਾਸਲਾ ਸਚ ਰਿਹਾ ਸਮਝਾਈਆ । ਕਲਜੁਗ ਵਿਚ ਸਾਢੇ ਤਿੰਨ ਹੱਥ ਏਸੇ ਕਾਰਨ ਹੋਇਆ ਮੰਜ਼ੂਰ, ਮਜ਼ਦੂਰੀ ਪਿਛਲੀ ਝੋਲੀ ਪਾਈਆ । ਜਿਸ ਸਿੰਘਾਸਣ ਉਪਰ ਸਾਹਿਬ ਹਾਜ਼ਰ ਹਜ਼ੂਰ, ਢਾਈ ਬਾਲਿਸ਼ਤ ਇਸ ਤੋਂ ਪਿਛੇ ਦਏ ਵਡਿਆਈਆ । ਇਸ ਧਾਮ ਤੇ ਢਾਈ ਗਿੱਠਾਂ ਅੱਗੇ ਝੁਕ ਕੇ ਅੱਖਾਂ ਵਿਚੋਂ ਨੀਰ ਵਹਾਏ ਨੂਰ, ਬਿਹਬਲ ਹੋ ਕੇ ਅੰਤਰ ਕੁਰਲਾਈਆ । ਮੇਰੀ ਜੋਦੜੀ ਕਰਨੀ ਮਨਜ਼ੂਰ, ਚਰਨ ਕਵਲ ਬਖ਼ਸ਼ਣੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਵਦਾਸ ਸੰਗ ਪੂਰੀ ਕੀਤੀ ਆਸ, ਆਸਾ ਵਿਚੋਂ ਸਾਢੇ ਤਿੰਨ ਹੱਥ ਦੀ ਰਵਦਾਸ ਚੁਮਾਰਾ ਦਏ ਗਵਾਹੀਆ ।

## ★ ੨੫ ਚੇਤ ੨੦੨੧ ਬਿਕ੍ਰਮੀ ਸਤਵੰਤ ਕੌਰ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪਰਦੇਸ਼ ★

ਜਨ ਭਗਤ ਕਹੇ ਮੈਂ ਆਰਾਧਿਆ ਇਕ, ਏਕੰਕਾਰ ਧਿਆਨ ਲਗਾਈਆ । ਜਿਸ ਆਪਣਾ ਲੇਖਾ ਮੇਰੇ ਅੰਤਰ ਦਿਤਾ ਲਿਖ, ਕਾਗ਼ਜ਼ ਕਲਮ ਛਾਹੀ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਓਹੋ ਰੂਪ ਆਏ ਦਿਸ, ਸਤਿ ਸਰੂਪ ਨਜ਼ਰੀ ਆਈਆ । ਆਤਮ ਪਰਮਾਤਮ ਕਰੇ ਸਾਚਾ ਹਿਤ, ਪ੍ਰੀਤੀ ਇਕੋ ਇਕ ਵਖਾਈਆ । ਜਨਮ ਕਰਮ ਭਰਮ ਭੌ ਕੂੜੀ ਕਿਰਿਆ ਲੇਖਾ ਲਏ ਨਜਿਠ, ਵਡ ਦਾਤਾ ਆਪਣੇ

੯੩੩
੧੯

ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਜੋ ਸੁਤਾ ਦੇ ਕਰ ਪਿਠ, ਗੁਰਮੁਖਾਂ ਸਨਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਤਰਾਈਆ । ਜਨ ਭਗਤ ਕਹੇ ਪ੍ਰਭ ਤੇਰੀ ਸਾਚੀ ਮਸਤੀ, ਨਾਮ ਖ਼ੁਮਾਰੀ ਇਕੋ ਨਜ਼ਰੀ ਆਈਆ । ਸਦਾ ਸਦਾ ਸਦ ਨਜ਼ਰੀ ਆਏ ਤੇਰੀ ਹਸਤੀ, ਘਟ ਘਟ ਆਪਣਾ ਡੇਰਾ ਲਾਈਆ । ਆਦਿ ਜੁਗਾਦਿ ਚੜ੍ਹੀ ਰਹੇ ਮਸਤੀ, ਸਚ ਮਤਵਾਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਇਕ ਵਡਿਆਈਆ । ਜਨ ਭਗਤ ਕਹੇ ਪ੍ਰਭ ਤੇਰਾ ਨਗਾਰਾ, ਘਰ ਨਵ ਨਿਧ ਵੱਜੇ ਵਧਾਈਆ । ਨਾਤਾ ਛੁੱਟੇ ਸਰਬ ਸੰਸਾਰਾ, ਸਗਲੀ ਚਿੰਤ ਗਵਾਈਆ । ਨਿਜ ਨੇਤਰ ਨੈਣ ਦੀਦਾਰਾ, ਦਰਸ ਹਰਸ ਸਰਬ ਗਵਾਈਆ । ਗ੍ਰਹਿ ਦੀਪਕ ਜੋਤ ਉਜਿਆਰਾ, ਅੰਧ ਅੰਧੇਰ ਮਿਟਾਈਆ । ਸਤਿ ਮਿਲਣ ਦਾ ਸਚ ਪਿਆਰਾ, ਪ੍ਰੀਤਮ ਪ੍ਰੀਤੀ ਇਕ ਦ੍ਰਿੜਾਈਆ । ਮੰਦਰ ਸੁਹਾਏ ਮਹਲ ਮਨਾਰਾ, ਨਿਹਚਲ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰ ਆਪ ਅਖਵਾਈਆ । ਜਨ ਭਗਤ ਕਹੇ ਕੀ ਤੇਰੀ ਸਿਫ਼ਤ, ਸਚ ਸਾਲਾਹੀ ਕਹਿਣ ਕੁਛ ਨਾ ਪਾਈਆ । ਕੋਈ ਨਾ ਜਾਣੇ ਤੇਰੀ ਨਿਸਬਤ, ਆਦਿ ਜੁਗਾਦਿ ਜੁਗ ਚੌਕੜੀ ਸਮਝ ਨਾ ਕੋਇ ਰਖਾਈਆ । ਤੇਰਾ ਲੇਖਾ ਸਦਾ ਸਦਾ ਇਲਬੱਤ, ਲੋਕ ਪਰਲੋਕ ਤੇਰਾ ਨੂਰ ਨਜ਼ਰੀ ਆਈਆ । ਸਚ ਸਵਾਮੀ ਜਨ ਭਗਤਾਂ ਕਰੇ ਇਕ ਮੁਹੱਬਤ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਹਰ ਘਟ, ਗ੍ਰਹਿ ਗ੍ਰਹਿ ਝੋਲੀ ਪਾਈਆ । ਹਰੀ ਭਗਤ ਕਹੇ ਮੇਰੇ ਭਗਵੰਤ, ਤੇਰੀ ਭਗਤੀ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਕਰ ਕਰ ਥੱਕੇ ਸਾਧ ਸੰਤ, ਜੀਵ ਜੰਤ ਭੱਜਣ ਵਾਹੋ ਦਾਹੀਆ । ਕਿਸੇ ਹੱਥ ਨਾ ਆਵੇ ਮਣੀਆ ਮੰਤ, ਮੰਤਰ ਸਤਿ ਨਾ ਕੋਇ ਸਮਝਾਈਆ । ਰੂਪ ਅਨੂਪ ਤੇਰੇ ਵੇਖ ਅਨੰਤ, ਅਗਣਤ ਸਕੇ ਨਾ ਕੋਇ ਗਣਾਈਆ । ਭਰਮੇ ਭੁੱਲਾ ਜਗਤ ਸੰਸਾਰ ਕੁਕਰਮੀ ਜੰਤ, ਨਿਹਕਰਮੀ ਤੇਰਾ ਨੇਹੋਂ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਿਤੀ ਦ੍ਰਿੜਾਈਆ । ਸ੍ਰੀ ਭਗਵਾਨ ਭੇਵ ਖੋਲ੍ਹ, ਜਨ ਭਗਤ ਦਏ ਸਮਝਾਈਆ । ਜੁਗ ਚੌਕੜੀ ਤੋਲਾਂ ਸਾਚਾ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਸਾਚੇ ਸੰਤਾਂ ਸੱਜਣ ਬਣ ਕੇ ਵਸਾਂ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਅੰਦਰ ਵੜ ਵਜਾਵਾਂ ਢੋਲ, ਸੁੱਤਿਆਂ ਆਪ ਉਠਾਈਆ । ਅੰਮ੍ਰਿਤ ਰਸ ਪਿਆਵਾਂ ਪੌਹਲ, ਜਾਮ ਨਾਮ ਹੱਥ ਉਠਾਈਆ । ਉਲਟਾ ਕਰ ਕੇ ਨਾਭ ਕੌਲ, ਝਿਰਨਾ ਇਕੋ ਸਤਿ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵੇ ਆਪ ਸਹਾਈਆ । ਜਨ ਭਗਤ ਕਹੇ ਤੇਰਾ ਅੰਮ੍ਰਿਤ ਪੀਵੇ ਕੌਣ, ਸਮਝ ਵਿਚ ਕਿਸੇ ਨਾ ਆਈਆ । ਸਾਧ ਸੰਤ ਚਾਰ ਕੁੰਟ ਦਹਿ ਦਿਸ਼ਾ ਭੌਣ, ਦਿਵਸ ਰੈਣ ਮਨ ਵਾਸਨਾ ਨਾਲ ਰਲਾਈਆ । ਤੀਰਥ ਤਟ ਕਿਨਾਰ ਜੋ ਜਾ ਜਾ ਨਹੌਣ, ਦੁਰਮਤ ਮੈਲ ਨਾ ਕੋਇ ਧਵਾਈਆ । ਮ੍ਰਿਗਸ਼ਾਲਾ ਜੋ ਸੇਜੇ ਸੌਣ, ਧੂੜੀ ਤਨ ਤਪਾਈਆ । ਸੀਸ ਭਸਮ ਜੋ ਫੜ ਫੜ ਪੌਣ, ਖ਼ਾਕੀ ਖ਼ਾਕ ਰੂਪ ਵਟਾਈਆ । ਰਾਗਾਂ ਨਾਦਾਂ ਅੰਦਰ ਜੋ ਗਾਣ, ਤਾਲ ਤਲਵਾੜੇ ਜੋ ਰਹੇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਸੰਗ ਸਕੇ ਨਾ ਕੋਇ ਨਿਭਾਈਆ । ਪਾਰਬ੍ਰਹਮ ਕਹੇ ਮੇਰਾ ਲੇਖਾ ਸੱਚ, ਸਤਿ ਸਤਿ ਸਮਝਾਈਆ । ਜਨ ਭਗਤਾਂ ਮਿਲਾਂ ਹੱਸ ਹੱਸ, ਨਿਤ ਨਵਿਤ ਫੇਰਾ ਪਾਈਆ । ਜੁਗ ਚੌਕੜੀ ਦੇਵਾਂ ਵੱਥ, ਨਾਮ ਅਮੋਲਕ

ਇਕ ਵਰਤਾਈਆ । ਹਿਰਦੇ ਅੰਦਰ ਆਪੇ ਵਸ, ਹਸਤੀ ਆਪਣੇ ਨਾਲ ਰਖਾਈਆ । ਅੰਮ੍ਰਿਤ ਆਤਮ ਸਾਚਾ ਝੱਟ, ਸਚ ਸਰੋਵਰ ਦਿਆਂ ਭਰਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਨਾਮ ਵਣਜਾਰਾ ਵੰਡ ਵੰਡਾਈਆ । ਆਤਮ ਸੇਜਾ ਬੈਠ ਸੁਹੰਜਣੀ ਖਾਟ, ਸਿੰਘਾਸਣ ਇਕੋ ਰੰਗ ਰੰਗਾਈਆ । ਭਾਗ ਲਗਾ ਕਾਇਆ ਮਾਟ, ਕਾਚੀ ਮਾਟੀ ਦਿਆਂ ਵਡਿਆਈਆ । ਸਦਾ ਸੁਹੇਲਾ ਬਣ ਕੇ ਵਸਾਂ ਸਾਥ, ਸਗਲਾ ਸੰਗ ਨਿਭਾਈਆ । ਜਿਨ੍ਹਾਂ ਸੁਣਾਵਾਂ ਆਪਣੀ ਗਾਥ, ਸੋਹੰ ਢੋਲਾ ਇਕ ਪੜ੍ਹਾਈਆ । ਤਿਨ੍ਹਾਂ ਏਥੇ ਓਥੇ ਬਣਾਂ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਪਕੜ ਚੜ੍ਹਾਵਾਂ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਆਪਣੇ ਮਿਲਣ ਦੀ ਅੰਤਰ ਆਪੇ ਦੱਸਾਂ ਜਾਚ, ਸੁਰਤੀ ਸ਼ਬਦ ਜੋੜ ਜੁੜਾਈਆ । ਸਾਚੀ ਸੇਜਾ ਕਰ ਕੇ ਭੋਗ ਬਲਾਸ, ਨਾਰੀ ਕੰਤ ਰੂਪ ਵਟਾਈਆ । ਜਨਮ ਜਨਮ ਦੀ ਪੂਰੀ ਆਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਸੰਗ ਰਖਾਈਆ । ਜਨ ਭਗਤ ਕਹੇ ਕੀ ਤੇਰਾ ਰੰਗ, ਜਗ ਨੇਤਰ ਨਜ਼ਰ ਨਹੀਂ ਆਇੰਦਾ । ਕਵਣ ਸੇਜਾ ਸੋਹੇ ਪਲੰਘ, ਸਚ ਸਿੰਘਾਸਣ ਕਵਣ ਡੇਰਾ ਲਾਇੰਦਾ । ਕਵਣ ਨਾਮ ਵੱਜੇ ਮਰਦੰਗ, ਕਵਣ ਨਾਦ ਅਲਾਇੰਦਾ । ਕਵਣ ਪਰੇਮ ਦਏ ਅਨੰਦ, ਕਵਣ ਆਪਣਾ ਸੰਗ ਵਖਾਇੰਦਾ । ਕਵਣ ਢੋਲਾ ਗਾਏ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਭਿਖਕ ਮੰਗ ਮੰਗਾਇੰਦਾ । ਮੇਰਾ ਢੋਲਾ ਸੋਹੰ ਸੋ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਆਪ ਜਣਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰੇ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਕੂੜੀ ਕਿਰਿਆ ਲਵੇ ਖੋਹ, ਸਚ ਸੁਚ ਝੋਲੀ ਦਏ ਭਰਾਈਆ । ਕਰ ਪਰਕਾਸ਼ ਅੰਤਰ ਲੋ, ਅੰਧ ਅੰਧੇਰ ਗਵਾਈਆ । ਧੁਰ ਦਾ ਢੋਆ ਦੇਵੇ ਢੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਉਠਾਈਆ । ਜਨ ਭਗਤ ਕਹੇ ਕੀ ਤੇਰਾ ਗੀਤ, ਮੇਰੀ ਸਮਝ ਵਿਚ ਨਾ ਆਈਆ । ਮੈਂ ਸੁਣ ਸੁਣ ਥੱਕਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦਰ ਦਰ ਫੇਰਾ ਪਾਈਆ । ਤੇਰੀ ਕੋਈ ਨਾ ਜਾਣੇ ਅਚਰਜ ਰੀਤ, ਰੀਤੀਵਾਨ ਪੜਦਾ ਨਾ ਕੋਇ ਉਠਾਈਆ । ਸਾਰੇ ਕਹਿਣ ਪ੍ਰਭ ਦਾ ਖੇਲ ਸਦਾ ਅਨਡੀਠ, ਵੇਖਣ ਵਿਚ ਕਦੇ ਨਾ ਆਈਆ । ਜੋ ਜਨ ਕਰੇ ਚਰਨ ਪ੍ਰੀਤ, ਤਿਸ ਦੇਵੇ ਮਾਣ ਵਡਿਆਈਆ । ਕਰ ਕਿਰਪਾ ਸਵਾਮੀ ਬਖ਼ਸ਼ੇ ਇਕ ਹਦੀਸ, ਹਜ਼ਰਤ ਸਚ ਕਰ ਪੜ੍ਹਾਈਆ । ਹਉਂ ਬਾਲ ਅਞਾਣਾ ਨੀਕਨ ਨੀਕ, ਨੀਚੋਂ ਨੀਚ ਰਿਹਾ ਵਖਾਈਆ । ਕਾਇਆ ਚੋਲੀ ਚਾੜ੍ਹ ਰੰਗ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮੇਰੀ ਨੰਗੀ ਨਾ ਹੋਵੇ ਪੀਠ, ਪੁਸ਼ਤ ਪਨਾਹ ਤੇਰਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਤੇਰੀ ਤਕਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਸਰਨ ਲੈਣੀ ਤੱਕ, ਓਟ ਇਕੋ ਇਕ ਰਖਾਈਆ । ਸਭ ਦੀ ਝੋਲੀ ਪਾਵਾਂ ਹੱਕ, ਹਕੀਕਤ ਵਿਚੋਂ ਖੋਜ ਖੁਜਾਈਆ । ਝੂਠੀ ਪ੍ਰੀਤ ਲਾ ਨਾ ਜਾਣਾ ਨੱਸ, ਭੱਜਿਆਂ ਮਾਰਗ ਹੱਥ ਨਾ ਕੋਇ ਆਈਆ । ਕਿਰਪਾ ਕਰੇ ਪੁਰਖ ਸਮਰਥ, ਦੋ ਜਹਾਨ ਦਏ ਵਡਿਆਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਘਰ ਦਰਸ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਮਿਲ ਕੇ ਗੌਂਦੇ ਇਹੋ ਜਸ, ਸੋਹੰ ਢੋਲਾ ਇਕੋ ਗਾਈਆ । ਤੂੰ ਮੇਰਾ ਮੈਂ ਤੇਰੇ ਵਸ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨੂਰ ਆਪਣਾ ਨੂਰ ਦਰਸਾਈਆ । ਜਨ ਭਗਤ ਕਹੇ ਵੱਡਾ ਛੋਟਾ ਇਹ ਤੇਰਾ ਕੰਮ, ਮੇਰੀ ਸਮਝ ਵਿਚ ਨਾ ਆਈਆ । ਤੇਰੀ ਵਡਿਆਈ ਤੂੰ ਹੈਂ ਪ੍ਰਭੂ ਧੰਨ, ਧੰਨ

ਤੇਰੀ ਸ਼ਰਨਾਈਆ । ਮੈਂ ਬਾਲਾ ਨੱਢਾ ਨੂਰੀ ਤੇਰਾ ਚੰਨ, ਤੂੰ ਚਾਂਦਨਾ ਬੇਪਰਵਾਹੀਆ । ਮੈਂ ਨਿਤ ਨਵਿਤ ਤੇਰਾ ਭਾਣਾ ਰਿਹਾ ਮੰਨ, ਤੂੰ ਸਦ ਆਪਣੇ ਭਾਣੇ ਵਿਚ ਸਮਾਈਆ । ਮੇਰਾ ਵਸੇਰਾ ਛੱਪਰੀ ਛੰਨ, ਤੇਰਾ ਮਹਲ ਅਟੱਲ ਸਚਖੰਡ ਸਾਚਾ ਸੋਭਾ ਪਾਈਆ । ਤੂੰ ਮੇਰਾ ਜਨਨੀ ਜਨ, ਹਉਂ ਪੂਤ ਸਪੂਤ ਦਰ ਠਾਂਡਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਤੂੰ ਪੂਤ ਸਪੂਤ ਮੇਰਾ ਜਗ, ਸ੍ਰੀ ਭਗਵਾਨ ਸਚ ਸਮਝਾਇੰਦਾ । ਮੈਂ ਵਸਾਂ ਉਪਰ ਸ਼ਾਹ ਰਗ, ਘਰ ਸਾਚੇ ਡੇਰਾ ਲਾਇੰਦਾ । ਤੇਰਾ ਗੁਰਮੁਖ ਕਰ ਕੇ ਹੱਜ, ਆਪਣੀ ਹਾਜਤ ਪੂਰ ਕਰਾਇੰਦਾ । ਜਗਤ ਦਵਾਰ ਸਾਰੇ ਤਜ, ਤਖ਼ਤ ਤੇਰਾ ਇਕ ਵਡਿਆਇੰਦਾ । ਮੈਂ ਦਰਸਨ ਕਰਾਂ ਰੱਜ, ਨਿਤ ਲੋਚਣ ਤੇਰੇ ਨਾਲ ਮਿਲਾਇੰਦਾ । ਤੇਰੇ ਅੰਦਰ ਆਪਣਾ ਪਰਦਾ ਕਜ, ਪੰਜ ਤਤ ਕਾਇਆ ਓਢਣ ਇਕ ਸੁਹਾਇੰਦਾ । ਤੁਧ ਬਿਨ ਮੇਰਾ ਦੇਵੇ ਨਾ ਕੋਈ ਸਾਥ, ਸੰਗੀ ਸੰਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਇੰਦਾ । ਭਗਤ ਕਹੇ ਤੂੰ ਮੇਰਾ ਬਾਪ, ਪਿਤਾ ਇਕੋ ਇਕ ਅਖਵਾਈਆ । ਬਿਨ ਰਸਨਾ ਜਿਹਵਾ ਕਰਾਂ ਜਾਪ, ਬਿਨ ਪੜ੍ਹਿਆਂ ਹੋਵੇ ਪੜ੍ਹਾਈਆ । ਨਿਜ ਨੇਤਰ ਵੇਖਾਂ ਤੇਰਾ ਪਰਤਾਪ, ਅਗੰਮ ਅਥਾਹ ਤੇਰਾ ਨੂਰ ਨਜ਼ਰੀ ਆਈਆ । ਸੰਸਾ ਰੋਗ ਨਾ ਕੋਇ ਸੰਤਾਪ, ਚਿੰਤਾ ਦੁੱਖ ਨਾ ਕੋਇ ਜਣਾਈਆ । ਧੰਨ ਵਡਿਆਈ ਜਾਗੇ ਮੇਰੇ ਭਾਗ, ਪੂਰਬ ਲਹਿਣਾ ਝੋਲੀ ਪਾਈਆ । ਨਾਮ ਅਮੋਲਕ ਦਿਤੀ ਦਾਤ, ਵਸਤ ਆਪਣੀ ਆਪ ਵਰਤਾਈਆ । ਚਰਨ ਪ੍ਰੀਤ ਬੱਧਾ ਨਾਤ, ਬਿਧਾਤਾ ਆਪਣਾ ਸੰਗ ਵਖਾਈਆ । ਤੂੰ ਬੈਠਾ ਰਹੇਂ ਇਕਾਂਤ, ਮੈਂ ਵੇਖਾਂ ਚਾਈਂ ਚਾਈਂਆ । ਬਿਨ ਤੇਰੀ ਕਿਰਪਾ ਤੇਰੀ ਸਮਝ ਆਏ ਕਿਸੇ ਨਾ ਬਾਤ, ਸੋਚ ਸਕੇ ਕੋਈ ਨਾ ਰਾਈਆ । ਜਿਨ੍ਹਾਂ ਬਖ਼ਸ਼ੇਂ ਆਪ ਨਜਾਤ, ਸਮਰਥ ਪੁਰਖ ਹੋ ਸਹਾਈਆ । ਤਿਨ੍ਹਾਂ ਗੁਰਮੁਖਾਂ ਪੂਰੀ ਹੋਵੇ ਆਸ, ਆਸ ਅਸਲ ਨਾਲ ਮਿਲਾਈਆ । ਕੋਟਨ ਕੋਟ ਕੋਟਾਂ ਵਿਚੋਂ ਹਰਿਜਨ ਵਿਰਲੇ ਨਾਲ ਕਰੇਂ ਮਿਲਾਪ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਬਣਾਏਂ ਸੱਜਣ ਸਾਕ, ਨਾਤਾ ਸਗਲਾ ਜਗਤ ਤੁੜਾਈਆ । ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੱਖ ਡੂੰਘਾ ਖਾਤ, ਜੁਗ ਚੌਕੜੀ ਖਾਤੇ ਆਪਣੇ ਵਿਚ ਸਮਾਈਆ ।



### ★ ੨੫ ਚੇਤ ੨੦੨੧ ਬਿਕ੍ਰਮੀ ਬੀਬੀ ਭਗਵੰਤੀ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪਰਦੇਸ਼ ★

ਜਨ ਭਗਤ ਕਹੇ ਮੇਰਾ ਇਸ਼ਟ ਭਗਵਾਨ, ਦੂਜਾ ਦੇਵ ਨਾ ਕੋਇ ਮਨਾਈਆ । ਜੋ ਅੰਤਰ ਆਤਮ ਦੇਵੇ ਸਚ ਗਿਆਨ, ਬਿਨ ਅੱਖਰਾਂ ਕਰੇ ਪੜ੍ਹਾਈਆ । ਨਿਰਮਲ ਦੀਆ ਜੋਤ ਜਗਾਏ ਮਹਾਨ, ਤੇਲ ਬਾਤੀ ਨਾ ਕੋਇ ਰਖਾਈਆ । ਅੰਮ੍ਰਿਤ ਰਸ ਪਿਆਏ ਜਾਮ, ਨਿਝਰ ਝਿਰਨਾ ਇਕ ਝਿਰਾਈਆ । ਕੂੜੀ ਕਿਰਿਆ ਮੇਟੇ ਸ਼ੈਤਾਨ, ਮਮਤਾ ਮੋਹ ਨਾ ਕੋਇ ਹਲਕਾਈਆ । ਸਚ ਮੰਦਰ ਸੁਹਾਏ ਮਕਾਨ, ਘਰ ਘਰ ਵਿਚ ਸੋਭਾ ਪਾਈਆ । ਸਵੱਛ ਸਰੂਪੀ ਦਰਸਨ ਦੇਵੇ ਆਣ, ਸਤਿ ਸਵਾਮੀ ਨਜ਼ਰੀ ਆਈਆ । ਧੁਰ ਦਾ ਸ਼ਬਦ ਸੁਣਾਏ ਨਾਦ ਧੁਨਕਾਨ, ਅਨਹਦ ਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਪਿਆਰ, ਲੱਖ ਚੁਰਾਸੀ

ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਪਾਵਾਂ ਸਾਰ, ਨਿਤ ਨਵਿਤ ਵੇਖ ਵਖਾਈਆ । ਸਾਚੀ ਸਿਖਿਆ ਇਕ ਸਿਖਾਲ, ਧੁਰ ਦਾ ਨਾਮ ਕਰਾਂ ਪੜ੍ਹਾਈਆ । ਦੀਨਾ ਬੰਧਪ ਹੋ ਕੇ ਦੀਨ ਦਿਆਲ, ਦਰ ਘਰ ਸਾਚਾ ਵੇਖ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਜਨ ਭਗਤ ਕਹੇ ਮੇਰਾ ਭਗਵੰਤ, ਬਿਨ ਭਗਵਨ ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਸਤਿ ਸਤਿਵਾਦੀ ਧੁਰ ਦਾ ਕੰਤ, ਨਰ ਹਰਿ ਨਰਾਇਣ ਇਕੋ ਇਕ ਅਖਵਾਈਆ । ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਬਣਾਏ ਬਣਤ, ਸਾਧ ਸੰਤ ਦਏ ਸਮਝਾਈਆ । ਬੋਧ ਅਗਾਧ ਸ਼ਬਦ ਅਨਾਦ ਮਹਿਮਾ ਸੁਣਾਏ ਅਗਣਤ, ਖਾਣੀ ਬਾਣੀ ਆਪਣਾ ਰਾਗ ਅਲਾਈਆ । ਕੂੜੀ ਕਿਰਿਆ ਮਾਇਆ ਮਮਤਾ ਗੜ੍ਹ ਤੋੜੇ ਹਉਮੇਂ ਹੰਗਤ, ਸਚ ਸੁਚ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਹੋਏ ਸਹਾਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਸੱਜਣ, ਦੋ ਜਹਾਨਾਂ ਵਿਚੋਂ ਇਕੋ ਨਜ਼ਰੀ ਆਇੰਦਾ । ਚਰਨ ਧੂੜੀ ਕਰੇ ਸੱਚਾ ਮਜਨ, ਸਚ ਸਰੋਵਰ ਇਕੋ ਨਹਾ ਨਹਾ ਖ਼ੁਸ਼ੀ ਰਖਾਇੰਦਾ । ਦਿਵਸ ਰੈਣ ਅੱਠੇ ਪਹਿਰ ਰਹੇ ਮਗਨ, ਅੰਤਰ ਆਤਮ ਸਚ ਧਿਆਨ ਲਗਾਇੰਦਾ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਸਚ ਦਵਾਰਿਉਂ ਮੈਨੂੰ ਆਵੇ ਸੱਦਣ, ਉਚੀ ਕੂਕ ਕੂਕ ਸਾਚਾ ਨਾਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਸੰਗ ਸਮਾਇੰਦਾ । ਜਨ ਭਗਤ ਕਹੇ ਮੇਰਾ ਠਾਕਰ ਸਵਾਮੀ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਘਟ ਘਟ ਹੋਏ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਆ । ਸ਼ਬਦੀ ਸ਼ਬਦ ਜੋ ਗਾਏ ਅਗੰਮੀ ਬਾਣੀ, ਧੁਰ ਸੰਦੇਸਾ ਇਕ ਸੁਣਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਭੇਵ ਖੁਲ੍ਹਾਏ ਪਦ ਨਿਰਬਾਣੀ, ਘਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵੰਤ ਕਹੇ ਮੇਰਾ ਭਗਤ ਸੰਗ, ਸਾਥੀ ਦੋ ਜਹਾਨ ਨਜ਼ਰੀ ਆਇੰਦਾ । ਜਿਸ ਅੰਦਰ ਮੈਨੂੰ ਮਿਲੇ ਅਨੰਦ, ਘਰ ਵਿਚ ਘਰ ਬਹਿ ਖੁਸ਼ੀ ਮਨਾਇੰਦਾ । ਆਪਣਾ ਨੂਰੀ ਜੋਤ ਚਾੜ੍ਹ ਚੰਦ, ਸਾਚਾ ਨੂਰ ਇਕ ਰੁਸ਼ਨਾਇੰਦਾ । ਸਤਿਵਾਦੀ ਗਾ ਛੰਦ, ਸੋਹਲਾ ਢੋਲਾ ਰਾਗ ਅਲਾਇੰਦਾ । ਆਸਾ ਮਨਸਾ ਮੇਰੀ ਪੂਰੀ ਕਰੇ ਮੰਗ, ਹਰਿਜਨ ਆਪਣਾ ਆਪ ਭੇਟ ਚੜ੍ਹਾਇੰਦਾ । ਜਿਸ ਮਿਲਿਆਂ ਸਦਾ ਸਦ ਪਏ ਠੰਡ, ਸੋ ਭਗਤ ਸਾਹਿਬ ਸਤਿਗੁਰ ਸੱਚੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਖ਼ੁਸ਼ੀ ਮਨਾਇੰਦਾ । ਜਨ ਭਗਤ ਕਹੇ ਮੇਰਾ ਭਗਵਾਨ ਅਗੰਮ, ਅਲਖ ਅਗੋਚਰ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਪਵਣ ਸਵਾਸ ਨਾ ਕੋਇ ਦਮ, ਨੇਤਰ ਨੀਰ ਨਾ ਕੋਇ ਵਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨ ਜਾਣੇ ਆਪਣਾ ਕੰਮ, ਨਿਹਕਰਮੀ ਸਾਚਾ ਕਰਮ ਕਮਾਈਆ । ਲੱਖ ਚੁਰਾਸੀ ਜੀਵ ਜੰਤ ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਖੇਲ ਖਿਲਾਈਆ । ਵਸਤ ਅਮੋਲਕ ਨਾਮ ਨਿਧਾਨ ਦੇਵੇ ਧਨ, ਘਟ ਘਟ ਅੰਦਰ ਝੋਲੀ ਆਪ ਭਰਾਈਆ । ਰਵ ਸਸ ਚਮਕਾਵਣਹਾਰਾ ਚੰਨ, ਚਾਨਣੀ ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤ ਨਿਉਂ ਨਿਉਂ ਲਾਗੇ ਪਾਈਆ । ਸ੍ਰੀ ਭਗਵਾਨ ਕਹੇ ਭਗਤ ਅਪਾਰ,

੬੩੬ ੧੯

ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜੋ ਨਿਤ ਨਵਿਤ ਮੰਗੇ ਇਕ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਨਾਤਾ ਤੋੜ ਕੂੜ ਸੰਸਾਰ, ਇਸ਼ਟ ਇਕੋ ਇਕ ਮਨਾਈਆ । ਦ੍ਰਿਸ਼ਟ ਖੋਲ੍ਹ ਆਪ ਕਰਤਾਰ, ਘਰ ਵੇਖੇ ਚਾਈਂ ਚਾਈਆ । ਮੇਲ ਮਿਲਾਵਾ ਠਾਂਡੇ ਦਰਬਾਰ, ਮਹਲ ਅਟੱਲ ਮਿਲੇ ਵਡਿਆਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਯਾਰ, ਮਿੱਤਰ ਪਿਆਰਾ ਬਣੇ ਬੇਪਰਵਾਹੀਆ । ਆਵਣ ਜਾਵਣ ਜਨਮ ਮਰਨ ਦਾ ਗੇੜ ਨਿਵਾਰ, ਲੱਖ ਚੁਰਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਵੇ ਆਪ ਸਹਾਈਆ । ਜਨ ਭਗਤ ਕਹੇ ਸ੍ਰੀ ਭਗਵਾਨ ਮੇਰਾ ਮਿੱਤਰ, ਮਾਤਰ ਭੂਮੀ ਦਏ ਵਡਿਆਈਆ । ਜੋਤੀ ਧਾਰੋਂ ਜੋਤ ਆਏ ਨਿਕਲ, ਸ਼ਬਦੀ ਸ਼ਬਦ ਨਾਦ ਵਜਾਈਆ । ਨਾ ਮੁਲੱਮਾਂ ਨਾ ਪਿੱਤਲ, ਸਚ ਸਵਰਨ ਪਾਰਸ ਰੂਪ ਵਖਾਈਆ । ਏਕਾ ਧਾਰ ਰਹੇ ਬਿਸਮਿਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਅਨੋਖਾ, ਕੋਟਾਂ ਵਿਚੋਂ ਨਜ਼ਰੀ ਆਈਆ । ਜਿਸ ਅੰਦਰ ਨਿਰਗੁਣ ਨੂਰ ਜਗੇ ਜੋਤਾ, ਅਗਿਆਨ ਅੰਧੇਰ ਬੈਠਾ ਮੁਖ ਛੁਪਾਈਆ । ਸੋ ਸਾਹਿਬ ਸੁਲਤਾਨ ਨਾਮ ਜਪੇ ਸੌਖਾ, ਬਿਨ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਚਰਨ ਪ੍ਰੀਤੀ ਰੱਖੇ ਧੁਰ ਦੀ ਓਟਾ, ਸੀਸ ਉਪਰ ਨਾ ਕੋਇ ਉਠਾਈਆ । ਮਨ ਵਾਸਨਾ ਮਨ ਨਾ ਹੋਏ ਖੋਟਾ, ਕੂੜੀ ਕਿਰਿਆ ਦਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਮੇਲ ਮਿਲਾਈਆ । ਜਨ ਭਗਤ ਕਹੇ ਮੇਰਾ ਭਗਵਾਨ ਵਿਚੋਲਾ, ਮੇਲਾ ਆਪਣਾ ਆਪੇ ਆਪ ਕਰਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਗੋਲਾ, ਜੁਗ ਜੁਗ ਸੇਵ ਕਮਾਈਆ । ਭਗਤ ਕਹੇ ਮੈਂ ਗਾਵਾਂ ਢੋਲਾ, ਨਿਰਗੁਣ ਤੇਰਾ ਨਾਮ ਧਿਆਈਆ । ਭਗਵਾਨ ਕਹੇ ਮੈਂ ਭਗਤਾਂ ਅੰਦਰ ਮੌਲਾ, ਸਰਗੁਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵਾਨ ਇਕੋ ਰੰਗ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਸੇਜ ਇਕ ਪਲੰਘ, ਇਕੋ ਸਿੰਘਾਸਣ ਸੋਭਾ ਪਾਈਆ । ਇਕੋ ਪਰੇਮ ਇਕ ਅਨੰਦ, ਰਸ ਇਕੋ ਇਕ ਰਖਾਈਆ । ਇਕੋ ਗੀਤ ਇਕੋ ਛੰਦ, ਢੋਲਾ ਇਕੋ ਇਕ ਸੁਣਾਈਆ । ਇਕੋ ਮੰਜ਼ਲ ਇਕੋ ਪੰਧ, ਪਾਂਧੀ ਇਕੋ ਰੂਪ ਵਟਾਈਆ । ਇਕੋ ਤੁੱਟੀ ਦੇਵੇ ਗੰਢ, ਗੰਢਣਹਾਰ ਇਕ ਹੋ ਜਾਈਆ । ਇਕੋ ਸਚ ਦਵਾਰ ਜਾਏ ਲੰਘ, ਇਕੋ ਏਕ ਏਕੰਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਮੇਲ ਮਿਲਾਈਆ । ਭਗਤ ਭਗਵਾਨ ਹੋਏ ਮਿਲਾਪ, ਮਿਲਣੀ ਹਰਿ ਜਗਦੀਸ ਕਰਾਇੰਦਾ । ਦੋਵੇਂ ਮਿਲ ਕੇ ਇਕ ਦੂਜੇ ਦਾ ਕਰਨ ਜਾਪ, ਪਰੇਮ ਪ੍ਰੀਤੀ ਅੰਦਰ ਸਾਚਾ ਨਾਦ ਵਜਾਇੰਦਾ । ਨਾਤਾ ਜੁੜਾਏ ਪਿਤਾ ਪੂਤ ਬਾਪ, ਪੁਰਖ ਅਕਾਲ ਖੇਲ ਖਿਲਾਇੰਦਾ । ਆਤਮ ਪਰਮਾਤਮ ਬਣ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਪਾਰਬ੍ਰਹਮ ਬ੍ਰਹਮ ਵੇਖੇ ਮਾਰ ਝਾਤ, ਪਰਦਾ ਓਹਲਾ ਆਪ ਉਠਾਇੰਦਾ । ਸਚ ਦਵਾਰੇ ਸਚ ਪ੍ਰੀਤੀ ਸਾਚਾ ਬੰਨ੍ਹੇ ਨਾਤ, ਏਥੇ ਓਥੇ ਦੋ ਜਹਾਨ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਸੋਹਣ ਇਕੋ ਘਾਟ, ਪੱਤਣ ਸਾਹਿਬ ਸਤਿਗੁਰ ਇਕ ਵਖਾਇੰਦਾ । ਭਗਤ ਭਗਵਾਨ ਸਚ ਮਹੱਲਾ, ਸਤਿ ਸਤਿਵਾਦੀ ਇਕ ਵਸਾਈਆ । ਇਕ ਦੂਜੇ ਦਾ ਫੜਿਆ ਪੱਲਾ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਸ਼ਬਦੀ ਧਾਰ ਰਲਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਜਰਮ ਕਰਮ ਦਾ ਮੇਟ

ਸੱਲਾ, ਆਵਣ ਜਾਵਣ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਸਾਈਆ । ਭਗਤ ਭਗਵਾਨ ਘਰ ਵਸੇ ਏਕ, ਸਚਖੰਡ ਵੱਜੇ ਵਧਾਈਆ । ਸਚ ਦਵਾਰੇ ਮਿਲੇ ਟੇਕ, ਸਤਿ ਸਤਿਵਾਦੀ ਹੋਏ ਸਹਾਈਆ । ਅਗਲਾ ਪਿਛਲਾ ਚੁੱਕੇ ਲੇਖ, ਕਲਮ ਸ਼ਾਹੀ ਕਾਗ਼ਜ਼ ਦਏ ਗਵਾਹੀਆ । ਨਿਰਗੁਣ ਆਤਮ ਨਿਰਗੁਣ ਪਰਮਾਤਮ ਦੋਹਾਂ ਬਣਿਆ ਹੇਤ, ਹਿਤਕਾਰੀ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੰਗ ਜੁਗ ਜੁਗ ਖੇਡੇ ਖੇਡ, ਬਣ ਖਿਲਾਰੀ ਆਪਣਾ ਖੇਲ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦੱਸੇ ਆਤਮ ਅੰਤਰ ਆਪਣਾ ਭੇਤ, ਅਨੁਭਵ ਪਰਕਾਸ਼ ਪੁਰਖ ਅਬਿਨਾਸ਼ ਇਕੋ ਵਾਰ ਕਰਾਈਆ ।

★ ੨੫ ਚੇਤ ੨੦੨੧ ਬਿਕ੍ਰਮੀ ਕਿਰਪਾ ਸਿੰਘ ਦੇ ਗ੍ਰਿਹ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ★

ਜਨ ਭਗਤ ਕਹੇ ਵੇਖ ਮਾਤਲੋਕ, ਪ੍ਰਭ ਆਪਣਾ ਧਿਆਨ ਲਗਾਈਆ । ਤੇਰੀ ਕੋਈ ਨਾ ਰੱਖੇ ਓਟ, ਭਰਮੇ ਭੁੱਲੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚੋਂ ਪੜ੍ਹ ਕੇ ਸਲੋਕ, ਰਸਨਾ ਜਿਹਵਾ ਰਹੇ ਗਾਈਆ । ਮਨ ਵਾਸਨਾ ਮੰਗਦੇ ਮੋਖ, ਮੁਫ਼ਤ ਝੋਲੀ ਅੱਗੇ ਡਾਹੀਆ । ਤੇਰਾ ਨੂਰ ਤੱਕੇ ਨਾ ਕੋਈ ਨਿਰਮਲ ਜੋਤ, ਸਾਧ ਸੰਤ ਅੱਖ ਨਾ ਕੋਇ ਖੁਲ੍ਹਾਈਆ । ਤੂੰ ਬੈਠਾ ਰਿਹੋਂ ਖ਼ਾਮੋਸ਼, ਗੁੰਗ ਮੁਖ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਜਨ ਭਗਤ ਕਹਿਣ ਉਠ ਵੇਖ ਤੱਕ, ਤਾਕਤਵਰ ਆਪਣੀ ਲੈ ਅੰਗੜਾਈਆ । ਚਾਰ ਕੁੰਟ ਨਵ ਖੰਡ ਸੱਤ ਦੀਪ ਸਭ ਤੇ ਪਿਆ ਸ਼ੱਕ, ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਬੈਠਾ ਅੱਖ ਚੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਵਾਰੇ ਆਏ ਨੱਠ, ਲੋਕਮਾਤ ਨਾਤਾ ਜਗਤ ਤੁੜਾਈਆ । ਜੁਗ ਚੌਕੜੀ ਮਾਰਗ ਲਿਖ ਕੇ ਆਏ ਦੱਸ, ਅੱਖਰਾਂ ਹਰਫ਼ਾਂ ਨਾਲ ਸਮਝਾਈਆ । ਅੰਤਮ ਸਾਰੇ ਕਰ ਕੇ ਬਸ, ਬਸਤੇ ਆਪਣੇ ਬੈਠੇ ਬੰਧਾਈਆ । ਕਿਸੇ ਦਾ ਚਲੇ ਨਾ ਕੋਈ ਵਸ, ਵਾਸਤਾ ਸਾਰੇ ਰਹੇ ਪਾਈਆ । ਸਿਖਿਆ ਦੇ ਦੇ ਗਏ ਥੱਕ, ਥਕਾਵਟ ਸਭ ਦੇ ਉਤੇ ਛਾਈਆ । ਤੇਰਾ ਮਿਲੇ ਨਾ ਨਾਮ ਰਸ, ਰਸਤਾ ਹੱਕ ਹਕੀਕਤ ਵਿਚੋਂ ਨਾ ਕੋਇ ਦਰਸਾਈਆ । ਸਤਿ ਦਵਾਰਾ ਨਜ਼ਰ ਨਾ ਆਏ ਹੱਟ, ਵਣਜਾਰੇ ਘਰ ਘਰ ਬਹਿ ਬਹਿ ਕੂੜਾ ਵਣਜ ਰਹੇ ਕਰਾਈਆ । ਫਿਰੀ ਦਰੋਹੀ ਮਨਮਤ, ਗੁਰਮਤ ਨਾ ਕੋਇ ਰਖਾਈਆ । ਬਿਨ ਤੇਰੇ ਪਾਰਬ੍ਰਹਮ ਕੋਈ ਨਾ ਰੱਖੇ ਪਤ, ਸਚ ਸਹਾਈ ਨਜ਼ਰ ਕੋਇ ਨਾ ਆਈਆ । ਨੇਤਰ ਖੋਲ੍ਹ ਅਗੰਮੀ ਅੱਖ, ਲੋਚਣ ਆਪਣਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਜਨ ਭਗਤ ਕਹਿਣ ਉਠ ਪ੍ਰਭ ਜਾਗ, ਜਾਗਣ ਵੇਲਾ ਆਈਆ । ਸ੍ਰਿਸ਼ਟ ਸਬਾਈ ਹੋਈ ਕਾਗ, ਬੁਧੀ ਕਾਗ ਵਾਂਗ ਕੁਰਲਾਈਆ । ਘਰ ਘਰ ਲੱਗੀ ਕੂੜੀ ਆਗ, ਅਗਨੀ ਤਤ ਜਲਾਈਆ । ਅੰਤਰ ਉਪਜੇ ਨਾ ਕਿਸੇ ਰਾਗ, ਗੀਤ ਅਨਾਦ ਨਾ ਕੋਇ ਸੁਣਾਈਆ । ਕੰਤ ਮਿਲੇ ਨਾ ਕੋਇ ਸੁਹਾਗ, ਨਾਰ ਦੁਹਾਗਣ ਦਏ ਦੁਹਾਈਆ । ਸਚ ਸਰਨਾਈ ਕੋਈ ਨਾ ਜਾਏ ਲਾਗ, ਚਰਨ ਕਵਲ ਨਾ ਕੋਇ ਵਡਿਆਈਆ । ਤੇਰੇ ਨਾਲੋਂ ਬਿਨ ਭਗਤਾਂ ਸਭ ਨੇ ਕੀਤਾ ਤਿਆਗ, ਨਾਤਾ ਤੋੜ ਬੈਠੇ ਮੁਖ ਭਵਾਈਆ । ਦੀਪਕ ਜੋਤ ਨਾ ਜਗੇ ਚਿਰਾਗ਼, ਸ਼ਮਾ ਸਚ ਨਾ ਕੋਇ ਚਮਕਾਈਆ ।

ਸਚ ਦਵਾਰਿਉਂ ਦੂਰ ਦੁਰਾਡੇ ਰਹੇ ਭਾਗ, ਨੇਰਨ ਨੇਰਾ ਹੋ ਕੇ ਨੇਤਰ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਹੋਏ ਲਾਜਵਾਬ, ਲੇਖਾ ਤੇਰੀ ਝੋਲੀ ਰਹੇ ਸੁਟਾਈਆ । ਪਰਮ ਪੁਰਖ ਸੁਲਤਾਨ ਸ੍ਰੀ ਭਗਵਾਨ ਜਨ ਭਗਤ ਤੇਰੇ ਮੁਹਤਾਜ, ਮੁਹੱਬਤ ਤੇਰੇ ਨਾਲ ਰਖਾਈਆ । ਸੀਸ ਜਗਦੀਸ ਸੋਹੇ ਤਾਜ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਸਚ ਸਵਾਮੀ ਕਾਰਜ ਕਰ ਰਾਸ, ਕਰਤਾ ਪੁਰਖ ਕੁਦਰਤ ਤੇਰਾ ਰੂਪ ਤੇਰੇ ਵਿਚੋਂ ਤੇਰੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਨਿਰਗੁਣ ਆਪਣਾ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਹੋ ਦਲੇਰ, ਬਲ ਆਪਣਾ ਆਪ ਧਰਾਈਆ । ਪਿਛਲਾ ਛੱਡ ਦੇ ਹੇਰ ਫੇਰ, ਅੱਗੇ ਸਾਚਾ ਰਾਹ ਚਲਾਈਆ । ਲੇਖਾ ਚੁੱਕੇ ਜ਼ਬਰ ਜ਼ੇਰ, ਹਮਜ਼ਾ ਹਰਫ਼ ਨਾ ਕੋਇ ਪੜ੍ਹਾਈਆ । ਦੂਰ ਦੁਰਾਡੇ ਵੇਖ ਨੇਰਨ ਨੇਰ, ਪਾਂਧੀ ਆਪਣਾ ਪੰਧ ਮੁਕਾਈਆ । ਕੂੜੀ ਕਿਰਿਆ ਲਹਿਣਾ ਦੇਣਾ ਦੇ ਨਬੇੜ, ਸ਼ਿਰਕਤ ਮਿਟੇ ਜਗਤ ਲੋਕਾਈਆ । ਦੋ ਜਹਾਨਾਂ ਵਾਲੀ ਧੁਰ ਦੇ ਸ਼ੇਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਵੇਸ ਵਟਾਈਆ । ਜਨ ਭਗਤ ਕਹਿਣ ਸ੍ਰੀ ਭਗਵਾਨ, ਦੋ ਜਹਾਨਾਂ ਵਾਲੀ ਦੋਜ਼ਖ਼ ਬਹਿਸ਼ਤ ਤੇਰਾ ਰਾਹ ਤਕਾਈਆ । ਨਿਰਗੁਣ ਸਰਗੁਣ ਬਣ ਪਾਲੀ, ਪ੍ਰਿਤਪਾਲਕ ਹੋ ਸਹਾਈਆ । ਲੱਖ ਚੁਰਾਸੀ ਜੀਵ ਜੰਤ ਬਣ ਅਯਾਲੀ, ਮੂਰਖ ਮੁਗਧ ਪਾਰ ਕਰਾਈਆ । ਸਤਿ ਦਵਾਰਾ ਹੋਇਆ ਖ਼ਾਲੀ, ਸਾਚਾ ਨਾਮ ਝੋਲੀ ਵਿਚ ਨਾ ਕੋਇ ਟਿਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮਾਇਆ ਭੁੱਲ ਕਰਨ ਦਲਾਲੀ, ਵਣਜ ਹੱਕ ਨਾ ਕੋਇ ਕਰਾਈਆ । ਤੇਰਾ ਨੂਰ ਨਜ਼ਰ ਨਾ ਆਏ ਜੋਤ ਅਕਾਲੀ, ਅਕਲ ਕਲਧਾਰੀ ਤੇਰਾ ਭੈ ਸਿਰ ਨਾ ਕੋਇ ਟਿਕਾਈਆ । ਫਲ ਦਿਸੇ ਨਾ ਕਿਸੇ ਡਾਲੀ, ਪਤਝੜ ਬੈਠੀ ਰੂਪ ਵਟਾਈਆ । ਮਨ ਵਾਸਨਾ ਮਤ ਹੋਈ ਮਤਵਾਲੀ, ਮਤਲਬ ਆਪਣਾ ਅੱਗੇ ਸਭ ਨੂੰ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਅਗਨੀ ਤਤ ਤਪੇ ਕੁਠਾਲੀ, ਸਾਂਤਕ ਸਤਿ ਸਤਿ ਨਾ ਕੋਇ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਬੇਮਿਸਾਲ, ਮਿਸਲ ਆਪਣੀ ਅਗਲੀ ਦੇ ਸਮਝਾਈਆ ।

## ★ ੨੫ ਚੇਤ ੨੦੨੧ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ★

ਸਚ ਦਵਾਰਾ ਵੇਖਿਆ ਚੜ੍ਹ, ਜਨ ਭਗਤ ਰਹੇ ਜਣਾਈਆ । ਪੁਰਖ ਅਕਾਲ ਮਿਲਿਆ ਅੱਗੇ ਖੜ, ਸਤਿ ਸਰੂਪੀ ਨਜ਼ਰੀ ਆਈਆ । ਜਿਨ੍ਹਾਂ ਲੋਕਮਾਤ ਮਿਲਿਆ ਵਰ, ਅੱਗੇ ਆਪਣਾ ਰੰਗ ਰੰਗਾਈਆ । ਜਗਤ ਪੰਜ ਤਤ ਕਾਇਆ ਕਹੇ ਗਿਆ ਮਰ, ਭਗਤ ਆਤਮ ਕਹੇ ਪਰਮਾਤਮ ਵਿਚ ਸਮਾਈਆ । ਜਨਮ ਕਰਮ ਦਾ ਚੁੱਕਿਆ ਡਰ, ਆਵਣ ਜਾਵਣ ਪੰਧ ਰਿਹਾ ਨਾ ਰਾਈਆ । ਸਚ ਭੂਮਿਕਾ ਮਿਲਿਆ ਅਸਥਾਨ ਘਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਘਰ ਵਸੇ ਪੁਰਖ ਅਕਾਲ ਨਰਾਇਣ ਨਰ, ਨਰ ਹਰਿ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਰਿਹਾ ਚੁਕਾਈਆ । ਭਗਤ ਕਹੇ ਮੈਂ ਵੇਖਿਆ ਉਹ, ਜੋ ਆਦਿ ਜੁਗਾਦਿ ਬਣਤ ਬਣਾਇੰਦਾ ।

ਕਲਜੁਗ ਅੰਤ ਕਹਿਣ ਪੰਜ ਤਤ ਨਾਤਾ ਛੱਡਿਆ ਛੱਬੀ ਪੋਹ, ਜੋਤੀ ਜੋਤ ਸਮਾਇੰਦਾ । ਅੰਤਮ ਭਗਤਾਂ ਜੋਗਾ ਗਿਆ ਹੋ, ਭਗਵਨ ਭਗਤਾਂ ਅੰਦਰ ਡੇਰਾ ਲਾਇੰਦਾ । ਜਿਸ ਆਤਮ ਨਾਲ ਪਰਮਾਤਮ ਬਣ ਕੇ ਗਿਆ ਛੋਹ, ਤਿਸ ਸ਼ਹਿਨਸ਼ਾਹ ਆਪਣੇ ਘਰ ਵਸਾਇੰਦਾ । ਸਤਿ ਪਰਕਾਸ਼ ਦੀ ਦੇ ਕੇ ਲੋ, ਲੋਆਂ ਪੁਰੀਆਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਘਰ ਵਸਾਇੰਦਾ । ਜਨ ਭਗਤ ਕਹੇ ਪਾਇਆ ਮਹਲ ਅਪਾਰ, ਮਹਿਮਾ ਗਣਤ ਗਣੀ ਨਾ ਜਾਈਆ । ਦੀਆ ਦੀਪਕ ਜੋਤੀ ਹੋਏ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦੇ ਕਰਨ ਨਿਮਸਕਾਰ, ਨਿਉਂ ਨਿਉਂ ਬਹਿਣ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਵਾਰੇ ਦੱਸ ਭਿਖਾਰ, ਆਪਣੀ ਝੋਲੀ ਅੱਗੇ ਡਾਹੀਆ । ਭਗਤ ਜਨ ਉਚੀ ਕੂਕ ਕੂਕ ਬੋਲਣ ਜੈਕਾਰ, ਤੂੰ ਮੇਰਾ ਸਚ ਗੋਸਾਈਆਂ । ਤੇਰੇ ਪਿਛੇ ਨਾਤਾ ਛੋੜ ਸਰਬ ਸੰਸਾਰ, ਪ੍ਰੀਤੀ ਪ੍ਰੀਤਮ ਇਕੋ ਇਕ ਨਿਭਾਈਆ । ਮੰਜ਼ਲ ਮਿਲੀ ਸਚ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਘਰ ਵਸਾਈਆ । ਜਨ ਭਗਤ ਕਹੇ ਘਰ ਪਾਇਆ ਸੱਚ, ਵੱਜੀ ਸਚ ਨਾਮ ਵਧਾਈਆ । ਜੋਤੀ ਅੰਦਰ ਜੋਤ ਰੂਪ ਹੋ ਕੇ ਗਿਆ ਰਚ, ਰਚਨਾ ਵੇਖੀ ਬੇਪਰਵਾਹੀਆ । ਪਰੇਮ ਪਿਆਰ ਦਾ ਅਨੋਖਾ ਆਇਆ ਰਸ, ਬਿਨ ਰਸਨਾ ਜਿਹਵਾ ਦਿਤਾ ਚਖਾਈਆ । ਬਿਨ ਬੱਤੀ ਦੰਦਾਂ ਪਿਆ ਹੱਸ, ਹੰਸ ਮੁਖ ਆਪਣਾ ਰਾਗ ਅਲਾਈਆ । ਮੈਂ ਵੇਖ ਹੋਇਆ ਬੇਬਸ, ਮੇਰੀ ਚਲੀ ਨਾ ਕੋਇ ਚਤਰਾਈਆ । ਪਰਮ ਪੁਰਖ ਪਰਮਾਤਮ ਵੇਖ ਨਿਰਗੁਣ ਧਾਰ ਵਿਰਲਾ ਚਰਨਾਂ ਉਤੇ ਗਿਆ ਢੱਠ, ਚਰਨ ਉਹ ਜਿਸ ਦਾ ਰੂਪ ਰੰਗ ਨਾ ਕੋਇ ਵਖਾਈਆ । ਪਰਮ ਪੁਰਖ ਪਰਮਾਤਮ ਬਣ ਸਵਾਮੀ ਸਿਰ ਉਤੇ ਰੱਖਿਆ ਹੱਥ, ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਰਿਹਾ ਪਾਰ ਕਰਾਈਆ । ਭਗਤ ਕਹੇ ਘਰ ਪਾਇਆ ਸਚ ਅਨੰਦ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਕੋਟਨ ਜਨਮ ਦਾ ਮੇਟ ਕੇ ਪੰਧ, ਮੰਜ਼ਲ ਬੈਠਾ ਆਸਣ ਲਾਈਆ । ਲੇਖਾ ਚੁਕਿਆ ਨਾਰ ਦੁਹਾਗਣ ਰੰਡ, ਕੰਤ ਸੁਹਾਗੀ ਇਕ ਪਰਨਾਈਆ । ਅੱਗੇ ਲੋੜ ਨਾ ਰਹੀ ਕੀ ਮੰਗਾਂ ਮੰਗ, ਅਨਮੰਗੀ ਦੌਲਤ ਪ੍ਰਭ ਨੇ ਝੋਲੀ ਪਾਈਆ । ਪਰੇਮ ਪ੍ਰੀਤੀ ਚਾੜ੍ਹ ਕੇ ਰੰਗ, ਰੰਗਤ ਇਕੋ ਦਿਤੀ ਵਖਾਈਆ । ਤੂੰ ਮੇਰਾ ਮੈਂ ਤੇਰੇ ਸੰਗ, ਜਨ ਭਗਤ ਹੋਏ ਨਾ ਕਦੇ ਜੁਦਾਈਆ । ਵੇਖ ਹੈਰਾਨ ਦੂਰ ਦੁਰਾਡੇ ਦੇਵਤ ਸੁਰ ਪਾਵਣ ਡੰਡ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਜਨ ਭਗਤ ਕਹਿਣ ਰੋਵਣ ਦੇਵਤ ਸੁਰ, ਬਿਹਬਲ ਹੋ ਕੇ ਦੇਣ ਦੁਹਾਈਆ । ਵੇਖੋ ਜਨ ਭਗਤਾਂ ਮੇਲਾ ਮਿਲਿਆ ਧੁਰ, ਅਧਵਿਚਕਾਰ ਨਾ ਕੋਇ ਅਟਕਾਈਆ । ਚੜ੍ਹ ਕੇ ਆਏ ਸਾਚੇ ਘੋੜ, ਘੋੜਾ ਅਸਵ ਸ੍ਰੀ ਭਗਵਾਨ ਆਪਣਾ ਇਕ ਵਖਾਈਆ । ਨੇਤਰ ਸ਼ਰਮਾਇਆ ਚੰਨ ਚਕੋਰ, ਦੋਵੇਂ ਬੈਠੇ ਮੁਖ ਭਵਾਈਆ । ਪ੍ਰਭ ਅਚਰਜ ਖੇਲ ਕਰੀ ਹੋਰ, ਹੋੜਾ ਸੱਸੇ ਉਪਰ ਲਗਾਈਆ । ਹੰ ਬ੍ਰਹਮ ਆਪੇ ਬੌਹੜ, ਨਿਹਕਰਮੀ ਕਰਮ ਕਾਂਡ ਦਿਤਾ ਮੁਕਾਈਆ । ਜਨਮ ਜਨਮ ਦੇ ਵਿਛੜੇ ਲਏ ਜੋੜ, ਜੋੜੀ ਆਪਣੇ ਨਾਲ ਮਿਲਾਈਆ । ਫੜ ਆਤਮ ਪਰਮਾਤਮ ਚਾੜ੍ਹੀ ਤੋੜ, ਤੁਰਤ ਆਪਣਾ ਸੰਗ ਰਖਾਈਆ । ਤਿਸ ਸਾਹਿਬ ਅੱਗੇ ਨਹੀਂ ਕੋਈ ਜ਼ੋਰ, ਜੋ ਚਾਹੇ ਸੋ ਕਰੇ ਕਰਾਏ ਕਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸਚ ਦਵਾਰੇ ਸਚਖੰਡ ਦਏ ਵਡਿਆਈਆ ।



੬੪੦ ੧੯

## ★ ੨੫ ਚੇਤ ੨੦੨੧ ਬਿਕ੍ਰਮੀ ਗੋਬਿੰਦ ਸਰਨ ਸ੍ਰੀਵਾਸਤਵ ★

ਧੂਪ ਦੀਪ ਆਰਤੀ ਕਹੇ ਘਿਰਤ, ਬਾਤੀ ਸੁਗੰਧੀ ਰਹੀ ਕੁਰਲਾਈਆ । ਪ੍ਰਭੂ ਦਰ ਵੇਖਿਆ ਤੇਰਾ ਫਿਰਤ ਫਿਰਤ, ਚਾਰੋਂ ਕੁੰਟ ਪੰਧ ਮੁਕਾਈਆ । ਤੂੰ ਖੋਲ੍ਹਣਹਾਰਾ ਸੁਰਤ ਨਿਰਤ, ਨਰ ਨਰਾਇਣ ਇਕ ਅਖਵਾਈਆ । ਚਿੰਤਾ ਸੋਗ ਗਵਾ ਹਰਖ਼, ਜਗਤ ਆਸਾ ਪੂਰ ਕਰਾਈਆ । ਮਾਤ ਗਰਭ ਬਖ਼ਸ਼ ਉਲਟਾ ਬਿਰਖ, ਫੁਲ ਫਲਵਾੜੀ ਜਗਤ ਮਹਿਕਾਈਆ । ਜਿਸ ਵਸਤੂ ਨੂੰ ਰਹੇ ਤਰਸ, ਸੋ ਅਨਮੁਲੜੀ ਦਾਤ ਝੋਲੀ ਪਾਈਆ । ਕਰੇ ਅਰਜ਼ੋਈ ਨਾਰ ਮਰਦ, ਇਸਤਰੀ ਪੁਰਸ਼ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਸਾਚਾ ਨਾਤਾ ਜਗਤ ਰਖਾਈਆ । ਧੂਪ ਦੀਪ ਸੰਗ ਕਹੇ ਫੂਲਨ ਮਾਲਾ, ਮਹਿਕ ਆਪਣੀ ਸਚ ਮਹਿਕਾਈਆ । ਹੇ ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਤੇਰੀ ਵਡਿਆਈਆ । ਸਚਖੰਡ ਦਵਾਰ ਤੇਰੀ ਸੱਚੀ ਧਰਮਸਾਲਾ, ਸਚ ਸਿੰਘਾਸਣ ਬਹਿ ਬਹਿ ਖ਼ੁਸ਼ੀ ਮਨਾਈਆ । ਤੇਰੇ ਦਰ ਮੰਗਣ ਸ਼ਾਹ ਕੰਗਾਲਾ, ਦੋ ਜਹਾਨ ਝੋਲੀ ਡਾਹੀਆ । ਜੁਗ ਚੌਕੜੀ ਨਿਰਗੁਣ ਸਰਗੁਣ ਬਣਦਾ ਰਿਹੋਂ ਪ੍ਰਿਤਪਾਲਾ, ਪ੍ਰਿਤਪਾਲਕ ਇਕ ਅਖਵਾਈਆ । ਬਖ਼ਸ਼ਸ਼ ਵਿਚੋਂ ਬਖ਼ਸ਼ਸ਼ ਕਰਦੇ ਪੰਜ ਤਤ ਦਾ ਬੱਚਾ ਬਾਲਾ, ਬਾਲਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇੜਾ ਦੇ ਵਸਾਈਆ । ਫੂਲ ਕਹੇ ਸੁਣ ਦੀਪ ਘਿਰਤ ਜੋਤੀ, ਅਗਨੀ ਹਵਨ ਸਮਝਾਈਆ । ਮੈਂ ਸਚ ਸੱਚੀ ਇਕੋ ਸੋਚੀ, ਸਚ ਸਮਝ ਨਾਲ ਸਮਝਾਈਆ । ਜਿਸ ਦੇ ਨਾਲ ਰਵਦਾਸ ਚੁਮਾਰਾ ਮੋਚੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਤੁਹਾਡੀ ਮੰਜ਼ਲ ਰਹਿਣ ਨਾ ਦੇਵੇ ਔਖੀ, ਔਖੇਰੀ ਸੌਖੀ ਦਏ ਬਣਾਈਆ । ਨਾਤਾ ਜੁੜਾਏ ਪੁੱਤ ਪੋਤੀ, ਪਿਤਾ ਪੂਤ ਹੋਏ ਸਹਾਈਆ । ਮਾਤ ਸੋਹੇ ਸਾਚੀ ਗੋਦੀ, ਘਰ ਖ਼ੁਸ਼ੀਆਂ ਰੰਗ ਵਖਾਈਆ । ਸਿਰ ਚੋਟੀ ਨਾ ਰੱਖਣੀ ਨਾ ਬੋਦੀ, ਬੋਧ ਗਿਆਨ ਇਕੋ ਵਾਰ ਦਏ ਦ੍ਰਿੜਾਈਆ । ਬੇਸ਼ਕ ਤਾਅਨੇ ਦੇਵਣ ਲੋਕੀਂ, ਲੋਕ ਲੱਜਿਆ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸੁਗੰਧੀ ਕਹੇ ਮੈਂ ਸਚ ਖ਼ੁਸ਼ਬੂ, ਗੁਲਸ਼ਨ ਵਿਚੋਂ ਮਹਿਕ ਮਹਿਕਾਈਆ । ਪ੍ਰਭ ਦੇਵਣਹਾਰਾ ਸਤਿ ਸਰੂਪੀ ਬਖ਼ਸ਼ਸ਼ ਰੂਹ, ਰਹਿਮਤ ਆਪਣੀ ਆਪ ਕਮਾਈਆ । ਜਨ ਭਗਤਾਂ ਵਸਤ ਅਮੋਲਕ ਦੇਵੇ ਜੋ ਧਿਆਨ ਲਗਾਇਣ ਤੂੰ ਹੀ ਤੂੰ, ਤੇਰਾ ਮੇਰਾ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਘਿਰਤ ਕਹੇ ਮੈਨੂੰ ਆਵੇ ਘਿਰਨਾ, ਸਚ ਸਚ ਸਮਝਾਈਆ । ਪ੍ਰਭ ਨੂੰ ਮਿਲ ਕੇ ਦੂਜੇ ਦਰ ਫੇਰ ਨਾ ਫਿਰਨਾ, ਪੂਰੀ ਆਸਾ ਇਕੋ ਦਏ ਕਰਾਈਆ । ਸਚ ਦਵਾਰਿਉਂ ਸਤਿ ਦਾ ਹੋਵੇ ਨਿਰਨਾ, ਨਰ ਨਰਾਇਣ ਆਪ ਦ੍ਰਿੜਾਈਆ । ਲੱਖ ਚੁਰਾਸੀ ਜੀਵ ਜੰਤ ਜਿਸ ਦੀ ਜੋਤੀ ਕਿਰਨਾ, ਸੋ ਕਿਰਨ ਤੁਹਾਡੇ ਅੰਦਰ ਦਏ ਟਿਕਾਈਆ । ਜਿਸ ਦਾ ਭੇਵ ਹਰਿਜਨ ਜਾਣੇ ਵਿਰਲਾ, ਦੂਜੇ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਡਿਆਈਆ । ਫੂਲ ਕਹੇ ਮੈਂ ਮਾਲਾ ਮਣਕਾ, ਤਨ ਸੋਭਾ ਸਚ ਸੁਹਾਈਆ । ਮੇਰਾ ਸ਼ੰਗਾਰ ਪੰਜ ਤਤ ਤਨ ਕਾ, ਤਤਵ ਰੰਗ ਰੰਗਾਈਆ । ਮੇਰਾ ਭਗਵਾਨ ਮਾਲਕ ਜਨਨੀ ਜਨ ਕਾ, ਜਨ ਜਣੇਂਦੀ ਵੇਖ ਵਖਾਈਆ । ਆਪੇ ਘੜੇ ਆਪੇ ਭੰਨਦਾ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਜੋ ਭਗਤ ਇਹਦੇ ਨਾਲ ਪਰੇਮ ਪ੍ਰੀਤੀ ਅੰਦਰ ਮੰਨਦਾ, ਤਿਸ ਮਨਸਾ

ਪੂਰ ਕਰਾਈਆ । ਘਰ ਪਰਕਾਸ਼ ਚਾੜ੍ਹੇ ਸੁਤ ਦੁਲਾਰੇ ਚੰਨ ਦਾ, ਚੰਨ ਨੂਰ ਵਾਂਗ ਰੁਸ਼ਨਾਈਆ । ਇਹੋ ਖੇਲ ਸ੍ਰੀ ਭਗਵਾਨ ਦਾ, ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੂਪ ਦੀਪ ਘਿਰਤ ਹਵਨ ਪਵਨ ਫੂਲ ਮਾਲਾ ਮਨਸਾ ਆਸਾ ਸਭ ਦੀ ਪੂਰ ਕਰਾਈਆ ।

★ ੨੫ ਚੇਤ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿ ਸ਼ਾਸਤਰੀ ਨਗਰ ਕਾਨਪੁਰ ਉਤਰ ਪ੍ਰਦੇਸ਼ ★

ਸਾਹਿਬ ਸੁਲਤਾਨ ਪੁਰਖ ਸਮਰਥ, ਸਤਿ ਸਤਿਵਾਦੀ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਸਿਰ ਦੇ ਕਰ ਰੱਖਣਾ ਹੱਥ, ਦੋ ਜਹਾਨ ਤੇਰੀ ਵਡਿਆਈਆ । ਏਕੰਕਾਰ ਦੇਣੀ ਬ੍ਰਹਮ ਮਤ, ਧੁਰ ਦੀ ਧਾਰ ਸਚ ਪੜ੍ਹਾਈਆ । ਆਦਿ ਨਿਰੰਜਣ ਨਿਰਗੁਣ ਨੂਰ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਅਬਿਨਾਸ਼ੀ ਕਰਤੇ ਸਾਚੇ ਮੰਡਲ ਵਖਾਉਣੀ ਰਾਸ, ਹਰਿ ਗੋਪੀ ਕਾਹਨ ਨਚਾਈਆ । ਸ੍ਰੀ ਭਗਵਾਨ ਭਾਗ ਲਗੌਣਾ ਰਸਨ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਗੁਣ ਤਾਸ, ਦੀਨ ਦਿਆਲ ਤੇਰੀ ਓਟ ਤਕਾਈਆ । ਪਰਮਾਤਮ ਆਤਮ ਦੇਣਾ ਸੱਚਾ ਸਾਥ, ਧੁਰ ਦਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਅਰਦਾਸ, ਸਜਦਾ ਸੀਸ ਜਗਦੀਸ ਝੁਕਾਈਆ । ਪਰਵਰਦਿਗਾਰ ਤੇਰੀ ਆਸ, ਸ਼ਾਹ ਸੁਲਤਾਨ ਤੇਰੀ ਓਟ ਤਕਾਈਆ । ਮੁਕਾਮੇ ਹੱਕ ਤੇਰਾ ਖੇਲ ਤਮਾਸ਼, ਜਲਵਾ ਨੂਰ ਜਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਚ ਵਡਿਆਈ ਦਏ ਭਗਵੰਤ, ਗੁਰ ਅਵਤਾਰ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਮੰਗਤ, ਦਰ ਦਰਵੇਸ਼ ਅਲਖ ਜਗਾਈਆ । ਤੇਰਾ ਭੇਵ ਕੋਈ ਨਾ ਜਾਣੇ ਪਾਂਧਾ ਪੰਡਤ, ਮੁੱਲਾਂ ਸ਼ੇਖ਼ ਨਾ ਕੋਇ ਚਤੁਰਾਈਆ । ਸ੍ਰਿਸ਼ਟ ਸਬਾਈ ਨਵ ਨੌ ਚਾਰ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਚੁਕਾਉਣਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਦਰਗਾਹ ਸਾਚੀ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰੋਂ ਉਠ, ਸਚਖੰਡ ਸਾਚੇ ਤੇਰੀ ਜੋਤ ਰੁਸ਼ਨਾਈਆ । ਜਨ ਭਗਤਾਂ ਉਪਰ ਆ ਕੇ ਤੁਠ, ਮਿਹਰ ਨਜ਼ਰ ਨੈਣ ਉਠਾਈਆ । ਕਲਜੁਗ ਵੇਖ ਜੂਠ ਝੂਠ, ਚਾਰੋਂ ਕੁੰਟ ਦਏ ਦੁਹਾਈਆ । ਸਾਚਾ ਦਿਸੇ ਨਾ ਕੋਈ ਪੂਤ, ਪਿਤਾ ਗੋਦ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਦਰ ਘਰ ਸਾਚੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸਤਿ ਸਤਿਵਾਦੀ ਤੇਰੀ ਓਟ ਰਖਾਈਆ । ਸਤਿਜੁਗ ਤ੍ਰੇਤਾ ਦਵਾਪਰ ਗਿਆ ਲੰਘ, ਕਲਜੁਗ ਅੰਤਮ ਵੇਲਾ ਆਈਆ । ਨੌ ਖੰਡ ਪ੍ਰਿਥਮੀ ਭੇਖ ਪਖੰਡ, ਸੱਤ ਦੀਪ ਕੂੜੀ ਕਿਰਿਆ ਕਰੇ ਲੜਾਈਆ । ਰਸਨਾ ਜਿਹਵਾ ਗੌਂਦੇ ਸਾਰੇ ਬੱਤੀ ਦੰਦ, ਹਿਰਦੇ ਹਰਿ ਨਾ ਕੋਇ ਵਸਾਈਆ । ਮਾਇਆ ਮਮਤਾ ਰਸਨਾ ਜਿਹਵਾ ਲੌਂਦੇ ਗੰਦ, ਅੰਮ੍ਰਿਤ ਜਾਮ ਰਸ ਨਾ ਕੋਇ ਚਖਾਈਆ । ਨਿਜ ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦ, ਸਾਚਾ ਚੰਦ ਨਾ ਕੋਇ ਚਮਕਾਈਆ । ਜਨਮ ਕਰਮ ਦੀ ਟੁਟੀ ਪਾਏ ਕੋਈ ਨਾ ਗੰਢ, ਨਾਤਾ ਬਿਧਾਤਾ ਸੰਗ ਨਾ ਕੋਇ

ਰਖਾਈਆ । ਸਚ ਸਵਾਮੀ ਕਾਇਆ ਮੰਦਰ ਅੰਦਰ ਪਾਏ ਕੋਈ ਨਾ ਠੰਡ, ਤ੍ਰੈਗੁਣ ਅਗਨੀ ਤਤ ਨਾ ਕੋਇ ਬੁਝਾਈਆ । ਸੁਰਤ ਸਵਾਣੀ ਹੋਈ ਰੰਡ, ਸ਼ਬਦ ਹਾਣੀ ਮੇਲ ਨਾ ਕੋਇ ਮਿਲਾਈਆ । ਸਾਚੀ ਸੇਜ ਆਤਮ ਚੜ੍ਹੇ ਨਾ ਕੋਇ ਪਲੰਘ, ਲੱਖ ਚੁਰਾਸੀ ਨਾਰ ਕੰਤ ਬੈਠੇ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਵੇਖਣਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਉਡੀਕ, ਨਿਜ ਨੇਤਰ ਲੋਚਣ ਧਿਆਨ ਲਗਾਈਆ । ਪਰਮ ਪੁਰਖ ਪਰਮਾਤਮ ਪੂਰਬ ਲੇਖਾ ਵੇਖ ਤਾਰੀਖ਼, ਵਾਰ ਥਿਤ ਆਪਣੀ ਆਪ ਜਣਾਈਆ । ਲਹਿਣਾ ਦੇਣਾ ਚੁਕਾ ਲਾਸ਼ਰੀਕ, ਸਿਰਕਤ ਮੇਟ ਜਗਤ ਖ਼ੁਦਾਈਆ । ਸਾਚਾ ਕਲਮਾ ਨਬੀ ਰਸੂਲ ਦੇ ਹਦੀਸ, ਹਜ਼ਰਤ ਇਕੋ ਕਰ ਪੜ੍ਹਾਈਆ । ਚਰਨ ਕਵਲ ਬਖ਼ਸ਼ ਪ੍ਰੀਤ, ਪ੍ਰੀਤਮ ਤੇਰੀ ਓਟ ਰਖਾਈਆ । ਨਾਮ ਭੰਡਾਰਾ ਦੇ ਬਖ਼ਸ਼ੀਸ਼, ਬਖ਼ਸ਼ਸ਼ ਰਹਿਮਤ ਆਪਣੀ ਆਪ ਵਰਤਾਈਆ । ਲਹਿਣਾ ਦੇਣਾ ਚੁਕਾ ਊਚ ਨੀਚ, ਰਾਓ ਰੰਕ ਮੇਲ ਮਿਲਾਈਆ । ਆਤਮ ਪਰਮਾਤਮ ਸਚ ਸੁਣਾ ਧੁਰ ਦਾ ਗੀਤ, ਮੰਦਰ ਮਸੀਤ ਕਾਇਆ ਕਾਅਬਾ ਨਜ਼ਰੀ ਆਈਆ । ਮਨ ਵਾਸਨਾ ਲੈ ਜੀਤ, ਕੂੜੀ ਕਿਰਿਆ ਡੇਰਾ ਢਾਹੀਆ । ਨਜ਼ਰੀ ਆਏ ਹਸਤ ਕੀਟ, ਹਰ ਘਟ ਬੈਠਾ ਬੇਪਰਵਾਹੀਆ । ਦਰ ਠਾਂਡੇ ਮੰਗੀਏ ਭੀਖ, ਅਲਖ ਇਕੋ ਇਕ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਅੰਤਰ ਕੂਕ ਕੂਕ ਸੁਣਾਈਆ । ਪਰਮ ਪੁਰਖ ਪ੍ਰਭ ਵੇਖ ਆਪਣੇ ਨੈਣ, ਨਿਜ ਲੋਚਣ ਇਕ ਖੁਲ੍ਹਾਈਆ । ਕਲਜੁਗ ਸ੍ਰਿਸ਼ਟ ਸਬਾਈ ਡੁੱਬੀ ਡੂੰਘੇ ਵਹਿਣ, ਪਾਰ ਕਿਨਾਰਾ ਨਜ਼ਰ ਨਾ ਕੋਇ ਰਖਾਈਆ । ਜਨਮ ਕਰਮ ਦਾ ਮੁਕਾਏ ਨਾ ਕੋਈ ਲਹਿਣ ਦੇਣ, ਝਗੜਾ ਝੂਠ ਨਾ ਕੋਇ ਮਿਟਾਈਆ । ਨਾਤਾ ਤੁਟਾ ਭਾਈ ਭੈਣ, ਸਾਕ ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਅਰਦਾਸ, ਦੋਏ ਜੋੜ ਸੀਸ ਝੁਕਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਤੇਰੀ ਓਟ ਤਕਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਵਰਨ ਬਰਨ ਦੀਨ ਮਜ਼੍ਹਬ ਗੋਤ ਕੂੜੀ ਜਮਾਤ, ਸਾਚੀ ਕਰੇ ਨਾ ਕੋਇ ਪੜ੍ਹਾਈਆ । ਸਰਗੁਣ ਹੋ ਕੇ ਜੋ ਲੋਕਮਾਤ ਆਏ ਆਖ, ਆਖ਼ਰ ਤੇਰਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਦਰ, ਦਰ ਦਰਵਾਜ਼ਾ ਜਗਤ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਝੋਲੀ ਆਪਣੀ ਅੱਗੇ ਡਾਹੀਆ । ਕੂੜੀ ਕਿਰਿਆ ਕੱਟ ਨਿਸੰਗ, ਕਸੁੰਭੜਾ ਰੂਪ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਦੇ ਅਨੰਦ, ਘਰ ਸਾਚੇ ਮਿਲੇ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜਨ ਭਗਤ ਤੇਰਾ ਦਵਾਰਾ ਵੇਖਣ ਲੰਘ, ਕੂੜੀ ਮੰਜ਼ਲ ਪੰਧ ਮੁਕਾਈਆ । ਆਤਮ ਪਰਮਾਤਮ ਮਿਲ ਕੇ ਗਾਵਣ ਛੰਦ, ਸਾਚਾ ਢੋਲਾ ਇਕ ਸੁਣਾਈਆ । ਸੁਰਤ ਸਵਾਣੀ ਰਹੇ ਨਾ ਰੰਡ, ਸ਼ਬਦੀ ਕੰਤ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਤਅੱਜਬ, ਹੈਰਾਨੀ ਕਲਜੁਗ ਅੰਤਮ ਛਾਈਆ । ਹਰਿ ਜੂ ਖੇਲ ਤੇਰਾ ਅਜਬ, ਨਿਰਾਲੀ ਧਾਰ ਬੇਪਰਵਾਹੀਆ । ਝਗੜਾ ਪਿਆ ਦੀਨ ਮਜ਼੍ਹਬ, ਜਾਤ ਪਾਤ ਕਰੇ ਲੜਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਨਾ ਕੋਈ ਅਦਬ, ਧੀਆਂ ਭੈਣਾਂ ਰਹੇ ਤਕਾਈਆ ।

੯੪੩
੧੯

ਸਾਚੀ ਮੰਜ਼ਲ ਚੜ੍ਹੇ ਨਾ ਕੋਈ ਕਦਮ, ਸਾਚਾ ਰਾਹ ਨਜ਼ਰ ਕਿਸੇ ਨਾ ਆਈਆ । ਸ਼ਾਹ ਸੁਲਤਾਨ ਰਾਜ ਰਾਜਾਨ ਕਰੇ ਨਾ ਕੋਈ ਅਦਲ, ਅਦਾਲਤ ਹੱਕ ਨਾ ਕੋਇ ਵਖਾਈਆ । ਕਿਰਪਾ ਕਰ ਕੇ ਕੂੜੀ ਕਿਰਿਆ ਕਲਜੁਗ ਬਦਲ, ਸੱਚਾ ਮਾਰਗ ਇਕ ਵਖਾਈਆ । ਜਨ ਭਗਤਾਂ ਮਿਲੇ ਆਪਣੀ ਮੰਜ਼ਲ, ਪਾਂਧੀ ਹੋ ਕੇ ਪੰਧ ਮੁਕਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨਗ਼ਮਾ ਸੁਣਾ ਸਾਚੀ ਗ਼ਜ਼ਲ, ਅਨਰਾਗੀ ਆਪਣਾ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀ ਢੱਠ, ਪੁਰਖ ਅਕਾਲ ਰਹੇ ਜਣਾਈਆ । ਸਾਡੇ ਰਿਹਾ ਨਹੀਂ ਕੁਛ ਵਸ, ਵਾਸਤਾ ਤੇਰੇ ਨਾਲ ਜਣਾਈਆ । ਤੇਰੀ ਝੋਲੀ ਸੌਂਪਿਆ ਤੇਰਾ ਹੱਕ, ਹਕੀਕਤ ਤੇਰੇ ਹੱਥ ਫੜਾਈਆ । ਸਾਡੇ ਭਾਂਡੇ ਹੋਏ ਸੱਖ, ਵਸਤ ਨਜ਼ਰ ਕੋਇ ਨਾ ਆਈਆ । ਜੋ ਵਕਤ ਵੇਲਾ ਸੁਹੰਜਣਾ ਆਏ ਦੱਸ, ਬੀਸ ਬੀਸਾ ਦਏ ਵਡਿਆਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮਾਰੀ ਸਭ ਦੀ ਮਤ, ਬੁਧ ਬਿਬੇਕ ਨਾ ਕੋਇ ਰਖਾਈਆ । ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਨਾ ਕੋਇ ਵਡਿਆਈਆ । ਤੇਰੇ ਮਿਲਣ ਦੀ ਕਿਸੇ ਨਾ ਖੁਲ੍ਹੀ ਅੱਖ, ਨਿਜ ਨੇਤਰ ਕਰੇ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਨੌ ਦਵਾਰ ਰਹੇ ਨੱਠ, ਅੱਠੇ ਪਹਿਰ ਹੋਏ ਹਲਕਾਈਆ । ਸਾਚੇ ਮੰਦਰ ਉਚ ਮਹੱਲੇ ਘਰ ਸਵਾਮੀ ਕੋਈ ਨਾ ਜਾਵੇ ਵਸ, ਮੇਲਾ ਸਚ ਨਾ ਕੋਇ ਮਿਲਾਈਆ । ਸਭ ਦੇ ਖ਼ਾਲੀ ਦਿਸਣ ਹੱਥ, ਪਾਪਾਂ ਭਰੀ ਲੋਕਾਈਆ । ਖ਼ਾਲੀ ਗਠੜੀ ਖੋਲ੍ਹ ਕੇ ਵੇਖ ਗੱਠ, ਲੀਰੋ ਲੀਰ ਨਜ਼ਰੀ ਆਈਆ । ਫਿਰੀ ਦਰੋਹੀ ਤੀਰਥ ਤਟ, ਜਗਤ ਕਾਅਬਾ ਰਿਹਾ ਕੁਰਲਾਈਆ । ਸਾਚਾ ਨਜ਼ਰ ਨਾ ਆਏ ਹੱਟ, ਵਣਜ ਨਾਮ ਨਾ ਕੋਇ ਕਰਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਸਾਬਤ ਰਿਹਾ ਨਾ ਕਿਸੇ ਜਤ, ਧੀਰਜ ਸੰਤੋਖ ਸਤਿ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨੀ ਰਹੇ ਢੱਠ, ਦਰ ਠਾਂਡੇ ਸੀਸ ਨਿਵਾਈਆ । ਲੇਖਾ ਵੇਖ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਈਆ । ਨਵ ਨੌ ਚਾਰ ਜੁਗ ਚੌਕੜੀ ਗਈ ਲੰਘ, ਕਲਜੁਗ ਵੇਲਾ ਅੰਤਮ ਆਈਆ । ਨਾਮ ਨਿਧਾਨ ਵਜਾ ਮਰਦੰਗ, ਤਾਲ ਤਲਵਾੜਾ ਇਕ ਰਖਾਈਆ । ਸੰਤ ਸੁਹੇਲੇ ਜਨ ਭਗਤਾਂ ਪਾ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਜਨਮ ਕਰਮ ਦੀ ਟੁਟੀ ਗੰਢ, ਨਾਮ ਡੋਰੀ ਤੰਦ ਬੰਧਾਈਆ । ਗੀਤ ਸੁਹਾਗੀ ਗਾਓ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਅੰਗੀਕਾਰ ਹੋ ਕੇ ਲਗਾ ਅੰਗ, ਸਾਚੀ ਗੋਦੀ ਗੋਦ ਉਠਾਈਆ । ਨਿਜ ਆਤਮ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ ਪਰਦਾ ਲਾਹੀਆ । ਪਵਣ ਸਵਾਸ ਤੇਰਾ ਦਮ, ਰਸਨਾ ਜਿਹਵਾ ਜਗਤ ਮਹਿਕਾਈਆ । ਹਰਖ ਸੋਗ ਮਿਟਾ ਗ਼ਮ, ਖ਼ੁਸ਼ੀ ਇਕੋ ਇਕ ਪਰਗਟਾਈਆ । ਭਾਂਡਾ ਭਰਮ ਭੌ ਦੇ ਭੰਨ, ਸਚ ਸੁਚ ਘਰ ਸਾਚੇ ਦੇ ਵਸਾਈਆ । ਨਿਰਗੁਣ ਜੋਤ ਚਾੜ੍ਹ ਚੰਨ, ਮਹਲ ਅਟੱਲ ਹੋਏ ਰੁਸ਼ਨਾਈਆ । ਸਾਚਾ ਰਾਗ ਸੁਣਾ ਕੰਨ, ਅਨਹਦ ਨਾਦੀ ਨਾਦ ਵਜਾਈਆ । ਮਨ ਵਾਸਨਾ ਮੇਟ ਮਨ, ਮਨ ਕਾ ਮਣਕਾ ਆਪ ਭਵਾਈਆ । ਭਾਗ ਲਗਾ ਸਾਢੇ ਤਿੰਨ ਹੱਥ ਤਨ, ਤਤਵ ਤਤ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ, ਚਰਨ ਕਵਲ ਸੀਸ ਟਿਕਾਈਆ । ਕਰਤੇ ਪੁਰਖ ਕਲ ਆਪੇ ਬੌਹੜ, ਬੌਹੜੀ ਬੌਹੜੀ


੬੪੪ ੧੯

ਕਰੇ ਲੋਕਾਈਆ । ਤੁਧ ਬਿਨ ਕਿਸੇ ਹੱਥ ਨਾ ਦਿਸੇ ਡੋਰ, ਸ਼ਾਹਸਵਾਰਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਤੇਰੀ ਸਾਚੀ ਲੋੜ, ਗੁਰਮੁਖ ਗੁਰਸਿਖ ਹਰਿਸੰਤ ਬੈਠੇ ਧਿਆਨ ਲਗਾਈਆ । ਆਪਣਾ ਮੰਤਰ ਫੁਰਨਾ ਦੱਸ ਫੋਰ, ਬਿਨ ਅੱਖਰਾਂ ਕਰ ਪੜ੍ਹਾਈਆ । ਕਰ ਪਰਕਾਸ਼ ਅੰਧੇਰੇ ਘੋਰ, ਜੋਤ ਨਿਰੰਜਣ ਡਗਮਗਾਈਆ । ਬਾਹਰ ਕੱਢ ਪੰਜੇ ਚੋਰ, ਧਾੜਵੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਖ ਵਖਾਈਆ । ਕਲਕਾਤੀ ਵੇਖ ਕਰਤਾਰ, ਕੁਦਰਤ ਕਾਦਰ ਤੇਰੀ ਨਜ਼ਰੀ ਆਈਆ । ਚਾਰੋਂ ਕੁੰਟ ਦਿਸੇ ਅੰਧਿਆਰ, ਸਚ ਸੁਚ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਸ ਵਿਚ ਕਰਨ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਹਾਲ ਸੁਣਾਈਆ । ਦਰ ਮੰਗਣ ਬਣ ਭਿਖਾਰ, ਧੁਰ ਦੀ ਅਲਖ ਸੁਣਾਈਆ । ਕਿਰਪਾ ਕਰ ਪਰਵਰਦਿਗਾਰ, ਮਿਹਰਵਾਨ ਵੇਸ ਵਟਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਕਾਗ਼ਜ਼ ਕਲਮ ਸ਼ਾਹੀ ਲਿਖ ਲਿਖ ਗਈ ਹਾਰ, ਬਿਨ ਹਰਿ ਤੇਰੇ ਸਿਰ ਹੱਥ ਨਾ ਕੋਇ ਟਿਕਾਈਆ । ਲੱਖ ਚੁਰਾਸੀ ਹੁੰਦੀ ਦਿਸੇ ਖ਼ਵਾਰ, ਖ਼ਾਲਕ ਖ਼ਲਕ ਮੇਲ ਨਾ ਕੋਇ ਮਿਲਾਈਆ । ਤਅੱਲੁਕ ਟੁੱਟਾ ਪਰਵਰਦਿਗਾਰ, ਫ਼ਲਕ ਦਿਸੇ ਨਾ ਕੋਇ ਖ਼ੁਦਾਈਆ । ਦਰਸ ਮਿਲੇ ਨਾ ਦੀਦ ਦੀਦਾਰ, ਨੂਰ ਜਹੂਰ ਨਾ ਕੋਇ ਚਮਕਾਈਆ । ਗ਼ਫ਼ਲਤ ਵਿਚ ਸੁੱਤਾ ਸੰਸਾਰ, ਆਲਸ ਨਿੰਦਰਾ ਪਰੇ ਨਾ ਕੋਇ ਹਟਾਈਆ । ਮਜਲਸ ਕਰੇ ਨਾ ਹੱਕ ਪਿਆਰ, ਮਹਿਬੂਬ ਦਰ ਨਾ ਕੋਇ ਮਿਲਾਈਆ । ਨਿਰਗੁਣ ਮਿਲਿਆ ਨਾ ਹਰਿ ਨਿਰੰਕਾਰ, ਨਿਰਵੈਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਦੇ ਧੁਰ ਦਾ ਵਰ, ਸਚ ਸੁਨੇਹੜਾ ਇਕ ਸਮਝਾਈਆ । ਸਚ ਸੁਨੇਹੜਾ ਦੇ ਜਾ, ਆਗਮਨ ਤੇਰਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਾਹ ਰਹੇ ਤਕਾ, ਤਕਵਾ ਤੇਰੇ ਉਤੇ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਬਣੇ ਗਵਾਹ, ਸ਼ਹਾਦਤ ਸਾਰੇ ਰਹੇ ਭੁਗਤਾਈਆ । ਪਰਮ ਪੁਰਖ ਪਰਮਾਤਮ ਆਤਮ ਬਣਨਾ ਸਚ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਕਲਜੁਗ ਜੀਵ ਮਾਇਆ ਭਰਮੇ ਭੁੱਲੇ ਆਪਣਾ ਰਾਹ, ਰਹਿਬਰ ਨਜ਼ਰ ਕੋਇ ਨਾ ਆਈਆ ਫੜ ਬਾਂਹੋਂ ਗਲੇ ਲਗਾ, ਡੁੱਬਦੇ ਪਾਥਰ ਪਾਰ ਕਰਾਈਆ । ਨੇਤਰ ਲੋਚਣ ਨੈਣ ਅੱਖ ਖੁਲ੍ਹਾ, ਨੂਰੋ ਨੂਰ ਕਰ ਰੁਸ਼ਨਾ, ਜਲਵਾ ਵਖਾ ਸਚ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਈਆ । ਜੋ ਤੈਥੋਂ ਹੋਏ ਜੁਦਾ, ਨਿਰਗੁਣ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਸਾਚਾ ਦਰ, ਦਰ ਦਰਵੇਸ਼ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਤਾਅਨਾ, ਸਚ ਸਲੋਕ ਇਕ ਜਣਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਤੇਰੀ ਓਟ ਰਖਾਈਆ । ਤੇਰਾ ਲੇਖਾ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਸ਼ਰਨਾਈਆ । ਨਾਉਂ ਨਿਰੰਕਾਰ ਅਗੰਮ ਅਥਾਹ ਤੇਰਾ ਗਾਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕਹਿਣ ਕੋਇ ਨਾ ਪਾਈਆ । ਸਚਖੰਡ ਦਵਾਰ ਤੇਰਾ ਮਕਾਨਾ, ਥਿਰ ਘਰ ਤੇਰਾ ਚਰਨ ਕਵਲ ਸੋਭਾ ਪਾਈਆ । ਜੁਗ ਚੌਕੜੀ ਤੇਰਾ ਧੁਰ ਫ਼ਰਮਾਣਾ, ਨਾਮ ਸੰਦੇਸਾ ਇਕੋ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰਾ ਬਾਲ ਅਞਾਣਾ, ਦਰ ਦਰਵੇਸ਼ ਨਿਉਂ ਨਿਉਂ ਲਾਗਣ ਪਾਈਆਂ । ਪੰਜ ਤਤ ਕਾਇਆ ਚੋਲਾ ਤੇਰੇ ਹੁਕਮੇ ਅੰਦਰ ਪਹਿਰਿਆ ਬਾਣਾ, ਲੋਕਮਾਤ ਜੁਗ ਜੁਗ ਸੇਵ ਕਮਾਈਆ । ਅੰਤਮ ਸਾਰੇ ਮੰਨ ਕੇ ਗਏ ਭਾਣਾ, ਸਦ ਭਾਣੇ ਵਿਚ ਸਮਾਈਆ । ਤੇਰਾ ਦੱਸ ਕੇ ਗਏ ਸਚ ਨਿਸ਼ਾਨਾ, ਨਛਾਵਰ

ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਘਰ ਮੰਦਰ ਵੇਖ ਵਖਾਈਆ । ਘਰ ਮੰਦਰ ਵੇਖ ਆ ਕੇ ਠਾਕਰ, ਸਾਹਿਬ ਸਤਿਗੁਰ ਦਰ ਤੇਰੇ ਅਲਖ ਜਗਾਈਆ । ਕਲਜੁਗ ਕੂੜੀ ਕਿਰਿਆ ਡੂੰਘਾ ਸਾਗਰ, ਭਵਰੀ ਰੂਪ ਭਵਰ ਰਹੀ ਵਟਾਈਆ । ਜਨ ਭਗਤਾਂ ਮਿਲੇ ਨਾ ਕੋਈ ਆਦਰ, ਸਚ ਆਦਰਸ਼ ਨਾ ਕੋਇ ਜਣਾਈਆ । ਕਿਰਪਾ ਕਰ ਕਰੀਮ ਕਾਦਰ, ਤੇਰੀ ਕੁਦਰਤ ਰਹੀ ਕੁਰਲਾਈਆ । ਸਾਚਾ ਵਣਜ ਕਰਾ ਬਣ ਸੌਦਾਗਰ, ਕਲਮਾ ਇਕੋ ਇਕ ਪੜ੍ਹਾਈਆ । ਪਿਛਲੀ ਬਦਲ ਕੂੜੀ ਆਦਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆ ਪ੍ਰਭ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਵੇਖ ਝੇੜੇ, ਝਗੜਾ ਪਿਆ ਜਗਤ ਲੋਕਾਈਆ । ਕੂੜੀ ਕਿਰਿਆ ਪਾਏ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਮਾਇਆ ਮਮਤਾ ਲਾਏ ਡੇਰੇ, ਦਰ ਦਰ ਘਰ ਘਰ ਬੈਠੀ ਸੋਭਾ ਪਾਈਆ । ਹਕੀਕਤ ਹੱਕ ਕਰੇ ਨਾ ਕੋਇ ਨਿਬੇੜੇ, ਸਚ ਫ਼ਰਮਾਣ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਲਹਿਣਾ ਦੇਣਾ ਮੁਕਾ ਜਗ, ਜਗ ਜੀਵਣ ਦਾਤੇ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਲੱਗੀ ਅੱਗ, ਚੌਦਾਂ ਤਬਕ ਰਹੇ ਕੁਰਲਾਈਆ । ਸਾਚੇ ਕਾਅਬੇ ਨਾ ਕੋਈ ਹੱਜ, ਹੁਜਰਾ ਹੱਕ ਨਾ ਕੋਇ ਵਖਾਈਆ । ਧੁਨ ਨਾਦ ਨਾ ਵੱਜੇ ਨਦ, ਅਨਹਦ ਰਾਗ ਨਾ ਕੋਇ ਸੁਣਾਈਆ । ਤੇਰੇ ਨਾਲੋਂ ਤੇਰੇ ਹੋਏ ਅਲਗ, ਸਾਚਾ ਮੇਲ ਨਾ ਕੋਇ ਮਿਲਾਈਆ । ਦਰਸ਼ਨ ਮਿਲੇ ਨਾ ਉਪਰ ਸ਼ਾਹ ਰਗ, ਨੌ ਦਵਾਰ ਪੰਧ ਨਾ ਕੋਇ ਚੁਕਾਈਆ । ਕੂੜੀ ਕਿਰਿਆ ਕਾਇਆ ਅੰਦਰੋਂ ਦੇਵੇ ਨਾ ਕੋਈ ਕੱਢ, ਸਚ ਸੁਚ ਨਾ ਕੋਇ ਸਮਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਪੰਜ ਤਤ ਓਢਣ ਨਜ਼ਰੀ ਆਈਆ । ਧੁਰ ਦਾ ਮਾਰਗ ਸਾਰੇ ਗਏ ਛੱਡ, ਭਗਤੀ ਭਗਤ ਨਾ ਕੋਇ ਕਮਾਈਆ । ਤੇਰੇ ਮਿਲਣ ਦੀ ਖੁਲ੍ਹੇ ਨਾ ਕਿਸੇ ਅੱਖ, ਪਰਤੱਖ ਨਜ਼ਰ ਕੋਇ ਨਾ ਪਾਈਆ । ਚਾਰ ਕੁੰਟ ਵਾਂਗ ਸਵਾਨ ਮਨ ਵਾਸਨਾ ਰਹੇ ਨੱਠ, ਭੱਜਣ ਵਾਹੋ ਦਾਹੀਆ । ਮਿਲੇ ਮੇਲ ਨਾ ਕਮਲਾਪਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪੁਰਖ ਅਬਿਨਾਸ਼ੀ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਆ ਕੇ ਵੇਖ ਆਪਣਾ ਵੇਲਾ, ਥਿਤ ਵਾਰ ਸਮਝ ਕਿਸੇ ਨਾ ਆਈਆ । ਝਗੜਾ ਕਰੇ ਗੁਰੂ ਗੁਰ ਚੇਲਾ, ਚੇਲਾ ਗੁਰ ਨਾ ਕੋਇ ਸਮਝਾਈਆ । ਸਾਹਿਬ ਸਤਿਗੁਰ ਮਿਲੇ ਨਾ ਸੱਜਣ ਸੁਹੇਲਾ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤ ਨਿਰੰਜਣ ਚਾੜ੍ਹੇ ਨਾ ਕੋਈ ਤੇਲਾ, ਘਰ ਸਗਨ ਨਾ ਕੋਇ ਮਨਾਈਆ । ਤੇਰਾ ਸਮਝ ਸਕੇ ਨਾ ਕੋਈ ਖੇਲਾ, ਅਚਰਜ ਪ੍ਰਭ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਆਪਣੀ ਜਗਤ ਲੋਕਾਈਆ । ਜਗਤ ਲੋਕਾਈ ਵੇਖ ਲੁਕ, ਪਰਦਾ ਓਹਲਾ ਇਕ ਰਖਾਈਆ । ਸੰਤ ਸੁਹੇਲੇ ਜਨ ਭਗਤ ਅੰਤਰ ਰੋਵਣ ਕਰ ਕੇ ਮੁਖ, ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਤੇਰੇ ਵਿਛੋੜੇ ਦਾ ਲੱਗਾ ਦੁੱਖ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਤੇਰੇ ਮਿਲਣ ਦੀ ਲੱਗੀ ਭੁੱਖ, ਪਰੇਮ ਪਿਆਸ ਨਾ ਕੋਇ ਬੁਝਾਈਆ । ਸਤਿਗੁਰ ਹੋ ਕੇ ਗੋਦੀ ਚੁੱਕ, ਭਗਵਨ ਹੋ ਕੇ ਸੇਵ ਕਮਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚਤੁਰਭੁਜ ਤੇਰੇ ਹੱਥ ਵਡਿਆਈਆ । ਬਿਰਹੋਂ ਵੈਰਾਗ ਸੰਤ ਸੁਹੇਲੇ ਗਏ ਸੁੱਕ, ਰੱਤੀ ਰੱਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਮਰਥ ਹੱਥ

ਟਿਕਾਈਆ । ਵੇਖ ਸਮਰਥ ਪ੍ਰਭ ਆਪਣੀ ਕਾਰ, ਕਰਤੇ ਤੁਧ ਬਿਨ ਨਜ਼ਰ ਕਿਸੇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਚਲਦਾ ਰਿਹਾ ਵਿਵਹਾਰ, ਵਿਵਹਾਰੀ ਤੇਰੀ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਬਣ ਲਿਖਾਰ, ਕਾਤਬ ਬਣ ਕੇ ਕਲਮ ਚਲਾਈਆ । ਉਚੀ ਕੂਕ ਕੂਕ ਗੌਂਦੇ ਗਏ ਵਾਰ, ਵਾਰਤਾ ਤੇਰਾ ਨਾਮ ਸੁਣਾਈਆ । ਅੱਖਰਾਂ ਵਿਚ ਕਰਦੇ ਗਏ ਇਜ਼ਹਾਰ, ਹਰਫ਼ਾਂ ਨਾਲ ਕਰ ਪੜ੍ਹਾਈਆ । ਕੁਤਬਖ਼ਾਨੇ ਖੋਲ੍ਹ ਸੰਸਾਰ, ਜਗਤ ਵਿਦਿਆ ਕਰ ਰੁਸ਼ਨਾਈਆ । ਕਲਜੁਗ ਅੰਤ ਸਾਰੇ ਹੋਏ ਖ਼ਵਾਰ, ਧੀਰਜ ਧੀਰ ਨਾ ਕੋਇ ਧਰਾਈਆ । ਨਾਤਾ ਰਿਹਾ ਨਾ ਚਾਰ ਯਾਰ, ਮੁਰਸ਼ਦ ਮੁਰੀਦ ਨਾ ਕੋਇ ਮਨਾਈਆ । ਖ਼ਾਲੀ ਦਿਸਣ ਗੁਰੂਦਵਾਰ, ਮੰਦਰ ਮਸਜਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਤਟ ਕਿਨਾਰੇ ਰੋਵਣ ਜ਼ਾਰੋ ਜ਼ਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਪੂਜਾ ਪਾਠ ਹਵਨ ਕਰ ਦੇਵੇ ਨਾ ਕੋਈ ਆਧਾਰ, ਸੁਗੰਧੀ ਪਵਣ ਨਾ ਕੋਇ ਸਮਾਈਆ । ਸਾਚੀ ਗੁਲਸ਼ਨ ਨਾ ਕੋਇ ਬਹਾਰ, ਪੱਤ ਡਾਲੀ ਫੂਲ ਨਾ ਕੋਇ ਮਹਿਕਾਈਆ । ਮਿਲੇ ਮੇਲ ਨਾ ਵਿਛੁੰਨੇ ਯਾਰ, ਪਰੇਮ ਪ੍ਰੀਤ ਨਾ ਕੋਇ ਨਿਭਾਈਆ । ਨਾਰ ਦੁਹਾਗਣ ਦਿਸੇ ਸੰਸਾਰ, ਵਿਭਚਾਰ ਭਰੀ ਲੋਕਾਈਆ । ਜਨ ਭਗਤ ਅੰਤਰ ਕਰਨ ਤੇਰੀ ਪੁਕਾਰ, ਮੰਤਰ ਤੇਰਾ ਨਾਮ ਧਿਆਈਆ । ਬਸੰਤਰ ਲੱਗੀ ਵੇਖ ਰੋਵਣ ਹਾਹਾਕਾਰ, ਚਾਰੋਂ ਕੁੰਟ ਕਟੁੰਬ ਕੁਰਲਾਈਆ । ਉਤਰ ਪੂਰਬ ਪੱਛਮ ਦੱਖਣ ਤੇਰਾ ਕਿਸੇ ਨਾ ਮਿਲੇ ਦਰਸ ਦੀਦਾਰ, ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਖੋਲ੍ਹ ਨੈਣ ਅੱਖ ਉਠਾਈਆ । ਨੇਤਰ ਖੋਲ੍ਹ ਪ੍ਰਭੂ ਪ੍ਰਭ ਅੱਖ, ਆਖ਼ਰ ਤੇਰੇ ਅੱਗੇ ਅਰਜ਼ੋਈਆ । ਯਾਰੜੇ ਵੇਖ ਆਪਣਾ ਸਥ, ਸੱਥਰ ਤੇਰਾ ਸੋਭਾ ਪਾਈਆ । ਤੇਰਾ ਖੇਲ ਪੁਰਖ ਸਮਰਥ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰ ਪੀਰ ਪੈਗੰਬਰ ਚਰਨੀ ਗਏ ਢੱਠ, ਦੋਏ ਜੋੜ ਸੀਸ ਨਿਵਾਈਆ । ਸਦੀ ਬੀਸਵੀਂ ਸਾਡੀ ਹੋਈ ਬਸ, ਬਸਤੇ ਪਿਛਲੇ ਬੰਨ੍ਹ ਵਖਾਈਆ । ਅੱਗੇ ਸਭ ਕੁਛ ਤੇਰੇ ਹੱਥ, ਦਸਤਗੀਰ ਤੇਰੀ ਸਰਨਾਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਰੱਖਿਆ ਕਰੀਂ ਥਾਉਂ ਥਾਈਂਆ । ਨਿਰਗੁਣ ਸਰਗੁਣ ਪੌਣੀ ਨੱਥ, ਨਾਮ ਡੋਰੀ ਤੰਦ ਉਠਾਈਆ । ਕਲਜੁਗ ਖੇੜਾ ਹੁੰਦਾ ਦਿਸੇ ਭੱਠ, ਕੂੜੀ ਕਿਰਿਆ ਬਣ ਭਠਿਆਰਾ ਅਗਨੀ ਡਾਹੀਆ । ਨਜ਼ਰ ਨਾ ਆਏ ਬ੍ਰਹਮ ਮਤ, ਚੌਦਾਂ ਵਿਦਿਆ ਰਹੀ ਕੁਰਲਾਈਆ । ਚੌਦਾਂ ਲੋਕ ਰਹੇ ਨੱਚ, ਸਾਂਤਕ ਸਤਿ ਨਾ ਕੋਇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕੋਈ ਨਾ ਦੇਵੇ ਰਸ, ਸੱਚਾ ਜਾਮ ਨਾ ਕੋਇ ਪਿਆਈਆ । ਸਭ ਦਾ ਹੱਕ ਹੋਇਆ ਫੱਕ, ਫੈਸਲਾ ਪ੍ਰਭੂ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਇਕ ਰਘੁਰਾਈਆ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰਾ, ਤਖ਼ਤ ਨਿਵਾਸੀ ਇਕੋ ਨਜ਼ਰੀ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਪਸਾਰਾ, ਸ਼ਬਦੀ ਧਾਰ ਰੂਪ ਪਰਗਟਾਇੰਦਾ । ਲੱਖ ਚੁਰਾਸੀ ਘੜਨਹਾਰਾ, ਘਟ ਘਟ ਮੰਦਰ ਸੋਭਾ ਪਾਇੰਦਾ । ਤ੍ਰੈ ਪੰਜ ਰਚ ਅਖਾੜਾ, ਸੋਹਣੀ ਬਣਤ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਲੇਖਾ ਵੇਖ ਵਖਾਇੰਦਾ । ਕਲਜੁਗ ਲੇਖਾ ਵੇਖ ਵਖਾਵੇਗਾ । ਪਰਮ ਪੁਰਖ ਪ੍ਰਭ ਆਪਣਾ ਵੇਸ ਵਟਾਵੇਗਾ । ਜੋਤੀ ਜਾਮਾ ਵੇਸ ਰਖਾਵੇਗਾ । ਸ਼ਬਦ ਨਾਦ ਇਕ ਵਜਾਵੇਗਾ । ਨਿਹਕਰਮੀ ਕਰਮ ਕਮਾਵੇਗਾ । ਦੋ ਜਹਾਨਾਂ ਸਰਨ ਇਕ ਰਖਾਵੇਗਾ । ਆਤਮ ਪਰਮਾਤਮ ਜੋ ਜਨ ਢੋਲਾ

ਪੜ੍ਹਨ, ਤਿਨ ਫੜ ਬਾਂਹੋਂ ਆਪਣੇ ਰੰਗ ਰੰਗਾਵੇਗਾ । ਮੰਜ਼ਲ ਪੌੜੇ ਸਾਚੇ ਚੜ੍ਹਨ, ਮਹਲ ਅਟੱਲ ਇਕ ਸੁਹਾਵੇਗਾ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਗੇੜ ਕਟਾਵੇਗਾ । ਸਤਿ ਸਰੂਪੀ ਦੇਵੇ ਦਰਸਨ, ਸਤਿ ਸਤਿਵਾਦੀ ਇਕੋ ਨਜ਼ਰੀ ਆਵੇਗਾ । ਲੇਖਾ ਚੁੱਕੇ ਜਾਤ ਪਾਤ ਬਰਨ, ਵਰਨ ਗੋਤ ਨਾ ਕੋਇ ਰਖਾਵੇਗਾ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੇਤਰ ਨੂਰ ਚਮਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗੰਬਰਾਂ ਸਾਚਾ ਸੰਗ ਰਖਾਵੇਗਾ । ਗੁਰ ਅਵਤਾਰ ਪੀਰ ਪੈਗੰਬਰ ਕਰੋ ਧਿਆਨ, ਹਰਿ ਕਰਤਾ ਸਚ ਜਣਾਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਕਰਿਆ ਖੇਲ ਮਹਾਨ, ਮਹਿਮਾ ਅਕਥ ਕਥ ਪੜ੍ਹਾਈਆ । ਸੋ ਸਾਹਿਬ ਸਤਿਗੁਰ ਲੇਖਾ ਜਾਣੇ ਦੀਨ ਦਿਆਲ, ਦੀਨਾ ਬੰਧਪ ਬੇਪਰਵਾਹੀਆ । ਜੋ ਜੁਗ ਚੌਕੜੀ ਕਰੇ ਸੰਭਾਲ, ਨੌ ਖੰਡ ਸੱਤ ਦੀਪ ਖੋਜੇ ਥਾਉਂ ਥਾਈਆ । ਸ਼ਾਹ ਸਲਤਾਨਾਂ ਰਾਜ ਰਾਜਾਨਾਂ ਵੇਖੇ ਮਾਰ ਧਿਆਨ, ਰਾਉ ਰੰਕਾਂ ਪੜਦਾ ਆਪ ਉਠਾਈਆ । ਸ਼ਬਦ ਅਗੰਮੀ ਸਾਚਾ ਖੰਡਾ ਕਮਾਲ, ਚਿੱਲਾ ਇਕੋ ਇਕ ਉਠਾਈਆ । ਤਰਕਸ਼ ਰੱਖੇ ਹੱਥ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੋ ਆਸ, ਆਹਿਸਤਾ ਆਹਿਸਤਾ ਹਰਿ ਜੂ ਰਿਹਾ ਜਣਾਈਆ । ਜੋ ਕੁਛ ਲੇਖਾ ਲਿਖਿਆ ਵੇਦ ਵਿਆਸ, ਪੂਰਬ ਪੂਰਾ ਦਏ ਕਰਾਈਆ । ਜੋ ਮੁਹੰਮਦ ਈਸਾ ਗਿਆ ਆਖ, ਆਖ਼ਰ ਵੇਖੇ ਚਾਈਂ ਚਾਈਂਆ । ਜਿਸ ਨੂੰ ਨਾਨਕ ਕਰ ਕੇ ਗਿਆ ਯਾਦ, ਯਾਦਦਾਸ਼ਤ ਨਾ ਕਦੇ ਭੁਲਾਈਆ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਬਾਪ, ਪਿਤਾ ਪੁਰਖ ਅਕਾਲ ਵੇਸ ਵਟਾਈਆ । ਸ੍ਰਿਸ਼ਟ ਸਬਾਈ ਵੇਖੇ ਆਪ, ਨਿਰਗੁਣ ਸਰਗੁਣ ਖੋਜ ਖੁਜਾਈਆ । ਜੋ ਭਗਤ ਭਗਵੰਤ ਕਰਦੇ ਰਹੇ ਜਾਪ, ਆਤਮ ਅੰਤਰ ਧਿਆਨ ਲਗਾਈਆ । ਤਿਨ੍ਹਾਂ ਬਣੇ ਸੱਜਣ ਸਾਕ, ਸਗਲਾ ਸੰਗ ਰਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਦਏ ਤੁੜਾਈਆ । ਅੰਮ੍ਰਿਤ ਬੂੰਦ ਪਿਆਏ ਸਵਾਂਤ, ਰਸ ਇਕੋ ਇਕ ਚਖਾਈਆ । ਨਜ਼ਰੀ ਆਏ ਹਰਿ ਇਕਾਤ, ਸਚ ਸਿੰਘਾਸਣ ਡੇਰਾ ਲਾਈਆ । ਜਨ ਭਗਤਾਂ ਪੁਛੇ ਹਰਿ ਜੂ ਵਾਤ, ਨਿਰਗੁਣ ਸਰਗੁਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗੰਬਰ ਸੁਹਾਏ ਵੇਲਾ, ਸੁਹੰਜਣੀ ਰੁੱਤ ਦਏ ਵਡਿਆਈਆ । ਪਰਮ ਪੁਰਖ ਪ੍ਰਭ ਫੇਰਾ ਪਾਵੇ ਇਕ ਇਕੇਲਾ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਗੋਬਿੰਦ ਬਣਿਆ ਚੇਲਾ, ਘਰ ਸਾਚੇ ਖ਼ੁਸ਼ੀ ਮਨਾਈਆ । ਸੋ ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਹਰਿਜਨ ਸਾਚੇ ਲਏ ਉਠਾਈਆ । ਜੁਗ ਜਨਮ ਦੇ ਵਿਛੜਿਆਂ ਆਤਮ ਪਰਮਾਤਮ ਕਰੇ ਮੇਲਾ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਖੋਜ ਖੁਜਾਏ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਸਲੋਕ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦੀ ਰੱਖੀ ਓਟ, ਸੀਸ ਜਗਦੀਸ ਸਚ ਝੁਕਾਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਸੰਤ ਸੁਹੇਲੇ ਲਏ ਖੋਜ, ਲੱਖ ਚੁਰਾਸੀ ਅੰਤਰ ਵੇਖ ਵਖਾਈਆ । ਆਤਮ ਪਰਮਾਤਮ ਸਾਚੇ ਨਾਮ ਦੀ ਦੇਵੇ ਮੌਜ, ਮੌਜੂਦਾ ਹੋ ਕੇ ਝੋਲੀ ਪਾਈਆ । ਲਹਿਣਾ ਚੁਕਾਏ ਲੋਕ ਪਰਲੋਕ, ਦੋ ਜਹਾਨਾਂ ਡੇਰਾ ਢਾਹੀਆ । ਮੇਲ ਮਿਲਾਵਾ ਨਿਰਮਲ ਜੋਤ, ਪਰਕਾਸ਼ ਪਰਕਾਸ਼ ਵਿਚ ਰਖਾਈਆ । ਆਸਾ ਮਨਸਾ ਪੂਰੀ ਕਰੇ

ਲੋਚ, ਨਿਜ ਲੋਚਣ ਮੇਲ ਮਿਲਾਈਆ । ਅੱਗੇ ਸਮਝ ਦੀ ਰਹੇ ਨਾ ਕੋਈ ਸੋਚ, ਸੋਚ ਸਮਝ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਵਡਿਆਏ ਲੋਕਮਾਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਨਾਮ ਨਿਧਾਨਾ ਬਖ਼ਸ਼ੇ ਅਗੰਮੀ ਦਾਤ, ਘਰ ਸੱਜਣ ਸਚ ਵਰਤਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨੂਰੀ ਚੰਦ ਇਕ ਚਮਕਾਇੰਦਾ । ਤੂੰ ਮੇਰਾ ਮੈਂ ਤੇਰਾ ਸੋਹੰ ਦੱਸੇ ਸਾਚੀ ਗਾਥ, ਸਾਚਾ ਢੋਲਾ ਜੀਵ ਜੰਤ ਆਪ ਪੜ੍ਹਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾਏ ਇਕ ਜਮਾਤ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਇੰਦਾ । ਆਤਮ ਪਰਮਾਤਮ ਪੁਰਖ ਅਕਾਲ ਦੀਨ ਦਿਆਲ ਪਰਵਰਦਗਾਰ ਬੰਧਾਏ ਨਾਤ, ਨਾਤਾ ਆਪਣੇ ਸੰਗ ਜੋੜ ਜੁੜਾਇੰਦਾ । ਚਾਰੇ ਵੇਦ ਪੂਰੀ ਕਰੇ ਖ਼ਾਹਸ਼, ਪੁਰਾਨ ਅਠਾਰਾਂ ਗੰਢ ਪਵਾਇੰਦਾ । ਅਠਾਰਾਂ ਧਿਆਏ ਪੈਂਦੀ ਵੇਖੇ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਇੰਦਾ । ਅੰਜੀਲ ਕੁਰਾਨਾਂ ਕਹੇ ਸ਼ਾਬਾਸ਼, ਸ਼ਹਿਨਸ਼ਾਹ ਮਿਹਰ ਨਜ਼ਰ ਟਿਕਾਇੰਦਾ । ਖਾਣੀ ਬਾਣੀ ਸਿਮਰਨ ਪੂਜਾ ਜੋਗ ਅਭਿਆਸ ਵੇਖੇ ਪਾਠ, ਹਵਨ ਘਿਰਤ ਧੂਪ ਦੀਪ ਸੁਗੰਧ ਫੂਲਨ ਖੋਜ ਖੁਜਾਇੰਦਾ । ਜਨ ਭਗਤਾਂ ਅੰਦਰ ਵੜ ਕੇ ਕਰੇ ਅਗੰਮੀ ਬਾਤ, ਬਾਤਨ ਆਪਣਾ ਮੇਲ ਮਿਲਾਇੰਦਾ । ਨਿਰਗੁਣ ਹੋ ਕੇ ਵਸੇ ਪਾਸ, ਸਰਗੁਣ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਆਪਣੀ ਧਾਰ ਚਲਾਇੰਦਾ । ਨਰ ਨਰਾਇਣ ਚਲਾਏ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਜਿਸ ਦਾ ਲੇਖਾ ਮਿਲੇ ਨਾ ਵਿਚ ਸੰਸਾਰ, ਸੋ ਭੇਵ ਅਭੇਦਾ ਆਪ ਖੁਲ੍ਹਾਈਆ । ਜਿਸ ਦੀ ਸਿਫ਼ਤ ਕਰਦੇ ਰਹੇ ਜੁਗ ਚਾਰ, ਖਾਣੀ ਬਾਣੀ ਰਾਗ ਅਲਾਈਆ । ਜਿਸ ਦੇ ਦਰ ਤੇ ਮੰਗਦੇ ਰਹੇ ਗੁਰੂ ਅਵਤਾਰ, ਬਣ ਭਿਖਕ ਝੋਲੀ ਡਾਹੀਆ । ਜਿਸ ਨੂੰ ਸਜਦਾ ਕਰੇ ਨਿਉਂ ਨਿਉਂ ਨਿਮਸਕਾਰ, ਸੋ ਜਗਦੀਸ ਜਗਦੀਸ਼ਰ ਰੂਪ ਵਟਾਈਆ । ਜਿਸ ਦਾ ਅੰਤ ਪਾਵੇ ਨਾ ਪਾਰਾਵਾਰ, ਅੰਤ ਕਹਿਣ ਵਿਚ ਨਾ ਆਈਆ । ਜਿਸ ਦੀ ਮਜਲਸ ਧੁਰ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਤਖ਼ਤ ਅਗੰਮ ਅਪਾਰ, ਪਾਵਾ ਚੂਲ ਨਾ ਕੋਇ ਰਖਾਈਆ । ਜਿਸ ਦਾ ਨੂਰ ਜੋਤ ਉਜਿਆਰ, ਤੇਲ ਬਾਤੀ ਨਾ ਕੋਇ ਟਿਕਾਈਆ । ਜਿਸ ਦਾ ਰੂਪ ਰੰਗ ਰੇਖ ਨਜ਼ਰ ਨਾ ਆਵੇ ਵਿਚ ਸੰਸਾਰ, ਚੱਕਰ ਚਿਹਨ ਨਾ ਕੋਇ ਸਮਝਾਈਆ । ਸੋ ਸਾਹਿਬ ਕਰਤਾ ਪੁਰਖ ਕਰਨੀ ਕਰੇ ਕਰਨੇਹਾਰ, ਕਾਤਲ ਮਕਤੂਲ ਦੋਵੇ ਵੇਖ ਵਖਾਈਆ । ਜਿਸ ਦਾ ਚਾਰੇ ਖਾਣੀ ਚਾਰੇ ਬਾਣੀ ਦੇਂਦੀ ਰਹੀ ਇਸ਼ਤਿਹਾਰ, ਲੋਕਮਾਤ ਲਿਖ ਲਿਖ ਲੇਖ ਪੁਚਾਈਆ । ਸੋ ਖੇਲ ਕਰੇ ਪਰਵਰਦਿਗਾਰ, ਬੇਪਰਵਾਹ ਬੇਪਰਵਾਹੀਆ । ਮੁਰੀਦ ਮੁਰਸ਼ਦ ਲਏ ਉਠਾਲ, ਗੁਰਮੁਖ ਸੂਫੀ ਰੰਗ ਰੰਗਾਈਆ । ਮਹਿਬੂਬ ਮੁਹੱਬਤ ਕਰੇ ਸਾਂਝਾ ਯਾਰ, ਮੁਹੱਬਤ ਦੇਵੇ ਜਗਤ ਲੋਕਾਈਆ । ਸ੍ਰੀ ਭਗਵਾਨ ਹੋਏ ਖ਼ਬਰਦਾਰ, ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦ ਸੰਦੇਸਾ ਨਾਮ ਸੁਣਾਈਆ । ਰੰਗ ਰਲੀਆਂ ਮਾਣੇ ਭਗਤ ਦਵਾਰ, ਮੰਦਰ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਵੇਖੇ ਚਾਈਂ ਚਾਈਂਆ । ਹਰਿਜਨ ਵੇਖੇ ਚਾਉ ਘਨੇਰਾ, ਵੱਜੇ ਸਤਿ ਸਤਿ ਵਧਾਈਆ । ਸ੍ਰੀ ਭਗਵਾਨ ਜਨ ਭਗਤ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਕਾਇਆ ਮੰਦਰ ਮੇਰਾ ਲੱਗਾ ਡੇਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਸੁਹੰਜਣਾ ਹੋਇਆ ਖੇੜਾ, ਰੁੱਤ ਰੁੱਤੜੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਤਰਾਵਣਹਾਰਾ ਏਕ, ਏਕੰਕਾਰ ਆਪ ਅਖਵਾਇੰਦਾ । ਸਤਿਜੁਗ ਸਾਚੇ ਦੇਵੇ ਟੇਕ, ਕਲਜੁਗ ਅੰਤਮ ਮੂਲ ਝੋਲੀ ਪਾਇੰਦਾ । ਗ਼ਰੀਬ ਨਿਮਾਣਿਆਂ ਕਮਲਿਆ ਕਰੇ ਬੁਧ ਬਿਬੇਕ, ਬਿਬੇਕੀ ਆਪਣੀ ਧਾਰ ਸਮਝਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚ ਵਿਕਾਰ ਮੋਹ ਮਿਟਾਇੰਦਾ । ਦਰਸ ਦਿਖਾਵੇ ਨੇਤਨ ਨੇਤ, ਨਿਜ ਘਰ ਸਾਚੇ ਨਜ਼ਰੀ ਆਇੰਦਾ । ਸਚ ਪ੍ਰੀਤੀ ਦੱਸੇ ਹੇਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਅਗੰਮ ਅਥਾਹ ਖੋਲ੍ਹੇ ਭੇਤ, ਭਾਂਡਾ ਭਰਮ ਭੌ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਹਰਿ ਕਰਤਾ ਵੇਖ ਵਖਾਇੰਦਾ । ਕਲਜੁਗ ਕੂੜੀ ਕਿਰਿਆ ਰਹੀ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਮਰਥ ਪੁਰਖ ਜਨ ਭਗਤਾਂ ਢੋਆਂ ਦੇਵੇ ਢੋ, ਵਸਤ ਅਮੋਲਕ ਨਾਮ ਵਰਤਾਈਆ । ਧੁਰ ਦਰਬਾਰ ਦੀ ਦੇਵੇ ਸਾਚੀ ਸੋ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਹੰ ਬ੍ਰਹਮ ਕਰੇ ਲੋ, ਪਰਕਾਸ਼ ਇਕੋ ਨੂਰ ਰੁਸ਼ਨਾਈਆ । ਅੰਤਰ ਆਤਮ ਨਿਝਰ ਝਿਰਨਾ ਦੇਵੇ ਚੋ, ਰਸ ਸੱਚਾ ਸਚ ਟਪਕਾਈਆ । ਪਾਰਬ੍ਰਹਮ ਬ੍ਰਹਮ ਜਾਏ ਛੋਹ, ਧੁਰ ਦਾ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਗੋਦ ਉਠਾਈਆ । ਹਰਿਜਨ ਗੋਦੀ ਚੁਕੇ ਆਪ, ਸ੍ਰੀ ਭਗਵਾਨ ਦਇਆ ਕਮਾਇੰਦਾ । ਕਰੇ ਪਿਆਰ ਜਿਉਂ ਪਿਤਾ ਪੁੱਤਰ ਬਾਪ, ਗੋਦ ਸੁਹੰਜਣੀ ਲਾਡ ਲਡਾਇੰਦਾ । ਅੰਦਰ ਵੜ ਕਾਇਆ ਮੰਦਰ ਚੜ੍ਹ ਦਸਮ ਦਵਾਰੀ ਖੋਲ੍ਹ ਕੇ ਦੱਸੇ ਜਾਪ, ਅਜੱਪਾ ਜਾਪ ਆਪ ਸਮਝਾਇੰਦਾ । ਕੂੜੀ ਸ਼ਾਹੀ ਮੇਟੇ ਪਾਪ, ਤ੍ਰਿਸਨਾ ਤ੍ਰਿਪਤ ਆਪ ਕਰਾਇੰਦਾ । ਹੋ ਸਹਾਈ ਅਨਾਥਾਂ ਨਾਥ, ਮਿਹਰ ਨਜ਼ਰ ਇਕ ਉਠਾਇੰਦਾ । ਕਿਰਪਾ ਕਰ ਰਸੂਲ ਪਾਕ, ਪਤਤ ਪਾਪੀ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕਾ ਜਾਤ ਪਾਤ, ਊਚ ਨੀਚ ਰਾਉ ਰੰਕ ਇਕੋ ਰੰਗ ਰੰਗਾਇੰਦਾ । ਕੂੜ ਕੁੜਿਆਰਾ ਜਨ ਭਗਤਾਂ ਕਦੇ ਕਰੇ ਨਾ ਘਾਤ, ਘਾਓ ਡੂੰਘਾ ਨਾ ਕਦੇ ਲਗਾਇੰਦਾ । ਸਤਿਗੁਰ ਪੂਰਾ ਸ਼ਬਦੀ ਸੂਰਾ ਸਦਾ ਵਸੇ ਪਾਸ, ਨਿਰਗੁਣ ਸਰਗੁਣ ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਰ ਹਰਿ ਕਾਰ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਲਏ ਉਠਾਲ, ਗੁਰਮੁਖ ਗੁਰ ਗੁਰ ਭੇਵ ਚੁਕਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਹੱਟ ਚਲਾਈਆ । ਏਥੇ ਓਥੇ ਦੋ ਜਹਾਨ ਜੀਂਵਦਿਆਂ ਮਰਿਆਂ ਸਦਾ ਕਰੇ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਦਰਗਾਹ ਸਚਖੰਡ ਦਵਾਰੇ ਦਏ ਬਹਾਲ, ਘਰ ਦੇਵੇ ਮਾਣ ਵਡਿਆਈਆ । ਰਾਏ ਧਰਮ ਚਿਤਰ ਗੁਪਤ ਲਾੜੀ ਮੌਤ ਨੇੜ ਨਾ ਆਏ ਵਿਚ ਜਹਾਨ, ਦੂਰ ਦੁਰਾਡਾ ਦਏ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚੇ ਜਾਣਾ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਲੱਖ ਚੁਰਾਸੀ ਵਿਚੋਂ ਤੇਰਾ ਭਾਗ, ਸ੍ਰੀ ਭਗਵਾਨ ਆਪ ਵੰਡਾਇੰਦਾ । ਦੁਰਮਤ ਮੈਲ ਧੋ ਕੇ ਦਾਗ਼, ਸਵੱਛ ਸਰੂਪੀ ਰੂਪ ਵਖਾਇੰਦਾ । ਹੰਸ ਬਣਾਏ ਕਾਗ, ਕਾਗੋਂ ਹੰਸ ਉਡਾਇੰਦਾ । ਘਰ ਦੀਆ ਬਾਤੀ ਜਗੇ ਚਿਰਾਗ਼, ਘਰ ਕਮਲਾਪਾਤੀ ਡਗਮਗਾਇੰਦਾ । ਘਰ ਮੇਲਾ ਕੰਤ ਸੁਹਾਗ, ਨਾਰ ਵਿਛੁੰਨੀ ਜੋੜ ਜੁੜਾਇੰਦਾ । ਕਿਰਪਾ ਕਰੇ ਗੁਰੂ ਮਹਾਰਾਜ, ਮਹਿਬੂਬ ਮੁਹੱਬਤ ਸਚ ਕਮਾਇੰਦਾ । ਜਨ ਭਗਤ ਮਿਲਣ ਦਾ ਸਦਾ ਰਹੇ ਮੁਹਤਾਜ, ਮੁਰੀਦ ਮੁਰਸ਼ਦ ਆਪਣੇ ਘਰ ਵਸਾਇੰਦਾ । ਕਰੇ ਖੇਲ ਗਰੀਬ ਨਿਵਾਜ, ਗ਼ਰੀਬ

੯੫੦
੧੯

ਨਿਮਾਣੇ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਵਿਥਿਆ ਵੇਖ ਵਖਾਇੰਦਾ । ਕਲਜੁਗ ਵਿਥਿਆ ਵੇਖੇ ਨਰਾਇਣ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੁਛ ਨਾ ਪਾਈਆ । ਸ੍ਰਿਸ਼ਟ ਸਬਾਈ ਡੁੱਬੀ ਡੂੰਘੇ ਵਹਿਣ, ਮੰਝਧਾਰ ਮੰਝਧਾਰ ਪਾਰ ਨਾ ਕੋਇ ਕਰਾਈਆ । ਨੁਕਤਾ ਕਿਸੇ ਸਮਝ ਨਾ ਆਇਆ ਗ਼ੈਨ, ਐਨ ਅੱਖ ਨਾ ਕੋਇ ਖੁਲ੍ਹਾਈਆ । ਅਲਫ਼ ਰੋ ਰੋ ਪਾਵੇ ਵੈਣ, ਯੇ ਜੁਗਤੀ ਨਾ ਸੱਚੀ ਸਕੀ ਸਮਝਾਈਆ । ਪਰਵਰਦਿਗਾਰ ਹੋਇਆ ਤਰਫ਼ੈਨ, ਬੈਠਾ ਮੁਖ ਭਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬਣਦੇ ਰਹੇ ਚਿਠੀ ਰਸਾਇਣ, ਹਲਕਾਰੇ ਹੋ ਕੇ ਹੁਕਮ ਵਜਾਈਆ । ਈਸਾ ਮੂਸਾ ਮੁਹੰਮਦ ਸਦੀ ਚੌਧਵੀਂ ਕੋਈ ਨਾ ਆਏ ਲੈਣ, ਤਅੱਲਕ ਸਾਰੇ ਬੈਠੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੀਰ ਪੈਗ਼ੰਬਰ ਵੇਖ ਅੰਧੇਰਾ ਘੁੱਪ, ਕਲਜੁਗ ਅੱਖ ਨਾ ਕੋਇ ਖੁਲ੍ਹਾਈਆ । ਚੰਦ ਚਾਂਦਨੀ ਵਿਚ ਗਏ ਛੁੱਪ, ਪਰਦਾ ਉਹਲਾ ਇਕ ਜਣਾਈਆ । ਉਮਤ ਉਮਤੀ ਨਾਤਾ ਗਿਆ ਤੁਟ, ਸਾਚਾ ਬੰਧਨ ਨਾ ਕੋਇ ਰਖਾਈਆ । ਅਗਲਾ ਪੈਂਡਾ ਗਿਆ ਮੁੱਕ, ਪਿਛਲੀ ਚਲੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਇਕ ਜਣਾਈਆ । ਧੁਰ ਸੰਦੇਸਾ ਦੇਵੇ ਭਗਵੰਤ, ਦੋ ਜਹਾਨ ਜਣਾਇੰਦਾ । ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਆਪ ਸਮਝਾਇੰਦਾ । ਪੁਰਖ ਅਕਾਲ ਅਗੰਮੀ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜਿਸ ਦੀ ਆਦਿ ਜੁਗਾਦਿ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਕੋਈ ਸਮਝ ਨਾ ਸਕੇ ਪਾਂਧਾ ਪੰਡਤ, ਜਗਤ ਵਿਦਿਆ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਦਰਸਾਇੰਦਾ । ਸਾਚਾ ਮਾਰਗ ਦੱਸੇ ਭਗਵਾਨ, ਭਗਵਨ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਇਕ ਗਿਆਨ, ਆਤਮ ਪਰਮਾਤਮ ਧੁਰ ਪੜ੍ਹਾਈਆ । ਅਨਹਦ ਨਾਦ ਸੱਚੀ ਧੁਨ ਕਾਨ, ਅਨਹਦ ਨਾਦੀ ਰਾਗ ਸੁਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਸਚ ਸਰੋਵਰ ਦਏ ਨੁਹਾਈਆ । ਨਿਰਮਲ ਦੀਆ ਜੋਤੀ ਜਗੇ ਮਹਾਨ, ਘਰ ਬਾਤੀ ਇਕ ਰੁਸ਼ਨਾਈਆ । ਸਾਚਾ ਸਾਕੀ ਬਣੇ ਨੌਜਵਾਨ, ਨਾਮ ਪਿਆਲਾ ਜਾਮ ਪਿਆਈਆ । ਕਾਇਆ ਮੰਦਰ ਭਾਗ ਲਗਾਏ ਸਚ ਮਕਾਨ, ਮਹਲ ਅਟੱਲ ਸੋਭਾ ਪਾਈਆ । ਆਤਮ ਸੇਜਾ ਸੋਹੇ ਸ੍ਰੀ ਭਗਵਾਨ, ਸਚ ਸਿੰਘਾਸਣ ਡੇਰਾ ਲਾਈਆ । ਧੁਰ ਸੰਦੇਸਾ ਦੇਵੇ ਆਣ, ਇਕੋ ਇਕ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਜਿਸ ਦਾ ਦੇਵੇ ਫ਼ਰਮਾਣ, ਧੁਰ ਦੀ ਧਾਰ ਸਮਝਾਈਆ । ਸੋ ਪਰਮ ਪੁਰਖ ਪਰਮਾਤਮ ਆਤਮ ਵੇਖੇ ਆਣ, ਨਿਰੰਤਰ ਬ੍ਰਹਮ ਖੋਜ ਖੁਜਾਈਆ । ਸੰਤ ਸੁਹੇਲੇ ਭਗਤ ਭਗਵੰਤ ਗੋਦੀ ਚੁੱਕੇ ਆਣ, ਸੇਵਕ ਚਾਕਰ ਹੋ ਕੇ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰ ਬਹਿ ਕੇ ਖ਼ੁਸ਼ੀ ਮਨਾਣ, ਗ੍ਰਿਹਿ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਦਿਵਾਵੇ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਗੁਰਮੁਖ ਗੁਰ ਗੁਰ ਵੇਖੇ ਚੰਦ, ਨੂਰ ਨੁਰਾਨਾ ਨੂਰ ਰੁਸ਼ਨਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਆਪਣਾ ਨਾਮ ਸਮਝਾਇੰਦਾ । ਕੂੜੀ ਕਿਰਿਆ ਅੰਦਰੋਂ ਕੱਢ, ਸਚ ਸੁਚ ਵਰਤਾਇੰਦਾ । ਨੌ ਦਵਾਰੇ ਪਾਰ ਹੱਦ,

ਘਰ ਦਸਵੇਂ ਵੇਖ ਵਖਾਇੰਦਾ । ਵਿਸ਼ਵ ਬਣਾਏ ਸਾਚੀ ਯੱਦ, ਯਦਪ ਇਕੋ ਰੰਗ ਚੜ੍ਹਾਇੰਦਾ । ਸਚ ਨਿਰਬਾਣ ਦੇਵੇ ਚੌਥਾ ਪਦ, ਘਰ ਸਾਚਾ ਸੋਭਾ ਪਾਇੰਦਾ । ਜਨ ਭਗਤ ਵੇਖੇ ਅੰਦਰ ਲੰਘ, ਸਚ ਪਲੰਘ ਡੇਰਾ ਲਾਇੰਦਾ । ਕਰ ਨਿਮਸਕਾਰ ਦਰ ਠਾਂਡੇ ਲਏ ਮੰਗ, ਮਾਂਗਤ ਭਿਖਕ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਵਰਭੰਡ ਖੋਜ ਖੁਜਾਇੰਦਾ । ਵਰਭੰਡ ਖੋਜੇ ਪਾਰਬ੍ਰਹਮ, ਪਤਿਪਰਮੇਸ਼ਵਰ ਵਡ ਵਡਿਆਈਆ । ਜਨ ਭਗਤਾਂ ਮੇਟੇ ਕੂੜਾ ਭਰਮ, ਮਾਇਆ ਮਮਤਾ ਮੋਹ ਚੁਕਾਈਆ । ਲੇਖਾ ਜਾਣੇ ਪੂਰਬ ਜਨਮ, ਜਨਮ ਕਰਮ ਦਏ ਵਡਿਆਈਆ । ਨਾਤਾ ਤੋੜ ਵਰਨ ਬਰਨ, ਬਖ਼ਸ਼ੇ ਇਕ ਸਰਨਾਈਆ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਜੋ ਗੁਰਮੁਖ ਗੁਰਸਿਖ ਲਾਗੇ ਚਰਨ, ਤਿਨ੍ਹਾਂ ਚਾਰ ਜੁਗ ਸੁੱਤਿਆਂ ਫੇਰ ਨਾ ਕੋਇ ਉਠਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਵੜਨ, ਮੰਜ਼ਲ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਨੀ ਸੀਸ ਧਰਨ, ਮਸਤਕ ਟਿੱਕਾ ਧੂੜ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤ ਤਰਾਵਣਹਾਰਾ ਪ੍ਰਭ, ਕਲਜੁਗ ਅੰਤਮ ਵੇਖ ਵਖਾਈਆ । ਕੋਟਾਂ ਵਿਚੋਂ ਥੋੜੇ ਲੱਭ, ਮਦਿ ਜਾਮ ਨਾਮ ਪਿਆਈਆ । ਲੇਖੇ ਲਾਏ ਕਾਇਆ ਮਾਟੀ ਨਾੜੀ ਮਾਸ ਚੰਮ ਹੱਡ, ਤਤਵ ਤਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੋਦ ਬਹਾਈਆ । ਸੰਤ ਸੁਹੇਲੇ ਚੁੱਕੇ ਗੋਦ, ਮਿਹਰਵਾਨ ਦਇਆ ਕਮਾਇੰਦਾ । ਅੰਤਰ ਹਿਰਦਾ ਦੇਵੇ ਸੋਧ, ਸ਼ੁਧੀ ਆਪਣਾ ਨਾਮ ਵਖਾਇੰਦਾ । ਸਚਖੰਡ ਦਵਾਰੇ ਬਖ਼ਸ਼ੇ ਮੌਜ, ਸੋਹਣਾ ਘਰ ਸੁਹਾਇੰਦਾ । ਸਚ ਪ੍ਰੀਤਮ ਕਰੇ ਚੋਜ, ਚੋਜੀ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸੰਗ ਨਿਭਾਇੰਦਾ । ਸੰਤ ਸੁਹੇਲਾ ਗੁਰਮੁਖ ਰੂਪ, ਲੋਕਮਾਤ ਮਿਲੇ ਵਡਿਆਈਆ । ਹੋਏ ਸਹਾਈ ਭੂਪਨ ਭੂਪ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਕਿਰਪਾ ਕਰੇ ਸਤਿ ਸਰੂਪ, ਸਤਿ ਸਤਿਵਾਦੀ ਆਪਣੇ ਸਤਿ ਵਿਚ ਮਿਲਾਈਆ । ਨਾਤਾ ਛੁੱਟੇ ਚਾਰੇ ਕੂਟ, ਦਹਿ ਦਿਸ਼ਾ ਤੰਦ ਤੁੜਾਈਆ । ਸਚਖੰਡ ਦਵਾਰ ਬਣਾਏ ਸਚ ਸਪੂਤ, ਪਿਤਾ ਪੁਰਖ ਅਕਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੋਕਮਾਤ ਕਰਾਏ ਕੂਚ, ਦਰਗਾਹ ਸਾਚੀ ਕੂਚਾ ਗਲੀ ਇਕ ਸੁਹਾਈਆ । ਗੁਰਸਿਖ ਕਹੇ ਮੋਹੇ ਮਿਲਿਆ ਗੁਰਦੇਵ, ਸਚ ਸਵਾਮੀ ਨਜ਼ਰੀ ਆਈਆ । ਜੋ ਲੇਖੇ ਲਾਏ ਸੇਵ, ਸੇਵਕ ਆਪਣੇ ਨਾਲ ਮਿਲਾਈਆ । ਕਿਰਪਾ ਕਰੇ ਅਲੱਖ ਅਭੇਵ, ਭੇਵ ਅਭੇਦਾ ਦਏ ਖੁਲ੍ਹਾਈਆ । ਸਿਫ਼ਤ ਕਰੇ ਨਾ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਚਤਰਾਈਆ । ਸਦ ਵਸੇ ਧਾਮ ਇਕ ਨਿਹਕੇਵ, ਨਿਹਚਲ ਡੇਰਾ ਲਾਈਆ । ਜਨ ਭਗਤਾਂ ਦੇਵੇ ਅਗੰਮੀ ਮੇਵ, ਚੌਦਾਂ ਰਤਨ ਨੈਣ ਸ਼ਰਮਾਈਆ । ਮਸਤਕ ਲਾਏ ਸਾਚਾ ਥੇਵ, ਚਰਨ ਧੂੜੀ ਟਿੱਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬੇੜਾ ਪਾਰ ਕਰਾਈਆ । ਗੁਰਸਿਖ ਬੇੜਾ ਹੋਵੇ ਪਾਰ, ਨਈਆ ਨੌਕਾ ਨਾਮ ਚੜ੍ਹਾਇੰਦਾ । ਗੁਰਮੁਖ ਵੇਖੇ ਸਚ ਦਰਬਾਰ, ਜਿਸ ਗ੍ਰਿਹਿ ਦੀਆ ਬਾਤੀ ਇਕ ਰੁਸ਼ਨਾਇੰਦਾ । ਸੰਤ ਸੁਹੇਲਾ ਵਸੇ ਧਾਮ ਨਿਆਰ, ਜਿਸ ਗ੍ਰਿਹਿ ਸਵਾਮੀ ਸਤਿਗੁਰ ਸੋਭਾ ਪਾਇੰਦਾ । ਭਗਤ ਬੋਲੇ ਭਗਵਨ ਜੈਕਾਰ, ਭਗਵਾਨ ਭਗਤ ਨਾਮ ਸਾਲਾਹਿੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਵੇਖੇ ਵਾਰੋ ਵਾਰ, ਨਵ ਨੌ ਚਾਰ ਪੰਧ ਮੁਕਾਇੰਦਾ । ਕੋਟਨ ਕੋਟ ਭੇਜ ਗੁਰੂ ਅਵਤਾਰ, ਪੀਰ ਪੈਗ਼ੰਬਰ ਸੇਵ

ਲਗਾਇੰਦਾ । ਹੁਕਮੇ ਅੰਦਰ ਖੇਲ ਕਰੇ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਭਗਤਾਂ ਦਏ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਇਛਤ ਦੋਜ਼ਖ਼ ਬਹਿਸ਼ਤ ਸਵਰਗ ਨਰਕ ਦੋਹਾਂ ਤੋਂ ਕਰ ਦਏ ਪਾਰ ।

## ★ ੨੯ ਚੇਤ ੨੦੨੧ ਬਿਕ੍ਰਮੀ ਦਿਲੀ ਦਰਬਾਰ ਪਹਾੜ ਗੰਜ ★

ਪਰਵਰਦਿਗਾਰ ਦਏ ਪੈਗ਼ਾਮ, ਪੇਸ਼ੀਨਗੋਈ ਜਣਾਈਆ । ਸ਼ਾਹ ਰੂਮ ਕਹੇ ਮੈਂ ਸੁਣਿਆ ਏਲਾਨ, ਆਲਮਗੀਰ ਕਰੇ ਪੜ੍ਹਾਈਆ । ਉਮਤ ਨਬੀ ਰਸੂਲ ਦਿਸੇ ਮਹਿਮਾਨ, ਚੌਦਾਂ ਤਬਕ ਦੇਣ ਦੁਹਾਈਆ । ਸਦੀ ਚੌਧਵੀਂ ਹੋਏ ਹੈਰਾਨ, ਅਮਾਮ ਆਪਣਾ ਹੁਕਮ ਵਰਤਾਈਆ । ਖ਼ਾਲਕ ਖ਼ਲਕ ਬਦਲੇ ਨਿਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਚੋਟੀ ਮੁੰਨੇ ਬਣ ਕੇ ਆਪ ਹਜਾਮ, ਕਲਧਾਰੀ ਆਪਣੀ ਕਲ ਧਰਾਈਆ । ਪੀਰ ਪੈਗੰਬਰ ਕਰਨ ਸਲਾਮ, ਸਜਦਾ ਸੀਸ ਝੁਕਾਈਆ । ਲੱਖ ਚੁਰਾਸੀ ਕਿਸੇ ਨਾ ਆਏ ਪਹਿਚਾਨ, ਬੇਪਹਿਚਾਨ ਬੇਪਰਵਾਹੀਆ । ਨੂਰੀ ਕਲਮਾ ਵੇਖੇ ਇਕ ਮੈਦਾਨ, ਦੋ ਜਹਾਨਾਂ ਖੋਜ ਖੁਜਾਈਆ । ਮੁਸ਼ਕਲ ਭਗਤਾਂ ਕਰੇ ਆਸਾਨ, ਰਹਿਮਾਨ ਰਹਿਮਤ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਾਹ ਰੂਮ ਕਹੇ ਮੈਂ ਹੋਇਆ ਮਹਿਰੂਮ, ਖ਼ਾਲੀ ਹੱਥ ਰਿਹਾ ਵਖਾਈਆ । ਬਰਦਾ ਦਰ ਬਣਾ ਮਮਨੂਨ, ਸਜਦਾ ਸੀਸ ਝੁਕਾਈਆ । ਪਰਵਰਦਿਗਾਰ ਦਾ ਪੜ੍ਹਿਆ ਨਾ ਕਿਸੇ ਹੱਕ ਮਜ਼ਮੂਨ, ਮਜਲਸ ਸਚ ਨਾ ਕੋਇ ਕਮਾਈਆ । ਸ਼ਾਹ ਸੁਲਤਾਨਾਂ ਲੇਖਾ ਚੁੱਕੇ ਵਾਂਗ ਫ਼ਰਊਨ, ਫ਼ਰਸ਼ ਅਰਸ਼ ਦਏ ਦੁਹਾਈਆ । ਨੁਕਤਾ ਨਜ਼ਰ ਨਾ ਆਏ ਨੂਨ, ਐਨ ਅੱਖ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਮਿਟਣ ਵਾਲਾ ਹਜੂਮ, ਹਜ਼ਰਤ ਹੁਕਮ ਸਚ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਕਿਸੇ ਨਾ ਲਾਇਆ ਨਜੂਮ, ਭੇਵ ਸਕੇ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਾਹ ਰੂਮ ਕਹੇ ਵੇਖਿਆ ਸ਼ਾਹਕਾਰ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਬਿਨ ਅਸਵ ਬਣਿਆ ਸ਼ਾਹਸਵਾਰ, ਲੋਕ ਪਰਲੋਕ ਦੋ ਜਹਾਨ ਚਰਨਾਂ ਹੇਠ ਰਖਾਈਆ । ਬਿਨ ਕਾਗ਼ਜ਼ ਕਲਮ ਲੇਖ ਲਿਖੇ ਅਗੰਮ ਅਪਾਰ, ਸ਼ਾਹੀ ਸ਼ਕਲ ਨਾ ਕੋਇ ਜਣਾਈਆ । ਨਗ਼ਮਾ ਨਜ਼ਮ ਸੁਣਾਏ ਧੁਰ ਦੀ ਧਾਰ, ਨਾਦ ਧੁਨ ਵਜਾਈਆ । ਮੈਂ ਵੇਖ ਹੋਇਆ ਹੈਰਾਨ, ਨੇਤਰ ਨੈਣ ਸ਼ਰਮਾਈਆ । ਜਿਸ ਦੀ ਸਿਫ਼ਤ ਕਰੇ ਅੰਜੀਲ ਕੁਰਾਨ, ਪਰਵਰਦਿਗਾਰ ਨੂਰੋ ਨੂਰ ਨੂਰ ਖ਼ੁਦਾਈਆ । ਸੋ ਖ਼ਾਲਕ ਖੇਲ ਕਰੇ ਮਹਾਨ, ਮਹਿਬੂਬ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਸ਼ਾਹ ਰੂਮ ਕਹੇ ਪੀਰ ਪੈਗੰਬਰ ਦੇਣ ਸ਼ਹਾਦਤ, ਪਿਛਲਾ ਲੇਖਾ ਅੱਗੇ ਰਖਾਈਆ । ਅੱਗੇ ਮੁੱਕੇ ਜਗਤ ਇਬਾਦਤ, ਮਕਤਬ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਬੇਪਰਵਾਹ ਬਦਲੇ ਸਭ ਦੀ ਆਦਤ, ਅਦਨਾ ਆਅਲਾ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ਾਹ ਰੂਮ ਕਹੇ ਮੈਂ ਸੂਫ਼ੀਆਂ ਵੇਖੀ ਟੋਪੀ, ਪੈਗੰਬਰਾਂ ਸੇਲੀ ਨਜ਼ਰੀ ਆਈਆ । ਕਾਹਨਾਂ

ਨਾਲ ਨੱਚਦੀ ਵੇਖੀ ਗੋਪੀ, ਸੀਤਾ ਰਾਮ ਸਤਿ ਲਈ ਪਰਨਾਈਆ । ਗੁਰ ਅਵਤਾਰਾਂ ਹੱਥ ਫੜਾਈ ਵੇਖੀ ਸੋਟੀ, ਸ਼ਬਦੀ ਧਾਰ ਜਣਾਈਆ । ਜਨ ਭਗਤਾਂ ਆਤਮਾ ਚੜ੍ਹਦੀ ਵੇਖੀ ਚੋਟੀ, ਸਚ ਮਹੱਲੇ ਸੋਭਾ ਪਾਈਆ । ਸਾਚੇ ਸੰਤਾਂ ਜਗਦੀ ਵੇਖੀ ਜੋਤੀ, ਨਿਰਗੁਣ ਸਰਗੁਣ ਕਰੇ ਇਕ ਰੁਸ਼ਨਾਈਆ । ਗੁਰਮੁਖ ਗੌਂਦੇ ਵੇਖੇ ਸਲੋਕੀ, ਸਾਚਾ ਢੋਲਾ ਰਾਗ ਅਲਾਈਆ । ਗੁਰਸਿਖ ਮੇਲ ਮਿਲਾਇਆ ਵੇਖਿਆ ਸ਼ੌਂਕੀ, ਸ਼ਹਿਨਸ਼ਾਹ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਵਰਤਾਈਆ । ਰੂਮ ਕਹੇ ਮੈਂ ਵੇਖਿਆ ਰਹੀਮ, ਰਾਜ਼ਕ ਦਾਤਾ ਬੇਪਰਵਾਹੀਆ । ਜਿਸ ਦੀ ਅਜਬ ਨਿਰਾਲੀ ਤਾਲੀਮ, ਤੁਲਬਾ ਗੁਰ ਅਵਤਾਰ ਪੀਰ ਪੈਗ਼ੰਬਰ ਲਏ ਬਣਾਈਆ । ਜਿਸ ਦਾ ਮਹਲ ਅਟੱਲ ਆਲੀਸ਼ਾਨ ਅਜ਼ੀਮ, ਅਜਬ ਅਜੀਬ ਨਿਰਾਲਾ ਨੂਰ ਕਰੇ ਰੁਸ਼ਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਗਹਿਰ ਗੰਭੀਰ ਗ਼ਨੀਮ, ਗੁਣਵੰਤਾ ਬੇਪਰਵਾਹੀਆ । ਜਿਸ ਦਾ ਰੂਪ ਨਾ ਨਰ ਨਾ ਮਦੀਨ, ਜੋਤੀ ਜਾਤਾ ਪਰਵਰਦਿਗਾਰ ਨੂਰ ਇਲਾਹੀਆ । ਜਿਸ ਦੀ ਏਥੇ ਓਥੇ ਦੋ ਜਹਾਨਾਂ ਕਰੇ ਨਾ ਕੋਇ ਤਕਸੀਮ, ਲੋਕ ਪਰਲੋਕ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਆਪਣੀ ਧਾਰ ਰੱਖੇ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸ਼ਾਹ ਪਾਤਸ਼ਾਹ ਹੋਏ ਸ਼ਹਿਨਸ਼ਾਹ ਦਰ ਬਰਦਾ ਬਣੇ ਮਸਕੀਨ, ਗ਼ੁਲਾਮ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘਰਾਈਆ । ਸ਼ਾਹ ਰੂਮ ਕਹੇ ਮੈਨੂੰ ਯਾਦ ਆਇਆ ਜੇਠ ਨੌਂ, ਪਿਛਲਾ ਲੇਖਾ ਸਮਝਾਈਆ । ਨਵ ਨੌਂ ਚਾਰ ਵੇਖਿਆ ਭੌਂ, ਚਾਰੋਂ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਮਾਣਸ ਵੇਖੇ ਬਣੇ ਕਾਉਂ, ਹੰਸ ਕਾਗ ਰੂਪ ਵਟਾਈਆ । ਜਨਨੀ ਜਨ ਜਣੇਂਦੀ ਨਜ਼ਰ ਨਾ ਆਈ ਮਾਉਂ, ਪਿਤਾ ਗੋਦ ਨਾ ਕੋਇ ਪੂਤ ਸੁਹਾਈਆ । ਸਤਿ ਸਤਿਵਾਦੀ ਪਕੜੇ ਕੋਈ ਨਾ ਬਾਂਹੋਂ, ਫੜ ਗਲੇ ਨਾ ਕੋਇ ਲਗਾਈਆ । ਸਿਰ ਰੱਖੇ ਨਾ ਠੰਡੀ ਛਾਉਂ, ਸਮਰਥ ਦੇਵੇ ਨਾ ਕੋਇ ਵਡਿਆਈਆ । ਸਿਰ ਝੁਕੇ ਨਾ ਸਾਚੇ ਪਾਉਂ, ਚਰਨ ਕਵਲ ਨਾ ਕੋਇ ਸਰਨਾਈਆ । ਅਦਾਲਤ ਸਚ ਨਾ ਕਰੇ ਕੋਇ ਨਿਆਉਂ, ਜਗਤ ਮੁਖ਼ਾਲਫ਼ਤ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਸ਼ਾਹ ਰੂਮ ਕਹੇ ਮੈਂ ਮਿਟਾਵਾਂ ਸ਼ੱਕ, ਸ਼ਖ਼ਸੀਅਤ ਸਭ ਨੂੰ ਦਿਆਂ ਸਮਝਾਈਆ । ਜਿਸ ਦੀ ਹਕੀਕਤ ਆਦਿ ਜੁਗਾਦੀ ਹੱਕ, ਸੋ ਹਾਕਮ ਬੇਪਰਵਾਹੀਆ । ਮੈਂ ਜਲਵਾ ਨੂਰ ਜਹੂਰ ਲਿਆ ਤੱਕ, ਦਾਤਾ ਦਾਨੀ ਨਜ਼ਰੀ ਆਈਆ । ਵਸਣਹਾਰਾ ਘਟ ਘਟ, ਬ੍ਰਹਿਮੰਡ ਖੰਡ ਰਿਹਾ ਸਮਾਈਆ । ਪੀਰ ਪੈਗੰਬਰਾਂ ਸਚ ਸੁਨੇਹੜਾ ਰਿਹਾ ਦੱਸ, ਦਸਤਾਵੇਜ਼ ਦਸਤ ਪਿਛਲਾ ਲੇਖ ਫੜਾਈਆ । ਨੇਤਰ ਖੋਲ੍ਹ ਵੇਖੋ ਅੱਖ, ਵੇਲਾ ਆਖ਼ਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮਰਾਨ ਆਪਣਾ ਹੁਕਮ ਵਰਤਾਈਆ । ਹੁਕਮਰਾਨ ਬਣੇ ਮਹਿਬੂਬ, ਮੁਜਰਾ ਦੋ ਜਹਾਨ ਵੇਖ ਵਖਾਇੰਦਾ । ਖੇਲੇ ਖੇਲ ਬਹਿ ਕੇ ਸਚ ਅਰੂਜ, ਜ਼ਿਮੀਂ ਅਸਮਾਨ ਫੋਲ ਫੁਲਾਇੰਦਾ । ਚੜ੍ਹ ਹੱਕ ਮੰਜ਼ਲ ਮਕਸੂਦ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਚੌਦਾਂ ਤਬਕ ਵੇਖ ਹਦੂਦ, ਹਜ਼ਰਤ ਆਪਣਾ ਫੇਰਾ ਪਾਇੰਦਾ । ਕਵਣ ਜਨ ਹੋਏ ਮਹਿਫ਼ੂਜ਼, ਮਿਹਰ ਨਜ਼ਰ ਕਵਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਸ਼ਾਹ ਰੂਮ ਕਹੇ ਮੈਂ ਵੇਖਿਆ ਸ਼ਾਇਰ, ਸ਼ਰੀਅਤ ਵਿਚੋਂ ਬਾਹਰ ਨਜ਼ਰੀ ਆਈਆ । ਅਗੰਮ ਅਥਾਹ ਬੇਮੁਕਾਮ ਜਿਸ ਦੀ ਸੈਰ, ਸੈਰਗਾਹ ਦੋ ਜਹਾਨਾਂ

੬੫੪
੧੯

ਕੋਲੋਂ ਬਾਹਰ ਰਖਾਈਆ । ਜਿਥੇ ਕੋਈ ਨਾ ਵੜੇ ਐਰ ਗ਼ੈਰ, ਹੈਬਤ ਸਭ ਦੇ ਉਤੇ ਛਾਈਆ । ਗੁਰ ਅਵਤਾਰ ਪੀਰ ਪੈਗੰਬਰ ਦਰ ਬਰਦੇ ਮੰਗਦੇ ਮਿਹਰ, ਚਰਨ ਸਰਨ ਸਰਨ ਚਰਨ ਸੀਸ ਝੁਕਾਈਆ । ਨੂਰ ਨੁਰਾਨੀ ਸ਼ਾਹ ਸੁਲਤਾਨੀ ਤੇਰੀ ਲਹਿਰ, ਆਦਿ ਜੁਗਾਦਿ ਇਕੋ ਧਾਰ ਵਹਾਈਆ । ਸਚ ਪੈਗੰਬਰ ਦਰ ਦਵਾਰ ਮੰਗਦੇ ਖ਼ੈਰ, ਖ਼ੈਰੀਯਤ ਤੇਰੇ ਕੋਲੋਂ ਝੋਲੀ ਪਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਮਿਲ ਕੇ ਬਣ ਕੇ ਮੁਸ਼ਾਇਰ, ਮੁਸ਼ਾਇਰਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ਼ਾਹ ਰੂਮ ਕਹੇ ਮੈਂ ਤੱਕਿਆ ਅੱਖ, ਅੱਖੀਆਂ ਵਾਲਿਆਂ ਦਿਆਂ ਜਣਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾਂ ਅਕਥ ਕਥ ਦ੍ਰਿੜਾਈਆ । ਬੇਪਰਵਾਹ ਆਇਆ ਨੱਠ, ਪੜਦਾਨਸ਼ੀਂ ਪਰਦਾ ਰਿਹਾ ਚੁਕਾਈਆ । ਸਾਚਾ ਮਾਰਗ ਇਕੋ ਦੱਸ, ਧੁਰ ਦੀ ਕਰੇ ਪੜ੍ਹਾਈਆ । ਕੂੜੀ ਕਿਰਿਆ ਖੇੜਾ ਭੱਠ, ਸਤਿ ਸਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਾਹ ਰੂਮ ਕਹੇ ਮੈਨੂੰ ਯਾਦ ਆਏ ਪਿਛਲੇ ਹਾਰ, ਜੋ ਮਸਤਕ ਸੀਸ ਉਤੇ ਟਿਕਾਈਆ । ਜਿਸ ਦੀ ਜਨ ਭਗਤ ਖਿੜੀ ਗੁਲਜ਼ਾਰ, ਗੁਲਸ਼ਨ ਸਚ ਨਾਮ ਮਹਿਕਾਈਆ । ਤਿਸ ਦੀ ਸੁਣ ਸੱਚੀ ਗਫ਼ਤਾਰ, ਗੁਫ਼ਤ ਸ਼ੁਨੀਦ ਖ਼ੁਸ਼ੀ ਮਨਾਈਆ । ਮੁਹੱਬਤ ਕਰੇ ਬਣ ਕੇ ਸਾਂਝਾ ਯਾਰ, ਰਹਿਮਤ ਵਿਚੋਂ ਰਹਿਮਤ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਲਗਾਈਆ । ਸ਼ਾਹ ਰੂਮ ਕਹੇ ਮੈਂ ਤੱਕਿਆ ਉਹ ਨਜ਼ਾਰਾ, ਆਪਣੀ ਨਜ਼ਰ ਉਠਾਈਆ । ਜੋਤੀ ਚਮਕੇ ਨੂਰ ਉਜਿਆਰਾ, ਸਚ ਕਰੇ ਰੁਸ਼ਨਾਈਆ । ਦੋ ਜਹਾਨਾਂ ਵੇਖਣਹਾਰਾ ਆਰ ਪਾਰ ਕਿਨਾਰਾ, ਮੰਝਧਾਰ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਹੁਕਮ ਵਰਤਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਸਵਾਮੀ ਪਰਵਰਦਿਗਾਰਾ, ਪਾਰਬ੍ਰਹਮ ਬੇਅੰਤ ਅਗੰਮ ਅਥਾਹ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ਼ਾਹ ਰੂਮ ਕਹੇ ਸਭ ਰਹਿਣਾ ਸ਼ਾਦ, ਸ਼ਾਕਰ ਸਭ ਨੂੰ ਆਪ ਕਰਾਇੰਦਾ । ਕੂੜੀ ਕਿਰਿਆ ਕਰੇ ਬਰਬਾਦ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਭਗਤ ਭਗਵਾਨ ਸਚ ਦਵਾਰੇ ਕਰੇ ਆਬਾਦ, ਸਾਚੀ ਬਸਤੀ ਨਾਮ ਵਸਾਇੰਦਾ । ਸਤਿ ਧਰਮ ਦੇ ਚਾੜ੍ਹ ਜਹਾਜ਼, ਕੂੜੀ ਕਿਰਿਆ ਪਾਰ ਕਰਾਇੰਦਾ । ਸਦੀ ਚੌਧਵੀਂ ਸੁਣ ਫ਼ਰਿਆਦ, ਫਾਸੀ ਸਭ ਦੇ ਗਲ ਲਟਕਾਇੰਦਾ । ਈਸਾ ਮੂਸਾ ਮੁਹੰਮਦ ਧੁਰ ਦੀ ਸੁਣਨ ਆਵਾਜ਼, ਹੌਲੀ ਹੌਲੀ ਆਪ ਜਣਾਇੰਦਾ । ਕਰ ਕਿਰਪਾ ਜਨ ਭਗਤਾਂ ਖੋਲ੍ਹੇ ਰਾਜ਼, ਪੜਦਾ ਉਹਲਾ ਆਪ ਉਠਾਇੰਦਾ । ਸੰਮਤ ਇਕੀਸੇ ਸਭ ਦੀ ਅਕਲ ਭੁੱਲੇ ਨਿਮਾਜ਼, ਨਿਮਾਜ਼ੀ ਨਜ਼ਰ ਕੋਇ ਨਾ ਆਇੰਦਾ । ਵੇਖੇ ਕਰਨੇਹਾਰਾ ਕਿਵੇਂ ਕਰੇ ਫ਼ਸਾਦ, ਫ਼ੈਸਲਾ ਆਪਣੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਪਿਛਲਾ ਲੇਖਾ ਕਰਾਇਆ ਯਾਦ, ਨਵ ਜੇਠ ਦਿਤੀ ਦਾਦ, ਸ਼ਾਹ ਰੂਮ ਮੌਲਾਨਾ ਮੁਗ਼ਾਲਤੇ ਵਿਚ ਕਦੇ ਨਾ ਆਇੰਦਾ ।


੯੫੫
੧੯

## ★ ਪਹਿਲੀ ਵਸਾਖ ੨੦੨੧ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ★

ਨਿਰਗੁਣ ਸਰਗੁਣ ਹੋ ਕੇ ਸਿਫ਼ਰਾ, ਬੀਸ ਦਏ ਵਡਿਆਈਆ । ਸਰਗੁਣ ਨਿਰਗੁਣ ਏਕਾ ਬਣਿਆ ਫ਼ਿਕਰਾ, ਫ਼ਿਕਰ ਆਦਿ ਜੁਗਾਦਿ ਚੁਕਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਵੇਖ ਨਾ ਸਕੇ ਸ਼ਜਰਾ, ਭੇਵ ਅਭੇਦ ਨਾ ਕੋਇ ਸਮਝਾਈਆ । ਨਿਰਗੁਣ ਨਿਰਵੈਰ ਨਿਰੰਕਾਰ ਵਸੇ ਵੱਖਰਾ, ਅਗੰਮ ਅਥਾਹ ਸਚ ਸਿੰਘਾਸਣ ਡੇਰਾ ਲਾਈਆ । ਨਿਤ ਨਵਿਤ ਜੁਗ ਚੌਕੜੀ ਮਰਦ ਮਰਦਾਨਾ ਸਭ ਤੋਂ ਤਕੜਾ, ਬਲਧਾਰੀ ਇਕ ਅਖਵਾਈਆ । ਜੋਤ ਉਜਾਲਾ ਹਰਿ ਗੋਪਾਲਾ ਸ਼ਬਦ ਸਰੂਪੀ ਬਣਿਆ ਰਿਹਾ ਮਕਰਾ, ਫ਼ਰੇਬੀ ਆਪਣਾ ਫ਼ਰੇਬ ਕਰਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਭੇਟਾ ਚੜ੍ਹੌਂਦਾ ਰਿਹਾ ਛਤਰਾ ਬਕਰਾ, ਛੁਰੀ ਜਗਤ ਹੱਥ ਫੜਾਈਆ । ਧੁਰ ਸੰਦੇਸ ਨਰ ਨਰੇਸ਼ ਨਿਰਗੁਣ ਨਿਰਵੈਰ ਇਕੋ ਰੱਖੇ ਕਰੜਾ, ਨਿਤ ਨਵਿਤ ਆਪਣਾ ਹੁਕਮ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਬਾਣੀ ਜਿਸ ਨੇ ਪਾਇਆ ਝਗੜਾ, ਲੱਖ ਚੁਰਾਸੀ ਮਨ ਮਤ ਬੁਧ ਕਰੇ ਲੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਨੇ ਲਿਖਾਇਆ ਪੱਤਰਾ, ਪਾਤੀ ਆਪਣਾ ਨਾਮ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਜਿਸ ਦਾ ਮੰਨੇ ਖ਼ਤਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਸਰਗੁਣ ਹੋਇਆ ਜ਼ੀਰੋ, ਜਾਹਰ ਜਹੂਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗੰਬਰ ਜਿਸ ਨੂੰ ਮੰਨਦੇ ਗਏ ਹੀਰੋ, ਹਰਿ ਜੂ ਆਪਣਾ ਖੇਲ ਅਚਰਜ ਰਿਹਾ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜਿਸ ਦੀ ਮੰਨਦੇ ਰਹੇ ਤਦਬੀਰੋ, ਸਾਚੀ ਸਿਖਿਆ ਇਕ ਦ੍ਰਿੜਾਈਆ । ਰੂਪ ਰੰਗ ਰੇਖ ਜਿਸ ਦੀ ਸਮਝ ਨਾ ਸਕੇ ਕੋਈ ਤਸਵੀਰੋ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹੀਰੋ, ਬੇਅੰਤ ਨਾਉਂ ਰਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਦਾਤਾ ਵਡ ਪੀਰਨ ਪੀਰੋ, ਪੈਗੰਬਰੋ ਇਕੋ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨਿਰਗੁਣ ਸਰਗੁਣ ਮੇਲਾ ਇਕ, ਏਕੰਕਾਰ ਖੇਲ ਰਚਾਈਆ । ਲੱਖ ਚੁਰਾਸੀ ਆਤਮ ਪਰਮਾਤਮ ਜਿਤ, ਜੁਗ ਚੌਕੜੀ ਹੁਕਮ ਵਰਤਾਈਆ । ਨਿਰਗੁਣ ਸਰਗੁਣ ਵੇਸ ਵਟਾਏ ਨਿਤ ਨਵਿਤ, ਨਰ ਨਰਾਇਣ ਫੇਰਾ ਪਾਈਆ । ਗੁਰ ਅਵਤਾਰ ਜਿਸ ਨੂੰ ਪੁਰਖ ਅਕਾਲ ਕਹਿੰਦੇ ਗਏ ਪਿਤ, ਪਤਿਪਰਮੇਸ਼ਵਰ ਮੰਨ ਕੇ ਸੀਸ ਨਿਵਾਈਆ । ਸੋ ਕਰੇ ਖੇਲ ਅਬਿਨਾਸ਼ੀ ਅਚੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਨਿਰਗੁਣ ਸਰਗੁਣ ਸਿਫ਼ਰਾ ਮੇਲਾ, ਮਿਲਣੀ ਜਗਦੀਸ ਕਰਾਇੰਦਾ । ਜਿਸ ਦੀ ਧਾਰ ਸਮਝ ਸਕੇ ਨਾ ਕੋਈ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਨਜ਼ਰੀ ਆਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਬਣਿਆ ਸੱਜਣ ਸੁਹੇਲਾ, ਧੁਰ ਦਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਦੂਆ ਸਿਫ਼ਰਾ ਦੂਆ ਏਕਾ, ਬੀਸ ਇਕੀਸ ਖ਼ੁਸ਼ੀ ਮਨਾਈਆ । ਜਿਸ ਦੀ ਸਾਰੇ ਰੱਖਦੇ ਗਏ ਟੇਕਾ, ਸੋ ਟਿੱਕਾ ਮਸਤਕ ਰਿਹਾ ਵਖਾਈਆ । ਜੋਤ ਨੂਰਾਨੀ ਧਰਿਆ ਭੇਖਾ, ਵੇਸ ਅਵੱਲੜਾ ਆਪ ਵਟਾਈਆ । ਜਿਸ ਦੇ ਹੱਥ ਦੋ ਜਹਾਨਾ ਲੇਖਾ, ਲਿਖਤ ਨਜ਼ਰ ਕੋਇ ਨਾ ਪਾਈਆ । ਜਿਸ ਦੀ ਗੋਦੀ ਅੰਦਰ ਗੋਬਿੰਦ

੯੫੬
੧੯

ਲੇਟਾ, ਘਰ ਸਾਚੇ ਡੇਰਾ ਲਾਈਆ । ਸੋ ਸਾਹਿਬ ਦੀਨ ਦਿਆਲ ਪੁਰਖ ਅਕਾਲ ਪਿਛਲਾ ਕਰਿਆ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨਾਂ ਬਣ ਕੇ ਸਾਚਾ ਨੇਤਾ, ਨਰ ਨਰਾਇਣ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਬੀਸ ਇਕੀਸ ਪਾਏ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰੇ ਹੱਥ ਦੇ ਕੇ ਡੋਰ, ਤੰਦੀ ਤੇਰੇ ਨਾਲ ਬੰਧਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪ੍ਰਭ ਬਣਿਆ ਰਿਹੋਂ ਚੋਰ, ਚੋਰੀ ਚੋਰੀ ਆਪਣੀ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗੰਬਰ ਘੱਲਦਾ ਰਿਹੋਂ ਬਾਂਕੇ ਛੋਹਰ, ਨੱਢੇ ਆਪਣੀ ਸੇਵਾ ਲਾਈਆ । ਹੁਕਮੇ ਅੰਦਰ ਵਖੌਂਦਾ ਰਿਹੋਂ ਜ਼ੋਰ, ਜਾਬਰ ਆਪਣਾ ਨਾਉਂ ਧਰਾਈਆ । ਆਪਣਾ ਮੰਤਰ ਦੱਸਦਾ ਰਿਹੋਂ ਫੁਰਨਾ ਫੋਰ, ਰਸਨਾ ਜਿਹਵਾ ਕਰ ਪੜ੍ਹਾਈਆ । ਸਾਰੇ ਕਹਿੰਦੇ ਗਏ ਤੇਰੀ ਅੰਤਮ ਪਏ ਲੋੜ, ਲੱਖ ਚੁਰਾਸੀ ਤੇਰੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇ ਚੁਕਾਈਆ । ਬੀਸ ਇਕੀਸ ਪਾਏ ਡੰਡ, ਡੰਕਾ ਤੇਰਾ ਨਾਮ ਲਗਾਈਆ । ਪਿਛਲੀ ਕੀਤੀ ਸਭ ਦੀ ਗਈ ਹੰਢ, ਅਗਲੀ ਕਹਾਣੀ ਦੇ ਸਮਝਾਈਆ । ਤੇਰਾ ਗਾ ਗਾ ਸਾਰੇ ਥੱਕੇ ਛੰਦ, ਸੰਸਾ ਰੋਗ ਨਾ ਕੋਇ ਚੁਕਾਈਆ । ਤੇਰਾ ਨਜ਼ਰ ਨਾ ਆਇਆ ਪੂਰੀ ਅਨੰਦ, ਅਨੰਦ ਵਿਚੋਂ ਅਨੰਦ ਚੰਦ ਨੂਰ ਕਰ ਰੁਸ਼ਨਾਈਆ । ਸਚ ਸਵਾਮੀ ਆਪਣੀ ਖੋਲ੍ਹ ਕੇ ਵੇਖ ਗੰਢ, ਪੜਦੇ ਵਿਚੋਂ ਪੜਦਾ ਲੈ ਫੋਲਾਈਆ । ਜਿਸ ਦੀ ਸਿਫ਼ਤ ਨਾ ਕਰੇ ਬੱਤੀ ਦੰਦ, ਰਸਨਾ ਜਿਹਵਾ ਰਾਗ ਨਾ ਕੋਇ ਸੁਣਾਈਆ । ਜਿਹੜਾ ਲੇਖਾ ਬਿਨ ਲਿਖਿਉਂ ਕੀਤਾ ਬੰਦ, ਬਿਨ ਬੰਦਗੀਉਂ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਚ ਵਡਿਆਈਆ । ਵੀਹ ਸੌ ਇਕੀ ਕਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੂਰਬ ਲੇਖਾ ਦੇ ਵਖਾਲ, ਜੋ ਰੱਖਿਆ ਪ੍ਰਭ ਛੁਪਾਈਆ । ਮੰਗ ਮੰਗੇ ਤੇਰਾ ਗੋਬਿੰਦ ਬਾਲ, ਬਾਲੀ ਬੁਧ ਧਿਆਨ ਲਗਾਈਆ । ਇਕ ਸੱਤ ਪੰਜ ਛੇ ਦਾ ਦੇ ਅਹਿਵਾਲ, ਹਾਲਤ ਪਿਛਲੀ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਦੇ ਸਮਝਾਈਆ । ਬੀਸ ਇਕੀਸ ਕਹੇ ਪ੍ਰਭ ਪੜਦਾ ਖੋਲ੍ਹ, ਖੋਲ੍ਹਣ ਵੇਲਾ ਨੇੜੇ ਆਈਆ । ਹੁਣ ਕਿਉਂ ਬੈਠਾ ਨਿਰਗੁਣ ਬਣ ਅਡੋਲ, ਸਚਖੰਡ ਨਿਵਾਸੀ ਸਚ ਦਵਾਰੇ ਡੇਰਾ ਲਾਈਆ । ਦਰਗਾਹ ਸਾਚੀ ਤੋਲਣਹਾਰੇ ਧੁਰ ਦਾ ਤੋਲ, ਲੋਕਮਾਤ ਕੰਡਾ ਲੈ ਉਠਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਰਦਾ ਰਿਹੋਂ ਰੋਲ, ਅਛਲ ਛਲਧਾਰੀ ਆਪਣਾ ਛਲ ਜਣਾਈਆ । ਵੇਲਾ ਰੱਖ ਯਾਦ ਜਿਸ ਵੇਲੇ ਪਹਿਲੋਂ ਗੋਬਿੰਦ ਅੰਮ੍ਰਿਤ ਦਿਤੀ ਪੌਹਲ, ਧੁਰ ਦਾ ਜਾਮ ਸਚ ਪਿਆਈਆ । ਪੁਰਖ ਅਕਾਲ ਬਿਨ ਗੋਬਿੰਦ ਦੂਜਾ ਕੋਈ ਨਾ ਤੇਰੇ ਕੋਲ, ਸ਼ਹਾਦਤ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਬਿਨ ਕਲਮ ਸ਼ਾਹੀ ਲਿਖਿਆ ਲੇਖ ਫਰੋਲ, ਜਿਸ ਦਾ ਹਿੰਸਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਬੀਸ ਇਕੀਸ ਕਹੇ ਤੇਰਾ ਪਿਛਲਾ ਪੱਤਰ, ਪਤਤ ਪਾਵਨ ਤੇਰੀ ਯਾਦ ਕਰਾਈਆ । ਜਿਸ ਤੇਰਾ ਹੰਡਾਇਆ ਸੱਥਰ, ਯਾਰੜਾ ਇਕ ਮਨਾਈਆ । ਜਗਤ ਹਿਤ ਨਾ ਵਰੋਲਿਆ ਅੱਥਰ, ਹੰਝੂ ਹਾਰ ਨਾ ਕੋਇ ਬਣਾਈਆ । ਵੀਹ ਸੌ ਇਕੀ ਉਸ ਦਾ ਲੇਖਾ ਤੂੰ ਲਿਖਿਆ ਬਿਨਾਂ ਅੱਖਰ, ਅੱਖਰਾਂ ਵਿਚੋਂ ਸਾਚੀ ਸੱਤਰ ਤੇਰਾ ਨੂਰ ਨਜ਼ਰੀ ਆਈਆ । ਅਜ ਤੇਰੀ ਮੇਰੀ ਪਰੇਮ ਪਿਆਰ ਦੀ ਹੋਣੀ ਪਕੜ, ਸਚ


੯੫੭ ੧੯

ਅਖਾੜੇ ਵਿਚ ਵੱਜੇ ਨਾਮ ਵਧਾਈਆ । ਮੈਂ ਗੁਰਸਿਖਾਂ ਪਿਛੇ ਤੇਰੇ ਨਾਲ ਲਾਉਣੀ ਟੱਕਰ, ਤੂੰ ਭਗਤਾਂ ਪਿਛੇ ਮੇਰਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਮੋਹੇ ਦੇ ਸਮਝਾਈਆ । ਬੀਸ ਇਕੀਸ ਕਹੇ ਮੈਂ ਪਾਵਾਂ ਰੌਲਾ, ਰੌਣਕ ਤੇਰਾ ਨਾਮ ਜਣਾਈਆ । ਮੇਰਾ ਭਾਰ ਕਰਦੇ ਹੌਲਾ, ਹੌਲੀ ਹੌਲੀ ਰਿਹਾ ਸੁਣਾਈਆ । ਇਕ ਸੱਤ ਪੰਜ ਛੇ ਦਾ ਯਾਦ ਰੱਖ ਕੌਲਾ, ਕੀਤਾ ਇਕਰਾਰ ਆਪਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਹੋ ਹੈਰਾਨ, ਪੂਰਬ ਧਿਆਨ ਲਗਾਈਆ । ਬੀਸ ਇਕੀਸਾ ਦੇਵੇ ਸਚ ਬਿਆਨ, ਗੋਬਿੰਦ ਇਸ਼ਾਰੇ ਨਾਲ ਸਮਝਾਈਆ । ਹੁਣ ਬਾਲਾ ਨੱਢਾ ਨਹੀਂ ਨਾਦਾਨ, ਮਾਤਾ ਗੁਜਰੀ ਕੁੱਖ ਨਾ ਕੋਇ ਰਖਾਈਆ । ਸ਼ਬਦੀ ਸੁਤ ਬਣ ਬਲਵਾਨ, ਬਲਧਾਰੀ ਵੇਸ ਵਟਾਈਆ । ਸਚ ਧਰਮ ਦਾ ਲੈ ਨਿਸ਼ਾਨ, ਨਿਸ਼ਾਨਾ ਦੋ ਜਹਾਨ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਸ਼ਬਦ ਨਧੜਕ, ਧੜਕਣ ਵਿਚ ਨਾ ਕੋਇ ਰਖਾਈਆ । ਮੇਰਾ ਵੇਖ ਖੰਡਾ ਉਹ ਖੜਗ, ਜਿਹੜੀ ਬਿਨ ਲੁਹਾਰ ਤਰਖਾਣ ਘੜਿਆਂ ਹੱਥ ਫੜਾਈਆ । ਮੇਰੀ ਸਚਖੰਡ ਦਵਾਰੇ ਵੇਖ ਮਟਕ, ਬਿਨ ਪੈਰਾਂ ਚਲਾਂ ਚਾਈਂ ਚਾਈਂਆ । ਮੇਰੀ ਪਿਛਲੀ ਫੋਲ ਫ਼ਰਦ, ਸਤਾਰਾਂ ਸੌ ਛਪੰਜਾ ਬਿਕ੍ਰਮੀ ਯਾਦ ਕਰਾਈਆ । ਤੇਰੇ ਅੱਗੇ ਕੀਤੀ ਇਕੋ ਅਰਜ਼, ਆਰਜ਼ੂ ਤੇਰੀ ਝੋਲੀ ਪਾਈਆ । ਮੈਂ ਤੇਰਾ ਤੂੰ ਮੇਰਾ ਦੋਹਾਂ ਦਾ ਇਕੋ ਫ਼ਰਜ਼, ਫ਼ਰਕ ਕੋਇ ਰਹਿਣ ਨਾ ਪਾਈਆ । ਤੈਨੂੰ ਧੋਖਾ ਦੇਣ ਦੀ ਮਰਜ਼, ਅਛਲ ਅਛੱਲ ਆਪਣਾ ਨਾਉਂ ਰਖਾਈਆ । ਮੈਂ ਅੱਗੇ ਏਸ ਰੀਤ ਤੋਂ ਦੇਣਾ ਵਰਜ, ਫੜ ਬਾਂਹੋਂ ਲੈਣਾ ਮਨਾਈਆ । ਕਰਾਂ ਖੇਲ ਤੇਰੇ ਨਾਲ ਅਸਚਰਜ, ਅਚਰਜ ਤੇਰੇ ਵਿਚ ਸਮਾਈਆ । ਤੂੰ ਮੇਰਾ ਸਦਾ ਦੇਣਾ ਕਰਜ਼, ਸਿਰ ਤੇਰੇ ਇਹਸਾਨ ਚੜ੍ਹਾਈਆ । ਤੇਰੀ ਛੁਰੀ ਮੇਰਾ ਸੀਸ ਤੇਰੀ ਪਰੇਮ ਕਰਦ, ਕਤਲਗਾਹ ਤੇਰਾ ਨੂਰ ਨਜ਼ਰੀ ਆਈਆ । ਤੇਰੇ ਨਾਲ ਬਿਨ ਅੱਖਰਾਂ ਕਰੀ ਲਿਖਤ ਪੜ੍ਹਤ, ਮਿਸਲ ਫ਼ਾਈਲ ਵਿਚ ਬੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਦੇਣਾ ਵਖਾਈਆ । ਵੀਹ ਸੌ ਇਕੀ ਕਹੇ ਕੁਝ, ਹੌਲੀ ਹੌਲੀ ਜਣਾਈਆ । ਨਿਰਗੁਣ ਸਰਗੁਣ ਜ਼ੀਰੋ ਨੂੰ ਬੁਝ, ਸਿਫ਼ਰਾ ਤੂੰ ਹੀ ਨਜ਼ਰੀ ਆਈਆ । ਬਿਨ ਸਰਗੁਣ ਤੇਰਾ ਮੂਲ ਨਾ ਕੁਛ, ਤੇਰੀ ਕੀਮਤ ਕੋਇ ਨਾ ਪਾਈਆ । ਤੂੰ ਨਿਰਗੁਣ ਬਿਨ ਗੋਬਿੰਦ ਤੇਰਾ ਨਜ਼ਰ ਨਾ ਆਏ ਪੁੱਤ, ਪੁੱਤ ਕਿਸ ਨੂੰ ਕਹਿ ਕੇ ਪਿਤਾ ਜਗਤ ਮਾਤ ਅਖਵਾਈਆ । ਹੁਣ ਮੈਂ ਨਹੀਂ ਬਹਿਣਾ ਚੁੱਪ, ਹੱਕ ਮੰਗਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਵਖਾਈਆ । ਪੁਰਖ ਅਕਾਲ ਰਿਹਾ ਸੋਚ, ਪਿਛੇ ਧਿਆਨ ਲਗਾਈਆ । ਸਚ ਮੈਂ ਰਿਹਾ ਸਚਖੰਡ ਖ਼ਾਮੋਸ਼, ਆਪਣਾ ਆਪ ਰੂਪ ਨਜ਼ਰ ਨਾ ਕਿਸੇ ਦਸਾਈਆ । ਜੁਗ ਚੌਕੜੀ ਆਸਾ ਕਰ ਕਰ ਰਹੇ ਲੋਚ, ਲੋਚਣ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਫੋਲ ਕੇ ਪੜਦਾ, ਆਪਣਾ ਧਿਆਨ ਲਗਾਈਆ । ਕਿਸ ਬਿਧ ਗੋਬਿੰਦ ਮੇਰੇ ਨਾਲ ਲੜਦਾ, ਝਗੜਾ ਖ਼ੁਸ਼ੀਆਂ ਨਾਲ ਵਖਾਈਆ । ਪੁੱਤ ਹੋ ਕੇ ਪਿਤਾ ਅੱਗੇ ਅੜਦਾ, ਅਚਰਜ ਖੇਲ ਜਣਾਈਆ । ਖ਼ਿਦਮਤਗਾਰ ਹੋ ਕੇ ਭਾਣਾ ਜਰਦਾ, ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਦਰਸਾਈਆ । ਪੁਰਖ ਅਕਾਲ ਕਹੇ ਕੀ ਗੋਬਿੰਦ ਮੰਗੇ, ਪਿਛਲੀ ਬੀਤੀ ਯਾਦ ਕਰਾਈਆ ।


੯੫੮
੧੯

ਮੇਰੇ ਪਿਛੇ ਛੱਡ ਕੇ ਪੁਰੀ ਅਨੰਦੇ, ਲੇਖਾ ਸਰਸਾ ਵਿਚ ਰੁੜ੍ਹਾਈਆ । ਪਾਰ ਉਤਰਿਆ ਸਾਚੇ ਕੰਢੇ, ਮੰਜ਼ਲ ਆਪਣਾ ਪੰਧ ਮੁਕਾਈਆ । ਬਾਲ ਦੋ ਦੋ ਚਾਰ ਕਰ ਕੇ ਵੰਡੇ, ਚਾਰੇ ਕੁੰਟ ਚੌਥੇ ਜੁਗ ਖੇਹ ਉਡਾਈਆ । ਅੰਮ੍ਰਿਤ ਧਾਰ ਦੇ ਕੇ ਠੰਡੇ, ਗੁਰਮੁਖ ਗੁਰਸਿਖ ਗੁਰ ਗੁਰ ਗਿਆ ਪਰਗਟਾਈਆ । ਆਤਮ ਪਰਮਾਤਮ ਦੇ ਅਨੰਦੇ, ਅਨੰਦ ਇਕੋ ਇਕ ਜਣਾਈਆ । ਸਚ ਸੁਣਾ ਧੁਰ ਦਾ ਛੰਦੇ, ਵਾਹਿਗੁਰੂ ਫ਼ਤਹਿ ਇਕ ਦ੍ਰਿੜਾਈਆ । ਮੇਰੀ ਪ੍ਰੀਤੀ ਓਸੇ ਨਾਲ ਹੰਢੇ, ਜੋ ਸਭ ਦੀ ਬਣਤ ਬਣਾਈਆ । ਸੈਭੰ ਸੂਰਾ ਸਰਬੰਗੇ, ਸਵੈ ਸ਼ਕਤੀ ਨਜ਼ਰੀ ਆਈਆ । ਦੋ ਜਹਾਨ ਆਪੇ ਲੰਘੇ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੁਰਖ ਅਕਾਲ ਹੋ ਹੈਰਾਨ, ਹਰਿ ਜੂ ਆਪਣੀ ਖ਼ੁਸ਼ੀ ਮਨਾਈਆ । ਗੋਬਿੰਦ ਪਿਛਲਾ ਕੀ ਕੁਝ ਮੰਗੇ ਆਣ, ਚੌਥੇ ਜੁਗ ਸਮਝ ਕਿਸੇ ਨਾ ਆਈਆ । ਜਿਸ ਦਾ ਕਾਗ਼ਜ਼ਾਂ ਉਤੇ ਕਲਮ ਨਾ ਲਿਖਿਆ ਬਿਆਨ, ਛਾਹੀ ਸ਼ਹਾਦਤ ਦੇ ਨਾ ਕੋਇ ਸਮਝਾਈਆ । ਜਿਸ ਦਾ ਖੇਲ ਬੇਪਹਿਚਾਨ, ਨੇਤਰ ਨੈਣ ਵੇਖਣ ਕੋਇ ਨਾ ਪਾਈਆ । ਸੋ ਸਤਿਗੁਰ ਬਣ ਬਲਵਾਨ, ਸ਼ਬਦੀ ਸ਼ਬਦ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਗੋਬਿੰਦ ਕਹੇ ਪ੍ਰਭ ਖੋਲ੍ਹ ਤਾਕੀ, ਤਾਕਤਵਰ ਤੇਰੀ ਵਡਿਆਈਆ । ਮੇਰੇ ਲੇਖੇ ਉਤੇ ਮਾਰ ਝਾਕੀ, ਬਿਨ ਨੇਤਰਾਂ ਨੈਣਾਂ ਵੇਖ ਵਖਾਈਆ । ਇਕ ਸੱਤ ਪੰਜ ਛੇ ਦੀ ਯਾਦ ਆਏ ਸਾਖੀ, ਸਾਖਿਆਤ ਰੂਪ ਵਟਾਈਆ । ਪੁਰਖ ਅਕਾਲ ਮੈਂ ਤੇਰੀ ਮੰਨੀ ਆਖੀ, ਤੂੰ ਆਖਰ ਮੇਰਾ ਸੰਗ ਨਿਭਾਈਆ । ਜਿਸ ਵਿਚ ਸੁਨੇਹੜਾ ਧੁਰ ਦੀ ਰੱਖੀ ਪਾਤੀ, ਪੱਤਰਕਾ ਮੇਰੀ ਮੇਰੇ ਹੱਥ ਦੇ ਫੜਾਈਆ । ਜੋਤੀ ਜੋਤ ਸਰੂਪ ਹਰਿ,

੯੫੯

੧੯

ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਆਪਣਾ ਲੇਖਾ ਰਿਹਾ ਫੋਲ, ਬਿਨ ਵਰਕਿਉਂ ਵਰਕੇ ਰਿਹਾ ਉਲਟਾਈਆ । ਜਿਸ ਵੇਲੇ ਗੋਬਿੰਦ ਦੇ ਲੈ ਕੇ ਆਇਆ ਕੋਲ, ਕੌਲ ਕੀਤਾ ਅੱਖਾਂ ਬਿਨ ਅੱਖਾਂ ਨਜ਼ਰੀ ਆਈਆ । ਜਿਸ ਨੂੰ ਆਪਣੇ ਪਰੇਮ ਦੀ ਦਿਤੀ ਪੌਹਲ, ਚਰਨਾਮਿਤ ਇਕੋ ਜਾਮ ਪਿਆਈਆ । ਉਸ ਦਾ ਲੇਖਾ ਸਦਾ ਅਡੋਲ, ਅਡੁਲ ਕਦੇ ਨਾ ਜਾਈਆ । ਸੋ ਮੰਗਣ ਆਇਆ ਮੇਰੇ ਕੋਲ, ਨਿਰਗੁਣ ਹੋ ਕੇ ਨਿਰਗੁਣ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਦੇਣਾ ਝੋਲੀ ਰਿਹਾ ਪਾਈਆ । ਪੁਰਖ ਅਕਾਲ ਲੇਖਾ ਵੇਖਿਆ ਸਚ ਅਦਾਲਤ, ਬਣ ਅਦਲੀ ਅਦਲ ਕਮਾਈਆ । ਜਿਸ ਵਿਚ ਬਿਨ ਅੱਖਰਾਂ ਲਿਖਿਆ ਖ਼ਾਲਸ਼, ਖ਼ਾਲਸ਼ ਆਪਣਾ ਰੂਪ ਦਰਸਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਬਣਨਾ ਸਾਲਸ, ਲੋਕਮਾਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਲੱਗੀ ਤੋੜ ਨਿਭਾਈਆ । ਪੁਰਖ ਅਕਾਲ ਕਹੇ ਲੇਖਾ ਲਿਖਿਆ ਅਪਾਰ, ਮਹਿਮਾ ਅਕੱਥ ਕਥੀ ਨਾ ਜਾਈਆ । ਜਿਸ ਵਿਚ ਅੱਖਰ ਨਾ ਦੋ ਨਾ ਚਾਰ, ਗਣਤੀ ਗਣਤ ਨਾ ਕੋਇ ਗਵਾਈਆ । ਬੇਅੰਤ ਬੇਸ਼ੁਮਾਰ, ਸ਼ੁਮਾਰ ਸਕੇ ਨਾ ਕੋਇ ਸਮਝਾਈਆ । ਸਚ ਇਬਾਰਤ ਕੀਤੀ ਤਿਆਰ, ਲੇਖਾ ਲਿਖਿਆ ਬਿਨ ਕਲਮ ਛਾਹੀਆ । ਕਾਗ਼ਜ਼ ਕਲਮ ਨਜ਼ਰ ਨਾ ਆਏ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਲੇਖਾ ਲਿਖਿਆ ਮਹਿਫ਼ੂਜ਼, ਘਰ ਸਾਚੇ ਨਜ਼ਰੀ ਆਈਆ । ਮਹਲ ਅਟੱਲ ਵਖਾਇਆ ਅਰੂਜ, ਅਰਸ਼ ਕੁਰਸ਼ ਦੋਵੇਂ ਪੰਧ ਮੁਕਾਈਆ । ਨਿਰਗੁਣ ਧਾਰ ਦਏ ਸਬੂਤ, ਜੋਤੀ ਜਾਤਾ ਖੇਲ ਵਖਾਈਆ । ਸੋ ਸਾਹਿਬ ਹੋ ਮੌਜੂਦ, ਮੁਫ਼ਤ

ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਉਠਾਈਆ । ਸਾਚਾ ਲਿਖਿਆ ਸ੍ਰੀ ਭਗਵਾਨ, ਧੁਰ ਦਾ ਆਪ ਵਖਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਨਿਸ਼ਾਨ, ਜਗ ਨੇਤਰ ਸਮਝ ਕੋਇ ਨਾ ਪਾਈਆ । ਗੋਬਿੰਦ ਵੇਖੇ ਮਾਰ ਧਿਆਨ, ਘਰ ਆਪਣੇ ਖ਼ੁਸ਼ੀ ਮਨਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਜਿਸ ਥਿਤ ਵਾਰ ਦੀ ਸਮਝ ਕਿਸੇ ਨਾ ਆਈਆ । ਸੋ ਨਿਰਅੱਖਰ ਹੋਏ ਪਰਧਾਨ, ਨਿਰਗੁਣ ਨਿਰਵੈਰ ਨਿਰੰਕਾਰ ਦਏ ਵਡਿਆਈਆ । ਜਿਸ ਦਾ ਲੇਖਾ ਆਪੇ ਲਿਖਿਆ ਹੋ ਮਿਹਰਵਾਨ, ਮਸ਼ਵਰਾ ਦੇਣ ਵਾਲਾ ਨਜ਼ਰ ਕੋਇ ਨਾ ਆਈਆ । ਸਰਗੁਣ ਦੂਆ ਵਿਚ ਜਹਾਨ, ਅੰਤਮ ਸਿਫ਼ਰ ਰੂਪ ਵਟਾਈਆ । ਦੋਹਾਂ ਮਿਲ ਕੇ ਬੀਸ ਅੰਕ ਬਣੇ ਮਹਾਨ, ਜਿਸ ਵਿਚ ਰਾਓ ਰੰਕ ਡੇਰਾ ਲਾਈਆ । ਸਿਫ਼ਰੇ ਤੋਂ ਨਿਰਗੁਣ ਸਰਗੁਣ ਗੋਬਿੰਦ ਹੋਏ ਬਲਵਾਨ, ਦੂਆ ਆਪਣਾ ਰੰਗ ਪਰਗਟਾਈਆ । ਦੂਏ ਅੰਦਰ ਇਕ ਨਿਸ਼ਾਨ, ਨਿਰਗੁਣ ਨਿਰਵੈਰ ਨਿਰੰਕਾਰ ਏਕੰਕਾਰ ਇਕੋ ਏਕਾ ਦਏ ਸਮਝਾਈਆ । ਦੂਆ ਏਕਾ ਮਿਲ ਕੇ ਖੇਲ ਕਰੇ ਮਹਾਨ, ਇਕੀ ਸਾਚਾ ਜੋੜ ਜੁੜਾਈਆ । ਬੀਸ ਇਕੀਸ ਦੋਵੇਂ ਮਿਲ ਕੇ ਚਾਰੇ ਖ਼ੁਸ਼ੀ ਮਨਾਣ, ਘਰ ਸਾਚੇ ਢੋਲਾ ਗਾਈਆ । ਏਨ੍ਹਾਂ ਚੌਹਾਂ ਵਿਚੋਂ ਵਾਹਿਗੁਰੂ ਅੱਖਰ ਕੀਤਾ ਪਰਧਾਨ, ਜਿਸ ਦੀ ਸਿਫ਼ਤ ਕਹਿ ਕੇ ਗੁਰੂ ਗੁਰੂ ਸਮਝਾਈਆ । ਉਸ ਦੇ ਅੰਦਰ ਲੇਖਾ ਹੋਰ ਮਹਾਨ, ਦੀਨ ਦਿਆਲ ਲਿਆ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਗੋਬਿੰਦ ਵੇਖਿਆ ਪ੍ਰਭ ਲੇਖ ਛੁਪੌਂਦਾ, ਆਪਣੀ ਕਰੇ ਚਤੁਰਾਈਆ । ਸੁਤ ਦੁਲਾਰਾ ਖ਼ੁਸ਼ੀ ਨਾਲ ਮੁਸਕਰੌਂਦਾ, ਅੰਤਰ ਅੰਤਰ ਰੰਗ ਚੜ੍ਹਾਈਆ । ਪਰੇਮ ਪਿਆਰ ਨਾਲ ਚਰਨ ਸੀਸ ਰਖੌਂਦਾ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਵਾਂਗ ਬਾਲਿਆਂ ਬੱਚਿਆਂ ਵਾਂਗ ਪੁਰਖ ਅਕਾਲ ਨੂੰ ਆਪ ਭਰਮੌਂਦਾ, ਨੰਨ੍ਹੀ ਨੰਨ੍ਹੀ ਨਿੱਕੀ ਨਿੱਕੀ ਗੁਫ਼ਤਾਰ ਸੁਣਾਈਆ । ਮਾਰ ਛਾਲ ਗੋਦੀ ਵਿਚ ਆਸਣ ਲੌਂਦਾ, ਸੀਸ ਸੀਨੇ ਨਾਲ ਲਗਾਈਆ । ਬਿਨ ਹੱਥਾਂ ਦੋਵੇਂ ਹੱਥ ਅੱਗੇ ਡੌਂਹਦਾ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਪੁਰਖ ਅਕਾਲ ਧੁਰ ਦੇ ਬਾਪੂ ਕਿਉਂ ਮੇਰੀ ਵਸਤ ਉਤੇ ਪੜਦਾ ਪੌਂਦਾ, ਹੱਕ ਦੂਜਿਆਂ ਆਪਣੇ ਵਿਚ ਛੁਪਾਈਆ । ਮੈਨੂੰ ਲਾਰਿਆਂ ਨਾਲ ਵਰਚੌਂਦਾ, ਇਸ਼ਾਰਿਆਂ ਨਾਲ ਪਰੇ ਹਟਾਈਆ । ਮੈਂ ਵੇਖਿਆ ਚਾਰ ਜੁਗ ਦਾ ਗੁਰ ਅਵਤਾਰ ਪਛਤੌਂਦਾ, ਤੇਰੀ ਛਾਤੀ ਉਤੇ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮੈਂ ਕਰ ਅਰਜ਼ੋਈ ਦਰ ਤੇਰੇ ਵਾਸਤਾ ਪੌਂਦਾ, ਵਾਸਤਾ ਤੇਰੇ ਨਾਲ ਰਖਾਈਆ । ਉਹ ਪਿਤਾ ਕੰਜੂਸ ਜਿਹੜਾ ਬੱਚਿਆਂ ਕੋਲੋਂ ਆਪਣਾ ਧਨ ਬਚੌਂਦਾ, ਫਿਰ ਚੋਰਾਂ ਦਏ ਲੁਟਾਈਆ । ਮੈਂ ਤੇਰਾ ਪੁੱਤ ਹੋ ਕੇ ਤੈਨੂੰ ਆਖ ਸੁਣੌਂਦਾ, ਮੇਰੀ ਤੇਰੇ ਹੱਥ ਵਡਿਆਈਆ । ਸ੍ਰੀ ਭਗਵਾਨ ਓਸੇ ਵੇਲੇ ਪੜਦਾ ਚੁੱਕ ਕੇ ਉਹ ਅੱਖਰ ਵਖੌਂਦਾ, ਜਿਸ ਦਾ ਲੇਖਾ ਨਜ਼ਰ ਕਿਸੇ ਨਾ ਆਈਆ । ਗੋਬਿੰਦ ਨਿਉਂ ਨਿਉਂ ਸੀਸ ਝੁਕੌਂਦਾ, ਆਪਣਾ ਆਪ ਭੇਟ ਕਰਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਰੂਪ ਨਜ਼ਰੀ ਔਂਦਾ, ਬੇਨਜ਼ੀਰ ਤੇਰੀ ਸਰਨਾਈਆ । ਮੈਂ ਇਹੋ ਵਸਤ ਅਮੋਲਕ ਦਰ ਤੇਰੇ ਤੋਂ ਚਾਹੁੰਦਾ, ਚਾਰ ਜੁਗ ਜਿਹੜੀ ਹੱਥ ਕਿਸੇ ਨਾ ਆਈਆ । ਫੜ ਚਰਨਾਂ ਬੰਦਨ ਖ਼ੁਸ਼ੀਆਂ ਨਾਲ ਮਨੌਂਦਾ, ਖ਼ਾਹਸ਼ ਆਪਣੀ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਕਹੇ ਇਹ ਧੁਰ ਦਾ ਓਹਲਾ, ਆਦਿ ਜੁਗਾਦਿ ਨਾ ਕਿਸੇ ਵਖਾਈਆ । ਗੋਬਿੰਦ ਏਸੇ ਵਿਚੋਂ ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇਵਾਂ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਸਚ ਨਾਮ ਦਾ ਧੁਰ


੯੬੦
੧੯

ਸੰਦੇਸਾ ਏਸੇ ਅੱਖਰ ਵਿਚੋਂ ਸੁਣਾਵਾਂ ਢੋਲਾ, ਸੱਚਾ ਰਾਗ ਨਾਦ ਜਣਾਈਆ । ਖਾਣੀ ਬਾਣੀ ਜਿਸ ਦਾ ਗਾਏ ਬੋਲਾ, ਅਨਬੋਲਤ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਸਮਝਾਈਆ । ਗੋਬਿੰਦ ਕਹੇ ਕੀ ਤੇਰੀ ਵਡਿਆਈ, ਕਿਉਂ ਪ੍ਰਭ ਬੈਠਾ ਮਾਣ ਵਧਾਈਆ । ਪਿਉ ਪੁੱਤ ਦੀ ਇਕੋ ਵਸਤ ਨਜ਼ਰੀ ਆਈ, ਦੂਜੀ ਵੰਡ ਨਾ ਕੋਇ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਮਿਲ ਕੇ ਵੱਜੇ ਵਧਾਈ, ਇਕੱਲਾ ਕੰਮ ਕਿਸੇ ਨਾ ਆਈਆ । ਤੂੰ ਮੇਰੀ ਲਿਖਤ ਮੈਨੂੰ ਦਿਤੀ ਵਖਾਈ, ਮੈਂ ਵੇਖ ਵੇਖ ਖ਼ੁਸ਼ੀ ਮਨਾਈਆ । ਉਸ ਵਿਚੋਂ ਇਕੋ ਨਿਰਗੁਣ ਨਿਰਵੈਰ ਤੇਰੀ ਧਾਰ ਨਜ਼ਰੀ ਆਈ, ਨਰ ਨਿਰੰਕਾਰ ਸਚ ਸਚ ਦਿਤਾ ਸਮਝਾਈਆ । ਕਲਜੁਗ ਅੰਤ ਕਿਰਪਾ ਕਰ ਸ੍ਰੀ ਭਗਵੰਤ ਗੋਬਿੰਦ ਤੇਰਾ ਬਣ ਕੇ ਪਾਂਧੀ ਰਾਹੀ, ਸਾਚਾ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਧੁਰ ਦੀ ਵਸਤ ਅਮੋਲਕ ਆਪ ਵਰਤਾਈਆ । ਅਮੋਲਕ ਵਸਤ ਅਨਮੁਲੜੀ ਦਾਤ, ਸਚ ਤੇਰੀ ਝੋਲੀ ਪਾਈਆ । ਚੌਥੇ ਜੁਗ ਦੀ ਪੂਰੀ ਖ਼ਾਹਿਸ਼, ਤੇਰੇ ਨਾਲ ਕਰਾਈਆ । ਚਾਰ ਵਰਨ ਦਾ ਸੱਚਾ ਸਾਥ, ਤੇਰਾ ਸੰਗ ਵਖਾਈਆ । ਆਦਿ ਜੁਗਾਦੀ ਧੁਰ ਦਾ ਪਾਠ, ਪੁਰਖ ਅਕਾਲ ਦ੍ਰਿੜਾਈਆ । ਸਚ ਸਰੋਵਰ ਤੀਰਥ ਤਾਟ, ਤਟ ਕਿਨਾਰਾ ਇਕ ਪਰਗਟਾਈਆ । ਦੇ ਵਡਿਆਈ ਲੋਕਮਾਤ, ਮਾਤਰ ਭੂਮੀ ਕਰੇ ਰੁਸ਼ਨਾਈਆ । ਬਰਨ ਅਠਾਰਾਂ ਇਕ ਜਮਾਤ, ਸੱਚਾ ਰੰਗ ਰੰਗਾਈਆ । ਆਤਮ ਪਰਮਾਤਮ ਜੋੜ ਨਾਤ, ਘਰ ਮੇਲਾ ਸਹਿਜ ਸੁਭਾਈਆ । ਨਿਰਗੁਣ ਨਿਰਵੈਰ ਨਿਰੰਕਾਰ ਇਕੋ ਨਾਮ ਜਾਏ ਆਖ, ਸਤਿ ਸਚ ਕਰੇ ਪੜ੍ਹਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤ, ਸਾਚਾ ਨੂਰ ਚੰਦ ਚਮਕਾਈਆ । ਗੋਬਿੰਦ ਸੁਤ ਕਹੇ ਸ਼ਾਬਾਸ਼, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੱਖਰ ਇਕੋ ਦਿਤਾ ਵਖਾਈਆ । ਸਾਚਾ ਅੱਖਰ ਵਖਾਇਆ ਖ਼ਾਲਕ, ਮਖ਼ਲੂਕ ਸਮਝ ਕੋਇ ਨਾ ਪਾਈਆ । ਜਿਸ ਵਿਚ ਲਿਖਿਆ ਵੀਹ ਸੌ ਇਕੀ ਬਿਕ੍ਰਮੀ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤ ਬਣਾਏ ਖ਼ਾਲਸਾ ਖ਼ਾਲਸ, ਖ਼ਾਲਸ ਆਪਣੇ ਨਾਮ ਰੰਗ ਵਿਚ ਰੰਗਾਈਆ । ਜਿਨ੍ਹਾਂ ਦੀ ਦੋ ਜਹਾਨ ਦੂਜਾ ਕਰੇ ਨਾ ਕੋਈ ਅਦਾਲਤ, ਮੁਲਜ਼ਮ ਸਕੇ ਨਾ ਕੋਇ ਬਣਾਈਆ ਸ੍ਰੀ ਭਗਵਾਨ ਹੋ ਮਿਹਰਵਾਨ ਬੇੜਾ ਪਾਰ ਕਰਾਏ ਬਿਨ ਸਫ਼ਾਰਸ਼, ਹਸਤੀ ਆਪਣੇ ਨਾਲ ਮਿਲਾਈਆ । ਬੇਸ਼ਕ ਗੋਬਿੰਦ ਲਿਖੀ ਨਹੀਂ ਇਬਾਰਤ, ਤੁਆਰਫ਼ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਖ਼ਾਲਸ ਖ਼ਾਲਸਾ ਕਿਹੜਾ, ਕਵਣ ਰੂਪ ਵਖਾਈਆ । ਪਰਮ ਪੁਰਖ ਕਿਹਾ ਜਿਨ੍ਹਾਂ ਦਾ ਮੈਂ ਆਪੇ ਬੰਨ੍ਹਾਂ ਬੇੜਾ, ਫੜ ਆਪਣੇ ਕੰਧ ਉਠਾਈਆ । ਗੋਬਿੰਦ ਕਿਹਾ ਮੇਰਾ ਏਥੇ ਮੁਕ ਗਿਆ ਝੇੜਾ, ਝਗੜਾ ਨਜ਼ਰ ਕੋਇ ਨਾ ਆਈਆ । ਤੂੰ ਪਿਤਾ ਪੁਰਖ ਅਕਾਲ ਮੇਰਾ, ਮੈਂ ਗੁਰਸਿਖਾਂ ਆਪਣੀ ਗੋਦ ਬਹਾਈਆ । ਤੂੰ ਗੁਰੂ ਮੈਂ ਤੇਰਾ ਚੇਰਾ, ਓਸ ਵੇਲੇ ਗੁਰ ਗੋਬਿੰਦ ਦਿਤਾ ਸੁਣਾਈਆ । ਪੁਰਖ ਅਕਾਲ ਹੋ ਕੇ ਨੇੜਾ, ਨੇਰਨ ਨੇਰਾ ਇਕੋ ਨੂਰ ਨਜ਼ਰੀ ਆਈਆ । ਮੇਰਾ ਨਾਮ ਸ਼ਬਦੀ ਧਾਰ ਜੋਤ ਅਕਾਲ ਸਿੰਘ ਸ਼ੇਰਾ, ਭਬਕ ਤੇਰਾ ਰੂਪ ਨਜ਼ਰੀ ਆਈਆ । ਤੇਰੇ ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਘਰ ਸੋਹਣੇ ਲਾਵਾਂ ਡੇਰਾ, ਸਚ ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਖ਼ਾਲਸ ਖ਼ਾਲਸਾ ਤੇਰਾ ਰੂਪ, ਮੇਰੇ ਤੇਰੇ ਨਾਲ ਵਡਿਆਈਆ । ਵੀਹ ਸੌ ਇਕੀ ਗੁਰ ਅਵਤਾਰ ਪੀਰ



੯੬੧ ੧੯

ਪੈਗ਼ੰਬਰ ਸਾਰੇ ਕਰ ਜਾਣ ਕੂਚ, ਗਲੀ ਕੂਚਾ ਖ਼ਾਲੀ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਦਿਸੇ ਝੂਠ, ਤੇਰਾ ਨਾਮ ਤੇਰੇ ਬਿਨਾਂ ਸਕੇ ਨਾ ਕੋਇ ਵਰਤਾਈਆ । ਬੇਸ਼ਕ ਮੇਰੇ ਬਾਲੇ ਤੇਰੇ ਪਰੇਮ ਵਿਚ ਜਾਵਣ ਝੂਜ, ਨੀਹਾਂ ਵਿਚ ਪੈ ਪੈ ਖ਼ੁਸ਼ੀ ਮਨਾਈਆ । ਮੈਂ ਤੇਰਾ ਵੇਖਾਂ ਇਕ ਅਰੂਜ਼, ਜਿਸ ਨੂੰ ਅਰਸ਼ ਫ਼ਰਸ਼ ਬੈਠਣ ਸੀਸ ਨਿਵਾਈਆ । ਤੇਰੇ ਭਗਤ ਓਥੇ ਮਹਿਫ਼ੂਜ਼, ਮੁਹੱਬਤ ਤੇਰੇ ਨਾਲ ਲਗਾਈਆ । ਮੈਂ ਵੀ ਨਾਲ ਹੋਵਾਂ ਮੌਜੂਦ, ਵਜੂਦ ਵਿਚੋਂ ਸਚ ਸਬੂਤ ਸ਼ਬਦੀ ਦਿਆਂ ਸਮਝਾਈਆ । ਤੇਰੀ ਕਿਰਪਾ ਮੇਰੀ ਮਿਹਰ ਗੁਰਮੁਖਾਂ ਆਵੇ ਸੂਝ, ਬਿਨ ਗੁਰਸਿਖਾਂ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲੈਣਾ ਬੁਲਾਈਆ । ਚਿਠੀ ਕਹੇ ਮੈਂ ਸਚ ਸਫ਼ੈਦ, ਕੋਰਾ ਰੂਪ ਵਟਾਈਆ । ਨਾ ਕੋਈ ਕਾਨੂੰਨ ਨਾ ਕੋਈ ਕਾਇਦਾ ਨਾ ਕਵਾਇਦ, ਹੁਕਮ ਹਾਕਮ ਬਿਨ ਪ੍ਰਭ ਦੇ ਅਵਰ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਸਾਰੇ ਮੰਨਦੇ ਗਏ ਹਦਾਇਤ, ਨਿਉਂ ਨਿਉਂ ਸਜਦਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਚਿਠੀ ਕਹੇ ਮੈਂ ਧੁਰ ਦਾ ਚਿਠਾ, ਚਾਰ ਜੁਗ ਭੇਵ ਖੁਲ੍ਹਾਈਆ । ਬਿਨ ਗੋਬਿੰਦ ਮੇਰਾ ਅੱਖਰ ਕਿਸੇ ਨਾ ਡਿਠਾ, ਲੱਖ ਚੁਰਾਸੀ ਨੇਤਰ ਕੰਮ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕਲਜੁਗ ਜੀਵਾਂ ਦੇਵੇ ਪਿਛਾ, ਸਨਮੁਖ ਦਰਸ ਕੋਇ ਨਾ ਪਾਈਆ । ਕੋਟਨ ਕੋਟਾਂ ਵਿਚੋਂ ਜਨ ਭਗਤਾਂ ਕਰੇ ਰਿਛਾ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਪਰੇਮ ਪਿਆਰ ਦੀ ਪਾਵੇ ਭਿਛਾ, ਖ਼ਾਲੀ ਝੋਲੀ ਦਏ ਭਰਾਈਆ । ਸਤਿਗੁਰ ਕਹੇ ਗੁਰਮੁਖ ਸਾਚੇ ਸਿਖਾ, ਸਚ ਤੇਰੀ ਮਾਤ ਵਡਿਆਈਆ । ਜਿਨ੍ਹਾਂ ਪੁਰਖ ਅਕਾਲ ਮਿਲਿਆ ਪਿਤਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਸੋ ਗੁਰਮੁਖ ਉਤਰੇ ਪਾਰ ਭਾਵੇਂ ਵੱਡਾ ਭਾਵੇਂ ਨਿੱਕਾ, ਬਿਰਧ ਬਾਲ ਜੋਬਨ ਅਵਸਥਾ ਇਕੋ ਰੰਗ ਵਖਾਈਆ । ਵੀਹ ਸੌ ਇਕੀ ਬਿਕ੍ਰਮੀ ਮਿਤੀਆਂ ਵਿਚੋਂ ਬਦਲ ਕੇ ਮਿੱਤਰ ਮਿਲਾਏ ਮਿਤਾ, ਮੀਤ ਪਿਆਰਾ ਬੇਪਰਵਾਹੀਆ । ਜਿਸ ਦਾ ਏਥੇ ਓਥੇ ਦੋ ਜਹਾਨ ਹੁਕਮੀ ਚਲੇ ਸਿਕਾ, ਮੋਹਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਚਿਠੀ ਕਹੇ ਧੁਰਦਰਗਾਹੀ ਮਸਲਾ, ਮੁਸਰੱਤ ਖ਼ੁਸ਼ੀਆਂ ਰੂਪ ਵਟਾਈਆ । ਜਿਸ ਵਿਚੋਂ ਜਨ ਭਗਤਾਂ ਦਾ ਨਜ਼ਰੀ ਆਵੇ ਅਸਲਾ, ਅਸਲੀਅਤ ਪ੍ਰਭ ਦੇ ਨਾਲ ਮਿਲਾਈਆ । ਜਿਨ੍ਹਾਂ ਮਾਰਗ ਦੱਸੇ ਵੱਖਰਾ, ਰਹਿਬਰ ਬਣ ਕੇ ਸੇਵ ਕਮਾਈਆ । ਲੇਖਾ ਯਾਦ ਕਰਾਏ ਬਿਨਾਂ ਅੱਖਰਾਂ, ਆਖਰ ਪਰਦਾ ਲਾਹੀਆ । ਜਿਸ ਯਾਰੜੇ ਹੰਡਾਇਆ ਸੱਥਰਾ, ਸਾਥੀ ਸਾਚਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋ ਸਹਾਈਆ । ਸੋ ਲੇਖਾ ਜੋ ਲਿਖਿਆ ਬਿਨ ਕਲਮ, ਕਾਇਨਾਤ ਰੂਪ ਨਾ ਕੋਇ ਵਟਾਈਆ । ਜਿਸ ਦਾ ਕਿਸੇ ਸਮਝ ਨਾ ਆਇਆ ਇਲਮ, ਆਲਮ ਕਰੇ ਨਾ ਕੋਇ ਪੜ੍ਹਾਈਆ । ਜਿਸ ਹਰੂਫ਼ ਹਰਫ਼ ਦਾ ਕਿਸੇ ਨਾ ਸਮਝਿਆ ਜਨਮ, ਲੇਖਾ ਜਾਣੇ ਨਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰੇ ਖੇਲ ਅਗੰਮ ਅਥਾਹੀਆ । ਬੀਸ ਇਕੀਸ ਕਹੇ ਮੇਰੀ ਆਈ ਵਾਰੀ, ਮਿਲੇ ਜਗਤ ਵਡਿਆਈਆ । ਗੋਬਿੰਦ ਪੁਰਖ ਅਕਾਲ ਨਾਲ ਲਗਾਈ ਯਾਰੀ, ਮਿਲਿਆ ਮੇਲ ਬੇਪਰਵਾਹੀਆ । ਸ਼ਬਦੀ ਸ਼ਬਦ ਬੋਲ ਜੈਕਾਰੀ, ਨਾਅਰਾ ਇਕੋ ਨਾਮ ਸੁਣਾਈਆ । ਵਣਜ ਕਰਾਏ ਬਣ ਵਪਾਰੀ, ਨਿਰਗੁਣ ਸਰਗੁਣ ਹੱਟ ਚਲਾਈਆ । ਵਸਤ ਅਮੋਲਕ ਦੇਵੇ ਬਾਰੀ, ਘਰ ਠਾਂਡੇ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਏ ਲਗਾਈਆ । ਲੇਖੇ ਵਿਚੋਂ ਲੇਖਾ ਲੱਭ, ਪੂਰਬ ਰਿਹਾ ਸਮਝਾਈਆ । ਵੀਹ ਸੌ ਇਕੀ ਬਿਕ੍ਰਮੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਪਿਛਲੀ ਹੱਦ, ਜੋ ਜੁਗ ਚੌਕੜੀ ਗਏ ਮੰਗ ਮੰਗਾਈਆ । ਅੰਤਮ ਲੇਖਾ ਲਹਿਣਾ ਦੇਣਾ ਮਾਤ ਗਏ ਛੱਡ, ਛੱਡਿਆ ਖਹਿੜਾ ਜਗਤ ਲੋਕਾਈਆ । ਦੀਨ ਮਜ਼੍ਹਬ ਜਾਤ ਪਾਤ ਵਿਚ ਜੋ ਬੈਠੇ ਰਹੇ ਅੱਡ, ਥਾਉਂ ਥਾਈਂ ਹੁਕਮ ਵਰਤਾਈਆ । ਕਲਜੁਗ ਅੰਤਮ ਇਕੱਠੇ ਹੋ ਕੇ ਲੰਘੇ ਇਕੋ ਹੱਦ, ਘਰ ਸਾਚੇ ਫੇਰਾ ਪਾਈਆ । ਇਕ ਦੂਜੇ ਨੂੰ ਮਿਲ ਕੇ ਗਾਵਣ ਛੰਦ, ਸਾਚਾ ਢੋਲਾ ਰਾਗ ਅਲਾਈਆ । ਪਿਛਲਾ ਸਾਡਾ ਮੁੱਕਿਆ ਪੰਧ, ਅੱਗੇ ਹੁਕਮ ਬੇਪਰਵਾਹੀਆ । ਜਗਤ ਸਿਆਸਤ ਕੂੜੀ ਕਿਰਿਆ ਮਾਇਆ ਅਖਾੜਾ ਵੇਖੋ ਜੰਗ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਵਰਤਾਈਆ । ਵੀਹ ਸੌ ਇਕੀ ਕਹੇ ਮੇਰਾ ਅੱਖਰ ਨਿਰਾਲਾ, ਨਿਰਗੁਣ ਨਿਰਵੈਰ ਆਪ ਬਣਾਈਆ । ਸ੍ਰੀ ਭਗਵਾਨ ਜਨ ਭਗਤਾਂ ਮਾਰਗ ਦਿਤਾ ਸੁਖਾਲਾ, ਸਾਚਾ ਰਾਹ ਇਕੋ ਇਕ ਵਖਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਮੱਠ ਦਵਾਰਾ ਸਚ ਦਏ ਵਡਿਆਈਆ । ਦੀਆ ਬਾਤੀ ਕਮਲਾਪਾਤੀ ਕਰ ਉਜਾਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਪਿਆਲਾ ਸਾਚਾ ਰਸ ਦਏ ਦੀਨ ਦਿਆਲਾ, ਦਇਆਨਿਧ ਦਇਆ ਕਮਾਈਆ । ਲੇਖ ਚੁਕਾਏ ਕਾਲ ਮਹਾਂਕਾਲਾ, ਪੁਰਖ ਅਕਾਲ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵੀਹ ਸੌ ਇਕੀ ਕਹੇ ਮੈਂ ਸਾਚੀ ਇਕੀ, ਇਕੀਆਂ ਵਿਚੋਂ ਨਜ਼ਰੀ ਆਈਆ । ਜਿਹੜੀ ਗੋਬਿੰਦ ਪੁਰਖ ਅਕਾਲ ਸਾਂਝੀ ਲਿਖੀ ਚਿਠੀ, ਬਿਨ ਚਿਠੀ ਰਸਾਇਣ ਦੋ ਜਹਾਨ ਚਲੇ ਵਾਹੋ ਦਾਹੀਆ । ਓਹੋ ਲੇਖਾ ਜੋ ਸਤਾਰਾਂ ਸੌ ਛਪੰਜਾ ਬਿਕ੍ਰਮੀ ਮਿਤੀ ਵਿਸਾਖੀ, ਵਿਸਾਖ ਪਹਿਲੀ ਮਿਲੇ ਵਡਿਆਈਆ । ਪਿਛਲੀ ਖੇਲ ਅੱਜ ਨਜਿਠੀ, ਕਰਜ਼ਾ ਮਕਰੂਜ਼ ਦਿਤਾ ਚੁਕਾਈਆ । ਗੁਰਮੁਖੋ ਤੁਹਾਡੀ ਧਾਰ ਰੱਖੀ ਚਿੱਟੀ, ਕੂੜੀ ਕਿਰਿਆ ਦੁਰਮਤ ਮੈਲ ਧੋਤੀ ਛਾਹੀਆ । ਪਰੇਮ ਪ੍ਰੀਤੀ ਆਤਮ ਪਰਮਾਤਮ ਆਪਣੇ ਨਾਲ ਗੰਢ ਪੀਚੀ, ਦੋ ਜਹਾਨ ਸਕੇ ਨਾ ਕੋਇ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਬੇਸ਼ਕ ਇਹ ਛੋਟੀ ਜਿਹੀ ਬਾਗ਼ੀਚੀ, ਬਾਗ਼ਬਾਨ ਸਾਚੇ ਮਾਲੀ ਧੁਰ ਦੇ ਬੂਟੇ ਆਪ ਲਗਾਈਆ । ਜਿਨ੍ਹਾਂ ਦੀ ਪਰਖੀ ਅੰਦਰ ਵੜ ਕੇ ਨੀਤੀ, ਬਾਹਰੋਂ ਕਰੀ ਨਾ ਕੋਇ ਪੜ੍ਹਾਈਆ । ਪਰੇਮ ਪਿਆਰ ਦੀ ਮਦਿ ਪਿਆਈ ਭਰ ਪਿਆਲਾ ਸਾਚੀ ਸ਼ੀਸ਼ੀ, ਸ਼ੀਸ਼ਾ ਆਈਨਾ ਅੱਖ ਇਕ ਖੁਲ੍ਹਾਈਆ । ਦੋ ਜਹਾਨ ਮਨਾਵਣ ਖ਼ੁਸ਼ੀਆਂ ਪ੍ਰਭ ਦੀ ਚਲੀ ਸਾਚੀ ਰੀਤੀ, ਮਾਰਗ ਇਕੋ ਦਿਤਾ ਵਖਾਈਆ । ਸਚਖੰਡ ਨਿਵਾਸੀ ਬਣ ਕੇ ਗੋਬਿੰਦ ਨਾਲ ਲਾਈ ਪ੍ਰੀਤੀ, ਗੋਬਿੰਦ ਗੁਰਮੁਖਾਂ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਹਿਮਤ ਰਿਹਾ ਕਮਾਈਆ । ਵੀਹ ਸੌ ਇਕੀ ਕਹੇ ਮੈਂ ਭਾਗਾਂ ਭਰੀ ਧੌਲ, ਪ੍ਰਭ ਅੱਜ ਦਿਤੀ ਮਾਣ ਵਡਿਆਈਆ । ਪੂਰਬ ਲੇਖ ਪੂਰਾ ਕੀਤਾ ਕੌਲ, ਇਕਰਾਰ ਆਪਣਾ ਤੋੜ ਨਿਭਾਈਆ । ਗੁਰਮੁਖੋ ਗੁਰਸਿਖੋ ਜਗਤ ਜੀਵ ਜਹਾਨ ਤੁਹਾਨੂੰ ਕਰਨ ਮਖ਼ੌਲ, ਕੂੜੀ ਜਿਹਵਾ ਬੋਲ ਸੁਣਾਈਆ । ਜਨ ਭਗਤੋ ਤੁਸੀਂ ਤੁਲੇ ਪੂਰੇ ਤੋਲ, ਜਿਸ ਦਾ ਤੋਲਾ ਬਣਿਆ ਬੇਪਰਵਾਹੀਆ । ਸਚ ਦਵਾਰੇ ਸਚ ਧਰਮ ਦਾ ਵੱਜਾ ਢੋਲ, ਘੜੀ ਸੁਹੰਜਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚਾ ਹੱਥ ਟਿਕਾਈਆ । ਵੇਖ ਘੜੀ ਸੁਹੰਜਣੀ ਗੁਰ ਅਵਤਾਰਾਂ ਚੜ੍ਹੀ ਖ਼ੁਸ਼ੀ, ਪੀਰ ਪੈਗ਼ੰਬਰ ਢੋਲਾ ਗਾਈਆ । ਲੋਕਮਾਤ ਸਭ ਦੀ ਬਦਲੀ ਰੁਚੀ, ਦੂਰ

ਦੁਰਾਡੇ ਵੇਖਣ ਚਾਈਂ ਚਾਈਂਆ । ਗੋਬਿੰਦ ਪੁਰਖ ਅਕਾਲ ਦੋਹਾਂ ਮਿਲ ਕੇ ਚਾਰ ਵਰਨ ਦੀ ਸਿਖੀ ਬਣਾਈ ਸੁੱਚੀ, ਇਸ਼ਟ ਪੁਰਖ ਅਕਾਲ ਦ੍ਰਿੜਾਈਆ । ਗੋਬਿੰਦ ਭਾਗ ਲਗਾਇਆ ਪੁਤੀ, ਪੋਤਰੇ ਗੁਰਮੁਖ ਗੋਦੀ ਵਿਚ ਲਿਟਾਈਆ । ਜਿਸ ਦੇ ਪਿਛੇ ਮਾਛੂਵਾੜੇ ਨੰਗੀ ਪੈਰੀਂ ਛਾਲੇ ਪਾਏ ਲਾਹ ਕੇ ਝੂਠੀ ਜੁੱਤੀ, ਜੋੜੀ ਆਪਣੀ ਜੋੜੇ ਨਾਲ ਜੁੜਾਈਆ । ਉਸ ਦੀ ਵਸਤ ਕਿਸੇ ਨਾ ਲੁੱਟੀ, ਵੇਖੇ ਦੇਵੇ ਚਾਈਂ ਚਾਈਂਆ । ਗੁਰਮੁਖ ਫੁਲਵਾੜੀ ਸਾਚੀ ਫੁਟੀ, ਪੱਤ ਟਹਿਣੀ ਆਪਣੀ ਮਹਿਕ ਨਾਲ ਮਹਿਕਾਈਆ । ਗੁਰਸਿਖੋ ਅੱਗੇ ਲੋੜ ਰਹੀ ਨਾ ਵਿਚ ਵੜਨ ਦੀ ਤ੍ਰਿਕੁਟੀ, ਦਸਮ ਦਵਾਰ ਦੀ ਸਿਧੀ ਦਿਤੀ ਛੁੱਟੀ, ਰਾਹ ਵਿਚ ਨਾ ਕੋਇ ਅਟਕਾਈਆ । ਮਨ ਵਾਸਨਾ ਤੁਹਾਡੇ ਕੋਲ ਨਾ ਆਵੇ ਕੁੱਤੀ, ਕੂਕਰ ਸੂਕਰ ਪਰੇ ਦਏ ਭਜਾਈਆ । ਮਨ ਮਮਤਾ ਨਾਰ ਕਮਜਾਤ ਕੋਲ ਰਹੇ ਨਾ ਲੁੱਚੀ, ਕੁਲਖਣੀ ਰੂਪ ਨਾ ਕੋਇ ਵਖਾਈਆ । ਗੋਬਿੰਦ ਨਾਲ ਮਿਲ ਕੇ ਤਾ ਦਿਓ ਮੁਛੀਂ, ਮੁਸ਼ਕਲ ਪੁਰਖ ਅਕਾਲ ਹੱਲ ਕਰਾਈਆ । ਮਾਣਸ ਜਨਮ ਚੋਗ ਨਾ ਕਿਸੇ ਨਿਖੁਟੀ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਭਾਗ ਲਗਾਇਆ ਮਾਂਵਾਂ ਕੁਖੀਂ, ਜੋ ਗੁਰਮੁਖ ਜਣ ਜਣ ਆਪਣਾ ਸੀਰ ਦਿਤਾ ਪਿਲਾਈਆ । ਏਥੇ ਓਥੇ ਓਨ੍ਹਾਂ ਰੱਖਾਂ ਸੁਖੀ, ਜਿਨ੍ਹਾਂ ਮੁਖੀ ਆਪਣਾ ਨਾਮ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਵੀਹ ਸੌ ਇਕੀ ਕਹੇ ਗੁਰ ਅਵਤਾਰ ਪੈਗ਼ੰਬਰੋ ਗਾਓ ਗੀਤ, ਗਹਿਰ ਗੰਭੀਰ ਖ਼ੁਸ਼ੀ ਵਖਾਈਆ । ਰਲ ਮਿਲ ਇਕੋ ਕਰੋ ਪ੍ਰੀਤ, ਦੂਜਾ ਰਾਹ ਨਾ ਕੋਇ ਜਣਾਈਆ । ਸੁਣ ਆਵਾਜ਼ ਸਾਰਿਆਂ ਇਕੋ ਮਾਰੀ ਚੀਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਪਰਵਰਦਿਗਾਰ ਪਤਿਪਰਮੇਸ਼ਵਰ ਤੇਰੀ ਕਰ ਦੇ ਗਏ ਉਡੀਕ, ਨੇਤਰ ਲੋਚਣ ਧਿਆਨ ਲਗਾਈਆ । ਤੇਰਾ ਵੇਲਾ ਵਕਤ ਵੇਖਿਆ ਠੀਕ, ਠਾਕਰ ਆਇਉਂ ਬੇਪਰਵਾਹੀਆ । ਸਾਡੀ ਪਿਛਲੀ ਗਈ ਹਦੀਸ, ਦਰ ਤੇਰੇ ਸੀਸ ਨਿਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਨਾਮ ਦੀ ਅੱਗੇ ਕੋਈ ਨਾ ਲਏ ਫ਼ੀਸ, ਜੀਵਾਂ ਜੰਤਾਂ ਜੁਰਮਾਨਾ ਕਰ ਦੇਵੇ ਨਾ ਕੋਇ ਸਜ਼ਾਈਆ । ਜੇ ਕੋਈ ਤੇਰਾ ਨਾਉਂ ਪੜ੍ਹੇ ਕਰ ਕੇ ਤੇਰੇ ਭਗਤਾਂ ਨਾਲ ਪ੍ਰੀਤ, ਕੀਮਤ ਵਿਚ ਤੇਰੀ ਗ਼ਨੀਮਤ ਸਕੇ ਨਾ ਕੋਇ ਲੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੁਧ ਬਿਨ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਦੂਰ, ਦਰਗਾਹ ਸਾਚੀ ਧਿਆਨ ਲਗਾਈਆ । ਸਜਦਾ ਕਰ ਹੋ ਮਸ਼ਕੂਰ, ਨੇਤਰ ਨੈਣਾਂ ਨੀਰ ਵਹਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਜ਼ਰੂਰ, ਜਾਹਰ ਜਹੂਰ ਫੇਰਾ ਪਾਈਆ । ਜਨ ਭਗਤਾਂ ਦਰ ਬਣੇ ਮਜ਼ਦੂਰ, ਸੇਵਕ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਏਕ, ਏਕੰਕਾਰ ਤੇਰੀ ਵਡਿਆਈਆ । ਵੀਹ ਸੌ ਇਕੀ ਸਾਰੇ ਦੇ ਕੇ ਆਏ ਟੇਕ, ਸਚ ਤੇਰੀ ਕਹਾਣੀ ਮਾਤ ਸਮਝਾਈਆ । ਅਗਲਾ ਕੋਈ ਨਾ ਜਾਣੇ ਭੇਤ, ਰਮਜ਼ ਨਾਲ ਰਮਜ਼ ਨਾ ਕੋਇ ਰਖਾਈਆ । ਕਰਤੇ ਕੀ ਕੁਛ ਖੇਲੇਂ ਖੇਡ, ਖ਼ਾਲਕ ਖ਼ਲਕ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਜਣਾਈਆ ।

ਸਾਚਾ ਲੇਖਾ ਕੀ ਜਣਾਏਂਗਾ । ਵੀਹ ਸੌ ਇਕੀ ਅੰਤ ਮੁਕਾਏਂਗਾ । ਪਿਛਲੀ ਲਿਖੀ ਪੂਰ ਕਰਾਏਂਗਾ । ਸਾਚੀ ਸਿਖੀ ਕਿਵੇਂ ਪਰਗਟਾਏਂਗਾ । ਧੁਰ ਦੀ ਚਿਠੀ ਨੌ ਖੰਡ ਪ੍ਰਿਥਮੀ ਕਿਵੇਂ ਸੁਣਾਏਂਗਾ । ਤੇਰੀ ਧਾਰ ਨਿੱਕੀਉਂ ਨਿੱਕੀ, ਵੱਡੀਉਂ ਵੱਡੀ ਕਿਵੇਂ ਬਣਾਏਂਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਕੀ ਕਰਨੀ ਕਾਰ ਕਮਾਵੇਂਗਾ । ਸਚ ਕਰਨੀ ਕਾਰ ਕਮਾਵਾਂਗਾ । ਜੋਤੀ ਜੋਤ ਨੂਰ ਰੁਸ਼ਨਾਵਾਂਗਾ । ਸ਼ਬਦੀ ਸ਼ਬਦ ਚੋਟ ਲਗਾਵਾਂਗਾ । ਲੋਕ ਪਰਲੋਕ ਦੋ ਜਹਾਨ ਆਪ ਸੁਣਾਵਾਂਗਾ । ਸੋਹਲਾ ਧੁਰ ਦਾ ਇਕ ਸਲੋਕ, ਰਾਗ ਅਗੰਮੀ ਸਾਚਾ ਇਕ ਜਣਾਵਾਂਗਾ । ਜਿਹੜਾ ਕਿਸੇ ਦੀ ਆਵੇ ਵਿਚ ਨਾ ਸੋਚ, ਸੋ ਸਚ ਸਚ ਕਾਰ ਵਰਤਾਵਾਂਗਾ । ਪਿਛੇ ਬੈਠਾ ਰਿਹਾ ਖ਼ਾਮੋਸ਼, ਅੱਗੇ ਆਪਣੀ ਕਲ ਧਰਾਵਾਂਗਾ । ਕਰ ਪਰਕਾਸ਼ ਨਿਰਮਲ ਜੋਤ, ਦੀਆ ਬਾਤੀ ਇਕ ਡਗਮਗਾਵਾਂਗਾ । ਜਨ ਭਗਤਾਂ ਕੱਟ ਕੇ ਹਉਮੇ ਰੋਗ, ਹੰ ਬ੍ਰਹਮ ਇਕ ਸਮਝਾਵਾਂਗਾ । ਚਿੰਤਾ ਚੁਕਾ ਕੇ ਕੂੜਾ ਸੋਗ, ਕੂੜੀ ਕਿਰਿਆ ਡੇਰਾ ਢਾਹਵਾਂਗਾ । ਆਤਮ ਪਰਮਾਤਮ ਦੇ ਕੇ ਸਾਚੀ ਮੌਜ, ਮੁਹੱਬਤ ਆਪਣੇ ਨਾਲ ਰਖਾਵਾਂਗਾ । ਲੱਖ ਚੁਰਾਸੀ ਕਰ ਕੇ ਖੋਜ, ਗੁਰਮੁਖ ਸਾਚੇ ਮੇਲ ਮਿਲਾਵਾਂਗਾ । ਚੋਜੀ ਪ੍ਰੀਤਮ ਬਣ ਕੇ ਕਰਾਂ ਚੋਜ, ਚੋਲਾ ਕਾਇਆ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਵਾਂਗਾ । ਕੀ ਹੁਕਮ ਪ੍ਰਭੂ ਵਰਤਾਏਂਗਾ । ਲੱਖ ਚੁਰਾਸੀ ਕਿਵੇਂ ਸਮਝਾਏਂਗਾ । ਘਰ ਘਰ ਫੇਰਾ ਕਿਸ ਬਿਧ ਪਾਏਂਗਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਡੇਰਾ ਕਿਵੇਂ ਢਾਹੇਂਗਾ । ਨੌਂ ਖੰਡ ਪ੍ਰਿਥਮੀ ਆਪੇ ਪੁਜ, ਪਾਂਧੀ ਹੋ ਕੇ ਪੰਧ ਕਿਵੇਂ ਮੁਕਾਏਂਗਾ । ਜਨ ਭਗਤ ਤੈਨੂੰ ਕਿਵੇਂ ਲੈਣ ਬੁਝ, ਬੁਝਾਰਤ ਕਿਹੜੀ ਓਨ੍ਹਾਂ ਅੱਗੇ ਰਖਾਏਂਗਾ । ਤੇਰੇ ਕੋਲ ਨਹੀਂ ਕੁਛ, ਕੀ ਖ਼ਾਲੀ ਹੱਥੀਂ ਫੇਰਾ ਪਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕੀ ਕਰਾਏਂਗਾ । ਸਾਚੀ ਕਰਨੀ ਇਕ ਕਮਾਵਾਂਗਾ । ਵਰਨੀ ਬਰਨੀ ਵੇਖ ਵਖਾਵਾਂਗਾ । ਸਾਚੀ ਸਰਨੀ ਸਚ ਦ੍ਰਿੜਾਵਾਂਗਾ । ਗੁਰਮੁਖ ਤਾਰ ਕੇ ਆਪਣੀ ਤਰਨੀ, ਤਾਰਨਹਾਰ ਇਕ ਬਣ ਜਾਵਾਂਗਾ । ਲਹਿਣਾ ਚੁਕਾ ਵਰਨੀ ਬਰਨੀ, ਆਤਮ ਪਰਮਾਤਮ ਇਕੋ ਇਕ ਸਮਝਾਵਾਂਗਾ । ਸਾਚੀ ਪੌੜੀ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਚੜ੍ਹਨੀ, ਸਾਚੇ ਡੰਡੇ ਹੱਥ ਪਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਵਾਂਗਾ । ਸਚ ਪੌੜਾ ਕੀ ਦਰਸਾਏਂਗਾ । ਲੰਮਾਂ ਚੌੜਾ ਕੀ ਵਖਾਏਂਗਾ । ਅੰਧ ਘੋਰਾ ਕਿਵੇਂ ਹਟਾਏਂਗਾ । ਮੰਤਰ ਫੋਰਾ ਕਿਵੇਂ ਸੁਣਾਏਂਗਾ । ਕਾਗ਼ਜ਼ ਕੋਰਾ ਕਿਵੇਂ ਵਖਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਪਰਦਾ ਓਹਲਾ ਕਿਵੇਂ ਚੁਕਾਏਂਗਾ । ਪਰਦਾ ਓਹਲਾ ਆਪ ਚੁਕਾਵਾਂਗਾ । ਸਾਚਾ ਲੇਖਾ ਲੇਖ ਸਮਝਾਵਾਂਗਾ । ਦੇਸ ਦੇਸੰਤਰ ਖੋਜ ਖੁਜਾਵਾਂਗਾ । ਧੁਰ ਦਾ ਮੰਤਰ ਨਾਮ ਪੜ੍ਹਾਵਾਂਗਾ । ਕਰ ਵਸੇਰਾ ਸਾਚੇ ਅੰਤਰ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਲੱਗੀ ਬੁਝਾਵਾਂ ਜਗਤ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਵਾਂਗਾ । ਵੀਹ ਸੌ ਵੀਹ ਬਿਕ੍ਰਮੀ ਕੂਕੇ ਸਰਬ ਗਗਨ ਗਗਨਤਰ, ਬ੍ਰਹਿਮੰਡ ਖੰਡ ਆਪ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਤਾਰਾਂ ਸੌ ਛਪੰਜਾ ਬਿਕ੍ਰਮੀ ਪਿਛੋਂ ਆਈ ਭੱਜੀ, ਹੌਕੇ ਲੈ ਲੈ ਰਹੀ ਸੁਣਾਈਆ । ਮੈਨੂੰ ਯਾਦ ਆਈ ਗੋਬਿੰਦ ਵਾਲੀ ਸਦੀ, ਵੀਹ ਸੌ ਇਕੀ ਆਪਣਾ ਰੰਗ ਰੰਗਾਈਆ । ਜਿਸ ਦਾ ਲੇਖਾ ਕਿਸੇ ਨਾ ਆਵੇ ਵਿਚ ਵਦੀ ਸੁਦੀ, ਵਾਧਾ ਆਪਣੇ ਨਾਲ ਮਿਲਾਈਆ । ਜਾਂ ਵੇਖਿਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਖ਼ਾਲੀ ਦਿਸੀ ਗੱਦੀ, ਗਦਾਗਰ ਫੇਰਾ ਪਾ ਹੋਕਾ ਨਾ ਕੋਇ ਸੁਣਾਈਆ । ਸਾਰੇ ਕੂਕਦੇ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਹੁਕਮੇ ਅੰਦਰ ਲੱਖ ਚੁਰਾਸੀ ਬੱਧੀ, ਕਲਜੁਗ ਸਕੇ ਨਾ ਕੋਇ ਛੁਡਾਈਆ । ਸਭ ਦੀ ਮਿਟੀ ਖ਼ਾਕ ਵਿਚ ਰਲ ਗਈ ਹੱਡੀ, ਹੱਡ ਮਾਸ ਨਾੜੀ ਤਨ ਨਜ਼ਰ ਕੋਇ ਨਾ ਆਈਆ ।

ਤੇਰੀ ਖੇਲ ਨਿਤ ਨਵਿਤ ਚੰਗੀ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਇਕੋ ਸੂਰਾ ਨਜ਼ਰੀ ਆਏ ਤੇਰਾ ਸੁਤ ਦੁਲਾਰਾ ਜੰਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਬਿਨ ਗੋਬਿੰਦ ਪ੍ਰਭੂ ਤੇਰੇ ਕੋਲੋਂ ਮੰਗ ਕਿਸੇ ਨਾ ਮੰਗੀ, ਈਸਾ ਮੂਸਾ ਮੁਹੰਮਦ ਅੱਖ ਉਪਰ ਨਾ ਕੋਇ ਉਠਾਈਆ । ਜਾਂ ਵੇਖਿਆ ਅੱਲਾ ਰਾਣੀ ਰੰਡੀ, ਖ਼ਾਵੰਦ ਨਜ਼ਰ ਕੋਇ ਨਾ ਆਈਆ । ਭੱਜੀ ਫਿਰਦੀ ਔਝੜ ਫਿਰੇ ਡੰਡੀ, ਉਚੀ ਕੂਕੇ ਦਏ ਦੁਹਾਈਆ । ਚੰਦ ਚੜ੍ਹਿਆ ਕਿਧਰ ਚੌਧਵੀਂ ਚੰਦੀ, ਨਵ ਚੰਦਾ ਨੂਰ ਰੁਸ਼ਨਾਈਆ । ਮੈਂ ਬੰਦੀਖ਼ਾਨੇ ਵਿਚੋਂ ਨਿਕਲ ਕੇ ਉਹਦੀ ਬੰਦੀ, ਬੰਦਨਾ ਇਕ ਦ੍ਰਿੜਾਈਆ । ਚਾਹੇ ਮੰਦੀ ਚਾਹੇ ਚੰਗੀ, ਚਾਰੋਂ ਕੁੰਟ ਫਿਰ ਫਿਰ ਆਪਣਾ ਆਪ ਗਵਾਈਆ । ਸਚ ਪੁਛੋ ਮੈਂ ਨੇਤਰਾਂ ਹੋਈ ਅੰਧੀ, ਕੰਢੀ ਲੱਭਿਆ ਨਾ ਬੇਪਰਵਾਹੀਆ । ਨੱਕ ਸੁਹਾਗ ਨਾ ਰਹਿ ਗਈ ਕੰਨਾਂ ਤੋਂ ਹੋ ਗਈ ਖ਼ਾਲੀ ਬਿਨਾਂ ਡੰਡੀ, ਝੁਮਕੇ ਵਾਲੀ ਚਮਕ ਨਾ ਕੋਇ ਵਖਾਈਆ । ਉਮਤ ਨਬੀ ਰਸੂਲਾਂ ਪੈ ਗਈ ਖ਼ੰਦਕ ਖ਼ੰਦੀ, ਬਾਹਰ ਸਕੇ ਨਾ ਕੋਇ ਕਢਾਈਆ । ਕੂੜੀ ਕਿਰਿਆ ਚਾਰੋਂ ਕੁੰਟ ਵੇਸਵਾ ਰੂਪ ਆਪਣੇ ਜੋਬਨ ਦੀ ਲਾ ਕੇ ਬੈਠੀ ਮੰਡੀ, ਕਲਜੁਗ ਜੀਵ ਕਾਮ ਵਪਾਰੀ ਭੱਜਣ ਵਾਹੋ ਦਾਹੀਆ । ਮੇਰੀ ਕੂਕ ਕੂਕ ਬਹਿ ਗਈ ਸੰਘੀ, ਢੋਲੇ ਗਾ ਗਾ ਆਪਣਾ ਆਪ ਮਿਟਾਈਆ । ਮੈਂ ਸੁਹਾਗਣ ਪੈਰੀਂ ਫਿਰਦੀ ਨੰਗੀ, ਸੰਗੀ ਅੰਤ ਛਲਿਆਂ ਨਾਲ ਆਪਣਾ ਰੂਪ ਗਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਦਰ ਤੇਰੇ ਸਰਨਾਈਆ । ਵੀਹ ਸੌ ਇਕੀ ਕਹੇ ਵੇਖ ਅੱਲਾ, ਨੂਰ ਇਲਾਹੀ ਇਕੋ ਨਜ਼ਰੀ ਆਇੰਦਾ । ਕਮਲੀਏ ਏਸ ਦਾ ਫੜ ਲੈ ਪੱਲਾ, ਬੇਪਰਵਾਹ ਟੁੱਟੀ ਗੰਢ ਪਵਾਇੰਦਾ । ਜਿਸ ਦਾ ਨੂਰੀ ਜਲਵਾ ਜਲਾ ਥਲਾ, ਮਹੀਅਲ ਆਪਣੀ ਖੇਲ ਕਰਾਇੰਦਾ । ਇਸ ਦੇ ਨਾਲ ਮਿਲ ਕੇ ਹੋ ਜਾ ਬਿਸਮਿੱਲਾ, ਬਿਸਮਲ ਤੇਰੀ ਧਾਰ ਬਣਾਇੰਦਾ । ਕਲਮਾ ਕੋਈ ਨਾ ਰਹੇ ਇਲਲਿੱਲਾ, ਹੂ ਹੂ ਨਾਅਰਾ ਨਾ ਫੇਰ ਸੁਣਾਇੰਦਾ । ਜਿਸ ਦੇ ਲੇਖੇ ਲੱਗੇ ਬੂਰਾ ਕੱਕਾ ਬਿੱਲਾ, ਈਸਾ ਮੂਸਾ ਮੁਹੰਮਦ ਆਪਣਿਆਂ ਚਰਨਾਂ ਹੇਠ ਰਖਾਇੰਦਾ । ਅਗਲਾ ਜੀਵਣ ਸੁਖਣਾ ਨਾਲ ਜੀ ਲਾ, ਜੀਵਣ ਜੁਗਤ ਇਕ ਸਮਝਾਇੰਦਾ । ਨਾਮ ਨਿਧਾਨ ਪਰੇਮ ਪ੍ਰੀਤੀ ਪਿਆਲਾ ਧੁਰ ਦਾ ਪੀ ਲਾ, ਪਰਮ ਪੁਰਖ ਜਾਮ ਪਿਆਇੰਦਾ । ਜਿਹੜਾ ਗੋਬਿੰਦ ਸੰਗ ਭਗਤਾਂ ਬਣਿਆ ਵਸੀਲਾ, ਘਰ ਸਾਚੇ ਵਸਲ ਆਪਣੀ ਸੇਜ ਕਰਾਇੰਦਾ । ਪਿਛਲਾ ਛੱਡ ਦੇ ਹੁਣ ਕਬੀਲਾ, ਗੁਰਮੁਖ ਅਗਲੇ ਆਪ ਦਰਸਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਛੈਲ ਛਬੀਲਾ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਤਾਰਾ ਚੰਦ ਜਿਸ ਦੀਆਂ ਦੇਵਣ ਚਰਨਾਂ ਵਿਚ ਦਲੀਲਾ, ਸੋ ਦਿਲਬਰ ਆਪਣੀ ਕਾਰ ਕਮਾਇੰਦਾ । ਇਹੋ ਵਕਤ ਅੰਤ ਅਖ਼ੀਰਲਾ, ਆਖ਼ਰ ਆਪਣਾ ਖੇਲ ਵਖਾਇੰਦਾ । ਲੇਖਾ ਚੁੱਕੇ ਪੈਗੰਬਰ ਪੀਰਨਾ, ਪੀਰ ਪੀਰਾਂ ਪ੍ਰਭ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਓਧਰੋਂ ਉਠੋ ਗੁਰ ਅਵਤਾਰ, ਆਪਣੀ ਅੱਖ ਖੁਲ੍ਹਾਈਆ । ਔਹ ਸਾਰੇ ਵੇਖੋ ਕੀ ਇਹਦੀ ਓਹੋ ਨੁਹਾਰ, ਜਿਸ ਦਾ ਹੁਲੀਆ ਤਸਦੀਕ ਸਕੇ ਨਾ ਕੋਇ ਕਰਾਈਆ । ਜਿਹੜਾ ਜੁਗ ਚੌਕੜੀ ਸਾਡੇ ਨਾਲ ਕਰਦਾ ਰਿਹਾ ਗੁਫ਼ਤਾਰ, ਬਿਨ ਸ਼ਕਲੋਂ ਹੁਕਮ ਸੁਣਾਈਆ । ਈਸਾ ਮੂਸਾ ਮੁਹੰਮਦ ਕਹਿਣ ਬੌਹੜੀ ਦਰੋਹੀ ਇਹੋ ਸਾਡਾ ਯਾਰ, ਯਾਰੀ ਯਾਰਾਂ ਨਾਲ ਰਖਾਈਆ । ਗੋਬਿੰਦ ਕਹੇ ਨਹੀਂ ਇਹ ਪੁਰਖ ਅਕਾਲ, ਮੈਂ ਮੇਰਾ ਪਿਤਾ ਮਾਈਆ । ਮੈਂ ਨਾ ਜਾਣਾਂ ਕਿਉਂ ਹੋਇਆ ਦਿਆਲ, ਦੂਰੋਂ ਚਲ ਕੇ ਨੇੜੇ ਆਈਆ । ਆਪਣਾ ਲੇਖਾ ਰਿਹਾ ਵਖਾਲ, ਪੜਦਾ ਦਿਤਾ ਉਠਾਈਆ । ਜਨ ਭਗਤੋ ਵੇਲਾ ਲਓ ਸੰਭਾਲ, ਗਿਆ

ਵਕਤ ਹੱਥ ਨਾ ਆਈਆ । ਬੇਸ਼ਕ ਪੁਰਖ ਅਕਾਲ ਨੂੰ ਕਹੋ ਕੰਗਾਲ, ਇਹ ਕੰਗਾਲਾਂ ਵਿਚੋਂ ਕੰਗਾਲ ਨਜ਼ਰੀ ਆਈਆ । ਗੁਰਸਿਖੋ ਤੁਹਾਨੂੰ ਮੋਇਆਂ ਨੂੰ ਲਏ ਜਵਾਲ, ਮੁਰਦੇ ਜਿੰਦਾ ਰੂਹ ਲਏ ਬਣਾਈਆ । ਬੇਸ਼ਕ ਗੋਬਿੰਦ ਹੱਥ ਵਿਚ ਰੱਖੀ ਨਹੀਂ ਢਾਲ, ਖੰਡਾ ਕਟਾਰ ਤਨ ਨਾ ਕੋਇ ਲਟਕਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਮੇਲਾ ਰਿਹਾ ਮਿਲਾਈਆ । ਜੁਗ ਜਨਮ ਦੇ ਵਿਛੜੇ ਭਾਲ, ਧੁਰ ਦਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਕੀ ਰਿਹਾ ਪਾਈਆ । ਇਕੀ ਕਹੇ ਮੈਂ ਪਾਇਆ ਇਕੋ, ਇਕੋ ਸਭ ਵਿਚ ਨਜ਼ਰੀ ਆਈਆ । ਜਨ ਭਗਤੋ ਸਾਚੀ ਸਿਖਿਆ ਸਿਖੋ, ਧੁਰ ਦੀ ਕਰੇ ਨਾਮ ਪੜ੍ਹਾਈਆ । ਜੇ ਕੋਈ ਭਰਮ ਭੁਲੇਖਾ ਸਨਮੁਖ ਹੋ ਕੇ ਪੁਛੋ, ਪੜਦਾ ਉਹਲਾ ਰਹਿਣ ਕੋਇ ਨਾ ਪਾਈਆ । ਪੁੱਤ ਬਣ ਕੇ ਪਿਤਾ ਕੋਲੋਂ ਕਦੇ ਨਾ ਲੁਕੋ, ਜੋ ਮੰਗਣਾ ਸੋ ਮੰਗੋ ਚਾਈਂ ਚਾਈਆ । ਭਰਮ ਭੁਲੇਖੇ ਵਿਚ ਕਦੇ ਨਾ ਰੁਸੋ, ਜੇ ਰੁੱਸੋ ਤੇ ਰੁਸਿਆਂ ਲਏ ਮਨਾਈਆ । ਜੇ ਤੁਸੀਂ ਮੇਰਾ ਨਾਮ ਧਿਔਣਾ ਚਾਹੁੰਦੇ ਨਹੀਂ ਮੁਖੋਂ, ਮੈਂ ਤੁਹਾਡੇ ਸੋਹਲੇ ਦੇਵਾਂ ਗਾਈਆ । ਪਿਆਰ ਨਾਲ ਕਹਾਂ ਆਓ ਮੇਰੇ ਲਾਡਲੇ ਪੁੱਤੋ, ਬਿਨਾਂ ਪੁੱਤਰਾਂ ਪਿਤਾ ਸੋਭਾ ਕੋਇ ਨਾ ਪਾਈਆ । ਪੁਰਖ ਅਕਾਲ ਇਕੋ ਝੁਕੋ, ਦੂਜੇ ਸੀਸ ਨਾ ਕੋਇ ਨਿਵਾਈਆ । ਪਰਮੇਸ਼ਵਰ ਨੂੰ ਸਾਮ੍ਹਣੇ ਹੋ ਕੇ ਲੁੱਟੋ, ਲੁੱਟਿਆਂ ਇਹਦਾ ਘਟ ਕੁਛ ਨਾ ਜਾਈਆ । ਆਵਣ ਜਾਵਣ ਲੱਖ ਚੁਰਾਸੀ ਵਿਚੋਂ ਛੁੱਟੋ, ਕਰ ਦਰਸਨ ਜਗਤ ਜੰਜਾਲਾ ਤੰਦ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਚਿਠੀ ਕਹੇ ਮੇਰਾ ਲੇਖ ਦੱਸ, ਦਸਮੇਸ ਤੇਰੇ ਨਾਲ ਜੋੜ ਜੁੜਾਈਆ । ਪੁਰਖ ਅਕਾਲ ਤੇਰੇ ਵਸ, ਦੀਨ ਦਿਆਲ ਤੇਰਾ ਸਹਾਈਆ । ਗੋਬਿੰਦ ਸ਼ਬਦੀ ਧਾਰ ਖੋਲ੍ਹ ਕੇ ਅੱਖ, ਪਰਤੱਖ ਰਿਹਾ ਦ੍ਰਿੜਾਈਆ । ਮੈਂ ਪਰੇਮ ਪ੍ਰੀਤੀ ਵਿਕਿਆ ਹੱਟ, ਮੇਰੀ ਕੀਮਤ ਗੁਰਮੁਖਾਂ ਲੈਣੀ ਪਾਈਆ । ਪਿਛੇ ਗਿਆ ਨਹੀਂ ਨੱਠ, ਅੱਗੇ ਸੰਗ ਨਾ ਕੋਇ ਤੁੜਾਈਆ । ਪਹਿਲੋਂ ਪੈਗੰਬਰਾਂ ਦੀ ਕਰ ਕੇ ਚੱਠ, ਫੇਰ ਗੁਰਮੁਖਾਂ ਗੋਦ ਉਠਾਈਆ । ਜਿਹੜੇ ਵੀਹ ਸੌ ਇਕੀ ਤਾਈਂ ਬੈਠੇ ਰਹੇ ਕਰ ਕੇ ਹਠ, ਸਿਦਕ ਸਬੂਰੀ ਨਾਲ ਧਿਆਨ ਲਗਾਈਆ । ਓਨ੍ਹਾਂ ਦਾ ਲੇਖਾ ਗੁਰ ਅਵਤਾਰ ਪੀਰ ਪੈਗੰਬਰ ਉਤੇ ਰਹੇ ਰਟ, ਥੱਲਿਉਂ ਸਮਝ ਕੋਇ ਨਾ ਪਾਈਆ । ਜਿਹੜੇ ਪਿਛੇ ਗਏ ਨੱਠ, ਅੰਤ ਓਨ੍ਹਾਂ ਨਾਲ ਮਿਲਾਈਆ । ਜਿਨੇ ਚਾਹੇ ਓਨੇ ਲਏ ਰੱਖ, ਵਾਧੂ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਖ਼ਾਲਕ ਨੂਰ ਇਲਾਹੀਆ । ਖ਼ਾਲਕ ਖ਼ਲਕ ਨੂਰ ਇਲਾਹੀ ਜਲਵਾ, ਜਾਹਰ ਜਹੂਰ ਇਕ ਦਰਸਾਇੰਦਾ । ਮੁਰੀਦ ਮੁਰਸ਼ਦ ਅੱਗੇ ਖਾਣਾ ਮਿਲੇ ਕਿਸੇ ਨਾ ਹਲਵਾ, ਨਿਆਜ਼ ਭੇਟਾ ਨਾ ਕੋਇ ਚੜ੍ਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦੀਨ ਦਿਆਲ ਸਾਹਿਬ ਸਵਾਮੀ ਲੇਖਾ ਜਾਣੇ ਅਰਬਾਂ ਖਰਬਾਂ, ਬਿਨ ਜ਼ਰਬਾਂ ਹਿਨਸੇ ਅੰਕ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਇਕੀ ਵੇਖ ਵਖਾਇੰਦਾ । ਇਕੀ ਕਹੇ ਬੌਹੜੀ ਵੇਖੇ ਨੀਲੇ ਬਸਤਰ, ਨੀਲੇ ਵਾਲਾ ਬੇਪਰਵਾਹੀਆ । ਜਿਸ ਦੀ ਧਾਰ ਅਗੰਮੀ ਸ਼ਸਤਰ, ਸ਼ਹਿਨਸ਼ਾਹ ਜੋੜ ਜੁੜਾਈਆ । ਸਤਿ ਸਰੂਪੀ ਨਜ਼ਰੀ ਆਇਆ ਅਸਤਰ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਨੀਲੇ ਬਸਤਰ ਪਹਿਨ ਕੇ ਚੋਲੇ, ਜੂਨੀ ਸਭ ਦੀ ਰਿਹਾ ਬਦਲਾਈਆ । ਪੀਰ ਪੈਗੰਬਰ ਜਿਸ ਦੇ ਗੋਲੇ, ਬਰਦੇ ਬੈਠੇ ਸੇਵ ਕਮਾਈਆ । ਰਸੂਲ ਗਾਵਣ ਜਿਸ ਦੇ ਢੋਲੇ, ਨਾਅਰਾ

ਕੂਕ ਅਲਾਈਆ । ਸੋ ਸਾਹਿਬ ਕਰੇ ਖੇਲ ਪੜਦੇ ਉਹਲੇ, ਜੋਤੀ ਨੂਰ ਕਰ ਰੁਸ਼ਨਾਈਆ । ਵਾਕ ਭਵਿਖਤ ਬੋਲ ਜੋ ਬਣਦੇ ਗਏ ਵਿਚੋਲੇ, ਸਾਲਸ ਸਾਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨੀਲੇ ਬਸਤਰ ਪਾਏ ਪਰਵਰਦਿਗਾਰ, ਤਤਵ ਤਤ ਦਏ ਵਡਿਆਈਆ । ਜਲਵਾ ਨੂਰ ਦੇ ਦੀਦਾਰ, ਸਾਚਾ ਚੰਦ ਇਕ ਚਮਕਾਈਆ । ਸਚ ਵਖਾਏ ਇਕ ਬਹਾਰ, ਮਹਿਬੂਬ ਆਪਣਾ ਨਾਮ ਮਹਿਕਾਈਆ । ਗੁਲਸ਼ਨ ਵੇਖੇ ਸ਼ਹਿਨਸ਼ਾਹ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਨੀਲੇ ਬਸਤਰ ਧਾਰ ਅਵੱਲੀ, ਅਵਲ ਅੱਲਾ ਨੂਰ ਇਲਾਹੀਆ । ਜੋਤ ਅਕਾਲਣ ਕਰੇ ਖੇਲ ਇਕੱਲੀ, ਅਕਲ ਕਲ ਵੱਡੀ ਵਡਿਆਈਆ । ਹੋਕਾ ਦੇਵੇ ਗਲੀਓ ਗਲੀ, ਕੂਚੇ ਕੂਚੇ ਰਹੀ ਸੁਣਾਈਆ । ਵੇਖੋ ਗੋਬਿੰਦ ਜੋਤ ਇਕੋ ਬਲੀ, ਬਲ ਬਲਵਾਨ ਕਰੇ ਰੁਸ਼ਨਾਈਆ । ਜਿਸ ਦੀ ਫੁੱਲ ਫੁਲਵਾੜੀ ਫਲੀ, ਪਤ ਡਾਹਣ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਆਪਣਾ ਖੇਲ ਵਰਤਾਈਆ । ਦੋ ਜਹਾਨਾਂ ਖੇਲ ਕਰੇ ਖ਼ਾਲਕ, ਖ਼ਾਸਤਗਾਰ ਇਕੋ ਨਜ਼ਰੀ ਆਇੰਦਾ । ਸ੍ਰਿਸ਼ਟ ਸਬਾਈ ਵੇਖ ਕੇ ਹਾਲਤ, ਹਾਜ਼ਰ ਹੋ ਕੇ ਫੇਰਾ ਪਾਇੰਦਾ । ਕੂੜੀ ਕਿਰਿਆ ਕੱਢੇ ਜਹਾਲਤ, ਮਾਇਆ ਮਮਤਾ ਡੇਰਾ ਢਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਕੋਈ ਨਾ ਕਰੇ ਕਿਸੇ ਦੀ ਮੁਖ਼ਾਲਫ਼ਤ, ਮੁਖ਼ਬਰ ਹੋ ਕੇ ਮੁਖ਼ਬਰੀ ਸਕੇ ਨਾ ਕੋਇ ਲਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲਗਾਏ ਇਕ ਅਦਾਲਤ, ਅਦਲੀ ਹੋ ਕੇ ਅਦਲ ਸਚ ਕਮਾਈਆ । ਇਕੋ ਗੋਬਿੰਦ ਦੀ ਮਨਜ਼ੂਰ ਕਰੇ ਜ਼ਮਾਨਤ, ਬਾਕੀ ਸਭ ਦਾ ਲੇਖਾ ਦਏ ਚੁਕਾਈਆ । ਵੇਖੋ ਵੀਹ ਸੌ ਇਕੀ ਪਿਛੋਂ ਸਭ ਦੀ ਆਏ ਸ਼ਾਮਤ, ਸ਼ਾਮਿਆਨੇ ਸਭ ਦੇ ਦਏ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਪਿਛਲੀ ਸਾਂਭ ਕੇ ਰੱਖੀ ਅਮਾਨਤ, ਅਮਲ ਆਪਣੇ ਵਿਚ ਲਿਆਈਆ ।



## ★ ੨ ਵਸਾਖ ੨੦੨੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਕਰੇ ਅਦਲ, ਅਦਾਲਤ ਸਚਖੰਡ ਦਵਾਰ ਸੁਹਾਈਆ । ਚਾਰ ਜੁਗ ਦੇ ਪਿਛਲੇ ਕਰ ਮੁਅੱਤਲ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮਨ ਮਤ ਬੁਧ ਚਤੁਰਾਈ ਚਲੇ ਨਾ ਕੋਈ ਅਕਲ, ਸੋਚ ਸਮਝ ਸਕੇ ਕੋਈ ਨਾ ਰਾਈਆ । ਨਿਰਗੁਣ ਸਾਹਿਬ ਸੁਲਤਾਨ ਤੇਰੀ ਨਜ਼ਰ ਨਾ ਆਏ ਸ਼ਕਲ, ਸ਼ਹਿਨਸ਼ਾਹ ਰੂਪ ਰੰਗ ਰੇਖ ਨਾ ਕੋਇ ਵਖਾਈਆ । ਲੇਖਾ ਚੁਕਿਆ ਦੀਨ ਮਜ਼੍ਹਬ ਜਾਤ ਪਾਤ ਸ਼ਰੀਅਤ ਕਤਲ, ਮਕਤੂਲ ਰਹਿਣ ਕੋਇ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸਵਾਮੀ ਜਨ ਭਗਤਾਂ ਪਿਛਲਾ ਫੇਰ ਵਖਾਏ ਵਤਨ, ਜਿਸ ਘਰ ਵਸੇ ਬੇਪਰਵਾਹੀਆ । ਸਚ ਅਮੋਲਕ ਅਗੰਮੀ ਰਤਨ, ਰੱਤੀ ਰੱਤ ਰੰਗ ਨਾਮ ਰੰਗਾਈਆ । ਸਚ ਕਿਨਾਰੇ ਬੇੜਾ ਲਾਏ ਪੱਤਣ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕੋਟਨ ਕੋਟ ਕਰਦੇ ਰਹੇ ਯਤਨ, ਬਲਧਾਰੀ ਆਪਣਾ ਬਲ ਵਧਾਈਆ । ਗੋਪੀ ਕਾਹਨ ਲੋਕਮਾਤ ਭੂਮੀ ਭੂਮਿਕਾ ਪੰਜ ਤਤ ਕਾਇਆ ਨੱਚਣ, ਪਗ ਉਠਾਵਣ ਚਾਈਂ ਚਾਈਆ । ਸਰਗੁਣ ਨਿਰਗੁਣ ਸ਼ਬਦ ਸੰਦੇਸ਼ੇ ਸੁਣ ਸੁਣ ਹੱਸਣ, ਖ਼ੁਸ਼ੀਆਂ ਰਾਗ ਅਲਾਈਆ । ਘਨਈਏ

੯੬੯
੧੯

ਬਣ ਬਣ ਖਾਂਦੇ ਰਹੇ ਮੱਖਣ, ਮਦਨ ਮੂਰਤ ਰੂਪ ਵਟਾਈਆ । ਅੰਤਮ ਸਭ ਦੇ ਲੇਖੇ ਕੀਤੇ ਸੱਖਣ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਈਸਾ ਮੂਸਾ ਮੁਹੰਮਦ ਚਾਰੋਂ ਕੁੰਟ ਉਠ ਉਠ ਨੱਸਣ, ਭੱਜਣ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਵੇਖ ਮੱਸਣ, ਚੰਦ ਚੌਧਵੀਂ ਨੂਰ ਨਾ ਕੋਇ ਚਮਕਾਈਆ । ਜਲਵਾ ਨੂਰ ਜਹੂਰ ਨਾ ਦਰਸਾਏ ਕੋਈ ਬਾਤਨ, ਜਗਤ ਵਿਦਿਆ ਰਸਨਾ ਜਿਹਵਾ ਕਥਨੀ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਬੈਠਾ ਉਚ ਅਰੂਜ, ਸਚਖੰਡ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜੁਗ ਚੌਕੜੀ ਪਿਛਲੀ ਕਰ ਮਨਸੂਖ, ਧੁਰ ਸੰਦੇਸਾ ਇਕ ਸਮਝਾਈਆ । ਵੇਖ ਵਖਾਣੇ ਲੱਖ ਚੁਰਾਸੀ ਜੀਵ ਜੰਤ ਪੰਜ ਤਤ ਭੂਤ, ਤਨ ਮਾਟੀ ਖ਼ਾਕੀ ਖੋਜ ਖੁਜਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਘਰ ਸਾਚੇ ਮੇਲੇ ਜਨਮ ਜਨਮ ਦੀ ਚੁੱਕੇ ਚੂਕ, ਆਵਣ ਜਾਵਣ ਦਏ ਮੁਕਾਈਆ । ਨਾਮ ਫੁੰਕਾਰਾ ਧੁਰ ਦੀ ਮਾਰੇ ਇਕੋ ਫੂਕ, ਸਤਿ ਸੰਦੇਸਾ ਸਾਹਿਬ ਸਤਿਗੁਰ ਇਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਗੂੜ੍ਹੀ ਨੀਂਦ ਜੋ ਸੁੱਤੇ ਘੂਕ, ਫੜ ਬਾਂਹੋਂ ਲਏ ਉਠਾਈਆ । ਭਗਤ ਭਗਵਾਨ ਹੋ ਮਿਹਰਵਾਨ ਬਣਾਏ ਸਚ ਸਪੂਤ, ਪੁਰਖ ਅਕਾਲ ਪਿਤਾ ਆਪਣੀ ਗੋਦ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਖ਼ਸ਼ੇ ਇਕ ਰਸੂਖ਼, ਸੁਲ੍ਹਾਕੁਲ ਸਚ ਸਮਝਾਈਆ । ਪੀਰ ਪੈਗੰਬਰ ਗੁਰ ਅਵਤਾਰ ਭਗਤ ਭਗਵਾਨ ਮੰਗਣ ਇਕ ਮਹਿਬੂਬ, ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਨਜ਼ਰੀ ਆਈਆ । ਸਚਖੰਡ ਦਵਾਰ ਹਰਿ ਨਿਰੰਕਾਰ ਕਿਰਪਾ ਧਾਰ ਜੋ ਰੱਖੇ ਆਪ ਮਹਿਫੂਜ਼, ਸਮਰਥ ਮਹਿਮਾ ਅਕਥ ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਨਾਮ ਸੰਦੇਸਾ ਦੇ ਕੇ ਗਏ ਖ਼ਤੂਤ, ਸੋ ਮੁਖ਼ਾਤਬ ਹੋ ਕੇ ਤੁਆਕਬ ਆਪਣੇ ਵਲ ਕਰਾਈਆ । ਕਿਸੇ ਹੱਥ ਨਾ ਆਏ ਮਸ਼ਰਕ ਮਗ਼ਰਬ ਸ਼ਿਮਾਲ ਜਨੂਬ, ਉਤਰ ਪੂਰਬ ਪੱਛਮ ਦੱਖਣ ਵੇਖੇ ਸਰਬ ਲੋਕਾਈਆ । ਏਥੇ ਓਥੇ ਦੋ ਜਹਾਨ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਲੱਭ ਨਾ ਸਕੀ ਹਦੂਦ, ਆਰ ਪਾਰ ਕਿਨਾਰਾ ਵੇਖਣ ਨਾ ਕੋਇ ਪਾਈਆ । ਜੋ ਆਇਆ ਸੋ ਉਠ ਕੇ ਧਾਇਆ ਕਰ ਕੇ ਗਿਆ ਕੂਚ, ਥਿਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰ ਘਟ ਥਾਈਂਆ । ਹਰ ਘਟ ਥਾਈਂ ਵਸੇ ਭਗਵੰਤ, ਭਗਵਨ ਆਪਣੀ ਖੇਲ ਖਿਲਾਇੰਦਾ । ਧਾਰ ਬੰਧਾਏ ਜੁਗਾ ਜੁਗੰਤ, ਜੁਗ ਚੌਕੜੀ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦਿ ਨਿਤ ਨਵਿਤ ਨਾਮ ਫੁਰਨਾ ਸ਼ਬਦ ਦੱਸੇ ਅਗੰਮੀ ਮੰਤ, ਮੰਤਵ ਆਪਣਾ ਹੱਲ ਕਰਾਇੰਦਾ । ਬੋਧ ਅਗਾਧਾ ਬਣ ਕੇ ਦੋ ਜਹਾਨਾਂ ਪੰਡਤ, ਸਾਚੀ ਵਿਥਿਆ ਸਾਚੀ ਸਿਖਿਆ ਪਾਏ ਭਿਛਿਆ ਵਿਦਿਆ ਇਕੋ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਦਰਗਾਹ ਸਾਚੀ ਸੋਭਾ ਪਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਰਹੇ ਸੋਚ, ਸਮਝ ਆਪਣੀ ਆਪਣੇ ਨਾਲ ਮਿਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰਾਧਾਰ ਲੋਕਮਾਤ ਜਨ ਭਗਤਾਂ ਵਖਾਏ ਸਾਚੀ ਮੌਜ, ਮੌਜੂਦਾ ਹੋ ਕੇ ਬੇਹੂਦਾ ਵਕਤ ਕੂੜੀ ਕਿਰਿਆ ਡੂੰਘੇ ਸਾਗਰ ਹਰਿਜਨ ਸਾਚੇ ਦਿਤੀ ਰੁੜ੍ਹਾਈਆ । ਲੇਖ ਚੁਕਾ ਲੋਕ ਪਰਲੋਕ, ਨਾਮ ਸੁਣਾਇਆ ਸਚ ਸਲੋਕ, ਧੁਰ ਦੀ ਦਿਤੀ ਇਕੋ ਮੋਖ, ਮੁਫ਼ਤ ਆਪਣੀ ਦਾਤ ਵਰਤਾਈਆ । ਨਾਮ ਨਗਾਰਾ ਤਨ ਲਗਾਏ ਚੋਟ, ਮਾਇਆ ਮਮਤਾ ਹਉਮੈਂ ਹੰਗਤਾ ਕੱਢੇ ਕੂੜਾ ਖੋਟ, ਨਿਰਮਲ ਜੋਤ ਕਰ ਰੁਸ਼ਨਾਈਆ । ਨਾਮ ਪਿਆਲਾ ਦੀਨ ਦਿਆਲਾ ਪਿਆਏ ਇਕ ਮਦਹੋਸ਼, ਮਧੁਰ ਰਸ

ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸਚਖੰਡ ਮਕਾਨਾ ਦਰਗਾਹ ਸਾਚੀ ਸੋਭਾ ਪਾਈਆ । ਸਾਚਾ ਅਦਲ ਕਰੇ ਨਿਰੰਕਾਰ, ਨਿਰਗੁਣ ਆਪਣੇ ਹੱਥ ਰੱਖੀ ਵਡਿਆਈਆ । ਜਿਸ ਦੀ ਸਮਝ ਕਿਸੇ ਨਾ ਆਈ ਜੁਗ ਚਾਰ, ਕੋਟਨ ਕੋਟ ਕਾਲ ਬਿਤਾਈਆ । ਲੋਕਮਾਤ ਸਚ ਸੰਦੇਸਾ ਦੇਂਦੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ ਬੋਲ ਜੈਕਾਰ, ਜੈ ਜੈਕਾਰਾ ਇਕੋ ਨਾਅਰਾ ਧੁਰ ਦਾ ਰਾਗ ਸੁਣਾਈਆ । ਨਮੋ ਨਮੋ ਨਿਮਸਕਾਰ ਕਰਦੇ ਰਹੇ ਗੁਰੂ ਅਵਤਾਰ, ਪੀਰ ਪੈਗ਼ੰਬਰ ਸਜਦਾ ਸੀਸ ਜਗਦੀਸ ਝੁਕਾਈਆ । ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਕਿਸੇ ਅੰਤ ਨਾ ਪਾਇਆ ਪਾਰਾਵਾਰ, ਬੇਅੰਤ ਕਹਿ ਕਹਿ ਆਪਣਾ ਆਪ ਲੇਖੇ ਲਾਈਆ । ਸੋ ਖੇਲ ਕਰੇ ਕਰਨੇਹਾਰ, ਕੁਦਰਤ ਕਾਦਰ ਵੇਖੇ ਨੈਣ ਉਘਾੜ, ਨਿਜ ਨੇਤਰ ਲੋਚਣ ਨੂਰ ਨੂਰ ਕਰੇ ਰੁਸ਼ਨਾਈਆ । ਭੇਵ ਅਭੇਦਾ ਅਛਲ ਅਛੇਦਾ ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਚੋਟੀ ਸਮੁੰਦ ਸਾਗਰ ਡੂੰਘੀ ਖਾਈ ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨੂਰ ਨੂਰ ਰੁਸ਼ਨਾਈਆ । ਸਚ ਅਦਾਲਤ ਅਦਲਗਾਹ, ਬੇਨਜ਼ੀਰ ਆਪ ਕਰਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਿਫ਼ਤੀ ਦੇਵੇ ਸਿਫ਼ਤ ਸਾਲਾਹ, ਸਾਚੀ ਸਿਖਿਆ ਸਤਿ ਸਤਿ ਆਪ ਪੜ੍ਹਾਇੰਦਾ । ਆਤਮ ਪਰਮਾਤਮ ਮੇਲਾ ਦਏ ਮਿਲਾ, ਗੁਰ ਚੇਲਾ ਏਕਾ ਘਰ ਬਹਾ, ਮੰਦਰ ਮਹਲ ਉਚ ਅਟੱਲ ਸੋਭਾਵੰਤ ਆਪ ਸੁਹਾਇੰਦਾ । ਸਤਿ ਸਵਾਮੀ ਅੰਤਰਜਾਮੀ ਨਿਹਕਰਮੀ ਜਨ ਭਗਤਾਂ ਦੱਸੇ ਇਕੋ ਰਾਹ, ਰਹਿਬਰ ਨੂਰ ਖ਼ੁਦਾਈ ਨਜ਼ਰੀ ਆਇੰਦਾ । ਜਾਮ ਪਿਆਲਾ ਮਦਿ ਪਿਆ, ਆਬੇਹਯਾਤ ਮੁਖ ਚਵਾ, ਆਸਾ ਤ੍ਰਿਸਨਾ ਮਾਇਆ ਮਮਤਾ ਮੋਹ ਕੂੜੀ ਕਿਰਿਆ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਆਪਣੇ ਹੱਥ ਰਖਾਇੰਦਾ । ਧੁਰ ਅਦਾਲਤ ਕਰੇ ਅਦਲੀ, ਏਕੰਕਾਰ ਵੱਡੀ ਵਡਿਆਈਆ । ਕਲਜੁਗ ਸਤਿਜੁਗ ਸਚਖੰਡ ਦਵਾਰਿਉਂ ਹੋਵੇ ਬਦਲੀ, ਮਾਬਦੌਲਤ ਆਪਣਾ ਹੁਕਮ ਸੁਣਾਈਆ । ਜਿਸ ਦੀ ਧਾਰ ਵੱਡੀਉਂ ਵੱਡੀ ਪਤਲੀਉਂ ਪਤਲੀ, ਨਜ਼ਰ ਨਾ ਆਏ ਪੱਤਣ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਫ਼ਰਮਾਣਾ ਇਕੋ ਇਕ ਸਮਝਾਈਆ । ਅਦਾਲਤ ਕਹੇ ਮੈਂ ਵੇਖਿਆ ਬਿਨ ਆਦਮ, ਬੇਅੰਤ ਰੂਪ ਨਜ਼ਰੀ ਆਈਆ । ਦੋ ਜਹਾਨ ਜਿਸ ਦੇ ਖ਼ਾਦਮ, ਲੋਕ ਪਰਲੋਕ ਸੀਸ ਨਿਵਾਈਆ । ਸੋ ਸਾਹਿਬ ਸਤਿਗੁਰ ਕਲਜੁਗ ਅੰਤ ਕੂੜੀ ਕਿਰਿਆ ਮੇਟੇ ਤਸਾਦਮ, ਚਾਰੋਂ ਕੁੰਟ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਬਿਨ ਭਗਤਾਂ ਕਿਸੇ ਦੀ ਦੇਵੇ ਨਾ ਕੋਈ ਜ਼ਮਾਨਤ, ਜ਼ਾਮਨੀ ਸਚ ਨਾ ਕੋਇ ਭਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੰਤ ਸੁਹੇਲੇ ਜੋ ਸਾਂਭ ਕੇ ਰੱਖੀ ਆਪਣੀ ਅਮਾਨਤ, ਸਚ ਦਵਾਰਿਉਂ ਬਾਹਰ ਲਏ ਕਢਾਈਆ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਨਾਲ ਅਬਲੀਸ ਪਾਏ ਲਾਅਨਤ, ਤੋਬਾ ਤੋਬਾ ਕਰ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਇਕ ਰਘੁਰਾਈਆ । ਅਦਲ ਵਿਚੋਂ ਮਿਲੇ ਇਨਸਾਫ਼, ਹਰਿ ਕਰਤਾ ਸਚ ਜਣਾਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਕਰ ਕੇ ਆਪਣਾ ਵਡ ਪਰਤਾਪ, ਹਰਿ ਪਰਤਾਪੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਾਰ ਵਰਨ ਜੋ ਜਪਦੇ ਗਏ ਜਾਪ, ਰਸਨਾ ਜਿਹਵਾ ਬੱਤੀ

੯੭੦ ੧੯

ਦੰਦ ਸਿਫ਼ਤੀ ਸਿਫ਼ਤ ਸਾਲਾਹਿੰਦਾ । ਮਨ ਵਾਸਨਾ ਕੂੜੀ ਕਿਰਿਆ ਤਤ ਹੰਕਾਰੀ ਜੋ ਕਰਦੇ ਰਹੇ ਪਾਪ, ਪਤਤ ਪਾਪੀ ਹਰਿ ਪੁਨੀਤ ਖੋਜ ਖੁਜਾਇੰਦਾ । ਸੰਤ ਸੁਹੇਲੇ ਭਗਤ ਭਗਵਾਨ ਗੁਰ ਚੇਲੇ ਲੱਭੇ ਧੁਰ ਦੇ ਸਾਕ, ਜਨਮ ਕਰਮ ਦੇ ਵਿਛੜੇ ਆਪਣੇ ਰੰਗ ਰੰਗਾਇੰਦਾ । ਦੀਨਾਂ ਨਾਥ ਹੋਏ ਸਹਾਈ ਆਪ ਰਘੁਨਾਥ, ਏਥੇ ਓਥੇ ਦੇਵੇ ਸਾਥ, ਨਿਰਗੁਣ ਸਰਗੁਣ ਸਗਲਾ ਸੰਗ ਨਿਭਾਇੰਦਾ । ਚਾਰ ਵਰਨ ਇਕੋ ਸਰਨ ਆਤਮ ਪਰਮਾਤਮ ਦੱਸੇ ਧੁਰ ਦੀ ਜਾਤ, ਅਜਾਤੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਰਸੂਲ ਪਾਕ, ਪਰਵਰਦਿਗਾਰ ਜਲਵਾ ਨੂਰ ਜਹੂਰ ਇਕ ਰੁਸ਼ਨਾਇੰਦਾ । ਵੇਖ ਅਦਲ ਗੁਰੂ ਗੁਰ ਪੀਰ, ਦਰਗਾਹ ਸਾਚੀ ਧਿਆਨ ਲਗਾਈਆ । ਵੇਖੋ ਸੱਜਣੋ ਅੰਤ ਹੋਇਆ ਅਖ਼ੀਰ, ਆਖ਼ਰ ਸਭ ਨੂੰ ਰਿਹਾ ਸਮਝਾਈਆ । ਪਰਵਰਦਿਗਾਰ ਲਾ ਤਸਵੀਰ, ਤਸੱਵਰ ਆਪਣਾ ਆਪ ਕਰ ਕੇ ਮੁਰੀਦ ਮੁਰਸ਼ਦਾਂ ਰਿਹਾ ਸਮਝਾਈਆ । ਕੂੜਾ ਕੱਟ ਸ਼ਰਅ ਜ਼ੰਜੀਰ, ਜਾਹਰ ਜਹੂਰ ਕਰੇ ਰੁਸ਼ਨਾਈਆ । ਸਦੀ ਚੌਧਵੀਂ ਬਦਲ ਤਕਦੀਰ, ਤਦਬੀਰ ਅਗਲੀ ਦਏ ਵਖਾਈਆ । ਜਿਸ ਨੂੰ ਸਜਦਾ ਕਰ ਕੇ ਮੁਹੰਮਦ ਨੱਕ ਨਾਲ ਕੱਢ ਕੇ ਗਿਆ ਲਕੀਰ, ਨੇਤਰ ਨੈਣਾਂ ਹੰਝੂਆਂ ਹਾਰ ਬਣਾਈਆ । ਜਿਸ ਦੇ ਪਿਛੇ ਦਰ ਦਰਵੇਸ਼ ਬਰਦਾ ਬਣ ਫ਼ਕੀਰ, ਮੂਸਾ ਈਸਾ ਤਨ ਅਲਫ਼ੀ ਚੋਲੀ ਜਗਤ ਹੰਢਾਈਆ । ਜਿਸ ਦੀ ਅੱਲਾ ਰਾਣੀ ਕਿਸੇ ਨਜ਼ਰ ਨਾ ਆਈ ਤਾਸੀਰ, ਤਸਬੀ ਮਾਲਾ ਮਣਕਾ ਗਲ ਗਾਨੀ ਸਰਬ ਲਟਕਾਈਆ । ਸੋ ਦਾਤਾ ਗਹਿਰ ਗੰਭੀਰ, ਗੁਣਵੰਤਾ ਬੇਅੰਤਾ ਧੁਰ ਦਾ ਕੰਤਾ ਇਕੋ ਖੇਲ ਕਰੇ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਸ਼ਹਿਨਸ਼ਾਹ ਸ਼ਹਿਨਸ਼ਾਹੀਆ । ਗੁਰ ਅਵਤਾਰ ਤੱਕ ਕੇ ਖੇਲ, ਖ਼ਾਲਕ ਸਰਬ ਰਹੇ ਜਣਾਈਆ । ਕਲਜੁਗ ਜੀਵੋ ਵੇਖੋ ਜਨ ਭਗਤਾਂ ਭਗਵੰਤ ਸੰਗ ਹੁੰਦਾ ਮੇਲ, ਮਿਲਣੀ ਹਰਿ ਜਗਦੀਸ ਆਪਣੀ ਆਪ ਕਰਾਈਆ । ਬਿਨ ਤੇਲ ਬਾਤੀ ਕਮਲਾਪਾਤੀ ਦੀਪਕ ਜੋਤ ਜਗਾਏ ਸੱਜਣ ਸੁਹੇਲ, ਸਾਚੇ ਮੰਦਰ ਅੰਦਰ ਡੂੰਘੀ ਕੰਦਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਵਡਿਆਈਆ । ਅਦਾਲਤ ਵੇਖ ਪਿਛਲੇ ਭਗਤ, ਕਬੀਰ ਜੁਲਾਹੇ ਰਹੇ ਉਠਾਈਆ । ਉਠ ਵੇਖ ਰਵਦਾਸ ਦਾ ਆਇਆ ਵਕਤ, ਰਵੀ ਰਵ ਹਰਿ ਆਪਣੇ ਰੰਗ ਰੰਗਾਈਆ । ਜਿਸ ਦੀ ਆਦਿ ਭਵਾਨੀ ਧੁਰ ਦੀ ਸ਼ਕਤ, ਚਤਰਭੁਜ ਜਿਸ ਦਾ ਰੂਪ ਅਨੂਪ ਵਖਾਈਆ । ਸੋ ਸ੍ਰੀ ਭਗਵਾਨ ਹੋ ਮਿਹਰਵਾਨ ਨਿਰਗੁਣ ਨੂਰ ਜੋਤੀ ਜਾਮਾ ਧਰੇ ਫ਼ਕਤ, ਫ਼ੈਸਲਾ ਆਪਣੇ ਹੱਥ ਰਖਾਈਆ । ਆਦਿ ਪੁਰਖ ਅਪਰੰਪਰ ਸਵਾਮੀ ਜੋਤੀ ਜਾਤਾ ਆਇਆ ਪਰਤ, ਪਰਤੀਨਿਧ ਹੋ ਕੇ ਆਪਣਾ ਹੁਕਮ ਵਰਤਾਈਆ । ਅੱਗੇ ਰਹਿਣ ਨਾ ਦੇਵੇ ਕੋਈ ਫ਼ਰਕ, ਫ਼ਿਰਕਾਪਰਸਤੀ ਮੇਟੇ ਥਾਉਂ ਥਾਈਂਆ । ਕੂੜੀ ਕਿਰਿਆ ਕਰੇ ਗ਼ਰਕ, ਸ਼ੌਹ ਦਰਿਆਏ ਦਏ ਰੁੜ੍ਹਾਈਆ । ਗੋਬਿੰਦ ਪੁਰਖ ਅਕਾਲ ਨਾਲ ਲਾਈ ਸ਼ਰਤ, ਸੁਗੰਧ ਮੁਕੰਦ ਮਨੋਹਰ ਲਖਮੀ ਨਰਾਇਣ ਇਕੋ ਇਕ ਦ੍ਰਿੜ੍ਹਾਈਆ । ਜਿਸ ਦੀ ਸਿਫ਼ਤ ਕਰੇ ਕੋਈ ਨਾ ਰਸਨਾ ਜਿਹਵਾ ਬੱਤੀ ਦੰਦ, ਕਾਗ਼ਜ਼ ਕਲਮ ਲੇਖਾ ਲਿਖੇ ਨਾ ਕੋਇ ਸ਼ਾਹੀਆ । ਸੋ ਸ੍ਰੀ ਭਗਵਾਨ ਸੂਰਾ ਸਰਬੰਗ, ਜਨ ਭਗਤਾਂ ਦੇਵੇ ਇਕ ਅਨੰਦ, ਅੰਤਰ ਆਤਮ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਫ਼ਕੀਰ ਫ਼ਿਕਰਾ ਕਹਿਣ ਸੂਫ਼ੀ, ਸਿਫ਼ਤ ਸਾਲਾਹ ਇਕ ਦ੍ਰਿੜ੍ਹਾਇੰਦਾ । ਵੇਖੋ ਕਾਇਆ ਤਨ ਰਬਾਬ ਵਜਦੀ ਤੂੰਬੀ, ਤੋਬਾ ਤੋਬਾ ਹੂ ਹੂ ਬੁਤ ਰੂਹ ਸਰਬ ਕੁਰਲਾਇੰਦਾ । ਖ਼ੰਦਕ

ਖਾਈ ਨਜ਼ਰੀ ਆਏ ਡੂੰਘੀ, ਪਾਰ ਕਿਨਾਰਾ ਫੜ ਬਾਂਹੋਂ ਪਾਰ ਨਾ ਕੋਇ ਲੰਘਾਇੰਦਾ । ਸਭ ਦੀ ਕਵਲ ਨਾਭੀ ਹੋਈ ਮੂਧੀ, ਬਿਨ ਸਤਿਗੁਰ ਪੂਰੇ ਹਾਜ਼ਰ ਹਜ਼ੂਰੇ ਸ਼ਬਦੀ ਧਾਰ ਨਾ ਕੋਇ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਕਰਤਾ ਕਰਨੀ ਆਪਣੇ ਹੱਥ ਰਖਾਇੰਦਾ । ਸੂਫ਼ੀ ਕਹਿਣ ਵੇਖੇ ਪਿਛਲਾ ਸਫਨਾ, ਸੋਹਣੀ ਤਰ੍ਹਾ ਸਮਝਾਈਆ । ਸਚ ਦਵਾਰੇ ਉਚ ਮਹੱਲੇ ਲਗਾਇਆ ਮੁਜਰਾ, ਮਹਿਫਲ ਦਿਸੇ ਬੇਪਰਵਾਹੀਆ । ਪਰਵਰਦਿਗਾਰ ਮੁਕਾਮੇ ਹੱਕ ਸੁਹਾਇਆ ਹੁਜਰਾ, ਜੋਤੀ ਜਲਵਾ ਨੂਰ ਰੁਸ਼ਨਾਈਆ । ਬੀਸ ਇਕੀਸ ਅਗਲਾ ਖੇਲ ਕਰੇ ਸਜਰਾ, ਬੀਤੀ ਕਹਾਣੀ ਆਪਣੀ ਝੋਲੀ ਪਾਈਆ । ਜਨ ਭਗਤਾਂ ਜਗਤ ਜੁਗ ਜਨਮ ਦਾ ਚੁਕਾਵਣ ਆਇਆ ਬਦਲਾ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨਾਂ ਪੰਧ ਮੁਕਾਵੇ ਮਜ਼ਲਾ, ਮੰਜ਼ਲ ਆਪਣੀ ਦਏ ਚੜ੍ਹਾਈਆ । ਸਚ ਸਿੰਘਾਸਣ ਆਤਮ ਸੇਜਾ ਪਲੰਘ ਵਖਾਏ ਰੰਗਲਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਘਰ ਵਿਚ ਘਰ ਬਣਾਇਆ ਸੋਹਣਾ ਬੰਗਲਾ, ਬਣ ਬਾਢੀ ਸਾਚੀ ਘੜਤ ਆਪ ਘੜਾਈਆ । ਜਿਸ ਵਿਚ ਰੱਖਿਆ ਪਰਮਾਨੰਦਲਾ, ਅਨੰਦ ਅਨੰਦ ਵਿਚੋਂ ਦਰਸਾਈਆ । ਜਿਸ ਗ੍ਰਿਹਿ ਜੋਤੀ ਨੂਰ ਅਗੰਮੀ ਚੰਦਨਾ, ਸਾਚੀ ਸਚ ਕਰੇ ਰੁਸ਼ਨਾਈਆ । ਓਸ ਗ੍ਰਿਹਿ ਭਗਤ ਭਗਵਾਨ ਇਕ ਦੂਜੇ ਨੂੰ ਦੋਵੇਂ ਕਰਨ ਬੰਦਨਾ, ਬੰਦਾ ਖ਼ਾਕੀ ਤਨ ਨਜ਼ਰ ਕੋਇ ਨਾ ਆਈਆ । ਲੇਖਾ ਚੁੱਕੇ ਕੋਟਨ ਕੋਟ ਬ੍ਰਹਿਮੰਡਨਾ, ਜੇਰਜ ਅੰਡਜ ਉਤਭੁਜ ਸੇਤਜ ਡੇਰਾ ਢਾਹੀਆ । ਦੀਨ ਦਿਆਲ ਪੁਰਖ ਅਕਾਲ ਸਦ ਬਖ਼ਸ਼ੰਦਨਾ, ਬਖ਼ਸ਼ਸ਼ ਰਹਿਮਤ ਘਰ ਸੱਚੇ ਆਪ ਵਰਤਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਅੰਤਮ ਓਸੇ ਘਰ ਲੰਘਣਾ, ਜਿਸ ਘਰ ਬੈਠਾ ਬੇਪਰਵਾਹੀਆ । ਜਗਤ ਕੂਟ ਕਿਸੇ ਨਾ ਮੰਗਣਾ, ਦੇਵਣਹਾਰਾ ਦਾਤਾ ਦਾਨੀ ਇਕੋ ਝੋਲੀ ਰਿਹਾ ਭਰਾਈਆ । ਆਵਣ ਜਾਵਣ ਲੇਖਾ ਚੁੱਕੇ ਲੋਕਮਾਤ ਵਰਭੰਡਨਾ, ਕੂੜੀ ਭੰਡੀ ਦੇਵੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੂਫ਼ੀ ਕਹਿਣ ਜਲਵਾ ਨੂਰ, ਇਕੋ ਇਕ ਜਣਾਈਆ । ਭਗਤ ਕਹਿਣ ਨਾਦ ਤੂਰ, ਤੁਰੀਆ ਪਾਰ ਸੁਣਾਈਆ । ਪੈਗ਼ੰਬਰ ਕਹਿਣ ਸਚ ਮਹਿਬੂਬ, ਮੁਹੱਬਤ ਹੱਕ ਹੱਕ ਲਗਾਈਆ । ਗੁਰ ਅਵਤਾਰ ਕਹਿਣ ਸਾਕ ਜੋੜੇ ਪਿਤਾ ਪੂਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਆਪ ਕਮਾਈਆ । ਕਰਨੀ ਵੇਖ ਅਦਲ ਹੱਸਿਆ, ਸਚਖੰਡ ਵੱਜੀ ਵਧਾਈਆ । ਕਲਜੁਗ ਰੈਣ ਅੰਧੇਰੀ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਮਾਰਗ ਦੱਸਿਆ, ਮਾਣਸ ਮਾਨੁਖ ਮਾਨਵ ਗਏ ਭੁਲਾਈਆ । ਸਾਚੇ ਰੰਗ ਕੋਈ ਨਾ ਰੰਗਿਆ, ਤਨ ਮਾਟੀ ਖ਼ਾਕ ਕੂੜੀ ਖ਼ਾਕ ਰਹੇ ਰਮਾਈਆ । ਕਿਸੇ ਨਾਤਾ ਤੁਟਾ ਨਾ ਭੇਖ ਪਖੰਡਿਆ, ਜੂਠ ਝੂਠ ਨਾ ਡੇਰਾ ਢਾਹੀਆ । ਆਤਮ ਪਰਮਾਤਮ ਹੋਇਆ ਰੰਡਿਆ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਮਨ ਵਾਸਨਾ ਪੰਜ ਤਤ ਹੰਕਾਰੀ ਹੋਇਆ ਗੰਦਿਆ, ਅੰਮ੍ਰਿਤ ਰਸ ਜਾਮ ਸਚ ਪਿਆਲਾ ਮੁਖ ਨਾ ਕੋਇ ਲਗਾਈਆ । ਸਚ ਦਵਾਰ ਸਤਿਗੁਰ ਮੰਦਰ ਗੁਰਮੁਖ ਵਿਰਲਾ ਕੋਟਾਂ ਵਿਚੋਂ ਲੰਘਿਆ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਨਮ ਕਰਮ ਦਾ ਵਿਛੜਿਆ ਪੱਲੂ ਫੜ ਕੇ ਗੰਢਿਆ, ਮੇਲ ਮਿਲਾਵਾ ਸਹਿਜ ਸੁਭਾਈਆ । ਦੇਵੇ ਵਡਿਆਈ ਭੁਖਿਆਂ ਨੰਗਿਆਂ, ਸ਼ਹਿਨਸ਼ਾਹ ਖ਼ਾਕ ਵਿਚ ਰਲਾਈਆ । ਗੁਰਮੁਖ ਚੰਗਿਆਂ ਨਾਲੋਂ ਕਰੇ ਚੰਗਿਆਂ, ਚੰਗਿਆਈਆਂ ਆਪਣਾ ਨਾਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ

ਪੁਰਖ ਆਪਣੀ ਖੇਲ ਵਖਾਈਆ । ਵੇਖ ਅਦਲ ਸ਼ਿਵ ਕਹੇ ਪੁਕਾਰ, ਸ਼ੰਕਰ ਭੋਲਾ ਨਾਥ ਦਏ ਦੁਹਾਈਆ । ਦੋਏ ਜੋੜ ਕਰ ਨਿਮਸਕਾਰ, ਨਮੋ ਨਮੋ ਸੀਸ ਨਿਵਾਈਆ । ਤੇਰੀ ਕਰਨੀ ਅਪਰ ਅਪਾਰ, ਤੂੰ ਕਰਤਾ ਬੇਪਰਵਾਹੀਆ । ਜੁਗ ਚੌਕੜੀ ਵੇਂਹਦੇ ਰਹੇ ਵਿਚ ਸੰਸਾਰ, ਨਿਰਗੁਣ ਤੇਰਾ ਸਰਗੁਣ ਰੂਪ ਵੇਖਿਆ ਵਿਚ ਲੋਕ ਖ਼ੁਦਾਈਆ । ਕਲਜੁਗ ਅੰਤ ਕਰੇ ਖੇਲ ਅਪਾਰ, ਅਪਰੰਪਰ ਸਵਾਮੀ ਆਪਣੀ ਧਾਰ ਜਣਾਈਆ । ਜੋਤੀ ਜਾਮਾ ਲੈ ਅਵਤਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਹੰ ਬ੍ਰਹਮ ਦਏ ਆਧਾਰ, ਸੰਤ ਸੁਹੇਲੇ ਕਰ ਪਿਆਰ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਮੇਰੀ ਤ੍ਰਿਸੂਲ ਗਈ ਹਾਰ, ਇਕੋ ਮੰਗੇ ਤੇਰਾ ਸਹਾਰ, ਬਲਹੀਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚੇ ਹੱਥ ਰਖਾਈਆ । ਅਦਲ ਵੇਖ ਉਠਿਆ ਬ੍ਰਹਮਾ, ਪਾਰਬ੍ਰਹਮ ਸੀਸ ਨਿਵਾਈਆ । ਤੇਰਾ ਖੇਲ ਪੁਰਖ ਅਕਾਲ ਅਗੰਮਾ, ਸਮਝ ਸਕੇ ਕੋਇ ਨਾ ਰਾਈਆ । ਲੱਖ ਚੁਰਾਸੀ ਜੀਵ ਜੰਤ ਤੇਰੇ ਹੁਕਮ ਅੰਦਰ ਜੋ ਜੰਮਾਂ, ਜਨ ਜਨਨੀ ਪਿਤਾ ਮਾਤ ਤੂੰ ਹੀ ਨਜ਼ਰੀ ਆਈਆ । ਪਵਣ ਸਵਾਸ ਸਭ ਦਾ ਬੇੜਾ ਬੰਨਾ, ਘਰ ਘਰ ਆਪਣਾ ਡੇਰਾ ਲਾਈਆ । ਕੋਟਨ ਕੋਟਾਂ ਵਿਚੋਂ ਜਨ ਭਗਤ ਬਣਾਏ ਆਪਣਾ ਚੰਨਾ, ਸਾਚੇ ਸੰਤ ਸਾਚੀ ਬੂਝ ਬੁਝਾਈਆ । ਜੀਵ ਜਹਾਨ ਬਾਕੀ ਦਿਸੇ ਅੰਨਾ, ਨਿਜ ਨੇਤਰ ਨੈਣ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਚੁਕਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਵਸਾਲ, ਵਿਸ਼ਵਧਾਰੀ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦੀ ਘਾਲਦੇ ਰਹੇ ਘਾਲ, ਕੀਤੀ ਘਾਲ ਆਪਣੇ ਲੇਖੇ ਲਾਈਆ । ਜਨ ਭਗਤਾਂ ਬਣ ਦਲਾਲ, ਸਚਖੰਡ ਦਵਾਰ ਵਖਾਏ ਇਕੋ ਧਰਮਸਾਲ, ਪਰਦਾ ਉਹਲਾ ਦਏ ਉਠਾਈਆ । ਸਾਚੀ ਚਲੇ ਅਵਲੜੀ ਚਾਲ, ਗੁਰਮੁਖ ਸੱਜਣ ਲਏ ਸੰਭਾਲ, ਸੋਈ ਸੁਰਤੀ ਆਪਣੇ ਸ਼ਬਦ ਨਾਲ ਮਿਲਾਈਆ । ਮਰਿਆਂ ਫੇਰ ਲਏ ਜਵਾਲ, ਜੀਂਵਦਿਆਂ ਆਪਣੀ ਗੋਦ ਬਿਠਾਲ, ਏਥੇ ਓਥੇ ਦੇਵੇ ਮਾਣ ਵਡਿਆਈਆ । ਲਾੜੀ ਮੌਤ ਨਾ ਆਵੇ ਖਾਣ, ਚਿਤਰਗੁਪਤ ਲੇਖਾ ਮੰਗੇ ਕੋਈ ਨਾ ਆਣ, ਰਾਏ ਧਰਮ ਬੈਠਾ ਨੈਣ ਸ਼ਰਮਾਈਆ । ਸ਼ੰਕਰ ਕਹੇ ਮੈਂ ਹੋਇਆ ਹੈਰਾਨ, ਬ੍ਰਹਮਾ ਕਹੇ ਪਾਰਬ੍ਰਹਮ ਪ੍ਰਭ ਮਿਲਿਆ ਆਣ, ਵਿਸ਼ਨੂੰ ਕਹੇ ਵਾਸਤਾ ਆਪਣੇ ਨਾਲ ਰਖਾਈਆ । ਧਰਨੀ ਧਰਤ ਧਵਲ ਕਹੇ ਧੰਨ ਭਾਗ ਮੇਰੇ ਉਤੇ ਚਰਨ ਰੱਖੇ ਭਗਵਾਨ, ਸਰਨ ਦੇਵੇ ਮਾਣ ਵਡਿਆਈਆ । ਜਿਸ ਦੀ ਕਰੇ ਨਾ ਕੋਈ ਪਹਿਚਾਨ, ਬੇਪਹਿਚਾਨ ਆਪਣਾ ਖੇਲ ਖਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਅਸੀਂ ਦੇਂਦੇ ਆਏ ਅਹਿਵਾਲ, ਹਾਲਤ ਸਭ ਨੂੰ ਸਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਨਿਰੰਕਾਰ ਲੈ ਅਵਤਾਰ, ਕਲ ਕਲਕੀ ਫੇਰਾ ਪਾਈਆ । ਜਿਹੜਾ ਵਸੇ ਸੰਬਲ ਧਾਮ ਨਿਆਰ, ਦੀਆ ਬਾਤੀ ਕਮਲਾਪਾਤੀ ਇਕ ਕਰੇ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਸਾਚਾ ਮੰਦਰ ਇਕ ਸੁਹਾਈਆ । ਜਨ ਭਗਤਾਂ ਬਣੇ ਧੁਰ ਦਾ ਰਾਖਾ, ਲੇਖ ਚੁਕਾਏ ਮਸਤਕ ਮਾਥਾ, ਨਾਮ ਸੁਣਾਏ ਧੁਰ ਦੀ ਗਾਥਾ, ਅੱਖਰ ਵੱਖਰ ਕਰੇ ਪੜ੍ਹਾਈਆ । ਵਣਜ ਕਰਾਏ ਇਕੋ ਹਾਟਾ, ਜੋਤ ਜਗਾਏ ਨੂਰ ਲਲਾਟਾ, ਜਾਮ ਪਿਆਏ ਅੰਮ੍ਰਿਤ ਬਾਟਾ, ਕਾਇਆ ਕਾਸਾ ਇਕੋ ਇਕ ਵਖਾਈਆ । ਸਚ ਵਡਿਆਈ ਜਨ ਭਗਤਾਂ ਪੂਰਾ ਕਰੇ ਘਾਟਾ, ਘਾਟਿਉਂ ਵਾਧਾ ਦਏ ਵਖਾਈਆ । ਜਿਨ੍ਹਾਂ ਦਾ ਗੋਬਿੰਦ ਪਿਤਾ ਪੁਰਖ ਅਕਾਲ ਦਾਦਾ, ਸੋ ਗੁਰਮੁਖ ਨਾ ਮਰੇ ਨਾ ਜਾਈਆ । ਸਾਧ ਸੰਤ ਦੂਜਾ ਬਣੌਣਾ

੯੭੪ ੧੯

ਕੋਈ ਨਾ ਚਾਚਾ, ਚਾਚਾ ਕੰਮ ਕਿਸੇ ਨਾ ਆਈਆ । ਗੁਰਮੁਖ ਨੂਰ ਸਾਚਾ ਹੀਰਾ ਲਾਲ ਅਨਮੁਲੜਾ ਸਤਿਗੁਰ ਘਰ ਨਾ ਕਦੇ ਗਵਾਚਾ, ਜੁਗ ਜਨਮ ਦਾ ਵਿਛੜਿਆ ਚਾਰੇ ਕੂਟਾਂ ਵਿਚੋਂ ਫੋਲ ਫੁਲਾਈਆ । ਧੀਰਜ ਨਾਲ ਦਏ ਦਿਲਾਸਾ, ਪਰੇਮ ਨਾਲ ਕਰੇ ਹਾਸਾ, ਸ਼ਬਦ ਧਾਰ ਬਣੇ ਰਾਖਾ, ਦੋ ਜਹਾਨਾਂ ਹੋਏ ਸਹਾਈਆ । ਗੁਰਸਿਖ ਗੁਰ ਦਾ ਮੰਨੇ ਆਖਾ, ਲੇਖਾ ਚੁੱਕੇ ਪੂਜਾ ਪਾਠਾ, ਪਾਰ ਉਤਾਰੇ ਆਪਣੇ ਘਾਟਾ, ਪੱਤਣ ਇਕੋ ਇਕ ਵਖਾਈਆ । ਚਰਨ ਕਵਲ ਜੁੜਾਏ ਨਾਤਾ, ਗੋਦ ਉਠਾਏ ਬਣ ਕੇ ਪਿਤਾ ਮਾਤਾ, ਸਾਚਾ ਸੱਜਣ ਇਕੋ ਇਕ ਹਰਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਵੇਖ ਅਦਾਲਤ ਹੁੰਦੀ, ਹੌਸਲਾ ਸਾਰੇ ਰਹੇ ਢਾਹੀਆ । ਲਾੜੀ ਮੌਤ ਕਹੇ ਮੇਰੀ ਮੀਂਢੀ ਰਹਿ ਗਈ ਗੁੰਦੀ, ਸੀਸ ਸ਼ਿੰਗਾਰ ਵਖਾਈਆ । ਰਾਏ ਧਰਮ ਕਹੇ ਮੇਰਾ ਮਸੂਲ ਮਿਲਿਆ ਨਾ ਉਤੇ ਚੁੰਗੀ, ਲੇਖਾ ਹੱਥ ਨਾ ਕੋਇ ਫੜਾਈਆ । ਚਿਤਰ ਗੁਪਤ ਕਹੇ ਮੇਰੇ ਹੱਥੋਂ ਖ਼ੁਸ ਗਈ ਕੁੰਜੀ, ਕੁਫਲ ਸਕਿਆ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਦੀ ਪ੍ਰਭ ਆਪਣੇ ਹੱਥ ਰੱਖੀ ਪੂੰਜੀ, ਦੂਜੇ ਹੱਥ ਨਾ ਕਿਸੇ ਫੜਾਈਆ । ਚਾਰ ਜੁਗ ਅੰਦਰ ਵੜ ਕੇ ਕਿਸੇ ਨਾ ਢੂੰਡੀ, ਬਾਹਰੋਂ ਇਸ਼ਾਰਿਆਂ ਨਾਲ ਸਮਝਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਨਿਰਗੁਣ ਸਰਗੁਣ ਹੋ ਕੇ ਹੱਥ ਵਿਚ ਫੜੇ ਖੂੰਡੀ, ਖੁੰਡੇ ਕਾਇਆ ਫੋਲੇ ਚਾਈਂ ਚਾਈਂਆ । ਜਿਸ ਦੀ ਔਧ ਵੇਖੇ ਪੁਗੀ, ਓਸ ਦੀ ਫੇਰ ਵਸਾਏ ਝੁੱਗੀ, ਮੰਦਰ ਆਪਣਾ ਨਾਲ ਜਣਾਈਆ । ਇਹ ਧਾਰ ਕਿਸੇ ਨਾ ਬੁਝੀ, ਜੁਗ ਚੌਕੜੀ ਰਹੀ ਗੁੱਝੀ, ਪੜਦਾ ਸਕੇ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਦਇਆ ਕਮਾਈਆ । ਵੇਖ ਅਦਲ ਗੁਰ ਅਵਤਾਰ ਪੀਰ ਪੈਗੰਬਰ ਗਏ ਝੁਕ, ਝਾਕੀ ਪ੍ਰਭ ਚਰਨ ਧਿਆਨ ਲਗਾਈਆ । ਜਨ ਭਗਤ ਵਡਿਆਈ ਉਜਲ ਕਰੇ ਮੁਖ, ਮੁਫ਼ਤ ਆਪਣੀ ਦਇਆ ਕਮਾਈਆ । ਦਰ ਘਰ ਆ ਕੇ ਸਵਾਮੀ ਲਏ ਪੁਛ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਇਕੋ ਦਰਸ ਦਰਸਾਈਆ । ਰਵ ਸਸ ਸੂਰਜ ਚੰਦ ਕਰਨ ਹਾਸਾ, ਖ਼ੁਸ਼ੀਆਂ ਰਾਗ ਅਲਾਈਆ । ਉਠੋ ਮੰਡਲ ਮੰਡਪ ਸਾਰੇ ਵੇਖੋ ਤਮਾਸ਼ਾ, ਗਗਨ ਗਗਨੰਤਰ ਆਪਣੀ ਅੱਖ ਖੁਲ੍ਹਾਈਆ । ਚੌਦਾਂ ਲੋਕ ਚੌਦਾਂ ਤਬਕ ਸਾਰੇ ਮੰਨੋ ਆਖਾ, ਮਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਜਿਸ ਦੀਆਂ ਚਾਰ ਜੁਗ ਕਰਦੇ ਰਹੇ ਬਾਤਾਂ, ਅੱਖਰਾਂ ਨਾਲ ਸਿਫ਼ਤ ਸਾਲਾਹੀ ਢੋਲੇ ਗਾਈਆ । ਸੋ ਨਿਰਗੁਣ ਨਿਰਵੈਰ ਨਿਰੰਕਾਰ ਜਨ ਭਗਤਾਂ ਹੋਇਆ ਰਾਖਾ, ਰੱਖਿਆ ਕਰੇ ਚਾਈਂ ਚਾਈਂਆ । ਜੇ ਬਾਹਰੋਂ ਵੇਖਣ ਅੰਨਾ ਅੰਦਰੋਂ ਸਦਾ ਸੁਜਾਖਾ, ਸੋਹਣੀ ਆਪਣੀ ਖੇਲ ਰਚਾਈਆ । ਜੁਗ ਚੌਕੜੀ ਨਿਤ ਨਵਿਤ ਸਚ ਸੁਣਾਏ ਅਗੰਮੀ ਭਾਸ਼ਾ, ਧੁਰ ਸੰਦੇਸਾ ਨਾਮ ਦ੍ਰਿੜਾਈਆ । ਜਨ ਭਗਤਾਂ ਅੰਦਰ ਕਰ ਕੇ ਵਾਸਾ, ਵਸਲ ਸੱਚੋ ਸਚ ਇਕ ਸਮਝਾਈਆ । ਗੁਰਮੁਖ ਗੁਰਸਿਖ ਹਰਿਜਨ ਹੋਏ ਨਾ ਕੋਇ ਨਿਰਾਸਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਈਆ । ਲੱਖ ਚੁਰਾਸੀ ਆਵਣ ਜਾਵਣ ਜਨਮ ਮਰਨ ਕਰੇ ਬੰਦ ਖੁਲਾਸਾ, ਬੰਦਗੀ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਤਰਾਈਆ । ਦੋ ਜਹਾਨ ਵੇਖੋ ਡਰਦਾ, ਭੈ ਵਿਚ ਸਮਾਈਆ । ਚੌਦਾਂ ਲੋਕ ਕਲਮਾ ਪੜ੍ਹਦਾ, ਚੌਦਾਂ ਤਬਕ ਵਿਦਿਆ ਚੌਦਾਂ ਪੰਧ ਮੁਕਾਈਆ । ਚੰਦ ਚੌਧਵੀਂ ਸਜਦਾ ਕਰਦਾ, ਨਿਉਂ ਨਿਉਂ ਲਾਗੇ ਪਾਈਂਆ । ਇਕ ਚਾਰ ਦਾ ਲੇਖਾ ਕਾਇਆ ਮਾਟੀ ਪੰਜ ਤਤ ਧੜਦਾ, ਸੀਸ ਜਗਦੀਸ ਆਪੇ ਬੈਠਾ ਸੋਭਾ ਪਾਈਆ ।

ਮੰਜ਼ਲ ਪੌੜੇ ਧੁਰਦੇ ਚੜ੍ਹਦਾ, ਮਹਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਨਿਰਗੁਣ ਧਾਰ ਇਕ ਇਕੱਲਾ ਏਕੰਕਾਰ ਅਕਲ ਕਲ ਆਪਣਾ ਖੇਲ ਰਚਾਈਆ । ਅਦਲ ਕਹੇ ਮੈਂ ਵੇਖਿਆ ਹੱਕ, ਹਕੀਕਤ ਵਿਚੋਂ ਆਪ ਪਰਗਟਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਨਿਕਲਿਆ ਸ਼ੱਕ, ਸੰਸਾ ਰਹਿਣ ਕੋਇ ਨਾ ਪਾਈਆ । ਅੱਗੇ ਸਭ ਦੀ ਹੋ ਗਈ ਬੱਸ, ਬਿਸਤਰ ਬੰਨ ਕੇ ਬੈਠੇ ਨਜ਼ਰੀ ਆਈਆ । ਉਚੀ ਕੂਕ ਪੁਕਾਰ ਰਸਨਾ ਕਹਿਣ ਤੂੰ ਪੁਰਖ ਸਮਰਥ, ਸ੍ਰੀ ਭਗਵਾਨ ਤੇਰੀ ਵਡਿਆਈਆ । ਬਿਨ ਢਾਹਿਉਂ ਪਰਵਰਦਿਗਾਰ ਤੇਰੀ ਚਰਨੀ ਗਏ ਢੱਠ, ਮਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੇ ਨਾਮ ਦਾ ਜੋ ਚਲਾਇਆ ਹੱਟ, ਬਣ ਹਟਵਾਣੇ ਸੇਵ ਕਮਾਈਆ । ਕਲਮਾ ਕਲਾਮ ਰਸਨਾ ਜਿਹਵਾ ਬੱਤੀ ਦੰਦ ਮਣਕਾ ਮਣਕਾ ਲਿਆ ਰਟ, ਢੋਲਾ ਸੋਹਲਾ ਗੀਤ ਗੋਬਿੰਦ ਅਲਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਦ ਕਤੇਬਾਂ ਮਾਰਗ ਆਏ ਦੱਸ, ਲੇਖਾ ਲਿਖ ਕੇ ਕਲਮ ਛਾਹੀਆ । ਕਲਜੁਗ ਅੰਤ ਕਰੇ ਖੇਲ ਸੂਰਾ ਸਰਬੰਗ, ਸਮਰਥ ਆਪਣੀ ਦਇਆ ਕਮਾਈਆ । ਜਨ ਭਗਤਾਂ ਵਸ ਉਪਰ ਸ਼ਾਹ ਰਗ, ਤ੍ਰੈਗੁਣ ਮਾਇਆ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਬਿਨ ਮੱਕਿਉਂ ਕਾਅਬਿਉਂ ਕਰਾਏ ਹੱਜ, ਬਿਨ ਤੰਦ ਸਤਾਰ ਵਜਾਏ ਨਦ, ਅਨਹਦ ਰਾਗ ਰਾਗ ਅਲਾਈਆ । ਫੜ ਕੇ ਹੰਸ ਬਣਾਏ ਕੱਗ, ਮਾਣਕ ਮੋਤੀ ਸੋਹੰ ਸਾਚੀ ਚੋਗ ਚੁਗਾਈਆ । ਕੂੜੀ ਕਿਰਿਆ ਜਗਤ ਵਿਕਾਰੇ ਵਿਚੋਂ ਕੱਢ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰੇ ਸਚ ਕੁੜਮਾਈਆ । ਜੋ ਸਰਸੇ ਕੰਢੇ ਗਏ ਛੱਡ, ਤਿਨ੍ਹਾਂ ਦੇ ਲੇਖੇ ਲਾਏ ਮਾਟੀ ਹੱਡ, ਓਨ੍ਹਾਂ ਵਿਚੋਂ ਇਕ ਇਹ ਵੀ ਨਜ਼ਰੀ ਆਈਆ । ਕਰ ਕਿਰਪਾ ਲਿਆ ਰੱਖ, ਸੱਤਰਾਂ ਦੀ ਇਹਦੇ ਵਲ ਅੱਖ, ਕਿਰਪਾ ਕਰ ਪੁਰਖ ਸਮਰਥ, ਕੱਖੋਂ ਲੱਖ ਦੇ ਬਣਾਈਆ । ਤੇਰਾ ਬਿਰਦ ਪ੍ਰਭ ਕਦੀ ਨਾ ਜਾਏ ਪਿਛੇ ਨੱਠ, ਜੁਗ ਜੁਗ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਹੋਏ ਸਹਾਈਆ । ਸਦਾ ਸਦਾ ਪ੍ਰਭ ਤੇਰਾ ਸਦਕਾ, ਹਉਂ ਘੋਲੀ ਵਾਰੀ ਘੋਲ ਘੁਮਾਈਆ । ਭਗਤ ਭਗਵਾਨ ਪ੍ਰਭ ਦਿਸੇ ਤੇਰਾ ਤਬਕਾ, ਤੇਰਾ ਨੂਰ ਨਜ਼ਰੀ ਆਈਆ । ਜਦ ਪੜ੍ਹਨ ਤਦ ਤੇਰਾ ਸਬਕਾ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਇਕੋ ਸਿਖਣ ਅਗੰਮੀ ਹਰਫ਼ਾ, ਜਿਸ ਦੀ ਧਾਰ ਤੇਰੇ ਵਿਚੋਂ ਨਜ਼ਰੀ ਆਈਆ । ਹਰਿਜਨ ਕਦੀ ਨਾ ਹੋਏ ਦੋ ਤਰਫ਼ਾ, ਯੱਕ ਤਰਫ਼ ਇਕੋ ਇਕ ਨਜ਼ਰੀ ਆਈਆ । ਜਿਸ ਦਾ ਨਾ ਕੋਈ ਸੋਗ ਨਾ ਕੋਈ ਹਰਖ਼ਾ, ਚਿੰਤਾ ਗ਼ਮ ਸੰਗ ਨਾ ਕੋਇ ਲਿਆਈਆ । ਜਦ ਕਰੇ ਰਹਿਮਤ ਜਨ ਭਗਤਾਂ ਉਤੇ ਤਰਸਾ, ਗੁਰਮੁਖ ਗੁਰ ਗੁਰ ਵੇਖ ਵਖਾਈਆ । ਜਨਮ ਜਨਮ ਦੀ ਮਿਟੇ ਹਰਸਾ, ਹਿਵਸ ਹਵਸ ਅਵਰ ਨਾ ਕੋਇ ਵਧਾਈਆ । ਜਿਸ ਦਾ ਮਾਣਸ ਜਨਮ ਸਵਾਸਾਂ ਦਾ ਮੁੱਕਣ ਵਾਲਾ ਖ਼ਰਚਾ, ਤਿਸ ਪੱਲੂ ਗੰਢ ਪਵਾਈਆ । ਘਰ ਘਰ ਹੋਣ ਨਾ ਦਿਤੀ ਚਰਚਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਵੇਖੋ ਧੁਰ ਦਾ ਧਰਮ ਰਾਏ ਵਖਾਏ ਪਰਚਾ, ਬੌਹੜੀ ਬੌਹੜੀ ਰਿਹਾ ਕੁਰਲਾਈਆ । ਤੂੰ ਕਿਥੋਂ ਆ ਗਿਉਂ ਵਸਣਵਾਲਾ ਉਤੇ ਅਰਸ਼ਾਂ, ਲੋਕਮਾਤ ਫੇਰਾ ਪਾਈਆ । ਤੂੰ ਪਹਿਲੋਂ ਮੇਰਾ ਬੱਧਾ ਧੜਤਾ, ਧੜਵਾਈ ਲਾ ਕੇ ਗਿਉਂ ਸਮਝਾਈਆ । ਮੇਰੇ ਹੁਕਮ ਬਿਨਾਂ ਅੱਗੇ ਕੋਈ ਨਾ ਲੰਘਦਾ, ਜਮਦੂਤ ਫੜ ਫੜ ਦੇਣ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਵੇਖ ਅਦਲ ਉਠੇ ਚਾਰੇ ਜੁਗ, ਆਪਣੀ ਆਪਣੀ ਲੈਣ ਅੰਗੜਾਈਆ । ਕਲਜੁਗ ਕਹੇ ਮੇਰੀ ਔਧ ਰਹੀ ਪੁਗ, ਸਤਿਜੁਗ

ਕਹੇ ਮੇਰੀ ਵਾਰੀ ਨੇੜੇ ਆਈਆ । ਤ੍ਰੇਤਾ ਕਹੇ ਮੈਂ ਅਜੇ ਬਹਿਣਾ ਲੁੱਕ, ਦਵਾਪਰ ਕਹੇ ਗੂੜ੍ਹੀ ਨੀਂਦ ਸੌਂ ਕੇ ਖ਼ੁਸ਼ੀ ਮਨਾਈਆ । ਜਨ ਭਗਤਾਂ ਆਸਾ ਕਹੇ ਤੁਸੀਂ ਸਾਰੇ ਰਹੋ ਚੁੱਪ, ਸੋ ਭਲੀ ਜੋ ਸਾਹਿਬ ਸਤਿਗੁਰ ਭਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੇ ਭਾਣੇ ਅੰਦਰ ਖ਼ੁਸ਼, ਖ਼ੁਸ਼ੀਆਂ ਰੰਗ ਰੰਗਾਈਆ । ਚਲੋ ਰਲ ਮਿਲ ਸਾਰੇ ਉਸ ਦੇ ਕੋਲੋਂ ਲਈਏ ਪੁਛ, ਗਲ ਪੱਲੂ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਵੇ ਇਕੋ ਵਰ, ਅਗਲਾ ਭੇਵ ਖੁਲ੍ਹਾਈਆ । ਚਲੋ ਰਲ ਮਿਲ ਸਾਰੇ ਸੰਗੀ, ਸੋਹਣਾ ਸੰਗ ਬਣਾਈਆ । ਜਿਹੜਾ ਖੇਲ ਕਰੇ ਵਰਭੰਡੀ, ਬ੍ਰਹਿਮੰਡੀ ਜੋਤ ਜਗਾਈਆ । ਜੋ ਭਗਤਾਂ ਦੇਵੇ ਵਸਤ ਅਨਮੰਗੀ, ਅਨਡਿਠੜੀ ਦਾਤ ਵਰਤਾਈਆ । ਗੁਰਮੁਖਾਂ ਲਾਏ ਕਾਰ ਅੰਗੀ, ਅੰਗਣ ਆਪਣੇ ਵਿਚ ਬਹਾਈਆ । ਪਿਠ ਹੋਣ ਨਾ ਦੇਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਨਾਤਾ ਤੋੜ ਖ਼ਾਨਾਬੰਦੀ, ਬੰਦਾ ਬੰਦੇ ਵਿਚੋਂ ਆਪਣਾ ਫੇਰ ਪਰਗਟਾਈਆ । ਇਹੋ ਸਾਹਿਬ ਸਤਿਗੁਰ ਖੇਲ ਲੱਗੀ ਚੰਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਾਤਾ ਦਾਤਾਰ ਦਇਆਵਾਨ ਹੋਏ ਸਹਾਈਆ । ਚਾਰ ਜੁਗ ਵੇਖ ਉਠੇ, ਚਾਰੇ ਖਾਣੀ ਖ਼ੁਸ਼ੀ ਮਨਾਈਆ । ਚਾਰੇ ਬਾਣੀ ਢੋਲੇ ਰਟੇ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਛੱਕੇ, ਸੋਹਲਾ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੂਰ ਦੁਰਾਡੇ ਰਹੇ ਤੱਕੇ, ਨੇਤਰ ਨੈਣਾਂ ਅੱਖ ਖੁਲ੍ਹਾਈਆ । ਜਿਸ ਪਿਛਲੇ ਲੇਖ ਦੇ ਮਨਸੂਖ ਕੀਤੇ ਪਟੇ, ਇਕੋ ਅੱਗੇ ਹੁਕਮ ਸੁਣਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਦੇ ਅੱਗੇ ਨਾ ਰਹਿਣੇ ਰੱਟੇ, ਝਗੜਾ ਕਰੇ ਨਾ ਕੋਇ ਲੋਕਾਈਆ । ਜਿਉਂ ਧੰਨੇ ਪਰਗਟ ਹੋਏ ਦਰਸ ਦਿਖਾਇਆ ਵਿਚੋਂ ਵੱਟੇ, ਹੁਣ ਬਿਨਾਂ ਵੱਟਿਉਂ ਨਜ਼ਰੀ ਆਈਆ । ਜਿਸ ਨਾਮੇ ਭੋਗ ਲਗਾਇਆ ਦੁਧ ਕਟੋਰੇ ਛੰਨੇ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਭਗਤ ਸੁਹੇਲਾ ਹੋ ਕੇ ਸ੍ਰੀ ਭਗਵਾਨ ਆਪੇ ਮੰਨੇ, ਮਨਸਾ ਆਪਣੀ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਮ ਸੰਦੇਸਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਸੁਣੋ ਸੰਦੇਸਾ ਭਗਤ ਜਨ ਮੀਤ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਜੁਗ ਚੌਕੜੀ ਬਦਲੇ ਰੀਤ, ਰੀਤੀਵਾਨ ਹੁਕਮ ਵਰਤਾਇੰਦਾ । ਸਤਿਜੁਗ ਸਾਚੇ ਲੇਖਾ ਚੁੱਕੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਜ਼ਰ ਕੋਇ ਨਾ ਆਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਨਾਮ ਕਲਮਾ ਦੱਸੇ ਇਕ ਹਦੀਸ, ਹਜ਼ਰਤ ਸਾਚਾ ਸਚ ਪੜ੍ਹਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਗ ਜਾਇਣ ਜੀਤ, ਜੀਵਣ ਜੁਗਤ ਇਕ ਵਖਾਇੰਦਾ । ਝਗੜਾ ਮੁੱਕੇ ਊਚ ਨੀਚ, ਰਾਉ ਰੰਕ ਇਕੋ ਘਰ ਵਸਾਇੰਦਾ । ਆਤਮ ਪਰਮਾਤਮ ਮੇਲ ਮਿਲਾਵੇ ਠੀਕ, ਕੂੜਾ ਠੀਕਰ ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਸਚ ਪ੍ਰੀਤ, ਪ੍ਰੀਤੀਵਾਨ ਇਕ ਹੋ ਜਾਇੰਦਾ । ਸਚ ਪ੍ਰੀਤ ਕਰੋ ਹਰਿ ਸਵਾਮੀ, ਦੋ ਜਹਾਨ ਮਿਲੇ ਵਡਿਆਈਆ । ਪੁਰਖ ਅਕਾਲ ਦੀ ਪੜ੍ਹੋ ਅਗੰਮੀ ਬਾਣੀ, ਨਿਤ ਨਵਿਤ ਜੋ ਆਦਿ ਜੁਗਾਦਿ ਸੁਣਾਈਆ । ਅੰਮ੍ਰਿਤ ਆਤਮ ਰਸ ਪੀਓ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨੀ ਸ਼ਹਿਨਸ਼ਾਹ ਸੁਣਾਏ ਸਚ ਕਹਾਣੀ, ਕਹਾਵਤ ਰੂਪ ਨਾ ਕੋਇ ਵਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੁਰਤੀ ਬਾਲੀ ਨੱਢੀ ਇਕ ਅੰਜਾਣੀ, ਸੋਚ ਸਮਝ ਸਕੇ ਕੁਛ ਨਾ ਰਾਈਆ । ਜਿਸ ਕਿਰਪਾ ਕਰੇ ਸਚ ਮਹਿਬੂਬ ਹਰਿ ਸੁਲਤਾਨੀ, ਸੁਲ੍ਹਾਕੁਲ


੯੭੬
੧੯

੯੭੭ ੧੯

ਸੁਲ੍ਹਾ ਆਪਣੇ ਨਾਲ ਕਰਾਈਆ । ਸੋ ਸੂਫ਼ੀ ਭਗਤ ਰੂਹ ਆਤਮ ਕਦੇ ਨਾ ਹੋਏ ਫ਼ਾਨੀ, ਫ਼ਨਾਹ ਦਿਸੇ ਸਰਬ ਲੋਕਾਈਆ । ਪਰਵਰਦਿਗਾਰ ਸਾਂਝਾ ਯਾਰ ਮਿਲਿਆ ਜਾਨੀ, ਅਨਜਾਣਤ ਅਨਜਾਣ ਆਪਣੀ ਗੋਦ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕ ਪਦ ਨਿਰਬਾਨੀ, ਜੋ ਪਦ ਪਦ ਚਲਿਆਂ ਹੱਥ ਕਿਸੇ ਨਾ ਆਈਆ ।

## ★ ੩ ਵਸਾਖ ੨੦੨੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ★

ਪੀਰ ਪੈਗ਼ੰਬਰ ਕਰਨ ਇਜ਼ਹਾਰ, ਧੁਰ ਦੇ ਢੋਲੇ ਗੀਤ ਸੁਣਾਈਆ । ਵੇਖ ਖੇਲ ਪਰਵਰਦਿਗਾਰ, ਖ਼ੁਸ਼ੀਆਂ ਰੰਗ ਘਰ ਰੰਗਾਈਆ । ਗੁਰ ਅਵਤਾਰ ਬੋਲ ਜੈਕਾਰ, ਸਚ ਸੰਦੇਸਾ ਰਹੇ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝਾ ਯਾਰ, ਸੱਚਾ ਸਾਚੀ ਕਾਰ ਕਮਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਈਆ । ਚਾਰ ਜੁਗ ਦਾ ਲੇਖਾ ਵੇਖੇ ਆਪ ਨਿਰੰਕਾਰ, ਭਵਿਖਤ ਪੜਦਾ ਆਪ ਚੁਕਾਈਆ । ਪੜ੍ਹਨ ਸੁਣਨ ਦੀ ਜਾਣ ਗੁਫ਼ਤਾਰ, ਗੁਫ਼ਤ ਸ਼ਨੀਦ ਦਏ ਸਮਝਾਈਆ । ਲੋਕਮਾਤ ਹੋ ਉਜਿਆਰ, ਪਰਦਾ ਆਪਣਾ ਆਪ ਚੁਕਾਈਆ । ਹਰਿਜਨ ਸੰਤ ਸ੍ਰੀ ਭਗਵੰਤ ਲਏ ਉਠਾਲ, ਅੱਠ ਤਤ ਵੇਖੇ ਚਾਈਂ ਚਾਈਂਆ । ਸਚ ਦਵਾਰਾ ਸਤਿ ਸੱਚੀ ਧਰਮਸਾਲ, ਮੰਦਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਾਰ ਸਚ ਕਮਾਈਆ । ਪੀਰ ਪੈਗ਼ੰਬਰ ਕਹਿਣ ਮੋਹੇ ਮਨਜ਼ੂਰ, ਮਨਸਾ ਤੇਰੇ ਵਿਚ ਸਮਾਈਆ । ਤੇਰਾ ਜਲਵਾ ਉਪਰ ਕੋਹਤੂਰ, ਨੂਰ ਨੂਰਾਨਾ ਨਜ਼ਰੀ ਆਈਆ । ਤੇਰੇ ਬਰਦੇ ਹੋਏ ਮਸ਼ਕੂਰ, ਸਜਦਾ ਸੀਸ ਨਿਵਾਈਆ । ਲੋਕਮਾਤ ਬਣ ਮਜ਼ਦੂਰ, ਚਾਕਰ ਤੇਰੀ ਸੇਵ ਕਮਾਈਆ । ਕਲਜੁਗ ਅੰਤ ਮੱਚਿਆ ਵੇਖ ਫ਼ਤੂਰ, ਭਰਮੇ ਭੁੱਲੀ ਸਰਬ ਲੋਕਾਈਆ । ਮਨ ਵਾਸਨਾ ਕੂੜ ਗ਼ਰੂਰ, ਗੁਰਬਤ ਘਰ ਘਰ ਡੇਰਾ ਲਾਈਆ । ਕੋਈ ਨਾ ਮੰਗੇ ਪ੍ਰਭੂ ਤੇਰੇ ਚਰਨ ਧੂੜ, ਮਸਤਕ ਟਿੱਕਾ ਖ਼ਾਕ ਨਾ ਕੋਇ ਰਮਾਈਆ । ਮਾਇਆ ਮਮਤਾ ਹੋਈ ਮਸ਼ਹੂਰ, ਮਸ਼ਵਰਾ ਘਰ ਘਰ ਦੇਵੇ ਚਾਈਂ ਚਾਈਂਆ । ਸਾਧ ਸੰਤ ਕਰਨ ਕਸੂਰ, ਬੇਵਫ਼ਾ ਨਜ਼ਰੀ ਆਈਆ । ਜਿਨ੍ਹਾਂ ਦੀ ਮਹਿਮਾਂ ਸਿਫ਼ਤ ਕਰੇ ਮਨਸੂਰ, ਨੇਤਰ ਵੇਖ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਦੇਵੇ ਸਚ ਵਡਿਆਈਆ । ਸਚ ਵਡਿਆਈ ਦੇਵਣ ਜੋਗ, ਹਰਿ ਜੋਗੀਸ਼ਰ ਦਇਆ ਕਮਾਇੰਦਾ । ਸੇਜ ਅਗੰਮੜੀ ਭੋਗੇ ਭੋਗ, ਭਸਮੜ ਰੂਪ ਆਪ ਵਟਾਇੰਦਾ । ਲੇਖਾ ਜਾਣ ਆਪਣੇ ਲੋਕ, ਪਰਲੋਕ ਪਰਦਾ ਆਪ ਚੁਕਾਇੰਦਾ । ਮੇਲ ਮਿਲਾਵਾ ਨਿਰਗੁਣ ਜੋਤ, ਸਰਗੁਣ ਨੂਰ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਆਪ ਵਰਤਾਇੰਦਾ । ਪੀਰ ਪੈਗ਼ੰਬਰ ਕਹਿਣ ਸੰਦੇਸਾ, ਸਦਾ ਨਾਮ ਜਣਾਈਆ । ਪਾਰਬ੍ਰਹਮ ਪ੍ਰਭ ਸਚ ਨਰੇਸ਼ਾ, ਨਰ ਨਰਾਇਣ ਖੇਲ ਖਿਲਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮ ਮਹੇਸ਼ਾ, ਸ਼ੰਕਰ ਲਏ ਜਗਾਈਆ । ਗੁਰ ਅਵਤਾਰ ਵਟਾਏ ਵੇਸਾ, ਪੀਰ ਪੈਗ਼ੰਬਰ ਖ਼ਾਕੀ ਤਨ ਹੰਢਾਈਆ । ਅੰਤ ਭਗਵੰਤ ਨਿਰਗੁਣ ਧਾਰੇ ਜੋਤੀ ਭੇਸਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਹੋ ਕੇ ਖੇਲੇ ਖੇਡਾ, ਖ਼ਾਲਕ ਹੋ ਕੇ ਖ਼ਲਕ ਰਿਹਾ ਭੁਲਾਈਆ । ਸ਼ਬਦ ਨਿਸ਼ਾਨਾ ਮਾਰੇ ਨੇਜ਼ਾ, ਤੀਰ ਅੰਦਾਜ਼ ਬਣਿਆ ਬੇਪਰਵਾਹੀਆ । ਆਦਿ ਜੁਗਾਦਿ

ਵਸਣਹਾਰਾ ਸਚਖੰਡ ਧਾਮ ਹਮੇਸ਼ਾ, ਹਰ ਘਟ ਬੈਠਾ ਸੋਭਾ ਪਾਈਆ । ਜਨ ਭਗਤਾਂ ਲਾਏ ਧੁਰ ਦਾ ਲੇਖਾ, ਪੂਰਬ ਲਹਿਣਾ ਵੇਖ ਵਖਾਈਆ । ਭਰਮ ਚੁਕਾਏ ਮੁੱਲਾਂ ਸ਼ੇਖ਼ਾ, ਮਸਾਇਕ ਬੈਠਣ ਮੁਖ ਭਵਾਈਆ । ਜਿਨ੍ਹਾਂ ਭਗਤਾਂ ਪਿਛੇ ਆਪਣੀ ਪੰਜ ਤਤ ਕਾਇਆ ਕੀਤੀ ਭੇਟਾ, ਹੱਡ ਮਾਸ ਨਾੜੀ ਅਗਨੀ ਤਤ ਤਪਾਈਆ । ਤਿਨ੍ਹਾਂ ਗੁਰਮੁਖਾਂ ਬਣ ਕੇ ਆਇਆ ਖੇਵਟ ਖੇਟਾ, ਸਚ ਮਲਾਹ ਰੂਪ ਵਟਾਈਆ । ਨਾਤਾ ਜੋੜ ਪਿਤਾ ਬੇਟਾ, ਪੂਤ ਸਪੂਤ ਲਏ ਉਠਾਈਆ । ਜੁਗ ਜਨਮ ਦਾ ਪਿਛਲਾ ਯਾਦ ਰੱਖੇ ਚੇਤਾ, ਅਭੁਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਮਾਰਨ ਨਾਅਰਾ, ਸ਼ਬਦੀ ਢੋਲਾ ਇਕੋ ਗਾਈਆ । ਚਾਰੋਂ ਕੁੰਟ ਵੇਖ ਪਸਾਰਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਆਦਿ ਜੁਗਾਦੀ ਇਕ ਅਵਤਾਰਾ, ਪੁਰਖ ਅਕਾਲ ਵੇਸ ਵਟਾਈਆ । ਨਿਤ ਨਵਿਤ ਰਹੇ ਜੁਗ ਚਾਰਾ, ਚੌਕੜੀ ਆਪਣਾ ਬੰਧਨ ਪਾਈਆ । ਸਰਗੁਣ ਦੇਵਣਹਾਰ ਸਹਾਰਾ, ਸਮਰਥ ਪੁਰਖ ਮਹਿਮਾ ਅਕੱਥ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਬਣ ਕੇ ਦਏ ਸਮਝਾਈਆ । ਰਹਿਬਰ ਬਣੇ ਆਪ ਖ਼ੁਦਾ, ਖ਼ਾਲਕ ਖ਼ਲਕ ਦਏ ਸਮਝਾਈਆ । ਜੋ ਸੂਫ਼ੀ ਸੁਹੇਲੇ ਹੋਏ ਜੁਦਾ, ਜੁਜ਼ ਆਪਣੇ ਨਾਲ ਮਿਲਾਈਆ । ਮਾਰਗ ਧੁਰ ਦਾ ਦੱਸ ਕੇ ਸਿੱਧਾ, ਸਹਿਜੇ ਸਹਿਜੇ ਲਏ ਉਠਾਈਆ । ਮਿਲ ਸਖੀਆਂ ਪਾਵਣ ਗਿੱਧਾ, ਦੋ ਹੱਥਾਂ ਤਾਲ ਵਜਾਈਆ । ਪ੍ਰਭ ਮਿਲਣ ਦੀ ਮਿਲ ਗਈ ਬਿਧਾ, ਆਤਮ ਪਰਮਾਤਮ ਹੋਈ ਕੁੜਮਾਈਆ । ਸਚ ਸਿੰਘਾਸਣ ਪ੍ਰਭ ਜੂ ਦਿਤਾ ਨਿੰਘਾ, ਨਿਗਾਹ ਆਪਣੀ ਉਤੇ ਟਿਕਾਈਆ । ਪਰੇਮ ਪ੍ਰੀਤੀ ਅੰਦਰ ਭਿੱਜਾ, ਭਿੰਨੜਾ ਰੂਪ ਵਟਾਈਆ । ਪਰੇਮ ਪਿਆਰ ਅੰਦਰ ਸਿਜਾ, ਛਹਿਬਰ ਨਾਮ ਵਖਾਈਆ । ਸਚ ਦਰਬਾਰ ਜਨ ਭਗਤਾਂ ਕੱਢਿਆ ਹਿੱਸਾ, ਦੂਜੀ ਵੰਡ ਨਾ ਕੋਇ ਵੰਡਾਈਆ । ਪੂਰਬ ਜਨਮ ਦਾ ਵੇਖਣਹਾਰਾ ਚਿਠਾ, ਕਾਗ਼ਜ਼ ਆਪਣੇ ਕੋਲੋਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਕਾਬਲ, ਕਾਇਨਾਤ ਦਏ ਸਮਝਾਈਆ । ਸ੍ਰਿਸ਼ਟ ਸਬਾਈ ਬਣ ਕੇ ਬਾਬਲ, ਬਾਬਤ ਆਪਣੀ ਫੇਰਾ ਪਾਈਆ । ਬਾਹਰੋਂ ਦਿਸੇ ਤਨ ਖ਼ਾਕੀ ਪਾਗਲ, ਅੰਦਰ ਸਾਬਤ ਸੂਰਤ ਬੈਠਾ ਬੇਪਰਵਾਹੀਆ । ਸਚ ਦਵਾਰੇ ਕਰੇ ਆਦਲ, ਅਸਲੀਅਤ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਲਏ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਗਾਵਣ ਢੋਲਾ, ਹਰਿ ਹਰਿ ਨਾਮ ਜਣਾਈਆ । ਵੇਖੋ ਪਾਰਬ੍ਰਹਮ ਪ੍ਰਭ ਬਣਿਆ ਗੋਲਾ, ਸੇਵਕ ਆਪਣਾ ਨਾਉਂ ਧਰਾਈਆ । ਸ਼ਬਦ ਸਰੂਪੀ ਹੋ ਵਿਚੋਲਾ, ਵਿਛੜੇ ਆਪਣੇ ਘਰ ਵਸਾਈਆ । ਬਦਲਣਹਾਰਾ ਕਾਇਆ ਚੋਲਾ, ਚੋਲੀ ਇਕੋ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੂਫ਼ੀ ਕਹਿਣ ਤੇਰੀ ਸਦਾਕਤ, ਸਾਹਿਬ ਤੇਰੀ ਵਡਿਆਈਆ । ਦਰਗਾਹ ਸਾਚੀ ਸਚ ਅਦਾਲਤ, ਅਦਲੀ ਨੂਰ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਵੇਖ ਬਗ਼ਾਵਤ, ਬੇਪਰਵਾਹ ਫੇਰਾ ਪਾਈਆ । ਰਹਿਮਤ ਨਾਮ ਕਰੇ ਸਖ਼ਾਵਤ, ਅਨਡਿਠੜੀ ਦਾਤ ਵਰਤਾਈਆ । ਜਨ ਭਗਤਾਂ ਦਏ ਜ਼ਮਾਨਤ, ਜ਼ਾਮਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਖਿਲਾਈਆ । ਗੁਰ ਅਵਤਾਰ ਕਹਿਣ ਵੇਖਿਆ ਹੱਕ, ਹਰਿ ਹਾਕਮ ਬੇਪਰਵਾਹੀਆ । ਪਰਗਟ ਹੋ ਪੁਰਖ ਸਮਰਥ, ਸਚ ਸਾਚੀ

ਕਾਰ ਕਮਾਈਆ । ਸੰਤ ਸੁਹੇਲੇ ਲਏ ਰੱਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਦੋਹ ਅੱਖਾਂ ਵਿਚੋਂ ਪਰਤੱਖ ਕਰਾਈਆ । ਆਤਮ ਪਰਮਾਤਮ ਸੁਣਾ ਕੇ ਜਸ, ਢੋਲਾ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੀਰ ਪੈਗੰਬਰ ਕਹਿਣ ਵੇਖੋ ਨਜ਼ਾਰਾ, ਨਾਜ਼ਰੀਨ ਆਪ ਜਣਾਇੰਦਾ । ਜਿਸ ਦਾ ਲੇਖ ਦਰੂਦ ਹਜ਼ਾਰਾ, ਇਸਮ ਆਜ਼ਮ ਜੋ ਸਮਝਾਇੰਦਾ । ਜਿਸ ਦਾ ਦਰਗਾਹ ਸਾਚੀ ਸਚ ਮਨਾਰਾ, ਆਸਣ ਸਿੰਘਾਸਣ ਸੋਭਾ ਪਾਇੰਦਾ । ਜਿਸ ਦਾ ਮੁੱਲਾ ਸ਼ੇਖ਼ ਪੀਰ ਪੈਗੰਬਰ ਲਏ ਸਹਾਰਾ, ਸੋ ਸਾਹਿਬ ਵੇਸ ਵਟਾਇੰਦਾ । ਜਿਸ ਦਾ ਮੰਜ਼ਲ ਪੰਧ ਆਦਿ ਜੁਗਾਦਿ ਦਿਸਿਆ ਨਾ ਪਾਰ ਕਿਨਾਰਾ, ਸੋ ਵਿਚ ਸੰਸਾਰਾ ਰੂਪ ਧਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੱਭਿਆ ਕਿਸੇ ਨਾ ਜਾਹਰਾ, ਗੁਪਤ ਗੁਪਤੀ ਰੂਪ ਵਟਾਇੰਦਾ । ਜਨ ਭਗਤਾਂ ਮਿਲ ਕੇ ਲਾਵੇ ਸਚ ਅਖਾੜਾ, ਸੋਹਣੀ ਮੰਡਲ ਰਾਸ ਰਚਾਇੰਦਾ । ਪਿਛਲਾ ਲੇਖਾ ਬਿਨ ਲੇਖਿਉਂ ਪਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚੀ ਕਾਰ ਕਮਾਇੰਦਾ । ਪਿਛਲਾ ਲੇਖਾ ਦੱਸ ਭਗਵੰਤ, ਸਚ ਸਚ ਸਮਝਾਈਆ । ਕਿਸ ਬਿਧ ਮਿਲਾਵਾ ਕੀਤਾ ਬਣਾ ਬਣਤ, ਕਰੀ ਨਾਮ ਕੁੜਮਾਈਆ । ਗੜ੍ਹ ਤੋੜ ਹਉਮੇਂ ਹੰਗਤ, ਹਰਿ ਮੰਦਰ ਦਿਤਾ ਵਸਾਈਆ । ਲੇਖਾ ਚੁਕਿਆ ਬਹਿਸ਼ਤ ਜੰਨਤ, ਸਵਰਗ ਸਵਰਗਾਂ ਡੇਰਾ ਢਾਹੀਆ । ਹੋਏ ਮਿਲਾਵਾ ਤੇਰਾ ਅੰਤ, ਦਾਅਵਾ ਇਕੋ ਇਕ ਰਖਾਈਆ । ਤੂੰ ਸਵਾਮੀ ਨੇਤਾ ਕੰਤ, ਪਤਿਪਰਮੇਸ਼ਵਰ ਤੇਰੀ ਸ਼ਰਨਾਈਆ । ਹਉਂ ਯਾਚਕ ਸੇਵਕ ਦਰ ਮੰਗਤ, ਨਾਰ ਸੁਲੱਖਣੀ ਸੋਭਾ ਪਾਈਆ । ਤੇਰਾ ਨਾਉਂ ਗੀਤ ਗਾਵਾਂ ਮਣੀਆ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਕੋਈ ਭੇਵ ਨਾ ਪਾਵੇ ਪਾਂਧਾ ਪੰਡਤ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪਿਛਲਾ ਜਨਮ ਦੱਸ ਜ਼ਰੂਰ, ਪ੍ਰਭ ਤੇਰੀ ਓਟ ਤਕਾਈਆ । ਜਨਮ ਕਰਮ ਦਾ ਕੀ ਕਸੂਰ, ਖਾ ਕੇ ਕਸਮ ਮੰਗ ਮੰਗਾਈਆ । ਕਿਸ ਬਿਧ ਹੋਇਆ ਦਰ ਤੋਂ ਦੂਰ, ਦੁਰਾਡਾ ਬਹਿ ਕੇ ਡੇਰਾ ਲਾਈਆ । ਕਵਣ ਅੰਤਰ ਕਰੇ ਮਜਬੂਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਂ ਬਰਦਾ ਤੇਰਾ ਮਸ਼ਕੂਰ, ਨਿਉਂ ਨਿਉਂ ਸੀਸ ਝੁਕਾਈਆ । ਮੇਰੀ ਆਸਾ ਮਨਸਾ ਪੂਰ, ਤ੍ਰਿਸਨਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦੇ ਦ੍ਰਿੜਾਈਆ । ਸਾਚਾ ਲੇਖਾ ਪਿਛਲਾ ਸੁਣ, ਸੋ ਸਾਹਿਬ ਆਪ ਸੁਣਾਈਆ । ਗੋਬਿੰਦ ਵੇਲੇ ਕੀਤਾ ਗੁਣ, ਗੁਣ ਅਵਗੁਣ ਰੂਪ ਵਟਾਈਆ । ਬਿਨ ਪੁਰਖ ਅਕਾਲ ਜਾਣੇ ਕਵਣ, ਦੂਸਰ ਸਮਝ ਕਿਸੇ ਨਾ ਆਈਆ । ਦੇਵੇ ਸੰਦੇਸਾ ਧੁਰ ਦਾ ਪਵਣ, ਪਵਣ ਪਵਣਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭੇਵ ਅਭੇਦਾ ਦੱਸੇ ਆਪ, ਹਰਿ ਕਰਤਾ ਦਇਆ ਕਮਾਈਆ । ਤੇਰੇ ਕੋਲੋਂ ਲੈ ਕੇ ਕਲਮ ਦਵਾਤ, ਕਾਗ਼ਜ਼ ਟੁੱਕੜਾ ਮੰਗ ਮੰਗਾਈਆ । ਮਾਝੇ ਵਾਲਿਆਂ ਲਿਖਿਆ ਸਾਫ਼, ਬੇਦਾਅਵਾ ਦੇ ਕੇ ਖ਼ੁਸ਼ੀ ਮਨਾਈਆ । ਓਸ ਲੇਖ ਪਿਛੋਂ ਤੈਨੂੰ ਆਈ ਜਾਗ, ਕਿਉਂ ਕਾਗ਼ਜ਼ ਕਲਮ ਦਵਾਤ ਫੜਾਈਆ । ਓਧਰੋਂ ਆਈ ਇਕ ਆਵਾਜ਼, ਬਿਨ ਰਸਨਾ ਮੁਖ ਸੁਣਾਈਆ । ਇਸ ਵਿਚ ਮੇਰਾ ਰਾਜ਼, ਲੇਖਾ ਬੇਪਰਵਾਹੀਆ । ਅੱਗੋਂ ਬੋਲ ਹਟਵਾਣਾ ਕਹੇ ਗ਼ਰੀਬ ਨਿਵਾਜ਼, ਦਰ ਠਾਂਡੇ ਮੰਗ ਮੰਗਾਈਆ । ਮੇਰੇ ਸਾਹਿਬ ਮੇਰੀ ਰੱਖਣੀ ਲਾਜ, ਭੁੱਲ ਆਪਣੀ ਝੋਲੀ ਪਾਈਆ । ਗੋਬਿੰਦ ਕਿਹਾ ਰੱਖਣਾ ਯਾਦ, ਸਚ ਸੁਨੇਹੜਾ ਇਕ ਜਣਾਈਆ । ਕਲਜੁਗ ਅੰਤਮ ਆਵੇ ਮੇਰਾ

ਬਾਪ, ਪੁਰਖ ਅਕਾਲ ਫੇਰਾ ਪਾਈਆ । ਮੈਂ ਬਣਾਂ ਓਸ ਦਾ ਸਾਕ, ਸੱਜਣ ਰੂਪ ਵਖਾਈਆ । ਤੂੰ ਭੁੱਲਾ ਭਟਕਦਾ ਫਿਰੇਂ ਵਿਚ ਸੰਤਾਪ, ਸੰਸਿਆਂ ਵਿਚ ਭਵਾਈਆ । ਤੇਰਾ ਲੇਖਾ ਪਿਛਲਾ ਵੇਖ ਪਾਕ, ਪਤਤ ਪੁਨੀਤ ਲਏ ਕਰਾਈਆ । ਲਹਿਣਾ ਮੁਕਾਏ ਨਾਲ ਕਲਮ ਦਵਾਤ, ਲੇਖਾ ਲਿਖੇ ਸੱਚੀ ਛਾਹੀਆ । ਪਿਛਲੇ ਕਰਮ ਸੁੱਟ ਕੇ ਡੂੰਘੇ ਖਾਤ, ਉਤੋਂ ਚਰਨਾਂ ਨਾਲ ਦਬਾਈਆ । ਗੁਰਸਿਖ ਤੇਰੀ ਫੇਰ ਬਣਾਏ ਜਾਤ, ਜਮਾਤ ਭਗਤਾਂ ਵਿਚ ਰਲਾਈਆ । ਕਰਨੈਲ ਸਿੰਘ ਕਰਮਾਂ ਦਾ ਪੂਰਾ ਕਰ ਕੇ ਘਾਟ, ਲੇਖਾ ਰੱਖੇ ਬੇਪਰਵਾਹੀਆ ।

## ★ ੩ ਵਸਾਖ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ★

ਟਿੱਲੇ ਪਰਬਤ ਛੱਡੀ ਆਵਣ ਸਿਧ, ਸਾਧਕ ਸਨਕਾਦਕ ਆਪਣਾ ਰਾਹ ਤਕਾਈਆ । ਪੱਥਰਾਂ ਉਤੇ ਰਗੜਦੇ ਆਵਣ ਢਿੱਡ, ਇਬਾਦਤ ਲੇਖੇ ਕਿਸੇ ਨਾ ਪਾਈਆ । ਖ਼ੁਸ਼ੀ ਗ਼ਮੀ ਵਿਚ ਗਏ ਗਿੜ, ਸੁਖੀ ਸੁਖ ਨਾ ਕੋਇ ਜਣਾਈਆ । ਦੋਹਰੇ ਪਿਆਰ ਵਿਚ ਗਏ ਭਿਜ, ਇਕ ਰੰਗ ਨਾ ਕੋਇ ਰੰਗਾਈਆ । ਦਰਸ ਨਾ ਪਾਇਆ ਨੇਤਰ ਦਿਬ, ਦੋਏ ਲੋਚਣ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਿਧ ਸਮਾਧੀ ਅੰਦਰ ਆਵਣ ਦੌੜ, ਭੱਜਣ ਵਾਹੋ ਦਾਹੀਆ । ਸਾਡਾ ਕਾਰਜ ਜਾਏ ਸੌਰ, ਅੱਗੇ ਮਿਲੇ ਮਾਣ ਵਡਿਆਈਆ । ਨੇਤਰ ਵੇਖੀਏ ਕਰ ਕੇ ਗੌਰ, ਗਹਿਰ ਗੰਭੀਰ ਹਰਿ ਗੋਸਾਈਆ । ਜਿਸ ਦੇ ਕੋਲ ਵਸਤ ਅਨਮੋਲ, ਅਗੰਮ ਅਥਾਹ
੯੮੦ ੯੮੦
ਵਰਤਾਈਆ । ਚਲ ਕੇ ਸੁਣੀਏ ਉਹਦਾ ਬੋਲ, ਜੋ ਭਗਤਾਂ ਰਿਹਾ ਸੁਣਾਈਆ । ਪਰੇਮ ਪਿਆਰ ਅੰਦਰ ਜਾਈਏ ਮੌਲ, ਆਪਣਾ ਆਪ ਮਿਟਾਈਆ ।
੧੯ ੧੯
ਗੋਰਖ ਦਾ ਗੋਰਖ ਵਾਲਾ ਕੌਲ, ਪਿਛਲਾ ਯਾਦ ਆਈਆ । ਮਛੰਦਰ ਦੱਸ ਕੇ ਗਿਆ ਧੌਲ, ਧਰਨੀ ਨਾਲ ਰਖਾਈਆ । ਬੈਠੇ ਰਹਿਣਾ ਅਡੋਲ, ਆਸਣ ਸੋਭਾ ਪਾਈਆ । ਨਾਨਕ ਨਾਲ ਜੋ ਕੀਤਾ ਮਖ਼ੌਲ, ਉਸ ਦਾ ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਿਧਾਂ ਵੇਖ ਭੱਜੇ ਨਾਥ, ਆਪਣਾ ਪੰਧ ਮੁਕਾਈਆ । ਦਰਸਨ ਕਰੀਏ ਪੁਰਖ ਸਮਰਾਥ, ਹਰਿ ਦਾਤਾ ਵਡ ਵਡਿਆਈਆ । ਜਾ ਕੇ ਸੁਣੀਏ ਅਗੰਮੀ ਗਾਥ, ਜੋ ਭਗਤਾਂ ਰਿਹਾ ਸੁਣਾਈਆ । ਨੂਰ ਵੇਖੀਏ ਲੋਕਮਾਤ, ਕਾਇਨਾਤ ਕਰੇ ਰੁਸ਼ਨਾਈਆ । ਹਰਿਜਨ ਬਣਾਏ ਸਚ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਜਿਸ ਦੀ ਹੋਏ ਨਾ ਕਦੇ ਵਫ਼ਾਤ, ਮਰਨੀ ਮਰਨ ਮਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਰਿਹਾ ਪਾਈਆ । ਨਾਥ ਕਹਿਣ ਵੇਖੀਏ ਅੱਖ, ਨੇਤਰ ਨੈਣ ਉਠਾਈਆ । ਰਾਹ ਤੱਕਦੇ ਗਏ ਥੱਕ, ਟਿੱਲੇ ਪਰਬਤ ਡੇਰਾ ਲਾਈਆ । ਦਰ ਤੇ ਮੰਗੀਏ ਆਪਣਾ ਹੱਕ, ਕੰਨ ਪਾਟੇ ਕੂਕ ਸੁਣਾਈਆ । ਗੋਰਖ ਅੰਦਰ ਵੜ ਕੇ ਗਿਆ ਦੱਸ, ਮਛੰਦਰ ਇਸ਼ਾਰੇ ਨਾਲ ਜਣਾਈਆ । ਇਕੋ ਨਾਮ ਬੋਲ ਅਲੱਖ, ਅਲੱਖ ਨਿਰੰਜਣ ਗਿਆ ਦ੍ਰਿੜਾਈਆ । ਸਾਹਿਬ ਸੁਲਤਾਨ ਦੀ ਰੱਖਿਓ ਆਸ, ਆਸਾ ਆਪਣੀ ਨਾਲ ਵਧਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਸੱਦੇ ਆਪਣੇ ਪਾਸ, ਚਰਨ ਕਵਲ ਕਵਲ ਲਏ ਬੁਲਾਈਆ । ਤੁਹਾਡੀ ਪੂਰੀ ਕਰੇ ਖ਼ਾਹਸ਼, ਆਸਾ ਤ੍ਰਿਸਨਾ ਵੇਖ ਵਖਾਈਆ । ਵੇਖਿਓ ਉਹਦੇ ਅੱਗੇ ਉਡਿਓ ਨਾ ਵਿਚ ਆਕਾਸ਼, ਸਿੱਧੇ ਚਲੇ ਨਾ ਕੋਇ ਚਤਰਾਈਆ ।

ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਵਡ ਪਰਤਾਪ, ਏਥੇ ਓਥੇ ਹੋਏ ਸਹਾਈਆ । ਜਿਸ ਨੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਿਆ ਆਪਣਾ ਬਾਪ, ਪਿਤਾ ਪੁਰਖ ਅਕਾਲ ਕਹਿ ਕਹਿ ਖ਼ੁਸ਼ੀ ਰਖਾਈਆ । ਜਿਸ ਦਾ ਮਾਲਾ ਮਣਕਿਆਂ ਨਾਲ ਕਰਦੇ ਜਾਪ, ਧੂੜੀ ਤਪਸਿਆ ਰੂਪ ਵਟਾਈਆ । ਉਸ ਦੇ ਦਰਸਨ ਕਰਨੇ ਸਾਖਿਆਤ, ਸਵੱਛ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੇ ਸਤਿ ਸਰਨਾਈਆ । ਨਾਥ ਸਿਧ ਹੋਏ ਇਕੱਠੇ, ਘਰ ਇਕੋ ਨਜ਼ਰੀ ਆਈਆ । ਪ੍ਰਭ ਸਰਨਾਈ ਸਾਚੇ ਢੱਠੇ, ਮਸਤਕ ਟਿੱਕਾ ਧੂੜ ਰਮਾਈਆ । ਪੁਰਖ ਅਬਿਨਾਸ਼ੀ ਤੇਰੇ ਬੱਚੇ, ਬਚਪਨ ਤੇਰੀ ਝੋਲੀ ਪਾਈਆ । ਟਿੱਲਿਆਂ ਪਰਬਤਾਂ ਉਤੇ ਬੈਠੇ ਰਹੇ ਬਣ ਕੇ ਕੱਚੇ, ਸਾਚਾ ਰੰਗ ਨਾ ਕੋਇ ਰੰਗਾਈਆ । ਵਡਿਆਈਆਂ ਅੰਦਰ ਵੱਡੇ ਹੋ ਹੋ ਨੱਚੇ, ਚਤੁਰਾਈਆਂ ਵਿਚ ਆਪਣੇ ਚਲਿਤਰ ਦਏ ਵਖਾਈਆ । ਤੁਧ ਬਿਨ ਪਰਦਾ ਕੋਈ ਨਾ ਕੱਜੇ, ਸਿਰ ਹੱਥ ਨਾ ਕੋਇ ਰਖਾਈਆ । ਸਭ ਦੇ ਵੇਖ ਦੋਵੇਂ ਹੱਥ ਬੱਧੇ, ਬੰਦਨਾ ਡੰਡੌਤ ਕਰ ਕਰ ਸੀਸ ਨਿਵਾਈਆ । ਗਲਵੀਂ ਖੁਲ੍ਹੇ ਲੰਮੇ ਝੱਗੇ, ਖਪਰੀ ਹੱਥੋਂ ਹੱਥ ਨਜ਼ਰੀ ਆਈਆ । ਕੁੰਡਲ ਪਾ ਵਾਲ ਟੇਢੇ ਕੀਤੇ ਛੱਬੇ, ਸ਼ਕਲ ਬੇਸ਼ਕਲ ਦਿਤੀ ਕਰਾਈਆ । ਕੰਨ ਪਾੜ ਮੁੰਦਰਾਂ ਪਾ ਤੇਰਾ ਦਰ ਫੇਰ ਨਾ ਲੱਭੇ, ਉਠ ਉਠ ਵੇਖੀ ਸਰਬ ਲੋਕਾਈਆ । ਗੋਰਖ ਮਛੰਦਰ ਕਹਿ ਕੇ ਗਏ ਸਾਡਾ ਸਵਾਮੀ ਸਾਥੋਂ ਅੱਗੇ, ਅੱਗੇ ਬੈਠਾ ਡੇਰਾ ਲਾਈਆ । ਜਿਸ ਵੇਲੇ ਕਲਜੁਗ ਵਾ ਤੱਤੀ ਵਗੇ, ਦੂਰ ਦੁਰਾਡਾ ਚਲ ਕੇ ਆਈਆ । ਦੀਪਕ ਜੋਤੀ ਨੂਰ ਨੁਰਾਨਾ ਜਗੇ, ਜਗਮਗ ਜੋਤ ਕਰੇ ਰੁਸ਼ਨਾਈਆ । ਗੋਬਿੰਦ ਸੂਰਾ ਉਹਦੇ ਸੱਜੇ ਖੱਬੇ, ਅੱਗੇ ਪਿਛੇ ਆਪਣਾ ਹੁਕਮ ਵਰਤਾਈਆ । ਪੀਰ ਪੈਗ਼ੰਬਰ ਜਿਸ ਹੁਕਮੇ ਅੰਦਰ ਬੱਧੇ, ਗੁਰ ਅਵਤਾਰ ਬੈਠਣ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਫਿਰਨ ਭੱਜੇ, ਪੰਧ ਮੁਕਾਵਣ ਵਾਹੋ ਦਾਹੀਆ । ਕਲਜੁਗ ਸਤਿਜੁਗ ਤ੍ਰੇਤਾ ਦਵਾਪਰ ਜਿਸ ਦੀ ਚਰਨੀ ਲੱਗੇ, ਦਰ ਠਾਂਡੇ ਸੀਸ ਟਿਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੇ ਦੇਂਦੇ ਪਤੇ, ਧੁਰ ਸੰਦੇਸਾ ਰਾਗ ਸੁਣਾਈਆ । ਜਿਸ ਦੇ ਪਿਛੇ ਸਿਧੋ ਨਾਥੋ ਆਪਣੇ ਘਰ ਛੱਡੇ, ਉਹ ਘਰ ਦਾ ਮਾਲਕ ਬੇਪਰਵਾਹੀਆ । ਹੁਕਮੇ ਅੰਦਰ ਸਾਰੇ ਬੱਧੇ, ਬੱਧੀ ਜਗਤ ਲੋਕਾਈਆ । ਤਨ ਭਬੂਤ ਰਮਾ ਖ਼ਾਕੀ ਪਿੰਡੇ ਕੀਤੇ ਵਾਂਗ ਗਧੇ, ਗਦਾਗਰ ਹੋ ਕੇ ਘਰ ਘਰ ਫੇਰੀ ਪਾਈਆ । ਜਿਸ ਵੇਲੇ ਓਸ ਸਾਹਿਬ ਦੀ ਚਰਨੀ ਜਾ ਕੇ ਲੱਗੇ, ਦੇਵੇ ਮਾਣ ਵਡਿਆਈਆ । ਅਗਲੇ ਪਿਛਲੇ ਸਾਰੇ ਮੁੱਕ ਜਾਣ ਰੱਟੇ, ਰੱਟਾ ਅਗਲਾ ਦਏ ਚੁਕਾਈਆ । ਮੁਖ ਰਹੇ ਲੋੜ ਨਾ ਲਾਉਣ ਦੀ ਘੱਟੇ, ਤੂੰਬੀ ਹੱਥ ਨਾ ਕੋਇ ਆਈਆ । ਮਿਰਗਸ਼ਾਲਾ ਉਸ ਦੇ ਚਰਨ ਚੱਟੇ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਤੁਸਾਂ ਦਰਸਨ ਕਰਨਾ ਪਰੇਮ ਦੀ ਅੱਖੇ, ਪਰਮੇਸ਼ਵਰ ਆਪਣਾ ਮੇਲ ਮਿਲਾਈਆ । ਚਾਹੇ ਮਾੜੇ ਚਾਹੇ ਅੱਛੇ, ਅੱਛੇ ਬੁਰੇ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੋਂ ਲਾਹ ਕੇ ਟੋਪੀ ਸੇਲੀ ਰੱਸੇ, ਰਸਤਾ ਸਿਧਾ ਦਏ ਵਖਾਈਆ । ਸਿਧੋ ਨਾਥੋ ਸੁਣਿਓ ਜੋਗ, ਜੁਗਤ ਇਕੋ ਇਕ ਜਣਾਈਆ । ਜਿਸ ਵੇਲੇ ਆਪਣੇ ਪਰੇਮ ਪਿਆਰ ਦੀ ਦੇਵੇ ਚੋਗ, ਕਾਇਆ ਚੋਗਾ ਦਏ ਬਦਲਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਦੁੱਖ ਡੇਰਾ ਢਾਹੀਆ । ਓਸ ਦਵਾਰੇ ਵੇਖਿਓ ਉਹ ਮੌਜ, ਜਿਹੜੀ ਮੌਜ ਭਗਤਾਂ ਨਾਲ ਰਖਾਈਆ । ਨਾਥ ਸਿਧ ਸਾਰੇ ਪੈ ਗਏ ਵਿਚ ਸੋਚ, ਅੰਤਰ ਅੰਤਰ ਆਪਣਾ ਵੇਖ ਵਖਾਈਆ । ਕਿਸ ਕੂਟੇ ਕਰੀਏ ਕੂਚ, ਕਵਣ ਘਰ ਬੈਠਾ ਬੇਪਰਵਾਹੀਆ । ਗੋਰਖ ਕਹੇ ਉਹ ਦਾਤਾ ਮਿਹਰਵਾਨ ਅਲੱਖ ਨਿਰੰਜਣ ਨਿਰਮਲ ਜੋਤ, ਘਟ ਜੋਤੀ

ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਿਧ ਨਾਥ ਆਏ ਦਵਾਰੇ, ਦੂਰ ਦੁਰਾਡੇ ਸੀਸ ਝੁਕਾਈਆ । ਦਰ ਤੇਰੇ ਬਣੇ ਪਨਹਾਰੇ, ਪੱਤਣ ਇਕੋ ਵੇਖ ਵਖਾਈਆ । ਕਿਰਪਾ ਕਰ ਹਰਿ ਨਿਰੰਕਾਰੇ, ਨਿਰਗੁਣ ਤੇਰੀ ਸਚ ਸਰਨਾਈਆ । ਟਿੱਲੇ ਪਰਬਤ ਛੱਡੇ ਜੰਗਲ ਜੂਹ ਉਜਾੜ ਪਹਾੜੇ, ਡੂੰਘੀ ਕੰਦਰ ਸੰਗ ਤਜਾਈਆ । ਜਨ ਭਗਤ ਵੇਖੇ ਦਰ ਸੋਂਹਦੇ ਤੇਰੇ ਲਾੜੇ, ਸੋਹਣਾ ਰੂਪ ਵਟਾਈਆ । ਕਰ ਕਿਰਪਾ ਮੇਲ ਆਪਣੇ ਪਿਆਰੇ, ਪਿਆਰ ਪ੍ਰੀਤਮ ਆਪਣੇ ਵਿਚੋਂ ਪਰਗਟਾਈਆ । ਤੇਰਾ ਦਰਸ ਕਰ ਲੇਖਾ ਚੁੱਕੇ ਸਚ ਦਵਾਰੇ, ਦਵਾਰਾ ਇਕੋ ਸੋਭਾ ਪਾਈਆ । ਵਕਤ ਲੰਘਾਇਆ ਤੇਰੇ ਔਣ ਦੇ ਸੁਣ ਸੁਣ ਲਾਰੇ, ਲਾਰਿਆਂ ਨਾਲ ਆਸਾ ਆਸਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਤੇਰੇ ਹੱਥ ਵਡਿਆਈਆ ।

### ★ ੩ ਵਸਾਖ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ★

ਟਿੱਲੇ ਆਸਣ ਪਿਛਲੇ ਛੱਡੇ, ਧੂਣੀ ਤੇਰਾ ਨਾਮ ਰਮਾਈਆ । ਸ਼ਬਦੀ ਹੁਕਮ ਤੇਰਾ ਕੱਢੇ, ਬਲ ਆਪਣਾ ਆਪ ਵਖਾਈਆ । ਦਰ ਠਾਂਡਾ ਵੇਖ ਆਏ ਭੱਜੇ, ਬਣ ਪਾਂਧੀ ਪੰਧ ਮੁਕਾਈਆ । ਕਰ ਅਰਦਾਸ ਤੇਰੇ ਅੱਗੇ, ਪ੍ਰਭ ਬਖ਼ਸ਼ ਸਚ ਸਰਨਾਈਆ । ਸਾਡੇ ਪੈਰ ਵੇਖ ਨੰਗੇ, ਛਾਲੇ ਦਿਸਣ ਦੇਣ ਦੁਹਾਈਆ । ਸਾਡੇ ਪਾਟੇ ਚੀਥੜ ਝੱਗੇ, ਚੋਲਾ ਸਚ ਨਾ ਕੋਇ ਹੰਢਾਈਆ । ਸਾਡੇ ਨੰਗੇ ਹੋਏ ਹੱਡੇ, ਚੰਮ ਮਾਟੀ ਪੜਦਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਹੋ ਸਹਾਈਆ । ਆਸਣ ਛੱਡੇ ਟਿੱਲੇ ਪਰਬਤ, ਚੋਟੀਆਂ ਰਾਹ ਤਜਾਈਆ । ਮਾਣ ਅਭਿਮਾਨ ਮਿਟੀ ਗ਼ੁਰਬਤ, ਗ਼ਰੂਰ ਨਜ਼ਰ ਕੋਇ ਨਾ ਆਈਆ । ਗੋਰਖ ਮਛੰਦਰ ਕੋਲੋਂ ਮਿਲੀ ਰੁਖ਼ਸਤ, ਬੰਦੀਖ਼ਾਨਾ ਬੰਦ ਖੁਲ੍ਹਾਈਆ । ਸਾਡੇ ਮਿਲਣ ਦੀ ਜਨ ਭਗਤਾਂ ਵਿਚੋਂ ਕੱਢ ਫ਼ੁਰਸਤ, ਵਾਰ ਥਿਤ ਘੜੀ ਵੇਖ ਵਖਾਈਆ । ਜਾਹਰ ਜਹੂਰ ਨਜ਼ਰੀ ਆਏਂ ਅਗੰਮੀ ਮੁਰਸ਼ਦ, ਮੁਰੀਦ ਆਪਣੇ ਲਏਂ ਬਣਾਈਆ । ਤਨ ਭਬੂਤੀ ਮੈਲ ਧੋ ਦੁਰਮਤ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਦੇ ਗੁਰਮਤ, ਸਿਖਿਆ ਸਤਿ ਸਤਿ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਸੱਚਾ ਦੇ ਵਖਾਈਆ । ਆਸਣ ਛੱਡੇ ਉਚੇ ਟਿੱਲੇ, ਪਰਬਤ ਡੇਰਾ ਢਾਹੀਆ । ਅੰਤਰ ਧੀਰਜ ਸਭ ਦੇ ਹਿਲੇ, ਸਤਿ ਨਜ਼ਰ ਕੋਇ ਨਾ ਆਈਆ । ਪਿਛਲੇ ਮੁੱਕੇ ਚਾਲੀਏ ਛਿਲੇ, ਚਿਲਾ ਅਵਰ ਨਜ਼ਰ ਕੋਇ ਨਾ ਆਈਆ । ਮਾਣ ਵਡਿਆਈ ਵਿਚ ਬੈਠੇ ਰਹੇ ਢਿਲੇ, ਸਿਧ ਉਡਾਰੀ ਸਿਧੀਆਂ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਰਤਾਈਆ । ਟਿੱਲੇ ਪਰਬਤ ਛੱਡ ਕੇ ਆਏ ਦੌੜ, ਸਿੰਗੀ ਨਾਦ ਸੰਗ ਨਾ ਕੋਇ ਲਿਆਈਆ । ਦਰ ਵੇਖ ਬ੍ਰਾਹਮਣ ਗੌੜ, ਆਪਣਾ ਆਪ ਭੇਟ ਚੜ੍ਹਾਈਆ । ਤੇਰਾ ਲੇਖਾ ਗਹਿਰ ਗੰਭੀਰ ਗਵਰ ਗੌਰ, ਬੇਅੰਤ ਰੂਪ ਵਟਾਈਆ । ਸਾਡੇ ਫੂੜੀਆਂ ਉਤੇ ਘਸ ਗਏ ਮੌਰ, ਕਰਵਟ ਬਦਲ ਮਿਲਿਆ ਨਾ ਸੱਚਾ ਮਾਹੀਆ । ਤੇਰੇ ਨਾਲ ਕਾਹਦਾ ਜ਼ੋਰ, ਜਾਬਰ ਤੇਰੀ ਸਚ ਸਰਨਾਈਆ । ਕਲਜੁਗ

ਵੇਖ ਅੰਧੇਰਾ ਘੋਰ, ਸਾਡੀ ਧੀਰਜ ਬੈਠੀ ਡੇਰਾ ਢਾਹੀਆ । ਚਾਰੋਂ ਕੁੰਟ ਨਜ਼ਰੀ ਆਇਆ ਠੱਗ ਚੋਰ, ਸਾਧ ਸਾਧਨਾ ਸਕੇ ਨਾ ਕੋਇ ਕਮਾਈਆ । ਤੇਰੇ ਨਾਲ ਕਰਦੇ ਸਾਰੇ ਖੋਰ, ਪਰੇਮ ਪ੍ਰੀਤ ਨਾ ਕੋਇ ਵਧਾਈਆ । ਜਨ ਭਗਤਾਂ ਪੂਰੀ ਕਰਦਾ ਵੇਖ ਲੋੜ, ਆਸਾ ਸਾਡੀ ਸਾਨੂੰ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇ ਵਡਿਆਈਆ । ਟਿੱਲੇ ਪਰਬਤ ਛੱਡ ਕੇ ਚੋਟੀ, ਤੇਰਾ ਰਾਹ ਤਕਾਈਆ । ਵਿਚੋਂ ਕੱਢ ਵਾਸਨਾ ਖੋਟੀ, ਖੋਟੇ ਖਰੇ ਲੈ ਬਣਾਈਆ । ਤੂੰ ਬੇਪਰਵਾਹ ਤਾਰਨਹਾਰਾ ਰਵਦਾਸ ਚੁਮਾਰਾ ਮੋਚੀ, ਮੁਫ਼ਤ ਆਪਣਾ ਨਾਮ ਵਰਤਾਈਆ । ਬੇਸ਼ਕ ਸਾਡੀ ਮੱਤ ਹੋਛੀ, ਹੋਛਿਆਂ ਗਲੇ ਲਗਾਈਆ । ਸਾਨੂੰ ਸਿਧੀਆਂ ਅੰਦਰ ਦੇਂਦਾ ਰਿਹੋਂ ਰੋਟੀ, ਬੋਟੀ ਬੋਟੀ ਸਭ ਦੇ ਮੁਖ ਵਿਚ ਪਾਈਆ । ਤੇਰੇ ਪਰੇਮ ਪਿਆਰ ਦੀ ਅੱਗੇ ਸਚ ਨਾ ਆਈ ਸੋਝੀ, ਸਮਝ ਸਕੀ ਨਾ ਕੋਇ ਸਮਝਾਈਆ । ਬਣੀ ਰਹੀ ਕਮਲੀ ਕੋਝੀ, ਕੂੜੀ ਕਿਰਿਆ ਰੰਗ ਰੰਗਾਈਆ । ਸਿਰ ਤੇ ਰੱਖ ਨਿੱਕੀ ਬੋਦੀ, ਵੱਡਾ ਛਤਰਧਾਰੀ ਦਿਤਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਆਸਣ ਛੱਡੇ ਛੱਡਿਆ ਦਰ, ਘਰ ਤੇਰੇ ਅਲਖ ਜਗਾਈਆ । ਸਚ ਸਵਾਮੀ ਦੇ ਦੇ ਵਰ, ਪੂਰਬ ਆਸਾ ਪੂਰ ਕਰਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਜਨ ਭਗਤਾਂ ਅੰਦਰ ਜਾਣਾ ਰਲ, ਹਰਿ ਸੰਗਤ ਚਰਨਾਂ ਜੋੜੇ ਸੇਵ ਕਮਾਈਆ । ਸੋਹੰ ਢੋਲਾ ਲੈਣਾ ਪੜ੍ਹ, ਤੇਰਾ ਮੇਰਾ ਰਾਗ ਸੁਣਾਈਆ । ਦਰਸ ਕਰਨਾ ਸਨਮੁਖ ਖੜ, ਸਵੱਛ ਸਰੂਪੀ ਵੇਖ ਵਖਾਈਆ । ਸਰਨ ਸਰਨਾਈ ਡਿਗਣਾ ਦੜ, ਨਿਧੜਕ ਸੀਸ ਝੁਕਾਈਆ । ਨਿਰਗੁਣ ਪੱਲੂ ਲੈਣਾ ਫੜ, ਨਿਰਗੁਣ ਨਿਰਗੁਣ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



ਕਿਰਪਾ ਕਰ, ਸਦ ਹੋਵੇ ਆਪ ਸਹਾਈਆ । ਸਿਧ ਕਹਿਣ ਸਾਨੂੰ ਦੇ ਦੇ ਸਿਦਕ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਤੇਰਾ ਨਜ਼ਰੀ ਆਏ ਇਸ਼ਟ, ਜੋਤੀ ਨੂਰ ਰੁਸ਼ਨਾਈਆ । ਸਾਡੀ ਭਰਮੀ ਖੋਲ੍ਹ ਦ੍ਰਿਸ਼ਟ, ਅਨਦ੍ਰਿਸ਼ਟ ਆਪਣਾ ਰਾਹ ਜਣਾਈਆ । ਸਾਡੇ ਕੋਲ ਪਿਛਲੀ ਲਿਖਤ, ਜੋ ਨਾਨਕ ਗਿਆ ਫੜਾਈਆ । ਉਸ ਦੇ ਉਤੇ ਲੇਖ ਲਿਖਿਆ ਭਵਿਖਤ, ਅੱਖਰ ਨੌਂ ਨਜ਼ਰੀ ਆਈਆ । ਜਿਸ ਦਾ ਖੇਲ ਟਾਂਕ ਜਿਸਤ, ਚੌਥੇ ਜੁਗ ਸਚ ਦਏ ਵਡਿਆਈਆ । ਤੁਹਾਡਾ ਲੇਖਾ ਚੁੱਕੇ ਉਲਟਾ ਬਿਰਛ, ਲਹਿਣਾ ਲਹਿਣੇ ਵਿਚੋਂ ਆਪ ਵਰਤਾਈਆ । ਪੁਰਖ ਅਕਾਲ ਦੱਸੇ ਇਕ ਆਦਰਸ਼, ਸਤਿ ਸਤਿਵਾਦੀ ਆਪਣਾ ਆਪ ਪਰਗਟਾਈਆ । ਪੂਰਬ ਕਰਮਾਂ ਮੇਟ ਹਰਸ, ਅੰਮ੍ਰਿਤ ਬਰਖ ਮੇਘ ਬਰਸਾਈਆ । ਕਿਰਪਾ ਨਿਧਾਨ ਕਰ ਕੇ ਤਰਸ, ਹਰਿ ਸੰਗਤ ਲਏ ਮਿਲਾਈਆ । ਗੁਰਮੁਖ ਵੇਖ ਹੋਣ ਅਸਚਰਜ, ਪ੍ਰਭ ਇਹ ਕੀ ਖੇਲ ਰਚਾਈਆ । ਨਾ ਇਹ ਨਾਰੀ ਨਾ ਇਹ ਮਰਦ, ਬੁੱਢਾ ਬਾਲ ਬਿਰਧ ਜਵਾਨ ਰੂਪ ਨਜ਼ਰ ਕੋਇ ਨਾ ਆਈਆ । ਸੀਸ ਉਤੇ ਫਿਰੀ ਕਰਦ, ਪੈਰਾਂ ਵਿਚ ਹੋਵੇ ਦਰਦ, ਅੰਗ ਅੰਗ ਆਪਣੀ ਲਏ ਅੰਗੜਾਈਆ । ਹੌਕਿਆਂ ਵਿਚ ਪੀਲਾ ਹੋਇਆ ਜ਼ਰਦ, ਲਾਲੀ ਲਾਲਨ ਲਾਲ ਨਾ ਕੋਇ ਵਖਾਈਆ । ਗੋਰਖ ਕਰ ਕੇ ਆਪਣਾ ਫ਼ਰਜ਼, ਸਚ ਗਿਆ ਸਮਝਾਈਆ । ਦਰ ਦਵਾਰੇ ਕਰਿਓ ਜਾ ਕੇ ਅਰਜ਼, ਆਰਜ਼ੂ ਆਪਣੀ ਅੱਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵੇ ਮਾਤ ਸਹਾਈਆ । ਸਿਧ ਨਾਥ ਨੇਤਰ ਰੋ, ਨੈਣਾਂ ਨੀਰ ਵਹਾਈਆ । ਚਰਨ ਕਵਲ ਤੇਰੇ ਜਾਈਏ ਛੋਹ, ਸ਼ਹਿਨਸ਼ਾਹ ਮਿਲੇ ਵਡਿਆਈਆ । ਤੇਰੇ ਜੋਗੇ ਜਾਈਏ ਹੋ, ਹੋਕਾ ਦੇ ਦੇ ਰਹੇ ਸੁਣਾਈਆ । ਕਰ ਪਰਕਾਸ਼ ਆਪਣੀ ਲੋ, ਦੀਪਕ ਇਕ ਜਗਾਈਆ । ਟਿੱਲੇ ਪਰਬਤ ਛੁਟਿਆ ਮੋਹ, ਮੁਹੱਬਤ

੯੮੩
੧੯

ਤੇਰੇ ਨਾਲ ਵਧਾਈਆ । ਦੂਰ ਦੁਰਾਡੇ ਆਏ ਚਲ ਕੇ ਜਨ ਭਗਤਾਂ ਸੁਣ ਕੇ ਸੋ, ਸੋਭਾਵੰਤ ਘਰ ਸਾਚੇ ਡੇਰਾ ਲਾਈਆ । ਸਭ ਦੀ ਵਸਤ ਸਭ ਦੇ ਕੋਲੋਂ ਜਿਸ ਨੇ ਲਈ ਖੋਹ, ਖ਼ਾਲੀ ਹੱਥ ਦਿਤੇ ਵਖਾਈਆ । ਬਿਨ ਓਸ ਦਰ ਤੋਂ ਕਿਸੇ ਨਾ ਮਿਲੇ ਢੋ, ਢੋਆ ਲੈ ਕੇ ਭੇਟ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚਾ ਹੱਥ ਟਿਕਾਈਆ । ਹੱਥ ਟਿੱਕਾ ਦੇ ਸਾਚੇ ਸਿਰ, ਸਿਰ ਸਰ ਤੇਰੀ ਭੇਟ ਚੜ੍ਹਾਈਆ । ਜਿਵੇਂ ਭਗਤਾਂ ਬਣਿਉਂ ਧਿਰ, ਮਾਲਕ ਧੁਰ ਅਖਵਾਈਆ । ਸਾਡੇ ਨਾਲੋਂ ਨਾ ਜਾਈਂ ਫਿਰ, ਫਿਰਤ ਫਿਰਤ ਪ੍ਰਭ ਤੇਰਾ ਘਰ ਇਕੋ ਵੇਖਿਆ ਚਾਈਂ ਚਾਈਂਆ । ਤੂੰ ਭਗਤਾਂ ਅੱਖਰ ਦੱਸੇਂ ਨਿਰ, ਨਿਰੰਕਾਰ ਕਰੇਂ ਪੜ੍ਹਾਈਆ । ਤੇਰਾ ਵੇਖੀਏ ਘਰ ਥਿਰ, ਜਿਸ ਘਰ ਸ਼ਬਦੀ ਰੂਪ ਵਟਾਈਆ । ਤੂੰ ਬਣ ਕੇ ਸਾਚਾ ਪਿਰ, ਪ੍ਰੀਤਮ ਆਪਣੀ ਉਂਗਲੀ ਲਾਈਆ । ਵੇਖ ਸਾਨੂੰ ਵਿਛੜਿਆਂ ਨੂੰ ਹੋਇਆ ਕਿੰਨਾਂ ਚਿਰ, ਚਿਰੀ ਵਿਛੁਨੇ ਕਿਉਂ ਨਾ ਗੋਦ ਬਹਾਈਆ । ਤੇਰਾ ਸੋਹਣਾ ਸੁਹੰਜਣਾ ਲੱਗੇ ਪਿੜ, ਹਰਿਜਨ ਬੈਠੇ ਡੇਰਾ ਲਾਈਆ । ਫੁਲ ਫਲਵਾੜੀ ਰਹੀ ਖਿਲ, ਗੁਲਸ਼ਨ ਸਚ ਰਿਹਾ ਮਹਿਕਾਈਆ । ਪਰੇਮ ਪਿਆਰ ਕਰ ਕੇ ਪ੍ਰਭ ਠਾਕਰ ਸਾਹਿਬ ਮਿਲ, ਮਿਲਣੀ ਆਪਣੇ ਨਾਲ ਕਰਾਈਆ । ਤੂੰ ਸਾਡਾ ਵੇਖ ਦਿਲ, ਦਿਲਗੀਰ ਹੋ ਕੇ ਦਏ ਦੁਹਾਈਆ । ਜਿਹੜਾ ਗੋਰਖ ਆਪਣੀ ਹੱਥੀਂ ਲਾ ਕੇ ਗਿਆ ਕਿਲ, ਸੋ ਕਿਲ ਕਿਲਕ ਕੂਕ ਮਾਰ ਕੇ ਰਿਹਾ ਸੁਣਾਈਆ । ਚੋਟੀ ਪਰਬਤ ਸਾਰੇ ਗਏ ਹਿਲ, ਹਲੂਣਾ ਤੇਰਾ ਇਕੋ ਨਜ਼ਰੀ ਆਈਆ । ਕੀ ਗੇੜਾ ਗਿਆ ਗਿੜ, ਸਮਝ ਵਿਚੋਂ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਸੰਗ ਬਣਾਈਆ । ਆ ਕੇ ਡਿਗੇ ਤੇਰੀ ਚਰਨੀ, ਚਰਨ ਮਿਲੇ ਸਰਨਾਈਆ । ਅੱਗੇ ਮਰੇ ਜਗਤ ਮਰਨੀ, ਮਰਨੀ ਵਿਚੋਂ ਮਰਨੀ ਦੇ ਸਮਝਾਈਆ । ਸਚ ਸਰਨਾਈ ਤੇਰੀ ਤਰਨੀ, ਤਾਰਨਹਾਰੇ ਪਾਰ ਕਰਾਈਆ । ਮਿਰਗਸ਼ਾਲਾ ਦੀ ਖੱਲ ਅੰਦਰ ਪੁਕਾਰ ਕਰੇ ਹਰਨੀ, ਹਿਰਨ ਆਪਣੀ ਆਵਾਜ਼ ਲਗਾਈਆ । ਏਸ ਪ੍ਰਭੂ ਦੀ ਲੱਗੋ ਸਰਨੀ, ਜਿਸ ਸਰਨ ਵਿਚੋਂ ਸਰਨਗਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਘਾੜਤ ਅੱਗੇ ਘੜਨੀ, ਪਿਛਲੀ ਘਾੜਤ ਆਪਣੇ ਵਿਚ ਛੁਪਾਈਆ ।



## ★ ੩ ਵਸਾਖ ੨੦੨੧ ਬਿਕ੍ਰਮੀ ਮਸਾ ਸਿੰਘ ਦੇ ਗ੍ਰਿਹ ਪਿੰਡ ਬਲ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਖੋਲ੍ਹ ਗਠੜੀ, ਨਿਰਗੁਣ ਨਿਰਵੈਰ ਗੰਢ ਖੁਲ੍ਹਾਈਆ । ਸਾਚਾ ਲੇਖ ਜਣਾ ਬਿਨ ਅੱਖਰੀ, ਆਖ਼ਰ ਆਪਣਾ ਪਰਦਾ ਲਾਹੀਆ । ਜੁਗ ਚੌਕੜੀ ਜੋ ਰੱਖੀ ਵੱਖਰੀ, ਦਰ ਠਾਂਡੇ ਸਚ ਟਿਕਾਈਆ । ਜਿਸ ਦਾ ਭੇਵ ਪੰਡਤ ਪਾਂਧਾ ਖੋਲ੍ਹ ਦੱਸੇ ਨਾ ਕੋਈ ਪੱਤਰੀ, ਹਿਸਾਬ ਕਿਤਾਬ ਨਾ ਕੋਇ ਜਣਾਈਆ । ਨੇਤਰ ਵੇਖ ਨਾ ਪਾਏ ਸ਼ੂਦਰ ਵੈਸ਼ ਬ੍ਰਾਹਮਣ ਸ਼ੱਤਰੀ, ਚਾਰੇ ਜੁਗ ਸਮਝ ਕਿਸੇ ਨਾ ਆਈਆ । ਸਚ ਪਰੇਮ ਪਿਆਰ ਨਾਲ ਰੱਤੜੀ, ਰੰਗ ਰੱਤੇ ਆਪ ਰੰਗਾਈਆ । ਜਿਸ ਦਾ ਤੋਲ ਵਜ਼ਨ ਤੋਲੇ ਕੋਇ ਨਾ ਤੱਕੜੀ, ਤਰਾਜ਼ੂ ਵਿਚ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਦਰਸਾਈਆ । ਭੇਵ ਅਭੇਦਾ ਖੋਲ੍ਹ ਭਗਵਾਨ, ਹਰਿ ਕਰਤੇ ਤੇਰੀ ਵਡਿਆਈਆ । ਆਦਿ

ਜੁਗਾਦਿ ਜੁਗ ਚੌਕੜੀ ਖੇਲ ਮਹਾਨ, ਖ਼ਾਲਕ ਖ਼ਲਕ ਆਪ ਕਰਾਈਆ । ਸਚਖੰਡ ਨਿਵਾਸੀ ਨੌਜਵਾਨ, ਮਰਦ ਮਰਦਾਨੇ ਤੇਰੀ ਸ਼ਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਤੇਰਾ ਭੇਵ ਨਾ ਸਕੇ ਜਾਣ, ਅਨੁਭਵ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਬਿਨ ਅੱਖਰਾਂ ਵੱਖਰਾ ਦੇਵੇਂ ਗਿਆਨ, ਬੋਧ ਅਗਾਧ ਕਰੇਂ ਪੜ੍ਹਾਈਆ । ਇਕ ਸੱਤ ਦਾ ਦੇਵਣਹਾਰਾ ਦਾਨ, ਪੰਜ ਛੇ ਬਖ਼ਸ਼ਣਹਾਰਾ ਮਾਣ, ਸਿਰ ਆਪਣਾ ਹੱਥ ਟਿਕਾਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਪੁਰਖ ਅਬਿਨਾਸ਼ੀ ਗੋਬਿੰਦ ਦਿਤਾ ਇਕ ਫ਼ਰਮਾਣ, ਸਚ ਸੰਦੇਸਾ ਧੁਰ ਅਲਾਈਆ । ਮੈਂ ਤੇਰਾ ਤੂੰ ਮੇਰਾ ਬਾਲਾ ਨੱਢਾ ਇਕ ਨਿਧਾਨ, ਪੂਤ ਸਪੂਤਾ ਨਜ਼ਰੀ ਆਈਆ । ਤੇਰਾ ਲੇਖਾ ਵਿਚ ਜਹਾਨ, ਲੋਕਮਾਤ ਕਰੀ ਕੁੜਮਾਈਆ । ਪੰਜ ਤਤ ਸ੍ਰਿਸ਼ਟ ਸਬਾਈ ਕਰ ਪਹਿਚਾਨ, ਆਤਮ ਅੰਤਰ ਨਿਰਗੁਣ ਨਜ਼ਰੀ ਆਈਆ । ਮਨ ਮਤ ਬੁਧ ਨੌ ਦਰ ਖੇਲ ਮਹਾਨ, ਕਾਇਆ ਤਨ ਮਾਟੀ ਰਚਨ ਰਚਾਈਆ । ਬਿਨ ਸਤਿਗੁਰ ਕਿਰਪਾ ਸਾਚਾ ਮੰਦਰ ਵੇਖੇ ਨਾ ਕੋਇ ਮਕਾਨ, ਘਰ ਘਰ ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਵਰਨ ਬਰਨ ਜਾਤ ਪਾਤ ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਰਬ ਕੁਰਲਾਣ, ਦੀਨ ਮਜ਼੍ਹਬ ਕਰੇ ਲੜਾਈਆ । ਨਰੰਤਰ ਬ੍ਰਹਮ ਸਕੇ ਨਾ ਕੋਇ ਪਹਿਚਾਨ, ਕੂੜੀ ਕਿਰਿਆ ਹੋਈ ਬੇਈਮਾਨ, ਸਾਚਾ ਜਲਵਾ ਨੂਰ ਜਹੂਰ ਨਾ ਕੋਇ ਰੁਸ਼ਨਾਈਆ । ਕਾਗਦ ਕਲਮ ਲਿਖ ਲਿਖ ਦੇ ਕੇ ਗਏ ਬਿਆਨ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਗਏ ਗਿਆਨ, ਰਸਨਾ ਜਿਹਵਾ ਬੱਤੀ ਦੰਦ ਸੋਹਲਾ ਢੋਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਇਕ ਅਖਵਾਇੰਦਾ । ਵਸਣਹਾਰਾ ਸਚਖੰਡ ਦਵਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਨੌਜਵਾਨ ਰੂਪ ਰੰਗ ਰੇਖ ਭੇਖ ਵੇਖ, ਜਗਤ ਨਾ ਕੋਇ ਸਮਝਾਇੰਦਾ । ਵਸਣਹਾਰਾ ਅਗੰਮੜੇ ਦੇਸ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਦੋ ਜਹਾਨਾਂ ਬਣ ਨਰੇਸ਼, ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਆਪਣਾ ਹੁਕਮ ਵਰਤਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਗੋਬਿੰਦ ਤੇਰਾ ਕਰ ਪਿਆਰ ਅੰਤਰ ਆਤਮ ਮਾਣੇ ਤੇਰੀ ਸੇਜ, ਸੋਭਾਵੰਤ ਆਪਣਾ ਆਸਣ ਲਾਇੰਦਾ । ਜੋਤੀ ਜਲਵਾ ਨੂਰੀ ਦੇ ਕੇ ਤੇਜ, ਸ਼ਬਦੀ ਢੋਲਾ ਰਾਗ ਸੁਣਾਇੰਦਾ । ਸਤਿ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਪੁਰਖ ਅਕਾਲ ਲੈਣਾ ਪੇਖ, ਬਿਨ ਅੱਖਾਂ ਨਜ਼ਰੀ ਆਇੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਬਦਲੇ ਰੇਖ, ਲੇਖਾ ਆਪਣੇ ਹੱਥ ਵਖਾਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਜਣਾਇੰਦਾ । ਆਦਿ ਅੰਤ ਜੁਗਾ ਜੁਗੰਤ ਰਹੇ ਹਮੇਸ਼, ਮਰਨ ਜਮਣ ਵਿਚ ਕਦੇ ਨਾ ਆਇੰਦਾ । ਸੇਵਾ ਲਾਏ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣੀ ਕਾਰ ਕਮਾਇੰਦਾ । ਉਸ ਦਾ ਲੇਖਾ ਕੋਈ ਨਾ ਸਕੇ ਵੇਖ, ਗਠੜੀ ਖੋਲ੍ਹ ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ ਆਪ ਜਣਾਇੰਦਾ । ਪਾਰਬ੍ਰਹਮ ਹਰਿ ਕਰਤਾ ਕਰਤਾਰ, ਕਰਨਹਾਰ ਵੱਡੀ ਵਡਿਆਈਆ । ਸਚ ਦਵਾਰਾ ਖੋਲ੍ਹ ਕਿਵਾੜ, ਪੜਦਾ ਉਹਲਾ ਆਪ ਚੁਕਾਈਆ । ਇਸ਼ਾਰੇ ਨਾਲ ਦਏ ਵਖਾਲ, ਗੋਬਿੰਦ ਆਪ ਜਗਾਈਆ । ਉਠ ਲਾਡਲੇ ਧੁਰ ਦੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰਾ ਵੇਖ ਸੱਚੀ ਧਰਮਸਾਲ, ਥਿਰ ਘਰ ਤੇਰਾ ਆਸਣ ਇਕ ਸੁਹਾਈਆ । ਆਦਿ ਜੁਗਾਦਿ ਜੁਗ ਚੌਕੜੀ ਚਲਾਂ

ਤੇਰੇ ਨਾਲ, ਨਿਤ ਨਵਿਤ ਸਗਲਾ ਸੰਗ ਬਣਾਈਆ । ਉਠ ਵੇਖ ਮੁਰੀਦਾਂ ਮੁਰਸ਼ਦ ਲਿਖਿਆ ਹਾਲ, ਲੇਖਾ ਜਾਣੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਤੇਰਾ ਲੇਖ ਅਨਡਿਠ, ਪ੍ਰਭ ਨਜ਼ਰ ਕਿਸੇ ਨਾ ਆਈਆ । ਕੋਈ ਨਾ ਜਾਣੇ ਤੇਰਾ ਭੇਤ, ਅਭੇਵ ਤੇਰੀ ਵਡਿਆਈਆ । ਧੰਨ ਭਾਗ ਤੂੰ ਮੇਰਾ ਕੀਤਾ ਹੇਤ, ਹਉਂ ਬਾਲਕ ਤੇਰੀ ਗੋਦ ਸੁਹਾਈਆ । ਜਿਉਂ ਭਾਵੇ ਤਿਉਂ ਖੇਲੇਂ ਖੇਡ, ਖ਼ਾਲਕ ਖ਼ਲਕ ਸਚ ਖ਼ਿਲਾਰੀ ਆਪਣਾ ਰੂਪ ਵਟਾਈਆ । ਹੁਕਮੇ ਅੰਦਰ ਸਭ ਨੂੰ ਦੇਵੇਂ ਭੇਜ, ਭੈ ਭੌ ਆਪਣਾ ਸਿਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣ ਗੋਬਿੰਦ ਸੱਚੇ, ਸਚ ਦਿਆਂ ਦ੍ਰਿੜਾਈਆ । ਉਠ ਲਾਡਲੇ ਮੇਰੇ ਬੱਚੇ, ਤੇਰਾ ਬਚਪਨ ਇਕ ਬਣਾਈਆ । ਲੱਖ ਚੁਰਾਸੀ ਭਾਂਡੇ ਕੱਚੇ, ਤਨ ਮਾਟੀ ਖ਼ਾਕ ਰਲਾਈਆ । ਮਨ ਵਾਸਨਾ ਨਵ ਨੌ ਚਾਰ ਨੱਚੇ, ਮਨ ਮਤ ਬੁੱਧ ਆਪਣੀ ਕਾਰ ਕਮਾਈਆ । ਗੁਰ ਗੋਬਿੰਦ ਦੋਵੇਂ ਇਕ ਘਰ ਵਸੇ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਸੂਰਜ ਚੰਦ ਨਾ ਕੋਈ ਰਵ ਸੱਸੇ, ਮੰਡਲ ਮੰਡਪ ਰੂਪ ਨਾ ਕੋਇ ਵਟਾਈਆ । ਇਕੋ ਜੋਤ ਜੋਤ ਪਰਕਾਸ਼ੇ, ਪਰਕਾਸ਼ਵਾਨ ਨੂਰ ਖ਼ੁਦਾਈਆ । ਸਾਚਾ ਲੇਖ ਲਿਖੇ ਪੁਰਖ ਅਬਿਨਾਸ਼ੇ, ਨਾ ਕੋਈ ਰੱਖੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਕਲਮ ਸ਼ਾਹੀ ਨਾ ਕੋਇ ਕਾਤਬ, ਲੇਖਾ ਲਿਖਤ ਵਿਚ ਨਾ ਆਈਆ । ਸਮਝ ਨਾ ਸਕੇ ਸਰਗੁਣ ਤਾਕਤ, ਨਿਰਗੁਣ ਆਪਣਾ ਪਰਦਾ ਪਾਈਆ । ਪਰਮ ਪੁਰਖ ਪਰਮਾਤਮ ਜੁਗ ਚੌਕੜੀ ਆਪਣੀ ਆਪੇ ਜਾਣੇ ਆਦਤ, ਅਦਾਲਤ ਦਰਗਾਹ ਸਾਚੀ ਹੱਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹੀ ਸਲਾਮਤ, ਸਾਹਿਬ ਦਾਤਾ ਵਡ ਵਡਿਆਈਆ । ਪੁਰਖ ਅਕਾਲ ਕਹੇ ਗੋਬਿੰਦ ਉਠ ਵੇਖ ਨੁਕਤਾ, ਬਿਨ ਅੱਖਾਂ ਦਿਆਂ ਵਖਾਈਆ । ਜਿਸ ਦਾ ਲੇਖ ਕਦੇ ਨਾ ਮੁੱਕਦਾ, ਜੁਗ ਚੌਕੜੀ ਹੁਕਮ ਵਰਤਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਸਰੋਵਰ ਕਦੇ ਨਾ ਸੁੱਕਦਾ, ਕੋਟਨ ਕੋਟ ਸਮੁੰਦ ਸਾਗਰ ਬੈਠੇ ਮੁਖ ਸ਼ਰਮਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਦੀ ਸਿਖਿਆ ਪੁਛਦਾ, ਕਰਨਹਾਰ ਸਚ ਪੜ੍ਹਾਈਆ । ਓਸ ਤੇਰੇ ਨਾਲ ਨਾਤਾ ਜੋੜਿਆ ਪਿਉਂ ਪੁੱਤ ਦਾ, ਪਤਿਪਰਮੇਸ਼ਵਰ ਸੱਜਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਕੀ ਇਕ ਸੱਤ, ਅੰਕ ਅੰਕ ਨਾਲ ਜੁੜਾਈਆ । ਪੰਜ ਛੇ ਦਾ ਭੇਵ ਦੱਸ, ਕਿਸ ਬਿਧ ਹੋਵੇ ਕੁੜਮਾਈਆ । ਚੌਥੇ ਜੁਗ ਚਾਰੋਂ ਕਰ ਇਕੱਠ, ਸੱਚਾ ਬੰਧਨ ਪਾਈਆ । ਵਿਚੋਂ ਦੂਈ ਦਵੈਤ ਕੱਟ, ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਇਕ ਕਹੇ ਮੇਰਾ ਖੇਲ ਏਕੰਕਾਰ, ਸਤਿ ਕਹੇ ਸਤਿ ਸਤਿਵਾਦੀ ਨਜ਼ਰੀ ਆਈਆ । ਪੰਜ ਕਹੇ ਮੇਰਾ ਪੰਚ ਆਧਾਰ, ਪੰਚਮ ਪੰਚ ਦੇਵੇ ਵਡਿਆਈਆ । ਛੇ ਕਹੇ ਮੇਰਾ ਸੱਚਾ ਘਰ ਬਾਰ, ਛੇ ਘਰ ਗੁਰ ਗੁਰ ਬੂਝ ਬੁਝਾਈਆ । ਇਕ ਸੱਤ ਪੰਜ ਛੇ ਕਰ ਤਿਆਰ, ਸਤਾਰਾਂ ਸੌ ਛਪੰਜਾ ਬਿਕ੍ਰਮੀ ਵਾਰ ਥਿਤ ਇਕ ਰਖਾਈਆ । ਜਿਸ ਥਿਤ ਅੰਦਰ ਪੁਰਖ ਅਕਾਲ ਗੋਬਿੰਦ ਕੀਤਾ ਪਿਆਰ, ਪਰੇਮ ਪ੍ਰੀਤੀ ਇਕ ਸਮਝਾਈਆ । ਉਠ ਦੁਲਾਰੇ ਕਰ ਧਿਆਨ, ਨੇਤਰ ਲੋਚਣ ਲੈਣਾਂ ਅੱਖ ਖੁਲ੍ਹਾਈਆ । ਚਾਰ ਵਰਨ ਰੋਵਣ ਜ਼ਾਰੋ ਜ਼ਾਰ, ਬਰਨ ਅਠਾਰਾਂ ਰਹੇ ਕੁਰਲਾਈਆ । ਗ਼ਰੀਬ ਨਿਮਾਣਿਆਂ


੯੮੬
੧੯

ਕੋਝਿਆਂ ਕਮਲਿਆਂ ਕੋਈ ਨਾ ਸਕੇ ਉਠਾਲ, ਸ਼ਾਹ ਸੁਲਤਾਨ ਸਿਰ ਹੱਥ ਨਾ ਕੋਇ ਟਿਕਾਈਆ । ਸ਼ਬਦ ਦੁਲਾਰੇ ਬਣ ਦਲਾਲ, ਲੋਕਮਾਤ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਗੋਬਿੰਦ ਕਹੇ ਮੈਂ ਕੀ ਜਾਣਾਂ, ਪ੍ਰਭੂ ਕੀ ਤੇਰੀ ਵਡਿਆਈਆ । ਬਾਲਾ ਨੱਢਾ ਤੇਰਾ ਅਵਾਣਾ, ਸਦ ਹੁਕਮੇ ਵਿਚ ਸਮਾਈਆ । ਪਰੇਮ ਪਿਆਰ ਤੇਰਾ ਪੀਣਾ ਖਾਣਾ, ਦੂਜੀ ਤ੍ਰਿਸਨਾ ਨਾ ਕੋਇ ਵਧਾਈਆ । ਤੂੰ ਮੇਰਾ ਮੈਂ ਤੇਰਾ ਗਾਣਾ ਗਾਣਾ, ਇਕੋ ਢੋਲਾ ਰਿਹਾ ਗਾਈਆ । ਤੂੰ ਸਾਹਿਬ ਸਤਿਗੁਰ ਬੀਨਾ ਦਾਨਾ, ਦਾਤਾਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਦ ਤੇਰਾ ਸੰਗ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਕਰਾਂ ਪਿਆਰ, ਸਚ ਸਚ ਦ੍ਰਿੜਾਈਆ । ਤੇਰੇ ਨਾਲ ਕੌਲ ਇਕਰਾਰ, ਇਕਰਾਰਨਾਮਾ ਆਪਣੀ ਹੱਥੀਂ ਦਿਤਾ ਲਿਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੱਜਣ ਕਰ ਤਿਆਰ, ਪੰਜ ਤਤ ਤਨ ਵਡਿਆਈਆ । ਅੰਮ੍ਰਿਤ ਆਤਮ ਜਾਮ ਪਿਆਲ, ਰੋਗ ਸੋਗ ਮਿਟਾਈਆ । ਚਾਰ ਵਰਨਾਂ ਦੇ ਆਧਾਰ, ਊਚ ਨੀਚ ਨਾ ਕੋਇ ਰਖਾਈਆ । ਸਾਚੀ ਸਿਖੀ ਕਰ ਤਿਆਰ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਪੰਚ ਸ਼ਬਦ ਨਾਦ ਧੁਨਕਾਰ, ਘਰ ਵੱਜੇ ਨਾਮ ਵਧਾਈਆ । ਤੇਰਾ ਲੇਖਾ ਅਗੰਮ ਅਪਾਰ, ਅਲਖ ਅਗੋਚਰ ਦਏ ਸਮਝਾਈਆ । ਬੂਟਾ ਲਾਉਣਾ ਇਕ ਕਰਤਾਰ, ਮਾਲੀ ਤੇਰਾ ਰੂਪ ਬਣਾਈਆ । ਪਾਲੀ ਬਣ ਕੇ ਵੇਖੇ ਸਿਰਜਣਹਾਰ, ਨਿਰਗੁਣ ਨਿਰਵੈਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਪੁਰਖ ਅਕਾਲ ਬੂਝ ਬੁਝਾਈਆ । ਚਾਰ ਵਰਨਾਂ ਕਰ ਪਰਵਾਨ, ਪੰਚਮ ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਆਤਮ ਪਿਆ ਜਾਮ, ਰਸ ਇਕੋ ਇਕ ਵਖਾਈਆ । ਲੋਕਮਾਤ ਦੇ ਪੈਗ਼ਾਮ, ਸਚ ਸੰਦੇਸਾ ਇਕ ਸੁਣਾਈਆ । ਜੀਵ ਜੰਤ ਰਹੇ ਨਾ ਕੋਇ ਅੰਞਾਣ, ਭਰਮ ਭੁਲੇਖਾ ਆਪ ਕਢਾਈਆ । ਖ਼ਾਲਸ ਖ਼ਾਲਸਾ ਝੁੱਲੇ ਨਿਸ਼ਾਨ, ਧੁਰਦਰਗਾਹੀ ਹੱਥ ਫੜਾਈਆ । ਵਾਹਿਗੁਰੂ ਆਪ ਕਰੇ ਪਰਵਾਨ, ਗੁਰ ਗੁਰ ਆਪਣੀ ਬੂਝ ਬੁਝਾਈਆ । ਫ਼ਤਹਿ ਡੰਕਾ ਵੱਜੇ ਵਿਚ ਜਹਾਨ, ਦੋ ਜਹਾਨ ਕਰੇ ਸ਼ਨਵਾਈਆ । ਸਚ ਸੰਦੇਸਾ ਤੇਰਾ ਇਕ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਗੋਬਿੰਦ ਆਖੇ, ਪੁਰਖ ਅਕਾਲ ਤੇਰੀ ਵਡਿਆਈਆ । ਮੈਂ ਸੁਣੀ ਤੇਰੀ ਅਗੰਮੀ ਬਾਤੇ, ਜੋ ਬਾਤਨ ਦਿਤੀ ਜਣਾਈਆ । ਤੇਰਾ ਲੇਖ ਅਗੰਮੀ ਸਾਚੇ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਤਨ ਮਾਟੀ ਕਾਚੇ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਪਿਛੇ ਆ ਕੇ ਸਾਰੇ ਗਏ ਭਾਗੇ, ਲੋਕਮਾਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਸਮਝਾਈਆ । ਗੋਬਿੰਦ ਕਹੇ ਗੁਰ ਅਵਤਾਰ ਪੀਰ ਪੈਗੰਬਰ ਜੋ ਮਾਤ ਆਇਆ, ਪੰਜ ਤਤ ਰਹਿਣ ਕਿਸੇ ਨਾ ਪਾਈਆ । ਅੰਤਮ ਤੇਰੇ ਵਿਚ ਸਮਾਇਆ, ਜੋਤੀ ਜੋਤ ਡੇਰਾ ਲਾਈਆ । ਜਗਤ ਨਿਸ਼ਾਨਾ ਨਜ਼ਰ ਨਾ ਆਇਆ, ਧੁਰ ਦਾ ਸੰਗ ਸਗਲਾ ਰੂਪ ਨਾ ਕੋਇ ਵਖਾਈਆ । ਦਰ ਠਾਂਡੇ ਇਕੋ ਮੰਗ ਮੰਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਠਾਂਡੇ ਦਰ ਮੰਗਾਂ ਮੰਗ, ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਸਾਹਿਬ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਇਕ

ਅਖਵਾਈਆ । ਤੇਰਾ ਦਵਾਰਾ ਵੇਖਿਆ ਲੰਘ, ਕੋਟਨ ਕੋਟ ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਤੂੰ ਸਾਹਿਬ ਸੁਲਤਾਨ ਪੁਰਖ ਅਬਿਨਾਸ਼ੀ ਸਚਖੰਡ ਦਵਾਰੇ ਬੈਠੋਂ ਆਪਣੇ ਵਿਚ ਬ੍ਰਹਿਮੰਡ, ਬ੍ਰਹਿਮੰਡ ਬ੍ਰਹਿਮੰਡ ਵਿਚੋਂ ਪਰਗਟਾਈਆ । ਮੈਨੂੰ ਬਣਾ ਕੇ ਗੁਜਰੀ ਚੰਦ, ਲੋਕਮਾਤ ਪੰਜ ਤਤ ਚੋਲਾ ਦਿਤਾ ਪਹਿਨਾਈਆ । ਅੱਗੇ ਵਾਸਤੇ ਮੇਰੀ ਨੰਗੀ ਹੋਣ ਨਾ ਦੇਵੀਂ ਕੰਡ, ਸਿਰ ਆਪਣਾ ਹੱਥ ਟਿਕਾਈਆ । ਨਿਤ ਨਵਿਤ ਤੇਰੇ ਨਾਲ ਜਾਵਾਂ ਹੰਡ, ਸੱਚਾ ਸੰਗ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਦ ਆਪਣਾ ਮੇਲ ਮਿਲਾਈਆ । ਸਾਚਾ ਪ੍ਰਭੂ ਮੇਲ ਮਿਲਾਇਆ, ਮਿਲਿਆ ਮੇਲ ਵਿਛੜ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਅਖਵਾਇਆ, ਦੂਜਾ ਸੰਗ ਨਾ ਕੋਇ ਰਖਾਈਆ । ਤੂੰ ਜਨਨੀ ਜਨ ਬਣ ਦਾਈ ਦਾਇਆ, ਹਉਂ ਬਾਲਕ ਗੋਦ ਉਠਾਈਆ । ਤ੍ਰੈਗੁਣ ਪੋਹ ਸਕੇ ਨਾ ਮਾਇਆ, ਪੰਜ ਤਤ ਤੇਰੀ ਭੇਟ ਚੜ੍ਹਾਈਆ । ਪੰਜ ਤਤ ਚੋਲਾ ਦੇਣਾ ਤਜਾਇਆ, ਤਨ ਮਾਟੀ ਖ਼ਾਕੀ ਖ਼ਾਕ ਸਮਾਈਆ । ਤੇਰਾ ਨਾਦ ਤੇਰਾ ਸ਼ਬਦ ਤੇਰਾ ਰੂਪ ਨਜ਼ਰੀ ਆਇਆ, ਤੂੰ ਹੀ ਤੂੰ ਦਿਤਾ ਜਣਾਈਆ । ਤੇਰੇ ਨਾਲ ਕੌਲ ਇਕਰਾਰ ਕਰਨ ਇਕੋ ਆਇਆ, ਘਰ ਠਾਂਡੇ ਦੋਏ ਜੋੜ ਵਾਸਤਾ ਪਾਈਆ । ਤੇਰਾ ਭਵਿਖਤ ਤੇਰੀ ਕਿਰਪਾ ਮੈਨੂੰ ਨਜ਼ਰੀ ਆਇਆ, ਮਿਹਰਵਾਨ ਦਿਤਾ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਬੈਠੇ ਧਿਆਨ ਲਗਾਇਆ, ਕਲਜੁਗ ਅੰਤਮ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਪ੍ਰਭੂ ਜੁਗ ਚੌਕੜੀ ਧਿਆਨ ਲਗੌਂਦੇ ਨੇ । ਨੇਤਰ ਨੈਣ ਰਾਹ ਤਕੌਂਦੇ ਨੇ । ਗੁਰ ਅਵਤਾਰ ਪੀਰ ਪੈਗ਼ੰਬਰ ਵਾਸਤਾ ਪੌਂਦੇ ਨੇ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਹਾਲ ਜਣੌਂਦੇ ਨੇ । ਭਗਤ ਭਗਵਾਨ ਤੇਰਾ ਕਰ ਧਿਆਨ, ਨੇਤਰ ਨੈਣਾਂ ਨੀਰ ਵਹੌਂਦੇ ਨੇ । ਸੰਤ ਸੁਹੇਲੇ ਮੰਗਣ ਦਾਨ, ਖ਼ਾਲੀ ਝੋਲੀ ਅੱਗੇ ਡੌਂਹਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਦਰ ਸਵਾਮੀ ਘਰ ਇਕੋ ਸੋਭਾ ਪੌਂਦੇ ਨੇ । ਗੋਬਿੰਦ ਕਹੇ ਮੈਨੂੰ ਭਵਿਖਤ ਨਜ਼ਰੀ ਔਂਦਾ ਏ । ਜਿਸ ਦਾ ਭੇਵ ਕੋਇ ਨਾ ਪੌਂਦਾ ਏ । ਕਲਜੁਗ ਅੰਤ ਤੇਰਾ ਰਾਹ ਤਕੌਂਦਾ ਏ । ਦੋਏ ਜੋੜ ਵਾਸਤਾ ਪਾ, ਚਰਨ ਸੀਸ ਨਿਵੌਂਦਾ ਏ । ਈਸਾ ਮੂਸਾ ਮੁਹੰਮਦ ਨੈਣ ਰਿਹਾ ਸ਼ਰਮਾ, ਨੇਤਰ ਅੱਖ ਨਾ ਕੋਇ ਉਠੌਂਦਾ ਏ । ਤੇਈ ਅਵਤਾਰ ਚਰਨੀ ਡਿਗੇ ਮਾਰਨ ਧਾਹ, ਨੇਤਰ ਨੈਣਾਂ ਨੀਰ ਸਰਬ ਵਹੌਂਦਾ ਏ । ਸ਼ਾਸਤਰ ਸਿਮਰਤ ਬਣ ਗਵਾਹ, ਸ਼ਹਾਦਤ ਇਕੋ ਵਾਰ ਭੁਗਤੌਂਦਾ ਏ । ਲੱਖ ਚੁਰਾਸੀ ਭੁੱਲੇ ਤੇਰਾ ਨਾਂ, ਸਾਧ ਸੰਤ ਸਾਬਤ ਨਜ਼ਰ ਕੋਇ ਨਾ ਔਂਦਾ ਏ । ਮਾਣਸ ਮਾਨੁਖ ਹੰਸ ਬਣੇ ਦਿਸਣ ਕਾਂ, ਕਾਗ ਬੁਧੀ ਵਾਂਗ ਸਰਬ ਕੁਰਲੌਂਦਾ ਏ । ਪੁੱਤਰ ਮੱਲਣ ਸੇਜਾ ਮਾਂ, ਕਲਜੁਗ ਆਪਣਾ ਰੰਗ ਚੜ੍ਹੌਂਦਾ ਏ । ਨਾਤਾ ਬਣੇ ਭੈਣ ਭਰਾ, ਨਾਰ ਕੰਤ ਨਾ ਕੋਇ ਹੰਢੌਂਦਾ ਏ । ਗੁਰੂ ਚੇਲਾ ਝਗੜਾ ਰਿਹਾ ਪਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲੌਂਦਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਨੇਤਰ ਨੈਣਾਂ ਨੀਰ ਰਹੇ ਵਹਾ, ਸਚ ਗਿਆਨ ਅੰਤਰ ਨਾ ਕੋਇ ਵਖੌਂਦਾ ਏ । ਰਸਨਾ ਜਿਹਵਾ ਢੋਲੇ ਕੂੜੇ ਰਹੇ ਗਾ, ਹਿਰਦੇ ਹਰਿ ਨਾ ਕੋਇ ਵਸੌਂਦਾ ਏ । ਪੀਰ ਪੈਗ਼ੰਬਰ ਕਰਨ ਦੁਆ, ਦੋਏ ਜੋੜ ਵਾਸਤਾ ਪੌਂਦਾ ਏ । ਕਲਮਾ ਕਾਇਨਾਤ ਗਏ ਭੁਲਾ, ਰਸੂਲ ਤੇਰਾ ਗੀਤ ਨਾ ਕੋਇ ਅਲੌਂਦਾ ਏ । ਤੋਬਾ ਤੋਬਾ ਸਾਰੇ ਰਹੇ ਸੁਣਾ, ਸਿਰ ਸੀਸ ਜਗਦੀਸ ਨਾ ਕੋਇ ਝੁਕੌਂਦਾ ਏ । ਚਾਰੋਂ ਕੁੰਟ ਹੋਏ ਵੈਰਾਨ, ਵੈਰੀ ਘਰ ਘਰ ਆਪ ਵਖੌਂਦਾ ਏ । ਲੇਖਾ ਚੁੱਕੇ ਅੰਜੀਲ ਕੁਰਾਨ, ਸਦੀ ਚੌਧਵੀਂ

ਚੌਦਾਂ ਤਬਕ ਹਾਹਾਕਾਰ ਮਚੌਂਦਾ ਏ । ਬੀਸ ਇਕੀਸਾ ਮੈਨੂੰ ਨਜ਼ਰੀ ਰਿਹਾ ਆ, ਜਿਸ ਵੇਲੇ ਕਲਜੁਗ ਆਪਣਾ ਲੇਖਾ ਤੇਰੀ ਝੋਲੀ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ ਵਰ, ਦਰ ਤੇਰੇ ਮੰਗ ਮੰਗੌਂਦਾ ਏ । ਦਰ ਤੇਰੇ ਮੰਗ ਮੰਗਾਵਾਂਗਾ । ਜੋ ਵੇਖਿਆ ਹਾਲ ਸੁਣਾਵਾਂਗਾ । ਅਨਡਿਠੜੀ ਕਾਰ ਕਮਾਵਾਂਗਾ । ਤੇਰੀ ਗਠੜੀ ਫੋਲ ਵਖਾਵਾਂਗਾ । ਜੋ ਧੁਰ ਦੀ ਲਿਖੀ ਪਤਰੀ, ਬਿਨ ਅੱਖਰਾਂ ਅੱਖ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਦਰ ਠਾਂਡਾ ਵੇਖ ਵਖਾਵਾਂਗਾ । ਮੈਨੂੰ ਭਵਿਖਤ ਨਜ਼ਰੀ ਔਂਦਾ ਏ । ਗੁਰ ਅਵਤਾਰ ਪੀਰ ਪੈਗੰਬਰ ਪ੍ਰਭ ਤੇਰੇ ਅੱਗੇ ਸਰਬ ਕੁਰਲੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਵਾਸਤਾ ਪੌਂਦਾ ਏ । ਕਰੋੜ ਤੇਤੀਸਾ ਸੁਰਪਤ ਇੰਦ ਹਾਹਾਕਾਰ ਸੁਣੌਂਦਾ ਏ । ਆਦਿ ਸ਼ਕਤ ਆਦਿ ਭਵਾਨੀ, ਚਤਰਭੁਜ ਮਾਣ ਅਭਿਮਾਨ ਸਰਬ ਮਿਟੌਂਦਾ ਏ । ਪਰਵਰਦਿਗਾਰ ਪੀਰ ਪੈਗ਼ੰਬਰ ਸਜਦਾ ਕਰ ਸ਼ੁਕਰ ਮਨੌਂਦਾ ਏ । ਚਾਰੋਂ ਕੁੰਟ ਧੂਅੰਧਾਰ, ਸਾਚਾ ਚੰਦ ਨਾ ਕੋਇ ਚਮਕੌਂਦਾ ਏ । ਸ੍ਰਿਸ਼ਟ ਸਬਾਈ ਹੁੰਦੀ ਦਿਸੇ ਖ਼ਵਾਰ, ਧੀਰਜ ਧੀਰ ਨਾ ਕੋਇ ਰਖੌਂਦਾ ਏ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧੂਅੰਧਾਰ, ਹਾਹਾਕਾਰ ਨਾਰੀ ਨਰ ਸਰਬ ਸੁਣੌਂਦਾ ਏ । ਪੰਡਤ ਪਾਂਧੇ ਮੁੱਲਾਂ ਸ਼ੇਖ਼ ਮਸਾਇਕ ਦਿਸਣ ਬੇਈਮਾਨ, ਕਲਮਾ ਹੱਕ ਨਾ ਕੋਇ ਪੜ੍ਹੌਂਦਾ ਏ । ਭਰਮੇ ਭੁੱਲੇ ਵਿਦਵਾਨ, ਚੌਦਾਂ ਵਿਦਿਆ ਜਗਤ ਰਾਹ ਚਲੌਂਦਾ ਏ । ਤੇਰਾ ਨਜ਼ਰ ਨਾ ਆਏ ਕਿਸੇ ਨਿਸ਼ਾਨ, ਨਿਸ਼ਾਨਾ ਤੀਰ ਨਾ ਕੋਇ ਲਗੌਂਦਾ ਏ । ਮੈਂ ਵੇਖ ਕੇ ਹੋਇਆ ਹੈਰਾਨ, ਹਰਿ ਜੂ ਕੀ ਕੀ ਖੇਲ ਵਰਤੌਂਦਾ ਏ । ਏਸੇ ਕਰ ਕੇ ਤੇਰੇ ਅੱਗੇ ਦੇਵਾਂ ਬਿਆਨ, ਆਪਣੀ ਆਸਾ ਤੇਰੀ ਝੋਲੀ ਪੌਂਦਾ ਏ । ਮੈਨੂੰ ਅੰਤ ਦਿਸਦਾ ਤੂੰ ਨਿਹਕਲੰਕ ਪਰਗਟੇਂ ਬਲੀ ਬਲਵਾਨ, ਤੇਰਾ ਅੰਤ ਕਿਸੇ ਨਾ ਔਂਦਾ ਏ । ਰੂਪ ਰੰਗ ਨਾ ਦਿਸੇ ਕੋਇ ਨਿਸ਼ਾਨ, ਮਾਤ ਗਰਭ ਨਾ ਡੇਰਾ ਲੌਂਦਾ ਏ । ਮੇਰੇ ਨਾਲ ਕਰ ਇਕਰਾਰ, ਤੇਰਾ ਮੇਰਾ ਸਚ ਪਿਆਰ, ਸਚ ਸੰਦੇਸਾ ਇਕ ਸੁਣੌਂਦਾ ਏ । ਜਿਸ ਵੇਲੇ ਆਵੇਂ ਵਿਚ ਸੰਸਾਰ, ਮੇਰਾ ਪਰੇਮ ਨਾ ਦੇਵੀਂ ਵਿਸਾਰ, ਵਿਛੋੜਾ ਤੇਰਾ ਨਾ ਮੋਹੇ ਭੌਂਦਾ ਏ । ਤੂੰ ਪਿਤਾ ਪੁਰਖ ਅਕਾਲ ਆਦਿ ਜੁਗਾਦੀ ਦੀਨ ਦਿਆਲ, ਸਦਾ ਦੀਨਨ ਗਲੇ ਲਗੌਂਦਾ ਏ । ਮੈਂ ਤੇਰੇ ਹੁਕਮੇ ਅੰਦਰ ਸਤਾਰਾਂ ਸੌ ਛਪੰਜਾ ਬਿਕ੍ਰਮੀ ਗੁਰਮੁਖ ਬੂਟੇ ਦੇਵਾਂ ਲਾ ਤੂੰ ਆਪੇ ਕਰਨੀ ਪਾਲ, ਪ੍ਰਿਤਪਾਲਕ ਤੇਰੀ ਸੇਵਾ ਇਕ ਸਮਝੌਂਦਾ ਏ । ਜਿਸ ਵੇਲੇ ਵੇਖੇਂ ਆ ਕੇ ਹਾਲ, ਨਿਰਗੁਣ ਆਪਣਾ ਫੇਰਾ ਪੌਂਦਾ ਏ । ਆਪਣੇ ਬੱਚੇ ਨੂੰ ਰੱਖੀਂ ਨਾਲ, ਤੇਰਾ ਵਿਛੋੜਾ ਸਹਿ ਨਾ ਸੰਗ ਤੁੜੌਂਦਾ ਏ । ਪੁਰਖ ਅਬਿਨਾਸ਼ੀ ਹੋ ਦਿਆਲ, ਸਿਰ ਆਪਣਾ ਹੱਥ ਟਿਕੌਂਦਾ ਏ । ਗੋਬਿੰਦ ਤੈਨੂੰ ਵਿਚੋਲਾ ਵਿਚ ਰੱਖਾਂ ਦਲਾਲ, ਬਣ ਵਣਜਾਰਾ ਹੱਟ ਚਲੌਂਦਾ ਏ । ਤੂੰ ਆਪਣੇ ਗੁਰਸਿਖ ਗੁਰਮੁਖ ਲਵੇਂ ਭਾਲ, ਤੇਰੇ ਵਿਛੜੇ ਫੇਰ ਮਿਲੌਂਦਾ ਏ । ਬੀਸ ਇਕੀਸੇ ਕਰਿਆ ਇਕ ਖ਼ਿਆਲ, ਦਲੀਲ ਦਲੀਲ ਨਾਲ ਦ੍ਰਿੜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ । ਸਚ ਕਰਨੀ ਕਾਰ ਕਮਾਵਾਂਗਾ । ਨਿਹਕਲੰਕ ਨੂਰ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਕਿਲਾ ਕੋਟ ਬੰਕ ਸੁਹਾਵਾਂਗਾ । ਸੰਬਲ ਸੱਚਾ ਡੇਰਾ ਲਾਵਾਂਗਾ । ਸ਼ਬਦ ਚੋਟ ਨਗਾਰੇ ਇਕ ਲਗਾਵਾਂਗਾ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਵਿਚ ਕਿਸੇ ਨਾ ਆਵਾਂਗਾ । ਨਾ ਕੋਈ ਪੁੱਤ ਕਹੇ ਨਾ ਪੋਤਰਾ ਨਾ ਕੋਈ ਓਤ ਪੋਤ, ਜੋਤੀ ਧਾਰ ਚਮਕਾਵਾਂਗਾ । ਗੋਬਿੰਦ ਤੇਰਾ ਪੂਰਾ ਕਰ ਕੇ ਸ਼ੌਕ, ਸ਼ਹਿਨਸ਼ਾਹ ਤੇਰਾ ਖੇਲ ਵਖਾਵਾਂਗਾ । ਤੇਰਾ ਮੇਲਾ ਨਿਤ ਨਵਿਤ ਰੋਜ਼, ਘੜੀ ਪਲ ਵਿਛੋੜਾ ਵੰਡ ਨਾ ਕੋਈ ਵੰਡਾਵਾਂਗਾ ।


੬੮੬ ੧੯

ਮੇਰਾ ਲੇਖਾ ਕਿਸੇ ਨਾ ਆਵੇ ਸੋਚ, ਸਮਝ ਵਿਚ ਨਾ ਕਿਸੇ ਦ੍ਰਿੜਾਵਾਂਗਾ । ਜਿਸ ਆਸਾ ਨੂੰ ਰਿਹਾ ਲੋਚ, ਸੋ ਲੋਚਾ ਪੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਰ ਵਖਾਵਾਂਗਾ । ਗੋਬਿੰਦ ਬੀਸ ਇਕੀਸਾ ਵਕਤ ਸੁਹਾਏਗਾ । ਜਗਤ ਜਗਦੀਸਾ ਵੇਖ ਵਖਾਏਗਾ । ਛਤਰ ਸੀਸਾ ਇਕ ਝੁਲਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰਾਂ ਧੁਰ ਹਦੀਸਾ, ਇਕ ਪੜ੍ਹਾਏਗਾ । ਸ਼ਾਹ ਸੁਲਤਾਨਾਂ ਖ਼ਾਲੀ ਖੀਸਾ, ਰਾਜ ਰਾਜਾਨਾਂ ਖ਼ਾਕ ਮਿਲਾਏਗਾ । ਵੇਖ ਵਖਾਏ ਸ਼ਾਸਤਰ ਸਿਮਰਤ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਤੀਸ ਬਤੀਸਾ ਅੰਜੀਲ ਕੁਰਾਨਾ ਪਰਦਾ ਫੋਲ ਫੁਲਾਵੇਗਾ । ਖ਼ਾਣੀ ਬਾਣੀ ਬਣ ਕੇ ਮੀਤਾ, ਮਿੱਤਰ ਪਿਆਰਾ ਪਰਦਾ ਲਾਹਵੇਗਾ । ਲਹਿਣਾ ਦੇਣਾ ਚੁਕਾਏ ਊਚਾਂ ਨੀਚਾਂ, ਰਾਉ ਰੰਕਾਂ ਇਕੋ ਘਰ ਵਸਾਵੇਗਾ । ਲੇਖਾ ਜਾਣੇ ਹਸਤ ਕੀਟਾ, ਅਨਡਿਠਾ ਆਪਣਾ ਰੂਪ ਧਰਾਵੇਗਾ । ਗੋਬਿੰਦ ਤੇਰਾ ਵੇਖ ਬਾਗ਼ੀਚਾ, ਗੁਰਮੁਖ ਸਾਚੇ ਫੂਲ ਮਹਿਕਾਵੇਗਾ । ਚਰਨ ਪ੍ਰੀਤਾ ਬਖ਼ਸ਼ ਕਰੇ ਠਾਂਡਾ ਸੀਤਾ, ਸੀਤਲ ਧਾਰ ਇਕ ਵਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵੇਗਾ । ਪ੍ਰਭ ਕਰਨੀ ਕੀ ਕਮਾਏਂਗਾ । ਕਿਸ ਬਿਧ ਆਪਣਾ ਖੇਲ ਰਚਾਏਂਗਾ । ਸੰਤ ਸੁਹੇਲੇ ਕਿਵੇਂ ਉਠਾਏਂਗਾ । ਗੁਰਮੁਖ ਚੇਲੇ ਕਿਸ ਬਿਧ ਆਪ ਮਿਲਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕੀ ਕਰਤੇ ਕਾਰ ਕਮਾਏਂਗਾ । ਕਲਜੁਗ ਵੇਲੇ ਅੰਤਮ ਆਵਾਂਗਾ । ਆਪਣੀ ਖੇਲ ਖਿਲਾਵਾਂਗਾ । ਗੋਬਿੰਦ ਤੇਰਾ ਸ਼ਬਦੀ ਰੂਪ ਵਟਾਵਾਂਗਾ । ਸਚ ਸੰਦੇਸਾ ਇਕ ਸੁਣਾਵਾਂਗਾ । ਘਰ ਘਰ ਅੰਦਰ ਤੈਨੂੰ ਵਾੜ, ਗੁਰਮੁਖ ਸੋਏ ਆਪ ਉਠਾਵਾਂਗਾ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਡਗਮਗਾਵਾਂਗਾ । ਅੰਤਰ ਆਤਮ ਕਰ ਪਿਆਰ, ਪਰਮਾਤਮ ਮੇਲ ਮਿਲਾਵਾਂਗਾ । ਬਜਰ ਕਪਾਟੀ ਖੋਲ੍ਹ ਕਿਵਾੜ, ਦਸਮ ਦਵਾਰੀ ਵੇਖ ਵਖਾਵਾਂਗਾ । ਫੜ ਬਾਹੋਂ ਮਾਤ ਉਠਾਲ, ਸਾਚੀ ਸੇਜ ਆਪ ਸੁਹਾਵਾਂਗਾ । ਨਾਤਾ ਤੋੜ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਵਾਂਗਾ । ਵੇਖੀਂ ਲਾਡਲੇ ਲਾਲ, ਗੁਰਮੁਖ ਲਾਲ ਤੇਰੀ ਗੋਦ ਬਹਾਵਾਂਗਾ । ਤੂੰ ਆਪੇ ਲਈਂ ਸੰਭਾਲ, ਸੰਬਲ ਤੇਰਾ ਘਰ ਵਸਾਵਾਂਗਾ । ਇਹੋ ਤੇਰੇ ਨਾਲ ਇਕਰਾਰ, ਤੇਰੇ ਕੀਤੇ ਤੇਰੇ ਨਾਲ ਮਿਲਾਵਾਂਗਾ । ਵਿਸਰ ਨਾ ਜਾਵਾਂ ਵਿਚ ਸੰਸਾਰ, ਵਡ ਸੰਸਾਰੀ ਹੋ ਕੇ ਸੰਸਾ ਰੋਗ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਵਿਚੋਲਾ ਸੇਵ ਕਮਾਵਾਂਗਾ । ਵਿਚੋਲਾ ਬਣ ਕੇ ਆਵਾਂਗਾ । ਢੋਲਾ ਇਕ ਸੁਣਾਵਾਂਗਾ । ਪੜਦਾ ਉਹਲਾ ਆਪ ਉਠਾਂਵਾਂਗਾ । ਪੰਜ ਤਤ ਕਾਇਆ ਚੋਲਾ ਭਾਗ ਲਗਾਵਾਂਗਾ । ਕੂੜੀ ਕਿਰਿਆ ਪਾਏ ਨਾ ਰੌਲਾ, ਹੰ ਬ੍ਰਹਮ ਪਾਰਬ੍ਰਹਮ ਆਪਣਾ ਘਰ ਵਖਾਵਾਂਗਾ । ਨਾਤਾ ਤੋੜ ਤ੍ਰਿਸਨਾ ਤਮ, ਕਾਇਆ ਮਾਟੀ ਚੰਮ ਰੰਗ ਚੜ੍ਹਾਵਾਂਗਾ । ਨਾ ਕੋਈ ਹਰਖ਼ ਸੋਗ ਨਾ ਗ਼ਮ, ਖ਼ੁਸ਼ੀ ਆਪਣੀ ਇਕ ਜਣਾਵਾਂਗਾ । ਲੇਖ ਚੁਕਾ ਕੇ ਜਾਪ ਦਮਾਂ ਦਮ, ਦੇ ਦਰਸ ਪਾਰ ਕਰਾਵਾਂਗਾ । ਅੱਗੇ ਦੇਵੇ ਕੋਈ ਨਾ ਡੰਨ, ਰਾਏ ਧਰਮ ਡੇਰਾ ਢਾਹਵਾਂਗਾ । ਘਰ ਵਖਾ ਛੱਪਰੀ ਛੰਨ, ਬੰਕ ਦਵਾਰਾ ਇਕ ਸੁਹਾਵਾਂਗਾ । ਤੇਰਾ ਕਹਿਣਾ ਮੰਨ, ਜਨ ਭਗਤਾਂ ਮਨਸਾ ਪੂਰ ਕਰਾਵਾਂਗਾ । ਥੋੜਾ ਥੋੜਾ ਅੰਦਰ ਰੱਖ ਕੇ ਜਨ, ਸ਼ੰਕਿਆ ਵਿਚੋਂ ਸੰਸੇ ਹੋਰ ਵਧਾਵਾਂਗਾ । ਤੂੰ ਆਦਿ ਜੁਗਾਦੀ ਮੇਰਾ ਚੰਨ, ਗੁਜਰੀ ਚੰਨ ਇਕ ਸਤ ਛੇ ਪੰਜ ਉਲਟੀ ਗੰਗ ਵਹਾਵਾਂਗਾ । ਨਿਰਗੁਣ ਸਰਗੁਣ ਜ਼ੀਰੋ ਜ਼ੀਰੋ ਜ਼ੀਰੋ ਜਾਹਰ ਜਹੂਰ ਤੇਰੀ ਧਾਰ ਚਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਸਤਿ ਸਰੂਪ ਲੇਖਾ ਜਾਣੇ ਸ਼ਾਹੋ ਭੂਪ, ਸ਼ਹਿਨਸ਼ਾਹ

ਤੇਰਾ ਹੁਕਮ ਇਕ ਵਰਤਾਵੇਂਗਾ । ਸਤਾਰਾਂ ਸੌ ਛਪੰਜਾ ਬਿਕ੍ਰਮੀ ਧੁਰ ਦਾ ਕੌਲ, ਹਰਿ ਕਰਤਾ ਆਪ ਨਿਭਾਈਆ । ਅੰਤਮ ਲੇਖਾ ਉਪਰ ਧੌਲ, ਧਰਨੀ ਧਰਤ ਧਵਲ ਦਏ ਵਡਿਆਈਆ । ਲੱਖ ਚੁਰਾਸੀ ਸੁੱਤੀ ਵੇਖ ਅਨਭੋਲ, ਗੁਰਮੁਖ ਗੁਰਸਿਖ ਸੱਜਣ ਲਏ ਉਠਾਈਆ । ਰਾਤੀਂ ਸੁੱਤਿਆਂ ਆਵੇ ਕੋਲ, ਗੋਬਿੰਦ ਪੰਜ ਤਤ ਰੂਪ ਵਿਚੋਂ ਅਨੂਪ ਨਜ਼ਰੀ ਆਈਆ । ਜਿਸ ਦਾ ਪੜਦਾ ਸਕੇ ਕੋਈ ਨਾ ਫੋਲ, ਸੋ ਹਰਿਜਨ ਸਾਚੇ ਆਪਣਾ ਪੜਦਾ ਰਿਹਾ ਉਠਾਈਆ । ਪਰੇਮ ਪ੍ਰੀਤੀ ਪਿਆਰ ਅੰਦਰ ਮੌਲ, ਮੇਲ ਮਿਲਾਏ ਸਹਿਜ ਸੁਭਾਈਆ । ਲੱਖ ਚੁਰਾਸੀ ਵਿਚੋਂ ਆਪ ਵਰੋਲ, ਸੰਤ ਸੁਹੇਲੇ ਬਾਹਰ ਕਢਾਈਆ । ਬੇਸ਼ਕ ਸ੍ਰਿਸ਼ਟ ਸਬਾਈ ਕਰੇ ਮਖ਼ੌਲ, ਮਾਲਕ ਮਖ਼ਲੂਕ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਤੇਰਾ ਕੌਲ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਈਆ । ਕਲਜੁਗ ਅੰਤ ਸੁਣੇ ਫ਼ਰਿਆਦ, ਬੇਪਰਵਾਹ ਫੇਰਾ ਪਾਈਆ । ਲਾਸ਼ਰੀਕ ਵਾਹਦ ਧੁਰ ਦਾ ਗਾਡ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਸਰਗੁਣ ਕਰੇ ਲਾਡ, ਪੂਤ ਸਪੂਤੇ ਗੋਦ ਉਠਾਈਆ । ਨੇਤਰ ਖੋਲ੍ਹ ਜਾਗ, ਆਲਸ ਨਿੰਦਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਰਚਨਾ ਰਚੀ ਆਦਿ, ਸੋ ਵੇਖੇ ਚਾਈਂ ਚਾਈਂਆ । ਗੋਬਿੰਦ ਕਹੇ ਇਕ ਮੇਰੀ ਅਰਜ਼, ਆਰਜ਼ੂ ਤੇਰੇ ਅੱਗੇ ਰਖਾਈਆ । ਤੂੰ ਪੂਰਾ ਕਰੀਂ ਫ਼ਰਜ਼, ਫ਼ੈਸਲਾ ਹੱਕ ਹੱਕ ਸਮਝਾਈਆ । ਜਨ ਭਗਤਾਂ ਉਤੇ ਕਰਨਾ ਤਰਸ, ਰਹਿਮਤ ਆਪਣੀ ਆਪ ਕਮਾਈਆ । ਨਾ ਸੋਗ ਰਹੇ ਨਾ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਸਿਧੇ ਜੋ ਤੈਨੂੰ ਮਿਲਣ ਨਿਧੜਕ, ਮੈਂ ਵੇਖ ਕੇ ਖ਼ੁਸ਼ੀਆਂ ਰੰਗ ਚੜ੍ਹਾਈਆ । ਲਾਲ ਅਮੋਲਕ ਹੀਰੇ ਮੋਤੀ ਗੁਰਮੁਖ ਸਾਚੇ ਤੇਰੀ ਜੜਤ, ਸਾਹਿਬ ਤੇਰਾ ਨੂਰ ਨੂਰ ਰੁਸ਼ਨਾਈਆ । ਮੇਰੀ ਯਾਦ ਰੱਖੀਂ ਲਿਖੀ ਲਿਖਤ ਪੜ੍ਹਤ, ਪੜ੍ਹਨ ਵਾਲਾ ਤੂੰ ਹੀ ਨਜ਼ਰੀ ਆਈਆ । ਇਸ ਵਿਚ ਪੈਣ ਨਾ ਦੇਵੀਂ ਫ਼ਰਕ, ਫ਼ਿਰਕਿਆਂ ਵਿਚੋਂ ਦੇਣਾ ਬਾਹਰ ਕਢਾਈਆ । ਪ੍ਰਭੂ ਤੇਰਾ ਖੇਲ ਅਸਚਰਜ, ਅਚਰਜ ਤੇਰੀ ਵਡ ਵਡਿਆਈਆ । ਤੂੰ ਮਰਦ ਮਰਦਾਨਾ ਮਰਦ, ਮਰਦਾਨਗੀ ਤੇਰੀ ਮੋਹੇ ਭਾਈਆ । ਬੀਸ ਇਕੀਸ ਗੁਰਮੁਖਾਂ ਦਾ ਪਿਛਲਾ ਲੌਹਣਾ ਕਰਜ਼, ਕੀਤੀ ਘਾਲ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਹੇ ਮੈਂ ਹੋਇਆ ਦੀਨ, ਅਨਾਥੀ ਰੂਪ ਵਟਾਈਆ । ਬਰਦਾ ਗ਼ੁਲਾਮ ਬਣਿਆ ਮਸਕੀਨ, ਨਿਰਗੁਣ ਨਿਰਮਾਣਤਾ ਵਿਚ ਸਮਾਈਆ । ਸ਼ਬਦੀ ਧਾਰ ਅਗੰਮੀ ਰੱਖਾਂ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਵਾਚਕ ਕੋਈ ਨਾ ਸਕੇ ਚੀਨ, ਭੇਵ ਸਕੇ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਭ ਦਾ ਲੇਖਾ ਪਹਿਲੋਂ ਛੀਨ, ਪੂਰਬ ਪੂਰਬ ਝੋਲੀ ਪਾਈਆ । ਫਿਰ ਗੋਬਿੰਦ ਇਕੋ ਤੇਰੇ ਉਤੇ ਰੱਖ ਯਕੀਨ, ਯੱਕ ਤਰਫ਼ਾ ਹੁਕਮ ਸੁਣਾਈਆ । ਲੱਖ ਚੁਰਾਸੀ ਵੇਖਾਂ ਨਰ ਮਦੀਨ, ਬਚਿਆ ਕੋਇ ਰਹਿਣ ਨਾ ਪਾਈਆ । ਪੜਦਾ ਲਾਹਵਾਂ ਲੋਕ ਤੀਨ, ਕੋਟਨ ਕੋਟ ਤ੍ਰਲੋਕੀ ਨਾਥ ਬੈਠਣ ਸੀਸ ਨਿਵਾਈਆ । ਕੋਟਨ ਕੋਟ ਰਾਮ ਪੜ੍ਹਨ ਓਥੇ ਤਾਅਲੀਮ, ਕੋਟਨ ਕੋਟ ਈਸਾ ਮੂਸਾ ਮੁਹੰਮਦ ਅਲਫ਼ ਸਿਖ ਸਿਖ ਅਲਫ਼ੀ ਤਨ ਰਹੇ ਗਵਾਈਆ । ਪਰਮ ਪੁਰਖ ਪਰਮਾਤਮ ਕਰੇ ਖੇਲ ਆਪ ਨਾਬੀਨ, ਨਾਬੀਨਾ ਹੋ ਕੇ ਦੇਵਣਹਾਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਥਾਨ ਥਨੰਤਰ ਖੋਜ, ਗਗਨ ਗਗਨੰਤਰ ਵੇਖ ਵਖਾਇੰਦਾ । ਪਰਮ ਪੁਰਖ ਪ੍ਰਭ ਜਾਣੇ ਆਪਣੀ

ਮੌਜ, ਮੌਜੂਦਾ ਹੋ ਕੇ ਭੇਵ ਚੁਕਾਇੰਦਾ । ਗੋਬਿੰਦ ਤੇਰੇ ਅਗੰਮੀ ਚੋਜ, ਪ੍ਰੀਤਮ ਚੋਜੀ ਰੰਗ ਰੰਗਾਇੰਦਾ । ਸਾਚੀ ਬਖ਼ਸ਼ੇ ਭਗਤਾਂ ਸੋਚ, ਸਮਝ
ਸਮਝ ਨਾਲ ਸਮਝਾਇੰਦਾ । ਨੇਤਰ ਖੋਲ੍ਹ ਆਪਣਾ ਲੋਚ, ਲੋਚਣ ਆਪਣੇ ਨੂਰ ਚਮਕਾਇੰਦਾ । ਨਾਮ ਪਿਆਲਾ ਪਿਆ ਕਰੇਂ ਮਦਹੋਸ਼, ਮਦਿਰਾ ਜਾਮ
ਇਕੋ ਹੱਥ ਫੜਾਇੰਦਾ । ਤਨ ਨਗਾਰੇ ਲਾਏ ਚੋਟ, ਸ਼ਬਦ ਰਬਾਬ ਸਤਾਰ ਆਪ ਹਿਲਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ
ਕੱਢੇ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਡੇਰਾ ਢਾਹਿੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਡੂੰਘੀ ਕੰਦਰ ਆਪ
ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰ ਅਵਤਾਰ
ਪੀਰ ਪੈਗ਼ੰਬਰ ਕਰ ਕੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਹੁਕਮੇ ਅੰਦਰ ਸਾਰੇ ਕਰਨ ਬੱਸ, ਬਸਤੇ ਲੋਕਮਾਤ ਬੰਧਾਈਆ । ਚਰਨ ਕਵਲ
ਸਚ ਸਰਨਾਈ ਜਾਵਣ ਢੱਠ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਰਸਨਾ ਜਿਹਵਾ ਬਿਨ ਕਹਿਣ ਤੂੰ ਸਮਰਥ, ਸ੍ਰੀ ਭਗਵਾਨ ਤੇਰੀ ਸਰਨਾਈਆ ।
ਕਲਜੁਗ ਅੰਤ ਸਾਡਾ ਚਲੇ ਨਾ ਕੋਈ ਵਸ, ਚਾਰੋਂ ਕੁੰਟ ਫਿਰ ਫਿਰ ਥੱਕੇ ਵਾਹੋ ਦਾਹੀਆ । ਜੀਵ ਜੰਤ ਦੂਰ ਦੁਰਾਡੇ ਤੈਥੋਂ ਗਏ ਨੱਸ, ਸਚ ਸਵਾਮੀ
ਤੈਨੂੰ ਮਿਲਣ ਕੋਇ ਨਾ ਆਈਆ । ਤੇਰੇ ਮਿਲਣ ਦੀ ਖੁੱਲੀ ਕਿਸੇ ਨਾ ਅੱਖ, ਜੂਠੇ ਝੂਠੇ ਸਾਧ ਸੰਤ ਕੂੜੀ ਕਿਰਿਆ ਕਰ ਕਰ ਜਗਤ ਢੋਲੇ ਰਹੇ
ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਕਰ ਪੁਰਖ ਸਮਰਥ, ਸਮਰਥ ਤੇਰੀ ਓਟ ਤਕਾਈਆ । ਤੇਰੀ ਓਟ
ਤੱਕਿਆ ਸਹਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ
ਕੋਈ ਸੱਜਣ ਮੀਤ ਮੁਰਾਰਾ, ਸਾਕ ਸੱਜਣ ਸੈਣ ਪੱਲੂ ਰਹੇ ਛੁਡਾਈਆ । ਆਪਣਾ ਲੇਖ ਕਰ ਉਜਿਆਰਾ, ਜੋ ਲਿਖਿਆ ਬਿਨ ਕਲਮ ਸ਼ਾਹੀਆ ।
ਮੇਰਿਆਂ ਗੁਰਸਿਖਾਂ ਦੇ ਓਹ ਨਜ਼ਾਰਾ, ਜਿਸ ਨਜ਼ਾਰੇ ਵਿਚੋਂ ਤੇਰਾ ਮੁਜਾਹਰਾ ਨਜ਼ਰੀ ਆਈਆ ।, ਮੁਜਾਹਰੇ ਵਿਚੋਂ ਪਰਗਟ ਹੋਵੇ ਤੇਰਾ ਇਸ਼ਾਰਾ, ਬਿਨ
ਅੱਖਾਂ ਅੱਖ ਮਿਲਾਈਆ । ਤੂੰ ਮੇਰਾ ਪਰਵਰਦਿਗਾਰਾ, ਤੇਰਾ ਠਾਂਡਾ ਸਚ ਦਰਬਾਰਾ, ਮਹਲ ਅਟੱਲ ਉਚ ਤੇਰੀ ਰੁਸ਼ਨਾਈਆ । ਹਰਿਜਨ ਹਰਿਭਗਤ
ਦਰ ਦਰਵੇਸ਼ ਕਰੇ ਪੁਕਾਰਾ, ਨੇਤਰ ਰੋਵੇ ਨੀਰ ਵਹਾਏ ਹਾਹਾਕਾਰਾ, ਤੁਧ ਬਿਨ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਚਰਨ ਕਵਲ ਦੇ ਸਰਨਾਈਆ । ਸਾਹਿਬ ਸ੍ਰੀ ਭਗਵਾਨ, ਪੁਰਖ ਅਕਾਲ ਆਪ ਜਣੌਂਦਾ ਏ । ਦੀਨਾ ਬੰਧਨ ਬੰਧਪ ਹੋ
ਦਿਆਲ, ਬੰਧਨ ਪਿਛਲੇ ਸਰਬ ਕਟੌਂਦਾ ਏ । ਆਪੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣੀ ਮਿਹਰ ਵਰਤੌਂਦਾ ਏ । ਤ੍ਰੈਗੁਣ ਕੂੜਾ ਤੋੜ ਜੰਜਾਲ,
ਜਾਗਰਤ ਜੋਤ ਇਕ ਰੁਸ਼ਨੌਂਦਾ ਏ । ਨਿਰਗੁਣ ਨਿਰਵੈਰ ਬਣ ਦਲਾਲ, ਧੁਰ ਦਾ ਮੇਲਾ ਮੇਲ ਮਿਲੌਂਦਾ ਏ । ਜੋ ਗੁਰਮੁਖ ਗੁਰਸਿਖ ਪੂਰਬ ਘਾਲਨ
ਆਏ ਘਾਲ, ਕੀਤੀ ਘਾਲ ਥਾਏਂ ਪੌਂਦਾ ਏ । ਗੋਬਿੰਦ ਹੱਲ ਕਰੇ ਸਵਾਲ, ਹਰਿ ਜੂ ਸੋਹਣੀ ਬਣਤ ਬਣੌਂਦਾ ਏ । ਕੂੜੀ ਕਿਰਿਆ ਫਲ ਰਹਿਣ
ਨਾ ਦੇਵੇ ਕਿਸੇ ਡਾਲ, ਪਤਝੜ ਆਪ ਵਖੌਂਦਾ ਏ । ਜਨ ਭਗਤਾਂ ਵਸੇ ਸਦਾ ਨਾਲ, ਜੁਗ ਬਿਛਰਤ ਮੇਲ ਮਿਲੌਂਦਾ ਏ । ਵੀਹ ਸੌ ਇਕੀ ਬਿਕ੍ਰਮੀ
ਵਜਾਏ ਉਹ ਤਾਲ, ਜਿਸ ਤਾਲ ਵਿਚੋਂ ਪੁਰਖ ਅਕਾਲ ਰਾਗ ਅਲੌਂਦਾ ਏ । ਜਨ ਭਗਤਾਂ ਵਖਾਏ ਸਚ ਸੱਚੀ ਧਰਮਸਾਲ, ਸਚਖੰਡ ਦਵਾਰ ਆਪ
ਸੁਹੌਂਦਾ ਏ । ਮਰਨ ਤੋਂ ਪਹਿਲੋਂ ਲਏ ਜਵਾਲ, ਇਹ ਗੋਬਿੰਦ ਇਕਰਾਰ ਪੂਰ ਕਰੌਂਦਾ ਏ । ਜੋ ਸਤਿਗੁਰ ਘਰ ਜਨਮੇ ਲਾਲ, ਸੋ ਜਨਮ ਮਰਨ

ਵਿਚ ਕਦੇ ਨਾ ਔਂਦਾ ਏ । ਇਹ ਮਾਰਗ ਨਹੀਂ ਸੁਖਾਲ, ਗੁਰ ਅਵਤਾਰ ਪੀਰ ਪੈਗ਼ੰਬਰ ਇਹੋ ਰਾਹ ਸਮਝੌਂਦਾ ਏ । ਜਿਨ੍ਹਾਂ ਭਗਤਾਂ ਸ੍ਰੀ ਭਗਵਾਨ ਆਪਣੀ ਗੋਦੀ ਲਏ ਉਠਾਲ, ਤਿਨ੍ਹਾਂ ਵਿਸ਼ਨ ਬ੍ਰਹਮਾ ਸ਼ਿਵ ਚਰਨ ਧਿਆਨ ਨਿਉਂ ਨਿਉਂ ਸੀਸ ਨਿਵੌਂਦਾ ਏ । ਉਹ ਮੰਜ਼ਲ ਮੰਜ਼ਲ ਮੰਜ਼ਲ ਚੜ੍ਹੇ ਮਹਾਨ, ਜਿਸ ਮੰਜ਼ਲ ਸਾਹਿਬ ਡੇਰਾ ਲੌਂਦਾ ਏ । ਓਥੇ ਨਾ ਜ਼ਿਮੀ ਅਸਮਾਨ, ਸੂਰਜ ਚੰਦ ਨਾ ਕੋਇ ਚਮਕੌਂਦਾ ਏ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹੇ ਗਿਆਨ, ਚਾਰੇ ਖਾਣੀ ਚਾਰੇ ਬਾਣੀ ਵੰਡ ਨਾ ਕੋਇ ਵੰਡੌਂਦਾ ਏ । ਨਿਰਗੁਣ ਨੂਰ ਜੋਤ ਜਗੇ ਮਹਾਨ, ਪੁਰਖ ਅਕਾਲ ਇਕੋ ਨਜ਼ਰੀ ਔਂਦਾ ਏ । ਜਿਸ ਨਾਨਕ ਕਬੀਰ ਜੋਲਾਹਾ ਕਰਿਆ ਪਰਵਾਨ, ਗੋਬਿੰਦ ਹੁਕਮ ਹੱਕ ਸੁਣੌਂਦਾ ਏ । ਸੋ ਸਾਹਿਬ ਸਵਾਮੀ ਸਭ ਦਾ ਜਾਣੀ ਜਾਣ, ਜਾਨਣਹਾਰ ਦਇਆ ਕਮੌਂਦਾ ਏ । ਕੌਲ ਇਕਰਾਰ ਦਾ ਪੂਰਾ ਕਰੇ ਬਿਆਨ, ਬਿਨ ਲਿਖਿਆ ਲੇਖ ਲਿਖਤ ਵਿਚ ਪਰਗਟੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸ੍ਰੀ ਭਗਵਾਨ, ਭਾਗ ਸਭ ਦਾ ਵੰਡ ਵੰਡੌਂਦਾ ਏ ।

## ★ ੪ ਵਸਾਖ ੨੦੨੧ ਬਿਕ੍ਰਮੀ ਅਮਰਾਉ ਸਿੰਘ ਦੇ ਗ੍ਰਿਹ ਪਿੰਡ ਬਲ ਜ਼ਿਲਾ ਗੁਰਦਾਸਪੁਰ ★

ਭਗਤ ਉਧਾਰਨ ਕੋ ਪ੍ਰਭ ਏਕਾ, ਜੁਗ ਚੌਕੜੀ ਦਇਆ ਕਮਾਇੰਦਾ । ਚਰਨ ਕਵਲ ਜਨ ਦੇਵੇ ਟੇਕਾ, ਸਚ ਸਰਨਾਈ ਇਕ ਵਖਾਇੰਦਾ । ਪੂਰਬ ਜਨਮ ਦਾ ਜਾਣੇ ਲੇਖਾ, ਕਰਮ ਕਾਂਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਭਗਤ ਉਧਾਰਨ ਹਰਿ ਪ੍ਰਭ ਸਵਾਮੀ, ਗਹਿਰ ਗੰਭੀਰ ਵੱਡੀ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਜੁਗ ਜੁਗ ਵੇਖ ਵਖਾਈਆ । ਸ਼ਬਦ ਸੁਣਾਏ ਧੁਰ ਦੀ ਬਾਣੀ, ਧੁਨ ਅਨਾਦੀ ਨਾਦ ਵਜਾਈਆ । ਪਕੜ ਉਠਾਏ ਸੋਈ ਸਵਾਣੀ, ਸੁਰਤੀ ਸ਼ਬਦ ਜਗਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਨਿਝਰ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਈਆ । ਭਗਤ ਮੇਲਣ ਕੋ ਏਕੋ ਦਾਤਾ, ਹਰਿ ਕਰਤਾ ਆਪ ਅਖਵਾਇੰਦਾ । ਨਿਤ ਨਵਿਤ ਬੰਨ੍ਹੇ ਨਾਤਾ, ਜੁਗ ਜੁਗ ਜੋੜ ਜੁੜਾਇੰਦਾ । ਸਚ ਨਾਮ ਦੀ ਦੱਸੇ ਗਾਥਾ, ਵਿਦਿਆ ਇਕੋ ਇਕ ਸੁਣਾਇੰਦਾ । ਜਨਮ ਕਰਮ ਦਾ ਬਣ ਕੇ ਰਾਖਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਉਧਾਰੀ ਦਇਆ ਕਮਾਇੰਦਾ । ਭਗਤ ਉਧਾਰਨ ਕੋ ਹਰਿ ਠਾਕਰ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਪਾਰ ਉਤਾਰੇ ਡੂੰਘੇ ਸਾਗਰ, ਸਾਚੀ ਨਈਆ ਨਾਮ ਚੜ੍ਹਾਈਆ । ਚਰਨ ਕਵਲ ਦਰ ਦੇਵੇ ਆਦਰ, ਦਰਦੀਆਂ ਦਰਦ ਵੰਡਾਈਆ । ਮਿਹਰਵਾਨ ਹਰਿ ਕਰਤਾ ਕਾਦਰ, ਰਹਿਮਤ ਬਖ਼ਸ਼ਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਭਗਤ ਉਧਾਰਨ ਕੋ ਪ੍ਰਭ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਤਨ ਮਨ ਕਾਇਆ ਕਰੇ ਠਾਂਡਾ ਸੀਤਾ, ਅਗਨੀ ਤਤ ਗਵਾਇੰਦਾ । ਲੇਖ ਚੁਕਾਏ ਹਸਤ ਕੀਟਾ, ਊਚ ਨੀਚ ਡੇਰਾ ਢਾਹਿੰਦਾ । ਸਚ ਜਣਾਏ ਧੁਰ ਦੀ ਰੀਤਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਉਧਾਰਨ ਆਦਿ ਨਿਰੰਜਣ ਪੁਰਖ, ਸੋ ਸਾਹਿਬ ਵੱਡੀ ਵਡਿਆਈਆ । ਮੇਟ

੯੯੩
੧੯

ਮਿਟਾਏ ਚਿੰਤਾ ਸੋਗ ਹਰਖ, ਹਿੰਸਾ ਰਹਿਣ ਕੋਇ ਨਾ ਪਾਈਆ । ਸਚ ਦਵਾਰੇ ਦਏ ਦਰਸ, ਘਰ ਪਰਗਟ ਰੂਪ ਇਲਾਹੀਆ । ਰਹਿਮਤ ਵਿਚ ਕਮਾਵੇ ਤਰਸ, ਰਹੀਮ ਹੋਏ ਸਹਾਈਆ । ਖੇਲ ਵਖਾਏ ਸਾਚੇ ਅਰਸ਼, ਅਰਸ਼ੀ ਪ੍ਰੀਤਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਈਆ । ਭਗਤ ਉਧਾਰਨ ਹਰਿ ਗੋਬਿੰਦ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਕਰਮ ਕਰਮ ਦਾ ਰੋਗ ਗਵਾਇੰਦਾ । ਅੰਮ੍ਰਿਤ ਧਾਰ ਬਖ਼ਸ਼ ਸਾਗਰ ਸਿੰਧ, ਬੂੰਦ ਸਵਾਂਤੀ ਮੁਖ ਚਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਉਧਾਰਨ ਸ੍ਰੀ ਭਗਵੰਤ, ਸਹਿਜ ਸੁਖ ਦਾਤਾ ਇਕੋ ਇਕ ਅਖਵਾਈਆ । ਲੇਖਾ ਜਾਣੇ ਜੁਗਾ ਜੁਗੰਤ, ਚੌਕੜੀ ਆਪਣਾ ਪੜਦਾ ਲਾਹੀਆ । ਨਾਮ ਦ੍ਰਿੜਾਏ ਧੁਰ ਦਾ ਮੰਤ, ਮੰਤਵ ਸਾਚਾ ਹੱਲ ਕਰਾਈਆ । ਨਾਉਂ ਧਰਾਏ ਧੁਰ ਦੇ ਸੰਤ, ਸਤਿਗੁਰ ਸ਼ਬਦੀ ਖੇਲ ਵਖਾਈਆ । ਚੋਲੀ ਚਾੜ੍ਹ ਰੰਗ ਬਸੰਤ, ਕਾਇਆ ਮਾਟੀ ਆਪ ਲਗਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਵਖਾਈਆ । ਤਾਰਨ ਕੋ ਹਰਿ ਪੁਰਖ ਅਗੰਮ, ਭਗਤ ਉਧਾਰੀ ਇਕ ਅਖਵਾਇੰਦਾ । ਹਰਖ ਸੋਗ ਨਾ ਕੋਈ ਗ਼ਮ, ਚਿੰਤਾ ਮੇਲ ਨਾ ਕੋਇ ਮਿਲਾਇੰਦਾ । ਭਾਗ ਲਗਾਏ ਕਾਇਆ ਚੰਮ, ਤਨ ਮਾਟੀ ਖ਼ਾਕੀ ਖ਼ਾਕ ਰੁਸ਼ਨਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ, ਫੜ ਆਪਣੇ ਕੰਧ ਉਠਾਇੰਦਾ । ਵਸਤ ਅਮੋਲਕ ਦੇ ਕੇ ਧਨ, ਦੌਲਤ ਖ਼ਜ਼ੀਨਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਭਗਤ ਉਧਾਰੀ ਸਾਹਿਬ ਕਰਤਾਰ,

ਅਛਲ ਅਛੱਲ ਵੱਡੀ ਵਡਿਆਈਆ । ਦਾਤਾ ਦਾਨੀ ਦੇਵਣਹਾਰ, ਦਇਆਨਿਧ ਅਖਵਾਈਆ । ਸਚ ਭੰਡਾਰ ਸਦਾ ਜੁਗ ਚਾਰ, ਵਰਨ ਚਾਰ ਵਰਤਾਈਆ । ਭਗਤ ਭਗਵੰਤ ਕਰ ਪਿਆਰ, ਪ੍ਰੀਤੀ ਪ੍ਰੀਤਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਭਗਤ ਉਧਾਰੀ ਹਰਿ ਨਰਾਇਣ, ਨਰ ਹਰਿ ਵੱਡੀ ਵਡਿਆਈਆ । ਦਰਸ ਦਿਖਾਏ ਆਪਣੇ ਨੈਣ, ਨਿਜ ਨੇਤਰ ਆਪ ਖੁਲਾਈਆ । ਰਸਨਾ ਜਿਹਵਾ ਕੋਈ ਨਾ ਸਕੇ ਕਹਿਣ, ਕਹਿ ਕਹਿ ਲੇਖ ਨਾ ਕੋਇ ਬਣਾਈਆ । ਕਰ ਕਿਰਪਾ ਜਿਸ ਦਾ ਬਣੇ ਸੈਣ, ਸੱਜਣ ਇਕੋ ਨਜ਼ਰੀ ਆਈਆ । ਨੁਕਤਾ ਮਿਟਾਏ ਆਪ ਐਨ, ਅੱਖ ਪਰਤੱਖ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਤਾਰਨ ਕੋ ਪ੍ਰਭ ਪੁਰਖ ਅਥਾਹ, ਅਲਖ ਅਗੋਚਰ ਆਪ ਅਖਵਾਇੰਦਾ । ਸਾਚੇ ਭਾਣੇ ਰਿਹਾ ਚਲਾ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਸਾਚੇ ਸੰਤਾਂ ਬਣ ਮਲਾਹ, ਸਾਗਰ ਭਵਰੀ ਪਾਰ ਕਰਾਇੰਦਾ । ਟਿੱਲੇ ਪਰਬਤ ਜਲ ਥਲ ਵੇਖ ਅਸਗਾਹ, ਜੰਗਲ ਜੂਹ ਡੇਰਾ ਢਾਹਿੰਦਾ । ਅੰਧ ਅੰਧੇਰਾ ਦਏ ਗਵਾ, ਸਾਚਾ ਚੰਦ ਨੂਰ ਚਮਕਾਇੰਦਾ । ਰਹਿਬਰ ਬਣ ਕੇ ਦੱਸੇ ਰਾਹ, ਰਸਤਾ ਧੁਰ ਦਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਭਗਤ ਉਧਾਰਨ ਹਰਿ ਗਹਿਰ ਗੰਭੀਰ, ਬੇਪਰਵਾਹ ਅਖਵਾਈਆ । ਸ਼ਬਦ ਅਣਿਆਲਾ ਮਾਰੇ ਤੀਰ, ਨਿਰਾਲਾ ਆਪ ਚਲਾਈਆ । ਕੂੜੀ ਕਿਰਿਆ ਕੱਟ ਜ਼ੰਜੀਰ, ਸ਼ਰਅ ਸੰਗਲ ਦਏ ਤੁੜਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜਲਵਾ ਦੇ ਬੇਨਜ਼ੀਰ, ਨਜ਼ਰ ਆਪਣੇ ਨਾਲ ਮਿਲਾਈਆ । ਦਰਸ ਕਰਾ ਸਚ ਤਸਵੀਰ, ਇਸ਼ਟ ਦੇਵ ਸਵਾਮੀ

ਦ੍ਰਿਸ਼ਟ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਂਆ । ਭਗਤ ਉਧਾਰੀ ਸ੍ਰੀ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਦੇਵਣਹਾਰਾ ਬ੍ਰਹਮ ਗਿਆਨ, ਸਚ ਵਿਦਿਆ ਕਰੇ ਪੜ੍ਹਾਈਆ । ਵਖਾਵਣਹਾਰਾ ਸਤਿ ਨਿਸ਼ਾਨ, ਸਚ ਦਵਾਰੇ ਦਏ ਝੁਲਾਈਆ । ਪਿਆਵਣਹਾਰਾ ਅੰਮ੍ਰਿਤ ਜਾਮ, ਰਸ ਇਕੋ ਇਕ ਵਖਾਈਆ । ਮਿਟਾਵਣਹਾਰਾ ਆਵਣ ਜਾਣ, ਲੱਖ ਚੁਰਾਸੀ ਫੰਦ ਤੁੜਾਈਆ । ਬਹਾਵਣਹਾਰਾ ਸਚ ਮਕਾਨ, ਸਚ ਦਵਾਰ ਇਕ ਸੁਹਾਈਆ । ਜਪਾਵਣਹਾਰ ਆਪਣਾ ਨਾਮ, ਸਾਚਾ ਮੰਤਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਭਗਤ ਉਧਾਰੀ ਭਗਤੀ ਸੰਗ, ਭਗਵਨ ਮੇਲ ਮਿਲਾਇੰਦਾ । ਸਚ ਦਵਾਰਾ ਗੁਰਮੁਖ ਲੰਘ, ਗ੍ਰਿਹ ਮੰਦਰ ਸੋਭਾ ਪਾਇੰਦਾ । ਨਾਮ ਨਿਧਾਨ ਵਜਾਏ ਮਰਦੰਗ, ਧੁਰ ਦਾ ਰਾਗ ਅਲਾਇੰਦਾ । ਦੇ ਵਡਿਆਈ ਸਾਚੇ ਚੰਦ, ਨੂਰੀ ਜੋਤ ਰੁਸ਼ਨਾਇੰਦਾ । ਮੰਜ਼ਲ ਮੁੱਕੇ ਪਿਛਲਾ ਪੰਧ, ਪਾਂਧੀ ਘਰ ਸਾਚਾ ਇਕ ਵਖਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਘਰ ਸਾਚਾ ਮੇਲਾ ਇਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਉਧਾਰੀ ਦਇਆ ਕਮਾਇੰਦਾ । ਭਗਤ ਉਧਾਰੀ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਤ੍ਰੈਗੁਣ ਕੂੜੀ ਮੇਟੇ ਛਾਇਆ, ਸ਼ਹਿਨਸ਼ਾਹ ਹੋਏ ਸਹਾਈਆ । ਸਾਚਾ ਢੋਲਾ ਜਿਸ ਜਨ ਗਾਇਆ, ਸੋਹੰ ਰਾਗ ਅਲਾਈਆ । ਤਿਨ੍ਹਾਂ ਫੜ ਕੇ ਪਾਰ ਕਰਾਇਆ, ਮੰਝਧਾਰ ਨਾ ਕੋਇ ਡੁਬਾਈਆ । ਆਵਣ ਜਾਵਣ ਗੇੜ ਚੁਕਾਇਆ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਮਹਲ ਇਕ ਵਖਾਇਆ, ਦੀਪਕ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਤਾਲ ਵਜਾਇਆ, ਅੱਠੇ ਪਹਿਰ ਰਾਗ ਅਲਾਈਆ । ਸਚ ਸਿੰਘਾਸਣ ਇਕ ਸੁਹਾਇਆ, ਸੋਭਾਵੰਤ ਸੁਹਾਈਆ । ਪੁਰਖ ਅਬਿਨਾਸ਼ੀ ਡੇਰਾ ਲਾਇਆ, ਨਿਰਗੁਣ ਬੈਠਾ ਜੋਤ ਜਗਾਈਆ । ਭਗਤ ਭਗਵੰਤ ਵੇਖ ਵਖਾਇਆ, ਬਿਨ ਅੱਖਾਂ ਅੱਖ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤ ਉਧਾਰਨਹਾਰ ਸੁਹੇਲਾ, ਸੱਜਣ ਇਕ ਅਖਵਾਇੰਦਾ । ਸ਼ਬਦ ਗੁਰੂ ਗੁਰ ਕਰ ਕੇ ਮੇਲਾ, ਸਾਚਾ ਜੋੜ ਜੁੜਾਇੰਦਾ । ਬੰਧਨ ਪਾ ਗੁਰੂ ਗੁਰ ਚੇਲਾ, ਬੰਦਗੀ ਆਪਣਾ ਨਾਮ ਸਮਝਾਇੰਦਾ । ਵਸਣਹਾਰਾ ਧਾਮ ਨਵੇਲਾ, ਘਰ ਘਰ ਸਾਚਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਆਪ ਅਖਵਾਇੰਦਾ । ਭਗਤ ਉਧਾਰਨ ਕੋ ਹਰਿ ਇਕਾ, ਏਕੰਕਾਰ ਆਪ ਅਖਵਾਈਆ । ਆਦਿ ਜੁਗਾਦੀ ਨੀਕਨ ਨੀਕੋ ਨਿੱਕਾ, ਵਡ ਵੱਡਾ ਊਚੋ ਊਚ ਊਚ ਅਖਵਾਈਆ । ਪਰਮ ਪੁਰਖ ਸਵਾਮੀ ਬਣ ਕੇ ਸਭ ਦਾ ਪਿਤਾ, ਅਕਾਲ ਦਿਆਲ ਕਾਲ ਆਪਣਾ ਹੁਕਮ ਵਰਤਾਈਆ । ਸਚ ਨਾਮ ਚਲਾਏ ਸਿੱਕਾ, ਜੁਗ ਜੁਗ ਮੋਹਰ ਲਗਾਈਆ । ਧੁਰ ਸੰਦੇਸ ਦੇ ਕੇ ਚਿਠਾ, ਗੁਰ ਅਵਤਾਰ ਕਰੇ ਪੜ੍ਹਾਈਆ । ਪੀਰ ਪੈਗੰਬਰ ਲੇਖ ਲਿਖਾ, ਲਿਖਤ ਭਵਿਖਤ ਆਪ ਸਮਝਾਈਆ । ਮੁਰੀਦ ਮੁਰਸ਼ਦ ਕਰੇ ਰਿਛਾ, ਰਖਸ਼ਸ਼ ਬੇਪਰਵਾਹੀਆ । ਨਾਮ ਭੰਡਾਰ ਪਾਏ ਭਿਛਾ, ਭਿਖਿਆ ਇਕ ਵਰਤਾਈਆ । ਜਨ ਭਗਤਾਂ ਸਭ ਤੋਂ ਵਖਰਾ ਰੱਖਿਆ ਹਿੱਸਾ, ਹਰਿ ਜੂ ਆਪਣੇ ਹੱਥ ਵਖਾਈਆ । ਰਸ ਅਮੋਲਕ ਨਾਮ ਦੇਵੇ ਮਿਠਾ, ਮਿਠਾਸ ਸਚ ਪਰੇਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਦਾਨ ਆਪਣਾ ਆਪ ਵਰਤਾਈਆ ।

★ ੪ ਵਸਾਖ ੨੦੨੧ ਬਿਕ੍ਰਮੀ ਸੜਕ ਉਤੇ ★

ਕਿਰਪਾ ਕਰੇ ਸਤਿਗੁਰ ਪੂਰਾ, ਪੁਰਖ ਅਕਾਲ ਸਦਾ ਸਹਾਈਆ । ਜਨ ਭਗਤਾਂ ਸਦਾ ਹਾਜ਼ਰ ਹਜ਼ੂਰਾ, ਨਿਤ ਨਵਿਤ ਦਇਆ ਕਮਾਈਆ । ਆਤਮ ਜੋਤੀ ਦੇਵੇ ਨੂਰਾ, ਨਿਜ ਨੇਤਰ ਕਰੇ ਰੁਸ਼ਨਾਈਆ । ਅੰਮ੍ਰਿਤ ਜਾਮ ਪਿਆਏ ਚਾੜ੍ਹੇ ਸਚ ਸਰੂਰਾ, ਨਾਮ ਖ਼ੁਮਾਰੀ ਇਕ ਰਖਾਈਆ । ਮਾਇਆ ਮਮਤਾ ਹਉਮੇਂ ਹੰਗਤਾ ਤੋੜੇ ਗੜ੍ਹ ਗ਼ਰੂਰਾ, ਦੂਈ ਦਵੈਤੀ ਡੇਰਾ ਢਾਹੀਆ । ਆਸਾ ਮਨਸਾ ਕਰੇ ਪੂਰਾ, ਸੰਸਾ ਰੋਗ ਚੁਕਾਈਆ । ਨਾਤਾ ਤੋੜੇ ਕੂੜੋ ਕੂੜਾ, ਸੁਰਤੀ ਸ਼ਬਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਕਿਰਪਾ ਕਰੇ ਹਰਿ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਸਾਚੇ ਸੰਤਾਂ ਦੇਵੇ ਨਾਮ ਧੀਰ, ਸਤਿ ਸੰਤੋਖ ਝੋਲੀ ਪਾਈਆ । ਸ਼ਬਦ ਨਿਰਾਲਾ ਅਣਿਆਲਾ ਮਾਰੇ ਤੀਰ, ਬਜਰ ਕਪਾਟੀ ਪਾਰ ਕਰਾਈਆ । ਅੰਮਿਉਂ ਰਸ ਅਮ੍ਰਿੰਤ ਦੇਵੇ ਠੰਡਾ ਸੀਰ, ਨਿਝਰ ਝਿਰਨਾ ਇਕ ਝਿਰਾਈਆ । ਜਨਮ ਜਨਮ ਕਰਮ ਕਰਮ ਦੀ ਬਦਲ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਦਰਸ ਕਰਾਏ ਬੇਨਜ਼ੀਰ, ਨਜ਼ਰ ਨਜ਼ਰੀਆ ਇਕ ਉਠਾਈਆ । ਲੇਖਾ ਜਾਣੇ ਸ਼ਾਹ ਹਕੀਰ, ਹਰ ਘਟ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਕਿਰਪਾ ਕਰੇ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਹਰਿਜਨ ਵੇਖੇ ਜੁਗਾ ਜੁਗੰਤ, ਜੁਗ ਕਰਤਾ ਨਿਰਗੁਣ ਸਰਗੁਣ ਆਪਣਾ ਵੇਸ ਵਟਾਇੰਦਾ । ਬੋਧ ਅਗਾਧ ਆਤਮ ਪਰਮਾਤਮ ਨਾਮ ਨਿਧਾਨ ਦੇਵੇ ਬਣ ਕੇ ਸਾਚਾ ਪੰਡਤ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਦੇ ਵਡਿਆਈ ਲੱਖ ਚੁਰਾਸੀ ਵਿਚੋਂ ਜੀਵ ਜੰਤ, ਸਾਚੇ ਸੰਤ ਪਾਰ ਕਰਾਇੰਦਾ । ਏਥੇ ਓਥੇ ਦੋ ਜਹਾਨ ਬਣਾਏ ਬਣਤ, ਘੜਨ ਭੰਨਣਹਾਰ ਸਮਰਥ ਸਵਾਮੀ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲੇਖੇ ਲਾਇੰਦਾ । ਕਿਰਪਾ ਕਰਨਹਾਰ ਸਮਰਥ, ਪਾਰਬ੍ਰਹਮ ਵੱਡੀ ਵਡਿਆਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਲੋਕਮਾਤ ਲਏ ਰੱਖ, ਰੱਛਿਆ ਕਰੇ ਬੇਪਰਵਾਹੀਆ । ਆਪਣੇ ਮਿਲਣ ਦੀ ਦੇਵੇ ਅੱਖ, ਨਿਜ ਨੇਤਰ ਨੈਣ ਖੁਲ੍ਹਾਈਆ । ਸ਼ਬਦ ਅਨਾਦ ਵਜਾਏ ਸੱਟ, ਧੁਨ ਆਤਮਕ ਰਾਗ ਸੁਣਾਈਆ । ਕੂੜੀ ਕਿਰਿਆ ਕਾਇਆ ਮੰਦਰ ਅੰਦਰ ਵਿਚੋਂ ਜਾਏ ਨੱਠ, ਸਤਿਗੁਰ ਪੂਰਾ ਭੈ ਭਿਆਨਕ ਰੂਪ ਆਪਣਾ ਇਕ ਵਟਾਈਆ । ਆਤਮ ਪਰਮਾਤਮ ਸ਼ਬਦੀ ਧਾਰ ਸੁਣਾਏ ਜਸ, ਤੂੰ ਮੇਰਾ ਮੈਂ ਤੇਰਾ ਨਾਤਾ ਸੱਚਾ ਜੋੜ ਜੁੜਾਈਆ । ਪੂਰਬ ਜਨਮ ਵਿਛੜਿਆਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਆਪਣੀ ਝੋਲੀ ਪਾਈਆ । ਵਗਦਾ ਜਲ ਨਾ ਬੁਝਾਏ ਕਿਸੇ ਪਿਆਸ, ਬਿਨ ਸਤਿਗੁਰ ਪੂਰੇ ਤ੍ਰਿਸਨਾ ਤ੍ਰਿਪਤ ਨਾ ਕੋਇ ਕਰਾਈਆ । ਸਦਾ ਸੁਹੇਲਾ ਇਕ ਇਕੇਲਾ ਜਨ ਭਗਤਾਂ ਸਦਾ ਦਾਸੀ ਦਾਸ, ਸੇਵਕ ਆਪਣਾ ਰੂਪ ਵਟਾਈਆ । ਗੁਰਮੁਖ ਗੁਰਸਿਖ ਲੋਕਮਾਤ ਕਦੇ ਨਾ ਹੋਏ ਉਦਾਸ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਿਰਪਾ ਕਰੇ ਸਤਿਗੁਰੂ ਗੁਰ ਗੁਰਦੇਵ, ਸਚ ਸਵਾਮੀ ਵੇਖ ਵਖਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ ਨਿਹਕੇਵ, ਸਚਖੰਡ ਦਵਾਰੇ ਸੋਭਾ ਪਾਇੰਦਾ । ਅਲਖ ਅਗੋਚਰ ਅਗੰਮ ਅਥਾਹ ਅਭੇਦ ਅਭੇਵ, ਪੜਦਾ ਉਹਲਾ ਆਪ ਚੁਕਾਇੰਦਾ । ਜਨ ਭਗਤਾਂ ਵੇਖੇ ਪੂਰਬ ਜਨਮ ਦੀ ਸੇਵ, ਲਹਿਣਾ ਦੇਣਾ

੯੯੭ ੧੯

ਸਭ ਦੀ ਝੋਲੀ ਪਾਇੰਦਾ । ਅੰਮ੍ਰਿਤ ਆਤਮ ਰਸ ਦੇਵੇ ਸਾਚਾ ਮੇਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਕਿਰਪਾ ਕਰੇ ਹਰਿ ਸਤਿਗੁਰ ਮੀਤ, ਮਿੱਤਰ ਪਿਆਰਾ ਦਇਆ ਕਮਾਈਆ । ਗੁਰਮੁਖਾਂ ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਚਰਨ ਕਵਲ ਉਪਰ ਧਵਲ ਬਖ਼ਸ਼ੇ ਇਕ ਪ੍ਰੀਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਚ ਮਹਲ ਅਟੱਲ ਵਖਾਏ ਠੀਕ, ਜਿਸ ਘਰ ਠਾਕਰ ਸਵਾਮੀ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਦੇਵਣਹਾਰ ਵਡਿਆਈਆ । ਸਾਹਿਬ ਸਤਿਗੁਰ ਰੱਖੇ ਯਾਦ, ਜੁਗ ਚੌਕੜੀ ਵੇਖ ਵਖਾਇੰਦਾ । ਸਚਖੰਡ ਨਿਵਾਸੀ ਸੁਣੇ ਫ਼ਰਿਆਦ, ਦੋ ਜਹਾਨਾਂ ਦਇਆ ਕਮਾਇੰਦਾ । ਜਨ ਭਗਤਾਂ ਬਣਿਆ ਰਹੇ ਮਾਈ ਬਾਪ, ਪਿਤਾ ਪੁਰਖ ਅਕਾਲ ਆਪਣੀ ਗੋਦ ਉਠਾਇੰਦਾ । ਘਰ ਵੜ ਕੇ ਮੰਦਰ ਚੜ੍ਹਕੇ ਗ੍ਰਿਹਿ ਵਜਾਏ ਨਾਦ, ਧੁਨ ਅਗੰਮੀ ਰਾਗ ਸੁਣਾਇੰਦਾ । ਸ਼ਬਦੀ ਸ਼ਬਦ ਮਾਰ ਆਵਾਜ਼, ਸੋਈ ਸੁਰਤੀ ਆਪ ਉਠਾਇੰਦਾ । ਭਗਤ ਭਗਵਾਨ ਮਿਲ ਕੇ ਕਰੇ ਕਾਜ, ਕਰਨੀ ਕਰਤਾ ਆਪਣੀ ਆਪ ਸਮਝਾਇੰਦਾ । ਜਿਨ੍ਹਾਂ ਗੁਰਮੁਖਾਂ ਖੋਲ੍ਹੇ ਪੜਦਾ ਜਣਾਏ ਆਪਣਾ ਰਾਜ਼, ਸੋ ਗੁਰਮੁਖ ਗੁਰ ਗੁਰ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਇਕੇਲਾ ਸਮਰਥ ਸਵਾਮੀ ਸਿਰ ਆਪਣਾ ਹੱਥ ਟਿਕਾਇੰਦਾ । ਰੱਖੇ ਯਾਦ ਹਰਿ ਭਗਵੰਤ, ਭਗਵਨ ਭੁੱਲ ਕਦੇ ਨਾ ਜਾਈਆ । ਦਾਤਾ ਦਾਨੀ ਗੁਣਾਂ ਗੁਣਵੰਤ, ਗੁਣਵੰਤਾ ਇਕ ਅਖਵਾਈਆ । ਜੁਗ ਵਿਛੜੇ ਮੇਲੇ ਸੰਤ, ਸੱਜਣ ਆਪਣਾ ਘਰ ਦਰਸਾਈਆ । ਜਿਸ ਦੀ ਮਹਿੰਮਾ ਆਦਿ ਜੁਗਾਦਿ ਜੁਗ ਚੌਕੜੀ ਬੇਅੰਤ, ਗੁਰ ਅਵਤਾਰ ਪੀਰ ਪੈਗ਼ੰਬਰ ਕਹਿ ਕਹਿ ਗਏ ਸੁਣਾਈਆ । ਸੁਹੰਜਣਾ ਧਾਮ ਸੋਭਾਵੰਤ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠਾ ਡੇਰਾ ਲਾਈਆ । ਸੋ ਸਾਹਿਬ ਸੁਲਤਾਨ ਜਨ ਭਗਤਾਂ ਦੇਵੇ ਨਾਮ ਨਿਧਾਨ ਮਣੀਆ ਮੰਤ, ਮਨ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਲੇਖਾ ਲੇਖੇ ਵਿਚ ਰਖਾਈਆ ।

## ★ ੪ ਵਸਾਖ ੨੦੨੧ ਬਿਕਰਮੀ ਕਿਰਪਾਲ ਸਿੰਘ ਨਾਲ ਅੰਮ੍ਰਿਤਸਰ ★

ਸੰਤ ਸਤਿਗੁਰ ਸਤਿ ਸਰੂਪ, ਨਿਰਗੁਣ ਨਿਰਵੈਰ ਨੂਰ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਵਸੇ ਚਾਰੇ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਵਸਣਹਾਰਾ ਕਾਇਆ ਪੰਜ ਤਤ ਭੂਤ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਆਪ ਅਖਵਾਈਆ । ਸੰਤ ਸਤਿਗੁਰ ਹਰਿ ਨਿਰੰਕਾਰ, ਨਿਰਾਕਾਰ ਆਪ ਅਖਵਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਨਿਤ ਨਵਿਤ ਵੇਸ ਵਟਾਇੰਦਾ । ਸ਼ਬਦ ਅਗੰਮੀ ਧੁਰ ਜੈਕਾਰ, ਬੋਧ ਅਗਾਧਾ ਨਾਦ ਸੁਣਾਇੰਦਾ । ਪੰਜ ਤਤ ਕਾਇਆ ਕਰ ਪਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਦੇ ਆਧਾਰ, ਸਿਰ ਆਪਣਾ ਹੱਥ ਰਖਾਇੰਦਾ । ਕਰੇ ਖੇਲ ਅਪਰ ਅਪਾਰ, ਪਰਮਾਤਮ ਆਤਮ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਆਪਣੀ ਕਲ ਵਖਾਇੰਦਾ । ਸੰਤ ਸਤਿਗੁਰ ਪੁਰਖ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸਦਾ ਸਦਾ ਰਹੇ ਜੁਗ ਚਾਰ, ਚੌਕੜੀ ਆਪਣੀ ਖੇਲ ਵਖਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ

ਕਰ ਪਿਆਰ, ਘਟ ਘਟ ਕਰੇ ਰੁਸ਼ਨਾਈਆ । ਦੀਆ ਬਾਤੀ ਕਮਲਾਪਾਤੀ ਇਕ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਭਰ ਭੰਡਾਰ, ਨਿਝਰ ਝਿਰਨਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿਗੁਰ ਆਪ ਅਖਵਾਈਆ । ਸੰਤ ਸਤਿਗੁਰ ਹਰਿ ਗਹਿਰ ਗੰਭੀਰ, ਗੁਣਵੰਤਾ ਇਕ ਅਖਵਾਇੰਦਾ । ਲੇਖਾ ਜਾਣੇ ਪੰਜ ਤਤ ਸਰੀਰ, ਤਤਵ ਤਤ ਖੋਜ ਖੁਜਾਇੰਦਾ । ਨਿਤ ਨਵਿਤ ਗੁਰ ਅਵਤਾਰ ਬਣੇ ਪੈਗੰਬਰ ਪੀਰ, ਸ਼ਬਦੀ ਸ਼ਬਦ ਹੁਕਮ ਵਰਤਾਇੰਦਾ । ਦੋ ਜਹਾਨਾਂ ਪੰਧ ਪੈਂਡਾ ਚੀਰ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸਤਿਗੁਰ ਆਪਣਾ ਰੰਗ ਵਖਾਇੰਦਾ । ਸੰਤ ਸਤਿਗੁਰ ਹਰਿ ਹਰਿ ਰੰਗ, ਰੰਗ ਰਾਤਾ ਆਪ ਜਣਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਸਚ ਸਿੰਘਾਸਣ ਸੁਹਾਏ ਪਲੰਘ, ਨਿਰਗੁਣ ਪਾਵਾ ਚੂਲ ਨਾ ਕੋਇ ਬਣਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਆਪੇ ਲੰਘ, ਦਰ ਘਰ ਸਾਚੇ ਸੋਭਾ ਪਾਈਆ । ਸ਼ਬਦ ਅਨਾਦ ਬੋਧ ਅਗਾਧ ਧੁਨ ਵਜਾਏ ਮਰਦੰਗ, ਸੁਰ ਤਾਲ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਕੂੜੀ ਕਿਰਿਆ ਮੇਟੇ ਭੇਖ ਪਖੰਡ, ਸਚ ਸੁਚ ਇਕ ਸਮਝਾਈਆ । ਜੀਵ ਜੰਤ ਆਤਮ ਪਰਮਾਤਮ ਦੇਵੇ ਧੁਰ ਅਨੰਦ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸਤਿਗੁਰ ਆਪਣਾ ਨੂਰ ਕਰੇ ਰੁਸ਼ਨਾਈਆ । ਸੰਤ ਸਤਿਗੁਰ ਪੁਰਖ ਅਕਾਲਾ, ਅਕਲ ਕਲਾ ਅਖਵਾਈਆ । ਸੰਤ ਸਤਿਗੁਰ ਦੀਨ ਦਿਆਲਾ, ਦੀਨ ਦੁਨੀਆ ਵੇਖ ਵਖਾਈਆ । ਸਤਿਗੁਰ ਪੂਰਾ ਤੋੜਨਹਾਰਾ ਤ੍ਰੈਗੁਣ ਮਾਇਆ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਤ ਸਤਿਗੁਰ ਵਖਾਵਣਹਾਰਾ ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਮੱਕਾ ਕਾਅਬਾ ਇਕੋ ਨੂਰ ਜਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿਗੁਰ ਆਪਣਾ ਹੁਕਮ ਵਰਤਾਈਆ । ਸੰਤ ਸਤਿਗੁਰ ਸ਼ਬਦ ਸਵਾਮੀ, ਆਦਿ ਜੁਗਾਦੀ ਇਕ ਅਖਵਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਗਾਏ ਕਹਾਣੀ, ਸਿਫ਼ਤੀ ਸਿਫ਼ਤ ਸਰਬ ਵਡਿਆਇੰਦਾ । ਲੇਖਾ ਜਾਣੇ ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ, ਚਾਰੇ ਬਾਣੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸੰਤ ਸਤਿਗੁਰ ਆਪਣਾ ਨਾਉਂ ਪਰਗਟਾਇੰਦਾ । ਸੰਤ ਸਤਿਗੁਰ ਪੁਰਖ ਅਗੰਮ, ਨਿਰਾਕਾਰ ਇਕ ਅਖਵਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਨਾ ਪਵਣ ਸਵਾਸੀ ਲਏ ਦਮ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਨਿਰਗੁਣ ਹੋ ਕੇ ਸਰਗੁਣ ਜਾਣੇ ਕੰਮ, ਕਰਨੀ ਕਰਤਾ ਆਪ ਅਖਵਾਈਆ । ਲੱਖ ਚੁਰਾਸੀ ਜੀਵਾਂ ਜੰਤਾਂ ਬੇੜਾ ਦੇਵੇ ਬੰਨ੍ਹ, ਨਾਮ ਚੱਪੂ ਇਕ ਵਖਾਈਆ । ਸਾਚਾ ਰਾਗ ਸੁਣਾਏ ਬਿਨ ਕੰਨ, ਧੁਨ ਆਤਮਕ ਰਾਗ ਅਲਾਈਆ । ਮਨ ਵਾਸਨਾ ਮੇਟੇ ਮਨ, ਮਨ ਕਾ ਮਣਕਾ ਆਪ ਭਵਾਈਆ । ਘਰ ਪਰਕਾਸ਼ ਨਿਰਗੁਣ ਜੋਤ ਕਰੇ ਚੰਨ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਮੇਲ ਮਿਲਾਏ ਇਕੋ ਘਰ, ਸੁੰਞੀ ਸੇਜ ਨਾ ਕੋਇ ਵਖਾਈਆ । ਭਾਗ ਲਗਾਏ ਬਿਨ ਛੱਪਰ ਛੰਨ, ਸਾਢੇ ਤਿੰਨ ਹੱਥ ਮੰਦਰ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਸਦਾ ਸਦਾ ਦਏ ਵਡਿਆਈਆ ।

੯੯੮
੧੯

## ★ ੧੪ ਵਸਾਖ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਤ੍ਰੇਤੇ ਤੇਰਾ ਧਰਮੀ ਕੌਲ, ਕਮਲਾਪਤ ਤੋੜ ਨਿਭਾਇੰਦਾ । ਜੁਗ ਚੌਕੜੀ ਪਰਦਾ ਫੋਲ, ਲੇਖ ਅਲੇਖ ਵੇਖ ਵਖਾਇੰਦਾ । ਹੋਵੇ ਸਹਾਈ ਉਪਰ ਧੌਲ, ਧਰਨੀ ਧਰਤ ਵਡਿਆਇੰਦਾ । ਸ਼ਬਦ ਸਵਾਮੀ ਅੰਤਰ ਮੌਲ, ਆਦਿ ਜੁਗਾਦਿ ਵੇਖ ਵਖਾਇੰਦਾ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਭੇਵ ਨਾ ਕੋਇ ਖੁਲ੍ਹਾਇੰਦਾ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਕਰੇ ਖੇਲ ਅਡੋਲ, ਅਡੁਲ ਆਪਣੀ ਧਾਰ ਚਲਾਇੰਦਾ । ਭਗਤ ਭਗਵੰਤ ਮਾਣਕ ਮੋਤੀ ਅਨਮੋਲ, ਅਲਮੁਲੜੇ ਹੀਰੇ ਵੇਖ ਵਖਾਇੰਦਾ । ਸਤਿ ਚਿਤ ਵਸਣਹਾਰਾ ਸਦਾ ਕੋਲ, ਅਨੰਤ ਕਲ ਆਪਣੀ ਖੇਲ ਖਿਲਾਇੰਦਾ । ਲਾੜੀ ਮੌਤ ਨਾਲ ਹੋਣ ਨਾ ਦੇਵੇ ਘੋਲ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਤ੍ਰੇਤਾ ਵਖਾਏ ਆਪਣਾ ਭਵਿਖਤ, ਭਾਵ ਭਾਵਨੀ ਵਿਚੋਂ ਪਰਗਟਾਈਆ । ਰਾਮ ਰਹੀਮ ਰਾਮਾ ਇਸ਼ਟ, ਵਸ਼ਿਸ਼ਟ ਨਾ ਕੋਇ ਵਡਿਆਈਆ । ਨੇਤਰ ਖੋਲ੍ਹ ਦਿਬ ਦ੍ਰਿਸ਼ਟ, ਦੁਤੀਆ ਭੇਵ ਚੁਕਾਈਆ । ਸਚ ਸਮਝਾਇਆ ਇਕ ਆਦਰਸ਼, ਆਦੇਸ ਆਦੇਸ ਕਰ ਕਰ ਸੀਸ ਨਿਵਾਈਆ । ਲੇਖ ਚੁਕਾਇਆ ਅਰਸ਼ ਫ਼ਰਸ਼, ਫ਼ੈਸਲਾ ਹੱਕ ਸਮਝਾਈਆ । ਜਨ ਭਗਤਾਂ ਉਪਰ ਕਰ ਤਰਸ, ਰਹਿਮਤ ਆਪ ਕਮਾਈਆ । ਪੂਰਬ ਲੇਖਾ ਫੋਲ ਫ਼ਰਦ, ਪਿਛਲਾ ਵਰਕਾ ਦਿਤਾ ਉਲਟਾਈਆ । ਆਤਮ ਪਰਮਾਤਮ ਲਾਈ ਸ਼ਰਤ, ਸ਼ਰਅ ਸਕੇ ਨਾ ਕੋਇ ਸਮਝਾਈਆ । ਕੁਦਰਤ ਕਰਤਾ ਕਾਦਰ ਪੈਣ ਨਾ ਦੇਵੇ ਫ਼ਰਕ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤ੍ਰੇਤਾ ਕਹੇ ਮੇਰਾ ਵੇਖ ਪਰਦਾ, ਉਹਲਾ ਤੇਰੇ ਵਿਚੋਂ ਨਜ਼ਰੀ ਆਈਆ । ਤੂੰ ਲੇਖਾ ਜਾਣੇਂ ਘਰ ਘਰ ਦਾ, ਦਰ ਦਰ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਪੱਲੂ ਤੇਰਾ ਫੜਦਾ, ਸਚ ਸਰਨ ਮਾਂਗੇ ਇਕ ਸਰਨਾਈਆ । ਬਾਲਮੀਕ ਬਜਵਾੜਾ ਚਰਨ ਕਵਲ ਸੀਸ ਧਰਦਾ, ਨਮੋ ਨਮੋ ਨਿਮਖ ਨਿਮਖ ਧਿਆਈਆ । ਮੈਂ ਤੇਰਾ ਅੱਖਰ ਇਕੋ ਪੜ੍ਹਦਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਮੰਜ਼ਲ ਮੰਜ਼ਲ ਪੌੜੇ ਤੇਰੇ ਚੜ੍ਹਦਾ, ਬਿਨ ਕਦਮਾਂ ਕਦਮ ਉਠਾਈਆ । ਸਚ ਦਵਾਰ ਵੇਖ ਥਿਰ ਘਰ ਦਾ, ਘਰ ਮੇਰੇ ਵੱਜੇ ਵਧਾਈਆ । ਦਰ ਦਰਵੇਸ਼ ਹੋ ਕੇ ਬਰਦਾ, ਬਰਖ਼ੁਰਦਾਰ ਸੀਸ ਨਿਵਾਈਆ । ਤੇਰਾ ਭਾਣਾ ਤੇਰੇ ਹੁਕਮ ਅੰਦਰ ਜਰਦਾ, ਜਰ ਜੋਬਨ ਦਿਤਾ ਲੁਟਾਈਆ । ਜਿਨ੍ਹਾਂ ਪਿਛੇ ਰਿਹਾ ਠੱਗਦਾ, ਸਾਕ ਸੱਜਣ ਨਾਰੀ ਬੰਧਪ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇ ਜਣਾਈਆ । ਤ੍ਰੇਤਾ ਕਹੇ ਪਿਛਲੀ ਵੇਖ ਕਿਤਾਬ, ਕੁਤਬਖ਼ਾਨਾ ਤੇਰਾ ਨਜ਼ਰ ਕਿਸੇ ਨਾ ਆਈਆ । ਤੇਰਾ ਲੇਖਾ ਬੇਹਿਸਾਬ, ਗਣਤੀ ਗਣਤ ਨਾ ਕੋਇ ਗਣਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰੇ ਅੱਗੇ ਲਾਜਵਾਬ, ਦਰ ਠਾਂਡੇ ਸੀਸ ਨਿਵਾਈਆ । ਤੂੰ ਸਾਹਿਬ ਸੁਲਤਾਨ ਦੇਵਣਹਾਰਾ ਵਡ ਖ਼ਤਾਬ, ਖ਼ਤਾ ਮੁਆਫ਼ ਆਪ ਕਰਾਈਆ । ਪਰਵਰਦਗਾਰ ਧੁਰ ਨਵਾਬ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਗ਼ਰੀਬ ਨਿਵਾਜ, ਕੋਝੇ ਕਮਲੇ ਲਏਂ ਉਠਾਈਆ । ਜਲਵਾ ਨੂਰੀ ਦੇ ਮਹਿਤਾਬ, ਮਹਿਬੂਬ ਕਰੇਂ ਰੁਸ਼ਨਾਈਆ । ਸਚ ਮਹੱਲਾ ਉਚ ਮਹਿਰਾਬ, ਮਹਿਫਲ ਆਪਣਾ ਨਾਮ ਲਗਾਈਆ । ਬੋਧ ਅਗਾਧ ਨਾਦ ਧੁਨ ਅਗੰਮੀ ਤੇਰੀ ਆਵਾਜ਼, ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਜਿਸ ਅੰਦਰ ਡੂੰਘਾ ਰਾਜ਼,

ਅੰਤਰ ਵੇਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦੇ ਦ੍ਰਿੜਾਈਆ । ਤ੍ਰੇਤਾ ਵੇਖ ਤ੍ਰੈਲੋਕ, ਤ੍ਰੈਭਵਨ ਧਨੀ ਤੇਰੀ ਓਟ ਤਕਾਈਆ । ਮੈਨੂੰ ਪਿਛਲਾ ਯਾਦ ਆਇਆ ਸਲੋਕ, ਸੋਹਣਾ ਬਿਨ ਅੱਖਰਾਂ ਦਿਤਾ ਗਾਈਆ । ਭਗਤ ਸੁਹੇਲਾ ਹੋ ਕੇ ਦੇਵੇਂ ਮੋਖ, ਮੁਫ਼ਤ ਆਪਣੀ ਦਇਆ ਕਮਾਈਆ । ਤੇਰੀ ਆਦਿ ਜੁਗਾਦਿ ਜੁਗ ਚੌਕੜੀ ਜਗਮਗ ਜਗੇ ਜੋਤ, ਜੋਤੀ ਜੋਤ ਨੂਰ ਰੁਸ਼ਨਾਈਆ । ਮਹਲ ਅਟੱਲ ਉਚ ਮਨਾਰਾ ਕਿਲਾ ਕੋਟ, ਸਚਖੰਡ ਦਵਾਰ ਸੋਭਾ ਪਾਈਆ । ਨਿਤ ਨਵਿਤ ਭਗਤ ਭਗਵਾਨ ਦਰਸ਼ਨ ਰਹੇ ਲੋਚ, ਲੋਚਣ ਨੈਣ ਅੱਖ ਖੁਲ੍ਹਾਈਆ । ਸਾਹਿਬ ਸੁਲਤਾਨ ਤੂੰ ਕਿਸੇ ਨਾ ਆਵੇਂ ਵਿਚ ਸੋਚ, ਮਨ ਮਤ ਬੁਧ ਚਲੇ ਨਾ ਕੋਇ ਚਤਰਾਈਆ । ਕੋਟਨ ਕੋਟ ਤੇਰੀ ਕੱਢਦੇ ਰਹੇ ਖੋਜ, ਖੋਜਤ ਖੋਜਤ ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਹਰਿ ਪ੍ਰੀਤਮ ਪਤਿਪਰਮੇਸ਼ਵਰ ਤੇਰਾ ਇਕੋ ਚੋਜ, ਅਗੰਮ ਅਥਾਹ ਬੇਪਰਵਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਸਤਿ ਤੇਰੀ ਉਡੀਕ, ਸ਼ਹਿਨਸ਼ਾਹ ਸਰਨਾਈਆ । ਬਜਵਾੜਾ ਵੇਖ ਬਾਲਮੀਕ, ਬਾਲਮ ਦੇ ਸਮਝਾਈਆ । ਸਿਰਕਤ ਕਰੇ ਨਾ ਕੋਇ ਸ਼ਰੀਕ, ਲਾਸ਼ਰੀਕ ਹੋ ਸਹਾਈਆ । ਦੂਰ ਦੁਰਾਡੇ ਅੰਦਰ ਵੜ ਨਜ਼ਦੀਕ, ਮੰਜ਼ਲ ਆਪਣਾ ਪੰਧ ਮੁਕਾਈਆ । ਸਚ ਨਿਸ਼ਾਨਾ ਦੱਸ ਠੀਕ, ਠੀਕਰ ਕੂੜਾ ਭੰਨ ਵਖਾਈਆ । ਆਤਮ ਪਰਮਾਤਮ ਦੱਸ ਪ੍ਰੀਤ, ਪ੍ਰੀਤੀਵਾਨ ਮੇਲ ਮਿਲਾਈਆ । ਬਿਨ ਸਖ਼ੀਆਂ ਗਾਵੇ ਗੀਤ, ਬਿਨ ਸੱਜਣਾਂ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਹੋਵਾਂ ਜ਼ਾਮਨ, ਜ਼ਾਮਨੀ ਆਪਣੀ ਇਕ ਰਖਾਈਆ । ਤੂੰ ਭਗਤਾਂ ਪੂਰਾ ਕਰੇ ਕਾਮਨ, ਆਸਾ ਤ੍ਰਿਸਨਾ ਵੇਖ ਵਖਾਈਆ । ਦਾਮਨਗੀਰ ਫੜੌਣਾ ਦਾਮਨ, ਦਸਤਗੀਰ ਤੇਰੀ ਸ਼ਰਨਾਈਆ । ਮੁਸ਼ਕਲ ਹੱਲ ਹੋਵੇ ਆਸਾਨਨ, ਇਹਸਾਨ ਉਪਰ ਨਾ ਕੋਇ ਟਿਕਾਈਆ । ਲੇਖਾ ਚੁੱਕੇ ਛੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਹੱਥ ਤੇਰੇ ਡੋਰ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਲੇਖਾ ਵੇਖ ਨਾ ਠੱਗ ਚੋਰ, ਕੂੜੀ ਕਿਰਿਆ ਪਰੇ ਹਟਾਈਆ । ਮੰਤਰ ਫੁਰਨਾ ਦੇ ਨਾਮ ਫੋਰ, ਸਚ ਸਤਿ ਇਕ ਸਮਝਾਈਆ । ਸਾਚੇ ਮਾਰਗ ਆਪਣੇ ਤੋਰ, ਤੁਰਤ ਆਪਣਾ ਰੰਗ ਵਖਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਦਾ ਸਦਾ ਸਦ ਤੇਰੀ ਲੋੜ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਤ੍ਰੇਤਾ ਕਹੇ ਸਾਹਿਬ ਸਤਿਗੁਰ ਤੁਠ, ਦਰ ਠਾਂਡੇ ਸੀਸ ਨਿਵਾਈਆ । ਤੇਰਾ ਭੰਡਾਰਾ ਸਦਾ ਅਤੁਟ, ਤੋਟ ਰਹਿਣ ਕੋਇ ਨਾ ਪਾਈਆ । ਬੰਦੀਖ਼ਾਨਿਉਂ ਬੰਧਨ ਜਾਣ ਛੁਟ, ਛੁਟੇ ਨਾਤਾ ਜਗਤ ਲੋਕਾਈਆ । ਠੱਗ ਚੋਰ ਸ਼ਬਦ ਧਾਰ ਨਾਲ ਕੁੱਟ, ਅੰਤਰ ਆਤਮ ਬ੍ਰਹਮ ਗਿਆਨ ਦ੍ਰਿੜਾਈਆ । ਕਰ ਪਿਆਰ ਬਣ ਮਾਤ ਪਿਤ ਸਾਚੇ ਪੁੱਤ, ਸੁਤ ਆਪਣੀ ਗੋਦ ਉਠਾਈਆ । ਤੇਰੇ ਘਰ ਮੌਲੇ ਧੁਰ ਦੀ ਰੁੱਤ, ਰੁੱਤ ਬਸੰਤੀ ਨੈਣ ਸ਼ਰਮਾਈਆ । ਭਗਤ ਭਗਵਾਨ ਹੋ ਕੇ ਪੁਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਰਨਾਈਆ । ਤ੍ਰੇਤਾ ਕਹੇ ਮੋਹੇ ਤੇਰੀ ਆਸ, ਇਕ ਧਿਆਨ ਲਗਾਈਆ । ਧੁਅੰਧਾਰ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਇ ਰੁਸ਼ਨਾਈਆ । ਭਗਤ ਭਗਵਾਨ ਤੇਰੀ ਸ਼ਾਖ਼, ਸ਼ਨਾਖ਼ਤ ਆਪਣੀ ਦਏਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਚ ਦੇਣੀ ਵਡਿਆਈਆ । ਸਚ ਵਡਿਆਈ ਦੇ ਭਗਵੰਤ, ਦੋਏ ਜੋੜ ਸੀਸ ਝੁਕਾਈਆ । ਤੇਰਾ ਲੇਖਾ ਆਦਿ ਅੰਤ, ਜੁਗਾ ਜੁਗੰਤ ਤੇਰੀ ਬੇਪਰਵਾਹੀਆ । ਪਕੜ ਉਠਾਵੇਂ ਸਾਚੇ ਸੰਤ, ਭਗਤਨ ਆਪਣਾ ਰੰਗ ਰੰਗਾਈਆ । ਮੇਲ ਮਿਲਾ ਨਾਰ ਕੰਤ, ਘਰ ਸੁਰਤੀ ਸ਼ਬਦ ਕਰੇਂ ਕੁੜਮਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦਏਂ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਵਿਦਿਆ ਕਰੇਂ ਪੜ੍ਹਾਈਆ । ਦਰ ਦਰਵੇਸ਼ ਬਣਿਆ ਮੰਗਤ, ਘਰ ਸਾਚੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਸੁਣ ਤ੍ਰੇਤੇ ਕਹੇ ਭਗਵਾਨ, ਹਰਿ ਕਰਤਾ ਆਪ ਜਣਾਈਆ । ਤੇਰੀ ਇਛਿਆ ਮੇਰਾ ਦਾਨ, ਭਿਛਿਆ ਬੇਪਰਵਾਹੀਆ । ਸਚ ਸੰਦੇਸਾ ਧੁਰ ਫ਼ਰਮਾਣ, ਨਰ ਨਰੇਸ਼ਾ ਇਕ ਦ੍ਰਿੜਾਈਆ । ਠੱਗ ਚੋਰ ਵੇਖਾਂ ਕਰ ਧਿਆਨ, ਮਿਹਰ ਨਜ਼ਰ ਉਠਾਈਆ । ਬਾਲਮੀਕ ਦੇ ਗਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਸਾਚਾ ਲੇਖਾ ਲੇਖ ਮਹਾਨ, ਭਵਿਖਤ ਦਏ ਦ੍ਰਿੜਾਈਆ । ਮੇਲ ਮਿਲਾਵਾ ਧੁਰ ਦੇ ਰਾਮ, ਰਮਿਆ ਰਾਮ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬਾਲਮੀਕ ਅੰਤਰਗਤ, ਹਰਿ ਕਰਤਾ ਵੇਖ ਵਖਾਈਆ । ਮਤ ਵਿਚੋਂ ਬਦਲੀ ਮਤ, ਮਨਸਾ ਵਿਚੋਂ ਮਨਸਾ ਦਿਤੀ ਉਲਟਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਵੇਖ ਵਖਾਈਆ । ਸਤਿ ਸੰਤੋਖ ਦੇ ਕੇ ਸਤਿ, ਧੀਰਜ ਇਕੋ ਇਕ ਬੰਧਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰੀ ਰੁਸ਼ਨਾਈਆ । ਸਚ ਪਰਵਿਸ਼ਟਾ ਇਕੋ ਦੱਸ, ਥਿਤ ਵਾਰ ਸੋਭਾ ਪਾਈਆ । ਨੌਂ ਜੇਠ ਮਿਲਿਆ ਜਸ, ਹੱਸ ਹੱਸ ਖ਼ੁਸ਼ੀ ਮਨਾਈਆ । ਚਰਨ ਸਰਨ ਕਵਲ ਸਰਨਾਈ ਢੱਠ, ਬਾਲਮੀਕ ਝੋਲੀ ਡਾਹੀਆ । ਸਾਹਿਬ ਸੁਲਤਾਨ ਦੇਣਾ ਹੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਬਾਲਮੀਕ ਕਰੇ ਅਰਦਾਸ, ਅੰਤਰ ਅੰਤਰ ਧਿਆਨ ਲਗਾਈਆ । ਪੰਜ ਤਤ ਕਾਇਆ ਤੇਰੀ ਰਾਸ, ਪਵਣ ਸਵਾਸ ਤੇਰੀ ਵਡਿਆਈਆ । ਹਉਂ ਗ਼ਰੀਬ ਨਿਮਾਣਾ ਅਨਾਥਾਂ ਅਨਾਥ, ਸੇਵਕ ਚਾਕਰ ਖ਼ਾਕੀ ਖ਼ਾਕ ਰੂਪ ਵਟਾਈਆ । ਸਚ ਪ੍ਰੀਤੀ ਬਖ਼ਸ਼ਣਾ ਨਾਤ, ਬਿਧਾਤਾ ਆਪਣਾ ਜੋੜ ਜੁੜਾਈਆ । ਪਿਛਲਾ ਲੇਖਾ ਲਹਿਣਾ ਕਰਨਾ ਮੁਆਫ਼, ਗੁਸਤਾਖ਼ ਆਪਣੇ ਨੈਣ ਸ਼ਰਮਾਈਆ । ਧੰਨ ਭਾਗ ਤੂੰ ਮਿਲਿਆ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਤੇਰੇ ਘਰ ਜਨਮ ਕੇ ਪਿਛਲਾ ਮੁੱਕਿਆ ਸਾਕ, ਦਰ ਮਿਲਿਆ ਬੇਪਰਵਾਹੀਆ । ਜੁਗ ਚੌਕੜੀ ਬਖ਼ਸ਼ੀ ਸਾਥ, ਸਗਲਾ ਸੰਗ ਨਿਭਾਈਆ । ਤੇਰੇ ਪਰੇਮ ਪਿਆਰ ਦੀ ਵੇਖਾ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਘਰ ਸਾਚਾ ਸਚ ਦਰਸਾਈਆ । ਸ੍ਰੀ ਭਗਵੰਤ ਹੋ ਮਿਹਰਵਾਨ, ਪੁਰਖ ਅਕਾਲ ਦਇਆ ਕਮਾਇੰਦਾ । ਜਨਮ ਵਿਚੋਂ ਜਨਮ ਦਾਨ, ਜੂਨ ਅਜੂਨੀ ਵੇਖ ਵਖਾਇੰਦਾ । ਸਚ ਸੰਦੇਸਾ ਨੌਜਵਾਨ, ਧੁਰ ਫ਼ੁਰਮਾਣਾ ਇਕ ਸਮਝਾਇੰਦਾ । ਤ੍ਰੇਤਾ ਦਵਾਪਰ ਕਲਜੁਗ ਖੇਲ ਕਰੇ ਮਹਾਨ, ਹਰਿ ਖ਼ਾਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਬਾਲਮੀਕ ਕਰੇ ਅਰਜ਼ੋਈ, ਆਰਜ਼ੂ ਆਪਣੀ ਇਕ ਸੁਣਾਇੰਦਾ । ਤੁਧ ਬਿਨ ਮਿਲੇ ਕੋਈ ਨਾ ਢੋਈ, ਘਰ ਨਜ਼ਰ ਕੋਇ ਨਾ ਆਇੰਦਾ । ਸੁਰਤੀ ਸਚ ਉਠਾਏ ਨਾ ਕੋਇ ਸੋਈ, ਸੁਹਾਗਣ ਰੂਪ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਘਰ ਤੇਰੇ ਮੰਗ ਮੰਗਾਇੰਦਾ ।

੧੦੦੧ ੧੯

ਦਰ ਘਰ ਮੰਗਾਂ ਧੁਰ ਦੀ ਮੰਗ, ਵਸਤ ਅਮੋਲਕ ਦੇਣੀ ਇਕ ਵਰਤਾਈਆ । ਪਰੇਮ ਪਿਆਰ ਦਾ ਬਖ਼ਸ਼ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰੀ ਸੇਵਾ ਵਿਚ ਚਮਕਾਂ ਨੂਰੀ ਚੰਦ, ਨੂਰ ਜਹੂਰ ਤੇਰਾ ਰੁਸ਼ਨਾਈਆ । ਦੀਨ ਦਿਆਲ ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਦੇ ਵਰਤਾਈਆ । ਮਾਣਸ ਜਨਮ ਪਏ ਠੰਡ, ਮਾਨਵ ਮਾਨੁਖ ਸਾਂਤਕ ਸਤਿ ਕਰਾਈਆ । ਜੁਗ ਚੌਕੜੀ ਆਪਣੇ ਨਾਲ ਗੰਢ, ਪੱਲੂ ਸਕੇ ਨਾ ਕੋਇ ਛੁਡਾਈਆ । ਸਦਾ ਸਦਾ ਸਦ ਵਸਾਂ ਤੇਰੇ ਸੰਗ, ਧੁਰ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣੇ ਲੈਣਾ ਲਗਾਈਆ । ਸ੍ਰੀ ਭਗਵਾਨ ਹੋ ਦਿਆਲ, ਦਇਆਨਿਧ ਠਾਕਰ ਸਵਾਮੀ ਆਪ ਸੁਣਾਇੰਦਾ । ਮਿਹਰਵਾਨ ਹੋ ਕਿਰਪਾਲ, ਪਰਦਾ ਉਹਲਾ ਆਪ ਚੁਕਾਇੰਦਾ । ਸੁਣ ਲਾਡਲੇ ਮੇਰੇ ਲਾਲ, ਲਾਲਨ ਆਪਣਾ ਭੇਵ ਜਣਾਇੰਦਾ । ਸਚ ਪਰਵਿਸ਼ਟਾ ਰੱਖਣਾ ਯਾਦ, ਨਵ ਜੇਠ ਵੰਡ ਵੰਡਾਇੰਦਾ । ਜਿਸ ਵੇਲੇ ਦਿਤੀ ਦਾਦ, ਵਸਤ ਅਮੋਲਕ ਆਪਣਾ ਨਾਮ ਝੋਲੀ ਪਾਇੰਦਾ । ਭੇਵ ਖੋਲ੍ਹ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਰੰਗ ਵਖਾਇੰਦਾ । ਧੁਨ ਆਤਮਕ ਵਜਾ ਨਾਦ, ਅਗੰਮੀ ਰਾਗ ਅਲਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਆਇਆ ਸਵਾਦ, ਰਸ ਮੀਠਾ ਅਨਡੀਠਾ ਇਕੋ ਭਾਇੰਦਾ । ਪਰੇਮ ਪ੍ਰੀਤੀ ਅੰਤਰ ਹੋਇਆ ਵਿਸਮਾਦ, ਬਿਸਮਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਸੁਣ ਬਾਲਮੀਕ, ਹਰਿ ਕਰਤਾ ਆਪ ਜਣਾਈਆ । ਜਨਮ ਵਿਚੋਂ ਜਨਮ ਮਿਲਿਆ ਤੈਨੂੰ ਠੀਕ, ਕਰਮ ਧਰਮ ਵਰਨ ਬਰਨ ਪਿਛਲਾ ਦਿਤਾ ਬਦਲਾਈਆ । ਦੂਰ ਦੁਰਾਡੇ ਹੋ ਨਜ਼ਦੀਕ, ਨੇਰਨ ਨੇਰੇ ਦਇਆ ਕਮਾਈਆ । ਮਾਰਗ ਦੱਸ ਇਕ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਦੇ ਵਡਿਆਈ ਤੈਨੂੰ ਨੀਚ, ਊਚੋਂ ਊਚ ਲਏ ਬਣਾਈਆ । ਚਰਨ ਪ੍ਰੀਤੀ ਧੁਰ ਦੀ ਪ੍ਰੀਤ, ਪਤਤ ਪਾਵਣ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਗੀਤ, ਸੋਹੰ ਢੋਲਾ ਰਾਗ ਸੁਣਾਈਆ । ਕਲਜੁਗ ਰੱਖਣੀ ਅੰਤ ਉਡੀਕ, ਕਲ ਕਾਤੀ ਵੇਖ ਵਖਾਈਆ । ਲੇਖ ਚੁਕਾਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਾਲਮੀਕ ਖੁਲ੍ਹੀ ਜਾਗ, ਨੇਤਰ ਨੈਣ ਉਠਾਈਆ । ਹਿਰਦੇ ਆਇਆ ਇਕ ਵੈਰਾਗ, ਨੇਤਰ ਨੈਣਾਂ ਨੀਰ ਵਹਾਈਆ । ਕਵਣ ਧੋਵੇ ਮੇਰਾ ਦਾਗ਼, ਦੁਰਮਤ ਮੈਲ ਸਾਫ਼ ਕਰਾਈਆ । ਕੌਣ ਜਗਾਏ ਘਰ ਚਿਰਾਗ਼, ਦੀਪਕ ਜੋਤ ਕਰੇ ਰੁਸ਼ਨਾਈਆ । ਕੌਣ ਵਖਾਏ ਅਗੰਮ ਸਵਾਦ, ਰਸ ਫੀਕਾ ਸਰਬ ਮਿਟਾਈਆ । ਕੌਣ ਬਣਾਏ ਹੰਸ ਕਾਗ, ਸੋਹੰ ਹੰਸਾ ਸਾਚੀ ਚੋਗ ਚੁਗਾਈਆ । ਕੌਣ ਸੁਣਾਏ ਅਗੰਮੀ ਅਵਾਜ਼, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਗ੍ਰਿਹ ਮੰਦਰ ਖੋਜ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਪਕੜ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਨਾਮ ਨਿਧਾਨ ਮਣੀਆ ਮੰਤ, ਸਾਚਾ ਮੰਤਰ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਸਾਹਿਬ ਸਮਰਥ, ਅਭੇਵ ਅਭੇਦ ਛੁਪਾਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਵੇਸ ਵਟਾਈਆ । ਸਤਿ ਸਤਿਵਾਦੀ ਮਾਰਗ ਦੱਸ, ਸਚ ਸੁਚ ਕਰੇ ਪੜ੍ਹਾਈਆ । ਭਗਤ ਭਗਵੰਤ ਕਰ ਕੇ ਵੱਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਧੁਰ ਸੰਦੇਸਾ ਇਕੋ ਦੱਸ, ਬਾਲਮੀਕ ਦਿਤਾ ਸਮਝਾਈਆ । ਕਲਜੁਗ

ਅੰਤਮ ਪ੍ਰਭੂ ਖੇਲ ਕਰੇ ਹੋ ਪਰਗਟ, ਜੋਤੀ ਜਾਤਾ ਵੇਸ ਵਟਾਈਆ । ਸਚ ਦਵਾਰਾ ਖੋਲ੍ਹੇ ਹੱਟ, ਚੌਦਾਂ ਤਬਕ ਡੇਰਾ ਢਾਹੀਆ । ਤੇਰਾ ਲੇਖਾ ਦੇਵੇ ਹੱਕ, ਹਕੀਕਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬਾਲਮੀਕ ਲੈਣਾ ਸੁਣ, ਸ਼ਬਦ ਅਗੰਮੀ ਧਾਰ ਜਣਾਇੰਦਾ । ਲੇਖਾ ਜਾਣੇ ਗੁਣ ਅਵਗੁਣ, ਕਰਤਾ ਕਰਨੀ ਕਾਰ ਕਮਾਇੰਦਾ । ਆਪਣਾ ਮੰਤਰ ਜਾਣੇ ਫੁਨ, ਫੁਰਨਾ ਸਭ ਦਾ ਬੰਦ ਵਖਾਇੰਦਾ । ਲੱਖ ਚੁਰਾਸੀ ਵਿਚੋਂ ਚੁਣ, ਭਗਤ ਭਗਵੰਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਜਣਾਇੰਦਾ । ਧੁਰ ਸੰਦੇਸਾ ਕਲਜੁਗ ਧਾਰ, ਕਰਤਾ ਪੁਰਖ ਸਮਝਾਈਆ । ਤੇਰਾ ਮੇਲਾ ਵਿਚ ਸੰਸਾਰ, ਵਡ ਸੰਸਾਰੀ ਆਪ ਕਰਾਈਆ । ਸਚ ਪ੍ਰੀਤੀ ਦੇ ਪਿਆਰ, ਪਰੇਮ ਬੰਧਨ ਇਕ ਵਖਾਈਆ । ਅੰਤਰ ਅੰਤਰ ਕਰੇ ਗੁਫ਼ਤਾਰ, ਗੁਫ਼ਤ ਸ਼ੁਨੀਦ ਸਚ ਪੜ੍ਹਾਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਨਿਵਾਸੀ ਹਰਿ ਸੱਚਾ ਸਚ ਗੋਸਾਈਆ । ਨਿਰਗੁਣ ਸਰਗੁਣ ਜ਼ੀਰੋ ਸਿਫ਼ਰਾ ਦਿਸੇ ਸੰਸਾਰ, ਬੀਸ ਅੰਕ ਜੋੜ ਜੁੜਾਈਆ । ਨਿਰਗੁਣ ਸਰਗੁਣ ਦੂਆ ਇਕ ਕਰੇ ਪਿਆਰ, ਇਕ ਇਕੱਲਾ ਮੇਲ ਮਿਲਾਈਆ । ਦੂਆ ਏਕਾ ਕਰ ਕੇ ਖ਼ਬਰਦਾਰ, ਏਕਾ ਇਕੀ ਗੰਢ ਰਖਾਈਆ । ਵੀਹ ਸੌ ਇਕੀ ਤੇਰਾ ਕਰਜ਼ਾ ਦਏ ਉਤਾਰ, ਨਵ ਜੇਠ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇਵੇ ਵਡਿਆਈਆ । ਬਾਲਮੀਕ ਕਹੇ ਨੌ ਜੇਠ ਕੀ, ਮੇਰੀ ਸਮਝ ਕੁਛ ਨਾ ਆਈਆ । ਮੈਂ ਬਾਲ ਅਵਾਣਾ ਨਿੱਕਾ ਜੀਅ, ਆਤਮ ਬ੍ਰਹਮ ਰੂਪ ਵਟਾਈਆ । ਸ਼ਬਦ ਅਨਾਦੀ ਤੇਰਾ ਬੀ, ਪਿਤਾ ਪੁਰਖ ਅਕਾਲ ਮਨਾਈਆ । ਨਾਮ ਨਿਧਾਨ ਅੰਮ੍ਰਿਤ ਰਸ ਲਿਆ ਪੀ, ਨਾਤਾ ਤੁਟਾ ਸਰਬ ਲੋਕਾਈਆ । ਚਰਨ ਬਲਹਾਰ ਗਿਆ ਥੀ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ ਸਚ ਸਚ ਸਰਨਾਈਆ । ਸ੍ਰੀ ਭਗਵਾਨ ਕਿਹਾ ਹੱਸ, ਖ਼ੁਸ਼ੀਆਂ ਨਾਲ ਜਣਾਇੰਦਾ । ਅਗਲਾ ਲੇਖਾ ਦੇਵਾਂ ਦੱਸ, ਦਰਦੀ ਹੋ ਕੇ ਦਰਦ ਵੰਡਾਇੰਦਾ । ਕਲਜੁਗ ਅੰਤ ਖੇਲ ਪੁਰਖ ਸਮਰਥ, ਸਮਰਥ ਸਾਚੀ ਕਾਰ ਕਮਾਇੰਦਾ । ਨਵ ਜੇਠ ਤੇਰਾ ਜਨਮ ਮਾਨੁਸ਼ ਹੋਣਾ ਬੱਸ, ਬਸਤਾ ਪਿਛਲਾ ਫੋਲ ਵਖਾਇੰਦਾ । ਹਕੀਕਤ ਵਿਚੋਂ ਦੇਵੇ ਹੱਕ, ਹਾਕਮ ਆਪਣਾ ਕਰਮ ਕਮਾਇੰਦਾ । ਲੋਕਮਾਤ ਜਾਣਾ ਛੱਡ, ਸਚਖੰਡ ਸਚ ਦਵਾਰ ਸੁਹਾਇੰਦਾ । ਨਿਰਗੁਣ ਨਿਰਗੁਣ ਧਾਰ ਹੋਣ ਨਾ ਦੇਵੇ ਅੱਡ, ਸਚ ਮਕਾਨ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਬਾਲਮੀਕ ਕਹੇ ਨਹੀਂ ਮਨਜ਼ੂਰ, ਸਚ ਕਹਾਣੀ ਦਿਆਂ ਜਣਾਈਆ । ਜੇ ਤੂੰ ਮੇਰੇ ਪਿਛਲੇ ਬਖ਼ਸ਼ੇ ਕਸੂਰ, ਫ਼ੈਸਲਾ ਇਕੋ ਵਾਰ ਸੁਣਾਈਆ । ਕਲਜੁਗ ਅੰਤ ਮੈਂ ਹੋ ਜਾਵਾਂ ਮਜਬੂਰ, ਮਜਬੂਰੀ ਆਪਣੀ ਤੇਰੇ ਅੱਗੇ ਟਿਕਾਈਆ । ਜੇ ਮਾਤਲੋਕ ਤੂੰ ਰਹੇ ਜ਼ਰੂਰ, ਤੇਰਾ ਵਿਛੋੜਾ ਸਹਿ ਨਾ ਸਕਾਂ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੈਂ ਆਪਣਾ ਲੇਖਾ ਰਿਹਾ ਦ੍ਰਿੜਾਈਆ । ਲੇਖਾ ਆਪਣਾ ਦੱਸਾਂ ਸੱਚ, ਪ੍ਰਭ ਤੇਰੇ ਅੱਗੇ ਸੀਸ ਨਿਵਾਈਆ । ਜਿਉਂ ਭਾਗ ਲਗਾਇਆ ਕਾਇਆ ਮਾਟੀ ਕੱਚ, ਤਤਵ ਤਤ ਵਡਿਆਈਆ । ਦੂਰ ਦੁਰਾਡਾ ਆਇਉਂ ਨੱਸ, ਬਣ ਪਾਂਧੀ ਫੇਰਾ ਪਾਈਆ । ਅੰਤਰ ਆਤਮ ਆਪੇ ਵਸ, ਪਰੇਮ ਪਿਆਰ ਵਧਾਈਆ । ਸਚ ਨੇਤਰ ਖੋਲ੍ਹ ਕੇ ਅੱਖ, ਆਪਣਾ ਆਗਮਨ ਦਿਤਾ ਜਣਾਈਆ । ਮੈਂ ਤੇਰਾ ਗਾਵਾਂ ਜਸ,

ਧੁਰ ਆਗਮਨ ਢੋਲਾ ਦਿਤਾ ਪੜ੍ਹਾਈਆ । ਡਾਕੇ ਮਾਰਨੋਂ ਗਿਆ ਹਟ, ਤੇਰੀ ਵੱਥ ਆਪਣੇ ਵਿਚ ਰਖਾਈਆ । ਤੂੰ ਮੇਰਾ ਦੇਣਾ ਸਾਥ, ਸਾਚਾ ਸੰਗ ਨਿਭਾਈਆ । ਸਭ ਕੁਛ ਤੇਰੇ ਹਾਥ, ਜਿਉਂ ਭਾਵੇ ਲੈਣਾ ਚਲਾਈਆ । ਕਲਜੁਗ ਅੰਤ ਮੈਂ ਮੰਗਾਂ ਇਕੋ ਦਾਤ, ਦੋਏ ਜੋੜ ਵਾਸਤਾ ਪਾਈਆ । ਆਪਣੇ ਭਗਤਾਂ ਨਾਲੋਂ ਮੇਰੀ ਟੁੱਟਣ ਨਾ ਦੇਵੀਂ ਜਮਾਤ, ਪੱਟੀ ਅੱਖਰ ਇਕੋ ਦੇਣਾ ਸੁਣਾਈਆ । ਤ੍ਰੇਤੇ ਵਾਲਾ ਭਵਿਖਤ ਵਾਕ, ਭਾਖਿਆ ਭਾਸ਼ਾ ਸਕੇ ਨਾ ਕੋਇ ਸਮਝਾਈਆ । ਜੇ ਪੰਜ ਤਤ ਚੋਲਾ ਹੋਵਣ ਵਾਲਾ ਨਾਸ, ਨਵ ਜੇਠ ਰਾਹ ਤਕਾਈਆ । ਮੇਰੀ ਯਾਦ ਰੱਖੀਂ ਪਿਛਲੀ ਪ੍ਰੀਤੀ ਨਾਲ ਰਵਦਾਸ, ਰਵੀ ਤੇਰਾ ਧਿਆਨ ਲਗਾਈਆ । ਉਹਦੇ ਪਿਛੇ ਬਖ਼ਸ਼ ਮੇਰੇ ਸਵਾਸ, ਸਵਾਸ ਤੇਰੀ ਭੇਟ ਚੜ੍ਹਾਈਆ । ਜਨਮ ਵਿਚੋਂ ਜਨਮ ਦੇ ਕੇ ਬਣ ਮਾਈ ਬਾਪ, ਪਿਤਾ ਪੁਰਖ ਅਕਾਲ ਆਪ ਅਖਵਾਈਆ । ਨੌਂ ਜੇਠ ਤੇਰਾ ਧੁਰ ਦਾ ਜੁੜੇ ਨਾਤ, ਨਾਤਾ ਇਕੋ ਨਜ਼ਰੀ ਆਈਆ । ਦਰਸ ਦਿਖਾਉਣਾ ਸਾਖਿਆਤ, ਪਰਦਾ ਉਹਲਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਲੈਣਾ ਤਰਾਈਆ । ਨਵ ਜੇਠ ਨਾ ਹੋਏ ਵਿਛੋੜਾ, ਵਿਛੜਿਆਂ ਮੇਲ ਮਿਲਾਈਆ । ਤ੍ਰੇਤਾ ਕਹੇ ਮੇਰਾ ਲੇਖ ਨਹੀਂ ਕੋਰਾ, ਲਿਖਿਆ ਲੇਖ ਭਵਿਖਤ ਰਿਹਾ ਜਣਾਈਆ । ਜਿਸ ਨੇ ਤਾਰੇ ਠੱਗ ਚੋਰਾ, ਬੁਧ ਬਿਬੇਕ ਆਪ ਕਰਾਈਆ । ਸੋ ਸਾਹਿਬ ਸੁਲਤਾਨ ਸ਼ਬਦ ਅਗੰਮੀ ਵੇਖੇ ਚੜ੍ਹ ਕੇ ਘੋੜਾ, ਦੋ ਜਹਾਨ ਫੇਰਾ ਪਾਈਆ । ਬੇਸ਼ਕ ਪੂਰਬ ਜਨਮ ਬਟਵਾਰਾ ਵਕਤ ਰਹਿ ਗਿਆ ਥੋੜਾ, ਪਾਲ ਸਿੰਘ ਪੱਲੂ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਬੇਪਰਵਾਹੀਆ । ਤ੍ਰੇਤਾ ਕਹੇ ਮੈਂ ਤਾਬਿਆਦਾਰ, ਸੇਵਕ ਸਾਚਾ ਨਜ਼ਰੀ ਆਈਆ । ਪਿਛਲੇ ਵਿਛੜਿਆਂ ਕਰਾਂ ਖ਼ਬਰਦਾਰ, ਧੁਰ ਸੰਦੇਸਾ ਇਕ ਸੁਣਾਈਆ । ਜਨ ਭਗਤੋ ਤੁਹਾਨੂੰ ਨਹੀਂ ਸਾਰ, ਸਮਝ ਸਕੇ ਨਾ ਕੋਇ ਸਮਝਾਈਆ । ਜਿਸ ਦਾ ਲੇਖਾ ਲਹਿਣਾ ਕਲਮ ਦਵਾਤ, ਛਾਹੀ ਸ਼ਹਾਦਤ ਨਾ ਕੋਇ ਵਖਾਈਆ । ਸੋ ਨਿਹਕਰਮੀ ਨਰ ਨਰਾਇਣ ਅਵਤਾਰ, ਅਵਤਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤ੍ਰੇਤਾ ਕਹੇ ਸੁਣੋ ਪਿਛਲਾ ਲੇਖਾ, ਬਿਨ ਲਿਖਤੋਂ ਰਿਹਾ ਦ੍ਰਿੜਾਈਆ । ਜਨ ਭਗਤ ਨਾ ਰਹੇ ਕੋਈ ਭੁਲੇਖਾ, ਭਾਂਡਾ ਭਰਮ ਭੰਨਾਈਆ । ਜੁਗ ਚੌਕੜੀ ਪ੍ਰਭੂ ਕਦੇ ਨਾ ਭੁੱਲੇ ਚੇਤਾ, ਚੇਤਨ ਹੋ ਕੇ ਖੇਲ ਖਿਲਾਈਆ । ਜੋਤੀ ਜਾਮਾ ਧਾਰ ਵੇਸਾ, ਅਵਲੱੜਾ ਰੂਪ ਵਟਾਈਆ । ਦੋ ਜਹਾਨਾਂ ਬਣ ਕੇ ਨੇਤਾ, ਸਚ ਫ਼ਰਮਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਤ੍ਰੇਤਾ ਕਹੇ ਮੈਂ ਦਿਆਂ ਦਲੀਲ, ਆਪਣਾ ਆਪ ਜਣਾਈਆ । ਜਨ ਭਗਤੋ ਤੁਹਾਡੀ ਜਨਮ ਜਨਮ ਜਨਮ ਦੀ ਸੁਣੇ ਅਪੀਲ, ਅਪਰੰਪਰ ਬੇਪਰਵਾਹੀਆ । ਲੋੜ ਰਹੇ ਨਾ ਕਿਸੇ ਵਕੀਲ, ਵੁਕਲਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਬਾਹਰ ਕਢਾਈਆ । ਤ੍ਰੇਤਾ ਕਹੇ ਮੈਂ ਵੇਖਿਆ ਲੇਖ ਬੰਦ, ਅੰਦਰ ਵੜ ਕੇ ਧਿਆਨ ਲਗਾਈਆ । ਜਿਸ ਦੇ ਉਤੇ ਲਿਖਿਆ ਇਕੋ ਛੰਦ, ਸੋਹੰ ਢੋਲਾ ਅਗੰਮ ਅਥਾਹੀਆ । ਆਪਣੀ ਕਿਰਪਾ ਨਾਲ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਈਆ । ਜਨ ਭਗਤਾਂ ਦੇਵੇ ਅਨੰਦ, ਸੋਹਣਾ ਰਸ ਚਖਾਈਆ । ਪੰਜ ਤਤ ਕਾਇਆ ਚੋਲਾ ਰਿਹਾ ਹੰਢ, ਵਾਹੋ ਦਾਹੀ ਆਪਣਾ ਪੰਧ ਮੁਕਾਈਆ । ਨਵ ਜੇਠ ਹੋਣਾ ਖੰਡ ਖੰਡ, ਅੰਗ ਅੰਗ ਸਾਥ ਨਾ ਕੋਇ ਰਖਾਈਆ । ਜਗਤ ਨਾਰੀ ਦਿਸੇ ਰੰਡ, ਕੰਤ ਸੁਹਾਗ ਹੋਏ ਜੁਦਾਈਆ । ਤ੍ਰੇਤਾ ਕਹੇ ਮੇਰੀ

ਅੰਤਮ ਮੰਗ, ਰੋ ਰੋ ਨੈਣਾਂ ਨੀਰ ਵਹਾਈਆ । ਦੂਰ ਦੁਰਾਡਾ ਕੱਟ ਕੇ ਆਇਆ ਪੰਧ, ਬਣ ਪਾਂਧੀ ਫੇਰਾ ਪਾਈਆ । ਆਪਣਾ ਕੀਤਾ ਕੌਲ ਇਕਰਾਰ ਵੇਖ ਨਿਸੰਗ, ਨਿਛਾਵਰ ਹੋ ਕੇ ਰਿਹਾ ਸਮਝਾਈਆ । ਭਗਤ ਭਗਵਾਨ ਤੇਰਾ ਚੰਦ, ਚੰਦ ਨੂਰ ਮਹਿਤਾਬ ਆਫ਼ਤਾਬ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਤ੍ਰੇਤਾ ਕਹੇ ਪ੍ਰਭੂ ਕਰ ਧਿਆਨ, ਧਰਨੀ ਧਰਤ ਧਵਲ ਦਏ ਦੁਹਾਈਆ । ਮੈਂ ਹਾਜ਼ਰ ਹੋ ਕੇ ਦੇਵਾਂ ਬਿਆਨ, ਘਰ ਠਾਂਡੇ ਫੇਰਾ ਪਾਈਆ । ਜਿਸ ਜਨਮ ਵਿਚੋਂ ਜਨਮ ਦਿਤਾ ਗਿਆਨ, ਅਗਿਆਨ ਅੰਧੇਰ ਚੁਕਾਈਆ । ਜਿਸ ਬਾਲਮੀਕ ਬਟਵਾਰਾ ਬਜਵਾੜਾ ਕੀਤਾ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਬੇਸ਼ਕ ਨੌਂ ਜੇਠ ਮਿਟਣ ਵਾਲਾ ਨਿਸ਼ਾਨ, ਪੰਜ ਤਤ ਹੋਏ ਜੁਦਾਈਆ । ਪਰ ਤੇਰਾ ਲੇਖਾ ਮੈਂ ਭੁੱਲ ਨਹੀਂ ਗਿਆ ਬਣ ਨਾਦਾਨ, ਬਾਲਕ ਹੋ ਕੇ ਤੇਰੀ ਸੇਵ ਕਮਾਈਆ । ਤੂੰ ਲੇਖ ਲਿਖਿਆ ਬਿਨਾਂ ਕਲਮ ਸ਼ਾਹੀ ਬਿਨਾਂ ਜ਼ਬਾਨ, ਲੇਖਾ ਪੜ੍ਹ ਨਾ ਕੋਇ ਦ੍ਰਿੜਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਆਪਣੀ ਬਖ਼ਸ਼ਿਸ਼ ਵਿਚੋਂ ਬਖ਼ਸ਼ਿਸ਼ ਕਰ ਦਾਨ, ਬਖ਼ਸ਼ੀਸ਼ ਤੇਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਤਿ ਸਤਿਵਾਦੀ ਤੇਰੀ ਸਤਿ ਸਰਨਾਈਆ । ਨੌਂ ਜੇਠ ਅੱਖਾਂ ਰਿਹਾ ਖੋਲ੍ਹ, ਚਾਰੋਂ ਕੁੰਟ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤ੍ਰੇਤੇ ਜੁਗ ਦਾ ਪੂਰਾ ਕਰੇ ਕੌਲ, ਕੀਤਾ ਕੌਲ ਤੋੜ ਨਿਭਾਈਆ । ਸ੍ਰਿਸ਼ਟ ਸਬਾਈ ਸੁਤੀ ਲੋਕਮਾਤ ਅਨਭੋਲ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚੇ ਕੰਡੇ ਤੋਲੇ ਤੋਲ, ਨਾਮ

१००५ ਤਰਾਜ਼ੂ ਹੱਥ ਉਠਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਉਠਾਏ ਅਡੋਲ, ਅੰਦਰੇ ਅੰਦਰ ਆਪ ਹਿਲਾਈਆ । ਬਾਲਮੀਕ ਨਾਲ ਜੋ ਬੋਲਿਆ ਬੋਲ, ਅਨਬੋਲਤ ਆਪ ਸੁਣਾਈਆ । ਸੋ ਲੇਖਾ ਪਰਦਾ ਪੂਰਬ ਲਿਆ ਫੋਲ, ਅੱਖਰ ਅੱਖਰਾਂ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਪਿਛਲਾ ਲੇਖਾ ਹਰਿ ਜੂ ਪੜ੍ਹ, ਸਾਚੀ ਖ਼ੁਸ਼ੀ ਮਨਾਇੰਦਾ । ਜਨਮ ਵਿਚੋਂ ਜਨਮ ਦੇ ਕੇ ਫੇਰ ਲਾਵੇ ਜੜ੍ਹ, ਬੂਟਾ ਆਪਣਾ ਆਪ ਲਹਿਰਾਇੰਦਾ । ਮਰਨ ਤੋਂ ਪਹਿਲੋਂ ਭਗਤ ਜਨ ਜਾਵੇ ਮਰ, ਮਰਨੀ ਸਤਿਗੁਰ ਇਕ ਸਮਝਾਇੰਦਾ । ਜੋ ਸੰਤ ਸਤਿ ਸਤਿਵਾਦੀ ਸੀਸ ਚਰਨੀ ਦੇਵੇ ਧਰ, ਸੋ ਧਰਤ ਧਵਲ ਸੋਭਾ ਪਾਇੰਦਾ । ਸਾਚੇ ਮੰਦਰ ਜਾਵੇ ਚੜ੍ਹ, ਮਹਲ ਅਟੱਲ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣੀ ਦਇਆ ਕਮਾਇੰਦਾ । ਤ੍ਰੇਤਾ ਕਹੇ ਮੈਂ ਤੇਰਾ ਜੁਗ, ਜੁਗਤੀ ਆਪਣੀ ਦਿਆਂ ਜਣਾਈਆ । ਬੇਸ਼ਕ ਮੇਰੀ ਔਧ ਗਈ ਮੁੱਕ, ਮੇਰੀ ਆਸਾ ਸਕੇ ਨਾ ਕੋਇ ਮਿਟਾਈਆ । ਮੈਂ ਤੇਰਾ ਦਰਸਨ ਕਰਾਂ ਲੁਕ ਲੁਕ, ਵੇਖਾਂ ਚਾਈਂ ਚਾਈਂਆ । ਬਾਲਮੀਕ ਖ਼ਾਹਸ਼ ਮੈਥੋਂ ਰਹੀ ਪੁਛ, ਹੌਲੀ ਹੌਲੀ ਆਵਾਜ਼ ਲਗਾਈਆ । ਮੈਂ ਅੱਗੋਂ ਕਿਹਾ ਬੁੱਕ, ਸਚ ਸਚ ਦਿਤਾ ਦ੍ਰਿੜਾਈਆ । ਨੌਂ ਜੇਠ ਪੰਜ ਤਤ ਨਾਤਾ ਜਾਣਾ ਛੁੱਟ, ਛੁਟੇ ਸਰਬ ਲੋਕਾਈਆ । ਏਸੇ ਕਾਰਨ ਮੈਂ ਪਿਛਲਾ ਖਾਤਾ ਲਿਆਂਦਾ ਪੁੱਟ, ਜੋ ਡੂੰਘੇ ਅੰਦਰ ਦਿਤਾ ਦਬਾਈਆ । ਉਸ ਵਿਚ ਪ੍ਰਭ ਨੇ ਲੇਖ ਲਿਖਿਆ ਕੁਛ, ਅਨੁਭਵ ਆਪਣਾ ਆਪ ਵੇਖ ਵਖਾਈਆ । ਜਨਮ ਵਿਚੋਂ ਜਨਮ ਦੇ ਕੇ ਫੇਰ ਬਣਾਵਾਂ ਆਪਣਾ ਪੁੱਤ, ਪਿਤਾ ਪੂਤ ਗੋਦ ਉਠਾਈਆ । ਉਜਲ ਕਰਾਂ ਮਾਤ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਏਸੇ ਕਾਰਨ ਹਰਿ

ਕਰਤਾ ਆਇਆ ਚੁੱਪ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਜਿਸ ਦਾ ਕਾਇਆ ਚੋਲਾ ਜਾਣਾ ਸੀ ਛੁੱਟ, ਤਿਸ ਛੁਟਕੀ ਲਿਵ ਫੇਰ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਰਨ ਤੋਂ ਪਹਿਲਾਂ ਲਿਆ ਪੁਛ, ਪਿਛਲਾ ਲਹਿਣਾ ਝੋਲੀ ਪਾਈਆ ।

★ ਪਹਿਲੀ ਜੇਠ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★



ਹਰਿ ਹਰਿ ਖੇਲ ਅਗੰਮ ਅਪਾਰ, ਨਿਰਗੁਣ ਨਿਰਵੈਰ ਧਾਰ ਚਲਾਇੰਦਾ । ਸਚਖੰਡ ਨਿਵਾਸੀ ਸਾਚੀ ਕਾਰ, ਕਰਤਾ ਪੁਰਖ ਆਪ ਕਰਾਇੰਦਾ । ਸਤਿ ਦਵਾਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਸੋਭਾ ਪਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜਾਤਾ ਨੂਰੀ ਡਗਮਗਾਇੰਦਾ । ਮਹਲ ਅਟੱਲ ਉਚ ਮਨਾਰ, ਛੱਪਰ ਛੰਨ ਅਥਾਹ ਸੁਹਾਇੰਦਾ । ਸਾਚਾ ਸੱਜਣ ਬਣ ਮੀਤ ਮੁਰਾਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਰਨੀ ਕਾਰ ਕਮਾਇੰਦਾ । ਹਰਿ ਕਰਨੀ ਕਰੇ ਨਿਰੰਕਾਰ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਆਦਿ ਜੁਗਾਦੀ ਭੇਵ ਨਿਆਰ, ਅਲੱਖ ਅਗੋਚਰ ਅਗੰਮ ਅਥਾਹ ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਾਕਾਰ ਨਿਰਗੁਣ ਨੂਰ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰ, ਬਿਨ ਨੈਣਾਂ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ ਬੇਪਰਵਾਹੀਆ । ਬੇਪਰਵਾਹੀ ਬੇਪਰਵਾਹ ਪਰਵਰਦਿਗਾਰ, ਨੂਰੀ ਜਲਵਾ ਨੂਰ ਚਮਕਾਇੰਦਾ । ਸਚ ਮਹੱਲੇ ਹੋ ਉਜਿਆਰ, ਹੱਕ ਮੁਕਾਮੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਧੁਰ ਫ਼ੁਰਮਾਣਾ ਇਕ ਅਲਾਇੰਦਾ । ਸ਼ਾਹ ਪਾਤਸ਼ਾਹ ਬਣ ਰਾਜ ਰਾਜਾਨ, ਭੂਪਤ ਭੂਪ ਨਾਮ ਵਡਿਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਵੇਸ ਆਪ ਵਟਾਇੰਦਾ । ਸਾਚਾ ਵੇਸ ਵਟਾਏ ਅਵੱਲਾ, ਅਕਲ ਕਲਧਾਰੀ ਆਪਣੀ ਚਾਲ ਚਲਾਈਆ । ਸਚ ਦਵਾਰਾ ਵੇਖ ਉਚ ਮਹੱਲਾ, ਮਹਲ ਅਟੱਲ ਕਰੇ ਰੁਸ਼ਨਾਈਆ । ਨਿਰਗੁਣ ਨੂਰੀ ਜੋਤੀ ਦੀਪਕ ਸਚ ਪਰਕਾਸ਼ ਆਪੇ ਬਲਾ, ਦੀਵਾ ਬਾਤੀ ਸੰਗ ਨਾ ਕੋਇ ਰਖਾਈਆ । ਨਿਰਾਕਾਰ ਨਿਰੰਕਾਰ ਨਿਰਗੁਣ ਆਪਣਾ ਫੜੇ ਆਪੇ ਪੱਲਾ, ਬੰਧਨ ਆਪਣਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਪੁਰਖ ਅਗੰਮ, ਬੇਅੰਤ ਵੱਡੀ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਹਕਰਮੀ ਜਾਣੇ ਆਪਣਾ ਕੰਮ, ਦੂਜਾ ਸੰਗ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਾਚਾ ਬੇੜਾ ਆਪੇ ਬੰਨ੍ਹ, ਸਤਿ ਪੁਰਖ ਨਿਰੰਜਣ ਆਪਣੇ ਕੰਧ ਉਠਾਈਆ । ਆਪਣੀ ਇਛਿਆ ਆਪੇ ਮੰਨ, ਮਨਸਾ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆ । ਅਗੰਮ ਅਥਾਹ ਖੇਲ ਪ੍ਰਭ ਕਰਦਾ, ਨਿਰਭੌ ਭੈ ਸਰ ਨਾ ਕੋਇ ਰਖਾਇੰਦਾ । ਸਚਖੰਡ ਦਵਾਰੇ ਆਪੇ ਵੜਦਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਸਤਿ ਪਰਕਾਸ਼ ਆਪੇ ਧਰਦਾ, ਜੋਤੀ ਜਾਤਾ ਡਗਮਗਾਇੰਦਾ । ਨਿਰਗੁਣ ਨਿਰਗੁਣ ਨਾਰੀ ਕੰਤ ਆਪੇ ਵਰਦਾ, ਪਤਿਪਰਮੇਸ਼ਵਰ ਆਪਣੀ ਸੇਵ ਕਮਾਇੰਦਾ । ਸਾਚੀ ਸੇਜਾ ਆਪੇ ਚੜ੍ਹਦਾ, ਸੋਭਾਵੰਤ ਆਪ ਸੁਹਾਇੰਦਾ । ਦਾਈ

੧੦੦੭
੧੯

ਦਾਇਆ ਹੋ ਕੇ ਖੇਲ ਕਰਦਾ, ਬੇਅੰਤ ਬੇਪਰਵਾਹ ਨਜ਼ਰ ਕਿਸੇ ਨਾ ਆਇੰਦਾ । ਸੁਤ ਦੁਲਾਰਾ ਇਕੋ ਜਣਦਾ, ਸ਼ਬਦੀ ਨਾਉਂ ਰਖਾਇੰਦਾ । ਮਾਤ ਪਿਤ ਆਪੇ ਬਣਦਾ, ਗੋਦ ਸੁਹੰਜਣੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਸੋਭਾਵੰਤ, ਸਤਿ ਸਤਿਵਾਦੀ ਸਾਚੇ ਆਸਣ ਡੇਰਾ ਲਾਈਆ । ਭੂਪਤ ਭੂਪ ਰਾਜ ਰਾਜਾਨ ਹੋ ਵਿਸਮਾਦ, ਬਿਸਮਲ ਆਪਣੀ ਕਾਰ ਕਮਾਈਆ । ਲੇਖਾ ਜਾਣ ਬੋਧ ਅਗਾਧ, ਸ਼ਬਦ ਧੁਨ ਅਗੰਮੀ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜਾਣਨਹਾਰਾ, ਦੂਜਾ ਸੰਗ ਨਾ ਕੋਇ ਰਲਾਈਆ । ਨਾ ਕੋਈ ਸੰਗ ਨਾ ਕੋਈ ਸਾਥ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਇੰਦਾ । ਇਕ ਇਕੱਲਾ ਪੁਰਖ ਅਬਿਨਾਸ਼, ਹਰਿ ਕਰਤਾ ਖੇਲ ਰਚਾਇੰਦਾ । ਮੇਲ ਮਿਲਾਵਾ ਸਾਚਾ ਨਾਤ, ਸੁਤ ਦੁਲਾਰੇ ਜੋੜ ਜੁੜਾਇੰਦਾ । ਆਪਣੀ ਦੇ ਕੇ ਆਪੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਸਚ ਸੁਚ ਸਮਝਾ ਜਾਤ, ਮੇਲ ਮਿਲਾਵਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਆਪੇ ਖੋਲ੍ਹ, ਆਪਣੇ ਹੱਥ ਰੱਖੇ ਵਡਿਆਈਆ । ਸਾਚੇ ਕੰਡੇ ਤੋਲੇ ਤੋਲ, ਤੋਲਣਹਾਰਾ ਬੇਪਰਵਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਮੰਦਰ ਰਹੇ ਅਡੋਲ, ਡੁੱਲ ਕਦੇ ਨਾ ਜਾਈਆ । ਸਚ ਦਵਾਰਾ ਹਰਿ ਨਿਰੰਕਾਰਾ ਸਚਖੰਡ ਦਵਾਰਾ ਇਕੋ ਖੋਲ੍ਹ, ਥਿਰ ਘਰ ਚਰਨ ਕਵਲ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਨਿਰਗੁਣ ਨਿਰਵੈਰ, ਸ਼ਬਦੀ ਸੁਤ ਆਪ ਖੁਲ੍ਹਾਇੰਦਾ । ਪਿਤਾ ਪੂਤ ਦੋਵੇਂ ਕਰਨ ਸੈਰ, ਸਤਿ ਦਵਾਰਾ ਇਕ ਵਡਿਆਇੰਦਾ । ਤੀਜਾ ਵੜੇ ਨਾ ਕੋਈ ਗ਼ੈਰ, ਨਜ਼ਰੀ ਨਜ਼ਰ ਨਾ ਕੋਇ ਮਿਲਾਇੰਦਾ । ਪੁਰਖ ਅਕਾਲ ਦੀਨ ਦਿਆਲ ਇਕ ਇਕੱਲੇ ਆਪਣਾ ਅਗੰਮ ਅਥਾਹ ਰਚਿਆ ਏਕਾ ਸ਼ਹਿਰ, ਸ਼ਹਿਨਸ਼ਾਹ ਆਪਣਾ ਡੇਰਾ ਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਹੋਵੇ ਕੋਈ ਕਹਿਰ, ਸਾਂਤਕ ਸਤਿ ਸਤਿ ਆਪਣੀ ਧਾਰ ਚਲਾਇੰਦਾ । ਬਖ਼ਸ਼ਸ਼ ਰਹਿਮਤ ਕਰੇ ਆਪਣੀ ਮਿਹਰ, ਮੁਹੱਬਤ ਆਪਣੇ ਨਾਲ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਏਕੰਕਾਰ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਨਾ ਕੋਈ ਸੂਰਤ ਨਾ ਕੋਈ ਇਸ਼ਟ, ਨਾ ਕੋਈ ਦਰਸ ਦਰਸਾਈਆ । ਨਾ ਕੋਈ ਅਰਸ਼ ਨਾ ਕੋਈ ਫ਼ਰਸ਼, ਦੀਨ ਦੁਨੀ ਨਾ ਕੋਇ ਵਖਾਈਆ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਕਾਗ਼ਜ਼ ਕਲਮ ਨਾ ਕੋਇ ਸ਼ਾਹੀਆ । ਨਾ ਕੋਈ ਨਾਰੀ ਨਾ ਕੋਈ ਮਰਦ, ਜਾਤ ਅਜਾਤੀ ਰੂਪ ਨਾ ਕੋਇ ਵਟਾਈਆ । ਨਾ ਕੋਈ ਸੰਸਾ ਰੋਗ ਨਾ ਮਰਜ਼, ਹਉਮੇਂ ਗੜ੍ਹ ਨਾ ਕੋਇ ਬਣਾਈਆ । ਇਕੋ ਖੇਲ ਕਰੇ ਅਸਚਰਜ, ਅਚਰਜ ਲੀਲ੍ਹਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੁਤ ਦੁਲਾਰਾ ਸ਼ਬਦੀ ਸੰਗ ਨਿਭਾਈਆ । ਸ਼ਬਦ ਸੁਤ ਸੁਤ ਦੁਲਾਰਾ, ਹਰਿ ਸਤਿ ਸਤਿਵਾਦੀ ਆਪ ਰਖਾਇੰਦਾ । ਜੁਗ ਚੌਕੜੀ ਆਦਿ ਜੁਗਾਦਿ ਇਕੋ ਕਾਰਾ, ਕਰਨੀ ਕਰਤਾ ਆਪ ਕਮਾਇੰਦਾ । ਪਿਤਾ ਪੂਤ ਕਰੇ ਪਿਆਰਾ, ਪਤਿਪਰਮੇਸ਼ਵਰ

ਆਪਣੀ ਗੋਦ ਉਠਾਇੰਦਾ । ਸਤਿ ਸਵਾਮੀ ਸਦਾ ਨਿਹਕਾਮੀ ਦੇਵਾਂ ਆਪਣਾ ਇਕ ਸਹਾਰਾ, ਦੂਸਰ ਸਿਰ ਹੱਥ ਨਾ ਕੋਇ ਟਿਕਾਇੰਦਾ । ਸਚਖੰਡ ਜਿਸ ਦਾ ਮਹਲ ਅਟੱਲ ਉਚ ਮਨਾਰਾ, ਦੀਆ ਬਾਤੀ ਕਮਲਾਪਾਤੀ ਜੋਤੀ ਜਾਤਾ ਡਗਮਗਾਇੰਦਾ । ਇਕੋ ਸਤਿ ਸੁਣਾਇਆ ਸਾਚਾ ਨਾਅਰਾ, ਜਿਸ ਦਾ ਆਦਿ ਅੰਤ ਭੇਵ ਕੋਇ ਨਾ ਪਾਇੰਦਾ । ਸਚੰਖਡ ਅੰਦਰ ਥਿਰ ਘਰ ਖੋਲ੍ਹ ਕਿਵਾੜਾ, ਸੁਤ ਸ਼ਬਦ ਦਏ ਹੁਲਾਰਾ, ਸਾਚਾ ਹੱਟ ਇਕ ਜਣਾਇੰਦਾ । ਬਿਨ ਹੱਥਾਂ ਬਿਨ ਬਾਂਹਵਾਂ ਦਿਤਾ ਇਸ਼ਾਰਾ, ਬਿਨ ਰਸਨਾ ਬਿਨ ਜਿਹਵਾ ਬਿਨ ਬੱਤੀ ਦੰਦ ਆਪ ਸਮਝਾਇੰਦਾ । ਉਠ ਵੇਖ ਚਾਰ ਕੁੰਟ ਦਹਿ ਦਿਸ਼ਾ ਨਾ ਕੋਈ ਦੂਜਾ ਮਿੱਤਰ ਪਿਆਰਾ, ਸਾਂਝੀਵਾਲ ਸੰਗ ਨਾ ਕੋਇ ਬਣਾਇੰਦਾ । ਤੂੰ ਮੇਰਾ ਮੈਂ ਤੇਰਾ ਅਧਾਰਾ, ਘਰ ਇਕੋ ਸੋਭਾ ਪਾਇੰਦਾ । ਸੁਤ ਸ਼ਬਦ ਸਚ ਬੋਲ ਜੈਕਾਰਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਛੋਟਾ ਨੱਢਾ ਬਾਲ ਅਵਾਣ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤੇਰਾ ਹੁਕਮ ਮੰਨਾਂ ਬਣ ਕੇ ਫ਼ਰਮਾਂਬਰਦਾਰਾ, ਖ਼ਾਦਮ ਤੇਰੀ ਸੇਵ ਕਮਾਇੰਦਾ । ਸਚ ਦੱਸ ਮੇਰੇ ਪਰਵਰਦਿਗਾਰਾ, ਦਰ ਇਕੋ ਮੰਗ ਮੰਗਾਇੰਦਾ । ਤੇਰਾ ਜਲਵਾ ਨੂਰ ਮੇਰਾ ਨਜ਼ਾਰਾ, ਬੇਨਜ਼ੀਰ ਨਜ਼ਰ ਕਿਤੇ ਨਾ ਆਇੰਦਾ । ਪੁਰਖ ਅਕਾਲ ਦੀਨ ਦਿਆਲ ਦਿਤਾ ਇਕ ਇਸ਼ਾਰਾ, ਸਾਚੀ ਸਿਖਿਆ ਆਪ ਸਮਝਾਇੰਦਾ । ਪਿਤਾ ਪੁੱਤ ਕਹੇ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਹੱਟ ਇਕੋ ਵਣਜਾਰਾ, ਵਸਤ ਇਕੋ ਇਕ ਵਿਕਾਇੰਦਾ । ਸਭ ਤੋਂ ਪਹਿਲੋਂ ਸਭ ਤੋਂ ਉਤਮ ਸਭ ਤੋਂ ਸ੍ਰੇਸ਼ਟ ਸੋਹੰ ਸਤਿ ਸਰੂਪ ਬਣਾਈ ਧਾਰਾ, ਜੋਤੀ ਸ਼ਬਦੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਰਨੀ ਕਰ, ਸਚ ਕਰਨੀ ਕਾਰ ਕਮਾਇੰਦਾ । ਸੁਤ ਸ਼ਬਦ ਸੁਣ ਸੰਦੇਸ, ਥਿਰ ਘਰ ਖ਼ੁਸ਼ੀ ਮਨਾਈਆ । ਮੇਰਾ ਪਿਤਾ ਪੁਰਖ ਅਕਾਲ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜਿਸ ਦਾ ਨਿਤ ਨਵਿਤ ਸੱਚਾ ਇਕ ਸੰਦੇਸ, ਸੋਹਣਾ ਢੋਲਾ ਰਾਗ ਅਲਾਈਆ । ਮਹਲ ਅਟੱਲ ਵਸਦਾ ਰਹੇ ਦੇਸ, ਛੱਪਰ ਛੰਨ ਨਾ ਕੋਇ ਛੁਹਾਈਆ । ਤਖ਼ਤ ਨਿਵਾਸੀ ਨਜ਼ਰੀ ਆਏ ਇਕ ਨਰੇਸ਼, ਨਰ ਨਿਰੰਕਾਰਾ ਰੂਪ ਵਟਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਈਆ । ਰੂਪ ਰੰਗ ਨਾ ਦਿਸੇ ਰੇਖ, ਜਾਤ ਪਾਤ ਨਾ ਕੋਇ ਸਮਝਾਈਆ । ਆਪੇ ਜਾਣੇ ਅਵਲੱੜਾ ਵੇਸ, ਵੇਸਾਧਾਰੀ ਬੇਪਰਵਾਹੀਆ । ਸਾਚੀ ਮੰਜ਼ਲ ਖੇਲੇ ਆਪਣੀ ਖੇਡ, ਖੇਲਣਹਾਰਾ ਇਕੋ ਇਕ ਅਖਵਾਈਆ । ਮੈਂ ਉਸ ਦੇ ਚਰਨ ਕਵਲਾਂ ਮਾਣਾਂ ਸਾਚੀ ਸੇਜ, ਧੂੜੀ ਖ਼ਾਕ ਮਸਤਕ ਇਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਸਚ ਦਿਤਾ ਸੁਣਾਈਆ । ਪੁਰਖ ਅਕਾਲ ਕਿਹਾ ਆਦਿ, ਸ਼ਬਦ ਸੁਤ ਸਮਝਾਈਆ । ਲਾਲ ਦੁਲਾਰੇ ਮੇਰੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੇਰੀ ਇਛਿਆ ਤੇਰਾ ਨਾਦ, ਤੇਰਾ ਨਾਦ ਮੇਰਾ ਨਾਮ ਪਰਗਟਾਈਆ । ਤੇਰਾ ਪਰੇਮ ਮੇਰਾ ਵਿਸਮਾਦ, ਘਰ ਸਾਚੇ ਖ਼ੁਸ਼ੀ ਵਖਾਈਆ । ਲੇਖਾ ਲੇਖ ਜਣਾਵਾਂ ਜੁਗਾਦਿ, ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਦੁਲਾਰਾ ਬਾਲਾ ਛੋਟਾ, ਨਿਉਂ ਨਿਉਂ ਸੀਸ ਨਿਵਾਈਆ । ਪਰਮ ਪੁਰਖ ਮੈਂ ਤੇਰੀ ਜੋਤਾ, ਤੇਰਾ ਨੂਰ ਰੁਸ਼ਨਾਈਆ । ਧੰਨ ਭਾਗ ਥਿਰ ਘਰ ਮੈਨੂੰ ਬਖ਼ਸ਼ਿਆ ਕੋਠਾ, ਚਾਰ ਦੀਵਾਰੀ ਬਣਤ ਨਾ ਕੋਇ ਬਣਾਈਆ । ਤੇਰੇ ਦਰ ਇਕੋ ਮੈਨੂੰ ਮਿਲਿਆ ਮੌਕਾ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਏਥੇ ਸੋਚਣ ਵਾਲਾ ਸੋਚਾ, ਸੋਚ ਸਮਝ ਨਾ ਕੋਇ ਚਤੁਰਾਈਆ । ਇਕੋ ਦਰਸਨ ਤੇਰਾ ਲੋਚਾ, ਲੋਚਾ ਮੇਰੀ ਪੂਰ ਕਰਾਈਆ । ਸਚ ਦੱਸ ਤੇਰੇ ਘਰ ਕੌਣ

ਜੰਮੇਂ ਪੋਤਾ, ਪੁੱਤਰ ਕਵਣ ਦੇਵੇਂ ਵਡਿਆਈਆ । ਸ੍ਰੀ ਭਗਵਾਨ ਹੱਸ ਕੇ ਕਿਹਾ ਸੁਤ ਦੁਲਾਰੇ ਮਾਣ ਮੌਜਾਂ, ਪਿਤਾ ਤੇਰਾ ਬੇਪਰਵਾਹੀਆ । ਭੇਵ ਖੁਲ੍ਹਾਵਾਂ ਗੋਝਾ, ਬਿਨ ਤੇਰੇ ਮੇਰੇ ਦੂਜਾ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਤ ਸ਼ਬਦ ਕਹੇ ਪ੍ਰਭ ਮੇਰੀ ਅਰਦਾਸ, ਦੋਏ ਜੋੜ ਸਰਨਾਈਆ । ਬੇਸ਼ਕ ਮੈਂ ਵਸਾਂ ਤੇਰੇ ਚਰਨਾਂ ਪਾਸ, ਥਿਰ ਘਰ ਬੈਠਾ ਡੇਰਾ ਲਾਈਆ । ਸਚਖੰਡ ਤੇਰਾ ਨੂਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਇਕੋ ਵੇਖਾਂ ਸੱਚੀ ਰਾਸ, ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਦੇ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਸੁਤ ਕਹੇ ਮੈਂ ਤੇਰਾ ਪੁੱਤ, ਨਿਰਗੁਣ ਧਾਰ ਨਜ਼ਰੀ ਆਈਆ । ਤੂੰ ਸਚਖੰਡ ਮੈਂ ਥਿਰ ਘਰ ਬੈਠਾ ਰਹਾਂ ਚੁੱਪ, ਦੋਹਾਂ ਦੀ ਚਲੇ ਨਾ ਕੋਇ ਵਡਿਆਈਆ । ਹੁਣ ਤੈਥੋਂ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੇ ਸਵਾਮੀ ਇਕੋ ਇਛਿਆ ਰਿਹਾ ਪੁਛ, ਜੋ ਸਾਹਿਬ ਮੇਰੇ ਵਿਚ ਆਪ ਪਰਗਟਾਈਆ । ਮੈਨੂੰ ਭਿਛਿਆ ਦੇ ਦੇ ਕੁਛ, ਮਿਹਰ ਨਜ਼ਰ ਇਕ ਉਠਾਈਆ । ਮੇਰੀ ਮੌਲੇ ਸਾਚੀ ਰੁੱਤ, ਰੁੱਤੜੀ ਤੇਰੇ ਨਾਲ ਮਹਿਕਾਈਆ । ਸ੍ਰੀ ਭਗਵਾਨ ਅੱਗੋਂ ਤੁੱਠ, ਧੁਰ ਦਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਲਾਲ, ਲਾਲਨ ਦਿਆਂ ਵਡਿਆਈਆ । ਸਚਖੰਡ ਵੇਖ ਮੇਰੀ ਧਰਮਸਾਲ, ਥਿਰ ਘਰ ਤੇਰਾ ਘਰ ਵਸਾਈਆ । ਦੋਹਾਂ ਮਿਲ ਕੇ ਬਣੇ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਵਖਾਈਆ । ਆਦਿ ਤੇਰਾ ਨੂਰ ਕੀਤਾ ਬਹਾਲ, ਅੰਤਮ ਤੇਰਾ ਰੰਗ ਆਪ ਸਮਝਾਈਆ । ਜੁਗ ਚੌਕੜੀ ਬੀਤੇ ਕਾਲ, ਨਿਰਗੁਣ ਵੇਖੇ ਚਾਈਂ ਚਾਈਂਆ । ਤੇਰੇ ਘਰ ਪੁੱਤ ਜਨਮੇ ਸਰਗੁਣ ਸੋਹਣਾ ਬਾਲ, ਹਰਿ ਕਰਤਾ ਆਪ ਪਰਗਟਾਈਆ । ਇਕੋ ਸੰਦੇਸਾ ਰੱਖਣਾ ਯਾਦ, ਧੁਰਦਰਗਾਹੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਸੁਤ ਦੁਲਾਰਾ ਮੰਗੇ ਦਾਨ, ਪ੍ਰਭ ਅੱਗੇ ਸੀਸ ਨਿਵਾਈਆ । ਸਚ ਦੱਸ ਮੇਰੇ ਭਗਵਾਨ, ਕੀ ਰਮਜ਼ ਅਗੰਮੀ ਇਕ ਲਗਾਈਆ । ਪੁੱਤ ਪੋਤਰੇ ਕੀ ਨਿਸ਼ਾਨ, ਕਵਣ ਰੰਗ ਵਖਾਈਆ । ਕਿਸ ਬਿਧ ਹੋਏ ਸਚ ਪਹਿਚਾਨ, ਬੇਪਹਿਚਾਨ ਦੇ ਜਣਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਫੜ ਬਾਂਹੋਂ ਗਲ ਲਗਾਈਆ । ਮੈਂ ਤੇਰਾ ਤੂੰ ਮੇਰਾ ਕਾਹਨ, ਦੋਹਾਂ ਇਕੋ ਰੂਪ ਜਣਾਈਆ । ਨਿਰਗੁਣ ਤੋਂ ਸਰਗੁਣ ਹੋਏ ਪਰਧਾਨ, ਸਰਗੁਣ ਤੋਂ ਨਿਰਗੁਣ ਰੂਪ ਸਮਾਈਆ । ਨਿਰਗੁਣ ਸਰਗੁਣ ਦੂਆ ਬਣੇ ਜਹਾਨ, ਨਿਰਗੁਣ ਏਕਾ ਅੰਕ ਆਪਣਾ ਅੱਗੇ ਦਏ ਲਗਾਈਆ । ਦੂਏ ਤੋਂ ਸਿਫ਼ਰਾ ਬਣੇ ਨਿਸ਼ਾਨ, ਜ਼ੀਰੋ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਦੇਸਾ ਦਿਤਾ ਜਣਾਈਆ । ਸਚ ਸੰਦੇਸਾ ਸੁਣ ਰਮਜ਼, ਹਰਿ ਜੂ ਇਸ਼ਾਰੇ ਨਾਲ ਜਣਾਈਆ । ਸ਼ਬਦ ਕਹੇ ਮੈਂ ਗਿਆ ਸਮਝ, ਪ੍ਰਭ ਤੇਰੀ ਵਡ ਵਡਿਆਈਆ । ਸਚ ਦੱਸ ਕੀ ਵੇਸ ਵਟਾਏਂ ਨਾਰ ਮਰਦ, ਤਤ ਕਵਣ ਹੰਢਾਈਆ । ਸ੍ਰੀ ਭਗਵਾਨ ਕਹੇ ਮੇਰਾ ਖੇਲ ਅਚਰਜ, ਜਿਸ ਦੀ ਸਮਝ ਕੋਇ ਨਾ ਪਾਈਆ । ਬਿਨ ਅੱਖਰਾਂ ਬਿਨ ਕਲਮ ਛਾਹੀ ਲਿਖ ਕੇ ਦੇਵਾਂ ਫ਼ਰਦ, ਸੋਹਣੀ ਬਣਤ ਬਣਾਈਆ । ਵੀਹ ਸੌ ਇਕੀ ਬਿਕ੍ਰਮੀ ਸੁਤ ਸ਼ਬਦ ਤੇਰਾ ਹੋਣ ਨਾ ਦੇਵਾਂ ਹਰਜ਼, ਆਦਿ ਦਾ ਲਿਖਿਆ ਅੰਤ ਪੂਰ ਕਰਾਈਆ । ਨਾ ਨਾਰ ਨਾ ਦਿਸਾਂ ਮਰਦ, ਮਰਦ ਮਰਦਾਨਾ ਬਣਾਂ ਬੇਪਰਵਾਹੀਆ । ਤੇਰੀ ਧਾਰ ਬਣਾਵਾਂ ਕਰਦ, ਖੰਡਾ ਇਕੋ ਇਕ ਵਖਾਈਆ । ਸੁਣ ਕੇ ਹੁਕਮ ਸ਼ਬਦ ਸੁਤ ਦੁਲਾਰਾ ਹੋਇਆ

੧੦੭੦ ੧੯

ਨਿਧੜਕ, ਦੋਏ ਜੋੜ ਪਿਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸਚ ਵਡਿਆਈ ਦੇਣਾ ਮਾਣ, ਪ੍ਰਭ ਤੇਰੀ ਓਟ ਤਕਾਈਆ । ਅਗਲਾ ਲੇਖਾ ਦੱਸ ਮਿਹਰਵਾਨ, ਕੀ ਹੁਕਮੀ ਹੁਕਮ ਜਣਾਈਆ । ਪਰਮ ਪੁਰਖ ਦੇਵੇ ਦਾਨ, ਅਗੰਮੀ ਦਾਤ ਵਰਤਾਈਆ । ਸਤਿ ਸਤਿਵਾਦੀ ਸਚ ਨਿਸ਼ਾਨ, ਘਰ ਸਾਚੇ ਇਕ ਝੁਲਾਈਆ । ਸ਼ਬਦੀ ਸੁਤ ਤੇਰਾ ਅੰਸ ਬੰਸ ਕਰ ਪਰਵਾਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਕੁੜਮਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਜ ਤਤ ਜੋੜ ਜੁੜਾਈਆ । ਪੰਜ ਦਸ ਖੇਲ ਮਹਾਨ, ਆਪਣਾ ਰੰਗ ਦਏ ਰੰਗਾਈਆ । ਇਛਿਆ ਭਿਛਿਆ ਜ਼ਿਮੀਂ ਅਸਮਾਨ, ਮੰਡਲ ਮੰਡਪ ਦਏ ਸੁਹਾਈਆ । ਗਗਨ ਗਗਨੰਤਰ ਕਰ ਪਰਵਾਨ, ਕਿਰਨ ਕਿਰਨ ਨੂਰ ਰੁਸ਼ਨਾਈਆ । ਚੰਦ ਸਤਾਰ ਚਮਕਾਵੇ ਭਾਨ, ਨੇਤਰ ਨੈਣ ਅੱਖ ਖੁਲ੍ਹਾਈਆ । ਪਵਣ ਪਵਣਾਂ ਕਰ ਪਰਵਾਨ, ਸਚ ਸੁਗੰਧੀ ਵਿਚ ਸਮਾਈਆ । ਧੁਰਦਰਗਾਹੀ ਬਣ ਕੇ ਹੁਕਮਰਾਨ, ਸਚ ਸੰਦੇਸਾ ਇਕ ਦ੍ਰਿੜਾਈਆ । ਵਿਸ਼ਨ ਵੇਖ ਮਾਰ ਧਿਆਨ, ਵਿਸ਼ਵ ਕਰੇ ਪੜ੍ਹਾਈਆ । ਬ੍ਰਹਮੇ ਬ੍ਰਹਮ ਕਰ ਪਰਧਾਨ, ਪਾਰਬ੍ਰਹਮ ਇਕ ਸਮਝਾਈਆ । ਸ਼ੰਕਰ ਸੰਸਾ ਮੇਟ ਕਰੇ ਕਲਿਆਣ, ਧੁਰ ਸੰਦੇਸਾ ਇਕ ਵਖਾਈਆ । ਧਰਨੀ ਧਰਤ ਧਵਲ ਕਰ ਪਰਵਾਨ, ਜਲ ਥਲ ਮਹੀਅਲ ਡੇਰਾ ਲਾਈਆ । ਬੋਧ ਅਗਾਧਾ ਸ਼ਬਦ ਅਨਾਦਾ ਦੇ ਗਿਆਨ, ਬ੍ਰਹਮ ਵੇਤਾ ਕਰੇ ਪੜ੍ਹਾਈਆ । ਚਾਰੇ ਖਾਣੀ ਕਰ ਬਲਵਾਨ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਬੰਸ ਸੁਹਾਈਆ । ਚਾਰੇ ਬਾਣੀ ਬੋਲ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਨਾਦ ਧੁਨ ਸ਼ਨਵਾਈਆ । ਬ੍ਰਹਮਾ ਵੇਤਾ ਧੁਰ ਦਾ ਨੇਤਾ ਕਰ ਪਰਵਾਨ, ਸਚ ਸੰਦੇਸਾ ਇਕ ਸੁਣਾਈਆ । ਚਾਰੇ ਵੇਦਾਂ ਦੇ ਗਿਆਨ, ਚਾਰੇ ਕੁੰਟ ਕਰੇ ਰੁਸ਼ਨਾਈਆ । ਚਾਰੇ ਜੁਗ ਕਰ ਕਲਿਆਣ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਹੋਏ ਪਰਧਾਨ, ਜੋਤੀ ਜਾਤਾ ਬੇਪਰਵਾਹੀਆ । ਆਤਮ ਬ੍ਰਹਮ ਕਰੇ ਪਹਿਚਾਨ ਪਾਰਬ੍ਰਹਮ ਭੇਵ ਖੁਲ੍ਹਾਈਆ । ਜਗਤ ਦਵਾਰ ਵੇਖ ਦੁਕਾਨ, ਨਵ ਨੌਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਅਕਾਲ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਇਕ ਅਖਵਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਠਾਕਰ ਆਪਣਾ ਨਾਉਂ ਧਰਾਇੰਦਾ । ਹੁਕਮੇ ਅੰਦਰ ਕਾਲ ਮਹਾਂਕਾਲ, ਆਪਣੀ ਕਰਨੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਤੇਰੀ ਝੋਲੀ ਰੱਖੇ ਸੰਭਾਲ, ਰਾਏ ਧਰਮ ਚਿਤਰ ਗੁਪਤ ਲਾੜੀ ਮੌਤ ਅੰਗ ਲਗਾਇੰਦਾ । ਸਭ ਦਾ ਹੱਲ ਕਰੇ ਸਵਾਲ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੁਗ ਚੌਕੜੀ ਵੇਖੇ ਕਾਲ, ਘੜੀ ਪਲ ਖੋਜ ਖੁਜਾਇੰਦਾ । ਸਾਚਾ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਹੁਕਮ ਵਰਤਾਇੰਦਾ । ਜੋਤੀ ਜਾਤਾ ਹੋ ਪਰਧਾਨ, ਪੁਰਖ ਬਿਧਾਤਾ ਵੇਸ ਵਟਾਇੰਦਾ । ਗੁਰ ਅਵਤਾਰ ਬਣ ਬਲਵਾਨ, ਸਚ ਸੰਦੇਸਾ ਹੁਕਮ ਜਣਾਇੰਦਾ । ਸ਼ਾਸਤਰ ਸਿਮਰਤ ਲਿਖ ਗਿਆਨ, ਕਲਮ ਛਾਹੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੇਰਾ ਪੁੱਤ ਇਕੋ ਬੰਸ ਵਡਿਆਇੰਦਾ । ਲੱਖ ਚੁਰਾਸੀ ਤੇਰਾ ਪੁੱਤ, ਪੋਤਰਾ ਪ੍ਰਭ ਦਾ ਨਜ਼ਰੀ ਆਈਆ । ਸਰਗੁਣ ਨਿਰਗੁਣ ਅੰਦਰ ਮਾਣੇ ਆਪਣੀ ਰੁੱਤ, ਰੁੱਤੜੀ ਤੇਰੇ ਨਾਲ ਮਹਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਚੋਲੇ ਅੰਦਰ ਲੁਕ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਏ ਵਡਿਆਈਆ । ਸਤਿ ਸਰੂਪ ਆਪਣਾ ਉਜਲ ਕਰੇ ਮੁਖ,

ਸ਼ਾਹੋ ਭੂਪ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਦੇਵਾਂ ਲੋਕਮਾਤ, ਹਰਿ ਕਰਤਾ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖਾਂ ਖੇਲ ਤਮਾਸ਼, ਨਿਰਗੁਣ ਸਰਗੁਣ ਧਾਰ ਚਲਾਇੰਦਾ । ਗੁਰ ਅਵਤਾਰ ਪਰਗਟਾਵਾਂ ਸ਼ਾਖ਼, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਕੋਟਨ ਕੋਟ ਸਿਫ਼ਤੀ ਚਲਾਵਾਂ ਜਾਪ, ਆਪਣਾ ਨਾਮ ਨਾ ਕਿਸੇ ਸਮਝਾਇੰਦਾ । ਜਿਸ ਕਿਰਪਾ ਕਰ ਕੇ ਦੱਸਾਂ ਆਪਣਾ ਆਪ, ਤਿਸ ਬਿਨ ਰਸਨਾ ਜਿਹਵਾ ਆਪਣਾ ਜਾਪ ਜਪਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਕਰਮ ਕਾਂਡ ਨਾ ਕੋਇ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਬੱਤੀ ਦੰਦ ਸਾਰੇ ਜਾਣ ਆਖ, ਸੁਰਤੀ ਸ਼ਬਦ ਜੋੜ ਜੁੜਾਇੰਦਾ । ਥੋੜਾ ਥੋੜਾ ਬੋਲ ਭਵਿਖਤ ਵਾਕ, ਤੇਰੀ ਸਿਫ਼ਤ ਸਰਬ ਸੁਣਾਇੰਦਾ । ਸਾਰੇ ਮੰਨਣ ਰਸੂਲ ਪਾਕ, ਪਾਕਾਂ ਵਿਚੋਂ ਪਾਕੀਜ਼ਾ ਇਕੋ ਨਜ਼ਰੀ ਆਇੰਦਾ । ਜਿਸ ਦਾ ਤਨ ਮਾਟੀ ਨਾ ਹੋਵੇ ਖ਼ਾਕ, ਜਲਵਾ ਨੂਰੀ ਨੂਰ ਰੁਸ਼ਨਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਦੇ ਨਾ ਹੋਵੇ ਬੰਦ ਤਾਕ, ਪਰਦਾ ਉਹਲਾ ਨਾ ਕੋਇ ਜਣਾਇੰਦਾ । ਕਰ ਕਿਰਪਾ ਜਨ ਭਗਤਾਂ ਦੇਵਾਂ ਦਰਸਨ ਸਾਖਿਆਤ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਮਿਹਰਵਾਨ ਹੋ ਕੇ ਅੱਠੇ ਪਹਿਰ ਰੱਖਾਂ ਪਰਭਾਤ, ਸੰਧਿਆਂ ਰੂਪ ਨਾ ਕੋਇ ਜਣਾਇੰਦਾ । ਜੇ ਕੋਈ ਮੇਰਾ ਦੱਸੇ ਸਚ ਹਾਲਾਤ, ਦੱਸਣ ਵਾਲਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਨਾਮ ਦੀ ਸੁਣ ਕੇ ਸਿਫ਼ਤੀ ਬਾਤ, ਜੀਵਾਂ ਜੰਤਾਂ ਸਰਬ ਦ੍ਰਿੜਾਇੰਦਾ । ਮੈਂ ਵਸਾਂ ਇਕ ਇਕਾਂਤ, ਮੇਰਾ ਆਸਣ ਸ਼ਬਦ ਸੁਤ ਬਿਨ ਤੇਰੇ ਵੇਖਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਆਪ ਸਮਝਾਇੰਦਾ । ੧੦੧੧

੧੯

ਸ਼ਬਦ ਸੁਤ ਬਣਿਆ ਸੱਚ, ਪ੍ਰਭੂ ਸਚ ਤੇਰੀ ਵਡਿਆਈਆ । ਸਤਿ ਪੁਰਖ ਤੇਰਾ ਖੇਲ ਸੱਚ, ਘਰ ਸਾਚੇ ਨਜ਼ਰੀ ਆਈਆ । ਨੂਰੀ ਨੂਰ ਤੇਰਾ ਨੂਰ ਸੱਚ, ਜਹੂਰ ਤੇਰਾ ਬੇਪਰਵਾਹੀਆ । ਲੱਖ ਚੁਰਾਸੀ ਭਾਂਡਾ ਕੱਚ, ਕਾਚੀ ਗਗਰੀਆ ਵੇਖੀ ਸਰਬ ਲੋਕਾਈਆ । ਜੋ ਕੁਛ ਸਭ ਤੇਰੇ ਹੱਥ, ਸਮਰਥ ਬੇਪਰਵਾਹੀਆ । ਮੈਂ ਤੇਰਾ ਤੂੰ ਮੇਰੇ ਵਸ, ਵਸਲ ਇਕੋ ਇਕ ਨਜ਼ਰੀ ਆਈਆ । ਦੋਵੇਂ ਰਲ ਮਿਲ ਗਾਈਏ ਸੱਚਾ ਜਸ, ਧੁਰ ਦਾ ਢੋਲਾ ਰਾਗ ਸੁਣਾਈਆ । ਵੇਲਾ ਵਕਤ ਓਹ ਦੱਸ, ਜਿਸ ਦੀ ਸਮਝ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕੋਈ ਨਾ ਸਕੇ ਰਟ, ਰਟਿਉਂ ਪਰੇ ਬੈਠਾ ਡੇਰਾ ਲਾਈਆ । ਕਿਸ ਨੇਤਰ ਨੈਣ ਲੋਚਣ ਤੱਕੀਏ ਧੁਰ ਦੀ ਅੱਖ, ਲੋਚਣ ਇਕੋ ਇਕ ਖੁਲ੍ਹਾਈਆ । ਬੇਸ਼ਕ ਤੂੰ ਵਸੇਂ ਵੱਖ, ਵਖਰਾ ਰਹਿ ਕੇ ਤੇਰੀ ਚਲੇ ਨਾ ਕੋਇ ਚਤਰਾਈਆ । ਮੈਂ ਹਰ ਘਟ ਰਹਿ ਕੇ ਵੇਖਾਂ ਤੇਰਾ ਰਸ, ਘਟ ਘਟ ਰਿਹਾ ਸਮਾਈਆ । ਤੇਰਾ ਨਾਤਾ ਤਤ ਅੱਠ, ਮੇਰੀ ਅੰਸ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਸੁਤ ਸ਼ਬਦ ਸਚ ਸਮਝੌਂਦਾ ਹਾਂ । ਆਦਿ ਆਪਣਾ ਹੁਕਮ ਵਰਤੌਂਦਾ ਹਾਂ । ਸ਼ਬਦ ਨਾਦ ਤੇਰਾ ਵਜੌਂਦਾ ਹਾਂ । ਬ੍ਰਹਮ ਬ੍ਰਹਿਮਾਦ ਬ੍ਰਹਿਮਾਂਡ ਆਪ ਸੁਣੌਂਦਾ ਹਾਂ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਪਰਗਟੌਂਦਾ ਹਾਂ । ਧੁਰ ਦਾ ਲੇਖਾ ਬੋਧ ਅਗਾਧ, ਅਗੰਮ ਅਥਾਹ ਰਖੌਂਦਾ ਹਾਂ । ਸਤਿ ਸਤਿਵਾਦੀ ਇਕ ਆਵਾਜ਼, ਬਿਨ ਕੰਨਾਂ ਰਾਗ ਜਣੌਂਦਾ ਹਾਂ । ਸਚ ਦਵਾਰੇ ਸੱਚਾ ਰਾਜ, ਸ਼ਹਿਨਸ਼ਾਹ ਹੋ ਕੇ ਆਪ ਕਮੌਂਦਾ ਹਾਂ । ਗੁਰ ਅਵਤਾਰ ਪਰਗਟਾ ਕੇ ਸ਼ਾਖ਼, ਆਪਣਾ ਹੁਕਮ ਮਨੌਂਦਾ ਹਾਂ । ਪੀਰ ਪੈਗ਼ੰਬਰਾਂ ਦੇ ਕੇ ਦਾਤ, ਕਲਮਾ ਹੱਕ ਪੜ੍ਹੌਂਦਾ ਹਾਂ । ਜੁਗ ਚੌਕੜੀ ਮੇਟ ਅੰਧੇਰੀ ਰਾਤ,

ਸਾਚਾ ਸ਼ਬਦੀ ਚੰਦ ਚਮਕੌਂਦਾ ਹਾਂ । ਚਰਨ ਪ੍ਰੀਤੀ ਬੰਨ੍ਹ ਕੇ ਨਾਤ, ਧੁਰ ਦਾ ਮੇਲ ਮਿਲੌਂਦਾ ਹਾਂ । ਸਚ ਦਵਾਰਾ ਦੱਸ ਕੇ ਸਾਚ, ਸਚ ਆਪ ਸਿਫ਼ਤ ਸਲੌਂਹਦਾ ਹਾਂ । ਨਿਤ ਨਵਿਤ ਕਰ ਕੇ ਘਾਤ, ਆਪਣੀ ਕੀਤੀ ਆਪ ਉਲਟੌਂਦਾ ਹਾਂ । ਗੁਰ ਅਵਤਾਰਾਂ ਦੇ ਕੇ ਸਾਥ, ਨਿਰਗੁਣ ਸਰਗੁਣ ਸੰਗ ਨਿਭੌਂਦਾ ਹਾਂ । ਪੀਰ ਪੈਗ਼ੰਬਰਾਂ ਪੂਰੀ ਕਰ ਕੇ ਆਸ, ਆਸਾ ਤ੍ਰਿਸਨਾ ਮੇਟ ਮਿਟੌਂਦਾ ਹਾਂ । ਗੋਪੀ ਕਾਹਨ ਬਣ ਕੇ ਪਾਵਾਂ ਰਾਸ, ਸੀਤਾ ਰਾਮ ਰੰਗ ਰੰਗੌਂਦਾ ਹਾਂ । ਦੀਨ ਮਜ਼੍ਹਬ ਬਣ ਕੇ ਜਾਤ, ਝਗੜਾ ਦੂਈ ਦਵੈਤ ਵਧੌਂਦਾ ਹਾਂ । ਸੱਜਣ ਸੈਣ ਬਣ ਕੇ ਸਾਕ, ਬੰਧਪ ਆਪਣੇ ਨਾਲ ਮਿਲੌਂਦਾ ਹਾਂ । ਨਟੂਆ ਬਣ ਕੇ ਕਰਾਂ ਨਾਚ, ਸ੍ਵਾਂਗੀ ਹੋ ਕੇ ਸ੍ਵਾਂਗ ਵਖੌਂਦਾ ਹਾਂ । ਸਤਿ ਪੁਰਖ ਨਿਰੰਜਣ ਹੋ ਕੇ ਦੱਸਾਂ ਆਪਣਾ ਪਰਤਾਪ, ਪਰਮ ਪੁਰਖ ਹੋ ਕੇ ਭੇਵ ਖੁਲ੍ਹੌਂਦਾ ਹਾਂ । ਸਤਿ ਸਤਿਵਾਦੀ ਦੱਸ ਕੇ ਜਾਪ, ਜਗ ਜੀਵਣ ਦਾਤਾ ਨਾਉਂ ਧਰੌਂਦਾ ਹਾਂ । ਕੋਟਨ ਕੋਟ ਮੇਟ ਕੇ ਪਾਪ, ਪਤਤ ਪਾਪੀ ਰੂਪ ਵਖੌਂਦਾ ਹਾਂ । ਨਿਰਗੁਣ ਸਰਗੁਣ ਪਰਗਟ ਹੋ ਕੇ ਸਾਖਿਆਤ, ਸੋਹਣੀ ਬਣਤ ਬਣੌਂਦਾ ਹਾਂ । ਸਿਫ਼ਤ ਸਾਲਾਹੀ ਕਲਮ ਦਵਾਤ, ਲੇਖਾ ਧੁਰ ਦਾ ਆਪ ਲਿਖੌਂਦਾ ਹਾਂ । ਅੰਦਰ ਵੜ ਕੇ ਸਭ ਦੇ ਮਾਰਾਂ ਝਾਕ, ਘਟ ਘਟ ਡੇਰਾ ਲੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੁਤ ਦੁਲਾਰੇ ਤੈਨੂੰ ਇਕ ਦ੍ਰਿੜੌਂਦਾ ਹਾਂ । ਸੁਤ ਦੁਲਾਰੇ ਤੈਨੂੰ ਸਚ ਸਮਝੌਂਦਾ ਹਾਂ । ਬੋਧ ਅਗਾਧ ਭੇਵ ਖੁਲੌਂਦਾ ਹਾਂ । ਜੁਗ ਚੌਕੜੀ ਪਿਛਲੀ ਕੀਤੀ, ਤੇਰੇ ਨੈਣ ਵਖੌਂਦਾ ਹਾਂ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲੀ ਰੀਤੀ, ਪੀਰ ਪੈਗ਼ੰਬਰ ਗੁਰ ਅਵਤਾਰ ਸਾਚੀ ਸੇਵਾ ਲੌਂਦਾ ਹਾਂ । ਧੁਰਦਰਗਾਹੀ ਜੋ ਦਿਤੀ ਚਿਠੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਨਾਮ ਧਰੌਂਦਾ ਹਾਂ । ਮੇਰੀ ਧਾਰ ਸਦਾ ਸਦ ਚਿਟੀ, ਜਿਸ ਦੇ ਉਤੇ ਅੱਖਰ ਕੋਈ ਨਾ ਪੌਂਦਾ ਹਾਂ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਅੱਖ ਦਿਤੀ ਨਿਕੀ, ਨਿਕਿਉਂ ਵੱਡੇ ਆਪ ਕਰੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਭੇਵ ਆਪ ਸਮਝੌਂਦਾ ਹਾਂ । ਅਗਲਾ ਭੇਵ ਸਚ ਸਮਝੌਂਦਾ ਹਾਂ । ਪੜਦਾ ਉਹਲਾ ਆਪ ਖੁਲ੍ਹੌਂਦਾ ਹਾਂ । ਧੁਰ ਦਾ ਮੌਲਾ ਰੂਪ ਵਟੌਂਦਾ ਹਾਂ । ਕੀਤਾ ਕੌਲਾ ਤੋੜ ਨਿਭੌਂਦਾ ਹਾਂ । ਧਰਨੀ ਧਰਤ ਧਵਲ ਸੁਹੌਂਦਾ ਹਾਂ । ਨੂਰ ਇਲਾਹੀ ਅਵਲ ਡਗਮਗੌਂਦਾ ਹਾਂ । ਲੱਖ ਚੁਰਾਸੀ ਮਵਲ, ਨੂਰੀ ਧਾਰ ਵਿਚ ਮਿਲੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਇਕ ਵਖੌਂਦਾ ਹਾਂ । ਤੇਰਾ ਲੇਖਾ ਇਕ ਵਖੌਂਦਾ ਹਾਂ । ਸਚ ਸੰਦੇਸ ਸੁਣੌਂਦਾ ਹਾਂ । ਪਿਛਲਾ ਪੰਧ ਆਪ ਮੁਕੌਂਦਾ ਹਾਂ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਗਾਇਆ ਅਗੰਮੀ ਛੰਦ, ਤਿਸ ਦਾ ਰਾਗ ਆਪ ਦ੍ਰਿੜੌਂਦਾ ਹਾਂ । ਜਿਸ ਨੂੰ ਕਲਮ ਨਾਲ ਕੀਤਾ ਬੰਦ, ਛਾਹੀ ਸ਼ੰਕਿਆਂ ਵਿਚ ਫਸੌਂਦਾ ਹਾਂ । ਉਸ ਦਾ ਕੋਈ ਨਾ ਜਾਣੇ ਅਨੰਦ, ਅਨੰਦ ਅਨੰਦ ਵਿਚੋਂ ਆਪ ਪਰਗਟੌਂਦਾ ਹਾਂ । ਉਠ ਮੇਰੇ ਲਾਡਲੇ ਚੰਦ, ਸੁਤ ਸ਼ਬਦ ਤੈਨੂੰ ਵਡਿਔਂਦਾ ਹਾਂ । ਔਹ ਵੇਖ ਵਿਸ਼ਨ ਬ੍ਰਹਮਾ ਸ਼ਿਵ ਪੌਂਦੇ ਡੰਡ, ਨੇਤਰ ਨੈਣ ਨੀਰ ਸਰਬ ਵਹੌਂਦਾ ਹਾਂ । ਤੇਰੇ ਬਿਨ ਹੋਣ ਅੰਧ, ਰਸਤਾ ਮਾਰਗ ਨਾ ਕਿਸੇ ਜਣੌਂਦਾ ਹਾਂ । ਪੰਜ ਤਤ ਭਾਗਾਂ ਮੰਦ, ਘਰ ਭਾਗ ਨਾ ਕਿਸੇ ਲਗੌਂਦਾ ਹਾਂ । ਗੁਰ ਅਵਤਾਰ ਕਹਿਣ ਸਾਡੀ ਚਾਰ ਜੁਗ ਦੀ ਪਿਛਲੀ ਗਈ ਹੰਢ, ਪੀਰ ਪੈਗ਼ੰਬਰ ਬੰਦ ਕੀਤੇ ਬੱਤੀ ਦੰਦ, ਕਲਮਾ ਜ਼ਬਾਨ ਨਾ ਕੋਇ ਪੜ੍ਹੌਂਦਾ ਹਾਂ । ਅੱਲਾ ਰਾਣੀ ਦਿਸੇ ਰੰਡ, ਖ਼ਾਵੰਦ ਰੂਪ ਨਾ ਕੋਇ ਵਖੌਂਦਾ ਹਾਂ । ਚਾਰੋਂ ਕੁੰਟ ਸ੍ਰਿਸ਼ਟੀ ਹੋਈ ਨੰਗ, ਪੜਦਾ ਸੀਸ ਨਾ ਕੋਇ ਟਿਕੌਂਦਾ ਹਾਂ । ਸਰਗੁਣ ਨਿਰਗੁਣ ਕੋਈ ਨਾ ਪਾਵੇ ਗੰਢ, ਟੁੱਟੀ

ਗੰਢਣਹਾਰ ਗੋਪਾਲ ਇਕੋ ਇਕ ਜਣੌਂਦਾ ਹਾਂ । ਜਿਸ ਨੂੰ ਮਿਲਿਆਂ ਪਵੇ ਠੰਡ, ਅਗਨੀ ਤਤ ਬੁਝੌਂਦਾ ਹਾਂ । ਲੇਖਾ ਚੁਕੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕਤ ਆਪ ਸੁਹੌਂਦਾ ਹਾਂ । ਸ਼ਬਦ ਸੁਤ, ਸਾਚਾ ਵਕਤ ਸੁਹੌਂਦਾ ਹਾਂ । ਉਠ ਵੇਖ ਆਈ ਰੁੱਤ, ਰੁੱਤ ਤੇਰੇ ਨਾਲ ਮਿਲੌਂਦਾ ਹਾਂ । ਪਿਛਲਾ ਪੈਂਡਾ ਸਭ ਦਾ ਗਿਆ ਮੁੱਕ, ਪਾਂਧੀ ਫੜ ਕੇ ਥਾਉਂ ਥਾਈਂ ਰਖੌਂਦਾ ਹਾਂ । ਬਿਨ ਹੁਕਮੇ ਕੋਈ ਨਾ ਸਕੇ ਉਠ, ਮੰਜ਼ਲ ਸਭ ਦੀ ਆਪਣੇ ਹੱਥ ਜਣੌਂਦਾ ਹਾਂ । ਸਚ ਦਵਾਰੇ ਆ ਕੇ ਪੁਛ, ਭੇਵ ਅਭੇਦਾ ਆਪ ਖੁਲੌਂਦਾ ਹਾਂ । ਮੇਰੇ ਪੋਤਰੇ ਵੇਖ ਸਾਚੇ ਪੁੱਤ, ਜਿਨ੍ਹਾਂ ਸਿਰ ਤੇ ਹੱਥ ਟਿਕੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦਾ ਰਾਗ ਇਕ ਅਲੌਂਦਾ ਹਾਂ । ਸੁਣ ਸੰਦੇਸਾ ਸ਼ਬਦੀ ਧਾਰ, ਆਪਣੀ ਲਏ ਅੰਗੜਾਈਆ । ਉਠੋ ਵੇਖੋ ਵਿਚ ਸੰਸਾਰ, ਪ੍ਰਭ ਅਚਰਜ ਖੇਲ ਰਚਾਈਆ । ਮੈਨੂੰ ਪਿਛਲੀ ਕੀਤੀ ਆਈ ਯਾਦ, ਜਿਸ ਵੇਲੇ ਮੇਰੀ ਰਚਨ ਰਚਾਈਆ । ਸਤਿ ਸਤਿਵਾਦੀ ਮਾਰ ਆਵਾਜ਼, ਵੀਹ ਸੌ ਇਕੀ ਦਿਤੀ ਜਣਾਈਆ । ਨਿਰਗੁਣ ਨਿਰਵੈਰ ਹੋ ਕੇ ਸੁਣੇ ਫ਼ਰਿਆਦ, ਪਰਮ ਪੁਰਖ ਪ੍ਰਭ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਜਿਸ ਦੀ ਯਾਦ ਵਿਚ ਹੋਏ ਵਿਸਮਾਦ, ਆਪ ਆਪਣਾ ਬੈਠੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਸੁਤ ਖ਼ੁਸ਼ੀਆਂ ਵਿਚ ਆਇਆ ਹਾਸਾ, ਹਸਤੀ ਪ੍ਰਭ ਦੀ ਵੇਖ ਵਖਾਇੰਦਾ । ਪਾਰਬ੍ਰਹਮ ਤੇਰਾ ਅਚਰਜ ਤਮਾਸ਼ਾ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਸਮਝਾਇੰਦਾ । ਤੇਰੀ ਕੋਈ ਨਾ ਜਾਣੇ ਅਗੰਮੀ ਰਾਸਾ, ਕੋਟਨ ਕੋਟ ਗੋਪੀ ਕਾਹਨ ਤੇਰਾ ਨਟੂਆ ਰੂਪ ਵਟਾਇੰਦਾ । ਕਲਜੁਗ ਅੰਤ ਮੇਰੀ ਪੂਰੀ ਕਰੀਂ ਆਸਾ, ਆਸਾ ਆਪਣੀ ਨਾਲ ਮਿਲਾਇੰਦਾ । ਸਤਿ ਸਤਿਵਾਦੀ ਦੇ ਧਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸ਼ਬਦ ਕਹੇ ਮੈਂ ਵੇਖਾਂ ਸਚ ਦਰਬਾਰ, ਹਰਿ ਕਰਤਾ ਆਪ ਲਗਾਈਆ । ਜਿਸ ਦਰ ਵਿਸ਼ਨ ਬ੍ਰਹਮਾ ਸ਼ਿਵ ਖੜੇ ਭਿਖਾਰ, ਖ਼ਾਲੀ ਝੋਲੀ ਅੱਗੇ ਡਾਹੀਆ । ਗੁਰ ਅਵਤਾਰ ਕਰਨ ਪੁਕਾਰ, ਤੂੰ ਹੀ ਤੂੰ ਰਾਗ ਅਲਾਈਆ । ਪੀਰ ਪੈਗ਼ੰਬਰ ਬਰਦੇ ਬਣ ਗ਼ੁਲਾਮ, ਬਰਖ਼ੁਰਦਾਰ ਰੂਪ ਵਟਾਈਆ । ਝੁਕ ਝੁਕ ਸਜਦਾ ਕਰਨ ਸਲਾਮ, ਸਹੀ ਸਲਾਮਤ ਇਕ ਮਨਾਈਆ । ਸਚ ਸੰਦੇਸਾ ਤੇਰਾ ਪੈਗ਼ਾਮ, ਯਾਮੁਬੀਨ ਤੇਰੀ ਸਰਨਾਈਆ । ਸੱਚਾ ਪੀਰ ਸਚ ਰਹਿਮਾਨ, ਰਹਿਮਤ ਤੇਰੀ ਵਡਿਆਈਆ । ਧੁਰਦਰਗਾਹੀ ਇਕ ਅਮਾਮ, ਆਮਲ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੁਤ ਸ਼ਬਦ ਕਹੇ ਮੈਂ ਵੇਖਾਂ ਕਿਨਾਰਾ, ਨਜ਼ਰ ਤੇਰੇ ਨਾਲ ਮਿਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਲੱਗਾ ਸੋਹਣਾ ਇਕ ਦਵਾਰਾ, ਜਿਸ ਦਰ ਦਰਵੇਸ਼ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਜੀਵ ਜੰਤ ਮਿਲੇ ਸਹਾਰਾ, ਸਿਰ ਸਭ ਦੇ ਹੱਥ ਟਿਕਾਇੰਦਾ । ਜਾਂ ਉਠ ਕੇ ਵੇਖਾਂ ਨੇਤਰ ਤੱਕਾਂ ਕਲਜੁਗ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਚੁੱਕਿਆ ਸਹਾਰਾ, ਸਾਹਿਬ ਇਕੋ ਹੁਕਮ ਮਨਾਇੰਦਾ । ਵਾਕ ਭਵਿਖਤ ਜਿਸ ਦਾ ਲਿਖਦੇ ਗਏ ਬਣ ਲਿਖਾਰਾ, ਸੋ ਭਿਖਕ ਆਪਣੀ ਧਾਰ ਆਪ ਜਣਾਇੰਦਾ । ਜਿਸ ਦਾ ਗੋਬਿੰਦ ਸੁਤ ਦੁਲਾਰਾ, ਸ਼ਬਦੀ ਰੂਪ ਵਟਾਇੰਦਾ । ਮੰਜ਼ਲ ਮੰਜ਼ਲ ਪੰਧ ਨਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ


੧੦੧੩
੧੯

ਸੁਤ ਉਠ ਬੋਲੇ ਜੈ, ਜੈਕਾਰਾ ਇਕੋ ਨਾਮ ਲਗਾਈਆ । ਪਤਿਪਰਮੇਸ਼ਵਰ ਮੇਰਾ ਹੋਕਾ ਦਏ, ਸੁਣੇ ਸਰਬ ਲੋਕਾਈਆ । ਦੀਨ ਮਜ਼੍ਹਬ ਜਾਤ ਪਾਤ ਦਾ ਕਰੇ ਖੈ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਪੁੱਤ ਪੋਤਰਾ ਇਕੋ ਰਹੇ, ਜਿਸ ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਹੋਵੇ ਲੈ, ਸਭ ਦੀ ਸਫਾ ਉਠਾਈਆ । ਕੂੜੀ ਕਿਰਿਆ ਕਿਸੇ ਦੀ ਰਹਿਣ ਨਾ ਦੇਵੇ ਮੈਂ, ਨਿਵਣ ਸੋ ਅੱਖਰ ਇਕ ਸਮਝਾਈਆ । ਪ੍ਰਭ ਦਾ ਖੇਲ ਵੇਖ ਕਲਜੁਗ ਜੀਵ ਕਹਿਣ ਹੈਂ, ਇਹ ਕੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸੁਤ ਕਹੇ ਸੁਣੋ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਆਓ ਜਲਵਾ ਤਕੋ ਸਾਂਝੇ ਯਾਰ, ਪਰਵਰਦਿਗਾਰ ਨਜ਼ਰੀ ਆਈਆ । ਜਿਸ ਦੇ ਬਣੇ ਰਹੇ ਖ਼ਿਦਮਤਗਾਰ, ਜੁਗ ਜੁਗ ਸੇਵ ਕਮਾਈਆ । ਸੋ ਪਰਗਟ ਹੋ ਕੇ ਵਿਚ ਸੰਸਾਰ, ਲਹਿਣਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਤੱਕ, ਤਾਕਤ ਆਪਣੀ ਪ੍ਰਭ ਦੀ ਝੋਲੀ ਪਾਈਆ । ਤੇਰੇ ਹੱਥ ਹਕੀਕਤ ਹੱਕ, ਹਕੂਕ ਸਭ ਦਾ ਦੇ ਸਮਝਾਈਆ । ਕਲਜੁਗ ਅੰਤਮ ਸਾਡੀ ਲਵੇ ਨਾ ਕੋਈ ਮਤ, ਮਨ ਮਤ ਘਰ ਘਰ ਡੇਰਾ ਲਾਈਆ । ਸ਼ਰਅ ਸ਼ਰੀਅਤ ਚੁੱਕੀ ਅੱਤ, ਚੌਦਾਂ ਤਬਕ ਕਰੇ ਲੜਾਈਆ । ਸਤਿ ਧਰਮ ਸਭ ਦੇ ਵਿਚੋਂ ਗਿਆ ਨੱਠ, ਸਾਧ ਸੰਤ ਧੀਰਜ ਧੀਰ ਨਾ ਕੋਇ ਰਖਾਈਆ । ਨਾੜ ਬਹੱਤਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੇ ਮਿਲਣ ਦੀ ਖੋਲ੍ਹੇ ਕੋਈ ਨਾ ਅੱਖ, ਦੋਏ ਲੋਚਣ ਧੀਆਂ ਭੈਣਾਂ ਰਹੇ ਤਕਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਗੌਂਦੇ ਜਸ, ਅੰਦਰ ਵੜਕੇ ਮਿਲ ਮਿਲ ਦਰਸ ਕੋਇ ਨਾ ਪਾਈਆ । ਸਭ ਨੂੰ ਕਹਿੰਦੇ ਸਚ ਰੱਬ, ਰੱਬ ਕੋਲੋਂ ਬੈਠੇ ਆਪਣਾ ਮੁਖ ਛੁਪਾਈਆ । ਕੋਈ ਨਾ ਲੰਘੇ ਸਤਿ ਹੱਦ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਪੰਜਾਂ ਸ਼ਬਦਾਂ ਅੰਦਰ ਗਏ ਫਸ, ਸਾਰ ਸ਼ਬਦ ਸਾਰ ਕਿਸੇ ਨਾ ਰਾਈਆ । ਅੰਮ੍ਰਿਤ ਰਸ ਵਿਚੋਂ ਪੀਂਦੇ ਰਸ, ਹਰਿ ਕਾ ਰਸ ਦੂਰ ਦੁਰਾਡਾ ਹੱਥ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਮੰਦਰ ਅੰਦਰ ਵੜ ਕੇ ਕਰਨ ਜਪ, ਜਪਣ ਵਾਲਾ ਸਭ ਤੋਂ ਬਾਹਰ ਬੈਠਾ ਬੇਪਰਵਾਹੀਆ । ਕੋਟਾਂ ਵਿਚੋਂ ਆਪਣਾ ਗੁਰਮੁਖ ਆਪੇ ਲੱਭ, ਜੋਤਾਂ ਵਿਚੋਂ ਜੋਤ ਕਰੇ ਰੁਸ਼ਨਾਈਆ । ਬਾਕੀ ਸਭ ਦੇ ਨਕੇਲ ਪਈ ਨੱਕ, ਕਾਮ ਕਰੋਧ ਲੋਭ ਮੋਹ ਹੰਕਾਰ ਖਿਚ ਖਿਚ ਧੱਕਾ ਲਾਈਆ । ਵੇਖੋ ਪਾਰਬ੍ਰਹਮ ਪਤਿਪਰਮੇਸ਼ਵਰ ਉਤੇ ਸਾਧਾਂ ਪੈ ਗਿਆ ਸ਼ੱਕ, ਸ਼ਿਕਵਾ ਸਕੇ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰੀ ਹੱਥ ਰੱਖੇ ਵਡਿਆਈਆ । ਸ਼ਬਦ ਸੁਤ ਤੇਰਾ ਲੇਖਾ ਸ਼ੁਰੂ, ਸ਼ਹਿਨਸ਼ਾਹ ਜਣਾਇੰਦਾ । ਬਿਨ ਤੇਰੇ ਦੂਜਾ ਦਿਸੇ ਕੋਈ ਨਾ ਗੁਰੂ, ਜੋ ਪੰਜ ਤਤ ਗੁਰੂ ਸੋ ਮੜੀ ਗੋਰ ਦਬਾਇੰਦਾ । ਮੇਰਾ ਮੰਤਰ ਇਕੋ ਫੁਰੂ, ਦੋ ਜਹਾਨਾਂ ਫੁਰਨਾ ਬੰਦ ਵਖਾਇੰਦਾ । ਸਤਿਗੁਰ ਦਾਤਾ ਗਹਿਰ ਗੰਭੀਰ ਬਿਨ ਸਰੀਰ ਦੇ ਦੋ ਜਹਾਨਾਂ ਫਿਰੂ ਤੁਰੂ, ਪੁਰੀ ਲੋਅ ਬ੍ਰਹਿਮੰਡ ਖੰਡ ਨਾ ਕੋਇ ਅਟਕਾਇੰਦਾ । ਕਿਸੇ ਦੇ ਮੋੜਿਆਂ ਅੱਗੇ ਪਿਛੇ ਕਦੇ ਨਾ ਮੁੜੂ, ਜੋ ਕਰਨੀ ਕਰ ਵਖਾਇੰਦਾ । ਕਿਸੇ ਦੇ ਭੋਰਿਆਂ ਕਦੇ ਨਾ ਭੁਰੂ, ਆਪਣੀ ਵੰਡ ਨਾ ਕੋਇ ਵੰਡਾਇੰਦਾ । ਵਡਿਆਈ ਵਿਚ ਨਾ ਆ ਕੇ ਤਿੜੂ, ਸਾਹਿਬ ਸਤਿਗੁਰ ਨੀਚਾਂ ਵਿਚ ਸੁਹਾਇੰਦਾ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਸੰਤਾਂ ਦੇ ਅੰਦਰ ਵੜ ਕੇ ਖਿੜੂ, ਕਵਲ ਨਾਭੀ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਆਪਣੀ ਖੇਲ ਕਰਾਇੰਦਾ । ਸ਼ਬਦ

ਗੁਰੂ ਗੁਰ ਸੱਚਾ, ਬੱਚਾ ਪੁਰਖ ਅਕਾਲ ਬਣਾਈਆ । ਜਿਸ ਦਾ ਨਕਲੀ ਬਣਾਵੇ ਕੋਈ ਨਾ ਸੰਚਾ, ਘਾੜਤ ਦੇ ਨਾ ਕੋਇ ਸਮਝਾਈਆ । ਗੁਰੂ ਨਹੀਂ ਕੋਈ ਗਾਂ ਘਰ ਵੱਛਾ, ਫੜਕੇ ਮਮਾਂ ਸੀਰ ਮੁਖ ਨਾ ਕੋਇ ਲਗਾਈਆ । ਸੋ ਗੁਰੂ ਜੋ ਸਤਿਗੁਰ ਹੋ ਕੇ ਹਰ ਘਟ ਅੰਦਰ ਰਚਾ, ਸ਼ਬਦੀ ਨਾਉਂ ਧਰਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਕਿਸੇ ਨਾ ਦਿਤਾ ਸੱਚਾ ਪਤਾ, ਥੋੜੇ ਥੋੜੇ ਇਸ਼ਾਰੇ ਕਹਿ ਕਹਿ ਰਹੇ ਜਣਾਈਆ । ਜਿਸ ਦੇ ਦਵਾਰੇ ਅੰਦਰ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਨੱਚਾ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਸੋ ਸਤਿਗੁਰ ਸ਼ਬਦ ਸਦਾ ਪੱਕਾ, ਅਡੋਲ ਅਡੁਲ ਬੇਪਰਵਾਹੀਆ । ਸਭ ਦਾ ਦੇਵੇ ਸੱਚਾ ਹੱਕਾ, ਹਕੀਕਤ ਵੇਖੇ ਥਾਈਂ ਥਾਈਂਆ । ਬਿਨ ਲੱਤਾਂ ਬਾਂਹਵਾਂ ਪੈਰਾਂ ਫਿਰੇ ਨੱਠਾ, ਬਿਨ ਰਸਨਾ ਜਿਹਵਾ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਾਚੇ ਸ਼ਬਦ ਮੇਲ ਮਿਲਾਈਆ । ਸਾਚੇ ਸ਼ਬਦ ਤੇਰਾ ਮਿਲਾਵਾ, ਮਿਲਣੀ ਹਰਿ ਜਗਦੀਸ ਕਰਾਇੰਦਾ । ਜਨ ਭਗਤਾਂ ਉਜਲ ਕਰ ਕੇ ਨਾਵਾਂ, ਨਿਆਮਤ ਨਾਮ ਝੋਲੀ ਪਾਇੰਦਾ । ਜਿਸ ਵੇਲੇ ਗੋਬਿੰਦ ਲਿਖਿਆ ਪਾੜ੍ਹਿਆ ਬੇਦਾਅਵਾ, ਵੇਦ ਸ਼ਾਸਤਰ ਸਰਬ ਸੀਸ ਨਿਵਾਇੰਦਾ । ਮਹਾਂ ਸਿੰਘ ਦਾ ਅੰਤਮ ਨਿਕਲਿਆ ਹਾਵਾ, ਹੌਕਾ ਹੱਕ ਵਿਚ ਮਿਲਾਇੰਦਾ । ਹੱਥ ਰੱਖ ਕੇ ਮੋਢੇ ਉਤੇ ਬਾਂਹਵਾਂ, ਗੋਬਿੰਦ ਆਪਣੀ ਗੋਦ ਬਹਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਂਵਾਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਖੇਲ ਵਖਾਇੰਦਾ । ਮਹਾਂ ਸਿੰਘ ਦਿਤੀ ਦਲੀਲ, ਅੰਦਰੇ ਅੰਦਰ ਧਿਆਨ ਲਗਾਈਆ । ਸ਼ਬਦ ਗੁਰੂ ਮੇਰੀ ਅਪੀਲ, ਤੇਰੀ ਝੋਲੀ ਪਾਈਆ । ਏਥੇ ਓਥੇ ਬਣਨਾ ਵਕੀਲ, ਸ਼ਹਾਦਤ ਆਪਣੀ ਦੇਣੀ ਭੁਗਤਾਈਆ । ਤੇਰੇ ਬਸਤਰ ਵੇਖ ਨੀਲ, ਨੀਲੇ ਵਾਲਿਆ ਖ਼ੁਸ਼ੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਦੇਈਂ ਵਡਿਆਈਆ । ਮਹਾਂ ਸਿੰਘ ਹੱਥ ਰੱਖ ਕੇ ਸੱਜੇ ਮੋਢੇ, ਆਸਾ ਇਕ ਤਕਾਈਆ । ਪੁਰਖ ਅਕਾਲ ਦੇ ਬੱਚੇ ਅਜੇ ਛੋਟੇ, ਗੋਬਿੰਦ ਤੇਰਾ ਬੂਟਾ ਨਜ਼ਰੀ ਆਈਆ । ਤੇਰਾ ਸੁਣ ਕੇ ਸਚ ਸਲੋਕੇ, ਮੇਰਾ ਅੰਤਰ ਖ਼ੁਸ਼ੀ ਮਨਾਈਆ । ਸਾਚੇ ਮਿਲਿਉਂ ਆ ਕੇ ਮੌਕੇ, ਸੋਹਣਾ ਜੋੜ ਜੁੜਾਈਆ । ਏਥੇ ਓਥੇ ਸਾਨੂੰ ਅੱਗੇ ਕੋਈ ਨਾ ਰੋਕੇ, ਦਰ ਘਰ ਸਾਚੇ ਨਾ ਹੋਏ ਜੁਦਾਈਆ । ਸਾਡੇ ਪਿਛਲੇ ਜਾਣ ਦੇ ਰੋਸੇ, ਰੁੱਸੇ ਆਪਣੇ ਗਲੇ ਲਗਾਈਆ । ਗੋਬਿੰਦ ਹੱਸ ਕੇ ਕਿਹਾ ਮੇਰੇ ਗਏ ਗ਼ੁੱਸੇ, ਗ਼ੁੱਸਿਆਂ ਵਿਚੋਂ ਖੁਸ਼ੀਆਂ ਪਰਗਟਾਈਆ । ਜਿਸ ਵੇਲੇ ਭਾਗ ਲਗਾਵੇਂ ਮੁੜ ਕੇ ਪੰਜ ਤਤ ਕਾਇਆ ਜੁਸੇ, ਤਤਵ ਤਤ ਸੋਭਾ ਪਾਈਆ । ਓਸੇ ਵੇਲੇ ਨੀਲਾ ਇਕੋ ਵਾਰ ਹਿਣਕੇ ਟੱਪੇ, ਉਚੀ ਕੂਕ ਦਏ ਸੁਣਾਈਆ । ਤੇਰੇ ਗੁਰਮੁਖਾਂ ਮਸਤਕ ਲੱਗੇ ਟਿੱਕੇ, ਜੋਤੀ ਨੂਰ ਹੋਏ ਰੁਸ਼ਨਾਈਆ । ਜੋ ਤੇਰੇ ਪਰੇਮ ਪਿਆਰ ਅੰਦਰ ਵਿਕੇ, ਕੀਮਤ ਕਰਤੇ ਘਰ ਪਵਾਈਆ । ਗੋਬਿੰਦ ਕਿਹਾ ਮੈਂ ਧੁਰ ਦੇ ਦੇਵਾਂ ਹੱਕੇ, ਹੱਕ ਸਭ ਦੀ ਝੋਲੀ ਪਾਈਆ । ਨੀਲਾ ਰੰਗ ਧਾਰ ਕੇ ਆਵੇ ਬੱਗੇ, ਚਿਟਾ ਅਸਵ ਰੂਪ ਵਟਾਈਆ । ਸਾਧ ਸੰਗਤ ਹਰਿ ਸੰਗਤ ਇਸ ਦੀ ਸੇਵਾ ਕਰੇ ਵਾਲ ਪੱਖੇ, ਪਖ ਪਿਛਲਾ ਦਏ ਜਣਾਈਆ । ਮਹਾਂ ਸਿੰਘ ਤੇਰਾ ਬਚਨ ਚੇਤੇ ਰੱਖੇ, ਅਭੁੱਲ ਭੁੱਲ ਕਦੇ ਨਾ ਜਾਈਆ । ਪੁਸ਼ਕਰ ਜਾ ਕੇ ਜਿਸ ਨੇ ਹਾਲ ਦੱਸੇ, ਸਿੰਘ ਬਿਸ਼ਨ ਨਾਲ ਮਿਲਾਈਆ । ਓਸੇ ਕਾਰਨ ਮਹਾਂ ਸਿੰਘ ਗੁਰਮੁਖਾਂ ਦੀ ਚੋਟ ਆਪਣੇ ਮੋਢੇ ਰੱਖੇ, ਪਿੱਛਾ ਦੇ ਨਾ ਮੁਖ ਭਵਾਈਆ । ਜੋ ਓਦੋਂ ਬਾਲ ਛੋਟੇ, ਹੁਣ ਛੋਟਿਉਂ ਵੱਡੇ ਦਿਤੇ ਬਣਾਈਆ । ਸਾਰੇ ਵਸਾਵੇ ਥਿਰ ਘਰ ਤੇਰੇ ਕੋਠੇ, ਛੱਪਰ ਛੰਨ ਨਾ ਕੋਇ ਜਣਾਈਆ ।

ਦੂਸਰ ਕੋਈ ਨਾ ਓਥੇ ਪਹੁੰਚੇ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਬੇਸ਼ਕ ਪ੍ਰਭ ਮਿਲਣ ਨੂੰ ਲੱਖ ਚੁਰਾਸੀ ਲੋਚੇ, ਅੱਠੇ ਪਹਿਰ ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਗੁਰੂ ਕਹੇ ਮੈਂ ਦਾਤਾ ਗੰਭੀਰ, ਪ੍ਰਭ ਸਾਚੇ ਮਾਤ ਬਣਾਇਆ । ਮੇਰਾ ਘਰ ਮੰਦਰ ਇਕ ਅਖ਼ੀਰ, ਬਿਨ ਮਜ਼ਲੋਂ ਆਪਣਾ ਪੰਧ ਮੁਕਾਇਆ । ਜਿਥੇ ਨਾ ਕੋਈ ਸ਼ਰਅ ਨਾ ਜ਼ੰਜੀਰ, ਮਜ਼੍ਹਬੀ ਵੰਡ ਨਾ ਕੋਇ ਵੰਡਾਇਆ । ਨਾ ਕੋਈ ਮਣਕਾ ਨਾ ਕੋਈ ਤਸਬੀ ਨਾ ਕੋਈ ਤਸਵੀਰ, ਇਸ਼ਟ ਰੂਪ ਨਾ ਕੋਇ ਦ੍ਰਿੜ੍ਹਾਇਆ । ਨਾ ਕੋਈ ਤਤ ਨਾ ਸਰੀਰ, ਮਨ ਮਤ ਬੁਧ ਨਾ ਕੋਇ ਸੁਹਾਇਆ । ਨਾ ਕੋਈ ਕਲਮ ਛਾਹੀ ਕਾਗ਼ਜ਼ ਉਤੇ ਖਿਚੇ ਲਕੀਰ, ਕਾਤਬ ਲੇਖ ਨਾ ਕੋਇ ਲਿਖਾਇਆ । ਨਾ ਕੋਈ ਤਕਦੀਰ ਨਾ ਤਦਬੀਰ, ਨਾ ਕੋਈ ਨਗ਼ਮਾ ਨਜ਼ਮ ਸੁਣਾਇਆ । ਜਿਸ ਮੰਜ਼ਲ ਗ੍ਰਿਹਿ ਚੜ੍ਹ ਕੇ ਬੈਠਾ ਅਖ਼ੀਰ, ਆਖ਼ਰ ਨਿਰਗੁਣ ਡੇਰਾ ਲਾਇਆ । ਓਥੇ ਇਕੋ ਅਗੰਮ ਅਥਾਹ ਬੇਪਰਵਾਹ ਧੁਰ ਦਾ ਪੀਰ, ਹਰਿ ਹਰਿਜੂ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਹੁਕਮ ਇਕ ਵਰਤਾਇਆ । ਸਾਚਾ ਹੁਕਮ ਵਰਤੇ ਵਰਤੰਤ, ਵਾਰਤਾ ਆਪਣੀ ਨਾਲ ਮਿਲਾਈਆ । ਕਰ ਖੇਲ ਸ੍ਰੀ ਭਗਵੰਤ, ਭਗਵਨ ਭਗਤਾਂ ਦਏ ਵਡਿਆਈਆ । ਸੋ ਗੁਰਮੁਖ ਗੁਰਸਿਖ ਸਾਚੇ ਸੰਤ, ਕੋਟਾਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਅੰਤਰ ਮਿਲਿਆ ਕੰਤ, ਘਰ ਨਾਰੀ ਲਏ ਪਰਨਾਈਆ । ਨਾਤਾ ਤੋੜ ਵਿਚੋਂ ਜੀਵ ਜੰਤ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਚ ਰੱਬ, ਰੱਬੀ ਉਲਸਾਨੀ ਦਇਆ ਕਮਾਇੰਦਾ । ਜਗਤ ਕਿਨਾਰਾ ਪਾਰ ਹੱਦ, ਹਦੂਦ ਇਕੋ ਇਕ ਵਖਾਇੰਦਾ । ਸਤਿ ਪਰਕਾਸ਼ ਦੀਪਕ ਰਿਹਾ ਜਗ, ਨੂਰੀ ਨੂਰ ਰੁਸ਼ਨਾਇੰਦਾ । ਸਭ ਤੋਂ ਨਿਆਰਾ ਹੋ ਅਲੱਗ, ਵੱਖਰੀ ਕਾਰ ਕਮਾਇੰਦਾ । ਨਾਉਂ ਧਰ ਸੂਰਾ ਸਰਬੱਗ, ਸਚ ਸਿੰਘਾਸਣ ਸੋਭਾ ਪਾਇੰਦਾ । ਰਾਮ ਹੋ ਕੇ ਰਮਿਆਂ ਜਗ, ਘਟ ਘਟ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਸੱਚ, ਹਰਿ ਸੱਚਾ ਵੱਡ ਵਡਿਆਈਆ । ਲੱਖ ਚੁਰਾਸੀ ਰਿਹਾ ਰਚ, ਸਾਢੇ ਤਿੰਨ ਕਰੋੜ ਕਰੇ ਰੁਸ਼ਨਾਈਆ । ਨਵ ਨੌ ਚਾਰ ਰਿਹਾ ਨੱਚ, ਘਰ ਘਰ ਰਾਗ ਅਲਾਈਆ । ਅਗਨੀ ਮਾਇਆ ਮਮਤਾ ਰਿਹਾ ਮੱਚ, ਭਸਮੜ ਰੂਪ ਵਟਾਈਆ । ਸਚ ਦਵਾਰੇ ਰਿਹਾ ਲੰਘ, ਮੰਜ਼ਲ ਪੰਧ ਮੁਕਾਈਆ । ਗੁਰਮੁਖਾਂ ਵੇਖ ਸੇਜ ਪਲੰਘ, ਸੋਭਾਵੰਤ ਡੇਰਾ ਇਕ ਲਗਾਈਆ । ਅੰਤਰ ਆਤਮ ਦੇਵੇ ਇਕ ਅਨੰਦ, ਪਰਮਾਨੰਦ ਵਿਚ ਸਮਾਈਆ । ਸ਼ਬਦ ਸੁਣਾਏ ਧੁਰ ਦਾ ਛੰਦ, ਢੋਲਾ ਰਾਗ ਅਲਾਈਆ । ਜੋਤ ਨਿਰੰਜਣ ਚਾੜ੍ਹ ਚੰਦ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਲੇਖਾ ਚੁੱਕੇ ਹੰ ਬ੍ਰਹਮ, ਪਾਰਬ੍ਰਹਮ ਸਮਾਈਆ । ਨਿਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਗਵਾਈਆ । ਜਨ ਭਗਤਾਂ ਗੁਰਮੁਖਾਂ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭੌ ਭੰਨਾਈਆ । ਸਤਿਗੁਰ ਸ਼ਬਦ ਜੋ ਜਨ ਸਾਚੀ ਲਏ ਸਰਨ, ਸਰਨਗਤ ਇਕ ਵਖਾਈਆ । ਨੇਤਰ ਖੁਲ੍ਹੇ ਹਰਨ ਫਰਨ, ਪੜਦਾ ਦੂਈ ਦਵੈਤ ਚੁਕਾਈਆ । ਸਾਚੇ ਪੌੜੇ ਸੱਜਣ ਹੋ ਕੇ ਚੜ੍ਹਨ, ਮਜਨ ਕਰਨ ਬੇਪਰਵਾਹੀਆ । ਜੋਧੇ ਸੂਰਬੀਰ ਹੋ ਕੇ ਗੱਜਣ, ਭੈ ਭੌ ਪਰੇ ਹਟਾਈਆ । ਸਤਿ ਸਰੂਪ ਹੋ ਕੇ ਮਗਨ, ਸਤਿ ਪੁਰਖ ਨਿਰੰਜਣ ਵਿਚ ਡੇਰਾ ਲਾਈਆ । ਪਰਕਾਸ਼ ਹੋ ਕੇ ਪਰਕਾਸ਼ਮਾਨ ਵਿਚ ਜਗਣ, ਜਾਗਰਤ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਵਡਿਆਈਆ । ਸ਼ਬਦ ਕਹੇ ਸਚ ਸਤਿ, ਸਤਿਗੁਰ ਇਕੋ ਨਜ਼ਰੀ ਆਇੰਦਾ । ਜਿਸ ਦੀ ਆਦਿ ਜੁਗਾਦਿ ਬ੍ਰਹਮ ਮਤ, ਵਿਦਿਆ ਪਾਰਬ੍ਰਹਮ ਪੜ੍ਹਾਇੰਦਾ । ਜਿਸ ਦੀ ਨਿਤ ਨਵਿਤ ਇਕੋ ਅੱਖ, ਨੈਣ ਨੈਣਾਂ ਵਿਚੋਂ ਪਰਗਟਾਇੰਦਾ । ਜੋ ਮਾਇਆ ਪਰਕਿਰਤੀ ਅਗਨ ਵਿਚੋਂ ਲਏ ਰੱਖ, ਤਤਵ ਤਤ ਨਾ ਕੋਇ ਜਲਾਇੰਦਾ । ਧੀਰਜ ਸਤਿ ਸੰਤੋਖ ਦੇਵੇ ਜਤ, ਗੁਰਮਤ ਇਕ ਦ੍ਰਿੜਾਇੰਦਾ । ਅੰਦਰ ਵੜ ਕੇ ਆਪਣਾ ਮਾਰਗ ਜਾਵੇ ਦੱਸ, ਸੁਰਤੀ ਸ਼ਬਦ ਨਾਲ ਮਿਲਾਇੰਦਾ । ਪਰੇਮ ਪਿਆਰ ਦਾ ਦੇ ਕੇ ਰਸ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਸਚ ਦਵਾਰੇ ਹੋ ਕੇ ਵਸ, ਵਾਸਤਾ ਆਪਣੇ ਨਾਲ ਰਖਾਇੰਦਾ । ਗੁਰਮੁਖ ਖੇੜਾ ਹੋਣ ਨਾ ਦੇਵੇ ਭੱਠ, ਭਠਿਆਲਾ ਅਗਨ ਨਾ ਕੋਇ ਤਪਾਇੰਦਾ । ਸਹਾਇਕ ਨਾਇਕ ਹੋ ਕੇ ਲਵੇ ਰੱਖ, ਰੱਖਕ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਮਿਲੇ ਹੋ ਅਨਝੱਕ, ਸਿਧਾ ਆਪਣਾ ਪੰਧ ਮੁਕਾਇੰਦਾ । ਜੇ ਗੁਰਮੁਖ ਦਿਨੇ ਜਾਗਦਿਆਂ ਸਤਿਗੁਰ ਕੋਲੋਂ ਜਾਵਣ ਅੱਕ, ਰਾਤੀਂ ਸੁੱਤਿਆਂ ਘਰ ਘਰ ਵੇਖ ਵਖਾਇੰਦਾ । ਸਭ ਤੋਂ ਚੋਰੀ ਹੌਲੀ ਹੌਲੀ ਗੁਰਸਿਖ ਅੰਦਰ ਜਾਏ ਲੰਘ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਵੱਡਾ ਨਿੱਕਾ ਹੋ ਕੇ ਆਤਮ ਸੇਜਾ ਸੋਇਆ ਪਲੰਘ, ਸੋਹਣਾ ਬਸਤਰ ਆਪ ਵਿਛਾਇੰਦਾ । ਬਿਨ ਪੁਰੀ ਅਨੰਦ ਤੋਂ ਆਪਣਾ ਦੇਵੇ ਉਹ ਅਨੰਦ, ਜਿਸ ਵਿਚੋਂ ਪੁਰੀ ਲੋਅ ਬ੍ਰਹਮ ਬ੍ਰਹਿਮਾਂਡ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰੂ ਇਕ ਵਖਾਇੰਦਾ । ਸ਼ਬਦ ਗੁਰੂ ਤੇਰਾ ਨਾਤਾ ਜਗ, ਹਰਿ ਕਰਤਾ ਆਪ ਬਣਾਈਆ । ਤੇਰਾ ਵਸੇਰਾ ਉਪਰ ਸ਼ਾਹ ਰਗ, ਨੌ ਦਵਾਰੇ ਪੰਧ ਚੁਕਾਈਆ । ਤੇਰਾ ਮੱਕਾ ਕਾਅਬਾ ਹੁਜਰਾ ਹੱਜ, ਮਹਿਰਾਬ ਇਕੋ ਨੂਰ ਰੁਸ਼ਨਾਈਆ । ਤੇਰਾ ਢੋਲਾ ਰਾਗ ਅਗੰਮੀ ਛਦ, ਛੰਦ ਤਤ ਨਾਲ ਮਿਲਾਇੰਦਾ । ਤੂੰ ਸਭ ਦਾ ਪਰਦਾ ਲੈਣਾ ਕੱਜ, ਕੱਜਲ ਧਾਰ ਇਕੋ ਨੇਤਰ ਪਾਇੰਦਾ । ਆਪਣੇ ਮਿਲਣ ਦਾ ਦੱਸਣਾ ਚੱਜ, ਸੁਚੱਜੀ ਗੁਰਮੁਖ ਨਾਰੀ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖੇ ਚਾਈਂ ਚਾਈਂਆ । ਸ਼ਬਦ ਕਹੇ ਮੋਹੇ ਚਾਉ ਘਨੇਰਾ, ਘਰ ਵੱਜੇ ਇਕ ਵਧਾਈਆ । ਪਰਮ ਪੁਰਖ ਪ੍ਰਭ ਨੇਰਨ ਨੇਰਾ, ਦੂਰ ਦੁਰਾਡਾ ਨਜ਼ਰੀ ਆਈਆ । ਕਲਜੁਗ ਅੰਤ ਹੋ ਬੇਅੰਤ ਗੁਰਮੁਖਾਂ ਬੰਨ੍ਹੇ ਬੇੜਾ, ਝੇੜਾ ਝੂਠਾ ਮੇਟ ਲੋਕਾਈਆ । ਸਚ ਵਸਾਏ ਇਕੋ ਖੇੜਾ, ਕਾਇਆ ਖਿੜਕੀ ਕੁੰਡਾ ਆਪ ਖੁਲ੍ਹਾਈਆ । ਜਿਸ ਘਰ ਗੁਰਮੁਖ ਸੰਤ ਸੱਚਾ ਲਾਵੇ ਡੇਰਾ, ਸੋ ਘਰ ਵਿਚ ਘਰ ਕਰੇ ਰੁਸ਼ਨਾਈਆ । ਓਥੇ ਕਦੇ ਨਾ ਹੋਵੇ ਅੰਧੇਰਾ, ਬੱਤੀ ਲੋ ਨਾ ਕੋਇ ਜਣਾਈਆ । ਨਾਤਾ ਤੁਟੇ ਤੇਰਾ ਮੇਰਾ, ਤੂੰ ਮੈਂ ਇਕੋ ਰੂਪ ਸਮਾਈਆ । ਧੰਨ ਭਾਗ ਪ੍ਰਭ ਠਾਕਰ ਸਵਾਮੀ ਜਨ ਭਗਤਾਂ ਅੰਦਰ ਲਾਇਆ ਆਪਣਾ ਡੇਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਸਾਚੀ ਸਖੀਆਂ ਮਿਲ ਕੇ ਪਾਇਆ ਘੇਰਾ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਪਰਮ ਪੁਰਖ ਪਤਿਪਰਮੇਸ਼ਵਰ ਸ਼ਬਦੀ ਰੂਪ ਧਾਰਿਆ ਸ਼ੇਰਾ, ਸਿੰਘ ਇਕੋ ਭਬਕ ਸੁਣਾਈਆ । ਦੋ ਜਹਾਨਾਂ ਖੁਲ੍ਹਾ ਵੇਖੇ ਵਿਹੜਾ, ਭੀੜੀ ਗਲੀ ਸੁਖਮਨ ਨਾੜੀ ਘਰ ਘਰ ਦਏ ਦੁਹਾਈਆ । ਪੰਚ ਵਿਕਾਰ ਕਹਿਣ ਸਾਡਾ ਟੁੱਟਾ ਝੇੜਾ, ਮਾਇਆ ਮਮਤਾ ਨਾ ਕੋਇ ਹਲਕਾਈਆ । ਸਤਿਗੁਰ ਪੂਰੇ ਹਾਜ਼ਰ ਹਜ਼ੂਰੇ ਗੁਰਮੁਖਾਂ ਬੱਧਾ ਬੇੜਾ, ਨਾਮ ਜਹਾਜ਼ ਉਪਰ ਚੜ੍ਹਾਈਆ । ਓਹਨੂੰ ਅੱਗੇ ਰੋਕੇ ਕਿਹੜਾ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਜਿਸ ਨੇ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਹੋ ਕੇ ਪਾਇਆ ਫੇਰਾ, ਜੋਤੀ ਜਾਮਾ ਵੇਸ ਵਟਾਈਆ । ਓਸ ਪ੍ਰਭੂ ਦਾ ਵਡ ਵੱਡਾ ਜੇਰਾ, ਜਿਸ ਸਬਰ ਵਿਚੋਂ ਗੁਰ ਅਵਤਾਰ ਪੀਰ ਪੈਗ਼ੰਬਰ ਲਏ

੧੦੧੭ ੧੯

ਪਰਗਟਾਈਆ । ਚਾਰੋਂ ਕੁੰਟ ਨਿਕੀਆਂ ਨਿਕੀਆਂ ਸਾਰੇ ਛੇੜਦੇ ਫਿਰਨ ਛੇੜਾਂ, ਛੇਕੜ ਹੱਥ ਕਿਸੇ ਨਾ ਆਈਆ । ਕਲਜੁਗ ਜੀਵ ਖ਼ੱਚਰ ਗਧਿਆਂ ਵੌਹਣ ਵਾਲੇ ਰੇੜ੍ਹਾ, ਸ਼ਬਦ ਅਸਵ ਹੋ ਅਸਵਾਰ, ਦੋ ਜਹਾਨ ਨਾ ਕੋਇ ਦੌੜਾਈਆ । ਰਸਨਾ ਜਿਹਵਾ ਬੱਤੀ ਦੰਦ ਭੇੜ ਭੇੜਾ, ਮਨ ਮਨਸਾ ਕਰੇ ਲੜਾਈਆ । ਕੋਟਾਂ ਵਿਚੋਂ ਗੁਰਮੁਖ ਪ੍ਰਭ ਆਪੇ ਜਾਣੇ ਕਿਹੜਾ, ਜਿਸ ਦੀ ਖਿੜਕੀ ਕੁੰਡਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰੂ ਇਕ ਅਖਵਾਈਆ । ਸ਼ਬਦ ਗੁਰੂ ਪ੍ਰਭ ਦਾ ਬੇਟਾ, ਪੁੱਤਰ ਇਕ ਅਖਵਾਇੰਦਾ । ਦੋ ਜਹਾਨਾਂ ਰੰਗ ਰੰਗੇਟਾ, ਰੰਗਤ ਆਪਣੀ ਇਕ ਚੜ੍ਹਾਇੰਦਾ । ਤਤਵ ਤਤ ਖੇਵਟ ਖੇਟਾ, ਮਲਾਹ ਸਚ ਅਖਵਾਇੰਦਾ । ਕੋਟਨ ਕੋਟ ਬ੍ਰਹਿਮੰਡਾਂ ਖੰਡਾਂ ਬਣੇ ਨੇਤਾ, ਧੁਰ ਦਾ ਹੁਕਮ ਸੁਣਾਇੰਦਾ । ਜੇ ਕੋਈ ਸਤਿਗੁਰ ਸ਼ਬਦ ਦੀ ਰੀਸ ਕਰੇ ਵੇਖੋ ਵੇਖਾ, ਜਗਤ ਮਾਣ ਵਧਾਇੰਦਾ । ਅੰਤਮ ਤਿਸ ਦੀ ਦਿਸੇ ਨਾ ਕੋਇ ਰੇਖਾ, ਲੇਖਾ ਹੱਥ ਨਾ ਕੋਇ ਫੜਾਇੰਦਾ । ਦੀਨ ਦਿਆਲ ਜੁਗ ਜੁਗ ਧਾਰੇ ਸ਼ਬਦੀ ਭੇਸਾ, ਕਾਇਆ ਚੋਲਾ ਤਤ ਹੰਢਾਇੰਦਾ । ਕਦੀ ਨਾ ਲਵੇ ਆਪਣੇ ਹੱਥ ਤ੍ਰੈਲੋਕੀ ਠੇਕਾ, ਠੇਕੇਦਾਰ ਗੁਰ ਅਵਤਾਰ ਆਪ ਬਣਾਇੰਦਾ । ਥੋੜਾ ਥੋੜਾ ਦੱਸ ਕੇ ਆਪਣਾ ਭੇਤਾ, ਪੰਜ ਭੂਤਕ ਰੂਪ ਸਮਝਾਇੰਦਾ । ਜੇ ਕੋਈ ਹਾਲ ਦੱਸਣ ਲੱਗੇ ਵਡ ਵਿਸ਼ੇਸ਼ਾ, ਵਿਸ਼ਨੂੰ ਹੋ ਕੇ ਆਪਣਾ ਖੇਲ ਰਚਾਇੰਦਾ । ਜੇ ਕੋਈ ਪੁਛਣ ਲੱਗੇ ਪੇਸ਼ਾ, ਬ੍ਰਹਮਾ ਹੋ ਕੇ ਆਪਣੀ ਵੰਡ ਵੰਡਾਇੰਦਾ । ਜੇ ਕੋਈ ਲੱਭਣ ਲੱਗੇ ਨੇਜ਼ਾ, ਸ਼ੰਕਰ ਹੋ ਕੇ ਹੱਥ ਤ੍ਰਿਸੂਲ ਵਖਾਇੰਦਾ । ਜੇ ਕੋਈ ਪੁਛਣ ਲੱਗੇ ਸੇਜਾ, ਸਾਂਗੋ ਪਾਂਗ ਆਪ ਹੰਢਾਇੰਦਾ । ਜੇ ਕੋਈ ਜਾਨਣ ਲੱਗੇ ਭੇਖਾ, ਹਰ ਘਟ ਰਵਿਆ ਆਪੇ ਨਜ਼ਰੀ ਆਇੰਦਾ । ਜੇ ਕੋਈ ਦੇਵਣ ਲੱਗੇ ਆਦੇਸਾ, ਸਾਹਿਬ ਸੁਲਤਾਨ ਹੋ ਕੇ ਸਚਖੰਡ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਆਪ ਪਰਗਟਾਇੰਦਾ । ਕੋਟਾਂ ਵਿਚੋਂ ਉਪਜਾਏ ਭਗਤ, ਦੇਵੇ ਮਾਣ ਵਡਿਆਈਆ । ਨੇਤਰੀ ਵਖਾਏ ਸਾਰੇ ਜਗਤ, ਲੇਖਾ ਲਿਖ ਕੇ ਕਲਮ ਸ਼ਾਹੀਆ । ਜਿਨ੍ਹਾਂ ਪਿਛੇ ਆਇਆ ਫ਼ਕਤ, ਫ਼ਿਕਰੇ ਨਵੇਂ ਰਿਹਾ ਸੁਣਾਈਆ । ਸਾਧੋ ਸੰਤੋ ਪਿਛਲਾ ਗਿਆ ਵਕਤ, ਅੱਗੇ ਬਖਤ ਸਭ ਨੂੰ ਰਿਹਾ ਵਖਾਈਆ । ਕਿਸੇ ਕੋਲ ਰਹਿਣ ਨਾ ਦੇਵੇ ਬਰਕਤ, ਬੰਦੀਖ਼ਾਨਾ ਦਏ ਸਮਝਾਈਆ । ਬੇਸ਼ਕ ਗ਼ੁੱਸੇ ਵਿਚ ਆ ਕੇ ਸਾਰੇ ਕਰਦੇ ਹਰਕਤ, ਮਨ ਦੀ ਕਰਨ ਲੜਾਈਆ । ਪਾਰਬ੍ਰਹਮ ਪ੍ਰਭ ਕਿਸੇ ਨਾਲ ਨਾ ਕਰੇ ਸ਼ਿਰਕਤ, ਲਾਸ਼ਰੀਕ ਇਕ ਅਖਵਾਈਆ । ਸ੍ਰੀ ਭਗਵਾਨ ਗੁਰਮੁਖਾਂ ਅੰਦਰ ਵੜ ਕੇ ਆਪਣਾ ਮਾਣੇ ਐਸ਼ੋ ਇਸ਼ਰਤ, ਐਸ਼ਗਾਹ ਗੁਰਮੁਖ ਕਾਇਆ ਲਈ ਬਣਾਈਆ । ਜੁਗ ਜਨਮ ਦੇ ਮੇਲੇ ਬਿਛਰਤ, ਆਪਣੀ ਦਇਆ ਕਮਾਈਆ । ਯਾਦ ਵਿਚੋਂ ਯਾਦ ਨਾ ਜਾਏ ਵਿਸਰਤ, ਲੇਖਾ ਦੇਵਣਹਾਰਾ ਆਪਣੀ ਯਾਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਵੇਖੇ ਜਾਗਦੇ, ਲਗਾ ਮਾਤ ਭਾਗ । ਗੁਰ ਅਵਤਾਰ ਆਖਦੇ, ਉਚੀ ਕੂਕ ਆਵਾਜ਼ । ਇਹ ਗੁਰਮੁਖ ਸੱਚੇ ਸਾਧ ਜੇ, ਜਿਨ੍ਹਾਂ ਮਿਲਿਆ ਗ਼ਰੀਬ ਨਿਵਾਜ਼ । ਇਹ ਸਦਾ ਸਦਾ ਸਦ ਸਤਿ ਵਿਚ ਵਿਸਮਾਦ ਜੇ, ਜੋ ਬਿਨ ਜਿਹਵਾ ਰਹੇ ਆਰਾਧ । ਏਨ੍ਹਾਂ ਪ੍ਰਭੂ ਸਵਾਰੇ ਕਾਜ ਜੇ, ਜੋ ਹਰਿ ਸਰਨਾਈ ਗਏ ਲਾਗ । ਸਚ ਪੁਛੋ ਬਿਨ ਕਰਨੀਉਂ ਬਿਨ ਕਮਾਈਉਂ ਬਿਨ ਨਾਮ ਬਿਨ ਸ਼ਬਦ ਬਿਨ ਕਿਰਤ ਆਪਣੇ ਹੱਥ ਵਿਚ ਪਕੜੀ ਵਾਗ, ਚਾਰੋਂ ਕੁੰਟ ਆਪ ਫਿਰਾਈਆ । ਮਿਹਰ ਨਜ਼ਰ ਨਾਲ ਦੁਰਮਤ ਮੈਲ ਧੋਤਾ ਦਾਗ਼, ਕੂੜੀ ਕਿਰਿਆ ਪਰੇ ਹਟਾਈਆ । ਅੰਦਰ ਵੜ ਕੇ ਪੌੜੇ ਚੜ੍ਹ

ਕੇ ਦਵਾਰੇ ਖੜ ਕੇ ਮਾਰੇ ਆਵਾਜ਼, ਸੁੱਤਿਆਂ ਲਏ ਜਗਾਈਆ । ਆਓ ਮਿਲੋ ਵੇਖੋ ਗੁਰੂ ਮਹਾਰਾਜ, ਜਿਸ ਦਾ ਸ਼ਾਸਤਰ ਸਿਮਰਤ ਰਹੇ ਜਸ ਗਾਈਆ । ਜਿਸ ਦਾ ਈਸਾ ਮੂਸਾ ਮੁਹੰਮਦ ਕਲਮਾ ਪੜ੍ਹਦੇ ਨਮਾਜ਼, ਹਜ਼ਰਤ ਆਇਆ ਬੇਪਰਵਾਹੀਆ । ਜਿਸ ਦਾ ਬੇੜਾ ਇਕ ਜਹਾਜ਼, ਚਾਰ ਵਰਨਾਂ ਰਿਹਾ ਚੜ੍ਹਾਈਆ । ਲੇਖਾ ਦੇ ਕੇ ਵਿਚ ਮਹੀਨੇ ਮਾਘ, ਰਵਦਾਸ ਚੁਮਾਰਾ ਨਾਲ ਮਿਲਾਈਆ । ਲਾਲੋ ਹੋਣ ਨਾ ਦਿਤਾ ਉਦਾਸ, ਨਾਨਕ ਨਿਰਗੁਣ ਸੇਵ ਕਮਾਈਆ । ਸਤਿ ਧਰਮ ਦੀ ਬਖ਼ਸ਼ ਕੇ ਦਾਤ, ਸਤਿ ਸਤਿਵਾਦੀ ਖ਼ੁਸ਼ੀ ਜਣਾਈਆ । ਜਨ ਭਗਤੋ ਗੁਰਮੁਖੋ ਗੁਰਸਿਖੋ ਉਸੇ ਦਾ ਅੰਮ੍ਰਿਤ ਵੇਲੇ ਕਾਜ, ਜਿਸ ਦਾ ਕਰਜ਼ਾ ਰਵਦਾਸ ਕੋਲੋਂ ਚੁਕਾਈਆ । ਸਾਰੇ ਪੈਗ਼ੰਬਰ ਪੜ੍ਹਨ ਓਸ ਵੇਲੇ ਨਮਾਜ਼, ਕਾਅਬੇ ਵਲੋਂ ਆਪਣਾ ਮੁਖ ਭਵਾਈਆ । ਫੇਰ ਚਾਰੋਂ ਕੁੰਟ ਉਠੇ ਜਹਾਦ, ਜਲਵਾ ਆਪਣਾ ਦਏ ਵਖਾਈਆ । ਗੁਰਮੁਖੋ ਤੁਹਾਡਾ ਖੇੜਾ ਕਰੇ ਆਬਾਦ, ਉਜੜੇ ਆਪ ਵਸਾਈਆ । ਕਦੇ ਨਾ ਹੋਵੇ ਬਰਬਾਦ, ਬਰਬਾਦ ਹੁੰਦੀ ਵੇਖੇ ਜਗਤ ਲੋਕਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਆਪਣੇ ਅੰਦਰ ਸੁਣਨ ਨਾਦ, ਸਾਹਿਬ ਸਤਿਗੁਰ ਆਪ ਵਜਾਈਆ । ਜੇ ਮਨ ਕਰ ਕੇ ਜਾਓ ਭਾਜ, ਸੁਰਤ ਕਰ ਕੇ ਸ਼ਬਦ ਲਏ ਮਿਲਾਈਆ । ਸ਼ਬਦ ਗੁਰੂ ਦਾ ਇਹੋ ਸਵਾਦ, ਬਿਨ ਰਸਨਾ ਰਸ ਵਖਾਈਆ । ਸਤਿਗੁਰ ਗੁਰਸਿਖੋ ਤੁਹਾਡੇ ਚੜ੍ਹਿਆ ਜਹਾਜ਼, ਤੁਹਾਡਾ ਜਹਾਜ਼ ਡੁੱਬਦਾ ਬੇੜਾ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿ ਸੰਗਤ ਹਿਰਦੇ ਹਰਿਜੂ ਡੇਰਾ ਲਾਈਆ ।



## ★ ੨ ਜੇਠ ੨੦੨੧ ਹਰਿ ਭਗਤ ਦਵਾਰ ਜੇਠੂਵਾਲ ★

ਵੇਖ ਖੇਲ ਸਾਚੇ ਘਰ ਦਾ, ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਪਰਵਰਦਿਗਾਰ ਕੀ ਕੁਛ ਕਰਦਾ, ਸਾਚੀ ਕਰਨੀ ਕਾਰ ਕਮਾਇੰਦਾ । ਮੁਰੀਦ ਮੁਰਸ਼ਦ ਕਿਵੇਂ ਫੜਦਾ, ਦਰ ਦਵਾਰੇ ਮੇਲ ਮਿਲਾਇੰਦਾ । ਪੂਰਬ ਲੇਖਾ ਕਿਵੇਂ ਪੜ੍ਹਦਾ, ਬਿਨ ਅੱਖਰਾਂ ਰਾਗ ਸੁਣਾਇੰਦਾ । ਲੇਖਾ ਜਾਣੇ ਸੀਸ ਧੜ ਦਾ, ਪੰਜ ਤਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਪੀਰ ਪੈਗ਼ੰਬਰ ਪੜ੍ਹਨ ਕਲਮਾ, ਇਕ ਧਿਆਨ ਲਗਾਈਆ । ਜਿਸ ਦੀ ਅਲਫ਼ ਸਮਝ ਨਾ ਆਈ ਕਿਸੇ ਉਲਮਾ, ਆਲਮ ਚਲੇ ਨਾ ਕੋਇ ਚਤੁਰਾਈਆ । ਤਿਸ ਦਾ ਲੇਖਾ ਹੋਏ ਨਾ ਕਦੇ ਗਿਣਵਾਂ, ਗਣਤੀ ਗਣਤ ਨਾ ਕੋਇ ਜਣਾਈਆ । ਜਿਸ ਦਾ ਹਿਸਾਬ ਨਾ ਹੋਏ ਮਿਣਵਾਂ, ਧੜੀ ਵੱਟਾ ਤੋਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਈਆ । ਪੀਰ ਪੈਗ਼ੰਬਰ ਰਹੇ ਤੱਕ, ਬੇਨਜ਼ੀਰ ਵੇਖ ਵਖਾਈਆ । ਸ਼ਾਹ ਸਿਕਦਾਰ ਦੇਵੇ ਹੱਕ, ਹਕੀਕਤ ਝੋਲੀ ਪਾਈਆ । ਮਿਹਰਵਾਨ ਹੋ ਪੁਰਖ ਸਮਰਥ, ਦਇਆਨਿਧ ਦਇਆ ਕਮਾਈਆ । ਸਚ ਦਵਾਰਾ ਖੋਲ੍ਹ ਹੱਟ, ਵਣਜ ਕਰਾਏ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਪੀਰ ਪੈਗ਼ੰਬਰ ਇਕ ਦੂਜੇ ਨੂੰ ਕਰਨ ਇਸ਼ਾਰਾ, ਬਿਨ ਅੱਖਾਂ ਰਹੇ ਸਮਝਾਈਆ । ਵੇਖ ਖੇਲ ਪਰਵਰਦਗਾਰਾ, ਯਾਮੁਬੀਨ ਭੇਵ ਚੁਕਾਈਆ । ਸਾਚੀ ਮੰਜ਼ਲ ਖੋਲ੍ਹਿਆ ਇਕ ਦਵਾਰਾ, ਦਰਗਾਹ ਸਾਚੀ ਰੂਪ ਵਟਾਈਆ । ਕਰੇ ਖੇਲ ਅਪਰ ਅਪਾਰਾ, ਭਰਮ ਭੁਲੇਖਾ ਰਿਹਾ ਚੁਕਾਈਆ । ਚਾਰ ਵਰਨ ਦੀ ਇਕੋ

ਧਾਰਾ, ਸਤਿ ਸਤਿਵਾਦੀ ਆਪ ਸਮਝਾਈਆ । ਚਾਰ ਕੁੰਟ ਦਾ ਇਕ ਹੁਲਾਰਾ, ਇਕੋ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪੀਰ ਪੈਗ਼ੰਬਰ ਕਹਿਣ ਵੇਖੋ ਹਦੂਦ, ਹਰਿ ਕਰਤੇ ਵਡ ਵਡਿਆਈਆ । ਘਰ ਸੱਜਣ ਬਣ ਮਹਿਬੂਬ, ਮੁਹੱਬਤ ਇਕੋ ਇਕ ਬੰਧਾਈਆ । ਤਨ ਮੰਦਰ ਵੇਖ ਅਰੂਜ, ਅਰਸ਼ ਕੁਰਸ਼ ਪੰਧ ਮੁਕਾਈਆ । ਮੁਰਸ਼ਦ ਮੁਰੀਦਾਂ ਕਰ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਪਿਛਲਾ ਅੱਗੇ ਦੇ ਹਕੂਕ, ਹੱਕ ਸਾਚਾ ਝੋਲੀ ਪਾਈਆ । ਜਿਸ ਦਾ ਕੋਈ ਨਾ ਦੇਵੇ ਸਬੂਤ, ਸਤਿ ਸਕੇ ਨਾ ਕੋਇ ਦ੍ਰਿੜਾਈਆ । ਮੇਲ ਮਿਲਾਵਾ ਪੰਜ ਤਤ ਕਰੇ ਕਲਬੂਤ, ਰੂਹ ਬੁੱਤ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨੂਰ ਇਲਾਹੀਆ । ਪੀਰ ਪੈਗ਼ੰਬਰ ਕਹਿਣ ਤਨ ਮਾਟੀ ਬੁੱਤ ਹੋਇਆ ਪਾਕ, ਰਸੂਲ ਪਾਕ ਦੇਵਣਹਾਰ ਵਡਿਆਈਆ । ਸਾਡੀ ਸਦੀ ਚੌਧਵੀਂ ਪੁੰਨੀ ਆਸ, ਤ੍ਰਿਸਨਾ ਬੈਠੀ ਮੁਖ ਛੁਪਾਈਆ । ਚਲ ਕੇ ਵੇਖੀਏ ਮਸਜਦ ਉਹ ਖ਼ਾਸ, ਜਿਸ ਦਾ ਸਤੂਨ ਨਜ਼ਰ ਕਿਸੇ ਨਾ ਆਈਆ । ਜਿਸ ਦੀ ਅਗੰਮੀ ਹੋਏ ਮਹਿਰਾਬ, ਬਾਢੀ ਬਣਤ ਨਾ ਕੋਇ ਬਣਾਈਆ । ਜਿਸ ਦਾ ਸਜਦਾ ਇਕ ਆਦਾਬ, ਕਲਮਾ ਇਕ ਜਣਾਈਆ । ਉਸ ਦੀ ਸੁਣ ਕੇ ਸਚ ਆਵਾਜ਼, ਅੰਤਰ ਅੰਤਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੀਰ ਪੈਗ਼ੰਬਰ ਕਹਿਣ ਚਲੋ ਵੇਖੀਏ ਰੀਤੀ, ਹਰਿ ਕਰਤਾ ਆਪ ਕਰਾਇੰਦਾ । ਜਿਸ ਖਹਿੜਾ ਛੁਡਾਇਆ ਮੰਦਰ ਮਸੀਤੀ, ਸਾਚਾ ਦਰ ਇਕ ਵਡਿਆਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਮੰਨਦੇ ਗਏ ਨੀਤੀ, ਸੋ ਨੀਤੀਵਾਨ ਵੇਸ ਵਟਾਇੰਦਾ । ਜਿਸ ਦੀ ਪਰੇਮ ਧਾਰ ਸਦਾ ਜੀਤੀ, ਮਰਨ ਵਿਚ ਕਦੇ ਨਾ ਆਇੰਦਾ । ਸਾਚੀ ਬਖ਼ਸ਼ੇ ਇਕ ਪ੍ਰੀਤੀ, ਚਰਨ ਕਵਲ ਜੋੜ ਜੁੜਾਇੰਦਾ । ਓਸ ਦਵਾਰੇ ਲੇਖਾ ਚੁਕੇ ਹਸਤ ਕੀਟੀ, ਊਚ ਨੀਚ ਨਾ ਕੋਇ ਵਖਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਵਿਚੋਂ ਜਨ ਭਗਤ ਦਵਾਰ ਲਾਈ ਇਕ ਬਾਗ਼ੀਚੀ, ਬਾਗ਼ਬਾਨ ਆਪੇ ਵੇਖ ਵਖਾਇੰਦਾ । ਜਿਸ ਦੀ ਧਾਰ ਸਦਾ ਨੀਕੀ, ਨੀਕਨ ਨੀਕਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਪੀਰ ਪੈਗ਼ੰਬਰ ਕਹਿਣ ਚਲੋ ਸੁਣੀਏ ਫ਼ਰਮਾਣ, ਹਰਿ ਕਰਤਾ ਆਪ ਸੁਣਾਈਆ । ਜਿਸ ਦਾ ਕਰਦੇ ਰਹੇ ਧਿਆਨ, ਨੇਤਰ ਲੋਚਣ ਨੈਣ ਉਠਾਈਆ । ਸੋ ਆਇਆ ਮਿਹਰਵਾਨ, ਨਿਰਾਕਾਰ ਰੂਪ ਵਟਾਈਆ । ਮਾਣਸ ਮਾਨੁਖ ਮਨੁਸ਼ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਚਾਰ ਵਰਨਾਂ ਕਰ ਪਛਾਣ, ਬਰਨ ਅਠਾਰਾਂ ਡੇਰਾ ਢਾਹੀਆ । ਆਤਮ ਪਰਮਾਤਮ ਮੇਲ ਕਰੇ ਭਗਵਾਨ, ਪਰਵਰਦਗਾਰ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਪੀਰ ਪੈਗ਼ੰਬਰ ਕਹਿਣ ਵੇਖੋ ਖੇਲ ਧੁਰ ਦਾ, ਬੇਪਰਵਾਹ ਆਪ ਕਰਾਈਆ । ਜਿਸ ਪਿਛਲਾ ਲੇਖਾ ਕੀਤਾ ਮੁਰਦਾ, ਸ਼ਰਅ ਜ਼ਬ੍ਰਾ ਕੀਤੀ ਆਪਣੀ ਸ਼ਮਸ਼ੀਰ ਹੱਥ ਉਠਾਈਆ । ਅੱਗੇ ਖੇਲ ਕਰੇ ਅਗੰਮ ਅਵਰ ਦਾ, ਗਹਿਰ ਗਵਰ ਬੇਪਰਵਾਹੀਆ । ਜੁਗ ਚੌਕੜੀ ਜਿਸ ਪਿਆਲਾ ਪੀਤਾ ਸਬਰ ਦਾ, ਬੇਸਬਰੇ ਸਾਰੇ ਰਿਹਾ ਵਖਾਈਆ । ਮੇਲ ਮਿਲਾਏ ਜਨ ਭਗਤ ਸੁਹੇਲੇ ਸਾਚੇ ਟੱਬਰ ਦਾ, ਜਨਮ ਕਰਮ ਆਪਣੇ ਹੱਥ ਰਖਾਈਆ । ਸਹਾਰਾ ਦੇਵੇ ਸ਼ੇਰ ਬੱਬਰ ਦਾ, ਹੋਏ ਸਹਾਈ ਥਾਉਂ ਥਾਈਆ । ਓਥੇ ਲੇਖਾ ਚੁੱਕੇ ਚੌਦਾਂ ਲੋਕ ਉਪਰ ਅੰਬਰ ਦਾ, ਤਬਕ ਤਬਕਾਂ ਵਿਚੋਂ ਨੈਣ ਸ਼ਰਮਾਈਆ । ਹੁਣ ਵੇਲਾ ਆਇਆ ਮੰਗਣ ਦਾ, ਚਲੋ ਚਲੀਏ ਚਾਈਂ ਚਾਈਂਆ ।

ਕਾਇਆ ਮਾਟੀ ਚੀਥੜ ਵਕਤ ਸੁਹੌਣਾ ਰੰਗਣ ਦਾ, ਰੰਗ ਅਗੰਮੜਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਏ ਬ੍ਰਾਹਮਣ ਪਿਛਲੇ ਕੰਗਣ ਦਾ, ਮਿਹਰਵਾਨ ਆਪਣੀ ਦਇਆ ਕਮਾਈਆ । ਪੀਰਾਂ ਵਿਚੋਂ ਬੋਲਿਆ ਪੀਰ, ਪਰਾ ਪਰਾ ਕੂਕ ਸੁਣਾਈਆ । ਚਲੋ ਜਿਸ ਸ਼ਰਅ ਕੱਟੀ ਜ਼ੰਜੀਰ, ਅਸ਼ਾਇਤ ਕਰੇ ਨੂਰ ਖ਼ੁਦਾਈਆ । ਜਿਸ ਰਵੀਦਾਸ ਦਿਤੀ ਧੀਰ, ਧੀਰਜ ਧੀਰ ਬੰਧਾਈਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰ ਆਪਣੀ ਰਿਹਾ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਚੁਕਾਈਆ । ਪੀਰ ਪੈਗ਼ੰਬਰ ਕਹਿਣ ਚਲੋ ਵੇਖੀਏ ਦਰ, ਦਰਗਾਹ ਸਾਚੀ ਰੂਪ ਵਟਾਇੰਦਾ । ਪੀਆ ਪ੍ਰੀਤਮ ਹੋ ਕੇ ਰਿਹਾ ਫੜ, ਹਰਿਜਨ ਸਾਚੇ ਮੇਲ ਮਿਲਾਇੰਦਾ । ਬਾਹਰੋਂ ਵੇਖੋ ਪੰਜ ਤਤ ਧੜ, ਅੰਦਰ ਨੂਰੋ ਨੂਰ ਨੂਰ ਰੁਸ਼ਨਾਇੰਦਾ । ਇਹ ਪੈਗ਼ੰਬਰ ਨਹੀਂ ਜੋ ਜਾਵੇ ਸੜ, ਗੋਰ ਵਿਚ ਨਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਪੀਰਾਂ ਵਿਚੋਂ ਪੀਰ ਕਲਮਾ, ਸ਼ਬਦੀ ਨਾਉਂ ਧਰਾਈਆ । ਮੇਰਾ ਪ੍ਰੀਤਮ ਓਹ ਬਲਮਾ, ਬਾਲਮ ਇਕੋ ਫੇਰਾ ਪਾਈਆ । ਜਿਸ ਦੀ ਸਮਝ ਆਈ ਨਾ ਕਿਸੇ ਇਲਮਾ, ਆਲਮ ਦੇਵੇ ਨਾ ਕੋਇ ਵਡਿਆਈਆ । ਹੁੱਕੇ ਭੰਨ ਸੁੱਟੇ ਚਿਲਮਾਂ, ਚਾਰੋਂ ਕੁੰਟ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੂਰ ਖ਼ੁਦਾਈਆ । ਨੂਰ ਖ਼ੁਦਾਈ ਵੇਖੋ ਜਲਵਾ, ਜਲਵਾਗਰ ਆਪ ਜਣਾਇੰਦਾ । ਪੀਰ ਪੈਗ਼ੰਬਰੋ ਉਸ ਦਾ ਖਾਵਣ ਜਾਓ ਹਲਵਾ, ਦਰ ਸਾਚੀ ਸੋਹਣੀ ਬਣਤ ਬਣਾਇੰਦਾ । ਜਿਸ ਨੂੰ ਨਿਤ ਨਵਿਤ ਜੁਗ ਚੌਕੜੀ ਲੱਖ ਚੁਰਾਸੀ ਕਹਿੰਦੀ ਕਮਲਾ, ਸੋ ਕਮਲੀ ਵਾਲਾ ਫੇਰਾ ਪਾਇੰਦਾ । ਜਿਸ ਨੂੰ ਨਿਰਗੁਣ ਨੂਰ ਖ਼ੁਦਾਈ ਮੰਨਿਆ ਅਵਲਾ, ਸੋ ਆਲਮੀਨ ਆਪਣਾ ਰੰਗ ਰੰਗਾਇੰਦਾ । ਜਿਸ ਦਾ ਲੇਖਾ ਕਦੇ ਨਾ ਆਵੇ ਅਰਬਾਂ ਖ਼ਰਬਾਂ ਵਿਚ ਪਦਮਾਂ, ਗਣਤੀ ਗਣਤ ਨਾ ਕੋਇ ਗਣਾਇੰਦਾ । ਅਜ ਓਸ ਨੇ ਸਭ ਨੂੰ ਦਿਤਾ ਸਦਮਾ, ਸਿਰ ਉਪਰ ਨਾ ਕੋਇ ਉਠਾਇੰਦਾ । ਚਲ ਕੇ ਬੋਸਾ ਲਈਏ ਉਤੇ ਕਦਮਾਂ, ਕਦਮ ਕੁਦਰਤ ਕਾਦਰ ਵਿਚੋਂ ਆਪ ਪਰਗਟਾਇੰਦਾ । ਜਿਸ ਦਾ ਲੇਖਾ ਆਦਿ ਜੁਗਾਦਿ ਅਦਮਾ, ਅਦਨਾ ਆਅਲਾ ਇਕੋ ਨਜ਼ਰੀ ਆਇੰਦਾ । ਸਚ ਦਵਾਰੇ ਜਿਸ ਦੇ ਸਜਣਾ, ਸੋਹਣਾ ਧਾਮ ਸੁਹਾਇੰਦਾ । ਓਥੇ ਇਕੋ ਵਾਰ ਹੋਵੇ ਮੰਗਣਾ, ਦੂਜਾ ਸਗਨ ਨਾ ਕੋਇ ਵਖਾਇੰਦਾ । ਪਰੇਮ ਪ੍ਰੀਤੀ ਅੰਦਰ ਕਰੇ ਕਾਰਜ ਅਨੰਦਨਾ, ਅਨੰਦ ਆਪਣੇ ਗੰਢ ਰਖਾਇੰਦਾ । ਜਿਸ ਦਾ ਹੁਕਮ ਏਥੇ ਓਥੇ ਕਿਸੇ ਨਾ ਭੰਨਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਿਸ ਦਾ ਮੁਰੀਦ ਗੁਰਮੁਖ ਬੂਟਾ ਚੰਨਣਾ, ਸੁਗੰਧੀ ਦੋ ਜਹਾਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਪੀਰ ਪੈਗ਼ੰਬਰ ਕਰਨ ਸਚ ਸਲਾਹ, ਮਤਾ ਇਕੋ ਇਕ ਪਕਾਈਆ । ਵੇਖੋ ਸਦੀ ਚੌਧਵੀਂ ਬਣੇ ਗਵਾਹ, ਹਜ਼ਰਤ ਪੈਗ਼ੰਬਰ ਗਿਆ ਸਮਝਾਈਆ । ਪਰਗਟ ਹੋਵੇ ਬੇਪਰਵਾਹ, ਜਲਵਾ ਨੂਰ ਰੁਸ਼ਨਾਈਆ । ਜਿਸ ਨੂੰ ਅਸਮਾਨਾਂ ਉਤੇ ਈਸਾ ਮੂਸਾ ਮੰਨਦੇ ਰਹੇ ਖ਼ੁਦਾ, ਖ਼ਾਲਕ ਆਪਣੀ ਕਾਰ ਕਮਾਈਆ । ਸੋ ਦਾਤਾ ਦਾਨੀ ਬੇਪਰਵਾਹ, ਪਰਦਾਨਸ਼ੀਂ ਆਪਣਾ ਮੁਖ ਵਖਾਈਆ । ਜਿਸ ਨੂੰ ਰਹਿਬਰ ਬਣ ਕੇ ਪੁਛਦੇ ਰਹੇ ਰਾਹ, ਰਹਿਮਤ ਧੁਰ ਦੀ ਮੰਗ ਮੰਗਾਈਆ । ਓਸ ਦਾ ਹਕੀਕੀ ਵੇਖੀਏ ਨਕਾਹ, ਨਕਾਬਪੋਸ਼ ਆਪਣਾ ਰਾਹ ਵਖਾਈਆ । ਸੱਜਣੋ ਮਿੱਤਰੋ ਅੱਗੇ ਨਹੀਂ ਕੋਈ ਵਿਸਾਹ, ਲੁਕਿਆ ਫੇਰ ਹੱਥ ਨਾ ਕਿਸੇ ਆਈਆ । ਰਵਦਾਸ ਚੁਮਾਰਾ ਜਿਸ ਬਣਾਇਆ ਗਵਾਹ, ਨੌ ਜਨਮ ਦਾ ਪੰਡਤ ਨਾਲ ਰਲਾਈਆ । ਚੌਥੇ ਕਹਾਰ ਹੌਲੀ ਜਿਹੀ ਦਿਤਾ ਸਮਝਾ,

੧੦੨੨
੧੯

ਸ਼ਬਦ ਇਸ਼ਾਰਾ ਇਕ ਦ੍ਰਿੜਾਈਆ । ਤੇਰਾ ਲਹਿਣਾ ਹੱਥ ਬੇਪਰਵਾਹ, ਨਾਤਾ ਤੁਟੇ ਕੂੜੀ ਜਗਤ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਰਵਦਾਸ ਕਹੇ ਮੈਂ ਕਲਮ ਦੱਬਾਂ, ਪਿਛਲਾ ਲੇਖ ਮੁਕਾਈਆ । ਬ੍ਰਾਹਮਣ ਕਹੇ ਮੈਂ ਸੱਜਣ ਲੱਭਾਂ, ਜਿਨ੍ਹਾਂ ਦਿਤੀ ਪੱਲਿਉਂ ਗੰਢ ਖੁਲ੍ਹਾਈਆ । ਪੁਰਖ ਅਕਾਲ ਕਹੇ ਮੈਂ ਕਾਇਆ ਚੋਲੀ ਰੰਗਾਂ, ਰੰਗ ਆਪਣਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਵਡਿਆਈ ਵਿਚੋਂ ਦੇਵੇ ਮਾਣ, ਅਭਿਮਾਨ ਨਾ ਕੋਇ ਰਖਾਇੰਦਾ । ਪਿਛਲਾ ਲੇਖਾ ਜਾਣੀ ਜਾਣ, ਜਾਨਣਹਾਰਾ ਆਪ ਦ੍ਰਿੜਾਇੰਦਾ । ਪੂਰਬ ਕਰਮ ਲਏ ਪਛਾਣ, ਭਰਮ ਭੁੱਲੇਖਾ ਦੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਕਰਨੀਆਂ ਵਿਚੋਂ ਕਰੇ ਕਰਨੀ, ਹਰਿ ਕਰਤਾ ਵਡ ਵਡਿਆਈਆ । ਮਰਨੀਆਂ ਵਿਚੋਂ ਦੇਵੇ ਮਰਨੀ, ਮਰ ਜੀਵਤ ਰੂਪ ਵਟਾਈਆ । ਸਰਨਾਈ ਵਿਚੋਂ ਦੇਵੇ ਸਰਨੀ, ਸਰਨਗਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੇ ਇਕੋ ਤਰਨੀ, ਤਾਰਨਹਾਰਾ ਡੂੰਘੀ ਭਵਰ ਲੇਖਾ ਦਏ ਚੁਕਾਈਆ । ਡੂੰਘੀ ਭਵਰੀ ਕਲਜੁਗ ਸਾਗਰ, ਘੁਮਣ ਘੇਰ ਰੂਪ ਵਟਾਈਆ । ਜਗਤ ਕਹਾਰ ਮਿਲਿਆ ਆਦਰ, ਮਿਹਰ ਨਜ਼ਰ ਉਠਾਈਆ । ਰਵਦਾਸ ਲਿਖਾਇਆ ਇਕੋ ਕਾਗ਼ਜ਼, ਬਿਨ ਅੱਖਰਾਂ ਆਪ ਸਮਝਾਈਆ । ਸਾਂਭ ਕੇ ਰੱਖਣਾ ਨਾਲ ਹਿਫ਼ਾਜ਼ਤ, ਦਰ ਸਾਚੇ ਬੰਦ ਕਰਾਈਆ । ਜਿਸ ਦੇ ਵਿਚ ਮੇਰੇ ਨਾਮ ਦੀ ਇਕੋ ਇਬਾਦਤ, ਕਲਮਾ ਅਵਰ ਨਾ ਕੋਇ ਪੜ੍ਹਾਈਆ । ਸੁਲਤਾਨ ਹੋ ਕੇ ਕਰਾਂ ਸਖ਼ਾਵਤ, ਵਸਤ ਅਗੰਮ ਆਪ ਵਰਤਾਈਆ । ਕੂੜੀ ਕਿਰਿਆ ਵਿਚ ਨਾ ਰਹੇ ਮਿਲਾਵਟ, ਮਮਤਾ ਮੋਹ ਨਾ ਕੋਇ ਸਮਝਾਈਆ । ਸਚ ਬਣਾਵਾਂ ਇਕ ਬਣਾਵਟ, ਬੰਦਗੀ ਆਪਣਾ ਨਾਮ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖੇ ਅੰਦਰ ਪੂਰਬ ਵਿਚਾਰ, ਹਰਿ ਕਰਤਾ ਆਪ ਜਣਾਇੰਦਾ । ਕਿਰਪਾ ਕਰ ਚੌਥੇ ਕਹਾਰ, ਮਿਹਰ ਨਜ਼ਰ ਉਠਾਇੰਦਾ । ਇਕ ਜਾਣੇ ਰਵੀਦਾਸ ਚੁਮਾਰ, ਦੂਜਾ ਭੇਵ ਕੋਇ ਨਾ ਪਾਇੰਦਾ । ਜਨਮ ਜਨਮ ਦਾ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਰੱਖੇ ਹੱਥ, ਹਰਿ ਕਰਤਾ ਵਡ ਵਡਿਆਈਆ । ਪੀਰ ਪੈਗ਼ੰਬਰ ਵੇਖਣ ਹੱਸ, ਹਸਤੀ ਵਿਚੋਂ ਹਸਤੀ ਨਜ਼ਰੀ ਆਈਆ । ਜਿਸ ਦਾ ਗੌਂਦੇ ਆਏ ਜਸ, ਸਿਫ਼ਤ ਸਾਲਾਹੀ ਰਾਗ ਅਲਾਈਆ । ਸੋ ਭਗਤਾਂ ਦੇਵੇ ਹੱਕ, ਮੁਰਸ਼ਦ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਵੱਖ, ਫੜ ਬਾਂਹੋਂ ਆਪ ਕਰਾਈਆ । ਨਾਮ ਬਬਾਣੇ ਚਾੜ੍ਹੇ ਰਥ, ਸ਼ਬਦ ਇਸ਼ਾਰੇ ਨਾਲ ਉਡਾਈਆ । ਕੂੜੀ ਕਿਰਿਆ ਖੇੜਾ ਭੱਠ, ਭਾਂਡਾ ਭਰਮ ਭੌ ਭੰਨਾਈਆ । ਸਤਿ ਸੰਤੋਖ ਧੀਰਜ ਦੇ ਕੇ ਸਤ, ਸਤਿ ਸਤਿਵਾਦੀ ਹੋਏ ਸਹਾਈਆ । ਹੁਕਮੇ ਅੰਦਰ ਆਪੇ ਸੱਦ, ਸਾਚੀ ਬਣਤ ਬਣਾਈਆ । ਸ਼ਬਦ ਨਗਾਰੇ ਰਹੇ ਵੱਜ, ਦੋ ਜਹਾਨ ਹੋਏ ਸ਼ਨਵਾਈਆ । ਭਗਤ ਸੁਹੇਲੇ ਰਹੇ ਭੱਜ, ਸੇਵਾ ਕਰਨ ਚਾਈਂ ਚਾਈਂਆ । ਗੁਰਮੁਖ ਸੱਜਣ ਬੈਠੇ ਸਜ, ਸੋਹਣਾ ਆਸਣ ਲਾਈਆ । ਰਵਦਾਸ ਵਿਚੋਲਾ ਕਾਰਜ ਅਨੰਦ ਕਰੇ ਅੱਜ, ਪਿਛਲਾ ਲੇਖਾ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀਰ ਪੈਗ਼ੰਬਰਾਂ ਨਾਲ ਗੁਰਮੁਖਾਂ ਦਾ ਪੂਰਾ ਕੀਤਾ ਹੱਜ, ਹਾਜਤ ਹੋਰ ਰਹੇ ਨਾ ਰਾਈਆ ।

## ★ ੨ ਜੇਠ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★



ਸ਼ਬਦ ਸੁਤ ਕਹੇ ਸੁਣ ਮੇਰੇ ਬਾਪ, ਪੁਰਖ ਅਕਾਲ ਤੇਰੀ ਵਡ ਵਡਿਆਈਆ । ਕਿਉਂ ਜਪਾਵੇਂ ਮੇਰਾ ਜਾਪ, ਆਪਣਾ ਭੇਵ ਛੁਪਾਈਆ । ਸਾਚੀ ਥਾਪਣਾ ਆਪੇ ਥਾਪ, ਥਪਕ ਥਪਕ ਗੋਦੀ ਵਿਚ ਬਹਾਈਆ । ਆਪਣਾ ਸੰਦੇਸ਼ਾ ਆਪੇ ਆਖ, ਸਚ ਦਿਤਾ ਸਮਝਾਈਆ । ਚਰਨ ਕਵਲ ਬਖ਼ਸ਼ ਨਿਵਾਸ, ਥਿਰ ਘਰ ਸੋਭਾ ਪਾਈਆ । ਮੇਰੇ ਗ੍ਰਿਹ ਕਰ ਪਰਕਾਸ਼, ਸਚ ਮੰਦਰ ਕਰੀ ਰੁਸ਼ਨਾਈਆ । ਨਿਰਗੁਣ ਹੋ ਕੇ ਵਸੇਂ ਆਸ ਪਾਸ, ਧੁਰ ਦਾ ਸੰਗ ਨਿਭਾਈਆ । ਹੁਕਮਰਾਨ ਹੋ ਕੇ ਜਾਵੇਂ ਆਖ, ਆਪਣਾ ਹੁਕਮ ਵਰਤਾਈਆ । ਅੰਤਰ ਅੰਤਰ ਜੋੜ ਨਾਤ, ਸਾਚਾ ਮੇਲ ਮਿਲਾਈਆ । ਆਪਣੇ ਵਿਚੋਂ ਪਰਗਟ ਮੇਰੀ ਜਾਤ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਅਚਰਜ ਖੇਲ ਰਚਾਈਆ । ਸੁਤ ਕਹੇ ਮੇਰੇ ਭਗਵਾਨ, ਪ੍ਰਭ ਤੇਰੀ ਕੀ ਵਡਿਆਈਆ । ਮੈਂ ਬਾਲਾ ਨੱਢਾ ਤੇਰਾ ਨਾਦਾਨ, ਭੇਵ ਸਕਾ ਨਾ ਕੋਇ ਪਾਈਆ । ਦਰ ਦਰਵੇਸ਼ ਮੰਗਣ ਵਾਲਾ ਦਾਨ, ਅਲੱਖ ਦਵਾਰੇ ਆਪਣੀ ਅਲੱਖ ਜਗਾਈਆ । ਚਰਨ ਕਵਲ ਰੱਖਣ ਵਾਲਾ ਧਿਆਨ, ਸਾਚਾ ਨੇਤਰ ਇਕ ਖੁਲ੍ਹਾਈਆ । ਤੂੰ ਤਖ਼ਤ ਨਿਵਾਸੀ ਨੌਜਵਾਨ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਕਿਸ ਬਿਧ ਮੈਨੂੰ ਦਿਤਾ ਮਾਣ, ਸਿਰ ਆਪਣਾ ਹੱਥ ਟਿਕਾਈਆ । ਮੈਂ ਤੇਰਾ ਗਾਵਾਂ ਗਾਨ, ਤੂੰ ਮੇਰੀ ਕਰੇਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇ ਸਮਝਾਈਆ । ਸ਼ਬਦੀ ਸੁਤ ਕਹੇ ਮੇਰੇ ਭਗਵੰਤ, ਹਰਿ ਤੇਰੀ ਇਕ ਸਰਨਾਈਆ । ਤੇਰੀ ਮਹਿਮਾਂ ਸਦਾ ਅਗਣਤ, ਲੇਖਾ ਲਿਖ ਨਾ ਕੋਇ ਜਣਾਈਆ । ਤੇਰਾ ਕੋਈ ਨਾ ਪਾਵੇ ਆਦਿ ਅੰਤ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸ਼ਬਦ ਸੁਤ ਕਹੇ ਮੇਰੇ ਸਾਹਿਬ ਸੁਲਤਾਨ, ਹਰਿ ਕਰਤੇ ਤੇਰੀ ਓਟ ਰਖਾਈਆ । ਸਾਚੀ ਸਿਖਿਆ ਤੇਰਾ ਗਿਆਨ, ਅੰਤਰ ਮੇਰੇ ਕਰੇ ਰੁਸ਼ਨਾਈਆ । ਮੈਂ ਦਰਵੇਸ਼ ਮੰਗਣਹਾਰਾ ਦਾਨ, ਤੂੰ ਦਾਤਾ ਬੇਪਰਵਾਹੀਆ । ਤੂੰ ਸਾਹਿਬ ਹੁਕਮਰਾਨ, ਹਉਂ ਚਾਕਰ ਰੂਪ ਵਖਾਈਆ । ਤੂੰ ਪਿਤਾ ਪੁਰਖ ਮਿਹਰਵਾਨ, ਹਉਂ ਬਾਲਕ ਰੂਪ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇ ਉਠਾਈਆ । ਸ਼ਬਦ ਸੁਤ ਕਹੇ ਕਿਉਂ ਦੇਵੇਂ ਮਾਣ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਖੇਲ ਵੇਖ ਪ੍ਰਭੂ ਮਹਾਨ, ਮੇਰਾ ਨੈਣ ਰਿਹਾ ਸ਼ਰਮਾਈਆ । ਮੈਂ ਤੇਰਾ ਵਣਜਾਰਾ ਚਲਾਵਣਹਾਰ ਦੁਕਾਨ, ਹੱਟ ਹਟਵਾਣਾ ਹੋ ਕੇ ਸੇਵ ਕਮਾਈਆ । ਤੂੰ ਖੇਲ ਕਰੇਂ ਮਹਾਨ, ਮਹਿਮਾ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦੇ ਸਮਝਾਈਆ । ਸਚ ਦੱਸ ਮੇਰੇ ਪੁਰਖ ਅਗੰਮ, ਕਿਉਂ ਅਗੰਮੜੀ ਕਾਰ ਕਮਾਇੰਦਾ । ਮੈਂ ਤੇਰੀ ਧਾਰੋਂ ਪਿਆ ਜੰਮ, ਮਾਤ ਪਿਤਾ ਨਾ ਕੋਇ ਬਣਾਇੰਦਾ । ਮੈਂ ਤੇਰਾ ਨੱਢਾ ਬਾਲਾ ਚੰਨ, ਤੇਰੇ ਨੂਰ ਨਾਲ ਰੁਸ਼ਨਾਇੰਦਾ । ਤੂੰ ਦੇਵਣਹਾਰਾ ਅਨਮੁਲੜਾ ਧਨ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਤੂੰ ਬੇੜਾ ਦਿਤਾ ਬੰਨ੍ਹ, ਖੇਵਟ ਆਪਣੀ ਕਾਰ ਕਮਾਇੰਦਾ । ਮੈਂ ਮੰਗਣਹਾਰਾ ਮੰਗ, ਤੂੰ ਅਤੋਟ ਅਤੁਟ ਵਰਤਾਇੰਦਾ । ਤੂੰ ਦੇਵਣਹਾਰਾ ਅਨੰਦ, ਮੈਂ ਰਸ ਵਿਚ ਸਮਾਇੰਦਾ । ਤੂੰ ਲਾਵਣਹਾਰਾ ਅੰਗ, ਮੈਂ ਗੋਦੀ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਸ਼ਬਦ ਸੁਤ ਕਹੇ ਮੇਰੇ ਸਾਹਿਬ ਪੁਰਖ ਪੁਰਖੋਤਮ, ਤੇਰੀ

੧੦੨੩ ੧੯

ਵਡ ਵਡਿਆਈਆ । ਮੈਂ ਬਾਲ ਅਵਾਣਾ ਕਮਲਾ ਕੋਝਾ ਮੂਰਖ, ਸਭ ਤੇਰੇ ਹੱਥ ਵਡਿਆਈਆ । ਤੇਰੀ ਕਿਰਪਾ ਵੱਜੇ ਮੇਰਾ ਨਾਦ ਤੂਰਤ, ਸੁਰ ਤਾਲ ਨਾ ਕੋਇ ਰਖਾਈਆ । ਮੈਂ ਦਰਸ਼ਨ ਕਰਾਂ ਅਕਾਲ ਮੂਰਤ, ਤੇਰਾ ਨੂਰ ਜੋਤ ਰੁਸ਼ਨਾਈਆ । ਸਤਿ ਸਰੂਪ ਤੂੰ ਆਸਾ ਪੂਰਤ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਲੇਖਾ ਦੇ ਜਣਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਪੁੱਤਰ, ਪਤਿਪਰਮੇਸ਼ਵਰ ਆਪ ਜਣਾਇੰਦਾ । ਤੂੰ ਮੇਰੀ ਧਾਰੋਂ ਆਇਉਂ ਉਤਰ, ਮਾਤਾ ਕੁੱਖ ਨਾ ਕੋਇ ਸੁਹਾਇੰਦਾ । ਤੂੰ ਮੇਰਾ ਕਰੇਂ ਸ਼ੁਕਰ, ਮੈਂ ਮਿਹਰਵਾਨ ਹੋ ਕੇ ਸਾਚੀ ਦਇਆ ਕਮਾਇੰਦਾ । ਗੋਦੀ ਚੁੱਕਾਂ ਆਪਣੇ ਕੁੱਛੜ, ਖ਼ੁਸ਼ੀਆਂ ਨਾਲ ਖਿਡਾਇੰਦਾ । ਪਰੇਮ ਪਿਆਰ ਦਾ ਦੇ ਕੇ ਟੁੱਕੜ, ਧੀਰਜ ਧੀਰ ਤੇਰੀ ਬੰਧਾਇੰਦਾ । ਮੇਰੇ ਦਵਾਰੇ ਕੋਈ ਨਾ ਸਕੇ ਉਪੜ, ਇਕੋ ਤੇਰਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਇੰਦਾ । ਸ੍ਰੀ ਭਗਵਾਨ ਕਹੇ ਸੁਣ ਮੇਰੇ ਬੱਚੇ, ਬਚਪਨ ਤੇਰਾ ਮੋਹੇ ਭਾਈਆ । ਤੂੰ ਨਿਕਲਿਉਂ ਪਾਰਬ੍ਰਹਮ ਦੇ ਸਾਚੇ ਸੱਚੇ, ਸਚ ਤੇਰੀ ਵਡਿਆਈਆ । ਤੇਰਾ ਤਤ ਨਾ ਮਾਟੀ ਕੱਚੇ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਜੋਤੀ ਧਾਰ ਅੰਦਰ ਰਚੇ, ਹਰਿ ਰਚਨਾ ਵੇਖ ਵਖਾਈਆ । ਮਹਲ ਅਟੱਲ ਪ੍ਰਭ ਚਰਨ ਦਵਾਰੇ ਵਸੇਂ, ਥਿਰ ਘਰ ਡੇਰਾ ਲਾਈਆ । ਕਰੇ ਦਰਸ ਖ਼ੁਸ਼ੀਆਂ ਵਿਚ ਹੱਸੇਂ, ਸੋਹਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੈਨੂੰ ਦੇਵੇ ਵਡਿਆਈਆ । ਸੁਣ ਸ਼ਬਦ ਮੇਰੇ ਸੱਚੇ ਲਾਲ, ਹਰਿ ਲਾਲਨ ਦਇਆ ਕਮਾਇੰਦਾ । ਤੇਰਾ ਦਵਾਰਾ ਇਕ ਧਰਮਸਾਲ, ਧੁਰਦਰਗਾਹੀ ਆਪ ਉਪਾਇੰਦਾ । ਜਿਸ ਦਾ ਲੇਖਾ ਬੇਮਿਸਾਲ, ਮਿਸਲ ਦੂਜੀ ਨਾ ਕੋਇ ਵਖਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤੀ ਨੂਰ ਇਕੋ ਬਾਲ, ਨਿਰਗੁਣ ਨਿਰਵੈਰ ਡਗਮਗਾਇੰਦਾ । ਨਿਰਗੁਣ ਹੋ ਕੇ ਵਸੇਂ ਨਾਲ, ਸੋਹਣਾ ਸੰਗ ਨਿਭਾਇੰਦਾ । ਸਦਾ ਸੁਹੇਲਾ ਬਣ ਕੇ ਪੁਛੇਂ ਹਾਲ, ਅਹਿਵਾਲ ਆਪਣਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਸੁਤ ਸੁਣ ਮੇਰੇ ਨੰਨ੍ਹੇ, ਸਚ ਦਿਆਂ ਦ੍ਰਿੜਾਈਆ । ਮੇਰੀ ਸਰਨਾਈ ਧੁਰ ਦੇ ਬੰਨ੍ਹੇ, ਹੱਦ ਹਦੂਦ ਨਾ ਕੋਇ ਵਖਾਈਆ । ਬਿਨ ਤੇਰੇ ਜੁਗ ਚੌਕੜੀ ਸਾਰੇ ਰਹਿਣ ਅੰਨ੍ਹੇ, ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਈਆ । ਤੇਰਾ ਮੇਰਾ ਖੇਲ ਸਚ ਦਵਾਰ ਕਹੇ ਸ੍ਰੀ ਭਗਵਨੇ, ਭਗਵਨ ਆਪਣੀ ਕਾਰ ਕਮਾਈਆ । ਤੂੰ ਮੇਰਾ ਕਹਿਣਾ ਮੰਨੇਂ, ਮੈਂ ਤੈਨੂੰ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਬਦ ਸੁਤ ਸੁਣ ਮੇਰੇ ਬਾਲਕ, ਹਰਿ ਕਰਤਾ ਆਪ ਜਣਾਈਆ । ਮੈਂ ਤੇਰਾ ਬਣਾਂ ਪ੍ਰਿਤਪਾਲਕ, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰੇ ਨਾ ਨਿੰਦਰਾ ਨਾ ਕੋਈ ਆਲਸ, ਖ਼ੁਸ਼ੀ ਗ਼ਮੀ ਨਾ ਕੋਇ ਰਖਾਈਆ । ਮੈਂ ਤੇਰਾ ਬਣਾਂ ਸਾਲਸ, ਸੋਹਣੀ ਵੰਡ ਵੰਡਾਈਆ । ਤੂੰ ਆਪਣੀ ਦੱਸੀਂ ਹਾਲਤ, ਹਾਲ ਸਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸ਼ਬਦ ਸੁਤ ਕਹੇ ਮੇਰੇ ਬਾਪ, ਪਿਤਾ ਪੁਰਖ ਤੇਰੀ ਸਰਨਾਈਆ । ਮੈਂ ਤੇਰਾ ਕਰਾਂ ਜਾਪ, ਤੇਰੀ ਇਛਿਆ ਨਾਮ ਧਿਆਈਆ । ਤੂੰ ਮੇਰਾ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਦੋਹਾਂ ਮਿਲ ਕੇ ਬਣ ਜਾਏ ਗਾਥ, ਢੋਲਾ ਨਾਦ ਸ਼ਨਵਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਮੋਹੇ ਭਾਈਆ । ਤੇਰਾ ਖੇਲ ਅਗੰਮ ਤਮਾਸ਼, ਸੋਹਣੀ ਰਾਸ ਰਚਾਈਆ । ਤੇਰਾ ਜਲਵਾ ਨੂਰ ਪਰਕਾਸ਼, ਜੋਤ ਜੋਤ ਵਿਚੋਂ ਰੁਸ਼ਨਾਈਆ ।

੧੦੨੪ ੧੯

ਮੈਂ ਸੇਵਕ ਤੇਰਾ ਦਾਸ, ਬਾਲਕ ਇਕੋ ਇਕ ਅਖਵਾਈਆ । ਮੈਨੂੰ ਭੇਵ ਦੱਸ ਖ਼ਾਸ, ਕਿਸ ਕਾਰਨ ਲਿਆ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਸਮਝਾਈਆ । ਸ੍ਰੀ ਭਗਵਾਨ ਕਹੇ ਸੁਣ ਸ਼ਬਦੀ ਰੰਗ, ਸੁਤ ਦੁਲਾਰੇ ਦਿਆਂ ਦ੍ਰਿੜਾਈਆ । ਆਪਣੇ ਵਿਚੋਂ ਕੱਢ ਕੇ ਤੰਦ, ਤੇਰੀ ਧਾਰ ਬਣਾਈਆ । ਨਿਰਗੁਣ ਹੋ ਕੇ ਵਸਾਂ ਸੰਗ, ਸਾਚਾ ਸੰਗ ਨਿਭਾਈਆ । ਪ੍ਰੀਤਮ ਹੋ ਕੇ ਦੇਵਾਂ ਅਨੰਦ, ਰਸ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਆਂ ਸਮਝਾਈਆ । ਸੁਣ ਸ਼ਬਦ ਦੱਸੇ ਨਿਰਗੁਣ ਜੋਤ, ਆਦਿ ਪੁਰਖ ਸਮਝਾਈਆ । ਮੇਰਾ ਲੇਖਾ ਕਿਸੇ ਨਾ ਆਵੇ ਵਿਚ ਸੋਚ, ਸਮਝ ਸਕੇ ਕੋਈ ਨਾ ਰਾਈਆ । ਇਕੋ ਮੇਰੇ ਦਰ ਤੇ ਤੂੰ ਮਾਣੇ ਸੱਚੀ ਮੌਜ, ਮੌਜੂਦਾ ਹੋ ਕੇ ਦਰਸ਼ਨ ਪਾਈਆ । ਤੈਨੂੰ ਵਖਾਵਾਂ ਆਪਣਾ ਚੋਜ, ਚੋਜੀ ਹੋ ਕੇ ਪੜਦਾ ਲਾਹੀਆ । ਬੱਚੂ ਤੇਰੇ ਅੰਦਰ ਰੱਖਾਂ ਆਪਣੀ ਮੌਜ, ਮੌਜ ਵਿਚੋਂ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਾਵ ਰਿਹਾ ਦਰਸਾਈਆ । ਪੁਰਖ ਅਕਾਲ ਕਹੇ ਮੈਂ ਭਗਵਾਨ, ਜੋਤੀ ਜਾਤਾ ਇਕ ਅਖਵਾਇੰਦਾ । ਤੂੰ ਮੇਰਾ ਬਾਲ ਅਞਾਣ, ਵਾਂਗ ਬਾਲਿਆਂ ਗੋਦ ਸੁਹਾਇੰਦਾ । ਤੈਨੂੰ ਦੇ ਕੇ ਧੁਰ ਦਾ ਦਾਨ, ਦਾਤਾ ਹੋ ਕੇ ਮਸਤਕ ਟਿੱਕਾ ਲਾਇੰਦਾ । ਤੇਰੇ ਉਤੋਂ ਮੇਰਾ ਸ਼ੁਰੂ ਹੋਵੇ ਬਿਆਨ, ਸਾਚਾ ਹੁਕਮ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਸ਼ਬਦ ਸੁਤ ਤੇਰੇ ਉਤੇ ਮੇਰਾ ਲੇਖਾ ਸ਼ੁਰੂ, ਸ਼ਹਿਨਸ਼ਾਹ ਸਮਝਾਈਆ । ਮੈਂ ਪੁਰਖ ਅਕਾਲ ਤੂੰ ਬਣਨਾ ਗੁਰੂ, ਗੁਰਦੇਵ ਸਵਾਮੀ ਤੇਰੀ ਧਾਰ ਚਲਾਈਆ । ਮੇਰਾ ਹੁਕਮ ਤੇਰੇ ਵਿਚੋਂ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ੧੦੨੫ ਤੇਰੀ ਫੁਲਵਾੜੀ ਦੋ ਜਹਾਨ ਖਿੜੂ, ਸਚ ਸਚ ਸਮਝਾਈਆ । ਤੇਰੀ ਧਾਰ ਵਿਚੋਂ ਵਿਸ਼ਨ ਬਾਲਕ ਹੋ ਕੇ ਰਿੜੂ, ਆਪਣਾ ਬਲ ਨਾ ਕੋਇ ਜਣਾਈਆ । ਮੈਂ ਖ਼ੁਸ਼ੀਆਂ ਅੰਦਰ ਤੇਰੇ ਮੰਦਰ ਫਿਰੂ, ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਲਗਾਈਆ । ਸ਼ਬਦ ਸੁਤ ਤੂੰ ਬਣ ਜਾ ਗੁਰ, ਹਰਿ ਕਰਤਾ ਸਚ ਦ੍ਰਿੜਾਇੰਦਾ । ਤੇਰਾ ਨਾਤਾ ਜੋੜਾਂ ਧੁਰ, ਸਾਚੀ ਜੋਤ ਨਾਲ ਮਿਲਾਇੰਦਾ । ਤੇਰਾ ਬੇੜਾ ਨਾ ਜਾਵੇ ਰੁੜ੍ਹ, ਸਾਚੇ ਕੰਧ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਸ਼ਬਦ ਕਹੇ ਪ੍ਰਭੂ ਤੂੰ ਮੇਰਾ ਜਣਦਾ, ਮਾਤ ਪਿਤ ਅਖਵਾਈਆ । ਮੈਂ ਕੀ ਜਾਣਾਂ ਕਿਵੇਂ ਗੁਰੂ ਗੁਰ ਬਣਦਾ, ਆਪਣਾ ਹੁਕਮ ਵਰਤਾਈਆ । ਮੈਂ ਤੇਰਾ ਸੰਦੇਸਾ ਇਕੋ ਸੁਣਦਾ, ਜੋ ਸ਼ਹਿਨਸ਼ਾਹ ਜਣਾਈਆ । ਮੈਨੂੰ ਪਤਾ ਨਹੀਂ ਅੱਗੇ ਪਿਛੇ ਹੁਣ ਦਾ, ਹੌਕਾ ਲੈ ਕੇ ਸੀਸ ਨਿਵਾਈਆ । ਸ੍ਰੀ ਭਗਵਾਨ ਕਹੇ ਮੈਂ ਤੈਨੂੰ ਆਪਣੇ ਹੁਕਮੇ ਨਾਲ ਚੁਣਦਾ, ਸੋਹਣੀ ਚੋਣ ਕਰਾਈਆ । ਕੋਈ ਭੇਵ ਨਾ ਜਾਣੇ ਮੇਰੇ ਗੁਣ ਦਾ, ਇਹ ਦਿਤੀ ਤੈਨੂੰ ਵਡਿਆਈਆ । ਮੇਰਾ ਖੇਲ ਅਗੰਮ ਫੁਨ ਦਾ, ਫੁਰਨਾ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਾਜ ਆਪ ਰਚਾਈਆ । ਪੁਰਖ ਅਕਾਲ ਕਹੇ ਮੈਂ ਤੈਨੂੰ ਗੁਰੂ ਦੇਵਾਂ ਥਾਪ, ਸਤਿਗੁਰ ਆਪਣਾ ਨਾਉਂ ਰਖਾਈਆ । ਤੇਰਾ ਜਗਤ ਜਪਾਵਾਂ ਜਾਪ, ਆਪਣਾ ਪਰਤਾਪ ਤੈਨੂੰ ਦਿਆਂ ਵਖਾਈਆ । ਤੂੰ ਸਤਿ ਦਵਾਰਾ ਵੇਖਣਾ ਝਾਕ, ਅਗੰਮ ਅਥਾਹ ਨਜ਼ਰੀ ਆਈਆ । ਮੈਂ ਜੁਗ ਚੌਕੜੀ ਤੈਨੂੰ ਹੌਲੀ ਜਿਹੀ ਦੇਵਾਂ ਆਖ, ਧੁਰ ਸੰਦੇਸਾ ਇਕ ਸੁਣਾਈਆ । ਤੂੰ ਕੋਟਨ ਕੋਟ ਮੇਰੇ ਸਿਫ਼ਤੀ ਨਾਮ ਰੱਖ ਕੇ ਦੱਸਣਾ ਜਾਪ, ਰਸਨਾ ਜਿਹਵਾ ਨਾਲ ਸਮਝਾਈਆ । ਮੈਂ ਵੇਖਾਂ ਖੇਲ

੧੦੨੫

ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਦੇਵਣ ਜੋਗ, ਜੁਗਤੀ ਇਕੋ ਇਕ ਸਮਝਾਇੰਦਾ । ਤੇਰਾ ਮੇਰਾ ਸਚ ਸੰਜੋਗ, ਧੁਰ ਦਾ ਮੇਲਾ ਆਪ ਮਿਲਾਇੰਦਾ । ਸਚ ਦਵਾਰੇ ਰਸ ਲੈਣਾ ਭੋਗ, ਅਨਰਸ ਰੂਪ ਨਾ ਕੋਇ ਵਟਾਇੰਦਾ । ਤੂੰ ਮੇਰੀ ਵੇਖਣੀ ਮੌਜ, ਮੈਂ ਤੇਰੇ ਨਾਲ ਮਜਲਸ ਦੋ ਜਹਾਨ ਲਗਾਇੰਦਾ । ਤੇਰੇ ਹੱਥ ਵਿਚ ਦੇ ਕੇ ਆਪਣੀ ਖੋਜ, ਆਪ ਉਹਲੇ ਹੋ ਕੇ ਸਚਖੰਡ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਸਮਝਾਇੰਦਾ । ਸ਼ਬਦ ਕਹੇ ਕੀ ਪ੍ਰਭੂ ਮੈਂ ਬਣਿਆ, ਗੁਰੂ ਗੁਰੂ ਗੁਰ ਮੇਰਾ ਨਾਉਂ ਧਰਾਈਆ । ਤੂੰ ਜਨਨੀ ਬਣ ਕੇ ਸਾਚੇ ਗ੍ਰਿਹਿ ਜਣਿਆ, ਜਿਸ ਦੀ ਛੱਪਰ ਛੰਨ ਨਜ਼ਰ ਕਿਸੇ ਨਾ ਆਈਆ । ਮੈਂ ਤੇਰਾ ਹੁਕਮ ਇਕੋ ਮੰਨਿਆ, ਚਲਿਆ ਸਚ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਸਚ ਦਿਤਾ ਵਖਾਈਆ । ਪ੍ਰਭੂ ਕਹੇ ਸ਼ਬਦੀ ਲਾਲ, ਸਚ ਸਚ ਦਿਆਂ ਜਣਾਈਆ । ਜੁਗ ਚੌਕੜੀ ਤੇਰੀ ਘਾਲ, ਨਿਤ ਨਵਿਤ ਸੇਵ ਲਗਾਈਆ । ਲੱਖ ਚੁਰਾਸੀ ਬਣਾਵਾਂ ਦਲਾਲ, ਸਤਿ ਹੁਕਮ ਵਰਤਾਈਆ । ਤੇਰੇ ਹੱਥ ਫੜਾਵਾਂ ਆਪਣੀ ਭਾਲ, ਪੜਦਾ ਉਹਲਾ ਨਾਲ ਮਿਲਾਈਆ । ਤੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਰਾ ਨਾਮ ਦੇਈਂ ਸਿਖਾਲ, ਸਾਚਾ ਹੁਕਮ ਜਣਾਈਆ । ਕਿਰਪਾ ਕਰੇ ਹੋ ਦਿਆਲ, ਦਇਆਨਿਧ ਹੋਏ ਸਹਾਈਆ । ਜੁਗ ਚੌਕੜੀ ਚੱਲੇ ਅਵੱਲੜੀ ਚਾਲ, ਚਾਲ ਨਿਰਾਲੀ ਬਾਂਕੀ ਇਕੋ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਸੇਵਾ ਇਕ ਲਗਾਈਆ । ਸ਼ਬਦ ਸੁਤ ਗੁਰੂ ਬਣਨਾ ਨਹੀਂ ਸੌਖਾ, ਤੈਨੂੰ ਇਕੋ ਵਾਰ ਸਮਝਾਇੰਦਾ । ਮੇਰੇ ਦਰ ਤੇ ਸਾਚਾ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਇੰਦਾ । ਕਿਸੇ ਨਾਲ ਨਹੀਂ ਕਰਨਾ ਧੋਖਾ, ਕੂੜਾ ਰੰਗ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਇਕ ਕਮਾਇੰਦਾ । ਸ਼ਬਦ ਸੁਤ ਗੁਰੂ ਬਣਨਾ ਏਕ, ਏਕੰਕਾਰ ਜਣਾਈਆ । ਤੂੰ ਰੱਖਣੀ ਮੇਰੀ ਟੇਕ, ਤੇਰੀ ਟੇਕ ਸਰਬ ਲੋਕਾਈਆ । ਨਿਤ ਨਵਿਤ ਤੇਰਾ ਵਟਾਵਾਂ ਭੇਖ, ਭੇਖੀ ਹੋ ਕੇ ਵੇਸ ਵਖਾਈਆ । ਜੁਗ ਚੌਕੜੀ ਖੇਲਾਂ ਖੇਡ, ਬਣ ਖਲਾਰੀ ਫੇਰਾ ਪਾਈਆ । ਤੇਰਾ ਹੁਕਮ ਸੰਦੇਸਾ ਇਕ ਭੇਜ, ਭਜਨ ਬੰਦਗੀ ਨਾਉਂ ਧਰਾਈਆ । ਤੇਰਾ ਰੱਖਾਂ ਨਿਰਾਲਾ ਦੇਸ, ਘਰ ਘਰ ਵਿਚ ਛੁਪਾਈਆ । ਤੂੰ ਸਭ ਨੂੰ ਲੈਣਾ ਵੇਖ, ਤੈਨੂੰ ਵੇਖਣ ਵਾਲਾ ਨਜ਼ਰ ਕੋਇ ਨਾ ਆਈਆ । ਤੂੰ ਸਦਾ ਰਹਿਣਾ ਹਮੇਸ਼, ਜੀਵਤ ਰੂਪ ਵਟਾਈਆ । ਮੈਂ ਬਿਨ ਕਲਮ ਸ਼ਾਹੀ ਲਿਖਣਹਾਰਾ ਲੇਖ, ਧੁਰ ਦੀ ਟੇਕ ਬਣਾਈਆ । ਤੇਰਾ ਵਸੇ ਥਿਰ ਘਰ ਦੇਸ, ਸਚਖੰਡ ਸਾਹਿਬ ਬੈਠਾ ਬੇਪਰਵਾਹੀਆ । ਮੈਂ ਭਗਵੰਤ ਨਰ ਨਰੇਸ਼, ਹਰਿ ਕੰਤ ਇਕ ਹੋ ਜਾਈਆ । ਤੂੰ ਮੇਰਾ ਦੇਣਾ ਸਦਾ ਸੰਦੇਸ਼, ਗੁਰ ਗੁਰ ਹੋ ਕੇ ਸੇਵ ਕਮਾਈਆ । ਨੌਂ ਦਵਾਰੇ ਤੇਰਾ ਕਿਸੇ ਨਾ ਲੱਭੇ ਭੇਤ, ਦਸਵੇਂ ਗੰਢ ਰਖਾਈਆ । ਜੁਗ ਚੌਕੜੀ ਪਿਛੋਂ ਤੇਰਾ ਰੂਪ ਧਰ ਕੇ ਦਸ ਦਸਮੇਸ, ਗੋਬਿੰਦ ਆਪਣਾ ਪੜਦਾ ਲਾਹੀਆ । ਪੰਜ ਤਤ ਕਾਇਆ ਚੋਲਾ ਖੇਲ ਕੇ ਖੇਡ, ਅੰਤਮ ਆਪਣੀ ਕਾਰ ਕਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਫੇਰ ਤੈਨੂੰ ਦੇਵੇ ਭੇਜ, ਸੁਤ ਦੁਲਾਰੇ ਤੇਰਾ ਸ਼ਬਦੀ ਰੂਪ ਪਰਗਟਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਹੋ ਕੇ ਲਏ ਵੇਖ, ਵੱਖਰਾ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਸਦਾ ਦਇਆ ਕਮਾਈਆ । ਸ਼ਬਦ ਕਹੇ ਪ੍ਰਭੂ ਕੀ ਗੁਰੂ ਚੰਗਾ, ਸਚ ਦੇ ਸਮਝਾਈਆ । ਸ੍ਰੀ ਭਗਵਾਨ


੧੦੨੯ ੧੯

ਕਹੇ ਸ਼ਬਦ ਗੁਰੂ ਜਿਸ ਵੇਲੇ ਬਣੇ ਪੰਜ ਤਤ ਖ਼ਾਕੀ ਬੰਦਾ, ਤੇਰੀ ਬੰਦਗੀ ਦਏ ਜਣਾਈਆ । ਲੱਖ ਚੁਰਾਸੀ ਵਿਚ ਮੇਰਾ ਧੰਦਾ, ਸਾਚੀ ਕਰਨੀ ਕਰ ਵਖਾਈਆ । ਲੇਖਾ ਜਾਣ ਜੇਰਜ ਅੰਡਾ, ਉਤਭੁਜ ਸੇਤਜ ਸੋਭਾ ਪਾਈਆ । ਸਤਿ ਚਮਕਾ ਨੂਰੀ ਚੰਦਾ, ਕਰੇ ਇਕ ਰੁਸ਼ਨਾਈਆ । ਮੈਂ ਵਸਾਂ ਅੰਗ ਸੰਗਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਹੋਏ ਸਹਾਈਆ । ਸ਼ਬਦ ਕਹੇ ਮੈਂ ਭਾਗ ਲਗਾਵਾਂ ਤਨ ਮਾਟੀ ਖ਼ਾਕੀ, ਖ਼ਾਲਕ ਤੇਰਾ ਹੁਕਮ ਸੀਸ ਟਿਕਾਈਆ । ਸਚ ਦਵਾਰੇ ਖੋਲ੍ਹ ਕੇ ਤਾਕੀ, ਪਰਦਾ ਇਕ ਉਠਾਈਆ । ਬਾਤਨ ਹੋ ਕੇ ਦੱਸਾਂ ਬਾਤੀ, ਬੈਤਲ ਧਾਮ ਇਕ ਸੁਹਾਈਆ । ਤੇਰੀ ਮਿਲਾਵਾਂ ਤੇਰੇ ਨਾਲ ਜਾਤੀ, ਜਾਤ ਜਾਤ ਵਿਚੋਂ ਖੋਜ ਖੁਜਾਈਆ । ਤੇਰਾ ਦੱਸਾਂ ਨਿਰਮਲ ਨੂਰ ਸਾਖਿਆਤੀ, ਸਤਿ ਸਤਿਵਾਦੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਬਣਾਈਆ । ਪ੍ਰਭ ਕਹੇ ਮੇਰੇ ਸੱਚੇ ਪਾਰਸ, ਤੇਰੇ ਹੱਥ ਦਿਆਂ ਤੇਰੀ ਵਡਿਆਈਆ । ਤੇਰੀ ਸਿਫ਼ਤ ਅੰਦਰ ਜਗਤ ਵਿਦਿਆ ਬਣਾਵਾਂ ਆਰਫ਼, ਅਲਫ਼ ਯੇ ਕਰ ਪੜ੍ਹਾਈਆ । ਤੇਰਾ ਤੱਤਾਂ ਨਾਲ ਕਰਾਂ ਤੁਆਰਫ਼, ਮਤਾਂ ਨਾਲ ਸਮਝਾਈਆ । ਹੱਥਾਂ ਨਾਲ ਲਿਖਾਂ ਇਬਾਰਤ, ਨਾਤਾ ਜੋੜ ਕਲਮ ਸ਼ਾਹੀਆ । ਸਿਫ਼ਤਾਂ ਵਿਚ ਕਰਾਂ ਸਫ਼ਾਰਸ਼, ਸਾਚਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇਵਾਂ ਮਾਣ ਵਡਿਆਈਆ । ਸ਼ਬਦ ਕਹੇ ਮੈਂ ਗੁਰੂ ਬਣ ਕੇ, ਸਚ ਤੇਰੀ ਸੇਵ ਕਮਾਈਆ । ਦੋ ਜਹਾਨਾਂ ਆਪਣਾ ਤਾਣਾ ਤਣ ਕੇ, ਚਾਰੋਂ ਕੁੰਟ ਵੇਖ ਵਖਾਈਆ । ਜੋਧਾ ਸੂਰਬੀਰ ਬਲਵਾਨ ਬਣ ਕੇ, ਹੁਕਮ ਇਕ ਵਰਤਾਈਆ । ਲੱਖ ਚੁਰਾਸੀ ਭਾਂਡਾ ਘੜ ਕੇ, ਘਟ ਘਟ ਵਸਤ ਟਿਕਾਈਆ । ਤੇਰੇ ਪਰੇਮ ਪਿਆਰ ਦਾ ਢੋਲਾ ਪੜ੍ਹ ਕੇ, ਸੋਹਣਾ ਰਾਗ ਸੁਣਾਈਆ । ਤਤ ਮਾਇਆ ਜੋੜ ਜੜ ਕੇ, ਪਰਕਿਰਤੀ ਕਰਾਂ ਕੁੜਮਾਈਆ । ਸਚ ਦਵਾਰਾ ਵੇਖਾਂ ਖੜ ਕੇ, ਖਿੜਕੀ ਇਕ ਖੁਲ੍ਹਾਈਆ । ਮੰਦਰ ਪੌੜੇ ਆਪੇ ਚੜ੍ਹ ਕੇ, ਸੋਹਣਾ ਡੇਰਾ ਲਾਈਆ । ਭੇਵ ਜਾਣਾਂ ਘਰ ਘਰ ਕੇ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੀ ਸੇਵ ਕਮਾਈਆ । ਮੈਂ ਗੁਰੂ ਸ਼ਬਦ ਸਰੂਪ ਅਖਵਾਵਾਂਗਾ । ਤੇਰਾ ਲੇਖਾ ਜਿਥੋਂ ਹੁੰਦਾ ਸ਼ੁਰੂ, ਉਸ ਤੋਂ ਅੱਗੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫੇਰ ਪੜ੍ਹਾਵਾਂਗਾ । ਤੇਰਾ ਮਾਰਗ ਜਿਸ ਦਵਾਰਿਉਂ ਤੁਰੂ, ਉਸ ਨੂੰ ਤੁਰੀਆ ਰਾਗ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸਚ ਕਰਨੀ ਕਾਰ ਕਮਾਵਾਂਗਾ । ਗੁਰੂ ਬਣ ਕੇ ਗਾਵਾਂ ਗਹਿਰ ਗੰਭੀਰ, ਸੇਵਾ ਸਚ ਕਮਾਈਆ । ਨਾਤਾ ਜੋੜ ਤਤ ਸਰੀਰ, ਸਾਚੀ ਵੰਡ ਵੰਡਾਈਆ । ਚੋਟੀ ਚੜ੍ਹ ਇਕ ਅਖ਼ੀਰ, ਆਖ਼ਰ ਮੰਜ਼ਲ ਮਹਿਬੂਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਮੈਂ ਗੁਰੂ ਹੋ ਕੇ ਕਮਾਵਾਂ ਸੇਵ, ਸੇਵਕ ਰੂਪ ਵਟਾਈਆ । ਤੂੰ ਦਾਤਾ ਅਲੱਖ ਅਭੇਵ, ਅਗੋਚਰ ਇਕੋ ਨਜ਼ਰੀ ਆਈਆ । ਸਚਖੰਡ ਦਵਾਰ ਵਸੇਂ ਨਿਹਕੇਵ, ਨਿਹਚਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਇਕੋ ਮੰਗ ਮੰਗਾਈਆ । ਮੈਂ ਗੁਰੂ ਤੂੰ ਸਾਹਿਬ ਭਗਵਾਨ, ਦੋਹਾਂ ਮਿਲ ਕੇ ਖੇਲ ਰਚਾਈਆ । ਸਚ ਦੱਸ ਮੇਰੇ ਮਿਹਰਵਾਨ, ਦਰ ਤੇਰੇ ਮੰਗ ਮੰਗਾਈਆ । ਕਵਣ ਵੇਲਾ ਦੋਵੇਂ ਰਲ ਕੇ ਕੱਠੇ ਵਸੀਏ ਵਿਚ ਜਹਾਨ, ਗ੍ਰਿਹਿ ਮਿਲ ਕੇ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤੇ ਹੋ ਮਿਹਰਵਾਨ, ਸਚ ਦਿਤਾ ਸੁਣਾਈਆ ।

੧੦੨੭ ੧੯

ਕਲਜੁਗ ਅੰਤਮ ਖੇਲ ਕਰਾਂ ਮਹਾਨ, ਮਹਿਮਾਂ ਅਕੱਥ ਕਥ ਨਾ ਸਕੇ ਕੋਇ ਰਾਈਆ । ਤੂੰ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੀਰ ਪੈਗੰਬਰ ਬਣ ਕੇ ਮੰਗਦਾ ਰਹੇਂ ਦਾਨ, ਝੋਲੀ ਆਪਣੀ ਅੱਗੇ ਡਾਹੀਆ । ਕਾਗ਼ਜ਼ ਕਲਮ ਸ਼ਾਹੀ ਨਾਲ ਲਿਖਦਾ ਰਹੇਂ ਬਿਆਨ, ਵਾਕ ਭਵਿਖਤ ਇਕ ਸਮਝਾਈਆ । ਲੱਖ ਚੁਰਾਸੀ ਦੇਂਦਾ ਰਹੇਂ ਗਿਆਨ, ਧੁਰ ਸੰਦੇਸਾ ਇਕ ਸੁਣਾਈਆ । ਆਸਾ ਤੱਕਦਾ ਰਹੇਂ ਮੇਰਾ ਆਵੇ ਭਗਵਾਨ, ਨਿਰਗੁਣ ਆਪਣਾ ਵੇਸ ਵਟਾਈਆ । ਕਿਰਪਾ ਕਰੇ ਹਰਿ ਸੁਲਤਾਨ, ਸੁਤ ਦੁਲਾਰੇ ਵੇਖ ਵਖਾਈਆ । ਮੇਰਾ ਨੂਰ ਜੋਤ ਮਹਾਨ, ਤੇਰਾ ਸ਼ਬਦੀ ਰੂਪ ਵਟਾਈਆ । ਦੋਹਾਂ ਮਿਲ ਕੇ ਬਣੇ ਇਕ ਵਿਧਾਨ, ਜਿਸ ਵਿਧਾਨ ਦੀ ਧਾਰਾ ਸਮਝ ਕਿਸੇ ਨਾ ਆਈਆ । ਗੁਰੂਆਂ ਲੇਖਾ ਚੁੱਕੇ ਜਹਾਨ, ਪੁਰਖ ਅਕਾਲ ਹੱਥ ਰੱਖੇ ਵਡਿਆਈਆ । ਓਸ ਵੇਲੇ ਚਾਰ ਜੁਗ ਦੇ ਪੀਰਾਂ ਪੈਗ਼ੰਬਰਾਂ ਕੋਲੋਂ ਲੈ ਕੇ ਬਿਆਨ, ਤੇਰਾ ਕਰ ਕੇ ਆਪ ਧਿਆਨ, ਵੇਖ ਵਖਾਏ ਥਾਉਂ ਥਾਈਆ । ਤੂੰ ਗੁਰੂ ਹੋ ਕੇ ਕਹੀਂ ਸਤਿਗੁਰੂ ਮੇਰਾ ਬਲਵਾਨ, ਸਤਿਗੁਰ ਕਹੇ ਮੈਂ ਧੁਰ ਦਾ ਸ੍ਰੀ ਭਗਵਾਨ, ਜਿਸ ਦਾ ਝੁਲਦਾ ਰਹੇ ਨਿਸ਼ਾਨ, ਏਥੇ ਓਥੇ ਨਾ ਕੋਇ ਮਿਟਾਈਆ । ਓਸ ਵੇਲੇ ਕਿਸੇ ਦੀ ਕੰਮ ਨਾ ਆਵੇ ਜ਼ਬਾਨ, ਜ਼ਿਹ੍ਵਾ ਕਰੇ ਥਾਉਂ ਥਾਈਂਆ । ਨਾ ਕੋਈ ਚਿਲਾ ਫੜੇ ਤੀਰ ਕਮਾਨ, ਸ਼ਸਤਰ ਅਸਤਰ ਬਸਤਰ ਨਾ ਕੋਇ ਵਖਾਈਆ । ਨਾ ਕੋਈ ਕਲਮਾ ਨਬੀ ਰਸੂਲ ਦੇਵੇ ਪੈਗ਼ਾਮ, ਪੈਗ਼ੰਬਰ ਕਰੇ ਨਾ ਕੋਇ ਪੜ੍ਹਾਈਆ । ਨਾ ਕੋਈ ਦੀਨ ਮਜ਼੍ਹਬ ਇਸਲਾਮ, ਜਾਤ ਪਾਤ ਨਾ ਕੋਇ ਜਣਾਈਆ । ਜਿਸ ਦੀ ਇਕੋ ਇਕ ਕਲਾਮ, ਦੋ ਜਹਾਨ ਰਹੇ ਜਸ ਗਾਈਆ । ਸ਼ਬਦ ਗੁਰੂ ਗੁਰ ਕਲਮਿਆਂ ਵਿਚੋਂ ਮੈਨੂੰ ਮੰਨੀਂ ਅਮਾਮ, ਅਮਾਮਾਂ ਵਿਚੋਂ ਮੇਰਾ ਨੂਰ ਰੁਸ਼ਨਾਈਆ । ਤੂੰ ਸਜਦਾ ਕਰੇਂ ਸਲਾਮ, ਅਲੈਕਮ ਮੁੜ ਕੇ ਤੇਰੀ ਝੋਲੀ ਪਾਈਆ । ਬੇਸ਼ਕ ਤੂੰ ਗੁਰੂ ਮੇਰੇ ਵਾਸਤੇ ਬਾਲ ਨਾਦਾਨ, ਬੱਚਿਆਂ ਵਾਂਗ ਆਪਣੀ ਗੋਦ ਵਿਚ ਰਖਾਈਆ । ਜਿਸ ਵੇਲੇ ਵਸਾਂ ਸਚਖੰਡ ਵਿਚ ਮੈਦਾਨ, ਮਾਧਵ ਆਪਣਾ ਰੂਪ ਧਰਾਈਆ । ਉਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਮੈਨੂੰ ਮੰਨਣ ਕਾਹਨ, ਮੈਂ ਲੱਖ ਚੁਰਾਸੀ ਗੋਪੀ ਆਪ ਹੰਢਾਈਆ । ਇਹੋ ਮੇਰਾ ਧੁਰ ਫ਼ਰਮਾਣ, ਜਿਹੜਾ ਕਿਸੇ ਨਾ ਬੋਲਿਆ ਜਾਏ ਵਿਚ ਜ਼ਬਾਨ ਕਲਮ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਜੇ ਹੌਲੀ ਹੌਲੀ ਥੋੜਾ ਥੋੜਾ ਜੋ ਦੱਸੇ ਬਿਆਨ, ਬਾਕੀ ਆਪਣੇ ਵਿਚ ਛੁਪਾਈਆ ।

## ★ ੫ ਜੇਠ ੨੦੨੧ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਮੁੰਡੀ ਜੁਮਾਲ ਜ਼ਿਲਾ ਫ਼ਿਰੋਜਪੁਰ ★

ਸੁਤ ਸ਼ਬਦ ਕਹੇ ਪ੍ਰਭ ਤੇਰਾ ਬੇਟਾ, ਥਿਰ ਘਰ ਮਿਲੀ ਮਾਣ ਵਡਿਆਈਆ । ਸਤਿ ਸਤਿਵਾਦੀ ਆਦਿ ਜੁਗਾਦੀ ਧੁਰ ਦਾ ਖੇਵਟ ਖੇਟਾ, ਨਿਰਗੁਣ ਨਿਰਵੈਰ ਨਿਰਾਕਾਰ ਸੇਵ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਧੁਰਦਰਗਾਹੀ ਬਣ ਕੇ ਨੇਤਾ, ਦੋ ਜਹਾਨਾਂ ਹੁਕਮ ਮਨਾਈਆ । ਪੰਜ ਤਤ ਕਾਇਆ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰਾਂ ਕਰਾਂ ਹੇਤਾ, ਨਿਤ ਨਵਿਤ ਆਪਣਾ ਮੇਲ ਮਿਲਾਈਆ । ਨਵ ਨੌ ਚਾਰ ਨਿਰਗੁਣ ਸਰਗੁਣ ਖੇਲਾਂ ਖੇਡਾ, ਰੂਪ ਅਨੂਪ ਸ਼ਾਹੋ ਭੂਪ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਦਿਤਾ ਇਕ ਵਰ, ਸਿਰ ਮੇਰੇ ਹੱਥ ਟਿਕਾਈਆ । ਸੁਤ ਸ਼ਬਦ ਕਹੇ ਪ੍ਰਭ ਮੇਰੇ ਠਾਕਰ, ਦੀਨ ਦਿਆਲ ਤੇਰੀ ਵਡਿਆਈਆ । ਗਹਿਰ ਗੰਭੀਰ ਡੂੰਘੇ ਸਾਗਰ, ਭੇਵ ਅਭੇਦ ਤੇਰਾ ਕੋਇ ਨਾ ਜਾਣੇ ਰਾਈਆ । ਬਾਲੇ ਨੱਢੇ ਦੇਵੇਂ ਆਦਰ, ਆਦਰਸ਼ ਇਸ਼ਟ ਇਕੋ ਇਕ ਵਖਾਈਆ । ਕੁਦਰਤ ਬਖ਼ਸ਼ੇਂ ਕਰਤੇ ਕਾਦਰ, ਕਰੀਮ ਤੇਰੀ ਸਰਨਾਈਆ । ਨਿਰਮਲ ਨਿਰਵੈਰ ਕੀਆ ਉਜਾਗਰ, ਨਿਰਾਕਾਰ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਤੀ ਸਚ ਮਾਣ ਵਡਿਆਈਆ । ਸ਼ਬਦ ਸੁਤ ਕਹੇ ਮੇਰੇ ਸਾਹਿਬ ਸੁਲਤਾਨ, ਪਾਰਬ੍ਰਹਮ ਬੇਪਰਵਾਹੀਆ । ਹੁਕਮੇ ਅੰਦਰ ਕੀਤਾ ਰਾਜ ਰਾਜਾਨ, ਸ਼ਹਿਨਸ਼ਾਹ ਹੋ ਕੇ ਸ਼ਾਹੀ ਇਕ ਸਮਝਾਈਆ । ਦਾਤਾ ਹੋ ਕੇ ਦਿਤਾ ਦਾਨ, ਵਸਤ ਅਮੋਲਕ ਅਗੰਮ ਅਥਾਹ ਬੇਪਰਵਾਹ ਦਿਤੀ ਇਕ ਵਰਤਾਈਆ । ਮਿਹਰਵਾਨ ਹੋ ਕੇ ਦਿਤਾ ਮਾਣ, ਚਰਨ ਕਵਲ ਥਿਰ ਘਰ ਬਖ਼ਸ਼ੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸੁਤ ਕਹੇ ਮੋਹੇ ਬਣਾਇਆ ਲਾਲ, ਹਰਿ ਕਰਤੇ ਦਇਆ ਕਮਾਈਆ । ਆਪਣੀ ਧਾਰੋਂ ਆਪ ਉਠਾਲ, ਨਿਰਗੁਣ ਨਿਰਾਕਾਰ ਸਾਚੀ ਕਾਰ ਜਣਾਈਆ । ਜਨਨੀ ਜਨ ਬਣ ਦੀਨ ਦਿਆਲ, ਮਾਤ ਪਿਤ ਆਪ ਅਖਵਾਈਆ । ਸਚ ਸੁਹੰਜਣੀ ਗੋਦ ਉਠਾਲ, ਮਹਲ ਅਟੱਲ ਦਿਤਾ ਬਹਾਈਆ । ਸਚਖੰਡ ਅੰਦਰ ਥਿਰ ਘਰ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਜਣਾਈਆ । ਦੂਜਾ ਕੋਈ ਨਾ ਦਿਸੇ ਨਾਲ, ਸੰਗੀ ਸੰਗ ਨਾ ਕੋਇ ਨਿਭਾਈਆ । ਰੂਪ ਨਜ਼ਰ ਨਾ ਆਏ ਕਾਲ ਮਹਾਂਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੁਤ ਸ਼ਬਦ ਕਹੇ ਪ੍ਰਭ ਬੇਨਜ਼ੀਰ, ਲਾਸ਼ਰੀਕ ਤੇਰੀ ਸ਼ਰਨਾਈਆ । ਤੇਰਾ ਜਲਵਾ ਨੂਰ ਅਗੰਮ ਲਾਤਸਵੀਰ, ਮੁਸਵੱਰ ਸਕੇ ਨਾ ਕੋਇ ਬਣਾਈਆ । ਤੇਰੀ ਮੰਜ਼ਲ ਚੋਟੀ ਇਕ ਅਖ਼ੀਰ, ਰਹਿਬਰ ਪੰਧ ਨਾ ਕੋਇ ਮੁਕਾਈਆ । ਬੇਅੰਤ ਬੇਪਰਵਾਹ ਤੇਰੀ ਤਦਬੀਰ, ਤਜਵੀਜ਼ ਹੱਥ ਕਿਸੇ ਨਾ ਆਈਆ । ਤੇਰਾ ਨੂਰ ਨੁਰਾਨਾ ਬੇਨਜ਼ੀਰ, ਨੇਤਰ ਨੈਣ ਨਾ ਕੋਇ ਤਕਾਈਆ । ਤੇਰੀ ਧਾਰ ਅਗੰਮੀ ਇਕ ਲਕੀਰ, ਲੇਖਾ ਜਾਣੇ ਨਾ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਮਾਣ ਵਡਿਆਈਆ । ਸ਼ਬਦ ਕਹੇ ਮੇਰੇ ਪਰਵਰਦਿਗਾਰ, ਬੇਐਬ ਬੇਪਰਵਾਹੀਆ । ਸਾਚੀ ਮੰਜ਼ਲ ਦਿਤੀ ਵਖਾਲ, ਜਿਸ ਗ੍ਰਿਹਿ ਵਸੇ ਨੂਰ ਅਲਾਹੀਆ । ਮੁਕਾਮੇ ਹੱਕ ਜਲਵਾ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਆਦਿ ਜੁਗਾਦਿ ਨਾ ਆਏ ਜ਼ਵਾਲ, ਨਿਤ ਨਵਿਤ ਇਕੋ ਰੰਗ ਵਖਾਈਆ । ਮਹਲ ਅਟੱਲ ਇਕ ਦਿਆਲ, ਦੀਨਨ ਸਚ ਦਿਤਾ ਦ੍ਰਿੜਾਈਆ । ਦਰਗਾਹ ਸਾਚੀ ਧਾਮ ਬਹਾਲ, ਮਹਲ ਕਰੇ ਰੁਸ਼ਨਾਈਆ । ਦੀਆ ਬਾਤੀ ਧੁਰ ਦਾ ਬਾਲ, ਜੋਤੀ ਨੂਰ ਡਗਮਗਾਈਆ । ਮਿਹਰਵਾਨ ਮਿਹਬਾਨ ਮੈਂ ਹੋਇਆ ਹੈਰਾਨ, ਬੇਸਮਝ ਤੇਰੀ ਸਮਝ ਪਾਵੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਿਤਾ ਚੁਕਾਈਆ । ਸ਼ਬਦ ਕਹੇ ਮੈਂ ਕਲਮਾ ਤੇਰਾ ਨੂਰ, ਸਦ ਸਿਫ਼ਤੀ ਸਿਫ਼ਤ ਸਾਲਾਹੀਆ । ਜਾਹਰ ਬਾਤਨ ਤੇਰਾ ਜਹੂਰ, ਜਲਵਾਗਰ ਇਕੋ ਇਕ ਦਰਸਾਈਆ । ਨਿਤ ਨਵਿਤ ਸਦਾ ਸਦਾ ਸਦ ਰਹਾਂ ਹਾਜ਼ਰ ਹਜ਼ੂਰ, ਹਜ਼ਰਤ ਦਰ ਤੇ ਸੀਸ ਝੁਕਾਈਆ । ਤੇਰਾ ਭੰਡਾਰਾ ਵੇਖ ਭਰਪੂਰ, ਖ਼ਾਲੀ ਝੋਲੀ ਇਕ ਵਖਾਈਆ । ਮੇਰੀ ਅਰਜ਼ ਆਰਜ਼ੂ ਖ਼ਾਹਿਸ਼ ਕਰ ਮਨਜ਼ੂਰ, ਮਕਸਦ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਸੰਗ ਇਕ ਨਿਭਾਈਆ । ਸਾਚਾ ਸੰਗ ਰੱਖ ਭਗਵੰਤ,

ਦਰ ਤੇਰੇ ਅਲੱਖ ਜਗਾਈਆ । ਪਰੇਮ ਪ੍ਰੀਤੀ ਦੇ ਦੇ ਮਣੀਆਂ ਮੰਤ, ਨਾਮ ਨਿਧਾਨਾ ਇਕ ਸਮਝਾਈਆ । ਮੈਂ ਸਿਫ਼ਤੀ ਢੋਲਾ ਗਾਵਾਂ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਤੇਰਾ ਖੇਲ ਵੇਖਾਂ ਆਦਿ ਅੰਤ, ਜੁਗ ਚੌਕੜੀ ਨੈਣ ਉਠਾਈਆ । ਤੇਰਾ ਨਾਤਾ ਵੇਖਾਂ ਨਾਰ ਕੰਤ, ਨਿਰਗੁਣ ਨਿਰਗੁਣ ਕਰੇਂ ਕੁੜਮਾਈਆ । ਤੇਰੀ ਸਤਿ ਸਤਿਵਾਦੀ ਵੇਖਾਂ ਬਣਤ, ਕਿਸ ਬਿਧ ਘਾੜਤ ਲਏਂ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦਿਤਾ ਚੁਕਾਈਆ । ਸ਼ਬਦ ਸੁਤ ਕਹੇ ਮੇਰੇ ਪਿਤਾ ਪੁਰਖ ਅਕਾਲ, ਅਕਲ ਕਲਧਾਰੀ ਇਕ ਅਖਵਾਇੰਦਾ । ਮੈਂ ਨੰਨ੍ਹਾ ਬਾਲਾ ਨੱਢਾ ਤੇਰਾ ਲਾਲ, ਗੋਦੜੀ ਸੋਹਣੀ ਇਕ ਸੁਹਾਇੰਦਾ । ਤਨ ਮਾਟੀ ਨਾ ਕੋਈ ਖਾਲ, ਪੰਜ ਤਤ ਚੋਲਾ ਨਾ ਕੋਇ ਹੰਢਾਇੰਦਾ । ਛੱਪਰ ਛੰਨ ਨਾ ਕੋਇ ਧਰਮਸਾਲ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਸੱਜਣ ਮੀਤ ਨਾ ਕੋਇ ਨਾਲ, ਮਿੱਤਰ ਪਿਆਰਾ ਨਾ ਕੋਇ ਅਖਵਾਇੰਦਾ । ਪ੍ਰਭ ਨਿਰਗੁਣ ਨਿਰਗੁਣ ਤੇਰੀ ਵੇਖਾਂ ਇਕ ਅਵੱਲੜੀ ਚਾਲ, ਜਿਸ ਅੰਤਰ ਆਪਣੀ ਖੇਲ ਖਿਲਾਇੰਦਾ । ਆਪਣੀ ਧਾਰੋਂ ਉਪਜਿਆ ਇਕੋ ਲਾਲ, ਜਿਸ ਵਿਚ ਲਾਲਚ ਤਮਾਂ ਨਾ ਕੋਇ ਰਖਾਇੰਦਾ । ਇਕੋ ਬਖ਼ਸ਼ੇਂ ਚਰਨ ਪਿਆਰ, ਸਚ ਪ੍ਰੀਤੀ ਸਾਚੇ ਘਰ ਬੰਧਾਇੰਦਾ । ਸਚਖੰਡ ਵੇਖ ਤੇਰਾ ਧਰਮਸਾਲ, ਥਿਰ ਘਰ ਆਪਣਾ ਡੇਰਾ ਲਾਇੰਦਾ । ਤੇਰੀ ਕਿਰਪਾ ਅੰਦਰ ਸੇਵਾ ਕਰਾਂ ਮਹਾਨ, ਸੇਵਕ ਆਪਣਾ ਰੂਪ ਵਖਾਇੰਦਾ । ਤੇਰਾ ਸੁਣ ਹੁਕਮ ਫ਼ਰਮਾਣ, ਧੁਰ ਦੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਇੰਦਾ । ਸੁਤ ਸ਼ਬਦ ਜਗਾਏ ਅਲਖ, ਉਚੀ ਕੂਕ ਕੂਕ ਸੁਣਾਈਆ । ਪਤਿਪਰਮੇਸ਼ਵਰ ਮਾਰਗ ਦੱਸ, ਰਹਿਬਰ ਬਣ ਕੇ ਦੇ ਸਮਝਾਈਆ । ਵਸਤ ਅਮੋਲਕ

੧੦੩੦ ੧੯

ਝੋਲੀ ਪਾ ਹੱਕ, ਆਪਣੀ ਹਕੀਕਤ ਦਏ ਦ੍ਰਿੜਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਤ ਨਵਿਤ ਰਹੇ ਰੁਸ਼ਨਾਈਆ । ਨਾਤਾ ਜੋੜ ਸੱਚੋ ਸੱਚ, ਦੋ ਜਹਾਨ ਤੁਟ ਕਦੇ ਨਾ ਜਾਈਆ । ਪਰੇਮ ਪ੍ਰੀਤੀ ਅੰਦਰ ਰਚ, ਰਚਨਾ ਆਪਣੀ ਦੇ ਸਮਝਾਈਆ । ਸਗਲ ਵਿਸੂਰੇ ਜਾਇਣ ਲੱਥ, ਦੁਬਧਾ ਰੂਪ ਨਾ ਕੋਇ ਵਖਾਈਆ । ਮਿਹਰਵਾਨ ਹੋ ਕੇ ਸੀਸ ਜਗਦੀਸ ਰੱਖ ਹੱਥ, ਸਮਰਥ ਤੇਰੀ ਸਰਨਾਈਆ । ਸਚ ਦਵਾਰਾ ਖੋਲ੍ਹਾਂ ਹੱਟ, ਬਣ ਹਟਵਾਣਾ ਤੇਰਾ ਹੁਕਮ ਆਪਣੇ ਅੰਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦ ਸੁਤ ਰਿਹਾ ਦ੍ਰਿੜਾਈਆ । ਸ਼ਬਦ ਸੁਤ ਮੇਰੇ ਅਗੰਮ, ਅਗੰਮ ਦਿਆਂ ਵਡਿਆਈਆ । ਮੇਰੀ ਧਾਰੋਂ ਪਿਆ ਜੰਮ, ਨਾ ਕੋਈ ਪਿਤਾ ਨਾ ਕੋਈ ਮਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਦੱਸੇ ਕੰਮ, ਕਰਤਾ ਸਾਚੀ ਕਰਨੀ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਵਜੂਦ ਨਾ ਕੋਈ ਤਨ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਬਣਾਈਆ । ਨਾ ਕੋਈ ਘੜੇ ਨਾ ਸਕੇ ਭੰਨ, ਘਾੜਤ ਰੂਪ ਨਾ ਕੋਇ ਜਣਾਈਆ । ਨਾ ਕੋਈ ਆਦਿ ਜੁਗਾਦਿ ਦੇਵੇ ਡੰਨ, ਭੈ ਭੌ ਨਾ ਕੋਇ ਵਖਾਈਆ । ਮੈਂ ਤੇਰਾ ਬੇੜਾ ਦੇਵਾਂ ਬੰਨ੍ਹ, ਬਣ ਖੇਵਟ ਆਪਣੇ ਕੰਧ ਉਠਾਈਆ । ਤੂੰ ਪਿਤਾ ਪੁਰਖ ਅਕਾਲ ਇਕੋ ਲੈਣਾ ਮੰਨ, ਦੂਸਰ ਸੀਸ ਨਾ ਕਿਸੇ ਨਿਵਾਈਆ । ਤੇਰੇ ਘਰ ਅਨੋਖਾ ਚਾੜ੍ਹਾਂ ਚੰਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਸਮਝਾਈਆ । ਸ਼ਬਦ ਸੁਤ ਸੁਣ ਰਾਜ ਭੂਪ, ਪਰਮ ਪੁਰਖ ਪ੍ਰਭ ਆਪ ਦ੍ਰਿੜਾਇੰਦਾ । ਦਹਿ ਦਿਸ਼ਾ ਵੇਖ ਚਾਰੇ ਕੂਟ, ਬਿਨ ਨਿਰਗੁਣ ਨਜ਼ਰ ਕੋਇ ਨਾ ਆਇੰਦਾ । ਤਾਣਾ

੧੦੩੦ ੧੯

ਪੇਟਾ ਨਾ ਕੋਇ ਸੂਤ, ਸੂਤਰਧਾਰੀ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਆਵੇ ਨਾ ਕੋਈ ਜਾਵੇ ਕਰ ਕੇ ਕੂਚ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਤਤ ਨਾ ਦਿਸੇ ਕੋਇ ਪੰਜ ਭੂਤ, ਤ੍ਰੈ ਤ੍ਰੈ ਜੋੜ ਨਾ ਕੋਇ ਜੁੜਾਇੰਦਾ । ਤੇਰੇ ਉਪਰ ਦੀਨ ਦਿਆਲ ਹੋ ਕੇ ਜਾਵਾਂ ਤੁਠ, ਮਿਹਰ ਨਜ਼ਰ ਇਕ ਉਠਾਇੰਦਾ । ਸ਼ਬਦ ਤੇਰੇ ਗ੍ਰਿਹਿ ਜਨਮੇ ਵਿਸ਼ਨੂੰ ਸੁਤ, ਵਿਸ਼ਨੂੰ ਅੰਦਰ ਬ੍ਰਹਮਾ ਬ੍ਰਹਮ ਰੂਪ ਵਟਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਤੇਰੀ ਧਾਰ ਰਖਾਇੰਦਾ । ਆਪੇ ਵੇਖੇ ਉਹਲੇ ਲੁਕ, ਸਚਖੰਡ ਸਾਚੇ ਸੋਭਾ ਪਾਇੰਦਾ । ਦਏ ਭੰਡਾਰ ਇਕ ਅਤੁਟ, ਨਾਮ ਅਮੋਲਕ ਵਸਤ ਹਰਿ ਵਰਤਾਇੰਦਾ । ਨਿਰਗੁਣ ਹੋ ਕੇ ਲਏ ਪੁਛ, ਭੇਵ ਅਭੇਦਾ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਗਹਿਰ ਗੰਭੀਰ, ਹਰਿ ਕਰਤਾ ਆਪ ਜਣਾਈਆ । ਸੁਤ ਲਾਡਲੇ ਚੋਟੀ ਚੜ੍ਹ ਵੇਖ ਅਖ਼ੀਰ, ਆਖ਼ਰ ਮੰਜ਼ਲ ਇਕ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੋਤ ਸਰੂਪੀ ਬਿਨ ਤਤ ਸਰੀਰ, ਸਤਿ ਸਤਿਵਾਦੀ ਸੋਭਾ ਪਾਈਆ । ਚਿੰਤਾ ਦੁੱਖ ਹਰਖ਼ ਸੋਗ ਨਾ ਕੋਈ ਪੀੜ, ਮਾਇਆ ਮਮਤਾ ਲੋਭ ਮੋਹ ਨਾ ਕੋਇ ਰਖਾਈਆ । ਵੱਡਾ ਛੋਟਾ ਨਾ ਕੋਇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਇਕ ਇਕੱਲਾ ਏਕੰਕਾਰ ਨਰ ਹਰਿ ਆਪਣਾ ਬਣ ਕੇ ਬੈਠਾ ਮੀਤ, ਸੱਜਣ ਆਪਣਾ ਆਪ ਨਾਲ ਪਰਗਟਾਈਆ । ਸੁਤ ਦੁਲਾਰੇ ਦੱਸੇ ਰੀਤ, ਸ਼ਬਦੀ ਸ਼ਬਦ ਆਪ ਸਮਝਾਈਆ । ਮੇਰੇ ਪਰੇਮ ਪਿਆਰ ਦੀ ਮਾਰ ਚੀਕ, ਤੇਰੇ ਅੰਦਰੋਂ ਬਿਰਹੋਂ ਧਾਰ ਦਏ ਪਰਗਟਾਈਆ । ਤੇਰਾ ਮੇਰਾ ਰੂਪ ਸੋਹੰ ਠੀਕ, ਸੋ ਪੁਰਖ ਨਿਰੰਜਣ ਆਪ ਜਣਾਈਆ । ਥਿਰ ਘਰ ਗੌਣਾ ਇਕੋ ਗੀਤ, ਸਚਖੰਡ ਹੋਏ ਸ਼ਨਵਾਈਆ । ਸਦਾ ਸਦਾ ਸਦ ਰੱਖੀ ਇਕ ਉਡੀਕ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਮੈਂ ਦੂਰ ਦੁਰਾਡਾ ਸਦ ਵਸਣਹਾਰ ਨਜ਼ਦੀਕ, ਨੇਰਨ ਨੇਰਾ ਆਪਣਾ ਨਾਉਂ ਰਖਾਈਆ । ਸ਼ਬਦ ਦੁਲਾਰੇ ਸਾਚੀ ਵਸਤ ਪਾਵਾਂ ਭੀਖ, ਅਗੰਮ ਅਥਾਹ ਆਪ ਵਰਤਾਈਆ । ਨਿਤ ਨਵਿਤ ਰੱਖੀਂ ਉਡੀਕ, ਜੁਗ ਚੌਕੜੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਸੁਲਤਾਨ ਰਿਹਾ ਸਮਝਾਈਆ । ਸ਼ਾਹ ਸੁਲਤਾਨ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਅਲਖ ਅਗੋਚਰ ਅਗੰਮ ਅਥਾਹ, ਪਰਦਾਨਸੀਂ ਪਰਦਾ ਉਠਾਇੰਦਾ । ਬੇਐਬ ਪਰਵਰਦਿਗਾਰ ਨੂਰੀ ਖ਼ੁਦਾ, ਜਲਵਾ ਇਕੋ ਇਕ ਦ੍ਰਿੜਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਸਾਚਾ ਮਾਰਗ ਇਕ ਲਗਾਇੰਦਾ । ਸੁਤ ਦੁਲਾਰੇ ਆਪ ਸਮਝਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਤੇਰਾ ਮੇਲਾ ਲਏ ਮਿਲਾ, ਮੇਲ ਮਿਲਾਵਾ ਇਕੋ ਇਕ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸੰਗ ਰਖਾ, ਸਾਚਾ ਸੰਗਲ ਆਪਣਾ ਨਾਮ ਪਾਇੰਦਾ । ਅੰਤਰ ਹੋ ਕੇ ਮੰਗਲ ਗਾ, ਸ਼ਬਦ ਗੋਬਿੰਦ ਜਣਾਇੰਦਾ । ਸਤਿ ਸਤਿਵਾਦੀ ਸੋਹਣਾ ਮੰਦਰ ਦਏ ਸੁਹਾ, ਸਾਚੀ ਕੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਰਾਹ ਇਕ ਉਪਾਇੰਦਾ । ਸੁਤ ਦੁਲਾਰੇ ਸੁਣ ਮੇਰੇ ਸੁਤ, ਆਦਿ ਪੁਰਖ ਆਪ ਸਮਝਾਈਆ । ਤੇਰੀ ਸੁਹਾਵਾਂ ਸੁਹੰਜਣੀ ਰੁੱਤ, ਰੁੱਤੜੀ ਆਪਣੇ ਨਾਲ ਮਹਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਧਾਰੋਂ ਜਾਵਣ ਉਠ, ਤ੍ਰੈਗੁਣ ਮਾਇਆ ਕਰਾਂ ਕੁੜਮਾਈਆ । ਪੰਜ ਤਤ ਕਰ ਪਰਕਾਸ਼ ਹੋਵਾਂ ਖ਼ੁਸ਼, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਨਿਰਗੁਣ ਸਰਗੁਣ ਦੇ ਭੰਡਾਰ ਅਤੁਟ, ਲੱਖ ਚੁਰਾਸੀ ਵੰਡ ਵੰਡਾਈਆ । ਭਾਗ ਲਗਾਵਾਂ ਕਾਇਆ ਮਾਟੀ ਬੁੱਤ, ਨਿਰਗੁਣ ਸਰਗੁਣ

ਕਰਾਂ ਰੁਸ਼ਨਾਈਆ । ਦੇਵਾਂ ਵਡਿਆਈ ਮਨ ਮਤ ਬੁਧ, ਮਨਸਾ ਮਨਸਾ ਵਿਚੋਂ ਪਰਗਟਾਈਆ । ਨਾਉਂ ਰਖਾ ਅਬਿਨਾਸ਼ੀ ਅਚੁਤ, ਘਰ ਘਰ ਚੇਤਨ ਸਤਾ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦੀ ਸ਼ਬਦ ਭੇਵ ਖੁਲ੍ਹਾਈਆ । ਸ਼ਬਦੀ ਭੇਵ ਖੋਲ੍ਹੇ ਅਪਾਰ, ਅਪਰੰਪਰ ਆਪਣੇ ਹੱਥ ਰੱਖੇ ਵਡਿਆਈਆ । ਨਾਮ ਜੈਕਾਰਾ ਬੋਲ ਜੈ ਜੈਕਾਰ, ਸਚ ਸੰਦੇਸਾ ਇਕ ਸੁਣਾਈਆ । ਚਾਰੇ ਖਾਣੀ ਕਰਾਂ ਖ਼ਬਰਦਾਰ, ਅੰਡਜ ਜੇਰਜ ਉਤਭੁਜ ਸੇਤਜ ਆਪ ਉਠਾਈਆ । ਚਾਰੇ ਬਾਣੀ ਦਿਆਂ ਆਧਾਰ, ਪਰਾ ਪਸੰਤੀ ਮਧਮ ਬੈਖਰੀ ਨਾਦ ਸੁਣਾਈਆ । ਚਾਰੇ ਕੁੰਟ ਕਰਾਂ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਚਾਰੇ ਜੁਗ ਕਰਾਂ ਤਿਆਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੁਤ ਦੁਲਾਰੇ ਭੇਵ ਖੁਲ੍ਹਾਈਆ । ਸੁਤ ਦੁਲਾਰੇ ਰੱਖਣਾ ਯਾਦ, ਹਰਿ ਕਰਤਾ ਆਪ ਜਣਾਇੰਦਾ । ਤੇਰੀ ਰਚਨਾ ਰਚ ਕੇ ਆਦਿ, ਜੁਗ ਚੌਕੜੀ ਜੁਗਾਦਿ ਤੇਰੇ ਨਾਲ ਰਖਾਇੰਦਾ । ਆਪੇ ਵਿਚ ਰਹੇ ਵਿਸਮਾਦ, ਬਿਸਮਲ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਦੇਵੇ ਦਾਦ, ਆਤਮ ਪਰਮਾਤਮ ਵੰਡ ਵੰਡਾਇੰਦਾ । ਗ੍ਰਿਹਿ ਮੰਦਰ ਘਰ ਘਰ ਵਜਾਵੇ ਨਾਦ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਦੇਵੇ ਸਵਾਦ, ਨਿਝਰ ਝਿਰਨਾ ਇਕ ਝਿਰਾਇੰਦਾ । ਦੀਪਕ ਜੋਤੀ ਬਾਲ ਗ੍ਰਿਹਿ ਮੰਦਰ ਕਰੇ ਆਬਾਦ, ਰੁੱਤ ਬਸੰਤੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦੀ ਤੇਰਾ ਹੁਕਮ ਵਰਤਾਇੰਦਾ । ਸ਼ਬਦ ਸੁਤ ਵੇਖ ਨੌਜਵਾਨ, ਤੇਰਾ ਜੋਬਨ ਇਕ ਵਖਾਈਆ । ਦੋ ਜਹਾਨਾਂ ਕਰ ਕੇ ਹੁਕਮਰਾਨ, ਸਿਰ ਆਪਣਾ ਹੱਥ ਟਿਕਾਈਆ । ਪੁਰੀ ਲੋਅ

੧੦੩੨ ਬ੍ਰਹਿਮੰਡ ਖੰਡ ਧਰਤ ਧਵਲ ਆਕਾਸ਼ ਪਰਕਾਸ਼ ਦੇਣਾ ਫ਼ਰਮਾਣ, ਸਚ ਸੁਨੇਹੜਾ ਇਕ ਘਲਾਈਆ । ਤਤਵ ਤਤ ਤੇਰਾ ਦਾਸ, ਤ੍ਰੈ ਪੰਜ ਹੋਏ ਕੁੜਮਾਈਆ । ੧੦੩੨

੧੯ ਕਾਇਆ ਮੰਡਲ ਤੇਰੀ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਰੂਪ ਵਟਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਤੇਰੀ ਸ਼ਾਖ਼, ਲੋਕਮਾਤ ਪੱਤ ਟਹਿਣੀ ਆਪ ਮਹਿਕਾਈਆ । ਮੇਰੀ ਸਿਫ਼ਤ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾਏ ਗਾਥ, ਅੱਖਰ ਵੱਖਰ ਕਰ ਪੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਤੇਰਾ ਸਾਕ, ਪਾਰਬ੍ਰਹਮ ਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਤੂੰ ਦੋ ਜਹਾਨਾਂ ਵੇਖਣਾ ਮਾਰ ਝਾਕ, ਮਹਲ ਅਟੱਲ ਬਹਿ ਬਹਿ ਖ਼ੁਸ਼ੀ ਮਨਾਈਆ । ਤੇਰੀ ਸਦਾ ਸਦਾ ਸਦ ਰਹੇ ਪਰਭਾਤ, ਦਿਵਸ ਰੈਣ ਸੂਰਜ ਚੰਦ ਘੜੀ ਪਲ ਪਹਿਰ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦੀ ਸ਼ਬਦ ਤੇਰਾ ਰਾਹ ਵਖਾਈਆ । ਸ਼ਬਦ ਸੁਤ ਗਿਆ ਝੁਕ, ਦਰ ਸਾਚੇ ਸੀਸ ਨਿਵਾਇੰਦਾ । ਧੰਨ ਭਾਗ ਪ੍ਰਭ ਗਿਉਂ ਤੁਠ, ਸਿਰ ਮੇਰੇ ਹੱਥ ਟਿਕਾਇੰਦਾ । ਮੈਨੂੰ ਬਣਾ ਕੇ ਆਪਣਾ ਪੁੱਤ, ਲੱਖ ਚੁਰਾਸੀ ਮੇਰੀ ਝੋਲੀ ਪਾਇੰਦਾ । ਮੈਂ ਸੇਵਾ ਕਰ ਕੇ ਖ਼ੁਸ਼, ਚਾਕਰ ਆਪਣਾ ਨਾਉਂ ਵਟਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਖੇਲ ਵੇਖਾਂ ਲੁਕ, ਜਾਹਰ ਗੁਪਤ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੈਂਡਾ ਜਾਏ ਮੁੱਕ, ਥਿਰ ਰਹਿਣ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਜਲ ਕਰਾਂ ਮੁਖ, ਮੁਖ ਸਿਫ਼ਤੀ ਸਿਫ਼ਤ ਸਾਲਾਹਿੰਦਾ । ਜਨਨੀ ਭਾਗ ਲਗਾਵਾਂ ਕੁੱਖ, ਸੁਤ ਦੁਲਾਰਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕ ਵਰ, ਦਰ ਤੇਰੇ ਸੀਸ ਨਿਵਾਇੰਦਾ ।

ਸੁਤ ਦੁਲਾਰਾ ਕਹੇ ਮੇਰੇ ਜਗਦੀਸ, ਜਗਦੀਸ਼ਰ ਤੇਰੀ ਵਡ ਵਡਿਆਈਆ । ਮੈਂ ਛਤਰ ਵੇਖਾਂ ਤੇਰੇ ਸੀਸ, ਸਚਖੰਡ ਨਿਵਾਸੀ ਤੇਰੀ ਸੱਚੀ ਸ਼ਹਿਨਸ਼ਾਹੀਆ । ਜੁਗ ਚੌਕੜੀ ਸਾਚਾ ਕਲਮਾ ਨਾਮ ਦੇਵਾਂ ਹਦੀਸ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਪੜ੍ਹਾਈਆ । ਚਿਟੇ ਉਤੇ ਕਾਲੀ ਖਿਚ ਲਕੀਰ, ਅਲਫ਼ ਯੇ ਕਾਤਬ ਕਲਮ ਦਿਆਂ ਸਮਝਾਈਆ । ਆਪ ਬਣ ਕੇ ਲਾਸ਼ਰੀਕ, ਸ਼ਿਰਕਤ ਸਭ ਦੀ ਮੇਟ ਮਿਟਾਈਆ । ਤੇਰੀ ਕਿਰਪਾ ਆਪਣੇ ਹੱਥ ਰੱਖਾਂ ਇਕ ਤੌਫ਼ੀਕ, ਰਹਿਮਤ ਧੁਰ ਦੀ ਨਾਲ ਮਿਲਾਈਆ । ਮੁਰਸ਼ਦ ਹੋ ਕੇ ਮੁਰੀਦਾਂ ਦੱਸਾਂ ਧਾਰ ਬਾਰੀਕ, ਸੂਫ਼ੀਆਂ ਸੁਫਨ ਸਖੋਪਤ ਜਾਗਰਤ ਤੁਰਯਾ ਭੇਵ ਖੁਲ੍ਹਾਈਆ । ਗ਼ਰੀਬ ਨਿਮਾਣਾ ਹੋ ਕੇ ਵਸਾਂ ਨੀਚਾਂ ਨੀਚ, ਊਚੋ ਊਚ ਤੇਰੇ ਨਾਮ ਕਰਾਂ ਵਡਿਆਈਆ । ਜਨ ਭਗਤਾਂ ਦੱਸਾਂ ਸਚ ਪ੍ਰੀਤ, ਸੰਤ ਸੱਜਣ ਮੇਲ ਮਿਲਾਈਆ । ਗੁਰਮੁਖਾਂ ਰੱਖਾਂ ਸਦਾ ਉਡੀਕ, ਗੁਰਸਿਖਾਂ ਰਾਹ ਤਕਾਈਆ । ਤੂੰ ਮੇਰਾ ਮੈਂ ਤੇਰਾ ਏਥੇ ਓਥੇ ਦੋ ਜਹਾਨ ਸੋਹੰ ਢੋਲਾ ਗਾਵਾਂ ਗੀਤ, ਜਿਸ ਦਾ ਆਦਿ ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਨਾਮ ਦੀ ਬਣਾ ਕੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰਦਰ ਜਗਤ ਰਾਹ ਵਖਾਈਆ । ਸ਼ਬਦ ਕਹੇ ਮੈਂ ਦੂਲ੍ਹੋ ਦੂਲ੍ਹਾ, ਮਹਾਂਬਲੀ ਇਕ ਅਖਵਾਈਆ । ਤੇਰੀ ਕਿਰਪਾ ਫਲਿਆ ਫੂਲਾ, ਲੱਖ ਚੁਰਾਸੀ ਪੱਤ ਡਾਲੀ ਮਾਤ ਮਹਿਕਾਈਆ । ਦੋ ਜਹਾਨਾਂ ਅਵਣ ਗਵਣ ਤ੍ਰੈਭਵਨ ਮੇਰਾ ਝੂਲਾ, ਬ੍ਰਹਿਮੰਡ ਖੰਡ ਉਨੰਜਾ ਪਵਨ ਮੇਰੀ ਸੁਗੰਧੀ ਰਹੀ ਵਖਾਈਆ । ਕੋਈ ਨਾ ਜਾਣੇ ਮੇਰਾ ਆਦਿ ਮੂਲਾ, ਅੰਤ ਕਹਿਣ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ ਸ਼ੰਕਰ ਹੱਥ ਫੜਾਈ ਤਰਸੂਲਾ, ਤ੍ਰੈਗੁਣ ਸਗਲਾ ਸੰਗ ਨਿਭਾਈਆ । ਕੋਟਨ ਕੋਟ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਭੂਲਾ, ਸਚ ਸੁਚ ਤੇਰਾ ਨਾਮ ਇਕੋ ਨਜ਼ਰੀ ਆਈਆ । ਤੂੰ ਸਾਹਿਬ ਸੁਲਤਾਨ ਸ੍ਰੀ ਭਗਵਾਨ ਸਰਬ ਜੀਆਂ ਕੰਤ ਕੰਤੂਲਾ, ਸਤਿ ਸਤਿਵਾਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਇਕ ਘਰ, ਜਿਸ ਘਰ ਵੱਜੇ ਸਤਿ ਵਧਾਈਆ । ਸ੍ਰੀ ਭਗਵਾਨ ਸਰਬ ਗੁਣਵੰਤਾ, ਸਤਿ ਸਚ ਸਚ ਦ੍ਰਿੜਾਇੰਦਾ । ਸੁਤ ਸ਼ਬਦ ਵੇਖ ਬਣਾਈ ਬਣਤਾ, ਘੜਨ ਭੰਨਣਹਾਰ ਖੇਲ ਖਿਲਾਇੰਦਾ । ਜੁਗ ਚੌਕੜੀ ਅਗਣਤ ਅਗਣਤਾ, ਗਿਣਤੀ ਗਣਤ ਨਾ ਕੋਇ ਗਣਾਇੰਦਾ । ਸੇਵਾ ਲਗਾਏ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤਾਂ, ਭਗਤ ਭਗਵੰਤ ਖੇਲ ਵਖਾਇੰਦਾ । ਵੇਸ ਵਟਾਏ ਜੁਗਾ ਜੁਗੰਤਾ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਗੜ੍ਹ ਤੋੜੇ ਆਤਮ ਪਰਮਾਤਮ ਹਉਮੇਂ ਹੰਗਤਾ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਦਰ ਦਰਵੇਸ਼ ਅਲਖ ਨਿਰੰਜਣ ਜਨ ਭਗਤ ਦਵਾਰੇ ਹੋਏ ਮੰਗਤਾ, ਨਿਰਧਨ ਸਰਧਨ ਆਪਣਾ ਰੂਪ ਵਟਾਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਖਾਣੀ ਬਾਣੀ ਬਣੇ ਧੁਰ ਦਾ ਪੰਡਤਾ, ਸਾਚੀ ਸਿਖਿਆ ਇਕ ਸਮਝਾਇੰਦਾ । ਲੇਖਾ ਜਾਣੇ ਜੀਵ ਜੰਤਾ, ਜਾਗਰਤ ਜੋਤ ਨੂਰ ਰੁਸ਼ਨਾਇੰਦਾ । ਪੜਦਾ ਲਾਹੇ ਜੇਰਜ ਅੰਡਤਾ, ਉਤਭੁਜ ਸੇਤਜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸ਼ਬਦ ਸੁਤ ਕਹੇ ਪ੍ਰਭ ਤੇਰੀ ਕਰਨੀ, ਹਰਿ ਠਾਕਰ ਮੋਹੇ ਭਾਈਆ । ਹਉਂ ਸੇਵਕ ਖ਼ਾਕ ਢਹਿ ਪਿਆ ਚਰਨੀ, ਚਰਨ ਚਰਨੋਦਕ ਮੁਖ ਚੁਆਈਆ । ਸਚ ਦੱਸ ਕਵਣ ਵੇਲਾ ਬਣ ਸੁਹੇਲਾ ਬਾਂਹ ਫੜਨੀ, ਨਿਰਗੁਣ ਨਿਰਗੁਣ ਆਪਣਾ ਮੇਲ ਮਿਲਾਈਆ । ਕਵਣ ਮੰਦਰ ਕਵਣ ਧਾਮ ਕਵਣ ਪੌੜੀ ਚੜ੍ਹਨੀ, ਕਵਣ ਮੰਜ਼ਲ ਪੰਧ ਮੁਕਾਈਆ । ਕਵਣ ਨਾਦ ਧੁਨ ਕਵਣ ਅੱਖਰੀ ਬਾਣੀ

ਪੜ੍ਹਨੀ, ਕਵਣ ਸ਼ਬਦ ਕਰੇ ਸ਼ਨਵਾਈਆ । ਕਵਣ ਲੇਖਾ ਚੁਕਾਏ ਵਰਨੀ ਬਰਨੀ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਖੁਲ੍ਹਾਈਆ । ਸਾਚਾ ਭੇਵ ਖੋਲ੍ਹ ਕਰਤਾਰ, ਕਰਤਾ ਪੁਰਖ ਤੇਰੀ ਸਰਨਾਈਆ । ਕਵਣ ਵੇਲਾ ਕਰੇਂ ਪਿਆਰ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਵਣ ਵਕਤ ਲਏਂ ਉਠਾਲ, ਨਿਰਗੁਣ ਸਰਗੁਣ ਆਪ ਜਗਾਈਆ । ਕਵਣ ਮੰਦਰ ਦੀਪਕ ਦੇਵੇਂ ਬਾਲ, ਨਿਰਗੁਣ ਜੋਤ ਕਰੇਂ ਰੁਸ਼ਨਾਈਆ । ਕਵਣ ਸਰੋਵਰ ਅੰਮ੍ਰਿਤ ਜਾਮ ਦਏਂ ਪਿਆਲ, ਸਚ ਪਿਆਲਾ ਇਕ ਉਠਾਈਆ । ਕਵਣ ਗ੍ਰਿਹਿ ਹੋਏਂ ਦਿਆਲ, ਘਰ ਸਵਾਮੀ ਵੇਖ ਵਖਾਈਆ । ਕਵਣ ਰੂਪ ਭਾਗ ਲਗਾਏਂ ਸੱਚੀ ਧਰਮਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਪੁਰਖ ਅਕਾਲ ਦੱਸੇ ਬੋਲ, ਧੁਰ ਦੀ ਧਾਰ ਜਣਾਈਆ । ਸ਼ਬਦ ਸੁਤ ਰਹਿਣਾ ਅਡੋਲ, ਅਡੁਲ ਰਿਹਾ ਦ੍ਰਿੜਾਈਆ । ਜੁਗ ਚੌਕੜੀ ਨਿਤ ਨਵਿਤ ਖੇਲ ਅਨਮੋਲ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੋਲੇ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਲੱਖ ਚੁਰਾਸੀ ਜੀਵ ਜੰਤ ਮੌਲ, ਮੌਲਾ ਆਪਣਾ ਨਾਮ ਪਰਗਟਾਈਆ । ਕਲਜੁਗ ਅੰਤ ਨਿਰਗੁਣ ਨਿਰਵੈਰ ਪਰਗਟੇ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਗੁਰ ਅਵਤਾਰ ਜੋ ਕਰ ਕੇ ਜਾਵਣ ਕੌਲ, ਵਾਕ ਭਵਿਖਤ ਲਿਖਤ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਦਿਤਾ ਸਮਝਾਈਆ । ਸੁਤ ਸ਼ਬਦ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਹੋਏ ਮਿਹਰਵਾਨ, ਏਕੰਕਾਰ ਦਏ ਵਡਿਆਈਆ । ਆਦਿ ਨਿਰੰਜਣ ਦੀਪਕ ਬਾਲ, ਅਬਿਨਾਸ਼ੀ ਕਰਤਾ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਨੌਜਵਾਨ, ਪਾਰਬ੍ਰਹਮ ਲਏ ਅੰਗੜਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਵ ਨੌ ਚਾਰ ਪੰਧ ਮੁਕਾਈਆ । ਪੀਰ ਪੈਗ਼ੰਬਰਾਂ ਪੂਰਾ ਕਰੇ ਬਿਆਨ, ਜੋ ਲਿਖ ਲਿਖ ਗਏ ਸਮਝਾਈਆ । ਸਾਚੇ ਮੰਦਰ ਵਸੇ ਮਕਾਨ, ਸਾਢੇ ਤਿੰਨ ਹੱਥ ਡੇਰਾ ਲਾਈਆ । ਸੰਬਲ ਬੈਠ ਕਰੇ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਦਰਗਾਹ ਸਾਚੀ ਬਣ ਅਮਾਮ, ਆਮਲ ਆਪਣਾ ਅਮਲ ਵਖਾਈਆ । ਸੰਬਲ ਨਗਰ ਦੇਵੇ ਮਾਣ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਖੰਡਾ ਤੀਰ ਕਮਾਨ, ਸਾਚਾ ਚਿਲਾ ਇਕ ਉਠਾਈਆ । ਕਾਗ਼ਜ਼ ਕਲਮ ਹੋਏ ਹੈਰਾਨ, ਸ਼ਾਹੀ ਨੇਤਰ ਨੈਣਾਂ ਨੀਰ ਵਹਾਈਆ । ਬ੍ਰਹਿਮੰਡ ਖੰਡ ਵੇਖ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਣ, ਨਮੋ ਨਮੋ ਕਹਿ ਕਹਿ ਢੋਲਾ ਗਾਈਆ । ਪਰਗਟ ਹੋਇਆ ਸ਼ਬਦ ਸੁਤ ਬਲਵਾਨ, ਸੂਰਬੀਰ ਇਕ ਅਖਵਾਈਆ । ਸ਼ਹਿਨਸ਼ਾਹ ਬਣਿਆ ਹੁਕਮਰਾਨ, ਸ੍ਰੀ ਭਗਵਾਨ ਤਖ਼ਤ ਨਿਵਾਸੀ ਆਪਣਾ ਹੁਕਮ ਸੁਣਾਈਆ । ਸਾਚਾ ਦੇਵੇ ਧੁਰ ਪੈਗ਼ਾਮ, ਸਚ ਨਾਮ ਕਰੇ ਸ਼ਨਵਾਈਆ । ਜਿਸ ਨੂੰ ਮੰਨਦਾ ਗਿਆ ਰਾਮ, ਜਿਸ ਨੇ ਕ੍ਰਿਸ਼ਨ ਧਾਰ ਲੋਕਮਾਤ ਪਰਗਟਾਈਆ । ਜਿਸ ਨੇ ਤੇਈ ਅਵਤਾਰਾਂ ਦਿਤਾ ਦਾਨ, ਈਸਾ ਮੂਸਾ ਮੁਹੰਮਦ ਇਸ਼ਾਰੇ ਨਾਲ ਚਲਾਈਆ । ਜਿਸ ਨੂੰ ਨਾਨਕ ਗੋਬਿੰਦ ਦਹਿ ਦਿਸ਼ਾ ਕਰੇ ਪਰਨਾਮ, ਨਿਉਂ ਨਿਉਂ ਲਾਗੇ ਪਾਈਆ । ਜਿਸ ਨੂੰ ਭਗਤ ਅਠਾਰਾਂ ਕਹਿਣ ਮਿਹਰਵਾਨ, ਹਰਿ ਵੱਡਾ ਵਡ ਗੋਸਾਈਆ । ਜਿਸ ਨੂੰ ਸੰਤ ਕਹਿਣ ਗੁਣ ਨਿਧਾਨ, ਗੁਣਵੰਤਾ ਇਕ ਅਖਵਾਈਆ । ਜਿਸ ਨੂੰ ਗੁਰਮੁਖ ਗੁਰਸਿਖ ਕਹਿਣ ਸਤਿਗੁਰੂ ਬਲਵਾਨ, ਸ਼ਬਦੀ ਰੂਪ ਜਣਾਈਆ ।

ਜਿਸ ਨੂੰ ਸੂਫ਼ੀ ਕਹਿਣ ਬਿਨ ਪੜ੍ਹਿਆਂ ਦਏ ਕਲਾਮ, ਬਿਨ ਕਲਮਿਉਂ ਕਰੇ ਪੜ੍ਹਾਈਆ । ਬਿਨ ਰਸਨਾ ਬੋਲੇ ਜ਼ਬਾਨ, ਬਿਨ ਸ਼ਰਅ ਦਏ ਸਮਝਾਈਆ । ਬਿਨ ਮਸਜਦ ਦਏ ਪੈਗ਼ਾਮ, ਸਚ ਸੰਦੇਸਾ ਇਕ ਅਲਾਈਆ । ਸੋ ਪਰਵਰਦਿਗਾਰ ਇਕ ਅਮਾਮ, ਅਮਾਮ ਅਮਾਮਾਂ ਵਿਚੋਂ ਨੂਰ ਖ਼ੁਦਾਈਆ । ਜਿਸ ਦਾ ਦੋ ਜਹਾਨ ਚੌਦਾਂ ਲੋਕ ਚੌਦਾਂ ਤਬਕ ਸੱਚਾ ਇੰਤਜਾਮ, ਚਾਰੋਂ ਕੁੰਟ ਹੁਕਮ ਖ਼ੁਦਾਈਆ । ਕੋਟਨ ਕੋਟ ਮਨਮੁਖ ਜੀਵ ਜਿਸ ਨੂੰ ਕਰਨ ਬਦਨਾਮ, ਸੋ ਸਿਫ਼ਤ ਭਰਿਆ ਬੇਪਰਵਾਹੀਆ । ਉਸ ਦੀ ਖੇਲ ਮੁਸ਼ਕਲ ਕਰੇ ਆਸਾਨ, ਇਹਸਾਨ ਸਕੇ ਨਾ ਕੋਇ ਚੜ੍ਹਾਈਆ । ਜਿਸ ਬੂੰਦ ਰਕਤ ਤੋਂ ਕੀਤੇ ਇਨਸਾਨ, ਇਨਸਾਨਾਂ ਅੰਦਰ ਮਿਹਰਵਾਨ ਹੋ ਕੇ ਡੇਰਾ ਲਾਈਆ । ਸੋ ਸਾਹਿਬ ਸਤਿਗੁਰ ਸ਼ਬਦੀ ਸ਼ਬਦ ਬੇਪਹਿਚਾਨ, ਬਿਨ ਸਤਿਗੁਰ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਤ ਨਵਿਤ ਦਰਸ਼ਨ ਪਾਣ, ਘਰ ਬੈਠਿਆਂ ਖ਼ੁਸ਼ੀ ਮਨਾਈਆ । ਲੱਭਿਆਂ ਚਾਰ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਕਿਸੇ ਹੱਥ ਨਾ ਆਏ ਸ੍ਰੀ ਭਗਵਾਨ, ਭਗਵਨ ਭਗਤਾਂ ਅੰਤਰ ਸੋਭਾ ਪਾਈਆ । ਘਰ ਵਿਚ ਘਰ ਮੇਲ ਮਿਲਾਵਾ ਕਰੇ ਆਣ, ਦੂਰ ਦੁਰਾਡਾ ਦੂਰਨ ਦੂਰ ਪੰਧ ਮੁਕਾਈਆ । ਗੁਰਸਿਖ ਗੁਰ ਮਿਲ ਕੇ ਇਕ ਰੂਪ ਸਤਿ ਸਰੂਪ ਸੋਹੰ ਢੋਲਾ ਗਾਣ, ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਗੁਣ ਹੋਵੇ ਨਾ ਕਦੇ ਜੁਦਾਈਆ । ਇਹੋ ਸ਼ਬਦ ਗੁਰੂ ਬਲਵਾਨ, ਜਿਸ ਜੁਗ ਚੌਕੜੀ ਖੇਲ ਰਚਾਈਆ । ਇਹੋ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਦਏ ਸਮਝਾਈਆ । ਇਹੋ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖੇ ਕੁਰਾਨ, ਖਾਣੀ ਬਾਣੀ ਦਏ ਵਡਿਆਈਆ । ਇਹੋ ਮੱਕਾ ਕਾਅਬਾ ਦੱਸੇ ਈਮਾਨ, ਸਜਦਾ ਸਜਦਾ ਰਿਹਾ ਕਰਾਈਆ । ਇਹੋ ਨਿਰਗੁਣ ਸਤਿ ਸਰੂਪ ਭਗਵਾਨ, ਇਹੋ ਇਸ਼ਟ ਦੇਵ ਸ੍ਰਿਸ਼ਟ ਰਹੀ ਸਮਝਾਈਆ । ਇਹੋ ਰਾਮ ਰਹੀਮ ਰਹਿਮਾਨ, ਰਹਿਮਤ ਸਭ ਤੇ ਰਿਹਾ ਕਮਾਈਆ । ਇਹੋ ਨਿਰਗੁਣ ਸਰਗੁਣ ਨਾਨਕ ਗੋਬਿੰਦ ਜੋਤੀ ਜੋਤ ਜਗੇ ਮਹਾਨ, ਦੀਵਾ ਬਾਤੀ ਕਮਲਾਪਾਤੀ ਇਕੋ ਇਕੋ ਟਿਕਾਈਆ । ਇਹੋ ਸ਼ਬਦ ਗੁਰ ਸਦਾ ਸਦਾ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸੋ ਜਾਣੇ ਜਿਸ ਅੰਤਰ ਮਿਲੇ ਆਣ, ਬਾਹਰੋਂ ਸਮਝ ਕਿਸੇ ਨਾ ਆਈਆ । ਕਿਸੇ ਨਾ ਵਿਕੇ ਹੱਟ ਬਾਜ਼ਾਰ ਦੁਕਾਨ, ਕੀਮਤ ਸਕੇ ਨਾ ਕੋਇ ਚੁਕਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦਰ ਦਵਾਰ ਮੰਗਦੇ ਦਾਨ, ਮਾਣ ਅਭਿਮਾਨ ਮੋਹ ਮਿਟਾਈਆ । ਤਿਨ੍ਹਾਂ ਜਾਗਤ ਸੋਵਤ ਦਰਸ਼ਨ ਦੇਵੇ ਆਣ, ਦੀਦ ਈਦ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸੱਚਾ ਵਰ, ਸ਼ਬਦ ਗੁਰਦੇਵ ਸਵਾਮੀ ਇਕੋ ਘਰ ਕਰਤਾ ਪੁਰਖ ਕਰਨੇਹਾਰਾ, ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਸਰਗੁਣ ਨਿਰਗੁਣ ਇਕੋ ਰੂਪ ਜਣਾਈਆ ।



## ★ ੬ ਜੇਠ ੨੦੨੧ ਬਿਕ੍ਰਮੀ ਮੁੰਡੀ ਜਮਾਲ ਬਾਗ਼ੀਚਾ ਸਿੰਘ ਦੇ ਗ੍ਰਿਹਿ ਜ਼ਿਲਾ ਫਿਰੋਜ਼ਪੁਰ ★

ਸੁਤ ਸ਼ਬਦ ਹਰਿ ਸਾਚਾ ਸੋਹਲਾ, ਸੋ ਪੁਰਖ ਨਿਰੰਜਣ ਇਕ ਜਣਾਈਆ । ਤੇਰਾ ਮੇਰਾ ਅਗੰਮੀ ਢੋਲਾ, ਦੋ ਜਹਾਨ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਬੋਲਾ, ਬਿਨ ਰਸਨਾ ਜਿਹਵਾ ਗਾਈਆ । ਸਚ ਦਵਾਰਾ ਨਿਰਗੁਣ ਨਿਰਵੈਰ ਸਤਿ ਸਤਿਵਾਦੀ ਖੋਲ੍ਹਾ, ਸਚ ਸੁਚ

ਦਏ ਸਮਝਾਈਆ । ਪਤਿਪਰਮੇਸ਼ਵਰ ਹੋ ਕੇ ਵਸੇ ਕੋਲਾ, ਦੂਰਨ ਦੂਰ ਪੰਧ ਮੁਕਾਈਆ । ਭੇਵ ਚੁਕਾਏ ਪਰਦਾ ਉਹਲਾ, ਸਨਮੁਖ ਆਪਣਾ ਰੰਗ ਵਖਾਈਆ । ਭਾਗ ਲਗਾਏ ਉਪਰ ਧਵਲਾ, ਧਰਨੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡ ਵਡਿਆਈਆ । ਸੁਤ ਦੁਲਾਰੇ ਤੇਰਾ ਰੰਗ, ਹਰਿ ਕਰਤਾ ਆਪ ਰੰਗਾਈਆ । ਚਾਰ ਕੁੰਟ ਵੱਜੇ ਮਰਦੰਗ, ਦਹਿ ਦਿਸ਼ਾ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਮਿਲੇ ਅਨੰਦ, ਗ੍ਰਿਹ ਮੰਗਲ ਹਰਿ ਗੁਣ ਗਾਈਆ । ਜਗਤ ਤ੍ਰਿਸਨਾ ਪਾਏ ਠੰਡ, ਅੰਮ੍ਰਿਤ ਮੇਘ ਬਰਸਾਈਆ । ਆਤਮ ਪਰਮਾਤਮ ਦੇਵੇ ਗੰਢ, ਧੁਰ ਦਾ ਨਾਤਾ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਦੇਵੇ ਸੰਗ, ਸਗਲਾ ਸੰਗ ਨਿਭਾਈਆ । ਘਰ ਮੰਦਰ ਵੱਜੇ ਮਰਦੰਗ, ਸੋਹਣਾ ਨਾਦ ਇਕੋ ਇਕ ਸਮਝਾਈਆ । ਮਿਲੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਖ਼ੁਸ਼ੀ ਵਖਾਈਆ । ਭੇਵ ਖੁਲ੍ਹਾਏ ਜੇਰਜ ਅੰਡ, ਉਤਭੁਜ ਸੇਤਜ ਆਪ ਸਮਝਾਈਆ । ਸਿਫ਼ਤ ਚੁਕਾਏ ਬੱਤੀ ਦੰਦ, ਬਿਨ ਰਸਨਾ ਜਿਹਵਾ ਧੁਰ ਦੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਬੇਪਰਵਾਹੀਆ । ਸੁਤ ਦੁਲਾਰੇ ਤੇਰਾ ਘਰ, ਗ੍ਰਿਹ ਮੰਦਰ ਹਰਿ ਉਪਾਇੰਦਾ । ਸਚ ਦਵਾਰੇ ਬੈਠੇ ਵੜ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਮੇਲ ਮਿਲਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਾਰ ਕਮਾਇੰਦਾ । ਨਿਰਵੈਰ ਹੋ ਕੇ ਬੰਨ੍ਹੇ ਲੜ, ਪੱਲੂ ਆਪਣੀ ਗੰਢ ਵਖਾਇੰਦਾ । ਸਾਚੀ ਮੰਜ਼ਲ ਜਾਏ ਚੜ੍ਹ, ਮਹਲ ਅਟੱਲ ਸੋਭਾ ਪਾਇੰਦਾ । ਨਿਰਮਲ ਨੂਰ ਜੋਤ ਇਕੋ ਧਰ, ਸਚ ਉਜਾਲਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸੁਤ ਦੁਲਾਰੇ ਰਾਜਨ ਰਾਜ, ਪਾਰਬ੍ਰਹਮ ਦਏ ਵਡਿਆਈਆ । ਸਤਿ ਸਤਿਵਾਦੀ ਤੇਰਾ ਕਾਜ, ਕਰਨੀ ਦੇਵਣਹਾਰ ਆਪਣੀ ਇਛਿਆ ਝੋਲੀ ਪਾਈਆ । ਕਲਜੁਗ ਅੰਤ ਸਾਜਣ ਸਾਜ, ਸਚ ਸੁਚ ਦਏ ਸਮਝਾਈਆ । ਜਗਤ ਜਗਦੀਸਾ ਨਰ ਨਰਾਇਣ ਸੀਸ ਰੱਖ ਤਾਜ, ਤਖ਼ਤ ਨਿਵਾਸੀ ਹੁਕਮ ਮਨਾਈਆ । ਘਰ ਸੁਹੰਜਣੇ ਲੱਗੇ ਭਾਗ, ਗ੍ਰਿਹ ਮੰਦਰ ਵੱਜੇ ਵਧਾਈਆ । ਜਨ ਭਗਤਾਂ ਦੇਵੇ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਕੂੜੀ ਕਿਰਿਆ ਜਗਤ ਤ੍ਰਿਸਨਾ ਜਾਇਣ ਭਾਗ, ਮਾਇਆ ਮਮਤਾ ਮੋਹ ਚੁਕਾਈਆ । ਸੁਰਤੀ ਸ਼ਬਦੀ ਗਾਏ ਰਾਗ, ਆਤਮ ਪਰਮਾਤਮ ਢੋਲਾ ਇਕ ਸੁਣਾਈਆ । ਸ਼ਬਦ ਅਗੰਮੀ ਵੱਜੇ ਆਵਾਜ਼, ਸੁਰ ਤਾਲ ਨਾ ਕੋਇ ਰਖਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਲ੍ਹੇ ਰਾਜ਼, ਬਜਰ ਕਪਾਟੀ ਪਰਦਾ ਪਰੇ ਹਟਾਈਆ । ਸਚ ਸਰੋਵਰ ਅੰਮ੍ਰਿਤ ਦੇ ਬੁਝਾਏ ਪਿਆਸ, ਨਿਝਰ ਝਿਰਨਾ ਇਕ ਝਿਰਾਈਆ । ਘਰ ਵਿਚ ਘਰ ਕਰਾਏ ਵਾਸ, ਅਸਥਾਨ ਭੂਮਿਕਾ ਇਕੋ ਇਕ ਵਖਾਈਆ । ਜਿਸ ਮੰਦਰ ਅੱਠੇ ਪਹਿਰ ਹੋਵੇ ਪਰਕਾਸ਼, ਸੂਰਜ ਚੰਨ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਾਕਾਰ ਨਿਰਵੈਰ ਮਿਲੇ ਪੁਰਖ ਅਬਿਨਾਸ਼, ਸ੍ਰੀ ਭਗਵਾਨ ਮੇਲ ਮਿਲਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਸ਼ਬਦ ਸ਼ਬਦੀ ਹੋਏ ਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਿਹਰਵਾਨ ਦਇਆ ਕਮਾਈਆ । ਸ਼ਬਦ ਸੁਤ ਸੁਣ ਧੁਰ ਦੇ ਮੀਤ, ਹਰਿ ਮਿੱਤਰ ਪਿਆਰਾ ਆਪ ਦ੍ਰਿੜਾਇੰਦਾ । ਅਚਰਜ ਚਲਾਈ ਤੇਰੀ ਰੀਤ, ਰੀਤੀਵਾਨ ਖੇਲ ਖਿਲਾਇੰਦਾ । ਤੇਰਾ ਵਾਸਾ ਹਸਤ ਕੀਟ, ਲੱਖ ਚੁਰਾਸੀ ਵਿਚ ਟਿਕਾਇੰਦਾ । ਤੂੰ ਮੇਰਾ ਮੈਂ ਤੇਰਾ ਗਾਵਾਂ ਗੀਤ, ਧੁਰ ਦਾ ਸੋਹਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ


੧੦੩੬ ੧੯

ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਵਡਿਆਇੰਦਾ । ਸ਼ਬਦ ਸੁਤ ਤੇਰਾ ਵਸੇਰਾ ਏਕ, ਏਕੰਕਾਰ ਦਏ ਦ੍ਰਿੜਾਈਆ । ਸਚਖੰਡ ਦਵਾਰੇ ਸਾਚੀ ਟੇਕ, ਥਿਰ ਘਰ ਮਹਲ ਅਟੱਲ ਦਏ ਸੁਹਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵਟਾਵੇਂ ਭੇਖ, ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਰਖਾਈਆ । ਬੋਧ ਅਗਾਧ ਖਾਣੀ ਬਾਣੀ ਲਿਖੇਂ ਲੇਖ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਉਂ ਧਰਾਈਆ । ਆਤਮ ਪਰਮਾਤਮ ਕਰੇਂ ਹੇਤ, ਬ੍ਰਹਮ ਪਾਰਬ੍ਰਹਮ ਸਮਾਈਆ । ਦਿਵਸ ਰੈਣ ਰਹੇਂ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਦੋ ਜਹਾਨਾਂ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਜਨ ਭਗਤਾਂ ਦੇਵੇਂ ਸਾਚਾ ਭੇਤ, ਪਰਦਾ ਉਹਲਾ ਅੰਦਰੋਂ ਦਏਂ ਉਠਾਈਆ । ਨਿਜ ਨੇਤਰ ਨਿਰਗੁਣ ਸਰੂਪ ਲੈਣ ਵੇਖ, ਸਰਗੁਣ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਦਇਆ ਕਮਾਈਆ । ਸ਼ਬਦ ਸੁਤ ਤੇਰਾ ਮੰਦਰ ਅਨੋਖਾ, ਘਰ ਘਰ ਵਿਚ ਆਪ ਬਣਾਇੰਦਾ । ਜਿਸ ਦਰ ਕਦੇ ਨਾ ਹੋਵੇ ਧੋਖਾ, ਕੂੜਾ ਰੰਗ ਨਾ ਕੋਇ ਰੰਗਾਇੰਦਾ । ਜਿਸ ਦਾ ਦਰਵਾਜ਼ਾ ਹੱਥ ਨਾ ਆਵੇ ਕੋਟੀ ਕੋਟਾ, ਕੋਟਨ ਕੋਟ ਪਾਂਧੀ ਬਣ ਬਣ ਪੰਧ ਨਾ ਕੋਇ ਮੁਕਾਇੰਦਾ । ਤੇਰਾ ਮਾਰਗ ਸਤਿਗੁਰ ਸਾਹਿਬ ਦੱਸੇ ਸੌਖਾ, ਪਰੇਮ ਪ੍ਰੀਤੀ ਨਾਲ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਮਾਣਸ ਜਨਮ ਇਕੋ ਮੌਕਾ, ਜੁਗ ਜਨਮ ਵਿਛੜੇ ਆਤਮ ਪਰਮਾਤਮ ਜੋੜ ਜੁੜਾਇੰਦਾ । ਕਰ ਪਰਕਾਸ਼ ਨਿਰਮਲ ਜੋਤਾ, ਅਗਿਆਨ ਅੰਧ ਅੰਧੇਰ ਮਿਟਾਇੰਦਾ । ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਸ਼ਬਦੀ ਧੁਨ ਸੁਣਾਏ ਹੋਕਾ, ਬਿਨ ਰਸਨਾ ਜਿਹਵਾ ਬੱਤੀ ਦੰਦ ਗਾਇੰਦਾ । ਭੇਵ ਖੁਲ੍ਹਾਏ ਲੋਕ ਪਰਲੋਕਾ, ਚੌਦਾਂ ਤਬਕਾਂ ਡੇਰਾ ਢਾਹਿੰਦਾ । ਪੀਰ ਪੈਗ਼ੰਬਰ ਗੁਰੂ ਅਵਤਾਰ ਜਿਸ ਦੀ ਰੱਖਦੇ ਗਏ ਓਟਾ, ਸੋ ਸਾਹਿਬ ਸਤਿਗੁਰ ਦੀਨ ਦਿਆਲ ਸ਼ਬਦੀ ਰੂਪ ਆਪ ਪਰਗਟਾਇੰਦਾ । ਤਨ ਨਗਾਰੇ ਪੰਜ ਤਤ ਲਗਾਏ ਚੋਟਾ, ਸਚ ਰਬਾਬ ਇਕ ਵਜਾਇੰਦਾ । ਕੂੜ ਕੁੜਿਆਰ ਤਨ ਹੰਕਾਰ ਰਹਿਣ ਨਾ ਦੇਵੇ ਖੋਟਾ, ਮਨ ਮਤ ਬੁਧ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦੀ ਸ਼ਬਦੀ ਸਿਫ਼ਤ ਸਾਲਾਹਿੰਦਾ । ਸ਼ਬਦ ਗੁਰੂ ਸ਼ਬਦ ਸਵਾਮੀ, ਹਰਿ ਸ਼ਬਦ ਵੱਡਾ ਵਡ ਵਡਿਆਈਆ । ਸ਼ਬਦ ਬੋਧ ਅਗਾਧ ਘਟ ਅੰਤਰਜਾਮੀ, ਗ੍ਰਿਹ ਮੰਦਰ ਡੇਰਾ ਲਾਈਆ । ਸ਼ਬਦ ਬੋਧ ਅਗਾਧ ਧੁਰ ਦੀ ਬਾਣੀ, ਸਤਿ ਸਤਿਵਾਦੀ ਕਰੇ ਸ਼ਨਵਾਈਆ । ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਰਚੇ ਚਾਰੇ ਖਾਣੀ, ਤ੍ਰੈਗੁਣ ਮਾਇਆ ਪੰਜ ਤਤ ਕਰੇ ਕੁੜਮਾਈਆ । ਸ਼ਬਦ ਅੰਮ੍ਰਿਤ ਰਸ ਠੰਡਾ ਪਾਣੀ, ਜਲ ਥਲ ਮਹੀਅਲ ਰਿਹਾ ਸਮਾਈਆ । ਸ਼ਬਦ ਆਦਿ ਜੁਗਾਦਿ ਜੁਗਾ ਜੁਗੰਤਰ ਅਕਥ ਕਹਾਣੀ, ਕਹਿ ਕਹਿ ਅੰਤ ਕੋਇ ਨਾ ਪਾਈਆ । ਸ਼ਬਦ ਨਾਦ ਧੁਨ ਖੇਲ ਮਹਾਨੀ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸ਼ਬਦ ਪਹਿਰੇ ਬਾਣਾ, ਪੰਜ ਤਤ ਆਪਣਾ ਵੇਸ ਵਟਾਈਆ । ਸ਼ਬਦ ਭੂਪ ਸ਼ਬਦ ਰਾਣਾ, ਰਾਜਨ ਰਾਜ ਆਪ ਅਖਵਾਈਆ । ਸ਼ਬਦ ਹੁਕਮ ਸਚ ਹੁਕਮਰਾਨਾ, ਧੁਰ ਸੰਦੇਸਾ ਇਕ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਹਰਿ ਸ਼ਬਦੀ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤ ਨਰ ਹਰਿ ਨਰਾਇਣ ਕਰੇ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਸਤਿ ਸਰੂਪੀ ਸ਼ਾਹੋ ਭੂਪੀ ਅਗੰਮੀ ਪਹਿਰੇ ਬਾਣਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸਚ ਸੰਦੇਸਾ ਨਰ ਨਰੇਸ਼ਾ


੧੦੩੭ ੧੯

ਦੇਵੇ ਦੋ ਜਹਾਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਸ਼ਬਦ ਗੁਰੂ ਸਦਾ ਮਿਹਰਵਾਨਾ, ਬਿਨ ਅੱਖਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਏਕਾ ਸ਼ਬਦ ਨਾਮ ਨਿਹਕਾਮ ਦਏ ਸਮਝਾਈਆ ।

## ★ ੯ ਜੇਠ ੨੦੨੧ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਜ਼ਿਲਾ ਫਿਰੋਜ਼ਪੁਰ ★

ਸੁੱਤ ਸ਼ਬਦ ਸਚ ਖੇਲ ਕਰਦਾ, ਨਿਹਕਰਮੀ ਸਾਚੀ ਕਾਰ ਕਮਾਈਆ । ਦੋ ਜਹਾਨ ਬ੍ਰਹਿਮੰਡ ਖੰਡ ਆਪੇ ਫਿਰਦਾ, ਨਿਰਗੁਣ ਨਿਰਵੈਰ ਨਜ਼ਰ ਕਿਸੇ ਨਾ ਆਈਆ । ਮਹਲ ਅਟੱਲ ਉਚ ਮਨਾਰ ਆਪੇ ਖੜਦਾ, ਧਾਮ ਭੂਮਿਕਾ ਇਕ ਸੁਹਾਈਆ । ਨਾਦ ਧੁਨ ਜੈਕਾਰ ਸਾਚੀ ਕਰਦਾ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਬਿਨ ਅੱਖਰਾਂ ਆਪੇ ਪੜ੍ਹਦਾ, ਕਰੇ ਹੱਕ ਪੜ੍ਹਾਈਆ । ਜੁਗ ਚੌਕੜੀ ਵੇਸ ਧਰਦਾ, ਨਿਰਗੁਣ ਸਰਗੁਣ ਨਾਮ ਧਰਾਈਆ । ਲੇਖਾ ਜਾਣੇ ਪੰਜ ਤਤ ਕਾਇਆ ਘਰ ਦਾ, ਘਰ ਘਰ ਵਿਚ ਸੋਭਾ ਪਾਈਆ । ਨਾ ਜੀਉਂਦਾ ਨਾ ਕਦੇ ਮਰਦਾ, ਮਰ ਜੀਵਤ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਾੜਨ ਘੜਦਾ, ਕਾਇਆ ਮਾਟੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸੁਤ ਸ਼ਬਦ ਖੇਲ ਅਪਾਰਾ, ਜੁਗ ਚੌਕੜੀ ਆਪ ਕਰਾਇੰਦਾ । ਲੱਖ ਚੁਰਾਸੀ ਵੇਖਣਹਾਰਾ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਇੰਦਾ । ਸ਼ਬਦੀ ਸ਼ਬਦ ਬੋਲ ਜੈਕਾਰਾ, ਤਨ ਨਗਾਰਾ ਰਬਾਬ ਵਜਾਇੰਦਾ । ਨਾਉਂ ਰੱਖ ਗੁਰੂ ਅਵਤਾਰਾ, ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਨਿਰਅੱਖਰ ਅੱਖਰ ਬਣ ਲਿਖਾਰਾ, ਕਾਗ਼ਜ਼ ਕਲਮ ਸ਼ਾਹੀ ਵੰਡ ਵੰਡਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਵਣਜਾਰਾ, ਅੰਜੀਲ ਕੁਰਾਨ ਗੀਤਾ ਗਿਆਨ ਸੋਭਾ ਪਾਇੰਦਾ । ਸਿਫ਼ਤੀ ਨਾਮ ਖੋਲ੍ਹ ਭੰਡਾਰਾ, ਕੋਟਨ ਕੋਟ ਰਸਨਾ ਜਿਹਵਾ ਗਾਇੰਦਾ । ਸਤਿ ਸਰੂਪ ਹੋ ਕੇ ਵਸੇ ਬਾਹਰਾ, ਸ਼ਾਹੋ ਭੂਪ ਹੋ ਕੇ ਘਟ ਘਟ ਡੇਰਾ ਲਾਇੰਦਾ । ਹੁਕਮੇ ਅੰਦਰ ਹੁਕਮ ਵਰਤਾਰਾ, ਸਚ ਸੰਦੇਸਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਧਾਰ ਆਪ ਵਖਾਇੰਦਾ । ਸ਼ਬਦੀ ਧਾਰ ਵਖਾਏ ਸਵਾਮੀ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਂਆ । ਸ਼ਬਦ ਅਨਾਦ ਬੋਲ ਬਾਣੀ, ਅਗੰਮ ਅਥਾਹ ਦਏ ਦ੍ਰਿੜਾਈਆ । ਸਚ ਸਰੋਵਰ ਅੰਮ੍ਰਿਤ ਪਾਣੀ, ਠੰਡੀ ਧਾਰ ਇਕ ਵਹਾਈਆ । ਲੇਖਾ ਜਾਣੇ ਚਾਰੇ ਖਾਣੀ, ਚਾਰੋਂ ਕੁੰਟ ਖੋਜ ਖੁਜਾਈਆ । ਚਾਰ ਜੁਗ ਦੀ ਸਮਰਥ ਕਹਾਣੀ, ਮਹਿੰਮਾ ਅਕੱਥ ਆਪ ਵਖਾਈਆ । ਸੁਰਤੀ ਸ਼ਬਦੀ ਖੇਲ ਮਹਾਨੀ, ਗ੍ਰਿਹਿ ਮੰਦਰ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਖ਼ਸ਼ਣਹਾਰਾ ਸਚ ਧਿਆਨੀ, ਆਤਮ ਪਰਮਾਤਮ ਜੋੜ ਜੁੜਾਈਆ । ਸਚਖੰਡ ਦੀ ਸਚ ਨਿਸ਼ਾਨੀ, ਸਚ ਦਵਾਰੇ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਭੇਵ ਚੁਕਾਈਆ । ਸਚ ਸ਼ਬਦ ਸਤਿਗੁਰ ਰੂਪ, ਬੇਪਰਵਾਹ ਆਪ ਪਰਗਟਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇੰਦਾ । ਮੇਟ ਮਿਟਾਵੇ ਜੂਠ ਝੂਠ, ਸਚ ਸੁਚ ਇਕ ਸਮਝਾਇੰਦਾ । ਦਿਆਲ ਹੋ ਕੇ ਜਾਏ ਤੁਠ, ਕਾਲ ਹੋ ਕੇ ਸਰਬ ਮੁਕਾਇੰਦਾ । ਜਨਮ ਕਰਮ ਪੂਰਬ ਜੋ ਗਏ ਰੁੱਠ, ਮਾਣਸ ਮਾਨੁਖ ਮਾਨੁਸ਼ ਆਪਣੇ ਰੰਗ ਰੰਗਾਇੰਦਾ । ਜਨ

ਭਗਤਾਂ ਕਰੇ ਪਿਆਰ ਜਿਉਂ ਮਾਂਵਾਂ ਪੁੱਤ, ਪਿਤਾ ਪੂਤ ਗੋਦ ਸੁਹਾਇੰਦਾ । ਆਸਾ ਤ੍ਰਿਸਨਾ ਮਾਇਆ ਮਮਤਾ ਕੂੜੀ ਕਿਰਿਆ ਮੇਟੇ ਭੁੱਖ, ਹਉਮੇਂ
ਹੰਗਤਾ ਗੜ੍ਹ ਤੁੜਾਇੰਦਾ । ਜਨਮ ਮਰਨ ਦਾ ਚੁੱਕੇ ਦੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਆਪਣੀ ਗੋਦੀ ਲਏ ਚੁੱਕ, ਸਿਰ ਆਪਣਾ ਹੱਥ ਟਿਕਾਇੰਦਾ ।
ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਬਦ ਸਿਫ਼ਤ ਸਾਲਾਹਿੰਦਾ ।
ਹਰਿ ਸ਼ਬਦ ਸਾਚੀ ਸੇਵ, ਪੁਰਖ ਅਗੰਮ ਅਥਾਹ ਕਰਾਇੰਦਾ । ਲੇਖਾ ਜਾਣੇ ਵਡ ਦੇਵੀ ਦੇਵ, ਦੇਵਤ ਸੁਰ ਹੁਕਮ ਮਨਾਇੰਦਾ । ਪਾਰਬ੍ਰਹਮ ਅਲਖ
ਅਭੇਵ, ਅਗੋਚਰ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਸਾਚਾ ਮੇਵ, ਰਸ ਅੰਮ੍ਰਿਤ ਇਕ ਚਖਾਇੰਦਾ । ਨਾਮ ਜਪਾਏ ਬਿਨ ਰਸਨਾ ਜਿਹਵ,
ਬੱਤੀ ਦੰਦ ਨਾ ਕੋਇ ਹਿਲਾਇੰਦਾ । ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਖੋਲ੍ਹੇ ਭੇਵ, ਪੜਦਾ ਉਹਲਾ ਆਪ ਉਠਾਇੰਦਾ । ਮੇਲ ਮਿਲਾਏ ਇਕ
ਨਿਹਕੇਵ, ਨਿਹਚਲ ਆਪਣਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਮਿਹਰ
ਨਜ਼ਰ ਕਰੇ ਗੁਰ ਸ਼ਬਦ ਅਪਾਰ, ਅਪਰੰਪਰ ਦਏ ਜਣਾਈਆ । ਤਨ ਕਾਇਆ ਮਾਟੀ ਖੋਲ੍ਹ ਕਿਵਾੜ, ਦੂਈ ਦਵੈਤੀ ਡੇਰਾ ਢਾਹੀਆ । ਕਰ ਪਰਕਾਸ਼
ਬਹੱਤਰ ਨਾੜ, ਘਰ ਸਾਚੇ ਕਰੇ ਰੁਸ਼ਨਾਈਆ । ਨਾਤਾ ਤੋੜ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਵੇਖਣਹਾਰਾ
ਗੁਪਤ ਜਾਹਰ, ਗਹਿਰ ਗੰਭੀਰ ਆਪਣੇ ਹੱਥ ਰੱਖੇ ਵਡਿਆਈਆ । ਸੁਖਮਨ ਟੇਢੀ ਬੰਕ ਪਾਵੇ ਸਾਰ, ਈੜਾ ਪਿੰਗਲ ਬੈਠੇ ਸੀਸ ਨਿਵਾਈਆ ।
ਜਨ ਭਗਤਾਂ ਗੁਰਮੁਖਾਂ ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਅਨਹਦ ਸ਼ਬਦ ਸੱਚੀ ਧੁਨਕਾਰ, ਆਤਮਕ ਰਾਗ
 ਇਕੋ ਇਕ ਦ੍ਰਿੜਾਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਅਲਾਈਆ । ਦੀਪਕ ਜੋਤ ਕਰ ਪਰਕਾਸ਼, ਸਾਚਾ ਨੂਰ ਕਰੇ ਰੁਸ਼ਨਾਈਆ । ੧੦੩੯ ੧੯
ਆਤਮ ਪਰਮਾਤਮ ਭੋਗ ਬਲਾਸ, ਸੇਜ ਸੁਹੰਜਣੀ ਸੋਭਾ ਪਾਈਆ । ਦੂਸਰ ਨਾ ਕੋਈ ਦਿਸੇ ਪਾਸ, ਸਗਲਾ ਸੰਗ ਆਪ ਅਖਵਾਈਆ । ਗੁਰਮੁਖ
ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਚਰਨਾਂ ਹੇਠ ਦਬਾਈਆ । ਇਕੋ ਸਿਮਰਨ ਪੂਜਾ ਪਾਠ, ਜੋਗ ਅਭਿਆਸ ਦਏ ਸਮਝਾਈਆ ।
ਇਕ ਸਰੋਵਰ ਤੀਰਥ ਤਾਟ, ਜਲ ਥਲ ਮਹੀਅਲ ਦਏ ਵਖਾਈਆ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਪੁਰਖ ਸਮਰਾਥ, ਸ਼ਬਦੀ ਧਾਰ ਧਾਰ ਵਿਚੋਂ
ਜਣਾਈਆ । ਤਿਨ੍ਹਾਂ ਜਨਮ ਜਨਮ ਦੀ ਪੂਰੀ ਕਰੇ ਆਸ, ਕਰਮ ਕਾਂਡ ਰਹਿਣ ਨਾ ਪਾਈਆ । ਦਿਵਸ ਰੈਣ ਘੜੀ ਪਲ ਅੱਠੇ ਪਹਿਰ ਬਣ ਕੇ
ਦਾਸੀ ਦਾਸ, ਸਤਿਗੁਰ ਸੇਵਕ ਹੋ ਕੇ ਸੇਵ ਕਮਾਈਆ । ਅੰਤਰ ਆਤਮ ਮਿਲਣ ਦੀ ਰੱਖੇ ਖ਼ਾਹਸ਼, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸਾਚੇ
ਘਰ ਸਾਚੇ ਗ੍ਰਿਹਿ ਸਾਚੇ ਮੰਦਰ ਮਹਲ ਅਟੱਲ ਕਰੇ ਨਿਵਾਸ, ਨਿਜ ਘਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸੱਚਾ ਹਰਿ, ਸ਼ਬਦੀ ਸਾਚੀ ਕਾਰ ਕਮਾਈਆ । ਸ਼ਬਦ ਗੁਰੂ ਗੁਰ ਸਾਹਿਬ ਸੱਚਾ, ਸਤਿ ਪੁਰਖ ਨਿਰੰਜਣ ਆਪ ਵਡਿਆਇੰਦਾ ।
ਭਾਗ ਲਗਾਏ ਕਾਇਆ ਮਾਟੀ ਕੱਚਾ, ਪੰਜ ਤਤ ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਮੇਲ ਮਿਲਾਏ ਕਮਲਾਪਤਾ, ਕੰਤ ਕੰਤੂਹਲ ਆਪਣਾ ਰੰਗ
ਵਖਾਇੰਦਾ । ਆਤਮ ਪਰਮਾਤਮ ਨਾਤਾ ਜੋੜੇ ਪੱਕਾ, ਦੋ ਜਹਾਨ ਨਾ ਕੋਇ ਤੁੜਾਇੰਦਾ । ਭਗਤ ਭਗਵਾਨ ਬਣਾਏ ਬੱਚਾ, ਬਚਪਨ ਆਪਣੇ ਨਾਲ
ਮਿਲਾਇੰਦਾ । ਲੂੰ ਲੂੰ ਅੰਦਰ ਆਪੇ ਰਚਾ, ਸਾਢੇ ਤਿੰਨ ਕਰੋੜ ਸੋਭਾ ਪਾਇੰਦਾ । ਅੰਦਰ ਬਾਹਰ ਗੁਪਤ ਜਾਹਰ ਨਿਰਗੁਣ ਸਰਗੁਣ ਹੋ ਕੇ ਫਿਰੇ

ਨੱਠਾ, ਦੋ ਜਹਾਨਾਂ ਪੰਧ ਮੁਕਾਇੰਦਾ । ਕਰ ਪਰਕਾਸ਼ ਕਾਇਆ ਮੱਟਾ, ਜੋਤੀ ਨੂਰ ਡਗਮਗਾਇੰਦਾ । ਲੇਖ ਚੁਕਾਏ ਚੌਦਾਂ ਹੱਟਾਂ, ਚੌਦਾਂ ਤਬਕਾਂ ਵੇਖ ਵਖਾਇੰਦਾ । ਮਨਮਤ ਦਾ ਰਹੇ ਨਾ ਰੱਟਾ, ਬੁਧ ਬਿਬੇਕ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਦੇਵੇ ਇਕੋ ਰਸਾ, ਰਸ ਫੀਕੇ ਸਰਬ ਮਿਟਾਇੰਦਾ । ਸਾਚਾ ਰਸ ਅੰਮ੍ਰਿਤ ਧਾਰ, ਗੁਰ ਗੁਰ ਗੁਰਮੁਖ ਜਾਮ ਪਿਆਈਆ । ਪੀ ਪਿਆਲਾ ਹੋਏ ਗ਼ਮਖ਼ਾਰ, ਗ਼ਮੀ ਖ਼ੁਸ਼ੀ ਇਕੋ ਰੰਗ ਰੰਗਾਈਆ । ਰੋਗ ਸੋਗ ਚਿੰਤਾ ਦੁੱਖ ਨਿਵਾਰ, ਮਾਇਆ ਮਮਤਾ ਮੋਹ ਤਜਾਈਆ । ਅੰਤਰ ਆਤਮ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਇਸ਼ਟ ਗੁਰਦੇਵ ਸਵਾਮੀ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਚਾਰ ਕੁੰਟ ਦਹਿ ਦਿਸ਼ਾ ਤੀਰਥ ਤਟ ਅਠ ਸਠ ਕਿਨਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਜੋੜ ਕਰਨ ਨਮਸਕਾਰ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਭਗਤ ਭਗਵਾਨ ਕਰਨ ਜੈਕਾਰ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਾਗ ਸੁਣਾਈਆ । ਸੰਤ ਸੱਜਣ ਚਰਨ ਧੂੜੀ ਮੰਗਣ ਛਾਰ, ਮਸਤਕ ਟਿੱਕਾ ਇਕ ਰਮਾਈਆ । ਗੁਰਮੁਖ ਗੁਰਸਿਖ ਉਚੀ ਕੂਕ ਕੂਕ ਕਰਨ ਪੁਕਾਰ, ਬਿਰਹੋਂ ਰੋਗ ਨਾ ਲਾਗੇ ਰਾਈਆ । ਨਿਤ ਨਵਿਤ ਜੁਗ ਜੁਗ ਹਰਿ ਕਰਤੇ ਤੇਰੀ ਸਾਚੀ ਕਾਰ, ਕਰਨੀ ਆਪਣੇ ਹੱਥ ਰਖਾਈਆ । ਸ਼ਬਦ ਗੁਰੂ ਗੁਰੂ ਬਲਹਾਰ, ਬਲਹਾਰੀ ਆਪਣਾ ਆਪ ਭੇਟ ਚੜ੍ਹਾਈਆ । ਜਿਸ ਵਿਛੜਿਆਂ ਦੁਖੀ ਦਿਸੇ ਸੰਸਾਰ, ਸੁਖ ਸਾਗਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਆਪਣਾ ਭੇਵ ਉਠਾਈਆ । ਆਪਣਾ ਭੇਵ ਖੋਲ੍ਹੇ ਪ੍ਰਭ, ਪਾਰਬ੍ਰਹਮ ਬੇਪਰਵਾਹ ਅਖਵਾਇੰਦਾ । ਸ਼ਬਦ ਸੁਹੇਲਾ ਸੱਚਾ ਸੱਦ, ਸਦਾ ਆਪਣਾ ਨਾਮ ਸੁਣਾਇੰਦਾ । ਦੋ ਜਹਾਨਾਂ ਵੇਖ ਹੱਦ, ਪੁਰੀ ਲੋਅ ਬ੍ਰਹਿਮੰਡ ਖੰਡ ਸਾਚਾ ਰਾਹ ਜਣਾਇੰਦਾ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਵੇਖ ਹੱਡ, ਮਾਸ ਨਾੜੀ ਖੋਜ ਖੁਜਾਇੰਦਾ । ਆਤਮ ਪਰਮਾਤਮ ਵਿਛੜ ਜੋ ਹੋਏ ਅੱਡ, ਤਿਨ੍ਹਾਂ ਇਕੋ ਹੁਕਮ ਵਰਤ । ਨਿਰਗੁਣ ਨਿਰਵੈਰ ਹੋ ਕੇ ਭੱਜ, ਪਾਂਧੀ ਹੋ ਕੇ ਪੰਧ ਮੁਕਾਇੰਦਾ । ਸ਼ਬਦ ਸਰੂਪ ਹੋ ਕੇ ਗੱਜ, ਜੈ ਜੈਕਾਰਾ ਇਕੋ ਨਾਮ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੱਕੇ ਕਾਅਬੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੇਰਾ ਕਰ ਕੇ ਗਏ ਹੱਜ, ਗੁਰੂਦਵਾਰ ਤੇਰਾ ਰਾਹ ਤਕਾਇੰਦਾ । ਜਿਸ ਗ੍ਰਿਹਿ ਜਾਵੇਂ ਸਜ, ਸੋ ਥਾਨ ਭੂਮਿਕਾ ਆਸਣ ਸੋਭਾ ਪਾਇੰਦਾ । ਕੋਟਨ ਕੋਟ ਰਿਖ ਮੁਨ ਜੋਗੀ ਜਤੀ ਜੰਗਮ ਸਨਿਆਸੀ ਤੈਨੂੰ ਰਹੇ ਲੱਭ, ਮੁੱਲਾ ਸ਼ੇਖ਼ ਮਸਾਇਕ ਪੀਰ ਤੇਰਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸ਼ਬਦ ਤੇਰਾ ਲੇਖਾ ਇਕੋ ਘਰ ਵਖਾਇੰਦਾ । ਸ਼ਬਦ ਕਹੇ ਮੋਹੇ ਚਾਉ ਘਨੇਰਾ, ਪ੍ਰਭੂ ਤੇਰੀ ਸਿਫ਼ਤ ਸਾਲਾਹੀਆ । ਧੰਨ ਭਾਗ ਤੂੰ ਬਣਿਆ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਸਮਰਥ ਤੇਰਾ ਸਚਖੰਡ ਦਵਾਰ ਡੇਰਾ, ਮੇਰਾ ਥਿਰ ਘਰ ਆਸਣ ਦਿਤਾ ਬਣਾਈਆ । ਜੁਗ ਚੌਕੜੀ ਨਿਤ ਦਰਸ਼ਨ ਕਰਾਂ ਹੋ ਕੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਦੋ ਜਹਾਨ ਖੁਲ੍ਹਾ ਵਿਹੜਾ, ਜਿਸ ਵਿਚ ਕੋਟਨ ਕੋਟ ਬ੍ਰਹਿਮੰਡ ਰਿਹਾ ਵਸਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਰਾ ਚੇਰਾ, ਤ੍ਰੈਗੁਣ ਮਾਇਆ ਪੰਜ ਤਤ ਕਰੀ ਕੁੜਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਸਾਇਆ ਖੇੜਾ, ਪੰਜ ਤਤ ਬ੍ਰਹਮ ਮਤ ਦਿਤੀ ਸਮਝਾਈਆ । ਸਾਚਾ ਹੁਕਮ ਸੰਦੇਸਾ ਦਿਤਾ ਕਰ ਕੇ ਮਿਹਰਾ, ਬੋਧ ਅਗਾਧ ਕਰੀ ਪੜ੍ਹਾਈਆ । ਭੇਵ ਅਭੇਦਾ ਮੇਰਾ ਜਾਣੇ

ਕਿਹੜਾ, ਮਨ ਮਤ ਬੁਧ ਚਲੇ ਨਾ ਕੋਇ ਚਤਰਾਈਆ । ਚੌਦਾਂ ਵਿਦਿਆ ਦੇਵੇ ਗੇੜਾ, ਚੌਦਾਂ ਤਬਕ ਵੇਖਾਂ ਥਾਉਂ ਥਾਈਆ । ਬਿਨ ਸਾਹਿਬ ਸਤਿਗੁਰ ਪੁਰਖ ਅਕਾਲ ਕੋਈ ਨਾ ਜਾਣੇ ਆਰ ਪਾਰ ਕਿਨਾਰਾ ਮੇਰਾ, ਬੇੜਾ ਵਹਿਣ ਵਹੇ ਲੱਖ ਚੁਰਾਸੀ ਜੀਵ ਜੰਤ ਧਾਰ ਆਪਣੀ ਵਿਚ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸੱਚਾ ਮਸਤਕ ਲੇਖ ਬਣਾਈਆ । ਸ਼ਬਦ ਕਹੇ ਪ੍ਰਭ ਮੇਰੇ ਠਾਕਰ, ਸਵਾਮੀ ਤੇਰੇ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਤੇਰਾ ਸਾਗਰ, ਭਵਜਲ ਤੇਰੀ ਧਾਰ ਬਣਾਈਆ । ਤੂੰ ਕਰੀਮ ਕਰਤਾ ਧੁਰ ਦਾ ਕਾਦਰ, ਕੁਦਰਤ ਤੇਰਾ ਰਸ ਨਜ਼ਰੀ ਆਈਆ । ਮੈਂ ਵਣਜਾਰਾ ਸ਼ਬਦ ਸੌਦਾਗਰ, ਸਾਚਾ ਹੱਟ ਖੁਲ੍ਹਾਈਆ । ਤੂੰ ਬੈਠਾ ਰਹੇਂ ਨਿਰਮਲ ਜੋਤ ਇਕਾਗਰ, ਸਤਿ ਸਰੂਪ ਸੋਭਾ ਪਾਈਆ । ਤੂੰ ਸਾਹਿਬ ਸੁਲਤਾਨ ਜੋਧਾ ਸੂਰਬੀਰ ਬਹਾਦਰ, ਸ਼ਹਿਨਸ਼ਾਹ ਸੀਸ ਜਗਦੀਸ ਤਾਜ ਟਿਕਾਈਆ । ਮੈਂ ਨਿਉਂ ਨਿਉਂ ਚਰਨ ਕਵਲ ਸੀਸ ਝੁਕਾ ਕਰਾਂ ਨਵਾਜ਼ਸ਼, ਨਮੋ ਨਮੋ ਤੇਰਾ ਧਿਆਨ ਲਗਾਈਆ । ਤੁਧ ਬਿਨ ਮੇਰੀ ਕਰੇ ਨਾ ਕੋਈ ਹਿਫ਼ਾਜ਼ਤ, ਸਿਰ ਹੱਥ ਨਾ ਕੋਇ ਟਿਕਾਈਆ । ਸਚ ਦਵਾਰ ਸਤਿ ਸਤਿਵਾਦੀ ਪਾਰਬ੍ਰਹਮ ਤੇਰੀ ਵੇਖੀ ਇਕ ਅਦਾਲਤ, ਅਦਲ ਇਕੋ ਨਜ਼ਰੀ ਆਈਆ । ਤੇਰੇ ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਕਰ ਕੇ ਗਏ ਬਗ਼ਾਵਤ, ਦੀਨ ਮਜ਼੍ਹਬ ਕਰਨ ਲੜਾਈਆ । ਸਚ ਨਾਮ ਸਾਚੀ ਦੇਵੇ ਨਾ ਕੋਇ ਸਖ਼ਾਵਤ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਪਰੇਮ ਪਿਆਰ ਅੰਦਰ ਦੇਵੇ ਨਾ ਕੋਈ ਦਾਅਵਤ, ਮੁਹੱਬਤਖ਼ਾਨੇ ਵਿਚ ਮਹਿਬੂਬ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਇਕ ਨਿਆਮਤ, ਤੋਹਫ਼ਾ ਸਚ ਤੌਫ਼ੀਕ ਖ਼ੁਦਾਏ ਆਪਣੀ ਰਹਿਮਤ ਝੋਲੀ ਪਾਈਆ । ਰਹਿਮਤ ਰਹਿਮ ਕਰੇ ਖ਼ੁਦਾ, ਖ਼ਾਲਕ ਖ਼ਾਲਕ ਰੂਪ ਵਟਾਈਆ । ਨਿਤ ਨਵਿਤ ਜੋ ਰਹੇ ਜੁਦਾ, ਜੁਜ਼ ਆਪਣਾ ਦਏ ਸਮਝਾਈਆ । ਜੋ ਮੁਰੀਦ ਮੁਰਸ਼ਦ ਉਤੋਂ ਹੋਵੇ ਫ਼ਿਦਾ, ਫ਼ਿਤਰਤ ਆਪਣੀ ਦਏ ਚੁਕਾਈਆ । ਤਿਸ ਮਾਰਗ ਰਹਿਬਰ ਦੇਵੇ ਰਾਹ ਸਿਧਾ, ਪਰਦਾ ਉਹਲਾ ਆਪ ਉਠਾਈਆ । ਸੂਫ਼ੀਆਂ ਅੰਦਰ ਰੱਖਿਆ ਆਪਣਾ ਹਿੱਸਾ, ਸੋਹਣੀ ਵੰਡ ਵੰਡਾਈਆ । ਭਗਤਾਂ ਸਚ ਦਵਾਰਿਉਂ ਇਕੋ ਦਿਸਾ, ਦਹਿ ਦਿਸ਼ਾ ਢੂੰਡਣ ਕੋਇ ਨਾ ਜਾਈਆ । ਸੰਤ ਕਹਿਣ ਪਰਮ ਪੁਰਖ ਪ੍ਰਭ ਸਾਚਾ ਪਿਤਾ, ਘਟ ਘਟ ਰਿਹਾ ਸਮਾਈਆ । ਗੁਰਮੁਖ ਕਹਿਣ ਕਰੇ ਨਿਰਗੁਣ ਸਰਗੁਣ ਹਿਤਾ, ਹਿਤਕਾਰੀ ਵੇਖ ਵਖਾਈਆ । ਗੁਰਸਿਖ ਕਹਿਣ ਕਦੇ ਨਾ ਦੇਵੇ ਪਿਛਾ, ਸਨਮੁਖ ਹੋ ਕੇ ਦਰਸ ਦਿਖਾਈਆ । ਸ੍ਰੀ ਭਗਵਾਨ ਕਹੇ ਸ਼ਬਦ ਗੁਰੂ ਗੁਰ ਸਦਾ ਕਰੇ ਰਿਛਾ, ਰਿਛਕ ਆਪਣਾ ਨਾਉਂ ਪਰਗਟਾਈਆ । ਹਰਿਜਨ ਪਾਵੇ ਧੁਰ ਦੀ ਭਿਛਾ, ਭਿਛਿਆ ਇਕੋ ਇਕ ਵਰਤਾਈਆ । ਨਾਮ ਰਸ ਅੰਮ੍ਰਿਉਂ ਦੇਵੇ ਮਿਠਾ, ਰਸਨਾ ਰਸ ਨਾ ਜਾਣੇ ਰਾਈਆ । ਇਹੋ ਖੇਲ ਆਦਿ ਜੁਗਾਦਿ ਜੁਗ ਚੌਕੜੀ ਕਰੇ ਅਨਡਿਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪਿਛੋਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪ੍ਰਭੂ ਸਤਿਗੁਰੂ ਦਾ ਸੰਦੇਸ਼ ਪੜ੍ਹਦੇ ਚਿਠਾ, ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਆਪੇ ਫੜ, ਕਿਲਾ ਤੋੜ ਹੰਕਾਰੀ ਗੜ੍ਹ, ਪੰਚ ਵਿਕਾਰਾ ਸੁੱਟੇ ਦੜ, ਲੇਖਾ ਜਾਣੇ ਚੋਟੀ ਜੜ੍ਹ, ਘਰ ਗ੍ਰਿਹ ਮੇਲਾ ਸਹਿਜ ਸੁਭਾਈਆ ।



੧੦੪੧
੧੯

★ ੬ ਜੇਠ ੨੦੨੧ ਬਿਕ੍ਰਮੀ ਸਾਈਂ ਫ਼ੈਜ਼ ਮੁਹੰਮਦ ਤੋਂ ਪੁਛ ਗਿਛ ਤਖਾਣਵਧ ਜ਼ਿਲਾ ਫਿਰੋਜ਼ਪੁਰ ★

ਸ਼ਰਬਤ ਕਹੇ ਮੇਰਾ ਰੰਗ ਗੁਲਾਬੀ, ਗੁਲਸ਼ਨ ਇਕੋ ਨਜ਼ਰੀ ਆਈਆ । ਨਦਰ ਕਰੇ ਤੇ ਵੇਖਾਂ ਉਚ ਮਹਿਰਾਬੀ, ਸਾਚਾ ਰੂਪ ਬੇਪਰਵਾਹੀਆ । ਓਥੇ ਜਗੇ ਨਾ ਕੋਈ ਮਹਿਤਾਬੀ, ਨੂਰੋ ਨੂਰ ਨੂਰ ਖ਼ੁਦਾਈਆ । ਸਚ ਪਿਆਲਾ ਦੇਵੇ ਆਬੇਹਯਾਤ ਸ਼ਤਾਬੀ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਜਲਵਾ ਦੇਵੇ ਇਲਾਹੀ ਆਫ਼ਤਾਬੀ, ਮਹਿਬੂਬ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਰਬਤ ਵੇਖ ਵਖਾਈਆ । ਸ਼ਰਬਤ ਕਹੇ ਮੇਰਾ ਰੰਗ ਗੁਲਾਲ, ਗਹਿਰ ਗੰਭੀਰ ਆਪ ਬਣਾਈਆ । ਪਰਵਰਦਗਾਰ ਬਣੇ ਦਲਾਲ, ਧੁਰਦਰਗਾਹੀ ਇਕ ਖ਼ੁਦਾਈਆ । ਜਲਵਾ ਦੇਵੇ ਹੱਕ ਜਲਾਲ, ਜਾਹਰ ਜ਼ਹੂਰ ਕਰੇ ਰੁਸ਼ਨਾਈਆ । ਮੁਰਸ਼ਦ ਵੇਖੇ ਮੁਰੀਦ ਲਾਲ, ਲਾਲ ਅਮੋਲਕ ਇਕ ਪਰਗਟਾਈਆ । ਜਿਸ ਦਾ ਕਲਮ ਸ਼ਾਹੀ ਦੇਵੇ ਨਾ ਕੋਈ ਅਹਿਵਾਲ, ਕਾਗ਼ਜ਼ ਸਕੇ ਨਾ ਕੋਇ ਸਮਝਾਈਆ । ਉਹ ਸਾਹਿਬ ਬੇਮਿਸਾਲ, ਜਿਸ ਦੀ ਮਿਸਲ ਨਾ ਕਿਸੇ ਬਣਾਈਆ । ਸੋ ਸਦਾ ਸਦਾ ਕਿਰਪਾਲ, ਕਿਰਪਾਨਿਧ ਅਖਵਾਈਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਸੂਫ਼ੀ ਫ਼ਕੀਰ ਜਿਸ ਦੀ ਕਰਦੇ ਭਾਲ, ਖੋਜਤ ਖੋਜਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਰਬਤ ਵੇਖ ਵਖਾਈਆ । ਸ਼ਰਬਤ ਕਹੇ ਮੇਰਾ ਰੰਗ ਦੱਸੇ ਇਕ ਮਹਿਬੂਬ, ਮੁਹੱਬਤ ਜਿਸ ਦੇ ਨਾਲ ਲਗਾਈਆ । ਉਸ ਦਾ ਸੋਹਣਾ ਇਕ ਅਰੂਜ, ਅਰਸ਼ ਕੁਰਸ਼ ਦੋਵੇਂ ਵੇਖ ਵਖਾਈਆ । ਜਿਸ ਦੀ ਮੰਜ਼ਲ ਸਚ ਮਕਸੂਦ, ਮਹਿਕਮਾ ਬੇਪਰਵਾਹੀਆ । ਉਹ ਦੂਰ ਦੁਰਾਡਾ ਨੇਰਨ ਨੇਰਾ ਕਰ ਕੇ ਆਵੇ ਕੂਚ, ਬਣ ਕੇ ਪਾਂਧੀ ਰਾਹੀਆ । ਸਚ ਪਿਆਲਾ ਦੇਵੇ ਇਕੋ ਘੁਟ, ਰਸ ਰਸਕ ਰਸਕ ਵਖਾਈਆ । ਜਿਸ ਉਪਰ ਮੁਰਸ਼ਦ ਜਾਏ ਤੁਠ, ਮੁਰੀਦ ਖ਼ੁਸ਼ੀ ਮਨਾਈਆ । ਸਾਈਂ ਗੋਸਾਈਂ ਵੇਖੇ ਅੰਦਰ ਲੁਕ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਮੁਹੱਬਤ ਅੰਦਰ ਲਏ ਪੁਛ, ਪਿਆਰ ਅੰਦਰ ਸਦਾ ਬਾਂਗ ਸੁਣਾਈਆ । ਰੋਜਿਆਂ ਵਿਚ ਨਾ ਰਹੇ ਚੁੱਪ, ਰਾਜਕ ਰਹੀਮ ਆਪ ਅਖਵਾਈਆ । ਸਚ ਨਮਾਜ਼ ਪੜ੍ਹੇ ਬਿਨ ਕਾਇਆ ਬੁੱਤ, ਕਲਮਾ ਇਕੋ ਇਕ ਸੁਣਾਈਆ । ਜਿਸ ਦੇ ਨਾਲੋਂ ਨਾਤਾ ਗਿਆ ਛੁੱਟ, ਫਿਰ ਓਸੇ ਨਾਲ ਜੁੜਾਈਆ । ਦੋਜ਼ਖ਼ ਬਹਿਸ਼ਤ ਦੋਹਾਂ ਪੈਂਡਾ ਜਾਏ ਮੁੱਕ, ਮਿਲੇ ਮੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਰਬਤ ਵਿਚੋਂ ਸ਼ਰਅ ਦਏ ਬਦਲਾਈਆ । ਸ਼ਰਬਤ ਕਹੇ ਮੇਰੀ ਸ਼ਰਅ ਲਾਸ਼ਰੀਕ, ਸਿਰਕਤ ਵਿਚ ਕਦੇ ਨਾ ਆਈਆ । ਮੇਰੇ ਮਹਿਬੂਬ ਦੀ ਵਡ ਤੌਫ਼ੀਕ, ਤੋਹਫ਼ਾ ਘਰ ਘਰ ਦਏ ਪੁਚਾਈਆ । ਉਹ ਸੱਜਣ ਸਚ ਰਫ਼ੀਕ, ਰਹਿਮਤ ਇਕ ਕਮਾਈਆ । ਜਿਸ ਦੀ ਕਰਦੇ ਰਹੇ ਉਡੀਕ, ਸੋ ਆਇਆ ਸ਼ਹਿਨਸ਼ਾਹੀਆ । ਉਸ ਦੇ ਬਣੋ ਬਰਦੇ ਅਜ਼ੀਜ਼, ਆਲੀਸ਼ਾਨ ਮਕਾਨ ਬੇਮੁਕਾਮ ਦਏ ਵਖਾਈਆ । ਅੰਦਰ ਵੜ ਕੇ ਵੇਖੋ ਨਜ਼ਦੀਕ, ਘਰ ਹੁਜਰਾ ਰਿਹਾ ਸੁਹਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ, ਸੋ ਮਜਲਸ ਰਿਹਾ ਲਗਾਈਆ । ਸੂਫ਼ੀਆਂ ਦੀ ਇਕੋ ਈਦ, ਈਦਗਾਹ ਇਕੋ ਇਕ ਸਮਝਾਈਆ । ਜਿਸ ਮੰਜ਼ਲ ਚੜ੍ਹ ਕੇ ਮਿਲੇ ਸਚ ਰਸੀਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਰਬਤ ਵਿਚੋਂ ਸਾਖਿਆਤ ਰਿਹਾ ਸਮਝਾਈਆ । ਸ਼ਰਬਤ ਕਹੇ ਮੇਰਾ ਸਚ ਪਿਆਰ, ਪ੍ਰੀਤੀ ਇਕੋ ਇਕ ਜਣਾਈਆ । ਜਿਸ ਦੀ ਮਜਲਸ ਉਚ ਮਨਾਰ, ਦਰਗਾਹ ਸਾਚੀ ਸੋਭਾ ਪਾਈਆ । ਮੁਕਾਮੇ ਹੱਕ ਜਿਸ ਦਾ ਉਜਿਆਰ, ਜਲਵਾ ਨੂਰੋ ਨੂਰ ਰੁਸ਼ਨਾਈਆ । ਉਹ ਸੱਜਣਾਂ ਦਾ ਸੱਜਣ ਉਹ

੧੦੪੨
੧੯

ਯਾਰਾਂ ਦਾ ਯਾਰ, ਦੁਖੀਆਂ ਦਰਦ ਵੰਡਾਈਆ । ਗ਼ਫ਼ਲਤ ਵਿਚੋਂ ਹੋਏ ਬੇਦਾਰ, ਨੇਤਰ ਨੈਣ ਇਕ ਖੁਲ੍ਹਾਈਆ । ਉਸ ਦੀ ਸਿਫ਼ਤ ਕਰੇ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਬਿਨ ਮੁਰਸ਼ਦ ਹੱਥ ਨਾ ਆਵੇ ਵਿਚ ਸੰਸਾਰ, ਫੜ ਬਾਂਹੋਂ ਗਲੇ ਨਾ ਕੋਇ ਲਗਾਈਆ । ਸਾਚਾ ਵਸਲ ਦੇਵੇ ਅਸਲ ਰੂਪ ਅਪਾਰ, ਬੇਮਿਸਾਲ ਕਰੇ ਨਾ ਕਦੇ ਜੁਦਾਈਆ । ਸਚ ਸ਼ਰਬਤ ਜਿਸ ਨੂੰ ਦਏ ਪਿਆਲ, ਪ੍ਰੀਤੀ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸ਼ਰਬਤ ਕਹੇ ਮੇਰਾ ਪਰੇਮ ਪਿਆਰ ਅਜ਼ੀਜ਼, ਹਜ਼ਰਤ ਇਕੋ ਇਕ ਜਣਾਈਆ । ਜਿਸ ਨੂੰ ਅੰਦਰ ਬਾਹਰ ਬਖ਼ਸ਼ੇ ਤਮੀਜ਼, ਤਮਾਂ ਤੁਹਮਤ ਨਾ ਕੋਇ ਲਗਾਈਆ । ਸੋ ਹਾਫ਼ਜ਼ ਹੋਏ ਹਫ਼ੀਜ਼, ਬਿਨ ਹਰਫ਼ਾਂ ਕਰੇ ਪੜ੍ਹਾਈਆ । ਸੋ ਲੁਤਫ਼ ਵੇਖੇ ਇਕ ਲਤੀਫ਼, ਤੋਹਫ਼ਾ ਕਹਾਣੀ ਨਗ਼ਮਾ ਨਾ ਕੋਇ ਸੁਣਾਈਆ । ਜਿਸ ਉਪਰ ਮੁਰਸ਼ਦ ਕਰੇ ਬਖ਼ਸ਼ੀਸ਼, ਮੁਰੀਦ ਰਹਿਮਤ ਝੋਲੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸ਼ਰਬਤ ਵਿਚੋਂ ਸੋਹਣਾ ਰੰਗ ਵਖਾਈਆ । ਸ਼ਰਬਤ ਕਹੇ ਦੱਸੋ ਸਾਈਂ, ਸਚ ਸਈਆ ਮੰਗ ਮੰਗਾਈਆ । ਕਿਸ ਦਵਾਰੇ ਮਿਲੇ ਗੋਸਾਈਂ, ਘਰ ਦਾਤਾ ਬੇਪਰਵਾਹੀਆ । ਗਲੇ ਲਗਾਏ ਚਾਈਂ ਚਾਈਂ, ਫੜ ਬਾਂਹੋਂ ਆਪ ਉਠਾਈਆ । ਨਿਆਮਤ ਬਖ਼ਸ਼ੇ ਜਾਮ ਪਿਆਏ ਬੇਪਰਵਾਹੀ, ਪਰਦਾ ਉਹਲਾ ਆਪ ਚੁਕਾਈਆ । ਸਿਰ ਰੱਖ ਹੱਥ ਸਮਰਥ ਦੇਵੇ ਠੰਡੀਆਂ ਛਾਈਂ, ਅਗਨੀ ਤਤ ਨਾ ਕੋਇ ਤਪਾਈਆ । ਚੌਦਾਂ ਵਿਦਿਆ ਦੇਣ ਦੁਹਾਈ, ਚੌਦਾਂ ਤਬਕ ਸੀਸ ਝੁਕਾਈਆ । ਜਿਸ ਦਾ ਲੇਖਾ ਬੇਅੰਤ ਕੋਈ ਲਿਖੇ ਨਾ ਕਲਮ ਸ਼ਾਹੀ, ਅਲਫ਼ ਯੇ ਅੰਤ ਕੋਇ ਨਾ ਪਾਈਆ । ਐਨ ਗ਼ੈਨ ਕਹੇ ਮੇਰਾ ਮਹਿਬੂਬ ਮਾਹੀ, ਜ਼ੇਰ ਜ਼ਬਰ ਨਾ ਕੋਇ ਵਡਿਆਈਆ । ਨੁਕਤਾ ਨੂਨ ਨਾ ਦੇਵੇ ਕੋਇ ਗਵਾਹੀ, ਸ਼ਹਾਦਤ ਹਮਜ਼ਾ ਨਾ ਸਕੇ ਭੁਗਤਾਈਆ । ਬਸਤਾ ਬੰਨ੍ਹ ਮਕਤਬ ਨਾ ਕੋਇ ਵਖਾਈ, ਪੱਟੀ ਪੇ ਨਾ ਕੋਇ ਪੜ੍ਹਾਈਆ । ਤਖ਼ਤਾ ਜ਼ਿਮੀਂ ਅਸਮਾਨਾਂ ਰਿਹਾ ਉਲਟਾਈ, ਸਾਬਤ ਆਪਨਾ ਨੂਰ ਕਰੇ ਰੁਸ਼ਨਾਈਆ । ਸੋ ਸਾਹਿਬ ਸਚ ਮੁਕਾਮ ਹਜ਼ਰਤ ਵਸੇ ਏਕਾ ਥਾਈਂ, ਦਰਗਾਹ ਸਾਚੀ ਮੁਕਾਮੇ ਹੱਕ ਆਪਨਾ ਆਸਣ ਲਾਈਆ । ਸਾਨੂੰ ਥੋੜਾ ਜਿਹਾ ਵਿਚ ਪਿਆ ਸ਼ੱਕ, ਘੁੰਡੀ ਗੁੰਝਲ ਖੋਲ੍ਹੋ ਉਹ ਜਿਸ ਵਿਚ ਪੀਰ ਪੀਰਾਂ ਬੈਠਾ ਮੁਖ ਸ਼ਰਮਾਈਆ । ਪੀਰ ਪੀਰਾਂ ਬੈਠਾ ਛੁਪ, ਛੱਪਰ ਛੰਨ ਵੇਖ ਵਖਾਇੰਦਾ । ਪੜਦਾ ਉਹਲਾ ਚੁੱਕੋ ਅੰਧੇਰਾ ਘੁੱਪ, ਚੰਦ ਨੂਰ ਜਹੂਰ ਨਜ਼ਰੀ ਆਇੰਦਾ । ਉਹ ਕਲਮਾ ਬੋਲੇ ਮੁਖ, ਜਿਸ ਕਲਮੇ ਵਿਚੋਂ ਕਾਇਨਾਤ ਕਾਤਬ ਬਣ ਕੇ ਲੇਖ ਲਿਖਾਇੰਦਾ । ਜਿਸ ਨੂੰ ਪੀਰ ਪੈਗ਼ੰਬਰ ਸਯੱਦ ਔਲੀਏ ਰਹੇ ਝੁਕ, ਗੁਰ ਅਵਤਾਰ ਨਿਉਂ ਨਿਉਂ ਧੂੜੀ ਮਸਤਕ ਟਿੱਕਾ ਖ਼ਾਕ ਰਮਾਇੰਦਾ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਲੇਖਾ ਕਦੇ ਨਾ ਜਾਏ ਮੁੱਕ, ਦੇਵਣਹਾਰਾ ਇਕ ਅਖਵਾਇੰਦਾ । ਚਲੋ ਉਸ ਦੇ ਕੋਲੋਂ ਰਲ ਮਿਲ ਲਈਏ ਪੁਛ, ਕਿਸ ਧਾਮ ਕਿਸ ਮੁਕਾਮ ਕਿਸ ਸਿੰਘਾਸਣ ਸੋਭਾ ਪਾਇੰਦਾ । ਪਰੇਮ ਪਿਆਰ ਅੰਦਰ ਸਚ ਦਵਾਰੇ ਜਾਈਏ ਜੁਟ, ਘੋਲ ਦੰਗਲ ਇਕੋ ਵੇਖ ਵਖਾਇੰਦਾ । ਤੁਸੀਂ ਕਿਹੜੀ ਮੰਜ਼ਲ ਗਏ ਪੁੱਜ, ਰਾਹ ਵਿਚ ਕਵਣ ਗ਼ਜ਼ਲ ਨਗ਼ਮਾ ਨਾਮ ਸੁਣਾਇੰਦਾ । ਕੀ ਵਸਤ ਅੱਗੇ ਦੇਵੇ ਕੁਛ, ਕੀ ਖ਼ਾਲੀ ਹੱਥ ਫਿਰਾਇੰਦਾ । ਕੀ ਦਾੜ੍ਹੀ ਰੱਖੇ ਮੁੱਛ, ਕਿ ਸੀਸ ਕੱਟਾ ਮੂੰਡ ਮੁੰਡਾਇਆ ਨਜ਼ਰੀ ਆਇੰਦਾ । ਕੀ ਕਾਇਆ ਕਿ ਕੀ ਬੁੱਤ, ਕੀ ਤਤਵ ਤਤ ਸੁਹਾਇੰਦਾ । ਚਲੋ ਚਲ ਕੇ ਵੇਖੀਏ ਉਠ, ਅੰਦਰ ਬਾਹਰ ਗੁਪਤ ਜਾਹਰ ਕੀ ਕੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਚ ਸਾਈਂ ਗੋਸਾਈਂ ਤੇਰੇ ਅੰਤਰੋਂ ਵੇਖ

੧੦੪੩ ੧੯

ਵਖਾਇੰਦਾ । ਸ਼ਰਬਤ ਕਹੇ ਮੇਰਾ ਰੰਗ ਵਾਂਗ ਸ਼ਰਾਬ, ਮਦਿ ਮਦਿਰ ਨਾਮ ਧਰਾਈਆ । ਜਿਸ ਦਾ ਰਸ ਬਣੇ ਨਾਲ ਕਬਾਬ, ਅਗਨੀ ਤਤ ਤਪਾਈਆ । ਮਿਲ ਕੇ ਦੋਹਾਂ ਮੇਲ ਵਜੂਦ ਬਣੇ ਅਹਿਬਾਬ, ਰਬਾਬ ਸਚ ਸਤਾਰ ਹਿਲਾਈਆ । ਕਿਸ ਹੁਜਰੇ ਮਿਲੇ ਜਨਾਬ, ਬੈਠਾ ਸੋਭਾ ਪਾਈਆ । ਕਿਸ ਹੱਥ ਨਾਲ ਕਰੋ ਆਦਾਬ, ਸਜਦਾ ਸੀਸ ਝੁਕਾਈਆ । ਕੀ ਅੱਗੋਂ ਦੇਵੇ ਖ਼ਤਾਬ, ਮੁਖ਼ਾਤਬ ਹੋ ਕੇ ਦਏ ਸਮਝਾਈਆ । ਓਸ ਮੰਜ਼ਲ ਕੀ ਰਵਾਜ, ਕਵਣ ਰੰਗ ਰਲੀਆਂ ਰਿਹਾ ਮਨਾਈਆ । ਮੁਰਸ਼ਦਾਂ ਵਾਲੀ ਮੁਰਸ਼ਦਾਂ ਕੋਲ ਕਰੀਏ ਬਾਤ, ਬਾਤਨ ਜਾਹਰ ਨੂਰ ਖ਼ੁਦਾਈਆ । ਸਾਰਾ ਦਿਨ ਆਵਣ ਜਾਵਣ ਪੀ ਕੇ ਜਾਣ ਸ਼ਰਬਤ ਗਲਾਸ, ਸਾਚਾ ਜਾਮ ਮੰਗ ਨਾ ਕੋਇ ਮੰਗਾਈਆ । ਚਲੋ ਵੇਖੀਏ ਉਹ ਪਰਕਾਸ਼, ਜਿਸ ਪਰਕਾਸ਼ ਵਿਚੋਂ ਪਰਗਟਿਆ ਆਪ ਇਲਾਹੀਆ । ਫੇਰ ਇਕ ਦੂਜੇ ਨੂੰ ਕਹੀਏ ਸ਼ਾਬਾਸ਼, ਘਰ ਸਾਚੇ ਵੱਜੇ ਵਧਾਈਆ । ਸਚ ਦਵਾਰੇ ਹੋਏ ਇਕ ਇਤਫ਼ਾਕ, ਨਿਫ਼ਾਕ ਕੋਇ ਰਹਿਣ ਨਾ ਪਾਈਆ । ਮੁਰੀਦ ਮੁਰਸ਼ਦਾਂ ਸਦਾ ਮੁਸ਼ਤਾਕ, ਪਰੇਮ ਪਿਆਰ ਅੰਦਰ ਸਮਾਈਆ । ਈਸਾ ਮੂਸਾ ਮੁਹੰਮਦ ਜਿਸ ਨੂੰ ਗਏ ਆਖ, ਆਖਰ ਪਰਗਟੇ ਨੂਰ ਖ਼ੁਦਾਈਆ । ਉਸ ਦਾ ਭੇਵ ਖੋਲ੍ਹੀਏ ਨਾਲ ਵਜ਼ਾਹਤ, ਵਜ੍ਹਾ ਧੁਰ ਦੀ ਦਏ ਸਮਝਾਈਆ । ਜਿਸ ਦਾ ਲੇਖਾ ਜਾਣੇ ਨਾ ਕੋਈ ਲੁਗ਼ਾਤ, ਕਲਮਿਆਂ ਨਾਲ ਨਾ ਕੋਇ ਵਡਿਆਈਆ । ਜੋ ਸਦਾ ਸਦਾ ਸਦ ਦੇਵਣਹਾਰ ਨਜਾਤ, ਨਿਜ ਘਰ ਬੈਠਾ ਸੋਭਾ ਪਾਈਆ । ਸੋਹਣਾ ਬਾਗ਼ੀਚਾ ਵੇਖ ਬਾਗ਼ਾਤ, ਗੁਲਾਬੀ ਰੰਗ ਖ਼ੁਸ਼ੀ ਮਨਾਈਆ । ਗੁਲਾਬੀ ਬਾਗ਼ ਵਾਲੇ ਲੈ ਕੇ ਆਏ ਸਾਥ, ਅੰਤਰ ਆਤਮਾ ਖ਼ੁਸ਼ੀ ਮਨਾਈਆ । ਅੰਦਰ ਵੇਖੀਏ ਮਾਰ ਝਾਤ, ਕਿਸ ਕੋਨੇ ਗੋਸ਼ੇ ਲੁਕਿਆ ਬੇਪਰਵਾਹੀਆ । ਜਿਸ ਦੀ ਕਦੇ ਨਾ ਹੋਏ ਵਫ਼ਾਤ, ਮੜ੍ਹੀ ਗੋਰ ਨਾ ਕੋਇ ਦਬਾਈਆ । ਉਸ ਦੀ ਗਵਾਹੀ ਦੇਵੇ ਗਲਾਸ, ਜੋ ਆਪਣੇ ਅੰਦਰ ਸਾਚਾ ਜਾਮ ਬੈਠਾ ਟਿਕਾਈਆ । ਜਿਸ ਦੀ ਅੱਠੇ ਪਹਿਰ ਰਹੇ ਪ੍ਰਭਾਤ, ਸੰਧਿਆ ਸਰਘੀ ਵੇਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਉਹ ਘਰ, ਜਿਸ ਘਰ ਇਕੋ ਇਕ ਨੂਰੋ ਨੂਰ ਨੂਰ ਖ਼ੁਦਾਈਆ । ਸ਼ਰਬਤ ਕਹੇ ਮੈਂ ਜਨਮ ਦਾ ਪਾਣੀ, ਕਰਮਾਂ ਨਾਲ ਮਿੱਠਾ ਨਾਲ ਮਿਲਾਈਆ । ਇਹੋ ਖੇਲ ਮੁਰਸ਼ਦ ਮਹਾਨੀ, ਜੋ ਮੁਰੀਦਾਂ ਦਏ ਸਮਝਾਈਆ । ਜਿਸ ਵੇਲੇ ਆਪਣੀ ਕਰੇ ਮਿਹਰਵਾਨੀ, ਵਸਤ ਅਮੋਲਕ ਆਪਣੇ ਕੋਲੋਂ ਦਏ ਵਰਤਾਈਆ । ਫੇਰ ਮੁਸ਼ਕਲ ਕਰੇ ਆਸਾਨੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਲੇਖਾ ਚੁੱਕੇ ਜਗਤ ਫ਼ਾਨੀ, ਆਲਮੇ ਜਾਬਦਾਨੀ ਇਕੋ ਘਰ ਵਖਾਈਆ । ਜਿਸ ਨੂੰ ਰਹਿਬਰ ਮਿਲੇ ਰੂਹਾਨੀ, ਅੱਗੇ ਪਿਛੇ ਭੱਜਾ ਫਿਰੇ ਵਾਹੋ ਦਾਹੀਆ । ਕੂੜ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਕੋਈ ਨਾ ਰੋੜ੍ਹੇ ਤੁਗਿਆਨੀ, ਸ਼ੌਹ ਦਰਿਆ ਨਾ ਕੋਇ ਸੁਟਾਈਆ । ਪਾਰ ਕਰਾਏ ਦੋ ਜਹਾਨੀ, ਸਿਰ ਆਪਣਾ ਹੱਥ ਰਖਾਈਆ । ਤਿਸ ਮੁਰਸ਼ਦ ਉਤੋਂ ਮੁਰੀਦ ਜਾਵਣ ਕੁਰਬਾਨੀ, ਜੋ ਕਾਇਆ ਕਾਅਬੇ ਵਿਚੋਂ ਮਹਿਬੂਬ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਰਬਤ ਵਿਚੋਂ ਸਰੀਅਤ ਰਿਹਾ ਵਖਾਈਆ । ਬਖ਼ਸ਼ਸ਼ ਕਰੋ ਕਰ ਕੇ ਰਹਿਮਤ, ਰਹਿਮਾਨ ਮੰਗ ਮੰਗਾਇੰਦਾ । ਮੁਰੀਦ ਮੁਰਸ਼ਦਾਂ ਹੋਵੇ ਸਹਿਮਤ, ਸਗਲਾ ਸੰਗ ਵਖਾਇੰਦਾ । ਕੋਈ ਨਾ ਜਾਣੇ ਤੇੜ ਬੰਨ੍ਹੇ ਤਹਿਮਤ, ਵੇਸ ਅਨੇਕਾ ਆਪਣਾ ਖੇਲ ਵਖਾਇੰਦਾ । ਅੰਦਰ ਵੜ ਕੇ ਮਾਰੇ ਇਕੋ ਸੈਨਤ, ਸ਼ਬਦ ਇਸ਼ਾਰੇ ਨਾਲ ਉਠਾਇੰਦਾ । ਧਾਮ ਵਖਾਏ ਇਕੋ ਬੈਤੁਲ, ਮੁਕਦੱਸ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਅੰਤਰ ਖੋਜ ਖੁਜਾਇੰਦਾ । ਸ਼ਰਬਤ ਕਹੇ ਮੁਰਸ਼ਦ ਜਾਣੇ ਤਦਬੀਰ, ਤਬਾ ਸਭ ਦੀ ਦਏ ਬਦਲਾਈਆ ।

ਮਿਹਰ ਨਜ਼ਰ ਬਦਲੇ ਤਕਦੀਰ, ਤਕਸੀਰ ਆਪਣੀ ਵਿਚ ਮਿਲਾਈਆ । ਦੂਈ ਦਵੈਤੀ ਸ਼ਰਅ ਕੱਟ ਜ਼ੰਜੀਰ, ਲਾਸ਼ਰੀਕ ਦਏ ਵਖਾਈਆ । ਜਿਸ ਦੀ ਜਗ ਨੇਤਰ ਨਜ਼ਰ ਨਾ ਆਏ ਕਿਸੇ ਤਸਵੀਰ, ਨਿਜ ਨੇਤਰ ਕਰੇ ਰੁਸ਼ਨਾਈਆ । ਜਿਸ ਦੀ ਮੰਜ਼ਲ ਚੋਟੀ ਇਕ ਅਖ਼ੀਰ, ਦਰਗਾਹ ਸਾਚੀ ਸੋਭਾ ਪਾਈਆ । ਜੋ ਆਦਿ ਜੁਗਾਦਿ ਕਦੇ ਨਾ ਹੋਵੇ ਦਿਲਗੀਰ, ਹਿਰਸ ਹਵਸ ਨਾ ਕੋਇ ਵਧਾਈਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਜਾਮ ਇਕ ਦ੍ਰਿੜਾਈਆ । ਸ਼ਰਬਤ ਕਹੇ ਮੇਰਾ ਜਾਮ ਅਨੋਖਾ, ਅਕਲ ਕਲ ਅਖਵਾਇੰਦਾ । ਜਿਸ ਦੇ ਵਿਚ ਕਦੇ ਨਾ ਧੋਖਾ, ਕੂੜੀ ਕਿਰਿਆ ਡੇਰਾ ਢਾਹਿੰਦਾ । ਮੇਰੇ ਪੀਤਿਆਂ ਮਨ ਰਹੇ ਨਾ ਖੋਟਾ, ਦੁਰਮਤ ਮੈਲ ਪਰੇ ਹਟਾਇੰਦਾ । ਜੇ ਮੁਰਸ਼ਦ ਹੱਥ ਵਿਚ ਫੜ ਲਏ ਅਗੰਮੀ ਸੋਟਾ, ਅੰਦਰ ਬਾਹਰ ਭੈ ਜਣਾਇੰਦਾ । ਸਾਹਿਬ ਸੁਲਤਾਨ ਸਾਚਾ ਦੱਸਿਆ ਇਕੋ ਰੋਜ਼ਾ, ਜਿਸ ਰੋਜ਼ੇ ਵਿਚ ਜੂਠ ਝੂਠ ਰਸਨਾ ਕੋਇ ਨਾ ਲਾਇੰਦਾ । ਉਸ ਰੋਜ਼ੇ ਵਿਚ ਸਦਾ ਮੌਜਾਂ, ਮੌਜੂਦਾ ਹੋ ਕੇ ਦਰਸ ਦਿਖਾਇੰਦਾ । ਉਸ ਦੀ ਖੋਜੇ ਨਾ ਕੋਈ ਖੋਜਾ, ਭਰਮੇ ਭਰਮੀ ਸਰਬ ਭੁਲਾਇੰਦਾ । ਉਸ ਨੂੰ ਮਿਲਿਆਂ ਲੇਖਾ ਚੁਕੇ ਏਕਾ ਦੂਜਾ, ਨੂਰ ਇਲਾਹੀ ਇਕੋ ਨਜ਼ਰੀ ਆਇੰਦਾ । ਇਹੋ ਭੇਵ ਮੁਰਸ਼ਦਾਂ ਕੋਲ ਗੁਝਾ, ਬਿਨ ਕਿਰਪਾ ਬੰਦ ਤਾਕੀ ਨਾ ਕੋਇ ਖੁਲ੍ਹਾਇੰਦਾ । ਅੱਲਾ ਹੂ ਅੰਨਾ ਹੂ ਆਲਮੀਨ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਜਿਸ ਨੂੰ ਪੁਜਾ, ਪੂਜਨੀਕ ਇਕੋ ਨਜ਼ਰੀ ਆਇੰਦਾ । ਸਚ ਦਵਾਰਾ ਤਿਸ ਨੂੰ ਸੁਝਾ, ਗ੍ਰਿਹਿ ਮੰਦਰ ਇਕ ਵਖਾਇੰਦਾ । ਓਨ੍ਹਾਂ ਸੱਜਣਾਂ ਪੈਂਡਾ ਮੁੱਕਾ, ਤਸਬੀ ਮਾਲਾ ਪਰੇ ਸੁਟਾਇੰਦਾ । ਉਹ ਸੂਫ਼ੀ ਸਦਾ ਸੁੱਚਾ, ਸੁਚਿਆਂ ਵਿਚੋਂ ਸਹੀ ਸਲਾਮਤ ਵੇਖ ਵਖਾਇੰਦਾ । ਜੋਤੀ ਜੋਤ

੧੦੪੫ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਰਬਤ ਵਿਚੋਂ ਵੇਖੇ ਰਸ ਮਿੱਠਾ, ਮਿੱਠਤ ਵਿਚੋਂ ਸਚ ਮਿਠਾਸ ਮਿਠਾਸ ਵਿਚੋਂ ਆਸ ਆਸ ਵਿਚੋਂ ਰੱਖ ੧੦੪੫

੧੯ ਨਿਵਾਸ ਨਿਵਾਸ ਵਿਚੋਂ ਦਾਸ ਨਜ਼ਰੀ ਆਇੰਦਾ । ਗਲਾਸ ਕਹੇ ਮੇਰੀ ਖ਼ਾਤਰ, ਖ਼ਾਤਮਾ ਕੂੜੀ ਕਿਰਿਆ ਦਿਓ ਕਰਾਈਆ । ਆਪਣੇ ਆਪ ਨਾ ਬਣੇ ਕੋਈ ਚਾਤਰ, ਜਗਤ ਚਤੁਰਾਈ ਕੰਮ ਕਿਸੇ ਨਾ ਆਈਆ । ਜਿਸ ਨੂੰ ਧੁਰ ਦਾ ਸੁਨੇਹੜਾ ਆਵੇ ਪਾਤਰ, ਸਚ ਸੰਦੇਸਾ ਇਕ ਖ਼ੁਦਾਈਆ । ਸੋ ਮੰਜ਼ਲ ਵੇਖੇ ਆਖ਼ਰ, ਅਖ਼ੀਰ ਆਪਣਾ ਪੰਧ ਮੁਕਾਈਆ । ਜਲਵਾ ਦੱਸੇ ਅੰਤਰ ਬਾਤਨ, ਗੱਲਾਂ ਬਾਤਾਂ ਨਾਲ ਨਾ ਕੋਇ ਵਡਿਆਈਆ । ਕਿਸ ਕਿਨਾਰੇ ਬੈਠੇ ਪਾਤਣ, ਕਵਣ ਮਲਾਹ ਨਜ਼ਰੀ ਆਈਆ । ਜਿਸ ਨੂੰ ਪਰਦਾਨਸੀਂ ਸਾਰੇ ਆਖਣ, ਮੁਖ ਨਕਾਬ ਰਿਹਾ ਟਿਕਾਈਆ । ਉਹ ਕਿਸ ਮੰਜ਼ਲ ਜਾ ਕੇ ਬਣੇ ਸਾਥਨ, ਸੋਹਣਾ ਸੰਗ ਨਿਭਾਈਆ । ਕਿਹੜਾ ਕਲਮਾ ਗਾਵੇ ਗਾਥਨ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਕਿਹੜਾ ਕਮਲੀ ਵਾਲਾ ਸਚ ਪ੍ਰੀਤੀ ਜੋੜੇ ਨਾਤਨ, ਪੱਲੂ ਆਪਣੇ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਘਰ ਜਿਸ ਮੰਦਰ ਵਿਚੋਂ ਮਾਂਦਰੀ ਮੰਤਰ ਰਿਹਾ ਸਿਖਾਈਆ । ਕਰੋ ਇਸ਼ਾਰਾ ਨਾਲ ਅਸ਼, ਆਸ਼ਕ ਮਾਸ਼ੂਕ ਦੋਵੇਂ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਚਾ ਜਸ, ਕਲਮ ਸ਼ਾਹੀ ਸਿਫ਼ਤ ਸਾਲਾਹੀਆ । ਪਰੇਮ ਪ੍ਰੀਤੀ ਅੰਦਰ ਜਾਣਾ ਵਸ, ਵਾਸਤਾ ਇਕੋ ਨਾਲ ਰਖਾਈਆ । ਜਿਹੜਾ ਕਿਸੇ ਨਾ ਆਵੇ ਹੱਥ, ਸਨਮੁਖ ਬੈਠਾ ਬੇਪਰਵਾਹੀਆ । ਪਰਵਰਦਿਗਾਰ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੋ ਅੰਦਰ ਵੜ ਕੇ ਰਿਹਾ ਦੱਸ, ਸੋ ਬਾਹਰੋਂ ਕਰੇ ਪੜ੍ਹਾਈਆ । ਪਹਿਲੋਂ ਮੁਰਸ਼ਦ ਨਾਲ ਮਿਲਾਏ ਹੱਥ, ਹੱਥਾਂ ਵਿਚੋਂ ਹਸਤੀ ਦਿਤੀ ਜਣਾਈਆ । ਹੁਣ ਮਿਲੋ ਤੇ ਖੁੱਲ

ਜਾਏ ਅੱਖ, ਜਿਸ ਅੱਖ ਵਿਚੋਂ ਨਜ਼ਰੀ ਆਏ ਨੂਰ ਖ਼ੁਦਾਈਆ । ਨਹੀਂ ਤੇ ਅੱਗੇ ਹੋ ਜਾਏ ਬਸ, ਬਸਤਾ ਸਭ ਦਾ ਰਿਹਾ ਬੰਧਾਈਆ । ਏਸ ਗਲਾਸ ਦਾ ਅਗੰਮੀ ਰਸ, ਜਿਸ ਵਿਚੋਂ ਲਾਲ ਰੰਗ ਆਪਣਾ ਰੰਗ ਵਖਾਈਆ । ਜਲ ਨਾਲ ਮਿਲ ਕੇ ਲਾਹਾ ਰਿਹਾ ਖੱਟ, ਮਿਲੀ ਮਾਣ ਵਡਿਆਈਆ । ਮੁਰਸ਼ਦ ਕਿਰਪਾ ਜੇ ਮੁਰੀਦ ਪੀਵੇ ਗਟ ਗਟ, ਪੀਂਦਿਆਂ ਗੁਟਕਾ ਪੋਥੀ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਘਰ ਪਰਕਾਸ਼ ਜੋਤ ਹੋਵੇ ਲਟ ਲਟ ਲਟ, ਸ਼ਬਦ ਨਾਦ ਧੁਨ ਅਨਹਦ ਕਰੇ ਸ਼ਨਵਾਈਆ । ਇਹ ਰਸ ਜੋ ਲਵੇ ਚਟ, ਚੇਟਕ ਮੁੱਕੇ ਜਗਤ ਲੋਕਾਈਆ । ਅੱਗੇ ਸੋਹਣਾ ਦਿਸੇ ਹੱਟ, ਜਿਥੇ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਈਂ ਕਿਸ ਮੰਜ਼ਲ ਮਿਲੇ ਗੋਸਾਈਂ ਗ਼ੁਸਲ ਵਸਲ ਅਸਲ ਵਿਚੋਂ ਕਰਾਈਆ । ਅਸਲ ਵਸਲ ਵਿਚ ਕਵਣ ਵਜੂਦ, ਰੰਗ ਸਚ ਕਵਣ ਰੰਗਾਇੰਦਾ । ਕਵਣ ਸੇਜਾ ਰੱਖੇ ਮਹਿਫ਼ੂਜ਼, ਚਾਰੋਂ ਕੁੰਟ ਵੇਖ ਵਖਾਇੰਦਾ । ਆਓ ਵੇਖੀਏ ਉਹ ਮਹਿਬੂਬ, ਜੋ ਮੁਹੱਬਤ ਵਿਚੋਂ ਪਰੇਮ ਪ੍ਰੀਤੀ ਇਕ ਪਰਗਟਾਇੰਦਾ । ਜਿਸ ਦਾ ਅਸਲ ਜੇ ਕੋਈ ਸਮਝੇ ਨਾਲ ਆਪੇ ਰਲ ਜਾਏ ਸੂਦ, ਸ਼ਰਅ ਵਿਚ ਲਿਆ ਕੇ ਕੁਲਜ਼ਰ ਰੂਪ ਵਖਾਇੰਦਾ । ਫ਼ਕੀਰ ਫ਼ਕੀਰਾਂ ਲੈਣ ਬੂਝ, ਬੁਝਾਰਤ ਇਕੋ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਿਕਰਾ ਹੱਕ ਹਕੀਕਤ ਵਿਚੋਂ ਸੁਣਨਾ ਚਾਹਿੰਦਾ । ਅੰਦਰੋਂ ਹੂੰਗਰ ਨਿਕਲੇ ਹੂੰ, ਰਸਨਾ ਜਿਹਵਾ ਬੱਤੀ ਦੰਦ ਤਾਲ ਵਜਾਈਆ । ਜੇ ਸਾਹਿਬ ਮਿਲੇਂ ਤੂੰ, ਤੂੰ ਹੀ ਤੂੰ ਰਾਗ ਅਲਾਈਆ । ਉਜਲ ਹੋਵੇ ਮੂੰਹ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਇਹ ਕਾਇਆ ਮਾਟੀ ਝੂਠਾ ਦਿਸੇ ਖੂਹ, ਹੰਕਾਰ ਵਿਕਾਰ ਇਸ ਦੇ ਵਿਚ ਭਰਾਈਆ । ਜਿਨ੍ਹਾਂ ਦਾ ਪਾਕ ਹੋਇਆ ਰੂਹ, ਰਸੂਲ ਘਰ ਮਿਲੇ ਚਾਈਂ ਚਾਈਆ । ਉਹ ਵੇਖਣ ਉਹਦੀ ਜੂਹ, ਜੰਗਲ ਉਜਾੜ ਪਹਾੜ ਡੂੰਘੀ ਕੰਦਰ ਡੇਰਾ ਢਾਹੀਆ । ਉਹ ਓਨ੍ਹਾਂ ਨਾਲ ਹੌਲੀ ਹੌਲੀ ਜਾਵੇ ਕੂ, ਸਚ ਸੰਦੇਸਾ ਇਕ ਸੁਣਾਈਆ । ਜੇ ਮੇਰੀ ਕਿਸੇ ਨੂੰ ਮਿਲ ਜਾਏ ਸੱਚੀ ਸੂਹ, ਸੋ ਸੁਹਬਤ ਨਾਲ ਸੋਭਾ ਪਾਈਆ । ਜਗਤ ਜਗਿਆਸੂ ਜਗਤ ਵਾਸਨਾ ਕਰਦੇ ਫੂੰ ਫੂੰ, ਹਉਮੇਂ ਭਰੀ ਲੋਕਾਈਆ । ਜੋ ਸਤਿਗੁਰ ਪੂਰੇ ਨਾਲ ਜਾਏ ਛੂਹ, ਸੋਨਾ ਕੰਚਨ ਪਾਰਸ ਪਾਰਸ ਨਾਲੋਂ ਉਪਰ ਆਪਣੇ ਰੰਗ ਨਾਲ ਰੰਗਾਈਆ । ਖ਼ੁਸ਼ੀ ਕਰੇ ਸਾਢੇ ਤਿੰਨ ਕਰੋੜ ਲੂੰ ਲੂੰ, ਅੰਦਰ ਵੜ ਕੇ ਤੰਦੀ ਤੰਦ ਸਤਾਰ ਵਜਾਈਆ । ਓਥੇ ਨਾ ਕੋਈ ਹਾਂ ਨਾ ਕੋਈ ਹੂੰ, ਤੂੰ ਮੈਂ ਮੈਂ ਤੂੰ ਇਕੋ ਰਾਗ ਸੁਣਾਈਆ । ਜੋ ਦਰਵੇਸ਼ ਬਣ ਕੇ ਬੈਠੇ ਬਰੂੰਹ, ਸਚ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਾਰੇ ਨਾਲ ਇਸ਼ਾਰੇ ਰਿਹਾ ਮਿਲਾਈਆ ।



੧੦੫੬

### ★ ੬ ਜੇਠ ੨੦੨੧ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹ ਨਿਧਾਂਵਾਲੀ ਜ਼ਿਲਾ ਫਿਰੋਜ਼ਪੁਰ ★

ਫ਼ਕੀਰਾਂ ਫ਼ਿਕਰਾ ਹੱਕ ਨਾ ਪੜ੍ਹਿਆ, ਸੁਣੀ ਕਲਾਮ ਨਾ ਧੁਰਦਰਗਾਹੀਆ । ਹੁਜਰੇ ਅੰਦਰ ਹੱਜ ਨਾ ਕਰਿਆ, ਮਿਲਿਆ ਮੇਲ ਨਾ ਬੇਪਰਵਾਹੀਆ । ਸਚ ਮਹਿਰਾਬੇ ਮੂਲ ਨਾ ਖੜਿਆ, ਸੋਹਣਾ ਰੂਪ ਵਟਾਈਆ । ਜੀਵਤ ਰੂਪ ਕੋਇ ਨਾ ਮਰਿਆ, ਕਾਇਆ ਗੋਰ ਨਾ ਸੋਭਾ ਪਾਈਆ । ਸਚ ਪਿਆਲਾ ਜਾਮ ਕਿਸੇ ਨਾ ਭਰਿਆ, ਖ਼ਾਲੀ ਦਿਸੇ ਤਤ ਸੁਰਾਹੀਆ । ਦਰ ਦਰਵੇਸ਼ ਨਾ ਬਣਿਆ ਦਰਿਆ, ਸਚ ਅਲਖ ਨਾ ਕੋਇ ਜਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਅਖਵਾਈਆ । ਫ਼ਕੀਰਾਂ ਫ਼ਿਕਰਾ ਨਾ ਜਾਤਾ ਹੱਕ, ਹਕੀਕਤ ਬੈਠੀ ਮੁਖ ਭਵਾਈਆ । ਜਗਤ ਖ਼ੁਦਾਈ ਰਹੇ ਤੱਕ, ਤਕਵਾ ਦੇਵੇ ਨਾ ਬੇਪਰਵਾਹੀਆ । ਲੱਭ ਲੱਭ ਸਾਰੇ ਗਏ ਥੱਕ, ਅੰਦਰ ਬਾਹਰ ਖੋਜ ਖੁਜਾਈਆ । ਕੌਡੀ ਪੱਲੇ ਨਾ ਕਿਸੇ ਕੱਖ, ਕੀਮਤ ਸਕੇ ਨਾ ਕੋਇ ਪਵਾਈਆ । ਸਜਦਾ ਸੀਸ ਨਾ ਝੁਕਿਆ ਨੱਕ, ਲਕੀਰ ਤਕਦੀਰ ਨਾ ਕੋਇ ਮਿਟਾਈਆ । ਜਗਤ ਜੀਵਣ ਦਿਸੇ ਭੱਠ, ਅਗਨੀ ਭਠਿਆਲਾ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਰਘੁਰਾਈਆ । ਫ਼ਕੀਰ ਫ਼ਿਕਰਾ ਨਾ ਜਾਣੇ, ਪਰਦਾ ਉਹਲਾ ਨਾ ਕੋਇ ਉਠਾਈਆ । ਰੰਗ ਮਹਿਬੂਬ ਕੋਇ ਨਾ ਮਾਣੇ, ਸੁੰਞੀਂ ਸੇਜ ਦੇਣ ਦੁਹਾਈਆ । ਰਾਤੀਂ ਸੁੱਤਿਆਂ ਰੈਣ ਵਿਹਾਣੇ, ਬਾਂਹੋਂ ਫੜ ਗਲੇ ਨਾ ਕੋਇ ਲਗਾਈਆ । ਬਾਲੀ ਬੁਧ ਬਣੇ ਬਾਲ ਅਞਾਣੇ, ਮਨਮਤ ਦੇਵੇ ਜਗਤ ਗਵਾਹੀਆ । ਕੂੜੀ ਕਿਰਿਆ ਬੈਠੀ ਸਰ੍ਹਾਣੇ, ਸੋਹਣਾ ਵੇਸ ਸ਼ਿੰਗਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਫ਼ਕੀਰਾਂ ਮਿਲੀ ਨਾ ਸਚ ਫ਼ਕੀਰੀ, ਫ਼ਜ਼ਲ ਫ਼ਾਜ਼ਲ ਰਹਿਮ ਨਾ ਕੋਇ ਕਮਾਈਆ । ਤੁਟੀ ਤਨ ਨਾ ਸ਼ਰਅ ਜ਼ੰਜੀਰੀ, ਸ਼ਰੀਅਤ ਪੰਧ ਨਾ ਕੋਇ ਮੁਕਾਈਆ । ਤਸਬੀ ਮਿਲੀ ਨਾ ਬੇਨਜ਼ੀਰੀ, ਮਨ ਕਾ ਮਣਕਾ ਦਏ ਭਵਾਈਆ । ਦੂਈ ਦਵੈਤ ਨਾ ਮਿਟੀ ਪੀੜੀ, ਦਰਦੀ ਦਰਦ ਨਾ ਕੋਇ ਵੰਡਾਈਆ । ਚੋਟੀ ਚੜ੍ਹੇ ਨਾ ਕੋਇ ਅਖ਼ੀਰੀ, ਗ੍ਰਿਹ ਵੇਖੇ ਚਾਈਂ ਚਾਈਂਆ । ਲੇਖਾ ਚੁਕੇ ਨਾ ਸ਼ਾਹ ਹਕੀਰੀ, ਹਕੀਰ ਹਕੀਰਾਂ ਵਿਚ ਬੈਠਾ ਰੰਗ ਵਖਾਈਆ । ਜੋਤੀ

੧੦੪੭ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਰਿਹਾ ਸੁਣਾਈਆ । ਫ਼ਕੀਰਾਂ ਫ਼ਿਕਰਾਂ ਅੰਦਰ ਆਇਆ ਫ਼ਾਕਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਕਿਸੇ ਨਜ਼ਰ ਨਾ ਆਇਆ ਸਾਚਾ ਆਕਾ, ਅਕਲ ਵਿਚੋਂ ਅਸਲ ਸ਼ਕਲ ਨਾ ਕੋਇ ਸਮਝਾਇੰਦਾ । ਬੰਦ ਕਿਵਾੜ ਨਾ ਖੁਲ੍ਹਾ ਤਾਕਾ, ਪਰਦਾ ਦੂਈ ਨਾ ਕੋਇ ਚੁਕਾਇੰਦਾ । ਆਬੇਹਯਾਤ ਨਾ ਮਿਲਿਆ ਬਾਟਾ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਸੇਜ ਸੁਹੰਜਣੀ ਨਾ ਸੁੱਤਾ ਖਾਟਾ, ਪਰੇਮ ਗਲਵਕੜੀ ਪ੍ਰੀਤਮ ਆਪਣੀ ਨਾ ਕੋਇ ਵਖਾਇੰਦਾ । ਡੂੰਘਾ ਦਿਸੇ ਇਕੋ ਖਾਤਾ, ਖ਼ਤਰਾ ਜਿਸ ਵਿਚੋਂ ਨਜ਼ਰੀ ਆਇੰਦਾ । ਜਿਥੇ ਲੇਖਾ ਮੰਗੇ ਬਾਕਾ, ਬਾਕੀ ਨਵੀਸ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਫ਼ਕੀਰਾਂ ਚੁਕਿਆਂ ਨਾ ਫ਼ਿਕਰ ਮੌਤ, ਸਹਿਮ ਵਹਿਮ ਨਾ ਕੋਇ ਮਿਟਾਈਆ । ਜਗਤ ਪੀਹੜੀ ਜਾਂਦੀ ਦਿਸੇ ਔਂਤ, ਮੁਰੀਦ ਮੁਰਸ਼ਦ ਗੋਦ ਨਾ ਕੋਇ ਉਠਾਈਆ । ਅੰਦਰ ਵੜ ਕੇ ਸਾਰੇ ਰਹੇ ਸੋਚ, ਸਮਝ ਸਕੇ ਕੋਈ ਨਾ ਰਾਈਆ । ਪਰਵਰਦਗਾਰ ਮਿਲਿਆ ਨਾ ਧੁਰ ਦਾ ਖ਼ੌਂਤ, ਖ਼ਾਵੰਦ ਬੀਵੀ ਨਾ ਹੋਈ ਕੁੜਮਾਈਆ । ਓਥੇ ਕਿਸੇ ਨਾ ਦਿਸੇ ਕੋਈ ਪਹੁੰਚ, ਮਿਲਾਵੇ ਮੇਲ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਕੀਰਾਂ ਫ਼ਤਿਆ ਰਿਹਾ ਪੜ੍ਹਾਈਆ । ਫ਼ਕੀਰਾਂ ਉਤੇ ਇਕੋ ਫ਼ਿਕਰੇ ਲਾਇਆ ਫ਼ਤਵਾ, ਹੁਕਮ ਸਾਦਰ ਇਕ ਕਰਾਈਆ । ਕਿਸੇ ਪੀਰ ਦਾ ਚੜ੍ਹੇ ਨਾ ਕੋਈ ਹਲਵਾ, ਨਿਆਜ਼ ਰੂਪ ਨਾ ਕੋਇ ਵਟਾਈਆ । ਕਬਾਬ ਮਿਲੇ ਨਾ ਕਿਸੇ ਤਲਵਾਂ, ਭੁੰਨ ਸੀਖ ਨਾ ਕੋਇ ਚੜ੍ਹਾਈਆ । ਭਟਕੇ ਮਨ ਨਾ ਵਾਸਨਾ ਮਨੂਆ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਮੁਕਾਈਆ । ਫ਼ਕੀਰਾਂ ਕਰੇ ਦਾਰਖ਼ਬਰ, ਬੇਖ਼ਬਰ ਖ਼ਬਰ ਸੁਣਾਈਆ । ਸਭ ਦੇ ਹੱਥੋਂ ਕਾਸਾ ਟੁੱਟਾ ਪਿਆਲਾ ਸਬਰ, ੧੦੪੭

ਸਬੂਰੀ ਸੰਗ ਨਾ ਕੋਇ ਨਿਭਾਈਆ । ਈਸਾ ਮੂਸਾ ਮੁਹੰਮਦ ਜੋ ਇਸਲਾਮੀ ਬਣਾਇਆ ਟੱਬਰ, ਸ਼ਰਅ ਨਾਲ ਜੋੜ ਜੁੜਾਈਆ । ਤਿਨ੍ਹਾਂ ਵੇਖਣਹਾਰਾ ਸ਼ੇਰ ਬੱਬਰ, ਸ਼ਹਿਨਸ਼ਾਹ ਇਕੋ ਫੇਰਾ ਪਾਈਆ । ਅੰਤ ਵੇਲਾ ਕੋਈ ਨਾ ਸਕੇ ਸੰਭਲ, ਕਦਮ ਕਦਮ ਸਕੇ ਨਾ ਕੋਇ ਟਿਕਾਈਆ । ਪੀਰ ਪੈਗ਼ੰਬਰ ਕਹਿਣ ਹੋਇਆ ਗ਼ਜ਼ਬ, ਗ਼ਰਜ਼ ਪੂਰੀ ਨਾ ਕੋਇ ਵਖਾਈਆ । ਫ਼ਕੀਰ ਹਕੀਰ ਹੋਵਣ ਤਅੱਜਬ, ਹੈਰਾਨੀ ਸਭ ਦੇ ਸਿਰ ਤੇ ਛਾਈਆ । ਜਿਸ ਲੇਖਾ ਚੁਕਾਉਣਾ ਦੀਨ ਮਜ਼੍ਹਬ, ਲਾ ਮਜ਼੍ਹਬ ਫੇਰਾ ਪਾਈਆ । ਉਮਤ ਉਮਤੀ ਸਾਰੇ ਕਰੋ ਅਦਬ, ਆਦਾਬ ਇਕੋ ਸੀਸ ਝੁਕਾਈਆ । ਸਭ ਦਾ ਹੱਲ ਕਰੇ ਮਤਲਬ, ਮੁਤਾਲਿਆ ਕਰ ਕੇ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਚ ਫ਼ਕੀਰ ਬਣਾਏ ਗੁਰਮੁਖ, ਜਿਸ ਫ਼ਿਕਰਾ ਹੱਕ ਪੜ੍ਹਾਇੰਦਾ । ਪਰੇਮ ਪ੍ਰੀਤੀ ਕਰ ਬਣਾਏ ਸੁਤ, ਪਿਤਾ ਪੂਤ ਗੋਦ ਉਠਾਇੰਦਾ । ਕਲਜੁਗ ਅੰਤਮ ਲਏ ਪੁਛ, ਪਤਿਪਰਮੇਸ਼ਵਰ ਫੇਰਾ ਪਾਇੰਦਾ । ਜਨ ਭਗਤਾਂ ਝੋਲੀ ਪਾਏ ਸਭ ਕੁਛ, ਆਪਣਾ ਖ਼ਾਲੀ ਹੱਥ ਰਖਾਇੰਦਾ । ਏਥੇ ਓਥੇ ਦੋ ਜਹਾਨ ਪੈਂਡਾ ਜਾਏ ਮੁੱਕ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸੰਤ ਸੁਹੇਲਾ ਬੂਟਾ ਕਦੇ ਨਾ ਜਾਏ ਸੁੱਕ, ਪੱਤ ਟਹਿਣੀ ਆਪ ਮਹਿਕਾਇੰਦਾ । ਸ਼ਬਦੀ ਧਾਰੋਂ ਆਪੇ ਉਠ, ਜੋਤੀ ਜਾਤਾ ਵੇਖ ਵਖਾਇੰਦਾ । ਪਰੇਮ ਪਿਆਰ ਸਚ ਪ੍ਰੀਤੀ ਅੰਦਰ ਲੁਕ, ਆਤਮ ਸੇਜਾ ਸੁਹੰਜਣੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਕੀਰ ਇਕ ਵਖਾਇੰਦਾ । ਸਚ ਫ਼ਕੀਰ ਜਨ ਭਗਤ, ਜਨਮ ਜਨਮ ਦਾ ਭੇਵ ਚੁਕਾਈਆ । ਲੇਖੇ ਲਾਏ ਬੂੰਦ ਰਕਤ, ਪੰਜ ਤਤ ਕਾਇਆ ਮਾਟੀ ਦਏ ਵਡਿਆਈਆ । ਆਤਮ ਪਰਮਾਤਮ ਪਾਏ ਸਾਚੀ ਸ਼ਕਤ, ਸ਼ਖ਼ਸੀਅਤ ਆਪਣੇ ਨਾਲ ਰਖਾਈਆ । ਆਪੇ ਜਾਣੇ ਵੇਲਾ ਵਕਤ, ਥਿਤ ਵਾਰ ਸਕੇ ਨਾ ਕੋਇ ਸਮਝਾਈਆ । ਗੁਰਮੁਖਾਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਰਿਹਾ ਵਰਤਾਈਆ । ਜੁਗ ਜਨਮ ਜੋ ਰਹੇ ਭਟਕ, ਦੇ ਦਰਸ ਭਟਕਨਾ ਦਏ ਗਵਾਈਆ । ਅਧਵਿਚਕਾਰ ਕੋਈ ਨਾ ਜਾਏ ਲਟਕ, ਰਾਏ ਧਰਮ ਨਾ ਦਏ ਸਜ਼ਾਈਆ । ਗੁਰਮੁਖ ਫ਼ਕੀਰ ਕੋਟਾਂ ਵਿਚੋਂ ਫ਼ਕਤ, ਜਿਸ ਫ਼ਿਕਰਾ ਪੜ੍ਹਿਆ ਸੋਹੰ ਢੋਲਾ ਗਾਈਆ । ਤਿਸ ਆਤਮ ਵਿਛੜੀ ਫੇਰ ਮਿਲਾਵੇ ਪਰਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਨੇਤਰ ਦੀਦਾਰ ਅੱਖ ਅੱਖੀਆਂ ਕਰ ਕੇ ਦਰਸ, ਦਰਸ਼ਨ ਆਪਣਾ ਇਕ ਦ੍ਰਿੜਾਈਆ । ਇਹੋ ਖੇਲ ਪ੍ਰਭੂ ਅਸਚਰਜ, ਅਚਰਜ ਲੀਲ੍ਹਾ ਰਿਹਾ ਵਖਾਈਆ । ਛੁਰੀ ਸ਼ਰਅ ਫੇਰ ਕਰਦ, ਜ਼ਬ੍ਹਾ ਜ਼ਾਲਮ ਰਿਹਾ ਵਖਾਈਆ । ਦੁਖੀਆਂ ਦੀਨਾਂ ਵੰਡੇ ਦਰਦ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਮੇਲੇ ਸਹਿਜ ਸੁਭਾਈਆ ।



੧੦੪੮ ੧੯

★ ੮ ਜੇਠ ੨੦੨੧ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ★

ਕਿਰਪਾ ਕਰੇ ਪ੍ਰਭ ਅੰਤਰਜਾਮੀ, ਆਦਿਨ ਅੰਤਾ ਜੁਗਾ ਜੁਗੰਤਾ ਵੇਖ ਵਖਾਇੰਦਾ । ਲੇਖਾ ਜਾਣੇ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਖੋਜ ਖੁਜਾਇੰਦਾ । ਜਨ ਭਗਤਾਂ ਉਪਰ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਇੰਦਾ । ਬੋਧ ਅਗਾਧ ਸ਼ਬਦ ਸੁਣਾਏ ਅਗੰਮੀ ਬਾਣੀ, ਧੁਰ ਦਾ

ਰਾਗ ਆਪ ਅਲਾਇੰਦਾ । ਅੰਮ੍ਰਿਤ ਆਤਮ ਨਿਝਰ ਰਸ ਦੇਵੇ ਠੰਡਾ ਪਾਣੀ, ਅਗਨੀ ਤਤ ਬੁਝਾਇੰਦਾ । ਚਰਨ ਕਵਲ ਬਖ਼ਸ਼ੇ ਸਚ ਧਿਆਨੀ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਲੇਖਾ ਚੁਕਾਏ ਆਵਣ ਜਾਣੀ, ਲੱਖ ਚੁਰਾਸੀ ਫੰਦ ਕਟਾਇੰਦਾ । ਸਚ ਦਵਾਰੇ ਬਖ਼ਸ਼ਿਸ਼ ਕਰੇ ਮਾਣੀ, ਸਿਰ ਆਪਣਾ ਹੱਥ ਰਖਾਇੰਦਾ । ਸੁਰਤ ਮਿਲਾਵੇ ਸ਼ਬਦ ਹਾਣੀ, ਗ੍ਰਿਹ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਭੇਵ ਆਪ ਚੁਕਾਇੰਦਾ । ਸਤਿਗੁਰ ਪੂਰਾ ਸਚ ਸਵਾਮੀ, ਸਚ ਸੰਤ ਦਏ ਵਡਿਆਈਆ । ਨਿਤ ਨਵਿਤ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਈਆ । ਪਰੇਮ ਪਿਆਰ ਅਗੰਮ ਅਥਾਹ ਸ਼ਬਦ ਅਨਾਦ ਸੁਣਾਏ ਕਹਾਣੀ, ਚੌਦਾਂ ਵਿਦਿਆ ਨਾ ਕੋਇ ਵਡਿਆਈਆ । ਸਾਚਾ ਮੰਦਰ ਮਹਲ ਅਟੱਲ ਵਖਾਏ ਇਕ ਲਾਸਾਨੀ, ਜਲਵਾ ਜੋਤ ਨੂਰ ਰੁਸ਼ਨਾਈਆ । ਮਨ ਵਾਸਨਾ ਕੂੜ ਕਿਰਿਆ ਮੇਟੇ ਸ਼ੈਤਾਨੀ, ਸ਼ਰਅ ਮਜ਼੍ਹਬ ਨਾ ਕੋਇ ਲੜਾਈਆ । ਕਿਰਪਾ ਕਰੇ ਸਾਹਿਬ ਸੁਲਤਾਨੀ ਗੁਣ ਨਿਧਾਨੀ, ਗੁਣਵੰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਲੇਖਾ ਜਾਣੇ ਥਾਉਂ ਥਾਈਂਆ । ਸਾਹਿਬ ਸਤਿਗੁਰ ਸਦ ਬੇਅੰਤ, ਗੁਰਮੁਖ ਗੁਰ ਗੁਰ ਬੂਝ ਬੁਝਾਇੰਦਾ । ਨਾਮ ਨਿਧਾਨ ਦੇਵੇ ਮਣੀਆਂ ਮੰਤ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਦੇ ਵਡਿਆਈ ਵਿਚੋਂ ਜੀਵ ਜੰਤ, ਪੜਦਾ ਉਹਲਾ ਆਪ ਉਠਾਇੰਦਾ । ਘਰ ਮਿਲਾਵਾ ਸਾਚੇ ਕੰਤ, ਗ੍ਰਿਹ ਨਾਰੀ ਸੋਭਾ ਪਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਧੁਨ ਆਤਮਕ ਰਾਗ ਸੁਣਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਹਿਬ ਸਤਿਗੁਰ ਲੇਖਾ ਜਾਣੇ ਗੁਰਸਿਖ, ਗੁਰੂ ਗੁਰਦੇਵ ਵੱਡੀ ਵਡਿਆਈਆ । ਨਾਮ ਵਸਤ ਪਾਵੇ ਭਿਖ, ਅਮੋਲਕ ਇਕ ਵਰਤਾਈਆ । ਬਿਨ ਅੱਖਾਂ ਆਵੇ ਦਿਸ, ਨਿਜ ਨੇਤਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਕਰੇ ਹਿਤ, ਬ੍ਰਹਮ ਪਾਰਬ੍ਰਹਮ ਵੇਖ ਵਖਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਆਪਣਾ ਰੂਪ ਰੁਸ਼ਨਾਈਆ । ਪਰੇਮ ਪਿਆਰਾ ਬਣ ਕੇ ਮਾਤ ਪਿਤ, ਪ੍ਰੀਤਮ ਆਪਣੀ ਗੋਦ ਉਠਾਈਆ । ਵੇਖਣਹਾਰਾ ਨਿਤ ਨਵਿਤ, ਜੁਗ ਚੌਕੜੀ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਧਾਰੋਂ ਉਠ, ਜੋਤੀ ਸ਼ਬਦੀ ਖੇਲ ਖਿਲਾਈਆ । ਗੁਰਮੁਖ ਸੱਜਣ ਲਏ ਪੁਛ, ਘਰ ਵਿਚ ਘਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਸਾਹਿਬ ਸਤਿਗੁਰ ਸਾਚੀ ਸਿਖਿਆ ਦੇਵੇ ਏਕ, ਏਕਾ ਕਰੇ ਨਾਮ ਪੜ੍ਹਾਈਆ । ਕੂੜੀ ਕਿਰਿਆ ਨਾਤਾ ਤੋੜੇ ਭੇਖ, ਭਾਡਾ ਭਰਮ ਭੌ ਭੰਨਾਈਆ । ਸਚ ਸਰਨਾਈ ਦੱਸੇ ਧੁਰ ਦੀ ਟੇਕ, ਇਸ਼ਟ ਦੇਵ ਇਕੋ ਇਕ ਸਮਝਾਈਆ । ਮਨ ਮਤ ਬੁਧ ਕਰੇ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਸ਼ੈਤਾਨ ਸ਼ਰਅ ਨਾ ਕੋਇ ਲੜਾਈਆ । ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਲਏ ਪੇਖ, ਆਪ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਮੇਲੇ ਸਹਿਜ ਸੁਭਾਈਆ । ਸਾਹਿਬ ਸਤਿਗੁਰ ਕਰੇ ਮਿਲਾਪ, ਹਰਿ ਸ਼ਬਦੀ ਜੋੜ ਜੁੜਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਪਰੇ ਹਟਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਜੋਤੀ ਨੂਰ ਚੰਦ ਇਕ ਚਮਕਾਇੰਦਾ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਦੇਵੇ ਕਾਟ, ਸਚ ਸੁਚ ਇਕੋ ਘਰ ਵਖਾਇੰਦਾ । ਆਤਮ ਸੇਜਾ ਸੁਹੰਜਣੀ

ਸੁਹਾਏ ਖਾਟ, ਸਿੰਘਾਸਣ ਆਸਣ ਡੇਰਾ ਲਾਇੰਦਾ । ਸ਼ਬਦ ਅਗੰਮੀ ਸੁਣਾਏ ਬਾਤ, ਬਾਤਨ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਨਿਰਗੁਣ ਬੰਨ੍ਹੇ ਨਾਤ, ਸਰਗੁਣ ਲੇਖਾ ਮੂਲ ਚੁਕਾਇੰਦਾ । ਸਚ ਭੰਡਾਰ ਵਖਾਏ ਡੂੰਘਾ ਖਾਤ, ਗਹਿਰ ਗੰਭੀਰ ਭੇਵ ਖੁਲ੍ਹਾਇੰਦਾ । ਕਰ ਕਿਰਪਾ ਗੁਰਮੁਖਾਂ ਬੁਝਾਏ ਆਪਣੀ ਜਾਤ, ਜਾਤ ਵਿਚੋਂ ਹਰਿਜਨ ਆਪਣਾ ਨੂਰ ਚਮਕਾਇੰਦਾ । ਦੂਜਾ ਨਾ ਕੋਈ ਦਿਸੇ ਸਾਥ, ਕਰਤਾ ਪੁਰਖ ਕਰਨੀ ਆਪ ਕਮਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਜਿਸ ਦੀ ਗਾਵੇ ਗਾਥ, ਸੋ ਸਾਹਿਬ ਸਤਿਗੁਰ ਆਪਣਾ ਹੁਕਮ ਵਰਤਾਇੰਦਾ । ਜੋਗ ਅਭਿਆਸ ਜਪ ਤਪ ਸੰਜਮ ਜਿਸ ਦਾ ਪੂਜਾ ਪਾਠ, ਸੋ ਪੁਰਖ ਅਕਾਲ ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਸਚ ਪ੍ਰੀਤੀ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਦੇਵ ਸਵਾਮੀ ਆਪਣਾ ਪੜਦਾ ਲਾਹਿੰਦਾ । ਸਤਿਗੁਰ ਪੂਰਾ ਗਹਿਰ ਗੰਭੀਰ, ਹਰਿ ਸੱਜਣ ਇਕ ਅਖਵਾਇੰਦਾ । ਕਰੇ ਖੇਲ ਬਿਨ ਸਰੀਰ, ਪੰਜ ਤਤ ਨਜ਼ਰ ਕਿਸੇ ਨਾ ਆਇੰਦਾ । ਦੋ ਜਹਾਨਾਂ ਜੋਧਾ ਸੂਰਬੀਰ, ਬਲਧਾਰੀ ਇਕ ਅਖਵਾਇੰਦਾ । ਮਿਹਰਵਾਨ ਮਿਹਬਾਨ ਵਡ ਪੀਰਨ ਪੀਰ, ਹਜ਼ਰਤ ਆਪਣਾ ਰੰਗ ਰੰਗਾਇੰਦਾ । ਚੋਟੀ ਚੜ੍ਹ ਕੇ ਬੈਠੇ ਇਕ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਮੁਰੀਦਾਂ ਮੁਰਸ਼ਦ ਹੋਣ ਨਾ ਦੇਵੇ ਦਿਲਗੀਰ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਹਕੀਕਤ ਵਿਚੋਂ ਹੱਕ ਹਕੂਕ ਖੋਜ ਖੁਜਾਇੰਦਾ । ਆਪਣੇ ਹੱਥ ਰੱਖੇ ਤੌਫ਼ੀਕ, ਤੋਹਫ਼ਾ ਕਲਮਾ ਨਗਮਾ ਨਾਮ ਇਕ ਸੁਣਾਇੰਦਾ । ਸਾਹਿਬ ਸੁਲਤਾਨ ਸੱਜਣ ਬਣ ਰਫ਼ੀਕ, ਫ਼ਰੀਕ ਕੂੜੀ

੧੦੫੦ ੧੯ ਕਿਰਿਆ ਮੇਟ ਮਿਟਾਇੰਦਾ । ਆਪਣਾ ਮਾਰਗ ਦੱਸ ਇਕ ਬਾਰੀਕ, ਰਹਿਬਰ ਹੋ ਕੇ ਨਾਲ ਮਿਲਾਇੰਦਾ । ਲੇਖਾ ਜਾਣੇ ਲਾਸ਼ਰੀਕ, ਸ਼ਿਰਕਤ ਵਿਚ ੧੦੫੦ ੧੯

ਕਦੇ ਨਾ ਆਇੰਦਾ । ਭਗਤ ਸੁਹੇਲਾ ਬਣ ਕੇ ਮੀਤ, ਮਿੱਤਰ ਪਿਆਰਾ ਵੇਖ ਵਖਾਇੰਦਾ । ਅੰਦਰ ਵੜ ਕੇ ਕਾਇਆ ਮੰਦਰ ਚੜ੍ਹ ਕੇ ਦੱਸੇ ਸੋਹਣਾ ਗੀਤ, ਬਿਨ ਰਸਨਾ ਜਿਹਵਾ ਬੱਤੀ ਦੰਦ ਆਪ ਸੁਣਾਇੰਦਾ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਕਲਮ ਸ਼ਾਹੀ ਨਾ ਕੋਈ ਅੱਖਰ ਮਾਰੇ ਲੀਕ, ਹਰਫ਼ ਹਰੂਫ਼ ਨਾ ਕੋਇ ਵਖਾਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰ ਨਜ਼ਦੀਕ, ਨਿਜ ਘਰ ਬੈਠਾ ਸੋਭਾ ਪਾਇੰਦਾ । ਓਥੇ ਨਾ ਕੋਈ ਹਸਤ ਕੀਟ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵੇਸ ਨਾ ਕੋਇ ਵਟਾਇੰਦਾ । ਕਰੇ ਖੇਲ ਧਾਮ ਅਨਡੀਠ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਇੰਦਾ । ਜਨ ਭਗਤਾਂ ਬਖ਼ਸ਼ਿਸ਼ ਕਰ ਕੇ ਚਰਨ ਪ੍ਰੀਤ, ਪ੍ਰੀਤੀਵਾਨ ਪ੍ਰੀਤਮ ਆਪਣੇ ਰੰਗ ਰੰਗਾਇੰਦਾ । ਕਾਇਆ ਮਾਟੀ ਠਾਂਡੀ ਕਰੇ ਸੀਤਲ ਸੀਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਗੁਰਸਿਖਾਂ ਸਮਝਾਏ ਜਿਸ ਘਰ ਵਸੇਰਾ ਸਚ ਵਸਨੀਕ, ਗ੍ਰਿਹਿ ਮੰਦਰ ਇਕੋ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਿਰਪਾਨਿਧ ਠਾਕਰ ਸਵਾਮੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਿਤ ਨਵਿਤ ਜੁਗ ਚੌਕੜੀ ਕਰਨਹਾਰ ਪਹਿਚਾਨ, ਬੇਨਜ਼ੀਰ ਆਪਣੀ ਨਜ਼ਰ ਲਏ ਬਦਲਾਈਆ । ਗੁਰਮੁਖਾਂ ਦੇਵੇ ਸਚ ਗਿਆਨ, ਗੁਰਸਿਖਾਂ ਕਰੇ ਨਾਮ ਪੜ੍ਹਾਈਆ । ਸਾਚੇ ਸੰਤਾਂ ਬਖ਼ਸ਼ ਆਤਮ ਪਰਮਾਤਮ ਇਕ ਧਿਆਨ, ਭਗਤਾਂ ਭਗਵੰਤ ਮਿਲੇ ਚਾਈਂ ਚਾਈਂਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਹੁਕਮੀ ਕਾਰ, ਹਰਿ ਕਰਤਾ ਆਪ ਕਮਾਇੰਦਾ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਖੇਲ ਖਿਲਾਇੰਦਾ । ਸ਼ਾਸਤਰ ਸਿਮਰਤ ਬੋਲ ਜੈਕਾਰ, ਅੱਖਰ ਵੱਖਰ ਰਾਹ ਵਖਾਇੰਦਾ । ਸਰ ਸਰੋਵਰ ਤੀਰਥ ਤਟ ਕਿਨਾਰ, ਜਲ ਥਲ ਮਹੀਅਲ ਰੂਪ ਵਟਾਇੰਦਾ । ਲੇਖਾ ਜਾਣ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਗੁਰਮੁਖ ਸੱਜਣ ਆਪ ਉਠਾਲ, ਸੰਤ ਸੁਹੇਲੇ ਮੇਲ ਮਿਲਾਇੰਦਾ । ਭਗਤ ਵਛਲ ਦੀਨ ਦਿਆਲ, ਭਗਤੀ ਆਪਣੀ ਸਚ ਸਮਝਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਜਿਸ ਘਰ ਸਵਾਮੀ ਨਿਤ ਨਵਿਤ ਸਦਾ ਸਦਾ ਸਦ ਆਪਣਾ ਡੇਰਾ ਲਾਇੰਦਾ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਮੁਖ ਸ਼ਰਮਾਇੰਦਾ । ਜਿਥੇ ਛੁਰੀ ਕਰੇ ਨਾ ਕੋਈ ਹਲਾਲ, ਜ਼ਬ੍ਹਾ ਰੂਪ ਨਾ ਕੋਇ ਵਟਾਇੰਦਾ । ਜਿਥੇ ਤ੍ਰੈਗੁਣ ਮਾਇਆ ਨਾ ਕੋਇ ਜੰਜਾਲ, ਮਾਇਆ ਮੋਹ ਨਾ ਕੋਇ ਭਰਮਾਇੰਦਾ । ਤਿਸ ਦਵਾਰੇ ਸਾਹਿਬ ਸਤਿਗੁਰ ਮਿਲੇ ਆਣ, ਸ਼ਬਦ ਸਰੂਪੀ ਆਪਣਾ ਵੇਸ ਵਟਾਇੰਦਾ । ਸਚ ਪ੍ਰੀਤੀ ਦੇਵੇ ਦਾਨ, ਆਤਮ ਪਰਮਾਤਮ ਜੋੜ ਜੁੜਾਇੰਦਾ । ਮੇਲ ਮਿਲਾਵਾ ਗੋਪੀ ਕਾਹਨ, ਸਖੀ ਸਹੇਲੀ ਵੇਖ ਵਖਾਇੰਦਾ । ਇਹੋ ਖੇਲ ਸ੍ਰੀ ਭਗਵਾਨ, ਜੁਗ ਜੁਗ ਜਨ ਭਗਤਾਂ ਆਪ ਕਰਾਇੰਦਾ । ਕਲਜੁਗ ਅੰਤ ਹੋ ਪਰਧਾਨ, ਜੋਤੀ ਜਾਮਾ ਵੇਸ ਵਟਾਇੰਦਾ । ਸੰਤ ਸੁਹੇਲੇ ਵੇਖੇ ਆਣ, ਗੁਰਸਿਖ ਗੁਰ ਗੁਰ ਗੋਦ ਉਠਾਇੰਦਾ । ਚਰਨ ਪ੍ਰੀਤੀ ਦੇ ਕੇ ਮਾਣ, ਨਾਤਾ ਇਕੋ ਘਰ ਬੰਧਾਇੰਦਾ । ਰੋਗ ਸੋਗ ਚਿੰਤਾ ਦੁੱਖ ਸਰਬ ਮਿਟ ਜਾਣ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵੰਤ ਇਕੋ ਸੋਹਲਾ ਢੋਲਾ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਏਥੇ ਓਥੇ ਦੋ ਜਹਾਨਾਂ ਖ਼ੁਸ਼ੀ ਮਨਾਣ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਸੀਸ ਨਿਵਾਣ, ਕਰੋੜ ਤੇਤੀਸਾ ਸੁਰਪਤ ਇੰਦ ਅੱਖ ਨਾ ਕੋਇ ਉਠਾਇੰਦਾ । ਗਣ ਗੰਧਰਬ ਫੂਲ ਬਰਸਾਣ, ਸੋਹਣਾ ਵੇਲਾ ਵਕਤ ਸੁਹਾਇੰਦਾ । ਧੰਨ ਵਡਿਆਈ ਜਿਨ੍ਹਾਂ ਜੁਗ ਜੁਗ ਮਿਲਿਆ ਨਿਰਗੁਣ ਸਰਗੁਣ ਹੋ ਸ੍ਰੀ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਤਿਨ੍ਹਾਂ ਸਖੀਆਂ ਸਚ ਸਵਾਮੀ ਵਿਛੜ ਨਾ ਜਾਏ ਕਾਹਨ, ਸਾਚੀ ਰਾਸ ਧੁਰ ਦੇ ਮੰਡਲ ਆਪ ਵਖਾਈਆ । ਸੋ ਜਨ ਹੋਏ ਪਰਵਾਨ, ਜਿਨ੍ਹਾਂ ਪਰਮ ਪੁਰਖ ਪਰਮਾਤਮ ਆਤਮ ਮੇਲ ਮਿਲਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲਾ ਮਿਲੇ ਮਾਣ, ਜਿਸ ਮਹਾਂਬਲੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿਸੰਤ ਸਤਿਗੁਰ ਰੂਪ ਜੋਤੀ ਸ਼ਬਦੀ ਮੇਲ ਮਿਲਾਈਆ ।

## ★ ੮ ਜੇਠ ੨੦੨੧ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਿਹਿ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ★

ਭਗਤ ਨਰੈਣ ਮਿਲਿਆ ਨਰਾਇਣ, ਨਰ ਨਰਾਇਣ ਵੱਡੀ ਵਡਿਆਈਆ । ਆਦਿ ਜੁਗਾਦੀ ਸੱਜਣ ਸੈਣ, ਸਾਹਿਬ ਸਤਿਗੁਰ ਬੇਪਰਵਾਹੀਆ । ਭਗਤ ਵਛਲ ਚੁਕਾਏ ਲਹਿਣ ਦੇਣ, ਪੂਰਬ ਲਹਿਣਾ ਝੋਲੀ ਪਾਈਆ । ਰਸਨਾ ਜਿਹਵਾ ਬੱਤੀ ਦੰਦ ਕੋਈ ਨਾ ਸਕੇ ਕਹਿਣ, ਭੇਵ ਅਭੇਦ ਨਾ ਕੋਇ

ਸਮਝਾਈਆ । ਸਚ ਦਵਾਰੇ ਭਗਤ ਭਗਵੰਤ ਇਕੱਠੇ ਰਹਿਣ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਵੇਖਣ ਆਪਣੇ ਨੈਣ, ਜਗ ਨੇਤਰ ਨਾਤਾ ਦਿਤਾ ਤੁੜਾਈਆ । ਨੁਕਤਾ ਮਿਲਿਆ ਪਿਛਲੀ ਗ਼ੈਨ, ਐਨ ਅੱਖ ਕਰੀ ਰੁਸ਼ਨਾਈਆ । ਕੂੜੀ ਕਿਰਿਆ ਵਿਚੋਂ ਕੱਢਿਆ ਡੂੰਘੇ ਵਹਿਣ, ਵਹੀ ਖਾਤਾ ਸ਼ੌਹ ਦਰਿਆਏ ਰੁੜ੍ਹਾਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਦੇਣ, ਦੇਦਿਆਂ ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਕਾਇਆ ਕਰੇ ਰਸਾਇਣ, ਸਚ ਕਸਵੱਟੀ ਨਾਮ ਚੜ੍ਹਾਈਆ । ਭਗਤ ਨਰੈਣ ਨਰਾਇਣ ਪ੍ਰਭ ਠਾਕਰ, ਪਾਰਬ੍ਰਹਮ ਬੇਅੰਤ ਅਖਵਾਇੰਦਾ । ਵੇਖਣਹਾਰਾ ਕਲਜੁਗ ਡੂੰਘਾ ਸਾਗਰ, ਭਵਰ ਭਵਰੀ ਖੋਜ ਖੁਜਾਇੰਦਾ । ਵਣਜ ਵਪਾਰੀ ਬਣ ਸੌਦਾਗਰ, ਕਰਤਾ ਕੀਮਤ ਆਪੇ ਪਾਇੰਦਾ । ਕਰਮਾਂ ਵਿਚੋਂ ਕਰਮ ਉਜਾਗਰ, ਜਨਮਾਂ ਵਿਚੋਂ ਜਨਮ ਵਡਿਆਇੰਦਾ । ਸਚ ਦਵਾਰੇ ਦੇ ਕੇ ਆਦਰ, ਅਦਲ ਆਪਣਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਲਾਇੰਦਾ । ਨਰੈਣ ਭਗਤ ਨਰਾਇਣ ਭਗਵੰਤ, ਘਰ ਵੱਜੇ ਇਕ ਵਧਾਈਆ । ਨਰੈਣ ਨਾਰੀ ਨਰਾਇਣ ਕੰਤ, ਘਰ ਖ਼ੁਸ਼ੀਆਂ ਮੰਗਲ ਗਾਈਆ । ਨਰੈਣ ਪਰੇਮ ਨਰਾਇਣ ਰੁੱਤ ਬਸੰਤ, ਨਰਾਇਣ ਗੁਲਸ਼ਨ ਪੱਤ ਡਾਲੀ ਆਪ ਮਹਿਕਾਈਆ । ਨਰੈਣ ਮਾਇਆ ਨਰਾਇਣ ਬੇਅੰਤ, ਨਰਾਇਣ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਰੈਣ ਵਿਦਿਆਰਥੀ ਨਰਾਇਣ ਪੰਡਤ, ਬੋਧ ਅਗਾਧ ਕਰੇ ਪੜ੍ਹਾਈਆ । ਨਰਾਇਣ ਨਿਰਗੁਣ ਨਰਾਇਣ ਨਿਰਵੈਰ, ਸਰਗੁਣ ਆਪਣੀ ਖੇਲ ਖਿਲਾਇੰਦਾ । ਨਰੈਣ ਖੇੜਾ ਨਰਾਇਣ ਕਰਦਾ ਸੈਰ, ਗੋਸ਼ਾਂ ਕੋਨਾ ਕੁੰਟ ਵੇਖ ਵਖਾਇੰਦਾ । ਨਰੈਣ ਮਾਂਗਤ ਨਰਾਇਣ ਮਿਹਰ, ਮੁਹੱਬਤ ਆਪਣੇ ਨਾਲ ਰਖਾਇੰਦਾ । ਨਰੈਣ ਮੇਲਾ ਲੱਖ ਚੁਰਾਸੀ ਵਿਚੋਂ ਇਕੋ ਵੇਰ, ਨਰਾਇਣ ਮਿਲਿਆਂ ਨਰਾਇਣ ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਗੰਭੀਰ ਗਹਿਰ, ਗਵਰ ਆਪਣੀ ਦਇਆ ਕਮਾਇੰਦਾ ।

## ★ ੮ ਜੇਠ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਉਂ ਕੇ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਹਰਿ ਕਰਤਾ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਬੇਐਬ ਪਰਵਰਦਿਗਾਰ, ਅਲਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮਾਇੰਦਾ । ਏਕੰਕਾਰ ਨਿਰਵੈਰ ਨਿਰਾਕਾਰ, ਅਕਲ ਕਲਧਾਰੀ ਆਪਣੀ ਕਲ ਧਰਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜਲਵਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇੰਦਾ । ਸ੍ਰੀ ਭਗਵਾਨ ਵੇਖਣਹਾਰ, ਰੂਪ ਅਨੂਪ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਦਰ ਦਰਵੇਸ਼ ਬਣ ਭਿਖਾਰ, ਅਲਖ ਨਿਰੰਜਣ ਇਕੋ ਅਲਖ ਜਗਾਇੰਦਾ । ਪੁਰਖ ਅਕਾਲ ਪਾਵੇ ਸਾਰ, ਪਰਵਰਦਗਾਰ ਖੋਜ ਖੁਜਾਇੰਦਾ । ਮਹਲ ਅਟੱਲ ਕਰ ਉਜਿਆਰ, ਦੀਆ ਬਾਤੀ ਕਮਲਾਪਾਤੀ ਇਕੋ ਡਗਮਗਾਇੰਦਾ । ਸਚ ਸਿੰਘਾਸਣ ਸੋਭਾਵੰਤ ਕਰ ਤਿਆਰ, ਸਚ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਨਿਰਗੁਣ ਆਪਣੀ ਕਾਰ ਕਮਾਇੰਦਾ । ਭੂਪਤ ਭੂਪ ਬਣ ਰਾਜ ਰਾਜਾਨ, ਹੁਕਮ ਹਾਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਕਾਰ ਕਮਾਇੰਦਾ ।

ਸਾਚੀ ਕਰਨੀ ਹਰਿ ਭਗਵੰਤ, ਕਰਤਾ ਪੁਰਖ ਆਪ ਕਮਾਈਆ । ਆਪੇ ਆਦਿ ਆਪੇ ਅੰਤ, ਆਪਣਾ ਖੇਲ ਆਪ ਰਚਾਈਆ । ਆਪੇ ਨਾਰ ਆਪੇ ਕੰਤ, ਕੰਤ ਕੰਤੂਹਲ ਆਪਣਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਸੁਹਾਈਆ । ਸਚ ਦਵਾਰ ਸੁਹੰਜਣਾ, ਕਰਨੀ ਕਰਤਾ ਆਪ ਕਮਾਇੰਦਾ । ਆਦਿ ਜੁਗਾਦੀ ਪੁਰਖ ਨਿਰੰਜਣਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਦਵਾਰੇ ਬਣ ਭਿਖਾਰੀ ਆਪੇ ਮੰਗਣਾ, ਦਰਵੇਸ਼ ਆਪਣਾ ਨਾਉਂ ਧਰਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਹੋ ਭੰਜਨਾ, ਵਸਤ ਅਮੋਲਕ ਆਪਣੀ ਆਪ ਵਰਤਾਇੰਦਾ । ਸਚ ਦਵਾਰੇ ਮਿੱਤਰ ਮੀਤ ਪਿਆਰਾ ਬਣੇ ਸੱਜਣਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਾ ਘੜਿਆ ਨਾ ਅੰਤ ਭੱਜਣਾ, ਘੜਨ ਭੰਨਣਹਾਰ ਆਪਣੀ ਕਾਰ ਕਮਾਇੰਦਾ । ਭੇਵ ਅਭੇਦਾ ਆਪਣਾ ਖੋਲ੍ਹ ਆਪੇ ਦੱਸਣਾ, ਦੂਜਾ ਵੇਸ ਨਾ ਕੋਇ ਵਟਾਇੰਦਾ । ਸਚਖੰਡ ਦਵਾਰ ਤਖ਼ਤ ਨਿਵਾਸੀ ਬਹਿ ਆਪੇ ਸਜਣਾ, ਸਚ ਜਗਦੀਸ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਮਾਇੰਦਾ । ਕਰਨੀ ਕਰਤਾ ਕਰੇ ਸਮਰਥ, ਪ੍ਰਭ ਵੱਡਾ ਵਡ ਵਡਿਆਈਆ । ਨਿਰਗੁਣ ਜੋਤ ਕਰ ਪਰਗਟ, ਜੋਤੀ ਜਾਤਾ ਕਰੇ ਰੁਸ਼ਨਾਈਆ । ਸਤਿ ਦਵਾਰਾ ਖੋਲ੍ਹ ਹੱਟ, ਵਸਤ ਅਗੰਮ ਵਿਚ ਟਿਕਾਈਆ । ਦੇਵਣਹਾਰਾ ਆਪਣੇ ਹੱਥ, ਸਦਾ ਸੁਹੇਲਾ ਆਪ ਵਰਤਾਈਆ । ਸਚ ਸਵਾਮੀ ਬਣ ਕੇ ਮਿਤ, ਪ੍ਰੀਤਮ ਆਪਣੀ ਪ੍ਰੀਤ ਜੋੜ ਜੁੜਾਈਆ । ਨਿਰਗੁਣ ਹੋ ਕੇ ਕਰੇ ਹਿਤ, ਹਿਤਕਾਰੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸਚ ਸਿੰਘਾਸਣ ਆਸਣ ਲਾਈਆ । ਸਚ ਦਵਾਰਾ ਸਚਖੰਡ, ਸਤਿ ਸਤਿਵਾਦੀ ਡੇਰਾ ਲਾਇੰਦਾ । ਆਦਿ ਜੁਗਾਦੀ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਡਿਆਇੰਦਾ । ਨਾ ਕੋਈ ਬ੍ਰਹਿਮੰਡ ਨਾ ਖੰਡ, ਜੇਰਜ ਅੰਡ ਵੰਡ ਨਾ ਕੋਇ ਵੰਡਾਇੰਦਾ । ਛੱਪਰ ਛੰਨ ਚਾਰ ਦੀਵਾਰ ਨਾ ਕੋਈ ਕੰਧ, ਮੰਦਰ ਰੂਪ ਨਾ ਕੋਇ ਵਟਾਇੰਦਾ । ਦਰ ਦਰਵੇਸ਼ ਨਾ ਕੋਈ ਮੰਗੇ ਮੰਗ, ਝੋਲੀ ਖ਼ਾਲੀ ਅੱਗੇ ਨਾ ਕੋਇ ਰਖਾਇੰਦਾ । ਨਾ ਕੋਈ ਗੀਤ ਸੁਣਾਏ ਛੰਦ, ਰਸਨਾ ਜਿਹਵਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਵਡਿਆਇੰਦਾ । ਸਚ ਦਵਾਰਾ ਸਚਖੰਡ ਵੱਡਾ, ਹਰਿ ਵੱਡਾ ਦਏ ਵਡਿਆਈਆ । ਜਿਥੇ ਵਸੇ ਆਪੇ ਨੱਢਾ, ਬਾਲ ਜਵਾਨੀ ਬਿਰਧ ਰੂਪ ਨਾ ਕੋਇ ਵਖਾਈਆ । ਆਰ ਪਾਰ ਮਧ ਜਾਣੇ ਆਪਣੀ ਹੱਦਾ, ਕਿਨਾਰਾ ਸਕੇ ਨਾ ਕੋਇ ਸਮਝਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਅਬਿਨਾਸ਼ੀ ਆਪ ਸਜਾ, ਜਗਤ ਦਵਾਰ ਨਾ ਕੋਇ ਵਡਿਆਈਆ । ਆਪਣੇ ਹੁਕਮ ਅੰਦਰ ਆਪੇ ਬੱਝਾ, ਦੂਜਾ ਹੁਕਮ ਨਾ ਕੋਇ ਸੁਣਾਈਆ । ਆਪਣੀ ਪ੍ਰੇਮ ਪ੍ਰੀਤੀ ਅੰਦਰ ਆਪੇ ਰੱਜਾ, ਤ੍ਰਿਸਨਾ ਭੁੱਖ ਨਾ ਕੋਇ ਰਖਾਈਆ । ਆਪੇ ਸਤਿ ਪਿਆਲਾ ਪੀਤਾ ਮਧਾ, ਰਸ ਆਪਣੇ ਵਿਚੋਂ ਪਰਗਟਾਈਆ । ਆਪੇ ਜੋਤ ਪਰਕਾਸ਼ ਨਿਰਗੁਣ ਦੀਪਕ ਜਗਾ, ਨੂਰ ਉਜਾਲਾ ਇਕ ਵਖਾਈਆ । ਆਪੇ ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਫਿਰੇ ਭੱਜਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਆਪੇ ਆਪਣੀ ਧਾਰੋਂ ਜਨਨੀ ਜਨ ਹੋ ਕੇ ਜਣਿਆ ਬੱਚਾ, ਸੁਤ ਦੁਲਾਰਾ ਸ਼ਬਦੀ ਨਾਉਂ ਰਖਾਈਆ । ਬਿਨ ਪੁਰਖ ਅਕਾਲ ਦੂਜੇ ਕਿਸੇ ਨਾ ਕੋਈ ਪਤਾ, ਅੰਤ ਕਹੇ ਕੋਈ ਨਾ ਰਾਈਆ । ਸਚ ਦਵਾਰ ਇਕੋ ਵਸਾ, ਨਿਹਚਲ ਧਾਮ ਦਏ ਵਡਿਆਈਆ ।



੧੦੫੩
੧੯

ਸਚਖੰਡ ਅੰਦਰ ਥਿਰ ਘਰ ਸਾਚਾ ਰੱਖਾ, ਚਰਨ ਕਵਲ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਪਰਗਟਾਇਆ ਪੂਤ, ਮਾਤ ਪਿਤ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਹਿਸਾ ਵੰਡ ਨਾ ਕੋਇ ਵਖਾਈਆ । ਨਾ ਕੋਈ ਤਤ ਨਾ ਕੋਈ ਕਲਬੂਤ, ਰੂਹ ਬੁੱਤ ਨਾ ਮੇਲ ਮਿਲਾਈਆ । ਨਾ ਕੋਈ ਤਾਗਾ ਤਾਣਾ ਪੇਟਾ ਸੂਤ, ਟੁੱਟੀ ਗੰਢ ਨਾ ਕੋਇ ਵਖਾਈਆ । ਨਾ ਕੋਈ ਮਹਲ ਅਟੱਲ ਅਰੂਜ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਸ਼ਸਤਰ ਬਸਤਰ ਕਰੇ ਮਹਿਫ਼ੂਜ਼, ਮਿਹਰਵਾਨ ਆਪਣੀ ਮਿਹਰ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਗ੍ਰਿਹਿ ਖ਼ੁਸ਼ੀ ਮਨਾਈਆ । ਸਚ ਗ੍ਰਿਹਿ ਵਸੇ ਦਵਾਰਾ, ਮਿਲੇ ਮਾਣ ਵਡਿਆਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਖੇਲ ਵਖਾਈਆ । ਸ਼ਬਦੀ ਸੁਤ ਇਕ ਦੁਲਾਰਾ, ਸ਼ਾਹ ਪਾਤਸ਼ਾਹ ਆਪ ਉਪਜਾਈਆ । ਚਰਨ ਪ੍ਰੀਤੀ ਦੇ ਪਿਆਰਾ, ਸਿਰ ਆਪਣਾ ਹੱਥ ਟਿਕਾਈਆ । ਮਹਲ ਅਟੱਲ ਇਕ ਉਸਾਰਾ, ਥਿਰ ਘਰ ਨਾਉਂ ਰਖਾਈਆ । ਦੀਵਾ ਬਾਤੀ ਆਪੇ ਬਾਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਸਾਚਾ ਮੰਤਰ ਇਕ ਸੁਖਾਲਾ, ਸਿਖਿਆ ਦੇ ਕਰੀ ਪੜ੍ਹਾਈਆ । ਸਚਖੰਡ ਮੇਰੀ ਸੱਚੀ ਧਰਮਸਾਲਾ, ਸਚ ਸਿੰਘਾਸਣ ਸੋਭਾ ਪਾਈਆ । ਤੇਰਾ ਮੇਰਾ ਖੇਲ ਨਿਰਾਲਾ, ਆਦਿ ਜੁਗਾਦਿ ਕੋਈ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਦਏ ਸਮਝਾਈਆ । ਸੁਤ ਸ਼ਬਦ ਚੜ੍ਹਿਆ ਚਾਉ ਘਨੇਰਾ, ਥਿਰ ਘਰ ਵੱਜੀ ਵਧਾਈਆ । ਪੁਰਖ ਅਕਾਲ ਬਣਿਆ ਪਿਤਾ ਮੇਰਾ, ਜਨਨੀ ਜਣੇ ਨਾ ਕੋਈ ਮਾਈਆ । ਜਿਸ ਦਾ ਇਕੋ ਸਚਖੰਡ ਖੇੜਾ, ਦੂਜਾ ਦਰ ਨਾ ਕੋਇ ਖੁਲ੍ਹਾਈਆ । ਜਿਸ ਦਾ ਉਚਾ ਲੰਮਾਂ ਕੋਈ ਨਾ ਜਾਣੇ ਵਿਹੜਾ, ਪਾਰ ਕਿਨਾਰਾ ਪਾਰ ਨਾ ਕੋਇ ਰਖਾਈਆ । ਓਥੇ ਨਾਤਾ ਜੁੜਿਆ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਕਰੇ ਆਪਣੀ ਮਿਹਰਾ, ਮਿਹਰਵਾਨ ਹੋਏ ਸਹਾਈਆ । ਸਮਰਥ ਪੁਰਖ ਕਿਹਾ ਇਕੋ ਸੁਤ ਸ਼ਬਦ ਬਥੇਰਾ, ਦੂਜੀ ਲੋੜ ਰਹੇ ਨਾ ਰਾਈਆ । ਜਿਸ ਨਾਲ ਥਿਰ ਘਰ ਵਸੇ ਖੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਮਾਈਆ । ਥਿਰ ਘਰ ਵਸਿਆ ਸਚ ਮਹੱਲ, ਹਰਿ ਕਰਤਾ ਆਪ ਵਸਾਇੰਦਾ । ਨਾਉਂ ਰਖਾਇਆ ਉਚ ਅਟੱਲ, ਭੇਵ ਕੋਇ ਨਾ ਪਾਇੰਦਾ । ਅਗੰਮੀ ਦੀਪਕ ਰਿਹਾ ਬਲ, ਤੇਲ ਬਾਤੀ ਵਿਚ ਨਾ ਕੋਇ ਰਖਾਇੰਦਾ । ਸਚਖੰਡ ਨਿਵਾਸੀ ਵਸਾਇਆ ਨਿਹਚਲ ਧਾਮ ਅਚੱਲ, ਅਚੱਲ ਮੂਰਤ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨਾ, ਮਹਿਬੂਬ ਇਕੋ ਰਾਹ ਤਕਾਈਆ । ਏਕੰਕਾਰਾ ਵਡ ਬਲਵਾਨਾ, ਲੇਖਾ ਜਾਣੇ ਨੂਰ ਖ਼ੁਦਾਈਆ । ਆਦਿ ਨਿਰੰਜਣ ਜੋਤ ਮਹਾਨਾ, ਜਲਵਾ ਇਕੋ ਇਕ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨੌਜਵਾਨਾ, ਪਰਵਰਦਿਗਾਰ ਨਾ ਮਰੇ ਨਾ ਜਾਈਆ । ਸ੍ਰੀ ਭਗਵਾਨ ਲੇਖਾ ਜਾਣੇ ਸਚ ਮਕਾਨਾ, ਮੁਕਾਮੇ ਹੱਕ ਡੇਰਾ ਲਾਈਆ । ਪਾਰਬ੍ਰਹਮ ਮਰਦ ਮਰਦਾਨਾ, ਸਚ ਮਰਦਾਨਗੀ ਇਕ ਕਮਾਈਆ । ਤਖ਼ਤ ਨਿਵਾਸੀ ਰਾਜ ਰਾਜਾਨਾ, ਸ਼ਹਿਨਸ਼ਾਹ ਅਖਵਾਈਆ । ਸੁਤ ਦੁਲਾਰੇ ਦੇਵੇ ਦਾਨਾ, ਧੁਰ

ਦੀ ਦਾਤ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਖੇਲ ਮਹਾਨਾ, ਤ੍ਰੈਗੁਣ ਮਾਇਆ ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਤੇਰਾ ਨੂਰ ਨੁਰਾਨਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਨੌ ਸਤ ਬੱਧਾ ਗਾਨਾ, ਸੋਹਣਾ ਸਗਨ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਵੇ ਮਾਣਾ, ਜੁਗ ਚੌਕੜੀ ਬੰਧਨ ਪਾਈਆ । ਸ਼ਬਦ ਅਗੰਮੀ ਬੋਲ ਤਰਾਨਾ, ਧੁਰ ਦਾ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਧਾਨਾ, ਲੋਕਮਾਤ ਪੰਜ ਤਤ ਆਤਮ ਪਰਮਾਤਮ ਕਰੇ ਕੁੜਮਾਈਆ । ਸ਼ਾਸਤਰ ਸਿਮਰਤ ਭੇਵ ਖੁਲ੍ਹਾਏ ਅੰਜੀਲ ਕੁਰਾਨਾ, ਗੀਤਾ ਗਿਆਨ ਇਕ ਦ੍ਰਿੜਾਈਆ । ਖਾਣੀ ਬਾਣੀ ਦਏ ਪਰਵਾਨਾ, ਪਰਮ ਪੁਰਖ ਸਚ ਸੰਦੇਸਾ ਇਕ ਸੁਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਖੇਲੇ ਖੇਲ ਮਹਾਨਾ, ਖ਼ਾਲਕ ਖ਼ਲਕ ਵਿਚ ਸਮਾਈਆ । ਧੁਰ ਸੰਦੇਸਾ ਦੇਵੇ ਇਕ ਗਿਆਨਾ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਈਆ । ਭਗਤਾਂ ਬਖ਼ਸ਼ੇ ਚਰਨ ਧਿਆਨਾ, ਸ੍ਰੀ ਭਗਵਾਨ ਭੇਵ ਖੁਲ੍ਹਾਈਆ । ਸੰਤਾਂ ਦੇਵੇ ਨਾਮ ਨਿਧਾਨਾ, ਨਿਰੰਤਰ ਬ੍ਰਹਮ ਦਏ ਸਮਝਾਈਆ । ਗੁਰਮੁਖਾਂ ਦੇਵੇ ਚਰਨ ਧੂੜ ਇਸ਼ਨਾਨਾ, ਦੁਰਮਤ ਮੈਲ ਧਵਾਈਆ । ਗੁਰਸਿਖਾਂ ਹੋਏ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਸਮਝਾਈਆ । ਸ਼ਬਦ ਸੁਤ ਸੁਣ ਧੁਰ ਦੀ ਆਵਾਜ਼, ਬਿਨ ਰਸਨਾ ਜਿਹਵਾ ਹਰਿ ਸੁਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਰਾਜ, ਰਹਿਮਤ ਕਰ ਕੇ ਆਪ ਖੁਲ੍ਹਾਇੰਦਾ । ਕੋਟਨ ਕੋਟ ਸਿਫ਼ਤੀ ਨਾਮ ਕਰਨ ਜਹਾਦ, ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਡੰਕਾ ਇਕੋ ਇਕ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸਾਜਣ ਸਾਜ, ਪੰਜ ਤਤ ਕਾਇਆ ਚੋਲਾ ਇਕ ਵਖਾਇੰਦਾ । ਵਸਤ ਅਮੋਲਕ ਧੁਰ ਦੀ ਦੇ ਕੇ ਦਾਤ, ਲੋਕਮਾਤ ਖੇਲ ਕਰਾਇੰਦਾ । ਰਸਨਾ ਜਿਹਵਾ ਬੱਤੀ ਦੰਦ ਦੱਸ ਕੇ ਪੂਜਾ ਪਾਠ, ਸਿਮਰਨ ਇਕੋ ਇਕ ਵਖਾਇੰਦਾ । ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਸ਼ਬਦ ਅਗੰਮੀ ਖੋਲ੍ਹਾਂ ਰਾਜ਼, ਭੇਵ ਅਭੇਦਾ ਆਪ ਸਮਝਾਇੰਦਾ । ਸਾਚਾ ਕਲਮਾ ਦੇ ਨਿਮਾਜ਼, ਨਬੀ ਰਸੂਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਪੁਰਖ ਆਪਣੀ ਕਾਰ ਕਮਾਇੰਦਾ । ਸ਼ਬਦ ਸੁਤ ਸੁਣ ਕਰ ਧਿਆਨ, ਹਰਿ ਕਰਤਾ ਆਪ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਜਗਤ ਗਿਆਨ, ਚੌਦਾਂ ਵਿਦਿਆ ਕਰੇ ਪੜ੍ਹਾਈਆ । ਗੁਰਮੁਖ ਵਿਰਲੇ ਦੇਵੇ ਪਹਿਚਾਨ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਅੰਤਰ ਆਤਮ ਦੇਵੇ ਦਾਨ, ਪਰਮਾਤਮ ਆਪਣਾ ਰੰਗ ਰੰਗਾਈਆ । ਸਾਚਾ ਰਾਗ ਸੁਣਾਏ ਧੁਰ ਦੇ ਕਾਨ, ਅਨਾਦੀ ਨਾਦ ਵਜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖੇ ਆਣ, ਨਿਰਗੁਣ ਸਰਗੁਣ ਫੇਰਾ ਪਾਈਆ । ਕਲਮ ਸ਼ਾਹੀ ਕਾਗ਼ਜ਼ ਲਿਖ ਲਿਖ ਦੇ ਨਾ ਸਕੇ ਕੋਈ ਬਿਆਨ, ਨੇਤਰ ਰੋਵਣ ਮਾਰਨ ਧਾਹੀਂਆ । ਬੇਅੰਤ ਬੇਪਰਵਾਹ ਪਰਵਰਦਿਗਾਰ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਹੁਕਮਰਾਨ, ਸਚਖੰਡ ਨਿਵਾਸੀ ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਨ ਧਿਆਨ, ਇਸ਼ਟ ਦੇਵ ਸਵਾਮੀ ਇਕੋ ਇਕ ਮਨਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਲੋਕਮਾਤ ਹੋਏ ਪਰਧਾਨ, ਜੋਤੀ ਜਲਵਾ ਨੂਰ ਨੂਰ ਕਰੇ ਰੁਸ਼ਨਾਈਆ । ਸਾਚੀ ਮੰਜ਼ਲ ਮਹਿਬੂਬ ਵੇਖੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮਸਾਇਕ ਹੋਣ ਹੈਰਾਨ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜਿਸ ਦਾ ਕਾਗ਼ਜ਼ਾਂ ਉਤੇ ਦੇਂਦੇ

ਗਏ ਬਿਆਨ, ਕਾਤਬ ਬਣ ਕੇ ਕਰੀ ਲਿਖਾਈਆ । ਸੋ ਲੇਖਾ ਜਾਣੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਭੇਵ ਅਭੇਦਾ ਜਾਣੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੁਤ ਸ਼ਬਦ ਇਕੋ ਇਕ ਉਠਾਈਆ । ਸ਼ਬਦ ਸੁਤ ਉਠਾਏ ਪ੍ਰਭ, ਹਰਿ ਦੇਵੇ ਮਾਣ ਵਡਿਆਈਆ । ਦੋ ਜਹਾਨ ਨਿਰਗੁਣ ਧਾਰ ਵੇਖ ਝੱਬ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਨਵ ਸਤ ਪਾਰ ਕਰ ਹੱਦ, ਬ੍ਰਹਿਮਾਂਡ ਤੇਰੀ ਓਟ ਤਕਾਈਆ । ਵਿਸ਼ਵ ਵੇਖ ਸਾਚੀ ਯੱਦ, ਵਿਸ਼ਨੂੰ ਪੱਲੂ ਰਿਹਾ ਫੜਾਈਆ । ਚਾਰ ਕੁੰਟ ਦਹਿ ਦਿਸ਼ਾ ਬਿਨ ਲੱਤਾਂ ਉਠ ਕੇ ਭੱਜ, ਆਪਣਾ ਪੰਧ ਮੁਕਾਈਆ । ਸਚ ਨਗਾਰਾ ਹੋ ਕੇ ਵੱਜ, ਦੋ ਜਹਾਨ ਕਰ ਸ਼ਨਵਾਈਆ । ਸਚ ਦਵਾਰੇ ਕਰ ਇਕੱਠ, ਮਹਲ ਅਟੱਲ ਸੋਭਾ ਪਾਈਆ । ਤੇਈ ਅਵਤਾਰਾਂ ਇਕ ਸੰਦੇਸਾ ਦੱਸ, ਧੁਰ ਫ਼ਰਮਾਣ ਸੁਣਾਈਆ । ਭਗਤ ਅਠਾਰਾਂ ਔਣ ਨੱਠ, ਬਣ ਕੇ ਪਾਂਧੀ ਰਾਹੀਆ । ਈਸਾ ਮੂਸਾ ਮੁਹੰਮਦ ਕਦਮ ਜਾਇਣ ਢੱਠ, ਧੂੜੀ ਟਿੱਕਾ ਖ਼ਾਕ ਰਮਾਈਆ । ਗੁਰ ਦਸ ਹੋਵਣ ਵਸ, ਦਰ ਬੈਠਣ ਸੀਸ ਝੁਕਾਈਆ । ਤ੍ਰੈਗੁਣ ਮਾਇਆ ਰੋਵੇ ਭੱਠ, ਪੰਜ ਤਤ ਆਪਣਾ ਮੁਖ ਭਵਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਕਰਨੀ ਦੇਣ ਦੱਸ, ਸਚ ਸੰਦੇਸਾ ਇਕ ਸੁਣਾਈਆ । ਵੇਖਣਹਾਰ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਰਿਹਾ ਦ੍ਰਿੜਾਈਆ । ਸ਼ਬਦ ਸੁਤ ਉਠ ਜਾਗ, ਹਰਿ ਕਰਤਾ ਆਪ ਜਗਾਇੰਦਾ । ਸ੍ਰਿਸ਼ਟ ਸਬਾਈ ਅੰਧੇਰੀ ਦਿਸੇ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲਿਖ ਕੇ ਗਏ ਭਵਿਖਤ ਵਾਕ, ਵਾਕਿਆ ਓਹੋ ਨਜ਼ਰੀ ਆਇੰਦਾ । ਬਜਰ ਕਪਾਟੀ ਕਿਸੇ ਨਾ ਖੁਲ੍ਹਾ ਤਾਕ, ਦੀਆ ਬਾਤੀ ਘਰ ਜੋਤ ਨਾ ਕੋਇ ਰੁਸ਼ਨਾਇੰਦਾ । ਸਾਚੇ ਪੱਤਣ ਕੋਈ ਨਾ ਆਇਆ ਘਾਟ, ਘਾਟਾ ਪੂਰ ਨਾ ਕੋਇ ਕਰਾਇੰਦਾ । ਮਨ ਵਾਸਨਾ ਕਰਨ ਬਾਤ, ਮਮਤਾ ਮੋਹ ਨਾ ਕੋਇ ਚੁਕਾਇੰਦਾ । ਝਗੜਾ ਪਿਆ ਜਾਤ ਪਾਤ, ਦੀਨ ਮਜ਼੍ਹਬ ਸੱਚਾ ਰੰਗ ਨਾ ਕੋਇ ਵਖਾਇੰਦਾ । ਚਾਰੋਂ ਕੁੰਟ ਡੂੰਘਾ ਦਿਸੇ ਖਾਤ, ਮੰਜ਼ਲ ਪੰਧ ਪਾਰ ਨਾ ਕੋਇ ਮੁਕਾਇੰਦਾ । ਆਤਮਕ ਧੁਨ ਕੋਈ ਨਾ ਸੁਣੇ ਆਵਾਜ਼, ਸਾਚਾ ਰਾਗ ਨਾ ਕੋਇ ਅਲਾਇੰਦਾ । ਸਾਚਾ ਕਲਮਾ ਪੜ੍ਹੇ ਨਾ ਕੋਇ ਨਿਮਾਜ਼, ਵੁਜ਼ੂ ਹੱਕ ਨਾ ਕੋਇ ਕਰਾਇੰਦਾ । ਆਤਮ ਪਰਮਾਤਮ ਕਰੇ ਨਾ ਕੋਈ ਅਰਦਾਸ, ਸੀਸ ਜਗਦੀਸ ਨਾ ਕੋਇ ਝੁਕਾਇੰਦਾ । ਸੁਰਤੀ ਸ਼ਬਦੀ ਗੋਪੀ ਕਾਹਨ ਕੋਈ ਨਾ ਪਾਏ ਰਾਸ, ਮੰਡਲ ਮੰਡਪ ਰੰਗ ਨਾ ਕੋਇ ਵਖਾਇੰਦਾ । ਸੀਤਾ ਸੁਰਤੀ ਵਸੇ ਨਾ ਰਾਮ ਪਾਸ, ਸਖੀ ਸਹੇਲੀ ਅੰਗ ਨਾ ਕੋਇ ਲਗਾਇੰਦਾ । ਫਿਰੀ ਦਰੋਹੀ ਪ੍ਰਿਥਮੀ ਆਕਾਸ਼, ਚਾਰੋਂ ਕੁੰਟ ਅੰਧੇਰਾ ਛਾਇੰਦਾ । ਪੀਰ ਪੈਗ਼ੰਬਰ ਸਾਰੇ ਹੋਏ ਉਦਾਸ, ਧੀਰਜ ਧੀਰ ਨਾ ਕੋਇ ਧਰਾਇੰਦਾ । ਚੌਦਾਂ ਤਬਕ ਪੂਰੀ ਕਰੇ ਨਾ ਕੋਈ ਆਸ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਇੰਦਾ । ਜਿਸ ਦੇ ਵਿਚੋਂ ਉਪਜੀ ਲੱਖ ਚੁਰਾਸੀ ਸ਼ਾਖ਼, ਸੋ ਸ਼ਨਾਖ਼ਤ ਕਰਨੇਹਾਰਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਸ਼ਬਦ ਆਪ ਸਮਝਾਇੰਦਾ । ਸੁਤ ਸ਼ਬਦ ਕਰੇ ਤਿਆਰੀ, ਆਪਣਾ ਬਲ ਪਰਗਟਾਈਆ । ਹੁਕਮ ਮਿਲਿਆ ਏਕੰਕਾਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਥਿਰ ਘਰ ਵੇਖਾਂ ਵਸਦੀ ਇਕ ਅਟਾਰੀ, ਮਹਲ ਅਟੱਲ ਰੁਸ਼ਨਾਈਆ । ਨਿਰਮਲ ਜੋਤ ਜਗੇ ਅਪਾਰੀ, ਦੀਵਾ ਬੱਤੀ ਨਾ ਕੋਇ ਵਖਾਈਆ । ਜਿਸ ਘਰ ਵਸੇ ਸ਼ਹਿਨਸ਼ਾਹ ਸਿਕਦਾਰੀ, ਰਾਜਨ ਰਾਜ ਆਪ ਹੋ ਜਾਈਆ । ਉਸ


੧੦੫੬
੧੯

ਦੀ ਨਜ਼ਰ ਨਾ ਆਏ ਚਾਰ ਦੀਵਾਰੀ, ਕਿਲਾ ਕੋਟ ਬੰਕ ਨਾ ਕੋਇ ਵਖਾਈਆ । ਸੋ ਹਰ ਘਟ ਅੰਦਰ ਕਰ ਕਰ ਬੈਠਾ ਪਸਾਰੀ, ਨਿਜ ਘਰ ਆਪਣਾ ਡੇਰਾ ਲਾਈਆ । ਸ਼ਬਦ ਨਾਦ ਸੱਚੀ ਧੁਨਕਾਰੀ, ਗ੍ਰਹਿ ਮੰਦਰ ਨਾਦ ਸੁਣਾਈਆ । ਨਿਰਗੁਣ ਜੋਤ ਕਰ ਉਜਿਆਰੀ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਸਚ ਖ਼ੁਮਾਰੀ, ਨਿਝਰ ਝਿਰਨਾ ਦਏ ਝਿਰਾਈਆ । ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰੀ, ਕੂੜੀ ਕਿਰਿਆ ਡੇਰਾ ਢਾਹੀਆ । ਪਕੜ ਉਠਾਏ ਸੁਰਤੀ ਲਾੜੀ, ਸ਼ਬਦੀ ਕੰਤ ਲਏ ਪਰਨਾਈਆ । ਲੇਖਾ ਚੁਕੇ ਜੰਗਲ ਜੂਹ ਉਜਾੜ ਪਹਾੜੀ, ਉਚੇ ਟਿੱਲੇ ਪਰਬਤ ਡੂੰਘੀ ਕੰਦਰ ਖੋਜ ਖੁਜਾਈਆ । ਚਰਨ ਪ੍ਰੀਤੀ ਦਏ ਪਿਆਰੀ, ਪਰੇਮ ਪਿਆਰ ਇਕ ਸਿਖਾਈਆ । ਸੋ ਸ਼ਬਦ ਗੁਰੂ ਆਦਿ ਜੁਗਾਦਿ ਇਕ ਇਕੱਲਾ ਸਭ ਦਾ ਮੇਲਣਹਾਰੀ, ਜੁਗ ਵਿਛੜੇ ਰਿਹਾ ਮਿਲਾਈਆ । ਜਨਮ ਕਰਮ ਦੀ ਕੱਟੇ ਬੀਮਾਰੀ, ਹਉਮੇਂ ਰੋਗ ਰਹਿਣ ਨਾ ਪਾਈਆ । ਆਪੇ ਫਿਰੇ ਪਿਛੇ ਅਗਾੜੀ, ਏਥੇ ਓਥੇ ਹੋਏ ਸਹਾਈਆ । ਲੇਖਾ ਜਾਣ ਬਹੱਤਰ ਨਾੜੀ, ਹਾਡੀ ਹਾਡੀ ਸੋਭਾ ਪਾਈਆ । ਬੂੰਦ ਰਕਤ ਕਰੇ ਵਣਜਾਰੀ, ਸੋਹਣਾ ਹੱਟ ਖੁਲ੍ਹਾਈਆ । ਲੇਖਾ ਜਾਣੇ ਸਚ ਦਰਬਾਰੀ ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਰਿਹਾ ਉਠਾਈਆ । ਸ਼ਬਦੀ ਸੁਤ ਉਠ ਉਠ ਦੌੜ, ਹਰਿ ਕਰਤਾ ਹੁਕਮ ਸੁਣਾਇੰਦਾ । ਵੇਦ ਵਿਆਸਾ ਲਿਖ ਕੇ ਗਿਆ ਬ੍ਰਾਹਮਣ ਗੌੜ, ਪੂਤ ਸਪੂਤਾ ਭੇਵ ਕੋਇ ਨਾ ਪਾਇੰਦਾ । ਈਸਾ ਮੂਸਾ ਮੁਹੰਮਦ ਕਹੇ ਜਾਏ ਬੌਹੜ, ਜੋ ਅਰਸ਼ਾਂ ਉਤੇ ਅਰਸ਼ੀ ਡੇਰਾ ਲਾਇੰਦਾ । ਨਾਨਕ ਨਿਰਗੁਣ ਕਹੇ ਖੇਲ ਕਰੇ ਅਵਰ ਕਾ ਔਰ, ਬੋਧ ਅਗਾਧਾ ਆਪ ਜਣਾਇੰਦਾ । ਗੋਬਿੰਦ ਕਹੇ ਵੇਖਣਾ ਕਰ ਕੇ ਗ਼ੌਰ, ਗਹਿਰ ਗੰਭੀਰ ਸੰਬਲ ਡੇਰਾ ਲਾਇੰਦਾ ।

੧੦੫੭

੧੯

ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਰਸ ਨਾ ਮਿਠਾ ਨਾ ਕੌੜ, ਅਨਰਸ ਆਪਣੀ ਧਾਰ ਚਲਾਇੰਦਾ । ਜਿਸ ਅੱਗੇ ਕਿਸੇ ਨਾ ਚਲੇ ਜ਼ੋਰ, ਸੋ ਜ਼ਾਬਰ ਆਪਣਾ ਹੁਕਮ ਵਰਤਾਇੰਦਾ । ਸਚਖੰਡ ਦਵਾਰਾ ਦੇਵੇ ਖੋਲ੍ਹ, ਸਤਿ ਸਤਿਵਾਦੀ ਰਾਹ ਵਖਾਇੰਦਾ । ਲੇਖਾ ਜਾਣੇ ਉਪਰ ਧਰਨੀ ਧਰਤ ਧੌਲ, ਜ਼ਿਮੀਂ ਅਸਮਾਨਾਂ ਪੜਦਾ ਲਾਹਿੰਦਾ । ਬਿਸਮਲ ਹੋ ਕੇ ਜਾਏ ਮੌਲ, ਮੌਲਾ ਹੋ ਕੇ ਵੇਖ ਵਖਾਇੰਦਾ । ਕਰਤਾ ਹੋ ਕੇ ਪੂਰਾ ਕਰੇ ਕੌਲ, ਕਰਨੀ ਆਪਣੇ ਹੱਥ ਵਡਿਆਇੰਦਾ । ਸਤਿ ਪੁਰਖ ਨਿਰੰਜਣ ਹੋ ਕੇ ਰਹੇ ਅਡੋਲ, ਲੱਖ ਚੁਰਾਸੀ ਜੀਵ ਜੰਤ ਆਪ ਡੁਲਾਇੰਦਾ । ਸੁਤ ਸ਼ਬਦ ਕਲਜੁਗ ਜੀਵ ਰਹੇ ਨਾ ਕੋਈ ਅਨਭੋਲ, ਆਲਸ ਨਿੰਦਰਾ ਨੇਤਰ ਅੱਖ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਸੋਹਣਾ ਲੱਗਾ, ਸ਼ਬਦੀ ਸੁਤ ਸੀਸ ਝੁਕਾਈਆ । ਹੁਕਮੇ ਅੰਦਰ ਫਿਰੇ ਭੱਜਾ, ਗੁਰ ਅਵਤਾਰਾਂ ਰਿਹਾ ਉਠਾਈਆ । ਪੀਰ ਪੈਗ਼ੰਬਰਾਂ ਦੇਵੇ ਸੱਦਾ, ਸਚ ਸੰਦੇਸ ਸੁਣਾਈਆ । ਜਨ ਭਗਤੋ ਵੇਖੋ ਆਪਣਾ ਅੱਗਾ, ਅਗਲਾ ਲੇਖਾ ਪ੍ਰਭੂ ਦਏ ਵਡਿਆਈਆ । ਸਾਚੇ ਸੰਤੋ ਅੰਤਰ ਜਾਣੋ ਆਪਣਾ ਮਜ਼ਾ, ਮੰਜ਼ਲ ਪੰਧ ਮੁਕਾਈਆ । ਗੁਰਮੁਖੋ ਵੇਖੋ ਲੂੰ ਲੂੰ ਵਿਚ ਰਚਾ, ਜਾਤ ਆਪਣੀ ਤੁਹਾਡੀ ਜਾਤ ਵਿਚ ਛੁਪਾਈਆ । ਗੁਰਸਿਖ ਵੇਖੋ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਰਾਮ ਸੱਚਾ, ਰਮਿਆ ਇਕੋ ਬੇਪਰਵਾਹੀਆ । ਜਿਸ ਗੋਬਿੰਦ ਬਣਾਇਆ ਆਪਣਾ ਬੱਚਾ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਕਲਜੁਗ ਅੰਤ ਬੀਸ ਇਕੀਸਾ ਹੁਕਮੇ ਅੰਦਰ ਕਰੇ ਸਰਬ ਇਕੱਠਾ, ਇਕੱਤਰਤਾ ਇਕੋ ਘਰ ਵਖਾਈਆ । ਚੌਥੇ ਜੁਗ ਸਭ ਦਾ ਪਿਛਲਾ ਪਾੜਿਆ ਪਟਾ, ਜਗਤ ਮੁਣਿਆਦ ਦਿਤੀ ਮੁਕਾਈਆ । ਅੱਗੇ ਖੇਲ ਕਰੇ ਪੁਰਖ ਸਮਰਥਾ, ਸਮਰਥ ਆਪਣੀ ਕਾਰ

ਕਮਾਈਆ । ਸਚਖੰਡ ਦਵਾਰੇ ਜੋ ਨਿਰਗੁਣ ਹੋ ਕੇ ਵਸਾ, ਸਰਗੁਣ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸੱਚਾ ਘਰ, ਜਿਸ ਗ੍ਰਿਹਿ ਗੁਰ ਅਵਤਾਰ ਪੀਰ ਪੈਗ਼ੰਬਰ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹਣ ਅੱਖ, ਬਿਨ ਨੈਣਾਂ ਨੈਣ ਉਠਾਈਆ । ਪਤਿਪਰਮੇਸ਼ਵਰ ਨਜ਼ਰ ਆਏ ਪਰਤੱਖ, ਜਿਸ ਦਾ ਪਿਤਾ ਨਾ ਕੋਈ ਮਾਈਆ । ਸਰਨ ਸਰਨਾਈ ਚਰਨ ਕਵਲ ਸਚ ਜਗਦੀਸ ਜਾਵਣ ਢੱਠ, ਨਿਉਂ ਨਿਉਂ ਲਾਗਣ ਪਾਈਆ । ਪਰਵਰਦਿਗਾਰ ਸਾਡੀ ਬਸ, ਪੀਰ ਪੈਗ਼ੰਬਰ ਬਸਤੇ ਰਹੇ ਬਨ੍ਹਾਈਆ । ਅਲਫ਼ ਯੇ ਰਿਹਾ ਨਾ ਕੋਈ ਰਸ, ਮਕਤਬ ਸਚ ਨਾ ਕੋਇ ਪੜ੍ਹਾਈਆ । ਐਨ ਖੁਲ੍ਹੀ ਨਾ ਕੋਈ ਅੱਖ, ਨੁਕਤਾ ਨੂਨ ਨਾ ਕੋਇ ਮਿਟਾਈਆ । ਗੁਰੂ ਗੁਰਦੇਵ ਕਹਿਣ ਤੇਰਾ ਭੁੱਲਿਆ ਸਭ ਨੂੰ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਦੁਹਾਈਆ । ਵਸਤ ਅਮੋਲਕ ਕਿਸੇ ਨਾ ਆਵੇ ਹੱਥ, ਕੂੜੀ ਕਿਰਿਆ ਜਗਤ ਲੋਕਾਈਆ । ਤ੍ਰੈਗੁਣ ਮਾਇਆ ਸ੍ਰਿਸ਼ਟੀ ਰਹੀ ਮਚ, ਪੰਜ ਤਤ ਜਲਨ ਨਾ ਕੋਇ ਬੁਝਾਈਆ । ਨੌ ਦਵਾਰੇ ਰਹੇ ਨੱਚ, ਮਨ ਨਟੂਆ ਸਵਾਂਗ ਵਖਾਈਆ । ਸਰਨ ਸਰਨਾਈ ਪ੍ਰਭ ਠਾਕਰ ਤੇਰੀ ਗਏ ਢੱਠ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸ਼ਹਿਨਸ਼ਾਹ ਤੇਰੀ ਸਰਨਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੇ ਹੁਕਮੇ ਅੰਦਰ ਲਏ ਕੱਟ, ਧੁਰ ਦੀ ਸੇਵ ਕਮਾਈਆ । ਅੰਤਮ ਸਾਰੇ ਆਏ ਛੱਡ, ਨਾਤਾ ਅੱਗੇ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਹਰਿ ਠਾਕਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਜਦਾ, ਦਰ ਠਾਂਡੇ ਸੀਸ ਨਿਵਾਈਆ । ਦਰ ਦਰਵੇਸ਼ ਹੋਏ ਬਰਦਾ, ਬੰਦੀਖ਼ਾਨਾ ਦੇ ਤੁੜਾਈਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੀ ਸਰਨਾਈਆ । ਤੇਰੇ ਅੱਗੇ ਕੋਈ ਨਾ ਅੜਦਾ, ਸਭ ਬੈਠੇ ਸੀਸ ਨਿਵਾਈਆ । ਨਿਤ ਨਵਿਤ ਸਭ ਤੇਰਾ ਕਲਮਾ ਪੜ੍ਹਦਾ, ਨਾਮ ਤੇਰੇ ਵਡਿਆਈਆ । ਵੇਖਿਆ ਖੇਲ ਤੇਰਾ ਥਿਰ ਘਰ ਦਾ, ਜਿਥੇ ਸ਼ਬਦ ਗੁਰੂ ਬੈਠਾ ਆਸਣ ਲਾਈਆ । ਨਾ ਜੀਉਂਦਾ ਨਾ ਕਦੇ ਮਰਦਾ, ਇਕੋ ਰੰਗ ਸਮਾਈਆ । ਤੂੰ ਮੇਰਾ ਮੈਂ ਤੇਰਾ ਕਰਦਾ, ਸੋਹੰ ਰਾਗ ਅਲਾਈਆ । ਸਦੀ ਚੌਧਵੀਂ ਸਭ ਨੂੰ ਫੜਦਾ, ਸ਼ਰਅ ਜ਼ੰਜੀਰ ਕਟਾਈਆ । ਕਲਮਾ ਜਾਣੇ ਘਰ ਘਰ ਦਾ, ਕਾਇਨਾਤ ਖੋਜ ਖੁਜਾਈਆ । ਸ਼ਰਅ ਵਿਚ ਕਦੇ ਨਾ ਵੜਦਾ, ਲਾਸ਼ਰੀਕ ਦਿਸੇ ਨੂਰ ਖ਼ੁਦਾਈਆ । ਰਾਜ ਰਾਜਾਨਾਂ ਕੋਲੋਂ ਕਦੇ ਨਾ ਹਰਦਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮਹਲ ਅਟੱਲ ਉਚ ਮਨਾਰੇ ਚੜ੍ਹਦਾ, ਸੂਫੀਆਂ ਭਗਤਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲਜੁਗ ਅੰਤਮ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਡਾਹਵਣ ਝੋਲੀ, ਤਨ ਖ਼ਾਕੀ ਨਜ਼ਰ ਕੋਇ ਨਾ ਆਈਆ । ਹਉਂ ਦਰਵੇਸ਼ ਦਰ ਠਾਂਡੇ ਬਣੇ ਗੋਲੀ, ਗਹਿਰ ਗੰਭੀਰ ਤੇਰੀ ਸੇਵ ਕਮਾਈਆ । ਪੰਜ ਤਤ ਕਾਇਆ ਲੋਕਮਾਤ ਛੱਡੀ ਚੋਲੀ, ਜੋਤੀ ਜੋਤ ਜੋਤ ਸਮਾਈਆ । ਸ਼ਬਦ ਅਗੰਮ ਤੇਰੀ ਸਭ ਤੋਂ ਵੱਖਰੀ ਬੋਲੀ, ਅਨਬੋਲਤ ਦਏਂ ਸਮਝਾਈਆ । ਨਿਰਗੁਣ ਨਿਰਵੈਰ ਸਾਡੀ ਪਰੇਮ ਪ੍ਰੀਤੀ ਅੰਦਰ ਚੁੱਕੀ ਡੋਲੀ, ਸਚ ਦਵਾਰੇ ਦਿਤਾ ਵਸਾਈਆ । ਏਥੇ ਦੂਜਾ ਕੋਈ ਨਾ ਪਾਵੇ ਰੌਲੀ, ਇਕੋ ਤੇਰਾ ਹੁਕਮ ਵਰਤੇ ਬੇਪਰਵਾਹੀਆ । ਨਾ ਕੋਈ ਦਿਸੇ ਤੰਦ ਮੌਲੀ, ਮਹਿੰਦੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਅਲਖ ਅਲੱਖ ਨਿਰਜੰਣ,

ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਮੰਗਣ, ਨਿਉਂ ਨਿਉਂ ਲਾਗਣ ਪਾਈਆ । ਉਚੀ ਕੂਕ ਪੁਕਾਰਨ ਤੂੰ ਦਾਤਾ ਦਰਦ ਦੁਖ ਭੈ ਭੰਜਨ, ਭਾਵਨਾ ਸਭ ਦੀ ਆਪਣੇ ਵਿਚ ਟਿਕਾਈਆ । ਅਕਾਲ ਮੂਰਤ ਇਕੋ ਮਦਨ, ਮੁਕੰਦ ਮਨੋਹਰ ਲਖਮੀ ਨਰਾਇਣ ਤੇਰਾ ਰੂਪ ਬੇਪਰਵਾਹੀਆ । ਚਰਨ ਕਵਲ ਸਚ ਦਵਾਰ ਕਰਾਏਂ ਮਜਨ, ਮਜਲਸ ਆਪਣੀ ਲਏਂ ਬਹਾਈਆ । ਜਿਥੇ ਨਾਦ ਨਗਾਰੇ ਅਗੰਮੀ ਵੱਜਣ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਚ ਪਰੇਮ ਪ੍ਰੀਤੀ ਆਵੇ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਮਸਤਕ ਟਿੱਕਾ ਨਾਮ ਲਗਾਵੇਂ ਚੰਦਨ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਸ਼ਰਅ ਕੋਈ ਨਾ ਰਹੇ ਬੰਧਨ, ਬੰਦਗੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਆਸ ਲਗਾਈਆ । ਦਰ ਤੇਰੇ ਰੱਖੀ ਆਸ, ਆਸ਼ਾ ਤੇਰੇ ਨਾਲ ਮਿਲਾਈਆ । ਜੁਗ ਜੁਗ ਦੀ ਮਿਟੇ ਪਿਆਸ, ਤ੍ਰਿਸਨਾ ਦੇ ਗਵਾਈਆ । ਗੋਪੀ ਕਾਹਨ ਬਣ ਕੇ ਪਾਈ ਤੇਰੀ ਰਾਸ, ਸਖੀਆਂ ਨਾਲ ਨਾਚ ਨਚਾਈਆ । ਪੀਰ ਪੈਗ਼ੰਬਰ ਹੋ ਕੇ ਸੁਣੀ ਸੁਣਾਈ ਤੇਰੀ ਆਵਾਜ਼, ਢੋਲਾ ਰਾਗ ਅਲਾਈਆ । ਸਰਗੁਣ ਹੋ ਕੇ ਨਿਰਗੁਣ ਤੇਰਾ ਵੇਖਿਆ ਖੇਲ ਤਮਾਸ਼, ਖ਼ਾਲਕ ਖ਼ਲਕ ਅੰਦਰ ਡੇਰਾ ਲਾਈਆ । ਕਲਜੁਗ ਅੰਤ ਪੂਰਾ ਕਰ ਭਵਿਖਤ ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਖ਼ੁਸ਼ੀ ਮਨਾਈਆ । ਤੁਧ ਬਿਨ ਤੇਰਾ ਕੋਈ ਨਾ ਜਾਣੇ ਰਾਜ਼, ਪੜਦਾ ਸਕੇ ਨਾ ਕੋਇ ਉਠਾਈਆ । ਸਚ ਬੇਨੰਤੀ ਇਕ ਅਰਦਾਸ, ਦੋਏ ਜੋੜ ਡੰਡੌਤ ਇਕ ਕਰਾਈਆ । ਪਾਰਬ੍ਰਹਮ ਪ੍ਰਭ ਵਸਣਾ ਭਗਤਾਂ ਪਾਸ, ਭਗਵਨ ਆਪਣਾ ਰੰਗ ਵਖਾਈਆ । ਆਤਮ ਪਰਮਾਤਮ ਦੱਸਣਾ ਧੁਰ ਦਾ ਪੂਜਾ ਪਾਠ, ਹਵਨ ਇਕੋ ਵਾਰ ਕਰਾਈਆ । ਕੂੜੀ ਕਿਰਿਆ ਨੇੜ ਨਾ ਆਏ ਕੋਈ ਬਦਮਾਸ਼, ਮਨਮਤ ਨਾ ਕੋਇ ਲੜਾਈਆ । ਘਰ ਵਿਚ ਘਰ ਵਖਾਉਣਾ ਸਚ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋ ਗੁਰਮੁਖ ਗੁਰਸਿਖ ਬਣ ਗਏ ਤੇਰੇ ਦਾਸ, ਦਾਸੀ ਦਾਸ ਬਣ ਕੇ ਓਨ੍ਹਾਂ ਸੇਵ ਕਮਾਈਆ । ਅੰਦਰ ਵੜ ਕੇ ਡੂੰਘੀ ਕੰਦਰ ਵਸੀਂ ਪਾਸ, ਜਗਤ ਦਵਾਰੇ ਪੰਧ ਮੁਕਾਈਆ । ਜਾਗਤ ਸੋਵਤ ਮਾਰੀਂ ਇਕ ਆਵਾਜ਼, ਇੰਦਰਾ ਨਿੰਦਰਾ ਆਲਸ ਪਰੇ ਹਟਾਈਆ । ਜਨਮ ਜਨਮ ਦੀ ਪੂਰੀ ਕਰੀਂ ਖ਼ਾਹਸ਼, ਆਸਾ ਆਪਣੀ ਝੋਲੀ ਪਾਈਆ । ਸਾਹਿਬ ਸਤਿਗੁਰ ਸਾਚੇ ਦਰ ਤੋਂ ਜਾਏ ਨਾ ਕੋਇ ਨਿਰਾਸ, ਨਿਰਾਸਾ ਆਸਾ ਵਿਚ ਬਦਲਾਈਆ । ਦਰਸ ਵਖਾਉਣਾ ਸਾਖਿਆਤ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਧੁਰ ਦਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲ ਮਿਲਾਉਣਾ ਜਗ, ਸਤਿਗੁਰ ਤੇਰੀ ਇਕ ਸਰਨਾਈਆ । ਤ੍ਰੈਗੁਣ ਬੁਝਾਉਣੀ ਅੱਗ, ਮਮਤਾ ਮੋਹ ਮਿਟਾਈਆ । ਦਰਸ ਦੇਣਾ ਉਪਰ ਸ਼ਾਹ ਰਗ, ਘਰ ਸਚ ਹੋਏ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਹੋਏ ਹੱਜ, ਹੁਜਰਾ ਹੱਕ ਦੇਣਾ ਵਖਾਈਆ । ਮੇਲ ਮਿਲਾਉਣਾ ਬਿਨ ਮੰਦਰ ਮੱਠ, ਸ਼ਿਵਦਵਾਲਾ ਇਕੋ ਇਕ ਸਮਝਾਈਆ । ਸਾਚੀ ਦੇਣੀ ਬ੍ਰਹਮ ਮਤ, ਬ੍ਰਹਮ ਵਿਦਿਆ ਧੁਰ ਪੜ੍ਹਾਈਆ । ਆਪਣੇ ਮਿਲਣ ਦੀ ਖੋਲ੍ਹਣੀ ਅੱਖ, ਦਿਬ ਨੇਤਰ ਕਰ ਰੁਸ਼ਨਾਈਆ । ਜਗਤ ਵਿਕਾਰਿਉਂ ਕਰ ਕੇ ਵਖ, ਵੱਖਰਾ ਆਪਣਾ ਘਰ ਜਣਾਈਆ । ਜਿਸ ਮੰਦਰ ਪ੍ਰਭ ਰਿਹੋਂ ਵਸ, ਤਿਸ ਖੇੜੇ ਲੈਣਾ ਬਹਾਈਆ । ਤੇਰੀ ਕਿਰਪਾ ਆਈਏ ਨੱਠ, ਜਗ ਕੂੜਾ ਪੰਧ ਮੁਕਾਈਆ । ਸਚ ਸਰਨਾਈ ਜਾਈਏ ਢੱਠ, ਚਰਨ ਧੂੜੀ ਖ਼ਾਕ ਲਗਾਈਆ । ਸਿਰ ਹੱਥ ਦੇਣਾ ਰੱਖ, ਰੱਖਿਆ ਕਰਨੀ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੧੦੫੯
੧੯

ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸਾਚੇ ਰਿਹਾ ਦ੍ਰਿੜਾਈਆ । ਸਤਿਗੁਰ ਪੂਰਾ ਦਇਆ ਕਮੌਂਦਾ ਏ । ਗੁਰਮੁਖਾਂ ਆਪ ਸਮਝੌਂਦਾ ਏ । ਜਗਤ ਸੁੱਤਿਆਂ ਆਪ ਉਠੌਂਦਾ ਏ । ਜੁਗ ਰੁੱਠਿਆਂ ਫੜ ਮਨੌਂਦਾ ਏ । ਬਿਨ ਪੁਛਿਆਂ ਦਾਤ ਵਰਤੌਂਦਾ ਏ । ਰਾਤੀਂ ਸੁੱਤਿਆਂ ਮੇਲ ਮਿਲੌਂਦਾ ਏ । ਜਗਤ ਵਿਕਾਰੇ ਕੋਲੋਂ ਛੁਡੌਂਦਾ ਏ । ਸਚ ਦਵਾਰੇ ਆਪ ਬਹੌਂਦਾ ਏ । ਸ਼ਬਦ ਨਗਾਰੇ ਨਾਦ ਵਜੌਂਦਾ ਏ । ਅੰਮ੍ਰਿਤ ਤਾਲ ਸੁਹਾਵੇ ਆਪ ਨੁਹੌਂਦਾ ਏ । ਜੋਤ ਨਿਰੰਜਣ ਦੀਪਕ ਡਗਮਗੌਂਦਾ ਏ । ਅੰਮ੍ਰਿਤ ਰਸ ਰਸ ਚਖੌਂਦਾ ਏ । ਜਨ ਭਗਤਾਂ ਹੋ ਕੇ ਵਸ, ਘਰ ਘਰ ਫੇਰੀ ਪੌਂਦਾ ਏ । ਪਰੇਮ ਪਿਆਰ ਦਾ ਦੇ ਕੇ ਰਸ, ਰਸ ਰਸੀਯਾ ਵੰਡ ਵੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨਮ ਕਰਮ ਦੇ ਵਿਛੜੇ ਲਏ ਫੜ, ਬਿਛਰਤ ਆਪਣਾ ਮੇਲ ਮਿਲੌਂਦਾ ਏ । ਲੇਖਾ ਜਾਣੇ ਚੋਟੀ ਜੜ, ਸੀਸ ਧੜ ਕਾਇਆ ਕੰਚਨ ਗੜ੍ਹ ਅੰਦਰ ਵੜ, ਮਹਲ ਅਟੱਲ ਸੋਭਾ ਪੌਂਦਾ ਏ । ਕੰਤ ਸੁਹਾਗੀ ਹੋ ਕੇ ਲਏ ਵਰ, ਸ਼ਬਦ ਅਨਾਦੀ ਹੋ ਕੇ ਲਏ ਫੜ, ਬ੍ਰਹਮ ਬ੍ਰਹਿਮਾਦੀ ਹੋ ਕੇ ਖੋਜ ਖੁਜੌਂਦਾ ਏ । ਜੋ ਜਨ ਸਰਨ ਸਰਨਾਈ ਗਏ ਪੜ, ਤਿਨ੍ਹਾਂ ਤੁਟਾ ਹੰਕਾਰੀ ਗੜ੍ਹ, ਨਿਵਣ ਸੋ ਅੱਖਰ ਇਕ ਪੜ੍ਹੌਂਦਾ ਏ । ਪੁਰਖ ਅਬਿਨਾਸ਼ੀ ਕਿਰਪਾ ਕਰ, ਭਗਤ ਸੁਹੇਲਾ ਦੇਵੇ ਵਰ, ਵਾਰਤਾ ਆਪਣੀ ਜਨ ਭਗਤਾਂ ਨਾਲ ਬਣੌਂਦਾ ਏ । ਗੁਰਮੁਖੋ ਗੁਰਸਿਖੋ ਮੁੜ ਕੇ ਜਾਓ ਆਪਣੇ ਘਰ, ਜਿਥੇ ਆਵੇ ਨਾ ਕੋਈ ਡਰ, ਸਤਿਗੁਰ ਸਵਾਮੀ ਬੰਨ੍ਹੇ ਆਪਣੇ ਲੜ, ਨਾਤਾ ਇਕੋ ਘਰ ਬਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਉਹ ਘਰ, ਜਿਸ ਦਰਵਾਜ਼ੇ ਅੰਦਰ ਆਪੇ ਵੜ ਕੇ ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਸੋਭਾ ਪੌਂਦਾ ਏ ।


੧੦੬੦ ੧੯

## ★ ੯ ਜੇਠ ੨੦੨੧ ਬਿਕ੍ਰਮੀ ਅਵਤਾਰ ਸਿੰਘ ਦੇ ਖੂਹ ਉਤੇ ਕਾਉਂਕੇ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਕਿਰਪਾ ਸਚ ਸੁਖ, ਸੁਖ ਆਤਮ ਆਪ ਵਖਾਇੰਦਾ । ਸਤਿਗੁਰ ਕਿਰਪਾ ਮਨ ਵਾਸਨਾ ਮਿਟੇ ਦੁੱਖ, ਮਮਤਾ ਮੋਹ ਨਾ ਕੋਇ ਸਤਾਇੰਦਾ । ਸਤਿਗੁਰ ਕਿਰਪਾ ਚੁੱਕੇ ਭੁੱਖ, ਸਚ ਭੰਡਾਰ ਝੋਲੀ ਪਾਇੰਦਾ । ਸਤਿਗੁਰ ਕਿਰਪਾ ਉਜਲ ਮੁਖ, ਕੂੜੀ ਕਿਰਿਆ ਦੂਰ ਕਰਾਇੰਦਾ । ਸਤਿਗੁਰ ਕਿਰਪਾ ਧਰਨੀ ਧਰਤ ਧਵਲ ਆਕਾਸ਼ ਪਾਤਾਲ ਹੋਵਣ ਖ਼ੁਸ਼, ਖ਼ੁਸ਼ੀਆਂ ਰਾਗ ਸੁਣਾਇੰਦਾ । ਸਤਿਗੁਰ ਕਿਰਪਾ ਸਾਚਾ ਰਸ ਮਿਲੇ ਘੁੱਟ, ਅੰਮ੍ਰਿਤ ਧਾਰ ਵਹਾਇੰਦਾ । ਸਤਿਗੁਰ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਕਿਰਪਾ ਕਾਰਜ ਰਾਸ, ਦੁਖ ਸੁਖ ਵਿਚ ਬਦਲਾਈਆ । ਜਿਉਂ ਸਤਿਗੁਰ ਮਿਲ ਗੁਰਮੁਖ ਮਿਟੇ ਪਿਆਸ, ਤਿਉਂ ਧਰਨੀ ਧਰਤ ਜਲ ਪਾਣੀ ਰਹੀ ਬਿਲਲਾਈਆ । ਬਿਨ ਨੀਰ ਕੋਈ ਨਾ ਉਪਜੇ ਸ਼ਾਖ਼, ਪੱਤ ਟਹਿਣੀ ਨਾ ਕੋਇ ਮਹਿਕਾਈਆ । ਪੰਖੜੀ ਸੋਹੇ ਨਾ ਕੋਈ ਫੁਲ ਗੁਲਾਬ, ਗੁਲਸ਼ਨ ਰੰਗ ਨਾ ਕੋਇ ਰੰਗਾਈਆ । ਬਿਨ ਆਬ ਨਾ ਕੋਇ ਸਵਾਬ, ਸੁਖ ਸ਼ਾਂਤ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਲ ਕਹੇ ਮੈਂ ਧਰਤੀ ਰਸ, ਰਸਾਂ ਵਿਚੋਂ ਰਸ ਨਜ਼ਰੀ ਆਇੰਦਾ । ਪ੍ਰਭ ਦੀ ਕਰਨੀ ਇਹਦੇ ਅੰਦਰ ਰਿਹਾ ਵਸ, ਖੇੜਾ ਅੱਡ ਨਾ ਕੋਇ ਬਣਾਇੰਦਾ । ਕਿਰਪਾ ਕਰੀ ਪੁਰਖ ਸਮਰਥ, ਮੇਰੀ ਸੋਹਣੀ ਵੰਡ ਵੰਡਾਇੰਦਾ । ਪਰੇਮ ਪਿਆਰ ਨਾਲ ਅੰਦਰੋਂ ਝੱਟ, ਕਤਰਾ ਕਤਰਾ ਬੂੰਦ ਬੂੰਦ ਬਰਸਾਇੰਦਾ ।

ਮੇਰਾ ਇਕ ਅਗੰਮੀ ਰਸ, ਪੰਜਾਂ ਤੱਤਾਂ ਵਿਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਧਰਨੀ ਕਹੇ ਮੇਰੀ ਡੂੰਘੀ ਧਾਰ, ਸਮਝ ਕਿਸੇ ਨਾ ਆਈਆ । ਕਿਰਪਾ ਕਰੀ ਆਪ ਨਿੰਰਕਾਰ, ਜਲ ਪਾਣੀ ਖ਼ਾਕ ਮਿਲਾਈਆ । ਮੇਰੇ ਅੰਦਰੋਂ ਆਵੇ ਬਾਹਰ, ਆਪਣਾ ਰੂਪ ਬਦਲਾਈਆ । ਸੇਵਾ ਕਰੇ ਵਿਚ ਸੰਸਾਰ, ਸੋਹਣੀ ਕਾਰ ਕਮਾਈਆ । ਜਨ ਭਗਤਾਂ ਕਾਰਜ ਦਏ ਸੁਆਰ, ਜਿਉਂ ਧੰਨੇ ਜੱਟ ਮਿਲਿਆ ਗੋਸਾਈਆ । ਗੁਰਮੁਖ ਕਦੇ ਨਾ ਆਵੇ ਹਾਰ, ਮਿਹਰਵਾਨ ਹੋਏ ਸਹਾਈਆ । ਠੰਡੇ ਜਲ ਵਗਦੀ ਰਹੇ ਨਸਾਰ, ਸੋਹਣਾ ਰੰਗ ਬਣਾਈਆ । ਖੇੜਾ ਵਸਦਾ ਰਹੇ ਅਵਤਾਰ, ਪਿਆਰ ਬਣਿਆ ਬੇਪਰਵਾਹੀਆ । ਯਾਰਾਂ ਵਿਚੋਂ ਯਾਰਾਂ ਦਾ ਯਾਰ, ਵਿਹਾਰਾਂ ਵਿਚ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਹੋਏ ਸਹਾਈਆ ।

### ★ ੯ ਜੇਠ ੨੦੨੧ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹ ਕਾਉਂਕੇ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਸਦਾ ਸਮਰਥ, ਸਤਿਗੁਰ ਸੂਰਬੀਰ ਅਖਵਾਇੰਦਾ । ਸਚ ਦਵਾਰੇ ਆਪੇ ਵਸ, ਹਰ ਘਟ ਆਪਣਾ ਨੂਰ ਧਰਾਇੰਦਾ । ਬੋਧ ਅਗਾਧ ਸ਼ਬਦੀ ਦੱਸ, ਧੁਰ ਦਾ ਢੋਲਾ ਆਪ ਸੁਣਾਇੰਦਾ । ਪਰੇਮ ਪਿਆਰ ਅੰਦਰ ਹੋ ਕੇ ਵਸ, ਵਾਸਤਾ ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਨਰ ਨਰਾਇਣ ਨਿਜ ਨੇਤਰ ਖੋਲ੍ਹ ਅੱਖ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੁਗ ਜੁਗ ਜਨ ਭਗਤ ਸੁਹੇਲੇ ਸੱਜਣ ਸਦ, ਸਦਾ ਆਪਣਾ ਨਾਮ ਸੁਣਾਇੰਦਾ । ਗ੍ਰਿਹ ਮੰਦਰ ਕਰਾਏ ਆਪਣਾ ਹੱਜ, ਕਾਇਆ ਕਾਅਬਾ ਇਕ ਵਖਾਇੰਦਾ । ਢੋਲਾ ਰਾਗ ਸੁਣਾਏ ਛੰਦ, ਸੋਹਣਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਇੰਦਾ । ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸੁਹਾਈਆ । ਜੁਗ ਚੌਕੜੀ ਹਰਿਜਨ ਵੇਖੇ ਆਪਣੇ ਲਾਲ, ਲਾਲਣ ਲੱਖ ਚੁਰਾਸੀ ਖੋਜ ਖੁਜਾਈਆ । ਪੂਰਬ ਜਨਮ ਜੋ ਘਾਲਣ ਆਏ ਘਾਲ, ਕੀਤੀ ਘਾਲ ਲੇਖੇ ਪਾਈਆ । ਬਿਨ ਮੰਗਿਆਂ ਦੇਵੇ ਦਾਨ, ਬਿਨ ਖੋਜਿਆਂ ਘਰ ਘਰ ਪਰਦਾ ਦਏ ਉਠਾਈਆ । ਸਤਿ ਪ੍ਰੀਤੀ ਦੇਵੇ ਚਰਨ ਕਵਲ ਧਿਆਨ, ਦੂਈ ਦਵੈਤੀ ਡੇਰਾ ਢਾਹੀਆ । ਆਤਮ ਬ੍ਰਹਮ ਉਪਜੇ ਇਕ ਗਿਆਨ, ਨਿਰਅੱਖਰ ਦਏ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਨੂੰ ਗਾਣ, ਸਿਫ਼ਤ ਸਾਲਾਹੀ ਰਾਗ ਅਲਾਈਆ । ਜੋ ਪਰਮ ਪੁਰਖ ਸ਼ਾਹ ਸੁਲਤਾਨ, ਸ਼ਹਿਨਸ਼ਾਹ ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਹੋ ਪਰਧਾਨ, ਸਤਿ ਪਰਧਾਨਗੀ ਇਕ ਅਖਵਾਈਆ । ਲੱਖ ਚੁਰਾਸੀ ਧੁਰ ਦਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਸਮਝਾਈਆ । ਪੁਰਖ ਅਕਾਲ ਸਰਬ ਗੁਣਵੰਤ, ਗਹਿਰ ਗੰਭੀਰ ਹਰਿ ਅਖਵਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਚੌਕੜੀ ਵੇਸ ਵਟਾਇੰਦਾ । ਨਾਮ ਪਰਗਟਾਏ ਸਾਚਾ ਮੰਤ, ਮੰਤਰ ਇਕੋ ਇਕ ਵਖਾਇੰਦਾ । ਜਨ ਭਗਤ ਸੁਹੇਲੇ ਪਰਗਟਾਏ ਵਿਚੋਂ ਜੰਤ, ਜੀਵਣ ਜੁਗਤ ਇਕ ਵਖਾਇੰਦਾ । ਘਰ ਮਿਲਾਵਾ ਨਾਰ ਕੰਤ, ਸੇਜ ਸੁਹੰਜਣੀ ਮੇਲ ਮਿਲਾਇੰਦਾ । ਸ਼ਬਦ ਅਨਾਦੀ ਬਣ ਕੇ ਪੰਡਤ, ਧੁਰ ਦੀ ਵਿਦਿਆ ਆਪ ਸਿਖਾਇੰਦਾ । ਦੂਜੇ ਦਰ ਨਾ ਜਾਏ ਮੰਗਤ, ਦਰਵੇਸ਼ ਹੋ ਨਾ ਅਲਖ ਜਗਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਖੇਲ ਵਖਾਇੰਦਾ । ਪੁਰਖ ਅਕਾਲ ਸਰਬ ਗੁਣ ਠਾਕਰ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਵੇਖਣਹਾਰਾ ਡੂੰਘਾ ਸਾਗਰ, ਨਵ ਨੌ ਚਾਰ ਖੋਜ ਖੁਜਾਇੰਦਾ । ਲੇਖਾ ਜਾਣੇ ਕਰੀਮ ਕਰਤਾ ਕਾਦਰ, ਕੁਦਰਤ ਵਿਚ ਆਪਣੀ ਧਾਰ ਚਲਾਇੰਦਾ । ਜਨ ਭਗਤਾਂ ਦਰ ਘਰ ਸਾਚੇ ਦੇਵੇ ਆਦਰ, ਅਦਨੇ ਆਅਲਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਪੁਰਖ ਅਕਾਲ ਹਰਿ ਸੱਜਣ ਮੀਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਨਿਤ ਨਵਿਤ ਅਗੰਮੀ ਰੀਤ, ਲੋਕਮਾਤ ਸਕੇ ਨਾ ਕੋਇ ਸਮਝਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸਖੀਆਂ ਬਣ ਕੇ ਗਾਵਣ ਗੀਤ, ਸੋਹਣਾ ਸੋਹਲਾ ਰਾਗ ਸੁਣਾਈਆ । ਸੋ ਠਾਕਰ ਸਵਾਮੀ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਕਿਸੇ ਹੱਥ ਨਾ ਆਵੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਜਨ ਭਗਤਾਂ ਅੰਤਰ ਆਤਮ ਸੁਣੇ ਚੀਕ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਵੇਖ ਵਖਾਈਆ । ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਣ ਦੀ ਰੱਖੀ ਉਡੀਕ, ਤਿਨ੍ਹਾਂ ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਖਾਈਆ । ਪੁਰਖ ਅਕਾਲ ਵਡ ਗੁਣਵੰਤਾ, ਰਸਨਾ ਜਿਹਵਾ ਕਹਿਣ ਕਿਛ ਨਾ ਪਾਈਆ । ਦੇਵੇ ਵਡਿਆਈ ਸਾਚੇ ਸੰਤਾਂ, ਸਤਿਗੁਰ ਆਪਣਾ ਭੇਵ ਚੁਕਾਈਆ । ਸੰਗ ਰਖਾਏ ਜਿਉਂ ਨਾਰ ਕੰਤਾ, ਜੋੜੀ ਧੁਰ ਦੀ ਜੋੜ ਜੁੜਾਈਆ । ਗੜ੍ਹ ਤੋੜ ਹਉਮੇਂ ਹੰਗਤਾ, ਹੰ ਬ੍ਰਹਮ ਕਰੇ ਪੜ੍ਹਾਈਆ । ਮੇਲ ਮਿਲਾਏ ਸਾਚੀ ਸੰਗਤਾ, ਹਰਿ ਸੰਗਤ ਆਪਣਾ ਨੂਰ ਦਰਸਾਈਆ । ਲੇਖਾ ਚੁੱਕੇ ਭੁੱਖਾ ਨੰਗਤਾ, ਊਚ ਨੀਚ ਇਕੋ ਘਰ ਬਹਾਈਆ । ਕਾਇਆ ਚੋਲੀ ਸੱਚੀ ਰੰਗਦਾ, ਨਾਮ ਮਜੀਠੀ ਰੰਗ ਚੜ੍ਹਾਈਆ । ਲੇਖਾ ਚੁੱਕੇ ਖ਼ਾਨੇ ਬੰਦ ਦਾ, ਬੰਦੀਖ਼ਾਨਾ ਤੋੜ ਤੁੜਾਈਆ । ਮੇਲ ਮਿਲਾਏ ਗੁਜਰੀ ਚੰਦ ਦਾ, ਸ਼ਬਦੀ ਜੋਤੀ ਧਾਰ ਸਮਾਈਆ । ਲਹਿਣਾ ਦੇਣਾ ਚੁੱਕੇ ਭੇਖ ਪਖੰਡ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਨਾਮ ਨਿਧਾਨ ਅਗੰਮ ਅਥਾਹ ਦੌਲਤ ਆਪੇ ਵੰਡਦਾ, ਦੇਵਣਹਾਰਾ ਚਾਈਂ ਚਾਈਂਆ । ਸਚ ਦਵਾਰੇ ਕਾਇਆ ਮੰਦਰ ਆਪੇ ਲੰਘਦਾ, ਨੌ ਦਵਾਰੇ ਪੰਧ ਮੁਕਾਈਆ । ਰਸ ਮਾਣੇ ਆਤਮ ਸੇਜ ਸੱਚੀ ਪਲੰਘ ਦਾ, ਜਿਸ ਦਾ ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਜਾਮ ਪਿਆਏ ਸੱਚੀ ਗੰਗ ਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਨੈਣ ਸ਼ਰਮਾਈਆ । ਕਰੇ ਪਰਕਾਸ਼ ਧੁਰ ਦੇ ਚੰਦ ਦਾ, ਜੋਤੀ ਜਾਤਾ ਡਗਮਗਾਈਆ । ਨਿਤ ਨਵਿਤ ਜਨ ਭਗਤਾਂ ਸੰਗ ਸਦਾ ਹੰਡਦਾ, ਏਥੇ ਓਥੇ ਹੋਏ ਸਹਾਈਆ । ਨਾਤਾ ਤੋੜ ਨਾਰ ਦੁਹਾਗਣ ਰੰਡ ਦਾ, ਘਰ ਸੁਹਾਗਣ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮਿਲਾਏ ਸਹਿਜ ਸੁਭਾਈਆ । ਪੁਰਖ ਅਕਾਲ ਧੁਰ ਦਾ ਸੱਜਣ, ਹਰਿ ਕਰਤਾ ਆਪ ਅਖਵਾਈਆ । ਜਨ ਭਗਤ ਕਰਾਏ ਧੂੜੀ ਮਜਨ, ਦੁਰਮਤ ਮੈਲ ਧਵਾਈਆ । ਗੜ੍ਹ ਹੰਕਾਰੀ ਕੂੜੇ ਭੱਜਣ, ਭਾਂਡਾ ਭਰਮ ਭੌ ਰਹਿਣ ਨਾ ਪਾਈਆ । ਸੰਤ ਸੁਹੇਲੇ ਆਵੇ ਸੱਦਣ, ਅੰਦਰ ਵੜ ਕੇ ਲਏ ਉਠਾਈਆ । ਜਨ ਭਗਤਾਂ ਹੋਵੇ ਪੜਦੇ ਕੱਜਣ, ਓਢਣ ਇਕੋ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਸਚ ਗੋਸਾਈਂਆ । ਹਰਿ ਸੱਜਣ ਪ੍ਰਭੂ ਸਚ ਗੋਸਾਈਂ, ਗਹਿਰ ਗੰਭੀਰ ਇਕ ਅਖਵਾਇੰਦਾ । ਜੁਗ ਜਨਮ ਵਿਛੜੇ ਪਕੜੇ ਬਾਂਹੀਂ, ਫੜ ਬਾਂਹੋਂ ਗਲੇ ਲਗਾਇੰਦਾ । ਸਚ ਦਵਾਰੇ ਕਰੇ ਸਚ ਨਿਆਈਂ, ਅਦਾਲਤ ਹੱਕੋ ਹੱਕ

ਵਖਾਇੰਦਾ । ਸੰਤ ਸੁਹੇਲਾ ਬਣ ਕੇ ਦੇਵੇ ਠੰਡੀਆਂ ਛਾਈਂ, ਗੁਰ ਚੇਲਾ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਲਹਿਣਾ ਦੇਣਾ ਝੋਲੀ ਪਾਇੰਦਾ । ਹਰਿਜਨ ਲਹਿਣਾ ਦੇਣਾ ਦਏ ਜ਼ਰੂਰ, ਜੁਗ ਚੌਕੜੀ ਵੇਖ ਵਖਾਇੰਦਾ । ਪਰਗਟ ਹੋਏ ਜੋਤੀ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਅਨਾਦ ਅਗੰਮੀ ਤੂਰ, ਤੁਰੀਆ ਤੁਰਤ ਹੁਕਮ ਸੁਣਾਇੰਦਾ । ਅੰਮ੍ਰਿਤ ਆਤਮ ਦੇਵੇ ਸਤਿ ਸਰੂਰ, ਮਧੁਰ ਰਸ ਇਕ ਚਖਾਇੰਦਾ । ਡੂੰਘੀ ਕੰਦਰ ਹਾਜ਼ਰ ਹੋ ਹਜ਼ੂਰ, ਹਜ਼ਰਤ ਆਪਣਾ ਮੇਲ ਮਿਲਾਇੰਦਾ । ਜਨਮ ਜਨਮ ਦੇ ਬਖ਼ਸ਼ੇ ਆਪ ਕਸੂਰ, ਪਾਪ ਅਪਰਾਧ ਦੁਰਮਤ ਮੈਲ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਆਪ ਜਗਾਇੰਦਾ । ਪੁਰਖ ਅਕਾਲ ਸਾਹਿਬ ਸਤਿਗੁਰ ਸੱਚਾ, ਸਚ ਸੱਚੀ ਵਡਿਆਈਆ । ਸੰਤ ਸੁਹੇਲਾ ਵੇਖੇ ਬੱਚਾ, ਬਚਪਨ ਆਪਣੀ ਗੋਦ ਟਿਕਾਈਆ । ਕਾਇਆ ਮਾਟੀ ਭਾਗ ਲਗਾਏ ਤਨ ਕੱਚਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਜੋਤ ਪਰਕਾਸ਼ ਸੱਚਾ ਰੱਖਾ, ਧੁਨ ਨਾਦ ਸ਼ਨਵਾਈਆ । ਨਿਰਗੁਣ ਹੋ ਕੇ ਫਿਰੇ ਨੱਠਾ, ਸਰਗੁਣ ਖੋਜ ਖੁਜਾਈਆ । ਲੇਖਾ ਜਾਣੇ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪੜਦਾ ਦਏ ਚੁਕਾਈਆਓ । ਆਵਣ ਜਾਵਣ ਕਰ ਕਿਰਪਾ ਮੇਟੇ ਰੱਟਾ, ਲੱਖ ਚੁਰਾਸੀ ਬੰਧਨ ਬੰਧ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਲਏ ਉਠਾਈਆ । ਪੁਰਖ ਅਕਾਲ ਜਾਏ ਤੁਠ, ਦੀਨਨ ਦਇਆ ਕਮਾਇੰਦਾ । ਗੁਰਸਿਖ ਸੱਜਣ ਵੇਖੇ ਲੁਕ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਦਿਆਲ ਹੋ ਕੇ ਲਏ ਪੁਛ, ਸ਼ਬਦੀ ਸ਼ਬਦੀ ਆਵਾਜ਼ ਲਗਾਇੰਦਾ । ਉਠ ਲਾਡਲੇ ਧੁਰ ਦੇ ਸੁਤ, ਸਤਿ ਸਤਿਵਾਦੀ ਆਪ ਜਗਾਇੰਦਾ । ਪਿਛਲਾ ਪੈਂਡਾ ਗਿਆ ਮੁੱਕ, ਅੱਗੇ ਆਪਣਾ ਪੰਧ ਦਰਸਾਇੰਦਾ । ਜੋ ਗੁਰਮੁਖ ਗੁਰਸਿਖ ਸਾਹਿਬ ਸਤਿਗੁਰ ਪੂਰੇ ਜਾਵਣ ਝੁਕ, ਤਿਨ੍ਹਾਂ ਝਾਕੀ ਆਪਣਾ ਨਾਮ ਸਤਿ ਸਰੂਪ ਵਖਾਇੰਦਾ । ਏਥੇ ਓਥੇ ਅੱਗੇ ਪਿੱਛੇ ਪੈਂਡਾ ਜਾਏ ਮੁੱਕ, ਮੁਕੰਮਲ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਾਮ ਪਿਆਏ ਅਗੰਮੀ ਘੁੱਟ, ਰਸ ਬਿਨ ਰਸਨਾ ਆਪ ਚਖਾਇੰਦਾ ।



### ★ ੯ ਜੇਠ ੨੦੨੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਲੇਲੀਆਂ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਕਰਨ ਅਰਦਾਸ, ਸਚਖੰਡ ਦਵਾਰੇ ਸੀਸ ਨਿਵਾਈਆ । ਤੇਰੀ ਵਸਤ ਪ੍ਰਭ ਤੇਰੇ ਪਾਸ, ਪੁਰਖ ਅਕਾਲ ਦਿਤੀ ਟਿਕਾਈਆ । ਸਾਡੇ ਵੇਖ ਖ਼ਾਲੀ ਹਾਥ, ਚਾਰੋਂ ਕੁੰਟ ਜਣਾਈਆ । ਸ਼ਬਦ ਸੰਦੇਸਾ ਤੇਰਾ ਨਾਮ ਨਿਧਾਨ ਅੱਖਰਾਂ ਵਿਚ ਲਿਖ ਕੇ ਆਏ ਆਖ, ਭਵਿਖਤ ਵਾਕ ਇਕ ਦ੍ਰਿੜਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਸਰਬ ਜੀਆਂ ਦਾ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਨਿਤ ਨਵਿਤ ਜੁਗ ਚੌਕੜੀ ਜਿਸ ਦਾ ਜਾਪ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਸਦਾ ਸੁਹੇਲਾ ਮੇਟਣਹਾਰ ਅੰਧੇਰੀ ਰਾਤ, ਕੂੜੀ ਕਿਰਿਆ ਡੇਰਾ ਢਾਹੀਆ । ਭਰਮ ਭੁਲੇਖਾ ਦੂਰ ਕਰਾਏ ਜਾਤ ਪਾਤ, ਦੀਨ ਮਜ਼੍ਹਬ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ

੧੦੬੪ ੧੯

ਦਾ ਵਰ, ਦਰ ਸਾਚੇ ਮੰਗ ਮੰਗਾਈਆ । ਪੀਰ ਪੈਗ਼ੰਬਰ ਰਹੇ ਝੁਕ, ਸਜਦਾ ਪਰਵਰਦਿਗਾਰ ਕਰਾਈਆ । ਨੂਰ ਖ਼ੁਦਾਈ ਸਾਡਾ ਪੈਂਡਾ ਗਿਆ ਮੁੱਕ, ਪਾਂਧੀ ਪੰਧ ਨਾ ਕੋਇ ਚਲਾਈਆ । ਤੇਰੇ ਕਦਮਾਂ ਸੀਸ ਬੈਠੇ ਸੁੱਟ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਚੌਦਾਂ ਤਬਕਾਂ ਪਈ ਲੁੱਟ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਪਰੇਮ ਪਿਆਰ ਨਾ ਮਾਤ ਪੁੱਤ, ਪਿਤਾ ਪੂਤ ਨਾ ਸੰਗ ਨਿਭਾਈਆ । ਉਜਲ ਦਿਸੇ ਨਾ ਕਿਸੇ ਮੁਖ, ਕੂੜੀ ਕਿਰਿਆ ਲੱਗੀ ਸ਼ਾਹੀਆ । ਸ਼ੇਖ਼ ਮਸਾਇਕ ਭੋਗਣ ਦੁੱਖ, ਹਸਤੀ ਸਚ ਨਾ ਕੋਇ ਮਿਲਾਈਆ । ਸਾਚੀ ਦਰਗਾਹ ਗਏ ਰੁੱਠ, ਸਨਮੁਖ ਨਜ਼ਰ ਕੋਇ ਨਾ ਆਈਆ । ਚੌਥੇ ਜੁਗ ਔਧ ਰਹੀ ਪੁਗ, ਲੇਖਾ ਚੁੱਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਦੇ ਇਕ ਵਰ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਜਨ ਭਗਤ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਤਿ ਸਵਾਮੀ ਤੇਰੀ ਦੇਵੇ ਕੋਈ ਨਾ ਸੋ, ਸਾਚਾ ਰਾਹ ਰਹਿਬਰ ਨਾ ਕੋਇ ਦ੍ਰਿੜਾਈਆ । ਆਤਮ ਪਰਮਾਤਮ ਪਰੇਮ ਪ੍ਰੀਤੀ ਬੈਠੇ ਖੋਹ, ਕੂੜੀ ਕਿਰਿਆ ਘਰ ਘਰ ਕਰੇ ਲੜਾਈਆ । ਅੰਮ੍ਰਿਤ ਰਸ ਨਿਝਰ ਕੋਈ ਨਾ ਦੇਵੇ ਚੋ, ਚੋਰ ਯਾਰ ਠੱਗ ਬਣੀ ਲੋਕਾਈਆ । ਸਚ ਪਰਕਾਸ਼ ਨਿਰਮਲ ਜੋਤ ਨਾ ਦੇਵੇ ਕੋਈ ਲੋ, ਲੋਕ ਪਰਲੋਕ ਪਰਦਾ ਨਾ ਕੋਇ ਉਠਾਈਆ । ਹਉਮੇਂ ਹੰਗਤਾ ਨਾ ਕੋਈ ਤੁੜਾਏ ਮਾਇਆ ਮੋਹ, ਤ੍ਰਿਸਨਾ ਤ੍ਰਿਖਾ ਨਾ ਕੋਇ ਬੁਝਾਈਆ । ਆਤਮ ਪਰਮਾਤਮ ਘਰ ਵਿਚ ਘਰ ਨਾ ਜਾਏ ਛੋਹ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਅਬਿਨਾਸ਼ੀ ਕਰਤੇ ਪਰਤੱਖ ਸਵਾਮੀ ਪਰਗਟ ਹੋ, ਨਿਰਗੁਣ ਨਿਰਗੁਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਠਾਂਡਾ ਮੰਗ ਮੰਗਾਈਆ । ਸੰਤ ਸੁਹੇਲੇ ਰਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸ੍ਰਿਸ਼ਟ ਸਬਾਈ ਧੂਅੰਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਹਾਰ, ਗੀਤਾ ਗਿਆਨ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਜੀਲ ਕੁਰਾਨ ਹੋਏ ਖ਼ਵਾਰ, ਤੀਸ ਬਤੀਸਾ ਸਾਚਾ ਨਾਅਰਾ ਨਗ਼ਮਾ ਹੱਕ ਨਾ ਕੋਇ ਅਲਾਈਆ । ਦੀਦ ਦਰਸ ਨਾ ਕੋਈ ਪਰਵਰਦਿਗਾਰ, ਈਦ ਚੰਦ ਨਾ ਕੋਇ ਰੁਸ਼ਨਾਈਆ । ਰਫ਼ੀਕ ਮਿਲੇ ਨਾ ਸਾਂਝਾ ਯਾਰ, ਧੁਰ ਮੇਲ ਨਾ ਕੋਇ ਮਿਲਾਈਆ । ਚਾਰੋਂ ਕੁੰਟ ਦਿਸੇ ਖ਼ਵਾਰ, ਘਰ ਘਰ ਪਈ ਲੜਾਈਆ । ਜੀਵ ਜੰਤ ਬਣੇ ਦੁਹਾਗਣ ਨਾਰ, ਕੰਤ ਸੁਹਾਗ ਨਰ ਹਰਿ ਨਰਾਇਣ ਨਾ ਕੋਇ ਹੰਢਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਤੇਰੀ ਓਟ ਤਕਾਈਆ । ਜਲ ਥਲ ਮਹੀਅਲ ਪਾ ਸਾਰ, ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ । ਗੁਰਸਿਖ ਗੁਰਮੁਖ ਮਾਰਨ ਧਾਹ, ਨਾਅਰਾ ਇਕੋ ਇਕ ਲਗਾਈਆ । ਕਿਰਪਾ ਕਰ ਬੇਪਰਵਾਹ, ਬੇਅੰਤ ਤੇਰੀ ਸ਼ਰਨਾਈਆ । ਸਾਚਾ ਭੁੱਲੇ ਸਰਬ ਰਾਹ, ਮਾਰਗ ਨਜ਼ਰ ਕਿਸੇ ਨਾ ਆਈਆ । ਗੂੜ੍ਹੀ ਨਿੰਦਰ ਗ਼ਫ਼ਲਤ ਸੁੱਤੇ ਅੱਖ ਨਾ ਸਕੇ ਕੋਈ ਖੁਲ੍ਹਾ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਸਾਚਾ ਮੰਦਰ ਕਾਇਆ ਸਕੇ ਨਾ ਕੋਇ ਸੁਹਾ, ਚਾਰ ਕੁੰਟ ਉਠ ਉਠ ਭੱਜਣ ਵਾਹੋ ਦਾਹੀਆ । ਘਰ ਦੀਪਕ ਸਚ ਪਰਕਾਸ਼ ਨਾ ਸਕੇ ਕੋਈ ਜਗਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਸਕੇ ਨਾ ਕੋਈ ਪਿਆ, ਅਠਸਠ ਤੀਰਥ ਵੇਖਣ ਥਾਉਂ ਥਾਈਆ । ਨਿਜ ਨੇਤਰ ਦਰਸ਼ਨ ਸਕੇ ਨਾ ਕੋਈ ਪਾ, ਦੋਏ ਲੋਚਣ ਜਗਤ ਵੇਖ ਵੇਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ

ਹੋ ਸਹਾਈਆ । ਗੁਰ ਅਵਤਾਰ ਕਰਨ ਬੇਨੰਤੀ, ਦੋਏ ਜੋੜ ਸਰਨਾਈਆ । ਪੀਰ ਪੈਗ਼ੰਬਰ ਕਹਿਣ ਸਾਡੀ ਮਿਟੀ ਹਸਤੀ, ਹਸਤੀ ਤੇਰੇ ਵਿਚ ਸਮਾਈਆ । ਭਗਤ ਕਹਿਣ ਭਗਵਾਨ ਤੁਧ ਬਿਨ ਦੇਵੇ ਨਾ ਕੋਈ ਮਸਤੀ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਸੰਤ ਕਹਿਣ ਤੇਰਾ ਮੇਲ ਹੋਵੇ ਉਪਰ ਅਰਸ਼ੀ, ਅਰਸ਼ ਫ਼ਰਸ਼ ਦੋਵੇਂ ਤੇਰੀ ਸਰਨਾਈਆ । ਗੁਰਮੁਖ ਕਹਿਣ ਤੂੰ ਪਤਿਪਰਮੇਸ਼ਵਰ ਕਿਰਪਾਨਿਧਾਨ ਹੋ ਕੇ ਪਰਤੀਂ, ਲੋਕਮਾਤ ਫੇਰਾ ਪਾਈਆ । ਗੁਰਸਿਖ ਕਹਿਣ ਧੰਨ ਭਾਗ ਸੁਹੌਣੀ ਸੁਹੰਜਣੀ ਧਰਤੀ, ਚਰਨ ਕਵਲ ਉਪਰ ਧਵਲ ਆਪ ਟਿਕਾਈਆ । ਹਰਿਜਨ ਆਸਾ ਕਦੇ ਨਾ ਮਰਦੀ, ਮਰ ਜੀਵਤ ਰੂਪ ਵਟਾਈਆ । ਸਤਿਗੁਰ ਸਰਨਾਈ ਮਿਲ ਭਵਜਲ ਤਰਦੀ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਚ ਦਵਾਰ ਅਗੰਮੀ ਮੰਜ਼ਲ ਚੜ੍ਹਦੀ, ਪੌੜੀ ਡੰਡਾ ਹੱਥ ਨਾ ਕੋਇ ਫੜਾਈਆ । ਗੀਤ ਸੰਗੀਤ ਇਕੋ ਪੜ੍ਹਦੀ, ਤੂੰ ਮੇਰਾ ਮੈਂ ਤੇਰਾ ਢੋਲਾ ਰਾਗ ਅਲਾਈਆ । ਦਰ ਦਰਵੇਸ਼ ਬਣੇ ਬਰਦੀ, ਸੇਵਕ ਹੋ ਕੇ ਸੇਵ ਕਮਾਈਆ । ਪਰਮ ਪੁਰਖ ਪਰਮਾਤਮ ਤੇਰੇ ਅੱਗੇ ਸਭ ਦੀ ਇਕੋ ਅਰਜ਼ੀ, ਆਰਜ਼ੂ ਸਭ ਦੀ ਇਕ ਸੁਣਾਈਆ । ਕੂੜੀ ਕਿਰਿਆ ਜਗਤ ਖੇਲ ਦਿਸੇ ਫ਼ਰਜ਼ੀ, ਫ਼ੈਸਲਾ ਤੇਰੇ ਹੱਥ ਜਿਉਂ ਭਾਵੇ ਲੈਣਾ ਚਲਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਅੱਗੇ ਚਲੇ ਨਾ ਕਿਸੇ ਕੋਇ ਮਰਜ਼ੀ, ਮਰਜ਼ ਅਲਾਮਤ ਕੂੜੀ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਵਖਾਈਆ । ਗੁਰ ਅਵਤਾਰ ਪਿਛਲੀ ਫੋਲਣ ਫ਼ਰਦ, ਪਰਦਾ ਉਹਲਾ ਆਪ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੂੰ ਸਾਹਿਬ ਵੇਖ ਦਰਦ, ਦਰਦੀ ਹੋ ਕੇ ਦਇਆ ਕਮਾਈਆ । ਜੋਧਾ ਸੂਰਬੀਰ ਮਰਦਾਨਾ ਮਰਦ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਕਰਦੇ ਗਏ ਲਿਖਤ ਪੜ੍ਹਤ, ਮਾਣ ਦੇ ਕੇ ਕਾਗ਼ਜ਼ ਕਲਮ ਸ਼ਾਹੀਆ । ਅੰਤਮ ਤੇਰੀ ਪੂਰੀ ਹੋਈ ਸ਼ਰਤ, ਸੰਸਾ ਛੱਕ ਰਿਹਾ ਨਾ ਰਾਈਆ । ਪਿਛਲਾ ਰਹਿਣ ਨਾ ਦੇਣਾ ਫ਼ਰਕ, ਫ਼ਿਕਰਾ ਇਕੋ ਇਕ ਸੁਣਾਈਆ । ਅਗਲਾ ਲੇਖਾ ਅਸੀਂ ਕੀਤਾ ਤਰਕ, ਤੇਰਾ ਹੁਕਮ ਸੁਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ ਸੁਲਤਾਨ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਖ਼ਾਮੋਸ਼, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਤੇਰੇ ਮਿਲਣ ਦੀ ਸੱਚੀ ਲੋਚ, ਲੋਚਣ ਬੈਠੇ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਸਚ ਦਵਾਰੇ ਆਪੇ ਪਹੁੰਚ, ਨਿਰਗੁਣ ਬਣ ਕੇ ਪਾਂਧੀ ਰਾਹੀਆ । ਹਰਿਜਨ ਸੰਤ ਸੁਹੇਲੇ ਵੇਖ ਨਿਰਦੋਸ਼, ਦੋਸ਼ਾਂ ਭਰੀ ਸਰਬ ਲੋਕਾਈਆ । ਬਿਨ ਤੇਰੇ ਚਰਨ ਸਚ ਮਿਲੇ ਨਾ ਕੋਈ ਮੌਜ, ਮੁਹੱਬਤ ਹੱਕ ਨਾ ਕੋਇ ਵਖਾਈਆ । ਤੂੰ ਸਤਿਗੁਰ ਸਾਹਿਬ ਸਵਾਮੀ ਇਕੋ ਬਹੁਤ, ਬਹੁਤੇ ਗੁਰੂ ਨਾ ਕੋਇ ਵਡਿਆਈਆ । ਤੇਰੇ ਸੰਤਾਂ ਤੇਰੇ ਭਗਤਾਂ ਨੇੜ ਨਾ ਆਵੇ ਲਾੜੀ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਤੂੰ ਪਤਿਪਰਮੇਸ਼ਵਰ ਪਰਵਰਦਿਗਾਰ ਸਾਚਾ ਖ਼ੌਂਤ, ਨਾਰ ਕੰਤ ਆਪ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਕਲਜੁਗ ਅੰਤਮ ਕੂਕ ਕੂਕ ਦਏ ਦੁਹਾਈਆ । ਸਚ ਦਵਾਰਾ ਵੇਖਿਆ ਲੰਘ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਸਚਖੰਡ ਸੁੱਤਾ ਇਕ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਥਿਰ ਘਰ ਵੱਜੇ ਨਾਮ ਮਰਦੰਗ, ਸੁਰ ਤਾਲ ਸਮਝ ਸਕੇ ਕੋਇ ਨਾ ਰਾਈਆ । ਨਾ ਕੋਈ


੧੦੬੫ ੧੯

ਰਸਨਾ ਜਿਹਵਾ ਗਾਏ ਬੱਤੀ ਦੰਦ, ਪੰਜ ਤਤ ਨਾ ਕੋਇ ਵਡਿਆਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਇਕੋ ਬੈਠਾ ਸੂਰਾ ਸਰਬੰਗ, ਜੋਧਾ ਸੂਰ ਹਰਿ ਸ਼ਬਦੀ ਨਾਉਂ ਧਰਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰਾਂ ਲਾਵੇ ਅੰਗ, ਅੰਗੀਕਾਰ ਆਪ ਹੋ ਜਾਈਆ । ਜਨ ਭਗਤਾਂ ਵਸੇ ਸਦਾ ਸੰਗ, ਧੁਰ ਦਾ ਜੋੜ ਜੁੜਾਈਆ । ਸਾਚੇ ਸੰਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਗੁਰਮੁਖ ਚਾੜ੍ਹੇ ਸਤਿ ਸਤਿਵਾਦੀ ਚੰਦ, ਨਿਰਮਲ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਭੇਵ ਖੁਲ੍ਹਾਏ ਹੰ ਬ੍ਰਹਮ, ਪਾਰਬ੍ਰਹਮ ਸਮਝਾਈਆ । ਲਹਿਣਾ ਦੇਣਾ ਮੁਕਾਏ ਜਨਮ ਕਰਮ, ਕਰਮ ਕਾਂਡ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਵਰਨ ਬਰਨ, ਜਾਤ ਪਾਤ ਨਾ ਕੋਇ ਰਖਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਲੇਖ ਚੁਕਾਏ ਮਰਨ ਡਰਨ, ਲੱਖ ਚੁਰਾਸੀ ਸ਼ਰਅ ਜ਼ੰਜੀਰ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਹੰਜਣਾ ਵੇਲਾ ਇਕ ਵਖਾਈਆ । ਸਚ ਸੁਹੰਜਣਾ ਹੋਏ ਵੇਲਾ, ਹਰਿ ਕਰਤਾ ਆਪ ਕਰਾਇੰਦਾ । ਮੇਲ ਮਿਲਾਏ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣੇ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਸਾਚਾ ਜੋੜ ਜੁੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਖੇਲ ਖੇਲਾ, ਬਣ ਨਟੂਆ ਸਵਾਂਗੀ ਸਵਾਂਗ ਰਚਾਇੰਦਾ । ਆਦਿ ਜੁਗਾਦਿ ਆਪਣੇ ਹੱਥ ਰੱਖੇ ਆਪਣਾ ਵੇਲਾ, ਵਾਰ ਥਿਤ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਇੰਦਾ । ਕਰਨੀ ਕਰਤਾ ਕਰੇ ਸਮਰਥ, ਮਹਿਮਾ ਅਕੱਥ ਵਡ ਵਡਿਆਈਆ । ਜੋ ਕਿਛ ਸੋ ਆਪਣੇ ਹੱਥ, ਖ਼ਾਲੀ ਹੱਥ ਸਰਬ ਲੋਕਾਈਆ । ਮਿਹਰਵਾਨ ਹੋ ਕੇ ਦੇਵੇ ਵੱਥ, ਮਿਹਬਾਨ ਹੋ ਕੇ ਮੁਹੱਬਤ ਨਾਤਾ ਜੋੜ ਜੁੜਾਈਆ । ਦੀਨ ਦਿਆਲ ਹੋ ਕੇ ਖੋਲ੍ਹੇ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵਾਕ ਭਵਿਖਤ ਜੋ ਆਇਆ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਖੁਲ੍ਹਾਈਆ । ਸੋ ਕਲਜੁਗ ਅੰਤਮ ਵੇਖੇ ਹੱਸ ਹੱਸ, ਹਸਤੀ ਵਿਚੋਂ ਆਪਣੀ ਹਸਤੀ ਆਪ ਪਰਗਟਾਈਆ । ਜਨ ਭਗਤਾਂ ਦੇਵੇ ਧੁਰ ਦਾ ਰਸ, ਰਸ ਆਤਮਕ ਆਪ ਚਖਾਈਆ । ਜਨ ਸੰਤ ਦਵਾਰੇ ਜਾਏ ਨੱਠ, ਪਾਂਧੀ ਬਣ ਕੇ ਫੇਰਾ ਪਾਈਆ । ਗੁਰਮੁਖਾਂ ਦੱਸੇ ਰਵਿਆ ਘਟ, ਹਰ ਘਟ ਡੇਰਾ ਲਾਈਆ । ਗੁਰਸਿਖਾਂ ਵਖਾਏ ਖੇਲ ਸੱਚ, ਸਚ ਸੁਚ ਆਪ ਸਮਝਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤ ਤ੍ਰੈਗੁਣ ਅਗਨੀ ਰਹੀ ਮੱਚ, ਪੰਜ ਤਤ ਕਰੇ ਲੜਾਈਆ । ਨੌਂ ਦਵਾਰੇ ਰਹੀ ਨੱਚ, ਜਗਤ ਵਾਸਨਾ ਮੇਲ ਮਿਲਾਈਆ । ਸਾਚੀ ਮੰਜ਼ਲ ਕਿਸੇ ਨਾ ਮੁੱਕਿਆ ਪੰਧ, ਮੰਦਰ ਘਰ ਨਾ ਵੇਖ ਵਖਾਈਆ । ਜੋ ਗੁਰਮੁਖ ਗੁਰਸਿਖ ਸਤਿਗੁਰ ਸਰਨਾਈ ਗਏ ਢੱਠ, ਤਿਨ੍ਹਾਂ ਲੇਖਾ ਦਏ ਚੁਕਾਈਆ । ਸਾਚੀ ਦੇਵੇ ਬ੍ਰਹਮ ਮਤ, ਗੁਰਮਤ ਇਕ ਸਮਝਾਈਆ । ਤਤ ਵਿਰੋਲੇ ਸਾਚੇ ਮੱਠ, ਭਠਿਆਲਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਏ ਸੰਦੇਸ, ਸਦਾ ਧੁਰ ਦਾ ਨਾਮ ਸੁਣਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਹਰਿ ਕਰਤਾ ਬੇਪਰਵਾਹੀਆ । ਤ੍ਰੈਗੁਣ ਮਾਇਆ ਪੰਜ ਤਤ ਖੇਲੀ ਖੇਡ, ਲੱਖ ਚੁਰਾਸੀ ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਸ਼ਬਦ ਸੰਦੇਸਾ ਭੇਜ, ਚਾਰੋਂ ਕੁੰਟ ਕਰੀ ਸ਼ਨਵਾਈਆ । ਕਲਮ ਸ਼ਾਹੀ ਕਾਗ਼ਜ਼ ਬਿਨ ਕੁਤਬ ਲਿਖਿਆ ਲੇਖ, ਕਾਤਬ

ਹੋ ਕੇ ਕਰਮ ਕਮਾਈਆ । ਸਚ ਸੁਨੇਹੜਾ ਇਕੋ ਭੇਜ, ਜੁਗ ਚੌਕੜੀ ਹੁਕਮ ਵਰਤਾਈਆ । ਜੋਤੀ ਜਲਵਾ ਦੇ ਕੇ ਤੇਜ, ਆਤਮ ਬ੍ਰਹਮ ਕਰੀ ਰੁਸ਼ਨਾਈਆ । ਘਰ ਮੰਦਰ ਮਾਣੀ ਅਗੰਮੀ ਸੇਜ, ਸਿੰਘਾਸਣ ਸੋਹਣੇ ਡੇਰਾ ਲਾਈਆ । ਕਲਜੁਗ ਅੰਤ ਪਿਛਲੀ ਮੇਟੇ ਰੇਖ, ਲੇਖਾ ਅਗਲਾ ਦਏ ਦ੍ਰਿੜਾਈਆ । ਦੋ ਜਹਾਨਾਂ ਖੋਲ੍ਹੇ ਆਪਣਾ ਭੇਤ, ਅਭੇਵ ਆਪ ਸਮਝਾਈਆ । ਜਨ ਭਗਤਾਂ ਰੁੱਤ ਬਸੰਤੀ ਮੌਲੇ ਚੇਤ, ਫੁਲ ਫਲਵਾੜੀ ਆਪ ਮਹਿਕਾਈਆ । ਨਿਰਗੁਣ ਸਰਗੁਣ ਕਰੇ ਹੇਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਤੱਤੀ ਵਾ ਨਾ ਲੱਗੇ ਮਹੀਨਾ ਜੇਠ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਰਿਹਾ ਤਰਾਈਆ । ਸੰਤ ਸੁਹੇਲੇ ਸੋ ਕਹੀਏ ਸਿਖ, ਜਿਸ ਸਤਿਗੁਰ ਦਇਆ ਕਮਾਇੰਦਾ । ਨਾਮ ਪਦਾਰਥ ਪਾਏ ਭਿਖ, ਭਿਛਿਆ ਇਕੋ ਇਕ ਵਰਤਾਇੰਦਾ । ਬਿਨ ਦੋਹਾਂ ਅੱਖਾਂ ਪਏ ਦਿਸ, ਨਿਜ ਨੇਤਰ ਨਜ਼ਰੀ ਆਇੰਦਾ । ਸਚ ਪ੍ਰੀਤੀ ਕਰੇ ਹਿਤ, ਪਰੇਮ ਪਿਆਰ ਨਾਤਾ ਜੋੜ ਜੁੜਾਇੰਦਾ । ਕਰਵਟ ਲੈ ਬਦਲੇ ਪਿਠ, ਸਨਮੁਖ ਸਵੱਛ ਸਰੂਪੀ ਰੂਪ ਧਰਾਇੰਦਾ । ਅਬਿਨਾਸ਼ੀ ਕਰਤਾ ਹੋ ਕੇ ਵਸੇ ਚਿਤ, ਚਿਤਵਿਤ ਠਗੌਰੀ ਕੋਇ ਨਾ ਪਾਇੰਦਾ । ਪਤਿਪਰਮੇਸ਼ਵਰ ਹੋ ਕੇ ਲੇਖਾ ਜਾਣੇ ਮਾਤ ਪਿਤ, ਪਿਤਾ ਪੂਤ ਗੋਦ ਉਠਾਇੰਦਾ । ਜਨਮ ਕਰਮ ਦਾ ਲਹਿਣਾ ਦੇਣਾ ਘਰ ਆ ਕੇ ਜਾਏ ਨਜਿਠ, ਅਗਲਾ ਪਿਛਲਾ ਪੰਧ ਮੁਕਾਇੰਦਾ । ਸੋ ਗੁਰਮੁਖ ਸੰਤ ਸੁਹੇਲਾ ਕਹੀਏ ਸਿਖ, ਜਿਸ ਸਾਖਿਆਤ ਕਾਇਆ ਮੰਦਰ ਅੰਦਰ ਨਿਜ ਨੇਤਰ ਸਤਿਗੁਰ ਜੋਤੀ ਨੂਰੀ ਨਜ਼ਰੀ ਆਇੰਦਾ । ਨਿਹਕਰਮੀ ਹੋ ਕੇ ਅਗਲਾ ਲੇਖਾ ਦਏ ਲਿਖ, ਪਿਛਲਾ ਲੇਖ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਹਰਿਜਨ ਭਗਤ ਭਗਵੰਤ ਲਏ ਵਰ, ਘਰ ਮੰਦਰ ਕਾਇਆ ਅੰਦਰ ਇਕ ਸੁਹਾਇੰਦਾ ।



★ ੯ ਜੇਠ ੨੦੨੧ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ★

ਸ਼ਬਦ ਅਗੰਮੀ ਧੁਰ ਦੀ ਲਿਖਤ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਨਿਰਗੁਣ ਸਰਗੁਣ ਭੇਵ ਚੁਕਾਏ ਭਵਿਖਤ, ਧੁਰ ਸੰਦੇਸਾ ਰਾਗ ਸੁਣਾਈਆ । ਜੁਗ ਚੌਕੜੀ ਸਚ ਪ੍ਰੀਤੀ ਲੱਗਾ ਇਸ਼ਕ, ਵੇਖਣਹਾਰਾ ਥਾਉਂ ਥਾਈਂਆ । ਸਤਿਜੁਗ ਸਤਿ ਸਤਿਵਾਦੀ ਖੋਲ੍ਹਣਹਾਰਾ ਦ੍ਰਿਸ਼ਟ, ਇਸ਼ਟ ਆਪਣਾ ਇਕ ਸਮਝਾਈਆ । ਤ੍ਰੇਤਾ ਕਹੇ ਪਤਿਪਰਮੇਸ਼ਵਰ ਮੇਰੀ ਪੂਰੀ ਹੋਏ ਤ੍ਰਿਪਤ, ਆਸਾ ਮਨਸਾ ਵਿਚ ਸਮਾਈਆ । ਬਾਲਮੀਕ ਕਹੇ ਮੈਨੂੰ ਦਿਤਾ ਸਿਦਕ, ਸਾਚੀ ਸਿਖਿਆ ਇਕ ਸਮਝਾਈਆ । ਸਚ ਦਵਾਰ ਵਖਾਇਆ ਆਦਰਸ਼, ਨੇਤਰ ਨੈਣ ਅੱਖ ਖੁਲ੍ਹਾਈਆ । ਕੂੜੀ ਕਿਰਿਆ ਕੋਲੋਂ ਦਿਤਾ ਵਰਜ, ਸਾਚਾ ਮਾਰਗ ਇਕ ਪਰਗਟਾਈਆ । ਕਿਰਪਾ ਕਰ ਮਰਦਾਨੇ ਮਰਦ, ਸਚ ਮਰਦਾਨਗੀ ਦਿਤੀ ਸਮਝਾਈਆ । ਦੋਏ ਜੋੜ ਚਰਨ ਕਵਲ ਆਰਜ਼ੂ ਕੀਤੀ ਅਰਜ਼, ਬੇਨੰਤੀ ਇਕੋ ਇਕ ਸੁਣਾਈਆ । ਪਾਰਬ੍ਰਹਮ ਤੂੰ ਨਿਤ ਨਵਿਤ ਵੰਡੇਂ ਦਰਦ, ਦੁਖੀਆਂ ਦੀਨਾਂ ਅਨਾਥਾਂ ਹੋਏਂ ਸਹਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਲੀਲ੍ਹਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਤ੍ਰੇਤਾ ਕਹੇ ਮੇਰੀ ਮਿਟੀ ਤ੍ਰਿਖਾ, ਤ੍ਰਿਸਨਾ ਮੂਲ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਇਕੋ

ਦਿਸਾ, ਚਾਰੋਂ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਜਨ ਭਗਤਾਂ ਵੰਡੇ ਸਾਚਾ ਹਿਸਾ, ਮਿਹਰ ਨਜ਼ਰ ਇਕ ਉਠਾਈਆ । ਗਿਰਵਰ ਗਿਰਧਾਰ ਬਣ ਕੇ ਧੁਰ ਦਾ ਪਿਤਾ, ਪੂਤ ਸਪੂਤੇ ਗੋਦ ਉਠਾਈਆ । ਕੋਈ ਨਾ ਜਾਣੇ ਕੱਦ ਵੱਡਾ ਨਿੱਕਾ, ਬਾਲ ਬਿਰਧ ਜਵਾਨ ਸਮਝ ਕਿਸੇ ਨਾ ਆਈਆ । ਕਰੇ ਖੇਲ ਅਬਿਨਾਸ਼ੀ ਅਚੁਤਾ, ਚੇਤਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹੀਆਵ । ਤ੍ਰੇਤਾ ਕਹੇ ਮੇਰਾ ਮਿਟਿਆ ਸੋਗ, ਚਿੰਤਾ ਦੁੱਖ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤੇ ਸੁਣਾਇਆ ਇਕ ਸਲੋਕ, ਸੋਹਣਾ ਢੋਲਾ ਰਾਗ ਅਲਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧਿਆਰ ਦਿਤਾ ਮਿਟਾਈਆ । ਭੇਵ ਖੁਲ੍ਹਾਇਆ ਲੋਕ ਪਰਲੋਕ, ਦੋ ਜਹਾਨਾਂ ਵੱਜੇ ਵਧਾਈਆ । ਸਚ ਸਰਨਾਈ ਬਖ਼ਸ਼ ਓਟ, ਚਰਨ ਕਵਲ ਮਿਲੇ ਵਡਿਆਈਆ । ਅੰਤਰ ਆਤਮ ਪਰਮਾਤਮ ਦੱਸੀ ਗੋਤ, ਜਾਤ ਅਜਾਤੀ ਰੂਪ ਨਾ ਕੋਇ ਵਟਾਈਆ । ਪਰੇਮ ਪ੍ਰੀਤੀ ਅੰਦਰ ਹੋ ਕੇ ਮੋਹਤ, ਮੁਹੱਬਤ ਇਕੋ ਇਕ ਲਗਾਈਆ । ਜਿਸ ਦੀ ਕੋਈ ਸੋਚ ਨਾ ਸਕੇ ਸੋਚ, ਸਮਝ ਵਿਚ ਨਾ ਕੋਇ ਚਤੁਰਾਈਆ । ਸੋ ਠਾਕਰ ਹੋ ਕੇ ਜਾਏ ਪਹੁੰਚ, ਬੇਪਰਵਾਹ ਹੋ ਕੇ ਫੇਰਾ ਪਾਈਆ । ਜਨ ਭਗਤਾਂ ਦੇਵੇ ਸਾਚੀ ਮੋਖ, ਮੁਫ਼ਤ ਆਪਣਾ ਨਾਮ ਵਰਤਾਈਆ । ਘਰ ਵਖਾਏ ਕਾਇਆ ਬੰਕ ਸਾਚਾ ਕੋਟ, ਗ੍ਰਿਹਿ ਮੰਦਰ ਕਰੇ ਰੁਸ਼ਨਾਈਆ । ਸਚ ਨਗਾਰੇ ਲਾਵੇ ਚੋਟ, ਅਨਹਦ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਤ੍ਰੇਤਾ ਕਹੇ ਮੇਰੀ ਤ੍ਰਿਖਾ ਹੋਈ ਦੂਰ, ਮਨਸਾ ਮੋਹ ਨਾ ਕੋਇ ਸਤਾਈਆ । ਤੁਟਾ ਮਾਣ ਜਗਤ ਗ਼ਰੂਰ, ਹਉਮੇ ਗੜ੍ਹ ਨਾ ਕੋਇ ਲੜਾਈਆ । ਅਗਨੀ ਤਤ ਨਾ ਕੋਇ ਤੰਦੂਰ, ਸਾਂਤਕ ਸਤਿ ਮੇਘ ਬਰਸਾਈਆ । ਦਰਸ਼ਨ ਪਾਇਆ ਹਾਜ਼ਰ ਹਜ਼ੂਰ, ਹਜ਼ਰਤ ਮਿਲਿਆ ਬੇਪਰਵਾਹੀਆ । ਕੋਟ ਜਨਮ ਦੇ ਬਖ਼ਸ਼ਣਹਾਰ ਕਸੂਰ, ਦੁਰਮਤ ਮੈਲ ਰਿਹਾ ਧਵਾਈਆ । ਜੁਗ ਚੌਕੜੀ ਜੋ ਲੇਖਾ ਜਾਣੇ ਗੁਰ ਅਵਤਾਰ ਪੀਰ ਪੈਗ਼ੰਬਰ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਬਖ਼ਸ਼ਣਹਾਰਾ ਜੋਤੀ ਨੂਰ, ਨੂਰ ਜਹੂਰ ਇਕ ਸਮਝਾਈਆ । ਤੋੜਨਹਾਰਾ ਨਾਤਾ ਕੂੜੋ ਕੂੜ, ਸਚ ਸੁਚ ਇਕ ਵਖਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਨਿਰਧਨ ਸਰਧਨ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਕਰੇ ਰੁਸ਼ਨਾਈਆ । ਤ੍ਰੇਤਾ ਕਹੇ ਭਗਤ ਵਛਲ, ਸ੍ਰੀ ਭਗਵਾਨ ਆਪ ਅਖਵਾਇੰਦਾ । ਜਿਸ ਦਾ ਲੇਖਾ ਆਦਿ ਜੁਗਾਦੀ ਅਛਲ, ਵਲ ਛਲਧਾਰੀ ਆਪਣੀ ਕਾਰ ਕਮਾਇੰਦਾ । ਨਿਰਗੁਣ ਹੋ ਕੇ ਸਰਗੁਣ ਦੱਸੇ ਬਚਨ, ਸ਼ਬਦ ਸੰਦੇਸਾ ਆਪ ਪਰਗਟਾਇੰਦਾ । ਭਾਗ ਲਗਾਏ ਕਾਇਆ ਮਾਟੀ ਕੰਚਨ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਕਰ ਪਰਕਾਸ਼ ਜੋਤ ਨਿਰੰਜਣ, ਨਰ ਹਰਿ ਆਪਣੀ ਧਾਰ ਚਲਾਇੰਦਾ । ਦਰ ਦਰਵੇਸ਼ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਮੰਗਣ, ਭਿਛਿਆ ਇਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਆਪ ਨਿਭਾਇੰਦਾ । ਤ੍ਰੇਤਾ ਕਹੇ ਪ੍ਰਭ ਵੇਖਿਆ ਸੰਗ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤਾਂ ਦੇਣਾ ਸਚ ਅਨੰਦ, ਅਨੰਦ ਆਤਮ ਇਕ ਪਰਗਟਾਈਆ । ਤ੍ਰੇਤਾ ਦਵਾਪਰ ਕਲਜੁਗ ਜਾਏ ਲੰਘ, ਅੰਤਮ ਵੇਖਣਾ ਚਾਈਂ ਚਾਈਂਆ । ਪਰਗਟ ਹੋ ਸੂਰੇ ਸਰਬੰਗ, ਸਾਚੀ ਕਰਨੀ ਲੈਣੀ ਕਮਾਈਆ । ਪੂਰਬ ਲੇਖਾ ਯਾਦ ਰਖਣਾ ਛੰਦ, ਜੋ ਬਾਲਮੀਕ ਦਿਤਾ ਦ੍ਰਿੜਾਈਆ । ਘਰ ਸਵਾਮੀ ਪੌਣੀ ਠੰਡ, ਕੂੜੀ ਕਿਰਿਆ ਅਗਨ ਬੁਝਾਈਆ । ਕਰਵਟ ਲੈ ਬਦਲਣੀ ਕੰਡ, ਸਨਮੁਖ ਆਪਣਾ ਦਰਸ ਦਿਖਾਈਆ । ਮਰਨ ਤੋਂ ਪਹਿਲੋਂ ਕਰਮ ਦੀ

ਟੁਟੀ ਲੈਣੀ ਗੰਢ, ਜਨਮ ਦਾ ਲੇਖਾ ਆਪਣੀ ਝੋਲੀ ਪਾਈਆ । ਤੇਰੀ ਸਿਫ਼ਤ ਕੋਈ ਗਾ ਨਾ ਸਕੇ ਬੱਤੀ ਦੰਦ, ਰਸਨਾ ਜਿਹਵਾ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤ੍ਰੇਤਾ ਕਹੇ ਤੇਰਾ ਭਗਤ ਪਿਆਰ, ਭਗਤੀ ਵਿਚੋਂ ਨਜ਼ਰੀ ਆਈਆ । ਤੂੰ ਸਾਹਿਬ ਸਤਿਗੁਰ ਸਿਰਜਣਹਾਰ, ਵਡ ਦਾਤਾ ਗਹਿਰ ਗੰਭੀਰ ਅਖਵਾਈਆ । ਤੇਰਾ ਲੇਖਾ ਸਦਾ ਰਹੇ ਜੁਗ ਚਾਰ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਤੇਰੇ ਦਰ ਤੇ ਮੰਗਦੇ ਰਹਿਣ ਭਿਖਾਰ, ਭਿੱਖਕ ਆਪਣੀ ਝੋਲੀ ਡਾਹੀਆ । ਤੂੰ ਦਾਤਾ ਦਾਨੀ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਤੇਰਾ ਬੋਧ ਅਗਾਧ ਸ਼ਬਦ ਨਾਮ ਜੈਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਤੇਰਾ ਜਸ ਗਾਈਆ । ਤੂੰ ਅਗੰਮ ਅਥਾਹ ਬੇਐਬ ਖ਼ੁਦਾਈ ਪਰਗਵਰਦਿਗਾਰ, ਜਲਵਾ ਨੂਰ ਨੂਰ ਰੁਸ਼ਨਾਈਆ । ਤੂੰ ਮੁਕਾਮੇ ਹੱਕ ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਬੈਠਾ ਡੇਰਾ ਲਾਈਆ । ਤੇਰੇ ਹੁਕਮੇ ਅੰਦਰ ਕੋਟਨ ਕੋਟ ਗੁਰ ਅਵਤਾਰ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਸਿਖਿਆ ਦੇ ਦੇ ਵਿਚ ਸੰਸਾਰ, ਸਾਚੀ ਜਗਤ ਕਰਨ ਪੜ੍ਹਾਈਆ । ਤੇਰਾ ਕੋਈ ਨਾ ਜਾਣੇ ਅੰਤ ਪਾਰਾਵਾਰ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਖ਼ੁਸ਼ੀ ਮਨਾਈਆ । ਤੇਰੇ ਅੱਗੇ ਮਿੰਨਤ ਏਕੰਕਾਰ, ਦੋਏ ਜੋੜ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਘਰ ਸਚ ਅਲਖ ਜਗਾਈਆ । ਤ੍ਰੇਤਾ ਕਹੇ ਮੇਰੇ ਸਾਚੇ ਨੇਤਾ, ਨੇਤਰ ਤੇਰਾ ਇਕੋ ਨਜ਼ਰੀ ਆਈਆ । ਭਗਤ ਉਧਾਰਨ ਤੇਰਾ ਪੇਸ਼ਾ, ਪੇਸ਼ੀਨਗੋਈ ਸਰਬ ਸੁਣਾਈਆ । ਪੂਰਬ ਪਰਮ ਪੁਰਖ ਰੱਖੇਂ ਚੇਤਾ, ਅਭੁੱਲ ਭੁਲ ਕਦੇ ਨਾ ਜਾਈਆ । ਵੇਖੇਂ ਵਸੇਂ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਡੇਰਾ ਲਾਈਆ । ਕੋਈ ਨਾ ਜਾਣੇ ਤੇਰਾ ਲੇਖਾ, ਕਾਗ਼ਜ਼ ਕਲਮ ਸ਼ਾਹੀ ਬੈਠੀ ਮੁਖ ਭਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਤੇਰੀ ਚਾੜ੍ਹਨ ਭੇਟਾ, ਨਿਰਗੁਣ ਨੂਰ ਤੇਰੇ ਵਿਚ ਸਮਾਈਆ । ਤੇਰਾ ਪਰੇਮ ਪਿਆਰ ਵਿਚੋਂ ਸੰਤ ਸੁਹੇਲਾ ਪਰਗਟੇ ਬੇਟਾ, ਜਿਸ ਦਾ ਇਕੋ ਇਕ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤ੍ਰੇਤਾ ਕਹੇ ਔਹ ਵੇਖ ਪੁੱਤਰ, ਪਤਿਪਰਮੇਸ਼ਵਰ, ਤੇਰੀ ਗੋਦ ਸੁਹਾਈਆ । ਤੇਰਾ ਸ਼ਬਦ ਤੇਰੀ ਧਾਰੋਂ ਆਏ ਉਤਰ, ਨਾ ਕੋਈ ਜਨਮੇ ਪਿਤਾ ਮਾਈਆ । ਸਾਚੀ ਗੋਦ ਸਤਿ ਸਵਾਮੀ ਬਹੇ ਤੇਰੇ ਕੁੱਛੜ, ਅੰਮ੍ਰਿਤ ਸੀਰ ਇਕੋ ਮੁਖ ਚੁਆਈਆ । ਸਤਿ ਸਤਿਵਾਦੀ ਬ੍ਰਹਮ ਪਾਰਬ੍ਰਹਮ ਤੇਰਾ ਖਾ ਕੇ ਧੁਰ ਦਾ ਟੁੱਕਰ, ਆਦਿ ਜੁਗਾਦਿ ਸ਼ੁਕਰ ਮਨਾਈਆ । ਕਰ ਕੇ ਕੌਲ ਇਕਰਾਰ ਕਦੇ ਨਾ ਜਾਣਾ ਮੁੱਕਰ, ਮੁਖ ਸਕੇ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਚੁਕਾਈਆ । ਸਾਚਾ ਪੜਦਾ ਚੁੱਕ ਭਗਵੰਤ, ਦਰ ਤੇਰੇ ਅਰਜ਼ੋਈਆ । ਤੂੰ ਮਾਲਕ ਜੀਵ ਜੰਤ, ਲੱਖ ਚੁਰਾਸੀ ਤੇਰਾ ਰੂਪ ਇਕੋ ਹੋਈਆ । ਧੁਰ ਦਾ ਨਾਮ ਮਣੀਆ ਮੰਤ, ਦੇਵੇਂ ਸਾਚੀ ਢੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪ੍ਰੀਤੀ ਅੰਤਰ ਲੈਣਾ ਮੋਹੀਆ । ਤ੍ਰੇਤਾ ਕਹੇ ਦੇ ਤ੍ਰਿਪਤਾਸ, ਤ੍ਰਿਖਾ ਜਗਤ ਬੁਝਾਈਆ । ਸਚ ਸਵਾਮੀ ਪੂਰੀ ਕਰ ਆਸ, ਮਨਸਾ ਵਿਚ ਮਿਲਾਈਆ । ਪੂਰਬ ਰੱਖਣਾ ਯਾਦ, ਯਾਦਦਾਸ਼ਤ ਇਕ ਦ੍ਰਿੜਾਈਆ । ਜੋ ਬਾਤਨ ਬਾਲਮੀਕ ਨਾਲ ਕੀਤੀ ਬਾਤ, ਲੇਖਾ ਲਿਖੇ ਕੋਇ ਨਾ ਕਲਮ ਸ਼ਾਹੀਆ । ਓਸ ਦਾ ਦੇਣਾ ਸੱਚਾ ਇਕ ਜਵਾਬ, ਸ਼ਬਦ ਤਰਾਨਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬਾਲਮੀਕ ਕਹੇ ਸੁਣ ਮੇਰੇ ਬਾਪ, ਤੇਰੀ ਵਡ ਵਡਿਆਈਆ । ਇਕੋ ਅੱਖਰ ਦਿਤਾ ਆਖ, ਆਖਰ ਕਰ ਪੜ੍ਹਾਈਆ । ਨਿਰਗੁਣ ਹੋ ਕੇ ਦੱਸਿਆ ਜਾਪ, ਤੂੰ ਮੇਰਾ ਮੈਂ ਤੇਰਾ ਇਕੋ ਹੁਕਮ ਵਰਤਾਈਆ । ਸਚ ਸਰਨਾਈ ਗਿਆ ਲਾਗ, ਧੂੜੀ ਖ਼ਾਕ ਰਮਾਈਆ । ਤੂੰ ਕਿਰਪਾ ਕਰ ਕੇ ਲਿਆ ਝਾਕ, ਮਿਹਰ ਨਜ਼ਰ ਉਠਾਈਆ । ਨਾਤਾ ਤੁਟਿਆ ਕੂੜੇ ਸਾਕ, ਸੱਜਣ ਰਹਿਣ ਕੋਇ ਨਾ ਪਾਈਆ । ਬੰਦ ਕਿਵਾੜੀ ਖੁਲ੍ਹਿਆ ਤਾਕ, ਘਰ ਘਰ ਵਿਚ ਹੋਈ ਰੁਸ਼ਨਾਈਆ । ਮੰਦਰ ਦਿਸਿਆ ਇਕੋ ਸਾਚ, ਜਿਸ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਿਤਾ ਜਣਾਈਆ । ਸਾਚਾ ਲੇਖਾ ਦੱਸਿਆ ਏਕ, ਨਿਰਅੱਖਰ ਕਰ ਪੜ੍ਹਾਈਆ । ਪਰੇਮ ਪਿਆਰ ਅੰਦਰ ਪੇਖ, ਮੇਰੀ ਮੇਰੇ ਵਿਚੋਂ ਗਵਾਈਆ । ਨੇਤਰ ਖੁਲ੍ਹਾਇਆ ਨੇਤ ਨੇਤ, ਨਿਜ ਨੈਣ ਕਰੀ ਰੁਸ਼ਨਾਈਆ । ਸਚ ਦਵਾਰੇ ਖੋਲ੍ਹਿਆ ਭੇਤ, ਪੜਦਾ ਆਪ ਉਠਾਈਆ । ਦਵਾਰ ਵਖਾਇਆ ਅਗੰਮੀ ਦੇਸ, ਜਿਸ ਘਰ ਬੈਠਾ ਡੇਰਾ ਲਾਈਆ । ਨਜ਼ਰੀ ਆਇਆ ਨਰ ਨਰੇਸ਼, ਸ਼ਹਿਨਸ਼ਾਹ ਇਕੋ ਬੇਪਰਵਾਹੀਆ । ਦੋ ਜਹਾਨਾਂ ਰਿਹਾ ਵੇਖ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਗੁਰ ਅਵਤਾਰਾਂ ਰਿਹਾ ਭੇਜ, ਪੰਜ ਤਤ ਦੇਵੇ ਮਾਣ ਵਡਿਆਈਆ । ਆਪੇ ਜਾਣੇ ਆਪਣੀ ਰੇਖ, ਰੂਪ ਰੰਗ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਦ੍ਰਿੜਾਈਆ । ਸਾਚੀ ਕਰਨੀ ਤੇਰੀ ਭਗਵਾਨ, ਤੇਰੇ ਵਿਚੋਂ ਨਜ਼ਰੀ ਆਈਆ । ਤੇਰਾ ਹੁਕਮ ਧੁਰ ਫ਼ਰਮਾਣ, ਅਭੁੱਲ ਭੁੱਲ ਕਦੇ ਨਾ ਜਾਈਆ । ਲੇਖਾ ਲਿਖਿਆ ਗੁਣ ਨਿਧਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਦੇਵਾਂ ਖੋਲ੍ਹ, ਹਰਿ ਕਰਤਾ ਆਪ ਜਣਾਇੰਦਾ । ਤੇਰੇ ਅੰਤਰ ਵਸਾਂ ਕੋਲ, ਦੂਰ ਦੁਰਾਡਾ ਪੰਧ ਮੁਕਾਇੰਦਾ । ਤੇਰੇ ਹੱਥ ਭੰਡਾਰ ਦੇ ਅਨਤੋਲ, ਅਨਮੁਲੜੀ ਵਸਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਇੰਦਾ । ਮਿਹਰ ਨਜ਼ਰ ਗਈ ਉਠ, ਨੇਤਰ ਨੈਣ ਨੈਣ ਨਿਹਾਲਿਆ । ਕਰ ਪਿਆਰ ਭਗਤ ਭਗਵਾਨ ਜਿਉਂ ਮਾਂ ਪੁੱਤ, ਸਾਚਾ ਮਾਰਗ ਇਕ ਸੁਖਾਲਿਆ । ਲੋਕਮਾਤ ਨਾ ਕੋਈ ਲੁਕ, ਹੁਕਮ ਹੁਕਮ ਵਿਚੋਂ ਪਰਗਟਾ ਲਿਆ । ਸਚ ਸੁਹੰਜਣੀ ਮੌਲੇ ਰੁੱਤ, ਰੁੱਤ ਰੁੱਤੜੀ ਵੇਖ ਵਖਾ ਲਿਆ । ਪੰਜ ਤਤ ਕਾਇਆ ਜਨਮੇ ਤਤਵ ਪੁੱਤ, ਸਤਿ ਸਰੂਪੀ ਬਣਤ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਰਾਮ ਧਾਰੋਂ ਰਾਮ ਪਏ ਉਠ, ਰਾਮ ਰੰਗ ਰਾਮ ਵੇਖਣਹਾਰ ਹੋਏ ਖ਼ੁਸ਼ਹਾਲਿਆ । ਸੁਣ ਸੰਦੇਸਾ ਧੁਰ ਦਾ ਏਕ, ਬਟਵਾਰਾ ਖ਼ੁਸ਼ੀ ਮਨਾਈਆ । ਤੇਰੇ ਹੱਥ ਮੇਰਾ ਭੇਤ, ਭੇਵ ਆਪਣਾ ਦੇਣਾ ਜਣਾਈਆ । ਤੇਰੀ ਸਰਨਾਈ ਮੇਰਾ ਹੇਤ, ਤੇਰੀ ਵਡਿਆਈ ਮੇਰੀ ਸਿਫ਼ਤ ਸਾਲਾਹੀਆ । ਦਰਸ਼ਨ ਸਦਾ ਲਵਾਂ ਪੇਖ, ਨੇਰਨ ਨੇਰਾ ਘਰ ਸਾਚੇ ਨਜ਼ਰੀ ਆਈਆ । ਨਿਉਂ ਨਿਉਂ ਬੰਦਨਾ ਕਰਾਂ ਆਦੇਸ਼, ਡੰਡਾਵਤ ਪਰਨਾਮ ਇਕੋ ਮੋਹੇ ਭਾਈਆ । ਸੋ ਰੁੱਤ ਮਹੀਨਾ ਨੌ ਜੇਠ, ਜਿਸ ਵੇਲੇ ਬਾਲਮੀਕ ਪ੍ਰਭ ਜਗਤ ਅੰਧੇਰਾ ਤਾਰੀਕ ਦਿਤੀ ਮਿਟਾਈਆ । ਮਿਟਿਆ ਅੰਧੇਰਾ ਚੜ੍ਹਿਆ ਚੰਦ, ਹੋਈ ਸਚ ਰੁਸ਼ਨਾਈਆ । ਅੰਮ੍ਰਿਤ ਰਸ ਇਕ ਅਨੰਦ, ਨਿਝਰ ਦਿਤਾ ਚੁਆਈਆ । ਪਰੇਮ ਪ੍ਰੀਤੀ ਅੰਦਰ ਗਾਏ ਛੰਦ, ਸੋਹੰ ਢੋਲਾ ਰਾਗ ਸੁਣਾਈਆ । ਕੂੜੀ ਕਿਰਿਆ ਹੋਈ ਖੰਡ ਖੰਡ, ਘਰ ਬ੍ਰਹਿਮੰਡ ਵੱਜੀ ਵਧਾਈਆ । ਨਾਤਾ ਤੁਟਾ ਜਗਤ ਰੰਡ, ਸੁਹਾਗਣ ਹੋ ਕੇ ਖ਼ੁਸ਼ੀ ਮਨਾਈਆ । ਦੋਏ ਜੋੜ ਇਕੋ ਮੰਗੀ ਮੰਗ,

ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭ ਤੇਰਾ ਮਿਲੇ ਸਦਾ ਸੰਗ, ਨਾਤਾ ਸਕੇ ਨਾ ਕੋਇ ਛੁਡਾਈਆ । ਜਿਸ ਵੇਲੇ ਆਵੇਂ ਵਿਚ ਵਰਭੰਡ, ਨਿਰਗੁਣ ਸਰਗੁਣ ਵੇਸ ਵਟਾਈਆ । ਮੇਰੇ ਨਾਲ ਆਪਣਾ ਪੱਲੂ ਲੈਣਾ ਗੰਢ, ਕੰਨੀ ਕੰਨੀ ਨਾਲ ਜੁੜਾਈਆ । ਤੇਰੇ ਪਰੇਮ ਪਿਆਰ ਦਾ ਵੱਜੇ ਸੱਚਾ ਤੰਦ, ਸਤਾਰ ਕਾਇਆ ਰਬਾਬ ਹਿਲਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਬਹਿਣਾ ਸਚ ਪਲੰਘ, ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਣਾ ਥਾਉਂ ਥਾਈਂਆ । ਸ੍ਰੀ ਭਗਵਾਨ ਹੋ ਦਿਆਲ, ਸ਼ਬਦੀ ਸ਼ਬਦ ਜਣਾਇੰਦਾ । ਉਠ ਲਾਡਲੇ ਮੇਰੇ ਲਾਲ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜੁਗ ਦੀ ਤੇਰੀ ਵੇਖੇ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਸਤਿਗੁਰ ਮਿਲ ਕੇ ਜੋ ਕੀਤਾ ਸਵਾਲ, ਸੋ ਇਛਿਆ ਤੇਰੀ ਭਿਛਿਆ ਨਾਲ ਮਿਲਾਇੰਦਾ । ਕਿਰਪਾ ਕਰੇ ਹੋ ਕਿਰਪਾਲ, ਕਿਰਪਾਨਿਧਾਨ ਵੇਖ ਵਖਾਇੰਦਾ । ਕਲਜੁਗ ਅੰਤ ਕਰੇ ਪਰਵਾਨ, ਸਚ ਪਰਵਾਨਾ ਨਾਮ ਫੜਾਇੰਦਾ । ਜਿਸ ਵੇਲੇ ਤੇਰਾ ਨੇੜੇ ਆਵੇ ਕਾਲ, ਵੇਲਾ ਵਕਤ ਜਗਤ ਪੰਧ ਮੁਕਾਇੰਦਾ । ਓਸ ਵੇਲੇ ਕਰੇ ਫੇਰ ਸੰਭਾਲ, ਮਿਹਰ ਨਜ਼ਰ ਅੱਖ ਉਠਾਇੰਦਾ । ਘਰ ਜਾ ਕੇ ਬਾਂਹੋਂ ਫੜ ਆਪ ਉਠਾਲ, ਪਿਛਲਾ ਲੇਖਾ ਯਾਦ ਕਰਾਇੰਦਾ । ਮੁਰਸ਼ਦ ਹੋ ਕੇ ਪੁਛੇ ਹਾਲ, ਮੁਰੀਦ ਆਪਣੇ ਗਲੇ ਲਗਾਇੰਦਾ । ਕੂੜੀ ਕਿਰਿਆ ਵਹਿਣ ਨਾ ਦੇਵੇ ਤਾਲ, ਤਲਵਾੜਾ ਆਪਣੇ ਨਾਮ ਸੁਣਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਸੱਦਾ ਦੇ ਹੋਵੇ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਇੰਦਾ । ਯਾਰਾਂ ਵਿਚੋਂ ਲੱਭੇ ਯਾਰ, ਯਾਰਾਨਾ ਪਿਛਲਾ ਵੇਖ ਵਖਾਇੰਦਾ । ਬਾਲਮੀਕ ਦਾ ਮਿੱਤਰ ਸਰਦਾਰ, ਠੱਗਾਂ ਵਿਚੋਂ ਠੱਗ ਇਕੋ ਇਕ ਵਡਿਆਇੰਦਾ । ਜਿਸ ਦਾ ਵਿਛੋੜਾ ਹੋਇਆ ਪਿਛਲੀ

੧੦੭੧ ਰਾਤ, ਦੂਜੇ ਦਿਨ ਮੇਲ ਨਾ ਕੋਇ ਮਿਲਾਇੰਦਾ । ਉਸ ਦੀ ਕੋਝੀ ਕਮਲੀ ਜਾਤ, ਕੁਲਹੀਣ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੦੭੧

੧੯ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਕੁਲਹੀਣ ਜਾਤ ਕੁਲਾਲ, ਨੀਚਾਂ ਵਿਚੋਂ ਨੀਚ ਨਜ਼ਰੀ ਆਈਆ । ਬਾਲਮੀਕ ਦਾ ਪਰੇਮ ਪਿਆਰ, ੧੯

ਸੱਜਣ ਸੱਜਣਾਂ ਦਾ ਸੰਗ ਨਿਭਾਈਆ । ਜਿਸ ਵੇਲੇ ਸਾਹਿਬ ਹੋਇਆ ਕਿਰਪਾਲ, ਮਿਹਰ ਨਜ਼ਰ ਉਠਾਈਆ । ਸੁਰਤੀ ਸੁਰਤ ਦਿਤੀ ਸੰਭਾਲ, ਮੂਰਤ ਅਕਾਲ ਇਕੋ ਇਕ ਦਰਸਾਈਆ । ਸਚ ਬੇਨੰਤੀ ਮੰਨ ਸਵਾਲ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਅਗੰਮੀ ਆਵਾਜ਼ ਆਈ ਵਿਚੋਂ ਆਕਾਸ਼, ਧੁਨ ਨਾਦ ਇਕੋ ਇਕ ਸਮਝਾਈਆ । ਲੇਖਾ ਲਿਖ ਨਾਲ ਕਲਮ ਦਵਾਤ, ਮੇਲ ਮਿਲਾਉਣਾ ਪਾਣੀ ਸ਼ਾਹੀਆ । ਜਿਸ ਨਾਲ ਤੇਰੀ ਉਪਜੇ ਸ਼ਾਖ਼, ਸ਼ਹਿਨਸ਼ਾਹ ਆਪਣਾ ਹੁਕਮ ਸਮਝਾਈਆ । ਬਾਲਮੀਕ ਹੌਲੀ ਜਿਹੀ ਦਿਤਾ ਆਖ, ਆਪਣੇ ਦੋਸਤ ਦਿਤਾ ਬਤਾਈਆ । ਤੂੰ ਮੇਰਾ ਦੇਣਾ ਸਾਥ, ਮਦਦਗੀਰ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸਾਚੀ ਕਰਨੀ ਨਵ ਜੇਠ, ਤ੍ਰੇਤਾ ਜੁਗ ਮਿਲੇ ਵਡਿਆਈਆ । ਪਰਮ ਪੁਰਖ ਪ੍ਰਭ ਕਰਿਆ ਹੇਤ, ਹਿਤਕਾਰੀ ਫੇਰਾ ਪਾਈਆ । ਵੇਖ ਵਖਾਏ ਸੱਜਣ ਆਪਣੇ ਦੇਸ, ਦਿਸ਼ਾ ਕੋਨਾ ਵੰਡ ਵੰਡਾਈਆ । ਜਿਸ ਨਾਲ ਅਗਲਾ ਲਿਖਣਾ ਲੇਖ, ਲੇਖਾ ਚੁਕਾਉਣਾ ਜਗਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਲਮੀਕ ਦਾ ਮਿੱਤਰ ਯਾਰ, ਇਕੋ ਸੰਗੀ ਨਜ਼ਰੀ ਆਇੰਦਾ । ਜਿਸ ਨਾਲ ਕੌਲ ਕੀਤਾ ਇਕਰਾਰ, ਬਿਨ ਅੱਖਰਾਂ ਲੇਖ ਪਰਗਟਾਇੰਦਾ । ਉਠ ਸੱਜਣ ਜਾ ਬਾਜ਼ਾਰ, ਸਾਚਾ ਰਾਹ ਇਕ ਸਮਝਾਇੰਦਾ । ਕਰ ਕੇ ਆ ਵਣਜ ਵਪਾਰ, ਸੌਦਾ ਹੱਟ

੧੦੭੨
੧੯

ਵਖਾਇੰਦਾ । ਇਕ ਲੈ ਕੇ ਆ ਕਲਮ ਦਵਾਤ, ਸ਼ਾਹੀ ਸੋਹਣੀ ਬਣਤ ਬਣਾਇੰਦਾ । ਢਾਈ ਘੜੀ ਤੇਰੇ ਉਤੇ ਰਹੇ ਵਿਸ਼ਵਾਸ਼, ਧੀਰਜ ਤੇਰੇ ਨਾਲ ਬੰਧਾਇੰਦਾ । ਜੇ ਮੇਰੀ ਪੂਰੀ ਕਰੇਂ ਆਸ, ਆਸਾ ਤੇਰੀ ਅੱਗੇ ਵਧਾਇੰਦਾ । ਮੈਨੂੰ ਪਰਮੇਸ਼ਵਰ ਮਿਲਿਆ ਖ਼ਾਸ, ਜੋ ਖ਼ਾਲਸ ਨਿਰਗੁਣ ਨਜ਼ਰੀ ਆਇੰਦਾ । ਉਹਦੇ ਨਾਲ ਤੇਰਾ ਬਣਾਵਾਂ ਸਾਥ, ਜੋ ਸਗਲਾ ਸੰਗ ਨਿਭਾਇੰਦਾ । ਤੇਰੀ ਨੀਚੋਂ ਉਚੀ ਕਰੇ ਜਾਤ, ਜਾਤ ਆਪਨੀ ਆਪ ਦਰਸਾਇੰਦਾ । ਓਸੇ ਵੇਲੇ ਕੁਲਾਲ ਹੱਥ ਨਾਲ ਮਿਲਾਇਆ ਹਾਥ, ਬਾਲਮੀਕ ਦਸਤ ਬਦਸਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਧੁਰ ਦਾ ਲੇਖਾ ਕਲਮ ਸ਼ਾਹੀ, ਕਾਗ਼ਜ਼ ਦਏ ਵਡਿਆਈਆ । ਜਿਸ ਨਾਲ ਸ਼ਹਾਦਤ ਪਾਈ ਧੁਰ ਦੀ ਗਵਾਹੀ, ਨਾ ਕੋਈ ਮੇਟੇ ਮੇਟ ਮਿਟਾਈਆ । ਸੱਜਣ ਤੇਰਾ ਮੇਲਾ ਸ਼ਹਿਨਸ਼ਾਹੀ, ਆਪਨੇ ਨਾਲ ਦਿਆਂ ਕਰਾਈਆ । ਕਲਜੁਗ ਅੰਤਮ ਦੱਸ ਕੇ ਗਿਆ ਗੋਸਾਈਂ, ਹੋਵੇ ਸਚ ਸਹਾਈਆ । ਮਰਨ ਤੋਂ ਪਹਿਲਾਂ ਇਕ ਵੇਰਾਂ ਲਵਾਂ ਬਚਾਈ, ਜੀਵਣ ਵਿਚੋਂ ਜੀਵਣ ਆਪ ਬਦਲਾਈਆ । ਤ੍ਰੇਤੇ ਲਿਖਿਆ ਲੇਖ ਕੋਈ ਮੇਟ ਨਾ ਸਕੇ ਰਾਈ, ਰਹਿਮਤ ਆਪਨੀ ਆਪ ਕਮਾਈਆ । ਤੇਰੇ ਦਵਾਰੇ ਮੇਰੇ ਪਰੇਮ ਦੀ ਵੱਜੇ ਵਧਾਈ, ਪ੍ਰੀਤਮ ਢੋਲਾ ਰਾਗ ਸੁਣਾਈਆ । ਤੈਨੂੰ ਮੈਨੂੰ ਦੋਹਾਂ ਸਮਝ ਰਹੇ ਨਾ ਕਾਈ, ਕਾਇਆ ਮੰਦਰ ਅੰਦਰ ਵੇਖਣਹਾਰਾ ਚਾਈਂ ਚਾਈਂਆ । ਨਿਰਗੁਣ ਬਣ ਕੇ ਆਵੇ ਪਾਂਧੀ ਰਾਹੀ, ਜੋਤੀ ਸ਼ਬਦੀ ਵੇਸ ਵਟਾਈਆ । ਪੂਰਬ ਜਨਮ ਦੇ ਸੱਜਣ ਮਿੱਤਰ ਦੋਵੇਂ ਲਏ ਮਿਲਾਈ, ਵਿਛੋੜਾ ਪਿਛਲਾ ਆਪ ਚੁਕਾਈਆ । ਸਚ ਸੁਹੇਲਾ ਆਪਨੀ ਗੋਦ ਲਏ ਉਠਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਿਰ ਆਪਨਾ ਹੱਥ ਟਿਕਾਈਆ । ਸਿਰ ਆਪਨਾ ਹੱਥ ਟਿਕਾਵੇ ਠਾਕਰ, ਦੋ ਜਹਾਨਾਂ ਵੇਖ ਵਖਾਇੰਦਾ । ਜੋਧਾ ਸੂਰਬੀਰ ਵਡ ਬਹਾਦਰ, ਮਹਾਂਬਲੀ ਰੂਪ ਵਟਾਇੰਦਾ । ਕਰਤਾ ਕਰੀਮ ਹੋਏ ਕਾਦਰ, ਕਾਇਨਾਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਮਰਨ ਵਿਚੋਂ ਆਪਨਾ ਮਰਨ ਜਣਾਇੰਦਾ । ਮਰਨ ਵਿਚੋਂ ਨਾ ਹੋਵੇ ਮੁਰਦਾ, ਮੁਰਸ਼ਦ ਦੇਵੇ ਮਾਣ ਵਡਿਆਈਆ । ਜਿਸ ਦਾ ਮੰਤਰ ਇਕੋ ਫੁਰਦਾ, ਫੁਰਨੇ ਸਾਰੇ ਬੰਦ ਕਰਾਈਆ । ਉਹ ਲੇਖਾ ਜਾਣੇ ਧੁਰ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਵੇਲੇ ਜਨ ਭਗਤਾਂ ਬੇੜਾ ਵੇਖੇ ਰੁੜ੍ਹਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਨਾ ਫੇਰਾ ਪਾਈਆ । ਇਹੋ ਖੇਲ ਸਾਚੇ ਗੁਰ ਦਾ, ਧੁਰ ਮਸਤਕ ਵੇਖ ਵਖਾਈਆ । ਵੇਖੋ ਮੇਲ ਕਿਵੇਂ ਜੁੜਦਾ, ਤ੍ਰੇਤਾ ਜੁਗ ਦਏ ਗਵਾਹੀਆ । ਪਰਮ ਪੁਰਖ ਦਾ ਲੇਖ ਕਦੇ ਨਾ ਖੁਰਦਾ, ਨਾ ਕੋਈ ਅੱਖਰ ਸਕੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਬਾਲਮੀਕ ਦਏ ਵਡਿਆਈਆ । ਬਾਲਮੀਕ ਸੁਣ ਅਗਲੇ ਪਿਛਲੇ ਬਾਲ, ਹਰਿ ਬਾਲਮ ਆਪ ਜਣਾਈਆ । ਨਿਰਗੁਣ ਤੇਰਾ ਬਣ ਦਲਾਲ, ਸਰਗੁਣ ਹੋਏ ਸਹਾਈਆ । ਪਿਛਲਾ ਲੇਖਾ ਚੁੱਕਿਆ ਕਾਲ, ਅੱਗੇ ਜੰਜਾਲ ਨਾ ਕੋਇ ਜਣਾਈਆ । ਸਾਚਾ ਮੰਦਰ ਸੱਚੀ ਧਰਮਸਾਲ, ਘਰ ਠਾਕਰ ਦਏ ਵਖਾਈਆ । ਤੇਰਾ ਮਿੱਤਰ ਪਿਆਰਾ ਪਿਛਲਾ ਭਾਲ, ਸੋਹਣਾ ਜੋੜ ਜੁੜਾਈਆ । ਦੋਹਾਂ ਵੇਖ ਹੋਏ ਨਿਹਾਲ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਵਡ ਦਾਤਾ ਇਕ ਅਖਵਾਈਆ । ਵਡ ਦਾਤਾ ਹਰਿ ਗੋਬਿੰਦ, ਗਹਿਰ ਗੰਭੀਰ ਅਖਵਾਇੰਦਾ । ਜਨਮ ਜਨਮ ਦੀ ਮੇਟ ਕੇ ਚਿੰਦ, ਚਿੰਤਾ ਚਿਖਾ ਰੋਗ ਸਰਬ ਮਿਟਾਇੰਦਾ । ਦਾਤਾ ਦਾਨੀ ਬਣ ਕੇ ਗੁਣੀ ਗਹਿੰਦ, ਵਸਤ ਅਮੋਲਕ ਇਕ ਵਰਤਾਇੰਦਾ । ਭਗਤ

ਭਗਵਾਨ ਬਣਾ ਅਨਾਦੀ ਬਿੰਦ, ਸੁਤ ਦੁਲਾਰੇ ਗੋਦ ਉਠਾਇੰਦਾ । ਲੇਖਾ ਜਾਣੇ ਜੀਉਂ ਪਿੰਡ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਵਿਚ ਤ੍ਰੇਤੇ ਜੰਗਲ, ਜੂਹ ਪਹਾੜ ਦਏ ਵਡਿਆਈਆ । ਬਾਲਮੀਕ ਦਾ ਮਿੱਤਰ ਸਿੰਘ ਮੰਗਲ, ਨੀਚਾਂ ਵਿਚੋਂ ਨੀਚ ਨਜ਼ਰੀ ਆਈਆ । ਜਿਸ ਨੂੰ ਪਰੇਮ ਪਿਆਰ ਦਾ ਪਿਆ ਸੱਚਾ ਸੰਗਲ, ਦੁਆਪਰ ਕਲਜੁਗ ਸਕਿਆ ਨਾ ਕੋਇ ਤੁੜਾਈਆ । ਜਿਸ ਦੇ ਵਿਚ ਕੋਈ ਨਾ ਗੁੰਝਲ, ਘੁੰਡੀ ਬੰਦ ਨਾ ਕੋਇ ਵਖਾਈਆ । ਪ੍ਰਭ ਆਪਣੀ ਲਗਾ ਕੇ ਆਪੇ ਉਂਗਲ, ਹੌਲੀ ਹੌਲੀ ਰਿਹਾ ਚਲਾਈਆ । ਜਗਤ ਅੰਧੇਰਾ ਮੇਟ ਕੇ ਧੁੰਦਲ, ਸਚ ਚੰਦ ਕਰੇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਖੋਲ੍ਹ ਕੇ ਕੂੜੀ ਬੁੱਕਲ, ਬੁਰਕਾ ਮਾਇਆ ਦਏ ਹਟਾਈਆ । ਕਰੇ ਪਿਆਰ ਜਿਉਂ ਪਿਉ ਪੁੱਤਰ, ਪਿਤਾ ਪੂਤ ਗੋਦ ਉਠਾਈਆ । ਸੱਜਣਾਂ ਨਾਲ ਸੱਜਣ ਮਿਲ ਕੇ ਕਹਿਣ ਸ਼ੁਕਰ, ਸ਼ੁਕਰੀਆ ਤੇਰਾ ਨਾਮ ਨਜ਼ਰੀ ਆਈਆ । ਪੁਰਖ ਅਕਾਲ ਕੀਤਾ ਕੌਲ ਨਾ ਗਿਆ ਮੁੱਕਰ, ਮੁਕੰਮਲ ਆਪਣੀ ਕਾਰ ਕਮਾਈਆ । ਨਿਰਗੁਣ ਧਾਰੋਂ ਆਪੇ ਉਤਰ, ਸਰਗੁਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਨਵ ਜੇਠ ਕਹੇ ਮੇਰੀ ਮੌਲੀ ਰੁੱਤ, ਘੜੀ ਸੁਹੰਜਣੀ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਪੂਰਬ ਲੇਖਾ ਲਿਆ ਪੁਛ, ਪੜਦਾ ਉਹਲਾ ਆਪ ਉਠਾਈਆ । ਭਗਤਾਂ ਭਗਤੀ ਪੈਂਡਾ ਗਿਆ ਮੁੱਕ, ਅੱਗੇ ਕਰੇ ਨਾ ਕੋਇ ਪੜ੍ਹਾਈਆ । ਯਾਦ ਕਰਾਏ ਪਿਛਲੀ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਧਾਰ ਓਸੇ ਦਾ ਸੁਤ, ਅਬਿਨਾਸ਼ੀ ਅਚੁਤ ਵੇਖ ਵਖਾਈਆ । ਸੁਫਲ ਕਰਾਏ ਜਨਨੀ ਕੁੱਖ, ਦੇਵੇ ਵਡਿਆਈ ਧੰਨ ਜਣੇਂਦੀ ਮਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁੱਟ, ਸਤਿ ਸਚ ਸੁਚ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚਾ ਕਹੇ ਮੇਰੇ ਪੁਰਖ ਅਗੰਮ, ਅਗੰਮ ਤੇਰੀ ਵਡਿਆਈਆ । ਕਿਸ ਬਿਧ ਬੇੜਾ ਰਿਹੋਂ ਬੰਨ੍ਹ, ਸਚ ਸੁਚ ਦੇ ਸਮਝਾਈਆ । ਕਰੇਂ ਪਿਆਰ ਬਣ ਕੇ ਜਨਨੀ ਜਨ, ਧੁਰ ਦੀ ਗੋਦੀ ਆਪ ਉਠਾਈਆ । ਸਾਚਾ ਰਾਗ ਸੁਣਾਏਂ ਕੰਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜਗਤ ਵਾਸਨਾ ਮੇਟ ਕੇ ਮਨ, ਮਨ ਕਾ ਮਣਕਾ ਦਿਤਾ ਭਵਾਈਆ । ਨਾਤਾ ਤੁਟਿਆ ਕੂੜੇ ਤਨ, ਤਨ ਦਾ ਮਾਲਕ ਇਕੋ ਨਜ਼ਰੀ ਆਈਆ । ਜਿਸ ਨੂੰ ਮਿਲਿਆਂ ਕੋਈ ਨਾ ਦੇਵੇ ਡੰਨ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਅਖਵਾਈਆ । ਭਗਤ ਸੁਹੇਲਾ ਏਕੰਕਾਰ, ਇਕ ਇਕੱਲਾ ਹਰਿ ਅਖਵਾਇੰਦਾ । ਲੇਖਾ ਜਾਣੇ ਜੁਗ ਚੌਕੜੀ ਚਾਰ, ਨੌਂ ਸੌ ਚੁਰਾਨਵੇ ਜੁਗ ਆਪਣਾ ਹੁਕਮ ਵਰਤਾਇੰਦਾ । ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਨਾਮ ਧਿਆਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਸ਼ਾਸਤਰ ਸਿਮਰਤ ਖਾਣੀ ਬਾਣੀ ਬੋਲ ਜੈਕਾਰ, ਅੰਜੀਲ ਕੁਰਾਨਾ ਤੀਸ ਬਤੀਸਾ ਕਲਮਾ ਨਬੀ ਪੜ੍ਹਾਇੰਦਾ । ਲੋਕ ਪਰਲੋਕ ਦੋ ਜਹਾਨ ਚੌਦਾਂ ਤਬਕ ਪਾਵੇ ਸਾਰ, ਚੌਦਾਂ ਵਿਦਿਆ ਮੂਲ ਸਮਝਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਦੇ ਹੁਲਾਰ, ਆਲਮ ਉਲਮਾ ਖੋਜ ਖੁਜਾਇੰਦਾ । ਸਚ ਦਵਾਰ ਖੋਲ੍ਹ ਕਿਵਾੜ, ਠਾਕਰ ਸਵਾਮੀ ਫੇਰਾ ਪਾਇੰਦਾ । ਤ੍ਰੇਤੇ ਜੁਗ ਦਾ ਕੀਤਾ ਉਧਾਰ, ਕਲਜੁਗ ਅੰਤਮ ਮਕਰੂਜ਼ ਆਪਣਾ ਕਰਜ਼ਾ ਲਾਹਿੰਦਾ । ਪਾਲ ਸਿੰਘ ਦਾ ਪਲ ਪਲ ਪਿਆਰ, ਬਲ ਬਲ ਬਲਹਾਰੀ ਜਾ ਖ਼ੁਸ਼ੀ ਮਨਾਇੰਦਾ । ਮੰਗਲ ਸਿੰਘ

ਦਾ ਪਿਛਲਾ ਯਾਰ, ਯਾਰਾਂ ਵਿਚੋਂ ਯਾਰਾਨਾ ਇਕੋ ਸਚ ਸਮਝਾਇੰਦਾ । ਜਿਸ ਵਿਚ ਮਿਲੇ ਆਪ ਨਿਰੰਕਾਰ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਦਏ ਦੀਦਾਰ, ਦਰਸ ਅਦਰਸ਼ ਇਕੋ ਇਕ ਵਖਾਇੰਦਾ । ਸਦ ਰੁੱਤ ਸੁਹੰਜਣੀ ਮੌਲੀ ਰਹੇ ਬਹਾਰ, ਗ਼ੁਲਸ਼ਨ ਧੁਰ ਦਾ ਇਕ ਮਹਿਕਾਇੰਦਾ । ਨਵ ਜੇਠ ਵਾਰ ਥਿਤ ਆਪ ਵਿਚਾਰ, ਪਰਵਿਸ਼ਟਾ ਆਪਣੇ ਰੰਗ ਰੰਗਾਇੰਦਾ । ਰਵ ਸਸ ਸੂਰਜ ਚੰਨ ਮੰਡਲ ਮੰਡਪ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਖਾਣੀ ਬਾਣੀ ਮਾਇਆ ਤਤ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਣ ਗੰਧਰਬ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਮਸਕਾਰ, ਨਮੋ ਨਮੋ ਨਮੋ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਸਾਚੀ ਕਰਨੀ ਆਪਣੇ ਹੱਥ ਰਖਾਇੰਦਾ ।

### ★ ੧੦ ਜੇਠ ੨੦੨੧ ਬਿਕ੍ਰਮੀ ਗੁਰਬਖ਼ਸ਼ ਸਿੰਘ ਨਵਤੇਜ ਸਿੰਘ ਨਾਲ ਪ੍ਰੀਤ ਲੜੀ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੇ ਬੱਚੇ, ਨਿਰਗੁਣ ਸਰਗੁਣ ਦਏ ਵਡਿਆਈਆ । ਪੰਜ ਤਤ ਕਾਇਆ ਢਾਲੇ ਸੰਚੇ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਮਾਰਗ ਦੱਸੇ, ਧੁਰ ਸੰਦੇਸਾ ਇਕ ਸੁਣਾਈਆ । ਪਰੇਮ ਪ੍ਰੀਤੀ ਰੰਗ ਅਗੰਮੜੇ ਰੱਤੇ, ਰੰਗ ਰੰਗੀਲਾ ਵਡ ਵਡਿਆਈਆ । ਸ੍ਰਿਸ਼ਟ ਸਬਾਈ ਜਣਾਏ ਇਕੋ ਮੱਤੇ, ਬੁਧ ਬਿਬੇਕ ਦਏ ਕਰਾਈਆ । ਮਾਣਸ ਮਾਨੁਖ ਬਖ਼ਸ਼ੇ ਹੱਕੇ, ਹਕੀਕਤ ਆਪਣੀ ਇਕ
੧੦੭੪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਤ ਨਵਿਤ ਆਪਣੀ ਖੇਲ ਵਖਾਈਆ । ਨਿਤ ਨਵਿਤ ਖੇਲ ਕਰੇ ਕਰਤਾਰ, ੧੦੭੪
੧੯ ਹਰਿ ਕਰਤਾ ਕੁਦਰਤ ਵੇਖ ਵਖਾਇੰਦਾ । ਲੇਖਾ ਜਾਣੇ ਜੁਗ ਚੌਕੜੀ ਚਾਰ, ਚਾਰੇ ਖਾਣੀ ਬਾਣੀ ਭੇਵ ਚੁਕਾਇੰਦਾ । ਸਚ ਸੰਦੇਸਾ ਦੇ ਦੇ ਵਾਰੋ ੧੯
ਵਾਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਾਚੀ ਸਿਖਿਆ ਪਾਏ ਭਿਛਿਆ ਕਾਤਬ ਬਣ ਕੇ ਬਣੇ ਲਿਖਾਰ, ਨਾਤਾ ਜੋੜੇ ਕਾਗ਼ਜ਼ ਕਲਮ ਸ਼ਾਹੀਆ । ਮਤ ਬੁਧ ਕਰੇ ਵਿਚਾਰ, ਮਨ ਮਮਤਾ ਡੇਰਾ ਢਾਹੀਆ । ਸਰਬ ਜੀਆਂ ਦਾ ਇਕ ਪਿਆਰ, ਆਤਮ ਪਰਮਾਤਮ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਖਾਈਆ । ਸਾਚਾ ਹੁਕਮ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਸਾਚੇ ਪੁਰਸ਼ਾਂ ਸਾਚਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਬੱਤੀ ਦੰਦ ਸੁਣਾਨ, ਢੋਲਾ ਇਕੋ ਰਾਗ ਅਲਾਈਆ । ਸਤਿ ਸਤਿਵਾਦੀ ਦੱਸਣ ਇਕ ਨਿਸ਼ਾਨ, ਰਹਿਬਰ ਬਣ ਕੇ ਰਾਹ ਦੇਣ ਦਰਸਾਈਆ । ਸਤਿ ਸਤਿਵਾਦੀ ਬਖ਼ਸ਼ੇ ਸਚ ਗਿਆਨ, ਕੂੜੀ ਕਿਰਿਆ ਡੇਰਾ ਢਾਹੀਆ । ਪਤਿਪਰਮੇਸ਼ਵਰ ਇਨਸਾਨਾਂ ਵਿਚੋਂ ਇਨਸਾਨ ਨਾਦਾਨਾਂ ਵਿਚੋਂ ਨਾਦਾਨ, ਮਿਹਰਵਾਨਾਂ ਵਿਚੋਂ ਮਿਹਰਵਾਨ ਅਖਵਾਈਆ । ਉਸ ਦਾ ਕਲਮਾ ਸਚ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਦੀਨ ਮਜ਼੍ਹਬ ਦੱਸੇ ਈਮਾਨ, ਸਾਚੀ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਬਰਦਾ, ਬੰਦੀਖ਼ਾਨਾ ਪੰਜ ਤਤ ਚੋਲਾ ਇਕ ਸਮਝਾਈਆ । ਕਰ ਪਰਕਾਸ਼ ਨੂਰ ਚੜ੍ਹਾਏ ਅਗੰਮੀ ਚੰਦਾ, ਸੂਰਜ ਚੰਦ ਨੈਣ ਸ਼ਰਮਾਈਆ । ਲੇਖਾ ਜਾਣੇ ਕੋਟਨ ਕੋਟ ਬ੍ਰਹਿਮੰਡਾ, ਬ੍ਰਹਿਮੰਡ ਖੰਡ ਪੁਰੀ ਆਕਾਸ਼

੧੦੭੫
੧੯

ਪਰਕਾਸ਼ ਆਪਣਾ ਖੇਲ ਵਖਾਈਆ । ਸ਼ਬਦ ਨਾਦ ਧੁਨ ਸਚ ਸੁਣਾਏ ਛੰਦਾ, ਧੁਰ ਦਾ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਧਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਰਹੇ ਜਸ ਗਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਉਚੀ ਕੂਕਣ ਕਰਨ ਪੁਕਾਰ, ਹਾਹਾਕਾਰ ਰਹੇ ਸੁਣਾਈਆ । ਬਿਨ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਾਚਾ ਕਰੇ ਨਾ ਕੋਇ ਪਿਆਰ, ਪਰੇਮ ਪ੍ਰੀਤੀ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਗਾ ਗਾ ਸ੍ਰਿਸ਼ਟ ਸਬਾਈ ਗਈ ਹਾਰ, ਸਚ ਵਿਚਾਰ ਨਜ਼ਰ ਕਿਸੇ ਨਾ ਆਈਆ । ਸੱਚੇ ਗੁਰਮੁਖ ਕਰ ਤਿਆਰ, ਜਿਨ੍ਹਾਂ ਅੰਦਰ ਇਕ ਅਧਾਰ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਸਾਚੀ ਸਿਖਿਆ ਸਚ ਸਿਖਾਲ, ਕਾਇਆ ਮੰਦਰ ਅੰਦਰ ਨਜ਼ਰੀ ਆਏ ਧਰਮਸਾਲ, ਇੱਟਾਂ ਪੱਥਰ ਪਾਹਨ ਪੂਜਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਨੁਖਤਾ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਕਰਦੇ ਰਹੇ ਜੁਗ, ਨਿਤ ਨਵਿਤ ਵੇਸ ਵਟਾਈਆ । ਅੰਤਮ ਸਭ ਦੀ ਔਧ ਗਈ ਪੁਗ, ਥਿਰ ਰਹਿਣ ਕੋਇ ਨਾ ਪਾਈਆ । ਕਾਇਆ ਮਾਟੀ ਲੋਕਮਾਤ ਗਏ ਸੁੱਟ, ਪੰਜ ਤਤ ਕਾਇਆ ਮੜ੍ਹੀ ਗੋਰ ਦਬਾਈਆ । ਸਚ ਪਿਆਰ ਦੀ ਮੌਲੀ ਰਹੀ ਰੁੱਤ, ਜੋ ਸਚ ਫੁਲਵਾੜੀ ਗਏ ਲਗਾਈਆ । ਸਾਚੇ ਕਰਮਾਂ ਪਿਛੇ ਕਰਨੀ ਦੀ ਹੋਵੇ ਪੁਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਬੋਲ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਕੂੜੀ ਕਿਰਿਆ ਵੱਜਣਾ ਢੋਲ, ਨਾ ਕੋਈ ਸਕੇ ਮਾਤ ਬਚਾਈਆ । ਸਤਿ ਵਸਤ ਨਾ ਕਿਸੇ ਕੋਲ, ਜੂਠ ਝੂਠ ਘਰ ਘਰ ਡੇਰਾ ਲਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਰੇ ਵੇਖਣੇ ਫੋਲ, ਵਸਤ ਅਮੋਲਕ ਹੱਟ ਨਾ ਕੋਇ ਵਰਤਾਈਆ । ਮਾਇਆ ਮਮਤਾ ਹੋਵੇ ਘੋਲ, ਹਉਮੇ ਹੰਗਤਾ ਗੜ੍ਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਚੁਕਾਈਆ । ਸਾਚਾ ਪੜਦਾ ਚੁੱਕੇ ਮਾਤ, ਉਹਲਾ ਰਹਿਣ ਕੋਇ ਨਾ ਪਾਈਆ । ਚਾਰ ਵਰਨਾਂ ਨਜ਼ਰੀ ਆਏ ਇਕੋ ਜਾਤ, ਦੀਨ ਮਜ਼੍ਹਬ ਸ਼ਰਅ ਨਾ ਕੋਇ ਲੜਾਈਆ । ਮਨ ਵਾਸਨਾ ਮਿਟੇ ਨਾਰ ਕਮਜਾਤ, ਕੁਲਖਣੀ ਆਪਣਾ ਰੂਪ ਛੁਪਾਈਆ । ਮਾਣਸ ਮਾਣਸ ਦੇਵੇ ਸਾਥ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੂਪ ਇਕੋ ਮੰਜ਼ਲ ਪੰਧ ਬੈਠੇ ਮੁਕਾਈਆ । ਸਚ ਨਗਾਰਾ ਵੱਜੇ ਚਾਰੇ ਕੂਟ, ਦਹਿ ਦਿਸ਼ਾ ਹੋਏ ਸ਼ਨਵਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਬਣਨ ਸੱਚੇ ਪੂਤ, ਸਪੂਤ ਧਰਨੀ ਧਰਤ ਧਵਲ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਮਾਰਗ ਇਕ ਸਮਝਾਈਆ । ਸਤਿ ਸਤਿਵਾਦੀ ਮਾਰਗ ਲੱਗੇ ਜਗ, ਨਵ ਨੌ ਚਾਰ ਖ਼ੁਸ਼ੀ ਮਨਾਈਆ । ਸ੍ਰਿਸ਼ਟ ਸਬਾਈ ਬੁਝੇ ਅੱਗ, ਹਉਮੇਂ ਹੰਗਤਾ ਰੋਗ ਚੁਕਾਈਆ । ਪਰੇਮ ਪਿਆਰ ਪ੍ਰੀਤੀ ਅੰਦਰ ਸਾਰੇ ਜਾਵਣ ਬੱਝ, ਦੂਈ ਦਵੈਤੀ ਡੇਰਾ ਢਾਹੀਆ । ਊਚ ਨੀਚ ਵੇਖਣ ਦੀ ਮਿਟ ਜਾਏ ਅੱਖ, ਪਰਤੱਖ ਸਭ ਨੂੰ ਇਕੋ ਰੂਪ ਨਜ਼ਰੀ ਆਈਆ । ਜੋ ਜਨਮਿਆ ਤਿਸ ਦਾ ਇਕੋ ਜਿਹਾ ਹੱਕ, ਛੋਟਾ ਵੱਡਾ ਦੀਨ ਦੁਨੀ ਰਹੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਵੇਲਾ ਵਕਤ ਸੁਹੰਜਣਾ ਦਏ ਸੁਹਾਈਆ । ਵੇਲਾ ਵਕਤ ਹੋਏ ਸੁਹੰਜਣਾ, ਲੋਕਮਾਤ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਮਿਲੇ ਇਕੋ ਮਜਨਾ, ਘਰ ਸਰੋਵਰ ਸਤਿ ਨੁਹਾਈਆ । ਕੂੜੀ ਕਿਰਿਆ ਭਾਂਡਾ ਸਭ ਦਾ ਭੱਜਣਾ, ਭੈ ਭਰਮ ਭੌ ਦਏ ਚੁਕਾਈਆ । ਸਚ ਪਰੇਮ ਅੰਦਰ ਕਰ ਮਘਨਾ, ਪ੍ਰੀਤੀ ਧੁਰ ਦੀ ਇਕ ਬੰਧਾਈਆ । ਲੇਖਾ ਚੁਕੇ ਆਅਲਾ ਅਦਨਾ, ਊਚ ਨੀਚ ਨਾ ਕੋਇ ਰਖਾਈਆ । ਸਭ ਦਾ ਪੜਦਾ ਇਕੋ ਜਿਹਾ ਕੱਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਈਆ । ਤੇਰੀ ਸਰਨਾ ਗੁਰ ਅਵਤਾਰ, ਨਿਤ ਨਵਿਤ ਸੇਵ ਕਮਾਈਆ । ਜੁਗ ਚੌਕੜੀ ਬੁਧੀਵਾਨ ਬਣ ਲਿਖਾਰ, ਕਾਗ਼ਜ਼ ਕਲਮ ਲੇਖਾ ਲਿਖਿਆ ਸ਼ਾਹੀਆ । ਸਦੀ ਚੌਧਵੀਂ ਸਚ ਗੁਫ਼ਤਾਰ, ਗੁਫ਼ਤ ਸ਼ੁਨੀਦ ਰਹੇ ਸ਼ਨਵਾਈਆ । ਲੇਖਾ ਲਿਖੇ ਸਾਂਝਾ ਯਾਰ, ਦਿਵਸ ਰੈਣ ਆਪਣੀ ਕਾਰ ਕਮਾਈਆ । ਜਗਤ ਅੰਦਰ ਜਗਤ ਪਿਆਰ, ਪਿਆਰ ਵਿਚੋਂ ਪਿਆਰ ਅੰਦਰ ਰਿਹਾ ਛੁਪਾਈਆ । ਜਿਸ ਪਿਆਰ ਵਿਚੋਂ ਮਿਲੇ ਸਾਂਝਾ ਯਾਰ, ਸਭ ਦਾ ਮੀਤ ਗੋਸਾਈਆ । ਸੋ ਛੱਪਰ ਛੰਨਾਂ ਵਸਿਆ ਬਾਹਰ, ਮਹਲ ਅਟੱਲ ਕੋਠੀ ਮੰਦਰ ਡੇਰਾ ਕੋਇ ਨਾ ਲਾਈਆ । ਜਿਸ ਦੀ ਰਸਨਾ ਜਿਹਵਾ ਬੱਤੀ ਦੰਦ ਕਰਨ ਗੁਫ਼ਤਾਰ, ਜਿਹਵਾ ਆਪਣਾ ਨਾਮ ਨਾਲ ਨਾਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਇਕੋ ਕਾਰ ਕਮਾਈਆ । ਸਚ ਪ੍ਰੀਤੀ ਪ੍ਰੀਤ ਲੜੀ, ਲੜੀ ਲੜੀ ਵਿਚੋਂ ਪਰਗਟਾਈਆ । ਕਵਣ ਵਿਦਿਆ ਲੋਕਮਾਤ ਪੜ੍ਹੀ, ਕਵਣ ਅੱਖਰ ਰਹੇ ਸਮਝਾਈਆ । ਕਵਣ ਮੰਜ਼ਲ ਅੰਤਰ ਆਤਮ ਚੜ੍ਹੀ, ਦੂਰ ਦੁਰਾਡਾ ਪੰਧ ਮੁਕਾਈਆ । ਕਵਣ ਪਰੇਮਣ ਅੱਗੇ ਖੜੀ, ਦੋਏ ਜੋੜ ਵਾਸਤਾ ਪਾਈਆ । ਕਵਣ ਕਹੇ ਸੁਲੱਖਣੀ ਘੜੀ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਕਵਣ ਮਨ ਵਾਸਨਾ ਬੰਨ੍ਹੇ ਅੜੀ, ਸਚ ਸੁਚ ਨਾ ਕੋਇ ਦ੍ਰਿੜਾਈਆ । ਕਵਣ ਕਹੇ ਸਤਿ ਸਰੂਪ ਨਾ ਕੋਇ ਹਰੀ, ਨਰ ਨਰਾਇਣ ਨਾ ਕੋਇ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਪ੍ਰੀਤ ਲੜੀ ਸਚ ਪ੍ਰੀਤ, ਕਵਣ ਧਾਰੋਂ ਲਈ ਪਰਗਟਾਈਆ । ਕਵਣ ਮਾਰਗ ਕਵਣ ਰੀਤ, ਕਵਣ ਰਹਿਬਰ ਰਾਹ ਰਹੀ ਵਖਾਈਆ । ਕਵਣ ਅੰਮ੍ਰਿਤ ਕਵਣ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਕਵਣ ਮੰਦਰ ਮਸਜਦ ਸ਼ਿਵਦਵਾਲੇ ਮੱਠ ਨਾਤਾ ਤੁਟੇ ਮਸੀਤ, ਮਸਲਾ ਇਕੋ ਇਕ ਸਮਝਾਈਆ । ਕਵਣ ਸਚ ਕਰੇ ਬਖ਼ਸ਼ੀਸ਼, ਗੁਰਬਖ਼ਸ਼ ਬਖ਼ਸ਼ਸ਼ ਇਕੋ ਦੇਣੀ ਦ੍ਰਿੜਾਈਆ । ਕਵਣ ਨਵਤੇਜ ਨਾਚੀਜ਼, ਸਚ ਦਹਿਲੀਜ਼ ਪੜਦਾ ਦੇਣਾ ਉਠਾਈਆ । ਕਵਣ ਬਰਖ਼ੁਰਦਾਰ ਬਣੇ ਅਜ਼ੀਜ਼, ਸੇਵਕ ਸੇਵਾ ਸਤਿ ਕਮਾਈਆ । ਕਵਣ ਰੱਖੇ ਵਡ ਤੌਫ਼ੀਕ, ਰਹਿਮਤ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਵੇਖੇ ਚਾਈਂ ਚਾਈਆ । ਪ੍ਰੀਤ ਲੜੀ ਕਵਣ ਮਿਲਾਪ, ਮੇਲਾ ਕਵਣ ਕਵਣ ਜਣਾਇੰਦਾ । ਕਵਣ ਸੱਜਣ ਕਵਣ ਸਾਥ, ਸਗਲਾ ਸੰਗ ਕਵਣ ਨਿਭਾਇੰਦਾ । ਕਵਣ ਸੰਦੇਸਾ ਦੇਵੇ ਆਖ, ਕਵਣ ਨਰੇਸ਼ਾ ਹੁਕਮ ਮਨਾਇੰਦਾ । ਕਵਣ ਲਹਿਣਾ ਦੇਣਾ ਚੁਕਾਏ ਜਾਤ ਪਾਤ, ਕਵਣ ਦੀਨ ਮਜ਼੍ਹਬ ਪੜਦਾ ਆਪ ਮਿਟਾਇੰਦਾ । ਕਵਣ ਵਖਾਏ ਰੂਹ ਬੁੱਤ ਪਾਕ, ਖ਼ਾਕੀ ਖ਼ਾਕ ਸੋਭਾ ਕਵਣ ਪਾਇੰਦਾ । ਕਵਣ ਕਰੇ ਬੁਧ ਬਿਬੇਕ ਪਿਛਲਾ ਲੇਖਾ ਕਰੇ ਬੇਬਾਕ, ਹਿਸਾਬ ਅਗਲਾ ਇਕ ਦਰਸਾਇੰਦਾ । ਕਵਣ ਸੋਹਣੀ ਸੁਹੰਜਣੀ ਹੋਏ ਕਤਾਬ, ਮੁਖ਼ਾਤਬ ਹੋ ਕੇ ਕਵਣ ਸਮਝਾਇੰਦਾ । ਕਵਣ ਸਜਦਾ ਕਰੇ ਆਦਾਬ, ਸੀਸ ਜਗਦੀਸ ਕਵਣ ਝੁਕਾਇੰਦਾ । ਕਵਣ ਮੰਜ਼ਲ

ਕਵਣ ਮਹਿਰਾਬ, ਮਹਿਬੂਬ ਕਵਣ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਿੱਤਰ ਇਕੋ ਇਕ ਬਣਾਇੰਦਾ । ਸੱਚਾ ਮਿੱਤਰ ਸੋ ਸੱਜਣ ਮੀਤ, ਚਾਰ ਵਰਨ ਦਏ ਵਡਿਆਈਆ । ਜਿਸ ਦਾ ਲੇਖਾ ਚੁਕਿਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਬੈਠਾ ਪੰਧ ਮੁਕਾਈਆ । ਇਕੋ ਰੰਗ ਸਮਝੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਸਤਿ ਸਚ ਦਾ ਬੋਲੇ ਗੀਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਪਰੇਮ ਪਿਆਰ ਦੀ ਮੰਗੇ ਦੇਵੇ ਭੀਖ, ਦੋ ਜਹਾਨਾਂ ਵਿਚੋਂ ਆਪਾ ਆਪਣੇ ਨਾਲ ਮਿਲਾਈਆ । ਸਚ ਪੁਰਸ਼ਾਂ ਦੀ ਸਾਚੀ ਰੀਤ, ਸਦਾ ਸਦਾ ਸਦ ਸਚ ਸੰਦੇਸ ਸੁਣਾਈਆ । ਸਾਚੀ ਸਿਖਿਆ ਲਈਏ ਸੀਖ, ਸਤਿ ਵਿਦਿਆ ਦੇਣੀ ਪੜ੍ਹਾਈਆ । ਪੜ੍ਹਿਆਂ ਵਿਚੋਂ ਉਤਮ ਸ੍ਰੇਸ਼ਟ ਮਿਲੇ ਪ੍ਰੀਤ, ਪ੍ਰੀਤ ਲੜੀ ਵਿਚੋਂ ਲੜੀ ਲੜੀ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥੋੜਾ ਜਿਹਾ ਜਗਤ ਸੰਦੇਸਾ ਜਾਗਤ ਵਿਚੋਂ ਜਣਾਈਆ । ਕਰਿਆ ਪਿਆਰ ਅੰਦਰ ਗੁਰਬਖ਼ਸ਼, ਸਿੰਘ ਨਾਮ ਵੱਜੇ ਵਧਾਈਆ । ਜਿਸ ਦੇ ਹਿਰਦੇ ਅੰਦਰ ਸਭ ਦਾ ਉਚਾ ਆਦਰਸ਼, ਸਰਬ ਦੇਵੇ ਵਡਿਆਈਆ । ਇਹੋ ਮਾਣਸ ਜਨਮ ਦਾ ਸੱਚਾ ਫ਼ਰਜ਼, ਸਭਨਾ ਮਿਲੇ ਚਾਈਂ ਚਾਈਂਆ । ਨਿਮਾਣਿਆਂ ਹੋ ਕੇ ਹੋਵੇ ਨਾ ਕਿਸੇ ਦਾ ਹਰਜ਼, ਵੱਡਾ ਹੋ ਕੇ ਨਿਕਿਆਂ ਲਏ ਉਠਾਈਆ । ਦਰਦੀ ਹੋ ਕੇ ਵੰਡੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਸੋ ਸੂਰਬੀਰ ਵੱਡਾ ਮਰਦ, ਮਰਦਾਨਗੀ ਇਕੋ ਇਕ ਵਖਾਈਆ । ਕਿਸੇ ਦੇ ਸੀਸ ਚਲਣ ਨਾ ਦੇਵੇ ਛੁਰੀ ਕਰਦ, ਜ਼ੁਲਮ ਜ਼ਾਲਮ ਸਕੇ ਨਾ ਕੋਇ ਵਖਾਈਆ । ਹਉਮੇ ਹੰਗਤਾ ਕੂੜ ਕੁੜਿਆਰੀ ਕੱਢੇ ਮਰਜ਼, ਸਚ ਵਿਦਿਆ ਸਤਿ ਇਕ ਸਮਝਾਈਆ । ਇਹੋ ਖੇਲ ਪਰੇਮ ਪਿਆਰ ਪ੍ਰੀਤੀ ਦਾ ਅਸਚਰਜ, ਜੋ ਪ੍ਰੀਤ ਲੜੀ ਵਿਚੋਂ ਲੜੀ ਲੜੀ ਆਪਣੇ ਨਾਲ ਬੰਧਾਈਆ । ਨਵਤੇਜ ਲੇਖ ਲਿਖੇ ਹੋ ਨਿਧੜਕ, ਸੋਹਣੀ ਕਲਮ ਕਾਤਬ ਬਣ ਕੇ ਹੱਥ ਉਠਾਈਆ । ਪਾਰਬ੍ਰਹਮ ਦੀ ਕੋਈ ਖੋਲ੍ਹ ਨਾ ਵੇਖੇ ਫ਼ਰਦ, ਓਹਲਾ ਸਕੇ ਨਾ ਕੋਇ ਚੁਕਾਈਆ । ਮੇਲ ਮਿਲ ਕੇ ਮਿਟੀ ਹਰਸ, ਹਵਸ ਵਿਚੋਂ ਹਵਸ ਦਿਤੀ ਗਵਾਈਆ । ਸਭ ਦੇ ਉਤੇ ਸਾਂਝਾ ਕਰਨਾ ਤਰਸ, ਰਹਿਮਤ ਰੰਗ ਰੰਗਾਈਆ । ਸੁਹੰਜਣਾ ਵੇਲਾ ਸੱਜਣਾਂ ਹੋਇਆ ਦਰਸ, ਨੇਤਰ ਨੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪਿਆਰ ਪਰੇਮੀਆਂ ਵਿਚੋਂ ਇਕੋ ਵਸਤ ਝੋਲੀ ਪਾਈਆ ।

### ★ ੧੦ ਜੇਠ ੨੦੨੧ ਬਿਕ੍ਰਮੀ ਸਵਿੰਦਰ ਸਿੰਘ ਦੇ ਗ੍ਰਿਹਿ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ ★

ਸ਼ਬਦ ਗੁਰੂ ਵਡ ਬਲਵਾਨ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦੀ ਨੌਜਵਾਨ, ਜੋਬਨ ਰੱਤਾ ਵੇਸ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਮਾਰ ਧਿਆਨ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇਵੇ ਗਿਆਨ, ਨਾਮ ਸੰਦੇਸਾ ਇਕ ਸੁਣਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਮਿਟੇ ਨਿਸ਼ਾਨ, ਸਚ ਸੁਚ ਇਕ ਵਖਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਘਰ ਪਰਕਾਸ਼ ਕਰੇ ਜੋਤੀ ਮਹਾਨ, ਕੂੜ ਕੁੜਿਆਰਾ ਅੰਧ ਅੰਧਿਆਰਾ ਦੂਰ ਕਰਾਇੰਦਾ । ਸਾਚਾ ਮੰਦਰ ਸਾਢੇ ਤਿੰਨ ਹੱਥ ਵਖਾਏ ਮਕਾਨ, ਮਹਲ ਅਟੱਲ ਇਕੋ ਇਕ ਸੁਹਾਇੰਦਾ । ਅੰਮ੍ਰਿਤ ਰਸ ਪਿਆਵੇ ਆਣ, ਨਿਝਰ ਝਿਰਨਾ ਸਚ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੧੦੭੭
੧੯

ਕਿਰਪਾ ਕਰ, ਸਾਚਾ ਰੰਗ ਇਕ ਰੰਗਾਇੰਦਾ । ਸ਼ਬਦ ਗੁਰੂ ਗੁਰ ਦਾਤਾ ਸੂਰ, ਹਰਿ ਵੱਡਾ ਵਡ ਵਡਿਆਇੰਦਾ । ਆਦਿ ਜੁਗਾਦਿ ਜੁਗ ਚੌਕੜੀ ਹਾਜ਼ਰ ਹਜ਼ੂਰ, ਨਿਤ ਨਵਿਤ ਆਪਣਾ ਖੇਲ ਖਿਲਾਇੰਦਾ । ਸਚ ਭੰਡਾਰਾ ਸਦਾ ਭਰਪੂਰ, ਅਤੋਟ ਅਤੁਟ ਆਪ ਵਰਤਾਇੰਦਾ । ਨਿਰਗੁਣ ਸਰਗੁਣ ਖੇਲ ਕਰੇ ਜ਼ਰੂਰ, ਜਾਹਰਾ ਆਪਣੀ ਕਲ ਵਰਤਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਸਾਚੇ ਗ੍ਰਿਹਿ ਬਣੇ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਸ਼ਬਦ ਗੁਰੂ ਸੱਚਾ ਸ਼ਹਿਨਸ਼ਾਹ, ਪਾਤਸ਼ਾਹ ਇਕੋ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਦਾ ਰਿਹਾ ਰਾਹ, ਰਹਿਬਰ ਹੋ ਬਣਤ ਬਣਾਈਆ । ਬੋਧ ਅਗਾਧ ਸੁਣੌਂਦਾ ਰਿਹਾ ਨਾਂ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਸਚ ਮਹਲ ਵਸੌਂਦਾ ਰਿਹਾ ਮਕਾਨ, ਸ਼ਿਵਦਵਾਲੇ ਮੱਠ ਮੰਦਰ ਮਸੀਤ ਗੁਰ ਗੁਰ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੁਰ ਸ਼ਬਦ ਸਚ ਦੇਵਣ ਯੋਗ, ਜੁਗਤੀ ਆਪਣੇ ਹੱਥ ਰਖਾਇੰਦਾ । ਨਿਰਵੈਰ ਸਵਾਮੀ ਖੋਜੇ ਖੋਜ, ਅੰਤਰਜਾਮੀ ਭੇਵ ਚੁਕਾਇੰਦਾ । ਸਤਿ ਸਤਿਵਾਦੀ ਸਚ ਕਰਾਏ ਧੁਰ ਸੰਜੋਗ, ਸਾਚਾ ਮੇਲਾ ਮੇਲ ਮਿਲਾਇੰਦਾ । ਆਤਮ ਪਰਮਾਤਮ ਦੇਵੇ ਸਾਚੀ ਮੌਜ, ਮੌਜੂਦਾ ਹੋ ਕੇ ਵੇਖ ਵਖਾਇੰਦਾ । ਆਸਾ ਮਨਸਾ ਪੂਰੀ ਕਰੇ ਲੋਚ, ਲੋਚਣ ਨੇਤਰ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸਤਿਗੁਰ ਪਰਵਾਨ, ਪਰਵਾਨਾ ਆਪਣਾ ਨਾਮ ਜਣਾਈਆ । ਸ਼ਾਸਤਰ ਸਿਮਰਤ ਲੇਖਾ ਲਿਖ ਵੇਦ ਪੁਰਾਨ, ਕਾਗ਼ਜ਼ ਕਲਮ ਦਏ ਵਡਿਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਣ, ਮਨ ਮਤ ਬੁਧ ਧੁਰ ਦਾ ਜੋੜ ਜੁੜਾਈਆ । ਕੋਟਨ ਕੋਟ ਜਗਤ ਨੇਤਰ ਦਰਸਨ ਪਾਣ, ਨਿਜ ਨੇਤਰ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਗੁਰੂ ਪ੍ਰਭ ਬਣਾਏ ਏਕ, ਏਕੰਕਾਰ ਦਏ ਵਡਿਆਈਆ । ਜਿਸ ਦੇ ਹੱਥ ਫੜਾਈ ਟੇਕ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਹੋ ਕੇ ਖੇਲੇ ਖੇਡ, ਲੱਖ ਚੁਰਾਸੀ ਵੰਡ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਭੇਜ, ਨਾਮ ਸੰਦੇਸਾ ਇਕ ਸੁਣਾਈਆ । ਭਗਤਾਂ ਸੁਹਾਏ ਸੁਹੰਜਣੀ ਸੇਜ, ਆਤਮ ਅੰਤਰ ਡੇਰਾ ਲਾਈਆ । ਸਾਚੇ ਸੰਤਾਂ ਲਏ ਵੇਖ, ਜੀਵਾਂ ਜੰਤਾਂ ਵਿਚੋਂ ਖੋਜ ਖੁਜਾਈਆ । ਗੁਰਮੁਖਾਂ ਅੰਦਰ ਵੜ ਕੇ ਦੇਵੇ ਭੇਤ, ਭਰਮੇ ਭੁੱਲੇ ਸਰਬ ਲੋਕਾਈਆ । ਗੁਰਸਿਖਾਂ ਵਖਾਏ ਅਗੰਮੜਾ ਦੇਸ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸ਼ਬਦ ਗੁਰੂ ਵੇਸ ਅਵੱਲੜਾ, ਜੁਗ ਜੁਗ ਆਪ ਕਰਾਇੰਦਾ । ਸਦਾ ਸਦਾ ਸਦ ਸਚ ਫੜਾਏ ਪਲੜਾ, ਡੋਰੀ ਆਪਣੇ ਤੰਦ ਬੰਧਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਜੇਰਜ ਅੰਡ ਵੇਖੇ ਇਕ ਇਕੱਲੜਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਵਸਣਹਾਰਾ ਨਿਹਚਲ ਧਾਮ ਅਵੱਲੜਾ, ਮਹਲ ਅਟੱਲ ਸੋਭਾ ਪਾਇੰਦਾ । ਸਚ ਸਿੰਘਾਸਣ ਇਕੋ ਮਲੜਾ, ਘਰ ਘਰ ਵਿਚ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਗੁਰੂ ਗੁਰ ਸਾਂਝਾ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਦੀ ਰੀਤ, ਰੀਤੀਵਾਨ ਇਕੋ ਨਜ਼ਰੀ ਆਇੰਦਾ । ਸ਼ਬਦ ਨਾਦ ਧੁਨ ਜਿਸ ਦਾ ਗੌਂਦੇ ਗੀਤ, ਗੋਬਿੰਦ ਆਪਣੀ

ਖੇਲ ਖਿਲਾਇੰਦਾ । ਪਤਤ ਪਾਪੀ ਜੋ ਕਰੇ ਪੁਨੀਤ, ਮਿਹਰ ਨਜ਼ਰ ਨੈਣ ਉਠਾਇੰਦਾ । ਮਿਠਾ ਕਰੇ ਜੋ ਕੌੜਾ ਰੀਠ, ਅੰਮ੍ਰਿਤ ਰਸ ਵਿਚ ਭਰਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਭੇਵ ਨਾ ਕੋਇ ਬਣਾਇੰਦਾ । ਵਸਣਹਾਰਾ ਧਾਮ ਅਨਡੀਠ, ਸਚ ਦਵਾਰੇ ਸੋਭਾ ਪਾਇੰਦਾ । ਜਿਸ ਦਾ ਰਾਹ ਤੱਕੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਅੱਖ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸ਼ਬਦ ਗੁਰੂ ਦੱਸੇ ਸਚ ਪ੍ਰੀਤ, ਪ੍ਰੀਤੀਵਾਨ ਇਕੋ ਇਕ ਅਖਵਾਇੰਦਾ । ਸ਼ਬਦ ਗੁਰੂ ਘਟ ਘਟ ਸਵਾਮੀ, ਬੈਠਾ ਇਕੋ ਨਜ਼ਰੀ ਆਈਆ । ਜਿਸ ਦੀ ਸਿਫ਼ਤ ਕਰੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਹੀ ਜਸ ਗਾਈਆ । ਜਿਸ ਦੀ ਸੇਵਾ ਕਰੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਚਾਕਰ ਰੂਪ ਵਟਾਈਆ । ਜਿਸ ਦਾ ਨੀਰ ਵਰੋਲੇ ਅਠ ਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਨੇਤਰ ਸ਼ਰਮਾਈਆ । ਜਿਸ ਦਾ ਏਥੇ ਓਥੇ ਦੋ ਜਹਾਨ ਕੋਇ ਨਾ ਸਾਨੀ, ਲਾਤਸਵੀਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਂਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਗਏ ਨਿਸ਼ਾਨੀ, ਅਰਸ਼ਾਂ ਉਤੋਂ ਅਰਸ਼ੀ ਅਰਸ਼ੀ ਪ੍ਰੀਤਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪਰਵਾਹੀਆ । ਸ਼ਬਦ ਗੁਰੂ ਉਚ ਅਗੰਮ, ਅਥਾਹ ਆਪਣੀ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜਮ, ਮਾਤ ਗਰਭ ਨਾ ਡੇਰਾ ਲਾਇੰਦਾ । ਨਾ ਕੋਈ ਘੜੇ ਨਾ ਲਏ ਭੰਨ, ਠੀਕਰ ਰੂਪ ਨਾ ਕੋਇ ਵਖਾਇੰਦਾ । ਨਾ ਕੋਈ ਮਾਇਆ ਮਾਟੀ ਕਾਇਆ ਤਨ, ਪੰਜ ਤਤ ਚੋਲਾ ਨਾ ਕੋਇ ਹੰਡਾਇੰਦਾ । ਨਾ ਕੋਈ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਲੰਘਾਇੰਦਾ ।



ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਸੁਣਨਹਾਰਾ ਕੰਨ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਮਾਤ ਪਿਤ ਨਾ ਕੋਇ ਬਣਾਇੰਦਾ । ਨਾ ਕੋਈ ਦੌਲਤ ਨਾ ਕੋਈ ਧਨ, ਜਗਤ ਖ਼ਜ਼ਾਨਾ ਹੱਥ ਨਾ ਕੋਇ ਰਖਾਇੰਦਾ । ਨਾ ਕੋਈ ਦੇਵਣਹਾਰਾ ਡੰਨ, ਭੈ ਭੌ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰੂ ਇਕੋ ਇਕ ਪਰਗਟਾਇੰਦਾ । ਸ਼ਬਦ ਗੁਰੂ ਪਰਗਟੇ ਹਰ ਘਟ, ਘਟ ਘਟ ਆਪਣਾ ਡੇਰਾ ਲਾਈਆ । ਵੇਖਣਹਾਰਾ ਚੌਦਾਂ ਲੋਕ ਚੌਦਾਂ ਤਬਕ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਦੱਸਣਹਾਰਾ ਸੱਚਾ ਮਾਰਗ ਹੱਸ ਹੱਸ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਪਿਆਵਣਹਾਰਾ ਧੁਰ ਦਾ ਰਸ, ਆਬੇਹਯਾਤ ਸਚ ਪਿਆਲਾ ਇਕੋ ਇਕ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦ ਗੁਰੂ ਤੇਰੀ ਸਦਾ ਉਡੀਕ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਧਿਆਨ ਲਗਾਈਆ । ਤੁਧ ਬਿਨ ਲੱਖ ਚੁਰਾਸੀ ਲਿਖੇ ਨਾ ਕੋਇ ਤਾਰੀਖ, ਤਰੀਕਾ ਸਚ ਨਾ ਕੋਇ ਦ੍ਰਿੜਾਈਆ । ਮਿੱਤਰ ਪਿਆਰਾ ਬਣੇ ਨਾ ਕੋਈ ਮੀਤ, ਸੱਜਣ ਰੂਪ ਨਾ ਕੋਇ ਵਟਾਈਆ । ਸ੍ਰੀ ਭਗਵਾਨ ਗਾਏ ਕੋਈ ਨਾ ਗੀਤ, ਨਾਮ ਨਿਧਾਨ ਨਾ ਕੋਇ ਸ਼ਨਵਾਈਆ । ਸਚ ਸੁਚ ਚਲਾਏ ਨਾ ਕੋਇ ਰੀਤ, ਰੀਤੀਵਾਨ ਨਾ ਕੋਇ ਅਖਵਾਈਆ । ਲੇਖਾ ਸਮਝੇ ਨਾ ਕੋਇ ਹਸਤ ਕੀਟ, ਊਚ ਨੀਚ ਨਾ ਮੇਲ ਮਿਲਾਈਆ । ਲੱਖ ਚੁਰਾਸੀ ਪੀਸਣ ਰਿਹਾ ਪੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸ਼ਬਦ ਗੁਰੂ ਤੇਰਾ ਔਣਾ ਜਗ, ਜਗ ਜੀਵਣ ਦਾਤੇ ਤੇਰੀ ਓਟ ਤਕਾਈਆ । ਪੈਗ਼ੰਬਰ ਫ਼ਕੀਰ

੧੦੭੯ ੧੯

ਭਗਤ ਸੰਤ ਗੁਰਮੁਖ ਸੱਜਣ ਰਹੇ ਲੱਭ, ਚਾਰੋਂ ਕੁੰਟ ਧਿਆਨ ਲਗਾਈਆ । ਆਰ ਪਾਰ ਕਿਨਾਰਾ ਤੇਰੀ ਨਜ਼ਰ ਨਾ ਆਈ ਹੱਦ, ਖੋਜਤ ਖੋਜਤ ਥੱਕੀ ਸਰਬ ਲੋਕਾਈਆ । ਹਰ ਘਟ ਰਮਿਆ ਸਭ ਤੋਂ ਬੈਠੋਂ ਅੱਡ, ਤੇਰੀ ਸਾਰ ਕਿਸੇ ਨਾ ਪਾਈਆ । ਕੋਈ ਲੇਖਾ ਨਾ ਜਾਣੇ ਪੰਜ ਤਤ ਕਾਇਆ ਮਾਟੀ ਹੱਡ, ਨਾੜ ਬਹੱਤਰ ਅਗਨੀ ਤਤ ਨਾ ਕੋਇ ਬੁਝਾਈਆ । ਪੜ੍ਹ ਪੜ੍ਹ ਸ੍ਰਿਸ਼ਟ ਸਬਾਈ ਗਈ ਥੱਕ, ਤੇਰਾ ਸਿਫ਼ਤੀ ਢੋਲਾ ਗਾਈਆ । ਕਿਸੇ ਦੀ ਝੋਲੀ ਪਿਆ ਨਾ ਕੋਈ ਹੱਕ, ਖ਼ਾਲੀ ਦਰ ਕੂਕਣ ਦੇਣ ਦੁਹਾਈਆ । ਕਿਰਪਾ ਕਰ ਪੁਰਖ ਸਮਰਥ, ਮਹਿੰਮਾ ਤੇਰੀ ਅਕਥ, ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਬਦ ਗੁਰੂ ਕਰ ਪਰਕਾਸ਼, ਪਰਕਾਸ਼ਵਾਨ ਤੇਰੀ ਸਰਨਾਈਆ । ਤੇਰੇ ਹੁਕਮੇ ਅੰਦਰ ਪ੍ਰਿਥਮੀ ਆਕਾਸ਼, ਗਗਨ ਮੰਡਲ ਰਵ ਸਸ ਸੂਰਜ ਚੰਦ ਸੇਵ ਕਮਾਈਆ । ਤੇਰੇ ਹੁਕਮ ਅੰਦਰ ਗੋਪੀ ਕਾਹਨ ਜੁਗ ਜੁਗ ਪਾ ਗਏ ਰਾਸ, ਲੀਲ੍ਹਾ ਆਪਣੀ ਮਾਤ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਗੌਂਦੇ ਗਏ ਸਵਾਸ ਸਵਾਸ, ਅੰਤਰ ਆਤਮ ਧਿਆਨ ਲਗਾਈਆ । ਪੀਰ ਪੈਗ਼ੰਬਰ ਤੇਰੇ ਕਦਮਾਂ ਵਿਚ ਮੰਗਦੇ ਗਏ ਨਿਵਾਸ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਸ਼ਬਦ ਗੁਰੂ ਤੇਰਾ ਕਲਮਾ ਕਾਇਨਾਤ, ਮਹਿਬੂਬ ਤੇਰੀ ਵਡਿਆਈਆ । ਤੇਰਾ ਪਰੇਮ ਪਿਆਲਾ ਆਬੇਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਪੀਰ ਪੈਗ਼ੰਬਰ ਤੇਰਾ ਲੈਂਦੇ ਗਏ ਖ਼ਵਾਬ, ਖ਼ਾਹਸ਼ ਤੇਰੇ ਨਾਲ ਮਿਲਾਈਆ । ਸਜਦਾ ਕਰ ਕਰ ਕਰਦੇ ਗਏ ਆਦਾਬ, ਨਿਉਂ ਨਿਉਂ ਸੀਸ ਨਿਵਾਈਆ । ਕਰ ਕਿਰਪਾ ਆਪਣਾ ਖੋਲ੍ਹ ਆਗ਼ਾਜ਼, ਗ਼ਰਜ਼ ਸਭ ਦੀ ਪੂਰ ਕਰਾਈਆ । ਅਸੀਂ ਮਮਨੂਨ ਤੇਰੇ ਮੁਹਤਾਜ, ਮੁਹੱਬਤ ਤੇਰੇ ਨਾਲ ਰਖਾਈਆ । ਸਦੀ ਚੌਧਵੀਂ ਆਪਣਾ ਵੇਖ ਸਮਾਜ, ਉਮਤ ਉਮਤੀ ਰਹੀ ਕੁਰਲਾਈਆ । ਸਾਚਾ ਵੁਜ਼ੂ ਨਾ ਕੋਇ ਨਿਮਾਜ਼, ਕਲਮਾ ਹੱਕ ਨਾ ਕੋਇ ਪੜ੍ਹਾਈਆ । ਹਕੀਕਤ ਵਿਚੋਂ ਮਿਲੇ ਨਾ ਕੋਈ ਰਾਸ, ਰਹਿਮਤ ਸਕੇ ਨਾ ਕੋਇ ਕਮਾਈਆ । ਚਾਰੋਂ ਕੁੰਟ ਦਿਸੇ ਉਦਾਸ, ਹੈਰਾਨੀ ਸਭ ਦੇ ਉਤੇ ਛਾਈਆ । ਜਿਸ ਨੂੰ ਕਹਿੰਦੇ ਵਸੇ ਉਤੇ ਆਕਾਸ਼, ਜਲਵਾ ਨੂਰ ਖ਼ੁਦਾਈਆ । ਉਸ ਪੈਗ਼ੰਬਰ ਦੀ ਸਾਰੇ ਰੱਖ ਕੇ ਬੈਠੇ ਆਸ, ਆਸਾ ਆਪਣੀ ਇਕ ਵਧਾਈਆ । ਕਿਰਪਾ ਕਰ ਰਸੂਲ ਪਾਕ, ਪਾਕੀਜ਼ਾ ਰੂਹ ਦੇ ਵਖਾਈਆ । ਤੇਰਾ ਨਾਉਂ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਆਪਣੀ ਕਾਰ ਕਮਾਈਆ । ਤੇਰੇ ਦਰ ਹੋਵੇ ਨਾ ਕੋਈ ਨਿਰਾਸ, ਆਸਾ ਭਰੀ ਲੋਕਾਈਆ । ਸਚ ਦਵਾਰੇ ਕਰਨਾ ਵਾਸ, ਮੱਕਾ ਕਾਅਬਾ ਸਚ ਮਹਿਰਾਬ ਹੋਵੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਗੁਰੂ ਸਚ ਔਣਾ ਦੌੜ, ਦੂਰ ਦੁਰਾਡਾ ਪੰਧ ਮੁਕਾਈਆ । ਵੇਦ ਵਿਆਸਾ ਲਿਖ ਕੇ ਗਿਆ ਲੇਖਾ ਬ੍ਰਾਹਮਣ ਗੌੜ, ਪੂਤ ਸਪੂਤਾ ਸਕੇ ਨਾ ਕੋਇ ਸਮਝਾਈਆ । ਈਸਾ ਮੂਸਾ ਮੁਹੰਮਦ ਦੋਏ ਮੰਗਦੇ ਰਹੇ ਜੋੜ, ਖ਼ਾਲੀ ਝੋਲੀ ਅੱਗੇ ਡਾਹੀਆ । ਨਾਨਕ ਗੋਬਿੰਦ ਕਹੇ ਪ੍ਰਭ ਖੇਲ ਕਰੇ ਅਵਰ ਕਾ ਔਰ, ਗਹਿਰ ਗੰਭੀਰ ਆਪਣੀ ਕਾਰ ਕਮਾਈਆ । ਸੰਤ ਸੁਹੇਲਾ ਭਗਤ ਵਛਲ ਜਨ ਭਗਤਾਂ ਜਾਏ ਬੌਹੜ, ਗੁਰਮੁਖ ਗੁਰਸਿਖ ਗੋਦ ਉਠਾਈਆ । ਲੱਖ ਚੁਰਾਸੀ ਵਿਚੋਂ ਰੀਠਾ ਵੇਖੇ ਮਿਠਾ ਕੌੜ, ਘਟ ਘਟ ਅੰਦਰ ਫੋਲ ਫੋਲਾਈਆ । ਤਿਸ ਸਾਹਿਬ ਸੁਲਤਾਨ ਅੱਗੇ ਕਿਸੇ ਦਾ ਚਲੇ ਨਾ ਕੋਈ ਜ਼ੋਰ, ਜੋਰੂ ਜ਼ਰ ਦੋਵੇਂ ਨੈਣ ਸ਼ਰਮਾਈਆ । ਜਿਸ ਦਾ ਮੰਤਰ ਫੁਰਨਾ

ਚਲੇ ਫੇਰ, ਫੁਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਗੁਰੂ ਤੇਰਾ ਸਚ ਸਮਾਜ, ਦੀਨ ਮਜ਼੍ਹਬ ਨਜ਼ਰ ਕੋਇ ਨਾ ਆਇੰਦਾ । ਧੁਰਦਰਗਾਹੀ ਇਕ ਆਵਾਜ਼, ਲੱਖ ਚੁਰਾਸੀ ਪਾਕ ਰੂਹ ਬਣਾਇੰਦਾ । ਗ਼ਰੀਬਾਂ ਨਿਮਾਣਿਆਂ ਰਾਜਿਆਂ ਰਾਣਿਆਂ ਇਕੋ ਜਿਹਾ ਦੇਵੇ ਖ਼ਤਾਬ, ਵੱਡਾ ਛੋਟਾ ਸੰਗ ਨਾ ਕੋਇ ਜਣਾਇੰਦਾ । ਘਰ ਦੀਪਕ ਦੀਆ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰਾ ਮੇਟ ਮਿਟਾਇੰਦਾ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਵਿਚੋਂ ਆਪਣਾ ਨਾਮ ਚਲਾਇੰਦਾ । ਮਨ ਮਤ ਕੂੜੀ ਕਿਰਿਆ ਗੁਰਮੁਖਾਂ ਕੋਲ ਰਹਿਣ ਨਾ ਦੇਵੇ ਰਾਸ, ਜੂਠ ਝੂਠ ਤਨ ਮਾਟੀ ਵਿਚੋਂ ਪਰੇ ਹਟਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਆਪ ਬਣਾਏ ਪਾਰਜਾਤ, ਮੁਕੰਦ ਮਨੋਹਰ ਲੱਖਮੀ ਨਰਾਇਣ ਨਰਾਇਣ ਅੱਖ ਇਕੋ ਇਕ ਖੁਲਾਇੰਦਾ । ਘਰ ਵਿਚ ਘਰ ਦਰਸ ਦਿਖਾਏ ਸਾਖਿਆਤ, ਸਤਿ ਸਰੂਪੀ ਪਰਦਾ ਲਾਹਿੰਦਾ । ਬਾਤਨ ਜਾਹਰ ਕਰੇ ਬਾਤ, ਬੇਐਬ ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਸਤਿਗੁਰ ਸ਼ਬਦੀ ਇਕੋ ਇਕ ਪਰਗਟਾਇੰਦਾ । ਸ਼ਬਦ ਗੁਰੂ ਵਡ ਦੇਵੀ ਦੇਵਾ, ਦੇਵਤ ਸੁਰ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਕਰਨ ਸੇਵਾ, ਜੁਗ ਚੌਕੜੀ ਚਾਕਰ ਰੂਪ ਵਟਾਈਆ । ਤਿਸ ਦਾ ਖੇਲ ਅਲਖ ਅਭੇਵਾ, ਅਗੰਮ ਅਥਾਹ ਸਮਝ ਕੋਇ ਨਾ ਪਾਈਆ । ਸੋ ਵਸਣਹਾਰਾ ਸਾਚੇ ਧਾਮ ਨਿਹਚਲ ਨਿਹਕੇਵਾ, ਨਿਹਕਰਮੀ ਆਪਣਾ ਕਰਮ ਜਣਾਈਆ । ਜਨ ਭਗਤਾਂ ਅੰਮ੍ਰਿਤ ਫਲ ਦੇਵੇ ਧੁਰ ਦਾ ਮੇਵਾ, ਰਸ ਇਕੋ ਇਕ ਵਖਾਈਆ । ਕੌਸਤਕ ਮਣੀਆਂ ਮਸਤਕ ਲਾਵੇ ਥੇਵਾ, ਜੋਤ ਲਲਾਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਸਰਬ ਦਾ ਪਿਆਰਾ, ਪਰੇਮ ਪ੍ਰੀਤੀ ਇਕ ਵਖਾਇੰਦਾ । ਜਾਤ ਪਾਤ ਤੋਂ ਰਹੇ ਨਿਆਰਾ, ਸ਼ਰਅ ਵਿਚ ਕਦੇ ਨਾ ਆਇੰਦਾ । ਚਾਰ ਵਰਨ ਦਾ ਇਕ ਆਧਾਰਾ, ਬਰਨ ਅਠਾਰਾਂ ਆਪ ਸਮਝਾਇੰਦਾ । ਸਤਿ ਪੁਰਖ ਦਾ ਇਕ ਜੈਕਾਰਾ, ਨਾਅਰਾ ਇਕੋ ਇਕ ਅਲਾਇੰਦਾ । ਜਿਸ ਦੇ ਹੁਕਮੇ ਅੰਦਰ ਆਏ ਤੇਈ ਅਵਤਾਰਾ, ਭਗਤ ਅਠਾਰਾਂ ਜੋਤ ਰੁਸ਼ਨਾਇੰਦਾ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰੇ ਨਿਮਸਕਾਰਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਜਿਸ ਨੂੰ ਨਾਨਕ ਗੋਬਿੰਦ ਕਹੇ ਪਿਤਾ ਪੁਰਖ ਅਕਾਲ ਹਮਾਰਾ, ਦੂਜੀ ਓਟ ਨਾ ਕੋਇ ਤਕਾਇੰਦਾ । ਸੋ ਸਰਬ ਜੀਆਂ ਦਾ ਸਿਰਜਣਹਾਰਾ, ਘਰ ਘਰ ਰਿਜ਼ਕ ਪੁਚਾਇੰਦਾ । ਲੱਖ ਚੁਰਾਸੀ ਜੀਵ ਜੰਤ ਜਾਗਰਤ ਜੋਤ ਕਰੇ ਉਜਿਆਰਾ, ਨਿਰਗੁਣ ਦੀਆ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਸ਼ਬਦ ਨਾਦ ਸੱਚੀ ਧੁਨਕਾਰਾ, ਘਰ ਆਤਮਕ ਰਾਗ ਸੁਣਾਇੰਦਾ । ਗੁਰਮੁਖ ਸਖੀਆਂ ਮੰਗਲਚਾਰਾ, ਗੀਤ ਗੋਬਿੰਦ ਅਲਾਇੰਦਾ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲਾ ਕਰ ਵਣਜਾਰਾ, ਨਾਮ ਹੱਟ ਵਸਤ ਅਮੋਲਕ ਇਕ ਵਰਤਾਇੰਦਾ । ਸ੍ਰਿਸ਼ਟ ਸਬਾਈ ਜੀਵ ਜੰਤ ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਘਰ ਘਰ ਦਿਸੇ ਕਾਮ ਕਰੋਧ ਲੋਭ ਮੋਹ ਹੰਕਾਰਾ, ਮਾਇਆ ਮਮਤਾ ਨਾਲ ਮਿਲਾਇੰਦਾ । ਸਾਚੇ ਸਤਿਗੁਰ ਬਿਨ ਉਤਰੇ ਨਾ ਕੋਈ ਪਾਰ ਕਿਨਾਰਾ, ਮੰਝਧਾਰਾ ਬੇੜਾ ਪਾਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਆਪ ਕਮਾਇੰਦਾ । ਸ਼ਬਦ ਗੁਰੂ ਕਰੇ ਸਚ ਕਰਨੀ, ਕਰਾਮਾਤ ਨਾ ਕੋਇ ਜਣਾਈਆ । ਸੰਤ ਸੁਹੇਲੇ ਰੱਖੇ ਸਰਨੀ, ਗੁਰ ਗੁਰ ਚਰਨ ਗੁਰਮੁਖ ਲਏ ਮਿਲਾਈਆ । ਨੇਤਰ ਖੋਲ੍ਹੇ ਹਰਨੀ ਫਰਨੀ, ਨਿਜ

ਨੈਣ ਕਰੇ ਰੁਸ਼ਨਾਈਆ । ਨਾਤਾ ਤੋੜੇ ਮਰਨੀ ਡਰਨੀ, ਭੈ ਭਿਆਨਕ ਰਹਿਣ ਕੋਇ ਨਾ ਪਾਈਆ । ਸਾਚੇ ਸੰਤਾਂ ਪੱਟੀ ਇਕੋ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਦੂਜਾ ਸੰਗ ਨਾ ਕੋਇ ਰਖਾਈਆ । ਮੰਜ਼ਲ ਪੌੜੀ ਇਕੋ ਚੜ੍ਹਨੀ, ਘਰ ਵਿਚ ਆਪਣਾ ਪੰਧ ਮੁਕਾਈਆ । ਸਾਚੀ ਡੋਰੀ ਇਕੋ ਫੜਨੀ, ਸੁਰਤੀ ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਵਖਾਈਆ । ਸ਼ਬਦ ਗੁਰੂ ਸਚ ਦੇਵੇ ਦਾਤ, ਦਇਆਵਾਨ ਦਇਆ ਕਮਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਚ ਭਾਨ ਪਰਕਾਸ਼ ਇਕੋ ਡਗਮਗਾਇੰਦਾ । ਜਾਤ ਵਿਚੋਂ ਵਖਾਏ ਆਪਣੀ ਜਾਤ, ਅਜਾਤੀ ਰੂਪ ਨਾ ਕੋਇ ਜਣਾਇੰਦਾ । ਅੰਦਰ ਵੜ ਕੇ ਦੇਵੇ ਸਾਥ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਸਾਚੀ ਦੱਸੇ ਧੁਰ ਦੀ ਗਾਥ, ਢੋਲਾ ਇਕੋ ਇਕ ਪੜ੍ਹਾਇੰਦਾ । ਮੇਲ ਮਿਲਾਵੇ ਕਮਲਾਪਾਤ, ਪਤਿਪਰਮੇਸ਼ਵਰ ਨਜ਼ਰੀ ਆਇੰਦਾ । ਸਚ ਪ੍ਰੀਤੀ ਬੱਝੇ ਨਾਤ, ਦੋ ਜਹਾਨ ਨਾ ਕੋਇ ਤੁੜਾਇੰਦਾ । ਸਚਖੰਡ ਨਿਵਾਸੀ ਸਚ ਦਵਾਰੇ ਕਰੇ ਨਿਵਾਸ, ਹਰਿਜਨ ਸਾਚੇ ਮੇਲ ਮਿਲਾਇੰਦਾ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਉਪਰ ਘਰ ਮੰਦਰ ਸੋਹਣਾ ਇਕ ਵਖਾਇੰਦਾ । ਸਦਾ ਸਵਾਮੀ ਹੋ ਕੇ ਵਸੇ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੀ ਝੋਲੀ ਪਾਇੰਦਾ । ਸ਼ਬਦ ਗੁਰੂ ਸੱਚਾ ਮਾਤ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਨ ਭਗਤਾਂ ਕਰੇ ਸੱਚਾ ਹਿਤ, ਹਿਤਕਾਰੀ ਨਾਉਂ ਧਰਾਈਆ । ਨਿਰਗੁਣ ਹੋ ਕੇ ਵਸੇ ਚਿਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਬਿਨ ਅੱਖਾਂ ਆਵੇ ਦਿਸ, ਨਿਜ ਨੇਤਰ ਨੂਰ ਰੁਸ਼ਨਾਈਆ । ਭੇਵ ਖੁਲ੍ਹਾਏ ਧਾਮ ਅਨਡਿਠ, ਜਿਸ ਘਰ ਵਸੇ ਸੱਚਾ ਮਾਹੀਆ । ਓਥੇ ਰਸ ਨਾ ਕੋਈ ਫਿਕ, ਅੰਮ੍ਰਿਤ ਇਕੋ ਇਕ ਚਖਾਈਆ । ਸੋ ਗੁਰਮੁਖ ਗੁਰਸਿਖ ਮਾਣਸ ਜਨਮ ਜਾਵਣ ਜਿਤ, ਲੱਖ ਚੁਰਾਸੀ ਨਾਤਾ ਤੋੜ ਤੁੜਾਈਆ । ਜਿਨ੍ਹਾਂ ਦਰਸ ਦਿਖਾਏ ਕਰਵਟ ਬਦਲ ਆਪਣੀ ਪਿਠ, ਸਨਮੁਖ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ । ਸ਼ਬਦ ਗੁਰੂ ਸਦ ਗਹਿਰ ਗੰਭੀਰ, ਗਵਰ ਆਪਣੀ ਕਾਰ ਕਮਾਇੰਦਾ । ਮੇਲ ਮਿਲਾਏ ਕਾਇਆ ਪੰਜ ਤਤ ਸਰੀਰ, ਸ਼ਰੀਕਤ ਦੂਜੀ ਪਰੇ ਹਟਾਇੰਦਾ । ਜਿਸ ਦੇ ਸਹਾਰੇ ਚਲਦੇ ਪੀਰ ਫ਼ਕੀਰ, ਸੋ ਬੇਨਜ਼ੀਰ ਤਕਦੀਰ ਸਰਬ ਬਦਲਾਇੰਦਾ । ਚੋਟੀ ਚੜ੍ਹ ਕੇ ਬੈਠੇ ਅਖ਼ੀਰ, ਮੰਜ਼ਲ ਆਪਣੀ ਪੰਧ ਮੁਕਾਇੰਦਾ । ਸੂਫ਼ੀ ਹੋਏ ਨਾ ਕੋਇ ਦਿਲਗੀਰ, ਰਹਿਮਤ ਹੱਕੋ ਹੱਕ ਕਮਾਇੰਦਾ । ਜਿਸ ਦੇ ਹੱਥ ਸੱਚੀ ਸ਼ਮਸ਼ੀਰ, ਖੰਡਾ ਖੜਗ ਨਾਮ ਚਮਕਾਇੰਦਾ । ਸੋ ਸ਼ਰਅ ਦੀ ਕੱਟਣਹਾਰ ਜ਼ੰਜੀਰ, ਸ਼ਰੀਅਤ ਵਿਚ ਵੰਡ ਨਾ ਕੋਇ ਵੰਡਾਇੰਦਾ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਨੂਰ ਨੁਰਾਨਾ ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਸ਼ਬਦ ਗੁਰੂ ਹੁਕਮ ਵਰਤੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਤ ਨਵਿਤ ਵੇਖੇ ਵਿਗਸੇ ਵੇਖਣਹਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਖਾਣੀ ਬਾਣੀ ਆਪ ਜਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਠਾਲ, ਮੇਲ ਮਿਲਾਏ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਕਾਅਬਾ ਇਕੋ ਦਏ ਸਮਝਾਈਆ । ਜਿਸ ਵਿਚ ਜਲਵਾ ਨੂਰੀ ਦਿਸੇ ਜਲਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਅੱਠੇ ਪਹਿਰ ਸ਼ਬਦ ਵੱਜੇ ਧੁਨ ਕਾਨ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ

ਰਸ ਮਿਲੇ ਪੀਣ ਖਾਣ, ਦੂਜੀ ਤ੍ਰਿਖਾ ਨਾ ਕੋਇ ਲਗਾਈਆ । ਘਰ ਸਵਾਮੀ ਮਿਲੇ ਆਣ, ਅੰਤਰਜਾਮੀ ਫੇਰਾ ਪਾਈਆ । ਜਿਸ ਦੀ ਗੁਰ ਗੁਰਬਾਣੀ ਕਰੇ ਪਹਿਚਾਨ, ਪੜਦਾ ਓਹਲਾ ਇਕ ਉਠਾਈਆ । ਉਸ ਦਾ ਰੂਪ ਅਨੂਪ ਸਦਾ ਮਹਾਨ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਗੁਰਮੁਖ ਵਿਰਲੇ ਦਰਸਨ ਪਾਣ, ਜਿਨ੍ਹਾਂ ਘਰ ਵਿਚ ਘਰ ਆਪ ਆਪਣਾ ਭੇਵ ਦਏ ਖੁਲ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਹੋਣ ਹੈਰਾਨ, ਮਨ ਵਾਸਨਾ ਰਹੇ ਕੁਰਲਾਈਆ । ਪੜ੍ਹਿਆਂ ਕਿਸੇ ਨਾ ਆਵੇ ਗਿਆਨ, ਨਹਾਤਿਆਂ ਦੁਰਮਤ ਮੈਲ ਨਾ ਕੋਇ ਧਵਾਈਆ । ਜਿੰਨਾ ਚਿਰ ਸਤਿਗੁਰ ਸ਼ਬਦ ਨਾ ਹੋਵੇ ਮਿਹਰਵਾਨ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਨੌ ਦਵਾਰੇ ਸਾਢੇ ਤਿੰਨ ਹੱਥ ਕੂੜੀ ਦਿਸੇ ਦੁਕਾਨ, ਮਨ ਵਣਜਾਰਾ ਜਗਤ ਹੱਟ ਚਲਾਈਆ । ਗੁਰਮੁਖ ਗੁਰਸਿਖ ਸਾਚੀ ਵਸਤ ਓਥੇ ਮੰਗਣ ਆਣ, ਜਿਥੇ ਸਾਹਿਬ ਸਤਿਗੁਰ ਨਿਰਗੁਣ ਸਰਗੁਣ ਆਪਣੀ ਧਾਰ ਚਲਾਈਆ । ਬਿਨ ਕੀਮਤੋਂ ਕਰਤਾ ਪਾਵੇ ਝੋਲੀ ਦਾਨ, ਵਸਤ ਅਮੋਲਕ ਇਕ ਵਖਾਈਆ । ਜਿਸ ਦੀ ਜਗਤ ਬਾਣੀਆਂ ਕਰਾਏ ਨਾ ਕੋਈ ਪਹਿਚਾਨ, ਸੁਨਿਆਰ ਕਸਵਟੀ ਨਾ ਕੋਇ ਲਗਾਈਆ । ਗੁਰਮੁਖ ਪੂਰੇ ਸੋਈ ਲੈਣ ਜਾਣ, ਜਿਨ੍ਹਾਂ ਅਨਜਾਣਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸ਼ਬਦ ਗੁਰੂ ਤੇਰੀ ਕੋਈ ਨਾ ਕਰੇ ਪਰਖ, ਪਰੀਖਿਆ ਵਿਚ ਕਦੇ ਨਾ ਆਈਆ । ਕੋਟਨ ਕੋਟ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਤੇਰੀ ਕਿਰਪਾ ਨੂੰ ਰਹੇ ਤਰਸ, ਅੱਠੇ ਪਹਿਰ ਧਿਆਨ ਲਗਾਈਆ । ਕਵਣ ਵੇਲਾ ਵਕਤ ਸੁਹੰਜਣਾ ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਬਿਨ ਤੇਰੀ ਕਿਰਪਾ ਕੋਟਨ ਕੋਟ ਸਾਧ ਸੰਤ ਜੋਗੀ ਅਭਿਆਸੀ ਅਧਵਿਚਕਾਰ ਰਹੇ ਅਟਕ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਤੇਰਾ ਪੈਂਡਾ ਔਝੜ ਸਖ਼ਤ, ਅੱਗੇ ਪਿਛੇ ਅੰਧੇਰਾ ਇਕੋ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਿਕਾਰੇ ਚੜ੍ਹਿਆ ਕਟਕ, ਬਿਨ ਸਤਿਗੁਰ ਪੂਰੇ ਸਕੇ ਨਾ ਕੋਇ ਬਚਾਈਆ । ਤੇਰੇ ਪਰੇਮ ਪਿਆਰ ਦੀ ਕਿਸੇ ਕੋਲੋਂ ਲੱਭੇ ਨਾਹੀਂ ਸੱਚੀ ਮਰਜ਼, ਮਤਲਬ ਹੱਲ ਨਾ ਕੋਇ ਕਰਾਈਆ । ਫ਼ਰਜ਼ੀ ਗੁਰੂ ਪੂਰਾ ਕੋਈ ਕਰ ਨਾ ਸਕੇ ਫ਼ਰਜ਼, ਪਾਰ ਕਿਨਾਰਾ ਨਾ ਕੋਇ ਜਣਾਈਆ । ਇਹੋ ਖੇਲ ਤੇਰਾ ਅਸਚਰਜ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੰਤ ਸਾਧ ਸ੍ਰਿਸ਼ਟ ਸਬਾਈ ਸਾਰੇ ਗਏ ਵਰਜ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਿਗਹ ਇਕ ਉਠਾਈਆ । ਸ਼ਬਦ ਗੁਰੂ ਤੇਰੀ ਸਦਾ ਓਟ, ਓਟ ਅਕਾਲ ਜਣਾਈਆ । ਤੇਰੇ ਨਾਮ ਦੀ ਲੱਗੇ ਚੋਟ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਨਾਲ ਹੋਵੇ ਮੋਹਤ, ਘਰ ਵਿਚ ਘਰ ਨਾਰੀ ਕੰਤ ਰੂਪ ਵਟਾਈਆ । ਬਿਨ ਤੇਰੇ ਦੂਜੀ ਸਮਝੇ ਕੋਈ ਨਾ ਸੋਚ, ਸੋਚਿਆਂ ਹੱਥ ਨਾ ਕੋਇ ਫੜਾਈਆ । ਬਿਨ ਤੇਰੇ ਚਰਨਾਂ ਸਾਚੀ ਮਿਲੇ ਕਿਤੇ ਨਾ ਮੌਜ, ਮੁਫਲਸ ਵੇਖੀ ਜਗਤ ਲੋਕਾਈਆ । ਤੇਰਾ ਸੁਣ ਕੇ ਸਚ ਸਲੋਕ, ਸੋਹਣਾ ਢੋਲਾ ਅੰਤਰ ਇਕ ਵੈਰਾਗ ਉਪਜਾਈਆ । ਲੇਖਾ ਮੁਕੇ ਲੋਕ ਪਰਲੋਕ, ਨਿਰਗੁਣ ਜੋਤ ਜੋਤ ਵਿਚ ਸਮਾਈਆ । ਜਨ ਭਗਤਾਂ ਲੋੜ ਨਹੀਂ ਕਿਸੇ ਮੁਕਤੀ ਮੋਖ, ਮੁਕਤੀ ਗੁਰਮੁਖ ਚਰਨਾਂ ਹੇਠਾਂ ਰਹੇ ਦਬਾਈਆ । ਜਿਨ੍ਹਾਂ ਮਿਲਿਆ ਪਰਮ ਪੁਰਖ ਪਰਮਾਤਮ ਸੋ ਮਿਲ ਗਏ ਓਸੇ ਜੋਤ, ਜਿਸ ਜੋਤ ਵਿਚੋਂ ਨੂਰ ਨੂਰ ਰੁਸ਼ਨਾਈਆ । ਸਚਖੰਡ ਦਵਾਰਾ ਮਿਲੇ ਧੁਰ ਦਾ ਕੋਟ, ਕਿਲਾ ਬੰਕ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਲੈਣਾ ਪਾਈਆ ।

ਸ਼ਬਦ ਗੁਰੂ ਸਦਾ ਦੇਵੇ ਲਹਿਣਾ, ਗੁਰਮੁਖ ਲਹਿਣੇਦਾਰ ਅਖਵਾਇੰਦਾ । ਦਰਸ ਕਰਾਏ ਨਿਜ ਨੇਤਰ ਨੈਣਾਂ, ਲੋਚਣ ਆਪਣਾ ਇਕ ਪਰਗਟਾਇੰਦਾ । ਹੁਕਮੇ ਅੰਦਰ ਜਿਸ ਮੰਨਿਆ ਕਹਿਣਾ, ਤਿਸ ਆਪਣਾ ਰੰਗ ਰੰਗਾਇੰਦਾ । ਸਚ ਦਵਾਰੇ ਮੰਦਰ ਚੜ੍ਹ ਕੇ ਬਹਿਣਾ, ਜਿਥੇ ਦੂਜਾ ਨਜ਼ਰ ਕੋਇ ਨਾ ਆਇੰਦਾ । ਤੂੰ ਮੇਰਾ ਮੈਂ ਤੇਰਾ ਸ਼ਬਦ ਸਲੋਕ ਢੋਲਾ ਇਕੋ ਕਹਿਣਾ, ਦੂਜਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸ਼ਬਦ ਗੁਰੂ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆਤਮ ਮੇਲੇ ਵਿਛੜੀ ਭਗਵਾਨ, ਪਰਮਾਤਮ ਵਿਚ ਸਮਾਈਆ । ਨਿਰਗੁਣ ਨਿਰਗੁਣ ਕਰ ਪਰਵਾਨ, ਪੰਜ ਤਤ ਕਾਇਆ ਮਾਟੀ ਮੜੀ ਗੋਰ ਦਬਾਈਆ । ਅੱਖਰਾਂ ਨਾਲ ਕਰੇ ਗਿਆਨ, ਨਿਰਅੱਖਰ ਨਿਰਗੁਣ ਇਕੋ ਇਕ ਸਮਝਾਈਆ । ਜਿਸ ਦੇ ਪਿਛੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖਾਣੀ ਬਾਣੀ ਰਿਹਾ ਨਿਸ਼ਾਨ, ਨਿਸ਼ਾਨਾ ਸਾਚਾ ਗਏ ਜਣਾਈਆ । ਸੋ ਜੁਗ ਚੌਕੜੀ ਪਤਿਪਰਮੇਸ਼ਵਰ ਜਨ ਭਗਤਾਂ ਘਰ ਆਏ ਬਣ ਮਹਿਮਾਨ, ਧਰੂ ਪ੍ਰਹਿਲਾਦ ਗਏ ਜਣਾਈਆ । ਚਾਰੋਂ ਕੁੰਟ ਸ੍ਰਿਸ਼ਟ ਸਬਾਈ ਦਿਸੇ ਵੈਰਾਨ, ਵੈਰੀ ਘਰ ਘਰ ਡੇਰਾ ਰਹੇ ਜਮਾਈਆ । ਪੰਜ ਤਤ ਕਿਰਿਆ ਵੇਖੋ ਸ਼ੈਤਾਨ, ਸ਼ਰਅ ਕਰੇ ਲੜਾਈਆ । ਜਿਸ ਸੁਰਤ ਸਵਾਣੀ ਸ਼ਬਦ ਗੁਰੂ ਸੱਚਾ ਹਾਣੀ ਮਿਲਿਆ ਆਣ, ਸੋ ਰਲ ਮਿਲ ਖ਼ੁਸ਼ੀਆਂ ਸੰਗ ਨਿਭਾਈਆ । ਲੇਖਾ ਚੁੱਕੇ ਪਵਣ ਪਾਣੀ ਪੌਣ ਮਸਾਣ, ਬਸੰਤਰ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਬਹਿ ਕੇ ਗੁਰਮੁਖ ਗੁਰਸਿਖ ਦਰਸਨ ਪਾਣ, ਸਾਚੀ ਤ੍ਰਿਸਨਾ ਤ੍ਰਿਖਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਵਰ, ਗੁਰ ਸ਼ਬਦ ਜਣਾ ਏਕਾ ਘਰ, ਘਰ ਘਰ ਵਿਚ ਵੱਜੇ ਵਧਾਈਆ ।



## ★ ੧੦ ਜੇਠ ੨੦੨੧ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਹਿ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸ਼ਬਦ ਮਿਲੇ ਵਡ ਭਾਗ, ਵਡ ਭਾਗੀ ਸਤਿਗੁਰ ਪਾਇੰਦਾ । ਸਤਿਗੁਰ ਪੂਰਾ ਅੰਤਰ ਆਤਮ ਦੇਵੇ ਇਕ ਵੈਰਾਗ, ਵੈਰਾਗੀ ਆਪਣੀ ਧਾਰ ਜਣਾਇੰਦਾ । ਕੂੜੀ ਕਿਰਿਆ ਕਰੇ ਤਿਆਗ, ਮਾਇਆ ਮਮਤਾ ਮੋਹ ਮਿਟਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਹਉਮੇਂ ਹੰਗਤਾ ਦੂਰ ਕਰਾਇੰਦਾ । ਸਚ ਦੀਪਕ ਜੋਤ ਜਗਾਏ ਚਿਰਾਗ਼, ਅੰਧ ਅੰਧੇਰਾ ਡੇਰਾ ਢਾਹਿੰਦਾ । ਫੜ ਕੇ ਹੰਸ ਬਣਾਏ ਕਾਗ, ਮਾਣਕ ਮੋਤੀ ਆਪਣਾ ਨਾਮ ਚੋਗ ਚੁਗਾਇੰਦਾ । ਨੇਤਰ ਨੈਣ ਖੁਲ੍ਹਾਵੇ ਜਾਗ, ਆਲਸ ਨਿੰਦਰਾ ਦੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸ਼ਬਦ ਗੁਰੂ ਜਨ ਖੋਲ੍ਹੇ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਨਜ਼ਰੀ ਆਏ ਇਕ ਪਰਤੱਖ, ਜੋਤੀ ਜੋਤ ਜੋਤ ਰੁਸ਼ਨਾਈਆ । ਕੂੜੀ ਕਿਰਿਆ ਕਰੇ ਭੱਠ, ਭਾਂਡਾ ਭਰਮ ਭੌ ਭੰਨਾਈਆ । ਕਰੇ ਪਰਕਾਸ਼ ਲਟ ਲਟ, ਨਾਦ ਧੁਨ ਕਰੇ ਸ਼ਨਵਾਈਆ । ਸਚ ਦਵਾਰਾ ਖੋਲ੍ਹ ਹੱਟ, ਵਸਤ ਇਕੋ ਨਾਮ ਵਰਤਾਈਆ । ਸਾਚੀ ਸਿਖਿਆ ਦੇਵੇ ਬ੍ਰਹਮ ਮਤ, ਮਨਮਤ ਰਹਿਣ ਨਾ ਪਾਈਆ । ਸਤਿ ਸੰਤੋਖ ਬਖ਼ਸ਼ੇ ਧੀਰਜ ਜਤ, ਬਹੱਤਰ ਨਾੜੀ ਰੱਤ ਤਤਵ ਤਤ ਨਾ ਕੋਇ ਤਪਾਈਆ । ਕਾਇਆ ਖੇੜਾ ਨਾ ਹੋਵੇ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸਤਿਗੁਰ ਪੂਰਾ ਦੇਵੇ ਪਰਤੀਤ, ਪਰਤਿਗਿਆ ਆਪਣੇ ਨਾਲ ਰਖਾਇੰਦਾ । ਕਾਇਆ ਮੰਦਰ

ਵਖਾਏ ਮਸੀਤ, ਮਸਲਾ ਇਕੋ ਹੱਲ ਕਰਾਇੰਦਾ । ਤ੍ਰੈਗੁਣ ਦਾਤਾ ਨਜ਼ਰੀ ਆਏ ਇਕ ਅਤੀਤ, ਤ੍ਰੈਭਵਨ ਧਨੀ ਆਪਣਾ ਪੜਦਾ ਲਾਹਿੰਦਾ । ਮਨ ਆਤਮਾ ਪਰਮਾਤਮਾ ਕਰੇ ਠਾਂਡਾ ਸੀਤ, ਬੁਧ ਬਿਬੇਕੀ ਰੂਪ ਵਟਾਇੰਦਾ । ਘਰ ਸਵਾਮੀ ਢੋਲਾ ਸੁਣਾਏ ਸੱਚਾ ਗੀਤ, ਰਾਗ ਨਾਦ ਧੁਨ ਇਕੋ ਇਕ ਉਪਜਾਇੰਦਾ । ਦਿਵਸ ਰੈਣ ਅੱਠੇ ਪਹਿਰ ਵਸੇ ਚੀਤ, ਆਪ ਆਪਣਾ ਮੇਲ ਮਿਲਾਇੰਦਾ । ਦਰ ਘਰ ਆ ਕੇ ਨਾਮ ਨਿਧਾਨ ਪਾਏ ਭੀਖ, ਭਿਛਿਆ ਇਛਿਆ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਮੂਲ ਚੁਕਾਇੰਦਾ । ਸਤਿਗੁਰ ਪੂਰਾ ਭਰੇ ਝੋਲੀ, ਨਾਮ ਭੰਡਾਰਾ ਇਕ ਵਰਤਾਈਆ । ਆਤਮ ਪਰਮਾਤਮ ਦੱਸੇ ਬੋਲੀ, ਅਨਬੋਲਤ ਰਾਗ ਸੁਣਾਈਆ । ਕਾਇਆ ਗਠੜੀ ਜਿਸ ਨੇ ਖੋਲ੍ਹੀ, ਕੂੜੀ ਕਿਰਿਆ ਬਾਹਰ ਕੱਢੇ ਵਾਹੋ ਦਾਹੀਆ । ਸੁਰਤ ਸਵਾਣੀ ਸਾਚੀ ਰੁੱਤ ਜਾਏ ਮੌਲੀ, ਮੌਲਾ ਆਪਣਾ ਰੰਗ ਵਖਾਈਆ । ਪੰਧ ਮੁਕਾਏ ਹੌਲੀ ਹੌਲੀ, ਦੂਰ ਦੁਰਾਡਾ ਨੇੜੇ ਆਈਆ । ਕਾਇਆ ਰੰਗਣ ਰੰਗੇ ਚੋਲੀ, ਰੰਗ ਮਜੀਠੀ ਇਕੋ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਆਪਣਾ ਘਰ ਵਖਾਈਆ । ਗੁਰ ਸਤਿਗੁਰ ਵਖਾਏ ਘਰ ਏਕ, ਇਕੋ ਦਏ ਵਡਿਆਈਆ । ਜਿਸ ਗ੍ਰਿਹ ਮਿਲੇ ਟੇਕ, ਸਮਰਥ ਹੋਏ ਸਹਾਈਆ । ਬੁਧ ਹੋਏ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਗੇ ਸੇਕ, ਪੰਜ ਤਤ ਨਾ ਕਰੇ ਲੜਾਈਆ । ਆਤਮ ਪਰਮਾਤਮ ਖੋਲ੍ਹੇ ਭੇਤ, ਪਾਰਬ੍ਰਹਮ ਬ੍ਰਹਮ ਦਏ ਸਮਝਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਘਰ ਬੈਠਾ ਤਾੜੀ ਲਾਈਆ । ਮਿਲ ਸਖੀਆਂ ਲਏ ਖੇਡ, ਸੋਹਣਾ ਮੰਗਲ ਗਾਈਆ । ਪਰੇਮ ਪਿਆਰ ਦੀ ਮਾਣੇ ਸੇਜ, ਨਾਰ ਕੰਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਇਕੋ ਦਏ ਬੁਝਾਈਆ । ਗੁਰਮੁਖ ਬੁਝੇ ਇਕੋ ਦੇਹ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਪਰਮ ਪੁਰਖ ਪ੍ਰਭ ਲੱਗੇ ਨੇਂਹ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਅੰਮ੍ਰਿਤ ਅਗੰਮੀ ਬਰਸੇ ਮੇਂਹ, ਮੇਘਲਾ ਇਕੋ ਧਾਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਮੂਲ ਚੁਕਾਇੰਦਾ । ਹਰਿਜਨ ਲੇਖਾ ਮੂਲ ਜਾਏ ਚੁੱਕ, ਚੁਕਾਵਣਹਾਰਾ ਇਕ ਅਖਵਾਇੰਦਾ । ਜੋ ਅੰਦਰ ਵੜ ਕੇ ਬੈਠਾ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਵੇਲੇ ਪੂਰਬ ਕਰਮਾਂ ਲਹਿਣਾ ਦੇਣਾ ਦੇਵਣਵਾਲਾ ਹੋਵੇ ਖ਼ੁਸ਼, ਖ਼ੁਸ਼ੀਆਂ ਆਪਣੇ ਰੰਗ ਰੰਗਾਇੰਦਾ । ਸੋ ਸਾਹਿਬ ਸਤਿਗੁਰ ਉਜਲ ਕਰੇ ਮੁਖ, ਮੁਖ ਮੁਖੜਾ ਆਪ ਵਖਾਇੰਦਾ । ਪਰਗਟ ਹੋਵੇ ਬਿਨ ਜਨਨੀ ਕੁੱਖ, ਸ਼ਬਦ ਸ਼ਬਦੀ ਆਪਣੀ ਕਾਰ ਕਮਾਇੰਦਾ । ਜਨ ਸੰਤਾਂ ਸਾਚੇ ਭਗਤਾਂ ਲਏ ਪੁਛ, ਦੂਰ ਦੁਰਾਡਾ ਨੇੜੇ ਆਇੰਦਾ । ਵੇਖਣਹਾਰਾ ਸਾਚੇ ਸੁੱਤ, ਸਾਹਿਬ ਸਤਿਗੁਰ ਆਪਣੀ ਗੋਦ ਉਠਾਇੰਦਾ । ਜਨਮ ਕਰਮ ਕਰ ਕੇ ਜੋ ਗਏ ਰੁੱਠ, ਫੜ ਬਾਂਹੋਂ ਗਲੇ ਲਗਾਇੰਦਾ । ਪ੍ਰੀਤਮ ਪਰੇਮ ਪਿਆਰ ਅੰਦਰ ਸਾਚੀ ਗੋਦੀ ਲਏ ਚੁੱਕ, ਬਿਨ ਹੱਥਾਂ ਬਾਂਹਵਾਂ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਹਰਿਜਨ ਰੰਗ ਵਖਾਏ ਗੂੜ੍ਹ, ਲਾਲਨ ਲਾਲ ਆਪ ਰੰਗਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਟਿੱਕਾ ਲਾਵੇ ਨੂਰ ਖ਼ੁਦਾਈਆ । ਚਤੁਰ ਸੁਘੜ ਬਣਾਏ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਬਖ਼ਸ਼ੇ ਧੁਰ ਦਾ ਨੂਰ, ਜਲਵਾਗਰ ਕਰੇ ਰੁਸ਼ਨਾਈਆ । ਕੋਟ ਜਨਮ ਦੇ ਮੁਆਫ਼ ਕਰੇ ਕਸੂਰ, ਪਤਤ ਪਾਪੀ ਪੁਨੀਤ ਦਏ ਵਖਾਈਆ । ਦਰਸ ਦਿਖਾਏ ਹੋਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਨਾਤਾ

ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਨਿਤ ਨਵਿਤ ਕਰ ਹਿਤ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸੱਚੇ ਵੇਖਣਹਾਰਾ, ਇਕ ਇਕੱਲਾ ਹਰਿ ਅਖਵਾਇੰਦਾ । ਜੁਗ ਚੌਕੜੀ ਲੈ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਜੀਵ ਜੰਤ ਖੋਜ ਖੁਜਾਇੰਦਾ । ਲੇਖਾ ਜਾਣੇ ਜਲ ਥਲ ਮਹੀਅਲ ਡੂੰਘੀ ਗਾਰਾ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਫੇਰਾ ਪਾਇੰਦਾ । ਸੰਤ ਸੁਹੇਲੇ ਮੇਲੇ ਵਿਚ ਜੰਗਲ ਜੂਹ ਉਜਾੜ ਪਹਾੜਾ, ਕਰਤਾ ਕਰਨੀ ਆਪ ਕਮਾਇੰਦਾ । ਸਾਚੀ ਸਖੀਆਂ ਲਾਵੇ ਇਕ ਅਖਾੜਾ ਮੰਗਲ ਗੀਤ ਸੁਹਾਗੀ ਆਪ ਸੁਣਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਮੰਦਰ ਮਸਜਦ ਸ਼ਿਵਦਵਾਲਾ ਕਾਇਆ ਕਾਅਬਾ ਇਕ ਜਣਾਇੰਦਾ । ਜਿਸ ਘਰ ਵਸੇ ਸਦਾ ਸਦਾ ਸਦ ਹਰਿ ਨਿਰੰਕਾਰਾ, ਨਿਰਗੁਣ ਆਪਣਾ ਡੇਰਾ ਲਾਇੰਦਾ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਕਰੇ ਖ਼ਬਰਦਾਰਾ, ਸਚ ਸੰਦੇਸਾ ਇਕ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਪਿਆਰਾ, ਆਤਮ ਪਰਮਾਤਮ ਧੁਰ ਦਾ ਮੇਲ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੰਤ ਸਾਜਨ ਸਾਹਿਬ ਸਤਿਗੁਰ ਇਕ ਅਖਵਾਇੰਦਾ । ਸਾਹਿਬ ਸਤਿਗੁਰ ਸੱਚਾ ਪ੍ਰਭ, ਪਾਰਬ੍ਰਹਮ ਵੱਡੀ ਵਡਿਆਈਆ । ਜੁਗ ਚੌਕੜੀ ਹਰਿ ਭਗਤ ਪਿਆਰੇ ਲਏ ਲੱਭ, ਬਿਨ ਅੱਖਾਂ ਵੇਖ ਵਖਾਈਆ । ਘਰ ਸੁਣਾਏ ਧੁਰ ਦਾ ਨਦ, ਅਨਾਦੀ ਨਾਦ ਸੁਣਾਈਆ । ਕੂੜੀ ਕਿਰਿਆ ਵਿਚੋਂ ਕੱਢ, ਸਾਚੇ ਮੰਦਰ ਦਏ ਵਸਾਈਆ । ਭਾਗ ਲਗਾਵੇ ਸੱਚੀ ਯਦ, ਯਾਦਦਾਸ਼ਤ ਪਿਛਲੀ ਭੁੱਲ ਕਦੇ ਨਾ ਜਾਈਆ । ਮੰਜ਼ਲ ਦਵਾਰਾ ਬਣ ਕੇ ਪਾਂਧੀ ਜਾਏ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਗੀਤ ਸੁਹਾਗੀ ਮੰਦਰ ਵੜ ਕੇ ਸੁਣਾਵੇ ਛੰਦ, ਸੋਹਣਾ ਰਾਗ ਅਲਾਈਆ । ਉਠ ਲਾਡਲੇ ਮੇਰੇ ਚੰਦ, ਤੇਰਾ ਚੰਦ ਨੂਰ ਰੁਸ਼ਨਾਈਆ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਦਇਆ ਕਮਾਈਆ । ਦੀਨ ਦਿਆਲ ਹੋਇਆ ਬਖ਼ਸ਼ੰਦ, ਬਖ਼ਸ਼ਸ਼ ਰਹਿਮਤ ਆਪਣੀ ਇਕ ਦਰਸਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰੇਮ ਪ੍ਰੀਤੀ ਨਜ਼ਰੀ ਆਈਆ । ਦੋਹਾਂ ਮਿਲ ਕੇ ਸਚ ਦਵਾਰ ਪਏ ਠੰਡ, ਜਿਸ ਘਰ ਬਾਰ ਗੁਰ ਚੇਲਾ ਬੈਠਾ ਸੋਭਾ ਪਾਈਆ । ਨਾ ਕੋਈ ਭੇਖ ਨਾ ਪਖੰਡ, ਕੂੜੀ ਕਿਰਿਆ ਨਾ ਸੰਗ ਨਿਭਾਈਆ । ਜਗਤ ਵਿਕਾਰ ਨਾ ਪਾਵੇ ਡੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕਰੇ ਲੜਾਈਆ । ਸਚ ਪਰੇਮ ਅੰਤਰ ਚੋਲੀ ਦੇਵੇ ਰੰਗ, ਜਗਤ ਬਸੰਤਰ ਬਾਹਰ ਬੁਝਾਈਆ । ਜਾਗਤ ਸੋਵਤ ਇਕੋ ਜਿਹਾ ਸੰਗ, ਅਗਲਾ ਪਿਛਲਾ ਵਿਛੋੜਾ ਮੁਕਾਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਦੂਈ ਦਵੈਤ ਭਰਮਾਂ ਢਾਹ ਕੇ ਕੰਧ, ਕੂੜੀ ਕਿਰਿਆ ਕੱਢ ਕੇ ਗੰਦ, ਕਾਇਆ ਮੰਦਰ ਅੰਦਰ ਨਿਰਮਲ ਜੋਤ ਕਰੇ ਰੁਸ਼ਨਾਈਆ ।

### ★ ੧੦ ਜੇਠ ੨੦੨੧ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਹਿ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸ਼ਬਦ ਸਦਾ ਮਿਹਰਵਾਨ, ਆਦਿ ਜੁਗਾਦਿ ਦਇਆ ਕਮਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਖੋਜ ਖੁਜਾਇੰਦਾ । ਲੱਖ ਚੁਰਾਸੀ ਜੀਵ ਜੰਤ ਵੇਖੇ ਮਾਰ ਧਿਆਨ, ਸਾਧ ਸੰਤ ਪੜਦਾ ਉਹਲਾ ਆਪ ਫੁਲਾਇੰਦਾ । ਆਤਮ ਪਰਮਾਤਮ ਦੇਵਣਹਾਰਾ ਦਾਨ,

ਨਿਰਗੁਣ ਵਸਤ ਅਮੋਲਕ ਇਕ ਵਰਤਾਇੰਦਾ । ਸ਼ਬਦ ਸਰੂਪੀ ਬਣ ਕੇ ਸੱਚਾ ਕਾਹਨ, ਗ੍ਰਿਹਿ ਮੰਦਰ ਘਟ ਆਪਣੀ ਰਾਸ ਵਰਤਾਇੰਦਾ । ਨਾਮ ਸੰਦੇਸਾ ਦੇਵਣਹਾਰਾ ਪੈਗ਼ਾਮ, ਕਲਮਾ ਹੱਕ ਨਬੀ ਪੜ੍ਹਾਇੰਦਾ । ਮੂਰਤ ਸਚ ਵਖਾਏ ਰਾਮ, ਰਹਿਮਤ ਆਪਣੀ ਇਕ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸ਼ਬਦ ਗੁਰੂ ਸਦਾ ਸਦ ਸੰਗ, ਵਿਛੜ ਕਦੇ ਨਾ ਜਾਇੰਦਾ । ਨਿਤ ਨਵਿਤ ਜਨ ਭਗਤਾਂ ਪੂਰੀ ਕਰੇ ਮੰਗ, ਭਗਤ ਵਛਲ ਆਪ ਅਖਵਾਇੰਦਾ । ਅੰਤਰ ਆਤਮ ਦੇਵੇ ਇਕ ਅਨੰਦ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਨਿਰਗੁਣ ਜੋਤ ਚਾੜ੍ਹੇ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਅਗੰਮੀ ਸੁਣਾਏ ਛੰਦ, ਧੁਨ ਆਤਮਕ ਰਾਗ ਅਲਾਇੰਦਾ । ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਕਰੇ ਖੰਡ ਖੰਡ, ਭਾਂਡਾ ਭਰਮ ਭੌ ਭੰਨਾਇੰਦਾ । ਲੇਖਾ ਜਾਣੇ ਰਸਨਾ ਜਿਹਵਾ ਬੱਤੀ ਦੰਦ, ਪਵਣ ਸਵਾਸਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰੂ ਸ਼ਬਦ ਸੱਚਾ ਸਚ ਸਵਾਮੀ, ਨਿਤ ਨਵਿਤ ਵੇਖ ਵਖਾਈਆ । ਬੋਧ ਅਗਾਧ ਸ਼ਬਦ ਅਨਾਦ ਜਿਸ ਦੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜਿਸ ਦਾ ਖੇਲ ਵਰਤੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜਿਸ ਦਾ ਨਾਦ ਅਗੰਮੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਈਆ । ਜਿਸ ਦਾ ਲੱਖ ਚੁਰਾਸੀ ਮੇਲਾ ਦੋ ਜਹਾਨੀ, ਨਿਰਗੁਣ ਸਰਗੁਣ ਵੇਸ ਵਟਾਈਆ । ਜਿਸ ਦਾ ਮੰਦਰ ਇਕ ਲਾਸਾਨੀ, ਉਚ ਅਗੰਮ ਅਥਾਹ ਆਪ ਬਣਾਈਆ । ਜਿਸ ਗ੍ਰਿਹਿ ਦੀਪਕ ਜੋਤ ਜਗੇ ਮਹਾਨੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਿਸ ਦਾ ਲੇਖਾ ਕਾਤਬ ਬਣ ਕੇ ਲਿਖੇ ਕੋਈ ਨਾ ਕਾਨੀ, ਜਗਤ ਵਿਦਿਆ ਨਾ ਕੋਇ ਵਡਿਆਈਆ । ਜਿਸ ਦਾ ਭੇਵ ਜਾਣੇ ਨਾ ਕੋਇ ਵਿਦਵਾਨੀ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸੋ ਪਤਿਪਰਮੇਸ਼ਵਰ ਸਰਬ ਜੀਆਂ ਦਾ ਜਾਣ ਜਾਣੀ, ਘਟ ਘਟ ਵੇਖੇ ਥਾਉਂ ਥਾਈਂਆ । ਨਿਤ ਨਵਿਤ ਜੁਗਾ ਜੁਗੰਤਰ ਖੇਲੇ ਖੇਲ ਜਗਤ ਜਹਾਨੀ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਰੂਪ ਵਖਾਈਆ । ਸਾਚੀ ਸਚ ਸੁਣਾਏ ਕਹਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਗੁਰੂ ਵੱਡਾ ਬਲਕਾਰ, ਬਲਧਾਰੀ ਇਕ ਅਖਵਾਇੰਦਾ । ਜਿਸ ਦਾ ਹੁਕਮ ਵਰਤੇ ਜੁਗ ਚਾਰ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਿਸ ਦੇ ਹੁਕਮੇ ਅੰਦਰ ਸੂਰਜ ਚੰਨ ਰਵ ਸਸ ਨੱਠਣ ਵਾਰੋ ਵਾਰ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਇੰਦਾ । ਜਿਸ ਦੀ ਮੰਜ਼ਲ ਅਗੰਮ ਅਥਾਹ ਉਚ ਦਰਬਾਰ, ਦਰਗਾਹ ਸਾਚੀ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਸਰਗੁਣ ਖੇਲ ਵਿਚ ਸੰਸਾਰ, ਸਤਿ ਸਰੂਪੀ ਧਾਰ ਚਲਾਈਆ । ਪੰਜ ਤਤ ਕਾਇਆ ਚੋਲਾ ਕਰ ਉਜਿਆਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਵਾਰੋ ਵਾਰ, ਨਿਤ ਨਵਿਤ ਵੇਸ ਵਟਾਈਆ । ਘਰ ਘਰ ਵੇਖੇ ਵੇਖਣਹਾਰ, ਗ੍ਰਿਹਿ ਗ੍ਰਿਹਿ ਖੋਜ ਖੁਜਾਈਆ । ਸੰਤ ਸੁਹੇਲੇ ਲਏ ਉਠਾਲ, ਭਗਤ ਭਗਵਾਨ ਲਏ ਜਗਾਈਆ । ਤ੍ਰੈਗੁਣ ਮਾਇਆ ਦੇਵੇ ਸਾੜ, ਅਗਨੀ ਤਤ ਬੁਝਾਈਆ । ਪੰਜ ਤਤ ਕਰੇ ਖ਼ਬਰਦਾਰ, ਆਲਸ ਨਿੰਦਰਾ ਪਰੇ ਹਟਾਈਆ । ਪਰੇਮ ਪਿਆਲਾ ਅੰਮ੍ਰਿਤ

੧੦੮੭
੧੯

ਦੇਵੇ ਠੰਡੀ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਸਚ ਪ੍ਰੀਤੀ ਬਖ਼ਸ਼ੇ ਦਰਸ ਦੀਦਾਰ, ਨਿਜ ਨੇਤਰ ਕਰ ਰੁਸ਼ਨਾਈਆ । ਮਹਲ ਅਟੱਲ ਘਰ ਵਿਚ ਘਰ ਦਏ ਵਖਾਲ, ਜਿਸ ਘਰ ਵਸੇ ਬੇਪਰਵਾਹੀਆ । ਸ਼ਬਦ ਅਨਾਦੀ ਵੱਜੇ ਤਾਲ, ਤੁਰਯਾ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸਤਿਗੁਰ ਪੂਰਾ ਸ਼ਬਦ ਗੁਰਦੇਵ, ਆਦਿ ਜੁਗਾਦੀ ਇਕ ਅਖਵਾਇੰਦਾ । ਆਦਿ ਜੁਗਾਦੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਕਰਦੇ ਸੇਵ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਕ ਸੇਵ ਕਮਾਇੰਦਾ । ਜਿਸ ਦਾ ਲੇਖਾ ਅਲੱਖ ਅਭੇਵ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਜਿਸ ਦੀ ਸਿਫ਼ਤ ਕਰੇ ਨਾ ਕੋਈ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਸੋ ਵਸੇ ਨਿਹਚਲ ਧਾਮ ਨਿਹਕੇਵ, ਸਚਖੰਡ ਸਾਚੇ ਆਸਣ ਲਾਇੰਦਾ । ਸ਼ਬਦ ਗੁਰੂ ਗੁਰ ਕਰਤਾ ਦੇਵੇ ਭੇਵ, ਕਲਮਾ ਨਬੀ ਰਸੂਲ ਆਪ ਸਮਝਾਇੰਦਾ । ਜਨ ਭਗਤਾਂ ਨਿਰਗੁਣ ਮਾਣੇ ਸੁਹੰਜਣੀ ਸੇਜ, ਸੋਭਾਵੰਤ ਆਸਣ ਲਾਇੰਦਾ । ਜੋਤੀ ਜਲਵਾ ਦੇਵੇ ਨੂਰੀ ਤੇਜ, ਅੰਧ ਅਗਿਆਨ ਅੰਧੇਰ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਭਗਵੰਤ, ਸਤਿਗੁਰ ਵੱਡਾ ਵਡ ਵਡਿਆਈਆ । ਲੇਖਾ ਜਾਣੇ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਚੌਕੜੀ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਵਿਰੋਲੇ ਗੁਰਮੁਖ ਸੰਤ, ਸੰਤ ਸਾਜਨ ਲਏ ਮਿਲਾਈਆ । ਨਾਮ ਦ੍ਰਿੜਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਲੇਖ ਚੁਕਾਏ ਭੁੱਖ ਨੰਗਤ, ਨਾਮ ਦੋਸ਼ਾਲਾ ਤਨ ਪਹਿਨਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਵਿਦਿਆ ਦਏ ਸਮਝਾਈਆ । ਦਰ ਦਰਵੇਸ਼ ਦੂਜੇ ਦਰ ਨਾ ਜਾਏ ਮੰਗਤ, ਅਲੱਖ ਨਿਰੰਜਣ ਘਰ ਸਾਚੇ ਇਕੋ ਅਲਖ ਜਗਾਈਆ । ਨਾਤਾ ਤੋੜੇ ਜੇਰਜ ਅੰਡਤ, ਉਤਭੁਜ ਸੇਤਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਸਾਚੇ ਪਾਰ ਜਾਣਾ ਲੰਘ, ਸਤਿਗੁਰ ਆਪ ਲੰਘਾਇੰਦਾ । ਅੰਤਰ ਆਤਮ ਦੇ ਅਨੰਦ, ਰਸ ਇਕੋ ਇਕ ਵਖਾਇੰਦਾ । ਸੁਰਤੀ ਸ਼ਬਦੀ ਜੋੜੀ ਗੰਢ, ਧੁਰ ਦਾ ਮੇਲਾ ਮੇਲ ਮਿਲਾਇੰਦਾ । ਦੂਈ ਦਵੈਤੀ ਭਰਮਾਂ ਢਾਹੇ ਕੰਧ, ਮਾਇਆ ਮਮਤਾ ਮੋਹ ਚੁਕਾਇੰਦਾ । ਪਰੇਮ ਪ੍ਰੀਤੀ ਕਾਇਆ ਚੋਲੀ ਦੇਵੇ ਰੰਗ, ਅੰਦਰ ਬਾਹਰ ਦੁਰਮਤ ਮੈਲ ਧਵਾਇੰਦਾ । ਨਾਰ ਦੁਹਾਗਣ ਨਾਤਾ ਤੋੜੇ ਰੰਡ, ਸੁਹਾਗਣ ਰੂਪ ਘਰ ਘਰ ਆਪ ਵਖਾਇੰਦਾ । ਅੰਗੀਕਾਰ ਬਣ ਕੇ ਲਾਏ ਅੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰ ਗੁਰ ਵੇਖ ਵਖਾਇੰਦਾ । ਗੁਰਮੁਖ ਮੰਗ ਇਕ ਅਪਾਰ, ਅਪਰੰਪਰ ਦਏ ਵਡਿਆਈਆ । ਜਿਸ ਦਾ ਲੇਖਾ ਨਜ਼ਰ ਨਾ ਆਏ ਵਿਚ ਸੰਸਾਰ, ਨਵ ਨੌ ਚਾਰ ਭੇਵ ਕੋਇ ਨਾ ਪਾਈਆ । ਦੇਵਣਹਾਰਾ ਦਇਆਵਾਨ ਇਕ ਦਾਤਾਰ, ਦਾਤਾ ਦਾਨੀ ਬੇਪਰਵਾਹੀਆ । ਅਤੋਟ ਅਤੁਟ ਭਰੇ ਰਹਿਣ ਭੰਡਾਰ, ਚਾਰੇ ਖਾਣੀ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਧੁਰ ਦੀ ਭਿਛਿਆ ਇਕੋ ਝੋਲੀ ਪਾਈਆ । ਸਾਚੀ ਸਿਖਿਆ ਗੁਰਮੁਖ ਲਏ ਸਿਖ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਘਰ ਸਵਾਮੀ ਠਾਕਰ ਆਏ ਦਿਸ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖਣ ਕੋਇ ਨਾ ਜਾਇੰਦਾ । ਆਤਮ ਪਰਮਾਤਮ ਕਰੇ ਹਿਤ, ਪ੍ਰੀਤਮ ਪਿਆਰਾ ਆਪਣਾ ਰੰਗ ਵਖਾਇੰਦਾ ।

ਨਿਜ ਨੇਤਰ ਦਰਸਨ ਕਰੇ ਨਿਤ, ਲੋਚਣ ਨੈਣ ਆਪ ਖੁਲ੍ਹਾਇੰਦਾ । ਕਰਵਟ ਲੈ ਬਦਲੇ ਪਿਠ, ਸਨਮੁਖ ਆਪਣਾ ਮੁਖ ਪਰਗਟਾਇੰਦਾ । ਅਬਿਨਾਸ਼ੀ ਹੋ ਕੇ ਵਸੇ ਚਿਤ, ਚਿਤਵਿਤ ਠਗੌਰੀ ਨਾ ਕੋਇ ਵਖਾਇੰਦਾ । ਸੱਜਣ ਸਵਾਮੀ ਹੋ ਕੇ ਬਣੇ ਮਿਤ, ਮਿੱਤਰ ਪਿਆਰਾ ਇਕੋ ਨਜ਼ਰੀ ਆਇੰਦਾ । ਮਿਹਰਵਾਨ ਹੋ ਕੇ ਗੋਦ ਉਠਾਏ ਗੁਰਮੁਖ ਗੁਰਸਿਖ, ਸੱਚਾ ਪੁੱਤ ਸਪੂਤ ਆਪਣੇ ਘਰ ਵਸਾਇੰਦਾ । ਅੱਗੇ ਪਿਛੇ ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁੱਕ, ਚਿਤਰ ਗੁਪਤ ਲੇਖ ਨਾ ਕੋਇ ਵਖਾਇੰਦਾ । ਰਾਏ ਧਰਮ ਨਾ ਮਾਰੇ ਮਾਰ ਨਾ ਸਕੇ ਕੁੱਟ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਸਾਹਿਬ ਸਤਿਗੁਰ ਸ਼ਬਦ ਸਵਾਮੀ ਆਪਣੀ ਗੋਦੀ ਲਏ ਚੁੱਕ, ਚੁੱਕਣਹਾਰਾ ਨਜ਼ਰ ਕਿਸੇ ਨਾ ਆਇੰਦਾ । ਜੁਗ ਜੁਗ ਜਨ ਭਗਤਾਂ ਸਾਚੇ ਸੰਤਾਂ ਲਏ ਪੁਛ, ਦੂਰ ਦੁਰਾਡਾ ਨੇਰਨ ਨੇਰਾ ਬਣ ਕੇ ਪਾਂਧੀ ਰਾਹੀ ਪੰਧ ਮੁਕਾਇੰਦਾ । ਹਰਿਜਨ ਬੂਟਾ ਕਦੇ ਨਾ ਜਾਏ ਸੁੱਕ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਜੋ ਗ੍ਰਿਹ ਗ੍ਰਿਹ ਬੈਠਾ ਲੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਭਗਵਾਨ, ਜਨ ਭਗਤ ਦਏ ਵਡਿਆਈਆ । ਜੁਗ ਚੌਕੜੀ ਵਿਛੜੇ ਮੇਲੇ ਆਣ, ਮਿਲਣੀ ਹਰਿ ਜਗਦੀਸ ਕਰਾਈਆ । ਧਰਮ ਵਖਾਏ ਇਕ ਨਿਸ਼ਾਨ, ਕੂੜੀ ਕਿਰਿਆ ਡੇਰਾ ਢਾਹੀਆ । ਨਾਤਾ ਤੋੜ ਦੀਨ ਮਜ਼੍ਹਬ ਈਮਾਨ, ਸ਼ਰਅ ਸ਼ਰੀਅਤ ਸ਼ੌਹ ਦਰਿਆ ਰੁੜ੍ਹਾਈਆ । ਸਾਚੀ ਮੰਜ਼ਲ ਵਖਾਏ ਇਕੋ ਆਣ, ਅਗਲਾ ਪਿਛਲਾ ਪੰਧ ਮੁਕਾਈਆ । ਨਾਮ ਸੰਦੇਸਾ ਦੇਵੇ ਧੁਰ ਫ਼ਰਮਾਣ, ਜਗਤ ਅੱਖਰ ਨਾ ਕੋਇ ਪੜ੍ਹਾਈਆ । ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਦੇਵੇ ਗਿਆਨ, ਨੌਂ ਦਵਾਰੇ ਡੇਰਾ ਢਾਹੀਆ । ਮਨ ਵਾਸਨਾ ਮੇਟੇ ਆਪ ਸ਼ੈਤਾਨ, ਬੁਧ ਬਿਬੇਕ ਦਏ ਕਰਾਈਆ । ਇਕੋ ਰਾਗ ਸੁਣਾਏ ਕਾਨ, ਧੁਰ ਦੀ ਧਾਰ ਆਪ ਜਣਾਈਆ । ਕਾਇਆ ਹੱਟ ਨਾ ਹੋਏ ਵੈਰਾਨ, ਵਸਤ ਅਮੋਲਕ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਦਾ ਸਦਾ ਸਦਾ ਸੰਗ ਆਪਣਾ ਆਪ ਰਖਾਈਆ । ਸਤਿਗੁਰ ਪੂਰਾ ਦੇਵੇ ਤਾਰ, ਤਾਰਨਹਾਰ ਇਕ ਅਖਵਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਅੰਤਰ ਆਤਮ ਮੇਲ ਮਿਲਾਇੰਦਾ । ਸੁਰਤ ਸਵਾਣੀ ਕਰੇ ਖ਼ਬਰਦਾਰ, ਸ਼ਬਦ ਹਾਣੀ ਆਪ ਜਗਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਘਰ ਘਰ ਵਿਚ ਡੇਰਾ ਲਾਇੰਦਾ । ਨਾਮ ਨਿਧਾਨ ਅਗੰਮੀ ਬੋਲ ਜੈਕਾਰ, ਅਨਰਾਗੀ ਰਾਗ ਸੁਣਾਇੰਦਾ । ਸਚ ਮਹੱਲੇ ਦੇ ਆਧਾਰ, ਉਚ ਅਟੱਲੇ ਸੋਭਾ ਪਾਇੰਦਾ । ਗ਼ੁਲਸ਼ਨ ਵਿਚੋਂ ਖਿੜੀ ਦਿਸੇ ਗੁਲਜ਼ਾਰ, ਕਲੀ ਕਲੀ ਆਪ ਮਹਿਕਾਇੰਦਾ । ਮਹਿਬੂਬ ਮੁਹੱਬਤ ਕਰੇ ਅਪਾਰ, ਮਹਿਰਾਬ ਇਕੋ ਇਕ ਸੁਹਾਇੰਦਾ । ਕਲਮਾ ਰੋਜ਼ਾ ਨਾ ਕੋਇ ਨਿਮਾਜ਼, ਸਜਦਾ ਸੀਸ ਨਾ ਕੋਇ ਝੁਕਾਇੰਦਾ । ਕਾਤਬ ਦਿਸੇ ਨਾ ਕੋਇ ਲਿਖਾਰ, ਕਲਮ ਸ਼ਾਹੀ ਨਾ ਵੰਡ ਵੰਡਾਇੰਦਾ । ਰਸਨਾ ਜਿਹਵਾ ਨਾ ਕੋਇ ਜੈਕਾਰ, ਬੱਤੀ ਦੰਦ ਨਾ ਕੋਇ ਹਿਲਾਇੰਦਾ । ਇਕੋ ਨਿਰਅੱਖਰ ਦੱਸੇ ਸਚ ਦਰਬਾਰ, ਜਿਸ ਵਿਚੋਂ ਕੋਟਨ ਕੋਟ ਵਿਦਿਆ ਬਾਹਰ ਕਢਾਇੰਦਾ । ਗੁਰਮੁਖ ਗੁਰਸਿਖ ਸੰਤ ਸੁਹੇਲਾ ਵਿਰਲਾ ਪੜ੍ਹਨੇਹਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਇੰਦਾ । ਲਹਿਣਾ ਦੇਣਾ ਝੋਲੀ ਪੌਂਦਾ ਏ । ਸਤਿਗੁਰ ਪੂਰਾ ਦਇਆ ਕਮੌਂਦਾ ਏ । ਆਦਿ ਜੁਗਾਦੀ ਵੇਸ ਵਟੌਂਦਾ ਏ । ਨਰ ਨਰੇਸ਼ ਇਕ ਅਖਵੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗੌਂਦਾ ਏ । ਸਚਖੰਡ ਵਸੇ ਸਾਚੇ ਦੇਸ, ਥਿਰ ਘਰ ਸ਼ਬਦੀ ਵੰਡ ਵੰਡੌਂਦਾ ਏ । ਮੁਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਨਾ ਔਂਦਾ ਏ ।

ਨਿਤ ਨਵਿਤ ਰਹੇ ਹਮੇਸ਼, ਸ਼ਬਦ ਗੁਰੂ ਅਖਵੌਂਦਾ ਏ । ਪੰਜ ਤਤ ਕਾਇਆ ਚੋਲਾ ਕਰੇ ਹੇਤ, ਤੇਈ ਅਵਤਾਰ ਅਠਾਰਾਂ ਭਗਤ ਈਸਾ ਮੂਸਾ ਮੁਹੰਮਦ ਗੁਰ ਦਸ ਜੋਤ ਜਗੌਂਦਾ ਏ । ਇਹੋ ਕਰੇ ਅਗੰਮੀ ਖੇਡ, ਖੇਲਣਹਾਰਾ ਨਜ਼ਰ ਕਿਸੇ ਨਾ ਔਂਦਾ ਏ । ਜਨ ਭਗਤਾਂ ਲਏ ਵੇਖ, ਨਿਜ ਨੇਤਰ ਇਕ ਖੁਲ੍ਹੌਂਦਾ ਏ । ਨਾ ਕੋਈ ਰੂਪ ਰੰਗ ਨਾ ਰੇਖ, ਸਭ ਦੀ ਰੇਖਾ ਆਪ ਬਣੌਂਦਾ ਏ । ਨਿਰਗੁਣ ਸਰਗੁਣ ਕਰ ਕੇ ਹੇਤ, ਹਿਤਕਾਰੀ ਫੇਰਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੱਸੇ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪੌਂਦਾ ਏ । ਨਿਜ ਘਰ ਸਾਚਾ ਇਕ ਸੁਹੌਂਦਾ ਏ । ਘਰ ਘਰ ਵਿਚ ਆਸਣ ਲੌਂਦਾ ਏ । ਸਤਿ ਸਵਾਮੀ ਨਾਮ ਧਰੌਂਦਾ ਏ । ਅੰਤਰਜਾਮੀ ਭੇਵ ਚੁਕੌਂਦਾ ਏ । ਸ਼ਬਦ ਬਾਣੀ ਰਾਗ ਸੁਣੌਂਦਾ ਏ । ਸੁਰਤੀ ਹਾਣੀ ਮੇਲ ਮਿਲੌਂਦਾ ਏ । ਅਕਥ ਕਹਾਣੀ ਆਪ ਜਣੌਂਦਾ ਏ । ਅੰਮ੍ਰਿਤ ਜਾਮ ਠੰਡਾ ਪਾਣੀ ਰਸ ਪਲੌਂਦਾ ਏ । ਗੁਰਮੁਖ ਵੇਖ ਬਾਲ ਅਵਾਣ, ਸਤਿਗੁਰ ਪੂਰਾ ਗੋਦ ਉਠੌਂਦਾ ਏ । ਏਥੇ ਓਥੇ ਦੇਵੇ ਮਾਣ, ਦੋ ਜਹਾਨਾਂ ਸੰਗ ਨਿਭੌਂਦਾ ਏ । ਨੇੜ ਨਾ ਆਏ ਮਨ ਸ਼ੈਤਾਨ, ਬੁਧੀ ਬਿਬੇਕ ਆਪ ਕਰੌਂਦਾ ਏ । ਤੂੰ ਮੇਰਾ ਮੈਂ ਤੇਰਾ ਦੋਹਾਂ ਦੇਵੇ ਇਕ ਗਿਆਨ, ਸਾਚੀ ਸਿਖਿਆ ਇਕ ਦ੍ਰਿੜ੍ਹੌਂਦਾ ਏ । ਸਾਚਾ ਮੇਲਾ ਮੰਦਰ ਮਕਾਨ, ਸਾਢੇ ਤਿੰਨ ਹੱਥ ਬੰਕ ਵਡਿਔਂਦਾ ਏ । ਜਿਸ ਦੀ ਬਾਢੀ ਘਾੜਤ ਘੜੇ ਨਾ ਕੋਈ ਤਰਖਾਣ, ਲੋਹਾਰ ਨਜ਼ਰ ਕੋਇ ਨਾ ਔਂਦਾ ਏ । ਜਿਸ ਦੇ ਅੰਦਰ ਪਵਣ ਪਾਣੀ ਮਸਾਣ, ਰੂਹ ਬੁੱਤ ਮੇਲ ਮਿਲੌਂਦਾ ਏ । ਜਨ ਭਗਤਾਂ ਮੁਸ਼ਕਲ ਕਰੇ ਆਸਾਨ, ਦੀਨਾਂ ਨਾਥ ਹੋ ਕੇ ਦਰਦੀਆਂ ਦਰਦ ਵੰਡੌਂਦਾ ਏ । ਸਾਚਾ ਰਾਗ ਸੁਣਾਏ ਕਾਨ, ਅਗੰਮੀ ਰਾਗ ਅਲੌਂਦਾ ਏ । ਤੂੰ ਹੀ ਤੂੰ ਹੀ ਢੋਲਾ ਸਾਰੇ ਗਾਣ, ਜਿਨ੍ਹਾਂ ਆਪਣੀ ਰਮਜ਼ ਸੁਣੌਂਦਾ



ਏ । ਸੋ ਮੁਰੀਦ ਮੁਰਸ਼ਦ ਮਿਲਣ ਆਣ, ਜਿਸ ਮਸਲਾ ਹੱਕ ਸੁਣੌਂਦਾ ਏ । ਨਾਤਾ ਛੁੱਟੇ ਅੰਜੀਲ ਕੁਰਾਨ, ਅਲਫ਼ ਯੇ ਨਾ ਕੋਇ ਪੜ੍ਹੌਂਦਾ ਏ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਦੇਵੇ ਇਕ ਪੈਗ਼ਾਮ, ਧੁਰ ਸੰਦੇਸਾ ਆਪ ਸੁਣੌਂਦਾ ਏ । ਮੇਲ ਮਿਲਾਏ ਇਕ ਅਮਾਮ, ਮੁਕਾਮੇ ਹੱਕ ਡੇਰਾ ਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਹਰਿ ਹਰਿ ਪਾਰ ਕਰੌਂਦਾ ਏ । ਹਰਿਜਨ ਸੱਚਾ ਉਤਰੇ ਪਾਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਕਰੇ ਖ਼ਵਾਰ, ਚਿਤਰ ਗੁਪਤ ਨਾ ਕੋਇ ਸਜ਼ਾਈਆ । ਮਾਤ ਗਰਭ ਨਾ ਕੋਇ ਆਧਾਰ, ਜੂਨੀ ਜੂਨ ਨਾ ਕੋਇ ਭਵਾਈਆ । ਦਸ ਦਸ ਮਾਸ ਨਾ ਅਗਨ ਅੰਗਿਆਰ, ਉਲਟਾ ਬਿਰਖ ਨਾ ਕੋਇ ਲਟਕਾਈਆ । ਜਿਨ੍ਹਾਂ ਸਤਿਗੁਰ ਸ਼ਬਦ ਨਿਰਗੁਣ ਹੋ ਕੇ ਮਿਲਿਆ ਆਣ, ਸਰਗੁਣ ਲਏ ਜਗਾਈਆ । ਸਚ ਦਵਾਰੇ ਬਖ਼ਸ਼ਸ਼ ਕਰ ਕੇ ਮਾਣ, ਬਖ਼ਸ਼ੀਸ਼ ਸਾਚੀ ਝੋਲੀ ਪਾਈਆ । ਸ੍ਰੀ ਭਗਵਾਨ ਪ੍ਰੀਤੀ ਸਚ ਈਮਾਨ, ਧਰਮ ਇਕੋ ਇਕ ਦ੍ਰਿੜ੍ਹਾਈਆ । ਪੰਜ ਤਤ ਕਾਇਆ ਜਗਤ ਦਿਸੇ ਮਹਿਮਾਨ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਕਾ ਸ਼ਬਦ ਸਦਾ ਸੱਚਾ ਗਿਆਨ, ਅੱਖਰਾਂ ਵਿਚੋਂ ਅੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦਏ ਉਠਾਈਆ । ਸਾਚਾ ਪਰਦਾ ਜਾਏ ਖੁਲ੍ਹ, ਦੂਈ ਦਵੈਤੀ ਪਰੇ ਹਟਾਇੰਦਾ । ਭਾਗ ਲਗਾਏ ਗੁਰਮੁਖ ਕੁਲ, ਕੁਲਵੰਤਾ ਵੇਖ ਵਖਾਇੰਦਾ । ਨਾਮ ਜਣਾਏ ਵਸਤ ਅਨਮੁਲ, ਕਰਤਾ ਕੀਮਤ ਕੋਇ ਨਾ ਲਾਇੰਦਾ । ਪੂਰਬ ਜਨਮ ਜੋ ਗਏ ਭੁੱਲ, ਜਨਮ ਕਰਮ ਕਰ ਕੇ ਮੇਲ ਮਿਲਾਇੰਦਾ । ਸਚ ਪ੍ਰੀਤੀ ਗੁਰਮੁਖ ਜਾਏ ਘੁਲ, ਘੋਲੀ ਵਾਰੀ ਲੇਖੇ ਲਾਇੰਦਾ । ਫੁਲ ਫਲਵਾੜੀ ਜਾਏ ਫੁਲ, ਪੱਤ ਡਾਲ੍ਹੀ ਆਪ ਮਹਿਕਾਇੰਦਾ ।



੧੦੯੦ ੧੯

ਸੰਤ ਸੁਹੇਲਾ ਕਦੀ ਨਾ ਜਾਏ ਰੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇੜਾ ਆਪ ਵਸਾਇੰਦਾ । ਸਚ ਵਸਾਏ ਹਰਿਜੂ ਖੇੜਾ, ਦੇਵੇ ਮਾਣ ਵਡਿਆਈਆ । ਪੰਚ ਵਿਕਾਰਾ ਚੁਕੇ ਝੇੜਾ, ਤਤਵ ਤਤ ਨਾ ਕੋਇ ਲੜਾਈਆ । ਕੂੜੀ ਕਿਰਿਆ ਮਿਟੇ ਅੰਧੇਰਾ, ਸਚ ਸੁਚ ਕਰੇ ਰੁਸ਼ਨਾਈਆ । ਹਕੀਕਤ ਵਿਚੋਂ ਹੱਕ ਨਬੇੜਾ, ਇਕੋ ਇਕ ਵਖਾਈਆ । ਜਨਮ ਕਰਮ ਦਾ ਮੁੱਕੇ ਗੇੜਾ, ਆਵਣ ਜਾਵਣ ਰਹੇ ਨਾ ਰਾਈਆ । ਸਾਹਿਬ ਸਤਿਗੁਰ ਨਾਤਾ ਜੋੜੇ ਤੂੰ ਮੇਰਾ ਮੈਂ ਤੇਰਾ, ਦੋਹਾਂ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੂਮਿਕਾ ਦਏ ਵਖਾਈਆ । ਸਚ ਭੂਮਿਕਾ ਧੁਰ ਅਸਥਾਨ, ਹਰਿ ਕਰਤਾ ਆਪ ਜਣਾਇੰਦਾ । ਗੁਰਮੁਖ ਵਿਰਲੇ ਦਰਸਨ ਪਾਣ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਸਚ ਬਬਾਣੇ ਚਾੜ੍ਹੇ ਆਣ, ਸ਼ਬਦੀ ਸ਼ਬਦ ਉਡਾਇੰਦਾ । ਨਾਤਾ ਤੋੜ ਜੀਵ ਜਹਾਨ, ਘਰ ਸਾਚੇ ਮੇਲ ਮਿਲਾਇੰਦਾ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੋਹੰ ਢੋਲਾ ਗਾਣ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਦਰਗਾਹ ਸਾਚੀ ਮਿਲੇ ਮਾਣ, ਸਚਖੰਡ ਦਵਾਰੇ ਆਪ ਬਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਗੁਰ ਅਵਤਾਰ ਖ਼ੁਸ਼ੀ ਵਖਾਇੰਦਾ । ਘਰ ਸੱਜਣ ਮਿਲੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਇੰਦਾ । ਹਰਿਜਨ ਮੇਲਾ ਸਚ ਦੁਆਰ, ਦਰਗਾਹ ਵੱਜੀ ਵਧਾਈਆ । ਜਿਸ ਘਰ ਵਸੇ ਇਕ ਨਿਰੰਕਾਰ, ਨਿਰਗੁਣ ਬੈਠਾ ਆਸਣ ਲਾਈਆ । ਦੀਆ ਦੀਪਕ ਜੋਤੀ ਜਗਦਾ ਰਹੇ ਜੁਗ ਚਾਰ, ਆਦਿ ਜੁਗਾਦਿ ਨਾ ਕੋਇ ਬੁਝਾਈਆ । ਸ਼ਾਹੋ ਭੂਪ ਬੈਠਾ ਰਹੇ ਸਿਕਦਾਰ, ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਹੁਕਮ ਸੰਦੇਸਾ ਦੇਂਦਾ ਰਹੇ ਵਾਰੋ ਵਾਰ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਸੋ ਸਾਹਿਬ ਸਤਿਗੁਰ ਪਾਵੇ ਸਾਰ, ਪੁਰਖ ਅਕਾਲ ਵੇਸ ਵਟਾਈਆ । ਜਨ ਭਗਤਾਂ ਹੋ ਦਿਆਲ, ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਵਖਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸਮਝਾਈਆ । ਅੰਮ੍ਰਿਤ ਭਰਿਆ ਸੁਹੰਜਣਾ ਤਾਲ, ਘਰ ਨਿਝਰ ਝਿਰਨਾ ਦਏ ਜਣਾਈਆ । ਸ਼ਬਦ ਵੱਜੇ ਅਨਾਦੀ ਤਾਲ, ਅਨਹਦ ਰਾਗ ਸੁਣਾਈਆ । ਕੋਟਨ ਕੋਟ ਬ੍ਰਹਮ ਵਖਾਏ ਬ੍ਰਹਿਮਾਦ, ਬ੍ਰਹਿਮੰਡ ਪੜਦਾ ਲਾਹੀਆ । ਸੋ ਸੰਤ ਸੁਹੇਲਾ ਜਾਏ ਜਾਗ, ਜਿਸ ਜਾਗਰਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਅਗਨੀ ਮਾਇਆ ਲੱਗੀ ਆਗ, ਪੰਜ ਤਤ ਰਿਹਾ ਤਪਾਈਆ । ਕਿਸੇ ਨਾ ਮਿਲਿਆ ਕੰਤ ਸੁਹਾਗ, ਘਰ ਘਰ ਸੁਹੰਜਣੀ ਸੇਜ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਚਾਈਂ ਚਾਈਂਆ । ਗੁਰਮੁਖ ਵੇਖੇ ਪਾਰਬ੍ਰਹਮ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਜਨ ਭਗਤ ਮਿਲਾਵਾ ਜਿਸ ਦਾ ਕੰਮ, ਦੂਜੀ ਕਾਰ ਨਾ ਕੋਇ ਕਮਾਇੰਦਾ । ਸਾਚੇ ਸੰਤਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਕੰਧ ਉਠਾਇੰਦਾ । ਗੁਰਮੁਖ ਚਾੜ੍ਹੇ ਧੁਰ ਦਾ ਚੰਨ, ਜੋਤੀ ਜੋਤ ਡਗਮਗਾਇੰਦਾ । ਗੜ੍ਹ ਹੰਕਾਰੀ ਦੇਵੇ ਭੰਨ, ਨਿਵਣ ਸੋ ਅੱਖਰ ਰਾਹ ਵਖਾਇੰਦਾ । ਭਾਗ ਲਗਾਏ ਮਾਟੀ ਤਨ, ਖ਼ਾਕੀ ਖ਼ਾਕ ਸੋਭਾ ਪਾਇੰਦਾ । ਭਗਤ ਵਛਲ ਬਣ ਕੇ ਜਨਨੀ ਜਨ, ਸਾਚੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲੇ ਅੰਤਮ ਕਲ, ਕਰ ਕਰਤਾ ਵੇਖ ਵਖਾਈਆ । ਲੱਖ ਚੁਰਾਸੀ ਕਰੇ ਅਛਲ ਛਲ, ਵਲ ਛਲਧਾਰੀ ਭੇਵ ਕੋਇ ਨਾ ਪਾਈਆ । ਸਚਖੰਡ ਦਵਾਰਾ ਬੈਠਾ ਮੱਲ, ਥਿਰ ਘਰ ਸ਼ਬਦੀ ਡੇਰਾ ਲਾਈਆ । ਵੇਖਣਹਾਰਾ ਜਲ ਥਲ, ਮਹੀਅਲ ਰੂਪ ਵਟਾਈਆ । ਜੋਤੀ ਸ਼ਬਦੀ ਗਿਆ ਰਲ, ਨਿਰਗੁਣ

ਆਪਣਾ ਰੂਪ ਰੰਗ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਧਾਰ ਜਿਸ ਨੇ ਦਿਤੇ ਘੱਲ, ਸਦਾ ਇਕੋ ਨਾਮ ਸੁਣਾਈਆ । ਸੋ ਬੈਠਾ ਰਹੇ ਅਟੱਲ ਮਹੱਲ, ਅਚਲ ਅਚੱਲ ਕਰੇ ਰੁਸ਼ਨਾਈਆ । ਗੁਰਮੁਖ ਬੂਟੇ ਓਸੇ ਦਾ ਫਲ, ਅੰਮ੍ਰਿਤ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਈਆ । ਸਾਚਾ ਮੰਤਰ ਦੇਵੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਸਮਝਾਇੰਦਾ । ਕਰਤਾ ਪੁਰਖ ਹਰਿ ਕਰਨੀ ਕਰਨ, ਕਰਨਹਾਰ ਇਕ ਹੋ ਆਇੰਦਾ । ਜਨ ਭਗਤਾਂ ਨੇਤਰ ਖੋਲ੍ਹ ਹਰਨ ਫਰਨ, ਨਿਜ ਨੇਤਰ ਦਇਆ ਕਮਾਇੰਦਾ । ਮੰਜ਼ਲ ਪੌੜੇ ਸਾਚੇ ਚੜ੍ਹਨ, ਘਰ ਘਰ ਵਿਚ ਪੰਧ ਮੁਕਾਇੰਦਾ । ਕੂੜੀ ਅਗਨੀ ਕਦੇ ਨਾ ਸੜਨ, ਅਗਨੀ ਤਤ ਨਾ ਕੋਇ ਤਪਾਇੰਦਾ । ਮਾਇਆ ਮੌਤ ਕਦੇ ਨਾ ਮਰਨ, ਮੋਹ ਮਮਤਾ ਡੇਰਾ ਢਾਹਿੰਦਾ । ਸਚ ਦਵਾਰੇ ਸੰਤ ਸੁਹੇਲੇ ਖੜਨ, ਘਰ ਮੰਦਰ ਇਕ ਵਖਾਇੰਦਾ । ਧੁਰ ਦਾ ਢੋਲਾ ਇਕੋ ਪੜ੍ਹਨ, ਸੋਹੰ ਸੱਚਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸੋਹੰ ਸ਼ਬਦ ਅਨਾਦੀ ਗੀਤ, ਪੁਰਖ ਅਕਾਲ ਆਪ ਪਰਗਟਾਈਆ । ਸ਼ਬਦੀ ਗੁਰ ਚਲਾਈ ਰੀਤ, ਥਿਰ ਘਰ ਵੱਜੀ ਇਕ ਵਧਾਈਆ । ਤਤਵ ਤਤ ਰਹੇ ਅਤੀਤ, ਤ੍ਰੈਗੁਣ ਵਿਚ ਨਾ ਕੋਇ ਫਸਾਈਆ । ਭਗਤਾਂ ਬਣੇ ਧੁਰ ਦਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਰਿਹਾ ਸਮਾਈਆ । ਨਾਤਾ ਤੁਟੇ ਮੰਦਰ ਮਸੀਤ, ਜਿਸ ਮਿਲਿਆ ਬੇਪਰਵਾਹੀਆ । ਸਚ ਦਵਾਰਿਉਂ ਬਖ਼ਸ਼ੇ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਸੋ ਗੁਰਮੁਖ ਗੁਰਸਿਖ ਮਾਣਸ ਜਨਮ ਜਾਏ ਜੀਤ, ਲੱਖ ਚੁਰਾਸੀ ਫੰਦ ਕਟਾਈਆ । ਸਚ ਨਿਸ਼ਾਨਾ ਮਿਲੇ ਠੀਕ, ਸ੍ਰੀ ਭਗਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਸਾਚਾ ਨਾਤਾ ਲਏ ਜੁੜਾਈਆ । ਸਾਚਾ ਨਾਤਾ ਜੋੜੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਦੇ ਅਗੰਮਾ ਜਾਪ, ਬਿਨ ਰਸਨਾ ਜਿਹਵਾ ਸ਼ਬਦ ਪੜ੍ਹਾਇੰਦਾ । ਕੋਟਨ ਕੋਟ ਜਨਮ ਉਤਾਰੇ ਪਾਪ, ਦੁਰਮਤ ਮੈਲ ਧਵਾਇੰਦਾ । ਆਤਮ ਸੇਜ ਸੁਹੰਜਣੀ ਖਾਟ, ਸਚ ਸਿੰਘਾਸਣ ਇਕ ਵਿਛਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਜੋਤੀ ਚੰਦ ਇਕ ਚਮਕਾਇੰਦਾ । ਅੰਦਰ ਵੜ ਕੇ ਪੁਛੇ ਬਾਤ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਤੂੰ ਮੇਰਾ ਮੈਂ ਤੇਰਾ ਸੱਜਣ ਸਾਕ, ਧੁਰ ਦਾ ਨਾਤਾ ਆਪ ਸਮਝਾਇੰਦਾ । ਮਾਣਸ ਜਨਮ ਲੱਖ ਚੁਰਾਸੀ ਵਿਚੋਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਆਪਣੀ ਝੋਲੀ ਪਾਇੰਦਾ । ਜਨ ਭਗਤਾਂ ਲੇਖੇ ਲਾਏ ਸਵਾਸ ਸਵਾਸ, ਪਵਣਾਂ ਵਿਚੋਂ ਪਵਣ ਪਵਣ ਆਪਣੇ ਵਿਚ ਟਿਕਾਇੰਦਾ । ਸਚ ਦਵਾਰੇ ਦਏ ਨਿਵਾਸ, ਅਸਥਾਨ ਭੂਮਿਕਾ ਇਕੋ ਇਕ ਵਡਿਆਇੰਦਾ । ਜਿਸ ਘਰ ਬਿਨ ਤੇਲ ਬਾਤੀ ਹੋਏ ਪਰਕਾਸ਼, ਸੂਰਜ ਚੰਨ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਫੜਾਏ ਸ਼ਬਦੀ ਲੜ, ਪੱਲੂ ਸਾਚੇ ਗੰਢ ਬੰਧਾਇੰਦਾ । ਨਾਮ ਪੱਲੂ ਸ਼ਬਦੀ ਡੋਰੀ, ਹਰਿ ਸਤਿਗੁਰ ਤੰਦ ਫੜਾਈਆ । ਗੁਰਮੁਖ ਵਿਰਲਾ ਚੜ੍ਹੇ ਤੋੜੀ, ਗਹਿਰ ਗੰਭੀਰ ਹੋਏ ਸਹਾਈਆ । ਆਤਮ ਪਰਮਾਤਮ ਮਿਲਦੀ ਵੇਖੇ ਜੋੜੀ, ਮਿਲਣੀ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਲਏ ਤਰਾਈਆ ।



੧੦੯੨ ੧੯

## ★ ੧੧ ਜੇਠ ੨੦੨੧ ਬਿਕ੍ਰਮੀ ਚਰਨ ਸਿੰਘ ਦੇ ਗ੍ਰਹਿ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ★

ਆਦਿ ਜੁਗਾਦਿ ਸਮਰਥ ਪੁਰਖ ਪ੍ਰਭ ਇਕ, ਪਤਿਪਰਮੇਸ਼ਵਰ ਨਾਮ ਧਰਾਇੰਦਾ । ਜੁਗ ਚੌਕੜੀ ਨਿਤ ਨਵਿਤ ਲੇਖਾ ਰਿਹਾ ਲਿਖ, ਸ਼ਬਦੀ ਧਾਰ ਸਤਿ ਵਰਤਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਏ ਭਿਖ, ਆਤਮ ਪਰਮਾਤਮ ਝੋਲੀ ਆਪ ਭਰਾਇੰਦਾ । ਗ੍ਰਹਿ ਗ੍ਰਹਿ ਘਰ ਘਰ ਠਾਕਰ ਸਵਾਮੀ ਹੋ ਕੇ ਆਏ ਦਿਸ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਏਥੇ ਓਥੇ ਦੋ ਜਹਾਨਾਂ ਸੱਜਣ ਸਾਕ ਬਣੇ ਪਿਤ, ਪੂਤ ਸਪੂਤੇ ਗੋਦ ਉਠਾਇੰਦਾ । ਹਰਿਜਨ ਗੁਰਮੁਖ ਗੁਰਸਿਖ ਜਾਣੇ ਗਤ ਮਿਤ, ਮਿੱਤਰ ਪਿਆਰਾ ਆਪਣਾ ਮੇਲ ਮਿਲਾਇੰਦਾ । ਲੇਖੇ ਲਾਵਣਹਾਰਾ ਬੂੰਦ ਰਿਤ, ਰਕਤ ਆਪਣੀ ਗੰਢ ਪਵਾਇੰਦਾ । ਜਗਤ ਵਾਸਨਾ ਲਏ ਜਿਤ, ਕੂੜੀ ਕਿਰਿਆ ਡੇਰਾ ਢਾਹਿੰਦਾ । ਜਨ ਭਗਤਾਂ ਦੇਵੇ ਸਾਚਾ ਹਿਸ, ਹਿੱਸੇਦਾਰ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਇਕ ਅਖਵਾਇੰਦਾ । ਸਚ ਸਵਾਮੀ ਸਮਰਥ ਕਰਤਾਰ, ਕਰਨਹਾਰ ਅਖਵਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਅਪਾਰ, ਜੋਤੀ ਜਾਤਾ ਸ਼ਬਦੀ ਦਾਤਾ ਨਾਮ ਧਰਾਇੰਦਾ । ਗੁਰਮੁਖ ਗੁਰਸਿਖ ਗੁਰ ਗੁਰ ਬਣੇ ਵੇਖਣਹਾਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਸਚ ਭੰਡਾਰਾ ਨਾਮ ਨਿਧਾਨ ਬਣ ਵਰਤਾਰ, ਅਤੋਟ ਅਤੁਟ ਅਥਾਹ ਇਕੋ ਨਜ਼ਰੀ ਆਇੰਦਾ । ਸੰਤ ਸੱਜਣ ਲਏ ਉਭਾਰ, ਮਜਨ ਧੂੜੀ ਇਕ ਕਰਾਇੰਦਾ । ਪਰਦੇ ਕੱਜਣ ਸਿਰਜਣਹਾਰ, ਸਿਰ ਸਿਰ ਹੱਥ ਟਿਕਾਇੰਦਾ । ਦੁਖੀਆਂ ਦੁੱਖ ਦਏ ਨਿਵਾਰ, ਦਰਦੀਆਂ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਸਵਾਮੀ ਇਕ ਅਖਵਾਇੰਦਾ । ਸਮਰਥ ਸਵਾਮੀ ਦਾਤਾ ਏਕ, ਏਕੰਕਾਰ ਵਡ ਵਡਿਆਈਆ । ਜਿਸ ਦਾ ਕੋਈ ਨਾ ਮੇਟੇ ਲੇਖ, ਲਿਖਤ ਸਕੇ ਨਾ ਕੋਇ ਛੁਪਾਈਆ । ਲੱਖ ਚੁਰਾਸੀ ਬਖ਼ਸ਼ੇ ਟੇਕ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਕਰੇ ਬੁਧ ਬਿਬੇਕ, ਵਿਵੇਕੀ ਆਪ ਜਣਾਈਆ । ਮੇਲ ਮਿਲਾਏ ਧੁਰ ਦੇ ਸਾਚੇ ਦੇਸ, ਦਿਸ਼ਾ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸਮਰਥ ਅਕਥ ਕਹਾਣੀ ਆਪ ਜਣਾਈਆ ।

## ★ ੧੧ ਜੇਠ ੨੦੨੧ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਛੀਨੇ ਜਸਤਰਵਾਲ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਧੁਰ ਨਰੇਸ਼ਾ, ਨਿਰੰਕਾਰ ਹਰਿ ਸਮਝਾਇੰਦਾ । ਸੁਤ ਸ਼ਬਦ ਸਚ ਦੇ ਸੰਦੇਸਾ, ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਇੰਦਾ । ਦੋ ਜਹਾਨਾਂ ਵੇਖ ਲੇਖਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਨੇਤਰ ਨੈਣ ਉਠਾਇੰਦਾ । ਲੋਕਮਾਤ ਵੇਖ ਜਗਤ ਵੇਸਾ, ਨਵ ਨੌ ਸੱਤ ਤੇਰਾ ਰਾਹ ਤਕਾਇੰਦਾ । ਗੁਰ ਅਵਤਾਰਾਂ ਪੀਰ ਪੈਗੰਬਰਾਂ ਵੇਖ ਲੇਖਾ, ਵਾਕ ਭਵਿਖਤ ਜੋ ਸਮਝਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤੇ ਦਾ ਰੱਖ ਚੇਤਾ, ਚੇਤਨ ਧਾਰ ਆਪ ਜਣਾਇੰਦਾ । ਨਿਰਗੁਣ ਹੋਵੇ ਸਰਗੁਣ ਨੇਤਾ, ਭੂਪਤ ਭੂਪ ਨਾਉਂ ਵਡਿਆਇੰਦਾ । ਲੱਖ ਚੁਰਾਸੀ ਅੰਦਰ ਖੇਲੇ ਖੇਡਾ, ਘਟ ਘਟ ਆਪਣਾ ਡੇਰਾ ਲਾਇੰਦਾ । ਸੇਜ ਸੁਹੰਜਣੀ ਮਾਣੇ ਸੇਜਾ, ਆਸਣ ਸਿੰਘਾਸਣ ਇਕ ਵਡਿਆਇੰਦਾ । ਜੋਤੀ ਜਲਵਾ ਨੂਰੀ ਦੇਵੇ ਤੇਜਾ, ਅਨੁਭਵ ਆਪਣਾ ਖੇਲ

ਵਖਾਇੰਦਾ । ਜਨਮ ਕਰਮ ਬਣਾਏ ਰੇਖਾ, ਸਚ ਧਰਮ ਇਕ ਉਪਾਇੰਦਾ । ਡੂੰਘੀ ਭਵਰੀ ਕਾਇਆ ਕਵਰੀ ਵੜ ਕੇ ਖੋਲ੍ਹੇ ਭੇਤਾ, ਪੜਦਾ ਉਹਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪੁਰਖ ਅਕਾਲ, ਹਰਿ ਕਰਤਾ ਆਪ ਸਮਝਾਇੰਦਾ । ਸੁਤ ਸ਼ਬਦ ਉਠ ਸਾਚੇ ਲਾਲ, ਹਰਿ ਸਤਿਗੁਰ ਸੇਵਾ ਲਾਇੰਦਾ । ਦੋ ਜਹਾਨ ਵੇਖ ਆਪਣੀ ਧਰਮਸਾਲ, ਸਚ ਦਵਾਰਾ ਤੇਰਾ ਇਕ ਵਡਿਆਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣ ਹਾਲ, ਹਾਲਤ ਸਭ ਦੀ ਤੇਰੇ ਅੱਗੇ ਰਖਾਇੰਦਾ । ਨਵ ਨੌ ਚਾਰ ਕੂੜੀ ਕਿਰਿਆ ਦਿਸੇ ਜੰਜਾਲ, ਜਾਗਰਤ ਰੂਪ ਨਾ ਕੋਇ ਵਖਾਇੰਦਾ । ਫਿਰੀ ਦਰੋਹੀ ਸ਼ਾਹ ਕੰਗਾਲ, ਸ਼ਹਿਨਸ਼ਾਹ ਸਿਰ ਹੱਥ ਨਾ ਕੋਇ ਟਿਕਾਇੰਦਾ । ਸਾਚੀ ਘਾਲਣ ਕੋਈ ਨਾ ਸਕੇ ਘਾਲ, ਕੂੜੀ ਕਿਰਿਆ ਜੀਵ ਜੰਤ ਸਾਧ ਸੰਤ ਸਰਬ ਭਰਮਾਇੰਦਾ । ਹਕੀਕਤ ਜਾਣੇ ਨਾ ਕੋਇ ਹਲਾਲ, ਹੱਕ ਹੱਕ ਨਾ ਕੋਇ ਵਖਾਇੰਦਾ । ਜਗਤ ਅਵੱਲੜੀ ਦਿਸੇ ਚਾਲ, ਮਿੱਤਰ ਪਿਆਰਾ ਮੀਤ ਨਾ ਕੋਇ ਬਣਾਇੰਦਾ । ਬਿਨ ਤੇਰੇ ਪੰਜ ਤਤ ਬਣੇ ਨਾ ਕੋਇ ਦਲਾਲ, ਸਚ ਵਿਚੋਲਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਸਵਾਲ, ਰਸਨਾ ਜਿਹਵਾ ਬੱਤੀ ਦੰਦ ਢੋਲਾ ਰਾਗ ਸਰਬ ਸੁਣਾਇੰਦਾ । ਜੁਗ ਚੌਕੜੀ ਵੇਖੇ ਕਾਲ, ਹਰਿ ਕਰਤਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਇੰਦਾ । ਸਾਚਾ ਹੁਕਮ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਈਆ । ਸ਼ਬਦ ਦੁਲਾਰੇ ਸਾਚਾ ਦੱਸ ਇਕੋ ਮੰਤ, ਦੋ ਜਹਾਨ ਕਰਨੀ ਪੜ੍ਹਾਈਆ । ਬੋਧ ਅਗਾਧਾ ਬਣ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਸਰਬ ਨੈਣ ਸ਼ਰਮਾਈਆ । ਤੇਰੇ ਦਰ ਲੱਖ ਚੁਰਾਸੀ ਜੀਵ

੧੦੯੪

ਜੰਤ ਹੋਣ ਮੰਗਤ, ਦੇਵਣਹਾਰ ਇਕ ਹੋ ਜਾਈਆ । ਤੇਰਾ ਲੇਖਾ ਜੇਰਜ ਅੰਡਤ, ਉਤਭੁਜ ਸੇਤਜ ਤੇਰਾ ਖੇਲ ਖਿਲਾਈਆ । ਸਚ ਪ੍ਰੀਤੀ ਚਾੜ੍ਹ ਇਕੋ ਰੰਗਤ, ਦੁਰਮਤ ਮੈਲ ਧਵਾਈਆ । ਊਚ ਨੀਚ ਰਾਉ ਰੰਕ ਸਚ ਬਣਾ ਪੰਗਤ, ਸੰਗਤ ਇਕੋ ਘਰ ਵਖਾਈਆ । ਨਾਤਾ ਤੋੜ ਭੁੱਖ ਨੰਗਤ, ਭਾਂਡਾ ਭਰਮ ਭੌ ਭੰਨਾਈਆ । ਲੇਖਾ ਚੁੱਕੇ ਦੋਜ਼ਖ਼ ਬਹਿਸ਼ਤ ਜੰਨਤ, ਸਵਰਗ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਰਿਹਾ ਜਗਾਈਆ । ਪੁਰਖ ਅਕਾਲ ਦੇਵੇ ਫ਼ਰਮਾਣ, ਹਰਿ ਕਰਤਾ ਆਪ ਜਣਾਈਆ । ਉਠ ਸੁਤ ਨੌਜਵਾਨ, ਘਰ ਸਚ ਲੈ ਅੰਗੜਾਈਆ । ਥਿਰ ਘਰ ਤੇਰਾ ਸੋਹੇ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਮਾਰ ਧਿਆਨ, ਬਿਨ ਨੇਤਰ ਨੈਣ ਅੱਖ ਉਠਾਈਆ । ਦੇਵਤ ਸੁਰ ਤੇਰਾ ਰਾਹ ਤਕਾਣ, ਚਾਰੋਂ ਕੁੰਟ ਵੇਖਣ ਚਾਈਂ ਚਾਈਆ । ਨਿਰਗੁਣ ਹੋ ਕੇ ਬਣ ਹੁਕਮਰਾਨ, ਸਰਗੁਣ ਸਾਚੀ ਕਾਰੇ ਲਾਈਆ । ਕਲਜੁਗ ਅੰਤ ਜੀਵ ਜੰਤ ਸਾਧ ਸੰਤ ਇਕੋ ਭੁਲਿਆ ਸ੍ਰੀ ਭਗਵਾਨ, ਦੀਨ ਮਜ਼੍ਹਬ ਜਾਤ ਪਾਤ ਘਰ ਘਰ ਕਰੇ ਲੜਾਈਆ । ਸਤਿ ਧਰਮ ਦਿਸੇ ਨਾ ਕੋਇ ਨਿਸ਼ਾਨ, ਵਰਨ ਬਰਨ ਲੇਖਾ ਨਾ ਕੋਇ ਚੁਕਾਈਆ । ਸਚ ਸਤਿ ਦਿਸੇ ਨਾ ਕੋਇ ਈਮਾਨ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਭੁੱਲੀ ਸ਼ਰੀਅਤ ਜਗਤ ਕੁਰਾਨ, ਸਹੀ ਸਲਾਮਤ ਨਜ਼ਰ ਕਿਸੇ ਨਾ ਆਈਆ । ਮੁੱਲਾ ਸ਼ੇਖ਼ ਮਸਾਇਕ ਹੋਏ ਬੇਈਮਾਨ, ਕੁਤਬ ਗ਼ੌਸ ਰੋਵਣ ਦੇਣ ਦੁਹਾਈਆ । ਮੱਕਾ ਕਾਅਬਾ ਦੋ ਦੋ ਆਬਾ ਦਿਸੇ ਵੈਰਾਨ, ਹੁਜਰਾ ਹੱਕ ਮਹਿਰਾਬ ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਫ਼ਤਵਾ ਲੱਗਾ ਉਪਰ ਜਹਾਨ, ਤੱਕਵਾ ਰੱਖੇ ਨਾ ਕੋਇ ਜਵਾਨ, ਜੋਬਨ ਕੂੜਾ ਸਾਰੇ ਰਹੇ ਹੰਢਾਈਆ । ਖ਼ਾਵੰਦ ਬੀਵੀ ਕਰੇ ਨਾ ਕੋਇ ਪਰਨਾਮ, ਸਾਚਾ

ਦਿਸੇ ਨਾ ਕੋਇ ਇਸਲਾਮ, ਇਸਮ ਆਜ਼ਮ ਸਕੇ ਨਾ ਕੋਇ ਸਮਝਾਈਆ । ਸਾਚਾ ਕਲਮਾ ਦੇ ਪੈਗ਼ਾਮ, ਪੀਰ ਪੈਗ਼ੰਬਰ ਹੋਣ ਹੈਰਾਨ, ਕੂੜੀ ਸ਼ਰਅ ਮਿਟੇ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਚੌਦਾਂ ਤਬਕ ਪੜ੍ਹਨ ਇਕੋ ਸਬਕ, ਅਲਫ਼ ਯੇ ਬੈਠੇ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਰਿਹਾ ਜਣਾਈਆ । ਸਚ ਸੁਨੇਹੜਾ ਦੇਵੇ ਪਰਵਰਦਿਗਾਰ, ਵਡ ਮਹਿਬੂਬ ਦਇਆ ਕਮਾਇੰਦਾ । ਮੁਕਾਮੇ ਹੱਕ ਹੋਏ ਖ਼ਬਰਦਾਰ, ਲਾਸ਼ਰੀਕ ਹੁਕਮ ਵਰਤਾਇੰਦਾ । ਸਦੀ ਚੌਧਵੀਂ ਚੌਦਾਂ ਤਬਕਾਂ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਸਾਚਾ ਕਲਮਾ ਕੂਕ ਕੂਕ ਸੁਣਾ ਪੁਕਾਰ, ਨਾਅਰਾ ਇਕੋ ਇਕ ਜਣਾਇੰਦਾ । ਤੂੰ ਮੇਰਾ ਮੈਂ ਤੇਰਾ ਯਾਰ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚ ਮਹੱਲੇ ਉਚ ਅਟੱਲੇ ਮਨਾਰੇ ਮੰਜ਼ਲ ਦੇ ਪੈਗ਼ਾਮ, ਹਰਫ਼ ਦੋ ਹਰਫ਼ ਇਕੋ ਇਕ ਸਮਝਾਇੰਦਾ । ਕੂੜੀ ਕਿਰਿਆ ਉਤੇ ਲਾ ਇਲਜ਼ਾਮ, ਬੇਈਮਾਨ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਦੇਵੇ ਰਾਮ, ਰਹਿਮਤ ਆਪਣੀ ਸਚ ਕਮਾਈਆ । ਸੁਤ ਦੁਲਾਰੇ ਸ਼ਬਦੀ ਬਾਲ ਅਞਾਣ, ਤੇਰੇ ਹੱਥ ਵਡਿਆਈਆ । ਜਗਤ ਦੁਨੀਆ ਵੇਖ ਲੱਖ ਚੁਰਾਸੀ ਮਕਾਨ, ਘਰ ਘਰ ਆਪਣਾ ਫੇਰਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਲੜੇ ਸ਼ੈਤਾਨ, ਹਉਮੇਂ ਹੰਗਤਾ ਗੜ੍ਹ ਬਣਾਈਆ । ਸਤਿਗੁਰ ਸ਼ਬਦ ਜਾਣੇ ਨਾ ਕੋਈ ਜ਼ਬਾਨ, ਰਸਨਾ ਜਿਹਵਾ ਬੱਤੀ ਦੰਦ ਦਿਵਸ ਰੈਣ ਢੋਲੇ ਰਹੀ ਗਾਈਆ । ਸਾਚਾ ਮੰਦਰ ਮਿਲੇ ਨਾ ਕਿਸੇ ਮਕਾਨ, ਮੰਦਰ ਮਸਜਦ ਸ਼ਿਵਦਵਾਲੇ ਮੱਠ ਕੋਟਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਸਾਚਾ ਦਰ, ਧੁਰ ਦਰਬਾਰੀ ਦਇਆ ਕਮਾਈਆ । ਸ੍ਰੀ ਭਗਵੰਤ ਕਹੇ ਸੁਣ ਸਾਚੇ ਪੂਤ, ਪਿਤਾ ਦੇਵਣਹਾਰ ਵਡਿਆਈਆ । ਕਲਜੁਗ ਵੇਖ ਚਾਰੇ ਕੂਟ, ਦਹਿ ਦਿਸ਼ਾ ਖੋਜ ਖੁਜਾਈਆ । ਲੇਖਾ ਜਾਣ ਪੰਜ ਤਤ ਕਾਇਆ ਭੂਤ, ਭਵਿਖਤ ਲਹਿਣਾ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਗਏ ਕੂਚ, ਥਿਰ ਰਹਿਣ ਕੋਇ ਨਾ ਪਾਈਆ । ਤੇਰਾ ਨਾਮ ਸੰਦੇਸਾ ਦੇ ਕੇ ਗਏ ਸੂਚ, ਸੂਚਨਾ ਇਕੋ ਇਕ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦੀ ਸ਼ਬਦ ਭੇਜ ਧੁਰ ਦਾ ਦੂਤ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਭੇਵ ਚੁਕਾਏ ਜੂਠ ਝੂਠ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਸੁਚ ਸੁਹਾਵੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਲੇਖਾ ਜਾਣੇ ਕਾਇਆ ਮਾਟੀ ਖ਼ਾਕੀ ਬੁੱਤ, ਰੂਹ ਪਾਕੀ ਪਾਕ ਸਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੂਫ਼ੀ ਸੰਤ ਗੋਦੀ ਲਏ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਈਆ । ਸਾਚੀ ਸੇਵਾ ਕਰ ਜਗ, ਹਰਿ ਕਰਤਾ ਆਪ ਜਣਾਇੰਦਾ ਸ੍ਰਿਸ਼ਟ ਸਬਾਈ ਲੱਗੀ ਅੱਗ, ਬਿਨ ਸ਼ਬਦ ਨਾ ਕੋਇ ਬੁਝਾਇੰਦਾ । ਸ਼ਾਹ ਸੁਲਤਾਨ ਰਹੇ ਭੱਜ, ਧੀਰਜ ਧੀਰ ਨਾ ਕੋਇ ਵਖਾਇੰਦਾ । ਸਾਧ ਸੰਤ ਰਹੇ ਨੱਚ, ਸਵਾਂਗੀ ਸਵਾਂਗ ਨਾ ਕੋਇ ਵਖਾਇੰਦਾ । ਮੱਕੇ ਕਾਅਬੇ ਕਰ ਕਰ ਥੱਕੇ ਹੱਜ, ਮਹਿਬੂਬ ਨਜ਼ਰ ਕਿਸੇ ਨਾ ਆਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਟੇਕੇ ਮੱਥ, ਮਸਤਕ ਰੇਖ ਨਾ ਕੋਇ ਮਿਟਾਇੰਦਾ । ਨਿਜ ਨੇਤਰ ਲੋਚਣ ਸਕੇ ਨਾ ਕੋਇ ਤੱਕ, ਜਲਵਾ ਹਰਿ ਨਾ ਕੋਇ ਵਖਾਇੰਦਾ । ਪੜ੍ਹ ਪੜ੍ਹ ਵਿਦਿਆ ਗਏ ਅੱਕ, ਚੌਦਾਂ ਵਿਦਿਆ ਭੇਵ ਕੋਇ ਨਾ ਆਇੰਦਾ । ਆਤਮ ਪਰਮਾਤਮ ਮਿਲਿਆ ਕਿਸੇ ਨਾ ਰਸ, ਅਠਸਠ ਤੀਰਥ ਜਗਤ ਖੋਜ

ਖੁਜਾਇੰਦਾ । ਨਾੜ ਬਹੱਤਰ ਸਭ ਦੀ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਤ੍ਰੈਗੁਣ ਮਾਇਆ ਅਗਨੀ ਰਹੇ ਮਚ, ਤਤਵ ਤਤ ਭੇਵ ਨਾ ਕੋਇ ਖੁਲ੍ਹਾਇੰਦਾ । ਨੌ ਖੰਡ ਨੌ ਦਵਾਰ ਰਹੇ ਨੱਚ, ਦਸਵੇਂ ਮੇਲ ਨਾ ਕੋਇ ਮਿਲਾਇੰਦਾ । ਜਨ ਭਗਤਾਂ ਜਾ ਕੇ ਦੇ ਧੁਰ ਦਾ ਹੱਕ, ਸ੍ਰੀ ਭਗਵਾਨ ਇਕ ਸਮਝਾਇੰਦਾ । ਸਚ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਸ਼ਬਦ ਸੁਤ ਉਠ ਵੇਖ ਲੋਕਮਾਤ, ਮਾਤਰ ਭੂਮੀ ਦਏ ਦੁਹਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸੱਚਾ ਚੰਦ ਨਾ ਕੋਇ ਚਮਕਾਈਆ । ਸ਼ਿਵਦਵਾਲੇ ਮੱਠ ਗ੍ਰੰਥੀ ਪੰਥੀ ਪੰਡਤ ਪਾਂਧੇ ਕਰਦੇ ਪਾਠ, ਸੁਰਤੀ ਸ਼ਬਦੀ ਮੇਲ ਨਾ ਕੋਇ ਮਿਲਾਈਆ । ਫਿਰ ਫਿਰ ਥੱਕੇ ਤੀਰਥ ਤਾਟ, ਸਰੋਵਰ ਸੱਚਾ ਨਹਾਵਣ ਨਾ ਕੋਇ ਨਹਾਈਆ । ਦੁਰਮਤ ਮੈਲ ਨਾ ਦੇਵੇ ਕੋਈ ਕਾਟ, ਕੰਚਨ ਰੂਪ ਨਾ ਕੋਇ ਵਖਾਈਆ । ਨਾਮ ਅਮੋਲਕ ਵਸਤ ਦੇਵੇ ਨਾ ਕੋਈ ਦਾਤ, ਦਇਆਵਾਨ ਦਇਆ ਨਾ ਕੋਇ ਕਮਾਈਆ । ਮਨਮਤ ਨਾਰ ਹੋਈ ਕਮਜਾਤ, ਹਰਿ ਕੰਤ ਨਾ ਕੋਇ ਮਿਲਾਈਆ । ਕੂੜੀ ਕਿਰਿਆ ਨਾਤਾ ਜੁੜਿਆ ਸੱਜਣ ਸਾਕ, ਪੁਰਖ ਬਿਧਾਤਾ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਈ ਨਾ ਜਾਣੇ ਭਵਿਖਤ ਵਾਕ, ਸ੍ਰਿਸ਼ਟ ਸਬਾਈ ਭਰਮੇ ਭੁੱਲੀ ਜਗਤ ਲੋਕਾਈਆ । ਹਉਮੇਂ ਹੰਗਤਾ ਘਰ ਘਰ ਕਰੇ ਨਾਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੁਤ ਸ਼ਬਦ ਉਠ ਚਲ ਜ਼ਰੂਰ, ਹਰਿ ਕਰਤਾ ਆਪ ਜਣਾਇੰਦਾ । ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਐਨਲਹਕ ਨਾਅਰਾ ਇਕ ਲਗਾਇੰਦਾ । ਸੋ ਵੇਖਣਹਾਰਾ ਸਰਬ ਕਸੂਰ, ਲੱਖ ਚੁਰਾਸੀ ਬਚਿਆ ਨਜ਼ਰ ਕੋਇ ਨਾ ਆਇੰਦਾ । ਸਦੀ ਚੌਧਵੀਂ ਚਾਰੇ ਕੁੰਟ ਹੋਈ ਮਜਬੂਰ, ਮੁਸ਼ਕਲ ਹੱਲ ਨਾ ਕੋਇ ਕਰਾਇੰਦਾ । ਨੇਤਰ ਰੋਵੇ ਗ਼ਰੀਬ ਨਿਮਾਣਾ ਮਜ਼ਦੂਰ, ਸੀਸ ਹੱਥ ਨਾ ਕੋਇ ਟਿਕਾਇੰਦਾ । ਜਗਤ ਵਿਕਾਰਾ ਸ਼ਾਹ ਸੁਲਤਾਨਾਂ ਭਰਿਆ ਗ਼ਰੂਰ, ਗ਼ੁਰਬਤ ਮੇਟ ਨਾ ਕੋਇ ਮਿਟਾਇੰਦਾ । ਚਾਰੋਂ ਕੁੰਟ ਡੰਕਾ ਵੱਜਾ ਕੂੜੋ ਕੂੜ, ਸਚ ਸੁਚ ਨਿਸ਼ਾਨਾ ਨਜ਼ਰ ਕੋਇ ਨਾ ਆਇੰਦਾ । ਕਿਸੇ ਗੁਰਮੁਖ ਸੱਚੀ ਮਿਲੇ ਨਾ ਕੋਇ ਧੂੜ, ਟਿੱਕਾ ਨਾਮ ਨਾ ਕੋਇ ਲਗਾਇੰਦਾ । ਸਾਚਾ ਨਾਮ ਲੋਕਮਾਤ ਵਿਚੋਂ ਹੋਇਆ ਮਫ਼ਰੂਰ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਇੰਦਾ । ਸੁਤ ਸ਼ਬਦ ਉਠ ਵੇਖ ਜਾ, ਜਾਗਰਤ ਜੋਤ ਕਰ ਰੁਸ਼ਨਾਈਆ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਵੇਦ ਵਿਆਸਾ ਬਣੇ ਗਵਾਹ, ਸ਼ਹਾਦਤ ਤੇਰੇ ਨਾਲ ਭੁਗਤਾਈਆ । ਵਕਤ ਸੁਹੇਲਾ ਰਿਹਾ ਆ, ਥਿਤ ਵਾਰ ਬੈਠੀ ਰਾਹ ਤਕਾਈਆ । ਚੌਦਾਂ ਤਬਕ ਨੈਣ ਰਹੇ ਉਠਾ, ਸਦੀ ਚੌਧਵੀਂ ਆਪਣਾ ਪੰਧ ਮੁਕਾਈਆ । ਕਵਣ ਵੇਲਾ ਨੇਤਰ ਖੋਲ੍ਹੇ ਬੇਪਰਵਾਹ, ਪਰਵਰਦਿਗਾਰ ਫੇਰਾ ਪਾਈਆ । ਪਰਦਾ ਉਹਲਾ ਦਏ ਚੁਕਾ, ਮੁਖ ਨਕ਼ਾਬ ਨਾ ਕੋਇ ਟਿਕਾਈਆ । ਸਾਚਾ ਸਜਦਾ ਦਏ ਵਖਾ, ਸੀਸ ਜਗਦੀਸ ਇਕ ਨਿਵਾਈਆ । ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਮੁਰਸ਼ਦ ਮੁਰੀਦਾਂ ਪਕੜੇ ਬਾਂਹ, ਫੜ ਬਾਂਹੋਂ ਗਲੇ ਲਗਾਈਆ । ਸੋ ਕਲਮਾ ਦੇਣਾ ਪੜ੍ਹਾ, ਜਿਸ ਕਲਮੇ ਵਿਚੋਂ ਕਾਇਨਾਤ ਉਸ ਦਾ ਨੂਰ ਨਜ਼ਰੀ ਆਈਆ । ਸ਼ਰਅ ਸ਼ਰੀਅਤ ਤੋਂ ਬਾਹਰ ਵਸੇ ਖ਼ੁਦਾ, ਖ਼ੁਦੀ ਤਕਬਰੀ ਸਾਹਿਬ ਸੱਚੇ ਕਦੇ ਨਾ ਭਾਈਆ । ਆਤਮ ਪਰਮਾਤਮ ਮਾਰਗ ਦੱਸਣਾ ਸਿਧਾ, ਸਿਦਕ ਸਬੂਰੀ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸਮਝਾਈਆ । ਧੁਰ ਸੰਦੇਸਾ ਲੈ ਜਾ ਜਗ, ਜਗਜੀਵਣ ਦਾਤਾ ਆਪ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਬੁਝੇ ਅੱਗ, ਅਗਨੀ ਤਤ ਆਪ ਮਿਟਾਇੰਦਾ । ਜਨ ਭਗਤਾਂ ਮੇਲ ਮਿਲਾਉਣਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਇਕੋ ਘਰ ਵਖਾਇੰਦਾ । ਬਿਨ ਮੱਕੇ ਕਾਅਬਿਉਂ ਕਰੌਣਾ ਹੱਜ, ਹੁਜਰਾ ਹੱਕ ਇਕ ਵਡਿਆਇੰਦਾ । ਸਾਚਾ ਦੀਪਕ ਹੋ ਕੇ ਜਾਣਾ ਜਗ, ਅਗਿਆਨ ਅੰਧੇਰ ਦੂਰ ਕਰਾਇੰਦਾ । ਅੰਮ੍ਰਿਤ ਜਾਮ ਪਿਔਣਾ ਰੱਜ, ਨਿਝਰ ਝਿਰਨਾ ਇਕ ਵਖਾਇੰਦਾ । ਪਰੇਮ ਪ੍ਰੀਤੀ ਅੰਦਰ ਲੈਣਾ ਸੱਦ, ਸੱਦਾ ਹੋਕਾ ਆਪਣਾ ਨਾਮ ਸੁਣਾਇੰਦਾ । ਵਿਸ਼ਵ ਬਣੌਣੀ ਸਾਚੀ ਯਦ, ਵਾਸਤਾ ਆਪਣੇ ਨਾਲ ਰਖਾਇੰਦਾ । ਦੀਨ ਮਜ਼੍ਹਬ ਰਹੇ ਕੋਈ ਨਾ ਅੱਡ, ਜਾਤ ਪਾਤ ਡੇਰਾ ਢਾਹਿੰਦਾ । ਪਿਛਲੀ ਰੀਤੀ ਸਾਰੇ ਜਾਵਣ ਛੱਡ, ਅੱਗੇ ਤੇਰਾ ਹੁਕਮ ਮਨਾਇੰਦਾ । ਧਰਮ ਸੰਦੇਸ ਵਜੌਣਾ ਨਦ, ਨੌਬਤ ਤੇਰਾ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਏਕਾ ਵਾਰ, ਏਕੰਕਾਰ ਦਏ ਜਣਾਈਆ । ਲੇਖਾ ਚੁੱਕੇ ਜੁਗ ਚਾਰ, ਨੌ ਸੌ ਚੁਰਾਨਵੇਂ ਚੌਕੜੀ ਬੈਠੀ ਪੰਧ ਮੁਕਾਈਆ । ਵੇਲਾ ਵਕਤ ਸੁਹਾਏ ਸਾਂਝਾ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਖ਼ੁਸ਼ੀ ਮਨਾਵਣ ਗੁਰ ਅਵਤਾਰ, ਪੀਰ ਪੈਗ਼ੰਬਰ ਢੋਲਾ ਗਾਈਆ । ਵਾਹ ਵਾ ਸਾਡਾ ਲੇਖਾ ਕਰਜ਼ਾ ਮੁਕੇ ਉਧਾਰ, ਮਕਰੂਜ਼ ਆਪਣਾ ਫ਼ਰਜ਼ ਪੂਰਾ ਰਿਹਾ ਕਰਾਈਆ । ਜੋ ਲੇਖਾ ਲਿਖ ਕੇ ਆਏ ਵਿਚ ਸੰਸਾਰ, ਨਾਤਾ ਜੋੜ ਕਾਗ਼ਜ਼ ਕਲਮ ਸ਼ਾਹੀਆ । ਤਿਸ ਨੂੰ ਵੇਖੇ ਆਪੇ ਵੇਖਣਹਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਅੱਖ ਖੁਲ੍ਹਾਈਆ । ਸੁਤ ਦੁਲਾਰਾ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਕਰ ਖ਼ਬਰਦਾਰ, ਪੁਰੀ ਲੋਅ ਆਕਾਸ਼ ਧਰਨੀ ਧਰਤ ਦੇ ਹਿਲਾਈਆ । ਨਿਰਗੁਣ ਸਰਗੁਣ ਬਣ ਸਿਕਦਾਰ, ਧੁਰ ਸੰਦੇਸਾ ਹੁਕਮ ਮਨਾਈਆ । ਸਾਚੇ ਭਗਤਾਂ ਦੇ ਦੀਦਾਰ, ਸੰਤ ਸਾਜਨ ਲੈ ਉਠਾਈਆ । ਸ਼ਬਦ ਸੰਦੇਸਾ ਬੋਲ ਜੈਕਾਰ, ਸਾਚਾ ਨਾਮ ਇਕ ਸਮਝਾਈਆ । ਤੇਰਾ ਮੇਰਾ ਇਕ ਦਰਬਾਰ, ਤਖ਼ਤ ਨਿਵਾਸੀ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਵੇਖ ਜਗਤ ਹੁਲਾਰਾ, ਜਗਜੀਵਣ ਦਾਤਾ ਆਪ ਜਣਾਇੰਦਾ । ਜੁਗ ਚੌਕੜੀ ਕਰਨਾ ਪਾਰ ਕਿਨਾਰਾ, ਤੇਰੀ ਸੇਵਾ ਇਕ ਸਮਝਾਇੰਦਾ । ਗੁਰ ਅਵਤਾਰ ਜੋ ਦੇ ਕੇ ਗਏ ਲਾਰਾ, ਸੋ ਲੇਖਾ ਤੇਰੇ ਹੱਥ ਫੜਾਇੰਦਾ । ਤੂੰ ਜੋਧਾ ਸੂਰਬੀਰ ਬਲਕਾਰਾ, ਤੇਰਾ ਅੰਤ ਕੋਇ ਨਾ ਪਾਇੰਦਾ । ਤੇਰਾ ਮਹਲ ਅਟੱਲ ਉਚ ਮਨਾਰਾ, ਥਿਰ ਘਰ ਸੋਭਾ ਪਾਇੰਦਾ । ਤੂੰ ਨਿਤ ਨਵਿਤ ਲਏਂ ਅਵਤਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਤੇਰਾ ਨਾਮ ਸਚ ਜੈਕਾਰਾ, ਖਾਣੀ ਬਾਣੀ ਤੇਰੀ ਸਿਫ਼ਤ ਸਾਲਾਹਿੰਦਾ । ਤੂੰ ਸ਼ਹਿਨਸ਼ਾਹ ਸਿਕਦਾਰਾ, ਦੋ ਜਹਾਨਾਂ ਰਾਜ ਕਮਾਇੰਦਾ । ਤੂੰ ਆਵਣ ਜਾਵਣ ਖੇਲ ਕਰੇਂ ਬਣ ਵਣਜਾਰਾ, ਚੌਦਾਂ ਲੋਕ ਚੌਦਾਂ ਤਬਕ ਹੱਟ ਚਲਾਇੰਦਾ । ਤੂੰ ਚੌਦਾਂ ਵਿਦਿਆ ਦੇਵਣਹਾਰ ਭੰਡਾਰਾ, ਰਸਨਾ ਜਿਹਵਾ ਬੱਤੀ ਦੰਦ ਪੜ੍ਹਾਇੰਦਾ । ਤੂੰ ਕਾਤਬ ਬਣ ਕੇ ਲੇਖਾ ਲਿਖੇ ਲਿਖਾਰਾ, ਸਾਚੀ ਕਰਨੀ ਕਾਰ ਕਮਾਇੰਦਾ । ਤੂੰ ਮੇਟਣਹਾਰਾ ਅੰਧ ਅੰਧਿਆਰਾ, ਕੂੜੀ ਕਿਰਿਆ ਡੇਰਾ ਢਾਹਿੰਦਾ । ਤੂੰ ਵਖਾਵਣਹਾਰਾ ਮੰਜ਼ਲ ਮੰਦਰ ਉਚ ਮਨਾਰਾ, ਜਿਸ ਘਰ ਨਿਰਗੁਣ ਨਿਰਵੈਰ ਬੈਠਾ ਨਜ਼ਰੀ ਆਇੰਦਾ । ਤੂੰ ਜਾਨਣਹਾਰਾ ਆਰ ਪਾਰ ਮੰਝਧਾਰ ਕਿਨਾਰਾ, ਪਰਦਾ ਉਹਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਸੇਵਾ ਇਕ ਲਗਾਇੰਦਾ । ਤੇਰੀ

ਸੇਵਾ ਲਗਾਈ ਅਗੰਮ, ਅਲੱਖ ਅਗੋਚਰ ਦਏ ਵਡਿਆਈਆ । ਲੋਕਮਾਤ ਬੇੜਾ ਬੰਨ, ਰੁੜਦੀ ਦਿਸੇ ਜਗਤ ਲੋਕਾਈਆ । ਸਚ ਸੰਦੇਸ ਸੁਣਾ ਕੰਨ, ਧੁਰ ਦਾ ਰਾਗ ਅਲਾਈਆ । ਕੂੜੀ ਕਿਰਿਆ ਮੇਟ ਵਾਸਨਾ ਮਨ, ਮਨ ਮਣਕਾ ਦੇ ਭਵਾਈਆ । ਭਾਗ ਲਗਾ ਖ਼ਾਕੀ ਤਨ, ਨਿਰਮਲ ਜੋਤ ਕਰ ਰੁਸ਼ਨਾਈਆ । ਜਲਵਾ ਵਖਾ ਅੰਧੇਰੇ ਅੰਨ੍ਹ, ਨਿਰਗੁਣ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਥਾਉਂ ਥਾਈਂਆ । ਥਾਉਂ ਥਾਈਂ ਜਾ ਕੇ ਖੋਜ, ਖੋਜਤ ਖੋਜਤ ਤੇਰੀ ਤੇਰੇ ਵਿਚ ਵਡਿਆਈਆ । ਜੋ ਪ੍ਰਭ ਦਰਸਨ ਰਹੇ ਲੋਚ, ਤਿਨ੍ਹਾਂ ਗੁਰਮੁਖਾਂ ਲੈ ਉਠਾਈਆ । ਦੇਣਾ ਮਾਣ ਲੋਕ ਪਰਲੋਕ, ਦੋ ਜਹਾਨਾਂ ਖ਼ੁਸ਼ੀ ਵਖਾਈਆ । ਸਚ ਸੁਹੰਜਣਾ ਦੱਸਣਾ ਸਲੋਕ, ਸੋਹੰ ਢੋਲਾ ਇਕੋ ਗਾਈਆ । ਪਰਦਾ ਉਹਲਾ ਉਠੌਣਾ ਕਾਇਆ ਬੰਕ ਦਵਾਰੇ ਕੋਟ, ਗ੍ਰਿਹਿ ਮੰਦਰ ਹੋਏ ਰੁਸ਼ਨਾਈਆ । ਆਤਮ ਤਨ ਪਰਮਾਤਮ ਲਗੌਣੀ ਚੋਟ, ਧੁਨ ਅਨਾਦੀ ਨਾਦ ਸੁਣਾਈਆ । ਜੂਠੀ ਝੂਠੀ ਕਿਰਿਆ ਕੱਢਣੀ ਖੋਟ, ਸਚ ਸੁਚ ਵਸਤ ਇਕ ਵਰਤਾਈਆ । ਪਰੇਮ ਪਿਆਰ ਪ੍ਰੀਤੀ ਅੰਦਰ ਹੋਣਾ ਮੋਹਤ, ਮੁਹੱਬਤ ਸਾਚੇ ਘਰ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਬਣੌਣੀ ਗੋਤ, ਜਾਤ ਪਾਤ ਰਾਓ ਰੰਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਸਮਝਾਈਆ । ਸਾਚਾ ਲੇਖਾ ਲੈਣਾ ਸਮਝ, ਹਰਿ ਕਰਤਾ ਆਪ ਜਣਾਇੰਦਾ । ਸ਼ਬਦੀ ਸ਼ਬਦ ਲਗੌਣੀ ਰਮਜ਼, ਰਹੀਮ ਰਹਿਮਾਨ ਵੇਖ ਵਖਾਇੰਦਾ । ਦੂਈ ਦਵੈਤੀ ਕੱਢਣੀ ਮਰਜ਼, ਤਬੀਬ ਤੇਰਾ ਨਾਉਂ ਧਰਾਇੰਦਾ । ਭਗਤ ਉਧਾਰਨ ਤੇਰਾ ਫ਼ਰਜ਼, ਸਾਚੀ ਸੇਵਾ ਇਕ ਸਮਝਾਇੰਦਾ । ਸੰਤਾਂ ਮਿਲਾਉਣਾ ਤੇਰੀ ਗ਼ਰਜ਼, ਜ਼ਰੂਰਤ ਆਪਣੇ ਨਾਲ ਰਖਾਇੰਦਾ । ਇਹੋ ਖੇਲ ਸਦਾ ਅਸਚਰਜ, ਮਨ ਮਤ ਬੁਧ ਸਮਝ ਕੋਇ ਨਾ ਪਾਇੰਦਾ । ਛੁਰੀ ਜਗਤ ਸੀਸ ਚਲੇ ਨਾ ਕੋਇ ਕਰਦ, ਜ਼ਬ੍ਹਾ ਰੂਪ ਨਾ ਕੋਇ ਵਟਾਇੰਦਾ । ਦੀਨਾਂ ਅਨਾਥਾਂ ਵੰਡਣਾ ਦਰਦ, ਦਇਆਵਾਨ ਆਪ ਸਮਝਾਇੰਦਾ । ਸੂਫ਼ੀਆਂ ਸੰਤਾਂ ਸੁਣਨੀ ਅਰਜ਼, ਆਸਰਾ ਤੇਰਾ ਇਕ ਰਖਾਇੰਦਾ । ਮਜ਼ਲੂਮਾਂ ਉਪਰ ਕਰਨਾ ਤਰਸ, ਮਾਸੂਮਾਂ ਤੇਰੀ ਝੋਲੀ ਪਾਇੰਦਾ । ਜੋਧਾ ਸੂਰਬੀਰ ਬਣਨਾ ਮਰਦ, ਮਰਦਾਨਗੀ ਤੇਰੇ ਹੱਥ ਫੜਾਇੰਦਾ । ਤੇਰਾ ਨਾਮ ਧੁਰ ਦਾ ਖੰਡਾ ਖੜਗ, ਦੋ ਜਹਾਨ ਭੈ ਭੌ ਸਰਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਇੰਦਾ । ਸਾਚਾ ਖੇਲ ਵਖਾਏ ਖ਼ਾਲਕ, ਹਰਿ ਕਰਤਾ ਦਏ ਵਡਿਆਈਆ । ਸ਼ਬਦ ਸੁਤ ਤੈਨੂੰ ਨਿੰਦਰਾ ਨਾ ਕੋਈ ਆਲਸ, ਗ਼ਫ਼ਲਤ ਵਿਚ ਕਦੇ ਨਾ ਆਈਆ । ਜੁਗ ਚੌਕੜੀ ਬਣਦਾ ਰਿਹੋਂ ਸਾਲਸ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਅੰਤਮ ਗੁਰਮੁਖ ਗੁਰਸਿਖ ਕੱਢ ਖ਼ਾਲਸ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸ੍ਰੀ ਭਗਵਾਨ ਵੇਖੇ ਸਚ ਅਦਾਲਤ, ਅਦਲੀ ਬੈਠਾ ਬੇਪਰਵਾਹੀਆ । ਜਿਨ੍ਹਾਂ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਜ਼ਮਾਨਤ, ਦੂਜਾ ਜ਼ਾਮਨੀ ਸਕੇ ਨਾ ਕੋਇ ਭਰਾਈਆ । ਗ਼ੈਰ ਔਣ ਦੀ ਨਾ ਕੋਈ ਮਮਾਨਤ, ਜੋ ਕੋਈ ਆਵੇ ਪ੍ਰਭ ਦਰ ਸੀਸ ਝੁਕਾਈਆ । ਸਾਹਿਬ ਸੁਲਤਾਨ ਸਚ ਮਹਿਬੂਬ ਮਿਲੇ ਸਹੀ ਸਲਾਮਤ, ਸ਼ਾਹ ਪਾਤਸ਼ਾਹ ਸ੍ਰੀ ਭਗਵਾਨ ਇਕ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਤ ਸ਼ਬਦ ਉਠ ਵੇਖ ਜਾਗ, ਹਰਿ ਕਰਤਾ ਆਪ ਜਣਾਈਆ । ਕਲਜੁਗ ਜੀਵ ਹੋਏ ਕਾਗ, ਬੁੱਧੀ ਕਾਗ ਵਾਂਗ ਕੁਰਲਾਈਆ । ਦੁਰਮਤ ਮੈਲ ਕੋਈ ਨਾ ਧੋਵੇ ਦਾਗ਼, ਨਿਰਮਲ ਰੂਪ ਨਾ ਕੋਇ ਵਖਾਈਆ । ਕੂੜੀ ਕਿਰਿਆ ਲੱਗੀ ਆਗ,

ਅੰਮ੍ਰਿਤ ਮੇਘ ਸੀਤਲ ਸਤਿ ਨਾ ਕੋਇ ਵਰਤਾਈਆ । ਸ਼ੌਹ ਦਰਿਆਏ ਡੁੱਬਦਾ ਦਿਸੇ ਜਹਾਜ਼, ਖੇਵਟ ਖੇਟਾ ਬੇੜਾ ਪਾਰ ਨਾ ਕੋਇ ਕਰਾਈਆ । ਅੰਦਰ ਵੜ ਕੇ ਕੋਈ ਨਾ ਖੋਲ੍ਹੇ ਰਾਜ਼, ਪੜਦਾ ਸਕੇ ਨਾ ਕੋਇ ਚੁਕਾਈਆ । ਜਿਸ ਦਾ ਕਲਮਾ ਪੜ੍ਹਦੇ ਨਿਮਾਜ਼, ਕਰ ਵੁਜ਼ੂ ਕੰਨਾਂ ਵਿਚ ਉਂਗਲਾਂ ਰਹੇ ਪਾਈਆ । ਉਸ ਦਾ ਅੰਤਰ ਆਤਮ ਕਿਸੇ ਨਾ ਆਇਆ ਸਵਾਦ, ਮਨ ਕਰ ਕੇ ਜ਼ਬ੍ਹਾ ਛੁਰੀ ਹੱਕ ਹਲਾਲ ਹੱਥ ਨਾ ਕਿਸੇ ਉਠਾਈਆ । ਮਿਲਿਆ ਮੇਲ ਨਾ ਸਚ ਮਹਿਰਾਬ, ਮਹਿਬੂਬ ਮੁਹੱਬਤ ਨਾ ਕੋਇ ਲਗਾਈਆ । ਅੰਤਮ ਸਭ ਤੋਂ ਲਏ ਖ਼ਰਾਜ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧੰਦੇ ਰਿਹਾ ਲਗਾਈਆ । ਸ਼ਬਦ ਸੁਤ ਉਠ ਲਗ ਜਾ ਧੰਦੇ, ਧੁੰਦੂਕਾਰ ਦੇ ਮਿਟਾਈਆ । ਲੱਖ ਚੁਰਾਸੀ ਵਿਚੋਂ ਵੇਖ ਖ਼ਾਕੀ ਬੰਦੇ, ਜੋ ਬੰਦਗੀ ਸਾਚੀ ਰਹੇ ਕਮਾਈਆ । ਪਕੜ ਵਿਰੋਲ ਮਨ ਵਾਸਨਾ ਗੰਦੇ, ਗੰਦਗੀ ਵਿਚ ਬੈਠੇ ਆਪਣਾ ਆਪ ਡੁਬਾਈਆ । ਚੜ੍ਹਿਆ ਚੰਦ ਨਾ ਕਿਸੇ ਨਵ ਚੰਦੇ, ਅਮਾਵਸ ਰੂਪ ਬੈਠੇ ਨਜ਼ਰੀ ਆਈਆ । ਤ੍ਰੈਗੁਣ ਮਾਇਆ ਪਾਏ ਫੰਦੇ, ਪੰਜ ਵਿਕਾਰ ਬੰਧਨ ਨਾ ਕੋਇ ਤੁੜਾਈਆ । ਸਾਚੀ ਮੰਜ਼ਲ ਪੰਧ ਨਾ ਮੁਕਿਆ ਆਏ ਨਾ ਧੁਰ ਦੇ ਕੰਢੇ, ਅੱਗੇ ਸਮਝ ਕਿਸੇ ਨਾ ਆਈਆ । ਤਨ ਮਾਟੀ ਸੀਨੇ ਕਿਸੇ ਨਾ ਹੋਏ ਠੰਡੇ, ਆਬੇਹਯਾਤ ਪਿਆਲਾ ਮੁਖ ਨਾ ਕੋਇ ਲਗਾਈਆ । ਸਿਰੋਂ ਪੈਰੋਂ ਦਿਸਦੇ ਨੰਗੇ, ਓਢਨ ਸੀਸ ਨਾ ਕੋਇ ਟਿਕਾਈਆ । ਸਾਚੀ ਧਾਰ ਮਿਲੀ ਨਾ ਖੰਡੇ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਬਿਨ ਪ੍ਰੀਤਮ ਪਿਆਰੇ ਹੋਏ ਰੰਡੇ, ਦੁਹਾਗਣ ਰੂਪ ਰਹੇ ਵਟਾਈਆ । ਜਨਮ ਜਨਮ ਦੀ ਟੁਟੀ ਕੋਈ ਨਾ ਗੰਢੇ, ਪੱਲੂ ਗੰਢ ਨਾ ਕੋਇ ਵਖਾਈਆ । ਸਾਚਾ ਸੱਜਣ ਚੁੱਕੇ ਕੋਈ ਨਾ ਕੰਧੇ, ਸੀਸ ਭਾਰ ਨਾ ਕੋਇ ਉਠਾਈਆ । ਜਗਤ ਦਵਾਰਾ ਕੋਈ ਨਾ ਲੰਘੇ, ਬਿਨ ਮੁਰਸ਼ਦ ਮੁਰੀਦਾਂ ਮਿਲੇ ਨਾ ਬੇਪਰਵਾਹੀਆ । ਘਰ ਘਰ ਬਣ ਕੇ ਬੈਠੇ ਚੰਗੇ, ਕਾਇਆ ਮਾਟੀ ਪੋਚ ਪੁਚਾਈਆ । ਪ੍ਰਭ ਮਿਲਣ ਨੂੰ ਸਾਰੇ ਅੰਧੇ, ਨਿਜ ਨੇਤਰ ਅੱਖ ਨਾ ਕਿਸੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਸਚ ਕਰਨੀ ਰਿਹਾ ਦ੍ਰਿੜਾਈਆ । ਸ਼ਬਦ ਸੁਤ ਵੇਖ ਕਰ ਵਿਚਾਰ, ਬਿਨ ਸਮਝ ਲੈ ਅੰਗੜਾਈਆ । ਭਗਤ ਸੰਤ ਲੈ ਉਠਾਲ, ਸਚ ਇਸ਼ਾਰਾ ਇਕ ਲਗਾਈਆ । ਗੁਰਮੁਖ ਗੁਰਸਿਖ ਵੇਖ ਲਾਲ, ਬੱਚਿਆਂ ਬਚਪਨ ਦੇ ਜਣਾਈਆ । ਨਾਤਾ ਤੋੜਨਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਕਾਇਆ ਮੰਦਰ ਅੰਦਰ ਵੇਖਣੀ ਸੱਚੀ ਧਰਮਸਾਲ, ਕਾਅਬਾ ਇਕੋ ਨੂਰ ਖ਼ੁਦਾਈਆ । ਅੰਮ੍ਰਿਤ ਸੁਹਾਏ ਸੁਹੰਜਣਾ ਤਾਲ, ਰਸ ਆਪਣਾ ਨਾਮ ਭਰਾਈਆ । ਦੀਆ ਬਾਤੀ ਦੇਣਾ ਬਾਲ, ਕਮਲਾਪਾਤੀ ਹੋਏ ਸਹਾਈਆ । ਸਾਚਾ ਮੰਦਰ ਦੇਣਾ ਵਖਾਲ, ਨਵ ਦਰ ਪੰਧ ਚੁਕਾਈਆ । ਬਜਰ ਕਪਾਟੀ ਦੇਣੀ ਪਾੜ, ਪਰਦਾ ਉਹਲਾ ਰਹੇ ਕੋਇ ਨਾ ਰਾਈਆ । ਸੇਜ ਸੁਹੰਜਣੀ ਦੇਣਾ ਸਵਾਲ, ਬਿਨ ਪਾਵਾ ਚੂਲ ਖ਼ੁਸ਼ੀ ਮਨਾਈਆ । ਇਕੋ ਬਖ਼ਸ਼ਣਾ ਧੁਰ ਜਲਾਲ, ਜਲਵਾਗਰ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਲਏ ਵਡਿਆਈਆ । ਸ਼ਬਦ ਵੇਖ ਸਚ ਮੁਰੀਦ, ਮੁਹੱਬਤ ਇਕ ਜਣਾਈਆ । ਜਿਨ੍ਹਾਂ ਪਿਆਰਿਆਂ ਮੇਰੀ ਦੀਦ, ਤਿਨ੍ਹਾਂ ਦੇਵਾਂ ਮਾਣ ਵਡਿਆਈਆ । ਪਾਵਾਂ ਸਾਰ ਨੀਚੋਂ ਨੀਚ, ਨੀਕਨ ਨੀਕਾ ਰੂਪ ਵਟਾਈਆ । ਕਲਜੁਗ ਔਧ ਰਹੀ ਬੀਤ, ਸਤਿਜੁਗ ਸਚ ਲਏ ਅੰਗੜਾਈਆ । ਜਿਸ ਵਿਚ ਮਾਣਸ ਮਾਨੁਖ ਮਾਨੁਸ਼ ਚਲੇ ਇਕੋ ਰੀਤ, ਸ਼ਰਅ ਕਰੇ ਨਾ ਕੋਇ ਲੜਾਈਆ । ਹਸਤ ਕੀਟ ਸਚ ਪ੍ਰੀਤ, ਨਵ ਨਵ ਚਾਰ ਦੇਣੀ ਬੰਧਾਈਆ । ਚਾਰ ਅਠਾਰਾਂ ਗਾਵੇ

੧੦੯੯ ੧੯

ਇਕੋ ਗੀਤ, ਅਠ ਦਸ ਸ਼ਬਦ ਪੜ੍ਹਾਈਆ । ਨਵ ਨੌ ਚਾਰ ਬਣੇ ਮੀਤ, ਸੱਜਣ ਸੱਚਾ ਇਕੋ ਨਜ਼ਰੀ ਆਈਆ । ਇਕੋ ਮੰਦਰ ਸ਼ਿਵਦਵਾਲਾ ਮੱਠ ਸੱਚੀ ਮਸੀਤ, ਜਿਸ ਘਰ ਵਸੇ ਬੇਪਰਵਾਹੀਆ । ਜਨ ਭਗਤਾਂ ਨਜ਼ਰ ਆਏ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਓਸੇ ਵਿਚ ਸਚ ਤੌਫ਼ੀਕ, ਤੋਹਫ਼ਾ ਘਰ ਘਰ ਰਿਹਾ ਪੁਚਾਈਆ । ਜਨ ਭਗਤ ਬੱਚੇ ਵੇਖੇ ਅਜ਼ੀਜ਼, ਨੰਨ੍ਹੇ ਆਪਣੀ ਗੋਦ ਉਠਾਈਆ । ਸਾਚੇ ਸੰਤਾਂ ਬਖ਼ਸ਼ ਪ੍ਰੀਤ, ਪਰਮ ਪੁਰਖ ਹੋਏ ਸਹਾਈਆ । ਗੁਰਮੁਖਾਂ ਕਾਇਆ ਕਰ ਕੇ ਠਾਂਡੀ ਸੀਤ, ਅੰਮ੍ਰਿਤ ਦੇਣਾ ਇਕ ਬਰਸਾਈਆ । ਗੁਰਸਿਖ ਸਦਾ ਸਦਾ ਜਗ ਜਾਏ ਜੀਤ, ਜਗ ਜੀਵਣ ਦਾਤਾ ਸਿਰ ਆਪਣਾ ਹੱਥ ਟਿਕਾਈਆ । ਤੇਰਾ ਨਾਉਂ ਬੀਠਲੋ ਬੀਠ, ਬੇਅੰਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਰਾਹ ਚਲਾਈਆ । ਸ਼ਬਦੀ ਰਾਹ ਚਲਾਉਣਾ ਏਕ, ਏਕੰਕਾਰ ਸਮਝਾਇੰਦਾ । ਦ੍ਰਿਸ਼ਟ ਇਸ਼ਟ ਇਕੋ ਟੇਕ, ਦੂਜਾ ਰੂਪ ਨਾ ਕੋਇ ਵਟਾਇੰਦਾ । ਸਤਿ ਪੁਰਖ ਦਾ ਸਾਚਾ ਭੇਖ, ਬਿਨ ਰੂਪ ਰੰਗ ਰੇਖ ਵਖਾਇੰਦਾ । ਪੁਰਖ ਅਕਾਲ ਦਾ ਇਕੋ ਹੇਤ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਜਿਸ ਆਦਿ ਜੁਗਾਦਿ ਰਚਨਾ ਰਚ ਕੇ ਖੇਲੀ ਖੇਡ, ਸੋ ਖ਼ਾਲਕ ਖ਼ਲਕ ਵਿਚ ਸੋਭਾ ਪਾਇੰਦਾ । ਓਸ ਸਾਹਿਬ ਕਰੋ ਆਦੇਸ, ਜਿਸ ਦਾ ਦੇਸ ਸਚਖੰਡ ਇਕੋ ਨਜ਼ਰੀ ਆਇੰਦਾ । ਓਥੇ ਨਾ ਕੋਈ ਮੁੱਲਾਂ ਮਸਾਇਕ ਪੀਰ ਪੈਗ਼ੰਬਰ ਸ਼ੇਖ਼, ਪੰਡਤ ਪਾਂਧਾ ਗ੍ਰੰਥੀ ਪੰਥੀ ਗੁਰ ਅਵਤਾਰ ਇਕੋ ਜੋਤ ਰੂਪ ਨਜ਼ਰੀ ਆਇੰਦਾ । ਓਸ ਸਵਾਮੀ ਨਾਲ ਕਰੋ ਹੇਤ, ਜਿਸ ਦਾ ਪਿਆਰ ਦੋ ਜਹਾਨ ਨਾ ਕੋਇ ਮੁਕਾਇੰਦਾ । ਸੋ ਅੰਦਰ ਵੜ ਕੇ ਖੋਲ੍ਹੇ ਆਪਣਾ ਭੇਤ, ਦੂਈ ਦਵੈਤੀ ਡੇਰਾ ਢਾਹਿੰਦਾ । ਅਗਨੀ ਅੱਗ ਨਾ ਲਾਗੇ ਜੇਠ, ਤੱਤੀ ਵਾ ਨਾ ਤਤ ਤਪਾਇੰਦਾ । ਸੋ ਸੰਤ ਸੁਹੇਲਾ ਗੁਰ ਚੇਲਾ ਸ਼ਬਦ ਗੁਰੂ ਸਵਾਮੀ ਲਏ ਵੇਖ, ਜਿਸ ਅੰਤਰਜਾਮੀ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪੇ ਜਾਣੇ ਆਪਣਾ ਵੇਸ, ਨਰ ਨਰੇਸ਼ ਆਪਣੀ ਕਰਨੀ ਧੁਰ ਦੀ ਕਾਰ ਕਮਾਇੰਦਾ ।

### ★ ੧੧ ਜੇਠ ੨੦੨੧ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਜਸਰਾਊਰ ਜ਼ਿਲਾ ਅੰਮ੍ਰਿਤਸਰ ★

ਅਗੰਮੀ ਮਰਜ਼ੀ ਪੁਰਖ ਅਕਾਲ, ਨਿਰਗੁਣ ਨਿਰਵੈਰ ਆਪ ਪਰਗਟਾਈਆ । ਸਾਚੀ ਇਛਿਆ ਕਰ ਤਿਆਰ, ਸੋ ਪੁਰਖ ਨਿਰੰਜਣ ਖੇਲ ਰਚਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਏਕੰਕਾਰ ਭੇਵ ਖੁਲ੍ਹਾਈਆ । ਆਦਿ ਨਿਰੰਜਣ ਦੀਪਕ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਹੋ ਦਿਆਲ, ਸ੍ਰੀ ਭਗਵਾਨ ਦਏ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਸਾਚੀ ਕਾਰ, ਕਰਤਾ ਪੁਰਖ ਕਰਨੀ ਆਪ ਕਮਾਈਆ । ਸਚ ਦਵਾਰਾ ਰਚ ਸਚਖੰਡ ਸੱਚੀ ਧਰਮਸਾਲ, ਮਹਲ ਅਟੱਲ ਆਪ ਉਪਾਈਆ । ਨਿਰਗੁਣ ਦੀਆ ਇਕੋ ਬਾਲ, ਸਚ ਨੂਰ ਕਰੇ ਰੁਸ਼ਨਾਈਆ । ਮੁਕਾਮੇ ਹੱਕ ਹੋ ਕੇ ਖ਼ਬਰਦਾਰ, ਪਰਵਰਦਿਗਾਰ ਖੇਲ ਖਿਲਾਈਆ । ਆਪਣੀ ਮਰਜ਼ੀ ਕਰ ਪਿਆਰ, ਪਰੇਮ ਪ੍ਰੀਤੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸਾਚੀ ਮਰਜ਼ੀ ਸ੍ਰੀ ਭਗਵਾਨ, ਆਦਿ ਅੰਤਾ ਆਪ ਜਣਾਇੰਦਾ ।

ਸਚ ਦਵਾਰਾ ਵਖਾਏ ਇਕ ਨਿਸ਼ਾਨ, ਦੂਜਾ ਨਿਸ਼ਾਨਾ ਨਜ਼ਰ ਕੋਇ ਨਾ ਆਇੰਦਾ । ਜਿਸ ਘਰ ਸਵਾਮੀ ਵਸੇ ਇਕੋ ਆਣ, ਨਿਹਕਾਮੀ ਅੰਤਰਜਾਮੀ ਡੇਰਾ ਲਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਨਿਤ ਨਵਿਤ ਆਦਿ ਜੁਗਾਦਿ ਕਰੇ ਖੇਲ ਮਹਾਨ, ਬੇਅੰਤ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਆਪਣੀ ਮਰਜ਼ੀ ਕਰ ਹਰਿ ਪੁਰਖ, ਅਵੱਲੜੀ ਖੇਲ ਖਿਲਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਸਚ ਦਵਾਰੇ ਆਪਣਾ ਆਪੇ ਕਰੇ ਦਰਸ, ਆਦਰਸ਼ ਆਪਣਾ ਆਪ ਜਣਾਈਆ । ਨਾ ਕੋਈ ਜ਼ਿਮੀਂ ਅਸਮਾਨ ਨਾ ਫ਼ਰਸ਼, ਖ਼ਾਕੀ ਰੂਪ ਨਾ ਕੋਇ ਵਟਾਈਆ । ਨਾ ਕੋਈ ਨਾਰ ਕੰਤ ਨਾ ਦਿਸੇ ਮਰਦ, ਮਰਦ ਮਰਦਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਰਜ਼ੀ ਆਪ ਪਰਗਟਾਈਆ । ਸਾਚੀ ਮਰਜ਼ੀ ਗਹਿਰ ਗੰਭੀਰ, ਹਰਿ ਕਰਤਾ ਆਪ ਪਰਗਟਾਇੰਦਾ । ਮੰਜ਼ਲ ਚੋਟੀ ਚੜ੍ਹ ਅਖ਼ੀਰ, ਸਚਖੰਡ ਸਾਚੇ ਡੇਰਾ ਲਾਇੰਦਾ । ਜੋਧਾ ਸੂਰ ਬਣ ਕੇ ਵੱਡਾ ਬੀਰ, ਜੋਬਨ ਆਪਣਾ ਇਕ ਹੰਢਾਇੰਦਾ । ਰੂਪ ਰੰਗ ਰੇਖ ਨਾ ਕੋਇ ਤਸਵੀਰ, ਜ਼ਹੂਰ ਆਪਣਾ ਆਪਣੇ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਮਰਜ਼ੀ ਕਰੇ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਆਪੇ ਬਣ ਕੇ ਨਾਰ ਕੰਤ, ਸਚ ਦਵਾਰੇ ਸੇਜ ਸੁਹਾਈਆ । ਨਿਰਗੁਣ ਹੋ ਕੇ ਨਿਰਗੁਣ ਬਣਾਵੇ ਬਣਤ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਖੇਲੇ ਖੇਲ ਆਦਿ ਅੰਤ, ਇਕ ਇਕੱਲਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਪਣੀ ਰਚਨਾ ਮਰਜ਼ੀ ਅੰਦਰ, ਹਰਿ ਕਰਤਾ ਆਪ ਉਪਾਈਆ । ਸਚਖੰਡ ਦਵਾਰੇ ਖੋਲ੍ਹ ਮੰਦਰ, ਥਿਰ ਘਰ ਦੇਵੇ ਮਾਣ ਵਡਿਆਈਆ । ਜੰਗਲ ਜੂਹ ਉਜਾੜ ਪਹਾੜ ਨਾ ਕੋਈ ਡੂੰਘੀ ਕੰਦਰ, ਸਮੁੰਦ ਸਾਗਰ ਨਜ਼ਰ ਕੋਇ ਨਾ ਆਈਆ । ਨਾਦ ਗੀਤ ਨਾ ਕੋਇ ਮੰਗਲ, ਧੁਨੀ ਧੁਨ ਨਾ ਕੋਇ ਸ਼ਨਵਾਈਆ । ਸ਼ਰਅ ਸ਼ਰੀਅਤ ਨਾ ਕੋਇ ਸੰਗਲ, ਮਜ਼੍ਹਬ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਆਪਣੀ ਮਰਜ਼ੀ ਹਰਿ ਕਰਤਾਰ, ਆਦਿ ਪੁਰਖ ਪਰਗਟਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਹੁਕਮ ਵਰਤਾਈਆ । ਜਨਨੀ ਜਨ ਬਣ ਅਗੰਮ ਅਪਾਰ, ਅਲਖ ਅਗੋਚਰ ਖੇਲ ਵਖਾਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਸਾਚੇ ਦੇਵੇ ਵਾੜ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਬਾਡੀ ਬਣਤ ਨਾ ਕੋਇ ਬਣਾਈਆ । ਸੂਰਜ ਚੰਦ ਨਾ ਕੋਈ ਉਜਿਆਰ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਰਜ਼ੀ ਆਪ ਪਰਗਟਾਈਆ । ਸਾਚੀ ਮਰਜ਼ੀ ਸ਼ਬਦੀ ਧਾਰ, ਹਰਿ ਕਰਤਾ ਕਾਰ ਕਮਾਇੰਦਾ । ਸ਼ਬਦੀ ਸੁਤ ਕਰ ਪਿਆਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਭੇਵ ਅਭੇਦਾ ਖੋਲ੍ਹ ਕਿਵਾੜ, ਅਨੁਭਵ ਆਪਣੀ ਕਾਰ ਜਣਾਇੰਦਾ । ਤੇਰਾ ਮੰਦਰ ਅਗੰਮ ਅਪਾਰ, ਦੀਵਾ ਬਾਤੀ ਇਕ ਰੁਸ਼ਨਾਇੰਦਾ । ਕਮਲਾਪਾਤੀ ਮੀਤ ਮੁਰਾਰ, ਹਰਿ ਸੱਜਣ ਇਕ ਅਖਵਾਇੰਦਾ । ਸਾਚੀ ਮਰਜ਼ੀ ਸਚ ਵਿਹਾਰਾ ਕਰ ਨਿਰਗੁਣ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਦ੍ਰਿੜਾਇੰਦਾ । ਸਾਚੀ ਮਰਜ਼ੀ ਏਕੰਕਾਰ ਏਕ, ਇਕ ਇਕੱਲਾ ਆਪ ਜਣਾਈਆ । ਸ਼ਬਦ ਸਵਾਮੀ

ਤੇਰੀ ਟੇਕ, ਗੁਰ ਗੁਰ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਖੇਡਣ ਖੇਡ, ਹਰਿ ਕਰਤਾ ਇਕੋ ਸੰਦੇਸਾ ਰਿਹਾ ਜਣਾਈਆ । ਤ੍ਰੈਗੁਣ ਮਾਇਆ ਤੇਰਾ ਲੇਖ, ਪੰਜ ਤਤ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਮਰਜ਼ੀ ਅੰਦਰ ਬਣਤ ਬਣਾਈਆ । ਸਾਚੀ ਮਰਜ਼ੀ ਸੁਣਾਏ ਹਰਿ ਕਰਤਾਰ, ਸ਼ਬਦੀ ਸ਼ਬਦ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਚਾਰੇ ਖਾਣੀ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਦਏ ਆਧਾਰ, ਲੱਖ ਚੁਰਾਸੀ ਰੂਪ ਵਖਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਘਰ ਘਰ ਨਾਦ ਸੁਣਾਈਆ । ਪਰਾ ਪਸੰਤੀ ਮਧਮ ਬੈਖਰੀ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਾਚੀ ਮਰਜ਼ੀ ਕਰੇ ਪ੍ਰਭ ਠਾਕਰ, ਕਰਨਹਾਰ ਅਖਵਾਇੰਦਾ । ਦੋ ਜਹਾਨ ਵੇਖੇ ਗਹਿਰ ਗੰਭੀਰ ਡੂੰਘਾ ਸਾਗਰ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਜਗਤ ਵਣਜਾਰਾ ਬਣ ਸੌਦਾਗਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਪੰਜ ਤਤ ਕਾਇਆ ਦੇਵੇ ਆਦਰ, ਆਤਮ ਪਰਮਾਤਮ ਵੰਡ ਵੰਡਾਇੰਦਾ । ਕਰਤਾ ਪੁਰਖ ਬਣ ਕਰੀਮ ਕਾਦਰ, ਕੁਦਰਤ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਰਜ਼ੀ ਇਕੋ ਇਕ ਵਖਾਇੰਦਾ । ਸਾਚੀ ਮਰਜ਼ੀ ਕਰੇ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਦੇਵੇ ਮਾਣ ਪੰਜ ਤਤ ਸਰੀਰ, ਤਤਵ ਤਤ ਇਕ ਬੁਝਾਈਆ । ਚੋਟੀ ਚੜ੍ਹ ਕੇ ਬੈਠੇ ਆਪ ਅਖ਼ੀਰ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਮਾਰਨਹਾਰਾ ਅਣਿਆਲਾ ਇਕੋ ਤੀਰ, ਤੀਰ ਨਿਰਾਲਾ ਆਪ ਚਲਾਈਆ । ਪਿਆਵਣਹਾਰਾ ਜਾਮ ਠੰਡਾ ਸੀਰ, ਅੰਮ੍ਰਿਤ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਬਣਾਈਆ । ਸਾਚਾ ਲੇਖਾ ਬਣਾਏ ਆਪ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਜੁਗ ਚੌਕੜੀ ਥਾਪਣ ਥਾਪ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਨਿਰਗੁਣ ਹੋ ਕੇ ਸਰਗੁਣ ਜਾਏ ਆਖ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਜੀਵਣ ਜੁਗਤ ਇਕ ਸਮਝਾਇੰਦਾ । ਨੂਰ ਖ਼ੁਦਾਈ ਨਜ਼ਰੀ ਆਏ ਪਾਕ, ਪਵਿਤ ਆਪਣੀ ਧਾਰ ਬਣਾਇੰਦਾ । ਭਾਗ ਲਗਾਏ ਕਾਇਆ ਮਾਟੀ ਖ਼ਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਮਰਜ਼ੀ ਅੰਦਰ ਰਚੇ ਸੰਸਾਰ, ਲੱਖ ਚੁਰਾਸੀ ਜੀਵ ਜੰਤ ਉਪਾਈਆ । ਮਰਜ਼ੀ ਅੰਦਰ ਰਵ ਸਸ ਕਰ ਉਜਿਆਰ, ਮੰਡਲ ਮੰਡਪ ਸੋਭਾ ਪਾਈਆ । ਮਰਜ਼ੀ ਅੰਦਰ ਪ੍ਰਿਥਮੀ ਆਕਾਸ਼ ਦਏ ਆਧਾਰ, ਪੁਰੀ ਲੋਅ ਸੋਭਾ ਪਾਈਆ । ਮਰਜ਼ੀ ਅੰਦਰ ਬੋਲ ਸਚ ਜੈਕਾਰ, ਨਾਉਂ ਨਿਰੰਕਾਰ ਦਏ ਸੁਣਾਈਆ । ਮਰਜ਼ੀ ਅੰਦਰ ਖੇਲ ਕਰੇ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਮਰਜ਼ੀ ਅੰਦਰ ਸਾਚਾ ਹੁਕਮ ਕਰੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮਰਜ਼ੀ ਅੰਦਰ ਭੇਜੇ ਤੇਈ ਅਵਤਾਰ, ਲੋਕਮਾਤ ਸੇਵ ਲਗਾਈਆ । ਮਰਜ਼ੀ ਅੰਦਰ ਈਸਾ ਮੂਸਾ ਮੁਹੰਮਦ ਕਰੇ ਖ਼ਬਰਦਾਰ, ਕਲਮਾ ਹੱਕ ਰਸੂਲ ਪੜ੍ਹਾਈਆ । ਮਰਜ਼ੀ ਅੰਦਰ ਜਨ ਭਗਤਾਂ ਦਏ ਅਧਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਮਰਜ਼ੀ ਅੰਦਰ ਗੁਰ ਗੁਰ ਰੂਪ ਧਰੇ ਆਪ ਨਿਰੰਕਾਰ, ਦਹਿ ਦਿਸ਼ਾ ਖੋਜ ਖੁਜਾਈਆ । ਮਰਜ਼ੀ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਤਿਆਰ, ਸਿਫ਼ਤੀ ਢੋਲਾ ਰਾਗ ਸੁਣਾਈਆ । ਮਰਜ਼ੀ ਅੰਦਰ ਅਠ ਦਸ ਗੀਤਾ ਗਿਆਨ ਲਾਏ ਅਖਾੜ,

ਭਗਤ ਭਗਵਾਨ ਸਾਚਾ ਭੇਵ ਚੁਕਾਈਆ । ਮਰਜ਼ੀ ਅੰਦਰ ਆਵੇ ਜਾਵੇ ਜੁਗ ਚੌਕੜੀ ਚਾਰ, ਨਿਤ ਨਵਿਤ ਵੇਸ ਵਟਾਈਆ । ਮਰਜ਼ੀ ਅੰਦਰ ਦੇਵੇ ਦੀਦਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਰਜ਼ੀ ਅੰਦਰ ਸਾਚੇ ਸੰਤ ਲਏ ਉਠਾਲ, ਮਨ ਮੰਤਰ ਇਕ ਸਮਝਾਈਆ । ਮਰਜ਼ੀ ਅੰਦਰ ਗੁਰਮੁਖ ਗੁਰਸਿਖ ਗੋਦੀ ਲਏ ਬਹਾਲ, ਫੜ ਬਾਂਹੋਂ ਗਲੇ ਲਗਾਈਆ । ਮਰਜ਼ੀ ਅੰਦਰ ਸਤਿਗੁਰ ਬਣੇ ਦਿਆਲ, ਦੀਨਾਂ ਨਾਥਾਂ ਹੋਏ ਸਹਾਈਆ । ਮਰਜ਼ੀ ਅੰਦਰ ਰੂਪ ਵਟਾਏ ਕਾਲ, ਲੱਖ ਚੁਰਾਸੀ ਆਪੇ ਖਾਈਆ । ਮਰਜ਼ੀ ਅੰਦਰ ਪਾਵਣਹਾਰਾ ਤ੍ਰੈਗੁਣ ਮਾਇਆ ਜੰਜਾਲ, ਮਰਜ਼ੀ ਅੰਦਰ ਸਾਚੀ ਸਿਖਿਆ ਦਏ ਸਮਝਾਈਆ । ਮਰਜ਼ੀ ਅੰਦਰ ਅੰਦਰ ਆਤਮ ਵਜਾਏ ਅਨਾਦੀ ਤਾਲ, ਸ਼ਬਦ ਰਾਗ ਇਕ ਸੁਣਾਈਆ । ਮਰਜ਼ੀ ਅੰਦਰ ਸੁਰਤ ਸਵਾਣੀ ਕਰੇ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਮਰਜ਼ੀ ਅੰਦਰ ਕਾਇਆ ਮੰਦਰ ਧਰਮ ਦਵਾਰ ਦਏ ਵਖਾਲ, ਜਿਥੇ ਵਸੇ ਬੇਪਰਵਾਹੀਆ । ਮਰਜ਼ੀ ਅੰਦਰ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਮਰਜ਼ੀ ਅੰਦਰ ਘਾਲਨ ਰਿਹਾ ਘਾਲ, ਗੁਰ ਗੁਰ ਆਪਣਾ ਭੇਵ ਚੁਕਾਈਆ । ਮਰਜ਼ੀ ਅੰਦਰ ਗੁਰ ਚੇਲੇ ਵੇਖੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਮਰਜ਼ੀ ਅੰਦਰ ਸਭ ਦਾ ਹੱਲ ਕਰੇ ਸਵਾਲ, ਜਹਾਲਤ ਕੋਇ ਰਹਿਣ ਨਾ ਪਾਈਆ । ਮਰਜ਼ੀ ਅੰਦਰ ਸ਼ਬਦ ਗੁਰੂ ਬਣ ਕੇ ਹੋਏ ਦਲਾਲ, ਦੋ ਜਹਾਨਾਂ ਬੇੜਾ ਪਾਰ ਕਰਾਈਆ । ਮਰਜ਼ੀ ਅੰਦਰ ਲੱਖ ਚੁਰਾਸੀ ਵੇਖੇ ਪੱਤ ਡਾਲ, ਫੁਲ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਰਜ਼ੀ ਵਿਚ ਆਦਿ ਜੁਗਾਦਿ ਖੇਲ ਖਿਲਾਈਆ । ਮਰਜ਼ੀ ਅੰਦਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਧਾਮ ਸੁਹਾਏ ਨਿਹਚਲ ਇਕ ਅਟੱਲਾ, ਸਚ ਦਵਾਰੇ ਡੇਰਾ ਲਾਇੰਦਾ । ਏਕੰਕਾਰ ਸਚ ਸਿੰਘਾਸਣ ਧੁਰ ਦਾ ਮੱਲਾ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਆਦਿ ਨਿਰੰਜਣ ਸਚ ਪਰਕਾਸ਼ ਦੀਪਕ ਬਲਾ, ਦੋ ਜਹਾਨਾਂ ਡਗਮਗਾਇੰਦਾ । ਅਬਿਨਾਸ਼ੀ ਕਰਤੇ ਸਤਿ ਸੰਦੇਸ਼ ਸੱਚਾ ਘੱਲਾ, ਨਿਰਅੱਖਰ ਆਪ ਪੜ੍ਹਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਇਕੋ ਝੁੱਲਾ, ਝਲਕ ਆਪਣੇ ਨਾਮ ਦ੍ਰਿੜਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਫੜਾਏ ਆਪਣਾ ਪੱਲਾ, ਪੱਲੂ ਇਕੋ ਗੰਢ ਬੰਧਾਇੰਦਾ । ਸਾਚੀ ਮਰਜ਼ੀ ਅੰਦਰ ਵੇਖੇ ਜਲਾਂ ਥਲਾਂ, ਡੂੰਘੇ ਸਾਗਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਮਰਜ਼ੀ ਅੰਦਰ ਦੇਵੇ ਦਾਤ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਪ ਭਰਾਈਆ । ਮਰਜ਼ੀ ਅੰਦਰ ਹੋਵੇ ਸਾਥ, ਨਿਰਗੁਣ ਸਰਗੁਣ ਰੂਪ ਵਟਾਈਆ । ਮਰਜ਼ੀ ਅੰਦਰ ਜਣਾਏ ਗਾਥ, ਧੁਰ ਦਾ ਢੋਲਾ ਰਾਗ ਸੁਣਾਈਆ । ਮਰਜ਼ੀ ਅੰਦਰ ਮੇਟੇ ਅੰਧੇਰੀ ਰਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਮਰਜ਼ੀ ਅੰਦਰ ਬਣੇ ਪਿਤਾ ਮਾਤ, ਪੂਤ ਸਪੂਤ ਗੋਦ ਉਠਾਈਆ । ਮਰਜ਼ੀ ਅੰਦਰ ਨਿਜ ਨੇਤਰ ਖੋਲ੍ਹੇ ਆਖ, ਹਰਿ ਸੰਤਾਂ ਲਏ ਜਗਾਈਆ । ਮਰਜ਼ੀ ਅੰਦਰ ਪਰਗਟ ਹੋਏ ਸਾਖਿਆਤ, ਜਾਹਰ ਜਹੂਰ ਰੂਪ ਦਰਸਾਈਆ । ਮਰਜ਼ੀ ਅੰਦਰ ਹਰਿਜਨ ਬਣਾਏ ਪਾਰਜਾਤ, ਮਿਹਰ ਨਜ਼ਰ ਇਕ ਉਠਾਈਆ । ਮਰਜ਼ੀ ਅੰਦਰ ਲੇਖਾ ਲਿਖ ਕੇ ਗਿਆ ਕਲਮ ਦਵਾਤ, ਵਾਕ ਭਵਿਖਤ ਇਕ ਸੁਣਾਈਆ । ਮਰਜ਼ੀ ਅੰਦਰ ਵਰਨ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੇਖੇ ਜਾਤ ਪਾਤ, ਦੀਨ ਮਜ਼੍ਹਬ ਖੋਜ ਖੁਜਾਈਆ । ਮਰਜ਼ੀ ਅੰਦਰ ਹੋਵੇ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਪ੍ਰਭ ਦੀ ਮਰਜ਼ੀ ਸਭ ਨੇ ਰੱਖਣੀ ਯਾਦ, ਭੁੱਲੇ ਜੀਵ ਨਾ ਕੋਇ ਲੋਕਾਈਆ । ਜਿਸ ਦੀ ਗੁਰ ਅਵਤਾਰ

ਪੀਰ ਪੈਗ਼ੰਬਰ ਸੁਣੌਂਦੇ ਰਹੇ ਆਵਾਜ਼, ਰਸਨਾ ਜਿਹਵਾ ਕੂਕ ਅਲਾਈਆ । ਜਿਸ ਦਾ ਕਲਮਾ ਪੜ੍ਹਦੇ ਰਹੇ ਨਿਮਾਜ਼, ਸਜਦਾ ਇਕੋ ਘਰ ਵਖਾਈਆ । ਉਸ ਦੀ ਮਰਜ਼ੀ ਅੰਦਰ ਲੱਖ ਚੁਰਾਸੀ ਤਨ ਵੱਜੇ ਰਬਾਬ, ਸਤਾਰ ਨਜ਼ਰ ਕਿਸੇ ਨਾ ਆਈਆ । ਸੋ ਮਰਜ਼ੀ ਅੰਦਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਗਿਆ ਆਖ, ਸ਼ਬਦ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤਮ ਵੇਖਾਂ ਖੇਲ ਤਮਾਸ਼, ਨਿਰਗੁਣ ਨੂਰ ਰੂਪ ਪਰਗਟਾਈਆ । ਮੇਰੀ ਸਮਝ ਨਾ ਆਵੇ ਕਿਸੇ ਜਾਤ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਦੀ ਚੌਧਵੀਂ ਕਰਾਂ ਵਫ਼ਾਤ, ਫ਼ਾਤਿਹਾ ਸਭ ਦਾ ਪੜ੍ਹਾਂ ਥਾਉਂ ਥਾਈਂਆ । ਬੀਸ ਬੀਸਾ ਵੇਖਾਂ ਹਾਲਾਤ, ਹਰਿ ਜਗਦੀਸਾ ਨਾਉਂ ਧਰਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਨ ਵਾਸਨਾ ਕਰੇ ਨਾਚ, ਬੁਧ ਬਿਬੇਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਪ੍ਰਭ ਦੀ ਮਰਜ਼ੀ ਕਹੇ ਸੁਣੋ ਜਗ ਮੀਤ, ਹਰਿ ਕਰਤਾ ਸਚ ਦ੍ਰਿੜਾਇੰਦਾ । ਕਲਜੁਗ ਕੂੜੀ ਕਿਰਿਆ ਵੇਖੋ ਰੀਤ, ਸਚ ਸੁਚ ਨਜ਼ਰ ਕੋਇ ਨਾ ਆਇੰਦਾ । ਝਗੜਾ ਪਿਆ ਮੰਦਰ ਮਸੀਤ, ਗੁਰ ਦਰ ਸ਼ਿਵਦਵਾਲਾ ਮੱਠ ਸਰਬ ਕੁਰਲਾਇੰਦਾ । ਆਤਮ ਦਿਸੇ ਨਾ ਕੋਈ ਠੰਡੀ ਸੀਤ, ਮਣਕਾ ਮਨ ਨਾ ਕੋਇ ਭਵਾਇੰਦਾ । ਮਿਲੇ ਵਡਿਆਈ ਨਾ ਕੋਈ ਊਚ ਨੀਚ, ਅਗੰਮ ਅਥਾਹ ਧਿਆਨ ਨਾ ਕੋਇ ਲਗਾਇੰਦਾ । ਸਚ ਦਵਾਰੇ ਮਿਲੇ ਨਾ ਕੋਇ ਭੀਖ, ਭਿਛਿਆ ਨਾਮ ਨਾ ਕੋਇ ਵਰਤਾਇੰਦਾ । ਉਮਤ ਉਮਤੀ ਸਾਚਾ ਕਲਮਾ ਭੁੱਲਿਆ ਹਦੀਸ, ਹਜ਼ਰਤ ਮੇਲ ਨਾ ਕੋਇ ਮਿਲਾਇੰਦਾ । ਨੇਤਰ ਖੋਲ੍ਹ ਵੇਖੋ ਠੀਕ, ਗੁਰ ਕਾ ਸ਼ਬਦ ਨਜ਼ਰ ਕਿਸੇ ਨਾ ਆਇੰਦਾ । ਘਰ ਸਵਾਮੀ ਸੁੱਤਾ ਦੇ ਕਰ ਪੀਠ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਦੂਰ ਦੁਰਾਡਾ ਵਸਣਹਾਰ ਨਜ਼ਦੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਪ੍ਰਭ ਦੀ ਮਰਜ਼ੀ ਕਹੇ ਉਠੋ ਜੀਵ ਜੰਤ ਜਗ, ਕਲਜੁਗ ਅੰਤ ਅੰਧੇਰਾ ਛਾਈਆ । ਆਪਣੇ ਅੰਦਰੋਂ ਆਪਾ ਲਓ ਲੱਭ, ਕਿਉਂ ਬੈਠੇ ਮੁਖ ਭਵਾਈਆ । ਨੌ ਦਵਾਰੇ ਪੰਧ ਮੁਕਾਓ ਹੱਦ, ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਾਚਾ ਮੰਦਰ ਵੇਖੋ ਲੰਘ, ਬਣ ਕੇ ਪਾਂਧੀ ਰਾਹੀਆ । ਘਰ ਸਵਾਮੀ ਸੁਣੋ ਛੰਦ, ਅੱਠੇ ਪਹਿਰ ਰਿਹਾ ਜਸ ਗਾਈਆ । ਨਿਜ ਆਤਮ ਲਓ ਇਕ ਅਨੰਦ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਨੂਰੀ ਤੇਜ ਚਮਕੇ ਚੰਦ, ਚੰਦ ਸੂਰਜ ਦੋਵੇਂ ਨੈਣ ਸ਼ਰਮਾਈਆ । ਪ੍ਰਭ ਦੀ ਮਰਜ਼ੀ ਨਾਲ ਆਪਣੀ ਮਰਜ਼ੀ ਲਓ ਗੰਢ, ਆਤਮ ਪਰਮਾਤਮ ਘਰ ਘਰ ਵੱਜੇ ਵਧਾਈਆ । ਕਾਇਆ ਚੋਲੀ ਨਾਮ ਮਜੀਠੀ ਲਓ ਰੰਗ, ਦੁਰਮਤ ਮੈਲ ਧਵਾਈਆ । ਪੁਰਖ ਅਕਾਲ ਨੂੰ ਮਿਲਣ ਦੀ ਨਹੀਂ ਕੋਈ ਸੰਗ, ਪੜਦਾ ਉਹਲਾ ਜਨ ਭਗਤਾਂ ਰਿਹਾ ਚੁਕਾਈਆ । ਲੇਖਾ ਚੁਕੇ ਜਮਨਾ ਸੁਰਸਤੀ ਗੋਦਾਵਰੀ ਗੰਗ, ਅੰਮ੍ਰਿਤ ਧਾਰ ਮੁਖ ਚੁਆਈਆ । ਆਤਮ ਸੇਜ ਸੁਹਾਏ ਇਕ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪ੍ਰਭ ਦੀ ਮਰਜ਼ੀ ਸਭ ਨੂੰ ਮਾਰੇ ਤਾਅਨਾ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਜੀਵ ਇਹ ਦੇਸ ਬੇਗਾਨਾ, ਥਿਰ ਕੋਇ ਰਹਿਣ ਨਾ ਪਾਈਆ । ਨੇਤਰ ਖੋਲ੍ਹੋ ਅੰਤਰ ਅੱਖ ਮਹਾਨਾ, ਪੜਦਾ ਉਹਲਾ ਜਗਤ ਚੁਕਾਈਆ । ਦਰਸ ਕਰੋ ਸ੍ਰੀ ਭਗਵਾਨਾ, ਜੋ ਆਦਿ ਜੁਗਾਦੀ ਸੱਚਾ ਮਾਹੀਆ । ਅੰਦਰੇ ਅੰਦਰ ਸੁਣੋ ਨਾਮ ਤਰਾਨਾ, ਅਨਹਦ ਰਾਗੀ ਰਾਗ ਸੁਣਾਈਆ । ਏਥੇ ਓਥੇ ਮਿਲੇ ਮਾਣਾ, ਦੋ ਜਹਾਨ ਹੋਏ ਸਹਾਈਆ । ਵੇਲਾ ਗਿਆ ਸਰਬ ਪਛਤਾਣਾ, ਜੁਗ ਜੁਗ ਪਸਚਾਤਾਪ ਕਰੇ ਲੋਕਾਈਆ ।

ਲੱਖ ਚੁਰਾਸੀ ਵਿਚੋਂ ਮਾਨਸ ਜਨਮ ਇਕ ਮਹਾਨਾ, ਜਿਸ ਵਿਚ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪ੍ਰਭ ਦੀ ਮਰਜ਼ੀ ਨਾਲ ਮਿਲਿਆ ਇਕ ਕਬੀਰ, ਜਗਤ ਕਾਅਬਾ ਦਿਤਾ ਤਜਾਈਆ । ਨਾਤਾ ਤੁਟਾ ਤਤ ਸਰੀਰ, ਬ੍ਰਹਮ ਮਤ ਇਕੋ ਪਾਈਆ । ਮਿਹਰਵਾਨ ਬਦਲ ਦਿਤੀ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਜਲ ਧਾਰ ਕੱਟ ਜ਼ੰਜੀਰ, ਸ਼ਬਦ ਡੋਰੀ ਤੰਦ ਵਖਾਈਆ । ਪ੍ਰਭ ਦੀ ਮਰਜ਼ੀ ਨਾਲ ਮਿਲ ਕੇ ਚੋਟੀ ਚੜ੍ਹ ਗਿਆ ਅਖ਼ੀਰ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਜਲਵਾ ਤੱਕ ਬੇਨਜ਼ੀਰ, ਆਪਣੀ ਨਜ਼ਰ ਨਜ਼ਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਸਮਝਾਈਆ । ਪ੍ਰਭ ਦੀ ਮਰਜ਼ੀ ਮੇਟੇ ਮਰਜ਼, ਹਉਮੇਂ ਰੋਗ ਚੁਕਾਈਆ । ਜਨ ਭਗਤੋ ਤੁਹਾਡੀ ਸਦਾ ਗ਼ਰਜ਼, ਅਬਿਨਾਸ਼ੀ ਕਰਤਾ ਆਪ ਰਖਾਈਆ । ਦੀਨ ਦਿਆਲ ਹੋ ਕੇ ਵੰਡੇ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਇਹੋ ਖੇਲ ਜੁਗੋ ਜੁਗ ਅਚਰਜ, ਹਰਿ ਕਾ ਭੇਵ ਕੋਈ ਸਮਝ ਸਕੇ ਨਾ ਰਾਈਆ । ਲੇਖਾ ਜਾਣੇ ਪਰਗਟ ਹੋ ਕੇ ਜੋਧਾ ਸੂਰਬੀਰ ਵਡ ਮਰਦ, ਮਰਦ ਮਰਦਾਨਾ ਆਪਣਾ ਨਾਉਂ ਧਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੀ ਮਨਜ਼ੂਰ ਅਰਜ਼, ਆਰਜ਼ੂ ਆਪਣੇ ਲੇਖੇ ਲਾਈਆ । ਕਲਜੁਗ ਅੰਤਮ ਪੂਰਾ ਕਰਨ ਆਇਆ ਫ਼ਰਜ਼, ਫ਼ੈਸਲਾ ਇਕੋ ਵਾਰ ਸੁਣਾਈਆ । ਹਰਿਜਨ ਸਾਚੇ ਹੋਣ ਨਾ ਦੇਵੇ ਹਰਜ, ਅਗਲਾ ਪਿਛਲਾ ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਰਜ਼ੀ ਅੰਦਰ ਇਕੋ ਮਜ਼ਾ ਨਾਮ ਚਖਾਈਆ । ਪ੍ਰਭ ਦੀ ਮਰਜ਼ੀ ਚੰਗਾ ਮਜ਼ਾ, ਮਰੀਜ਼ ਰਹਿਣ ਕੋਇ ਨਾ ਪਾਈਆ । ਰਾਏ ਧਰਮ ਨਾ ਦੇਵੇ ਸਜ਼ਾ, ਚਿਤਰ ਗੁਪਤ ਲੇਖ ਨਾ ਕੋਇ ਜਣਾਈਆ । ਨੇੜ ਨਾ ਆਵੇ ਲਾੜ੍ਹੀ ਮੌਤ ਕਜ਼ਾ, ਜੂਨੀ ਜੂਨ ਨਾ ਕੋਇ ਭਵਾਈਆ । ਸ੍ਰੀ ਭਗਵਾਨ ਜੁਗ ਜੁਗ ਜਨ ਭਗਤਾਂ ਪਿਛੇ ਫਿਰੇ ਭੱਜਾ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਵੇਖਣਹਾਰਾ ਬੇਪਰਵਾਹੀਆ । ਪ੍ਰਭ ਦੀ ਮਰਜ਼ੀ ਵੇਖੇ ਕਲਜੁਗ ਮਰਜ਼ੀ, ਮਰਜ਼ੀ ਮਰਜ਼ੀ ਵਿਚੋਂ ਪਰਗਟਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਕੋਈ ਨਾ ਦਿਸੇ ਤੇਰਾ ਦਰਦੀ, ਤੇਰੀ ਲੋੜ ਨਜ਼ਰ ਨਾ ਆਈਆ । ਬੇਸ਼ਕ ਰਸਨਾ ਜਿਹਵਾ ਬੱਤੀ ਦੰਦ ਤੇਰਾ ਨਾਉਂ ਪੜ੍ਹਦੀ, ਅੰਦਰ ਤੇਰਾ ਰੂਪ ਵੇਖਣ ਕੋਇ ਨਾ ਜਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਕਲਜੁਗ ਜੀਵ ਜਾਂਦੇ ਫ਼ਰਜ਼ੀ, ਫ਼ਰਮਾਂਬਰਦਾਰ ਨਾ ਕੋਇ ਅਖਵਾਈਆ । ਸਾਚੀ ਸਿਖਿਆ ਬੁਧ ਬਿਬੇਕ ਕੋਇ ਨਾ ਪੜ੍ਹਦੀ, ਮਨਮਤ ਘਰ ਘਰ ਬੈਠੀ ਡੇਰਾ ਲਾਈਆ । ਜਗਤ ਵਾਸਨਾ ਅੱਗੇ ਹੋ ਕੇ ਖੜਦੀ, ਸੋਹਣਾ ਸੁਹੰਜਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਕਲਜੁਗ ਮਰਜ਼ੀ ਕਹੇ ਮੈਂ ਬੜੀ ਚਾਲਾਕ, ਕਲਜੁਗ ਜੀਵਾਂ ਦਿਤਾ ਭੁਲਾਈਆ । ਅੰਦਰ ਵੜ ਕੇ ਖੋਲ੍ਹ ਸਕੇ ਨਾ ਕੋਇ ਤਾਕ, ਬਜਰ ਕਪਾਟੀ ਨਾ ਕੋਇ ਤੁੜਾਈਆ । ਪਾਰਬ੍ਰਹਮ ਤੇਰੀ ਮਿਲੇ ਨਾ ਕੋਈ ਜਾਤ, ਆਪਣਾ ਆਪ ਨਾ ਕੋਇ ਮਿਟਾਈਆ । ਬੰਦੇ ਖ਼ਾਕੀ ਕੀਤੇ ਖ਼ਾਕ, ਕੂੜੀ ਕਿਰਿਆ ਵਿਚ ਰੁਲਾਈਆ । ਜਗ ਨੇਤਰ ਕਾਮ ਵਾਸਨਾ ਰਹੇ ਝਾਕ, ਦਿਬ ਨੇਤਰ ਨਾ ਕੋਇ ਖੁਲ੍ਹਾਈਆ । ਲੋਭ ਮੋਹ ਹੰਕਾਰ ਦਿਤਾ ਸਾਥ, ਅੱਠੇ ਪਹਿਰ ਕਰੇ ਲੜਾਈਆ । ਨਾਤਾ ਤੁਟਿਆ ਪਿਤਾ ਪੂਤ ਬਾਪ, ਸੱਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਕਲਜੁਗ ਮਰਜ਼ੀ ਕਹੇ ਮੈਂ ਵੱਡੀ ਸੋਹਣੀ,

੧੧੦੫ ੧੯

ਸੋਹਣੀ ਰੂਪ ਵਟਾਈਆ । ਲੱਖ ਚੁਰਾਸੀ ਜਿਸ ਨੇ ਕੋਹਣੀ, ਸਿਰ ਸਕੇ ਨਾ ਕੋਇ ਉਠਾਈਆ । ਮੇਰਾ ਨਾਉਂ ਰੱਖਿਆ ਆਦਿ ਜੁਗਾਦੀ ਹੋਣੀ, ਜਿਸ ਦੇ ਹੌਕੇ ਮਰੇ ਸਰਬ ਲੋਕਾਈਆ । ਮੈਂ ਚੌਦਾਂ ਲੋਕ ਚੌਦਾਂ ਤਬਕਾਂ ਚੌਦਾਂ ਵਿਦਿਆ ਕਰਨੀ ਬੌਹਣੀ, ਲੱਖ ਚੁਰਾਸੀ ਆਪਣੇ ਵਿਚ ਟਿਕਾਈਆ । ਮੇਰੀ ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਭਰੀ ਦੋਹਣੀ, ਖ਼ਾਲੀ ਕਾਸਾ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਜੀਵਾਂ ਮਰਜ਼ੀ ਕਹੇ ਮਿਲੇ ਜਗ ਮਾਇਆ, ਮਮਤਾ ਸੋਭਾ ਪਾਈਆ । ਕੂੜੀ ਕਿਰਿਆ ਸੰਗ ਨਿਭਾਇਆ, ਸਚ ਸੁਚ ਨਾ ਕੋਇ ਵਡਿਆਈਆ । ਨਾਰ ਕੰਤ ਸੇਜ ਬਸੰਤ ਨਾ ਕੋਇ ਹੰਡਾਇਆ, ਸੁੰਞੀ ਰੈਣ ਦਏ ਦੁਹਾਈਆ । ਅੰਗੀਕਾਰ ਕਰਤਾ ਅੰਗ ਨਾ ਕੋਇ ਲਗਾਇਆ, ਸਿਰ ਹੱਥ ਨਾ ਕੋਇ ਟਿਕਾਈਆ । ਜਗਤ ਰੰਡੇਪਾ ਨਜ਼ਰੀ ਆਇਆ, ਸੁਹਾਗਣ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਚੁਕਾਈਆ । ਜਗਤ ਮਰਜ਼ੀ ਵਿਚੋਂ ਭਗਤਾਂ ਮਰਜ਼ੀ ਗਈ ਜਾਗ, ਕਲਜੁਗ ਵਿਚ ਆਪਣੀ ਅੱਖ ਖੁਲ੍ਹਾਈਆ । ਪ੍ਰਭੂ ਨਾਮ ਦਾ ਉਪਜੇ ਵੈਰਾਗ, ਬਣ ਵੈਰਾਗਣ ਦਏ ਦੁਹਾਈਆ । ਨਾਤਾ ਤੁਟੇ ਸੱਜਣ ਸਾਕ, ਬੰਧਪ ਨਜ਼ਰ ਕੋਇ ਨਾ ਆਈਆ । ਕਮਲੀ ਕੋਝੀ ਹੋ ਕੇ ਰਹੀ ਝਾਕ, ਨੇਤਰ ਨੈਣ ਅੱਖ ਖੁਲ੍ਹਾਈਆ । ਕਵਣ ਵੇਲਾ ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਮਿਲੇ ਆਪ, ਆਪਣਾ ਫੇਰਾ ਪਾਈਆ । ਆਪਣੀ ਮਰਜ਼ੀ ਦਾ ਦੱਸ ਕੇ ਜਾਪ, ਮੇਰੀ ਮਰਜ਼ੀ ਦਏ ਬਦਲਾਈਆ । ਪਿਛਲਾ ਮੇਟੇ ਰੋਗ ਸੰਤਾਪ, ਅੱਗੇ ਦੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਚਾ ਹੱਥ ਟਿਕਾਈਆ । ਭਗਤਾਂ ਮਰਜ਼ੀ ਬੋਲੇ ਬੋਲ, ਸੋਹਣਾ ਰਾਗ ਸੁਣਾਈਆ । ਸਾਹਿਬ ਸਤਿਗੁਰ ਤੇਰੇ ਵਸਾਂ ਕੋਲ, ਦੂਜਾ ਥਾਨ ਨਾ ਕੋਇ ਸੁਹਾਈਆ । ਤੇਰੇ ਪਰੇਮ ਪਿਆਰ ਅੰਦਰ ਜਾਵਾਂ ਮੌਲ, ਬਿਸਮਲ ਹੋ ਕੇ ਸੇਵ ਕਮਾਈਆ । ਗੁਰ ਅਵਤਾਰਾਂ ਨਾਲ ਜੋ ਕੀਤਾ ਕੌਲ, ਪੂਰਾ ਕਰ ਕੇ ਦੇ ਵਖਾਈਆ । ਤੇਰੇ ਨਾਮ ਦਾ ਡੰਕਾ ਵੱਜੇ ਢੋਲ, ਦੋ ਜਹਾਨ ਤੇਰਾ ਨਾਮ ਧਿਆਈਆ । ਸਚ ਦਵਾਰਾ ਦੇਣਾ ਖੋਲ੍ਹ, ਕਲਜੁਗ ਜੀਵਾਂ ਮਰਜ਼ੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਣਾ ਸਹਾਈਆ । ਭਗਤਾਂ ਮਰਜ਼ੀ ਕਰੇ ਪੁਕਾਰ, ਵਾਹ ਵਾ ਵੱਜੇ ਨਾਮ ਵਧਾਈਆ । ਕਲਜੁਗ ਜੀਵਾਂ ਮਰਜ਼ੀ ਲੈ ਉਠਾਲ, ਸ਼ਬਦ ਹੁਲਾਰਾ ਇਕ ਲਗਾਈਆ । ਤੇਰੀ ਮਰਜ਼ੀ ਦੀਨ ਦਿਆਲ, ਦਰਦ ਦੁੱਖ ਭੰਜਨ ਇਕੋ ਭਾਈਆ । ਤਿੰਨਾਂ ਮਰਜ਼ੀ ਮਿਲ ਕੇ ਤੇਰਾ ਸੋਹੇ ਬੰਕ ਦਵਾਰ, ਜਿਸ ਘਰ ਵੱਜੇ ਸਚ ਸ਼ਨਵਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨੌਂ ਸੌ ਚੁਰਾਨਵੀ ਚੌਕੜੀ ਜੁਗ ਉਤਰੇ ਪਾਰ, ਨਿਤ ਨਵਿਤ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਵਖਾਈਆ । ਭਗਤਾਂ ਮਰਜ਼ੀ ਰਹੀ ਕੂਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਵੱਜੇ ਨਗ਼ਾਰਾ ਚਾਰੇ ਕੂਟ, ਦਹਿ ਦਿਸ਼ਾ ਨਾਦ ਸੁਣਾਈਆ । ਕਲਜੁਗ ਨਾਤਾ ਤੋੜ ਜੂਠ ਝੂਠ, ਭਾਂਡਾ ਭਰਮ ਭੌ ਭੰਨਾਈਆ । ਹਰਿ ਭਗਤ ਉਪਾ ਸਾਚੇ ਪੂਤ, ਪਿਤਾ ਆਪਣੀ ਗੋਦ ਸੁਹਾਈਆ । ਉਜਲ ਕਰ ਇਨ੍ਹਾਂ ਮੁਖ, ਜੋ ਬੈਠੇ ਤੇਰਾ ਨਾਮ ਭੁਲਾਈਆ । ਜਨਮ ਮਰਨ ਦਾ ਕੱਟ ਦੁੱਖ, ਲੱਖ ਚੁਰਾਸੀ ਤੰਦ ਕਟਾਈਆ । ਘਰ ਆਤਮ ਪਰਮਾਤਮ ਦੇ ਸੁਖ, ਬ੍ਰਹਮ ਪਾਰਬ੍ਰਹਮ ਹੋ ਸਹਾਈਆ । ਬੇਸ਼ਕ ਕਲਜੁਗ ਜੀਵ ਭੁੱਲੇ ਬਣ ਮਨੁਖ, ਮਾਣਸ ਹੋ ਕੇ ਤੇਰੀ ਸਾਰ ਨਾ ਪਾਈਆ । ਆਪਣੀ ਮਰਜ਼ੀ ਏਨ੍ਹਾਂ ਗੋਦੀ ਚੁੱਕ, ਏਨ੍ਹਾਂ ਦੀ ਮਰਜ਼ੀ ਸ਼ੌਹ ਦਰਿਆ

ਦੇ ਰੁੜ੍ਹਾਈਆ । ਤੇਰੀ ਮਰਜ਼ੀ ਨਾਲ ਅਪਰਾਧੀ ਸੱਚੇ ਬਣਨ ਸੁਤ, ਪਤਤ ਪੁਨੀਤ ਦੇ ਕਰਾਈਆ । ਤੇਰੀ ਮਰਜ਼ੀ ਅੰਦਰ ਸਭ ਕੁਛ, ਦੋ ਜਹਾਨ ਭੱਜਣ ਵਾਹੋ ਦਾਹੀਆ । ਕਲਜੁਗ ਜੀਵਾਂ ਪਿਛਲੀ ਮਰਜ਼ੀ ਜਾਏ ਮੁੱਕ, ਅਗਲਾ ਹੁਕਮ ਦੇ ਦ੍ਰਿੜ੍ਹਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਗਾਵਣ ਮੁਖ, ਸੋਹਣਾ ਨਾਦ ਸੁਣਾਈਆ । ਸੀਸ ਜਗਦੀਸ ਸਜਦਾ ਕਰਨ ਝੁਕ, ਗੜ੍ਹ ਹੰਕਾਰ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਹੱਬਤ ਦੇ ਸਖਾਈਆ । ਸਚ ਮੁਹੱਬਤ ਦੇ ਦਲੀਲ, ਦਰ ਤੇਰੇ ਅਰਜ਼ੋਈਆ । ਤੁਧ ਬਿਨ ਸੱਚਾ ਦਿਸੇ ਨਾ ਕੋਇ ਵਕੀਲ, ਵੁਕਲਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਮਾਣਸ ਕਰਨ ਅਪੀਲ, ਬਰੀਖ਼ਾਨਾ ਦੇ ਵਖਾਈਆ । ਤੂੰ ਦਾਤਾ ਛੈਲ ਛਬੀਲ, ਸ਼ਹਿਨਸ਼ਾਹ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇ ਮੁਕਾਈਆ । ਤੇਰੀ ਮਰਜ਼ੀ ਕਰੇ ਇਨਕਸ਼ਾਫ਼, ਖੋਜੇ ਥਾਉਂ ਥਾਈਂਆ । ਕਲਜੁਗ ਮਰਜ਼ੀ ਹੋਈ ਖ਼ਿਲਾਫ, ਵਾਅਦਾ ਪੂਰ ਨਾ ਕੋਇ ਕਰਾਈਆ । ਤੁਧ ਬਿਨ ਮੇਟੇ ਨਾ ਕੋਈ ਇਖ਼ਤਲਾਫ਼, ਦੂਈ ਦਵੈਤ ਨਾ ਕੋਇ ਚੁਕਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਪ੍ਰਭ ਤੇਰੇ ਹੱਥ ਵਡਿਆਈਆ । ਤੇਰਾ ਪੱਤਣ ਤੇਰਾ ਘਾਟ, ਤੇਰੀ ਨਈਆ ਨੌਕਾ ਨਾਮ ਨਜ਼ਰੀ ਆਈਆ । ਤੇਰਾ ਨਾਮ ਤੇਰਾ ਸ਼ਬਦ ਤੇਰੀ ਦਾਤ, ਤੇਰਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਜਨ ਢਹਿ ਪਏ ਸਰਨਾਈਆ । ਢਹਿ ਪਏ ਸਰਨਾ, ਸੋਚ ਸਮਝ ਨਾ ਕੋਇ ਰਖਾਈਆ । ਸਾਡੀ ਮਰਜ਼ੀ ਬਖ਼ਸ਼ ਗੁਨਾਹ, ਮਰਜ਼ੀ ਆਪਣੀ ਨਾਲ ਮਿਲਾਈਆ । ਬਿਨ ਤੇਰੇ ਹੋਏ ਫ਼ਨਾਹ, ਸਿਰ ਹੱਥ ਨਾ ਕੋਇ ਟਿਕਾਈਆ । ਅੱਗੇ ਮਿਲੇ ਨਾ ਕੋਈ ਰਾਹ, ਰਹਿਬਰ ਪੰਧ ਨਾ ਕੋਇ ਚੁਕਾਈਆ । ਕਿਰਪਾ ਕਰ ਨੂਰੀ ਖ਼ੁਦਾ, ਖ਼ੈਰਖ਼ਾਹ ਹੋ ਕੇ ਮਿਹਰ ਨਜ਼ਰ ਉਠਾਈਆ । ਪਾਰਬ੍ਰਹਮ ਪ੍ਰਭ ਹੋ ਸਹਾ, ਸਹਾਇਤਾ ਕਰਨੀ ਚਾਈਂ ਚਾਈਂਆ । ਸਚ ਮਰਜ਼ੀ ਅੰਦਰ ਮੰਗੀਏ ਇਕ ਦੁਆ, ਅਸੀਸ ਤੇਰੇ ਦਰ ਤੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਧੁਰ ਦੀ ਮਰਜ਼ੀ ਨਾਲ ਹਰਿਜਨ ਲੈਣੇ ਆਪ ਚਲਾਈਆ । ਪ੍ਰਭ ਦੀ ਮਰਜ਼ੀ ਜਪਣਾ ਨਾਮ, ਸੱਚੀ ਕਿਰਤ ਸਮਝਾਇੰਦਾ । ਅੰਮ੍ਰਿਤ ਆਤਮ ਪੀਣਾ ਜਾਮ, ਮਧ ਪਿਆਲਾ ਇਕ ਵਖਾਇੰਦਾ । ਮਨ ਮਮਤਾ ਤੋੜਨਾ ਮਾਣ ਅਭਿਮਾਨ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਘਰ ਠਾਕਰ ਸਵਾਮੀ ਲੈਣਾ ਪਹਿਚਾਨ, ਦੂਈ ਦਵੈਤੀ ਪੜਦਾ ਲਾਹਿੰਦਾ । ਕਲਜੁਗ ਜੀਵ ਨਾ ਭੁੱਲ ਅਵਾਣ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਜਿਸ ਦੀ ਮਰਜ਼ੀ ਅੰਦਰ ਚਲੇ ਦੋ ਜਹਾਨ, ਸੂਰਜ ਚੰਦ ਸੇਵ ਕਮਾਇੰਦਾ । ਸੋ ਸਾਹਿਬ ਸਤਿਗੁਰ ਦੇਵਣਹਾਰਾ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਰਾਤੀਂ ਸੁਤਿਆਂ ਮਿਲੇ ਆਣ, ਦਿਨੇ ਜਾਗਦਿਆਂ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਸ਼ੀਆਂ ਅੰਦਰ ਦੇਵੇ ਵਰ, ਘਰ ਘਰ ਵਿਚ ਸੋਭਾ ਪਾਇੰਦਾ । ਘਰ ਵਿਚ ਸੋਭਾ ਸੁਭਾਏਮਾਨ, ਸਚ ਦਏ ਵਡਿਆਈਆ । ਪ੍ਰਭ ਦੀ ਮਰਜ਼ੀ ਕੋ ਵਿਰਲਾ ਗੁਰਮੁਖ ਜਾਣੇ ਵਿਚ ਜਹਾਨ, ਦੂਸਰ ਹੱਥ ਕਿਸੇ ਨਾ ਆਈਆ । ਜਗਤ ਮਰਜ਼ੀ ਭਰਮ ਭੁੱਲੇ ਸ਼ੈਤਾਨ, ਦਿਵਸ ਰੈਣ ਅੱਠੇ ਪਹਿਰ ਦੁਹਾਈਆ । ਸਤਿਗੁਰ ਮਰਜ਼ੀ ਗੁਰਮੁਖ ਮਿਲੇ ਮਾਣ, ਘਰ ਠਾਂਡੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਰਜ਼ੀ ਅੰਦਰ ਦੇਵੇ ਦਾਨ, ਚਰਨ ਧੂੜ ਬਖ਼ਸ਼ ਇਸ਼ਨਾਨ, ਅੰਤਰ ਆਤਮ ਬ੍ਰਹਮ ਗਿਆਨ, ਨਾਦ ਧੁਨ ਕਰੇ ਸਚ ਸਚ ਸ਼ਨਵਾਈਆ ।


੧੧੦੭
੧੯

## ★ ੧੩ ਜੇਠ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ਜ਼ਿਲਾ ਗੁਰਦਾਸਪੁਰ ★

ਵਿਦਿਆ ਕਹੇ ਮੈਂ ਕਲਮਾਂ ਨਾਲ ਗਈ ਵਿਧੀ, ਸਚ ਵਿਦਿਆਲਾ ਨਜ਼ਰ ਕੋਇ ਨਾ ਆਇੰਦਾ । ਅੱਖਰਾਂ ਵਿਚੋਂ ਲੱਭਦੇ ਤੇਰੇ ਮਿਲਣ ਦੀ ਬਿਧੀ, ਸਤਿ ਤੇਰਾ ਧਿਆਨ ਨਾ ਕੋਇ ਲਗਾਇੰਦਾ । ਲੇਖਾਂ ਵਿਚੋਂ ਲੇਖ ਪ੍ਰਭੂ ਤੇਰੀ ਕਹਾਣੀ ਵੱਡੀ ਕਿਡੀ, ਜੇ ਖੋਜਾਂ ਤੇ ਨਿਕਿਉਂ ਨਿੱਕਾ ਤੇਰਾ ਰੂਪ ਨਜ਼ਰੀ ਆਇੰਦਾ । ਇਲਮਾਂ ਵਾਲੇ ਬਣ ਗਏ ਜ਼ਿਦੀ, ਨੇਤਰ ਨਾਲ ਅੱਖ ਨਾ ਕੋਇ ਮਿਲਾਇੰਦਾ । ਮਜ਼੍ਹਬ ਪਗਡੰਡੀ ਤੇਰੀ ਧਾਰ ਮਿਲੇ ਨਾ ਸਿਧੀ, ਬਿਨ ਕਦਮਾਂ ਪੰਧ ਨਾ ਕੋਇ ਮੁਕਾਇੰਦਾ । ਕਿਸੇ ਸਮਝ ਨਾ ਆਏ ਮੁਨੀ ਰਿਖੀ, ਜੋਗ ਅਭਿਆਸ ਅੰਦਰ ਸਰਬ ਕੁਰਲਾਇੰਦਾ । ਤੇਰੇ ਪਰੇਮ ਪਿਆਰ ਦੀ ਕੋਈ ਨਾ ਪਾਵੇ ਇਕੀ, ਦੂਆ ਹੋ ਕੇ ਏਕਾ ਰੂਪ ਸਮਾਇੰਦਾ । ਕੀ ਦੱਸਾਂ ਕਹਾਣੀ ਬੀਤੀ, ਪਿਛਲਾ ਲੇਖਾ ਸਮਝ ਕੋਇ ਨਾ ਪਾਇੰਦਾ । ਰਸਨਾ ਪੜ੍ਹ ਕੇ ਤੈਨੂੰ ਲੱਭਦੇ ਮੰਦਰ ਮਸੀਤੀ, ਸਾਚਾ ਮੰਦਰ ਖੋਜ ਨਾ ਕੋਇ ਖੋਜਾਇੰਦਾ । ਸ਼ਰਅ ਵਾਲੇ ਮੈਨੂੰ ਰਹੇ ਘਸੀਟੀ, ਮੀਤ ਪਿਆਰਾ ਮੇਲ ਨਾ ਕੋਇ ਮਿਲਾਇੰਦਾ । ਬੇਸ਼ਕ ਮੈਂ ਲਿਖਦੀ ਰਹੀ ਦੱਸਦੀ ਰਹੀ ਵਸਤ ਮਿਲੇ ਪੂਰਬ ਕੀਤੀ, ਕਰਨੀ ਤੇਰੀ ਸਮਝ ਕੋਇ ਨਾ ਪਾਇੰਦਾ । ਐਹੋ ਜਿਹੀ ਮੈਂ ਕਦੇ ਨਾ ਵੇਖੀ ਰੀਤੀ, ਜੋ ਬਿਨ ਪੜ੍ਹਿਆਂ ਬਿਨ ਗਾਇਆ ਬਿਨ ਅੱਖਰਾਂ ਆਪਣੇ ਲੇਖੇ ਪਾਇੰਦਾ । ਹੈਰਾਨੀ ਵਿਚੋਂ ਹੋਈ ਠੰਡੀ ਸੀਤੀ, ਅਗਨੀ ਵਿਚੋਂ ਅੰਮ੍ਰਿਤ ਨਜ਼ਰੀ ਆਇੰਦਾ । ਸਚ ਫੁਲਵਾੜੀ ਤੇਰੀ ਧਰਮ ਬਾਗ਼ੀਚੀ, ਗੁਰਮੁਖ ਸੱਜਣ ਸੋਭਾ ਪਾਇੰਦਾ । ਕਿਰਪਾ ਕਰ ਕੇ ਅੱਗੇ ਸਭ ਨੂੰ ਦੱਸ ਇਹੋ ਸੱਚੀ ਰੀਤੀ, ਜਿਸ ਰੀਤੀ ਦਾ ਲੇਖ ਲਿਖਤ ਵਿਚ ਨਾ ਕੋਇ ਬਣਾਇੰਦਾ । ਮੈਂ ਬਖ਼ਸ਼ਾਵਾਂ ਪਿਛਲੀ ਭੁੱਲ ਕੀਤੀ, ਅਭੁੱਲ ਇਕ ਤੂੰ ਹੀ ਨਜ਼ਰੀ ਆਇੰਦਾ । ਸੱਜਣ ਬਣ ਕੇ ਸਾਹਿਬ ਹੋ ਕੇ ਸਤਿਗੁਰ ਅਖਵਾ ਕੇ ਕਿਉਂ ਅੰਦਰ ਬਾਹਰ ਖੇਡਣੀ ਲੁਕਣ ਮੀਟੀ, ਲੁਕਿਆਂ ਤੇਰੇ ਹੱਥ ਕੀ ਆਇੰਦਾ । ਬਿਨ ਉਂਗਲੀ ਚੀਚੀ ਅੱਗੋਂ ਹੱਟਾ ਦੇ ਪਰਾਂ ਗੀਟੀ, ਜਿਸ ਗੀਟੀ ਪਿਛੇ ਆਪਣਾ ਆਪ ਛੁਪਾਇੰਦਾ । ਓਥੇ ਕਲਮ ਸ਼ਾਹੀ ਨਾ ਕੋਈ ਰੀਤੀ, ਲੇਖਾ ਲੇਖ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਜਿਸ ਵਰ ਵਿਚੋਂ ਅੱਖਰ ਨਜ਼ਰ ਕੋਇ ਨਾ ਆਇੰਦਾ । ਵਿਦਿਆ ਕਹੇ ਮੇਰੇ ਵਿਧਾਤੇ, ਵਿਧ ਸੋਹਣੀ ਦਿਤੀ ਬਣਾਈਆ । ਮੈਂ ਜੁਗ ਜੁਗ ਗਈ ਜਗਤ ਸਮਝਾ ਕੇ, ਕਾਗ਼ਜ਼ ਸ਼ਾਹੀ ਮੇਲ ਮਿਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਲਿਖਵਾ ਕੇ, ਸ਼ਹਾਦਤ ਗਵਾਹੀ ਦਿਤੀ ਭੁਗਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗ੍ਰੰਥ ਵਡਿਆ ਕੇ, ਸੋਹਣਾ ਸੋਹਣਾ ਸੋਹਣਾ ਜੋੜ ਜੁੜਾਈਆ । ਕਲਜੁਗ ਅੰਤਮ ਆਪਣੇ ਨੈਣ ਬੈਠੀ ਸ਼ਰਮਾ ਕੇ, ਅੱਖ ਸਕਾਂ ਨਾ ਕੋਇ ਉਠਾਈਆ । ਵਿਦਿਆ ਪੜ੍ਹਨ ਵਾਲੇ ਬੈਠੇ ਆਪਣਾ ਆਪ ਗੁਆ ਕੇ, ਤੇਰੀ ਸਾਰ ਕਿਸੇ ਨਾ ਪਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਬਾਹਰੋਂ ਬਹਿਣ ਨਹਾ ਧੋ ਕੇ, ਅੰਦਰ ਕਰੇ ਨਾ ਕੋਇ ਸਫ਼ਾਈਆ । ਮੈਂ ਸਾਰਿਆਂ ਦੁਆਰਿਆਂ ਵਿਚੋਂ ਨਿਕਲੀ ਅੰਤਮ ਰੋ ਕੇ, ਉਚੀ ਕੂਕਾਂ ਕੂਕ ਕੂਕ ਸੁਣਾਈਆ । ਦਾਤਾ ਸਾਹਿਬ ਮਿਲੇ ਪ੍ਰਭ ਉਹ ਆ ਕੇ, ਜਿਸ ਮੇਰੀ ਬਣਤ ਬਣਾਈਆ । ਕਿਸੇ ਅਨਪੜ੍ਹ ਗੁਰਸਿਖ ਕਿਹਾ ਕਮਲੀਏ ਚਰਨੀ ਡਿਗ ਉਹਦੀ ਜਾ ਕੇ, ਜਿਸ ਦੀ ਸਮਝ ਕਿਸੇ ਨਾ ਪਾਈਆ । ਤੇਰਾ ਲੇਖਾ ਬਣਾਵੇ ਫੇਰ ਮਿਟਾ ਕੇ, ਮਿਟੀ ਖ਼ਾਕ ਨਾਲ ਰਲਾ ਕੇ ਦਏ ਵਡਿਆਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਹਿਸਾਬ ਮੁਕਾ ਕੇ, ਮੁਕੰਮਲ ਆਪਣਾ ਹੁਕਮ ਮਨਾਈਆ । ਉਹ ਦਇਆਵਾਨ

ਆਪਣੀ ਦਇਆ ਕਮਾ ਕੇ, ਦਰਦੀਆਂ ਦਰਦ ਦੁੱਖ ਵੰਡਾਈਆ । ਇਕ ਵੇਰਾਂ ਵੇਖ ਬਿਨ ਲਿਖਿਆਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾ ਕੇ, ਗਾਹਕ ਤੇਰਾ ਇਕੋ ਨਜ਼ਰੀ ਆਈਆ । ਇਹ ਥੋੜੀ ਜਿਹੀ ਰਮਜ਼ ਚਲਿਆ ਆਪ ਸੁਣਾ ਕੇ, ਅੱਗੇ ਚੌਦਾਂ ਵਿਦਿਆ ਲੇਖਾ ਸਾਰਾ ਦਏ ਖੁਲ੍ਹਾਈਆ ।

## ★ ੧੩ ਜੇਠ ੨੦੨੧ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਿਹ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਬਿਨ ਸੱਦਿਉਂ ਆਇਆ ਸੱਦੇ, ਸਧਨਾ ਮੂਲ ਚੁਕਾਇੰਦਾ । ਪੂਰਬ ਪਰੇਮ ਬਚਨ ਬੱਧੇ, ਬਦਲਾ ਲਹਿਣਾ ਝੋਲੀ ਪਾਇੰਦਾ । ਛੁਰੀ ਹਲਾਲ ਵੇਖੇ ਕਜ਼ੇ, ਕਾਜ਼ੀ ਮੁੱਲਾਂ ਭੇਵ ਮਿਟਾਇੰਦਾ । ਖਾਣ ਪਕਵਾਨ ਦੇ ਜਾਣੇ ਮਜ਼ੇ, ਲਜ਼ਤ ਸੱਚੀ ਇਕ ਦ੍ਰਿੜਾਇੰਦਾ । ਭਗਤ ਸੁਹੇਲਾ ਹੋ ਕੇ ਆਪੇ ਭੱਜੇ, ਜੁਗ ਜੁਗ ਪੰਧ ਮੁਕਾਇੰਦਾ । ਨਜ਼ਰ ਪਈ ਉਸ ਪੱਟ ਸੱਜੇ, ਜਿਸ ਦਾ ਦੁਖ ਨਾ ਕੋਇ ਵੰਡਾਇੰਦਾ । ਹੌਕੇ ਲੈ ਲੈ ਮੈਂ ਮੈਂ ਕਰ ਕੇ ਗੱਜੇ, ਤੂੰਹੀ ਤੂੰ ਤੂੰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਪੂਰਬ ਲੇਖਾ ਚੁਕਾਏ ਬਿਨ ਸੱਦਿਆਂ, ਸਧਨੇ ਲਹਿਣਾ ਦੇਣ ਮਿਟਾਈਆ । ਲੱਭਿਆਂ ਹੱਥ ਨਾ ਆਵੇ ਭੱਜਿਆਂ, ਫੜਿਆਂ ਕੋਲ ਨਾ ਕੋਇ ਰਖਾਈਆ । ਜਿਸ ਨੇ ਪੂਰਬ ਪੜਦਾ ਕੱਜਿਆ, ਸੋ ਵੇਖਣਹਾਰ ਗੋਸਾਈਆ । ਕੀਤੇ ਕੌਲ ਦੀ ਪਾਲੇ ਲੱਜਿਆ, ਇਕਰਾਰ ਭੁੱਲ ਕਦੇ ਨਾ ਜਾਈਆ । ਨਿਤ ਨਵਿਤ ਇਸ ਠਾਕਰ ਭਗਤਾਂ ਖਹਿੜਾ ਕਦੇ ਨਾ ਛੱਡਿਆ, ਵੇਖ ਵਖਾਣੇ ਥਾਉਂ ਥਾਈਆ । ਜਗਤ ਦੂਰ ਕਰ ਕੇ ਪਾਰ ਹੱਦਿਆ, ਸਚ ਦਵਾਰ ਡੇਰਾ ਲਾਈਆ । ਪਰੇਮ ਪ੍ਰੀਤੀ ਸਚ ਖ਼ੁਮਾਰੀ ਅੰਦਰ ਮਧਿਆ, ਮਸਤੀ ਇਕੋ ਇਕ ਚੜ੍ਹਾਈਆ । ਜਿਸ ਨੇ ਰਸ ਚਖਿਆ ਨਾੜੀ ਹੱਡਿਆ, ਹੱਡਾਂ ਵਿਚੋਂ ਅੱਡ ਇਕੋ ਨੂਰ ਖ਼ੁਦਾਈਆ । ਓਨ੍ਹਾਂ ਦਾ ਲੇਖਾ ਮੁੱਕੇ ਪਿਛੋਂ ਸਦੀਆਂ, ਸਦਾਕਤ ਦੇਣ ਵਾਲਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੱਦੇ ਵਾਲਾ ਇਕੋ ਸਾਦਕ, ਸਾਹਿਬ ਸਤਿਗੁਰ ਹਰਿ ਅਖਵਾਇੰਦਾ । ਭਗਤ ਉਧਾਰਨ ਜਿਸ ਦੀ ਆਦਤ, ਆਦਿ ਅੰਤ ਖੋਜ ਖੁਜਾਇੰਦਾ । ਸਾਚਾ ਨਾਮ ਦੇ ਸਮਝਾਵੇ ਇਬਾਦਤ, ਅਦਲ ਆਦਲ ਇਕ ਕਮਾਇੰਦਾ । ਬਖ਼ਸ਼ਿਸ਼ ਰਹਿਮ ਕਰੇ ਸਖ਼ਾਵਤ, ਅਮੋਲਕ ਵਸਤ ਅਨਮੋਲ ਵਰਤਾਇੰਦਾ । ਪੂਰਬ ਜਨਮ ਦੀ ਵੇਖਣਹਾਰ ਅਲਾਮਤ, ਪੜਦਾ ਉਹਲਾ ਆਪ ਉਠਾਇੰਦਾ । ਬੇਪਰਵਾਹ ਬਣ ਸਹੀ ਸਲਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਮੂਲ ਚੁਕਾਇੰਦਾ । ਪਿਛਲੀ ਯਾਦ ਵਿਚ ਲਏ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਬਾਕੀ ਹਿੱਸਾ ਰਹਿ ਗਿਆ ਅੱਧ, ਅੱਧਾ ਸਭਨਾਂ ਝੋਲੀ ਪਾਈਆ । ਨੇਤਰ ਰੋ ਕਿਹਾ ਹੋਈ ਹੱਦ, ਵਾਹ ਵਾ ਤੇਰੀ ਇਹ ਵਡਿਆਈਆ । ਜ਼ਬ੍ਹਾ ਕੀਤਿਆਂ ਬਿਨਾਂ ਮੈਨੂੰ ਦਿਤਾ ਛੱਡ , ਛੁਰੀ ਜਗਤ ਰੂਪ ਕਸਾਈਆ । ਨੇਤਰ ਰੋਵਣ ਤੜਫਣ ਹੱਡ, ਨਾੜੀ ਨਾੜੀ ਦਏ ਦੁਹਾਈਆ । ਬਿਰਹੋਂ ਸਤਾਏ ਅਗਨੀ ਅੱਗ, ਅਗਲਾ ਭੇਵ ਨਾ ਕੋਇ ਜਣਾਈਆ । ਬੇਜ਼ਬਾਨ ਤੇਰੇ ਕਦਮਾਂ ਸਿਰ ਰਿਹਾ ਸੱਟ, ਮਿਹਬਾਨ ਤੇਰੀ ਓਟ ਤਕਾਈਆ । ਜੇ ਮੇਰਾ ਮੇਰਾ ਦੇਨੋਂ ਕੱਟ, ਤੇਰਾ ਤੇਰੀ ਝੋਲੀ ਵਖਾਈਆ । ਧੜੀ ਸੇਰ ਵਿਕੇਂਦਾ ਹੱਟ, ਕੀਮਤ ਘਰ ਘਰ ਸਾਈਂ ਚੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬੇਜ਼ਬਾਨ ਕਰੀ ਪੁਕਾਰ, ਇਕੋ ਕੂਕ ਸੁਣਾਈਆ । ਤੇਰੀ ਸ਼ਰਅ ਖ਼ਬਰਦਾਰ, ਸ਼ਰਅ ਤੇਰੇ ਵਿਚੋਂ ਨਜ਼ਰੀ ਆਈਆ । ਸਭਨਾਂ ਦੇ ਸਾਂਝੇ ਯਾਰ, ਲਾਸ਼ਰੀਕ ਨੂਰ ਖ਼ੁਦਾਈਆ । ਗ਼ਫ਼ਲਤ ਵਿਚ ਸੁਤੋਂ ਆਪਣਾ ਆਪ ਪਸਾਰ, ਬੇਦਾਰ ਅੱਖ ਨਾ ਕੋਇ ਖੁਲ੍ਹਾਈਆ । ਉਠ ਵੇਖ ਮੇਰਾ ਹਾਲ, ਬੇਹਾਲ ਰਿਹਾ ਕੁਰਲਾਈਆ । ਆਪਣੀ ਛੁਰੀ ਨਾਲ ਕਰਦੋਂ ਹਲਾਲ, ਕਸਾਈਆਂ ਹੱਥ ਕਿਉਂ ਮੇਰੀ ਖੱਲ ਫੜਾਈਆ । ਤੂੰ ਮੇਰਾ ਮਾਲਕ ਤੂੰ ਮੇਰਾ ਈਮਾਨ, ਰਹਿਮਾਨ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਬੇਜ਼ਬਾਨ ਮਾਰਿਆ ਨਾਅਰਾ, ਹਕੀਕਤ ਹੱਕ ਜਣਾਈਆ । ਵੇਖ ਖ਼ੁਦਾਈ ਪਰਵਰਦਿਗਾਰਾ, ਬੇਵਫ਼ਾ ਮੈਨੂੰ ਨਜ਼ਰੀ ਆਈਆ । ਜਗਤ ਜਹਾਨ ਤੇਰਾ ਦਵਾਰਾ, ਮਾਨਸ ਵਿਚੋਂ ਮਾਨਸ ਦਿਤੀ ਵਡਿਆਈਆ । ਪੰਜ ਤਤ ਕੀਆ ਆਧਾਰਾ, ਤ੍ਰੈਗੁਣ ਸੋਭਾ ਪਾਈਆ । ਮਨ ਮਤ ਬੁਧ ਲਾ ਅਖਾੜਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਕਿਉਂ ਬੈਠਾ ਮੁਖ ਭਵਾਈਆ । ਬੇਜ਼ਬਾਨ ਬੱਕਰਾ ਕਹੇ ਮੈਂ ਨਹੀਂ ਮੇਰਾ, ਮੇਰਾ ਤੇਰਾ ਨਜ਼ਰ ਕੁਛ ਨਾ ਆਈਆ । ਬੇਸਬਰ ਹੋ ਕੇ ਕਿਉਂ ਕੀਤਾ ਵੱਡਾ ਜੇਰਾ, ਜ਼ੇਰ ਜ਼ਬਰ ਤੇਰੀ ਸਮਝ ਕਿਸੇ ਨਾ ਆਈਆ । ਸਾਢੇ ਤਿੰਨ ਅੰਮ੍ਰਿਤ ਵੇਲਾ, ਵਾਰ ਥਿਤ ਸੋਹਣੀ ਖ਼ੁਸ਼ੀ ਰਹੀ ਜਣਾਈਆ । ਦੁੱਖਾਂ ਪਾਇਆ ਘੇਰਾ, ਸੁਖਾਂ ਰੈਣ ਵਿਹਾਈਆ । ਸੁਖਾਂ ਪਿਛੇ ਦੁੱਖਾਂ ਚੁਕਿਆ ਮੇਰਾ ਬੇੜਾ, ਆਪਣੇ ਕੰਧ ਉਠਾਈਆ । ਜੇ ਪ੍ਰਭੂ ਕਸਾਈ ਉਤੇ ਕਰੇਂ ਮਿਹਰਾ, ਉਹਦਾ ਅੰਤਰ ਦਏਂ ਜਣਾਈਆ । ਸਹਾਈ ਹੋਵੇਂ ਹੋ ਕੇ ਨੇਰਨ ਨੇਰਾ, ਘਰ ਸਾਚੇ ਫੇਰਾ ਪਾਈਆ । ਭਾਗ ਲੱਗੇ ਸਾਚੇ ਮੰਦਰ ਡੇਰਾ, ਵੱਜੇ ਸਤਿ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਸੁਣ ਫ਼ਰਿਆਦ ਸਾਹਿਬ ਗੁਣਵੰਤ, ਅੰਦਰੇ ਅੰਦਰ ਸਤਾਰ ਹਿਲਾਈਆ । ਤੇਰੀ ਪੁਕਾਰ ਬੇ ਜ਼ਬਾਨ ਸੰਤ, ਸਾਹਿਬ ਸਤਿਗੁਰ ਸੱਚੇ ਭਾਈਆ । ਦੋਹਾਂ ਜਣਾ ਇਕ ਜੀਵ ਇਕ ਜੰਤ, ਜਾਗਰਤ ਵਿਚੋਂ ਜਾਗਰਤ ਕਰੇ ਰੁਸ਼ਨਾਈਆ । ਸਚ ਸੰਦੇਸਾ ਧੁਰ ਦਾ ਮੰਤ, ਬਿਨ ਅੱਖਰਾਂ ਦਿਆਂ ਪੜ੍ਹਾਈਆ । ਤੇਰੀ ਮੰਗ ਤੇਰੀ ਮਿੰਨਤ, ਮਿਹਰਵਾਨ ਝੋਲੀ ਪਾਈਆ । ਹੁਕਮੇ ਅੰਦਰ ਬਖ਼ਸ਼ਾਂ ਹਿੰਮਤ, ਸਧਨਾ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾਏ ਇਕ, ਇਕ ਇਕੱਲਾ ਦਇਆ ਕਮਾਇੰਦਾ । ਦੋਹਾਂ ਦਾ ਲੇਖਾ ਦਿਤਾ ਲਿਖ, ਵੇਖਣਹਾਰਾ ਨਜ਼ਰ ਕੋਇ ਨਾ ਆਇੰਦਾ । ਬੇਜ਼ਬਾਨ ਮਾਰੀ ਨਿਛ, ਕੂੜਾ ਮੈਲਾ ਬਾਹਰ ਕਢਾਇੰਦਾ । ਉਸ ਦੇ ਵਿਚੋਂ ਇਕੋ ਵਰਕਾ ਗਿਆ ਡਿਗ, ਜਿਸ ਉਪਰ ਪਰਮ ਪੁਰਖ ਆਪਣਾ ਨਾਮ ਲਿਖਾਇੰਦਾ । ਤੂੰ ਮੇਰਾ ਮੈਂ ਤੇਰਾ ਹਿਤ, ਦੂਜਾ ਸੰਗ ਨਾ ਕੋਇ ਨਿਭਾਇੰਦਾ । ਕਰਵਟ ਲੈ ਬਦਲਾਂ ਪਿਠ, ਸਨਮੁਖ ਨਜ਼ਰੀ ਆਇੰਦਾ । ਸਵਾਮੀ ਹੋ ਕੇ ਵਸਾਂ ਚਿਤ, ਘਰ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਵਰਕੇ ਉਤੇ ਲੇਖ ਅਪਾਰ, ਇਕੋ ਇਕ ਜਣਾਈਆ । ਸਧਨੇ ਕਰਾਂ ਖ਼ਬਰਦਾਰ, ਤੈਨੂੰ ਦਿਆਂ ਵਡਿਆਈਆ । ਦੋਹਾਂ ਵਿਚੋਲਾ ਸਿਰਜਣਹਾਰ, ਇਕੋ ਕਾਰ ਕਮਾਈਆ । ਜਿਸ ਦੀ ਛੁਰੀ ਓਸੇ ਦੀ ਧਾਰ, ਜਿਸ ਦੀ ਗਰਦਨ ਓਸੇ ਆਪ ਕਟਾਈਆ । ਕੀ ਹੋਇਆ ਜੇ ਮੇਰਾ ਪੱਟ ਦਿਤਾ ਪਾੜ, ਦੁਖੀ ਹੋਏ ਦਰਦ ਨਾ ਕੋਇ ਵੰਡਾਈਆ । ਏਸੇ ਦੁਖ ਪਿਛੇ ਤੂੰ ਕੀਤੀ ਪੁਕਾਰ, ਅੰਤਰ ਰੋ ਰੋ ਦਿਤਾ ਸੁਣਾਈਆ । ਮੈਂ

ਸੁਣਨਹਾਰ ਨਿਰੰਕਾਰ, ਨਿਰਗੁਣ ਵੇਖਾਂ ਥਾਉਂ ਥਾਈਂਆ । ਮਿਹਰ ਕਰਾਂ ਵਿਚ ਸੰਸਾਰ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵੇ ਸਦਾ ਸਹਾਈਆ । ਬੱਕਰੇ ਕਿਹਾ ਕਿਹਾ ਕੀ, ਸੁਣਨ ਵਿਚ ਕੁਛ ਨਾ ਆਈਆ । ਮੈਂ ਨਿਮਾਣਾ ਨਿਕਰਮਣ ਜੀਅ, ਜਗ ਜੀਵਣ ਦਾਤੇ ਤੇਰੀ ਕੀ ਵਡਿਆਈਆ । ਸਦ ਬਲਿਹਾਰੀ ਤੈਥੋਂ ਥੀ, ਆਪਣਾ ਆਪ ਮਿਟਾਈਆ । ਪਰੇਮ ਪਿਆਰ ਦੀ ਰੱਖਾਂ ਨੀਂਹ, ਕੂੜੀ ਕਿਰਿਆ ਕੰਧ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਬੱਕਰੇ ਕਿਹਾ ਤੇਰੀ ਰਹਿਮਤ, ਪਰਵਰਦਗਾਰ ਮੋਹੇ ਭਾਈਆ । ਤੂੰ ਮੇਰੇ ਦੁਖ ਨਾਲ ਹੋਇਉਂ ਸਹਿਮਤ, ਦਰਦੀ ਹੋ ਕੇ ਦਰਦ ਵੰਡਾਈਆ । ਮੈਂ ਮੂਰਖ ਅਵਾਣਾ ਅਹਿਮਕ, ਭੇਵ ਅਭੇਦ ਸਮਝ ਸਕਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲੇਖਾ ਦੇਣਾ ਮੁਕਾਈਆ । ਸ੍ਰੀ ਭਗਵਾਨ ਕਿਹਾ ਹੱਸ, ਖ਼ੁਸ਼ੀਆਂ ਨਾਲ ਜਣਾਈਆ । ਦੁਖੀ ਦੁਖਿਆਰੇ ਕਰ ਬੱਸ, ਦੁੱਖਾਂ ਵਿਚੋਂ ਪਰੇਮ ਨਜ਼ਰੀ ਆਈਆ । ਹੌਲੀ ਜਿਹੀ ਨਿਰਗੁਣ ਬਿਨ ਹੱਥਾਂ ਫੇਰਿਆ ਉਤੇ ਹੱਥ, ਕੰਡ ਉਤੇ ਆਪਣੀ ਦਇਆ ਕਮਾਈਆ । ਉਸੇ ਵੇਲੇ ਚਰਨ ਢੱਠ, ਨੇਤਰ ਨੈਣਾਂ ਨੀਰ ਵਹਾਈਆ । ਉਧਰੋ ਸਦਨੇ ਸੁੱਤੇ ਪਏ ਵੱਜੀ ਸੱਟ, ਸ਼ਬਦ ਅਗੰਮੀ ਚੋਟ ਲਗਾਈਆ । ਆਪਣਾ ਆਪ ਰਿਹਾ ਕੱਟ, ਛੁਰੀ ਹੱਥ ਫੜ ਕਸਾਈਆ । ਜਿਸ ਵੇਲੇ ਆਪਣੇ ਪੱਟ ਉਤੇ ਲੱਗਾ ਫੱਟ, ਅੱਗੋ ਬੱਕਰਾ ਉਹੋ ਨਜ਼ਰੀ ਆਈਆ । ਜਿਹੜਾ ਹੋ ਕੇ ਬੇਵਸ, ਤੜਫ ਪ੍ਰਭ ਨੂੰ ਰਿਹਾ ਧਿਆਈਆ । ਆਪਣੀ ਕਹਾਣੀ ਰਿਹਾ ਦੱਸ, ਬੇਵਸ ਹੋ ਕੇ ਰਿਹਾ ਗਾਈਆ । ਤੇਰੇ ਘਰ ਕੀ ਇਹੋ ਜਿਹਾ ਹੱਕ, ਹਕੀਕਤ ਬੈਠੀ ਮੁਖ ਛੁਪਾਈਆ । ਅਬਿਨਾਸ਼ੀ ਕਰਤੇ ਹੌਲੀ ਜਿਹੀ ਦਿਤਾ ਦੱਸ, ਰਮਜ਼ ਨਾਲ ਰਮਜ਼ ਦਿਤੀ ਮਿਲਾਈਆ । ਮੈਂ ਹੁਣ ਲੋਕਮਾਤ ਵਿਚੋਂ ਜਾਣਾ ਨੱਠ, ਤੇਰਾ ਲੇਖਾ ਦਿਆਂ ਮੁਕਾਈਆ । ਸਦਨੇ ਦੇ ਕੇ ਇਕੋ ਮਤ, ਛੁਰੀ ਹੱਥੋਂ ਦਿਆਂ ਸੁਟਾਈਆ । ਨੀਹਾਂ ਹੇਠਾਂ ਰੱਖ, ਚਾਰ ਦਿਵਾਰੀ ਦਿਆਂ ਕਢਾਈਆ । ਚਾਰ ਦਵਾਰੀ ਰੋ ਰੋ ਸੱਥਰ ਬਹੇ ਘੱਤ, ਆਪਣਾ ਹਾਲ ਸੁਣਾਈਆ । ਜਿੰਨਾਂ ਚਿਰ ਕਿਰਪਾ ਕਰੇ ਨਾ ਪੁਰਖ ਸਮਰਥ, ਤੇਰੀ ਮਾਤ ਨਾ ਕੋਈ ਵਡਿਆਈਆ । ਮੈਂ ਵੇਖਣੀ ਤੁਹਾਡੇ ਪਰੇਮ ਪਿਆਰ ਦੀ ਰਤ, ਇੱਟ ਗਾਰਾ ਕੰਮ ਕਿਸੇ ਨਾ ਆਈਆ । ਓਸੇ ਵੇਲੇ ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀਆਂ ਨਾਲ ਸੁਣਾਈਆ । ਗੋਬਿੰਦ ਬੇਟੇ ਤੇਰੀਆਂ ਨੀਹਾਂ ਹੇਠਾਂ ਰੱਖ, ਉਤੇ ਤੇਰੀ ਬਣਤ ਬਣਾਈਆ । ਫਿਰ ਨਿਰਗੁਣ ਹੋ ਕੇ ਭਗਤਾਂ ਗਾਵਾਂ ਜਸ, ਸੋਹਣਾ ਰਾਗ ਸੁਣਾਈਆ । ਜਿਉਂ ਮੈਂ ਮੇਰੀ ਦੇ ਹੋ ਕੇ ਵਸ, ਆਪ ਗਿਆ ਤਜਾਈਆ । ਜਿਸ ਦੀ ਦੁੱਖ ਲੱਗਾ ਚੌਥੀ ਲੱਤ, ਅੱਠੇ ਪਹਿਰ ਰਿਹਾ ਕੁਰਲਾਈਆ । ਸਿਰ ਰੱਖ ਕੇ ਓਸ ਦੇ ਹੱਥ, ਹੱਥਾਂ ਨਾਲ ਦੇਣਾ ਦਬਾਈਆ । ਤੇਰੀ ਫਿਰ ਖੋਲ੍ਹਾ ਅੱਖ, ਅੱਖਾਂ ਵਿਚੋਂ ਅੱਖ ਤੇਰੇ ਨਾਲ ਮਿਲਾਈਆ । ਪਰੇਮ ਪਿਆਰ ਦਾ ਦੇ ਕੇ ਹੱਕ, ਸੋਹਣਾ ਜੋੜ ਜੁੜਾਈਆ । ਤੇਰਾ ਮਾਸ ਮਹਿੰਗਾ ਵਿਕਿਆ ਅੱਜ ਹੱਟ, ਫਿਰ ਮਹਿੰਗਾ ਰੱਖ ਦਿਆਂ ਨਾਮ ਵਡਿਆਈਆ । ਇਹ ਖੇਲ ਪੁਰਖ ਸਮਰਥ, ਜੁਗ ਜੁਗ ਲਹਿਣਾ ਦੇਣਾ ਰਿਹਾ ਮੁਕਾਈਆ । ਸਦਨੇ ਦਾ ਲੇਖਾ ਅੱਗੇ ਬਾਕੀ ਹੱਕ, ਇਕੀ ਸਾਵਣ ਰਾਹ ਤਕਾਈਆ । ਬਿਨ ਸੱਦਿਆ ਸੱਦਾ ਦੇਵਣ ਵਾਲਾ ਸਹਿਜੇ ਸਹਿਜੇ ਰਿਹਾ ਦੱਸ, ਗੁਰਮੁਖ ਗੁਰਮੁਖ ਆਪ ਉਠਾਈਆ । ਕੀ ਹੋਇਆ ਜੇ ਪਿਛੇ ਨਿਰਗੁਣ ਹੋ ਕੇ ਭੱਜ, ਹੁਣ ਨਿਰਗੁਣ ਸਰਗੁਣ ਵਿਚੋਂ ਨਿਰਗੁਣ ਨਜ਼ਰੀ ਆਈਆ । ਆਪੇ ਆਪਣੇ ਮਿਲਣ ਦਾ ਦੱਸੇ ਚੱਜ, ਆਪੇ ਮੇਲ ਮਿਲਾਏ ਚਾਈਂ ਚਾਈਆ ।


੧੧੧੧ ੧੯

ਛੁਰੀ ਕਟਾਰ ਸੀਨੇ ਕਿਸੇ ਨਾ ਜਾਏ ਵੱਜ, ਜ਼ਬ੍ਹਾ ਕਰ ਸੀਸ ਨਾ ਕੋਈ ਕਟਾਈਆ । ਪਰੇਮ ਪਿਆਰ ਪ੍ਰੀਤੀ ਅੰਦਰ ਰੱਖ, ਸਾਚੀ ਰੀਤੀ ਨੀਤੀ ਦਏ ਬਤਾਈਆ । ਏਥੇ ਕਿਸੇ ਦਾ ਨਹੀਂ ਕੁਛ ਵਸ, ਕੁਛ ਕਰਨ ਵਾਲਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪਿਛਲੇ ਲਹਿਣੇ ਅੰਦਰ ਹੋ ਕੇ ਵਸ, ਵਾਸਤਾ ਗੁਰਮੁਖਾਂ ਰਿਹਾ ਜੁੜਾਈਆ ।

## ★ ੧੩ ਜੇਠ ੨੦੨੧ ਬਿਕ੍ਰਮੀ ਚੇਲਾ ਸਿੰਘ ਦੇ ਘਰ ਜੰਮੂ ਸ਼ਹਿਰ ਵਜ਼ਾਰਤ ਰੋਡ ★

ਸ਼ਬਦ ਸ਼ਬਦ ਪ੍ਰਭ ਉਠਾਇਆ ਬੇਟਾ, ਨਿਰਗੁਣ ਦਇਆ ਕਮਾਈਆ । ਪੂਰਬ ਲੇਖਾ ਸਭ ਦਾ ਵੇਖਾ, ਨਵ ਨੌ ਚਾਰ ਖੋਜ ਖੁਜਾਈਆ । ਸਰਗੁਣ ਕਰਾਇਆ ਆਪਣਾ ਚੇਤਾ, ਅਨਭੁਲ ਦਿਤਾ ਸਮਝਾਈਆ । ਪਰਮ ਪੁਰਖ ਪ੍ਰਭ ਵੇਖੇ ਨੇਤਾ, ਨਰ ਨਰਾਇਣ ਬੇਪਰਵਾਹੀਆ । ਨਿਤ ਨਵਿਤ ਜਿਸ ਦੀ ਖੇਡਾ, ਦੋ ਜਹਾਨਾਂ ਰਚਨ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੇ ਭੇਜਾ, ਧੁਰ ਫ਼ਰਮਾਣ ਹੁਕਮ ਮਨਾਈਆ । ਲੱਖ ਚੁਰਾਸੀ ਘਟ ਘਟ ਅੰਤਰ ਮਾਣੇ ਸੇਜਾ, ਸਤਿ ਸਤਿਵਾਦੀ ਡੇਰਾ ਲਾਈਆ । ਨਾਮ ਨਿਧਾਨਾ ਦੇਵੇ ਧੁਰ ਸੰਦੇਸਾ, ਅਨਰਾਗੀ ਰਾਗ ਸੁਣਾਈਆ । ਨਿਤ ਨਵਿਤ ਵਟਾ ਕੇ ਵੇਸਾ, ਰੂਪ ਅਨੂਪ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਕਰਾਈਆ । ਸ਼ਬਦ
੧੧੧੨ ਕਹੇ ਪ੍ਰਭ ਦਿਤਾ ਮਾਣ, ਸਿਰ ਸਾਹਿਬ ਹੱਥ ਟਿਕਾਈਆ । ਧੁਰ ਸੰਦੇਸ ਸਚ ਫ਼ਰਮਾਣ, ਫ਼ਰਮਾਬਰਦਾਰ ਰਿਹਾ ਜਣਾਈਆ । ਉਠ ਲਾਲ ਮਾਰ ੧੧੧੨
੧੯ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਧਾ ਸੂਰਬੀਰ ਬਣ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸ੍ਰਿਸ਼ਟ ਸਬਾਈ ਵੇਖ ਸ਼ੈਤਾਨ, ੧੯
ਸ਼ਰਅ ਕਰੇ ਲੜਾਈਆ । ਮਨ ਵਾਸਨਾ ਜੀਵ ਬੇਈਮਾਨ, ਬੇਵਾ ਬਣੀ ਸਰਬ ਲੋਕਾਈਆ । ਗੁਰ ਕਾ ਸ਼ਬਦ ਨਾ ਕੋਇ ਗਿਆਨ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰੋਂ ਕੁੰਟ ਦਿਸੇ ਹਰਾਮ, ਧੀਰਜ ਜਤ ਨਾ ਕੋਈ ਰਖਾਈਆ । ਮੁਸ਼ਕਲ ਹੱਲ ਨਾ ਹੋਵੇ ਕਿਸੇ ਆਸਾਨ, ਦੂਰ ਦੁਰਾਡਾ ਪੰਧ ਨਾ ਕੋਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਦਿਤਾ ਸਮਝਾਈਆ । ਸ਼ਬਦ ਕਹੇ ਪ੍ਰਭ ਕਿਰਪਾ ਰਿਹਾ ਕਰ, ਸਦ ਦੇਵਣਹਾਰ ਵਡਿਆਈਆ । ਹੁਕਮੇ ਅੰਦਰ ਵਖਾਏ ਘਰ ਘਰ, ਗ੍ਰਿਹਿ ਗ੍ਰਿਹਿ ਆਪਣਾ ਪਰਦਾ ਲਾਹੀਆ । ਸਿਰ ਹੱਥ ਟਿਕਾਏ ਨਰਾਇਣ ਨਰ, ਨਰ ਹਰਿ ਇਕੋ ਇਕ ਅਖਵਾਈਆ । ਸਾਚੇ ਮੰਦਰ ਵੇਖਣਾ ਚੜ੍ਹ, ਮਹਲ ਅਟੱਲ ਡੇਰਾ ਲਾਈਆ । ਭੇਵ ਚੁਕਾਉਣਾ ਸੀਸ ਧੜ, ਜੀਵ ਜੰਤ ਖੋਜ ਖੁਜਾਈਆ । ਲਹਿਣਾ ਚੁਕਾਉਣਾ ਚੋਟੀ ਜੜ੍ਹ, ਮਧ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਪ੍ਰਭ ਬਖ਼ਸ਼ ਦਾਤ, ਦਇਆਵਾਨ ਦਇਆ ਕਮਾਈਆ । ਸੀਸ ਜਗਦੀਸ ਰੱਖ ਕੇ ਹਾਥ, ਮਿਹਰ ਨਜ਼ਰ ਉਠਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਪਰਦਾ ਦਿਤਾ ਉਠਾਈਆ । ਉਠ ਲਾਡਲੇ ਮਾਰ ਝਾਕ, ਦਹਿ ਦਿਸ਼ਾ ਵੇਖ ਵਖਾਈਆ । ਚੁਕ ਪਿਛਲੀ ਵੇਖ ਕਿਤਾਬ, ਜੋ ਬਿਨ ਅੱਖਰਾਂ ਦਿਤੀ ਬਣਾਈਆ । ਜਿਸ ਦਾ ਸਮਝ ਨਾ ਸਕੇ ਕੋਈ ਹਿਸਾਬ, ਲੇਖਾ ਲਿਖਤ ਨਾ ਕੋਈ ਗਿਣਾਈਆ । ਗੁਰ ਅਵਤਾਰ ਸਾਮ੍ਹਣੇ ਰੱਖ ਕੇ ਬੈਠੇ ਭਵਿਖਤ ਵਾਕ, ਵਾਕਿਆ ਆਪਣਾ ਰਹੇ ਜਣਾਈਆ । ਵੇਲਾ ਵਕਤ ਸੁਹੰਜਣਾ ਪ੍ਰਭ ਦੇਣਾ ਸੱਚਾ ਸਾਥ, ਸੋਹਣੀ

ਵੰਡ ਵੰਡਾਈਆ । ਨਿਰਵੈਰ ਪੁਰਖ ਸਾਡੀ ਪੂਰੀ ਕਰਨੀ ਆਸ, ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਕਹੇ ਪ੍ਰਭ ਦਿਤਾ ਹੁਲਾਰਾ, ਮਿਹਰਵਾਨ ਦਇਆ ਕਮਾਈਆ । ਅੰਤਰ ਅੰਤਰ ਜਣਾਇਆ ਇਕ ਇਸ਼ਾਰਾ, ਸਚ ਸਚ ਸਮਝਾਈਆ । ਕਲਜੁਗ ਵੇਖ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਸ੍ਰਿਸ਼ਟ ਸਬਾਈ ਧੂਅੰਧਾਰਾ, ਸਾਚਾ ਚੰਦ ਨਾ ਕੋਈ ਰੁਸ਼ਨਾਈਆ । ਸੱਜਣ ਮਿਲੇ ਨਾ ਮੀਤ ਮੁਰਾਰਾ, ਪਰੇਮੀ ਪਰੇਮ ਨਾ ਕੋਇ ਰਖਾਈਆ । ਕਾਗ਼ਜ਼ ਕਲਮ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਪੜ੍ਹ ਪੜ੍ਹ ਥੱਕਾ ਸਰਬ ਸੰਸਾਰਾ, ਪੜ੍ਹਿਆ ਹੱਥ ਕਿਸੇ ਨਾ ਆਈਆ । ਚੌਦਾਂ ਵਿਦਿਆ ਚੌਦਾਂ ਲੋਕ ਚੌਦਾਂ ਤਬਕਾ ਦਿਤਾ ਇਕੋ ਲਾਰਾ, ਅਗਲਾ ਲੇਖਾ ਕੋਈ ਸਮਝ ਸਕੇ ਨਾ ਰਾਈਆ । ਏਸੇ ਕਰਕੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪੁਕਾਰਾ, ਸ੍ਰਿਸ਼ਟ ਸਬਾਈ ਕੂਕ ਸੁਣਾਈਆ । ਸਭ ਦਾ ਲੇਖਾ ਦੇਵੇ ਵਾਰੋ ਵਾਰਾ, ਹਰਿ ਵੱਡਾ ਵਡ ਵਡਿਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸੁਣਾਏ ਇਕ ਜੈਕਾਰਾ, ਜੈ ਜੈਕਾਰ ਦੋ ਜਹਾਨ ਸ਼ਨਵਾਈਆ । ਜਿਸ ਦਾ ਉਚ ਅਗੰਮ ਅਥਾਹ ਲੱਗੇ ਇਕ ਅਖਾੜਾ, ਕੋਟਨ ਕੋਟ ਗੋਪੀ ਕਾਹਨ ਬਿਨ ਤਤ ਚੋਲੇ ਨਾਚ ਨਚਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਨਿਰਗੁਣ ਨਿਰਵੈਰ ਵੇਖਣਹਾਰਾ, ਕਲ ਅਕਲ ਕਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਖਾਈਆ । ਨਿਰਗੁਣ ਨਿਰਗੁਣ ਕਰੇ ਜਾਪ, ਸਰਗੁਣ ਸਰਗੁਣ ਸੋਭਾ ਪਾਈਆ । ਦੋਹਾਂ ਵਿਚੋਲਾ ਬਣਿਆ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਅੰਦਰ ਵੜਕੇ ਰਿਹਾ ਆਖ, ਬਾਹਰੋਂ ਕਰੇ ਨਾ ਕੋਈ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਕ, ਸੱਜਣ ਇਕੋ ਇਕ ਅਖਵਾਈਆ । ਆਦਿ ਜੁਗਾਦੀ ਤੇਰੀ ਮੇਰੀ ਇਕੋ ਜਾਤ, ਵਰਨ ਗੋਤ ਵੰਡ ਨਾ ਕੋਈ ਵੰਡਾਈਆ । ਤੇਰਾ ਪੜਦਾ ਪੰਜ ਤਤ ਮਾਟੀ ਖਾਕ, ਮੇਰਾ ਉਹਲਾ ਦੋ ਜਹਾਨਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਰਿਹਾ ਖਿਲਾਈਆ । ਸ਼ਬਦ ਕਹੇ ਪ੍ਰਭ ਬਖ਼ਸ਼ਿਸ਼ ਕੀਤੀ, ਮਿਹਰ ਨਜ਼ਰ ਉਠਾਈਆ । ਕਲਜੁਗ ਵੇਖ ਕੂੜੀ ਰੀਤੀ, ਰੀਤੀਵਾਨ ਰਿਹਾ ਸਮਝਾਈਆ । ਝੇੜਾ ਪਿਆ ਮੰਦਰ ਮਸੀਤੀ, ਗੁਰੂਦਵਾਰ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਅੰਤਰ ਆਤਮ ਹੋਏ ਪੁਨੀਤੀ, ਵਾਸਨਾ ਮੈਲ ਨਾ ਕੋਈ ਧਵਾਈਆ । ਅਗੰਮੀ ਅੱਗ ਨਾ ਠਾਂਡੀ ਸੀਤੀ, ਮੇਘ ਸਚ ਨਾ ਕੋਈ ਬਰਸਾਈਆ । ਲੇਖਾ ਚੁੱਕੇ ਨਾ ਹਸਤ ਕੀਟੀ, ਊਚ ਨੀਚ ਜਾਤ ਪਾਤ ਨਾ ਕੋਈ ਵਡਿਆਈਆ । ਕੂੜੀ ਕਿਰਿਆ ਗੰਡ ਪੀਚੀ, ਲੋਕਮਾਤ ਸਕੇ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਕਰਨ ਉਡੀਕੀ, ਪੀਰ ਪੈਗ਼ੰਬਰ ਧਿਆਨ ਲਗਾਈਆ । ਪਰਵਰਦਿਗਾਰ ਸਚ ਲਾਸ਼ਰੀਕੀ, ਸ਼ਰਕਤ ਸਭ ਦੀ ਦਏ ਗਵਾਈਆ । ਵੇਖੇ ਹੱਕ ਹਕੀਕੀ, ਹਕੀਕਤ ਵਿਚੋਂ ਖੋਜ ਖੁਜਾਈਆ । ਉਸ ਦੀ ਸਿਫ਼ਤ ਵਡ ਤਾਰੀਫੀ, ਤਾਰੀਫਾਂ ਵਿਚ ਨਾ ਕੋਈ ਸੁਣਾਈਆ । ਉਸ ਦਾ ਪਰੇਮ ਪਿਆਰ ਦੱਸੇ ਇਕ ਅਜ਼ੀਜ਼ੀ, ਸ਼ਬਦ ਦੁਲਾਰੇ ਰਿਹਾ ਉਠਾਈਆ । ਆਤਮ ਕਰਨ ਇਕੋ ਪ੍ਰੀਤੀ, ਧੁਰ ਦਾ ਢੋਲਾ ਰਾਗ ਗਾਈਆ । ਤੇਰੀ ਧਾਰ ਇਕ ਅਤੀਤੀ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਜਣਾਈਆ । ਸ਼ਬਦ ਕਹੇ ਪ੍ਰਭ ਹੁਕਮ ਸੁਣਾਇਆ, ਬਿਨ ਮੇਰੇ ਸਮਝ ਕੋਇ ਨਾ ਪਾਇੰਦਾ । ਦੋ ਜਹਾਨਾਂ ਰਾਹ ਵਖਾਇਆ, ਬਿਨ ਅੱਖਾਂ ਅੱਖ ਵਡਿਆਇੰਦਾ । ਬਿਨ ਚਰਨਾਂ ਦੂਰ ਦੁਰਾਡਾ ਪੰਧ ਮੁਕਾਇਆ, ਕਦਮ ਕਦਮ ਨਾ ਕੋਇ ਟਿਕਾਇੰਦਾ ।

ਬਿਨ ਨੇਤਰ ਲੋਚਣ ਵੇਖ ਵਖਾਇਆ, ਪਰਦਾ ਓਹਲਾ ਸਰਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸ਼ਬਦ ਕਹੇ ਪ੍ਰਭ ਬਖ਼ਸ਼ਿਸ਼ ਕਰਨੀ, ਸਚ ਦਿਤੀ ਵਡਿਆਈਆ । ਆਤਮ ਪਰਮਾਤਮ ਕਦੇ ਨਾ ਮਰਨੀ, ਮਰ ਜੀਵਤ ਰੂਪ ਵਟਾਈਆ । ਜਨ ਭਗਤਾਂ ਦੱਸ ਪ੍ਰਭ ਦੀ ਸਰਨੀ, ਦੂਜੀ ਓਟ ਨਾ ਕੋਇ ਤਕਾਈਆ । ਸਾਚੀ ਸਿਖਿਆ ਇਕੋ ਪੜ੍ਹਨੀ, ਬਾਕੀ ਅਵਰ ਨਾ ਕੋਈ ਪੜ੍ਹਾਈਆ । ਮੰਜ਼ਲ ਪੌੜੀ ਇਕੋ ਚੜ੍ਹਨੀ, ਘਰ ਸਾਚੇ ਫੇਰਾ ਪਾਈਆ । ਲੇਖ ਚੁਕਾਉਣਾ ਵਰਨੀ ਬਰਨੀ, ਜਾਤ ਪਾਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਵਖਾਈਆ । ਸ਼ਬਦ ਕਹੇ ਪ੍ਰਭ ਦਏ ਸੰਦੇਸਾ, ਇਕੋ ਹੁਕਮ ਵਰਤਾਈਆ । ਲਾਲ ਲਾਲਨ ਤੇਰਾ ਪੇਸ਼ਾ, ਪੇਸ਼ਤਰ ਦਏ ਵਖਾਈਆ । ਹੁਕਮ ਵਰਤਾ ਵਿਸ਼ਨ ਬ੍ਰਹਮਾ ਸ਼ਿਵ ਗਨੇਸ਼ਾ, ਸੁਰਪਤ ਸੋਇਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲਾ ਮੁਕਾ ਠੇਕਾ, ਹਿੱਸੇਦਾਰ ਨਾ ਕੋਇ ਸੁਣਾਈਆ । ਦੋ ਜਹਾਨਾਂ ਅਗਲਾ ਭੇਵ ਚੁਕਾ ਬੀਤਾ, ਪੜਦਾ ਆਪ ਉਠਾਈਆ । ਸਭ ਨੂੰ ਨਜ਼ਰੀ ਆਏ ਇਕੋ ਨੇਤਾ, ਨਰ ਨਰਾਇਣ ਵੱਡੀ ਵਡਿਆਈਆ । ਲਹਿਣਾ ਚੁਕੇ ਮੁੱਲਾਂ ਸ਼ੇਖਾ ਮੁਸਾਇਕ ਦੇਣ ਦੁਹਾਈਆ । ਆਤਮ ਪਰਮਾਤਮ ਇਕੋ ਨਜ਼ਰੀ ਆਏ ਸੌਹਰਾ ਪੇਕਾ, ਪੇਈਏ ਸੌਹਰੇ ਇਕ ਰੰਗ ਵਖਾਈਆ । ਮਿਲ ਸਖੀਆਂ ਸੋਹਣਾ ਮਿਲੇ ਖੇਡਨ ਖੇਡਾ, ਵੱਜੇ ਨਾਮ ਵਧਾਈਆ । ਏਸੇ ਕਾਰਨ ਨਿਰਗੁਣ ਧਾਰ ਤੈਨੂੰ ਭੇਜਾ, ਪੰਜ ਤਤ ਨਾ ਕੋਇ ਵਖਾਈਆ । ਜਨ ਭਗਤਾਂ ਅੰਦਰ ਸੋਹੌਣੀ ਸੇਜਾ, ਸੋਹਣਾ ਆਸਣ ਲਾਈਆ । ਜੋਤੀ ਬਖ਼ਸ਼ਣਾ ਨੂਰੀ ਤੇਜਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਬਰਸਨਾ ਠਾਂਡਾ ਮੇਘਾ, ਨਿਝਰ ਧਾਰ ਵਹਾਈਆ । ਖੰਡਾ ਵਖਾਉਣਾ ਨਾਮ ਤੇਗਾ, ਸ਼ਤਰੂ ਕੂੜੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸ਼ਬਦ ਕਹੇ ਪ੍ਰਭ ਹੋਇਆ ਦਿਆਲ, ਮਿਹਰਵਾਨ ਹੋਏ ਸਹਾਈਆ । ਸਾਚੀ ਸਿਖਿਆ ਦਿਤੀ ਸਖਾਲ, ਧੁਰ ਦੀ ਕਰ ਪੜ੍ਹਾਈਆ । ਸ੍ਰਿਸ਼ਟ ਸਬਾਈ ਵੇਖ ਮਾਰ ਧਿਆਨ, ਚਾਰ ਕੁੰਟ ਖੋਜ ਖੁਜਾਈਆ । ਅੱਖਰਾਂ ਲੇਖਾ ਵੇਖ ਮਹਾਨ, ਪੱਥਰਾਂ ਵਿਚੋਂ ਖੋਦਿਆਂ ਪੜਦਾ ਦਏ ਉਠਾਈਆ । ਕਲਮ ਵੇਖ ਬੋਲਿਆ ਜ਼ਬਾਨ, ਢੋਲਾ ਸੋਹਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵਣਹਾਰ ਵਡਿਆਈਆ । ਸ਼ਬਦ ਕਹੇ ਪ੍ਰਭ ਸੁਣਾਇਆ ਗੀਤ, ਇਕੋ ਰਾਗ ਅਲਾਈਆ । ਜਿਹੜਾ ਵਸੇ ਹਰ ਘਟ ਚੀਤ, ਘਰ ਘਰ ਡੇਰਾ ਲਾਈਆ । ਮੇਲ ਮਿਲਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਲੱਖ ਚੁਰਾਸੀ ਰਿਹਾ ਜੀਤ, ਮਾਨਸ ਮੇਲਾ ਸਹਿਜ ਸਬਾਈਆ । ਚਰਨ ਕਵਲ ਦੱਸੇ ਪ੍ਰੀਤ, ਸਰਨ ਵਡ ਵਡਿਆਈਆ । ਕਲਮਾ ਦੱਸੇ ਹਦੀਸ, ਧੁਰ ਦੀ ਕਰੇ ਪੜ੍ਹਾਈਆ । ਨਾਮ ਕਰੇ ਇਕ ਬਖ਼ਸ਼ੀਸ਼, ਵਸਤ ਅਮੋਲਕ ਝੋਲੀ ਪਾਈਆ । ਸਤਿਜੁਗ ਦੱਸੇ ਅਗੰਮੀ ਰੀਤ, ਰੀਤੀਵਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਇਕੋ ਇਕ ਅਖਵਾਈਆ । ਸ਼ਬਦ ਕਹੇ ਪ੍ਰਭ ਦੇਵੇ ਰਾਹ, ਰਸਤਾ ਇਕ ਜਣਾਈਆ । ਲੱਖ ਚੁਰਾਸੀ ਬਣ ਮਲਾਹ, ਜਾਤ ਪਾਤ ਵਰਨ ਗੋਤ ਨਾ ਕੋਈ ਰਖਾਈਆ । ਆਤਮ ਦੱਸੇ ਧੁਰ ਸਲਾਹ, ਪਰਮਾਤਮ ਵੇਖ ਵਖਾਈਆ । ਚਾਰ ਜੁਗ ਦੀ ਖਾਣੀ ਬਾਣੀ ਨਾਲ ਬਣਾ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਬਣਤ ਰਿਹਾ ਬਣਾਈਆ । ਸ਼ਬਦ ਸੁਤ ਕਹੇ ਮੈਂ ਹੋਵਾਂ ਦਲੇਰ, ਹਰਿ ਦੇਵਣਹਾਰ ਵਡਿਆਈਆ ।



੧੧੧੪
੧੯

੧੧੧੫ ੧੯

ਮੇਰਾ ਰੂਪ ਅਗੰਮੀ ਸ਼ੇਰ, ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਨਿਰਗੁਣ ਹੋ ਕੇ ਰਿਹਾ ਘੇਰ, ਸਰਗੁਣ ਆਪਣਾ ਫੇਰਾ ਪਾਈਆ । ਜੁਗ ਜਨਮ ਦਾ ਲਹਿਣਾ ਦਿਆਂ ਨਿਬੇੜ, ਲੇਖਾ ਮੰਗਾਂ ਥਾਉਂ ਥਾਈਆ । ਕੂੜੀ ਕਿਰਿਆ ਮੁਕੇ ਝੇੜ, ਝਗੜਾ ਰਹੇ ਨਾ ਜਗਤ ਲੋਕਾਈਆ । ਭਾਗ ਲਗਾ ਕੇ ਮੰਦਰ ਖੇੜ, ਕਾਇਆ ਖਿੜਕੀ ਇਕ ਖੁਲ੍ਹਾਈਆ । ਮਨ ਸੰਸਾ ਨਾ ਕੋਈ ਭੇੜ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਮੁਹੱਬਤ ਕਰਕੇ ਕਰਾਂ ਮਿਹਰ, ਮੁਹੱਬਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸ਼ਬਦ ਕਹੇ ਪ੍ਰਭ ਕਿਰਪਾ ਕਰੀ ਠਾਕਰ, ਸਹਿਸਾ ਸਰਬ ਚੁਕਾਈਆ । ਕਲਜੁਗ ਵਖਾਇਆ ਕਾਇਆ ਸਾਗਰ, ਭਵਰੀ ਪਈ ਲੋਕਾਈਆ । ਏਥੇ ਓਥੇ ਮਿਲੇ ਕਿਸੇ ਨਾ ਆਦਰ, ਸਿਰ ਹੱਥ ਨਾ ਕੋਇ ਰਖਾਈਆ । ਨਾਤਾ ਤੁਟਾ ਕਰੀਮ ਕਾਦਰ, ਪਰਵਰਦਗਾਰ ਗੋਦ ਨਾ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਜਣਾਈਆ । ਮੈਂ ਭਗਤਾਂ ਮਾਣਾ ਸੇਜ, ਸਾਚੇ ਸੰਤਾਂ ਕਰਾਂ ਕੁੜਮਾਈਆ । ਗੁਰਮੁਖ ਲਵਾਂ ਪੇਖ, ਗੁਰਸਿਖ ਗੋਦ ਸੁਹਾਈਆ । ਸਚ ਵਖਾਵਾਂ ਧੁਰ ਦਾ ਦੇਸ, ਸਚਖੰਡ ਪਰਦਾ ਆਪ ਉਠਾਈਆ । ਜਿਸ ਘਰ ਸਦਾ ਵਸੇ ਏਕ, ਏਕਾ ਏਕੰਕਾਰ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛੋਟੇ ਬੱਚੇ ਨੰਨ੍ਹੇ ਰਹੇ ਖੇਡ, ਇਧਰ ਉਧਰ ਭੱਜਣ ਵਾਹੋ ਦਾਹੀਆ । ਚਰਨ ਕਵਲ ਸਚ ਸਹਾਰਾ ਇਕੋ ਰਹੇ ਪੇਖ, ਨੇਤਰ ਨੈਣ ਨੈਣ ਨੈਣ ਉਠਾਈਆ । ਲੋਕਮਾਤ ਪਿਛੇ ਛੱਡ ਕੇ ਗਏ ਦੇਸ, ਅੱਗੇ ਬਹਿ ਕੇ ਖ਼ੁਸ਼ੀ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਲਿਖ ਕੇ ਗਏ ਲੇਖ, ਨਾਤਾ ਜੋੜ ਕਲਮ ਛਾਹੀਆ । ਲਹਿਣਾ ਦੇਣਾ ਦੇ ਕੇ ਗਿਆ ਆਪ ਦਸਮੇਸ, ਦਹਿ ਦਿਸ਼ਾ ਗਿਆ ਸੁਣਾਈਆ । ਪਰਮ ਪੁਰਖ ਪਰਮਾਤਮ ਵਟਾਏ ਭੇਸ, ਜਿਸ ਦਾ ਪਿਤਾ ਨਾ ਕੋਈ ਮਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਇ ਮੂੰਡ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸਚ ਸੁਹੰਜਣਾ ਵਸਾਏ ਦੇਸ, ਸੰਬਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧੁਰ ਦੀ ਬਣਤ ਬਣਾਈਆ । ਸ਼ਬਦ ਕਹੇ ਪ੍ਰਭ ਬਣਾਈ ਬਣਤ, ਘੜਣ ਭੰਨਣਹਾਰ ਇਕ ਅਖਵਾਈਆ । ਆਦਿ ਜੁਗਾਦਿ ਮਹਿੰਮਾ ਸਦਾ ਅਗਣਤ, ਲੇਖਾ ਲੇਖ ਨਾ ਕੋਇ ਵਖਾਈਆ । ਥੋੜਾ ਥੋੜਾ ਭੇਵ ਗੁਰਮੁਖ ਵਿਰਲੇ ਦਿਤਾ ਸੰਤ, ਭਗਤ ਭਗਵਾਨ ਇਸ਼ਾਰੇ ਨਾਲ ਉਠਾਈਆ । ਲੱਖ ਚੁਰਾਸੀ ਭਰਮੇ ਭੁੱਲੇ ਜੀਵ ਜੰਤ, ਜੀਵ ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਾਤਾ ਤੁਟਿਆ ਨਾਰ ਕੰਤ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੰਤ, ਮੰਤਰ ਆਪਣਾ ਨਾਮ ਸਮਝਾਈਆ । ਜਿਸ ਨਾਲ ਗੜ੍ਹ ਤੁਟੇ ਹਉਮੇਂ ਹੰਗਤ, ਹੰ ਬ੍ਰਹਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਮੀ ਇਕ ਸਮਝਾਈਆ । ਸ਼ਬਦ ਕਹੇ ਮੈਂ ਬਣਿਆ ਸਵਾਮੀ, ਪ੍ਰਭ ਸਚ ਦਿਤੀ ਵਡਿਆਈਆ । ਅਵਾਜ਼ ਮਾਰ ਅੰਤਰਜਾਮੀ, ਅੰਤਸ਼ਕਰਨ ਵੇਖ ਵਖਾਈਆ । ਪੰਜ ਤਤ ਦੀ ਛੱਡੀ ਗ਼ੁਲਾਮੀ, ਨਿਰਗੁਣ ਹੋ ਕੇ ਹੁਕਮ ਵਰਤਾਈਆ । ਸਚਖੰਡ ਦੀ ਸਾਚੀ ਬਾਣੀ, ਸਚ ਸੰਦੇਸਾ ਇਕ ਸੁਣਾਈਆ । ਜਿਸ ਦੀ ਸਿਫ਼ਤ ਸਦਾ ਲਾਸਾਨੀ, ਸੋ ਆਸਾਨੀ ਰਿਹਾ ਬਣਾਈਆ । ਸਤਿਗੁਰ ਦੇ ਘਰ ਸੁਤ ਦੁਲਾਰਾ ਹੋ ਕੇ ਖਾਵਾਂ ਮਹਿਮਾਨੀ, ਆਪਣਾ ਪੇਟ ਭਰਾਈਆ । ਬਹੁਤ ਖ਼ੁਸ਼ੀਆਂ ਨਾਲ ਦਸਾਈ ਅਗਲੀ ਕਹਾਣੀ, ਜਿਸ ਦੀ ਸਮਝ ਕਿਸੇ ਨਾ ਪਾਈਆ । ਕੂੜੀ ਕਿਰਿਆ ਮਿਟੇ ਸ਼ੈਤਾਨੀ, ਸ਼ਰਅ ਨਾ ਕੋਈ ਲੜਾਈਆ । ਜੋਤੀ ਜੋਤ

੧੧੧੬
੧੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸ਼ਬਦ ਗੁਰੂ ਕਹੇ ਪ੍ਰਭ ਦੇਵੇ ਮਾਣ, ਦੋ ਜਹਾਨਾਂ ਹੁਕਮ ਵਰਤਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਰਿਹਾ ਜਸ ਗਾਈਆ । ਜਿਸ ਦੇ ਪਿਛੇ ਸ਼ਿਵਦਵਾਲੇ ਮੱਠ ਬਣਾਏ ਮਕਾਨ, ਤੀਰਥ ਤਟ ਮੰਦਰਾਂ ਨਾਲ ਸੁਹਾਈਆ । ਜਿਸ ਦੀ ਵਿਦਿਆ ਅੱਖਰਾਂ ਨਾਲ ਮੀਜਾਨ, ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਜਿਸ ਦਾ ਮਿਲੇ ਨਾ ਕਿਤੇ ਨਿਸ਼ਾਨ, ਲੱਭ ਲੱਭ ਥੱਕੀ ਸਰਬ ਲੋਕਾਈਆ । ਜਿਸ ਨੂੰ ਕਹਿੰਦੇ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਸਹਾਈਆ । ਸੋ ਮੇਰਾ ਬਣਿਆ ਮਿਹਰਵਾਨ, ਸ਼ਬਦੀ ਸੁਤ ਰਿਹਾ ਦ੍ਰਿੜਾਈਆ । ਜਿਸ ਦੇ ਹੁਕਮ ਅੰਦਰ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਰਵ ਸਸ ਸੂਰੀਆ ਚੰਦ ਸੇਵ ਕਮਾਨ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਮੰਡਲ ਮੰਡਪ ਖੇਲ ਵੇਖੇ ਜ਼ਿਮੀਂ ਅਸਮਾਨ, ਜਲ ਥਲ ਮਹੀਅਲ ਆਪਣਾ ਰੂਪ ਜਣਾਈਆ । ਸੋ ਦਾਤਾ ਦਾਨੀ ਸੂਰਬੀਰ ਬਲਵਾਨ, ਮਿਹਰ ਨਜ਼ਰ ਇਕ ਉਠਾਈਆ । ਮੁਹੱਬਤ ਵਿਚ ਦਿਤਾ ਦਾਨ, ਵਸਤ ਅਗੰਮ ਦੀ ਝੋਲੀ ਪਾਈਆ । ਸ਼ਾਹੋ ਭੂਪ ਮਾਰ ਧਿਆਨ, ਸਤਿਗੁਰ ਸੱਚਾ ਹੁਕਮ ਸੁਣਾਈਆ । ਬਿਨ ਸ਼ਬਦ ਦੂਜਾ ਦਿਸੇ ਨਾ ਕੋਈ ਨਿਸ਼ਾਨ, ਨਿਸ਼ਾਨਾ ਇਕੋ ਇਕ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸਚ ਸੱਚਾ ਇਕ ਅਖਵਾਈਆ । ਸ਼ਬਦ ਕਹੇ ਮੈਂ ਸਭ ਦਾ ਠਾਕਰ, ਘਰ ਘਰ ਠੋਕਰ ਲਾਇੰਦਾ । ਪੰਜ ਤਤ ਕਾਇਆ ਦੇ ਕੇ ਆਦਰ, ਗੁਰ ਅਵਤਾਰ ਪੀਰ ਪੈਗ਼ੰਬਰ ਗੋਦ ਸੁਹਾਇੰਦਾ । ਸੂਰਬੀਰ ਜੋਧਾ ਬਣ ਬਹਾਦਰ, ਦੋ ਜਹਾਨਾਂ ਵੰਡ ਖੰਡ ਖੰਡ ਆਪ ਕਰਾਇੰਦਾ । ਲੱਖ ਚੁਰਾਸੀ ਵਿਚੋਂ ਜਿਨ੍ਹਾਂ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਇੰਦਾ । ਨਾਮ ਵਣਜਾਰਾ ਬਣ ਸੁਦਾਗਰ, ਚੌਦਾਂ ਲੋਕ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸ਼ਬਦ ਕਹੇ ਮੈਂ ਸੇਵਾਦਾਰ, ਧੁਰ ਦੀ ਸੇਵ ਕਮਾਈਆ । ਜੁਗ ਚੌਕੜੀ ਲੈ ਅਵਤਾਰ, ਨਿਰਗੁਣ ਸਰਗੁਣ ਖੇਲ ਵਖਾਈਆ । ਅੰਦਰੇ ਅੰਦਰ ਬੋਲ ਜੈਕਾਰ, ਕਰਾਂ ਅਗੰਮ ਪੜ੍ਹਾਈਆ । ਪਰੇਮ ਪ੍ਰੀਤੀ ਅੰਦਰ ਪੁਕਾਰ, ਸਚ ਸਤਿ ਸਮਝਾਈਆ । ਗੁਫਤ ਸ਼ਨੀਦ ਕਰਾਂ ਗੁਫ਼ਤਾਰ, ਰਾਗ ਅਨਾਦ ਵਜਾਈਆ । ਦਰ ਦਰਵੇਸ਼ ਬਣਾਂ ਭਿਖਾਰ, ਅਲਖ ਨਿਰੰਜਣ ਹੋ ਕੇ ਅਲਖ ਜਗਾਈਆ । ਕਾਤਬ ਹੋ ਕੇ ਬਣਾ ਲਿਖਾਰ, ਮੇਲ ਮਿਲਾਵਾਂ ਕਾਗ਼ਜ਼ ਕਲਮ ਛਾਹੀਆ । ਮੁਖਾਤਬ ਹੋ ਕੇ ਦੇਵਾ ਦੀਦਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਇਬਾਦਤ ਵਿਚ ਹੋ ਕੇ ਬਣਾ ਮਦਦਗਾਰ, ਧੁਰ ਦਾ ਸੰਗ ਨਿਭਾਈਆ । ਸਫ਼ਾਰਸ਼ ਕਰਕੇ ਬੇੜਾ ਕਰਾਵਾਂ ਪਾਰ, ਸ਼ੌਹ ਦਰਿਆ ਨਾ ਕੋਈ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸ਼ਬਦ ਕਹੇ ਮੈਂ ਸਚ ਰਾਮ, ਰਾਮ ਰਾਮਾਂ ਵਿਚੋਂ ਨਜ਼ਰੀ ਆਈਆ । ਪ੍ਰੀਤੀ ਵਿਚ ਬਣਾਂ ਗ਼ੁਲਾਮ, ਮੁਰਸ਼ਦ ਹੋ ਕੇ ਮੁਰੀਦਾਂ ਲਵਾਂ ਉਠਾਈਆ । ਬਰਦਾ ਹੋ ਕੇ ਕਰਾਂ ਸਲਾਮ, ਨਿਉਂ ਨਿਉਂ ਸੀਸ ਝੁਕਾਈਆ । ਪੈਗ਼ੰਬਰ ਹੋ ਕੇ ਦਿਆਂ ਪੈਗ਼ਾਮ, ਕਲਮਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸ਼ਬਦ ਕਹੇ ਮੇਰਾ ਰੰਗ ਅਨੋਖਾ, ਆਦਿ ਜੁਗਾਦਿ ਸਦਾ ਰੰਗਾਈਆ । ਚਾਰ ਵਰਨ ਕਰਕੇ ਧੋਖਾ, ਜਾਤ ਪਾਤ ਡੇਰਾ ਢਾਹੀਆ । ਮਾਣ ਦਵਾਵਾਂ ਉਪਰ ਲੋਕਾ, ਪਰਲੋਕਾਂ ਖ਼ੁਸ਼ੀ ਵਖਾਈਆ । ਸਚ ਸੁਣਾਵਾਂ ਇਕ ਸਲੋਕਾ, ਆਤਮ ਪਰਮਾਤਮ ਕਰ ਪੜ੍ਹਾਈਆ । ਤਨ ਨਗਾਰੇ ਲਗਾਵਾਂ ਚੋਟਾ, ਸੁਰਤੀ ਸ਼ਬਦ ਤਾਲ ਸੁਣਾਈਆ । ਕੂੜੀ ਕਿਰਿਆ

ਕੱਢਾ ਖੋਟਾ, ਹਉਮੇਂ ਗੜ੍ਹ ਤੁੜਾਈਆ । ਜਗਤ ਅੰਧੇਰ ਜਗਾਵਾਂ ਜੋਤਾ, ਨੂਰ ਨੂਰ ਨੂਰ ਰੁਸ਼ਨਾਈਆ । ਕਿਸੇ ਵਿਚ ਨਾ ਆਵਾਂ ਸੋਚਾਂ, ਮਨ ਮਤ ਬੁਧ ਮੇਰੀ ਸਾਰ ਕਿਸੇ ਨਾ ਪਾਈਆ । ਜਨ ਭਗਤਾਂ ਪ੍ਰੀਤੀ ਨਿਤ ਨਿਤ ਲੋਚਾਂ, ਸਾਚੇ ਸੰਤਾਂ ਵੇਖ ਖ਼ੁਸ਼ੀ ਮਨਾਈਆ । ਪਕੜ ਉਠਾਵਾਂ ਵਿਚੋਂ ਕੋਟਾਂ, ਗੁਰਮੁਖ ਵਿਰਲੇ ਗਲੇ ਲਗਾਈਆ । ਸੰਤ ਸੁਹੇਲਾ ਇਕੋ ਬੇਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸ਼ਬਦ ਕਹੇ ਮੇਰੀ ਸੋਹਣੀ ਕਾਰ, ਹਰਿ ਕਰਤੇ ਆਪ ਜਣਾਈਆ । ਜੁਗ ਚੌਕੜੀ ਵੇਖਾਂ ਚਾਰ, ਸਤਿਜੁਗ ਤ੍ਰੇਤਾ ਦੁਆਪਰ ਫੇਰਾ ਪਾਈਆ । ਕਲਜੁਗ ਖੇਲ ਕਰਾਂ ਅਪਾਰ, ਅਪਰੰਪਰ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੇਖਾ ਲਿਖ ਕੇ ਗਏ ਬਣ ਲਿਖਾਰ, ਭਵਿਖਤ ਜਗਤ ਜੁਗਤ ਆਪ ਜਣਾਈਆ । ਤਿਨ੍ਹਾਂ ਪੈਜ ਦਿਆਂ ਸਵਾਰ, ਸਵਾਰਥੀ ਹੋ ਕੇ ਦਇਆ ਕਮਾਈਆ । ਨਿਰਗੁਣ ਨਿਰਵੈਰ ਲੈ ਅਵਤਾਰ, ਜੋਤੀ ਸ਼ਬਦੀ ਧਾਰ ਪਰਗਟਾਈਆ । ਮਹਾਂਬਲੀ ਖੇਲ ਅਪਾਰ, ਵਲੀ ਛਲੀ ਵੇਸ ਵਟਾਈਆ । ਧਾਮ ਅਨੋਖਾ ਦਿਸੇ ਅਗੰਮ ਦਵਾਰ, ਸੰਬਲ ਸਮਝ ਕੋਇ ਨਾ ਆਈਆ । ਸਾਚਾ ਨਾਮ ਬੋਲ ਇਕ ਜੈਕਾਰ, ਧੁਰ ਦੀ ਕਰੇ ਇਕ ਪੜ੍ਹਾਈਆ । ਆਤਮ ਪਰਮਾਤਮ ਲੱਖ ਚੁਰਾਸੀ ਇਕ ਵਿਹਾਰ, ਬਿਵਹਾਰੀ ਰਿਹਾ ਸਮਝਾਈਆ । ਕਰਨੀ ਕਰ ਵਿਚ ਸੰਸਾਰ, ਸਗਲ ਸ੍ਰਿਸ਼ਟੀ ਰਿਹਾ ਉਠਾਈਆ । ਭਗਤ ਸੁਹੇਲੇ ਰੱਖੇ ਨਾਲ, ਗੁਰ ਚੇਲੇ ਮੇਲ ਮਿਲਾਈਆ । ਸਾਚੀ ਸਿਖਿਆ ਇਕ ਸਿਖਾਲ, ਸਹਿਜ ਸੁਭਾਓ ਕਰੇ ਪੜ੍ਹਾਈਆ । ਦੀਨਾ ਬੰਧਪ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਕਾਇਆ ਮੰਦਰ ਅੰਦਰ ਸੋਹਣੀ ਸੁਹੰਜਣੀ ਧਰਮਸਾਲ, ਪੁਰਖ ਅਬਿਨਾਸ਼ੀ ਕਮਲਾਪਾਤੀ ਦੀਆ ਬਾਤੀ ਇਕ ਜਗਾਈਆ । ਜਿਸ ਦੀ ਮੰਜ਼ਲ ਸਦਾ ਸੁਖਾਲ, ਘਰ ਵਿਚ ਘਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਰ ਘਰ ਦਾਤਾ ਇਕੋ ਇਕ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪ ਸ਼ਾਹ ਸੁਲਤਾਨ, ਮਹਿਮਾ ਅਨੂਪ ਬਾਹਰ ਬਿਆਨ, ਨਿਤ ਨਵਿਤ ਵੇਖੇ ਆਣ, ਸੰਤ ਸੱਜਣ ਕਰ ਪਹਿਚਾਨ, ਗੁਰਮੁਖ ਗੁਰ ਗੁਰ ਦੇਵੇ ਦਾਨ, ਗੁਰਸਿਖ ਚਰਨ ਕਵਲ ਬਖ਼ਸ਼ ਧਿਆਨ, ਧਿਆਨ ਆਪਨੇ ਵਿਚ ਰਖਾਈਆ ।



ਸ਼ਬਦ ਕਹੇ ਮੈਂ ਬਣਿਆ ਸੁਹੇਲਾ, ਅਨੁਭਵ ਖੇਲ ਖਿਲਾਇੰਦਾ । ਭਗਤ ਭਗਵੰਤ ਕਰ ਕਰ ਮੇਲਾ, ਗ੍ਰਿਹ ਗ੍ਰਿਹ ਖ਼ੁਸ਼ੀ ਵਖਾਇੰਦਾ । ਇਕੋ ਘਰ ਵਸਾ ਗੁਰੂ ਗੁਰ ਚੇਲਾ, ਚੇਲਾ ਗੁਰ ਰੰਗ ਰੰਗਾਇੰਦਾ । ਧੁਰ ਦਾ ਧਾਮ ਦੱਸ ਨਵੇਲਾ, ਨਿਰਾਕਾਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਸੇਵਾ ਇਕ ਵਖਾਇੰਦਾ । ਸ਼ਬਦ ਕਹੇ ਮੈਂ ਬਣਾਵਾਂ ਬਣਤ, ਘੜਨ ਭੰਨਣਹਾਰ ਅਖਵਾਇੰਦਾ । ਲੇਖ ਜਣਾਵਾਂ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਨਾਮ ਦੇਵਾਂ ਨਿਰਾਲਾ ਧੁਰ ਦਾ ਮੰਤ, ਮੰਤਰ ਇਕ ਪਰਗਟਾਇੰਦਾ । ਰੂਪ ਵਖਾਵਾਂ ਨਾਰ ਕੰਤ, ਘਰ ਸੱਜਣ ਸਚ ਵਡਿਆਇੰਦਾ । ਮਹਿਮਾ ਸਮਝਾਵਾਂ ਸਦਾ ਅਗਣਤ, ਲੇਖਾ ਲਿਖਤ ਵਡਿਆਇੰਦਾ । ਵੇਖ ਵਖਾਵਾਂ ਆਦਿ ਅੰਤ, ਜੁਗ ਚੌਕੜੀ ਫੇਰਾ ਪਾਇੰਦਾ । ਬੋਧ ਅਗਾਧ ਬਣਾ ਕੇ ਪੰਡਤ, ਧੁਰ ਦਾ ਸਾਚਾ ਨਾਮ ਸੁਣਾਇੰਦਾ । ਕਰ ਪਰਵੇਸ ਜੇਰਜ ਅੰਡਜ, ਉਤਭੁਜ ਸੇਤਜ ਭਰਮ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸ਼ਬਦ ਕਹੇ ਮੈਂ ਆਇਆ ਦੌੜ,

ਧੁਰਦਰਗਾਹੀ ਫੇਰਾ ਪਾਈਆ । ਜਿਨ੍ਹਾਂ ਸੱਜਣਾ ਗਿਆ ਬੌਹੜ, ਤਿਨ੍ਹਾਂ ਪੂਰਬ ਲੇਖਾ ਨਜ਼ਰੀ ਆਈਆ । ਕੋਈ ਦੱਸ ਕੇ ਗਿਆ ਬ੍ਰਾਹਮਣ ਗੌੜ, ਪੂਤ ਸਪੂਤਾ ਦਏ ਵਡਿਆਈਆ । ਜਗਤ ਪਿਆਸਾ ਹੋਏ ਬੁਝਾਏ ਔੜ, ਤ੍ਰਿਸਨਾ ਤ੍ਰਿਪਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਸ ਦੇ ਹੱਥ ਡੋਰ, ਬੰਨ੍ਹ ਸ਼ਬਦੀ ਤੰਦ ਉਠਾਈਆ । ਭਗਤ ਕਹੇ ਮੋਹੇ ਮੇਰਾ ਗਿਆ ਬੌਹੜ, ਦੂਰ ਦੁਰਾਡਾ ਨਜ਼ਰੀ ਆਈਆ । ਚੜ੍ਹ ਕੇ ਮੰਜ਼ਲ ਵੇਖੇ ਪੌੜ, ਘਰ ਮੰਦਰ ਸੋਭਾ ਪਾਈਆ । ਓਥੇ ਖੇਲ ਅਵਰ ਕਾ ਔਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਸੋਹਣੀ ਬਣਤ ਬਣਾਈਆ । ਸ਼ਬਦ ਕਹੇ ਮੈਂ ਬਣਕੇ ਸੱਚਾ, ਸਾਹਿਬ ਸਤਿਗੁਰ ਨਜ਼ਰੀ ਆਈਆ । ਜਨ ਭਗਤ ਉਠਾਵਾਂ ਆਪਣਾ ਬੱਚਾ, ਬਚਪਨ ਆਪਣੇ ਨਾਲ ਮਿਲਾਈਆ । ਚਾਰ ਜੁਗ ਧੁਰ ਸੰਦੇਸ਼ ਜੋ ਗੁਰ ਅਵਤਾਰਾਂ ਦੱਸਾਂ, ਪੀਰ ਪੈਗ਼ੰਬਰਾਂ ਇਸ਼ਾਰਾ ਦਿਤਾ ਜਣਾਈਆ । ਉਸੇ ਮੰਦਰ ਅੰਦਰ ਵਸਾਂ, ਜਿਸ ਦੀ ਸਾਢੇ ਤਿੰਨ ਹੱਥ ਕਰੇ ਵਡਿਆਈਆ । ਓਸੇ ਪਰੇਮ ਪਿਆਰ ਅੰਦਰ ਨੱਠਾਂ, ਨਿਰਗੁਣ ਹੋ ਕੇ ਭੱਜਾਂ ਵਾਹੋ ਦਾਹੀਆ । ਉਸੇ ਤਾਲ ਨਗ਼ਾਰੇ ਹੋ ਕੇ ਵੱਜਾਂ, ਜਿਸ ਦੀ ਧੁਨ ਨਾਦ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਦਿਤਾ ਬੇਪਰਵਾਹੀਆ । ਸ਼ਬਦ ਕਹੇ ਮੈਂ ਆਇਆ ਗੁਰਦੇਵ, ਸਭ ਦਾ ਮਿੱਤਰ ਨਜ਼ਰੀ ਆਈਆ । ਜਿਸ ਦੀ ਜੁਗ ਚੌਕੜੀ ਕਰਦੇ ਰਹੇ ਸੇਵ, ਸੇਵਕ ਬਣਕੇ ਸੀਸ ਨਿਵਾਈਆ । ਸੋ ਦੇਵਣਹਾਰਾ ਅਗੰਮੀ ਮੇਵ, ਰਸ ਅੰਮ੍ਰਿਤ ਇਕ ਚਖਾਈਆ । ਜਿਸ ਦੀ ਸਿਫ਼ਤ ਜਾਣੇ ਕੋਈ ਨਾ ਜੇਹਵ, ਬੱਤੀ ਦੰਦ ਨਾ ਕੋਈ ਵਡਿਆਈਆ । ਜਨ ਭਗਤਾਂ ਖੋਲ੍ਹ ਆਪਣਾ ਭੇਵ, ਪੜਦਾ ਉਹਲਾ ਦਿਤਾ ਉਠਾਈਆ । ਧਾਮ ਵਖਾਇਆ ਇਕ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਿਤੀ ਸਮਝਾਈਆ । ਸ਼ਬਦ ਕਹੇ ਮੈਂ ਆਇਆ ਨੱਠਾ, ਬਣਕੇ ਪਾਂਧੀ ਰਾਹੀਆ । ਸੰਤ ਸੁਹੇਲਾ ਕੀਤਾ ਅਕੱਠਾ, ਪੂਰਬ ਮੇਲ ਮਿਲਾਈਆ । ਜਨਮ ਕਰਮ ਦਾ ਮੇਟ ਕੇ ਰੱਟਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਗ ਅਭਿਆਸ ਕੋਈ ਨਾ ਦੱਸਾ, ਪੂਜਾ ਪਾਠ ਨਾ ਕੋਇ ਪੜ੍ਹਾਈਆ । ਸਰ ਸਰੋਵਰ ਨਾ ਬਣਾਇਆ ਕੋਈ ਤੱਟਾ, ਤੀਰਥ ਰੂਪ ਨਾ ਕੋਈ ਵਖਾਈਆ । ਪਰੇਮ ਪਿਆਰ ਅੰਦਰ ਹਿਰਦੇ ਵਸਾ, ਘਰ ਘਰ ਵਿਚ ਡੇਰਾ ਲਾਈਆ । ਸਚ ਸੰਦੇਸ ਸੁਣਾਇਆ ਜਸਾ, ਸੋਹੰ ਢੋਲਾ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹਿ ਗਿਆ ਹੱਕਾ ਬੱਕਾ, ਹੈਰਾਨੀ ਸਭ ਦੇ ਉਪਰ ਛਾਈਆ । ਕਰੇ ਖੇਲ ਖੇਲ ਪੁਰਖ ਸਮਰਥਾ, ਨਿਰਗੁਣ ਆਪਣਾ ਹੁਕਮ ਵਰਤਾਈਆ । ਸਚ ਦੇਵੇ ਨਿਝਰ ਰਸਾ, ਅੰਮ੍ਰਿਤ ਧਾਰ ਮੁਖ ਚੁਆਈਆ । ਤ੍ਰੈਗੁਣ ਮਾਇਆ ਜਗਤ ਖਿਆਲ ਕਦੇ ਨਾ ਫਸਾ, ਫਾਸੀ ਸਭ ਦੀ ਰਿਹਾ ਤੁੜਾਈਆ । ਅਗਨੀ ਤਤ ਨਾ ਕੋਇ ਤਪਾਇਆ ਭੱਠਾ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਜੰਗਲ ਜੂਹ ਉਜਾੜ ਪਹਾੜ ਟਿੱਲਾ ਪਰਬਤ ਦਿਸੇ ਵੱਟਾ, ਡੂੰਘੀ ਕੰਦਰ ਨਿਝ ਘਰ ਆਪੇ ਵੇਖ ਵਖਾਈਆ । ਸਤਿ ਧਰਮ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਲੈ ਕੇ ਮੱਤਾ, ਮਤਾ ਆਪਣੇ ਨਾਲ ਪਕਾਈਆ । ਜਿਸ ਦੀ ਮਹਿਮਾ ਸਦਾ ਅਕੱਥਾ, ਕਥਨੀ ਕਥ ਨਾ ਸਕੇ ਰਾਈਆ । ਸੋ ਸਾਹਿਬ ਸੱਜਣ ਮੀਤ ਮੁਰਾਰਾ ਘਰ ਸਵਾਮੀ ਬਣਿਆ ਸਕਾ, ਕੂੜ ਕੁੜਿਆਰਾ ਨਾਤਾ ਤੋੜ ਤੁੜਾਈਆ । ਅੱਖਾਂ ਨਾਲ ਮਿਲਾਕੇ ਅੱਖਾਂ, ਆਖਰ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸ਼ਬਦ ਕਹੇ ਮੈਂ ਆਇਆ ਲਾੜਾ, ਧੁਰ

ਦੀ ਬਣਤ ਬਣਾਈਆ । ਬਣ ਕੰਤ ਬਣਾਈ ਨਾਰਾ, ਨਿਰਗੁਣ ਨਿਰਵੈਰ ਲਏ ਪਰਨਾਈਆ । ਸਾਚੇ ਮੰਦਰ ਅੰਦਰ ਇਕ ਅਖਾੜਾ, ਗੋਪੀ ਕਾਹਨ ਨਾਚ ਨਚਾਈਆ । ਤੂੰ ਮੇਰਾ ਮੈਂ ਤੇਰੀ ਸਾਂਝੀ ਗਾਵਣ ਵਾਰਾ, ਢੋਲਾ ਰਾਗ ਇਕੋ ਸੁਣਾਈਆ । ਅਗੰਮ ਅਥਾਹ ਬੋਲ ਜੈਕਾਰਾ, ਕਰੇ ਸਚ ਪੜ੍ਹਾਈਆ । ਮਹਲ ਅਟੱਲ ਉਚ ਮਨਾਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਕਾਗਦ ਕਾਲਮ ਨਾ ਲਿਖਣਹਾਰਾ, ਵੇਦ ਕਿਤੇਬ ਸਮਝ ਨਾ ਪਾਈਆ । ਥੋੜਾ ਥੋੜਾ ਸਾਰੇ ਦੇ ਕੇ ਗਏ ਇਸ਼ਾਰਾ, ਇਸ਼ਾਰਿਆਂ ਵਿਚੋਂ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਖੇਲ ਆਪ ਵਖਾਈਆ । ਸ਼ਬਦ ਕਹੇ ਮੈਂ ਆਇਆ ਖੇਲ ਕਰਨ, ਕਰਤੇ ਦਿਤੀ ਵਡਿਆਈਆ । ਸੰਤ ਸੁਹੇਲੇ ਆਇਆ ਫੜਨ, ਲੱਖ ਚੁਰਾਸੀ ਖੋਜ ਖੁਜਾਈਆ । ਜੀਵਦਿਆਂ ਜਗ ਆਇਆ ਮਰਨ, ਮਰਨ ਜੀਵਣ ਵਿਚ ਬਦਲਾਈਆ । ਦੋ ਜਹਾਨਾਂ ਆਇਆ ਤਰਨ, ਸਗਲਾ ਸਾਥ ਨਾਲ ਤਰਾਈਆ । ਉਚੇ ਟਿੱਲੇ ਆਇਆ ਚੜ੍ਹਨ, ਸਾਚੇ ਪੌੜੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਸ਼ਬਦ ਕਹੇ ਮੈਂ ਆਇਆ ਉਧਾਰਨ, ਪਤਤ ਪਾਪੀ ਪਾਰ ਕਰਾਇੰਦਾ । ਜਨ ਭਗਤਾਂ ਪੈਜ ਸਵਾਰਨ, ਸਵਾਰਥੀ ਸਵਾਰਥ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਵਿਚੋਂ ਆਇਆ ਉਭਾਰਨ, ਫੜ ਬਾਹੋਂ ਪਾਰ ਲਗਾਇੰਦਾ । ਇਹ ਵੱਡਾ ਧੁਰ ਦਾ ਕਾਰਨ, ਬਿਨ ਕਰਨੀਉਂ ਲੇਖੇ ਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਏਸੇ ਦੀ ਸਿਫ਼ਤ ਉਚਾਰਨ, ਜੋ ਸਿਫ਼ਤਾਂ ਵਾਲਾ ਹਰਿ ਭਗਤ ਸਿਫ਼ਤੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਇੰਦਾ । ਸ਼ਬਦ ਕਹੇ ਮੈਂ ਆਇਆ ਕਰਤਾ, ਕੁਦਰਤ ਵੇਖ ਵਖਾਈਆ । ਨਾ ਜੰਮਦਾ ਨਾ ਕਦੇ ਮਰਦਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਭੌ ਹੋ ਕਦੇ ਨਾ ਡਰਦਾ, ਭੈ ਵਿਚ ਕਦੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਵੇਸ ਅਗੰਮਾ ਧਰਦਾ, ਧਰਨੀ ਧਰਤ ਧਵਲ ਸੁਹਾਈਆ । ਸੰਤ ਸੁਹੇਲੇ ਗੁਰ ਚੇਲੇ ਗੁਰਮੁਖ ਵਿਚੋਂ ਫੜਦਾ, ਲੱਖ ਚੁਰਾਸੀ ਖੋਜ ਖੁਜਾਈਆ । ਨਾਰ ਸੁਹਾਗਣ ਬਣ ਵੈਰਾਗਣ ਆਤਮ ਪਰਮਾਤਮ ਆਪੇ ਵਰਦਾ, ਵਰ ਦਾਤਾ ਬੇਪਰਵਾਹੀਆ । ਲੇਖਾ ਜਾਣਾਂ ਜੀਵ ਜੰਤ ਸਾਧ ਸੰਤ ਘਰ ਘਰ ਦਾ, ਦਰ ਦਰ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਫੇਰਾ ਪਾਈਆ । ਸ਼ਬਦ ਕਹੇ ਪ੍ਰਭ ਲੇਖਾ ਬੇਪਰਵਾਹ, ਬੇਪਰਵਾਹੀ ਦਿਤੀ ਜਣਾਈਆ । ਧੁਰ ਦਾ ਬਣ ਇਕ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਰਹਿਬਰ ਹੋ ਕੇ ਸਚ ਖ਼ੁਦਾ, ਨੂਰੀ ਜਲਵਾ ਦਿਆਂ ਜਣਾਈਆ । ਧੁਰ ਦਾ ਨਾਦੀ ਨਾਦ ਸੁਣਾ, ਅਨਰਾਗ ਰਾਗਾਂ ਵਿਚੋਂ ਦਿਆਂ ਪਰਗਟਾਈਆ । ਬੋਧ ਅਗਾਧ ਮੰਤਰ ਦ੍ਰਿੜਾ, ਕਰਾਂ ਸਚ ਪੜ੍ਹਾਈਆ । ਜੁਗ ਚੌਕੜੀ ਜੋ ਪੂਰਬ ਭਵਿਖਤ ਗਏ ਲਿਖਾ, ਸੋ ਲੇਖਾ ਵੇਖਾਂ ਥਾਉਂ ਥਾਈਂਆ । ਲੱਖ ਚੁਰਾਸੀ ਜਾਨਣਹਾਰਾ ਗੁਨਾਹ, ਸਿਫ਼ਤਾਂ ਭਰਿਆ ਇਕੋ ਇਕ ਨਜ਼ਰੀ ਆਈਆ । ਸੰਤ ਸੁਹੇਲੇ ਲਵਾਂ ਜਗਾ, ਗੁਰ ਚੇਲੇ ਮੇਲ ਮਿਲਾਈਆ । ਜਨ ਭਗਤਾਂ ਪਕੜ ਬਾਂਹ, ਸੁੱਤੇ ਸੁੱਤਿਆਂ ਵਿਚੋਂ ਜਗਾਈਆ । ਨਾਤਾ ਜੋੜ ਪਿਤਾ ਮਾਂ, ਪੂਤ ਸਪੂਤ ਗੋਦ ਉਠਾਈਆ । ਸਾਚੀ ਸਿਖਿਆ ਇਕ ਦ੍ਰਿੜਾ, ਦ੍ਰਿਸ਼ਟੀ ਆਪਣੇ ਵਿਚ ਟਿਕਾਈਆ । ਜਿਨ੍ਹਾਂ ਗੁਰਮੁਖਾਂ ਇਕ ਵਾਰ ਹਾਂ ਵਿਚ ਕੀਤੀ ਹਾਂ, ਹਉਮੇ ਰੋਗ ਚੁਕਾਈਆ । ਓਨ੍ਹਾਂ ਸਚ ਦਵਾਰਾ ਬਖ਼ਸ਼ਾ ਸੱਚਾ ਥਾਂ, ਜਿਸ ਦੀ ਭੂਮਿਕਾ ਜਗਤ ਨੇਤਰ ਵੇਖਣ ਕੋਇ

ਨਾ ਪਾਈਆ । ਸਚ ਮਹੱਲੇ ਦਿਆਂ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲਾ ਰਹੇ ਗਾ, ਗਵਣ ਅਵਣ ਦੋਵੇਂ ਦਿਤੇ ਮਿਟਾਈਆ ।

★ ੧੪ ਜੇਠ ੨੦੨੧ ਬਿਕ੍ਰਮੀ ਬੀਬੀ ਅਮਰੋ ਦੇਵੀ, ਸਧਰੋ ਦੇਵੀ ਦੇ ਗ੍ਰਿਹ ਜੰਮੂ ★

ਸ਼ਬਦ ਕਹੇ ਮੈਂ ਸਦ ਅਮਰ, ਅਮਰਾਪਦ ਸਮਾਇੰਦਾ । ਗੁਰ ਅਵਤਾਰਾਂ ਦੇ ਦੇ ਖ਼ਬਰ, ਬੇਖ਼ਬਰ ਆਪ ਸੁਣਾਇੰਦਾ । ਜਾਮ ਪਿਆਲਾ ਦੇਵਾਂ ਮਧੁਰ, ਰਸ ਇਕੋ ਇਕ ਪਰਗਟਾਇੰਦਾ । ਪੀਰ ਪੈਗ਼ੰਬਰ ਬਣਾ ਟੱਬਰ, ਕੁੰਨਬਾ ਇਕੋ ਇਕ ਵਡਿਆਇੰਦਾ । ਸਤਿ ਸਤਿਵਾਦੀ ਦੇਵਾਂ ਸਬਰ, ਸਾਬਤ ਆਪਣਾ ਆਪ ਵਖਾਇੰਦਾ । ਖੇਲਾਂ ਖੇਲ ਬਾਹਰ ਅੰਦਰ, ਗੁਪਤ ਜਾਹਰ ਨੂਰ ਚਮਕਾਇੰਦਾ । ਤੋੜ ਤੁੜਾਵਾਂ ਕੂੜਾ ਜੰਦਰ, ਸਚ ਹਥੌੜਾ ਹੱਥ ਰਖਾਇੰਦਾ । ਕਦੇ ਵਿਚ ਨਾ ਆਵਾਂ ਮੜ੍ਹੀ ਗੋਰ ਕਬਰ, ਖ਼ਾਕੀ ਖ਼ਾਕ ਨਾ ਕਦੇ ਸਮਾਇੰਦਾ । ਨਿਤ ਨਵਿਤ ਆਪਣਾ ਰੂਪ ਲਵਾਂ ਬਦਲ, ਵੇਸ ਅਨੇਕਾ ਆਪ ਵਟਾਇੰਦਾ । ਸਚ ਦਵਾਰੇ ਬਹਿ ਕੇ ਕਰਾਂ ਅਦਲ, ਅਦਾਲਤ ਇਕੋ ਇਕ ਲਗਾਇੰਦਾ । ਕਤਲਗਾਹ ਵਿਚ ਮੈਨੂੰ ਕੋਇ ਨਾ ਕਰੇ ਕਤਲ, ਮਕਤੂਲ ਰੂਪ ਨਾ ਕੋਇ ਵਖਾਇੰਦਾ । ਮੇਰਾ ਧਾਮ ਮੁਕੱਦਸ ਬੈਤੁਲ, ਸਚ ਦਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਮੋਹੇ ਸਮਝਾਇੰਦਾ । ਸ਼ਬਦ ਕਹੇ ਮੈਂ ਸਚ ਅਮਰਾਓ, ਉਲਫਤ ਇਕੋ ਇਕ ਵਡਿਆਈਆ । ਵਸਾਂ ਨਿਹਚਲ

੧੧੨੦ ਧਾਮ ਅਗੰਮ ਅਥਾਹੋ, ਮਹਲ ਅਟੱਲ ਡੇਰਾ ਲਾਈਆ । ਸਚ ਸੰਦੇਸਾ ਗਾਵਣ ਦਾ ਸਦਾ ਚਾਓ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਾਂ ਪੜ੍ਹਾਈਆ । ੧੧੨੦

ਨਿਰਗੁਣ ਹੋ ਕੇ ਸਰਗੁਣ ਪਕੜਾਂ ਬਾਂਹੋਂ, ਨਿਰਧਨ ਸਰਧਨ ਦਿਆਂ ਵਡਿਆਈਆ । ਜੁਗ ਜੁਗ ਫੜ ਫੜ ਹੰਸ ਬਣਾਵਾਂ ਕਾਉਂ, ਕਾਗ ਹੰਸ ਰੂਪ ਵਖਾਈਆ । ਜਨ ਭਗਤਾਂ ਦੇਵਾਂ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਭੁਲਿਆਂ ਭਟਕਿਆਂ ਪਾਵਾਂ ਰਾਹੇ, ਮਾਰਗ ਇਕੋ ਇਕ ਧੁਰ ਦਾ ਦਿਆਂ ਵਖਾਈਆ । ਸਚ ਮੰਤਰ ਜਪਾਵਾਂ ਨਾਉਂ, ਨਾਉਂ ਨਿਰੰਕਾਰਾ ਇਕ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਦਿਤੀ ਲਗਾਈਆ । ਸ਼ਬਦ ਕਹੇ ਮੈਂ ਉਚ ਅਗੰਮ, ਪ੍ਰਭ ਦੇਵਣਹਾਰ ਵਡਿਆਈਆ । ਨਾ ਮਰਾਂ ਨਾ ਪਵਾਂ ਜੰਮ, ਜੀਵਣ ਜੁਗਤ ਸਮਝ ਕਿਸੇ ਨਾ ਆਈਆ । ਹੱਥ ਮੂੰਹ ਨੱਕ ਨਾ ਕੋਇ ਕੰਨ, ਅੱਖਾਂ ਦ੍ਰਿਸ਼ਟ ਨਾ ਕੋਇ ਜਣਾਈਆ । ਪੰਜ ਤਤ ਨਾ ਕੋਈ ਤਨ, ਮਾਇਆ ਵੰਡ ਨਾ ਕੋਇ ਵੰਡਾਈਆ । ਮੰਦਰ ਮਸਜਦ ਮਕਾਨ ਨਾ ਕੋਈ ਛੱਪਰ ਛੰਨ, ਝੌਂਪੜੀ ਨਜ਼ਰ ਕਿਸੇ ਨਾ ਆਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਦੇਵੇ ਕੋਈ ਨਾ ਡੰਨ, ਬੰਦੀਖ਼ਾਨੇ ਨਾ ਕੋਇ ਸੁਟਾਈਆ । ਸਾਚੇ ਹੁਕਮ ਅੰਦਰ ਬਣ ਹਾਕਮ ਸਭ ਨੂੰ ਰਿਹਾ ਬੰਨ੍ਹ, ਬੰਧਨ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਿਤਾ ਚੁਕਾਈਆ । ਸ਼ਬਦ ਕਹੇ ਮੇਰਾ ਧਾਮ ਅਪਾਰਾ, ਹਰਿ ਜੂ ਸੋਹਣੀ ਬਣਤ ਬਣਾਈਆ । ਨਿਰਗੁਣ ਹੋ ਕੇ ਵਸਾਂ ਨਿਆਰਾ, ਨਿਰਾਕਾਰ ਹੋ ਕੇ ਸੋਭਾ ਪਾਈਆ । ਜੁਗ ਚੌਕੜੀ ਖੇਲ ਕਰਾਂ ਵਿਚ ਸੰਸਾਰਾ, ਬਣ ਸੰਸਾਰੀ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਆਤਮ ਪਰਮਾਤਮ ਖੋਲ੍ਹ ਕਿਵਾੜਾ,

ਸਾਚਾ ਮਾਰਗ ਇਕੋ ਇਕ ਜਣਾਈਆ । ਨਿਤ ਨਵਿਤ ਗੋਪੀ ਕਾਹਨ ਲਗਾਵਾਂ ਅਖਾੜਾ, ਸਾਚੀ ਸਖੀਆਂ ਮੰਡਲ ਰਾਸ ਰਚਾਈਆ । ਸਦਾ ਸਦਾ ਸਦ ਸਚ ਵਜਾਵਾਂ ਤਾੜਾ, ਧੁਰ ਦਾ ਰਾਗ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਮੋਹੇ ਦਿਤੀ ਜਣਾਈਆ । ਸ਼ਬਦ ਕਹੇ ਮੈਂ ਸਭ ਦਾ ਆਲਮ, ਇਲਮਾਂ ਵਿਚੋਂ ਨਜ਼ਰ ਕਿਸੇ ਨਾ ਆਈਆ । ਹੁਕਮ ਵਾਸਤੇ ਸਭ ਤੋਂ ਜਾਲਮ, ਹਕੀਕਤ ਵਿਚੋਂ ਹੱਕ ਦਿਆਂ ਬੁਝਾਈਆ । ਲੇਖਾਂ ਵਿਚੋਂ ਅਗੰਮ ਅਥਾਹ ਵੱਡਾ ਕਾਤਬ ਕਾਲਮ, ਕਲਮਿਆਂ ਵਿਚੋਂ ਕਲਮਾ ਨਬੀ ਪੜ੍ਹਾਈਆ । ਰੂਪਾਂ ਵਿਚੋਂ ਰੂਪ ਸਤਿ ਸਰੂਪ ਮੇਰਾ ਸਾਲਮ, ਸਹੀ ਸਲਾਮਤ ਆਪ ਅਖਵਾਈਆ । ਨਗ਼ਮਿਆਂ ਵਿਚੋਂ ਨਗ਼ਮਾ ਦਿਆਂ ਪੈਗ਼ਾਮਨ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਈਆ । ਈਮਾਨਾਂ ਵਿਚੋਂ ਸਚ ਦ੍ਰਿੜਾਵਾਂ ਈਮਾਨਨ, ਇਸ਼ਟ ਦੇਵ ਸਵਾਮੀ ਬੇਪਰਵਾਹੀਆ । ਜੁਗ ਜੁਗ ਜਨ ਭਗਤਾਂ ਬਣਦਾ ਰਿਹਾ ਜ਼ਾਮਨ, ਧੁਰ ਦੀ ਜ਼ਾਮਨੀ ਤੋੜ ਨਿਭਾਈਆ । ਇਹੋ ਜਿਹਾ ਸਮਾਂ ਕਦੇ ਨਾ ਮਿਲਿਆ ਜੋ ਭਗਤ ਭਗਵੰਤ ਬੈਠਣ ਆਮਣੇ ਸਾਮ੍ਹਣ, ਸੰਮਤ ਸੰਮਤੀ ਖ਼ੁਸ਼ੀ ਮਨਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕ੍ਰਿਸ਼ਨਾ ਰਾਮ ਗਾਵਣ, ਰਾਮ ਰਾਮ ਰਾਮ ਰੂਪ ਇਕੋ ਨਜ਼ਰੀ ਆਈਆ । ਜਿਸ ਦਾ ਜੁਗ ਚੌਕੜੀ ਕਰਦੇ ਰਹੇ ਆਗਮਨ, ਆਗਿਆ ਵਿਚ ਸਰਬ ਲੋਕਾਈਆ । ਸੁਣਦੇ ਰਹੇ ਕਲਾਮ ਧੁਰ ਕਲਾਮਣ, ਆਲਮੀਨ ਕਰੇ ਪੜ੍ਹਾਈਆ । ਸੋ ਸਾਹਿਬ ਸਤਿਗੁਰ ਸ਼ਬਦੀ ਸ਼ਬਦ ਪਕੜਿਆ ਦਾਮਨ, ਦਸਤਗੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਚੁਕਾਏ ਦੋ ਜਹਾਨਨ, ਏਕਾ ਦੂਆ ਤਤ ਸਰੂਪ ਆਪਣੇ ਵਿਚ ਮਿਲਾਈਆ ।

## ★ ੧੪ ਜੇਠ ੨੦੨੧ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹਿ ਜੰਮੂ ★

ਹੁਕਮ ਅੰਦਰ ਬਣਾਂ ਹਾਕਮ, ਸ਼ਬਦੀ ਸ਼ਬਦ ਖ਼ੁਸ਼ੀ ਮਨਾਇੰਦਾ । ਭੇਵ ਚੁਕਾਵਾਂ ਪਰਮਾਤਮ ਆਤਮ, ਪੜਦਾ ਓਹਲਾ ਆਪ ਉਠਾਇੰਦਾ । ਖੇਲ ਕਰਾਵਾਂ ਜਾਹਰ ਬਾਤਨ, ਗੁਫ਼ਤ ਸ਼ੁਨੀਦ ਰੰਗ ਰੰਗਾਇੰਦਾ । ਬਿਨ ਰਸਨਾ ਜਿਹਵਾ ਕਰਾਂ ਬਾਤਨ, ਧੁਰ ਦੀ ਧਾਰ ਆਪ ਪਰਗਟਾਇੰਦਾ । ਪੀਆ ਪ੍ਰੀਤਮ ਹੋ ਕੇ ਬਣਾਂ ਸਾਥਨ, ਸਗਲਾ ਸੰਗ ਨਿਭਾਇੰਦਾ । ਸਾਚਾ ਢੋਲਾ ਸੁਣਾਵਾਂ ਗਾਥਨ, ਗੀਤ ਗੋਬਿੰਦ ਅਲਾਇੰਦਾ । ਸਾਚੇ ਮੰਡਲ ਪਾਵਾਂ ਰਾਸਨ, ਗੋਪੀ ਕਾਹਨ ਨਚਾਇੰਦਾ । ਸਾਚੀ ਜੋਤ ਕਰਾਂ ਪਰਕਾਸਨ, ਨਿਰਗੁਣ ਨੂਰ ਨੂਰ ਨੂਰ ਡਗਮਗਾਇੰਦਾ । ਸਚ ਭੂਮਿਕਾ ਸੁਹਾਵਾਂ ਅਗੰਮੜਾ ਆਸਣ, ਸੇਜ ਸੁਹੰਜਣੀ ਡੇਰਾ ਲਾਇੰਦਾ । ਮੇਲ ਮਿਲਾਵਾਂ ਚਰਨ ਪ੍ਰੀਤੀ ਸਾਚਾ ਨਾਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਦ੍ਰਿੜਾਇੰਦਾ । ਹੁਕਮੇ ਅੰਦਰ ਵੇਖਾਂ ਹਕੀਕਤ, ਹੱਕ ਬਹੱਕ ਖੋਜ ਖੁਜਾਈਆ । ਮੇਟ ਮਿਟਾਵਾਂ ਕੂੜ ਸ਼ਰੀਕਤ, ਲਾਸ਼ਰੀਕ ਨਾਉਂ ਵਡਿਆਈਆ । ਸਚ ਦਸਾਵਾਂ ਇਕ ਅਕੀਦਤ, ਅਕੀਦਾ ਇਕੋ ਘਰ ਜਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਕਰ ਕੇ ਗਏ ਵਸੀਅਤ, ਮਿਸਲ ਸਭ ਦੀ ਦਿਆਂ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਕਰਨ ਨਸੀਹਤ, ਅਲਫ਼ ਯੇ ਕਰੇ ਪੜ੍ਹਾਈਆ । ਮਿਹਰਵਾਨ ਹੋ ਕੇ ਸਭ ਦੀ ਬਦਲ ਦੇਵਾਂ ਤਬੀਅਤ, ਤਬਅ ਤਮਅ ਇਕੋ ਰੰਗ ਵਖਾਈਆ । ਮਿਹਰਵਾਨ ਹੋ ਕੇ ਦੇਵਾਂ ਇਕ ਕਾਬਲੀਯਤ, ਇਲਮ ਆਲਮ

ਨਾ ਕੋਇ ਵਡਿਆਈਆ । ਹਿਰਦੇ ਵਿਚੋਂ ਦੱਸਾਂ ਇਕ ਅਸਲੀਅਤ, ਅਸਲ ਆਪਣਾ ਰੂਪ ਵਖਾਈਆ । ਵਸਤ ਅਮੋਲਕ ਦੱਸਾਂ ਮਲਕੀਅਤ, ਨਾਮ ਪਦਾਰਥ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਹਾਕਮ ਬਣ ਕੇ ਬੋਲਾਂ ਜੈਕਾਰਾ, ਇਕੋ ਨਾਦ ਸੁਣਾਈਆ । ਸਰਬ ਜੀਆਂ ਦਾ ਸਚ ਪਿਆਰਾ, ਪੀਆ ਪ੍ਰੀਤਮ ਦਿਆਂ ਦ੍ਰਿੜਾਈਆ । ਸਤਿ ਸਤਿਵਾਦੀ ਸਤਿ ਮਨਾਰਾ, ਮਹਲ ਅਟੱਲ ਦਿਆਂ ਵਖਾਈਆ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਨੂਰ ਨੂਰ ਕਰਾਂ ਰੁਸ਼ਨਾਈਆ । ਆਤਮ ਪਰਮਾਤਮ ਖੇਲ ਨਿਆਰਾ, ਘਰ ਮੰਦਰ ਦਿਆਂ ਵਖਾਈਆ । ਸੁਰਤੀ ਸ਼ਬਦੀ ਸਚ ਅਖਾੜਾ, ਗੋਪੀ ਕਾਹਨ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਇਕ ਚੁਕਾਈਆ । ਹਾਕਮ ਬਣ ਕੇ ਦੇਵਾਂ ਸੰਦੇਸਾ, ਧੁਰ ਫ਼ਰਮਾਣਾ ਇਕ ਜਣਾਈਆ । ਪਰਮ ਪੁਰਖ ਪ੍ਰਭ ਇਕ ਨਰੇਸ਼ਾ, ਦੋ ਜਹਾਨਾਂ ਸ਼ਾਹ ਅਖਵਾਈਆ । ਨਿਤ ਨਵਿਤ ਮੇਰਾ ਧਾਰੇ ਅਗੰਮੀ ਵੇਸਾ, ਵੇਸ ਅਵੱਲੜਾ ਆਪ ਪਰਗਟਾਈਆ । ਸਤਿ ਧਰਮ ਚਲਾਏ ਪੇਸ਼ਾ, ਪੇਸ਼ਤਰ ਸਭ ਨੂੰ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨਹਾਰਾ ਹੇਤਾ, ਪ੍ਰੀਤੀਵਾਨ ਪ੍ਰੀਤਮ ਦਾਤਾ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਅਗਲਾ ਪਿਛਲਾ ਜਾਣੇ ਲੇਖਾ, ਪੜਦਾ ਉਹਲਾ ਦਏ ਉਠਾਈਆ । ਅੰਦਰ ਵੜ ਕੇ ਕਾਇਆ ਮੰਦਰ ਚੜ੍ਹ ਕੇ ਸਾਚਾ ਖੋਲ੍ਹੇ ਭੇਤਾ, ਅਨੁਭਵ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਹਾਕਮ ਹੋ ਕੇ ਬਦਲਾਂ ਤਕਦੀਰ ਸਾਚੀ ਕਰਨੀ ਕਿਰਤ ਕਮਾਈਆ । ਪਰੇਮ ਪਿਆਰ ਦੀ ਦੱਸ ਤਦਬੀਰ, ਮਨ ਕਾ ਮਣਕਾ ਦਿਆਂ ਭਵਾਈਆ । ਮੰਜ਼ਲ ਵੇਖਾਂ ਚੜ੍ਹ ਅਖ਼ੀਰ, ਚੋਟੀ ਬਹਿ ਬਹਿ ਸੋਭਾ ਪਾਈਆ । ਕੂੜੀ ਕਿਰਿਆ ਮੇਟ ਜ਼ੰਜੀਰ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਗਹਿਰ ਗੰਭੀਰ ਬਣ ਵਡ ਪੀਰਨ ਪੀਰ, ਜ਼ਮੀਰ ਸਭ ਦੀ ਦਿਆਂ ਬਦਲਾਈਆ । ਸਚ ਵਖਾਵਾਂ ਇਕ ਤਸਵੀਰ, ਜੋਤੀ ਜਲਵਾ ਨੂਰ ਰੁਸ਼ਨਾਈਆ । ਮੁਰੀਦ ਹੋਣ ਨਾ ਦੇਵਾਂ ਕੋਈ ਦਿਲਗੀਰ, ਮੁਰਸ਼ਦ ਹੋ ਕੇ ਹੋਵਾਂ ਸਹਾਈਆ । ਭਗਵਨ ਹੋ ਕੇ ਕੱਟਾਂ ਭੀੜ, ਜਨ ਭਗਤਾਂ ਗੋਦ ਉਠਾਈਆ । ਸਤਿਗੁਰ ਹੋ ਕੇ ਅੰਮ੍ਰਿਤ ਜਾਮ ਪਿਆਲਾ ਪਿਆਵਾਂ ਸੀਰ, ਸਾਂਤਕ ਸਤਿ ਸਤਿ ਵਰਤਾਈਆ । ਨੇਤਰ ਲੋਚਣ ਅੱਖ ਖੋਲ੍ਹਾਂ ਬੇਨਜ਼ੀਰ, ਨਜ਼ਰ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਹਾਕਮ ਹੋ ਕੇ ਖੇਲ ਖਿਲਾਵਾਂ, ਖ਼ਾਲਕ ਖ਼ਲਕ ਦਿਆਂ ਸਮਝਾਈਆ । ਸੰਤ ਸੁਹੇਲੇ ਮਾਤ ਉਠਾਵਾਂ, ਲੱਖ ਚੁਰਾਸੀ ਖੋਜ ਖੁਜਾਈਆ । ਪਰੇਮੀ ਹੋ ਕੇ ਪਕੜਾਂ ਬਾਂਹਵਾਂ, ਭੁਜਾਂ ਆਪਣੇ ਨਾਲ ਮਿਲਾਈਆ । ਮੰਤਰ ਸਚ ਜਪਾਵਾਂ ਧੁਰ ਦਾ ਨਾਵਾਂ, ਨਾਉਂ ਨਿਰੰਕਾਰਾ ਇਕ ਉਪਾਈਆ । ਹੰਸ ਬਣਾਵਾਂ ਫੜ ਫੜ ਕਾਂਵਾਂ, ਕਾਗੋਂ ਹੰਸ ਉਡਾਈਆ । ਭੁੱਲੇ ਭਟਕੇ ਪਾਵਾਂ ਰਾਹਵਾਂ, ਰਹਿਬਰ ਬਣ ਕੇ ਨੂਰ ਖ਼ੁਦਾਈਆ । ਪਿਛਲਾ ਲੇਖਾ ਸਰਬ ਜਣਾਵਾਂ, ਪੀਰ ਪੈਗ਼ੰਬਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲਾਂ ਖੇਲ ਹੋ ਕੇ ਬੇਪਰਵਾਹੀਆ । ਸ਼ਬਦ ਹਾਕਮ ਹੁਕਮ ਏਕ, ਏਕੰਕਾਰਾ ਆਪ ਦ੍ਰਿੜਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਲਿਖਿਆ ਲੇਖ, ਕਾਗ਼ਜ਼ ਕਲਮ ਸ਼ਾਹੀ ਵਿਦਿਆ ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਲੱਭਦੇ ਗਏ ਭੇਤ, ਲੱਭਿਆਂ ਅੰਤ ਕੋਇ ਨਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ

ਅਵੱਲੜਾ ਵੇਸ, ਰੂਪ ਰੰਗ ਰੇਖ ਸਮਝ ਕਿਸੇ ਨਾ ਆਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਲੱਖ ਚੁਰਾਸੀ ਅੰਦਰ ਵੜ ਕੇ ਰਿਹਾ ਖੇਡ, ਨਿਰਵੈਰ ਨਿਰਾਕਾਰ ਨਿਰੰਕਾਰ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ਼ਬਦ ਹਾਕਮ ਕਹੇ ਮੇਰੀ ਧੁਰ ਦੀ ਟੇਕ, ਸਦਾ ਸਦਾ ਸਦ ਦਿਆਂ ਵਡਿਆਈਆ । ਜੁਗ ਚੌਕੜੀ ਪਿਛੋਂ ਖੋਲ੍ਹਾਂ ਭੇਤ, ਪਰਦਾ ਉਹਲਾ ਆਪ ਉਠਾਈਆ । ਭਗਤ ਭਗਵੰਤ ਹੋ ਕੇ ਲਵਾਂ ਵੇਖ, ਸੰਤ ਸਤਿਗੁਰ ਰੂਪ ਸਮਾਈਆ । ਗੁਰਸਿਖਾਂ ਗੁਰਮੁਖਾਂ ਸਰਨਾਈ ਦੇਵਾਂ ਏਕ, ਚਰਨ ਕਵਲ ਮਿਲੇ ਵਡਿਆਈਆ । ਮਸਤਕ ਲਾਵਾਂ ਧੁਰ ਦੀ ਮੇਖ, ਟਿੱਕਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਹਾਕਮ ਹੋ ਕੇ ਸ਼ਬਦ ਗੁਰੂ ਬਲਕਾਰ, ਏਕਾ ਹੁਕਮ ਵਰਤਾਈਆ । ਜਿਸ ਨੂੰ ਸੀਸ ਝੁਕੌਂਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਸਜਦਾ ਸਚ ਕਰਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਿਸ ਦੀ ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਕਰੇ ਜੁਗ ਚਾਰ, ਢੋਲਾ ਰਾਗ ਅੱਖਰਾਂ ਵਿਚ ਸੁਣਾਈਆ । ਜਿਸ ਦਾ ਆਦਿ ਜੁਗਾਦਿ ਅੰਤ ਨਾ ਪਾਰਾਵਾਰ, ਬੇਅੰਤ ਨਾਉਂ ਧਰਾਈਆ । ਜਿਸ ਨੂੰ ਸਾਧ ਸੰਤ ਮੰਨਦੇ ਗਏ ਕੰਤ ਭਤਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਜੀਵ ਜੰਤ ਆਧਾਰ, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਨੂੰ ਬ੍ਰਹਿਮੰਡ ਖੰਡ ਕਰਨ ਨਮਸਕਾਰ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਸ ਦਾ ਰਵ ਸਸ ਕਰੇ ਉਜਿਆਰ, ਦਿਵਸ ਰੈਣ ਸੇਵ ਕਮਾਈਆ । ਤਿਸ ਦਾ ਲੇਖਾ ਚਲੇ ਅਪਰ ਅਪਾਰ, ਭਰਮ ਭੁਲੇਖਾ ਦੂਰ ਕਰਾਈਆ । ਸੋ ਸਾਹਿਬ ਬਣਿਆ ਸਿਕਦਾਰ, ਹੁਕਮ ਇਕੋ ਇਕ ਜਣਾਈਆ । ਸ਼ਬਦ ਗੁਰੂ ਮਹਾਂਬਲੀ ਬਲਕਾਰ, ਜੋਧਾ ਜਗਤ ਰੂਪ ਵਟਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੰਬਲ ਬਹਿ ਕੇ ਧਾਮ ਨਿਆਰ, ਮਹਲ ਅਟੱਲ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਲੇਖ ਚੁਕਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਈਆ । ਕਾਇਆ ਵਖਾਏ ਅਗੰਮੀ ਧਰਮਸਾਲ, ਸਚ ਦਵਾਰਾ ਇਕ ਪਰਗਟਾਈਆ । ਦੀਆ ਬਾਤੀ ਕਮਲਾਪਾਤੀ ਆਪੇ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਵੱਜੇ ਤਾਲ, ਧੁਨ ਆਤਮਕ ਰਾਗ ਸੁਣਾਈਆ । ਪੁਛਣ ਆਇਆ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜਿਸ ਦੇ ਅੱਗੇ ਕਰਦੇ ਗਏ ਸਵਾਲ, ਨਿਤ ਨਵਿਤ ਝੋਲੀਆਂ ਡਾਹੀਆ । ਸੋ ਦੇਵਣਹਾਰਾ ਦਾਨ, ਦਾਤਾ ਦਾਨੀ ਵੇਖ ਵਖਾਈਆ । ਜਿਸ ਨੂੰ ਅੱਖਰਾਂ ਵਿਚ ਕਹਿੰਦੇ ਰਾਮ, ਬਿਨ ਅੱਖਰਾਂ ਰਾਮ ਰਮਿਆ ਘਟ ਘਟ ਰਿਹਾ ਸਮਾਈਆ । ਜਿਸ ਨੂੰ ਪੀਰ ਪੈਗ਼ੰਬਰ ਕਰਦੇ ਗਏ ਸਲਾਮ, ਸੋ ਨੂਰ ਖ਼ੁਦਾਈ ਜਲਵਾ ਨੂਰ ਕਰੇ ਰੁਸ਼ਨਾਈਆ । ਸਚ ਸੰਦੇਸਾ ਦੇਵਣਹਾਰ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣੇ ਹੱਥ ਲੈ ਇੰਤਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਜਿਸ ਦਾ ਇਕੋ ਕਲਮਾ ਇਕੋ ਨਾਮ, ਇਕ ਹਦੀਸ ਇਕੋ ਦਏ ਕਲਾਮ, ਕਾਤਬ ਹੋ ਕੇ ਦੂਜੀ ਕਲਮ ਨਾ ਕੋਇ ਉਠਾਈਆ । ਇਕੋ ਮੰਦਰ ਇਕੋ ਮੰਜ਼ਲ ਇਕੋ ਮਹਿਬੂਬ ਇਕੋ ਅਮਾਮ, ਪਰਵਰਦਿਗਾਰ ਇਕ ਅਖਵਾਈਆ । ਇਕੋ ਬਰਦਾ ਦਰ ਦਰਵੇਸ਼ ਬਣੇ ਗ਼ੁਲਾਮ, ਇਕੋ ਬੈਠਾ ਡੇਰਾ ਲਾਈਆ । ਇਕੋ ਨੂਰ ਸ੍ਰੀ ਭਗਵਾਨ, ਇਕੋ ਜੋਤ ਨੌਜਵਾਨ, ਇਕੋ ਕਿਲਾ ਕੋਟ ਦੇਵਣਹਾਰ ਵਡਿਆਈਆ । ਇਕੋ ਸਚਖੰਡ ਮਕਾਨ, ਇਕੋ ਦੀਆ ਬਾਤੀ ਜਗੇ ਮਹਾਨ, ਇਕੋ ਕਮਲਾਪਾਤੀ ਵੇਖੇ ਨੌਜਵਾਨ, ਰੂਪ

ਰੰਗ ਰੇਖ ਸਮਝ ਕੋਇ ਨਾ ਪਾਈਆ । ਇਕੋ ਸ਼ਬਦ ਦਾਤਾ ਜੋਧਾ ਸੂਰਬੀਰ ਬਲਵਾਨ, ਬ੍ਰਹਿਮੰਡ ਖੰਡ ਰਚਨਹਾਰਾ ਪੁਰੀ ਲੋਅ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਘਟ ਘਟ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਹੁਕਮ ਹੁਕਮ ਦ੍ਰਿੜਾਈਆ । ਸ਼ਬਦ ਸੰਦੇਸਾ ਧੁਰ ਦਾ ਹੁਕਮ, ਹਰਿ ਕਰਤਾ ਆਪ ਸਮਝਾਇੰਦਾ । ਸੰਤ ਸੁਹੇਲੇ ਕੱਢੇ ਉਤਮ, ਦ੍ਰਿਸ਼ਟ ਇਸ਼ਟ ਨਾਲ ਮਿਲਾਇੰਦਾ । ਸ਼ਬਦ ਅਨਾਦੀ ਬਣਾਏ ਤੁਖ਼ਮ, ਤਾਸੀਰ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਵਖਾਇੰਦਾ । ਕਰਨੀ ਕਾਰ ਅੰਦਰ ਕਰਤਾਰ, ਹਰਿ ਕਰਤਾ ਦਏ ਵਡਿਆਈਆ । ਜੁਗ ਚੌਕੜੀ ਵੇਖ ਸੰਸਾਰ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਖ਼ੁਸ਼ੀ ਮਨਾਈਆ । ਪੂਰਬ ਲੇਖਾ ਮਕਰੂਜ਼ ਸਭ ਦਾ ਕਰਜ਼ਾ ਦਏ ਉਤਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਪਾਈਆ । ਸਭ ਨੂੰ ਕਰ ਕੇ ਦਸਤਬਰਦਾਰ, ਦਸਤਗੀਰ ਆਪਣਾ ਰੰਗ ਰੰਗਾਈਆ । ਗ੍ਰਹਿ ਮੰਦਰ ਹੁਕਮ ਸੰਦੇਸਾ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਜਣਾਈਆ । ਕੂੜੀ ਕਿਰਿਆ ਕਲ ਕਾਤੀ ਕੱਢੇ ਬਾਹਰ, ਜਗਤ ਹਯਾਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਹਯਾਤੀ ਕਹੇ ਮੈਂ ਬਦਲਾਂ ਹਦੀਸ, ਹਜ਼ਰਤ ਤੇਰੀ ਕਰਾਂ ਪੜ੍ਹਾਈਆ । ਈਸਾ ਮੂਸਾ ਮੁਹੰਮਦ ਰਾਹ ਤੱਕਦੇ ਗਏ ਇਕੀਸ, ਏਕਾ ਅੱਖ ਖੁਲ੍ਹਾਈਆ । ਤੇਰਾ ਕਲਮਾ ਗਾਵਾਂ ਗੀਤ, ਇਕੋ ਰਾਗ ਅਲਾਈਆ । ਸਦੀ ਚੌਧਵੀਂ ਰਹੀ ਬੀਤ, ਬੀਤੀ


੧੧੨੪

ਕਹਾਣੀ ਤੇਰੀ ਝੋਲੀ ਪਾਈਆ । ਮੈਂ ਤੇਰੇ ਹੁਕਮੇ ਅੰਦਰ ਬਦਲਾਂ ਰੀਤ, ਰੀਤੀਵਾਨ ਤੇਰੀ ਸਰਨਾਈਆ । ਮੇਰੀ ਹਸਤੀ ਨਾ ਕੋਈ ਮੈਂ ਕੀਟਨ


੧੯

ਕੀਟ, ਨੀਚਾਂ ਵਿਚੋਂ ਨੀਚ ਨਜ਼ਰੀ ਆਈਆ । ਪਰਵਰਦਿਗਾਰ ਨਾ ਦੇਈਂ ਪੀਠ, ਕਰਵਟ ਲੈ ਨਾ ਮੁਖ ਬਦਲਾਈਆ । ਮੇਰਾ ਅੰਤਰ ਕਰਨਾ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਲੇਖਾ ਚੁੱਕੇ ਜਗਤ ਮਸੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਟਿਕਾਉਣਾ ਖ਼ੁਦਾਵੰਦ ਕਰੀਮ, ਕਲਮਾ ਤੇਰਾ ਨਜ਼ਰੀ ਆਈਆ । ਤੇਰੀ ਸ਼ਾਨ ਆਲੀ ਅਜ਼ੀਮ, ਅਜ਼ਮਤ ਤੇਰੇ ਹੱਥ ਫੜਾਈਆ । ਤੇਰੀ ਕੋਈ ਨਾ ਜਾਣੇ ਤਾਲੀਮ, ਤੋਬਾ ਤੋਬਾ ਕਰੇ ਖ਼ੁਦਾਈਆ । ਤੇਰੀ ਕਿਸੇ ਸਮਝ ਨਾ ਆਈ ਤਕਸੀਮ, ਜ਼ੇਰ ਜ਼ਬਰ ਰਹੀ ਕੁਰਲਾਈਆ । ਤੇਰਾ ਭੇਵ ਨਾ ਜਾਣਿਆ ਅਲਫ਼ ਮੀਮ, ਨੁਕਤਾ ਨੂਨ ਨਾ ਕੋਇ ਮਿਟਾਈਆ । ਤੇਰਾ ਪੀਰ ਪੈਗ਼ੰਬਰ ਪੱਕਾ ਬਣਿਆ ਨਾ ਕੋਇ ਮੁਨੀਮ, ਸਦਾ ਸਦਾ ਸਦ ਸਾਚਾ ਸੰਗ ਨਿਭਾਈਆ । ਜੋ ਆਇਆ ਬਰਦਾ ਬਣ ਅਵਲੀਨ, ਨਿਉਂ ਨਿਉਂ ਸੀਸ ਝੁਕਾਈਆ । ਰਸਨਾ ਕਹਿੰਦਾ ਗਿਆ ਗ਼ਮਖ਼ਾਰ ਮਸਕੀਨ, ਮੁਸ਼ਕਲ ਤੇਰੀ ਝੋਲੀ ਪਾਈਆ । ਤੇਰੀ ਧਾਰ ਸਮਝ ਮਹੀਨ, ਸੀਸ ਕਦਮਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਠਾਂਡੇ ਮੇਲ ਮਿਲਾਈਆ । ਠਾਂਡਾ ਦਰ ਪਰਵਰਦਿਗਾਰ, ਘਰ ਇਕੋ ਨਜ਼ਰੀ ਆਇੰਦਾ । ਜਿਸ ਗ੍ਰਹਿ ਬਣੇਂ ਮਦਦਗਾਰ, ਧੁਰ ਦਾ ਸੰਗ ਨਿਭਾਇੰਦਾ । ਜਿਸ ਦਾ ਅਦਦਾਂ ਵਿਚ ਨਾ ਕੋਇ ਸ਼ੁਮਾਰ, ਤਸ਼ਦਦ ਰੂਪ ਨਾ ਕੋਇ ਵਟਾਇੰਦਾ । ਸੋ ਕੁਦਰਤ ਅੰਦਰ ਕਾਦਰ ਹੋ ਕੇ ਕਰੇ ਪਿਆਰ, ਜਨ ਭਗਤਾਂ ਕਦਰ ਆਪਣੇ ਹੱਥ ਰਖਾਇੰਦਾ । ਕਿਸੇ ਗ਼ਦਰ ਵਿਚ ਨਾ ਆਏ

ਫ਼ਸਾਦ, ਫ਼ੈਸਲਾ ਹੁਕਮ ਵਿਚ ਮਨਾਇੰਦਾ । ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਨ ਆਇਆ ਇਮਦਾਦ, ਅਮਲ ਆਮਲ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਇਤਮਾਦ ਵਿਸਮਾਦ ਹੋ ਕੇ ਬਿਸਮਲ ਰੂਪ ਆਪਣੇ ਉਪਰ ਟਿਕਾਇੰਦਾ ।

### ★ ੧੫ ਜੇਠ ੨੦੨੧ ਬਿਕ੍ਰਮੀ ਲਾਲ ਚੰਦ ਦੇ ਗ੍ਰਿਹਿ ਜੰਮੂ ★

ਜੁਗ ਚੌਕੜੀ ਪਿਛੋਂ ਉਠਿਆ ਸੁਤ ਸ਼ਬਦ ਨਿਰਵੈਰ, ਨਿਰੰਕਾਰ ਦਏ ਵਡਿਆਈਆ । ਪਰੇਮ ਪ੍ਰੀਤੀ ਪਿਆਰ ਅੰਦਰ ਸਤਿ ਸਰੂਪੀ ਕਰਨੀ ਮਿਹਰ, ਮਿਹਰਵਾਨ ਹੋ ਕੇ ਦਇਆ ਕਮਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਵੇਖਣਾ ਸ਼ਹਿਰ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਭੇਵ ਚੁਕਾਉਣਾ ਅੰਦਰ ਬਾਹਰ ਗੁਪਤ ਜ਼ਾਹਰ ਗੰਭੀਰ ਗਹਿਰ, ਪਰਦਾ ਉਹਲਾ ਰਹਿਣ ਕੋਇ ਨਾ ਪਾਈਆ । ਭਗਤ ਉਧਾਰਨ ਪੈਜ ਸੁਆਰਨ ਕੋਈ ਨਾ ਲਾਉਣੀ ਦੇਰ, ਦੂਰ ਦੁਰਾਡਾ ਨੇਰਨ ਨੇਰਾ ਪੰਧ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਕਾਇਆ ਮਾਟੀ ਉਲਟਾ ਗੇੜਨਾ ਗੇੜ, ਚਾਰ ਕੁੰਟ ਦਹਿ ਦਿਸ਼ਾ ਆਪ ਭਵਾਈਆ । ਕੂੜ ਵਿਕਾਰਾ ਹਉਮੇ ਹੰਕਾਰਾ ਮਾਇਆ ਮਮਤਾ ਲੈਣੀ ਘੇਰ, ਬਲਧਾਰੀ ਹੋ ਸਹਾਈਆ । ਨਿਤ ਨਵਿਤ ਜੂਠਾ ਝੂਠਾ ਝਗੜਾ ਦੇਣਾ ਨਬੇੜ, ਸਾਲਸ ਆਪਣਾ ਰੂਪ ਵਟਾਈਆ । ਆਤਮ ਪਰਮਾਤਮ ਮਿਲ ਮਿਲ ਖਿਲਾਉਣਾ ਖੇਲ, ਖ਼ਾਲਕ ਖ਼ਲਕ ਵਿਚੋਂ ਦੇਣਾ ੧੧੨੫
੧੧੨੫ ੧੯ ਜਣਾਈਆ । ਘਰ ਪਰਕਾਸ਼ ਕਰਨਾ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਮਿੱਤਰ ਪਿਆਰਾ ਹੋ ਕੇ ਮਿਲਣਾ ਸੱਜਣ ਸੁਹੇਲ, ਧੁਰ ੧੯
ਦਾ ਸੰਗੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਪਿਛੋਂ ਆਇਆ ਨਿਰਗੁਣ ਧਾਰ, ਸੂਰਾ ਸਤਿਗੁਰ ਇਕ ਅਖਵਾਈਆ । ਪੰਜ ਤਤ ਨਾ ਕੋਇ ਆਕਾਰ, ਮਨ ਮਤ ਬੁਧ ਅਕਲ ਸੰਗ ਨਾ ਕੋਇ ਰਖਾਈਆ । ਦੋ ਜਹਾਨਾਂ ਨਿਰਧਨ ਸਰਧਨ ਹੋ ਕੇ ਪਾਵੇ ਸਾਰ, ਮਹਾਂਬਲੀ ਬਲ ਆਪਣਾ ਇਕ ਪਰਗਟਾਈਆ । ਜੁਗ ਚੌਕੜੀ ਪੂਰਬ ਲੇਖਾ ਵੇਖੇ ਵਿਗਸੇ ਵੇਖਣਹਾਰ, ਬਿਨ ਅੱਖਾਂ ਨੇਤਰ ਨੈਣ ਇਕ ਖੁਲ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਜੁਗ ਜੁਗ ਦਿਤਾ ਸਿਖਾਲ, ਸੋ ਸਿਖਿਆ ਲਿਖਿਆ ਵੇਖੇ ਥਾਉਂ ਥਾਈਆ । ਪੀਰ ਪੈਗ਼ੰਬਰਾਂ ਜੋ ਦੇਂਦਾ ਰਿਹਾ ਜਲਾਲ, ਜਲਵਾ ਨੂਰ ਨੂਰ ਰੁਸ਼ਨਾਈਆ । ਸੋ ਵੇਖ ਵਖਾਵੇ ਸਾਹਿਬ ਗੋਸਾਈਂ ਪਰਵਰਦਿਗਾਰ, ਬੇਪਰਵਾਹ ਫੇਰਾ ਪਾਈਆ । ਜਿਸ ਦਾ ਕਲਮਾ ਕਾਗ਼ਜ਼ਾਂ ਉਤੇ ਕਰੇ ਪੁਕਾਰ, ਨਗ਼ਮਾ ਰਸਨਾ ਨਾਲ ਸੁਣਾਈਆ । ਸੋ ਮੁਰੀਦਾਂ ਮੁਰਸ਼ਦ ਕਰੇ ਪਿਆਰ, ਪੋਸ਼ੀਦਾ ਆਪਣਾ ਪਰਦਾ ਲਾਹੀਆ । ਅਕੀਦਾ ਇਕੋ ਦੱਸੇ ਸਚ ਦਰਬਾਰ, ਦਰਗਾਹ ਸਾਚੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਨਿਰਗੁਣ ਨਿਰਵੈਰ ਸ਼ਬਦ ਅਗੰਮੀ ਆਇਆ ਨੱਠ, ਕਲਜੁਗ ਅੰਤਮ ਫੇਰਾ ਪਾਈਆ । ਜਗਤ ਆਕਾਰ ਨਾ ਕੋਈ ਤੱਤ, ਮੂੰਹ ਹੱਥ ਤਨ ਮਾਟੀ ਖ਼ਾਕ ਨਾ ਰੰਗ ਰੰਗਾਈਆ । ਇਸ਼ਟ ਦੇਵ ਸਵਾਮੀ ਰਸਨਾ ਜਿਹਵਾ ਕਿਸੇ ਦਾ ਨਾਮ ਨਾ ਲਏ ਰਟ, ਨੀਵਾਂ ਹੋ ਕੇ ਸੀਸ ਨਾ ਕਿਸੇ ਨਿਵਾਈਆ । ਵੇਖ ਵਖਾਏ ਸਭ ਕਿਛ ਜਾਣੇ ਵਸਣਹਾਰਾ ਘਟ ਘਟ, ਗ੍ਰਿਹਿ ਗ੍ਰਿਹਿ ਲੇਖਾ ਖੋਜ ਖੁਜਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਪਰੇਮ ਪ੍ਰੀਤੀ ਅੰਦਰ ਜਿਸ ਦਾ ਨਾਮ ਗਏ ਰਟ, ਦਿਵਸ ਰੈਣ ਅੱਠੇ ਪਹਿਰ ਧਿਆਨ ਲਗਾਈਆ । ਜਿਸ ਦੇ ਪਿਛੇ ਸੂਲਾਂ ਉਤੇ ਸੱਬਰ ਬੈਠੇ ਘਤ, ਯਾਰੜਾ ਇਕੋ ਇਕ ਮਨਾਈਆ । ਸੋ ਸਾਹਿਬ ਸੁਲਤਾਨ ਪਰੇਮ ਪ੍ਰੀਤੀ ਅੰਦਰ ਹੋ ਕੇ ਵਸ, ਜਨ ਭਗਤਾਂ ਵੇਖੇ ਚਾਈਂ ਚਾਈਂਆ । ਸਾਚੇ ਮੰਦਰ ਵਸਲ ਕਰਾਏ ਹੱਕ, ਅਸਲ ਵਿਚੋਂ ਸਚ ਨਸਲ ਸਮਝਾਈਆ । ਸਚ ਦਵਾਰ ਕਰ ਪਿਆਰ ਕਰੇ ਇਕੱਠ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਵੱਡਾ ਇਕੋ ਇਕ ਅਖਵਾਈਆ । ਨਿਰਗੁਣ ਨਿਰਵੈਰ ਨਿਰੰਕਾਰ, ਖੇਲੇ ਖੇਲ ਬੇਪਰਵਾਹੀਆ । ਜੋਤੀ ਜਾਤਾ ਲੈ ਅਵਤਾਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਦਮਾਮਾ ਵੱਜੇ ਅਗੰਮ ਅਪਾਰ, ਕੋਟਨ ਕੋਟ ਰਾਮਾ ਨੈਣ ਉਠਾਈਆ । ਪੀਰ ਪੈਗ਼ੰਬਰ ਪੈਗ਼ਾਮਾ ਸੁਣਨ ਹੋ ਕੇ ਖ਼ਬਰਦਾਰ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਗੁਰੂ ਗੁਰੂ ਗੁਰ ਕਰਨ ਨਿਮਸਕਾਰ, ਸੀਸ ਜਗਦੀਸ ਇਕ ਝੁਕਾਈਆ । ਕਾਗ਼ਜ਼ ਕਲਮ ਸ਼ਾਹੀ ਕਰੇ ਹਾਹਾਕਾਰ, ਹੌਕਾ ਲੈ ਲੈ ਰਹੀ ਸੁਣਾਈਆ । ਚਾਰੇ ਜੁਗ ਬਣ ਪਨਿਹਾਰ ਦਰ ਦਰਵੇਸ਼ ਅਲਖ ਜਗਾਈਆ । ਤੇਰਾ ਖੇਲ ਅਗੰਮ ਅਪਾਰ, ਪਾਰਬ੍ਰਹਮ ਤੇਰੀ ਵਡਿਆਈਆ । ਤੇਰਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਸੁਤ ਲਾਡਲਾ ਬਰਖ਼ੁਰਦਾਰ, ਸ਼ਬਦੀ ਇਕੋ ਇਕ ਅਖਵਾਈਆ । ਜਿਸ ਦਾ ਹੁਕਮ ਰਿਹਾ ਜੁਗ ਚਾਰ, ਨਿਤ ਨਵਿਤ ਵੇਖ ਵਖਾਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਪਾਵੇ ਸਾਰ, ਮਹਾਂਸਾਰਥੀ ਆਪਣਾ ਖੇਲ ਕਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਠਾਲ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਪੂਰਬ ਜਨਮ ਦਾ ਲੇਖਾ ਜਾਨਣ ਵਾਲਾ ਹਾਲ, ਹਾਲਤ ਅਗਲੀ ਦਏ ਦ੍ਰਿੜਾਈਆ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਈਆ । ਸਤਿ ਧਰਮ ਦੀ ਸੱਚੀ ਧਰਮਸਾਲ, ਲੱਖ ਚੁਰਾਸੀ ਜੀਵ ਜੰਤ ਰਿਹਾ ਜਣਾਈਆ । ਸਾਢੇ ਤਿੰਨ ਹੱਥ ਹਰਿ ਠਾਕਰ ਬਣਾਇਆ ਮਕਾਨ, ਘਾੜਤ ਆਪਣਾ ਆਪ ਘੜਾਈਆ । ਜਿਸ ਗ੍ਰਿਹ ਬਹਿ ਕੇ ਖੇਲ ਕਰੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਬੇਪਰਵਾਹੀਆ । ਨਿਰਗੁਣ ਹੋਏ ਸ਼ਬਦ ਸਵਾਮੀ, ਲੋਕਮਾਤ ਵੇਸ ਵਟਾਈਆ । ਸਰਬ ਜੀਆਂ ਘਟ ਅੰਤਰਜਾਮੀ, ਅੰਤਰ ਆਤਮਾ ਖੋਜ ਖੁਜਾਈਆ । ਸਚ ਸੰਦੇਸਾ ਧੁਰ ਦੀ ਬਾਣੀ, ਤੀਰ ਅਣਿਆਲਾ ਇਕ ਚਲਾਈਆ । ਭੂਪਤ ਭੂਪ ਬਣ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦਾ ਲੇਖਾ ਕੋਈ ਨਾ ਜਾਣੇ ਕਲਮ ਕਾਨੀ, ਕਾਇਨਾਤ ਸਕੇ ਨਾ ਕੋਇ ਸਮਝਾਈਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਕੀਤੀ ਫ਼ਾਨੀ, ਫ਼ੈਸਲਾ ਆਪਣਾ ਇਕ ਸੁਣਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਹੋ ਕੇ ਬਣਿਆ ਇਕੋ ਬਾਨੀ, ਬਲਧਾਰੀ ਫੇਰਾ ਪਾਈਆ । ਜਨ ਭਗਤਾਂ ਦੱਸੇ ਮਾਰਗ ਸਚ ਆਸਾਨੀ, ਇਨਸਾਨੀਅਤ ਵਿਚੋਂ ਅੰਸ ਆਪਣੀ ਲਏ ਜਗਾਈਆ । ਪਿਛਲੀ ਪੜ੍ਹੇ ਨਾ ਕੋਇ ਕਹਾਨੀ, ਅਗਲੀ ਗਾਥਾ ਰਿਹਾ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਪ੍ਰੇਮ ਪ੍ਰੀਤੀ ਧਾਰ ਵਹਾਈਆ । ਲੇਖਾ ਜਾਣੇ ਬਿਨ ਜ਼ਿਬਹ ਹੋਇਆਂ ਕੁਰਬਾਨੀ, ਸੀਸ ਧੜ ਅੱਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਨਿਰਗੁਣ ਧਾਰ ਆਇਆ ਭੱਜਾ, ਸ਼ਬਦੀ ਰੂਪ ਵਟਾਈਆ । ਭਗਤ ਸੁਹੇਲਾ ਹੋ ਕੇ ਪੜਦਾ ਕੱਜਾ, ਓਢਣ ਇਕ


੧੧੨੬
੧੯

ਟਿਕਾਈਆ । ਨਾਮ ਨਿਧਾਨ ਨਗਾਰਾ ਹੋ ਕੇ ਵੱਜਾ, ਅਗੰਮੀ ਰਾਗ ਸੁਣਾਈਆ । ਆਤਮ ਪਰਮਾਤਮ ਦੇਵੇ ਰਸਾ, ਰਸਨਾ ਜਿਹਵਾ ਸਮਝ ਕੋਇ ਨਾ ਪਾਈਆ । ਮਹਲ ਅਟੱਲ ਅੰਦਰ ਵੜ ਕੇ ਹੱਸਾ, ਹਸਤੀ ਮਸਤੀ ਵਿਚ ਵਖਾਈਆ । ਸਚ ਦਰਬਾਰੀ ਦੇ ਕੇ ਧੁਰ ਦਾ ਪਤਾ, ਪਤਿਪਰਮੇਸ਼ਵਰ ਪੜਦਾ ਲਾਹੀਆ । ਲੋਚਣ ਨੈਣ ਖੁਲ੍ਹਾਏ ਅੱਖਾ, ਆਖ਼ਰ ਆਪਣਾ ਮੇਲ ਮਿਲਾਈਆ । ਭਾਗ ਲਗਾਵਣਹਾਰਾ ਕੁਲੀ ਕੱਖਾਂ, ਮਹਲ ਅਟੱਲ ਕਰੇ ਰੁਸ਼ਨਾਈਆ । ਸੱਜਣ ਸੁਹੇਲਾ ਬਣ ਕੇ ਸਕਾ, ਸੈਣ ਆਪਣਾ ਨਾਉਂ ਧਰਾਈਆ । ਸਤਿ ਸਤਿਵਾਦੀ ਧੁਰ ਦੀ ਦੇਵੇ ਮਤਾ, ਮਨਮਤ ਕੂੜੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਹੋ ਕੇ ਵੇਖਣ ਆਇਆ, ਸ਼ਬਦ ਸਵਾਮੀ ਬੇਪਰਵਾਹੀਆ । ਜਿਸ ਨੂੰ ਕਹਿੰਦੇ ਦਾਈ ਦਾਇਆ, ਆਦਿ ਜੁਗਾਦੀ ਸੇਵ ਕਮਾਈਆ । ਜਿਸ ਦੀ ਰਚਨਾ ਤ੍ਰੈਗੁਣ ਮਾਇਆ, ਲੋਕ ਪਰਲੋਕ ਵੇਖੇ ਚਾਈਂ ਚਾਈਂਆ । ਜਿਸ ਨੇ ਪੰਜ ਤਤ ਖੇਲ ਰਚਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ, ਹਿੱਸਾ ਆਪਣੇ ਹੱਥ ਰਖਾਈਆ । ਜਿਸ ਨੇ ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖ ਲਿਖਾਇਆ, ਖਾਣੀ ਬਾਣੀ ਨਾਦ ਸੁਣਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਪਰਗਟਾਇਆ, ਆਤਮ ਪਰਮਾਤਮ ਬੂਝ ਬੁਝਾਈਆ । ਜਿਸ ਨੇ ਸਾਧ ਸੰਤ ਗਲੇ ਲਗਾਇਆ, ਭਗਤ ਭਗਵੰਤ ਨਾਉਂ ਧਰਾਈਆ । ਜਿਸ ਨੇ ਸਖੀਆਂ ਨਾਲ ਬਣ ਬਣ ਕੰਤ ਸੋਹਣਾ ਮੰਗਲ ਗਾਇਆ, ਗੀਤ ਅਗੰਮ ਇਲਾਹੀਆ । ਜਿਸ ਨੇ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੇਰਾ ਲਾਇਆ, ਡੂੰਘੀ ਕੰਦਰ ਖੋਜ ਖੁਜਾਈਆ । ਜਿਸ ਨੇ ਆਦਿ

੧੧੨੭ ੧੯ ੧੧੨੭ ੧੯

ਜੁਗਾਦਿ ਨਿਤ ਨਵਿਤ ਦੀਨ ਮਜ਼੍ਹਬ ਸ਼ਰਅ ਜ਼ੰਜੀਰ ਤਨ ਪਹਿਨਾਇਆ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸੋ ਸਾਹਿਬ ਸਤਿਗੁਰ ਨਿਰਗੁਣ ਹੋ ਕੇ ਜਨ ਭਗਤ ਦਵਾਰੇ ਮੰਗਣ ਆਇਆ, ਦਰ ਦਰਵੇਸ਼ਾ ਅਲਖ ਜਗਾਈਆ । ਜਿਸ ਦਾ ਅਨੰਦ ਅਨੰਦਾਂ ਵਿਚੋਂ ਹੱਥ ਕਿਸੇ ਨਾ ਆਇਆ, ਅਨੰਦ ਕਾਰਜ ਕਰ ਕਰ ਥੱਕੀ ਸਰਬ ਲੋਕਾਈਆ । ਤਿਸ ਨੇ ਪਿਛਲਾ ਲੇਖਾ ਸਭ ਦਾ ਖ਼ਾਰਜ ਆਪਣੀ ਹੱਥੀਂ ਦਿਤਾ ਕਰਾਇਆ, ਖ਼ਾਲਸ ਆਪਣਾ ਹੁਕਮ ਵਰਤਾਈਆ । ਸਭ ਦਾ ਅਰਦਾਸਾ ਦੇ ਭਰਵਾਸਾ ਇਕੋ ਵਾਰ ਦਏ ਸੋਧਾਇਆ, ਨਿਰਾਸਾ ਰਹਿਣ ਕੋਇ ਨਾ ਪਾਈਆ । ਆਸਾ ਮਨਸਾ ਮਨਸਾ ਆਸਾ ਲੇਖੇ ਲਾਇਆ, ਪ੍ਰਿਥਮੀ ਆਕਾਸ਼ਾ ਖੋਜ ਖੁਜਾਈਆ । ਜਿਸ ਦਾ ਖ਼ੁਲਾਸਾ ਖੋਲ੍ਹ ਨਾ ਕਿਸੇ ਸਮਝਾਇਆ, ਇਸ਼ਾਰਿਆਂ ਨਾਲ ਗਏ ਦ੍ਰਿੜਾਈਆ । ਸੋ ਪੁਰਖ ਅਬਿਨਾਸ਼ਾ ਵੇਸ ਵਟਾਈਆ । ਸ਼ਬਦੀ ਸਾਥਾ ਜੋੜ ਜੁੜਾਇਆ, ਪੂਰਬ ਘਾਟਾ ਜਨ ਭਗਤਾਂ ਪੂਰ ਕਰਾਇਆ, ਅੰਤਮ ਨੇੜੇ ਵਾਟਾ ਰਿਹਾ ਵਖਾਈਆ । ਸਰਬ ਜੀਆਂ ਦਾ ਦਾਤਾ ਨਜ਼ਰੀ ਇਕੋ ਆਇਆ, ਨਿਰਗੁਣ ਨਿਰਵੈਰ ਬੇਪਰਵਾਹੀਆ । ਪਰਮ ਪੁਰਖ ਪਰਮਾਤਮ ਆਤਮ ਮਾਤ ਪਿਤ ਆਪ ਹੋ ਜਾਇਆ, ਗੁਰਸਿਖ ਗੁਰ ਗੁਰ ਗੋਦੀ ਗੋਦ ਸੁਹਾਈਆ । ਉਤਮ ਸ੍ਰੇਸ਼ਟ ਸਚ ਪ੍ਰੀਤੀ ਨਾਤਾ ਆਪ ਜੁੜਾਇਆ, ਏਥੇ ਓਥੇ ਨਾ ਕੋਈ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਰੂਪ ਧਰ, ਸਚ ਧਰਵਾਸਾ ਇਕ ਵਖਾਇਆ, ਪਰੇਮ ਪਿਆਰ ਪ੍ਰੀਤੀ ਅੰਦਰ ਪ੍ਰੀਤਮ ਹੋ ਕੇ ਵਿਚ ਸਮਾਇਆ, ਸਮਗਰੀ ਆਪਣੇ ਹੱਥ ਰਖਾਈਆ ।

★ ੧੫ ਜੇਠ ੨੦੨੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹ ਸ਼ੇਖ਼ ਸਰ ਜ਼ਿਲਾ ਜੰਮੂ ★

ਗੁਰ ਸ਼ਬਦ ਕਹੇ ਮੇਰੀ ਧੁਰ ਦੀ ਨੌਕਾ, ਜਨ ਭਗਤਾਂ ਰਾਹ ਤਕਾਈਆ । ਜਿਸ ਦਾ ਦੋ ਜਹਾਨਾਂ ਦਿਤਾ ਹੋਕਾ, ਉਚੀ ਕੂਕ ਕੂਕ ਸੁਣਾਈਆ । ਪੜਦਾ ਉਹਲਾ ਚੁਕਾਇਆ ਚੌਦਾਂ ਲੋਕਾ, ਚੌਦਾਂ ਤਬਕ ਸਬਕ ਦ੍ਰਿੜਾਈਆ । ਲੱਖ ਚੁਰਾਸੀ ਜਣਾਇਆ ਅਗੰਮੀ ਮੌਕਾ, ਸਚ ਆਵਾਜ਼ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਕਮਾਈਆ । ਸ਼ਬਦ ਕਹੇ ਮੈਂ ਲੈ ਕੇ ਆਇਆ ਨਈਆ, ਸੋਹਣੀ ਬਣਤ ਬਣਾਈਆ । ਮਿੱਤਰ ਪਿਆਰਾ ਬਣ ਕੇ ਆਇਆ ਸਈਆ, ਸੱਜਣ ਰੂਪ ਵਟਾਈਆ । ਜਿਸ ਦੀ ਯਾਦ ਵਿਚ ਯਾਦਵ ਦੱਸਦਾ ਰਿਹਾ ਘਨੱਈਆ, ਗੋਪੀ ਕਾਹਨ ਖੇਲ ਖਿਲਾਈਆ । ਜਿਸ ਦੇ ਧਿਆਨ ਵਿਚ ਆਦਿ ਸ਼ਕਤ ਬੈਠੀ ਰਹੀ ਮਈਆ, ਜੁਗ ਚੌਕੜੀ ਖੋਜ ਖੁਜਾਈਆ । ਜਿਸ ਦੇ ਭੈ ਅੰਦਰ ਰਾਏ ਧਰਮ ਨਾ ਕੱਢੇ ਵਹੀਆ, ਚਿਤਰ ਗੁਪਤ ਨਾ ਲੇਖ ਵਖਾਈਆ । ਜਿਸ ਦੇ ਹੁਕਮ ਅੰਦਰ ਦੋ ਜਹਾਨ ਬ੍ਰਹਿਮੰਡ ਖੰਡ ਲੱਖ ਚੁਰਾਸੀ ਆਤਮ ਪਰਮਾਤਮ ਬਣਾਏ ਸੱਚਾ ਭਈਆ, ਪਰੇਮ ਪ੍ਰੀਤੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਦ੍ਰਿੜਾਈਆ । ਗੁਰ ਸ਼ਬਦ ਕਹੇ ਮੈਂ ਲੈ ਕੇ ਆਇਆ ਨਈਆ ਏਕ, ਏਕੰਕਾਰ ਹੁਕਮ ਜਣਾਈਆ । ਜੋ ਭਗਤਾਂ ਦੇਵੇ ਟੇਕ, ਸੋਹਣੀ ਸੇਵ ਕਮਾਈਆ । ਦੂਜਾ ਕੋਈ ਨਾ ਲਵੇ ਪੇਖ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਉਪਰ ਚੜ੍ਹ ਕੇ ਲੈਣ ਖੇਡ, ਖ਼ੁਸ਼ੀਆਂ ਰਾਗ ਅਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਨੂੰ ਦਿਤਾ ਭੇਜ, ਸੋਹਣੀ ਸੇਵ ਸਮਝਾਈਆ । ਮੈਂ ਚਲ ਕੇ ਆਇਆ ਅਗੰਮੜੇ ਦੇਸ, ੧੧੨੮
੧੧੨੮ ਦਸੰਤਰ ਵੇਖਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਬਣਾਈਆ । ਸ਼ਬਦ ਕਹੇ ਮੇਰੀ ਨਈਆ ਰੰਗੀਲੀ, ਰੰਗ ਰੱਤੇ ਆਪ ਰੰਗਾਈਆ । ਜਿਸ ਦੀ ਸਮਝ ਨਾ ਆਏ ਦਲੀਲੀ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਜਿਸ ਦੀ ਧਾਰ ਕੋਈ ਨਾ ਜਾਣੇ ਪੀਲੀ ਨੀਲੀ, ਸੂਹਾ ਰੂਪ ਨਾ ਕੋਇ ਜਣਾਈਆ । ਇਸ ਵਿਚ ਆਦਿ ਜੁਗਾਦੀ ਇਕੋ ਅਸੀਲੀ, ਸੰਤ ਸੁਹੇਲੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵੰਡ ਵੰਡਾਈਆ । ਸ਼ਬਦ ਕਹੇ ਮੇਰੀ ਨਈਆ ਦਾ ਅਗੰਮੀ ਨਾਪ, ਘਾੜਤ ਹਰਿ ਜੂ ਆਪ ਘੜਾਈਆ । ਜਿਸ ਉਤੇ ਬਹਿ ਕੇ ਕੋਟ ਜਨਮ ਦੇ ਉਤਰਨ ਪਾਪ, ਪਤਤ ਪਵਿਤ ਦਏ ਕਰਾਈਆ । ਜਿਸ ਉਪਰ ਚੜ੍ਹ ਕੇ ਅੰਦਰੇ ਅੰਦਰ ਚਲੇ ਅਜੱਪਾ ਜਾਪ, ਸੋਹੰ ਕਰੇ ਸਚ ਪੜ੍ਹਾਈਆ । ਜਿਸ ਦੇ ਮੰਦਰ ਵੜ ਕੇ ਵੇਖੇ ਜੋਤ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਿਸ ਦਾ ਕਦੇ ਨਾ ਟੁੱਟੇ ਸਾਥ, ਖੇਵਟ ਬਨਿਆ ਬੇਪਰਵਾਹੀਆ । ਭਗਤ ਸੁਹੇਲਾ ਬਣ ਕੇ ਜਾਏ ਆਖ, ਅੱਖਰ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸ਼ਬਦ ਕਹੇ ਮੇਰੀ ਨੌਕਾ ਅਵੱਲੀ ਸਵਾਰੀ, ਸੇਵਾ ਸਭ ਦੀ ਇਕ ਲਗਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਕਰੇ ਤਿਆਰੀ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਉਦਮ ਕਰ ਕੇ ਚੜ੍ਹੇ ਮਾਰ ਛਾਲੀ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਮੇਲ ਮਿਲੇ ਜੋਤ ਨਿਰੰਕਾਰੀ, ਨਿਰਗੁਣ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਮਾਣਸ ਜਨਮ ਵਿਚੋਂ ਇਹੋ ਸੱਚੀ ਤਾਰੀ, ਤਾਰਨਹਾਰਾ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ ।

ਸ਼ਬਦ ਨਈਆ ਨੌਕਾ ਰਹੀ ਬੋਲ, ਅਨਬੋਲਤ ਰਾਗ ਸੁਣਾਈਆ । ਸਚ ਕੂਕ ਵਜਾਵੇ ਢੋਲ, ਢੋਲਕ ਇਕ ਖੜਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੈਂ ਆਈ ਭਗਤਾਂ ਕੋਲ, ਦੂਸਰ ਹੱਥ ਨਾ ਕਿਸੇ ਫੜਾਈਆ । ਹੌਲੀ ਹੌਲੀ ਆਪਣੇ ਵਿਚ ਬਹਾਵਾਂ ਅਡੋਲ, ਫੜ ਬਾਂਹੋਂ ਆਪ ਉਠਾਈਆ । ਮਾਰਗ ਦੱਸ ਇਕ ਅਨਮੋਲ, ਪਾਂਧੀ ਧੁਰ ਦੇ ਦਿਆਂ ਬਣਾਈਆ । ਸਚ ਦਵਾਰਾ ਅਗੰਮੀ ਖੋਲ੍ਹ, ਪੜਦਾ ਉਹਲਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸੋਹਣੀ ਇਕ ਸਮਝਾਈਆ । ਸ਼ਬਦੀ ਨਈਆ ਕਹੇ ਅਖ਼ੀਰ, ਬਿਨ ਅੱਖਰਾਂ ਰਹੀ ਜਣਾਈਆ । ਜਨ ਭਗਤ ਸੁਹੇਲੇ ਉਠ ਵੀਰ, ਵੇਲਾ ਵਕਤ ਖ਼ੁਸ਼ੀ ਮਨਾਈਆ । ਪਰਮ ਪੁਰਖ ਪ੍ਰਭ ਆਇਆ ਪੀਰ, ਪੀਰਨ ਪੀਰਾ ਨੂਰ ਖ਼ੁਦਾਈਆ । ਜਿਸ ਦਾ ਖੇਲ ਗਹਿਰ ਗੰਭੀਰ, ਅਗੰਮ ਅਥਾਹ ਅਖਵਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਮਧੁਰ ਪਿਆਲਾ ਜਾਮ ਵਖਾਈਆ । ਧਾਮ ਵਖਾਏ ਬੇਨਜ਼ੀਰ, ਨਜ਼ਰ ਆਪਣੀ ਲਏ ਬਦਲਾਈਆ । ਜਨਮ ਜਨਮ ਦੀ ਕੱਟੇ ਦਿਲਗੀਰੀ ਅੱਗੇ ਹੋਏ ਨਾ ਕੋਇ ਦਿਲਗੀਰ, ਸੁਖ ਸਾਗਰ ਵਿਚ ਸਮਾਈਆ । ਆਵਣ ਜਾਵਣ ਚੁੱਕੇ ਪੀੜ, ਲੱਖ ਚੁਰਾਸੀ ਪੰਧ ਮੁਕਾਈਆ । ਆਤਮ ਪਰਮਾਤਮ ਬੰਨ੍ਹ ਕੇ ਬੀੜ, ਘਰ ਸਾਚੇ ਦਏ ਬਹਾਈਆ । ਜਿਸ ਮਾਰਗ ਨੂੰ ਲੱਭਦੇ ਗਏ ਪੀਰ ਫ਼ਕੀਰ, ਸੰਤ ਸੱਜਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਨਈਆ ਕਹੇ ਜੋ ਮੇਰੇ ਉਪਰ ਚੜ੍ਹਦਾ, ਆਪਣਾ ਆਪ ਮਿਟਾਈਆ । ਸੋ ਧੁਰ ਦਾ ਢੋਲਾ ਪੜ੍ਹਦਾ, ਸੋਹੰ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਕਰਦਾ, ਦੂਜੀ ਓਟ ਨਾ ਕੋਇ ਰਖਾਈਆ । ਮੰਜ਼ਲ ਮੰਜ਼ਲ ਪੌੜੇ ਚੜ੍ਹਦਾ ਆਪਣਾ ਪੰਧ ਮੁਕਾਈਆ । ਵੇਖੇ ਖੇਲ ਸੱਚੇ ਥਿਰ ਘਰ ਦਾ, ਜਿਥੇ ਵੱਜੇ ਸ਼ਬਦ ਵਧਾਈਆ । ਮਿਲੇ ਮੇਲ ਅਗੰਮੀ ਪਿਰ ਦਾ, ਪੀਆ ਪ੍ਰੀਤਮ ਲਏ ਮਿਲਾਈਆ । ਜਗਤ ਵਿਛੋੜਾ ਮਿਟੇ ਚਿਰ ਦਾ, ਦੂਰ ਦੁਰਾਡਾ ਡੇਰਾ ਢਾਹੀਆ । ਅੱਗੇ ਗੇੜਾ ਅਨੋਖਾ ਗਿੜਦਾ, ਗੇੜਨਹਾਰ ਇਕ ਅਖਵਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪਾਰਬ੍ਰਹਮ ਪ੍ਰਭ ਆਇਆ ਫਿਰਦਾ ਫਿਰਦਾ, ਪਤਿਪਰਮੇਸ਼ਵਰ ਵੇਸ ਵਟਾਈਆ । ਕੰਢੀ ਉਤੇ ਆ ਕੇ ਆਪ ਘਿਰਦਾ, ਭਗਤਾਂ ਡੋਰੀ ਤੰਦ ਲਿਆ ਬੰਧਾਈਆ । ਮਾਣ ਤੁੱਟਾ ਅਗੰਮੀ ਸ਼ੇਰ ਦਾ, ਮਿਹਰ ਵਿਚ ਆਪਣਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ਬਦ ਨਈਆ ਕਹੇ ਮੈਂ ਆਈ ਖੇੜੇ, ਖਹਿੜਾ ਜਗਤ ਛੁਡਾਈਆ । ਸਾਚੇ ਲੱਗੇ ਪਿਛਲੇ ਡੇਰੇ, ਅਗਲੀ ਖ਼ੁਸ਼ੀ ਮਨਾਈਆ । ਜੁਗ ਚੌਕੜੀ ਲੰਘਾਏ ਕਰ ਕਰ ਵੱਡੇ ਜੇਰੇ, ਆਸਾ ਇਕ ਵਧਾਈਆ । ਕਵਣ ਵੇਲਾ ਪ੍ਰਭ ਕਰੇ ਮਿਹਰੇ, ਮਿਹਰ ਨਜ਼ਰ ਉਠਾਈਆ । ਮੈਂ ਭਗਤਾਂ ਸੰਗ ਰਾਗ ਅਲਾਵਾਂ ਤੇਰੇ ਮੇਰੇ, ਮੇਰਾ ਤੇਰਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਈਆ ਕਹੇ ਮੈਂ ਚਲਾਂ ਬਿਨ ਪਾਣੀ, ਆਬ ਲੋੜ ਰਹੇ ਨਾ ਰਾਈਆ । ਇਹੋ ਮੇਰੀ ਅਕਥ ਕਹਾਣੀ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਗਾਈਆ । ਸਿਫ਼ਤ ਅੰਦਰ ਲਿਖੀ ਧੁਰ ਦੀ ਬਾਣੀ, ਚਾਰੇ ਖਾਣੀ ਜਗਤ ਸਮਝਾਈਆ । ਮੇਰਾ ਖੇਲ ਜਾਣੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਮੈਂ ਬਣ ਕੇ ਆਈ ਨਿਮਾਣੀ, ਆਪਣਾ ਆਪ ਮਿਟਾਈਆ । ਜਨ ਭਗਤ ਵੇਖ ਧੁਰ ਦੇ ਹਾਣੀ, ਸੱਜਣ ਪੇਖ ਗੀਤ ਗਾਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਦਏ ਲਗਾਈਆ । ਸ਼ਬਦ ਨਈਆ ਕਹੇ ਮੇਰੀ ਅਨੋਖੀ

੧੧੨੯ ੧੯

ਬਣਤ, ਘੜਨ ਭੰਨਣਹਾਰ ਆਪ ਬਣਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਚੜ੍ਹੇ ਸੰਤ, ਜਿਸ ਸਾਹਿਬ ਸਤਿਗੁਰ ਆਪ ਚੜ੍ਹਾਈਆ । ਬਾਕੀ ਰੋਂਦੇ ਫਿਰਦੇ ਜਗਤ ਵਿਦਵਾਨੀ ਪੰਡਤ, ਮੁੱਲਾਂ ਸ਼ੇਖ਼ ਹੱਥ ਕਿਸੇ ਨਾ ਆਈਆ । ਮੇਰੀ ਧੁਰ ਦੀ ਸੇਵਾ ਮੈਂ ਵਿਛੜੇ ਮਿਲਾਵਾਂ ਨਾਲ ਓਸ ਕੰਤ, ਜਿਸ ਦੀ ਰੁੱਤ ਬਸੰਤ ਇਕੋ ਨਜ਼ਰੀ ਆਈਆ । ਏਸੇ ਕਾਰਨ ਮੈਂ ਭਗਤਾਂ ਕਰਾਂ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਗੁਰਮੁਖੋ ਉਠੋ ਕਰੋ ਹਿੰਮਤ, ਆਪਣਾ ਆਪ ਮੇਰੇ ਵਿਚ ਲਵੋ ਟਿਕਾਈਆ । ਮੇਰੇ ਕੋਲ ਕਲਜੁਗ ਕੋਈ ਨਾ ਕਰੇ ਇੱਲਤ, ਦੂਰ ਦੁਰਾਡਾ ਦਏ ਦੁਹਾਈਆ । ਅੱਗੇ ਖ਼ਵਾਰੀ ਨਾ ਹੋਏ ਜ਼ਿੱਲਤ, ਸਚ ਅਟਾਰੀ ਦਿਆਂ ਬਹਾਈਆ । ਓਥੇ ਮਿਜਾਜ਼ੀ ਹਕੀਕੀ ਨਾ ਕੋਈ ਇਸ਼ਕ, ਆਸ਼ਕ ਮਾਸ਼ੂਕ ਨਜ਼ਰ ਕੋਇ ਨਾ ਆਈਆ । ਨਾ ਕੋਈ ਦੋਜ਼ਖ਼ ਨਾ ਕੋਈ ਬਹਿਸ਼ਤ, ਨਰਕ ਸਵਰਗ ਨਾ ਕੋਇ ਵਡਿਆਈਆ । ਨਾ ਕੋਈ ਸਵਾਮੀ ਨਾ ਕੋਈ ਇਸ਼ਟ, ਦੇਵ ਦੇਵਾ ਨਾ ਕੋਇ ਅਖਵਾਈਆ । ਨਾ ਕੋਈ ਰਾਮਾ ਨਾ ਵਸ਼ਿਸ਼ਟ, ਬੋਧ ਗਿਆਨ ਨਾ ਕੋਇ ਸਮਝਾਈਆ । ਇਕੋ ਜੋਤ ਪਰਮ ਪੁਰਖ ਪ੍ਰਭ ਕਰੇ ਮਿਲਤ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚਾ ਦਏ ਵਖਾਈਆ । ਸ਼ਬਦ ਨਈਆ ਕਹੇ ਮੈਂ ਆਈ ਚੜ੍ਹੌਣ, ਧੁਰ ਦਾ ਹੁਕਮ ਸੀਸ ਟਿਕਾਈਆ । ਮੇਰੇ ਸਾਹਿਬ ਦਾ ਹੁਕਮ ਮੋੜੇ ਕੌਣ, ਬਲਧਾਰੀ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰ ਸੇਵਾ ਕਰੇ ਉਨੰਜਾ ਪੌਣ, ਆਪਣਾ ਆਪ ਮਿਟਾਈਆ । ਮੇਰੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗੌਣ, ਤੂੰਹੀ ਤੂੰਹੀ ਰਾਗ ਅਲਾਈਆ । ਮੇਰੇ ਅੰਦਰ ਜੁਗ ਚੌਕੜੀ ਭਗਤ ਸੁਹੇਲੇ ਵਿਰਲੇ ਸੌਣ, ਬਾਕੀ ਸੇਜ ਨਜ਼ਰ ਕਿਸੇ ਨਾ ਆਈਆ । ਉਠੋ ਗੁਰਮੁਖੋ ਮੈਂ ਫੜ ਬਾਂਹੋਂ ਆਈ ਬਹੌਣ, ਰੁਠੜੇ ਜਗਤ ਮਿਲਾਈਆ । ਪੂਰਬ ਜਨਮ ਦਾ ਕਰਜ਼ਾ ਆਈ ਲੌਹਣ, ਜੋ ਲਾਰਾ ਦੇ ਦੇ ਗਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸ਼ਬਦ ਨਈਆ ਕਹੇ ਮੈਂ ਦਿਤਾ ਲਾਰਾ, ਵੇਲਾ ਵਕਤ ਸਮਝਾਈਆ । ਬਿਨ ਗੋਬਿੰਦ ਕਿਸੇ ਯਾਦ ਨਾ ਸਰਸਾ ਕਿਨਾਰਾ, ਉਧਾਰਾ ਸਮਝ ਕੋਇ ਨਾ ਪਾਈਆ । ਓਸ ਵੇਲੇ ਮੈਂ ਕਰ ਕੇ ਕਿਹਾ ਨਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਵੇਲੇ ਸ਼ਬਦੀ ਰੂਪ ਆਵੇਂ ਦੋਬਾਰਾ, ਆਪਣਾ ਵੇਸ ਵਟਾਈਆ । ਓਸ ਵੇਲੇ ਤੇਰੇ ਭਗਤਾਂ ਦਿਆਂ ਸਹਾਰਾ, ਗੁਰਮੁਖ ਆਪਣੀ ਗੋਦ ਬਿਠਾਈਆ । ਤੂੰ ਚੱਪੂ ਲਾਉਣਾ ਅਪਰ ਅਪਾਰਾ, ਵੰਝ ਮੁਹਾਣਾ ਆਪਣੇ ਹੱਥ ਉਠਾਈਆ । ਦੋ ਜਹਾਨਾਂ ਬਣ ਕੇ ਮਦਦਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਖਹਿੜਾ ਦੇਣਾ ਵਖਾਈਆ । ਨਈਆ ਕਹੇ ਮੈਨੂੰ ਆਈ ਯਾਦ, ਭੁੱਲਿਆ ਲੇਖ ਨਾ ਬੇਪਰਵਾਹੀਆ । ਜਿਸ ਦੀ ਸਾਹਿਬ ਸੁਣੀ ਫ਼ਰਿਆਦ, ਬੇਅੰਤ ਬੇਅੰਤ ਦਇਆ ਕਮਾਈਆ । ਓਸ ਹੌਲੀ ਜਿਹੀ ਮਾਰੀ ਆਵਾਜ਼, ਮੇਰੀ ਸੁੱਤੀ ਅੱਖ ਖੁਲ੍ਹਾਈਆ । ਮੈਨੂੰ ਨਜ਼ਰੀ ਆਇਆ ਉਤੇ ਆਕਾਸ਼, ਪਰਕਾਸ਼ ਕਰੇ ਨੂਰ ਇਲਾਹੀਆ । ਜਿਸ ਦੇ ਹੁਕਮੇ ਅੰਦਰ ਦੋ ਜਹਾਨ ਆਬਾਦ, ਆਬਾਦੀ ਲੱਖ ਚੁਰਾਸੀ ਬਣਾਈਆ । ਜਿਸ ਮੇਰਾ ਸਾਜਣ ਲਿਆ ਸਾਜ਼, ਬਿਨ ਘੜਿਆਂ ਘਾੜਤ ਦਿਤਾ ਵਖਾਈਆ । ਅੰਦਰ ਵੜ ਕੇ ਖੋਲਿਆ ਰਾਜ਼, ਪੜਦਾ ਆਪ ਉਠਾਈਆ । ਹੁਕਮ ਸੰਦੇਸਾ ਦੇ ਕੇ ਘੱਲਿਆ ਲੋਕਮਾਤ, ਮਤਲਬ ਆਪਣਾ ਨਾ ਕੋਇ ਵਖਾਈਆ । ਜਾ ਕੇ ਭਗਤ ਸੁਹੇਲੇ ਪੇਖ ਓਨ੍ਹਾਂ ਨਿਭੌਣਾ ਧੁਰ ਦਾ ਸਾਥ, ਸਗਲਾ ਸੰਗ ਬਣਾਈਆ । ਵੇਖੀਂ ਫ਼ਰਕ ਨਾ ਪਾਈਂ ਜਾਤ ਪਾਤ, ਊਚ ਨੀਚ ਨਾ ਧਿਆਨ ਲਗਾਈਆ । ਜੋ ਗੌਂਦਾ ਹੋਵੇ ਸੋਹੰ ਧੁਰ ਦੀ ਗਾਥ, ਤਿਸ ਜਾ ਕੇ ਸੀਸ ਨਿਵਾਈਆ । ਓਨ੍ਹਾਂ

ਅੰਦਰ ਮੇਰੀ ਜਾਤ, ਮੇਰੀ ਜਾਤ ਵਿਚ ਵਫ਼ਾਤ ਕਦੇ ਨਾ ਆਈਆ । ਇਹ ਲੇਖਾ ਲਿਖਣ ਵਾਲਾ ਨਹੀਂ ਕਲਮ ਦਵਾਤ, ਬਿਨ ਅੱਖਰਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖ਼ਾਹਸ਼ ਪੂਰ ਕਰਾਈਆ । ਨਈਆ ਕਹੇ ਮੈਨੂੰ ਘੱਲਿਆ ਓਸ, ਜੋ ਅਸਲ ਰੂਪ ਸਮਾਈਆ । ਨਵ ਨੌਂ ਚਾਰ ਜੋ ਰਿਹਾ ਖ਼ਾਮੋਸ਼, ਨਿਰਗੁਣ ਹੋ ਕੇ ਮੁਖ ਛੁਪਾਈਆ । ਜਿਸ ਦੇ ਦਰਸਨ ਦੇਵਤ ਸੁਰ ਰਹੇ ਲੋਚ, ਜੁਗ ਚੌਕੜੀ ਧਿਆਨ ਲਗਾਈਆ । ਜਿਸ ਦੀ ਗੁਰ ਅਵਤਾਰ ਕਰਦੇ ਗਏ ਸੋਚ, ਸੋਚ ਸਮਝ ਆਪਣੀ ਨਾਲ ਮਿਲਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਜਨ ਭਗਤ ਵੇਖ ਨਿਰਦੋਸ਼, ਨਿਰਧਨ ਲਏ ਜਗਾਈਆ । ਦੇ ਸਹਾਰਾ ਆਪਣੀ ਜੋਤ, ਦੀਦਾਰਾ ਦਰਦੀ ਰੂਪ ਵਖਾਈਆ । ਸਚ ਮੁਹੱਬਤ ਅੰਤਰ ਹੋ ਕੇ ਮੋਹਤ, ਪਰੇਮ ਪ੍ਰੀਤੀ ਇਕ ਜੁੜਾਈਆ । ਜਿਸ ਦੀ ਮੈਂ ਕਰਦੀ ਰਹੀ ਖੋਜ, ਖੋਜਤ ਖੋਜਤ ਆਪਣਾ ਮਾਣ ਮਿਟਾਈਆ । ਉਸ ਦੇ ਵੇਖ ਨਰਾਲੇ ਚੋਜ, ਚਰਨੀ ਡਿਗੀ ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਸਮਝ ਨਾ ਆਇਆ ਭੇਵ ਗੋਝ, ਭੇਤ ਸਕਿਆ ਨਾ ਕੋਇ ਦ੍ਰਿੜਾਈਆ । ਮਸਤੀ ਅੰਦਰ ਹੋ ਬੇਹੋਸ਼, ਮਦਹੋਸ਼ ਦਿਆਂ ਦੁਹਾਈਆ । ਤੇਰੀ ਸਾਰ ਨਾ ਆਈ ਚੌਦਾਂ ਲੋਕ, ਸਲੋਕ ਤੇਰਾ ਨਾ ਕੋਇ ਪੜ੍ਹਾਈਆ । ਲੱਖ ਚੁਰਾਸੀ ਭਰੀ ਕੂੜ ਕੁੜਿਆਰੇ ਖੋਟ, ਸੱਦਾ ਸਚ ਨਾ ਕੋਇ ਸੁਣਾਈਆ । ਜਨ ਭਗਤ ਗਾਵਣ ਤੇਰਾ ਸਲੋਕ, ਧੁਰ ਦਾ ਰਾਗ ਅਲਾਈਆ । ਓਸ ਕਿਨਾਰੇ ਓਸ ਕੰਢੀ ਪਗਡੰਡੀ ਪੈ ਕੇ ਮੈਂ ਵੀ ਗਈ ਪਹੁੰਚ, ਆਪਣਾ ਪੰਧ ਮੁਕਾਈਆ । ਜਿਸ ਦਵਾਰਿਉਂ ਦਰਦੀ ਮਿਲੇ ਖ਼ੌਂਤ, ਖ਼ਤਰਾ ਮੁੱਕੇ ਖ਼ਤਾ ਭੁੱਲ ਦਏ ਬਖ਼ਸ਼ਾਈਆ । ਖ਼ੁਸ਼ੀਆਂ ਅੰਦਰ ਮੈਨੂੰ ਭਗਤਾਂ ਮਿਲਣ ਦਾ ਸ਼ੌਕ, ਸ਼ਹਿਨਸ਼ਾਹ ਮੇਰੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਜੋੜ ਜੁੜਾਈਆ । ਨਈਆ ਕਹੇ ਮੇਰਾ ਅੰਦਰ ਸਾਫ਼, ਸੋਹਣਾ ਵਿਚੋਂ ਨਜ਼ਰੀ ਆਈਆ । ਜਿਸ ਵਿਚ ਗੁਰਮੁਖਾਂ ਵੜਦਿਆਂ ਪਿਛਲੇ ਕਰਮ ਹੋਣ ਮੁਆਫ਼, ਅਗਲਾ ਜਨਮ ਦਿਆਂ ਬਦਲਾਈਆ । ਜੋ ਪਰੇਮ ਪ੍ਰੀਤੀ ਅੰਦਰ ਹੋਏ ਗੁਸਤਾਖ਼, ਤਿਨ੍ਹਾਂ ਦਾ ਗੁੱਸਾ ਦਿਆਂ ਮਿਟਾਈਆ । ਜੋ ਗੋਬਿੰਦ ਗਿਆ ਆਖ, ਸੋ ਆਖਰ ਪੂਰ ਕਰਾਈਆ । ਮੇਰੇ ਅੰਦਰ ਇਕੋ ਤਾਕ, ਤਾਕਤ ਨਾਲ ਸਕੇ ਨਾ ਕੋਇ ਖੁਲ੍ਹਾਈਆ । ਪਰਮ ਪੁਰਖ ਅਕਾਲ ਆਪਣੇ ਹੱਥ ਰੱਖੀ ਜਾਚ, ਕੁੰਜੀ ਅਵਰ ਨਾ ਕੋਇ ਲਗਾਈਆ । ਜੋ ਅੰਤਰ ਆਤਮ ਪਰਮਾਤਮ ਸੋਹੰ ਜਪਦੇ ਜਾਪ, ਤਿਨ੍ਹਾਂ ਸਦਾ ਸਦਾ ਸਦ ਮੇਰੇ ਅੰਦਰ ਬਹਾਈਆ । ਮੈਂ ਮੰਦਰ ਰੱਖਿਆ ਖ਼ਾਸ਼, ਜਿਸ ਵਿਚੋਂ ਖ਼ਾਲਸ਼ ਇਕ ਨੂਰ ਨਜ਼ਰੀ ਆਈਆ । ਕੋਟਨ ਕੋਟਾਂ ਵਿਚੋਂ ਮੈਂ ਜਨ ਭਗਤ ਵਿਰਲੇ ਕਹਾਂ ਸ਼ਾਬਾਸ਼, ਬਿਨ ਰਸਨਾ ਜਿਹਵਾ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਈਆ ਨੌਕਾ ਖ਼ੁਸ਼ੀ ਮਨਾਈਆ । ਨਈਆ ਕਹੇ ਮੇਰੀ ਨੌਕਾ ਮਨਜ਼ੂਰ, ਹੌਕਾ ਅੰਤਰ ਨਾ ਕੋਇ ਵਖਾਈਆ । ਮੈਂ ਭਰਨਾ ਇਕੋ ਪੂਰ, ਭਗਤ ਸੁਹੇਲੇ ਆਪ ਚੜ੍ਹਾਈਆ । ਫਿਰ ਜੁਗ ਚੌਕੜੀ ਰਹਿਣਾ ਮਸ਼ਹੂਰ, ਮਸ਼ਕ ਆਪਣੀ ਇਕ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਇੰਤਜ਼ਾਰ ਕਰਦੇ ਜ਼ਰੂਰ, ਗੁਰਮੁਖ ਬੈਠੇ ਧਿਆਨ ਲਗਾਈਆ । ਪਰ ਮੈਂ ਹੁਕਮੇ ਅੰਦਰ ਬੈਠੀ ਰਹਿੰਦੀ ਦੂਰ, ਦੂਰ ਦੁਰਾਡਾ ਡੇਰਾ ਲਾਈਆ । ਜਿਸ ਵੇਲੇ ਪੁਰਖ ਅਕਾਲ ਦੀਨ ਦਿਆਲ ਮੈਨੂੰ ਆਪਣਾ ਦੱਸਦਾ ਸਚ ਦਸਤੂਰ, ਧੁਰ ਦਾ ਹੁਕਮ ਸੁਣਾਈਆ । ਗਹਿਰੀ ਅੱਖ ਨਾਲ ਲੈਂਦਾ ਘੂਰ, ਭੈ ਭੌ ਇਕ ਜਣਾਈਆ । ਓਸ ਵੇਲੇ ਮੈਂ ਹੋ ਕੇ ਮਜਬੂਰ, ਮੌਜੂਦਾ ਹੋ ਕੇ ਦਰਸ ਦਿਖਾਈਆ । ਜਨ ਭਗਤ ਸਾਚੇ ਸੰਤ ਲੈ ਕੇ ਜਾਵਾਂ ਜ਼ਰੂਰ, ਜ਼ਰੂਰਤ ਆਪਣੀ

ਪੂਰ ਕਰਾਈਆ । ਬਾਕੀ ਨਾਤਾ ਦਿਸੇ ਕੂੜ, ਕੂੜਿਆਂ ਕੋਲੋਂ ਆਪਣਾ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰਿਹਾ ਭਵਾਈਆ । ਹੁਕਮੇ ਅੰਦਰ ਮੈਂ ਸਦਾ ਭੌਂਦੀ, ਭਵਰ ਜਗਤ ਜਹਾਨ ਵੇਖ ਵਖਾਈਆ । ਫ਼ਿਕਰਾਂ ਅੰਦਰ ਕਦੇ ਨਾ ਸੌਂਦੀ, ਗ਼ਫ਼ਲਤ ਰੂਪ ਨਾ ਕੋਇ ਵਟਾਈਆ । ਦਿਵਸ ਰੈਣ ਇਕੋ ਢੋਲਾ ਗੌਂਦੀ, ਤੂੰਹੀ ਤੂੰ ਰਾਗ ਅਲਾਈਆ । ਜਨ ਭਗਤਾਂ ਵੇਖ ਖ਼ੁਸ਼ੀ ਮਨੌਂਦੀ, ਚਾਉ ਘਨੇਰਾ ਇਕ ਪਰਗਟਾਈਆ । ਵੇਖ ਖੇਲ ਅਗੰਮੀ ਸ਼ਾਹੋ ਦੀ, ਸ਼ੁਕਰਾਂ ਵਿਚ ਧਿਆਨ ਲਗਾਈਆ । ਇਹ ਧਾਰ ਬੇਪਰਵਾਹੋ ਦੀ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਨਈਆ ਕਹੇ ਮੈਂ ਆਈ ਕੰਢੀ, ਕੰਡਿਆਂ ਸੂਲਾਂ ਮੇਰੀ ਹਾਲਤ ਦਿਤੀ ਬਦਲਾਈਆ । ਜਿਧਰ ਵੇਖਿਆ ਪਈ ਭੰਡੀ, ਵਰਭੰਡੀ ਰਹੀ ਕੁਰਲਾਈਆ । ਸਾਫ਼ ਸੁਥਰੀ ਨਜ਼ਰ ਨਾ ਆਈ ਡੰਡੀ, ਰਾਹ ਹੱਕ ਨਾ ਕੋਇ ਜਣਾਈਆ । ਗੰਦਿਆਂ ਵਿਚ ਮਿਲ ਕੇ ਹੋ ਗਈ ਗੰਦੀ, ਸਤਿ ਸਚ ਰੂਪ ਨਾ ਕੋਇ ਸਮਾਈਆ । ਜਿਸ ਵੇਲੇ ਆਈ ਆਵਾਜ਼ ਮੈਂ ਸੁਣਿਆ ਸੋਹੰ ਛੰਦੀ, ਮੇਰੇ ਅੰਤਰ ਲਈ ਅੰਗੜਾਈਆ । ਮੇਰੀ ਜਗਤ ਵਾਟ ਟੁੱਟੀ ਬੰਦੀ, ਬੰਦੀਖ਼ਾਨਾ ਰਹਿਣ ਕੋਇ ਨਾ ਪਾਈਆ । ਮੈਨੂੰ ਸਚ ਆਈ ਸੁਗੰਧੀ, ਜਿਹੜੀ ਧਾਰ ਬੇਪਰਵਾਹ ਆਪ ਪਰਗਟਾਈਆ । ਮੈਂ ਓਸੇ ਵੇਲੇ ਵਸਤ ਇਕ ਮੰਗੀ, ਖ਼ਾਲੀ ਝੋਲੀ ਆਪਣੀ ਅੱਗੇ ਡਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਫਿਰਦੀ ਪੈਰੀਂ ਨੰਗੀ, ਭੱਜਾਂ ਵਾਹੋ ਦਾਹੀਆ । ਬਿਨ ਤੇਰੇ ਹੋਈ ਰੰਡੀ, ਸੁਹਾਗ ਕੰਤ ਨਜ਼ਰ ਕੋਇ ਨਾ ਆਈਆ । ਮੈਨੂੰ ਕੋਈ ਨਾ ਲਾਵੇ ਅੰਗੀ, ਅੰਗੀਕਾਰ ਨਾ ਕੋਇ ਅਖਵਾਈਆ । ਮੀਂਢੀ ਸੀਸ ਨਾ ਕੋਇ ਕੰਘੀ, ਕਜਲ ਧਾਰ ਨਾ ਕੋਇ ਬੰਧਾਈਆ । ਅਬਿਨਾਸ਼ੀ ਕਰਤੇ ਮੈਨੂੰ ਮਿਲੇ ਕੋਇ ਨਾ ਸੰਗੀ, ਜੋ ਧੁਰ ਦਾ ਸੰਗ ਨਿਭਾਈਆ । ਮੈਂ ਨੇਤਰਾਂ ਹੋਈ ਅੰਧੀ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਪਾਟੇ ਚੀਥੜ ਮੇਰੀ ਅੰਗੀ, ਲੀਰੋ ਲੀਰ ਰੂਪ ਵਟਾਈਆ । ਮੇਰੀ ਨਈਆ ਨੌਕਾ ਬਿਨ ਪਾਣੀ ਧਾਰ ਪਾਰ ਕਦੇ ਨਾ ਲੰਘੀ, ਚੱਪੂ ਵੰਝ ਨਾ ਕੋਇ ਸਹਾਈਆ । ਹੁਕਮ ਦਿਤਾ ਸੂਰੇ ਸਰਬੰਗੀ, ਸਹਿਜ ਸਹਿਜ ਸਮਝਾਈਆ । ਉਠ ਤੇਰੀ ਕੱਟਾਂ ਤੰਗੀ, ਮਿਹਰ ਨਜ਼ਰ ਉਠਾਈਆ । ਤੂੰ ਕਿਨਾਰਾ ਵੇਖ ਉਹ ਕੰਢੀ, ਜਿਸ ਕੰਢੀ ਵਿਚੋਂ ਕੰਢੇ ਵਾਲਾ ਨਜ਼ਰੀ ਆਈਆ । ਓਥੇ ਜਨ ਭਗਤਾਂ ਥਾਨ ਭੂਮਿਕਾ ਸੁਹਾਈ ਚੰਗੀ, ਸੋਹਣਾ ਆਸਣ ਇਕ ਬਣਾਈਆ । ਤੇਰੀ ਪੂਰੀ ਮੁਰਾਦ ਹੋਵੇ ਮੰਗੀ, ਤ੍ਰਿਸਨਾ ਆਸਾ ਵਿਚ ਸਮਾਈਆ । ਭਗਤਾਂ ਨਾਲ ਭਗਤ ਸੰਗੀ, ਨਾਮ ਵਜਾਵਣ ਇਕ ਮਰਦੰਗੀ, ਧੁਰ ਦਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਕੰਢੀ ਆ ਕੇ ਵੇਖਾਂ ਕਿਨਾਰਾ, ਤੱਕਾਂ ਨੈਣ ਉਠਾਈਆ । ਜਿਸ ਵੇਲੇ ਸੁਣਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਮੇਰੀ ਸੁਧ ਰਹੀ ਨਾ ਰਾਈਆ । ਬਿਨ ਝਕੋਲਿਉਂ ਆਇਆ ਹੁਲਾਰਾ, ਬਿਨ ਪਵਣੋਂ ਦਿਤਾ ਹਿਲਾਈਆ । ਗੁਰਮੁਖ ਮੈਨੂੰ ਲੱਗਾ ਪਿਆਰਾ, ਜਿਸ ਗੁਰਸਿਖ ਅੰਦਰੋਂ ਤੇਰਾ ਨਾਮ ਜਸ ਰਿਹਾ ਸੁਣਾਈਆ । ਮੈਂ ਹੱਸ ਕੇ ਕਿਹਾ ਸੋਹਣਾ ਲੱਗਾ ਅਖਾੜਾ, ਜੰਗਲ ਜੂਹ ਉਜਾੜ ਪਹਾੜ ਸੋਭਾ ਪਾਈਆ । ਜਾਂ ਤੱਕਿਆ ਤਕਦੀਰ ਬਣੌਣ ਵਾਲਾ ਨਜ਼ਰੀ ਆਇਆ ਲਾੜਾ, ਤਦਬੀਰ ਸੱਚੀ ਰਿਹਾ ਸਮਝਾਈਆ । ਓਥੇ ਮੈਨੂੰ ਭੁੱਲ ਗਿਆ ਅਗਲਾ ਪਿਛਲਾ ਕਿਨਾਰਾ, ਇਕੋ ਚਰਨ ਧਿਆਨ ਲਗਾਈਆ । ਜਿਨ੍ਹਾਂ ਮਿਲਿਆ ਇਹ ਸਹਾਰਾ, ਓਨ੍ਹਾਂ ਮੇਰੀ ਲੋੜ ਰਹੀ ਨਾ ਰਾਈਆ । ਮੈਂ ਮੰਗਾਂ ਚਰਨ ਧੂੜ ਛਾਰਾ, ਜੋ ਗੁਰਮੁਖ ਬੈਠੇ ਡੇਰਾ ਲਾਈਆ । ਜੇ ਓਨ੍ਹਾਂ ਵਿਚੋਂ ਇਕ ਤੇਜ

ਭਾਨ ਕਰੇ ਇਸ਼ਾਰਾ, ਮੇਰੀ ਸ਼ਾਨ ਦਏ ਬਣਾਈਆ । ਚਰਨ ਛੁਹਾਏ ਨਰ ਨਿਰੰਕਾਰਾ, ਮੇਰੀ ਨਈਆ ਆਪਣੇ ਨਾਲ ਲਏ ਤਰਾਈਆ । ਮੈਂ ਨਈਆ ਵੇਖਾਂ ਉਹ ਸਈਆ, ਜਿਸ ਸਭ ਦੀ ਪਕੜੀ ਬਹੀਯਾ, ਊਚ ਨੀਚ ਬਣਾਏ ਭੈਣ ਭਈਆ, ਵਹੀਯਾ ਧਰਮ ਰਾਏ ਅੱਗੇ ਨਾ ਕਿਸੇ ਕਢਾਈਆ । ਓਸ ਦੀ ਸਰਨੀ ਓਸੇ ਦਰ ਤੇ ਪਈਆ, ਜਿਸ ਦੀਆਂ ਭਗਤ ਸੁਹੇਲੇ ਸੱਜਣ ਸਾਚੇ ਸਖੀ ਰੂਪ ਸਈਆ, ਸਾਹਿਬ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲਹਿਣਾ ਦੇਣਾ ਦੇਵਣਹਾਰ ਦੇ ਦੇ ਖ਼ੁਸ਼ੀ ਮਨਾਈਆ ।

### ★ ੧੯ ਜੇਠ ੨੦੨੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹ ਸ਼ੇਖ਼ਸਰ ਜ਼ਿਲਾ ਜੰਮੂ ★

ਨੱਈਆ ਕਹੇ ਮੈਂ ਨੌਕਾ ਹੋ ਕੇ ਤਰਦੀ, ਪੁਰਖ ਅਕਾਲ ਹੁਕਮ ਸੁਣਾਈਆ । ਜੁਗ ਚੌਕੜੀ ਰਹੀ ਡਰਦੀ, ਆਪਣਾ ਮੁਖ ਛੁਪਾਈਆ । ਕਲਜੁਗ ਅੰਤ ਬਣ ਕੇ ਦਰਦੀ, ਦਰਦੀਆਂ ਦਰਦ ਵੰਡਾਈਆ । ਭਗਤ ਸੁਹੇਲੇ ਸਾਚੇ ਵਰਦੀ, ਵਾਅਦਾ ਪਿਛਲਾ ਪੂਰ ਕਰਾਈਆ । ਵਖਾਵਾਂ ਖੇਲ ਸੱਚੇ ਨਰ ਹਰਿ ਦੀ, ਨਰ ਨਰਾਇਣ ਦਿਆਂ ਮਿਲਾਈਆ । ਸਦਾ ਕਲਾ ਰੱਖਾਂ ਚੜ੍ਹਦੀ, ਉਤਰ ਪੂਰਬ ਪੱਛਮ ਦੱਖਣ ਵੱਜੇ ਵਧਾਈਆ । ਮੈਂ ਜਗਤ ਜਹਾਨ ਕਦੇ ਨਾ ਮਰਦੀ, ਮੁਰਦਾ ਰੂਪ ਨਾ ਕੋਇ ਵਟਾਈਆ । ਸੰਤ ਜਨਾਂ ਦੀ ਸਦਾ ਬਰਦੀ, ਬਣ ਸੇਵਕ ਸੇਵ ਕਮਾਈਆ । ਮੇਰਾ ਪ੍ਰੀਤਮ ਪਿਆਰਾ ਇਕੋ ਅਰਸ਼ੀ, ਜਿਸ ਅਰਸ਼ੋਂ ਫ਼ਰਸ਼ ਦਿਤਾ ਵਖਾਈਆ । ਮੈਂ ਚਲਾਂ ਓਸ ਦੀ ਮਰਜ਼ੀ, ਮਨਸਾ ਹੋਰ ਨਾ ਕੋਇ ਵਧਾਈਆ । ਸਚ ਦਵਾਰੇ ਗੋਬਿੰਦ ਦਿਤੀ ਇਕੋ ਅਰਜ਼ੀ, ਆਰਜ਼ੂ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਤੀ ਵਡਿਆਈਆ । ਨਈਆ ਕਹੇ ਮੈਂ ਨੌਕਾ ਹੋ ਕੇ ਆਈ, ਆਪਣਾ ਰੂਪ ਵਟਾਈਆ । ਮੈਨੂੰ ਵੇਖਣਹਾਰੀ ਆਦਿ ਸ਼ਕਤ ਮਾਈ, ਚਤੁਰਭੁਜ ਧਿਆਨ ਲਗਾਈਆ । ਮੇਰਾ ਰਾਹ ਤੱਕੇ ਲਛਮੀ ਨੈਣ ਉਠਾਈ, ਵਿਸ਼ਨੂੰ ਇਸ਼ਾਰੇ ਨਾਲ ਸਮਝਾਈਆ । ਮੈਨੂੰ ਵੇਖ ਪਾਰਬਤੀ ਕੁਰਲਾਈ, ਭੋਲੇ ਨਾਥ ਰਹੀ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੈਂ ਹੱਥ ਕਿਸੇ ਨਾ ਆਈ, ਦੂਰ ਦੁਰਾਡੀ ਬੈਠੀ ਮੁਖ ਛੁਪਾਈਆ । ਕੋਟਨ ਕੋਟ ਪੌਂਦੇ ਗਏ ਦੁਹਾਈ, ਨੇਤਰ ਨੈਣਾਂ ਨੀਰ ਵਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਬਣ ਕੇ ਗਏ ਰਾਹੀ, ਪਾਂਧੀ ਹੋ ਕੇ ਪੰਧ ਮੁਕਾਈਆ । ਲੇਖਾ ਲਿਖਦੇ ਗਏ ਕਲਮ ਸ਼ਾਹੀ, ਸ਼ਾਕਰ ਹੋ ਕੇ ਹੁਕਮ ਮਨਾਈਆ । ਸ਼ਹਾਦਤ ਦੇਂਦੇ ਗਏ ਗਵਾਹੀ, ਆਪਣਾ ਸੰਗ ਨਿਭਾਈਆ । ਪ੍ਰਭ ਪਤਿਪਰਮੇਸ਼ਵਰ ਮੈਨੂੰ ਹੁਕਮ ਦਿਤਾ ਨਾ ਸੱਚੇ ਮਾਹੀ, ਧੁਰ ਫ਼ਰਮਾਣਾ ਇਕ ਜਣਾਈਆ । ਮੈਂ ਕਦਮ ਨਾ ਚਲੀ ਰਾਈ, ਆਪਣੀ ਆਪ ਨਾ ਲਈ ਅੰਗੜਾਈਆ । ਜਿਸ ਵੇਲੇ ਗੋਬਿੰਦ ਬੂਟਾ ਪੁਟਿਆ ਕਾਹੀ, ਅੰਤਰ ਆਤਮ ਧਿਆਨ ਲਗਾਈਆ । ਮੈਂ ਚਲਾਂ ਤੇਰੀ ਰਜਾਈ, ਰਹਿਮਤ ਤੇਰੇ ਹੱਥ ਵਡਿਆਈਆ । ਮੇਰੀ ਆਸਾ ਦੂਰ ਦੁਰਾਡੀ ਨੇੜੇ ਆਈ, ਆਪਣਾ ਹਾਲ ਰਹੀ ਜਣਾਈਆ । ਸੁਣ ਸਾਹਿਬ ਸਚ ਗੋਸਾਈਂ, ਗਹਿਰ ਗੰਭੀਰ ਤੇਰੀ ਸ਼ਰਨਾਈਆ । ਸਚ ਨਈਆ ਦੇਣੀ ਵਖਾਈ, ਜਿਸ ਨੌਕਾ ਦੀ ਘਾੜਤ ਨਾ ਕਿਸੇ ਘੜਾਈਆ । ਜੋ ਜੁਲਾਹੇ ਕਬੀਰ ਹੱਥ ਨਾ ਆਈ, ਗੰਗਾ ਧਾਰ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਣਾ ਸਦਾ ਆਪ ਸਹਾਈਆ । ਨਈਆ ਕਹੇ ਮੈਨੂੰ ਲੱਭਦੇ ਗਏ ਪੀਰ ਫ਼ਕੀਰ, ਫ਼ਿਕਰਾਂ ਵਿਚ ਮਰੀ ਲੋਕਾਈਆ ।

ਸ਼ਾਹ ਸੁਲਤਾਨ ਹੋ ਦਿਲਗੀਰ, ਦਿਲ ਦੀ ਆਸਾ ਪੂਰ ਨਾ ਕਿਸੇ ਕਰਾਈਆ । ਮੈਂ ਹੱਥ ਨਾ ਆਈ ਚਾਰ ਕੁੰਟ ਅਖ਼ੀਰ, ਦਹਿ ਦਿਸ਼ਾ ਸਮਝ ਕਿਸੇ ਨਾ ਪਾਈਆ । ਮੈਨੂੰ ਤੱਕਦੇ ਰਹੇ ਲਾ ਨਜ਼ੀਰ, ਨੇਤਰ ਨੈਣ ਅੱਖ ਖੁਲ੍ਹਾਈਆ । ਮੇਰੀ ਨਜ਼ਰ ਨਾ ਆਈ ਤਸਵੀਰ, ਸ਼ਨਾਖ਼ਤ ਸਕੇ ਨਾ ਕੋਇ ਕਰਾਈਆ । ਕੰਢੇ ਮਿਲਿਆ ਨਾ ਕੋਇ ਮਾਹੀਗੀਰ, ਮੁਹੱਬਤ ਜ਼ੰਜੀਰ ਲਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਖੇਲ ਰਚਾਈਆ । ਨਈਆ ਕਹੇ ਮੈਂ ਨੌਕਾ ਹੋਈ, ਨਵ ਨੌ ਚਾਰ ਵੇਖ ਵਖਾਈਆ । ਸਚ ਦਵਾਰ ਸੁਣੀ ਅਰਜ਼ੋਈ, ਗੁਰ ਗੁਰ ਨਾਦ ਵਜਾਈਆ । ਆਲਸ ਨਿੰਦਰਾ ਵਿਚੋਂ ਉਠੀ ਸੋਈ, ਸੋਹਣਾ ਰੂਪ ਵਟਾਈਆ । ਮੇਰਾ ਭੇਵ ਨਾ ਜਾਣੇ ਕੋਈ, ਕਹਿਣ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਸੰਦੇਸਾ ਕਬੀਰ ਨੇ ਇਕ ਵਾਰ ਦੱਸਿਆ ਲੋਈ, ਬਿਨ ਲਹਿਣਉਂ ਲਹਿਣਾ ਦਿਤਾ ਜਣਾਈਆ । ਜਿਸ ਮੇਰਾ ਪ੍ਰਭ ਕਿਰਪਾ ਕਰ ਕੇ ਦੇਵੇ ਦਰਗਾਹ ਢੋਈ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਤਿਨ੍ਹਾਂ ਜੋਗੀ ਧੁਰ ਦੀ ਨਈਆ ਹੋਈ, ਜਿਸ ਉਪਰ ਚੜ੍ਹ ਕੇ ਪਿਛੇ ਪਰਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਨਈਆ ਕਹੇ ਮੈਂ ਨੌਕਾ ਏਕ, ਆਦਿ ਜੁਗਾਦਿ ਸੇਵ ਕਮਾਈਆ । ਜਨ ਭਗਤਾਂ ਕੀਤਾ ਧੁਰ ਦਾ ਹੇਤ, ਬਣ ਹਿਤਕਾਰੀ ਫੇਰਾ ਪਾਈਆ । ਮੈਨੂੰ ਲੱਭਦੇ ਗਏ ਮੁੱਲਾਂ ਸ਼ੇਖ਼, ਸ਼ੇਖ਼ੀ ਆਪਣੇ ਨਾਲ ਰਲਾਈਆ । ਮੇਰਾ ਕਿਸੇ ਨਾ ਆਇਆ ਭੇਤ, ਪੜਦਾ ਸਕੇ ਨਾ ਕੋਇ ਉਠਾਈਆ । ਮੈਂ ਕਦੇ ਨਾ ਚਲਾਂ ਬਾਲੂ ਰੇਤ, ਸਚ ਸਰੋਵਰ ਆਪਣੀ ਤਾਰੀ ਲਾਈਆ । ਕਲਜੁਗ ਅੰਤਮ ਵੇਖਣ ਆਈ ਖੇਡ, ਸੋਹਣਾ ਮਨ ਮੋਹਣਾ ਰੂਪ ਵਟਾਈਆ । ਮੈਨੂੰ ਨਾਲ ਲੈ ਕੇ ਆਇਆ ਜਿਸ
੧੧੩੪ ਖੇਲ ਰਚਾਇਆ ਮਹੀਨਾ ਜੇਠ, ਅਗਨੀ ਤਪਸ਼ ਨਾ ਕੋਇ ਤਪਾਈਆ । ਮੈਂ ਸਾਇਆ ਸੱਚੀ ਬੈਠੀ ਹੇਠ, ਸੁਖ ਸਾਂਤਕ ਰੂਪ ਵਟਾਈਆ । ਜਨ ੧੧੩੪
੧੯ ਭਗਤਾਂ ਵੇਖਾਂ ਲੇਖ, ਜਿਨ੍ਹਾਂ ਲਿਖਾਰਾ ਬਣਿਆ ਬੇਪਰਵਾਹੀਆ । ਦਰਸ ਦਖਾਏ ਨੇਤਨ ਨੇਤ, ਨਿਜ ਨੇਤਰ ਬੈਠਾ ਡੇਰਾ ਲਾਈਆ । ਆਤਮ ਪਰਮਾਤਮ ੧੯
ਕਰ ਕੇ ਹੇਤ, ਹਿਤ ਸੋਹਣਾ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨਈਆ ਕਹੇ ਮੇਰਾ ਨੌਕਾ ਨਾਉਂ, ਨਰ ਨਿਰੰਕਾਰ ਦਏ ਵਡਿਆਈਆ । ਮੈਂ ਜਨ ਭਗਤਾਂ ਪਕੜਾਂ ਬਾਂਹੋਂ, ਹਰਿਜਨ ਸਾਚੇ ਲਵਾਂ ਉਠਾਈਆ । ਲੱਭਦੀ ਫਿਰਾਂ ਘਰ ਘਰ ਢੂੰਡਾਂ ਗਾਉਂ ਗਾਉਂ, ਦਰ ਦਰ ਆਪਣੀ ਅਲਖ ਜਗਾਈਆ । ਜਿਨ੍ਹਾਂ ਮਿਲਿਆ ਮੇਰਾ ਸਾਹਿਬ ਸੱਚਾ ਸ਼ਹਿਨਸ਼ਾਹੋ, ਸ਼ਾਹ ਪਾਤਸ਼ਾਹ ਬੈਠਾ ਸੀਸ ਹੱਥ ਟਿਕਾਈਆ । ਤਿਨ੍ਹਾਂ ਨਿਉਂ ਨਿਉਂ ਲਾਗਾਂ ਪਾਓ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੱਚਾ ਸੰਗ ਬਣਾਈਆ । ਨਈਆ ਕਹੇ ਮੈਨੂੰ ਨੌਕਾ ਕਹਿੰਦੇ ਬੇੜੀ, ਬੇੜਾ ਭਗਤਾਂ ਪਾਰ ਕਰਾਈਆ । ਮੈਂ ਵੇਖਣ ਆਈ ਗੁਰਮੁਖ ਸਖੀ ਕਿਹੜੀ, ਜੋ ਅੰਤਰ ਹਿਰਦੇ ਬੈਠੀ ਧਿਆਨ ਲਗਾਈਆ । ਜਿਸ ਦਾ ਨਾਤਾ ਤੁਟਣਾ ਪੰਜ ਤਤ ਕਾਇਆ ਢੇਰੀ, ਖ਼ਾਕੀ ਖ਼ਾਕ ਨਾ ਕੋਇ ਸਮਾਈਆ । ਜਿਨ੍ਹਾਂ ਨਾਲ ਸ੍ਰੀ ਭਗਵਾਨ ਨਾ ਕਰਨੀ ਹੇਰੀ ਫੇਰੀ, ਕੂੜੀ ਕਿਰਿਆ ਪੰਧ ਮੁਕਾਈਆ । ਜਿਨ੍ਹਾਂ ਉਤੇ ਕਲਜੁਗ ਕਾਲ ਨਾ ਝੁੱਲਣੀ ਅੰਧੇਰੀ, ਅੰਮ੍ਰਿਤ ਮੇਘ ਇਕ ਬਰਸਾਈਆ । ਜਿਨ੍ਹਾਂ ਦੀ ਜੜ ਏਥੇ ਓਥੇ ਨਾ ਕਿਸੇ ਉਖੇੜੀ, ਬੂਟਾ ਲਾਇਆ ਬੇਪਰਵਾਹੀਆ । ਮੈਂ ਓਨ੍ਹਾਂ ਦੀ ਬਣ ਕੇ ਰਹਾਂ ਚੇਰੀ, ਸੇਵਕ ਹੋ ਕੇ ਸੇਵ ਕਮਾਈਆ । ਉਹ ਗੁਰਮੁਖ ਕਦੇ ਨਾ ਲਾਵਣ ਦੇਰੀ, ਸਦ ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮੇਰਾ ਧੁਰ ਦਾ ਮੇਲ ਮਿਲਾਈਆ । ਨਈਆ ਨੌਕਾ ਕਹੇ ਮੈਂ ਗਾਵਾਂ ਢੋਲਾ, ਧੁਰ ਦਾ ਰਾਗ ਅਲਾਈਆ । ਜਨ ਭਗਤਾਂ ਵੇਖਿਆ ਚੁੱਕਿਆ ਪੜਦਾ ਉਹਲਾ, ਦਵੈਤੀ ਰੂਪ ਨਜ਼ਰ ਨਾ ਆਈਆ । ਸਾਹਿਬ ਸਤਿਗੁਰ ਦੀਨ ਦਿਆਲ ਬਣਿਆ ਵਿਚ ਵਿਚੋਲਾ, ਸੌਹਰੇ ਪੇਈਏ ਇਕੋ ਘਰ ਬਣਾਈਆ । ਪਰੇਮ ਪ੍ਰੀਤੀ ਅੰਤਰ ਲੱਗਾ ਸਾਚਾ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਬਦਲੇ ਆਪਣਾ ਚੋਲਾ, ਚੋਲੀ ਇਕੋ ਰੰਗ ਵਖਾਈਆ । ਦਰ ਦਰਵੇਸ਼ ਹੋ ਕੇ ਬਣਿਆ ਗੋਲਾ, ਠਾਕਰ ਸੇਵਕ ਰੂਪ ਵਟਾਈਆ । ਆਤਮ ਸੇਜ ਸੁਹਾਏ ਸਚ ਖਟੋਲਾ, ਖਟੀਆ ਨਜ਼ਰ ਕਿਸੇ ਨਾ ਆਈਆ । ਓਥੇ ਕੋਈ ਨਾ ਪਾਵੇ ਰੌਲਾ, ਰਸਨਾ ਜਿਹਵਾ ਨਾ ਕੋਇ ਦੁਹਾਈਆ । ਸਾਚਾ ਤੋਲ ਇਕੋ ਤੋਲਾ, ਤੋਲਣਹਾਰੇ ਦਇਆ ਕਮਾਈਆ । ਸਚ ਕਿਨਾਰਾ ਇਕ ਅਡੋਲਾ, ਦੋ ਜਹਾਨਾਂ ਡੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੰਗੀ ਸਾਥੀ ਰਿਹਾ ਬਣਾਈਆ । ਨਈਆ ਨੌਕਾ ਕਹੇ ਮੈਨੂੰ ਚੜ੍ਹਿਆ ਚਾਅ, ਘਰ ਵੱਜੀ ਇਕ ਵਧਾਈਆ । ਸੋ ਵੇਲਾ ਵਕਤ ਗਿਆ ਆ, ਥਿਤ ਵਾਰ ਖ਼ੁਸ਼ੀ ਮਨਾਈਆ । ਘੜੀ ਘੜਿਆਲ ਰਹੀ ਖੜਕਾ, ਖਟਕਾ ਪਿਛਲਾ ਰਹੀ ਚੁਕਾਈਆ । ਗੁਰ ਅਵਤਾਰ ਬਣਨ ਗਵਾਹ, ਪੀਰ ਪੈਗ਼ੰਬਰ ਸ਼ਹਾਦਤ ਦੇਣ ਭੁਗਤਾਈਆ । ਪੁਰਖ ਅਬਿਨਾਸ਼ੀ ਬਣ ਮਲਾਹ, ਬੇੜਾ ਆਪਣੇ ਹੱਥ ਰਖਾਈਆ । ਭਗਤ ਭਗਵਾਨ ਲਏ ਚੜ੍ਹਾ, ਫੜ ਬਾਂਹੋਂ ਉਪਰ ਟਿਕਾਈਆ । ਸਾਚੀ ਸਿਖਿਆ ਦਏ ਸੁਣਾ, ਧੁਰ ਦਾ ਢੋਲਾ ਰਾਗ ਅਲਾਈਆ । ਸ਼ਬਦ ਅਗੰਮੀ ਜਪਣਾ ਨਾਂ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਈਆ ਨੌਕਾ ਕਹੇ ਮੈਂ ਗੁਰਮੁਖ ਵੇਖਾਂ ਚੜ੍ਹਦੇ, ਚਰਨ ਕਵਲ ਇਕ ਉਠਾਈਆ । ਸੋਹੰ ਢੋਲਾ ਵੇਖਾਂ ਪੜ੍ਹਦੇ, ਪਤਿਪਰਮੇਸ਼ਵਰ ਨਾਮ ਅਲਾਈਆ । ਪਰੇਮ ਪ੍ਰੀਤੀ ਵੇਖਾਂ ਕਰਦੇ, ਨਾਤਾ ਜੋੜ ਸੱਚੇ ਮਾਹੀਆ । ਕੰਤ ਸੁਹਾਗੀ ਵੇਖਾਂ ਵਰਦੇ, ਸਤਿ ਸਰੂਪ ਫੇਰਾ ਪਾਈਆ । ਜੀਂਵਦਿਆਂ ਜਗ ਵੇਖਾਂ ਮਰਦੇ, ਮਰ ਜੀਵਤ ਰੂਪ ਵਟਾਈਆ । ਸਾਚੀ ਤਰਨੀ ਵੇਖਾਂ ਤਰਦੇ, ਤਾਰਨਹਾਰਾ ਜਿਨ੍ਹਾਂ ਇਕੋ ਨਜ਼ਰੀ ਆਈਆ । ਸਚ ਦਵਾਰੇ ਵੇਖਾਂ ਖੜਦੇ, ਕੂੜੀ ਕਿਰਿਆ ਡੇਰਾ ਢਾਹੀਆ । ਸਾਚੇ ਮੰਦਰ ਵੇਖਾਂ ਵੜਦੇ, ਬੰਦ ਕਿਵਾੜੀ ਕੁੰਡਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਨਈਆ ਨੌਕਾ ਕਹੇ ਮੇਰੀ ਸੇਵਾ ਅਪਾਰ, ਅਪਰੰਪਰ ਪ੍ਰਭੂ ਆਪ ਲਗਾਈਆ । ਮੈਂ ਸਚ ਦਵਾਰਾ ਦੇਵਾਂ ਵਖਾਲ, ਵੇਖ ਵੇਖ ਖ਼ੁਸ਼ੀ ਮਨਾਈਆ । ਮੈਂ ਪਾਰ ਉਤਾਰਾਂ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਸਚ ਦਵਾਰੇ ਦਵਾਂ ਬਹਾਲ, ਜਿਸ ਗ੍ਰਿਹਿ ਵਸੇ ਬੇਪਰਵਾਹੀਆ । ਕਲਜੁਗ ਅੰਤ ਪਿਛਲਾ ਦੇਵਾਂ ਅਹਿਵਾਲ, ਹਾਲ ਅਗਲਾ ਆਪਣੇ ਨਾਲ ਮਿਲਾਈਆ । ਇਹੋ ਗੋਬਿੰਦ ਦਾ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਕਿਰਪਾ ਕਰੀ ਦੀਨ ਦਿਆਲ, ਦਇਆਨਿਧ ਹੋ ਸਹਾਈਆ । ਭਗਤ ਸੁਹੇਲੇ ਲਏ ਉਠਾਲ, ਫੜ ਬਾਂਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਈਆ ਦਿਤੇ ਚੜ੍ਹਾਈਆ । ਨਈਆ ਨੌਕਾ ਹੋਈ ਖ਼ੁਸ਼, ਖ਼ੁਸ਼ੀਆਂ ਰਾਗ ਅਲਾਈਆ । ਪੁਰਖ ਅਕਾਲ ਮਾਣ ਦਿਤਾ ਗੋਬਿੰਦ ਪੁੱਤ, ਗੋਬਿੰਦ ਪੁੱਤ ਗੁਰਮੁਖ ਮੇਰੇ ਨਾਲ ਮਿਲਾਈਆ । ਮੇਰੀ ਸੋਹਣੀ ਸੁਹੰਜਣੀ ਮੌਲੀ ਰੁੱਤ, ਰੁੱਤ ਰੁੱਤੜੀ ਇਕ ਮਹਿਕਾਈਆ । ਮੈਂ ਵਾਹੋ ਦਾਹੀ ਚਲਾਂ ਲੋਕਮਾਤ ਚੁੱਪ, ਮੇਰੀ ਆਵਾਜ਼ ਸੁਣਨ ਕਿਸੇ ਨਾ ਪਾਈਆ । ਮੰਝਧਾਰ ਪਾਰ ਕਰਾਵਾਂ ਅੰਧੇਰਾ ਘੁੱਪ, ਡੂੰਘੀ

ਭਵਰੀ ਡੇਰਾ ਢਾਹੀਆ । ਓਸ ਦਵਾਰ ਦਾ ਕਰਾਂ ਰੁਖ਼, ਜਿਸ ਦਵਾਰੇ ਮਨੁਖ ਨਜ਼ਰ ਕੋਇ ਨਾ ਆਈਆ । ਇਕੋ ਬੈਠਾ ਪਾਰਬ੍ਰਹਮ ਅਬਿਨਾਸ਼ੀ ਅਚੁਤ, ਸਤਿ ਸਤਿਵਾਦੀ ਸੋਭਾ ਪਾਈਆ । ਉਸ ਦੀ ਗੋਦੀ ਗੁਰਮੁਖ ਸਾਚੇ ਦੇਵਾਂ ਸੁੱਟ, ਪੂਰਬ ਵਿਛੜੇ ਮੇਲ ਮਿਲਾਈਆ । ਉਹ ਕਿਰਪਾ ਨਿਧਾਨ ਗਲਵਕੜੀ ਪਾਏ ਘੁੱਟ, ਪਿਛਲਾ ਦੁਖੜਾ ਸਰਬ ਗਵਾਈਆ । ਨਿਰਗੁਣ ਹੋ ਕੇ ਲਏ ਪੁਛ, ਬਿਨ ਰਸਨਾ ਜਿਹਵਾ ਆਪਣਾ ਨਾਦ ਜਣਾਈਆ । ਲੋਕਮਾਤ ਕਿਉਂ ਬੈਠੇ ਰਹੇ ਲੁਕ, ਆਪਣਾ ਮੁਖ ਛੁਪਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਮਿਲਣ ਦੀ ਮੈਨੂੰ ਭੁੱਖ, ਤ੍ਰਿਸਨਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਲੇਖੇ ਪਾਈਆ । ਨਈਆ ਕਹੇ ਮੈਂ ਪਾਰ ਕਰਾਵਾਂ ਪੂਰ, ਨੌਕਾ ਹੋ ਕੇ ਸੇਵ ਕਮਾਈਆ । ਜਨ ਭਗਤਾਂ ਪਰਮਾਤਮ ਮਿਲੇ ਹਜ਼ੂਰ, ਹਜ਼ਰਤ ਹੋ ਕੇ ਦਰਸ ਦਿਖਾਈਆ । ਏਨ੍ਹਾਂ ਦੋਹਾਂ ਮਿਲ ਕੇ ਮੈਂ ਹੋਵਾਂ ਮਸ਼ਹੂਰ, ਮੇਰੇ ਨਾਮ ਮਿਲੇ ਵਡਿਆਈਆ । ਮੇਰੇ ਸਾਹਿਬ ਦਾ ਆਦਿ ਜੁਗਾਦੀ ਸਚ ਦਸਤੂਰ, ਹੁਕਮੇ ਅੰਦਰ ਖੇਲ ਖਿਲਾਈਆ । ਓਨ੍ਹਾਂ ਮਿਲਦਾ ਆਦਿ ਜੁਗਾਦਿ ਜ਼ਰੂਰ, ਜੋ ਸ਼ਰਅ ਵਿਚੋਂ ਆਪਣੀ ਸ਼ਰਅ ਬੈਠੇ ਬਦਲਾਈਆ । ਕਰ ਕਿਰਪਾ ਪੂਰਬ ਬਖ਼ਸ਼ੇ ਸਰਬ ਕਸੂਰ, ਕਸਮ ਨਾਲ ਮੈਂ ਨਿਮਾਣੀ ਹੋ ਕੇ ਰਹੀ ਸੁਣਾਈਆ । ਜਿਨ੍ਹਾਂ ਮਿਲਾਏ ਆਪਣੇ ਨੂਰ, ਸੋ ਨੂਰ ਓਹੋ ਨਜ਼ਰੀ ਆਈਆ । ਜਿਸ ਨੂਰ ਵਿਚੋਂ ਝਲਕ ਦਿਤੀ ਕੋਹਤੂਰ, ਮੂਸਾ ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਘਰ ਬਹਾਈਆ । ਨਈਆ ਕਹੇ ਮੈਂ ਸੁਖ਼ਨ ਸੱਚਾ ਕਹਿਣਾ, ਸੁਖ਼ਨ ਵਾਲੀ ਬਾਤ ਰਹੀ ਨਾ ਕੋਈ ਸੁਣਾਈਆ । ਜਨ ਭਗਤੋ ਪ੍ਰਭ ਚਰਨ ਕਵਲ ਸਦਾ ਬਹਿਣਾ, ਬੈਠਿਆਂ ਹੋਏ ਨਾ ਕਦੇ ਜੁਦਾਈਆ । ਦਰਸਨ ਵੇਖਣਾ ਓਸ ਦੇ ਨੈਣਾਂ, ਆਪਣੇ ਨੈਣ ਨਾ ਕੋਇ ਵਡਿਆਈਆ । ਚਰਨ ਕਦਮਾਂ ਕਵਲਾਂ ਉਤੇ ਢਹਿਣਾ, ਮਾਣ ਅਭਿਮਾਨ ਦੋਵੇਂ ਦੇਣੇ ਤਜਾਈਆ । ਸਚ ਪਰੇਮ ਪਿਆਰ ਪ੍ਰੀਤੀ ਅੰਦਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੇ ਕਹਿਣਾ, ਰਸਨਾ ਕਹਿਣ ਨਾਲ ਅਗਲਾ ਪਿਛਲਾ ਪਿਛਲਾ ਅਗਲਾ ਵਿਚਲਾ ਲੇਖਾ ਦਏ ਚੁਕਾਈਆ ।

ਨਈਆ ਕਹੇ ਮੈਨੂੰ ਮਿਲੀ ਉਹ ਚਿਠੀ, ਜਿਸ ਦਾ ਅੱਖਰ ਨਜ਼ਰ ਕਿਸੇ ਨਾ ਆਈਆ । ਵਿਚੋਂ ਹੁਕਮ ਮਿਲਿਆ ਬਣ ਕੇ ਆਵੀਂ ਨਿੱਕੀ, ਧੁਰ ਫ਼ਰਮਾਣ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਚੜ੍ਹੌਣੇ ਛੋਟੀ ਸਿਖੀ, ਸੋਹਣੀ ਸੇਵ ਕਮਾਈਆ । ਬਿਨ ਗੋਬਿੰਦ ਤੋਂ ਸਮਝ ਨਾ ਸਕੇ ਇਕੀ, ਏਕੰਕਾਰ ਦਏ ਵਡਿਆਈਆ । ਮੈਂ ਅੰਦਰੋਂ ਬਾਹਰੋਂ ਸਚ ਸਫ਼ੈਦੀ ਧਾਰ ਚਿਟੀ, ਦੂਜਾ ਰੰਗ ਨਾ ਕੋਇ ਰੰਗਾਈਆ । ਮੇਰੀ ਸਚ ਸਤਿ ਦੀ ਬੋਲੀ ਮਿਠੀ, ਸਤਿ ਸਤਿਵਾਦੀ ਆਪ ਸਮਝਾਈਆ । ਮੇਰੀ ਖੇਲ ਸਦਾ ਅਨਡਿਠੀ, ਅਨਡਿਠੜੀ ਕਾਰ ਕਮਾਈਆ । ਮੈਂ ਚਲ ਕੇ ਆਈ ਓਸੇ ਮਿਤੀ, ਜਿਸ ਦਾ ਹਾਲ ਮਿੱਤਰ ਪਿਆਰਾ ਗਿਆ ਲਿਖਾਈਆ । ਮੈਂ ਨੇਤਰ ਵੇਖਿਆ ਮੈਨੂੰ ਓਹੋ ਧਾਰ ਦਿਸੀ, ਜੋ ਭਗਤ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਨੌਕਾ ਕਹੇ ਮੈਂ ਪੜ੍ਹਿਆ ਸੰਦੇਸ, ਮੇਰਾ ਅੰਤਰ ਲਏ ਅੰਗੜਾਈਆ । ਹੁਕਮ ਦਿਤਾ ਇਕ ਨਰੇਸ਼, ਨਰ ਨਰਾਇਣ ਦਿਤਾ ਸਮਝਾਈਆ । ਉਠ ਆਪਣੇ ਨੇਤਰ ਪੇਖ, ਲੋਚਣ ਇਕ ਖੁਲ੍ਹਾਈਆ ।

ਸਾਚੇ ਸੱਜਣਾਂ ਨਾਲ ਕਰ ਹੇਤ, ਜਿਨ੍ਹਾਂ ਹਿਤਕਾਰੀ ਦਇਆ ਕਮਾਈਆ । ਆਪਣਾ ਆਪ ਕਰ ਭੇਟ, ਮਾਣ ਅਭਿਮਾਨ ਗਵਾਈਆ । ਜਗਤ ਜਹਾਨ ਬਣ ਕੇ ਖੇਵਟ ਖੇਟ, ਸਾਚੀ ਸੇਵ ਕਮਾਈਆ । ਧੰਨ ਦੌਲਤ ਭਰਾਂ ਖ਼ਜ਼ਾਨਾ ਤੇਰੀ ਜੇਬ, ਕੀਮਤ ਇਕੋ ਵਾਰ ਚੁਕਾਈਆ । ਸਾਚੇ ਸੰਤਾਂ ਨਾਲ ਨਾ ਕਰੀਂ ਫ਼ਰੇਬ, ਫ਼ੈਸਲਾ ਇਕੋ ਹੱਕ ਸੁਣਾਈਆ । ਦਰ ਦਰਵਾਜ਼ੇ ਜਾਣਾ ਬਣ ਨੇਕ, ਨੇਕੀ ਆਪਣੀ ਝੋਲੀ ਪਾਈਆ । ਜਿਨ੍ਹਾਂ ਬਖ਼ਸ਼ੀ ਸਾਚੀ ਟੇਕ, ਤਿਨ੍ਹਾਂ ਲੈ ਕੇ ਔਣਾ ਚਾਈਂ ਚਾਈਂਆ । ਚੱਪੂ ਤੇਰੇ ਅੰਦਰ ਵੜ ਕੇ ਸ਼ਬਦੀ ਲਾਏ ਦਸ ਦਸਮੇਸ਼, ਦਹਿ ਦਿਸ਼ਾ ਇਕੋ ਵਾਰ ਭਵਾਈਆ । ਮੈਂ ਵੇਖਾਂ ਸਦਾ ਹਮੇਸ਼, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਿੱਕੀ ਹੋ ਕੇ ਆਈ ਨਿਕੰਮੀ, ਇਕ ਧਿਆਨ ਲਗਾਈਆ । ਹੁਕਮੇ ਅੰਦਰ ਘਰ ਸਾਚੇ ਮੰਨੀ, ਮਨਸਾ ਮੋਹ ਮਿਟਾਈਆ । ਡੂੰਘੀ ਕੰਦਰ ਆਈ ਭੰਨੀ, ਆਪਣਾ ਪੰਧ ਮੁਕਾਈਆ । ਕਿਨਾਰਾ ਵੇਖਾਂ ਛੱਪਰ ਛੰਨੀ, ਸੋਹਣਾ ਰੰਗ ਸੁਹਾਈਆ । ਜਗਤ ਨੇਤਰ ਹੋ ਗਈ ਅੰਨ੍ਹੀਂ, ਭਗਤੀ ਅੱਖ ਖੁਲ੍ਹਾਈਆ । ਗੁਰਮੁਖ ਵੇਖਾਂ ਵੱਡਾ ਧਨੀ, ਮੇਰਾ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਹੋਏ ਸਹਾਈਆ । ਨਈਆ ਕਹੇ ਮੈਂ ਆਈ ਭੱਜ, ਦੂਰ ਦੁਰਾਡਾ ਪੰਧ ਮੁਕਾਈਆ । ਭਗਤ ਸੁਹੇਲੇ ਰਹੀ ਸੱਦ, ਸੱਦਾ ਹੋਕਾ ਇਕ ਜਣਾਈਆ । ਕੋਟਨ ਕੋਟ ਸ਼ਾਹ ਸੁਲਤਾਨ ਏਥੋਂ ਗਏ ਲਦ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਸਚ ਦੱਸਾਂ ਜਿਸ ਵੇਲੇ ਤੰਦਵੇ ਤਾਰ ਕੱਟ ਲੱਜਿਆ ਰੱਖੀ ਗਜ, ਨਿਰਗੁਣ ਆਪਣਾ ਫੇਰਾ ਪਾਈਆ । ਓਸ ਵੇਲੇ ਸਾਚੀ ਧਾਰਾ ਚਰਨ ਕਵਲਾਂ ਹੇਠਾਂ ਗਈ ਸਜ, ਆਪਣੀ ਸੇਵ ਕਮਾਈਆ । ਨਿਰਗੁਣ ਰੂਪ ਉਪਰ ਬੈਠ ਪੁਰਖ ਸਮਰਥ, ਸਿਰ ਮੇਰੇ ਹੱਥ ਟਿਕਾਈਆ । ਮੇਰੀ ਖੋਲ੍ਹ ਅਗੰਮੀ ਅੱਖ, ਇਕੋ ਵਾਰ ਦਿਤਾ ਸਮਝਾਈਆ । ਕਲਜੁਗ ਅੰਤਮ ਤੇਰਾ ਲਹਿਣਾ ਦੇਵਾਂ ਹੱਕ, ਲੇਖਾ ਲੇਖੇ ਵਿਚੋਂ ਪੂਰ ਕਰਾਈਆ । ਭਗਤ ਸੁਹੇਲੇ ਨਾਲ ਰੱਖ, ਗੁਰ ਚੇਲੇ ਮੇਲ ਮਿਲਾਈਆ । ਤੇਰੇ ਉਤੇ ਬਹਿ ਕੇ ਮੇਰਾ ਢੋਲਾ ਗਾਵਣ ਜਸ, ਸੋਹਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਨਈਆ ਕਹੇ ਮੈਂ ਕੋਝੀ ਕਮਲੀ, ਪ੍ਰਭ ਸੱਚੇ ਮੇਰੀ ਬਣਤ ਬਣਾਈਆ । ਬੁਧਹੀਣ ਜਗਤ ਨਿਮਾਣੀ ਯਮਲੀ, ਗਹਿਰ ਗੰਭੀਰ ਸਾਚੀ ਸੇਵ ਕਮਾਈਆ । ਮੇਰੀ ਕੀਮਤ ਜਗਤ ਜਹਾਨ ਕੋਈ ਨਾ ਪਾਵੇ ਦਮੜੀ, ਪੈਸਾ ਧੇਲਾ ਸਕੇ ਨਾ ਕੋਇ ਚੁਕਾਈਆ । ਹੱਡ ਮਾਸ ਨਾ ਕੋਇ ਚਮੜੀ, ਕਾਠ ਘਾੜਤ ਨਾ ਕੋਇ ਘੜਾਈਆ । ਮਾਤ ਪਿਤ ਨਾ ਕੋਈ ਅਮੜੀ, ਭੱਯਾ ਭੈਣ ਨਾ ਕੋਇ ਵਡਿਆਈਆ । ਸ਼ਿਵਦਵਾਲੇ ਮੱਠ ਮਸੀਤ ਨਾ ਫਿਰਾਂ ਮੰਦਰੀਂ, ਗੁਰਦਵਾਰ ਨਾ ਫੇਰਾ ਪਾਈਆ । ਜੰਗਲ ਜੂਹ ਉਜਾੜ ਪਹਾੜ ਕਿਸੇ ਟਿੱਲੇ ਮਿਲਾਂ ਨਾ ਕੰਦਰੀਂ, ਤਟ ਕਿਨਾਰੇ ਰੋਵਣ ਦੇਣ ਦੁਹਾਈਆ । ਕਿਸੇ ਹੱਥ ਨਾ ਆਈ ਗੋਰਖ ਮਛੰਦਰੀ, ਕੰਨ ਪਾਟੇ ਨੇਤਰ ਨੈਣਾਂ ਨੀਰ ਵਹਾਈਆ । ਕੋਈ ਲੱਭ ਨਾ ਸਕਿਆ ਜਗਤ ਪਿਆਲਾ ਪਿਔਣਹਾਰਾ ਅਮਲੀ, ਢੂੰਡ ਥੱਕੀ ਸਰਬ ਲੋਕਾਈਆ । ਆਪਣਾ ਕਦਮ ਆਪਣਾ ਪੈਰ ਪ੍ਰਭ ਕਿਰਪਾ ਨਾਲ ਸੰਭਲੀ, ਡੂੰਘੇ ਖਾਤ ਨਾ ਕੋਇ ਟਿਕਾਈਆ । ਜੁਗ ਚੌਕੜੀ ਵੇਖਦੀ ਰਹੀ ਹੁੰਦੀ ਬਦਲੀ, ਬਦਲਾ ਮੁਕਦਾ ਰਿਹਾ ਥਾਉਂ ਥਾਈਂਆ । ਸਚ ਦੱਸਾਂ ਇਹੋ ਜਿਹਾ ਸ਼ਹਿਨਸ਼ਾਹ ਜੁਗ ਚੌਕੜੀ ਕੋਈ ਨਾ ਮਿਲਿਆ ਅਦਲੀ, ਜੋ ਸਚ ਅਦਾਲਤ ਇਕੋ ਇਕ ਲਗਾਈਆ । ਜਨ ਭਗਤਾਂ ਪਰੇਮ ਪਿਆਰ ਦੀ ਪਾ ਕੇ ਸੰਗਲੀ, ਸਗਲਾ ਸੰਗ ਤੁੜਾਈਆ । ਜੇ ਸੁਣਾਵੇ ਤੇ ਸੁਣਾਵੇ


੧੧੩੭
੧੯

ਕਹਾਣੀ ਅਗਲੀ, ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਹੁਕਮ ਦੇ ਕੇ ਸਚ ਦਵਾਰੇ ਸੱਦ ਲਈ, ਭੱਜੀ ਆਈ ਵਾਹੋ ਦਾਹੀਆ । ਮੈਂ ਇਕੋ ਪਾਰ ਕਿਨਾਰਾ ਹੱਦ ਲੱਭ ਲਈ, ਜਿਸ ਘਰ ਬੈਠਾ ਬੇਪਰਵਾਹੀਆ । ਗੁਰਮੁਖਾਂ ਸਚ ਸੰਦੇਸੇ ਦੇ ਸੱਦ ਰਹੀ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਨਈਆ ਕਹੇ ਮੈਂ ਨਿੱਕੀ ਵੱਡੀ, ਵੱਡੀ ਨਿੱਕੀ ਪ੍ਰਭ ਨੇ ਆਪ ਬਣਾਈਆ । ਮੈਂ ਭਗਤ ਦੁਆਰੇ ਆਈ ਸੱਦੀ, ਸਦ ਕੇ ਵਾਰੀ ਘੋਲੀ ਘੋਲ ਘੁਮਾਈਆ । ਗੁਰਮੁਖਾਂ ਗੁਰਸਿਖਾਂ ਭਾਰ ਉਠਾਵਾਂ ਆਪਣੇ ਸੀਸ ਸਾਢੇ ਤਿੰਨ ਹੱਥ ਕਾਇਆ ਮਾਟੀ ਹੱਡੀ, ਧੁਰ ਦੀ ਸੇਵਕ ਬਣ ਕੇ ਸੇਵ ਕਮਾਈਆ । ਜਿਨ੍ਹਾਂ ਪ੍ਰੀਤ ਪ੍ਰੀਤਮ ਨਾਲ ਲੱਗੀ, ਲਾਗਤ ਮੰਗਾਂ ਕੋਇ ਨਾ ਰਾਈਆ । ਏਸ ਉਡੀਕ ਵਿਚ ਲੰਘਦੀ ਜਾਏ ਬੀਸਵੀਂ ਸਦੀ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੱਦਾ ਦਿਤਾ ਚਾਈਂ ਚਾਈਆ । ਸ਼ਾਹ ਸੁਲਤਾਨ ਸ੍ਰੀ ਭਗਵਾਨ ਹੁਕਮੇ ਅੰਦਰ ਜਿਸ ਦੇ ਬੱਧੀ, ਬੰਦਨਾ ਕਰ ਸੀਸ ਨਿਵਾਈਆ । ਜਨ ਭਗਤਾਂ ਰੀਤ ਲੱਗੀ ਚੰਗੀ, ਮੰਦਰ ਮਸੀਤ ਬੈਠੇ ਤਜਾਈਆ । ਸ੍ਰੀ ਭਗਵਾਨ ਲਾਏ ਅੰਗੀ, ਅੰਗੀਕਾਰ ਅਖਵਾਈਆ । ਓਨ੍ਹਾਂ ਪਿਠ ਨਾ ਦਿਸੇ ਨੰਗੀ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਮੈਂ ਆਪ ਨਹੀਂ ਆਈ ਕੰਢੀ, ਕੰਢੀ ਵਾਲਾ ਹੁਕਮੇ ਅੰਦਰ ਰਿਹਾ ਭੁਆਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਬਹੁਰੰਗੀ, ਰੰਗ ਰੱਤਾ ਹੋ ਸਹਾਈਆ । ਅੱਜ ਦੀ ਘੜੀ ਸੁਲੱਖਣੀ ਵਾਰ ਥਿਤ ਚੰਗੀ, ਘੜੀ ਪਲ ਖ਼ੁਸ਼ੀਆਂ ਨਾਲ ਰਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਅੰਤਰ ਆਤਮ ਕੀਤੀ ਠੰਡੀ, ਪੂਰਬ ਜਨਮ ਦੀ ਟੁੱਟੀ ਗੰਢੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਸਿਖੀ ਵਿਚੋਂ ਸਮਝਾਈਆ ।

## ★ ੧੯ ਜੇਠ ੨੦੨੧ ਬਿਕ੍ਰਮੀ ਰਾਮ ਚੰਦ ਸ਼ੇਖਸਰ ਜੰਮੂ ★

ਹਰਿਜਨ ਬੋਲਣ ਸਚ ਜੈਕਾਰਾ, ਜੈ ਜੈ ਜੈਕਾਰ ਇਕ ਸੁਣਾਈਆ । ਜਗਤ ਜਹਾਨ ਛੁਟੇ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਲੱਖ ਚੁਰਾਸੀ ਨਾ ਰਹੇ ਪਿਆਰਾ, ਮਿਲੇ ਮੇਲ ਬੇਪਰਵਾਹੀਆ । ਨਾਤਾ ਤੁਟੇ ਕੂੜ ਕੁੜਿਆਰਾ, ਸਚ ਸੁਚ ਇਕੋ ਨਜ਼ਰੀ ਆਈਆ । ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਮਿਲੇ ਏਕੰਕਾਰਾ, ਇਕ ਇਕੱਲਾ ਸੱਚਾ ਮਾਹੀਆ । ਏਥੇ ਓਥੇ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਭਗਤ ਜਨ ਬੋਲਣ ਜੈਕਾਰ, ਧੁਰ ਦਾ ਨਾਅਰਾ ਇਕ ਲਗਾਈਆ । ਜਗਤ ਨਾਤਾ ਛੁਟੇ ਸੰਸਾਰ, ਸਗਲਾ ਸੰਗ ਤਜਾਈਆ । ਭਗਤ ਵਛਲ ਮਿਲੇ ਗਿਰਧਾਰ, ਗਿਰਵਰ ਆਪਣੀ ਗੋਦ ਟਿਕਾਈਆ । ਜਨਮ ਕਰਮ ਪ੍ਰਭ ਪਾਵੇ ਸਾਰ, ਵੇਖ ਵਖਾਵੇ ਚਾਈਂ ਚਾਈਆਂ । ਮਾਨਸ ਜਨਮ ਦਏ ਅਧਾਰ, ਅੰਤਰ ਆਤਮ ਪਰਮਾਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਹੋਏ ਆਪ ਸਹਾਈਆ । ਜੈ ਜੈਕਾਰ ਗਾਇਆ ਗੀਤ, ਹਰਿ ਕਰਤਾ ਆਪ ਜਣਾਈਆ । ਅਚਰਜ ਵੇਖੀ ਧੁਰ ਦੀ ਰੀਤ, ਰੀਤੀਵਾਨ ਰਿਹਾ ਸਮਝਾਈਆ । ਲਹਿਣਾ ਦੇਣਾ ਚੁੱਕਿਆ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਪਤਿਪਰਮੇਸ਼ਵਰ

ਮਿਲਿਆ ਇਕ ਅਤੀਤ, ਤ੍ਰੈਗੁਣ ਲੇਖਾ ਰਿਹਾ ਮੁਕਾਈਆ । ਸਚ ਸਤਿ ਬੰਧਾਏ ਪ੍ਰੀਤ, ਬਖ਼ਸ਼ੇ ਇਕ ਸਰਨਾਈਆ । ਧਾਮ ਜਣਾਏ ਧਰਮ ਅਨਡੀਠ, ਨਿਹਕਰਮੀ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਜੈਕਾਰਾ ਲਗਾ ਸਤਿ, ਸਤਿਗੁਰ ਦਏ ਵਡਿਆਈਆ । ਜਨ ਭਗਤਾਂ ਬਖ਼ਸ਼ੇ ਬ੍ਰਹਮ ਮਤ, ਵਿਦਿਆ ਬ੍ਰਹਮ ਪੜ੍ਹਾਈਆ । ਅੰਤਰ ਆਤਮ ਪਰੇਮ ਵਸ, ਵਸਲ ਇਕੋ ਇਕ ਕਰਾਈਆ । ਸ਼ਬਦ ਅਗੰਮੀ ਮਾਰਗ ਦੱਸ, ਰਹਿਬਰ ਬਣਿਆ ਨੂਰ ਖ਼ੁਦਾਈਆ । ਸਤਿ ਪਰਕਾਸ਼ ਕਰ ਸਮਰਥ, ਪ੍ਰਭ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਇਕ ਸੁਣਾਈਆ । ਸਾਚਾ ਸੋਹਲਾ ਸੁਣਿਆ ਜਗ, ਜੁਗ ਚੌਥੇ ਵੱਜੇ ਵਧਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਰਹੇ ਹੱਸ, ਭਗਵਨ ਖ਼ੁਸ਼ੀ ਮਨਾਈਆ । ਧਰਮ ਦੁਆਰੇ ਧੁਰ ਦਾ ਜਸ, ਸਚ ਸਵਾਮੀ ਕਰੀ ਪੜ੍ਹਾਈਆ । ਪਿਛਲਾ ਪੰਧ ਮੁੱਕਿਆ ਨੱਠ ਨੱਠ, ਅਗਲਾ ਲੇਖਾ ਲੇਖੇ ਵਿਚੋਂ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਚ ਜੈਕਾਰਾ ਗਹਿਰ ਗੰਭੀਰ, ਇਕੋ ਇਕ ਸੁਣਾਇਆ । ਹਰਿਜਨ ਲਾਉਂਦਾ ਰਹੇ ਬਿਨ ਸਰੀਰ, ਪੰਜ ਤਤ ਨਾਤਾ ਤੋੜ ਤੁੜਾਇਆ । ਜਿਸ ਮੰਦਰ ਚੜ੍ਹ ਕੂਕੇ ਕਬੀਰ, ਗਹਿਰ ਗੰਭੀਰ ਅਲਾਇਆ । ਸੋ ਸਾਹਿਬ ਬੇਨਜ਼ੀਰ, ਨਿਰਵੈਰ ਵੇਸ ਵਟਾਇਆ । ਜਿਸ ਦੀ ਅਜਲ ਸਚ ਤਸਵੀਰ, ਦਸਤਗੀਰ ਨੂਰ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਇਆ । ਭਗਤ ਜੈਕਾਰਾ ਬੋਲਿਆ ਸੱਚ, ਸਚ ਮਿਲੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਤੱਕ, ਤਕਵਾ ਇਕ ਰਖਾਈਆ । ਗੁਰ ਅਵਤਾਰ ਗਾਉਂਦੇ ਜਸ, ਸੋਹਣਾ ਰਾਗ ਅਲਾਈਆ । ਪੀਰ ਪੈਗ਼ੰਬਰ ਕਹਿੰਦੇ ਹੱਕ, ਨਾਅਰਾ ਹੱਕ ਪਰਗਟਾਈਆ । ਬ੍ਰਹਿਮੰਡ ਖੰਡ ਵੇਖਣ ਰਵ ਸਸ, ਸੂਰਜ ਚੰਦ ਧਿਆਨ ਲਗਾਈਆ । ਪੁਰੀ ਲੋਅ ਅਕਾਸ਼ ਪਰਕਾਸ਼ ਚਰਨ ਕਵਲ ਟੇਕਣ ਮੱਥ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੱਖਰਾਂ ਨਾਲ ਗਾਵਣ ਜਸ, ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਚ ਸਰਨਾਈ ਰਹੇ ਢੱਠ, ਆਪਣਾ ਆਪ ਮਿਟਾਈਆ । ਦੋ ਜਹਾਨ ਅੰਦਰ ਬਾਹਰ ਇਕੋ ਨਾਮ ਰਹੇ ਰਟ, ਰੱਟਾ ਛੱਡਿਆ ਜਗਤ ਲੋਕਾਈਆ । ਲੋਕ ਪਰਲੋਕ ਚੌਦਾਂ ਖੋਲ੍ਹ ਹੱਟ, ਚੌਦਾਂ ਤਬਕ ਤਬਕ ਇਕ ਸਮਝਾਈਆ । ਸਾਰੇ ਕਹਿਣ ਉਚੀ ਕੂਕਣ ਆਦਿ ਜੁਗਾਦਿ ਕਿਸੇ ਦਾ ਚਲੇ ਨਾ ਕੋਈ ਵਸ, ਬੇਵਸ ਬੈਠੇ ਧਿਆਨ ਲਗਾਈਆ । ਜੋ ਕਿਛ ਕਰੇ ਸੋ ਕਰੇ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਰਿਖੀ ਮੁਨੀ ਜਗਤ ਤਪੀਸ਼ਰ ਰਾਹ ਰਹੇ ਤੱਕ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਰਿਖ ਮੁਨ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਆ, ਪਤਿਪਰਮੇਸ਼ਵਰ ਬੇਪਰਵਾਹੀਆ । ਪਿਛਲਾ ਲਹਿਣਾ ਰਹੇ ਤਕਾ, ਅੰਤਰ ਆਤਮ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇ ਵਡਿਆਈ ਸਾਹਿਬ ਸਤਿਗੁਰ, ਜਨ ਭਗਤ ਧਿਆਨ ਲਗਾਈਆ । ਮੇਰਾ ਲੇਖਾ ਤੇਰੇ ਨਾਲ ਧੁਰ, ਧੁਰ ਮਸਤਕ ਖੋਜ ਖੁਜਾਈਆ । ਨਿਰਗੁਣ ਹੋ ਕੇ ਸਰਗੁਣ ਜੁੜ, ਜੋੜੀ ਧੁਰ ਦੀ ਲੈ ਬਣਾਈਆ । ਤੇਰਾ ਲੇਖਾ ਮੰਤਰ ਫੁਰ, ਫੁਰਨਾ ਇਕੋ ਦੇ ਸਮਝਾਈਆ । ਆਦਿ ਅੰਤ ਤੇਰੀ ਲੋੜ, ਸਦਾ ਸਦਾ ਸਦ ਤੇਰੀ ਆਸ ਰਖਾਈਆ । ਸਚ ਸਵਾਮੀ ਚੜ੍ਹ ਘੋੜ,

ਦੋ ਜਹਾਨਾਂ ਪੰਧ ਮੁਕਾਈਆ । ਨਿਰਗੁਣ ਹੋ ਕੇ ਨਿਰਵੈਰ ਬੌਹੜ, ਨਿਰਾਕਾਰ ਤੇਰੀ ਵਡਿਆਈਆ । ਜਗਤ ਅੰਧੇਰਾ ਵੇਖ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਪਾਉਂਦੇ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਦੇ ਵਡਿਆਈ ਪਿਛਲੇ ਮੀਤ, ਸਤਿ ਸਤਿਵਾਦੀ ਤੇਰੀ ਯਾਦ ਨਜ਼ਰੀ ਆਈਆ । ਤੇਰਾ ਗਾਉਂਦਾ ਰਿਹਾ ਗੀਤ, ਬਿਨ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਤੇਰੇ ਪਰੇਮ ਪਿਆਰ ਅੰਦਰ ਬਣਿਆ ਰਿਹਾ ਠੰਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੇਰੀ ਮੰਨਦਾ ਰਿਹਾ ਰੀਤ, ਹੁਕਮ ਅੰਦਰ ਸੀਸ ਝੁਕਾਈਆ । ਤੂੰ ਸਾਹਿਬ ਕੀਤੀ ਬਖ਼ਸ਼ੀਸ਼, ਬਖ਼ਸ਼ਿਸ਼ ਮੇਰੀ ਝੋਲੀ ਪਾਈਆ । ਹੱਥ ਰੱਖ ਕੇ ਪੁਸ਼ਤ ਪਨਾਹ ਪੀਠ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਧੁਰ ਦਾ ਲੇਖਾ ਲਾਉਣਾ ਭਰਿੰਗ, ਭਰਿੰਗੂ ਰਿਹਾ ਜਣਾਈਆ । ਤੇਰੇ ਨਾਮ ਵਜਾਈ ਕਿੰਗ, ਕਿੰਗਰਾ ਕਿੰਗਰਾ ਨਾਦ ਸੁਣਾਈਆ । ਤੂੰ ਦਾਤਾ ਦਾਨੀ ਗਹਿਰ ਗੰਭੀਰ ਸਾਗਰ ਸਿੰਧ, ਬੂੰਦ ਸਵਾਂਤੀ ਮੇਰੇ ਮੁਖ ਚੁਆਈਆ । ਮੈਂ ਸਮਾਧੀ ਅੰਦਰ ਬਣਿਆ ਤੇਰੀ ਬਿੰਦ, ਤਨ ਮਨ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਰਿੰਗੂ ਮਾਰੇ ਅੰਤਰ ਆਵਾਜ਼, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਦੱਸ ਮੇਰੇ ਮਹਾਰਾਜ, ਮਹਿਬੂਬ ਕਿਉਂ ਬੈਠਾ ਮੁਖ ਛੁਪਾਈਆ । ਨਾ ਉਹ ਪੱਤਣ ਬੇੜਾ ਦਿਸੇ ਜਹਾਜ਼, ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਨਾ ਕੋਈ ਭਗਤਾਂ ਦਿਸੇ ਸਮਾਜ, ਸਗਲਾ ਸੰਗ ਨਾ ਕੋਇ ਵਖਾਈਆ । ਨਾ ਨਾਦ ਸੁਣੇ ਸਚ ਰਬਾਬ, ਤੰਦੀ ਤੰਦ ਸਿਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਦੇ ਦ੍ਰਿੜ੍ਹਾਈਆ । ਭਰਿੰਗੂ ਕਹੇ ਮੇਰੇ ਗ਼ਰੀਬ ਨਿਵਾਜ, ਦਰ ਤੇਰੇ ਅਰਜ਼ੋਈਆ । ਮੇਰੇ ਪੂਰਬ ਜਨਮ ਦਾ ਵੇਖ ਕਾਜ, ਕਰਤੇ ਤੇਰੇ ਹੱਥ ਵਡਿਆਈਆ । ਤੂੰ ਆਪਣੀ ਕਿਰਪਾ ਦਿਤੀ ਦਾਦ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਅੰਤ ਤੇਰਾ ਸਾਜਣ ਸਾਜ, ਸਾਚੀ ਸਿਖਿਆ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਭਰਿੰਗ ਕਹੇ ਮੇਰੇ ਭਗਵਾਨ, ਪਰਭਾਤੀ ਤੇਰੀ ਮੋਹੇ ਨਜ਼ਰੀ ਆਈਆ । ਬੇਸ਼ਕ ਤੇਰੀ ਕਿਰਪਾ ਮਿਲਿਆ ਦਾਨ, ਦਇਆਵਾਨ ਝੋਲੀ ਝਲਕ ਨਾਲ ਭਰਾਈਆ । ਮੈਂ ਕਰ ਲਿਆ ਪਰਵਾਨ, ਮਿਹਰਵਾਨ ਤੇਰੀ ਤੱਕ ਸਰਨਾਈਆ । ਤੂੰ ਹੌਲੀ ਚੁਪਕੇ ਫੇਰ ਦਿਤਾ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਜਨਮ ਕਰ ਕੇ ਆਵੇ ਨਾ ਕੋਈ ਪਹਿਚਾਨ, ਕਰਮ ਕਰ ਕੇ ਮਿਲੇ ਮਾਣ ਵਡਿਆਈਆ । ਨਿਰਗੁਣ ਹੋ ਕੇ ਦਰਸਨ ਦੇਵਾਂ ਆਣ, ਸਰਗੁਣ ਸਨਮੁਖ ਬਚਨ ਨਾ ਕੋਇ ਸੁਣਾਈਆ । ਧੁਰ ਸੰਦੇਸਾ ਦੇ ਫ਼ਰਮਾਣ, ਤੇਰਾ ਪੂਰਬ ਨਾਤਾ ਜੋੜ ਜੁੜਾਈਆ । ਤੂੰ ਬਣਿਆ ਰਹੇਂ ਅਨਜਾਣ, ਬਾਲੀ ਬੁੱਧ ਅਖਵਾਈਆ । ਕੂੜੀ ਕਿਰਿਆ ਸ੍ਰਿਸ਼ਟ ਸਬਾਈ ਮਾਣ, ਬਿਨ ਸ੍ਰੀ ਭਗਵਾਨ ਅੰਤ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਇਕੋ ਵਰਤੇ ਅੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਤਾ ਜੁੜੇ ਜੀਵ ਜੰਤ, ਮਾਨਸ ਮਾਨੁਖ ਸੋਭਾ ਪਾਈਆ । ਨਾਮ ਰਖਾਏ ਜਵਾਹਰ ਪੰਡਤ, ਬ੍ਰਾਹਮਣੀ ਗੋਦ ਸੁਹਾਈਆ । ਲੇਖਾ ਮੁੱਕੇ ਨਾ ਕਿਸੇ ਕੋਲੋਂ ਅੰਤ, ਅੰਤਸ਼ਕਰਨ ਖੋਜ ਨਾ ਕੋਇ ਖੁਜਾਈਆ । ਏਸੇ ਕਰ ਕੇ ਨੌ ਸਾਲ ਪਹਿਲੇ ਬਣਾਈ ਬਣਤ, ਲੇਖਾ ਤੇਰੇ ਘਰ ਪਹੁੰਚਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਦੇਵਣਹਾਰ ਵਡਿਆਈਆ । ਭਰਿੰਗੂ ਰੂਹ ਬਣੀ ਜਵਾਹਰ, ਮੋਤੀ ਮਾਣਕ ਵਿਚੋਂ ਪਰਗਟਾਈਆ । ਸ੍ਰਿਸ਼ਟ ਵਿਚੋਂ ਗਈ ਹਾਰ, ਚਾਰੋਂ ਕੁੰਟ ਦੁਹਾਈਆ । ਤਿੰਨਾਂ ਦਿਨਾਂ ਵਿਚ ਲੱਭਿਆ ਨਾ ਕੋਈ ਯਾਰ, ਸੱਜਣ ਸੰਗ ਨਾ ਕੋਇ ਵਖਾਈਆ । ਆਰ ਪਾਰ ਨਾ ਦਿਸੇ ਕਿਨਾਰ, ਮੰਝਧਾਰ ਨਾ ਕੋਇ ਲੰਘਾਈਆ । ਰਾਏ ਧਰਮ ਸੰਗ ਚਿਤਰ ਗੁਪਤ ਲੇਖਾ ਰਿਹਾ ਵਖਾਲ, ਪੜਦਾ ਉਹਲਾ ਆਪ ਉਠਾਈਆ । ਉਥੇ ਕੰਗਾਲਾਂ ਵਿਚੋਂ ਕੰਗਾਲ, ਧਨ ਦੌਲਤ ਨਜ਼ਰ ਕੋਇ ਨਾ ਆਈਆ । ਨੇਤਰ ਪੂੰਜਣ ਨੂੰ ਲੱਭੇ ਨਾ ਕੋਈ ਰੁਮਾਲ, ਦੁਖੀਆਂ ਦੁਖ ਨਾ ਕੋਇ ਵੰਡਾਈਆ । ਸਾਚਾ ਕਰੇ ਨਾ ਕੋਇ ਪਿਆਰ, ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਵੇਖ ਰੋਈ ਧਾਹਾਂ ਮਾਰ, ਊਚੀ ਕੂਕ ਕਾਗ ਵਾਂਗ ਕੁਰਲਾਈਆ । ਫੇਰ ਆਈ ਪਿਛਲੀ ਯਾਦ, ਜਨਮ ਭਰਿੰਗੂ ਵਾਲਾ ਰਿਹਾ ਸਤਾਈਆ । ਜਿਸ ਨੇ ਖੇਲ ਰਚਾਇਆ ਆਦਿ, ਸੋ ਬ੍ਰਿਹਮਾਦ ਵੇਖ ਵਖਾਈਆ । ਉਧਰੋਂ ਦੂਰ ਦੁਰਾਡਾ ਵੇਖ ਸਿੰਘ ਗੁਰਦਿਆਲ ਆਇਆ ਭਾਜ, ਸਚ ਸੰਦੇਸਾ ਇਕ ਜਣਾਈਆ । ਮੈਂ ਰਾਜਿਆਂ ਵਿਚੋਂ ਰਾਜ, ਬਲ ਰਾਜਾ ਰੂਪ ਵਟਾਈਆ । ਜਿਸ ਦਾ ਅੰਤ ਪ੍ਰਭੂ ਸੁਆਰਿਆ ਕਾਜ, ਘਰ ਸਾਚੇ ਦੇ ਵਡਿਆਈਆ । ਓਸ ਬਿਨਾ ਕਵਣ ਰੱਖੇ ਲਾਜ, ਅੱਗੇ ਪਿਛੇ ਲਏ ਤਰਾਈਆ । ਜਿਸ ਨੇ ਤੇਰਾ ਨਾਮ ਲਿਖਿਆ ਓਸ ਵਿਚ ਕਿਤਾਬ, ਜਿਹੜੀ ਕੁਤਬਖ਼ਾਨੇ ਨਾ ਵਿਚ ਬਣਾਈਆ । ਓਸ ਦਵਾਰੇ ਮੁਕਣਾ ਤੇਰਾ ਹਿਸਾਬ, ਬੇਬਾਕ ਲੇਖਾ ਦਏ ਕਰਾਈਆ । ਨਿਮਾਣਾ ਦਰਵੇਸ ਹੋ ਮੁਮਤਾਜ, ਮਮਨੂਨ ਹੋ ਕੇ ਸੀਸ ਨਿਵਾਈਆ । ਉਸ ਸਾਹਿਬ ਦਾ ਸਦਾ ਖੜਾ ਰਹੇ ਜਹਾਜ਼, ਡੁੱਬਦੇ ਰੁੜ੍ਹਦੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਕਹੇ ਆਤਮ ਮੈਨੂੰ ਆਈ ਹੋਸ਼, ਹਸਤੀ ਦਿਤੀ ਸਮਝਾਈਆ । ਜੋ ਆਦਿ ਜੁਗਾਦਿ ਬੈਠਾ ਰਿਹਾ ਖ਼ਾਮੋਸ਼, ਖ਼ੁਸ਼ੀਆਂ ਵਿਚ ਸੱਚਾ ਆਸਣ ਲਾਈਆ । ਮੇਰਾ ਓਸ ਨਾਲ ਕਾਹਦਾ ਰੋਸ, ਜੋ ਰੁਸਿਆਂ ਰਿਹਾ ਮਨਾਈਆ । ਮੈਂ ਛੱਡ ਕੇ ਕਾਇਆ ਮਾਟੀ ਤਨ ਪੋਸ਼, ਸੱਜਣਾਂ ਨਾਲੋਂ ਕੀਤੀ ਜੁਦਾਈਆ । ਏਥੇ ਮੇਰੀ ਚਲੇ ਨਾ ਕੋਈ ਸੋਚ, ਸਮਝ ਕੰਮ ਕਿਸੇ ਨਾ ਆਈਆ । ਮੈਂ ਕਰ ਕਰ ਥੱਕੀ ਖੋਜ, ਚਾਰੋਂ ਕੁੰਟ ਰਾਹ ਖਹਿੜਾ ਸਕੇ ਨਾ ਕੋਇ ਸਮਝਾਈਆ । ਜਗਤ ਜਹਾਨ ਕੂੜੀ ਦਿਸੀ ਮੌਜ, ਅੱਗੇ ਸੂਲਾਂ ਸੇਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਹੋਵੇ ਆਪ ਸਹਾਈਆ । ਆਤਮ ਕਹੇ ਮੈਂ ਭਰਿੰਗੂ ਪਿੰਡ, ਇੰਡ ਬ੍ਰਿਹਮੰਡ ਰੂਪ ਵਟਾਈਆ । ਤੂੰ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਤੇਰੀ ਧਾਰ ਸਾਗਰ ਸਿੰਧ, ਅੰਮ੍ਰਿਤ ਰੂਪ ਵਟਾਈਆ । ਕੀ ਹੋਇਆ ਮੈਂ ਬਣਿਆ ਰਿਹਾ ਵਾਲੀ ਹਿੰਦ, ਹਿੰਦਵਾਇਣ ਅੱਗੇ ਨਾ ਕੋਇ ਸਹਾਈਆ । ਮੈਨੂੰ ਪਈ ਅਨੋਖੀ ਚਿੰਦ, ਚਿੰਤਾ ਸਕੇ ਨਾ ਕੋਇ ਗਵਾਈਆ । ਤੂੰ ਸ਼ਹਿਨਸ਼ਾਹ ਨਰਿੰਦ, ਬਖ਼ਸ਼ੰਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸਾਹਿਬ ਸਤਿਗੁਰ ਪੂਰਬ ਕਰਮ ਵਿਚਾਰ, ਆਪਣਾ ਲੇਖਾ ਦਏ ਜਣਾਈਆ । ਜਿਸ ਦਾ ਲੇਖ ਕਲਮ ਨਾਲ ਲਿਖ ਦਿਤਾ ਰਵਦਾਸ ਚਮਾਰ, ਧੁਰ ਦਾ ਸ਼ਬਦ ਜੋੜ ਜੁੜਾਈਆ । ਤਿਸ ਦੀ ਅੰਤ ਦੇਵਾਂ ਪੈਜ ਸੁਆਰ, ਫੜ ਬਾਹੋਂ ਗਲੇ ਲਗਾਈਆ । ਏਸੇ ਕਾਰਨ ਜਨ ਭਗਤ ਦਵਾਰੇ ਨਈਆ ਲੈ ਕੇ ਖੜਾ ਤਿਆਰ, ਸਚ ਸਈਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣੇ ਵਿਚੋਂ ਚੁਕਾਈਆ । ਜਿਸ ਦਾ ਲੇਖ ਲਿਖਿਆ ਗਿਆ ਪ੍ਰਭ ਸ਼ਬਦੀ ਧਾਰ, ਕਾਗ਼ਜ਼ ਸ਼ਾਹੀ ਕਲਮ ਮੇਲ ਮਿਲਾਈਆ ।

੧੧੪੧ ੧੯

ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਅੰਤਮ ਉਤਰਨ ਪਾਰ, ਪਾਰਬ੍ਰਹਮ ਪ੍ਰਭ ਆਪੇ ਹੋਏ ਸਹਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਜਿਨ੍ਹਾਂ ਬੋਲਿਆਂ ਸਤਿ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਜਿਸ ਦਵਾਰੇ ਅੰਦਰ ਤੁਹਾਨੂੰ ਦੇਵੇ ਵਾੜ, ਓਸ ਦਵਾਰੇ ਦੇ ਦਰ ਤੇ ਸ਼ਾਹ ਸੁਲਤਾਨਾਂ ਦਏ ਬਹਾਈਆ । ਕਿਉਂ ਓਨ੍ਹਾਂ ਜਗਤ ਨਹੀਂ ਕਰਿਆ ਪਿਆਰ, ਪਿਛਲੀ ਭਗਤੀ ਨਾਲ ਤਰਾਈਆ । ਇਹ ਲੇਖਾ ਪਹਿਲੋਂ ਲਿਖ ਕੇ ਰੱਖਿਆ ਆਪ ਨਿਰੰਕਾਰ, ਕਿਰਪਾ ਕਰ ਬੇਪਰਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਦਏ ਵਖਾਲ, ਵਰਕਾ ਵਰਕੇ ਨਾਲੋਂ ਉਲਟਾਈਆ ।

★ ੧੭ ਜੇਠ ੨੦੨੧ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਪਰਮ ਪੁਰਖ ਪਰਮਾਤਮ ਆਦਿ ਜੁਗਾਦਿ, ਨਿਰਗੁਣ ਨਿਰਵੈਰ ਨਿਰਾਕਾਰ ਅਖਵਾਇੰਦਾ । ਸਤਿ ਸਰੂਪ ਸਦਾ ਵਿਸਮਾਦ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਚ ਦਵਾਰੇ ਹੋ ਆਬਾਦ, ਮਹਲ ਅਟੱਲ ਇਕ ਸੁਹਾਇੰਦਾ । ਕਰਤਾ ਹੋ ਕੇ ਰਚੇ ਕਾਜ, ਕਰਨੀ ਆਪਣੀ ਆਪ ਕਮਾਇੰਦਾ । ਵੇਖਣਹਾਰਾ ਖੇਲ ਬ੍ਰਿਹਿਮਾਦ, ਬ੍ਰਿਹਿਮਾਂਡ ਖੋਜ ਖੁਜਾਇੰਦਾ । ਸੁਤ ਦੁਲਾਰਾ ਸ਼ਬਦੀ ਨਾਦ, ਅਨਾਦੀ ਆਪ ਪਰਗਟਾਇੰਦਾ । ਥਿਰ ਘਰ ਬਹਿ ਕੇ ਕਰੇ ਕਾਜ, ਦੂਜਾ ਸੰਗ ਨਾ ਕੋਇ ਵਖਾਇੰਦਾ । ਸਤਿ ਸਤਿਵਾਦੀ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪਾਰਬ੍ਰਹਮ, ਪਰਮ ਪੁਰਖ ਆਪ ਕਰਾਈਆ । ਨਿਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਸਮਝ ਕਿਸੇ ਨਾ ਆਈਆ । ਨਾ ਕੋਈ ਜਨਨੀ ਦੇਵੇ ਜਨਮ, ਮਾਤ ਪਿਤ ਨਾ ਕੋਇ ਬਣਾਈਆ । ਨਾ ਕੋਈ ਵਰਨ ਗੋਤ ਜਾਤ ਪਾਤ ਧਰਮ, ਇਸ਼ਟ ਦੇਵ ਨਾ ਕੋਇ ਮਨਾਈਆ । ਨਾ ਕੋਈ ਠਾਕਰ ਸਵਾਮੀ ਬਖ਼ਸ਼ੇ ਸ਼ਰਨ, ਸੀਸ ਜਗਦੀਸ ਨਾ ਕੋਇ ਝੁਕਾਈਆ । ਨਾ ਕੋਈ ਨੇਤਰ ਹਰਨ ਫਰਨ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਨਾ ਕੋਈ ਮੰਜ਼ਲ ਪੌੜੀ ਚੜ੍ਹਨ, ਮਹਲ ਅਟੱਲ ਨਾ ਕੋਇ ਵਡਿਆਈਆ । ਨਾ ਕੋਈ ਅੱਖਰ ਵਿਦਿਆ ਪੜ੍ਹਨ, ਨਾ ਕੋਈ ਹਰੂਫ਼ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਭਗਵਾਨ, ਸੋ ਸਾਹਿਬ ਸਤਿਗੁਰ ਇਕ ਅਖਵਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਦਾਤਾ ਦਾਨੀ ਦੇਵਣਹਾਰਾ ਦਾਨ, ਦਇਆਵਾਨ ਆਪ ਹੋ ਜਾਇੰਦਾ । ਜੋਧਾ ਸੂਰਬੀਰ ਬਲਵਾਨ, ਸੁਤ ਦੁਲਾਰਾ ਇਕ ਉਠਾਇੰਦਾ । ਹੁਕਮੇ ਅੰਦਰ ਦੇ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਇੰਦਾ । ਤੇਰਾ ਮੇਰਾ ਰੂਪ ਮਹਾਨ, ਨੂਰੋ ਨੂਰ ਨੂਰ ਦਰਸਾਇੰਦਾ । ਸਾਚੀ ਇਛਿਆ ਕਰ ਪਰਵਾਨ, ਭਿਛਿਆ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਇੰਦਾ । ਕਰਨੀ ਕਰਤਾ ਕਰੇ ਕਰਨੇ ਯੋਗ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਸਚ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਬਖ਼ਸ਼ੇ ਸਾਚੀ ਓਟ, ਰਾਮ ਰਹੀਮ ਇਕ ਸਰਨਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ


੧੧੪੨ ੧੯

ਕਰੇ ਰੁਸ਼ਨਾਈਆ । ਵਸਾਵਣਹਾਰਾ ਸਾਚਾ ਕੋਟ, ਬੰਕ ਦਵਾਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰਵਾਨ ਆਪਣਾ ਪੜਦਾ ਆਪ ਉਠਾਈਆ । ਜੋਤੀ ਧਾਰ ਪਰਗਟੇ ਸ਼ਬਦ, ਹਰਿ ਕਰਨੀ ਕਾਰ ਕਮਾਇੰਦਾ । ਜਿਸ ਦਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਜਾਤ ਪਾਤ ਨਾ ਕੋਇ ਰਖਾਇੰਦਾ । ਨਾ ਕੋਈ ਹੱਥ ਪੈਰ ਨਾ ਚੁੱਕੇ ਕਦਮ, ਪਾਂਧੀ ਬਣ ਨਾ ਪੰਧ ਮੁਕਾਇੰਦਾ । ਨਾ ਕੋਈ ਸਜਦਾ ਬੰਦਨਾ ਕਰੇ ਅਦਬ, ਠਾਕਰ ਰੂਪ ਨਾ ਕੋਇ ਵਖਾਇੰਦਾ । ਨਾ ਕੋਈ ਤਤ ਪਰਕਿਰਤੀ ਨਾ ਕੋਈ ਬਦਨ, ਮਾਇਆ ਵੇਸ ਨਾ ਕੋਇ ਵਟਾਇੰਦਾ । ਨਾ ਕੋਈ ਮਾਰਗ ਨਾ ਕੋਈ ਮੰਜ਼ਲ, ਰਹਿਬਰ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਇੰਦਾ । ਸਾਚੀ ਖੇਲ ਸ਼ਬਦੀ ਸੁਤ, ਹਰਿ ਕਰਤਾ ਆਪ ਜਣਾਈਆ । ਹੁਕਮ ਦੇਵੇ ਅਬਿਨਾਸ਼ੀ ਅਚੁਤ, ਧੁਰ ਦਾ ਲੇਖਾ ਇਕ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਮੌਲੇ ਤੇਰੀ ਰੁੱਤ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵ ਕਮਾਈਆ । ਤੇਰੀ ਧਾਰੋਂ ਤ੍ਰੈਗੁਣ ਮਾਇਆ ਪਏ ਉਠ, ਰਜੋ ਤਮੋ ਸਤੋ ਘਾੜਤ ਲੈਣਾ ਘੜਾਈਆ । ਘਾੜਤ ਵਿਚੋਂ ਮੇਲ ਮਿਲਣਾ ਕਿਤ, ਅਨੁਭਵ ਆਪਣੀ ਕਾਰ ਕਮਾਈਆ । ਅਨੁਭਵ ਵਿਚੋਂ ਪੰਜ ਤਤ ਸੁਹੌਣ ਸਾਚੀ ਰੁੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਸਭਨਾ ਮੇਲ ਕਰਨਾ ਸਚ ਸੁੱਚ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੰਜ ਤਤ ਹੋਏ ਮਿਲਾਪ, ਨਿਰਗੁਣ ਨਿਰਵੈਰ ਦਏ ਵਡਿਆਈਆ । ਪੰਜ ਪੰਝੀ ਖੇਲ ਤਮਾਸ਼, ਪਰਕਿਰਤੀ ਆਪਣਾ ਰੰਗ ਵਖਾਈਆ । ਲੇਖਾ ਜਾਣੇ ਪੁਰਖ ਅਕਾਲ, ਦੂਜਾ ਸਮਝ ਸਕੇ ਨਾ ਰਾਈਆ ।



ਜਿਸ ਘਾੜਤ ਘੜੀ ਕਮਾਲ, ਠਠਿਆਰ ਬਣ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਪਾਰਬ੍ਰਹਮ, ਬ੍ਰਹਮ ਵੇਤਾ ਆਪ ਜਣਾਇੰਦਾ । ਬ੍ਰਹਮੇ ਤੇਰਾ ਧੁਰ ਦਾ ਕੰਮ, ਪਰਕਿਰਤੀ ਵਿਚ ਰਖਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਬੇੜਾ ਬੰਨ੍ਹ, ਸਾਚਾ ਖੇੜਾ ਇਕ ਵਸਾਇੰਦਾ । ਸ਼ੰਕਰ ਧੂਅੰਧਾਰ ਦੇਣਾ ਡੰਨ, ਡੰਕਾ ਤੇਰੇ ਹੱਥ ਫੜਾਇੰਦਾ । ਵਿਸ਼ਨ ਵਿਸ਼ਵ ਵੇਖਣਾ ਮਾਰ ਧਿਆਨ, ਨਵ ਨੌ ਚਾਰ ਤੇਰਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਅਛਲ ਅਛੇਦਾ ਸਚ ਸਵਾਮੀ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕੀਤੇ ਖ਼ਬਰਦਾਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸਚ ਭੰਡਾਰਾ ਦੇਵਣਹਾਰ, ਦਾਤਾਰ ਦਇਆ ਕਮਾਈਆ । ਬ੍ਰਹਮ ਵੇਤਾ ਹੋਇਆ ਖ਼ਬਰਦਾਰ, ਨੇਤਰ ਨੈਣ ਅੱਖ ਖੁਲ੍ਹਾਈਆ । ਸ਼ੰਕਰ ਚਰਨ ਕਵਲ ਕਰੇ ਨਮਸਕਾਰ, ਦੋਏ ਦੋਏ ਜੋੜ ਲਾਗੇ ਪਾਈਆਂ । ਤ੍ਰੈਗੁਣ ਮਾਇਆ ਜਾਏ ਬਲਹਾਰ, ਬਲਹਾਰੀ ਬਲਹਾਰ ਪ੍ਰਭ ਤੇਰੀ ਵਡ ਵਡਿਆਈਆ । ਪੰਜ ਤਤ ਵੇਖਣ ਅਖਾੜ, ਸੋਹਣਾ ਬੰਕ ਸੁਹਾਈਆ । ਪਰਕਿਰਤੀ ਚਲੇ ਨਾਲ ਨਾਲ, ਦ੍ਰਿਸ਼ਟੀ ਪ੍ਰਭੂ ਨੇ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਤ੍ਰੈ ਪੰਜ ਦਾ ਰਚ ਅਖਾੜਾ, ਸਾਚਾ ਵੇਸ ਵੇਖ ਵਖਾਇੰਦਾ । ਤਤਵ ਤਤ ਦੇ ਆਧਾਰਾ, ਮਾਟੀ ਬੁੱਤ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਛੁਪਾਇੰਦਾ । ਪੰਜ ਤਤ ਮਾਟੀ ਕਾਇਆ ਕਰ ਤਿਆਰ,

ਤਤਵ ਤਤ ਦਏ ਵਡਿਆਈਆ । ਪਰਕਿਰਤੀ ਅੰਦਰ ਬਾਹਰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸਰਨਾਈਆ । ਤੇਰਾ ਰੂਪ ਅਗੰਮ ਅਥਾਹ ਪਰਵਰਦਿਗਾਰ, ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਤੁਧ ਬਿਨ ਦਿਸੇ ਨਾ ਕੋਈ ਮੀਤ ਮੁਰਾਰ, ਸੱਜਣ ਸੈਣ ਨਾ ਕੋਇ ਅਖਵਾਈਆ । ਕਿਰਪਾ ਕਰ ਹਰਿ ਨਿਰੰਕਾਰ, ਨਿਰਵੈਰ ਹੋ ਸਹਾਈਆ । ਦੋਏ ਜੋੜ ਕਰਾਂ ਨਮਸਕਾਰ, ਨਮੋ ਨਮੋ ਆਪਣਾ ਸੀਸ ਨਿਵਾਈਆ । ਤੇਰਾ ਘਰ ਠਾਂਡਾ ਦਰਬਾਰ, ਸਚਖੰਡ ਨਿਵਾਸੀ ਤੇਰੀ ਸਰਨ ਸਰਨਗਤ ਇਕੋ ਮੋਹੇ ਭਾਈਆ । ਤੂੰ ਵਿਸ਼ਨ ਬ੍ਰਹਮਾ ਸ਼ਿਵ ਕੀਤੇ ਤਿਆਰ, ਤ੍ਰੈਗੁਣ ਮਾਇਆ ਪੰਜ ਤਤ ਬਣਾਇਆ ਮੀਤ ਮੁਰਾਰ, ਮੇਰਾ ਨਾਤਾ ਪਰਕਿਰਤੀ ਵਿਚੋਂ ਦ੍ਰਿਸ਼ਟੀ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਇਕ ਅਲੱਖ, ਉਚੀ ਕੂਕ ਕੂਕ ਸੁਣਾਈਆ । ਸ੍ਰੀ ਭਗਵਾਨ ਹੋ ਪਰਤੱਖ, ਪਾਰਬ੍ਰਹਮ ਤੇਰੀ ਵਡਿਆਈਆ । ਮੇਰਾ ਦੇਦੇ ਮੈਨੂੰ ਹੱਕ, ਖ਼ਾਲੀ ਝੋਲੀ ਰਹੀ ਵਖਾਈਆ । ਮਿਹਰਵਾਨ ਹੋ ਪੁਰਖ ਸਮਰਥ, ਦੀਨ ਦਿਆਲ ਦਇਆ ਕਮਾਈਆ । ਆਪਣਾ ਨਾਉਂ ਪਰਮਾਤਮ ਦੱਸ, ਪਰਮ ਪੁਰਖ ਸਮਝਾਈਆ । ਘਟ ਘਟ ਨਿਰਗੁਣ ਜੋਤ ਕਰਾਂ ਪਰਕਾਸ਼, ਆਦਿ ਨਿਰੰਜਣ ਹੋ ਕੇ ਜੋਤ ਨਿਰੰਜਣ ਰੂਪ ਵਟਾਈਆ । ਸਾਚੀ ਵਸਤ ਦੇਵਾਂ ਖ਼ਾਸ਼, ਖ਼ਾਹਸ਼ ਆਪਣੀ ਨਾਲ ਮਿਲਾਈਆ । ਜੋ ਆਦਿ ਜੁਗਾਦਿ ਨਾ ਹੋਏ ਵਿਨਾਸ਼, ਵਿਨਾਸ਼ੀ ਰੂਪ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਹਰਿ ਭਗਵੰਤ, ਕਰਨੀ ਆਪ ਕਮਾਇੰਦਾ । ਘਰ ਮੇਲਾ ਨਾਰ ਕੰਤ, ਸੇਜ ਸੁਹੰਜਣੀ ਆਪ ਹੰਡਾਇੰਦਾ । ਕਾਇਆ ਚੋਲੀ ਬਾਹਰੋਂ ਵੇਖ ਬਸੰਤ, ਰੰਗ ਅਗੰਮੜੇ ਆਪ ਰੰਗਾਇੰਦਾ । ਅੰਤਰ ਬਖ਼ਸ਼ ਜੀਵ ਆਤਮਾ ਜੰਤ, ਪਰਮਾਤਮਾ ਆਪਣਾ ਨੂਰ ਟਿਕਾਇੰਦਾ । ਜਿਸ ਨੂੰ ਕੋਟਨ ਕੋਟਾਂ ਵਿਚੋਂ ਜਾਣੇ ਵਿਰਲਾ ਸੰਤ, ਸਾਖਿਆਤ ਜਿਸ ਨੂੰ ਆਪ ਦਰਸਾਇੰਦਾ । ਬਾਕੀ ਭਰਮੇ ਭੁੱਲੀ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਜਿਸ ਨੇ ਰਚਨਾ ਰਚੀ ਆਦਿ ਸੋ ਵੇਖਣਹਾਰਾ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਤਿਸ ਦੀ ਮਹਿਮਾ ਸਦਾ ਬੇਅੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਹਿ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚਾ ਖੇਲ ਪੰਜ ਤਤ ਕਾਇਆ ਚੋਲਾ, ਸੋ ਸਾਹਿਬ ਆਪ ਕਰਾਈਆ । ਪਰਮਾਤਮ ਆਤਮ ਅੰਦਰ ਰੱਖੇ ਉਹਲਾ, ਪਰਦਾ ਸੋਹਣਾ ਇਕ ਬਣਾਈਆ । ਮਨ ਵਾਸਨਾ ਜਗਤ ਪਾਵੇ ਰੌਲਾ, ਬੁੱਧੀ ਖੋਜ ਖੋਜ ਬਿਗਸਾਈਆ । ਜਿੰਨਾ ਚਿਰ ਸ਼ਬਦ ਗੁਰੂ ਨਾ ਮਿਲੇ ਵਿਚੋਲਾ, ਪੜਦਾ ਸਕੇ ਨਾ ਕੋਇ ਉਠਾਈਆ । ਪਰਕਿਰਤੀ ਅੰਦਰ ਪਾਰਬ੍ਰਹਮ ਬ੍ਰਹਮ ਹੋ ਕੇ ਮੌਲਾ, ਮੌਲਾ ਆਪਣੀ ਕਾਰ ਕਮਾਈਆ । ਸਚ ਦਵਾਰਾ ਜਿਸ ਨੇ ਖੋਲ੍ਹਾ, ਤਨ ਮਾਟੀ ਖ਼ੁਸ਼ੀ ਵਖਾਈਆ । ਸਚ ਸੰਦੇਸ਼ਾ ਗਾਇਆ ਢੋਲਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮਾਤਮ ਆਤਮ ਆਪਣਾ ਰੂਪ ਦਰਸਾਈਆ । ਪਰਮਾਤਮ ਕਹੇ ਆਤਮ ਸੱਚ, ਹਰਿ ਸਚ ਦਿਤੀ ਵਡਿਆਈਆ । ਕਾਇਆ ਮਾਟੀ ਭਾਂਡਾ ਕੱਚ, ਪਰਕਿਰਤੀ ਸੇਵ ਕਮਾਈਆ । ਮਨ ਮਨੂਆ ਅੰਦਰ ਰਿਹਾ ਨੱਚ, ਨੌਂ ਦਵਾਰ ਭੱਜੇ ਵਾਹੋ ਦਾਹੀਆ । ਬੁਧੀ ਜਗਤ ਵਿਹਾਰਾ ਰਹੀ ਦੱਸ, ਉਚੀ ਕੂਕ ਕੂਕ ਸੁਣਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਅੰਤਰ ਆਤਮ ਲਏ ਰਸ, ਨਿਝਰ ਝਿਰਨਾ ਇਕ ਝਿਰਾਈਆ ।

੧੧੪੪
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਈਆ । ਪਰਕਿਰਤੀ ਤਤ ਬਣਾਇਆ ਮੰਦਰ, ਸੋਹਣੀ ਬਣਤ ਬਣਾਈਆ । ਆਤਮ ਰੱਖੀ ਪ੍ਰਭ ਓਸੇ ਅੰਦਰ, ਘਰ ਘਰ ਵਿਚ ਡੇਰਾ ਦਿਤਾ ਲਗਾਈਆ । ਤ੍ਰੈਧਾਤੀ ਲਾਇਆ ਜੰਦਰ, ਨਾ ਸਕੇ ਕੋਇ ਤੁੜਾਈਆ । ਮਨ ਵਾਸਨਾ ਕੋਈ ਨਾ ਸਮਝੇ ਡੂੰਘੀ ਕੰਦਰ, ਸਾਚੀ ਖੋਜ ਨਾ ਕੋਇ ਖੁਜਾਈਆ । ਗੁਰਮੁਖ ਵਿਰਲਾ ਪ੍ਰਭ ਕਿਰਪਾ ਅੰਦਰ ਲੰਘਣ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਅਨਹਦ ਨਾਦ ਸੁਣੇ ਮਰਦੰਗਨ, ਸ਼ਬਦੀ ਰਾਗ ਅਲਾਈਆ । ਘਰ ਸਵਾਮੀ ਆਤਮ ਪਰਮਾਤਮ ਨਜ਼ਰੀ ਆਏ ਸੱਜਣ, ਬੈਠਾ ਡੇਰਾ ਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸਤਿ ਸਰੂਪ ਹੋਇਆ ਮਗਨ, ਏਕਾ ਏਕ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਅੰਤਰ ਆਪਣਾ ਰੰਗ ਵਖਾਈਆ । ਅੰਤਰ ਆਤਮ ਰੱਖੀ ਏਕ, ਏਕੰਕਾਰ ਬਣਤ ਬਣਾਈਆ । ਜਿਸ ਆਤਮ ਪਿਛੇ ਤਤ ਪਰਕਿਰਤੀ ਧਾਰਨ ਭੇਖ, ਬਿਨ ਆਤਮ ਪਰਕਿਰਤੀ ਕੰਮ ਕਿਸੇ ਨਾ ਆਈਆ । ਕਾਇਆ ਮਾਟੀ ਜਗਤ ਜਹਾਨ ਖੇਡ, ਲੱਖ ਚੁਰਾਸੀ ਵਣਜ ਕਰਾਈਆ । ਜਿਨ੍ਹਾਂ ਬਖ਼ਸ਼ੇ ਆਪਣਾ ਤੇਜ, ਜਲਵਾ ਨੂਰ ਕਰੇ ਰੁਸ਼ਨਾਈਆ । ਸੋ ਭਗਤ ਭਗਵਾਨ ਦੀ ਅੰਤਰ ਆਤਮ ਮਾਨਣ ਸੇਜ, ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦੋਹਾਂ ਮਿਲ ਕੇ ਖੇਲ ਖਿਲਾਈਆ । ਆਤਮ ਕਹੇ ਮੇਰਾ ਪਰਕਿਰਤੀ ਨਾਤਾ, ਧੁਰ ਸੰਜੋਗੀ ਮੇਲ ਮਿਲਾਈਆ । ਪਰਕਿਰਤੀ ਕਹੇ ਮੈਂ ਆਤਮ ਬਣ ਕੇ ਰਾਖਾ, ਸੋਹਣੀ ਸੇਵ ਕਮਾਈਆ । ਦੋਹਾਂ ਦਾ ਦਾਤਾ ਪੁਰਖ ਸਮਰਾਥਾ, ਦੀਨ ਦਿਆਲ ਇਕ ਅਖਵਾਈਆ । ਉਸ ਦਾ ਖੇਲ ਕਿਸੇ ਨਾ ਜਾਤਾ, ਬੁਧੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਆਤਮ ਕਹੇ ਮੈਂ ਪਰਕਿਰਤੀ ਸਾਥ, ਸੋਹਣਾ ਸੰਗ ਨਿਭਾਈਆ । ਪਰਕਿਰਤੀ ਕਹੇ ਮੈਂ ਹੋ ਕੇ ਦਾਸ, ਦਾਸੀ ਰੂਪ ਵਟਾਈਆ । ਪੰਜ ਤਤ ਕਹਿਣ ਵਾਹਵਾ ਸ਼ਾਬਾਸ਼, ਸੋਹਣੀ ਬਣਤ ਬਣਾਈਆ । ਤ੍ਰੈਗੁਣ ਕਹੇ ਮੈਂ ਰਹੀ ਭਾਜ, ਦੂਰ ਦੁਰਾਡਾ ਪੰਧ ਮੁਕਾਈਆ । ਸਭਨਾਂ ਮਿਲ ਕੇ ਤਤ ਸਰੀਰ ਬਣਿਆ ਜਹਾਜ਼, ਬੇੜਾ ਪ੍ਰਭ ਜੀ ਆਪਣੇ ਹੱਥ ਰਖਾਈਆ । ਜਿਸ ਦੇ ਅੰਦਰ ਨਾ ਕੋਈ ਰਸਮ ਨਾ ਰਵਾਜ, ਸਮਾਜ ਸਮਝ ਕੋਇ ਨਾ ਪਾਈਆ । ਜੇ ਕੋਈ ਅੰਦਰ ਵੜ ਕੇ ਵੇਖੇ ਸਤਿ ਸਰੂਪ ਪਰਕਾਸ਼, ਵਿਕਾਸ਼ ਇਕੋ ਇਕ ਵਖਾਈਆ । ਲੇਖਾ ਚੁੱਕੇ ਧਰਨੀ ਧਰਤ ਧਵਲ ਆਕਾਸ਼, ਬ੍ਰਹਿਮੰਡ ਬ੍ਰਹਿਮਾਂਡ ਅਨਾਦ ਇਕੋ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਆਤਮ ਪਰਮਾਤਮ ਪਰਕਿਰਤੀ ਵੇਖਣ ਵਿਚ ਅਲੱਗ, ਕਰਨੀ ਵਿਚ ਕੱਠੇ ਰੂਪ ਵਟਾਈਆ । ਇਕ ਦੂਜੇ ਨਾਲ ਗਏ ਬੱਝ, ਧੁਰ ਦੀ ਸੋਹਣੀ ਡੋਰੀ ਤੰਦ ਬੰਧਾਈਆ । ਜਿੰਨੀ ਸਮਝ ਓਨਾ ਕੋਈ ਦਏ ਦੱਸ, ਅਗਲੀ ਕਹਾਣੀ ਨਾ ਕੋਇ ਦ੍ਰਿੜਾਈਆ । ਓਥੇ ਬੁਧੀ ਹੋਵੇ ਬਸ, ਬੇਵਸ ਹੋ ਕੇ ਮਤ ਮਤਵਾਲੀ ਰਹੀ ਕੁਰਲਾਈਆ । ਜਿਨ੍ਹਾਂ ਮਿਲ ਗਈ ਪਿਛਲੀ ਵੇਖਣ ਵਾਲੀ ਅੱਖ, ਉਹ ਆਖਰ ਮੰਜ਼ਲ ਚੜ੍ਹ ਕੇ ਦੇਣ ਸਮਝਾਈਆ । ਆਤਮ ਦਾ ਆਪਣੇ ਥਾਂ ਹੱਕ, ਪਰਕਿਰਤੀ ਆਪਣੇ ਥਾਂ ਰਹੀ ਵਸ, ਤਤ ਆਪਣੇ ਥਾਂ ਰਹੇ ਭੱਜ, ਮਾਇਆ ਆਪਣੇ ਥਾਂ ਰਹੀ ਸਜ, ਸਾਜਣ ਸਭ ਦਾ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦੇ ਪੜਦੇ ਰਿਹਾ ਕੱਜ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਖ਼ੁਦਾਈਆ । ਤਿਸ ਨੂੰ ਕਹਿੰਦੇ ਪੁਰਖ


੧੧੪੫
੧੯

ਸਮਰਥ, ਬੇਅੰਤ ਬੇਪਰਵਾਹ ਅਥਾਹ ਰੂਪ ਵਟਾਈਆ । ਆਤਮ ਪਰਕਿਰਤੀ ਸਭ ਪ੍ਰਭ ਦੇ ਹਿੱਸੇ ਓਸੇ ਦੀ ਆਸ, ਰਾਸ ਮੰਡਲ ਜਗਤ ਜੀਵ ਜਹਾਨ ਰਹੇ ਵਖਾਈਆ । ਬਿਨ ਆਤਮ ਅੰਤਰ ਨਾ ਹੋਏ ਪਰਕਾਸ਼, ਪਵਣ ਚਲੇ ਨਾ ਕੋਇ ਸਵਾਸ, ਤਤਵ ਕੰਮ ਨਾ ਕਰਨ ਬਣ ਕੇ ਦਾਸੀ ਦਾਸ, ਮਨ ਮਤ ਬੁਧ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋਹਾਂ ਵਿਚੋਲਾ ਬੇਪਰਵਾਹੀਆ ।

★ ੧੭ ਜੇਠ ੨੦੨੧ ਬਿਕ੍ਰਮੀ ਗੁਰਦਿਤ ਸਿੰਘ ਛੰਬ ਸ਼ੇਖ਼ਸਰ ਜ਼ਿਲਾ ਜੰਮੂ ★

ਵੇਖ ਖੇਲ ਅਗੰਮੀ ਹਰਿ ਦਾ, ਹਾਰ ਮੰਨੇ ਜਗਤ ਲੋਕਾਈਆ । ਲੇਖ ਵੇਖ ਅਗੰਮੀ ਘਰ ਦਾ, ਘਰ ਘਰ ਬੈਠੇ ਜਗਤ ਭੁਲਾਈਆ । ਭੇਵ ਵੇਖ ਅਗੰਮੀ ਨਰ ਦਾ, ਨਰ ਨਾਰੀ ਨੈਣ ਨਾ ਕੋਇ ਉਠਾਈਆ । ਘਾੜਤ ਵੇਖ ਅਗੰਮੀ ਘੜਦਾ, ਜਗਤ ਬਾਢੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਵੇਖ ਖੇਲ ਅਗੰਮੀ ਰੱਬ ਦਾ, ਰਹਿਬਰ ਬੈਠੇ ਮੁਖ ਭਵਾਈਆ । ਉਹ ਲੇਖਾ ਜਾਣੇ ਸਭ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਆਪੇ ਲੱਭਦਾ, ਨਿਰਗੁਣ ਸਰਗੁਣ ਖੋਜ ਖੁਜਾਈਆ । ਲੇਖਾ ਜਾਣੇ ਦੋ ਜਹਾਨਾਂ ਹੱਦ ਦਾ, ਆਰ ਪਾਰ ਕਿਨਾਰਾ ਵੇਖੇ ਚਾਈਂ ਚਾਈਂਆ । ਸਚ ਨਿਸ਼ਾਨਾ ਸਤਿ ਦਵਾਰੇ ਆਪੇ ਗੱਡਦਾ, ਚਾਰ
੧੧੪੯ ਕੁੰਟ ਦਹਿ ਦਿਸ਼ਾ ਆਪ ਝੁਲਾਈਆ । ਲੇਖਾ ਜਾਣੇ ਨਾੜੀ ਮਾਸ ਹੱਡ ਦਾ, ਲੱਖ ਚੁਰਾਸੀ ਖੋਜ ਖੁਜਾਈਆ । ਨਸ਼ਾ ਜਾਣੇ ਪਰੇਮ ਪਿਆਰ ਮਦਿ ੧੧੪੯
੧੯ ਦਾ, ਪੀਆ ਪ੍ਰੀਤਮ ਬੇਪਰਵਾਹੀਆ । ਨਾਦ ਧੁਨ ਵੇਖੇ ਵੱਜਦਾ, ਬਿਨ ਤੰਦੀ ਤੰਦ ਸਤਾਰ ਹਿਲਾਈਆ । ਸਚ ਪਰਕਾਸ਼ ਦੀਪਕ ਵੇਖੇ ਜਗਦਾ, ਕਵਣ ੧੯
ਦਵਾਰੇ ਹੋਏ ਰੁਸ਼ਨਾਈਆ । ਸਾਹਿਬ ਸਤਿਗੁਰ ਸਰਨ ਕਵਣ ਲੱਗਦਾ, ਪੁਰਖ ਅਕਾਲ ਕਵਣ ਮਨਾਈਆ । ਚਰਨ ਕਵਲ ਨਿਮਾਣਾ ਹੋ ਕੌਣ ਢੱਠਦਾ, ਅਭਿਮਾਨ ਮੋਹ ਮਿਟਾਈਆ । ਸਾਚਾ ਨਾਮ ਆਤਮ ਪਰਮਾਤਮ ਕਵਣ ਰਟਦਾ, ਸੋਹੰ ਢੋਲਾ ਸੱਚਾ ਗਾਈਆ । ਪੜਦਾ ਲਾਹੇ ਚੌਦਾਂ ਲੋਕ ਚੌਦਾਂ ਤਬਕ ਸਾਚੇ ਹੱਟ ਦਾ, ਲੇਖਾ ਜਾਣੇ ਥਾਉਂ ਥਾਈਂਆ । ਮਾਰਗ ਵੇਖੇ ਸਤਿ ਸਤਿਵਾਦੀ ਰਥ ਦਾ, ਰਥਵਾਹੀ ਬਣ ਕੇ ਫੇਰਾ ਪਾਈਆ । ਮੇਲ ਮਿਲਾਪ ਵੇਖੇ ਤੀਜੀ ਅੱਖ ਦਾ, ਕਵਣ ਇਸ਼ਾਰੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਦ੍ਰਿੜਾਈਆ । ਵੇਖ ਖੇਲ ਅਗੰਮੀ ਨੂਰ, ਜਗਤ ਨੂਰ ਰਹੇ ਸ਼ਰਮਾਈਆ । ਨੇਤਰ ਰੋ ਪਿਆ ਮਨਸੂਰ, ਨੈਣਾਂ ਨੀਰ ਵਹਾਈਆ । ਮੂਸਾ ਧਾਹ ਮਾਰ ਕੋਹਤੂਰ, ਉਚੀ ਕੂਕ ਕੂਕ ਸੁਣਾਈਆ । ਈਸਾ ਹੋ ਕੇ ਕਹੇ ਮਜਬੂਰ, ਤੋਬਾ ਤੋਬਾ ਬੇਪਰਵਾਹੀਆ । ਮੁਹੰਮਦ ਕਹੇ ਪਰਵਰਦਿਗਾਰ ਬੇਕਸੂਰ, ਕਸਮ ਖਾ ਕੇ ਰਿਹਾ ਜਣਾਈਆ । ਜਿਸ ਦਾ ਸਚ ਸੱਚਾ ਜਹੂਰ, ਚਾਰ ਕੁੰਟ ਕਰੇ ਰੁਸ਼ਨਾਈਆ । ਜਿਸ ਦੇ ਮਸਵਰੇ ਨਾਲ ਮਸੀਰ ਹੋਏ ਮਸਹੂਰ, ਕੁਤਬ ਗ਼ੌਸ ਮਿਲੀ ਵਡਿਆਈਆ । ਤਿਸ ਦਾ ਸਭ ਤੋਂ ਵੱਡਾ ਸ਼ਊਰ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਚਾਰੋਂ ਕੁੰਟ ਹਾਜ਼ਰ ਹਜ਼ੂਰ, ਹਜ਼ਰਤ ਇਕੋ ਨਜ਼ਰੀ ਆਈਆ । ਮੈਂ ਦਰ ਬਰਦਾ ਬਣ ਮਜ਼ਦੂਰ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਕਰਨੀ ਆਪਣੇ ਹੱਥ ਰਖਾਈਆ । ਵੇਖ ਖੇਲ ਅਗੰਮੀ ਹਰਿ ਦਾ, ਚਾਰ ਕੁੰਟ ਲਏ ਅੰਗੜਾਈਆ । ਵਿਸ਼ਨ ਬ੍ਰਹਮਾ ਸ਼ਿਵ ਫਿਰੇ ਡਰਦਾ, ਸੀਸ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਮੰਤਰ ਫਿਰੇ ਪੜ੍ਹਦਾ, ਧੁਰ ਦਾ ਢੋਲਾ ਰਾਗ ਸੁਣਾਈਆ । ਸਤਿ ਸਤਿ ਸਤਿ ਦਿਸੇ ਕਰਦਾ, ਅਸਤਿ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਵਖਾਈਆ । ਵੇਖ ਖੇਲ ਹਰਿ ਜਗਤ, ਜੁਗ ਖ਼ੁਸ਼ੀ ਮਨਾਇੰਦਾ । ਮਿਲੇ ਵਡਿਆਈ ਧੁਰ ਦੇ ਭਗਤ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਵੈਰ ਹੋ ਕੇ ਵੇਖੇ ਪਰਤ, ਪਤਿਪਰਮੇਸ਼ਵਰ ਫੇਰਾ ਪਾਇੰਦਾ । ਅਗਲਾ ਪਿਛਲਾ ਕੱਢ ਫਰਕ, ਫ਼ੈਸਲਾ ਇਕੋ ਵਾਰ ਸੁਣਾਇੰਦਾ । ਜਨਮ ਕਰਮ ਦਾ ਮੇਟ ਹਰਖ਼, ਸੰਸਾ ਰੋਗ ਸੋਗ ਚੁਕਾਇੰਦਾ । ਬਿਨ ਕਸਵਟੀਉਂ ਲਿਆ ਪਰਖ, ਪਾਰਖੂ ਇਕੋ ਨਜ਼ਰੀ ਆਇੰਦਾ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਕਰ ਕੇ ਤਰਸ, ਰਹਿਮਤ ਆਪਣੀ ਨਾਲ ਰਖਾਇੰਦਾ । ਅੰਤਰ ਆਤਮ ਮੇਘ ਬਰਸ, ਜਗਤ ਅਗਨੀ ਤਤ ਬੁਝਾਇੰਦਾ । ਪੂਰਬ ਜਨਮ ਜੋ ਰਹੇ ਤੜਪ, ਕਰ ਕਿਰਪਾ ਘਰ ਸਾਚੇ ਮੇਲ ਮਿਲਾਇੰਦਾ । ਮਨ ਵਾਸਨਾ ਮਿਟੇ ਭਟਕ, ਸਾਂਤਕ ਸਤਿ ਸਤਿ ਕਰਾਇੰਦਾ । ਮੰਜ਼ਲ ਮੰਜ਼ਲ ਸੰਤ ਸੁਹੇਲਾ ਕੋਈ ਨਾ ਜਾਏ ਅਟਕ, ਮਾਰਗ ਇਕੋ ਇਕ ਵਖਾਇੰਦਾ । ਪੰਚ ਵਿਕਾਰ ਦੂਈ ਦਵੈਤੀ ਪਰੇ ਹਟਾਏ ਕਟਕ, ਖੰਡਾ ਖੜਗ ਨਾਮ ਖੜਕਾਇੰਦਾ । ਹਉਮੇ ਹੰਗਤਾ ਦੇਵੇ ਝਟਕ, ਛੁਰੀ ਜ਼ਬ੍ਹਾ ਹੱਥ ਉਠਾਇੰਦਾ । ਠਾਕਰ ਹੋ ਕੇ ਕਿਰਪਾਨਿਧਾਨ ਦੇਵੇ ਮਦਦ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਬਣਾਏ ਇਕ ਤੋਂ ਅਦਦ, ਅਦਲ ਅਦਾਲਤ ਇਕੋ ਇਕ ਵਖਾਇੰਦਾ । ਜਿਸ ਘਰ ਦਿਸੇ ਨਾ ਕੋਈ ਤਸ਼ਦਦ, ਦੂਜਾ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਦੀਨ ਨਾ ਕੋਈ ਮਜ੍ਹਬ, ਮਜ਼ਲੂਮ ਨਜ਼ਰ ਕੋਇ ਨਾ ਆਇੰਦਾ । ਸਭ ਦਾ ਦਾਤਾ ਸਰਬ ਦਾ ਗੁਰੂ ਇਕੋ ਸ਼ਬਦ, ਗੁਰਦੇਵ ਸਵਾਮੀ ਇਕ ਸਮਝਾਇੰਦਾ । ਜੁਗ ਚੌਕੜੀ ਪਿਛੋਂ ਪ੍ਰਭ ਇਹੋ ਕੀਤਾ ਗ਼ਜ਼ਬ, ਗਹਿਰ ਗੰਭੀਰ ਆਪਣਾ ਨਾਮ ਪਰਗਟਾਇੰਦਾ । ਨਾ ਰੂਪ ਨਾ ਰੇਖ ਨਾ ਤਤ ਨਾ ਮਰਦ, ਜੋਤੀ ਜਾਤਾ ਰੂਪ ਅਨੂਪ ਧਰਾਇੰਦਾ । ਦੀਨ ਹੋ ਕੇ ਦੁਖੀਆਂ ਵੰਡੇ ਦਰਦ, ਦਰਦ ਦੁਖ ਭੈ ਭੰਜਨ ਆਪਣੀ ਕਾਰ ਕਮਾਇੰਦਾ । ਕੂੜੀ ਕਿਰਿਆ ਰਿਹਾ ਵਰਜ, ਸਿਰ ਸਿਰ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸਚ ਉਠਾਇੰਦਾ । ਵੇਖ ਖੇਲ ਸ੍ਰੀ ਭਗਵੰਤ, ਘਰ ਸਾਚੇ ਵੱਜੇ ਵਧਾਈਆ । ਖ਼ੁਸ਼ੀ ਮਨਾਵਣ ਗੁਰਮੁਖ ਸੰਤ, ਢੋਲਾ ਰਾਗ ਅਲਾਈਆ । ਧੰਨ ਭਾਗ ਅਬਿਨਾਸ਼ੀ ਕਰਤਾ ਮਿਲੇ ਕੰਤ, ਨਾਰੀ ਸੋਹਣੀ ਸੇਜ ਹੰਢਾਈਆ । ਤਨ ਮਾਟੀ ਚਾੜ੍ਹੇ ਰੰਗ ਬਸੰਤ, ਦੋ ਜਹਾਨ ਉਤਰ ਕਦੇ ਨਾ ਜਾਈਆ । ਆਤਮ ਪਰਮਾਤਮ ਦੇਵੇ ਮੰਤ, ਧੁਰ ਦਾ ਢੋਲਾ ਇਕ ਸੁਣਾਈਆ । ਮਿਲੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਹਰਿ ਮੰਦਰ ਦਏ ਵਖਾਈਆ । ਜਿਥੇ ਨਾ ਕੋਈ ਮੁੱਲਾ ਸ਼ੇਖ਼ ਮਸਾਇਕ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਵੇਖ ਖੇਲ ਸਾਹਿਬ ਸਤਿਗੁਰ, ਗ੍ਰਿਹ ਗ੍ਰਿਹ ਵੱਜੇ ਵਧਾਈਆ । ਹਰਿਜਨ ਮੇਲ ਮਿਲਾਵਾ ਮੇਲਾ ਕਰੇ ਧੁਰ, ਧੁਰ ਮਸਤਕ ਵੇਖ ਵਖਾਈਆ । ਮੰਤਰ ਫੁਰਨਾ ਇਕੋ ਦੱਸੇ ਜੋ ਰਿਹਾ ਫੁਰ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਸਚ ਪ੍ਰੀਤ ਪੀਆ ਪ੍ਰੀਤਮ ਜਾਏ ਜੁੜ, ਜੋੜੀ ਆਤਮ ਪਰਮਾਤਮ ਆਪ ਬਣਾਈਆ । ਕਰ ਪਰਕਾਸ਼

ਅੰਧੇਰੇ ਘੋਰ, ਜੋਤੀ ਨੂਰ ਕਰੇ ਰੁਸ਼ਨਾਈਆ । ਪਕੜ ਪਛਾੜੇ ਪੰਜ ਚੋਰ, ਮਾਇਆ ਮਮਤਾ ਮੋਹ ਮਿਟਾਈਆ । ਕੂੜੀ ਕਿਰਿਆ ਨਾ ਪਾਵੇ ਸ਼ੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਈਆ । ਵੇਖ ਮੰਦਰ ਘਰ ਸਵਾਮੀ, ਹਰਿਜਨ ਸਾਚਾ ਖ਼ੁਸ਼ੀ ਮਨਾਇੰਦਾ । ਜਿਸ ਗ੍ਰਿਹਿ ਸ਼ਬਦ ਅਨਾਦੀ ਸੁਣੇ ਬਾਣੀ, ਬਾਣ ਨਿਰਾਲਾ ਤੀਰ ਚਲਾਇੰਦਾ । ਜਿਸ ਦਾ ਲੇਖਾ ਕੋਈ ਨਾ ਜਾਣੇ ਜਗਤ ਵਿਦਵਾਨੀ, ਵਿਦਿਆ ਅੰਦਰ ਹੱਥ ਕਿਸੇ ਨਾ ਆਇੰਦਾ । ਜਿਸ ਦਾ ਲੇਖ ਸ਼ਾਹੀ ਲਿਖੇ ਨਾ ਕੋਇ ਕਾਨੀ, ਕਾਤਬ ਕਲਮ ਨਾ ਕੋਇ ਚਲਾਇੰਦਾ । ਜਿਸ ਦਾ ਜਲਵਾ ਨੂਰ ਨੁਰਾਨੀ, ਤਤਵ ਤਤ ਨਾ ਕੋਇ ਵਖਾਇੰਦਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਕਹਾਣੀ, ਕਹਾਵਤ ਵਿਚ ਆਪਣਾ ਨਾਮ ਪਰਗਟਾਇੰਦਾ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਕਰੇ ਮਿਹਰਵਾਨੀ, ਮਿਹਰ ਨਜ਼ਰ ਨਰਾਇਣ ਇਕ ਉਠਾਇੰਦਾ । ਜਨ ਭਗਤਾਂ ਆਬੇ ਹਯਾਤ ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਨੀਰ ਸੀਰ ਗਹਿਰ ਗੰਭੀਰ ਮੁਖ ਚਵਾਇੰਦਾ । ਸਚ ਦਰਬਾਰ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਚਰਨ ਕਵਲ ਵਖਾਇੰਦਾ । ਮੰਜ਼ਲ ਮਕਸਦ ਰਹਿਬਰ ਰਾਹ ਦੱਸੇ ਆਸਾਨੀ, ਅਸਲ ਆਪਣਾ ਭੇਵ ਚੁਕਾਇੰਦਾ । ਬਿਨ ਕਰਬਲਿਉਂ ਮਨਜ਼ੂਰ ਕਰੇ ਕੁਰਬਾਨੀ, ਬਿਨ ਛੁਰੀਉਂ ਜ਼ਬ੍ਹਾ ਆਪਣੇ ਲੇਖੇ ਲਾਇੰਦਾ । ਬਿਨ ਮਰਨ ਤੋਂ ਲਹਿਣਾ ਦੇਣਾ ਚੁਕਾਏ ਫ਼ਾਨੀ, ਫ਼ੈਸਲਾ ਆਪਣੇ ਹੱਥ ਵਖਾਇੰਦਾ । ਬਿਨ ਕਤਲਗਾਹ ਕਾਤਲ ਮਕਤੂਲ ਵੇਖੇ ਮਾਰ ਧਿਆਨੀ, ਨੇਤਰ ਨੈਣ ਅੱਖ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਦਰ ਸੁਹਾਇੰਦਾ । ਵੇਖ ਖੇਲ ਸਾਚੇ ਦਵਾਰ, ਦਰਗਾਹ ਵੱਜੀ ਵਧਾਈਆ । ਪਰਮ ਪੁਰਖ ਪ੍ਰਭ ਕਰੇ ਪਿਆਰ, ਪਤਿਪਰਮੇਸ਼ਵਰ ਹੋਏ ਸਹਾਈਆ । ਭਗਤ ਵਛਲ ਗਿਰਵਰ ਗਿਰਧਾਰ, ਨਰ ਨਰਾਇਣ ਨੈਣ ਖੁਲ੍ਹਾਈਆ । ਸੰਤ ਸੁਹੇਲੇ ਗੋਦ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਲੇਖਾ ਚੁੱਕੇ ਓਥੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਸਚ ਧਰਮ ਦੀ ਸੱਚੀ ਧਰਮਸਾਲ, ਸਤਿ ਸਤਿਵਾਦੀ ਦਏ ਵਖਾਈਆ । ਸ਼ਬਦੀ ਦੀਪਕ ਇਕੋ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਲ ਵਰਤਾਈਆ । ਸਚ ਮੁਹੱਬਤ ਪਿਆਰ ਪ੍ਰੀਤੀ ਅੰਦਰ ਪਰਮ ਪੁਰਖ ਕਰ ਪਰਵਾਨ, ਪਰੇਮੀ ਆਪਣੇ ਘਰ ਵਸਾਈਆ । ਸਾਚੇ ਦਰ ਸਾਚੇ ਗ੍ਰਿਹਿ ਸਾਚੇ ਮੰਦਰ ਸਾਚਾ ਢੋਲਾ ਗਾਣ, ਗਾਵਤ ਗੀਤ ਗੋਬਿੰਦ ਅਲਾਈਆ । ਇਕ ਦੂਜੇ ਦੀ ਕਰਨ ਪਹਿਚਾਨ, ਬੇਪਹਿਚਾਨ ਆਪਣਾ ਪੜਦਾ ਦਏ ਉਠਾਈਆ । ਜਿਧਰ ਵੇਖਣ ਨਿਰਗੁਣ ਨੂਰ ਜੋਤ ਸਰੂਪ ਸਤਿ ਸਵਾਮੀ ਨਜ਼ਰੀ ਆਏ ਸ੍ਰੀ ਭਗਵਾਨ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠਾ ਡੇਰਾ ਲਾਈਆ । ਭਗਤ ਵਛਲ ਦਇਆਨਿਧ ਠਾਕਰ ਸਵਾਮੀ ਦੇਵੇ ਇਕ ਫ਼ਰਮਾਣ, ਧੁਰ ਸੰਦੇਸਾ ਅਗੰਮ ਅਥਾਹ ਸੁਣਾਈਆ । ਸਾਚਾ ਮਹਲ ਅਟੱਲ ਉਚ ਮਕਾਨ, ਜਨ ਭਗਤੋ ਤੁਹਾਡਾ ਹਿੱਸਾ ਦਿਤਾ ਬਣਾਈਆ । ਖ਼ੁਸ਼ੀਆਂ ਨਾਲ ਵਸਣਾ ਗੀਤ ਗਾਉਣਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਦਾਨ ਧੁਰ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੇ ਨਾਲ ਰੱਖੇ ਆਪਣਾ ਈਮਾਨ, ਆਪਣੇ ਈਮਾਨ ਨਾਲ ਤੁਹਾਡਾ ਧਰਮ ਦਏ ਬਣਾਈਆ ।

★ ੧੭ ਜੇਠ ੨੦੨੧ ਬਿਕ੍ਰਮੀ ਗੂੜ੍ਹਾ ਰਾਮ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਕਿਰਪਾ ਕਰੇ ਪ੍ਰਭ ਸਤਿਗੁਰ ਪੂਰਾ, ਸਤਿ ਪੁਰਖ ਨਿਰੰਜਣ ਦਇਆ ਕਮਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਮੰਤਰ ਅੰਤਰ ਨਾਮ ਦ੍ਰਿੜਾਇੰਦਾ । ਕਾਇਆ ਚੋਲੀ ਰੰਗ ਅਗੰਮੜਾ ਚਾੜ੍ਹੇ ਗੂੜ੍ਹਾ, ਏਥੇ ਓਥੇ ਉਤਰ ਕਦੇ ਨਾ ਜਾਇੰਦਾ । ਸਗਲਾ ਸੰਗ ਬਣਾਏ ਬਣ ਕੇ ਸੂਰਾ, ਸੂਰਬੀਰ ਧੁਰ ਦਾ ਮੇਲ ਮਿਲਾਇੰਦਾ । ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਢਾਹੇ ਕੂੜਾ, ਸਚ ਸੁਚ ਇਕ ਵਖਾਇੰਦਾ । ਸ਼ਬਦ ਅਨਾਦੀ ਨਾਦ ਵਜਾਏ ਤੂਰਾ, ਤੁਰਤ ਆਪਣਾ ਹੁਕਮ ਸੁਣਾਇੰਦਾ । ਸਚ ਪਰਕਾਸ਼ ਬਖ਼ਸ਼ੇ ਨੂਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸਰਬ ਕਲਾ ਬਣ ਭਰਪੂਰਾ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜਨਮ ਹੋਣ ਨਾ ਦਏ ਅਧੂਰਾ, ਹਰਿ ਜੂ ਆਪਣੇ ਲੇਖੇ ਲਾਇੰਦਾ । ਸਤਿਗੁਰ ਪੂਰਾ ਸਦਾ ਸਹਾਇਕ, ਆਦਿ ਅੰਤ ਵਡਿਆਈਆ । ਸ਼ਬਦ ਅਗੰਮੀ ਦਏ ਹਦਾਇਤ, ਧੁਰ ਦੀ ਕਰੇ ਪੜ੍ਹਾਈਆ । ਨਾਮ ਨਿਧਾਨ ਬਖ਼ਸ਼ਸ਼ ਕਰੇ ਅਨਾਇਤ, ਰਹਿਮਤ ਝੋਲੀ ਪਾਈਆ । ਕੂੜੀ ਕਿਰਿਆ ਕੱਢੇ ਸ਼ਰਾਇਤ, ਸ਼ਰੀਅਤ ਸਾਚੀ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਦਾ ਹਮਾਇਤ, ਅਹਿਮੀਅਤ ਆਪਣੀ ਦਏ ਦ੍ਰਿੜਾਈਆ । ਸਤਿਗੁਰ ਪੂਰਾ ਸਦਾ ਸੁਹੇਲਾ, ਸੰਗੀ ਸਾਥੀ ਇਕ ਅਖਵਾਈਆ । ਜੁਗ ਚੌਕੜੀ ਫਿਰੇ ਇਕੇਲਾ, ਦੋ ਜਹਾਨਾਂ ਨਿਰਗੁਣ ਨਿਰਗੁਣ ਨਿਰਗੁਣ ਪੰਧ ਮੁਕਾਈਆ । ਆਪਣੇ ਹੱਥ ਰਖਾਏ ਵਾਰ ਥਿਤ ਵੇਲਾ, ਘੜੀ ਪਲ ਨਾ ਕਿਸੇ ਸਮਝਾਈਆ । ਜਨ ਭਗਤਾਂ ਬਣ ਕੇ ਸੱਜਣ ਸੁਹੇਲਾ, ਮੇਲ ਮਿਲਾਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸਤਿਗੁਰ ਪੂਰਾ ਪਾਰਬ੍ਰਹਮ, ਪਤਿਪਰਮੇਸ਼ਵਰ ਇਕ ਅਖਵਾਇੰਦਾ । ਜਨ ਭਗਤਾਂ ਵਖਾਏ ਆਪਣਾ ਧਰਮ, ਸਦ ਧਰਮੀ ਦਇਆ ਕਮਾਇੰਦਾ । ਚਰਨ ਪ੍ਰੀਤੀ ਬਖ਼ਸ਼ ਕੇ ਸਰਨ, ਸਰਨਗਤ ਇਕ ਦ੍ਰਿੜਾਇੰਦਾ । ਨੇਤਰ ਖੋਲ੍ਹ ਹਰਨ ਫਰਨ, ਹਿਰਦੇ ਆਪਣਾ ਰੂਪ ਵਸਾਇੰਦਾ । ਲਹਿਣਾ ਦੇਣਾ ਚੁਕਾ ਮਰਨ ਡਰਨ, ਭੈ ਭਿਆਨਕ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲਾ ਵੇਖ ਵਖਾਇੰਦਾ । ਸਤਿਗੁਰ ਪੂਰਾ ਏਕੰਕਾਰ, ਅਕਲ ਕਲਾ ਅਖਵਾਈਆ । ਜੁਗ ਜਨਮ ਦੇਵੇ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਜਾਣੇ ਮੂਰਖ ਮੁਗਧ ਗਵਾਰ, ਬੁਧਹੀਣ ਦਏ ਵਡਿਆਈਆ । ਸਾਚੀ ਸਿਖਿਆ ਸਿਖਾਏ ਅਪਰ ਅਪਾਰ, ਅਪਰੰਪਰ ਕਰੇ ਪੜ੍ਹਾਈਆ । ਮੀਤ ਪਿਆਰਾ ਬਣ ਕੇ ਸੱਜਣ ਯਾਰ, ਸੁਹੇਲਾ ਹੋ ਕੇ ਸਦਾ ਦਏ ਲਗਾਈਆ । ਉਠ ਗਾਵਤ ਗੀਤ ਗਾ ਇਕ ਮੁਰਾਰ, ਮੁਰਲੀ ਤਨ ਰਬਾਬ ਵਜਾਈਆ । ਮੇਰੇ ਅੰਦਰੋਂ ਨਿਕਲੇ ਸੱਚੀ ਧੁਨਕਾਰ, ਅਨਹਦ ਨਾਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦਏ ਵਡਿਆਈਆ । ਗੁਰਮੁਖ ਗਾ ਗੀਤ ਸੋਹਲਾ, ਹਰਿ ਸਤਿਗੁਰ ਆਪ ਸਮਝਾਇੰਦਾ । ਤੇਰਾ ਚੁੱਕੇ ਪਰਦਾ ਉਹਲਾ, ਮੁਖ ਨਕਾਬ ਨਾ ਕੋਇ ਟਿਕਾਇੰਦਾ । ਸਚ ਨਾਮ ਦਾ ਸੋਹਣਾ ਬੋਲਾ, ਅਨਬੋਲਤ ਆਪ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਵਿਚੋਲਾ, ਮੇਲਣਹਾਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਸਾਚਾ ਰੰਗ ਚਾੜ੍ਹ ਮਜੀਠ, ਸੋਹਣੀ ਬਣਤ ਬਣਾਈਆ । ਧਾਮ ਵਖਾ ਇਕ ਅਨਡੀਠ, ਅਗੰਮੜੀ ਰੁੱਤ ਸੁਹਾਈਆ । ਠਾਕਰ ਹੋ ਕੇ ਵਸ ਚੀਤ, ਚੇਤਨ

ਰੂਪ ਵਟਾਈਆ । ਨਾਤਾ ਤੋੜ ਮੰਦਰ ਮਸੀਤ, ਸੋਹਣਾ ਬੰਕ ਸੁਹਾਈਆ । ਭਗਤ ਭਗਵਾਨ ਧੁਰ ਦੀ ਰੀਤ, ਨਾ ਕੋਈ ਮੇਟੇ ਮੇਟ ਮਿਟਾਈਆ । ਹਸਦਿਆਂ ਹਸਦਿਆਂ ਮਾਣਸ ਜਨਮ ਜਾਣਾ ਜੀਤ, ਖ਼ੁਸ਼ੀ ਗ਼ਮੀ ਇਕੋ ਘਰ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਭੀਖ, ਭਿਛਿਆ ਆਪਣਾ ਨਾਮ ਝੋਲੀ ਪਾਈਆ । ਸਤਿਗੁਰ ਪੂਰਾ ਪਾਏ ਭਿਛਾ, ਭਿਖਕ ਦਇਆ ਕਮਾਇੰਦਾ । ਏਥੇ ਓਥੇ ਕਰੇ ਰਿਛਾ, ਰੱਛਕ ਹੋ ਕੇ ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਸਤਿਵਾਦੀ ਆਤਮ ਅੰਤਰ ਸੁਣਾਏ ਕਿਸਾ, ਕਿਸਮਤ ਕਾਇਆ ਵਿਚੋਂ ਬਦਲਾਇੰਦਾ । ਰੂਪ ਰੰਗ ਵੇਖਣ ਨੂੰ ਦਿਸੇ ਨਿੱਕਾ, ਵੱਡਿਆ ਵਿਚੋਂ ਵੱਡਾ ਵਡ ਦਾਤਾ ਇਕੋ ਨਜ਼ਰੀ ਆਇੰਦਾ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਤਿ ਧਰਮ ਦਾ ਚਲੇ ਸਿਕਾ, ਦੋ ਜਹਾਨਾਂ ਹੁਕਮ ਮਨਾਇੰਦਾ । ਸੋਹਣਾ ਭਾਗਾਂ ਵਾਲਾ ਮਸਤਕ ਲਾਏ ਟਿੱਕਾ, ਜਿਸ ਦੀ ਰੇਖ ਨਾ ਕੋਇ ਮਿਟਾਇੰਦਾ । ਸਚਖੰਡ ਦਵਾਰ ਵਖਾਏ ਜਿਥੇ ਨਾ ਕੋਈ ਲਾਏ ਗਾਰਾ ਇੱਟਾਂ, ਜਗਤ ਮਜ਼ਦੂਰ ਸੇਵ ਨਾ ਕੋਇ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਚ ਪ੍ਰੀਤੀ ਦਾ ਪ੍ਰੀਤਮ ਇਕੋ ਵਾਰ ਕੱਢੇ ਸਿੱਟਾ, ਜਿਸ ਦਾ ਅੰਤ ਕੋਇ ਨਾ ਆਇੰਦਾ । ਪਿਆਰ ਵਿਚ ਮਿੱਤਰ ਪਿਆਰਾ ਮਿਤਾ, ਪਰੇਮ ਵਿਚ ਪਰਮ ਪੁਰਖ ਅਖਵਾਇੰਦਾ । ਹਿਤਕਾਰ ਵਿਚ ਅੰਦਰ ਬਾਹਰ ਕਰੇ ਹਿਤਾ, ਹਿਤ ਵਿਚੋਂ ਅਬਿਨਾਸ਼ੀ ਅਚੁਤਾ ਨਜ਼ਰੀ ਆਇੰਦਾ । ਅਬਿਨਾਸ਼ੀ ਹੋ ਕੇ ਖੇਲ ਕਰੇ ਨਿਤ ਨਵਿਤਾ, ਜੁਗ ਚੌਕੜੀ ਵੇਸ ਵਟਾਇੰਦਾ । ਜਨ ਭਗਤਾਂ ਸਾਚੇ ਸੰਤਾਂ ਬਣ ਕੇ ਧੁਰ ਦਾ ਪਿਤਾ, ਪੂਤ ਸਪੂਤ ਆਪਣੀ ਗੋਦ ਉਠਾਇੰਦਾ । ਰਸ ਅੰਮ੍ਰਿਤ ਦੇਵੇ ਮਿਠਾ, ਫਿੱਕਾ ਰੂਪ ਨਾ ਕੋਇ ਜਣਾਇੰਦਾ । ਇਹੋ ਖੇਲ ਸਦਾ ਸਦਾ ਸਦ ਅਨਡਿਠਾ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਬਿਧ, ਵਿਧ ਨਾਤਾ ਆਪਣਾ ਆਪਣੇ ਨਾਲ ਜੁੜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਿਸ਼ ਵਿਚ ਵੱਡਾ ਦਾਤਾ, ਰਹਿਮਤ ਵਿਚ ਰਹੀਮ ਨਜ਼ਰੀ ਆਇੰਦਾ । ਜਿਨ੍ਹਾਂ ਗੁਰਮੁਖਾਂ ਮੰਨਿਆ ਸ਼ਬਦੀ ਆਖਾ, ਤਿਨ੍ਹਾਂ ਪਦਵੀ ਇਕ ਵਖਾਇੰਦਾ । ਜਿਥੇ ਨਾ ਕੋਈ ਅੰਨ੍ਹਾ ਨਾ ਸੁਜਾਖਾ, ਨੇਤਰ ਅੱਖ ਨਾ ਕੋਇ ਮਟਕਾਇੰਦਾ । ਇਕੋ ਇਕ ਪੁਰਖ ਸਮਰਾਥਾ, ਸਚ ਸਿੰਘਾਸਣ ਸੋਭਾ ਪਾਇੰਦਾ । ਜਨ ਭਗਤਾਂ ਮੇਲ ਮਿਲਾ ਕੇ ਗਾਵੇ ਖ਼ੁਸ਼ੀਆਂ ਗਾਥਾ, ਸੋਹੰ ਰਾਗ ਸੁਣਾਇੰਦਾ । ਓਨ੍ਹਾਂ ਗੁਰਮੁਖਾਂ ਕਾਹਦਾ ਘਾਟਾ, ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਗੋਦ ਉਠਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰੂਪ ਬਣਿਆ ਰਾਖਾ, ਪ੍ਰਿਤਪਾਲਕ ਹੋ ਕੇ ਬਾਲਕਾਂ ਉਪਰ ਆਪਣੀ ਨਜ਼ਰ ਉਠਾਇੰਦਾ ।

### ★ ੧੭ ਜੇਠ ੨੦੨੧ ਬਿਕ੍ਰਮੀ ਗੁਰਾ ਰਾਮ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਮਿਹਰਵਾਨ ਹੋ ਕੇ ਆਇਆ ਪ੍ਰਭ ਆਪ, ਸੋ ਸਾਹਿਬ ਸਤਿਗੁਰ ਫੇਰਾ ਪਾਇੰਦਾ । ਦਇਆਵਾਨ ਹੋ ਕੇ ਜਪਾਏ ਇਕੋ ਜਾਪ, ਆਤਮ ਪਰਮਾਤਮ ਬੂਝ ਬੁਝਾਇੰਦਾ । ਭਗਤ ਵਛਲ ਹੋ ਬਖ਼ਸ਼ੇ ਅਗੰਮੀ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਪਰਕਾਸ਼ਵਾਨ ਹੋ ਕੇ ਮੇਟੇ ਅੰਧੇਰੀ ਰਾਤ, ਅੰਧ ਅੰਧੇਰਾ ਦੂਰ ਕਰਾਇੰਦਾ । ਬੋਧ ਅਗਾਧਾ ਹੋ ਕੇ ਦੱਸੇ ਸੱਚੀ ਗਾਥ, ਸੋਹੰ ਢੋਲਾ ਰਾਗ ਸੁਣਾਇੰਦਾ । ਪਤਿਪਰਮੇਸ਼ਵਰ ਹੋ ਕੇ ਬਣੇ ਪਿਤ ਮਾਤ,

ਭਗਤ ਭਗਵੰਤ ਪੂਤ ਸਪੂਤੇ ਗੋਦ ਉਠਾਇੰਦਾ । ਸ਼ਾਹ ਪਾਤਸ਼ਾਹ ਹੋ ਕੇ ਚਰਨ ਕਵਲ ਬੰਧਾਏ ਨਾਤ, ਸਰਨ ਸਰਨਾਈ ਇਕ ਜਣਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਪਾਰਬ੍ਰਹਮ ਬ੍ਰਹਮ ਦੱਸੇ ਸੱਚੀ ਜਾਤ, ਵਰਨ ਗੋਤ ਊਚ ਨੀਚ ਵੰਡ ਨਾ ਕੋਇ ਵੰਡਾਇੰਦਾ । ਲੋਕ ਪਰਲੋਕ ਬ੍ਰਹਿਮੰਡ ਖੰਡ ਵੇਖ ਸਚ ਦਵਾਰ ਦਸਾਏ ਹਾਟ, ਚੌਦਾਂ ਲੋਕ ਚੌਦਾਂ ਤਬਕ ਪੜ੍ਹਾਇੰਦਾ । ਗੁਪਤ ਜਾਹਰ ਬਾਤਨ ਕਰੇ ਬਾਤ, ਅਨਹਦ ਨਾਦੀ ਨਾਦ ਸੁਣਾਇੰਦਾ । ਸਚ ਕਿਨਾਰਾ ਪੱਤਣ ਵੇਖੇ ਕੰਢੀ ਘਾਟ, ਨਈਆ ਨੌਕਾ ਆਪਣਾ ਨਾਮ ਜਣਾਇੰਦਾ । ਦੀਨ ਦਿਆਲ ਹੋ ਕੇ ਪੁਛਣਹਾਰਾ ਵਾਤ, ਵਾਸਤਾ ਆਪਣੇ ਨਾਲ ਜੁੜਾਇੰਦਾ । ਅਨੁਭਵ ਧਾਰੀ ਹੋ ਕੇ ਰਿਹਾ ਭਾਖ, ਲੱਖ ਚੁਰਾਸੀ ਖੋਜ ਖੁਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗਏ ਆਖ, ਆਖਰ ਸਭ ਦਾ ਲੇਖਾ ਝੋਲੀ ਪਾਇੰਦਾ । ਕਰੇ ਖੇਲ ਬਣ ਸਵਾਂਗੀ ਨਟੂਆ ਨਾਟ, ਮੰਡਲ ਰਾਸੀ ਰਾਸ ਰਚਾਇੰਦਾ । ਸੇਜ ਸੁਹਾਏ ਸੁਹੰਜਣੀ ਬਿਨ ਪਾਵਾ ਚੂਲ ਖਾਟ, ਅੰਤਰ ਆਤਮ ਸੋਭਾ ਪਾਇੰਦਾ । ਦੇਵੇ ਵਡਿਆਈ ਹਰਿਜਨ ਗੁਰਮੁਖ ਵਡ ਵਡ ਭਾਗ, ਰੁਤ ਰੁਤੜੀ ਆਪ ਸੁਹਾਇੰਦਾ । ਗ੍ਰਿਹਿ ਮੰਦਰ ਘਰ ਦੀਪਕ ਜਗੇ ਚਿਰਾਗ, ਬਿਨ ਤੇਲ ਬਾਤੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਜਣ ਸੁਹੇਲੇ ਆਪ ਮਿਲਾਇੰਦਾ । ਸੱਜਣ ਸੁਹੇਲੇ ਮਿਲਾਵਣਹਾਰਾ, ਪੜਦਾ ਉਹਲਾ ਆਪ ਚੁਕਾਈਆ । ਵੇਖੇ ਵਿਗਸੇ ਵੇਖਣਹਾਰਾ, ਦੂਰ ਦੁਰਾਡਾ ਨੇਰਨ ਨੇਰਾ ਰੂਪ ਵਟਾਈਆ । ਅੰਤਰ ਆਤਮ ਕਰਨਹਾਰ ਪਿਆਰਾ, ਪਰਮਾਤਮ ਪ੍ਰੀਤਮ ਹੋ ਕੇ ਵੇਸ ਵਟਾਈਆ । ਮਹਲ ਅਟੱਲ ਦੇਵਣਹਾਰ ਸਹਾਰਾ, ਸਾਢੇ ਤਿੰਨ ਹੱਥ ਕਾਇਆ ਬੰਕ ਖੋਜ ਖੁਜਾਈਆ । ਨਾਮ ਸੌਦਾਗਰ ਬਣ ਵਣਜਾਰਾ, ਸ਼ਬਦ ਅਮੋਲਕ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਆਪਣਾ ਰੂਪ ਧਰਾਈਆ । ਨਿਰਵੈਰ ਹੋ ਕੇ ਆਇਆ ਪ੍ਰਭ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਸੰਤ ਸੁਹੇਲੇ ਲਏ ਲੱਭ, ਜੀਵ ਜੰਤ ਖੋਜ ਖੁਜਾਇੰਦਾ । ਘਰ ਸਵਾਮੀ ਵਜਾਏ ਨਦ, ਧੁਰ ਦਾ ਰਾਗ ਅਲਾਇੰਦਾ । ਕੂੜੀ ਕਿਰਿਆ ਵਿਚੋਂ ਕੱਢ, ਸਚ ਪ੍ਰੀਤੀ ਜੋੜ ਜੁੜਾਇੰਦਾ । ਕਰ ਪਰਕਾਸ਼ ਕਾਇਆ ਹੱਡ, ਜੋਤੀ ਜਾਤਾ ਡਗਮਗਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਬਿਨ ਰਸਨਾ ਰਸ ਚਖਾਇੰਦਾ । ਸਾਚੇ ਮੰਦਰ ਆਪੇ ਲੰਘ, ਘਰ ਘਰ ਵਿਚ ਵੇਖ ਵਖਾਇੰਦਾ । ਆਤਮ ਸੇਜ ਅਗੰਮੀ ਪਲੰਘ, ਅਬਿਨਾਸ਼ੀ ਕਰਤਾ ਡੇਰਾ ਲਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਏਥੇ ਓਥੇ ਦਏ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਕਿਰਪਾ ਕਰ ਸੂਰਾ ਸਰਬੰਗ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤਾਂ ਚੋਲੀ ਦਏ ਰੰਗ, ਰੰਗ ਰੰਗੀਲਾ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਭਗਤ ਵਛਲ ਆਇਆ ਭਗਵੰਤ, ਭਗਵਨ ਦਇਆ ਕਮਾਈਆ । ਜਿਸ ਦੀ ਮਹਿਮਾ ਆਦਿ ਜੁਗਾਦਿ ਸਿਫ਼ਤ ਸੁਣੌਂਦੇ ਗ੍ਰੰਥ, ਸ਼ਾਸਤਰ ਸਿਮਰਤ ਰਾਗ ਅਲਾਈਆ । ਜਿਸ ਨੂੰ ਦੀਨ ਮਜ਼੍ਹਬ ਮੰਨਦੇ ਪੰਥ, ਇਸ਼ਟ ਦੇਵ ਸਵਾਮੀ ਕਹਿ ਕਹਿ ਸੀਸ ਨਿਵਾਈਆ । ਜਿਸ ਦੀ ਓਟ ਰੱਖਦੇ ਸੰਤ, ਆਪ ਆਪਣਾ ਭੇਟ ਚੜ੍ਹਾਈਆ । ਜਿਸ ਨੂੰ ਗੁਰਮੁਖ ਕਹਿੰਦੇ ਧੁਰ ਦਾ ਕੰਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਗੁਰਸਿਖ ਕਹਿੰਦੇ ਬਣਾਵੇ ਬਣਤ, ਘੜਨ ਭੰਨਣਹਾਰ ਵੱਡੀ ਵਡਿਆਈਆ । ਜਿਸ ਦਾ ਲੇਖਾ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ


੧੧੫੧ ੧੯

ਸ਼ਿਵ ਬਣੇ ਮੰਗਤ, ਦਰ ਬੈਠੇ ਅਲਖ ਜਗਾਈਆ । ਜਿਸ ਦਵਾਰਿਉਂ ਗੁਰ ਅਵਤਾਰ ਪੀਰ ਪੈਗ਼ੰਬਰ ਬੋਧ ਅਗਾਧੇ ਬਣਨ ਪੰਡਤ, ਧੁਰ ਦਾ ਰਾਗ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਵਾਮੀ ਖੇਲ ਕਰਾਈਆ । ਸੋ ਸਵਾਮੀ ਆਇਆ ਜਗ, ਜਗ ਜੀਵਣ ਦਾਤਾ ਨਾਉਂ ਧਰਾਇੰਦਾ । ਜਨ ਭਗਤਾਂ ਵਾਸਾ ਕਰ ਉਪਰ ਸ਼ਾਹ ਰਗ, ਘਰ ਸਾਚੇ ਮੇਲ ਮਿਲਾਇੰਦਾ । ਜਨਮ ਜਨਮ ਦੀ ਬੁਝਾਏ ਅੱਗ, ਕਰਮ ਕਰਮ ਦਾ ਰੋਗ ਗਵਾਇੰਦਾ । ਨੌ ਦਵਾਰੇ ਪਾਰ ਹੱਦ, ਘਰ ਮੰਦਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਭਗਤ ਤਾਰਨਹਾਰ ਪ੍ਰਭ ਆਪ, ਨਿਰਗੁਣ ਦਇਆ ਕਮਾਈਆ । ਜੁਗ ਚੌਕੜੀ ਪਿਛੋਂ ਪਰਮਾਤਮ ਹੋ ਕੇ ਬਣੇ ਬਾਪ, ਪਿਤਾ ਹੋ ਕੇ ਗੋਦ ਸੁਹਾਈਆ । ਨਿਰਗੁਣ ਹੋ ਕੇ ਦੱਸੇ ਜਾਪ, ਸੋਹੰ ਢੋਲਾ ਇਕ ਸਮਝਾਈਆ । ਦਾਤਾ ਹੋ ਕੇ ਬਖ਼ਸ਼ੇ ਦਾਤ, ਦਇਆਵਾਨ ਝੋਲੀ ਆਪ ਭਰਾਈਆ । ਸਾਚੀ ਨਈਆ ਬੇੜੇ ਚਾੜ੍ਹ ਜਹਾਜ਼, ਨਿਰਗੁਣ ਆਪਣੇ ਕੰਧ ਉਠਾਈਆ । ਏਥੇ ਓਥੇ ਰੱਖ ਲਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਜਗਾਈਆ । ਹਰਿਜਨ ਜਗਾਏ ਸ਼ਬਦੀ ਧਾਰ, ਸਹਿਜ ਸਹਿਜ ਉਠਾਈਆ । ਅੰਤਰ ਆਤਮ ਕਰ ਪਿਆਰ, ਪਰਮਾਤਮ ਵੇਖ ਵਖਾਈਆ । ਨਿਰਗੁਣ ਸਰਗੁਣ ਦਏ ਆਧਾਰ, ਨਿਰਵੈਰ ਖੇਲ ਖਿਲਾਈਆ । ਜੀਵ ਜੰਤ ਨਾ ਪਾਵੇ ਸਾਰ, ਭਰਮੇ ਭੁੱਲੇ ਸਰਬ ਲੋਕਾਈਆ । ਗੁਰਮੁਖ ਵਿਰਲਾ ਜਿਸ ਬਖ਼ਸ਼ੇ ਚਰਨ ਕਵਲ ਉਪਰ ਧਵਲ ਇਕ ਪਿਆਰ, ਪ੍ਰੀਤੀ ਨੀਤੀ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਵਖਾਈਆ । ਸੱਚਾ ਮਾਰਗ ਰਿਹਾ ਦੱਸ, ਦਰਦੀ ਦਰਦ ਵੰਡਾਈਆ । ਪਰਗਟ ਹੋ ਪੁਰਖ ਸਮਰਥ, ਸਾਹਿਬ ਫੇਰਾ ਪਾਈਆ । ਗੁਰਮੁਖਾਂ ਖੋਲ੍ਹ ਆਪਣੀ ਅੱਖ, ਆਖਰ ਬੂਝ ਬੁਝਾਈਆ । ਅੰਮ੍ਰਿਤ ਝਿਰਨਾ ਧੁਰ ਦਾ ਰਸ, ਬੂੰਦ ਸਵਾਂਤੀ ਮੁਖ ਚੁਆਈਆ । ਸਤਿ ਸੰਤੋਖ ਧੀਰਜ ਜਤ, ਹਠ ਰੂਪ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰੇ ਪਾਰਬ੍ਰਹਮ, ਨੇਤਰ ਨੈਣ ਨੈਣ ਉਠਾਈਆ । ਜਨ ਭਗਤਾਂ ਲੇਖੇ ਲਾਏ ਕਰਮ, ਨਿਹਕਰਮੀ ਹੋਏ ਸਹਾਈਆ । ਸਚ ਜਣਾਵੇ ਇਕੋ ਧਰਮ, ਸਤਿ ਸਤਿਵਾਦੀ ਧੁਰ ਦੀ ਬੂਝ ਬੁਝਾਈਆ । ਲੇਖਾ ਚੁੱਕੇ ਵਰਨ ਬਰਨ, ਚਾਰ ਅਠਾਰਾਂ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਸਭ ਦੀ ਸਰਨ, ਸਰਨਗਤ ਇਕ ਅਖਵਾਈਆ । ਸੰਤ ਸੁਹੇਲੇ ਪੱਲੂ ਫੜਨ, ਗੁਰ ਚੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਵੱਡਾ ਦੇਵਣਹਾਰਾ, ਆਦਿ ਜੁਗਾਦੀ ਖੇਲ ਕਰਾਇੰਦਾ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਨਾਉਂ ਧਰਾਇੰਦਾ । ਜੋ ਜੁਗ ਚੌਕੜੀ ਖੇਲ ਵੇਖਣਹਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਜੋ ਨਿਤ ਨਵਿਤ ਗੁਰ ਅਵਤਾਰ ਪੀਰ ਪੈਗ਼ੰਬਰ ਲਏ ਅਵਤਾਰਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਸਮਝਾਇੰਦਾ । ਜੋ ਸ਼ਬਦ ਅਨਾਦ ਬੋਲਣਹਾਰ ਜੈਕਾਰਾ, ਸਿਫ਼ਤੀ ਸਿਫ਼ਤੀ ਨਾਉਂ ਪਰਗਟਾਇੰਦਾ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਲਿਖਾਰਾ, ਅੱਖਰ ਅੱਖਰ ਜੋੜ ਜੁੜਾਇੰਦਾ । ਜੋ ਵਾਕ ਭਵਿਖਤ ਦੱਸਣਹਾਰਾ ਭੇਵ ਨਿਆਰਾ, ਅਨੁਭਵ ਆਪਣੀ ਕਾਰ ਕਮਾਇੰਦਾ । ਜੋ ਜੋਤੀ ਜਾਤਾ ਪੁਰਖ ਬਿਧਾਤਾ ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸੋ ਸਾਹਿਬ ਸਮਰਥ ਕਲਜੁਗ ਅੰਤਮ ਖੇਲ ਕਰੇ ਨਿਆਰਾ, ਨਿਰਾਕਾਰ ਭੇਵ ਅਭੇਦਾ ਆਪਣਾ

ਆਪ ਖੁਲਾਇੰਦਾ । ਭਗਤਾਂ ਦੇਵੇ ਬਿਨ ਭਗਤੀ ਸਹਾਰਾ, ਆਤਮ ਸ਼ਕਤੀ ਸ਼ਖ਼ਸੀਅਤ ਆਪਣੇ ਨਾਲ ਮਿਲਾਇੰਦਾ । ਪਰੇਮ ਪ੍ਰੀਤੀ ਅੰਦਰ ਬਣ ਵਣਜਾਰਾ, ਦਰ ਦਰ ਘਰ ਘਰ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਰਨਹਾਰ ਦਇਆ ਕਮਾਇੰਦਾ । ਭਗਤ ਜਨਾਂ ਸਚ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਇੰਦਾ । ਕੋਇ ਨਾ ਜਾਣੇ ਆਪਣੀ ਘਾਲ, ਬਣ ਦਲਾਲ ਮੇਲ ਮਿਲਾਇੰਦਾ । ਅਗਲਾ ਪਿਛਲਾ ਦੱਸ ਅਹਿਵਾਲ, ਹਕੀਕਤ ਹੱਕ ਵਿਚੋਂ ਪਰਗਟਾਇੰਦਾ । ਗੋਦ ਉਠਾ ਛੋਟੇ ਨੰਨ੍ਹੇ ਨਿੱਕੇ ਬਾਲ, ਬਾਲਕ ਆਪਣੀ ਉਂਗਲੀ ਲਾਇੰਦਾ । ਸਚ ਵਖਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸੁਹਾਇੰਦਾ । ਮਾਰਗ ਦੇਵੇ ਧੁਰ ਸੁਖਾਲ, ਔਝੜ ਰਾਹ ਨਾ ਕੋਇ ਪਾਇੰਦਾ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਕਰਦੇ ਗਏ ਭਾਲ, ਨੇਤਰ ਨੈਣ ਨੈਣ ਸਰਬ ਉਠਾਇੰਦਾ । ਸੋ ਪਰਗਟ ਹੋ ਕੇ ਖੇਲ ਕਰੇ ਦੀਨ ਦਿਆਲ, ਦੀਨਾਂ ਅਨਾਥਾਂ ਨਾਥ ਹੋ ਕੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਜਨ ਭਗਤਾਂ ਮੇਟ ਕੂੜੀ ਚਿੰਦ, ਚਿੰਤਾ ਚਿਖਾ ਦਿਤੀ ਜਲਾਈਆ । ਸ਼ਬਦ ਅਨਾਦੀ ਬਣਾ ਬਿੰਦ, ਸੁਤ ਅਪਰਾਧੀ ਲਏ ਉਠਾਈਆ । ਲੇਖਾ ਜਾਣੇ ਜੀਉਂ ਪਿੰਡ, ਬ੍ਰਹਿਮੰਡ ਖੋਜ ਖੁਜਾਈਆ । ਨਾਮ ਸਤਾਰ ਵਜਾਏ ਧੁਰ ਦੀ ਕਿੰਗ, ਤੰਦੀ ਤੰਦ ਸਤਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਆਪਣਾ ਹੁਕਮ ਵਰਤਾਈਆ । ਗਹਿਰ ਗੰਭੀਰ ਵਡ ਡੂੰਘਾ ਸਾਗਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਸਚ ਸਰੋਵਰ ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਏਥੇ ਓਥੇ ਅੱਗੇ ਪਿਛੇ ਨਿਰਗੁਣ ਸਰਗੁਣ ਦੇਵੇ ਆਦਰ, ਅਦਾਲਤ ਧੁਰ ਦੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

## ★ ੧੮ ਜੇਠ ੨੦੨੧ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਭਗਵਾਨ ਕਹੇ ਮੈਂ ਸੇਵਾਦਾਰ, ਜੁਗ ਜੁਗ ਜਨ ਭਗਤਾਂ ਸੇਵ ਕਮਾਇੰਦਾ । ਨਿਤ ਨਵਿਤ ਲੈ ਅਵਤਾਰ, ਵੇਸ ਅਨੇਕਾ ਰੂਪ ਵਟਾਇੰਦਾ । ਸਤਿ ਸਤਿਵਾਦੀ ਮਾਰਗ ਸਚ ਸਿਖਾਲ, ਸਿਖਿਆ ਧੁਰ ਦੀ ਇਕ ਪੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਵਿਚੋਂ ਉਠਾਲ, ਪਰਦਾ ਉਹਲਾ ਮੇਟ ਮਿਟਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਪੁੱਛਾਂ ਹਾਲ, ਅੰਤਰ ਆਤਮ ਖੋਜ ਖੁਜਾਇੰਦਾ । ਬਾਲ ਅਵਾਣੇ ਫੜ ਉਠਾਵਾਂ ਸਚ ਵਖਾਵਾਂ ਸੱਚੀ ਧਰਮਸਾਲ, ਦਰ ਦਵਾਰਾ ਇਕੋ ਇਕ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਂ ਨਾਲ ਨਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਭਗਵਾਨ ਕਹੇ ਮੈਂ ਭਗਤਾਂ ਜੋਗਾ, ਜਗ ਜੀਵਣ ਦਾਤਾ ਨਾਉਂ ਧਰਾਈਆ । ਪੰਜ ਤਤ ਕਾਇਆ ਚੋਲਾ ਚੋਗ਼ਾ, ਚੋਲੀ ਆਪਣੀ ਰੰਗ ਵਖਾਈਆ । ਸ਼ਬਦੀ ਹੋ ਕੇ ਦੇਵਾਂ ਹੋਕਾ, ਧੁਰ ਦਾ ਨਾਉਂ ਸੁਣਾਈਆ । ਮਾਣ ਦਵਾਵਾਂ ਚੌਦਾਂ ਲੋਕਾਂ, ਪਰਲੋਕ

ਦਿਆਂ ਵਡਿਆਈਆ । ਸਾਚੀ ਬਖ਼ਸ਼ਾਂ ਚਰਨ ਓਟਾ, ਸਿਰ ਆਪਣਾ ਹੱਥ ਟਿਕਾਈਆ । ਜੀਵ ਜੰਤ ਵਿਚੋਂ ਵੇਖਾਂ ਖਰਾ ਖੋਟਾ, ਨਾਮ ਕਸਵਟੀ ਉਪਰ ਲਗਾਈਆ । ਨਾਮ ਪਦਾਰਥ ਦੇਵਾਂ ਬਹੁਤਾ, ਜਗਤ ਧੰਨ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦ੍ਰਿਸ਼ਟਾਈਆ । ਭਗਵਾਨ ਕਹੇ ਮੈਂ ਭਗਤਾਂ ਮੀਤ, ਮਿਤਰ ਪਿਆਰਾ ਇਕ ਅਖਵਾਇੰਦਾ । ਪੰਜ ਤਤ ਕਾਇਆ ਕਰਾਂ ਠੰਡੀ ਸੀਤ, ਅਗਨੀ ਤਤ ਬੁਝਾਇੰਦਾ । ਸਚ ਸੁਣਾਵਾਂ ਸੋਹੰ ਗੀਤ, ਦੂਜਾ ਰਾਗ ਨਾ ਕੋਇ ਅਲਾਇੰਦਾ । ਬਣ ਸਵਾਮੀ ਵਸਾਂ ਚੀਤ, ਚੇਤਨ ਸੁਰਤੀ ਆਪ ਵਖਾਇੰਦਾ । ਅਚਰਜ ਦੱਸਾਂ ਧੁਰ ਦੀ ਰੀਤ, ਸਚ ਪ੍ਰੀਤ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਦਇਆ ਕਮਾਇੰਦਾ । ਭਗਤ ਕਹੇ ਪ੍ਰਭ ਤੇਰੀ ਓਟ, ਭਗਵਨ ਤੇਰੀ ਸਰਨਾਈਆ । ਮੇਰਾ ਨੂਰ ਨੁਰਾਨੀ ਤੇਰੀ ਜੋਤ, ਰੂਪ ਅਨੂਪ ਤੇਰਾ ਨਜ਼ਰੀ ਆਈਆ । ਮੇਰਾ ਕਾਇਆ ਬੰਕ ਤੇਰਾ ਕੋਟ, ਘਰ ਮੰਦਰ ਦਿਤਾ ਸੁਹਾਈਆ । ਤੇਰਾ ਨਾਮ ਮੇਰਾ ਸਲੋਕ, ਸੋਹਣਾ ਢੋਲਾ ਰਾਗ ਅਲਾਈਆ । ਤੇਰੇ ਪਰੇਮ ਪਿਆਰ ਅੰਦਰ ਮੋਹਤ, ਮੁਹੱਬਤ ਤੇਰੇ ਨਾਲ ਲਗਾਈਆ । ਤੇਰੇ ਚਰਨ ਮਿਲੇ ਮੌਜ, ਮਜਲਸ ਹੋਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇਣਾ ਜਣਾਈਆ । ਭਗਤ ਕਹੇ ਪ੍ਰਭ ਤੇਰਾ ਸਦਕਾ, ਹਉਂ ਵਾਰੀ ਘੋਲੀ ਘੋਲ ਘੁਮਾਈਆ । ਲੇਖਾ ਜਾਣੇ ਪੂਰਬ ਜਨਮ ਦਾ, ਕਰਮ ਆਪਣੇ ਲੇਖੇ ਪਾਈਆ । ਲਹਿਣਾ ਦੇਣਾ ਚੁਕਾਏ ਮਰਨ ਕਾ, ਭਾਂਡਾ ਭਰਮ ਭੌ ਭੰਨਾਈਆ । ਲਹਿਣਾ ਦੇਣਾ ਦੇਵੀਂ ਸਾਚੀ ਸਰਨ ਕਾ, ਸ਼ਰਨਾਰਥੀ ਆਪਣੀ ਗੋਦ ਉਠਾਈਆ । ਮਾਰਗ ਦੱਸੀਂ ਮੰਜ਼ਲ ਚੜ੍ਹਨ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭਗਤ ਕਹੇ ਮੋਹੇ ਤੇਰਾ ਭਰਵਾਸਾ, ਸਰਨਗਤ ਤੇਰੀ ਸਰਨਾਈਆ । ਜਨਮ ਜਨਮ ਦੀ ਪੂਰੀ ਕਰ ਦੇ ਆਸਾ, ਹਉਮੈਂ ਤ੍ਰਿਸਨਾ ਮੇਟ ਮਿਟਾਈਆ । ਦਰ ਦਰਵੇਸ਼ ਘਰ ਹੋਏ ਨਾ ਕੋਏ ਨਿਰਾਸਾ, ਨਰ ਨਰਾਇਣ ਤੇਰੀ ਵੱਡੀ ਵਡਿਆਈਆ । ਵਸਤ ਅਗੰਮ ਅਥਾਹ ਬੇਪਰਵਾਹ ਪਰੇਮ ਪ੍ਰੀਤੀ ਬਖ਼ਸ਼ ਦਾਤਾ, ਦਇਆਵਾਨ ਦਇਆ ਕਮਾਈਆ । ਅੰਦਰ ਬਾਹਰ ਗੁਪਤ ਜਾਹਰ ਰਸਨਾ ਜਿਹਵਾ ਬੱਤੀ ਦੰਦ ਗਾਵਾਂ ਤੇਰੀ ਗਾਥਾ, ਮੰਤਰ ਇਕੋ ਇਕ ਕਰਾਂ ਸਚ ਪੜ੍ਹਾਈਆ । ਬਿਨ ਤੇਰੀ ਕਿਰਪਾ ਤੇਰਾ ਰੂਪ ਨਾ ਕਿਸੇ ਪਛਾਤਾ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਸਚ ਸਚ ਤੂੰਹੀ ਪਿਤਾ ਤੂੰਹੀ ਮਾਤਾ, ਹਉਂ ਬਾਲਕ ਰੂਪ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ੀ ਇਕੋ ਨਾਤਾ, ਧੁਰ ਦਾ ਮੇਲਾ ਮੇਲ ਮਿਲਾਈਆ । ਭਗਵਾਨ ਕਹੇ ਮੈਂ ਬਣਾਂ ਸੰਗ, ਦੂਜਾ ਸੰਗੀ ਨਾ ਕੋਇ ਬਣਾਈਆ । ਭਗਤ ਕਹੇ ਮੈਂ ਲਾਗਾਂ ਅੰਗ, ਅੰਗੀਕਾਰ ਇਕੋ ਇਕ ਅਖਵਾਈਆ । ਸ੍ਰੀ ਭਗਵਾਨ ਕਹੇ ਮੈਂ ਵਜਾਵਾਂ ਮਰਦੰਗ, ਧੁਨ ਆਤਮਕ ਰਾਗ ਅਲਾਈਆ । ਭਗਤ ਕਹੇ ਮੈਂ ਮਾਣਾਂ ਅਨੰਦ, ਅਨੰਦ ਅਨੰਦ ਤੇਰੇ ਵਿਚੋਂ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਮੈਂ ਟੁੱਟੀ ਦੇਵਾਂ ਗੰਢ, ਗੰਢਣਹਾਰ ਗੋਪਾਲ ਸਵਾਮੀ ਨਾਉਂ ਧਰਾਈਆ । ਜਨ ਭਗਤ ਕਹੇ ਮੈਂ ਗਾਵਾਂ ਤੇਰਾ ਛੰਦ, ਤੂੰ ਮੇਰਾ ਸੱਚਾ ਮਾਹੀਆ । ਸ੍ਰੀ ਭਗਵਾਨ ਕਹੇ ਮੈਂ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਇਕ ਵਰਤਾਈਆ । ਜਨ ਭਗਤ ਕਹੇ ਮੈਂ ਦਰ ਦਵਾਰ ਮੰਗਾਂ ਧੁਰ ਦੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸ੍ਰੀ ਭਗਵਾਨ ਕਹੇ ਮੈਂ ਲੇਖ ਚੁਕਾਵਾਂ ਖੰਡ ਬ੍ਰਹਿਮੰਡ, ਪੁਰੀ ਲੋਅ ਅਕਾਸ਼ ਪੰਧ ਮੁਕਾਈਆ । ਜਨ ਭਗਤ ਕਹੇ ਮੈਂ ਸਚ ਦਵਾਰ ਤੇਰਾ ਵੇਖਾ ਲੰਘ,

ਅਧਵਿਚਕਾਰ ਨਾ ਕੋਇ ਅਟਕਾਈਆ । ਸ੍ਰੀ ਭਗਵਾਨ ਕਹੇ ਮੇਰਾ ਪਰਕਾਸ਼ ਨਾ ਕੋਈ ਸੂਰਜ ਨਾ ਕੋਈ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤ ਕਹੇ ਮੈਂ ਵੇਖਾਂ ਸੁਹੰਜਣੀ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਦੇਣਾ ਥਾਉਂ ਥਾਈਂਆ । ਜਨ ਭਗਤ ਕਹੇ ਮੈਂ ਵੇਖਾਂ ਦਰਬਾਰਾ, ਦਰਗਾਹ ਤੇਰੀ ਫੇਰੀ ਪਾਈਆ । ਸ੍ਰੀ ਭਗਵਾਨ ਕਹੇ ਮੇਰਾ ਓਥੇ ਇਕ ਉਜਿਆਰਾ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਮੈਂ ਬੋਲਾਂ ਸਚ ਜੈਕਾਰਾ, ਤੂੰਹੀ ਤੂੰ ਰਾਗ ਅਲਾਈਆ । ਸ੍ਰੀ ਭਗਵਾਨ ਕਹੇ ਮੈਂ ਕਰਾਂ ਸਚ ਪਿਆਰਾ, ਫੜ ਬਾਂਹੋਂ ਗਲੇ ਲਗਾਈਆ । ਦੋਹਾਂ ਮਿਲ ਕੇ ਨਿਰਗੁਣ ਰੂਪ ਬਣੇ ਨਿਰੰਕਾਰਾ, ਨਿਰਵੈਰ ਆਪਣੀ ਖੇਲ ਖਿਲਾਈਆ । ਜੁਗ ਚੌਕੜੀ ਪਿਛੋਂ ਲੋਕਮਾਤ ਪ੍ਰਭ ਕਰੇ ਆਪ ਬਿਵਹਾਰਾ, ਬਿਵਹਾਰੀ ਹੋ ਕੇ ਫੇਰਾ ਪਾਈਆ । ਆਦਿ ਜੁਗਾਦਿ ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵੰਤ ਲਗਾਏ ਲੜ, ਪੱਲੂ ਆਪਣੇ ਨਾਲ ਬੰਧਾਈਆ । ਭਗਤ ਭਗਵਾਨ ਕਰੇ ਮਿਲਾਪ, ਮਿਹਰਵਾਨ ਦਇਆ ਕਮਾਇੰਦਾ । ਬਿਨ ਭਗਤਾਂ ਸੋਹੰ ਕਿਸੇ ਨਾ ਜਪਿਆ ਜਾਪ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਖਰੀ ਨਾਮ ਪੜ੍ਹਾਇੰਦਾ । ਕਿਸੇ ਨਾ ਬੁੱਝਿਆ ਆਪਾ ਆਪ, ਆਪਣੇ ਵਿਚੋਂ ਵਡ ਪਰਤਾਪੀ ਨਜ਼ਰ ਕਿਸੇ ਨਾ ਆਇੰਦਾ । ਕੋਇ ਨਾ ਮਿਲਿਆ ਪ੍ਰਭ ਦੀ ਜਾਤ, ਪਾਕੀ ਪਾਕ ਨਾ ਕੋਇ ਅਖਵਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਿਨ੍ਹਾਂ ਭਗਤਾਂ ਦਿਤਾ ਧੁਰ ਦਾ ਸਾਥ, ਬਣ ਸੰਗੀ ਸਗਲਾ ਸੰਗ ਨਿਭਾਇੰਦਾ । ਦੂਰ ਦੁਰਾਡਾ ਵੇਖਣ ਆਇਆ ਕੰਢੀ ਘਾਟ, ਪਾਬੰਦੀ ਅੱਗੇ ਨਾ ਕੋਇ ਰਖਾਇੰਦਾ । ਵੱਡੀ ਛੋਟੀ ਨਿਕੀਉਂ ਨਿੱਕੀ ਸਭ ਤੋਂ ਚੰਗੀ ਉਹ ਜਾਤ, ਜਿਸ ਜਾਤ ਵਿਚ ਆਪਣਾ ਨੂਰ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਸਚ ਬਾਗ਼ਾਤ, ਬਾਗ਼ੀਚਾ ਗੁਲਸ਼ਨ ਗੁਰਮੁਖ ਗੁਰਸਿਖ ਵੇਖ ਖ਼ੁਸ਼ੀ ਮਨਾਇੰਦਾ ।

## ★ ੧੮ ਜੇਠ ੨੦੨੧ ਬਿਕ੍ਰਮੀ ਬਸੋ ਦੇਵੀ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਜਨ ਭਗਤ ਕਹੇ ਸੁਣ ਭਗਵਾਨ, ਨਿਰਗੁਣ ਆਪਣਾ ਧਿਆਨ ਲਗਾਈਆ । ਹਉਂ ਬਾਲੀ ਬੁਧ ਅਵਾਣ, ਮੂਰਖ ਮੁਗਧ ਨਜ਼ਰੀ ਆਈਆ । ਕਿਸ ਬਿਧ ਸਾਨੂੰ ਬਖ਼ਸ਼ੇਂ ਮਾਣ, ਸਿਰ ਆਪਣਾ ਹੱਥ ਟਿਕਾਈਆ । ਕਵਣ ਵਸਤ ਦੇਵੇਂ ਦਾਨ, ਅਮੋਲਕ ਇਕ ਵਰਤਾਈਆ । ਜਗਤ ਨੈਣ ਤੈਨੂੰ ਨਾ ਸਕੇ ਪਹਿਚਾਨ, ਮਨ ਮਤ ਸਮਝ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭ ਦੱਸੀਏ ਕੀ, ਸਮਝ ਵਿਚ ਕੁਛ ਨਾ ਆਈਆ । ਕਿਸ ਸਹਾਰੇ ਰਹੇ ਜੀ, ਜੀਵਤ ਜੀਵਣ ਜਨਮ ਤੇਰੇ ਲੇਖੇ ਪਾਈਆ । ਪੂਰਬ ਜਨਮ ਕੀ ਬੀਜਿਆ ਬੀ, ਫਲ ਕਵਣ ਰਿਹਾ ਵਖਾਈਆ । ਕਿਸ ਬਿਧ ਨਾਤਾ ਜੁੜਿਆ ਸਾਢੇ ਤਿੰਨ ਹੱਥ ਕਾਇਆ ਸੀਂ, ਘਰ ਮੰਦਰ ਸੋਭਾ ਪਾਈਆ । ਕਵਣ ਪਰੇਮ ਪਿਆਲਾ ਲਿਆ ਪੀ, ਮਧੁਰ ਰਸ ਇਕ ਚਖਾਈਆ । ਕਵਣ ਪ੍ਰੀਤੀ ਗਏ ਥੀ, ਆਪਣਾ ਆਪ ਲੁਟਾਈਆ । ਜੋਤੀ

੧੧੫੬

੧੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਸਚ ਦੱਸ ਪੁਰਖ ਅਕਾਲ, ਤੇਰੇ ਅੱਗੇ ਅਰਜ਼ੋਈਆ । ਕਿਸ ਬਿਧ ਬਣੇ ਤੇਰੇ ਲਾਲ, ਨਾਤਾ ਸਚ ਜੁੜਾਈਆ । ਜਗਤ ਗ਼ਰੀਬੀ ਦਿਸੀਏ ਕੰਗਾਲ, ਵਸਤ ਹੱਥ ਨਾ ਕੋਇ ਰਖਾਈਆ । ਦੌਲਤ ਖ਼ਜ਼ਾਨਾ ਨਾ ਧਨ ਮਾਲ, ਮਹਲ ਅਟੱਲ ਨਾ ਕੋਇ ਵਡਿਆਈਆ । ਮਾਲਾ ਤਸਬੀ ਨਾ ਕੋਈ ਮਿਰਗਛਾਲ, ਆਸਣ ਸਿੰਘਾਸਣ ਨਾ ਕੋਇ ਸੁਹਾਈਆ । ਪੂਜਾ ਪਾਠ ਹਵਨ ਨਾ ਕੋਇ ਵਿਚਾਰ, ਤਿਲਕ ਲਲਾਟ ਨਾ ਕੋਇ ਲਗਾਈਆ । ਸੰਖ ਨਾਦ ਨਾ ਕੋਇ ਆਵਾਜ਼, ਆਰਤੀ ਰੂਪ ਨਾ ਕੋਇ ਵਖਾਈਆ । ਗੇਰੂ ਕਪੜੇ ਨਾ ਕੋਈ ਸੰਤ ਸਾਧ, ਮਿੱਟੀ ਖ਼ਾਕ ਨਾ ਕੋਇ ਰਮਾਈਆ । ਸੁਬਹ ਸ਼ਾਮ ਨਾ ਤੇਰੀ ਯਾਦ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਲਹਿਣਾ ਰਿਹਾ ਚੁਕਾਈਆ । ਜਨ ਭਗਤ ਕਹਿਣ ਪ੍ਰਭ ਹੋਈ ਹੈਰਾਨੀ, ਸੋਚ ਸਮਝ ਰਹੀ ਨਾ ਰਾਈਆ । ਘਰ ਘਰ ਦਿਸੇ ਕੂੜ ਸ਼ੈਤਾਨੀ, ਸ਼ਰਅ ਕਰੇ ਲੜਾਈਆ । ਸੁਰਤ ਸਵਾਣੀ ਬਾਲ ਨਾਦਾਨੀ, ਤੇਰੀ ਸਮਝ ਨਾ ਪਾਈਆ । ਅੰਮ੍ਰਿਤ ਮਿਲਿਆ ਨਾ ਠੰਡਾ ਪਾਣੀ, ਨਿਝਰ ਰਸ ਨਾ ਕੋਇ ਚਖਾਈਆ । ਭੇਵ ਚੁਕਿਆ ਨਾ ਚਾਰੇ ਖਾਣੀ, ਬਾਣੀ ਸਮਝ ਨਾ ਕੋਇ ਸਮਝਾਈਆ । ਏਸੇ ਕਾਰਨ ਹੋਈ ਪਰੇਸ਼ਾਨੀ, ਪਸਚਾਤਾਪ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਕਿਸ ਬਿਧ ਮੇਲਾ ਰਿਹਾ ਮਿਲਾਈਆ । ਸ੍ਰੀ ਭਗਵੰਤ ਹੋ ਖ਼ੁਸ਼ਹਾਲ, ਖ਼ੁਸ਼ੀਆਂ ਨਾਲ ਜਣਾਇੰਦਾ । ਸੁਣ ਮੇਰੇ ਲਾਡਲੇ ਲਾਲ, ਹਰਿ ਲਾਲਨ ਦਇਆ ਕਮਾਇੰਦਾ, ਜਿਸ ਉਪਰ ਹੋਵਾਂ ਆਪ ਕਿਰਪਾਲ, ਮਿਹਰ ਨਜ਼ਰ ਉਠਾਇੰਦਾ । ਆਪਣੀ ਬਖ਼ਸ਼ ਦੇਵਾਂ ਦੌਲਤ ਨਾਮ ਸੱਚਾ ਧੰਨ ਮਾਲ, ਪਰੇਮ ਖ਼ਜ਼ੀਨਾ ਇਕ ਭਰਾਇੰਦਾ । ਸਾਚੀ ਘਾਲਣ ਲਵਾਂ ਘਾਲ , ਘੋਲ ਘੁਮਾਈ ਆਪਣਾ ਭੇਟ ਚੜ੍ਹਾਇੰਦਾ । ਅੰਦਰ ਵੜ ਕੇ ਵਸਾਂ ਨਾਲ, ਹਰਦਮ ਆਪਣਾ ਰੰਗ ਰੰਗਾਇੰਦਾ । ਇਹੋ ਮੇਰੀ ਅਵਲੱੜੀ ਚਾਲ, ਜਨ ਭਗਤਾਂ ਦਇਆ ਕਮਾਇੰਦਾ । ਅਠ ਸਠ ਤੀਰਥ ਨਾ ਦੇਵਾਂ ਨੁਹਾਲ, ਜੋਗ ਅਭਿਆਸ ਨਾ ਕੋਇ ਕਰਾਇੰਦਾ । ਰਸਨਾ ਜਿਹਵਾ ਨਾ ਪੂਜਾ ਪਾਠ, ਤਸਬੀ ਮਾਲਾ ਨਾ ਗਲ ਲਟਕਾਇੰਦਾ । ਆਲਸ ਨਿੰਦਰਾ ਨਾ ਦੇਵਾਂ ਰਾਤ, ਦਿਵਸ ਵੰਡ ਨਾ ਕੋਇ ਵੰਡਾਇੰਦਾ । ਜਿਸ ਵਲ ਮਿਹਰ ਨਜ਼ਰ ਕਰ ਕੇ ਲਵਾਂ ਝਾਕ, ਅਗਲੀ ਪਿਛਲੀ ਝਾਕੀ ਆਪ ਜਣਾਇੰਦਾ । ਬੰਦ ਕਿਵਾੜਾ ਖੋਲ੍ਹ ਕੇ ਤਾਕ, ਪੜਦਾ ਦੂਈ ਦਵੈਤ ਉਠਾਇੰਦਾ । ਬਾਤਨ ਦੱਸਾਂ ਆਪਣੀ ਬਾਤ, ਬੀਤੀ ਕਹਾਣੀ ਆਪ ਸਮਝਾਇੰਦਾ । ਚਰਨ ਪ੍ਰੀਤੀ ਬਖ਼ਸ਼ ਕੇ ਦਾਤ, ਵੱਡੀ ਭਗਤੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਾਚੀ ਭਗਤੀ ਸਤਿਗੁਰ ਚਰਨ, ਆਦਿ ਜੁਗਾਦਿ ਸਮਝਾਈਆ । ਸਾਚੀ ਵਿਦਿਆ ਗੁਰਮੁਖ ਪੜ੍ਹਨ, ਇਕੋ ਨਾਮ ਧਿਆਈਆ । ਸਾਚੀ ਮੰਜ਼ਲ ਸੰਤ ਸੁਹੇਲੇ ਚੜ੍ਹਨ, ਆਪਣਾ ਪੰਧ ਮੁਕਾਈਆ । ਜਨ ਭਗਤਾਂ ਕਿਰਪਾ ਕਰ ਕੇ ਪੁਰਖ ਅਕਾਲ ਲੋਕਮਾਤ ਆਵੇ ਖੜਨ, ਨਿਰਗੁਣ ਨਿਰਵੈਰ ਵੇਸ ਵਟਾਈਆ । ਨਾਤਾ ਤੋੜ ਜਾਤ ਪਾਤ ਵਰਨ ਬਰਨ, ਸਾਚੀ ਸਰਨ ਇਕ ਸਮਝਾਈਆ । ਜੋ ਗੁਰਸਿਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਪੜ੍ਹਨ, ਤਿਨ੍ਹਾਂ ਮੰਜ਼ਲ ਪੰਧ ਦੋ ਜਹਾਨਾਂ ਲਿਆ ਮੁਕਾਈਆ ।

# ★ ੧੮ ਜੇਠ ੨੦੨੧ ਬਿਕ੍ਰਮੀ ਨਾਨਕ ਚੰਦ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਜਨ ਭਗਤੋ ਜੁਗ ਜਨਮ ਦੀ ਪੂਰੀ ਹੋਈ ਭਗਤੀ, ਸ੍ਰੀ ਭਗਵਾਨ ਲੇਖੇ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੰਮਤ ਇਕੀਵੇਂ ਤੱਕਦੇ ਰਹੇ ਬਰਸੀ, ਸਦੀਆਂ ਵਿਚ ਸੱਦਾ ਦੇ ਦੇ ਸਰਬ ਸੁਣਾਇੰਦਾ । ਜਿਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ ਦਾਤਾ ਧੁਰ ਦਾ ਅਰਸ਼ੀ, ਅਰਸ਼ ਕੁਰਸ਼ ਆਪਣੇ ਲੇਖੇ ਲਾਇੰਦਾ । ਰੂਪ ਵਟਾਏ ਨਿਰਗੁਣ ਨਿਰਵੈਰ ਨਿਰਾਕਾਰ ਫ਼ਰਸ਼ੀ, ਫ਼ੈਸਲਾ ਆਪਣੇ ਹੱਥ ਰਖਾਇੰਦਾ । ਮਾਣ ਦਿਵਾਵੇ ਵੱਡੇ ਵਡ ਕਰ ਨਾਲੋਂ ਨਰਮੀ, ਸਾਚੀ ਹੁੰਡੀ ਇਕੋ ਹੱਥ ਫੜਾਇੰਦਾ । ਦੋ ਜਹਾਨਾਂ ਪੱਲੇ ਬੰਨ੍ਹੇ ਖ਼ਰਚੀ, ਖ਼ੈਰਖ਼ਾਹ ਹੋ ਕੇ ਪੂਰੀ ਖ਼ਾਹਸ਼ ਵਖਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਥੋੜਿਆਂ ਗੁਰਮੁਖਾਂ ਦੀ ਨਿਕਲੀ ਪਰਚੀ, ਬਾਕੀ ਪਰਚਾ ਹੱਲ ਨਾ ਕੋਇ ਕਰਾਇੰਦਾ । ਦੀਨਾ ਬੰਧੂ ਦੀਨ ਦਿਆਲ ਹੋ ਕੇ ਹੋਇਆ ਦਰਦੀ, ਦਰਦੀਆਂ ਦੁੱਖ ਵੰਡਾਇੰਦਾ । ਜਿਸ ਦੀ ਵੇਦ ਵਿਆਸ ਈਸਾ ਮੁਹੰਮਦ ਗੋਬਿੰਦ ਪਾ ਕੇ ਗਏ ਅਰਜ਼ੀ, ਸੋ ਆਰਜ਼ੂ ਸੁਣਨਹਾਰ ਵੇਸ ਵਟਾਇੰਦਾ । ਆਦਿ ਜੁਗਾਦਿ ਚਲ ਕੇ ਆਇਆ ਧੁਰ ਦਾ ਕਰਜ਼ੀ, ਮਕਰੂਜ਼ ਜਨ ਭਗਤਾਂ ਲਹਿਣਾ ਝੋਲੀ ਆਪ ਟਿਕਾਇੰਦਾ । ਪੁਰਖ ਅਕਾਲ ਦੀਨ ਦਿਆਲ ਖੇਲ ਕਦੇ ਨਾ ਕਰੇ ਫ਼ਰਜ਼ੀ, ਹੱਕ ਹਕੀਕਤ ਵਿਚੋਂ ਆਪ ਵਖਾਇੰਦਾ । ਜਨ ਭਗਤੋ ਬਿਨ ਭਗਤੀਉਂ ਤੁਹਾਡੀ ਪੂਰੀ ਕੀਤੀ ਮਰਜ਼ੀ, ਜਨਮ ਮਰਨ ਦੀ ਮਰਜ਼ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਤੇਰਾ ਚੁੱਕਿਆ ਝੇੜਾ, ਝਗੜਾ ਮੁਕਾ ਲੋਕਾਈਆ । ਉਜੜਿਆ ਵਸਿਆ ਤੇਰਾ ਖੇੜਾ, ਖਿੜਕੀ ਬੰਦ ਖੁਲ੍ਹਾਈਆ । ਜਿਥੇ ਨਾਤਾ ਜੁੜੇ ਤੇਰਾ ਮੇਰਾ, ਹੋਵੇ ਨਾ ਕਦੇ ਜੁਦਾਈਆ । ਪਰੇਮ ਪਿਆਰ ਦਾ ਸਦਾ ਖੁਲ੍ਹਾ ਵਿਹੜਾ, ਚਾਰ ਦੀਵਾਰੀ ਬੰਦ ਨਾ ਕੋਇ ਵਖਾਈਆ । ਨਾ ਕੋਈ ਸੰਝ ਨਾ ਸਵੇਰਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਦੂਰ ਨਾ ਕੋਈ ਨੇੜਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਕੋਹਲੂ ਚੱਕੀ ਚੱਕ ਨਾ ਕੋਇ ਗੇੜਾ, ਅਵਣ ਗਵਣ ਨਾ ਕੋਇ ਭਵਾਈਆ । ਪੁਰਖ ਅਕਾਲ ਦਇਆਵਾਨ ਹੋ ਕੇ ਕਰੇ ਮਿਹਰਾਂ, ਮਿਹਰ ਨਜ਼ਰ ਇਕ ਉਠਾਈਆ । ਜਿਧਰ ਵੇਖੋ ਨਜ਼ਰੀ ਆਏ ਸ੍ਰੀ ਭਗਵਾਨ ਨਿਰਗੁਣ ਨਿਰਵੈਰ ਧੁਰ ਦਾ ਸ਼ੇਰਾ, ਸ਼ੇਰ ਦਲੇਰ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਜਨ ਭਗਤੋ ਛੁੱਟਾ ਜਗ, ਲੇਖਾ ਮੁਕਿਆ ਜਗਤ ਲੋਕਾਈਆ । ਮਿਲਿਆ ਮੇਲ ਸੂਰੇ ਸਰਬੱਗ, ਸਰਬ ਕਲ ਦਾਤਾ ਵੇਖ ਵਖਾਈਆ । ਮਾਤ ਗਰਭ ਫੇਰ ਨਹੀਂ ਪੈਣਾ ਅੱਗ, ਨੌ ਅਠਾਰਾਂ ਕੁੰਡ ਨਾ ਕੋਇ ਰਖਾਈਆ । ਜਨਮ ਕਰਮ ਦੀ ਮੁੱਕੀ ਹੱਦ, ਕੂੜੀ ਕਿਰਿਆ ਡੇਰਾ ਢਾਹੀਆ । ਲੇਖੇ ਲੱਗਾ ਕਾਇਆ ਮਾਟੀ ਹੱਡ, ਜੋ ਜਨ ਨੇਤਰ ਨੈਣ ਦਰਸ਼ਨ ਪਾਈਆ । ਅੱਗੇ ਰਹਿਣ ਨਾ ਦੇਵੇ ਅੱਡ, ਜਗਤ ਵਿਛੋੜਾ ਦਏ ਚੁਕਾਈਆ । ਏਸੇ ਕਾਰਨ ਗ਼ਰੀਬ ਨਿਮਾਣੇ ਰਿਹਾ ਸੱਦ, ਹੋਕਾ ਦੇਵੇ ਬੇਪਰਵਾਹੀਆ । ਭਗਤਾਂ ਵਿਚੋਂ ਭਗਤੀ ਲਈ ਲੱਭ, ਬਿਨ ਭਗਤੀਉਂ ਭਗਤ ਦਿਤੇ ਤਰਾਈਆ । ਇਹੋ ਵਡਿਆਈ ਰਹੇ ਜਗ, ਜਗ ਜੀਵਣ ਦਾਤਾ ਹੋਏ ਸਹਾਈਆ । ਬਿਨ ਮੱਕੇ ਕਾਬਿਉਂ ਕਰਾਇਆ ਹੱਜ, ਬਿਨ ਹੁਜਰਿਉਂ ਹੱਕ ਵਖਾਈਆ । ਬਿਨ ਤੰਦ ਰਬਾਬ ਵਜਾਇਆ ਨਦ, ਅਗੰਮੀ ਰਾਗ ਸੁਣਾਈਆ । ਗੁਰਮੁਖੋ ਗੁਰਸਿਖੋ ਸਾਚੇ ਮੰਦਰ ਵੜਨਾ ਭੱਜ, ਅਧਵਿਚਕਾਰ ਨਾ ਕੋਇ ਅਟਕਾਈਆ । ਮਰਨ ਤੋਂ ਪਿਛੋਂ ਸ੍ਰਿਸ਼ਟੀ ਰੋਵੇ ਜਗ, ਗੁਰਮੁਖਾਂ ਵੱਜੇ ਵਧਾਈਆ । ਸੱਚਾ ਦੀਪਕ ਜਾਏ ਜਗ,

ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਰਿਹਾ ਚੁਕਾਈਆ । ਜਨ ਭਗਤ ਤੇਰਾ ਮੁਕਿਆ ਪੰਧ, ਪੁਰਖ ਅਕਾਲ ਹੋਏ ਸਹਾਈਆ । ਕੂੜੀ ਕਿਰਿਆ ਨਾਤਾ ਟੁੱਟਾ ਗੰਦ, ਹਉਮੇ ਹੰਗਤਾ ਨਾ ਕੋਇ ਲੜਾਈਆ । ਨਿਰਗੁਣ ਮਿਲ ਕੇ ਸਰਗੁਣ ਗਾਇਆ ਛੰਦ, ਸੋਹੰ ਢੋਲਾ ਰਾਗ ਅਲਾਈਆ । ਜਿਸ ਵਿਚੋਂ ਮਿਲਿਆ ਪਰਮਾਨੰਦ, ਨਿਜਾਨੰਦ ਹੋਏ ਰਸਾਈਆ । ਬਿਨ ਜਲ ਧਾਰਾ ਪਏ ਠੰਡ, ਬੂੰਦ ਸਵਾਂਤੀ ਮੁਖ ਚੁਆਈਆ । ਜਗਤ ਅੰਧੇਰੇ ਚਾੜ੍ਹ ਕੇ ਚੰਦ, ਸਾਚਾ ਨੂਰ ਕੀਤਾ ਰੁਸ਼ਨਾਈਆ । ਘਰ ਸੱਜਣ ਸਵਾਮੀ ਆਇਆ ਲੰਘ, ਬੰਕ ਦਵਾਰੀ ਲੰਕਾ ਗੜ੍ਹ ਤੁੜਾਈਆ । ਜਿਸ ਰਾਮ ਦੀ ਰਾਮ ਕਰ ਕੇ ਗਿਆ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਸੇਜ ਸੁਹੰਜਣੀ ਬੈਠ ਪਲੰਘ, ਆਸਣ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਤਰਾਏ ਘਰ ਘਰ, ਘਰ ਵਿਚ ਘਰੇਲੂ ਬਣ ਕੇ ਫੇਰਾ ਪਾਈਆ ।

## ★ ੧੮ ਜੇਠ ੨੦੨੧ ਬਿਕ੍ਰਮੀ ਰਾਮ ਲਾਲ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਜਨ ਭਗਤ ਤੇਰੀ ਸੋਹੇ ਕੁਲੀ, ਕੁਲਵੰਤਾ ਆਪ ਸੁਹਾਇੰਦਾ । ਜਿਥੇ ਮਾਰਗ ਲੱਗੀ ਵਿਛੜੀ ਆਤਮਾ ਰੂਹ ਭੁੱਲੀ, ਦਰ ਸਾਚਾ ਇਕ ਜਣਾਇੰਦਾ । ਪੰਜ ਤਤ ਕਾਇਆ ਅੰਦਰ ਵੜ ਕੇ ਸਿਮਲ ਵਾਂਗ ਨਾ ਹੁਲੀ, ਪਤ ਡਾਲੀ ਫੁਲ ਆਪ ਮਹਿਕਾਇੰਦਾ । ਜਗਤ ਅੰਧੇਰੀ ਕੂੜੀ ਝੁੱਲੀ, ਚਾਰ ਕੁੰਟ ਅੰਧੇਰਾ ਛਾਇੰਦਾ । ਧੰਨ ਵਡਿਆਈ ਤਿਨ੍ਹਾਂ ਜਿਸ ਦਵਾਰਿਉਂ ਪ੍ਰਭ ਭੋਗ ਲਗਾਏ ਰੋਟੀ ਸੁੱਕੀ ਗੁੱਲੀ, ਰਸਨਾ ਜਿਹਵਾ ਸਤਿ ਸਾਲਾਹਿੰਦਾ । ਸੋ ਫੁੱਲ ਫਲਵਾੜੀ ਲੋਕਮਾਤ ਫੁੱਲੀ, ਬੰਸ ਸਰਬੰਸ ਆਪ ਸੁਹਾਇੰਦਾ । ਧੁਰ ਦੇ ਤੋਲ ਅਗੰਮੀ ਕੰਡੇ ਤੁਲੀ, ਜਗਤ ਤਰਾਜੂ ਹੱਥ ਨਾ ਕੋਇ ਵਖਾਇੰਦਾ । ਅੱਗੇ ਵਾਸਤੇ ਕਿਰਪਾ ਕਰ ਕੇ ਜਨ ਭਗਤਾਂ ਛੁੱਟੀ ਦਿਤੀ ਖੁੱਲੀ, ਰਾਏ ਧਰਮ ਅੱਗੇ ਹੋ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਵਖਾਏ ਧੁਰ ਦਾ ਘਰ, ਓਨ੍ਹਾਂ ਦੀ ਛੁਡੌਣੀ ਫੇਰ ਪਏ ਨਾ ਚੁਲੀ, ਅੰਮ੍ਰਿਤ ਅੰਤਰ ਆਪਣਾ ਜਾਮ ਪਿਆਇੰਦਾ । ਕੁਲੀ ਕਹੇ ਮੈਂ ਕੀ ਦੱਸਾਂ, ਦੱਸਣ ਯੋਗ ਕਹਾਣੀ ਸਮਝ ਕਿਸੇ ਨਾ ਆਈਆ । ਖ਼ੁਸ਼ੀਆਂ ਵਿਚ ਅੰਦਰ ਬਾਹਰ ਹੱਸਾਂ, ਧੁਰ ਸੰਜੋਗ ਮਿਲਿਆ ਬੇਪਰਵਾਹੀਆ । ਓਨ੍ਹਾਂ ਦੇ ਕਦਮਾਂ ਢੱਠਾਂ, ਜਿਨ੍ਹਾਂ ਨੂੰ ਅਰਬਾਂ ਵਿਚੋਂ ਮਿਲੀ ਵਡਿਆਈਆ । ਨੈਣ ਨੇਤਰ ਵੇਖਾਂ ਅੱਖਾਂ, ਲੋਚਣ ਆਪਣਾ ਆਪ ਖੁਲ੍ਹਾਈਆ । ਵਾਰੀ ਘੋਲੀ ਨਿਰਮਾਣਤਾ ਵਿਚ ਟੇਕਾਂ ਮੱਥਾ, ਧੂੜੀ ਖ਼ਾਕ ਰਮਾਈਆ । ਜਿਨ੍ਹਾਂ ਨੂੰ ਪਰਮ ਪੁਰਖ ਪਰਮਾਤਮ ਪਿਤਾ ਮਿਲਿਆ ਸਕਾ, ਧੁਰ ਦਾ ਨਾਤਾ ਸਚ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ ਭਗਤ ਕਹੇ ਕੁਲੀ ਤੇਰਾ ਵੱਡਾ ਭਾਗ, ਸੋਹਣੀ ਬਣਤ ਬਣਾਈਆ । ਜਿਸ ਵਿਚ ਜਗਿਆ ਉਹ ਚਿਰਾਗ਼, ਜਿਸ ਦਾ ਨੂਰ ਇਕੋ ਇਕ ਰੁਸ਼ਨਾਈਆ । ਤੇਰੇ ਅੰਦਰ ਵੜ ਕੇ ਦੁਰਮਤ ਮੈਲ ਧੋ ਕੇ ਜਾਵੇ ਦਾਗ਼, ਸਤਿ ਸਰੂਪ ਰੂਪ ਵਟਾਈਆ । ਗ਼ਰੀਬ ਨਿਮਾਣਿਆਂ ਪੂਰਾ ਕਰੇ ਕਾਜ, ਕਰਤਾ ਪੁਰਖ ਹੋ ਸਹਾਈਆ । ਜਿਨ੍ਹਾਂ ਨੂੰ ਬੇੜੇ ਚਾੜ੍ਹ ਕੇ ਜਾਏ ਜਹਾਜ਼, ਮੰਜ਼ਲ ਅਗਲਾ ਪੰਧ ਮੁਕਾਈਆ । ਇਹੋ ਅਜ ਨਹੀਂ ਪਿਛਲਾ ਰਿਵਾਜ਼, ਜੁਗ ਚੌਕੜੀ ਹੋਏ ਸਹਾਈਆ । ਪਰ ਇਹੋ

ਜਿਹੀ ਪਿਛੇ ਨਹੀਂ ਦਿਤੀ ਦਾਤ, ਬਿਨ ਭਗਤੀਉਂ ਭਗਵਾਨ ਭਗਤ ਲਏ ਬਣਾਈਆ । ਜੁਗ ਚੌਕੜੀ ਪਿਛੋਂ ਨਿਰਗੁਣ ਆ ਕੇ ਤੋਰਿਆ ਇਹ ਰਵਾਜ, ਰਵਾਇਤ ਰਿਆਇਤ ਗੁਰਮੁਖਾਂ ਝੋਲੀ ਪਾਈਆ । ਅੱਗੇ ਹੋਣ ਨਾ ਦੇਵੇ ਕਿਸੇ ਦੇ ਮੁਹਤਾਜ, ਮੁਹੱਬਤ ਆਪਣੇ ਨਾਲ ਬੰਧਾਈਆ । ਸੀਸ ਜਗਦੀਸ ਰੱਖ ਕੇ ਤਾਜ, ਤਾਕਤ ਆਪਣੀ ਨਾਲ ਰਖਾਈਆ । ਜੋ ਹਰਿਜਨ ਸਾਹਿਬ ਦਾ ਹੋਇਆ ਦਾਸ, ਤਿਸ ਦਾਸੀ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦੇ ਵਿਛੜਿਆਂ ਪੂਰੀ ਆਸ ਕਰਾਈਆ ।

## ★ ੧੮ ਜੇਠ ੨੦੨੧ ਬਿਕ੍ਰਮੀ ਬੇਲੂ ਰਾਮ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਭਗਤ ਕਹੇ ਪ੍ਰਭ ਦਿਤਾ ਪਿਆਰ, ਅੰਤਰ ਧਾਰ ਦਿਤੀ ਪਰਗਟਾਈਆ । ਸਾਚਾ ਮੰਦਰ ਸੁਝਿਆ ਘਰ ਬਾਰ, ਗ੍ਰਿਹਿ ਆਪਣਾ ਵੇਖ ਵਖਾਈਆ । ਦੀਆ ਬਾਤੀ ਹੋਇਆ ਉਜਿਆਰ, ਅੰਧ ਅੰਧੇਰ ਰਿਹਾ ਨਾ ਰਾਈਆ । ਸਾਚੀ ਸਖੀਆਂ ਸੁਣਿਆ ਮੰਗਲਾਚਾਰ, ਗੀਤ ਗੋਬਿੰਦ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਰਿਹਾ ਚੁਕਾਈਆ । ਭਗਤ ਕਹੇ ਪ੍ਰਭ ਦੱਸਿਆ ਪਰੇਮ, ਪਰਮ ਪੁਰਖ ਦਇਆ ਕਮਾਈਆ । ਮੇਲ ਮਿਲਾਇਆ ਜਿਸ ਤਪਸ਼ੱਿਆ ਕੀਤੀ ਹੇਮ, ਕੁੰਟ ਇਕੋ ਖੋਜ ਖੁਜਾਈਆ । ਉਸ ਦੇ ਨਾਲ ਮਿਲ ਕੇ ਪੱਕਾ ਹੋਇਆ ਨੇਮ, ਨਾਤਾ ਸਕੇ ਨਾ ਕੋਇ ਤੁੜਾਈਆ । ਦਰਸ਼ਨ ਕਰ ਬਿਗਸਾਏ ਨੈਣ, ਨੇਤਰ ਖ਼ੁਸ਼ੀ ਮਨਾਈਆ । ਜਿਹਵਾ ਸਿਫ਼ਤ ਆਈ ਕਹਿਣ, ਸਾਚੀ ਸੇਵਕ ਬਣ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਦਿਤੀ ਸਮਝਾਈਆ । ਜਨ ਭਗਤ ਕਹੇ ਪ੍ਰਭ ਦਿਤਾ ਪਰੇਮ ਰਸ, ਵਡ ਰਸੀਏ ਦਇਆ ਕਮਾਈਆ । ਮੇਰੀ ਪੂਰੀ ਕੀਤੀ ਆਸ, ਆਸ਼ਾ ਆਪਣੇ ਨਾਲ ਰਖਾਈਆ । ਨਿਜ ਆਤਮ ਕਰ ਕੇ ਵਾਸ, ਵਸਲ ਸੱਚਾ ਦਿਤਾ ਵਖਾਈਆ । ਦੂਈ ਦਵੈਤੀ ਕਰ ਕੇ ਨਾਸ, ਨਾਲਸ਼ ਕੂੜੀ ਦਿਤੀ ਮਿਟਾਈਆ । ਸਚ ਨੂਰ ਕਰ ਪਰਕਾਸ਼, ਦੀਪਕ ਦੀਆ ਡਗਮਗਾਈਆ । ਅੱਠੇ ਪਹਿਰ ਬਖ਼ਸ਼ੀ ਪਰਭਾਤ, ਸੰਧਿਆ ਨਜ਼ਰ ਕੋਇ ਨਾ ਆਈਆ । ਸਾਚੇ ਸੰਤਾਂ ਬਖ਼ਸ਼ੀ ਜਮਾਤ, ਗੁਰਮੁਖਾਂ ਸੰਗ ਰਖਾਈਆ । ਲੇਖਾ ਲਿਖਾ ਕੇ ਨਾਲ ਕਲਮ ਦਵਾਤ, ਬਿਨ ਭਗਤੀਉਂ ਭਗਤ ਦਿਤੇ ਬਣਾਈਆ । ਇਹੋ ਜਿਹੀ ਅੱਗੇ ਕਿਸੇ ਨਾ ਦੱਸੀ ਜਾਚ, ਯਾਚਕ ਆਪਣੇ ਗਲੇ ਲਗਾਈਆ । ਇਕੋ ਢੋਲਾ ਪੜ੍ਹਾ ਕੇ ਧੁਰ ਦੀ ਗਾਥ, ਦਰ ਘਰ ਸਾਚੇ ਮੇਲ ਮਿਲਾਇਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਨ ਦੇ ਕੇ ਸਾਖਿਆਤ, ਸੱਜਣ ਸੁਹੇਲੇ ਲਏ ਤਰਾਈਆ । ਜਨ ਭਗਤ ਕਹੇ ਪ੍ਰਭ ਬਖ਼ਸ਼ਿਆ ਨਾਤਾ, ਆਤਮ ਪਰਮਾਤਮ ਸੰਗ ਰਖਾਈਆ । ਨਿਰਗੁਣ ਹੋ ਕੇ ਬਣਿਆ ਰਾਖਾ, ਸਰਗੁਣ ਦੇਵੇ ਮਾਣ ਵਡਿਆਈਆ । ਜਿਨ੍ਹਾਂ ਇਕੋ ਮੰਨਿਆ ਸ਼ਬਦੀ ਰੂਪ ਆਖਾ, ਆਖਰ ਚੋਟੀ ਦਏ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਦਾਤਾ, ਘਾਟਾ ਆਪਣੇ ਘਰ ਨਾ ਕੋਇ ਵਖਾਈਆ ।

★ ੧੮ ਜੇਠ ੨੦੨੧ ਬਿਕ੍ਰਮੀ ਨੰਦੂ ਰਾਮ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਪਿਆਰ ਮੁਹੱਬਤ ਨਹੀਂ ਇਹ ਕੂਕ, ਆਵਾਜ਼ਾਂ ਵਿਚੋਂ ਆਵਾਜ਼ ਇਕ ਇਲਾਹੀਆ । ਜਿਸ ਦਾ ਚਾਰ ਯਾਰੀ ਦਏ ਸਬੂਤ, ਪੀਰਾਂ ਵਿਚੋਂ ਪੀਰ ਦੇਣ ਗਵਾਹੀਆ । ਜਿਸ ਨੂੰ ਚਲਦਿਆਂ ਫਿਰਦਿਆਂ ਮਿਲਿਆ ਇਕ ਮਹਿਬੂਬ, ਸਚ ਕਲਮਾ ਗਿਆ ਪੜ੍ਹਾਈਆ । ਚਰਵਾਹੇ ਰੱਖਣਾ ਯਾਦ ਉਚ ਅਰੂਜ, ਸੋਹਣੀ ਬਣਤ ਬਣਾਈਆ । ਤੇਰੀ ਹੱਦ ਇਕ ਹਦੂਦ, ਬੰਦੀਖ਼ਾਨਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਚਾਰ ਯਾਰੀ ਦੇ ਪਿਛਲੇ ਸੰਗੀ, ਮੁਹੰਮਦ ਵੇਖ ਵਖਾਈਆ । ਜਿਸ ਵੇਲੇ ਆਇਓਂ ਪੈਰੀਂ ਨੰਗੀ, ਤਨ ਖ਼ਾਕੀ ਰੂਪ ਵਟਾਈਆ । ਪਰੇਮ ਪਿਆਰ ਅੰਦਰ ਮੰਗ ਇਕੋ ਮੰਗੀ, ਵਸਲ ਮਿਲੇ ਬੇਪਰਵਾਹੀਆ । ਤੈਨੂੰ ਦਰਸ ਦਖਾਉਣਾ ਉਪਰ ਸ਼ਾਹ ਰਗ ਜਗਤ ਘੰਡੀ, ਘਰ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਚਾਰ ਯਾਰੀ ਦਾ ਪਿਛਲਾ ਸਾਕ, ਸੱਜਣ ਇਕੋ ਅਖਵਾਈਆ । ਜਿਸ ਦਾ ਪੂਰਬ ਨਾਮ ਮੁਸ਼ਤਾਕ, ਮੁਸ਼ਕੜੀਆਂ ਵਿਚ ਹੱਸ ਹੱਸ ਖ਼ੁਸ਼ੀ ਮਨਾਈਆ । ਇਕ ਦਿਨ ਡੁੱਬਣ ਲੱਗਾ ਸੀ ਆਫ਼ਤਾਬ, ਰਮਜ਼ਾਨ ਮਹੀਨਾ ਦਏ ਗਵਾਹੀਆ । ਰੋਜ਼ਾ ਚੌਧਵਾਂ ਪਕੜਿਆ ਫੁਲ ਗੁਲਾਬ, ਖ਼ੁਸ਼ੀਆਂ ਮਹਿਕ ਮਹਿਕਾਈਆ । ਓਧਰੋਂ ਆਇਆ ਹੱਕ ਜਨਾਬ, ਮੁਹੰਮਦ ਫੇਰਾ ਪਾਈਆ । ਨੀਲ ਕੰਢੇ ਕੀਤਾ ਆਣ ਆਦਾਬ, ਸਜਦਾ ਸੀਸ ਝੁਕਾਈਆ । ਬਾਂਹੋਂ ਪਕੜ ਉਸ ਕਿਹਾ ਸ਼ਤਾਬ, ਹੌਲੀ ਜਿਹੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਮੁਸ਼ਤਾਕ ਕਿਹਾ ਮੈਂ ਮਸਕੀਨ, ਮਸਕੀਨਾਂ ਵਿਚੋਂ ਨਜ਼ਰੀ ਆਈਆ । ਮੈਂ ਬਰਦਾ ਦਰ ਅਧੀਨ, ਬਰਖ਼ੁਰਦਾਰ ਰੂਪ ਵਟਾਈਆ । ਮੈਂ ਪੜ੍ਹੀ ਅਲਫ਼ ਯੇ ਨਾ ਕੋਇ ਸੀਨ, ਨੂਨ ਨੂਨ ਗ਼ੁਨੇ ਵਿਚ ਨਾ ਕੋਇ ਬਦਲਾਈਆ । ਇਕੋ ਕਲਮਾ ਪੜ੍ਹਿਆ ਯਾ ਅਮੀਨ, ਮੇਰਾ ਤੂੰਹੀ ਤੂੰ ਖ਼ੁਦਾ ਖ਼ੁਦਾਈਆ । ਮੈਂ ਤੇਰੇ ਦਰ ਅਧੀਨ, ਆਸਰਾ ਤੇਰਾ ਇਕ ਤਕਾਈਆ । ਮੈਨੂੰ ਸਾਚੀ ਕਰ ਤਲਕੀਨ, ਤਸਬੀ ਮਾਲਾ ਹੱਥ ਨਾ ਕੋਇ ਫੜਾਈਆ । ਮੈਂ ਕਹਾਂ ਯਾ ਆਮੀਨ, ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਸੁਣ ਮੁਸ਼ਤਾਕ ਇਹ ਨੀਲ ਕੰਢਾ, ਜਲ ਧਾਰਾ ਵਹਿਣ ਵਹਾਈਆ । ਨੀਲੀ ਧਾਰੋਂ ਅੰਮ੍ਰਿਤ ਮਿਲੇ ਠੰਡਾ, ਠੰਡਾ ਰੂਪ ਵਟਾਈਆ । ਤੇਰਾ ਅੱਗੇ ਲੇਖਾ ਦੱਸਾਂ ਚੰਗਾ, ਚੰਗੀ ਤਰ੍ਹਾ ਸਮਝਾਈਆ । ਕਲਜੁਗ ਅੰਤਮ ਹੋਵੇਂ ਭੁੱਖਾ ਨੰਗਾ, ਭੁੱਖਿਆਂ ਵਿਚੋਂ ਭੁੱਖ ਪ੍ਰਭ ਨੂੰ ਤੇਰੀ ਸੱਚੀ ਭਾਈਆ । ਜਿਸ ਵੇਲੇ ਮੇਰਾ ਪਰਵਰਦਿਗਾਰ ਲੋਕਮਾਤ ਲੈ ਕੇ ਆਏ ਮਰਦੰਗਾ, ਤੇਰੇ ਨਾਲ ਮਿਲ ਕੇ ਦਏ ਵਜਾਈਆ । ਤੂੰ ਸਭਨਾਂ ਨਾਲੋਂ ਚੰਗਾ, ਚੰਗੀ ਤਰ੍ਹਾ ਦੇਵਾਂ ਸਮਝਾਈਆ । ਬਾਹਰੋਂ ਵੇਖਣ ਨੂੰ ਜਗਤ ਜਹਾਨ ਲੱਗੇਂ ਮੰਦਾ, ਦੂਨੀ ਦਾਰ ਤੈਥੋਂ ਮੁਖ ਭਵਾਈਆ । ਜਿਸ ਦਵਾਰੇ ਜਾ ਕੇ ਮੈਂ ਮੰਗਾਂ, ਸੋ ਦੇਵਣਹਾਰਾ ਮਾਂਗਤ ਹੋ ਕੇ ਤੇਰੇ ਦਰ ਤੇ ਆਈਆ । ਜਗਤ ਮਹਿਤਾਬੀ ਆਫ਼ਤਾਬੀ ਚੜ੍ਹੇ ਚੰਦਾ, ਮਹਿਰਾਬੀ ਨੂਰ ਰੁਸ਼ਨਾਈਆ । ਤੇਰਾ ਨਾਮ ਹੋਣਾ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦਾ ਪਰਮ ਪੁਰਖ ਨਾਲ ਮਿਲ ਕੇ ਬਣੇ ਛੰਦਾ, ਸੋਹੰ ਰੂਪ ਵਟਾਈਆ । ਲੇਖੇ ਲਾਏ ਬੰਦਗੀਉਂ ਬਿਨਾਂ ਬੰਦਾ, ਬੰਧਨ ਅਗਲਾ ਪਿਛਲਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਅਗਲਾ ਲੇਖਾ ਕਰੇ ਚੰਗਾ, ਪਿਛਲਾ ਦੁੱਖ ਪੂਰਾ ਪੂਰਾ ਪੂਰਾ ਰਿਹਾ ਚੁਕਾਈਆ ।

ਨੰਦੂ ਤੇਰੀ ਗ਼ਰੀਬੀ ਵਿਚ ਸੁਖ, ਪਰੇਮ ਬੈਠਾ ਰੂਪ ਵਟਾਈਆ । ਤੇਰੀ ਕੁੱਲੀ ਵਿਚ ਭੁੱਖ, ਪ੍ਰਭ ਦਾ ਧਿਆਨ ਲਗਾਈਆ । ਤੇਰੀ ਜੁਲੀ ਨੇਤਰ ਰਹੀ ਚੁੱਕ, ਲੋਚਣ ਰਹੀ ਉਠਾਈਆ । ਤੇਰਾ ਪਰੇਮ ਪਿਆਰ ਗਲਵਕੜੀ ਪਾਏ ਘੁੱਟ, ਨਾਤਾ ਤੋੜ ਜਗਤ ਲੋਕਾਈਆ । ਜੀਂਵਦਿਆਂ ਤੇਰੀ ਚੁਰਾਸੀ ਗਈ ਛੁੱਟ, ਜਨਮ ਮਰਨ ਦਾ ਝਗੜਾ ਦਿਤਾ ਮੁਕਾਈਆ । ਅੱਗੇ ਏਸੇ ਤਰ੍ਹਾ ਗੋਦੀ ਲੈ ਜਾਏ ਚੁੱਕ, ਘਰ ਆ ਕੇ ਪਹਿਲੋਂ ਦਰਸ ਦਿਖਾਈਆ । ਜੇ ਕੋਈ ਆਂਢੀ ਗਵਾਂਢੀ ਲਏ ਪੁਛ, ਸਾਖਿਆਤ ਨਜ਼ਰੀ ਔਂਦਾ ਦੇਣਾ ਸਮਝਾਈਆ । ਮੈਂ ਪਿਤਾ ਤੂੰ ਮੇਰਾ ਪੁੱਤ, ਤੇਰੇ ਪੁੱਤ ਪੋਤਰੇ ਰੂਪ ਵਟਾਈਆ । ਸੋਹਣਾ ਦਰਸ਼ਨ ਕਰਨਾ ਘਰ ਬੈਠਿਆਂ ਚੁੱਪ, ਰਾਤੀ ਸੁਤਿਆਂ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੀਆਂ ਵਿਚੋਂ ਤੇਰਾ ਕੱਟ ਕੇ ਜਾਵੇ ਦੁੱਖ, ਦਲਿੱਦਰ ਆਪਣੀ ਝੋਲੀ ਪਾਈਆ ।

## ★ ੧੮ ਜੇਠ ੨੦੨੧ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹ ਧੰਗਾਲੀ ਜੰਮੂ ★



ਜਨ ਭਗਤ ਗਾਇਆ ਸਾਚਾ ਮੰਗਲ, ਹਰਿ ਹਿਰਦੇ ਨਾਮ ਧਿਆਈਆ । ਆਵਣ ਜਾਵਣ ਮੁਕਿਆ ਵਕਤ ਜਗਤ ਜੰਗਲ, ਜੂਹ ਉਜਾੜ ਨਾ ਕੋਇ ਵਖਾਈਆ । ਮਸਤਕ ਟਿੱਕਾ ਲੱਗਾ ਧੁਰ ਦਾ ਚੰਦਨ, ਜੋਤ ਲਲਾਟ ਕਰੇ ਰੁਸ਼ਨਾਈਆ । ਅੰਤਰ ਮਿਲਿਆ ਪਰਮਾਨੰਦਨ, ਨਿਜ ਆਤਮ ਖ਼ੁਸ਼ੀ ਮਨਾਈਆ । ਸਚ ਦ੍ਰਿੜੌਣੀ ਇਕੋ ਬੰਦਨ, ਬੰਦਗੀ ਪ੍ਰਭੂ ਸਮਝਾਈਆ । ਠਾਕਰ ਹੋ ਕੇ ਰੱਖੇ ਅੰਗਣ, ਆਪਣੀ ਗੋਦ ਉਠਾਈਆ । ਦਰਵੇਸ਼ ਹੋ ਕੇ ਆਵੇ ਮੰਗਣ, ਦਰ ਠਾਂਡੇ ਅਲਖ ਜਗਾਈਆ । ਰੋਗ ਸੋਗ ਜ਼ਰਮ ਕਰਮ ਕੀਤਾ ਖੰਡਣ, ਖੰਡਾ ਖੜਗ ਹੱਥ ਉਠਾਈਆ । ਪਰੇਮ ਪ੍ਰੀਤੀ ਆਇਆ ਵੰਡਣ, ਚਾਰ ਵਰਨਾਂ ਇਕੋ ਘਰ ਬਹਾਈਆ । ਜੁਗ ਜਨਮ ਦੀ ਟੁੱਟੀ ਆਇਆ ਗੰਢਣ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸਾਚਾ ਮਾਰਗ ਇਕੋ ਆਇਆ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਹਰਿ ਜੂ ਹੋ ਕੇ ਹਿਰਦੇ ਆਇਆ ਵਸਣ, ਘਰ ਘਰ ਡੇਰਾ ਲਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਨਾਮ ਮਧਾਣੇ ਵਰੋਲੇ ਮੱਖਣ, ਚਾਰੋਂ ਕੁੰਟ ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤਾਂ ਮੇਲਾ ਕਰਨ ਆਇਆ, ਪਾਰਬ੍ਰਹਮ ਬੇਪਰਵਾਹੀਆ । ਤ੍ਰੈਗੁਣ ਕੂੜੀ ਮੇਟੇ ਮਾਇਆ, ਮਮਤਾ ਮੋਹ ਚੁਕਾਈਆ । ਸਮਰਥ ਹੋ ਸਿਰ ਹੱਥ ਟਿਕਾਇਆ, ਧੀਰਜ ਧੀਰ ਇਕ ਬੰਧਾਈਆ । ਆਤਮ ਪਰਮਾਤਮ ਸਾਚੀ ਗਾਥ ਪੜ੍ਹਾਇਆ । ਸੋਹੰ ਰਾਗ ਅਨਰਾਗ ਦਏ ਸਮਝਾਈਆ । ਅੰਦਰ ਵੜ ਮੰਦਰ ਚੜ੍ਹ ਸਾਚੀ ਸਦਾ ਅਲਖ ਸੁਣਾਇਆ, ਅਲਖ ਅਗੋਚਰ ਖੇਲ ਰਚਾਈਆ । ਹੋ ਪਰਤੱਖ ਦਰਸ ਵਖਾਇਆ, ਸਾਖਿਆਤ ਨਜ਼ਰੀ ਆਈਆ । ਨੇਤਰ ਲੋਚਣ ਨੈਣ ਇਕੋ ਅੱਖ ਖੁਲ੍ਹਾਇਆ, ਪਰਦਾ ਉਹਲਾ ਦਿਤਾ ਚੁਕਾਈਆ । ਅਨਝਕ ਹੋ ਕੇ ਫੇਰਾ ਪਾਇਆ, ਲੋਕ ਲਾਜ ਪਰੇ ਹਟਾਈਆ । ਪਾਰਬ੍ਰਹਮ ਹੋ ਕੇ ਬ੍ਰਹਮ ਲਏ ਉਠਾਇਆ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਿਹਕਰਮੀ

ਹੋ ਕੇ ਕਰਮ ਕਮਾਇਆ, ਹਰਿਜਨ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਜਨ ਭਗਤ ਗਾਇਆ ਸਾਚਾ ਗੁਣ, ਧੁਨ ਆਤਮਕ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਪੁਕਾਰ ਲਈ ਸੁਣ, ਦੂਰ ਦੁਰਾਡਾ ਧਿਆਨ ਲਗਾਈਆ । ਪੰਧ ਮੁਕਾ ਕੇ ਆਇਆ ਫੁਨ, ਵੇਸ ਅਵਲੱੜਾ ਰੂਪ ਧਰਾਈਆ । ਸੰਤ ਸੁਹੇਲੇ ਲਏ ਚੁਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਮਾਣ ਦਵਾਇਆ ਵਡ ਰਿਖ ਮੁਨ, ਮੁਨੀਸ਼ਰਾਂ ਵਿਚੋਂ ਮੁਨੀਸਰ ਦਿਤੇ ਬਣਾਈਆ । ਲੇਖਾ ਚੁਕਿਆ ਸਮਾਧੀ ਸੁਨ, ਸੁਨ ਸਮਾਧ ਲੋੜ ਰਹੀ ਨਾ ਰਾਈਆ । ਲਹਿਣਾ ਚੁਕਿਆ ਨਾਦ ਧੁਨ, ਧੁਨੀ ਰਾਗ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਭਗਤ ਲਏ ਤਰਾਈਆ । ਜਨ ਭਗਤਾਂ ਗਾਇਆ ਰਸਨਾ ਜਿਹਵਾ, ਬੱਤੀ ਦੰਦ ਨਾਦ ਸੁਣਾਈਆ । ਪਰਮ ਪੁਰਖ ਪ੍ਰਭ ਅਲਖ ਅਭੇਵਾ, ਅਗੰਮ ਅਥਾਹ ਵੇਖ ਵਖਾਈਆ । ਹਰਿਜਨ ਵੇਖੇ ਕਰਦੇ ਸਾਚੀ ਸੇਵਾ, ਸੇਵਕਾਂ ਵਿਚੋਂ ਸੇਵਕ ਰੂਪ ਵਟਾਈਆ । ਦੇਵੇ ਵਡਿਆਈ ਵਡ ਦੇਵੀ ਦੇਵਾ, ਦੇਵ ਆਤਮਾ ਆਪਣੇ ਲੇਖੇ ਪਾਈਆ । ਅੰਮ੍ਰਿਤ ਰਸ ਅਗੰਮੀ ਮੇਵਾ, ਬਿਨ ਰਸਨਾ ਦਏ ਚਖਾਈਆ । ਸਾਚਾ ਧਾਮ ਅਟੱਲ ਵਖਾਏ ਨਿਹਕੇਵਾ, ਨਿਹਚਲ ਇਕੋ ਘਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਗਾਇਆ ਢੋਲਾ ਸੋਹੰ ਸੋ, ਸੋ ਸਾਹਿਬ ਦਏ ਵਡਿਆਈਆ । ਜਨਮ ਕਰਮ ਦਾ ਟੁੱਟਾ ਮੋਹ, ਕੂੜੀ ਕਿਰਿਆ ਡੇਰਾ ਢਾਹੀਆ । ਆਸਾ ਤ੍ਰਿਸਨਾ ਅੱਗੇ ਕਰੇ ਨਾ ਕੋਈ ਧਰੋਹ, ਹਉਮੇਂ ਹੰਗਤਾ ਸੰਗ ਨਾ ਕੋਇ ਰਖਾਈਆ । ਘਰ ਪਰਕਾਸ਼ ਕਰੇ ਲੋ, ਨੇਤਰ ਨਿਜ ਹੋਵੇ ਰੁਸ਼ਨਾਈਆ । ਆਤਮ ਪਰਮਾਤਮ ਗਈ ਛੋਹ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਸ੍ਰੀ ਭਗਵਾਨ ਭਗਤਾਂ ਜੋਗਾ ਗਿਆ ਹੋ, ਹੋਕਾ ਦੇ ਦੇ ਆਪ ਉਠਾਈਆ । ਨਾਮ ਨਿਧਾਨਾ ਲੈ ਕੇ ਆਇਆ ਢੋਆ ਢੋ, ਘਰ ਘਰ ਵਸਤ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਗਾਇਆ ਰਸਨਾ ਏਕ, ਏਕੰਕਾਰ ਦਏ ਵਡਿਆਈਆ । ਸਤਿ ਪੁਰਖ ਨਿਰੰਜਣ ਹੋ ਕੇ ਬਖ਼ਸ਼ੇ ਟੇਕ, ਚਰਨ ਕਵਲ ਦਏ ਸਰਨਾਈਆ । ਜਗਤ ਬੁਧੀ ਓਨ੍ਹਾਂ ਕਰੇ ਬਿਬੇਕ, ਜਿਨ੍ਹਾਂ ਦੱਸੀ ਆਪ ਪੜ੍ਹਾਈਆ । ਤ੍ਰੈਗੁਣ ਮਾਇਆ ਅਗਨੀ ਨਾ ਲਾਏ ਸੇਕ, ਜਗਤ ਤਤ ਨਾ ਕੋਇ ਤਪਾਈਆ । ਧੰਨ ਗੁਰਮੁਖ ਗੁਰਸਿਖ ਜਿਨ੍ਹਾਂ ਆਪਣਾ ਆਪ ਕੀਤਾ ਭੇਟ, ਕਾਇਆ ਮਾਟੀ ਸਤਿਗੁਰ ਝੋਲੀ ਪਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸ਼ਬਦ ਦੋਸ਼ਾਲੇ ਲਏ ਲਪੇਟ, ਏਥੇ ਓਥੇ ਹੋਏ ਸਹਾਈਆ । ਖ਼ੁਸ਼ੀਆਂ ਨਾਲ ਬਾਲਕਾਂ ਨਾਲ ਖੇਲਣਹਾਰਾ ਖੇਡ, ਖ਼ਾਲਕ ਹੋ ਕੇ ਖ਼ਲਕ ਵਿਚੋਂ ਮੁਰੀਦ ਮੁਰਸ਼ਦ ਲਏ ਜਗਾਈਆ । ਜੋਤੀ ਜਲਵਾ ਦੇ ਕੇ ਤੇਜ, ਸ਼ਬਦੀ ਨਾਦ ਕਰੇ ਸ਼ਨਵਾਈਆ । ਜਿਸ ਕਾਰਨ ਕਰਤੇ ਲਏ ਭੇਜ, ਸੋ ਕਰਨੀ ਦਏ ਦ੍ਰਿੜਾਈਆ । ਆਓ ਰਲ ਕੇ ਪਾਰਬ੍ਰਹਮ ਦੀ ਮਾਣੋ ਸੇਜ, ਸੇਜ ਸੁਹੰਜਣੀ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੁਹਾਡਾ ਲਹਿਣਾ ਦੇਣਾ ਲੈਣ ਵੇਖ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸਾਹਿਬ ਸਤਿਗੁਰ ਕਰੇ ਅਗੰਮੜਾ ਹੇਤ, ਹਿਤਕਾਰੀ ਆਪਣਾ ਮੇਲ ਮਿਲਾਈਆ । ਬੇਸ਼ਕ ਲੱਖ ਚੁਰਾਸੀ ਅਗਨੀ ਲੱਗੀ ਜੇਠ, ਗੁਰਮੁਖ ਠੰਡਾ ਠਾਰ ਰੂਪ ਵਟਾਈਆ । ਪ੍ਰਭ ਸਰਨਾਈ ਜਾਣਾ ਲੇਟ, ਖੇਵਟ ਖੇਟ ਆਪੇ ਲਏ ਤਰਾਈਆ । ਨਾਤਾ ਜੁੜ ਗਿਆ ਬਾਪ ਬੇਟ, ਪਿਤਾ ਪੂਤ ਵੇਖ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਵਿਚੋਂ ਥੋੜੇ ਕੀਤੇ ਨੇਕ, ਨੇਕੀ ਆਪਣੀ ਨਾਲ ਮਿਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦਾ ਹੋਏ ਸਹਾਈਆ । ਗੁਰਮੁਖ ਗਾ ਗਾ ਹੋਣਾ ਖ਼ੁਸ਼, ਖ਼ੁਸ਼ੀਆਂ ਰਾਗ ਅਲਾਈਆ । ਅਗਲਾ ਪਿਛਲਾ ਪੈਂਡਾ ਰਿਹਾ ਮੁਕ, ਲੱਖ ਚੁਰਾਸੀ ਨਾ ਕੋਇ ਭਵਾਈਆ । ਦਰਦੀ ਹੋ ਕੇ ਦਇਆਵਾਨ ਲਏ ਚੁੱਕ, ਬਾਂਹੋਂ ਪਕੜ ਗਲੇ ਲਗਾਈਆ । ਧਰਤ ਮਾਤ ਤੁਹਾਡੀ ਮੰਗਦੀ ਰਹੀ ਸੁਖ, ਵਾਰੀ ਸਦਕੇ ਘੋਲੀ ਘੋਲ ਘੁਮਾਈਆ । ਨੈਣਾਂ ਨਾਲ ਤੱਕੇ ਤੁਹਾਡਾ ਮੁਖ, ਜੋ ਸੋਹੰ ਢੋਲਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਚਾਈਂ ਚਾਈਂਆ । ਗੁਰਮੁਖ ਕਹਿਣ ਗਾਇਆ ਗੋਬਿੰਦ, ਇਕੋ ਨਾਮ ਧਿਆਈਆ । ਪਰਮ ਪੁਰਖ ਕਹੇ ਮੈਂ ਮੇਟਾਂ ਚਿੰਦ, ਚਿੰਤਾ ਸੋਗ ਗਵਾਈਆ । ਗੁਰਸਿਖ ਕਹੇ ਮੈਂ ਲੇਖੇ ਲਾਈ ਜਿੰਦ, ਹਉਂ ਵਾਰੀ ਆਪਾ ਭੇਟ ਚੜ੍ਹਾਈਆ । ਪੁਰਖ ਅਕਾਲ ਕਹੇ ਮੈਂ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਗੁਰਮੁਖਾਂ ਝੋਲੀ ਪਾਈਆ । ਗੁਰਸਿਖ ਕਹੇ ਮੈਂ ਤੇਰੀ ਬਿੰਦ, ਧੁਰ ਦਾ ਇਕੋ ਪਿਤਾ ਮਾਈਆ । ਠਾਕਰ ਕਹੇ ਮੈਂ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਹਰਿਜਨ ਕਹੇ ਪੰਜ ਤਤ ਜੀਉ ਤੇਰਾ ਪਿੰਡ, ਕਾਇਆ ਤੇਰੇ ਰੰਗ ਰੰਗਾਈਆ । ਦੀਨ ਦਿਆਲ ਕਹੇ ਮੈਂ ਅੰਮ੍ਰਿਤ ਧਾਰ ਵਹਾਵਾਂ ਸਿੰਧ, ਸਾਂਤਕ ਸਤਿ ਸਤਿ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਗੁਰਮੁਖ ਕਹੇ ਮੈਂ ਗਾਇਆ ਨਾਦ, ਹਰਿ ਹਰਿ ਨਾਮ ਧਿਆਈਆ । ਪਿਛਲਾ ਜਨਮ ਨਹੀਂ ਯਾਦ, ਪੂਰਬ ਸਮਝ ਕਿਸੇ ਨਾ ਆਈਆ । ਪਰੇਮ ਪ੍ਰੀਤੀ ਅੰਦਰ ਹੋ ਵਿਸਮਾਦ, ਬਿਸਮਲ ਰੂਪ ਵਟਾਈਆ । ਕਵਣ ਬਿਧ ਪ੍ਰਭ ਸੁਣ ਫ਼ਰਿਆਦ, ਮਿਹਰ ਨਜ਼ਰ ਉਠਾਈਆ । ਅੰਦਰ ਵੜ ਕੇ ਮਾਰੇ ਆਵਾਜ਼, ਸੁੱਤਾ ਲਿਆ ਜਗਾਈਆ । ਭਰਮ ਭੁਲੇਖਾ ਖੋਲ੍ਹ ਕੇ ਰਾਜ਼, ਰਹਿਮਤ ਆਪਣੀ ਇਕ ਕਮਾਈਆ । ਪਰੇਮ ਪਿਆਰ ਅੰਦਰ ਹੋ ਕੇ ਦਾਸ, ਦਾਸੀ ਗੁਰਮੁਖ ਲਏ ਬਣਾਈਆ । ਸਾਚਾ ਕਰੇ ਭੋਗ ਬਲਾਸ, ਆਤਮ ਸੇਜਾ ਸੋਭਾ ਪਾਈਆ । ਲਹਿਣਾ ਚੁਕਾ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਉਪਰ ਡੇਰਾ ਲਾਈਆ । ਨਿਰਗੁਣ ਜੋਤ ਕਰ ਪਰਕਾਸ਼, ਦੀਵਾ ਬਾਤੀ ਇਕੋ ਡਗਮਗਾਈਆ । ਆਪਣੀ ਗੋਦੀ ਚੁੱਕ ਕੇ ਰੱਖੇ ਸਾਥ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜਿਧਰ ਵੇਖਾਂ ਚਾਰੋਂ ਕੁੰਟ ਦਹਿ ਦਿਸ਼ਾ ਨਿਰਗੁਣ ਦਿਸੇ ਪਾਸ, ਪਤਿਪਰਮੇਸ਼ਵਰ ਆਪਣਾ ਸੰਗ ਨਿਭਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਪੂਰੀ ਕੀਤੀ ਆਸ, ਸਾਸ ਸਾਸ ਆਪਣੀ ਝੋਲੀ ਪਾਈਆ । ਬੇਸ਼ਕ ਭਰਮੇ ਭੁੱਲ ਕੇ ਪਹਿਲੋਂ ਬਣੇ ਰਹੇ ਬਦਮਾਸ਼, ਪ੍ਰਭ ਨਾਲ ਕਰਦੇ ਰਹੇ ਲੜਾਈਆ । ਏਸੇ ਕਾਰਨ ਜਨਮ ਜਨਮ ਹੁੰਦੇ ਰਹੇ ਨਿਰਾਸ, ਨਿਰਾਸਤਾ ਆਪਣਾ ਸੰਗ ਨਿਭਾਈਆ । ਕਲਜੁਗ ਅੰਤਮ ਪੂਰੀ ਹੋਈ ਖ਼ਾਹਸ਼, ਖ਼ਾਹਸ਼ ਵਿਚੋਂ ਖ਼ਾਲਸ ਗੁਰਮੁਖ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰਸਿਖ ਕਹੇ ਮੈਂ ਗਾਇਆ ਭਗਵੰਤ, ਦੂਜੀ ਟੇਕ ਨਾ ਕੋਇ ਰਖਾਈਆ । ਭਗਵੰਤ ਕਹੇ ਮੈਂ ਬਣ ਕੇ ਕੰਤ, ਨਾਰੀ ਨਰ ਨਰਾਇਣ ਹੋ ਪਰਨਾਈਆ । ਮਾਣ ਧਰਾਇਆ ਧੁਰ ਦਾ ਸੰਤ, ਸੰਤ ਸਾਜਣ ਆਪ ਬਣਾਈਆ । ਜਿਸ ਦੀ ਮਹਿਮਾ ਪਿਛੋਂ ਰਹੇ ਚਾਰ ਜੁਗ ਰਸਨਾ ਗਾਏ ਜੀਵ ਜੰਤ, ਚਾਰ ਕੁੰਟ ਵੱਜੇ ਵਧਾਈਆ । ਆਪਣਾ ਖੇਲ ਕਰ ਬੇਅੰਤ, ਬੇਪਰਵਾਹ ਧਾਰ ਵਖਾਈਆ । ਸਾਚਾ ਦੇ ਕੇ ਮਣੀਆਂ ਮੰਤ, ਮੰਤਰ ਅੰਤਰ ਕਰੀ ਇਕ ਪੜ੍ਹਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਜੋ ਮਿਲ ਗਿਆ ਹਰਿ ਕੀ ਸੰਗਤ, ਤਿਨ੍ਹਾਂ ਵਿਸ਼ਨ ਬ੍ਰਹਮਾ ਸ਼ਿਵ ਮਿਲ ਮਿਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੧੬੩ ੧੯

ਸਾਚੇ ਮਾਰਗ ਦਿਤਾ ਲਗਾਈਆ । ਸੰਗਤ ਮਿਲਿਆ ਪ੍ਰਭ ਦਾ ਸੰਗ, ਸਗਲੀ ਸ੍ਰਿਸ਼ਟ ਤਜਾਈਆ । ਇਹ ਨਾ ਮਿਲਣਾ ਫੇਰ ਰੰਗ, ਰੰਗਣ ਵਾਲਾ ਨੌਂ ਸੌ ਚੁਰਾਨਵੀ ਚੌਕੜੀ ਜੁਗ ਪਿਛੋਂ ਫੇਰਾ ਪਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹੰਢ, ਨਿਰਗੁਣ ਸਰਗੁਣ ਵੇਸ ਵਟਾਈਆ । ਏਸੇ ਦੀ ਯਾਦ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਕੇ ਗਏ ਛੰਦ, ਅੰਜੀਲ ਕੁਰਾਨ ਸੋਹਲਾ ਢੋਲਾ ਗਾਈਆ । ਏਸੇ ਦੀ ਧਾਰ ਵਿਚੋਂ ਚੜ੍ਹਦੇ ਰਹੇ ਅਗੰਮੀ ਚੰਦ, ਜੋਤੀ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਸਮਝਾਈਆ । ਹਰਿਜਨ ਸਾਚੇ ਸਮਝਣੀ ਬਾਤ, ਗੁਰ ਸਤਿਗੁਰ ਆਪ ਦ੍ਰਿੜਾਇੰਦਾ । ਅੰਦਰ ਵੇਖੋ ਮਾਰ ਝਾਤ, ਝਾਕੀ ਆਪਣੀ ਆਪ ਜਣਾਇੰਦਾ । ਸਚ ਪੁਛੋ ਜਨ ਭਗਤਾਂ ਦਿਤੀ ਉਹ ਦਾਤ, ਜਿਸ ਦਾਤ ਵਿਚੋਂ ਦਾਤਾਰ ਨਜ਼ਰੀ ਆਇੰਦਾ । ਸਾਲਸ ਬਣ ਕੇ ਲੇਖਾ ਲਿਖਾਵੇ ਨਾਲ ਕਲਮ ਦਵਾਤ, ਜਿਸ ਦਾ ਲੇਖ ਜਗਤ ਨਾ ਕੋਇ ਮਿਟਾਇੰਦਾ । ਤਤ ਸਰੂਪ ਨਹੀਂ ਨਿਰਗੁਣ ਜੋਤ ਸਾਖਿਆਤ, ਪੰਜ ਭੂਤਕ ਭੇਵ ਚੁਕਾਇੰਦਾ । ਨੂਰੀ ਚਸ਼ਮ ਤਕਣਾ ਦਲੀਲ ਨਹੀਂ ਆਫ਼ਤਾਬ, ਮਹਿਬੂਬ ਮਹਿਰਾਬ ਅੰਦਰੋਂ ਨਜ਼ਰੀ ਆਇੰਦਾ । ਅੱਗੇ ਲੇਖਾ ਨਾ ਰਿਹਾ ਕੋਇ ਹਿਸਾਬ, ਪਿਛਲੀ ਕਿਤਾਬ ਪਾੜ ਪੁਸਤਕ ਚਰਨਾਂ ਹੇਠ ਦਬਾਇੰਦਾ । ਤੁਹਾਥੋਂ ਮੰਗੇ ਨਾ ਕੋਇ ਜਵਾਬ, ਰਾਹ ਵਿਚ ਨਾ ਕੋਇ ਅਟਕਾਇੰਦਾ । ਇਹ ਸੁਫ਼ਨਾ ਨਹੀਂ ਖ਼ਵਾਬ, ਖ਼ਾਲਸ ਆਪਣੇ ਨਾਲ ਮਿਲਾਇੰਦਾ । ਇਹ ਮਾਲਕ ਨਹੀਂ ਹਿੰਦ ਪੰਜਾਬ, ਦੋ ਜਹਾਨਾਂ ਵੇਖ ਵਖਾਇੰਦਾ । ਜਿਸ ਨੂੰ ਪੀਰ ਪੈਗ਼ੰਬਰ ਕਹਿੰਦੇ ਹੱਕ ਜਨਾਬ, ਜਨਾਬੇਆਲੀ ਨਾਉਂ ਧਰਾਇੰਦਾ । ਜਿਸ ਨੂੰ ਗੁਰ ਅਵਤਾਰ ਮੰਨਦੇ ਗਏ ਸੱਚਾ ਸਾਹਿਬ, ਸ਼ਾਹ ਸੁਲਤਾਨ ਰੂਪ ਵਟਾਇੰਦਾ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਰਿਹਾ ਗਾਇਬ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਪੀਰਾਂ ਪੈਗ਼ੰਬਰਾਂ ਸ਼ਾਹ ਹਕੀਰਾਂ ਫ਼ਕੀਰਾਂ ਕਰ ਦਾ ਰਿਹਾ ਹਦਾਇਤ, ਕਲਮਾ ਸ਼ਰਅ ਨਾਲ ਮਿਲਾਇੰਦਾ । ਤੁਹਾਡੇ ਉਤੇ ਬੜੀ ਕੀਤੀ ਰਿਆਇਤ, ਰਹੀਮ ਹੋ ਕੇ ਰਹਿਮਤ ਬਰਖਾ ਲਾਇੰਦਾ । ਇਸ ਤੋਂ ਵੱਡੀ ਹੋਰ ਨਹੀਂ ਕੋਈ ਕਫ਼ਾਇਤ, ਬਿਨ ਪੜ੍ਹਿਆਂ ਪਾਰ ਕਰਾਇੰਦਾ । ਇਹ ਵੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛੇ ਕੀਤੀ ਹਮਾਇਤ, ਹਮ ਦਸਤ ਹੋ ਕੇ ਆਪਣਾ ਦਸਤ ਮਿਲਾਇੰਦਾ । ਦਸਤ ਬਦਸਤ ਕਰੇ ਸਚ ਅਨਾਇਤ, ਵਸਤ ਅਮੋਲਕ ਝੋਲੀ ਪਾਇੰਦਾ । ਜਨ ਭਗਤੋ ਤੁਹਾਡੀ ਓਥੇ ਕਰੇ ਰਹਾਇਸ਼, ਜਿਸ ਘਰ ਵਿਚ ਡੇਰਾ ਲਾਇੰਦਾ । ਜੇ ਕੋਈ ਕਰਨ ਆਏ ਅਜ਼ਮਾਇਸ਼, ਲੱਭਿਆਂ ਹੱਥ ਕਿਸੇ ਨਾ ਆਇੰਦਾ । ਇਸ ਦੀ ਕਿਸੇ ਨਾ ਕੀਤੀ ਪੈਮਾਇਸ਼, ਆਰ ਪਾਰ ਕਿਨਾਰਾ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪੂਰੀ ਕਰ ਕੇ ਖ਼ਾਹਸ਼, ਖ਼ਾਹਸ਼ ਭਗਤਾਂ ਆਪਣੇ ਵਿਚ ਸਮਾਇੰਦਾ । ਭਗਤ ਕਹੇ ਪ੍ਰਭੂ ਕਰੀਂ ਨਾ ਠੱਗੀ, ਠੱਗ ਚੋਰ ਯਾਰ ਰੂਪ ਵਟਾਈਆ । ਚਾਰੋਂ ਕੁੰਟ ਵੇਖ ਅੱਗ ਲੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ੍ਰਿਸ਼ਟ ਸਬਾਈ ਫਿਰੇ ਭੱਜੀ, ਰਾਜ ਰਾਜਾਨ ਸ਼ਾਹ ਸੁਲਤਾਨ ਫਿਰਨ ਵਾਹੋ ਦਾਹੀਆ । ਨੇਤਰ ਨੀਰ ਵਹੌਂਦੀ ਵੇਖੀ ਚੌਧਵੀਂ ਸਦੀ, ਬੀਸਵੀਂ ਮਿਲ ਕੇ ਕੀਰਨੇ ਰਹੀ ਪਾਈਆ । ਕਿਸੇ ਦੀ ਸਾਬਤ ਦਿਸੇ ਨਾ ਗੱਦੀ, ਗੱਦੀਦਾਰ ਧੀਰਜ ਧੀਰ ਨਾ ਕੋਇ ਧਰਾਈਆ । ਸ੍ਰੀ ਭਗਵਾਨ ਤੇਰੇ ਪਿਛੇ ਸ੍ਰਿਸ਼ਟੀ ਸਾਰੀ ਛੱਡੀ, ਤਾਅਨੇ ਮੇਣੇ ਦਏ ਲੋਕਾਈਆ । ਪਰੇਮ ਪਿਆਰ ਤੇਰੇ ਦੀ ਬੱਧੀ, ਬੰਦਨਾ ਇਕੋ ਸੀਸ ਝੁਕਾਈਆ । ਵਿਸ਼ਵ ਰੂਪ ਤੇਰਾ ਅਸੀਂ ਤੇਰੀ ਵਿਸ਼ਵ ਯੱਦੀ, ਨਾਤਾ ਤੇਰੇ ਨਾਲ ਬੰਧਾਈਆ । ਸਾਡੀ ਲੇਖੇ ਲੱਗੇ

ਸਾਢੇ ਤਿੰਨ ਹੱਥ ਅੰਦਰ ਤਿੰਨ ਸੌ ਸੱਠ ਹੱਡੀ, ਨਾੜ ਬਹੱਤਰ ਤੇਰਾ ਨੂਰ ਰੁਸ਼ਨਾਈਆ । ਬਿਰਹੋਂ ਵੈਰਾਗਣ ਸਚ ਪਰੇਮਣ ਹੋ ਕੇ ਸੁਰਤੀ ਫਿਰੇ ਭੱਜੀ, ਦਿਵਸ ਰੈਣ ਵਾਹੋ ਦਾਹੀਆ । ਧੰਨ ਭਾਗ ਤੇਰੇ ਚਰਨਾਂ ਦੀ ਸਰਨ ਲੱਭੀ, ਓਟ ਇਕੋ ਘਰ ਰਖਾਈਆ । ਤੂੰ ਦਿਆਲ ਹੋ ਕੇ ਪੜਦਾ ਕੱਜੀਂ, ਮਿਹਰਵਾਨ ਹੋ ਕੇ ਸੀਸ ਹੱਥ ਟਿਕਾਈਆ । ਬੇਸ਼ਕ ਗੁਰਮੁਖ ਸਵਾਣੀ ਕਮਲੀ ਕੋਝੀ ਕੁਚੱਜੀ, ਸੁਘੜ ਸਵਾਣੀ ਆਪ ਲਈਂ ਬਣਾਈਆ । ਦੋਏ ਜੋੜ ਦਰ ਦਵਾਰ ਕਰਾਂ ਹੱਥ ਬੱਧੀ, ਬੰਦਗੀ ਤੇਰੀ ਮੋਹੇ ਭਾਈਆ । ਜਿਉਂ ਭਾਵੇ ਤਿਉਂ ਆਪਣੇ ਸੰਗ ਰੱਖੀਂ, ਰੱਖਿਆ ਕਰੀਂ ਥਾਉਂ ਥਾਈਂਆ । ਪਰ ਵਿਛੋੜਾ ਨਾ ਦੇਵੀਂ ਮੈਂ ਦਰਸਨ ਕਰਾਂ ਅੱਖੀਂ, ਅੱਖੀਆਂ ਵਿਚੋਂ ਅੱਖ ਤੇਰਾ ਰੂਪ ਨਜ਼ਰੀ ਆਈਆ । ਮੈਂ ਬਣਨਾ ਨਹੀਂ ਕ੍ਰਿਸ਼ਨ ਵਾਲੀ ਸਖੀ, ਜਿਸ ਨੂੰ ਵਿਛੋੜਾ ਦੇ ਕੇ ਕੀਤੀ ਜੁਦਾਈਆ । ਮੈਂ ਤੇਰੇ ਪਰੇਮ ਪਿਆਰ ਨਾਮ ਦੀ ਪੜ੍ਹੀ ਪੱਟੀ, ਪਟਣੇ ਵਾਲਾ ਨਾਲ ਹੋ ਕੇ ਦੇਵੇ ਗਵਾਹੀਆ । ਮੈਂ ਇਹੋ ਖੱਟੀ ਖੱਟੀ, ਪ੍ਰਭ ਮਿਲਿਆ ਬੇਪਰਵਾਹੀਆ । ਤੇਰੇ ਨਾਮ ਅੰਦਰ ਰੱਤੀ, ਰੱਤ ਆਪਣੀ ਦਿਤੀ ਮੁਕਾਈਆ । ਇਹੋ ਮੰਗ ਮੰਗਦਾ ਰਿਹਾ ਨਾਨਕ ਬੋਲ ਕੇ ਗਿਆ ਜੁਗ ਛੱਤੀ, ਛੱਤੀਆਂ ਰਾਗਾਂ ਵਿਚੋਂ ਤੇਰੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ ਗੌਂਦੇ ਰਹੇ ਦੰਦ ਬੱਤੀ, ਬੱਤੀਆਂ ਵਿਚੋਂ ਕਮਲਾਪਤੀ ਆਪਣਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਿਲੇ ਸਚ ਸਰਨਾਈਆ ।



## ★ ੧੮ ਜੇਠ ੨੦੨੧ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹ ਧੰਗਾਲੀ ਜੰਮੂ ★



ਭਗਤ ਕਹੇ ਪ੍ਰਭ ਦੇਈਂ ਨਾ ਲਾਰਾ, ਤੇਰੀ ਪਿਛਲੀ ਯਾਦ ਚੇਤੇ ਆਈਆ । ਜੁਗ ਚੌਕੜੀ ਕਰਦਾ ਰਿਹੋਂ ਇਸ਼ਾਰਾ, ਸ਼ਬਦੀ ਸੈਨਤ ਨਾਲ ਸਮਝਾਈਆ । ਗੁਰ ਅਵਤਾਰ ਬਣੌਂਦਾ ਰਿਹੋਂ ਲਿਖਾਰਾ, ਰਹਿਬਰ ਪੈਗ਼ੰਬਰ ਕਾਤਬ ਰੂਪ ਵਟਾਈਆ । ਨਾਦ ਧੁਨ ਵਜੌਂਦਾ ਰਿਹੋਂ ਨਗਾਰਾ, ਅਨਹਦ ਨਾਦ ਸੁਣਾਈਆ । ਜੋਤੀ ਨੂਰ ਬਖ਼ਸ਼ਦਾ ਰਿਹੋਂ ਚਮਤਕਾਰਾ, ਘਰ ਘਰ ਕਰ ਰੁਸ਼ਨਾਈਆ । ਨਾਉਂ ਦੱਸਦਾ ਰਿਹੋਂ ਪਰਵਰਦਿਗਾਰਾ, ਬੇਐਬ ਨੂਰ ਖ਼ੁਦਾਈਆ । ਸਾਚੇ ਮੰਦਰ ਚੜ੍ਹ ਕੇ ਲਗੌਂਦਾ ਰਿਹੋਂ ਅਖਾੜਾ, ਸੋਹਣਾ ਵੇਸ ਵਟਾਈਆ । ਵਕਤ ਸੁਹੇਲਾ ਦੱਸਦਾ ਰਿਹੋਂ ਵਿਚ ਸੰਸਾਰਾ, ਕਲਜੁਗ ਅੰਤਮ ਇਕ ਨਿਸ਼ਾਨ ਜਣਾਈਆ । ਨਿਰਗੁਣ ਹੋ ਕੇ ਲਵਾਂ ਮਾਤ ਅਵਤਾਰਾ, ਨਿਰਵੈਰ ਹੋ ਕੇ ਖੇਲ ਵਖਾਈਆ । ਜਨ ਭਗਤਾਂ ਕਰਾਏ ਸਚ ਪਿਆਰਾ, ਪਰੇਮ ਪ੍ਰੀਤੀ ਇਕ ਬਣਾਈਆ । ਜਲ ਥਲ ਮਹੀਅਲ ਵੇਖਾਂ ਡੂੰਘੀ ਗਾਰਾ, ਸਮੁੰਦ ਸਾਗਰ ਖੋਜ ਖੁਜਾਈਆ । ਪਾਵਾਂ ਸਾਰ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਵੇਖਾਂ ਚਾਈਂ ਚਾਈਂਆ । ਸਚ ਨਾਮ ਦਾ ਦੱਸ ਇਕ ਜੈਕਾਰਾ, ਜੈ ਜੈਕਾਰ ਦਿਆਂ ਵਖਾਈਆ । ਭਗਤ ਵਛਲ ਹੋ ਗਿਰਵਰ ਗਿਰਧਾਰਾ, ਚੌਗਿਰਦ ਆਪਣੀ ਕਾਰ ਲਗਾਈਆ । ਖੜਗ ਖੰਡਾ ਹੋ ਕਟਾਰਾ, ਤਰਕਸ਼ ਤੀਰ ਕਮਾਨ ਰੂਪ ਵਟਾਈਆ । ਮਿਹਰਵਾਨ ਹੋ ਕੇ ਮੇਲ ਮਿਲਾਵਾਂ ਧੁਰ ਦਰਬਾਰਾ, ਦਰਗਾਹ ਸਾਚੀ ਖ਼ੁਸ਼ੀ ਵਖਾਈਆ । ਸੋ ਵਕਤ ਸੁਹੇਲਾ ਸੁਹੰਜਣਾ ਨਜ਼ਰੀ ਆਵੇ ਅਪਰ ਅਪਾਰਾ, ਅਪਰੰਪਰ ਦੇਣੀ ਮਾਣ ਵਡਿਆਈਆ । ਜਗਤ ਜਗ ਜੁਗ ਵਿਚੋਂ ਚਰਨ ਕਵਲ ਲੱਭਿਆ ਇਕ ਦਵਾਰਾ, ਦਾਅਵਾ ਬੰਨ੍ਹ ਕੇ ਰਹੇ ਸੁਣਾਈਆ । ਸਾਡਾ ਕਰ

ਕੇ ਜਾਈਂ ਪਾਰ ਕਿਨਾਰਾ, ਅਧਵਿਚਕਾਰ ਨਾ ਕੋਇ ਅਟਕਾਈਆ । ਸਾਡੀ ਮਨਜ਼ੂਰ ਹੋਵੇ ਨਿਮਸਕਾਰਾ, ਡੰਡੌਤ ਬੰਦਨਾ ਤੇਰੀ ਝੋਲੀ ਪਾਈਆ । ਸਚ ਮੰਜ਼ਲ ਦੇਣਾ ਅਗੰਮ ਨਜ਼ਾਰਾ, ਨਜ਼ਰ ਨੈਣ ਕੋਇ ਵੇਖ ਨਾ ਸਕੇ ਰਾਈਆ । ਖ਼ੁਸ਼ੀਆਂ ਰੰਗ ਵੇਖੀਏ ਤੇਰੇ ਸਚ ਸਚ ਦਰਬਾਰਾ, ਜਿਸ ਘਰ ਬੈਠਾ ਡੇਰਾ ਲਾਈਆ । ਜੋਤੀ ਨੂਰ ਹੋ ਕੇ ਉਜਿਆਰਾ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਫੇਰ ਪੂਰਾ ਹੋਵੇ ਤੂੰ ਮੇਰਾ ਮੈਂ ਤੇਰਾ ਜੈਕਾਰਾ, ਸੋਹੰ ਰੂਪ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਤੇਰਾ ਘਰ ਬਾਰਾ, ਬ੍ਰਹਿਮੰਡ ਤੇਰੀ ਰਚਨਾ ਨਜ਼ਰੀ ਆਈਆ ।

★ ੧੮ ਜੇਠ ੨੦੨੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ ਧੰਗਾਲੀ ਜੰਮੂ ★

ਜਨ ਭਗਤ ਹੋਏ ਬੰਦ ਖ਼ਲਾਸੀ, ਬੰਦੀਖ਼ਾਨਾ ਤੋੜ ਤੁੜਾਇੰਦਾ । ਮਾਣਸ ਜਨਮ ਆਵੇ ਰਾਸੀ, ਜਿਸ ਰਸਤਾ ਆਪ ਸਮਝਾਇੰਦਾ । ਚਿੰਤਾ ਗ਼ਮ ਹਰਖ਼ ਸੋਗ ਮਿਟਾਏ ਉਦਾਸੀ, ਝੂਠੇ ਵਹਿਣ ਨਾ ਕੋਇ ਵਹਾਇੰਦਾ । ਸਚ ਦਵਾਰੇ ਕਰ ਕੇ ਦਾਸੀ, ਸੇਵਾ ਇਕੋ ਇਕ ਵਖਾਇੰਦਾ । ਰਾਏ ਧਰਮ ਦੀ ਕੱਟੇ ਫਾਸੀ, ਰੱਸੇ ਜਮ ਨਾ ਕੋਇ ਲਟਕਾਇੰਦਾ । ਜਿਨ੍ਹਾਂ ਮਿਲਿਆ ਘਨਕਪੁਰ ਵਾਸੀ, ਘਨੱਈਆ ਨਈਆ ਸਚ ਦੀ ਆਪ ਚੜ੍ਹਾਇੰਦਾ । ਓਨ੍ਹਾਂ ਸਦਾ ਰਹੇ ਪਰਭਾਤੀ, ਸੰਧਿਆ ਅੰਧੇਰ ਨਾ ਕੋਇ ਬਣਾਇੰਦਾ । ਮੰਜ਼ਲ ਦੂਰ ਦੁਰਾਡੀ ਚੜ੍ਹਨ ਘਾਟੀ, ਮਾਰਗ ਇਕੋ ਇਕ ਵਖਾਇੰਦਾ । ਉਹ ਸਤਿ ਸੰਤੋਖ ਦੇ ਬਣੇ ਪਾਠੀ, ਜਿਨ੍ਹਾਂ ਸੋਹੰ ਆਤਮ ਪਰਮਾਤਮ ਮੇਲ ਮਿਲਾਇੰਦਾ । ਕੱਟ ਵਿਛੋੜਾ ਕਮਲਾਪਾਤੀ, ਧੁਰ ਦਾ ਜੋੜਾ ਜੋੜ ਜੁੜਾਇੰਦਾ । ਪਿਛਲਾ ਲਹਿਣਾ ਰਹੇ ਨਾ ਬਾਕੀ, ਅੱਗੇ ਖਾਤਾ ਪੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸਚ ਦਵਾਰ ਵਸਾਇੰਦਾ । ਸਚ ਦਵਾਰ ਦੱਸ ਪ੍ਰਭ, ਜਨ ਭਗਤ ਰਹੇ ਮੰਗ ਮੰਗਾਈਆ । ਕਿਸ ਬਿਧ ਲੋਕਮਾਤ ਲਈਏ ਲੱਭ, ਕੁੰਟ ਚਾਰ ਖੋਜ ਖੁਜਾਈਆ । ਤੇਰੀ ਨਜ਼ਰ ਨਾ ਆਵੇ ਹੱਦ, ਕਿਨਾਰਾ ਸਮਝ ਕੋਇ ਨਾ ਪਾਈਆ । ਸ੍ਰੀ ਭਗਵਾਨ ਮਿਹਰਵਾਨ ਹੋ ਕੇ ਦਿਤਾ ਦੱਸ, ਦੀਨਾਂ ਨਾਥਾਂ ਨਾਥ ਭੇਵ ਖੁਲ੍ਹਾਈਆ । ਜੋ ਸਚ ਸਰਨਾਈ ਜਾਏ ਢੱਠ, ਆਪ ਆਪਣਾ ਭੇਟ ਕਰਾਈਆ । ਸੋ ਸਚਖੰਡ ਦਵਾਰੇ ਜਾਏ ਵਸ, ਮੰਝਧਾਰ ਸਕੇ ਨਾ ਕੋਇ ਰੁੜ੍ਹਾਈਆ । ਓਥੇ ਮਿਲੇ ਇਕੋ ਰਸ, ਜਲ ਪਾਣੀ ਲੋੜ ਰਹੇ ਨਾ ਰਾਈਆ । ਕਿਰਪਾ ਕਰ ਕੰਢੀ ਵਿਚੋਂ ਕੱਢ ਓਸ ਦਰਗਾਹ ਆਵੇ ਛੱਡ, ਜਿਥੇ ਬੈਠਾ ਬੇਪਰਵਾਹੀਆ । ਰਲ ਮਿਲ ਭਗਤ ਭਗਵਾਨ ਸਾਂਝਾ ਗਾਵਣ ਛੰਦ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਮੁਕਾਵੇ ਚਲਣ ਫਿਰਨ ਵਾਲਾ ਪੰਧ, ਦਰ ਸਾਚੇ ਦਏ ਵਡਿਆਈਆ ।

★ ੧੮ ਜੇਠ ੨੦੨੧ ਬਿਕ੍ਰਮੀ ਖੇਮੋ ਦੇਵੀ ਦੇ ਗ੍ਰਹਿ ਧੰਗਾਲੀ ਜੰਮੂ ★

ਪ੍ਰਭ ਤੇਰੀ ਕਿਰਪਾ ਨਿਕਲੇ ਭਵਰ, ਹਰਿਜਨ ਸਾਚੀ ਖ਼ੁਸ਼ੀ ਮਨਾਇੰਦਾ । ਪਰੇਮ ਪਿਆਲਾ ਪੀਤਾ ਸਬਰ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਨਾਤਾ ਛੱਡਿਆ ਮੜੀ ਗੋਰ ਕਬਰ, ਇਸ਼ਟ ਤੇਰਾ ਨਜ਼ਰੀ ਆਇੰਦਾ । ਸਹਾਰਾ ਤੱਕਿਆ ਸ਼ੇਰ ਬੱਬਰ, ਭੈ ਭਿਆਨਕ ਵਿਚੋਂ ਪਾਰ ਕਰਾਇੰਦਾ । ਸਾਚੇ

ਭਗਤ ਜਿਸ ਦਾ ਟੱਬਰ, ਦੂਜਾ ਸੰਗ ਨਾ ਕੋਇ ਵਖਾਇੰਦਾ । ਗੁਰਮੁਖਾਂ ਪਿਛੇ ਫਿਰੇ ਮਗਰ, ਦਰ ਦਰ ਘਰ ਘਰ ਵੇਖ ਵਖਾਇੰਦਾ । ਆਸਾ ਮਨਸਾ ਪੂਰੀ ਪਿਛੇ ਸਧਰ, ਜਗਤ ਕੂੜਾ ਰੋਗ ਮਿਟਾਇੰਦਾ । ਮਿਹਰਵਾਨ ਹੋ ਕੇ ਕਿਸਮਤ ਦੇਵੇ ਬਦਲ, ਬਦਲਾ ਅਗਲਾ ਪਿਛਲਾ ਆਪ ਚੁਕਾਇੰਦਾ । ਤਖ਼ਤ ਨਿਵਾਸੀ ਹੋ ਕੇ ਕਰੇ ਅਦਲ, ਅਦਾਲਤ ਇਕੋ ਘਰ ਜਣਾਇੰਦਾ । ਜਿਥੇ ਸ਼ਹਾਦਤ ਪਰਵਾਨ ਹੋਵੇ ਬਿਨ ਹੋਇਆਂ ਕਤਲ, ਕਤਲਗਾਹ ਰੰਗ ਨਾ ਕੋਇ ਰੰਗਾਇੰਦਾ । ਉਹ ਤਾਰਨਹਾਰਾ ਆਇਆ ਆਪਣੇ ਪਤਣ, ਪਤਿਪਰਮੇਸ਼ਵਰ ਫੇਰਾ ਪਾਇੰਦਾ । ਸੰਤ ਸੁਹੇਲੇ ਗੁਰ ਚੇਲੇ ਆਇਆ ਰੱਖਣ, ਜੀਵਾਂ ਜੰਤਾਂ ਵਿਚੋਂ ਖੋਜ ਖੁਜਾਇੰਦਾ । ਕੋਟਨ ਕੋਟ ਪ੍ਰਭ ਮਿਲਣ ਦਾ ਕਰਦੇ ਯਤਨ, ਯਥਾ ਯੋਗ ਸਰਬ ਧਿਆਨ ਲਗਾਇੰਦਾ । ਬਿਨ ਹਰਿ ਕਿਰਪਾ ਕੋਈ ਨਾ ਜਾਏ ਮੁੜ ਕੇ ਆਪਣੇ ਵਤਨ, ਜਿਸ ਵਤਨ ਵਿਚੋਂ ਦੇਸ ਪਰਦੇਸ ਪਰਦੇਸੀ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਆਇਆ ਤੱਕਣ, ਦੂਰ ਦੁਰਾਡਾ ਆਪਣਾ ਪੰਧ ਮੁਕਾਇੰਦਾ ।

## ★ ੧੮ ਜੇਠ ੨੦੨੧ ਬਿਕ੍ਰਮੀ ਵਕੀਲ ਸਿੰਘ ਦੇ ਗ੍ਰਹਿ ਧੰਗਾਲੀ ਜੰਮੂ ★



ਵਾਜਾਂ ਮਾਰੇ ਜਗਤ ਭਗਤੀ, ਜਨ ਭਗਤਾਂ ਰਹੀ ਸੁਣਾਈਆ । ਬਿਰਹੋਂ ਵਿਛੋੜੇ ਅੰਦਰ ਮਰਦੀ, ਮਿਲਿਆ ਮੇਲ ਨਾ ਬੇਪਰਵਾਹੀਆ । ਸੰਗੀ ਦਿਸੇ ਨਾ ਕੋਈ ਦਰਦੀ, ਮੇਰਾ ਦੁਖੜਾ ਦਰਦ ਵੰਡਾਈਆ । ਮੈਨੂੰ ਸਾਰ ਨਾ ਆਏ ਸਾਚੇ ਘਰ ਦੀ, ਦਰ ਦਰ ਦਿਆਂ ਦੁਹਾਈਆ । ਖ਼ਬਰ ਮਿਲੀ ਨਾ ਸਾਚੇ ਨਰ ਦੀ, ਨਰ ਨਰਾਇਣ ਨਾ ਕੋਇ ਮਿਲਾਈਆ । ਮੈਂ ਚਾਰੋਂ ਕੁੰਟ ਫਿਰਾਂ ਡਰਦੀ, ਸੀਸ ਉਪਰ ਨਾ ਕੋਇ ਉਠਾਈਆ । ਕਿਸ ਦਵਾਰੇ ਬਣਾਂ ਬਰਦੀ, ਸੇਵਕ ਹੋ ਕੇ ਸੇਵ ਕਮਾਈਆ । ਮੇਰੀ ਮਨਜ਼ੂਰ ਨਾ ਹੋਵੇ ਅਰਜ਼ੀ, ਆਰਜ਼ੂ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਦਿਤੀ ਵਰਤਾਈਆ । ਜਗਤ ਭਗਤੀ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਸੱਚਾ ਮਿਲੇ ਨਾ ਕੋਇ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਸਾਚੀ ਸਿਖਿਆ ਦੇਵੇ ਸਲਾਹ, ਕਰੇ ਇਕ ਪੜ੍ਹਾਈਆ । ਮੈਂ ਲੱਭ ਲੱਭ ਥੱਕੀ ਥਾਉਂ ਥਾਂ, ਚਾਰੇ ਕੁੰਟ ਖੋਜ ਖੁਜਾਈਆ । ਮੇਰੀ ਕਿਸੇ ਨਾ ਪਕੜੀ ਬਾਂਹ, ਉਂਗਲੀ ਨਾਲ ਨਾ ਕੋਇ ਬੰਧਾਈਆ । ਸਿਰ ਰੱਖੇ ਨਾ ਠੰਡੀ ਛਾਂ, ਕਲਜੁਗ ਅਗਨੀ ਤਤ ਤਪਾਈਆ । ਬੌਹੜੀ ਦਰੋਹੀ ਕੀ ਹੋਇਆ ਮੈਥੋਂ ਗੁਨਾਹ, ਭੁੱਲ ਸਕੇ ਨਾ ਕੋਇ ਸਮਝਾਈਆ । ਭਗਤ ਪੱਲੂ ਗਏ ਛੁਡਾ, ਆਪਣੀ ਕੰਨੀ ਮਾਤ ਕਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਨੀ ਰਿਹਾ ਕਮਾਈਆ । ਜਗਤ ਭਗਤੀ ਨੈਣਾ ਰੋਂਦੀ, ਨੇਤਰ ਨੀਰ ਵਹਾਈਆ । ਸੁਖਾਂ ਨੀਂਦ ਰਾਤ ਨਾ ਸੌਂਦੀ, ਗਟੀਆਂ ਗਿਣ ਗਿਣ ਵਕਤ ਲੰਘਾਈਆ । ਮੀਂਢੀ ਸੁਹਾਗ ਆਪਣੀ ਖੋਂਹਦੀ, ਖੁਲੜੇ ਕੇਸ ਦਏ ਦੁਹਾਈਆ । ਚਾਰੋਂ ਕੁੰਟ ਉਚੀ ਕੂਕ ਪਾਏ ਡੌਂਡੀ, ਹੋਕਾ ਦੇ ਕੇ ਰਹੀ ਸੁਣਾਈਆ । ਮੈਂ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਤ ਨਵਿਤ ਰਹੀ ਭੌਂਦੀ, ਭਾਉ ਆਪਣੇ ਨਾਲ ਰਖਾਈਆ । ਗੀਤ ਗੋਬਿੰਦ ਰਹੀ ਗੌਂਦੀ, ਹਰਿਜਨ ਸਾਚੇ ਨਾਲ ਮਿਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਈਆ । ਜਗਤ ਭਗਤੀ ਕਹੇ ਮੈਂ ਹੋਈ ਛੁਟੜ, ਸੰਗੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਨਿਰਗੁਣ ਧਾਰੋਂ ਆਇਆ ਉਤਰ, ਨਿਰਾਕਾਰ ਫੇਰਾ ਪਾਈਆ । ਭਗਤ ਸੁਹੇਲੇ ਬਣਾਏ ਆਪਣੇ ਪੁੱਤਰ, ਪਿਤਾ ਹੋ ਕੇ ਗੋਦ ਉਠਾਈਆ । ਉਹ ਸਿਧੇ ਓਸੇ ਦਾ ਕਰਦੇ ਸ਼ੁਕਰ, ਮੇਰੀ ਸਾਰ ਕੋਇ ਨਾ ਪਾਈਆ । ਮੇਰੇ ਵਲੋਂ ਹੋਏ ਨਮੁਕਰ, ਅੱਖ ਨਾਲ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦਿਤਾ ਦ੍ਰਿੜਾਈਆ । ਜਗਤ ਭਗਤੀ ਵਹਾਏ ਨੀਰ, ਨੈਣਾਂ ਛਹਿਬਰ ਲਾਈਆ । ਸਚ ਦਿਸੇ ਨਾ ਉਹ ਤਸਵੀਰ, ਜੋ ਬਣਾਈ ਬੇਪਰਵਾਹੀਆ । ਗਲ ਅਲਫ਼ੀ ਫਿਰਾਂ ਵਾਂਗ ਫ਼ਕੀਰ, ਭੱਜਾਂ ਵਾਹੋ ਦਾਹੀਆ । ਮੇਰੀ ਚੋਲੀ ਲੀਰੋ ਲੀਰ, ਓਢਣ ਸੀਸ ਨਾ ਕੋਇ ਟਿਕਾਈਆ । ਮੇਰੀ ਅੰਤਰ ਹੋਈ ਦਿਲਗੀਰ, ਬਸੰਤਰ ਸਕੇ ਨਾ ਕੋਇ ਬੁਝਾਈਆ । ਕਲਜੁਗ ਅੰਤਮ ਆਈ ਭੀੜ, ਪੈਂਡਾ ਪੰਧ ਨਾ ਕੋਇ ਮੁਕਾਈਆ । ਮੈਂ ਨੇਤਰ ਵੇਖ ਕੇ ਆਈ ਜਨ ਭਗਤ ਇਕ ਦੂਜੇ ਦੇ ਭੈਣ ਭਾਈ ਸਕੇ ਬਣੇ ਵੀਰ, ਨਾਤਾ ਧੁਰ ਦਾ ਰਹੇ ਜੁੜਾਈਆ । ਲੇਖਾ ਮੁਕਾ ਸ਼ਰਅ ਜ਼ੰਜੀਰ, ਮਜ਼੍ਹਬ ਜਾਤ ਨਾ ਕੋਇ ਵਡਿਆਈਆ । ਓਨ੍ਹਾਂ ਦੀ ਬਿਨਾਂ ਮੇਰੇ ਬਦਲ ਗਈ ਤਕਦੀਰ, ਤਦਬੀਰ ਪ੍ਰਭੂ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਭਗਤੀ ਕਹੇ ਮੇਰੀ ਦਰੋਹੀ ਇਕ, ਖ਼ੁਦਾਏ ਤੇਰੇ ਅੱਗੇ ਅਰਜ਼ੋਈਆ । ਸੱਜਣ ਦਿਸੇ ਨਾ ਕੋਈ ਮਿਤ, ਸੰਗੀ ਰੂਪ ਨਾ ਕੋਇ ਵਖਾਈਆ । ਦੋਹਥੜਾਂ ਮਾਰ ਕੇ ਰਹੀ ਪਿਟ, ਖੁਲ੍ਹੀ ਮੀਂਢੀ ਰਹੀ ਕੁਰਲਾਈਆ । ਸਾਚਾ ਕਰੇ ਨਾ ਕੋਈ ਹਿਤ, ਪ੍ਰੀਤੀ ਪਰੇਮ ਨਾ ਕੋਇ ਵਖਾਈਆ । ਸਚ ਸਵਾਮੀ ਨਜ਼ਰ ਨਾ ਆਏ ਦਿਸ, ਸਾਖਿਆਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਭਗਤੀ ਕਹੇ ਸੁਣ ਮੇਰੇ ਸੱਜਣ, ਜਨ ਭਗਤ ਤੇਰੀ ਓਟ ਤਕਾਈਆ । ਤੂੰ ਮੇਰਾ ਪਰਦਾ ਔਣਾ ਕੱਜਣ, ਮੈਂ ਪਿਛਲੀ ਰੀਤੀ ਦਿਤੀ ਤਜਾਈਆ । ਤੇਰਾ ਅੰਤਰ ਪਾਰਬ੍ਰਹਮ ਨਾਲ ਹੋਇਆ ਮਗਨ, ਮੇਰੀ ਲਗਨ ਰਹੀ ਨਾ ਰਾਈਆ । ਮੈਂ ਭਗਤਾਂ ਨਾਲ ਪ੍ਰਭ ਦਾ ਪੈਂਦਾ ਵੇਖਿਆ ਸਗਨ, ਸੋਹਣੇ ਘਰ ਹੋਈ ਕੁੜਮਾਈਆ । ਓਥੇ ਅਗੰਮ ਅਥਾਹ ਮਜੀਠੀ ਇਕੋ ਰੰਗਣ, ਕਸੁੰਭੜਾ ਰੂਪ ਨਾ ਕੋਇ ਵਟਾਈਆ । ਜੋਤ ਲਲਾਟੀ ਚੜ੍ਹਦਾ ਵੇਖਿਆ ਚੰਦਨ, ਨੂਰੋ ਨੂਰ ਨੂਰ ਰੁਸ਼ਨਾਈਆ । ਮੈਂ ਕਰਨ ਆਈ ਬੰਦਨ, ਬੰਦਗੀ ਕਰ ਕਰ ਸੀਸ ਨਿਵਾਈਆ । ਮੇਰਾ ਲੇਖਾ ਹੋਇਆ ਖੰਡਨ, ਪ੍ਰਭ ਖੰਡਾ ਖੜਗ ਦਿਤਾ ਚਮਕਾਈਆ । ਮੈਂ ਸੁਹਾਗਣ ਹੋਈ ਰੰਡਨ, ਚਾਰੋਂ ਕੁੰਟ ਰੰਡੇਪਾ ਨਜ਼ਰੀ ਆਈਆ । ਸਾਚੀ ਦਾਤ ਆਈ ਮੰਗਣ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਸਾਚੇ ਸੰਤੋ ਮੈਨੂੰ ਰੱਖਣਾ ਅੰਗਨ, ਅੰਗੀਕਾਰ ਕਰ ਕੇ ਲਹਿਣਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਭਗਤੀ ਕਹੇ ਮੈਂ ਕੋਝੀ ਕਮਲੀ, ਪੂਰਬ ਰਹੀ ਨਾ ਕੋਇ ਚਤਰਾਈਆ । ਧਰਨੀ ਧਰਤ ਧਵਲ ਮਾਤ ਬਣ ਨਾ ਮੈਨੂੰ ਜੰਮਦੀ, ਗੋਦੀ ਗੋਦ ਨਾ ਕੋਇ ਉਠਾਈਆ । ਮੈਂ ਆਸ ਨਾ ਰੱਖਦੀ ਪੰਜ ਤਤ ਕਾਇਆ ਤਨ ਦੀ, ਮਾਟੀ ਖ਼ਾਕ ਨਾ ਧਿਆਨ ਲਗਾਈਆ । ਆਦਿ ਅੰਤ ਓਸੇ ਦਾ ਹੁਕਮ ਮੰਨਦੀ, ਜੋ ਬਣਿਆ ਬੇਪਰਵਾਹੀਆ । ਆਪਣਾ ਹੰਕਾਰ ਵਿਕਾਰ ਭਾਂਡਾ ਭੰਨਦੀ, ਨਿਵਣ ਸੋ ਅੱਖਰ ਰੂਪ ਵਟਾਈਆ । ਮੈਂ ਸਾਰ ਨਾ ਜਾਣੀ ਸਾਚੇ ਭਗਤ ਅਗੰਮੀ ਚੰਨ ਦੀ, ਜਿਸ ਦੀ ਦੋ ਜਹਾਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਦਿਤੀ ਬਦਲਾਈਆ । ਜਨ ਭਗਤੀ ਕਹੇ ਮੇਰੇ ਨਾਲ ਹੋਇਆ ਧੋਖਾ, ਪਿਛਲੀ ਕਹਾਣੀ ਦਿਆਂ ਸੁਣਾਈਆ । ਬਿਨਾਂ ਮੇਰੇ ਪ੍ਰਭ ਦੇ ਮਿਲਣ ਦਾ ਕਿਸੇ ਨਾ ਮਿਲਿਆ ਮੌਕਾ, ਸਤਿਜੁਗ ਤ੍ਰੇਤਾ ਦਵਾਪਰ ਸਭ ਨੇ ਮੇਰੀ ਓਟ ਤਕਾਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਮਾਰਗ ਦੱਸਿਆ ਸੌਖਾ, ਸੋਹਣੀ ਬਣਤ ਬਣਾਈਆ । ਚਰਨ ਪ੍ਰੀਤੀ ਦੇ ਕੇ ਓਟਾ, ਚੋਟ ਤਨ ਨਗਾਰੇ ਇਕ ਲਗਾਈਆ । ਕਰ ਪਰਕਾਸ਼ ਅਗੰਮੀ ਜੋਤਾ, ਜੋਤੀ ਜੋਤ ਕੀਤੀ ਰੁਸ਼ਨਾਈਆ । ਸਿਧਾ ਆਪਣੇ ਨਾਮ ਦਾ ਦਸ ਸਲੋਕਾ, ਸਿਧੀ ਕੀਤੀ ਇਕ ਪੜ੍ਹਾਈਆ । ਲਹਿਣਾ ਚੁਕਿਆ ਲੋਕ ਪਰਲੋਕਾ, ਦੋ ਜਹਾਨਾਂ ਪੰਧ ਬੈਠੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਤੀ ਮਾਣ ਵਡਿਆਈਆ । ਭਗਤੀ ਕਹੇ ਮੇਰਾ ਸੁਣੋ ਨਾਅਰਾ, ਹੱਕ ਹੱਕ ਵਿਚੋਂ ਲਗਾਈਆ । ਪਿਛਲੇ ਜੁਗ ਦਾ ਅਜੇ ਸਹਾਰਾ, ਥੋੜੀ ਓਟ ਤੁਹਾਡੇ ਉਤੇ ਤਕਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਵੇਖਦੀ ਰਹੀ ਪਤਿ ਪਰਮੇਸ਼ਵਰ ਰਿਹਾ ਕਵਾਰਾ, ਲੱਖ ਚੁਰਾਸੀ ਪਰਨਾ ਆਪਣਾ ਸ਼ੁਕਰ ਨਾ ਕੋਇ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਲਾਰਾ, ਵਾਕ ਭਵਿਖਤ ਇਕ ਦ੍ਰਿੜਾਈਆ । ਸਾਧਾ ਸੰਤਾਂ ਜੀਵਾਂ ਜੰਤਾਂ ਕਰਦਾ ਰਿਹਾ ਇਸ਼ਾਰਾ, ਸੈਨਤ ਨਾਲ ਸਮਝਾਈਆ । ਕਲਜੁਗ ਅੰਤ ਖੇਲ ਕੀਤਾ ਅਪਰ ਅਪਾਰਾ, ਮੇਰੀ ਸਮਝ ਰਹੀ ਨਾ ਰਾਈਆ । ਪਰਗਟ ਹੋ ਕੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਚਲ ਕੇ ਆਏ ਭਗਤ ਦਵਾਰਾ, ਸੰਤ ਸੁਹੇਲੇ ਲਏ ਉਠਾਈਆ । ਬੇਸ਼ਕ ਬਾਹਰੋਂ ਦਿਸਦੀ ਕੰਡਿਆ ਵਾੜਾ, ਅੰਦਰ ਲਾਲ ਅਮੋਲਕ ਹੀਰਾ ਰਤਨ ਦਿਤਾ ਟਿਕਾਈਆ । ਜੋ ਸਭ ਤੋਂ ਸੁਚਾ ਉਤਮ ਰੂਪ ਜਵਾਹਰਾ, ਮਾਣਕ ਮੋਤੀ ਨਾਉਂ ਪਰਗਟਾਈਆ । ਜਿਸ ਘਰ ਸਖੀਆਂ ਮੰਗਲ ਲਾ ਲਾਇਆ ਅਖਾੜਾ, ਪਰੇਮ ਪਰੀਤੀ ਨਾਚ ਨਚਾਈਆ । ਉਹ ਸੋਹਣਾ ਲੱਗੇ ਦਰਬਾਰਾ, ਜਿਸ ਘਰ ਬੈਠਾ ਬੇਪਰਵਾਹੀਆ । ਮੈਂ ਬਣ ਡੂਮਣੀ ਮੰਗਣ ਆਈ ਵਾੜਾ, ਦੂਰ ਦੁਰਾਡੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦਏ ਮੁਕਾਈਆ । ਭਗਤੀ ਕਹੇ ਮੈਂ ਹੋਈ ਦੁਹਾਗਣ, ਆਪਣਾ ਮਾਣ ਮਿਟਾਈਆ । ਭਗਤ ਵਿਛੋੜੇ ਕੀਤਾ ਵੈਰਾਗਣ, ਬਿਰਹੋਂ ਅਗਨ ਲਗਾਈਆ । ਰਾਤ ਨਿੰਦਰਾ ਨਾ ਦਿਨੇ ਜਾਗਣ, ਸੋਵਤ ਸੁਖ ਨਾ ਕੋਇ ਵਖਾਈਆ । ਅੱਠੇ ਪਹਿਰ ਇਕੋ ਆਗਣ, ਤੱਤੀ ਵਾਉ ਰਹੀ ਜਲਾਈਆ । ਮੈਂ ਜਨ ਭਗਤ ਦਵਾਰੇ ਸੁਣ ਕੇ ਆਈ ਆਵਾਜ਼ਨ, ਢੋਲਾ ਗਾਏ ਬੇਪਰਵਾਹੀਆ । ਸੁਣ ਕੇ ਹੋਈ ਵਿਚ ਵਿਸਮਾਦਨ, ਬਿਸਮਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਝੋਲੀ ਖ਼ਾਲੀ ਵੇਖ ਦੇਣੀ ਭਰਾਈਆ । ਜਗਤ ਭਗਤੀ ਕਹੇ ਮੈਂ ਹੋਈ ਗੋਲੀ, ਸਾਚੇ ਦਰ ਮਿਲੇ ਨਾ ਢੋਈਆ । ਪਿਛੇ ਬਣਦੀ ਰਹੀ ਵਿਚੋਲੀ, ਘਰ ਘਰ ਆਪਣਾ ਫੇਰਾ ਪਾਈਆ । ਸੌਹਰੇ ਪੇਈਏ ਦੱਸਦੀ ਰਹੀ ਅਗੰਮੀ ਬੋਲੀ, ਧੁਰ ਦਾ ਰਾਗ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਵਸਤ ਮੇਰੇ ਹੱਥੋਂ ਖੋਹ ਲੀ, ਖ਼ਾਲੀ ਹੱਥ ਦਿਤਾ ਕਰਾਈਆ । ਮੈਂ ਉਠ ਕੇ ਆਪਣੀ ਗਠੜੀ ਫੋਲੀ, ਵਿਚੋਂ ਵਸਤ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਸੀ ਮਹਿੰਦੀ ਨਾ ਕੋਈ ਮੌਲੀ, ਸੁਹਾਗੀ ਤੰਦ ਹੱਥ ਨਾ ਕੋਇ ਫੜਾਈਆ । ਨਾ ਕੋਈ ਪਾਣੀ ਕੇਸਰ ਵਾਲੀ ਲੱਭੀ ਕੌਲੀ, ਤਿਲਕ ਲਲਾਟ ਮਸਤਕ ਬਿੰਦੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਚੁਕਾਈਆ । ਜਗਤ ਭਗਤੀ ਕਹੇ ਮੈਂ ਅੰਤਮ ਭੁਲੀ, ਭਰਮ ਭੁਲੇਖੇ ਵਿਚ ਸਮਾਈਆ । ਮੈਂ ਨਾ ਜਾਣਾ ਪ੍ਰਭ



੧੧੬੯
੧੬

ਭਗਤਾਂ ਫਿਰੇ ਅੰਦਰ ਵਿਚ ਕੁਲੀ, ਕਮਲਾਪਤ ਵੇਸ ਵਟਾਈਆ । ਜਿਸ ਦੀ ਧਾਰ ਅੰਮ੍ਰਿਤ ਫੁਹਾਰ ਅਗੰਮੋਂ ਡੁੱਲੀ, ਸਾਂਤਕ ਸਤਿ ਸਤਿ ਰਹੀ ਵਰਤਾਈਆ । ਓਸ ਪਿਆਲੇ ਵਿਚੋਂ ਗੁਰਮੁਖ ਪੀਵਣ ਇਕ ਇਕ ਚੁਲੀ, ਚਲਦਿਆਂ ਫਿਰਦਿਆਂ ਮਿਲੇ ਬੇਪਰਵਾਹੀਆ । ਜਿਨ੍ਹਾਂ ਰਸ ਲਾਇਆ ਆਪਣੀ ਬੁਲੀਂ, ਸਨਮੁਖ ਹੋ ਕੇ ਦਰਸਨ ਪਾਈਆ । ਵਸਤ ਦਿਤੀ ਪ੍ਰਭ ਅਨਮੁਲੀ, ਕਰਤਾ ਕੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਭਗਤੀ ਕਹੇ ਮੇਰਾ ਖ਼ਾਲੀ ਕਾਸਾ, ਵਸਤੂ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕੀਤਾ ਅਜਬ ਤਮਾਸ਼ਾ, ਲੀਲ੍ਹਾ ਅਚਰਜ ਆਪ ਰਚਾਈਆ । ਜਨ ਭਗਤਾਂ ਦੇਵੇ ਆਪ ਦਲਾਸਾ, ਸਿਰ ਆਪਣਾ ਹੱਥ ਟਿਕਾਈਆ । ਪੂਰਬ ਜਨਮ ਦੀ ਪੂਰੀ ਕਰ ਕੇ ਆਸਾ, ਜਗਤ ਨਿਰਾਸਾ ਦਏ ਗਵਾਈਆ । ਸੱਜਣ ਸੁਹੇਲਾ ਬਣ ਕੇ ਕਰੇ ਹਾਸਾ, ਸੋਹੰ ਹੰਸਾ ਸਾਚਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਗਤੀ ਕਹੇ ਮੇਰੀ ਕਿਸੇ ਕੰਮ ਨਾ ਔਣੀ ਪੱਟੀ ਕੰਘੀ, ਸੂਹਾ ਵੇਸ ਨਾ ਕੋਇ ਵਟਾਈਆ । ਮੇਰਾ ਪਾਟਾ ਚੀਥੜ ਲੀਰੋ ਲੀਰ ਅੰਗੀ, ਓਢਣ ਸਚ ਨਾ ਕੋਇ ਸੁਹਾਈਆ । ਮੈਂ ਪੈਰਾਂ ਫਿਰਾਂ ਨੰਗੀ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੈਨੂੰ ਵਸਤ ਕਿਤੋਂ ਨਾ ਮਿਲੇ ਮੰਗੀ, ਕਲਜੁਗ ਖ਼ਾਲੀ ਹੱਟ ਵਖਾਈਆ । ਮੈਂ ਰੋਂਦੀ ਵੇਖੀ ਗੋਦਾਵਰੀ ਜਮਨਾ ਸੁਰਸਤੀ ਗੰਗੀ, ਗਲ ਪਲਤੂ ਰਹੀ ਪਾਈਆ । ਫਿਰੀ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਦਏ ਦੁਹਾਈਆ । ਜਗਤ ਵਾਸਨਾ ਸ੍ਰਿਸ਼ਟੀ ਹੋਈ ਰੰਡੀ, ਹਰਿ ਕੰਤ ਨਾ ਕੋਇ ਹੰਢਾਈਆ । ਕਲਜੁਗ ਭਗਤ ਦਿਸੇ ਪਖੰਡੀ, ਏਸੇ ਕਰ ਕੇ ਪ੍ਰਭ ਨੇ ਮੈਨੂੰ ਧੱਕਾ ਦਿਤਾ ਲਾਈਆ । ਏਨ੍ਹਾਂ ਭਗਤਾਂ ਸਿਧਾ ਮਾਰਗ ਦੱਸਿਆ ਅਗੰਮੀ ਡੰਡੀ, ਸਾਚੇ ਪੌੜੇ ਦਿਤਾ ਚੜ੍ਹਾਈਆ । ਇਕੋ ਦੱਸ ਕੇ ਸੋਹੰ ਛੰਦੀ, ਤੇਰਾ ਮੇਰਾ ਮੇਰਾ ਤੇਰਾ ਲੇਖਾ ਦਿਤਾ ਮੁਕਾਈਆ । ਘਰ ਵਿਚ ਘਰ ਵਖਾ ਪਰਮਾਨੰਦੀ, ਨਿਜ ਘਰ ਡੇਰਾ ਦਿਤਾ ਲਗਾਈਆ । ਕਿਰਪਾ ਕਰ ਕੇ ਟੁੱਟੀ ਗੰਢੀ, ਸਚ ਪ੍ਰੀਤੀ ਡੋਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਵਖਾਈਆ । ਭਗਤੀ ਕਹੇ ਮੈਂ ਪਿਛਲੀ ਵਿਚੋਲੀ, ਜਨ ਭਗਤਾਂ ਮੇਲ ਮਿਲਾਈਆ । ਜਨ ਭਗਤ ਕਹਿਣ ਤੂੰ ਹੋਈ ਗੋਲੀ, ਕਾਇਆ ਗੋਲਕ ਮਿਲੇ ਨਾ ਕੋਇ ਵਡਿਆਈਆ । ਹੁਣ ਸਿਖ ਤੂੰ ਸਾਥੋਂ ਅਗਲੀ ਬੋਲੀ, ਜਿਸ ਨਾਲ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੀਤੀ ਦਿਤੀ ਸਮਝਾਈਆ । ਭਗਤੀ ਕਹੇ ਮੈਨੂੰ ਦੱਸੋ ਰੀਤੀ, ਜਨ ਭਗਤ ਦਿਓ ਸਮਝਾਈਆ । ਮੈਂ ਵੱਡੀਓ ਹੋਈ ਨੀਕਨ ਨੀਕੀ, ਆਪਣਾ ਮਾਣ ਅਭਿਮਾਨ ਮਿਟਾਈਆ । ਮੈਂ ਵੇਖ ਕੇ ਆਈ ਮੰਦਰ ਮਸੀਤੀ, ਸ਼ਿਵਦਵਾਲੇ ਮੱਠ ਗੁਰ ਦਰ ਨੇਤਰ ਨੈਣ ਨਾ ਕੋਇ ਮਿਲਾਈਆ । ਤ੍ਰੈਗੁਣ ਮਾਇਆ ਤਪੇ ਅੰਗੀਠੀ, ਕਲਜੁਗ ਅਗਨੀ ਰਿਹਾ ਡਾਹੀਆ । ਜਨ ਭਗਤਾਂ ਕਿਹਾ ਉਠ ਸਵਾਣੀ ਆਪਣੀ ਵਖਾ ਸਭ ਨੂੰ ਉਂਗਲੀ ਨਿੱਕੀ ਚੀਚੀ, ਜਿਸ ਦੇ ਉਤੇ ਕਬੀਰ ਚੀਰਾ ਗਿਆ ਲਗਾਈਆ । ਓਸ ਵੇਲੇ ਤੂੰ ਸੀ ਇਕੋ ਵਾਰ ਕੀਤੀ, ਹੌਕਾ ਲੈ ਕੇ ਦਿਤੀ ਦੁਹਾਈਆ । ਜੋਲਾਹੇ ਕਿਹਾ ਤੇਰੀ ਅੱਗੇ ਨਾ ਰਹੀ ਪ੍ਰੀਤੀ, ਤੂੰ ਦੁੱਖਾਂ ਵਿਚੋਂ ਦੁੱਖ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਰਿਹਾ ਸਮਝਾਈਆ । ਭਗਤੀ ਕਹੇ ਮੈਂ ਭੁੱਲੀ ਨਿਮਾਣੀ, ਮੈਨੂੰ ਸਮਝ ਰਹੀ ਨਾ ਰਾਈਆ । ਭਗਤੋ ਦੱਸੋ ਉਹ ਕਹਾਣੀ, ਜੋ ਕਬੀਰ ਜੁਲਾਹੇ ਦਿਤੀ ਸੁਣਾਈਆ । ਜਨ ਭਗਤ ਕਹਿਣ ਤੂੰ ਸੁਣ ਸਵਾਣੀ,

੧੧੭੦ ੧੯

ਸਚ ਦਈਏ ਸਮਝਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਕਬੀਰ ਦਵਾਰੇ ਵੰਡਦਾ ਅੰਮ੍ਰਿਤ ਪਾਣੀ, ਬਿਨ ਚੁੱਲੀਆਂ ਚੁਲੀ ਰਿਹਾ ਭਰਾਈਆ । ਤੂੰ ਓਸ ਵੇਲੇ ਬਣ ਕੇ ਚਤੁਰ ਸੁਘੜ ਸੁਚੱਜੀ ਰਾਣੀ, ਗੋਸ਼ੇ ਬੈਠੀ ਰਹੀ ਧਿਆਨ ਲਗਾਈਆ । ਕਰੇ ਖੇਲ ਪ੍ਰਭੂ ਮਹਾਨੀ, ਮਿਹਰਵਾਨ ਖੇਲ ਰਚਾਈਆ । ਕਬੀਰ ਜੋਲਾਹੇ ਜਣਾਇਆ ਜਾਣ ਜਾਣੀ, ਜਾਨਣਹਾਰ ਦਇਆ ਕਮਾਈਆ । ਓਸ ਕੰਡਿਆਂ ਦੀ ਖਿਤੀ ਇਕ ਸੂਲ ਲਿਆਂਦੀ ਨਿਸ਼ਾਨੀ, ਜਿਹੜੀ ਤੇਰੀ ਉਂਗਲੀ ਦਿਤੀ ਚੁਭਾਈਆ । ਅੱਗੇ ਕਲਜੁਗ ਅੰਤ ਤੂੰ ਬਣੇਂ ਕੋਈ ਨਾ ਰਾਣੀ, ਆਪਣਾ ਹੁਕਮ ਨਾ ਕੋਇ ਵਰਤਾਈਆ । ਪ੍ਰਭ ਜਨ ਭਗਤਾਂ ਸਿਧਾ ਆ ਕੇ ਮਿਲੇ ਜੋਤ ਨੂਰਾਨੀ, ਨੂਰੋ ਨੂਰ ਨੂਰ ਰੂਪ ਵਟਾਈਆ । ਫੜ ਬਾਹੋਂ ਮਾਰਗ ਦੱਸੇ ਆਸਾਨੀ, ਮੰਜ਼ਲ ਪੰਧ ਮੁਕਾਈਆ । ਤੇਰੀ ਹੈਰਤ ਹੈਬਤ ਪਰਗਟੇ ਵਿਚ ਹੈਰਾਨੀ, ਹੌਕਾ ਲੈ ਕੇ ਦਏ ਦੁਹਾਈਆ । ਉਹ ਭਗਤ ਨਹੀਂ ਉਹ ਭਗਵੰਤ ਨਹੀਂ ਜੋ ਇਕ ਦੂਜੇ ਦੀ ਕਰਨ ਨਾ ਕੁਰਬਾਨੀ, ਕੁਰਬਾਨੀ ਵਿਚੋਂ ਆਪਣਾ ਆਪ ਭੇਟ ਚੜ੍ਹਾਈਆ । ਜਿਸ ਵੇਲੇ ਕੰਡਿਆਂ ਦੀ ਵਾੜ ਤੇਰੀ ਹੋਵੇ ਨਿਸ਼ਾਨੀ, ਪਰਮ ਪੁਰਖ ਪਤਿਪਰਮੇਸ਼ਵਰ ਜਨ ਭਗਤਾਂ ਵਿਚੋਂ ਲਏ ਮਿਲਾਈਆ । ਇਸ ਦਾ ਲੇਖਾ ਕਿਸੇ ਨਾ ਲਿਖਣਾ ਕਾਗ਼ਜ਼ ਕਲਮ ਸ਼ਾਹੀ ਕਾਨੀ, ਵਿਦਵਾਨ ਵਿਦਿਆ ਵਿਚ ਨਾ ਕੋਇ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪ ਆਪਣੀ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਸ਼ਕਲ ਕਰ ਆਸਾਨੀ, ਜਨ ਭਗਤਾਂ ਸਾਚੇ ਸੰਤਾਂ ਜਗਤ ਸੰਸਾਰ ਵਿਚੋਂ ਆਪਣੇ ਨਾਲ ਮਿਲਾਈਆ ।



## ★ ੧੯ ਜੇਠ ੨੦੨੧ ਬਿਕ੍ਰਮੀ ਫੱਗਾ ਸਿੰਘ ਦੇ ਗ੍ਰਹਿ ਧੰਗਾਲੀ ਜੰਮੂ ★

ਭਗਤੀ ਕਹੇ ਮੇਰੇ ਖ਼ਾਲੀ ਹੱਥ, ਪੰਜ ਦਸ ਨਜ਼ਰ ਕਿਛ ਨਹੀਂ ਆਇੰਦਾ । ਮੈਂ ਪੰਧ ਮੁਕਾਇਆ ਨੱਸ ਨੱਸ, ਪੈਂਡਾ ਕਦਮਾਂ ਵਿਚ ਆਪਣਾ ਸੀਸ ਝੁਕਾਇੰਦਾ । ਅੰਤਮ ਤੁਟਾ ਮਾਣ ਹਠ, ਸਤਿ ਨਜ਼ਰ ਕੋਇ ਨਾ ਆਇੰਦਾ । ਮੈਥੋਂ ਖੋਹ ਲਿਆ ਪ੍ਰਭ ਨੇ ਹੱਕ, ਆਪ ਆਪਣੀ ਅੱਖ ਭਵਾਇੰਦਾ । ਜਨ ਭਗਤਾਂ ਹਿਰਦੇ ਅੰਦਰ ਗਿਆ ਵਸ, ਸਿਧਾ ਆਪਣਾ ਮੇਲ ਮਿਲਾਇੰਦਾ । ਕੋਈ ਨਾ ਵੇਖੇ ਪਰੇਮ ਪਿਆਰ ਦੀ ਤੱਕ ਕੇ ਅੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਕੀ ਵਰਤਾਇੰਦਾ । ਭਗਤੀ ਕਹੇ ਮੇਰੀ ਗਈ ਬਨਾਵਟ, ਮਸਨੂਈ ਸ਼ਕਲ ਨਜ਼ਰ ਕੋਇ ਨਾ ਆਈਆ । ਮੇਰੇ ਹੱਡਾਂ ਲੱਗੀ ਥਕਾਵਟ, ਭਾਰ ਸਕੇ ਨਾ ਕੋਇ ਉਠਾਈਆ । ਕਲਜੁਗ ਸੰਤਾਂ ਮੇਰੇ ਨਾਲ ਪਾਈ ਬਗ਼ਾਵਤ, ਝੂਠੀ ਕੀਤੀ ਲੜਾਈਆ । ਅਬਿਨਾਸ਼ੀ ਕਰਤੇ ਲਾ ਕੇ ਸਚ ਅਦਾਲਤ, ਧੁਰ ਫ਼ਰਮਾਣਾ ਦਿਤਾ ਸੁਣਾਈਆ । ਜਨ ਭਗਤਾਂ ਬਖ਼ਸ਼ਿਸ਼ ਕਰ ਕੇ ਆਪਣੀ ਸਖਾਵਤ, ਨਾਮ ਝੋਲੀ ਦਿਤਾ ਪਾਈਆ । ਮੇਰੀ ਕਿਸੇ ਨਾ ਲਈ ਜ਼ਮਾਨਤ, ਚਾਰੋਂ ਕੁੰਟ ਵੇਖਾਂ ਨੈਣ ਉਠਾਈਆ । ਸੰਤ ਸੁਹੇਲੇ ਪ੍ਰਭ ਦੀ ਬਣੇ ਅਮਾਨਤ, ਈਮਾਨਦਾਰੀ ਇਕੋ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਭਗਤੀ ਕਹੇ ਮੇਰਾ ਛੁਟਿਆ ਲੜ, ਡੋਰੀ ਤੰਦ ਨਾ ਕੋਇ ਬੰਧਾਈਆ । ਗੁਰਮੁਖ ਗੁਰਸਿਖ ਧੁਰ ਦਾ ਢੋਲਾ ਗਏ ਪੜ੍ਹ, ਇਕੋ ਨਾਮ ਧਿਆਈਆ । ਜੋਗ ਅਭਿਆਸ ਨਾ ਕੋਈ ਰਿਹਾ ਕਰ, ਡੂੰਘੀ ਕੰਦਰ ਨਾ ਡੇਰਾ ਲਾਈਆ । ਸਾਚੀ ਮੰਜ਼ਲ ਰਹੇ ਚੜ੍ਹ, ਬਿਨ ਪਾਂਧੀਉਂ ਪੰਧ ਮੁਕਾਈਆ । ਦਰਸਨ ਕਰ ਨਰਾਇਣ

ਨਰ, ਨਿਜ ਨੇਤਰ ਖ਼ੁਸ਼ੀ ਮਨਾਈਆ । ਪੂਰਬ ਜਨਮ ਦਾ ਪੂਰਾ ਹੋਇਆ ਵਰ, ਵਰ ਦਿਤਾ ਬੇਪਰਵਾਹੀਆ । ਨਿਹਕਰਮੀ ਹੋ ਕੇ ਆਇਆ ਘਰ, ਕਰਮ ਕਾਂਡ ਰਿਹਾ ਚੁਕਾਈਆ । ਮੈਂ ਦੂਰ ਦੁਰਾਡੇ ਵੇਖਾਂ ਖੜ, ਆਪਣੀ ਅੱਖ ਸ਼ਰਮਾਈਆ । ਅਬਿਨਾਸ਼ੀ ਕਰਤੇ ਜਿਨ੍ਹਾਂ ਵਖਾਇਆ ਧੁਰ ਦਾ ਦਰ, ਦਰਗਾਹ ਸਾਚੀ ਦਿਤਾ ਖੁਲ੍ਹਾਈਆ । ਸੋ ਹਰਿਜਨ ਸਹਿਜ ਸੁਭਾਓ ਪ੍ਰਭ ਸਰਨਾਈ ਗਏ ਪੜ, ਅਗਲਾ ਪਿਛਲਾ ਲੇਖ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਧੁਰ ਦਾ ਵਰ, ਘਰ ਸਾਚਾ ਦਿਤਾ ਵਖਾਈਆ । ਭਗਤੀ ਕਹੇ ਮੇਰਾ ਰੋਇਆ ਨੈਣ, ਛਹਿਬਰ ਇਕ ਲਗਾਈਆ । ਮੈਂ ਅੰਦਰੋਂ ਆਈ ਕੁਛ ਕਹਿਣ, ਕਹਿ ਨਾ ਸਕਾਂ ਰਾਈਆ । ਜਨ ਭਗਤਾਂ ਪ੍ਰਭੂ ਬਣਿਆ ਸੱਚਾ ਸੈਣ, ਸੱਜਣ ਰੂਪ ਵਟਾਈਆ । ਹਰਿ ਸੰਗਤ ਵੇਖੀ ਨਾਤਾ ਭਾਈ ਭੈਣ, ਪਰੇਮ ਪ੍ਰੀਤੀ ਅੰਦਰ ਬੈਠੀ ਆਸਣ ਲਾਈਆ । ਏਥੇ ਚੁਕਿਆ ਪਿਛਲਾ ਲਹਿਣ ਦੇਣ, ਅੱਗੇ ਲੇਖਾ ਬੇਪਰਵਾਹੀਆ । ਸ੍ਰੀ ਭਗਵਾਨ ਜਨ ਭਗਤਾਂ ਆਪੇ ਆਇਆ ਲੈਣ, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਭਗਤੀ ਕਹੇ ਏਥੇ ਕਾਹਦਾ ਰੋਸਾ, ਸ੍ਰੀ ਭਗਵਾਨ ਰੁੱਸਿਆਂ ਰਿਹਾ ਮਨਾਈਆ । ਜਿਸ ਦਾ ਸਚਖੰਡ ਦਵਾਰ ਧੁਰ ਦਾ ਕੋਠਾ, ਛੱਪਰ ਛੰਨ ਵੇਖ ਦਏ ਵਡਿਆਈਆ । ਓਥੇ ਸਚ ਪਰਕਾਸ਼ ਨਿਰਮਲ ਜੋਤਾ, ਏਥੇ ਜੋਤੀ ਜੋਤ ਕਰੇ ਰੁਸ਼ਨਾਈਆ । ਆਪ ਪਛਾਣੇ ਖਰਾ ਖੋਟਾ, ਲੱਖ ਚੁਰਾਸੀ ਵੇਖ ਵਖਾਈਆ । ਭੇਵ ਚੁਕਾ ਲੋਕ ਪਰਲੋਕਾ, ਸਚ ਸਲੋਕ ਰਿਹਾ ਸੁਣਾਈਆ । ਜਨ ਭਗਤਾਂ ਨਾਲ ਮਿਲ ਕੇ ਖ਼ੁਸ਼ੀਆਂ ਰੰਗ ਮਾਣੇ ਮੌਜਾਂ, ਮਜਲਸ ਆਪਣੀ ਇਕ ਲਗਾਈਆ । ਲੇਖ ਚੁਕਾਏ ਏਕਾ ਦੂਜਾ, ਦੂਆ ਏਕਾ ਇਕੋ ਰੰਗ ਰੰਗਾਈਆ । ਆਪਣਾ ਭੇਵ ਖੁਲ੍ਹਾਇਆ ਗੁਝਾ, ਸਤਿ ਸਚ ਦਿਤਾ ਸਮਝਾਈਆ । ਜਿਨ੍ਹਾਂ ਗੁਰਮੁਖਾਂ ਹਰੀ ਦਵਾਰ ਸੂਝਾ, ਸੋ ਚਤਰ ਸੁਘੜ ਸੁਜਾਨ ਰੂਪ ਵਟਾਈਆ । ਭਗਤੀ ਕਹੇ ਓਥੇ ਮੇਰਾ ਕਾਸਾ ਮੂਧਾ, ਪਾਸਾ ਪਰਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਿਤਾ ਇਕ ਵਰ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ ।

### ★ ੧੯ ਜੇਠ ੨੦੨੧ ਬਿਕ੍ਰਮੀ ਚੂਹੜ ਸਿੰਘ ਧੰਗਾਲੀ ਜੰਮੂ ★

ਭਗਤੀ ਕਹੇ ਵੱਡਾ ਗੁਰਮੁਖ, ਜਿਸ ਗੁਰ ਸਤਿਗੁਰ ਦਏ ਵਡਿਆਈਆ । ਜਨਮ ਕਰਮ ਦਾ ਮਿਟਿਆ ਦੁੱਖ, ਆਵਣ ਜਾਵਣ ਦਿਤਾ ਚੁਕਾਈਆ । ਅੰਤਰ ਉਪਜਿਆ ਸੱਚਾ ਸੁਖ, ਬਸੰਤਰ ਅਗਨ ਬੁਝਾਈਆ । ਉਜਲ ਹੋਵੇ ਮਾਤ ਮੁਖ, ਦੁਰਮਤ ਮੈਲ ਧਵਾਈਆ । ਕੂੜ ਵਿਕਾਰਾ ਕੱਢੇ ਕੁੱਟ, ਜੂਠ ਝੂਠ ਡੇਰਾ ਢਾਹੀਆ । ਅੰਤਮ ਗੋਦੀ ਲਏ ਚੁੱਕ, ਫੜ ਆਪਣੇ ਰੰਗ ਰੰਗਾਈਆ । ਸਫਲ ਕਰਾ ਕੇ ਮਾਤ ਕੁੱਖ, ਸਚ ਦਵਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਹੋਏ ਸਹਾਈਆ । ਗੁਰਮੁਖਾਂ ਵੇਖ ਦੋ ਜਹਾਨ ਹੱਸਣ, ਇਕ ਦੂਜੇ ਵਲ ਧਿਆਨ ਲਗਾਈਆ । ਗੁਰ ਅਵਤਾਰ ਕੱਠੇ ਹੋ ਕੇ ਦੱਸਣ, ਪੀਰ ਪੈਗ਼ੰਬਰ ਕਰਨ ਸਲਾਹੀਆ । ਵੇਖੇ ਸ੍ਰੀ ਭਗਵਾਨ ਓਨ੍ਹਾਂ ਦੀ ਪਤ ਆਇਆ ਰੱਖਣ, ਜਿਨ੍ਹਾਂ ਅਗਲਾ ਪਿਛਲਾ ਪਤਾ ਕਿਛ ਨਾ ਰਾਈਆ । ਧੁਰ ਦਾ ਮਾਰਗ ਆਇਆ ਦੱਸਣ, ਦਰਦੀ ਹੋ ਕੇ ਕਰੇ ਪੜ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਿਰਦੇ ਆਇਆ ਵਸਣ, ਜੋਤੀ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਵੇਖ ਵਣ ਤ੍ਰਿਣ ਮੌਲੇ, ਪੰਖੀ ਪੰਛੀ ਖ਼ੁਸ਼ੀ ਰਹੇ ਮਨਾਈਆ । ਸ੍ਰੀ ਭਗਵਾਨ ਪੂਰਾ ਕਰੇ ਕੌਲੇ, ਇਕਰਾਰ ਭੁੱਲ ਕਦੇ ਨਾ ਜਾਈਆ । ਪਰਗਟ ਹੋਏ ਉਪਰ ਧੌਲੇ, ਧਰਨੀ ਧਰਤ ਸੋਭਾ ਪਾਈਆ । ਹਰਿਜਨ ਆਪ ਉਠਾਏ ਹੌਲੇ ਹੌਲੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧੰਨ ਗੁਰਮੁਖ ਜੋ ਸੋਹੰ ਢੋਲਾ ਬੋਲੇ, ਬਿਨ ਵਿਚੋਲੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਗ੍ਰਿਹ ਵਸਾਈਆ । ਗੁਰਮੁਖ ਵੇਖ ਤਰਦਾ, ਚਾਰ ਕੁੰਟ ਨੈਣ ਉਠਾਈਆ । ਗੁਰਮੁਖ ਵੇਖ ਪੜ੍ਹਦਾ, ਚੌਦਾਂ ਲੋਕ ਹੈਰਾਨੀ ਛਾਈਆ । ਗੁਰਮੁਖ ਵੇਖ ਚੜ੍ਹਦਾ, ਟਿੱਲੇ ਪਰਬਤ ਦੇਣ ਦੁਹਾਈਆ । ਗੁਰਮੁਖ ਵੇਖ ਸਾਚੇ ਮੰਦਰ ਵੜਦਾ, ਸ਼ਿਵਦਵਾਲੇ ਕੋਟਨ ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖ ਵੇਖ ਪਰੇਮ ਪ੍ਰੀਤੀ ਕਰਦਾ, ਆਸ਼ਕ ਮਾਸ਼ੂਕ ਦੋਵੇਂ ਬੈਠੇ ਮੁਖ ਭਵਾਈਆ । ਗੁਰਮੁਖ ਵੇਖ ਪ੍ਰਭ ਸਾਚੇ ਨਾਲ ਮਿਲਦਾ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਖ਼ੁਸ਼ੀ ਮਨਾਈਆ । ਇਹ ਖੇਲ ਅਚਰਜ ਅਗੰਮੀ ਦਿਲਬਰ ਦਿਲ ਦਾ, ਦਲੀਲ ਵਿਚੋਂ ਦਲੀਲ ਦਏ ਬਦਲਾਈਆ । ਪੜਦਾ ਹਟਾ ਕੇ ਬਜਰ ਕਪਾਟੀ ਸਿਲ ਦਾ, ਰਾਤੀਂ ਸੁੱਤਿਆਂ ਦਰਸ ਕਰਾਈਆ । ਪ੍ਰੀਤਮ ਪ੍ਰਭ ਪਿਆਰਾ ਹੋ ਕੇ ਮਿਲਦਾ, ਪਰੇਮ ਵਿਚੋਂ ਪ੍ਰੀਤੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਮੜੀ ਗੋਰ ਵਿਚੋਂ ਬਾਹਰ ਕਢਾਈਆ ।



## ★ ੧੯ ਜੇਠ ੨੦੨੧ ਬਿਕ੍ਰਮੀ ਦੇਵਾ ਸਿੰਘ ਦੇ ਗ੍ਰਿਹ ਧੰਗਾਲੀ ਜੰਮੂ ★

ਦੁਨੀ ਦਾਰੀ ਦਾ ਦੁਨੀਆ ਝੇੜਾ, ਜੁਗ ਜੁਗ ਝਗੜੇ ਵਿਚ ਲੋਕਾਈਆ । ਨਿਤ ਨਵਿਤ ਪ੍ਰਭ ਗੇੜਦਾ ਰਿਹਾ ਗੇੜਾ, ਨਿਰਗੁਣ ਸਰਗੁਣ ਉਲਟੀ ਲੱਠ ਭਵਾਈਆ । ਘਰ ਘਰ ਅੰਦਰ ਛੇੜਦਾ ਰਿਹਾ ਛੇੜਾ, ਮਨਮਤ ਕਰੇ ਲੜਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲੇ ਬੰਨ੍ਹਦਾ ਰਿਹਾ ਬੇੜਾ, ਆਪ ਆਪਣੇ ਕੰਧ ਉਠਾਈਆ । ਸਚ ਦਵਾਰ ਵਸੌਂਦਾ ਰਿਹਾ ਖੇੜਾ, ਗ੍ਰਿਹ ਮੰਦਰ ਸੋਭਾ ਪਾਈਆ । ਜਗਤ ਲੋਕਾਈ ਵੇਖੇ ਝੇੜਾ, ਝਗੜਾ ਦਏ ਦੁਹਾਈਆ । ਜਿਨ੍ਹਾਂ ਪ੍ਰਭ ਨੂੰ ਮਿਲ ਕੇ ਕਿਹਾ ਪ੍ਰਭ ਮੇਰਾ, ਤਿਨ੍ਹਾਂ ਹੋ ਕੇ ਦਏ ਵਖਾਈਆ । ਜਨ ਭਗਤ ਮਿਲਣ ਨਾ ਲਾਵਣ ਦੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਦੁਨੀਆਦਾਰ ਦੁਨੀਆ ਵਿਚ ਬੋਲਣ ਬੋਲ, ਜਗਤ ਰਸਨਾ ਨਾਲ ਮਿਲਾਈਆ । ਜਨ ਭਗਤ ਸਦਾ ਰਹਿਣ ਅਡੋਲ, ਧਰੂ ਪ੍ਰਹਿਲਾਦ ਗਿਆ ਸਮਝਾਈਆ । ਸਾਹਿਬ ਸਵਾਮੀ ਜਿਨ੍ਹਾਂ ਵਸਿਆ ਕੋਲ, ਸਦ ਘਰ ਬੈਠਾ ਡੇਰਾ ਲਾਈਆ । ਉਹ ਸੰਤ ਸੁਹੇਲੇ ਤੁਲਣ ਪੂਰੇ ਤੋਲ, ਜਗਤ ਤਰਾਜ਼ੂ ਨੇੜ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਮਿਹਰਵਾਨ ਹੋ ਕੇ ਆਪੇ ਅੰਤਰ ਜਾਏ ਮੌਲ, ਸਾਚਾ ਮੰਤਰ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨ ਦੁਨੀ ਦੋਵੇਂ ਦਏ ਤਜਾਈਆ । ਦੁਨੀਆਦਾਰ ਦੁਨੀਆ ਵਿਚ ਪਾਵਣ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਜਨ ਭਗਤਾਂ ਪ੍ਰਭ ਆਪਣੇ ਸ਼ਬਦੀ ਬੰਨ੍ਹੇ ਡੋਰ, ਤੰਦੀ ਤੰਦ ਨਾਲ ਜੁੜਾਈਆ । ਜਗਤ ਵਹਿਣ ਦਿਸੇ ਅੰਧੇਰਾ ਘੋਰ, ਸਚ ਚੰਦ ਨਾ ਕੋਇ

ਰੁਸ਼ਨਾਈਆ । ਗੁਰਮੁਖਾਂ ਗੁਰ ਆਤਮ ਪਰਮਾਤਮ ਨਾਤਾ ਲਏ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਸਾਕ ਸੱਜਣ ਭਾਈ ਭੈਣ ਮਿੱਤਰ ਜਾਣ ਛੋੜ, ਧੀਆ ਪੁੱਤ ਨਾਰ ਕੰਤ ਹੋਏ ਜੁਦਾਈਆ । ਓਥੇ ਸਾਹਿਬ ਸਾਚੇ ਦੀ ਸਾਚੀ ਲੋੜ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੇਖਾ ਲਾਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਦੁਨੀਆਦਾਰੀ ਦੁਨੀਆ ਰਹੀ ਡਰਾ, ਕੂੜ ਕੁੜਿਆਰਾ ਭੌ ਵਖਾਈਆ । ਜਿਨ੍ਹਾਂ ਮਿਲਿਆ ਬੇਪਰਵਾਹ, ਉਹ ਬੈਠੇ ਆਪਣਾ ਆਪ ਮਿਟਾਈਆ । ਜਗਤ ਸਮਾਜ ਨਾ ਸਕੇ ਕੋਈ ਛਡਾ, ਸੱਜਣ ਸੱਜਣਾਂ ਦੇਵੇ ਨਾ ਕੋਇ ਗਵਾਹੀਆ । ਸਭ ਦੇ ਸਿਰ ਤੇ ਕੂਕੇ ਅੰਤ ਕਜ਼ਾ, ਲੱਖ ਚੁਰਾਸੀ ਰਖੀ ਖਾਈਆ । ਜਨ ਭਗਤਾਂ ਆਵੇ ਉਹ ਮਜ਼ਾ, ਜਿਸ ਦਾ ਰਸ ਵੇਖਣ ਕੋਇ ਨਾ ਪਾਈਆ । ਦੁਨੀਆਦਾਰ ਧਰਮ ਰਾਏ ਤੋਂ ਸਕੇ ਨਾ ਕੋਈ ਛੁਡਾ, ਸ਼ੌਹ ਦਰਿਆ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਉਪਰ ਦਇਆ ਰਿਹਾ ਕਮਾ, ਤਿਨ੍ਹਾਂ ਜਨਮਾਂ ਜਨਮਾਂ ਜਨਮ ਦਾ ਲੇਖ ਚੁਕਾਈਆ ।

★ ੧੯ ਜੇਠ ੨੦੨੧ ਬਿਕ੍ਰਮੀ ਰੂੜ ਸਿੰਘ ਦੇ ਨਵਿਤ ਧੰਗਾਲੀ ਜੰਮੂ ★

ਸਤਿਗੁਰ ਮਿਲਿਆ ਧੁਰ ਦਾ ਗੁਣੀਆ, ਗੁਣਵੰਤਾ ਨਜ਼ਰੀ ਆਇੰਦਾ । ਜਿਸ ਦੀ ਬਾਣੀ ਅਗੰਮ ਸੁਣੀਆ, ਸਰੋਤ ਆਪਣੀ ਇਕ ਸਮਝਾਇੰਦਾ । ਜਿਸ ਦੀ ਕਿਰਪਾ ਨਾਲ ਪਿਛਲੀ ਛੁੱਟੀ ਦੁਨੀਆ, ਦੁਨੀਆ ਵਿਚੋਂ ਦੀਨ ਪਰਮ ਪੁਰਖ ਆਪਣਾ ਇਕ ਵਖਾਇੰਦਾ । ਇਹ ਮਾਰਗ ਹੱਥ ਨਾ ਆਇਆ ਰਿਖੀਆਂ ਮੁਨੀਆਂ, ਸਾਧ ਸੰਤ ਸਰਬ ਕੁਰਲਾਇੰਦਾ । ਜਿਸ ਭਾਗ ਲਗਾਏ ਕਾਇਆ ਕੁਲੀਆ, ਢੱਠਾ ਕੁੱਲਾ ਵੇਖ ਵਖਾਇੰਦਾ । ਉਸ ਦੇ ਨਾਮ ਅੰਦਰ ਜਿਨ੍ਹਾਂ ਦੀਆ ਪੰਜ ਵਾਰ ਹਿਲੀਆਂ ਬੁੱਲੀਆਂ, ਬੁਲ੍ਹੇ ਨਾਲੋਂ ਅਗਲਾ ਰਾਹ ਵਖਾਇੰਦਾ । ਜੋ ਸਖੀਆਂ ਰਹੀਆਂ ਭੁੱਲੀਆਂ, ਤਿਨ੍ਹਾਂ ਭੁਲਿਆਂ ਮਾਰਗ ਪਾਇੰਦਾ । ਉਹ ਦੋ ਜਹਾਨ ਸਚ ਫਲਵਾੜੀ ਅੰਦਰ ਫੁਲੀਆਂ, ਪਤ ਡਾਲੀ ਆਪ ਮਹਿਕਾਇੰਦਾ । ਧਰਮ ਤਰਾਜ਼ੂ ਕੰਡੇ ਤੁਲੀਆਂ, ਤੋਲਣਹਾਰਾ ਇਕੋ ਨਜ਼ਰੀ ਆਇੰਦਾ । ਲੋਕਮਾਤ ਲੱਖ ਚੁਰਾਸੀ ਵਿਚ ਨਾ ਰੁਲੀਆਂ, ਜਮ ਕੀ ਫਾਸੀ ਫੰਦ ਕਟਾਇੰਦਾ । ਸਚ ਦਵਾਰੇ ਛੁਟੀਆ ਦੇ ਕੇ ਖੁਲੀਆਂ, ਘਰ ਮੰਦਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਰੂਹਾਂ ਉਹ ਅਨਮੁਲੀਆਂ, ਜਿਨ੍ਹਾਂ ਆਪਣੇ ਲੇਖੇ ਲਾਇੰਦਾ । ਦੁਨੀਆ ਵਿਚੋਂ ਮਿਲਿਆ ਮਿਲਾਪ, ਪ੍ਰਭ ਦਿਤੀ ਮਾਣ ਵਡਿਆਈਆ । ਦੱਸ ਕੇ ਆਪਣਾ ਅਗਲਾ ਜਾਪ, ਪਿਛਲੀ ਪਿਛੇ ਦਿਤੀ ਖਪਾਈਆ । ਦੁਰਮਤ ਮੈਲ ਭਰੀ ਕਰ ਕੇ ਪਾਕ, ਪਤਤ ਪੁਨੀਤ ਪਵਿਤ ਰੂਪ ਵਟਾਈਆ । ਸਚ ਪਦਾਰਥ ਦੇ ਕੇ ਦਾਤ, ਖ਼ਾਲੀ ਝੋਲੀ ਇਕ ਭਰਾਈਆ । ਮੈਂ ਛੱਡ ਕੇ ਝੂਠਾ ਜਗਤ ਸੱਜਣ ਸਾਕ, ਨਾਤਾ ਕੂੜਾ ਲਿਆ ਤੁੜਾਈਆ । ਅੰਮ੍ਰਿਤ ਵੇਲੇ ਲੈ ਕੇ ਇਕੋ ਵਾਕ, ਵਾਸਤਾ ਦੋਏ ਜੋੜ ਪਾਈਆ । ਤੂੰ ਸਾਹਿਬ ਮੇਰਾ ਸਾਥ, ਸਗਲਾ ਸੰਗ ਰਖਾਈਆ । ਸ਼ਬਦ ਅਗੰਮੀ ਆਈ ਆਵਾਜ਼, ਧੁਰ ਸੰਦੇਸਾ ਦਿਤਾ ਸੁਣਾਈਆ । ਮੈਂ ਬਣ ਕੇ ਤੇਰਾ ਬਾਪ, ਪਿਤਾ ਹੋ ਕੇ ਪੂਤ ਗੋਦ ਉਠਾਈਆ । ਤੂੰ ਓਸ ਪੁਰਖ ਦੀ ਅਗੰਮੀ ਸ਼ਾਖ਼, ਜਿਸ ਦੀ ਸ਼ਨਾਖ਼ਤ ਨਜ਼ਰ ਕਿਸੇ ਨਾ ਆਈਆ । ਤੇਰਾ ਹੋ ਕੇ ਤੇਰੀ ਪੁਛੇ ਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਤਮ ਕਹੇ ਮੈਂ

ਛੱਡਿਆ ਜਗ, ਨਾਤਾ ਤੁੱਟਾ ਲੋਕਾਈਆ । ਸਚ ਪ੍ਰੀਤੀ ਦਰ ਠਾਂਡੇ ਗਈ ਲੱਗ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਹੱਡ ਮਾਸ ਨਾੜੀ ਦਿਤਾ ਤੱਜ, ਮਾਟੀ ਖ਼ਾਕ ਮੇਲ ਰਿਹਾ ਨਾ ਰਾਈਆ । ਸਚ ਦਵਾਰੇ ਆਈ ਭੱਜ, ਪੈਂਡਾ ਪੰਧ ਮੁਕਾਈਆ । ਦੂਰ ਦੁਰਾਡੀ ਆਈ ਨੱਸ, ਦਰ ਵੇਖਾਂ ਚਾਈਂ ਚਾਈਂਆ । ਜਿਥੇ ਪਾਰਬ੍ਰਹਮ ਦਾ ਜਸ, ਦੂਜਾ ਨਜ਼ਰ ਕੋਇ ਨਾ ਆਈਆ । ਭਗਤ ਸੁਹੇਲੇ ਰਹੇ ਵਸ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਨੇਤਰ ਖੋਲ੍ਹ ਦਰਸ ਕਰਾਂ ਪੁਰਖ ਸਮਰਥ, ਅੱਖ ਨੈਣ ਚਰਨਾਂ ਭੇਟ ਚੜ੍ਹਾਈਆ । ਸ੍ਰਿਸ਼ਟੀ ਨਾਲੋਂ ਹੋ ਕੇ ਵੱਖ, ਵੱਖਰੇ ਮੰਦਰ ਬੈਠੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਮੇਰਾ ਲੇਖਾ ਮੁਕੇ ਸਤਿਗੁਰ ਹੱਟ, ਲਹਿਣਾ ਆਪਣਾ ਝੋਲੀ ਪਾਈਆ । ਸਾਕ ਸੱਜਣ ਪਿਛੇ ਆਈ ਛੱਡ, ਝਗੜਾ ਮਿਟੇ ਲੋਕਾਈਆ । ਮੇਰੇ ਕਿਸੇ ਕੰਮ ਨਹੀਂ ਔਣੇ ਹੱਡ, ਖ਼ਾਕੀ ਖ਼ਾਕ ਮਿਲਾਈਆ । ਜਿਸ ਦੀ ਵਸਤ ਓਸੇ ਦੇ ਹੱਥ, ਉਹ ਮਾਲਕ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਜਸ, ਸ਼ਾਸਤਰ ਸਿਮਰਤ ਬੈਠੇ ਰਾਗ ਅਲਾਈਆ । ਓਸ ਦੇ ਕਦਮਾਂ ਚਰਨਾਂ ਗਈ ਢੱਠ, ਅਰਬਾਂ ਖਰਬਾਂ ਵਿਚੋਂ ਬਚ ਕੇ ਘਰ ਸਾਚੇ ਫੇਰਾ ਪਾਈਆ । ਲੱਖ ਚੁਰਾਸੀ ਨਾਲੋਂ ਹੋ ਅਲੱਗ, ਦਰ ਠਾਂਡੇ ਖ਼ੁਸ਼ੀ ਮਨਾਈਆ । ਮੇਰਾ ਪ੍ਰੀਤਮ ਹੌਲੀ ਜਿਹੀ ਏਥੇ ਗਿਆ ਛੱਡ, ਭਾਰ ਆਪਣੇ ਕੰਧ ਉਠਾਈਆ । ਮੈਂ ਭਗਤਾਂ ਵੇਖ ਪਈ ਹੱਸ, ਸੋਹਣੀ ਖ਼ੁਸ਼ੀ ਮਨਾਈਆ । ਉਹ ਇਸ਼ਾਰੇ ਨਾਲ ਰਹੇ ਦੱਸ, ਹੌਲੀ ਹੌਲੀ ਸਮਝਾਈਆ । ਤੂੰ ਸੋਹੰ ਗਾਇਆ ਜਸ, ਏਸੇ ਕਾਰਨ ਏਥੇ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮ ਪੁਰਖ ਪਰਮਾਤਮ ਸਮਰਥ, ਆਤਮ ਪਰਮਾਤਮ ਹੋ ਕੇ ਆਪਣੇ ਵਿਚ ਸਮਾਈਆ ।



★ ੧੯ ਜੇਠ ੨੦੨੧ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਧੰਗਾਲੀ ਜੰਮੂ ★

ਆਤਮ ਕਹੇ ਮੈਂ ਹੋਈ ਹੈਰਾਨ, ਭਗਵਨ ਖੇਲ ਬੇਪਰਵਾਹੀ ਦਾ । ਸਚ ਦਵਾਰੇ ਨਾ ਮੰਦਰ ਨਾ ਕੋਈ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈ ਦਾ । ਨਾ ਜ਼ਿਮੀ ਨਾ ਅਸਮਾਨ, ਮੰਡਲ ਮੰਡਪ ਨੈਣ ਨਾ ਕੋਇ ਉਠਾਈ ਦਾ । ਪੰਜ ਤਤ ਨਾ ਕੋਇ ਨਿਸ਼ਾਨ, ਇਸਤਰੀ ਮਰਦ ਰੂਪ ਨਾ ਕੋਇ ਵਟਾਈ ਦਾ । ਸ਼ਾਸਤਰ ਸਿਮਰਤ ਨਾ ਕੋਈ ਪੁਰਾਨ, ਰਸਨਾ ਗਿਆਨ ਨਾ ਕੋਇ ਦ੍ਰਿੜਾਈ ਦਾ । ਸਰੋਵਰ ਜਲ ਨਾ ਪੀਣ ਖਾਣ, ਤੀਰਥ ਤਟ ਨਾ ਕੋਇ ਵਖਾਈ ਦਾ । ਸਾਕ ਸੱਜਣ ਨਾ ਕੋਈ ਦਿਸੇ ਚਤੁਰ ਸੁਘੜ ਸੁਜਾਨ, ਬੁਧੀਵਾਨ ਭੇਵ ਨਾ ਕੋਇ ਖੁਲ੍ਹਾਈ ਦਾ । ਮਾਤ ਪਿਤ ਨਾ ਬਾਲ ਅਵਾਣ, ਨਾਰ ਕੰਤ ਨਾ ਜੋੜ ਜੁੜਾਈ ਦਾ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਨਾ ਕੋਇ ਈਮਾਨ, ਊਚ ਨੀਚ ਨਾ ਕੋਇ ਵਖਾਈ ਦਾ । ਮੜ੍ਹੀ ਗੋਰ ਨਾ ਕੋਇ ਦਫ਼ਨਾਣ, ਅਗਨੀ ਤਤ ਨਾ ਕੋਇ ਜਲਾਈ ਦਾ । ਇਕੋ ਨਜ਼ਰ ਆਇਆ ਜੋਤ ਸਰੂਪ ਸਾਹਿਬ ਸੱਚਾ ਸ੍ਰੀ ਭਗਵਾਨ, ਜਿਸ ਦਾ ਆਦਿ ਜੁਗਾਦਿ ਅੱਖਰਾਂ ਨਾਲ ਜਸ ਗਾਈ ਦਾ । ਉਸ ਦਾ ਚਰਨ ਕਵਲ ਮਹਾਨ, ਜਿਸ ਦਾ ਨਕਸ਼ਾ ਮਾਤਲੋਕ ਨਾ ਕਿਸੇ ਸਮਝਾਈ ਦਾ । ਨਾ ਕੋਈ ਰਸਨਾ ਦੇਵੇ ਬਿਆਨ, ਕਲਮ ਸ਼ਾਹੀ ਨਾ ਲੇਖ ਬਣਾਈ ਦਾ । ਵੇਖ ਦੁਆਰ ਹੋਈ ਪਰੇਸ਼ਾਨ, ਪਰਾ ਪਸੰਤੀ ਮਧਮ ਬੈਖਰੀ ਰਾਗ ਨਾ ਕੋਇ ਅਲਾਈ ਦਾ । ਕਿਰਪਾ ਕਰੀ ਜਿਸ ਵੇਲੇ ਮੇਰੇ ਮਿਹਰਵਾਨ, ਮਿਹਰ ਮੁਹੱਬਤ ਨਾਲ ਆਪਣਾ ਭੇਵ ਖੁਲ੍ਹਾਈ ਦਾ । ਮੈਂ ਦੋਏ ਜੋੜ ਚਰਨ ਡਿਗੀ

ਬਣ ਕੇ ਬਾਲ ਅਵਾਣ, ਨੇਤਰ ਰੋ ਰੋ ਬਿਨ ਅੱਖਾਂ ਹਾਲ ਸੁਣਾਈ ਦਾ । ਓਸੇ ਵੇਲੇ ਪੁਰਖ ਅਕਾਲ ਦੀਨ ਦਿਆਲ ਆਪਣੀ ਜੋਤ ਵਿਚ ਜੋਤ ਮਿਲਾਇਆ ਆਣ, ਜਿਸ ਜੋਤੀ ਵਿਚੋਂ ਨਜ਼ਰ ਕਿਸੇ ਨਾ ਆਈ ਦਾ । ਜੋਤੀ ਜੋਤ ਹੋਇਆ ਮੇਲਾ, ਪਰਮ ਪੁਰਖ ਦਿਤੀ ਵਡਿਆਈਆ । ਜਿਸ ਘਰ ਵਸਦਾ ਰਿਹਾ ਇਕੇਲਾ, ਓਸੇ ਘਰ ਦਿਤਾ ਬਹਾਈਆ । ਇਕੋ ਰੰਗ ਰੰਗ ਕੇ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਈਆ । ਸੁਹੰਜਣਾ ਵਕਤ ਸੁਹਾਇਆ ਵੇਲਾ, ਰੁੱਤ ਰੁੱਤੜੀ ਨਾਲ ਮਿਲਾਈਆ । ਆਪਣਾ ਖੇਲ ਆਪੇ ਖੇਲਾ, ਖ਼ਾਲਕ ਖ਼ਲਕ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਿਆ ਟਿਕਾਈਆ । ਘਰ ਸਚ ਵਸੇਰਾ ਗਈ ਟਿਕ, ਟਿਕਟਿਕੀ ਇਕੋ ਇਕ ਧਿਆਨ ਲਗਾਈਆ । ਬਿਨ ਕੀਮਤੋਂ ਗਈ ਵਿਕ, ਵਿਕਰੀ ਹੋਰ ਨਾ ਕਿਸੇ ਜਣਾਈਆ । ਇਕੋ ਸਚ ਪਿਆਰ ਪਰੇਮ ਦੀ ਮਾਰ ਕੇ ਖਿਚ, ਖਿਚ ਲਿਆ ਬੇਪਰਵਾਹੀਆ । ਜਿਸ ਵੇਲੇ ਵੜਿਆ ਮੇਰੇ ਵਿਚ, ਵਿਚਲਾ ਭੇਵ ਚੁਕਾਈਆ । ਜਿਧਰ ਵੇਖਾਂ ਓਧਰ ਪਏ ਦਿਸ, ਚਾਰੋਂ ਕੁੰਟ ਨਜ਼ਰੀ ਆਈਆ । ਆਤਮਾ ਕਹੇ ਮੈਂ ਪਰਮਾਤਮਾ ਕਰ ਕੇ ਹਿਤ, ਹਿਤਕਾਰੀ ਲਿਆ ਮਨਾਈਆ । ਮਿਲ ਕੇ ਮੇਲ ਅਬਿਨਾਸ਼ੀ ਅਚੁਤ, ਚੇਤਨ ਆਪਣਾ ਰੂਪ ਵਟਾਈਆ । ਬੇਸ਼ਕ ਛੱਡ ਕੇ ਆਈ ਕਾਇਆ ਬੁੱਤ, ਬਿਨ ਕਾਇਆ ਕੱਪੜ ਪਰਮ ਪੁਰਖ ਪਰਮਾਤਮ ਲਿਆ ਹੰਢਾਈਆ । ਉਸ ਸਹਿਜ ਸੁਭਾਉ ਆਪਣੇ ਹੱਥਾਂ ਲਿਆ ਚੁੱਕ, ਭੁਜਾਂ ਉਪਰ ਟਿਕਾਈਆ । ਪਰੇਮ ਪ੍ਰੀਤੀ ਅੰਦਰ ਲਿਆ ਪੁਛ, ਪਿਛਲਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਿਤਾ ਵਖਾਈਆ । ਆਤਮ ਕਹੇ ਮੈਂ ਵੇਖਿਆ ਰੰਗ, ਅਨੋਖਾ ਦਿਤਾ ਵਖਾਈਆ । ਪਰਮਾਤਮ ਸੋਹਣਾ ਸੁਹਾਇਆ ਪਲੰਘ, ਸੁਹੰਜਣੀ ਸੇਜ ਬਣਾਈਆ । ਨਾਮ ਨਗਾਰਾ ਵੱਜੇ ਮਰਦੰਗ, ਤਾਲ ਤਲਵਾੜਾ ਇਕੋ ਇਕ ਜਣਾਈਆ । ਜੋਤੀ ਨੂਰ ਚੜ੍ਹੇ ਚੰਦ, ਰਵ ਸਸ ਨਾ ਕੋਇ ਰੁਸ਼ਨਾਈਆ । ਮੈਨੂੰ ਓਥੇ ਆਇਆ ਉਹ ਅਨੰਦ, ਜਿਹੜਾ ਅਨੰਦ ਭਾਈ ਭੈਣਾਂ ਵਿਚੋਂ ਹੱਥ ਨਾ ਆਈਆ । ਮੇਰੀ ਕਰਨੀ ਮੇਰੀ ਮਰਨੀ ਪ੍ਰਭ ਸਰਨੀ ਕਦੇ ਨਾ ਹੋਵੇ ਬੰਦ, ਬੰਦ ਖ਼ਲਾਸੀ ਬੰਦੀਖ਼ਾਨਾ ਬੰਧਨ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪਰਮਾਤਮ ਆਤਮ ਅੰਗ ਆਪਣੇ ਨਾਲ ਮਿਲਾਈਆ । ਆਤਮ ਕਹੇ ਮੈਂ ਹੋਈ ਨਿਰਾਲੀ, ਨਿਰਗੁਣ ਰੂਪ ਵਟਾਈਆ । ਪਿਛਲੀ ਚੁੱਕੀ ਰੈਣ ਅੰਧੇਰੀ ਕਾਲੀ, ਕਲਜੁਗ ਲਹਿਣਾ ਦਿਤਾ ਮੁਕਾਈਆ । ਜੀਂਵਦਿਆਂ ਜੀਂਵਦਿਆਂ ਜੋ ਸੇਵਾ ਕਰ ਕੇ ਘਾਲ ਘਾਲੀ, ਸੋ ਸੇਵਾ ਲੇਖੇ ਲਾਈਆ । ਪਿਛੋਂ ਕੋਟਨ ਕੋਟ ਦੀਪਕ ਜਗਦੇ ਰਹਿਣ ਦੀਵਾਲੀ, ਆਤਮ ਸ਼ਮਾ ਨਾ ਕੋਇ ਰੁਸ਼ਨਾਈਆ । ਸਾਕ ਸੱਜਣ ਸੈਣ ਭਾਈ ਮਾਤ ਪਿਤ ਦੋਸਤ ਮਿੱਤਰ ਹੱਥ ਰੱਖਣ ਖ਼ਾਲੀ, ਵਸਤ ਅਮੋਲਕ ਹੱਥ ਕਿਸੇ ਨਾ ਆਈਆ । ਪੰਡਤ ਪਾਂਧਾ ਮੁੱਲਾਂ ਸ਼ੇਖ਼ ਕਿਆ ਕੋਈ ਕਰੇ ਵਿਚ ਦਲਾਲੀ, ਆਪਣੀ ਸਾਰ ਸਮਝ ਕਿਸੇ ਨਾ ਪਾਈਆ । ਹੱਡੀਆਂ ਰੋਵਣ ਦਰ ਬਣਨ ਸਵਾਲੀ, ਭਿਖਕ ਹੋ ਕੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਿਰ ਆਪਣਾ ਹੱਥ ਟਿਕਾਈਆ । ਆਤਮ ਕਹੇ ਮੋਹੇ ਹੋਇਆ ਵਿਛੋੜਾ, ਨਾਤਾ ਜਗਤ ਤੁੜਾਈਆ । ਸ੍ਰੀ ਭਗਵਾਨ ਆਪੇ ਬੌਹੜਾ, ਪੁਰਖ ਅਕਾਲ ਫੇਰਾ ਪਾਈਆ । ਸ਼ਬਦ ਅਗੰਮੀ ਦੇ ਕੇ ਘੋੜਾ, ਸ਼ਾਹ ਸਵਾਰ ਦਿਤਾ ਸੁਹਾਈਆ । ਜਨ ਭਗਤਾਂ ਮਾਰਗ ਕਿਆ ਕੋਈ ਅਟਕਾਵੇ ਰੋੜਾ, ਜਗਤ ਰੀਤੀ ਕੰਮ ਕਿਸੇ ਨਾ ਆਈਆ । ਓਨ੍ਹਾਂ ਜਨਮ ਲੈਣਾ ਪਏ ਫੇਰ ਦੋਹਰਾ, ਜੋ ਭੁੱਲੇ ਬੇਪਰਵਾਹੀਆ । ਮਾਤ ਗਰਭ ਵਿਚ ਭਰਿਆ ਰਹੇ ਫੋੜਾ, ਦਰਦੀਆਂ ਦਰਦ

੧੧੭੬ ੧੯

ਨਾ ਕੋਇ ਵੰਡਾਈਆ । ਗੁਰਮੁਖ ਕਹਿਣ ਸਾਨੂੰ ਓਸ ਪ੍ਰਭੂ ਦੀ ਲੋੜਾ, ਜਿਸ ਸਾਡੀ ਬਣਤ ਬਣਾਈਆ । ਰਾਗ ਗਾਇਆ ਤੇਰਾ ਮੇਰਾ, ਸੋਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਤਮ ਲਏ ਵਰ, ਪਰਮਾਤਮ ਆਪਣੇ ਘਰ ਵਸਾਈਆ ।

## ★ ੧੯ ਜੇਠ ੨੦੨੧ ਬਿਕ੍ਰਮੀ ਇੰਦਰ ਰਾਮ ਦੇ ਗ੍ਰਿਹਿ ਧੰਗਾਲੀ ਜੰਮੂ ★

ਜਮ ਕੀ ਫਾਸੀ ਟੁਟਾ ਰੱਸਾ, ਨਿੱਕੀ ਖਟੀਆ ਦਏ ਗਵਾਹੀਆ । ਜ਼ਿੰਦਗੀ ਵਿਚੋਂ ਜ਼ਿੰਦਾ ਕੀਤਾ ਬੱਚਾ, ਬੱਚਿਆਂ ਵਿਚੋਂ ਬੱਚੇ ਦਿਤੀ ਵਡਿਆਈਆ । ਕੀ ਕਿਸੇ ਨੂੰ ਯਾਦ ਪਿਛਲਾ ਪਤਾ, ਜੋ ਪਤਰਿਆਂ ਉਤੇ ਗਿਆ ਸਮਝਾਈਆ । ਇਹ ਵੇਲਾ ਵਕਤ ਵੇਖ ਅੱਛਾ, ਅੱਛੀ ਤਰ੍ਹਾਂ ਦ੍ਰਿੜਾਈਆ । ਕਾਇਆ ਮਾਟੀ ਭਾਂਡਾ ਕੱਚਾ, ਭੱਜਣੋਂ ਟੁੱਟਣੋਂ ਲਿਆ ਬਚਾਈਆ । ਪਰੇਮ ਪ੍ਰੀਤੀ ਅੰਦਰ ਵੇਖ ਕੇ ਸੱਚਾ, ਸੱਚੀ ਡੋਰੀ ਤੰਦ ਬੰਧਾਈਆ । ਕਿਸੇ ਪਿਆਰ ਖ਼ਾਤਰ ਕਿਸੇ ਵਿਹਾਰ ਖ਼ਾਤਰ ਫਿਰੇ ਨੱਸਾ, ਵਿਚਾਰ ਵਿਚੋਂ ਵਿਚਾਰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਆਪ ਕਮਾਈਆ । ਖਟੀਆ ਕਹੇ ਮੈਂ ਕੀ ਦੱਸਾਂ ਹਾਲ, ਕੀ ਕੁਛ ਦਿਆਂ ਜਣਾਈਆ । ਜਿਸ ਦੇ ਸਿਰ ਤੇ ਕੂਕਣ ਵਾਲਾ ਸੀ ਕਾਲ, ਉਸ ਦੀ ਕਾਲਖ ਦਿਤੀ ਲਾਹੀਆ । ਦਿਆਲਾ ਵਿਚੋਂ ਹੋ ਕੇ ਦਿਆਲ, ਦੀਨਾਂ ਵਿਚੋਂ ਦੀਨਨ ਲਏ ਉਠਾਈਆ । ਪ੍ਰਿਤਪਾਲਾਂ ਵਿਚੋਂ ਹੋ ਕੇ ਪ੍ਰਿਤਪਾਲ, ਬਾਲਕ ਆਪਣੀ ਗੋਦ ਸੁਹਾਈਆ । ਗੋਦੀ ਵਿਚ ਰੱਖ ਅਨਮੁਲੜਾ ਲਾਲ, ਲਾਲਨ ਦਏ ਵਡਿਆਈਆ । ਇਹ ਜਗਤ ਨਹੀਂ ਜੀਵਣ ਜੰਜਾਲ, ਸਤਿਗੁਰ ਜੁਗਤ ਰਿਹਾ ਸਮਝਾਈਆ । ਪਿਛਲੀ ਪ੍ਰੀਤੀ ਅੱਗੇ ਨਿਭੀ ਨਾਲ, ਦੋਹਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਖਟੀਆ ਕਹੇ ਮੇਰਾ ਟੁੱਟਾ ਅੰਗ, ਅੰਗ ਅੰਗ ਦਏ ਦੁਹਾਈਆ । ਜਿਸ ਵੇਲੇ ਸਾਹਿਬ ਸਤਿਗੁਰ ਸਚ ਦਵਾਰਾ ਗਿਆ ਲੰਘ, ਆਪਣਾ ਕਦਮ ਉਠਾਈਆ । ਜਨ ਭਗਤ ਮੰਗੀ ਉਹ ਮੰਗ, ਘਰ ਆਇਆ ਬੇਪਰਵਾਹੀਆ । ਜਿਸ ਦਾ ਵੱਜੇ ਸਦਾ ਮਰਦੰਗ, ਮਰਦ ਮਰਦਾਨਾ ਹੋ ਕੇ ਰਿਹਾ ਸੁਣਾਈਆ । ਸੋ ਸੁਹਾਏ ਸੁਹੰਜਣੀ ਸੇਜ ਪਲੰਘ, ਆਤਮ ਅੰਤਰ ਡੇਰਾ ਲਾਈਆ । ਥੋੜਾ ਸਮਾਂ ਬਹੁਤੀ ਪਾਵੇ ਠੰਡ, ਠੰਡ ਵਿਚੋਂ ਟੁੱਟੀ ਗੰਢ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋ ਬਖ਼ਸ਼ੰਦ, ਬਖ਼ਸ਼ਿਸ਼ ਵਿਚੋਂ ਕਰ ਬਖ਼ਸ਼ੀਸ਼ ਬਖ਼ਸ਼ੀਸ਼ ਵਿਚੋਂ ਬਖ਼ਸ਼ਿਸ਼ ਦਿਤੀ ਵਰਤਾਈਆ ।

## ★ ੧੯ ਜੇਠ ੨੦੨੧ ਬਿਕ੍ਰਮੀ ਮੇਲਾ ਰਾਮ ਦੇ ਗ੍ਰਿਹਿ ਧੰਗਾਲੀ ਜੰਮੂ ★

ਜਨ ਭਗਤ ਜਗ ਜਾਏ ਜਿਤ, ਜਿਤੇ ਸਰਬ ਲੋਕਾਈਆ । ਜੋ ਸ੍ਰੀ ਭਗਵਾਨ ਦਵਾਰੇ ਗਿਆ ਵਿਕ, ਕੀਮਤ ਦੂਜੇ ਘਰ ਨਾ ਕੋਇ ਰਖਾਈਆ । ਉਸ ਦੀ ਏਥੇ ਓਥੇ ਕੋਈ ਨਾ ਲਾਵੇ ਪਿਠ, ਮੁਖ ਸਕੇ ਨਾ ਕੋਇ ਭਵਾਈਆ । ਆਦਿ ਅੰਤ ਮਿਲਣ ਅੰਤਮ ਓਸੇ ਪਿਤ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਰਹੇ ਸੁਣਾਈਆ । ਸ੍ਰੀ ਭਗਵਾਨ ਪੂਰੀ ਕਰੇ ਸਿਕ, ਆਸਾ ਆਸਾ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਉਠਾਈਆ । ਗੁਰਮੁਖ ਕਹਿਣ ਰਸਨਾ ਜਿਹਵਾ, ਧੁਰ ਦਾ ਰਾਗ ਅਲਾਈਆ । ਪ੍ਰਭ ਪਾਇਆ ਇਕੋ ਅਲਖ ਅਭੇਵਾ, ਜਿਸ ਦੀ ਅਚਰਜ ਦਿਸੀ ਵਡਿਆਈਆ । ਸਚ ਸਤਿ ਸੁੱਚ ਓਸ ਦੀ ਸੇਵਾ, ਦਰ ਦਰਬਾਰ ਇਕੋ ਸੋਭਾ ਪਾਈਆ । ਜਿਸ ਦਾ ਸਚ ਪਦਾਰਥ ਧੁਰ ਦਾ ਮੇਵਾ, ਸਾਧ ਸੰਤ ਸਦਾ ਸਦਾ ਸਦ ਰਹੇ ਖਾਈਆ । ਉਹ ਵਸੇ ਨਿਹਚਲ ਧਾਮ ਸਦਾ ਨਿਹਕੇਵਾ, ਅਟੱਲ ਰੂਪ ਵਟਾਈਆ । ਕਰ ਕਿਰਪਾ ਜਿਸ ਦੇ ਮਸਤਕ ਸਚ ਲਗਾਵੇ ਥੇਵਾ, ਜੋਤੀ ਜੋਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਲਖ ਅਭੇਵਾ, ਅਭੇਦ ਆਪਣਾ ਦਏ ਖੁਲ੍ਹਾਈਆ । ਅਭੇਦ ਖੋਲ੍ਹੇ ਅੰਤਰ ਬੋਲੇ ਕਾਇਆ ਚੋਲੇ, ਪੜਦਾ ਦਏ ਚੁਕਾਈਆ । ਸੁਣਾਏ ਢੋਲੇ ਸ਼ਬਦ ਅਨਮੋਲੇ ਵਸੇ ਕੋਲੇ, ਵਿਛੜ ਕਦੇ ਨਾ ਜਾਈਆ । ਸੁਰਤੀ ਸ਼ਬਦੀ ਮੌਲੇ, ਅੰਮ੍ਰਿਤ ਭਰੇ ਨਾਭ ਕੌਲੇ, ਦੇਵੇ ਵਡਿਆਈ ਉਪਰ ਧੌਲੇ, ਧਰਨੀ ਵੇਖ ਵੇਖ ਖ਼ੁਸ਼ੀ ਮਨਾਈਆ । ਸ੍ਰਿਸ਼ਟ ਸਬਾਈ ਜਨ ਭਗਤਾਂ ਕਹੇ ਇਹ ਕਮਲੇ, ਕਵਲ ਨੈਣ ਵਾਲਾ ਕਹੇ ਕਾਮਲ ਪੁਰਖ ਨਜ਼ਰੀ ਆਈਆ । ਜਿਨ੍ਹਾਂ ਦੇ ਲੋਕਮਾਤ ਚੁਕਾਉਣੇ ਬਦਲੇ, ਪਿਛਲਾ ਲਹਿਣਾ ਝੋਲੀ ਪਾਈਆ । ਘਰ ਵਸੌਣੇ ਜਾ ਕੇ ਅਗਲੇ, ਜਿਥੇ ਪਿਛਾ ਯਾਦ ਕੋਇ ਨਾ ਆਈਆ । ਇਹ ਪਰੇਮ ਪਿਆਰ ਪ੍ਰੀਤੀ ਅੰਦਰ ਹੋਏ ਪਗਲੇ, ਆਪਣਾ ਆਪ ਗਏ ਭੁਲਾਈਆ । ਏਨ੍ਹਾਂ ਦੇ ਕਾਰਜ ਪੂਰੇ ਹੋਏ ਸਗਲੇ, ਸੰਗੀ ਮਿਲਿਆ ਬੇਪਰਵਾਹੀਆ । ਜਿਨ੍ਹਾਂ ਦੇ ਪਾਟੇ ਚੀਥੜ ਰੰਗਲੇ, ਸੋਹਣਾ ਰੰਗ ਚੜ੍ਹਾਈਆ । ਸਚਖੰਡ ਦਵਾਰ ਸੁਹਾਏ ਸੋਹਣੇ ਬੰਗਲੇ, ਦਰ ਦਰਵਾਜ਼ਾ ਆਪਣੇ ਹੱਥ ਰਖਾਈਆ । ਗੁਰਸਿਖ ਨੂਰ ਨੂਰਾਨੀ ਚੜ੍ਹੇ ਚੰਦਨੇ, ਚੰਦਾਂ ਵਿਚੋਂ ਚੰਦ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਅੰਤਰ ਆਤਮ ਇਕ ਅਨੰਦ ਦੇ, ਪਰਮਾਨੰਦ ਵਿਚ ਅੰਤ ਮਿਲਾਈਆ ।

## ★ ੧੯ ਜੇਠ ੨੦੨੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਧੰਗਾਲੀ ਜੰਮੂ ★

ਚਾਰ ਜੁਗ ਦਾ ਪਿਆਰ ਗੁਝਾ, ਉਠ ਕੇ ਆਪਣੀ ਲਏ ਅੰਗੜਾਈਆ । ਚਾਰੋਂ ਕੁੰਟ ਵੇਖੇ ਹੋ ਕੇ ਉਚਾ, ਚਾਰ ਦਿਸ਼ਾ ਧਿਆਨ ਰਖਾਈਆ । ਕਵਣ ਗ੍ਰਹਿ ਹੋਵੇ ਸੁੱਚਾ, ਸਤਿ ਸਰੂਪ ਨਜ਼ਰੀ ਆਈਆ । ਓਸ ਦਵਾਰੇ ਜਾ ਕੇ ਪੁੱਜਾ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨੇਤਰ ਦਏ ਖੁਲ੍ਹਾਈਆ । ਚਾਰ ਜੁਗ ਦਾ ਪਿਆਰ ਵੇਖੇ, ਨੇਤਰ ਨੈਣ ਉਠਾਈਆ । ਕਵਣ ਲੇਖਾ ਲਾਏ ਵਿਚ ਲੇਖੇ, ਲਿਖਣਹਾਰ ਦਏ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਪਿਆ ਚੇਤੇ, ਪਿਛਲੀ ਯਾਦ ਅੱਖਾਂ ਅੱਗੇ ਲਿਆਈਆ । ਅੱਗੇ ਹੋ ਕੇ ਕਲਜੁਗ ਪਾਏ ਭੁਲੇਖੇ, ਕੂੜੀ ਕਿਰਿਆ ਨਾਲ ਮਿਲਾਈਆ । ਇਹ ਕੀ ਖੇਲ ਪ੍ਰਭੂ ਪ੍ਰਭ ਖੇਡੇ, ਖੇਲਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਰਦਾ ਦਏ ਚੁਕਾਈਆ । ਚਾਰ ਜੁਗ ਦਾ ਪਿਆਰ ਤੜਫੇ, ਰੋ ਰੋ ਦਏ ਦੁਹਾਈਆ । ਮੈਨੂੰ ਸਾਧ ਸੰਤ ਉਠ ਕੇ ਕਰਦੇ ਰਹੇ ਤੜਕੇ, ਅੰਮ੍ਰਿਤ ਵੇਲਾ ਰੁੱਤ ਸੁਹਾਈਆ । ਮੈਨੂੰ ਲੱਭਦੇ ਰਹੇ ਜਲ ਸਰੋਵਰ ਪਾਣੀ ਠਰ ਕੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤਾਰੀਆਂ ਲਾਈਆ । ਮੈਨੂੰ ਵਰਦੇ ਰਹੇ ਅਗਨੀ ਸੜ ਕੇ, ਜਗਤ ਧੂਣੀਆਂ ਮਾਤ ਤਪਾਈਆ । ਮੈਨੂੰ ਫੜਦੇ ਰਹੇ ਪਹਾੜਾਂ ਚੋਟੀ ਚੜ੍ਹ

ਕੇ, ਪਰਬਤਾਂ ਉਤੇ ਡੇਰਾ ਲਾਈਆ । ਮੈਨੂੰ ਸੱਦਦੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਉਚੀ ਪੜ੍ਹ ਕੇ, ਰਸਨਾ ਜਿਹਵਾ ਨਾਦ ਸੁਣਾਈਆ । ਮੈਨੂੰ ਲੱਭਦੇ ਹੱਥ ਛਾਤੀ ਤੇ ਧਰ ਕੇ, ਕੰਨਾਂ ਵਿਚ ਉਂਗਲਾਂ ਪਾਈਆ । ਮੈਨੂੰ ਸੱਦ ਦੇ ਧਰਨੀ ਉਤੇ ਮੱਥਾ ਰੱਖ ਕੇ, ਸਜਦਾ ਕਰਨ ਥਾਉਂ ਥਾਈਂਆ । ਮੈਂ ਸਭ ਤੋਂ ਲੁਕਿਆ ਬਚ ਕੇ, ਪਰਦਾ ਉਹਲਾ ਇਕ ਰਖਾਈਆ । ਕੋਟਨ ਕੋਟ ਲੋਕਮਾਤ ਗਏ ਲੱਦ ਕੇ, ਮੇਰੀ ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਧਾਰ ਚਲਾਈਆ । ਜਗਤ ਪਿਆਰ ਕਹੇ ਮੇਰਾ ਖੇਲ ਅਵੱਲਾ, ਆਦਿ ਜੁਗਾਦੀ ਆਪ ਬਣਾਇੰਦਾ । ਮੈਨੂੰ ਲੱਭਦੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਖੋਜਿਆਂ ਹੱਥ ਕਿਸੇ ਨਾ ਆਇੰਦਾ । ਮੇਰੇ ਅੰਦਰ ਪਿਆਰ ਵੈਰਾਗੀ ਲੱਗਾ ਸੱਲਾ, ਆਰ ਪਾਰ ਤੀਰ ਨਿਸ਼ਾਨ ਇਕ ਕਰਾਇੰਦਾ । ਮੇਰੇ ਪਿਆਰ ਅੰਦਰ ਸਾਧ ਸੰਤ ਹੋਇਆ ਝੱਲਾ, ਝਲਕ ਵਿਚੋਂ ਝਲਕ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕਰਨੀ ਇਕ ਦਰਸਾਇੰਦਾ । ਪਿਆਰ ਕਹੇ ਮੇਰੀ ਕਰਨੀ ਵੱਖ, ਹਰਿ ਕਰਤੇ ਆਪ ਬਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਮਾਰਗ ਦੱਸ, ਗੁਰ ਅਵਤਾਰਾਂ ਦਿਤਾ ਦ੍ਰਿੜਾਈਆ । ਕੋਈ ਲੱਭੇ ਮੰਦਰ ਮੱਠ, ਕੋਈ ਸ਼ਿਵਦਵਾਲੇ ਨੈਣ ਉਠਾਈਆ । ਕੋਈ ਮੱਕੇ ਕਾਅਬੇ ਕਰ ਕਰ ਹਜ, ਮਸੀਤਾਂ ਵਿਚੋਂ ਖੋਜ ਖੁਜਾਈਆ । ਕੋਈ ਗੁਰੂਦਵਾਰੇ ਰਿਹਾ ਭੱਜ, ਅੰਮ੍ਰਿਤ ਵੇਲੇ ਉਠ ਕੇ ਕਰੇ ਧਾਈਆ । ਕੋਈ ਗੁਫਾ ਅੰਦਰ ਬੈਠਾ ਸਜ, ਜੋਗ ਅਭਿਆਸ ਨਾਲ ਰਿਹਾ ਮਨਾਈਆ । ਕੋਈ ਨਾਅਰਾ ਬੋਲੇ ਹੱਕ ਹੱਕ, ਉਚੀ ਕੂਕ ਕੂਕ ਸੁਣਾਈਆ । ਕੋਈ ਜਨਮ ਜਨਮ ਵਿਚ ਗਿਆ ਥੱਕ, ਬਣ ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਇਕ ਬਣਾਈਆ । ਪਿਆਰ ਕਹੇ ਮੈਂ ਪੜਦੇ ਉਹਲੇ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਭਾਗ ਲਗਾਵਾਂ ਕਾਇਆ ਚੋਲੇ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਸਾਧ ਸੰਤ ਬਣਾਵਾਂ ਗੋਲੇ, ਪੀਰ ਫ਼ਕੀਰ ਦਰ ਦਰ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸਾਚੀ ਖੇਲ ਆਪ ਰਚਾਇੰਦਾ । ਪਰੇਮ ਕਹੇ ਮੇਰੀ ਖੇਲ ਸੱਚ, ਹਰਿ ਸਾਚੇ ਆਪ ਬਣਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਗਗਰੀਆ ਇਕੋ ਇਕ ਸੁਹਾਈਆ । ਧੁਰ ਦਾ ਮਾਰਗ ਅਗੰਮੀ ਦੱਸ, ਰਸਤਾ ਇਕੋ ਦਿਤਾ ਵਖਾਈਆ । ਜਿਸ ਦਵਾਰੇ ਰਿਹਾ ਵਸ, ਉਸ ਦਾ ਕੁੰਡਾ ਨਾ ਕੋਇ ਖੁਲ੍ਹਾਈਆ । ਮੈਂ ਬੈਠਾ ਕਰ ਕੇ ਹਠ, ਹੌਂਸਲਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਿਆਰ ਕਹੇ ਮੈਂ ਰਿਹਾ ਲੁਕਿਆ, ਆਪਣਾ ਮੁਖ ਛੁਪਾਈਆ । ਅੰਤਮ ਵੇਖਿਆ ਆਪਣਾ ਪੈਂਡਾ ਮੁਕਿਆ, ਨੇਤਰ ਨੈਣ ਖੁਲ੍ਹਾਈਆ । ਅਬਿਨਾਸ਼ੀ ਕਰਤਾ ਅੰਦਰੇ ਅੰਦਰ ਤੁਠਿਆ, ਧੁਰ ਫ਼ਰਮਾਣਾ ਦਿਤਾ ਸੁਣਾਈਆ । ਵੇਸ ਵਟਾਏ ਅਬਿਨਾਸ਼ੀ ਅਚੁਤਿਆ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਲਜੁਗ ਸੁਹਾਏ ਸਾਚੀ ਰੁੱਤਿਆ, ਰੁੱਤ ਰੁੱਤੜੀ ਆਪ ਮਹਿਕਾਈਆ । ਸਿਧਾ ਜਨ ਭਗਤਾਂ ਜਾ ਕੇ ਪੁੱਛਿਆ, ਸ਼ਬਦ ਹਲੂਣੇ ਨਾਲ ਉਠਾਈਆ । ਪੂਰਬ ਜਨਮ ਦਾ ਜੋ ਪਿਛੇ ਰਿਹਾ ਰੁੱਠਿਆ, ਫੜ ਬਾਂਹੋਂ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਪਿਆਰ ਕਹੇ ਮੈਂ ਵੇਖਿਆ ਪਿਆਰ, ਪ੍ਰੀਤਮ ਪਿਆਰਿਆਂ ਨਾਲ ਰਿਹਾ ਕਮਾਈਆ । ਯਾਰਾਂ ਨਾਲ ਮਿਲੇ ਹੋ ਕੇ ਯਾਰ, ਸੱਜਣਾ ਨਾਲ ਸੱਜਣ ਨਜ਼ਰੀ ਆਈਆ । ਭਗਤਾਂ ਨਾਲ ਭਗਤ ਵਛਲ ਗਿਰਧਾਰ, ਭਗਵਨ


੧੧੭੯
੧੯

ਦਾਤਾ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਵੇਲਾ ਰਿਹਾ ਸੁਹਾਈਆ । ਪਿਆਰ ਕਹੇ ਮੋਹੇ ਹੋਈ ਹੈਰਾਨੀ, ਪ੍ਰਭ ਇਹ ਕੀ ਖੇਲ ਵਰਤਾਈਆ । ਜਨ ਭਗਤਾਂ ਮਿਲਿਆ ਵਾਲੀ ਦੋ ਜਹਾਨੀ, ਨਿਰਗੁਣ ਸਰਗੁਣ ਖੇਲ ਖਿਲਾਈਆ । ਮੇਰੇ ਅੰਤਰ ਹੋਈ ਪਰੇਸ਼ਾਨੀ, ਮੇਰੀ ਪੇਸ਼ਾਨੀ ਪਸੀਨਾ ਰਹੀ ਵਹਾਈਆ । ਮੇਰੇ ਨੇਤਰ ਨੈਣ ਕਰਨ ਕੁਰਬਾਨੀ, ਆਪ ਆਪਣਾ ਭੇਟ ਚੜ੍ਹਾਈਆ । ਪਿਛਲੀ ਗਾਏ ਕੋਇ ਨਾ ਬਾਣੀ, ਪਰੇਮ ਅਣਿਆਲਾ ਤੀਰ ਪਰਮ ਪੁਰਖ ਪ੍ਰਭ ਇਕੋ ਆਪਣਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਰੇਮ ਕਹੇ ਮੈਂ ਵੇਖਿਆ ਤੀਰ ਲੱਗਦਾ, ਹਰਿ ਜੂ ਹਰਿ ਭਗਤਾਂ ਆਪ ਲਗਾਇੰਦਾ । ਲੇਖਾ ਚੁੱਕੇ ਉਪਰ ਸ਼ਾਹ ਰਗ ਦਾ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਗੁਰਮੁਖ ਸਚ ਪਰੇਮ ਪਿਆਰ ਅੰਦਰ ਭੱਜਦਾ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਇਕੋ ਸ੍ਰੀ ਭਗਵਾਨ ਚਰਨ ਢੱਠ ਦਾ, ਦੂਜੀ ਓਟ ਨਾ ਕੋਇ ਤਕਾਇੰਦਾ । ਓਥੇ ਲਹਿਣਾ ਰਹੇ ਨਾ ਤੀਰਥ ਤਟ ਦਾ, ਗੁਰਦਰ ਮੰਦਰ ਮਸਜਦ ਕੀਮਤ ਕੋਇ ਨਾ ਪਾਇੰਦਾ । ਸ੍ਰੀ ਭਗਵਾਨ ਜਿਸ ਵੇਲੇ ਚਰਨ ਕਵਲ ਸੀਸ ਉਪਰ ਰੱਖਦਾ, ਰੱਖਿਆਵਾਨ ਨਜ਼ਰੀ ਆਇੰਦਾ । ਲਹਿਣਾ ਚੁੱਕੇ ਤੀਜੀ ਅੱਖ ਦਾ, ਲੋਚਣ ਲੋਚਣ ਵਿਚ ਟਿਕਾਇੰਦਾ । ਗੁਰਮੁਖ ਹੋਵੇ ਕੱਖੋਂ ਲੱਖ ਦਾ, ਕੀਮਤ ਕਰਤਾ ਆਪ ਮੁਕਾਇੰਦਾ । ਉਹ ਵੇਲਾ ਹੱਕੋ ਹੱਕ ਦਾ, ਹਕੀਕਤ ਵਿਚੋਂ ਖੋਜ ਖੁਜਾਇੰਦਾ । ਜਗਤ ਪਿਆਰ ਦੂਰ ਬੈਠਾ ਤੱਕ ਦਾ, ਭਗਤ ਪਿਆਰ ਭਗਤਾਂ ਵਿਚੋਂ ਨਜ਼ਰੀ ਆਇੰਦਾ । ਹੁਣ ਵੇਲਾ ਨਹੀਂ ਸ਼ੱਕ ਦਾ, ਸੰਸਾ ਰੋਗ ਸਰਬ ਮਿਟਾਇੰਦਾ । ਸਤਿਗੁਰ ਪਿਆਰ ਲਛਮਣ ਸਿੰਘ ਵਿਚ ਵੇਖੇ ਟੱਪ ਦਾ, ਹੌਲੀ ਹੌਲੀ ਹਿਲਾਇੰਦਾ । ਇਹ ਪਰੇਮ ਓਸੇ ਜਪ ਦਾ, ਜਿਸ ਵਿਚ ਤੇਰਾ ਮੇਰਾ ਰੂਪ ਨਜ਼ਰੀ ਆਇੰਦਾ । ਸਚ ਦਵਾਰੇ ਮਸਤੀ ਅੰਦਰ ਮਸਤਾਨਾ ਹੋ ਕੇ ਹੱਸਦਾ, ਸੋਹੰ ਹੰਸਾ ਰੂਪ ਵਟਾਇੰਦਾ । ਜਿਸ ਵੇਲੇ ਪਰਮ ਪੁਰਖ ਪਰਮਾਤਮ ਤੀਰ ਨਿਰਾਲਾ ਕਸਦਾ, ਅਣਿਆਲਾ ਆਪ ਚਲਾਇੰਦਾ । ਓਸ ਪਿਆਰ ਅੰਦਰ ਗੁਰਮੁਖ ਪਿਆਰਾ ਢੱਠ ਦਾ, ਮਾਣ ਅਭਿਮਾਨ ਗਵਾਇੰਦਾ । ਅੰਦਰ ਬਾਹਰ ਇਕੋ ਨਾਮ ਰਟ ਦਾ, ਰੱਟਾ ਜਗਤ ਜਹਾਨ ਚੁਕਾਇੰਦਾ । ਮਾਣਸ ਜਨਮ ਇਹੋ ਲਾਹਾ ਖੱਟ ਦਾ, ਧੁਰ ਦੀ ਖੱਟੀ ਆਪਣੀ ਝੋਲੀ ਪਾਇੰਦਾ । ਕਾਇਆ ਚੋਲੀ ਰੰਗ ਅਗੰਮੜੇ ਰੰਗਦਾ, ਰੰਗ ਮਜੀਠੀ ਇਕ ਵਖਾਇੰਦਾ । ਸਾਚੇ ਮੰਦਰ ਉਚ ਮਨਾਰ ਆਪੇ ਲੰਘਦਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜਿਸ ਵੇਲੇ ਦਰਸ ਕਰੇ ਪਰੇਮ ਪ੍ਰੀਤਮ ਸਚ ਪਲੰਘ ਦਾ, ਜਿਸ ਦਾ ਪਾਵਾ ਚੂਲ ਨਜ਼ਰ ਕਿਸੇ ਨਾ ਆਇੰਦਾ । ਓਥੇ ਰਸ ਮਿਲੇ ਧੁਰ ਦੇ ਗਾਏ ਛੰਦ ਦਾ, ਜਿਸ ਛੰਦ ਵਿਚੋਂ ਆਪਣਾ ਅਨੰਦ ਪਰਗਟਾਇੰਦਾ । ਇਹੋ ਵਸਤ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਮੰਗਦਾ, ਜੋ ਸ੍ਰੀ ਭਗਵਾਨ ਜਨ ਭਗਤਾਂ ਝੋਲੀ ਪਾਇੰਦਾ । ਓਥੇ ਲੇਖਾ ਚੁੱਕੇ ਖੰਡ ਬ੍ਰਹਿਮੰਡ ਦਾ, ਜੇਰਜ ਅੰਡਜ ਉਤਭੁਜ ਸੇਤਜ ਡੇਰਾ ਢਾਹਿੰਦਾ । ਕਰ ਪਰਕਾਸ਼ ਆਪਣੇ ਚੰਦ ਦਾ, ਨੂਰੀ ਜਲਵਾ ਇਕ ਵਖਾਇੰਦਾ । ਪਰੇਮ ਪਿਆਰ ਅੰਦਰ ਪ੍ਰੀਤਮ ਹੋ ਕੇ ਪ੍ਰੀਤੀ ਗੰਢਦਾ, ਦੋ ਜਹਾਨ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਜਗਤ ਪਿਆਰ ਕਹੇ ਮੈਂ ਵੇਖਿਆ ਪਿਆਰ, ਬਿਨ ਅੱਖਾਂ ਨਜ਼ਰੀ ਆਈਆ । ਬਿਨ ਰਸਨਾ ਹੁੰਦੀ ਵੇਖੀ ਗੁਫ਼ਤਾਰ, ਬਿਨ ਦੰਦਾਂ ਕਰੇ ਪੜ੍ਹਾਈਆ । ਬਿਨ ਤਨ ਕਾਇਆ ਕਰੇ ਜੈਕਾਰ, ਬਿਨ ਤੱਤਾਂ ਖੇਲ ਰਚਾਈਆ । ਬਿਨ ਕਲਮ ਸ਼ਾਹੀ ਬਣੇ ਲਿਖਾਰ, ਬਿਨ ਹਰਫ਼ਾਂ ਹਰਫ਼ ਸਮਝਾਈਆ । ਬਿਨ ਮਹਲ

ਅਟੱਲ ਕਰੇ ਉਜਿਆਰ, ਦੀਵਾ ਬਾਤੀ ਕਰ ਰੁਸ਼ਨਾਈਆ । ਬਿਨ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋਵੇ ਹੁਕਮਰਾਨ, ਧੁਰ ਫ਼ਰਮਾਣਾ ਇਕ ਸੁਣਾਈਆ । ਓਥੇ ਸ਼ਾਸਤਰ ਸਿਮਰਤ ਨਾ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਰੂਪ ਨਾ ਕੋਇ ਵਟਾਈਆ । ਪਰੇਮ ਵਿਚ ਭਗਤ ਭਗਤ ਵਿਚ ਭਗਵਾਨ ਭਗਵਾਨ ਵਿਚ ਨਿਸ਼ਾਨ, ਨਿਸ਼ਾਨ ਵਿਚੋਂ ਮਿਲਿਆ ਬੇਪਰਵਾਹੀਆ । ਇਹੋ ਮਾਰਗ ਸਭ ਤੋਂ ਆਸਾਨ, ਜੋ ਕਿਰਪਾ ਕਰ ਕੇ ਰਿਹਾ ਤਰਾਈਆ । ਏਥੇ ਭਗਤੀ ਬਣੀ ਨਾਦਾਨ, ਆਪਣਾ ਬੈਠੀ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੋਹਣੇ ਢੋਲੇ ਗਾਣ, ਗੀਤ ਗੋਬਿੰਦ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਣ, ਪੁਸ਼ਪ ਬਰਖਾ ਰਹੇ ਬਰਸਾਈਆ । ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਲੱਭਿਆਂ ਮਿਲਿਆ ਆਣ, ਬਿਨ ਖੋਜਿਆਂ ਫੇਰਾ ਪਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਚ ਦਵਾਰੇ ਖ਼ੁਸ਼ੀ ਮਨਾਣ, ਖ਼ੁਸ਼ੀਆਂ ਅੰਦਰ ਆਪਣਾ ਰਾਗ ਅਲਾਈਆ । ਹੋਈ ਪਵਿੱਤਰ ਰਸਨਾ ਜਿਹਵਾ ਉਹ ਜ਼ਬਾਨ, ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹੀ ਧਿਆਈਆ ।

★ ੧੯ ਜੇਠ ੨੦੨੧ ਬਿਕ੍ਰਮੀ ਕੁਲਵੰਤ ਸਿੰਘ ਦੇ ਗ੍ਰਿਹ ਧੰਗਾਲੀ ਜੰਮੂ ★

ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਸਰਨ ਸਰਨਾਈਆ । ਜੁਗ ਚੌਕੜੀ ਰਾਹ ਤੱਕਦੇ ਰਹੇ ਸਾਂਝੇ ਯਾਰ, ਚਾਰ ਕੁੰਟ ਧਿਆਨ ਲਗਾਈਆ । ਉਚੀ ਕੂਕ ਗੌਂਦੇ ਰਹੇ ਵਾਰ, ਸਦਾ ਢੋਲਾ ਨਾਮ ਸੁਣਾਈਆ । ਰਸਨਾ ਜਿਹਵਾ ਬੱਤੀ ਦੰਦ ਕਰਦੇ ਰਹੇ ਤਕਰਾਰ, ਅਨਬੋਲਤ ਬੋਲ ਤੇਰਾ ਨਾਮ ਸੁਣਾਈਆ । ਮਨ ਮਤ ਬੁਧ ਕਰਦੇ ਰਹੇ ਵਿਚਾਰ, ਸੋਚ ਸਮਝ ਨਾਲ ਮਿਲਾਈਆ । ਰਾਹ ਦੱਸਦੇ ਰਹੇ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਈਆ । ਭਗਤ ਭਗਵੰਤ ਬੋਲਦੇ ਰਹੇ ਜੈਕਾਰ, ਸੋਹਣਾ ਨਾਦ ਵਜਾਈਆ । ਸੰਤ ਸੱਜਣ ਧੂੜੀ ਮੰਗਦੇ ਗਏ ਛਾਰ, ਖ਼ਾਕੀ ਖ਼ਾਕ ਰੂਪ ਵਟਾਈਆ । ਗੁਰਮੁਖ ਗੁਰਸਿਖ ਦਰ ਦਰਵੇਸ਼ ਬਣਦੇ ਰਹੇ ਭਿਖਾਰ, ਨਿਰਧਨ ਹੋ ਕੇ ਅਲਖ ਜਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੱਸਦੇ ਗਏ ਵਿਹਾਰ, ਵਿਵਹਾਰੀ ਤੇਰਾ ਭੇਵ ਖੁਲ੍ਹਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਨੇਤਰ ਰਹੀ ਉਘਾੜ, ਦਹਿ ਦਿਸ਼ਾ ਵੇਖੇ ਚਾਈਂ ਚਾਈਂਆ । ਪਤ ਡਾਲ੍ਹੀ ਫਲ ਫੁਲ ਤੇਰੀ ਲੱਭਦੇ ਗਏ ਬਹਾਰ, ਗੁਲਸ਼ਨ ਗ਼ੁੰਚਾ ਕਲੀ ਕਲੀ ਨੈਣ ਉਠਾਈਆ । ਪਰੇਮ ਪ੍ਰੀਤੀ ਅੰਦਰ ਤੇਰਾ ਕਰਦੇ ਗਏ ਪਿਆਰ, ਸਾਚੀ ਰੀਤੀ ਮਾਤ ਵਖਾਈਆ । ਜਗਤ ਨਿਸ਼ਾਨ ਨਜ਼ਰੀ ਆਏ ਅਪਰ ਅਪਾਰ, ਅਲਖ ਅਗੋਚਰ ਤੇਰੀ ਵਡਿਆਈਆ । ਆਸਾ ਤ੍ਰਿਸਨਾ ਭੇਟਾ ਹੁੰਦੀ ਰਹੀ ਆਪਾ ਵਾਰ, ਮੈਂ ਮਮਤਾ ਮੋਹ ਚੁਕਾਈਆ । ਨਿਰਗੁਣ ਸਰਗੁਣ ਸੰਦੇਸਾ ਦੇਂਦਾ ਰਿਹਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਭੇਵ ਅਭੇਦਾ ਅਛਲ ਅਛੇਦਾ ਕੋਈ ਨਾ ਜਾਣੇ ਧੁਰ ਦੀ ਸਾਰ, ਸਾਚੀ ਕਾਰ ਨਾ ਕੋਇ ਕਮਾਈਆ । ਬੋਧ ਅਗਾਧ ਬੋਲ ਤੇਈ ਅਵਤਾਰ, ਗੁਰ ਦਸ ਕਰ ਕੇ ਗਏ ਸ਼ਨਵਾਈਆ । ਜਨ ਭਗਤਾਂ ਕਿਹਾ ਮੀਤ ਮੁਰਾਰ, ਮਿੱਤਰ ਪਿਆਰਾ ਬੇਪਰਵਾਹੀਆ । ਸੂਫੀਆਂ ਕਿਹਾ ਪਰਵਰਦਿਗਾਰ, ਪੈਗ਼ੰਬਰਾਂ ਦੱਸਿਆ ਨੂਰ ਇਲਾਹੀਆ । ਜਿਸ ਦਾ ਮਣਕਾ ਤਸਬੀ ਤਨ ਸ਼ੰਗਾਰ, ਸੋਹਣੀ ਬਣਤ ਬਣਾਈਆ । ਸਿਫ਼ਤ ਸਾਲਾਹੀ ਵਸੇ ਬਾਹਰ, ਰਸਨਾ ਜਿਹਵਾ ਜਗਤ ਨਾ ਕੋਇ ਸਮਝਾਈਆ । ਓਸ ਦਾ ਖੇਲ ਅਪਰ ਅਪਾਰ, ਅਪਰੰਪਰ ਹੋ ਕੇ ਦਏ ਵਖਾਈਆ । ਜੁਗ

ਚੌਕੜੀ ਦੇ ਵਿਛੜੇ ਯਾਰ, ਕੱਠੇ ਕਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਕਰੇ ਇਕੱਠੇ, ਏਕਾ ਆਪਣੀ ਦਇਆ ਕਮਾਈਆ । ਸਚ ਦਵਾਰੇ ਸਾਹਿਬ ਸੱਦੇ, ਸੱਦਾ ਹੋਕਾ ਨਾਮ ਸੁਣਾਈਆ । ਸੰਤ ਸੁਹੇਲੇ ਆਵਣ ਭੱਜੇ, ਗੁਰਮੁਖ ਪੰਧ ਮੁਕਾਈਆ । ਪਤਿਪਰਮੇਸ਼ਵਰ ਪਰਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਏਥੇ ਓਥੇ ਆਪੇ ਸਜੇ, ਲਾਜਾਵੰਤ ਹੋਏ ਸਹਾਈਆ । ਦਾਤਾ ਦਾਤਾਰ ਹੋ ਕੇ ਭੇਵ ਗੁਝਾ ਦੱਸੇ, ਪਰਦਾ ਆਪ ਚੁਕਾਈਆ । ਕੂੜ ਕੁੜਿਆਰਾ ਦਰ ਤੋਂ ਨੱਸੇ, ਮਾਇਆ ਮਮਤਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਭਗਤ ਪਿਆਰ, ਪਰੇਮ ਪ੍ਰੀਤ ਵਿਚੋਂ ਪਰਗਟਾਈਆ । ਸਾਚਾ ਮੰਦਰ ਕਰ ਤਿਆਰ, ਅੰਦਰੇ ਅੰਦਰ ਕਰੇ ਰੁਸ਼ਨਾਈਆ । ਮਨ ਕਾ ਮਣਕਾ ਫੇਰ ਨਿਰੰਕਾਰ, ਤਨ ਕਾ ਤਤ ਭਵਾਈਆ । ਜਨ ਕਾ ਜਨ ਕਰੇ ਖ਼ਬਰਦਾਰ, ਡੰਕਾ ਇਕ ਸ਼ਨਵਾਈਆ । ਸ਼ੰਕਾ ਰਹੇ ਨਾ ਕੋਈ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਜਾਏ ਉਠ, ਨੇਤਰ ਨੈਣ ਨੈਣ ਨਿਹਾਲਿਆ । ਭਗਤ ਸੁਹੇਲਾ ਜਾਏ ਤੁਠ, ਪਰਮ ਪੁਰਖ ਦੀਨ ਦਿਆਲਿਆ । ਭੇਵ ਖੁਲ੍ਹਾਏ ਅੰਦਰ ਗੁਝ, ਦੂਈ ਦਵੈਤ ਡੇਰਾ ਢਾਹ ਲਿਆ । ਉਜਲ ਕਰ ਕੇ ਹਰਿਜਨ ਮੁਖ, ਸਨਮੁਖ ਹੋ ਕੇ ਦਰਸ ਵਖਾ ਲਿਆ । ਪਿਛਲੀ ਔਧ ਗਈ ਮੁੱਕ, ਅੱਗੇ ਜਨਮ ਇਕ ਬਣਾ ਲਿਆ । ਸਤਿਗੁਰ ਘਰ ਜੰਮਿਆ ਪੁੱਤ, ਗੁਰਮੁਖ ਨਾਉਂ ਰਖਾ ਲਿਆ । ਜਾਮ ਪਿਆਵੇ ਧੁਰ ਦਾ ਘੁਟ, ਰਸ ਅੰਮ੍ਰਿਤ ਇਕ ਚਵਾ ਲਿਆ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਪੰਧ ਮੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਖਾਲਿਆ । ਘਰ ਮੰਦਰ ਵਖਾਏ ਆਪ ਪ੍ਰਭ, ਸਚ ਦੇਵਣਹਾਰ ਵਡਿਆਈਆ । ਸੰਤ ਸੁਹੇਲੇ ਗੁਰਮੁਖ ਲੱਭ, ਭਗਤਨ ਜੋੜ ਜੁੜਾਈਆ । ਨਾਮ ਨਿਧਾਨ ਸੁਣਾਏ ਨਦ, ਅਨਰਾਗੀ ਆਪਣਾ ਰਾਗ ਸਮਝਾਈਆ । ਜਗਤ ਤ੍ਰਿਸਨਾ ਮਿਟੇ ਅੱਗ, ਤਤਵ ਤਤ ਬੁਝਾਈਆ । ਭਾਗ ਲੱਗਾ ਕੇ ਸੱਚੀ ਯੱਦ, ਵਿਸ਼ਵ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸਚ ਵਡਿਆਈ ਦੇਵਣ ਯੋਗ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦੀ ਧੁਰ ਸੰਜੋਗ, ਜਨ ਭਗਤਾਂ ਮੇਲ ਮਿਲਾਇੰਦਾ । ਕਰਮ ਕਰਮ ਦਾ ਕੱਟ ਕੇ ਰੋਗ, ਚਿੰਤਾ ਦੁੱਖ ਮਿਟਾਇੰਦਾ । ਸਚ ਪ੍ਰੀਤੀ ਬਖ਼ਸ਼ ਓਟ, ਚਰਨ ਕਵਲ ਧਿਆਨ ਵਖਾਇੰਦਾ । ਕਰ ਪਰਕਾਸ਼ ਅਗੰਮੀ ਜੋਤ, ਜਾਗਰਤ ਰੂਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਦੱਸੇ ਪੰਥ, ਪ੍ਰਭ ਦੇਵਣਹਾਰ ਵਡਿਆਈਆ । ਜਿਸ ਦੀ ਸਿਫ਼ਤ ਕਰਨ ਗ੍ਰੰਥ, ਸ਼ਾਸਤਰ ਰਹੇ ਸਮਝਾਈਆ । ਜਿਸ ਦਾ ਲਹਿਣਾ ਆਦਿ ਅੰਤ, ਜੁਗ ਚੌਕੜੀ ਵੇਖ ਵਖਾਈਆ । ਜਿਸ ਦਾ ਨਾਮ ਧੁਰ ਦਾ ਮੰਤ, ਮੰਤਰ ਪੜ੍ਹੇ ਲੋਕਾਈਆ । ਜਿਸ ਨੂੰ ਲੱਭਦੇ ਫਿਰਦੇ ਸੰਤ, ਢੂੰਡਣ ਥਾਉਂ ਥਾਈਂਆ । ਜਿਸ ਨੂੰ ਨਾਨਕ ਕਿਹਾ ਕੰਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਮਹਿਮਾ ਸਦਾ ਬੇਅੰਤ, ਬੇਪਰਵਾਹ ਵੱਡੀ ਵਡਿਆਈਆ । ਜਿਸ ਦਾ ਲੇਖਾ ਅਗੰਮ ਅਥਾਹ ਅਗਣਤ, ਅੰਕੜਿਆਂ ਵਿਚ ਨਾ ਕੋਇ ਜਣਾਈਆ । ਸੋ ਖੇਲ ਕਰੇ ਸ੍ਰੀ ਭਗਵੰਤ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਵੇਖੇ ਏਕ,

ਏਕੰਕਾਰ ਧਿਆਨ ਲਗਾਇੰਦਾ । ਜਿਸ ਦਾ ਕੋਈ ਨਾ ਮੇਟੇ ਲੇਖ, ਲਿਖਿਆ ਲੇਖ ਅਵਰ ਨਾ ਕੋਇ ਵਖਾਇੰਦਾ । ਜਿਸ ਦਾ ਸਚਖੰਡ ਅਗੰਮੜਾ ਦੇਸ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਜਿਸ ਦਾ ਜੁਗ ਚੌਕੜੀ ਵੇਸ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜਿਸ ਦਾ ਕੋਈ ਨਾ ਜਾਣੇ ਭੇਤ, ਅਨੁਭਵ ਆਪਣਾ ਖੇਲ ਕਰਾਇੰਦਾ । ਸੋ ਸਾਹਿਬ ਬਣ ਦਰਵੇਸ਼, ਦਰ ਠਾਂਡੇ ਅਲਖ ਜਗਾਇੰਦਾ । ਜਿਸ ਦੇ ਹੁਕਮੇ ਅੰਦਰ ਵਿਸ਼ਨੂੰ ਮਾਣੇ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇੰਦਾ । ਜਿਸ ਨੂੰ ਮੰਨਦੇ ਨਰ ਨਰੇਸ਼, ਹਰਿ ਕਰਤਾ ਖੇਲ ਕਰਾਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗੰਬਰ ਸੁਣਨ ਉਪਦੇਸ਼, ਉਪਦੇਸ਼ਕ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਸਚ ਕਰਨੀ ਕਰੇ ਜਗ, ਸਤਿ ਸਤਿ ਦਏ ਵਡਿਆਈਆ । ਆਤਮ ਪਰਮਾਤਮ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਈਆ । ਤੱਤਾਂ ਵਿਚੋਂ ਵਰੋਲ ਤੱਤ, ਤਤਵ ਇਕੋ ਰੰਗ ਰੰਗਾਈਆ । ਸਰਬ ਜੀਆਂ ਜਾਣ ਮਿਤ ਗਤ, ਗਤ ਮਿਤ ਆਪਣੀ ਝੋਲੀ ਪਾਈਆ । ਕਿਰਪਾ ਕਰ ਪੁਰਖ ਸਮਰਥ, ਮਹਿਮਾ ਅਕਥ ਰਿਹਾ ਦ੍ਰਿੜਾਈਆ । ਜੋ ਤ੍ਰੇਤਾ ਮਾਰਗ ਆਇਆ ਦੱਸ, ਤ੍ਰੈਗੁਣ ਅਤੀਤਾ ਵੇਖ ਵਖਾਈਆ । ਜੋ ਦੁਆਪਰ ਦੇ ਕੇ ਆਇਆ ਹੱਥ, ਲੇਖਾ ਆਪਣਾ ਰਿਹਾ ਚੁਕਾਈਆ । ਜੋ ਕਲਜੁਗ ਦਿਤਾ ਦੱਸ, ਸੋ ਪੜਦਾ ਰਿਹਾ ਉਠਾਈਆ । ਚਾਰੇਂ ਜੁਗ ਬਣ ਪਾਂਧੀ ਰਹੇ ਨੱਠ, ਭੱਜਣ ਵਾਹੋ ਦਾਹੀਆ । ਇਕ ਦੂਜੇ ਨੂੰ ਕੋਈ ਨਾ ਸਕੇ ਦੱਸ, ਰਸਨਾ ਕਹਿ ਨਾ ਕੋਇ ਸਮਝਾਈਆ । ਆਪਣੀ ਕਰਨੀ ਹੋ ਕੇ ਬੇਵਸ, ਸਮਝ ਸੋਚ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸ੍ਰੀ ਭਗਵਾਨ, ਧੁਰ ਦੀ ਯਾਦ ਕਰਾਈਆ । ਉਠੋ ਵੇਖੋ ਸਾਰੇ ਮਾਰ ਧਿਆਨ, ਪੂਰਬ ਲੇਖਾ ਰਿਹਾ ਵਖਾਈਆ । ਸਚਖੰਡ ਨਿਵਾਸੀ ਨੌਜਵਾਨ, ਮਰਦ ਮਰਦਾਨਾ ਬੇਪਰਵਾਹੀਆ । ਥਿਰ ਘਰ ਵੇਖੇ ਸੁਤ ਬਲਵਾਨ, ਪੂਤ ਸਪੂਤਾ ਆਪ ਉਠਾਈਆ । ਸੁਨ ਅਗੰਮ ਹੋ ਪਰਧਾਨ, ਡੰਕਾ ਆਪਣਾ ਨਾਮ ਵਜਾਈਆ । ਭੂਪਤ ਭੂਪ ਹੋ ਕੇ ਬਣੇ ਹੁਕਮਰਾਨ, ਧੁਰ ਫ਼ਰਮਾਣਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਤਿੰਨਾਂ ਮਿਲ ਕੇ ਦਿਤਾ ਇਕ ਬਿਆਨ, ਅੰਤਰ ਆਪਣੀ ਆਵਾਜ਼ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਦੇ ਵਡਿਆਈ ਪ੍ਰਭ ਸਚ ਸਵਾਮੀ, ਦਰ ਤੇਰੇ ਅਰਜ਼ੋਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨ ਕਵਲ ਕਰ ਧਿਆਨੀ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਆਦਿ ਪੁਰਖ ਅੰਤਰਜਾਮੀ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰੱਖਣਾ ਹੱਥ ਟਿਕਾਈਆ । ਸਾਹਿਬ ਸਤਿਗੁਰ ਕਰ ਪਿਆਰ, ਏਕ ਟੇਕ ਜਣਾਈਆ । ਤਿੰਨਾਂ ਅੰਦਰ ਇਕੋ ਧਾਰ, ਰੱਖੀ ਬੇਪਰਵਾਹੀਆ । ਮਿਲ ਕੇ ਗੀਤ ਗਾਓ ਨਿਰੰਕਾਰ, ਤੂੰ ਹੀ ਤੂੰ ਅਲਾਈਆ । ਮੇਰਾ ਉਪਜੇ ਸਚ ਪਿਆਰ, ਪਰੇਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਤਿੰਨੇ ਕਹਿਣ ਤੇਰਾ ਪ੍ਰਭ ਪਿਆਰ, ਅੰਤਰ ਅੰਤਰ ਨਜ਼ਰੀ ਆਈਆ । ਸਦਾ ਬਣਿਆ ਰਹੇ ਜੁਗ ਚਾਰ, ਨਿਤ ਨਵਿਤ ਮੇਲ ਮਿਲਾਈਆ । ਟੁੱਟ ਨਾ ਜਾਏ ਵਿਚ ਸੰਸਾਰ, ਨਾਤਾ ਅਵਰ ਨਾ ਕੋਇ ਬੰਧਾਈਆ । ਮੁੱਕ ਨਾ ਜਾਏ ਅੰਤਮ ਵਾਰ, ਆਪਣਾ ਪੰਧ ਮੁਕਾਈਆ । ਦੋਏ ਜੋੜ ਕਰਨ ਨਿਮਸਕਾਰ, ਬੈਠੇ ਸੀਸ ਨਵਾਈਆ । ਚਰਨ ਕਵਲ ਤੇਰਾ ਆਧਾਰ, ਦੂਜੀ ਓਟ ਨਾ ਕੋਇ ਰਖਾਈਆ ।


੧੧੮੩ ੧੯

ਕਿਰਪਾ ਕਰ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਮਾਂਗਤ ਖੜ ਕੇ ਠਾਂਡੇ ਦਰਬਾਰ, ਦਰਵੇਸ਼ ਅਲਖ ਜਗਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸ਼ਬਦੀ ਹੁਕਮ ਸਮਝਾਈਆ । ਨੇਤਰ ਖੋਲ੍ਹ ਕਰੋ ਧਿਆਨ, ਤ੍ਰੈਭਵਨ ਧਨੀ ਦਏ ਸਮਝਾਈਆ । ਮੇਰਾ ਸਚ ਦਾ ਸਚ ਪਿਆਰ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਜੁਗਾਦਿ ਰਹੇ ਜੁਗ ਚਾਰ, ਜੁਗ ਚੌਕੜੀ ਵੇਖ ਵਖਾਈਆ । ਇਕ ਫ਼ਰਮਾਣ ਰੱਖਣਾ ਯਾਦ, ਧੁਰ ਦੀ ਧਾਰ ਰਿਹਾ ਜਣਾਈਆ । ਕਲਜੁਗ ਅੰਤ ਜਨ ਭਗਤਾਂ ਸੁਣਨ ਆਵਾਂ ਫ਼ਰਿਆਦ, ਨਿਰਗੁਣ ਹੋ ਕੇ ਫੇਰਾ ਪਾਈਆ । ਭਗਤ ਖੇੜਾ ਕਰ ਆਬਾਦ, ਸੋਹਣਾ ਘਰ ਵਸਾਈਆ । ਅੰਦਰ ਵੜ ਕੇ ਖੋਲ੍ਹਾ ਰਾਜ਼, ਪਰਦਾ ਪਰੇ ਹਟਾਈਆ । ਪਰੇਮ ਪ੍ਰੀਤੀ ਅੰਦਰ ਮਾਰ ਕੇ ਆਵਾਜ਼, ਸੋਈ ਸੁਰਤ ਜਗਾਈਆ । ਜਨਮ ਜਨਮ ਦੀ ਪੂਰੀ ਕਰ ਕੇ ਖ਼ਾਹਸ਼, ਆਸਾ ਤ੍ਰਿਸਨਾ ਜਗਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਹਰਿ ਅਗਲੀ ਖ਼ਬਰ ਸਮਝਾਈਆ । ਕਲਜੁਗ ਅੰਤਮ ਖੇਲ ਕਰਾਂ ਅਪਾਰ, ਬੇਅੰਤ ਹੋ ਕੇ ਦਇਆ ਕਮਾਈਆ । ਜਨ ਭਗਤਾਂ ਅੰਦਰ ਹੋ ਕੇ ਕਰਾਂ ਨਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਝੁਕਦਾ ਝੁਕਦਾ ਵੇਖ ਨਿਰੰਕਾਰ, ਗੁਰਮੁਖ ਆਪਣੇ ਨੈਣ ਸ਼ਰਮਾਈਆ । ਅੰਦਰੋਂ ਮਾਰੇ ਇਕ ਆਵਾਜ਼, ਸੋਹਣਾ ਰਾਗ ਸੁਣਾਈਆ । ਘਰ ਠਾਕਰ ਵੇਖ ਜਿਸ ਤੇਰਾ ਸਾਜਣ ਦਿਤਾ ਸਾਜ, ਕਾਇਆ ਮਾਟੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ ।

ਵਿਸ਼ਨ ਬ੍ਰਹਮਾ ਸ਼ਿਵ ਜਨ ਭਗਤ ਪਰੇਮ ਕਮੌਣਗੇ । ਪ੍ਰਭ ਮਿਲੇ ਵੱਡਾ ਦੇਵੀ ਦੇਵ, ਦੇਵਤ ਸੁਰ ਸੀਸ ਨਿਵੌਣਗੇ । ਅਬਿਨਾਸ਼ੀ ਕਰਤਾ ਅਲਖ ਅਭੇਵ, ਗੁਰ ਅਵਤਾਰ ਪੀਰ ਪੈਗ਼ੰਬਰ ਦਰਸਨ ਪੌਣਗੇ । ਸਚਖੰਡ ਨਿਵਾਸੀ ਸਦਾ ਨਿਹਕੇਵ, ਮਹਲ ਅਟੱਲ ਇਕ ਰੁਸ਼ਨੌਣਗੇ । ਸੰਤ ਸੁਹੇਲੇ ਕਰ ਕੇ ਸੇਵ, ਘਰ ਸਾਚੇ ਰੰਗ ਚੜ੍ਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਢੋਲਾ ਗਾਉਣਗੇ ।

ਵਿਸ਼ਨ ਬ੍ਰਹਮਾ ਸ਼ਿਵ ਗਏ ਝੁਕ, ਆਪਣਾ ਸੀਸ ਨਿਵਾਈਆ । ਪ੍ਰਭ ਕਿਸ ਬਿਧ ਵੇਖੀਏ ਤੇਰੇ ਸੁਤ, ਲੋਕਮਾਤ ਕਵਣ ਦਵਾਰੇ ਨਜ਼ਰੀ ਆਈਆ । ਕਿਸ ਗ੍ਰਿਹਿ ਜਾ ਕੇ ਲਈਏ ਪੁਛ, ਕਵਣ ਦਵਾਰਾ ਪੰਧ ਮੁਕਾਈਆ । ਕਵਣ ਨੂਰ ਵੇਖੀਏ ਮੁਖ, ਉਜਲ ਰੂਪ ਕਵਣ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਦੇ ਇਕ ਵਰ, ਦਰ ਤੇਰੇ ਝੋਲੀ ਡਾਹੀਆ । ਸਾਚੀ ਦੱਸੇ ਆਪ ਕਰਤਾਰ, ਕਰਤਾ ਹਰਿ ਜਣਾਈਆ । ਜਿਸ ਵੇਲੇ ਜੁਗ ਚੌਕੜੀ ਬੀਤੇ ਨਵ ਨੌ ਚਾਰ, ਕਲਜੁਗ ਅੰਤਮ ਫੇਰਾ ਪਾਈਆ । ਨਿਰਗੁਣ ਰੂਪ ਲਏ ਅਵਤਾਰ, ਨਾ ਕੋਈ ਜਨਮੇ ਪਿਤਾ ਮਾਈਆ । ਸ਼ਬਦੀ ਡੰਕ ਅਗੰਮ ਅਪਾਰ, ਦੋ ਜਹਾਨਾਂ ਦਏ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਣਾ ਖ਼ਬਰਦਾਰ, ਸੁੱਤਿਆਂ ਅੱਖ ਖੁਲ੍ਹਾਈਆ । ਚਾਰ ਕੁੰਟ ਵੇਖਣਾ ਨੈਣ ਉਘਾੜ, ਦਹਿ ਦਿਸ਼ਾ ਧਿਆਨ ਲਗਾਈਆ । ਪ੍ਰਭ ਦੀ ਵੱਖਰੀ ਹੋਵੇ ਧਾਰ, ਬਿਨ ਅੱਖਰਾਂ ਕਰੇ ਪੜ੍ਹਾਈਆ । ਗੁਰਮੁਖਾਂ ਅੰਦਰ ਦੇ ਪਿਆਰ, ਸਚ ਪ੍ਰੀਤੀ ਦਏ ਸਮਝਾਈਆ । ਜਿਹੜੇ ਗੁਰਸਿਖ ਹੱਥਾਂ ਵਿਚ ਲੈ ਕੇ ਹਾਰ, ਹਰੀ ਦਵਾਰੇ ਹਰਿ ਕਾ ਰੂਪ ਸਮਾਈਆ । ਉਹ ਸੋਹਣਾ ਸੁਹੰਜਣਾ ਵਕਤ ਲੈਣਾ ਵਿਚਾਰ, ਆਪਣਾ ਧਿਆਨ ਲਗਾਈਆ । ਓਸ ਗ੍ਰਿਹਿ ਘਰ ਵਸੇ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਾਰ ਕਹੇ ਮੈਂ ਗਿਆ ਹਾਰ, ਜੁਗ ਜੁਗ ਆਪਣਾ ਫੇਰਾ

੧੧੮੪
੧੯

ਪਾਈਆ । ਕਿਲੀਆਂ ਨਾਲ ਟੰਗ ਛੱਡਿਆ ਸੰਸਾਰ, ਮੂੰਹ ਦੇ ਭਾਰ ਲਟਕਾਈਆ । ਸਾਧਾਂ ਸੰਤਾਂ ਕੋਲ ਕਰਦੇ ਰਹੇ ਖ਼ਵਾਰ, ਮੇਰਾ ਮਾਣ ਤਾਣ ਗਵਾਈਆ । ਤਨ ਸੁਹੌਂਦੇ ਰਹੇ ਕੂੜਿਆਰੇ ਪਿਆਰ, ਕਲਜੁਗ ਜੀਵ ਅੰਗ ਲਗਾਈਆ । ਰੂਪ ਬਣੌਂਦੇ ਰਹੇ ਬਿਰਧ ਬਾਲ ਜਵਾਨ, ਜਗਤ ਨਿਸ਼ਾਨ ਵਖਾਈਆ । ਮੇਰੇ ਪਰੇਮ ਪਿਆਰ ਦੀ ਕਿਸੇ ਨਾ ਕੀਤੀ ਪਹਿਚਾਨ, ਪਰਦਾ ਸਕਿਆ ਨਾ ਕੋਇ ਉਠਾਈਆ । ਧੇਲਾ ਟਕਾ ਮੇਰੀ ਕੀਮਤ ਪਾਣ, ਹੱਟੋ ਹੱਟ ਵਿਕਾਈਆ । ਸਭ ਤੋਂ ਪਹਿਲੋਂ ਮੈਨੂੰ ਲਛਮੀ ਕੀਤਾ ਦਾਨ, ਵਿਸ਼ਨੂੰ ਭਗਵਾਨ ਤਨ ਸ਼ੰਗਾਰ ਕਰਾਈਆ । ਓਹੋ ਜਿਹੀ ਫੇਰ ਕੋਈ ਨਾ ਬਣੀ ਨਾਰ ਰਕਾਨ, ਜੋ ਸੱਚਾ ਪ੍ਰੀਤਮ ਲਏ ਮਨਾਈਆ । ਏਸੇ ਕਰ ਕੇ ਪ੍ਰਭ ਨੇ ਆਪਣਾ ਲੇਖਾ ਬਦਲ ਜਹਾਨ, ਸਾਚਾ ਮਾਰਗ ਦਿਤਾ ਸਮਝਾਈਆ । ਬਿਨਾਂ ਭਗਤਾਂ ਸ੍ਰੀ ਭਗਵੰਤ ਦੂਜੇ ਕਿਸੇ ਨਾ ਮਿਲੇ ਆਣ, ਨੇਤਰ ਲੋਚਣ ਦਰਸ ਨਾ ਕਿਸੇ ਵਖਾਈਆ । ਅੰਗੀਕਾਰ ਨਾ ਕਰੇ ਪਰਵਾਨ, ਸਾਚੀ ਸੇਜ ਨਾ ਕੋਇ ਸੁਹਾਈਆ । ਜੁਗ ਚੌਕੜੀ ਸਾਰੇ ਮੰਗਦੇ ਗਏ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਬਿਆਨ, ਸ਼ਾਸਤਰ ਸਿਮਰਤ ਸ਼ਹਾਦਤ ਨਾਲ ਰਖਾਈਆ । ਕਲਜੁਗ ਅੰਤਮ ਪਰਗਟ ਹੋਵੇ ਮਹਾਂਬਲੀ ਬਲਵਾਨ, ਕਲ ਕਲਕੀ ਫੇਰਾ ਪਾਈਆ । ਦਾਤਾ ਜੋਧਾ ਸੂਰਬੀਰ ਨੌਜਵਾਨ, ਸ਼ਸਤਰਧਾਰੀ ਇਕ ਅਖਵਾਈਆ । ਦੋ ਜਹਾਨਾਂ ਬਣ ਕੇ ਹੁਕਮਰਾਨ, ਸ਼ਤਰੂ ਮੇਟੇ ਥਾਉਂ ਥਾਈਂਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲੇ ਕਰ ਪਰਵਾਨ, ਨਾਮ ਪਰਵਾਨੇ ਹੱਥ ਫੜਾਈਆ । ਧੁਰ ਸੰਦੇਸਾ ਦੇ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਧਾਰ ਵਿਚ ਮਿਲਾਈਆ । ਓਨ੍ਹਾਂ ਪਰੇਮ ਪਿਆਰ ਦੇ ਹਾਰ ਕਰੇ ਪਰਵਾਨ, ਪਰਵਾਨਿਆਂ ਵਿਚੋਂ ਪਰਵਾਨੇ ਬਿਨ ਸ਼ਮਾਂ ਤੋਂ ਸ਼ਮਾਂ ਲਏ ਜਗਾਈਆ । ਇਹ ਖੇਲ ਕਰੇ ਮਹਾਨ, ਜਿਸ ਦੀ ਸਿਫ਼ਤ ਨਾ ਕਰੇ ਜ਼ਬਾਨ, ਕਲਮ ਨਾ ਲਿਖੇ ਨਿਸ਼ਾਨ, ਨਜ਼ਰ ਨਾ ਤੱਕੇ ਜਹਾਨ, ਮਿਹਰਵਾਨ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਦਰਗਾਹ ਸਾਚੀ ਮਿਲੇ ਆਣ, ਬਾਲ ਅਵਾਣੇ ਬੁਧ ਬਿਬੇਕ ਬਣਾਈਆ ।

### ★ ੨੦ ਜੇਠ ੨੦੨੧ ਬਿਕ੍ਰਮੀ ਬੀਬੀ ਪਰੇਮੀ ਦੇਵੀ ਦੇ ਗ੍ਰਿਹ ਧੰਗਾਲੀ ਜੰਮੂ ★

ਜਨਮ ਵਿਚੋਂ ਮਿਲਦਾ ਜਨਮ, ਜਰਮ ਰੂਪ ਵਟਾਇੰਦਾ । ਜਿਸ ਜਨ ਮਿਲਦੀ ਸਤਿਗੁਰ ਸਰਨ, ਤਿਨ੍ਹਾਂ ਲੇਖਾ ਮੂਲ ਚੁਕਾਇੰਦਾ । ਓਨ੍ਹਾਂ ਮਿਲਦਾ ਮਰਨ ਵਿਚੋਂ ਮਰਨ, ਮਰ ਜੀਵਤ ਰੂਪ ਵਟਾਇੰਦਾ । ਜੀਵਤ ਜੀ ਜਗਤ ਜਗ ਤਰਨ, ਜਗ ਦਾਤਾ ਦਇਆ ਕਮਾਇੰਦਾ । ਦਇਆ ਅੰਦਰ ਢੋਲਾ ਪੜ੍ਹਨ, ਧੁਰ ਦਾ ਨਾਮ ਸੁਣਾਇੰਦਾ । ਨਾਮ ਅੰਦਰ ਪੌੜੇ ਚੜ੍ਹਨ, ਸਾਚਾ ਘਰ ਸੁਹਾਇੰਦਾ । ਘਰ ਅਗੰਮੀ ਹਰਿ ਦੇ ਵੜਨ ਜਿਸ ਮੰਦਰ ਡੇਰਾ ਲਾਇੰਦਾ । ਮੰਦਰ ਬਹਿਣ ਦਰਸਨ ਕਰਨ, ਜਿਸ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਖੁਲਾਇੰਦਾ । ਜਨਮ ਵਿਚੋਂ ਜਨਮ ਮਿਲਦਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਹਰਿਜਨ ਮੇਲੇ ਘਰ ਸਾਚਾ ਹਿਰਦਾ, ਹਿਰਦੇ ਹਰਿ ਜੂ ਡੇਰਾ ਲਾਇੰਦਾ । ਉਹ ਗੁਰਮੁਖ ਗੁਰਸਿਖ ਕਦੇ ਨਾ ਮੁੜਦਾ, ਜਿਸ ਦਾ ਗੁਰ ਗੁਰ ਭੇਵ ਖੁਲ੍ਹਾਇੰਦਾ । ਅਗੰਮੇ ਪਿਆਰ ਅੰਦਰ ਜੁੜਦਾ, ਨਿਕੰਮੇ

ਜਗਤ ਵਿਹਾਰ ਤਜਾਇੰਦਾ । ਲੇਖਾ ਵੇਖ ਆਪਣਾ ਧੁਰ ਦਾ, ਮਸਤਕ ਚਰਨ ਸੀਸ ਨਿਵਾਇੰਦਾ । ਮੰਤਰ ਫੁਰਨਾ ਇਕੋ ਫੁਰਦਾ, ਧੁਨ ਆਤਮਕ ਰਾਗ ਅਲਾਇੰਦਾ । ਜਗ ਬੇੜਾ ਕਦੇ ਨਾ ਰੁੜ੍ਹਦਾ, ਸਾਹਿਬ ਸਤਿਗੁਰ ਆਪਣੇ ਕੰਧ ਉਠਾਇੰਦਾ । ਇਹ ਖੇਲ ਅਗੰਮੀ ਗੁਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਇਆ ਕਮਾਇੰਦਾ । ਜਨਮ ਕਹੇ ਮੈਂ ਉਤਮ ਰੂਪ ਵੇਖਿਆ ਮਨੁਖ, ਲੱਖ ਚੁਰਾਸੀ ਫਿਰ ਫਿਰ ਪੰਧ ਮੁਕਾਈਆ । ਏਸ ਅੰਦਰ ਪਰਮ ਪੁਰਖ ਦਾ ਮਿਲੇ ਸੁਖ, ਆਤਮ ਵਿਚੋਂ ਸਮਝਾਈਆ । ਆਵਣ ਜਾਵਣ ਦਾ ਮੇਟੇ ਦੁੱਖ, ਹਉਮੇਂ ਰੋਗ ਚੁਕਾਈਆ । ਅਗਨੀ ਅੱਗ ਨਾ ਲੱਗੇ ਕੁੱਖ, ਤਤਵ ਤਤ ਨਾ ਕੋਇ ਜਲਾਈਆ । ਲਹਿਣਾ ਚੁਕੇ ਅੰਧੇਰਾ ਘੁੱਪ, ਸਾਚਾ ਨੂਰ ਕਰੇ ਰੁਸ਼ਨਾਈਆ । ਕਰ ਕਿਰਪਾ ਜਿਨ੍ਹਾਂ ਸਤਿਗੁਰ ਸ਼ਬਦੀ ਲਏ ਪੁਛ, ਪਰਦਾ ਉਹਲਾ ਆਪ ਉਠਾਈਆ । ਤਿਨ੍ਹਾਂ ਜਨਮ ਜਨਮ ਦਾ ਪੈਂਡਾ ਜਾਏ ਮੁਕ, ਜਰਮ ਜਰਮ ਨਾ ਕੋਇ ਭਵਾਈਆ । ਜੋ ਮਾਣਸ ਹੋ ਕੇ ਬੈਠੇ ਰੁੱਠ, ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੰਗ ਰੰਗਾਈਆ । ਜਰਮ ਕਹੇ ਮੇਰਾ ਲੇਖਾ ਲੱਗਾ, ਸਤਿਗੁਰ ਦਿਤੀ ਵਡਿਆਈਆ । ਪਿਛਲਾ ਪਿਛੇ ਸੌਰਿਆ ਅਗਲਾ ਅੱਗਾ, ਮਿਲੇ ਮਾਣ ਵਡਿਆਈਆ । ਪ੍ਰੀਤਮ ਗ੍ਰਿਹਿ ਦੀਪਕ ਜਗਾ, ਹੋਏ ਸਚ ਰੁਸ਼ਨਾਈਆ । ਜਗਤ ਜਹਾਨ ਚੁੱਕ ਗਈ ਹੱਦਾ, ਘਰ ਮਿਲਿਆ ਬੇਪਰਵਾਹੀਆ । ਨਾਮ ਨਿਧਾਨ ਰਸ ਪੀਤਾ ਆਇਆ ਸੱਚਾ ਮਜ਼ਾ, ਮੰਜ਼ਲ ਪੰਧ ਦਿਤਾ ਮੁਕਾਈਆ । ਜਿਸ ਦੀ ਬਿਆਨ ਕਰੇ ਨਾ ਕੋਈ ਵਜ੍ਹਾ, ਵਜ਼ਾਹਤ ਨਾਲ ਨਾ ਕੋਇ ਸਮਝਾਈਆ । ਸੋ ਸਾਹਿਬ ਸ੍ਰੀ ਭਗਵਾਨ ਨੇਤਰ ਨੈਣ ਖੁਲ੍ਹਾਏ ਅੱਖਾਂ, ਆਖਰ ਆਪਣਾ ਘਰ ਵਖਾਈਆ । ਓਸਦਾ ਹਾਲ ਕਿਹੜੀ ਸਿਫ਼ਤੇ ਦੱਸਾਂ, ਸਿਫ਼ਤੋਂ ਬਾਹਰਾ ਸਿਫ਼ਤ ਵਿਚ ਕਦੇ ਨਾ ਆਈਆ । ਇਹੋ ਬੇਨੰਤੀ ਇਕੋ ਅਰਦਾਸ ਚਰਨ ਕਵਲ ਢੱਠਾਂ, ਮਾਣ ਅਭਿਮਾਨ ਮੋਹ ਮਿਟਾਈਆ । ਗੁਰਮੁਖਾਂ ਵਿਚ ਬਹਿ ਕੇ ਵਸਾਂ, ਧੁਰ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਰਿਹਾ ਦਰਸਾਈਆ । ਜਰਮ ਕਹੇ ਮੈਂ ਸਤਿਗੁਰ ਲੇਖੇ, ਜਿਸ ਲਿਖਿਆ ਲੇਖ ਦਿਤਾ ਮਿਟਾਈਆ । ਪਿਛਲੇ ਚੁੱਕਣ ਭਰਮ ਭੁਲੇਖੇ, ਅੱਗੇ ਮਾਰਗ ਬੇਪਰਵਾਹੀਆ । ਜਿਸ ਯਾਦ ਨਾ ਭੁੱਲੀ ਪਿਛਲੇ ਚੇਤੇ, ਫੜ ਬਾਂਹੋਂ ਲਿਆ ਉਠਾਈਆ । ਓਸ ਦੀ ਗੋਦ ਗੁਰਮੁਖ ਕਿਉਂ ਨਾ ਖੇਡੇ, ਜੋ ਦੋ ਜਹਾਨਾਂ ਪਿਤਾ ਮਾਈਆ । ਆਦਿ ਜੁਗਾਦਿ ਕੋਟਾਂ ਵਿਚੋਂ ਥੋੜੇ ਲੱਭਦੇ ਬੇਟੇ, ਜੋ ਪਿਤਾ ਪੂਤ ਸਮਝ ਨਾਤਾ ਗਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਜਨਮ ਆਪੇ ਵੇਖੇ, ਪੰਡਤ ਪਾਂਧਾ ਸਕੇ ਨਾ ਕੋਇ ਸਮਝਾਈਆ ।

★ ੨੦ ਜੇਠ ੨੦੨੧ ਬਿਕ੍ਰਮੀ ਫ਼ਰੰਗੀ ਰਾਮ ਦੇ ਗ੍ਰਿਹਿ ਤੂਤਾਂ ਵਾਲੀ ਜੰਮੂ ★

ਸੋ ਪੁਰਖ ਨਿਰੰਜਣ ਕੀਤਾ ਤਰਸ, ਦੋ ਜਹਾਨ ਖ਼ੁਸ਼ੀ ਮਨਾਇੰਦਾ । ਹਰਿ ਪੁਰਖ ਨਿਰੰਜਣ ਖੇਲ ਕਰੇ ਅਸਚਰਜ, ਆਪਣੀ ਰਚਨਾ ਆਪ ਰਚਾਇੰਦਾ । ਏਕੰਕਾਰ ਬਣ ਕੇ ਵੱਡਾ ਮਰਦ, ਮਰਦਾਨਗੀ ਆਪ ਸਮਝਾਇੰਦਾ । ਆਦਿ ਨਿਰੰਜਣ ਆਰਜ਼ੂ ਸੁਣ ਕੇ ਅਰਜ, ਅਲਾਹਿਦਾ ਆਪਣਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਵੰਡਣਹਾਰਾ ਦਰਦ, ਦਰਦ ਦੁੱਖ ਭੈ ਭੰਜਨ ਨਾਉਂ ਧਰਾਇੰਦਾ । ਸ੍ਰੀ ਭਗਵਾਨ ਲੌਹਣਹਾਰਾ ਕਰਜ਼, ਪਿਛਲਾ

ਲੇਖਾ ਮੂਲ ਚੁਕਾਇੰਦਾ । ਪਾਰਬ੍ਰਹਮ ਪ੍ਰਭ ਹੋਣ ਨਾ ਦੇਵੇ ਹਰਜ, ਹਰਜਾਨਾ ਆਪਣੀ ਝੋਲੀ ਪਾਇੰਦਾ । ਕਰੇ ਖੇਲ ਹੋ ਸਮਰਥ, ਸ਼ਬਦੀ ਅਕਥ ਢੋਲਾ ਗਾਇੰਦਾ । ਲੇਖ ਜਾਣ ਅਰਸ਼ ਫ਼ਰਸ਼, ਫ਼ੈਸਲਾ ਇਕੋ ਹੁਕਮ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਦਰਸ, ਦੀਦ ਈਦ ਚੰਦ ਰੁਸ਼ਨਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਮਿਹਰ ਨਜ਼ਰ ਕਰ ਜਗਤ, ਜਾਗਰਤ ਜੋਤ ਡਗਮਗਾਇੰਦਾ । ਲੱਖ ਚੁਰਾਸੀ ਵਿਚੋਂ ਵੇਖ ਭਗਤ, ਭਗਵਨ ਆਪਣਾ ਮੇਲ ਮਿਲਾਇੰਦਾ । ਧੁਰ ਦੀ ਧਾਰਾ ਅੰਮ੍ਰਿਤ ਬੂੰਦ ਰਹੀ ਟਪਕ, ਰਸ ਇਕੋ ਇਕ ਚਵਾਇੰਦਾ । ਜੁਗ ਜਨਮ ਜੋ ਆਤਮ ਰਹੀ ਭਟਕ, ਤਿਸ ਦੀ ਤ੍ਰਿਸਨਾ ਭੁੱਖ ਗਵਾਇੰਦਾ । ਲੱਖ ਚੁਰਾਸੀ ਵਿਚ ਜੋ ਰਹੀ ਅਟਕ, ਤਿਸ ਦਾ ਲਹਿਣਾ ਦੇਣਾ ਲੇਖੇ ਲਾਇੰਦਾ । ਵੇਲਾ ਸੁਹਾਏ ਸੁਹੰਜਣਾ ਵਕਤ, ਥਿਤ ਵਾਰ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਚ ਪਰੇਮ ਪਿਆਰ ਦੀ ਬਰਖੇ ਧਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਕਰੇ ਖੇਲ ਆਪ ਨਿਰੰਕਾਰ, ਕਰਤਾ ਕੁਦਰਤ ਵੇਖ ਖ਼ੁਸ਼ੀ ਮਨਾਈਆ । ਖ਼ੁਸ਼ੀਆਂ ਵਿਚ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਰੰਗ ਚੜ੍ਹਾਈਆ । ਭਗਤ ਭਗਵੰਤ ਆਪ ਉਠਾਲ, ਸੁੱਤਿਆਂ ਅੱਖ ਖੁਲ੍ਹਾਈਆ । ਸਾਚੇ ਸੰਤਾਂ ਰਿਹਾ ਵਖਾਲ, ਨੇਤਰ ਲੋਚਣ ਨੈਣ ਰੁਸ਼ਨਾਈਆ । ਗੁਰਮੁਖਾਂ ਮੇਟ ਜਗਤ ਜੰਜਾਲ, ਜੀਵਣ ਜੁਗਤ ਰਿਹਾ ਸਮਝਾਈਆ । ਗੁਰਸਿਖ ਬਣਾ ਕੇ ਆਪਣੇ ਲਾਲ, ਲਾਲਨ ਗੋਦੀ ਗੋਦ ਉਠਾਈਆ । ਸਾਚੀ ਸਿਖਿਆ ਇਕ ਸਿਖਾਲ, ਧੁਰ ਦੀ ਕਰੇ ਆਪ ਪੜ੍ਹਾਈਆ । ਮੇਲ ਮਿਲਾ ਕੇ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਵਸਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਧਰਮ ਦਵਾਰ ਦਏ ਵਖਾਈਆ । ਅਨਹਦ ਨਾਦ ਸੱਚੀ ਧੁਨਕਾਨ, ਘਰ ਆਤਮਕ ਰਾਗ ਸੁਣਾਈਆ । ਦੀਆ ਬਾਤੀ ਇਕੋ ਬਾਲ, ਜੋਤ ਆਪਣੀ ਕਰੇ ਰੁਸ਼ਨਾਈਆ । ਆਤਮ ਸੇਜਾ ਦਏ ਸੁਆਲ, ਆਸਣ ਸਿੰਘਾਸਣ ਇਕ ਵਿਛਾਈਆ । ਪ੍ਰੀਤਮ ਹੋ ਕੇ ਵਸੇ ਨਾਲ, ਨਿਰਗੁਣ ਨਿਰਵੈਰ ਨਾ ਕਰੇ ਜੁਦਾਈਆ । ਪੂਰਬ ਜਨਮ ਜੋ ਘਾਲਣ ਆਏ ਘਾਲ, ਤਿਨ੍ਹਾਂ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੁਰਮੁਖ ਘਾਲਣ ਰਹੀ ਹੱਸ, ਖ਼ੁਸ਼ੀਆਂ ਰੰਗ ਵਖਾਈਆ । ਚਾਰੋਂ ਕੁੰਟ ਰਹੀ ਨੱਸ, ਆਪਣਾ ਪੰਧ ਮੁਕਾਈਆ । ਜਨ ਭਗਤਾਂ ਸੱਦਾ ਦੇ ਕੇ ਰਹੀ ਦੱਸ, ਅਗਲਾ ਹਾਲ ਸੁਣਾਈਆ । ਉਠੋ ਨੇਤਰ ਖੋਲ੍ਹ ਵੇਖੋ ਅੱਖ, ਨੈਣ ਮੂੰਦ ਬੇਪਰਵਾਹੀਆ । ਰਲ ਮਿਲ ਰਸਨਾ ਜਿਹਵਾ ਗਾਵੋ ਜਸ, ਹਕੀਕੀ ਢੋਲਾ ਇਕ ਸੁਣਾਈਆ । ਪਰਗਟ ਹੋ ਪੁਰਖ ਸਮਰਥ, ਨਿਰਗੁਣ ਸੋਹਣੀ ਖੇਲ ਰਚਾਈਆ । ਪੂਰਬ ਜਿਨ੍ਹਾਂ ਦੇਵੇ ਹੱਕ, ਹਕੀਕਤ ਖੋਜੇ ਚਾਈਂ ਚਾਈਆ । ਜਿਸ ਨੂੰ ਮਿਲਿਆਂ ਕੋਈ ਨਾ ਜਾਵੇ ਅੱਕ, ਥਕਾਵਟ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਥਕਾਵਟ ਕਹੇ ਮੈਂ ਹੋਵਾਂ ਦੂਰ, ਜਨ ਭਗਤਾਂ ਨੇੜ ਨਾ ਆਈਆ । ਅੰਮ੍ਰਿਤ ਪਰੇਮ ਪਿਆਰ ਦੀ ਬਰਖੇ ਭੂਰ, ਨਿਮੀ ਨਿਮੀ ਧਾਰ ਵਹਾਈਆ । ਆਸਾ ਮਨਸਾ ਸਭ ਦੀ ਕਰੇ ਪੂਰ, ਤ੍ਰਿਸਨਾ ਤ੍ਰਿਖਾ ਦਏ ਬੁਝਾਈਆ । ਮੇਰਾ ਮਿਟਾ ਦਰ ਗ਼ਰੂਰ, ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਅਭਿਮਾਨ ਕਹੇ ਮੈਂ ਹੋਇਆ ਨਿਮਾਣਾ, ਆਪਣਾ ਆਪ ਮਿਟਾਈਆ । ਦਰਸ ਕਰ ਸ੍ਰੀ ਭਗਵਾਨਾ, ਹਉਮੇ ਹੰਗਤਾ ਰੋਗ ਚੁਕਾਈਆ । ਰੰਗ ਵੇਖਿਆ ਦੋ ਜਹਾਨਾਂ, ਖ਼ੁਸ਼ੀਆਂ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ


੧੧੮੭ ੧੯

ਜੁਣੌਂਦੇ ਗਾਣਾ, ਸੋਹਣਾ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਰਨ ਧਿਆਨਾ, ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਕਰੋੜ ਤੇਤੀਸਾ ਕਹੇ ਵਾਹਵਾ ਵਡ ਮਿਹਰਵਾਨਾ, ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਅੰਦਰ ਟਪਕੀ ਬੂੰਦ, ਆਪਣਾ ਰੂਪ ਵਟਾਈਆ । ਅੱਗੇ ਪਿਛੇ ਦੋ ਜਹਾਨ ਪੌਂਦੀ ਗੂੰਜ, ਨਿਰਗੁਣ ਸਰਗੁਣ ਤਾਲ ਵਜਾਈਆ । ਭਗਤ ਪਿਆਰ ਅੰਦਰ ਰਹੀ ਝੂਝ, ਆਪਣਾ ਆਪ ਮਿਟਾਈਆ । ਧਰਤ ਧਵਲ ਉਤੇ ਆ ਕੇ ਪਈ ਸੂਝ, ਨੇਤਰ ਅੱਖ ਖੁੱਲੀ ਪਰਾਈਆ । ਸਾਹਿਬ ਸਤਿਗੁਰ ਵੇਖਿਆ ਸਾਚੀ ਕੂਟ, ਦਿਸ਼ਾ ਬੈਠਾ ਡੇਰਾ ਲਾਈਆ । ਭਾਗ ਲੱਗਾ ਕਾਇਆ ਚੋਲਾ ਪੰਜ ਭੂਤ, ਜੋਤੀ ਜੋਤ ਕਰੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਉਪਰ ਤੁਠ, ਆਤਮ ਸੁਖ ਰਿਹਾ ਉਪਜਾਈਆ । ਕਰ ਕੇ ਉਜਲ ਮੁਖ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬੂੰਦ ਕਹੇ ਮੈਂ ਬੂੰਦ ਸਵਾਤੀ, ਠੰਡਾ ਠਾਰ ਰੂਪ ਵਟਾਈਆ । ਖੇਲ ਕਰਾਏ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਹੁਕਮ ਵਰਤਾਈਆ । ਮੈਂ ਸੇਵਕ ਹੋ ਕੇ ਦਾਸੀ, ਭੱਜਾਂ ਵਾਹੋ ਦਾਹੀਆ । ਚੜ੍ਹ ਕੇ ਜਾਵਾਂ ਭਗਤਾਂ ਘਾਟੀ, ਆਪਣੀ ਪੰਧ ਮੁਕਾਈਆ । ਜਿਥੇ ਦਿਵਸ ਦੀ ਬਣੇ ਰਾਤੀ, ਰਾਤੀ ਪਰਭਾਤੀ ਵਿਚ ਵਟਾਈਆ । ਮਜਲਸ ਗੁਰਮੁਖਾਂ ਮਿਲਾਂ ਜਮਾਤੀ, ਆਪਣਾ ਨਾਵਾਂ ਵਿਚ ਲਗਾਈਆ । ਹਰਿਜਨ ਕਰ ਪਰੇਮ ਪਿਆਰ ਮੈਨੂੰ ਲਗਾਵਣ ਛਾਤੀ, ਗਲਵਕੜੀ ਇਕੋ ਪਾਈਆ । ਜਿਨ੍ਹਾਂ ਦੇ ਅੰਦਰੋਂ ਪ੍ਰਭ ਨਜ਼ਰੀ ਆਏ ਕਮਲਾਪਾਤੀ, ਕਵਲ ਨੈਣ ਬੈਠਾ ਡੇਰਾ ਲਾਈਆ । ਸਚ ਪਿਆਲਾ ਮਧੁਰ ਰਸ ਦੇਵੇ ਆਬੇਹਯਾਤੀ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬੂੰਦ ਕਹੇ ਮੇਰਾ ਰਸ ਅਨਡਿਠਾ, ਜਗਤ ਰਸਨਾ ਸਮਝ ਕਿਸੇ ਨਾ ਪਾਈਆ । ਨਾ ਕੋਈ ਜਾਣੇ ਰੰਗ ਸੂਹਾ ਪੀਲਾ ਚਿੱਟਾ, ਲਾਲਨ ਰੂਪ ਨਾ ਕੋਇ ਜਣਾਈਆ । ਪਰਮ ਪੁਰਖ ਪਤਿਪਰਮੇਸ਼ਵਰ ਮੈਨੂੰ ਬਖ਼ਸ਼ੀਸ਼ ਸਾਚਾ ਹਿਤਾ, ਪਰੇਮ ਪ੍ਰੀਤੀ ਇਕ ਸਮਝਾਈਆ । ਮੈਂ ਜਨ ਭਗਤਾਂ ਵੇਖਾਂ ਕਾਇਆ ਕਿਤਾ, ਬੰਕ ਦਵਾਰਾ ਖੋਜ ਖੁਜਾਈਆ । ਜਿਥੇ ਪਰੇਮ ਵਿਛੌਣਾ ਵਿਛਾ, ਸੋਹਣਾ ਆਸਣ ਨਜ਼ਰੀ ਆਈਆ । ਰਸ ਅਗੰਮੀ ਮਿਲੇ ਮਿਠਾ, ਧੁਰ ਦਾ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬੂੰਦ ਕਹੇ ਮੈਂ ਕੀਤੀ ਬਦਲੀ, ਅਰਸ਼ ਛੱਡ ਕੇ ਫ਼ਰਸ਼ ਆਈਆ । ਪਰਮ ਪੁਰਖ ਪ੍ਰਭ ਵੇਖਿਆ ਅਦਲੀ, ਅਦਾਲਤ ਇਕੋ ਰਿਹਾ ਲਗਾਈਆ । ਜਿਸ ਦਾ ਪੰਧ ਮੁਕਾਵੇ ਨਾ ਕੋਇ ਮਜ਼ਲੀ, ਮੰਜ਼ਲ ਮੰਜ਼ਲ ਚਲ ਕੇ ਥੱਕੇ ਪਾਂਧੀ ਰਾਹੀਆ । ਮੈਂ ਓਸ ਦੇ ਦਰ ਨਿਮਾਣੀ ਹੋਈ ਪਗਲੀ, ਆਪਣਾ ਆਪ ਗਵਾਈਆ । ਮੈਨੂੰ ਖ਼ਬਰ ਨਾ ਕੋਈ ਅਗਲੀ, ਪੜਦਾ ਸਕੇ ਨਾ ਕੋਇ ਉਠਾਈਆ । ਮੈਂ ਵੇਖਾਂ ਉਜਾੜ ਪਹਾੜ ਜੂਹ ਜੰਗਲੀ, ਚਾਰੋਂ ਕੁੰਟ ਫੇਰਾ ਪਾਈਆ । ਓਸ ਦੀ ਖੇਲ ਅਗੰਮੀ ਰੰਗਲੀ, ਰੰਗ ਰਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸਦ ਹੋਏ ਸਹਾਈਆ । ਬੂੰਦ ਕਹੇ ਮੈਂ ਵੇਖਿਆ ਰੰਗ, ਮੈਂ ਮੇਰੀ ਸਮਝ ਸਕੀ ਨਾ ਰਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਵਸਿਆ ਭਗਤਾਂ ਸੰਗ, ਸੋਹਣਾ ਸੰਗ ਬਣਾਈਆ । ਜਿਸ ਦੇ ਅੰਦਰ ਬਾਹਰ ਇਕ ਅਨੰਦ, ਦੂਜੀ ਵੰਡ ਨਾ ਕੋਇ ਵੰਡਾਈਆ । ਗੀਤ ਸੁਣਾਵੇ ਸਾਚਾ ਛੰਦ, ਸੋਹੰ ਸੋ ਕਰੇ ਪੜ੍ਹਾਈਆ । ਜਿਸ ਨੂੰ ਮਿਲਿਆਂ ਪੈਂਦੀ ਠੰਡ,

ਅਗਨੀ ਤਤ ਬੁਝਾਈਆ । ਜਿਸ ਜੁਗ ਜਨਮ ਦੇ ਵਿਛੜਿਆਂ ਟੁੱਟੀ ਦਿਤੀ ਗੰਢ, ਡੋਰੀ ਆਪਣਾ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਬੂੰਦ ਕਹੇ ਮੇਰੇ ਨੈਣ ਸ਼ਰਮੌਂਦੇ, ਨੈਣ ਸਕਾਂ ਨਾ ਉਪਰ ਉਠਾਈਆ । ਜਿਸ ਵੇਲੇ ਵੇਖਾਂ ਨਿੱਕੇ ਵੱਡੇ ਛੋਟੇ ਬਾਲੇ ਗੌਂਦੇ, ਧੁਰ ਦਾ ਰਾਗ ਇਕ ਅਲਾਈਆ । ਖ਼ੁਸ਼ੀਆਂ ਨਾਲ ਟੱਪਣ ਸੋਹਣਾ ਵਕਤ ਸੁਹੌਂਦੇ, ਰੁਤੜੀ ਰੁਤ ਨਾਲ ਮਿਲਾਈਆ । ਕਰ ਬੇਨੰਤੀ ਪਿਛਲੀ ਭੁੱਲ ਬਖ਼ਸ਼ੌਂਦੇ, ਅੱਗੇ ਮਿਲੇ ਮਾਣ ਵਡਿਆਈਆ । ਚਰਨ ਕਵਲ ਵੇਖੇ ਸੀਸ ਨਵੌਂਦੇ, ਨਿਉਂ ਨਿਉਂ ਲਾਗਣ ਪਾਈਂਆ । ਕੋਟਨ ਇੰਦਰ ਇੰਦਰਾਸਣ ਬੈਠੇ ਬਰਖਾ ਲੌਂਦੇ, ਛਹਿਬਰ ਆਪਣੀ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਫੂਲ ਬਰਖੌਂਦੇ, ਖਾਰੀ ਸੀਸ ਇਕ ਉਠਾਈਆ । ਪਵਣ ਉਣੰਜਾ ਵੇਖੀ ਚਵਰ ਝੁਲੌਂਦੇ, ਚਾਰੋਂ ਕੁੰਟ ਹੁਲਾਰਾ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਖ਼ੁਸ਼ੀ ਮਨੌਂਦੇ, ਸੋਹਣਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਰਿਹਾ ਤਰਾਈਆ । ਬੂੰਦ ਕਹੇ ਮੈਂ ਠੰਡੀ ਠਾਰ, ਪੁਰਖ ਅਕਾਲ ਦਿਤੀ ਵਡਿਆਈਆ । ਜਿਨ ਫ਼ਰਸ਼ੋਂ ਅਰਸ਼ ਦਿਤੀ ਚਾੜ੍ਹ, ਅਰਸ਼ੋਂ ਫ਼ਰਸ਼ ਉਤੇ ਟਪਕਾਈਆ । ਮੈਂ ਵੇਖਿਆ ਉਪਰ ਚੜ੍ਹ ਕੇ ਪ੍ਰਭੂ ਕਿਸ ਨਾਲ ਕਰੇ ਪਿਆਰ, ਕਵਣ ਆਪਣੇ ਰੰਗ ਰੰਗਾਈਆ । ਸਾਖਿਆਤ ਨਜ਼ਰੀ ਆਇਆ ਵਿਚ ਜਹਾਨ, ਲੋਕਮਾਤ ਖ਼ੁਸ਼ੀ ਮਨਾਈਆ । ਜਨ ਭਗਤਾਂ ਦਿਸੇ ਧੁਰ ਦਾ ਕਾਹਨ, ਗੁਰਮੁਖ ਗੋਪੀ ਰੂਪ ਵਟਾਈਆ । ਘਨੱਈਆ ਨਈਆ ਚੜ੍ਹਾਏ ਆਣ, ਸਾਚਾ ਸਈਆ ਪਕੜੇ ਬਾਂਹੀਂਆ । ਕਲਜੁਗ ਕੂੜੀ ਕਿਰਿਆ ਨਾ ਰੋੜ੍ਹੇ ਕੋਈ ਤੂਫਾਨ, ਡੂੰਘੀ ਭਵਰ ਨਾ ਕੋਇ ਭਵਾਈਆ । ਪਰਮ ਪੁਰਖ ਸਮਰਥ ਸਵਾਮੀ ਦੀਨ ਦਿਆਲ ਹੋ ਕੇ ਮਿਲਿਆ ਆਣ, ਅਗਲਾ ਪਿਛਲਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਖ਼ੁਸ਼ੀ ਵਖਾਈਆ । ਬੂੰਦ ਕਹੇ ਮੈਂ ਵੇਖੇ ਖ਼ੁਸ਼, ਤਨ ਮਾਟੀ ਅੰਦਰ ਵੱਜੀ ਵਧਾਈਆ । ਜਿਨ੍ਹਾਂ ਸ੍ਰੀ ਭਗਵਾਨ ਬਣਾਇਆ ਆਪਣੇ ਸੁਤ, ਸੁੱਤਿਆਂ ਲਿਆ ਉਠਾਈਆ । ਓਨ੍ਹਾਂ ਕੋਲੋਂ ਕੀ ਕੋਈ ਲਏ ਪੁਛ, ਪੁਛਿਆਂ ਦੱਸਣ ਵਾਲੀ ਬਾਤ ਸਮਝ ਕਿਸੇ ਨਾ ਆਈਆ । ਬਾਹਰੋਂ ਚਲਦਾ ਫਿਰਦਾ ਪੰਜ ਤਤ ਕਾਇਆ ਮਾਟੀ ਦਿਸ ਦਾ ਬੁੱਤ, ਅੰਦਰ ਨਿਰਗੁਣ ਬੈਠਾ ਆਸਣ ਲਾਈਆ । ਜਿਸ ਦੇ ਹੁਕਮ ਨਾਲ ਜਨ ਭਗਤ ਭਗਵਾਨ ਜਾਏ ਝੁਕ, ਮਨ ਮਣਕਾ ਆਪ ਫਿਰਾਈਆ । ਓਥੇ ਅਗਲਾ ਪਿਛਲਾ ਪੈਂਡਾ ਜਾਏ ਮੁਕ, ਲੱਖ ਚੁਰਾਸੀ ਫੰਦ ਕਟਾਈਆ । ਜਿਨ੍ਹਾਂ ਪਰੇਮ ਪਿਆਰ ਦਾ ਜਾਮ ਪਿਆਏ ਘੁੱਟ, ਅੰਮ੍ਰਿਤ ਰਸ ਚਖਾਈਆ । ਸੋ ਗੁਰਮੁਖ ਕਹਿਣ ਸਾਨੂੰ ਦਿਨੇ ਰਾਤ ਇਕੋ ਜਿਹਾ ਸੁਖ, ਸੁਬਹ ਸੰਧਿਆ ਨਾ ਕੋਇ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਉਜਲ ਕਰੇ ਮੁਖ, ਜੋ ਮੁਖੜੇ ਸੋਹੰ ਢੋਲਾ ਰਹੇ ਗਾਈਆ ।

★ ★ ★ ★ ★